# ਸਿੱਖ ਪੰਥ ਵਿਸ਼ਵਕੋਸ਼

ਭਾਗ-ਪਹਿਲਾ

ਡਾ. ਰਤਨ ਸਿੰਘ ਜੱਗੀ

# ਸਿੱਖ ਪੰਥ ਵਿਸ਼ਵਕੋਸ਼

## ਭਾਗ ਪਹਿਲਾ

*(ੳ — ਜਾ)*

ਡਾ. ਰਤਨ ਸਿੰਘ ਜੱਗੀ

ਗੁਰ ਰਤਨ ਪਬਲਿਸ਼ਰਜ਼
ਪਟਿਆਲਾ

©
Author

# SIKH PANTH VISHAVKOSH *(Punjabi)*

*(Encyclopaedia of Sikh Panth)*

PART—I

*by*

*DR. RATTAN SINGH JAGGI*

M.A. (Pbi. & Hindi), J.D., Ph.D., D.Litt.

Punjabi Sahit Shiromani

*4193, Urban Estate, Phase-II, Patiala-147002*

*Assisted by*

Dr. Gursharan Kaur Jaggi

M.A. (Pbi. & Hindi), Ph.D., D.Litt.

Principal, Govt. College for Girls, Patiala

2005

Copies : 600

Price : Rs. 750/-

---

Published by Gur Rattan Publishers, 4193, Urban Estate-II, Patiala &

Printed at Ashim Print Line, Delhi.

# ਨਿਵੇਦਨ

ਵਿਸ਼ਵਕੋਸ਼ ਦਾ ਸ਼ਾਬਦਿਕ ਅਰਥ ਹੈ ਵਿਸ਼ਵ ਦੇ ਗਿਆਨ ਦਾ ਭੰਡਾਰ। ਇਸ ਤਰ੍ਹਾਂ ਵਿਸ਼ਵਕੋਸ਼ ਉਸ ਕ੍ਰਿਤੀ ਨੂੰ ਮੰਨਿਆ ਜਾ ਸਕਦਾ ਹੈ ਜਿਸ ਵਿਚ ਕਿਸੇ ਖ਼ਾਸ ਵਿਸ਼ੇ ਨਾਲ ਸੰਬੰਧਿਤ ਸਾਰੀਆਂ ਸ਼ਾਖਾਵਾਂ/ਪੱਖਾਂ ਬਾਰੇ ਪ੍ਰਮਾਣਿਕ ਪਰ ਸੰਖਿਪਤ ਇੰਦਰਾਜ ਜਾਂ ਟਿੱਪਣੀਆਂ ਵਰਣ-ਕ੍ਰਮ ਅਨੁਸਾਰ ਸੰਕਲਿਤ ਹੋਣ ਅਤੇ ਵਿਸ਼ੇ ਸੰਬੰਧੀ ਹਰ ਇਕ ਜਿਗਿਆਸਾ ਨੂੰ ਸੰਤੁਸ਼ਟ ਕਰਦੀਆਂ ਹੋਣ। ਇਕ ਤਰ੍ਹਾਂ ਨਾਲ ਇਸ ਵਿਚ ਸਾਰੇ ਸੰਦਰਭਾਂ ਦਾ ਸੂਚਨਾ-ਪਰਕ ਸਾਰ ਸਮੋਇਆ ਹੋਇਆ ਹੁੰਦਾ ਹੈ। ਇਸ ਦੇ ਕਥਨ ਦੀ ਵਿਸ਼ੇਸ਼ਤਾ ਇਹ ਹੋਣੀ ਚਾਹੀਦੀ ਹੈ ਕਿ ਇਸ ਦੀ ਭਾਸ਼ਾ-ਸ਼ੈਲੀ ਸਾਧਾਰਣ ਪਾਠਕ ਦੀ ਸਮਝ ਵਿਚ ਆ ਸਕਣ ਯੋਗ ਹੋਵੇ। ਇਸ ਵਿਚ ਸੰਕਲਿਤ ਜਟਿਲਤਮ ਵਿਸ਼ੇ ਨਾਲ ਸੰਬੰਧਿਤ ਇੰਦਰਾਜ ਨੂੰ ਵੀ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੋਵੇ ਕਿ ਉਹ ਸਾਧਾਰਣ ਪਾਠਕ ਦੀ ਯੋਗਤਾ ਅਤੇ ਬੌਧਿਕ ਪੱਧਰ ਦੇ ਉਪਯੁਕਤ ਹੋਵੇ ਅਤੇ ਬਿਨਾ ਕਿਸੇ ਪ੍ਰਕਾਰ ਦੀ ਸਹਾਇਤਾ ਦੇ ਸਮਝਿਆ ਜਾ ਸਕੇ। ਵਿਸ਼ਵਕੋਸ਼ ਕਿਸੇ ਵੀ ਭਾਸ਼ਾ ਦਾ ਗੌਰਵ-ਗ੍ਰੰਥ ਹੁੰਦਾ ਹੈ, ਕਿਉਂਕਿ ਇਸ ਤੋਂ ਕਿਸੇ ਦੇਸ਼ ਜਾਂ ਕੌਮ ਸੰਬੰਧੀ ਗਿਆਨ-ਭੰਡਾਰ ਦਾ ਪਰਿਚਯ ਪ੍ਰਾਪਤ ਹੁੰਦਾ ਹੈ।

ਵਿਸ਼ਵਕੋਸ਼ ਤਿਆਰ ਕਰਨਾ ਕੋਈ ਸਰਲ ਕਾਰਜ ਨਹੀਂ, ਇਹ ਅਲੂਣੀ ਸਿਲ ਚੱਟਣ ਵਾਂਗ ਇਕ ਕਠਿਨ ਸਾਧਨਾ ਹੈ। ਇਸ ਪ੍ਰਕਾਰ ਦੇ ਯਤਨ ਵਿਅਕਤੀਗਤ ਅਤੇ ਸੰਸਥਾਗਤ ਦੋਹਾਂ ਤਰ੍ਹਾਂ ਦੇ ਹੁੰਦੇ ਰਹਿੰਦੇ ਹਨ, ਪਰ ਵਿਅਕਤੀਗਤ ਯਤਨ ਕਈ ਵਾਰ ਆਰਥਿਕ ਸੰਕਟ ਅਤੇ ਸੁਵਿਧਾਵਾਂ ਦੀ ਘਾਟ ਕਾਰਣ ਸਿਰੇ ਨਹੀਂ ਚੜ੍ਹਦੇ। ਇਸ ਲਈ ਅਜਿਹੇ ਯਤਨ ਸੰਸਥਾਵਾਂ ਦੇ ਪੱਧਰ 'ਤੇ ਕੀਤੇ ਜਾਣੇ ਉਚਿਤ ਹੁੰਦੇ ਹਨ। ਸਿੱਖ ਪੰਥ ਵਿਚ ਅਜਿਹੇ ਪ੍ਰੋਜੈਕਟਾਂ ਉਤੇ ਕੰਮ ਕਰਨ ਵਾਲੇ ਵਚਨ-ਬੱਧ ਵਿਦਵਾਨਾਂ ਦੀ ਬੜੀ ਘਾਟ ਹੈ ਅਤੇ ਸੰਸਥਾਵਾਂ ਖ਼ਰਚੇ ਲਈ ਨਿਰ-ਉਦਾਰ ਹਨ। ਅਜਿਹੀ ਸਥਿਤੀ ਵਿਚ ਕੋਈ ਮਹੱਤਵਪੂਰਣ ਕੰਮ ਕਰਨਾ ਬਿਨਾ ਈਸ਼ਵਰੀ ਕ੍ਰਿਪਾ ਦੇ ਸੰਭਵ ਨਹੀਂ ਹੋ ਸਕਦਾ ਅਤੇ ਪ੍ਰਸਤੁਤ ਵਿਸ਼ਵਕੋਸ਼ ਦਾ ਸੰਪੂਰਣ ਹੋਣਾ ਕੇਵਲ ਈਸ਼ਵਰੀ ਕ੍ਰਿਪਾ ਦਾ ਫਲ ਹੈ।

ਇਸ ਵਿਸ਼ਵਕੋਸ਼ ਦੇ ਹੋਂਦ ਵਿਚ ਆਉਣ ਦੀ ਆਪਣੀ ਹੀ ਦਾਸਤਾਨ ਹੈ। ਸੰਨ 1972 ਈ. ਵਿਚ 'ਗੁਰੂ ਨਾਨਕ : ਵਿਅਕਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ' ਬਾਰੇ ਆਪਣਾ ਸ਼ੋਧ-ਪ੍ਰਬੰਧ ਲਿਖ ਕੇ ਡੀ.ਲਿਟ੍ ਉਪਾਧੀ ਲਈ ਪ੍ਰਸਤੁਤ ਕਰ ਦਿੱਤਾ ਅਤੇ ਜਨਵਰੀ 1973 ਈ. ਵਿਚ ਡਿਗਰੀ ਪ੍ਰਾਪਤ ਕਰ ਲਈ। ਗੁਰਮਤਿ ਕਾਵਿ ਬਾਰੇ ਸੰਨ 1958 ਈ. ਤੋਂ

ਪੀ-ਐਚ.ਡੀ. ਡਿਗਰੀ ਅਤੇ ਫਿਰ ਡੀ.ਲਿਟ੍ ਡਿਗਰੀ ਲਈ ਕੀਤੀ ਨਿਰੰਤਰ ਖੋਜ ਅਤੇ ਸਾਧਨਾ ਨੇ ਮੈਨੂੰ ਪ੍ਰੇਰਿਤ ਕੀਤਾ ਕਿ ਮੈਂ ਗੁਰਬਾਣੀ ਜਾਂ ਗੁਰਮਤਿ ਸਾਹਿਤ ਸੰਬੰਧੀ ਕੋਈ ਹਵਾਲਾ ਗ੍ਰੰਥ ਤਿਆਰ ਕਰਾਂ, ਤਾਂ ਜੋ ਡਿਗਰੀਆਂ ਤੋਂ ਭਿੰਨ ਕੀਤੀ ਹੋਈ ਮੇਰੀ ਖੋਜ ਵੀ ਕੰਮ ਆ ਸਕੇ। ਉਦੋਂ ਤੋਂ ਮੈਂ ਗੁਰੂ ਗ੍ਰੰਥ ਸਾਹਿਬ ਦੇ ਵਖ ਵਖ ਪੱਖਾਂ ਸੰਬੰਧੀ ਇੰਦਰਾਜ ਲਿਖ ਕੇ ਫ਼ਾਈਲਾਂ ਵਿਚ ਸਮੇਟਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦਿਨਾਂ ਵਿਚ ਹੀ ਪ੍ਰੋ. ਹਰਬੰਸ ਸਿੰਘ ਨੇ 'ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ' ਦੀ ਪ੍ਰੋਜੈਕਟ ਉਤੇ ਕੰਮ ਸ਼ੁਰੂ ਕਰ ਦਿੱਤਾ ਸੀ। ਉਸ ਲਈ ਮੈਂ ਵੀ ਕਈ ਇੰਦਰਾਜ ਲਿਖੇ। ਉਨ੍ਹਾਂ ਇੰਦਰਾਜਾਂ ਤੋਂ ਪ੍ਰੇਰਿਤ ਹੋ ਕੇ ਮੇਰੇ ਮਨ ਵਿਚ ਸਿੱਖ ਪੰਥ, ਸਮਾਜ, ਇਤਿਹਾਸ, ਸਾਹਿਤ ਆਦਿ ਪੱਖਾਂ ਬਾਰੇ ਵੀ ਇੰਦਰਾਜ ਲਿਖਣ ਦੀ ਰੁਚੀ ਪੈਦਾ ਹੋ ਗਈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਿੱਖ ਪੰਥ ਨਾਲ ਸੰਬੰਧਿਤ ਬੇਸ਼ੁਮਾਰ ਇੰਦਰਾਜ ਵੀ ਲਿਖਦਾ ਰਿਹਾ। ਲਗਭਗ 25 ਸਾਲਾਂ ਵਿਚ ਲਿਖੇ ਇੰਦਰਾਜਾਂ ਨੂੰ ਕੋਈ ਸਰੂਪ ਦੇਣ ਲਈ ਅਜੇ ਕੰਮ ਸ਼ੁਰੂ ਕੀਤਾ ਹੀ ਸੀ ਕਿ ਸੰਨ 1997 ਈ. ਦੇ ਉਤਰਾਰਧ ਵਿਚ ਮੈਂ ਦਸਮ ਗ੍ਰੰਥ ਦਾ ਟੀਕਾ ਤਿਆਰ ਕਰਨ ਵਿਚ ਰੁਝ ਗਿਆ। ਆਪਣੀ ਪਤਨੀ ਦੇ ਸਹਿਯੋਗ ਨਾਲ ਟੀਕੇ ਦਾ ਕੰਮ ਫਰਵਰੀ 2000 ਈ. ਵਿਚ ਮੁਕਿਆ। ਉਸ ਤੋਂ ਬਾਦ ਮੈਂ ਫਿਰ ਇੰਦਰਾਜਾਂ ਨੂੰ ਵਿਵਸਥਿਤ ਰੂਪ ਦੇਣ ਵਲ ਰੁਚਿਤ ਹੋਇਆ। ਪਰ ਇੰਦਰਾਜ ਬੇਸ਼ੁਮਾਰ ਸਨ, ਉਨ੍ਹਾਂ ਸਾਰਿਆਂ ਨੂੰ ਇਕ ਵਿਸ਼ਵਕੋਸ਼ ਵਿਚ ਸਮੇਟਣਾ ਸਰਲ ਨ ਲਗਿਆ। ਇਸ ਲਈ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇੰਦਰਾਜਾਂ ਨੂੰ ਸੁਤੰਤਰ ਵਿਸ਼ਵਕੋਸ਼ ਦਾ ਰੂਪ ਦੇਣਾ ਉਚਿਤ ਸਮਝਿਆ ਅਤੇ ਇਸ ਤਰ੍ਹਾਂ ਲਗਭਗ 1700 ਇੰਦਰਾਜਾਂ ਦਾ 'ਗੁਰੂ ਗ੍ਰੰਥ ਵਿਸ਼ਵਕੋਸ਼' ਤਿਆਰ ਹੋ ਗਿਆ ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸੰਨ 2002 ਈ. ਵਿਚ ਦੋ ਭਾਗਾਂ ਵਿਚ ਪ੍ਰਕਾਸ਼ਿਤ ਕਰ ਦਿੱਤਾ ਗਿਆ।

ਗੁਰੂ ਗ੍ਰੰਥ ਸਾਹਿਬ ਸੰਬੰਧੀ ਇੰਦਰਾਜਾਂ ਨੂੰ ਸਮੇਟਣ ਤੋਂ ਬਾਦ ਬਾਕੀ ਰਹਿੰਦੇ ਇੰਦਰਾਜਾਂ ਨੂੰ ਵਿਵਸਥਿਤ ਰੂਪ ਦੇਣ ਲਈ ਸੋਚਿਆ ਅਤੇ ਇਸ ਨਤੀਜੇ ਉਤੇ ਪਹੁੰਚਿਆ ਕਿ ਬਾਕੀ ਦੇ ਇੰਦਰਾਜਾਂ ਨੂੰ 'ਸਿੱਖ ਪੰਥ ਵਿਸ਼ਵਕੋਸ਼' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾਏ। ਇਸ ਆਸ਼ੇ ਦੀ ਪੂਰਤੀ ਲਈ ਸਾਰਿਆਂ ਇੰਦਰਾਜਾਂ ਨੂੰ ਘੋਖਿਆ ਅਤੇ ਜਿਥੇ ਕਿਥੇ ਕੋਈ ਪੱਖ ਅਣਛੋਹਿਆ ਰਹਿ ਗਿਆ ਜਾਂ ਜਿਨ੍ਹਾਂ ਪੱਖਾਂ ਬਾਰੇ ਨਵੇਂ ਇੰਦਰਾਜ ਸ਼ਾਮਲ ਕਰਨੇ ਜ਼ਰੂਰੀ ਹੋ ਗਏ, ਉਨ੍ਹਾਂ ਨੂੰ ਪਿਛਲੇ ਦੋ ਸਾਲਾਂ ਦੀ ਨਿਰੰਤਰ ਸਾਧਨਾ ਤੋਂ ਬਾਦ ਜੋ ਰੂਪਾਕਾਰ ਦੇ ਸਕਿਆ, ਉਹ ਆਪ ਦੇ ਸਾਹਮਣੇ ਹੈ। ਇਨ੍ਹਾਂ ਲਗਭਗ ਢਾਈ ਹਜ਼ਾਰ ਇੰਦਰਾਜਾਂ ਵਿਚੋਂ ਬਹੁਤਿਆਂ ਦਾ ਆਧਾਰ ਮੇਰੀ ਨਿਜੀ ਖੋਜ ਹੈ। ਉਨ੍ਹਾਂ ਤੋਂ ਭਿੰਨ ਇੰਦਰਾਜਾਂ ਲਈ ਮੈਂ ਅਨੇਕ ਪੁਸਤਕਾਂ, ਸੰਦਰਭ ਗ੍ਰੰਥਾਂ, ਵਿਸ਼ਵਕੋਸ਼ਾਂ ਦੀ ਮਦਦ ਲਈ ਹੈ, ਜਿਨ੍ਹਾਂ ਦੀ ਸੂਚੀ ਅੰਤ ਉਤੇ ਦੇ ਦਿੱਤੀ ਹੈ ਅਤੇ ਜਿਨ੍ਹਾਂ ਦੇ ਲੇਖਕਾਂ/ਸੰਪਾਦਕਾਂ ਦਾ ਮੈਂ ਸੱਚੇ ਦਿਲੋਂ ਆਭਾਰੀ ਹਾਂ। ਅਨੇਕ ਵਿਦਵਾਨਾਂ ਤੋਂ ਉਨ੍ਹਾਂ ਦੀ ਵਿਸ਼ੇਸ਼ਗਤਾ ਨਾਲ ਸੰਬੰਧਿਤ ਜਾਣਕਾਰੀ ਹਾਸਲ ਕਰਨ ਲਈ ਸੰਵਾਦ ਵੀ ਰਚਾਏ ਸਨ, ਉਨ੍ਹਾਂ ਸਭ ਦਾ ਵੀ ਧੰਨਵਾਦੀ ਹਾਂ। ਕੁਝ ਇੰਦਰਾਜ 'ਗੁਰੂ ਗ੍ਰੰਥ ਵਿਸ਼ਵਕੋਸ਼' ਨਾਲ ਸਾਂਝੇ ਵੀ ਸ਼ਾਮਲ

ਕੀਤੇ ਹਨ, ਕਿਉਂਕਿ ਇਸ ਵਿਸ਼ਵਕੋਸ਼ ਵਿਚ ਉਨ੍ਹਾਂ ਦਾ ਅਭਾਵ ਖਟਕਦਾ ਸੀ।

ਸਿੱਖ ਜਗਤ ਨਾਲ ਸੰਬੰਧਿਤ ਲਗਭਗ ਸਾਰਿਆਂ ਪੱਖਾਂ ਬਾਰੇ ਇਸ ਵਿਸ਼ਵਕੋਸ਼ ਵਿਚ ਜਾਣਕਾਰੀ ਦਿੱਤੀ ਗਈ ਹੈ, ਜਿਵੇਂ ਸਿੱਖ ਇਤਿਹਾਸ ਦੀਆਂ ਮਹੱਤਵਪੂਰਣ ਘਟਨਾਵਾਂ, ਸ਼ਹੀਦੀ ਸਾਕੇ, ਮੋਰਚੇ, ਰਾਜਨੈਤਿਕ ਅੰਦੋਲਨ, ਗੁਰੂ ਸਾਹਿਬਾਨ, ਪ੍ਰਮੁਖ ਸਿੱਖ ਸ਼ਖ਼ਸੀਅਤਾਂ, ਧਾਰਮਿਕ ਮਾਨਤਾਵਾਂ, ਅਨੁਸ਼ਠਾਨ, ਉਪਾਸਨਾ ਵਿਧੀਆਂ, ਲੋਕ ਪਰੰਪਰਾਵਾਂ, ਰਹਿਤਾਂ, ਦਾਰਸ਼ਨਿਕ ਸਥਾਪਨਾਵਾਂ, ਸਭਿਆਚਾਰਿਕ ਕੀਮਤਾਂ, ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਬਾਣੀਆਂ, ਬਾਣੀਕਾਰ, ਧਾਰਮਿਕ ਸਾਹਿਤ ਦੀਆਂ ਪ੍ਰਮੁਖ ਰਚਨਾਵਾਂ, ਸੰਸਥਾਵਾਂ, ਸੰਪ੍ਰਦਾਵਾਂ, ਗੁਰੂ-ਧਾਮ, ਸਿੱਖ ਜਗਤ ਨਾਲ ਸੰਬੰਧਿਤ ਨਗਰ, ਕਸਬੇ, ਪਿੰਡ, ਸਿੱਖ ਧਰਮ ਦੇ ਵਿਕਾਸ ਵਿਚ ਰੁਕਾਵਟ ਬਣਨ ਵਾਲੇ ਗ਼ੈਰ-ਸਿੱਖ, ਆਦਿ। ਸ਼ਖ਼ਸੀਅਤਾਂ ਉਹੀ ਲਈਆਂ ਹਨ ਜਿਨ੍ਹਾਂ ਨੇ ਸਿੱਖ ਧਰਮ ਦੇ ਵਿਕਾਸ ਜਾਂ ਗੌਰਵ-ਵ੍ਰਿਧੀ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ ਅਤੇ ਜੋ ਇਸ ਕੋਸ਼ ਦੇ ਪ੍ਰਕਾਸ਼ਿਤ ਹੋਣ ਤਕ ਅਲਵਿਦਾ ਕਹਿ ਚੁਕੀਆਂ ਸਨ। ਪੂਰਾ ਯਤਨ ਕੀਤਾ ਹੈ ਕਿ ਸਿੱਖ ਪੰਥ ਨਾਲ ਸੰਬੰਧਿਤ ਪ੍ਰਮੁਖ ਮੁੱਦਿਆਂ, ਪੱਖਾਂ, ਤੱਥਾਂ ਆਦਿ ਬਾਰੇ ਇੰਦਰਾਜ ਸ਼ਾਮਲ ਹੋ ਜਾਣ। ਇਸ ਲਈ ਲਾਇਬ੍ਰੇਰੀਆਂ ਵਿਚ ਬੈਠ ਕੇ ਅਤੇ ਵਿਦਵਾਨਾਂ ਨਾਲ ਮਸ਼ਵਰਾ ਕਰਕੇ ਇੰਦਰਾਜਾਂ ਨੂੰ ਸੰਪੰਨ ਕੀਤਾ ਹੈ। ਇਹ ਕੇਵਲ ਇਕ ਵਿਅਕਤੀ ਦੇ ਲਿਖੇ ਹਨ। ਇਸ ਲਈ ਵਿਵਰਣ ਨਿਰਧਾਰਿਤ ਕਰਨ ਅਤੇ ਸੰਜੋਣ ਦੀ ਵਿਧੀ ਇਕ-ਸਮਾਨ ਹੈ; ਤੱਥਾਂ ਦੀ ਦੋਹਰ ਅਤੇ ਪਹੁੰਚ-ਵਿਧੀ ਦੀ ਭਿੰਨਤਾ ਵੀ ਨਹੀਂ ਮਿਲੇਗੀ। ਇਨ੍ਹਾਂ ਇੰਦਰਾਜਾਂ ਦੇ ਆਕਾਰ-ਪ੍ਰਕਾਰ, ਸੀਮਾ ਆਦਿ ਨੂੰ ਨਿਸਚਿਤ ਕਰਨ ਲਈ ਇਨ੍ਹਾਂ ਦੇ ਮਹੱਤਵ ਅਤੇ ਲੋੜ ਨੂੰ ਸਾਹਮਣੇ ਰਖਿਆ ਹੈ।

ਸਿੱਖ ਪੰਥ ਇਕ ਅਰਵਾਚੀਨ ਧਰਮ ਹੈ ਅਤੇ ਇਸ ਦਾ ਆਪਣਾ ਨਿਖੜਵਾਂ ਇਤਿਹਾਸ ਹੈ, ਜਿਸ ਕਰਕੇ ਇਸ ਧਰਮ ਦੀ ਆਪਣੀ ਹੀ ਸ਼ੋਭਾ ਹੈ। ਇਸ ਧਰਮ ਦੇ ਅਨੁਯਾਈਆਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ, ਦੇਸ਼ ਵਾਸੀਆਂ ਦੇ ਮਨ ਵਿਚ ਅਣਖ ਅਤੇ ਗੌਰਵ ਦਾ ਸੰਚਾਰ ਕਰਨ ਵਾਲੇ ਕਾਰਨਾਮੇ, ਵਿਸ਼ਵਬੰਧੁਤਾ ਦੀ ਭਾਵਨਾ ਨੂੰ ਵਿਕਸਿਤ ਕਰਨ ਵਾਲੀ ਸਰਬ ਸਾਂਝੀਵਾਲਤਾ ਦੀ ਬਿਰਤੀ ਨੇ ਇਸ ਪੰਥ ਦੀ ਇਕ ਨਵੇਕਲੀ ਪਛਾਣ ਬਣਾਈ ਹੈ ਅਤੇ ਵਿਸ਼ਵ ਭਰ ਦੇ ਲੋਕਾਂ ਦਾ ਧਿਆਨ ਆਪਣੇ ਵਲ ਖਿਚਿਆ ਹੈ। ਫਲਸਰੂਪ ਇਸ ਮਹੱਤਵਪੂਰਣ ਧਰਮ ਦੇ ਸਰੂਪ ਅਤੇ ਸਥਿਤੀ ਨੂੰ ਸਹੀ ਦਿਸ਼ਾ ਵਿਚ ਜਾਣਨ ਲਈ ਕਿਸੇ ਵਿਸ਼ਵਕੋਸ਼ ਦੀ ਲੋੜ ਸੀ, ਜਿਸ ਦੀ ਪੂਰਤੀ ਪ੍ਰਸਤੁਤ ਵਿਸ਼ਵਕੋਸ਼ ਰਾਹੀਂ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਵਲੋਂ 'ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ' ਛਾਪਿਆ ਗਿਆ ਹੈ, ਜੋ ਸਿੱਖ ਧਰਮ ਸੰਬੰਧੀ ਅੰਗ੍ਰੇਜ਼ੀ ਭਾਸ਼ੀਆਂ ਲਈ ਜਾਣਕਾਰੀ ਪ੍ਰਸਤੁਤ ਕਰਦਾ ਹੈ। ਉਸ ਦੀਆਂ ਆਪਣੀਆਂ ਹੀ ਸੀਮਾਵਾਂ ਅਤੇ ਊਣਤਾਈਆਂ ਹਨ। ਮੂਲ ਸਰੋਤਾਂ ਨਾਲ ਰਾਬਤਾ ਕਾਇਮ ਕਰਕੇ ਆਧਾਰਭੂਤ ਵਿਸ਼ਵਕੋਸ਼ ਤਿਆਰ ਕਰਨਾ ਸ਼ਾਇਦ ਮੇਰੇ ਹਿੱਸੇ ਆਉਣਾ ਸੀ, ਜਿਸ ਨੂੰ ਮੁਕੰਮਲ ਕਰਕੇ ਮੈਂ ਆਪਣਾ ਕਰੱਤਵ ਨਿਭਾਇਆ ਹੈ। ਇਹ ਮੁੱਢਲਾ ਯਤਨ ਹੈ, ਕਈ

*ਘਾਟਾਂ ਰਹਿ ਗਈਆਂ ਹੋਣਗੀਆ, ਜੋ ਸਮੇਂ ਸਮੇਂ ਪੂਰੀਆਂ ਹੁੰਦੀਆਂ ਰਹਿਣਗੀਆਂ। ਵਿਸ਼ਵਕੋਸ਼ ਵਿਕਸਨਸ਼ੀਲ ਗਿਆਨ ਦਾ ਸੋਮਾ ਹੈ, ਇਸ ਦਾ ਸੋਧ-ਕਾਰਜ ਚਲਦਾ ਰਹਿੰਦਾ ਹੈ ਅਤੇ ਨਵੀਂ ਸਾਮਗ੍ਰੀ ਸਾਹਮਣੇ ਆਉਂਦੀ ਰਹਿੰਦੀ ਹੈ। ਇਸ ਦੀ ਸਫਲਤਾ ਵਕਤ ਦੀ ਨੁਹਾਰ ਅਨੁਸਾਰ ਢਲਣ ਵਿਚ ਹੈ। ਸਮੇਂ ਦਾ ਹਾਣੀ ਹੋਣਾ ਵਿਸ਼ਵਕੋਸ਼ ਲਈ ਲਾਜ਼ਮੀ ਹੈ।*

*ਇੰਦਰਾਜਾਂ ਦੀ ਚੋਣ ਪਹਿਲਾਂ ਮੈਂ ਆਪ ਕੀਤੀ ਹੈ ਅਤੇ ਫਿਰ ਵਿਦਵਾਨਾਂ ਨਾਲ ਸਲਾਹ ਕਰਕੇ ਉਨ੍ਹਾਂ ਦੀ ਉਚਿਤਤਾ ਨਿਰਧਾਰਿਤ ਕੀਤੀ ਹੈ। ਸੰਭਵ ਹੈ ਕਿਸੇ ਪੱਖ ਬਾਰੇ ਕੋਈ ਇੰਦਰਾਜ ਰਹਿ ਗਿਆ ਹੋਵੇ ਜਾਂ ਸ਼ਾਮਲ ਕਰਨਾ ਮੈਂ ਉਚਿਤ ਨ ਸਮਝਿਆ ਹੋਵੇ। ਉਨ੍ਹਾਂ ਬਾਰੇ ਵਿਦਵਾਨਾਂ ਵਲੋਂ ਆਉਣ ਵਾਲੇ ਸੁਝਾਵਾਂ ਨੂੰ ਅਗਲੇ ਸੰਸਕਰਣ ਵਿਚ ਸਥਾਨ ਦੇਣ ਦਾ ਯਤਨ ਕਰਾਂਗਾ।*

*ਇਸ ਗ੍ਰੰਥ ਨੂੰ ਪੂਰਾ ਕਰਨ ਲਈ ਅਨੇਕ ਮਹਾਂਪੁਰਸ਼ਾਂ, ਸੰਤਾਂ, ਫ਼ਕੀਰਾਂ, ਸੁਹਿਰਦਾਂ ਦੀਆਂ ਸ਼ੁਭ-ਇੱਛਾਵਾਂ ਮੇਰੇ ਅੰਗ-ਸੰਗ ਰਹੀਆਂ ਹਨ, ਉਨ੍ਹਾਂ ਸਭ ਦੀ ਕ੍ਰਿਪਾ ਦਾ ਧੰਨਵਾਦੀ ਹਾਂ। ਸ. ਹਰਜੀਤ ਸਿੰਘ ਆਰਟਿਸਟ ਦਾ ਵੀ ਆਭਾਰੀ ਹਾਂ ਜਿਨ੍ਹਾਂ ਨੇ ਬੜੀ ਰੁਚੀ ਨਾਲ ਇਸ ਦੀ ਜੈਕਟ ਦਾ ਸਰੂਪ ਨਿਖਾਰਿਆ ਹੈ। ਉਹ ਸਾਰੇ ਵੀ ਸਮੁੱਚੇ ਤੌਰ 'ਤੇ ਮੇਰੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਇਸ ਵਿਸ਼ਵਕੋਸ਼ ਦੇ ਸੰਪੰਨ ਹੋਣ ਵਿਚ ਕਿਸੇ ਨ ਕਿਸੇ ਰੂਪ ਵਿਚ ਆਪਣਾ ਯੋਗਦਾਨ ਪਾਇਆ ਹੈ।*

*ਸਿੱਖ ਪੰਥ ਦੇ ਧਰਾਤਲ ਨੂੰ ਦ੍ਰਿੜ ਕਰਨ ਲਈ ਜਿਨ੍ਹਾਂ ਚਾਰ ਸਾਹਿਬਜ਼ਾਦਿਆਂ ਨੇ ਆਪਣੇ ਆਪ ਨੂੰ ਕੁਰਬਾਨ ਕੀਤਾ, ਉਨ੍ਹਾਂ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਦੇ ਪਾਵਨ ਅਵਸਰ 'ਤੇ ਇਹ ਵਿਸ਼ਵਕੋਸ਼ ਬੜੇ ਅਦਬ ਨਾਲ ਪੰਥ ਨੂੰ ਸਮਰਪਿਤ ਕਰਦਾ ਹੋਇਆ ਨੀਲੇ ਘੋੜੇ ਦੇ ਸ਼ਾਹ-ਸਵਾਰ ਅਗੇ ਅਰਜ਼ੋਈ ਕਰਦਾ ਹਾਂ ਕਿ ਪੰਥ ਨੂੰ ਸਦਾ ਚੜ੍ਹਦੀ ਕਲਾ ਵਿਚ ਰਖੇ।*

**ਰਤਨ ਸਿੰਘ ਜੱਗੀ**

# ਸਿੱਖ ਪੰਥ ਵਿਸ਼ਵਕੋਸ਼

*ਭਾਗ-ਪਹਿਲਾ*

# ਉ

**ਉਗਾਣੀ** (ਪਿੰਡ) : ਪਟਿਆਲਾ ਜ਼ਿਲ੍ਹੇ ਦਾ ਇਕ ਪਿੰਡ ਜੋ ਰਾਜਪੁਰੇ ਤੋਂ ਲਗਭਗ ਦਸ ਕਿ.ਮੀ. ਦੂਰ 'ਸਰਾਇ ਬਣਜਾਰਾ' ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੈ। ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੋਵੇਂ ਹੀ ਆ ਕੇ ਟਿਕੇ ਸਨ। ਦੋਵੇਂ ਗੁਰੂ-ਧਾਮ ਇਕੋ ਇਹਾਤੇ ਵਿਚ ਬਣੇ ਹੋਏ ਹਨ। ਸੱਜੇ ਪਾਸੇ ਨੌਵੇਂ ਗੁਰੂ ਦਾ ਅਤੇ ਖੱਬੇ ਪਾਸੇ ਦਸਵੇਂ ਗੁਰੂ ਦਾ ਸਥਾਨ ਹੈ। ਇਨ੍ਹਾਂ ਗੁਰੂ-ਧਾਮਾਂ ਦੀ ਉਸਾਰੀ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਕਰਵਾਈ ਸੀ। ਹੁਣ ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਵਿਚ ਸਥਾਨਕ ਕਮੇਟੀ ਕਰਦੀ ਹੈ।

**ਉਗ੍ਰਦੰਤੀ** (ਕਾਵਿ) : ਦਸਮ ਗ੍ਰੰਥ ਦੀਆਂ ਸੰਗਰੂਰ ਅਤੇ ਪਟਨਾ ਸਾਹਿਬ ਵਾਲੀਆਂ ਬੀੜਾਂ ਵਿਚ ਸੰਕਲਿਤ ਇਕ ਰਚਨਾ ਜਿਸ ਦਾ ਮੂਲ ਨਾਂ 'ਛਕਾ ਭਗੌਤੀ ਜੂ ਕਾ' ਹੈ ਪਰ ਨਾਮਧਾਰੀ ਸੰਪ੍ਰਦਾਇ ਵਾਲੇ ਇਸ ਨੂੰ 'ਉਗ੍ਰਦੰਤੀ' ਕਹਿੰਦੇ ਹਨ ਅਤੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨ ਕੇ ਬੜੀ ਰੁਚੀ ਨਾਲ ਪਾਠ ਕਰਦੇ ਹਨ। ਪਰ ਇਸ ਦਾ ਕਰਤ੍ਰਿਤਵ ਸੰਦਿਗਧ ਹੈ। ਵੇਖੋ 'ਪਟਨੇ ਵਾਲੀ ਬੀੜ', 'ਸੰਗਰੂਰ ਵਾਲੀ ਬੀੜ'।

**ਉੱਚ ਕਾ ਪੀਰ** : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਨਾਮਾਂਤਰ ਹੈ। ਇਸ ਨਾਂ ਦਾ ਪਿਛੋਕੜ ਇਹ ਹੈ ਕਿ ਚਮਕੌਰ ਦੀ ਗੜ੍ਹੀ ਛਡਣ ਤੋਂ ਬਾਦ ਗੁਰੂ ਜੀ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ। ਮੁਗ਼ਲ ਫ਼ੌਜ ਨੇ ਮਾਛੀਵਾੜੇ ਦੇ ਇਲਾਕੇ ਨੂੰ ਘੇਰ ਲਿਆ। ਗੁਰੂ ਜੀ ਦੇ ਪੁਰਾਣੇ ਜਾਣਕਾਰ ਦੋ ਰੁਹੇਲੇ ਪਠਾਣ ਭਰਾਵਾਂ- ਨੱਬੀ ਖ਼ਾਂ ਅਤੇ ਗ਼ਨੀ ਖ਼ਾਂ - ਦੀ ਮਦਦ ਨਾਲ ਉਸ ਘੇਰੇ ਵਿਚੋਂ ਨਿਕਲਣ ਦੀ ਯੋਜਨਾ ਬਣਾਈ ਗਈ। ਸਿੱਖ ਇਤਿਹਾਸ ਅਨੁਸਾਰ ਉਨ੍ਹਾਂ ਪਠਾਣਾਂ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਤਿੰਨ ਸਿੱਖਾਂ (ਭਾਈ ਧਰਮ ਸਿੰਘ, ਮਾਨ ਸਿੰਘ ਅਤੇ ਦਇਆ ਸਿੰਘ) ਨੂੰ ਨੀਲੇ ਬਸਤ੍ਰ ਪਵਾਏ ਅਤੇ ਕੇਸ ਪਿਛੇ ਨੂੰ ਖੁਲ੍ਹੇ ਛਡਵਾ ਦਿੱਤੇ। ਗੁਰੂ ਜੀ ਨੂੰ ਪਾਲਕੀ (ਕਿਤੇ ਕਿਤੇ ਪਲੰਘ ਵੀ ਲਿਖਿਆ ਹੈ) ਵਿਚ ਬਿਠਾਇਆ ਗਿਆ। ਉਹ ਪਾਲਕੀ ਦੋ ਪਠਾਣ ਭਰਾਵਾਂ ਅਤੇ ਭਾਈ ਮਾਨ ਸਿੰਘ ਅਤੇ ਭਾਈ ਧਰਮ ਸਿੰਘ ਨੇ ਚੁੱਕੀ ਅਤੇ ਭਾਈ ਦਇਆ ਸਿੰਘ ਨੇ ਗੁਰੂ ਜੀ ਨੂੰ ਚੌਰ ਕਰਨ ਦਾ ਕੰਮ ਸੰਭਾਲਿਆ। ਰਾਹੀਆਂ ਨੂੰ ਉਹ ਕਹਿੰਦੇ ਜਾਂਦੇ ਕਿ ਇਸ ਵਿਚ 'ਉੱਚ ਕਾ ਪੀਰ' ਸਵਾਰ ਹੈ। ਇਸ ਉਕਤੀ ਦਾ ਭਾਵ ਹੈ ਕਿ ਪਾਲਕੀ ਵਿਚ ਸਵਾਰ (ਗੁਰੂ ਜੀ) ਉੱਚ-ਸ਼ਰੀਫ ਦੇ ਸੱਯਦ ਫ਼ਕੀਰ ਹਨ।

ਜਦੋਂ ਉਹ ਸਾਰੇ ਫ਼ੌਜੀ ਘੇਰੇ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਸ਼ਕ ਕਾਰਣ ਰੋਕ ਲਿਆ ਗਿਆ ਪਰ ਬਾਦ ਵਿਚ ਗੁਰੂ ਜੀ ਦੇ ਉਸਤਾਦ ਕਾਜ਼ੀ ਪੀਰ ਮੁਹੰਮਦ ਵਲੋਂ ਤਸੱਲੀ ਕਰਵਾਏ ਜਾਣ 'ਤੇ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ, ਗੁਰੂ ਜੀ ਮੁਗ਼ਲ ਫ਼ੌਜ ਦੇ ਘੇਰੇ ਵਿਚੋਂ ਸਹੀ ਸਲਾਮਤ ਬਾਹਰ ਨਿਕਲ ਗਏ। ਉਸ ਦਿਨ ਤੋਂ ਗੁਰੂ ਜੀ ਦਾ ਇਹ ਵੀ ਇਕ ਨਾਮਾਂਤਰ ਪ੍ਰਚਲਿਤ ਹੋ ਗਿਆ।

ਉੱਚ-ਸ਼ਰੀਫ ਸਤਲੁਜ ਨਦੀ ਦੇ ਦੱਖਣੀ ਕੰਢੇ 'ਤੇ ਵਸਿਆ ਇਕ ਕਸਬਾ ਹੈ ਜੋ ਬਹਾਵਲਪੁਰ (ਪਾਕਿਸਤਾਨ) ਤੋਂ ਲਗਭਗ 60 ਕਿ.ਮੀ. ਦੂਰ ਹੈ। ਇਸ ਦਾ ਪਹਿਲਾ ਨਾਂ ਦੇਵਗੜ੍ਹ ਸੀ ਜੋ ਰਾਜਾ ਦੇਵ ਸਿੰਘ ਦੇ ਨਾਂ 'ਤੇ ਪਿਆ ਸੀ। ਬਾਰ੍ਹਵੀਂ ਸਦੀ ਦੇ ਅੰਤ ਵਿਚ ਸੱਯਦ ਜਲਾਲੁੱਦੀਨ ਬੁਖ਼ਾਰੀ ਨੇ ਦੇਵਗੜ੍ਹ ਉਤੇ ਹਮਲਾ ਕੀਤਾ। ਰਾਜਾ ਹਾਰ ਖਾ ਕੇ ਮਾਰਵਾੜ ਨੂੰ ਭਜ ਗਿਆ। ਬੁਖ਼ਾਰੀ ਨੇ ਕਸਬੇ ਨੂੰ ਖ਼ੂਬ ਲੁਟਿਆ ਅਤੇ ਰਾਜੇ ਦੀ ਪੁੱਤਰੀ ਸੁੰਦਰਪਰੀ ਨਾਲ ਵਿਆਹ ਕਰਕੇ ਉਥੇ ਇਕ ਉੱਚੀ ਥਾਂ 'ਤੇ ਕਿਲ੍ਹਾ ਉਸਾਰਿਆ। ਉਸ ਕਿਲ੍ਹੇ ਦੇ ਉੱਚੇ ਹੋਣ ਦੀ ਵਿਸ਼ੇਸ਼ਤਾ ਦੇ ਆਧਾਰ 'ਤੇ ਇਸ ਕਸਬੇ ਦਾ ਨਾਂ ਵੀ ਦੇਵਗੜ੍ਹ ਦੀ ਥਾਂ 'ਉੱਚ' ਪ੍ਰਚਲਿਤ ਹੋ ਗਿਆ। ਇਸ ਕਸਬੇ ਉਤੇ ਸੱਯਦਾਂ ਦੇ ਕਬਜ਼ੇ ਕਾਰਣ ਬਹੁਤ ਸਾਰੇ ਮੰਨੇ-ਪ੍ਰਮੰਨੇ ਸੱਯਦ, ਪੀਰ, ਫ਼ਕੀਰ ਇਥੇ ਆ ਵਸੇ। ਫਲਸਰੂਪ,

ਇਸ ਕਸਬੇ ਨੂੰ ਆਦਰ ਨਾਲ 'ਉੱਚ-ਸ਼ਰੀਫ਼' ਕਿਹਾ ਜਾਣ ਲਗਿਆ। ਇਥੋਂ ਦੇ ਸੱਯਦ-ਪੀਰ ਆਮ ਤੌਰ ਤੇ ਨੀਲੇ ਬਸਤ੍ਰ ਪਾਉਂਦੇ ਸਨ ਅਤੇ ਕੇਸ ਪਿਛੇ ਨੂੰ ਖੁਲ੍ਹੇ ਛਡਦੇ ਸਨ।

**ਉੱਚਾਰਣ** (ਬਾਣੀ) : ਵੇਖੋ 'ਬਾਣੀ ਉੱਚਾਰਣ'।

**ਉਜਲ ਸਿੰਘ, ਸਰਦਾਰ ਬਹਾਦਰ** (1895-1983 ਈ.): ਵੀਹਵੀਂ ਸਦੀ ਦੀ ਇਕ ਪ੍ਰਮੁਖ ਸਿੱਖ ਸ਼ਖ਼ਸੀਅਤ ਜਿਸ ਨੇ ਸਿੱਖ ਸਮਾਜ ਅਤੇ ਪੰਜਾਬ ਦੀ ਉਨਤੀ ਲਈ ਕਈ ਸ਼ਲਾਘਾਯੋਗ ਉਦਮ ਕੀਤੇ। ਆਪ ਦਾ ਪਰਿਵਾਰਿਕ ਪਿਛੋਕੜ ਭਾਈ ਸੰਗਤ ਸਿੰਘ ਨਾਲ ਜਾ ਜੁੜਦਾ ਹੈ ਜਿਸ ਨੇ ਸੰਨ 1705 ਈ. ਵਿਚ ਚਮਕੌਰ ਸਾਹਿਬ ਦੇ ਯੁੱਧ ਵੇਲੇ ਸ਼ਹੀਦੀ ਪ੍ਰਾਪਤ ਕੀਤੀ ਸੀ। ਆਪ ਦਾ ਜਨਮ ਸ. ਸੁਜਾਨ ਸਿੰਘ ਦੇ ਘਰ ਬੀਬੀ ਲਕਸ਼ਮੀ ਦੇਵੀ ਦੀ ਕੁੱਖੋਂ ਪਿੰਡ ਹਡਾਲੀ, ਜ਼ਿਲ੍ਹਾ ਸ਼ਾਹਪੁਰ ਸਰਗੋਧਾ (ਪੱਛਮੀ ਪੰਜਾਬ) ਵਿਚ 27 ਦਸੰਬਰ 1895 ਨੂੰ ਹੋਇਆ। ਮੁੱਢਲੀ ਤਾਲੀਮ ਪਿੰਡ ਦੀ ਧਰਮਸ਼ਾਲਾ ਅਤੇ ਮਦਰਸੇ ਵਿਚ ਪ੍ਰਾਪਤ ਕਰਕੇ ਫਿਰ ਅੰਮ੍ਰਿਤਸਰ ਦੇ ਖ਼ਾਲਸਾ ਕਾਲਜੀਏਟ ਸਕੂਲ ਵਿਚ ਦਾਖ਼ਲਾ ਲਿਆ। ਤਦ ਉਪਰੰਤ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋ ਕੇ ਸੰਨ 1916 ਈ. ਵਿਚ ਐਮ.ਏ. (ਇਤਿਹਾਸ) ਦੀ ਡਿਗਰੀ ਹਾਸਲ ਕੀਤੀ। ਪੜ੍ਹਾਈ ਵਿਚ ਅਤਿ ਅਧਿਕ ਰੁਚੀ ਲੈਣ ਤੋਂ ਇਲਾਵਾ ਆਪ ਖੇਡਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਕਾਲਜ ਦੀ ਹਾਕੀ ਦੀ ਟੀਮ ਦੇ ਮੈਂਬਰ ਰਹੇ ਸਨ। ਆਪ ਦਾ ਵਿਆਹ ਭਾਈ ਵੀਰ ਸਿੰਘ ਦੀ ਦੋਹਤੀ ਅਤੇ ਸ. ਸੁੰਦਰ ਸਿੰਘ ਧੁਪੀਆ ਦੀ ਪੁੱਤਰੀ ਬੀਬੀ ਸੰਤਸੇਵ ਕੌਰ ਨਾਲ ਹੋਇਆ।

ਲਾਹੌਰ ਵਿਚ ਪੜ੍ਹਾਈ ਖ਼ਤਮ ਕਰਨ ਉਪਰੰਤ ਆਪ ਆਪਣੇ ਪਿੰਡ ਪਰਤ ਗਏ ਅਤੇ ਆਪਣੀਆਂ ਜ਼ਮੀਨਾਂ ਅਤੇ ਬਾਗ਼ਾਂ ਦੇ ਵਿਕਾਸ ਵਿਚ ਰੁਚੀ ਲੈਣ ਲੱਗੇ। ਸੰਨ 1918 ਈ. ਦੇ ਨੇੜੇ ਤੇੜੇ ਆਪ ਦੇ ਪਿਤਾ ਅਤੇ ਵੱਡਾ ਭਰਾ ਸ. ਸੋਭਾ ਸਿੰਘ ਦਿੱਲੀ ਚਲੇ ਗਏ ਅਤੇ ਉਥੇ ਬਣ ਰਹੀ ਨਵੀਂ ਦਿੱਲੀ ਦੀ ਉਸਾਰੀ ਦੇ ਠੇਕਿਆਂ ਵਿਚ ਰੁਝ ਗਏ। ਸ. ਉਜਲ ਸਿੰਘ ਨੇ ਪਿਛੇ ਰਹਿ ਕੇ ਖੇਤੀ ਸੰਬੰਧੀ ਆਪਣਾ ਸਾਰਾ ਕੰਮ-ਕਾਰ ਸੰਭਾਲਿਆ ਅਤੇ ਮੁਲਤਾਨ ਜ਼ਿਲ੍ਹੇ ਵਿਚਲੀ ਕਲਰੀ ਭੂਮੀ ਨੂੰ ਖੇਤਾਂ ਵਿਚ ਬਦਲ ਦਿੱਤਾ। ਆਪ ਨੇ ਸੰਨ 1924 ਈ. ਤੋਂ ਹੀ ਮਸ਼ੀਨਾਂ ਦੀ ਮਦਦ ਨਾਲ ਖੇਤੀ ਕਰਕੇ ਬੜੇ ਪ੍ਰਗਤੀਸ਼ੀਲ ਕਦਮ ਚੁਕੇ। ਆਪ ਇੰਡੀਅਨ ਸੈਂਟ੍ਰਲ ਕਾਟਨ ਕਮੇਟੀ ਦੇ ਤਿੰਨ ਵਾਰ ਮੈਂਬਰ ਰਹੇ ਅਤੇ ਸੰਨ 1945 ਈ. ਵਿਚ ਯੂ.ਐਨ.ਓ. ਦੁਆਰਾ ਆਯੋਜਿਤ ਕੈਨੇਡਾ ਵਿਚ ਹੋਈ 'ਕਾਨਫ੍ਰੰਸ ਆਨ ਫੂਡ ਐਂਡ ਐਗ੍ਰੀਕਲਚਰ' ਵਿਚ ਹਿੰਦ ਸਰਕਾਰ ਦੇ ਪ੍ਰਤਿਨਿਧ ਵਜੋਂ ਸ਼ਾਮਲ ਹੋਏ।

ਆਪ ਨੇ ਆਪਣੀ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਸਿੱਖਾਂ ਦੇ ਸਮਾਜਿਕ, ਧਾਰਮਿਕ, ਸਭਿਆਚਾਰਿਕ ਅਤੇ ਵਿਦਿਅਕ ਮਾਮਲਿਆਂ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਸੰਨ 1919 ਈ. ਵਿਚ ਆਪ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨਾਲ ਜੁੜ ਗਏ ਅਤੇ ਬੜੇ ਲੰਮੇ ਸਮੇਂ ਤਕ ਉਸ ਦੀ ਕਾਰਜ-ਸਾਧਕ ਕਮੇਟੀ ਦੇ ਮੈਂਬਰ ਬਣੇ ਰਹੇ। ਲਗਭਗ 30 ਵਰ੍ਹੇ ਇਹ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਮੈਨੇਜਿੰਗ ਕਮੇਟੀ ਦੇ ਮੈਂਬਰ ਰਹੇ ਅਤੇ ਗਵਰਨਿੰਗ ਕੌਂਸਲ ਦੇ ਪੰਜ ਸਾਲ ਪ੍ਰਧਾਨ ਵੀ ਰਹੇ। ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ ਅਤੇ ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ ਦੀ ਸਥਾਪਨਾ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਸਥਾਪਿਤ ਕਰਨ ਵਿਚ ਵੀ ਭਰਪੂਰ ਰੁਚੀ ਲਈ। ਸੰਨ 1972 ਈ. ਵਿਚ ਨਵੀਂ ਦਿੱਲੀ ਵਿਚ ਭਾਈ ਵੀਰ ਸਿੰਘ ਸਦਨ ਦੀ ਸਥਾਪਨਾ ਪਿਛੇ ਵੀ ਆਪ ਦੀ ਸੂਝ ਕੰਮ ਕਰ ਰਹੀ ਸੀ। ਇਸੇ ਤਰ੍ਹਾਂ ਹੋਰ ਵੀ ਅਨੇਕ ਵਿਦਿਅਕ ਸੰਸਥਾਵਾਂ ਨਾਲ ਸੰਬੰਧਿਤ ਰਹੇ। ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਵੀ ਦੋ ਵਾਰ ਪ੍ਰਧਾਨਗੀ ਕੀਤੀ। ਆਪ ਦੇ ਉਦਮ ਨਾਲ ਸੰਨ 1969 ਈ. ਵਿਚ ਮਦਰਾਸ ਵਿਚ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਸਥਾਪਨਾ ਹੋਈ।

ਸੰਨ 1926 ਵਿਚ ਸਿੱਖ ਸ਼ਹਿਰੀ ਹਲਕੇ ਤੋਂ ਆਪ ਬਿਨਾ ਮੁਕਾਬਲੇ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਗਏ, ਪਰ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕੈਦ ਕੀਤੇ ਗਏ ਅਕਾਲੀਆਂ ਨੂੰ ਨ ਛਡਣ ਕਾਰਣ ਆਪ ਨੇ ਤਿਆਗ ਪੱਤਰ ਦੇ ਦਿੱਤਾ। ਆਪ ਫਿਰ ਬਿਨਾ ਮੁਕਾਬਲੇ ਮੈਂਬਰ ਚੁਣੇ ਗਏ ਅਤੇ 1956 ਤਕ ਲਗਾਤਾਰ ਚਲਦੇ ਰਹੇ। ਸੰਨ 1937 ਤੋਂ 1942 ਈ. ਤਕ ਆਪ ਯੂਨੀਅਨਿਸਟ ਮੰਤਰੀ ਮੰਡਲ ਵਿਚ ਪਾਰਲੀਮਾਨੀ ਸਕੱਤਰ (ਗ੍ਰਿਹ) ਵੀ ਰਹੇ ਅਤੇ ਦੇਸ਼ ਵੰਡ ਤੋਂ ਬਾਦ ਦੋ ਵਾਰ ਮੰਤਰੀ ਵੀ ਬਣੇ। ਸੰਨ 1930 ਈ. ਵਿਚ ਹੋਈ ਪਹਿਲੀ ਅਤੇ ਸੰਨ 1931 ਵਿਚ ਹੋਈ

ਦੂਜੀ ਗੋਲ ਮੇਜ਼ ਕਾਨਫ੍ਰੰਸਾਂ ਵਿਚ ਸਿੱਖਾਂ ਦੇ ਪ੍ਰਤਿਨਿਧੀ ਵਜੋਂ ਸ਼ਾਮਲ ਹੋਏ। ਸੰਨ 1932 ਈ. ਪੰਜਾਬ ਸਿੱਖ ਪੋਲੀਟੀਕਲ ਕਾਨਫ੍ਰੰਸ, ਸੰਨ 1933 ਈ. ਵਿਚ ਸਿੱਖ ਯੂਥਸ ਕਾਨਫ੍ਰੰਸ ਅਤੇ ਸੰਨ 1942 ਈ. ਵਿਚ ਆਲ ਇੰਡੀਆ ਸਿੱਖ ਯੂਥ ਲੀਗ ਕਾਨਫ੍ਰੰਸ ਦੀ ਪ੍ਰਧਾਨਗੀ ਕਰਦੇ ਹੋਇਆਂ ਸਿੱਖਾਂ ਦੀਆਂ ਮਹੱਤਵ ਅਕਾਂਖਿਆਵਾਂ ਅਤੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਸੰਨ 1942 ਈ. ਵਿਚ ਉਸ ਡੈਪੂਟੇਸ਼ਨ ਵਿਚ ਸ਼ਾਮਲ ਹੋਏ ਜੋ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਸਰ ਸਟੈਫਰਡ ਕ੍ਰਿਪਸ ਨੂੰ ਨਵੀਂ ਦਿੱਲੀ ਮਿਲਣ ਲਈ ਭੇਜਿਆ ਗਿਆ। ਸੰਨ 1947 ਈ. ਦੇ ਦੰਗਿਆਂ ਵੇਲੇ ਪੱਛਮੀ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਸੁਰਖਿਅਤ ਕਢ ਲਿਆਉਣ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਸ਼ੁਰੂ ਤੋਂ ਜੁੜ ਰਹੇ। ਕਾਂਗ੍ਰਸੀ ਨ ਹੁੰਦੇ ਹੋਏ ਵੀ ਉਸ ਪਾਰਟੀ ਵਲੋਂ ਚਲਾਈਆਂ ਮੁਹਿੰਮਾਂ ਨੂੰ ਹਮਾਇਤ ਦਿੱਤੀ।

ਸੰਨ 1935 ਈ. ਵਿਚ ਅੰਗ੍ਰੇਜ਼ ਸਰਕਾਰ ਵਲੋਂ ਆਪ ਨੂੰ 'ਸਰਦਾਰ ਬਹਾਦਰ' ਦਾ ਖ਼ਿਤਾਬ ਦਿੱਤਾ ਗਿਆ, ਜਿਸ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਲੜਨ ਵਾਲੇ ਵਿਅਕਤੀ ਲਈ ਅਨੁਚਿਤ ਸਮਝ ਕੇ ਤਿਆਗ ਦਿੱਤਾ। ਸਤੰਬਰ, 1965 ਈ. ਵਿਚ ਆਪ ਨੂੰ ਪੰਜਾਬ ਦਾ ਗਵਰਨਰ ਬਣਾਇਆ ਗਿਆ ਅਤੇ ਫਿਰ 28 ਜੂਨ 1966 ਤੋਂ 25 ਮਈ 1971 ਤਕ ਆਪ ਮਦਰਾਸ ਵਿਚ ਗਵਰਨਰ ਦੇ ਔਹਦੇ ਉਤੇ ਸੁਸ਼ੋਭਿਤ ਰਹੇ। ਅਨੇਕ ਸੰਨਤੀ ਅਤੇ ਵਪਾਰਕ ਸੰਸਥਾਵਾਂ ਨਾਲ ਬੜੇ ਲੰਬੇ ਸਮੇਂ ਤਕ ਸੰਬੰਧਿਤ ਰਹਿ ਕੇ ਆਪਣਾ ਯੋਗਦਾਨ ਦਿੱਤਾ।

ਸੰਨ 1947 ਈ. ਵਿਚ ਆਪ ਨੇ ਹਜ਼ਾਰਾਂ ਏਕੜ ਉਪਜਾਊ ਭੂਮੀ, ਫੈਕਟਰੀਆਂ ਅਤੇ ਸ਼ਹਿਰੀ ਜਾਇਦਾਦ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਨਵੀਂ ਦਿੱਲੀ ਵਿਚ ਟਿਕਾਉ ਕੀਤਾ ਅਤੇ 12 ਕਰਜ਼ਨ ਰੋਡ ਨੂੰ ਆਪਣਾ ਸਥਾਈ ਨਿਵਾਸ ਬਣਾਇਆ। ਉਥੇ ਹੀ 15 ਫਰਵਰੀ 1983 ਨੂੰ ਆਪਣੇ ਪ੍ਰਾਣ ਤਿਆਗੇ। ਸਿੱਖ ਕੌਮ ਅਤੇ ਪੰਜਾਬ ਦੇ ਹਿੱਤਾਂ ਨੂੰ ਸੁਚੱਜੇ ਢੰਗ ਨਾਲ ਪ੍ਰਸਤੁਤ ਕਰਨ ਵਾਲੇ ਆਪ ਇਕ ਬੇਗ਼ਰਜ਼ ਲੀਡਰ ਸਨ।

**ਉਤਰ ਪ੍ਰਦੇਸ਼ ਸਿੱਖ ਪ੍ਰਤਿਨਿਧ ਬੋਰਡ** : ਉਤਰ ਪ੍ਰਦੇਸ਼ ਦੀ ਸਰਕਾਰ ਨੇ ਆਜ਼ਾਦੀ ਮਿਲਣ ਤੋਂ ਲਗਭਗ ਇਕ ਸਾਲ ਪਹਿਲਾਂ ਸਿੱਖਾਂ ਦੇ ਕ੍ਰਿਪਾਨ ਰਖਣ ਉਤੇ ਪਾਬੰਦੀ ਲਗਾ ਦਿੱਤੀ ਸੀ। ਉਸ ਪਾਬੰਦੀ ਦਾ ਵਿਰੋਧ ਕਰਨ ਲਈ ਜਨਵਰੀ 1947 ਈ. ਵਿਚ ਸੂਬੇ ਦੀਆਂ ਸਾਰੀਆਂ ਸਿੰਘ ਸਭਾਵਾਂ ਦਾ ਇਕ ਇਕੱਠ ਲਖਨਊ ਵਿਚ ਹੋਇਆ ਜਿਸ ਦੇ ਫਲਸਰੂਪ 19 ਜੁਲਾਈ 1947 ਨੂੰ ਇਹ ਬੋਰਡ ਹੋਂਦ ਵਿਚ ਆਇਆ। ਇਸ ਦੇ ਪਹਿਲੇ ਪ੍ਰਧਾਨ ਭਾਈ ਅਮਰ ਸਿੰਘ ਖ਼ਾਲਸਾ ਸਨ ਅਤੇ ਸਕੱਤਰ ਦੀ ਜ਼ਿੰਮੇਵਾਰੀ ਸ. ਅਜਮੇਰ ਸਿੰਘ ਨੇ ਨਿਭਾਈ ਸੀ। ਇਸ ਬੋਰਡ ਦੇ ਮੁੱਖ ਮੁੱਦਿਆਂ ਵਿਚ ਸਿੱਖਾਂ ਦੇ ਹੱਕਾਂ ਦੀ ਰਖਿਆ, ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਸਤਾਰ ਆਦਿ ਸ਼ਾਮਲ ਸਨ। ਉਦੋਂ ਇਸ ਵਿਚ ਲਗਭਗ ਇਕ ਸੌ ਸਿੰਘ ਸਭਾਵਾਂ ਅਤੇ ਸਿੱਖ ਸੰਸਥਾਵਾਂ ਸ਼ਾਮਲ ਹੋਈਆਂ ਸਨ। ਬਾਦ ਵਿਚ ਸਿੱਖ ਧਰਮ ਦੇ ਪ੍ਰਚਾਰ ਨਾਲ ਸੰਬੰਧਿਤ ਹੋਰ ਵੀ ਕਈ ਸਭਾਵਾਂ/ ਸੋਸਾਇਟੀਆਂ ਸ਼ਾਮਲ ਹੁੰਦੀਆਂ ਗਈਆਂ। ਇਸ ਬੋਰਡ ਦਾ ਮੁੱਖ ਦਫ਼ਤਰ ਗੁਰਦੁਆਰਾ ਰੋਡ ਲਖਨਊ ਵਿਚ ਸਥਿਤ ਹੈ। ਨੌਜਵਾਨਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਅਕਸਰ ਕੈਂਪ ਲਗਾਏ ਜਾਂਦੇ ਹਨ ਅਤੇ ਵੱਡੇ ਪੱਧਰ ਤੇ ਕਾਨਫ੍ਰੰਸਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਸੰਨ 1948 ਈ. ਤੋਂ ਇਸ ਦੇ ਮੁੱਖ ਦਫ਼ਤਰ ਤੋਂ *ਯੂ.ਪੀ. ਸਿੱਖ ਗ਼ਜ਼ਟ* ਨਾਂ ਦਾ ਸਪਤਾਹਿਕ ਪੱਤਰ ਕੱਢਿਆ ਜਾ ਰਿਹਾ ਹੈ।

**ਉਥਾਨਕਾ/ਉਥਾਨਿਕਾ** : ਸੰਸਕ੍ਰਿਤ ਮੂਲ (ਉਤ੍ਥਾਨਿਕਾ) ਦੇ ਇਸ ਸ਼ਬਦ ਦਾ ਅਰਥ ਹੈ ਭੂਮਿਕਾ, ਪਿਠਭੂਮੀ, ਪ੍ਰਸਤਾਵਨਾ। ਜਨਮਸਾਖੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀਆਂ ਦੌਰਾਨ ਜਾਂ ਧਾਰਮਿਕ ਸਭਾਵਾਂ ਵਿਚ ਉਚਾਰੇ ਗਏ ਸ਼ਬਦਾਂ ਦੀਆਂ ਉਥਾਨਿਕਾਵਾਂ ਲਿਖੀਆਂ ਮਿਲਦੀਆਂ ਹਨ। ਇਸ ਤੋਂ ਭਾਵ ਉਹ ਪਿਛੋਕੜ ਹੈ ਜਿਸ ਵਿਚ ਬਾਣੀ ਦੇ ਕਿਸੇ ਖ਼ਾਸ ਸ਼ਬਦ ਦਾ ਗੁਰੂ ਜੀ ਨੇ ਉੱਚਾਰਣ ਕੀਤਾ ਸੀ। ਜਨਮਸਾਖੀਆਂ ਦਾ ਜੇ ਧਿਆਨਪੂਰਵਕ ਅਧਿਐਨ ਕਰੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਬਹੁਤ ਸਾਰੀਆਂ ਸਾਖੀਆਂ ਸ਼ਬਦਾਂ ਦੀਆਂ ਉਥਾਨਿਕਾਵਾਂ (settings) ਵਜੋਂ ਆਯੋਜਿਤ ਕੀਤੀਆਂ ਗਈਆਂ ਹਨ ਪਰ ਉਥੇ ਸਾਰੀਆਂ ਉਥਾਨਿਕਾਵਾਂ ਜਨਮਸਾਖੀ-ਕ੍ਰਮ ਵਿਚ ਆਈਆਂ ਹਨ, ਇਸ ਲਈ ਉਨ੍ਹਾਂ ਨੂੰ 'ਸਾਖੀਆਂ' ਕਹਿਣਾ ਉਚਿਤ ਹੋਵੇਗਾ।

ਅਠਾਰ੍ਹਵੀਂ ਸਦੀ ਵਿਚ ਜਨਮਸਾਖੀਆਂ ਵਾਲੀ ਸਰਣੀ ਤੋਂ ਹਟ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ

ਸੰਬੰਧਿਤ ਕੁਝ ਕੁ ਉਥਾਨਿਕਾਵਾਂ ਉਪਲਬਧ ਹਨ, ਜਿਨ੍ਹਾਂ ਦਾ ਅਜੇ ਪ੍ਰਕਾਸ਼ਨ ਨਹੀਂ ਹੋਇਆ। ਇਨ੍ਹਾਂ ਵਿਚ ਇਕ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ, ਦੂਜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਵਿਚ ਅਤੇ ਤੀਜੀ ਪ੍ਰੋ. ਸ.ਸ.ਨਰੂਲਾ ਪਾਸ ਲੁਧਿਆਣੇ ਵਿਚ ਸੁਰਖਿਅਤ ਹੈ।

ਭਾਈ ਮਨੀ ਸਿੰਘ ਤੋਂ ਬਾਦ ਗੁਰੂ-ਧਾਮਾਂ ਉਪਰ ਕਥਾ-ਵਾਰਤਾ ਦੀ ਜੋ ਪਰੰਪਰਾ ਚਲੀ, ਉਸ ਵਿਚ ਗੁਰਬਾਣੀ ਦੇ ਕਿਸੇ ਨ ਕਿਸੇ ਸ਼ਬਦ ਦੀ ਕਥਾ ਕਰਨ ਵੇਲੇ ਉਸ ਨੂੰ ਅਧਿਕ ਰੋਚਕ ਬਣਾਉਣ ਲਈ ਜਾਂ ਵਿਸਤਾਰ ਦੇਣ ਲਈ ਉਥਾਨਿਕਾ ਦੀ ਕਲਪਨਾ ਕੀਤੀ ਜਾਣ ਲਗ ਗਈ। ਇਹ ਉਥਾਨਿਕਾਵਾਂ ਕਿਸੇ ਨ ਕਿਸੇ ਰੂਪ ਵਿਚ ਭਾਈ ਮਨੀ ਸਿੰਘ ਨਾਲ ਸੰਬੰਧਿਤ ਕਰ ਦਿੱਤੀਆਂ ਗਈਆਂ। ਇਨ੍ਹਾਂ ਦੀਆਂ ਆਰੰਭਿਕ ਪੰਕਤੀਆਂ ਤੋਂ ਹੀ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ :

(1) *ਸ੍ਰੀ ਗੁਰੂ ਗ੍ਰੰਥ ਜੀ ਉਥਾਨਕਾ ਸਹਿਤ ਪ੍ਰਿਯਾ ਲਿਖਯਤੇ। ਦਸਮੀ ਪਾਤਸਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ...*

– (ਪੰਜਾਬ ਯੂਨੀਵਰਸਿਟੀ)

(2) *੧ਓ ਉਥਾਨਕਾ ਗ੍ਰੰਥ ਸਾਹਿਬ ਜੀ ਕੀ। ਭਾਈ ਮਨੀ ਸਿੰਘ ਜੀ ਗੁਰੂ ਦਸਮੇਂ ਪਾਤਿਸਾਹ ਕੇ ਹਜੂਰ ਮੈ ਆਇ ਕੇ ਅਰਜ ਕਰੀ...*

– (ਪ੍ਰੋ. ਸ.ਸ.ਨਰੂਲਾ)

(3) *੧ਓ ਸਤਿਗੁਰ ਪ੍ਰਸਾਦਿ। ਉਥਾਨਕਾ ਗੁਰੂ ਗ੍ਰੰਥ ਸਾਹਿਬ ਕੀਆ ਜੌਨਸੀਆ ਸੰਪ੍ਰਦਾਇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਥਨ ਕਰਕੇ ਮਨੀ ਸਿੰਘ ਕੋ ਸ੍ਰਵਨ ਕਰਾਈਆ ਹੈ ...*

– (ਭਾਸ਼ਾ ਵਿਭਾਗ)

ਇਨ੍ਹਾਂ ਉਥਾਨਿਕਾਵਾਂ ਦਾ ਅਸਲ ਲੇਖਕ ਕੌਣ ਹੈ ? ਇਸ ਬਾਰੇ ਕੋਈ ਸਹੀ ਜਾਣਕਾਰੀ ਉਪਲਬਧ ਨਹੀਂ। ਇਨ੍ਹਾਂ ਰਾਹੀਂ ਉਨ੍ਹਾਂ ਪਰਿਸਥਿਤੀਆਂ ਉਤੇ ਝਾਤ ਪਾਈ ਜਾਂਦੀ ਹੈ ਜਿਨ੍ਹਾਂ ਵਿਚ ਵਿਸ਼ੇਸ਼ ਸ਼ਬਦਾਂ ਦਾ ਉੱਚਾਰਣ ਹੋਇਆ ਅਤੇ ਇਹ ਵੀ ਦਸਿਆ ਜਾਂਦਾ ਹੈ ਕਿ ਉਹ ਕਿਸ ਨੂੰ ਸੰਬੋਧਿਤ ਕੀਤੇ ਗਏ ਸਨ ਜਾਂ ਕਿਸ ਪਰਥਾਇ ਉਚਾਰੇ ਗਏ ਸਨ। ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਉਥਾਨਿਕਾਵਾਂ ਬੜੀਆਂ ਸੰਖਿਪਤ, ਬ੍ਰਿੱਤਾਂਤਿਕ ਅਤੇ ਨਾਟਕੀ ਰੰਗ ਵਾਲੀਆਂ ਹਨ। ਇਨ੍ਹਾਂ ਦੀ ਭਾਸ਼ਾ ਪੰਜਾਬੀ ਹੁੰਦੇ ਹੋਇਆਂ ਵੀ ਹਿੰਦਵੀਂ ਦੀ ਰੰਗਣ ਤੋਂ ਬਚ ਨਹੀਂ ਸਕੀ। ਕਿਤੇ ਕਿਤੇ ਫ਼ਾਰਸੀ ਦੇ ਸ਼ਬਦ ਵਰਤੇ ਵੀ ਮਿਲ ਜਾਂਦੇ ਹਨ, ਪਰ ਇਨ੍ਹਾਂ ਦੇ ਪ੍ਰਯੋਗ ਪ੍ਰਤਿ ਰੁਚੀ ਬੜੀ ਘਟ ਹੈ। ਕਿਤੇ ਕਿਤੇ ਸੁੰਦਰ ਸੰਵਾਦ ਵੀ ਮਿਲ ਜਾਂਦੇ ਹਨ। ਵਾਕ ਨਿੱਕੇ ਨਿੱਕੇ ਅਤੇ ਚੁਸਤ ਚਾਲ ਵਾਲੇ ਹਨ। ਭਾਸ਼ਾ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਸਾਰੀਆਂ 18ਵੀਂ ਸਦੀ ਦੀਆਂ ਰਚਨਾਵਾਂ ਪ੍ਰਤੀਤ ਹੁੰਦੀਆਂ ਹਨ। ਨਮੂਨੇ ਵਜੋਂ 'ਸੋ ਦਰੁ' ਵਾਲੀ ਪਉੜੀ ਦੀ ਉਥਾਨਿਕਾ ਇਸ ਪ੍ਰਕਾਰ ਦਿੱਤੀ ਮਿਲਦੀ ਹੈ –

*'ਸੋ ਦਰੁ ਕੇਹਾ ਸੋ ਘਰੁ ਕੇਹਾ'। ਇਹ ਸਬਦੁ ਬੀਬੀ ਨਾਨਕੀ ਅਪਨੀ ਭੈਨ ਕੋ ਸੁਣਾਇਆ ਹੈ ਸੁਲਤਾਨਪੁਰ ਕੇ ਬੀਚ ਜਬ ਗੁਰੂ ਜੀ ਬੇਈ ਮੇ ਹੋ ਕਰ ਕੇ ਮਹਾ ਬਿਸਨੂੰ ਪਾਸ ਗਏ ਫੇਰ ਮੁੜ ਕੇ ਆਏ ਤਾਂ ਬੀਬੀ ਨੇ ਕਹਾ ਭਾਈ ਆਪ ਕਿਧਰ ਗਏ ਥੇ ਤਾਂ ਮਹਾਰਾਜ ਬੋਲੇ ਬੀਬੀ ਜੀ ਮਹਾ ਬਿਸਨੂੰ ਪਾਸ ਗਏ ਥੇ। ਬੀਬੀ ਜੀ ਨੇ ਕਹਾ ਉਸ ਦਾ ਦਰੁ ਕੈਸਾ ਹੈ ਅਰੁ ਘਰ ਕੈਸਾ ਹੈ। ਉਸ ਪ੍ਰਥਾਇ ਇਹ ਸਬਦੁ ਹੋਇਆ।*

–(ਪਤਰਾ 2, ਭਾਸ਼ਾ ਵਿਭਾਗ)

ਇਸ ਸ਼ਬਦ ਦੀ ਉਥਾਨਿਕਾ 'ਮਿਹਰਬਾਨ ਜਨਮਸਾਖੀ' ਵਿਚ ਭਿੰਨ ਪ੍ਰਕਾਰ ਨਾਲ ਲਿਖੀ ਹੈ।

ਇਕੋ ਸ਼ਬਦ ਨਾਲ ਸੰਬੰਧਿਤ ਇਹ ਦੋਵੇਂ ਉਥਾਨਿਕਾਵਾਂ ਪਰਸਪਰ ਮੇਲ ਨਹੀਂ ਖਾਂਦੀਆਂ। ਇਸ ਲਈ ਸਪੱਸ਼ਟ ਹੈ ਕਿ ਇਹ ਉਥਾਨਿਕਾਵਾਂ ਕਲਪਨਾ-ਪ੍ਰਸੂਤ ਹਨ। ਸਚ ਕੀ ਹੈ? ਇਹ ਹੁਣ ਨਿਤਾਰਾ ਕਰ ਸਕਣਾ ਸੰਭਵ ਨਹੀਂ। ਇਨ੍ਹਾਂ ਉਥਾਨਿਕਾਵਾਂ ਰਾਹੀਂ ਪੰਜਾਬੀ ਵਾਰਤਕ ਵਿਚ ਕਲਪਨਾ ਰਾਹੀਂ ਕਥਾ-ਸ੍ਰਿਸ਼ਟੀ ਅਤੇ ਸੰਦਰਭ ਅਨੁਸਾਰ ਬਾਣੀ ਦੇ ਵਿਸ਼ਲੇਸ਼ਣ ਦੀ ਰੁਚੀ ਦਾ ਵਿਕਾਸ ਹੋਇਆ ਹੈ।

**ਉਦਮ** : ਉਦਮ ਪ੍ਰਤਿ ਸਿੱਖ ਧਰਮ ਵਿਚ ਵਿਸ਼ੇਸ਼ ਖਿਚ ਹੈ। ਇਸ ਨੂੰ ਜੀਵਨ-ਜਾਚ ਦਾ ਮੁੱਖ ਕਰਤੱਵ ਮੰਨਿਆ ਗਿਆ ਹੈ। ਸੰਸਕ੍ਰਿਤ ਭਾਸ਼ਾ-ਪਿਛੋਕੜ ਵਾਲੇ ਇਸ ਸ਼ਬਦ ਦਾ ਅਰਥ ਹੈ –ਯਤਨ, ਪੁਰਸ਼ਾਰਥ ਜਾਂ ਕੋਸ਼ਿਸ਼। ਗੁਰੂ ਅਰਜਨ ਦੇਵ ਜੀ ਨੇ 'ਗੂਜਰੀ ਕੀ ਵਾਰ' ਵਿਚ ਇਸ ਦਾ ਤ੍ਰੈਮੁਖੀ ਕਰਤੱਵ ਦਸਿਆ ਹੈ। ਜਾਂ ਇੰਜ ਕਹੋ ਕਿ ਇਸ ਦੀਆਂ ਤਿੰਨ ਪ੍ਰਕਾਰਜੀ-ਦਿਸ਼ਾਵਾਂ ਸਪੱਸ਼ਟ ਕੀਤੀਆਂ ਹਨ –*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ। ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।* (ਗੁ.ਗ੍ਰੰ.522)। ਇਸ ਬਾਣੀ ਸੰਦਰਭ

ਵਿਚ ਦਸਿਆ ਗਿਆ ਹੈ ਕਿ ਮਨੁੱਖ ਦਾ ਪਹਿਲਾ ਕਰਤੱਵ ਹੈ ਕਿ ਪੁਰਸ਼ਾਰਥ ਸਹਿਤ ਜੀਵਨ ਬਤੀਤ ਕਰਨਾ। ਇਸ ਦਾ ਸੰਬੰਧ ਵਿਅਕਤੀ ਦੇ ਸੁਭਾ ਨਾਲ ਹੈ। ਸਪੱਸ਼ਟ ਹੈ ਕਿ ਗੁਰਬਾਣੀ ਆਲਸ ਦਾ ਖੰਡਨ ਕਰਦੀ ਹੈ। ਦੂਜਾ ਕਰਤੱਵ ਹੈ ਕਮਾਈ ਕਰਦੇ ਹੋਇਆਂ ਸੁਖ ਪੂਰਵਕ ਜੀਵਨ ਜੀਉਣਾ। ਇਸ ਦਾ ਸੰਬੰਧ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਨਾਲ ਹੈ। ਸਾਫ਼ ਹੈ ਕਿ ਗੁਰਬਾਣੀ ਕਿਰਤ-ਕਮਾਈ ਵਿਚ ਵਿਸ਼ਵਾਸ ਰਖਦੀ ਹੈ। ਤੀਜਾ ਕਰਤੱਵ ਹੈ ਪਰਮਾਤਮਾ ਦਾ ਧਿਆਨ ਕਰਨਾ, ਉਸ ਦੀ ਆਰਾਧਨਾ ਕਰਨਾ। ਇਸ ਨੂੰ ਹਰਿ-ਭਗਤੀ ਵੀ ਕਹਿ ਸਕਦੇ ਹਾਂ। ਇਸ ਦਾ ਸੰਬੰਧ ਅਧਿਆਤਮਿਕ ਭਵਿਸ਼ ਸੁਧਾਰਨ ਨਾਲ ਹੈ। ਜ਼ਾਹਿਰ ਹੈ ਕਿ ਗੁਰਬਾਣੀ ਹਰਿ-ਭਗਤੀ ਨੂੰ ਪਰਮ ਸ੍ਰੇਸ਼ਠ ਉਦਮ ਸਮਝਦੀ ਹੈ।

ਉਕਤ ਪਹਿਲੇ ਦੋ ਕਰਤੱਵ ਤੀਜੇ ਕਰਤੱਵ ਦੀ ਭੂਮਿਕਾ ਤਿਆਰ ਕਰਦੇ ਹਨ ਕਿਉਂਕਿ ਕਰਤੱਵ-ਪਰਾਇਣ ਵਿਅਕਤੀ ਹੀ ਪੁਰਸ਼ਾਰਥ ਕਰਦਾ ਹੋਇਆ ਅਤੇ ਪਰਿਵਾਰਿਕ ਸੰਬੰਧਾਂ ਪ੍ਰਤਿ ਜਾਗਰੂਕ ਹੁੰਦਾ ਹੋਇਆ ਆਪਣੀ ਅਧਿਆਤਮਿਕਤਾ ਨੂੰ ਸੰਪੰਨ ਕਰ ਸਕਦਾ ਹੈ। ਆਲਸੀ ਵਿਅਕਤੀ ਜੋ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਭਜਦਾ ਹੋਇਆ ਸੰਨਿਆਸੀ ਬਣ ਕੇ ਜੀਵਨ ਬਤੀਤ ਕਰਦਾ ਹੈ, ਉਹ ਆਪਣੇ ਕਿਸੇ ਵੀ ਮਨੋਰਥ ਵਿਚ ਸਫਲ ਨਹੀਂ ਹੋ ਸਕਦਾ ਅਤੇ ਆਪਣਾ ਜੀਵਨ ਵਿਅਰਥ ਵਿਚ ਜ਼ਾਇਆ ਕਰ ਦਿੰਦਾ ਹੈ ਕਿਉਂਕਿ ਗੁਰਵਾਕ ਹੈ ਕਿ ਇਹੀ ਜੋਨਿ ਦੁਰਲਭ ਹੈ ਅਤੇ *ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ*। (ਗੁ.ਗ੍ਰੰ.12)

ਅਨੇਕ ਪ੍ਰਕਾਰ ਦੇ ਉਦਮ ਕਰਨ ਦੇ ਬਾਵਜੂਦ ਵੀ ਵਿਅਕਤੀ ਤਦ ਤਕ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਅਤੇ ਉਸ ਦਾ ਉੱਧਾਰ ਨਹੀਂ ਹੁੰਦਾ ਹੈ ਜਦ ਤਕ ਉਹ ਹਰਿ-ਗੁਣ-ਗਾਨ ਨਹੀਂ ਕਰਦਾ—*ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ। ਭਰਮਹਿ ਜੋਨਿ ਅਸੰਖ ਮਹਿ ਜਨਮਹਿ ਆਵਹੀ।* (ਗੁ.ਗ੍ਰੰ.705)। ਅਸਲ ਵਿਚ, ਹੋਰ ਉਦਮ ਤਦ ਹੀ ਅਰਥ-ਪੂਰਣ ਹਨ ਜੇ ਹਰਿ-ਭਗਤਿ ਕਰਨ ਵਾਲਾ ਉਦਮ ਕੀਤਾ ਜਾਏ। ਨਹੀਂ ਤਾਂ ਬਾਕੀ ਸਾਰਾ ਮਾਇਆਵੀ ਪ੍ਰਪੰਚ ਹੈ ਜਾਂ ਜਿੰਨਾਂ ਭੂਤਾਂ ਵਾਲਾ ਕਰਮਾਚਾਰ ਹੈ — *ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ। ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ।* (ਗੁ.ਗ੍ਰੰ.706)।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਬਾਣੀ ਵਿਚ ਨਿਰਣਾਇਕ ਰੂਪ ਵਿਚ ਕਿਹਾ ਹੈ ਕਿ ਸਾਰਿਆਂ ਉਦਮਾਂ ਵਿਚ ਸ੍ਰੇਸ਼ਠ ਉਦਮ ਹਰਿ-ਨਾਮ-ਸਿਮਰਨ ਹੈ — *ਸਗਲ ਉਦਮ ਮਹਿ ਉਦਮੁ ਭਲਾ। ਹਰਿ ਕਾ ਨਾਮੁ ਜਪਹੁ ਜੀਅ ਸਦਾ।*(ਗੁ.ਗ੍ਰੰ.266)। ਉਦਮੀ ਬਣਨ ਲਈ ਗੁਰੂ ਅਰਜਨ ਦੇਵ ਜੀ ਨੇ ਜਿਗਿਆਸੂ ਨੂੰ ਸਪੱਸ਼ਟ ਅਗਵਾਈ ਦਿੰਦੇ ਹੋਇਆਂ ਕਿਹਾ ਹੈ — *ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ।*(ਗੁ.ਗ੍ਰੰ.619)।

**ਉਦਾਸੀ ਅਖਾੜੇ** : 'ਅਖਾੜਾ' ਸ਼ਬਦ ਸ਼ੁਰੂ ਵਿਚ ਹਿੰਦੂ ਸਾਧਾਂ, ਸੰਤਾਂ, ਸੰਨਿਆਸੀਆਂ ਨੇ ਆਪਣੇ ਵਿਚਰਣ ਸਥਲਾਂ ਜਾਂ ਡੇਰਿਆਂ ਲਈ ਵਰਤਣਾ ਸ਼ੁਰੂ ਕੀਤਾ। ਇਨ੍ਹਾਂ ਦੁਆਰਾ ਸੰਤਾਂ/ਸਾਧਾਂ ਨੂੰ ਰਹਿਣ-ਬਹਿਣ ਦੀਆਂ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਸਨ ਅਤੇ ਉਹ ਇਕ ਅਨੁਸ਼ਾਸਨ ਵਿਚ ਆਪਣੀ ਸੰਪ੍ਰਦਾਇ ਜਾਂ ਮਤ ਦਾ ਪ੍ਰਚਾਰ ਕਰਦੇ ਸਨ। ਉਨ੍ਹਾਂ ਦੀ ਵੇਖਾ-ਵੇਖੀ ਉਦਾਸੀ ਸਾਧਾਂ ਨੇ ਵੀ ਆਪਣਾ 'ਅਖਾੜਾ' ਕਾਇਮ ਕਰਨ ਦਾ ਵਿਚਾਰ ਬਣਾਇਆ। ਉਦਾਸੀ ਸੰਤ ਪ੍ਰੀਤਮ ਦਾਸ ਨਿਰਬਾਣ ਨੇ ਨਜ਼ਾਮ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਦੇ ਚਾਚੇ ਨੂੰ ਪ੍ਰੇਰਿਆ ਜਿਸ ਕਰਕੇ ਉਸ ਨੇ ਅਖਾੜੇ ਦੀ ਕਾਇਮੀ ਲਈ ਸੱਤ ਲਖ ਰੁਪਿਆ ਦਿੱਤਾ। ਸੰਤ ਪ੍ਰੀਤਮ ਦਾਸ ਨੇ ਇਹ ਰੁਪਿਆ ਪ੍ਰਯਾਗ ਵਿਚ ਲਿਆ ਕੇ ਆਪਣੀ ਸੰਪ੍ਰਦਾਇ ਦੇ ਸਾਧਾਂ ਸਾਹਮਣੇ ਰਖਿਆ। ਉਨ੍ਹਾਂ ਦੇ ਪਰਾਮਰਸ਼ ਨਾਲ ਪਹਿਲਾ ਪੰਚਾਇਤੀ ਅਖਾੜਾ ਸੰਨ 1779 ਈ. (ਸੰਮਤ 1836 ਬਿ.) ਵਿਚ ਪ੍ਰਯਾਗ (ਇਲਾਹਾਬਾਦ) ਵਿਚ ਕਾਇਮ ਕੀਤਾ। ਇਸ ਅਖਾੜੇ ਦੀ ਸਥਾਪਨਾ ਨਾਲ ਉਦਾਸੀ ਸੰਤਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦੀ ਵਿਵਸਥਾ ਵਿਚ ਕਾਫ਼ੀ ਸੁਧਾਰ ਹੋ ਗਿਆ। ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਅਧੀਨ ਇਸ ਅਖਾੜੇ ਦੇ ਚਾਰ ਮਹੰਤ ਥਾਪੇ ਗਏ ਜਿਨ੍ਹਾਂ ਦਾ ਕੰਮ ਅਖਾੜੇ ਦੀ ਹਰ ਪ੍ਰਕਾਰ ਦੀ ਵਿਵਸਥਾ ਕਰਨਾ ਸੀ। ਪ੍ਰਯਾਗ ਤੋਂ ਬਾਦ ਕਾਸ਼ੀ ਅਤੇ ਕਨਖਲ (ਹਰਿਦੁਆਰ) ਵਿਚ ਵੀ ਇਸ ਦੀਆਂ ਸ਼ਾਖਾਵਾਂ ਕਾਇਮ ਕੀਤੀਆਂ ਗਈਆਂ ਅਤੇ ਇਮਾਰਤਾਂ ਬਣਾਈਆਂ ਗਈਆਂ। ਹੋਰ ਵੀ ਅਨੇਕ ਨਗਰਾਂ/ਤੀਰਥਾਂ ਵਿਚ ਅਖਾੜੇ ਕਾਇਮ ਕੀਤੇ ਗਏ, ਪਰ ਉਹ ਕੇਵਲ ਨਾਮ ਦੇ ਹੀ ਅਖਾੜੇ ਸਨ, ਉਨ੍ਹਾਂ ਨੂੰ ਡੇਰੇ ਕਹਿਣਾ ਉਚਿਤ ਹੋਵੇਗਾ।

ਕਾਲਾਂਤਰ ਵਿਚ ਉਦਾਸੀ ਸਾਧਾਂ ਦੇ ਆਪਸੀ ਮਤ-ਭੇਦ ਕਾਰਣ ਸੰਗਤ ਸਾਹਿਬ (ਭਾਈ ਫੇਰੂ) ਦੇ ਸਾਧੂ

ਸੰਤੋਖ ਦਾਸ, ਹਰਿ ਨਾਰਾਇਣ ਦਾਸ, ਸੂਰਦਾਸ ਆਦਿ ਨੇ ਕਨਖਲ ਵਿਚ 'ਸ੍ਰੀ ਗੁਰੂ ਨਯਾ ਅਖਾੜਾ ਉਦਾਸੀਨ' ਨਾਂ ਦਾ ਅਖਾੜਾ ਬਣਾ ਲਿਆ। ਇਸ ਨੂੰ ਪਹਿਲੇ ਅਖਾੜੇ ਵਾਲੇ ਛੋਟਾ ਅਖਾੜਾ ਕਹਿੰਦੇ ਹਨ। 16 ਅਗਸਤ 2003 ਈ. ਤਕ ਇਸ ਅਖਾੜੇ ਦੇ ਮਹਾ-ਮੰਡਲੇਸ਼ਵਰ ਸੁਆਮੀ ਈਸ਼ੂਰ ਦਾਸ ਸਨ, ਜਿਨ੍ਹਾਂ ਦਾ ਮੁੱਖ ਨਿਵਾਸ-ਸਥਾਨ ਉਦਾਸੀਨ ਆਸ਼੍ਰਮ, ਗੋਪਾਲ ਨਗਰ, ਜਲੰਧਰ ਸੀ। ਵੇਖੋ 'ਅਖਾੜਾ'।

**ਉਦਾਸੀ/ਸੰਨਿਆਸੀ ਸਾਧੂ** : ਉਦਾਸੀ (ਉਦਾਸਿਨ੍) ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਵਿਰਕਤ, ਜੋ ਵਿਅਕਤੀ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਵੇ। ਪ੍ਰਾਚੀਨ ਕਾਲ ਵਿਚ ਆਸ਼੍ਰਮ-ਵਿਵਸਥਾ ਦੇ ਚਾਰ ਵਿਕਾਸ-ਕ੍ਰਮਾਂ ਵਿਚੋਂ ਤੀਜਾ ਬਾਨਪ੍ਰਸਥ ਸੀ। 'ਮਨੁ-ਸਮ੍ਰਿਤੀ' (6/1-2) ਅਨੁਸਾਰ ਵਿਅਕਤੀ ਨੂੰ ਸੰਸਾਰਿਕ ਕਾਰਜਾਂ ਤੋਂ ਉਦਾਸੀਨ ਹੋ ਕੇ ਤਪ, ਵੇਦ-ਅਧਿਐਨ, ਯੱਗ, ਦਾਨ ਆਦਿ ਕਰਕੇ ਬਨ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਬਾਨਪ੍ਰਸਥ ਦੀ ਅਵਧੀ ਸਮਾਪਤ ਹੋਣ ਤੋਂ ਬਾਦ ਸੰਨਿਆਸ ਆਸ਼੍ਰਮ ਵਿਚ ਪ੍ਰਵੇਸ਼ ਕਰਨਾ ਹੁੰਦਾ ਹੈ। 'ਮਨੁ-ਸਮ੍ਰਿਤੀ' (6/33) ਅਨੁਸਾਰ ਇਸ ਵਿਚ ਵਿਅਕਤੀ ਨੂੰ ਸੰਸਾਰਿਕ ਸੰਬੰਧਾਂ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਅਤੇ ਅ-ਨਾਗਰਿਕ ਹੋ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿਣਾ ਚਾਹੀਦਾ ਹੈ।

ਕਾਲਾਂਤਰ ਵਿਚ, ਸੰਨਿਆਸ-ਆਸ਼੍ਰਮ ਦੀ ਅਵਸਥਾ ਵਿਚ ਪਹੁੰਚਣ ਤੋਂ ਇਲਾਵਾ ਵੀ ਕਈ ਲੋਕ ਸੰਨਿਆਸੀ ਬਣ ਜਾਂਦੇ ਸਨ। ਇਸ ਤਰ੍ਹਾਂ ਦੇ ਕਈ ਸੰਨਿਆਸੀ ਦਲ ਭਾਰਤ ਵਿਚ ਪ੍ਰਾਚੀਨ ਕਾਲ ਤੋਂ ਮੌਜੂਦ ਸਨ। ਉਨ੍ਹਾਂ ਤੋਂ ਹੀ ਬੈਰਾਗੀ, ਕਾਪੜੀ, ਨਾਗੇ, ਉਦਾਸੀ, ਮੋਨੀ ਆਦਿ ਨਾਂ ਵਾਲੇ ਕਈ ਵਰਗ-ਉਪਵਰਗ ਪ੍ਰਚਲਿਤ ਹੋ ਗਏ।

ਗੁਰਬਾਣੀ ਵਿਚ ਸੰਨਿਆਸੀ ਸਾਧੂ ਵਰਗ ਦੇ 'ਉਦਾਸੀ' (ਵਿਸ਼ੇਸ਼ ਉਪ-ਵਰਗ) ਵਲ ਸੰਕੇਤ ਮਿਲਦਾ ਹੈ — *ਸੋ ਗਿਰਹੀ ਸੋ ਦਾਸ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ।* (ਗੁ.ਗ੍ਰੰ.1332)। ਗੁਰੂ ਅਰਜਨ ਦੇਵ ਜੀ ਨੇ ਸਿਰੀ ਰਾਗ ਵਿਚ ਲਿਖਿਆ ਹੈ — *ਮੋਨੀ ਮੋਨਿਧਾਰੀ। ਸਨਿਆਸੀ ਬ੍ਰਹਮਚਾਰੀ। ਉਦਾਸੀ ਉਦਾਸਿ ਰਾਤਾ।*(ਗੁ.ਗ੍ਰੰ. 71)। ਪਰ ਇਸ ਉਦਾਸੀ ਵਰਗ ਨਾਲ ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਉਦਾਸੀ-ਮਤ (ਉਦਾਸੀ ਸੰਪ੍ਰਦਾਇ) ਦਾ ਕੋਈ ਸੰਬੰਧ ਨਹੀਂ ਹੈ।

ਬੰਬਈ ਪ੍ਰਦੇਸ਼ ਦੇ ਗਜ਼ਟੀਅਰ (ਸੈਂਚੀ 9, ਭਾਗ ਪਹਿਲਾ) ਵਿਚ ਇਕ 'ਉਦਾਸੀ' ਨਾਂ ਨਾਲ ਪ੍ਰਸਿੱਧ ਸੰਪ੍ਰਦਾਇ ਦਾ ਉੱਲੇਖ ਮਿਲਦਾ ਹੈ। ਸੂਰਤ ਦੇ ਬਰਦੋਲੀ ਇਲਾਕੇ ਦੇ ਉਦਾਕਾਂਬਲੀਆ ਵਿਚ ਉਸ ਦਾ ਪ੍ਰਚਾਰ ਅਤੇ ਪ੍ਰਚਲਨ ਸੀ। ਉਸ ਦਾ ਆਰੰਭ ਕਿਸੇ ਗੋਪਾਲਦਾਸ ਨਾਂ ਦੇ ਵਿਅਕਤੀ ਨੇ ਸਤਾਰ੍ਹਵੀਂ ਸਦੀ ਈ. ਦੇ ਸ਼ੁਰੂ ਵਿਚ ਕੀਤਾ। ਪਰ ਉਸ ਦਾ ਵੀ ਨਾਨਕ-ਪੰਥੀ ਉਦਾਸੀ ਮਤ ਨਾਲ ਕੋਈ ਸੰਬੰਧ ਨਹੀਂ ਹੈ।

**ਉਦਾਸੀ ਮਤ/ਸੰਪ੍ਰਦਾਇ** : ਇਸ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀਆਂ ਧਰਮ-ਪ੍ਰਚਾਰ ਲਈ ਕੀਤੀਆਂ ਯਾਤ੍ਰਾਵਾਂ ਵਿਚੋਂ ਲਭਿਆ ਜਾ ਸਕਦਾ ਹੈ। ਉਨ੍ਹਾਂ ਯਾਤ੍ਰਾਵਾਂ (ਉਦਾਸੀਆਂ) ਵੇਲੇ ਜੋ ਭੇਖ ਜਾਂ ਸਰੂਪ ਗੁਰੂ ਨਾਨਕ ਦੇਵ ਜੀ ਨੇ ਧਾਰਣ ਕੀਤਾ, ਉਸ ਨੂੰ ਭਾਈ ਗੁਰਦਾਸ ਨੇ 'ਉਦਾਸੀ ਭੇਖ' ਦਾ ਨਾਂ ਦਿੱਤਾ — *ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ*(1/24)। ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਮੋਹ ਮਾਇਆ ਅਤੇ ਪਰਿਵਾਰਿਕ ਸੰਬੰਧਾਂ ਤੋਂ ਉੱਚੇ ਉਠ ਕੇ ਲੋਕ-ਕਲਿਆਣ ਲਈ ਦੇਸ਼-ਵਿਦੇਸ਼ ਦੀ ਯਾਤ੍ਰਾ ਕੀਤੀ। ਇਸ ਗੱਲ ਦੀ ਪੁਸ਼ਟੀ ਜਨਮਸਾਖੀ-ਸਾਹਿਤ ਤੋਂ ਸਹਿਜ ਹੀ ਹੋ ਜਾਂਦੀ ਹੈ। ਉਦਾਸੀਆਂ ਤੋਂ ਬਾਦ ਗੁਰੂ ਜੀ ਨੇ ਕਰਤਾਰਪੁਰ ਆ ਕੇ ਉਦਾਸੀ ਭੇਖ ਉਤਾਰ ਦਿੱਤਾ ਅਤੇ ਫਿਰ ਗ੍ਰਿਹਸਥੀਆਂ ਵਾਲੇ ਬਸਤ੍ਰ ਧਾਰਨ ਕਰ ਲਏ। ਭਾਈ ਗੁਰਦਾਸ ਅਨੁਸਾਰ — *ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ। ਪਹਿਰ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।*(1/38)।

ਗੁਰੂ ਨਾਨਕ ਦੇਵ ਜੀ ਦੁਆਰਾ ਤਿਆਗਿਆ 'ਉਦਾਸੀ ਭੇਖ' ਉਨ੍ਹਾਂ ਦੇ ਵੱਡੇ ਸੁਪੁੱਤਰ ਬਾਬਾ ਸ੍ਰੀ ਚੰਦ (ਵੇਖੋ) ਨੇ ਧਾਰਣ ਕਰ ਲਿਆ ਅਤੇ ਗ੍ਰਿਹਸਥੀਆਂ ਵਾਲੇ ਜੀਵਨ ਦਾ ਤਿਆਗ ਕਰਕੇ ਧਰਮ-ਪ੍ਰਚਾਰ ਵਿਚ ਜੁਟ ਗਏ। ਇਥੋਂ ਗੁਰੂ ਨਾਨਕ ਪੰਥ ਅਤੇ ਉਦਾਸੀ-ਮਤ ਵਿਚ ਇਕ ਬੁਨਿਆਦੀ ਅੰਤਰ ਪੈਦਾ ਹੋ ਗਿਆ ਜਿਸ ਦਾ ਆਧਾਰ ਨਿਵ੍ਰਿੱਤੀਮੂਲਕ ਅਤੇ ਪ੍ਰਵ੍ਰਿੱਤੀਮੂਲਕ ਮਾਨਤਾਵਾਂ ਹਨ। ਉਂਜ ਬਾਬਾ ਸ੍ਰੀ ਚੰਦ ਨੇ ਗੁਰੂ ਨਾਨਕ ਦੇਵ ਜੀ ਦੇ ਸਿੱਧਾਂਤਾਂ ਨੂੰ ਅਪਣਾਇਆ ਅਤੇ ਗੁਰੂ ਨਾਨਕ-ਬਾਣੀ ਤਥਾ ਕਾਲਾਂਤਰ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਵਿਚ ਗ੍ਰਹਿਣ ਕੀਤਾ। ਗੁਰੂ ਨਾਨਕ

ਦੇਵ ਜੀ ਦੇ ਸੁਪੁੱਤਰ ਹੋਣ ਕਾਰਣ ਪਰਵਰਤੀ ਗੁਰੂ ਸਾਹਿਬਾਨ ਵਲੋਂ ਬਾਬਾ ਸ੍ਰੀ ਚੰਦ ਨੂੰ ਮਾਣ-ਸਤਿਕਾਰ ਮਿਲਦਾ ਰਿਹਾ। ਇਥੋਂ ਤਕ ਕਿ ਬਾਬਾ ਜੀ ਦੇ ਅੰਤ-ਕਾਲ ਵੇਲੇ ਉਨ੍ਹਾਂ ਵਲੋਂ ਚਲਾਈ ਜਾ ਰਹੀ ਧਰਮ-ਪ੍ਰਚਾਰ ਲਹਿਰ ਨੂੰ ਜਾਰੀ ਰਖਣ ਲਈ ਛੇਵੇਂ ਗੁਰੂ ਸਾਹਿਬ ਨੇ ਆਪਣੇ ਸੁਪੁੱਤਰ ਬਾਬਾ ਗੁਰਦਿੱਤਾ ਨੂੰ ਬਾਬਾ ਜੀ ਦੇ ਅਰਪਿਤ ਕਰ ਦਿੱਤਾ।

ਬਾਬਾ ਗੁਰਦਿੱਤਾ ਨੇ ਉਦਾਸੀ ਮਤ ਦੇ ਪ੍ਰਚਾਰ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਧੂਣਿਆਂ ਦੀ ਸਥਾਪਨਾ ਕਰਕੇ ਉਨ੍ਹਾਂ ਦੇ ਸੰਚਾਲਨ ਲਈ ਆਪਣੇ ਚਾਰ ਸਿਦਕੀ ਸੇਵਕਾਂ — ਅਲਮਸਤ, ਬਾਲੂ ਹਸਨਾ, ਫੂਲ ਅਤੇ ਗੋਇੰਦਾ— ਨੂੰ ਨਿਯੁਕਤ ਕੀਤਾ। (ਇਨ੍ਹਾਂ ਵਿਚੋਂ ਦੋ ਗੌੜ ਬ੍ਰਾਹਮਣ ਸਨ)। ਇਨ੍ਹਾਂ ਨੇ ਕ੍ਰਮਵਾਰ ਨਾਨਕਮੱਤਾ, ਡੇਰਾਦੂਨ, ਹੈਦਰਾਬਾਦ ਅਤੇ ਬਹਾਦਰਗੜ੍ਹ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਪਰਵਰਤੀ ਗੁਰੂ ਸਾਹਿਬਾਨ ਵਲੋਂ ਛੇ ਬਖ਼ਸ਼ਿਸ਼ਾਂ ਵੀ ਹੋਈਆਂ, ਜਿਵੇਂ ਸੁੱਥਰੇਸ਼ਾਹੀਏ, ਸੰਗਤ-ਸਾਹਿਬੀਏ, ਜੀਤਮੱਲੀਏ, ਬਖ਼ਤਮੱਲੀਏ, ਭਗਤ-ਭਵਾਨੀਏ ਅਤੇ ਮੀਹਾਂ-ਸ਼ਾਹੀਏ। ਇਹ ਸਾਰੀਆਂ ਬਖ਼ਸ਼ਿਸ਼ਾਂ ਇਨ੍ਹਾਂ ਹੀ ਨਾਂਵਾਂ ਵਾਲੇ ਸਾਧਾਂ ਨਾਲ ਸੰਬੰਧਿਤ ਸਨ ਅਤੇ ਇਨ੍ਹਾਂ ਦੇ ਵਖਰੇ ਵਖਰੇ ਪ੍ਰਚਾਰ-ਖੇਤਰ ਸਨ। ਇਸ ਤਰ੍ਹਾਂ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਵਾਲੇ ਇਹ ਦਸ ਸਾਧ 'ਦਸਨਾਮੀ ਸਾਧੂ' ਅਖਵਾਏ ਜਿਨ੍ਹਾਂ ਵਿਚੋਂ ਅਧਿਕਤਰ ਬ੍ਰਾਹਮਣ ਸਨ। ਇਸ ਦੇ ਫਲਸਰੂਪ ਪੁਜਾਰੀ ਅਤੇ ਬ੍ਰਾਹਮਣੀ ਪ੍ਰਵਿੱਤੀਆਂ ਸਹਿਜੇ ਸਹਿਜੇ ਇਸ ਸੰਪ੍ਰਦਾਇ ਵਿਚ ਪ੍ਰਵੇਸ਼ ਕਰਨ ਲਗੀਆਂ ਅਤੇ ਪੰਚ-ਦੇਵ ਉਪਾਸਨਾ (ਬ੍ਰਹਮਾ, ਵਿਸ਼ਣੂ, ਸ਼ਿਵ, ਦੁਰਗਾ ਅਤੇ ਗਣੇਸ਼ ਦੀ ਪੂਜਾ) ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਮੂਲ ਰੂਪ ਵਿਚ ਨਿਰਗੁਣਵਾਦੀ ਉਦਾਸੀ ਸੰਪ੍ਰਦਾਇ ਵਿਚ ਸਗੁਣ ਉਪਾਸਨਾ ਪ੍ਰਚਲਿਤ ਹੋ ਗਈ।

ਉਨ੍ਹੀਵੀਂ ਸਦੀ ਵਿਚ ਬਾਬਾ ਪ੍ਰੀਤਮ ਦਾਸ ਅਤੇ ਬਾਬਾ ਬਨਖੰਡੀ ਨੇ ਖਿੰਡੀ-ਪੁੰਡੀ ਇਸ ਸੰਪ੍ਰਦਾਇ ਨੂੰ ਸੰਗਠਿਤ ਕਰਕੇ ਵੱਡੇ ਅਖਾੜੇ ਦੀ ਸਥਾਪਨਾ ਕੀਤੀ ਅਤੇ ਸਿੰਧ ਪ੍ਰਾਂਤ ਵਿਚ ਸਾਧੂ-ਬੇਲਾ ਕਾਇਮ ਕੀਤਾ। ਚੂੰਕਿ ਇਹ ਦੋਵੇਂ ਮਹੰਤ ਸਗੁਣਵਾਦੀ ਰੁਚੀਆਂ ਵਾਲੇ ਬ੍ਰਾਹਮਣ ਸਨ, ਇਸ ਲਈ ਸਗੁਣ-ਉਪਾਸਨਾ ਅਤੇ ਪੰਚ-ਦੇਵ ਉਪਾਸਨਾ ਨੇ ਉਦਾਸੀ ਸੰਪ੍ਰਦਾਇ ਵਿਚ ਆਪਣਾ ਦ੍ਰਿੜ੍ਹ ਸਥਾਨ ਬਣਾ ਲਿਆ। ਸੰਨ 1900 ਈ. ਤਕ ਪਹੁੰਚ ਕੇ ਇਸ ਸੰਪ੍ਰਦਾਇ ਦਾ ਸਿੱਧਾਂਤਿਕ ਸਰੂਪ ਉਹ ਨ ਰਿਹਾ ਜੋ ਇਸ ਦੇ ਆਰੰਭ ਵੇਲੇ ਸੀ। ਪਰ ਉਦੋਂ ਤਕ ਇਹ ਸਿੱਖ-ਪੰਥ ਦੀ ਸ਼ਾਖਾ ਹੀ ਮੰਨੀ ਜਾਂਦੀ ਰਹੀ ਸੀ।

ਗੁਰਦੁਆਰਾ ਐਕਟ ਸੰਨ 1925 ਦੇ ਪਾਸ ਹੋਣ ਨਾਲ ਸੰਨ 1926 ਈ. ਤੋਂ ਕਾਨੂੰਨੀ ਤੌਰ ਤੇ ਉਦਾਸੀ ਸੰਪ੍ਰਦਾਇ ਸਿੱਖ-ਧਰਮ ਤੋਂ ਵਖ ਘੋਸ਼ਿਤ ਕਰ ਦਿੱਤੀ ਗਈ। ਹੌਲੀ ਹੌਲੀ ਉਦਾਸੀ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਬੰਦ ਹੁੰਦਾ ਗਿਆ ਅਤੇ ਹੁਣ ਅਧਿਕਾਂਸ਼ ਡੇਰੇ ਸਨਾਤਨੀ ਮੰਦਿਰਾਂ ਦਾ ਰੂਪ ਧਾਰਣ ਕਰ ਚੁਕੇ ਹਨ।

ਆਧੁਨਿਕ ਯੁਗ ਦੇ ਉਦਾਸੀ ਸਾਧਾਂ ਅਤੇ ਵਿਦਵਾਨਾਂ ਨੇ 'ਉਦਾਸੀ' ਨਾਂ ਦੀ ਵਿਆਖਿਆ ਅਤੇ ਇਸ ਦਾ ਉਦਭਵ ਆਪਣੇ ਆਪਣੇ ਢੰਗ ਨਾਲ ਕਰਕੇ ਇਸ ਦਾ ਸੰਬੰਧ ਬ੍ਰਹਮਾ ਦੇ ਪੁੱਤਰ ਸਨਤਕੁਮਾਰ ਨਾਲ ਸਥਾਪਿਤ ਕਰਨ ਦਾ ਯਤਨ ਕੀਤਾ ਹੈ।

ਧਾਰਮਿਕ ਖੇਤਰ ਵਿਚ ਉਦਾਸੀ ਸਾਧਾਂ ਨੇ ਇਕ ਨਵੇਂ ਪ੍ਰਕਾਰ ਦੀ ਸਾਧੂ ਸੰਪ੍ਰਦਾਇ ਨੂੰ ਜਨਮ ਦਿੱਤਾ ਜੋ ਵਾਸਤਵ ਵਿਚ ਲੁਪਤ ਹੋਏ ਨਾਥ-ਪੰਥ ਦੀ ਸਥਾਨ-ਪੂਰਤੀ ਕਰਦੀ ਹੈ। ਇਨ੍ਹਾਂ ਸਾਧਾਂ ਵਿਚੋਂ ਕਈ ਜਟਾ-ਧਾਰੀ, ਕਈ ਮੋਨੇ, ਕਈ ਭਸਮਧਾਰੀ ਨਾਗੇ ਹਨ। ਅਧਿਕਤਰ ਗੇਰੂਏ ਬਸਤ੍ਰ ਧਾਰਣ ਕਰਦੇ ਹਨ। ਇਸ ਸੰਪ੍ਰਦਾਇ ਨੂੰ ਚਲਾਉਣ ਦਾ ਮੂਲ ਕਾਰਣ ਗੁਰੂ ਨਾਨਕ ਦੇਵ ਦੇ ਮਤ ਦਾ ਪ੍ਰਚਾਰ ਕਰਨਾ ਸੀ। ਸਿੱਖ-ਧਰਮ ਦੇ ਵਿਕਾਸ ਵਿਚ ਇਸ ਸੰਪ੍ਰਦਾਇ ਦਾ ਮਹੱਤਵਪੂਰਣ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਸੰਬੰਧੀ ਜਿਤਨੇ ਵੀ ਗੁਰੂ-ਧਾਮ ਬਣੇ, ਦੇਸ਼ ਦੇ ਜਿਸ ਕੋਨੇ ਵਿਚ ਬਣੇ, ਦੇਸ਼ ਤੋਂ ਬਾਹਰ ਵੀ ਬਣੇ, ਉਨ੍ਹਾਂ ਦੀ ਸਥਾਪਨਾ ਵਿਚ ਉਦਾਸੀ ਸਾਧਾਂ ਦੀ ਮਹੱਤਵਪੂਰਣ ਭੂਮਿਕਾ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸਾਧਾਂ ਨੇ ਗੁਰਮੁਖੀ ਲਿਪੀ ਰਾਹੀਂ ਗੁਰਮਤਿ ਦਾ ਪ੍ਰਚਾਰ ਵੀ ਕੀਤਾ। ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਬੀੜਾਂ ਲਿਖ ਕੇ ਗੁਰੂਧਾਮਾਂ ਵਿਚ ਸਥਾਪਿਤ ਕੀਤੀਆਂ ਅਤੇ ਗੁਰਬਾਣੀ ਦੀ ਮੌਖਿਕ ਅਤੇ ਲਿਖਿਤ ਦੋਹਾਂ ਤਰ੍ਹਾਂ ਦੀ ਵਿਆਖਿਆ ਕੀਤੀ। ਸਾਹਿਤਿਕ ਖੇਤਰ ਵਿਚ ਮੁਢਲੇ ਸਾਧਾਂ ਦਾ ਇਤਨਾ ਯੋਗਦਾਨ ਨਹੀਂ, ਕਿਉਂਕਿ ਉਹ ਪ੍ਰਚਾਰਕ ਅਧਿਕ ਸਨ। ਬਾਦ ਵਿਚ ਹੋਏ ਸਾਧਾਂ ਵਿਚ ਹਰੀਆ ਜੀ, ਆਨੰਦਘਨ, ਅਮੀਰਦਾਸ, ਸੁਖਬਾਸੀ ਰਾਮ, ਸੰਤ ਰੇਣ, ਰਾਮਦਾਸ (ਵੇਖੋ) ਆਦਿ ਨੇ ਅਨੇਕ ਸਾਹਿਤਿਕ ਰਚਨਾਵਾਂ ਕੀਤੀਆਂ। ਪੰਜਾਬ ਤੋਂ ਬਾਹਰਲੇ ਉਦਾਸੀਆਂ ਵਲੋਂ ਤਿਆਰ ਕੀਤੀਆਂ ਬਹੁਤ ਸਾਰੀਆਂ ਸਾਹਿਤਿਕ ਰਚਨਾਵਾਂ ਦੀ ਬਿਰਤੀ ਸਨਾਤਮ-ਧਰਮ ਵਾਲੀ ਹੈ।

**ਉਦੈ ਸਿੰਘ** (ਮ. 1705 ਈ.) : ਮੁਲਤਾਨ ਜ਼ਿਲ੍ਹੇ ਦੇ ਅਲੀਪੁਰ ਪਿੰਡ ਦੇ ਨਿਵਾਸੀ ਭਾਈ ਮਨੀ ਸਿੰਘ (ਵੇਖੋ) ਦੇ ਪੁੱਤਰਾਂ ਵਿਚੋਂ ਇਕ ਜੋ ਬਹੁਤ ਸੂਰਵੀਰ ਯੋਧਾ ਸੀ। ਭਾਈ ਮਨੀ ਸਿੰਘ ਦੇ ਪੰਜ ਪੁੱਤਰ (ਸਰਵ ਭਾਈ ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ) ਸਨ ਅਤੇ ਉਹ ਪੰਜੇ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪਿਤ ਕਰ ਦਿੱਤੇ ਸਨ। ਖ਼ਾਲਸਾ ਸਾਜਣਾ ਵਾਲੇ ਦਿਨ ਹੀ ਪੰਜਾਂ ਨੇ ਗੁਰੂ ਜੀ ਤੋਂ ਅੰਮ੍ਰਿਤ ਪਾਨ ਕੀਤਾ। ਉਦੈ ਸਿੰਘ ਖ਼ਾਲਸਾ ਬਣਨ ਤੋਂ ਬਾਦ ਗੁਰੂ ਜੀ ਦੇ ਅੰਗ-ਸੰਗ ਰਿਹਾ ਅਤੇ ਹਰ ਯੁੱਧ ਵੇਲੇ ਗੁਰੂ ਜੀ ਦੇ ਅੰਗ ਰਖਿਅਕ ਦੀ ਜ਼ਿੰਮੇਵਾਰੀ ਨਿਭਾਈ। ਇਸ ਦਾ ਵਿਆਹ ਸੰਨ 1693 ਈ. ਵਿਚ ਆਨੰਦਪੁਰ ਸਾਹਿਬ ਵਿਚ ਹੋਇਆ। ਇਸ ਦੇ ਘਰ ਸੱਤ ਪੁੱਤਰਾਂ— ਸਰਵ ਭਾਈ ਮਹਿਬੂਬ ਸਿੰਘ, ਅਜੂਬ ਸਿੰਘ, ਫਤਹਿ ਸਿੰਘ, ਅਲਬੇਲ ਸਿੰਘ, ਮੋਹਰ ਸਿੰਘ, ਬਾਘ ਸਿੰਘ, ਅਨੋਖ ਸਿੰਘ ਨੇ ਜਨਮ ਲਿਆ। ਇਨ੍ਹਾਂ ਵਿਚੋਂ ਪੰਜ ਨੇ ਚਪੜ ਚਿੜੀ ਦੇ ਯੁੱਧ ਵਿਚ, ਇਕ ਨੇ ਬਿਲਾਸਪੁਰ ਅਤੇ ਇਕ ਨੇ ਸਢੌਰੇ ਵਿਚ ਹੋਏ ਧਰਮ-ਯੁੱਧਾਂ ਵਿਚ ਵੀਰ-ਗਤੀ ਪ੍ਰਾਪਤ ਕੀਤੀ।

ਇਸ ਨੇ ਇਕ ਵਾਰ ਇਕ ਸ਼ੇਰ ਦਾ ਸ਼ਿਕਾਰ ਕੀਤਾ ਅਤੇ ਉਸ ਦੀ ਖੱਲ ਗੁਰੂ ਜੀ ਨੂੰ ਪੇਸ਼ ਕੀਤੀ। ਗੁਰੂ ਜੀ ਨੇ ਉਹ ਖੱਲ ਇਕ ਖੋਤੇ ਨੂੰ ਪਵਾ ਦਿੱਤੀ ਅਤੇ ਜੰਗਲ ਵਿਚ ਛਡ ਦਿੱਤਾ। ਉਸ ਨੂੰ ਸ਼ੇਰ ਸਮਝ ਕੇ ਸਭ ਡਰਨ ਲਗੇ ਪਰ ਜਦ ਹੀਂਗਣ ਨਾਲ ਉਸ ਦੀ ਅਸਲੀਅਤ ਦਾ ਪਾਜ ਉਘੜਿਆ, ਤਾਂ ਘੁੰਮਿਆਰ ਨੇ ਥੜਾ ਪਾ ਲਿਆ। ਇਸ ਘਟਨਾ ਰਾਹੀਂ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਖ਼ਾਲਸਾ ਬਣਨ ਤੋਂ ਬਾਦ ਸਿੰਘਾਂ ਨੂੰ ਆਪਣੀ ਪਿਛਲੀ ਜਾਤਿ-ਪਾਤਿ ਵਿਚ ਨਹੀਂ ਧਸਣਾ ਚਾਹੀਦਾ, ਨਹੀਂ ਤਾਂ ਮਾੜੀ ਦਸ਼ਾ ਹੋਏਗੀ।

ਇਸ ਨੇ ਇਕ ਵਾਰ ਸ਼ਿਕਾਰ ਖੇਡਦਿਆਂ ਇਕ ਪਹਾੜੀ ਰਾਜੇ ਬਲੀਆ ਚੰਦ ਨੂੰ ਜ਼ਖ਼ਮੀ ਕੀਤਾ ਜਿਸ ਨੇ ਗੁਰੂ ਜੀ ਉਤੇ ਘਾਤ ਲਾਈ ਸੀ। ਸੰਨ 1700 ਈ. ਵਿਚ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿਚ ਇਸ ਨੇ ਹਿੱਸਾ ਲਿਆ ਅਤੇ ਸੌ ਸੈਨਿਕਾਂ ਸਹਿਤ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਰਿਹਾ। ਇਸ ਯੁੱਧ ਵਿਚ ਇਹ ਜ਼ਖ਼ਮੀ ਹੋਇਆ, ਪਰ ਦੂਜੇ ਦਿਨ ਹੀ ਪਹਾੜੀ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਕੇ ਅਤੇ ਨੇਜ਼ੇ ਵਿਚ ਪਰੋ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਇਆ। 15 ਮਾਰਚ, 1701 ਈ. ਨੂੰ ਇਸ ਦੀ ਅਗਵਾਈ ਅਧੀਨ ਸਿੰਘਾਂ ਨੇ ਬਜਰੂੜ ਦੇ ਗੁਜਰਾਂ ਨੂੰ ਸੋਧਿਆ। ਇਸ ਨੇ ਨਿਰਮੋਹਗੜ੍ਹ, ਬਸੋਲੀ ਅਤੇ ਕਲਮੋਟ ਦੇ ਯੁੱਧਾਂ ਵਿਚ ਵੀ ਹਿੱਸਾ ਲਿਆ। ਆਨੰਦਪੁਰ ਦੇ ਘੇਰੇ ਵੇਲੇ ਇਸ ਨੇ ਰਾਸ਼ਨ ਅਤੇ ਅਸਲ੍ਹਾ ਵੈਰੀਆਂ ਦੇ ਖ਼ੇਮਿਆਂ ਵਿਚੋਂ ਲੁੱਟ ਲਿਆਉਣ ਦੀ ਲਗਾਤਾਰ ਸੇਵਾ ਨਿਭਾਈ। ਆਨੰਦਪੁਰ ਦਾ ਕਿਲ੍ਹਾ ਛਡਣ ਵੇਲੇ ਇਹ ਪਿਛਲੇ ਦਸਤੇ ਵਿਚ ਸ਼ਾਮਲ ਸੀ ਜਿਸ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਜੀ ਕਰ ਰਹੇ ਸਨ। ਮੁਗ਼ਲ ਸੈਨਾ ਗੁਰੂ ਗੋਬਿੰਦ ਸਿੰਘ ਜੀ ਉਤੇ ਹਮਲਾ ਕਰਨਾ ਚਾਹੁੰਦੀ ਸੀ, ਪਰ ਇਸ ਨੇ ਹੋਰਨਾਂ ਸਿੰਘਾਂ ਨਾਲ ਰਲ ਕੇ ਵੈਰੀ ਦਲ ਨੂੰ ਆਪਣੀ ਬਹਾਦੁਰੀ ਨਾਲ ਠਲ੍ਹ ਪਾਈ ਰਖੀ ਅਤੇ 6 ਦਸੰਬਰ, 1705 ਈ. ਨੂੰ ਸ਼ਹੀਦੀ ਪ੍ਰਾਪਤ ਕੀਤੀ। ਇਸ ਦੀ ਯਾਦ ਵਿਚ ਕੀਰਤਪੁਰ ਤੋਂ ਛੇ ਮੀਲ ਦੱਖ਼ਣ ਵਲ ਸ਼ਾਹੀ ਟਿੱਬੀ ਉਤੇ ਗੁਰਦੁਆਰਾ ਬਣਿਆ ਹੋਇਆ ਹੈ।

**ਉਦੈ ਸਿੰਘ, ਭਾਈ** (ਮ. 1843 ਈ.) : ਕੈਥਲ ਰਿਆਸਤ ਦਾ ਅੰਤਿਮ ਹੁਕਮਰਾਨ ਜਿਸ ਦੀ ਕੁਲ-ਪਰੰਪਰਾ ਦਾ ਸੰਬੰਧ ਭਾਈ ਭਗਤੂ ਵੰਸ਼ੀ ਭਾਈ ਗੁਰਬਖ਼ਸ਼ ਸਿੰਘ ਨਾਲ ਜੁੜਦਾ ਹੈ। ਭਾਈ ਗੁਰਬਖ਼ਸ਼ ਸਿੰਘ ਦੇ ਲੜਕੇ ਭਾਈ ਦੇਸੂ ਸਿੰਘ ਨੇ ਸਤਲੁਜ ਪਾਰ ਦਾ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਅਧੀਨ ਕਰਕੇ ਸੰਨ 1767 ਈ. ਵਿਚ ਕੈਥਲ ਨੂੰ ਆਪਣੀ ਰਾਜਧਾਨੀ ਬਣਾਇਆ। ਫਿਰ ਉਸ ਦੇ ਪੁੱਤਰ ਭਾਈ ਲਾਲ ਸਿੰਘ ਨੇ ਰਾਜ ਕੀਤਾ। ਭਾਈ ਲਾਲ ਸਿੰਘ ਦੀ ਮ੍ਰਿਤੂ ਤੋਂ ਬਾਦ ਉਸ ਦਾ ਵੱਡਾ ਪੁੱਤਰ ਭਾਈ ਪ੍ਰਤਾਪ ਸਿੰਘ ਗੱਦੀ ਉਤੇ ਬੈਠਾ, ਪਰ ਉਹ ਜਲਦੀ ਹੀ ਮਰ ਗਿਆ। ਉਸ ਦੀ ਕੋਈ ਨਰੀਨਾ ਔਲਾਦ ਨ ਹੋਣ ਕਾਰਣ ਉਸ ਦਾ ਛੋਟਾ ਭਾਈ ਉਦੈ (ਉਦਯ) ਸਿੰਘ ਗੱਦੀ ਉਤੇ ਬੈਠਾ। ਇਹ ਬੜਾ ਹੋਨਹਾਰ ਅਤੇ ਸਿੱਖ-ਧਰਮ ਦੇ ਪ੍ਰਸਾਰ ਵਿਚ ਵਿਸ਼ਵਾਸ ਰਖਣ ਵਾਲਾ ਹੁਕਮਰਾਨ ਸੀ। ਇਸ ਨੇ ਮਹਾਕਵੀ ਭਾਈ ਸੰਤੋਖ ਸਿੰਘ (ਵੇਖੋ) ਨੂੰ ਸੰਨ 1825 ਈ. ਵਿਚ ਪਟਿਆਲੇ ਤੋਂ ਕੈਥਲ ਬੁਲਵਾਇਆ ਅਤੇ ਉਸ ਨੂੰ ਆਪਣੇ ਦਰਬਾਰ ਵਿਚ ਬੜੇ ਆਦਰ ਮਾਣ ਨਾਲ ਰਖਿਆ। ਭਾਈ ਉਦੈ ਸਿੰਘ ਦੀ ਪ੍ਰੇਰਣਾ 'ਤੇ ਮਹਾਕਵੀ ਨੇ ਪਹਿਲਾਂ ਸੁਆਮੀ ਆਨੰਦਘਨ ਦੇ ਜਪੁਜੀ ਦੇ ਟੀਕੇ ਵਿਚ ਲਿਖੇ ਗਏ ਵਿਅੰਗਾਂ ਦਾ ਉਤਰ *ਗਰਬ ਗੰਜਨੀ* ਟੀਕੇ ਦੀ ਰਚਨਾ ਕਰਕੇ ਦਿੱਤਾ। ਫਿਰ ਇਸ ਮਹਾਕਵੀ ਤੋਂ *ਗੁਰੂ ਪ੍ਰਤਾਪ ਸੂਰਜ ਗ੍ਰੰਥ* ਨਾਂ ਦੇ ਵਡਾਕਾਰੇ ਸਿੱਖ ਇਤਿਹਾਸ

ਗ੍ਰੰਥ ਦੀ ਰਚਨਾ ਕਰਵਾਈ ਜੋ ਸੰਨ 1843 ਈ. ਵਿਚ ਖ਼ਤਮ ਹੋਈ। 15 ਮਾਰਚ 1843 ਈ. ਨੂੰ ਭਾਈ ਉਦੈ ਸਿੰਘ ਦੀ ਮ੍ਰਿਤੂ ਹੋ ਗਈ। ਇਸ ਦੀ ਵੀ ਨਰੀਨਾ ਔਲਾਦ ਨ ਹੋਣ ਕਾਰਣ ਕੈਥਲ ਰਿਆਸਤ ਦਾ ਕੁਝ ਅੰਸ਼ ਅਰਨੌਲੀ ਦੇ ਭਾਈ ਗੁਲਾਬ ਸਿੰਘ ਦੇ ਸੁਪਰਦ ਕੀਤਾ ਗਿਆ ਅਤੇ ਬਾਕੀ ਦੇ ਭਾਗ ਨੂੰ ਅੰਗ੍ਰੇਜ਼ ਸਰਕਾਰ ਨੇ ਆਪਣੇ ਪੇਟੇ ਪਾ ਲਿਆ।

**ਉੱਦੋਕੇ** (ਪਿੰਡ) : ਦੋ ਪਿੰਡਾਂ ਦਾ ਸਮੁੱਚ ਜਿਸ ਵਿਚੋਂ ਇਕ ਦਾ ਨਾਂ 'ਉੱਦੋਕੇ ਕਲਾਂ' ਅਤੇ ਦੂਜੇ ਦਾ ਨਾਂ 'ਉੱਦੋਕੇ ਖ਼ੁਰਦ' ਹੈ। ਇਨ੍ਹਾਂ ਦੋਹਾਂ ਵਿਚਾਲੇ ਕੋਈ ਸੀਮਾ-ਰੇਖਾ ਨ ਖਿਚੇ ਜਾ ਸਕਣ ਕਾਰਣ 'ਉੱਦੋਕੇ' ਹੀ ਕਹਿ ਦਿੱਤਾ ਜਾਂਦਾ ਹੈ। ਇਹ ਬਟਾਲੇ ਤੋਂ ਲਗਭਗ 10 ਕਿ.ਮੀ. ਅੰਮ੍ਰਿਤਸਰ-ਗੁਰਦਾਸਪੁਰ ਜ਼ਿਲ੍ਹਿਆਂ ਦੀ ਸੀਮਾਂ ਉਤੇ ਸਥਿਤ ਹੈ। ਸਤੰਬਰ 1487 ਈ. ਵਿਚ ਬਟਾਲੇ ਨੂੰ ਵਿਆਹ ਕਰਾਉਣ ਲਈ ਜਾ ਰਹੇ ਗੁਰੂ ਨਾਨਕ ਦੇਵ ਜੀ ਇਸ ਪਿੰਡ ਵਾਲੀ ਥਾਂ ਉਤੇ ਕੁਝ ਦੇਰ ਲਈ ਰੁਕੇ ਸਨ ਅਤੇ ਜੰਡੀ ਕਟੀ ਸੀ। ਕਾਲਾਂਤਰ ਵਿਚ ਗੁਰੂ ਜੀ ਦੀ ਰੁਕਣ ਵਾਲੀ ਥਾਂ ਉਤੇ ਜੋ ਗੁਰਦੁਆਰਾ ਬਣਾਇਆ ਗਿਆ ਉਸ ਦਾ ਨਾਂ 'ਗੁਰਦੁਆਰਾ ਕੋਠਾ ਸਾਹਿਬ' ਰਖਿਆ ਗਿਆ ਪਰ ਹੁਣ ਇਸ ਗੁਰਦੁਆਰੇ ਦਾ ਨਾਂ 'ਥੰਮ ਸਾਹਿਬ ਪਾਤਿਸ਼ਾਹੀ ੧' ਅਤੇ 'ਦਮਦਮਾ ਸਾਹਿਬ ਪਾਤਿਸ਼ਾਹੀ ੬' ਪ੍ਰਚਲਿਤ ਹੋ ਗਿਆ ਹੈ। ਕਿਉਂਕਿ ਬਾਬਾ ਗੁਰਦਿੱਤਾ ਦਾ ਵਿਆਹ ਕਰਨ ਲਈ ਬਟਾਲੇ ਜਾ ਰਹੇ ਗੁਰੂ ਹਰਿ ਗੋਬਿੰਦ ਜੀ ਵੀ ਇਥੇ ਹੀ ਰੁਕੇ ਸਨ। ਇਸ ਸੰਯੁਕਤ ਗੁਰਦੁਆਰੇ ਦੀ ਦੇਖ-ਭਾਲ ਦੋਹਾਂ ਪਿੰਡਾਂ ਦੀ ਸਾਂਝੀ ਕਮੇਟੀ ਕਰਦੀ ਹੈ।

**ਉਨਮਨਿ/ਉਨਮਨੀ ਅਵਸਥਾ** : ਹਠਯੋਗ ਦੀ ਇਕ ਮੁਦ੍ਰਾ ਜਿਸ ਰਾਹੀਂ ਵਿਅਕਤੀ ਨੂੰ ਸੰਸਾਰ ਤੋਂ ਵਿਰਕਤ ਹੋਣ ਦੀ ਕ੍ਰਿਆ ਦਾ ਅਭਿਆਸ ਕਰਾਇਆ ਜਾਂਦਾ ਹੈ। ਇਸ ਮੁਦ੍ਰਾ ਵਿਚ ਦ੍ਰਿਸ਼ਟੀ ਨੂੰ ਨਕ ਦੀ ਨੋਕ ਉਤੇ ਟਿਕਾ ਕੇ ਭੌਹਾਂ ਨੂੰ ਉਪਰ ਵਲ ਖਿਚਣਾ ਹੁੰਦਾ ਹੈ। ਗੋਰਖ-ਬਾਣੀ, ਕਬੀਰ-ਬਾਣੀ ਅਤੇ ਗੁਰਬਾਣੀ ਵਿਚ ਇਸ ਦਾ ਉੱਲੇਖ ਹੋਇਆ ਹੈ। ਚੂੰਕਿ ਇਸ ਨਾਲ ਸੰਸਾਰਿਕ ਪ੍ਰਪੰਚ ਨਾਲੋਂ ਰਿਸ਼ਤਾ ਤੋੜ ਕੇ ਪਰਮਾਤਮਾ ਨਾਲ ਜੋੜਿਆ ਜਾਂਦਾ ਹੈ ਅਤੇ ਅਧਿਆਤਮਿਕਤਾ ਦੇ ਭੇਦ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ, ਇਸ ਲਈ ਇਸ ਨੂੰ ਬ੍ਰਹਮ-ਗਿਆਨ ਦੀ ਅਵਸਥਾ ਵੀ ਕਿਹਾ ਜਾਂਦਾ ਹੈ। ਭੱਟਾਂ ਦੇ ਲਿਖੇ 'ਸਵਈਏ ਮਹਲੇ ਚਉਥੇ ਕੇ' ਵਿਚ ਗੁਰੂ ਰਾਮਦਾਸ ਦੀ ਸਦ੍ਰਿਸ਼ਤਾ ਜਨਕ ਰਾਜੇ ਨਾਲ ਦਸਦਿਆਂ ਅੰਕਿਤ ਹੈ — *ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ। ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ।* (ਗੁ.ਗ੍ਰੰ.1398)।

ਅਜ ਕਲ ਕਈ ਸਿੱਖ ਸੰਤ ਜਾਂ ਡੇਰੇਦਾਰ ਸਾਧਕ ਆਪਣੇ ਅਨੁਯਾਈਆਂ ਨੂੰ ਨਾਮ-ਅਭਿਆਸ ਦੁਆਰਾ ਉਨਮਨਿ ਅਵਸਥਾ ਵਿਚ ਪਹੁੰਚਾਉਣ ਦਾ ਦਾਵਾ ਕਰਦੇ ਹਨ। ਇਹ ਸਭ ਮਨਮਤ ਹੈ।

**ਉਪ-ਅਵਤਾਰ** : ਸਿੱਖ-ਸਾਹਿਤ ਵਿਚ ਇਸ ਪ੍ਰਕਾਰ ਦੀ ਅਵਤਾਰ ਪਰੰਪਰਾ ਦਾ ਉੱਲੇਖ 'ਦਸਮ-ਗ੍ਰੰਥ' ਵਿਚ ਹੋਇਆ ਹੈ। 'ਚੌਬੀਸਾਵਤਾਰ' ਪ੍ਰਸੰਗ ਤੋਂ ਬਾਦ ਬ੍ਰਹਮਾ ਦੇ ਅਵਤਾਰ-ਪ੍ਰਸੰਗ ਨੂੰ ਸ਼ੁਰੂ ਕਰਦਿਆਂ ਰਚੈਤਾ ਨੇ ਲਿਖਿਆ ਹੈ — *ਗਨਿ ਚਉਬੀਸੇ ਅਵਤਾਰ। ਬਹੁ ਕੈ ਕਹੈ ਬਿਸਥਾਰ। ਅਬ ਗਨੋ ਉਪ ਅਵਤਾਰ। ਜਿਮ ਧਰੇ ਰੂਪ ਮੁਰਾਰ।*

'ਉਪ' ਤੋਂ ਭਾਵ ਹੈ ਗੌਣ। ਸੋਲ੍ਹਾਂ ਕਲਾ ਤੋਂ ਘਟ ਵਾਲੇ 'ਅਵਤਾਰ' (ਵੇਖੋ) ਨੂੰ ਗੌਣ-ਅਵਤਾਰ ਜਾਂ ਉਪ-ਅਵਤਾਰ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਵਤਾਰਾਂ ਦਾ ਜ਼ਿਕਰ ਤਾਂ ਹੋਇਆ ਹੈ, ਪਰ ਉਪ-ਅਵਤਾਰਾਂ ਬਾਰੇ ਕਿਤੇ ਕੋਈ ਉੱਲੇਖ ਨਹੀਂ ਹੋਇਆ। ਉਂਜ ਇਹ ਵੀ ਅਵਤਾਰਵਾਦ ਦੀ ਪਰੰਪਰਾ ਦਾ ਵਿਕਾਸ ਕਰਦੇ ਹਨ।

'ਦਸਮ ਗ੍ਰੰਥ' ਵਿਚ ਵਰਣਿਤ ਬ੍ਰਹਮਾ ਦੇ ਅਵਤਾਰ ਧਾਰਣ ਕਰਨ ਪਿਛੇ ਉਸ ਦੇ ਹੰਕਾਰ ਨੂੰ ਖ਼ਤਮ ਕਰਨ ਦੀ ਬਿਰਤੀ ਰਹੀ ਹੈ। 'ਕਾਲ-ਪੁਰਖ' ਦੀ ਆਗਿਆ ਨਾਲ ਬ੍ਰਹਮਾ ਨੇ ਵੇਦਾਂ ਦੀ ਜੋ ਰਚਨਾ ਕੀਤੀ, ਉਸ ਕਾਰਣ ਉਹ ਹੰਕਾਰੀ ਹੋ ਗਿਆ। ਕਾਲ-ਪੁਰਖ ਨੇ ਹੰਕਾਰ ਨਿਵਾਰਣ ਲਈ ਬ੍ਰਹਮਾ ਨੂੰ ਧਰਤੀ ਉਤੇ ਭੇਜ ਦਿੱਤਾ। ਉਸ ਨੇ ਲੱਖਾਂ ਵਰ੍ਹੇ ਸੇਵਾ ਕਰਕੇ ਮੁੜ ਕਾਲ-ਪੁਰਖ ਨੂੰ ਪ੍ਰਸੰਨ ਕੀਤਾ। ਕਾਲ-ਪੁਰਖ ਨੇ ਉਸ ਨੂੰ ਪਰਮ-ਗਤੀ ਪ੍ਰਾਪਤ ਕਰਨ ਲਈ ਧਰਤੀ ਉਤੇ ਸੱਤ ਅਵਤਾਰ ਧਾਰਣ ਕਰਨ ਲਈ ਆਦੇਸ਼ ਦਿੱਤਾ — *ਧਰਿ ਸਪਤ ਭੂਮ ਵਤਾਰ। ਤਬ ਹੋਇ ਤੋਰ ਉਧਾਰ। ਸੋਈ ਮਾਨ ਬ੍ਰਹਮਾ ਲੀਨ। ਧਰਿ ਜਨਮ ਜਗਤ ਨਵੀਨ ।35।* ਇਸ ਤਰ੍ਹਾਂ ਬ੍ਰਹਮਾ ਨੇ ਸੱਤ ਅਵਤਾਰ ਧਾਰਣ ਕੀਤੇ — ਬਾਲਮੀਕ, ਕਸਪ, ਸੁਕ੍ਰ, ਬਾਚੇਸ (ਬ੍ਰਿਹਸਪਤਿ), ਬਿਆਸ, ਸਾਸਤ੍ਰੋਧਾਰਕ ਅਤੇ

ਕਾਲੀਦਾਸ। ਵੇਖੋ 'ਬ੍ਰਹਮਾ ਅਵਤਾਰ'।

ਬ੍ਰਹਮਾ ਦੇ ਉਪ-ਅਵਤਾਰ ਪ੍ਰਸੰਗ ਤੋਂ ਬਾਦ 'ਦਸਮ-ਗ੍ਰੰਥ' ਵਿਚ ਰੁਦ੍ਰ ਦੇ ਉਪਾਵਤਾਰ ਲਿਖੇ ਹਨ। ਰੁਦ੍ਰ ਦੇ ਅਵਤਾਰ ਧਾਰਣ ਕਰਨ ਦਾ ਕਾਰਣ ਵੀ ਬ੍ਰਹਮਾ ਦੇ ਕਾਰਣ ਨਾਲ ਮੇਲ ਖਾਂਦਾ ਹੈ। ਅਧਿਕ ਯੋਗ-ਸਾਧਨਾ ਦੇ ਫਲਸਰੂਪ ਰੁਦ੍ਰ ਹੰਕਾਰੀ ਹੋ ਗਿਆ। ਫਲਸਰੂਪ ਕਾਲ-ਪੁਰਖ ਨਾਰਾਜ਼ ਹੋ ਗਿਆ। ਪਰਮ-ਗਤੀ ਪ੍ਰਾਪਤ ਕਰਨ ਲਈ ਰੁਦ੍ਰ ਨੂੰ ਵੀ ਅਵਤਾਰ ਧਾਰਣ ਕਰਨੇ ਪਏ। ਪਰ ਉਸ ਨੇ ਕਿਤਨੇ ਉਪ-ਅਵਤਾਰ ਧਾਰਣ ਕੀਤੇ, ਇਸ ਬਾਰੇ ਸੰਖਿਆ ਦਾ ਉੱਲੇਖ ਪਾਠ ਵਿਚ ਉਪਲਬਧ ਨਹੀਂ। ਉਂਜ ਕੇਵਲ ਦੋ ਅਵਤਾਰਾਂ ਦਾ ਵਰਣਨ ਹੈ — ਦਤਾਤ੍ਰੇਯ ਅਤੇ ਪਾਰਸਨਾਥ। ਪਾਰਸਨਾਥ ਦੇ ਅੰਤ ਉਤੇ ਕੋਈ ਸਮਾਪਨ-ਸੂਚਕ ਉਕਤੀ ਨਹੀਂ ਦਿੱਤੀ ਗਈ, ਇਸ ਲਈ ਰੁਦ੍ਰ ਦੀ ਉਪ-ਅਵਤਾਰ ਸੰਖਿਆ ਨਿਸਚਿਤ ਨਹੀਂ ਹੈ। ਵੇਖੋ 'ਰੁਦ੍ਰ-ਅਵਤਾਰ'।

**ਉਪਦੇਸ਼** : ਇਸ ਸ਼ਬਦ ਦਾ ਅਰਥ ਹੈ — ਨਸੀਹਤ, ਸਿਖਿਆ, ਹਿਤ ਦੀ ਗੱਲ। ਉਪਦੇਸ਼ ਕਰਨ ਦੇ ਉਹੀ ਸਮਰਥ ਹੈ ਜੋ ਆਪ ਮਹਾਨ ਹੋਵੇ, ਸ੍ਰੇਸ਼ਠ ਕਰਨੀ ਵਾਲਾ ਹੋਵੇ, ਜੀਵਨ ਦੀ ਯਥਾਰਥਤਾ ਨੂੰ ਸਮਝਦਾ ਹੋਵੇ। ਜਿਸ ਨੇ ਆਪ ਕਮਾਈ ਕੀਤੀ ਹੋਵੇ, ਉਹ ਉਪਦੇਸ਼ ਕਰਨ ਦਾ ਅਧਿਕਾਰੀ ਹੋ ਸਕਦਾ ਹੈ — *ਆਪਿ ਕਮਾਉ ਅਵਰਾ ਉਪਦੇਸ।* (ਗੁ.ਗ੍ਰੰ. 185)। ਗੁਰ-ਸਿੱਖਾਂ ਲਈ ਹੀ ਨਹੀਂ, ਸਾਰੀ ਮਾਨਵਤਾ ਦਾ ਹਿਤ-ਚਿੰਤਨ ਕਰਨ ਵਾਲੇ ਗੁਰੂ ਸਾਹਿਬਾਨ ਦੇ ਮੁਖ ਵਿਚੋਂ ਉਚਰੀ ਹੋਈ ਬਾਣੀ, ਅਸਲ ਵਿਚ, ਉਨ੍ਹਾਂ ਦਾ ਜੀਵਨ ਵਿਚ ਹੰਡਾਇਆ ਹੋਇਆ ਅਨੁਭੂਤ ਸਚ ਹੈ, ਇਸ ਲਈ ਸਾਰੀ ਹੀ ਗੁਰਬਾਣੀ ਸੱਚਾ, ਸੁੱਚਾ ਅਤੇ ਕਲਿਆਣਕਾਰੀ ਉਪਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਮਾਨਵ-ਹਿਤਕਾਰੀ ਉਪਦੇਸ਼ਾਂ ਦਾ ਸੰਗ੍ਰਹਿ ਹੈ। ਗੁਰੂ ਤੇਗ ਬਹਾਦਰ ਜੀ ਸਾਧੂ ਨੂੰ ਉਪਦੇਸ਼ ਕਰਦਿਆਂ ਕਹਿੰਦੇ ਹਨ— *ਸਾਧੋ ਮਨ ਕਾ ਮਾਨੁ ਤਿਆਗਉ। ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ। ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ। ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।*(ਗੁ.ਗ੍ਰੰ. 219)

ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਮਨ ਨੂੰ ਸੰਬੋਧਨ ਕਰਕੇ ਜਿਗਿਆਸੂ ਨੂੰ ਉਪਦੇਸ਼ ਕਰਦਿਆਂ ਦਸਿਆ ਹੈ—*ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾਕੀ ਓਟ ਗਹੀਜੈ ਰੇ। ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾਕੋ ਨਾਮੁ ਜਪੀਜੈ ਰੇ। ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ। ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।* (ਗੁ.ਗ੍ਰੰ.209)

ਗੁਰਬਾਣੀ ਤੋਂ ਇਲਾਵਾ ਵੀ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਸਿੱਖਾਂ ਨੂੰ ਉਪਦੇਸ਼ ਕੀਤੇ ਹਨ। ਕਹਿੰਦੇ ਹਨ ਇਕ ਵਾਰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਅਗੇ ਕੁਝ ਪ੍ਰਸ਼ਨ ਕੀਤੇ, ਉਨ੍ਹਾਂ ਦਾ ਗੁਰੂ ਜੀ ਵਲੋਂ ਦਿੱਤਾ ਗਿਆ ਉਤਰ ਇਸ ਪ੍ਰਕਾਰ ਹੈ—*ਭਾਈ ਸਿੱਖੋ, ਚਾਰ ਉਪਦੇਸ਼ ਖ਼ਾਲਸੇ ਨੂੰ ਮੰਨਣੇ ਯੋਗ ਹਨ —(ੳ) ਪਰਉਪਕਾਰ ਕਰਨਾ। ਇਸ ਸਮਾਨ ਕੋਈ ਜਪ-ਤਪ ਧਰਮ ਨਹੀਂ ਹੈ। (ਅ) ਬਚਨ ਤੋਂ ਨਹੀਂ ਫਿਰਨਾ। (ੲ) ਗੁਰੂ ਗ੍ਰੰਥ ਸਾਹਿਬ ਤੋਂ ਵਧ ਕੇ ਵੇਦ ਸ਼ਾਸਤ੍ਰ ਆਦਿ ਔਰ ਕਿਸੀ ਪੁਸਤਕ ਕੋ ਨਹੀਂ ਜਾਣਨਾ। (ਸ) ਖਿਮਾ ਕਰਨੀ, ਜਿਉਂ-ਜਿਉਂ ਬਡੇ ਹੋਣਾ ਤਿਉਂ-ਤਿਉਂ ਨਿਮ੍ਰਤਾ ਰਖਣੀ; ਨਿਰਧਨ ਨੂੰ ਆਦਰ ਦੇਣਾ; ਜਿਸ ਦਾ ਕੋਈ ਵਾਲੀ ਨਹੀਂ ਉਸ ਦੀ ਸਹਾਇਤਾ ਕਰਨੀ; ਮਰਾਤਬੇ ਨੂੰ ਪਾਇ ਕੇ ਗਰਬ ਨਹੀਂ ਕਰਨਾ।* *ਸਿੱਖਾਂ ਦੀ ਭਗਤ ਮਾਲਾ*, ਜਨਮਸਾਖੀ ਸਾਹਿਤ ਆਦਿ ਅਨੇਕ ਪੁਸਤਕਾਂ ਵਿਚ ਉਪਦੇਸ਼ ਭਰੇ ਪਏ ਹਨ। ਰਹਿਤਨਾਮੇ ਵੀ ਇਕ ਪ੍ਰਕਾਰ ਦੇ ਉਪਦੇਸ਼ ਸੰਗ੍ਰਹਿ ਹੀ ਹਨ।

**ਉਪਦੇਸ਼ਕ** : ਉਪਦੇਸ਼ ਕਰਨ ਵਾਲੇ ਸਾਧਕ ਨੂੰ 'ਉਪਦੇਸ਼ਕ' ਕਿਹਾ ਜਾਂਦਾ ਹੈ। ਉਹ ਹਰ ਪ੍ਰਕਾਰ ਦੇ ਗੁਣਾਂ ਦਾ ਮੁਜਸਮਾ (ਪ੍ਰਤਿਮੂਰਤੀ) ਹੋਣਾ ਚਾਹੀਦਾ ਹੈ। ਕੇਵਲ ਕਥਨੀ ਦਾ ਸੁਆਮੀ ਵਕਤਾ ਤਾਂ ਹੋ ਸਕਦਾ ਹੈ, ਪਰ ਉਪਦੇਸ਼ਕ ਨਹੀਂ। ਗੁਰੂ ਰਾਮਦਾਸ ਜੀ ਨੇ 'ਮਾਝ ਦੀ ਵਾਰ' ਵਿਚ ਕਿਹਾ ਹੈ—*ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ। ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।* (ਗੁ.ਗ੍ਰੰ.140)। ਗੁਰੂ ਅਮਰਦਾਸ ਜੀ ਨੇ ਵੀ ਕਿਹਾ ਹੈ—*ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ। ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ। ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ।* (ਗੁ.ਗ੍ਰੰ.118)। 'ਸੁਖਮਨੀ ਸਾਹਿਬ' ਵਿਚ ਗੁਰੂ ਅਰਜਨ ਦੇਵ ਜੀ ਨੇ ਸਚੇ ਅਤੇ ਝੂਠੇ ਉਪਦੇਸ਼ਕ ਦੇ ਆਚਰਣ ਉਤੇ ਪ੍ਰਕਾਸ਼ ਪਾਉਂਦਿਆਂ ਲਿਖਿਆ ਹੈ—*ਅਵਰ ਉਪਦੇਸੈ ਆਪਿ ਨ ਕਰੈ। ਆਵਤ ਜਾਵਤ ਜਨਮੈ ਮਰੈ। ਜਿਸ*

*ਕੈ ਅੰਤਰਿ ਬਸੈ ਨਿਰੰਕਾਰੁ। ਤਿਸ ਕੀ ਸੀਖ ਤਰੈ ਸੰਸਾਰੁ।* (ਗੁ.ਗ੍ਰੰ.269)।

**ਉਪਨਿਸ਼ਦ ਸਾਹਿਤ** : 'ਉਪਨਿਸ਼ਦ' ਦਾ ਸ਼ਾਬਦਿਕ ਅਰਥ ਹੈ 'ਨੇੜੇ ਬੈਠਣਾ'। ਨੇੜੇ ਬੈਠਣ ਤੋਂ ਭਾਵ ਹੈ ਕਿ ਪ੍ਰਾਚੀਨ ਕਾਲ ਵਿਚ ਸ਼ਿਸ਼ ਸ਼ਰਧਾ ਨਾਲ ਆਪਣੇ ਗੁਰੂਆਂ (ਅਧਿਆਪਕਾਂ) ਕੋਲ ਬੈਠ ਕੇ ਤੱਤ੍ਵ-ਜਿਗਿਆਸਾ ਦੇ ਸਮਾਧਾਨ ਲਈ ਗਿਆਨ ਪ੍ਰਾਪਤ ਕਰਦੇ ਸਨ। ਇਹੀ ਤੱਤ੍ਵ-ਗਿਆਨ ਉਪਨਿਸ਼ਦਾਂ ਦਾ ਮੂਲ ਵਿਸ਼ਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਦੇ ਸਰੂਪ ਅਤੇ ਜੀਵ, ਜਗਤ ਅਤੇ ਮੋਕਸ਼ ਸੰਬੰਧੀ ਵਿਵੇਚਨ ਹੋਇਆ ਹੈ। ਵੇਦਾਂਤ-ਸ਼ਾਸਤ੍ਰ ਦਾ ਮੂਲ ਆਧਾਰ ਉਪਨਿਸ਼ਦਾਂ ਹੀ ਹਨ।

ਉਪਨਿਸ਼ਦ ਕਿਸੇ ਇਕ ਵਿਸ਼ੇਸ਼ ਪੁਸਤਕ ਦਾ ਨਾਂ ਨਹੀਂ, ਸਗੋਂ ਇਹ ਪ੍ਰਾਚੀਨ ਭਾਰਤੀ ਦਾਰਸ਼ਨਿਕ ਸਾਹਿਤ ਦੀ ਇਕ ਮਹੱਤਵਪੂਰਣ ਪਰੰਪਰਾ ਹੈ। ਇਸ ਲਈ ਇਸ ਵਿਚ ਸਮੇਂ ਸਮੇਂ ਲਿਖੀਆਂ ਅਨੇਕ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਗਿਣਤੀ ਇਕ ਸੌ ਤੋਂ ਵਧ ਮੰਨੀ ਜਾਂਦੀ ਹੈ, ਪਰ ਇਨ੍ਹਾਂ ਵਿਚੋਂ ਬਹੁਤੀਆਂ ਨਵੀਆਂ ਹਨ। ਪ੍ਰਮਾਣਿਕ ਉਪਨਿਸ਼ਦਾਂ ਉਹੀ ਹਨ ਜਿਨ੍ਹਾਂ ਉਤੇ ਸ਼ੰਕਰਾਚਾਰਯ ਨੇ ਭਾਸ਼੍ਯ ਲਿਖੇ ਹਨ ਜਾਂ ਜੋ ਮਹਾਤਮਾ ਬੁੱਧ ਦੇ ਜਨਮ ਤੋਂ ਪਹਿਲਾਂ ਲਿਖੀਆਂ ਜਾ ਚੁਕੀਆਂ ਸਨ, ਜਿਵੇਂ ਈਸ਼ਵਾਸ੍ਯ, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕ੍ਯ, ਤੈਤਿੱਰੀਯ, ਐਤਰੇਯ, ਛਾਂਦੋਗ੍ਯ, ਬ੍ਰਹਦਾਰਣ੍ਯਕ, ਸ਼੍ਵੇਤਾਸ਼੍ਵਤਰ। ਕਈ ਵਿਦਵਾਨ 'ਕੌਸ਼ੀਤਕਿ' ਅਤੇ 'ਮਹਾਨਾਰਾਯਣ' ਨਾਂ ਦੀਆਂ ਉਪਨਿਸ਼ਦਾਂ ਨੂੰ ਵੀ ਇਸ ਸੂਚੀ ਵਿਚ ਸ਼ਾਮਲ ਕਰਦੇ ਹਨ।

ਉਪਨਿਸ਼ਦਾਂ ਨੂੰ ਅਕਸਰ 'ਵੇਦਾਂਤ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਇਕ ਤਾਂ ਇਹ ਵੇਦਾਂ ਦਾ ਅੰਤਿਮ ਭਾਗ ਹਨ ਅਤੇ ਦੂਜੇ ਵੇਦਾਂ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਅੰਤ ਜਾਂ ਸਿਖਰ ਤਕ ਪਹੁੰਚਾਉਂਦੀਆਂ ਹਨ। ਵੇਦਾਂਤ ਦਰਸ਼ਨ ਦੇ ਤਿੰਨ ਉਪਦੇਸ਼-ਸਾਧਨ (ਪ੍ਰਸ੍ਥਾਨ-ਤ੍ਰਈ) ਹਨ — ਉਪਨਿਸ਼ਦ, ਬ੍ਰਹਮਸੂਤ੍ਰ ਅਤੇ ਗੀਤਾ। ਇਨ੍ਹਾਂ ਵਿਚੋਂ ਉਪਨਿਸ਼ਦਾਂ ਦਾ ਪਹਿਲਾ ਸਥਾਨ ਹੈ। ਇਨ੍ਹਾਂ ਵਿਚ ਗਿਆਨ ਦੀ ਪ੍ਰਧਾਨਤਾ ਹੈ, ਇਸ ਲਈ ਇਨ੍ਹਾਂ ਨੂੰ ਵੇਦਾਂ ਦਾ 'ਗਿਆਨ-ਕਾਂਡ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਯੱਗਾਂ, ਕਰਮ-ਕਾਂਡਾਂ ਅਤੇ ਸੰਸਕਾਰਾਂ ਦੀ ਥਾਂ 'ਤੇ ਪਰਾ ਜਾਂ ਬ੍ਰਹਮ-ਵਿਦਿਆ (ਬ੍ਰਹਮ, ਜੀਵ, ਜਗਤ ਅਤੇ ਮੁਕਤੀ ਦੇ ਸਾਧਨਾਂ) ਦਾ ਵਿਵੇਚਨ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤੀਆਂ ਉਪਨਿਸ਼ਦਾਂ ਦਾ ਸੰਬੰਧ ਵੇਦਾਂ, ਆਰਣ੍ਯਕਾਂ ਅਤੇ ਬ੍ਰਾਹਮਣਾਂ ਨਾਲ ਹੈ ਅਤੇ ਕਈ ਤਾਂ ਇਨ੍ਹਾਂ ਗ੍ਰੰਥਾਂ ਦਾ ਅੰਸ਼ ਹੀ ਹਨ। ਮੱਧ-ਯੁਗ ਦੇ ਵਿਦਵਾਨਾਂ /ਆਚਾਰਯਾਂ ਦੀ ਇਕ ਪ੍ਰਵ੍ਰਿੱਤੀ ਰਹੀ ਹੈ ਕਿ ਉਹ ਉਪਨਿਸ਼ਦਾਂ ਦੀ ਵਿਆਖਿਆ ਆਪਣੇ ਆਪਣੇ ਢੰਗ ਨਾਲ ਕਰਦੇ ਸਨ। ਸ਼ੰਕਰ ਤੋਂ ਬਾਦ ਰਾਮਾਨੁਜ, ਮਧ੍ਵ, ਨਿੰਬਾਰਕ, ਵੱਲਭ ਆਦਿ ਆਚਾਰਯਾਂ ਨੇ ਆਪਣੇ ਆਪਣੇ ਸਿੱਧਾਂਤਾਂ ਦਾ ਮੂਲ ਉਪਨਿਸ਼ਦਾਂ ਵਿਚੋਂ ਹੀ ਲਭਿਆ ਹੈ।

ਸਗੁਣ ਭਗਤਾਂ ਤੋਂ ਇਲਾਵਾ ਨਿਰਗੁਣ ਸੰਤਾਂ ਨੇ ਵੀ ਉਪਨਿਸ਼ਦਾਂ ਦੇ ਪਰਾ-ਗਿਆਨ ਤੋਂ ਕਾਫ਼ੀ ਲਾਭ ਉਠਾਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਨੇਕ ਕਥਨ ਉਪਨਿਸ਼ਦਾਂ ਨਾਲ ਦੂਰ ਤਕ ਸਮਾਨਤਾ ਰਖਦੇ ਹਨ। ਅਸਲ ਵਿਚ, ਮੱਧ-ਯੁਗ ਦਾ ਪੰਜਾਬੀ ਜੀਵਨ, ਸਭਿਆਚਾਰ ਅਤੇ ਸਾਹਿਤ ਉਪਨਿਸ਼ਦਿਕ ਵਿਚਾਰਧਾਰਾ ਨੂੰ ਆਤਮਸਾਤ ਕਰਕੇ ਚਲਿਆ ਹੈ। ਨਮੂਨੇ ਵਜੋਂ ਗੁਰਬਾਣੀ ਦੀਆਂ ਹੇਠ ਲਿਖੀਆਂ ਟੂਕਾਂ :

(1) *ਭੈ ਵਿਚਿ ਪਵਣੁ ਵਹੈ ਸਦ ਵਾਉ। ਭੈ ਵਿਚਿ ਚਲਹਿ ਲਖ ਦਰੀਆਉ। ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ। ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮੁ ਦੁਆਰੁ।*(ਗੁ.ਗ੍ਰੰ.464)

(2) *ਸਰਬ ਭੂਤ ਆਪਿ ਵਰਤਾਰਾ। ਸਰਬ ਨੈਨ ਆਪਿ ਪੇਖਨਹਾਰਾ। ਸਗਲ ਸਮਗ੍ਰੀ ਜਾ ਕਾ ਤਨਾ। ਆਪਨ ਜਸੁ ਆਪ ਹੀ ਸੁਨਾ। ਆਵਨ ਜਾਨੁ ਇਕੁ ਖੇਲੁ ਬਨਾਇਆ। ਆਗਿਆਕਾਰੀ ਕੀਨੀ ਮਾਇਆ।* (ਗੁ.ਗ੍ਰੰ.294)

ਵਿਚੋਂ ਪਹਿਲੀ ਵਿਚਲੇ ਵਿਚਾਰਾਂ ਦੀ ਸਮਾਨਤਾ ਤੈਤਿੱਰੀਯ ਉਪਨਿਸ਼ਦ (ਅਧਿ. 2-8-1 ਅਰਥਾਤ —ਪਰਮੇਸ਼੍ਵਰ ਦੇ ਭੈ ਨਾਲ ਪਵਨ ਚਲਦਾ ਹੈ, ਉਸੇ ਦੇ ਭੈ ਤੋਂ ਸੂਰਜ ਉਦੈ ਹੁੰਦਾ ਹੈ, ਉਸੇ ਦੇ ਭੈ ਨਾਲ ਅਗਨੀ, ਇੰਦ੍ਰ ਅਤੇ ਪੰਜਵਾਂ ਮ੍ਰਿਤੂ ਦੌੜਦਾ ਹੈ ...। ਅਤੇ ਅਧਿ. 2-3-3 ਅਰਥਾਤ —ਪਰਮੇਸ਼੍ਵਰ ਦੇ ਭੈ ਨਾਲ ਅਗਨੀ ਤਪਦੀ ਹੈ, ਉਸੇ ਦੇ ਭੈ ਨਾਲ ਸੂਰਜ ਤਪਦਾ ਹੈ, ਉਸੇ ਦੇ ਭੈ ਨਾਲ ਇੰਦ੍ਰ, ਵਾਯੂ ਅਤੇ ਪੰਜਵਾਂ ਮ੍ਰਿਤੂ ਦੌੜਦਾ ਹੈ ...। ਅਤੇ ਦੂਜੀ ਟੂਕ ਦੀ ਮੁੰਡਕ-ਉਪਨਿਸ਼ਦ (2-1-4 ਅਰਥਾਤ — ਅਗਨੀ ਹੀ ਜਿਸ ਦਾ ਮਸਤਕ ਹੈ,

ਚੰਦ੍ਰਮਾ ਅਤੇ ਸੂਰਜ ਨੇਤਰ ਹਨ, ਸਾਰੀਆਂ ਦਿਸ਼ਾਵਾਂ ਕੰਨ ਹਨ, ਵੇਦ ਆਦਿ ਬੋਲ ਹਨ, ਵਾਯੂ ਪ੍ਰਾਣ ਹੈ, ਚਰ-ਅਚਰ ਜਗਤ ਹਿਰਦਾ ਹੈ, ਪ੍ਰਿਥਵੀ ਪੈਰ ਹਨ, ਉਹ ਪਰਮੇਸ਼ੁਰ ਸਭ ਵਿਚ ਵਿਆਪਤ ਹੈ।) ਵਿਚ ਸਰਲਤਾ ਪੂਰਵਕ ਵੇਖੀ ਜਾ ਸਕਦੀ ਹੈ। ਇਨ੍ਹਾਂ ਵਰਗੀਆਂ ਸੈਂਕੜੇ ਟੂਕਾਂ ਦੀ ਵਿਚਾਰਧਾਰਕ ਸਦ੍ਰਿਸ਼ਤਾ ਉਪਨਿਸ਼ਦ ਸਾਹਿਤ ਵਿਚ ਮਿਲ ਜਾਂਦੀ ਹੈ। ਸਚ ਤਾਂ ਇਹ ਹੈ ਕਿ ਨਿਰਗੁਣ ਸੰਤਾਂ ਦੀ ਅਧਿਆਤਮਿਕ ਵਿਚਾਰਧਾਰਾ ਉਪਨਿਸ਼ਦ ਸਾਹਿਤ ਦੀ ਵਿਚਾਰਧਾਰਾ ਨਾਲ ਬਹੁਤ ਨੇੜੇ ਹੋ ਕੇ ਵਿਚਰੀ ਹੈ। ਇਸ ਲਈ ਮੱਧ-ਯੁਗ ਦੀ ਨਿਰਗੁਣ ਧਰਮ-ਚੇਤਨਾ ਲਈ ਉਪਨਿਸ਼ਦ ਸਾਹਿਤ ਇਕ ਖ਼ਜ਼ਾਨੇ ਦੀ ਭੂਮਿਕਾ ਨਿਭਾਉਂਦਾ ਹੈ।

**ਉਪਾਉ** : ਜਦੋਂ ਕੋਈ ਵਿਅਕਤੀ ਕਿਸੇ ਸਮਸਿਆ ਦੇ ਸਮਾਧਾਨ ਵਿਚ ਆਪਣੇ ਆਪ ਨੂੰ ਬੇਬਸ ਸਮਝਦਾ ਹੈ ਤਾਂ ਉਹ ਉਸ ਨੂੰ ਨਿਪਟਾਉਣ ਦੀ ਜੁਗਤ ਆਪਣੇ ਤੋਂ ਜ਼ਿਆਦਾ ਸਿਆਣਿਆਂ ਨੂੰ ਪੁਛਦਾ ਹੈ। ਇਸ ਜੁਗਤ ਨੂੰ ਹੀ 'ਉਪਾਉ' ਕਿਹਾ ਜਾਂਦਾ ਹੈ। ਪਰ ਜਦੋਂ ਕੋਈ ਵਿਅਕਤੀ ਕਿਸੇ ਤਰ੍ਹਾਂ ਦੇ ਮਾਨਸਿਕ ਜਾਂ ਸ਼ਰੀਰਿਕ ਰੋਗ ਵਿਚ ਗ੍ਰਸਤ ਹੋ ਜਾਂਦਾ ਹੈ ਜਾਂ ਕਿਸੇ ਭਰਮ ਵਿਚ ਫਸ ਜਾਂਦਾ ਹੈ ਤਾਂ ਉਸ ਦੀ ਨਿਵ੍ਰਿੱਤੀ ਲਈ ਉਹ ਸਿਆਣਿਆਂ, ਜੋਗੀਆਂ, ਸਾਧਾਂ, ਸੰਤਾਂ ਪਾਸ ਜਾਂਦਾ ਹੈ। ਉਨ੍ਹਾਂ ਤੋਂ ਪੁਛੀ ਜੁਗਤ ਵੀ 'ਉਪਾਉ' ਹੀ ਅਖਵਾਉਂਦੀ ਹੈ। ਇਸ ਤਰ੍ਹਾਂ 'ਉਪਾਉ' ਸ਼ਬਦ ਭਰਮਾਂ, ਵਹਿਮਾਂ ਜਾਂ ਦੁਖਾਂ ਤੋਂ ਨਿਵ੍ਰਿੱਤ ਹੋਣ ਲਈ ਕੀਤੇ ਗਏ ਯਤਨ ਲਈ ਰੂੜ੍ਹ ਹੋ ਕੇ ਪਰਿਭਾਸ਼ਿਕ ਬਣ ਗਿਆ ਹੈ।

ਧਰਮ-ਸਾਧਨਾ ਦੇ ਇਤਿਹਾਸ ਵਿਚ ਮਨ ਨੂੰ ਸ਼ੰਸਿਆਂ ਤੋਂ ਬਚਾਉਣ ਲਈ ਉਪਾਉ ਪੁਛੇ ਅਤੇ ਸੋਚੇ ਜਾਂਦੇ ਹਨ ਅਤੇ ਉਨ੍ਹਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਇਸ ਪ੍ਰਕਾਰ ਦਾ ਤੌਖਲਾ ਪ੍ਰਗਟ ਕਰਦਿਆਂ ਕਿਹਾ ਹੈ — *ਅਬ ਮੈ ਕਉਨੁ ਉਪਾਉ ਕਰਉ। ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ।* (ਗੁ.ਗ੍ਰੰ.685)।

ਗੁਰੂ ਅਰਜਨ ਦੇਵ ਜੀ ਨੇ ਅਧਿਆਤਮਿਕ ਉਨਤੀ ਲਈ ਸਾਰੇ ਉਪਾਉ ਛਡ ਕੇ ਨਾਮ ਰੂਪ ਦਾਰੂ ਵਰਤਣ ਦਾ ਸੁਝਾ ਦਿੱਤਾ ਹੈ ਜਿਸ ਨਾਲ ਸਭ ਦੁਖ ਕਲੇਸ਼ ਨਸ਼ਟ ਹੋ ਜਾਂਦੇ ਹਨ — *ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ। ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ।* (ਗੁ.ਗ੍ਰੰ. 817)

ਗੁਰਬਾਣੀ ਹਰ ਪ੍ਰਕਾਰ ਦੀ ਸੋਚ ਜਾਂ ਉਪਾਉ ਨੂੰ ਛਡ ਦੇਣ ਲਈ ਸੁਝਾਵ ਦਿੰਦੀ ਹੋਈ ਸਪੱਸ਼ਟ ਕਰਦੀ ਹੈ ਕਿ ਜਿਸ ਉਪਰ ਪਰਮਾਤਮਾ ਦੀ ਮਿਹਰ ਹੋਵੇ, ਉਸ ਨੂੰ ਫਿਰ ਕਿਸੇ ਪ੍ਰਕਾਰ ਦੀ ਪ੍ਰਵਾਹ ਕਰਨ ਦੀ ਲੋੜ ਨਹੀਂ ਰਹਿ ਜਾਂਦੀ — *ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ। ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ।* (ਗੁ.ਗ੍ਰੰ. 1266)

**ਉਪਾਸਨਾ** : ਇਸ ਤੋਂ ਭਾਵ ਹੈ ਸੇਵਾ, ਪੂਜਨ-ਕ੍ਰਿਆ, ਭਗਤੀ। ਗੁਰਬਾਣੀ ਵਿਚ ਇਹ ਸ਼ਬਦ ਭਗਤੀ ਭਾਵ-ਬੋਧਕ ਹੈ। ਇਸ ਦਾ ਸਰੋਤ ਵੈਦਿਕ ਸਾਹਿਤ ਵਿਚ ਵੇਖਿਆ ਜਾ ਸਕਦਾ ਹੈ। ਵੈਦਿਕ ਸਾਹਿਤ ਦੇ ਲਗਭਗ ਸਾਰੇ ਵਿਦਵਾਨਾਂ ਨੇ ਮੰਨਿਆ ਹੈ ਕਿ ਚਹੁੰਆਂ ਵੇਦਾਂ ਵਿਚ ਸਮੁੱਚੇ ਤੌਰ 'ਤੇ ਪ੍ਰਧਾਨਤਾ ਤਿੰਨ ਵਿਸ਼ਿਆਂ ਦੀ ਹੈ —ਕਰਮ-ਕਾਂਡ, ਗਿਆਨ-ਕਾਂਡ ਅਤੇ ਉਪਾਸਨਾ-ਕਾਂਡ। ਇਨ੍ਹਾਂ ਵਿਚੋਂ ਉਪਾਸਨਾ-ਕਾਂਡ ਦਾ ਸੰਬੰਧ ਈਸ਼ਵਰ ਦੀ ਆਰਾਧਨਾ ਨਾਲ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਇਛਿਤ ਕਾਮਨਾਵਾਂ ਦੀ ਪੂਰਤੀ ਕਰ ਸਕਦਾ ਹੈ। ਸੰਸਕ੍ਰਿਤ ਦੇ 'ਉਪਾਸਨਾ' ਸ਼ਬਦ ਦਾ ਅਰਥ ਹੈ ਕੋਲ ਬੈਠਣ ਦੀ ਕ੍ਰਿਆ, ਖ਼ਾਸ ਤੌਰ ਤੇ ਦੇਵਤਾ ਜਾਂ ਇਸ਼ਟ-ਦੇਵ ਪਾਸ। ਇਹ ਪਾਸ ਬੈਠਣਾ ਨਿਰਪ੍ਰਯੋਜਨ ਨਹੀਂ ਹੁੰਦਾ, ਸਗੋਂ ਦੇਵਤਾ ਦੀ ਪੂਜਾ ਕਰਕੇ ਉਸ ਨੂੰ ਪ੍ਰਸੰਨ ਕਰਨਾ ਹੁੰਦਾ ਹੈ। ਇਸੇ ਕਰਕੇ 'ਉਪਾਸਨਾ' ਪੂਜਨ ਜਾਂ ਭਗਤੀ ਲਈ ਪ੍ਰਚਲਿਤ ਸ਼ਬਦ ਹੋ ਗਿਆ ਹੈ। ਗੁਰਬਾਣੀ ਵਿਚ 'ਉਪਾਸ' ਨੂੰ ਭਗਤੀ ਲਈ ਹੀ ਵਰਤਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੂਜਰੀ ਰਾਗ ਵਿਚ ਕਿਹਾ ਹੈ — *ਮਨ ਚਰਣਾਰਬਿੰਦ ਉਪਾਸ। ਕਲਿ ਕਲੇਸ ਮਿਟੰਤ ਸਿਮਰਤਿ ਕਾਟਿ ਜਮਦੂਤ ਫਾਸ।* (ਗੁ.ਗ੍ਰੰ. 502)

**ਉਲਟਬਾਂਸੀ** (ਕਾਵਿ ਵਨਗੀ) : ਇਸ ਤੋਂ ਭਾਵ ਹੈ ਉਹ ਕਾਵਿ-ਉਕਤੀ ਜਿਸ ਵਿਚ ਸਾਧਾਰਣ ਤੋਂ ਉਲਟ ਢੰਗ ਨਾਲ ਗੱਲ ਕਹੀ ਗਈ ਹੋਵੇ। ਇਸ ਵਿਚ ਵਿਰੋਧਾਭਾਸ ਅਲੰਕਾਰ ਦਾ ਕੁਝ ਨ ਕੁਝ ਅੰਸ਼ ਰਹਿੰਦਾ ਹੈ। ਇਸ ਰੂਪਾਕਾਰ ਦੇ ਪਿਛੋਕੜ ਨੂੰ ਘੋਖਣ 'ਤੇ ਪ੍ਰਤੀਤ ਹੁੰਦਾ ਹੈ ਕਿ ਇਸ ਦੀ

ਵਰਤੋਂ ਨਾਥ-ਯੋਗੀਆਂ ਦੇ ਸਾਹਿਤ ਵਿਚ ਆਮ ਮਿਲਦੀ ਹੈ। ਉਨ੍ਹਾਂ ਦੀ ਆਪਣੀ ਘੋਸ਼ਣਾ ਅਨੁਸਾਰ ਯੋਗੀਆਂ ਦੀ ਸਾਧਨਾ 'ਤੀਨ ਲੋਕ ਸੇ ਨਿਆਰੀ' ਸੀ। ਉਹ ਸਾਧਾਰਣ ਜਨਤਾ ਤੋਂ ਵਖਰੇ ਢੰਗ ਨਾਲ ਗੱਲ ਕਰਦੇ ਸਨ। ਉਨ੍ਹਾਂ ਅਨੁਸਾਰ ਸਾਰਾ ਸੰਸਾਰ ਗ਼ਲਤ ਮਾਰਗ ਉਤੇ ਚਲ ਰਿਹਾ ਹੈ। ਸੰਸਾਰ ਤੋਂ ਉਲਟ ਕਾਰਵਾਈ ਹੀ ਯੋਗੀਆਂ ਅਨੁਸਾਰ ਸਹੀ ਮਾਰਗ ਹੈ। ਇਸ ਲਈ ਸਾਹਿਤ ਜਾਂ ਬਾਣੀ ਵਿਚ ਉਨ੍ਹਾਂ ਨੇ ਉਲਟੇ ਢੰਗ ਦੀ ਗੱਲ ਕੀਤੀ ਸੀ। ਸਾਧਾਰਣ ਗੱਲ ਨੂੰ ਅਸਾਧਾਰਣ ਢੰਗ ਨਾਲ ਕਹਿਣ 'ਤੇ ਹੀ ਉਹ ਆਪਣੇ ਪ੍ਰਤਿ ਵਿਸ਼ੇਸ਼ ਸ਼ਰਧਾ ਪੈਦਾ ਕਰ ਸਕੇ ਸਨ। ਉਨ੍ਹਾਂ ਦੀ ਸਾਰੀ ਸਾਧਨਾ ਹੀ 'ਗੋਰਖ-ਧੰਧਾ' ਸੀ।

ਸੰਤ ਕਬੀਰ ਕੁਲ-ਪਰੰਪਰਾ ਤੋਂ ਨਾਥ-ਯੋਗੀਆਂ ਨਾਲ ਬਹੁਤ ਜੁੜੇ ਹੋਏ ਸਨ, ਇਸ ਲਈ ਉਨ੍ਹਾਂ ਦੇ ਪ੍ਰਭਾਵ ਤੋਂ ਬਚ ਨ ਸਕੇ। ਉਨ੍ਹਾਂ ਨੇ ਆਪਣੇ ਅਧਿਆਤਮਿਕ ਅਨੁਭਵ ਦੇ ਗੂੜ੍ਹ ਰਹੱਸਾਂ ਨੂੰ ਪ੍ਰਗਟਾਉਣ ਲਈ 'ਉਲਟਬਾਂਸੀ' ਰੂਪਾਕਾਰ ਦੀ ਵਰਤੋਂ ਕੀਤੀ। ਨਮੂਨੇ ਵਜੋਂ — *ਪਹਿਲਾ ਪੂਤੁ ਪਿਛੈਰੀ ਮਾਈ। ਗੁਰੁ ਲਾਗੋ ਚੇਲੇ ਕੀ ਪਾਈ।੧। ਏਕੁ ਅਚੰਭਉ ਸੁਨਹੁ ਤੁਮ ਭਾਈ। ਦੇਖਤ ਸਿੰਘੁ ਚਰਾਵਤ ਗਾਈ।੧। ਰਹਾਉ। ਜਲ ਕੀ ਮਛੁਲੀ ਤਰਵਰਿ ਬਿਆਈ। ਦੇਖਤ ਕੁਤਰਾ ਲੈ ਗਈ ਬਿਲਾਈ।੨। ਤਲੈ ਰੇ ਬੈਸਾ ਊਪਰਿ ਸੂਲਾ। ਤਿਸ ਕੈ ਪੇਡਿ ਲਗੇ ਫਲ ਫੂਲਾ।੩। ਘੋਰੈ ਚਰਿ ਭੈਸ ਚਰਾਵਨ ਜਾਈ। ਬਾਹਰਿ ਬੈਲੁ ਗੋਨਿ ਘਰਿ ਆਈ।੪। ਕਹਤ ਕਬੀਰ ਜੁ ਇਸ ਪਦ ਬੂਝੈ। ਰਾਮ ਰਮਤ ਤਿਸੁ ਸਭੁ ਕਿਛੁ ਸੂਝੈ।੫।*(ਗੁ.ਗ੍ਰੰ. 481)

ਇਸ ਉਲਟਬਾਂਸੀ ਵਿਚ ਕਬੀਰ ਜੀ ਨੇ ਦਸਿਆ ਹੈ ਕਿ ਪਰਮਾਤਮਾ ਦਾ ਅੰਸ਼ ਜੀਵਾਤਮਾ (ਪੁੱਤਰ) ਪਹਿਲਾਂ ਸੀ ਅਤੇ ਮਾਇਆ (ਮਾਈ) ਬਾਦ ਵਿਚ ਹੋਈ ਹੈ। ਪਰ ਵਿਚਿਤ੍ਰ ਗੱਲ ਇਹ ਹੈ ਕਿ ਵੱਡੇ ਮਹੱਤਵ ਵਾਲਾ (ਗੁਰੁ) ਛੋਟੇ ਚੇਲੇ ਦੇ ਪੈਰੀਂ ਲਗ ਰਿਹਾ ਹੈ (ਅਰਥਾਤ— ਜੀਵਾਤਮਾ ਮਾਇਆ ਦੇ ਪ੍ਰਭਾਵ ਵਿਚ ਆ ਗਿਆ ਹੈ)। ਹੇ ਭਾਈ! ਅਚੰਭੇ ਦੀ ਇਕ ਗੱਲ ਸੁਣੋ ਕਿ ਅਪਾਰ ਸ਼ਕਤੀ ਵਾਲਾ ਜੀਵਾਤਮਾ (ਸਿੰਘ) ਇੰਦ੍ਰੀਆਂ (ਗਊਆਂ) ਨੂੰ ਪ੍ਰਸੰਨਤਾ ਪੂਰਵਕ ਪਾਲ ਰਿਹਾ ਹੈ (ਅਰਥਾਤ — ਜੀਵਾਤਮਾ ਸ਼ਕਤੀ ਸੰਪੰਨ ਹੁੰਦਾ ਹੋਇਆ ਵੀ ਇੰਦ੍ਰੀਆਂ ਦੇ ਵਸ ਵਿਚ ਹੋ ਗਿਆ ਹੈ।) ਸਤਿ-ਸੰਗਤ ਦੇ ਆਸਰੇ ਜੀਉਣ ਵਾਲੀ ਜੀਵਾਤਮਾ (ਮੱਛਲੀ) ਸੰਸਾਰਿਕ ਪ੍ਰਪੰਚ (ਤਰਵਰ) ਵਿਚ ਉਲਝ ਗਈ ਹੈ (ਅਰਥਾਤ— ਜੀਵਾਤਮਾ ਸੰਸਾਰਿਕਤਾ ਵਿਚ ਉਲਝ ਕੇ ਸਤਿ-ਸੰਗਤ ਤੋਂ ਬੇਮੁਖ ਹੋ ਗਈ ਹੈ) ਅਤੇ ਸਾਡੇ ਵੇਖਦਿਆਂ ਵੇਖਦਿਆਂ ਤ੍ਰਿਸ਼ਣਾ ਰੂਪੀ ਬਿੱਲੀ ਸੰਤੋਖ ਰੂਪੀ ਕਤੂਰੇ ਨੂੰ ਫੜ ਕੇ ਲੈ ਗਈ ਹੈ (ਅਰਥਾਤ—ਜੀਵਾਤਮਾ ਦਾ ਸੰਤੋਖ ਨਸ਼ਟ ਹੋ ਗਿਆ ਹੈ।)। ਬ੍ਰਿਛ ਦੀਆਂ ਟਹਿਣੀਆ ਹੇਠਾਂ ਨੂੰ ਅਤੇ ਜੜ੍ਹਾਂ ਉਪਰ ਨੂੰ ਹੋ ਗਈਆਂ ਹਨ ਅਤੇ ਤਣੇ ਨੂੰ ਫੁਲ ਫਲ ਲਗੇ ਹੋਏ ਹਨ (ਅਰਥਾਤ — ਜੀਵਾਤਮਾ ਦੇ ਮਾਇਕ ਪ੍ਰਪੰਚ ਵਿਚ ਫਸਣ ਕਾਰਣ ਸਾਰੀ ਸਥਿਤੀ ਉਲਟੀ ਹੋ ਗਈ ਹੈ)। ਵਾਸਨਾ ਰੂਪ ਭੈਂਸ ਮਨ ਰੂਪੀ ਘੋੜੇ ਉਤੇ ਚੜ੍ਹ ਕੇ ਉਸ ਨੂੰ ਵਿਸ਼ੇ ਭੋਗਣ ਲਈ ਪ੍ਰੇਰਿਤ ਕਰ ਰਹੀ ਹੈ। ਹੁਣ ਸਥਿਤੀ ਅਜਿਹੀ ਬਣ ਗਈ ਹੈ ਕਿ ਧੀਰਜ ਰੂਪ ਬਲਦ ਬਾਹਰ ਨਿਕਲ ਗਿਆ ਹੈ ਅਤੇ ਵਾਸਨਾਵਾਂ ਰੂਪੀ ਛਟ ਅੰਦਰ ਹਿਰਦੇ ਵਿਚ ਪਹੁੰਚ ਗਈ ਹੈ। ਇਸ ਵਾਸਤਵਿਕਤਾ ਨੂੰ ਸਮਝ ਸਕਣ ਵਾਲਾ ਹੀ ਸਿਮਰਨ ਦੁਆਰਾ ਸਹੀ ਮਾਰਗ ਉਤੇ ਚਲਣ ਦੇ ਸਮਰਥ ਹੁੰਦਾ ਹੈ।

**ਉੜੀ** (ਕਸਬਾ) : ਕਸ਼ਮੀਰ ਦਾ ਇਕ ਪੁਰਾਣਾ ਕਸਬਾ ਜੋ ਬਾਰਾਮੂਲਾ ਤੋਂ ਦੱਖਣ-ਪੱਛਮ ਵਲ ਲਗਭਗ 50 ਕਿ.ਮੀ. ਦੀ ਦੂਰੀ ਉਤੇ ਸਥਿਤ ਹੈ। ਇਸ ਦੇ ਕੁਝ ਨੇੜੇ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਕਸ਼ਮੀਰ ਫੇਰੀ ਵੇਲੇ ਠਹਿਰੇ ਸਨ ਅਤੇ ਇਕ ਵੱਡੀ ਸਿਲ ਉਤੇ ਬੈਠ ਕੇ ਕੁਝ ਮੁਸਲਮਾਨ ਦਰਵੇਸ਼ਾਂ ਨਾਲ ਸੰਵਾਦ ਕੀਤਾ ਸੀ। ਹੁਣ ਉਥੇ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਇਸ ਨੂੰ 'ਗੁਰਦੁਆਰਾ ਪਰਮਪੀਲਾਂ' ਵੀ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਸ. ਹਰੀ ਸਿੰਘ ਨਲਵਾ ਨੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਵਾਇਆ ਸੀ। ਸੰਨ 1983 ਈ. ਵਿਚ ਉਸ ਦੀ ਪੁਨਰ-ਉਸਾਰੀ ਕਰਵਾਈ ਗਈ ਹੈ। ਇਸ ਦਾ ਇੰਤਜ਼ਾਮ ਜੰਮੂ-ਕਸ਼ਮੀਰ ਗੁਰਦੁਆਰਾ ਬੋਰਡ ਕਰਦਾ ਹੈ।

**ਊਚੀ ਬਾਣੀ** : ਇਸ ਤੋਂ ਭਾਵ ਹੈ ਸ੍ਰੇਸ਼ਠ ਬਾਣੀ। ਸਿੱਖ ਧਰਮ ਵਿਚ ਗੁਰਬਾਣੀ ਹੀ 'ਊਚੀ ਬਾਣੀ' ਹੈ, ਕਿਉਂਕਿ ਇਸ ਵਿਚ ਸਭ ਤੋਂ ਉੱਚੀ, ਪਰਮ ਸੱਤਾ ਦਾ ਯਸ਼ ਗਾਇਆ ਗਿਆ ਹੈ। ਗੁਰੂ ਅਮਰ ਦਾਸ ਜੀ ਦੀ ਸਥਾਪਨਾ ਹੈ — *ਊਚੀ ਬਾਣੀ ਊਚਾ ਹੋਇ।*- ਇਸ ਨੂੰ 'ਸੱਚੀ ਬਾਣੀ' ਵੀ ਕਿਹਾ ਗਿਆ ਹੈ। 'ਅਨੰਦੁ' ਨਾਂ ਦੀ ਬਾਣੀ ਵਿਚ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ—*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।* ਗੁਰੂ ਨਾਨਕ ਦੇਵ ਜੀ ਨੇ ਇਸ ਨੂੰ 'ਖਸਮ ਕੀ

ਬਾਣੀ' ਦਸਿਆ ਹੈ। ਗੁਰੂ ਅਰਜਨ ਦੇਵ ਨੇ ਇਸ ਨੂੰ 'ਧੁਰ ਕੀ ਬਾਣੀ' ਵੀ ਕਿਹਾ ਹੈ — *ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ।* ਗੁਰਬਾਣੀ ਦੇ ਪੈਟਰਨ 'ਤੇ ਲਿਖੀ ਗਈ ਅਪ੍ਰਮਾਣਿਕ ਸਾਧਕਾਂ ਦੀ ਬਾਣੀ ਨੂੰ 'ਕਚੀ ਬਾਣੀ' ਕਿਹਾ ਗਿਆ ਹੈ — *ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।... ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।*(ਗੁ.ਗ੍ਰੰ.920)।

**ਊਦਾ, ਭਾਈ** (ਮ. 1688 ਈ.) : ਚਾਂਦਨੀ ਚੌਕ ਦਿੱਲੀ ਵਿਚ ਹੋਈ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦਾ ਇਕ ਚਸ਼ਮਦੀਦ ਸਿੱਖ ਸੇਵਕ ਜੋ ਜਾਤਿ ਦਾ ਰਾਠੌਰ ਰਾਜਪੂਤ ਸੀ। ਉਸ ਦੁਖਦਾਇਕ ਘਟਨਾ ਤੋਂ ਤੁਰਤ ਬਾਦ ਉਹ ਦਿਲਵਾਲੀ ਮਹੱਲੇ ਵਿਚ ਰਹਿਣ ਵਾਲੇ ਇਕ ਛੀਂਬੇ ਸਿੱਖ ਭਾਈ ਨਾਨੂ ਦੇ ਘਰ ਗਿਆ। ਉਥੇ ਹੋਰ ਵੀ ਨੇੜੇ ਤੇੜੇ ਦੇ ਸਿੱਖ ਇਕੱਠੇ ਹੋ ਗਏ ਅਤੇ ਸੋਚਣ ਲਗੇ ਕਿ ਗੁਰੂ ਜੀ ਦੀ ਦੇਹ ਦਾ ਸਸਕਾਰ ਕਿਵੇਂ ਕੀਤਾ ਜਾਏ ? ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਇਸ ਸੰਬੰਧ ਵਿਚ ਰਾਇਸੀਨਾ ਦੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਮਦਦ ਲਈ ਜਾਏ। ਭਾਈ ਊਦਾ ਨੇ ਗੁਰੂ ਜੀ ਦੇ ਸ਼ਰੀਰ ਨੂੰ ਲਭਣ ਵਿਚ ਭਾਈ ਲੱਖੀ ਸ਼ਾਹ ਦੀ ਸਹਾਇਤਾ ਕਰਕੇ ਉਸ ਦੇ ਘਰ ਵਿਚ ਹੀ ਸਸਕਾਰ ਕਰਵਾਇਆ।

ਸਸਕਾਰ ਤੋਂ ਬਾਦ ਉਹ ਆਨੰਦਪੁਰ ਵਲ ਚਲ ਪਿਆ ਜਿਧਰ ਨੂੰ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਜਾ ਰਿਹਾ ਸੀ। ਉਹ ਭਾਈ ਜੈਤੇ ਨੂੰ ਆਨੰਦਪੁਰ ਤੋਂ ਕੁਝ ਪਹਿਲਾਂ ਹੀ ਮਿਲ ਪਿਆ। ਆਨੰਦਪੁਰ ਪਹੁੰਚਣ 'ਤੇ ਦਸਮ ਗੁਰੂ ਜੀ ਨੇ ਉਨ੍ਹਾਂ ਦੋਹਾਂ ਨੂੰ ਅਸੀਸ ਦਿੱਤੀ। ਉਸ ਉਪਰੰਤ ਭਾਈ ਊਦਾ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ ਅਤੇ ਸੰਨ 1688 ਈ. ਵਿਚ ਹੋਏ ਭੰਗਾਣੀ ਦੇ ਯੁੱਧ ਵਿਚ ਵੈਰੀ ਨਾਲ ਚੰਗੀ ਤਰ੍ਹਾਂ ਜੂਝਦਾ ਹੋਇਆ ਸ਼ਹੀਦ ਹੋ ਗਿਆ। ਉਹ ਬੜੇ ਸ੍ਰੇਸ਼ਠ ਆਚਾਰ ਅਤੇ ਦ੍ਰਿੜ੍ਹ ਇਰਾਦੇ ਵਾਲਾ ਸਿੱਖ ਸੀ।

**ਊਧ-ਕਮਲ** : ਇਥੇ 'ਊਧ' ਦਾ ਅਰਥ ਹੈ ਉਲਟਾ ਅਤੇ 'ਕਮਲ' ਪ੍ਰਤੀਕ ਹੈ ਮਨ ਦਾ। ਇਸ ਤਰ੍ਹਾਂ ਇਸ ਸ਼ਬਦ-ਜੁਟ ਦਾ ਭਾਵ ਹੈ ਉਲਟਾ ਮਨ। ਜੋ ਵਿਅਕਤੀ ਮਨ ਨੂੰ ਹਰਿ-ਭਗਤੀ ਤੋਂ ਹਟਾ ਕੇ ਸੰਸਾਰਿਕ ਸੁਖ-ਸੁਵਿਧਾਵਾਂ ਵਿਚ ਮਗਨ ਕਰ ਦਿੰਦਾ ਹੈ, ਉਸ ਨੂੰ ਉਲਟੇ ਮਨ ਵਾਲਾ ਵਿਅਕਤੀ ਕਿਹਾ ਜਾਂਦਾ ਹੈ। ਗੁਰਬਾਣੀ ਦੀ ਸ਼ਬਦਾਵਲੀ ਵਿਚ ਅਜਿਹੇ ਵਿਅਕਤੀ ਨੂੰ 'ਮਨਮੁਖ' ਦਸਿਆ ਗਿਆ ਹੈ। ਸੋਰਠਿ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਚਿੰਤਾ-ਫ਼ਿਕਰ ਮਿਟਣ ਉਪਰੰਤ ਉਲਟਿਆ ਹੋਇਆ ਮਨ ਖਿੜ ਗਿਆ ਭਾਵ ਸਹੀ ਹੋ ਗਿਆ ਅਤੇ ਸਹਿਜ ਅਵਸਥਾ ਕਾਰਣ ਇੰਦ੍ਰੀਆਂ ਸਥਿਰ ਹੋ ਗਈਆਂ — *ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ।* (ਗੁ.ਗ੍ਰੰ.612)। 'ਊਧ' ਲਈ ਕਈ ਵਾਰ ਊਧਉ, ਊਰਧ, ਉਰਧ, ਊਧੋ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਵੇਖੋ 'ਮਨਮੁਖ'।

**ਊਧਮ ਸਿੰਘ, ਸ਼ਹੀਦ** (1899-1940 ਈ.) : ਸਿੱਖ ਜਗਤ ਦਾ ਇਕ ਬਹਾਦਰ ਸਪੂਤ, ਜਿਸ ਨੇ ਦੇਸ਼ ਦੇ ਗੌਰਵ ਨੂੰ ਕਾਇਮ ਰਖਣ ਲਈ ਸ਼ਹਾਦਤ ਪ੍ਰਾਪਤ ਕੀਤੀ। ਊਧਮ ਸਿੰਘ ਦਾ ਜਨਮ 26 ਦਸੰਬਰ 1899 ਈ. ਨੂੰ ਸ. ਟਹਿਲ ਸਿੰਘ ਜੰਮੂ (ਕੰਬੋਜ) ਦੇ ਘਰ, ਸੁਨਾਮ ਸ਼ਹਿਰ ਵਿਚ ਹੋਇਆ। ਇਸ ਦੀ ਮਾਤਾ ਦਾ ਨਾਂ ਨਰੈਣ ਦੇਵੀ ਸੀ। ਇਸ ਦਾ ਮੁੱਢਲਾ ਨਾਂ ਸ਼ੇਰ ਸਿੰਘ ਸੀ। ਬਚਪਨ ਵਿਚ ਯਤੀਮ ਹੋ ਜਾਣ ਕਾਰਣ ਇਸ ਨੂੰ ਅਕਤੂਬਰ 1907 ਈ. ਵਿਚ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ ਵਿਚ ਦਾਖ਼ਲ ਕਰਵਾਇਆ ਗਿਆ। ਉਥੇ ਅੰਮ੍ਰਿਤ ਛਕ ਕੇ ਇਹ ਉਦੈ ਸਿੰਘ ਬਣਿਆ। ਉਥੇ ਹੀ ਇਸ ਨੇ ਸੰਨ 1917 ਈ. ਵਿਚ ਦਸਵੀਂ ਤਕ ਵਿਦਿਆ ਪ੍ਰਾਪਤ ਕੀਤੀ ਪਰ ਅਧਿਕ ਰੁਚੀ ਮਕੈਨਿਕ ਬਣਨ ਵਿਚ ਵਿਖਾਈ।

ਊਧਮ ਸਿੰਘ ਨੇ 'ਜਲਿਆਂ ਵਾਲਾ ਬਾਗ਼' ਦਾ 13 ਅਪ੍ਰੈਲ 1919 ਈ. ਨੂੰ ਵਾਪਰਿਆ ਖ਼ੂਨੀ ਸਾਕਾ ਆਪਣੀਆਂ ਅੱਖਾਂ ਨਾਲ ਦੇਖਿਆ। ਲਾਸ਼ਾਂ ਦੇ ਢੇਰ ਵਿਚ ਖੜੋ ਕੇ ਇਸ ਨੇ ਪ੍ਰਤਿਗਿਆ ਕੀਤੀ ਕੀ ਇਸ ਹਤਿਆ-ਕਾਂਡ ਦਾ ਬਦਲਾ ਲਵਾਂਗਾ ਅਤੇ ਫਿਰ ਦਰਬਾਰ ਸਾਹਿਬ ਜਾ ਕੇ ਪ੍ਰਣ ਕੀਤਾ। ਆਪਣੇ ਆਸ਼ੇ ਦੀ ਪੂਰਤੀ ਲਈ ਇਹ ਪਹਿਲਾਂ ਨੈਸ਼ਨਲ ਕਾਲਜ ਲਾਹੌਰ ਵਿਚ ਪੜ੍ਹਦੇ ਸ. ਭਗਤ ਸਿੰਘ ਕੋਲ ਗਿਆ। ਉਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ। 2 ਫਰਵਰੀ 1922 ਈ. ਨੂੰ ਇਹ ਕੈਲੇਫੋਰਨੀਆ ਵਿਚ ਕਲੇਅਰ ਮਾਊਂਟ ਪਹੁੰਚਿਆ, ਜਿਥੇ ਇਹ ਗਦਰੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆਇਆ। ਕੁਝ ਸਾਲ ਉਥੇ ਠਹਿਰਣ ਉਪਰੰਤ ਇਹ ਅੰਮ੍ਰਿਤਸਰ ਪਰਤ ਆਇਆ ਅਤੇ ਕਿਰਾਏ ਦੇ ਇਕ ਨਿੱਕੇ

ਜਿਹੇ ਮਕਾਨ ਵਿਚ ਰਹਿਣ ਲਗਾ ਜਿਥੇ ਅਕਸਰ ਇਹ ਕ੍ਰਾਂਤੀ ਲਈ ਮਿੱਤਰਾਂ ਨੂੰ ਪ੍ਰੇਰਦਾ ਰਹਿੰਦਾ। ਗ੍ਰਿਫ਼ਤਾਰੀ ਤੋਂ ਬਚਣ ਲਈ ਇਥੇ ਇਸ ਨੇ ਆਪਣਾ ਨਾਂ ਬਦਲ ਕੇ 'ਰਾਮ ਮੁਹੰਮਦ ਸਿੰਘ ਆਜ਼ਾਦ' ਰਖ ਲਿਆ। 30 ਅਗਸਤ 1927 ਈ. ਨੂੰ ਇਸ ਨੂੰ ਪੁਲਿਸ ਨੇ ਪਕੜ ਲਿਆ। ਇਸ ਪਾਸੋਂ ਬਹੁਤ ਸਾਰਾ ਕ੍ਰਾਂਤੀਕਾਰੀ ਸਾਹਿਤ ਅਤੇ ਤਿੰਨ ਪਿਸਤੌਲ ਬਰਾਮਦ ਹੋਣ ਕਾਰਣ ਇਸ ਨੂੰ ਪੰਜ ਸਾਲ ਦੀ ਬਾ-ਮੁਸ਼ਕਤ ਸਜ਼ਾ ਹੋਈ ਜੋ ਇਸ ਨੇ ਪਿਸ਼ਾਵਰ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਕਟੀ।

ਕੈਦ ਤੋਂ ਮੁਕਤ ਹੋਣ ਉਪਰੰਤ ਸੰਨ 1932 ਈ. ਵਿਚ ਇਸ ਦੀ ਮੁਲਾਕਾਤ ਸੁਭਾਸ਼ ਚੰਦਰ ਬੋਸ ਨਾਲ ਹੋਈ। ਬੋਸ ਦੀ ਪ੍ਰੇਰਣਾ, ਸ. ਭਗਤ ਸਿੰਘ ਦੀ ਕੁਰਬਾਨੀ ਅਤੇ ਆਪਣੀ ਅੰਦਰਲੀ ਕ੍ਰਾਂਤੀਕਾਰੀ ਰੁਚੀ ਕਾਰਣ ਇਹ ਫਰਾਂਸ, ਜਰਮਨੀ ਅਤੇ ਸਵਿਟਜ਼ਰਲੈਂਡ ਵਿਚ ਦੇਸ਼ ਦੀ ਸੁੰਤਤਰਤਾ ਲਈ ਪ੍ਰਚਾਰ ਕਰਨ ਵਾਸਤੇ ਗਿਆ। ਇਸ ਨੇ ਇਹ ਯਾਤ੍ਰਾ ਊਧਮ ਸਿਘ ਦੇ ਨਾਂ ਅਧੀਨ ਪਾਸਪੋਰਟ ਬਣਵਾ ਕੇ ਕੀਤੀ ਅਤੇ ਉਦੋਂ ਤੋਂ ਇਸ ਦਾ ਇਹੀ ਨਾਂ ਪ੍ਰਚਲਿਤ ਹੋ ਗਿਆ। ਫਿਰ ਸੰਨ 1933 ਈ. ਵਿਚ ਇਹ ਇੰਗਲੈਂਡ ਚਲਾ ਗਿਆ।

ਇੰਗਲੈਂਡ ਪਹੁੰਚ ਕੇ ਇਹ ਆਪਣੀ ਪ੍ਰਤਿਗਿਆ ਪੂਰੀ ਕਰਨ ਵਿਚ ਰੁਝ ਗਿਆ। 13 ਮਾਰਚ 1940 ਈ. (ਬੁੱਧਵਾਰ) ਨੂੰ ਕੈਕਸਟਨ ਹਾਲ, ਲੰਡਨ ਵਿਚ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵਲੋਂ ਸਾਂਝੇ ਤੌਰ 'ਤੇ ਆਯੋਜਿਤ ਮੀਟਿੰਗ ਵਿਚ ਜਦੋਂ ਫਰਾਂਸਿਸ ਮਾਈਕਲ ਓ'ਡਵਾਇਰ (ਸਾਬਕਾ ਲੈਫ਼ਟੀਨੈਂਟ ਗਵਰਨਰ ਪੰਜਾਬ), ਜਿਸ ਦੇ ਆਦੇਸ਼ ਨਾਲ ਜਲਿਆਂ ਵਾਲੇ ਬਾਗ਼ ਦਾ ਹਤਿਆ-ਕਾਂਡ ਹੋਇਆ ਸੀ, ਭਾਰਤ ਪ੍ਰਤਿ ਘਿਰਣਾਜਨਕ ਭਾਸ਼ਣ ਦੇ ਰਿਹਾ ਸੀ, ਉਦੋਂ ਊਧਮ ਸਿੰਘ ਨੇ ਉਸ ਨੂੰ ਸਾਢੇ ਚਾਰ ਵਜੇ ਗੋਲੀ ਮਾਰ ਦਿੱਤੀ।

ਮਾਈਕਲ ਓ'ਡਵਾਇਰ ਨੂੰ ਮਾਰਨ ਉਪਰੰਤ ਊਧਮ ਸਿੰਘ ਉਥੇ ਹੀ ਪੂਰੇ ਤਾਣ ਨਾਲ ਡਟਿਆ ਰਿਹਾ। ਇਸ ਨੂੰ ਪਕੜਨ ਉਪਰੰਤ ਮੁਕਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਦਿੱਤੀ ਗਈ। 31 ਜੁਲਾਈ 1940 ਈ. ਨੂੰ ਇਹ ਸਵੇਰੇ ਉਠਿਆ। ਇਸ਼ਨਾਨ ਕਰਨ ਉਪਰੰਤ ਜਪੁ ਜੀ ਅਤੇ ਸਲੋਕ ਮ. ੯ ਦਾ ਪਾਠ ਕੀਤਾ ਅਤੇ ਫਾਂਸੀ ਦਾ ਰੱਸਾ ਚੁੰਮਣ ਲਈ ਤਿਆਰ ਹੋ ਗਿਆ। ਉਸ ਦਿਨ ਸਵੇਰੇ 9 ਵਜੇ ਇਸ ਨੂੰ ਪੈਂਟਨਵਿੱਲੇ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ ਉਸ ਜੇਲ੍ਹ ਵਿਚ 1 ਵਜੇ ਬਾਦ ਦੁਪਹਿਰ ਦਫ਼ਨਾ ਦਿੱਤਾ ਗਿਆ। ਇਸ ਦੀ ਅੰਤਿਮ ਇੱਛਾ ਸੀ ਕਿ ਇਸ ਦੀਆਂ ਅਸਥੀਆਂ ਨੂੰ ਦੇਸ਼ ਪਰਤਾਇਆ ਜਾਏ।

23 ਜੁਲਾਈ 1974 ਈ. ਨੂੰ ਪੰਜਾਬ ਸਰਕਾਰ ਨੇ ਉਦਮ ਕਰਕੇ ਇਸ ਦੀਆਂ ਅਸਥੀਆਂ ਨੂੰ ਇੰਗਲੈਂਡ ਤੋਂ ਮੰਗਵਾਇਆ ਅਤੇ ਇਸ ਦੀ ਅੰਤਿਮ ਇੱਛਾ ਨੂੰ ਪੂਰਾ ਕਰਦਿਆਂ ਸਰਕਾਰੀ ਸਨਮਾਨ ਨਾਲ ਅਸਥੀਆਂ ਦਾ ਸਸਕਾਰ 31 ਜੁਲਾਈ 1974 ਨੂੰ ਸੁਨਾਮ ਵਿਚ ਕੀਤਾ। ਇਹ ਧੁਨ ਦਾ ਪੱਕਾ, ਸਚਾ, ਸੁੱਚਾ ਦੇਸ਼-ਭਗਤ ਸੀ।

**ਊਧਮ ਸਿੰਘ ਨਾਗੋਕੇ** (1894-1966 ਈ.): ਮਾਝੇ ਦੇ ਪ੍ਰਸਿੱਧ ਦੇਸ਼ ਅਤੇ ਪੰਥ ਸੇਵਕ ਸ. ਊਧਮ ਸਿੰਘ ਦਾ ਜਨਮ 28 ਅਪ੍ਰੈਲ 1894 ਈ. ਨੂੰ ਭਾਈ ਬੇਲਾ ਸਿੰਘ ਦੇ ਘਰ ਮਾਈ ਆਸ ਕੌਰ ਦੀ ਕੁੱਖੋਂ ਪਿੰਡ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਤਕੜੇ ਕਦ-ਕਾਠ ਵਾਲੇ ਊਧਮ ਸਿੰਘ ਨੇ ਪਹਿਲਾਂ ਫ਼ੌਜ ਦੀ ਨੌਕਰੀ ਸ਼ੁਰੂ ਕੀਤੀ, ਪਰ ਉਥੋਂ ਦੇ ਕਠੋਰ ਅਨੁਸ਼ਾਸਨ ਨਾਲ ਨ ਪੁਗ ਸਕਣ ਕਾਰਣ ਛਡ ਕੇ, ਸੰਨ 1920 ਈ. ਵਿਚ ਪਿੰਡ ਪਰਤ ਆਏ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗ ਗਏ। ਹਰਿਮੰਦਿਰ ਸਾਹਿਬ ਅੰਮ੍ਰਿਤਸਰ ਦੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਲੈਣ ਦੇ ਮਾਮਲੇ ਵਿਚ ਆਪ ਨੂੰ ਛੇ ਮਹੀਨੇ ਕੈਦ ਹੋਈ। ਫਿਰ 'ਗੁਰੂ ਕਾ ਬਾਗ਼' ਮੋਰਚੇ ਵਿਚ ਹਿੱਸਾ ਲੈ ਕੇ ਇਕ ਸਾਲ ਕੈਦ ਕਟੀ। ਜੱਥੇਦਾਰ ਅਕਾਲ-ਤਖ਼ਤ ਦੀ ਹੈਸੀਅਤ ਵਿਚ ਆਪ ਨੇ ਜੈਤੋ ਦੇ ਮੋਰਚੇ ਲਈ ਪਹਿਲੇ ਜੱਥੇ ਦੀ ਅਗਵਾਈ ਕਰਨੀ ਸੀ, ਪਰ ਇਕ ਦਿਨ ਪਹਿਲਾਂ 8 ਫਰਵਰੀ 1924 ਈ. ਨੂੰ ਆਪ ਨੂੰ ਪਕੜ ਲਿਆ ਗਿਆ ਅਤੇ ਦੋ ਸਾਲ ਦੀ ਕੈਦ ਭੁਗਤਣੀ ਪਈ।

ਸੰਨ 1926 ਈ. ਵਿਚ ਕੈਦ ਤੋਂ ਮੁਕਤ ਹੋਣ 'ਤੇ ਆਪ ਨੂੰ ਫਿਰ ਅਕਾਲ-ਤਖ਼ਤ ਦਾ ਜੱਥੇਦਾਰ ਬਣਾਇਆ ਗਿਆ। ਸਿੱਖ ਗੁਰਦੁਆਰਾ ਐਕਟ 1925 ਦੇ ਬਣਨ 'ਤੇ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਸੰਨ 1954 ਈ. ਤਕ ਕਿਸੇ ਨ ਕਿਸੇ ਹੈਸੀਅਤ ਵਿਚ ਆਪ ਇਸ ਕਮੇਟੀ ਨਾਲ ਸੰਬੰਧਿਤ ਰਹੇ। ਇਸ ਦੌਰਾਨ ਆਪ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਗੁਰੂ ਰਾਮਦਾਸ ਨਿਵਾਸ ਦੀ ਇਮਾਰਤ

ਉਸਰਵਾਉਣ ਵਿਚ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾਈ। ਸੰਨ 1948 ਈ. ਅਤੇ 1952 ਈ. ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ।

ਕਾਂਗ੍ਰਸ ਪਾਰਟੀ ਨਾਲ ਆਪ ਸੰਨ 1920 ਈ. ਤੋਂ ਸੰਬੰਧਿਤ ਚਲੇ ਆਏ। ਕਾਂਗ੍ਰਸ ਵਲੋਂ ਚਲਾਏ 'ਸਿਵਲ ਨਾਫ਼ਰਮਾਨੀ ਅੰਦੋਲਨ' ਵਿਚ ਭਾਗ ਲੈ ਕੇ ਇਕ ਸਾਲ ਦੀ ਸਜ਼ਾ ਪਾਈ। ਸੰਨ 1942 ਵਿਚ 'ਭਾਰਤ ਛੋੜੋ ਅੰਦੋਲਨ' ਵਿਚ ਭਾਗ ਲੈ ਕੇ ਤਿੰਨ ਸਾਲ ਦੀ ਸਜ਼ਾ ਭੁਗਤੀ। ਜੇਲ੍ਹੋਂ ਮੁਕਤ ਹੋਣ ਤੇ ਸੰਨ 1946 ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਗਏ। ਦੇਸ਼ ਦੀ ਆਜ਼ਾਦੀ ਤੋਂ ਬਾਦ ਸੰਨ 1952 ਈ. ਵਿਚ ਆਪ ਨੂੰ ਭਾਰਤ ਸੇਵਕ ਸਮਾਜ ਦਾ ਮੁੱਖੀ ਬਣਾਇਆ ਗਿਆ। ਸੰਨ 1953 ਈ. ਵਿਚ ਕਾਂਗ੍ਰਸ ਪਾਰਟੀ ਵਲੋਂ ਰਾਜ੍ਯ ਸਭਾ ਦੇ ਮੈਂਬਰ ਨਾਮਜ਼ਦ ਹੋਏ ਅਤੇ ਸੰਨ 1960 ਈ. ਤਕ ਇਸ ਪਦੀ ਨੂੰ ਮਾਣਦੇ ਰਹੇ। ਸੰਨ 1960 ਈ. ਵਿਚ ਰਾਜਗੋਪਾਲ ਆਚਰਯ ਵਲੋਂ ਸ਼ੁਰੂ ਕੀਤੀ ਸੁਤੰਤਰ ਪਾਰਟੀ ਵਿਚ ਆਪ ਸ਼ਾਮਲ ਹੋ ਗਏ ਅਤੇ ਉਸ ਦੀ ਪੰਜਾਬ ਸ਼ਾਖਾ ਦੇ ਪਹਿਲੇ ਮੁਖੀ ਬਣੇ।

ਅਕਾਲੀ ਪਾਰਟੀ ਨਾਲ ਸ਼ੁਰੂ ਤੋਂ ਹੀ ਆਪ ਸੰਬੰਧਿਤ ਰਹੇ। ਸੰਨ 1935 ਈ. ਵਿਚ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣਿਆ ਗਿਆ। ਸੰਨ 1942 ਈ. ਤੋਂ ਮਾਸਟਰ ਤਾਰਾ ਸਿੰਘ ਨਾਲ ਮਤ-ਵਿਰੋਧ ਹੋਣ ਕਾਰਣ ਉਨ੍ਹਾਂ ਦੇ ਧੜੇ ਤੋਂ ਵਖ ਹੋ ਗਏ ਅਤੇ 1948 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਮਾਸਟਰ ਤਾਰਾ ਸਿੰਘ ਨੂੰ ਹਰਾਇਆ। ਸੰਨ 1947 ਈ. ਦੇ ਦੰਗਿਆਂ ਵੇਲੇ ਆਪ ਨੇ ਦਰਾਬਾਰ ਸਾਹਿਬ ਨੂੰ ਦੰਗਈਆਂ ਤੋਂ ਬਚਾਉਣ ਲਈ ਉਚੇਚੀ ਭੂਮਿਕਾ ਨਿਭਾਈ।

ਅਨੇਕ ਵਾਰ ਜੇਲ੍ਹਾਂ ਵਿਚ ਕੈਦ ਕਟਣ ਕਾਰਣ ਆਪ ਦੀ ਸਿਹਤ ਖ਼ਰਾਬ ਰਹਿਣ ਲਗ ਗਈ। ਫਲਸਰੂਪ 11 ਜਨਵਰੀ, 1966 ਈ. ਨੂੰ ਚੰਡੀਗੜ੍ਹ ਵਿਚ ਆਪ ਦਾ ਦੇਹਾਂਤ ਹੋ ਗਿਆ।

**ਊਨਾ** (ਨਗਰ) : ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚ ਹੋਏ ਬਾਬਾ ਸਾਹਿਬ ਸਿੰਘ ਬੇਦੀ (ਵੇਖੋ) ਦੀ ਰਾਜਧਾਨੀ ਵਜੋਂ ਪ੍ਰਸਿੱਧ 'ਊਨਾ' ਨਗਰ ਪਹਿਲਾਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸੀ, ਪਰ ਹਿਮਾਚਲ ਦੇ ਸੂਬਾ ਬਣਨ ਨਾਲ ਇਸ ਨੂੰ ਉਸ ਦੇ ਇਕ ਜ਼ਿਲ੍ਹੇ ਦਾ ਸਦਰ ਮੁਕਾਮ ਬਣਾਇਆ ਗਿਆ ਹੈ। ਇਥੋਂ ਹੀ ਬੇਦੀ ਸਾਹਿਬ ਧਰਮ-ਪ੍ਰਚਾਰ ਅਤੇ ਸੈਨਿਕ ਮੁਹਿੰਮਾਂ ਉਤੇ ਜਾਂਦੇ ਸਨ। ਜੀਵਨ ਦਾ ਅੰਤਿਮ ਦਹਾਕਾ ਉਹ ਲਗਭਗ ਇਥੇ ਹੀ ਰਹਿ ਕੇ ਧਰਮ-ਪ੍ਰਚਾਰ ਕਰਦੇ ਰਹੇ ਸਨ। ਬਾਬਾ ਸਾਹਿਬ ਸਿੰਘ ਬੇਦੀ ਦੇ ਸਭ ਤੋਂ ਛੋਟੇ ਪੁੱਤਰ ਬਾਬਾ ਬਿਕ੍ਰਮ ਸਿੰਘ ਨੇ ਜਦੋਂ ਅੰਗ੍ਰੇਜ਼ਾਂ ਵਿਰੁੱਧ ਦੂਜੀ ਲੜਾਈ ਲੜਨ ਲਈ ਦੀਵਾਨ ਮੂਲ ਰਾਜ ਅਤੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨਾਲ ਸੰਪਰਕ ਕੀਤਾ ਤਾਂ ਅੰਗ੍ਰੇਜ਼ਾਂ ਨੇ ਉਸ ਦੀ ਰਿਆਸਤ ਨੂੰ ਜ਼ਬਤ ਕਰ ਲਿਆ।

ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਨਗਰ ਦੇ ਬਾਹਰ 'ਦਮਦਮਾ' ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦੀ ਦੇਖ-ਭਾਲ ਬਾਬਾ ਸਾਹਿਬ ਸਿੰਘ ਬੇਦੀ ਦੇ ਵੰਸ਼ਜ ਕਰਦੇ ਹਨ।

**ਓਅੰ/ਓਅੰਕਾਰ** : ਭਾਰਤੀ ਅਧਿਆਤਮਿਕ ਪਰੰਪਰਾ ਵਿਚ 'ਓਅੰ' ਜਾਂ 'ਓਅੰਕਾਰ' ਬ੍ਰਹਮ-ਵਾਚਕ ਸ਼ਬਦ ਹੈ। 'ਪ੍ਰਣਵ' ਇਸ ਦਾ ਸਮਾਨਾਰਥਕ ਸ਼ਬਦ ਹੈ। ਵੈਦਿਕ ਸਾਹਿਤ ਤੋਂ ਲੈ ਕੇ ਸੰਤ ਸਾਹਿਤ ਤਕ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। 'ਮਾਂਡੂਕ੍ਯ ਉਪਨਿਸ਼ਦ' (1) ਵਿਚ 'ਓਅੰਕਾਰ' ਨੂੰ ਨਿੱਤ ਵਸਤੂ ਕਹਿ ਕੇ ਇਸ ਨੂੰ ਸਰਵ-ਪ੍ਰਕਾਸ਼ਮਈ ਦਸਿਆ ਗਿਆ ਹੈ। ਭੂਤ, ਭਵਿਖ ਅਤੇ ਵਰਤਮਾਨ ਵਿਚ ਓਅੰਕਾਰ ਹੀ ਹੈ। ਤ੍ਰੈਕਾਲ ਤੋਂ ਪਰੇ ਸਤਿ-ਸਰੂਪ ਬ੍ਰਹਮ ਵੀ ਓਅੰਕਾਰ ਹੀ ਹੈ। ਇਸੇ ਤਰ੍ਹਾਂ 'ਛਾਂਦੋਗ੍ਯ ਉਪਨਿਸ਼ਦ' (2/23/3) ਵਿਚ ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਅਤੇ ਇਸ ਨੂੰ ਸਰਵ-ਵਿਆਪਕ ਮੰਨਿਆ ਗਿਆ ਹੈ। 'ਯਾਗ੍ਯਵਲ੍ਕ੍ਯ ਸਮ੍ਰਿਤੀ' ਅਨੁਸਾਰ ਜਿਵੇਂ ਪਲਾਸ਼ ਦਾ ਪਤਾ ਇਕ ਤੀਲੇ ਨਾਲ ਉਠਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਓਅੰਕਾਰ ਨਾਲ ਧਾਰਣ ਕੀਤਾ ਜਾ ਸਕਦਾ ਹੈ। ਇਸ ਦੀ ਸਰੂਪਗਤ ਭਾਵਨਾ ਨਿਰਗੁਣ ਵਾਲੀ ਹੈ।

ਤਿੰਨ ਵਰਣਾਂ (ਅਕਾਰ, ਉਕਾਰ, ਮਕਾਰ) ਨਾਲ ਬਣੇ ਹੋਣ ਕਾਰਣ ਕਾਲਾਂਤਰ ਵਿਚ ਇਸ ਨਾਲ ਸਗੁਣ ਭਾਵਨਾ ਵੀ ਜੋੜ ਦਿੱਤੀ ਗਈ। ਇਸ ਦੀ ਵਿਆਖਿਆ ਕਰਦਿਆਂ 'ਅਕਾਰ' ਨੂੰ ਵਿਸ਼ਣੂ, 'ਉਕਾਰ' ਨੂੰ ਮਹੇਸ਼ ਅਤੇ 'ਮਕਾਰ' ਨੂੰ ਬ੍ਰਹਮਾ ਦਾ ਬੋਧਕ ਮੰਨ ਕੇ ਸਮੁੱਚੇ ਤੌਰ 'ਤੇ ਇਸ ਨੂੰ ਤ੍ਰੈਦੇਵਾਂ ਦਾ ਪ੍ਰਤੀਕ ਸਿੱਧ ਕੀਤਾ ਜਾਣ ਲਗਿਆ। ਇਸ

ਤਰ੍ਹਾਂ ਇਸ ਦਾ ਭਾਵਾਤਮਕ ਸਰੂਪ ਨਿਰਗੁਣੀ ਅਤੇ ਸਗੁਣੀ ਦੋਹਾਂ ਤਰ੍ਹਾਂ ਦੀਆਂ ਅਧਿਆਤਮਿਕ ਪਰੰਪਰਾਵਾਂ ਨਾਲ ਸੰਬੰਧਿਤ ਹੋ ਗਿਆ।

'ਓਅੰ' ਅਤੇ 'ਓਅੰਕਾਰ' ਦੋਵੇਂ ਸ਼ਬਦ ਗੁਰਬਾਣੀ ਵਿਚ ਨਿਰਗੁਣ ਬ੍ਰਹਮ ਦੇ ਵਾਚਕ ਰੂਪ ਵਿਚ ਵਰਤੇ ਗਏ ਹਨ — *ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ* (ਗੁ.ਗ੍ਰੰ. 1213); *ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ।* (ਗੁ.ਗ੍ਰੰ.1310)। ਇਸ ਬਾਰੇ ਪ੍ਰਚਲਿਤ ਸਗੁਣਵਾਦੀ ਪ੍ਰਵਿੱਤੀ ਨੂੰ ਖ਼ਤਮ ਕਰਨ ਲਈ ਮੂਲ-ਮੰਤ੍ਰ ਦੇ ਆਰੰਭ ਵਿਚ '੧' ਅੰਕ ਲਗਾਇਆ ਗਿਆ ਹੈ। ਭਾਈ ਕਾਨ੍ਹ ਸਿੰਘ ਦੇ ਮਤ ਅਨੁਸਾਰ 'ਓਅੰ' ਦੇ ਆਰੰਭ ਵਿਚ ਏਕਾ ਲਿਖ ਕੇ ਕਰਤਾਰ ਨੂੰ ਇਕ ਅਤੇ ਅਦੁੱਤੀ ਸਿੱਧ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ 'ਥਿਤੀ' (1) ਨਾਂ ਦੀ ਬਾਣੀ ਵਿਚ ਓਅੰਕਾਰ ਨੂੰ ਸਭ ਤੋਂ ਨਿਰਾਲਾ, ਵਿਲੱਖਣ, ਅਮਰ ਅਤੇ ਅਜੂਨੀ ਦਸਦੇ ਹੋਇਆਂ ਇਸ ਨੂੰ ਜਾਤਿ-ਮੁਕਤ ਅਤੇ ਸੰਸਾਰਿਕ ਪ੍ਰਪੰਚ ਤੋਂ ਅਤੀਤ ਮੰਨਿਆ ਹੈ। ਇਹ ਘਟ-ਘਟ ਵਾਸੀ ਵੀ ਹੈ।

ਰਾਮਕਲੀ ਰਾਗ ਵਿਚ ਸੰਕਲਿਤ 'ਓਅੰਕਾਰ' ਨਾਂ ਦੀ ਬਾਣੀ ਦੇ ਆਰੰਭ ਵਿਚ ਹੀ ਇਹ ਸਥਾਪਨਾ ਕੀਤੀ ਗਈ ਹੈ ਕਿ ਓਅੰਕਾਰ ਤੋਂ ਹੀ ਬ੍ਰਹਮਾ ਦੀ ਉਤਪੱਤੀ ਹੋਈ ਹੈ, ਉਸ ਨੇ ਓਅੰਕਾਰ ਦਾ ਹੀ ਆਪਣੇ ਮਨ ਵਿਚ ਚਿੰਤਨ ਕੀਤਾ ਹੈ। ਓਅੰਕਾਰ ਤੋਂ ਹੀ ਪਰਬਤ, ਯੁਗ, ਵੇਦ ਆਦਿ ਹੋਂਦ ਵਿਚ ਆਏ ਹਨ। ਇਸ ਸ਼ਬਦ ਰਾਹੀਂ ਹੀ ਵਿਅਕਤੀ ਦਾ ਸੁਧਾਰ ਹੁੰਦਾ ਹੈ। ਓਨਮ ਅੱਖਰ ਹੀ ਤਿੰਨ ਲੋਕਾਂ ਦਾ ਸਾਰ ਤੱਤ੍ਵ ਹੈ — *ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ। ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ। ਓਅੰਕਾਰਿ ਸਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ। ਓਨਮ ਅਖਰ ਸੁਣਹੁ ਬੀਚਾਰੁ। ਓਨਮ ਅਖਰੁ ਤ੍ਰਿਭਵਣ ਸਾਰੁ।੧।*

**ਓਅੰਕਾਰ** (ਤੀਰਥ/ਮੰਦਿਰ) : ਇਹ ਸ਼ੈਵ-ਮਤ ਦਾ ਇਕ ਪ੍ਰਸਿੱਧ ਤੀਰਥ ਹੈ। 'ਕਪਿਲ ਤੰਤ੍ਰ' ਵਿਚ ਇਸ ਦੀ ਗਿਣਤੀ ਅਠਾਹਠ ਤੀਰਥਾਂ ਵਿਚ ਕੀਤੀ ਗਈ ਹੈ (ਵੇਖੋ 'ਅਠਸਠ-ਤੀਰਥ')। ਇਹ ਮੱਧ-ਭਾਰਤ ਦੇ ਨਿਮਾੜ ਜ਼ਿਲ੍ਹੇ ਅੰਦਰ ਨਰਮਦਾ ਨਦੀ ਵਿਚ ਮਾਂਧਾਤਾ ਟਾਪੂ ਉਪਰ ਸਥਿਤ ਹੈ। ਪੁਰਾਣ-ਪ੍ਰਸੰਗ ਅਨੁਸਾਰ ਸੂਰਜ ਵੰਸ਼ ਦੇ ਪ੍ਰਤਾਪੀ ਰਾਜਾ ਮਾਂਧਾਤਾ ਨੇ ਇਥੇ ਸ਼ਿਵ (ਸ਼ੰਕਰ) ਦੀ ਉਪਾਸਨਾ ਅਤੇ ਤਪਸਿਆ ਕੀਤੀ ਸੀ। ਸ਼ਿਵ ਦੇ 12 ਜੋਤਿਰਲਿੰਗਾਂ ਵਿਚੋਂ ਓਅੰਕਾਰੇਸ਼੍ਵਰ ਦੀ ਸਥਾਪਨਾ ਇਸ ਤੀਰਥ ਵਿਚ ਹੋਈ ਦੱਸੀ ਜਾਂਦੀ ਹੈ। ਇਥੇ ਅਮਲੇਸ਼੍ਵਰ ਨਾਂ ਦਾ ਇਕ ਹੋਰ ਸ਼ਿਵ-ਲਿੰਗ ਵੀ ਹੈ।

ਇਕ ਹੋਰ ਪ੍ਰਸੰਗ ਅਨੁਸਾਰ ਵਿੰਧਿਆਚਲ ਦੀ ਆਰਾਧਨਾ ਤੋਂ ਪ੍ਰਸੰਨ ਹੋ ਕੇ ਸ਼ਿਵ ਇਥੇ ਓਅੰਕਾਰੇਸ਼੍ਵਰ ਰੂਪ ਵਿਚ ਵਿਰਾਜਮਾਨ ਹੈ। ਇਸ ਤੀਰਥ ਦਾ ਨਾਂ ਓਅੰਕਾਰੇਸ਼੍ਵਰ ਇਸ ਲਈ ਹੀ ਪਿਆ ਦਸਿਆ ਜਾਂਦਾ ਹੈ ਕਿਉਂਕਿ ਇਸ ਟਾਪੂ ਦੀ ਸ਼ਕਲ 'ਓਅੰ' ਨਾਲ ਮੇਲ ਖਾਂਦੀ ਹੈ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਇਸ ਤੀਰਥ ਉਤੇ ਗਏ ਸਨ। ਸਿੱਖ ਰਵਾਇਤਾਂ ਅਨੁਸਾਰ 'ਓਅੰਕਾਰ' (ਵੇਖੋ) ਨਾਂ ਦੀ ਬਾਣੀ ਦਾ ਇਥੇ ਹੀ ਉੱਚਾਰਣ ਹੋਇਆ ਸੀ।

**ਓਅੰਕਾਰ** (ਬਾਣੀ) : ਰਾਮਕਲੀ ਰਾਗ ਅਧੀਨ ਸੰਕਲਿਤ ਇਕ ਵਡਾਕਾਰੀ ਬਾਣੀ, ਜਿਸ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ। ਇਸ ਬਾਣੀ ਨੂੰ ਕਈ ਵਿਦਵਾਨ 'ਦਖਣੀ ਓਅੰਕਾਰ' ਵੀ ਕਹਿੰਦੇ ਹਨ, ਪਰ ਅਸਲ ਵਿਚ, 'ਦਖਣੀ' ਸ਼ਬਦ ਰਾਮਕਲੀ ਰਾਗ ਦੀ ਦਖਣੀ ਜਾਤਿ ਜਾਂ ਪ੍ਰਕਾਰ ਲਈ ਵਰਤਿਆ ਗਿਆ ਹੈ, ਨ ਕਿ 'ਓਅੰਕਾਰ' ਬਾਣੀ ਦੇ ਵਿਸ਼ੇਸ਼ਣ ਵਜੋਂ ਆਇਆ ਹੈ। ਇਸ ਦੇ ਰਚਨਾ-ਕਾਲ ਅਤੇ ਰਚਨਾ-ਸਥਾਨ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖ਼ਾਲਸਾ' ਵਿਚ ਇਸ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਪੰਡਿਤ ਬੈਜ ਨਾਥ ਪ੍ਰਤਿ ਬਚਪਨ ਵਿਚ ਉਚਾਰਿਆ ਲਿਖਿਆ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰਮਤਿ ਨਿਰਣਯ ਸਾਗਰ' ਵਿਚ ਦਸਿਆ ਹੈ ਕਿ ਗੁਰੂ ਨਾਨਕ ਦੇਵ ਨੇ ਇਸ ਬਾਣੀ ਦਾ ਉੱਚਾਰਣ ਦੱਖਣ ਵਿਚ ਨਰਮਦਾ ਨਦੀ ਦੇ ਕੰਢੇ ਉਤੇ ਸਥਿਤ 'ਓਅੰਕਾਰ ਤੀਰਥ/ਮੰਦਿਰ' (ਵੇਖੋ) ਦੇ ਪਾਂਡੇ ਪ੍ਰਤਿ ਕੀਤਾ ਸੀ। ਸੰਪ੍ਰਦਾਈ ਗਿਆਨੀ ਅਤੇ ਭਾਈ ਕਾਨ੍ਹ ਸਿੰਘ ਵੀ ਇਸੇ ਮਤ ਦੇ ਹਨ। 'ਪੁਰਾਤਨ ਜਨਮਸਾਖੀ' ਦੀ ਸਤਾਰ੍ਹਵੀਂ ਸਾਖੀ ਅਨੁਸਾਰ ਇਹ ਬਾਣੀ ਖ਼ਨਾਰਮ ਦੇ ਪੰਡਿਤ ਚਤੁਰਦਾਸ ਨੂੰ ਸੰਬੋਧਨ ਕੀਤੀ ਗਈ ਸੀ। 'ਪ੍ਰਾਣਸੰਗਲੀ' ਦੇ 35ਵੇਂ ਅਧਿਆਇ ਅਨੁਸਾਰ ਇਸ ਨੂੰ ਰਾਜਕੁਮਾਰਾਂ ਨੂੰ ਪੜ੍ਹਾਉਣ ਵਾਲੇ ਪੰਡਿਤ ਪ੍ਰਤਿ ਉਚਾਰਿਆ ਗਿਆ ਹੈ।

ਇਨ੍ਹਾਂ ਤੱਥਾਂ ਦੇ ਆਧਾਰ 'ਤੇ ਇਸ ਦੇ ਰਚਨਾ

-ਸਥਾਨ ਅਤੇ ਰਚਨਾ-ਕਾਲ ਬਾਰੇ ਕਿਸੇ ਨਿਰਣੇ ਉਤੇ ਨਹੀਂ ਪਹੁੰਚਿਆ ਜਾ ਸਕਦਾ ਹੈ। ਓਅੰਕਾਰ ਮੰਦਿਰ (ਤੀਰਥ) ਨਾਲ ਇਸ ਨੂੰ ਸੰਬੰਧਿਤ ਕੀਤੇ ਜਾਣ ਪਿਛੇ ਸ਼ਾਇਦ 'ਦਖਣੀ' ਸ਼ਬਦ ਕੁਝ ਪ੍ਰਭਾਵ ਪਾਉਂਦਾ ਹੋਵੇ, ਪਰ ਇਹ ਸ਼ਬਦ ਰਾਗ ਦੀ ਜਾਤਿ ਨਾਲ ਸੰਬੰਧ ਰਖਦਾ ਹੈ, ਨ ਕਿ ਦੱਖਣ ਦਿਸ਼ਾ ਨਾਲ। 'ਓਅੰਕਾਰ' ਦਾ ਸੰਬੰਧ ਓਅੰਕਾਰ ਤੀਰਥ ਨਾਲ ਵੀ ਨਹੀਂ ਜੁੜਦਾ, ਕਿਉਂਕਿ ਇਹ ਰਚਨਾ ਵਰਣਮਾਲਾ ਆਧਾਰਿਤ ਹੋਣ ਕਾਰਣ ਆਰੰਭ ਵਿਚ 'ਓ' ਅੱਖਰ ਦੀ ਅਧਿਆਤਮਿਕ ਭਾਵ-ਭੂਮੀ ਨੂੰ ਓਅੰਕਾਰ ਦੇ ਪ੍ਰਸੰਗ ਵਿਚ ਸਪੱਸ਼ਟ ਕਰਦੀ ਹੈ। 54 ਪਦਿਆਂ ਦੀ ਇਸ ਬਾਣੀ ਵਿਚ ਇਕ ਦੋ ਥਾਂਵਾਂ ਨੂੰ ਛਡ ਕੇ ਹੋਰ ਕਿਤੇ ਵੀ ਅੱਖਰਾਂ ਜਾਂ ਮਾਤ੍ਰਾਵਾਂ ਦਾ ਉੱਚਾਰਣ ਨਹੀਂ ਦਿੱਤਾ ਗਿਆ। ਹਰ ਇਕ ਪਦੇ ਦੇ ਪਹਿਲੇ ਸ਼ਬਦ ਤੋਂ ਹੀ ਉਸ ਵਿਚਲੇ ਅੱਖਰ ਜਾਂ ਮਾਤ੍ਰਾ ਦਾ ਅਨੁਮਾਨ ਲਗਾਉਣਾ ਪੈਂਦਾ ਹੈ। ਇਸ ਨਾਲ ਸੰਬੰਧਿਤ ਵਰਣਮਾਲਾ 'ਦੇਵਨਾਗਰੀ' ਪ੍ਰਤੀਤ ਹੁੰਦੀ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਵਰਣਮਾਲਾ ਉਤੇ ਆਧਾਰਿਤ 'ਪਟੀ' ਨਾਂ ਦੀ ਰਚਨਾ ਆਸਾ ਰਾਗ ਵਿਚ ਵਖਰੇ ਤੌਰ 'ਤੇ ਕੀਤੀ ਹੈ।

ਇਸ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਾਰੇ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਕਿਸੇ ਨ ਕਿਸੇ ਰੂਪ ਵਿਚ ਪ੍ਰਗਟਾਏ ਹੋਏ ਮਿਲ ਜਾਂਦੇ ਹਨ। ਇਸ ਰਚਨਾ ਦੀ ਮੂਲ ਬਿਰਤੀ 'ਰਹਾਉ' ਵਾਲੀਆਂ ਤੁਕਾਂ ਵਿਚ ਦਸੀ ਗਈ ਹੈ ਕਿ ਹੇ ਪਾਂਡੇ! ਜੇ ਕੁਝ ਲਿਖਣਾ ਹੀ ਹੈ ਤਾਂ ਸੰਸਾਰਿਕ ਜੰਜਾਲਾਂ ਨੂੰ ਛਡ ਕੇ ਰਾਮ-ਨਾਮ ਲਿਖ — *ਸੁਣਿ ਪਾਡੇ ਕਿਆ ਲਿਖਹੁ ਜੰਜਾਲਾ। ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ।*(ਗੁ.ਗ੍ਰੰ.930)।

ਇਸ 'ਰਾਮ-ਨਾਮ' ਦੀ ਵਿਆਖਿਆ ਸਾਰੀ ਬਾਣੀ ਵਿਚ ਹੋਈ ਹੈ। ਓਅੰਕਾਰ ਸਰੂਪ ਬ੍ਰਹਮ ਤੋਂ ਸਾਰੀ ਸ੍ਰਿਸ਼ਟੀ, ਗਿਆਨ, ਜੋਤਿ ਅਤੇ ਚਿੱਤ ਦੀ ਉਤਪੱਤੀ ਹੋਈ ਹੈ। ਗੁਰੂ ਦੀ ਸਿਖਿਆ ਦੁਆਰਾ ਨਾਮ ਰੂਪੀ ਵਸਤੂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਤੋਂ ਬਿਨਾ ਸਾਰਾ ਸੰਸਾਰ ਕੱਚਾ ਅਤੇ ਨਿਰਾਧਾਰ ਹੈ। ਸਤਿ-ਸੰਗਤ ਨਾਲ ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ। ਦ੍ਵੈਤ-ਭਾਵ ਕਰਕੇ ਮਨੁੱਖ ਵਿਚ ਆਤਮ-ਗਿਆਨ ਨਸ਼ਟ ਹੋ ਜਾਂਦਾ ਹੈ। ਆਤਮ-ਗਿਆਨ ਦੀ ਪ੍ਰਾਪਤੀ ਗੁਰੂ ਦੁਆਰਾ ਸੰਭਵ ਹੈ। ਆਤਮ-ਗਿਆਨ ਦੀ ਪ੍ਰਾਪਤੀ ਨਾਲ ਸੰਸਾਰ ਵਿਚ ਵਿਸ਼ੇ-ਵਾਸਨਾਵਾਂ ਉਤੇ ਜਿਤ ਪ੍ਰਾਪਤ ਹੁੰਦੀ ਹੈ। ਇਸ ਦਾ ਮੂਲ ਸਾਧਨ ਮਨ ਨੂੰ ਵਸ ਵਿਚ ਕਰਨਾ ਹੈ। ਮਨਮੁਖ ਵਿਅਕਤੀ ਅਗਿਆਨੀ ਅਤੇ ਮੂਰਖ ਹੈ ਅਤੇ ਵਿਅਰਥ ਵਿਚ ਮਾਇਆ ਦੁਆਰਾ ਠਗਿਆ ਜਾ ਰਿਹਾ ਹੈ। ਸਾਰਾ ਸੰਸਾਰ ਯਮ ਦੇ ਮਾਰਗ ਉਤੇ ਚਲ ਰਿਹਾ ਹੈ ਅਤੇ ਮਾਇਆ ਦੇ ਪ੍ਰਭਾਵ ਨੂੰ ਨਸ਼ਟ ਕਰਨ ਵਿਚ ਕੋਈ ਵੀ ਸਮਰਥ ਨਹੀਂ ਹੈ।

ਉੱਤਮ ਕਰਮਾਂ ਦੁਆਰਾ ਸਚ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਮੁਕਤੀ ਲਈ ਨਾਮ-ਸਾਧਨਾ ਬਹੁਤ ਜ਼ਰੂਰੀ ਹੈ। ਨਾਮ ਰੂਪੀ ਸ਼ਬਦ ਨੂੰ ਪਛਾਣ ਲੈਣ 'ਤੇ ਜੀਵਾਤਮਾ ਦੀ ਹਉਮੈ ਨਸ਼ਟ ਹੋ ਜਾਂਦੀ ਹੈ, ਚਿੱਤ ਸਥਿਰ ਹੋ ਜਾਂਦਾ ਹੈ ਅਤੇ ਅੰਧਕਾਰਮਈ ਮਨ ਪ੍ਰਕਾਸ਼ਮਈ ਮਨ ਦੁਆਰਾ ਜੋਤੀਮਾਨ ਹੋ ਜਾਂਦਾ ਹੈ।

ਗੁਰਮੁਖ ਵਿਅਕਤੀ ਹਰਿ-ਨਾਮ ਨੂੰ ਗਾਉਂਦਾ ਹੈ। ਦੁਖ-ਸੁਖ ਨੂੰ ਧੁਪ ਅਤੇ ਛਾਂ ਵਾਂਗ ਸਮਝ ਕੇ ਸੰਸਾਰਿਕ ਬੰਧਨਾਂ ਨੂੰ ਕਟਦਾ ਹੋਇਆ ਹਰਿ ਦੇ ਨਾਮ ਵਿਚ ਹੀ ਸਮਾ ਜਾਂਦਾ ਹੈ। ਸ਼ਰੀਰ ਰੂਪੀ ਬ੍ਰਿਛ ਉਤੇ ਮਨ (ਜੀਵਾਤਮਾ) ਰੂਪੀ ਪੰਛੀ ਨਿਵਾਸ ਕਰਦਾ ਹੈ। ਇਸ ਬ੍ਰਿਛ ਉਤੇ ਇਕ ਹੋਰ ਸ੍ਰੇਸ਼ਠ ਪੰਛੀ (ਅਰਥਾਤ ਪਰਮਾਤਮਾ) ਵੀ ਨਿਵਾਸ ਕਰਦਾ ਹੈ। ਜਦ ਉਹ ਪੰਛੀ ਗਿਆਨ ਇੰਦ੍ਰੀਆਂ ਨੂੰ ਵਸ ਵਿਚ ਕਰਕੇ ਪਰਮਾਤਮ-ਤੱਤ੍ਵ ਨੂੰ ਚੁਗਦਾ ਹੈ ਤਾਂ ਉਸ ਨੂੰ ਸੰਸਾਰਿਕ ਬੰਧਨ ਨਹੀਂ ਪੈਂਦੇ। ਪਰ ਜੇ ਉਹ ਪੰਛੀ ਪਰਮਾਤਮਾ ਤੋਂ ਵਖ ਹੋ ਕੇ ਵਿਸ਼ੇ-ਰੂਪੀ ਸੁੰਦਰ ਚੋਗੇ ਨੂੰ ਵੇਖਦਾ ਹੈ ਤਾਂ ਉਸ ਦੇ ਖੰਭ ਟੁਟ ਜਾਂਦੇ ਹਨ ਅਤੇ ਉਹ ਮਾਇਆ ਦੇ ਫੰਦੇ ਵਿਚ ਫਸ ਜਾਂਦਾ ਹੈ।

ਸੰਸਾਰ ਸਾਗਰ ਨੂੰ ਤਰਨਾ ਬਹੁਤ ਔਖਾ ਹੈ। ਆਸਾ-ਨਿਰਾਸ਼ਾ ਤੋਂ ਉਚੇ ਉਠ ਕੇ ਹੀ ਇਸ ਨੂੰ ਤਰਿਆ ਜਾ ਸਕਦਾ ਹੈ। ਇਸ ਸੰਸਾਰ ਵਿਚ ਕੇਵਲ ਪਰਮਾਤਮਾ ਹੀ ਸਥਿਰ ਹੈ, ਬਾਕੀ ਸਭ ਕੁਝ ਨਾਸ਼ਮਾਨ ਹੈ। ਮਨੁੱਖਾਂ ਵਿਚ ਅਵਗੁਣਾਂ ਦੇ ਨਾਲ ਨਾਲ ਗੁਣ ਵੀ ਮੌਜੂਦ ਰਹਿੰਦੇਹਨ, ਪਰ ਅਗਿਆਨ-ਵਸ ਉਨ੍ਹਾਂ ਨੂੰ ਆਪਣੇ ਗੁਣ ਨਹੀਂ ਦਿਸਦੇ। ਇਹ ਗੁਣ ਕੇਵਲ ਗੁਰੂ ਦੀ ਕ੍ਰਿਪਾ ਨਾਲ ਹੀ ਦਿਸ ਪੈਂਦੇ ਹਨ। ਸ੍ਰਿਸ਼ਟੀ ਦੇ ਰਚੈਤਾ ਦਾ ਭੇਦ ਕੋਈ ਵੀ ਨਹੀਂ ਪਾ ਸਕਦਾ।

ਉਸੇ ਪਾਂਧੇ ਨੂੰ, ਵਾਸਤਵ ਵਿਚ, ਪੜ੍ਹਿਆ ਹੋਇਆ ਕਹਿਣਾ ਚਾਹੀਦਾ ਹੈ ਜੋ ਸਹਿਜ ਭਾਵ ਨਾਲ ਬ੍ਰਹਮ ਵਿਦਿਆ ਨੂੰ ਜਾਣਦਾ ਹੋਵੇ। ਮਨਮੁਖ ਵਿਅਕਤੀ ਵਿਦਿਆ ਨੂੰ ਵੇਚਦਾ ਹੈ। ਇਸ ਤਰ੍ਹਾਂ ਉਹ ਵਿਸ਼ ਕਮਾਉਂਦਾ ਹੈ ਅਤੇ ਵਿਸ਼ ਦਾ ਹੀ ਸੇਵਨ ਕਰਦਾ ਹੈ। ਉਹ ਗੁਰੂ ਦਾ ਸ਼ਬਦ ਨਹੀਂ ਪਛਾਣਦਾ ਕਿਉਂਕਿ ਅਜਿਹਾ ਕਰ ਸਕਣ ਲਈ ਉਸ ਕੋਲ ਸੂਝ ਨਹੀਂ

ਹੈ। ਗੁਰਮੁਖ ਵਿਅਕਤੀ ਹੀ ਸੱਚਾ ਸਿਖਿਅਕ ਹੈ ਜੋ ਜਿਗਿਆਸੂਆਂ ਨੂੰ ਸਹੀ ਬੁੱਧੀ ਪ੍ਰਦਾਨ ਕਰਦਾ ਹੈ।

ਇਸ ਤਰ੍ਹਾਂ ਇਸ ਰਚਨਾ ਦਾ ਮੁੱਖ ਉੱਦੇਸ਼ ਹੈ ਕਿ ਬ੍ਰਹਮ-ਵਿਦਿਆ, ਅਦ੍ਵੈਤਾਵਸਥਾ, ਗੁਰਮੁਖਤਾ, ਸ਼ਬਦ-ਰੂਪ ਆਤਮ-ਧਨ ਆਦਿ ਨੂੰ ਅਪਣਾ ਕੇ ਅਤੇ ਨਾਮ-ਸਾਧਨਾ ਵਿਚ ਲੀਨ ਹੋ ਕੇ ਅਧਿਆਤਮਿਕ ਭਵਿਸ਼ ਉਜਲਾ ਕਰ ਲਿਆ ਜਾਏ।

ਇਸ ਬਾਣੀ ਵਿਚ 54 ਪਦਿਆਂ ਤੋਂ ਇਲਾਵਾ ਦੋ ਤੁਕਾਂ ਦਾ 'ਰਹਾਉ' ਵੀ ਹੈ। ਇਸ ਵਿਚਲੇ 10 ਪਦੇ ਚਾਰ ਚਾਰ ਤੁਕਾਂ ਵਾਲੇ, 41 ਅੱਠ ਅੱਠ ਤੁਕਾਂ ਵਾਲੇ ਅਤੇ ਤਿੰਨ ਨੌਂ ਨੌਂ ਤੁਕਾਂ ਵਾਲੇ ਹਨ। ਪਦਿਆਂ ਉਤੇ ਕਿਸੇ ਖ਼ਾਸ ਛੰਦ ਦੇ ਲੱਛਣ ਲਾਗੂ ਨਹੀਂ ਹੁੰਦੇ। ਹਾਂ, ਕਿਤੇ ਕਿਤੇ ਦੋਹਰੇ, ਚੌਪਈ ਅਤੇ ਦੁਵੈਯੇ ਦੀ ਛਾਇਆ ਵੇਖੀ ਜਾ ਸਕਦੀ ਹੈ। ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਸਧੁੱਕੜੀ ਹੈ। ਅਰਬੀ-ਫ਼ਾਰਸੀ ਦੇ ਸ਼ਬਦ ਦੋ ਦਰਜਨ ਤੋਂ ਵਧ ਨਹੀਂ ਹਨ।

**ਓਠੀਆਂ** (ਪਿੰਡ) : ਪੰਜਾਬ ਦੇ ਬਟਾਲਾ ਨਗਰ ਤੋਂ 6 ਕਿ.ਮੀ. ਉਤਰ ਵਲ ਸਥਿਤ ਇਕ ਪੁਰਾਤਨ ਪਿੰਡ, ਜਿਥੇ ਗੁਰੂ ਅਰਜਨ ਦੇਵ ਜੀ ਬਾਬਾ ਸ੍ਰੀ ਚੰਦ ਨੂੰ ਮਿਲਣ ਲਈ ਬਾਰਠ ਨੂੰ ਜਾਂਦਿਆਂ ਕੁਝ ਸਮੇਂ ਲਈ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਜੋ ਸਮਾਰਕ ਬਣਾਇਆ ਗਿਆ, ਉਹ ਹੁਣ 'ਗੁਰਦੁਆਰਾ ਮੰਜੀ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ। ਇਸ ਵਿਚ ਹਰ ਐਤਵਾਰ ਅਤੇ ਹਰ ਮਸਿਆ ਵਾਲੇ ਦਿਨ ਸੰਗਤ ਜੁੜਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਦਿਨ ਸਾਲਾਨਾ ਸਮਾਗਮ ਵਜੋਂ ਮਨਾਇਆ ਜਾਂਦਾ ਹੈ।

## ਅ

**ਅਸ਼ਟਪਦੀ** : ਇਕ ਅਜਿਹਾ ਛੰਦ-ਵਿਧਾਨ ਜਾਂ ਪਦੀ-ਸਮੁੱਚ ਜਿਸ ਵਿਚ ਲਗਭਗ ਅੱਠ ਪਦੀਆਂ ਸ਼ਾਮਲ ਹੋਣ। ਇਸ ਉਤੇ ਭਾਵੇਂ ਕਿਸੇ ਖ਼ਾਸ ਛੰਦ ਦੇ ਲੱਛਣ ਤਾਂ ਆਰੋਪਿਤ ਨਹੀਂ ਕੀਤੇ ਜਾ ਸਕਦੇ, ਪਰ ਇਸ ਵਿਚ ਤੋਲ ਅਤੇ ਅਨੁਪ੍ਰਾਸ ਨੂੰ ਜ਼ਰੂਰ ਨਿਭਾਇਆ ਗਿਆ ਹੈ। ਵਿਦਵਾਨਾਂ ਨੇ ਇਨ੍ਹਾਂ ਨਾਲ ਚੌਪਈ, ਨਿਸ਼ਾਨੀ ਆਦਿ ਛੰਦਾਂ ਦੀ ਨੇੜਤਾ ਦਰਸਾਈ ਹੈ। 'ਅਸ਼ਟਪਦੀ' ਨੂੰ ਕੁਝ ਵਿਦਵਾਨਾਂ ਨੇ ਛੰਦਗਤ ਕਾਵਿ-ਰੂਪ ਕਿਹਾ ਹੈ ਅਤੇ ਕੁਝ ਨੇ ਸ਼ੈਲੀਗਤ ਕਾਵਿ-ਰੂਪ।

'ਪਦੀ' ਤੋਂ ਭਾਵ ਹੈ ਤੁਕ ਜਾਂ ਤੁਕ-ਸਮੂਹ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਅਸ਼ਟਪਦੀਆਂ ਵਿਚਲੀਆਂ ਪਦੀਆਂ ਦੀਆਂ ਤੁਕਾਂ ਦੀ ਗਿਣਤੀ ਇਕ ਤੋਂ ਚਾਰ ਤਕ ਹੈ। ਆਮ ਤੌਰ 'ਤੇ ਪਹਿਲੀ ਪਦੀ ਤੋਂ ਬਾਦ ਇਕ ਜਾਂ ਦੋ ਤੁਕਾਂ ਦਾ 'ਰਹਾਉ' ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਅਸ਼ਟਪਦੀ ਵਿਚ ਅੱਠ ਪਦੀਆਂ ਹੀ ਹੋਣ। ਇਹ ਗਿਣਤੀ ਵਧ-ਘਟ ਹੋ ਸਕਦੀ ਹੈ। ਕਿਉਂਕਿ ਸੱਤ, ਅੱਠ, ਨੌਂ, ਦਸ, ਬਾਰ੍ਹਾਂ ਜਾਂ ਇਸ ਤੋਂ ਵਧ ਪਦੀਆਂ ਦੇ ਸਮੁੱਚ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹਨ। ਇਸ ਪਦੀ-ਸਮੁੱਚ ਨੂੰ 'ਅਸ਼ਟਪਦੀਆਂ' ਸਿਰਲੇਖ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਅਧਿਕਤਰ ਇਹ ਸਮੁੱਚ ਅੱਠ ਪਦੀਆਂ ਵਾਲੇ ਹਨ। ਇਨ੍ਹਾਂ ਅਸ਼ਟਪਦੀਆਂ ਵਿਚ ਗੁਰੂ ਸਾਹਿਬਾਨ ਦੇ ਦਾਰਸ਼ਨਿਕ, ਧਾਰਮਿਕ ਅਤੇ ਸਮਾਜਿਕ ਸਿੱਧਾਂਤਾਂ ਦੀ ਵਿਆਖਿਆ ਹੋਈ ਹੈ।

**ਅਸ਼ਟਮੀ** : 'ਅਸ਼ਟਮੀ' ਤੋਂ ਭਾਵ ਹੈ ਚੰਨ ਦੇ ਹਨੇਰੇ ਅਤੇ ਚਾਨਣੇ ਪਖਾਂ ਦੀ ਅੱਠਵੀਂ ਥਿਤ। ਚਾਨਣੇ ਪਖ ਵਿਚ ਅਸ਼ਟਮੀ ਨੌਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ ਅਤੇ ਕ੍ਰਿਸ਼ਣ ਪਖ ਵਿਚ ਅਸ਼ਟਮੀ ਸਪਤਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ।

ਹਿੰਦੂ-ਧਰਮ ਵਿਚ ਇਸ ਥਿਤ ਦਾ ਪਵਿੱਤਰ ਮਹੱਤਵ ਹੈ। ਇਕ, ਇਸ ਲਈ ਕਿ ਦਕ੍ਸ਼ ਪ੍ਰਜਾਪਤੀ ਦਾ ਯੱਗ ਭੰਗ ਕਰਨ ਲਈ ਅਸ਼ਟਮੀ ਥਿਤ ਨੂੰ ਭਦ੍ਰ ਕਾਲੀ ਦਾ ਅਵਤਾਰ ਹੋਇਆ ਸੀ। ਦੇਵੀ ਉਪਾਸਕਾਂ ਲਈ ਅਸੂ ਅਤੇ ਚੇਤਰ ਮਹੀਨਿਆਂ ਦੇ ਨੌਰਾਤਰਿਆਂ ਦੇ ਚਾਨਣੇ ਪਖ ਦੀਆਂ ਅਸ਼ਟਮੀਆਂ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਇਨ੍ਹਾਂ ਮੌਕਿਆਂ ਉਤੇ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਕੜਾਹ ਬਣਾ ਕੇ ਕੰਜਕਾਂ ਨੂੰ ਖਵਾਇਆ ਜਾਂਦਾ ਹੈ।

ਦੂਜਾ, ਇਸ ਲਈ ਕਿ ਭਾਦੋਂ ਵਿਚ ਹਨੇਰੇ ਪੱਖ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਣ ਨੇ ਅਵਤਾਰ ਲਿਆ ਸੀ। ਗੁਰੂ ਅਰਜਨ ਦੇਵ ਜੀ ਨੇ 'ਅਸ਼ਟਮੀ' ਥਿਤ ਨੂੰ ਸ੍ਰੀ ਕ੍ਰਿਸ਼ਣ ਦੇ ਅਵਤਾਰ-ਦਿਨ ਨਾਲ ਜੋੜਨ ਦੀ ਮਨੌਤ ਵਲ ਸੰਕੇਤ ਕੀਤਾ

ਹੈ — *ਸਗਲੀ ਥੀਤਿ ਪਾਸਿ ਡਾਰਿ ਰਾਖੀ। ਅਸਟਮ ਥੀਤਿ ਗੋਵਿੰਦ ਜਨਮਾਸੀ।* (ਗੁ.ਗ੍ਰੰ. 1136)। ਸਿੱਖ-ਧਰਮ ਵਿਚ ਅਸ਼ਟਮੀ ਸੰਬੰਧੀ ਕੋਈ ਧਾਰਮਿਕ ਮਾਨਤਾ ਨਹੀਂ ਹੈ।

**ਅਸ਼ਟਾਂਗ ਪ੍ਰਣਾਮ** : ਜਿਸ ਪ੍ਰਣਾਮ ਦਾ ਅੱਠਾਂ ਅੰਗਾਂ ਨਾਲ ਸੰਬੰਧ ਹੁੰਦਾ ਹੈ, ਜਿਵੇਂ—ਹੱਥ, ਗੋਡੇ, ਪੈਰ, ਛਾਤੀ, ਸਿਰ, ਬਾਣੀ, ਅੰਤਹਕਰਣ ਅਤੇ ਦ੍ਰਿਸ਼ਟੀ। ਇਸ ਨੂੰ ਡੰਡੋਤ ਪ੍ਰਣਾਮ (ਦੰਡਵਤ ਪ੍ਰਣਾਮ) ਵੀ ਕਿਹਾ ਜਾਂਦਾ ਹੈ। ਵੇਖੋ 'ਡੰਡੋਤ ਬੰਦਨਾ'।

**ਅਸਵਾਰਾ ਸਾਹਿਬ** : ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ 'ਅਸਵਾਰਾ ਸਾਹਿਬ' ਜਾਂ 'ਸਵਾਰਾ ਸਾਹਿਬ' ਕਿਹਾ ਜਾਂਦਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਸਦਾ ਕਿਸੇ ਨ ਕਿਸੇ (ਵਸਤੂ ਜਾਂ ਵਿਅਕਤੀ) ਉਪਰ ਸਵਾਰ ਹੁੰਦੇ ਹਨ, ਚਾਹੇ ਪਲੰਗ ਹੋਵੇ, ਚਾਹੇ ਵਿਅਕਤੀ ਅਤੇ ਚਾਹੇ ਪਾਲਕੀ। ਦਲ ਖ਼ਾਲਸਾ ਜਾਂ ਸਿੱਖ ਮਿਸਲਾਂ ਵੇਲੇ ਜਦੋਂ ਜੱਥੇ ਇਧਰ ਉਧਰ ਪ੍ਰਸਥਾਨ ਕਰਦੇ ਸਨ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ/ਅਸਵਾਰੀ ਵੀ ਨਾਲ ਹੀ ਹੁੰਦੀ ਸੀ। ਇਸ ਵਾਸਤੇ 'ਅਸਵਾਰਾ' ਸ਼ਬਦ ਗੁਰੂ ਗ੍ਰੰਥ ਸਾਹਿਬ ਲਈ ਰੂੜ੍ਹ ਹੋ ਗਿਆ ਹੈ।

ਜਦੋਂ ਗੁਰੂ ਗ੍ਰੰਥ ਸਾਹਿਬ ਸਹਿਤ ਨਗਰ ਕੀਰਤਨ ਕਢਿਆ ਜਾਂਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਿਚ ਸਜੀ ਹੋਈ ਬੀੜ ਨੂੰ 'ਅਸਵਾਰੀ' ਵੀ ਕਹਿ ਦਿੱਤਾ ਜਾਂਦਾ ਹੈ।

**ਅਸੰਤ** : ਜੋ 'ਸੰਤ' ਨਹੀਂ, ਉਹ ਅਸੰਤ ਹੈ। ਜਿਸ ਦਾ ਮਨ ਸ਼ਾਂਤ ਨਹੀਂ, ਰੁਚੀਆਂ ਸਾਤਵਿਕ ਨਹੀਂ, ਉਹ ਸੰਤ (ਵੇਖੋ) ਨਹੀਂ ਹੋ ਸਕਦਾ। ਇਸ ਲਈ ਉਸ ਨੂੰ 'ਅਸੰਤ' ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਅਜਿਹੇ ਵਿਅਕਤੀਆਂ ਲਈ 'ਮਨਮੁਖ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਅਧਿਆਤਮਿਕਤਾ ਦੇ ਜਿਗਿਆਸੂਆਂ ਨੂੰ 'ਅਸੰਤ' ਦੇ ਸੰਪਰਕ ਵਿਚ ਜਾਣ ਜਾਂ ਉਸ ਨਾਲ ਸੰਵਾਦ ਕਰਨ ਤੋਂ ਵਰਜਿਆ ਗਿਆ ਹੈ। ਭਗਤ ਕਬੀਰ ਨੇ ਗੋਂਡ ਰਾਗ ਵਿਚ ਕਿਹਾ ਹੈ — *ਸੰਤੁ ਮਿਲੈ ਕਿਛੁ ਸੁਨੀਐ ਕਹੀਐ। ਮਿਲੈ ਅਸੰਤੁ ਮਸਟਿ ਕਰਿ ਰਹੀਐ।* (ਗੁ.ਗ੍ਰੰ.870)।

**ਅਹਿਮਦ ਸ਼ਾਹ ਦੁਰਾਨੀ** (ਅਬਦਾਲੀ) (1722- 1772 ਈ.): ਸੱਦੋਜ਼ਈ ਕਬੀਲੇ ਦਾ ਇਕ ਪਠਾਣ ਜਿਸ ਦਾ ਅਸਲ ਨਾਂ ਅਹਿਮਦ ਖ਼ਾਨ ਸੀ। ਇਸ ਦਾ ਪਿਤਾ ਮੁਹੰਮਦ ਜ਼ਮਾਨ ਖ਼ਾਨ ਹੈਰਾਤ ਦੇ ਇਲਾਕੇ ਦਾ ਇਕ ਸਾਧਾਰਣ ਸਰਦਾਰ ਸੀ। ਨਾਦਰਸ਼ਾਹ ਨੇ ਸੰਨ 1731 ਈ. ਵਿਚ ਹੈਰਾਤ ਉਤੇ ਹਮਲਾ ਕਰਕੇ ਬਹੁਤ ਤਬਾਹੀ ਕੀਤੀ ਅਤੇ ਅਨੇਕ ਅਬਦਾਲੀਆਂ ਨੂੰ ਬੰਦੀ ਬਣਾ ਲਿਆ ਜਿਨ੍ਹਾਂ ਵਿਚ ਅਹਿਮਦ ਖ਼ਾਨ ਵੀ ਸ਼ਾਮਲ ਸੀ। ਇਸ ਤਰ੍ਹਾਂ ਇਹ ਬਚਪਨ ਤੋਂ ਨਾਦਰਸ਼ਾਹ ਦੀ ਸੇਵਾ ਵਿਚ ਗ਼ੁਲਾਮ ਵਜੋਂ ਰਹਿੰਦਾ ਰਿਹਾ। ਪਰ ਇਸ ਨੇ ਆਪਣੀ ਯੋਗਤਾ ਨਾਲ ਹੌਲੀ ਹੌਲੀ ਤਰੱਕੀ ਕੀਤੀ ਅਤੇ ਨਾਦਰਸ਼ਾਹ ਦੀ ਫ਼ੌਜ ਦਾ ਸੈਨਾਪਤੀ ਬਣਿਆ।

ਸੰਨ 1747 ਈ. ਵਿਚ ਨਾਦਰਸ਼ਾਹ ਦੇ ਕਤਲ ਹੋਣ 'ਤੇ ਇਸ ਨੇ ਸ਼ਕਤੀ ਇਕੱਠੀ ਕਰਕੇ ਬਾਦਸ਼ਾਹੀ ਹਾਸਲ ਕਰ ਲਈ ਅਤੇ ਅਹਿਮਦ ਖ਼ਾਨ ਤੋਂ ਅਹਿਮਦ ਸ਼ਾਹ ਬਣਿਆ। ਇਸ ਨੂੰ ਇਕ ਦਰਵੇਸ਼ ਸਾਬਰ ਸ਼ਾਹ ਨੇ 'ਦੁੱਰੇ ਦੁੱਰਾਨ' ਦਾ ਖ਼ਿਤਾਬ (ਪਦਵੀ) ਬਖ਼ਸ਼ਿਆ ਜੋ ਕਾਲਾਂਤਰ ਵਿਚ 'ਦੁਰਾਨੀ' ਰੂਪ ਵਿਚ ਪ੍ਰਸਿੱਧ ਹੋ ਗਿਆ। ਸੰਨ 1748 ਈ. ਵਿਚ ਇਸ ਨੇ ਹਿੰਦੁਸਤਾਨ ਉਤੇ ਪਹਿਲਾ ਹਮਲਾ ਕੀਤਾ, ਪਰ ਸਰਹਿੰਦ ਨੇੜੇ ਮੁਗ਼ਲ ਫ਼ੌਜ ਤੋਂ ਹਾਰ ਕੇ ਕਾਬਲ ਪਰਤ ਗਿਆ। ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਦੇ ਦੇਹਾਂਤ ਤੋਂ ਬਾਦ ਇਸ ਨੇ ਸੰਨ 1749 ਈ. ਵਿਚ ਫਿਰ ਹਮਲਾ ਕੀਤਾ ਅਤੇ ਮੁਗ਼ਲ ਬਾਦਸ਼ਾਹ ਅਹਿਮਦ ਸ਼ਾਹ ਨੂੰ ਹਰਾ ਕੇ ਮੁਲਤਾਨ, ਸਿੰਧ, ਪੰਜਾਬ ਆਦਿ ਸੂਬੇ ਆਪਣੇ ਅਧਿਕਾਰ ਵਿਚ ਕਰ ਲਏ। ਇਸ ਦੌਰਾਨ ਇਸ ਨੇ ਪੰਜਾਬ ਦੀ ਖ਼ੂਬ ਲੁਟ-ਮਾਰ ਕੀਤੀ। ਇਸ ਦੀ ਪਰਛਾਈ ਪੰਜਾਬੀ ਲੋਕ-ਗੀਤਾਂ ਵਿਚ ਮਿਲ ਜਾਂਦੀ ਹੈ, ਜਿਵੇਂ— *ਕੁਝ ਹਾਲੀ ਦੀ ਕੁਝ ਪਾਲੀ ਦੀ। ਬਾਕੀ ਅਹਿਮਦਸ਼ਾਹ ਅਬਦਾਲੀ ਦੀ।*

ਸੰਨ 1754 ਈ. ਵਿਚ ਅਹਿਮਦ ਸ਼ਾਹ ਦੀ ਮੌਤ ਤੋਂ ਬਾਦ ਆਲਮਗੀਰ ਦੂਜਾ ਦਿੱਲੀ ਦੀ ਗੱਦੀ ਉਤੇ ਬੈਠਾ। ਉਸ ਦੇ ਪ੍ਰਧਾਨ ਮੰਤਰੀ ਗ਼ਾਜ਼ੀਉੱਦੀਨ ਨੇ ਦੁਰਾਨੀ ਦੇ ਅਧੀਨ ਹੋ ਚੁੱਕੇ ਮੁਲਤਾਨ ਨਗਰ ਉਤੇ ਹਮਲਾ ਕੀਤਾ ਅਤੇ ਉਥੋਂ ਦੇ ਅਫ਼ਗਾਨ ਸੂਬੇਦਾਰ ਨੂੰ ਕੈਦ ਕਰ ਲਿਆ। ਇਸ ਤੋਂ ਚਿੜ੍ਹ ਕੇ ਦੁਰਾਨੀ ਨੇ ਸੰਨ 1756 ਈ. ਵਿਚ ਹਿੰਦੁਸਤਾਨ ਉਤੇ ਤੀਜਾ ਹਮਲਾ ਕੀਤਾ, ਦਿੱਲੀ ਨੂੰ ਜਿਤ ਕੇ 40 ਦਿਨ ਖ਼ੂਬ ਲੁਟ-ਮਾਰ ਕੀਤੀ ਅਤੇ ਨਜੀਬੁੱਦੌਲਾ ਨੂੰ ਪ੍ਰਧਾਨ ਮੰਤਰੀ ਬਣਾ ਕੇ ਆਪਣੇ ਦੇਸ਼ ਨੂੰ ਪਰਤ ਗਿਆ। ਇਸ ਤੋਂ ਬਾਦ ਵੀ ਇਸ ਨੇ ਕਈ ਹਮਲੇ ਕੀਤੇ, ਜਿਨ੍ਹਾਂ ਵਿਚੋਂ ਸੰਨ 1762 ਈ. ਵਾਲਾ ਹਮਲਾ

ਸਿੱਖ-ਇਤਿਹਾਸ ਦਾ ਇਕ ਦੁਖਦਾਇਕ ਕਾਂਡ ਹੋ ਨਿਬੜਿਆ। 5 ਫਰਵਰੀ 1762 ਈ. ਨੂੰ ਇਸ ਨੇ ਕੁੱਪ-ਰਹੀੜਾ ਦੇ ਮੁਕਾਮ 'ਤੇ ਸਿੱਖ ਵਹੀਰ ਨੂੰ ਘੇਰ ਕੇ ਲਗਭਗ ਵੀਹ ਹਜ਼ਾਰ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਕੀਤੇ। ਫਿਰ ਅਪ੍ਰੈਲ ਮਹੀਨੇ ਵਿਚ ਇਸ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਬਾਰੂਦ ਨਾਲ ਉਡਾਇਆ। ਸੰਨ 1769 ਈ. ਦੇ ਸ਼ੁਰੂ ਵਿਚ ਇਸ ਨੇ ਹਿੰਦੁਸਤਾਨ ਉਤੇ ਆਖ਼ਰੀ ਵਾਰ ਹਮਲਾ ਕੀਤਾ। ਪਰ ਉਦੋਂ ਤਕ ਸਿੱਖ ਸੈਨਿਕ ਚੰਗੀ ਤਰ੍ਹਾਂ ਨਾਲ ਸੰਗਠਿਤ ਹੋ ਚੁਕੇ ਸਨ। ਉਨ੍ਹਾਂ ਦੀ ਸ਼ਕਤੀ ਨੂੰ ਵੇਖ ਕੇ ਇਹ ਅਗੇ ਵਧਣ ਦੀ ਹਿੰਮਤ ਨ ਕਰ ਸਕਿਆ ਅਤੇ ਨਿਰਾਸ਼ ਹੋ ਕੇ ਗੁਜਰਾਤ ਪਹੁੰਚਣ ਤੋਂ ਪਹਿਲਾਂ ਹੀ ਦੇਸ਼ ਪਰਤ ਗਿਆ। ਸੰਨ 1772 ਈ. ਵਿਚ ਇਸ ਦੀ ਨਕ ਦੇ ਉਸ ਜ਼ਖ਼ਮ ਕਾਰਣ ਮੌਤ ਹੋ ਗਈ ਜੋ ਇਸ ਦੁਆਰਾ ਹਰਿਮੰਦਿਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਵੇਲੇ ਇਕ ਕੰਕਰ ਨਾਲ ਲਗਾ ਸੀ।

**ਅਹਿਮਦੀਆ ਫ਼ਿਰਕਾ** : ਇਹ ਮੂਲ ਰੂਪ ਵਿਚ ਇਸਲਾਮ ਦਾ ਹੀ ਇਕ ਫ਼ਿਰਕਾ ਜਾਂ ਸੰਪ੍ਰਦਾਇ ਹੈ। ਇਸ ਦੇ ਪ੍ਰਵਰਤਕ ਮਿਰਜ਼ਾ ਗ਼ੁਲਾਮ ਅਹਿਮਦ ਦਾ ਜਨਮ 15 ਫਰਵਰੀ 1836 ਈ. ਨੂੰ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਨਾਂ ਦੇ ਕਸਬੇ ਵਿਚ ਮਿਰਜ਼ਾ ਗ਼ੁਲਾਮ ਮੁਰਤਜ਼ਾ ਦੇ ਘਰ ਚਰਾਗ਼ ਬੀਬੀ ਦੀ ਕੁੱਖੋਂ ਹੋਇਆ। ਇਸ ਦੇ ਖ਼ਾਨਦਾਨ ਦਾ ਸੰਬੰਧ ਦੂਰੋਂ ਪਾਰੋਂ ਮੁਗ਼ਲ ਖ਼ਾਨਦਾਨ ਨਾਲ ਜਾ ਜੁੜਦਾ ਹੈ। ਇਸ ਪਰਿਵਾਰ ਨੇ ਸੰਨ 1857 ਈ. ਦੇ ਗ਼ਦਰ ਵੇਲੇ ਅੰਗ੍ਰੇਜ਼ਾਂ ਦੀ ਬਹੁਤ ਮਦਦ ਕਰਕੇ ਪ੍ਰਤਿਸ਼ਠਾ ਪ੍ਰਾਪਤ ਕੀਤੀ। ਧਾਰਮਿਕ ਨਿਸ਼ਠਾ ਵਾਲੇ ਇਸ ਪਰਿਵਾਰ ਨੇ ਗ਼ੁਲਾਮ ਅਹਿਮਦ ਨੂੰ ਪਹਿਲਾਂ ਘਰ ਵਿਚ ਅਤੇ ਫਿਰ ਮਸਜਿਦ ਵਿਚ ਪਰੰਪਰਿਕ ਦੀਨੀ ਤਾਲੀਮ ਦਿਵਾਈ। ਇਸ ਤੋਂ ਬਾਦ ਇਹ ਸਿਆਲਕੋਟ ਦੀ ਅਦਾਲਤ ਵਿਚ ਮੁਹਰਿਰੀ ਦੀ ਨੌਕਰੀ ਉਤੇ ਜਾ ਲਗਾਇਆ। ਸਿਆਲਕੋਟ ਦੀ ਠਹਿਰ ਦੌਰਾਨ ਇਹ ਈਸਾਈ ਮਿਸ਼ਨਰੀਆਂ ਦੇ ਸੰਪਰਕ ਵਿਚ ਆਇਆ ਅਤੇ ਉਨ੍ਹਾਂ ਦੀ ਪ੍ਰਚਾਰ ਜੁਗਤ ਨੂੰ ਵੇਖ ਕੇ ਇਸ ਨਤੀਜੇ ਉਤੇ ਪਹੁੰਚਿਆ ਕਿ ਇਸਲਾਮ ਨੂੰ ਈਸਾਈ ਮਤ ਤੋਂ ਬਹੁਤ ਖ਼ਤਰਾ ਹੈ। ਸੰਨ 1877 ਈ. ਵਿਚ ਜਦੋਂ ਪੰਜਾਬ ਵਿਚ ਆਰਯ ਸਮਾਜ ਦਾ ਪ੍ਰਚਾਰ ਸ਼ੁਰੂ ਹੋਇਆ ਤਾਂ ਇਸ ਨੂੰ ਇਸਲਾਮ ਦੇ ਵਿਕਾਸ ਲਈ ਹਿੰਦੂ-ਧਰਮ ਤੋਂ ਵੀ ਖ਼ਤਰਾ ਅਨੁਭਵ ਹੋਣ ਲਗਿਆ। ਫਲਸਰੂਪ ਇਹ ਦੋਹਾਂ ਦਾ ਕਠੋਰ ਵਿਰੋਧੀ ਬਣ ਗਿਆ। ਸੰਨ 1880 ਈ. ਵਿਚ ਇਸ ਨੇ ਚਾਰ ਜਿਲਦਾਂ ਵਿਚ ਆਪਣੀ ਵੱਡੇ ਆਕਾਰ ਵਾਲੀ ਪੁਸਤਕ 'ਬ੍ਰਾਹੀਨ-ਏ-ਅਹਿਮਦੀਆ' ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਇਸ ਪੁਸਤਕ ਵਿਚ ਈਸਾਈ-ਮਤ, ਹਿੰਦੂ-ਧਰਮ ਅਤੇ ਸਿਖ-ਮਤ ਤੋਂ ਇਸਲਾਮ ਨੂੰ ਸ੍ਰੇਸ਼ਠ ਘੋਸ਼ਿਤ ਕੀਤਾ। ਇਸ ਨੇ ਆਪਣੇ ਆਪ ਨੂੰ 'ਮਹਿਦੀ' ਦਸ ਕੇ ਸਪੱਸ਼ਟ ਕੀਤਾ ਕਿ ਜਿਸ ਪੈਗ਼ੰਬਰ ਦਾ ਦੁਨੀਆ ਵਿਚ ਆਉਣਾ ਹਦੀਸਾਂ ਵਿਚ ਲਿਖਿਆ ਹੈ, ਉਹ ਮੇਰੇ ਰੂਪ ਵਿਚ ਪ੍ਰਗਟ ਹੋਇਆ ਹੈ। ਅਜਿਹੀ ਘੋਸ਼ਣਾ ਤੋਂ ਬਹੁਤ ਮੁਸਲਮਾਨ ਪ੍ਰਭਾਵਿਤ ਹੋਏ ਅਤੇ ਇਸ ਦੇ ਅਨੁਯਾਈ ਬਣ ਗਏ, ਪਰ ਕੱਟੜ ਮੁਸਲਮਾਨਾਂ ਨੂੰ ਇਸ ਦੀ ਘੋਸ਼ਣਾ ਚੰਗੀ ਨ ਲਗੀ ਅਤੇ ਇਸ ਦੀ ਸਥਾਪਨਾ ਦਾ ਡਟ ਕੇ ਵਿਰੋਧ ਸ਼ੁਰੂ ਕਰ ਦਿੱਤਾ, ਜੋ ਹੁਣ ਤਕ ਚਲਿਆ ਆ ਰਿਹਾ ਹੈ।

ਇਸ ਨੇ ਆਪਣੇ ਫ਼ਿਰਕੇ ਦਾ ਨਾਂ 'ਅਹਿਮਦੀ' ਰਖਿਆ ਜਿਸ ਤੋਂ ਦੋ ਭਾਵ ਲਏ ਜਾ ਸਕਦੇ ਹਨ। ਇਕ ਇਹ ਕਿ ਇਸ ਦਾ ਆਪਣਾ ਨਾਂ ਚੂੰਕਿ ਅਹਿਮਦ ਸੀ, ਇਸ ਲਈ ਇਸ ਦੁਆਰਾ ਚਲਾਏ ਫ਼ਿਰਕੇ ਦਾ ਨਾਂ ਵੀ 'ਅਹਿਮਦੀ' ਪ੍ਰਚਲਿਤ ਹੋ ਗਿਆ। ਦੂਸਰਾ ਇਹ ਕਿ ਅਹਿਮਦ ਨਾਂ ਹਜ਼ਰਤ ਮੁਹੰਮਦ ਦਾ ਸੀ। ਇਸ ਲਈ ਇਸ ਫ਼ਿਰਕੇ ਦਾ ਸੰਬੰਧ ਹਜ਼ਰਤ ਨਾਲ ਜਾ ਜੁੜਦਾ ਹੈ।

ਮਿਰਜ਼ਾ ਗ਼ੁਲਾਮ ਅਹਿਮਦ ਦਾ ਦੇਹਾਂਤ ਸੰਨ 1908 ਈ. ਵਿਚ ਕਾਦੀਆਂ ਵਿਚ ਹੋਇਆ ਅਤੇ ਉਥੇ ਹੀ ਇਸ ਨੂੰ ਦਫ਼ਨਾਇਆ ਗਿਆ। ਇਸ ਤੋਂ ਬਾਦ ਹਕੀਮ ਨੂਰਉੱਦੀਨ ਇਸ ਫ਼ਿਰਕੇ ਦਾ ਪਹਿਲਾ ਖ਼ਲੀਫ਼ਾ ਬਣਿਆ ਅਤੇ ਖ਼ਿਲਾਫ਼ਤ ਦੀ ਪਰੰਪਰਾ ਚਲ ਪਈ। ਇਸ ਫ਼ਿਰਕੇ ਦਾ ਪ੍ਰਚਾਰ ਏਸ਼ੀਆ, ਅਫ਼ਰੀਕਾ ਅਤੇ ਕਈ ਯੂਰਪੀ ਦੇਸ਼ਾਂ ਵਿਚ ਹੋਇਆ।

ਆਰਯ ਸਮਾਜ ਦੇ ਸੰਚਾਲਕ ਸੁਆਮੀ ਦਯਾਨੰਦ ਵਲੋਂ 'ਸਤਿਆਰਥ ਪ੍ਰਕਾਸ਼' ਵਿਚ ਕੀਤੀ ਗਈ ਹੋਰਨਾਂ ਧਰਮਾਂ ਦੀ ਆਲੋਚਨਾ ਦੇ ਪ੍ਰਸੰਗ ਵਿਚ ਮਿਰਜ਼ਾ ਗ਼ੁਲਾਮ ਅਹਿਮਦ ਨੇ ਸਿੱਖਾਂ ਦੀ ਤਰਫ਼ਦਾਰੀ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਉਰਦੂ ਵਿਚ ਇਕ ਪੁਸਤਕ ਲਿਖੀ। ਪਰ ਇਹ ਸਿੱਧ ਕਰਨ ਦਾ ਯਤਨ ਵੀ ਕੀਤਾ ਕਿ ਗੁਰੂ ਨਾਨਕ ਦੇਵ ਜੀ ਮੂਲੋਂ ਮੁਸਲਮਾਨ ਸਨ। ਇਸ ਪ੍ਰਕਾਰ ਦੀ ਵਿਚਾਰਧਾਰਾ ਦਾ ਉਸ ਵਕਤ ਦੇ ਸਿੱਖ-ਵਿਦਵਾਨਾਂ ਅਤੇ ਸਿੰਘ-ਸਭਾ ਲਹਿਰ

ਵਾਲਿਆਂ ਨੇ ਡਟ ਕੇ ਵਿਰੋਧ ਕੀਤਾ। ਆਰਯ ਸਮਾਜ ਨੇ ਆਪਣੀ ਕਿੜ ਕਢਣ ਲਈ 'ਭਾਰਤ ਸੁਧਾਰ' ਨਾਮਕ ਪਤ੍ਰਿਕਾ ਰਾਹੀਂ ਜਿਥੇ ਮਿਰਜ਼ੇ ਦੇ ਵਿਚਾਰਾਂ ਨੂੰ ਨਕਾਰਿਆ, ਉਥੇ ਸਿੱਖਾਂ ਨਾਲ ਵੀ ਸੁਲਹ-ਸਫ਼ਾਈ ਦੀ ਪਹੁੰਚ ਨੂੰ ਅਪਣਾਇਆ। ਸਪੱਸ਼ਟ ਹੈ ਕਿ ਇਸ ਫ਼ਿਰਕੇ ਦੀ ਵਿਚਾਰਧਾਰਾ ਨੇ ਨ ਕੇਵਲ ਹੋਰਨਾਂ ਧਰਮਾਂ ਵਾਲਿਆਂ ਨੂੰ ਵਿਰੋਧ ਲਈ ਤਿਆਰ ਕੀਤਾ, ਸਗੋਂ ਇਸਲਾਮ ਵਿਚ ਵੀ ਤਨਾਓ ਦੀ ਸਥਿਤੀ ਪੈਦਾ ਕੀਤੀ।

**ਅਹਿਰੋਰਾ** (ਕਸਬਾ) : ਉੱਤਰ ਪ੍ਰਦੇਸ਼ ਦਾ ਇਕ ਕਸਬਾ ਜੋ ਮਿਰਜ਼ਪੁਰ ਜ਼ਿਲ੍ਹੇ ਵਿਚ ਸਥਿਤ ਹੈ। ਇਹ ਬਨਾਰਸ (ਕਾਸ਼ੀ) ਤੋਂ ਲਗਭਗ 40 ਕਿ.ਮੀ. ਦੱਖਣ ਵਾਲੇ ਪਾਸੇ ਹੈ। ਪਹਿਲਾਂ ਕਦੇ ਇਹ ਇਕ ਵੱਡਾ ਵਪਾਰਕ ਕੇਂਦਰ ਰਿਹਾ ਸੀ। ਪਟਨਾ ਨੂੰ ਜਾਂਦਿਆਂ ਗੁਰੂ ਤੇਗ ਬਹਾਦਰ ਜੀ ਸੰਨ 1666 ਈ. ਵਿਚ ਇਥੇ ਪਧਾਰੇ ਸਨ। ਉਨ੍ਹਾਂ ਨੇ ਆਪਣੇ ਇਕ ਸਿੱਖ ਭਾਈ ਸਾਧੋ ਨੂੰ ਉਥੇ ਇਕ ਬ੍ਰਿਛ ਲਗਾਉਣ ਲਈ ਕਿਹਾ। ਉਥੇ ਬਾਦ ਵਿਚ ਪੂਰਾ ਬਾਗ਼ ਵਿਕਸਿਤ ਹੋਇਆ। ਕਹਿੰਦੇ ਹਨ ਕਿ ਉਥੇ ਬਾਗ਼ ਹੁਣ ਵੀ ਮੌਜੂਦ ਹੈ ਅਤੇ ਗੁਰੂ-ਧਾਮ ਦਾ ਨਾਂ ਬਾਗ਼ ਕਰਕੇ 'ਗੁਰਦੁਆਰਾ ਬਾਗ਼ ਗੁਰੂ ਤੇਗ ਬਹਾਦਰ ਜੀ ਕਾ' ਪੈ ਗਿਆ ਹੈ। ਜਿਸ ਕਮਰੇ ਵਿਚ ਗੁਰੂ ਸਾਹਿਬ ਠਹਿਰੇ ਸਨ, ਉਹ ਹੁਣ 'ਨਿਵਾਸ ਸਥਾਨ' ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਪ੍ਰਬੰਧ ਸਥਾਨਕ ਕਮੇਟੀ ਦੇ ਹੱਥਾਂ ਵਿਚ ਹੈ।

ਅਹਿਰੋਰਾ ਵਿਚ ਕਦੇ ਸਿੱਖੀ ਦਾ ਕੇਂਦਰ ਰਿਹਾ ਸੀ। ਉਥੋਂ ਦੇ ਪੁਰਾਣੇ ਨਿਵਾਸੀਆਂ ਪਾਸ ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥ-ਲਿਖਿਤ ਬੀੜ (1799 ਬਿ.–1742 ਈ.), ਇਕ ਪੋਥੀ ਅਤੇ ਇਕ ਗੁਟਕਾ ਸੁਰਖਿਅਤ ਹੈ ਜੋ ਉਥੋਂ ਦੇ ਪੁਜਾਰੀਆਂ/ਗ੍ਰੰਥੀਆਂ ਦੀ ਨਿਜੀ ਸੰਭਾਲ ਵਿਚ ਹਨ ਅਤੇ ਵਿਸ਼ੇਸ਼ ਸਮਾਗਮਾਂ ਉਤੇ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਦਰਸ਼ਨ ਕਰਾਏ ਜਾਂਦੇ ਹਨ। ਉਥੋਂ ਦੇ ਪੁਰਾਤਨ ਸਿੱਖ ਹਿੰਦੂਆਂ ਵਾਂਗ ਧੋਤੀਆਂ ਬੰਨ੍ਹਦੇ ਹਨ ਅਤੇ ਉਨ੍ਹਾਂ ਦੀਆਂ ਪਗੜੀਆਂ ਖੱਬੇ ਪਾਸੇ ਵਲ ਬੰਨ੍ਹੀਆਂ ਹੁੰਦੀਆਂ ਹਨ। ਦੇਸ਼ ਵੰਡ ਤੋਂ ਬਾਦ ਉਥੇ ਜਾ ਕੇ ਵਸੇ ਸਿੱਖ ਉਨ੍ਹਾਂ ਨੂੰ 'ਭਈਆ ਸਿੱਖ' ਕਹਿੰਦੇ ਹਨ।

**ਅਹਿੰਸਾ** : 'ਹਿੰਸਾ' ਦੇ ਵਿਪਰੀਤ ਬਿਰਤੀ 'ਅਹਿੰਸਾ' ਅਖਵਾਉਂਦੀ ਹੈ। ਹਿੰਦੂ ਧਰਮ-ਸ਼ਾਸਤ੍ਰਾਂ ਅਨੁਸਾਰ ਹਰ ਵੇਲੇ ਅਤੇ ਹਰ ਤਰ੍ਹਾਂ ਨਾਲ ਭਾਵ ਮਨ, ਬਚਨ ਅਤੇ ਕਰਮ ਨਾਲ, ਕਿਸੇ ਵੀ ਜੀਵ ਨਾਲ ਦੁਸ਼ਮਣੀ ਨ ਕਰਨਾ 'ਅਹਿੰਸਾ' ਹੈ। ਯੋਗ ਦਰਸ਼ਨ ਦੇ ਯਮ ਅਤੇ ਨਿਯਮ ਅਹਿੰਸਾ ਦੇ ਸਿੱਧਾਂਤ ਦੀ ਹੀ ਸਥਾਪਨਾ ਕਰਦੇ ਹਨ। ਮਨ, ਬਾਣੀ ਅਤੇ ਕਰਮ ਤੋਂ ਕਿਸੇ ਨੂੰ ਦੁਖ ਦੇਣ ਦਾ ਸੰਕਲਪ ਜਾਂ ਕਰਮਾਚਾਰ 'ਹਿੰਸਾ' (ਵੇਖੋ) ਦੇ ਅੰਤਰਗਤ ਸਮਝਿਆ ਜਾਂਦਾ ਹੈ।

ਜੈਨ-ਧਰਮ ਅਨੁਸਾਰ ਸਭ ਜੀਵਾਂ ਨਾਲ ਸੰਜਮ ਭਰਿਆ ਵਿਵਹਾਰ ਹੀ 'ਅਹਿੰਸਾ' ਹੈ। 'ਅਹਿੰਸਾ' ਦੇ ਅਗੋਂ ਦੋ ਭੇਦ ਕੀਤੇ ਗਏ ਹਨ — ਕਰਨ-ਯੋਗ ਅਹਿੰਸਾ ਅਤੇ ਨ ਕਰਨ-ਯੋਗ ਅਹਿੰਸਾ। ਇਨ੍ਹਾਂ ਨੂੰ ਕ੍ਰਮਵਾਰ ਸਕ੍ਰਿਯ ਅਹਿੰਸਾ ਅਤੇ ਨਿਸ਼ਕ੍ਰਿਯ ਅਹਿੰਸਾ ਕਿਹਾ ਜਾਂਦਾ ਹੈ। ਬੌਧ-ਧਰਮ ਵਿਚ ਵੀ ਅਹਿੰਸਾ ਪਾਲਨ ਉਤੇ ਬਲ ਦਿੱਤਾ ਗਿਆ ਹੈ, ਪਰ ਜੈਨ-ਮਤ ਤੋਂ ਘਟ। ਇਨ੍ਹਾਂ ਧਰਮਾਂ ਦੁਆਰਾ ਅਹਿੰਸਾ ਨੂੰ ਪ੍ਰਚਾਰਨ ਪਿਛੇ ਉਪਨਿਸ਼ਦਾਂ ਦੇ ਉਨ੍ਹਾਂ ਰਿਸ਼ੀਆਂ-ਮੁਨੀਆਂ ਦੀ ਪ੍ਰੇਰਣਾ ਜ਼ਰੂਰ ਰਹੀ ਹੈ ਜਿਨ੍ਹਾਂ ਨੇ ਵੈਦਿਕ ਯੁਗ ਦੇ ਹਿੰਸਾਤਮਕ ਯੱਗਾਂ ਦੀ ਨਿਖੇਧੀ ਕੀਤੀ ਸੀ ਅਤੇ ਜੀਵ ਹਤਿਆ ਬੰਦ ਕਰਨ ਲਈ ਜ਼ੋਰ ਦਿੱਤਾ ਸੀ। ਈਸਾਈ-ਮਤ ਵਿਚ ਵੀ ਅਹਿੰਸਾ ਦੇ ਸਿੱਧਾਂਤ ਨੂੰ ਸਤਕਾਰਿਆ ਗਿਆ ਹੈ। ਹਜ਼ਰਤ ਈਸਾ ਨੇ ਪ੍ਰੇਮ ਅਤੇ ਅਹਿੰਸਾ ਰਾਹੀਂ ਵੈਰੀਆਂ ਦੇ ਦਿਲ ਵੀ ਜਿਤ ਲਏ ਸਨ। ਉਨ੍ਹਾਂ ਨੇ ਤਾਂ ਆਪਣੇ ਕਾਤਲਾਂ ਨੂੰ ਵੀ ਮਾਫ਼ ਕਰਨ ਲਈ ਆਪਣੇ ਸੇਵਕਾਂ ਨੂੰ ਤਾਕੀਦ ਕੀਤੀ ਸੀ। ਟਾਲਸਟਾਇ, ਮਹਾਤਮਾ ਗਾਂਧੀ ਆਦਿ ਯੁਗ-ਪੁਰਸ਼ਾਂ ਉਤੇ ਈਸਾ ਦੀ ਵਿਚਾਰਧਾਰਾ ਦਾ ਕਾਫ਼ੀ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ।

ਗੁਰਬਾਣੀ ਵਿਚ ਹਿੰਸਾ ਦੀ ਬਿਰਤੀ ਦਾ ਕੋਈ ਸਥਾਨ ਨਹੀਂ। ਹਰਿ ਭਗਤੀ ਵਿਚ ਇਹ ਸਭ ਤੋਂ ਵੱਡੀ ਰੁਕਾਵਟ ਹੈ — *ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ। ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।* (ਗੁ.ਗ੍ਰੰ.1253) ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਅਕਾਰਣ ਹਿੰਸਾ ਵਰਜਿਤ ਹੈ। ਪਰ ਜਦੋਂ ਜੀਵਾਂ/ਮਨੁੱਖਾਂ ਉਤੇ ਜ਼ੁਲਮ ਹੋ ਰਿਹਾ ਹੋਵੇ, ਉਨ੍ਹਾਂ ਨੂੰ ਕਤਲ ਕੀਤਾ ਜਾ ਰਿਹਾ ਹੋਵੇ ਅਤੇ ਕਿਸੇ ਸਾਧਨ ਰਾਹੀਂ ਵੀ ਜ਼ਾਲਮਾਂ ਦੀ ਕਾਰਵਾਈ ਨੂੰ ਠਲ੍ਹ ਨ ਪਾਈ ਜਾ ਸਕਦੀ ਹੋਵੇ ਤਾਂ ਸ਼ਸਤ੍ਰ ਦੀ ਵਰਤੋਂ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ — *ਚੁ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸ਼ਮਸ਼ੀ ਦਸਤ।* (ਜ਼ਫ਼ਰਨਾਮਾ)। ਇਹ ਅਹਿੰਸਾ ਦੇ ਸਿੱਧਾਂਤ ਉਤੇ

ਪਹਿਰਾ ਦੇਣ ਲਈ ਕੀਤੀ ਗਈ 'ਹਿੰਸਾ' ਹੈ। ਇਸ ਨੂੰ 'ਸਕ੍ਰਿਯ ਹਿੰਸਾ' ਦਾ ਨਾਂ ਦਿੱਤਾ ਜਾ ਸਕਦਾ ਹੈ।

**ਅਹੀਆਪੁਰ ਵਾਲੀ ਪੋਥੀ** : ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚੋਂ ਇਕ, ਜੋ ਪਰਿਵਾਰਿਕ ਬਟਵਾਰੇ ਵੇਲੇ ਅਹੀਆਪੁਰ ਵਿਚ ਵਸਦੇ ਭੱਲਾ ਪਰਿਵਾਰ ਦੇ ਹਿੱਸੇ ਆਈ। ਇਹ ਪਰਿਵਾਰ ਹੁਣ ਜਲੰਧਰ ਸ਼ਹਿਰ ਵਿਚ ਵਸਦਾ ਹੈ। ਵੇਖੋ 'ਬਾਬੇ ਮੋਹਨ ਵਾਲੀਆਂ ਪੋਥੀਆਂ'।

**ਅਹੰਕਾਰ** : ਵੇਖੋ 'ਹੰਕਾਰ', 'ਹਉਮੈ'।

**ਅਕਬਰਪੁਰ ਖੁਡਾਲ** (ਪਿੰਡ): ਮਾਨਸਾ ਜ਼ਿਲ੍ਹੇ ਦਾ ਇਕ ਪਿੰਡ ਜਿਸ ਦਾ ਮਹਾਨਕੋਸ਼ ਅਨੁਸਾਰ ਇਕ ਨਾਮਾਂਤਰ 'ਖੁਡਾਲ ਅਕਬਰਵਾਲੀ' (ਵੇਖੋ) ਵੀ ਹੈ।

**ਅਕਬਰ, ਬਾਦਸ਼ਾਹ** (1542-1605 ਈ.): ਇਹ ਬਾਬਰ ਦੇ ਪੁੱਤਰ ਹੁਮਾਯੂੰ ਦੇ ਘਰ ਬੇਗਮ ਹਮੀਦਾਬਾਨੂ ਦੀ ਕੁਖੋਂ 15 ਅਕਤੂਬਰ 1542 ਈ. (ਕਈਆਂ ਨੇ 23 ਨਵੰਬਰ ਲਿਖਿਆ ਹੈ) ਨੂੰ ਅਮਰਕੋਟ (ਸੂਬਾ ਸਿੰਧ) ਵਿਚ ਪੈਦਾ ਹੋਇਆ। ਉਦੋਂ ਹੁਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਹਿੰਦੁਸਤਾਨ ਤੋਂ ਭਜ ਗਿਆ ਸੀ। ਇਸ ਦਾ ਬਚਪਨ ਆਪਣੇ ਚਾਚੇ ਕਾਮਰਾਨ ਕੋਲ ਕਾਬਲ ਦੇ ਕਿਲ੍ਹੇ ਵਿਚ ਬੀਤਿਆ। ਇਸ ਨੂੰ ਪੜ੍ਹਨ ਲਿਖਣ ਵਿਚ ਕੋਈ ਰੁਚੀ ਨਹੀਂ ਸੀ, ਪਰ ਲੜਾਈ ਦੇ ਕਰਤਬਾਂ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਬਚਪਨ ਵਿਚ ਹੀ ਇਸ ਨੇ ਯੁੱਧਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। 20 ਜਨਵਰੀ 1556 ਈ. ਨੂੰ ਹੁਮਾਯੂੰ ਦੇ ਦੇਹਾਂਤ ਪਿਛੋਂ ਪੌਣੇ ਚੌਦਾਂ ਵਰ੍ਹਿਆਂ ਦੀ ਉਮਰ ਵਿਚ ਆਪਣੇ ਉਸਤਾਦ ਬੈਰਾਮ ਖ਼ਾਨ ਦੀ ਦੇਖ-ਰੇਖ ਵਿਚ ਇਹ ਹਿੰਦੁਸਤਾਨ ਦੀ ਗੱਦੀ ਉਤੇ ਬੈਠਾ।

ਦਿੱਲੀ ਦੀ ਅਫ਼ਗ਼ਾਨ ਸੈਨਾ ਨਾਲ ਅਕਬਰ ਦੀ ਸੈਨਾ ਦੀ ਪਾਨੀਪਤ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ। 5 ਨਵੰਬਰ 1556 ਈ. ਨੂੰ ਮੁਗ਼ਲ ਫ਼ੌਜ ਦੀ ਜਿਤ ਹੋਈ ਅਤੇ ਅਕਬਰ ਦਾ ਅਫ਼ਗਾਨਾਂ ਦੇ ਡਰ ਤੋਂ ਛੁਟਕਾਰਾ ਹੋਇਆ। ਇਸ ਨੇ ਆਗਰਾ ਨੂੰ ਆਪਣੀ ਰਾਜਧਾਨੀ ਬਣਾ ਕੇ ਉਸ ਦਾ ਨਾਂ 'ਅਕਬਰਾਬਾਦ' ਰਖਿਆ।

ਕੁਝ ਸਮਾਂ ਬੈਰਾਮ ਖ਼ਾਨ ਨੇ ਰਾਜ ਦੀ ਵਾਗ-ਡੋਰ ਸੰਭਾਲੀ ਰਖੀ, ਪਰ ਅਕਬਰ ਉਸ ਦੀ ਮਨਮਰਜ਼ੀ ਵਾਲੇ ਵਿਵਹਾਰ ਤੋਂ ਸੰਤੁਸ਼ਟ ਨਹੀਂ ਸੀ। ਉਸ ਨੇ ਆਗਰੇ ਤੋਂ ਦਿੱਲੀ ਆ ਕੇ ਬੈਰਾਮ ਖ਼ਾਨ ਨੂੰ ਬਰਤਰਫ਼ ਕਰ ਦਿੱਤਾ ਅਤੇ ਖ਼ੁਦ ਰਾਜ ਦਾ ਕਾਰਜ-ਭਾਰ ਸੰਭਾਲ ਲਿਆ। ਬੈਰਾਮ ਖ਼ਾਨ ਨੇ ਵਿਰੋਧ ਕੀਤਾ, ਪਰ ਉਸ ਨੂੰ ਕੈਦ ਕਰ ਲਿਆ ਗਿਆ ਅਤੇ ਅੰਤ ਵਿਚ ਉਸ ਨੂੰ ਮੱਕੇ ਵਲ ਚਲੇ ਜਾਣ ਲਈ ਛਡ ਦਿੱਤਾ ਗਿਆ।

ਇਸ ਨੇ ਹੌਲੀ ਹੌਲੀ ਸਾਰੇ ਸਿਰਕਸ਼ ਸਰਦਾਰਾਂ ਤੋਂ ਆਪਣਾ ਰਾਜ-ਮਾਰਗ ਸਾਫ਼ ਕੀਤਾ ਅਤੇ ਨਾਲ ਹੀ ਆਪਣੇ ਰਾਜ ਦਾ ਵਿਸਤਾਰ ਕਰਨਾ ਸ਼ੁਰੂ ਕੀਤਾ ਅਤੇ ਜਲਦੀ ਹੀ ਰਾਜਸਥਾਨ ਵਿਚਲੇ ਮਾਲਵਾ, ਅੰਬੇਰ (ਆਮੇਰ) ਅਤੇ ਜੋਧਪੁਰ ਦੇ ਇਲਾਕਿਆਂ ਤਕ ਆਪਣਾ ਅਧਿਕਾਰ-ਖੇਤਰ ਵਧਾ ਲਿਆ। ਆਪਣੀ ਸਿਆਣਪ ਨਾਲ ਇਸ ਨੇ ਰਾਜਪੂਤ ਰਾਜਿਆਂ ਨੂੰ ਆਪਣੇ ਅਧੀਨ ਕਰਨ ਦਾ ਯਤਨ ਕੀਤਾ। ਧਾਰਮਿਕ ਉਦਾਰਤਾ ਵਿਖਾਉਂਦੇ ਹੋਇਆਂ ਕੈਦੀਆਂ ਨੂੰ ਗ਼ੁਲਾਮ ਬਣਾਉਣ, ਜਜ਼ੀਆ ਵਸੂਲ ਕਰਨ ਅਤੇ ਤੀਰਥ-ਯਾਤ੍ਰਾ ਉਤੇ ਰੋਕ ਲਗਾਉਣ ਦੀਆਂ ਪ੍ਰਥਾਵਾਂ ਨੂੰ ਖ਼ਤਮ ਕਰ ਦਿੱਤਾ। ਪਰ ਰਾਜਪੂਤ ਰਾਜਿਆਂ ਵਿਚੋਂ ਬਹੁਤਿਆਂ ਨੇ ਅਕਬਰ ਦੀ ਪ੍ਰਭੁਤਾ ਸਵੀਕਾਰ ਨ ਕੀਤੀ। ਜੈਪੁਰ ਅਤੇ ਜੋਧਪੁਰ ਦੇ ਰਾਜਿਆਂ ਨੇ ਅਕਬਰ ਨਾਲ ਭਾਵੇਂ ਆਪਣੇ ਪਰਿਵਾਰਿਕ ਸੰਬੰਧ ਕਾਇਮ ਕਰ ਲਏ ਪਰ ਮੇਵਾੜ (ਮੇਵਾਰ) ਦੇ ਮਹਾਰਾਣਾ ਉਦੈ ਸਿੰਘ ਨੇ ਅਕਬਰ ਦੀ ਪਰਵਾਹ ਨ ਕੀਤੀ। ਉਸ ਨੂੰ ਦੰਡ ਦੇਣ ਲਈ ਅਕਬਰ ਨੇ ਚਤੌੜਗੜ੍ਹ ਉਤੇ ਹਮਲਾ ਕੀਤਾ। ਮਹਾਰਾਣਾ ਘਾਇਲ ਹੋ ਕੇ ਕਿਲ੍ਹੇ ਵਿਚੋਂ ਨਿਕਲ ਗਿਆ, ਪਰ ਜੈਮਲ ਅਤੇ ਫੱਤਾ ਨਾਂ ਦੇ ਰਾਜਪੂਤ ਯੋਧੇ ਅਦੁੱਤੀ ਵੀਰਤਾ ਨਾਲ ਲੜਦੇ ਹੋਏ ਮਾਰੇ ਗਏ। ਇਨ੍ਹਾਂ ਦਾ ਜਸ ਵੀਰ-ਕਾਵਿ ਦਾ ਵਿਸ਼ਾ ਬਣ ਗਿਆ।

ਸੰਨ 1567 ਈ. ਵਿਚ ਚਤੌੜਗੜ੍ਹ ਅਤੇ ਰਣਥੰਭੌਰ ਦੇ ਕਿਲ੍ਹਿਆਂ ਉਤੇ ਅਕਬਰ ਨੇ ਕਬਜ਼ਾ ਕਰਕੇ ਅਤੇ ਆਪਣੇ ਰਾਜ ਦੀਆਂ ਸੀਮਾਵਾਂ ਕਾਲਿੰਜਰ, ਮਾਰਵਾੜ ਅਤੇ ਬੀਕਾਨੇਰ ਤਕ ਵਧਾਉਂਦਾ ਹੋਇਆ ਗੁਜਰਾਤ ਤਕ ਜਾ ਪਹੁੰਚਿਆ। ਇਧਰ ਪੂਰਬ ਵਲ ਇਸ ਨੇ ਸੰਨ 1572-74 ਈ. ਵਿਚ ਬੰਗਾਲ ਅਤੇ ਬਿਹਾਰ ਦੇ ਪ੍ਰਾਂਤਾਂ ਨੂੰ ਆਪਣੇ ਅਧੀਨ ਕਰ ਲਿਆ। ਫਿਰ ਸਹਿਜੇ ਸਹਿਜੇ ਇਸ ਨੇ ਕਸ਼ਮੀਰ, ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਸਿੰਧ ਤਕ ਆਪਣੀ ਰਾਜ-ਸੀਮਾ

ਵਧਾਈ ਅਤੇ ਦੱਖਣ ਵਿਚ ਵੀ ਆਪਣੀ ਪ੍ਰਭੁਤਾ ਸਥਾਪਿਤ ਕੀਤੀ। ਇਸੇ ਤਰ੍ਹਾਂ ਇਸ ਨੇ ਇਕ ਬਹੁਤ ਵੱਡਾ ਅਤੇ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ। ਦਮੋਦਰ ਨੇ ਆਪਣੇ 'ਹੀਰ' ਦੇ ਕਿੱਸੇ ਵਿਚ ਸੰਕੇਤ ਕੀਤਾ ਹੈ — *'ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨ ਹੁੱਜਤ ਕਾਈ।'*

ਅਕਬਰ ਨੇ ਨਿੱਤ ਵਧਦੇ ਰਾਜ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ। ਆਮਦਨ ਦੇ ਸਾਧਨਾਂ ਨੂੰ ਵਿਵਸਥਿਤ ਰੂਪ ਦਿੱਤਾ। ਸਾਰੇ ਧਰਮਾਂ ਪ੍ਰਤਿ ਉਦਾਰਤਾ ਦਾ ਰਵੈਯਾ ਅਪਣਾਉਂਦੇ ਹੋਇਆ 'ਦੀਨ-ਏ-ਇਲਾਹੀ' ਦੀ ਸਥਾਪਨਾ ਕੀਤੀ ਜਿਸ ਵਿਚ ਹਰ ਧਰਮ ਵਾਲਾ ਸ਼ਾਮਲ ਹੋ ਸਕਦਾ ਸੀ। ਉਸ ਦੇ ਮੁੱਖ ਸਿੱਧਾਂਤ ਇਸ ਪ੍ਰਕਾਰ ਸਨ— ਪਰਮਾਤਮਾ ਵਿਚ ਦ੍ਰਿੜ੍ਹ ਵਿਸ਼ਵਾਸ, ਬਾਦਸ਼ਾਹ ਪ੍ਰਤਿ ਭਗਤੀ ਭਾਵਨਾ ਜਾਂ ਆਸਥਾ, ਮਾਸ ਖਾਣ ਅਤੇ ਜੀਵ ਹਤਿਆ ਕਰਨ ਦੀ ਮਨਾਹੀ, ਇਸਤਰੀ ਸਹਿਵਾਸ ਵਿਚ ਸੰਜਮ ਅਤੇ ਸ਼ੁੱਧਤਾ, ਸਮੇਂ ਸਮੇਂ ਦਾਨ ਅਤੇ ਭੰਡਾਰੇ ਲਗਾਉਣਾ। ਇਸ ਨਵੇਂ ਧਰਮ ਵਿਚ ਸ਼ਾਮਲ ਹੋਣ ਲਈ ਅਕਬਰ ਖ਼ੁਦ ਹਰ ਇਕ ਨੂੰ ਦੀਕਸ਼ਿਤ ਕਰਦਾ ਸੀ। ਇਸ ਧਰਮ ਦੇ ਵਿਅਕਤੀ ਜਦੋਂ ਆਪਸ ਵਿਚ ਮਿਲਦੇ ਤਾਂ 'ਅੱਲਾ-ਹੂ-ਅਕਬਰ' ਕਹਿੰਦੇ ਅਤੇ ਉੱਤਰ ਵਿਚ 'ਜੱਲੇ-ਜਲਾਲ-ਹੂ' ਉਚਾਰਦੇ। ਇਹ ਲੋਕ ਆਪਣੀ ਪਗੜੀ ਵਿਚ ਅਕਬਰ ਦਾ ਇਕ ਨਿੱਕਾ ਜਿਹਾ ਚਿੱਤਰ ਵੀ ਰਖਦੇ। ਪਰ ਕੱਟੜਵਾਦੀ ਮੁਲਾਣਿਆਂ ਨੇ ਅਕਬਰ ਦੇ ਇਸ ਨਵੇਂ ਧਰਮ ਦਾ ਵਿਰੋਧ ਕੀਤਾ। ਕਈਆਂ ਪ੍ਰਾਂਤਾਂ ਵਿਚ ਬਗ਼ਾਵਤ ਵੀ ਹੋਈ, ਜੋ ਭਾਵੇਂ ਅਕਬਰ ਨੇ ਆਪਣੀ ਸੂਝ ਨਾਲ ਦਬਾ ਦਿੱਤੀ ਪਰ ਆਪਣੇ ਨਵੇਂ ਧਰਮ ਦੇ ਪ੍ਰਚਾਰ ਨੂੰ ਹੌਲੀ ਹੌਲੀ ਘਟਾ ਦਿੱਤਾ ਅਤੇ ਇਸ ਤਰ੍ਹਾਂ ਇਹ ਧਰਮ ਅਕਬਰ ਦੇ ਜੀਵਨ -ਕਾਲ ਵਿਚ ਹੀ ਖ਼ਤਮ ਹੋ ਗਿਆ।

ਅਕਬਰ ਨੇ ਕਈ ਸਮਾਜਿਕ ਅਤੇ ਧਾਰਮਿਕ ਸੁਧਾਰ ਕੀਤੇ ਅਤੇ ਬਹੁਤ ਸਾਰੇ ਹਿੰਦੂ ਧਰਮ ਗ੍ਰੰਥਾਂ ਨੂੰ ਫ਼ਾਰਸੀ ਵਿਚ ਅਤੇ ਇਸਲਾਮਿਕ ਧਰਮ ਗ੍ਰੰਥਾਂ ਨੂੰ ਭਾਖਾ ਵਿਚ ਅਨੁਵਾਦ ਕਰਵਾਇਆ ਤਾਂ ਜੋ ਦੋਹਾਂ ਧਰਮਾਂ ਵਾਲੇ ਇਕ ਦੂਜੇ ਦੇ ਸਭਿਆਚਾਰ ਨੂੰ ਸਮਝ ਸਕਣ। ਇਹ ਵਿਦਵਾਨਾਂ ਅਤੇ ਕਲਾਕਾਰਾਂ ਦਾ ਕਦਰਦਾਨ ਸੀ। 'ਮਹਿਮਾ ਪ੍ਰਕਾਸ਼' ਅਨੁਸਾਰ ਅਕਬਰ ਬਾਦਸ਼ਾਹ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ, ਪਹਿਲਾਂ ਲੰਗਰ ਛਕ ਕੇ ਹਾਜ਼ਰ ਹੋਇਆ ਸੀ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ, ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਵੀ ਹਾਜ਼ਰ ਹੋਇਆ ਸੀ। ਅਬੁਲ ਫ਼ਜ਼ਲ ਨੇ 'ਅਕਬਰਨਾਮਾ' ਵਿਚ ਲਿਖਿਆ ਹੈ ਕਿ ਅਕਬਰ 24 ਨਵੰਬਰ 1598 ਈ. ਨੂੰ ਗੁਰੂ ਅਰਜਨ ਦੇਵ ਪਾਸ ਗੋਇੰਦਵਾਲ ਗਿਆ ਸੀ। ਗੁਰੂ ਜੀ ਦੇ ਕਹੇ 'ਤੇ ਸੋਕੇ ਦੇ ਮਾਰੇ ਕਿਸਾਨਾਂ ਦਾ ਮਾਲੀਆ ਅਕਬਰ ਨੇ ਮਾਫ਼ ਕੀਤਾ ਸੀ। ਇਕ ਹੋਰ ਕਥਨ ਅਨੁਸਾਰ ਜਦੋਂ ਅਕਬਰ ਬਟਾਲੇ ਠਹਿਰਿਆ ਹੋਇਆ ਸੀ ਤਾਂ ਗੁਰੂ ਜੀ ਦੇ ਵਿਰੋਧੀਆਂ ਨੇ ਬਾਦਸ਼ਾਹ ਅਗੇ ਸ਼ਿਕਾਇਤ ਕੀਤੀ ਕਿ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਅਤੇ ਹੋਰਨਾਂ ਧਰਮਾਂ ਦੇ ਵਿਰੋਧੀ ਅੰਸ਼ ਸ਼ਾਮਲ ਕੀਤੇ ਹਨ। ਅਕਬਰ ਨੇ ਗੁਰੂ ਜੀ ਨੂੰ ਬਟਾਲੇ ਬੁਲਾਇਆ। ਗੁਰੂ ਜੀ ਨੇ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੂੰ ਗ੍ਰੰਥ ਸਾਹਿਬ ਸਹਿਤ ਉਥੇ ਭੇਜਿਆ। ਅਕਬਰ ਨੇ ਗ੍ਰੰਥ ਸਾਹਿਬ ਨੂੰ ਆਪਣੀ ਇੱਛਾ ਅਨੁਸਾਰ ਕੁਝ ਥਾਂਵਾਂ ਤੋਂ ਪੜ੍ਹਵਾਇਆ। ਤਸਲੀ ਹੋ ਜਾਣ 'ਤੇ ਗ੍ਰੰਥ ਸਾਹਿਬ ਅਗੇ 51 ਮੋਹਰਾਂ ਭੇਂਟ ਕੀਤੀਆਂ ਅਤੇ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੂੰ ਖ਼ਿਲਤਾਂ ਦੇ ਕੇ ਆਦਰ ਸਹਿਤ ਵਿਦਾ ਕੀਤਾ। ਗੁਰੂ ਜੀ ਲਈ ਵੀ ਇਕ ਕੀਮਤੀ ਖ਼ਿਲਤ ਭੇਜੀ।

ਦੱਖਣ ਦੀਆਂ ਲੜਾਈਆਂ ਵਿਚ ਰੁਝੇ ਹੋਣ ਕਾਰਣ ਅਕਬਰ ਦੇ ਲੜਕੇ ਸਲੀਮ (ਜਹਾਂਗੀਰ) ਨੇ ਬਗ਼ਾਵਤ ਕੀਤੀ, ਪਰ ਸੰਨ 1603 ਈ. ਵਿਚ ਉਸ ਨੇ ਮਾਫ਼ੀ ਮੰਗ ਕੇ ਪਿਤਾ ਦੀ ਅਧੀਨਗੀ ਸਵੀਕਾਰ ਕਰ ਲਈ। 16 ਅਕਤੂਬਰ 1605 ਈ. ਨੂੰ ਅਕਬਰ ਦਾ ਆਗਰੇ ਵਿਚ ਦੇਹਾਂਤ ਹੋਇਆ। ਇਹ ਬਹੁਤ ਪ੍ਰਤਾਪੀ, ਗੰਭੀਰ, ਉਦਾਰ, ਹਰਮਨ ਪਿਆਰਾ ਅਤੇ ਦੂਰਦਰਸ਼ੀ ਸ਼ਾਸਕ ਸੀ।

**ਅਕਾਲ** : ਸਿੱਖ ਧਰਮ-ਸਾਧਨਾ ਵਿਚ ਇਸ ਨੂੰ ਪਰਮਾਤਮਾ ਦਾ ਵਾਚਕ ਸ਼ਬਦ ਮੰਨਿਆ ਗਿਆ ਹੈ। 'ਕਾਲ' (ਵੇਖੋ) ਦਾ ਅਰਥ ਹੈ ਸਮਾਂ, ਮ੍ਰਿਤੂ। ਇਸ ਤਰ੍ਹਾਂ 'ਅਕਾਲ' ਦਾ ਅਰਥ ਹੋਇਆ ਜੋ ਸਮੇਂ ਅਤੇ ਮ੍ਰਿਤੂ ਦੇ ਪ੍ਰਭਾਵ ਤੋਂ ਪਰੇ ਹੈ। ਅਜਿਹੀ ਸੱਤਾ ਕੇਵਲ ਪਰਮਾਤਮਾ ਹੀ ਹੋ ਸਕਦੀ ਹੈ। ਕਿਉਂਕਿ ਜੋ ਕਾਲ ਦਾ ਬੰਨ੍ਹਿਆ ਹੈ, ਉਹ ਜੰਮਦਾ ਅਤੇ ਮਰਦਾ ਹੈ, ਪਰ ਪਰਮਾਤਮਾ ਅਜੂਨੀ ਹੈ, ਜੰਮਦਾ ਮਰਦਾ ਨਹੀਂ, ਇਸ ਲਈ ਕਾਲ ਦੇ ਘੇਰੇ ਵਿਚ ਨਹੀਂ ਹੈ।

ਪਰਮ-ਸੱਤਾ ਨੂੰ ਕਾਲ-ਅਤੀਤ ਮੰਨਣ ਦੀ ਪੁਰਾਣੀ ਪਰੰਪਰਾ ਹੈ। 'ਭਗਵਦ ਗੀਤਾ' (2/17) ਵਿਚ ਅਵਿਨਾਸ਼ੀ

ਬ੍ਰਹਮ ਦਾ ਵਿਨਾਸ਼ ਕਰਨ ਵਿਚ ਕਿਸੇ ਨੂੰ ਸਮਰਥ ਨਹੀਂ ਮੰਨਿਆ ਗਿਆ ਹੈ। ਮਾਂਡੂਕ੍ਯ ਉਪਨਿਸ਼ਦ (1) ਵਿਚ ਉਸ ਨੂੰ ਤ੍ਰੈਕਾਲ-ਅਤੀਤ ਕਿਹਾ ਗਿਆ ਹੈ। ਸ਼੍ਵੇਤਾਸ਼੍ਵਤਰ ਉਪਨਿਸ਼ਦ (6/16) ਅਨੁਸਾਰ ਪ੍ਰਭੂ ਕਾਲ ਦਾ ਵੀ ਕਾਲ ਹੈ।

ਗੁਰੂ ਨਾਨਕ ਦੇਵ ਜੀ ਨੇ 'ਮੂਲ ਮੰਤ੍ਰ' ਵਿਚ ਪਰਮਾਤਮਾ ਨੂੰ 'ਅਕਾਲ ਮੂਰਤਿ' (ਕਾਲ-ਅਤੀਤ ਸਰੂਪੀ) ਕਿਹਾ ਹੈ। ਕਿਤੇ ਕਿਤੇ 'ਅਕਾਲ ਪੁਰਖ' ਵੀ ਕਿਹਾ ਗਿਆ ਹੈ। ਮਾਰੂ ਰਾਗ ਵਿਚ ਗੁਰੂ ਜੀ ਨੇ ਦਸਿਆ ਹੈ ਕਿ *ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ। ਤੂ ਪੁਰਖੁ ਅਲੇਖ ਅਗੰਮ ਨਿਰਾਲਾ।* (ਗੁ.ਗ੍ਰੰ.1038)। ਵਿਕਰਾਲ ਕਾਲ ਨੂੰ ਵੀ ਪਰਮਾਤਮਾ ਨੇ ਗ੍ਰਸ ਲਿਆ ਹੈ (*ਕਾਲ ਬਿਕਾਲ ਕੀਏ ਇਕ ਗ੍ਰਾਸਾ*— ਗੁ. ਗ੍ਰੰ.1038)। ਇਸ ਤਰ੍ਹਾਂ ਪਰਮਾਤਮਾ ਤ੍ਰੈ-ਕਾਲ ਸ਼ਾਸਿਤ ਨਹੀਂ, ਕਾਲ ਦਾ ਰਚੈਤਾ ਅਤੇ ਉਸ ਨੂੰ ਆਪਣੇ ਅਧੀਨ ਰਖਣ ਵਾਲਾ ਹੈ। ਪਰਮਾਤਮਾ *ਸਦਾ ਸਲਾਮਤਿ* ਹੈ, ਉਸ ਦੀ ਤੁਲਨਾ 'ਤੇ 'ਕਾਲ' ਅਨਾਦਿ ਅਤੇ ਸਦੀਵੀ ਸੱਤਾ ਨਹੀਂ ਹੈ। ਇਸ ਤਰ੍ਹਾਂ ਇਹ ਸ਼ਬਦ ਨਿਰਗੁਣਤਾਵਾਦੀ ਹੈ।

'ਦਸਮ ਗ੍ਰੰਥ' ਵਿਚ ਕਿਤੇ ਕਿਤੇ 'ਅਕਾਲ' ਨੂੰ ਕਾਲ, ਮਹਾਕਾਲ, ਸਰਬਕਾਲ ਆਦਿ ਸ਼ਬਦਾਂ ਦੁਆਰਾ ਰੂਪਾਇਕ ਕਰਕੇ ਇਸ ਨੂੰ ਸਗੁਣਤਾ ਦੇ ਘੇਰੇ ਵਿਚ ਵੀ ਲਿਆਉਂਦਾ ਗਿਆ ਹੈ। 'ਬਚਿਤ੍ਰ ਨਾਟਕ' (ਅਧਿ.1) ਵਿਚ ਹੋਰ ਹਰ ਪ੍ਰਕਾਰ ਦੇ ਇਸ਼ਟਦੇਵਾਂ ਦੇ ਮੁਕਾਬਲੇ 'ਕਾਲ' ਦੀ ਉਪਾਸਨਾ ਲਈ ਤਾਕੀਦ ਕੀਤੀ ਗਈ ਹੈ — *ਕਾਹੇ ਕੋ ਕੂਰ ਕਰੇ ਤਪਸਾ। ਇਨ ਕੀ ਕੋਊ ਕੌਡੀ ਕੇ ਕਾਮ ਨ ਐਹੈ। ਤੋਹਿ ਬਚਾਇ ਸਕੈ ਕਹੁ ਕੈਸੇ ਕੈ ਆਪਨ ਘਾਵ ਬਚਾਇ ਨ ਐਹੈ। ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪਿ ਟੰਗਿਓ ਤਿਮ ਤੋਹਿ ਟੰਗੈ ਹੈ। ਚੇਤ ਰੇ ਚੇਤ ਅਜੋ ਜੀਅ ਮੈ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ ।98।*

**ਅਕਾਲ ਉਸਤਤਿ** (ਬਾਣੀ) : 'ਦਸਮ-ਗ੍ਰੰਥ' ਵਿਚ ਕ੍ਰਮਾਂਕ ਦੋ ਉਤੇ ਸੰਕਲਿਤ ਇਹ ਭਗਤੀ ਪ੍ਰਧਾਨ ਰਚਨਾ ਹੈ। ਇਸ ਦੇ ਸ਼ੁਰੂ ਵਿਚ 'ਅਕਾਲ ਉਸਤਤਿ' ਆਦਿ ਕਿਸੇ ਪ੍ਰਕਾਰ ਦਾ ਕੋਈ ਨਾਂ ਨਹੀਂ ਦਿੱਤਾ ਹੋਇਆ। ਪੁਰਾਤਨ ਬੀੜਾਂ ਵਿਚ ਕਿਤੇ ਕਿਤੇ ਅਖ਼ੀਰ 'ਤੇ 'ਉਸਤਤ ਸੰਪੂਰਨੰ' ਸ਼ਬਦ ਲਿਖੇ ਹਨ। ਸੰਭਵ ਹੈ ਇਸ ਦੇ ਵਰਣਿਤ ਵਿਸ਼ੇ ਨੂੰ ਧਿਆਨ ਵਿਚ ਰਖ ਕੇ ਕਿਸੇ ਲਿਖਾਰੀ ਜਾਂ ਸੰਗ੍ਰਹਿ-ਕਰਤਾ ਨੇ ਇਸ ਨੂੰ ਵਰਤਮਾਨ ਨਾਂ ਦੇ ਦਿੱਤਾ ਹੋਵੇ।

ਇਸ ਦੇ ਆਰੰਭ ਵਿਚ 'ਉਤਾਰ ਖਾਸੇ ਦਸਖਤ ਕਾ। ਪਾਤਿਸਾਹੀ ੧੦' ਉਕਤੀ ਲਿਖੀ ਮਿਲਦੀ ਹੈ। ਉਸ ਤੋਂ ਬਾਦ ਹੇਠ ਲਿਖਿਆ ਛੰਦ (ਉਦਗਾਰ) ਅੰਕਿਤ ਹੋਇਆ ਹੈ :

*ਅਕਾਲ ਪੁਰਖ ਕੀ ਰਛਾ ਹਮਨੈ।*
*ਸਰਬ ਲੋਹ ਕੀ ਰਛਿਆ ਹਮਨੈ।*
*ਸਰਬ ਕਾਲ ਜੀ ਦੀ ਰਛਿਆ ਹਮਨੈ।*
*ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।*

ਇਸ ਤੋਂ ਅਗੇ 'ਆਗੇ ਲਿਖਾਰੀ ਕੇ ਦਸਖਤ' ਉਕਤੀ ਲਿਖੀ ਹੈ। ਇਸ ਤੋਂ ਸਪੱਸ਼ਟ ਹੈ ਕਿ ਇਸ ਬਾਣੀ ਨੂੰ ਜਦੋਂ 'ਦਸਮ-ਗ੍ਰੰਥ' ਦੇ ਵਰਤਮਾਨ ਰੂਪ ਵਿਚ ਦਰਜ ਕੀਤਾ ਗਿਆ ਤਾਂ ਇਸ ਦਾ ਉਤਾਰਾ ਕਿਸੇ ਅਜਿਹੀ ਪੋਥੀ ਤੋਂ ਕੀਤਾ ਗਿਆ ਜਿਸ ਦੇ ਸ਼ੁਰੂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਨਾਲ ਲਿਖਿਆ ਉਪਰੋਕਤ ਛੰਦ ਹੋਵੇਗਾ ਅਤੇ ਉਸ ਤੋਂ ਬਾਦ ਦਾ ਸਾਰਾ ਪਾਠ ਕਿਸੇ ਲਿਖਾਰੀ ਨੇ ਲਿਖਿਆ ਹੋਵੇਗਾ।

ਇਸ ਦਾ ਮੂਲ ਪਾਠ 'ਤ੍ਵਪ੍ਰਸਾਦਿ' ਉਕਤੀ ਸਹਿਤ ਚਉਪਈ ਛੰਦ ਦੀ ਵਰਤੋਂ ਨਾਲ ਸ਼ੁਰੂ ਹੁੰਦਾ ਹੈ। ਪਹਿਲੇ ਦਸ ਚਉਪਈ ਛੰਦਾਂ ਵਿਚ ਗੁਰੂ ਜੀ ਦੀ ਬ੍ਰਹਮ ਸੰਬੰਧੀ ਧਾਰਣਾ ਸਪੱਸ਼ਟ ਹੁੰਦੀ ਹੈ। ਸਭ ਤੋਂ ਪਹਿਲਾਂ 'ਇਕ ਓਅੰਕਾਰ' ਨੂੰ ਪ੍ਰਣਾਮ ਕੀਤਾ ਗਿਆ ਹੈ। 'ਓਅੰਕਾਰ' ਸ਼ਬਦ ਗੁਰਬਾਣੀ ਵਿਚ ਬ੍ਰਹਮ ਦੇ ਵਾਚਕ ਵਜੋਂ ਵਰਤਿਆ ਗਿਆ ਹੈ। 'ਓਅੰਕਾਰ' ਨਾਂ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਰਾਹੀਂ ਹੀ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਹੈ। ਮੂਲ-ਮੰਤ੍ਰ ਵਿਚ ਇਸ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ। 'ਜਾਪੁ ਸਾਹਿਬ' ਵਿਚ ਵੀ ਇਸ ਨੂੰ ਪਰਮਾਤਮਾ ਦੇ ਨਾਂਵਾਂ ਦੀ ਸੂਚੀ ਵਿਚ ਗਿਣਿਆ ਗਿਆ ਹੈ। ਇਸ ਤੋਂ ਇਲਾਵਾ ਪਰਮਾਤਮਾ ਨੂੰ ਸਰਬ-ਵਿਆਪਕ, ਸਭ ਵਿਚ ਸਮਾਇਆ ਹੋਇਆ ਅਤੇ ਘਟ ਘਟ ਵਾਸੀ ਵੀ ਦਸਿਆ ਗਿਆ ਹੈ।

ਦਸ ਚਉਪਈਆਂ ਤੋਂ ਬਾਦ 10 ਕਬਿੱਤ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਪਰਮਾਤਮਾ ਦੀ ਸਰਬ-ਵਿਆਪਕਤਾ, ਅਨੇਕ-ਰੂਪਤਾ ਅਤੇ ਫਿਰ ਇਕ-ਰੂਪਤਾ ਆਦਿ ਗੁਣਾਂ ਦਾ ਪਰਿਚਯ ਦਿੱਤਾ ਹੈ। ਇਸ ਸੰਸਾਰ ਵਿਚ ਅਨੇਕ ਤਰ੍ਹਾਂ ਨਾਲ ਪਰਮਾਤਮਾ ਨੂੰ ਯਾਦ ਕੀਤਾ ਜਾਂਦਾ ਹੈ, ਪਰ ਮੂਲ ਭਾਵਨਾ ਅਨੇਕਤਾ ਵਿਚ ਏਕਤਾ ਲਭਣ ਦੀ ਰਹੀ ਹੈ।

ਇਸ ਤੋਂ ਅਗੇ 10 ਸਵੈਯੇ ਹਨ। ਇਹ ਸਵੈਯੇ

'ਅੰਮ੍ਰਿਤ ਸੰਚਾਰ' ਦੀਆਂ ਪੰਜ ਬਾਣੀਆਂ ਵਿਚ ਸ਼ਾਮਲ ਕੀਤੇ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦੀ ਰਚਨਾ 'ਅੰਮ੍ਰਿਤ-ਸੰਚਾਰ' ਦੀ ਘਟਨਾ ਤੋਂ ਪਹਿਲਾਂ ਹੋ ਗਈ ਪ੍ਰਤੀਤ ਹੁੰਦੀ ਹੈ। ਇਨ੍ਹਾਂ ਵਿਚ ਵਖਰੀਆਂ ਵਖਰੀਆਂ ਸਾਧਨਾ ਪ੍ਰਣਾਲੀਆਂ ਦੇ ਬਾਹਰਲੇ ਆਡੰਬਰਾਂ, ਕਰਮ-ਕਾਂਡਾਂ, ਸੰਸਾਰਿਕ ਸੁਖਾਂ-ਭੋਗਾਂ ਆਦਿ ਦਾ ਵਰਣਨ ਕਰਕੇ ਪ੍ਰੇਮ-ਪੂਰਵਕ ਪਰਮਾਤਮਾ ਦੀ ਭਗਤੀ ਕਰਨ ਵਲ ਜਿਗਿਆਸੂ ਨੂੰ ਰੁਚਿਤ ਕੀਤਾ ਗਿਆ ਹੈ। ਨਮੂਨੇ ਵਜੋਂ 29ਵਾਂ ਸਵੈਯਾ ਵਿਚਾਰਨਯੋਗ ਹੈ।

ਇਸ ਤੋਂ ਅਗੇ 20 ਤੋਮਰ ਛੰਦਾਂ ਵਿਚ ਨਿਰਵਿਕਾਰ ਪਰਮਾਤਮਾ ਦਾ ਗੁਣਗਾਨ ਹੈ ਅਤੇ ਉਸ ਦੇ ਮੁਕਾਬਲੇ 'ਤੇ ਸਾਰੇ ਦੇਵੀ ਦੇਵਤੇ, ਅਵਤਾਰ, ਧਰਮ-ਗ੍ਰੰਥ, ਤੀਰਥ-ਇਸ਼ਨਾਨ, ਧਾਰਮਿਕ ਅਨੁਸ਼ਠਾਨ ਵਿਅਰਥ ਹਨ। ਇਕ ਪਰਮਾਤਮਾ ਹੀ ਸਰਬ ਸ੍ਰੇਸ਼ਠ ਸ਼ਕਤੀ ਹੈ। ਫਿਰ 20 ਲਘੁ-ਨਰਾਜ ਛੰਦਾਂ ਰਾਹੀਂ ਪਰਮਾਤਮਾ ਦੀ ਸਰਬ-ਵਿਆਪਕਤਾ ਅਤੇ ਸਰਬ-ਸ਼ਕਤੀਮਾਨਤਾ ਨੂੰ ਸਪੱਸ਼ਟ ਕਰਦਿਆਂ ਉਸ ਦੀ ਉਪਾਸਨਾ ਵਲ ਜਿਗਿਆਸੂ ਨੂੰ ਪ੍ਰੇਰਿਆ ਗਿਆ ਹੈ। ਇਸ ਤੋਂ ਬਾਦ 20 ਕਬਿੱਤ ਹਨ ਜਿਨ੍ਹਾਂ ਵਿਚ ਦੁਨਿਆਵੀ ਪ੍ਰਪੰਚ ਵਿਅਰਥ ਮੰਨੇ ਗਏ ਹਨ ਅਤੇ ਸਾਰੀਆਂ ਸੰਸਾਰਿਕ ਸ਼ਕਤੀਆਂ ਤੋਂ ਪਰਮਾਤਮਾ ਨੂੰ ਅਪਰ ਅਪਾਰ ਦਸਿਆ ਗਿਆ ਹੈ। ਗੁਰੂ ਜੀ ਵੈਰੀ-ਮਿਤਰ, ਸੁਧਰਮੀ-ਵਿਧਰਮੀ ਦੇ ਲਗਾਓ ਤੋਂ ਉੱਚੇ ਉਠ ਕੇ ਸੱਚੀ ਭਾਵਨਾ ਨਾਲ ਮਾਨਵਤਾ ਦੇ ਉਧਾਰਕ ਰੂਪ ਵਿਚ ਪ੍ਰਗਟ ਹੋਏ ਸਨ। ਉਨ੍ਹਾਂ ਲਈ ਮਨੁੱਖ ਮਨੁੱਖ ਵਿਚ ਕੋਈ ਅੰਤਰ ਨਹੀਂ, ਭਾਵੇਂ ਉਹ ਇਸ ਦੇਸ਼ ਦਾ ਹੋਵੇ, ਭਾਵੇਂ ਕਿਸੇ ਹੋਰ ਦੇਸ਼ ਦਾ; ਧਾਰਮਿਕ ਵਿਸ਼ਵਾਸ ਵੀ ਉਨ੍ਹਾਂ ਲਈ ਕੋਈ ਅੰਤਰ ਉਪਸਥਿਤ ਨਹੀਂ ਕਰ ਸਕਦੇ (85)।

ਇਸ ਪ੍ਰਕਰਣ ਤੋਂ ਅਗੇ 30 ਭੁਜੰਗ-ਪ੍ਰਯਾਤ ਛੰਦ ਹਨ ਜਿਨ੍ਹਾਂ ਵਿਚ ਪਰਮਾਤਮਾ ਦੇ ਨਿਰਵਿਕਾਰ, ਨਿਸ਼ਕਾਮ ਰੂਪ 'ਤੇ ਪ੍ਰਕਾਸ਼ ਪਾਇਆ ਗਿਆ ਹੈ। ਫਿਰ 20 ਪਾਧੜੀ ਛੰਦ ਹਨ ਜਿਨ੍ਹਾਂ ਵਿਚ ਅਕਾਲ ਸੱਤਾ ਦੇ ਗੁਣ ਸਪੱਸ਼ਟ ਕੀਤੇ ਗਏ ਹਨ। ਅਗਲੇ 20 ਤੋਟਕ ਛੰਦਾਂ ਵਿਚ ਪਰਮਾਤਮਾ ਦੀ ਸ੍ਰਿਸ਼ਟੀ-ਸਿਰਜਨਾ ਵਲ ਸੰਕੇਤ ਕੀਤਾ ਗਿਆ ਹੈ। ਫਿਰ 20 ਨਰਾਜ ਅਤੇ 20 ਰੂਆਮਲ ਛੰਦਾਂ ਰਾਹੀਂ ਪਰਮਾਤਮਾ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ।

ਇਸ ਤੋਂ ਅਗੇ 10 ਦੋਹਰੇ (201 ਤੋਂ 210) ਹਨ। ਇਨ੍ਹਾਂ ਵਿਚ ਅਧਿਆਤਮਿਕਤਾ ਸੰਬੰਧੀ ਕੁਝ ਪ੍ਰਸ਼ਨ ਹਨ ਅਤੇ ਉਨ੍ਹਾਂ ਦੇ ਉੱਤਰਾਂ ਸੰਬੰਧੀ ਧਾਰਣਾ ਹੈ ਕਿ ਸੰਕੇਤ ਰੂਪ ਵਿਚ ਉਹ ਆਪਣੇ ਮੂਲ ਪ੍ਰਸ਼ਨਾਂ ਵਿਚ ਹੀ ਲੁਪਤ ਹਨ। ਇਸ ਪ੍ਰਸੰਗ ਨੂੰ ਬੜੇ ਵਿਸਤਾਰ ਨਾਲ ਸਪੱਸ਼ਟ ਕਰਦਿਆਂ ਪੰਡਿਤ ਨਰੈਣ ਸਿੰਘ ਨੇ ਆਪਣੇ ਟੀਕੇ ਵਿਚ ਲਿਖਿਆ ਹੈ ਇਹ ਦੋਹਰੇ ਪਹੇਲਿਕਾਲੰਕਾਰ ਵਜੋਂ ਲਿਖੇ ਗਏ ਹਨ। ਇਨ੍ਹਾਂ ਵਿਚ ਜੋ ਬੁਝਾਰਤਾਂ ਪਾਈਆਂ ਗਈਆਂ ਹਨ, ਉਨ੍ਹਾਂ ਦੇ ਉੱਤਰਾਂ ਵਲ ਵੀ ਸੰਕੇਤ ਵਿਚੋਂ ਹੀ ਮਿਲ ਜਾਂਦਾ ਹੈ। ਪਹੇਲਿਕਾਲੰਕਾਰ ਦੇ ਦੋ ਭੇਦ—ਅਰਥ ਅਤੇ ਵਰਣ—ਦਸਦੇ ਹੋਇਆਂ ਇਨ੍ਹਾਂ ਦੋਹਰਿਆਂ ਨੂੰ ਵਰਣ-ਪਹੇਲਿਕਾ ਦੇ ਅੰਤਰਲਾਪਿਕਾ ਉਪ-ਭੇਦ ਦੇ ਅੰਤਰਗਤ ਰਖਿਆ ਗਿਆ ਹੈ। ਪਰ ਕੁਝ ਵਿਦਵਾਨਾਂ ਦੀ ਧਾਰਣਾ ਹੈ ਕਿ ਇਨ੍ਹਾਂ ਵਿਚ ਸ਼ੰਕਾਵਾਂ ਉਠਾਈਆਂ ਗਈਆਂ ਹਨ, ਪਰ ਉਨ੍ਹਾਂ ਦਾ ਸਮਾਧਾਨ ਨਹੀਂ ਕੀਤਾ ਗਿਆ। ਇਸ ਤਰ੍ਹਾਂ ਇਹ ਦਸ ਦੋਹਰੇ 'ਅਕਾਲ ਉਸਤਤਿ' ਮੂਲ ਵਿਸ਼ੇ ਤੋਂ ਹਟਵੇਂ ਹਨ ਜਿਸ ਕਰਕੇ ਇਸ ਰਚਨਾ ਵਿਚ ਭਾਵ-ਕ੍ਰਮ ਵਿਵਸਥਾ ਦਾ ਅਭਾਵ ਪ੍ਰਤੀਤ ਹੁੰਦਾ ਹੈ। ਇਨ੍ਹਾਂ ਦਾ ਸੰਬੰਧ, ਕੁਝ ਵਿਦਵਾਨਾਂ ਅਨੁਸਾਰ, 'ਗਿਆਨ ਪ੍ਰਬੋਧ' ਰਚਨਾ ਨਾਲ ਬੈਠਦਾ ਹੈ।

ਦੋਹਰਿਆਂ ਤੋਂ ਬਾਦ 20 ਦੀਰਘ ਤ੍ਰਿਭੰਗੀ ਛੰਦ ਹਨ। ਇਹ ਵੀ ਅਪ੍ਰਸੰਗਿਕ ਢੰਗ ਨਾਲ ਦਰਜ ਹੋਏ ਪ੍ਰਤੀਤ ਹੁੰਦੇ ਹਨ। ਕਿਉਂਕਿ ਇਨ੍ਹਾਂ ਦਾ ਵਰਣਿਤ ਵਿਸ਼ਾ ਚੰਡੀ ਦੇਵੀ ਦਾ ਗੁਣਗਾਨ ਹੈ ਜਿਸ ਦਾ ਸੰਬੰਧ ਗੁਰੂ ਜੀ ਦੀ ਇਸ਼ਟ-ਭਾਵਨਾ ਨਾਲ ਨਹੀਂ ਹੈ। ਇਸ ਸੰਬੰਧ ਵਿਚ ਕੁਝ ਵਿਦਵਾਨਾਂ ਨੇ ਆਪਣੇ ਵਲੋਂ ਸਪੱਸ਼ਟੀਕਰਣ ਪੇਸ਼ ਕਰਨ ਦਾ ਯਤਨ ਕੀਤਾ ਹੈ। ਕੁਝ ਦਾ ਮਤ ਹੈ ਕਿ ਇਹ 'ਚੰਡੀ ਚਰਿਤ੍ਰ-2' ਵਿਚ ਸ਼ਾਮਲ ਹੋਣੇ ਸਨ, ਜੋ ਲਿਖਾਰੀ ਦੀ ਭੁਲ ਨਾਲ ਇਥੇ ਪਾ ਦਿੱਤੇ ਗਏ ਹਨ। ਕੁਝ ਵਿਦਵਾਨਾਂ ਦੀ ਸਥਾਪਨਾ ਹੈ ਕਿ ਜਦੋਂ ਗੁਰੂ ਜੀ 'ਅਕਾਲ ਉਸਤਤਿ' ਬਾਣੀ ਦੀ ਰਚਨਾ ਕਰ ਰਹੇ ਸਨ, ਉਦੋਂ ਕਾਸ਼ੀ ਤੋਂ ਪੰਡਿਤ ਕਾਸ਼ੀ ਰਾਮ ਆ ਗਿਆ। ਉਸ ਨੇ ਗੁਰੂ ਸਾਹਿਬ ਦੀ ਮਹਾਨਤਾ ਨੂੰ ਪਰਖਣ ਲਈ ਮਨ ਵਿਚ ਵਿਚਾਰ ਕੀਤਾ ਕਿ ਜੇ ਉਹ ਮੈਨੂੰ ਜ਼ਬਾਨੀ ਯਾਦ ਦੁਰਗਾ-ਸਤੋਤ੍ਰ ਦਾ ਭਾਸ਼ਾ ਵਿਚ ਕਾਵਿ-ਅਨੁਵਾਦ ਕਰਕੇ ਸੁਣਾਉਣ ਤਾਂ ਉਹ ਉਨ੍ਹਾਂ ਦੀ ਮਹਾਨਤਾ ਨੂੰ ਸਵੀਕਾਰ ਕਰਨ ਲਈ ਤਿਆਰ ਹੈ। ਅੰਤਰਯਾਮੀ ਗੁਰੂ ਸਾਹਿਬ ਨੇ ਪੰਡਿਤ ਦੇ ਦਰਬਾਰ ਵਿਚ ਆਉਂਦਿਆਂ ਹੀ ਚੰਡੀ-ਸਤੋਤ੍ਰ ਦਾ ਇਨ੍ਹਾਂ 20 ਦੀਰਘ ਤ੍ਰਿਭੰਗੀ ਛੰਦਾਂ ਦੇ ਰੂਪ ਵਿਚ ਅਨੁਵਾਦ ਸੁਣਾਉਣਾ ਸ਼ੁਰੂ ਕਰ

ਦਿੱਤਾ। ਪੰਡਿਤ ਗੁਰੂ ਸਾਹਿਬ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਸਾਹਿਬ ਦੇ ਲਿਖਾਰੀ ਨੇ 'ਅਕਾਲ ਉਸਤਤਿ' ਦੇ ਉਸੇ ਰਚਨਾ-ਕ੍ਰਮ ਵਿਚ ਇਨ੍ਹਾਂ 20 ਛੰਦਾਂ ਨੂੰ ਵੀ ਜੋੜ ਦਿੱਤਾ। ਇਨ੍ਹਾਂ ਸਪੱਸ਼ਟੀਕਰਣਾਂ ਦੇ ਬਾਵਜੂਦ ਇਨ੍ਹਾਂ 20 ਛੰਦਾਂ ਅਤੇ ਇਨ੍ਹਾਂ ਤੋਂ ਪਹਿਲਾਂ 10 ਦੋਹਰਿਆਂ ਦੀ ਅਪ੍ਰਸੰਗਿਕਤਾ ਦੀ ਸ਼ੰਕਾ ਬਣੀ ਰਹਿੰਦੀ ਹੈ।

ਇਸ ਪਿਛੋਂ 12 ਪਾਧੜੀ ਛੰਦ ਲਿਖੇ ਹਨ ਜਿਨ੍ਹਾਂ ਵਿਚ ਪਰਮਾਤਮਾ ਸੰਬੰਧੀ ਕੁਝ ਬੁਨਿਆਦੀ ਤੱਥ ਅਤੇ ਗਿਆਨ ਆਧਾਰਿਤ ਜਿਗਿਆਸਾ ਪ੍ਰਗਟ ਕੀਤੀ ਗਈ ਹੈ। ਇਸ ਤੋਂ ਅਗੇ 10 ਸਵੈਯੇ ਹਨ ਜਿਨ੍ਹਾਂ ਨੂੰ ਕਈ ਸ਼ਰਧਾਲੂ ਅੰਮ੍ਰਿਤ ਬਾਣੀਆ ਜਾਂ ਸਵੇਰ ਦੀਆਂ ਬਾਣੀਆਂ ਦੇ ਨਾਲ ਪੜ੍ਹਦੇ ਹਨ। ਇਨ੍ਹਾਂ ਵਿਚ ਪਰਮਾਤਮਾ ਦੇ ਪ੍ਰਤਿਪਾਲਕ ਰੂਪ ਨੂੰ ਸਪੱਸ਼ਟ ਕਰਦੇ ਹੋਇਆਂ ਉਸ ਦੇ ਵਰਣਨ ਅਤੀਤ ਅਨਿਰਵਚਨੀ ਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ।(251)।

ਇਸ ਪ੍ਰਕਰਣ ਤੋਂ ਅਗੇ 14 ਕਬਿੱਤ ਹਨ ਜਿਨ੍ਹਾਂ ਵਿਚ ਗੁਰੂ ਜੀ ਨੇ ਅਨੇਕ ਜਾਤਾਂ, ਧਰਮਾਂ, ਸੰਪ੍ਰਦਾਵਾਂ ਦਾ ਉਲੇਖ ਕਰਕੇ ਅਤੇ ਅਨੇਕ ਪ੍ਰਕਾਰ ਦੇ ਸੰਸਕ੍ਰਿਤਿਕ, ਭੂਗੋਲਿਕ ਅਤੇ ਭਾਸ਼ਾਈ ਪਰਿਵੇਸ਼ਾਂ ਦਾ ਵਰਣਨ ਕਰਕੇ ਉਨ੍ਹਾਂ ਵਖਰੇਵਿਆਂ ਪਿਛੇ ਇਕ ਮਹਾਨ ਸੱਤਾ ਦੀ ਸ਼ਕਤੀ ਦਾ ਹੱਥ ਦਸਿਆ ਹੈ ਅਤੇ ਅਨੇਕਤਾ ਤੋਂ ਏਕਤਾ ਵਲ ਭਾਵ-ਸੰਚਾਰ ਕੀਤਾ ਹੈ। ਇਸ ਤੋਂ ਅਗੇ ਪੰਜ ਪੂਰੇ ਅਤੇ ਇਕ ਅੱਧਾ ਪਾਧੜੀ ਛੰਦ ਹਨ। ਆਖ਼ੀਰ ਵਾਲਾ ਛੰਦ ਅੱਧਾ ਕਿਉਂ ਹੈ ? ਇਸ ਬਾਰੇ ਕੁਝ ਵਿਦਵਾਨ ਇਹ ਮੰਨਦੇ ਹਨ ਕਿ ਜਦੋਂ ਗੁਰੂ ਜੀ ਇਸ ਛੰਦ ਦੀ ਰਚਨਾ ਕਰਨ ਲਗੇ ਤਾਂ ਕਿਸੇ ਸ਼ੁਭ ਸਮਾਚਾਰ ਦੇ ਪੁਜਣ ਕਰਕੇ ਅੱਧ ਵਿਚ ਹੀ ਛਡ ਕੇ ਉਠ ਗਏ ਜਿਸ ਕਰਕੇ ਇਹ ਛੰਦ ਅਪੂਰਣ ਹੀ ਰਿਹਾ। ਕੁਝ ਵਿਦਵਾਨ ਇਸ ਮਤ ਦੇ ਹਨ ਕਿ ਇਸ ਰਚਨਾ ਦੇ 266ਵੇਂ ਛੰਦ ਦੇ ਅੰਤਿਮ ਚਰਣ—*ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ* — ਦੇ ਅਧਾਰ 'ਤੇ ਗੁਰੂ ਜੀ ਨੇ ਸਥਾਪਨਾ ਕੀਤੀ ਹੈ ਕਿ ਪਰਮਾਤਮਾ ਦੀ ਜਿਤਨੀ ਵੀ ਉਸਤਤਿ ਕੀਤੀ ਜਾਏ ਉਹ ਅਪੂਰਣ ਹੈ, ਅਰਥਾਤ ਪਰਮਾਤਮਾ ਦੀ ਉਸਤਤਿ ਅਸੀਮ ਹੈ, ਉਸ ਦਾ ਕੋਈ ਅੰਤ ਨਹੀਂ ਹੈ। ਇਸ ਲਈ ਇਸ ਰਚਨਾ ਦਾ ਅੰਤ ਅਪੂਰਣ ਹੀ ਰਖਿਆ ਗਿਆ ਹੈ। ਪਰ ਇਨ੍ਹਾਂ ਦੋਹਾਂ ਦਲੀਲਾਂ ਵਿਚ ਵਜ਼ਨ ਘਟ ਹੈ। ਪ੍ਰਸਤੁਤ ਲੇਖਕ ਦੀ ਜਾਚੇ ਜਿਸ ਪੋਥੀ ਤੋਂ 'ਅਕਾਲ ਉਸਤਤਿ' ਦੇ ਪਾਠ ਦਾ ਉਤਾਰਾ ਕੀਤਾ ਗਿਆ ਸੀ, ਉਸ ਪੋਥੀ ਦੇ ਅੰਤਿਮ ਪੰਨੇ ਮੁਕੰਮਲ ਨਹੀਂ ਸਨ, ਜੋ ਜਾਂ ਫਟ ਗਏ ਸਨ ਜਾਂ ਗੁੰਮ ਹੋ ਚੁੱਕੇ ਸਨ। ਇਸ ਲਈ ਜਿਥੇ ਅੰਤਿਮ ਪੰਨੇ ਦਾ ਪਾਠ ਮੁਕਿਆ, ਉਥੇ ਹੀ ਲਿਖਾਰੀ ਨੇ ਇਸ ਰਚਨਾ ਦਾ ਪਾਠ ਲਿਖਣਾ ਬੰਦ ਕਰ ਦਿੱਤਾ।

ਸਮੁੱਚੇ ਤੌਰ 'ਤੇ ਇਸ ਰਚਨਾ ਵਿਚ ਗੁਰੂ ਜੀ ਨੇ ਪਰਮਾਤਮਾ ਦੇ ਨਿਰਾਕਾਰ, ਨਿਰ-ਵਿਕਾਰ, ਨਿਰਗੁਣ, ਸਰਬ-ਵਿਆਪਕ, ਘਟ-ਘਟ ਵਾਸੀ ਰੂਪ ਦਾ ਵਰਣਨ ਕੀਤਾ ਹੈ। ਉਸ ਲਈ ਰਾਜਾ-ਰੰਕ, ਹਾਥੀ-ਕੀੜਾ ਸਭ ਸਮਾਨ ਹਨ। ਉਸ ਦਾ ਆਪਣਾ ਪਰਾਇਆ ਕੋਈ ਨਹੀਂ। ਉਸ ਦੀ ਜੋਤਿ ਹਰ ਪਾਸੇ ਪਸਰੀ ਹੋਈ ਹੈ। ਉਹ ਸਭ ਵਿਚ ਰੰਮਿਆ ਹੋਇਆ ਅਤੇ ਸਭ ਤੋਂ ਪਰੇ ਵੀ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਬਣਾਉਣ, ਸਥਾਪਿਤ ਕਰਨ ਅਤੇ ਸੰਘਾਰਨ ਦੀ ਸ਼ਕਤੀ ਰਖਦਾ ਹੈ। ਉਸ ਨੂੰ ਪ੍ਰਾਪਤ ਕਰਨ ਦਾ ਸਾਧਨ ਕੇਵਲ ਪ੍ਰੇਮ ਜਾਂ ਪ੍ਰੇਮ-ਭਗਤੀ ਹੈ, ਬਾਕੀ ਦੇ ਸਾਰੇ ਸਾਧਨ ਵਿਅਰਥ ਹਨ, ਪਾਖੰਡ ਹਨ, ਤ੍ਰੈਗੁਣਮਈ ਹਨ, ਵਾਸਨਾਵਾਂ ਦੇ ਸਰੋਤ ਹਨ। ਸੰਸਾਰਿਕ ਪ੍ਰਪੰਚ ਛਿਣ-ਭੰਗਰ ਹੈ, ਉਸ ਵਿਚ ਖਚਿਤ ਹੋਣਾ ਅਨੁਚਿਤ ਹੈ। ਇਨ੍ਹਾਂ ਸਾਰਿਆਂ ਕਰਮ-ਕਾਂਡਾਂ ਅਤੇ ਸਾਧਨਾ-ਵਿਧੀਆਂ ਨੂੰ ਛਡ ਕੇ ਅਨੁਭਵ ਤੋਂ ਪੈਦਾ ਹੋਏ ਗਿਆਨ ਦੀ ਅੱਖ ਨਾਲ ਪਰਮਾਤਮਾ ਦੀ ਵਾਸਤਵਿਕਤਾ ਨੂੰ ਜਾਣਨਾ ਹੀ ਸੱਚੀ ਸਾਧਨਾ ਹੈ।

ਇਸ ਰਚਨਾ ਵਿਚ ਕੁਲ 271-1/2 ਛੰਦ ਹਨ ਜਿਨ੍ਹਾਂ ਲਈ 12 ਕਿਸਮਾਂ ਦੇ ਛੰਦਾਂ ਦੀ ਵਰਤੋਂ ਹੋਈ ਹੈ। ਇਨ੍ਹਾਂ ਵਿਚੋਂ ਕਬਿੱਤ ਅਤੇ ਪਾਧੜੀ ਦੀ ਪ੍ਰਧਾਨਤਾ ਹੈ। ਇਸ ਵਿਚ 17 ਵਾਰ ਛੰਦ-ਪਰਿਵਰਤਨ ਹੋਇਆ ਹੈ। ਇਸ ਵਿਚਲੇ ਛੰਦ ਦੀਰਘ ਆਕਾਰ ਵਾਲੇ ਹਨ ਕਿਉਂਕਿ ਗੁਰੂ-ਕਵੀ ਨੇ ਪਰਮਾਤਮਾ ਦੀ ਮਹਾਨਤਾ ਨੂੰ ਦਲੀਲ ਅਤੇ ਉਕਤੀ-ਜੁਗਤੀ ਨਾਲ ਸਮਝਾ ਕੇ ਜਿਗਿਆਸੂ ਨੂੰ ਵਾਸਤਵਿਕਤਾ ਦਾ ਬੋਧ ਕਰਾਇਆ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਰਚਨਾ ਛੰਦਾਂ ਦੇ ਨਾਂਵਾਂ ਅਨੁਸਾਰ ਵਖ ਵਖ ਇਕਾਈਆਂ ਵਿਚ ਕੀਤੀ ਗਈ ਸੀ ਅਤੇ ਬਾਦ ਵਿਚ ਉਨ੍ਹਾਂ ਛੰਦ-ਜੁੱਟਾਂ ਨੂੰ ਇਕ ਸਿਰਲੇਖ ਅਧੀਨ ਇਕੱਠਾ ਕਰ ਦਿੱਤਾ ਗਿਆ। ਇਸ ਗੱਲ ਦੀ ਪੁਸ਼ਟੀ ਇਸ ਰਚਨਾ ਵਿਚ ਦਰਸਾਏ ਦੂਹਰੇ ਗਿਣਤੀ-ਅੰਕਾਂ ਤੋਂ ਵੀ ਹੋ ਜਾਂਦੀ ਹੈ। ਜੇ ਇਹ ਇਕ ਇਕਾਈ ਵਿਚ ਲਿਖੀ ਰਚਨਾ ਹੁੰਦੀ ਤਾਂ ਦੂਹਰੇ ਅੰਕ ਦੇਣ ਦੀ ਲੋੜ ਹੀ ਨਹੀਂ ਸੀ।

ਇਹ ਰਚਨਾ ਭਗਤੀ ਪ੍ਰਧਾਨ ਮੁਕਤਕ ਕਾਵਿ ਦਾ ਸੁੰਦਰ ਨਮੂਨਾ ਹੈ। ਇਸ ਦਾ ਹਰ ਛੰਦ ਸੁਤੰਤਰ ਭਾਵ ਪ੍ਰਗਟ ਕਰਦਾ ਹੈ। ਕਿਸੇ ਪ੍ਰਕਾਰ ਦੇ ਅਗਲੇ ਪਿਛਲੇ ਪ੍ਰਕਰਣ ਨੂੰ ਜੋੜਨ ਦੀ ਲੋੜ ਨਹੀਂ। ਇਸ ਦੀ ਭਾਸ਼ਾ ਸਾਫ਼-ਸੁਥਰੀ ਬ੍ਰਜ ਹੈ। ਪਰਿਭਾਸ਼ਿਕ ਸ਼ਬਦਾਵਲੀ ਦੇ ਪ੍ਰਯੋਗ ਕਰਕੇ ਕਿਤੇ ਕਿਤੇ ਔਖਿਆਈ ਦਾ ਅਨੁਭਵ ਹੁੰਦਾ ਹੈ। ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਪ੍ਰਸੰਗ-ਕ੍ਰਮ ਅਨੁਸਾਰ ਵਰਤੀ ਗਈ ਹੈ। ਭਾਵ ਨੂੰ ਠੀਕ ਢੰਗ ਨਾਲ ਪ੍ਰਗਟਾਉਣ ਵਿਚ ਇਸ ਦੀ ਭਾਸ਼ਾ ਬਹੁਤ ਸਮਰਥ ਹੈ। ਕਈ ਪੰਕਤੀਆਂ ਸਤਿ-ਕਥਨਾਂ ਦਾ ਰੂਪ ਧਾਰਦੀਆਂ ਹਨ। ਇਸ ਵਿਚ ਭਾਵ ਅਤੇ ਭਾਸ਼ਾ ਦਾ ਸੁੰਦਰ ਸੁਮੇਲ ਵੇਖਿਆ ਜਾ ਸਕਦਾ ਹੈ ਜੋ ਗੁਰੂ ਜੀ ਦੀ ਪ੍ਰਤਿਭਾ ਦਾ ਲਖਾਇਕ ਹੈ।

**ਅਕਾਲ ਸਹੰਸ੍ਰਨਾਮ** (ਬਾਣੀ) : 'ਵਿਸ਼ਣੂ ਸਹੰਸ੍ਰਨਾਮ' ਦੀ ਪਰੰਪਰਾ ਵਿਚ 'ਜਾਪੁ ਸਾਹਿਬ' ਦਾ ਇਕ ਨਾਮਾਂਤਰ 'ਅਕਾਲ ਸਹੰਸ੍ਰਨਾਮ' ਵੀ ਪ੍ਰਚਲਿਤ ਹੋਇਆ ਹੈ ਕਿਉਂਕਿ ਇਸ ਵਿਚ ਅਕਾਲ ਪੁਰਖ ਦੇ ਗੁਣ ਅਤੇ ਕਰਮ ਵਾਚਕ ਨਾਂਵਾਂ ਦੀ ਸੂਚੀ ਦਿੱਤੀ ਹੋਈ ਮਿਲਦੀ ਹੈ। ਵੇਖੋ 'ਜਾਪੁ ਸਾਹਿਬ'।

**ਅਕਾਲ-ਤਖ਼ਤ** : ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੀ ਡਿਉਢੀ ਦੇ ਸਾਹਮਣੇ ਸਥਿਤ ਤਖ਼ਤ-ਨੁਮਾ ਇਕ ਉੱਚੀ ਇਮਾਰਤ ਨੂੰ 'ਅਕਾਲ-ਤਖ਼ਤ' ਕਿਹਾ ਜਾਂਦਾ ਹੈ ਜੋ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1606 ਈ. (1663 ਬਿ.) ਵਿਚ ਸ਼ੁਰੂ ਕਰਵਾ ਕੇ ਸੰਨ 1608 ਈ. ਵਿਚ ਮੁਕੰਮਲ ਕਰਾਈ ਸੀ। ਇਸ ਦੀ ਉਸਾਰੀ ਦਾ ਕੰਮ ਭਾਈ ਗੁਰਦਾਸ ਨੂੰ ਸੌਂਪਿਆ ਗਿਆ। ਪਹਿਲਾਂ ਇਹ ਇਕ ਥੜੇ ਦੀ ਸ਼ਕਲ ਵਿਚ ਸੀ। ਫਿਰ ਇਸ ਉਤੇ ਇਮਾਰਤ ਬਣਵਾਏ ਜਾਣ ਕਾਰਣ ਅਤੇ ਇਸ ਵਿਚ ਅਕਾਲੀ ਫੂਲਾ ਸਿੰਘ ਦੇ ਨਿਵਾਸ ਕਰਕੇ ਇਸ ਦਾ ਨਾਂ 'ਅਕਾਲ-ਬੁੰਗਾ' ਪ੍ਰਚਲਿਤ ਹੋਇਆ। ਪਰ ਕਈ ਵਿਦਵਾਨ 'ਅਕਾਲ' ਸ਼ਬਦ ਨੂੰ ਪਰਮਾਤਮਾ ਦਾ ਸਮਾਨਾਰਥਕ ਦਸ ਕੇ ਇਸ ਨੂੰ ਪਰਮ-ਸੱਤਾ ਸੂਚਕ ਮੰਨਦੇ ਹਨ। ਇਸ ਇਮਾਰਤ ਦੇ ਦਰਸ਼ਨੀ ਡਿਉਢੀ ਵਾਲੇ ਪਾਸੇ ਗੁਰੂ ਹਰਿਗੋਬਿੰਦ ਸਾਹਿਬ ਸ਼ਾਮ ਵੇਲੇ ਆਪਣਾ ਸਿੰਘਾਸਨ ਲਗਾਉਂਦੇ ਸਨ ਅਤੇ ਖੁਲ੍ਹੇ ਮੈਦਾਨ ਵਿਚ ਕੁਸ਼ਤੀਆਂ ਅਤੇ ਹੋਰ ਖੇਡਾਂ ਕਰਵਾਉਂਦੇ ਸਨ, ਨਾਲੇ ਸ਼ਸਤ੍ਰਾਂ ਦਾ ਅਭਿਆਸ ਕੀਤਾ ਜਾਂਦਾ ਸੀ। ਇਥੇ ਹੀ ਕਥਾ-ਵਾਰਤਾ ਹੁੰਦੀ ਸੀ, ਢਾਡੀ ਲੋਕ ਵਾਰਾਂ ਗਾਉਂਦੇ ਸਨ।

ਇਸ ਇਮਾਰਤ ਦੇ ਬਣਾਉਣ ਦਾ ਉੱਦੇਸ਼ ਇਹ ਸੀ ਕਿ ਅਧਿਆਤਮਿਕਤਾ ਦੇ ਨਾਲ ਨਾਲ ਸਿੱਖਾਂ ਨੂੰ ਆਤਮ-ਰਖਿਆ ਲਈ ਵੀ ਤਿਆਰ ਕੀਤਾ ਜਾਏ। ਫਲਸਰੂਪ ਅਕਾਲ-ਬੁੰਗੇ ਦੀ ਸਥਾਪਨਾ ਨਾਲ ਸਿੱਖ-ਧਰਮ ਵਿਚ ਰਾਜਨੈਤਿਕ ਚੇਤਨਾ ਦਾ ਵਿਕਾਸ ਆਰੰਭ ਹੋਇਆ। ਦਸਵੇਂ ਗੁਰੂ ਤੋਂ ਬਾਦ ਇਹੀ ਸਥਾਨ ਸਿੱਖ ਜੱਥੇਬੰਦੀ ਦਾ ਕੇਂਦਰ ਬਣਿਆ। ਸਿੱਖਾਂ ਦੀ ਸ਼ਕਤੀ ਨੂੰ ਸਥਾਈ ਤੌਰ 'ਤੇ ਖ਼ਤਮ ਕਰਨ ਦੇ ਉੱਦੇਸ਼ ਤੋਂ ਅਹਿਮਦ ਸ਼ਾਹ ਦੁਰਾਨੀ ਨੇ ਸੰਨ 1762 ਈ. ਵਿਚ ਇਸ ਨੂੰ ਪੂਰੀ ਤਰ੍ਹਾਂ ਢਵਾ ਦਿੱਤਾ, ਪਰ ਸਿੱਖਾਂ ਨੇ ਹਿੰਮਤ ਕਰਕੇ ਸੰਨ 1774 ਈ. ਵਿਚ ਇਸ ਦੀ ਪਹਿਲੀ ਮੰਜ਼ਿਲ ਦੀ ਪੁਨਰ-ਉਸਾਰੀ ਕਰ ਲਈ। ਬਾਕੀ ਦੀਆਂ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਉਸਾਰੀਆਂ ਗਈਆਂ।

ਹਰ ਸਾਲ ਵਿਸਾਖੀ ਅਤੇ ਦੀਵਾਲੀ ਦੇ ਅਵਸਰਾਂ 'ਤੇ ਸਮੂਹ ਸਿੱਖ ਜੱਥੇਬੰਦੀਆ ਸਰਬੱਤ ਖ਼ਾਲਸਾ ਦੇ ਰੂਪ ਵਿਚ ਇੱਥੇ ਇਕਠੀਆਂ ਹੁੰਦੀਆਂ ਸਨ। ਇਸ ਤੋਂ ਇਲਾਵਾ ਸੰਕਟ ਵੇਲੇ ਵੀ ਇਥੇ ਹੀ ਗੁਰਮਤੇ ਪਾਸ ਹੁੰਦੇ ਅਤੇ ਸਿੱਖ ਮਿਸਲਾਂ ਵੇਲੇ ਉਨ੍ਹਾਂ ਦੇ ਝਗੜੇ ਵੀ ਇਥੇ ਹੀ ਨਿਪਟਾਏ ਜਾਂਦੇ। ਤਨਖ਼ਾਹੀਏ ਸਿੱਖਾਂ ਨੂੰ ਧਾਰਮਿਕ ਰੀਤੀ ਅਨੁਸਾਰ ਸਜ਼ਾ ਵੀ ਇਥੇ ਹੀ ਦਿੱਤੀ ਜਾਂਦੀ। ਇਸ ਸਥਾਨ 'ਤੇ ਕੀਤਾ ਗਿਆ ਫ਼ੈਸਲਾ ਅਤੇ ਇਥੋਂ ਜਾਰੀ ਕੀਤਾ ਹੁਕਮਨਾਮਾ ਸਭ ਸਿੱਖ ਜੱਥੇਬੰਦੀਆਂ ਲਈ ਮੰਨਣਾ ਲਾਜ਼ਮੀ ਹੁੰਦਾ। ਇਸ ਦੀ ਵਿਵਸਥਾ ਅਤੇ ਪ੍ਰਬੰਧ ਵਿਚ ਸਮੇਂ ਸਮੇਂ ਤਬਦੀਲੀਆਂ ਹੁੰਦੀਆਂ ਰਹੀਆਂ ਹਨ। ਇਹ ਸਿੱਖ-ਧਰਮ ਅਤੇ ਸਮਾਜ ਲਈ ਸਥਾਈ ਅਤੇ ਸਰਬੁਚ ਪ੍ਰੇਰਣਾ-ਸਰੋਤ ਹੈ।

ਕਾਲਾਂਤਰ ਵਿਚ ਕੇਸਗੜ੍ਹ ਸਾਹਿਬ, ਹਰਿਮੰਦਿਰ ਸਾਹਿਬ (ਪਟਨਾ), ਹਜ਼ੂਰ ਸਾਹਿਬ (ਨਾਂਦੇੜ) ਅਤੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਤਖ਼ਤ ਰੂਪ ਵਿਚ ਪ੍ਰਵਾਨਿਤ ਕਰ ਲਏ ਜਾਣ 'ਤੇ ਇਸ ਨੂੰ 'ਅਕਾਲ-ਬੁੰਗਾ' ਦੀ ਥਾਂ 'ਅਕਾਲ-ਤਖ਼ਤ' ਕਿਹਾ ਜਾਣ ਲਗਿਆ। ਇਸ ਤਖ਼ਤ ਉਤੇ ਦੋ ਗੁਰੂ ਸਾਹਿਬਾਨਾਂ, ਦੋ ਸਾਹਿਬਜ਼ਾਦਿਆਂ ਤੋਂ ਇਲਾਵਾ ਅਨੇਕ ਸ਼ਹੀਦ ਅਤੇ ਧਰਮੀ ਸਿੰਘਾਂ ਦੇ ਸ਼ਸਤ੍ਰ ਸੰਭਾਲੇ ਹੋਏ ਪਏ ਹਨ। ਸੰਨ 1921 ਈ. ਤੋਂ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲ ਰਿਹਾ ਹੈ ਅਤੇ

ਹੌਲੀ ਹੌਲੀ ਸਿੱਖ ਰਾਜਨੈਤਿਕ ਸੰਘਰਸ਼ ਦਾ ਕੇਂਦਰ ਬਣਦਾ ਗਿਆ ਹੈ। 6 ਜੂਨ 1984 ਈ. ਨੂੰ ਬਲੂ-ਸਟਾਰ ਓਪਰੇਸ਼ਨ ਵੇਲੇ ਅਕਾਲ-ਤਖ਼ਤ ਦੀ ਇਮਾਰਤ ਨੂੰ ਕਾਫ਼ੀ ਨੁਕਸਾਨ ਪਹੁੰਚਿਆ। ਕੇਂਦਰ ਸਰਕਾਰ ਨੇ ਨਿਹੰਗ ਸਿੰਘ ਜੱਥੇਦਾਰ ਬਾਬਾ ਸੰਤਾ ਸਿੰਘ ਦੁਆਰਾ ਇਸ ਦੀ ਮੁਰੰਮਤ ਕਰਵਾਈ, ਪਰ ਇਹ ਗੱਲ ਪੰਥ ਨੇ ਪ੍ਰਵਾਨ ਨ ਕੀਤੀ ਅਤੇ ਪੁਰਾਣੀ ਇਮਾਰਤ ਨੂੰ ਸੰਨ 1986 ਈ. ਵਿਚ ਢਵਾ ਕੇ ਕਾਰ-ਸੇਵਾ ਰਾਹੀਂ ਨਵੀਂ ਵਰਤਮਾਨ ਇਮਾਰਤ ਉਸਾਰੀ ਗਈ।

**ਅਕਾਲ-ਪੁਰਖ** : ਗੁਰਮਤਿ ਵਿਚ ਪਰਮਾਤਮਾ ਨੂੰ 'ਅਕਾਲ ਮੂਰਤਿ' (ਵੇਖੋ) ਅਤੇ 'ਕਰਤਾ ਪੁਰਖ' (ਵੇਖੋ) ਮੰਨਿਆ ਗਿਆ ਹੈ। 'ਅਕਾਲ-ਪੁਰਖ' ਇਨ੍ਹਾਂ ਦੋਹਾਂ ਸ਼ਬਦ-ਯੁਗਲਾਂ ਤੋਂ ਇਕ ਇਕ ਸ਼ਬਦ ਨਾਲ ਬਣਿਆ ਹੋਣ ਕਾਰਣ ਇਨ੍ਹਾਂ ਦੋਹਾਂ ਸ਼ਬਦ-ਯੁਗਲਾਂ ਦੀ ਮਾਨਤਾਵਾਂ ਨੂੰ ਆਪਣੇ ਵਿਚ ਗ੍ਰਹਿਣ ਕਰਦਾ ਹੈ। ਉਸ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ ਅਤੇ ਉਹ ਕਰਤਾ ਪੁਰਖ ਹੈ। ਇਸ ਤਰ੍ਹਾਂ ਉਹ ਅਕਾਲ-ਪੁਰਖ ਹੈ। ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਉਸ ਨੂੰ 'ਅਕਾਲ-ਪੁਰਖ' ਵਿਸ਼ੇਸ਼ਣ ਨਾਲ ਵਿਸ਼ਿਸ਼ਟ ਕਰਦਿਆਂ ਕਿਹਾ ਹੈ ਕਿ ਅਕਾਲ-ਪੁਰਖ (ਪਰਮਾਤਮਾ) ਦੇ ਸਿਰ ਉਤੇ ਕਾਲ ਦਾ ਸ਼ਾਸਨ ਨਹੀਂ ਹੈ। ਉਹ ਪੁਰਖ ਅਲੱਖ, ਅਗੰਮ ਅਤੇ ਵਿਚਿਤ੍ਰ ਹੈ— *ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ। ਤੂ ਪੁਰਖੁ ਅਲੇਖ ਅਗੰਮ ਨਿਰਾਲਾ।* (ਗੁ.ਗ੍ਰੰ.1038)। ਗੁਰੂ ਅਰਜਨ ਦੇਵ ਜੀ ਨੇ ਵੀ ਗਉੜੀ ਰਾਗ ਵਿਚ ਪਰਮ-ਸੱਤਾ ਲਈ 'ਅਕਾਲ-ਪੁਰਖ' ਸ਼ਬਦ ਦੀ ਵਰਤੋਂ ਕੀਤੀ ਹੈ — *ਅਕਾਲ ਪੁਰਖ ਅਗਾਧਿ ਬੋਧ। ਸੁਨਤ ਜਸੋ ਕੋਟਿ ਅਘ ਖਏ।* (ਗੁ.ਗ੍ਰੰ.212)।

ਸਪੱਸ਼ਟ ਹੈ ਕਿ ਗੁਰਮਤਿ ਅਨੁਸਾਰ ਪੁਰਖ ਸਰੂਪ ਪਰਮਾਤਮਾ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ, ਸਗੋਂ ਕਾਲ ਉਸ ਦੁਆਰਾ ਸ਼ਾਸਿਤ ਹੈ।

**ਅਕਾਲ ਬੁੰਗਾ** : ਵੇਖੋ 'ਅਕਾਲ-ਤਖ਼ਤ'।

**ਅਕਾਲ-ਮੂਰਤਿ** : ਇਹ ਸ਼ਬਦ-ਯੁਗਲ ਗੁਰੂ ਨਾਨਕ ਦੇਵ ਜੀ ਦੁਆਰਾ ਮੂਲ-ਮੰਤ੍ਰ ਵਿਚ ਪਰਮਾਤਮਾ ਦੇ ਵਾਚਕ ਵਜੋਂ ਵਰਤਿਆ ਗਿਆ ਹੈ। ਇਸ ਤੋਂ ਭਾਵ ਹੈ ਉਹ ਸੱਤਾ ਜਿਸ ਦਾ ਸਰੂਪ (ਮੂਰਤ) ਕਾਲ-ਅਤੀਤ ਹੈ, ਅਰਥਾਤ ਜੋ ਕਾਲ ਦੀਆਂ ਸ਼ਕਤੀ-ਸੀਮਾਵਾਂ ਤੋਂ ਉਪਰ ਹੈ, ਜੋ ਤਿੰਨਾਂ ਕਾਲਾਂ ਵਿਚ ਬੰਨ੍ਹੀ ਹੋਈ ਨਹੀਂ ਹੈ। ਇਸ ਤੱਥ ਦੀ ਪੁਸ਼ਟੀ 'ਜਪੁਜੀ' ਦੇ ਪਹਿਲੇ ਸ਼ਲੋਕ ਤੋਂ ਹੀ ਕਰ ਦਿੱਤੀ ਗਈ ਪ੍ਰਤੀਤ ਹੁੰਦੀ ਹੈ — *ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।* (ਗੁ.ਗ੍ਰੰ.1)।

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਪਾਦਿਤ ਪਰਮਾਤਮਾ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਹਰ ਪ੍ਰਕਾਰ ਮੁਕਤ ਹੈ। ਸੋਰਠਿ ਰਾਗ ਵਿਚ ਗੁਰੂ ਜੀ ਨੇ ਹੋਰ ਵੀ ਸਪੱਸ਼ਟ ਕੀਤਾ ਹੈ ਕਿ — *ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।* (ਗੁ.ਗ੍ਰੰ.597)। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ 'ਅਕਾਲ-ਮੂਰਤਿ' ਸ਼ਬਦ ਨਾਲ ਵਿਸ਼ਿਸ਼ਟ ਕਰਦਿਆਂ ਉਸ ਨੂੰ 'ਖਉ' (ਵਿਨਾਸ਼) ਤੋਂ ਮੁਕਤ ਦਸਿਆ ਹੈ — *ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।* (ਗੁ.ਗ੍ਰੰ.1082)।

ਮੂਲ-ਮੰਤ੍ਰ ਦੇ ਸੰਦਰਭ ਵਿਚ 'ਅਕਾਲ-ਮੂਰਤਿ' ਸਰੂਪ ਪਰਮਾਤਮਾ 'ਸਤਿਨਾਮ' ਵੀ ਹੈ। 'ਸਤਿਨਾਮ' ਤੋਂ ਭਾਵ ਹੈ ਸਦਾ ਵਿਦਮਾਨ ਰਹਿਣ ਵਾਲਾ ਤੱਤ੍ਵ। ਪਰਮਾਤਮਾ ਸਦਾ, ਸਰਵਤ੍ਰ ਅਤੇ ਸਾਰੀਆਂ ਪਰਿਸਥਿਤੀਆਂ ਵਿਚ 'ਸਤਿ' ਹੀ ਰਹਿੰਦਾ ਹੈ। ਉਸ ਉਤੇ ਸਮੇਂ ਦੇ ਫੇਰ ਜਾਂ ਗੇੜ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਪਰ ਸੰਸਾਰ ਦੀ ਹਰ ਇਕ ਵਸਤੂ ਸਮੇਂ ਦੀ ਬਦਲੀ ਨਾਲ ਬਦਲਦੀ ਹੈ, ਵਿਕਾਸ ਕਰਦੀ ਹੈ ਜਾਂ ਨਸ਼ਟ ਹੋ ਜਾਂਦੀ ਹੈ। ਇਸ ਵਾਸਤੇ ਅਸਤਿ ਹੈ, ਨਾਸ਼ਮਾਨ ਹੈ, ਕਾਲਵਸ ਹੈ। ਇਸ ਕਰਕੇ ਵੀ ਕਿਉਂਕਿ ਉਸ ਦੀ ਸਿਰਜਨਾ ਹੋਈ ਹੈ। ਸਪੱਸ਼ਟ ਹੈ ਕਿ ਸ੍ਰਿਸ਼ਟੀ ਉਤੇ ਕਾਲ ਦਾ ਸ਼ਾਸਨ ਹੈ। ਗੁਰਮਤਿ ਅਨੁਸਾਰ ਇਸ ਸ੍ਰਿਸ਼ਟੀ ਦਾ ਰਚੈਤਾ 'ਅਜੂਨੀ' ਅਤੇ 'ਸੈਭੰ' ਹੈ। ਉਸ ਦੀ ਸਿਰਜਨਾ ਵੀ ਨਹੀਂ ਹੁੰਦੀ ਹੈ, ਉਹ ਆਪਣੇ ਆਪ ਹੋਂਦ ਵਿਚ ਆਉਣ ਵਾਲਾ ਹੈ। ਉਹ ਸਦਾ ਸਤਿ ਹੈ, ਅਪਰਿਵਰਤਨ-ਸ਼ੀਲ ਹੈ, ਅਨਸ਼ਵਰ ਹੈ। ਸਿੱਧ ਹੈ ਕਿ ਉਹ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ। ਇਹੀ ਕਾਰਣ ਹੈ ਕਿ ਉਸ ਨੂੰ 'ਅਕਾਲ' ਵਿਸ਼ੇਸ਼ਣ ਨਾਲ ਵਿਸ਼ਿਸ਼ਟ ਕੀਤਾ ਗਿਆ ਹੈ।

ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਪਰਮਾਤਮਾ (ਅਕਾਲ-ਪੁਰਖ) ਦੇ ਸਿਰ ਉਤੇ ਕਾਲ ਦਾ ਸ਼ਾਸਨ ਨਹੀਂ ਹੈ, ਉਹ ਅਲੱਖ, ਅਗੰਮ ਅਤੇ ਵਿਚਿਤ੍ਰ ਹੈ — *ਤੂ ਅਕਾਲ ਪੁਰਖੁ ਨਾਹਿ ਸਿਰਿ ਕਾਲਾ। ਤੂ*

*ਪੁਰਖੁ ਅਲੇਖ ਅਗੰਮ ਨਿਰਾਲਾ।* (ਗੁ.ਗ੍ਰੰ.1038)। ਉਸਨੇ ਕਾਲ ਅਤੇ ਵਿਕਾਲ ਨੂੰ ਇਕੋ ਵਾਰ ਹੀ ਗ੍ਰਾਹ (ਲੁਕਮਾ) ਬਣਾ ਲਿਆ ਹੈ (*ਕਾਲ ਬਿਕਾਲ ਕੀਏ ਇਕ ਗ੍ਰਾਸਾ*)। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਖ਼ੁਦ ਕਾਲ ਵੀ ਪਰਮਾਤਮਾ ਦੇ ਵਸ ਵਿਚ ਹੈ, ਉਸ ਦੇ ਅਧੀਨ ਹੈ। ਆਸਾ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਕਾਲ ਦੇ ਪਰਿਵਰਤਨ ਨਾਲ ਅਨੇਕ ਪ੍ਰਕਾਰ ਦੀਆਂ ਰੁਤਾਂ ਦੀ ਸਿਰਜਨਾ ਹੁੰਦੀ ਹੈ। ਘੜੀਆਂ, ਪਹਿਰ, ਵਾਰ, ਮਾਸ ਹੋਂਦ ਵਿਚ ਆਉਂਦੇ ਹਨ, ਪਰ ਉਨ੍ਹਾਂ ਦਾ ਕਾਰਣ ਰੂਪ ਸੂਰਜ ਸਦਾ ਇਕ-ਸਮਾਨ ਰਹਿੰਦਾ ਹੈ। ਉਸੇ ਤਰ੍ਹਾਂ ਪਰਮਾਤਮਾ ਦੇ ਵੀ ਅਨੇਕ ਵੇਸ਼ ਅਤੇ ਰੂਪ ਹਨ, ਪਰ ਉਹ ਖ਼ੁਦ ਸੂਰਜ ਵਾਂਗ ਹਮੇਸ਼ਾਂ ਅਪਰਿਵਰਤਨਸ਼ੀਲ ਅਤੇ ਕਾਲ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ — *ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ। ਸੂਰਜੁ ਏਕੋ ਰੁਤਿ ਅਨੇਕ। ਨਾਨਕ ਕਰਤੇ ਕੇ ਕੇਤੇ ਵੇਸ।* (ਗੁ.ਗ੍ਰੰ.357)।

ਗੀਤਾ ਅਤੇ ਉਪਨਿਸ਼ਦਾਂ ਵਿਚ ਵੀ ਬ੍ਰਹਮ ਦੇ ਸਰੂਪ ਸੰਬੰਧੀ ਇਸ ਪ੍ਰਕਾਰ ਦੀਆਂ ਮਾਨਤਾਵਾਂ ਪ੍ਰਗਟ ਕੀਤੀਆਂ ਮਿਲ ਜਾਂਦੀਆਂ ਹਨ।

**ਅਕਾਲੀ** : 'ਅਕਾਲ' ਦੇ ਉਪਾਸਕ ਨੂੰ ਆਮ ਤੌਰ 'ਤੇ 'ਅਕਾਲੀ' ਕਿਹਾ ਜਾਂਦਾ ਹੈ। 'ਅਕਾਲ' (ਵੇਖੋ) ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਮੂਲ-ਮੰਤ੍ਰ' ਵਿਚ ਬ੍ਰਹਮ- ਵਾਚਕ ਵਜੋਂ ਵਰਤਿਆ ਗਿਆ ਹੈ। ਕਾਲ ਅਥਵਾ ਮ੍ਰਿਤੂ ਦੇ ਪ੍ਰਭਾਵ ਤੋਂ ਪਰੇ ਜਾਂ ਅਤੀਤ ਸੱਤਾ ਹੀ 'ਅਕਾਲ' ਹੋ ਸਕਦੀ ਹੈ। ਇਸ ਲਈ ਉਨ੍ਹਾਂ ਸਿੱਖਾਂ ਨੂੰ ਸ਼ੁਰੂ ਵਿਚ 'ਅਕਾਲੀ' ਕਿਹਾ ਜਾਣ ਲਗਿਆ ਜੋ ਮੌਤ ਤੋਂ ਨਿਡਰ, ਮਾਇਆ ਤੋਂ ਨਿਰਲੇਖ ਅਤੇ ਧਰਮ ਦੀ ਮਰਯਾਦਾ ਦੀ ਰਖਿਆ ਲਈ ਸ਼ਹੀਦੀ ਪਾਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਇਸ ਪ੍ਰਕਾਰ ਦੇ ਆਤਮ-ਉਤਸਰਗੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ 'ਅਕਾਲੀ' ਕਿਹਾ ਜਾਣ ਲਗਿਆ। ਕੁਝ ਵਿਦਵਾਨਾਂ ਅਨੁਸਾਰ ਇਹ ਵਿਸ਼ੇਸ਼ਣ ਦਸਮ ਗੁਰੂ ਦਾ ਆਪਣਾ ਬਖ਼ਸ਼ਿਆ ਹੋਇਆ ਸੀ। ਇਨ੍ਹਾਂ ਨੂੰ 'ਨਿਹੰਗ' (ਵੇਖੋ) ਵੀ ਕਿਹਾ ਜਾਂਦਾ ਸੀ।

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਆਪਣੇ ਨਾਂ ਨਾਲ ਸਭ ਤੋਂ ਪਹਿਲਾਂ ਨੈਨਾ ਸਿੰਘ ਨੇ 'ਅਕਾਲੀ' ਵਿਸ਼ੇਸ਼ਣ ਵਰਤਿਆ ਸੀ ਅਤੇ ਸਿਰ ਉਤੇ ਦੁਮਾਲਾ ਸਜਾਇਆ ਸੀ। ਉਸ ਤੋਂ ਬਾਦ ਉਸ ਦੇ ਸੇਵਕ ਫੂਲਾ ਸਿੰਘ ਨੇ ਆਪਣੇ ਨਾਂ ਨਾਲ 'ਅਕਾਲੀ' ਪਦ ਵਰਤਣਾ ਸ਼ੁਰੂ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਇਸ ਨੇ ਆਪਣਾ ਵਿਵਸਥਿਤ ਸੈਨਾ ਦਲ ਕਾਇਮ ਕੀਤਾ ਸੀ ਅਤੇ ਮੁਲਤਾਨ, ਅਟਕ, ਨੌਸ਼ਹਿਰਾ ਆਦਿ ਦੀਆਂ ਲੜਾਈਆਂ ਵਿਚ ਇਸ ਦੇ ਸੈਨਾ-ਦਲ ਨੇ ਆਪਣੇ ਬੇਮਿਸਾਲ ਜੌਹਰ ਦਿਖਾਏ ਸਨ। ਅਕਾਲੀ ਸਾਧੂ ਸਿੰਘ ਮੁਲਤਾਨ ਦੇ ਕਿਲ੍ਹੇ ਵਿਚ ਦਾਖ਼ਲ ਹੋ ਕੇ ਨਵਾਬ ਨੂੰ ਮਾਰਦਾ ਹੋਇਆ ਸ਼ਹੀਦ ਹੋਇਆ ਸੀ। ਸੰਨ 1849 ਈ. ਵਿਚ ਸਿੱਖ ਫ਼ੌਜਾਂ ਦੀ ਹਾਰ ਤੋਂ ਬਾਦ ਅਕਾਲੀ ਸੈਨਿਕ ਦਲਾਂ ਨੂੰ ਤੋੜ ਦਿੱਤਾ ਗਿਆ। ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਘਟਦੀ ਗਈ।

ਗੁਰਦੁਆਰਿਆਂ ਵਿਚ ਮਹੰਤਾਂ ਅਤੇ ਪੁਜਾਰੀਆਂ ਦੁਆਰਾ ਕੀਤੀਆਂ ਜਾ ਰਹੀਆਂ ਮਨਮਰਜ਼ੀਆਂ ਅਤੇ ਸਿੱਖ ਮਰਯਾਦਾ ਦੇ ਉਲੰਘਣ ਦੇ ਫਲਸਰੂਪ ਜਦ ਗੁਰਦੁਆਰਾ ਸੁਧਾਰ ਅੰਦੋਲਨ ਸ਼ੁਰੂ ਹੋਇਆ, ਤਾਂ ਸਭ ਤੋਂ ਪਹਿਲਾਂ ਅਕਾਲੀ-ਜੱਥਾ (ਸੇਵਕ ਜੱਥਾ) ਸੰਨ 1919 ਈ. ਵਿਚ ਸਿਆਲਕੋਟ ਵਿਚ ਕਾਇਮ ਹੋਇਆ ਅਤੇ ਉਸ ਨੇ 'ਬਾਬੇ ਦੀ ਬੇਰ' ਗੁਰੂ-ਧਾਮ ਉਤੇ ਕਬਜ਼ਾ ਕਰ ਲਿਆ। ਦਸੰਬਰ 1920 ਵਿਚ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਹੋਂਦ ਵਿਚ ਆਇਆ। ਇਸ ਅਕਾਲੀ ਦਲ ਨੇ ਗੁਰਦੁਆਰਿਆਂ ਦੇ ਸੁਧਾਰ ਲਈ ਇਕ ਮਜ਼ਬੂਤ ਲਹਿਰ ਚਲਾਈ। ਇਸ ਤਰ੍ਹਾਂ ਸੰਨ 1850 ਈ. ਤੋਂ ਲਗਭਗ 70 ਵਰ੍ਹੇ ਬਾਦ ਪਰਿਵਰਤਿਤ ਰੂਪ ਵਿਚ ਅਕਾਲੀ ਦਲ ਹੋਂਦ ਵਿਚ ਆਇਆ।

**ਅਕਾਲੀ** (ਅਖ਼ਬਾਰ) : ਵੇਖੋ 'ਰੋਜ਼ਾਨਾ ਅਕਾਲੀ'।

**ਅਕਾਲੀਆਂ ਦੀ ਛਾਵਣੀ** : ਇਸ ਨੂੰ 'ਨਿਹੰਗਾਂ ਦੀ ਛਾਵਣੀ' ਵੀ ਕਹਿੰਦੇ ਹਨ। ਅੰਮ੍ਰਿਤਸਰ ਨਗਰ ਦੇ ਸ਼ੇਰਾਂਵਾਲਾ ਗੇਟ ਦੇ ਬਾਹਰ ਜਿਥੇ ਅਕਾਲੀ ਫੂਲਾ ਸਿੰਘ ਦਾ ਡੇਰਾ ਸੀ, ਉਥੇ ਨਿਹੰਗ ਸਿੰਘਾਂ ਨੇ 20ਵੀਂ ਸਦੀ ਦੇ ਸ਼ੁਰੂ ਵਿਚ ਇਕ ਛੇ ਮੰਜ਼ਲਾਂ ਬੁਰਜ ਬਣਾਇਆ। ਉਸੇ ਨੂੰ ਬਾਦ ਵਿਚ 'ਅਕਾਲੀਆਂ ਦੀ ਛਾਵਣੀ' ਦਾ ਨਾਂ ਦਿੱਤਾ ਜਾਣ ਲਗਿਆ। ਇਸ ਬੁਰਜ ਦੇ ਪਰਿਸਰ ਵਿਚ ਗੁਰੂ ਹਰਿਗੋਬਿੰਦ ਜੀ ਦੀ ਯਾਦ ਵਿਚ ਵੀ ਇਕ ਸਮਾਰਕ ਬਣਿਆ ਹੋਇਆ ਹੈ ਜਿਥੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸ਼ਰੀਰਿਕ ਕਸਰਤਾਂ ਕਰਵਾਉਂਦੇ ਹੁੰਦੇ ਸਨ। ਉਥੇ ਹੀ ਸਿੱਖਾਂ ਦੇ ਇਸ਼ਨਾਨ ਲਈ ਇਕ ਖੂਹ ਵੀ

ਪੁਟਵਾਇਆ ਗਿਆ ਸੀ, ਜੋ ਹੁਣ ਵੀ ਮੌਜੂਦ ਹੈ।

**ਅਕਾਲੀ ਦਲ** : ਵੇਖੋ 'ਸ਼੍ਰੋਮਣੀ ਅਕਾਲੀ ਦਲ'।

**ਅਕਾਲੀ ਦਲ ਖਰਾ ਸੌਦਾ ਬਾਰ** : ਸੰਨ 1912 ਈ. ਵਿਚ ਗੁਰਦੁਆਰਿਆਂ ਨੂੰ ਉਦਾਸੀ ਮਹੰਤਾਂ ਤੋਂ ਆਜ਼ਾਦ ਕਰਾਉਣ ਦੇ ਉਦੇਸ਼ ਨਾਲ 'ਖ਼ਾਲਸਾ ਦੀਵਾਨ ਖਰਾ ਸੌਦਾ ਬਾਰ' ਦੀ ਸਥਾਪਨਾ ਕੀਤੀ ਗਈ। ਇਸ ਦੀਵਾਨ ਦੀ ਸਥਾਪਨਾ ਉਨ੍ਹਾਂ ਵਿਰਕ ਜੱਟ ਸਿੱਖਾਂ ਨੇ ਕੀਤੀ ਜੋ ਚੂਹੜਕਾਣਾ ਨਗਰ ਦੇ ਇਰਦ-ਗਿਰਦ ਵਸੇ ਪਿੰਡਾਂ ਦੇ ਸਨ। ਇਸ ਦੀਵਾਨ ਦੀ ਕਾਇਮੀ ਦਾ ਮੁੱਖ ਮੁੱਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖਾਂ ਵਿਚ ਵਿਦਿਆ ਪ੍ਰਸਾਰ ਦਾ ਸੀ। ਸੰਨ 1919 ਈ. ਵਿਚ ਹੋਏ ਜਲਿਆਂ ਵਾਲੇ ਬਾਗ਼ ਦੇ ਸਾਕੇ ਨੇ ਸਿੱਖਾਂ ਅੰਦਰ ਰਾਜਨੈਤਿਕ ਚੇਤਨਾ ਪੈਦਾ ਕੀਤੀ ਅਤੇ ਇਸ ਦੀਵਾਨ ਦੇ ਮੈਂਬਰ ਰਾਜਨੀਤੀ ਵਿਚ ਵੀ ਹਿੱਸਾ ਲੈਣ ਲਗ ਗਏ। ਫਲਸਰੂਪ 24 ਦਸੰਬਰ 1920 ਈ. ਨੂੰ ਗੁਰਦੁਆਰਾ ਮਹਾਰਾਣੀ ਨਕੈਣ, ਸ਼ੇਖੂਪੁਰਾ ਵਿਚ ਇਕ ਸੰਮੇਲਨ ਹੋਇਆ ਜਿਸ ਵਿਚ ਦੀਵਾਨ ਦਾ ਨਾਂ ਬਦਲ ਕੇ 'ਅਕਾਲੀ ਦਲ ਖਰਾ ਸੌਦਾ ਬਾਰ' ਕਰ ਦਿੱਤਾ ਗਿਆ ਅਤੇ ਕਰਤਾਰ ਸਿੰਘ ਝੱਬਰ ਨੂੰ ਇਸ ਦਾ ਜੱਥੇਦਾਰ ਬਣਾਇਆ ਗਿਆ। ਇਸ ਦਲ ਨੇ ਗੁਰਦੁਆਰਿਆਂ ਦੇ ਸੁਧਾਰ ਵਿਚ ਬੜੀ ਸਰਗਰਮੀ ਨਾਲ ਭਾਗ ਲਿਆ। ਇਸ ਦਲ ਦਾ ਸੰਪਰਕ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਨਾਲ ਵੀ ਸੀ ਅਤੇ ਇਨ੍ਹਾਂ ਦੇ ਨੇਤਾ ਅਕਸਰ ਮਿਲ ਕੇ ਧਰਮ-ਸੁਧਾਰ ਦਾ ਉੱਦਮ ਕਰਦੇ ਸਨ। ਬਾਦ ਵਿਚ ਇਸ ਦਲ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸਮੋ ਦਿੱਤਾ ਗਿਆ।

**ਅਕਿਰਤਘਣ** : ਇਹ ਸੰਸਕ੍ਰਿਤ ਦੇ 'ਕ੍ਰਿਤਘਨ' ਸ਼ਬਦ ਦਾ ਤਦਭਵ ਰੂਪ ਹੈ। ਇਸ ਦੀ ਵਰਤੋਂ ਉਸ ਵਿਅਕਤੀ ਲਈ ਹੁੰਦੀ ਹੈ ਜੋ ਕਿਸੇ ਦੇ ਉਪਕਾਰ ਨੂੰ ਭੁਲਾ ਦਿੰਦਾ ਹੈ, ਅਹਿਸਾਨ ਨੂੰ ਨਹੀਂ ਮੰਨਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਵਿਚ ਅਕਿਰਤਘਣ ਦੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਹੈ — *ਜਿਸ ਨੋ ਬਿਸਰੈ ਪੁਰਖੁ ਬਿਧਾਤਾ। ਜਲਤਾ ਫਿਰੈ ਰਹੈ ਨਿਤ ਤਾਤਾ। ਅਕਿਰਤਘਣੈ ਕਉ ਰਾਖੈ ਨ ਕੋਈ ਨਰਕ ਘੋਰ ਮਹਿ ਪਾਵਣਾ।* (ਗੁ.ਗ੍ਰੰ.1086)। ਸਿਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਇਹ ਵੀ ਕਿਹਾ ਹੈ ਕਿ ਪ੍ਰਭੂ ਸਦਾ ਬਖ਼ਸ਼ਿੰਦ ਹੈ, ਉਹ ਕੀਤੀ ਨ ਜਾਣਨ ਵਾਲਿਆਂ ਨੂੰ ਪਾਲਣੋਂ ਵੀ ਸੰਕੋਚ ਨਹੀਂ ਕਰਦਾ — *ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ।* (ਗੁ.ਗ੍ਰੰ.47)।

ਅਕਿਰਤਘਣ ਦੇ ਨੀਚ ਸਰੂਪ ਨੂੰ ਚਿਤਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ — *ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸ। ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸੁ। ਰਤੂ ਭਰਿਆ ਕਪੜਾ ਕਰਿ ਕਜਣ ਤਾਸੁ। ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ। ਆਖ ਸੁਣਾਏ ਪੁਛਿਆ ਲਾਹੇ ਵਿਸਵਾਸੁ। ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸੁ।* (35/9)।

ਅਕਿਤਰਘਣਤਾ ਤੋਂ ਖਲਾਸੀ ਕਿਵੇਂ ਹੋ ਸਕਦੀ ਹੈ ? ਇਸ ਬਾਰੇ ਬਿਲਾਵਲ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਧੀ ਦਸੀ ਹੈ — *ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ। ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ। ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ। ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ। ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ। ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ।* (ਗੁ.ਗ੍ਰੰ.809)।

**ਅਕੋਈ** (ਪਿੰਡ) : ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ ਜੋ ਸੰਗਰੂਰ ਨਗਰ ਤੋਂ ਲਗਭਗ ਚਾਰ ਕਿ.ਮੀ. ਉਤਰ ਦਿਸ਼ਾ ਵਲ ਸੰਗਰੂਰ-ਧੂਰੀ ਸੜਕ ਉਤੇ ਸਥਿਤ ਹੈ ਅਤੇ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਭਾਈ ਮਾਣਕ ਚੰਦ ਦੇ ਪ੍ਰੇਮ ਨੂੰ ਵੇਖਦੇ ਹੋਇਆਂ ਮਾਲਵਾ ਖੇਤਰ ਦੀ ਯਾਤ੍ਰਾ ਵੇਲੇ ਛੇਵੇਂ ਗੁਰੂ ਸਾਹਿਬ ਸੌਂਟੀ ਤੋਂ ਚਲ ਕੇ ਇਥੇ ਪਧਾਰੇ ਸਨ। ਗੁਰੂ ਜੀ ਦੇ ਆਗਮਨ ਦੀ ਯਾਦ ਨੂੰ ਤਾਜ਼ਾ ਰਖਣ ਲਈ ਭਾਈ ਮਾਣਕਚੰਦ ਨੇ ਉਥੇ ਥੜਾ ਬਣਵਾਇਆ। ਬਾਦ ਵਿਚ ਬਡਰੁਖਾ ਦੇ ਰਈਸ ਸ. ਦੀਵਾਨ ਸਿੰਘ ਨੇ ਉਥੇ ਗੁਰਦੁਆਰੇ ਦੀ ਉਸਾਰੀ ਕਰਵਾਈ। ਇਸ ਦੀ ਵਰਤਮਾਨ ਇਮਾਰਤ ਸੰਨ 1979 ਈ. ਵਿਚ ਮੁਕੰਮਲ ਹੋਈ ਦਸੀ ਜਾਂਦੀ ਹੈ। ਹੁਣ ਇਹ ਗੁਰੂ-ਧਾਮ 'ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਥੇ ਪਹਿਲੇ, ਛੇਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੇ ਜਨਮ-ਦਿਨ ਬੜੇ ਚਾਉ ਨਾਲ ਮਨਾਏ ਜਾਂਦੇ ਹਨ।

ਸਥਾਨਕ ਰਵਾਇਤ ਅਨੁਸਾਰ ਇਸ ਸਥਾਨ ਉਤੇ ਗੁਰੂ ਨਾਨਕ ਦੇਵ ਜੀ ਵੀ ਆਪਣੀਆਂ ਉਦਾਸੀਆਂ ਵੇਲੇ ਠਹਿਰੇ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਕਮੇਟੀ ਕਰਦੀ ਹੈ। ਪਿੰਡ ਦੇ ਬਜ਼ੁਰਗ ਦਸਦੇ ਹਨ ਕਿ ਪਹਿਲਾਂ ਇਥੇ ਇਕ ਕਰੀਰ ਦਾ ਬ੍ਰਿਛ ਵੀ ਸੀ, ਜਿਸ ਨਾਲ ਛੇਵੇਂ ਗੁਰੂ ਜੀ ਨੇ ਆਪਣਾ ਘੋੜਾ ਬੰਨ੍ਹਿਆ ਸੀ।

**ਅੱਖਰ** : ਇਹ ਸੰਸਕ੍ਰਿਤ ਦੇ 'ਅਕ੍ਸ਼ਰ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਵਿਉਤਪੱਤੀ ਮੂਲਕ ਅਰਥ ਹੈ ਜੋ ਨ ਖੁਰੇ, ਉਹ ਅਕ੍ਸ਼ਰ ਹੈ — *ਨ ਕ੍ਸ਼ਰਿਤ ਇਤਿ ਅਕ੍ਸ਼ਰ:।* ਇਸ ਤਰ੍ਹਾਂ ਅੱਖਰ ਉਹ ਤੱਤ੍ਵ ਹੈ ਜੋ ਖੁਰਦਾ ਨਹੀਂ, ਨਸ਼ਟ ਨਹੀਂ ਹੁੰਦਾ, ਜਿਸ ਵਿਚ ਕਿਸੇ ਪ੍ਰਕਾਰ ਦਾ ਕੋਈ ਪਰਿਵਰਤਨ ਜਾਂ ਵਿਕਾਸ ਨਹੀਂ ਹੁੰਦਾ। ਇਸ ਦ੍ਰਿਸ਼ਟੀ ਤੋਂ ਇਹ ਅਵਿਨਾਸ਼ੀ, ਪਾਰਬ੍ਰਹਮ ਦਾ ਵਾਚਕ ਸਿੱਧ ਹੁੰਦਾ ਹੈ। ਸੰਤ ਕਬੀਰ ਨੇ ਦੁਨੀਆਵੀ ਅੱਖਰਾਂ ਨੂੰ ਖੁਰਨ ਵਾਲਾ ਮੰਨ ਕੇ ਪਰਮਸੱਤਾ ਨੂੰ ਅਖੁਰ ਦਸਿਆ ਹੈ — *ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ।* (ਗੁ.ਗ੍ਰੰ.340)।

ਸੰਸਾਰ ਦੀਆਂ ਭਾਸ਼ਾਵਾਂ ਦੀਆਂ ਧੁਨੀਆਂ ਨੂੰ ਪ੍ਰਗਟ ਕਰਨ ਵਾਲੇ ਚਿੰਨ੍ਹ ਵੀ ਅੱਖਰ ਕਹੇ ਜਾਂਦੇ ਹਨ। ਸੰਸਕ੍ਰਿਤ ਸਾਹਿਤ ਵਿਚ ਇਸ ਦੀ ਵਰਤੋਂ ਧੁਨਿਆਤਮਕ (ਉਚਰਿਤ) ਅਤੇ ਸੰਕੇਤਾਤਮਕ (ਲਿਖਿਤ) ਦੋਹਾਂ ਅਰਥਾਂ ਵਿਚ ਕੀਤੀ ਮਿਲਦੀ ਹੈ। ਸੰਕੇਤਾਤਮਕ ਅੱਖਰ ਨੂੰ 'ਵਰਣ' ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਅਖਰ' ਨੂੰ ਇਸ ਅਰਥ ਵਿਚ ਵਰਤਦਿਆਂ ਕਿਹਾ ਹੈ — *ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ। ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।* (ਗੁ.ਗ੍ਰੰ. 1246)।

ਉਪਰੋਕਤ ਅਰਥਾਂ ਤੋਂ ਇਲਾਵਾ ਗੁਰਬਾਣੀ ਵਿਚ 'ਅਖਰ' ਦੀ ਵਰਤੋਂ ਉਪਦੇਸ਼ (*ਅਖਰ ਨਾਨਕ ਆਖਿਓ ਆਪਿ*), ਮੰਤ੍ਰ (*ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ*), ਪਦਾਰਥ (*ਦ੍ਰਿਸਟਮਾਨ ਅਖਰ ਹੈ ਜੇਤਾ*), ਆਦਿ ਅਰਥਾਂ ਵਿਚ ਵੀ ਹੋਈ ਮਿਲਦੀ ਹੈ।

**ਅਖਾੜਾ** : ਇਸ ਸ਼ਬਦ ਦਾ ਪਿਛੋਕੜ ਸੰਸਕ੍ਰਿਤ ਦੇ ਅਕ੍ਸ਼ਾਰ ਜਾਂ ਅਕ੍ਸ਼ਪਾਲਾ ਨਾਲ ਜੋੜਿਆ ਜਾਂਦਾ ਹੈ। ਇਸ ਦੇ ਅਰਥ ਰੰਗਭੂਮੀ, ਪਹਿਲਵਾਨਾਂ ਦੇ ਘੁਲਣ ਦੀ ਥਾਂ (*ਬਿਖਮ ਅਖਾੜਾ ਮੈ ਗੁਰ ਮਿਲਿ ਜੀਤਾ।*) ਆਦਿ ਪ੍ਰਚਲਿਤ ਹਨ। ਪਰ ਕਾਲਾਂਤਰ ਵਿਚ ਸੰਨਿਆਸੀਆਂ, ਬੈਰਾਗੀਆਂ ਅਤੇ ਹੋਰ ਹਿੰਦੂ ਸਾਧਾਂ ਨੇ ਆਪਣੇ ਵਿਚਰਣ ਸਥਲਾਂ ਜਾਂ ਡੇਰਿਆਂ ਨੂੰ 'ਅਖਾੜਾ' ਕਹਿਣਾ ਸ਼ੁਰੂ ਕਰ ਦਿੱਤਾ, ਕਿਉਂਕਿ ਇਥੇ ਉਹ ਆਪਣੀ ਅਧਿਆਤਮਿਕ ਕ੍ਰੀੜਾ ਸੰਪੰਨ ਕਰਦੇ ਸਨ। ਇਨ੍ਹਾਂ ਦੇ ਦੇਖਾ-ਦੇਖੀ ਅਤੇ ਸਿੱਖ ਅਨੁਯਾਈਆਂ ਦੀ ਸੁਵਿਧਾ ਲਈ ਪਹਿਲਾਂ ਉਦਾਸੀ ਸੰਤਾਂ ਅਤੇ ਬਾਦ ਵਿਚ ਨਿਰਮਲ ਸੰਤਾਂ ਨੇ ਧਾਰਮਿਕ ਤੀਰਥਾਂ ਉਤੇ ਆਪਣੇ ਆਪਣੇ ਅਖਾੜੇ ਬਣਾਉਣੇ ਸ਼ੁਰੂ ਕਰ ਦਿੱਤੇ। ਵਿਸਤਾਰ ਲਈ ਵੇਖੋ 'ਉਦਾਸੀ ਅਖਾੜੇ' ਅਤੇ 'ਨਿਰਮਲ ਅਖਾੜੇ'।

**ਅਖੰਡ-ਪਾਠ**: ਇਸ ਸ਼ਬਦ-ਯੁਗਲ ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਦਾ ਬਿਨਾ ਕਿਸੇ ਰੁਕਾਵਟ ਜਾਂ ਵਿਘਨ ਦੇ ਕੀਤਾ ਗਿਆ ਨਿਰੰਤਰ ਪਾਠ। ਇਹ ਆਮ ਤੌਰ 'ਤੇ ਦੋ ਦਿਨਾਂ (48 ਘੰਟਿਆਂ) ਵਿਚ ਸਮਾਪਤ ਕੀਤਾ ਜਾਂਦਾ ਹੈ ਅਤੇ ਖ਼ੁਸ਼ੀ, ਗ਼ਮੀ ਜਾਂ ਹੋਰ ਕਈ ਪ੍ਰਕਾਰ ਦੇ ਮਾਂਗਲਿਕ ਕਾਰਜਾਂ ਵੇਲੇ ਸ਼ਰਧਾਲੂਆਂ ਵਲੋਂ ਆਪਣੇ ਘਰਾਂ, ਗੁਰਦੁਆਰਿਆਂ, ਧਰਮਸ਼ਾਲਾਵਾਂ, ਧਰਮ-ਧਾਮਾਂ ਆਦਿ ਵਿਚ ਧਾਰਮਿਕ ਮਰਯਾਦਾ ਅਨੁਸਾਰ ਕੀਤਾ ਜਾਂ ਕਰਵਾਇਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦਾ ਅਖੰਡ-ਪਾਠ ਕਰਨ ਕਰਾਉਣ ਦੀ ਪਿਰਤ ਕਦ ਪਈ ? ਇਸ ਬਾਰੇ ਕੋਈ ਇਤਿਹਾਸਿਕ ਤੱਥ ਉਪਲਬਧ ਨਹੀਂ ਹੈ। ਦਮਦਮੀ ਟਕਸਾਲ ਵਾਲੇ ਵਿਦਵਾਨਾਂ ਦੀ ਮਾਨਤਾ ਹੈ ਕਿ ਇਸ ਰੀਤ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਕੀਤਾ ਸੀ ਜਦੋਂ ਦਮਦਮਾ ਸਾਹਿਬ ਦੇ ਲਿਖਣਸਰ ਵਾਲੇ ਸਥਾਨ ਉਤੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ ਅੰਤਿਮ ਰੂਪ ਦਿੱਤਾ ਸੀ। ਮਹਾਨ-ਕੋਸ਼ਕਾਰ ਦੀ ਸਥਾਪਨਾ ਹੈ ਕਿ 'ਪਾਠ ਦੀ ਇਹ ਰੀਤਿ ਪੰਥ ਵਿਚ ਬੁੱਢੇ ਦਲ ਨੇ ਚਲਾਈ ਹੈ। ਸਤਿਗੁਰਾਂ ਦੇ ਸਮੇਂ ਅਖੰਡ ਪਾਠ ਨਹੀਂ ਹੋਇਆ ਕਰਦਾ ਸੀ।'

ਅਖੰਡ-ਪਾਠ ਦੀ ਰੀਤਿ ਪ੍ਰਚਲਿਤ ਹੋਣ ਪਿਛੇ ਸਮੇਂ ਦੀ ਸਥਿਤੀ ਆਪਣੀ ਭੂਮਿਕਾ ਨਿਭਾ ਰਹੀ ਪ੍ਰਤੀਤ ਹੁੰਦੀ ਹੈ। ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਪੰਥ ਵਿਚ ਪੈਦਾ ਹੋਈ ਸੰਕਟਮਈ ਸਥਿਤੀ ਅਤੇ ਸਥਾਈ ਟਿਕਾਉ ਦੇ ਅਭਾਵ ਕਰਕੇ

ਕਿਸੇ ਯੁੱਧ ਜਾਂ ਮੁਹਿੰਮ ਉਤੇ ਜਾਣ ਵੇਲੇ ਜਾਂ ਉਸ ਦੀ ਸਮਾਪਤੀ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ ਜਾਂਦਾ ਸੀ ਅਤੇ ਸਮੇਂ ਦੀ ਘਾਟ ਅਤੇ ਸੁਰਖਿਆ ਦੀ ਸਥਿਤੀ ਨੂੰ ਬਣਾਈ ਰਖਣ ਲਈ ਇਸ ਪਾਠ ਨੂੰ ਘਟ ਤੋਂ ਘਟ ਵਕਤ ਵਿਚ ਸਮੇਟਣ ਦੀ ਸੋਚ ਪੈਦਾ ਹੋ ਜਾਣੀ ਕੁਦਰਤੀ ਸੀ। ਇਕ ਰਵਾਇਤ ਅਨੁਸਾਰ ਸਭ ਤੋਂ ਪਹਿਲਾ ਅਖੰਡ ਪਾਠ ਕੁੱਪ-ਰਹੀੜੇ ਦੇ ਸਥਾਨ ਉਤੇ ਸੰਨ 1762 ਈ. ਵਿਚ ਹੋਏ ਵੱਡੇ ਘਲੂਘਾਰੇ ਤੋਂ ਪਹਿਲਾਂ ਹੋਇਆ। ਮੁਗ਼ਲ ਫ਼ੌਜਾਂ ਨਾਲ ਛੋਟੀਆਂ ਵੱਡੀਆਂ ਭਿੜੰਤਾਂ ਤੋਂ ਬਾਦ ਖ਼ਾਲਸਾ ਦਲ ਕਿਸੇ ਸੁਰਖਿਅਤ ਸਥਾਨ ਵਲ ਕੂਚ ਕਰਨ ਤੋਂ ਪਹਿਲਾਂ ਕੁੱਪ-ਰਹੀੜੇ ਵਾਲੇ ਸਥਾਨ 'ਤੇ ਇਕੱਠਾ ਹੋਇਆ ਅਤੇ ਅਗਲੀ ਮੰਜ਼ਿਲ ਲਈ ਪ੍ਰਸਥਾਨ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਮੁਗ਼ਲ ਸੈਨਾ ਦੇ ਹਮਲੇ ਦੀ ਸ਼ੰਕਾ ਕਰਕੇ ਇਸ ਪਾਠ ਨੂੰ ਦਿਨ ਰਾਤ ਨਿਰੰਤਰ ਜਾਰੀ ਰਖਿਆ ਗਿਆ। ਬਸ ਇਸ ਘਟਨਾ ਤੋਂ ਬਾਦ ਅਖੰਡ-ਪਾਠ ਕਰਨਾ ਹੌਲੀ ਹੌਲੀ ਰੀਤਿ ਦਾ ਰੂਪ ਧਾਰਣ ਕਰ ਗਿਆ।

**ਅਗਮਪੁਰ** : ਇਹ ਸੰਯੁਕਤ ਸ਼ਬਦ (ਅਗਮ+ਪੁਰ) ਸੰਸਕ੍ਰਿਤ ਮੂਲ ਦਾ ਹੈ। 'ਅਗਮ' ਦਾ ਅਰਥ ਹੈ ਨ ਚਲਣ ਵਾਲਾ, ਅਰਥਾਤ ਸਥਾਈ, ਦ੍ਰਿੜ੍ਹ। ਪੁਰ ਦਾ ਅਰਥ ਹੈ ਨਗਰ। ਇਸ ਤੋਂ ਭਾਵ ਹੈ ਸਥਾਈ ਨਗਰ, ਬ੍ਰਹਮ-ਨਿਵਾਸ, ਬ੍ਰਹਮ-ਪੁਰ।

ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਕਿਹਾ ਹੈ — *ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ। ਸਚੁ ਸੰਜਮੁ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ। ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ।*(ਗੁ.ਗ੍ਰੰ.436)। ਇਥੇ ਪਹਿਲਾਂ ਆਪਣੇ ਆਪ ਉਤੇ ਪ੍ਰਸ਼ਨ ਹੈ ਕਿ ਉਸ ਪਹੁੰਚ ਤੋਂ ਪਰੇ (ਅਗਮ -ਅਗਮ੍ਯ) ਬ੍ਰਹਮ-ਪੁਰ ਵਿਚ ਕਿਵੇਂ ਪਹੁੰਚਿਆ ਜਾਏ? ਅੰਦਰੋਂ ਹੀ ਉੱਤਰ ਮਿਲਦਾ ਹੈ ਕਿ ਸਚ (ਦੇ ਮਾਰਗ) ਨੂੰ ਗ੍ਰਹਿਣ ਕਰਕੇ, (ਇੰਦ੍ਰੀਆਂ ਨੂੰ) ਵਸ ਵਿਚ ਕਰਕੇ ਅਤੇ ਗੁਣਾਂ ਨੂੰ ਸੰਭਾਲ ਕੇ ਗੁਰੂ ਦਾ ਸ਼ਬਦ ਕਮਾਉਣਾ ਚਾਹੀਦਾ ਹੈ (ਅਰਥਾਤ ਗੁਰੂ-ਉਪਦੇਸ਼ ਅਥਵਾ ਆਸ਼ੇ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ)। ਜੇ ਸੱਚੇ ਸ਼ਬਦ ਨੂੰ ਕਮਾਇਆ ਜਾਏ, ਤਾਂ ਆਪਣੇ ਨਿਜ ਘਰਿ (ਵਾਸਤਵਿਕ ਘਰ/ਬ੍ਰਹਮ- ਪੁਰ) ਪਹੁੰਚਿਆ ਜਾ ਸਕਦਾ ਹੈ ਅਤੇ (ਇਸ ਪ੍ਰਕਾਰਜ ਰਾਹੀਂ) ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਉਪਰੋਕਤ ਤੋਂ ਭਾਵ ਹੈ ਕਿ ਆਤਮ-ਸੰਜਮ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਹੈ ਅਤੇ ਸ਼ੁੱਧ ਚਿੱਤ ਹੀ 'ਨਿਜਘਰ' ਹੈ ਜਿਸ ਵਿਚ ਪਰਮਾਤਮਾ ਨਿਵਾਸ ਕਰਦਾ ਹੈ।

**ਅਗਾਧ** : ਪਰਮਾਤਮਾ ਦਾ ਇਕ ਵਾਚਕ ਸ਼ਬਦ ਹੈ। ਇਸ ਦਾ ਅਰਥ ਹੈ ਜਿਸ ਦਾ 'ਗਾਧ' (ਥਾਹ) ਨ ਪਾਇਆ ਜਾ ਸਕੇ, ਜਿਸ ਦੀ ਗਹਿਰਾਈ ਨ ਮਾਪੀ ਜਾ ਸਕੇ। ਇਸ ਤੋਂ ਲਾਖਣਿਕ ਅਰਥ ਬਣਦਾ ਹੈ ਜਿਸ ਦਾ ਕੋਈ ਅੰਤ ਨਹੀਂ। ਇਸ ਤਰ੍ਹਾਂ ਇਹ ਅਨੰਤ, ਬੇਅੰਤ ਅਰਥ ਵਿਚ ਵੀ ਵਰਤਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਅਗਮ ਅਤੇ ਅਗਾਧ ਕਿਹਾ ਹੈ—*ਅਗਮ ਅਗਾਧਿ ਪਾਰਬ੍ਰਹਮੁ ਸੋਇ।*(ਗੁ.ਗ੍ਰੰ.271)।

**ਅਗੋਚਰ** : ਇਹ ਪਰਮਾਤਮਾ ਵਾਚਕ ਇਕ ਵਿਸ਼ੇਸ਼ਣ ਹੈ। ਇਥੇ 'ਗੋ' ਦਾ ਅਰਥ ਹੈ ਇੰਦ੍ਰੀਆਂ। ਜੋ ਇੰਦ੍ਰੀਆਂ ਦਾ ਵਿਸ਼ਾ ਨ ਹੋਵੇ, ਜਾਂ ਜਿਥੇ ਇੰਦ੍ਰੀਆਂ ਦੀ ਪਹੁੰਚ ਨ ਹੋ ਸਕੇ ਉਹ 'ਅਗੋਚਰ' ਹੈ। ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ ਕਿਹਾ ਹੈ — *ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।*(ਗੁ.ਗ੍ਰੰ.795)।

**ਅਗੌਲ** (ਪਿੰਡ) : ਪਟਿਆਲਾ ਜ਼ਿਲ੍ਹੇ ਦਾ ਇਕ ਪਿੰਡ ਜੋ ਨਾਭੇ ਤੋਂ 10 ਕਿ.ਮੀ. ਦੀ ਵਿਥ ਉਤੇ ਸਥਿਤ ਹੈ ਅਤੇ ਭਾਦਸੋਂ ਦੇ ਨੇੜੇ ਪੈਂਦਾ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਧਰਮ-ਪ੍ਰਚਾਰ-ਯਾਤ੍ਰਾ ਦੌਰਾਨ ਇਸ ਪਿੰਡ ਦੇ ਸਮੀਪ ਇਕ ਪਿੱਪਲ ਦੇ ਬ੍ਰਿਛ ਹੇਠਾਂ ਵਿਸ਼੍ਰਾਮ ਕਰਨ ਲਈ ਬੈਠੇ ਸਨ। ਉਥੇ ਨੇੜੇ ਇਕ ਟੋਭਾ ਵੀ ਸੀ। ਪਿੱਪਲ ਦਾ ਬ੍ਰਿਛ ਤਾਂ ਹੁਣ ਖ਼ਤਮ ਹੋ ਗਿਆ ਹੈ, ਪਰ ਟੋਭੇ ਨੂੰ ਇਕ ਸਰੋਵਰ ਦਾ ਰੂਪ ਦੇ ਦਿੱਤਾ ਗਿਆ ਹੈ। ਰਵਾਇਤ ਹੈ ਕਿ ਉਸ ਸਰੋਵਰ ਦਾ ਜਲ ਚਮੜੀ ਦੀਆਂ ਬੀਮਾਰੀਆਂ ਠੀਕ ਕਰਨ ਵਿਚ ਬਹੁਤ ਉਪਯੋਗੀ ਹੈ। ਇਸ ਲਈ ਚਮੜੀ-ਰੋਗੀ ਇਸ਼ਨਾਨ ਕਰਨ ਲਈ ਦੂਰੋਂ ਦੂਰੋਂ ਆਉਂਦੇ ਹਨ। ਜਿਸ ਸਥਾਨ ਉਤੇ ਗੁਰੂ ਸਾਹਿਬ ਬੈਠੇ ਸਨ, ਉਥੇ ਹੁਣ ਸੁੰਦਰ ਗੁਰਦੁਆਰਾ ਬਣਾਇਆ ਜਾ ਚੁਕਿਆ ਹੈ। ਗੁਰਦੁਆਰੇ ਦਾ ਪ੍ਰਬੰਧ ਪਿੰਡ ਵਾਸੀਆਂ ਵਲੋਂ ਹੀ ਹੁੰਦਾ ਹੈ।

**ਅਚਲ-ਬਟਾਲਾ/ਵਟਾਲਾ** (ਤੀਰਥ) : ਇਹ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਨਗਰ ਤੋਂ 5 ਕਿ.ਮੀ. ਦੀ ਦੂਰੀ ਉਤੇ ਸਥਿਤ ਇਕ ਪੁਰਾਤਨ ਤੀਰਥ ਹੈ ਜਿਥੇ ਮਹਾਦੇਵ ਦਾ ਮੰਦਿਰ ਹੈ। ਇਸ ਧਰਮ-ਧਾਮ ਦੀ ਸਥਾਪਨਾ ਦਾ ਸੰਬੰਧ ਸ਼ਿਵ ਦੇ ਪੁੱਤਰ ਕਾਰਤਿਕੇਯ ਨਾਲ ਜੋੜਿਆ ਜਾਂਦਾ ਹੈ।

ਪੌਰਾਣਿਕ ਆਖਿਆਨ ਅਨੁਸਾਰ ਸ਼ਿਵ ਅਤੇ ਪਾਰਬਤੀ ਆਪਣੇ ਦੋਹਾਂ ਪੁੱਤਰਾਂ — ਕਾਰਤਿਕੇਯ ਅਤੇ ਗਣੇਸ਼— ਵਿਚੋਂ ਕਿਸੇ ਇਕ ਨੂੰ ਉੱਤਰਾਧਿਕਾਰੀ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਨਿਰਣਾ ਕੀਤਾ ਕਿ ਦੋਹਾਂ ਵਿਚੋਂ ਜੋ ਪਹਿਲਾਂ ਪ੍ਰਿਥਵੀ ਦਾ ਚੱਕਰ ਕਟ ਕੇ ਪਰਤੇਗਾ, ਉਸ ਨੂੰ ਗੱਦੀ ਉਤੇ ਬਿਠਾਇਆ ਜਾਏਗਾ। ਕਾਰਤਿਕੇਯ ਤੁਰਤ ਗਰੁੜ ਉਤੇ ਸਵਾਰ ਹੋ ਕੇ ਉਡ ਪਿਆ, ਪਰ ਚੂਹੇ ਦੀ ਸਵਾਰੀ ਕਰਨ ਵਾਲਾ ਗਣੇਸ਼ ਬਹੁਤ ਪਿਛੇ ਰਹਿ ਗਿਆ। ਰਸਤੇ ਵਿਚ ਉਸ ਦੀ ਨਾਰਾਇਣ ਨਾਲ ਭੇਂਟ ਹੋਈ। ਨਾਰਾਇਣ ਨੇ ਸੁਝਾ ਦਿੱਤਾ ਕਿ ਸ਼ਿਵ ਪ੍ਰਿਥਵੀ ਨੂੰ ਸਾਜਣ ਵਾਲਾ ਹੈ। ਉਸ ਦੀ ਸੱਤ ਵਾਰ ਕੀਤੀ ਪਰਿਕ੍ਰਮਾ ਪ੍ਰਿਥਵੀ ਦੇ ਚੱਕਰ ਕਟਣ ਤੁਲ ਹੈ। ਉਸ ਨੇ ਇਵੇਂ ਹੀ ਕੀਤਾ ਅਤੇ ਸ਼ਿਵ ਨੇ ਉਸ ਦੀ ਸਿਆਣਪ ਨੂੰ ਵੇਖ ਕੇ ਆਪਣਾ ਉੱਤਰਾਧਿਕਾਰੀ ਬਣਾ ਦਿੱਤਾ।

ਉਧਰ ਕਾਰਤਿਕੇਯ ਨੂੰ ਨਾਰਾਇਣ ਰਾਹੀਂ ਸਾਰੀ ਗੱਲ ਦਾ ਪਤਾ ਲਗਾ ਤਾਂ ਉਹ ਉਥੇ ਹੀ ਰੁਕ ਗਿਆ; ਭਾਵ ਅਚਲ ਹੋ ਗਿਆ। ਉਸ ਨੂੰ ਲੈਣ ਲਈ ਮਹਾਦੇਵ ਤੇਂਤੀ ਕਰੋੜ ਦੇਵੀ-ਦੇਵਤਿਆਂ ਸਮੇਤ ਖ਼ੁਦ ਆਏ ਪਰ ਕਾਰਤਿਕੇਯ ਵਾਪਸ ਪਰਤਣ ਲਈ ਤਿਆਰ ਨ ਹੋਇਆ। ਆਖ਼ਿਰ ਮਹਾਦੇਵ ਨੇ ਉਸ ਸਥਾਨ ਨੂੰ ਮਹਾਨ ਤੀਰਥ ਬਣਨ ਦਾ ਮਹਾਤਮ ਪ੍ਰਦਾਨ ਕੀਤਾ। 'ਅਚਲ' ਨਾਂ ਕਾਰਣ ਇਸ ਦੇ ਨਾਲ ਲਗਦਾ ਪਿੰਡ ਵੀ 'ਅਚਲ' ਕਰਕੇ ਪ੍ਰਸਿੱਧ ਹੋਇਆ। ਬਟਾਲੇ ਦੇ ਨੇੜੇ ਹੋਣ ਕਾਰਣ ਇਸ ਦਾ ਨਾਂ 'ਅਚਲ-ਬਟਾਲਾ' ਪੈ ਗਿਆ।

ਪੁਰਾਤਨ ਕਾਲ ਤੋਂ ਇਹ ਸਥਾਨ ਸਿੱਧਾਂ/ਯੋਗੀਆਂ ਦਾ ਕੇਂਦਰ ਰਿਹਾ ਹੈ ਅਤੇ ਸ਼ਿਵ-ਰਾਤ੍ਰੀ ਦੇ ਮੌਕੇ ਉਤੇ ਭਾਰੀ ਮੇਲਾ ਲਗਦਾ ਹੈ। ਗੁਰੂ ਨਾਨਕ ਦੇਵ ਜੀ ਯੋਗੀਆਂ ਦੇ ਪਾਖੰਡਾਂ ਨੂੰ ਉਘਾੜਨ ਲਈ, ਭਾਈ ਕਾਨ੍ਹ ਸਿੰਘ ਅਨੁਸਾਰ, ਸੰਨ 1529 ਈ. (ਸੰਮਤ 1586 ਬਿ.) ਵਿਚ ਇਥੇ ਆਏ। ਸਿੱਧਾਂ/ਯੋਗੀਆਂ ਨਾਲ ਹੋਏ ਸੰਵਾਦ ਨੂੰ ਉਨ੍ਹਾਂ ਨੇ 'ਸਿਧ ਗੋਸਟਿ' ਵਿਚ ਸਮੋਇਆ। ਜਿਥੇ ਗੁਰੂ ਸਾਹਿਬ ਬੈਠੇ ਸਨ, ਉਥੇ ਹੁਣ 'ਅਚਲ ਸਾਹਿਬ' ਗੁਰੂ-ਧਾਮ ਹੈ।

ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਹੋਈ ਗੋਸਟਿ ਦਾ ਉੱਲੇਖ ਕੀਤਾ ਹੈ—*ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।* (1/39)। ਗੁਰੂ ਨਾਨਕ ਦੇਵ ਨੇ ਗੋਸਟਿ ਦੌਰਾਨ ਸਿੱਧਾਂ ਨੂੰ ਨਿਰੁਤਰ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਰਿਧੀਆਂ, ਸਿੱਧੀਆਂ ਅਤੇ ਕਰਾਮਾਤਾਂ ਨੂੰ ਨਿਰਰਥਕ ਦਸ ਕੇ 'ਸਤਿਨਾਮ' ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ, ਜੋ ਭਾਈ ਗੁਰਦਾਸ ਦੇ ਸ਼ਬਦਾਂ ਵਿਚ — *ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ। ਬਾਝੋ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਂ ਤੇ ਨਾਹੀ। ਬਸਤਰਿ ਪਹਿਰੇ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ। ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ। ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ। ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ। ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ। ਸਤਿਨਾਮ ਬਿਨੁ ਬਾਦਰਿ ਛਾਈ।* (1/43)

ਪਹਿਲਾਂ ਇਸ ਗੁਰ-ਧਾਮ ਦਾ ਉਦਾਸੀ ਮਹੰਤ ਪ੍ਰਬੰਧ ਕਰਦੇ ਸਨ, ਪਰ 20 ਅਪ੍ਰੈਲ 1926 ਈ. ਤੋਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੋ ਗਿਆ ਹੈ ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਪਹਿਲੇ, ਪੰਜਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੇ ਜਨਮ ਪੁਰਬਾਂ ਤੋਂ ਇਲਾਵਾ ਹਰ ਸਾਲ ਦੀਵਾਲੀ ਤੋਂ ਬਾਦ ਇਥੇ ਭਾਰੀ ਮੇਲਾ ਲਗਦਾ ਹੈ।

**ਅੱਛਰ ਸਿੰਘ, ਜੱਥੇਦਾਰ** (1892-1976 ਈ.): ਅਕਾਲ -ਤਖ਼ਤ ਦੇ ਸੁਪ੍ਰਸਿੱਧ ਜੱਥੇਦਾਰ ਅੱਛਰ ਸਿੰਘ ਦਾ ਜਨਮ ਸ. ਹੁਕਮ ਸਿੰਘ ਦੇ ਘਰ ਮਾਈ ਗੰਗੀ ਦੀ ਕੁੱਖੋਂ 18 ਜਨਵਰੀ 1892 ਈ. ਨੂੰ ਲਾਹੌਰ ਜ਼ਿਲ੍ਹੇ ਦੇ 'ਘਨੀਏ ਕੇ' ਨਾਂ ਦੇ ਪਿੰਡ ਵਿਚ ਹੋਇਆ। ਆਪ ਨੇ ਬਚਪਨ ਵਿਚ ਹੀ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਗੁਰਮੁਖੀ ਪੜ੍ਹ ਕੇ ਗੁਰਬਾਣੀ ਦੇ ਪਾਠ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। 15 ਵਰ੍ਹਿਆਂ ਦੀ ਉਮਰ ਵਿਚ ਆਪ ਬਰਮਾ ਚਲੇ ਗਏ ਅਤੇ ਉਥੇ ਜਾ ਕੇ ਬਰਮੀ ਅਤੇ ਉਰਦੂ ਭਾਸ਼ਾਵਾਂ ਪੜ੍ਹੀਆਂ। ਫਿਰ ਬਰਮਾ ਦੀ ਮਿਲਟਰੀ ਪੁਲਿਸ ਵਿਚ ਭਰਤੀ ਹੋ ਗਏ। ਸੰਨ 1921 ਈ. ਤਕ ਆਪ ਨੇ ਕਈਆਂ ਥਾਂਵਾਂ ਤੇ ਫ਼ੌਜੀ ਡਿਊਟੀ ਨਿਭਾਈ ਅਤੇ ਹਵਲਦਾਰ ਬਣੇ। ਪਰ ਨਨਕਾਣਾ ਸਾਹਿਬ ਦੇ ਸਾਕੇ ਨੇ ਆਪ ਨੂੰ ਧੁਰ ਅੰਦਰੋਂ

ਹਿਲਾ ਦਿੱਤਾ। ਫ਼ੌਜੀ ਨੌਕਰੀ ਤੋਂ ਤਿਆਗ-ਪੱਤਰ ਦੇ ਕੇ ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ ਵਿਚ ਸ਼ਾਮਲ ਹੋ ਗਏ ਅਤੇ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗ ਗਏ। ਅਕਤੂਬਰ 1923 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤੇ ਜਾਣ ਤੋਂ ਬਾਦ ਅਕਾਲ-ਤਖ਼ਤ ਦੇ ਦੋ ਜੱਥੇਦਾਰਾਂ— ਤੇਜਾ ਸਿੰਘ ਅਕਰਪੁਰੀ ਅਤੇ ਊਧਮ ਸਿੰਘ ਨਾਗੋਕੇ— ਦੇ ਗ੍ਰਿਫ਼ਤਾਰ ਹੋਣ 'ਤੇ ਆਪ ਨੂੰ 10 ਫਰਵਰੀ 1924 ਨੂੰ ਜੱਥੇਦਾਰ ਅਕਾਲ-ਤਖ਼ਤ ਥਾਪਿਆ ਗਿਆ, ਪਰ 7 ਮਈ 1924 ਨੂੰ ਆਪ ਨੂੰ ਵੀ ਪਕੜ ਕੇ ਡੇਢ ਸਾਲ ਲਈ ਕੈਦ ਕਰ ਦਿੱਤਾ ਗਿਆ।

ਲਾਹੌਰ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਅਮਰ ਸਿੰਘ ਸ਼ੇਰੇ-ਪੰਜਾਬ ਦੇ ਕਹੇ ਤੇ ਆਪ ਨੇ ਗੁਰਦੁਆਰਾ ਡੇਹਰਾ ਸਾਹਿਬ ਦੇ ਗ੍ਰੰਥੀ ਦੀ ਜ਼ਿੰਮੇਵਾਰੀ ਸੰਭਾਲੀ ਅਤੇ 14 ਸਾਲ ਸੇਵਾ ਕਰਨ ਤੋਂ ਬਾਦ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਵਿਚ ਗ੍ਰੰਥੀ ਆ ਲਗੇ। ਸੰਨ 1955 ਤੋਂ 1962 ਈ. ਤਕ ਆਪ ਅਕਾਲ-ਤਖ਼ਤ ਦੇ ਜੱਥੇਦਾਰ ਰਹੇ। ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਦੁਆਰਾ ਤੋੜੇ ਗਏ ਮਰਨ-ਵਰਤਾਂ ਬਾਰੇ ਸਿੰਘ ਸਾਹਿਬਾਨ ਦੀ ਪੜਤਾਲੀਆ ਕਮੇਟੀ ਦੇ ਆਪ ਮੁਖੀ ਥਾਪੇ ਗਏ। ਪਰ ਆਪ ਵਲੋਂ ਕੀਤੇ ਫ਼ੈਸਲੇ ਨੂੰ ਸਹੀ ਨ ਸਮਝਿਆ ਗਿਆ ਅਤੇ ਬਹੁਤ ਪ੍ਰਤਿਕਰਮ ਹੋਇਆ। ਇਸ ਪਿਛੋਂ ਸ਼੍ਰੋਮਣੀ ਅਕਾਲੀ ਦਲ ਦੋ-ਫਾੜ ਹੋ ਗਿਆ। ਇਕ ਧੜਾ ਸੰਤ ਫਤਹਿ ਸਿੰਘ ਨਾਲ ਮਿਲ ਗਿਆ ਅਤੇ ਦੂਜਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਹੋ ਗਿਆ। ਆਪ ਅਕਾਲ-ਤਖ਼ਤ ਦੀ ਜੱਥੇਦਾਰੀ ਤੋਂ ਤਿਆਗ-ਪੱਤਰ ਦੇ ਕੇ ਮਾਸਟਰ ਤਾਰਾ ਸਿੰਘ ਦੇ ਧੜੇ ਵਿਚ ਸ਼ਾਮਲ ਹੋ ਗਏ। ਇਸ ਧੜੇ ਦਾ ਆਪ ਨੂੰ ਨਵੰਬਰ 1962 ਈ. ਵਿਚ ਪ੍ਰਧਾਨ ਚੁਣ ਲਿਆ ਗਿਆ। 7 ਦਸੰਬਰ 1963 ਈ. ਨੂੰ ਆਪ ਦੀ ਪ੍ਰਧਾਨਗੀ ਅਧੀਨ ਕਰਨਾਲ ਵਿਚ ਹੋਈ ਕਾਨਫ੍ਰੰਸ ਵਿਚ ਆਪ ਨੇ ਅਕਾਲੀ ਦਲ ਦੇ ਦੋਹਾਂ ਧੜਿਆਂ ਨੂੰ ਆਪਸ ਵਿਚ ਮਿਲ ਜਾਣ ਦੀ ਅਪੀਲ ਕੀਤੀ। ਇਸ ਤੋਂ ਬਾਦ ਆਪ ਅਕਾਲੀ ਰਾਜਨੀਤੀ ਤੋਂ ਕਿਨਾਰਾ ਕਰਨ ਲਗੇ। ਲੰਬੇ ਸਮੇਂ ਤਕ ਬੀਮਾਰ ਰਹਿਣ ਉਪਰੰਤ 6 ਅਗਸਤ 1976 ਈ. ਨੂੰ ਆਪ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋ ਗਿਆ।

**ਅਜਪਾ-ਜਪ/ਅਜਪਾ-ਜਾਪ:** ਨਾਮ-ਜਪਣ ਦੀਆਂ ਤਿੰਨ ਵਿਧੀਆਂ ਵਿਚੋਂ ਵਿਚਕਾਰਲੀ ਵਿਧੀ ਜੋ ਸਾਧਾਰਣ ਜਪ ਤੋਂ ਬਾਦ ਸ਼ੁਰੂ ਹੁੰਦੀ ਹੈ। ਇਸ ਵਿਚ ਜੀਭ, ਹੋਂਠ, ਮਾਲਾ, ਉਂਗਲੀਆਂ ਦਾ ਆਧਾਰ ਖ਼ਤਮ ਹੋ ਜਾਂਦਾ ਹੈ। ਇਸ ਵਿਧੀ ਨਾਲ ਆਤਮਾ ਅੰਦਰ ਹੀ ਅੰਦਰ ਈਸ਼ਵਰੀ ਭਾਵਨਾ ਦੇ ਸਨਮੁਖ ਆਪਣੇ ਆਪ ਨੂੰ ਸਮਰਪਿਤ ਕਰ ਦਿੰਦੀ ਹੈ। ਇਸ ਵਿਚ ਕਿਸੇ ਸ਼ਬਦ ਦੇ ਉੱਚਾਰਣ ਦੀ ਲੋੜ ਖ਼ਤਮ ਹੋ ਜਾਂਦੀ ਹੈ। ਵੇਖੋ 'ਨਾਮ-ਸਾਧਨਾ'।

**ਅਜਮੇਰ ਸਿੰਘ, ਭਾਈ :** ਫ਼ਰੀਦਕੋਟ ਜ਼ਿਲ੍ਹੇ ਦੇ ਛੱਤੇਆਣਾ ਪਿੰਡ ਦਾ ਇਕ ਮੁਸਲਮਾਨ ਵਸਨੀਕ ਇਬਰਾਹੀਮ ਸ਼ਾਹ (ਨਾਮਾਂਤਰ ਬਹਮੀਸ਼ਾਹ) ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਪਾਨ ਕੀਤਾ ਸੀ। ਜਦ ਗੁਰੂ ਸਾਹਿਬ ਮੁਕਤਸਰ ਦੀ ਜੰਗ ਤੋਂ ਬਾਦ ਸੰਨ 1706 ਈ. ਵਿਚ ਛੱਤੇਆਣਾ ਪਿੰਡ ਆਏ, ਤਦ ਇਹ ਗੁਰੂ ਜੀ ਦੇ ਸੰਪਰਕ ਵਿਚ ਆਇਆ। 'ਗੁਰਪ੍ਰਤਾਪ ਸੂਰਜ ਗ੍ਰੰਥ' (ਐਨ 1/ਅਧਿ. 18) ਵਿਚ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਗੁਰੂ ਜੀ ਦਾ ਉਪਦੇਸ਼ ਸੁਣ ਕੇ ਇਸ ਉਤੇ ਬਹੁਤ ਅਸਰ ਹੋਇਆ। ਇਸ ਨੇ ਸਿੰਘ ਸਜਣ ਲਈ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਆਦੇਸ਼ ਦਿੱਤਾ ਕਿ ਉਹ ਇਬਰਾਹੀਮ ਨੂੰ ਪਾਹੁਲ ਛਕਾਏ। ਪਾਹੁਲ ਛਕਣ ਤੋਂ ਬਾਦ ਗੁਰੂ ਜੀ ਨੇ ਉਸ ਦਾ ਨਾਮ ਭਾਈ ਅਜਮੇਰ ਸਿੰਘ ਰਖਿਆ। 'ਮਾਲਵਾ ਦੇਸ ਰਟਨ ਦੀ ਸਾਖੀ ਪੋਥੀ' ਅਨੁਸਾਰ ਇਸ ਨੇ ਆਪਣੇ ਲਈ ਖ਼ੁਦ ਕਬਰ ਪੁਟੀ ਹੋਈ ਸੀ, ਪਰ ਪਾਹੁਲ-ਛਕਣ ਤੋਂ ਬਾਦ ਇਹ ਗੁਰਬਾਣੀ ਦੇ ਪਾਠ ਅਤੇ ਨਾਮ-ਸਿਮਰਨ ਵਿਚ ਪੂਰੀ ਤਰ੍ਹਾਂ ਮਗਨ ਹੋ ਗਿਆ।

**ਅਜਰਾਨਾ ਕਲਾਂ** (ਪਿੰਡ) : ਕੁਰੁਕੇਸ਼ਤ੍ਰ ਜ਼ਿਲ੍ਹੇ ਦਾ ਇਕ ਪਿੰਡ ਜਿਥੇ ਗੁਰੂ ਤੇਗ ਬਹਾਦਰ ਜੀ ਸੰਨ 1670 ਈ. ਵਿਚ ਦਿੱਲੀ ਤੋਂ ਆਨੰਦਪੁਰ ਸਾਹਿਬ ਆਉਂਦੇ ਹੋਇਆਂ ਕੁਝ ਦੇਰ ਲਈ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਿੰਡ ਦੀ ਦੱਖਣੀ ਬਾਹੀ ਦੇ ਬਾਹਿਰ ਮੰਜੀ ਸਾਹਿਬ ਦੀ ਸਥਾਪਨਾ ਕੀਤੀ ਗਈ। ਇਸ ਦੀ ਵਿਵਸਥਾ ਨਿਜੀ ਹੱਥਾਂ ਵਿਚ ਹੈ।

**ਅਜਿਤਾ ਰੰਧਾਵਾ :** ਗੁਰਦਾਸਪੁਰ ਜ਼ਿਲ੍ਹੇ ਦੇ ਪੱਖੋਕੇ ਰੰਧਾਵੇ

ਪਿੰਡ ਦਾ ਇਕ ਜੱਟ ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ। ਬਾਬਾ ਮੂਲ ਚੰਦ ਚੋਣਾ ਖਤ੍ਰੀ ਅਸਲੋਂ ਇਸੇ ਪਿੰਡ ਦਾ ਨਿਵਾਸੀ ਸੀ, ਪਰ ਕੰਮ-ਕਾਰ ਲਈ ਬਟਾਲੇ ਜਾ ਵਸਿਆ ਸੀ ਅਤੇ ਉਥੋਂ ਹੀ ਆਪਣੀ ਪੁੱਤਰੀ 'ਸੁਲਖਣੀ' (ਚੋਣੀ) ਦਾ ਵਿਆਹ ਗੁਰੂ ਨਾਨਕ ਦੇਵ ਜੀ ਨਾਲ ਕੀਤਾ ਸੀ। ਉਦਾਸੀਆਂ ਤੋਂ ਪਰਤਣ 'ਤੇ ਗੁਰੂ ਨਾਨਕ ਦੇਵ ਜੀ ਆਪਣੇ ਸਹੁਰੇ ਪਿੰਡ ਆਏ ਅਤੇ ਅਜਿਤੇ ਦੇ ਖੂਹ ਦੇ ਨੇੜੇ ਆ ਕੇ ਬਿਸਰਾਮ ਕੀਤਾ। ਅਜਿਤਾ ਗੁਰੂ ਜੀ ਦੀ ਨੂਰਾਨੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਨਾਲ ਅਧਿਆਤਮਿਕਤਾ ਬਾਰੇ ਵਿਚਾਰ-ਵਟਾਂਦਰਾ ਕੀਤਾ। ਅੰਤ ਵਿਚ ਉਹ ਗੁਰੂ ਜੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਸਿੱਖ ਬਣ ਗਿਆ। ਜਨਮਸਾਖੀ ਸਾਹਿਤ ਵਿਚ ਗੁਰੂ ਜੀ ਨਾਲ ਹੋਏ ਇਸ ਦੇ ਮੇਲ ਦਾ ਉੱਲੇਖ ਹੋਇਆ ਹੈ ਅਤੇ ਕਿਤੇ ਕਿਤੇ ਗੁਰੂ ਜੀ ਨਾਲ ਹੋਈ ਇਸ ਦੀ ਵਿਚਾਰ-ਚਰਚਾ ਦਾ ਬ੍ਰਿੱਤਾਂਤ ਵੀ ਦਿੱਤਾ ਹੋਇਆ ਮਿਲਦਾ ਹੈ ਜੋ ਗੋਸਟਿ 'ਅਜਿਤੇ ਰੰਧਾਵੇ ਨਾਲ ਹੋਈ' ਸਿਰਲੇਖ ਨਾਲ ਪ੍ਰਸਿੱਧ ਹੈ।

**ਅਜ਼ੀਜ਼ੁੱਦੀਨ, ਫ਼ਕੀਰ** (1780—1845 ਈ.): ਮਹਾਰਾਜਾ ਰਣਜੀਤ ਸਿੰਘ ਦਾ ਇਕ ਮੁਸਲਮਾਨ ਵਜ਼ੀਰ ਅਤੇ ਸਫ਼ੀਰ ਜਿਸ ਦਾ ਜਨਮ ਸੰਨ 1780 ਈ. ਵਿਚ ਉਸ ਵਕਤ ਦੇ ਲਾਹੌਰ ਦੇ ਪ੍ਰਮੁਖ ਹਕੀਮ ਗ਼ੁਲਾਮ ਮਹੱਯੁਦੀਨ ਦੇ ਘਰ ਹੋਇਆ। ਇਸ ਨੇ ਲਾਲਾ ਹਾਕਮ ਰਾਇ ਕੋਲੋਂ ਹਿਕਮਤ ਸਿਖੀ। ਇਕ ਵਾਰ ਮਹਾਰਾਜੇ ਦੀਆਂ ਅੱਖਾਂ ਦੁਖਣ 'ਤੇ ਹਾਕਮ ਰਾਇ ਨੇ ਆਪਣੇ ਸ਼ਾਗਿਰਦ ਅਜ਼ੀਜ਼ੁੱਦੀਨ ਨੂੰ ਇਲਾਜ ਕਰਨ ਲਈ ਭੇਜਿਆ। ਇਸ ਨੇ ਬੜੀ ਚੰਗੀ ਤਰ੍ਹਾਂ ਇਲਾਜ ਕੀਤਾ ਅਤੇ ਆਪਣੀ ਯੋਗਤਾ ਤੋਂ ਮਹਾਰਾਜਾ ਸਾਹਿਬ ਨੂੰ ਪ੍ਰਭਾਵਿਤ ਕੀਤਾ। ਮਹਾਰਾਜਾ ਸਾਹਿਬ ਨੇ ਇਸ ਨੂੰ ਆਪਣਾ ਨਿਜੀ ਹਕੀਮ ਰਖ ਲਿਆ ਅਤੇ ਜਗੀਰ ਵੀ ਬਖ਼ਸ਼ੀ। ਹੌਲੀ ਹੌਲੀ ਆਪਣੀ ਲਿਆਕਤ ਕਰਕੇ ਇਹ ਮਹਾਰਾਜਾ ਸਾਹਿਬ ਦੇ ਬਹੁਤ ਨੇੜੇ ਹੋ ਗਿਆ। ਕਾਲਾਂਤਰ ਵਿਚ ਮਹਾਰਾਜੇ ਨੇ ਇਸ ਨੂੰ ਆਪਣੀ ਵਜ਼ਾਰਤ ਵਿਚ ਸ਼ਾਮਲ ਕਰ ਲਿਆ।

ਮਹਾਰਾਜਾ ਸਾਹਿਬ ਨੂੰ ਵਿਸ਼ਵਾਸ ਹੋ ਗਿਆ ਕਿ ਅਜ਼ੀਜ਼ੁੱਦੀਨ ਉਨ੍ਹਾਂ ਦੀ ਨੀਤੀ ਅਤੇ ਮਨਸ਼ਾ ਨੂੰ ਠੀਕ ਢੰਗ ਨਾਲ ਸਮਝ ਸਕਦਾ ਹੈ ਅਤੇ ਸਹੀ ਦਿਸ਼ਾ ਵਿਚ ਕਾਰਵਾਈ ਕਰ ਸਕਦਾ ਹੈ। ਫਲਸਰੂਪ ਜਦੋਂ ਜਦੋਂ ਵੀ ਅੰਗ੍ਰੇਜ਼ਾਂ ਨਾਲ ਗੱਲਬਾਤ ਕਰਨ ਦਾ ਕੋਈ ਅਵਸਰ ਆਇਆ ਤਾਂ ਇਸੇ ਨੂੰ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਇਲਾਵਾ, ਮੁਸਲਮਾਨ ਜਾਗੀਰਦਾਰਾਂ ਜਾਂ ਨਵਾਬਾਂ ਜਾਂ ਪਹਾੜੀ ਰਾਜਿਆਂ ਨਾਲ ਮਾਮਲਾ ਨਜਿਠਣ ਦੀ ਜਦੋਂ ਕੋਈ ਘੜੀ ਆਈ, ਤਾਂ ਅਜ਼ੀਜ਼ੁੱਦੀਨ ਨੇ ਉਸ ਨੂੰ ਬੜੀ ਚੰਗੀ ਤਰ੍ਹਾਂ ਨਿਭਾਇਆ ਅਤੇ ਮਹਾਰਾਜੇ ਤੋਂ ਮਾਣ- ਸਤਿਕਾਰ ਪ੍ਰਾਪਤ ਕੀਤਾ। ਸੰਨ 1809 ਈ. ਤੋਂ ਬਾਦ ਲਾਹੌਰ ਦਰਬਾਰ ਦੇ ਵਿਦੇਸ਼ੀ ਮਾਮਲਿਆਂ ਲਈ ਇਸ ਦੀ ਰਾਏ ਨੂੰ ਮਹੱਤਵ ਦਿੱਤਾ ਜਾਣ ਲਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਵੀ ਇਹ ਵਜ਼ੀਰ ਬਣਿਆ ਰਿਹਾ। ਦਸੰਬਰ 1839 ਈ. ਵਿਚ ਲਾਰਡ ਆਕਲੈਂਡ ਦੇ ਸ਼ਿਮਲੇ ਆਉਣ 'ਤੇ ਮਹਾਰਾਜਾ ਖੜਕ ਸਿੰਘ ਵਲੋਂ ਇਹ ਸਦਭਾਵਨਾ ਮਿਸ਼ਨ ਉਤੇ ਗਿਆ। ਇਸੇ ਤਰ੍ਹਾਂ ਮਹਾਰਾਜਾ ਸ਼ੇਰ ਸਿੰਘ ਦੀ ਆਗਿਆ ਦਾ ਪਾਲਣ ਕਰਦੇ ਹੋਇਆਂ ਦਸੰਬਰ 1842 ਈ. ਵਿਚ ਲਾਰਡ ਐਲਨਬਰਆ ਨੂੰ ਮਿਲਣ ਲਈ ਫਿਰੋਜ਼ਪੁਰ ਗਿਆ।

ਸਮੁੱਚੇ ਤੌਰ 'ਤੇ ਗ਼ੈਰ-ਸਿੱਖ ਵਜ਼ੀਰਾਂ ਅਤੇ ਅਧਿਕਾਰੀਆਂ ਵਿਚੋਂ ਇਹ ਲਾਹੌਰ ਦਰਬਾਰ ਦਾ ਸਭ ਤੋਂ ਵੱਡਾ ਸ਼ੁਭ-ਚਿੰਤਕ ਸੀ। ਇਸ ਨੇ ਲਾਹੌਰ ਦਰਬਾਰ ਦੀ ਖ਼ਾਨਾਜੰਗੀ ਤੋਂ ਆਪਣੇ ਆਪ ਨੂੰ ਬਿਲਕੁਲ ਅਲਗ-ਥਲਗ ਰਖਿਆ। ਇਸ ਨੇ ਸਾਦਗੀ ਅਤੇ ਸ਼ਰਾਫ਼ਤ ਨੂੰ ਇਸ ਹੱਦ ਤਕ ਅਪਣਾਇਆ ਕਿ ਆਪਣੇ ਆਪ ਨੂੰ 'ਫ਼ਕੀਰ' ਅਖਵਾਉਣਾ ਪਸੰਦ ਕੀਤਾ ਅਤੇ ਇਹ ਸ਼ਬਦ ਇਸ ਦੇ ਨਾਂ ਨਾਲ ਸਥਾਈ ਤੌਰ 'ਤੇ ਜੁੜ ਗਿਆ। ਇਸ ਦੇ ਛੋਟੇ ਭਰਾ ਇਮਾਮਦੀਨ ਅਤੇ ਨੂਰਦੀਨ ਵੀ ਮਹਾਰਾਜੇ ਦੀ ਸੇਵਾ ਵਿਚ ਰਹੇ।

ਲਾਹੌਰ ਦਰਬਾਰ ਦੀ ਖ਼ਾਨਾਜੰਗੀ ਅਤੇ ਆਪਣੇ ਦੋ ਪੁੱਤਰਾਂ ਦੀ ਮੌਤ ਕਾਰਣ ਅਤਿ ਉਦਾਸ ਹੋਏ ਫ਼ਕੀਰ ਅਜ਼ੀਜ਼ੁੱਦੀਨ ਨੇ 3 ਦਸੰਬਰ 1845 ਈ. ਨੂੰ ਲਾਹੌਰ ਵਿਚ ਆਪਣੇ ਪ੍ਰਾਣ ਤਿਆਗੇ।

**ਅਜੀਤ ਸਿੰਘ, ਸਰਦਾਰ** (1881-1947 ਈ.): ਇਸ ਦਾ ਜਨਮ ਫਰਵਰੀ 1881 ਵਿਚ ਸ. ਅਰਜਨ ਸਿੰਘ ਦੇ ਘਰ ਮਾਤਾ ਜੈ ਕੌਰ ਦੀ ਕੁੱਖੋਂ ਖਟਕੜ-ਕਲਾਂ ਵਿਚ ਹੋਇਆ। ਇਹ ਤਿੰਨ ਭਰਾ ਸਨ। ਇਨ੍ਹਾਂ ਵਿਚੋਂ ਸਵਰਨ ਸਿੰਘ ਦਾ ਜਵਾਨੀ ਵਿਚ ਹੀ ਦੇਹਾਂਤ ਹੋ ਗਿਆ। ਦੂਜੇ ਭਰਾ ਦਾ ਨਾਂ ਕਿਸ਼ਨ ਸਿੰਘ ਸੀ ਜਿਸ ਦੇ ਘਰ ਸ਼ਹੀਦ ਭਗਤ ਸਿੰਘ ਦਾ

ਜਨਮ ਹੋਇਆ। ਅਜੀਤ ਸਿੰਘ ਦੇ ਮਾਤਾ-ਪਿਤਾ ਆਪਣੀ ਸੰਤਾਨ ਨੂੰ ਦੇਸ਼-ਭਗਤ ਬਣਨ ਲਈ ਸਦਾ ਪ੍ਰੇਰਨਾ ਦਿੰਦੇ ਸਨ। ਇਹੀ ਕਾਰਣ ਹੈ ਕਿ ਅਜੀਤ ਸਿੰਘ, ਕਿਸ਼ਨ ਸਿੰਘ ਅਤੇ ਭਗਤ ਸਿੰਘ ਆਪਣੇ ਮਨ ਵਿਚ ਕ੍ਰਾਂਤੀਕਾਰੀ ਰੁਚੀਆਂ ਨੂੰ ਵਿਕਸਿਤ ਕਰ ਸਕੇ। ਇਹ ਪਰਿਵਾਰ ਆਰਥਿਕ ਪੱਖੋਂ ਸੌਖਾ, ਪੜ੍ਹਿਆ ਲਿਖਿਆ ਅਤੇ ਕਾਫ਼ੀ ਸੁਲਝਿਆ ਹੋਇਆ ਸੀ।

ਅਜੀਤ ਸਿੰਘ ਨੇ ਮੁੱਢਲੀ ਸਿਖਿਆ ਆਪਣੇ ਪਿੰਡ ਵਿਚ ਪ੍ਰਾਪਤ ਕੀਤੀ। ਫਿਰ ਜਲੰਧਰ ਦੇ ਸਾਈਂ ਦਾਸ ਐਂਗਲੋ ਸੰਸਕ੍ਰਿਤ ਹਾਈ ਸਕੂਲ ਤੋਂ ਪੜ੍ਹ ਕੇ ਡੀ.ਏ.ਵੀ. ਕਾਲਜ ਲਾਹੌਰ ਜਾ ਦਾਖ਼ਲ ਹੋਇਆ। ਫਿਰ ਲਾਅ ਕਰਨ ਲਈ ਬਰੇਲੀ ਕਾਲਜ ਵਿਚ ਦਾਖ਼ਲ ਹੋਇਆ ਪਰ ਸਿਹਤ ਦੀ ਖ਼ਰਾਬੀ ਕਰਕੇ ਪੜ੍ਹਾਈ ਵਿਚੇ ਛਡ ਆਇਆ। ਲਾਹੌਰ ਵਿਚ ਆ ਕੇ ਇਸ ਨੇ ਅਧਿਆਪਨ ਦਾ ਕੰਮ ਸ਼ੁਰੂ ਕੀਤਾ।

ਬਾਰ ਦੇ ਇਲਾਕੇ ਵਿਚ ਇਸ ਪਰਿਵਾਰ ਦੀ ਕਾਫ਼ੀ ਜ਼ਮੀਨ ਸੀ ਪਰ ਆਮ ਰਿਹਾਇਸ਼ ਲਾਹੌਰ ਵਿਚ ਸੀ। ਲਾਹੌਰ ਵਿਚ ਰਹਿੰਦਿਆਂ ਅਜੀਤ ਸਿੰਘ ਅਧਿਕਤਰ ਲਾਲਾ ਲਾਜਪਤ ਰਾਇ, ਸੂਫ਼ੀ ਅੰਬਾ ਪ੍ਰਸਾਦ, ਲਾਲਾ ਕੇਦਾਰ ਨਾਥ ਦੇ ਸੰਪਰਕ ਵਿਚ ਰਿਹਾ। ਸੰਨ 1907 ਈ. ਵਿਚ ਜਦੋਂ ਪੰਜਾਬ ਸਰਕਾਰ ਨੇ ਬਾਰ ਦੇ ਇਲਾਕੇ ਦੀਆਂ ਨਵੀਆਂ ਆਬਾਦ ਹੋਈਆਂ ਜ਼ਮੀਨਾਂ ਬਾਰੇ 'ਪੰਜਾਬ ਕਾਲੋਨੀ ਐਕਟ' ਬਣਾਇਆ ਤਾਂ ਅਜੀਤ ਸਿੰਘ ਨੇ ਲਾਲਾ ਲਾਜਪਤ ਰਾਇ ਨਾਲ ਰਲ ਕੇ ਲਾਹੌਰ ਵਿਚ ਅੰਦੋਲਨ ਸ਼ੁਰੂ ਕੀਤਾ ਅਤੇ ਥਾਂ ਥਾਂ ਫਿਰ ਕੇ ਕਿਸਾਨਾਂ ਨੂੰ ਸੁਚੇਤ ਕੀਤਾ। ਉਸੇ ਦੌਰਾਨ ਹੀ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਇ' ਕਵਿਤਾ ਲਿਖ ਕੇ ਇਸ ਅੰਦੋਲਨ ਨੂੰ ਤੇਜ਼ ਕੀਤਾ।

ਇਸ ਅੰਦੋਲਨ ਨੂੰ ਦਬਾਉਣ ਲਈ ਪੰਜਾਬ ਸਰਕਾਰ ਨੇ ਅਜੀਤ ਸਿੰਘ ਅਤੇ ਲਾਜਪਤ ਰਾਇ ਨੂੰ ਪਕੜ ਕੇ ਬਰਮਾ ਵਿਚ ਦੇਸ਼-ਨਿਕਾਲਾ ਦੇ ਦਿੱਤਾ। ਪਰ ਕੁਝ ਸਮੇਂ ਬਾਦ ਪੰਜਾਬ ਸਰਕਾਰ ਨੇ 'ਪੰਜਾਬ ਕਾਲੋਨੀ ਐਕਟ' ਖ਼ਤਮ ਕਰ ਦਿੱਤਾ ਅਤੇ ਅਜੀਤ ਸਿੰਘ ਤੇ ਲਾਜਪਤ ਰਾਇ ਨੂੰ ਲਾਹੌਰ ਲਿਆਉਂਦਾ ਗਿਆ। ਲਾਹੌਰ ਪਹੁੰਚ ਕੇ ਅਜੀਤ ਸਿੰਘ ਨਿਚਲਾ ਨ ਬੈਠ ਸਕਿਆ ਅਤੇ ਸੰਨ 1908 ਈ. ਵਿਚ ਸੂਫ਼ੀ ਅੰਬਾ ਪ੍ਰਸਾਦ ਨੂੰ ਨਾਲ ਲੈ ਕੇ ਈਰਾਨ ਚਲਾ ਗਿਆ। ਉਥੇ ਕੁਝ ਵਰ੍ਹਿਆਂ ਬਾਦ ਸੂਫ਼ੀ ਅੰਬਾ ਪ੍ਰਸਾਦ ਦਾ ਦੇਹਾਂਤ ਹੋ ਗਿਆ। ਉਥੋਂ ਅਜੀਤ ਸਿੰਘ ਪਹਿਲਾਂ ਤੁਰਕੀ ਪਹੁੰਚਿਆ, ਫਿਰ ਬ੍ਰਾਜ਼ੀਲ ਨੂੰ ਚਲਾ ਗਿਆ। ਪਹਿਲੇ ਵਿਸ਼ਵ-ਯੁੱਧ ਦੌਰਾਨ ਇਹ ਉਥੇ ਹੀ ਸੀ। ਦੂਜੇ ਵਿਸ਼ਵ-ਯੁੱਧ ਵਿਚ ਇਹ ਇਟਲੀ ਦੇ ਰੇਡੀਓ ਸਟੇਸ਼ਨ ਤੋਂ ਹਿੰਦੁਸਤਾਨੀਆਂ ਨੂੰ ਹੱਲਾਸ਼ੇਰੀ ਦਿੰਦਾ ਸੀ ਪਰ ਮੁਸੋਲਨੀ ਦੀ ਹਾਰ ਤੋਂ ਬਾਦ ਇਹ ਜਰਮਨੀ ਚਲਾ ਗਿਆ। ਉਥੇ ਜਰਮਨੀ ਵਲੋਂ ਮਿਤਰ-ਦੇਸ਼ਾਂ ਦੀ ਫ਼ੌਜ ਅਗੇ ਆਤਮ-ਸਮਰਪਣ ਕਰਨ ਵੇਲੇ ਇਸ ਨੂੰ ਪਕੜ ਲਿਆ ਗਿਆ ਅਤੇ ਬੀਮਾਰੀ ਦੀ ਹਾਲਤ ਵਿਚ ਇੰਗਲੈਂਡ ਲੈ ਜਾਇਆ ਗਿਆ।

ਸੰਨ 1946 ਈ. ਦੀਆਂ ਚੋਣਾਂ ਦੁਆਰਾ ਜਦੋਂ ਭਾਰਤ ਵਿਚ ਅੰਤਰਿਮ ਸਰਕਾਰ ਬਣੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਉਦਮ ਨਾਲ ਇਸ ਨੂੰ ਮਾਰਚ 1947 ਈ. ਵਿਚ ਦੇਸ਼ ਵਾਪਸ ਲਿਆਉਂਦਾ ਗਿਆ। ਲਗਭਗ 40 ਸਾਲ ਦੇ ਦੇਸ਼-ਨਿਕਾਲੇ ਅਤੇ ਬਿਰਧ ਅਵਸਥਾ ਕਾਰਣ ਇਸ ਦੀ ਸਿਹਤ ਖ਼ਰਾਬ ਹੋ ਗਈ, ਪਰ ਇਸ ਦੇ ਮਨ ਵਿਚ ਦੇਸ਼ ਨੂੰ ਆਜ਼ਾਦ ਵੇਖਣ ਦੀ ਬੜੀ ਪ੍ਰਬਲ ਲਾਲਸਾ ਸੀ। ਆਖ਼ਿਰ ਜਦੋਂ ਉਹ ਘੜੀ ਇਸ ਨੇ ਆਪਣੀ ਅੱਖੀਂ ਵੇਖ ਲਈ ਤਾਂ 15 ਅਗਸਤ 1947 ਈ. ਤੋਂ ਕੁਝ ਦਿਨਾਂ ਬਾਦ ਡਲਹੌਜ਼ੀ ਵਿਚ ਪ੍ਰਾਣ ਤਿਆਗ ਦਿੱਤੇ।

**ਅਜੀਤ ਸਿੰਘ, ਸਾਹਿਬਜ਼ਾਦਾ** (1687-1705 ਈ.): ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਦੀ ਕੁੱਖੋਂ 26 ਜਨਵਰੀ 1687 ਈ. ਨੂੰ ਪਾਉਂਟਾ ਸਾਹਿਬ ਵਿਚ ਹੋਇਆ। ਅਗਲੇ ਸਾਲ ਗੁਰੂ ਜੀ ਪਰਿਵਾਰ ਸਹਿਤ ਆਨੰਦਪੁਰ ਪਰਤ ਆਏ। ਬਾਬਾ ਅਜੀਤ ਸਿੰਘ ਨੂੰ ਸਿੱਖ-ਮਰਯਾਦਾ ਵਿਚ ਪੱਕਾ ਕਰਨ ਅਤੇ ਯੁੱਧ-ਕਲਾ ਵਿਚ ਨਿਪੁਣ ਕਰਨ ਲਈ ਗੁਰੂ ਜੀ ਨੇ ਉਚੇਚਾ ਧਿਆਨ ਦਿੱਤਾ। ਅਜੇ ਆਪ 12 ਵਰ੍ਹਿਆਂ ਦੇ ਹੀ ਸਨ, ਤਾਂ ਗੁਰੂ ਜੀ ਨੇ 23 ਮਈ 1699 ਈ. ਨੂੰ 100 ਸਿੱਖਾਂ ਸਹਿਤ ਨੂਹ ਪਿੰਡ ਦੇ ਰੰਘੜਾਂ ਨੂੰ ਦੰਡ ਦੇਣ ਲਈ ਭੇਜਿਆ ਜਿਨ੍ਹਾਂ ਨੇ ਪੋਠੋਹਾਰ ਤੋਂ ਆਨੰਦਪੁਰ ਆ ਰਹੀ ਸੰਗਤ ਨੂੰ ਲੁਟਿਆ ਸੀ। ਇਸ ਤੋਂ ਇਲਾਵਾ ਵੀ ਸਿੱਖ ਸੰਗਤਾਂ ਉਤੇ ਹਮਲਾ ਕਰਨ ਵਾਲੇ ਰੰਘੜਾਂ ਅਤੇ ਗੁਜਰਾਂ ਦੀ ਆਪ ਨੇ ਕਈ ਵਾਰ ਸੁਧਾਈ ਕੀਤੀ ਅਤੇ ਹਿੰਦੂ ਇਸਤਰੀਆਂ ਦੀ ਪਤ ਨੂੰ ਲੁਟਣ ਵਾਲੇ ਮੁਸਲਮਾਨ ਅਧਿਕਾਰੀਆਂ ਨੂੰ ਸਜ਼ਾ ਦਿੱਤੀ। ਅਕਤੂਬਰ 1700 ਈ. ਵਿਚ ਹੋਈ ਨਿਰਮੋਹਗੜ੍ਹ ਦੀ ਲੜਾਈ ਵਿਚ ਆਪ ਨੇ ਆਪਣੀ ਯੁੱਧ-ਕਲਾ ਦਾ ਪਰਿਚਯ ਦਿੱਤਾ।

ਆਨੰਦਪੁਰ ਸਾਹਿਬ ਦਾ ਕਿਲ੍ਹਾ ਛਡਣ ਵੇਲੇ ਗੁਰੂ ਜੀ ਨੇ ਆਪ ਨੂੰ ਪਿਛਲੇ ਸੈਨਿਕ ਜੱਥੇ ਦੀ ਜ਼ਿੰਮੇਵਾਰੀ ਸੌਂਪੀ ਜਿਸ ਨੂੰ ਨਿਭਾ ਕੇ ਆਪਣੇ ਪਿਤਾ ਗੁਰੂ ਅਤੇ ਛੋਟੇ ਭਰਾ ਸਹਿਤ ਆਪ ਨੇ ਸਰਸਾ ਨਦੀ ਪਾਰ ਕਰਕੇ ਚਮਕੌਰ ਦੀ ਗੜ੍ਹੀ ਵਿਚ ਠਿਕਾਣਾ ਕੀਤਾ। ਮੁਗ਼ਲ ਸੈਨਾ ਦੁਆਰਾ ਗੜ੍ਹੀ ਨੂੰ ਘੇਰੇ ਜਾਣ 'ਤੇ ਜਦੋਂ ਦੋਹਾਂ ਧਿਰਾਂ ਵਿਚ ਗਹਿਗਚ ਲੜਾਈ ਆਰੰਭ ਹੋਈ, ਤਾਂ ਗੁਰੂ ਜੀ ਨੇ ਪੰਜ ਪੰਜ ਸਿੰਘਾਂ ਦੇ ਜੱਥੇ ਲੜਨ ਲਈ ਗੜ੍ਹੀ ਤੋਂ ਬਾਹਰ ਭੇਜਣੇ ਸ਼ੁਰੂ ਕੀਤੇ। ਉਨ੍ਹਾਂ ਵਿਚ ਇਕ ਜੱਥੇ ਨਾਲ ਬਾਬਾ ਜੀ ਨੂੰ ਵੀ ਭੇਜਿਆ ਗਿਆ। ਆਪ ਨੇ ਪਹਿਲਾ ਤੀਰਾਂ ਨਾਲ ਮੁਗ਼ਲ ਸੈਨਾ ਨੂੰ ਗੜ੍ਹੀ ਤੋਂ ਪਰੇ ਰਖਿਆ, ਫਿਰ ਭਾਲੇ ਨਾਲ ਯੁੱਧ ਕੀਤਾ। ਭਾਲੇ ਦੇ ਟੁਟਣ ਤੋਂ ਬਾਦ ਕ੍ਰਿਪਾਨ ਨਾਲ ਯੁੱਧ ਕਰਦਿਆਂ ਵੀਰ-ਗਤੀ ਪ੍ਰਾਪਤ ਕੀਤੀ। ਜਿਥੇ ਆਪ ਦਾ ਸ਼ਰੀਰ ਡਿਗਿਆ ਸੀ, ਉਥੇ ਹੁਣ ਗੁਰਦੁਆਰਾ ਕਤਲਗੜ੍ਹ ਬਣਿਆ ਹੋਇਆ ਹੈ ਅਤੇ ਹਰ ਸਾਲ ਪੋਹ ਦੀ ਅੱਠਵੀਂ ਨੂੰ ਸ਼ਰਧਾਲੂ ਵਿਸ਼ਾਲ ਸਭਾ ਆਯੋਜਿਤ ਕਰਕੇ ਸ਼ਰਧਾਂਜਲੀ ਅਰਪਿਤ ਕਰਦੇ ਹਨ। ਬਾਬਾ ਜੀ ਨੇ ਧਰਮ ਦੀ ਰਖਿਆ ਲਈ ਨਿਛਾਵਰ ਹੋ ਕੇ ਵਿਸ਼ਵ-ਇਤਿਹਾਸ ਵਿਚ ਇਕ ਅਮਿਟ ਛਾਪ ਛਡੀ ਅਤੇ ਆਪਣਾ ਨਾਂ ਰੌਸ਼ਨ ਕੀਤਾ ਹੈ।

**ਅਜੀਤ ਸਿੰਘ ਸੰਧਾਵਾਲੀਆ** (ਮ. 1843 ਈ.): ਲਾਹੌਰ ਦਰਬਾਰ ਦੇ ਵਿਨਾਸ਼ਕ ਨਾਟਕ ਦਾ ਇਕ ਪ੍ਰਮੁਖ ਪਾਤਰ, ਜਿਸ ਦਾ ਜਨਮ ਸ. ਬਸਾਵਾ ਸਿੰਘ ਸੰਧਾਵਾਲੀਆ ਦੇ ਘਰ ਹੋਇਆ। ਇਸ ਨੇ ਆਪਣੇ ਚਾਚਿਆਂ—ਅਤਰ ਸਿੰਘ ਅਤੇ ਲਹਿਣਾ ਸਿੰਘ—ਨੂੰ ਰਾਜਨੈਤਿਕ ਸ਼ਕਤੀ ਹਥਿਆਉਣ ਵਿਚ ਮਾਤ ਪਾ ਦਿੱਤੀ। ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਬਾਦ ਸੰਧਾਵਾਲੀਏ ਸਰਦਾਰ ਰਾਣੀ ਚੰਦ ਕੌਰ ਨੂੰ ਰਾਜ-ਗੱਦੀ ਦਾ ਅਧਿਕਾਰ ਦਿਵਾਉਣਾ ਚਾਹੁੰਦੇ ਸਨ, ਜਦਕਿ ਰਾਜਾ ਧਿਆਨ ਸਿੰਘ ਸ਼ੇਰ ਸਿੰਘ ਨੂੰ ਮਹਾਰਾਜਾ ਬਣਾਉਣਾ ਚਾਹੁੰਦਾ ਸੀ। ਸ਼ੇਰ ਸਿੰਘ ਦੇ ਮਹਾਰਾਜਾ ਬਣਨ ਤੋਂ ਬਾਦ ਧਿਆਨ ਸਿੰਘ ਤੋਂ ਡਰਦਿਆਂ ਇਹ ਅੰਗ੍ਰੇਜ਼ਾਂ ਦੀ ਸ਼ਰਣ ਵਿਚ ਲੁਧਿਆਣੇ ਪਹੁੰਚ ਗਿਆ ਅਤੇ ਬਾਦ ਵਿਚ ਇਸ ਦਾ ਚਾਚਾ ਅਤਰ ਸਿੰਘ ਵੀ ਉਥੇ ਪਹੁੰਚ ਗਿਆ। ਇਸ ਗੱਲ ਦਾ ਪਤਾ ਲਗਣ 'ਤੇ ਮਹਾਰਾਜਾ ਸ਼ੇਰ ਸਿੰਘ ਨੇ ਲਹਿਣਾ ਸਿੰਘ ਸੰਧਾਵਾਲੀਏ ਅਤੇ ਉਸ ਦੇ ਲੜਕੇ ਨੂੰ ਰਾਜਾਸਾਂਸੀ ਦੇ ਕਿਲ੍ਹੇ ਵਿਚ ਘੇਰ ਲਿਆ।

ਅਜੀਤ ਸਿੰਘ ਰਾਣੀ ਚੰਦ ਕੌਰ ਦੀ ਸਹਾਇਤਾ ਲਈ ਕਲਕੱਤੇ ਵੀ ਗਿਆ। ਅੰਗ੍ਰੇਜ਼ ਗਵਰਨਰ ਜਨਰਲ ਦੀ ਵਿਚੋਲਗੀ ਨਾਲ ਮਹਾਰਾਜਾ ਸ਼ੇਰ ਸਿੰਘ ਨੇ ਇਨ੍ਹਾਂ ਦੋਹਾਂ — ਅਜੀਤ ਸਿੰਘ ਅਤੇ ਅਤਰ ਸਿੰਘ— ਨੂੰ ਮਾਫ਼ ਕਰ ਦਿੱਤਾ ਅਤੇ ਇਹ ਲਾਹੌਰ ਪਰਤ ਆਏ। ਮਹਾਰਾਜੇ ਨੇ ਲਹਿਣਾ ਸਿੰਘ ਅਤੇ ਉਸ ਦੇ ਪੁੱਤਰ ਨੂੰ ਵੀ ਛਡ ਦਿੱਤਾ ਅਤੇ ਉਨ੍ਹਾਂ ਦੀ ਜਾਗੀਰ ਬਹਾਲ ਕਰ ਦਿੱਤੀ। ਪਰ ਇਹ ਸਾਰੇ ਅੰਦਰੋਂ-ਅੰਦਰ ਖੁੰਦਕ ਖਾਂਦੇ ਰਹੇ ਅਤੇ ਮੌਕੇ ਦੀ ਤਲਾਸ਼ ਵਿਚ ਸਮਾਂ ਕਟਦੇ ਰਹੇ। 15 ਸਤੰਬਰ 1843 ਈ. ਨੂੰ ਬਾਰਾਦਰੀ ਸ਼ਾਹ ਬਿਲਾਵਲ ਵਿਚ ਫ਼ੌਜ ਦਾ ਨਿਰੀਖਣ ਕਰਦੇ ਮਹਾਰਾਜਾ ਸ਼ੇਰ ਸਿੰਘ ਨੂੰ ਨਵੀਂ ਬੰਦੂਕ (ਕਾਰਬੀਨ) ਵਿਖਾਉਣ ਦੇ ਪਜ ਅਜੀਤ ਸਿੰਘ ਨੇ ਗੋਲੀ ਚਲਾ ਦਿੱਤੀ ਅਤੇ ਤਲਵਾਰ ਨਾਲ ਉਸ ਦਾ ਸਿਰ ਕਟ ਦਿੱਤਾ। ਸ਼ਾਹ ਮੁਹੰਮਦ ਅਨੁਸਾਰ — *'ਅਜੀਤ ਸਿੰਘ ਗੁਝੀ ਕਰਾਬੀਨ ਲੈ ਕੇ, ਸ਼ੇਰ ਸਿੰਘ ਨੂੰ ਆਣ ਵਿਖਾਂਵਦਾ ਈ। ਸਿਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ, ਜਲਦੀ ਨਾਲ ਚਾ ਕਲਾ ਦਬਾਂਵਦਾ ਈ। ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫ਼ੇ, ਤੇਗਾ ਮਾਰ ਕੇ ਸੀਸ ਉਡਾਂਵਦਾ ਈ।22।'* ਉਧਰ ਲਹਿਣਾ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਦੇ ਮਾਸੂਮ ਲੜਕੇ ਕੁੰਵਰ ਪ੍ਰਤਾਪ ਸਿੰਘ ਨੂੰ ਨਾਲ ਲਗਦੇ ਬਾਗ਼ ਵਿਚ ਤੁਲਾ-ਦਾਨ ਕਰਦਿਆਂ ਕਤਲ ਕਰ ਦਿੱਤਾ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਜ਼ਿਕਰ ਕਰਦਿਆਂ ਕਿਹਾ ਹੈ — *ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ, ਅਗੇ ਕੌਰ ਜੋ ਹੋਮ ਕਰਾਂਵਦਾ ਸੀ।... ਸ਼ਾਹ ਮੁਹੰਮਦਾ ਉਸ ਨਾ ਇਕ ਮੰਨੀ, ਤੇਗ਼ ਮਾਰ ਕੇ ਸੀਸ ਲੈ ਜਾਂਵਦਾ ਈ।23।* ਉਸ ਤੋਂ ਬਾਦ ਦੋਵੇਂ ਕਿਲ੍ਹੇ ਦੇ ਅੰਦਰ ਗਏ ਅਤੇ ਅਜੀਤ ਸਿੰਘ ਨੇ ਧਿਆਨ ਸਿੰਘ ਨੂੰ ਮਾਰ ਦਿੱਤਾ। ਧਿਆਨ ਸਿੰਘ ਦੇ ਲੜਕੇ ਹੀਰਾ ਸਿੰਘ ਨੇ 16 ਸਤੰਬਰ 1843 ਈ. ਨੂੰ ਕਿਲ੍ਹੇ ਦਾ ਘੇਰਾ ਪਾ ਕੇ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੂੰ ਮਰਵਾ ਦਿੱਤਾ ਅਤੇ ਇਨ੍ਹਾਂ ਦੇ ਸ਼ਰੀਰਾਂ ਦੇ ਟੋਟੇ ਲਾਹੌਰ ਨਗਰ ਦੇ ਵਖ ਵਖ ਦਰਵਾਜ਼ਿਆਂ ਉਤੇ ਲਟਕਵਾ ਦਿੱਤੇ। ਰਾਜਾ ਸਾਂਸੀ ਵਿਚ ਇਨ੍ਹਾਂ ਦੇ ਕਿਲ੍ਹੇ ਅਤੇ ਹਵੇਲੀਆਂ ਨੂੰ ਢਾਹ-ਢੇਰੀ ਕਰਵਾ ਦਿੱਤਾ। ਇਸ ਤਰ੍ਹਾਂ ਮਹਾਰਾਜਾ ਸ਼ੇਰ ਸਿੰਘ ਦਾ ਵਿਨਾਸ਼ ਕਰਨ ਵਾਲੇ ਸੰਧਾਵਾਲੀਏ ਵੀ ਮਾਰੇ ਗਏ ਅਤੇ ਲਾਹੌਰ ਦਰਬਾਰ ਵਿਚ ਖ਼ੂਨੀ ਨਾਟਕ ਦਾ ਉਦਘਾਟਨ ਹੋ ਗਿਆ। ਫਲਸਰੂਪ ਸੁਦ੍ਰਿੜ੍ਹ ਸਿੱਖ ਸਲਤਨਤ ਨਸ਼ਟ ਹੋ ਗਈ।

**ਅਜੀਤ ਸਿੰਘ, ਪਾਲਿਤ** (ਮ. 1725 ਈ.) : ਮਾਤਾ ਸੁੰਦਰੀ ਦੁਆਰਾ ਗੋਦ ਲਿਆ ਦਿੱਲੀ ਦੇ ਇਕ ਸੁਨਿਆਰੇ ਦਾ ਪੁੱਤਰ, ਜਿਸ ਦੀ ਸ਼ਕਲ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨਾਲ ਬਹੁਤ ਮਿਲਦੀ-ਜੁਲਦੀ ਸੀ। ਮਾਤਾ ਜੀ ਨੇ ਇਸ ਨੂੰ ਬੜੇ ਲਾਡ ਅਤੇ ਸਨੇਹ ਨਾਲ ਪਾਲਿਆ ਅਤੇ ਇਸ ਦਾ ਵਿਆਹ ਬੁਰਹਾਨਪੁਰ ਦੇ ਭਾਈ ਸੇਵਾ ਸਿੰਘ ਦੀ ਲੜਕੀ ਤਾਰਾ ਬਾਈ ਨਾਲ ਕਰ ਦਿੱਤਾ। ਜਦੋਂ ਬੰਦਾ ਬਹਾਦਰ ਦੀਆਂ ਸੈਨਿਕ ਕਾਰਵਾਈਆਂ ਨਾਲ ਸਿਝਣ ਲਈ ਮੁਗ਼ਲ ਬਾਦਸ਼ਾਹ ਪੰਜਾਬ ਆਇਆ ਤਾਂ ਆਪਣੀ ਫ਼ੌਜ ਵਿਚੋਂ ਰਾਜਾ ਛਤਰਸਾਲ ਬੁੰਦੇਲਾ ਨੂੰ ਦਿੱਲੀ ਭੇਜ ਕੇ 26 ਸਤੰਬਰ 1710 ਈ. ਨੂੰ ਅਜੀਤ ਸਿੰਘ ਨੂੰ ਆਪਣੇ ਦਰਬਾਰ ਵਿਚ ਤਲਬ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਤਰਾਧਿਕਾਰੀ ਵਜੋਂ ਖ਼ਿਲਤ ਬਖ਼ਸ਼ੀ। 30 ਦਸੰਬਰ 1711 ਈ. ਨੂੰ ਬਾਦਸ਼ਾਹ ਨੇ ਇਸ ਨੂੰ ਅੰਮ੍ਰਿਤਸਰ ਦੀ ਜਾਗੀਰ ਬਖ਼ਸ਼ੀ ਤਾਂ ਜੋ ਇਸ ਦੁਆਰਾ ਬੰਦਾ ਬਹਾਦਰ ਦੀਆਂ ਕਾਰਵਾਈਆਂ ਨੂੰ ਠਲ੍ਹ ਪਾਈ ਜਾ ਸਕੇ। ਮੁਗ਼ਲ ਹਕੂਮਤ ਦੀ ਸਰਪ੍ਰਸਤੀ ਕਾਰਣ ਅਜੀਤ ਸਿੰਘ ਐਸ਼ ਨਾਲ ਰਹਿਣ ਲਗ ਗਿਆ। ਸੰਨ 1712 ਈ. ਵਿਚ ਬਹਾਦਰਸ਼ਾਹ ਦੀ ਮੌਤ ਤੋਂ ਬਾਦ ਇਹ ਦਿੱਲੀ ਪਰਤ ਆਇਆ ਅਤੇ ਖ਼ੂਬ ਮੌਜ ਮਸਤੀ ਅਤੇ ਸ਼ਾਹੀ ਠਾਠ ਨਾਲ ਰਹਿਣ ਲਗਾ। ਇਸ ਨਾਲ ਹਰ ਸਮੇਂ 60 ਘੋੜ-ਸਵਾਰ ਰਹਿੰਦੇ ਸਨ। ਇਸ ਦਾ ਵਿਵਹਾਰ ਮਾਤਾ ਸੁੰਦਰੀ ਪ੍ਰਤਿ ਵੀ ਗੁਸਤਾਖ਼ਾਨਾ ਹੋ ਗਿਆ। ਇਸ ਨੇ ਇਕ ਵਾਰ ਦਸਮ ਗੁਰੂ ਜੀ ਵਲੋਂ ਮਾਤਾ ਜੀ ਨੂੰ ਬਖ਼ਸ਼ੇ ਹੋਏ ਸ਼ਸਤ੍ਰਾਂ ਨੂੰ ਵੀ ਆਪਣੇ ਸ਼ਰੀਰ ਉਤੇ ਧਾਰਣ ਕਰ ਲਿਆ। ਇਸ ਘਟਨਾ ਕਾਰਣ ਮਾਤਾ ਜੀ ਬਹੁਤ ਦੁਖੀ ਹੋਏ ਅਤੇ ਇਸ ਨੂੰ ਹਮੇਸ਼ਾਂ ਲਈ ਤਿਆਗ ਦਿੱਤਾ। ਇਹ ਵਖਰਾ ਰਹਿਣ ਲਗ ਗਿਆ।

ਇਕ ਦਿਨ ਇਸ ਨੇ ਆਪਣੇ ਅਨੁਯਾਈਆਂ ਸਹਿਤ ਜਾਮਾ ਮਸਜਿਦ ਕੋਲੋਂ ਲੰਘਦਿਆਂ ਨਮਾਜ਼ ਪੜ੍ਹਦੇ ਮੁਸਲਮਾਨਾਂ ਦਾ ਮਜ਼ਾਕ ਉਡਾਇਆ। ਮੌਲਵੀਆਂ ਦੀ ਸ਼ਿਕਾਇਤ ਉਤੇ ਫ਼ਰਖ਼ਸੀਅਰ ਬਾਦਸ਼ਾਹ ਨੇ ਇਸ ਨੂੰ ਸਿਰ ਮੁਨਵਾ ਕੇ ਦਰਬਾਰ ਵਿਚ ਹਾਜ਼ਰ ਹੋਣ ਲਈ ਹੁਕਮ ਦਿੱਤਾ। ਇਸ ਦਾ ਅਜਿਹਾ ਕਰਨ ਨਾਲ ਦਿੱਲੀ ਦੇ ਸਿੱਖਾਂ ਵਿਚ ਇਸ ਦਾ ਸਨਮਾਨ ਖ਼ਤਮ ਹੋ ਗਿਆ। ਮਾਤਾ ਸੁੰਦਰੀ ਜੀ ਵੀ ਦੁਖੀ ਹੋ ਕੇ ਆਪਣੀ ਨੂੰਹ ਤਾਰਾ ਬਾਈ ਅਤੇ ਪੋਤਰੇ ਹਠੀ ਸਿੰਘ ਨੂੰ ਨਾਲ ਲੈ ਕੇ ਮਥੁਰਾ ਚਲੇ ਗਏ।

ਇਕ ਵਾਰ ਇਸ ਨੇ ਗੁੱਸੇ ਵਿਚ ਇਕ ਮੁਸਲਮਾਨ ਫ਼ਕੀਰ ਦੀ ਆਪਣੇ ਬੰਦਿਆਂ ਤੋਂ ਹਤਿਆ ਕਰਵਾ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਨੇ ਇਸ ਨੂੰ ਤਸੀਹੇ ਦੇ ਕੇ ਕਤਲ ਕਰਨ ਲਈ ਆਪਣੇ ਵਜ਼ੀਰ ਕਮਰੁੱਦੀਨ ਨੂੰ ਸੌਂਪ ਦਿੱਤਾ। ਵਜ਼ੀਰ ਨੇ ਇਸ ਨੂੰ ਹਾਥੀ ਦੇ ਪਿਛੇ ਬੰਨ੍ਹਵਾ ਕੇ ਦਿੱਲੀ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਘਿਸਟਵਾ ਕੇ 18 ਫ਼ਰਵਰੀ 1725 ਈ. ਨੂੰ ਮਰਵਾ ਦਿੱਤਾ। ਇਸ ਦਾ ਸਸਕਾਰ ਸਬਜ਼ੀ ਮੰਡੀ ਵਿਚ ਕੀਤਾ ਗਿਆ, ਜਿਥੇ ਇਸ ਦੀ ਸਮਾਧ ਮੌਜੂਦ ਹੈ।

**ਅਜੀਤ ਸਿੰਘ, ਰਾਜਾ** : ਮਹਾਰਾਜਾ ਰਣਜੀਤ ਸਿੰਘ ਦਾ ਇਕ ਸਹਾਇਕ ਸਿੱਖ ਰਾਜਾ ਜਿਸ ਨੇ ਬਦੋਵਾਲ ਅਤੇ ਅਲੀਵਾਲ ਦੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਇਸ ਦਾ ਪਿਤਾ ਸ. ਗੁਰਦਿੱਤ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਕਰੋੜਸਿੰਘੀਆ ਮਿਸਲ ਦਾ ਨਿਡਰ ਯੋਧਾ ਸੀ। ਜਦੋਂ ਸੰਨ 1764 ਈ. ਵਿਚ ਸਿੱਖਾਂ ਨੇ ਸਰਹਿੰਦ ਮਾਰ ਲਈ ਅਤੇ ਆਪਣਾ ਅਧਿਕਾਰ ਖੇਤਰ ਵਧਾਉਣ ਲਗੇ, ਤਾਂ ਗੁਰਦਿੱਤ ਸਿੰਘ ਨੇ ਥਾਨੇਸਰ ਦੇ ਨੇੜੇ ਕਾਫ਼ੀ ਇਲਾਕਾ ਆਪਣੇ ਅਧੀਨ ਕਰ ਲਿਆ ਅਤੇ ਲਾਡੂਆ (ਲਾਡਵਾ) ਨਗਰ ਨੂੰ ਆਪਣੀ ਰਾਜਧਾਨੀ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਬਦੋਵਾਲ ਦਾ ਪਿੰਡ ਇਸ ਨੂੰ ਜਾਗੀਰ ਵਜੋਂ ਦੇ ਦਿੱਤਾ। ਗੁਰਦਿੱਤ ਸਿੰਘ ਦੇ ਦੇਹਾਂਤ ਤੋਂ ਬਾਦ ਅਜੀਤ ਸਿੰਘ ਆਪਣੀ ਰਿਆਸਤ ਦਾ ਹੁਕਮਰਾਨ ਬਣਿਆ ਅਤੇ ਆਪਣੇ ਪਿਤਾ ਵਾਂਗ ਮਹਾਰਾਜਾ ਰਣਜੀਤ ਸਿੰਘ ਦਾ ਸਹਿਯੋਗੀ ਰਿਹਾ। ਇਸ ਨੂੰ ਅੰਗ੍ਰੇਜ਼ ਗਵਰਨਰ ਜਨਰਲ ਲਾਰਡ ਆਕਲੈਂਡ ਨੇ 'ਰਾਜਾ' ਦਾ ਖ਼ਿਤਾਬ ਦਿੱਤਾ।

ਅੰਗ੍ਰੇਜ਼ਾਂ ਨਾਲ ਹੋਈ ਸਿੱਖਾਂ ਦੀ ਪਹਿਲੀ ਜੰਗ ਵੇਲੇ ਇਹ ਲਾਹੌਰ ਦਰਬਾਰ ਵਲੋਂ ਲੜਿਆ। ਇਸ ਨੇ ਜਰਨੈਲ ਰਣਜੋਧ ਸਿੰਘ ਮਜੀਠੀਆ ਨਾਲ ਮਿਲ ਕੇ ਅੱਠ ਹਜ਼ਾਰ ਸੈਨਿਕ ਅਤੇ 70 ਤੋਪਾਂ ਨਾਲ ਫਿਲੌਰ ਨੇੜਿਓਂ ਸਤਲੁਜ ਦਰਿਆ ਪਾਰ ਕੀਤਾ ਅਤੇ ਫਤਹਿਗੜ੍ਹ, ਧਰਮਕੋਟ ਅਤੇ ਬਦੋਵਾਲ ਆਦਿ ਨੂੰ ਆਪਣੇ ਅਧੀਨ ਕਰਕੇ ਲੁਧਿਆਣਾ ਛਾਵਨੀ ਵਿਚਲੀਆਂ ਅੰਗ੍ਰੇਜ਼ਾਂ ਦੀਆਂ ਬੈਰਕਾਂ ਨੂੰ ਨੁਕਸਾਨ ਪਹੁੰਚਾਇਆ। ਇਸ ਬਾਰੇ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ — *ਸਰਦਾਰ ਰਣਜੋਧ ਸਿੰਘ ਫ਼ੌਜ ਲੈ ਕੇ, ਤਰਫ ਲਾਡੂਏ ਵਾਲੇ ਦੀ ਚਲਿਆ ਈ।... ਸ਼ਾਹ ਮੁਹੰਮਦਾ*

*ਛਾਵਣੀ ਫੂਕ ਦਿੱਤੀ ਵਿਚੋਂ ਜੀਊ ਫਿਰੰਗੀ ਦਾ ਹੱਲਿਆ ਈ।82।* ਪਰ 28 ਜਨਵਰੀ 1846 ਈ. ਨੂੰ ਅਲੀਵਾਲ ਦੀ ਲੜਾਈ ਵਿਚ ਹਾਰ ਗਿਆ। ਕਿਸੇ ਤਰ੍ਹਾਂ ਇਹ ਯੁੱਧ-ਭੂਮੀ ਵਿਚੋਂ ਬਚ ਕੇ ਨਿਕਲ ਗਿਆ। ਇਸ ਦੀ ਲਾਡਵੇ ਵਾਲੀ ਰਿਆਸਤ ਨੂੰ ਅੰਗ੍ਰੇਜ਼ਾਂ ਨੇ ਜ਼ਬਤ ਕਰ ਲਿਆ। ਕੁਝ ਸਮੇਂ ਬਾਦ ਇਹ ਪਕੜਿਆ ਗਿਆ ਅਤੇ ਇਲਾਹਾਬਾਦ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਕਿਸੇ ਤਰ੍ਹਾਂ ਕੈਦ ਤੋਂ ਤਾਂ ਇਹ ਛੁਟ ਗਿਆ, ਪਰ ਸਾਰੀ ਉਮਰ ਲੁਕਦਾ ਫਿਰਦਾ ਰਿਹਾ। ਕਹਿੰਦੇ ਹਨ ਕਿ ਇਸ ਦੀ ਮ੍ਰਿਤੂ ਕਸ਼ਮੀਰ ਵਿਚ ਹੋਈ ਸੀ।

**ਅਜੂਨੀ/ਅਜੋਨੀ** : ਇਹ ਸੰਸਕ੍ਰਿਤ ਦੇ 'ਅਯੋਨਿ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਅਰਥ ਹੈ ਜੋ ਯੋਨੀ (ਜੂਨ) ਵਿਚ ਨਹੀਂ ਆਉਂਦਾ, ਅਰਥਾਤ ਜੋ ਅਜਨਮਾ ਹੈ, ਜੋ ਜਨਮ ਧਾਰਣ ਨਹੀਂ ਕਰਦਾ। ਜੋ ਜਨਮ ਧਾਰਣ ਕਰਦਾ ਹੈ, ਉਹ ਕਦੇ ਮਰਦਾ ਵੀ ਹੈ ਅਤੇ ਜੋ ਮਰਦਾ ਹੈ, ਉਹ ਪਹਿਲਾਂ ਜਨਮ ਜ਼ਰੂਰ ਧਾਰਣ ਕਰਦਾ ਹੈ। ਪਰਮਾਤਮਾ ਚੂੰਕਿ 'ਅਕਾਲ' ਹੈ, ਇਸ ਲਈ 'ਅਪਰਿਣਾਮੀ' (ਨਿਰਵਿਕਾਰੀ) ਸੱਤਾ ਹੈ। ਅਪਰਿਣਾਮੀ ਸੱਤਾ ਅਯੋਨਿਜ ਹੁੰਦੀ ਹੈ। ਇਸ ਲਈ ਪਰਮਾਤਮਾ ਨੂੰ 'ਮੂਲ-ਮੰਤ੍ਰ' ਵਿਚ 'ਅਜੂਨੀ' ਕਿਹਾ ਗਿਆ ਹੈ। ਸੋਰਠਿ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ — *ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ।*(ਗੁ.ਗ੍ਰੰ.598)।

ਮਾਰੂ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਅਯੋਨਿਜ ਦਸਦੇ ਹੋਇਆਂ ਕਿਹਾ ਹੈ — *ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ।*(ਗੁ.ਗ੍ਰੰ.1095)। ਸੰਤ ਕਬੀਰ ਨੇ ਵੀ ਗਉੜੀ ਰਾਗ ਵਿਚ ਸਥਾਪਨਾ ਕੀਤੀ ਹੈ ਕਿ ਪਰਮਾਤਮਾ ਨ ਸੰਕਟ ਵਿਚ ਪੈਂਦਾ ਹੈ, ਨ ਜੂਨਾਂ ਵਿਚ ਆਉਂਦਾ ਹੈ, ਉਸ ਦਾ ਕੋਈ ਮਾਈ-ਬਾਪ ਨਹੀਂ ਹੈ — *ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ। ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।* (ਗੁ.ਗ੍ਰੰ.339)।

ਗੁਰੂ ਨਾਨਕ ਦੇਵ ਜੀ ਨੇ ਸੋਰਠਿ ਰਾਗ ਵਿਚ ਪਰਮਾਤਮਾ ਸੰਬੰਧੀ ਹੋਰ ਵਿਸ਼ੇਸ਼ਣਾਂ ਦੇ ਸੰਦਰਭ ਵਿਚ 'ਅਜੂਨੀ' ਸ਼ਬਦ ਦੀ ਵਰਤੋਂ ਵੀ ਕੀਤੀ ਹੈ। ਉਹ ਪਰਮਾਤਮਾ ਅਲੱਖ, ਅਪਾਰ, ਅਗੰਮ ਅਤੇ ਅਗੋਚਰ ਹੈ। ਉਹ ਕਾਲ ਅਤੇ ਕਰਮ ਤੋਂ ਮੁਕਤ ਹੈ। ਉਹ ਜਾਤਿ ਤੋਂ ਪਰੇ, ਅਜੋਨੀ ਅਤੇ ਸੰਭਉ ਹੈ। ਉਸ ਵਿਚ ਕਿਸੇ ਪ੍ਰਕਾਰ ਦਾ ਕੋਈ ਭਾਵ ਅਤੇ ਭ੍ਰਮ ਨਹੀਂ ਹੈ। ਉਸ ਦਾ ਕੋਈ ਰੂਪ, ਰੰਗ ਜਾਂ ਚਿੰਨ੍ਹ ਨਹੀਂ ਹੈ। ਉਹ ਸੱਚੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ। ਉਸ ਦੀ ਨ ਮਾਤਾ ਹੈ, ਨ ਪਿਤਾ, ਨ ਪੁੱਤਰ ਅਤੇ ਨ ਹੀ ਕੋਈ ਭਰਾ ਹੈ। ਉਸ ਨੂੰ ਨ ਕਾਮ ਦੀ ਇੱਛਾ ਹੈ ਅਤੇ ਨ ਹੀ ਉਸ ਦੀ ਕੋਈ ਇਸਤਰੀ ਹੈ। ਉਹ ਕੁਲ ਰਹਿਤ, ਮਾਇਆ ਰਹਿਤ ਅਤੇ ਅਪਰੰਪਾਰ ਹੈ। ਉਸ ਦੀ ਜੋਤਿ ਸਰਵਤ੍ਰ ਪਸਰੀ ਹੋਈ ਹੈ — *ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ। ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ। ਸਾਚੇ ਸਚਿਆਰ ਵਿਟਹੁ ਕੁਰਬਾਣੁ। ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ। ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ। ਅਕੁਲ ਨਿਰੰਜਨ ਅਪਰਪਰੰਪਰੁ ਸਗਲੀ ਜੋਤਿ ਤੁਮਾਰੀ।*(ਗੁ.ਗ੍ਰੰ.597)। ਉਕਤ ਸ਼ਬਦ ਵਿਚ ਪਰਮਾਤਮਾ ਦੇ ਸਰੂਪ ਨੂੰ ਬੜੇ ਵਿਸਤਾਰ ਨਾਲ ਸਪੱਸ਼ਟ ਕਰਦਿਆਂ 'ਅਜੂਨੀ' ਸਿੱਧਾਂਤ ਦੀ ਵੀ ਸਥਾਪਨਾ ਹੋਈ ਹੈ।

**ਅਟਕ** (ਨਦੀ): ਇਕ ਵੱਡਾ ਦਰਿਆ ਜੋ ਪਾਕਿਸਤਾਨੀ ਜਾਂ ਪੱਛੀ ਪੰਜਾਬ ਨੂੰ ਸਰਹੱਦੀ ਸੂਬੇ ਨਾਲੋਂ ਨਿਖੇੜਦਾ ਹੈ। ਇਸ ਦਾ ਇਕ ਨਾਮਾਂਤਰ ਸਿੰਧ ਜਾਂ ਸਿੰਧੂ ਨਦੀ ਵੀ ਹੈ। ਅਸਲ ਵਿਚ, ਇਸ ਦੇ ਉਪਰਲੇ ਹਿੱਸੇ ਨੂੰ 'ਅਟਕ' ਅਤੇ ਹੇਠਲੇ ਹਿੱਸੇ ਨੂੰ 'ਸਿੰਧ' ਆਖਿਆ ਜਾਂਦਾ ਹੈ। ਪੰਜਾਬ ਦੇ ਸਾਰੇ ਦਰਿਆ—ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ— ਇਕੱਠੇ ਹੋ ਕੇ ਅੰਤ ਵਿਚ ਇਸ ਵੱਡੇ ਦਰਿਆ ਵਿਚ ਮਿਠਨਕੋਟ ਦੇ ਨੇੜੇ ਜਾ ਰਲਦੇ ਹਨ।

ਇਹ ਦਰਿਆ ਤਿੱਬਤ ਤੋਂ ਨਿਕਲ ਕੇ ਕਸ਼ਮੀਰ ਦੀਆਂ ਪਹਾੜੀਆਂ ਵਿਚ ਉੱਤਰ-ਪੱਛਮੀ ਦਿਸ਼ਾ ਵਲ ਵਗਦਾ ਹੈ। ਹਾਰਾਮੋਸ਼ ਦੀ ਡੂੰਘੀ ਘਾਟੀ ਨੂੰ ਪਾਰ ਕਰਨ ਉਪਰੰਤ ਦੱਖਣ-ਪੱਛਮੀ ਦਿਸ਼ਾ ਵਲ ਮੁੜਦਾ ਹੈ ਅਤੇ ਗਿਲਗਿਤ ਨਦੀ ਨੂੰ ਨਾਲ ਲੈ ਕੇ ਚਿਲਾਸ ਤੋਂ ਇਹ ਪਾਕਿਸਤਾਨ ਦੇ ਪਹਾੜੀ ਖੇਤਰ ਵਿਚ ਦਾਖ਼ਲ ਹੁੰਦਾ ਹੈ। ਫਿਰ ਹਜ਼ਾਰਾ ਜ਼ਿਲ੍ਹੇ ਵਿਚੋਂ ਲੰਘਦਾ ਹੋਇਆ ਅਟਕ ਕਿਲ੍ਹੇ ਦੇ ਨੇੜੇ ਦਰਿਆਏ ਕਾਬਲ ਨੂੰ ਨਾਲ ਲੈਂਦਾ ਹੋਇਆ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦਾ ਹੈ ਅਤੇ ਕਾਲਾਬਾਗ਼ ਦੀਆਂ ਪਹਾੜੀਆਂ ਨਾਲ ਖਹਿੰਦਾ ਹੋਇਆ ਥਲ-ਖੇਤਰ ਵਿਚ ਦਾਖ਼ਲ ਹੁੰਦਾ ਹੈ। ਡੇਰਾ

ਇਸਮਾਇਲ ਖ਼ਾਨ ਦੇ ਜ਼ਿਲ੍ਹੇ ਦੇ ਨਾਲ ਨਾਲ ਵਗਦਾ ਹੋਇਆ ਸਿੰਧ ਪ੍ਰਾਂਤ ਵਿਚ ਪਹੁੰਚ ਜਾਂਦਾ ਹੈ। ਹੈਦਰਾਬਾਦ ਨਗਰ ਕੋਲ ਪਹੁੰਚ ਕੇ ਇਹ ਲਗਭਗ ਅੱਠ ਹਜ਼ਾਰ ਵਰਗ ਕਿ.ਮੀ. ਦਾ ਡੈਲਟਾ ਬਣਾਉਂਦਾ ਹੋਇਆ ਅਰਬ ਸਾਗਰ ਵਿਚ ਸਮਾ ਜਾਂਦਾ ਹੈ। ਮਾਰਚ ਤੋਂ ਸਤੰਬਰ ਦੇ ਮਹੀਨਿਆਂ ਵਿਚ ਇਸ ਵਿਚ ਪਾਣੀ ਦਾ ਨਿਕਾਸ ਬਹੁਤ ਅਧਿਕ ਹੁੰਦਾ ਹੈ, ਪਰ ਸਰਦੀਆਂ ਵਿਚ ਪਾਣੀ ਦੀ ਮਿਕਦਾਰ ਘਟ ਜਾਂਦੀ ਹੈ।

ਇਸ ਦਾ ਨਾਂ 'ਅਟਕ' ਕਿਉਂ ਪਿਆ ? ਇਸ ਬਾਰੇ ਵਖ ਵਖ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਮੱਧ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦੇ ਰਾਹ ਵਿਚ ਰੁਕਾਵਟ ਬਣਨ ਕਾਰਣ ਇਸ ਨੂੰ 'ਅਟਕ' ਕਿਹਾ ਜਾਣ ਲਗਿਆ। ਦੂਜੇ ਮਤ ਅਨੁਸਾਰ ਟਕ ਜਾਤੀ ਦੇ ਅਧਿਕਾਂਸ਼ ਕਬੀਲੇ ਇਸ ਨਦੀ ਦੇ ਨੇੜੇ ਵਸਣ ਕਾਰਣ ਬਾਹਰਲੇ ਹਮਲਾਵਰਾਂ ਨੇ ਗ਼ਲਤ ਉੱਚਾਰਣ ਵਸ ਇਸ ਨੂੰ 'ਅਟਕ' ਕਹਿਣਾ ਸ਼ੁਰੂ ਕਰ ਦਿੱਤਾ। ਤੀਜੇ ਮਤ ਅਨੁਸਾਰ ਦਰਿਆਏ ਕਾਬਲ (ਲੁੰਡਾ ਦਰਿਆ) ਦੇ ਪ੍ਰਵਾਹ ਨੂੰ ਇਸ ਤਕ ਪਹੁੰਚ ਕੇ ਰੋਕ (ਅਟਕ) ਲਗ ਗਈ, ਇਸ ਕਰਕੇ ਇਸ ਦਾ ਨਾਂ 'ਅਟਕ' ਪ੍ਰਚਲਿਤ ਹੋ ਗਿਆ। ਭਾਈ ਵੀਰ ਸਿੰਘ ਦੀ ਜਿਗਿਆਸਾ ਅਨੁਸਾਰ — *'ਅਟਕ ਕੋਈ ਪਾਈ ਨਾ, ਜ਼ਾਲਮ ਅਟਕਾਏ ਨਾ। ਫੇਰ ਅਟਕ ਨਾਉਂ ਤੇਰਾ, ਗਲ ਦਸ ਕੀ ਹੋਈ।'*

ਇਸ ਦੇ ਕੰਢੇ ਉਤੇ ਸਰਹੱਦੀ ਚੌਕੀ ਵਜੋਂ ਅਕਬਰ ਬਾਦਸ਼ਾਹ ਨੇ ਸੰਨ 1581 ਈ. ਵਿਚ ਇਕ ਕਿਲ੍ਹਾ ਬਣਵਾਇਆ ਜਿਸ ਦਾ ਨਾਂ ਵੀ 'ਅਟਕ' ਪ੍ਰਚਲਿਤ ਹੋਇਆ। ਇਸ ਦੇ ਨਾਲ ਹੀ ਕਾਲਾਂਤਰ ਵਿਚ ਇਕ ਕਸਬਾ ਵਸ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਕਿਲ੍ਹੇ ਨੂੰ ਹੋਰ ਵੀ ਮਜ਼ਬੂਤ ਕੀਤਾ। ਇਕ ਵਾਰ ਪਠਾਣਾਂ ਦੁਆਰਾ ਬੇੜੀਆਂ ਦੇ ਪੁਲ ਨੂੰ ਕਟ ਦੇਣ ਕਾਰਣ ਅਟਕ ਦਰਿਆ ਤੋਂ ਪਾਰਲੇ ਪਾਸੇ ਘਿਰ ਚੁਕੀ ਸਿੱਖ ਫ਼ੌਜ ਨੂੰ ਫ਼ੌਰੀ ਮਦਦ ਪਹੁੰਚਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੈਨਾ ਨਾਲ ਖ਼ੁਦ ਇਸ ਦਰਿਆ ਨੂੰ ਘੋੜੇ ਉਤੇ ਸਵਾਰ ਹੋ ਕੇ ਪਾਰ ਕੀਤਾ। ਸਤੰਬਰ 1845 ਈ. ਵਿਚ ਮੁੱਖ ਵਜ਼ੀਰ ਜਵਾਹਰ ਸਿੰਘ ਨੇ ਫਤਹਿਖ਼ਾਨ ਟਿਵਾਣਾ ਦੁਆਰਾ ਕੰਵਲ ਪਿਸ਼ੌਰਾ ਸਿੰਘ ਨੂੰ ਗਲਾ ਘੁਟਵਾ ਕੇ ਕਿਲ੍ਹੇ ਅੰਦਰ ਮਰਵਾ ਦਿੱਤਾ। ਇਸ ਕਿਲ੍ਹੇ ਦੇ ਨੇੜੇ 1883 ਈ. ਵਿਚ ਅੰਗ੍ਰੇਜ਼ ਸਰਕਾਰ ਨੇ ਇਕ ਲੋਹੇ ਦਾ ਪੁਲ ਬਣਵਾਇਆ। ਇਸ ਦੇ ਨਾਂ 'ਤੇ 'ਅਟਕ' ਜ਼ਿਲ੍ਹਾ ਬਣਾਇਆ ਗਿਆ ਜਿਸ ਵਿਚ ਚਾਰ ਤਹਿਸੀਲਾਂ (ਅਟਕ, ਫਤਹਿਜੰਗ, ਤਲਾਗੰਗ ਅਤੇ ਪਿੰਡੀਘੇਬ) ਸ਼ਾਮਲ ਹਨ ਅਤੇ ਜ਼ਿਲ੍ਹੇ ਦਾ ਸਦਰ ਮੁਕਾਮ ਕੈਂਬਲਪੁਰ ਹੈ।

**ਅਟਲ ਰਾਇ, ਬਾਬਾ** (1619–1628 ਈ.): ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਚੌਥਾ ਸਾਹਿਬਜ਼ਾਦਾ ਜਿਸਦਾ ਜਨਮ ਮਾਤਾ ਮਹਾਦੇਵੀ (ਭਾਈ ਸੰਤੋਖ ਸਿੰਘ ਅਨੁਸਾਰ ਮਾਤਾ ਨਾਨਕੀ) ਦੀ ਕੁੱਖੋਂ 23 ਅਕਤੂਬਰ 1619 ਈ. (1676 ਬਿ.) ਵਿਚ ਅੰਮ੍ਰਿਤਸਰ ਨਗਰ ਵਿਚ ਹੋਇਆ। ਇਨ੍ਹਾਂ ਨੇ ਮੁਢਲੀ ਅਧਿਆਤਮਿਕ ਸਿਖਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ ਸੀ। ਰਵਾਇਤ ਅਨੁਸਾਰ ਇਨ੍ਹਾਂ ਵਿਚ ਬਚਪਨ ਤੋਂ ਹੀ ਦੈਵੀ ਸ਼ਕਤੀ ਦਾ ਪ੍ਰਵੇਸ਼ ਹੋ ਗਿਆ ਸੀ। ਇਕ ਵਾਰ ਇਨ੍ਹਾਂ ਨੇ ਇਕ ਬਾਲ-ਮਿੱਤਰ ਮੋਹਨ ਸੋਇਨੀ ਨੂੰ ਖਿਦੋ-ਖੂੰਡੀ ਦੀ ਖੇਡ ਵਿਚ ਹਰਾਇਆ। ਉਹ ਰਾਤ ਨੂੰ ਸੱਪ ਦੁਆਰਾ ਡੰਗੇ ਜਾਣ ਕਾਰਣ ਮਰ ਗਿਆ। ਜਦੋਂ ਇਨ੍ਹਾਂ ਨੇ ਵੇਖਿਆ ਕਿ ਉਹ ਦੂਜੇ ਦਿਨ ਖੇਡਣ ਨਹੀਂ ਆਇਆ, ਤਾਂ ਆਪਣੀ ਬਾਜ਼ੀ ਲੈਣ ਲਈ ਉਸ ਦੇ ਘਰ ਗਏ ਅਤੇ ਉਸ ਦੀ ਮ੍ਰਿਤ ਦੇਹ ਨੂੰ ਖੂੰਡੀ ਨਾਲ ਜੀਉਂਦਾ ਕਰਕੇ ਨਾਲ ਲੈ ਆਏ। ਦੈਵੀ ਸ਼ਕਤੀ ਦੇ ਇਸ ਪ੍ਰਦਰਸ਼ਨ ਤੋਂ ਛੇਵੇਂ ਗੁਰੂ ਸਾਹਿਬ ਨਾਰਾਜ਼ ਹੋਏ, ਤਾਂ ਬਾਬਾ ਜੀ ਕੌਲਸਰ ਦੇ ਨੇੜੇ ਵਾਲੇ ਸਥਾਨ ਉਤੇ ਚਾਦਰ ਤਾਣ ਕੇ ਸੌਣ ਦਾ ਬਹਾਨਾ ਕਰਦਿਆਂ ਸੰਸਾਰ ਨੂੰ ਤਿਆਗ ਗਏ। ਇਹ ਘਟਨਾ 13 ਸਤੰਬਰ 1628 ਈ. ਦੀ ਹੈ। ਅਹਿਮਦ ਸ਼ਾਹ ਦੇ ਹਮਲੇ ਤੋਂ ਬਾਦ ਜਦੋਂ ਦਰਬਾਰ ਸਾਹਿਬ ਦੀ ਇਮਾਰਤ ਦੀ ਉਸਾਰੀ ਸ਼ੁਰੂ ਹੋਈ ਤਾਂ ਸੰਨ 1778 ਈ. ਵਿਚ ਇਨ੍ਹਾਂ ਦੀ ਨੌਂ ਸਾਲਾਂ ਦੀ ਉਮਰ ਅਨੁਸਾਰ ਸ਼ਰਧਾਲੂਆਂ ਨੇ ਕੌਲਸਰ ਦੇ ਨੇੜੇ ਨੌਂ ਮੰਜ਼ਲੀ ਸਮਾਧ ਦੀ ਵਿਉਂਤ ਬਣਾਈ। ਇਥੇ ਸ਼ਰਧਾਲੂਆਂ ਅਤੇ ਦਾਨੀ ਲੋਕਾਂ ਵਲੋਂ ਸਦਾਬ੍ਰਤ ਲਗਿਆ ਰਹਿੰਦਾ ਹੈ। ਇਸ ਲਈ ਇਕ ਅਖਾਣ ਬਣ ਗਿਆ ਹੈ — *ਬਾਬਾ ਅਟਲ, ਪੱਕੀ ਪਕਾਈ ਘਲ।*

**ਅਠਸਠ-ਤੀਰਥ** : 'ਅਠਸਠ-ਤੀਰਥ' ਤੋਂ ਭਾਵ ਹੈ ਹਿੰਦੂ ਧਰਮ ਦੇ ਅਠਾਹਠ ਪਵਿੱਤਰ ਸਥਾਨ। 'ਤੀਰਥ' ਦਾ ਸ਼ਾਬਦਿਕ ਅਰਥ ਹੈ ਉਹ ਸਥਾਨ ਜਿਥੋਂ ਨਦੀ ਪਾਰ ਕੀਤੀ ਜਾਂਦੀ ਹੈ, ਅਰਥਾਤ ਘਾਟ। ਪਰ ਜਿਨ੍ਹਾਂ ਸਥਾਨਾਂ ਨਾਲ ਧਾਰਮਿਕ ਵਿਸ਼ਵਾਸ ਜੁੜ ਗਏ ਹਨ, ਉਨ੍ਹਾਂ ਨੂੰ ਤੀਰਥ ਇਸ ਲਈ ਕਿਹਾ

ਜਾਣ ਲਗਿਆ ਕਿਉਂਕਿ ਉਹ ਪ੍ਰਾਣੀ ਨੂੰ ਸੰਸਾਰ-ਸਾਗਰ (ਭਵ-ਸਾਗਰ) ਤੋਂ ਪਾਰ ਕਰਾਉਣ ਵਾਲੇ ਘਾਟ ਹਨ। ਇਸ ਤਰ੍ਹਾਂ 'ਤੀਰਥ' ਸ਼ਬਦ ਦੇ ਅਰਥ ਵਿਚ ਵਿਕਾਸ ਹੋ ਗਿਆ, ਅਰਥਾਤ ਪਾਪ ਆਦਿਕਾਂ ਤੋਂ ਪਾਰ ਕਰਾਉਣ ਵਾਲਾ ਸਥਾਨ (ਤਰਤਿ ਪਾਪਾਦਿਕੰ ਯਸ੍ਮਾਤ੍)। ਬਹੁਤੇ ਤੀਰਥ ਨਦੀਆਂ ਜਾਂ ਸਰੋਵਰਾਂ ਦੇ ਕੰਢੇ ਬਣੇ ਹੋਣ ਕਾਰਣ ਪ੍ਰਤੀਕਾਤਮਕ ਰੂਪ ਵਿਚ ਭਵਸਾਗਰ ਤਰਨ ਦੀ ਪ੍ਰੇਰਣਾ ਦਿੰਦੇ ਹਨ। ਉਥੇ ਜਾ ਕੇ ਯਾਤ੍ਰੀ ਇਸ਼ਨਾਨ ਕਰਕੇ ਪੁੰਨ-ਦਾਨ ਕਰਦੇ ਹਨ ਅਤੇ ਸਾਧਾਂ-ਸੰਤਾਂ ਦੀ ਸੰਗਤ ਵਿਚ ਹਰਿ-ਕਥਾ, ਹਰਿ-ਕੀਰਤਨ ਅਤੇ ਹਰਿ-ਜਸ ਸੁਣ ਕੇ ਆਪਣਾ ਅਧਿਆਤਮਿਕ ਭਵਿਖ ਸੁਧਾਰਦੇ ਹਨ।

ਉਂਜ ਤਾਂ ਜੈਨੀਆਂ, ਬੋਧੀਆਂ ਅਤੇ ਹੋਰ ਕਈ ਧਰਮਾਂ ਦੇ ਪਵਿੱਤਰ ਸਥਾਨਾਂ ਨੂੰ ਵੀ ਤੀਰਥ ਕਹਿ ਦਿੱਤਾ ਜਾਂਦਾ ਹੈ, ਪਰ ਵਿਸ਼ੇਸ਼ ਤੌਰ 'ਤੇ ਇਹ ਸ਼ਬਦ ਹਿੰਦੂ-ਧਰਮ ਦੇ ਪਵਿੱਤਰ ਸਥਾਨਾਂ ਲਈ ਰੂੜ੍ਹ ਹੋ ਚੁਕਿਆ ਹੈ। ਹਿੰਦੂ-ਧਰਮ ਦੇ ਭਾਰਤ ਵਿਚ ਅਣਗਿਣਤ ਤੀਰਥ ਹਨ। ਪੁਰਾਣ-ਸਾਹਿਤ ਵਿਚ ਸੰਪ੍ਰਦਾਇਕ ਰੁਚੀ ਅਧੀਨ ਤੀਰਥਾਂ ਦੀ ਗਿਣਤੀ ਸਦਾ ਵਧਦੀ ਹੀ ਰਹੀ ਹੈ। ਮੁੱਖ ਤੌਰ 'ਤੇ ਸੱਤ ਪੁਰੀਆਂ ਨੂੰ ਮੁਕਤੀ-ਪ੍ਰਦਾਤਾ ਮੰਨਿਆ ਗਿਆ ਹੈ — ਅਯੋਧਿਆ, ਮਥੁਰਾ, ਮਾਯਾ, ਕਾਸ਼ੀ, ਕਾਂਚੀ, ਅਵੰਤਿਕਾ, ਦ੍ਵਾਰਿਕਾ — *ਅਯੋਧ੍ਯਾ ਮਥੁਰਾ ਮਾਯਾ ਕਾਸ਼ੀ ਕਾਂਚੀ ਅਵੰਤਿਕਾ। ਪੁਰੀ ਦ੍ਵਾਰਵਤੀ ਚੈਵ ਸਪ੍ਤੈਤਾ ਮੋਕ੍ਸ਼ ਦਾਯਿਕਾ:।*

ਸੱਤ ਪੁਰੀਆਂ ਤੋਂ ਇਲਾਵਾ ਚਾਰ ਧਰਮ-ਧਾਮ ਵੀ ਮੰਨੇ ਗਏ ਹਨ ਜਿਨ੍ਹਾਂ ਵਿਚ ਦ੍ਵਾਰਿਕਾ ਪੁਰੀ ਵੀ ਸ਼ਾਮਲ ਹੈ—ਦ੍ਵਾਰਿਕਾ, ਜਗਨ-ਨਾਥ, ਬਦਰਿਕਾਸ਼੍ਰਮ ਅਤੇ ਰਾਮੇਸ਼੍ਵਰਮ। ਇਸ ਤਰ੍ਹਾਂ ਹਿੰਦੂ ਧਰਮ ਦੇ ਇਹ ਦਸ ਮਹਾਨ ਤੀਰਥ ਸਿੱਧ ਹੁੰਦੇ ਹਨ। ਪਰ ਗਿਣਤੀ ਪੱਖੋਂ ਅਠਸਠ-ਤੀਰਥਾਂ ਦੀ ਸਥਾਪਨਾ 'ਕਪਿਲ ਤੰਤ੍ਰ' ਵਿਚ ਹੋਈ ਹੈ। ਉਪਰੋਕਤ ਦਸ ਮੁੱਖ ਤੀਰਥਾਂ ਤੋਂ ਇਲਾਵਾ ਬਾਕੀ ਦੇ 58 ਤੀਰਥਾਂ ਦੇ ਨਾਂ ਇਸ ਪ੍ਰਕਾਰ ਹਨ — ਓਅੰਕਾਰ, ਏਰਾਵਤੀ, ਸ਼ਤਦ੍ਰ, ਸਰਸ੍ਵਤੀ, ਸਰਯੂ, ਸਿੰਧੂ, ਸ਼ਿਪ੍ਰਾ, ਸ਼ੋਣ, ਸ਼੍ਰੀਸੈਲ, ਸ਼੍ਰੀਰੰਗ, ਹਰਿਦ੍ਵਾਰ, ਕਪਾਲਮੋਚਨ, ਕਪਿਲੋਦਕ, ਕਾਲੰਜਰ, ਕਾਵੇਰੀ, ਕੁਰੁਕ੍ਸ਼ੇਤ੍ਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾਸਾਗਰ, ਗੰਡਕਾ, ਘਰਘਰਾ, ਚਰਮਨ੍ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜ੍ਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸ਼ਾਸ਼੍ਵਮੇਧ, ਦ੍ਰਿਸ਼ਦਵਤੀ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਵੇਣੀ ਸੰਗਮ), ਪ੍ਰਿਥੂਦਕ, ਭਦ੍ਰੇਸ਼੍ਵਰ, ਭੀਮੇਸ਼੍ਵਰ, ਭ੍ਰਿਗੁਤੁੰਗ, ਮਹਾਕਾਲ, ਮਹਾਬੋਧਿ, ਮਾਨਸਰੋਵਰ, ਮੰਦਾਕਿਨੀ, ਯਮੁਨਾ, ਵਿਤਸਤਾ, ਵਿੰਧ੍ਯ, ਵਿਪਾਸ਼, ਵਿਮਲੇਸ਼੍ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦ੍ਯਨਾਥ।

ਉਪਰੋਕਤ ਤੀਰਥਾਂ ਵਿਚੋਂ ਅਧਿਕਾਂਸ਼ ਦੇ ਨਾਂ ਨਦੀਆਂ ਅਤੇ ਪਰਬਤਾਂ ਨਾਲ ਸੰਬੰਧਿਤ ਹਨ। ਇਨ੍ਹਾਂ ਅਠਾਹਠ ਤੀਰਥਾਂ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਸੰਸਾਰਿਕ ਬੰਧਨਾਂ ਤੋਂ ਯਾਤ੍ਰੀ ਦੀ ਮੁਕਤੀ ਹੋ ਜਾਂਦੀ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਤੀਰਥਾਂ ਉਤੇ ਇਸ਼ਨਾਨ ਕਰਨ ਦਾ ਲਾਭ ਉਦੋਂ ਹੀ ਹੁੰਦਾ ਦਸਿਆ ਹੈ ਜੇ ਮਨ ਪਵਿੱਤਰ ਹੋਵੇ। ਖੋਟੇ ਮਨ ਨਾਲ ਕੀਤਾ ਇਸ਼ਨਾਨ ਉਲਟਾ ਹੋਰ ਮੈਲ ਚੜ੍ਹਾਉਣ ਦਾ ਕਾਰਣ ਬਣਦਾ ਹੈ — *ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ। ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ। ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ। ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।* (ਗੁ.ਗ੍ਰੰ.789)। 'ਜਪੁਜੀ' ਵਿਚ ਗੁਰੂ ਜੀ ਦੀ ਸਥਾਪਨਾ ਹੈ ਕਿ ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ ਹੀ ਅਠਸਠ-ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ — *ਸੁਣਿਐ ਅਠਸਠਿ ਕਾ ਇਸਨਾਨੁ।* ਗੁਰੂ ਅਰਜਨ ਦੇਵ ਜੀ ਨੇ ਉਸ ਸਥਾਨ ਨੂੰ ਅਠਸਠ ਤੀਰਥਾਂ ਜਿੰਨਾ ਪਵਿੱਤਰ ਮੰਨਿਆ ਹੈ ਜਿਥੇ ਸਾਧੂ ਪੁਰਸ਼ ਆਪਣੇ ਚਰਣ ਧਰਦਾ ਹੈ — *ਅਠਸਠਿ ਤੀਰਥ ਜਹ ਸਾਧ ਪਗ ਧਰਹਿ।* (ਗੁ.ਗ੍ਰੰ.890)। ਦਰਬਾਰ ਸਾਹਿਬ ਪਰਿਸਰ ਵਿਚ, 'ਦੁਖ ਭੰਜਨੀ' ਅਤੇ 'ਥੜਾ ਸਾਹਿਬ' ਪਾਸ ਇਕ ਸਥਾਨ ਨੂੰ ਸਿੱਖ ਰਵਾਇਤ ਅਨੁਸਾਰ 'ਅਠਸਠ-ਤੀਰਥ' ਕਿਹਾ ਜਾਂਦਾ ਹੈ। ਸਪੱਸ਼ਟ ਹੈ ਕਿ ਅਠਸਠ-ਤੀਰਥਾਂ ਪ੍ਰਤਿ ਸਿੱਖ-ਧਰਮ ਵਿਚ ਕੋਈ ਮਾਨਤਾ ਨਹੀਂ ਹੈ।

**ਅੱਡਣਸ਼ਾਹ, ਭਾਈ** (1688-1757 ਈ.): ਸੁਪ੍ਰਸਿੱਧ ਸੇਵਾਪੰਥੀ ਸਾਧਕ ਭਾਈ ਅੱਡਣਸ਼ਾਹ ਦਾ ਜਨਮ ਸੰਨ 1688 ਈ. ਵਿਚ ਪੱਛਮੀ ਪੰਜਾਬ ਦੇ ਝੰਗ ਜ਼ਿਲ੍ਹੇ ਦੇ ਲਊ ਪਿੰਡ ਵਿਚ ਹੋਇਆ ਜੋ 'ਸ਼ਾਹ ਜੀਵਣਾ' ਕਸਬੇ ਦੇ ਨੇੜੇ ਸੀ। ਆਪ ਨੇ ਗੁਰਮੁਖੀ ਪੜ੍ਹ ਕੇ ਗੁਰਬਾਣੀ ਦੇ ਪਠਨ-ਪਾਠਨ ਵਿਚ ਬਿਰਤੀ ਲਗਾ ਲਈ ਅਤੇ ਗੁਰੂ ਤੇਗ ਬਹਾਦਰ ਜੀ ਦੇ ਇਕ ਸੇਵਕ ਭਾਈ ਗੁਰਦਾਸ ਦੱਖਣੀ ਪਾਸੋਂ ਗੁਰਬਾਣੀ ਦੇ ਅਰਥ

ਸਮਝਣੇ ਸ਼ੁਰੂ ਕੀਤੇ। ਫਿਰ ਆਪ ਭਾਈ ਸੇਵਾ ਰਾਮ ਦੇ ਸੰਪਰਕ ਵਿਚ ਆਏ ਜੋ ਭਾਈ ਘਨਈਆ ਦੇ ਉਤਰਾਧਿਕਾਰੀ ਵਜੋਂ ਧਰਮ-ਪ੍ਰਚਾਰ ਕਰ ਰਿਹਾ ਸੀ ਅਤੇ 'ਨੂਰਪੁਰ ਥਲ' ਕਸਬੇ ਵਿਚ ਰਹਿੰਦਾ ਸੀ। ਇਕ ਵਾਰ ਜਦੋਂ ਭਾਈ ਸੇਵਾ ਰਾਮ ਪ੍ਰਚਾਰ ਕਰਦਿਆਂ ਲਊ ਪਿੰਡ ਪਹੁੰਚਿਆ ਤਾਂ ਉਸ ਦੀ ਅਦੁੱਤੀ ਸੇਵਾ -ਸਾਧਨਾ ਅਤੇ ਧਰਮ-ਪ੍ਰਚਾਰ ਤੋਂ ਅੱਡਣਸ਼ਾਹ ਬਹੁਤ ਪ੍ਰਭਾਵਿਤ ਹੋਏ ਅਤੇ ਉਸ ਦੇ ਸੇਵਕ ਬਣ ਗਏ। ਭਾਈ ਸੇਵਾ ਰਾਮ ਦੀ ਸਾਧਨਾ ਕਾਰਣ ਸੰਪ੍ਰਦਾਇ ਦਾ ਨਾਂ 'ਸੇਵਾ-ਪੰਥ' ਪ੍ਰਚਲਿਤ ਹੋ ਗਿਆ। ਭਾਈ ਸੇਵਾ ਰਾਮ ਤੋਂ ਬਾਦ ਭਾਈ ਅੱਡਣਸ਼ਾਹ ਸੇਵਾ-ਪੰਥ ਦੇ ਉਤਰਾਧਿਕਾਰੀ ਬਣੇ ਅਤੇ ਇਸ ਸੰਪ੍ਰਦਾਇ ਦਾ ਬਹੁ-ਪੱਖੀ ਵਿਕਾਸ ਕੀਤਾ। ਕਾਲਾਂਤਰ ਵਿਚ ਇਸ ਨੂੰ 'ਅੱਡਣਸ਼ਾਹੀ ਸੰਪ੍ਰਦਾਇ' ਜਾਂ 'ਅੱਡਣਸ਼ਾਹੀ ਮਤ' ਵੀ ਕਿਹਾ ਜਾਣ ਲਗਿਆ।

ਭਾਈ ਅੱਡਣਸ਼ਾਹ ਨੇ ਦੋ ਮੁੱਖ ਪ੍ਰਚਾਰ ਕੇਂਦਰ ਬਣਾਏ, ਇਕ ਲਾਹੌਰ ਨੇੜੇ ਸ਼ਾਹਦਰੇ ਵਿਚ ਅਤੇ ਦੂਜਾ ਜੰਮੂ ਵਿਚ। ਦਸਦੇ ਹਨ ਕਿ ਆਪ ਦੇ ਸ਼ਾਹਦਰੇ ਵਾਲੇ ਡੇਰੇ ਵਿਚ ਲਗਭਗ 250 ਸਾਧ, ਸੰਤ ਸਦਾ ਮੌਜੂਦ ਰਹਿੰਦੇ ਸਨ। ਕਥਾ-ਕੀਰਤਨ ਤੋਂ ਇਲਾਵਾ ਧਰਮ ਦੇ ਅਨੇਕ ਪੱਖਾਂ ਉਤੇ ਵਿਚਾਰ ਹੁੰਦਾ ਰਹਿੰਦਾ ਸੀ। ਉਹ ਇਕ ਪ੍ਰਕਾਰ ਦਾ ਵਿਵਿਧ ਧਰਮਾਂ ਦਾ ਅਧਿਐਨ-ਕੇਂਦਰ ਬਣ ਗਿਆ ਸੀ। ਫ਼ਾਰਸੀ ਦੀਆਂ ਸੁਪ੍ਰਸਿੱਧ ਸੂਫ਼ੀ ਰਚਨਾਵਾਂ 'ਕੀਮਆਇ ਸਾਅਦਤ' (ਇਮਾਮ ਗ਼ਜ਼ਾਲੀ ਕ੍ਰਿਤ) ਅਤੇ 'ਮਸਨਵੀ ਮੌਲਾਨਾ ਰੂਮ' ਤੋਂ ਇਲਾਵਾ 'ਯੋਗ ਵਾਸਿਸ਼ਠ' ਆਦਿ ਭਾਰਤੀ ਧਰਮ-ਗ੍ਰੰਥਾਂ ਦਾ ਅਧਿਐਨ ਵੀ ਹੁੰਦਾ ਰਹਿੰਦਾ ਸੀ। ਸ਼ਾਹਦਰੇ ਵਾਲੇ ਡੇਰੇ ਵਿਚ ਹੋਏ ਇਨ੍ਹਾਂ ਤਿੰਨਾਂ ਗ੍ਰੰਥਾਂ ਦੇ ਖੁਲ੍ਹੇ ਅਨੁਵਾਦ ਹੁਣ ਉਪਲਬਧ ਹਨ ਅਤੇ 'ਪਾਰਸ ਭਾਗ', 'ਮਸਨਵੀ' ਅਤੇ 'ਯੋਗ ਵਾਸਿਸਠ' ਨਾਂਵਾਂ ਅਧੀਨ ਛਪ ਚੁਕੇ ਹਨ। ਇਨ੍ਹਾਂ ਬਾਰੇ ਹੋਏ ਸੰਵਾਦਾਂ ਅਤੇ ਵਿਚਾਰ ਗੋਸਟਾਂ ਨੂੰ ਬਾਦ ਵਿਚ ਪਰਚੀਆਂ ਦੇ ਰੂਪ ਵਿਚ ਲਿਪੀਬਧ ਕੀਤਾ ਗਿਆ। ਸਪੱਸ਼ਟ ਹੈ ਕਿ ਭਾਈ ਸਾਹਿਬ ਨੇ ਗੁਰਮਤਿ ਦਾ ਪ੍ਰਚਾਰ ਹੋਰਨਾਂ ਧਰਮਾਂ ਦੇ ਸੰਦਰਭ ਵਿਚ ਕਰਕੇ ਗੁਰਮਤਿ ਦੀ ਮਹਾਨਤਾ ਨੂੰ ਉਜਾਗਰ ਕੀਤਾ। ਆਪ ਦੇ ਪ੍ਰਵਚਨਾਂ ਨੂੰ ਸ਼ਰਧਾਲੂਆਂ ਨੇ 'ਸਾਖੀਆਂ ਭਾਈ ਅੱਡਣ ਸ਼ਾਹ', 'ਸੁਖਨ ਫ਼ਕੀਰਾਂ ਦੇ', 'ਬਚਨ ਗੋਬਿੰਦ ਲੋਕਾਂ ਦੇ' ਆਦਿ ਨਾਂ ਦੇ ਸੰਕਲਨਾਂ ਵਿਚ ਸੰਭਾਲਿਆ ਹੋਇਆ ਹੈ।

ਭਾਈ ਅੱਡਣਸ਼ਾਹ ਬੜਾ ਰਸ-ਭਿੰਨਾਂ ਕੀਰਤਨ ਕਰਕੇ ਜਿਗਿਆਸੂਆਂ ਨੂੰ ਸਿੱਖੀ ਨਾਲ ਸਦਾ ਜੋੜਦੇ ਰਹਿੰਦੇ ਸਨ ਅਤੇ ਆਪਣੇ ਡੇਰਿਆਂ ਵਿਚ ਪੋਥੀਆਂ, ਗੁਟਕੇ ਅਤੇ ਬੀੜਾਂ ਲਿਖਵਾ ਕੇ ਧਰਮਸ਼ਾਲਾਵਾਂ, ਡੇਰਿਆਂ ਅਤੇ ਸ਼ਰਧਾਲੂਆਂ ਨੂੰ ਭੇਜਦੇ ਰਹਿੰਦੇ ਸਨ। ਅਜਿਹੀਆਂ ਲਿਖਿਤਾਂ ਤਿਆਰ ਕਰਵਾਉਣ ਵਲ ਇਤਨਾ ਅਧਿਕ ਰੁਝਾਨ ਸੀ ਕਿ ਆਪ ਦੇ ਡੇਰੇ ਪੋਥੀਆਂ ਲਿਖਣ ਲਈ ਉਚੇਚੀ ਸਿਆਹੀ ਤਿਆਰ ਕਰਵਾਈ ਜਾਂਦੀ ਸੀ ਜੋ 'ਅੱਡਣਸ਼ਾਹੀ ਸਿਆਹੀ' ਵਜੋਂ ਪ੍ਰਸਿੱਧ ਹੋਈ। ਭਾਈ ਅੱਡਣ ਸ਼ਾਹ ਨੇ ਆਪਣਾ ਅੰਤਿਮ ਸਮਾਂ ਜੰਮੂ ਵਾਲੇ ਡੇਰੇ ਵਿਚ ਬਿਤਾਇਆ। ਉਥੇ ਹੀ 26 ਅਪ੍ਰੈਲ 1757 ਈ. (ਵਿਸਾਖ ਸੁਦੀ 8, 1814 ਬਿ.) ਨੂੰ ਦੇਹ ਤਿਆਗੀ।

**ਅਣੀ ਰਾਇ, ਕਵੀ** : ਗੁਰੂ ਗੋਬਿੰਦ ਸਿੰਘ ਜੀ ਦਾ ਇਕ ਦਰਬਾਰੀ ਕਵੀ ਜਿਸ ਦੇ ਜੀਵਨ-ਵੇਰਵੇ ਬਾਰੇ ਕੋਈ ਤੱਥ ਉਪਲਬਧ ਨਹੀਂ ਹੈ। ਇਸ ਨੇ ਸਤਲੁਜ ਨਦੀ ਦੇ ਕੰਢੇ ਮੁਗ਼ਲ ਫ਼ੌਜ ਅਤੇ ਦਸਮ ਗੁਰੂ ਦੀ ਫ਼ੌਜ ਵਿਚ ਹੋਈ ਲੜਾਈ ਦਾ ਆਪਣੀ ਰਚਨਾ, 'ਜੰਗਨਾਮਾ ਗੁਰੂ ਗੋਬਿੰਦ ਸਿੰਘ ਜੀ' ਵਿਚ ਬੜਾ ਸਜੀਵ ਚਿਤ੍ਰਣ ਕੀਤਾ ਹੈ। ਇਹ ਰਚਨਾ ਅਜੇ ਤਕ ਵਿਧੀਵਤ ਢੰਗ ਨਾਲ ਸੰਪਾਦਿਤ ਨਹੀਂ ਹੋਈ, ਪਰ ਇਸ ਦਾ ਪਾਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਸੰਨ 1950 ਈ. ਵਿਚ ਪ੍ਰਕਾਸ਼ਿਤ ਹੋਏ 'ਪ੍ਰਾਚੀਨ ਵਾਰਾਂ ਤੇ ਜੰਗਨਾਮੇ' ਸੰਗ੍ਰਹਿ ਵਿਚ ਛਪ ਚੁਕਿਆ ਹੈ। ਇਸ ਦਾ ਮੂਲ ਹੱਥ-ਲਿਖਿਤ ਖਰੜਾ ਮਹਾਰਾਜਾ ਪਟਿਆਲਾ ਦੀ ਨਿਜੀ ਲਾਇਬ੍ਰੇਰੀ (ਨੰ. 226) ਵਿਚ ਸੁਰਖਿਅਤ ਹੈ। ਇਸ ਵਿਚ ਵਖ ਵਖ ਕਿਸਮ ਦੇ 68 (70) ਬੰਦਾਂ ਵਿਚ ਸਿੱਖਾਂ ਵਲੋਂ ਮੁਗ਼ਲ ਸੈਨਾ ਨੂੰ ਪਛਾੜਨ ਦਾ ਵਰਣਨ ਕਰਦਿਆਂ ਸੰਨ 1699 ਈ. ਵਿਚ ਹੋਈ ਖ਼ਾਲਸੇ ਦੀ ਸਿਰਜਨਾ ਬਾਰੇ ਸੰਕੇਤ ਵੀ ਮਿਲਦਾ ਹੈ ਜਿਸ ਤੋਂ ਜ਼ਾਹਿਰ ਹੈ ਕਿ ਇਹ ਸੰਨ 1699 ਈ. ਤੋਂ ਬਾਦ ਦੀ ਰਚਨਾ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਇਸ ਵਿਚ ਆਨੰਦਪੁਰ ਸਾਹਿਬ ਵਿਚ ਲੜੀ ਗਈ ਆਖ਼ਰੀ ਲੜਾਈ ਦੇ ਤੱਥ ਸਮੇਟੇ ਹੋਏ ਹਨ। ਜੰਗਨਾਮੇ ਦੇ ਨਾਲ ਕਵੀ ਅਣੀ ਰਾਇ ਦੀਆਂ ਲਿਖੀਆਂ ਨੌਂ ਪਉੜੀਆਂ ਹੋਰ ਵੀ ਦਰਜ ਹਨ ਜੋ ਕਿਸੇ ਹੋਰ ਵੀਰ-ਰਸੀ ਰਚਨਾ ਦਾ ਹਿੱਸਾ ਪ੍ਰਤੀਤ ਹੁੰਦੀਆਂ ਹਨ ਅਤੇ ਜਿਨ੍ਹਾਂ ਦੇ ਪਾਠ ਦਾ ਨਮੂਨਾ

ਇਸ ਪ੍ਰਕਾਰ ਹੈ :

*ਖੰਡੇ ਧੂਹੇ ਮਿਆਨ ਤੇ ਵੈਰੀ ਬਿਲਖਾਨੇ।*
*ਜੁੱਟੇ ਦੂਹੂੰ ਮੁਕਾਬਲੇ ਬਿੱਜੂ ਝਰਲਾਨੇ।*
*ਵਾਹਣ ਮੁਣਸਾਂ ਘੋੜਿਆਂ ਘਾਇਲ ਘੁੰਮਾਨੇ।*
*ਜੂਝਨ ਸੌਂਹੇ ਸਾਰ ਦੇ ਦਰਗਾਹ ਪਰਵਾਨੇ।*
*ਮੁੰਡ ਮੰਡਕਨ ਮੇਦਨੀ ਏਹੀ ਨੇਸਾਨੇ।*
*ਜਣ ਮਾਲੀ ਸਿੱਟੇ ਬਾੜੀਆਂ ਖਰਬੂਜੇ ਕਾਨੇ।*

(ਪੰਨਾ 62)

ਸ਼ਾਇਦ ਇਹ ਪਉੜੀਆਂ ਭੰਗਾਣੀ ਦੇ ਯੁੱਧ ਨਾਲ ਸੰਬੰਧਿਤ ਹੋਣ। ਪੰਜਾਬੀ ਦੀਆਂ ਇਨ੍ਹਾਂ ਨੌਂ ਪਉੜੀਆਂ ਦੀ ਭਾਸ਼ਾ ਤੋਂ ਜ਼ਾਹਿਰ ਹੁੰਦਾ ਹੈ ਕਿ ਕਵੀ ਪੰਜਾਬ ਦਾ ਨਿਵਾਸੀ ਸੀ ਜਾਂ ਲੰਬੇ ਸਮੇਂ ਤੋਂ ਪੰਜਾਬ ਵਿਚ ਰਹਿ ਰਿਹਾ ਸੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਨੂੰ ਜਾਤਿ ਦਾ ਕੋਈ ਭਾਟ ਮੰਨਿਆ ਹੈ। ਸੰਭਵ ਹੈ ਕਿ ਇਸ ਨੇ ਕੋਈ ਹੋਰ ਰਚਨਾ ਵੀ ਕੀਤੀ ਹੋਵੇ, ਪਰ ਹੁਣ ਕੁਝ ਵੀ ਉਪਲਬਧ ਨਹੀਂ ਹੈ।

ਵਿਚਾਰਾਧੀਨ ਜੰਗਨਾਮੇ ਦੀ ਮੁੱਖ ਭਾਸ਼ਾ ਭਾਵੇਂ ਬ੍ਰਜ ਹੈ, ਪਰ ਇਸ ਉਤੇ ਪੰਜਾਬੀ ਭਾਸ਼ਾ ਅਤੇ ਵਾਰ ਰਚਨਾ-ਸ਼ੈਲੀ ਦਾ ਥਾਂ ਥਾਂ ਉਤੇ ਪ੍ਰਭਾਵ ਹੈ। ਕਵੀ ਦੀ ਯੋਗਤਾ ਅਥਵਾ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਨੂੰ ਗੁਰੂ ਜੀ ਨੇ ਨਗ, ਕੰਚਨ, ਭੂਸ਼ਣ ਅਤੇ ਹੁਕਮਨਾਮਾ ਬਖ਼ਸ਼ ਕੇ ਵਡਿਆਇਆ ਸੀ, ਜਿਵੇਂ :

*ਅਨੀਰਾਇ ਗੁਰੂ ਸੇ ਮਿਲੇ, ਦੀਨੀ ਤਾਹਿ ਅਸੀਸ।*
*ਆਉ ਕਹਿਓ ਮੁਖ ਆਪਨੈ, ਬਹੁਰ ਕਰੀ ਬਖਸੀਸ।1।*
*ਨਗ ਕੰਚਨ ਭੂਖਨ ਬਹੁਰ, ਦੀਨੇ ਸਤਿਗੁਰ ਏਹ।*
*ਨਾਮਾ ਹੁਕਮ ਲਿਖਾਇਕੈ, ਦੀਨੋ ਸਰਸ ਸਨੇਹ।2।*

(ਪੰਨਾ 17)

ਇਸ ਜੰਗਨਾਮੇ ਦਾ ਕਥਾਨਕ ਬਹੁਤ ਸੰਖਿਪਤ ਹੈ ਕਿਉਂਕਿ ਕਵੀ ਦਾ ਉਦੇਸ਼ ਬ੍ਰਿੱਤਾਂਤ ਦੇਣਾ ਨਹੀਂ ਸਗੋਂ ਕੁਝ ਕੁ ਘਟਨਾਵਾਂ ਦਾ ਚਿਤ੍ਰਣ ਕਰਨਾ ਹੈ। ਇਸ ਦੇ ਮੁੱਖ ਕਥਾ-ਸੂਤਰ ਇਸ ਪ੍ਰਕਾਰ ਹਨ — ਔਰੰਗਜ਼ੇਬ ਬਾਦਸ਼ਾਹ ਦੇ ਜ਼ੁਲਮਾਂ ਦੀ ਪ੍ਰਤਿਕ੍ਰਿਆ ਵਜੋਂ ਖ਼ਾਲਸੇ ਦਾ ਜਨਮ, ਪਹਾੜੀ ਰਾਜਿਆਂ ਦੀ ਗੱਲ ਮੰਨ ਕੇ ਔਰੰਗਜ਼ੇਬ ਦਾ ਅਜ਼ੀਮ ਖ਼ਾਂ ਨੂੰ ਬਹੁਤ ਵੱਡੀ ਸੈਨਾ ਦੇ ਕੇ ਗੁਰੂ ਜੀ ਉਤੇ ਹਮਲਾ ਕਰਨ ਲਈ ਭੇਜਣਾ, ਆਨੰਦਪੁਰ ਦੇ ਨੇੜੇ ਸਤਲੁਜ ਦਰਿਆ ਦੇ ਕੰਢੇ ਤਕੜਾ ਯੁੱਧ, ਅੰਤ ਵਿਚ ਗੁਰੂ ਜੀ ਅਤੇ ਅਜ਼ੀਮ ਖ਼ਾਂ ਦਾ ਦੁਅੰਦ ਯੁੱਧ, ਅਜ਼ੀਮ ਖ਼ਾਂ ਦਾ ਮਾਰਿਆ ਜਾਣਾ, ਖ਼ਾਲਸੇ ਦੀ ਜਿਤ।

ਸਪੱਸ਼ਟ ਹੈ ਕਿ ਇਸ ਜੰਗਨਾਮੇ ਵਿਚ ਬ੍ਰਿੱਤਾਂਤ ਬਹੁਤ ਸੰਖਿਪਤ ਹੈ। ਕਵੀ ਦੀ ਕਥਾ ਕਹਿਣ ਵਿਚ ਰੁਚੀ ਨਹੀਂ, ਇਸ ਲਈ ਉਸ ਨੇ ਕੁਝ ਮਾਰਮਿਕ ਅਥਵਾ ਨਾਟਕੀ ਮਹੱਤਵ ਵਾਲੀਆਂ ਘਟਨਾਵਾਂ ਦਾ ਹੀ ਚਿਤ੍ਰਣ ਕੀਤਾ ਹੈ, ਪਰ ਅਜਿਹਾ ਕਰਨ ਵੇਲੇ ਉਹ ਕਈਆਂ ਥਾਂਵਾਂ 'ਤੇ ਇਤਿਹਾਸਿਕ ਤੱਥਾਂ ਵਿਚ ਕਾਲਪਨਿਕ ਤੱਥਾਂ ਦਾ ਸਮਾਵੇਸ਼ ਕਰ ਦਿੰਦਾ ਹੈ। ਫਲਸਰੂਪ ਇਸ ਰਚਨਾ ਦੀ ਇਤਿਹਾਸਿਕਤਾ ਸੰਦੇਹਪੂਰਣ ਬਣ ਗਈ ਹੈ, ਜਿਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਔਰੰਗਜ਼ੇਬ ਨੂੰ ਇਹ ਪੱਤਰ ਲਿਖਣਾ ਕਿ ਕੁਝ ਹੀ ਦਿਨਾਂ ਵਿਚ ਖ਼ਾਲਸਾ ਮੁਗ਼ਲਾਂ ਤੋਂ ਰਾਜ ਖੋਹ ਲਏਗਾ (*ਕਛੁਕ ਦਿਨਨ ਲਗ ਖ਼ਾਲਸਾ ਲਹੈ ਤਖ਼ਤ ਔਰ ਤਾਜ*)।

ਕਵੀ ਦੀ ਆਸਥਾ ਚਰਿਤ-ਨਾਇਕ ਪ੍ਰਤਿ ਹੈ। ਉਹ ਉਨ੍ਹਾਂ ਨੂੰ ਹਿੰਦੂ-ਪਤਿ ਸੁਲਤਾਨ, ਹਿੰਦੂ-ਪਤਿ-ਨਾਹ, ਹਿੰਦੂ-ਪਤਿ ਆਦਿ ਨਾਂਵਾਂ/ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦਾ ਹੈ। ਇਸ ਤਰ੍ਹਾਂ ਕਵੀ ਲਈ ਉਹ ਹਿੰਦੂਤ੍ਵ ਦੀ ਰਖਿਆ ਲਈ ਹਥਿਆਰ ਚੁਕਦੇ ਹਨ। ਨਾਇਕ ਦੇ ਕਰਮ ਦੀ ਅਤਿਕਥਨੀ ਅਤੇ ਪ੍ਰਸ਼ੰਸਾ ਆਮ ਹੈ, ਸਿਧੀ ਵੀ ਅਤੇ ਲੁਕਵੀਂ ਵੀ। ਕਵੀ ਦਾ ਦ੍ਰਿਸ਼ਟੀਕੋਣ ਸਾਹਿਤਿਕ ਹੈ, ਇਤਿਹਾਸਿਕ ਨਹੀਂ, ਨਾਟਕੀ ਹੈ, ਬ੍ਰਿੱਤਾਂਤਿਕ ਨਹੀਂ।

ਇਹ 'ਜੰਗਨਾਮਾ' ਯੁੱਧ-ਚਿਤ੍ਰਣ ਦਾ ਇਕ ਲਘੂ-ਕਾਵਿ ਹੈ। ਇਸ ਵਿਚ ਵੀਰਾਂ ਦਾ ਸਤੋਤਰ-ਵਰਣਨ ਨਹੀਂ ਹੋਇਆ ਅਤੇ ਨ ਹੀ ਕਿਸੇ ਪਾਤਰ ਦਾ ਕਥਾ ਤੋਂ ਹਟਵਾਂ ਸਤਵਨ ਹੋਇਆ ਹੈ। ਪਾਤਰਾਂ ਦਾ ਸੰਪੂਰਣ ਚਰਿਤ੍ਰ ਉਪਸਥਿਤ ਕਰਨ ਪ੍ਰਤਿ ਕੋਈ ਉਚੇਚ ਨਹੀਂ ਹੈ। ਜੰਗਨਾਮੇ ਦੀਆਂ ਕਲਾਤਮਕ ਸੀਮਾਵਾਂ ਨੂੰ ਮੁਖ ਰਖਦੇ ਹੋਇਆਂ ਹੀ ਚਰਿਤ੍ਰ-ਚਿਤ੍ਰਣ ਕੀਤਾ ਗਿਆ ਹੈ। ਦੋਹਾਂ ਪੱਖਾਂ ਦੇ ਯੁੱਧ-ਵੀਰਾਂ ਦਾ ਸਮਾਨ ਭਾਵ ਨਾਲ ਚਿਤ੍ਰਣ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਜੇ ਸ੍ਰੇਸ਼ਠ ਯੁੱਧ-ਵੀਰ ਹਨ ਤਾਂ ਉਨ੍ਹਾਂ ਨਾਲ ਯੁੱਧ ਕਰਨ ਵਾਲਾ ਅਜ਼ੀਮ ਖ਼ਾਂ ਵੀ ਤੈਮੂਰ ਵੰਸ਼ ਦਾ ਗੌਰਵਸ਼ਾਲੀ ਅਸਾਧਾਰਣ ਯੋਧਾ ਹੈ। ਇਕ ਗੱਲ ਜ਼ਰੂਰ ਮਹਿਸੂਸ ਹੁੰਦੀ ਹੈ ਕਿ ਮੁਗ਼ਲ ਸੈਨਿਕਾਂ ਦੀ ਲੜਾਈ ਧਨ ਪ੍ਰਾਪਤੀ ਜਾਂ ਤਨਖ਼ਾਹ ਲਈ ਹੈ, ਇਸ ਲਈ ਉਹ ਭਾੜੇ ਦੇ ਟੱਟੂ ਹਨ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਧਰਮ-ਅਨੁਪ੍ਰਾਣਿਤ ਹੋ ਕੇ

ਸ਼ਹੀਦੀ ਦੀ ਪ੍ਰਾਪਤੀ ਲਈ ਯੁੱਧ ਕਰ ਰਹੀ ਹੈ।

ਇਸ ਦਾ ਯੁੱਧ-ਵਰਣਨ ਅਲੰਕਾਰ-ਯੁਕਤ ਵੀ ਹੈ ਅਤੇ ਨਿਰ-ਅਲੰਕਾਰ ਵੀ ਹੈ। ਦੋਹਾਂ ਸ਼ੈਲੀਆਂ ਦੀ ਵਰਤੋਂ ਹੋਈ ਹੈ। ਜਿਥੇ ਅਲੰਕਾਰ ਵਰਤੇ ਹਨ, ਉਥੇ ਪੌਰਾਣਿਕ ਉਪਮਾਨਾਂ ਦੀ ਭਰਮਾਰ ਹੈ ਜਾਂ ਫਿਰ ਪ੍ਰਕ੍ਰਿਤੀ ਤੋਂ ਉਪਮਾਨ ਲਏ ਗਏ ਹਨ। ਯੁੱਧ-ਵਰਣਨ ਦ੍ਰਿਸ਼-ਚਿਤਰਾਂ ਤੋਂ ਇਲਾਵਾ ਧੁਨੀ ਚਿਤਰਾਂ ਰਾਹੀਂ ਵੀ ਹੋਇਆ ਹੈ।

ਕਵੀ ਦਾ ਯੁੱਧ-ਵਰਣਨ ਦਾ ਆਸ਼ਾ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਤੇਜਸਵੀ ਰੂਪ ਨੂੰ ਪੇਸ਼ ਕਰਨਾ। ਅਜਿਹਾ ਕਰਨ ਵੇਲੇ ਉਸ ਦੇ ਸਾਹਮਣੇ ਔਰੰਗਜ਼ੇਬ ਦੀ ਅਨੀਤੀ ਅਤੇ ਜ਼ੁਲਮ ਦੋਵੇਂ ਰਹੇ ਹਨ। ਉਹ ਇਸ ਯੁੱਧ ਦੁਆਰਾ ਭਾਰਤੀ ਜਨਤਾ ਦੇ ਮਨ ਦੇ ਵਿਦ੍ਰੋਹ ਦੀ ਭਾਵਨਾ ਨੂੰ ਰੂਪਮਾਨ ਹੋਇਆ ਵੇਖਦਾ ਹੈ :

*ਹੁਕਮ ਹੁਓ ਗੋਬਿੰਦ ਕੌ, ਉਤਰਿਓ ਅਵਨੀ ਆਇ।*
*ਕੁਟਲ ਕਰਮ ਔਰੰਗ ਕਰੇ, ਤਾ ਕੌ ਦੇਹੁ ਸਜਾਇ।8।*

ਇਸ ਵਿਚ ਯੁੱਧ ਦਾ ਵਰਣਨ ਨੀਤੀ-ਪਰਕ ਅਤੇ ਧਰਮ-ਪਰਕ ਦੋਹਾਂ ਤਰ੍ਹਾਂ ਦਾ ਹੈ। ਜ਼ੁਲਮ ਦਾ ਨਾਸ਼ ਕਰਨ ਲਈ ਯੁੱਧ ਕੀਤਾ ਗਿਆ ਹੈ, ਨਰ-ਸੰਘਾਰ ਲਈ ਨਹੀਂ। ਇਸ ਦੇ ਵਰਣਨ-ਵਿਸ਼ੇ ਅਨੁਸਾਰ ਅੰਗੀ ਰਸ ਵੀਰ ਹੈ, ਹੋਰ ਰਸਾਂ ਦੇ ਅੰਸ਼ ਵੀ ਮਿਲ ਜਾਂਦੇ ਹਨ। ਕਵੀ ਨੇ 'ਬਚਿਤ੍ਰ ਨਾਟਕ' ਅਤੇ 'ਚੰਡੀ ਦੀ ਵਾਰ' ਦਾ ਕਾਫ਼ੀ ਪ੍ਰਭਾਵ ਗ੍ਰਹਿਣ ਕੀਤਾ ਹੈ। ਅੰਤ ਵਿਚ ਕਵੀ ਨੇ ਗੁਰੂ ਸਾਹਿਬ ਦੀ ਆਰਾਧਨਾ ਦੇ ਮਹੱਤਵ ਵਲ ਸੰਕੇਤ ਕਰਦਿਆਂ ਲਿਖਿਆ ਹੈ :

*ਸ੍ਰੀ ਗੋਬਿੰਦ ਸਿੰਘ ਮਨਾਈਐ, ਜਿਤ ਹੋਨ ਹੁਲਾਸ।*
*ਅਣੀਰਾਇ ਜਸ ਜੰਪਿਆ ਮੇਟੇ ਕਾਮ ਤ੍ਰਾਸ।68।*

ਇਸ ਵਿਚ ਕਵੀ ਨੇ 12 ਪ੍ਰਕਾਰ ਦੇ ਛੰਦ ਵਰਤੇ ਹਨ, ਜਿਵੇਂ ਦੋਹਰਾ, ਸੋਰਠਾ, ਕਬਿੱਤ, ਸਵੈਯਾ, ਛੱਪੈ, ਭੁਜੰਗ ਪ੍ਰਯਾਤ, ਗੀਆ, ਚਉਪਈ, ਤੋਟਕ, ਅੜਿਲ, ਮਨਹਰ ਅਤੇ ਪਉੜੀ। ਮਾਤ੍ਰਿਕ ਛੰਦਾਂ ਜਿਵੇਂ ਪਉੜੀ, ਦੋਹਰਾ, ਸੋਰਠਾ ਵਿਚ ਪੰਜਾਬੀਪਨ ਅਧਿਕ ਹੈ, ਉਂਜ ਪੰਜਾਬੀ ਦਾ ਪ੍ਰਭਾਵ ਸਰਵਤ੍ਰ ਹੈ। ਅੰਤਿਮ ਛੰਦਾਂ ਵਿਚ ਭਾਸ਼ਾ ਦੀ ਨੁਹਾਰ ਪੰਜਾਬੀ ਵਲ ਅਧਿਕ ਝੁਕੀ ਹੋਈ ਹੈ। ਕਵੀ ਨੇ ਸੁੰਦਰ ਸ਼ਬਦ-ਯੋਜਨਾ ਨਾਲ ਸਾਰਾ ਵਿਵਰਣ ਬੜਾ ਚੁਸਤ ਅਤੇ ਵੇਗਵਾਨ ਬਣਾ ਦਿੱਤਾ ਹੈ। ਭਾਰੀਆਂ ਧੁਨੀਆਂ ਵਾਲੇ ਸ਼ਬਦਾਂ ਨਾਲ ਓਜ ਗੁਣ ਵਿਚ ਵਾਧਾ ਹੋਇਆ ਹੈ। ਕਾਵਿ-ਦ੍ਰਿਸ਼ਟੀ ਤੋਂ ਇਹ ਇਕ ਸਰਲ ਯੁੱਧ-ਕਾਵਿ ਹੈ। ਇਸ ਵਿਚ ਰਾਸ਼ਟਰੀ ਨੇਤਾ ਦੇ ਓਜਸਵੀ ਚਰਿਤ੍ਰ ਰਾਹੀਂ ਸੁੰਤਤਰਤਾ ਦੀ ਭਾਵਨਾ ਦਾ ਬੜੇ ਸੁੰਦਰ ਢੰਗ ਨਾਲ ਵਿਕਾਸ ਕੀਤਾ ਗਿਆ ਹੈ।

**ਅਣੀ ਰਾਇ, ਬਾਬਾ** (ਜ. 1618 ਈ.) : ਗੁਰੂ ਹਰਿਗੋਬਿੰਦ ਜੀ ਦਾ ਸੁਪੁੱਤਰ ਜੋ ਮਾਤਾ ਦਮੋਦਰੀ ਦੀ ਕੁੱਖੋਂ 14 ਨਵੰਬਰ 1618 ਈ. ਨੂੰ ਅੰਮ੍ਰਿਤਸਰ ਵਿਚ ਪੈਦਾ ਹੋਇਆ ਸੀ। 'ਗੁਰ ਪ੍ਰਤਾਪ ਸੂਰਜ' ਵਿਚ ਇਸ ਦੀ ਜਨਨੀ ਦਾ ਨਾਂ ਮਾਤਾ ਨਾਨਕੀ ਲਿਖਿਆ ਹੈ। ਇਹ ਸਾਰੀ ਉਮਰ ਅਵਿਵਾਹਿਤ ਰਹਿ ਕੇ ਆਤਮਾਨੰਦ ਦੀ ਪ੍ਰਾਪਤੀ ਲਈ ਹਰਿ-ਭਗਤੀ ਵਿਚ ਲੀਨ ਰਿਹਾ। ਇਸ ਨੇ ਬਹੁਤਾ ਸਮਾਂ ਕੀਰਤਪੁਰ ਵਿਚ ਬਿਤਾਇਆ ਅਤੇ ਉਥੇ ਹੀ ਇਸ ਦਾ ਦੇਹਾਂਤ ਹੋਇਆ। ਇਸ ਦੀ ਯਾਦ ਵਿਚ ਉਥੇ ਸਮਾਰਕ ਬਣਿਆ ਹੋਇਆ ਹੈ।

**ਅਣੋਖੀ, ਬੀਬੀ** (ਜ. 1535 ਈ.): ਗੁਰੂ ਅੰਗਦ ਦੇਵ ਜੀ ਦੀ ਦੂਜੀ ਬੇਟੀ, ਜਿਸ ਦਾ ਜਨਮ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀ ਕਾ' ਅਨੁਸਾਰ ਸੰਨ 1535 ਈ. (1592 ਬਿ.) ਵਿਚ ਹੋਇਆ ਸੀ ਪਰ ਮਹਾਨ ਕੋਸ਼ਕਾਰ ਨੇ ਸੰਮਤ 1591 ਬਿ. ਵਿਚ ਜਨਮ ਹੋਇਆ ਮੰਨਿਆ ਹੈ।

**ਅਤਰ ਸਿੰਘ, ਸੰਤ, ਮਸਤੂਆਣਾ** (1866-1927 ਈ.): ਅਤਿਅੰਤ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਸੁਆਮੀ ਅਤੇ ਅਧਿਆਤਮਿਕ ਸਾਧਨਾ ਵਿਚ ਨਿਪੁੰਨ ਸੰਤ ਅਤਰ ਸਿੰਘ ਦਾ ਜਨਮ 13 ਮਾਰਚ 1866 ਈ. ਨੂੰ (ਦੂਜਾ ਸਰੋਤ 28 ਮਾਰਚ) ਚੀਮਾ ਪਿੰਡ (ਜ਼ਿਲ੍ਹਾ ਸੰਗਰੂਰ) ਵਿਚ ਸ. ਕਰਮ ਸਿੰਘ ਦੇ ਘਰ ਮਾਈ ਭੋਲੀ ਦੀ ਕੁੱਖੋਂ ਹੋਇਆ। ਗੁਰਬਾਣੀ ਪੜ੍ਹਨ ਵਿਚ ਆਪ ਦੀ ਰੁਚੀ ਬਚਪਨ ਤੋਂ ਹੀ ਸੀ। ਆਪਣੇ ਪਿੰਡ ਦੇ ਭਾਈ ਰਾਮ ਸਿੰਘ ਨਿਰਮਲੇ ਦੇ ਡੇਰੇ ਵਿਚ ਭਾਈ ਬੂਟਾ ਸਿੰਘ ਤੋਂ ਆਪ ਨੇ ਗੁਰਮੁਖੀ ਪੜ੍ਹੀ ਅਤੇ ਸਿੱਖ ਧਾਰਮਿਕ ਸਾਹਿਤ ਦਾ ਗੰਭੀਰਤਾ-ਪੂਰਵਕ ਅਧਿਐਨ ਕੀਤਾ। ਖੇਤੀ ਕਰਦਿਆਂ ਅਤੇ ਪਸ਼ੂ ਚਾਰਦਿਆਂ ਆਪ ਸਦਾ ਗੁਰਬਾਣੀ ਦੇ ਸ਼ਬਦਾਂ ਦਾ ਪਾਠ ਕਰਦੇ ਰਹਿੰਦੇ ਸਨ।

ਲਗਭਗ 17 ਵਰ੍ਹਿਆਂ ਦੀ ਉਮਰ ਵਿਚ ਆਪ ਫ਼ੌਜ ਵਿਚ ਭਰਤੀ ਹੋ ਗਏ ਅਤੇ ਕੋਹਾਟ ਸਥਿਤ ਤੋਪਖ਼ਾਨੇ ਵਿਚ ਤਾਇਨਾਤ ਹੋਏ। ਉਥੇ ਹੀ ਆਪ ਨੇ ਛਾਵਣੀ ਦੇ

ਗੁਰਦੁਆਰੇ ਦੇ ਗ੍ਰੰਥੀ ਭਾਈ ਜੋਧ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ। ਸੰਨ 1888 ਈ. ਆਪ ਦਾ ਨਾਂ ਰਿਜ਼ਰਵ ਸਿਪਾਹੀਆਂ ਦੀ ਸੂਚੀ ਵਿਚ ਪਾ ਦਿੱਤਾ ਗਿਆ। ਸੰਨ 1891 ਈ. ਵਿਚ ਫ਼ੌਜ ਤੋਂ ਆਪਣਾ ਨਾਂ ਕਟਵਾ ਕੇ ਆਪ ਪੂਰੀ ਤਰ੍ਹਾਂ ਧਰਮ-ਪ੍ਰਚਾਰ ਵਿਚ ਲੀਨ ਹੋ ਗਏ। ਪਿਤਾ ਦੇ ਦੇਹਾਂਤ ਤੋਂ ਉਪਜੇ ਵੈਰਾਗ ਕਾਰਣ ਆਪ ਪੈਦਲ ਹੀ ਹਜ਼ੂਰ ਸਾਹਿਬ ਗਏ ਅਤੇ ਖ਼ੂਬ ਤਪਸਿਆ ਕੀਤੀ। ਫਿਰ ਜੰਮੂ-ਕਸ਼ਮੀਰ, ਸਿੰਧ ਅਤੇ ਸਰਹਦੀ ਸੂਬੇ ਦੇ ਦੌਰੇ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ। ਪੋਠੋਹਾਰ ਵਿਚ ਵੀ ਆਪ ਨੇ ਬੜੀ ਸਿਦਕ-ਦਿਲੀ ਨਾਲ ਧਰਮ-ਪ੍ਰਚਾਰ ਵਿਚ ਰੁਚੀ ਵਿਖਾਈ ਅਤੇ ਲੱਖਾਂ ਜਿਗਿਆਸੂਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ। ਮਾਸਟਰ ਤਾਰਾ ਸਿੰਘ, ਮਲਕ ਮੋਹਨ ਸਿੰਘ, ਮਲਕ ਹਰਦਿਤ ਸਿੰਘ, ਭਾਈ ਜੋਧ ਸਿੰਘ ਆਦਿ ਨੂੰ ਆਪ ਪਾਸੋਂ ਅੰਮ੍ਰਿਤ ਛਕਣ ਦਾ ਮਾਣ ਪ੍ਰਾਪਤ ਹੈ।

ਸੰਨ 1902 ਈ. ਤੋਂ ਆਪ ਨੇ ਆਪਣਾ ਧਰਮ-ਪ੍ਰਚਾਰ ਕੇਂਦਰ 'ਗੁਰੂ-ਸਾਗਰ' ਮਾਲਵਾ ਖੇਤਰ ਦੇ ਸੰਗਰੂਰ ਜ਼ਿਲ੍ਹੇ ਦੇ ਮਸਤੂਆਣਾ ਪਿੰਡ ਵਿਚ ਸਥਾਪਿਤ ਕੀਤਾ। ਇਹ ਧਰਤੀ ਸ. ਨੱਥਾ ਸਿੰਘ ਧਾਲੀਵਾਲ ਨੇ ਦਾਨ ਵਜੋਂ ਦਿੱਤੀ ਸੀ। ਇਸ ਨੂੰ ਉਦੋਂ 'ਮਸਤੂ ਦਾ ਝਿੜਾ' ਕਹਿੰਦੇ ਸਨ। ਆਪ ਜਿਥੇ ਜਿਥੇ ਵੀ ਧਰਮ-ਪ੍ਰਚਾਰ ਲਈ ਗਏ, ਉਥੇ ਨਵੇਂ ਨਵੇਂ ਗੁਰਦੁਆਰੇ ਉਸਾਰੇ ਗਏ। ਗੁਰਮਤਿ ਦੇ ਪ੍ਰਚਾਰ ਦੇ ਨਾਲ ਨਾਲ ਆਪ ਨੇ ਸਿੱਖਾਂ ਵਿਚ ਵਿਦਿਆ ਪ੍ਰਸਾਰਿਤ ਕਰਨ ਵਲ ਵੀ ਉਚੇਚਾ ਧਿਆਨ ਦਿੱਤਾ। ਆਪ ਨੇ ਸ. ਤੇਜਾ ਸਿੰਘ, ਸ. ਅਮਰ ਸਿੰਘ, ਸ. ਧਰਮਾਨੰਤ ਸਿੰਘ ਅਤੇ ਸ. ਹਰੀ ਸਿੰਘ ਬਸਰਾ ਨੂੰ ਵਿਦੇਸ਼ ਭੇਜਿਆ ਤਾਂ ਜੋ ਉਹ ਉਚੇਰੀ ਸਿਖਿਆ ਪ੍ਰਾਪਤ ਕਰਕੇ ਸਿੱਖ-ਧਰਮ ਦਾ ਪ੍ਰਚਾਰ ਵਿਦੇਸ਼ਾਂ ਵਿਚ ਕਰ ਸਕਣ। ਆਪ ਦਾ ਵਿਸ਼ਵਾਸ ਸੀ ਕਿ ਆਧੁਨਿਕ ਢੰਗ ਦੀ ਵਿਦਿਆ-ਪ੍ਰਣਾਲੀ ਨੂੰ ਅਪਣਾਉਣਾ ਸਿੱਖ-ਸਮਾਜ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸ ਲਈ ਸਿੱਖ ਐਜੂਕੇਸ਼ਨਲ ਕਾਨਫ਼੍ਰੰਸ ਦੀ ਪ੍ਰਗਤੀ ਵਿਚ ਰੁਚੀ ਵਿਖਾਈ। ਵਖ ਵਖ ਥਾਂਵਾਂ 'ਤੇ ਖ਼ਾਲਸਾ ਸਕੂਲ ਅਤੇ ਕਾਲਜ ਸਥਾਪਿਤ ਕਰਨ ਲਈ ਉਚੇਚਾ ਯੋਗਦਾਨ ਪਾਇਆ ਅਤੇ ਮਸਤੂਆਣਾ ਵਿਚ ਵੀ ਅਕਾਲ ਡਿਗਰੀ ਕਾਲਜ ਦਾ ਆਰੰਭ ਕੀਤਾ।

ਆਪ ਨੇ ਸੰਨ 1911 ਈ. ਵਿਚ ਹੋਏ ਦਿੱਲੀ-ਦਰਬਾਰ ਵਿਚ ਹਿੱਸਾ ਲਿਆ ਅਤੇ ਸਿੱਖ ਧਰਮ-ਸਾਧਕ ਵਜੋਂ ਅਦੁੱਤੀ ਪ੍ਰਭਾਵ ਛਡਿਆ। ਸੰਨ 1914 ਈ. ਵਿਚ ਪੰਡਿਤ ਮਦਨ ਮੋਹਨ ਮਾਲਵੀਆ ਦੇ ਸੱਦੇ 'ਤੇ ਅਤੇ ਨਾਭਾ-ਪਤਿ ਮਹਾਰਾਜਾ ਰਿਪੁਦਮਨ ਸਿੰਘ ਦੇ ਉਦਮ ਨਾਲ ਆਪ ਨੇ ਸਿੱਖ ਮਰਯਾਦਾ ਅਨੁਸਾਰ ਬਨਾਰਸ ਵਿਚ ਸੰਸਕ੍ਰਿਤ ਕਾਲਜ ਦੀ ਨੀਂਹ ਰਖੀ। ਸੰਨ 1915 ਈ. ਵਿਚ ਆਪ ਨੇ ਅੱਠਵੀਂ ਸਿੱਖ ਵਿਦਿਅਕ ਕਾਨਫ਼੍ਰੰਸ ਫਿਰੋਜ਼ਪੁਰ ਦੀ ਪ੍ਰਧਾਨਗੀ ਕੀਤੀ। ਆਪ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਹਿੱਸਾ ਲਿਆ ਅਤੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਆਯੋਜਿਤ ਦੀਵਾਨ ਵਿਚ ਸ਼ਾਮਲ ਹੋਏ। ਆਪ 19ਵੀਂ ਸਦੀ ਦੀ ਅੰਤਿਮ ਚੌਥਾਈ ਅਤੇ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਹੋਏ ਇਕ ਮਹਾਨ ਸਿੱਖ-ਸੰਤ ਸਨ ਜਿਨ੍ਹਾਂ ਦਾ ਪ੍ਰਭਾਵ ਦੇਸ਼-ਵਿਦੇਸ਼ ਵਿਚ ਬੜਾ ਵਿਆਪਕ ਸੀ। 31 ਜਨਵਰੀ 1927 ਨੂੰ ਆਪ ਦਾ ਸੰਗਰੂਰ ਵਿਚ ਦੇਹਾਂਤ ਹੋਇਆ ਅਤੇ ਮਸਤੂਆਣੇ ਵਿਚ ਆਪ ਦਾ ਦਾਹ-ਸੰਸਕਾਰ ਕੀਤਾ ਗਿਆ।

**ਅਤਰ ਸਿੰਘ, ਸੰਤ, ਰੇਰੂ ਸਾਹਿਬ** (1867-1927 ਈ.): ਲੁਧਿਆਣਾ ਜ਼ਿਲ੍ਹੇ ਵਿਚ ਗੁਰਦੁਆਰਾ ਰੇਰੂ ਸਾਹਿਬ ਦੇ ਸੰਸਥਾਪਕ ਸੰਤ ਅਤਰ ਸਿੰਘ ਦਾ ਜਨਮ ਫ਼ਰੀਦਕੋਟ ਜ਼ਿਲ੍ਹੇ ਦੇ ਲੋਪੋਂ ਪਿੰਡ ਵਿਚ ਸ. ਲਾਲ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਮਾਰਚ 1867 ਈ. ਵਿਚ ਹੋਇਆ। ਜਦੋਂ ਆਪ ਵੀਹ ਸਾਲ ਦੇ ਹੋਏ ਤਾਂ ਫ਼ੌਜ ਵਿਚ ਭਰਤੀ ਹੋ ਗਏ। ਫ਼ੌਜੀ ਨੌਕਰੀ ਦੌਰਾਨ ਹੀ ਆਪ ਨੇ ਅੰਮ੍ਰਿਤ ਛਕਿਆ। ਸੰਨ 1896 ਈ. ਵਿਚ ਆਪ ਦੀ ਸਰਜੈਂਟ ਵਜੋਂ ਤਰੱਕੀ ਹੋ ਗਈ। ਪਿਸ਼ਾਵਰ ਖੇਤਰ ਵਿਚ ਨਿਯੁਕਤੀ ਦੌਰਾਨ ਆਪ ਆਪਣੇ ਹੋਰ ਅਨੇਕ ਸਾਥੀਆਂ ਸਮੇਤ ਸੰਤ ਕਰਮ ਸਿੰਘ ਹੋਤੀ-ਮਰਦਾਨ ਵਾਲਿਆਂ ਦੇ ਦਰਸ਼ਨ ਨੂੰ ਗਏ। ਉਨ੍ਹਾਂ ਤੋਂ ਆਪ ਇਤਨੇ ਪ੍ਰਭਾਵਿਤ ਹੋਏ ਕਿ ਸਾਰਾ ਜੀਵਨ ਸੇਵਾ ਅਤੇ ਸਿਮਰਨ ਵਿਚ ਲਗਾਉਣ ਦਾ ਮਨ ਬਣਾ ਲਿਆ। ਇਕ ਵਾਰ ਆਪ ਰਾਮਪੁਰ ਗਏ। ਉਥੇ ਆਪ ਨੇ ਇਕ ਪੁਰਾਤਨ ਗੁਰੂ-ਧਾਮ ਨੂੰ ਵੇਖਿਆ ਜਿਸ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਨਾਲ ਜੁੜਦਾ ਸੀ। ਮਾਛੀਵਾੜੇ ਤੋਂ ਮਾਲਵੇ ਦੀ ਧਰਤੀ ਵਲ ਜਾਂਦਿਆਂ ਗੁਰੂ ਜੀ ਇਥੇ ਇਕ ਰੇਰੂ ਬ੍ਰਿਛ ਹੇਠਾਂ ਕੁਝ ਦੇਰ ਲਈ ਬੈਠੇ ਸਨ। ਗੁਰੂ-ਧਾਮ ਦੀ ਮਾੜੀ ਹਾਲਤ ਵੇਖ ਕੇ ਆਪ ਨੇ ਉਸ ਦੀ ਪੁਨਰ-ਉਸਾਰੀ ਦਾ ਫ਼ੈਸਲਾ ਕੀਤਾ ਅਤੇ ਸੰਨ 1901 ਈ. ਵਿਚ ਸਥਾਨਕ ਸੰਗਤ ਦੇ ਸਹਿਯੋਗ ਨਾਲ ਮੰਜੀ ਸਾਹਿਬ ਗੁਰਦੁਆਰਾ ਬਣਾਇਆ। ਸੰਨ 1907 ਈ. ਵਿਚ

ਜਦੋਂ ਆਪ ਸੇਵਾ-ਮੁਕਤ ਹੋਏ ਤਾਂ ਰਾਮਪੁਰ ਵਿਚ ਹੀ ਰਹਿਣ ਲਗ ਗਏ। ਆਪ ਨੇ ਗੁਰਦੁਆਰੇ ਦੀ ਇਮਾਰਤ ਨੂੰ ਵਧਾਇਆ ਅਤੇ 'ਗੁਰੂ ਕਾ ਲੰਗਰ' ਦੀ ਵਿਵਸਥਾ ਕੀਤੀ। ਆਪ ਨੇ ਇਕ ਵਿਦਿਆਲਾ ਵੀ ਸਥਾਪਿਤ ਕੀਤਾ ਜਿਸ ਵਿਚ ਨੌਜਵਾਨ, ਨਿਰਧਨ ਅਤੇ ਅੱਖਾਂ ਦੀ ਜੋਤਿ ਤੋਂ ਹੀਣੇ ਵਿਦਿਆਰਥੀਆਂ ਨੂੰ ਸਿੱਖ-ਧਰਮ ਦੇ ਪ੍ਰਚਾਰ ਲਈ ਕੀਰਤਨ, ਕਥਾ-ਵਾਰਤਾ ਕਰਨ ਦੀ ਸਿਖਲਾਈ ਦੇਣ ਲਗ ਗਏ। ਇਸ ਤਰ੍ਹਾਂ ਆਪ ਨੇ ਕਈ ਕੀਰਤਨੀ ਜੱਥੇ ਪੈਦਾ ਕੀਤੇ ਅਤੇ ਕਥਾ-ਵਾਰਤਾ ਅਤੇ ਲੈਕਚਰ ਕਰਨ ਲਈ ਆਪਣੇ ਸੇਵਕਾਂ ਨੂੰ ਦੂਰ ਦੂਰ ਤਕ ਭੇਜਿਆ।

21 ਜਨਵਰੀ 1927 ਈ. ਨੂੰ ਆਪ ਦੀ ਰੇਰੂ ਸਾਹਿਬ ਗੁਰਦੁਆਰਾ ਵਿਚ ਮ੍ਰਿਤੂ ਹੋਈ। ਆਪ ਤੋਂ ਬਾਦ ਆਪ ਦੇ ਸੇਵਕਾਂ ਨੇ ਆਪ ਦੇ ਪਦ-ਚਿੰਨ੍ਹਾਂ ਉਤੇ ਚਲ ਕੇ ਧਰਮ-ਪ੍ਰਚਾਰ ਦਾ ਕੰਮ ਜਾਰੀ ਰਖਿਆ ਹੋਇਆ ਹੈ। ਸੰਤ ਈਸ਼ਰ ਸਿੰਘ ਰਾੜੇਵਾਲੇ (ਵੇਖੋ) ਆਪ ਦੇ ਉਘੇ ਸੇਵਕ ਅਤੇ ਧਰਮ ਪ੍ਰਚਾਰਕ ਹੋਏ ਹਨ।

**ਅਤਰ ਸਿੰਘ ਸੰਧਾਵਲੀਆ** (ਮ. 1844 ਈ.): ਇਹ ਸਰਦਾਰ ਅਮੀਰ ਸਿੰਘ ਸੰਧਾਵਲੀਆ ਦਾ ਪੁੱਤਰ ਅਤੇ ਲਹਿਣਾ ਸਿੰਘ ਦਾ ਭਰਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਕਰੀਬੀ ਰਿਸ਼ਤੇਦਾਰ ਹੋਣ ਕਾਰਣ ਇਹ ਤਖ਼ਤੋ-ਤਾਜ ਦੇ ਬਹੁਤ ਨੇੜੇ ਸੀ। ਸੁਲਝਿਆ ਹੋਇਆ ਦਰਬਾਰੀ ਅਤੇ ਬਹਾਦਰ ਯੋਧਾ ਹੋਣ ਕਾਰਣ ਸ. ਹਰੀ ਸਿੰਘ ਨਲਵਾ ਤੋਂ ਬਾਦ ਇਸ ਨੂੰ ਲਾਹੌਰ ਦਰਬਾਰ ਦਾ ਪ੍ਰਮੁਖ ਜਰਨੈਲ ਸਮਝਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਕਈ ਖ਼ਿਤਾਬਾਂ ਅਤੇ ਸਨਮਾਨਾਂ ਨਾਲ ਵਰਸਾਇਆ ਹੋਇਆ ਸੀ। ਮਹਾਰਾਜਾ ਸਾਹਿਬ ਦੇ ਦੇਹਾਂਤ ਤੋਂ ਪਹਿਲਾਂ ਇਹ ਕੁਝ ਸਮਾਂ ਦੁਬਿਧਾ ਵਿਚ ਰਿਹਾ, ਪਰ ਬਾਦ ਵਿਚ ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਨਾਲ ਸੰਬੰਧਿਤ ਹੋ ਗਿਆ। ਪਰ ਨਵੰਬਰ 1940 ਵਿਚ ਇਨ੍ਹਾਂ ਦੋਹਾਂ ਦੀ ਮ੍ਰਿਤੂ ਤੋਂ ਬਾਦ ਇਸ ਨੇ ਲਾਹੌਰ ਦਰਬਾਰ ਵਿਚ ਡੋਗਰਿਆਂ ਦੀ ਸ਼ਕਤੀ ਨੂੰ ਘਟਾਉਣ ਲਈ ਰਾਣੀ ਚੰਦ ਕੌਰ ਦਾ ਪੱਖ ਪੂਰਿਆ ਅਤੇ ਧਿਆਨ ਸਿੰਘ ਡੋਗਰੇ ਦੁਆਰਾ ਪ੍ਰੇਰੇ ਸ਼ੇਰ ਸਿੰਘ ਦੇ ਲਾਹੌਰ ਉਤੇ ਕਬਜ਼ਾ ਕਰਨ ਦਾ ਵਿਰੋਧ ਕੀਤਾ। ਸ਼ੇਰ ਸਿੰਘ ਦੇ ਮਹਾਰਾਜਾ ਬਣਨ ਨਾਲ ਇਸ ਨੇ ਲਾਹੌਰ ਵਿਚ ਆਪਣੇ ਆਪ ਨੂੰ ਅਸੁਰਖਿਅਤ ਸਮਝਿਆ ਅਤੇ ਅੰਗ੍ਰੇਜ਼ੀ ਇਲਾਕੇ ਦੇ ਥਾਨੇਸਰ ਨਗਰ ਵਿਚ ਸ਼ਰਣ ਲਈ। ਅੰਗ੍ਰੇਜ਼ਾਂ ਦੀ ਵਿਚੋਲਗੀ ਰਾਹੀਂ ਜਦੋਂ ਮਹਾਰਾਜਾ ਸ਼ੇਰ ਸਿੰਘ ਨੇ ਸੰਧਾਵਾਲੀਆਂ ਨੂੰ ਮਾਫ਼ ਕਰ ਦਿੱਤਾ, ਤਾਂ ਇਹ ਲਾਹੌਰ ਪਰਤਣ ਦੀ ਥਾਂ ਅੰਗ੍ਰੇਜ਼ੀ ਇਲਾਕੇ ਵਿਚ ਰਹਿ ਕੇ ਮਹਾਰਾਜਾ ਸ਼ੇਰ ਸਿੰਘ ਦੀ ਵਿਰੋਧੀ ਕਾਰਵਾਈ ਕਰਦਾ ਰਿਹਾ। ਜਦੋਂ ਸਤੰਬਰ 1843 ਈ. ਵਿਚ ਮਹਾਰਾਜਾ ਸ਼ੇਰ ਸਿੰਘ ਨੂੰ ਲਹਿਣਾ ਸਿੰਘ ਅਤੇ ਅਜੀਤ ਸਿੰਘ ਸੰਧਾਵਾਲੀਆਂ ਨੇ ਕਤਲ ਕਰ ਦਿੱਤਾ, ਤਾਂ ਇਹ ਊਨੇ ਵਿਚ ਸੀ। ਪਕੜੇ ਜਾਣ ਦੇ ਡਰ ਤੋਂ ਇਹ ਉਥੋਂ ਖਿਸਕ ਕੇ ਥਾਨੇਸਰ ਚਲਾ ਗਿਆ।

ਸੰਨ 1844 ਈ. ਦੇ ਸ਼ੁਰੂ ਵਿਚ ਇਹ ਭਾਈ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ ਪਹੁੰਚ ਗਿਆ ਅਤੇ ਕੰਵਰ ਪਿਸ਼ੌਰਾ ਸਿੰਘ ਅਤੇ ਕੰਵਲ ਕਸ਼ਮੀਰਾ ਸਿੰਘ ਨਾਲ ਲਾਹੌਰ ਦਰਬਾਰ ਉਤੇ ਕਬਜ਼ਾ ਕਰਨ ਦੀ ਜੁਗਤ ਬਣਾਉਣ ਲਗਾ। ਹੀਰਾ ਸਿੰਘ ਡੋਗਰਾ ਨੇ ਇਸ ਨੂੰ ਪਕੜਨ ਲਈ ਮੀਆਂ ਲਾਭ ਸਿੰਘ ਅਤੇ ਜਰਨੈਲ ਗੁਲਾਬ ਸਿੰਘ ਦੀ ਕਮਾਂਡ ਹੇਠ 20 ਹਜ਼ਾਰ ਦਾ ਸੈਨਿਕ ਦਲ ਭੇਜਿਆ। 7 ਮਈ 1844 ਈ. ਵਿਚ ਹੋਈ ਸੈਨਿਕ ਕਾਰਵਾਈ ਵਿਚ ਇਹ, ਭਾਈ ਵੀਰ ਸਿੰਘ ਅਤੇ ਉਸ ਦੇ ਲਗਭਗ ਛੇ ਸੌ ਸ਼ਰਧਾਲੂਆਂ ਸਹਿਤ ਮਾਰਿਆ ਗਿਆ। ਇਸ ਤਰ੍ਹਾਂ ਲਾਹੌਰ ਦੀ ਖ਼ਾਨਾਜੰਗੀ ਵੇਲੇ ਇਸ ਦਾ ਪ੍ਰਾਣਾਂਤ ਹੋਇਆ।

**ਅਤਰ ਸਿੰਘ ਭਦੌੜੀਆ** (1833-1896 ਈ.): ਇਕ ਪ੍ਰਸਿੱਧ ਰਈਸ, ਜਿਸ ਦਾ ਜਨਮ ਸੰਨ 1833 ਈ. ਵਿਚ ਫੂਲਕੇ ਘਰਾਣੇ ਨਾਲ ਸੰਬੰਧਿਤ ਸ. ਖੜਕ ਸਿੰਘ ਦੇ ਘਰ ਸੰਗਰੂਰ ਜ਼ਿਲ੍ਹੇ ਦੇ ਭਦੌੜ ਪਿੰਡ ਵਿਚ ਹੋਇਆ। ਪਟਿਆਲਾ ਰਿਆਸਤ ਦੇ ਰਾਜ ਘਰਾਣੇ ਨਾਲ ਇਸ ਦੀ ਰਿਸ਼ਤੇਦਾਰੀ ਸੀ। ਸ਼ੁਰੂ ਤੋਂ ਹੀ ਇਸ ਦਾ ਝੁਕਾ ਗਿਆਨ ਪ੍ਰਾਪਤੀ ਵਲ ਸੀ। ਇਸ ਨੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗ੍ਰੇਜ਼ੀ ਆਦਿ ਭਾਸ਼ਾਵਾਂ ਵਿਚ ਚੰਗੀ ਯੋਗਤਾ ਪ੍ਰਾਪਤ ਕਰ ਲਈ ਸੀ। ਸੰਸਕ੍ਰਿਤ ਪੜ੍ਹਨ ਲਈ ਇਹ ਬਨਾਰਸ ਵੀ ਗਿਆ ਸੀ। ਇਸ ਨੇ ਅਰਬੀ-ਫ਼ਾਰਸੀ ਵਿਚ ਵੀ ਬਹੁਤ ਮਹਾਰਤ ਹਾਸਲ ਕਰ ਲਈ ਸੀ।

ਸਾਹਿਤ ਰਚਨਾ ਵਲ ਵੀ ਇਸ ਦੀ ਉਚੇਚੀ ਰੁਚੀ ਸੀ। ਇਸ ਨੇ 'ਤਵਾਰੀਖ਼ ਸਿਧੂ ਬਰਾੜ' ਨਾਂ ਦੀ ਖੋਜ ਭਰੀ ਪੁਸਤਕ ਲਿਖਣ ਤੋਂ ਇਲਾਵਾ, ਅੰਗ੍ਰੇਜ਼ ਸਰਕਾਰ ਦੀ

ਜਾਣਕਾਰੀ ਲਈ 'ਸੌ ਸਾਖੀ' ਦਾ ਅੰਗ੍ਰੇਜ਼ੀ ਰੂਪਾਂਤਰ ਤਿਆਰ ਕੀਤਾ ਅਤੇ 'ਮਾਲਵਾ ਦੇਸ ਰਟਨ ਦੀ ਸਾਖੀ ਪੋਥੀ' ਦਾ ਅੰਗ੍ਰੇਜ਼ੀ ਵਿਚ The Travels of Guru Tegh Bahadur and Guru Gobind Singh ਸਿਰਲੇਖ ਅਧੀਨ ਅਨੁਵਾਦ ਕੀਤਾ। ਇਨ੍ਹਾਂ ਤੋਂ ਛੁਟ, 'ਦਸਮ ਗ੍ਰੰਥ' ਦੀਆਂ ਕੁਝ ਬਾਣੀਆਂ —ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਜ਼ਫ਼ਰਨਾਮਾ ਅਤੇ ਹਿਕਾਇਤਾਂ— ਅਤੇ ਭਾਈ ਨੰਦ ਲਾਲ ਗੋਯਾ ਤੇ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮਿਆਂ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ। ਇਹ ਅੰਗ੍ਰੇਜ਼ ਸਰਕਾਰ ਦਾ ਪੂਰਾ ਭਗਤ ਸੀ ਅਤੇ ਸੰਕਟ ਵੇਲੇ ਹਰ ਪ੍ਰਕਾਰ ਦੀ ਸੂਚਨਾ ਅਤੇ ਸਹਾਇਤਾ ਦਿੰਦਾ ਰਹਿੰਦਾ ਸੀ। ਇਸ ਦੀ ਵਿਸ਼ਵਸਤ ਸੁਆਮੀ-ਭਗਤੀ ਕਾਰਣ ਅੰਗ੍ਰੇਜ਼ ਸਰਕਾਰ ਨੇ ਇਸ ਨੂੰ ਮਹਾਮਹੋਪਾਧਿਆਇ, ਸ਼ਮਸੁਲ ਉਲਮਾ, ਫ਼ੈਜ਼ੁਲ ਫ਼ੁਜ਼ਾਲਾ, ਸੀ.ਆਈ.ਈ. ਅਤੇ ਸਰ ਦੀਆਂ ਉਪਾਧੀਆਂ ਅਤੇ ਸਨਮਾਨਾ ਨਾਲ ਨਿਵਾਜਿਆ ਸੀ।

ਇਸ ਨੇ ਸਿੰਘ ਸਭਾ ਲਹਿਰ ਦੀ ਕਾਮਯਾਬੀ, ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਅਤੇ ਖ਼ਾਲਸਾ ਦੀਵਾਨ ਲਾਹੌਰ ਦੀ ਵਿਵਸਥਾ ਕਰਨ ਵਿਚ ਵਿਸ਼ੇਸ਼ ਰੁਚੀ ਲਈ; ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਵੀ ਕਰਵਾਇਆ। ਇਸ ਨੇ ਭਦੌੜ ਵਿਚ ਹਸਪਤਾਲ ਅਤੇ ਸਕੂਲ ਖੋਲ੍ਹਿਆ ਜਿਸ ਦਾ ਸਾਰਾ ਖ਼ਰਚਾ ਇਹ ਖ਼ੁਦ ਦਿੰਦਾ ਸੀ। ਇਸ ਨੇ ਆਪਣੇ ਅਧਿਐਨ ਲਈ ਪਿੰਡ ਵਿਚ ਇਕ ਲਾਇਬ੍ਰੇਰੀ ਵੀ ਬਣਾਈ, ਜੋ ਬਾਦ ਵਿਚ ਲੁਧਿਆਣੇ ਨਿਵਾਸ ਕਰਨ ਵੇਲੇ ਨਾਲ ਹੀ ਲੈ ਗਿਆ। ਇਸ ਦੇ ਮਰਨ ਉਪਰੰਤ ਉਹ ਲਾਇਬ੍ਰੇਰੀ ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਵਿਚ ਪਹੁੰਚਾ ਦਿੱਤੀ ਗਈ।

ਇਹ ਅੰਗ੍ਰੇਜ਼ ਸਰਕਾਰ ਦਾ ਸਲਾਹਕਾਰ ਸੀ ਅਤੇ ਪੰਜਾਬ ਦੇ ਮਸਲਿਆਂ ਸੰਬੰਧੀ ਇਸ ਦੀ ਰਾਇ ਨੂੰ ਮਹੱਤਵ ਦਿੱਤਾ ਜਾਂਦਾ ਸੀ। ਮਹਾਰਾਜਾ ਦਲੀਪ ਸਿੰਘ ਦੇ ਹਿੰਦੁਸਤਾਨ ਆਉਣ ਉਤੇ ਰੋਕ ਲਗਾਉਣ ਵੇਲੇ ਇਸ ਦੀ ਰਾਇ ਨੇ ਭੂਮਿਕਾ ਨਿਭਾਈ ਸੀ। ਇਸ ਤਰ੍ਹਾਂ ਇਹ ਇਕ ਪਾਸੇ ਸਿੱਖਾਂ ਵਿਚ ਵਿਦਵੱਤਾ ਦੇ ਪ੍ਰਸਾਰ ਵਲ ਰੁਚਿਤ ਸੀ ਅਤੇ ਦੂਜੇ ਪਾਸੇ ਸਰਕਾਰ-ਪ੍ਰਸਤੀ ਵਿਚ ਕਿਸੇ ਤੋਂ ਪਿਛੇ ਨਹੀਂ ਸੀ।

ਇਸ ਦੀ ਮ੍ਰਿਤੂ 10 ਜੂਨ 1896 ਨੂੰ ਲੁਧਿਆਣਾ ਸ਼ਹਿਰ ਵਿਚ ਹੋਈ।

**ਅਤਿ ਅਖੰਡ-ਪਾਠ**: 'ਅਤਿ ਅਖੰਡ-ਪਾਠ' ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਦਾ ਉਹ ਪਾਠ ਜੋ ਇਕਲਾ ਪਾਠੀ ਇਕੋ ਆਸਣ ਉਤੇ ਬੈਠ ਕੇ ਬਿਨਾ ਉਠੇ, ਖਾਏ, ਪੀਏ ਜਾਂ ਕੋਈ ਹੋਰ ਕੰਮ ਕੀਤੇ ਨਿਰਵਿਘਨ ਪਾਠ ਕਰੇ। ਇਹ ਪਾਠ ਨੌਂ ਪਹਿਰਾਂ (27 ਘੰਟਿਆਂ) ਵਿਚ ਹੁੰਦਾ ਦਸਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨਕੋਸ਼' ਵਿਚ ਦਸਿਆ ਹੈ ਕਿ ਇਸ ਪ੍ਰਕਾਰ ਦਾ ਪਾਠ ਬਾਬਾ ਨਾਰਾਯਣ ਸਿੰਘ (ਸੰਨ 1841-1916 ਈ.) ਨੇ ਕੀਤਾ ਜੋ ਭਾਈ ਸਾਹਿਬ ਦੇ ਪਿਤਾ ਅਤੇ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਜੀ ਨਾਭਾ ਦੇ ਮਹੰਤ ਸਨ। ਉਨ੍ਹਾਂ ਦੇ ਕਥਨ ਅਨੁਸਾਰ —*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰਾ ਪਾਠ ਆਪ ਦੇ ਕੰਠਾਗ੍ਰ ਸੀ। ਹਰ ਮਹੀਨੇ ਚਾਰ ਪਾਠ ਆਪ ਨੇਮ ਨਾਲ ਕਰਦੇ ਸਨ। ਤਿੰਨ ਬਾਰ ਆਪ ਨੇ ਇਕੱਲਿਆਂ ਇਕ ਆਸਨ ਬੈਠ ਕੇ 'ਅਤਿ ਅਖੰਡ ਪਾਠ' ਕੀਤਾ। ਇਕ ਪਾਠ ਮਹਾਰਾਜਾ ਹੀਰਾ ਸਿੰਘ ਸਾਹਿਬ ਨਾਭਾਪਤੀ ਨੇ ਪ੍ਰੇਮ ਭਾਵ ਨਾਲ ਸੁਣਿਆ। ਮਹਾਰਾਜਾ ਨੇ ਪਾਠ ਦੇ ਭੋਗ ਤੇ ਜਾਗੀਰ ਦੇਣ ਦੀ ਇੱਛਾ ਪ੍ਰਗਟ ਕੀਤੀ, ਪਰ ਬਾਬਾ ਜੀ ਨੇ ਪਾਠ ਦੀ ਭੇਟਾ ਅੰਗੀਕਾਰ ਨ ਕੀਤੀ। ਜਦ ਪਾਠ ਸਮਾਪਤ ਕਰਕੇ ਬਾਬਾ ਜੀ ਪਾਲਕੀ ਵਿਚ ਬੈਠ ਕੇ ਡੇਰੇ ਨੂੰ ਜਾਣ ਲਗੇ, ਤਦ ਮਹਾਰਾਜਾ ਹੀਰਾ ਸਿੰਘ ਜੀ ਨੇ ਪਾਲਕੀ ਦੇ ਇਕ ਕਹਾਰ ਨੂੰ ਹਟਾ ਕੇ ਆਪਣੇ ਕੰਨ੍ਹੇ ਤੇ ਪਾਲਕੀ ਉਠਾਈ।*

ਇਸ ਤੋਂ ਬਾਦ ਕਿਸੇ ਹੋਰ ਧਰਮ-ਸਾਧਕ ਦੁਆਰਾ 'ਅਤਿ ਅਖੰਡ-ਪਾਠ' ਕਰਨ ਦੀ ਕੋਈ ਸੂਚਨਾ ਉਪਲਬਧ ਨਹੀਂ ਹੈ।

**ਅਦਲੀ, ਭਾਈ** : ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਇਕ ਸਮਕਾਲੀ ਸਿੱਖ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਚੋਹਲਾ ਪਿੰਡ ਦਾ ਨਿਵਾਸੀ ਸੀ। ਇਹ ਗੁਰੂ ਸਾਹਿਬਾਨ ਦਾ ਸਿਦਕੀ ਸਿੱਖ ਮੰਨਿਆ ਜਾਂਦਾ ਸੀ। ਭਾਈ ਬਿਧੀ ਚੰਦ, ਜੋ ਉਸ ਸਮੇਂ ਦਾ ਮੰਨਿਆ ਹੋਇਆ ਡਕੈਤ ਸੀ, ਇਸ ਦੇ ਸੰਪਰਕ ਵਿਚ ਆਉਣ ਨਾਲ ਬਿਲਕੁਲ ਬਦਲ ਗਿਆ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆ ਕੇ ਸਿੱਖੀ ਗ੍ਰਹਿਣ ਕੀਤੀ। ਭਾਈ ਅਦਲੀ ਨੇ ਆਪਣੇ ਇਲਾਕੇ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਲੋਕੀਂ ਇਸ ਦਾ ਬਹੁਤ ਆਦਰ ਕਰਦੇ ਸਨ ਅਤੇ ਇਸ ਦੇ ਹਰ ਆਦੇਸ਼ ਦੀ ਪਾਲਨਾ ਕਰਦੇ ਸਨ।

**ਅਦੀਨਾ ਬੇਗ ਖ਼ਾਨ** (ਮ. 1758 ਈ.): ਰਾਵੀ ਨਦੀ ਦੇ ਸੱਜੇ ਕੰਢੇ ਉਤੇ, ਲਾਹੌਰ ਤੋਂ ਲਗਭਗ 30 ਕਿ.ਮੀ. ਹੇਠਾਂ ਵਲ ਵਸੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਸ਼ਰਕਪੁਰ ਪਿੰਡ ਦੇ ਚੰਨੂ ਨਾਂ ਦੇ ਇਕ ਗ਼ਰੀਬ ਅਰਾਈਂ ਦੇ ਘਰ ਪੈਦਾ ਹੋਇਆ ਅਦੀਨਾ ਬੇਗ ਖ਼ਾਨ ਪਹਿਲਾਂ ਮੁਗ਼ਲ ਹੁਕਮਰਾਨਾਂ ਦੀ ਘਰੋਗੀ ਨੌਕਰੀ ਕਰਦਾ ਸੀ ਅਤੇ ਜਲੰਧਰ, ਜਲਾਲਾਬਾਦ, ਖ਼ਾਨਪੁਰ, ਬਿਜਵਾੜਾ ਵਿਚ ਕਾਫ਼ੀ ਸਮਾਂ ਰਿਹਾ ਸੀ। ਇਸ ਦਾ ਮੂਲ ਨਾਂ 'ਬਹਰਾਮ ਜੰਗ' ਸੀ, ਪਰ ਸ਼ੁਕਰਵਾਰ (ਅਦੀਨਹ) ਦੇ ਦਿਨ ਜੰਮਣ ਕਾਰਣ 'ਅਦੀਨਾ ਬੇਗ' ਪ੍ਰਚਲਿਤ ਹੋ ਗਿਆ। ਪਹਿਲਾਂ ਇਸ ਨੇ ਲੋਹੀਆਂ ਕਸਬੇ ਦੇ ਪਿੰਡ ਕੰਗ ਦਾ ਮਾਲੀਆ ਉਗਰਾਹੁਣ ਦਾ ਕੰਮ ਆਪਣੇ ਜ਼ਿੰਮੇ ਲਿਆ। ਫਿਰ ਸੁਲਤਾਨਪੁਰ ਲੋਧੀ ਦੇ ਇਕ ਸਰਾਫ਼ ਸਿਰੀ ਨਿਵਾਸ ਦੀ ਸਿਫ਼ਾਰਸ਼ ਨਾਲ ਕੁਝ ਪਿੰਡਾਂ ਦਾ ਚੌਧਰੀ ਬਣ ਗਿਆ। ਕੁਝ ਸਮੇਂ ਬਾਦ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੇ ਇਸ ਨੂੰ ਸੁਲਤਾਨਪੁਰ ਲੋਧੀ ਦਾ ਹਾਕਮ ਬਣਾ ਦਿੱਤਾ। ਸੰਨ 1739 ਈ. ਵਿਚ ਹੋਏ ਨਾਦਰ ਸ਼ਾਹ ਦੇ ਹਮਲੇ ਵੇਲੇ ਇਸ ਨੇ ਆਪਣੇ ਖੇਤਰ ਵਿਚ ਅਮਨ ਕਾਇਮ ਰਖਿਆ, ਜਿਸ ਕਰਕੇ ਇਸ ਨੂੰ ਜਲੰਧਰ ਦਾ ਨਾਜ਼ਿਮ ਬਣਾਇਆ ਗਿਆ। ਇਸ ਤੋਂ ਇਹ ਵੀ ਆਸ ਕੀਤੀ ਗਈ ਕਿ ਸਿੱਖਾਂ ਨੂੰ ਦਬਾ ਕੇ ਰੱਖੇ। ਇਸ ਨੇ ਆਪਣੀ ਤਾਕਤ ਮਜ਼ਬੂਤ ਕਰਨ ਲਈ ਵਿਚੋਂ ਸਿੱਖਾਂ ਨਾਲ ਬਣਾਈ ਰਖੀ ਅਤੇ ਉਪਰੋਂ ਉਨ੍ਹਾਂ ਨੂੰ ਤੰਗ ਕਰਦਾ ਰਿਹਾ।

ਸੰਨ 1748 ਈ. ਵਿਚ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ ਵੇਲੇ ਇਹ ਲਾਹੌਰ ਦੇ ਸੂਬੇਦਾਰ ਮਈਨੁਲਮੁਲਕ (ਮੀਰ ਮੰਨੂ) ਦੀ ਮਦਦ ਨੂੰ ਪਹੁੰਚਿਆ ਅਤੇ ਮਾਨੋਪੁਰ ਦੀ ਲੜਾਈ ਵਿਚ ਜ਼ਖ਼ਮੀ ਵੀ ਹੋਇਆ। ਦੁਰਾਨੀ ਦੇ ਵਾਪਸ ਪਰਤਣ 'ਤੇ ਮੀਰ ਮੰਨੂ ਲਾਹੌਰ ਦਾ ਸੂਬਾ ਬਣਿਆ ਰਿਹਾ। ਉਸ ਨੇ ਕੌੜਾ ਮੱਲ ਨੂੰ ਆਪਣਾ ਦੀਵਾਨ ਅਤੇ ਅਦੀਨਾ ਬੇਗ ਨੂੰ ਜਲੰਧਰ ਦਾ ਫ਼ੌਜਦਾਰ ਸਥਾਪਿਤ ਕੀਤਾ। ਦੁਰਾਨੀ ਦੇ ਤੀਜੇ ਹਮਲੇ (1751 ਈ.) ਵੇਲੇ ਮੀਰ ਮੰਨੂ ਨੇ ਉਸ ਦੀ ਅਧੀਨਗੀ ਸਵੀਕਾਰ ਕਰ ਲਈ ਅਤੇ ਉਸ ਵਲੋਂ ਲਾਹੌਰ ਦਾ ਸੂਬੇਦਾਰ ਬਣਿਆ ਰਿਹਾ। ਇਸ ਤੋਂ ਬਾਦ ਮੀਰ ਮੰਨੂ ਅਤੇ ਅਦੀਨਾ ਬੇਗ ਦੋਵੇਂ ਸਿੱਖਾਂ ਦੇ ਵਿਨਾਸ਼ ਵਿਚ ਜੁਟ ਗਏ। ਸੰਨ 1753 ਈ. ਦੇ ਹੋਲੇ ਮਹੱਲੇ ਦੇ ਉਤਸਵ ਉਤੇ ਇਹ ਸਿੱਖ ਸ਼ਰਧਾਲੂਆਂ 'ਤੇ ਟੁਟ ਕੇ ਪੈ ਗਿਆ ਅਤੇ ਬਹੁਤ ਸਾਰੇ ਸਿੱਖਾਂ ਨੂੰ ਕਤਲ ਕੀਤਾ। ਜਦੋਂ ਬਦਲਾ ਲੈਣ ਲਈ ਸਿੱਖਾਂ ਨੇ ਜਲੰਧਰ-ਦੁਆਬ ਵਿਚ ਲੁਟ ਮਚਾਈ ਤਾਂ ਇਸ ਨੇ ਉਨ੍ਹਾਂ ਨਾਲ ਸਮਝੌਤਾ ਕਰ ਲਿਆ।

ਮੀਰ ਮੰਨੂ ਦੀ ਮੌਤ ਤੋਂ ਬਾਦ ਇਹ ਜਲੰਧਰ-ਦੁਆਬ ਵਿਚ ਖ਼ੁਦ-ਮੁਖ਼ਤਿਆਰ ਬਣ ਬੈਠਾ। ਅਦੀਨਾ ਬੇਗ ਨੇ ਸਿੱਖਾਂ ਨਾਲ ਮਿਲ ਕੇ ਮਾਹਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਅਫ਼ਗ਼ਾਨਾਂ ਨੂੰ ਹਰਾਇਆ। ਸਿੱਖਾਂ ਅਤੇ ਮਰਹਟਿਆਂ ਦੀ ਸਹਾਇਤਾ ਨਾਲ ਅਪ੍ਰੈਲ, 1758 ਈ. ਵਿਚ ਇਹ ਲਾਹੌਰ ਵਿਚ ਦਾਖ਼ਲ ਹੋਇਆ ਅਤੇ ਸੂਬੇਦਾਰ ਬਣਿਆ। ਇਹ ਆਪਣਾ ਕੋਈ ਪ੍ਰਤਿਦੁਅੰਦੀ ਬਰਦਾਸ਼ਤ ਨਹੀਂ ਕਰਦਾ ਸੀ। ਇਸ ਲਈ ਇਸ ਨੇ ਸਿੱਖਾਂ ਨੂੰ ਨਸ਼ਟ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਹਜ਼ਾਰਾਂ ਲਕੜਹਾਰੇ ਲਗਾ ਕੇ ਇਸ ਨੇ ਸਿੱਖਾਂ ਦੇ ਲੁਕਣ ਵਾਲੇ ਜੰਗਲਾਂ ਨੂੰ ਕਟਵਾ ਦਿੱਤਾ ਅਤੇ ਸਿੱਖਾਂ ਦੇ ਕਿਲ੍ਹੇ ਰਾਮ ਰੌਣੀ (ਅੰਮ੍ਰਿਤਸਰ) ਨੂੰ ਘੇਰ ਲਿਆ। ਇਸ ਤੋਂ ਪਹਿਲਾਂ ਕਿ ਸਿੱਖ ਲੜਾਕੂ ਇਸ ਨਾਲ ਲੋਹਾ ਲੈਂਦੇ, ਸੂਲ ਉਠਣ ਨਾਲ ਸੰਨ 1758 ਈ. ਵਿਚ ਇਸ ਦੀ ਮੌਤ ਹੋ ਗਈ। ਇਹ ਬੜੀ ਚਾਲਾਕੀ ਨਾਲ ਹੁਕਮਰਾਨੀ ਕਰਦਾ ਸੀ। ਲੋੜ ਵੇਲੇ ਸਿੱਖਾਂ ਦੀ ਮਦਦ ਭਾਲਣੋਂ ਸੰਕੋਚ ਨ ਕਰਦਾ, ਪਰ ਮਤਲਬ ਨਿਕਲਣ 'ਤੇ ਇਹ ਅੱਖ ਨ ਮਿਲਾਉਂਦਾ। ਸਿੱਖ-ਇਤਿਹਾਸ ਵਿਚ ਮੀਰ ਮੰਨੂ ਦੇ ਨਾਲ ਇਸ ਦਾ ਨਾਂ ਵੀ ਸਿੱਖ ਘਾਤਕ-ਸੂਬੇਦਾਰਾਂ/ਫ਼ੌਜਦਾਰਾਂ ਵਿਚ ਗਿਣਿਆ ਜਾਂਦਾ ਹੈ।

**ਅਧਿਆਤਮ ਕਰਮ** : ਗੁਰਬਾਣੀ ਵਿਚ ਅਧਿਆਤਮਿਕ ਉਨਤੀ ਨਾਲ ਸੰਬੰਧ ਰਖਣ ਵਾਲੇ ਕਰਮਾਂ ਨੂੰ 'ਅਧਿਆਤਮ ਕਰਮ' ਨਾਂ ਦਿੱਤਾ ਗਿਆ ਹੈ। ਇਨ੍ਹਾਂ ਨੂੰ 'ਸ਼ੁਭ ਕਰਮ' ਵੀ ਕਿਹਾ ਜਾ ਸਕਦਾ ਹੈ। ਸ਼ੁਭ ਕਰਮ ਉਹ ਹਨ ਜਿਨ੍ਹਾਂ ਨਾਲ ਸ਼ਾਂਤ-ਬੁੱਧੀ ਪ੍ਰਾਪਤ ਹੁੰਦੀ ਹੈ। 'ਗੀਤਾ' ਵਿਚ ਇਨ੍ਹਾਂ ਨੂੰ 'ਅਨਾਸਕਤ ਕਰਮ' ਕਿਹਾ ਗਿਆ ਹੈ।

ਅਧਿਆਤਮ ਕਰਮ ਉਹ ਕਰਮ ਹਨ ਜਿਨ੍ਹਾਂ ਨੂੰ ਕਰਨ ਨਾਲ ਸਾਧਕ ਦੀ ਦ੍ਰਿਸ਼ਟੀ ਦੀਆਂ ਨਾਮਰੂਪਾਤਮਕ ਸੀਮਾਵਾਂ ਮਿਟ ਜਾਂਦੀਆਂ ਹਨ। ਹਰ ਪਾਸੇ ਇਕ ਹੀ ਜੋਤਿ ਦਾ ਪ੍ਰਕਾਸ਼ ਦਿਸ ਪੈਂਦਾ ਹੈ। ਉਸ ਸਥਿਤੀ ਵਿਚ ਕੀਤਾ ਗਿਆ ਹਰ ਇਕ ਕਰਮ ਹਉਮੈ ਤੋਂ ਰਹਿਤ ਹੋ ਜਾਂਦਾ ਹੈ ਅਤੇ ਮਨੋ-ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਰਾਹੀਂ ਹੀ ਜੀਵਾਤਮਾ ਅਧਿਆਤਮਿਕ ਮਾਰਗ ਉਤੇ ਅਗੇ ਵਧਦੀ ਹੈ। ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਅਧਿਆਤਮਿਕ

ਉਨਤੀ ਅਤੇ ਵਿਕਾਸ ਵਿਚ ਸਹਾਇਕ ਸਿੱਧ ਹੋਣ ਵਾਲੇ ਕਰਮਾਂ ਉਤੇ ਬਲ ਦਿੱਤਾ ਹੈ — *ਅਧਿਆਤਮ ਕਰਮ ਕਰੇ ਦਿਨੁ ਰਾਤੀ। ਨਿਰਮਲ ਜੋਤਿ ਨਿਰੰਤਰਿ ਜਾਤੀ।* (ਗੁ.ਗ੍ਰੰ. 1039)।

ਗੁਰੂ ਨਾਨਕ ਦੇਵ ਜੀ ਦੁਆਰਾ ਅਧਿਆਤਮ-ਕਰਮਾਂ ਉਤੇ ਅਧਿਕ ਬਲ ਦੇਣ ਦਾ ਮੂਲ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਕਰਮ ਕਰਨ ਨਾਲ ਹੀ ਮਨੁੱਖ ਸੱਚਾ ਹੋ ਸਕਦਾ ਹੈ। ਇਸ ਤੋਂ ਭਿੰਨ ਕਰਮ ਕਰਨ ਵਾਲਾ ਜਾਂ ਪਾਪਾਚਾਰੀ ਰੁਚੀਆਂ ਵਾਲਾ ਮਨੁੱਖ ਕੱਚਾ ਹੈ। ਫਲਸਰੂਪ ਉਹ ਮੁਕਤੀ ਦੇ ਭੇਦ ਨੂੰ ਸਮਝਣ ਦੇ ਯੋਗ ਨਹੀਂ ਹੋ ਸਕਦਾ — *ਅਧਿਆਤਮ ਕਰਮ ਕਰੈ ਤਾ ਸਾਚਾ। ਮੁਕਤਿ ਭੇਦੁ ਕਿਆ ਜਾਣੈ ਕਾਚਾ।* (ਗੁ.ਗ੍ਰੰ.223)।

ਅਧਿਆਤਮ-ਕਰਮਾਂ ਨੂੰ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਂਵਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਜੇ ਉਨ੍ਹਾਂ ਸਾਰੀਆਂ ਉਕਤੀਆਂ ਦੇ ਸੰਕੇਤਾਂ ਨੂੰ ਸਮੁੱਚ ਵਿਚ ਗ੍ਰਹਿਣ ਕੀਤਾ ਜਾਏ ਤਾਂ ਅਧਿਆਤਮ-ਕਰਮਾਂ ਦਾ ਵੇਰਵਾ ਕੁਝ ਇਸ ਪ੍ਰਕਾਰ ਹੋਵੇਗਾ — ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਮਾਰਨਾ, ਹਿਰਦੇ ਵਿਚ ਸਤਿ-ਸਰੂਪ ਨੂੰ ਧਾਰਣ ਕਰਨਾ, ਗੁਰੂ-ਸ਼ਬਦ ਦੀ ਯਾਚਨਾ ਕਰਨਾ, ਪਰਮਾਤਮਾ ਦੇ ਭੈ ਵਿਚ ਰਹਿਣਾ, ਗੁਰੂ-ਕ੍ਰਿਪਾ ਵਿਚ ਦ੍ਰਿੜ੍ਹ ਵਿਸ਼ਵਾਸ ਕਰਨਾ, ਸੇਵਾ ਕਰਨਾ, ਸਤਿ-ਸੰਗਤ ਵਿਚ ਜਾਣਾ, ਪਰਮਾਤਮਾ ਦੇ ਹੁਕਮ ਅਤੇ ਰਜ਼ਾ ਵਿਚ ਚਲਣਾ, ਆਦਿ। ਅਸਲ ਵਿਚ ਅਧਿਆਤਮ-ਕਰਮਾਂ ਦੀ ਕੋਈ ਸੀਮਾ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੀ ਪ੍ਰਾਪਤੀ ਦੇ ਸੰਬੰਧ ਵਿਚ ਹਉਮੈ-ਰਹਿਤ ਜੋ ਵੀ ਕਰਮ ਕੀਤਾ ਜਾਏ, ਉਹ ਅਧਿਆਤਮ-ਕਰਮ ਹੈ। ਪਰੰਤੂ ਇਹ ਸਾਰੇ ਕਰਮ ਸਹਿਜ ਭਾਵ ਨਾਲ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਕਰਨ ਲਈ ਕਿਸੇ ਉਚੇਚ ਜਾਂ ਅਨੁਸ਼ਠਾਨ ਦੀ ਲੋੜ ਨਹੀਂ ਹੈ। ਇਨ੍ਹਾਂ ਅਧਿਆਤਮ-ਕਰਮਾਂ ਨੂੰ 'ਸਹਿਜ-ਕਰਮ' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਜੇ ਜਿਗਿਆਸੂ ਇਨ੍ਹਾਂ ਬ੍ਰਹਮ-ਨਿਸ਼ਠ ਕਰਮਾਂ ਨੂੰ ਜਾਣ ਲਏ, ਤਾਂ ਉਸ ਲਈ ਬਾਕੀ ਸਾਰੇ ਕਰਮ ਵਿਅਰਥ ਸਿੱਧ ਹੋ ਜਾਂਦੇ ਹਨ। 'ਆਸਾ ਕੀ ਵਾਰ' ਵਿਚ ਕਿਹਾ ਗਿਆ ਹੈ — *ਜੇ ਜਾਣਸਿ ਬ੍ਰਹਮੰ ਕਰਮੰ। ਸਭਿ ਫੋਕਟ ਨਿਸਚਉ ਕਰਮੰ। ਕਹੁ ਨਾਨਕ ਨਿਹਚਉ ਧਿਆਵੈ। ਵਿਣੁ ਸਤਿਗੁਰ ਵਾਟ ਨ ਪਾਵੈ।* (ਗੁ.ਗ੍ਰੰ.470)। ਵੇਖੋ 'ਕਰਮ'।

**ਅਨਹਤ/ਅਨਹਦ/ਅਨਾਹਤ ਨਾਦ** : ਮੂਲ ਰੂਪ ਵਿਚ ਇਹ ਹਠਯੋਗ ਦਾ ਪਰਿਭਾਸ਼ਿਕ ਸ਼ਬਦ ਹੈ। ਜਦੋਂ ਕੋਈ ਹਠਯੋਗੀ ਕੁੰਡਲਿਨੀ ਨੂੰ ਜਗਾ ਕੇ ਉਪਰ ਵਲ ਚਲਾਇਆ ਕਰਦਾ ਹੈ ਤਦੋਂ ਜੋ ਵਿਸਫੋਟ ਹੁੰਦਾ ਹੈ, ਉਸ ਨੂੰ 'ਨਾਦ' ਦਾ ਨਾਂ ਦਿੱਤਾ ਜਾਂਦਾ ਹੈ। ਚੂੰਕਿ ਇਹ ਨਾਦ ਬਿਨਾ ਕਿਸੇ ਟਕਰਾਉ ਜਾਂ ਚੋਟ ਤੋਂ ਪੈਦਾ ਹੁੰਦਾ ਹੈ, ਇਸ ਲਈ ਇਹ 'ਅਨਹਤ-ਨਾਦ' ਅਖਵਾਉਂਦਾ ਹੈ। ਇਹ ਹਰ ਇਕ ਨੂੰ ਸੁਣਾਈ ਨਹੀਂ ਦਿੰਦਾ। ਜਦੋਂ ਹਠਯੋਗ ਦੀ ਕ੍ਰਿਆ ਨਾਲ ਸੁਖਮਨਾ ਨਾੜੀ ਦਾ ਮਾਰਗ ਖੁਲ੍ਹ ਜਾਂਦਾ ਹੈ ਤਾਂ ਯੋਗੀ ਇਹ ਨਾਦ ਸੁਣਨ ਲਗ ਜਾਂਦਾ ਹੈ। ਇਹ ਨਾਦ ਕਈ ਪ੍ਰਕਾਰ ਦਾ ਹੁੰਦਾ ਹੈ ਜਿਵੇਂ ਸਮੁੰਦਰ ਦੀ ਗੜਗੜਾਹਟ, ਬਦਲ ਦੀ ਗਰਜ, ਸੰਖ ਦੀ ਧੁਨ, ਘੰਟੇ ਦੀ ਧੁਨ, ਕਰਧਨੀ ਦੀ ਆਵਾਜ਼, ਬੰਸਰੀ ਦੀ ਸੁਰ, ਭੌਰੇ ਦੀ ਗੁੰਜਾਰ ਆਦਿ। ਇਸ ਨਾਦ ਦੀ ਉਪਾਧੀ-ਯੁਕਤ ਸਥਿਤੀ ਵੇਲੇ ਉਕਤ ਜਾਗਤਿਕ ਸ਼ਬਦ ਸੁਣਾਈ ਪੈਂਦੇ ਹਨ। ਪਰ ਜਦੋਂ ਇਹ ਨਾਦ ਨਿਰ-ਉਪਾਧੀ ਹੋ ਜਾਂਦਾ ਹੈ ਤਾਂ ਇਹ 'ਪ੍ਰਣਵ' ਜਾਂ 'ਓਅੰਕਾਰ' ਦਾ ਰੂਪ ਧਾਰਣ ਕਰ ਲੈਂਦਾ ਹੈ। ਇਹੀ ਸ਼ਬਦ ਬ੍ਰਹਮ-ਵਾਚਕ ਹੋ ਜਾਂਦਾ ਹੈ। ਵੇਖੋ 'ਹਠਯੋਗ ਬਨਾਮ ਸਿੱਖ-ਸਾਧਨਾ'।

ਸੰਤ-ਬਾਣੀ ਜਾਂ ਗੁਰਬਾਣੀ ਵਿਚ ਯੋਗ ਦੇ ਇਸ ਪਰਿਭਾਸ਼ਿਕ ਸ਼ਬਦ ਨੂੰ ਭਾਵੀਕ੍ਰਿਤ ਰੂਪ ਵਿਚ ਗ੍ਰਹਿਣ ਕੀਤਾ ਗਿਆ ਹੈ। ਅਸਲ ਵਿਚ, ਸ਼ਾਂਤ ਅਤੇ ਟਿਕੇ ਹੋਏ ਮਨ ਨਾਲ ਕੀਤਾ ਨਾਮ-ਸਿਮਰਨ ਅਭਿਆਸੀ ਨੂੰ ਆਤਮ-ਮੰਡਲ ਦਾ ਸੰਗੀਤ ਸੁਣਨ ਦੇ ਸਮਰਥ ਬਣਾਉਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ — *ਗੁਰਮਤਿ ਰਾਮੁ ਜਪੈ ਜਨੁ ਪੂਰਾ। ਤਿਤੁ ਘਟ ਅਨਹਤ ਬਾਜੇ ਤੂਰਾ।* (ਗੁ.ਗ੍ਰੰ. 228); *ਅਨਹਤਾ ਸਬਦ ਵਾਜੰਤ ਭੇਰੀ।* (ਗੁ.ਗ੍ਰੰ.13)। ਮਨ ਟਿਕਾਉਣ ਦਾ ਇਕ ਸਾਧਨ ਸਤਿ-ਸੰਗਤ ਵੀ ਹੈ। ਉਥੇ ਜਾ ਕੇ ਜਿਗਿਆਸੂ ਮਨ ਦੀ ਸਥਿਰਤਾ ਪ੍ਰਾਪਤ ਕਰਦਾ ਹੈ — *ਸਤ ਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ। ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ।* (ਗੁ.ਗ੍ਰੰ.698)।

ਗੁਰਬਾਣੀ ਵਿਚ ਇਸ ਦੀ ਵਰਤਨੀ ਦੇ ਸਰੂਪ ਇਸ ਪ੍ਰਕਾਰ ਹਨ — ਅਨਹਦ ਸਬਦ, ਅਨਹਦ ਤੂਰਾ, ਅਨਹਦ ਝੁੰਕਾਰ, ਅਨਹਦ ਬੈਨ, ਅਨਹਦ ਨਾਦ, ਅਨਹਦ ਬਾਨੀ, ਅਨਹਦ ਧੁਨੀ, ਅਨਾਹਤ ਨਾਦ, ਅਨਹਤ ਨਾਦ

ਆਦਿ। ਇਸ ਨੂੰ ਸਦੀਵੀ ਨਾਦ ਮੰਨਦੇ ਹੋਇਆਂ, ਪਰਮਾਤਮਾ ਦਾ ਇਕ ਵਿਸ਼ੇਸ਼ਣ ਅਥਵਾ ਗੁਣਵਾਚਕ ਨਾਂ ਵੀ ਮੰਨ ਲਿਆ ਗਿਆ ਹੈ — *ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ* ।(ਗੁ.ਗ੍ਰੰ.7)।

**ਅਨੰਤਨਾਗ** (ਨਗਰ): ਕਸ਼ਮੀਰ ਦਾ ਇਕ ਪੁਰਾਣਾ ਸ਼ਹਿਰ, ਜਿਸ ਦਾ ਇਹ ਨਾਂ ਇਸ ਦੇ ਨੇੜੇ ਵਗਦੇ ਅਨੰਤਨਾਗ ਨਾਂ ਦੇ ਗਰਮ ਪਾਣੀ ਦੇ ਚਸ਼ਮੇ ਕਰਕੇ ਪਿਆ ਪ੍ਰਤੀਤ ਹੁੰਦਾ ਹੈ। ਇਸ ਚਸ਼ਮੇ ਨੂੰ ਹਿੰਦੂ-ਧਰਮ ਵਾਲੇ ਬੜਾ ਪਵਿੱਤਰ ਮੰਨਦੇ ਹਨ। ਇਸ ਨੂੰ ਔਰੰਗਜ਼ੇਬ ਨੇ ਆਪਣੇ ਇਕ ਸੂਬੇਦਾਰ ਜਿਸ ਨੂੰ 'ਇਸਲਾਮ ਖ਼ਾਂ' ਦਾ ਖ਼ਿਤਾਬ ਮਿਲਿਆ ਹੋਇਆ ਸੀ, ਦੇ ਨਾਂ ਤੇ 'ਇਸਲਾਮਾਬਾਦ' ਪ੍ਰਚਲਿਤ ਕੀਤਾ ਸੀ। ਇਹ ਜੇਹਲਮ ਨਦੀ ਦੇ ਸੱਜੇ ਕੰਢੇ ਉਤੇ ਸ੍ਰੀਨਗਰ ਤੋਂ ਲਗਭਗ 55 ਕਿ.ਮੀ. ਦੀ ਵਿਥ ਉਤੇ ਵਸਿਆ ਹੋਇਆ ਹੈ। ਅਨੰਤ ਚੌਦਸ ਨੂੰ ਇਥੇ ਕਾਫ਼ੀ ਵੱਡਾ ਮੇਲਾ ਲਗਦਾ ਹੈ। ਸ਼ਾਲਾਂ-ਦੁਸ਼ਾਲਿਆਂ ਦੀ ਬੁਣਾਈ ਅਤੇ ਕਢਾਈ ਕਰਕੇ ਇਹ ਬਹੁਤ ਮਸ਼ਹੂਰ ਰਿਹਾ ਹੈ।

ਸੰਨ 1517 ਈ. ਵਿਚ ਮਟਨ ਨੂੰ ਜਾਂਦਿਆਂ ਗੁਰੂ ਨਾਨਕ ਦੇਵ ਜੀ ਇਥੇ ਰੁਕੇ ਸਨ। ਉਨ੍ਹਾਂ ਦੀ ਯਾਦ ਵਿਚ ਸ਼ਹਿਰ ਦੇ ਦੱਖਣ ਵਾਲੇ ਪਾਸੇ ਸਿੱਖ ਰਾਜ-ਕਾਲ ਤੋਂ ਪਹਿਲਾਂ ਹੀ ਇਕ ਗੁਰਦੁਆਰਾ ਬਣਾਇਆ ਗਿਆ ਸੀ ਜਿਸ ਨੂੰ ਸ. ਹਰੀ ਸਿੰਘ ਨਲਵਾ ਨੇ ਸੁੰਦਰ ਇਮਾਰਤ ਦੇ ਰੂਪ ਵਿਚ ਬਦਲਿਆ ਅਤੇ ਉਸ ਨਾਲ ਜਾਗੀਰ ਲਗਾਈ। ਹੁਣ ਇਸ ਗੁਰੂ-ਧਾਮ ਦੀ ਵਿਵਸਥਾ ਜੰਮੂ ਅਤੇ ਕਸ਼ਮੀਰ ਦਾ ਗੁਰਦੁਆਰਾ ਪ੍ਰਬੰਧਕ ਬੋਰਡ ਕਰਦਾ ਹੈ।

**ਅਨੰਦੁ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਦਰਜ ਵੱਡੇ ਆਕਾਰ ਦੀ ਇਕ ਬਾਣੀ ਜਿਸ ਦਾ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਉਸੇ ਤਰ੍ਹਾਂ ਦਾ ਮਹੱਤਵ ਹੈ ਜਿਸ ਤਰ੍ਹਾਂ ਦਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ 'ਜਪੁਜੀ' ਦਾ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਸੁਖਮਨੀ' ਦਾ ਹੈ। ਸਿੱਖ-ਧਰਮ ਦੇ ਸਾਰੇ ਮਾਂਗਲਿਕ ਅਤੇ ਧਾਰਮਿਕ ਅਨੁਸ਼ਠਾਨਾਂ ਅਤੇ ਮ੍ਰਿਤੂ ਸੰਬੰਧੀ ਕੀਤੇ ਜਾਣ ਵਾਲੇ ਕਰਮਾਂ/ਸੰਸਕਾਰਾਂ ਦੇ ਅਵਸਰ 'ਤੇ ਇਸ ਬਾਣੀ ਦੇ ਸੰਖਿਪਤ ਰੂਪ (ਪਹਿਲੀਆਂ ਪੰਜ ਪਉੜੀਆਂ ਅਤੇ ਆਖੀਰਲੀ ਪਉੜੀ) ਦਾ ਕੀਰਤਨ ਜਾਂ ਪਠਨ-ਪਾਠਨ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਅੰਮ੍ਰਿਤ-ਸੰਚਾਰ ਦੇ ਸਮੇਂ ਪੜ੍ਹੀਆਂ ਜਾਣ ਵਾਲੀਆਂ ਪੰਜ ਬਾਣੀਆਂ ਵਿਚ ਵੀ ਸ਼ਾਮਲ ਕੀਤਾ ਸੀ। ਨਿੱਤ-ਨੇਮ ਦੀਆਂ ਬਾਣੀਆਂ ਵਿਚ ਵੀ ਇਸ ਦਾ ਪਾਠ ਕੀਤਾ ਜਾਂਦਾ ਹੈ। ਸ਼ਾਮ ਨੂੰ ਸੰਧਿਆ ਵੇਲੇ ਸਿੱਖ-ਸਾਧਕਾਂ ਦੁਆਰਾ ਪੜ੍ਹੀ ਜਾਣ ਵਾਲੀ 'ਰਹਿਰਾਸ' ਵਿਚ ਵੀ ਇਸ ਬਾਣੀ ਦਾ ਸੰਖਿਪਤ ਰੂਪ ਸ਼ਾਮਲ ਹੈ।

ਇਸ ਰਚਨਾ ਵਿਚ ਕੋਈ ਅਜਿਹਾ ਅੰਦਰਲਾ ਪ੍ਰਮਾਣ ਉਪਲਬਧ ਨਹੀਂ ਜਿਸ ਦੇ ਆਧਾਰ 'ਤੇ ਇਸ ਦੀ ਰਚਨਾ-ਪ੍ਰੇਰਣਾ ਅਤੇ ਰਚਨਾ-ਕਾਲ ਬਾਰੇ ਕੋਈ ਅਧਿਕਾਰੀ ਗੱਲ ਕਹੀ ਜਾ ਸਕੇ। ਰਵਾਇਤ ਅਨੁਸਾਰ ਗੁਰੂ ਜੀ ਨੇ ਇਸ ਦੀ ਰਚਨਾ ਆਪਣੇ ਪੋਤਰੇ (ਬਾਬਾ ਮੋਹਰੀ ਦੇ ਪੁੱਤਰ) 'ਅਨੰਦ' ਦੀ ਪੈਦਾਇਸ਼ ਵੇਲੇ ਸੰਨ 1554 ਈ. (ਸੰ. 1611 ਬਿ.) ਵਿਚ ਕੀਤੀ ਸੀ। 'ਗੋਸਟਿ ਗੁਰੂ ਅਮਰਦਾਸ' (ਨੰ.24) ਅਨੁਸਾਰ ਇਕ ਦਿਨ ਗੁਰੂ ਜੀ ਗੋਇੰਦਵਾਲ ਬੈਠੇ ਸਨ ਤਾਂ ਉਨ੍ਹਾਂ ਨੂੰ ਇਸਤਰੀਆਂ ਦੇ ਗਾਉਣ ਦੀ ਆਵਾਜ਼ ਆਈ। ਪੁਛਣ ਤੇ ਪਤਾ ਲਗਾ ਕਿ ਮੋਹਰੀ ਦੇ ਘਰ ਪੁੱਤਰ ਪੈਦਾ ਹੋਇਆ ਹੈ। ਇਸ ਕਾਰਣ ਇਸਤਰੀਆਂ 'ਰਣ ਝੁਝਟੜਾ ਮੇਰੀ ਮਾਏ' ਗਾ ਰਹੀਆਂ ਹਨ — *ਤਬ ਗੁਰੂ ਅਮਰਦਾਸਿ ਕਹਿਆ ਜਿ ਬਚਾ ਰਣ ਝੁਝਟੜਾ ਕਵਣ ਹੈ। ਕਹੈ ਜਿ ਇਵ ਵੀ ਜਾਣਦੇ ਪਰੁ ਜਿਥੇ ਸਾਦੀ ਆਨੰਦ ਹੋਦਾ ਤਿਥੈ ਏਹੋ ਰਣ ਝੁਝਟੜਾ ਹੀ ਗਾਵਦੀਆਂ ਹੈਨਿ ਬਾਲਕਿ ਜਮਿਐ ਹੋਇਐ। ਤਬ ਗੁਰੂ ਕਹਿਆ ਜਿ ਬਚਾ ਜਿਨਿ ਏਹੁ ਭੇਜਿਆ ਹੈ ਉਸ ਦਾ ਆਨੰਦ ਗਾਵੀਐ ਜਿਸ ਦਾ ਆਨੰਦੋ ਹੀ ਆਨੰਦੁ ਹੋਇ ਰਹੇ।*

ਇਸ ਉਥਾਨਿਕਾ ਤੋਂ ਸਪੱਸ਼ਟ ਹੈ ਕਿ ਪੋਤਰੇ ਦੇ ਜਨਮ ਦੀ ਖ਼ੁਸ਼ੀ ਨੂੰ ਕਿਸੇ ਅਲੌਕਿਕ ਖ਼ੁਸ਼ੀ ਨਾਲ ਸਮਨਵਿਤ ਕਰਕੇ ਗੁਰੂ ਜੀ ਨੇ ਅਦ੍ਵੈਤ-ਸਾਧਨਾ ਦੇ ਸੰਦਰਭ ਵਿਚ 'ਜਗਤ ਜਲੰਦੇ' ਨੂੰ ਸ਼ੀਤਲ ਕਰਨ ਦੀ ਜੁਗਤ ਦਾ ਪਰਿਚਯ ਦੇ ਕੇ ਬਾਣੀ-ਸਾਹਿਤ ਨੂੰ ਇਕ ਅਦੁੱਤੀ ਦੇਣ ਦਿੱਤੀ ਹੈ।

ਇਸ ਰਚਨਾ ਵਿਚ ਕੁਲ 40 ਪਉੜੀਆਂ ਹਨ ਜਿਨ੍ਹਾਂ ਵਿਚ, ਕਹਿੰਦੇ ਹਨ, 39ਵੀਂ ਪਉੜੀ ਚੌਥੇ ਗੁਰੂ ਦੀ ਅਤੇ 40ਵੀਂ ਪਉੜੀ ਪੰਚਮ ਗੁਰੂ ਦੀ ਰਚੀ ਹੈ। ਪਰ ਇਥੇ ਧਿਆਨਯੋਗ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਰਚੇ ਜੋ ਸ਼ਬਦ/ਸ਼ਲੋਕ ਕਿਸੇ ਹੋਰ ਬਾਣੀਕਾਰ ਦੀ ਰਚਨਾ ਵਿਚ

ਜਿਥੇ ਕਿਥੇ ਸ਼ਾਮਲ ਕੀਤੇ ਸਨ, ਉਥੇ ਉਸ ਤੱਥ ਸੰਬੰਧੀ ਆਵੱਸ਼ਕ ਜਾਣਕਾਰੀ ਆਰੰਭ ਵਿਚ ਹੀ ਦੇ ਦਿੱਤੀ ਸੀ, ਜਿਵੇਂ ਮਲਾਰ ਰਾਗ ਵਿਚ ਸੰਕਲਿਤ ਗੁਰੂ ਨਾਨਕ ਦੇਵ ਜੀ ਰਚਿਤ ਵਾਰ ਦੀ 28ਵੀਂ ਪਉੜੀ ਪੰਜਵੇਂ ਗੁਰੂ ਦੀ ਲਿਖੀ ਹੋਣ ਕਾਰਣ ਉਸ ਸੰਬੰਧੀ ਆਰੰਭ ਵਿਚ ਸੰਕੇਤ ਕਰ ਦਿੱਤਾ ਗਿਆ ਹੈ — *ਪਉੜੀ ਨਵੀ ਮ.੫*। ਇਸ ਤੱਥ ਦੇ ਪ੍ਰਕਾਸ਼ ਵਿਚ 'ਅਨੰਦੁ' ਬਾਣੀ ਵਿਚਲੀਆਂ ਸਾਰੀਆਂ ਪਉੜੀਆਂ ਗੁਰੂ ਅਮਰਦਾਸ ਜੀ ਦੀਆਂ ਰਚੀਆਂ ਸਿੱਧ ਹੁੰਦੀਆਂ ਹਨ।

'ਅਨੰਦੁ' ਦੀ ਪਹਿਲੀ ਪਉੜੀ ਵਿਚ ਸਤਿਗੁਰੂ ਦੇ ਮੇਲ ਦੀ ਖ਼ੁਸ਼ੀ ਪ੍ਰਗਟ ਕੀਤੀ ਗਈ ਹੈ। ਦੂਜੀ ਵਿਚ ਖ਼ੁਸ਼ੀ ਦੇਣ ਵਾਲੇ ਸਮਰਥ ਹਰਿ ਦੇ ਸਦਾ ਨਾਲ ਰਹਿਣ ਲਈ ਮਨ ਨੂੰ ਸਾਵਧਾਨ ਕੀਤਾ ਗਿਆ ਹੈ। ਤੀਜੀ ਵਿਚ ਪਰਮਾਤਮਾ ਨਾਲ ਮੇਲ ਕਰਾਉਣ ਵਾਲੇ ਗੁਣਾਂ ਦੀ ਬਖ਼ਸ਼ਿਸ਼ ਲਈ ਅਰਜ਼ੋਈ ਕੀਤੀ ਗਈ ਹੈ। ਚੌਥੀ ਵਿਚ ਸੰਤ-ਜਨਾਂ ਨੂੰ ਸ਼ਬਦ ਵਿਚ ਲੀਨ ਰਹਿਣ ਦੀ ਸਲਾਹ ਦਰਜ ਹੈ। ਪੰਜਵੀਂ ਵਿਚ ਨਾਮ ਜਪਣ ਦੀ ਦਾਤ ਭਾਗਾਂ ਵਾਲਿਆਂ ਨੂੰ ਧੁਰ ਦਰਗਾਹੋਂ ਮਿਲਣੀ ਦਸੀ ਗਈ ਹੈ। ਅਗਲੀਆਂ ਪਉੜੀਆਂ ਵਿਚ ਆਨੰਦ-ਪੂਰਵਕ ਜੀਉਣ ਦੀ ਵਿਧੀ ਜਾਂ ਨਾਮ ਦੀ ਪ੍ਰਾਪਤ ਦੀ ਜੁਗਤ (ਆਨੰਦ-ਸਿੱਧਾਂਤ) ਸਪੱਸ਼ਟ ਕੀਤੀ ਗਈ ਹੈ। ਇਸ ਜੁਗਤ ਵਿਚ ਤਨ-ਮਨ ਸਭ ਕੁਝ ਕਾਰਜ-ਸ਼ੀਲ ਹੋਣਾ ਚਾਹੀਦਾ ਹੈ। ਸੱਚਾ ਆਨੰਦ ਪੂਰਣ ਰੂਪ ਵਿਚ ਬ੍ਰਹਮ-ਲੀਨਤਾ ਦੀ ਅਵਸਥਾ ਹੈ। ਇਹ ਨਾਮ-ਸਾਧਨਾ ਦਾ ਸਿਖਰ ਹੈ ਅਤੇ ਇਹੀ ਗੁਰੂ ਅਮਰਦਾਸ ਜੀ ਦੀ ਆਨੰਦਵਾਦੀ ਭਗਤੀ ਦਾ ਧੁਰਾ ਹੈ।

ਇਹ ਇਕ ਰੂਪਕਾਤਮਕ ਰਚਨਾ ਹੈ। ਇਸ ਵਿਚ ਮਨੁੱਖ ਇਕ ਵਣਜਾਰਾ ਹੈ ਜਿਸ ਨੇ ਸੰਸਾਰ ਰੂਪੀ ਬੀਹੜ ਵਿਚੋਂ ਲੰਘਣਾ ਹੈ। ਇਸ ਮਾਰਗ ਉਤੇ ਅਨੇਕ ਪ੍ਰਕਾਰ ਦੀਆਂ ਵਿਰੋਧੀ ਸ਼ਕਤੀਆਂ ਦਾ ਜਮਘਟ ਹੈ। ਭੈ-ਭੀਤ ਜਿਗਿਆਸੂ ਦਾ ਉਤਸਾਹ ਵਧਾਉਣ ਲਈ ਗੁਰੂ ਦਾ ਸ਼ਬਦ ਇਕ ਮਹੱਤਵਪੂਰਣ ਅਤੇ ਵਿਸ਼ਵਸਤ ਤੱਤ੍ਵ ਹੈ। ਇਸ 'ਸ਼ਬਦ' ਦੀ ਅਗਵਾਈ ਵਿਚ ਮਨੁੱਖ ਆਪਣੇ ਮੰਤਵ, ਅਰਥਾਤ ਬ੍ਰਹਮ-ਪ੍ਰਾਪਤੀ ਵਿਚ-ਸਿੱਧੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ 'ਮਿੱਟੀ ਦਾ ਪੁਤਲਾ' ਵਿਸ਼ੇ-ਵਾਸਨਾਵਾਂ ਦਾ ਦਮਨ ਕਰਦਾ ਹੋਇਆ ਗੁਰੂ ਦੀ ਬਾਣੀ ਵਿਚ ਲੀਨ ਰਹਿ ਕੇ ਲੌਕਿਕਤਾ ਵਿਚ ਹੀ ਅਲੌਕਿਕ ਤੱਤ੍ਵ ਅਥਵਾ ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ।

ਧਰਤੀ ਦਾ ਆਕਾਸ਼ ਨਾਲ, ਭੌਤਿਕਤਾ ਦਾ ਅਧਿਆਤਮਿਕਤਾ ਨਾਲ, ਆਤਮਾ ਦਾ ਪਰਮਾਤਮਾ ਨਾਲ ਨਾਤਾ ਜੋੜਨ ਲਈ ਇਸ ਰਚਨਾ ਵਿਚ ਮਹੱਤਵਪੂਰਣ ਭੂਮਿਕਾ ਪੇਸ਼ ਕੀਤੀ ਗਈ ਹੈ। ਅਸਲ ਵਿਚ, ਜਿਗਿਆਸੂ ਨੂੰ ਧਰਤੀ ਤੋਂ ਬੈਕੁੰਠ ਤਕ ਪਹੁੰਚਾਉਣ ਵਿਚ ਸਹਾਇਕ ਰੂਪ ਵਿਚ ਪ੍ਰਸਤੁਤ ਹੋਣ ਵਾਲੀ ਇਹ ਰਚਨਾ ਇਕ ਸੀੜ੍ਹੀ ਹੈ ਅਤੇ ਇਹੀ ਇਸ ਦੀ ਰੂਪਕਾਤਮਕਤਾ ਹੈ। ਇਸ ਦਾ ਆਰੰਭ ਬੜੇ ਉਤਸਾਹਪੂਰਵਕ ਢੰਗ ਨਾਲ ਹੋਇਆ ਹੈ। ਸ਼ੁਰੂ ਵਿਚ ਹੀ 'ਅਨੰਦ ਭਇਆ ਮੇਰੀ ਮਾਏ' ਕਹਿ ਦੇਣ ਨਾਲ ਜਿਗਿਆਸੂ ਇਕਦਮ ਆਕਰਸ਼ਿਤ ਹੋ ਜਾਂਦਾ ਹੈ। ਇਸ ਰਚਨਾ ਦਾ ਅੰਤ ਵੀ ਬੜਾ ਨਾਟਕੀ ਹੈ। ਅੰਤਿਮ ਪਉੜੀ ਵਿਚ ਇਸ ਦੇ ਮਹਾਤਮ ਵਲ ਸੰਕੇਤ ਕਰਦਿਆਂ ਗੁਰੂ ਜੀ ਨੇ 'ਆਨੰਦ' ਨੂੰ ਸਰਬ ਪ੍ਰਮੁਖ ਉਪਲਬਧੀ ਦਸਿਆ ਹੈ। ਜਿਗਿਆਸੂ ਨੂੰ ਸਮਝਾਉਣ ਲਈ ਬੜੀ ਕਲਾਤਮਕਤਾ ਨਾਲ ਸ਼ਰੀਰਿਕ ਅੰਗਾਂ, ਵਖ ਵਖ ਮਤਾਂ ਦੇ ਧਰਮ-ਸਾਧਕਾਂ ਅਤੇ ਜਨ-ਸਾਧਾਰਣ ਨੂੰ ਸੰਬੋਧਿਤ ਕੀਤਾ ਗਿਆ ਹੈ। ਇਸ ਤਰ੍ਹਾਂ ਪਰੰਪਰਾਗਤ ਆਨੰਦਵਾਦੀ ਸਿੱਧਾਂਤ ਨੂੰ ਮੱਧ-ਯੁਗ ਦੀਆਂ ਪਰਿਸਥਿਤੀਆਂ ਦੇ ਅਨੁਰੂਪ ਨਵਾਂ ਪਰਿਵੇਸ਼ ਪ੍ਰਦਾਨ ਕੀਤਾ ਗਿਆ ਹੈ।

ਸਹਿਜ ਅਲੰਕਾਰ-ਯੋਜਨਾ ਇਸ ਰਚਨਾ ਦੀ ਕਲਾਤਮਕ ਵਿਸ਼ੇਸ਼ਤਾ ਹੈ। ਰਾਮਕਲੀ ਰਾਗ ਵਿਚ ਰਚੇ ਹੋਣ ਕਾਰਣ ਗੁਰਬਾਣੀ ਦੇ ਹੋਰ ਸ਼ਬਦਾਂ/ਸ਼ਲੋਕਾਂ ਵਾਂਗ ਇਸ ਵਿਚ ਰਾਗ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ ਅਤੇ ਛੰਦ ਨੂੰ ਗੌਣ ਸਥਾਨ ਮਿਲਿਆ ਹੈ। ਇਸ ਲਈ ਛੰਦ-ਗਤ ਲਯਬੱਧਤਾ ਰਾਗਾਤਮਕ ਆਵੱਸ਼ਕਤਾ ਹੈ। ਇਸ ਵਿਚਲੀਆਂ 40 ਪਉੜੀਆਂ ਵਿਚੋਂ 33 ਪੰਜ ਪੰਜ ਪੰਕਤੀਆਂ ਦੀਆਂ ਹਨ ਅਤੇ ਬਾਕੀ ਸੱਤ ਪਉੜੀਆਂ ਛੇ ਛੇ ਤੁਕਾਂ ਦੀਆਂ ਹਨ। ਪੰਕਤੀਆਂ ਦੇ ਆਕਾਰ ਕਈ ਤਰ੍ਹਾਂ ਦੇ ਹਨ, ਪਰ ਲਯਾਤਮਕਤਾ ਸਭ ਵਿਚ ਇਕ-ਸਮਾਨ ਹੈ। ਵਾਕਾਂਸ਼ਾਂ ਅਥਵਾ ਤੁਕਾਂ ਦੀ ਪੁਨਰਾਵ੍ਰਿਤੀ ਨੇ ਸੰਗੀਤਾਤਮਕਤਾ ਪੈਦਾ ਕਰਨ ਵਿਚ ਸਹਾਇਤਾ ਕੀਤੀ ਹੈ। ਉਂਜ ਭਾਵੇਂ 'ਕੁੰਡਲੀਆ' ਛੰਦ ਦੇ ਲੱਛਣਾਂ ਦਾ ਕੁਝ ਆਭਾਸ ਹੋਵੇ, ਪਰ ਇਨ੍ਹਾਂ ਵਿਚ ਮਾਤ੍ਰਾ ਸੰਬੰਧੀ ਕਿਸੇ ਨਿਯਮ ਦੀ ਕੈਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ਇਥੇ ਧੁਨੀਆਤਮਕਤਾ ਦੀ ਪ੍ਰਧਾਨਤਾ ਕਹੀ ਜਾ ਸਕਦੀ ਹੈ, ਛੰਦ ਦਾ ਸ਼ਾਸਤ੍ਰੀ ਨਿਰਵਾਹ ਉਪੇਖਸ਼ਿਤ ਹੈ। ਇਸ

ਤਰ੍ਹਾਂ ਇਹ ਇਕ ਸੁੰਦਰ ਰਾਗ-ਬੱਧ ਰਚਨਾ ਹੈ। ਵਾਸਤਵ ਵਿਚ, ਸ੍ਰੇਸ਼ਠ ਭਾਵ-ਵਿਭੂਤੀ ਨੂੰ ਬਨਾਵਟੀ ਸਾਧਨਾਂ ਦੀ ਲੋੜ ਹੀ ਨਹੀਂ ਹੁੰਦੀ।

'ਅਨੰਦੁ' ਬਾਣੀ ਵਿਚ ਸਰਲ ਮਨ ਦੀ ਰਸਾਤਮਕ ਅਭਿਵਿਅਕਤੀ ਹੋਈ ਹੈ। ਰਾਸਾਤਮਕਤਾ ਦਾ ਮੂਲ ਕਾਰਣ ਭਾਸ਼ਾ ਦੀ ਸਰਲਤਾ ਅਤੇ ਸਵੱਛਤਾ ਹੈ। ਇਸ ਵਿਚ ਸਧੁੱਕੜੀ ਅਤੇ ਬ੍ਰਜ ਭਾਸ਼ਾ ਦੇ ਅੰਸ਼ ਮੌਜੂਦ ਹਨ। ਸ਼ਬਦ-ਯੋਜਨਾ ਵੇਲੇ ਲਯ ਅਤੇ ਸੰਗੀਤ ਨੂੰ ਮੁਖ ਰਖਿਆ ਗਿਆ ਹੈ। ਇਸ ਵਿਚ ਭਾਰਤੀ ਵਿਰਸੇ ਦੀ ਸ਼ਬਦਾਵਲੀ ਦੀ ਪ੍ਰਧਾਨਤਾ ਹੈ, ਅਰਬੀ-ਫ਼ਾਰਸੀ ਪਿਛੋਕੜ ਵਾਲੇ ਨਾਂ-ਮਾਤ੍ਰ ਸ਼ਬਦ ਵਰਤੇ ਗਏ ਹਨ। ਭਾਸ਼ਾ-ਗਤ ਅਲੰਕਰਣ ਲਈ ਮੁੱਖ ਸਾਧਨ ਅਨੁਪ੍ਰਾਸ ਹੈ। ਕਠੋਰ ਸ਼ਬਦਾਵਲੀ ਦਾ ਅਭਾਵ ਰਚੈਤਾ-ਗੁਰੂ ਸਾਹਿਬ ਦੇ ਵਿਅਕਤਿਤਵ ਦੀ ਛਾਪ ਦਾ ਲਖਾਇਕ ਹੈ। ਬਿਰਧ ਅਵਸਥਾ ਵਿਚ ਜਿਤਨਾ ਸੰਜਮ ਅਤੇ ਸਨੇਹ ਕਿਸੇ ਸ੍ਰੇਸ਼ਠ ਸਾਧਕ ਵਿਚ ਹੋ ਸਕਦਾ ਹੈ, ਉਸ ਦਾ ਆਭਾਸ ਇਸ ਰਚਨਾ ਵਿਚ ਸਹਿਜ ਹੀ ਹੋ ਜਾਂਦਾ ਹੈ। ਇਸ ਰਚਨਾ ਦੀ ਹਰ ਇਕ ਪਉੜੀ ਆਪਣੇ ਆਪ ਵਿਚ ਸੁਤੰਤਰ ਭਾਵ-ਸੰਚਾਰ ਕਰਦੀ ਹੋਈ ਵੀ ਆਨੰਦਵਾਦੀ ਭਾਵ-ਧਾਰਾ ਦੀ ਸੰਗਲੀ ਵਿਚ ਪਰੁਚੀ ਹੋਈ ਹੈ। ਇਸ ਤਰ੍ਹਾਂ ਹਰ ਪਉੜੀ ਦਾ ਦੋਹਰਾ ਕਰਤੱਵ ਹੈ। ਭਾਵ ਅਤੇ ਕਲਾ ਦੋਹਾਂ ਪੱਖਾਂ ਤੋਂ ਇਹ ਇਕ ਪ੍ਰੌੜ੍ਹ ਰਚਨਾ ਹੈ।

**ਅਪਰਸ** : ਹਿੰਦੂ ਸਾਧੂਆਂ ਦਾ ਇਕ ਅਜਿਹਾ ਵਰਗ ਜੋ ਕਿਸੇ ਨਾਲ ਛੋਹੰਦੇ ਨਹੀਂ, ਖ਼ਾਸ ਕਰ ਧਾਤਾਂ ਨੂੰ ਛੋਹਣ ਤੋਂ ਬਚਦੇ ਰਹਿੰਦੇ ਹਨ। ਸਾਧੂ ਤੋਂ ਇਲਾਵਾ ਗ੍ਰਿਹਸਥੀਆਂ ਵਿਚ ਵੀ ਇਹ ਬਿਰਤੀ ਵੇਖੀ ਗਈ ਹੈ। ਸਿੱਖ ਧਰਮ ਵਿਚ ਇਸ ਪ੍ਰਕਾਰ ਦੇ ਭਰਮ ਜਾਂ ਵਹਿਮ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ। ਗੁਰਬਾਣੀ ਅਨੁਸਾਰ ਸੱਚੇ ਅਰਥਾਂ ਵਿਚ 'ਅਪਰਸ' (ਅਸਪਰਸ਼) ਉਹ ਹੈ ਜੋ ਆਪਣੀਆਂ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਬਚਾਉਂਦਾ ਹੈ ਅਤੇ ਜੋ ਆਪਣੇ ਆਪ ਨੂੰ ਪਾਪਾਚਾਰ ਤੋਂ ਦੂਰ ਰਖਦਾ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਵਿਚ ਅਜਿਹੇ ਸਾਧਕ (ਅਪਰਸ) ਦੇ ਸਹੀ ਰੂਪ ਨੂੰ ਚਿਤਰਦਿਆਂ ਦਸਿਆ ਹੈ ਕਿ ਅਜਿਹਾ ਅਪਰਸ ਕਰੋੜਾਂ ਵਿਚੋਂ ਕੋਈ ਇਕ ਹੁੰਦਾ ਹੈ— *ਨਾਨਕ ਕੋਟਿ ਮਧੇ ਕੋ ਐਸਾ ਅਪਰਸ।*(ਗੁ.ਗ੍ਰੰ.274)।

**ਅਪਰਾਧ** : ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਪਾਪ, ਗੁਨਾਹ। ਸਮਾਜ ਦੁਆਰਾ ਸਥਾਪਿਤ ਨੈਤਿਕ ਅਤੇ ਸਮਾਜਿਕ ਆਦਰਸ਼ ਜਾਂ ਮਾਨਤਾਵਾਂ ਹੀ 'ਧਰਮ' ਹਨ। ਧਰਮ ਦੀ ਪਾਲਨਾ ਨ ਕਰਨਾ 'ਅਪਰਾਧ' ਹੈ ਅਤੇ ਅਪਰਾਧ ਕਰਨ ਵਾਲਾ 'ਅਪਰਾਧੀ' ਹੈ। ਜੋ ਪਾਪ ਧਰਮ ਦੀਆਂ ਮਾਨਤਾਵਾਂ ਦੇ ਉਲੰਘਨ ਵਜੋਂ ਕੀਤੇ ਜਾਂਦੇ ਹਨ, ਉਹ ਅਧਿਆਤਮਿਕ ਅਪਰਾਧ ਹਨ।

ਪੁਰਾਣ ਸਾਹਿਤ ਵਿਚ ਅਪਰਾਧਾਂ ਦੀ ਵਿਸਤਾਰ ਸਹਿਤ ਚਰਚਾ ਹੋਈ ਹੈ। 'ਭਵਿਸ਼ੋਤਰ ਪੁਰਾਣ' (146/6-21) ਵਿਚ ਇਕ ਸੌ ਅਪਰਾਧਾਂ ਦੀ ਗਿਣਤੀ ਕੀਤੀ ਗਈ ਹੈ। ਇਨ੍ਹਾਂ ਦੇ ਪ੍ਰਭਾਵ ਨੂੰ ਨਸ਼ਟ ਕਰਨ ਲਈ 'ਅਪਰਾਧਸ਼ਤ ਬ੍ਰਤ' ਦੀ ਵਿਵਸਥਾ ਕੀਤੀ ਗਈ ਹੈ। ਇਸ ਬ੍ਰਤ ਵਿਚ ਵਿਸ਼ਨੂ ਦੀ ਪੂਜਾ ਕੀਤੀ ਜਾਂਦੀ ਹੈ।

ਗੁਰਬਾਣੀ ਵਿਚ ਬ੍ਰਤ ਆਦਿ ਕਰਨ ਦੀ ਵਿਵਸਥਾ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ। ਸਾਧ- ਸੰਗਤ ਵਿਚ ਜਾਣ ਨਾਲ ਕਰੋੜਾਂ ਪਾਪਾਂ ਦੇ ਮਿਟਣ ਦੀ ਗੱਲ 'ਸੁਖਮਨੀ' ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ — *ਕੋਟਿ ਅਪ੍ਰਾਧ ਸਾਧ ਸੰਗਿ ਮਿਟੈ।*(ਗੁ.ਗ੍ਰੰ. 296)।

**ਅਪਰੰਪਾਰ** : ਪਰਮਾਤਮਾ ਦਾ ਇਕ ਵਾਚਕ ਸ਼ਬਦ। ਜੋ ਪਰੰਪਰਾ (ਸਿਲਸਿਲੇ) ਤੋਂ ਮੁਕਤ ਹੋਵੇ ਜਾਂ ਜੋ ਸੀਮਾ ਤੋਂ ਪਰੇ ਹੋਵੇ ਜਾਂ ਸੰਸਾਰਿਕ ਪ੍ਰਪੰਚ ਦੀਆਂ ਸੀਮਾਵਾਂ ਤੋਂ ਜੋ ਉੱਚਾ ਜਾਂ ਸ੍ਰੇਸ਼ਠ ਹੋਵੇ, ਉਹ 'ਅਪਰੰਪਰ' ਹੈ। ਅਜਿਹੀ ਵਿਸ਼ੇਸ਼ਤਾ ਵਾਲੀ ਕੇਵਲ ਪਰਮਸੱਤਾ ਹੀ ਹੋ ਸਕਦੀ ਹੈ। ਇਸ ਲਈ ਇਸ ਸ਼ਬਦ ਦੀ ਵਰਤੋਂ ਪਰਮਾਤਮਾ ਲਈ ਕੀਤੀ ਜਾਂਦੀ ਹੈ — *ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ।* (ਗੁ.ਗ੍ਰੰ.448)।

**ਅਫ਼ਗ਼ਾਨਿਸਤਾਨ ਵਿਚ ਸਿੱਖ** : ਅਫ਼ਗ਼ਾਨਿਸਤਾਨ ਵਿਚ ਸਿੱਖ ਧਰਮ ਅਨੁਯਾਈ ਗੁਰੂ ਸਾਹਿਬਾਨ ਦੇ ਵੇਲੇ ਤੋਂ ਵਸਦੇ ਆ ਰਹੇ ਹਨ। ਦਸਵੀਂ ਸਦੀ ਤੋਂ ਪਹਿਲਾਂ ਤਕ ਇਸ ਮੁਲਕ ਵਿਚ ਬੋਧ ਧਰਮ ਪ੍ਰਧਾਨ ਸੀ। ਦਸਵੀਂ ਸਦੀ ਤੋਂ ਬਾਦ ਲਗਭਗ ਸਾਰੇ ਅਫ਼ਗ਼ਾਨ ਮੁਸਲਮਾਨ ਬਣ ਗਏ, ਪਰ ਗ਼ੈਰ- ਮੁਸਲਮਾਨਾਂ ਪ੍ਰਤਿ ਉਦਾਰਤਾ ਦਾ ਵਿਵਹਾਰ ਕੀਤਾ ਜਾਂਦਾ ਰਿਹਾ। ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਦੌਰਾਨ ਇਸ ਮੁਲਕ

ਵਿਚ ਗਏ ਸਨ ਅਤੇ ਉਨ੍ਹਾਂ ਦੀ ਆਮਦ ਸੰਬੰਧੀ ਕਈ ਸਮਾਰਕ ਕਈ ਨਗਰਾਂ ਵਿਚ ਮੌਜੂਦ ਹਨ। ਗੁਰੂ ਜੀ ਕਾਬੁਲ ਨਗਰ ਵਿਚ ਕਾਫ਼ੀ ਸਮਾਂ ਠਹਿਰੇ ਸਨ। ਗੁਰੂ ਜੀ ਤੋਂ ਬਾਦ ਬਾਬਾ ਸ੍ਰੀਚੰਦ ਵੀ ਸੰਨ 1540 ਈ. ਦੇ ਨੇੜੇ-ਤੇੜੇ ਕਾਬੁਲ ਅਤੇ ਕੰਧਾਰ ਸ਼ਹਿਰਾਂ ਵਿਚ ਗਏ ਸਨ।

ਮੁਗ਼ਲਾਂ ਦੇ ਰਾਜ-ਕਾਲ ਵੇਲੇ ਹਿੰਦੁਸਤਾਨ ਤੋਂ ਬਹੁਤ ਸਾਰੇ ਹਿੰਦੂਆਂ ਨੂੰ ਵਪਾਰ ਅਤੇ ਰਾਜਸੀ ਪ੍ਰਬੰਧਾਂ ਲਈ ਲਿਆ ਕੇ ਵਸਾਇਆ ਗਿਆ। ਉਨ੍ਹਾਂ ਵਿਚੋਂ ਬਹੁਤੇ ਮੁਨਸ਼ੀ, ਸਰਾਫ਼, ਗੁਦਾਮਦਾਰ, ਦੀਵਾਨ ਆਦਿ ਸਨ। ਉਸ ਦੌਰਾਨ ਬਹੁਤ ਸਾਰੇ ਸਿੱਖ ਪ੍ਰਚਾਰਕ ਜਾਂ ਮਸੰਦ ਸਮੇਂ ਸਮੇਂ ਸਿੱਖੀ ਦੇ ਵਿਸਤਾਰ ਲਈ ਕਾਬੁਲ ਜਾਂ ਕੁਝ ਹੋਰ ਨਗਰਾਂ ਵਿਚ ਭੇਜੇ ਜਾਂਦੇ ਰਹੇ। ਪੰਜਵੇਂ, ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਵੇਲੇ ਕਾਬੁਲ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਰਿਹਾ। ਤੀਜੇ ਗੁਰੂ ਨੇ ਸਿੱਖੀ ਦੇ ਪ੍ਰਚਾਰ ਲਈ ਮਾਈ ਸੇਵਾਂ ਨੂੰ ਵੀ ਇਕ ਮੰਜੀ ਬਖ਼ਸ਼ੀ ਅਤੇ ਬਾਦ ਵਿਚ ਇਕ ਮੰਜੀ ਭਾਈ ਸੋਮੇ ਸ਼ਾਹ ਨੂੰ ਵੀ ਪ੍ਰਦਾਨ ਕੀਤੀ। ਭਾਈ ਗੁਰਦਾਸ ਅਤੇ ਹੋਰ ਕਈ ਸਿੱਖ ਘੋੜਿਆਂ ਦੇ ਵਪਾਰ ਸੰਬੰਧੀ ਕਾਬੁਲ ਆਦਿ ਕੁਝ ਹੋਰ ਨਗਰਾਂ ਵਿਚ ਗਏ ਅਤੇ ਸਿੱਖੀ ਦਾ ਪ੍ਰਚਾਰ ਵੀ ਕੀਤਾ। ਭਾਈ ਗੁਰਦਾਸ ਨੇ 11ਵੀਂ ਵਾਰ (26 ਪਉੜੀ) ਵਿਚ ਪੰਜਵੇਂ ਗੁਰੂ ਦੇ ਸਿੱਖਾਂ ਵਿਚ ਕਾਬੁਲ ਦੇ ਸਿੱਖਾਂ ਦਾ ਨਾਮ-ਉਲੇਖ ਕੀਤਾ ਹੈ — *ਭਾਨਾ ਮਲ੍ਹਣ ਜਾਣੀਐ ਕਾਬਲਿ ਰੇਖ ਰਾਉ ਗੁਰਭਾਈ।* ਸਮੇਂ ਸਮੇਂ ਅਫ਼ਗਾਨਿਸਤਾਨ ਤੋਂ ਸਿੱਖ ਸੰਗਤਾਂ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਲਈ ਪੰਜਾਬ ਆਉਂਦੀਆਂ ਰਹੀਆਂ ਅਤੇ ਭੇਟ ਕਰਨ ਲਈ ਕੀਮਤੀ ਤੋਹਫ਼ੇ ਵੀ ਲਿਆਉਂਦੀਆਂ ਰਹੀਆਂ।

ਅਹਿਮਦ ਸ਼ਾਹ ਦੁਰਾਨੀ ਨੇ ਵੀ ਪੰਜਾਬ ਤੋਂ ਕੁਝ ਹਿੰਦੂਆਂ ਨੂੰ ਕਾਬੁਲ-ਕੰਧਾਰ ਵਿਚ ਲਿਆ ਕੇ ਵਸਾਇਆ ਤਾਂ ਜੋ ਵਪਾਰ ਅਤੇ ਸਰਕਾਰੀ ਕੰਮਾਂ ਦੀ ਉਚਿਤ ਵਿਵਸਥਾ ਕੀਤੀ ਜਾ ਸਕੇ। ਸੰਨ 1836 ਈ. ਵਿਚ ਮਹਾਰਾਜਾ ਰਣਜੀਤ ਸਿੰਘ, ਸ਼ਾਹ ਸ਼ੁਜਾਹ ਅਤੇ ਅੰਗ੍ਰੇਜ਼ਾਂ ਵਿਚ ਸੰਧੀ ਹੋ ਜਾਣ ਦੇ ਫਲਸਰੂਪ ਸ਼ਾਹ ਸ਼ੁਜਾਹ ਦੀ ਮਦਦ ਲਈ ਸਿੱਖ ਫ਼ੌਜਾਂ ਅਫ਼ਗਾਨਿਸਤਾਨ ਭੇਜੀਆਂ ਗਈਆਂ। ਉਨ੍ਹਾਂ ਫ਼ੌਜੀਆਂ ਵਿਚੋਂ ਕਈ ਉਥੇ ਹੀ ਵਸ ਗਏ। ਸਿੱਖ-ਰਾਜ ਵੇਲੇ ਵਪਾਰ ਲਈ ਵੀ ਸਿੱਖ ਉਥੇ ਜਾਣ ਅਤੇ ਵਸਣ ਲਗ ਗਏ। ਅੰਗ੍ਰੇਜ਼ਾਂ ਦੇ ਰਾਜ-ਕਾਲ ਵਿਚ ਵੀ ਪੰਜਾਬੋਂ ਕਈ ਸਿੱਖ ਪਰਿਵਾਰ ਉਥੇ ਜਾ ਵਸੇ ਅਤੇ ਵਪਾਰ ਵਿਚ ਕਾਫ਼ੀ ਮੱਲਾਂ ਮਾਰੀਆਂ। ਪਾਕਿਤਸਾਨ ਦੇ ਬਣਨ ਵੇਲੇ ਕਤਲੋ-ਗ਼ਾਰਤ ਤੋਂ ਡਰਦਿਆਂ ਸਰਹਦੀ ਇਲਾਕੇ ਦੇ ਕੁਝ ਹਿੰਦੂ-ਸਿੱਖ ਪਰਿਵਾਰ ਆਪਣੇ ਰਿਸ਼ਤੇਦਾਰਾਂ ਕੋਲ ਅਫ਼ਗ਼ਾਨਿਸਤਾਨ ਵਿਚ ਜਾ ਵਸੇ। ਅਫ਼ਗ਼ਾਨਿਸਤਾਨ ਵਿਚ ਹਿੰਦੂਆਂ-ਸਿੱਖਾਂ ਨੂੰ ਅਫ਼ਗ਼ਾਨ ਸ਼ਹਿਰੀਆਂ ਵਾਂਗ ਸਹੂਲਤਾਂ ਮਿਲਦੀਆਂ ਰਹੀਆਂ।

ਵੀਹਵੀਂ ਸਦੀ ਦੇ ਅੰਤਿਮ ਦਹਾਕੇ ਵਿਚ 'ਤਾਲਿਬਾਨ' ਦੇ ਇਸਲਾਮਿਕ ਮੂਲਵਾਦੀ ਸਿੱਧਾਂਤ ਨੇ ਹਿੰਦੂ-ਸਿੱਖਾਂ ਦਾ ਉਥੇ ਜੀਉਣਾ ਔਖਾ ਕਰ ਦਿੱਤਾ। ਕਈ ਹਿੰਦੁਸਤਾਨ ਆ ਗਏ ਅਤੇ ਜੋ ਰਹਿ ਗਏ ਉਨ੍ਹਾਂ ਦੀ ਹਾਲਤ ਤਰਸਯੋਗ ਗ਼ੁਲਾਮਾਂ ਵਰਗੀ ਹੋ ਗਈ। ਅਮਰੀਕਾ ਵਲੋਂ ਕੀਤੀ ਸੈਨਿਕ ਕਾਰਵਾਈ ਨਾਲ ਵੀ ਕੋਈ ਖ਼ਾਸ ਫ਼ਰਕ ਨਹੀਂ ਪਿਆ। ਕਈ ਸਿੱਖ ਧਰਮ-ਧਾਮ ਬਰਬਾਦ ਹੋ ਗਏ ਹਨ ਅਤੇ ਕਈਆਂ ਨੂੰ ਤਾਲੇ ਵਜ ਗਏ ਹਨ।

**ਅਬਦੁਲ ਸਮਦ ਖ਼ਾਨ** (ਮ. 1737 ਈ.): ਨਕਸ਼ਬੰਦੀ ਪਰੰਪਰਾ ਨਾਲ ਸੰਬੰਧਿਤ ਖ਼ਵਾਜਾ ਅਬਦੁਲ ਕਰੀਮ ਅਨਸਾਰੀ ਦੇ ਘਰ ਪੈਦਾ ਹੋਇਆ ਅਬਦੁਲ ਸਮਦ ਖ਼ਾਨ ਔਰੰਗਜ਼ੇਬ ਦੇ ਰਾਜ ਵੇਲੇ ਇਕ ਮਨਸਬਦਾਰ ਸੀ ਅਤੇ ਦੱਖਣ ਭਾਰਤ ਅਤੇ ਕਸ਼ਮੀਰ ਵਿਚ ਕਾਫ਼ੀ ਸਮਾਂ ਨਿਯੁਕਤ ਰਿਹਾ ਸੀ। 22 ਫਰਵਰੀ 1713 ਈ. ਨੂੰ ਦਿੱਲੀ ਦੇ ਮੁਗ਼ਲ ਬਾਦਸ਼ਾਹ ਫ਼ਰੁਖ਼ਸ਼ੀਅਰ ਨੇ ਇਸ ਨੂੰ ਲਾਹੌਰ ਦਾ ਸੂਬਾ ਥਾਪਿਆ ਅਤੇ ਸਿੱਖਾਂ ਦੇ ਸਮੂਲ ਵਿਨਾਸ਼ ਦੀ ਜ਼ਿੰਮੇਵਾਰੀ ਸੌਂਪੀ। ਇਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਵੀ ਜੰਮੂ ਭੇਜਿਆ ਤਾਂ ਜੋ ਲੋੜ ਪੈਣ 'ਤੇ ਆਪਣੇ ਬਾਪ ਦੀ ਸਹਾਇਤਾ ਕਰ ਸਕੇ। ਇਸ ਨੇ ਬਾਬਾ ਬੰਦਾ ਬਹਾਦਰ ਨੂੰ ਮੈਦਾਨੀ ਇਲਾਕੇ ਵਿਚੋਂ ਪਰਬਤੀ ਖੇਤਰ ਵਲ ਖਦੇੜਨ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਉਸ ਦਾ ਬੜੀ ਸਾਵਧਾਨੀ ਨਾਲ ਪਿੱਛਾ ਕੀਤਾ। ਜਦੋਂ ਬਾਬਾ ਬੰਦਾ ਬਹਾਦਰ ਪਹਾੜ ਤੋਂ ਉਤਰ ਕੇ ਬਟਾਲੇ ਦੇ ਨੇੜੇ ਠਹਿਰਿਆ ਹੋਇਆ ਸੀ, ਤਾਂ ਇਸ ਨੇ ਬਾਰ੍ਹਾਂ ਹਜ਼ਾਰ ਘੋੜਸਵਾਰ ਅਤੇ ਬਾਰ੍ਹਾਂ ਹਜ਼ਾਰ ਪੈਦਲ ਫ਼ੌਜ ਅਤੇ ਸ਼ਕਤੀਸ਼ਾਲੀ ਤੋਪਖ਼ਾਨੇ ਸਹਿਤ ਬਾਬਾ ਬੰਦਾ ਬਹਾਦਰ ਨੂੰ ਜਾ ਘੇਰਿਆ। ਉਥੋਂ ਦੀ ਸਥਿਤੀ ਅਨੁਕੂਲ ਨ ਸਮਝ ਕੇ ਬਾਬਾ ਉੱਤਰ ਵਲ ਨੂੰ ਨਿਕਲ ਗਿਆ ਅਤੇ ਗੁਰਦਾਸ ਨੰਗਲ ਪਿੰਡ ਵਿਚ ਦੁਨੀ ਚੰਦ ਦੀ ਹਵੇਲੀ ਵਿਚ ਜਾ ਡਟਿਆ। ਅਬਦੁਲ ਸਮਦ ਖ਼ਾਨ ਨੇ ਉਸ ਹਵੇਲੀ ਨੂੰ

ਅੱਠ ਮਹੀਨੇ ਘੇਰਾ ਪਾਈ ਰਖਿਆ। ਆਖ਼ਿਰ 17 ਦਸੰਬਰ 1715 ਈ. ਨੂੰ ਇਸ ਨੇ ਧੋਖੇ ਨਾਲ ਬਾਬਾ ਬੰਦਾ ਬਹਾਦਰ ਅਤੇ ਉਸ ਦੇ ਭੁੱਖੇ ਸਾਥੀਆਂ ਨੂੰ ਕਾਬੂ ਕਰ ਲਿਆ। ਦੋ ਹਜ਼ਾਰ ਤੋਂ ਵਧ ਸਿੱਖਾਂ ਨੂੰ ਕਤਲ ਕਰਕੇ, ਬਾਬਾ ਬੰਦਾ ਬਹਾਦਰ ਅਤੇ ਉਸ ਦੇ ਪਰਿਵਾਰ ਸਹਿਤ ਬਾਕੀ ਸਿੱਖਾਂ ਨੂੰ ਜ਼ੰਜੀਰਾਂ ਪਾ ਕੇ ਪਹਿਲਾਂ ਲਾਹੌਰ ਲਿਆਉਂਦਾ ਅਤੇ ਫਿਰ ਦਿੱਲੀ ਵਲ ਭੇਜ ਦਿੱਤਾ।

ਸੰਨ 1726 ਈ. ਵਿਚ ਇਸ ਨੂੰ ਮੁਲਤਾਨ ਦਾਂ ਸੂਬਾ ਬਣਾਇਆ ਗਿਆ ਅਤੇ ਇਸ ਦੀ ਥਾਂ 'ਤੇ ਇਸ ਦੇ ਪੁੱਤਰ ਜ਼ਕਰੀਆਂ ਖ਼ਾਨ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। 26 ਜੁਲਾਈ 1737 ਈ. ਨੂੰ ਇਸ ਦੀ ਮ੍ਰਿਤੂ ਹੋ ਗਈ। ਸਿੱਖਾਂ ਵਿਰੁੱਧ ਮੁਹਿੰਮ ਚਲਾਉਣਾ ਅਤੇ ਬਾਬਾ ਬੰਦਾ ਬਹਾਦਰ ਨੂੰ ਪਕੜਨ ਕਰਕੇ ਮੁਗ਼ਲ ਸਰਕਾਰ ਵਲੋਂ ਇਸ ਨੂੰ ਕਾਫ਼ੀ ਸਨਮਾਨ ਮਿਲਿਆ।

**ਅਬਦੁੱਲਾ, ਭਾਈ** : ਇਕ ਮੁਸਲਮਾਨ ਢਾਡੀ ਜੋ 'ਸੁਰਸਿੰਘ' ਨਾਂ ਦੇ ਪਿੰਡ ਦਾ ਵਸਨੀਕ ਸੀ। ਸੰਨ 1606 ਈ. ਵਿਚ ਜਦੋਂ ਗੁਰੂ ਹਰਿਗੋਬਿੰਦ ਜੀ ਦੀ ਗੱਦੀ-ਨਸ਼ੀਨੀ ਦਾ ਉਤਸਵ ਹੋ ਰਿਹਾ ਸੀ, ਤਾਂ ਇਹ ਆਪਣੇ ਸਾਥੀ ਨਾਲ ਉਥੇ ਆਇਆ ਅਤੇ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਅਨੁਸਾਰ ਗੁਰੂ-ਉਸਤਤ ਵਿਚ ਇਕ ਛੰਦ ਗਾਇਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਦੋਹਾਂ ਨੂੰ ਆਪਣੇ ਕੋਲ ਰਖ ਲਿਆ। ਇਹ ਦੋਵੇਂ ਸਿੱਖ ਸੈਨਿਕਾਂ ਨੂੰ ਸੂਰਬੀਰਾਂ ਦੀਆਂ ਵੀਰ-ਰਸੀ ਵਾਰਾਂ ਗਾ ਕੇ ਸੁਣਾਉਂਦੇ ਸਨ। ਬਾਬਾ ਗੁਰਦਿੱਤਾ ਦੇ ਵਿਆਹ ਵੇਲੇ ਵੀ ਇਨ੍ਹਾਂ ਦੋਹਾਂ ਨੇ ਉਸਤਤਮਈ ਛੰਦ ਗਾਏ। ਗੁਰੂ ਜੀ ਦੇ ਕੀਰਤਪੁਰ ਸਾਹਿਬ ਜਾਣ ਵੇਲੇ ਇਹ ਦੋਵੇਂ ਨਾਲ ਗਏ ਅਤੇ ਗੁਰੂ ਜੀ ਨੇ ਆਪਣੇ ਅੰਤ-ਕਾਲ ਵੇਲੇ ਇਨ੍ਹਾਂ ਨੂੰ ਆਪਣੇ ਪਿੰਡ ਪਰਤ ਜਾਣ ਲਈ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਜੀ ਵਲੋਂ ਤਿਆਰ ਕੀਤੀ ਜਾ ਰਹੀ ਸੈਨਾ ਨੂੰ ਉਤਸਾਹਿਤ ਕਰਨ ਵਿਚ ਇਨ੍ਹਾਂ ਦੋਹਾਂ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ।

**ਅਬਿਚਲ ਨਗਰ** : ਵੇਖੋ 'ਹਜ਼ੂਰ ਸਾਹਿਬ'।

**ਅਬਿਨਾਸੀ** : ਸੰਸਕ੍ਰਿਤ ਦੇ 'ਅਵਿਨਾਸ਼ੀ' ਸ਼ਬਦ ਦੇ ਇਸ ਤਦਭਵ ਰੂਪ ਨੂੰ ਗੁਰਬਾਣੀ ਵਿਚ ਪਰਮਾਤਮਾ ਦਾ ਵਾਚਕ ਸ਼ਬਦ ਮੰਨਿਆ ਗਿਆ ਹੈ। ਇਸ ਦਾ ਅਰਥ ਹੈ ਨਾਸ਼-ਰਹਿਤ, ਜਿਸ ਦਾ ਕਦੇ ਵਿਨਾਸ਼ ਨਹੀਂ ਹੁੰਦਾ। ਗਉੜੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਜੀਵ ਦੇ ਅਬਿਨਾਸ਼ੀ ਪਰਮ-ਸੱਤਾ ਵਿਚ ਸਮਾਉਣ ਸੰਬੰਧੀ ਜਿਗਿਆਸਾ ਪ੍ਰਗਟ ਕੀਤੀ ਹੈ — *ਕਿਉ ਬਾਧਿਓ ਕਿਉ ਮੁਕਤੀ ਪਾਵੈ। ਕਿਉ ਅਬਿਨਾਸੀ ਸਹਜਿ ਸਮਾਵੈ।*(ਗੁ.ਗ੍ਰੰ.152)।

**ਅਬੂਤਬੇਲਾ** (1791-1850 ਈ.): ਵੇਖੋ 'ਆਵੀਤਬੀਲ ਪਾਉਲੋ ਦੀ ਟੋਲੋਮੀਉ'।

**ਅਭ-ਭਗਤੀ**: ਇਸ ਸ਼ਬਦ ਤੋਂ ਦੋ ਤਰ੍ਹਾਂ ਦੇ ਭਾਵ ਲਏ ਜਾਂਦੇ ਹਨ। ਜੇ 'ਅਭ' ਨੂੰ ਉਪਸਰਗ ਮੰਨੀਏ ਤਾਂ ਇਸ ਦਾ ਅਰਥ ਹੋਵੇਗਾ 'ਸਨਮੁਖ'। ਇਸ ਤਰ੍ਹਾਂ ਇਸ ਸ਼ਬਦ ਦਾ ਭਾਵ ਹੈ ਉਹ ਭਗਤੀ ਜੋ ਇਸ਼ਟ ਦੇ ਸਨਮੁਖ ਕੀਤੀ ਜਾਏ। ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਦੇ 'ਬਾਰਹਮਾਹ' ਵਿਚ ਕਿਹਾ ਹੈ— *ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ।*(ਗੁ.ਗ੍ਰੰ.1109)।

ਜੇ 'ਅਭ' ਨੂੰ 'ਅਭਿਅੰਤਰ' (ਅਭ੍ਯੰਤਰ) ਦਾ ਸੰਖਿਪਤ ਰੂਪ ਸਮਝਿਆ ਜਾਏ ਤਾਂ 'ਅਭ-ਭਗਤੀ' ਤੋਂ ਭਾਵ ਹੋਵੇਗਾ ਭੀਤਰੀ (ਅੰਦਰਲੀ) ਭਗਤੀ, ਹਿਰਦੇ ਤੋਂ ਕੀਤੀ ਭਗਤੀ। ਗੁਰੂ ਨਾਨਕ ਦੇਵ ਜੀ ਨੇ ਪ੍ਰਭਾਤੀ ਰਾਗ ਵਿਚ ਕਿਹਾ ਹੈ ਕਿ ਮਨਮੁਖ ਵਿਅਕਤੀ ਸੱਚੇ ਹਿਰਦੇ ਤੋਂ ਭਗਤੀ ਕਰਨ ਦੇ ਅਸਮਰਥ ਹੈ — *ਮਨਮੁਖ ਤੇ ਅਭਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ।*(ਗੁ.ਗ੍ਰੰ.1345)।

**ਅਭਿਆਗਤ**: ਇਸ ਸ਼ਬਦ ਦਾ ਅਰਥ ਹੈ ਸਾਹਮਣੇ ਜਾਂ ਘਰ ਆਇਆ ਹੋਇਆ ਵਿਅਕਤੀ, ਮਹਿਮਾਨ, ਅਤਿਥੀ, ਪਰਾਹੁਣਾ। ਇਹ ਸ਼ਬਦ ਮੂਲ ਰੂਪ ਵਿਚ ਉਨ੍ਹਾਂ ਧਰਮੀ ਪੁਰਸ਼ਾਂ ਲਈ ਵਰਤਿਆ ਜਾਂਦਾ ਸੀ ਜੋ ਚੰਗੇ ਗੁਣ ਗ੍ਰਹਿਣ ਕਰਨ ਲਈ ਗ੍ਰਿਹਸਥੀਆਂ ਜਾਂ ਆਮ ਲੋਕਾਂ ਵਿਚ ਪ੍ਰਚਾਰ ਕਰਦੇ ਸਨ। ਇਨ੍ਹਾਂ ਲਈ ਹਰ ਘਰ ਦੇ ਦਰਵਾਜ਼ੇ ਦਾਨ, ਮਾਨ, ਭੋਜਨ, ਬਸਤ੍ਰ ਆਦਿ ਲਈ ਸਦਾ ਖੁਲ੍ਹੇ ਰਹਿੰਦੇ ਸਨ ਅਤੇ ਇਨ੍ਹਾਂ ਦੀ ਸੇਵਾ ਕਰਕੇ ਲੋਕੀਂ ਆਪਣੇ ਆਪ ਨੂੰ ਵਡਭਾਗੀ ਸਮਝਦੇ ਸਨ। ਇਨ੍ਹਾਂ ਦੀ ਵੇਖਾ-ਵੇਖੀ ਕੁਝ ਪਾਖੰਡੀ ਅਤੇ ਪ੍ਰਪੰਚੀ ਲੋਕਾਂ ਨੇ ਵੀ ਅਭਿਆਗਤ ਬਣ ਕੇ ਭਿਖਿਆ ਮੰਗਣੀ ਸ਼ੁਰੂ

ਕਰ ਦਿੱਤੀ। ਪਰ ਗੁਰੂ ਅਮਰਦਾਸ ਜੀ ਨੇ ਸੱਚਾ ਅਭਿਆਗਤ ਉਨ੍ਹਾਂ ਨੂੰ ਮੰਨਿਆ ਹੈ ਜੋ ਭੇਖ ਧਾਰ ਕੇ ਪੇਟ ਭਰਨ ਦੀ ਥਾਂ ਆਪਣੇ ਹਿਰਦੇ ਵਿਚ ਪਰਮਾਤਮਾ ਦੀ ਖੋਜ ਕਰਨ ਅਤੇ ਭਗਤੀ ਵਿਚ ਮਗਨ ਹੋ ਜਾਂਦੇ ਹੋਣ— *ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ। ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ।*(ਗੁ.ਗ੍ਰੰ.949)। ਜਿਨ੍ਹਾਂ ਅਭਿਆਗਤਾਂ ਦੇ ਮਨ ਵਿਚ ਦ੍ਵੈਤ-ਭਾਵ ਹੈ, ਉਨ੍ਹਾਂ ਨੂੰ ਦਿੱਤਾ ਦਾਨ ਵਿਅਰਥ ਹੀ ਹੈ — *ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ। ਤਿਨ ਕੇ ਦਿਤੇ ਨਾਨਕਾ ਤੇਹੋ ਜਿਹਾ ਧਰਮੁ।*(ਗੁ.ਗ੍ਰੰ.1413)।

**ਅਭੈਦਾਨ**: ਇਹ ਸ਼ਬਦ 'ਨਿਰਭੈਤਾ ਦੀ ਬਖ਼ਸ਼ਿਸ਼' ਦਾ ਬੋਧਕ ਹੈ। ਜੋ ਵਿਅਕਤੀ ਗੁਰੂ ਦੇ ਦਸੇ ਮਾਰਗ ਉਤੇ ਚਲ ਕੇ, ਕੁਕਰਮਾਂ ਨੂੰ ਪਿਠ ਦਿੰਦਾ ਹੋਇਆ ਪਰਉਪਕਾਰ ਕਰਦਾ ਹੈ ਅਤੇ ਨਾਮ-ਆਰਾਧਨਾ ਦੁਆਰਾ ਜੀਵਨ ਬਤੀਤ ਕਰਦਾ ਹੈ, ਉਸ ਨੂੰ ਪ੍ਰਭੂ ਵਲੋਂ ਹਰ ਪ੍ਰਕਾਰ ਦੇ ਭੈ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ। ਉਸ ਉਤੇ ਸੰਸਾਰ ਦਾ ਕੋਈ ਭੈ ਅਸਰ ਨਹੀਂ ਕਰ ਸਕਦਾ, ਇਥੋਂ ਤਕ ਕਿ ਮ੍ਰਿਤੂ ਵੀ ਡਰਾ ਨਹੀਂ ਸਕਦੀ। ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕਿਹਾ ਹੈ ਜੋ ਗੁਰੂ ਦੀ ਸ਼ਰਣ ਵਿਚ ਪਹੁੰਚ ਜਾਂਦਾ ਹੈ, ਉਹ ਅਭੈਦਾਨ ਪ੍ਰਾਪਤ ਕਰਕੇ ਚਿਰ-ਸੁਖ ਦੀ ਅਵਸਥਾ ਮਾਣਨ ਲਗਦਾ ਹੈ — *ਜੋ ਜੋ ਸਰਣਿ ਪਰਿਓ ਗੁਰੁ ਨਾਨਕ ਅਭੈਦਾਨੁ ਸੁਖ ਪਾਏ।*(ਗੁ.ਗ੍ਰੰ.820)। ਗੁਰੂ ਤੇਗ ਬਹਾਦਰ ਜੀ ਨੇ ਜੈਤਰੀ ਰਾਗ ਵਿਚ 'ਅਭੈਦਾਨ' ਦੀ ਪ੍ਰਾਪਤੀ ਲਈ ਬੜੀ ਆਜਿਜ਼ੀ ਨਾਲ ਬੇਨਤੀ ਕਰਦਿਆਂ ਕਿਹਾ ਹੈ — *ਹਰਿ ਜੂ ਰਾਖਿ ਲੇਹੁ ਪਤਿ ਮੇਰੀ।... ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ। ਨਾਨਕ ਹਾਰਿ ਪਰਿਓ ਸਰਨਾਗਤਿ ਅਭੈਦਾਨੁ ਪ੍ਰਭੁ ਦੀਜੈ।*(ਗੁ.ਗ੍ਰੰ.703)।

**ਅਭੈਪਦ**: ਉਹ ਪਦ (ਅਵਸਥਾ) ਜੋ ਭੈ-ਰਹਿਤ ਹੋਵੇ। ਭਗਤੀ ਦੇ ਬਲ ਉਤੇ ਜਦੋਂ ਕੋਈ ਸਾਧਕ ਅਜਿਹੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਕਿ ਫਿਰ ਉਸ ਨੂੰ ਉਥੋਂ ਡਿਗਣ ਜਾਂ ਭ੍ਰਸ਼ਟ ਹੋਣ ਦਾ ਡਰ ਨਹੀਂ ਰਹਿੰਦਾ ਤਾਂ ਉਸ ਨੂੰ 'ਅਭੈਪਦ' ਨਾਂ ਨਾਲ ਵਿਸ਼ਿਸ਼ਟ ਕੀਤਾ ਜਾਂਦਾ ਹੈ। ਇਸ ਨੂੰ 'ਮੁਕਤ ਅਵਸਥਾ' ਅਥਵਾ 'ਚੌਥਾ-ਪਦ' (ਵੇਖੋ) ਵੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਜੈਤਸਰੀ ਰਾਗ ਵਿਚ 'ਅਭੈਪਦ' ਦੀ ਦਾਤ ਸੁਆਮੀ (ਪਰਮਾਤਮਾ) ਦੇ ਸਿਮਰਨ ਦੁਆਰਾ ਪ੍ਰਾਪਤ ਹੁੰਦੀ ਦਸੀ ਹੈ — *ਅਭੈਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ।*(ਗੁ.ਗ੍ਰੰ.701)।

**ਅਮਰ ਸਿੰਘ, ਸ਼ੇਰੇ ਪੰਜਾਬ** (1888-1948 ਈ.): ਪ੍ਰਸਿੱਧ ਪੱਤਰਕਾਰ ਸ. ਅਮਰ ਸਿੰਘ, ਸ਼ੇਰੇ ਪੰਜਾਬ ਦਾ ਜਨਮ 27 ਮਈ 1888 ਈ. ਨੂੰ ਪੱਛਮੀ ਪੰਜਾਬ ਦੇ ਅਟਕ (ਕੈਂਬਲਪੁਰ) ਜ਼ਿਲ੍ਹੇ ਦੇ ਪਿੰਡੀਘੇਬ ਨਗਰ ਵਿਚ ਸ. ਗੁਲਾਬ ਸਿੰਘ ਦੇ ਘਰ ਹੋਇਆ ਜੋ ਉਸ ਸਮੇਂ ਜੰਮੂ-ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ ਦੀ ਸੇਵਾ ਵਿਚ ਸੀ। ਆਪ ਦਾ ਦਾਦਾ ਸ. ਗੌਹਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਪਹਿਲਾਂ ਕੁਮੇਦਾਨ ਸੀ ਅਤੇ ਬਾਦ ਵਿਚ ਜੰਡ, ਕਾਲਾਬਾਗ਼, ਟੱਮਣ, ਤਲਾਗੰਗ ਅਤੇ ਪਿੰਡੀਘੇਬ ਦੇ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ। ਆਪ ਨੇ ਮੁੱਢਲੀ ਤਾਲੀਮ ਉਰਦੂ ਅਤੇ ਫ਼ਾਰਸੀ ਵਿਚ, ਕਸ਼ਮੀਰ ਵਿਚ ਠਹਿਰ ਦੌਰਾਨ ਪ੍ਰਾਪਤ ਕੀਤੀ। ਪਰ ਛੋਟੀ ਉਮਰ ਵਿਚ ਹੀ ਮਾਤਾ ਦੇ ਦੇਹਾਂਤ ਕਰਕੇ ਪਿੰਡੀਘੇਬ ਆਉਣਾ ਪਿਆ।

ਜਵਾਨ ਹੋਣ ਤੇ ਆਪ ਫ਼ੌਜ ਵਿਚ ਭਰਤੀ ਹੋ ਗਏ, ਪਰ ਉਹ ਨੌਕਰੀ ਆਪ ਨੂੰ ਰਾਸ ਨ ਆਈ। ਉਸ ਤੋਂ ਮੁਕਤ ਹੋ ਕੇ ਆਪ ਨੇ ਪਹਿਲਾਂ ਰਾਵਲਪਿੰਡੀ ਵਿਚ ਫਰਨੀਚਰ ਦੀ ਦੁਕਾਨ ਖੋਲੀ। ਪਰ ਜਲਦੀ ਹੀ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ 11 ਜੂਨ 1911 ਈ. ਨੂੰ 'ਲਾਇਲ ਗਜ਼ਟ' ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ, ਜਿਸ ਰਾਹੀਂ ਆਪ ਨੇ ਦੀਵਾਨ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਵਿਚਾਰਾਂ ਦਾ ਪ੍ਰਤਿਪਾਦਨ ਕੀਤਾ। ਕਾਦਿਆਨੀ ਫ਼ਿਰਕੇ ਵਲੋਂ 'ਤਹਜ਼ੀਬੇ ਕਾਦਿਆਨੀ' ਨਾਂ ਦੇ ਇਕ ਟ੍ਰੈਕਟ ਦੇ ਛਾਪੇ ਜਾਣ 'ਤੇ ਆਪ ਨੇ ਆਪਣਾ ਪ੍ਰਤਿਕਰਮ ਜ਼ਾਹਿਰ ਕੀਤਾ ਜਿਸ ਦੇ ਫਲਸਰੂਪ ਸਿੱਖ-ਜਗਤ ਵਿਚ ਆਪ ਦੀ ਕਾਫ਼ੀ ਸ਼ੋਭਾ ਹੋਈ। ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ, ਦੇ ਮੋਰਚੇ ਅਤੇ ਬਜਬਜ ਘਾਟ, ਕਲਕੱਤਾ ਵਿਖੇ ਹੋਏ ਸਿੱਖਾਂ ਉਤੇ ਜ਼ੁਲਮ ਦਾ ਹੂ-ਬ-ਹੂ ਚਿਤਰ ਪੇਸ਼ ਕਰਨ ਕਰਕੇ ਸਰਕਾਰ ਨੇ ਆਪ ਪਾਸੋਂ 'ਲਾਇਲ ਗਜ਼ਟ' ਦੀ ਜ਼ਮਾਨਤ ਮੰਗ ਲਈ। ਉਧਰੋਂ ਚੀਫ਼ ਖ਼ਾਲਸਾ ਦੀਵਾਨ ਨੇ ਵੀ ਸਰਪ੍ਰਸਤੀ ਹਟਾ ਲਈ। ਫਲਸਰੂਪ ਆਪ ਸੰਨ 1921 ਈ. ਤੋਂ ਬਾਬਾ ਖੜਕ ਸਿੰਘ ਦੇ ਸੰਪਰਕ ਵਿਚ ਆ ਗਏ ਅਤੇ 'ਲਾਇਲ ਗਜ਼ਟ' ਦਾ ਨਾਂ ਬਦਲ ਕੇ

'ਸ਼ੇਰ-ਪੰਜਾਬ' ਕਰ ਦਿੱਤਾ। ਇਹ ਉਰਦੂ ਹਫ਼ਤਾਰ ਉਦੋਂ ਲਾਹੌਰ ਤੋਂ ਅਤੇ ਹੁਣ ਦਿੱਲੀ ਤੋਂ ਲਗਾਤਾਰ ਛਪਦਾ ਆ ਰਿਹਾ ਹੈ। ਇਸ ਦਾ ਨਾਂ ਆਪ ਦੇ ਨਾਂ ਨਾਲ ਸਥਾਈ ਤੌਰ 'ਤੇ ਜੁੜ ਗਿਆ ਹੈ।

ਸੰਨ 1921 ਈ. ਤੋਂ ਆਪ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਏ ਅਤੇ ਜੈਤੋ ਦੇ ਮੋਰਚੇ ਵਿਚ ਭਾਗ ਲੈਣ 'ਤੇ ਦੋ ਸਾਲ ਦੀ ਕੈਦ ਦੀ ਸਜ਼ਾ ਪਾਈ। ਸੰਨ 1926 ਈ. ਅਤੇ 1930 ਈ. ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਬਾਦ ਵਿਚ ਵੀ ਸੰਬੰਧਿਤ ਰਹੇ। ਆਪ ਲਾਹੌਰ ਮਿਉਂਸਪਲ ਕਮੇਟੀ ਦੇ 16 ਸਾਲ ਮੈਂਬਰ ਰਹੇ। ਸਥਾਨਕ ਸਿੰਘ ਸਭਾ ਅਤੇ ਸਿੱਖ ਧਰਮ-ਧਾਮਾਂ ਦੇ ਵੀ ਬੜੇ ਲੰਬੇ ਸਮੇਂ ਤਕ ਪ੍ਰਧਾਨ ਰਹੇ। ਸੰਨ 1934 ਈ. ਵਿਚ ਜਦੋਂ ਬਾਬਾ ਖੜਕ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਆਪਣਾ ਸੰਬੰਧ ਤੋੜ ਕੇ ਸੈਂਟ੍ਰਲ ਅਕਾਲੀ ਦਲ ਕਾਇਮ ਕੀਤਾ ਤਦੋਂ ਆਪ ਨੂੰ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਦੀ ਜ਼ਿੰਮੇਵਾਰੀ ਸੌਂਪੀ ਗਈ। ਆਪ ਆਖ਼ਰੀ ਦਮ ਤਕ ਬਾਬਾ ਖੜਕ ਸਿੰਘ ਨਾਲ ਮਿਲ ਕੇ ਚਲੇ। ਦੇਸ਼-ਵੰਡ ਤੋਂ ਬਾਦ ਆਪ ਦਿੱਲੀ ਜਾ ਵਸੇ, ਪਰ ਬੀਮਾਰ ਹੋ ਜਾਣ ਕਾਰਣ ਕਸੌਲੀ ਇਲਾਜ ਲਈ ਚਲੇ ਗਏ ਜਿਥੇ 9 ਜੁਲਾਈ 1948 ਈ. ਨੂੰ ਆਪ ਦਾ ਦੇਹਾਂਤ ਹੋ ਗਿਆ।

ਸ. ਅਮਰ ਸਿੰਘ ਉਰਦੂ ਦੇ ਇਕ ਸਸ਼ਕਤ ਲੇਖਕ ਅਤੇ ਸ਼ੈਲੀਕਾਰ ਸਨ। ਉਰਦੂ ਅਤੇ ਫ਼ਾਰਸੀ ਵਿਚ 'ਮਨਸੂਰ' ਕਵੀ ਛਾਪ ਅਧੀਨ ਕਵਿਤਾ ਰਚਦੇ ਸਨ। ਕਈ ਵਾਰ ਹਿੰਦੀ ਅਤੇ ਪੰਜਾਬੀ ਵਿਚ ਵੀ ਕਵਿਤਾ ਲਿਖਦੇ ਸਨ। ਆਪ ਨੇ ਉਰਦੂ ਵਿਚ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਜੀਵਨੀਆਂ ਸਿਰਜੀਆਂ ਸਨ। ਆਪ ਨੇ ਜਪੁਜੀ, ਸੁਖਮਨੀ, ਮੂਲ-ਮੰਤ੍ਰ ਅਤੇ ਜੈਤਸਰੀ ਕੀ ਵਾਰ ਦੇ ਉਰਦੂ ਵਿਚ ਟੀਕੇ ਲਿਖੇ ਅਤੇ ਉਮਰ ਖ਼ਿਆਮ ਦੀਆਂ ਰੁਬਾਈਆਂ ਦਾ ਪੰਜਾਬੀ ਕਵਿਤਾ ਵਿਚ ਅਨੁਵਾਦ ਵੀ ਕੀਤਾ ਸੀ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਆਪ ਨੇ ਉਰਦੂ ਵਿਚ ਦੋ ਨਾਵਲ ਅਤੇ ਕੁਝ ਕਹਾਣੀਆਂ ਲਿਖਣ ਦਾ ਯਤਨ ਵੀ ਕੀਤਾ ਸੀ। ਆਪ ਜਿਥੇ ਕਲਮ ਦੇ ਧਨੀ ਸਨ, ਉਥੇ ਪ੍ਰਭਾਵਸ਼ਾਲੀ ਵਕਤਾ ਵੀ ਸਨ। ਸਿੱਖਾਂ ਦੇ ਰਾਜਨੈਤਿਕ ਅਤੇ ਧਾਰਮਿਕ ਸਮਾਗਮਾਂ ਵਿਚ ਆਪ ਦੇ ਭਾਸ਼ਣਾਂ ਨੂੰ ਬੜੇ ਧਿਆਨ ਨਾਲ ਸੁਣਿਆ ਜਾਂਦਾ ਸੀ। ਵੀਹਵੀਂ ਸਦੀ ਦੇ ਪੂਰਵ-ਅੱਧ ਵਿਚ ਆਪ ਇਕ ਸਨਮਾਨਿਤ ਸਿੱਖ ਸ਼ਖ਼ਸੀਅਤ ਦੇ ਸੁਆਮੀ ਸਨ।

**ਅਮਰ ਸਿੰਘ ਝਬਾਲ** (1888-1962 ਈ.): ਅੰਮ੍ਰਿਤਸਰ ਜ਼ਿਲ੍ਹੇ ਦੇ ਝਬਾਲ ਪਿੰਡ ਵਿਚ ਸੰਨ 1888 ਈ. ਵਿਚ ਪੈਦਾ ਹੋਇਆ ਅਮਰ ਸਿੰਘ ਸ. ਗੁਲਾਬ ਸਿੰਘ ਦੇ ਤਿੰਨਾਂ ਪੁੱਤਰਾਂ ਵਿਚੋਂ ਸਭ ਤੋਂ ਵੱਡਾ ਸੀ। ਇਸ ਦੇ ਪੜ-ਦਾਦਾ ਅਤੇ ਦਾਦਾ ਲਾਹੌਰ ਦਬਾਰ ਦੀ ਫ਼ੌਜ ਵਿਚ ਸੇਵਾ ਕਰ ਚੁਕੇ ਸਨ। ਇਸ ਨੇ ਪਹਿਲਾਂ ਆਪਣੇ ਪਿੰਡ ਵਿਚ ਪੜ੍ਹਾਈ ਕੀਤੀ ਅਤੇ ਫਿਰ ਖ਼ਾਲਸਾ ਕਾਲਿਜੀਏਟ ਸਕੂਲ, ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਕੇ ਪੁਲਿਸ ਵਿਚ ਭਰਤੀ ਹੋ ਗਿਆ। ਕਿਰਪਾਨ ਪਾਣ ਉਤੇ ਪਾਬੰਦੀ ਲਗਾਏ ਜਾਣ, ਨਵੀਂ ਦਿੱਲੀ ਵਿਚ ਗੁਰਦੁਆਰਾ ਰਕਾਬਗੰਜ ਦੀ ਦੀਵਾਰ ਢਾਹੇ ਜਾਣ ਅਤੇ ਬਜਬਜ ਘਾਟ ਦੇ ਗੋਲੀ-ਕਾਂਡ ਕਾਰਣ ਇਸ ਨੇ ਪੁਲਿਸ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਦੋਂ ਇਹ ਸਬ- ਇੰਸਪੈਕਟਰ ਸੀ।

ਪੁਲਿਸ ਦੀ ਨੌਕਰੀ ਤੋਂ ਮੁਕਤ ਹੋ ਕੇ ਇਸ ਨੇ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਇਸ ਸੰਬੰਧ ਵਿਚ ਇਸ ਦੀ ਸਭ ਤੋਂ ਪਹਿਲੀ ਪ੍ਰਾਪਤੀ ਸੀ ਦਰਬਾਰ ਸਾਹਿਬ ਪਰਿਸਰ ਵਿਚ 'ਮੰਜੀ ਸਾਹਿਬ' ਵਾਲੀ ਥਾਂ ਉਤੇ ਮੀਟਿੰਗ ਕਰਕੇ ਦਰਬਾਰ ਸਾਹਿਬ ਦੇ ਮੈਨੇਜਰ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਿਰੁੱਧ ਪ੍ਰਸਤਾਵ ਪਾਸ ਕਰਨਾ ਕਿਉਂਕਿ ਉਨ੍ਹਾਂ ਨੇ ਜਲਿਆਂ ਵਾਲੇ ਬਾਗ਼ ਵਿਚ ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਜਨਰਲ ਡਾਇਰ ਨੂੰ ਸਿਰੋਪਾ ਦਿੱਤਾ ਸੀ।

ਸ. ਸਰਦੂਲ ਸਿੰਘ ਕਵੀਸ਼ਰ ਵਲੋਂ ਗੁਰਦੁਆਰਾ ਰਕਾਬਗੰਜ ਦੀ ਦੀਵਾਰ ਢਵਾਏ ਜਾਣ ਸੰਬੰਧੀ ਮੋਰਚਾ ਲਗਾਉਣ ਅਤੇ ਦੀਵਾਰ ਨੂੰ ਫਿਰ ਤੋਂ ਉਸਾਰਨ ਲਈ ਕੀਤੀ ਅਪੀਲ ਨੂੰ ਸਾਹਮਣੇ ਰਖਦੇ ਹੋਇਆਂ ਇਸ ਨੇ ਆਪਣੇ ਭਰਾ ਜਸਵੰਤ ਸਿੰਘ ਨਾਲ ਰਲ ਕੇ ਵਾਲੰਟੀਅਰਾਂ ਦੀ ਭਰਤੀ ਕਰਨੀ ਸ਼ੁਰੂ ਕੀਤੀ। ਤਰਨਤਾਰਨ ਵਿਚ ਅਮਾਵਸ ਦੇ ਮੇਲੇ ਦੌਰਾਨ ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ ਦੀ ਹੋ ਰਹੀ ਇਕ ਮੀਟਿੰਗ ਵਿਚ ਸੂਚਨਾ ਮਿਲੀ ਕਿ ਸਿਆਲਕੋਟ ਦੇ ਗੁਰਦੁਆਰਾ ਬਾਬੇ ਦੀ ਬੇਰ ਦਾ ਪ੍ਰਬੰਧ ਬਹੁਤ ਵਿਗੜ ਚੁਕਾ ਹੈ। ਮੀਟਿੰਗ ਵਿਚ ਅਮਰ ਸਿੰਘ ਨੂੰ ਉਥੋਂ ਦੀ ਸਥਿਤੀ ਵੇਖ ਕੇ ਰਿਪੋਰਟ ਕਰਨ ਲਈ ਕਿਹਾ ਗਿਆ। ਇਹ ਆਪਣੇ ਭਰਾ ਜਸਵੰਤ ਸਿੰਘ ਅਤੇ ਕਈ ਸਾਥੀਆਂ ਤੇ ਵਾਲੰਟੀਅਰਾਂ ਸਮੇਤ ਉਥੇ ਪਹੁੰਚਿਆ। ਸਥਾਨਕ ਹਾਕਮਾਂ ਨੇ ਸਥਿਤੀ ਨੂੰ ਵਿਗੜਨ ਤੋਂ ਬਚਾਉਣ ਲਈ 6 ਅਕਤੂਬਰ 1920 ਈ. ਨੂੰ ਗੁਰਦੁਆਰੇ ਦਾ ਪ੍ਰਬੰਧ ਉਥੋਂ ਦੇ ਚੋਣਵੇਂ ਸਿੱਖਾਂ ਦੀ ਕਮੇਟੀ ਨੂੰ ਸੌਂਪ ਦਿੱਤਾ।

ਇਸ ਜਿਤ ਨਾਲ ਝਬਾਲ ਭਰਾਵਾਂ ਦਾ ਨਾਂ ਪੰਥ ਵਿਚ ਰੌਸ਼ਨ ਹੋ ਗਿਆ।

16 ਨਵੰਬਰ 1920 ਈ. ਨੂੰ ਜਦ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ, ਤਾਂ ਅਮਰ ਸਿੰਘ ਸਮੇਤ ਤਿੰਨਾਂ ਭਰਾਵਾਂ ਨੂੰ ਮੈਂਬਰ ਬਣਾਇਆ ਗਿਆ। ਗੁਰਦੁਆਰਾ ਤਰਨਤਾਰਨ ਦੇ ਆਜ਼ਾਦ ਹੋਣ 'ਤੇ ਬਣਾਈ ਗਈ ਮੁਢਲੀ ਕਮੇਟੀ ਵਿਚ ਵੀ ਇਸ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਇਸ ਨੇ ਹੋਰ ਵੀ ਕਈ ਗੁਰਦੁਆਰੇ ਆਜ਼ਾਦ ਕਰਵਾਉਣ ਵਿਚ ਮੁੱਖ ਭੂਮਿਕਾ ਨਿਭਾਈ। ਨਨਕਾਣਾ ਸਾਹਿਬ ਦੀ ਘਟਨਾ ਸੰਬੰਧੀ ਭਾਸ਼ਣ ਦੇਣ 'ਤੇ ਇਸ ਨੂੰ ਪਕੜ ਲਿਆ ਗਿਆ ਅਤੇ ਛੇ ਮਹੀਨਿਆਂ ਦੀ ਕੈਦ ਦੀ ਸਜ਼ਾ ਦਿੱਤੀ ਗਈ।

ਅਮਰ ਸਿੰਘ ਨੂੰ ਸੰਨ 1922 ਈ. ਵਿਚ ਹੋਏ ਸਿੱਖ ਲੀਗ ਦੇ ਤੀਜੇ ਸਾਲਾਨਾ ਸਮਾਗਮ ਵੇਲੇ ਪ੍ਰਧਾਨ ਬਣਾਇਆ ਗਿਆ। ਇਸ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਦਰਬਾਰ ਸਾਹਿਬ ਦੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਵਾਲੇ ਮੋਰਚੇ ਵੇਲੇ ਦਿੱਤੇ ਭਾਸ਼ਣ ਕਾਰਣ ਪਕੜ ਲਿਆ ਗਿਆ ਅਤੇ ਕੈਦ ਕਟਣੀ ਪਈ। 16 ਜੁਲਾਈ 1922 ਈ. ਨੂੰ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਾਈਸ ਪ੍ਰੈਜ਼ੀਡੈਂਟ ਚੁਣਿਆ ਗਿਆ। ਕਾਂਗ੍ਰਸ ਦੁਆਰਾ ਚਲਾਏ ਨਾ-ਮਿਲਵਰਤਨ ਅੰਦੋਲਨ ਵੇਲੇ ਇਹ ਉਸ ਪਾਰਟੀ ਵਲ ਝੁਕਦਾ ਗਿਆ। ਕੁਝ ਸਮੇਂ ਲਈ ਇਹ ਪੰਜਾਬ ਪ੍ਰਦੇਸ਼ ਕਾਂਗ੍ਰਸ ਕਮੇਟੀ ਦਾ ਪ੍ਰਧਾਨ ਵੀ ਰਿਹਾ। ਹੌਲੀ ਹੌਲੀ ਇਸ ਦਾ ਪੰਥ ਵਿਚ ਆਦਰ-ਮਾਣ ਘਟਣ ਲਗ ਗਿਆ। ਕਾਲਾਂਤਰ ਵਿਚ ਇਸ ਦਾ ਮਨ ਸਰਗਰਮ ਰਾਜਨੀਤੀ ਤੋਂ ਉਚਾਟ ਹੋ ਗਿਆ। 28 ਮਾਰਚ 1962 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਦਿਆਲ ਭੜੰਗ ਵਿਚ ਇਸ ਦਾ ਦੇਹਾਂਤ ਹੋ ਗਿਆ।

**ਅਮਰ ਸਿੰਘ, ਰਾਜਾ** : ਬਾਬਾ ਆਲਾ ਦਾ ਇਕ ਸੂਰਵੀਰ ਪੋਤਾ ਜੋ ਕਾਲਾਂਤਰ ਵਿਚ ਪਟਿਆਲਾ ਰਿਆਸਤ ਦਾ ਸ਼ਾਸਕ ਬਣਿਆ। ਵੇਖੋ 'ਪਟਿਆਲਾ ਰਿਆਸਤ'।

**ਅਮਰ ਸਿਧੂ** (ਪਿੰਡ): ਪਾਕਿਸਤਾਨ ਦੇ ਲਾਹੌਰ ਜ਼ਿਲ੍ਹੇ ਵਿਚ ਲਾਹੌਰ-ਕਸੂਰ ਸੜਕ ਉਤੇ ਸਥਿਤ ਇਕ ਪਿੰਡ ਜਿਥੇ ਗੁਰੂ ਹਰਿਗੋਬਿੰਦ ਜੀ ਗੁਰੂ-ਮਾਂਗਟ ਪਿੰਡ ਤੋਂ ਚਲ ਕੇ ਆਏ ਸਨ। ਗੁਰੂ ਜੀ ਦੀ ਯਾਦ ਵਿਚ ਉਥੇ ਇਕ ਸਾਧਾਰਣ ਗੁਰਦੁਆਰਾ ਬਣਿਆ ਹੋਇਆ ਸੀ, ਪਰ ਸੰਨ 1922 ਈ. ਵਿਚ ਲਾਹੌਰ ਨਿਵਾਸੀ ਰਾਇ ਬਹਾਦੁਰ ਸਰ ਗੰਗਾ ਰਾਮ ਨੇ ਨਵਾਂ ਗੁਰਦੁਆਰਾ ਬਣਵਾਇਆ ਅਤੇ ਇਰਦ-ਗਿਰਦ ਬਾਗ਼ ਵੀ ਲਗਵਾਇਆ। ਦੇਸ਼-ਵੰਡ ਤੋਂ ਪਹਿਲਾਂ ਇਸ ਗੁਰਦੁਆਰੇ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਸਥਾਨਕ ਕਮੇਟੀ ਕਰਦੀ ਸੀ। ਹੁਣ ਇਹ ਗੁਰੂ-ਧਾਮ ਬੰਦ ਪਿਆ ਹੈ।

**ਅਮਰ-ਕਥਾ** (ਰਚਨਾ): ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਕਿਸੇ ਅਗਿਆਤ ਲੇਖਕ ਦੁਆਰਾ ਤਿਆਰ ਕੀਤਾ ਗਿਆ ਇਹ ਇਕ ਸਾਖੀ ਸੰਗ੍ਰਹਿ ਹੈ ਜੋ ਭਾਵੇਂ ਅਜੇ ਛਪਿਆ ਨਹੀਂ, ਪਰ ਇਸ ਦੀਆਂ ਹੱਥ-ਲਿਖਿਤ ਪੋਥੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀਆਂ ਲਾਇਬ੍ਰੇਰੀਆਂ ਵਿਚ ਸੁਰਖਿਅਤ ਹਨ। ਇਹ ਸਾਰੀਆਂ ਪੋਥੀਆਂ ਉਨ੍ਹੀਵੀਂ ਸਦੀ ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਸੰਨ 1818 ਈ. ਦੀ ਲਿਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੰਭਾਲੀ ਹੋਈ ਹੈ। ਅਨੁਮਾਨ ਹੈ ਕਿ ਅਮਰ-ਕਥਾ ਦਾ ਮੂਲ ਰੂਪ ਵਿਚ ਸੰਕਲਨ ਇਸ ਪੋਥੀ ਦੇ ਲਿਖੇ ਜਾਣ ਤੋਂ ਲਗਭਗ 50 ਵਰ੍ਹੇ ਪਹਿਲਾਂ ਤਿਆਰ ਕੀਤਾ ਗਿਆ ਹੋਵੇਗਾ।

ਇਸ ਦੇ ਆਰੰਭ ਦੀਆਂ ਕੁਝ ਸਾਖੀਆਂ ਵਿਚ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ, ਨਿਰੰਕਾਰ ਦੁਆਰਾ ਮਾਇਆ ਦੀ ਸਿਰਜਨਾ, ਉਸ ਤੋਂ ਦੇਵੀ ਦੇਵਤਿਆਂ ਦੀ ਉਤਪੱਤੀ, ਫਿਰ ਤ੍ਰਿਦੇਵਾਂ ਤੋਂ ਮਾਨਵ ਜਾਤਿ ਦਾ ਵਿਕਾਸ, ਵੇਦਾਂ ਦਾ ਉੱਧਾਰ, ਚਾਰ ਯੁਗਾਂ ਦਾ ਬ੍ਰਿੱਤਾਂਤ ਅਤੇ ਹਰ ਯੁਗ ਵਿਚ ਨਿਰੰਕਾਰ ਦਾ ਅਵਤਰਣ, ਕਲਿਯੁਗ ਵਿਚ ਲੋਕਾਂ ਨੂੰ ਮੁਕਤੀ-ਮਾਰਗ ਦਾ ਰਾਹ ਦਰਸਾਉਣ ਲਈ ਗੁਰੂ ਨਾਨਕ ਦੇਵ ਜੀ ਦਾ ਆਗਮਨ ਆਦਿ ਦਾ ਵਰਣਨ ਹੈ। ਇਸ ਤੋਂ ਬਾਦ ਸੰਕਲਨ-ਕਰਤਾ ਨੇ ਅਧਿਕਤਰ ਆਪਣਾ ਆਧਾਰ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਬਣਾਇਆ ਹੈ, ਪਰ ਲੋੜ ਅਨੁਸਾਰ ਅਤੇ ਆਪਣੇ ਆਸ਼ੇ ਅਨੁਕੂਲ ਬੈਠਣ ਵਾਲੀਆਂ ਸਾਖੀਆਂ ਜਾਂ ਬ੍ਰਿੱਤਾਂਤਾਂ ਨੂੰ ਹੋਰਨਾਂ ਜਨਮਸਾਖੀਆਂ ਜਾਂ ਸਰੋਤਾਂ ਤੋਂ ਵੀ ਲੈਣੋਂ ਸੰਕੋਚ ਨਹੀਂ ਕੀਤਾ ਹੈ। ਇਸ ਕਰਕੇ

ਸਾਖੀਆਂ ਦੀ ਕਥਨ ਸ਼ੈਲੀ ਇਕ-ਸਮਾਨ ਨਹੀਂ ਹੈ। ਮਿਹਰਬਾਨ ਵਾਲੀ ਜਨਮਸਾਖੀ ਤੋਂ ਲਈ ਗਈ ਸਾਮਗ੍ਰੀ ਅਧਿਕਤਰ ਬਾਣੀ ਦੀ ਵਿਆਖਿਆ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦੇਵ ਜੀ ਦੇ ਮਹਾਨ ਚਰਿਤ੍ਰ ਨਾਲ ਸੰਬੰਧਿਤ ਜੋ ਵਾਰਤਾਵਾਂ ਜਿਗਿਆਸੂਆਂ ਜਾਂ ਸਮਕਾਲੀਆਂ ਨੂੰ ਯਾਦ ਸਨ ਅਤੇ ਜਿਨ੍ਹਾਂ ਨੂੰ ਕਿਸੇ ਨੇ ਸਭ ਤੋਂ ਪਹਿਲਾਂ ਜਨਮਸਾਖੀ ਰੂਪ ਵਿਚ ਪਰੋਇਆ ਸੀ, ਉਹੀ ਪਰਵਰਤੀ ਸਾਖੀਦਾਰਾਂ ਨੇ ਅਪਣਾ ਕੇ, ਬਾਦ ਵਿਚ ਪ੍ਰਾਪਤ ਹੋਏ ਨਵੇਂ ਤੱਥਾਂ ਨੂੰ ਜੋੜ ਕੇ ਅਤੇ ਆਪਣੀ ਕਲਪਨਾ ਸ਼ਕਤੀ ਉਤੇ ਨਵੀਆਂ ਸਾਖੀਆਂ ਘੜ ਕੇ ਜੋ ਵਖ ਵਖ ਜਨਮਸਾਖੀਆਂ ਸਿਰਜੀਆਂ ਸਨ, ਉਨ੍ਹਾਂ ਨੂੰ ਹੀ ਆਧਾਰ ਬਣਾ ਕੇ ਇਹ ਇਕ ਪ੍ਰਕਾਰ ਦੀ ਨਵ-ਸਿਰਜਿਤ ਜਨਮਸਾਖੀ ਹੈ, ਜਿਸ ਦੀ ਪ੍ਰਮਾਣਿਕਤਾ ਅਤੇ ਕਰਤ੍ਰਿਤਵ ਦੋਵੇਂ ਸੰਦਿਗਧ ਹਨ।

**ਅਮਰਗੜ੍ਹ** (ਪਿੰਡ): ਬਠਿੰਡਾ ਜ਼ਿਲ੍ਹੇ ਦਾ ਇਕ ਪਿੰਡ ਜੋ ਗੋਨਿਆਣਾ ਮੰਡੀ ਤੋਂ ਚਾਰ ਕਿ.ਮੀ. ਪੂਰਬ ਵਲ ਹੈ ਅਤੇ ਜਿਥੇ ਗੁਰੂ ਹਰਿ ਰਾਇ ਸਾਹਿਬ ਦੇ ਨਾਂ ਨਾਲ ਸੰਬੰਧਿਤ 'ਗੁਰਦੁਆਰਾ ਵਿਦਿਆਸਰ ਪਾਤਿਸ਼ਾਹੀ ਸੱਤਵੀਂ' ਬਣਿਆ ਹੋਇਆ ਹੈ। ਰਵਾਇਤ ਹੈ ਕਿ ਗੁਰੂ ਜੀ ਜਦ ਨੇੜਲੇ ਪਿੰਡ ਭੋਖੜੀ (ਹੁਣ ਹਰਿ-ਰਾਇਪੁਰ) ਆਏ ਸਨ ਤਾਂ ਝਬਲੂਟੀ (ਹੁਣ ਅਮਰਗੜ੍ਹ) ਵਿਚ ਵੀ ਚਰਨ ਪਾਏ ਸਨ। ਗੁਰੂ ਜੀ ਦੀ ਯਾਦ ਵਿਚ ਉਥੇ ਉਦਾਸੀ ਸੰਤਾਂ ਨੇ ਮੰਜੀ ਸਾਹਿਬ ਸਮਾਰਕ ਬਣਾਇਆ ਸੀ। ਸੰਨ 1912 ਈ. ਵਿਚ ਉਥੇ ਗੁਰਦੁਆਰਾ ਬਣਾਇਆ ਗਿਆ ਜਿਸ ਦਾ ਪ੍ਰਬੰਧ ਸਥਾਨਕ ਲੋਕ ਕਰਦੇ ਹਨ। ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਵੀ ਇਥੇ ਆਏ ਸਨ।

**ਅਮਰਦਾਸ, ਗੁਰੂ** (1479-1574 ਈ.): ਸਿੱਖ ਧਰਮ ਵਿਚ ਤੀਜੇ ਗੁਰੂ ਵਜੋਂ ਪ੍ਰਤਿਸ਼ਠਿਤ ਗੁਰੂ ਅਮਰਦਾਸ ਜੀ ਦੀ ਜਨਮ-ਤਿਥੀ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਆਪ ਦਾ ਜਨਮ 5 ਮਈ 1479 ਈ. (ਵੈਸਾਖ ਸੁਦਿ 14, ਸੰਮਤ 1536) ਮੰਨਿਆ ਹੈ ਜਦ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੂਰੀ ਤਰ੍ਹਾਂ ਘੋਖ ਕਰਵਾ ਕੇ 11 ਮਈ 1479 ਨੂੰ ਆਪ ਦਾ ਜਨਮ ਹੋਇਆ ਸਿੱਧ ਕੀਤਾ ਗਿਆ ਹੈ। ਆਪ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਾਸਰਕੇ ਵਿਚ ਭੱਲਾ ਖਤ੍ਰੀ ਕੁਲ ਵਿਚ ਹੋਇਆ। ਆਪ ਦੇ ਦਾਦਾ ਦਾ ਨਾਂ ਹਰਿ ਜੀ ਅਤੇ ਪਿਤਾ ਦਾ ਨਾਂ ਤੇਜਭਾਨ ਸੀ। ਮਾਤਾ ਦੇ ਨਾਂ ਬਾਰੇ ਵਿਵਾਦ ਜ਼ਰੂਰ ਹੈ, ਪਰ ਅਧਿਕ ਪੁਰਾਤਨ ਲਿਖਿਤ ਕੇਸਰ ਸਿੰਘ ਛਿੱਬਰ ਕ੍ਰਿਤ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' ਦੇ ਆਧਾਰ 'ਤੇ ਉਨ੍ਹਾਂ ਦਾ ਨਾਂ 'ਲਖੋ' ਸੀ। ਆਪ ਚੌਹਾਂ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਵਪਾਰ ਅਤੇ ਖੇਤੀ ਕਰਨਾ ਆਪ ਦੇ ਪਿਤਰੀ ਕਿੱਤੇ ਸਨ। ਆਪ ਨੂੰ ਭਗਤੀ-ਭਾਵਨਾ ਅਤੇ ਕਰਮ-ਨਿਸ਼ਠਾ ਵਿਰਾਸਤ ਵਿਚ ਮਿਲੀਆਂ ਸਨ।

ਆਪ ਦਾ ਵਿਆਹ 23 ਵਰ੍ਹਿਆਂ ਦੀ ਉਮਰ ਵਿਚ, ਸੰਨ 1502 ਈ. (11 ਮਾਘ, 1559 ਬਿ.) ਵਿਚ ਹੋਇਆ। ਆਪ ਦੀ ਪਤਨੀ ਦੇ ਨਾਂ ਬਾਰੇ ਤਿੰਨ ਮਤ ਪ੍ਰਚਲਿਤ ਹਨ — ਮਨਸਾ ਦੇਵੀ, ਮਾਲੀ ਅਤੇ ਰਾਮੋ, ਜੋ ਸਨਖਤਰਾ' ਨਾਂ ਦੇ ਪਿੰਡ ਦੇ ਵਸਨੀਕ ਭਾਈ ਦੇਵੀ ਚੰਦ ਬਹਿਲ ਦੀ ਪੁੱਤਰੀ ਸੀ। ਰਾਮੋ (ਰਾਮ ਕੌਰ) ਨਾਂ ਦੀ ਪੁਸ਼ਟੀ ਅਧਿਕਾਂਸ਼ ਪੁਰਾਤਨ ਗ੍ਰੰਥਾਂ ਤੋਂ ਹੋਣ ਕਾਰਣ ਇਸ ਨੂੰ ਸਹੀ ਮੰਨਣਾ ਉਚਿਤ ਹੋਵੇਗਾ। ਇਹ ਇਕ ਨਿਸ਼ਠਾਵਾਨ ਅਤੇ ਭਗਤੀ ਭਾਵਨਾ ਵਾਲੀ ਇਸਤਰੀ ਸੀ। ਆਪ ਦੇ ਘਰ ਦੋ ਪੁੱਤਰ (ਮੋਹਨ ਅਤੇ ਮੋਹਰੀ) ਅਤੇ ਦੋ ਪੁੱਤਰੀਆਂ (ਦਾਨੀ ਅਤੇ ਭਾਨੀ) ਪੈਦਾ ਹੋਈਆਂ। ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਨਾਲ ਕੀਤਾ ਗਿਆ ਜੋ ਬਾਦ ਵਿਚ ਚੌਥੇ ਗੁਰੂ ਬਣੇ।

ਆਪ ਦਾ ਜੀਵਨ ਇਕ ਅਧਿਆਤਮਿਕ ਜਿਗਿਆਸੂ ਵਾਲਾ ਸੀ, ਆਪਣੇ ਕੰਮ-ਕਾਰ ਵਿਚੋਂ ਹਰਿ-ਭਗਤੀ ਲਈ ਵੀ ਅਵੱਸ਼ ਸਮਾਂ ਕਢ ਲੈਂਦੇ ਸਨ। ਸ਼ੁਰੂ ਵਿਚ ਆਪ ਦੀਆਂ ਰੁਚੀਆਂ ਵੈਸ਼ਣਵ ਭਗਤੀ ਵਾਲੀਆਂ ਸਨ। ਇਹੀ ਕਾਰਣ ਹੈ ਕਿ ਆਮ ਲੋਕਾਂ ਵਿਚ ਆਪ ਭਗਤ ਅਮਰਦਾਸ ਵਜੋਂ ਪ੍ਰਸਿੱਧ ਸਨ ਅਤੇ ਤੀਰਥ-ਯਾਤ੍ਰਾ ਲਈ ਵਿਸ਼ੇਸ਼ ਉਦਮ ਕਰਦੇ ਸਨ। ਆਪ ਹਰਿਦੁਆਰ ਦੀ ਯਾਤ੍ਰਾ ਉਤੇ ਹਰ ਵਰ੍ਹੇ ਜਾਇਆ ਕਰਦੇ ਸਨ। ਆਪਣੀ ਆਖ਼ੀਰਲੀ (20ਵੀਂ) ਯਾਤ੍ਰਾ ਵੇਲੇ ਜਦ ਆਪ ਹਰਿਦੁਆਰੋਂ ਪੰਜਾਬ ਪਰਤ ਰਹੇ ਸਨ ਤਾਂ ਕੁਰੁਕ੍ਸ਼ੇਤ੍ਰ ਵਿਚ ਇਕ ਸਾਧੂ ਨਾਲ ਹੋਈ ਭੇਂਟ ਕਾਰਣ ਆਪਣੇ ਨਿਗੁਰੇ-ਪਨ ਨੂੰ ਦੂਰ ਕਰਨ ਲਈ ਆਪ ਨੇ ਗੁਰੂ ਜੀ ਲੋੜ ਨੂੰ ਅਨੁਭਵ ਕੀਤਾ ਅਤੇ ਬੀਬੀ ਅਮਰੋ (ਗੁਰੂ ਅੰਗਦ ਦੇਵ ਜੀ ਦੀ ਸੁਪੁੱਤਰੀ) ਤੋਂ ਗੁਰੂ ਨਾਨਕ ਬਾਣੀ ਦਾ ਪਾਠ ਸੁਣ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਲਈ ਖਡੂਰ

ਸਾਹਿਬ ਪਹੁੰਚੇ ਅਤੇ 61 ਵਰ੍ਹਿਆਂ ਦੀ ਉਮਰ ਵਿਚ (ਸੰਨ 1540 ਈ.) ਆਪਣੇ ਤੋਂ 25 ਵਰ੍ਹੇ ਛੋਟੇ ਅਤੇ ਰਿਸ਼ਤੇ ਵਜੋਂ ਕੁੜਮ ਨੂੰ ਗੁਰੂ ਧਾਰਣ ਕੀਤਾ ਅਤੇ ਉਨ੍ਹਾਂ ਦੀ ਸੇਵਾ ਨੂੰ ਆਪਣਾ ਪਰਮ ਪੁਰਸ਼ਾਰਥ ਬਣਾ ਲਿਆ। ਰਾਤ-ਦਿਨ ਲੰਗਰ ਦੀ ਸੇਵਾ ਕਰਦੇ ਅਤੇ ਸਵੇਰੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਾਉਣ ਲਈ ਨੌਂ ਕਿਲੋਮੀਟਰ ਦੂਰ ਬਿਆਸ ਨਦੀ ਤੋਂ ਜਲ ਲਿਆਉਂਦੇ। ਇਸ ਸੇਵਾ-ਸਾਧਨਾ ਕਰਕੇ ਸਿੱਖ-ਸੇਵਕਾਂ ਵਿਚ ਆਪ ਦਾ ਮਾਣ ਬਹੁਤ ਵਧ ਗਿਆ, ਪਰ ਗੁਰੂ-ਪੁੱਤਰਾਂ ਨੂੰ ਗੁਰੂ-ਪਦਵੀ ਤੋਂ ਵੰਚਿਤ ਹੋਣ ਦੀ ਸ਼ੰਕਾ ਹੋਣ ਲਗੀ। ਫਲਸਰੂਪ, ਆਪ ਪ੍ਰਤਿ ਉਨ੍ਹਾਂ ਦੇ ਮਨ ਵਿਚ ਵੈਰ-ਭਾਵ ਵਿਕਸਿਤ ਹੋ ਗਿਆ। ਇਸ ਸਥਿਤੀ ਨੂੰ ਵੇਖ ਕੇ ਆਪ ਨੂੰ ਗੁਰੂ ਅੰਗਦ ਦੇਵ ਜੀ ਨੇ ਬਿਆਸ ਨਦੀ ਦੇ ਕੰਢੇ ਇਕ ਨਵਾਂ ਪਿੰਡ (ਗੋਇੰਦਵਾਲ) ਵਸਾਉਣ ਲਈ ਭੇਜ ਦਿੱਤਾ।

ਲਗਭਗ ਯਾਰ੍ਹਾਂ ਵਰ੍ਹਿਆਂ ਦੀ ਨਿਸ਼ਕਾਮ ਸੇਵਾ-ਸਾਧਨਾ ਅਤੇ ਅਧਿਆਤਮਿਕ ਪਰਿਪਕਤਾ ਦੇ ਫਲਸਰੂਪ ਆਪ ਨੂੰ ਗੁਰੂ ਅੰਗਦ ਦੇਵ ਜੀ ਨੇ 29 ਮਾਰਚ 1552 (ਚੇਤ ਸੁਦਿ 4, 1609 ਬਿ.) ਨੂੰ ਗੁਰੂ-ਗੱਦੀ ਸੌਂਪ ਕੇ ਇਹ- ਲੀਲਾ ਸਮਾਪਤ ਕੀਤੀ। ਗੁਰੂ-ਪੁੱਤਰਾਂ (ਦਾਤੂ ਅਤੇ ਦਾਸੂ) ਦੇ ਵੈਰ-ਭਾਵ ਕਾਰਣ ਆਪ ਨੇ ਖਡੂਰ ਸਾਹਿਬ ਦੀ ਥਾਂ ਗੋਇੰਦਵਾਲ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਜਦੋਂ ਉਥੇ ਵੀ ਦਾਤੂ ਨੇ ਦੁਰਵਿਵਹਾਰ ਕੀਤਾ ਤਾਂ ਆਪ ਆਪਣੇ ਜੱਦੀ ਪਿੰਡ 'ਬਾਸਰਕੇ' ਚਲੇ ਗਏ ਅਤੇ ਆਪਣੇ ਆਪ ਨੂੰ ਇਕ ਕੋਠੇ ਵਿਚ ਬੰਦ ਕਰ ਲਿਆ। ਪਰ ਬਾਬਾ ਬੁੱਢਾ ਅਤੇ ਹੋਰ ਮੁੱਖ ਸੇਵਕਾਂ ਨੇ ਯਤਨ ਕਰਕੇ ਆਪ ਨੂੰ ਵਾਪਸ ਗੋਇੰਦਵਾਲ ਲਿਆਉਂਦਾ।

ਗੋਇੰਦਵਾਲ ਪਰਤ ਕੇ ਆਪ ਨੇ ਧਰਮ-ਪ੍ਰਚਾਰ ਨੂੰ ਵਿਵਸਥਿਤ ਰੂਪ ਪ੍ਰਦਾਨ ਕਰਨ ਲਈ ਸਾਰੇ ਸਿੱਖ-ਜਗਤ ਨੂੰ 22 ਖੇਤਰਾਂ ਵਿਚ ਵੰਡ ਦਿੱਤਾ ਅਤੇ ਉਨ੍ਹਾਂ ਦਾ ਕਾਰਜ-ਭਾਰ ਸੰਭਾਲਣ ਲਈ ਆਪਣੇ ਵਿਸ਼ਵਸਤ ਸਾਧਕਾਂ ਨੂੰ ਨਿਯੁਕਤ ਕੀਤਾ। ਇਹ ਕੇਂਦਰ ਸਿੱਖ ਇਤਿਹਾਸ ਵਿਚ 'ਮੰਜੀਆਂ' ਦੇ ਨਾਂ ਨਾਲ ਪ੍ਰਸਿੱਧ ਹੋਏ। ਕੁਝ ਵਿਦਵਾਨਾਂ ਦੀ ਇਹ ਵੀ ਧਾਰਣਾ ਹੈ ਕਿ ਗੁਰੂ ਜੀ ਨੇ ਮੰਜੀਆਂ ਦੇ ਨਾਲ ਨਾਲ ਇਸਤਰੀਆਂ ਵਿਚ ਪ੍ਰਚਾਰ ਕਰਨ ਲਈ ਤਪਸਵਨੀ ਇਸਤਰੀਆਂ ਨੂੰ ਵੀ ਨਿਯੁਕਤ ਕੀਤਾ ਅਤੇ ਉਨ੍ਹਾਂ ਦੇ ਆਸਣ 'ਪੀੜ੍ਹਿਆਂ' ਦੇ ਨਾਂ ਨਾਲ ਪ੍ਰਸਿੱਧ ਹੋਏ। ਆਪ ਨੇ ਸਮਾਜ-ਸੁਧਾਰ ਵਲ ਉਚੇਚਾ ਧਿਆਨ ਦਿੱਤਾ। ਇਸਤਰੀਆਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਅਹਿਮ ਭੂਮਿਕਾ ਨਿਭਾਈ। ਛੂਤ-ਛਾਤ ਅਤੇ ਜਾਤਿ-ਭੇਦ-ਭਾਵ ਦੇ ਵਿਰੁੱਧ ਸ਼ਿਦਤ ਨਾਲ ਪ੍ਰਚਾਰ ਕਰਕੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ ਅਤੇ ਇਸ ਭਾਵ ਨੂੰ ਦ੍ਰਿੜ੍ਹ ਕਰਨ ਲਈ ਪੰਗਤ ਵਿਚ ਬੈਠ ਕੇ ਲੰਗਰ ਛਕਣ ਉਪਰੰਤ ਗੁਰੂ-ਦਰਬਾਰ ਵਿਚ ਪ੍ਰਵੇਸ਼ ਕਰਨ ਦੀ ਤਾਕੀਦ ਕੀਤੀ। ਕਹਿੰਦੇ ਹਨ ਜਦੋਂ ਅਕਬਰ ਬਾਦਸ਼ਾਹ ਗੁਰੂ-ਦਰਸ਼ਨ ਲਈ ਆਇਆ ਤਾਂ ਉਸ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਸਤੀ ਵਰਗੀ ਰਸਮ ਨੂੰ ਖ਼ਤਮ ਕਰਨ ਉਤੇ ਬਲ ਦਿੱਤਾ। ਲੋਕਾਂ ਦੇ ਆਤਮਿਕ ਕਲਿਆਣ ਲਈ ਚੌਰਾਸੀ ਪੌੜੀਆਂ ਦੀ ਬਾਉਲੀ ਬਣਵਾਈ। ਫਿਰ ਗੁਰੂ-ਚਕ ਦਾ ਨਿਰਮਾਣ ਕਰਨ ਦੀ ਯੋਜਨਾ ਬਣਾਈ। ਗਿਲਵਾਲੀ, ਸੁਲਤਾਨਵਿੰਡ, ਤੁੰਗ, ਗੁਮਟਾਲਾ ਆਦਿ ਪਿੰਡਾਂ ਦੇ ਮੁਖੀਆਂ ਨੂੰ ਬੁਲਾ ਕੇ ਚਕ ਦਾ ਸਥਾਨ ਨਿਸਚਿਤ ਕੀਤਾ ਅਤੇ ਨਿਰਮਾਣ-ਕਾਰਜ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ (ਗੁਰੂ ਰਾਮਦਾਸ) ਨੂੰ ਸੰਨ 1570 ਈ. ਵਿਚ ਸੌਂਪੀ।

ਗੁਰੂ ਜੀ ਨੇ ਬਾਣੀ ਨੂੰ ਰਲਿਆਂ ਤੋਂ ਬਚਾਉਣ ਲਈ ਉਸ ਦੇ ਸੰਕਲਨ ਦੀ ਯੋਜਨਾ ਬਣਾਈ ਅਤੇ ਆਪਣੇ ਪੋਤਰੇ (ਬਾਬਾ ਮੋਹਨ ਦੇ ਪੁੱਤਰ) 'ਸੰਸਰਾਮ' (ਵੇਖੋ) ਨੂੰ ਪੋਥੀਆਂ ਲਿਖਣ ਦਾ ਕੰਮ ਸੌਂਪਿਆ। ਇਹ ਪੋਥੀਆਂ ਗੁਰੂ ਅਮਰਦਾਸ ਜੀ ਦੇ ਪੁੱਤਰਾਂ ਪਾਸ ਹੀ ਰਹੀਆਂ ਜਿਨ੍ਹਾਂ ਵਿਚੋਂ ਹੁਣ ਇਕ ਬਾਬਾ ਭਗਤ ਸਿੰਘ ਦੇ ਪੁੱਤਰਾਂ (ਕੰਵਰਜੀਤ ਸਿੰਘ, ਜਗਜੀਤ ਸਿੰਘ, ਅਮਰਜੀਤ ਸਿੰਘ) ਕੋਲ ਪੰਜੌਰ ਵਿਚ ਅਤੇ ਦੂਜੀ ਪੋਥੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੰਡੀ ਦਾਰਾਪੁਰ ਦੇ ਬਾਬਾ ਦਲੀਪ ਸਿੰਘ ਦੀ ਸੰਤਾਨ (ਪੜਪੋਤਾ ਵਿਨੋਦ ਕੁਮਾਰ ਭੱਲਾ) ਪਾਸ ਜਲੰਧਰ ਵਿਚ ਸੁਰਖਿਅਤ ਹਨ। ਵਿਸਤਾਰ ਲਈ ਵੇਖੋ 'ਬਾਬੇ ਮੋਹਨ ਵਾਲੀਆਂ ਪੋਥੀਆਂ'।

ਆਪਣਾ ਅੰਤ-ਕਾਲ ਨੇੜੇ ਆਇਆ ਵੇਖ ਕੇ ਗੁਰੂ ਜੀ ਨੇ ਆਪਣੇ ਸਾਰੇ ਸੰਬੰਧੀਆਂ ਅਤੇ ਮੁੱਖ ਸੇਵਕਾਂ ਨੂੰ ਬੁਲਾ ਕੇ ਗੁਰੂ-ਪਦਵੀ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਪ੍ਰਦਾਨ ਕੀਤੀ। ਗੁਰੂ-ਪੁੱਤਰਾਂ ਵਿਚੋਂ ਬਾਬਾ ਮੋਹਰੀ ਨੇ ਤਾਂ ਪਿਤਾ ਦਾ ਆਦੇਸ਼ ਮੰਨ ਲਿਆ ਪਰ ਬਾਬਾ ਮੋਹਨ ਨੇ ਇਸ ਫ਼ੈਸਲੇ ਨਾਲ ਸਮਝੌਤਾ ਨ ਕੀਤਾ ਅਤੇ ਅੰਦਰੋਂ-ਅੰਦਰ ਵੈਰ ਦੀ ਭਾਵਨਾ ਵਿਕਸਿਤ ਕਰਦਾ ਰਿਹਾ। 1 ਸੰਤਬਰ 1574 ਈ. (ਸੰ. 1631 ਭਾਦੋਂ ਸੁਦਿ ਪੂਰਨਿਮਾ) ਵਾਲੇ ਦਿਨ ਗੁਰੂ ਜੀ ਨੇ ਭੌਤਿਕ ਸ਼ਰੀਰ ਤਿਆਗਣ ਤੋਂ ਪਹਿਲਾਂ ਸਭ ਨੂੰ ਸੰਬੋਧਿਤ ਕਰਦਿਆਂ ਕਿਹਾ

ਕਿ ਉਨ੍ਹਾਂ ਦੇ ਪਿਛੋਂ ਪਰੰਪਰਾਗਤ ਮ੍ਰਿਤ-ਸੰਕਾਰ ਕਰਨ ਦੀ ਥਾਂ ਹਰਿ-ਜਸ ਗਾਉਣ ਵਿਚ ਰੁਚੀ ਰਖਣਾ।

*ਵਿਅਕਤਿਤਵ :* ਗੁਰੂ ਜੀ ਦਾ ਵਿਅਕਤਿਤਵ ਇਕ ਅਨੁਭਵੀ ਅਤੇ ਸਹਿਜ ਸਾਧਕ ਵਾਲਾ ਸੀ। ਆਪ ਦੀ ਕਥਨੀ ਅਤੇ ਕਰਨੀ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਸੀ। ਵਰਣਾਸ਼੍ਰਮ-ਵਿਧਾਨ ਅਤੇ ਵਖ-ਵਖ ਧਰਮਾਂ ਦੁਆਰਾ ਫੈਲਾਈ ਭੇਦ-ਬੁੱਧੀ ਨੂੰ ਦੂਰ ਕਰਨ ਲਈ ਆਪ ਸਦਾ ਪ੍ਰਯਤਨਸ਼ੀਲ ਰਹੇ। ਆਪ ਸੁਧਾਰਵਾਦੀ, ਯੋਗ-ਪ੍ਰਬੰਧਕ ਅਤੇ ਪ੍ਰਵੀਣ-ਵਿਵਸਥਾਪਕ ਸਨ। ਆਪ ਦੇ ਤੇਜਸਵੀ ਵਿਅਕਤਿਤਵ ਨੂੰ ਚਿਤਰਦਿਆਂ ਕੀਰਤ ਭੱਟ ਨੇ ਕਿਹਾ ਹੈ — *ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ। ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ। ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ। ਨਾਨਕ ਕੁਲ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ। ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ।* (ਗੁ. ਗ੍ਰੰ.1395)।

*ਬਾਣੀ ਬਿਉਰਾ:* ਆਪ ਨੇ ਗੁਰੂ-ਗੱਦੀ ਉਪਰ ਬੈਠਣ ਉਪਰੰਤ ਆਪਣੇ ਰਹੱਸਵਾਦੀ ਅਨੁਭਵ ਨੂੰ ਬਾਣੀ ਰਾਹੀਂ ਅਭਿਵਿਅਕਤ ਕਰਨਾ ਸ਼ੁਰੂ ਕੀਤਾ। ਆਪ ਦੀ 18 ਰਾਗਾਂ ਵਿਚ ਰਚੀ ਬਾਣੀ ਗੁਰੂ-ਗ੍ਰੰਥ ਸਾਹਿਬ ਵਿਚ ਹੇਠ ਲਿਖੇ ਰਾਗ-ਕ੍ਰਮ ਅਨੁਸਾਰ ਦਰਜ ਹੈ :

(1) ਸਿਰੀ ਰਾਗ : ਚਉਪਦੇ-31, ਅਸ਼ਟਪਦੀਆਂ-8, ਸ਼ਲੋਕ-33 (ਵਾਰ ਮ.੫ ਵਿਚ) = 72
(2) ਮਾਝ ਰਾਗ : ਅਸ਼ਟਪਦੀਆਂ-32, ਸ਼ਲੋਕ-3 (ਵਾਰ ਮ.੧ ਵਿਚ) = 35
(3) ਗਉੜੀ ਰਾਗ : ਚਉਪਦੇ-18, ਅਸ਼ਟਪਦੀਆਂ-9, ਛੰਤ-5, ਸ਼ਲੋਕ-7 (ਵਾਰ ਮ.੫ ਵਿਚ)=39
(4) ਆਸਾ ਰਾਗ : ਚਉਪਦੇ-13, ਅਸ਼ਟਪਦੀਆਂ- 15, ਪਦੇ-18 ('ਪਟੀ' ਵਿਚ), ਛੰਤ-2=48
(5) ਗੁਜਰੀ ਰਾਗ : ਚਉਪਦੇ-7, ਅਸ਼ਟਪਦੀ-1, ਪਉੜੀਆਂ-22, ਸ਼ਲੋਕ-43 (ਵਾਰ ਮ.੩ ਵਿਚ) =73
(6) ਬਿਹਾਗੜਾ ਰਾਗ : ਸ਼ਲੋਕ-33 (ਵਾਰ ਮ.੫ ਵਿਚ) = 33
(7) ਵਡਹੰਸ ਰਾਗ : ਚਉਪਦੇ-9, ਅਸ਼ਟਪਦੀਆਂ- 2, ਛੰਤ-6, ਅਲਾਹਣੀਆਂ-4, ਸ਼ਲੋਕ-40 (ਵਾਰ ਮ.੫ ਵਿਚ) = 61
(8) ਸੋਰਠ ਰਾਗ : ਚਉਪਦੇ-12, ਅਸ਼ਟਪਦੀਆਂ- 3, ਸ਼ਲੋਕ-48 (ਵਾਰ ਮ.੫ ਵਿਚ) = 63
(9) ਧਨਾਸਰੀ ਰਾਗ : ਚਉਪਦੇ-9=9
(10) ਸੂਹੀ ਰਾਗ : ਅਸ਼ਟਪਦੀਆ-4, ਛੰਤ-7, ਪਉੜੀਆਂ -20, ਸ਼ਲੋਕ-15 (ਵਾਰ ਮ.੩ ਵਿਚ) = 46
(11) ਬਿਲਾਵਲ ਰਾਗ : ਚਉਪਦੇ-6, ਅਸ਼ਟਪਦੀ-1, ਪਦੇ-20 (ਸਤਵਾਰਿਆਂ ਵਿਚ), ਸ਼ਲੋਕ-24 (ਵਾਰ ਮ.੪ ਵਿਚ) = 51
(12) ਰਾਮਕਲੀ ਰਾਗ : ਚਉਪਦਾ-1, ਅਸ਼ਟਪਦੀਆਂ -5, ਪਦੇ-40 ('ਅਨੰਦੁ' ਬਾਣੀ ਵਿਚ), ਪਉੜੀਆ-21, ਸ਼ਲੋਕ-24 (ਵਾਰ ਮ.੩ ਵਿਚ)=91
(13) ਮਾਰੂ ਰਾਗ : ਚਉਪਦੇ-5, ਅਸ਼ਟਪਦੀ-1, ਸੋਲਹੇ -24, ਪਉੜੀਆਂ-22, ਸ਼ਲੋਕ-23 (ਵਾਰ ਮ.੩ ਵਿਚ)=75
(14) ਭੈਰਉ ਰਾਗ : ਚਉਪਦੇ-21, ਅਸ਼ਟਪਦੀਆਂ-2=23
(15) ਬਸੰਤ ਰਾਗ : ਅਸ਼ਟਪਦੀਆਂ-3, ਸ਼ਲੋਕ-23 (ਵਾਰ ਮ.੫ ਵਿਚ) = 26
(16) ਮਲਾਰ ਰਾਗ : ਚਉਪਦੇ-13, ਅਸ਼ਟਪਦੀਆਂ- 3, ਸ਼ਲੋਕ-27 (ਵਾਰ ਮ.੧ ਵਿਚ) = 43
(17) ਪ੍ਰਭਾਤੀ ਰਾਗ : ਚਉਪਦੇ-7, ਅਸ਼ਟਪਦੀਆਂ-2=9

ਰਾਗਾਂ ਤੋਂ ਵਾਧੂ ਬਾਣੀਆਂ ਵਿਚ ਆਪ ਜੀ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :

(1) ਸ਼ਲੋਕ-ਕਬੀਰ ਪ੍ਰਸੰਗ ਵਿਚ ਆਪ ਜੀ ਦਾ ਇਕ ਸ਼ਲੋਕ ਕ੍ਰਮਾਂਕ 220 ਉਤੇ ਹੈ = 1
(2) ਸ਼ਲੋਕ-ਫ਼ਰੀਦ ਪ੍ਰਸੰਗ ਵਿਚ ਆਪ ਜੀ ਦੇ ਪੰਜ ਸ਼ਲੋਕ ਸ਼ਾਮਲ ਹਨ। ਇਨ੍ਹਾਂ ਵਿਚੋਂ ਕ੍ਰਮਾਂਕ 52 ਰਾਮਕਲੀ ਵਾਰ ਮ.੩ ਵਿਚ ਅਤੇ ਕ੍ਰਮਾਂਕ 122 ਤੇ 123 ਵਡਹੰਸ ਵਾਰ ਮ.੪ ਵਿਚ ਪਹਿਲਾਂ ਗਿਣੇ ਜਾ ਚੁਕੇ ਹਨ। ਬਾਕੀ ਦੇ ਦੋ ਸ਼ਲੋਕ ਕ੍ਰਮਾਂਕ 13 ਅਤੇ 104 ਉਤੇ ਹਨ = 2
(3) 'ਸ਼ਲੋਕ ਵਾਰਾਂ ਤੇ ਵਧੀਕ' ਪ੍ਰਸੰਗ ਵਿਚ ਆਪ ਜੀ ਦੇ ਕੁਲ 67 ਸ਼ਲੋਕ ਹਨ, ਜਿਨ੍ਹਾਂ ਵਿਚੋਂ ਤਿੰਨ (ਦੋ

ਰਾਮਕਲੀ ਵਾਰ ਮ. ੩ ਅਤੇ ਇਕ ਮਾਰੂ ਵਾਰ ਮ. ੩ ਵਿਚ) ਉਪਰ ਗਿਣੇ ਜਾ ਚੁਕੇ ਹਨ। ਬਾਕੀ ਦੇ 64 ਸ਼ਲੋਕਾਂ ਤੋਂ ਇਲਾਵਾ ਇਕ ਸ਼ਲੋਕ ਇਸੇ ਪ੍ਰਸੰਗ ਦੇ ਗੁਰੂ ਨਾਨਕ ਦੇਵ ਜੀ ਦੇ ਸ਼ਲੋਕਾਂ ਨਾਲ ਕ੍ਰਮਾਂਕ 28 ਉਤੇ ਵੀ ਆਇਆ ਹੈ = 65

ਸਮੁੱਚੇ ਤੌਰ 'ਤੇ ਗੁਰੂ ਸਾਹਿਬ ਦੇ ਸ਼ਬਦਾਂ/ਸ਼ਲੋਕਾਂ ਦੀ ਕੁਲ ਗਿਣਤੀ 885 ਹੈ ਜਿਨ੍ਹਾਂ ਵਿਚ 172 ਚਉਪਦੇ, 91 ਅਸ਼ਟਪਦੀਆਂ, 24 ਸੋਲਹੇ, 78 ਪਦੇ, 4 ਅਲਾਹਣੀਆਂ, 20 ਛੰਤ, 411 ਸ਼ਲੋਕ ਅਤੇ 85 ਪਉੜੀਆਂ ਹਨ। ਸੁਤੰਤਰ ਨਾਂਵਾਂ ਵਾਲੀਆਂ ਬਾਣੀਆਂ ਦੀ ਗਿਣਤੀ ਅੱਠ ਹੈ ਜਿਵੇਂ ਪਟੀ, ਗੂਜਰੀ ਕੀ ਵਾਰ, ਅਲਾਹਣੀਆਂ, ਸੂਹੀ ਕੀ ਵਾਰ, ਸਤਵਾਰੇ, ਅਨੰਦੁ, ਰਾਮਕਲੀ ਕੀ ਵਾਰ ਅਤੇ ਮਾਰੂ ਕੀ ਵਾਰ। ਇਨ੍ਹਾਂ ਰਚਨਾਵਾਂ ਬਾਰੇ ਵਿਸਤਾਰ ਲਈ ਵੇਖੋ ਇਨ੍ਹਾਂ ਦੇ ਇੰਦਰਾਜ।

*ਵਿਚਾਰਧਾਰਾ:* ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਦਾ ਮੂਲਾਧਾਰ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਵਿਚਾਰਧਾਰਾ ਹੈ ਜੋ ਆਪ ਨੂੰ ਵਿਰਾਸਤ ਵਿਚ ਮਿਲੀ ਸੀ ਅਤੇ ਉਸੇ ਦਾ ਗੁਰੂ ਜੀ ਨੇ ਆਪਣੇ ਢੰਗ ਨਾਲ ਵਿਸਤਾਰ ਕੀਤਾ ਹੈ। ਗੁਰੂ ਜੀ ਅਨੁਸਾਰ ਪਰਮ-ਸੱਤਾ ਨਿਰਗੁਣ, ਨਿਰਾਕਾਰ, ਅਕਥਨੀ, ਅਗੋਚਰ, ਅਲੱਖ, ਅਗੰਮ ਹੈ। ਇਹ ਸਾਰਾ ਸੰਸਾਰ ਉਸ ਦਾ ਹੀ ਰੂਪ ਅਤੇ ਖੇਲ-ਪਸਾਰਾ ਹੈ। ਗੁਰੂ ਦੀ ਕ੍ਰਿਪਾ ਦੁਆਰਾ ਇਸ ਭੇਦ ਨੂੰ ਜਾਣਿਆ ਜਾ ਸਕਦਾ ਹੈ — *ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ। ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ।* (ਗੁ.ਗ੍ਰੰ.922)। ਇਸ ਸ੍ਰਿਸ਼ਟੀ ਦੇ ਸੰਚਾਲਨ, ਪਾਲਨ, ਵਿਨਾਸ਼, ਰਖਿਆ ਕਰਨ ਦੀ ਸ਼ਕਤੀ ਕੇਵਲ ਪਰਮਾਤਮਾ ਪਾਸ ਹੈ। ਬਹੁ-ਦੇਵਵਾਦ ਅਤੇ ਅਵਤਾਰਵਾਦ ਦਾ ਗੁਰੂ ਜੀ ਨੇ ਖੰਡਨ ਕੀਤਾ ਹੈ ਅਤੇ ਦਸਿਆ ਹੈ ਕਿ ਦੇਵਤੇ ਅਸਲ ਵਿਚ ਤ੍ਰਿਗੁਣਾਤਮਕ ਭਰਮ ਵਿਚ ਗ੍ਰਸੇ ਆਪਣੇ ਮੂਲ ਉਦੇਸ਼ ਨੂੰ ਭੁਲਾ ਬੈਠੇ ਹਨ— *ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ।*(ਗੁ.ਗ੍ਰੰ.909)।

ਸ੍ਰਿਸ਼ਟੀ ਦੀ ਸਿਰਜਨਾ ਪਰਮਾਤਮਾ ਦੁਆਰਾ ਮੰਨ ਕੇ ਗੁਰੂ ਜੀ ਨੇ ਸ੍ਰਿਸ਼ਟੀ ਦੀ ਪੂਰਵ-ਅਵਸਥਾ ਦਾ ਚਿਤ੍ਰਣ ਕਰਦੇ ਹੋਇਆਂ ਦਸਿਆ ਹੈ ਕਿ ਉਦੋਂ ਆਕਾਸ਼, ਪਾਤਾਲ, ਤਿੰਨ ਲੋਕ ਆਦਿ ਕਿਸੇ ਦੀ ਵੀ ਉਤਪੱਤੀ ਨਹੀਂ ਹੋਈ ਸੀ, ਉਸ ਸਮੇਂ ਕੇਵਲ ਨਿਰਾਕਾਰ ਬ੍ਰਹਮ ਹੀ ਸੀ— *ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ। ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।* (ਗੁ.ਗ੍ਰੰ.509)। ਇਹ ਸਾਰੀ ਸ੍ਰਿਸ਼ਟੀ ਸ਼ਬਦ, ਨਾਮ ਅਥਵਾ ਹੁਕਮ ਆਦਿ ਰਾਹੀਂ ਹੋਂਦ ਵਿਚ ਆਈ ਅਤੇ ਉਸੇ ਦੁਆਰਾ ਅਨੁਸ਼ਾਸਿਤ ਹੈ। ਇਹ ਸੰਸਾਰ ਪਰਮਾਰਥਿਕ ਦ੍ਰਿਸ਼ਟੀ ਤੋਂ ਮਿਥਿਆ ਅਤੇ ਵਿਵਹਾਰਿਕ ਦ੍ਰਿਸ਼ਟੀ ਤੋਂ ਸੱਚਾ ਹੈ ਕਿਉਂਕਿ ਵਿਵਹਾਰ ਵਿਚ ਇਸ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਮਨੁੱਖ ਨੂੰ ਗੁਰੂ ਜੀ ਨੇ ਹੋਰਨਾਂ ਪ੍ਰਾਣੀਆਂ ਦੇ ਮੁਕਾਬਲੇ ਬਹੁਤ ਗੌਰਵ ਪ੍ਰਦਾਨ ਕੀਤਾ ਹੈ ਕਿਉਂਕਿ ਇਹੀ ਸ੍ਰੇਸ਼ਠ ਜੂਨ ਹੈ ਅਤੇ ਇਸੇ ਰਾਹੀਂ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕੀਤੀ ਜਾ ਸਕਦੀ ਹੈ, ਬਾਕੀ ਜੂਨਾਂ ਤਾਂ ਪ੍ਰਾਲਬਧ ਕਰਮਾਂ ਦਾ ਫਲ ਭੋਗਣ ਲਈ ਹੁੰਦੀਆਂ ਹਨ। ਮਨੁੱਖ ਦੀ ਦੇਹ ਦੇਵਤਿਆਂ ਦੇ ਸ਼ਰੀਰ ਤੋਂ ਅਧਿਕ ਉੱਤਮ ਹੈ। ਇਹ ਆਤਮਾ ਦਾ ਵਾਹਨ ਹੈ। ਇਸੇ ਰਾਹੀਂ ਨਾਮ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ। ਪਰ ਇਹ ਸਾਰਾ ਕੁਝ ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਨ ਨਾਲ ਹੀ ਹੋ ਸਕਦਾ ਹੈ — *ਇਸੁ ਕਾਇਆ ਅੰਦਰਿ ਨਾਮੁ ਨਉਨਿਧਿ ਪਾਈਐ ਗੁਰ ਕੈ ਸਬਦਿ ਬੀਚਾਰਾ।* (ਗੁ.ਗ੍ਰੰ.754)। ਇਹ ਸ਼ਰੀਰ ਨਾਸ਼ਮਾਨ ਹੈ, ਪਰ ਇਸ ਵਿਚ ਸਥਿਤ ਆਤਮਾ ਸਥਾਈ ਅਤੇ ਸਦੀਵੀ ਹੈ। ਸ਼ਰੀਰ ਅਸਲੋਂ ਮਿੱਟੀ ਦਾ ਪੁੱਤਲਾ ਹੋਣ ਨਾਤੇ ਤ੍ਰਿਗੁਣਾਤਮਕ ਹੈ।

ਸੰਸਾਰ ਦੇ ਪ੍ਰਾਣੀਆਂ ਨੂੰ ਭਰਮਿਤ ਕਰਨ ਲਈ ਪ੍ਰਭੂ ਨੇ ਮਾਇਆ ਦੀ ਰਚਨਾ ਕੀਤੀ ਹੋਈ ਹੈ। ਇਸ ਦੇ ਪ੍ਰਪੰਚ ਵਿਚ ਫਸ ਕੇ ਮਨੁੱਖ ਆਪਣੇ ਵਾਸਤਵਿਕ ਮਾਰਗ ਤੋਂ ਖੁੰਝ ਜਾਂਦਾ ਹੈ ਅਤੇ ਆਪਣੇ ਅਧਿਆਤਮਿਕ ਭਵਿਖ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਲੈਂਦਾ ਹੈ। ਪਰ ਇਸ ਦਾ ਪ੍ਰਭਾਵ ਪ੍ਰਭੂ ਤੋਂ ਮੁਨਕਰ ਹੋਏ ਮਨਮੁਖਾਂ ਉਤੇ ਪੈਂਦਾ ਹੈ, ਭਗਤ ਸਾਧਕਾਂ ਦੀ ਤਾਂ ਇਹ ਦਾਸੀ ਬਣ ਕੇ ਰਹਿੰਦੀ ਹੈ— *ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।*(ਗੁ.ਗ੍ਰੰ.231)।

ਜਾਗਤਿਕ ਪ੍ਰਪੰਚ ਤੋਂ ਬਚਣਾ ਅਤੇ ਸ਼ੁੱਧ-ਸਰੂਪ ਵਿਚ ਵਿਲੀਨ ਹੋਣਾ ਹੀ ਮੁਕਤੀ ਦੀ ਅਵਸਥਾ ਹੈ। ਗੁਰੂ ਜੀ ਨੇ ਇਸ ਨੂੰ 'ਜੋਤੀ ਜੋਤਿ ਮਿਲਾਈ' ਕਿਹਾ ਹੈ। ਇਸ ਲਈ ਸ਼ਰੀਰ ਤਿਆਗਣ ਦੀ ਲੋੜ ਨਹੀਂ, ਦੇਹੀ ਦੇ ਰਹਿੰਦਿਆਂ ਵੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਜਿਗਿਆਸੂ ਨੂੰ ਮੁਕਤ ਅਵਸਥਾ ਪ੍ਰਾਪਤ ਕਰਨ

ਲਈ ਕਿਸ ਸਾਧਨ ਨੂੰ ਅਪਣਾਉਣਾ ਚਾਹੀਦਾ ਹੈ ? ਇਸ ਬਾਰੇ ਗੁਰੂ ਜੀ ਨੇ ਆਪਣੀ ਬਾਣੀ ਵਿਚ ਵਿਸਤਾਰ ਨਾਲ ਝਾਤ ਪਾਈ ਹੈ। ਯਾਦ ਰਹੇ ਕਿ ਗੁਰੂ ਜੀ ਨੇ ਸਾਧਨਾ ਦੀ ਕਿਸੇ ਵੀ ਪ੍ਰਾਚੀਨ ਪੱਧਤੀ ਦਾ ਖੰਡਨ ਨਹੀਂ ਕੀਤਾ, ਜੇ ਕਿਤੇ ਖੰਡਨਾਤਮਕ ਸਵਰ ਮਿਲਦਾ ਹੈ ਤਾਂ ਉਨ੍ਹਾਂ ਦੇ ਰੂੜ੍ਹ ਰੂਪਾਂ ਦਾ ਜੋ ਯੁਗ ਨਾਲ ਕਦਮ ਨਹੀਂ ਮਿਲਾ ਸਕੇ। ਗੁਰੂ ਜੀ ਦਾ ਅਧਿਕ ਬਲ ਪ੍ਰੇਮ-ਭਗਤੀ ਉਤੇ ਹੈ ਕਿਉਂਕਿ ਕਲਿਯੁਗ ਵਿਚ ਭਵਸਾਗਰ ਨੂੰ ਪਾਰ ਕਰਨ ਦਾ ਇਹੀ ਇਕ-ਮਾਤ੍ਰ ਉਪਾ ਹੈ। ਅਸਲ ਵਿਚ, ਉਨ੍ਹਾਂ ਦੀ ਬਾਣੀ ਦਾ ਮੂਲ ਵਿਸ਼ਾ ਭਗਤੀ-ਸਾਧਨਾ ਅਤੇ ਉਸ ਦੇ ਵਖ ਵਖ ਪੱਖਾਂ ਨਾਲ ਸੰਬੰਧਿਤ ਹੈ। ਗੁਰੂ ਜੀ ਆਪ ਇਕ ਅਦੁੱਤੀ ਭਗਤ ਸਾਧਕ ਸਨ। ਉਨ੍ਹਾਂ ਨੇ ਆਪਣੀ ਭਗਤੀ ਦੇ ਬਲ 'ਤੇ ਹੀ ਅਧਿਆਤਮਿਕ ਖੇਤਰ ਵਿਚ ਸਰਬ-ਉਚ ਸਥਾਨ ਪ੍ਰਾਪਤ ਕੀਤਾ ਸੀ। ਗੁਰੂ ਜੀ ਨੇ ਨਾਮ-ਸਾਧਨਾ, ਹੁਕਮ ਮੰਨਣ ਪ੍ਰਤਿ ਵਿਸ਼ੇਸ਼ ਰੁਚੀ, ਗੁਰੂ ਅਤੇ ਸਾਧ-ਸੰਗਤ ਦਾ ਸੰਪਰਕ ਅਤੇ ਸਮਾਜਿਕ ਦੁਰਵ੍ਰਿਤੀਆਂ ਦੇ ਤਿਆਗ ਆਦਿ ਪੱਖਾਂ ਉਤੇ ਬਹੁਤ ਬਲ ਦਿੱਤਾ ਹੈ।

ਗੁਰੂ ਅਮਰਦਾਸ ਨੇ ਸੇਵਾ ਉਤੇ ਵੀ ਬਹੁਤ ਬਲ ਦਿੱਤਾ ਹੈ। ਉਹ ਆਪ ਸੇਵਾ ਦੇ ਮੁਜਸਮੇ ਸਨ। ਉਨ੍ਹਾਂ ਦਾ ਸਾਰਾ ਜੀਵਨ ਸੇਵਾਮਈ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਸੇਵਾ ਦੀ ਭਾਵਨਾ ਦਾ ਸੁਰ ਬਹੁਤ ਉੱਚਾ ਹੈ। ਆਪ ਦੀ ਬਾਣੀ ਵਿਚ ਸੇਵਾ ਦੇ ਦੋ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ — ਪ੍ਰਭੂ ਦੀ ਸੇਵਾ ਅਤੇ ਗੁਰੂ ਦੀ ਸੇਵਾ। ਗੁਰੂ ਚੂੰਕਿ ਸੰਸਾਰ ਵਿਚ ਪ੍ਰਭੂ ਦਾ ਸਾਕਾਰ ਰੂਪ ਹੈ, ਇਸ ਲਈ ਬੁਨਿਆਦੀ ਤੌਰ 'ਤੇ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਸੇਵਾਵਾਂ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ। ਪਰ ਸ਼ੁੱਧ ਹਿਰਦੇ ਅਥਵਾ ਸਾਤਵਿਕ ਵ੍ਰਿੱਤੀ ਵਾਲੇ ਦੀ ਸੇਵਾ ਹੀ ਪ੍ਰਵਾਨ ਹੁੰਦੀ ਹੈ — *ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ।* (ਗੁ.ਗ੍ਰੰ.28)। ਸਭ ਵਿਚ ਪਰਮਾਤਮਾ ਦੇ ਪ੍ਰਤਿਬਿੰਬਤ ਹੋਣ ਕਾਰਣ ਸੇਵਾ ਦੇ ਪਰਿਵੇਸ਼ ਵਿਚ ਮਨੁੱਖਤਾ ਦੀ, ਪ੍ਰਾਣੀ ਮਾਤ੍ਰ ਦੀ ਸੇਵਾ ਵੀ ਸਮੋਈ ਜਾਂਦੀ ਹੈ।

*ਸਾਹਿਤਿਕਤਾ:* ਗੁਰੂ ਜੀ ਨੇ ਜਿਗਿਆਸੂ ਨੂੰ ਅਧਿਆਤਮਿਕਤਾ ਅਤੇ ਧਾਰਮਿਕਤਾ ਦੇ ਵਿਭਿੰਨ ਪੱਖਾਂ ਨੂੰ ਸਮਝਾਉਣ ਅਤੇ ਆਪਣੀ ਵਿਸਮਾਦੀ ਅਨੁਭੂਤੀ ਨਾਲ ਪਰਿਚਿਤ ਕਰਾਉਣ ਲਈ ਕਾਵਿ ਨੂੰ ਸਾਧਨ ਬਣਾਇਆ। ਇਸ ਤੋਂ ਭਿੰਨ ਉਨ੍ਹਾਂ ਦਾ ਕੋਈ ਹੋਰ ਉਦੇਸ਼ ਹੋਣਾ ਪ੍ਰਤੀਤ ਨਹੀਂ ਹੁੰਦਾ। ਚੂੰਕਿ ਗੁਰੂ ਜੀ ਦੀ ਬਾਣੀ ਦੇ ਪ੍ਰਤਿਪਾਦਿਤ ਵਿਚਾਰ ਬੜੇ ਗੰਭੀਰ, ਸਵੈ-ਅਨੁਭੂਤ ਅਤੇ ਸਚ-ਆਧਾਰਿਤ ਸਨ, ਇਸ ਲਈ ਉਨ੍ਹਾਂ ਦੀ ਅਭਿਵਿਅਕਤੀ ਵੀ ਬੜੀ ਯਥਾਰਥ, ਸਰਲ ਅਤੇ ਹਿਰਦੇ ਉਤੇ ਸਿਧਾ ਪ੍ਰਭਾਵ ਪਾਉਣ ਵਾਲੀ ਹੈ। ਉਸ ਵਿਚ ਭਾਵ-ਏਕਤਾ ਦੇ ਨਾਲ ਨਾਲ ਕਥਨ-ਸ਼ਕਤੀ ਵੀ ਬਹੁਤ ਪ੍ਰਬਲ ਹੈ। ਉਸ ਵਿਚ ਜੇ ਇਕ ਪਾਸੇ ਅਧਿਆਤਮਿਕ ਵਾਤਾਵਰਣ ਸਿਰਜਨ ਦੀ ਅਦੁੱਤੀ ਪ੍ਰਬੀਨਤਾ ਹੈ ਤਾਂ ਦੂਜੇ ਪਾਸੇ ਤੀਬਰ ਪ੍ਰਵਾਹਮਾਨਤਾ ਵੀ ਹੈ।

ਗੁਰੂ ਜੀ ਦੀ ਸਾਰੀ ਬਾਣੀ ਰਾਗਾਨੁਸ਼ਾਸਿਤ ਹੈ। ਆਪ ਨੇ ਆਪਣੀ ਬਾਣੀ 18 ਰਾਗਾਂ ਵਿਚ ਉੱਚਾਰਣ ਕੀਤੀ ਹੈ। ਸਪੱਸ਼ਟ ਹੈ ਕਿ ਗੁਰੂ ਜੀ ਨੂੰ ਰਾਗ-ਰਾਗਨੀਆਂ ਦੀਆਂ ਭਾਵਨਾਗਤ ਸੂਖਮਤਾਵਾਂ ਦਾ ਪੂਰਾ ਗਿਆਨ ਸੀ। ਉਨ੍ਹਾਂ ਨੇ ਕਿਤੇ ਕਿਤੇ ਕੁਝ ਰਾਗਾਂ (ਸਿਰੀ, ਗਉੜੀ, ਗੂਜਰੀ, ਵਡਹੰਸ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਬਸੰਤ, ਮਲਾਰ, ਕੇਦਾਰਾ) ਬਾਰੇ ਆਪਣੀਆਂ ਮੌਲਿਕ ਸਥਾਪਨਾਵਾਂ ਵੀ ਕੀਤੀਆਂ ਹਨ। ਉਦਾਹਰਣ ਲਈ : (1) *ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ। ਗੁਰਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ।* (ਗੁ.ਗ੍ਰੰ.1285)। (2) *ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਮਾਇ।*(ਗੁ.ਗ੍ਰੰ.1419)। ਕੇਦਾਰਾ ਰਾਗ ਵਿਚ ਭਾਵੇਂ ਗੁਰੂ ਜੀ ਨੇ ਬਾਣੀ ਦੀ ਰਚਨਾ ਨਹੀਂ ਕੀਤੀ, ਪਰ ਉਸ ਰਾਗ ਦੇ ਅਧਿਆਤਮਿਕ ਕਰਤੱਵ ਬਾਰੇ ਆਪਣੀ ਮਾਨਤਾ ਜ਼ਰੂਰ ਸਪੱਸ਼ਟ ਕੀਤੀ ਹੈ — *ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ। ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੈ ਪਿਆਰੁ।...* (ਗੁ.ਗ੍ਰੰ.1087)। ਇਸ ਸੰਬੰਧ ਵਿਚ ਇਹ ਗੱਲ ਵਿਚਾਰਨਯੋਗ ਹੈ ਕਿ ਗੁਰੂ ਜੀ ਨੇ ਸੰਗੀਤ ਦੀ ਵਰਤੋਂ ਪ੍ਰਭੂ ਦੇ ਜਸ ਗਾਉਣ ਲਈ ਕੀਤੀ ਹੈ, ਨ ਕਿ ਸੰਗੀਤ ਦੀਆਂ ਸ਼ਾਸਤ੍ਰੀ ਆਵੱਸ਼ਕਤਾਵਾਂ ਨੂੰ ਕੋਈ ਅਹਿਮੀਅਤ ਦਿੱਤੀ ਹੈ। ਅਸਲੋਂ ਕੀਰਤਨ ਗੀਤ/ਸੰਗੀਤ ਨਹੀਂ, ਉਸਤਤ-ਮਈ ਪਦਿਆਂ ਦਾ ਸੰਗੀਤ ਦੇ ਸੰਦਰਭ ਵਿਚ ਗਾਇਨ ਹੈ। ਇਸ ਲਈ ਇਸ ਦਾ ਸਰੂਪ ਪ੍ਰਕ੍ਰਿਆਤਮਕ ਹੈ, ਵਸਤੂ-ਪਰਕ ਨਹੀਂ। ਇਸ ਤੱਥ ਵਲ ਗੁਰੂ ਜੀ ਨੇ ਕਈਆਂ ਥਾਂਵਾਂ 'ਤੇ ਸੰਕੇਤ ਕੀਤਾ ਹੈ — *ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ। ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ।*(ਗੁ.ਗ੍ਰੰ.593)।

ਗੁਰੂ ਅਮਰਦਾਸ ਨੇ ਬਾਣੀ ਦੀ ਰਚਨਾ ਗੁਰੂ-ਗੱਦੀ ਮਿਲਣ ਉਪਰੰਤ ਕਰਨੀ ਸ਼ੁਰੂ ਕੀਤੀ ਸੀ ਜਦੋਂ ਉਨ੍ਹਾਂ ਦੀ ਆਯੂ ਸੱਤਰ ਵਰ੍ਹਿਆਂ ਤੋਂ ਉਪਰ ਹੋ ਚੁਕੀ ਸੀ। ਇਸ ਲਈ ਆਪ ਦੀ ਬਾਣੀ ਵਿਚ ਵੈਰਾਗ ਦੀ ਭਾਵਨਾ ਅਧਿਕ ਅਭਿਵਿਅਕਤ ਹੋਈ ਹੈ। ਪਰ ਇਹ ਵੈਰਾਗ- ਭਾਵਨਾ ਸੰਸਾਰ ਨੂੰ ਤਿਆਗਣ ਅਥਵਾ ਇਸ ਤੋਂ ਕਿਨਾਰਾ ਕਰਨ ਵਾਲੀ ਨਹੀਂ, ਸਗੋਂ ਸੰਸਾਰਿਕਤਾ ਵਿਚ ਰਹਿੰਦੇ ਹੋਇਆਂ ਇਸ ਤੋਂ ਅਪ੍ਰਭਾਵਿਤ ਹੋ ਕੇ ਹਰ ਵਕਤ ਹਰਿ ਵਿਚ ਲਿਵਲੀਨ ਹੋਣਾ ਹੈ — *ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ।*(ਗੁ.ਗ੍ਰੰ.440)। ਇਸ ਤਰ੍ਹਾਂ ਬਾਣੀ ਤੋਂ ਅਧਿਕਤਰ ਸ਼ਾਂਤ-ਰਸ ਦਾ ਆਭਾਸ ਹੁੰਦਾ ਹੈ। ਪਰ ਇਹ ਸ਼ਾਂਤ-ਰਸ ਭਗਤੀ-ਰਸ ਦਾ ਪੂਰਕ ਹੈ। ਭਗਤੀ ਦੀ ਪ੍ਰਧਾਨਤਾ ਕਾਰਣ ਸੰਯੋਗ ਅਤੇ ਵਿਯੋਗ ਦੀ ਉਜਵਲ ਅਭਿਵਿਅਕਤੀ ਹੋਈ ਹੈ। ਨਿਮਰਤਾ, ਆਜਜ਼ੀ ਅਤੇ ਵਿਯੋਗ ਦੀ ਅਸੁਖਾਵੀਂ ਸਥਿਤੀ ਦਾ ਬੜਾ ਮਾਰਮਿਕ ਵਰਣਨ ਆਪ ਦੀ ਬਾਣੀ ਦੀ ਸ਼ੈਲੀ-ਗਤ ਵਿਸ਼ਿਸ਼ਟਤਾ ਹੈ — *ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ। ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ। ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ।*(ਗੁ.ਗ੍ਰੰ.244)।

ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ ਤੋਂ ਇਲਾਵਾ ਗੁਰੂ ਜੀ ਦੇ ਵਿਸ਼ਾਲ ਅਨੁਭਵ ਦਾ ਪਰਿਚਯ ਉਨ੍ਹਾਂ ਦੇ ਬਿੰਬ-ਵਿਧਾਨ ਤੋਂ ਹੁੰਦਾ ਹੈ। ਇਹ ਬਿੰਬ ਰੂਪ, ਨਾਦ, ਸਪਰਸ਼, ਰਸ, ਗੰਧ ਆਦਿ ਸਾਰੀਆਂ ਇੰਦ੍ਰੀਆਂ ਨਾਲ ਸੰਬੰਧਿਤ ਹੋਣ ਤੋਂ ਇਲਾਵਾ ਇਤਿਹਾਸਿਕ, ਪੌਰਾਣਿਕ ਅਤੇ ਪ੍ਰਾਕ੍ਰਿਤਿਕ ਖੇਤਰਾਂ ਤੋਂ ਵੀ ਬਹੁਤ ਸਾਮਗ੍ਰੀ ਲੈਂਦੇ ਹਨ।

ਗੁਰੂ ਜੀ ਦੀ ਬਾਣੀ ਵਿਚ ਭਾਵੇਂ ਪੁਰਾਣੀ ਹਿੰਦੀ ਜਾਂ ਸਧੁੱਕੜੀ ਦਾ ਕਾਫ਼ੀ ਅੰਸ਼ ਮੌਜੂਦ ਹੈ, ਪਰ ਉਨ੍ਹਾਂ ਦੀ ਭਾਸ਼ਾ ਦਾ ਪਿੰਡਾ ਪੰਜਾਬੀ ਹੈ। ਸਧੁੱਕੜੀ ਦਾ ਅੰਸ਼ ਵੀ ਬਹੁਤ ਔਖਾ ਨਹੀਂ, ਸਾਧਾਰਣ ਵਰਗ ਦੇ ਜਿਗਿਆਸੂਆਂ ਦੀ ਸੂਝ-ਸੀਮਾ ਦੇ ਅੰਤਰਗਤ ਹੈ। ਇਹ ਅੰਸ਼ ਚਉਪਦਿਆਂ ਅਤੇ ਅਸ਼ਟਪਦੀਆਂ ਵਿਚ ਕੁਝ ਅਧਿਕ ਹੈ, ਪਰ ਵਾਰਾਂ ਅਤੇ ਸ਼ਲੋਕਾਂ ਵਿਚ ਘਟ। ਇਸ ਦਾ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਜਿਥੇ ਕਾਵਿ-ਗਤ ਜਾਂ ਸ਼ੈਲੀ-ਗਤ ਰੂਪ ਪੁਰਾਣੀ ਹਿੰਦੀ ਪਰੰਪਰਾ ਵਾਲਾ ਹੈ, ਉਥੇ ਸਧੁੱਕੜੀ ਦੀ ਅਧਿਕਤਾ ਹੈ ਅਤੇ ਜਿਥੇ ਪੰਜਾਬੀ ਕਾਵਿ-ਰੂਪ 'ਵਾਰ' ਨੂੰ ਵਰਤਿਆ ਗਿਆ ਹੈ, ਉਥੇ ਸਧੁੱਕੜੀ ਦਬ ਗਈ ਹੈ। ਆਪ ਜੀ ਦੀ ਬਾਣੀ ਦਾ ਪੰਜਾਬੀਪਨ ਕੇਂਦਰੀ ਪੰਜਾਬੀ ਦੇ ਨੇੜੇ ਹੈ। ਇਸ ਨੂੰ ਬਿਲਕੁਲ ਜਨ-ਸਾਧਾਰਣ ਦੀ ਭਾਸ਼ਾ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਵਿਚ ਕਾਵਿ-ਭਾਸ਼ਾ ਵਾਲੇ ਗੁਣ ਵੀ ਮੌਜੂਦ ਹਨ। ਅਧਿਆਤਮਿਕ ਵਿਸ਼ੇ ਨਾਲ ਸੰਬੰਧਿਤ ਹੋਣ ਕਾਰਣ ਇਸ ਵਿਚ ਆਵੱਸ਼ਕ ਗੰਭੀਰਤਾ ਵੀ ਹੈ ਅਤੇ ਕਿਤੇ ਕਿਤੇ ਬੌਧਿਕ ਪੱਧਰ ਕੁਝ ਉੱਚੀ ਵੀ ਹੈ। ਇਹ ਭਾਸ਼ਾ ਸੰਯੋਗਾਤਮਕ ਨੁਹਾਰ ਵਾਲੀ ਹੈ। ਇਸ ਵਿਚ ਸੰਸਕ੍ਰਿਤ, ਅਪਭ੍ਰੰਸ਼ ਦੀਆਂ ਵਿਭਕਤੀਆਂ ਅਤੇ ਉਕਾਰਾਂਤ ਤੇ ਇਕਾਰਾਂਤ ਦੇ ਪ੍ਰਯੋਗ ਆਮ ਮਿਲਦੇ ਹਨ। ਸਮੁੱਚੇ ਰੂਪ ਵਿਚ ਗੁਰੂ ਜੀ ਦੀ ਭਾਸ਼ਾ ਬੜੀ ਸਸ਼ਕਤ ਅਤੇ ਵਿਸ਼ੇ ਦੇ ਪ੍ਰਤਿਪਾਦਨ ਵਿਚ ਸਫਲ ਰਹੀ ਹੈ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਵਿਚ ਬਾਣੀ ਰਚ ਕੇ ਉਸ ਵਿਚ ਜੀਵਨ-ਅਨੁਭਵ ਦਾ ਨਿਚੋੜ ਭਰ ਦਿੱਤਾ ਹੈ ਜੋ ਜਿਗਿਆਸੂਆਂ ਲਈ ਸਹੀ ਪਥ-ਪ੍ਰਦਰਸ਼ਕ ਅਤੇ ਅਤਿ-ਅਧਿਕ ਪ੍ਰੇਰਣਾਦਾਇਕ ਹੈ।

**ਅਮਰਾਪਦ:** ਉਹ ਪਦ ਜੋ ਸਦਾ ਕਾਇਮ ਰਹੇ। ਵੇਖੋ 'ਤੁਰੀਆਵਸਥਾ'।

**ਅਮਰੋ, ਬੀਬੀ** : ਮਾਤਾ ਖੀਵੀ ਦੀ ਕੁੱਖੋਂ ਪੈਦਾ ਹੋਈ ਗੁਰੂ ਅੰਗਦ ਦੇਵ ਜੀ ਦੀ ਸਭ ਤੋਂ ਵੱਡੀ ਸੁਪੁੱਤਰੀ, ਜਿਸ ਦਾ ਜਨਮ ਖਡੂਰ ਸਾਹਿਬ ਵਿਚ 16ਵੀਂ ਸਦੀ ਦੇ ਦੂਜੇ ਦਹਾਕੇ ਵਿਚ ਹੋਇਆ ਦਸਿਆ ਜਾਂਦਾ ਹੈ। ਬਚਪਨ ਤੋਂ ਹੀ ਇਸ ਦੀਆਂ ਰੁਚੀਆਂ ਧਾਰਮਿਕ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਕਈ ਸ਼ਬਦ ਇਸ ਨੇ ਕੰਠ ਕੀਤੇ ਹੋਏ ਸਨ। ਜਵਾਨ ਹੋਣ 'ਤੇ ਇਸ ਦਾ ਵਿਆਹ ਬਾਸਰਕੇ ਪਿੰਡ (ਹੁਣ ਬਾਸਰਕੇ ਗਿਲਾਂ, ਜ਼ਿਲ੍ਹਾ ਅੰਮ੍ਰਿਤਸਰ) ਵਿਚ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਕੀਤਾ ਗਿਆ। ਆਪਣੇ ਸਹੁਰ ਘਰ ਵੀ ਬੀਬੀ ਜੀ ਸਵੇਰੇ ਉਠ ਕੇ ਨਿੱਤਨੇਮ ਕਰਦੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸ਼ਬਦਾਂ ਨੂੰ ਮਧੁਰ ਸੁਰ ਨਾਲ ਉਚਾਰਦੇ ਸਨ। ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਜੀ ਨੂੰ ਮਾਰੂ ਰਾਗ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ — *ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ। ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।*(ਗੁ.ਗ੍ਰੰ.

990)— ਉਚਾਰਦਿਆਂ ਸੁਣਿਆ ਅਤੇ ਇਤਨੇ ਪ੍ਰਭਾਵਿਤ ਹੋਏ ਕਿ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਬੇਤਾਬ ਹੋ ਗਏ। ਕਹਿੰਦੇ ਹਨ ਕਿ ਉਹ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਖਡੂਰ ਸਾਹਿਬ ਗਏ ਅਤੇ ਫਿਰ ਉਥੋਂ ਦੇ ਹੀ ਹੋ ਕੇ ਰਹਿ ਗਏ। ਬੀਬੀ ਜੀ ਦੀ ਯਾਦ ਵਿਚ ਬਣੀ ਸਮਾਧ ਹੁਣ ਵੀ ਬਾਸਰਕੇ ਪਿੰਡ ਵਿਚ ਮੌਜੂਦ ਹੈ।

**ਅਮਲ:** ਵੇਖੋ 'ਨਸ਼ੇ'।

**ਅਮਾਵਸ:** ਸੰਸਕ੍ਰਿਤ ਦੇ 'ਅਮਾਵਸ੍ਯਾ' ਸ਼ਬਦ ਦੇ ਤਦਭਵ ਰੂਪ ਵਿਚ ਵਰਤਿਆ ਗਿਆ ਇਹ ਸ਼ਬਦ ਭਾਰਤੀ ਰਾਸ਼ੀ-ਵਿਗਿਆਨ ਦੀ ਇਕ ਮਹੱਤਵਪੂਰਣ ਤਿਥੀ ਦਾ ਲਖਾਇਕ ਹੈ। ਇਸ ਨੂੰ ਕ੍ਰਿਸ਼ਣ (ਹਨੇਰੇ) ਪੱਖ ਦੀ ਅੰਤਿਮ ਤਿਥੀ ਮੰਨਿਆ ਜਾਂਦਾ ਹੈ। ਇਸ ਤਿਥੀ ਨੂੰ ਚੰਦ੍ਰਮਾ ਅਤੇ ਸੂਰਜ ਇਕ ਹੀ ਰਾਸ਼ੀ ਵਿਚ ਰਹਿੰਦੇ ਹਨ। ਇਹ ਚੰਦਰ-ਮੰਡਲ ਦੀ ਪੰਦਰ੍ਹਵੀ ਕਲਾ ਹੈ। ਇਸ ਤਰ੍ਹਾਂ ਸੂਰਜ ਅਤੇ ਚੰਦ੍ਰਮਾ ਦਾ ਜੋ ਆਪਸ ਵਿਚ ਮੇਲ ਹੁੰਦਾ ਹੈ, ਉਸ ਨੂੰ 'ਅਮਾਵਸ' ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਯੁਗੀਨ ਪਰਿਸਥਿਤੀਆਂ ਨੂੰ ਅਮਾਵਸ ਕਹਿੰਦਿਆਂ 'ਮਾਝ ਕੀ ਵਾਰ' ਵਿਚ ਲਿਖਿਆ ਹੈ — *ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।* (ਗੁ.ਗ੍ਰੰ.145)।

ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ 'ਥਿਤੀ' (ਵੇਖੋ) ਦੀ ਰਚਨਾ ਕਰਕੇ ਲੋਕਾਂ ਦੇ ਮਨਾਂ ਅੰਦਰ ਦਿਨਾਂ, ਵਾਰਾਂ, ਤਿਥੀਆਂ ਬਾਰੇ ਬਣੇ ਹੋਏ ਅੰਧ-ਵਿਸ਼ਵਾਸਾਂ ਅਤੇ ਭਰਮਾਂ ਨੂੰ ਵਿਅਰਥ ਸਿੱਧ ਕੀਤਾ ਹੈ ਅਤੇ ਸਥਾਪਨਾ ਕੀਤੀ ਹੈ ਕਿ ਸਾਰੀਆਂ ਘੜੀਆਂ ਅਤੇ ਤਿਥੀਆਂ ਇਕ-ਸਮਾਨ ਪਰਮ-ਤਤ੍ਵ ਦੀ ਅਦ੍ਵੈਤਤਾ ਦੀਆਂ ਲਖਾਇਕ ਹਨ। ਇਸ ਲਈ ਇਨ੍ਹਾਂ ਭਰਮਾਂ ਦੀ ਥਾਂ ਭਗਤੀ, ਗਿਆਨ ਅਤੇ ਵੈਰਾਗ ਨੂੰ ਧਾਰਣ ਕਰਨਾ ਚਾਹੀਦਾ ਹੈ। ਉਹੀ ਦਿਨ ਚੰਗਾ ਹੈ ਜਿਸ ਦਿਨ ਹਰਿ-ਭਗਤੀ ਕੀਤੀ ਜਾਏ ਅਤੇ ਸਦਾਚਾਰ ਵਿਚ ਮਨ ਲਗਾਇਆ ਜਾਏ।

ਇਹ ਸਚ ਹੈ ਕਿ ਕਿਸੇ ਵੀ ਦਿਨ ਦੇ ਮਨਾਉਣ ਬਾਰੇ ਗੁਰਬਾਣੀ ਵਿਚ ਕਿਤੇ ਵੀ ਕੋਈ ਸੰਕੇਤ ਨਹੀਂ ਮਿਲਦਾ, ਪਰ ਫਿਰ ਵੀ ਅਮਾਵਸ ਨੂੰ ਗੁਰਦੁਆਰਿਆਂ ਵਿਚ ਉਚੇਚੇ ਸਮਾਗਮ ਕਰਨਾ ਅਤੇ ਸਰੋਵਰਾਂ ਵਿਚ ਇਸ਼ਨਾਨ ਕਰਨਾ ਪ੍ਰਚਲਿਤ ਹੈ। ਕਈ ਗੁਰੂ-ਧਾਮਾਂ ਜਿਵੇਂ ਕਿ ਮੁਕਤਸਰ ਅਤੇ ਤਰਨਤਾਰਨ ਵਿਚ ਤਾਂ ਅਮਾਵਸ ਦਾ ਦਿਨ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਲੋਕੀਂ ਦੂਰੋਂ ਦੂਰੋਂ ਆ ਕੇ ਸਮਾਗਮਾਂ ਵਿਚ ਭਾਗ ਲੈਂਦੇ ਹਨ। ਸਹਿਜੇ ਸਹਿਜੇ ਇਹ ਧਾਰਮਿਕ ਸਮਾਗਮ ਮੇਲਿਆਂ ਦਾ ਰੂਪ ਧਾਰਣ ਕਰਦੇ ਜਾ ਰਹੇ ਹਨ।

**ਅਮ੍ਰਿਤ ਰਾਇ:** ਗੁਰੂ ਗੋਬਿੰਦ ਸਿੰਘ ਜੀ ਦਾ ਇਕ ਦਰਬਾਰੀ ਕਵੀ। ਵੇਖੋ 'ਬਵੰਜਾ ਕਵੀ'।

**ਅੰਮ੍ਰਿਤ-ਵੇਲਾ :** ਇਸ ਸੰਯੁਕਤ ਸ਼ਬਦ ਦਾ ਅਰਥ ਹੈ ਰਾਤ ਦੇ ਪਿਛਲੇ ਭਾਗ ਦੀਆਂ ਪੋਹ ਫੁਟਣ ਤੋਂ ਪਹਿਲਾਂ ਦੀਆਂ ਚਾਰ ਘੜੀਆਂ। ਗੁਰਬਾਣੀ ਅਨੁਸਾਰ ਭਗਤੀ ਜਾਂ ਨਾਮ-ਸਾਧਨਾ ਲਈ ਸਭ ਤੋਂ ਉਤਮ ਅਤੇ ਟਿਕਵਾਂ ਸਮਾਂ ਅੰਮ੍ਰਿਤ-ਵੇਲਾ ਹੀ ਹੈ। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਅੰਮ੍ਰਿਤ ਵੇਲੇ ਸੱਚੇ ਨਾਮ ਦੀ ਵਡਿਆਈ ਨੂੰ ਵਿਚਾਰਨਾ ਚਾਹੀਦਾ ਹੈ — *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।* (ਗੁ.ਗ੍ਰੰ.2)।

**ਅਮ੍ਰਿਤਾ ਸ਼ੇਰਗਿਲ** (1913-1941 ਈ.): ਚਿਤਰਕਾਰੀ ਵਿਚ ਨਵੇਂ ਦਿਸਹੱਦੇ ਕਾਇਮ ਕਰਨ ਵਾਲੀ ਅਮ੍ਰਿਤਾ ਸ਼ੇਰਗਿਲ ਸ. ਉਮਰਾਓ ਸਿੰਘ ਸ਼ੇਰਗਿਲ ਦੀ ਹੰਗਰੀਅਨ ਪਤਨੀ ਦੀ ਕੁੱਖੋਂ ਬੁਡਾਪਸਟ (ਹੰਗਰੀ) ਵਿਚ 30 ਜਨਵਰੀ 1913 ਈ. ਨੂੰ ਪੈਦਾ ਹੋਈ ਸੀ। ਸ. ਉਮਰਾਓ ਸਿੰਘ ਅੰਮ੍ਰਿਤਸਰ ਦੇ ਮਜੀਠਾ ਕਸਬੇ ਦੇ ਰਹਿਣ ਵਾਲੇ ਇਕ ਖ਼ਾਨਦਾਨੀ ਰਈਸ ਸਨ, ਜੋ ਸੰਸਕ੍ਰਿਤ ਅਤੇ ਫ਼ਾਰਸੀ ਦੇ ਵਿਦਵਾਨ ਅਤੇ ਦਾਰਸ਼ਨਿਕ ਸਨ। ਇਸ ਦੀ ਮਾਤਾ ਇਕ ਹੰਗਰੀਅਨ ਕਲਾਕਾਰ ਸੀ, ਜੋ ਸ਼ਹਿਜ਼ਾਦੀ ਬੰਬਾ ਦੇ ਨਾਲ ਪੰਜਾਬ ਆਈ ਸੀ ਅਤੇ ਸ਼ਿਮਲੇ ਦੀ ਠਹਿਰ ਦੌਰਾਨ ਸ. ਉਮਰਾਓ ਸਿੰਘ ਦੇ ਸੰਪਰਕ ਵਿਚ ਆ ਕੇ ਉਸ ਦੀ ਜੀਵਨ-ਸਾਥਣ ਬਣ ਗਈ ਸੀ। ਵਿਆਹ ਤੋਂ ਬਾਦ ਇਹ ਦੋਵੇਂ ਹੰਗਰੀ ਚਲੇ ਗਏ, ਪਰ ਪਹਿਲੇ ਵੱਡੇ ਯੁੱਧ ਦੇ ਛਿੜ ਜਾਣ ਕਾਰਣ ਵਾਪਸ ਨ ਪਰਤ ਸਕੇ। ਅੱਠ ਵਰ੍ਹਿਆਂ ਦੀ ਉਮਰ ਵਿਚ ਅਮ੍ਰਿਤਾ ਪੰਜਾਬ ਆਈ। ਸ਼ਿਮਲੇ ਦੀਆਂ ਪਹਾੜੀਆਂ ਦੇ ਦ੍ਰਿਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਈ। ਸੰਨ 1924 ਈ. ਵਿਚ ਚਿਤਰ-ਕਲਾ ਸਿਖਣ ਲਈ ਇਹ ਆਪਣੀ ਮਾਤਾ ਸੰਗ

ਫ਼ਲੋਰੈਂਸ (ਇਟਲੀ) ਚਲੀ ਗਈ, ਪਰ ਉਥੋਂ ਦਾ ਵਾਤਾਵਰਣ ਪਸੰਦ ਨ ਆਉਣ ਕਾਰਣ ਕੁਝ ਮਹੀਨਿਆਂ ਬਾਦ ਪਰਤ ਆਈ। ਅਪ੍ਰੈਲ 1929 ਈ. ਵਿਚ ਇਹ ਪੈਰਿਸ ਗਈ ਅਤੇ 'ਐਕੋਲ ਨੈਸ਼ਨੇਲ ਦ' ਬੀਉਕਸ ਆਰਟਸ' ਵਿਚ ਦਾਖ਼ਲ ਹੋਈ ਅਤੇ ਨਵੰਬਰ 1934 ਈ. ਵਿਚ ਗ੍ਰੈਜੂਏਸ਼ਨ ਕਰਨ ਉਪਰੰਤ ਪੰਜਾਬ ਪਰਤੀ। ਪੈਰਿਸ ਦੀ ਠਹਿਰ ਦੌਰਾਨ ਇਸ ਨੇ ਵਿਸ਼ਵ-ਪ੍ਰਸਿੱਧ ਕਲਾਕਾਰਾਂ ਦੀਆਂ ਕਿਰਤਾਂ ਅਤੇ ਕਲਾ ਸੰਬੰਧੀ ਉਨ੍ਹਾਂ ਦੀਆਂ ਮਾਨਤਾਵਾਂ ਦਾ ਨਿਠ ਕੇ ਅਧਿਐਨ ਕੀਤਾ।

ਜੂਨ 1938 ਈ. ਵਿਚ ਇਹ ਹੰਗਰੀ ਗਈ ਅਤੇ ਡਾ. ਵਿਕਟਰ ਏਗਾਨ ਨਾਲ ਵਿਆਹ ਕਰਕੇ ਵਾਪਸ ਆਈ। ਇਸ ਦੇ ਪਤੀ ਨੇ ਸ. ਸੁੰਦਰ ਸਿੰਘ ਮਜੀਠੀਆ ਦੀ ਖੰਡ ਮਿਲ ਵਿਚ ਨੌਕਰੀ ਸ਼ੁਰੂ ਕਰ ਦਿੱਤੀ, ਫਿਰ ਸਤੰਬਰ 1941 ਈ. ਵਿਚ ਉਸ ਨੇ ਉਥੋਂ ਨੌਕਰੀ ਛਡ ਕੇ ਲਾਹੌਰ ਵਿਚ ਪ੍ਰੈਕਟਿਸ ਸ਼ੁਰੂ ਕੀਤੀ। ਲਾਹੌਰ ਵਿਚ ਅਮ੍ਰਿਤਾ ਸੰਖੇਪ ਜਿਹੀ ਬੀਮਾਰੀ ਤੋਂ ਬਾਦ 3 ਦਸੰਬਰ 1941 ਈ. ਨੂੰ ਚਲਾਣਾ ਕਰ ਗਈ। ਇਸ ਤਰ੍ਹਾਂ ਇਕ ਨਾਮੀ ਚਿਤਰਕਾਰਨ ਕੇਵਲ 29 ਵਰ੍ਹਿਆਂ ਦੀ ਉਮਰ ਵਿਚ ਵਿਦਾ ਹੋ ਗਈ।

ਅਮ੍ਰਿਤਾ ਦੀਆਂ ਕਲਾ-ਕਿਰਤਾਂ ਵਿਚ ਪਹਿਲਾਂ ਭਾਵੇਂ ਪੱਛਮੀ ਅਤੇ ਪੂਰਬੀ ਕਲਾ-ਸ਼ੈਲੀਆਂ ਦਾ ਸੰਯੋਗ ਸੀ, ਪਰ ਹੌਲੀ ਹੌਲੀ ਇਸ ਦਾ ਝੁਕਾ ਭਾਰਤ ਦੀਆਂ ਪੁਰਾਤਨ ਕਲਾ-ਸ਼ੈਲੀਆਂ ਅਤੇ ਪਹਾੜੀ ਚਿਤਰ-ਕਲਾ ਵਲ ਹੁੰਦਾ ਗਿਆ। ਇਸ ਨੇ ਆਪਣੇ ਚਿਤਰਾਂ ਰਾਹੀਂ ਮਨੁੱਖੀ ਭਾਵਾਂ ਅਤੇ ਅਨੁਭਵਾਂ ਨੂੰ ਬੜੇ ਸੁੰਦਰ ਢੰਗ ਨਾਲ ਚਿਤਰ-ਪਟ ਉਤੇ ਰੂਪਾਇਤ ਕੀਤਾ। ਪ੍ਰਕ੍ਰਿਤੀ ਨੇ ਵੀ ਇਸ ਦੀ ਕਲਾ ਦੇ ਵਿਕਾਸ ਵਿਚ ਕਾਫ਼ੀ ਭੂਮਿਕਾ ਨਿਭਾਈ। ਇਸ ਦੇ ਸੰਨ 1935 ਈ. ਤੋਂ ਬਾਦ ਬਣਾਏ ਚਿਤਰਾਂ ਵਿਚ ਕਲਾਤਮਕ ਪਕਿਆਈ ਅਧਿਕ ਹੈ। ਇਸ ਨੇ ਅਨੇਕ ਨਗਰਾਂ ਵਿਚ ਆਪਣੇ ਚਿਤਰਾਂ ਦੀਆਂ ਨੁਮਾਇਸ਼ਾਂ ਲਗਾਈਆਂ ਅਤੇ ਜਸ ਖਟਿਆ। ਪਰ ਇਸ ਸੰਵੇਦਨਸ਼ੀਲ ਚਿਤਰਕਾਰ ਦੀ ਕਲਾ ਦੀ ਸਹੀ ਕਦਰ ਇਸ ਦੇ ਦੇਹਾਂਤ ਤੋਂ ਬਾਦ ਪੈਣੀ ਸ਼ੁਰੂ ਹੋਈ।

**ਅਮੀਰ ਸਿੰਘ, ਗਿਆਨੀ** (1870-1954 ਈ.): ਇਕ ਸੇਵਾ-ਪੰਥੀ ਸਿੱਖ ਵਿਦਵਾਨ ਅਤੇ ਧਰਮ ਸਾਧਕ ਜਿਸ ਦਾ ਜਨਮ ਸੰਨ 1870 ਈ. ਵਿਚ ਪੱਛਮੀ ਪੰਜਾਬ ਦੇ ਝੰਗ ਜ਼ਿਲ੍ਹੇ ਦੇ ਦਰਗਾਹੀਸ਼ਾਹ ਪਿੰਡ ਵਿਚ ਭਾਈ ਪ੍ਰੇਮ ਸਿੰਘ ਦੇ ਘਰ ਮਾਈ ਠਾਕਰੀ ਦੇਵੀ ਦੀ ਕੁੱਖੋਂ ਹੋਇਆ। ਇਸ ਦੇ ਮਾਤਾ-ਪਿਤਾ ਧਾਰਮਿਕ ਰੁਚੀਆਂ ਵਾਲੇ ਸਨ। ਉਨ੍ਹਾਂ ਨੇ ਅਮੀਰ ਸਿੰਘ ਨੂੰ ਛੋਟੇ ਹੁੰਦੇ ਹੀ ਗੁਰਬਾਣੀ ਪੜ੍ਹਨ ਵਲ ਰੁਚਿਤ ਕਰ ਦਿੱਤਾ। ਜਦ ਇਹ 15 ਵਰ੍ਹਿਆਂ ਦਾ ਹੋਇਆ ਤਾਂ ਸਿੱਖ ਧਾਰਮਿਕ ਸਾਹਿਤ ਦੇ ਅਧਿਐਨ ਅਤੇ ਗੁਰਬਾਣੀ-ਕੀਰਤਨ ਸਿਖਣ ਲਈ ਸਤੋਵਾਲੀ ਗਲੀ, ਅੰਮ੍ਰਿਤਸਰ ਦੇ ਸੇਵਾ-ਪੰਥੀ ਡੇਰੇ ਦੇ ਮਹੰਤ ਭਾਈ ਜਵਾਹਰ ਸਿੰਘ ਦੇ ਚਰਣੀ ਲਗਾ ਦਿੱਤਾ। ਸੰਨ 1888 ਈ. ਵਿਚ ਮਹੰਤ ਜੀ ਦੀ ਮ੍ਰਿਤੂ ਤੋਂ ਬਾਦ ਭਾਈ ਉਤਮ ਸਿੰਘ ਮਹੰਤ ਬਣੇ। ਉਨ੍ਹਾਂ ਨੇ ਇਸ ਨੂੰ ਬੜੀ ਰੁਚੀ ਨਾਲ ਧਾਰਮਿਕ ਗ੍ਰੰਥਾਂ ਦਾ ਪਠਨ-ਪਾਠਨ ਕਰਵਾਇਆ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਅਰਥ ਸਮਝਣ ਲਈ ਇਸ ਨੂੰ ਉਸ ਸਮੇਂ ਦੇ ਸਿਰਕਢ ਵਿਦਵਾਨਾਂ ਗਿਆਨੀ ਭਗਵਾਨ ਸਿੰਘ ਅਤੇ ਗਿਆਨੀ ਬਖ਼ਸ਼ੀਸ਼ ਸਿੰਘ ਪਾਸ ਵੀ ਭੇਜਿਆ। ਕੁਝ ਸਮੇਂ ਵਿਚ ਹੀ ਇਸ ਦੀ ਵਿਦਵੱਤਾ ਦੀ ਸਾਖ ਸਿੱਖ-ਜਗਤ ਵਿਚ ਪਸਰ ਗਈ।

ਮਹੰਤ ਉਤਮ ਸਿੰਘ ਨੇ ਇਸ ਦੀ ਯੋਗਤਾ ਨੂੰ ਮੁਖ ਰਖਦਿਆਂ ਆਪਣੇ ਜੀਉਂਦੇ ਜੀ ਡੇਰੇ ਦਾ ਮਹੰਤ ਥਾਪਣ ਦੀ ਘੋਸ਼ਣਾ ਕਰ ਦਿੱਤੀ। ਮਹੰਤ ਬਣ ਕੇ ਇਸ ਨੇ ਲਗਭਗ ਛੇ ਦਹਾਕੇ ਸੈਂਕੜੇ ਸੇਵਕਾਂ ਨੂੰ ਗੁਰਬਾਣੀ ਦਾ ਅਧਿਐਨ ਕਰਵਾਇਆ ਅਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਕਰਨੀ ਸਿਖਾਈ। ਸਾਰਾ ਜੀਵਨ ਅਵਿਵਾਹਿਤ ਰਹਿ ਕੇ ਇਸ ਨੇ ਗੁਰਬਾਣੀ ਦੀ ਇਕ ਨਵੀਂ ਵਿਆਖਿਆ ਪ੍ਰਣਾਲੀ ਨੂੰ ਵਿਕਸਿਤ ਕੀਤਾ ਜਿਸ ਨੂੰ ਸੇਵਾ-ਪੰਥੀ ਵਿਆਖਿਆ ਪ੍ਰਣਾਲੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਸ ਵਕਤ ਦੀਆਂ ਧਾਰਮਿਕ ਜੱਥੇਬੰਦੀਆਂ ਅਤੇ ਸੰਪ੍ਰਦਾਵਾਂ ਵਿਚ ਇਸ ਦਾ ਬਹੁਤ ਮਾਣ ਅਤੇ ਸਤਿਕਾਰ ਸੀ।

ਇਸ ਦੀ ਮ੍ਰਿਤੂ 17 ਅਕਤੂਬਰ 1954 ਈ. ਨੂੰ ਹੋਈ। ਇਸ ਤੋਂ ਬਾਦ ਗਿਆਨੀ ਕ੍ਰਿਪਾਲ ਸਿੰਘ ਮਹੰਤ ਬਣੇ। ਸੰਗਤਾਂ ਦੇ ਕਹੇ 'ਤੇ ਉਸ ਨੇ ਆਪਣੇ ਗੁਰੂ ਗਿਆਨੀ ਅਮੀਰ ਸਿੰਘ ਤੋਂ ਸੁਣੇ ਗੁਰਬਾਣੀ ਦੇ ਅਰਥਾਂ ਦੇ ਆਧਾਰ 'ਤੇ ਇਕ ਟੀਕੇ ਦੀ ਰਚਨਾ ਕੀਤੀ ਜੋ 'ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ' ਨਾਂ ਅਧੀਨ ਦਸ ਜਿਲਦਾਂ ਵਿਚ ਛਪ ਚੁਕਿਆ ਹੈ। ਗਿਆਨੀ ਕ੍ਰਿਪਾਲ ਸਿੰਘ ਤੋਂ ਬਾਦ ਸੰਤ ਮੱਖਣ ਸਿੰਘ ਵਰਤਮਾਨ ਡੇਰੇਦਾਰ ਹਨ।

**ਅਯੋਧਿਆ** (ਨਗਰ) : ਇਸ ਦਾ ਸ਼ਾਬਦਿਕ ਅਰਥ ਹੈ ਜੋ ਯੁੱਧ ਜਾਂ ਆਕ੍ਰਮਣ ਕਰਨਯੋਗ ਨ ਹੋਵੇ; ਅਰਥਾਤ ਪ੍ਰਬਲ ਜਾਂ ਸ਼ਕਤੀਸ਼ਾਲੀ। ਇਸ ਨਾਂ ਦਾ ਨਗਰ ਅਜ-ਕਲ ਉੱਤਰ ਪ੍ਰਦੇਸ਼ ਦੇ ਫ਼ੈਜ਼ਾਬਾਦ ਜ਼ਿਲ੍ਹੇ ਵਿਚ ਸਰਯੂ ਨਦੀ ਦੇ ਕੰਢੇ ਉਤੇ ਸਥਿਤ ਹੈ। ਇਸ ਦਾ ਮਹੱਤਵ ਸ੍ਰੀ ਰਾਮ ਚੰਦਰ ਜੀ ਦੀ ਜਨਮ-ਭੂਮੀ ਹੋਣ ਕਾਰਣ ਹੈ। ਇਹ ਪੁਰਾਤਨ ਕਾਲ ਤੋਂ ਕੌਸ਼ਲ ਜਨਪਦ ਅਤੇ ਸੂਰਜ-ਵੰਸ਼ੀ ਛਤ੍ਰੀ ਰਾਜਿਆਂ ਦੀ ਰਾਜਧਾਨੀ ਰਹੀ ਹੈ ਜਿਨ੍ਹਾਂ ਵਿਚੋਂ ਦਸ਼ਰਥ ਦੇ ਘਰ ਕੌਸ਼ਲਿਆ ਰਾਣੀ ਦੀ ਕੁੱਖੋਂ ਵਿਸ਼ਣੂ ਦੇ ਅਵਤਾਰ ਰੂਪ ਵਿਚ ਸ੍ਰੀ ਰਾਮ ਚੰਦਰ ਜੀ ਦਾ ਜਨਮ ਹੋਇਆ। ਰਾਮਾਇਣ ਕਾਵਿ-ਪਰੰਪਰਾ ਵਿਚ ਉੱਲੇਖ ਮਿਲਦਾ ਹੈ ਕਿ ਇਹ ਸਾਰੀ ਨਗਰੀ ਸ੍ਰੀ ਰਾਮ ਨਾਲ ਵਿਮਾਨ ਵਿਚ ਚੜ੍ਹ ਕੇ ਬੈਕੁੰਠ ਧਾਮ ਨੂੰ ਚਲੀ ਗਈ ਸੀ। ਹੁਣ ਵਾਲੀ ਅਯੋਧਿਆ ਬਾਦ ਦੇ ਰਿਸ਼ੀਆਂ-ਮੁਨੀਆਂ ਨੇ ਖੋਜ ਕੇ ਨਿਸਚਿਤ ਕੀਤੀ ਹੈ। ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚ ਇਹ ਦਾ ਪਹਿਲਾ ਸਥਾਨ ਹੈ।

ਇਹ ਨਗਰ ਕਦੋਂ ਬਣਿਆ, ਇਸ ਬਾਰੇ ਵਖ ਵਖ ਮਤ ਪ੍ਰਚਲਿਤ ਹਨ। ਮੁੱਖ ਰੂਪ ਵਿਚ, ਬਾਲਮੀਕ ਅਨੁਸਾਰ, ਇਸ ਨਗਰ ਨੂੰ ਵੈਵਸ੍ਵਤ ਮਨੁ ਨੇ ਵਸਾਇਆ ਸੀ। 'ਸਕੰਧ ਪੁਰਾਣ' (1/54/65) ਅਨੁਸਾਰ ਇਸ ਦੀ ਸ਼ਕਲ ਜਾਂ ਆਕਾਰ ਮੱਛੀ ਵਰਗਾ ਹੈ। 'ਤੀਰਥ-ਕਲਪ' (ਅਧਿ, 34) ਵਿਚ ਇਸ ਨਗਰੀ ਨੂੰ ਬਾਰ੍ਹਾਂ ਯੋਜਨ ਲੰਮੀ ਅਤੇ ਨੌਂ ਯੋਜਨ ਚੌੜੀ ਲਿਖਿਆ ਹੈ। 'ਯੋਗਿਨੀਤੰਤ੍ਰ' ਵਿਚ ਇਸ ਦੀ ਚੌੜਾਈ ਤਿੰਨ ਯੋਜਨ ਲਿਖੀ ਹੈ, ਲੰਬਾਈ ਬਾਰ੍ਹਾਂ ਯੋਜਨ ਹੀ ਦਸੀ ਹੈ।

ਸੱਤਵੀਂ ਸਦੀ ਵਿਚ ਜਦੋਂ ਇਥੇ ਚੀਨੀ ਯਾਤ੍ਰੀ ਹਿਊਨ ਸਾਂਗ ਆਇਆ ਤਾਂ ਇਥੇ ਬੌਧ ਧਰਮ ਵਾਲਿਆਂ ਦਾ ਬਹੁਤ ਪ੍ਰਚਾਰ ਸੀ। ਬੌਧ ਸਾਹਿਤ ਦਾ 'ਸਾਕੇਤ' ਇਹੀ ਹੈ। ਇਥੇ 20 ਬੋਧੀ ਮੰਦਿਰਾਂ ਵਿਚ ਲਗਭਗ 3000 ਭਿਕਸ਼ੂ ਰਹਿੰਦੇ ਸਨ। ਹੁਣ ਉਨ੍ਹਾਂ ਮੰਦਿਰਾਂ ਦੇ ਖੰਡਰ ਹੀ ਬਾਕੀ ਹਨ। ਜੈਨ ਤੀਰਥਾਂਕਰ ਆਦਿ-ਨਾਥ ਦੀ ਇਹ ਜਨਮ-ਭੂਮੀ ਹੈ। ਸ੍ਰੀ ਰਾਮ ਚੰਦਰ ਜੀ ਨਾਲ ਸੰਬੰਧਿਤ ਸੀਤਾ-ਰਸੋਈ, ਹਨੂਮਾਨਗੜ੍ਹੀ ਆਦਿ ਧਰਮ-ਧਾਮ ਵਿਸ਼ੇਸ਼ ਪ੍ਰਸਿੱਧ ਹਨ। ਇਥੇ ਸ੍ਰੀ ਰਾਮ ਦੇ ਜਨਮ-ਸਥਲ ਉਤੇ ਵੀ ਇਕ ਪੁਰਾਤਨ ਮੰਦਿਰ ਬਣੇ ਹੋਣ ਦੀ ਪਰੰਪਰਾ ਮੌਜੂਦ ਹੈ, ਜਿਸ ਨੂੰ ਮੁਗ਼ਲ ਸ਼ਾਸਨ ਕਾਲ ਵਿਚ ਗਿਰਵਾ ਕੇ ਬਾਬਰੀ ਮਸਜਿਦ ਉਸਾਰੀ ਗਈ ਸੀ ਅਤੇ ਜੋ ਹੁਣ ਤਕ ਵਾਦ-ਵਿਵਾਦ ਅਤੇ ਸੰਪ੍ਰਦਾਇਕ ਕਟੁਤਾ ਦਾ ਕਾਰਣ ਬਣੀ ਹੋਈ ਹੈ।

ਇਸ ਨਗਰ ਵਿਚ ਤਿੰਨ ਗੁਰੂ ਸਾਹਿਬਾਨ ਪਧਾਰੇ ਸਨ। ਗੁਰੂ ਨਾਨਕ ਦੇਵ ਜੀ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਗਏ ਸਨ ਅਤੇ ਉਥੇ ਗੁਰੂ ਜੀ ਦੀ ਯਾਦ ਵਿਚ ਇਕ ਥੜਾ ਬਣਾਇਆ ਗਿਆ ਸੀ। ਸੰਨ 1670 ਈ. ਨੂੰ ਪਟਨਾ ਤੋਂ ਪੰਜਾਬ ਪਰਤਦੇ ਹੋਇਆਂ ਗੁਰੂ ਤੇਗ ਬਹਾਦਰ ਜੀ ਉਸ ਥੜੇ ਉਤੇ ਆ ਕੇ ਬਿਰਾਜੇ ਸਨ ਅਤੇ ਦੋ ਦਿਨ ਸਮਾਧੀ ਲਗਾਈ ਸੀ। ਜਾਂਦੇ ਹੋਇਆਂ ਪੁਜਾਰੀ ਦੇ ਕਹਿਣ 'ਤੇ ਆਪਣੀਆਂ ਖੜਾਵਾਂ ਛਡ ਗਏ ਸਨ। (ਬਾਲਕ) ਗੁਰੂ ਗੋਬਿੰਦ ਸਿੰਘ ਪਟਨਾ ਤੋਂ ਆਨੰਦਪੁਰ ਸਾਹਿਬ ਆਉਂਦੇ ਹੋਇਆਂ ਇਥੇ ਰੁਕੇ ਸਨ। ਇਹ ਤਿੰਨੋ ਸਥਾਨ ਸਰਯੂ ਨਦੀ ਦੇ ਕੰਢੇ ਬ੍ਰਹਮ ਕੁੰਡ ਦੇ ਨੇੜੇ 50 ਮੀਟਰ ਦੇ ਘੇਰੇ ਵਿਚ ਸਿਮਟੇ ਹੋਏ ਹਨ ਅਤੇ ਗੁਰਦੁਆਰਾ ਬ੍ਰਹਮਕੁੰਡ ਦੇ ਨਾਂ ਨਾਲ ਪ੍ਰਸਿੱਧ ਹਨ। ਸਿੰਘਾਸਨ ਸਥਾਨ ਉਤੇ ਖੜਾਵਾਂ ਤੋਂ ਇਲਾਵਾ ਇਕ ਲੋਹੇ ਦਾ ਤੀਰ, ਇਕ ਕਟਾਰ ਅਤੇ ਇਕ ਚੱਕਰ ਵੀ ਸੁਰਖਿਅਤ ਹੈ।

**ਅਰਜਨ ਸਿੰਘ ਗੜਗੱਜ** (1905-1963 ਈ.): ਸੁਪ੍ਰਸਿੱਧ ਕ੍ਰਾਂਤੀਕਾਰੀ ਸ. ਅਰਜਨ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਤਰਨਤਾਰਨ ਨਗਰ ਵਿਚ ਸ. ਸੁੰਦਰ ਸਿੰਘ ਰਾਮਗੜ੍ਹੀਏ ਦੇ ਘਰ ਸੰਨ 1905 ਈ. ਵਿਚ ਹੋਇਆ। ਬਚਪਨ ਤੋਂ ਹੀ ਇਸ ਦੇ ਮਨ ਵਿਚ ਅੰਗ੍ਰੇਜ਼ਾਂ ਦੇ ਵਿਰੁੱਧ ਨਫ਼ਰਤ ਦੀ ਭਾਵਨਾ ਪੈਦਾ ਹੋ ਗਈ। ਇਥੋਂ ਤਕ ਕਿ ਜਦੋਂ ਇਹ ਸਕੂਲ ਦੀ ਛੇਵੀਂ ਜਮਾਤ ਵਿਚ ਪੜ੍ਹਦਾ ਸੀ, ਤਾਂ ਅੰਗ੍ਰੇਜ਼ਾਂ ਦੇ ਝੰਡੇ 'ਯੂਨੀਅਨ ਜੈਕ' ਨੂੰ ਰਸਮੀ ਤੌਰ 'ਤੇ ਸਲਾਮੀ ਦੇਣ ਤੋਂ ਇਨਕਾਰ ਕਰ ਦਿੱਤਾ। ਫਲਸਰੂਪ ਇਸ ਨੂੰ ਸਕੂਲੋਂ ਕਢ ਦਿੱਤਾ ਗਿਆ। ਸੰਨ 1920 ਈ. ਵਿਚ ਇਸ ਦੀਆਂ ਬਾਗ਼ੀਆਨਾ ਰੁਚੀਆਂ ਨੇ ਇਸ ਨੂੰ ਗੁਰਦੁਆਰਾ ਸੁਧਾਰ ਅੰਦੋਲਨ ਕਾਰਣ ਸ਼੍ਰੋਮਣੀ ਅਕਾਲੀ ਦਲ ਦੇ ਨੇੜੇ ਲਿਆਉਂਦਾ। ਇਸ ਤੋਂ ਬਾਦ ਇਹ ਜੱਥੇਦਾਰ ਤੇਜਾ ਸਿੰਘ ਭੁਚਰ ਦੇ ਸੰਪਰਕ ਵਿਚ ਆਇਆ ਅਤੇ ਘਰ-ਬਾਰ ਛਡ ਕੇ ਭੁਚਰ ਦੁਆਰਾ ਸਥਾਪਿਤ 'ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ' ਦੇ ਦਫ਼ਤਰ ਵਿਚ ਹੀ ਡੇਰਾ ਜਮਾ ਦਿੱਤਾ। ਇਹ ਜੱਥੇਦਾਰ ਤੇਜਾ ਸਿੰਘ ਦੀ ਜੋਸ਼ੀਲੀ ਵਿਚਾਰਧਾਰਾ ਨੂੰ ਬਹੁਤ ਪਸੰਦ ਕਰਦਾ ਸੀ। ਗੁਰਦੁਆਰਿਆਂ ਦੇ ਸੁਧਾਰ ਜਾਂ ਪੁਜਾਰੀਆਂ ਤੋਂ ਉਨ੍ਹਾਂ ਨੂੰ ਆਜ਼ਾਦ ਕਰਾਉਣ ਦੀ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਂਤਮਈ ਪਹੁੰਚ ਨਾਲ ਜੱਥੇਦਾਰ ਤੇਜਾ

ਸਿੰਘ ਬੁਚਰ ਸਹਿਮਤ ਨਹੀਂ ਸੀ। ਇਸ ਕੰਮ ਲਈ ਉਹ ਸਸ਼ਕਤ ਕਾਰਵਾਈ ਦੇ ਹੱਕ ਵਿਚ ਸੀ। ਇਸ ਲਈ ਉਹ ਅਕਾਲੀ ਦਲ ਤੋਂ ਹੌਲੀ ਹੌਲੀ ਨਿਖੜਦਾ ਗਿਆ ਅਤੇ ਮਹਾਰਾਜਾ ਪਟਿਆਲਾ ਦੀ ਮਾਲੀ ਸਹਾਇਤਾ ਨਾਲ 22 ਫਰਵਰੀ 1922 ਈ. ਨੂੰ 'ਗੜਗੱਜ ਅਕਾਲੀ' ਨਾਂ ਦੀ ਪਤ੍ਰਿਕਾ ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਉਸ ਪਤ੍ਰਿਕਾ ਦੇ ਸੰਪਾਦਨ ਦਾ ਕੰਮ ਅਰਜਨ ਸਿੰਘ ਨੂੰ ਸੌਂਪਿਆ ਗਿਆ। ਉਸ ਦਿਨ ਤੋਂ ਇਸ ਦੇ ਨਾਂ ਨਾਲ 'ਗੜਗੱਜ' ਪਦ ਦੀ ਵਰਤੋਂ ਪ੍ਰਚਲਿਤ ਹੋ ਗਈ। ਅਪ੍ਰੈਲ 1922 ਈ. ਵਿਚ ਇਸ ਨੂੰ ਇਕ ਜੋਸ਼ੀਲੀ ਕਵਿਤਾ ਦੇ ਪ੍ਰਕਾਸ਼ਨ ਕਾਰਣ ਗ੍ਰਿਫ਼ਤਾਰ ਕੀਤਾ ਗਿਆ ਅਤੇ ਛੇ ਮਹੀਨੇ ਕੈਦ ਭੁਗਤਣੀ ਪਈ। ਸੰਨ 1923 ਈ. ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗ਼ੈਰ-ਕਾਨੂੰਨੀ ਠਹਿਰਾ ਦਿੱਤੀਆਂ ਗਈਆਂ ਤਾਂ ਇਸ ਨੂੰ ਪਕੜ ਲਿਆ ਗਿਆ ਅਤੇ ਸਤੰਬਰ 1926 ਈ. ਤਕ ਜੇਲ੍ਹ ਵਿਚ ਹੀ ਰਿਹਾ।

ਜੇਲ੍ਹ ਵਿਚੋਂ ਮੁਕਤ ਹੋਣ ਉਪਰੰਤ ਇਹ 'ਨੌਜਵਾਨ ਭਾਰਤ ਸਭਾ' ਨਾਂ ਦੀ ਪਾਰਟੀ ਵਿਚ ਸ਼ਾਮਲ ਹੋ ਗਿਆ ਅਤੇ 'ਕਿਰਤੀ' ਮੈਗਜ਼ੀਨ ਦੇ ਸੰਪਾਦਕੀ ਮੰਡਲ ਵਿਚ ਮੈਂਬਰ ਵਜੋਂ ਕੰਮ ਕਰਨ ਲਗ ਗਿਆ। ਸੰਨ 1929 ਈ. ਅਤੇ 1930 ਈ. ਵਿਚ ਸਰਕਾਰ-ਵਿਰੋਧੀ ਲਿਖਤਾਂ ਕਾਰਣ ਇਸ ਨੂੰ ਜੇਲ੍ਹ ਜਾਣਾ ਪਿਆ। ਇਸ ਦੇ ਬੋਲਣ ਉਤੇ ਵੀ ਪਾਬੰਦੀ ਲਗਾ ਦਿੱਤੀ ਗਈ ਅਤੇ ਸੰਨ 1932 ਈ. ਵਿਚ ਇਸ ਦੀ ਗਤਿਵਿਧੀ ਤਰਨਤਾਰਨ ਨਗਰ ਤਕ ਸੀਮਿਤ ਕਰ ਦਿੱਤੀ ਗਈ। ਕੁਝ ਸਮੇਂ ਲਈ ਇਧਰ-ਉਧਰ ਭਟਕਣ ਤੋਂ ਬਾਦ ਸੰਨ 1935 ਈ. ਵਿਚ ਇਸ ਨੇ 'ਅਕਾਲੀ' ਅਖ਼ਬਾਰ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਦੇਸ਼ ਦੀ ਆਜ਼ਾਦੀ ਤੋਂ ਬਾਦ ਇਸ ਨੇ ਭਾਰਤ ਸਰਕਾਰ ਦੀਆਂ ਨੀਤੀਆਂ ਵਿਰੁੱਧ ਲਿਖਿਆ। ਇਸ ਨੇ ਆਪਣੀ ਵਿਚਾਰਧਾਰਾ ਨੂੰ ਸਾਮ੍ਯਵਾਦੀ ਦ੍ਰਿਸ਼ਟੀਕੋਣ ਅਨੁਕੂਲ ਕਰਕੇ 'ਨਵਾਂ ਜ਼ਮਾਨਾ' ਵਿਚ ਕੰਮ ਕਰਨਾ ਸ਼ੁਰੂ ਕੀਤਾ। 10 ਮਾਰਚ 1963 ਈ. ਨੂੰ ਇਸ ਦਾ ਜਲੰਧਰ ਵਿਚ ਦੇਹਾਂਤ ਹੋ ਗਿਆ।

**ਅਰਜਨ ਸਿੰਘ, ਭਾਈ** (1875-1946 ਈ.): ਗੁਰੂ ਹਰਿਗੋਬਿੰਦ ਜੀ ਦੁਆਰਾ ਵਰਸਾਏ ਭਾਈ ਰੂਪ ਚੰਦ (ਭਾਈ ਰੂਪਾ) ਦੇ ਵੰਸ਼ਜ ਭਾਈ ਕ੍ਰਿਸ਼ਨ ਸਿੰਘ ਦੇ ਘਰ ਸੰਨ 1875 ਈ. ਵਿਚ ਬਾਗੜੀਆਂ ਪਿੰਡ, ਜ਼ਿਲ੍ਹਾ ਸੰਗਰੂਰ ਵਿਚ ਪੈਦਾ ਹੋਏ ਭਾਈ ਅਰਜਨ ਸਿੰਘ ਦੀ ਮੁੱਢਲੀ ਸਿਖਿਆ ਘਰ ਵਿਚ ਹੀ ਹੋਈ। ਆਪਣੇ ਬਜ਼ੁਰਗ ਭਾਈ ਨਰਾਇਨ ਸਿੰਘ ਤੋਂ ਕਈ ਭਾਰਤੀ ਭਾਸ਼ਾਵਾਂ ਸਿਖ ਕੇ ਧਾਰਮਿਕ ਸਾਹਿਤ ਦੇ ਅਧਿਐਨ ਵਲ ਰੁਚਿਤ ਹੋਏ। ਇਹ ਭਾਵੇਂ ਇਕ ਰਜੇ-ਪੁਜੇ ਰਈਸ ਸਨ, ਪਰ ਸਿੱਖ ਰਿਆਸਤਾਂ--ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਕਪੂਰਥਲਾ ਅਤੇ ਕਲਸੀਆ-- ਦੇ ਧਾਰਮਿਕ ਸਰਪ੍ਰਸਤ ਵੀ ਸਨ। ਸੰਨ 1911 ਈ. ਵਿਚ ਮਹਾਰਾਜਾ ਹੀਰਾ ਸਿੰਘ ਦੇ ਦੇਹਾਂਤ ਤੋਂ ਬਾਦ ਆਪ ਨੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜ-ਗੱਦੀ ਉਤੇ ਸੁਸ਼ੋਭਿਤ ਕੀਤਾ। ਹਰ ਪ੍ਰਕਾਰ ਦੀ ਧੜੇਬੰਦੀ ਤੋਂ ਉਪਰ ਹੋਣ ਕਾਰਣ ਆਪ ਦਾ ਸਿੱਖ-ਜਗਤ ਵਿਚ ਬੜਾ ਮਾਣ-ਸਤਿਕਾਰ ਸੀ। ਆਪ ਸਿੱਖਾਂ ਵਿਚ ਆਧੁਨਿਕ ਢੰਗ ਦੀ ਸਿਖਿਆ-ਪ੍ਰਣਾਲੀ ਨੂੰ ਪ੍ਰਚਾਰਿਤ ਕਰਨ ਵਿਚ ਵਿਸ਼ੇਸ਼ ਰੁਚੀ ਰਖਦੇ ਸਨ। ਸੰਨ 1902 ਈ. ਵਿਚ ਸਥਾਪਿਤ ਹੋਏ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਧਾਨਗੀ ਲਈ ਆਪ ਨੂੰ ਹੀ ਚੁਣਿਆ ਗਿਆ। ਆਪ 15 ਵਰ੍ਹੇ ਲਗਾਤਾਰ ਇਸ ਸਨਮਾਨਿਤ ਔਹਦੇ ਉਤੇ ਸੁਸਜਿਤ ਰਹੇ। ਸੰਨ 1934 ਈ. ਭੈਣੀ ਸਾਹਿਬ ਅੰਦਰ ਹੋਈ ਸਰਬ-ਹਿੰਦ ਸਿੱਖ ਸੰਪ੍ਰਦਾਈ ਕਾਨਫ੍ਰੰਸ ਦੀ ਆਪ ਨੇ ਪ੍ਰਧਾਨਗੀ ਕੀਤੀ। ਸੰਨ 1938 ਈ. ਵਿਚ ਅੰਮ੍ਰਿਤਸਰ ਵਿਚ ਹੋਈ 27ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਪ੍ਰਧਾਨਗੀ ਕਰਨ ਦਾ ਮਾਣ ਵੀ ਆਪ ਨੂੰ ਦਿੱਤਾ ਗਿਆ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਮੈਂਬਰ ਦੀ ਹੈਸੀਅਤ ਵਿਚ ਸ਼ਾਮਲ ਰਹੇ। ਸਿੰਘ ਸਭਾ ਲਹਿਰ ਦੀਆਂ ਮਾਨਤਾਵਾਂ ਨੂੰ ਪ੍ਰਚਲਿਤ ਕਰਨ ਵਿਚ ਆਪ ਸਦਾ ਰੁਚਿਤ ਰਹਿੰਦੇ ਅਤੇ ਸਦਾ ਸੇਵਾ-ਭਾਵ ਨੂੰ ਵਿਕਸਿਤ ਕਰਨ ਲਈ ਤਤਪਰ ਹੁੰਦੇ। ਦੇਸ਼ ਦੀ ਆਜ਼ਾਦੀ ਲਈ ਪ੍ਰਯਤਨਸ਼ੀਲ ਕਾਰਕੁੰਨਾਂ ਦੀ ਸਹਾਇਤਾ ਕਰਨੋਂ ਆਪ ਕਦੀ ਵੀ ਸੰਕੋਚ ਨਹੀਂ ਕਰਦੇ ਸਨ। ਸਿੱਖ-ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪ ਨੇ ਸਿੰਧ, ਪੋਠੋਹਾਰ, ਉਤਰ ਪ੍ਰਦੇਸ਼, ਸਰਹੱਦੀ ਸੂਬੇ ਅਤੇ ਡੇਰਾਜਾਤ ਦੇ ਕਈ ਵਾਰ ਦੌਰੇ ਕੀਤੇ ਅਤੇ ਹਜ਼ਾਰਾਂ ਜਿਗਿਆਸੂਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ।

ਸੰਨ 1916 ਈ. ਵਿਚ ਅੰਗ੍ਰੇਜ਼ ਸਰਕਾਰ ਵਲੋਂ ਆਪ ਨੂੰ ਸਰਦਾਰ ਬਹਾਦਰ ਦਾ ਖ਼ਿਤਾਬ ਦਿੱਤਾ ਗਿਆ ਅਤੇ ਸੰਨ

1919 ਈ. ਆਪ ਨੂੰ ਓ.ਬੀ.ਈ. ਨਾਲ ਵਰਸਾਇਆ ਗਿਆ।

18 ਨਵੰਬਰ 1946 ਈ. ਨੂੰ ਆਪ ਦਾ ਦੇਹਾਂਤ ਬਾਗੜੀਆਂ ਪਿੰਡ ਵਿਚ ਹੋਇਆ।

**ਅਰਜਨ ਦੇਵ, ਗੁਰੂ** (1563-1606 ਈ.): ਸਿੱਖ-ਧਰਮ ਦੇ ਪੰਜਵੇਂ ਗੱਦੀਨਸ਼ੀਨ ਗੁਰੂ ਅਰਜਨ ਦੇਵ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਗੋਇੰਦਵਾਲ ਵਿਚ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੀ ਕੁੱਖੋਂ 15 ਅਪ੍ਰੈਲ 1563 (ਵੈਸਾਖ ਵਦੀ 7, 1620 ਬਿ.) ਨੂੰ ਹੋਇਆ। ਆਪ ਤੀਜੇ ਗੁਰੂ, ਅਮਰਦਾਸ ਜੀ ਦੇ ਦੋਹਤੇ ਸਨ। ਆਪ ਨੇ ਬਾਲ-ਕਾਲ ਗੋਇੰਦਵਾਲ ਵਿਚ ਹੀ ਆਪਣੇ ਨਾਨਾ ਜੀ ਦੀ ਦੇਖ-ਰੇਖ ਵਿਚ ਬਿਤਾਇਆ। ਆਪ ਦੇ ਬਚਪਨ ਦੀਆਂ ਅਨੇਕ ਘਟਨਾਵਾਂ ਵਿਚੋਂ ਇਕ ਵਿਸ਼ੇਸ਼ ਮਹੱਤਵਪੂਰਣ ਹੈ। ਭਾਈ ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਚਰਣ 4/9-10) ਅਨੁਸਾਰ ਇਕ ਦਿਨ ਖੇਡਦਿਆਂ ਖੇਡਦਿਆਂ ਆਪ ਦਾ ਖੇਨੂੰ ਚੌਬਾਰੇ ਵਿਚ ਸਮਾਧੀ ਦੀ ਅਵਸਥਾ ਵਿਚ ਬਿਰਾਜਮਾਨ ਗੁਰੂ ਅਮਰਦਾਸ ਜੀ ਦੇ ਪਲੰਘ ਹੇਠਾਂ ਚਲਾ ਗਿਆ। ਉਸ ਨੂੰ ਕਢਣ ਵੇਲੇ ਆਪ ਤੋਂ ਪਲੰਘ ਨੂੰ ਝਟਕਾ ਲਗਣ ਕਾਰਣ ਗੁਰੂ ਜੀ ਦੀ ਸਮਾਧੀ ਖੁਲ੍ਹ ਗਈ ਅਤੇ ਆਪ ਨੇ ਬਾਲਕ ਉਤੇ ਪ੍ਰਸੰਨ ਹੋ ਕੇ 'ਬਡਾ ਪੁਰਖ ਹੈ ਭਾਰੀ' ਦਾ ਵਰਦਾਨ ਦਿੱਤਾ। ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਆਪ ਨੂੰ 'ਬਾਣੀ ਦਾ ਬੋਹਥਾ' ਦਾ ਵਰਦਾਨ ਮਿਲਿਆ ਲਿਖਿਆ ਹੈ। ਕਲ੍ਹ ਭੱਟ ਨੇ ਆਪ ਦੀ ਉਸਤਤ ਵਿਚ ਲਿਖੇ ਸਵੈਯੇ ਅੰਦਰ '*ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ*' (ਗੁ.ਗ੍ਰੰ. 1407) ਕਹਿ ਕੇ ਆਪ ਨੂੰ ਜਨਮ-ਜਾਤ ਬ੍ਰਹਮ ਦੇ ਸਰੂਪ ਨੂੰ ਪਛਾਣਨ ਵਾਲਾ ਮਹਾਪੁਰਸ਼ ਘੋਸ਼ਿਤ ਕੀਤਾ ਹੈ। ਨਾਨਾ-ਗੁਰੂ ਦਾ ਵਰਦਾਨ ਉਤਰੋਤਰ ਸਹੀ ਸਾਬਤ ਹੁੰਦਾ ਗਿਆ ਅਤੇ ਆਪ ਨੇ ਨ ਕੇਵਲ ਖ਼ੁਦ ਬਾਣੀ ਦੀ ਰਚਨਾ ਕੀਤੀ, ਸਗੋਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਅਧਿਆਤਮਿਕ ਖੇਤਰ ਵਿਚ ਅਦੁੱਤੀ ਮੀਲ-ਪੱਥਰ ਕਾਇਮ ਕੀਤਾ ਅਤੇ ਲੋਕਾਂ ਅੰਦਰ ਸਭਿਆਚਾਰਿਕ ਚੇਤਨਾ ਪੈਦਾ ਕੀਤੀ।

ਆਪ ਦਾ ਵਿਆਹ ਸੰਨ 1579 ਈ. (23 ਹਾੜ 1636 ਬਿ.) ਨੂੰ ਮਉ ਪਿੰਡ ਦੇ ਕ੍ਰਿਸ਼ਨ ਚੰਦ ਦੀ ਸੁਪੁੱਤਰੀ ਗੰਗਾ ਦੇਵ਼ੀ ਨਾਲ ਹੋਇਆ ਜਿਸ ਦੀ ਕੁੱਖ ਤੋਂ (ਛੇਵੇਂ ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ।

ਗੁਰੂ ਅਮਰਦਾਸ ਦੇ ਮਹਾ-ਪ੍ਰਸਥਾਨ (1574 ਈ.) ਤੋਂ ਬਾਦ ਆਪ ਆਪਣੇ ਪਿਤਾ ਗੁਰੂ ਰਾਮਦਾਸ ਕੋਲ 'ਗੁਰੂ ਚਕ' (ਅੰਮ੍ਰਿਤਸਰ) ਆ ਗਏ ਜਿਥੇ ਅਨੇਕ ਪ੍ਰਕਾਰ ਦਾ ਉਸਾਰੀ ਦਾ ਕੰਮ ਚਲ ਰਿਹਾ ਸੀ। ਇਸ ਦੌਰਾਨ ਆਪ ਨੂੰ ਭਾਈਚਾਰੇ ਵਿਚ ਕਿਸੇ ਵਿਆਹ ਦੇ ਸੰਬੰਧ ਵਿਚ ਲਾਹੌਰ ਜਾਣਾ ਪਿਆ ਅਤੇ ਲੋੜ ਤੋਂ ਵਧ ਸਮੇਂ ਲਈ ਰੁਕਣਾ ਪੈ ਗਿਆ। ਫਲਸਰੂਪ ਪਿਤਾ-ਗੁਰੂ ਦੇ ਵਿਯੋਗ ਦੀ ਤੀਬਰਤਾ ਨੂੰ ਪ੍ਰਗਟਾਉਣ ਲਈ ਲਿਖੀਆਂ ਚਿੱਠੀਆਂ ਕਰਕੇ ਆਪ ਨੂੰ ਗੁਰੂ-ਚਕ ਵਾਪਸ ਬੁਲਵਾਇਆ ਗਿਆ। ਉਸਾਰੀ ਦਾ ਕੰਮ ਮੁਕਣ 'ਤੇ ਆਪ ਗੁਰੂ-ਪਿਤਾ ਨਾਲ ਗੋਇੰਦਵਾਲ ਪਰਤੇ। ਆਪ ਦੀ ਅਦੁੱਤੀ-ਸਾਧਨਾ, ਨਿਸ਼ਕਾਮ-ਭਗਤੀ, ਸੇਵਾ, ਤਿਆਗ ਆਦਿ ਦੇ ਸਿੱਟੇ ਵਜੋਂ 1 ਸਤੰਬਰ 1581 ਈ. (2 ਅਸੂ, 1638 ਬਿ.) ਨੂੰ ਗੁਰੂ-ਗੱਦੀ ਪ੍ਰਦਾਨ ਕੀਤੀ ਗਈ, ਉਦੋਂ ਆਪ ਦੀ ਉਮਰ 18 ਵਰ੍ਹੇ ਅਤੇ 4 ਮਹੀਨੇ ਸੀ। ਆਪਣੇ ਭਰਾਵਾਂ—ਪ੍ਰਿਥੀ ਚੰਦ ਅਤੇ ਮਹਾਂਦੇਵ— ਦੇ ਈਰਖਾਲੂ ਵਿਵਹਾਰ ਕਾਰਣ ਆਪ ਗੋਇੰਦਵਾਲ ਛਡ ਕੇ 'ਗੁਰੂ-ਚਕ' ਆ ਗਏ। ਉਥੇ ਵੀ ਪ੍ਰਿਥੀ ਚੰਦ ਨੇ ਧਰਮ-ਪ੍ਰਚਾਰ-ਕਾਰਜ ਅਤੇ ਗੁਰੂ-ਗੱਦੀ ਦੀ ਵਿਵਸਥਾ ਵਿਚ ਕਾਫ਼ੀ ਵਿਘਨ ਪਾਏ, ਜਿਵੇਂ ਕਿ ਮਸੰਦਾਂ ਨੂੰ ਗੁਰੂ-ਦਰਬਾਰ ਨਾਲੋਂ ਤੋੜ ਲਿਆ, ਸਮਾਨਾਂਤਰ ਗੱਦੀ ਬਣਾ ਕੇ ਸਿੱਖਾਂ ਨੂੰ ਵਰਗ਼ਲਾਇਆ ਅਤੇ ਆਨੇ-ਬਹਾਨੇ ਰਬਾਬੀਆਂ ਨੂੰ ਵੀ ਗੁਰੂ-ਘਰ ਤੋਂ ਹਟਵਾ ਲਿਆ। ਇਸ ਪ੍ਰਕਾਰ ਦੇ ਵਿਘਨਾਂ ਨੂੰ ਖ਼ਤਮ ਕਰਨ ਲਈ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਵਰਗੇ ਮੁੱਖ ਧਰਮ-ਸਾਧਕਾਂ ਨੇ ਬਹੁਤ ਉਦਮ ਕੀਤਾ ਅਤੇ ਹੌਲੀ ਹੌਲੀ ਗੁਰੂ-ਦਰਬਾਰ ਨਾਲੋਂ ਟੁਟੀਆਂ ਸੰਗਤਾਂ ਨੂੰ ਮੁੜ ਮੂਲ ਅਧਿਆਤਮਿਕ ਧੁਰੇ ਨਾਲ ਜੋੜ ਦਿੱਤਾ। ਕੀਰਤਨ ਕਰਨ ਲਈ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਉਤਸਾਹਿਤ ਕੀਤਾ। ਫਲਸਰੂਪ ਵਿਰੋਧੀਆਂ ਦੇ ਮਨਸੂਬੇ ਢਹਿ-ਢੇਰੀ ਹੋ ਗਏ।

ਗੁਰੂ-ਦਰਬਾਰ ਦੀ ਸਹੀ ਵਿਵਸਥਾ ਹੋ ਚੁਕਣ ਤੋਂ ਬਾਦ ਆਪ ਨੇ ਉਸਾਰੀ ਦੇ ਕੰਮਾਂ ਵਲ ਧਿਆਨ ਦੇਣਾ ਸ਼ੁਰੂ ਕੀਤਾ। ਸੰਨ 1585 ਈ. ਵਿਚ ਸੰਤੋਖਸਰ ਤਾਲਾਬ ਪੱਕਾ ਕਰਵਾਇਆ। ਸੰਨ 1589 ਈ. ਵਿਚ ਹਰਿਮੰਦਿਰ ਸਾਹਿਬ (ਦਰਬਾਰ ਸਾਹਿਬ) ਦੀ ਨੀਂਹ ਰਖਵਾਈ। ਕੁਝ ਵਿਦਵਾਨਾਂ ਅਨੁਸਾਰ ਨੀਂਹ ਰਖਣ ਦਾ ਕਾਰਜ ਉਸ ਵਕਤ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ (ਵੇਖੋ) ਤੋਂ ਕਰਵਾਇਆ।

ਸੰਨ 1590 ਈ. ਵਿਚ ਤਰਨਤਾਰਨ ਵਾਲਾ ਸਰੋਵਰ ਪੱਕਾ ਕਰਵਾਇਆ। ਸੰਨ 1594 ਈ. ਵਿਚ ਕਰਤਾਰਪੁਰ ਨਗਰ ਵਸਾਇਆ। 14 ਜੂਨ 1595 ਈ. ਨੂੰ ਆਪ ਦੇ ਘਰ ਬਾਲਕ ਹਰਿਗੋਬਿੰਦ ਨੇ ਜਨਮ ਲਿਆ। ਸੰਨ 1604 ਈ. ਵਿਚ ਆਪਣੀ ਬਾਣੀ ਸਹਿਤ ਪੋਥੀ ਸਾਹਿਬ (ਗੁਰੂ ਗ੍ਰੰਥ ਸਾਹਿਬ) ਦਾ ਸੰਪਾਦਨ ਕੀਤਾ ਅਤੇ ਉਸ ਨੂੰ ਹਰਿਮੰਦਿਰ ਸਾਹਿਬ ਵਿਚ ਸਥਾਪਿਤ ਕਰਵਾਇਆ। ਬਾਬਾ ਬੁੱਢਾ ਨੂੰ ਇਸ ਦਾ ਪਹਿਲਾ 'ਗ੍ਰੰਥੀ' ਥਾਪਿਆ ਗਿਆ। ਵੇਖੋ 'ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਇਤਿਹਾਸ'।

ਗ੍ਰੰਥ ਸਾਹਿਬ ਦੇ ਸੰਪਾਦਨ ਕਾਰਣ ਖ਼ਾਰਬਾਜ਼ਾਂ ਅਤੇ ਕੱਟੜਪੰਥੀਆਂ ਨੇ ਅਕਬਰ ਬਾਦਸ਼ਾਹ ਅਗੇ ਸ਼ਿਕਾਇਤ ਕੀਤੀ ਕਿ ਇਸ ਗ੍ਰੰਥ ਵਿਚ ਇਸਲਾਮ ਅਤੇ ਹੋਰਨਾਂ ਧਰਮਾਂ ਦੇ ਵਿਰੁੱਧ ਸਾਮੱਗ੍ਰੀ ਸ਼ਾਮਲ ਕੀਤੀ ਗਈ ਹੈ। ਸਿੱਖ-ਇਤਿਹਾਸ ਅਨੁਸਾਰ ਉਦੋਂ ਅਕਬਰ ਬਾਦਸ਼ਾਹ (ਵੇਖੋ) ਬਟਾਲੇ ਠਹਿਰਿਆ ਹੋਇਆ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਪੁਛਿਆ। ਸਥਿਤੀ ਸਪੱਸ਼ਟ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਬੀੜ ਸਮੇਤ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੂੰ ਅਕਬਰ ਪਾਸ ਭੇਜਿਆ। ਅਕਬਰ ਨੇ ਆਪਣੀ ਮਰਜ਼ੀ ਅਨੁਸਾਰ ਕਈਆਂ ਪੰਨਿਆਂ ਤੋਂ ਸ਼ਬਦ ਪੜ੍ਹਵਾਏ ਜੋ ਪਰਮਾਤਮਾ ਦੀ ਉਸਤਤਿ ਵਿਚ ਲਿਖੇ ਸਨ। ਸਹੀ ਵਸਤੂ-ਸਥਿਤੀ ਦਾ ਬੋਧ ਹੋ ਜਾਣ ਨਾਲ ਅਕਬਰ ਬਹੁਤ ਪ੍ਰਸੰਨ ਹੋਇਆ। ਉਸ ਨੇ 51 ਮੋਹਰਾਂ ਭੇਟਾਂ ਕੀਤੀਆਂ ਅਤੇ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੂੰ ਖ਼ਿਲਤਾਂ ਦਿੱਤੀਆਂ ਅਤੇ ਗੁਰੂ ਜੀ ਪਾਸ ਵੀ ਇਕ ਕੀਮਤੀ ਖ਼ਿਲਤ ਭੇਜੀ।

ਸੰਗਤ ਦੀਆਂ ਭਾਵਨਾਵਾਂ ਦਾ ਆਦਰ ਕਰਦੇ ਹੋਏ ਆਪ ਨੇ ਬਾਲਕ ਹਰਿਗੋਬਿੰਦ ਲਈ ਚੰਦੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਸਵੀਕਾਰ ਨ ਕੀਤਾ ਜਿਸ ਕਰਕੇ ਚੰਦੂ ਨੇ ਆਪ ਪ੍ਰਤਿ ਵੈਰ-ਭਾਵ ਨੂੰ ਪਾਲ ਲਿਆ। ਅਕਬਰ ਬਾਦਸ਼ਾਹ ਦੇ ਮਰਨ ਉਪਰੰਤ 24 ਅਕਤੂਬਰ 1605 ਈ. ਨੂੰ ਜਹਾਂਗੀਰ ਦਿੱਲੀ ਦੇ ਤਖ਼ਤ ਉਤੇ ਬੈਠਾ। ਉਹ ਤਅਸਬੀ ਰੁਚੀਆਂ ਵਾਲਾ ਇਕ ਵਿਲਾਸੀ ਸਮਰਾਟ ਸੀ। ਗੁਰੂ ਜੀ ਵਲੋਂ ਕੀਤੇ ਗਏ ਧਰਮ ਅਤੇ ਸਮਾਜ ਲਈ ਬਹੁ-ਪੱਖੀ ਵਿਕਾਸ-ਕਾਰਜਾਂ ਦੇ ਫਲਸਰੂਪ ਵੈਰੀ ਭਰਾ ਪ੍ਰਿਥੀਚੰਦ ਅਤੇ ਵਿਰੋਧੀ ਚੰਦੂ ਸ਼ਾਹ ਨੇ ਆਪ ਵਿਰੁੱਧ ਜਹਾਂਗੀਰ ਬਾਦਸ਼ਾਹ ਦੇ ਕੰਨ ਭਰੇ। ਕੁਝ ਇਤਿਹਾਸਕਾਰਾਂ ਅਨੁਸਾਰ ਸ਼ਹਿਜ਼ਾਦਾ ਖੁਸਰੋ ਨੂੰ ਸ਼ਰਣ ਦੇਣ ਅਤੇ ਮਦਦ ਕਰਨ ਕਰਕੇ ਵੀ ਬਾਦਸ਼ਾਹ ਬਹੁਤ ਨਾਖ਼ੁਸ਼ ਹੋਇਆ ਅਤੇ 15 ਮਈ 1606 ਈ. ਨੂੰ ਗੁਰੂ ਜੀ ਨੂੰ ਪਰਿਵਾਰ ਸਹਿਤ ਗ੍ਰਿਫ਼ਤਾਰ ਕਰਨ ਅਤੇ ਸਭ ਘਰ-ਘਾਟ ਜ਼ਬਤ ਕਰਨ ਦਾ ਹੁਕਮ ਦਿੱਤਾ। 'ਤੁਜ਼ਕਿ ਜਹਾਂਗੀਰੀ' ਅਨੁਸਾਰ ਆਪ ਦਾ ਪਰਿਵਾਰ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਗਿਆ ਅਤੇ ਘਰ-ਬਾਰ ਜ਼ਬਤ ਕਰ ਲਿਆ ਗਿਆ। ਇਸ ਪਿਛੋਂ ਆਪ ਨੂੰ 'ਯਾਸਾ' ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮੇ' (132-140/ਚਰਣ ਪੰਜਵਾਂ) ਅਨੁਸਾਰ ਆਪ ਨੂੰ ਜਦੋਂ ਲਾਹੌਰੋਂ ਸਰਕਾਰੀ ਬੁਲਾਵਾ ਆਇਆ ਤਾਂ ਆਪ ਨੇ ਭਾਈ ਗੁਰਦਾਸ ਅਤੇ ਹੋਰ ਮੁਖੀ ਸਿੱਖ-ਸੇਵਕਾਂ ਨੂੰ ਬੁਲਾ ਕੇ ਸਮਝਾਇਆ ਅਤੇ ਗੁਰੂ ਹਰਿਗੋਬਿੰਦ ਜੀ ਦੀ ਸੌਂਪਣੀ ਕਰਕੇ ਆਪ ਲਾਹੌਰ ਚਲੇ ਗਏ ਜਿਥੇ ਆਪ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਪਰਵਰਤੀ ਸਿੱਖ ਇਤਿਹਾਸਕਾਰਾਂ ਨੇ ਵੀ ਗੁਰੂ ਜੀ ਨੂੰ ਤਸੀਹੇ ਦੇ ਕੇ ਮਾਰਨ ਦੇ ਤੱਥ ਦੀ ਪੁਸ਼ਟੀ ਕੀਤੀ ਹੈ, ਪਰ ਕਿਹੜੇ ਕਿਹੜੇ ਤਸੀਹੇ ਦਿੱਤੇ ਗਏ, ਇਨ੍ਹਾਂ ਬਾਰੇ ਕਿਤੇ ਕਿਤੇ ਅੰਤਰ ਜ਼ਰੂਰ ਹੈ। ਕੁਲ ਮਿਲਾ ਕੇ ਗੁਰੂ ਜੀ ਨੂੰ ਤੱਤੀ ਤਵੀ ਉਤੇ ਬਿਠਾਉਣ, ਸੀਸ ਉਪਰ ਗਰਮ ਰੇਤ ਪਾਉਣ, ਉਬਲਦੀ ਦੇਗ ਵਿਚ ਰਖਣ ਤੋਂ ਬਾਦ ਉਨ੍ਹਾਂ ਦੇ ਅੱਧੇ ਸੜੇ ਸ਼ਰੀਰ ਨੂੰ ਰਾਵੀ ਨਦੀ ਦੇ ਜਲ ਵਿਚ ਪ੍ਰਵਾਹਿਤ ਕਰ ਦਿੱਤਾ ਗਿਆ। ਹਿੰਦੁਸਤਾਨ ਦੇ ਮੁਗ਼ਲ ਇਤਿਹਾਸ ਦੀ ਇਹ ਬੜੀ ਨਿਰਦਈ ਘਟਨਾ ਮੰਨੀ ਜਾਂਦੀ ਹੈ।

*ਵਿਅਕਤਿਤਵ:* ਗੁਰੂ ਅਰਜਨ ਦੇਵ ਜੀ ਗੰਭੀਰ ਸੁਭਾ ਵਾਲੇ ਸੱਚੇ ਅਤੇ ਸੁੱਚੇ ਧਰਮ-ਸਾਧਕ ਸਨ ਜਿਨ੍ਹਾਂ ਨੇ ਸਿੱਖ-ਧਰਮ ਨੂੰ ਵਿਵਸਥਿਤ ਰੂਪ ਦੇ ਕੇ ਅਧਿਆਤਮਿਕਤਾ ਵਲ ਪੂਰੀ ਦ੍ਰਿੜ੍ਹਤਾ ਨਾਲ ਰੁਚਿਤ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਭਾਰਤੀ ਪੁਸਤਕ-ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ। ਇਸ ਦੇ ਸਰੂਪ ਨੂੰ ਗੰਭੀਰਤਾ ਨਾਲ ਵਿਚਾਰਿਆਂ ਗੁਰੂ ਸਾਹਿਬ ਦੀ ਸਾਹਿਤਿਕ ਪ੍ਰਤਿਭਾ, ਸੰਗੀਤ-ਕਲਾ ਦੀ ਪਕੜ ਅਤੇ ਬਾਣੀ-ਸੰਪਾਦਨ ਦੇ ਡੂੰਘੇ ਗਿਆਨ ਦਾ ਬੋਧ ਹੁੰਦਾ ਹੈ।

ਗੁਰੂ ਸਾਹਿਬ ਇਕ ਵਿਦਵਾਨ ਹੀ ਨਹੀਂ, ਸ੍ਰੇਸ਼ਠ ਲੋਕ-ਨਾਇਕ ਵੀ ਸਨ। ਲੋਕ-ਨਾਇਕ ਦੀ ਸਦਾ ਇਹ ਵਿਸ਼ੇਸ਼ਤਾ ਰਹਿੰਦੀ ਹੈ ਕਿ ਚਾਰਿਤ੍ਰਿਕ ਤੌਰ ਉਤੇ ਦ੍ਰਿੜ੍ਹ ਹੁੰਦਾ

ਹੋਇਆ ਬੜੀ ਨਿਮਰਤਾ ਨਾਲ ਲੋਕ-ਕਲਿਆਣ ਦੇ ਕਾਰਜਾਂ ਵਿਚ ਸਦਾ ਮਗਨ ਰਹਿੰਦਾ ਹੈ ਅਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇ ਕੇ ਸਾਰੇ ਮਨੁੱਖਾਂ ਨੂੰ ਪ੍ਰੇਮ ਦੇ ਸੂਤਰ ਵਿਚ ਪਰੋਈ ਰਖਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਦੇ ਭਲੇ ਲਈ ਲੋਕ-ਨਾਇਕ ਦੀ ਸੁੰਦਰ ਭੂਮਿਕਾ ਨਿਭਾਈ ਹੈ। ਆਪ ਨੇ ਪਰਮਾਤਮਾ ਨੂੰ ਸਭ ਦਾ ਸਾਂਝਾ ਪਿਤਾ ਦਸ ਕੇ ਪ੍ਰਕਾਰਾਂਤਰ ਨਾਲ ਸਾਰੇ ਮਨੁੱਖਾਂ ਨੂੰ ਭ੍ਰਾਤ੍ਰੀ-ਭਾਵ ਦੇ ਕਲਾਵੇ ਵਿਚ ਲਿਆਉਂਦਿਆਂ ਕਿਹਾ ਹੈ — *ਤੂੰ ਸਾਝਾ ਸਾਹਿਬੁ ਬਾਪੁ ਹਮਾਰਾ। ਨਉਨਿਧਿ ਤੇਰੈ ਅਖੁਟ ਭੰਡਾਰਾ। ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ। ਸਭੁ ਕੋ ਆਸੈ ਤੇਰੀ ਬੈਠਾ। ਘਟ ਘਟ ਅੰਤਰਿ ਤੂੰ ਹੈ ਵੁਠਾ। ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।*(ਗੁ.ਗ੍ਰੰ.97)। ਗੁਰੂ ਜੀ ਨੇ ਪਰਮਾਤਮਾ ਨੂੰ ਕੇਵਲ ਸਰਬ-ਸਾਂਝੀਵਾਲ ਹੀ ਨਹੀਂ ਦਸਿਆ, ਸਗੋਂ ਉਸ ਨੂੰ 'ਮਿਠਬੋਲੜਾ' ਵੀ ਕਿਹਾ ਹੈ। ਪਰਮਾਤਮਾ ਦੀ ਇਸ ਵਿਸ਼ਿਸ਼ਟਤਾ ਕਾਰਣ ਗੁਰੂ ਜੀ ਨੇ ਪਰਮਾਤਮਾ ਦੁਆਰਾ ਪੈਦਾ ਕੀਤੇ ਸਾਰੇ ਮਨੁੱਖਾਂ ਨੂੰ ਮਿਠਬੋਲੇ ਬਣਨ ਦਾ ਉਪਦੇਸ਼ ਦਿੱਤਾ ਹੈ। ਇਹ ਸਭ ਕੁਝ ਉਹੀ ਸਾਧਕ ਕਹਿ ਸਕਦਾ ਹੈ ਜੋ ਖ਼ੁਦ ਮਿਠਬੋਲਾ ਹੋਵੇ, ਜਿਸ ਦੇ ਸੁਭਾ ਵਿਚ ਨਿਮਰਤਾ ਸਮਾਈ ਹੋਈ ਹੋਵੇ।

ਗੁਰੂ ਅਰਜਨ ਦੇਵ ਜੀ ਦਾ ਵਿਅਕਤਿਤਵ ਨਿਮਰਤਾ ਦਾ ਮੁਜਸਮਾ ਸੀ। ਉਹ ਖ਼ੁਦ ਸੰਗਤ ਦੀ ਸੇਵਾ ਕਰਦੇ ਸਨ। ਕਿਸੇ ਪ੍ਰਤਿ ਉਨ੍ਹਾਂ ਦੀ ਵੈਰ ਭਾਵਨਾ ਨਹੀਂ ਸੀ। ਉਨ੍ਹਾਂ ਨੇ ਅਨੇਕ ਪ੍ਰਕਾਰ ਦੇ ਕਸ਼ਟ ਸਹਿਨ ਕੀਤੇ, ਪਰ ਨ ਉਹ ਕਿਸੇ ਪ੍ਰਤਿ ਵੈਰ ਭਾਵ ਪਾਲ ਸਕੇ ਅਤੇ ਨ ਹੀ ਨਿਮਰਤਾ ਦੀ ਭਾਵਨਾ ਤੋਂ ਹਟ ਸਕੇ। ਸਚ ਤਾਂ ਇਹ ਹੈ ਕਿ ਜਦੋਂ ਤੋਂ ਉਨ੍ਹਾਂ ਨੇ ਅਧਿਆਤਮਿਕ ਮਾਰਗ ਉਤੇ ਕਦਮ ਰਖਿਆ, ਉਦੋਂ ਤੋਂ ਉਨ੍ਹਾਂ ਦੇ ਮਨ ਵਿਚ ਦ੍ਵੈਤ-ਭਾਵ ਖ਼ਤਮ ਹੋ ਗਿਆ, ਸਾਰੀ ਮਨੁੱਖਤਾ ਨਾਲ ਉਨ੍ਹਾਂ ਦੀ ਸਥਾਈ-ਸਾਂਝ ਪੈਦਾ ਹੋ ਗਈ। ਫਿਰ ਜਿਸ ਕਿਸਮ ਦੀ ਸਥਿਤੀ ਪੈਦਾ ਹੋਈ, ਉਸ ਨੂੰ ਭਾਣੇ ਵਜੋਂ ਸਵੀਕਾਰ ਕਰ ਲਿਆ — *ਬਿਸਰਿ ਗਈ ਸਭ ਤਾਤਿ ਪਰਾਈ। ਜਬ ਤੇ ਸਾਧ ਸੰਗਤਿ ਮੋਹਿ ਪਾਈ। ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ। ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ। ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ।*(ਗੁ.ਗ੍ਰੰ.1299)।

ਗੁਰੂ ਅਰਜਨ ਦੇਵ ਜੀ ਬੜੇ ਸਹਿਨਸ਼ੀਲ ਧਰਮ-ਸਾਧਕ ਸਨ। ਗੰਭੀਰਤਾ ਨਾਲ ਵਿਚਾਰੀਏ ਤਾਂ ਉਨ੍ਹਾਂ ਦਾ ਸਾਰਾ ਜੀਵਨ ਤਨਾਉ ਭਰਿਆ ਸੀ। ਪਰਿਵਾਰਿਕ ਤਨਾਉ ਹੀ ਕਿਸੇ ਨ ਕਿਸੇ ਰੂਪ ਵਿਚ ਉਨ੍ਹਾਂ ਦੀ ਸ਼ਹਾਦਤ ਦਾ ਕਾਰਣ ਬਣਿਆ। ਪਰ ਉਨ੍ਹਾਂ ਦੇ ਨ ਚਰਿਤ੍ਰ ਵਿਚੋਂ ਅਤੇ ਨ ਹੀ ਬਾਣੀ ਵਿਚ ਇਸ ਪ੍ਰਕਾਰ ਦੇ ਹੁਸੜ ਭਰੇ ਵਾਤਾਵਰਣ ਦਾ ਆਭਾਸ ਹੁੰਦਾ ਹੈ। ਉਨ੍ਹਾਂ ਨੇ ਹਰ ਸੰਕਟ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਆਪਣਾ ਸ਼ਰੀਰ ਤਿਆਗਣ ਵੇਲੇ ਵੀ ਮੱਥੇ ਤੇ ਵਟ ਨਹੀਂ ਪੈਣ ਦਿੱਤਾ। ਇਹ ਸਭ ਕੁਝ ਉਨ੍ਹਾਂ ਦੇ ਮਨ ਦੇ ਟਿਕਾਉ ਦੀ ਅਵਸਥਾ ਕਰਕੇ ਹੈ। ਅਸਲ ਵਿਚ, ਉਹ ਹਰਿ-ਨਾਮ ਵਿਚ ਇਤਨੇ ਮਗਨ ਸਨ ਕਿ ਜੋ ਸਥਿਤੀ ਵੀ ਸਾਹਮਣੇ ਆਈ, ਉਸ ਨੂੰ ਪਰਮਾਤਮਾ ਦੀ ਦੇਣ ਸਮਝ ਕੇ ਸਵੀਕਾਰ ਕੀਤਾ, ਸਿਰ-ਮੱਥੇ ਉਤੇ ਧਰਿਆ ਅਤੇ ਸਮੁੱਚੇ ਤੌਰ 'ਤੇ ਇਕੋ ਅਰਜ਼ੋਈ ਕੀਤੀ — *ਤੇਰਾ ਕੀਆ ਮੀਠਾ ਲਾਗੈ। ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।*

ਇਸ ਤਰ੍ਹਾਂ ਸੋਲ੍ਹਵੀਂ ਸਦੀ ਦੀ ਅੰਤਿਮ ਚੌਥਾਈ ਅਤੇ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਵਿਚ ਇਕ ਅਜਿਹੇ ਮਹਾਨ ਸਾਧਕ ਦਾ ਪ੍ਰਕਾਸ਼ ਹੋਇਆ ਜਿਸ ਨੇ ਮਨੁੱਖਤਾ ਲਈ ਸਰਬ-ਸਾਂਝੇ ਧਰਮ ਨੂੰ ਪੱਕੇ ਪੈਰਾਂ ਉਤੇ ਖੜਾ ਕੀਤਾ ਅਤੇ ਲੋਕਾਂ ਦੇ ਮਨ ਵਿਚ ਸਹਿਨਸ਼ੀਲਤਾ ਦੀ ਭਾਵਨਾ ਦਾ ਵਿਕਾਸ ਕਰਕੇ ਇਕ ਨਵੇਂ ਸਮਾਜ ਨੂੰ ਜਨਮ ਦਿੱਤਾ ਜਿਸ ਨੇ ਸਹਿਜੇ ਸਹਿਜੇ ਪੰਜਾਬ ਦੇ ਸਭਿਆਚਾਰ ਦਾ ਸੁਭਾ ਹੀ ਬਦਲ ਦਿੱਤਾ।

*ਬਾਣੀ ਬਿਉਰਾ :* ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਬਾਣੀ ਦਾ ਸੰਖਿਪਤ ਬਿਉਰਾ ਇਸ ਪ੍ਰਕਾਰ ਹੈ :

(1) *ਸਿਰੀ ਰਾਗ :* ਚਉਪਦੇ-30, ਅਸ਼ਟਪਦੀਆਂ-3, ਪਹਰਾ-1, ਛੰਤ-2, ਸ਼ਲੋਕ-6 (ਇਕ ਵਾਰ ਮ.8 ਵਿਚ ਅਤੇ ਪੰਜ ਛੰਤ ਅੰਕ 2 ਨਾਲ ਡਖਣਿਆਂ ਦੇ ਰੂਪ ਵਿਚ)=42

(2) *ਮਾਝ ਰਾਗ :* ਚਉਪਦੇ-43, ਅਸ਼ਟਪਦੀਆਂ-5, ਪਦੇ-18 ('ਬਾਰਹਮਾਹਾ')-14 ਅਤੇ 'ਦਿਨ-ਰੈਣਿ' - 4 = 66

(3) *ਗਉੜੀ ਰਾਗ :* ਚਉਪਦੇ-172, ਅਸ਼ਟਪਦੀਆਂ-39 (24 'ਸੁਖਮਨੀ' ਵਿਚੋਂ), ਛੰਤ-4, ਪਦੇ-72 (55 'ਬਾਵਨ-ਅਖਰੀ' ਵਿਚ, 17 'ਥਿਤੀ' ਵਿਚ),

ਸ਼ਲੋਕ-148 (1 ਛੰਤ ਅੰਕ 3 ਨਾਲ, 56 'ਬਾਵਨ-ਅਖਰੀ' ਵਿਚ, 24 'ਸੁਖਮਨੀ' ਵਿਚ, 17 'ਥਿਤੀ' ਵਿਚ, 8 ਵਾਰ ਮ.8 ਵਿਚ, 42 ਵਾਰ ਮ.੫ ਵਿਚ), ਪਉੜੀਆਂ-26 (5 ਵਾਰ ਮ.8 ਵਿਚ ਅਤੇ 21 ਵਾਰ ਮ. ੫ ਵਿਚ) = 461

(4) *ਆਸਾ ਰਾਗ :* ਚਉਪਦੇ-164 (ਧੰਨੇ ਭਗਤ ਦੇ ਬਾਣੀ-ਪ੍ਰਕਰਣ ਵਿਚਲੇ ਇਕ ਸ਼ਬਦ ਸਮੇਤ), ਅਸ਼ਟਪਦੀਆਂ-5 (ਤਿੰਨ ਬਿਰਹੜਿਆਂ ਸਹਿਤ), ਛੰਤ-14, ਸ਼ਲੋਕ-5 (ਛੰਤ ਅੰਕ 4-7 ਅਤੇ 9 ਨਾਲ) = 188

(5) *ਗੂਜਰੀ ਰਾਗ :* ਚਉਪਦੇ-32, ਅਸ਼ਟਪਦੀਆਂ-2, ਪਉੜੀਆਂ-21 ਅਤੇ ਸ਼ਲੋਕ-42 (ਵਾਰ ਮ.੫ ਵਿਚ) = 97

(6) *ਦੇਵਗੰਧਾਰੀ ਰਾਗ :* ਚਉਪਦੇ-38 = 38

(7) *ਬਿਹਾਗੜਾ ਰਾਗ :* ਚਉਪਦਾ-1, ਛੰਤ-9, ਸ਼ਲੋਕ-2 (ਵਾਰ ਮ.8 ਵਿਚ) = 12

(8) *ਵਡਹੰਸ ਰਾਗ :* ਚਉਪਦੇ-9, ਛੰਤ-3, ਸ਼ਲੋਕ-4 (ਛੰਤ ਅੰਕ 2 ਨਾਲ) = 16

(9) *ਸੋਰਠ ਰਾਗ :* ਚਉਪਦੇ-94, ਅਸ਼ਟਪਦੀਆਂ-3=97

(10) *ਧਨਾਸਰੀ ਰਾਗ :* ਚਉਪਦੇ-58, ਅਸ਼ਟਪਦੀ-1, ਛੰਤ-1 = 60

(11) *ਜੈਤਸਰੀ ਰਾਗ :* ਚਉਪਦੇ-13, ਛੰਤ-3, ਸ਼ਲੋਕ-45 (40 ਸ਼ਲੋਕ ਵਾਰ ਮ.੫ ਵਿਚ, 5 ਸ਼ਲੋਕ ਛੰਤ ਅੰਕ 2 ਨਾਲ), ਪਉੜੀਆਂ-20 (ਵਾਰ ਮ.੫ ਵਿਚ) = 81

(12) *ਟੋਡੀ ਰਾਗ :* ਚਉਪਦੇ-30 = 30

(13) *ਬੈਰਾੜੀ ਰਾਗ :* ਚਉਪਦਾ-1 = 1

(14) *ਤਿਲੰਗ ਰਾਗ :* ਚਉਪਦੇ-5 = 5

(15) *ਸੂਹੀ ਰਾਗ :* ਚਉਪਦੇ-59 ('ਗੁਣਵੰਤੀ' ਵਾਲੇ ਚਉਪਦੇ ਸਹਿਤ), ਅਸ਼ਟਪਦੀਆਂ-5, ਛੰਤ-11 =75

(16) *ਬਿਲਾਵਲ ਰਾਗ :* ਚਉਪਦੇ-129, ਅਸ਼ਟਪਦੀਆਂ -2, ਛੰਤ-5, ਸ਼ਲੋਕ-1 (ਛੰਤ ਅੰਕ 4 ਨਾਲ) = 137

(17) *ਗੋਂਡ ਰਾਗ :* ਚਉਪਦੇ-22, ਅਸ਼ਟਪਦੀ-1= 23

(18) *ਰਾਮਕਲੀ ਰਾਗ :* ਚਉਪਦੇ-60, ਅਸ਼ਟਪਦੀਆਂ-8, ਛੰਤ-5, ('ਰੁਣਝੁਨਝਣਾ' ਸਹਿਤ), ਪਦੇ-8 ('ਰੁਤੀ' ਵਿਚ), ਸ਼ਲੋਕ-65 (44 ਸ਼ਲੋਕ ਵਾਰ ਮ.੫ ਵਿਚ, 16 'ਰੁਤੀ' ਵਿਚ, 1 ਅਸ਼ਟਪਦੀ ਅੰਕ 7 ਨਾਲ, 4 ਛੰਤ ਅੰਕ 4 ਨਾਲ), ਪਉੜੀਆਂ-22 (ਵਾਰ ਮ.੫ ਵਿਚ) = 168

(19) *ਨਟਨਾਰਾਇਨ ਰਾਗ :* ਚਉਪਦੇ-10 = 10

(20) *ਮਾਲੀਗਉੜਾ ਰਾਗ :* ਚਉਪਦੇ-8 = 8

(21) *ਮਾਰੂ ਰਾਗ :* ਚਉਪਦੇ-32 (ਦੋ ਮਾਰੂ 'ਅੰਜਲੀ' ਵਾਲੇ), ਅਸ਼ਟਪਦੀਆਂ-8 (ਦੋ ਮਾਰੂ 'ਅੰਜਲੀਆਂ' ਵਾਲੀਆਂ), ਸੋਲਹੇ-14, ਸ਼ਲੋਕ-71 (69 ਵਾਰ ਮ.੫ ਵਿਚ ਅਤੇ 2 ਵਾਰ ਮ.੩ ਵਿਚ), ਪਉੜੀਆਂ-23 (ਵਾਰ ਮ.੫ ਵਿਚ) = 148

(22) *ਤੁਖਾਰੀ ਰਾਗ :* ਛੰਤ-1 = 1

(23) *ਕੇਦਾਰਾ ਰਾਗ :* ਚਉਪਦੇ-15, ਛੰਤ-1 = 16

(24) *ਭੈਰਉ ਰਾਗ :* ਚਉਪਦੇ-58 (ਕਬੀਰ ਬਾਣੀ ਵਿਚਲੇ ਅੰਕ 12 ਵਾਲੇ ਸਹਿਤ), ਅਸ਼ਟਪਦੀਆਂ-3 = 61

(25) *ਬਸੰਤ ਰਾਗ :* ਚਉਪਦੇ-21, ਅਸ਼ਟਪਦੀਆਂ-2, ਪਉੜੀਆਂ-3 (ਵਾਰ ਮ.੫ ਵਿਚ) = 26

(26) *ਸਾਰੰਗ ਰਾਗ :* ਚਉਪਦੇ-140 (ਇਕ ਸੂਰਦਾਸ ਪ੍ਰਕਰਣ ਵਾਲਾ), ਅਸ਼ਟਪਦੀਆਂ-2, ਛੰਤ-1, ਸ਼ਲੋਕ-3 ਅਤੇ ਪਉੜੀ-1 (ਵਾਰ ਮ. 8 ਵਿਚ)=147

(27) *ਮਲਾਰ ਰਾਗ :* ਚਉਪਦੇ-30, ਛੰਤ-1, ਪਉੜੀ-1 ਅਤੇ ਸ਼ਲੋਕ-2 (ਵਾਰ ਮ.੧ ਨਾਲ) = 34

(28) *ਕਾਨੜਾ ਰਾਗ :* ਚਉਪਦੇ-50, ਛੰਤ-1 = 51

(29) *ਕਲਿਆਨ ਰਾਗ :* ਚਉਪਦੇ-10 = 10

(30) *ਪ੍ਰਭਾਤੀ ਰਾਗ :* ਚਉਪਦੇ-15, ਅਸ਼ਟਪਦੀਆਂ - 3 = 18

*ਸਹਸਕ੍ਰਿਤੀ ਸਲੋਕ* : ਸ਼ਲੋਕ-67 = 67

*ਗਾਥਾ* : ਸ਼ਲੋਕ-24 = 24

*ਫੁਨਹੇ* : ਸ਼ਲੋਕ-23 = 23

*ਚਉਬੋਲੇ* : ਸ਼ਲੋਕ-11 = 11

*ਸ਼ਲੋਕ ਕਬੀਰ ਪ੍ਰਕਰਣ* : ਸ਼ਲੋਕ-2 = 2 (ਇਥੇ ਪੰਜ ਸ਼ਲੋਕ ਮ.੫ ਦੇ ਹਨ, ਪਰ ਇਨ੍ਹਾਂ ਵਿਚੋਂ ਤਿੰਨ —ਕ੍ਰਮਾਂਕ

| | |
|---|---|
| | 210, 211 ਤੇ 214—ਰਾਮਕਲੀ ਵਾਰ ਮ.੫ ਵਿਚ ਗਿਣੇ ਗਏ ਹਨ, ਬਾਕੀ ਦੇ ਦੋ ਹਨ ਕ੍ਰਮਾਂਕ 209 ਅਤੇ 221)। |
| *ਸ਼ਲੋਕ ਫਰੀਦ ਪ੍ਰਕਰਣ* | : ਸ਼ਲੋਕ-6 = 6 (ਇਥੇ ਕੁਲ ਅੱਠ ਸ਼ਲੋਕ ਮ.੫ ਦੇ ਹਨ ਜਿਨ੍ਹਾਂ ਵਿਚੋਂ ਛੇ —ਕ੍ਰਮਾਂਕ 75, 105, 108-111—ਇਥੇ ਗਿਣੇ ਹਨ, ਬਾਕੀ ਦੇ ਦੋ—ਕ੍ਰਮਾਂਕ 82 ਅਤੇ 83—ਰਾਮਕਲੀ ਵਾਰ ਮ.੫ ਵਿਚ ਗਿਣੇ ਹਨ।) |
| *ਸਵੈਯੇ ਸ੍ਰੀਮੁਖਵਾਕ* | : ਸਵੈਯੇ-20 = 20 |
| *ਸਲੋਕ ਵਾਰਾਂ ਤੇ ਵਧੀਕ* | : ਸ਼ਲੋਕ-22 = 22 |
| *ਮੁੰਦਾਵਣੀ* | : ਸ਼ਲੋਕ-2 = 2 |
| ਕੁਲ ਜੋੜ | = 2304 |
| *ਬਾਣੀਵਾਰ ਕੁਲ ਜੋੜ* | : ਚਉਪਦੇ-1349, ਅਸ਼ਟਪਦੀਆਂ-92, ਪਹਰਾ-1, ਸੋਲਹੇ-14, ਛੰਤ-62, ਪਦੇ-98, ਸ਼ਲੋਕ-551, ਪਉੜੀਆਂ-117, ਸਵੈਯੇ-20 = 2304 |
| *ਸੁਤੰਤਰ ਬਾਣੀਆਂ* | : ਬਾਰਹਮਾਹਾ, ਬਾਵਨ-ਅਖਰੀ, ਸੁਖਮਨੀ, ਥਿਤੀ, ਪਹਰਾ, ਦਿਨਰੈਣ, ਬਿਰਹੜੇ, ਗੁਣਵੰਤੀ, ਰੁਤੀ, ਅੰਜਲੀਆਂ, ਵਾਰਾਂ ਛੇ (ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ)। |

ਇਨ੍ਹਾਂ ਰਚਨਾਵਾਂ ਨੂੰ ਮੁੱਖ ਤੌਰ 'ਤੇ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—(1) ਵਡ-ਆਕਾਰੀ ਰਚਨਾਵਾਂ, (2) ਲਘੂ ਰਚਨਾਵਾਂ, (3) ਵਾਰਾਂ, (4) ਮੁਕਤਕ ਪਦ। ਪਹਿਲੇ ਤਿੰਨ ਵਰਗਾਂ ਲਈ ਸੁਤੰਤਰ ਇੰਦਰਾਜ ਦਰਜ ਕੀਤੇ ਹਨ।

*ਵਿਚਾਰਧਾਰਾ :* ਗੁਰੂ ਅਰਜਨ ਦੇਵ ਜੀ ਗੁਰੂ-ਪਰੰਪਰਾ ਤੋਂ ਪ੍ਰਾਪਤ ਅਧਿਆਤਮਿਕ ਵਿਚਾਰਧਾਰਾ ਦਾ ਹੀ ਵਿਸਤਾਰ ਕਰਦੇ ਹਨ। ਉਨ੍ਹਾਂ ਦੀ ਮੌਲਿਕਤਾ ਅਭਿਵਿਅਕਤੀ ਦੇ ਅੰਦਾਜ਼ ਅਥਵਾ ਅਧਿਆਤਮਿਕਤਾ ਦੀਆਂ ਕੁਝ ਨਵੀਆਂ ਦਿਸ਼ਾਵਾਂ ਜਾਂ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਵੇਖੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਉਨ੍ਹਾਂ ਦੇ ਬ੍ਰਹਮ ਦੇ ਸਰੂਪ ਬਾਰੇ ਵਿਚਾਰ ਕਰਨਾ ਉਚਿਤ ਹੋਵੇਗਾ। ਪ੍ਰਥਮ ਗੁਰੂ, ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਸਰੂਪ ਦਾ ਚਿਤ੍ਰਣ 'ਮੂਲ-ਮੰਤ੍ਰ' ਵਿਚ ਕੀਤਾ ਹੈ। ਪਰਵਰਤੀ ਤਿੰਨ ਗੁਰੂਆਂ ਨੇ ਉਸੇ ਦਾ ਅਨੁਸਰਣ ਕੀਤਾ ਹੈ। ਗੁਰੂ ਅਰਜਨ ਦੇਵ ਜੀ ਉਸੇ ਧਾਰਣਾ ਨੂੰ ਅਪਣਾ ਕੇ ਚਲੇ ਹਨ।

ਪਰਮਾਤਮਾ ਅਤੇ ਜੀਵਾਤਮਾ ਵਿਚ ਗੁਰੂ ਅਰਜਨ ਦੇਵ ਜੀ ਨੇ ਕੋਈ ਅੰਤਰ ਨਹੀਂ ਮੰਨਿਆ। ਦੋਹਾਂ ਵਿਚ ਅੰਸ਼-ਅੰਸ਼ੀ ਸੰਬੰਧ ਹੈ। ਜੀਵਾਤਮਾ ਪਰਮਾਤਮਾ ਦਾ ਹੀ ਰੂਪ ਹੈ — *ਅਚਰਜ ਕਥਾ ਮਹਾ ਅਨੂਪ। ਪ੍ਰਾਤਮਾ ਪਾਰਬ੍ਰਹਮ ਕਾ ਰੂਪੁ।*(ਗੁ.ਗ੍ਰੰ.868)। ਦਰਅਸਲ ਪਰਮਾਤਮਾ ਅਤੇ ਜੀਵਾਤਮਾ ਵਿਚ ਕਿਸੇ ਪ੍ਰਕਾਰ ਦੀ ਕੋਈ ਬੁਨਿਆਦੀ ਵਖਰਤਾ ਨਹੀਂ ਹੈ। ਜੋ ਭੇਦ ਪ੍ਰਤੀਤ ਹੁੰਦਾ ਹੈ, ਉਹ ਮਾਇਆ ਦਾ ਪਰਿਣਾਮ ਹੈ। ਮਾਇਆ ਦੇ ਪ੍ਰਭਾਵ ਕਾਰਣ ਆਪਣੇ ਮੂਲ ਰੂਪ ਨੂੰ ਭੁਲਾਇਆਂ ਹੀ ਜੀਵਾਤਮਾ ਆਪਣੇ ਆਪ ਨੂੰ ਨਾਮ-ਰੂਪਾਤਮਕ ਜਗਤ ਅਥਵਾ ਸ੍ਰਿਸ਼ਟੀ-ਪਰਿਵਾਰ ਦਾ ਅੰਗ ਮੰਨਣ ਲਗ ਜਾਂਦੀ ਹੈ। ਉਂਜ ਬ੍ਰਹਮੰਡ ਅਤੇ ਪਿੰਡ ਵਿਚ ਇਕ ਹੀ ਸੱਤਾ ਸਥਿਤ ਹੈ। ਸ਼ਰੀਰ ਵਿਚ ਪਰਮਾਤਮਾ ਦੇ ਸਥਿਤ ਹੋਣ ਨਾਲ ਪ੍ਰਾਣ-ਸੰਚਾਰ ਹੁੰਦਾ ਹੈ। ਆਤਮਾ ਅਤੇ ਦੇਹ ਦੇ ਸੰਬੰਧ ਉਤੇ ਪ੍ਰਕਾਸ਼ ਪਾਉਂਦਿਆਂ ਗੁਰੂ ਜੀ ਨੇ ਦਸਿਆ ਹੈ ਕਿ ਆਤਮਾ ਦੀ ਸੰਗਤ ਵਿਚ ਰਹਿ ਕੇ ਹੀ ਦੇਹ ਚੋਜ ਕਰਦੀ ਹੈ, ਬਿਨਾ ਆਤਮਾ ਦੇਹ ਦਾ ਕੋਈ ਮਹੱਤਵ ਨਹੀਂ, ਉਸ ਦੀ ਸਥਿਤੀ ਇਕ ਛੁਟੜ ਇਸਤਰੀ ਵਰਗੀ ਹੈ। ਇਸ ਲਈ ਦੇਹ ਦਾ ਆਦਰ-ਮਾਣ ਆਤਮਾ ਦੀ ਮੌਜੂਦਗੀ ਉਤੇ ਨਿਰਭਰ ਕਰਦਾ ਹੈ — *ਉਨ ਕੈ ਸੰਗਿ ਤੂ ਕਰਤੀ ਕੇਲ। ਉਨ ਕੈ ਸੰਗਿ ਹਮ ਤੁਮ ਸੰਗਿ ਮੇਲ।... ਉਨ ਕੈ ਸੰਗਿ ਤੇਰੀ ਸਭ ਬਿਧਿ ਬਾਟੀ। ਓਸੁ ਬਿਨਾ ਤੂੰ ਹੋਈ ਹੈ ਮਾਟੀ।*(ਗੁ.ਗ੍ਰੰ.390)।

ਪ੍ਰਾਣੀਆਂ ਵਿਚੋਂ ਗੁਰੂ ਜੀ ਨੇ ਮਨੁੱਖ ਨੂੰ ਸਰਬ-ਸ੍ਰੇਸ਼ਠ ਦਸਿਆ ਹੈ। ਧਰਤੀ ਉਤੇ ਉਸੇ ਦੀ ਸਰਦਾਰੀ ਹੈ — *ਇਸੁ ਧਰਤੀ ਮਹਿ ਤੇਰੀ ਸਿਕਦਾਰੀ।* ਇਹ ਹੀ ਇਕ- ਮਾਤ੍ਰ ਅਜਿਹੀ ਜੂਨ ਹੈ ਜਿਸ ਵਿਚ ਆ ਕੇ ਮਨੁੱਖ ਪਰਮਾਤਮਾ ਨੂੰ

ਪ੍ਰਾਪਤ ਕਰਨ ਦਾ ਅਧਿਕਾਰੀ ਹੋ ਸਕਦਾ ਹੈ। ਜੋ ਮਨੁੱਖ ਲਾਪਰਵਾਹੀ ਕਰਕੇ ਇਸ ਜੂਨ ਵਿਚ ਜਨਮ ਲੈ ਕੇ ਵੀ ਲਾਭ ਨਹੀਂ ਉਠਾਉਂਦਾ, ਉਹ ਆਵਾਗਵਣ ਦੇ ਚੱਕਰ ਵਿਚ ਹੀ ਫਿਰਦਾ ਰਹਿੰਦਾ ਹੈ — *ਲਖ ਚਉਰਾਸੀਹ ਜੋਨਿ ਸਬਾਈ। ਮਾਣਸ ਕਉ ਪ੍ਰਭਿ ਦੀਈ ਵਡਿਆਈ। ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ।*(ਗੁ.ਗ੍ਰੰ.1075)।

ਗੁਰੂ ਅਰਜਨ ਦੇਵ ਜੀ ਨੇ ਸ੍ਰਿਸ਼ਟੀ ਦੀ ਸਿਰਜਨਾ ਬਾਰੇ ਵੀ ਗੁਰਮਤਿ ਦੀ ਪਰੰਪਰਿਕ ਵਿਚਾਰਧਾਰਾ ਨੂੰ ਹੀ ਵਿਕਸਿਤ ਕੀਤਾ ਹੈ। ਸ੍ਰਿਸ਼ਟੀ ਦੀ ਪੂਰਵ-ਅਵਸਥਾ ਦਾ ਚਿਤ੍ਰਣ ਕਰਦਿਆਂ ਆਪ ਜੀ ਨੇ 'ਸੁੰਨ ਸਮਾਧੀ' ਤੋਂ ਸੰਸਾਰ ਦੀ ਉਤਪੱਤੀ ਦਸੀ ਹੈ — *ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।... ਜਬ ਧਾਰੀ ਆਪਨ ਸੁੰਨ ਸਮਾਧਿ। ... ਜਬ ਇਸ ਕਾ ਬਰਨੁ ਚਿਹਨੁ ਨ ਜਾਪਤ।... ਜਬ ਆਪਨ ਆਪ ਆਪਿ ਪਾਰਬ੍ਰਹਮ। ਤਬ ਮੋਹ ਕਹਾ ਕਿਸੁ ਹੋਵਤ ਭਰਮ। ਆਪਨ ਖੇਲੁ ਆਪਿ ਵਰਤੀਜਾ। ਨਾਨਕ ਕਰਨੈਹਾਰੁ ਨ ਦੂਜਾ।* (ਗੁ.ਗ੍ਰੰ.290-91)। 'ਸੁੰਨ ਸਮਾਧਿ' ਤੋਂ ਭਾਵ 'ਅਫੁਰ ਅਵਸਥਾ' ਹੈ ਅਤੇ ਅਫੁਰ ਅਵਸਥਾ ਤੋਂ ਸ੍ਰਿਸ਼ਟੀ ਰਚਨਾ ਦੀ ਪ੍ਰਕ੍ਰਿਆ ਚਲਦੀ ਹੈ। ਗੁਰੂ ਨਾਨਕ ਦੇਵ ਜੀ ਦੀ 'ਏਕੋ ਕਵਾਉ' ਵਾਲੀ ਸਥਾਪਨਾ ਨੂੰ ਹੀ ਗੁਰੂ ਅਰਜਨ ਦੇਵ ਜੀ ਨੇ ਅਗੇ ਤੋਰਿਆ ਹੈ — *ਏਕ ਕਵਾਵੈ ਤੇ ਸਭ ਹੋਆ।* ਸ੍ਰਿਸ਼ਟੀ ਕਿਤਨੀ ਵੱਡੀ ਹੈ? ਇਸ ਦਾ ਕਿਤਨਾ ਵਿਸਤਾਰ ਹੈ ? ਇਸ ਦੀ ਸਹੀ ਜਾਣਕਾਰੀ ਦੇਣਾ ਸੰਭਵ ਨਹੀਂ, ਇਸ ਲਈ ਗੁਰੂ ਜੀ ਨੇ ਉਸ ਨੂੰ ਅਨੰਤ ਕਹਿ ਕੇ ਫਿਰ ਉਸ ਦੀ ਸਮਾਈ ਪਰਮਾਤਮਾ ਵਿਚ ਹੀ ਹੋਣੀ ਮੰਨੀ ਹੈ— *ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ।*(ਗੁ.ਗ੍ਰੰ.131)।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਿਤੇ ਕਿਤੇ ਮੁਕਤੀ ਸੰਬੰਧੀ ਕਥਨ ਮਿਲ ਜਾਂਦੇ ਹਨ। ਪਰ ਇਨ੍ਹਾਂ ਕਥਨਾਂ ਦੇ ਆਧਾਰ 'ਤੇ ਮੁਕਤੀ ਸੰਬੰਧੀ ਕੋਈ ਸ਼ਾਸਤ੍ਰੀ ਵਿਵੇਚਨ ਸੰਭਵ ਨਹੀਂ ਹੋ ਸਕਦਾ। ਗੁਰੂ ਜੀ ਦਾ ਮੁੱਖ ਆਸ਼ਾ ਭਟਕੀ ਹੋਈ ਮਨੁੱਖਤਾ ਨੂੰ ਸਨਮਾਰਗ ਉਤੇ ਲਿਆਉਣਾ ਸੀ। ਇਸ ਲਈ ਸੰਸਾਰਿਕ ਪ੍ਰਪੰਚ ਤੋਂ ਖ਼ਲਾਸੀ ਹਾਸਲ ਕਰਨ ਲਈ ਕਿਤੇ ਕਿਤੇ ਕੋਈ ਉਕਤੀ ਇਸ ਪਰਥਾਇ ਮਿਲ ਜਾਂਦੀ ਹੈ, ਪਰ ਇਸ ਦਾ ਸਰੂਪ ਪਰੰਪਰਿਕ ਮੁਕਤੀ ਤੋਂ ਬਿਲਕੁਲ ਭਿੰਨ ਹੈ। ਭਾਰਤੀ ਪਰੰਪਰਾ ਅਨੁਸਾਰ ਬੈਕੁੰਠ-ਧਾਮ ਨੂੰ ਜਾਣਾ ਹੀ ਮੁਕਤੀ ਹੈ, ਪਰ ਗੁਰਬਾਣੀ ਬ੍ਰਹਮ-ਸਾਖਿਆਤਕਾਰ ਨੂੰ ਮੁਕਤੀ ਦਾ ਨਾਂ ਦਿੰਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਰਾਜਸੀ ਠਾਠ ਅਥਵਾ ਮੁਕਤੀ ਦੀ ਥਾਂ ਪਰਮਾਤਮਾ ਨਾਲ ਪ੍ਰੀਤ ਕਾਇਮ ਕਰਨ ਦੀ ਅਭਿਲਾਸ਼ਾ ਪ੍ਰਗਟ ਕੀਤੀ ਹੈ। ਹੋਰ ਕਿਸੇ ਪ੍ਰਕਾਰ ਦੇ ਇਸ਼ਟ-ਦੇਵ ਦੇ ਮੁਕਾਬਲੇ ਉਨ੍ਹਾਂ ਨੂੰ ਕੇਵਲ ਪ੍ਰਭੂ ਦੇ ਦਰਸ਼ਨ ਦੀ ਤਾਂਘ ਹੈ— *ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ। ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।*(ਗੁ.ਗ੍ਰੰ.534)। ਇਥੇ ਪਰਮਾਤਮਾ ਦੇ ਦਰਸ਼ਨ ਅਥਵਾ ਸਾਖਿਆਤਕਾਰ ਤੋਂ ਭਾਵ ਹੈ ਅੰਦਰ ਵਸਦੇ ਪਰਮਾਤਮਾ ਦਾ ਅਹਿਸਾਸ। ਇਹ ਅਹਿਸਾਸ ਉਦੋਂ ਸੰਭਵ ਹੁੰਦਾ ਹੈ ਜਦੋਂ ਬ੍ਰਹਮ-ਗਿਆਨ ਦੁਆਰਾ ਆਤਮ-ਦਰਪਣ ਨੂੰ ਮਾਇਆ ਵੀ ਮੈਲ ਤੋਂ ਸਾਫ਼ ਕਰ ਲਿਆ ਜਾਂਦਾ ਹੈ। ਫਿਰ ਦ੍ਵੈਤ-ਬੁੱਧੀ ਖ਼ਤਮ ਹੋ ਜਾਂਦੀ ਹੈ। ਅਜਿਹੇ ਜਿਗਿਆਸੂ ਲਈ ਬੈਕੁੰਠ-ਧਾਮ ਦੀ ਮੁਕਤੀ ਕੋਈ ਅਰਥ ਹੀ ਨਹੀਂ ਰਖਦੀ। ਸੱਚਾ ਗਿਆਨੀ ਮੁਕਤੀ ਦੀ ਚਾਹ ਤੋਂ ਉੱਚਾ ਉਠ ਜਾਂਦਾ ਹੈ — *ਕਈ ਬੈਕੁੰਠ ਨਾਹੀ ਲਵੈ ਲਾਗੇ। ਮੁਕਤਿ ਬਪੁੜੀ ਭੀ ਗਿਆਨੀ ਤਿਆਗੇ।*(ਗੁ.ਗ੍ਰੰ.1078)।

ਗੁਰੂ ਜੀ ਅਨੁਸਾਰ ਮੁਕਤੀ ਦੀ ਪ੍ਰਾਪਤੀ ਲਈ ਦੇਹ ਤਿਆਗਣ ਦੀ ਲੋੜ ਨਹੀਂ ਰਹਿੰਦੀ। ਬੰਦਾ ਜੀਵਿਤ ਅਵਸਥਾ ਵਿਚ ਹੀ ਮੁਕਤ ਹੋ ਸਕਦਾ ਹੈ। ਉਸ ਦਾ ਸੰਸਾਰਿਕਤਾ ਪ੍ਰਤਿ ਅਰੁਚਿਤ ਹੋਣਾ ਹੀ ਆਤਮ-ਪਛਾਣ ਹੈ। ਇਸ ਪਛਾਣ ਤੋਂ ਬਾਦ ਖ਼ੁਸ਼ੀ-ਗ਼ਮੀ, ਸੋਨਾ-ਮਿੱਟੀ, ਅੰਮ੍ਰਿਤ-ਵਿਸ਼, ਮਾਨ-ਅਭਿਮਾਨ, ਰਾਜਾ-ਰੰਕ ਸਭ ਸਮਾਨ ਹੋ ਜਾਂਦੇ ਹਨ। ਉਹ ਤਾਂ ਕੇਵਲ ਪਰਮਾਤਮਾ ਦੇ ਭਾਣੇ ਨੂੰ ਮੰਨਦਾ ਹੋਇਆ, ਸਦਾ ਸਹਿਜ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਜੀਵਨ-ਮੁਕਤੀ' ਨਾਂ ਦਿੱਤਾ ਹੈ।

ਜੀਵਨ-ਮੁਕਤ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਨੇ ਜਿਸ ਸਾਧਨਾ-ਮਾਰਗ ਨੂੰ ਅਪਣਾਇਆ ਹੈ, ਉਸ ਲਈ ਇੰਨ-ਬਿੰਨ ਰੂਪ ਵਿਚ ਕਿਸੇ ਪਰੰਪਰਾਗਤ ਪੱਧਤੀ ਨੂੰ ਨਹੀਂ ਸਵੀਕਾਰਿਆ ਗਿਆ। ਆਪ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਅਨੁਸਰਣ ਕਰਦਿਆਂ ਭਗਤੀ ਦੇ ਵੈਧੀ ਅਥਵਾ ਸ਼ਾਸਤ੍ਰੀ ਰੂਪ ਨੂੰ ਨਹੀਂ ਅਪਣਾਇਆ, ਸਗੋਂ ਸਹਿਜ-ਭਗਤੀ ਦੀ ਸਥਾਪਨਾ ਕੀਤੀ ਹੈ। ਇਸ ਭਗਤੀ ਦਾ ਮੂਲਾਧਾਰ ਪ੍ਰੇਮ ਹੈ। ਇਸ ਲਈ ਗੁਰੂ ਜੀ ਨੇ ਅਜਿਹੀ ਸਾਧਨਾ ਨੂੰ ਪ੍ਰੇਮ-ਭਗਤੀ ਦਾ ਨਾਂ ਦਿੱਤਾ ਹੈ।

ਇਸ ਦੀ ਪ੍ਰਾਪਤੀ ਪਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਸੰਭਵ ਹੈ — *ਕਰਿ ਕਿਰਪਾ ਪ੍ਰਭੁ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ। ਪ੍ਰੇਮ ਭਗਤਿ ਨਾਨਕ ਸੁਖਿ ਪਾਇਆ ਸਾਧੂ ਸੰਗਿ ਸਮਾਈ।* (ਗੁ.ਗ੍ਰੰ.384)। ਇਸ ਭਗਤੀ ਦੀ ਪ੍ਰਾਪਤੀ ਵਿਚ ਗੁਰੂ ਦਾ ਵੀ ਯੋਗਦਾਨ ਹੈ। ਉਸ ਦੇ ਉਪਦੇਸ਼ ਦੁਆਰਾ ਇਸ ਵਿਚ ਸਿੱਧੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰੇਮ-ਭਗਤੀ ਹੀ ਭਵਸਾਗਰ ਤੋਂ ਤਰਨ ਦਾ ਇਕ-ਮਾਤ੍ਰ ਉਪਾ ਹੈ — *ਭਗਤਿ ਭਾਇ ਤਰੀਐ ਸੰਸਾਰੁ। ਬਿਨੁ ਭਗਤੀ ਤਨੁ ਹੋਸੀ ਛਾਰੁ।* (ਗੁ.ਗ੍ਰੰ.290)। ਇਸ ਲਈ ਗੁਰੂ ਜੀ ਨੇ ਗੁਰੂ, ਸਤਿਸੰਗਤ, ਹਉਮੈ ਤਿਆਗ, ਨਾਮ ਸਿਮਰਨ ਅਤੇ ਹੁਕਮ ਰਜ਼ਾਈ ਚਲਣ ਉਤੇ ਵੀ ਬਹੁਤ ਬਲ ਦਿੱਤਾ ਹੈ।

ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਅਧਿਆਤਮਿਕ ਚਿੰਤਨ, ਗੁਰੂ ਨਾਨਕ ਦੇਵ ਜੀ ਦੇ ਚਿੰਤਨ ਦਾ ਹੀ ਵਿਕਸਿਤ ਰੂਪ ਹੈ। ਆਪ ਨੇ ਸਿੱਖ ਧਰਮ-ਸਾਧਨਾ ਨੂੰ ਅਧਿਕ ਤੋਂ ਅਧਿਕ ਵਿਵਸਥਿਤ ਰੂਪ ਪ੍ਰਦਾਨ ਕਰਕੇ ਗੁਰੂ ਨਾਨਕ ਦੇਵ ਜੀ ਦੇ ਮਨੋਰਥ ਦੀ ਗਤਿ ਨੂੰ ਤੇਜ਼ ਕੀਤਾ ਹੈ ਅਤੇ ਗੁਰੂ-ਗੱਦੀ ਨੂੰ ਸਥਾਪਤੀ ਦਾ ਰੂਪ ਦੇ ਕੇ ਧਾਰਮਿਕ ਵਿਕਾਸ ਲਈ ਉਚਿਤ ਮਾਹੌਲ ਸਿਰਜਿਆ ਹੈ।

ਆਪ ਮਹਾਨ ਬਾਣੀਕਾਰ ਸਨ। ਆਪ ਨੇ ਲਗਭਗ ਢਾਈ ਹਜ਼ਾਰ ਸ਼ਬਦਾਂ/ਸ਼ਲੋਕਾਂ ਦੀ ਰਚਨਾ ਕਰਕੇ ਅਤੇ ਹੋਰਨਾਂ ਗੁਰੂ ਸਾਹਿਬਾਨ ਅਤੇ ਭਗਤਾਂ, ਭੱਟਾਂ ਦੀਆਂ ਬਾਣੀਆਂ ਦਾ ਸੰਕਲਨ ਕਰਕੇ, ਬਾਣੀ ਦਾ ਬੋਹਿਥ ਤਿਆਰ ਕੀਤਾ। ਆਪ ਨੇ ਉਸ ਵਕਤ ਦੇ ਅਨੇਕ ਧਰਮਾਂ, ਸੰਪ੍ਰਦਾਵਾਂ ਆਦਿ ਦੀ ਸਥਿਤੀ ਨੂੰ ਬੜੀ ਨੀਝ ਨਾਲ ਵੇਖਿਆ ਅਤੇ ਜਨ-ਸਾਧਾਰਣ ਦੇ ਧਾਰਮਿਕ ਅਤੇ ਸਮਾਜਿਕ ਸੰਕਟਾਂ ਨੂੰ ਦੂਰ ਕਰਨ ਲਈ ਪੂਰਾ ਯਤਨ ਕੀਤਾ। ਆਪ ਸਦਾ ਮਨੁੱਖਾਂ ਦੇ ਕਲਿਆਣ ਬਾਰੇ ਸੋਚਦੇ ਰਹੇ। ਆਪ ਦੀ ਬਾਣੀ ਦਾ ਮੁੱਖ ਵਿਸ਼ਾ ਹੈ ਮਾਨਵ-ਕਲਿਆਣ। ਇਸ ਵਿਚ ਕੋਈ ਸੰਦੇਹ ਨਹੀਂ ਕਿ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਪ੍ਰਤਿਪਾਦਿਤ ਸਿੱਧਾਂਤਾਂ ਅਤੇ ਧਾਰਮਿਕ ਮਾਨਤਾਵਾਂ ਦਾ ਹੀ ਵਿਸਤਾਰ- ਪੂਰਵਕ ਵਿਸ਼ਲੇਸ਼ਣ ਕੀਤਾ ਹੈ, ਪਰ ਵਿਸ਼ੇਸ਼ਤਾ ਇਹ ਹੈ ਕਿ ਆਪ ਨੇ ਬੜੀ ਸ਼ਿਦਤ ਨਾਲ ਸਾਰੀ ਗੱਲ ਨੂੰ ਜਿਗਿਆਸੂ ਨਾਲ ਸਾਂਝਾ ਕੀਤਾ ਹੈ। ਇਸ ਸਭ ਦਾ ਮੂਲ ਕਾਰਣ ਆਪ ਜੀ ਦਾ ਜੀਵਨ-ਅਨੁਭਵ ਰਿਹਾ ਹੈ। ਆਪ ਨੇ ਪੰਜਾਬ ਦੇ ਭਗਤੀ ਅੰਦੋਲਨ ਨੂੰ ਪੱਕੇ ਪੈਰਾਂ ਉਤੇ ਖੜਾ ਕੀਤਾ ਅਤੇ ਆਪਣੀ ਸ਼ਹਾਦਤ ਦੇ ਕੇ ਉਸ ਅੰਦੋਲਨ ਦੀ ਸਫਲਤਾ ਦਾ ਮਾਰਗ ਖੁਲ੍ਹਾ ਕਰ ਦਿੱਤਾ। ਇਸ ਨਾਲ ਅਗਾਮੀ ਸਿੱਖ-ਇਤਿਹਾਸ ਦੀ ਨੁਹਾਰ ਬਦਲ ਗਈ। ਆਪ ਨੇ ਦਰਬਾਰ ਸਾਹਿਬ ਦੇ ਰੂਪ ਵਿਚ ਕੇਂਦਰੀ ਸਿੱਖ ਧਰਮ-ਧਾਮ ਕਾਇਮ ਕਰਕੇ ਸਿੱਖ ਧਰਮ ਨੂੰ ਸੰਗਠਿਤ ਰੂਪ ਪ੍ਰਦਾਨ ਕੀਤਾ ਅਤੇ ਭਿੰਨ ਭਿੰਨ ਖੇਤਰਾਂ ਵਿਚ ਵਸਦੇ ਆਪਣੇ ਸੇਵਕਾਂ ਨੂੰ ਇਕ ਧੁਰੇ ਨਾਲ ਸੰਬੰਧਿਤ ਕੀਤਾ।

*ਸਾਹਿਤਿਕਤਾ:* ਗੁਰੂ ਅਰਜਨ ਦੇਵ ਜੀ ਦੀ ਬਾਣੀ ਕਾਵਿ-ਕਰਤੱਵ ਨੂੰ ਪੂਰੀ ਤਰ੍ਹਾਂ ਨਿਭਾਉਂਦੀ ਹੈ ਅਤੇ ਇਕ ਸ੍ਰੇਸ਼ਠ ਕਵਿਤਾ ਦੇ ਸਾਰੇ ਗੁਣਾਂ ਨੂੰ ਉਜਾਗਰ ਕਰਦੀ ਹੈ। ਗੁਰੂ ਜੀ ਦੀ ਬਾਣੀ ਦਾ ਮਨੋਰਥ ਹੈ ਹਰਿ-ਜਸ ਗਾਇਨ ਕਰਨਾ ਅਤੇ ਜਿਗਿਆਸੂਆਂ ਨੂੰ ਹਰਿ-ਜਸ ਵਲ ਪ੍ਰੇਰਿਤ ਕਰਨਾ। ਪਹਿਲੇ ਵਿਚ ਸਰਲ ਮਨ ਦੀ ਨਿਰਛਲ ਅਭਿਵਿਅਕਤੀ ਹੈ ਅਤੇ ਦੂਜੇ ਵਿਚ ਜਿਗਿਆਸੂ ਲਈ ਉਪਦੇਸ਼ ਹੈ। ਪਹਿਲੇ ਮਨੋਰਥ ਲਈ ਰਚੀ ਗਈ ਬਾਣੀ ਦਾ ਸੰਬੰਧ ਪ੍ਰੇਮ-ਭਗਤੀ ਨਾਲ ਹੈ। ਇਥੇ ਅਦ੍ਰਿਸ਼ ਨਿਰਾਕਾਰ ਪ੍ਰਭੂ ਦੀ ਉਪਾਸਨਾ, ਆਪਣੇ ਉਤੇ ਸੁਚੱਜੀ ਨਾਰੀ ਦੇ ਗੁਣਾਂ ਨੂੰ ਆਰੋਪਿਤ ਕਰਕੇ, ਕੀਤੀ ਗਈ ਹੈ। ਇਹ ਲੌਕਿਕ ਨਹੀਂ, ਅਲੌਕਿਕ ਪ੍ਰੇਮ ਹੈ, ਵਾਸਨਾ ਤੋਂ ਮੁਕਤ ਸਾਤਵਿਕ ਅਨੁਰਾਗ ਹੈ। ਇਸ ਵਿਚ ਸੰਯੋਗ-ਵਿਯੋਗ ਦੋਹਾਂ ਪੱਖਾਂ ਦੀ ਭਾਵ-ਅਭਿਵਿਅਕਤੀ ਹੋਈ ਹੈ। ਸੰਯੋਗ ਦੀਆਂ ਘੜੀਆਂ ਘਟ ਅਤੇ ਵਿਯੋਗ ਦੀਆਂ ਅਧਿਕ ਹਨ। ਇਨ੍ਹਾਂ ਦੋਹਾਂ ਸਥਿਤੀਆਂ ਦਾ ਵਰਣਨ 'ਛੰਤ' ਪ੍ਰਕਰਣ ਵਿਚ ਅਧਿਕ ਹੋਇਆ ਹੈ। 'ਬਾਰਾਮਾਹਾ' ਅਨੁਸਾਰ ਵਿਯੋਗ ਦਾ ਕਾਰਣ 'ਕਿਰਤ ਕਰਮ' ਹਨ। ਜਦੋਂ ਸਾਧਨਾ ਰਾਹੀਂ ਕਰਮ-ਫਲ ਦਾ ਮਾਰਗ ਖੁਲ੍ਹ ਜਾਂਦਾ ਹੈ ਅਤੇ ਵਿਯੋਗ ਦੀ ਅਗਨੀ ਵਿਚ ਵਾਸਨਾਵਾਂ ਦਾ ਨਾਸ਼ ਹੋ ਜਾਂਦਾ ਹੈ ਤਾਂ ਸਾਰਾ ਵਾਤਾਵਰਣ ਸੁਖਦਾਇਕ ਹੋ ਜਾਂਦਾ ਹੈ। ਇਹ ਵਿਸਮਾਦੀ ਅਵਸਥਾ ਹੈ। ਇਸ ਨੂੰ ਪ੍ਰਗਟਾਉਂਦਿਆਂ ਗੁਰੂ ਜੀ ਨੇ ਕਿਹਾ ਹੈ — *ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ। ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ। ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ। ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ। ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ। ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ।* (ਗੁ.ਗ੍ਰੰ.136)।

ਪ੍ਰੇਮ-ਭਗਤੀ ਦੀ ਇਹ ਅਵਸਥਾ ਅਦ੍ਵੈਤ-ਸਥਿਤੀ ਹੈ। ਇਸ ਨੂੰ ਬ੍ਰਹਮ-ਮਇਤਾ ਦੀ ਅਵਸਥਾ ਵੀ ਕਿਹਾ

ਜਾ ਸਕਦਾ ਹੈ। ਫਿਰ ਕਿਸੇ ਹੋਰ ਦੀ ਦਖ਼ਲ-ਅੰਦਾਜ਼ੀ ਅਸਹਿ ਹੈ। ਵਿਯੋਗ ਦੀ ਤੀਬਰ ਪੀੜ ਦਾ ਆਦਰਸ਼ ਰੂਪ 'ਮਾਰੂ ਕੀ ਵਾਰ' ਦੇ ਡਖਣੇ ਸ਼ਲੋਕਾਂ ਵਿਚ ਵੇਖਿਆ ਜਾ ਸਕਦਾ ਹੈ ਜਿਥੇ ਵਿਯੋਗ ਦੇ ਸਲ੍ਹ, ਮਿਲਣ ਦੀ ਇੱਛਾ, ਆਤਮ-ਉਤਸਰਗ ਦੀ ਸਿਖਰ ਦਾ ਅਦਭੁਤ ਮੇਲ ਹੋਇਆ ਹੈ। ਹਰ ਸ਼ਬਦ ਆਜਜ਼ੀ ਦਾ ਮੁਜਸਮਾ ਹੈ।

ਉਪਦੇਸ਼ ਪ੍ਰਧਾਨ ਕਵਿਤਾ ਵਿਚ ਸ਼ਾਂਤ-ਰਸ ਦੀ ਪ੍ਰਧਾਨਤਾ ਹੈ। ਜਿਗਿਆਸੂ ਨੂੰ ਸਮਝਾ ਕੇ ਸਹੀ ਮਾਰਗ ਉਤੇ ਪਾਉਣਾ ਇਸ ਉਪਦੇਸ਼-ਜੁਗਤ ਦਾ ਮੂਲ ਸਰੋਕਾਰ ਹੈ। ਪਤੀ ਦੀ ਅਨੁਪਸਥਿਤੀ ਵਿਚ ਸ਼ਿੰਗਾਰ ਵਿਅਰਥ ਅਤੇ ਨਿਸ਼ਪ੍ਰਯੋਜਨ ਹੈ। ਇਸ ਲਈ ਪਰਮਾਤਮਾ ਤੋਂ ਬਿਨਾ ਸੰਸਾਰਿਕ ਸੁਵਿਧਾਵਾਂ ਅਤੇ ਪ੍ਰਾਪਤੀਆਂ ਨਿਰਥਕ ਹਨ — *ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ। ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ। ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ। ਹਰਿਹਾਂ ਕੰਤੈ ਬਾਝੁ ਸੀਗਾਰੁ ਸਭ ਬਿਰਥਾ ਜਾਈਐ।* (ਗੁ.ਗ੍ਰੰ. 1361-62)।

ਗੁਰੂ ਅਰਜਨ ਦੇਵ ਜੀ ਦੀ ਬਾਣੀ ਅਤਿ- ਅਧਿਕ ਵਿਆਖਿਆਮਈ ਹੈ। ਇਸ ਵਿਚ ਸੰਦੇਹ ਨਹੀਂ ਕਿ ਸੰਤਾਂ-ਭਗਤਾਂ ਦੀ ਬਾਣੀ ਵਿਚ ਅਧਿਆਤਮਿਕ ਅਨੁਭਵ ਨੂੰ ਜਿਗਿਆਸੂਆਂ ਪ੍ਰਤਿ ਸਪੱਸ਼ਟ ਕਰਨ ਲਈ ਚੰਗੀ ਤਰ੍ਹਾਂ ਵਿਆਖਿਆ ਕੀਤੀ ਮਿਲਦੀ ਹੈ, ਪਰ ਇਹ ਗੁਣ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਮੁਕਾਬਲਤਨ ਅਧਿਕ ਹੈ। ਇਸ ਨੂੰ 'ਵਿਆਸ-ਸ਼ੈਲੀ' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਆਪ ਦੀ ਬਾਣੀ ਦੇ ਮੂਲ ਮੁੱਦੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਾਲੇ ਹੀ ਹਨ, ਪਰ ਉਨ੍ਹਾਂ ਨੂੰ ਕਈ ਢੰਗਾਂ ਨਾਲ, ਦਲੀਲਾਂ ਅਤੇ ਉਕਤੀਆਂ-ਯੁਕਤੀਆਂ ਨਾਲ ਸਮਝਾਉਣ ਲਈ ਆਪ ਨੇ ਸ਼ਲਾਘਾਯੋਗ ਉਦਮ ਕੀਤਾ ਹੈ। ਇਹੀ ਕਾਰਣ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਸਤਾਰ ਕਾਰਣ ਗੁਰੂ ਨਾਨਕ ਬਾਣੀ ਤੋਂ ਤਿੰਨ ਗੁਣਾਂ ਅਧਿਕ ਹੋ ਗਈ ਹੈ।

ਗੁਰੂ ਅਰਜਨ ਦੇਵ ਜੀ ਨੇ ਅਧਿਕਤਰ ਉਨ੍ਹਾਂ ਹੀ ਕਾਵਿ-ਰੂਪਾਂ ਦੀ ਵਰਤੋਂ ਕੀਤੀ ਹੈ ਜੋ ਪਰੰਪਰਾ ਤੋਂ ਗੁਰਬਾਣੀ ਵਿਚ ਹੁੰਦੀ ਆਈ ਸੀ। ਗੁਰੂ ਜੀ ਦੇ ਵਰਤੇ ਕਾਵਿ-ਰੂਪਾਂ ਨੂੰ ਸਥੂਲ ਤੌਰ 'ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਬੰਧ-ਗਤ ਅਤੇ ਦੂਜੇ ਸ਼ੈਲੀ-ਗਤ। ਵੱਡੇ ਆਕਾਰ ਦੀਆਂ ਸੁਵਿਵਸਥਿਤ ਬਾਣੀਆਂ ਇਸ ਵਰਗ ਦੇ ਅੰਤਰਗਤ ਆਉਂਦੀਆਂ ਹਨ, ਜਿਵੇਂ ਸੁਖਮਨੀ, ਬਾਵਨ-ਅਖਰੀ, ਬਾਰਹਮਾਹਾ, ਥਿਤੀ, ਵਾਰਾਂ ਆਦਿ। ਇਨ੍ਹਾਂ ਵਿਚੋਂ ਵਾਰਾਂ, ਬਾਰਹਮਾਹਾ ਅਤੇ ਥਿਤੀ ਪੰਜਾਬ ਦੇ ਲੋਕ-ਮਾਨਸ ਦੀ ਉਪਜ ਹਨ। ਅਜਿਹੇ ਕਾਵਿ-ਰੂਪਾਂ ਦੀ ਵਰਤੋਂ ਨਾਲ ਇਨ੍ਹਾਂ ਵਿਚ ਪ੍ਰਤਿਪਾਦਿਤ ਭਾਵਨਾਵਾਂ ਦਾ ਪ੍ਰਭਾਵ ਜਿਗਿਆਸੂਆਂ ਦੇ ਮਨ ਉਤੇ ਪ੍ਰੇਰਣਾਦਾਇਕ ਰੂਪ ਵਿਚ ਪਿਆ ਹੈ। ਇਨ੍ਹਾਂ ਤੋਂ ਇਲਾਵਾ ਕੁਝ ਲਘੂ ਰਚਨਾਵਾਂ ਨੂੰ ਸਿਰਲੇਖ ਸਹਿਤ ਲਿਖਿਆ ਗਿਆ ਹੈ। ਇਹ ਭਾਵੇਂ ਵਿਵਸਥਿਤ ਤੌਰ 'ਤੇ ਬੰਧਗਤ ਕਾਵਿ-ਰੂਪ ਨਹੀਂ ਹਨ, ਪਰ ਇਨ੍ਹਾਂ ਤੋਂ ਉਸ ਸਮੇਂ ਦੀਆਂ ਪ੍ਰਚਲਿਤ ਲੋਕ-ਕਾਵਿ ਵੰਨਗੀਆਂ ਦਾ ਪਤਾ ਚਲਦਾ ਹੈ, ਜਿਵੇਂ ਪਹਿਰੇ, ਦਿਨ -ਰੈਣਿ, ਗੁਣਵੰਤੀ, ਰੁਤੀ, ਬਿਰਹੜੇ, ਅੰਜੁਲੀ ਆਦਿ।

ਸ਼ੈਲੀ-ਗਤ ਕਾਵਿ-ਰੂਪ ਦੂਜੇ ਵਰਗ ਦੇ ਹਨ। ਇਹ ਸੁਤੰਤਰ ਲਘੂ ਰਚਨਾਵਾਂ ਹਨ ਜਿਵੇਂ ਚਉਪਦੇ, ਅਸ਼ਟਪਦੀਆ, ਸੋਲਹੇ, ਛੰਤ, ਸ਼ਲੋਕ ਆਦਿ। ਇਨ੍ਹਾਂ ਵਿਚੋਂ ਬਹੁਤਿਆਂ ਦਾ ਸੰਬੰਧ ਨਾਥ-ਯੋਗੀਆਂ ਦੇ ਕਾਵਿ ਨਾਲ ਹੈ। ਇਨ੍ਹਾਂ ਸ਼ਬਦਾਂ ਦੇ ਆਕਾਰ ਨਿਸ਼ਚਿਤ ਨਹੀਂ, ਜਦ ਤਕ ਭਾਵ-ਪ੍ਰਵਾਹ ਚਲਦਾ ਹੈ ਤਦ ਤਕ ਸ਼ਬਦ ਦੀ ਰਚਨਾ-ਪ੍ਰਕ੍ਰਿਆ ਜਾਰੀ ਰਹਿੰਦੀ ਹੈ। ਇਹ ਰਾਗ ਦੀਆਂ ਸੀਮਾਵਾਂ ਅਨੁਸਾਰ ਅਨੁਸ਼ਾਸਿਤ ਹਨ। ਚਉਪਦਿਆਂ ਆਦਿ ਪਦਿਆਂ ਨਾਲ ਦਿੱਤੇ 'ਰਹਾਉ' ਵਿਚ ਸ਼ਬਦ ਦਾ ਕੇਂਦਰੀ ਭਾਵ ਸਮਾਹਿਤ ਹੁੰਦਾ ਹੈ। ਬਾਕੀ ਸ਼ਬਦ ਤੁਕਾਂ/ਪੰਕਤੀਆਂ ਦੇ ਆਧਾਰ 'ਤੇ ਚਲਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਲੋਕ-ਪ੍ਰਚਲਿਤ ਅਤੇ ਲੋਕ-ਪ੍ਰਵਾਨਿਤ ਕਾਵਿ-ਰੂਪਾਂ ਵਿਚ ਸਿਰਜੀ ਗਈ ਹੈ। ਗੁਰਬਾਣੀ ਜਿਥੇ ਸ਼ਾਸਤ੍ਰੀ ਕਾਵਿ-ਰੂਪਾਂ ਨੂੰ ਸਵੀਕਾਰ ਕੇ ਨਹੀਂ ਚਲੀ, ਉਥੇ ਛੰਦ ਦੀ ਪਾਬੰਦੀ ਨਾਲ ਵੀ ਉਸ ਦਾ ਕੋਈ ਸਰੋਕਾਰ ਨਹੀਂ। ਗੁਰੂ ਜੀ ਨੇ ਅਲੰਕਾਰਾਂ, ਪ੍ਰਤੀਕਾਂ ਅਤੇ ਬਿੰਬਾਂ ਦੀ ਸ੍ਰੇਸ਼ਠ ਸਿਰਜਨਾ ਨਾਲ ਜਿਥੇ ਆਪਣੇ ਅਨੁਭਵ ਦਾ ਪਰਿਚਯ ਦਿੱਤਾ, ਉਥੇ ਬਾਣੀ ਨੂੰ ਲੋਕ-ਸੰਪਰਕ ਪ੍ਰਦਾਨ ਕੀਤਾ।

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਦੀ ਵਿਚਾਰਧਾਰਾ ਨੂੰ ਸਾਰੇ ਭਾਰਤ ਦੇ ਨਿਵਾਸੀਆਂ ਤਕ ਪ੍ਰਸਾਰਿਤ ਕਰਨ ਲਈ, ਉਸ ਵਕਤ ਤਕ ਸਾਹਿਤਿਕ ਅਤੇ ਅਧਿਆਤਮਿਕ ਜਗਤ ਦੀ ਸੰਪਰਕ ਭਾਸ਼ਾ ਬਣ ਚੁਕੀ ਬ੍ਰਜ ਵਿਚ ਵੀ ਆਪਣੀ ਬਹੁਤ ਸਾਰੀ ਬਾਣੀ ਰਚੀ ਹੈ। ਪਰ ਬ੍ਰਜ ਦਾ ਰੂਪ ਠੇਠ ਅਥਵਾ ਪਰਿਮਾਰਜਿਤ ਨਹੀਂ ਸੀ, ਸਗੋਂ ਉਹ ਸੀ ਜਿਸ ਨੂੰ ਸਥਾਨਕ

ਨੁਹਾਰ ਤੋਂ ਮੁਕਤ ਕਰਕੇ ਵਿਆਪਕ ਲੋਕ-ਸੂਝ ਅਨੁਰੂਪ ਬਣਾਇਆ ਜਾ ਚੁਕਿਆ ਸੀ। ਉਸ ਉਤੇ ਵੀ ਪੰਜਾਬੀ ਪ੍ਰਭਾਵ ਸਪੱਸ਼ਟ ਹੈ। ਇਸ ਪ੍ਰਕਾਰ ਦੀ ਭਾਸ਼ਾ ਨੂੰ ਨ ਸ਼ੁੱਧ ਬ੍ਰਜ ਕਿਹਾ ਜਾ ਸਕਦਾ ਹੈ, ਨ ਹੀ ਸਧੁੱਕੜੀ ਸਗੋਂ ਇਹ ਪੰਜਾਬੀ ਸਾਧ-ਭਾਸ਼ਾ ਹੈ। ਨਮੂਨੇ ਵਜੋਂ 'ਸੁਖਮਨੀ' ਨਾਂ ਦੀ ਬਾਣੀ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਦੀ ਭਾਸ਼ਾ ਸ਼ੁੱਧ ਪੰਜਾਬੀ ਨਹੀਂ, ਨ ਹੀ ਸ਼ੁੱਧ ਬ੍ਰਜ ਹੈ। ਇਸ ਨੂੰ ਸਧੁੱਕੜੀ ਵੀ ਨਹੀਂ ਕਿਹਾ ਜਾ ਸਕਦਾ। ਕੁਲ ਮਿਲਾ ਕੇ ਇਹ ਪੰਜਾਬੀ ਸਾਧ-ਭਾਸ਼ਾ ਹੈ ਜਿਸ ਵਿਚ ਪੰਜਾਬੀ ਦੇ ਪ੍ਰਭਾਵ ਸਹਿਤ ਅਨੇਕ ਭਾਸ਼ਾਵਾਂ ਦੇ ਤੱਤ੍ਵ ਸਮੇਟ ਲਏ ਗਏ ਹਨ ਅਤੇ ਜਿਸ ਦੇ ਪ੍ਰਕਾਰਜ ਦੀ ਕਸਵਟੀ ਪੰਜਾਬੀ ਲੋਕ-ਮਾਨਸ ਹੈ।

ਗੁਰੂ ਜੀ ਦੀ ਭਾਸ਼ਾ ਦੀ ਵਿਸ਼ਿਸ਼ਟਤਾ ਉਸ ਦੇ ਕਰਤੱਵ-ਪਾਲਣ ਵਿਚ ਹੈ। ਬਾਣੀ ਦਾ ਕਰਤੱਵ ਹੈ ਗੁਰੂ-ਉਪਦੇਸ਼ ਨੂੰ ਜਿਗਿਆਸੂ ਦੇ ਹਿਰਦੇ ਵਿਚ ਸਥਿਰ ਕਰਨਾ ਅਤੇ ਉਸ ਦਾ ਸਹਾਇਕ ਸਾਧਨ ਹੈ ਭਾਸ਼ਾ। ਜੇ ਸਹਾਇਕ ਸਾਧਨ ਉਪਯੁਕਤ ਨਹੀਂ, ਤਾਂ ਭਾਵ ਦਾ ਸੰਚਾਰ ਸਹੀ ਢੰਗ ਨਾਲ ਨਹੀਂ ਹੋ ਸਕਦਾ। ਗੁਰੂ ਅਰਜਨ ਦੇਵ ਜੀ ਦੀ ਭਾਸ਼ਾ ਇਤਨੀ ਸਹਿਜ ਅਤੇ ਅਨੁਕੂਲ ਹੈ ਕਿ ਆਪ ਦੀ ਬਾਣੀ ਦੇ ਆਧਾਰ 'ਤੇ ਗੁਰਮਤਿ-ਸ਼ਬਦਾਵਲੀ ਦੀ ਵਿਸ਼ਾਲਤਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਗੁਰੂ ਜੀ ਨੇ ਅਸਲ ਵਿਚ ਇਕ ਨਵੇਂ ਭਾਸ਼ਾਈ ਸਭਿਆਚਾਰ ਨੂੰ ਜਨਮ ਦਿੱਤਾ ਜਿਸ ਦਾ ਵਿਕਾਸ ਪਰਵਰਤੀ ਪੰਜਾਬੀ ਸਾਹਿਤ ਅਥਵਾ ਪੰਜਾਬ ਵਿਚ ਰਚੇ ਅਤੇ ਗੁਰਮੁਖੀ ਵਿਚ ਲਿਖੇ ਗਏ ਸਾਹਿਤ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਜੀ ਦੀ ਵਰਣ-ਯੋਜਨਾ ਅਤੇ ਵਰਣ-ਮੈਤ੍ਰੀ ਭਾਸ਼ਾ ਦੇ ਰਾਗ ਅਨੁਕੂਲ ਹੋਣ ਵਿਚ ਬਹੁਤ ਸਹਾਇਕ ਹੈ। ਇਸ ਤੋਂ ਇਲਾਵਾ ਗੁਰੂ ਜੀ ਦੇ ਕਥਨਾਂ ਨੂੰ ਸੁਭਾਸ਼ਿਤ ਜਾਂ ਸਤਿਕਥਨ ਦਾ ਰੂਪ ਧਾਰਣ ਕਰਨ ਵਿਚ ਅਜਿਹਾ ਸੰਯੋਗ ਬਹੁਤ ਉਪਯੋਗੀ ਸਿੱਧ ਹੋਇਆ ਹੈ। 'ਸੁਖਮਨੀ' ਨਾਂ ਦੀ ਬਾਣੀ ਨੂੰ ਹੀ ਵਿਚਾਰੀਏ, ਭਾਵ-ਪ੍ਰਵਾਹ ਨੂੰ ਨਿਰੰਤਰ ਜਾਰੀ ਰਖਣ ਵਿਚ ਸ਼ਬਦ-ਯੋਜਨਾ, ਸ਼ਬਦਾਂ ਅਤੇ ਵਾਕਾਂਸ਼ਾਂ ਦੀ ਪੁਨਰਾਵ੍ਰਿਤੀ ਸਥਾਈ ਯੋਗਦਾਨ ਪ੍ਰਦਾਨ ਕਰਦੀ ਹੈ।

ਅੰਤ ਵਿਚ ਇਹ ਕਹਿਣਾ ਅਸੰਗਤ ਨਹੀਂ ਹੋਵੇਗਾ ਕਿ ਗੁਰੂ ਅਰਜਨ ਦੇਵ ਜੀ ਦੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਹੈ। ਇਸ ਦੇਣ ਦਾ ਪਹਿਲਾ ਰੂਪ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ। ਇਸ ਗ੍ਰੰਥ ਦੇ ਸੰਪਾਦਨ ਨਾਲ ਜਿਥੇ ਲਗਭਗ ਛੇ ਸੌ ਸਾਲਾਂ ਦੀ ਭਾਸ਼ਾਈ ਗਤਿਵਿਧੀ ਨੂੰ ਪ੍ਰਮਾਣਿਕ ਰੂਪ ਵਿਚ ਸੰਭਾਲਿਆ ਜਾ ਸਕਿਆ ਹੈ, ਉਥੇ ਨਾਲ ਹੀ ਪੁਰਾਤਨ ਸਭਿਆਚਾਰਿਕ ਮੁੱਲਾਂ ਦੇ ਸੰਦਰਭ ਵਿਚ ਨਵੇਂ ਮੁੱਲਾਂ ਦੀ ਸਥਾਪਨਾ ਹੋਈ ਹੈ, ਜਿਸ ਨਾਲ ਪੰਜਾਬ ਵਿਚ ਇਕ ਨਵੇਂ ਅਤੇ ਯੁਗ ਅਨੁਕੂਲ ਕੀਮਤਾਂ ਵਾਲੇ ਸਭਿਆਚਾਰ ਦਾ ਜਨਮ ਹੁੰਦਾ ਹੈ। ਇਸ ਸਭਿਆਚਾਰ ਦਾ ਮੂਲਾਧਾਰ ਸਰਬ-ਸਾਂਝੀਵਾਲਤਾ ਹੈ।

**ਅਰਦਮਨ ਸਿੰਘ, ਭਾਈ** (1899-1976 ਈ.): ਗੁਰੂ ਹਰਿਗੋਬਿੰਦ ਜੀ ਦੁਆਰਾ ਵਰਸਾਏ ਭਾਈ ਰੂਪ ਚੰਦ (ਰੂਪਾ) ਦੇ ਖ਼ਾਨਦਾਨ ਵਿਚ ਭਾਈ ਅਰਜਨ ਸਿੰਘ ਦੇ ਘਰ ਬੀਬੀ ਦੇਵਿੰਦਰ ਕੌਰ ਦੀ ਕੁੱਖੋਂ 20 ਸਤੰਬਰ 1899 ਈ. ਨੂੰ ਬਾਗੜੀਆਂ ਪਿੰਡ (ਜ਼ਿਲ੍ਹਾ ਸੰਗਰੂਰ) ਵਿਚ ਆਪ ਦਾ ਜਨਮ ਹੋਇਆ। ਆਪ ਨੇ ਖ਼ਾਲਸਾ ਸਕੂਲ ਲੁਧਿਆਣਾ ਤੋਂ ਦਸਵੀਂ ਪਾਸ ਕਰਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲਾ ਲਿਆ ਅਤੇ ਸੰਨ 1918 ਈ. ਵਿਚ ਬੀ.ਏ. ਦੀ ਪਰੀਖਿਆ ਪਾਸ ਕੀਤੀ। ਘਰੋਗੀ ਅਤੇ ਧਾਰਮਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਆਪ ਨੂੰ ਕਾਨੂੰਨ ਦੀ ਪੜ੍ਹਾਈ ਅਧਵਾਟੇ ਹੀ ਛਡਣੀ ਪਈ। ਆਪ ਨੇ ਧਾਰਮਿਕ ਸਾਹਿਤ ਦੀ ਸਿਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ ਅਤੇ ਮਹੰਤ ਗੱਜਾ ਸਿੰਘ (ਗੁਰੂਸਰ ਵਾਲੇ) ਅਤੇ ਭਾਈ ਜਵਾਲਾ ਸਿੰਘ (ਠਟੇ ਟਿੱਬੇ ਵਾਲੇ) ਵਰਗੇ ਉਸ ਵੇਲੇ ਦੇ ਸਿਰਮੌਰ ਰਾਗੀਆਂ ਤੋਂ ਕੀਰਤਨ ਕਰਨ ਦੀ ਵਿਧੀ ਸਿਖੀ। ਆਪ ਦੀ ਕੀਰਤਨ ਵਿਚ ਇਤਨੀ ਅਧਿਕ ਰੁਚੀ ਸੀ ਕਿ ਜਦੋਂ ਵੀ ਧਰਮ-ਪ੍ਰਚਾਰ ਲਈ ਦੇਸ਼ ਦੇ ਜਿਸ ਪਾਸੇ ਜਾਂਦੇ, ਆਪਣਾ ਕੀਰਤਨੀ ਜੱਥਾ ਨਾਲ ਹੀ ਰਖਦੇ।

ਆਪ ਨੇ ਸਿੱਖ-ਧਰਮ ਦੇ ਪ੍ਰਚਾਰ ਲਈ ਆਪਣੇ ਪਿਤਾ ਦੇ ਸੰਗ ਅਨੇਕ ਥਾਂਵਾਂ ਦੇ ਦੌਰੇ ਕੀਤੇ ਅਤੇ ਕਈ ਸਿੱਖ ਧਾਰਮਿਕ ਸੰਸਥਾਵਾਂ ਦੀ ਸਥਾਪਤੀ ਵਿਚ ਉਚੇਚੀ ਰੁਚੀ ਵਿਖਾਈ। ਇਸ ਤੋਂ ਇਲਾਵਾ ਸਿੱਖ-ਧਰਮ ਨਾਲ ਸੰਬੰਧਿਤ ਵਿਚਾਰ ਗੋਸ਼ਠੀਆਂ, ਦੀਵਾਨਾਂ ਅਤੇ ਕਾਨਫ੍ਰੰਸਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਨਿਰਸੰਕੋਚ ਭਾਵ ਨਾਲ ਪੇਸ਼ ਕੀਤੇ। ਆਪ ਦਾ ਸਦਾ ਇਹ ਯਤਨ ਰਹਿੰਦਾ ਕਿ ਸਿੱਖਾਂ ਵਿਚ ਧੜੇਬੰਦੀ ਖ਼ਤਮ ਕੀਤੀ ਜਾਵੇ ਅਤੇ ਸਿੱਖ-ਸਾਹਿਤ ਬਾਰੇ ਵਸਤੂ-ਨਿਸ਼ਠ ਦ੍ਰਿਸ਼ਟੀ ਤੋਂ ਖੋਜ ਕੀਤੀ ਜਾਵੇ। ਵਿਦਵਾਨਾਂ ਦਾ ਸੰਗ ਕਰਕੇ ਆਪ ਨੂੰ ਖ਼ੁਸ਼ੀ ਮਿਲਦੀ ਸੀ।

ਸਰਕਾਰ ਵਲੋਂ ਵੀ ਆਪ ਨੂੰ ਸਦਾ ਮਾਣ- ਸਤਿਕਾਰ ਮਿਲਦਾ ਰਿਹਾ। ਸੰਨ 1923 ਈ. ਵਿਚ ਆਪ ਨੂੰ ਮਾਨਾਰਥ ਮੈਜਿਸਟ੍ਰੇਟ ਬਣਾਇਆ ਗਿਆ। ਸੰਨ 1947 ਈ. ਤਕ ਆਪ ਘਰ ਵਿਚ ਹੀ ਅਦਾਲਤ ਲਗਾਉਂਦੇ ਰਹੇ। ਆਪ ਸਦਾ ਨਿਆਇਸ਼ੀਲਤਾ ਉਤੇ ਪਹਿਰਾ ਦਿੰਦੇ ਸਨ।

ਆਪ ਦੇ ਘਰ ਸਦਾ ਲੰਗਰ ਜਾਰੀ ਰਹਿੰਦਾ ਸੀ ਅਤੇ ਆਪ ਖ਼ੁਦ ਵੀ ਲੰਗਰ ਤਿਆਰ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਆਪ ਦੇ ਘਰ ਦੇ ਗੁਰਦੁਆਰੇ ਦੀ ਗੋਲਕ ਉਤੇ ਲਿਖਿਆ ਹੋਇਆ ਹੈ — *ਇਥੇ ਮਾਇਆ ਨਹੀਂ, ਸੀਸ ਭੇਟ ਹੁੰਦੇ ਹਨ।* ਸਪੱਸ਼ਟ ਹੈ ਕਿ ਸਿੱਖ-ਧਰਮ ਵਿਚ ਆਪਾ-ਨਿਛਾਵਰ ਕਰਨ ਦੀ ਬਿਰਤੀ ਨੂੰ ਆਪ ਨੇ ਸਦਾ ਗਰਮਾਈ ਰਖਿਆ ਸੀ।

ਆਪ ਦਾ ਦੇਹਾਂਤ 25 ਦਸੰਬਰ 1976 ਨੂੰ ਚੰਡੀਗੜ੍ਹ ਵਿਚ ਹੋਇਆ ਅਤੇ ਦਾਹ-ਸੰਸਕਾਰ ਅਗਲੇ ਦਿਨ ਬਾਗੜੀਆਂ ਪਿੰਡ ਵਿਚ ਕੀਤਾ ਗਿਆ।

**ਅਰਦਾਸ** : ਸਿੱਖ-ਧਰਮ ਦੀ ਪ੍ਰਾਰਥਨਾ ਦਾ ਨਾਂ 'ਅਰਦਾਸ' ਹੈ। ਇਸ ਸ਼ਬਦ ਦੀ ਵਿਉਤਪੱਤੀ ਬਾਰੇ ਦੋ ਧਾਰਨਾਵਾਂ ਪ੍ਰਚਲਿਤ ਹਨ। ਇਕ ਅਨੁਸਾਰ ਇਹ ਫ਼ਾਰਸੀ ਦੇ 'ਅਰਜ਼ਦਾਸ਼ਤ' ਸ਼ਬਦ ਦਾ ਤਦਭਵ ਰੂਪ ਹੈ। ਦੂਜੀ ਅਨੁਸਾਰ ਇਹ ਸੰਸਕ੍ਰਿਤ ਦੇ 'ਅਰ੍ਦ੍' ਧਾਤੂ ਨਾਲ 'ਆਸ਼ਾ' (ਆਸ) ਸ਼ਬਦ ਦੇ ਸੰਯੋਗ ਨਾਲ ਲੋਕ-ਉੱਚਾਰਣ ਅਨੁਰੂਪ ਬਣਿਆ ਸ਼ਬਦ ਹੈ। ਇਨ੍ਹਾਂ ਵਿਚੋਂ ਦੂਜੀ ਵਿਉਤਪੱਤੀ ਜ਼ਿਆਦਾ ਠੀਕ ਪ੍ਰਤੀਤ ਹੁੰਦੀ ਹੈ ਕਿਉਂਕਿ ਰਹਿਰਾਸ, ਸੁਹੇਲਾਂ ਆਦਿ ਵਾਂਗ 'ਅਰਦਾਸ' ਸ਼ਬਦ ਵੀ ਸਿੱਧਾਂ/ਯੋਗੀਆਂ ਦੀ ਟਕਸਾਲ ਦਾ ਢਲਿਆ ਸਿੱਕਾ ਹੈ। ਇਸ ਸਥਾਪਨਾ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ 'ਸਿਧ-ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਸੰਵਾਦ ਕਰਦਿਆਂ ਇਸ ਸ਼ਬਦ ਦੀ ਵਰਤੋਂ ਯੌਗਿਕ ਪਰਿਪੇਖ ਵਿਚ ਕੀਤੀ ਹੈ — *ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ। ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰਦੁਆਰੋ।*(ਗੁ.ਗ੍ਰੰ.938)। ਉਂਜ ਵੀ ਅਰਦਾਸ ਕਰਨ ਪਿਛੇ ਕਿਸੇ ਨ ਕਿਸੇ ਇੱਛਾ ਅਥਵਾ ਆਸ਼ਾ ਦੀ ਭਾਵਨਾ ਅਵੱਸ਼ ਰਹਿੰਦੀ ਹੈ।

ਇਸ ਸ਼ਬਦ ਦੀ ਵਰਤੋਂ ਅਤੇ ਅਰਦਾਸ ਕਰਨ ਦੀ ਪਰੰਪਰਾ ਦਾ ਉੱਲੇਖ ਗੁਰੂ ਗ੍ਰੰਥ ਸਾਹਿਬ ਵਿਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਅਰਦਾਸ ਵੇਲੇ ਪਰਮਾਤਮਾ ਅਗੇ ਆਤਮ-ਸਮਰਪਣ ਦੀ ਗੱਲ ਕਹੀ ਹੈ — *ਨਾਨਕੁ ਏਕ ਕਹੈ ਅਰਦਾਸਿ। ਜੀਉ ਪਿੰਡੁ ਸਭੁ ਤੇਰੈ ਪਾਸਿ।*(ਗੁ.ਗ੍ਰੰ.25)। ਗੁਰੂ ਅੰਗਦ ਦੇਵ ਜੀ ਨੇ ਖੜ੍ਹੇ ਹੋ ਕੇ ਅਰਦਾਸ ਕਰਨ ਦੀ ਤਾਕੀਦ ਕੀਤੀ ਹੈ — *ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ। ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ।* (ਗੁ.ਗ੍ਰੰ. 1093)। ਗੁਰੂ ਅਰਜਨ ਦੇਵ ਜੀ ਨੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜਨ ਲਈ ਕਿਹਾ ਹੈ — *ਦੁਇ ਕਰ ਜੋੜਿ ਕਰਉ ਅਰਦਾਸਿ। ਤੁਧੁ ਭਾਵੈ ਤਾ ਆਣਹਿ ਰਾਸਿ।*(ਗੁ.ਗ੍ਰੰ.736-37)। ਸਪੱਸ਼ਟ ਹੈ ਕਿ ਅਰਦਾਸ ਖੜ੍ਹੇ ਹੋ ਕੇ ਅਤੇ ਹੱਥ ਜੋੜ ਕੇ ਸੱਚੇ ਦਿਲੋਂ ਪ੍ਰਭੂ ਅਗੇ ਆਤਮ-ਸਮਰਪਣ ਕਰਦੇ ਹੋਇਆਂ ਕਰਨੀ ਚਾਹੀਦੀ ਹੈ। ਮੁਹਸਨ ਫ਼ਾਨੀ ਨੇ 'ਦਬਿਸਤਾਨੇ ਮਜ਼ਾਹਿਬ' ਵਿਚ ਲਿਖਿਆ ਹੈ ਕਿ ਲੋੜ ਸਮੇਂ ਸਿੱਖ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਸੰਗਤ ਪਾਸੋਂ ਅਰਦਾਸ ਕਰਾਉਂਦੇ ਸਨ।

ਗੁਰਮਤਿ ਅਨੁਯਾਈ ਆਮ ਤੌਰ 'ਤੇ ਹਰ ਇਕ ਕਾਰਜ ਦੇ ਸ਼ੁਰੂ ਕਰਨ ਵੇਲੇ ਉਸ ਦੀ ਪੂਰਤੀ ਦੀ ਅਭਿਲਾਸ਼ਾ ਵਜੋਂ ਜਾਂ ਕਿਸੇ ਹੋਰ ਧਾਰਮਿਕ ਜਾਂ ਸਮਾਜਿਕ ਕਾਰਜ ਵੇਲੇ ਅਰਦਾਸ ਜ਼ਰੂਰ ਕਰਦੇ/ਕਰਾਉਂਦੇ ਹਨ— *ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ। ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ। ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ। ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ। ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ।*(ਗੁ.ਗ੍ਰੰ.91)।

ਅਰਦਾਸ ਕਰਨ ਨਾਲ ਜਿਗਿਆਸੂ ਦੇ ਮਨ ਵਿਚ ਦ੍ਰਿੜ੍ਹਤਾ-ਪੂਰਵਕ ਆਤਮ-ਬਲ ਦਾ ਸੰਚਾਰ ਹੁੰਦਾ ਹੈ। ਉਹ ਆਤਮ-ਨਿਰਭਰ ਹੁੰਦਾ ਹੈ। ਪਰਮ-ਸੱਤਾ ਦੀ ਸਰਵੁਚਤਾ ਦੀ ਧਾਰਨਾ ਉਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਉਮੈ, ਦੁਬਿਧਾ ਅਤੇ ਸੁਆਰਥ ਜਿਹੇ ਅਨੇਕ ਵਿਕਾਰ ਖ਼ਤਮ ਹੁੰਦੇ ਹਨ। ਆਤਮ-ਵਿਸ਼ਵਾਸ ਦੇ ਵਿਕਸਿਤ ਹੋਣ ਨਾਲ ਅਸੰਭਵ ਸਥਿਤੀ ਸੰਭਵ ਵਿਚ ਬਦਲ ਜਾਂਦੀ ਹੈ। ਸਿੱਖ-ਇਤਿਹਾਸ ਦੀਆਂ ਅਨੇਕ ਘਟਨਾਵਾਂ ਇਸ ਕਥਨ ਦੀ ਸਾਖ ਭਰਦੀਆਂ ਹਨ ਕਿ *'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।'* (ਗੁ.ਗ੍ਰੰ.819)। ਸਚ ਤਾਂ ਇਹ ਹੈ ਕਿ *'ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ।'*(ਗੁ.ਗ੍ਰੰ.714)

ਅਰਦਾਸ ਦਾ ਗੁਰੂ-ਕਾਲ ਵੇਲੇ ਕੀ ਸਰੂਪ ਸੀ, ਇਸ ਬਾਰੇ ਹੁਣ ਕੁਝ ਕਹਿ ਸਕਣਾ ਸਰਲ ਨਹੀਂ, ਪਰ ਅਰਦਾਸ

ਕਰਨ/ਕਰਾਉਣ ਦੀ ਪਰੰਪਰਾ ਮੌਜੂਦ ਸੀ। ਇਸ ਦੀ ਪੁਸ਼ਟੀ ਜਨਮਸਾਖੀ-ਸਾਹਿਤ, ਦਬਿਸਤਾਨੇ-ਮਜ਼ਾਹਿਬ ਅਤੇ ਗੁਰੂ-ਇਤਿਹਾਸ ਤੋਂ ਹੋ ਜਾਂਦੀ ਹੈ। ਇਸ ਦੇ ਮਹੱਤਵ, ਸਰੂਪ ਅਤੇ ਫਲ-ਪ੍ਰਾਪਤੀ ਸੰਬੰਧੀ ਅਨੇਕ ਆਖਿਆਨ ਪ੍ਰਚਲਿਤ ਹਨ। ਅਰਦਾਸ ਦਾ ਵਰਤਮਾਨ ਰੂਪ ਸਿੱਖ ਮਿਸਲਾਂ ਵੇਲੇ ਪ੍ਰਚਲਿਤ ਹੋਇਆ ਪ੍ਰਤੀਤ ਹੁੰਦਾ ਹੈ। ਇਸ ਵਿਚ ਸਭ ਤੋਂ ਪਹਿਲਾਂ 'ਸੁਖਮਨੀ' ਸਾਹਿਬ ਦੀ ਚੌਥੀ ਅਸ਼ਟਪਦੀ ਦੀ ਆਖੀਰਲੀ ਪਦੀ ਉਚਾਰੀ ਜਾਂਦੀ ਹੈ — *ਤੂ ਠਾਕੁਰੁ ਤੁਮ ਪਹਿ ਅਰਦਾਸਿ। ਜੀਉ ਪਿੰਡੁ ਸਭੁ ਤੇਰੀ ਰਾਸਿ। ਤੁਮ ਮਾਤ ਪਿਤਾ ਹਮ ਬਾਰਿਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ। ਕੋਇ ਨ ਜਾਨੈ ਤੁਮਰਾ ਅੰਤੁ। ਊਚੇ ਤੇ ਊਚਾ ਭਗਵੰਤ। ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ। ਤੁਮ ਤੇ ਹੋਇ ਸੁ ਆਗਿਆਕਾਰੀ। ਤੁਮਰੀ ਗਤਿ ਮਿਤਿ ਤੁਮ ਹੀ ਜਾਨੀ। ਨਾਨਕ ਦਾਸ ਸਦਾ ਕੁਰਬਾਨੀ।* (ਗੁ.ਗ੍ਰੰ.268)।

ਫਿਰ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਪੜ੍ਹ ਕੇ ਅਤੇ ਦਸਮ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਦੀ ਆਰਾਧਨਾ ਕਰਕੇ, ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਅਤੇ ਪੰਥ ਲਈ ਸਭ ਕੁਝ ਨਿਛਾਵਰ ਕਰਨ ਵਾਲੇ ਸ਼ਹੀਦਾਂ ਦੇ ਸਾਕਿਆਂ ਨੂੰ ਯਾਦ ਕਰਕੇ ਪਰਮ-ਸੱਤਾ ਅਗੇ ਮਨੋਰਥ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਅੰਤ ਵਿਚ ਚੜ੍ਹਦੀ-ਕਲਾ ਦੇ ਸੰਕਲਪ ਨੂੰ ਦ੍ਰਿੜ੍ਹ ਕਰਦੇ ਹੋਇਆਂ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਜਾਂਦੀ ਹੈ। ਕਈ ਗ੍ਰੰਥੀ ਸਿੰਘ ਅਥਵਾ ਸ਼ਰਧਾਲੂ ਪ੍ਰੇਮ ਵਸ ਕਈ ਨਿਮਰਤਾ ਅਥਵਾ ਬਿਨੈ ਸੂਚਕ ਹੋਰ ਸ਼ਬਦ ਜੋੜ ਕੇ ਅਰਦਾਸ ਨੂੰ ਲੰਮਾ ਕਰ ਦਿੰਦੇ ਹਨ। ਉਚਿਤ ਤਾਂ ਇਹ ਹੈ ਕਿ ਧਾਰਮਿਕ ਮਰਯਾਦਾ ਅਨੁਸਾਰ ਅਰਦਾਸ ਕੀਤੀ ਜਾਏ, ਪਰ ਚੂੰਕਿ ਇਹ ਭਾਵਨਾ ਨਾਲ ਸੰਬੰਧਿਤ ਅਭਿਵਿਅਕਤੀ ਹੈ, ਇਸ ਲਈ ਜਿਗਿਆਸੂ ਦੀ ਭਾਵਨਾ ਨੂੰ ਕਿਸੇ ਪ੍ਰਕਾਰ ਦੇ ਕਠਘਰੇ ਵਿਚ ਬੰਨ੍ਹਿਆ ਵੀ ਨਹੀਂ ਜਾ ਸਕਦਾ।

ਅਰਦਾਸ ਕਰਨ ਨਾਲ ਜਿਥੇ ਜਿਗਿਆਸੂ ਦੇ ਮਨ ਵਿਚ ਦ੍ਰਿੜ੍ਹਤਾ ਦਾ ਸੰਚਾਰ ਹੁੰਦਾ ਹੈ, ਉਥੇ ਨਾਲ ਹੀ ਸਿੱਖ-ਧਰਮ ਦੇ ਵਿਕਾਸ ਵਿਚ ਸ਼ਹੀਦਾਂ ਵਲੋਂ ਪਾਏ ਯੋਗਦਾਨ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਅਤੇ ਸਿੱਖ ਦਾ ਸੰਕਲਪ ਅਤੇ ਕਰਮਾਚਾਰ ਸਪੱਸ਼ਟ ਹੁੰਦਾ ਹੈ। ਅਰਦਾਸ ਦੀ ਵਿਧੀ ਤੋਂ ਹਿੰਦੂ ਧਰਮ ਵਾਲੇ ਵੀ ਪ੍ਰਭਾਵਿਤ ਹੋਣੋਂ ਨਹੀਂ ਰਹੇ ਅਤੇ ਉਨ੍ਹਾਂ ਨੇ ਸਗੁਣਾਤਮਕ ਭਾਵਨਾ ਵਾਲੀ ਅਰਦਾਸ ਬਣਾ ਲਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ('ਸਿੱਖ ਰਹਿਤ-ਮਰਯਾਦਾ') ਵਲੋਂ ਪ੍ਰਵਾਨਿਤ ਅਰਦਾਸ ਦਾ 'ਪਾਠ' ਇਸ ਪ੍ਰਕਾਰ ਹੈ :

*ੴ ਵਾਹਿਗੁਰੂ ਜੀ ਕੀ ਫ਼ਤਹ॥*

*ਸ੍ਰੀ ਭਗੌਤੀ ਜੀ ਸਹਾਇ। ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦। ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ। ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ। ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!*

*ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !*

*ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !*

*ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !*

*ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ,*

*ਬੋਲੋ ਜੀ ਵਾਹਿਗੁਰੂ!*

*ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!*

*ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪਿ ਵਾਹਿਗੁਰੂ।*

*ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ!*

*ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ! ਆਪ ਦੇ ਹਜ਼ੂਰ... ਦੀ ਅਰਦਾਸ ਹੈ ਜੀ।*

*ਅੱਖਰ ਵਾਧਾ ਘਾਟਾ ਭੁਲ-ਚੁਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।*

*ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।*

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ —

*ਵਾਹਿਗੁਰੂ ਜੀ ਕਾ ਖ਼ਾਲਸਾ*
*ਵਾਹਿਗੁਰੂ ਜੀ ਕੀ ਫ਼ਤਹ*

ਬੁਲਾਵੇ। ਉਪਰੰਤ *'ਸਤਿ ਸ੍ਰੀ ਅਕਾਲ'* ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ 'ਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜੋ ਕੇ, ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

(ਸ) ਜਦੋਂ ਕੋਈ ਖ਼ਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਉਹਨਾਂ ਤੋਂ ਬਿਨਾ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

**ਅਰਨੌਲੀ ਰਿਆਸਤ** : ਇਕ ਸਿੱਖ ਰਿਆਸਤ ਜਿਸ ਦੇ ਹਾਕਮਾਂ ਦਾ ਸੰਬੰਧ ਭਾਈ ਭਗਤੂ ਨਾਲ ਜੁੜਦਾ ਹੈ। ਭਾਈ ਭਗਤੂ ਦੇ ਪੁੱਤਰ ਭਾਈ ਗੁਰਬਖ਼ਸ਼ ਸਿੰਘ ਦੇ ਵੱਡੇ ਪੁੱਤਰ ਭਾਈ ਦੇਸੂ ਸਿੰਘ ਨੇ ਸਤਲੁਜ ਪਾਰ ਦਾ ਇਲਾਕਾ ਜਿਤ ਕੇ ਸੰਨ 1767 ਈ. ਵਿਚ ਕੈਥਲ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਉਸ ਦੇ ਛੋਟੇ ਭਾਈ ਸੁਖਾ ਸਿੰਘ ਨੇ ਆਪਣੇ ਬਾਹੂਬਲ 'ਤੇ ਜੋ ਇਲਾਕਾ ਅਧੀਨ ਕੀਤਾ, ਉਸ ਨੂੰ 'ਅਰਨੌਲੀ ਰਿਆਸਤ' ਅਧੀਨ ਕੀਤਾ। ਜਦੋਂ ਕੈਥਲ ਨਰੇਸ਼ ਭਾਈ ਉਦੈ ਸਿੰਘ ਨਰੀਨਾ ਸੰਤਾਨ ਤੋਂ ਬਿਨਾ ਗੁਜ਼ਰ ਗਿਆ, ਤਾਂ ਉਸ ਦੀ ਰਿਆਸਤ ਵਿਚੋਂ ਕੁਝ ਹਿੱਸਾ ਭਾਈ ਸੁੱਖਾ ਸਿੰਘ ਅਰਨੌਲੀ ਵਾਲੇ ਨੂੰ ਦਿੱਤਾ ਗਿਆ ਅਤੇ ਬਾਕੀ ਦਾ ਇਲਾਕਾ ਜ਼ਬਤ ਕਰ ਲਿਆ ਗਿਆ।

**ਅਰੂੜ ਸਿੰਘ, ਸਰ** (1865-1926 ਈ.): ਅੰਮ੍ਰਿਤਸਰ ਜ਼ਿਲ੍ਹੇ ਦੇ ਨੌਸ਼ਹਿਰਾ ਨੰਗਲੀ ਵਿਚ ਸ. ਹਰਨਾਮ ਸਿੰਘ, ਡੀ.ਐਸ.ਪੀ. ਦੇ ਘਰ ਸੰਨ 1865 ਈ. ਵਿਚ ਪੈਦਾ ਹੋਇਆ ਅਰੂੜ ਸਿੰਘ ਸੰਨ 1907 ਤੋਂ 1920 ਈ. ਤਕ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ ਦਾ ਮੈਨੇਜਰ (ਸਰਬਰਾਹ) ਰਿਹਾ। ਅਜੇ ਇਹ ਚਾਰ ਸਾਲਾਂ ਦਾ ਸੀ ਕਿ ਇਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਸ਼ੇਰਗਿਲ ਰਈਸ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਣ ਇਸ ਪਰਿਵਾਰ ਦਾ ਅੰਗ੍ਰੇਜ਼ ਸਰਕਾਰ ਵਿਚ ਕਾਫ਼ੀ ਆਦਰ-ਮਾਣ ਸੀ। ਸਰਕਾਰੀ ਹਾਈ ਸਕੂਲ ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਨ ਉਪਰੰਤ ਇਹ ਆਪਣੀ ਜਾਇਦਾਦ ਦੇ ਕੰਮਾਂ ਵਿਚ ਰੁਝ ਗਿਆ ਅਤੇ ਸੰਨ 1885 ਈ. ਵਿਚ 20 ਸਾਲਾਂ ਦਾ ਹੋਣ 'ਤੇ ਇਸ ਨੂੰ ਸਾਰੀ ਜਾਇਦਾਦ ਦਾ ਅਧਿਕਾਰੀ ਬਣਾ ਦਿੱਤਾ ਗਿਆ। ਸੰਨ 1888 ਈ. ਵਿਚ ਇਸ ਨੂੰ ਮਾਨਾਰਥ ਮੈਜਿਸਟ੍ਰੇਟ ਦਰਜਾ ਦੋਇਮ ਬਣਾਇਆ ਗਿਆ ਅਤੇ ਸੰਨ 1907 ਈ. ਵਿਚ ਇਸ ਨੂੰ ਦਰਜਾ ਅਵਲ ਲਈ ਤਰੱਕੀ ਦੇ ਦਿੱਤੀ ਗਈ।

ਇਸ ਦਾ ਦਾਦਾ ਸ. ਜੱਸਾ ਸਿੰਘ, ਸ. ਲਹਿਣਾ

ਸਿੰਘ ਮਜੀਠੀਆਂ ਦੇ ਅਧੀਨ ਦੋ ਸਾਲ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਵਿਵਸਥਾਪਕ ਰਹਿ ਚੁਕਿਆ ਸੀ। ਇਸ ਪਿਛੋਕੜ ਨੂੰ ਸਾਹਮਣੇ ਰਖਦਿਆਂ ਅੰਗ੍ਰੇਜ਼ ਸਰਕਾਰ ਨੇ ਸੰਨ 1907 ਈ. ਵਿਚ ਇਸ ਨੂੰ ਦੋ ਗੁਰੂ-ਧਾਮਾਂ (ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ) ਦਾ ਸਰਬਰਾਹ ਨਿਯੁਕਤ ਕਰ ਦਿੱਤਾ। ਇਸ ਦੇ ਵਿਰੁੱਧ ਇਹ ਸ਼ਿਕਾਇਤ ਸੀ ਕਿ ਇਸ ਨੇ ਤੋਸ਼ਾਖ਼ਾਨੇ ਦੀਆਂ ਕੁਝ ਕੀਮਤੀ ਵਸਤੂਆਂ ਖ਼ੁਰਦ-ਬੁਰਦ ਕੀਤੀਆਂ ਸਨ। ਪਰ ਇਹ ਦੋਸ਼ ਸਿੱਧ ਨ ਹੋ ਸਕਿਆ। ਜਦੋਂ ਇਸ ਨੇ ਦਰਬਾਰ ਸਾਹਿਬ ਦੇ ਪੁਜਾਰੀਆਂ ਨਾਲ ਮਿਲ ਕੇ ਸੰਨ 1919 ਈ. ਵਿਚ ਜਲਿਆਂ ਵਾਲੇ ਬਾਗ਼ ਦੇ ਸਾਕੇ ਨਾਲ ਸੰਬੰਧਿਤ ਜਨਰਲ ਡਾਇਰ ਨੂੰ ਸਰੋਪਾ ਦਿੱਤਾ ਤਾਂ ਸਿੱਖ ਜਨਤਾ ਵਲੋਂ ਇਹ ਮੰਗ ਜ਼ੋਰ ਪਕੜ ਗਈ ਕਿ ਇਸ ਨੂੰ 'ਸਰਬਰਾਹ' ਪਦ ਤੋਂ ਹਟਾ ਦਿੱਤਾ ਜਾਏ। ਇਸ ਨੇ ਸੰਨ 1920 ਈ. ਨੂੰ ਖ਼ੁਦ ਹੀ ਤਿਆਗ-ਪੱਤਰ ਦੇ ਦਿੱਤਾ ਅਤੇ ਜਲਿਆਂ ਵਾਲੇ ਬਾਗ਼ ਵਿਚ ਜਾ ਕੇ ਆਮ ਜਨਤਾ ਤੋਂ ਮਾਫ਼ੀ ਵੀ ਮੰਗੀ।

ਅੰਗ੍ਰੇਜ਼ ਸਰਕਾਰ ਨੇ ਇਸ ਦੀਆਂ ਖ਼ਿਦਮਤਾਂ ਨੂੰ ਸਾਹਮਣੇ ਰਖਦੇ ਹੋਇਆਂ ਸੰਨ 1921 ਈ. ਨੂੰ C.I.E. ਵਜੋਂ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਵੀ ਇਸ ਨੂੰ ਸਰਦਾਰ ਬਹਾਦਰ, ਸਰ ਆਦਿ ਤਖ਼ਲਸ ਮਿਲ ਚੁਕੇ ਸਨ। ਜਨਰਲ ਡਾਇਰ ਨੂੰ ਸਨਮਾਨਿਤ ਕਰਨ ਵਾਲੀ ਗੱਲ ਦਾ ਮਹਾ-ਪਾਪ ਇਸ ਨੂੰ ਅੰਦਰੋਂ-ਅੰਦਰੀ ਖੋਰਦਾ ਰਿਹਾ ਅਤੇ ਸੰਨ 1926 ਈ. ਵਿਚ ਇਸ ਦਾ ਦੇਹਾਂਤ ਹੋ ਗਿਆ।

**ਅਲੱਖ:** ਇਸ ਦਾ ਸ਼ਾਬਦਿਕ ਅਰਥ ਹੈ ਜੋ ਲਿਖਿਆ ਨ ਜਾ ਸਕੇ, ਜੋ ਦਿਖਾਈ ਨ ਦੇਵੇ, ਅਦ੍ਰਿਸ਼। ਕਾਲਾਂਤਰ ਵਿਚ ਇਸ ਨੂੰ ਪਰਮਾਤਮਾ ਦਾ ਵਾਚਕ ਸ਼ਬਦ ਮੰਨਿਆ ਜਾਣ ਲਗਿਆ। ਜਿਵੇਂ ਗੁਰੂ ਅਮਰਦਾਸ ਜੀ ਨੇ ਕਿਹਾ ਹੈ — *ਅਗਮ ਅਗੋਚਰੁ ਅਲਖ ਅਪਾਰਾ। ਕੋਇ ਨ ਜਾਣੈ ਤੇਰਾ ਪਰਵਾਰਾ।* (ਗੁ.ਗ੍ਰੰ. 1060)। ਉਂਜ ਇਹ ਸ਼ਬਦ ਨਾਥ-ਪੰਥੀ ਯੋਗੀਆਂ ਦੀ ਟਕਸਾਲ ਦਾ ਸਿੱਕਾ ਹੈ। ਨਾਥ-ਯੋਗੀ ਜਦੋਂ ਖੱਪਰ ਅਗੇ ਕਰਕੇ ਭਿਖਿਆ ਮੰਗਦੇ ਹਨ ਤਾਂ 'ਅਲੱਖ ਅਲੱਖ' ਸ਼ਬਦ ਬੋਲਦੇ ਹਨ।

'ਅਲੱਖ' ਸ਼ਬਦ ਦੇ ਆਧਾਰ 'ਤੇ ਯੋਗੀਆਂ ਵਿਚ ਇਕ ਅਲੱਖ-ਨਾਮੀ ਜਾਂ ਅਲੱਖਧਾਰੀ ਸੰਪ੍ਰਦਾਇ ਦਾ ਵੀ ਵਿਕਾਸ ਹੋਇਆ ਹੈ। ਇਸ ਸੰਪ੍ਰਦਾਇ ਦੇ ਯੋਗੀ ਆਪਣੇ ਆਪ ਨੂੰ ਸਹੀ ਯੋਗੀ ਮੰਨਦੇ ਹਨ। ਮੂਰਤੀ-ਪੂਜਾ ਨ ਕਰਕੇ, ਇਹ ਅਹਿੰਸਾ ਦਾ ਪ੍ਰਚਾਰ ਕਰਦੇ ਹਨ ਅਤੇ ਲੋਕ- ਕਲਿਆਣ ਕਰਨ ਵਿਚ ਰੁਚੀ ਰਖਦੇ ਹਨ। ਜਾਤਿ-ਭੇਦ-ਭਾਵ ਤੋਂ ਇਹ ਬਹੁਤ ਉੱਚੇ ਹਨ। ਇਨ੍ਹਾਂ ਯੋਗੀਆਂ ਦੇ ਸਮਾਜਿਕ ਰੀਤੀ-ਰਿਵਾਜ ਬੜੇ ਸਰਲ ਅਤੇ ਸਾਦੇ ਹਨ। ਬਾਹਰਲੇ ਆਡੰਬਰਾਂ ਵਿਚ ਇਹ ਯਕੀਨ ਨਹੀਂ ਰਖਦੇ।

ਭਿਖਿਆ ਮੰਗਣ ਵੇਲੇ ਯੋਗੀ ਲੋਕ 'ਅਲੱਖ' ਦੀ ਉਸਤਤ ਵਿਚ ਜੋ ਗੀਤ ਗਾਉਂਦੇ ਹਨ, ਉਨ੍ਹਾਂ ਨੂੰ ਵੀ 'ਅਲੱਖ' ਕਿਹਾ ਜਾਂਦਾ ਹੈ। ਮੁੱਖ ਨਾਥ-ਯੋਗੀਆਂ ਦੇ ਪ੍ਰਸੰਗ ਵੀ ਇਸੇ ਪਰੰਪਰਾ ਵਿਚ 'ਅਲੱਖ' ਨਾਂ ਨਾਲ ਪ੍ਰਸਿੱਧ ਹਨ। ਕਈ 'ਅਲੱਖ' ਦੇ ਨਾਲ 'ਨਿਰੰਜਨ' (ਵੇਖੋ) ਸ਼ਬਦ ਦੀ ਵੀ ਵਰਤੋਂ ਕਰਦੇ ਹਨ। ਇਹ ਵੀ ਪਰਮਾਤਮਾ ਦਾ ਸੂਚਕ ਸ਼ਬਦ ਹੈ।

**ਅਲਮਸਤ, ਬਾਬਾ** (1553-1643 ਈ.): ਇਕ ਪ੍ਰਸਿੱਧ ਉਦਾਸੀ ਸੰਤ ਜਿਸ ਨੂੰ ਸਭ ਤੋਂ ਪਹਿਲੇ ਧੂਏਂ (ਧੂਣੇ) ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਦਾ ਜਨਮ ਸ੍ਰੀਨਗਰ (ਕਸ਼ਮੀਰ) ਦੇ ਇਕ ਗੌੜ ਬ੍ਰਾਹਮਣ ਪਰਿਵਾਰ ਵਿਚ ਭਾਈ ਹਰਦੱਤ ਦੇ ਘਰ, ਮਾਈ ਪ੍ਰਭਾ ਦੀ ਕੁੱਖੋਂ 26 ਅਗਸਤ 1553 ਈ. ਨੂੰ ਹੋਇਆ ਸੀ। ਸੰਨ 1574 ਈ. ਵਿਚ ਇਹ ਡੇਰਾ ਬਾਬਾ ਨਾਨਕ ਨਾਂ ਦੇ ਕਸਬੇ ਵਿਚ ਆਇਆ ਅਤੇ ਬਾਬਾ ਸ੍ਰੀ ਚੰਦ ਦੀ ਅਧਿਆਤਮਿਕਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਨੇ ਉਥੇ ਰਹਿ ਕੇ ਗੁਰੂ ਨਾਨਕ ਦੇਵ ਜੀ ਦੇ ਦੇਹੁਰੇ ਦੀ ਸੇਵਾ ਸ਼ੁਰੂ ਕੀਤੀ ਅਤੇ ਆਪਣੇ ਜੀਵਨ-ਨਿਰਵਾਹ ਲਈ ਬਕਰੀਆਂ ਦਾ ਇੱਜੜ ਪਾਲ ਲਿਆ। ਇਸ ਦਾ ਮੂਲ ਨਾਂ ਆਲੂ ਸੀ, ਪਰ ਧਰਮ-ਸਾਧਨਾ ਵਿਚ ਅਤਿਅੰਤ ਮਗਨਤਾ ਅਤੇ ਸੰਸਾਰਿਕਤਾ ਪ੍ਰਤਿ ਵੈਰਾਗ ਦੀ ਭਾਵਨਾ ਕਰਕੇ ਜਿਗਿਆਸੂਆਂ ਵਿਚ ਇਹ 'ਅਲਮਸਤ' ਵਜੋਂ ਪ੍ਰਸਿੱਧ ਹੋਇਆ ਇਸ ਨੂੰ ਕਮਲੀਆ ਅਤੇ ਗੋਦੜੀਆ ਵੀ ਕਿਹਾ ਜਾਂਦਾ ਸੀ।

ਬਾਬਾ ਸ੍ਰੀ ਚੰਦ ਦੇ ਦੇਹਾਂਤ ਤੋਂ ਬਾਦ ਇਹ ਬਾਬਾ ਗੁਰਦਿੱਤਾ ਦੀ ਸੇਵਾ ਵਿਚ ਜੁਟ ਗਿਆ। ਬਾਬਾ ਜੀ ਨੇ ਇਸ ਦੀ ਭਗਤੀ ਭਾਵਨਾ ਕਰਕੇ ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਪੂਰਬੀ ਭਾਰਤ ਵਿਚ ਪ੍ਰਚਾਰਨ ਲਈ ਉਧਰ ਨੂੰ ਭੇਜਿਆ। ਉੜੀਸਾ ਪ੍ਰਾਂਤ ਦੇ ਪੁਰੀ ਨਗਰ ਵਿਚ ਜਾ ਕੇ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਜਗਨਨਾਥ ਮੰਦਿਰ ਵਿਚ ਆਮਦ ਸੰਬੰਧੀ ਇਕ ਸਮਾਰਕ ਕਾਇਮ ਕੀਤਾ ਜੋ 'ਗੁਰਦੁਆਰਾ ਮੰਗੂ ਮਠ' (ਮੰਗੂਮਟ) ਵਜੋਂ ਪ੍ਰਸਿੱਧ ਹੋਇਆ।

ਇਹ ਗੁਰਦੁਆਰਾ ਮੰਦਿਰ ਤੋਂ ਥੋੜੀ ਵਿਥ ਉਤੇ ਹੁਣ ਵੀ ਮੌਜੂਦ ਹੈ। ਇਥੇ ਇਕ ਖੂਹੀ ਜਾਂ ਬਾਉਲੀ ਵੀ ਹੈ ਜਿਸ ਦੇ ਜਲ ਨੂੰ ਰੋਗ ਨਿਵਾਰਕ ਮੰਨਿਆ ਜਾਂਦਾ ਹੈ।

ਪੁਰੀ ਤੋਂ ਭਾਈ ਅਲਮਸਤ ਸੰਨ 1633 ਈ. ਵਿਚ 'ਗੋਰਖ ਮਤਾ' ਆ ਗਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਸ ਪਿੱਪਲ ਨੇੜੇ ਸਮਾਰਕ ਕਾਇਮ ਕੀਤਾ ਜਿਥੇ ਗੁਰੂ ਜੀ ਨੇ ਨਾਥ-ਯੋਗੀਆਂ ਨਾਲ ਗੋਸਟਿ ਕੀਤੀ ਸੀ। ਨਾਲੇ 'ਗੋਰਖ ਮਤਾ' ਦੀ ਥਾਂ ਉਸ ਦਾ ਨਾਂ 'ਨਾਨਕ ਮਤਾ' ਪ੍ਰਚਲਿਤ ਕੀਤਾ। ਨਾਥ-ਯੋਗੀਆਂ ਨੇ ਬਾਬਾ ਅਲਮਸਤ ਦੁਆਰਾ ਸਥਾਪਿਤ ਕੀਤੇ ਨਾਨਕ ਮਤਾ ਸਮਾਰਕ ਨੂੰ ਢਾਹ ਦਿੱਤਾ ਅਤੇ ਪਿੱਪਲ ਦਾ ਬ੍ਰਿਛ ਸਾੜ ਦਿੱਤਾ। ਭਾਈ ਅਲਮਸਤ ਨੇ ਸਹਾਇਤ ਲਈ ਗੁਰੂ ਹਰਿਗੋਬਿੰਦ ਜੀ ਨੂੰ ਪ੍ਰਾਰਥਨਾ ਕੀਤੀ। ਗੁਰੂ ਜੀ ਸੰਨ 1634 ਈ. ਦੇ ਜੂਨ ਦੇ ਮਹੀਨੇ ਵਿਚ ਉਥੇ ਗਏ ਅਤੇ ਨਾਥ-ਯੋਗੀਆਂ ਨੂੰ ਉਥੋਂ ਖਦੇੜਿਆ। ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮਾਰਕ ਨੂੰ ਫਿਰ ਤੋਂ ਉਸਰਵਾਇਆ। ਕਹਿੰਦੇ ਹਨ ਕਿ ਗੁਰੂ ਜੀ ਨੇ ਦੁੱਧ ਦੀਆਂ ਛਿਟਾਂ ਮਾਰ ਕੇ ਪਿੱਪਲ ਦੇ ਬ੍ਰਿਛ ਨੂੰ ਫਿਰ ਹਰਾ-ਭਰਾ ਕਰ ਦਿੱਤਾ। ਉਸ ਦੇ ਪੱਤਿਆਂ ਉਤੇ ਹੁਣ ਵੀ ਦੁੱਧ ਦੀਆਂ ਛਿਟਾਂ ਦੇ ਨਿਸ਼ਾਨ ਪਏ ਹੋਏ ਦਸੇ ਜਾਂਦੇ ਹਨ।

ਭਾਈ ਅਲਮਸਤ ਨੇ ਬਾਕੀ ਦਾ ਜੀਵਨ ਨਾਨਕ ਮਤੇ ਬਿਤਾਇਆ। ਸੰਨ 1643 ਈ. ਵਿਚ ਇਸ ਦਾ ਉਥੇ ਹੀ ਦੇਹਾਂਤ ਹੋਇਆ। ਇਸ ਨੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਦੂਰ ਦੂਰ ਤਕ ਪ੍ਰਸਾਰਨ ਲਈ ਆਪਣੇ ਅੱਠ ਸੇਵਕ ਤਿਆਰ ਕੀਤੇ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਨਾਲ ਸੰਬੰਧਿਤ ਸਥਾਨਾਂ ਨੂੰ ਲਭ ਕੇ ਉਥੇ ਗੁਰੂ-ਧਾਮਾਂ ਦੀ ਸਥਾਪਨਾ ਕੀਤੀ ਅਤੇ ਪ੍ਰਚਾਰ ਖੇਤਰ ਦਾ ਵਿਸਤਾਰ ਕੀਤਾ। ਅਲਮਸਤ ਦਾ ਛੋਟਾ ਭਾਈ ਬਾਲੂ ਹਸਨਾ (ਵੇਖੋ) ਨੇ ਵੀ ਉਦਾਸੀ ਮਤ ਦਾ ਬਹੁਤ ਪ੍ਰਚਾਰ ਕੀਤਾ।

**ਅਲਾਹਣੀਆਂ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਵਡਹੰਸ ਰਾਗ ਵਿਚ ਇਸ ਸਿਰਲੇਖ ਅਧੀਨ ਨੌਂ 'ਅਲਾਹਣੀਆਂ' ਦਰਜ ਹਨ, ਪੰਜ ਗੁਰੂ ਨਾਨਕ ਦੇਵ ਜੀ ਦੀਆਂ ਅਤੇ ਚਾਰ ਗੁਰੂ ਅਮਰਦਾਸ ਜੀ ਦੀਆਂ ਹਨ। 'ਅਲਾਹਣੀ' ਪੰਜਾਬੀ ਦਾ ਇਕ ਸੋਗੀ ਜਾਂ ਮਾਤਮੀ ਲੋਕ-ਗੀਤ ਹੈ ਜੋ ਕੇਵਲ ਮਰਨ ਦੇ ਅਵਸਰ ਉਤੇ ਹੀ ਰੁਦਨਮਈ ਢੰਗ ਨਾਲ ਗਾਇਆ ਜਾਂਦਾ ਹੈ। ਇਸ ਨੂੰ ਕਿਸੇ ਹੋਰ ਅਵਸਰ ਉਤੇ ਨਹੀਂ ਗਾਇਆ ਜਾ ਸਕਦਾ, ਸਗੋਂ ਇਸ ਨੂੰ ਇਕੱਲਿਆਂ ਜਾਂ ਮਿਤਰਾਂ ਵਿਚ ਬੈਠ ਕੇ ਗੁਣਗੁਣਾਉਣਾ ਵੀ ਬਦਸ਼ਗਨੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਪੰਜਾਬ ਵਿਚ ਜਦੋਂ ਕੋਈ ਵਿਅਕਤੀ ਮਰਦਾ ਹੈ, ਤਾਂ ਪਿੰਡ ਜਾਂ ਕਸਬੇ ਦੀ ਨੈਣ, ਮਿਰਾਸਣ ਜਾਂ ਮਿਸ਼ਰਾਣੀ ਆ ਜਾਂਦੀ ਹੈ ਅਤੇ ਉਹ ਖੜੋ ਕ ਬੋਲ ਬੋਲਦੀ ਹੈ। ਅਫ਼ਸੋਸ ਕਰਨ ਆਈਆਂ ਬਾਕੀ ਸਾਰੀਆਂ ਇਸਤਰੀਆਂ ਉਸ ਦੇ ਇਰਦ-ਗਿਰਦ ਘੇਰੇ ਵਿਚ ਜਾਂ ਆਹਮੋ-ਸਾਹਮਣੇ ਪੰਕਤੀਆਂ ਵਿਚ ਖੜੋ ਕੇ ਮ੍ਰਿਤ ਵਿਅਕਤੀ ਦਾ ਨਾਂ ਜਾਂ ਰਿਸ਼ਤਾ ਬੋਲ ਕੇ 'ਹਾਇ-ਹਾਇ' ਦੇ ਤਾਲ 'ਤੇ ਰੋਂਦੀਆਂ ਹੋਈਆਂ ਸਿਆਪਾ ਕਰਦੀਆਂ ਹਨ। ਇਹ ਸਿਆਪਾ ਮੱਥੇ, ਛਾਤੀ ਅਤੇ ਪੱਟਾਂ ਉਸ ਕ੍ਰਮਵਾਰ ਹੱਥ ਮਾਰ ਕੇ ਕੀਤਾ ਜਾਂਦਾ ਹੈ। ਇਸ ਦੀ ਚਾਲ ਪਹਿਲਾਂ ਹੌਲੀ, ਪਰ ਸਹਿਜੇ ਸਹਿਜੇ ਤੇਜ਼ ਹੁੰਦੀ ਜਾਂਦੀ ਹੈ ਅਤੇ ਸਾਰੀਆਂ ਇਸਤਰੀਆਂ ਦੇ ਹੱਥ ਇਕ ਤਾਲ ਵਿਚ ਇਕੱਠੇ ਮੱਥੇ, ਛਾਤੀ ਅਤੇ ਪੱਟਾਂ ਉਤੇ ਵਜਦੇ ਹਨ। ਤਾਲੋਂ ਘੁਸਣ ਵਾਲੀ ਇਸਤਰੀ ਨੂੰ ਕਈ ਵਾਰ ਨੈਣ ਬਾਹਰ ਵੀ ਕਢ ਦਿੰਦੀ ਹੈ।

ਮਰਨ ਵਾਲੇ ਦੀ ਆਯੂ ਦੇ ਪੱਖ ਤੋਂ ਅਲਾਹਣੀ ਤਿੰਨ ਪ੍ਰਕਾਰ ਦੀ ਹੁੰਦੀ ਹੈ— ਜਵਾਨੀ ਦੀ ਮੌਤ ਵੇਲੇ ਪਾਈ ਅਲਾਹਣੀ ਬੜੀ ਹਿਰਦੇ ਬੇਧਕ ਹੁੰਦੀ ਹੈ, ਬੱਚੇ ਦੀ ਮ੍ਰਿਤੂ 'ਤੇ ਪਾਈ ਗਈ ਅਲਾਹਣੀ ਵਿਚ ਮਮਤਾ ਦਾ ਤੱਤ੍ਵ ਪ੍ਰਧਾਨ ਹੁੰਦਾ ਹੈ ਅਤੇ ਬਿਰਧ ਦੀ ਮੌਤ ਵੇਲੇ ਪਾਈ ਗਈ ਅਲਾਹਣੀ ਵਿਚ ਕਰੁਣ ਰਸ ਵਿਚ ਕਈ ਵਾਰ ਠਠੇਬਾਜ਼ੀ ਦਾ ਰੰਗ ਬੰਨ੍ਹ ਕੇ ਰਸਾਂਤਰ ਪੈਦਾ ਕੀਤਾ ਜਾਂਦਾ ਹੈ। ਅਜਿਹਾ ਖ਼ਾਸ ਤੌਰ 'ਤੇ ਸ਼ਰੀਕਣਾਂ ਕਰਦੀਆਂ ਹਨ। ਮ੍ਰਿਤ ਮਰਦਾਂ ਅਤੇ ਇਸਤਰੀਆ ਨਾਲ ਸੰਬੰਧਿਤ ਅਲਾਹਣੀਆਂ ਵਿਚ ਕ੍ਰਮਵਾਰ ਮਰਦਾਵੇਂ ਜਾਂ ਜ਼ਨਾਨੇ ਗੁਣਾਂ ਦਾ ਕਥਨ ਕਰਕੇ ਸਿਆਪਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ — ਤੰਦ ਅਜੇ ਨਾ ਕੀਤੀ, ਧੀਏ ਮੋਰਨੀਏ, ਹਾਇ ਹਾ-ਧੀਏ ਮੋਰਨੀਏ; ਮੁਛ ਅਜੇ ਨ ਫੁਟੀ, ਸ਼ੇਰ ਸਰੂ ਜਿਹਾ, ਹਾਇ ਹਾ-ਸ਼ੇਰ ਸਰੂ ਜਿਹਾ ਆਦਿ।

ਨੈਣਾਂ ਜਾਂ ਮਿਰਾਸਣਾਂ ਨੂੰ ਹਰ ਪ੍ਰਕਾਰ ਦੇ ਵਿਅਕਤੀਆਂ ਲਈ ਅਲਾਹਣੀਆਂ ਯਾਦ ਹੁੰਦੀਆਂ ਹਨ ਅਤੇ ਕਈ ਵਾਰ ਉਨ੍ਹਾਂ ਵਿਚ ਇਤਨੀ ਸਮਰਥਾ ਵੀ ਹੁੰਦੀ ਹੈ ਕਿ ਉਹ ਮੌਕੇ ਉਤੇ ਤੁਰੰਤ ਅਲਾਹਣੀ ਦੇ ਬੋਲ ਘੜ ਲੈਂਦੀਆਂ ਹਨ। ਜਿਉਂ ਜਿਉਂ ਲੋਕਾਂ ਵਿਚ ਵਿਦਿਆ ਨਾਲ ਜਾਗ੍ਰਿਤੀ ਆਉਂਦੀ ਜਾ

ਰਹੀ ਹੈ ਅਤੇ ਇਸਤਰੀਆਂ ਦਾ ਰਹਿਣ-ਸਹਿਣ ਸੁਖਾਵਾਂ ਅਤੇ ਆਧੁਨਿਕ ਢਬ ਦਾ ਹੁੰਦਾ ਜਾ ਰਿਹਾ ਹੈ, ਤਿਉਂ ਤਿਉਂ ਅਲਾਹਣੀਆਂ ਦਾ ਰਿਵਾਜ ਵੀ ਘਟਦਾ ਜਾ ਰਿਹਾ ਹੈ।

ਲੋਕ-ਜੀਵਨ ਦੀਆਂ ਭਾਵਨਾਵਾਂ ਦੇ ਨਾਲ ਨਾਲ ਵਿਚਰਣ ਵਾਲੀ ਗੁਰਬਾਣੀ ਦੀ ਨੁਹਾਰ ਅਧਿਕਤਰ ਲੋਕ-ਪਰੰਪਰਾ ਵਾਲੀ ਹੈ ਅਤੇ ਇਸ ਕਾਰਣ ਗੁਰੂ ਸਾਹਿਬਾਨ ਨੇ ਬਹੁਤ ਸਾਰੇ ਲੋਕ-ਗੀਤਾਂ ਅਤੇ ਕਾਵਿ-ਰੂਪਾਂ ਦੀਆਂ ਲੀਹਾਂ ਉਤੇ ਆਪਣੀ ਬਾਣੀ ਦੀ ਰਚਨਾ ਕੀਤੀ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਡਹੰਸ ਰਾਗ ਵਿਚ ਪੰਜ ਅਲਾਹਣੀਆਂ ਦੀ ਰਚਨਾ ਕੀਤੀ। ਇਸ ਵਿਚ ਸੰਦੇਹ ਨਹੀਂ ਕਿ ਇਨ੍ਹਾਂ ਅਲਾਹਣੀਆਂ ਦਾ ਵਰਣਿਤ ਵਿਸ਼ਾ ਵਿਯੋਗ-ਜਨਿਤ ਵੈਰਾਗ ਹੈ, ਪਰ ਗੁਰੂ ਜੀ ਨੇ ਕਿਤੇ ਵੀ ਨਿਰਾਸ਼ਾ ਜਾਂ ਉਦਾਸੀਨਤਾ ਦੀ ਭਾਵਨਾ ਦਾ ਸੰਚਾਰ ਨਹੀਂ ਹੋਣ ਦਿੱਤਾ। ਅਸਲ ਵਿਚ, ਗੁਰੂ ਜੀ ਨੇ ਜਿਗਿਆਸੂ ਨੂੰ ਅਜਿਹੇ ਮਰਨੇ ਲਈ ਪ੍ਰੇਰਿਤ ਕੀਤਾ ਹੈ ਜਿਸ ਨਾਲ ਪ੍ਰਭੂ ਦੇ ਦੁਆਰ ਉਤੇ ਵਡਿਆਈ ਅਤੇ ਪ੍ਰਮਾਣਿਕਤਾ ਦਾ ਚਿੰਨ੍ਹ ਪ੍ਰਾਪਤ ਹੋ ਸਕੇ। ਸੰਸਾਰਿਕ ਪਦਾਰਥਾਂ ਲਈ ਰੋਣਾ ਉਚਿਤ ਨਹੀਂ, ਅਸਲ ਰੋਣਾ ਤਾਂ ਉਹ ਹੈ ਜੋ ਪਰਮਾਤਮਾ ਨਾਲ ਪ੍ਰੇਮ ਪਾ ਕੇ ਉਸ ਦੇ ਵਿਯੋਗ ਵਿਚ ਰੋਇਆ ਜਾਏ।

ਇਨ੍ਹਾਂ ਪੰਜ ਅਲਾਹਣੀਆਂ ਵਿਚੋਂ ਪਹਿਲੀ, ਦੂਜੀ, ਚੌਥੀ ਅਤੇ ਪੰਜਵੀਂ ਵਿਚ ਛੇ ਛੇ ਤੁਕਾਂ ਦੇ ਚਾਰ ਚਾਰ ਪਦੇ ਹਨ ਜਿਨ੍ਹਾਂ ਉਤੇ ਕੁੰਡਲੀਆਂ ਛੰਦ ਦੇ ਲੱਛਣ ਕੁਝ ਸੀਮਾ ਤਕ ਲਾਗੂ ਕੀਤੇ ਜਾ ਸਕਦੇ ਹਨ। ਤੀਜੀ ਅਲਾਹਣੀ ਵਿਚ ਚਾਰ ਚਾਰ ਤੁਕਾਂ ਦੇ ਅੱਠ ਪਦੇ ਹਨ। ਇਨ੍ਹਾਂ ਤੋਂ ਇਲਾਵਾ ਪਹਿਲੇ ਪਦੇ ਤੋਂ ਬਾਦ ਇਕ ਤੁਕ 'ਰਹਾਉ' ਦੀ ਵੀ ਹੈ। ਇਸ ਵਿਚ ਦੁਵੈਯਾ ਛੰਦ ਦੀ ਕੁਝ ਛਾਇਆ ਵੇਖੀ ਜਾ ਸਕਦੀ ਹੈ। ਭਾਸ਼ਾ ਵਿਸ਼ੇ ਅਨੁਕੂਲ ਵੈਰਾਗਮਈ ਸ਼ਬਦਾਵਲੀ ਵਾਲੀ ਹੈ।

ਇਨ੍ਹਾਂ ਪੰਜ ਅਲਾਹਣੀਆਂ ਤੋਂ ਬਾਦ ਚਾਰ ਅਲਾਹਣੀਆਂ ਗੁਰੂ ਅਮਰਦਾਸ ਜੀ ਦੀਆਂ ਲਿਖੀਆਂ ਦਰਜ ਹਨ। ਇਨ੍ਹਾਂ ਨੂੰ ਭਾਵੇਂ 'ਅਲਾਹਣੀ' ਸਿਰਲੇਖ ਨਹੀਂ ਦਿੱਤਾ ਹੋਇਆ, ਪਰ ਆਖ਼ੀਰ ਉਤੇ ਦਿੱਤੇ ਕੁਲ-ਜੋੜ ਵਾਲੇ ਅੰਕ ਤੋਂ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਸੋਗਮਈ ਲੋਕ-ਗੀਤ ਨੂੰ ਅਭਿਵਿਅਕਤੀ ਦਾ ਸਾਧਨ ਬਣਾਇਆ। ਇਨ੍ਹਾਂ ਚਾਰ ਅਲਾਹਣੀਆਂ ਵਿਚ ਭਾਵਾਂ ਦੀ ਤੀਬਰਤਾ ਭਾਵੇਂ ਗੁਰੂ ਨਾਨਕ ਦੇਵ ਜੀ ਵਰਗੀ ਨਹੀਂ, ਪਰ ਇਨ੍ਹਾਂ ਵਿਚ ਮ੍ਰਿਤੂ ਅਤੇ ਪਤੀ-ਵਿਯੋਗ ਨਾਲ ਸੰਬੰਧਿਤ ਦੁਖਦਾਇਕ ਵਾਤਾਵਰਣ ਦਾ ਚਿਤ੍ਰਣ ਕਰਕੇ ਜਿਗਿਆਸੂ ਨੂੰ ਪਰਮਾਤਮਾ ਰੂਪੀ ਸਦੀਵੀ ਪਤੀ ਨਾਲ ਏਕਾਕਾਰ ਸਥਾਪਿਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਨ੍ਹਾਂ ਵਿਚ ਲੌਕਿਕ ਰੁਦਨ ਵਾਂਗ ਦੁਖ ਦਾ ਕੋਈ ਭਾਵ ਪ੍ਰਗਟ ਨਹੀਂ ਕੀਤਾ ਗਿਆ, ਸਗੋਂ ਅਗਿਆਨ ਦੇ ਵਸ ਵਿਚ ਪਈ ਜੀਵਾਤਮਾ ਦੇ ਪਰਮਾਤਮਾ ਨਾਲ ਹੋਏ ਵਿਯੋਗ ਨੂੰ ਹੀ ਦੁਖ ਦਾ ਮੂਲ ਕਾਰਣ ਮਿਥਿਆ ਗਿਆ ਹੈ। ਅਜਿਹੇ ਦੁਖ ਤੋਂ ਛੁਟਕਾਰਾ ਪਾਉਣ ਲਈ ਇਕੋ ਇਕ ਉਪਾ ਹੈ ਕਿ ਪਰਮਾਤਮਾ ਦਾ ਯਸ਼ ਗਾ ਕੇ ਉਸ ਦੇ ਨਾਮ ਦਾ ਸਿਮਰਨ ਕੀਤਾ ਜਾਏ — *ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ। ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ।* (ਗੁ.ਗ੍ਰੰ.583)।

ਇਨ੍ਹਾਂ ਚਾਰ ਅਲਾਹਣੀਆਂ ਵਿਚ ਛੇ ਛੇ ਤੁਕਾਂ ਦੇ ਚਾਰ ਚਾਰ ਪਦੇ ਹਨ। ਇਨ੍ਹਾਂ ਦਾ ਵਿਧਾਨ 'ਛੰਤ' ਦੀ ਪਰੰਪਰਾ ਵਿਚ ਹੋਇਆ ਹੈ। ਕੁੰਡਲੀਆਂ ਛੰਦ ਵਾਂਗ ਦੂਜੀ ਅਤੇ ਤੀਜੀ ਤੁਕ ਵਿਚ ਵਾਕਾਂਸ਼ਾਂ ਦੀ ਪੁਨਰਾਵ੍ਰਿਤੀ ਅਤੇ ਕਲਸ ਛੰਦ ਨਾਲ ਮਾਤ੍ਰਾਵਾਂ ਸੰਬੰਧੀ ਕੁਝ ਸਮਾਨਤਾ ਵੇਖੀ ਜਾ ਸਕਦੀ ਹੈ। ਇਨ੍ਹਾਂ ਦੀ ਭਾਸ਼ਾ ਵੈਰਾਗਮਈ ਅਤੇ ਵਾਤਾਵਰਣ ਗੰਭੀਰ ਹੈ।

**ਅਲਾਹਯਾਰ ਖ਼ਾਨ:** ਗੁਰੂ ਅਮਰਦਾਸ ਜੀ ਦਾ ਇਕ ਸਿੱਖ ਜੋ ਪਹਿਲਾਂ ਦਿੱਲੀ ਵਿਚ ਘੋੜਿਆਂ ਦਾ ਵਪਾਰ ਕਰਦਾ ਸੀ। ਕਹਿੰਦੇ ਹਨ ਕਿ ਇਕ ਵਾਰ ਇਹ ਕਾਬੁਲ ਤੋਂ ਪੰਜ ਸੌ ਨਵੇਂ ਘੋੜੇ ਖ਼ਰੀਦ ਕੇ ਦਿੱਲੀ ਨੂੰ ਪਰਤ ਰਿਹਾ ਸੀ, ਤਾਂ ਬਿਆਸ ਨਦੀ ਵਿਚ ਹੜ੍ਹ ਆ ਜਾਣ ਕਾਰਣ ਗੋਇੰਦਵਾਲ ਦੇ ਪੱਤਣ ਕੋਲ ਰੁਕ ਗਿਆ ਕਿਉਂਕਿ ਘੋੜਿਆਂ ਨੂੰ ਸਹੀ-ਸਲਾਮਤ ਘਰ ਲੈ ਜਾਣਾ ਸੰਭਵ ਨਹੀਂ ਸੀ। ਇਤਨੇ ਨੂੰ ਦਰਿਆ ਦੇ ਕੰਢੇ ਖੜੋਤੇ ਹੋਇਆਂ ਉਸ ਨੇ ਵੇਖਿਆ ਕਿ ਦਰਿਆ ਦੇ ਪਰਲੇ ਕੰਢਿਓਂ ਕੋਈ ਵਿਅਕਤੀ ਘੋੜੇ ਉਤੇ ਦਰਿਆ ਨੂੰ ਪਾਰ ਕਰਦਾ ਹੋਇਆ ਆ ਰਿਹਾ ਹੈ। ਇਹ ਅਸਲ ਵਿਚ ਡੱਲੇ ਪਿੰਡ ਦਾ ਭਾਈ ਪਾਰੋ ਸੀ ਜੋ ਨਿੱਤ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਆਉਂਦਾ ਸੀ। ਅਜੇ ਉਹ ਸੋਚੀਂ ਹੀ ਪਿਆ ਸੀ ਕਿ ਗੁਰੂ ਦੇ ਦਰਸ਼ਨ ਕਰਨ ਉਪਰੰਤ ਭਾਈ ਪਾਰੋ ਫਿਰ ਉਥੇ ਆ ਗਿਆ ਅਤੇ ਦਰਿਆ ਵਿਚ ਠਿਲ੍ਹਣ ਲਈ ਤਿਆਰ ਹੋਣ ਲਗਾ। ਅਲਾਹਯਾਰ ਨੇ ਭਾਈ ਪਾਰੋ ਤੋਂ ਇਤਨਾ ਖ਼ਤਰਾ

ਸਹੇੜਨ ਦਾ ਕਾਰਣ ਪੁਛਿਆ, ਤਾਂ ਉਸ ਨੇ ਕਿਹਾ ਕਿ ਉਸ ਨੂੰ ਗੁਰੂ ਜੀ ਦੀ ਰਖਿਆ ਪ੍ਰਾਪਤ ਹੈ। ਅਲਾਹਯਾਰ ਖ਼ਾਨ ਨੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਭਾਈ ਪਾਰੋ ਨਾਲ ਉਹ ਗੁਰੂ ਜੀ ਦੇ ਦਰਸ਼ਨ ਲਈ ਗੋਇੰਦਵਾਲ ਗਿਆ। ਗੁਰੂ ਜੀ ਨੇ ਪਹਿਲੀ ਨਜ਼ਰੇ ਉਸ ਨੂੰ 'ਅਲਾਹ-ਯਾਰ' ਦੀ ਥਾਂ 'ਰੱਬ ਦਾ ਸੇਵਕ' ਬਣਾ ਦਿੱਤਾ। ਉਸ ਨੇ ਆਪਣਾ ਵਪਾਰ ਪੁੱਤਰ ਦੇ ਹਵਾਲੇ ਕੀਤਾ ਅਤੇ ਆਪ ਗੁਰੂ-ਸੇਵਾ ਲਈ ਗੋਇੰਦਵਾਲ ਰਹਿਣ ਲਗ ਗਿਆ। ਗੁਰੂ ਜੀ ਨੇ ਉਸ ਦੀ ਭਗਤੀ ਨੂੰ ਵੇਖ ਕੇ ਇਕ ਮੰਜੀ ਬਖ਼ਸ਼ੀ ਅਤੇ ਗੁਰੂ-ਉਪਦੇਸ਼ ਨੂੰ ਪ੍ਰਸਾਰਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ। ਆਪਣੀ ਪਿਛਲੀ ਉਮਰ ਵਿਚ ਇਹ ਡੱਲਾ ਪਿੰਡ ਵਿਚ ਆ ਕੇ ਭਾਈ ਪਾਰੋ ਦੇ ਨੇੜੇ ਰਹਿਣ ਲਗ ਗਿਆ ਜਿਥੇ ਹੁਣ ਵੀ ਉਸ ਦਾ ਸਮਾਰਕ ਮੌਜੂਦ ਹੈ।

**ਅਲਾਹਾਬਾਦ** (ਨਗਰ): ਉਤਰ ਪ੍ਰਦੇਸ਼ ਦਾ ਇਕ ਪ੍ਰਸਿੱਧ ਨਗਰ ਜੋ ਤ੍ਰਿਵੇਣੀ-ਸੰਗਮ ਕੋਲ ਵਸਿਆ ਹੋਇਆ ਹੈ। ਇਥੇ ਗੰਗਾ ਅਤੇ ਯਮੁਨਾ ਦਾ ਮਿਲਨ ਹੁੰਦਾ ਹੈ ਅਤੇ ਸਰਸੂਤੀ ਦਾ ਗੁਪਤ ਸੰਗਮ ਵੀ ਮੰਨਿਆ ਜਾਂਦਾ ਹੈ। ਵਿਸ਼ਨੂੰ ਨੇ ਸ਼ੰਖਾਸੁਰ ਤੋਂ ਵੇਦ ਲਿਆ ਕੇ ਇਥੇ ਹੀ ਬ੍ਰਹਮਾ ਨੂੰ ਦਿੱਤੇ ਸਨ। ਬ੍ਰਹਮਾ ਨੇ ਪ੍ਰਸੰਨ ਹੋ ਕੇ ਇਥੇ ਦਸ ਅਸ਼੍ਵਮੇਧ ਯੱਗ ਕੀਤੇ, ਜਿਸ ਕਰਕੇ ਇਸ ਤੀਰਥ ਦਾ ਨਾਂ 'ਪ੍ਰਯਾਗ' ਪ੍ਰਚਲਿਤ ਹੋ ਗਿਆ। ਕਾਲਾਂਤਰ ਵਿਚ ਇਹ ਨਾਂ ਨਗਰ ਲਈ ਵੀ ਵਰਤਿਆ ਜਾਣ ਲਗਾ।

ਹਿੰਦੂ-ਧਰਮ ਵਿਚ ਇਸ ਤੀਰਥ ਨੂੰ ਬਹੁਤ ਪਵਿੱਤਰ ਸਮਝਿਆ ਜਾਂਦਾ ਹੈ। ਇਥੇ ਮਾਘੀ ਦੇ ਇਸ਼ਨਾਨ ਦਾ ਵਿਸ਼ੇਸ਼ ਮਹਾਤਮ ਹੈ। ਹਰ ਬਾਰ੍ਹਾਂ ਵਰ੍ਹਿਆਂ ਬਾਦ ਇਥੇ ਕੁੰਭ ਦਾ ਮੇਲਾ ਲਗਦਾ ਹੈ। ਉਸ ਅਵਸਰ ਉਤੇ ਦੂਰੋਂ ਦੂਰੋਂ ਸ਼ਰਧਾਲੂ ਅਤੇ ਸਾਧੂ ਆਉਂਦੇ ਹਨ। ਕੁੰਭ ਦੇ ਦਿਨਾਂ ਵਿਚ ਤ੍ਰਿਵੇਣੀ ਸੰਗਮ ਵਾਲੇ ਸਥਾਨ 'ਤੇ ਇਸ਼ਨਾਨ ਕਰਨਾ ਧਾਰਮਿਕ ਦ੍ਰਿਸ਼ਟੀ ਤੋਂ ਬੜਾ ਉਤਮ ਸਮਝਿਆ ਜਾਂਦਾ ਹੈ।

ਅਕਬਰ ਬਾਦਸ਼ਾਹ ਨੇ ਇਸ ਨਗਰ ਦਾ ਨਾਂ ਅਲਾਹਾਬਾਦ ਰਖਿਆ ਸੀ ਅਤੇ ਗੰਗਾ-ਯਮੁਨਾ ਦੇ ਮਿਲਣ ਵਾਲੀ ਥਾਂ 'ਤੇ ਇਕ ਕਿਲ੍ਹਾ ਬਣਵਾਇਆ ਸੀ, ਜੋ ਹੁਣ ਵੀ ਮੌਜੂਦ ਹੈ। ਇਸ ਕਿਲ੍ਹੇ ਵਿਚ ਇਕ ਅਖੈਵਟ (ਅਕ੍ਸ਼ਯਵਟ) (ਬੋਹੜ ਦਾ ਬ੍ਰਿਛ) ਵੀ ਦਸਿਆ ਜਾਂਦਾ ਸੀ ਜਿਸ ਨੂੰ ਵਿਖਾ ਕੇ ਪਾਂਡੇ ਯਾਤ੍ਰੀਆਂ ਤੋਂ ਪੂਜਾ ਲੈਂਦੇ ਸਨ।

ਗੁਰੂ ਨਾਨਕ ਦੇਵ ਜੀ ਪੂਰਬ ਦੀ ਉਦਾਸੀ ਵੇਲੇ ਇਥੇ ਆਏ ਸਨ ਪਰ ਇਸ ਪਰਯਾਇ ਕੋਈ ਸਮਾਰਕ ਬਣਿਆ ਹੋਇਆ ਨਹੀਂ ਹੈ। ਸੰਨ 1666 ਈ. ਵਿਚ ਪਟਨੇ ਨੂੰ ਜਾਂਦੇ ਹੋਇਆਂ ਗੁਰੂ ਤੇਗ ਬਹਾਦਰ ਜੀ ਆਪਣੇ ਇਕ ਸੇਵਕ ਦੇ ਘਰ ਇਥੇ ਅਹਿਯਾਪੁਰ ਮਹੱਲੇ ਵਿਚ ਠਹਿਰੇ ਸਨ। ਹੁਣ ਉਥੇ 'ਗੁਰਦੁਆਰਾ ਤਪ-ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਿਸ਼ਾਹੀ ਨੌਵੀਂ' ਬਣਿਆ ਹੋਇਆ ਹੈ। ਇਸ ਗੁਰੂ-ਧਾਮ ਨੂੰ ਪੱਕੀ ਸੰਗਤ ਵੀ ਕਿਹਾ ਜਾਂਦਾ ਹੈ। ਇਸ ਧਰਮ-ਧਾਮ ਦੀ ਸੇਵਾ ਨਿਰਮਲੇ ਸੰਤ ਕਰਦੇ ਆ ਰਹੇ ਹਨ। ਪਟਨੇ ਤੋਂ ਪੰਜਾਬ ਪਰਤਣ ਵੇਲੇ (ਗੁਰੂ) ਬਾਲਕ ਗੋਬਿੰਦ ਰਾਇ ਜੀ ਵੀ ਇਥੇ ਆਏ ਸਨ।

**ਅਲੀਸ਼ੇਰ** (ਪਿੰਡ): ਮਾਨਸਾ ਨਗਰ ਤੋਂ ਲਗਭਗ 18 ਕਿ.ਮੀ. ਉੱਤਰ ਵਲ ਸਥਿਤ ਇਕ ਪਿੰਡ ਜੋ ਗੁਰੂ ਤੇਗ ਬਹਾਦਰ ਜੀ ਦੀ ਆਮਦ ਕਰਕੇ ਸਿੱਖ-ਜਗਤ ਵਿਚ ਪ੍ਰਸਿੱਧ ਹੋਇਆ। ਮਾਲਵਾ ਖੇਤਰ ਦੇ ਸਫ਼ਰ ਵੇਲੇ ਜਦੋਂ ਗੁਰੂ ਜੀ ਪੰਧੇਰ (ਭੰਦੇਰ) ਪਿੰਡ ਪਹੁੰਚੇ ਤਾਂ ਉਥੋਂ ਦੇ ਲੋਕਾਂ ਨੇ ਗੁਰੂ ਜੀ ਦਾ ਆਦਰ ਨ ਕੀਤਾ। ਗੁਰੂ ਜੀ ਉਥੋਂ ਚਲ ਕੇ ਅਲੀਸ਼ੇਰ ਪਿੰਡ ਦੇ ਬਾਹਰ ਆ ਟਿਕੇ। ਜਦੋਂ ਪੰਧੇਰ ਪਿੰਡ ਵਾਸੀਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਤਾਂ ਭੁਲ ਬਖ਼ਸ਼ਾਉਣ ਲਈ ਗੁੜ ਅਤੇ ਧਨ ਲੈ ਕੇ ਗੁਰੂ ਜੀ ਵਲ ਚਲ ਪਏ। ਰਸਤੇ ਵਿਚ ਮਿਲੇ ਇਕ ਜਿਗਿਆਸੂ ਤੋਂ ਪਤਾ ਚਲਿਆ ਕਿ ਗੁਰੂ ਜੀ ਖਿਮਾਵਾਨ ਹਨ ਅਤੇ ਕਿਸੇ ਪ੍ਰਕਾਰ ਦੀ ਭੇਂਟ ਵਿਚ ਰੁਚੀ ਨਹੀਂ ਰਖਦੇ, ਤਾਂ ਉਨ੍ਹਾਂ ਨੇ ਭੇਂਟ ਵਜੋਂ ਲਿਆਉਂਦਾ ਸਭ ਕੁਝ ਆਪਸ ਵਿਚ ਵੰਡ ਲਿਆ ਅਤੇ ਆਪ ਗੁਰੂ ਜੀ ਦੀ ਸ਼ਰਣ ਵਿਚ ਪਹੁੰਚ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਖ਼ਿਮਾ ਕਰ ਦਿੱਤਾ ਅਤੇ ਸਚ ਤੇ ਨੇਕੀ ਦੇ ਮਾਰਗ ਉਤੇ ਚਲਣ ਦਾ ਉਪਦੇਸ਼ ਦਿੱਤਾ। ਬਾਦ ਵਿਚ ਉਸ ਸਥਾਨ ਉਤੇ ਗੁਰਦੁਆਰਾ ਬਣਾਇਆ ਗਿਆ। ਹੁਣ ਉਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਅਲੀਵਾਲ/ਆਲੀਵਾਲ** (ਪਿੰਡ): ਲੁਧਿਆਣਾ ਜ਼ਿਲ੍ਹੇ ਦੀ ਜਗਰਾਉਂ ਤਹਿਸੀਲ ਦਾ ਇਕ ਪਿੰਡ ਜੋ ਸਤਲੁਜ ਨਦੀ ਦੇ ਕੰਢੇ ਉਤੇ ਵਸਿਆ ਹੋਇਆ ਹੈ। ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚਾਲੇ ਹੋਈ ਪਹਿਲੀ ਲੜਾਈ ਵੇਲੇ ਇਸ ਪਿੰਡ ਕੋਲ ਵੀ ਇਕ ਯੁੱਧ ਹੋਇਆ ਸੀ। ਵੇਖੋ 'ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ'।

**ਅਵਤਾਰ:** 'ਅਵਤਾਰ' ਸ਼ਬਦ ਦਾ ਅਰਥ ਹੈ ਉੱਚੇ ਸਥਾਨ ਤੋਂ ਨੀਵੇਂ ਸਥਾਨ ਉਤੇ ਉਤਰਨਾ (*ਅਵਤਰਣਮਵਤਾਰ:*)। ਪਰ ਇਸ ਸਾਧਾਰਣ ਅਰਥ ਤੋਂ ਹਟ ਕੇ ਇਕ ਵਿਸ਼ੇਸ਼ ਅਰਥ ਵੀ ਹੈ — ਭਗਵਾਨ ਦਾ ਬੈਕੁੰਠ-ਧਾਮ ਤੋਂ ਭੂ-ਲੋਕ ਵਿਚ ਆਪਣੀ ਲੀਲਾ ਦਿਖਾਉਣ ਲਈ ਪ੍ਰਗਟ ਹੋਣਾ। ਸਨਾਤਨੀ ਹਿੰਦੂ ਵਿਚਾਰਧਾਰਾ ਅਨੁਸਾਰ ਈਸ਼ਵਰ ਭਾਵੇਂ ਸਰਵ- ਵਿਆਪਕ ਹੈ, ਫਿਰ ਵੀ ਸਮੇਂ ਸਮੇਂ ਲੋੜ ਅਨੁਸਾਰ ਧਰਤੀ ਉਤੇ ਕਿਸੇ ਵਿਸ਼ੇਸ਼ ਰੂਪ ਵਿਚ ਆਪਣੀ ਯੋਗ-ਮਾਇਆ ਦੁਆਰਾ ਪੈਦਾ ਹੁੰਦਾ ਹੈ। ਇਸ ਤਰ੍ਹਾਂ ਪਰਮਾਤਮਾ ਦੀ ਵਿਸ਼ੇਸ਼ ਸ਼ਕਤੀ ਦਾ ਮਾਇਆ ਨਾਲ ਸੰਬੰਧਿਤ ਹੋਣਾ ਅਤੇ ਫਿਰ ਪ੍ਰਗਟ ਹੋਣਾ ਹੀ ਅਵਤਾਰ ਧਾਰਣ ਕਰਨ ਦੀ ਪ੍ਰਕ੍ਰਿਆ ਜਾਂ 'ਅਵਤਰਣ' ਹੈ। ਇਸ ਵਿਚਾਰਧਾਰਾ 'ਤੇ ਆਧਾਰਿਤ ਸਿੱਧਾਂਤ ਨੂੰ 'ਅਵਤਾਰਵਾਦ' ਕਿਹਾ ਜਾਂਦਾ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਅਵਤਾਰਾਂ ਸੰਬੰਧੀ ਉੱਲੇਖ ਵੈਦਿਕ ਸਾਹਿਤ ਵਿਚ ਮਿਲ ਜਾਂਦਾ ਹੈ, ਪਰ ਅਵਤਾਰਾਂ ਸੰਬੰਧੀ ਵਿਸਤਾਰ ਸਹਿਤ ਚਰਚਾ ਪੁਰਾਣ-ਸਾਹਿਤ ਵਿਚ ਹੋਈ ਹੈ। ਲਗਭਗ ਸਾਰਿਆਂ ਪੁਰਾਣਾਂ ਵਿਚ ਕੋਈ ਨ ਕੋਈ ਅਵਤਾਰ-ਪ੍ਰਸੰਗ ਮਿਲ ਜਾਂਦਾ ਹੈ। ਸ਼ੈਵ-ਮਤ ਦੀ ਭਾਵਨਾ ਵਾਲੇ ਪੁਰਾਣਾਂ ਵਿਚ ਭਗਵਾਨ ਸ਼ੰਕਰ ਦੇ ਅਨੇਕ ਅਵਤਾਰਾਂ ਦਾ ਬ੍ਰਿੱਤਾਂਤ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਵੈਸ਼ਣਵ ਪੁਰਾਣਾਂ ਵਿਚ ਵਿਸ਼ਣੂ ਦੇ ਅਣਗਿਣਤ ਅਵਤਾਰ ਦਸੇ ਗਏ ਹਨ ਅਤੇ ਹੋਰਨਾਂ ਪੁਰਾਣਾਂ ਵਿਚ ਹੋਰ ਦੇਵਤਿਆਂ ਦੇ ਅਵਤਾਰਾਂ ਦੇ ਆਖਿਆਨਾਂ ਦਾ ਵਰਣਨ ਹੋਇਆ ਹੈ। ਭਵਿਸ਼ ਆਦਿ ਕਈ ਸੌਰ ਪੁਰਾਣ ਹਨ ਜਿਨ੍ਹਾਂ ਵਿਚ ਸੂਰਜ ਦੇਵਤਾ ਦੇ ਅਵਤਾਰ ਗਿਣਾਏ ਗਏ ਹਨ। ਮਾਰਕੰਡੇਯ ਆਦਿ ਸ਼ਾਕਤ ਪੁਰਾਣਾਂ ਵਿਚ ਦੇਵੀ ਦੇ ਅਵਤਾਰਾਂ ਦਾ ਵਰਣਨ ਹੈ। ਕਿਤੇ ਕਿਤੇ ਗਣਪਤੀ ਦੇ ਸਗੁਣ ਜਾਂ ਅਵਤਾਰੀ ਰੂਪਾਂ ਦੀ ਕਲਪਨਾ ਮਿਲਦੀ ਹੈ। ਪਾਲਕ ਹੋਣ ਕਾਰਣ ਪੁਰਾਣਾਂ ਵਿਚ ਵਿਸ਼ਣੂ ਦੇ ਅਵਤਾਰਾਂ ਦਾ ਵਰਣਨ ਮੁਕਾਬਲਤਨ ਅਧਿਕ ਹੋਇਆ ਹੈ। ਵਿਸ਼ਣੂ ਦੇ ਦਸ ਅਵਤਾਰ ਬਹੁਤ ਪ੍ਰਸਿੱਧ ਹਨ — ਮਤ੍ਸ੍ਯ, ਕੂਰਮ, ਵਰਾਹ, ਨ੍ਰਿਸਿੰਹ, ਵਾਮਨ, ਪਰਸ਼ੁਰਾਮ, ਰਾਮ, ਕ੍ਰਿਸ਼ਣ, ਬੁੱਧ ਅਤੇ ਕਲਕੀ। ਇਨ੍ਹਾਂ ਵਿਚੋਂ ਪਹਿਲੇ ਪੰਜ ਕਾਲਪਨਿਕ ਜਾਂ ਮਿਥਿਕ ਹਨ, ਅਗਲੇ ਚਾਰ ਦਾ ਆਧਾਰ ਇਤਿਹਾਸਿਕ ਹੈ ਅਤੇ ਦਸਵਾਂ ਕਲਕੀ ਅਵਤਾਰ ਕਲਿਯੁਗ ਦੇ ਅੰਤ ਵਿਚ ਪ੍ਰਗਟ ਹੋ ਕੇ ਹਿੰਦੂ-ਧਰਮ ਦੀ ਪੁਨਰ-ਸਥਾਪਨਾ ਕਰੇਗਾ ਅਤੇ ਵਿਪੱਖੀਆਂ ਦਾ ਨਾਸ਼ ਕਰੇਗਾ। ਇਨ੍ਹਾਂ ਦਸਾਂ ਅਵਤਾਰਾਂ ਵਿਚੋਂ ਰਾਮ ਅਤੇ ਕ੍ਰਿਸ਼ਣ ਦਾ ਅਧਿਕ ਵਰਣਨ ਹੋਇਆ ਹੈ।

'ਭਾਗਵਤ ਪੁਰਾਣ' (ਸਕੰਧ 1/3) ਵਿਚ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ 22 ਲਿਖੀ ਹੈ — ਸਨਕਾਦਿਕ, ਸੂਕਰ (ਵਰਾਹ), ਨਾਰਦ, ਨਰ-ਨਾਰਾਇਣ, ਕਪਿਲ, ਦੱਤਾਤ੍ਰੇਯ, ਸੁਯੱਗ, ਰਿਸ਼ਭਦੇਵ, ਪ੍ਰਿਥੂ, ਮਤ੍ਸ੍ਯ, ਕੱਛਪ, ਧਨਵੰਤਰੀ, ਮੋਹਿਨੀ, ਨਰਸਿੰਹ, ਵਾਮਨ, ਪਰਸ਼ੁਰਾਮ, ਵਿਆਸ, ਰਾਮ, ਬਲਰਾਮ, ਕ੍ਰਿਸ਼ਣ, ਬੁੱਧ, ਕਲਕੀ। ਪਰ ਇਸ ਪੁਰਾਣ (2/7) ਵਿਚ ਇਕ ਥਾਂ ਇਹ ਗਿਣਤੀ ਵਧਾ ਕੇ 24 ਕਰ ਦਿੱਤੀ ਗਈ ਹੈ। ਉਥੇ ਨਾਰਦ ਅਤੇ ਮੋਹਿਨੀ ਦੋਹਾਂ ਦਾ ਉੱਲੇਖ ਨਹੀਂ ਹੋਇਆ ਅਤੇ ਬਲਰਾਮ ਅਤੇ ਕ੍ਰਿਸ਼ਣ ਨੂੰ ਇਕ ਹੀ ਮੰਨਿਆ ਗਿਆ ਹੈ। ਬਾਕੀ ਦੇ ਪੰਜ ਅਵਤਾਰ ਇਹ ਹਨ — ਮਨੁ, ਹੰਸ, ਹਯਗ੍ਰੀਵ, ਗਜ-ਤ੍ਰਾਸ ਨਿਵਾਰਕ, ਧ੍ਰੂਹ ਸਹਾਇਕ। ਸਪੱਸ਼ਟ ਹੈ ਕਿ ਪੁਰਾਣਾਂ ਵਿਚ ਵਿਸ਼ਣੂ ਦੇ ਅਵਤਾਰਾਂ ਦੀ ਕਲਪਨਾ ਸਮਾਨ ਰੂਪ ਵਿਚ ਨਹੀਂ ਹੋਈ, ਫਿਰ ਵੀ 24 ਗਿਣਤੀ ਆਮ ਪ੍ਰਚਲਿਤ ਹੈ। ਅਸਲ ਵਿਚ, ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ ਬੇਅੰਤ ਹੈ। 'ਭਾਗਵਤ ਪੁਰਾਣ' (ਸਕੰਧ 1/3) ਅਨੁਸਾਰ ਜਿਵੇਂ ਅਗਾਧ ਸਰੋਵਰ ਤੋਂ ਹਜ਼ਾਰਾਂ ਨਿੱਕੇ ਨਿੱਕੇ ਨਾਲੇ ਨਿਕਲਦੇ ਹਨ, ਉਸੇ ਤਰ੍ਹਾਂ ਹੀ ਸਤਿ-ਸਰੂਪ ਹਰਿ ਤੋਂ ਅਸੰਖ ਅਵਤਾਰਾਂ ਦਾ ਉਦਭਵ ਹੁੰਦਾ ਹੈ।

ਵਿਸ਼ਣੂ ਦੇ ਅਵਤਾਰਾਂ ਦਾ ਸਰੂਪ ਅਧਿਕਤਰ ਰਖਿਅਕ ਅਤੇ ਪਾਲਕ ਵਾਲਾ ਰਿਹਾ ਹੈ। ਆਮ ਤੌਰ 'ਤੇ ਵਿਸ਼ਣੂ ਤਦੋਂ ਅਵਤਾਰ ਲੈਂਦਾ ਹੈ, ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ। ਭਗਤਾਂ ਦੀ ਸਹਾਇਤਾ ਵਿਸ਼ਣੂ ਦੇ ਅਵਤਾਰਾਂ ਦਾ ਮੁੱਖ ਉਦੇਸ਼ ਹੈ। 'ਭਗਵਦ ਗੀਤਾ' (4/7-8) ਵਿਚ ਇਸੇ ਸਿੱਧਾਂਤ ਦੀ ਸਥਾਪਨਾ ਹੋਈ ਹੈ ਜਦੋਂ ਸ੍ਰੀ ਕ੍ਰਿਸ਼ਣ ਅਰਜੁਨ ਨੂੰ ਕਹਿੰਦੇ ਹਨ ਕਿ ਜਦ ਜਦ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ, ਤਦ ਤਦ ਹੀ ਮੈਂ ਆਪਣੇ ਰੂਪ ਨੂੰ ਰਚਦਾ ਹਾਂ (ਪ੍ਰਗਟ ਹੁੰਦਾ ਹਾਂ); ਕਿਉਂਕਿ ਸਾਧੂ (ਸਾਤਵਿਕ ਰੁਚੀਆਂ ਵਾਲੇ) ਪੁਰਸ਼ਾਂ ਦਾ ਉੱਧਾਰ ਕਰਨ ਲਈ ਅਤੇ ਦੂਸ਼ਿਤ ਕਰਮ ਕਰਨ ਵਾਲਿਆਂ ਦਾ ਵਿਨਾਸ਼ ਕਰਨ ਲਈ ਅਤੇ ਧਰਮ ਦੀ ਸਥਾਪਨਾ ਕਰਨ ਲਈ, ਯੁਗ ਯੁਗ ਵਿਚ ਪ੍ਰਗਟ ਹੁੰਦਾ ਹਾਂ (*ਯਦਾ ਯਦਾ ਹਿ ਧਰਮਸ੍ਯ...*)। 'ਦਸਮ ਗ੍ਰੰਥ' (ਚੌਬੀਸ ਅਵਤਾਰ) ਵਿਚ ਵੀ ਲਿਖਿਆ ਹੈ —

*ਜਬ ਜਬ ਹੋਤਿ ਅਰਿਸਟਿ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ। ਕਾਲ ਸਬਨ ਕੋ ਪੇਖਿ ਤਮਾਸਾ। ਅੰਤਹ ਕਾਲ ਕਰਤ ਹੈ ਨਾਸਾ। 2।* ਇਸ ਗ੍ਰੰਥ ਵਿਚ ਵਰਣਿਤ ਚੌਬੀਸ ਅਵਤਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ — ਮੱਛ, ਕੱਛ, ਨਰ, ਨਾਰਾਇਣ, ਮਹਾਮੋਹਿਨੀ, ਬੈਰਾਹ, ਨਰਸਿੰਘ, ਬਾਵਨ, ਪਰਸਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਅਦਿੱਤੀ ਪੁੱਤਰ, ਮਧੁ-ਕੈਟਭ ਸੰਘਾਰਕ, ਅਰਹੰਤ ਦੇਵ, ਮਨੂ, ਧਨਵੰਤਰ, ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਨਰ (ਅਰਜਨ), ਬਊਧ, ਨਿਹਕਲੰਕੀ। ਇਨ੍ਹਾਂ ਅਵਤਾਰਾਂ ਦਾ ਵਰਗੀਕਰਣ ਕਲਾ (ਸ਼ਕਤੀ) ਅਨੁਸਾਰ ਪੂਰਣ-ਅਵਤਾਰ ਜਾਂ ਅੰਸ਼ਾਵਤਾਰ ਨਾਂਵਾਂ ਨਾਲ ਕੀਤਾ ਜਾਂਦਾ ਹੈ। 'ਦਸਮ-ਗ੍ਰੰਥ' ਵਿਚ 'ਉਪਾਵਤਾਰ' (ਵੇਖੋ) ਨਾਂ ਅਧੀਨ ਬ੍ਰਹਮਾ ਅਤੇ ਰੁਦ੍ਰ ਦੇ ਆਖਿਆਨ ਦਰਜ ਹਨ।

ਵਿਸ਼ਣੂ ਵਾਂਗ ਸ਼ਿਵ ਦੇ ਅਨੁਯਾਈਆਂ ਨੇ ਵੀ ਅਨੇਕ ਅਵਤਾਰਾਂ ਦੀ ਕਲਪਨਾ ਕੀਤੀ ਹੈ। ਇਨ੍ਹਾਂ ਦਾ ਉੱਲੇਖ ਸ਼ਿਵ, ਲਿੰਗ, ਵਾਯੂ ਆਦਿ ਪੁਰਾਣਾਂ ਵਿਚ ਮਿਲਦਾ ਹੈ। 'ਸ਼ਿਵ ਪੁਰਾਣ' (ਸਤਰੁਦ੍ਰ ਸੰਹਿਤਾ/ਅ.17) ਵਿਚ ਵਿਸ਼ਣੂ ਵਾਂਗ ਸ਼ਿਵ ਦੇ ਵੀ ਦਸ ਅਵਤਾਰ ਮੰਨੇ ਗਏ ਹਨ। ਹਰ ਇਕ ਅਵਤਾਰ ਦੀ ਆਪਣੀ ਸ਼ਕਤੀ ਵੀ ਹੈ। ਇਨ੍ਹਾਂ ਵਿਚੋਂ ਮਹਾਕਾਲ ਪ੍ਰਮੁਖ ਅਤੇ ਪਹਿਲਾ ਹੈ ਅਤੇ ਇਸ ਦੀ ਸ਼ਕਤੀ ਦਾ ਨਾਂ ਮਹਾਕਾਲੀ ਹੈ। ਸ਼ਿਵ ਅਧਿਕਤਰ ਭਿਆਨਕ ਅਤੇ ਉਗ੍ਰ ਹੈ। ਇਸ ਦੇ ਅਵਤਾਰ ਵਿਸ਼ਣੂ ਦੇ ਅਵਤਾਰਾਂ ਜਿਤਨੀ ਪ੍ਰਸਿੱਧੀ ਹਾਸਲ ਨਹੀਂ ਕਰ ਸਕੇ। ਇਸੇ ਤਰ੍ਹਾਂ ਗਣਪਤੀ, ਸੂਰਜ, ਬ੍ਰਹਮਾ ਅਤੇ ਸ਼ਕਤੀ ਦੀਆਂ ਅਵਤਾਰ-ਕਲਪਨਾਵਾਂ ਬਹੁਤੀ ਮਾਨਤਾ ਪ੍ਰਾਪਤ ਨਹੀਂ ਕਰ ਸਕੀਆਂ। ਮੱਧਕਾਲ ਤਕ ਬੌਧ ਅਤੇ ਜੈਨ ਮਤਾਂ ਵਿਚ ਵੀ ਅਵਤਾਰਵਾਦੀ ਬਿਰਤੀ ਦਾ ਵਿਕਾਸ ਹੋ ਗਿਆ ਪ੍ਰਤੀਤ ਹੁੰਦਾ ਹੈ। ਅਸਲ ਵਿਚ, ਇਹ ਅਵਤਾਰਵਾਦੀ ਬਿਰਤੀ ਇਤਨੀ ਪ੍ਰਬਲ ਅਤੇ ਲੋਕ ਮਾਨਸਿਕਤਾ ਦੇ ਅਨੁਕੂਲ ਹੈ ਕਿ ਇਸ ਸਿੱਧਾਂਤ ਵਿਚ ਵਿਸ਼ਵਾਸ ਨ ਰਖਣ ਵਾਲੇ ਵੀ ਇਸ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ। ਅਵਤਾਰਾਂ ਤੋਂ ਇਲਾਵਾ 'ਅੰਸ਼ਾਵਤਾਰ' ਅਤੇ 'ਉਪ-ਅਵਤਾਰ' (ਵੇਖੋ) ਦੀਆਂ ਪਰੰਪਰਾਵਾਂ ਵੀ ਮੰਨੀਆਂ ਗਈਆਂ ਹਨ।

ਨਿਰਗੁਣਵਾਦੀ ਧਰਮ ਸਾਧਕਾਂ ਜਾਂ ਸੰਤਾਂ ਨੇ ਅਵਤਾਰਾਂ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਦਿੱਤੀ ਜਿਹੋ-ਜਿਹੀ ਸਗੁਣ ਉਪਾਸਕਾਂ ਨੇ ਦਿੱਤੀ ਹੈ, ਜਿਨ੍ਹਾਂ ਲਈ ਅਵਤਾਰ ਈਸ਼ਵਰ ਦੇ ਸਥੂਲ ਪ੍ਰਤੀਕ ਹਨ ਅਤੇ ਉਨ੍ਹਾਂ ਦੀ ਮੂਰਤੀ-ਪੂਜਾ ਆਵੱਸ਼ਕ ਹੈ। ਨਿਰਗੁਣਵਾਦੀ ਸਾਹਿਤ ਅਤੇ ਗੁਰਬਾਣੀ ਵਿਚ ਅਵਤਾਰਾਂ ਦੇ ਗੁਣ-ਮਹਾਤਮ ਦਾ ਉੱਲੇਖ ਤਾਂ ਹੋਇਆ ਹੈ (ਜਿਵੇਂ *ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ। ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ।* —ਗੁ.ਗ੍ਰੰ.451), ਪਰ ਉਨ੍ਹਾਂ ਨੂੰ ਪਰਮਾਤਮਾ ਦਾ ਭੇਦ ਪਾਉਣ ਦੇ ਅਸਮਰਥ ਹੀ ਦਸਿਆ ਗਿਆ ਹੈ—*ਅਵਤਾਰ ਨ ਜਾਨਹਿ ਅੰਤੁ। ਪਰਮੇਸਰੁ ਪਾਰਬ੍ਰਹਮ ਬੇਅੰਤ।* (ਗੁ.ਗ੍ਰੰ.894), *ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ। ਤਿਨ੍ਹ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ।* (ਗੁ.ਗ੍ਰੰ.747)। ਸਪੱਸ਼ਟ ਹੈ ਕਿ ਗੁਰਬਾਣੀ ਵਿਚ ਅਵਤਾਰਵਾਦ ਦਾ ਖੰਡਨ ਅਤੇ ਮੂਰਤੀ-ਪੂਜਾ ਦਾ ਨਿਸ਼ੇਧ ਹੋਇਆ ਹੈ। ਇਸ ਲਈ ਸਿੱਖ-ਧਰਮ ਵਿਚ ਪਰੰਪਰਾਗਤ ਅਵਤਾਰਾਂ ਪ੍ਰਤਿ ਕੋਈ ਇਸ਼ਟ-ਭਾਵਨਾ ਨਹੀਂ ਹੈ।

**ਅਵਤਾਰ ਸਿੰਘ ਵਹੀਰੀਆ** (1848-1916 ਈ.): ਪੱਛਮੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਦੇ 'ਥੋਹਾ ਖ਼ਾਲਸਾ' ਨਾਂ ਦੇ ਪਿੰਡ ਵਿਚ 12 ਜੂਨ 1848 ਈ. ਨੂੰ ਪੈਦਾ ਹੋਇਆ ਅਵਤਾਰ ਸਿੰਘ ਇਕ ਸਿੱਖ ਧਰਮ-ਸ਼ਾਸਤ੍ਰੀ ਵਜੋਂ ਉਭਰ ਕੇ ਸਾਹਮਣੇ ਆਇਆ। ਬਚਪਨ ਵਿਚ ਆਪਣੀ ਮਾਤਾ ਅਤੇ ਮਾਮੇ ਪ੍ਰੇਮ ਸਿੰਘ ਤੋਂ ਗੁਰਬਾਣੀ ਪੜ੍ਹਨੀ ਸ਼ੁਰੂ ਕੀਤੀ ਅਤੇ ਫਿਰ ਰਾਵਲਪਿੰਡੀ ਦੇ ਕਿਸੇ ਸਕੂਲ ਵਿਚ ਪੜ੍ਹਨ ਲਗ ਗਿਆ। ਅੱਠ ਸਾਲ ਦੀ ਉਮਰ ਵਿਚ ਕੱਲਰ ਵਾਲੇ ਬਾਬਾ ਖੇਮ ਸਿੰਘ ਬੇਦੀ ਤੋਂ ਇਸ ਨੇ ਅੰਮ੍ਰਿਤ ਪਾਨ ਕੀਤਾ। ਵੀਹ ਸਾਲ ਦੀ ਉਮਰ ਤਕ ਇਹ ਬੇਦੀ ਬਾਬੇ ਦਾ ਨਿਸ਼ਠਾਵਾਨ ਸੇਵਕ ਬਣ ਗਿਆ ਅਤੇ ਉਸ ਦੇ ਅਧਿਕ ਨੇੜੇ ਰਹਿਣ ਲਈ ਇਸ ਨੇ ਆਪਣਾ ਕਾਰ-ਵਪਾਰ ਵੀ ਰਾਵਲਪਿੰਡੀ ਵਿਚ ਸ਼ੁਰੂ ਕਰ ਦਿੱਤਾ। ਜਦੋਂ ਬਾਬਾ ਖੇਮ ਸਿੰਘ ਨੇ ਸਿੰਘ ਸਭਾ ਦੀ ਰਾਵਲਪਿੰਡੀ ਵਿਚ ਸ਼ਾਖਾ ਖੋਲੀ ਤਾਂ ਇਹ ਉਸ ਦੇ ਮੋਢੀ ਮੈਂਬਰਾਂ ਵਿਚ ਸ਼ਾਮਲ ਹੋਇਆ। ਲਾਹੌਰ ਸਿੰਘ ਸਭਾ ਵਲੋਂ ਅੰਮ੍ਰਿਤਸਰ ਸਿੰਘ ਸਭਾ ਅਤੇ ਬਾਬਾ ਖੇਮ ਸਿੰਘ ਦੇ ਕੀਤੇ ਜਾਂਦੇ ਵਿਰੋਧ ਦਾ ਜਵਾਬ ਦੇਣ ਲਈ ਅਪ੍ਰੈਲ-ਮਈ, 1885 ਵਿਚ ਇਸ ਨੇ ਆਪਣੇ ਹਮਾਇਤੀਆਂ ਦੀ ਸਹਾਇਤਾ ਨਾਲ 'ਸ੍ਰੀ ਗੁਰਮਤ ਪ੍ਰਕਾਸ਼ਕ' ਨਾਂ ਦੀ ਮਾਸਿਕ ਪਤ੍ਰਿਕਾ ਰਾਵਲਪਿੰਡੀ ਤੋਂ ਸ਼ੁਰੂ ਕੀਤੀ ਅਤੇ ਆਪ ਹੀ ਉਸ ਦੇ ਮੈਨੇਜਰ ਅਤੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਈ ਅਤੇ ਇਕ ਸਾਲ

ਬਾਦ ਉਸ ਪਤ੍ਰਿਕਾ ਨੂੰ ਅੰਮ੍ਰਿਤਸਰ ਲਿਆ ਕੇ ਪੰਦਰਾ-ਰੋਜ਼ਾ ਬਣਾ ਦਿੱਤਾ। ਇਸ ਨੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦਾ ਨਵਾਂ ਵਿਧਾਨ ਤਿਆਰ ਕੀਤਾ ਅਤੇ ਸੰਨ 1887 ਈ. ਦੀ ਦੀਵਾਲੀ ਦੇ ਮੌਕੇ ਉਸ ਦੀ ਪ੍ਰਵਾਨਗੀ ਲਈ।

ਇਸ ਨੇ ਸੰਨ 1894 ਈ. ਵਿਚ 'ਖ਼ਾਲਸਾ ਧਰਮ ਸ਼ਾਸਤ੍ਰ : ਸੰਸਕਾਰ ਭਾਗ' ਤਿਆਰ ਕੀਤਾ ਅਤੇ ਸਿੱਖ ਤਖ਼ਤਾਂ, ਗੁਰਦੁਆਰਿਆਂ ਅਤੇ ਧਾਰਮਿਕ ਸੰਸਥਾਵਾਂ ਤੋਂ ਪ੍ਰਵਾਨਗੀ ਲੈਣ ਲਈ ਉਸ ਨੂੰ ਵਿਸਤਾਰ ਦੇ ਕੇ ਸੰਨ 1914 ਈ. ਵਿਚ 'ਖ਼ਾਲਸਾ ਧਰਮ ਸ਼ਾਸਤ੍ਰ' (Sikhs' Religious National Law) ਦਾ ਪ੍ਰਕਾਸ਼ਨ ਕੀਤਾ। ਇਸ ਕੰਮ ਲਈ ਟਿੱਕਾ ਸਾਹਿਬ ਸੋਢੀ ਰਾਮ ਨਾਰਾਇਣ ਸਿੰਘ ਦੀ ਸਰਪ੍ਰਸਤੀ ਹਾਸਲ ਸੀ। ਸੰਨ 1898 ਈ. ਵਿਚ ਇਸ ਨੇ ਪਿੰਡ ਪਿੰਡ ਜਾ ਕੇ ਪਰੰਪਰਿਕ ਸਿੱਖ ਮਰਯਾਦਾ ਨੂੰ ਪ੍ਰਚਲਿਤ ਕਰਨ ਲਈ ਇਕ 'ਚਲਦਾ ਵਹੀਰ' ਆਯੋਜਿਤ ਕੀਤਾ। ਵਹੀਰ ਚਲਾਉਣ ਦੀ ਇਸ ਪ੍ਰਚਾਰ-ਜੁਗਤ ਕਰਕੇ ਇਹ 'ਵਹੀਰੀਆ' ਵਜੋਂ ਪ੍ਰਸਿੱਧ ਹੋਇਆ। ਦੋ ਸਾਲ ਬੜੀ ਗਰਮ-ਜੋਸ਼ੀ ਨਾਲ ਪ੍ਰਚਾਰ ਕਰਕੇ ਫਿਰ ਇਸ ਨੇ ਲਿਖਤਾਂ ਅਤੇ ਸ਼ਾਸਤ੍ਰਾਰਥ ਰਾਹੀਂ ਧਰਮ-ਪ੍ਰਚਾਰ ਦੀ ਯੋਜਨਾ ਬਣਾਈ ਅਤੇ ਕਈ ਕਿਤਾਬਚੇ ਅਤੇ ਟ੍ਰੈਕਟ ਪ੍ਰਕਾਸ਼ਿਤ ਕੀਤੇ। ਇਸ ਤੋਂ ਇਲਾਵਾ ਇਸ ਨੇ ਅੱਠ ਸੈਂਚੀਆਂ ਵਿਚ 'ਖ਼ਾਲਸਾ ਸੁਧਾਰ ਤਰੂ' ਨਾਂ ਦੀ ਰਚਨਾ ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਪਰ ਸੰਨ 1905 ਈ. ਵਿਚ ਬਾਬਾ ਖੇਮ ਸਿੰਘ ਬੇਦੀ ਦੇ ਅਕਾਲ ਚਲਾਣੇ ਨਾਲ ਇਸ ਦਾ ਮਨ ਉਦਾਸ ਹੋ ਗਿਆ। ਅੰਮ੍ਰਿਤਸਰ ਤੋਂ ਇਹ ਰਾਵਲਪਿੰਡੀ ਪਰਤ ਆਇਆ ਅਤੇ ਗੁੰਮਨਾਮੀ ਦੀ ਹਾਲਤ ਵਿਚ ਜ਼ਿੰਦਗੀ ਨੂੰ ਗੁਜ਼ਾਰਨ ਲਗਾ। ਪਰ ਆਪਣੀ ਪਰੰਪਰਿਕ ਸੋਚ ਅਤੇ ਪਹੁੰਚ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਦਾ ਕੰਮ ਜਾਰੀ ਰਖਿਆ। ਇਸ ਦਾ ਦੇਹਾਂਤ ਰਾਵਲਪਿੰਡੀ ਵਿਚ ਸੰਨ 1916 ਈ. ਦੇ ਨੇੜੇ-ਤੇੜੇ ਹੋਇਆ।

**ਅਵਤਾਰਵਾਦ** : ਅਵਤਾਰ ਸੰਬੰਧੀ ਸਿੱਧਾਂਤ। ਵੇਖੋ 'ਅਵਤਾਰ'।

**ਅਵਿਦਿਆ**: ਭਾਰਤੀ ਦਰਸ਼ਨ ਅਨੁਸਾਰ 'ਅਵਿਦਿਆ' (ਅਵਿਦ੍ਯਾ) ਤੋਂ ਭਾਵ ਹੈ 'ਮਾਇਆ'। ਇਹ ਮਾਇਆ ਦੀ ਉਹ ਦਸ਼ਾ ਹੈ ਜਿਸ ਵਿਚ ਮਨੁੱਖ ਅਗਿਆਨ ਵਿਚ ਪੂਰੀ ਤਰ੍ਹਾਂ ਫਸ ਕੇ ਬ੍ਰਹਮ ਤੋਂ ਵਖ ਹੋ ਜਾਂਦਾ ਹੈ। 'ਭ੍ਰਮ' ਜਾਂ 'ਅਗਿਆਨ' ਇਸ ਦੇ ਸਮਾਨਾਰਥਕ ਸ਼ਬਦ ਹਨ। ਇਸ ਨੂੰ ਅਚੇਤਨਤਾ ਦੀ ਅਵਸਥਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਹੈ ਚੇਤਨਤਾ ਦੀ ਹੀ ਅਵਸਥਾ, ਪਰ ਇਸ ਅਵਸਥਾ ਵਿਚ ਜਿਸ ਵਸਤੂ ਦਾ ਗਿਆਨ ਹੁੰਦਾ ਹੈ ਉਹ ਵਾਸਤਵਿਕ ਨਹੀਂ, ਮਿਥਿਆ ਹੁੰਦੀ ਹੈ। ਇਸ ਅਵਸਥਾ ਵਿਚ ਮਨੁੱਖ ਸੰਸਾਰ ਨੂੰ ਸਤਿ ਮੰਨ ਲੈਂਦਾ ਹੈ ਅਤੇ ਵਾਸਤਵਿਕ ਸਤਿ 'ਬ੍ਰਹਮ' ਨੂੰ ਭੁਲ ਜਾਂਦਾ ਹੈ। ਇਹ ਸਥਿਤੀ ਅਹੰਕਾਰ ਜਾਂ ਹਉਮੈ ਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਪਰਮਾਨੰਦ ਦੀ ਬਾਣੀ ਵਿਚ ਅਪਯਸ਼ ਦੇ ਕਾਰਣ-ਸਰੂਪ ਅਵਿਦਿਆ ਨੂੰ ਸਾਧਣ ਦੀ ਗੱਲ ਕਹੀ ਗਈ ਹੈ—*ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।* (ਗੁ.ਗ੍ਰੰ.1253)। ਭਗਤ ਰਵਿਦਾਸ ਨੇ ਸੰਸਾਰ ਨੂੰ ਅਵਿਦਿਆ ਵਿਚ ਹਿਤ ਪਾਲਣ ਵਾਲਾ ਕਿਹਾ ਹੈ — *ਮਾਧੋ ਅਬਿਦਿਆ ਹਿਤ ਕੀਨ।* (ਗੁ.ਗ੍ਰੰ.486)।

'ਭ੍ਰਮ' ਦੀ ਪਰਿਭਾਸ਼ਾ ਕਰਦਿਆਂ ਆਚਾਰਯ ਸ਼ੰਕਰ ਨੇ ਕਿਹਾ ਹੈ ਕਿ ਪਹਿਲਾਂ ਵੇਖੀ ਹੋਈ ਵਸਤੂ ਦੇ ਮਨ ਉਤੇ ਪਏ ਬਿੰਬ ਜਾਂ ਸਮ੍ਰਿਤੀ-ਛਾਇਆ ਨੂੰ ਕਿਸੇ ਦੂਜੀ ਵਸਤੂ ਉਤੇ ਆਰੋਪਿਤ ਕਰਨਾ 'ਭ੍ਰਮ' ਹੈ। ਦਾਰਸ਼ਨਿਕ ਸ਼ਬਦਾਵਲੀ ਵਿਚ ਇਸ ਨੂੰ ਅਧਿਆਸ (ਅਧ੍ਯਾਸ) ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਰੱਸੀ ਵਿਚ ਸੱਪ ਦਾ ਭ੍ਰਮ ਅਵਿਦਿਆ ਕਾਰਣ ਹੁੰਦਾ ਹੈ। ਇਸੇ ਤਰ੍ਹਾਂ ਅਵਿਦਿਆ (ਮਾਇਆ) ਆਤਮਾ ਵਿਚ ਅਨਾਤਮ ਵਸਤੂ ਦਾ ਆਰੋਪ ਕਰਦੀ ਹੈ। ਸੰਸਾਰ ਵਿਵਹਾਰ ਰੂਪ ਵਿਚ ਹੀ ਸਤਿ ਹੈ, ਪਰਮਾਰਥ ਰੂਪ ਵਿਚ ਮਿਥਿਆ ਹੈ, ਭ੍ਰਮ ਹੈ, ਮਾਇਆ ਹੈ।

ਮਾਇਆ ਜੇ ਸਭ ਲਈ (ਸਮਸ਼ਟੀਗਤ) ਭ੍ਰਮ ਦਾ ਕਾਰਣ ਹੈ ਤਾਂ ਅਵਿਦਿਆ ਵਿਅਕਤੀਗਤ ਭ੍ਰਮ ਦਾ ਕਾਰਣ ਹੈ। ਦੂਜੇ ਸ਼ਬਦਾਂ ਵਿਚ ਅਵਿਦਿਆ ਸਮਸ਼ਟੀ ਰੂਪ ਵਿਚ ਮਾਇਆ ਹੈ ਅਤੇ ਮਾਇਆ ਵਿਅਸ਼ਟੀ ਰੂਪ ਵਿਚ ਅਵਿਦਿਆ ਹੈ।

ਅਵਿਦਿਆ ਦੋ ਤਰ੍ਹਾਂ ਦੀ ਹੁੰਦੀ ਹੈ। ਇਕ, ਉਹ ਜੋ ਮੂਲ ਆਧਾਰ ਵਸਤੂ (ਅਧਿਸ਼ਠਾਨ) ਨੂੰ ਢਕ ਲੈਂਦੀ ਹੈ ਜਾਂ ਵੇਖਣ ਵਿਚ ਰੁਕਾਵਟ ਪੈਦਾ ਕਰਦੀ ਹੈ, ਜਿਵੇਂ ਬ੍ਰਹਮ ਨੂੰ ਨ ਸਮਝ ਸਕਣਾ। ਦੂਜੀ, ਉਹ ਜੋ ਮੂਲ ਆਧਾਰ ਵਸਤੂ ਉਤੇ ਕਿਸੇ ਦੂਜੀ ਵਸਤੂ ਦਾ ਆਰੋਪ ਕਰ ਦਿੰਦੀ ਹੈ, ਜਿਵੇਂ ਰੱਸੀ ਉਤੇ ਸਤਿ ਦਾ ਆਰੋਪ। ਅਵਿਦਿਆ ਸਦ ਅਸਦ ਵਿਲੱਖਣ (*'ਸਦਸਦ੍ਵਿਲਕ੍ਸ਼ਣ'*) ਹੈ। ਅਵਿਦਿਆ ਅਨਾਦਿ ਤੱਤ੍ਵ ਹੈ।

ਅਵਿਦਿਆ ਹੀ ਬੰਧਨ ਦਾ ਕਾਰਣ ਹੈ। ਇਸੇ ਦੇ ਪ੍ਰਭਾਵ ਕਾਰਣ ਅਹੰਕਾਰ ਜਾਂ ਹਉਮੈ ਦੀ ਉਤਪੱਤੀ ਹੁੰਦੀ ਹੈ।

**ਆਈ ਪੰਥ**: ਗੋਰਖ ਨਾਥ ਨੇ ਆਪਣੇ ਮਤ ਨੂੰ ਵਿਵਸਥਿਤ ਰੂਪ ਦੇਣ ਲਈ ਅਨੁਯਾਈਆਂ ਦੀ ਬਿਰਤੀ ਅਨੁਸਾਰ 12 ਪੰਥਾਂ ਵਿਚ ਵੰਡ ਦਿੱਤਾ ਜਿਵੇਂ ਸਤੵਯਨਾਥੀ, ਧਰਮਨਾਥੀ, ਰਾਮ ਪੰਥ, ਨਟੇਸ਼ੁਰੀ, ਕਨ੍ਹੜ, ਕਪਿਲਾਨੀ, ਵੈਰਾਗੀ, ਮਾਨ -ਨਾਥੀ, ਆਈ ਪੰਥ, ਪਾਗਲ ਪੰਥ, ਧਜਪੰਥ ਅਤੇ ਗੰਗਾਨਾਥੀ। ਇਨ੍ਹਾਂ ਬਾਰ੍ਹਾਂ ਵਿਚੋਂ 'ਆਈ ਪੰਥ' ਵਿਸ਼ੇਸ਼ ਪ੍ਰਸਿੱਧ ਹੋਇਆ ਹੈ। ਆਈ ਜਾਂ ਆਯ ਤੋਂ ਭਾਵ ਹੈ ਦੁਰਗਾ ਅਥਵਾ ਦੇਵੀ। ਇਸ ਨਾਂ ਨਾਲ ਸੰਬੰਧਿਤ ਦੇਵੀ ਦਾ ਇਕ ਮੰਦਿਰ ਰਾਜਸਥਾਨ ਵਿਚ ਬੈਂਭਿਲਰਾ ਵਿਚ ਹੈ।

ਨਾਥ ਸਾਧਕਾਂ ਵਿਚੋਂ ਜੋ ਲੋਕ ਦੇਵੀ ਪ੍ਰਤਿ ਅਧਿਕ ਸ਼ਰਧਾ ਰਖਦੇ ਸਨ ਜਾਂ ਉਪਾਸਨਾ ਵਿਚ ਉਸ ਨੂੰ ਵਿਸ਼ੇਸ਼ ਸਥਾਨ ਦਿੰਦੇ ਸਨ ਜਾਂ ਵਾਮ-ਮਾਰਗ ਵਲ ਅਧਿਕ ਝੁਕਾ ਰਖਦੇ ਸਨ, ਉਨ੍ਹਾਂ ਨੂੰ 'ਆਈ ਪੰਥ' ਵਿਚ ਸ਼ਾਮਲ ਕੀਤਾ ਗਿਆ। ਇਹ ਲੋਕ ਹੋਰਨਾਂ ਯਾਰ੍ਹਾਂ ਪੰਥਾਂ ਨਾਲੋਂ ਅਧਿਕ ਉਦਾਰ ਸਨ। ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' (28) ਬਾਣੀ ਵਿਚ ਆਈ ਪੰਥ ਦੇ ਸਹੀ ਸਰੂਪ ਨੂੰ ਚਿਤਰਦਿਆਂ ਦਸਿਆ ਹੈ ਕਿ ਸਾਰੀ (ਮਨੁੱਖਤਾ) ਪ੍ਰਤਿ ਮਿਤਰਤਾ ਦੀ ਭਾਵਨਾ ਦਾ ਵਿਕਾਸ ਕਰਨਾ ਵਾਸਤਵਿਕ ਆਈ ਪੰਥ ਹੈ — *ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।*(ਅ.ਗ੍ਰੰ.6)

**ਆਸਨ**: ਸੰਸਕ੍ਰਿਤ ਪਿਛੋਕੜ ਵਾਲੇ ਇਸ ਸ਼ਬਦ ਦਾ ਅਰਥ ਹੈ ਸਥਿਤ ਬੈਠਣਾ, ਨਿਠ ਕੇ ਬੈਠਣਾ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਯੋਗ-ਸਾਧਨਾ ਦੇ ਪ੍ਰਕਰਣ ਵਿਚ ਹੋਈ ਹੈ। ਯੋਗ ਦੇ ਅਸ਼ਟਾਂਗ (ਅੱਠਾਂ ਅੰਗਾਂ) ਵਿਚੋਂ ਇਹ ਤੀਜਾ ਅੰਗ ਹੈ। 'ਯੋਗ-ਸੂਤ੍ਰ' (2/46) ਅਨੁਸਾਰ ਦੇਰ ਤਕ ਨਿਸਚਿੰਤ ਹੋ ਕੇ ਇਕੋ ਹਾਲਤ ਵਿਚ ਬੈਠਣ ਦੀ ਕ੍ਰਿਆ 'ਆਸਨ' ਹੈ। ਇਨ੍ਹਾਂ ਦੀ ਸਰਵ-ਪ੍ਰਸਿੱਧ ਗਿਣਤੀ 84 ਮੰਨੀ ਜਾਂਦੀ ਹੈ। ਇਨ੍ਹਾਂ ਆਸਨਾਂ ਦਾ ਸਰੂਪ ਪਸ਼ੂ ਅਤੇ ਪੰਛੀਆਂ ਦੀਆਂ ਬੈਠਕਾਂ ਤੋਂ ਵੀ ਲਿਆ ਗਿਆ ਹੈ। ਇਨ੍ਹਾਂ ਵਿਚੋਂ ਚਾਰ ਆਸਨ ਵਿਸ਼ੇਸ਼ ਮਹੱਤਵਪੂਰਣ ਹਨ, ਜਿਵੇਂ ਸਿੱਧਾਸਨ, ਪਦਮਾਸਨ, ਸਿੰਹਾਸਨ ਅਤੇ ਭਦ੍ਰਾਸਨ। ਇਨ੍ਹਾਂ ਆਸਨਾਂ ਵਿਚ ਸਿੱਧੀ ਪ੍ਰਾਪਤ ਕਰਨ ਲਈ ਬੜੇ ਅਭਿਆਸ ਦੀ ਲੋੜ ਹੈ।

ਸਿੱਖ-ਧਰਮ ਵਿਚ ਆਸਨਾਂ ਪ੍ਰਤਿ ਕੋਈ ਮਾਨਤਾ ਨਹੀਂ ਹੈ। ਅਦਬ ਨਾਲ ਸਾਧ-ਸੰਗਤ ਵਿਚ ਜਾਂ ਹੋਰ ਕਿਸੇ ਸਥਾਨ ਉਤੇ ਚੌਕੜੀ ਮਾਰ ਕੇ ਹਰਿ-ਭਗਤੀ ਕਰਨਾ ਜਾਂ ਨਾਮ-ਸਿਮਰਨਾ ਹੀ ਸਰਵ-ਸ੍ਰੇਸ਼ਠ 'ਆਸਨ' ਹੈ।

**ਆਸਾ ਕੀ ਵਾਰ ਮਹਲਾ ੧**: ਗੁਰੂ ਨਾਨਕ ਦੇਵ ਜੀ ਦੀ ਰਚੀ ਇਹ ਇਕ ਮਹੱਤਵਪੂਰਣ ਵਾਰ ਹੈ। ਸਿੱਖ-ਧਰਮ ਦੀਆਂ ਸੰਗਤਾਂ, ਦੀਵਾਨਾਂ ਜਾਂ ਹੋਰ ਮੰਗਲਮਈ ਕਾਰਜਾਂ ਵੇਲੇ ਇਸ ਦਾ ਕੀਰਤਨ ਕੀਤਾ ਜਾਂਦਾ ਹੈ।

ਇਸ ਦੇ ਆਰੰਭ ਵਿਚ 'ਟੁੰਡੇ ਅਸ ਰਾਜੈ ਕੀ ਧੁਨੀ' ਉਪਰ ਗਾਉਣ ਦਾ ਆਦੇਸ਼ ਹੈ। ਰਵਾਇਤ ਅਨੁਸਾਰ ਰਾਜਾ ਸਾਰੰਗ ਦੇ ਪੁੱਤਰ ਅਸਿਰਾਜ ਨੂੰ ਉਸ ਦੇ ਮਤਰੇਏ ਭਰਾਵਾਂ (ਸਰਦੂਲ ਰਾਏ ਅਤੇ ਸੁਲਤਾਨ ਖ਼ਾਨ) ਨੇ ਆਪਣੇ ਪਿਛੋਂ ਲਾਹੁਣ ਲਈ ਜ਼ਖ਼ਮੀ ਕਰਕੇ ਇਕ ਅੰਨ੍ਹੇ ਖੂਹ ਵਿਚ ਸੁਟ ਦਿੱਤਾ। ਪਰ ਚੰਗੇ ਭਾਗਾਂ ਕਰਕੇ ਉਹ ਬਚ ਗਿਆ ਅਤੇ ਉਸ ਨੂੰ ਵਣਜਾਰੇ ਕਢ ਕੇ ਦੈਵ-ਨੇਤ ਉਸ ਦੇਸ਼ ਲੈ ਗਏ ਜਿਥੋਂ ਦਾ ਨਿਰਸੰਤਾਨ ਰਾਜਾ ਉਦੋਂ ਹੀ ਮਰਿਆ ਸੀ। ਸਭ ਤੋਂ ਪਹਿਲਾਂ ਸ਼ਹਿਰ ਵਿਚ ਵੜਨ ਦੀ ਸ਼ਰਤ ਪੂਰੀ ਕਰਨ ਕਰਕੇ ਵਜ਼ੀਰਾਂ ਨੇ ਅਸਿਰਾਜ ਨੂੰ ਰਾਜ-ਗੱਦੀ ਉਤੇ ਬਿਠਾ ਦਿੱਤਾ। ਪੂਰੀ ਸ਼ਕਤੀ ਸੰਜੋਣ ਉਪਰੰਤ ਉਸ ਨੇ ਆਪਣੇ ਭਰਾਵਾਂ ਉਤੇ ਹਮਲਾ ਕਰਕੇ ਆਪਣੇ ਪਿਤਾ ਦਾ ਰਾਜ ਫਿਰ ਹਾਸਲ ਕਰ ਲਿਆ। ਢਾਢੀਆਂ ਨੇ ਉਸ ਦੀ ਕੀਰਤੀ ਨੂੰ ਜਿਸ ਵਾਰ ਵਿਚ ਗਾਇਆ, ਉਸ ਦੀ ਲੋਕ-ਪ੍ਰਿਯਤਾ ਨੂੰ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਉਸ ਦੀ ਧੁਨਿ ਉਤੇ 'ਆਸਾ ਕੀ ਵਾਰ' ਨੂੰ ਗਾਉਣ ਦੀ ਹਦਾਇਤ ਕੀਤੀ।

ਇਸ ਵਾਰ ਦੀ ਰਚਨਾ ਬਾਰੇ 'ਪੁਰਾਤਨ-ਜਨਮਸਾਖੀ' (ਸਾਖੀ 32) ਵਿਚ ਜੋ ਉਥਾਨਿਕਾ ਲਿਖੀ ਹੋਈ ਹੈ, ਉਸ ਅਨੁਸਾਰ ਬਾਬਾ ਫ਼ਰੀਦ ਸ਼ਕਰਗੰਜ ਦੀ ਗੱਦੀ ਉਤੇ ਬੈਠੇ ਸ਼ੇਖ ਬ੍ਰਿਹਮ ਦਾ ਮੁਰੀਦ ਸ਼ੇਖ ਕਮਾਲ ਆਪਣੇ ਮੁਰਸ਼ਿਦ ਦੀ ਰਸੋਈ ਲਈ ਜੰਗਲ ਵਿਚ ਲਕੜੀਆਂ ਚੁਗਦਿਆਂ ਉਥੇ ਜਾ ਪਹੁੰਚਿਆ ਜਿਥੇ ਗੁਰੂ ਜੀ ਮਰਦਾਨੇ ਨਾਲ ਹਰਿ-ਨਾਮ ਦੇ ਕੀਰਤਨ ਵਿਚ ਮਗਨ ਇਹ ਸ਼ਲੋਕ ਉਚਾਰ ਰਹੇ ਸਨ — *ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ। ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।* (ਗੁ.ਗ੍ਰੰ.1291)। ਇਹ ਸੁਣ ਕੇ ਸ਼ੇਖ ਕਮਾਲ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਇਹ ਸ਼ਲੋਕ

ਗੁਰੂ ਜੀ ਤੋਂ ਫਿਰ ਸੁਣ ਕੇ ਕੰਠ ਕੀਤਾ ਅਤੇ ਆਪਣੇ ਡੇਰੇ ਉਤੇ ਵਾਪਸ ਆ ਕੇ ਮੁਰਸ਼ਿਦ ਨੂੰ ਸੁਣਾਇਆ। ਸ਼ੇਖ ਬ੍ਰਿਹਮ ਇਸ ਸ਼ਲੋਕ ਦੀ ਭਾਵ-ਸਾਮਗ੍ਰੀ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਰਚੈਤਾ, ਗੁਰੂ ਨਾਨਕ ਦੇਵ ਜੀ, ਨਾਲ ਗੋਸਟਿ ਕਰਨ ਲਈ ਜੰਗਲ ਵਿਚ ਪਹੁੰਚਿਆ। ਕਾਫ਼ੀ ਦੇਰ ਤਕ ਹੁੰਦੇ ਰਹੇ ਵਿਚਾਰ-ਵਟਾਂਦਰੇ ਤੋਂ ਬਾਦ ਸ਼ੇਖ ਕਹਿਣ ਲਗਾ — *ਨਾਨਕ, ਹਿਕ ਖੁਦਾਇ ਕੀ ਵਾਰ ਸੁਣਾਇ, ਅਸਾਨੂੰ ਇਹ ਮਖਸੂਦ ਹੈ, ਜੋ ਵਾਰ ਦੁਹੁ ਬਾਬੂ ਹੋਂਦੀ ਨਾਹੀਂ, ਅਤੇ ਤੂ ਹਿਕੋ ਹਿਕੁ ਆਖਦਾ ਹੈ, ਵੇਖਾਂ ਖੁਦਾਇ ਦਾ ਸਰੀਕੁ ਤੂ ਕਵਣ ਕਰਸੀ ? ਤਬ ਬਾਬੇ ਆਖਿਆ, ਮਰਦਾਨਿਆ, ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ, ਰਾਗੁ ਆਸਾ ਕੀਤਾ, ਬਾਬੇ ਸਲੋਕੁ ਦਿਤਾ, ਸਲੋਕ, ਸਤਿਗੁਰੂ ਪ੍ਰਸਾਦਿ ਆਸਾ ਕੀ ਵਾਰ ਮਹਲਾ ੧।* ਇਸ ਅਵਸਰ ਉਤੇ ਕੇਵਲ ਨੌਂ ਪਉੜੀਆਂ ਉਚਾਰੀਆਂ ਗਈਆਂ, ਬਾਕੀ ਦੀਆਂ ਲਾਹੌਰ ਦੇ ਕਿਸੇ ਦੁਨੀ ਚੰਦ ਪ੍ਰਤਿ ਕਹੀਆਂ ਗਈਆਂ ਲਿਖੀਆਂ ਹਨ।

ਇਸ ਦੀ ਉਥਾਨਿਕਾ ਅਨੁਸਾਰ ਇਹ ਵਾਰ ਇਕ ਪਰਮਾਤਮਾ ਦੀ ਉਸਤਤ ਦੇ ਸੰਬੰਧ ਵਿਚ ਉਚਾਰੀ ਗਈ ਸੀ ਜਿਸ ਦਾ ਕੋਈ ਹੋਰ ਸ਼ਰੀਕ ਨਹੀਂ। ਇਸ ਤੱਥ ਦੀ ਪੁਸ਼ਟੀ ਇਸ ਵਾਰ ਦੀਆਂ ਪਉੜੀਆਂ ਤੋਂ ਬਖ਼ੂਬੀ ਹੋ ਜਾਂਦੀ ਹੈ। ਇਸ ਵਾਰ ਦੀਆਂ ਪਉੜੀਆਂ ਵਿਚ ਜਿਥੇ ਗੁਰੂ ਜੀ ਨੇ ਆਪਣੇ ਰਹੱਸਵਾਦੀ ਦ੍ਰਿਸ਼ਟੀਕੋਣ ਨੂੰ ਚਿਤਰਿਆ ਹੈ, ਉਥੇ ਸ਼ਲੋਕਾਂ ਵਿਚ ਕੁਦਰਤ ਅਤੇ ਸ੍ਰਿਸ਼ਟੀ ਬਾਰੇ ਵੇਰਵਾ ਦੇ ਕੇ ਮਨੁੱਖ ਦੀ ਆਤਮਿਕ ਸ਼ੁੱਧੀ ਉਤੇ ਬਲ ਦਿੱਤਾ ਹੈ। ਇਹ ਸ਼ੁੱਧੀ ਪਾਖੰਡਾਂ, ਭਰਮਾਂ ਅਤੇ ਔਗੁਣਾਂ ਨੂੰ ਦੂਰ ਕਰਕੇ ਬ੍ਰਹਮ-ਗਿਆਨ ਦੀ ਪ੍ਰਾਪਤੀ ਦੁਆਰਾ ਸੰਭਵ ਹੈ। ਇਸ ਤਰ੍ਹਾਂ ਇਸ ਵਾਰ ਵਿਚ ਗੁਰੂ ਜੀ ਨੇ ਰਹੱਸਵਾਦੀ ਅਨੁਭਵ ਨੂੰ ਸਮਾਜਿਕ ਵਾਸਤਵਿਕਤਾ ਦੇ ਸੰਦਰਭ ਵਿਚ ਰਖ ਕੇ ਲੋਕ-ਕਲਿਆਣ ਦਾ ਉਪਦੇਸ਼ ਦਿੱਤਾ ਹੈ।

ਧਾਰਮਿਕ ਅਤੇ ਸਮਾਜਿਕ ਪਾਖੰਡਾਂ ਦਾ ਖੰਡਨ ਕਰਨਾ ਇਸ ਵਾਰ ਦੇ ਸ਼ਲੋਕਾਂ ਦਾ ਮੁੱਖ ਵਿਸ਼ਾ ਹੈ। ਉਸ ਵਕਤ ਦੀ ਧਾਰਮਿਕ ਅਤੇ ਸਮਾਜਿਕ ਗਤਿ-ਵਿਧੀ ਨੂੰ ਬੜੀ ਯਥਾਰਥ ਸ਼ੈਲੀ ਵਿਚ ਚਿਤਰਿਆ ਗਿਆ ਹੈ। ਸੰਸਾਰ ਦੀ ਨਿਘਰੀ ਹੋਈ ਅਵਸਥਾ ਦਾ ਮੂਲ ਕਾਰਣ ਹਉਮੈ ਹੈ। ਜਦ ਤਕ ਹਉਮੈ ਦਾ ਨਿਵਾਰਣ ਨਹੀਂ ਹੁੰਦਾ ਤਦ ਤਕ ਮਨੁੱਖ ਆਪਣੇ ਸਹੀ ਮਾਰਗ ਦੀ ਪਛਾਣ ਨਹੀਂ ਕਰ ਸਕਦਾ। ਅਸਲ ਵਿਚ, ਇਸ ਵਾਰ ਦਾ ਮੂਲ ਮੁੱਦਾ ਹੈ ਮਨੁੱਖ ਦੇ ਆਚਰਣ ਵਿਚ ਇਤਨਾ ਵਿਕਾਸ ਕੀਤਾ ਜਾਏ ਕਿ ਉਹ ਸੰਸਾਰ ਦੀਆਂ ਭੌਤਿਕ ਸੀਮਾਵਾਂ ਤੋਂ ਉੱਚਾ ਉਠ ਕੇ ਦੈਵੀ ਅਵਸਥਾ ਨੂੰ ਪ੍ਰਾਪਤ ਕਰ ਸਕੇ। ਇਸ ਵਿਸ਼ਲੇਸ਼ਣ ਵੇਲੇ ਗੁਰੂ ਅਤੇ ਸਾਧ-ਸੰਗਤ ਦੇ ਮਹੱਤਵ ਉਤੇ ਵੀ ਚਾਨਣਾ ਪਾਇਆ ਗਿਆ ਹੈ ਅਤੇ ਜੰਜੂ, ਸ੍ਰਾਧ, ਸੂਤਕ ਆਦਿ ਰੂੜ੍ਹ ਪਰੰਪਰਾਵਾਂ ਦੀ ਨਿਰਰਥਕਤਾ ਨੂੰ ਪ੍ਰਗਟ ਕੀਤਾ ਗਿਆ ਹੈ। ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਇਸਤਰੀ ਸੰਬੰਧੀ ਦ੍ਰਿਸ਼ਟੀਕੋਣ ਵੀ ਸਪੱਸ਼ਟ ਹੈ — *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।*

ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਲਿਖੀਆਂ 24 ਪਉੜੀਆਂ ਹਨ। ਇਨ੍ਹਾਂ ਪਉੜੀਆਂ ਤੋਂ ਇਲਾਵਾ ਇਸ ਵਿਚ 60 ਸ਼ਲੋਕ ਵੀ ਹਨ, ਜਿਨ੍ਹਾਂ ਵਿਚੋਂ 45 ਸ਼ਲੋਕ (ਜੇ 12ਵੀਂ ਪਉੜੀ ਨਾਲ ਲਗਦੇ ਪਹਿਲੇ ਸ਼ਲੋਕ ਨੂੰ ਦੋ ਗਿਣੀਏ, ਨਹੀਂ ਤਾਂ 44) ਗੁਰੂ ਨਾਨਕ ਦੇਵ ਜੀ ਦੇ ਹਨ ਅਤੇ ਬਾਕੀ ਦੇ 15 ਗੁਰੂ ਅੰਗਦ ਦੇਵ ਜੀ ਦੇ ਰਚੇ ਹਨ। ਸ਼ੁਰੂ ਵਿਚ ਆਈ ਇਸ ਉਕਤੀ 'ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਲੇ ਕੇ ਲਿਖੇ' ਤੋਂ ਸਪੱਸ਼ਟ ਹੈ ਕਿ ਇਹ ਸ਼ਲੋਕ ਸੰਪਾਦਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਪਉੜੀਆਂ ਨਾਲ ਸੰਯੁਕਤ ਕੀਤੇ ਸਨ।

ਮੂਲ ਰੂਪ ਵਿਚ ਇਹ ਵਾਰ ਪਉੜੀਆਂ ਵਿਚ ਰਚੀ ਗਈ ਸੀ। ਪਉੜੀਆਂ ਨਾਲ ਸ਼ਲੋਕਾਂ ਦੀ ਵੰਡ ਇਕ- ਸਮਾਨ ਨਹੀਂ ਹੈ। ਹਰ ਇਕ ਪਉੜੀ ਨਾਲ ਘਟੋ-ਘਟ ਦੋ ਅਤੇ ਵਧ ਤੋਂ ਵਧ ਪੰਜ ਸ਼ਲੋਕ ਹਨ। ਇਨ੍ਹਾਂ ਸ਼ਲੋਕਾਂ ਦੀਆਂ ਤੁਕਾਂ ਵਿਚ ਸਮਾਨਤਾ ਨਹੀਂ ਹੈ, ਦੋ ਤੋਂ ਉੱਨੀ ਤਕ ਤੁਕਾਂ ਮਿਲਦੀਆਂ ਹਨ। ਪਰ ਇਸ ਪ੍ਰਕਾਰ ਦੀ ਖੁਲ੍ਹ ਪਉੜੀਆਂ ਵਿਚ ਨਹੀਂ ਹੈ। ਲਗਭਗ ਸਾਰੀਆਂ ਪਉੜੀਆਂ ਪੰਜ ਪੰਜ ਤੁਕਾਂ ਦੀਆਂ ਹਨ ਅਤੇ ਹਰ ਪਉੜੀ ਦੀ ਅੰਤਿਮ ਤੁਕ ਬਾਕੀਆਂ ਦੇ ਮੁਕਾਬਲੇ ਵਿਚ ਨਿੱਕੀ ਹੈ ਅਤੇ ਉਸ ਵਿਚ ਸਾਰੀ ਪਉੜੀ ਦਾ ਸਾਰ-ਤੱਤ੍ਵ ਸਮੋਇਆ ਹੋਇਆ ਹੈ। ਇਸ ਵਿਧਾਨ ਦਾ ਪਾਲਨ ਕੇਵਲ 22ਵੀਂ ਪਉੜੀ ਵਿਚ ਨਹੀਂ ਹੋਇਆ ਜਿਥੇ ਪੰਜ ਦੀ ਥਾਂ ਛੇ ਤੁਕਾਂ ਹਨ।

ਬਿੰਬਾਵਲੀ ਅਤੇ ਯੁਗ-ਚਿਤ੍ਰਣ ਇਸ ਵਾਰ ਦੀ ਮਹੱਤਵਪੂਰਣ ਵਿਲੱਖਣਤਾ ਹੈ। ਇਸ ਦੀ ਭਾਸ਼ਾ ਸਾਧ-ਭਾਖਾ ਪ੍ਰਭਾਵਿਤ ਪੰਜਾਬੀ ਹੈ। ਸਾਮੀ ਸ਼ਬਦਾਵਲੀ ਦੀ ਵਰਤੋਂ ਵੀ

ਕਾਫ਼ੀ ਹੋਈ ਹੈ। ਕੁਝ ਕੁ ਤੁਕਾਂ ਵਿਚ ਵਿਸਮਾਦ, ਕੁਦਰਤ, ਭੈ, ਹਉ ਆਦਿ ਸ਼ਬਦਾਂ ਦੀ ਪੁਨਰਾਵ੍ਰਿਤੀ ਹੋਣ ਕਾਰਣ ਇਕ ਖ਼ਾਸ ਕਿਸਮ ਦੀ ਨਾਦ-ਸੁੰਦਰਤਾ ਪੈਦਾ ਹੋਈ ਹੈ। ਸ਼ਲੋਕਾਂ ਦੀ ਕਾਵਿ-ਸ਼ੈਲੀ ਪਾਖੰਡ-ਖੰਡਨੀ ਹੈ, ਪਰ ਪਉੜੀਆਂ ਦੀ ਅਭਿਵਿਅਕਤੀ ਸਹਿਜ ਰੂਪ ਵਾਲੀ ਹੈ।

**ਆਸਾ-ਮਨਸਾ** : 'ਆਸਾ' (ਆਸ਼ਾ) ਤੋਂ ਭਾਵ ਹੈ ਕਿਸੇ ਪ੍ਰਕਾਰ ਦੀ ਪ੍ਰਾਪਤੀ ਦੀ ਇੱਛਾ। ਗੁਰਬਾਣੀ ਵਿਚ ਕਿਸੇ ਤੋਂ ਕੋਈ ਆਸ ਕਰਨਾ ਅਨੁਚਿਤ ਦਸਿਆ ਗਿਆ ਹੈ। ਉਸ ਕੀ ਥਾਂ ਪਰਮਾਤਮਾ ਤੋਂ ਹਰ ਪ੍ਰਕਾਰ ਦੀ ਆਸ ਕਰਨੀ ਹੀ ਫਲੀਭੂਤ ਹੁੰਦੀ ਹੈ — *ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ। ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ।* (ਗੁ.ਗ੍ਰੰ.257)।

'ਮਨਸਾ' ਦਾ ਤਾਤਪਰਜ ਹੈ ਮਨ ਦੀ ਸੰਕਲਪ-ਬਿਰਤੀ। ਗੁਰੂ ਨਾਨਕ ਦੇਵ ਜੀ ਅਨੁਸਾਰ *ਮਨ ਕਾ ਕਹਿਆ ਮਨਸਾ ਕਰੈ।* ਗੁਰੂ ਜੀ ਨੇ ਆਸਾ ਅਨੁਸਾਰ ਹੀ ਮਨਸਾ ਦਾ ਸਰੂਪ ਨਿਰਧਾਰਿਤ ਕੀਤਾ ਹੈ —*ਜੈਸੀ ਆਸਾ ਤੈਸੀ ਮਨਸਾ।* ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੋਹਾਂ ਨੂੰ ਦੂਰ ਕਰਨ ਦੀ ਗੱਲ ਆਸਾ ਰਾਗ ਵਿਚ ਕਹੀ ਹੈ —*ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ।*(ਗੁ.ਗ੍ਰੰ.356)।

**ਆਸਾਮੀ ਸਿੱਖ:** ਆਸਾਮ ਪ੍ਰਦੇਸ਼ ਵਿਚ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਗਏ ਸਨ। ਜਨਮਸਾਖੀ-ਸਾਹਿਤ (ਨੂਰ ਸ਼ਾਹ ਨਿਸਤਾਰਾ) ਅਨੁਸਾਰ ਉਦੋਂ ਮਰਦਾਨਾ ਗੁਰੂ ਜੀ ਦੇ ਨਾਲ ਸੀ। ਉਥੋਂ ਦੀਆਂ ਜਾਦੂ-ਟੂਣਿਆਂ ਵਿਚ ਸਿੱਧਹਸਤ ਇਸਤਰੀਆਂ ਨੇ ਭਾਈ ਮਰਦਾਨੇ ਨੂੰ ਭੇਡੂ ਬਣਾ ਦਿੱਤਾ ਜੋ ਗੁਰੂ ਜੀ ਦੀ ਕ੍ਰਿਪਾ ਨਾਲ ਫਿਰ ਆਪਣੇ ਅਸਲੀ ਰੂਪ ਵਿਚ ਆਇਆ।

ਗੁਰੂ ਤੇਗ ਬਹਾਦਰ ਜੀ ਸੰਨ 1666-67 ਈ. ਵਿਚ ਰਾਜਾ ਰਾਮ ਸਿੰਘ ਨਾਲ ਆਸਾਮ ਆਏ ਸਨ। ਰਾਜਾ ਰਾਮ ਸਿੰਘ ਨੂੰ ਔਰੰਗਜ਼ੇਬ ਨੇ ਅਹੋਮ ਰਾਜੇ ਨੂੰ ਅਧੀਨ ਕਰਨ ਲਈ ਭੇਜਿਆ ਸੀ। ਗੁਰੂ ਜੀ ਦੇ ਸਮਝਾਉਣ ਨਾਲ ਦੋਹਾਂ ਵਿਚ ਆਪਸੀ ਸਮਝੌਤਾ ਹੋ ਗਿਆ ਅਤੇ ਲੜਾਈ ਟਲ ਗਈ। ਗੁਰੂ ਜੀ ਨੇ ਰਾਜਾ ਰਾਮ ਸਿੰਘ ਦੇ ਹਰ ਸੈਨਿਕ ਤੋਂ ਪੰਜ ਪੰਜ ਢਾਲਾਂ ਮਿੱਟੀ ਦੀਆਂ ਭਰਵਾ ਕੇ ਬ੍ਰਹਮਪੁਤ੍ਰ ਦਰਿਆ ਦੇ ਸੱਜੇ ਕੰਢੇ ਉਤੇ ਪਵਾਈਆਂ ਅਤੇ ਇਕ ਥੜਾ ਬਣਵਾਇਆ ਜੋ ਬਾਦ ਵਿਚ 'ਥੜਾ ਸਾਹਿਬ' ਜਾਂ 'ਦਮਦਮਾ ਸਾਹਿਬ' ਵਜੋਂ ਪ੍ਰਸਿੱਧ ਹੋਇਆ। ਹੁਣ ਉਥੇ ਨਵੀਂ ਇਮਾਰਤ ਬਣਵਾਈ ਗਈ ਹੈ ਜੋ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ' ਦੇ ਨਾਂ ਨਾਲ ਪ੍ਰਸਿੱਧ ਹੈ।

ਆਸਾਮ ਪ੍ਰਦੇਸ਼ ਦਾ ਸਿੱਖ-ਜਗਤ ਨਾਲ ਤੀਜੀ ਵਾਰ ਵਾਸਤਾ ਉਦੋਂ ਪਿਆ ਜਦੋਂ ਬਰਮੀਆਂ ਦੇ ਤੀਜੇ ਹਮਲੇ ਤੋਂ ਬਚਣ ਲਈ ਅਹੋਮ ਕਬੀਲੇ ਦੇ ਰਾਜਾ ਵਿਸ਼ਵਨਾਰਾਇਣ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਮਦਦ ਮੰਗੀ ਅਤੇ ਮਹਾਰਾਜੇ ਨੇ ਚੇਤਨ ਸਿੰਘ ਦੀ ਕਮਾਨ ਹੇਠ ਪੰਜ ਸੌ ਸਿੱਖ ਸੈਨਿਕ ਆਸਾਮ ਭੇਜੇ। ਬਰਮੀਆਂ ਨੂੰ ਖਦੇੜਨ ਤੋਂ ਬਾਦ ਬਹੁਤ ਸੈਨਿਕ ਉਥੇ ਹੀ ਵਸ ਗਏ। ਚੇਤਨ ਸਿੰਘ ਖ਼ੁਦ ਮਾਰਿਆ ਗਿਆ ਪਰ ਉਸ ਦੀ ਪਤਨੀ ਜੀਉਂਦੀ ਰਹੀ ਅਤੇ ਸਿੱਖਾਂ ਵਿਚ 'ਮਾਤਾ ਜੀ' ਵਜੋਂ ਜਾਣੀ ਜਾਂਦੀ ਰਹੀ। ਉਸ ਦੇ ਨਾਂ 'ਤੇ ਬਣਿਆ 'ਮਾਤਾ ਜੀ ਗੁਰਦੁਆਰਾ' ਬੋਰਕੋਲਾ ਪਿੰਡ ਵਿਚ ਬਹੁਤ ਪ੍ਰਸਿੱਧ ਹੈ। ਇਨ੍ਹਾਂ ਸਿੱਖਾਂ ਦੀ ਸੰਤਾਨ ਆਪਣੇ ਆਪ ਨੂੰ ਸ਼ੁੱਧ-ਸਰੂਪੀ ਸਮਝਦੀ ਹੈ। ਕੁਝ ਸਿੱਖ ਅਜਿਹੇ ਵੀ ਸਨ ਜਿਨ੍ਹਾਂ ਨੇ ਆਸਾਮ ਦੀਆਂ ਇਸਤਰੀਆਂ ਨਾਲ ਵਿਆਹ ਕਰਕੇ ਬੱਚੇ ਪੈਦਾ ਕੀਤੇ। ਉਨ੍ਹਾਂ ਦੀ ਸ਼ਕਲ-ਸੂਰਤ ਪੰਜਾਬੀਆਂ ਨਾਲੋਂ ਕੁਝ ਭਿੰਨ ਆਸਾਮੀਆਂ ਨਾਲ ਮੇਲ ਖਾਂਦੀ ਹੈ। ਇਸ ਤਰ੍ਹਾਂ ਆਸਾਮੀ ਸਿੱਖ ਸ਼ੁੱਧ ਅਤੇ ਸੰਕਰਿਤ ਦੋ ਤਰ੍ਹਾਂ ਦੇ ਮਿਲਦੇ ਹਨ। ਇਨ੍ਹਾਂ ਦੀ ਗਿਣਤੀ ਦਸ ਹਜ਼ਾਰ ਦੇ ਕਰੀਬ ਦਸੀ ਜਾਂਦੀ ਹੈ ਅਤੇ ਮੁੱਖ ਰੂਪ ਵਿਚ ਇਹ ਨੌਗਾਉਂ ਜ਼ਿਲ੍ਹੇ ਦੇ ਪਿੰਡਾਂ ਵਿਚ ਰਹਿੰਦੇ ਹਨ। ਇਨ੍ਹਾਂ ਦਾ ਪ੍ਰਮੁਖ ਕਿੱਤਾ ਖੇਤੀ-ਬਾੜੀ ਹੈ।

ਆਸਾਮੀ ਸਿੱਖ ਆਪਣਾ ਪਿਛਾ ਪੰਜਾਬ ਨਾਲ ਜੋੜਦੇ ਹੋਇਆਂ ਗੌਰਵ ਅਨੁਭਵ ਕਰਦੇ ਹਨ ਕਿ ਇਹ ਆਸਾਮੀਆਂ ਦੀ ਮਦਦ ਲਈ ਪੰਜਾਬੋਂ ਆਏ ਸਨ। ਹੁਣ ਇਨ੍ਹਾਂ ਨੇ ਆਸਾਮ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਸਿੱਖ ਰਹਿਤ-ਮਰਯਾਦਾ ਵਿਚ ਇਹ ਪੂਰੀ ਤਰ੍ਹਾਂ ਵਿਸ਼ਵਾਸ ਰਖਦੇ ਹਨ। ਇਨ੍ਹਾਂ ਦੇ ਰਹਿਣ ਢੰਗ ਅਤੇ ਆਉ-ਭਗਤ ਆਸਾਮੀ ਸਭਿਆਚਾਰ ਤੋਂ ਬਹੁਤ ਪ੍ਰਭਾਵਿਤ ਹੈ। ਜਾਦੂ-ਟੂਣਿਆਂ ਵਿਚ ਵੀ ਕਾਫ਼ੀ ਵਿਸ਼ਵਾਸ ਰਖਦੇ ਹਨ। ਪੰਜਾਬੀ ਭਾਸ਼ਾ ਇਹ ਸਮਝ ਨਹੀਂ ਸਕਦੇ। ਪਰ ਆਪਣੇ ਪਿਦਰੀ ਧਰਮ ਵਿਚ ਇਹ ਬਹੁਤ ਵਿਸ਼ਵਾਸ ਰਖਦੇ ਹਨ। ਅਧਿਕਾਂਸ਼ ਅੰਮ੍ਰਿਤਧਾਰੀ ਹਨ। ਸਿੱਖ ਤਿਉਹਾਰਾਂ ਦੇ ਨਾਲ ਨਾਲ ਇਹ ਉਥੋਂ ਦੇ ਤਿਉਹਾਰਾਂ ਵਿਚ

ਵੀ ਰੁਚੀ ਲੈਂਦੇ ਹਨ। ਇਨ੍ਹਾਂ ਨੇ ਉਥੇ 'ਆਸਾਮ ਸਿੱਖ ਐਸੋਸੀਏਸ਼ਨ' ਬਣਾਈ ਹੋਈ ਹੈ ਜੋ ਆਸਾਮ ਪ੍ਰਦੇਸ਼ ਵਿਚ ਆਪਣੇ ਕਬੀਲੇ ਨੂੰ ਛੋਟੀ ਘਟ ਗਿਣਤੀ ਵਾਲੀ ਜਾਤਿ ਵਜੋਂ ਮਾਨਤਾ ਦਿਵਾਉਣਾ ਚਾਹੁੰਦੇ ਹਨ। ਇਨ੍ਹਾਂ ਨੂੰ ਇਹ ਵੀ ਪਸੰਦ ਨਹੀਂ ਕਿ ਇਨ੍ਹਾਂ ਨੂੰ ਪੰਜਾਬੀ ਸਿੱਖਾਂ ਦੇ ਮੁਕਾਬਲੇ ਦੂਜੇ ਦਰਜੇ ਦੇ ਸਿੱਖ ਮੰਨਿਆ ਜਾਵੇ।

ਨਵੀਂ ਪੀੜ੍ਹੀ ਦੇ ਸਿੱਖ ਬੱਚੇ ਆਪਣੀਆਂ ਪਰੰਪਰਾਗਤ ਸੀਮਾਵਾਂ ਤੋਂ ਬਾਹਰ ਨਿਕਲ ਕੇ ਕਾਰਜ-ਖੇਤਰ ਨੂੰ ਵਿਸਤਾਰਨ ਲਗ ਗਏ ਹਨ। ਇਨ੍ਹਾਂ ਵਿਚੋਂ ਕਈ ਵਪਾਰ ਕਰਦੇ ਹਨ, ਕਈ ਅਧਿਆਪਨ ਦੇ ਕੰਮ ਵਿਚ ਰੁਝੇ ਹੋਏ ਹਨ, ਕਈ ਸਰਕਾਰੀ ਨੌਕਰੀਆਂ ਕਰਨ ਲਗ ਗਏ ਹਨ। ਆਧੁਨਿਕ ਬੋਧ ਕਰਕੇ ਇਕ ਵਿਕਾਸ ਦੇ ਮਾਰਗ ਉਪਰ ਅਗੇ ਵਧ ਰਹੇ ਹਨ। ਸਿੱਖ-ਧਰਮ ਗ੍ਰੰਥਾਂ ਵਿਚ ਇਹ ਪੂਰੀ ਸ਼ਰਧਾ ਰਖਦੇ ਹਨ ਅਤੇ ਸਿੱਖ-ਮਰਯਾਦਾ ਦੀ ਪੂਰੀ ਕਟੜਤਾ ਨਾਲ ਪਾਲਨਾ ਕਰਦੇ ਹਨ।

**ਆਸਾ ਰਾਗ** (ਬਾਣੀ): ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਰਾਗ ਦੇ ਆਰੰਭ ਵਿਚ ਇਕ ਸ਼ਬਦ 'ਸੋਦਰ' ਦਾ ਅਤੇ ਇਕ 'ਸੋਪੁਰਖ' ਦਾ ਹੈ। ਇਨ੍ਹਾਂ ਪਿਛੋਂ 231 ਚਉਪਦੇ, 39 ਅਸ਼ਟਪਦੀਆਂ, ਤਿੰਨ ਬਿਰਹੜੇ, ਦੋ ਪਟੀਆਂ, 35 ਛੰਤ ਅਤੇ ਇਕ ਵਾਰ ਹੈ। ਭਗਤ ਬਾਣੀ ਪ੍ਰਕਰਣ ਵਿਚ 37 ਸ਼ਬਦ ਕਬੀਰ ਜੀ ਦੇ, ਪੰਜ ਨਾਮਦੇਵ ਦੇ, ਦੋ ਰਵਿਦਾਸ ਦੇ, ਤਿੰਨ ਧੰਨੇ ਦੇ (ਇਨ੍ਹਾਂ ਵਿਚੋਂ ਦੂਜਾ ਮਹਲੇ ਪੰਜਵੇਂ ਦਾ ਹੈ) ਅਤੇ ਦੋ ਸ਼ੇਖ ਫ਼ਰੀਦ ਦੇ ਹਨ।

ਇਸ ਰਾਗ ਦੇ ਆਰੰਭ ਵਿਚ 'ਸੋਦਰ ਮ.੧' ਅਤੇ 'ਸੋਪੁਰਖ ਮ.੪' ਉਪ-ਸਿਰਲੇਖਾਂ ਅਧੀਨ ਜੋ ਦੋ ਸ਼ਬਦ ਆਏ ਹਨ, ਉਨ੍ਹਾਂ ਦੀ ਗਿਣਤੀ ਚਉਪਦਿਆਂ ਨਾਲ ਮਿਲਾ ਕੇ ਕੀਤੀ ਗਈ ਹੈ। ਉਂਜ ਕੁਲ ਚਉਪਦੇ 231 ਹਨ, ਪਰ ਇਨ੍ਹਾਂ ਦੋਹਾਂ ਦੇ ਯੋਗ ਨਾਲ 233 ਗਿਣਤੀ ਬਣਦੀ ਹੈ। ਇਨ੍ਹਾਂ ਦੋਹਾਂ ਸ਼ਬਦਾਂ ਬਾਰੇ ਵੇਖੋ 'ਸੋਦਰ (ਬਾਣੀ)', 'ਸੋਪੁਰਖ (ਬਾਣੀ)'।

ਕੁਲ 231 *ਚਉਪਦਿਆਂ* ਵਿਚੋਂ 39 ਗੁਰੂ ਨਾਨਕ ਦੇਵ ਜੀ ਦੇ ਲਿਖੇ ਹਨ। ਪ੍ਰਧਾਨਤਾ ਚਾਰ ਚਾਰ ਪਦ-ਸਮੁੱਚਾਂ ਦੀ ਹੈ। ਗੁਰੂ ਅਮਰਦਾਸ ਜੀ ਦੇ 13 ਚਉਪਦੇ ਦਰਜ ਹੋਏ ਹਨ। ਬਹੁਤੇ ਚਾਰ ਚਾਰ ਪਦਿਆਂ ਵਾਲੇ ਜੁੱਟ ਹਨ। ਗੁਰੂ ਰਾਮਦਾਸ ਜੀ ਦੇ ਲਿਖੇ ਕੁਲ 15 ਚਉਪਦੇ ਹਨ ਜਿਨ੍ਹਾਂ ਵਿਚੋਂ ਪਹਿਲੇ— *'ਤੂੰ ਕਰਤਾ ਸਚਿਆਰੁ...'* ਦਾ ਉੱਲੇਖ 'ਸੁਪੁਰਖ' (ਵੇਖੋ) ਵਿਚ ਹੋਇਆ ਹੈ।

ਇਨ੍ਹਾਂ ਤੋਂ ਬਾਦ ਗੁਰੂ ਅਰਜਨ ਦੇਵ ਜੀ ਦੇ 163 ਚਉਪਦੇ ਸ਼ਾਮਲ ਹੋਏ ਹਨ ਜਿਨ੍ਹਾਂ ਵਿਚ ਦੋ ਦੋ, ਚਾਰ ਚਾਰ ਪਦਿਆਂ ਦੇ ਜੁੱਟ ਆਮ ਹਨ। ਇਨ੍ਹਾਂ ਵਿਚੋਂ 29ਵੇਂ ਸ਼ਬਦ ਦਾ 'ਸੋਪੁਰਖ' (ਵੇਖੋ) ਵਿਚ ਚੌਥੀ ਥਾਂ ਉਤੇ ਜ਼ਿਕਰ ਹੋ ਚੁਕਿਆ ਹੈ। ਇਨ੍ਹਾਂ 163 ਚਉਪਦਿਆਂ ਤੋਂ ਇਲਾਵਾ ਇਕ ਚਉਪਦਾ ਇਸ ਰਾਗ ਵਿਚਲੀ ਧੰਨੇ ਭਗਤ ਦੀ ਬਾਣੀ ਵਿਚ ਕ੍ਰਮਾਂਕ 2 ਉਤੇ ਆਇਆ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਇਕ ਚਉਪਦੇ ਵਿਚ ਦੁਆਰ ਦੁਆਰ ਭਟਕਣ ਵਾਲੇ ਵਿਅਕਤੀ ਨੂੰ ਸੰਬੋਧਨ ਕਰਦੇ ਹੋਇਆਂ ਮਾਨਸ ਜਨਮ ਨੂੰ ਵਿਅਰਥ ਵਿਚ ਨਸ਼ਟ ਕਰਨੋਂ ਵਰਜਿਆ ਹੈ।

*ਅਸ਼ਟਪਦੀਆਂ* ਪ੍ਰਕਰਣ ਦੀਆਂ ਕੁਲ 39 ਅਸ਼ਟਪਦੀਆਂ ਵਿਚੋਂ 22 ਗੁਰੂ ਨਾਨਕ ਦੇਵ ਜੀ ਦੀਆਂ ਹਨ ਜਿਨ੍ਹਾਂ ਵਿਚੋਂ ਦੋ ਵਿਚ ਸੱਤ ਸੱਤ, 16 ਵਿਚ ਅੱਠ ਅੱਠ, ਦੋ ਵਿਚ ਨੌਂ ਨੌਂ ਅਤੇ ਦੋ ਵਿਚ ਦਸ ਦਸ ਪਦੀਆਂ ਸ਼ਾਮਿਲ ਹਨ। ਇਨ੍ਹਾਂ ਵਿਚੋਂ 11ਵੀਂ ਅਤੇ 12ਵੀਂ ਦਾ ਸੰਬੰਧ ਬਾਬਰ ਦੇ ਹਮਲੇ ਨਾਲ ਹੈ। ਗੁਰੂ ਅਮਰਦਾਸ ਜੀ ਦੀਆਂ 15 ਅਸ਼ਟਪਦੀਆਂ ਵਿਚੋਂ ਦੋ ਵਿਚ ਨੌਂ ਨੌਂ ਪਦੀਆਂ ਹਨ। ਇਨ੍ਹਾਂ ਵਿਚ ਅਧਿਕਤਰ ਗੁਰਮਤਿ ਦੇ ਮੁੱਖ ਸਿੱਧਾਂਤਾਂ ਦੀ ਵਿਆਖਿਆ ਹੋਈ ਹੈ। ਗੁਰੂ ਅਰਜਨ ਦੇਵ ਜੀ ਦੀਆਂ ਲਿਖੀਆਂ ਦੋ ਅਸ਼ਟਪਦੀਆਂ ਹਨ। ਇਨ੍ਹਾਂ ਵਿਚੋਂ ਪਹਿਲੀ ਵਿਚ ਇਕ ਪਿੰਡ ਦੇ ਰੂਪਕ ਰਾਹੀਂ ਚੰਗੀ ਸੰਗਤ ਦਾ ਵਿਧਾਨ ਦਸਿਆ ਹੈ ਅਤੇ ਦੂਜੀ ਵਿਚ ਸੰਸਾਰ ਦੀ ਨਾਸ਼ਮਾਨਤਾ ਵਲ ਸੰਕੇਤ ਕਰਕੇ ਇਸ ਵਿਚ ਕੇਵਲ ਹਰਿ-ਨਾਮ ਨੂੰ ਹੀ ਸਥਿਰ ਮੰਨਿਆ ਹੈ, ਜਿਸ ਦੀ ਆਰਾਧਨਾ ਨਾਲ ਵਿਅਕਤੀ ਆਤਮਿਕ ਤੌਰ 'ਤੇ ਸਦਾ ਸੁਖੀ ਰਹਿੰਦਾ ਹੈ।

ਪੰਜਵੇਂ ਗੁਰੂ ਦੀਆਂ ਦੋ ਅਸ਼ਟਪਦੀਆਂ ਤੋਂ ਬਾਦ ਤਿੰਨ ਹੋਰ ਅਸ਼ਟਪਦੀਆਂ 'ਬਿਰਹੜੇ ਘਰੁ ੪ ਛੰਤ ਕੀ ਜਤਿ' ਉਕਤੀ ਨਾਲ ਸ਼ੁਰੂ ਹੁੰਦੀਆਂ ਹਨ। (ਵੇਖੋ 'ਬਿਰਹੜੇ, ਮ.੫)। ਇਸ ਰਾਗ ਵਿਚ ਦੋ ਪਟੀਆਂ ਦਰਜ ਹਨ। ਪਹਿਲੀ ਪਟੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਹੈ ਅਤੇ ਦੂਜੀ ਗੁਰੂ ਅਮਰਦਾਸ ਜੀ ਦੀ।(ਵੇਖੋ 'ਪਟੀ, ਮ.੧' ਅਤੇ 'ਪਟੀ, ਮ.੩')।

*ਛੰਤ* ਪ੍ਰਕਰਣ ਦੇ 35 ਛੰਤਾਂ ਵਿਚੋਂ ਪੰਜ ਗੁਰੂ ਨਾਨਕ ਦੇਵ ਜੀ ਦੇ ਹਨ। ਇਹ ਪੰਜੇ ਛੰਤ ਚਾਰ ਚਾਰ ਪਦਿਆਂ ਦੇ ਸਮੁੱਚ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਬੜੀ ਭਾਵ-ਭਿੰਨੀ ਸ਼ੈਲੀ ਵਿਚ ਸੰਯੋਗ-ਸੁਖ ਪ੍ਰਾਪਤ ਕਰ ਚੁਕੀ ਇਕ ਸੁਹਾਗਣ

ਇਸਤਰੀ ਰੂਪੀ ਸਾਧਕ ਵਲੋਂ ਨਵ- ਵਿਆਹੁਤਾ ਇਸਤਰੀ ਰੂਪੀ ਜਿਗਿਆਸੂ ਨੂੰ ਪਤੀ-ਪਰਮਾਤਮਾ ਦਾ ਪ੍ਰੇਮ-ਸੁਖ ਪ੍ਰਾਪਤ ਕਰਨ ਲਈ ਪ੍ਰੇਰਿਆ ਹੈ।

ਗੁਰੂ ਅਮਰਦਾਸ ਜੀ ਨੇ ਇਸ ਰਾਗ ਵਿਚ ਦੋ ਛੰਤ ਲਿਖੇ ਹਨ। ਇਕ ਚਾਰ ਪਦਿਆਂ ਦਾ ਜੁੱਟ ਹੈ ਅਤੇ ਦੂਜਾ ਦਸ ਪਦਿਆਂ ਦਾ ਸਮੁੱਚ ਹੈ। ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦਾ ਸੰਯੋਗ-ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਰਾਮਦਾਸ ਜੀ ਦੇ ਇਸ ਰਾਗ ਵਿਚ ਦਰਜ 14 ਛੰਤਾਂ ਵਿਚੋਂ ਇਕ ਵਿਚ ਛੇ ਅਤੇ ਇਕ ਵਿਚ ਅੱਠ ਪਦੇ ਹਨ, ਜਦ ਕਿ ਬਾਕੀਆਂ ਵਿਚ ਚਾਰ ਚਾਰ। ਇਨ੍ਹਾਂ ਵਿਚ ਰਾਮ-ਨਾਮ ਦੀ ਮਹਾਨਤਾ, ਗੁਰੂ ਦੇ ਯੋਗਦਾਨ, ਪਰਮਾਤਮਾ ਦੀ ਸਰਵ-ਵਿਆਪਕਤਾ, ਚਾਰ ਯੁਗਾਂ ਦੇ ਪ੍ਰਭਾਵ ਅਤੇ ਜੀਵਨ-ਮੁਕਤ ਅਵਸਥਾ ਉਤੇ ਝਾਤ ਪਾਈ ਗਈ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿਚ ਚਾਰ ਚਾਰ ਪਦਿਆਂ ਦੇ ਜੁੱਟਾਂ ਵਾਲੇ ਛੇ ਉਹ ਛੰਤ ਵੀ ਸ਼ਾਮਲ ਹਨ ਜੋ ਅੰਮ੍ਰਿਤ ਵੇਲੇ 'ਆਸਾ ਕੀ ਵਾਰ' ਦੀਆਂ 24 ਪਉੜੀਆਂ ਨਾਲ ਪੜ੍ਹੇ ਜਾਂਦੇ ਹਨ ਅਤੇ ਆਮ ਤੌਰ 'ਤੇ ਜਿਨ੍ਹਾਂ ਨੂੰ 'ਛਕੇ ਛੰਤ' (ਵੇਖੋ) ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਰਚੇ 14 ਛੰਤਾਂ ਵਿਚ ਅਧਿਕਤਰ ਚਾਰ ਚਾਰ ਪਦਿਆਂ ਦੇ ਜੁੱਟਾਂ ਵਾਲੇ ਹਨ। ਇਨ੍ਹਾਂ ਵਿਚੋਂ ਪੰਜ ਛੰਤਾਂ (ਕ੍ਰਮਾਂਕ 4-7 ਅਤੇ 9) ਤੋਂ ਪਹਿਲਾਂ ਇਕ ਇਕ ਸ਼ਲੋਕ ਵੀ ਲਿਖਿਆ ਹੈ। ਇਨ੍ਹਾਂ ਛੰਤਾਂ ਵਿਚ ਗੁਰੂ ਜੀ ਨੇ ਪ੍ਰਭੂ-ਮਿਲਾਪ ਦੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਭਾਵ ਨੂੰ ਦ੍ਰਿੜ੍ਹ ਕਰਨ ਲਈ ਚਾਤ੍ਰਿਕ ਅਤੇ ਸਵਾਂਤੀ ਦਾ ਉਪਮਾਨ ਵਰਤਿਆ ਹੈ।

*ਆਸਾ ਕੀ ਵਾਰ* ਗੁਰੂ ਨਾਨਕ ਦੇਵ ਦੁਆਰਾ ਲਿਖੀ ਇਕ ਮਹੱਤਵਪੂਰਣ ਬਾਣੀ ਹੈ ਜਿਸ ਵਿਚ ਅਨੇਕ ਧਾਰਮਿਕ ਅਤੇ ਸਮਾਜਿਕ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਹੋਇਆ ਹੈ। ਵਿਸਤਾਰ ਲਈ ਵੇਖੋ 'ਆਸਾ ਕੀ ਵਾਰ, ਮ.੧'।

*ਭਗਤ-ਬਾਣੀ* ਪ੍ਰਕਰਣ ਵਿਚ ਪਹਿਲਾਂ ਕਬੀਰ ਜੀ ਦੇ 37 ਸ਼ਬਦ ਦਰਜ ਹਨ। ਇਨ੍ਹਾਂ ਵਿਚੋਂ ਕੁਝ ਸ਼ਬਦ ਤਿੰਨ ਤਿੰਨ ਪਦਿਆਂ ਦੇ ਜੁੱਟ ਹਨ, ਕੁਝ ਚਾਰ ਚਾਰ ਦੇ ਅਤੇ ਕੁਝ ਪੰਜ ਪੰਜ ਦੇ। ਇਨ੍ਹਾਂ ਵਿਚ ਸੰਤ ਕਬੀਰ ਨੇ ਪਰਮਾਤਮਾ ਤੋਂ ਵਿਛੜੇ ਹੋਏ ਜੀਵ ਦੀ ਹਾਲਤ ਦਸਦਿਆਂ ਉਸ ਦੇ ਪੁਨਰ-ਮਿਲਨ ਉਤੇ ਪ੍ਰਕਾਸ਼ ਪਾਇਆ ਹੈ ਜੋ ਗੁਰੂ ਦੇ ਸ਼ਹਿਯੋਗ ਨਾਲ ਸੰਭਵ ਹੈ। ਭਗਤ ਨਾਮਦੇਵ ਨੇ ਆਪਣੇ ਪੰਜ ਸ਼ਬਦਾਂ ਵਿਚ ਦਸਿਆ ਹੈ ਕਿ ਸ੍ਰਿਸ਼ਟੀ ਦੀ ਅਨੇਕਤਾ ਵਿਚ ਇਕ ਪਰਮਾਤਮਾ ਦਾ ਸਰੂਪ ਝਲਕ ਰਿਹਾ ਹੈ। ਭਗਤ ਰਵਿਦਾਸ ਨੇ ਆਪਣੇ ਛੇ ਸ਼ਬਦਾਂ ਵਿਚ ਦਸਿਆ ਹੈ ਕਿ ਮਾਇਆ ਤੋਂ ਪੱਲਾ ਛੁੜਾ ਕੇ ਹਰਿ-ਰਸ ਵਿਚ ਲੀਨ ਹੋਣਾ ਹੀ ਉਚਿਤ ਹੈ। ਧੰਨੇ ਭਗਤ ਦੇ ਤਿੰਨ ਸ਼ਬਦਾਂ ਵਿਚੋਂ ਦੂਜਾ ਗੁਰੂ ਅਰਜਨ ਦੇਵ ਜੀ ਦਾ ਲਿਖਿਆ ਹੈ। ਧੰਨੇ ਨੇ ਆਪਣੇ ਸ਼ਬਦਾਂ ਵਿਚ ਦਸਿਆ ਹੈ ਕਿ ਹਰਿ-ਭਗਤੀ ਰਾਹੀਂ ਨੀਚ ਪੁਰਸ਼ ਵੀ ਤਰ ਜਾਂਦੇ ਹਨ।

ਸ਼ੇਖ ਫ਼ਰੀਦ ਨੇ ਆਪਣੇ ਦੋ ਸ਼ਬਦਾਂ ਵਿਚ ਸੱਚੇ ਪ੍ਰੇਮ ਅਤੇ ਨਿਸ਼ਕਪਟ ਭਗਤੀ ਦੀ ਲੋੜ ਉਤੇ ਬਲ ਦਿੱਤਾ ਹੈ ਕਿਉਂਕਿ — *ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ। ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।* (ਗੁ.ਗ੍ਰੰ.488)।

**ਆਸਾਵਰੀ** : 'ਆਸਾਵਰੀ' ਕੀ ਹੈ ? ਇਸ ਬਾਰੇ ਕੋਈ ਸਪੱਸ਼ਟ ਸਥਾਪਨਾ ਸਾਹਮਣੇ ਨਹੀਂ ਆਈ। ਭਾਈ ਕਾਨ੍ਹ ਸਿੰਘ (*ਮਹਾਨ ਕੋਸ਼*) ਅਨੁਸਾਰ ਇਹ ਆਸਾਵਰੀ ਠਾਟ ਦੀ ਸੰਪੂਰਣ ਜਾਤਿ ਦੀ ਰਾਗਿਨੀ ਹੈ ਅਤੇ ਇਸ ਦੇ ਗਾਉਣ ਦਾ ਵੇਲਾ ਸੂਰਜ ਚੜ੍ਹਨ ਤੋਂ ਪਹਿਰ ਦਿਨ ਚੜ੍ਹੇ ਤੀਕ ਹੈ। ਉਸ ਨੇ ਇਹ ਵੀ ਦਸਿਆ ਹੈ ਕਿ ਦੇਸ਼ ਅਤੇ ਮਤਭੇਦ ਕਰਕੇ ਬਹੁਤਿਆਂ ਨੇ ਆਸਾਵਰੀ ਨੂੰ ਭੈਰਵ ਅਤੇ ਭੈਰਵੀ ਠਾਟ 'ਤੇ ਗਾਉਣਾ ਵੀ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗਿਨੀ ਆਸਾ ਵਿਚ ਮਿਲਾ ਕੇ ਲਿਖੀ ਗਈ ਹੈ। ਪਿਆਰਾ ਸਿੰਘ ਪਦਮ ਅਨੁਸਾਰ ਲਹਿੰਦੇ ਵਿਚ 'ਮਾਝ' ਦਾ ਨਾਮਾਂਤਰ 'ਆਸਾਵਰੀ' ਹੈ।

ਸੰਨ 1855 ਈ. ਵਿਚ ਭਾਈ ਸਹਿਜ ਰਾਮ ਸੇਵਾਪੰਥੀ ਦੁਆਰਾ ਹੋਈ 'ਪੋਥੀ ਆਸਾਵਰੀਆਂ' (ਵੇਖੋ) ਦੀ ਰਚਨਾ ਦੇ ਆਧਾਰ 'ਤੇ ਕਿਸੇ ਨੇ 'ਆਸਾਵਰੀ' ਨੂੰ ਛੰਦ-ਰੂਪ ਕਹਿ ਦਿੱਤਾ ਅਤੇ ਕਿਸੇ ਨੇ ਕਾਵਿ-ਰੂਪ। ਪਰ ਅਸਲੀਅਤ ਇਹ ਹੈ ਕਿ ਭਾਈ ਸਹਿਜ ਰਾਮ ਦੇ ਰਚੇ ਛੰਤ ਚੂੰਕਿ 'ਆਸਾਵਰੀ' ਰਾਗਨੀ ਵਿਚ ਸਨ, ਇਸ ਲਈ ਇਸ ਪੋਥੀ ਨੂੰ 'ਪੋਥੀ ਆਸਾਵਰੀਆਂ' ਕਿਹਾ ਜਾਣ ਲਗਾ। ਸੇਵਾਪੰਥੀ ਸਾਧਕ ਬੜੇ ਵੈਰਾਗ ਨਾਲ ਇਸ ਪੋਥੀ ਵਿਚ ਸੰਕਲਿਤ ਛੰਦਾਂ ਨੂੰ 'ਆਸਾਵਰੀ' ਰਾਗਨੀ ਵਿਚ ਗਾ ਕੇ ਅਧਿਆਤਮਿਕ ਆਨੰਦ ਮਾਣਦੇ ਸਨ।

**ਆਹਲੂਵਾਲੀਆ ਮਿਸਲ**: ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ ਜਿਸ ਦੀ ਸਥਾਪਨਾ ਲਾਹੌਰ ਜ਼ਿਲ੍ਹੇ ਦੇ 'ਆਹਲੂ'

ਪਿੰਡ ਦੇ ਵਾਸੀ ਇਕ ਕਲਾਲ ਸਿੱਖ ਸਦਾ ਸਿੰਘ (ਨਾਮਾਂਤਰ 'ਸਦਾਓ') ਦੇ ਵੰਸ਼ ਵਿਚੋਂ ਸ. ਜੱਸਾ ਸਿੰਘ (ਵੇਖੋ) ਨੇ ਕੀਤੀ। ਜੱਸਾ ਸਿੰਘ ਦੇ ਪਿਤਾ ਸ. ਬਦਰ ਸਿੰਘ ਨੇ ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ ਸੀ। ਸੰਨ 1712 ਈ. ਵਿਚ ਪੈਦਾ ਹੋਏ ਸ. ਜੱਸਾ ਸਿੰਘ ਨੇ ਅਠਾਰ੍ਹਵੀਂ ਸਦੀ ਵਿਚ ਹੋਏ ਸਿੱਖ ਸੰਘਰਸ਼ ਵਿਚ ਮਹੱਤਵਪੂਰਣ ਯੋਗਦਾਨ ਪਾਇਆ। ਇਹ ਨਵਾਬ ਕਪੂਰ ਸਿੰਘ ਦਾ ਪੁੱਤਰ ਤੁਲ ਵਿਸ਼ਵਸਤ ਸੰਗੀ ਸੀ। ਸੰਨ 1734 ਈ. ਵਿਚ ਜਦੋਂ ਸਿੱਖ ਸ਼ਕਤੀ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡਿਆ ਗਿਆ ਤਾਂ ਇਸ ਦਾ ਜੱਥਾ ਤਰੁਣਾ ਦਲ ਦੇ ਪੰਜ ਜੱਥਿਆਂ ਵਿਚੋਂ ਇਕ ਸੀ।

ਸੰਨ 1748 ਈ. ਵਿਚ ਵਿਸਾਖੀ ਵਾਲੇ ਦਿਨ 65 ਸਿੱਖ ਜੱਥਿਆਂ ਨੂੰ ਇਕ ਕੇਂਦਰੀ ਸੱਤਾ ਅਧੀਨ ਸੰਗਠਿਤ ਕਰਨ ਲਈ 'ਦਲ-ਖ਼ਾਲਸਾ' ਦੀ ਸਥਾਪਨਾ ਕੀਤੀ ਗਈ ਅਤੇ ਸ. ਜੱਸਾ ਸਿੰਘ ਉਸ ਦਾ ਮੁਖੀ ਥਾਪਿਆ ਗਿਆ। ਦਲ ਖ਼ਾਲਸਾ ਨੂੰ ਅਗੋਂ ਯਾਰ੍ਹਾਂ ਮਿਸਲਾਂ ਵਿਚ ਵੰਡਿਆ ਗਿਆ ਜਿਨ੍ਹਾਂ ਵਿਚੋਂ ਛੇ ਬੁੱਢਾ ਦਲ ਅਧੀਨ ਸਨ ਅਤੇ ਪੰਜ ਤਰੁਣਾ ਦਲ ਅਧੀਨ। ਇਹ ਮਿਸਲ ਬੁੱਢਾ ਦਲ ਦੀਆਂ ਮਿਸਲਾਂ ਵਿਚ ਸ਼ਾਮਲ ਕੀਤੀ ਗਈ।

ਸ. ਜੱਸਾ ਸਿੰਘ ਦੀ ਅਗਵਾਈ ਅਧੀਨ ਦਲ ਖ਼ਾਲਸਾ ਨੇ ਆਪਣੀ ਸ਼ਕਤੀ ਦਾ ਵਿਸਤਾਰ ਕੀਤਾ ਅਤੇ ਨਵੰਬਰ 1753 ਈ. ਵਿਚ ਮੀਰ ਮਨੂੰ ਦੀ ਮੌਤ ਤੋਂ ਪੈਦਾ ਹੋਈ ਅਰਾਜਕਤਾ ਦੀ ਸਥਿਤੀ ਤੋਂ ਲਾਭ ਉਠਾਉਂਦਿਆਂ ਬਹੁਤ ਸਾਰੇ ਇਲਾਕੇ ਜਿਤੇ। ਫਰਵਰੀ 1762 ਈ. ਵਿਚ ਹੋਏ ਵੱਡੇ ਘਲੂਘਾਰੇ ਦੇ ਬਾਵਜੂਦ ਕੇਵਲ ਦੋ ਸਾਲ ਬਾਦ ਸਰਹਿੰਦ ਨੂੰ ਜਿਤਿਆ। ਸੰਨ 1777 ਈ. ਵਿਚ ਰਾਇ ਇਬਰਾਹੀਮ ਨਾਂ ਦੇ ਭੱਟੀ ਜਾਗੀਰਦਾਰ ਨੂੰ ਹਰਾ ਕੇ ਉਸ ਤੋਂ ਕਪੂਰਥਲਾ ਨਗਰ ਜਿਤ ਲਿਆ ਅਤੇ ਉਸ ਨੂੰ ਆਹਲੂਵਾਲੀਆ ਮਿਸਲ ਦਾ ਸਦਰ ਮੁਕਾਮ ਬਣਾਇਆ। ਉਸ ਦੀ ਮਿਸਲ ਦੇ ਅਧਿਕਾਰ ਖੇਤਰ ਵਿਚ ਕੋਟ ਈਸਾ ਖ਼ਾਨ, ਜਗਰਾਉਂ, ਈਸੜੂ, ਫਤਹਿਗੜ੍ਹ ਤੋਂ ਇਲਾਵਾ ਜਲੰਧਰ ਦੁਆਬ ਵਿਚ ਸੁਲਤਾਨਪੁਰ ਲੋਧੀ ਅਤੇ ਉਸ ਦਾ ਸਮੀਪਵਰਤੀ ਖੇਤਰ, ਅਤੇ ਬਾਰੀ ਦੁਆਬ ਦੇ ਜੰਡਿਆਲਾ ਸਥਿਆਲਾ, ਬੁਣਡਾਲਾ, ਜਲਾਲਾਬਾਦ, ਵੈਰੋਵਾਲ, ਸਰਹਾਲੀ, ਗੋਇੰਦਵਾਲ, ਤਰਨਤਾਰਨ ਅਤੇ ਖਡੂਰ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਫਗਵਾੜਾ, ਉੜਮੁੜ ਟਾਂਡਾ ਅਤੇ ਅਹੀਆਪੁਰ ਦੇ ਜ਼ਿਮੀਂਦਾਰਾਂ ਤੋਂ ਖ਼ਿਰਾਜ ਲੈਂਦਾ ਸੀ।

ਸੰਨ 1783 ਈ. ਵਿਚ ਜੱਸਾ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦਾ ਚਚੇਰਾ ਭਰਾ ਭਾਗ ਸਿੰਘ ਮਿਸਲਦਾਰ ਬਣਿਆ। ਸੰਨ 1801 ਈ. ਵਿਚ ਉਸ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਫਤੇ ਸਿੰਘ ਮਿਸਲ ਦੀ ਗੱਦੀ ਉਤੇ ਬੈਠਾ। ਉਹ ਮਹਾਰਾਜਾ ਰਣਜੀਤ ਸਿੰਘ ਦਾ ਪੱਗ-ਵਟ ਮਿਤਰ ਸੀ ਅਤੇ ਦੋਹਾਂ ਖ਼ਾਨਦਾਨਾਂ ਵਿਚ ਨਿਘੇ ਸੰਬੰਧ ਸਨ। ਸੰਨ 1846 ਈ. ਵਿਚ ਹੋਈ ਅੰਗ੍ਰੇਜ਼-ਸਿੱਖ ਜੰਗ ਵਿਚ ਕਪੂਰਥਲਾ ਰਿਆਸਤ ਅੰਗ੍ਰੇਜ਼ ਸਰਕਾਰ ਦੀ ਸਰਪ੍ਰਸਤੀ ਅਧੀਨ ਆ ਗਈ। ਫਤੇ ਸਿੰਘ ਦੀ ਸੰਤਾਨ ਨੇ ਸੰਨ 1948 ਈ. ਤਕ ਇਸ ਰਿਆਸਤ ਵਿਚ ਹਕੂਮਤ ਚਲਾਈ। ਸੰਨ 1948 ਈ. ਵਿਚ ਇਸ ਨੂੰ ਪੈਪਸੂ ਵਿਚ ਸ਼ਾਮਲ ਕਰ ਲਿਆ ਗਿਆ। ਹੋਰ ਵਿਸਤਾਰ ਲਈ ਵੇਖੋ 'ਕਪੂਰਥਲਾ ਰਿਆਸਤ'।

**ਆਕੜ** (ਪਿੰਡ): ਪਟਿਆਲਾ ਜ਼ਿਲ੍ਹੇ ਦਾ ਇਕ ਪਿੰਡ ਜੋ ਕੌਲੀ ਰੇਲਵੇ ਸਟੇਸ਼ਨ ਤੋਂ ਲਗਭਗ ਤਿੰਨ ਕਿ.ਮੀ. ਉਤਰ ਵਲ ਵਸਿਆ ਹੋਇਆ ਹੈ। ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਮਾਲਵਾ ਖੇਤਰ ਦੇ ਸਫ਼ਰ ਵੇਲੇ ਇਸ ਪਿੰਡ ਵਿਚ ਇਕ ਨਿੰਮ ਦੇ ਬ੍ਰਿਛ ਹੇਠਾਂ ਬਿਸਰਾਮ ਕੀਤਾ ਸੀ। ਨਿੰਮ ਦਾ ਬ੍ਰਿਛ ਹੁਣ ਵੀ ਮੌਜੂਦ ਹੈ। ਜਿਸ ਸ਼ਾਖ ਨਾਲੋਂ ਗੁਰੂ ਜੀ ਨੇ ਦਾਤਣ ਲਈ ਨਿੱਕੀ ਜਿਹੀ ਟਹਿਣੀ ਤੋੜੀ ਸੀ, ਉਸ ਦਾ ਸੁਆਦ ਕੌੜਾ ਨਹੀਂ ਹੈ, ਭਾਵੇਂ ਬਾਕੀ ਦੇ ਸਾਰੇ ਬ੍ਰਿਛ ਦੀਆਂ ਟਹਿਣੀਆਂ ਅਤੇ ਪੱਤਿਆਂ ਦਾ ਸੁਆਦ ਕੌੜਾ ਹੈ। ਲੋਕੀਂ ਇਸ ਗੱਲ ਨੂੰ ਗੁਰੂ ਜੀ ਦੀ ਕਰਾਮਾਤ ਮੰਨਦੇ ਹਨ। ਹੁਣ ਇਸ ਸਥਾਨ ਉਤੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦਾ ਪ੍ਰਬੰਧ ਉਥੋਂ ਦੀ ਕਮੇਟੀ ਕਰਦੀ ਹੈ।

**ਆਗਮ**: ਇਸ ਦਾ ਸ਼ਾਬਦਿਕ ਅਰਥ ਹੈ 'ਪਰੰਪਰਾ-ਗਤ ਸਿੱਧਾਂਤ ਜਾਂ ਵਿਧੀ'। ਆਮ ਤੌਰ 'ਤੇ ਇਹ ਸ਼ਬਦ ਤਾਂਤ੍ਰਿਕ ਪਰੰਪਰਾ ਦਾ ਵਾਚਕ ਹੈ। ਸਨਾਤਨ ਹਿੰਦੂ-ਧਰਮ ਦੀ ਭਾਵਨਾ ਅਨੁਸਾਰ ਆਗਮਾਂ ਨੂੰ ਸ਼ਿਵ ਨੇ ਉਚਾਰਿਆ ਅਤੇ ਪਾਰਬਤੀ ਨੇ ਸੁਣਿਆ। 'ਮਹਾਨਿਰਵਾਣ ਤੰਤ੍ਰ' ਵਿਚ ਲਿਖਿਆ ਹੈ ਕਿ ਕਲਿਯੁਗ ਵਿਚ ਪ੍ਰਾਣੀ ਪਵਿੱਤਰ ਅਤੇ ਅਪਵਿੱਤਰ ਦੇ ਵਿਚਾਰਾਂ ਤੋਂ ਹੀਣ ਹੁੰਦੇ ਸਨ। ਉਨ੍ਹਾਂ ਦੇ ਕਲਿਆਣ ਲਈ ਮਹਾਦੇਵ ਨੇ ਆਗਮਾਂ ਦਾ ਉਪਦੇਸ਼ ਪਾਰਬਤੀ ਨੂੰ ਖ਼ੁਦ ਦਿੱਤਾ। ਇਸੇ ਲਈ ਕਲਿਯੁਗ ਵਿਚ ਆਗਮ ਦੀ ਪੂਜਾ ਵਿਸ਼ੇਸ਼ ਰੂਪ

ਵਿਚ ਲਾਭਦਾਇਕ ਮੰਨੀ ਜਾਂਦੀ ਹੈ।

ਸ਼ਿਵ-ਰਚਿਤ ਤੰਤ੍ਰ-ਸ਼ਾਸਤ੍ਰ ਨੂੰ ਮੁੱਖ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ — ਆਗਮ, ਯਾਮਲ ਅਤੇ ਮੁੱਖ ਤੰਤ੍ਰ। 'ਵਾਰਾਹੀ ਤੰਤ੍ਰ' ਅਨੁਸਾਰ ਜਿਸ ਵਿਚ ਸ੍ਰਿਸ਼ਟੀ, ਪ੍ਰਲਯ, ਦੇਵ-ਪੂਜਾ, ਸਰਵ-ਕਾਰਜ-ਸਾਧਨ, ਪੁਰਸ਼ਚਰਣ (ਗੁਰੂ-ਮੰਤ੍ਰ ਦਾ ਸਿੱਧੀ ਦੀ ਪ੍ਰਾਪਤੀ ਲਈ ਕੀਤਾ ਜਾਪ), ਖਟ-ਕਰਮ ਅਤੇ ਚਾਰ ਤਰ੍ਹਾਂ ਦੇ ਧਿਆਨ-ਯੋਗ ਦਾ ਵਰਣਨ ਹੋਵੇ, ਉਹ 'ਆਗਮ' ਹੈ। ਆਗਮਾਂ ਦੀ ਗਿਣਤੀ 28 ਦਸੀ ਜਾਂਦੀ ਹੈ ਜੋ ਸ਼ੈਵਿਕ ਅਤੇ ਰੌਦ੍ਰਿਕ ਦੋ ਵਰਗਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਆਗਮਾਂ ਵਿਚ ਅਗੋਂ ਕਈ ਕਈ ਉਪ-ਆਗਮ ਹਨ ਜਿਨ੍ਹਾਂ ਦੀ ਕੁਲ ਗਿਣਤੀ 198 ਹੈ।

ਆਗਮਾਂ ਦੀ ਰਚਨਾ ਦੀ ਲੋੜ ਉਤੇ ਪ੍ਰਕਾਸ਼ ਪਾਉਂਦਿਆਂ ਡਾ. ਰਾਜ ਬਲੀ ਪਾਂਡੇਯ (*ਹਿੰਦੂ ਧਰਮ-ਕੋਸ਼*) ਨੇ ਦਸਿਆ ਹੈ ਕਿ ਵੇਦਾਂ ਦੀ ਕਠਿਨਾਈ ਅਤੇ ਮੰਤ੍ਰਾਂ ਦੇ ਬੰਨ੍ਹੇ ਹੋਏ ਸਰੂਪ ਕਾਰਣ ਮਹਾਭਾਰਤ-ਕਾਲ ਤੋਂ ਲੈ ਕੇ ਕਲਿਯੁਗ ਦੇ ਆਰੰਭ ਤਕ ਅਨੇਕਾਂ ਆਗਮਾਂ ਦੀ ਰਚਨਾ ਹੋਈ ਹੋਵੇਗੀ। ਆਗਮ ਅਤਿ-ਪ੍ਰਾਚੀਨ ਅਤੇ ਅਤਿ-ਨਵੀਨ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ।

ਆਗਮਾਂ ਤੋਂ ਹੀ ਸ਼ੈਵ, ਵੈਸ਼ਣਵ ਅਤੇ ਸ਼ਾਕਤ ਆਦਿ ਸੰਪ੍ਰਦਾਵਾਂ ਦੇ ਆਚਾਰ, ਵਿਚਾਰ, ਵਿਸਤਾਰ ਅਤੇ ਵਿਲੱਖਣਤਾ ਬਾਰੇ ਪਤਾ ਚਲਦਾ ਹੈ। ਆਗਮਾਂ ਦੇ ਪ੍ਰਚਲਨ ਨਾਲ ਸ਼ੈਵਾਂ ਵਿਚ ਸ਼ਾਕਤ ਵਿਚਾਰਾਂ ਦਾ ਉਦਭਵ ਹੋਇਆ ਅਤੇ ਉਸ ਪ੍ਰਭਾਵ ਕਾਰਣ ਮੰਦਿਰਾਂ ਅਤੇ ਮੂਰਤੀਆਂ ਦੀ ਉਸਾਰੀ ਅਤੇ ਧਾਰਮਿਕ ਅਨੁਸ਼ਠਾਨਾਂ ਬਾਰੇ ਨਿਯਮ ਬਣਾਏ ਜਾਣ ਲਗੇ। ਸ਼ਾਕਤ ਆਗਮਾਂ ਦੀ ਰਚਨਾ ਉਤੇ ਕੁਝ ਬਾਹਰਲੇ ਪ੍ਰਭਾਵ ਵੀ ਦਸੇ ਜਾਂਦੇ ਹਨ, ਜਿਵੇਂ ਕੌਲਾਚਾਰ ਉਤੇ ਤਿੱਬਤ ਜਾਂ ਚੀਨ ਦੇ ਪ੍ਰਭਾਵ ਦੀ ਸੰਭਾਵਨਾ ਹੈ। ਅਜ-ਕਲ ਜਿਤਨੀਆਂ ਸ਼ਾਕਤ ਸੰਪ੍ਰਦਾਵਾਂ ਹਨ, ਉਹ ਲਗਭਗ ਆਗਮਾਂ ਉਤੇ ਆਧਾਰਿਤ ਹਨ ਕਿਉਂਕਿ ਪੁਰਾਣਾਂ ਵਿਚ ਕਿਤੇ ਕਿਤੇ ਇਨ੍ਹਾਂ ਦਾ ਉੱਲੇਖ ਹੋਇਆ ਹੈ।

ਸ਼ੈਵ ਆਗਮਾਂ ਵਾਂਗ ਵੈਸ਼ਣਵ ਆਗਮ ਵੀ ਰਚੇ ਗਏ ਹਨ, ਜਿਵੇਂ ਪੰਚਰਾਤ੍ਰ ਅਤੇ ਵੈਖਾਨਸ। ਇਨ੍ਹਾਂ ਨੂੰ 'ਸੰਹਿਤਾ' ਨਾਂ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚੋਂ 'ਨਾਰਦ-ਪੰਚ-ਰਾਤ੍ਰ' ਅਧਿਕ ਪ੍ਰਸਿੱਧ ਹੈ। ਬੌਧ ਧਰਮ ਦੇ ਅਨੁਯਾਈਆਂ ਨੇ ਬੌਧ-ਤੰਤ੍ਰਾਂ ਨੂੰ ਮਹਾਤਮਾ ਬੁੱਧ ਦੁਆਰਾ ਉਚਾਰਿਆ ਮੰਨਿਆ ਹੈ। ਇਹ ਵੀ ਸੰਸਕ੍ਰਿਤ ਵਿਚ ਲਿਖੇ ਹਨ। ਇਸੇ ਤਰ੍ਹਾਂ ਜੈਨ-ਮਤ ਵਾਲਿਆਂ ਨੇ ਵੀ ਆਗਮਾਂ ਦੀ ਰਚਨਾ ਕੀਤੀ ਹੈ।

ਸਿੱਖ ਧਰਮ ਵਿਚ ਆਗਮਾਂ ਦੀ ਕੋਈ ਪ੍ਰਤਿਸ਼ਠਾ ਨਹੀਂ ਹੈ। ਉਂਜ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਉਲੇਖ ਹੋਇਆ ਹੈ। ਟੋਡੀ ਰਾਗ ਵਿਚ ਗੁਰੂ ਅਰਜਨ ਦੇਵ ਨੇ 'ਆਗਮ' ਵਲ ਸੰਕੇਤ ਕੀਤਾ ਹੈ — *ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ।*(ਗੁ.ਗ੍ਰੰ.714)। 'ਆਗਮ' ਸ਼ਬਦ ਕਈ ਵਾਰ ਸਮੁੱਚੇ ਸ਼ਾਸਤ੍ਰਾਂ ਲਈ ਵਰਤੀਂਦਾ ਵੀ ਵੇਖਿਆ ਗਿਆ ਹੈ ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ — *ਨਾਰਦ ਮੁਨੀ ਅਖਾਇਦਾ ਆਗਮੁ ਜਾਣ ਨ ਧੀਰਜੁ ਆਣੈ।*(12/11)।

**ਆਗਰਾ** (ਨਗਰ): ਤਾਜ ਮਹੱਲ ਕਰਕੇ ਅਧਿਕ ਪ੍ਰਸਿੱਧ ਆਗਰਾ ਯਮੁਨਾ ਨਦੀ ਦੇ ਸੱਜੇ ਕੰਢੇ ਉਤੇ ਵਸਿਆ ਇਕ ਪੁਰਾਣਾ ਨਗਰ ਹੈ। ਇਸ ਦਾ ਨਾਂ ਆਗਰਾ ਕਿਉਂ ਪਿਆ? ਇਸ ਬਾਰੇ ਇਤਿਹਾਸ ਚੁਪ ਹੈ। ਅਨੁਮਾਨ ਹੈ ਕਿ ਯਮੁਨਾ ਨਦੀ ਦੇ ਉੱਚੇ ਕੰਢੇ (ਆਕਰ) 'ਤੇ ਵਸਿਆ ਹੋਣ ਕਾਰਣ, ਜਾਂ ਕਿਸੇ ਦੁਆਰਾ ਪਹਿਲਾਂ ਪਹਿਲ ਇਥੇ ਘਰ ਜਾਂ ਨਿਵਾਸ-ਸਥਾਨ (ਆਗਰ) ਬਣਾਉਣ ਕਰਕੇ ਇਸ ਦਾ ਨਾਂ 'ਆਗਰਾ' ਪ੍ਰਚਲਿਤ ਹੋ ਗਿਆ ਹੋਵੇਗਾ।

ਇਤਿਹਾਸ ਵਿਚ ਆਗਰੇ ਦਾ ਮਹੱਤਵ ਲੋਦੀ-ਕਾਲ ਤੋਂ ਸ਼ੁਰੂ ਹੁੰਦਾ ਹੈ। ਸਿਕੰਦਰ ਲੋਦੀ ਅਤੇ ਇਬ੍ਰਾਹੀਮ ਲੋਦੀ ਨੇ ਇਸ ਨੂੰ ਆਪਣੀ ਬਾਦਸ਼ਾਹੀ ਵੇਲੇ ਰਾਜਧਾਨੀ ਬਣਾਇਆ। ਸੰਨ 1526 ਈ. ਵਿਚ ਪਾਨੀਪਤ ਦੀ ਯੁੱਧ-ਭੂਮੀ ਵਿਚ ਲੋਦੀ ਹਾਰ ਗਏ ਅਤੇ ਬਾਬਰ ਦੀ ਜਿਤ ਹੋਈ। ਉਸ ਤੋਂ ਬਾਦ ਆਗਰਾ ਮੁਗ਼ਲਾਂ ਦੇ ਅਧੀਨ ਹੋ ਗਿਆ। ਬਾਬਰ ਦੇ ਪੋਤੇ ਅਕਬਰ ਨੇ ਇਸ ਨੂੰ ਆਪਣੀ ਸਥਾਈ ਰਾਜਧਾਨੀ ਬਣਾ ਕ ਇਸ ਦੇ ਵਿਕਾਸ ਵਲ ਧਿਆਨ ਦਿੱਤਾ ਅਤੇ ਇਸ ਦਾ ਨਾਂ ਅਕਬਰਾਬਾਦ ਰਖਿਆ। ਉਸ ਨੇ ਸਿਕੰਦਰ ਲੋਦੀ ਦੁਆਰਾ ਬਣਾਏ 'ਬਦਲ ਗੜ੍ਹ' ਨਾਂ ਦੇ ਕਿਲ੍ਹੇ ਵਾਲੀ ਥਾਂ 'ਤੇ ਲਾਲ ਪੱਥਰਾਂ ਦਾ ਇਕ ਨਵਾਂ ਕਿਲ੍ਹਾ ਬਣਵਾਇਆ। ਸ਼ਹਿਰ ਦੇ ਇਰਦ-ਗਿਰਦ ਪਰਕੋਟਾ ਉਸਰਵਾਇਆ ਜਿਸ ਵਿਚ 16 ਦਰਵਾਜ਼ੇ ਅਤੇ ਅਨੇਕ ਗੁੰਬਦ ਅਤੇ ਬੁਰਜ ਰਖਵਾਏ।

ਜਹਾਂਗੀਰ ਅਤੇ ਸ਼ਾਹਜਹਾਨ ਨੇ ਵੀ ਆਗਰੇ ਨੂੰ ਹੀ ਆਪਣੀ ਹਕੂਮਤ ਵੇਲੇ ਰਾਜਧਾਨੀ ਬਣਾਈ ਰਖਿਆ। ਕਿਲ੍ਹੇ ਅੰਦਰਲੀਆਂ ਬਹੁਤ ਸਾਰੀਆਂ ਇਮਾਰਤਾਂ ਇਨ੍ਹਾਂ ਦੋਹਾਂ

ਬਾਦਸ਼ਾਹਾਂ ਨੇ ਬਣਵਾਈਆਂ। ਸ਼ਾਹਜਹਾਨ ਨੇ ਆਪਣੀ ਬੇਗਮ ਅਰਜਮੰਦ ਬਾਨੂ, ਜਿਸ ਦਾ ਨਾਂ ਮੁਮਤਾਜ਼ ਮਹੱਲ ਵੀ ਸੀ, ਦੀ ਯਾਦ ਵਿਚ 'ਤਾਜ ਮਹੱਲ' ਬਣਵਾਇਆ ਜੋ ਸੰਸਾਰ ਦੇ ਮੁੱਖ ਅਜੂਬਿਆਂ ਵਿਚ ਗਿਣਿਆ ਜਾਂਦਾ ਹੈ।

ਔਰੰਗਜ਼ੇਬ ਨੇ ਆਗਰੇ ਦੀ ਥਾਂ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਨਾਲ ਆਗਰੇ ਦਾ ਗੌਰਵ ਘਟਣ ਲਗਾ। ਅਠਾਰ੍ਹਵੀਂ ਸਦੀ ਦੇ ਅੰਤ ਤਕ ਇਸ ਨਗਰ ਉਤੇ ਜਾਟਾਂ ਅਤੇ ਮਰਹਟਿਆਂ ਨੇ ਵੀ ਆਪਣਾ ਅਧਿਕਾਰ ਜਮਾਇਆ। 17 ਅਕਤੂਬਰ 1803 ਈ. ਵਿਚ ਇਹ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਵਿਚ ਆ ਗਿਆ। ਸੰਨ 1835 ਈ. ਵਿਚ ਇਸ ਨੂੰ ਉੱਤਰ-ਪੱਛਮੀ ਖੇਤਰ ਦੀ ਰਾਜਧਾਨੀ ਬਣਾਇਆ ਗਿਆ, ਪਰ ਸੰਨ 1857 ਈ. ਦੇ ਗ਼ਦਰ ਤੋਂ ਬਾਦ ਸੰਨ 1861 ਈ. ਵਿਚ ਇਥੋਂ ਰਾਜਧਾਨੀ ਹਟਾ ਕੇ ਅਲਾਹਾਬਾਦ ਕਾਇਮ ਕੀਤੀ ਗਈ। ਸਿੱਟੇ ਵਜੋਂ ਦਿਨੋਂ-ਦਿਨ ਇਸ ਨਗਰ ਦਾ ਮਹੱਤਵ ਘਟਣ ਲਗ ਗਿਆ। ਮੁਗ਼ਲ-ਕਾਲੀਨ ਅਨੇਕ ਇਮਾਰਤਾਂ ਤੋਂ ਇਲਾਵਾ, ਇਥੋਂ ਦਾ ਦਿਆਲ ਬਾਗ਼ ਵਿਸ਼ੇਸ਼ ਉੱਲੇਖਯੋਗ ਹੈ।

ਸਿੱਖ-ਇਤਿਹਾਸ ਅਨੁਸਾਰ ਇਥੇ ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਆਏ ਸਨ ਅਤੇ ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਥੇ ਗੁਰਦੁਆਰੇ ਵੀ ਬਣੇ ਹੋਏ ਹਨ। ਸਭ ਤੋਂ ਅਧਿਕ ਪ੍ਰਸਿੱਧ 'ਗੁਰਦੁਆਰਾ ਮਾਈ ਥਾਨ' ਹੈ। ਇਥੋਂ ਦੀ ਰਹਿਣ ਵਾਲੀ ਮਾਈ ਜੱਸੀ ਦੀ ਇੱਛਾ ਸੀ ਕਿ ਗੁਰੂ ਤੇਗ ਬਹਾਦਰ ਜੀ ਆਪ ਪਧਾਰ ਕੇ ਉਸ ਤੋਂ, ਉਸ ਦੇ ਆਪਣੇ ਹੱਥਾਂ ਨਾਲ ਬਣੇ ਹੋਏ ਰੁਮਾਲ ਨੂੰ ਗ੍ਰਹਿਣ ਕਰਨ। ਪਟਨੇ ਨੂੰ ਜਾਂਦਿਆਂ ਗੁਰੂ ਸਾਹਿਬ ਉਥੇ ਪਧਾਰੇ, ਰੁਮਾਲ ਗ੍ਰਹਿਣ ਕੀਤਾ ਅਤੇ ਮਾਈ ਨੂੰ ਵਰਦਾਨ ਦਿੱਤਾ। ਇਸ ਗੁਰਦੁਆਰੇ ਦਾ ਪ੍ਰਬੰਧ ਸ੍ਰੀ ਗੁਰੂ ਤੇਗ ਬਹਾਦਰ ਸੈਂਟ੍ਰਲ ਬੋਰਡ, ਆਗਰਾ ਦੁਆਰਾ ਕੀਤਾ ਜਾਂਦਾ ਹੈ।

ਆਗਰੇ ਵਿਚ ਕਦੇ ਸਿੱਖ-ਧਰਮ ਦੇ ਪ੍ਰਚਾਰ ਦਾ ਕੇਂਦਰ ਵੀ ਰਿਹਾ ਹੈ। ਭਾਈ ਗੁਰਦਾਸ ਸਿੱਖ-ਧਰਮ ਦੇ ਪ੍ਰਚਾਰ ਲਈ ਇਥੇ ਕਾਫ਼ੀ ਸਮਾਂ ਠਹਿਰੇ ਸਨ। ਉਨ੍ਹਾਂ ਨੇ ਕਬਿੱਤ-ਸਵੈਇਆਂ ਦੀ ਰਚਨਾ ਅਧਿਕਤਰ ਇਥੇ ਹੀ ਕੀਤੀ ਸੀ। ਵਾਰਾਂ ਵਿਚ ਵੀ ਇਥੋਂ ਦੇ ਸਿਦਕੀ ਸਿੱਖਾਂ ਦਾ ਉੱਲੇਖ ਹੋਇਆ ਹੈ— *ਸੁੰਦਰ ਚਢਾ ਆਗਰੈ ਢਾਕੈ ਸੋਹਣਿ ਸੇਵ ਕਮਾਣੀ।* (11/31)

'ਗੁਰਬਿਲਾਸ ਪਾਤਿਸ਼ਾਹੀ ੧੦' ਦੇ ਰਚੈਤਾ ਭਾਈ ਕੋਇਰ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਜ਼ਿਕਰ ਕੀਤਾ ਹੈ ਕਿ ਆਗਰੇ ਦੇ ਹਾਥੀ ਘਾਟ ਵਾਲੇ ਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਲਗਭਗ ਚਾਰ ਮਹੀਨੇ ਰੁਕੇ ਸਨ। ਉਥੇ ਪਹਿਲਾਂ ਕੋਈ ਗੁਰੂ-ਧਾਮ ਨਹੀਂ ਸੀ। ਪਰ ਦੇਸ਼ ਦੀ ਆਜ਼ਾਦੀ ਤੋਂ ਬਾਦ ਮੰਟਗੁਮਰੀ ਤੋਂ ਆਏ ਸੰਤ ਲਾਲ ਸਿੰਘ ਨੇ ਗੁਰੂ ਜੀ ਦੀ ਆਮਦ ਵਾਲੀ ਥਾਂ ਦੀ ਨਿਸ਼ਾਨਦੇਹੀ ਕੀਤੀ ਅਤੇ ਉਥੇ 'ਗੁਰਦੁਆਰਾ ਹਾਥੀ ਘਾਟ ਸਾਹਿਬ' ਦੀ ਸਥਾਪਨਾ ਕੀਤੀ। ਉਥੇ ਪਹਿਲਾ ਛੋਟੀ ਜਿਹੀ ਇਮਾਰਤ ਸੀ, ਪਰ ਹੁਣ ਉਸ ਦਾ ਬਿਸਤਾਰ ਕੀਤਾ ਜਾ ਰਿਹਾ ਹੈ।

**ਆਗਿਆ ਰਾਮ, ਭਾਈ:** ਦਿੱਲੀ ਨਿਵਾਸੀ ਇਕ ਸਿੱਖ, ਜੋ ਸੁਖਾ ਸਿੰਘ ਕ੍ਰਿਤ 'ਗੁਰਬਿਲਾਸ ਪਾਤਿਸ਼ਾਹੀ ੧੦' ਅਤੇ 'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਜੈਤਾ, ਭਾਈ ਨਾਨੂ ਅਤੇ ਭਾਈ ਊਦਾ ਨਾਲ ਮਿਲ ਕੇ 11 ਨਵੰਬਰ 1675 ਈ. ਨੂੰ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈਣ ਲਈ ਚਾਂਦਨੀ ਚੌਂਕ ਗਿਆ ਸੀ। ਇਹ ਚਾਰੋਂ ਲੁਕ-ਛਿਪ ਕੇ ਚਾਂਦਨੀ ਚੌਂਕ ਪਹੁੰਚ ਗਏ ਅਤੇ ਗੁਰੂ ਜੀ ਦਾ ਸੀਸ ਲੈ ਕੇ ਦਿਲਵਾਲੀ ਮੁਹੱਲੇ ਵਿਚ ਭਾਈ ਜੈਤੇ ਦੇ ਘਰ ਪਹੁੰਚੇ। ਰਾਤ ਨੂੰ ਉਥੇ ਟਿਕੇ ਅਤੇ ਸਵੇਰੇ ਭਾਈ ਜੈਤਾ ਸੀਸ ਲੈ ਕੇ ਆਨੰਦਪੁਰ ਨੂੰ ਰਵਾਨਾ ਹੋਇਆ ਅਤੇ 16 ਨਵੰਬਰ 1675 ਈ. ਉਥੇ ਪਹੁੰਚਿਆ।

**ਆਜ਼ਾਦ ਹਿੰਦ ਫ਼ੌਜ** : ਭਾਰਤ ਨੂੰ ਸੁਤੰਤਰ ਕਰਾਉਣ ਵਿਚ ਆਜ਼ਾਦ ਹਿੰਦ ਫ਼ੌਜ ਦਾ ਮਹੱਤਵਪੂਰਣ ਯੋਗਦਾਨ ਹੈ, ਭਾਵੇਂ ਇਸ ਤੋਂ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਬਰਲਿਨ ਵਿਚ ਭਾਰਤ ਦੀ ਸੁਤੰਤਰਤਾ ਦੀ ਲੜਾਈ ਲੜਨ ਲਈ ਸੰਨ 1941 ਈ. ਵਿਚ 'ਲਸ਼ਕਰੇ ਹਿੰਦ' (ਵੇਖੋ) ਦੀ ਸਥਾਪਨਾ ਕੀਤੀ ਸੀ, ਪਰ ਉਹ ਕੋਈ ਵਿਸ਼ੇਸ਼ ਵਜੂਦ ਨ ਬਣਾ ਸਕੀ। ਉਸ ਤੋਂ ਬਾਦ 'ਆਜ਼ਾਦ ਹਿੰਦ ਫ਼ੌਜ' ਦੀ ਸਥਾਪਨਾ 15 ਫਰਵਰੀ 1942 ਈ. ਵਿਚ ਜਨਰਲ ਮੋਹਨ ਸਿੰਘ ਦੇ ਉੱਦਮ ਅਤੇ ਸਿਆਣਪ ਨਾਲ ਸਿੰਗਾਪੁਰ ਵਿਚ ਹੋਈ। ਇਸ ਵਿਚ ਉਨ੍ਹਾਂ ਭਾਰਤੀ ਸਿਪਾਹੀਆਂ, ਅਧਿਕਤਰ ਸਿੱਖ ਸੈਨਿਕਾਂ, ਨੇ ਹਿੱਸਾ ਲਿਆ ਜੋ ਦੂਜੇ ਵਿਸ਼ਵ ਯੁੱਧ ਵੇਲੇ ਅੰਗ੍ਰੇਜ਼ਾਂ ਵਲੋਂ ਜਾਪਾਨੀਆਂ ਅਗੇ ਆਤਮ-ਸਮਰਪਣ ਕੀਤੇ ਜਾਣ 'ਤੇ ਕੈਦੀ ਬਣਾਏ ਗਏ ਸਨ। ਇਸ ਫ਼ੌਜੀ ਸੰਗਠਨ ਵਿਚ ਲੈਫ਼.-ਕਰਨਲ ਨਿਰੰਜਨ ਸਿੰਘ

ਗਿਲ ਨੂੰ ਚੀਫ਼ ਆਫ਼ ਸਟਾਫ਼, ਲਫ਼.-ਕਰਨਲ ਜੇ.ਕੇ.ਭੌਂਸਲੇ ਨੂੰ ਕੁਆਰਟਰ ਮਾਸਟਰ ਜਨਰਲ ਅਤੇ ਲਫ਼.-ਕਰਨਲ ਏ.ਸੀ. ਚੈਟਰਜੀ ਨੂੰ ਮੈਡੀਕਲ ਸੇਵਾਵਾਂ ਦਾ ਡਾਇਰੈਕਟਰ ਬਣਾਇਆ ਗਿਆ। ਉਦੋਂ ਹੀ 28 ਮਾਰਚ 1942 ਈ. ਨੂੰ ਰਾਸ ਬਿਹਾਰੀ ਬੋਸ ਅਤੇ ਐਨ. ਰਾਘਵਨ ਦੇ ਉਦਮਾਂ ਨਾਲ ਟੋਕੀਓ ਵਿਚ 'ਇੰਡੀਅਨ ਇੰਡੀਪੈਂਡੈਂਸ ਲੀਗ' ਕਾਇਮ ਕੀਤੀ ਗਈ।

15 ਜੂਨ 1942 ਈ. ਨੂੰ ਬੈਂਕਾਕ ਵਿਚ ਹੋਈ ਇਕ ਹੋਰ ਕਾਨਫ਼੍ਰੰਸ ਵਿਚ ਪਾਸ ਹੋਇਆ ਕਿ ਇੰਡੀਅਨ ਇੰਡੀਪੈਂਡੈਂਸ ਲੀਗ ਅਤੇ ਆਜ਼ਾਦ ਹਿੰਦ ਫ਼ੌਜ ਦੀ ਅਗਵਾਈ ਲਈ ਸੁਭਾਸ਼ ਚੰਦਰ ਬੋਸ ਨੂੰ ਜਾਪਾਨੀ ਅਧਿਕਾਰੀ ਬਰਲਿਨ ਤੋਂ ਟੋਕੀਓ ਲਿਆਉਣ। ਪਰ ਇਸ ਦੌਰਾਨ ਆਜ਼ਾਦ ਹਿੰਦ ਫ਼ੌਜ ਅਤੇ ਜਾਪਾਨੀ ਅਧਿਕਾਰੀਆਂ ਵਿਚ ਸੈਨਿਕ ਮਸਲਿਆਂ ਬਾਰੇ ਮਤ-ਭੇਦ ਪੈਦਾ ਹੋ ਜਾਣ ਕਾਰਣ ਬੋਸ ਨੂੰ ਟੋਕੀਓ ਨ ਲਿਆਉਂਦਾ ਗਿਆ। ਪਰ ਜਦੋਂ ਸ਼ਾਂਤ ਮਹਾਸਾਗਰ ਵਿਚ ਜਾਪਾਨੀਆਂ ਨੂੰ ਕੁਝ ਹਾਰਾਂ ਹੋਈਆਂ, ਤਾਂ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਇਆਂ ਉਹ ਸੁਭਾਸ਼ ਚੰਦਰ ਨੂੰ 20 ਜੂਨ 1943 ਈ. ਨੂੰ ਬਰਲਿਨ ਤੋਂ ਟੋਕੀਓ ਲੈ ਆਏ।

15 ਜੁਲਾਈ 1943 ਈ. ਨੂੰ ਬੋਸ ਸਿੰਗਾਪੁਰ ਪਹੁੰਚਿਆ ਅਤੇ ਡੇਢ ਲੱਖ ਦੇ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਦਿੱਲੀ ਵਲ ਚਲਣ ਲਈ ਹੱਲਾ-ਸ਼ੇਰੀ ਦਿੱਤੀ। 25 ਅਗਸਤ 1943 ਈ. ਨੂੰ ਸੁਭਾਸ਼ ਚੰਦਰ ਆਜ਼ਾਦ ਹਿੰਦ ਫ਼ੌਜ ਦਾ ਸੈਨਾਪਤੀ ਬਣ ਕੇ ਰੰਗੂਨ ਪਹੁੰਚਿਆ ਅਤੇ ਅਸਥਾਈ ਸਰਕਾਰ ਕਾਇਮ ਕੀਤੀ। ਭਾਰਤੀ ਇਸਤਰੀਆਂ ਨੂੰ ਜੱਥੇਬੰਦ ਕਰਨ ਲਈ ਉਸ ਨੇ 'ਰਾਨੀ ਝਾਂਸੀ ਰਜਮੈਂਟ' ਤਿਆਰ ਕੀਤੀ। ਇਸ ਸਾਲ ਦੇ ਅੰਤ ਤਕ ਆਜ਼ਾਦ ਹਿੰਦ ਫ਼ੌਜ ਦੀ ਗਿਣਤੀ ਸੱਤਰ ਹਜ਼ਾਰ ਤੋਂ ਵਧ ਹੋ ਗਈ। ਬੋਸ ਦੀ ਸਿਆਣਪ ਨਾਲ ਆਜ਼ਾਦ ਹਿੰਦ ਫ਼ੌਜ ਅਤੇ ਜਾਪਾਨੀ ਅਧਿਕਾਰੀਆਂ ਵਿਚ ਨੇੜਤਾ ਵਧੀ। ਇਥੋਂ ਤਕ ਕਿ ਜਾਪਾਨ ਸਰਕਾਰ ਨੇ ਆਜ਼ਾਦ ਹਿੰਦ ਫ਼ੌਜ ਨੂੰ ਆਪਣੀਆਂ ਸੁਤੰਤਰ ਸਰਗਰਮੀਆਂ ਲਈ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂ ਦੇ ਦਿੱਤੇ ਅਤੇ ਦਸੰਬਰ, 1943 ਈ. ਵਿਚ ਬੋਸ ਪੋਰਟ ਬਲੀਅਰ ਪਹੁੰਚ ਗਿਆ।

ਜਨਵਰੀ 1944 ਈ. ਵਿਚ ਆਜ਼ਾਦ ਹਿੰਦ ਫ਼ੌਜ ਦਾ ਮੁੱਖ ਦਫ਼ਤਰ ਰੰਗੂਨ ਵਿਚ ਲਿਆਉਂਦਾ ਗਿਆ। ਫਿਰ ਬਰਮਾ ਦੇਸ਼ ਦੀ ਸੀਮਾ ਨੂੰ ਪਾਰ ਕਰਕੇ 18 ਮਾਰਚ 1944 ਈ. ਨੂੰ ਇਸ ਫ਼ੌਜ ਨੇ ਭਾਰਤ ਦੀ ਧਰਤੀ ਉਤੇ ਪੈਰ ਰਖੇ। ਇਹ ਫ਼ੌਜ ਕੋਹੀਮਾ ਅਤੇ ਇੰਫਲ ਤਕ ਵਧ ਗਈ। ਪਰ ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਬੰਬ-ਵਰਸ਼ਾ ਕਰਕੇ ਜਾਪਾਨ ਨੂੰ ਛੇ ਦਿਨਾਂ ਵਿਚ ਹਥਿਆਰ ਸੁਟਣ ਲਈ ਮਜਬੂਰ ਕਰ ਦਿੱਤਾ।

ਇਸ ਨਾਲ ਆਜ਼ਾਦ ਹਿੰਦ ਫ਼ੌਜ ਅਗੇ ਵਧਣੋਂ ਰੁਕ ਗਈ। ਉਧਰ ਮਿਤਰ ਦੇਸ਼ਾਂ ਦੀਆਂ ਫ਼ੌਜਾਂ ਚੰਗੀ ਤਰ੍ਹਾਂ ਸੰਗਠਿਤ ਹੋ ਕੇ ਸਾਰੇ ਮਹਾਜ਼ਾਂ ਉਤੇ ਅਗੇ ਵਧਣ ਲਗੀਆਂ। ਅਗਸਤ 1945 ਈ. ਵਿਚ ਇਹ ਫ਼ੌਜਾਂ ਬਰਮਾ ਵਿਚ ਫਿਰ ਤੋਂ ਦਾਖ਼ਲ ਹੋ ਗਈਆਂ ਅਤੇ ਰੰਗੂਨ ਉਤੇ ਮੁੜ ਕਬਜ਼ਾ ਕਰ ਲਿਆ। ਇਸ ਦੌਰਾਨ ਜਾਪਾਨੀ ਸੈਨਿਕਾਂ ਅਤੇ ਅਫ਼ਸਰਾਂ ਦੇ ਨਾਲ ਆਜ਼ਾਦ ਹਿੰਦ ਫ਼ੌਜ ਦੇ ਭਾਰਤੀ ਸਿਪਾਹੀ ਅਤੇ ਅਫ਼ਸਰ ਵੀ ਕੈਦੀ ਬਣਾ ਲਏ ਗਏ ਅਤੇ ਬਹੁਤਿਆਂ ਨੂੰ ਭਾਰਤ ਲਿਆ ਕੇ ਕੇਵਲ ਨੌਕਰੀਓਂ ਕਢ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣ ਲਈ ਵਾਤਾਵਰਣ ਅਨੁਕੂਲ ਨਹੀਂ ਸੀ ਅਤੇ ਕਾਂਗ੍ਰਸ ਪਾਰਟੀ ਉਨ੍ਹਾਂ ਦੀ ਪਿਠ ਉਤੇ ਸੀ। ਜਨਰਲ ਮੋਹਨ ਸਿੰਘ ਅਤੇ ਕਰਨਲ ਨਿਰੰਜਨ ਸਿੰਘ ਗਿਲ ਨੂੰ ਛਡ ਦਿੱਤਾ ਗਿਆ।

ਕੁਝ ਅਫ਼ਸਰਾਂ ਵਿਰੁੱਧ ਫ਼ੌਜੀ ਨਿਯਮਾਂ ਅਨੁਸਾਰ ਅਦਾਲਤੀ ਕਾਰਵਾਈ ਕੀਤੀ ਗਈ। ਅਜਿਹੀਆਂ ਕਾਰਵਾਈਆਂ ਵਿਚੋਂ ਇਕ ਅਫ਼ਸਰ-ਤਿਕੜੀ (ਕਪਤਾਨ ਸ਼ਾਹ ਨਵਾਜ਼, ਕਪਤਾਨ ਗੁਰਬਖ਼ਸ਼ ਸਿੰਘ ਢਿਲੋਂ ਅਤੇ ਕਪਤਾਨ ਪ੍ਰੇਮ ਕੁਮਾਰ ਸਹਿਗਲ) ਵਿਰੁੱਧ ਲਾਲ ਕਿਲ੍ਹੇ ਵਿਚ ਕੀਤੀ ਗਈ ਅਦਾਲਤੀ ਕਾਰਵਾਈ ਬਹੁਤ ਪ੍ਰਸਿੱਧ ਹੈ। ਇਹ ਮੁਕਦਮਾ ਲਗਭਗ ਇਕ ਸਾਲ ਤਕ ਚਲਿਆ ਅਤੇ ਇਸ ਨੂੰ ਪ੍ਰਸਿੱਧ ਵਕੀਲ ਭੋਲਾ ਭਾਈ ਡੇਸਾਈ ਨੇ ਲੜਿਆ, ਪਰ ਅਦਾਲਤ ਨੇ ਤਿੰਨਾਂ ਅਫ਼ਸਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਫਲਸਰੂਪ ਦੇਸ਼ ਭਰ ਵਿਚ ਤਕੜਾ ਰੋਸ ਮਨਾਇਆ ਗਿਆ। ਹਾਲਾਤ ਦੀ ਨਜ਼ਾਕਤ ਨੂੰ ਵੇਖਦੇ ਹੋਇਆਂ ਹਿੰਦੁਸਤਾਨ ਦੀ ਸੈਨਾ ਦੇ ਕਮਾਂਡਰ-ਇਨ-ਚੀਫ਼ ਨੇ ਤਿੰਨਾਂ ਨੂੰ ਬਰੀ ਕਰ ਦਿੱਤਾ।

15 ਅਗਸਤ 1947 ਈ. ਵਿਚ ਪ੍ਰਾਪਤ ਹੋਈ ਆਜ਼ਾਦੀ ਤੋਂ ਬਾਦ ਭਾਰਤੀ ਸਰਕਾਰ ਨੇ ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਅਤੇ ਸੈਨਿਕਾਂ ਨੂੰ ਢੁੱਕਵੇਂ ਮੁਆਵਜ਼ੇ ਦਿੱਤੇ ਅਤੇ ਕਈਆਂ ਨੂੰ ਅਰਧ-ਸੈਨਿਕ ਦਲਾਂ ਜਾਂ ਪੁਲਿਸ ਵਿਚ ਨੌਕਰੀਆਂ ਵੀ ਦਿੱਤੀਆਂ। ਇਸ ਵਿਚ ਸੰਦੇਹ ਨਹੀਂ ਕਿ

ਆਜ਼ਾਦ ਹਿੰਦ ਫ਼ੌਜ ਆਪਣੇ ਉੱਦੇਸ਼ ਵਿਚ ਕਾਮਯਾਬ ਨਹੀਂ ਹੋ ਸਕੀ, ਪਰ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਫ਼ੌਜ ਦੀ ਸਥਾਪਨਾ ਨਾਲ ਸੁਤੰਤਰਤਾ ਪ੍ਰਾਪਤੀ ਦੀ ਰਫ਼ਤਾਰ ਤੇਜ਼ ਹੋ ਗਈ ਕਿਉਂਕਿ ਅੰਗ੍ਰੇਜ਼ ਸਰਕਾਰ ਨੇ ਅਨੁਭਵ ਕਰ ਲਿਆ ਸੀ ਕਿ ਹੁਣ ਜ਼ਿਆਦਾ ਸਮੇਂ ਲਈ ਭਾਰਤ ਉਤੇ ਹਕੂਮਤ ਕਰਨਾ ਸੰਭਵ ਨਹੀਂ ਰਿਹਾ।

**ਆਤਮ-ਸੁਖ:** ਇਸ ਤੋਂ ਭਾਵ ਹੈ ਅੰਤਰ ਆਤਮਾ ਨੂੰ ਪ੍ਰਾਪਤ ਹੋਣ ਵਾਲਾ ਸੁਖ। ਇਸ ਦਾ ਦੁਨਿਆਵੀ ਸੁਖ ਨਾਲ ਕੋਈ ਸੰਬੰਧ ਨਹੀਂ। ਇਹ ਅਧਿਆਤਮਿਕ ਸੁਖ ਹੈ ਜਿਸ ਦਾ ਸੰਬੰਧ ਸ਼ਰੀਰ ਨਾਲ ਨਹੀਂ, ਆਤਮਾ ਨਾਲ ਹੈ। ਇਸ ਨੂੰ ਪਰਮ-ਸੁਖ ਵੀ ਕਿਹਾ ਜਾ ਸਕਦਾ ਹੈ। ਇਸ ਨੂੰ ਗੁਰੂ ਅਮਰਦਾਸ ਜੀ ਨੇ 'ਆਨੰਦ' ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ 'ਆਤਮ-ਚੀਨਣ' (ਵੇਖੋ) ਰਾਹੀਂ ਆਤਮ-ਸੁਖ ਦੀ ਪ੍ਰਾਪਤੀ ਸੰਭਵ ਮੰਨੀ ਹੈ—*ਜਨ ਨਾਨਕ ਕਉ ਹਰਿ ਦਰਸੁ ਦਿਖਾਇਆ। ਆਤਮ ਚੀਨਿ ਪਰਮ ਸੁਖ ਪਾਇਆ।*(ਗੁ.ਗ੍ਰੰ.375)। ਗੁਰੂ ਅਰਜਨ ਦੇਵ ਜੀ ਨੇ ਟੋਡੀ ਰਾਗ ਵਿਚ ਕਿਹਾ ਹੈ ਕਿ ਪ੍ਰਭੂ ਦੇ ਸਿਮਰਨ ਨਾਲ ਸਭ ਦੁਖ ਨਸ਼ਟ ਹੋ ਜਾਂਦੇ ਹਨ ਅਤੇ ਮਨ ਵਿਚ ਸੁਖ/ਆਨੰਦ ਛਾ ਜਾਂਦਾ ਹੈ —*ਮਾਈ ਮੇਰੇ ਮਨ ਕੋ ਸੁਖੁ। ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ। ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ।*(ਗੁ.ਗ੍ਰੰ.717)

**ਆਤਮ-ਚੀਨਣ :** ਸਿੱਖ-ਧਰਮ ਵਿਚ ਆਤਮ-ਚੀਨਣ ਤੋਂ ਭਾਵ ਹੈ ਆਤਮ-ਗਿਆਨ ਪ੍ਰਾਪਤ ਕਰਨਾ। ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਜਿਗਿਆਸੂ ਨੂੰ ਆਤਮ-ਗਿਆਨ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਕਿਉਂਕਿ ਜਦ ਤਕ ਅਜਿਹੀ ਬਿਰਤੀ ਵਿਕਸਿਤ ਨਹੀਂ ਹੁੰਦੀ, ਉਦੋਂ ਤਕ ਅਧਿਆਤਮਿਕ ਉਨਤੀ ਸੰਭਵ ਨਹੀਂ ਹੋ ਸਕਦੀ। ਅਧਿਆਤਮਿਕ ਉਨਤੀ ਤੋਂ ਭਾਵ ਹੈ ਪਰਮ-ਸੱਤਾ ਨਾਲ ਏਕਾਕਾਰ ਹੋਣਾ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਜੋ ਵਿਅਕਤੀ ਆਤਮ-ਗਿਆਨ ਪ੍ਰਾਪਤ ਕਰ ਲੈਂਦੇ ਹਨ, ਉਹ ਪਰਮਾਤਮਾ ਰੂਪ ਹੀ ਹੋ ਜਾਂਦੇ ਹਨ। ਉਨ੍ਹਾਂ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਅਸਲ ਵਿਚ, ਪਰਮਾਤਮਾ ਰੂਪੀ ਅੰਮ੍ਰਿਤ ਬ੍ਰਿਛ ਨਾਲ ਜੋ ਫਲ ਲਗਦੇ ਹਨ, ਉਹ ਵੀ ਅੰਮ੍ਰਿਤ ਰੂਪ ਹੀ ਹੁੰਦੇ ਹਨ। ਉਨ੍ਹਾਂ ਫਲਾਂ ਨੂੰ ਚਖ ਲੈਣ ਵਾਲਾ ਸਾਧਕ ਆਪਣਾ ਦ੍ਵੈਤ ਭਾਵ ਖ਼ਤਮ ਕਰਕੇ ਪਰਮ-ਤੱਤ੍ਵ ਵਿਚ ਲੀਨ ਹੋ ਜਾਂਦਾ ਹੈ — *ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ। ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ। ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ। ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ।* (ਗੁ.ਗ੍ਰੰ.421)। ਇਸ ਆਤਮ-ਤੱਤ੍ਵ ਦੀ ਪਛਾਣ ਨੂੰ ਗੁਰੂ ਦੁਆਰਾ ਸੰਭਵ ਦਸਦੇ ਹੋਇਆਂ ਗੁਰੂ ਜੀ ਨੇ ਕਿਹਾ ਹੈ — *ਗੁਰ ਬਿਨੁ ਆਪੁ ਨ ਚੀਨੀਐ ਕਹੈ ਸੁਣੇ ਕਿਆ ਹੋਇ।*

ਗੁਰਬਾਣੀ ਵਿਚ ਪਰਮਾਤਮਾ ਅਤੇ ਆਤਮਾ ਦੀ ਅਭੇਦਤਾ ਨੂੰ ਅਨੇਕ ਪ੍ਰਕਰਣਾਂ ਵਿਚ ਪ੍ਰਗਟਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਸੁਵੰਨਵੇ ਸ਼ਰੀਰ ਵਿਚ ਨਿਰਮਲ ਜਾਂ ਪਵਿੱਤਰ ਆਤਮਾ ਨਿਵਾਸ ਕਰਦੀ ਹੈ ਜਿਸ ਵਿਚ ਪਰਮਾਤਮਾ ਦਾ ਅੰਸ਼ ਮੌਜੂਦ ਹੈ — *ਕੰਚਨ ਕਾਇਆ ਨਿਰਮਲ ਹੰਸੁ। ਜਿਸ ਮਹਿ ਨਾਮੁ ਨਿਰੰਜਨ ਅੰਸੁ।* ਗੁਰਬਾਣੀ ਵਿਚ ਵਰਣਿਤ, ਪਰਮਾਤਮਾ ਅਤੇ ਆਤਮਾ ਦਾ ਇਹ ਅੰਸ਼-ਅੰਸ਼ੀ ਭਾਵ ਅਖੰਡਤਾ ਸੂਚਕ ਹੈ। ਇਸ ਨੂੰ ਬੂੰਦ ਅਤੇ ਸਮੁੰਦਰ ਵਾਲਾ ਅੰਸ਼-ਅੰਸ਼ੀ ਸੰਬੰਧ ਕਿਹਾ ਜਾ ਸਕਦਾ ਹੈ। ਸਮੁੰਦਰ ਬੂੰਦ ਵਿਚ ਅਤੇ ਬੂੰਦ ਸਮੁੰਦਰ ਵਿਚ ਵਿਆਪਤ ਹੈ। ਦੋਵੇਂ ਪਰਸਪਰ ਅਭਿੰਨ ਹਨ — *ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਕਵਣੁ ਬੁਝੈ ਬਿਧਿ ਜਾਣੈ।* ਇਕ ਹੋਰ ਥਾਂ ਉਤੇ ਵੀ ਗੁਰੂ ਨਾਨਕ ਦੇਵ ਜੀ ਨੇ ਆਤਮਾ ਪਰਮਾਤਮਾ ਦੀ ਅਭਿੰਨਤਾ ਸਵੀਕਾਰ ਕਰਦੇ ਹੋਇਆਂ ਕਿਹਾ ਹੈ — *ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।*

ਗੁਰੂ ਅਰਜਨ ਦੇਵ ਜੀ ਦੀ ਧਾਰਣਾ ਹੈ ਕਿ ਇਹ ਬੜੀ ਅਸਚਰਜ ਭਰੀ ਵਾਸਤਵਿਕਤਾ ਹੈ ਕਿ ਆਤਮਾ ਪਰਮਾਤਮਾ ਦਾ ਹੀ ਰੂਪ ਹੈ। ਇਹ ਅੰਸ਼-ਅੰਸ਼ੀ ਭਾਵ ਸ਼ੁੱਧ ਅਦ੍ਵੈਤ-ਮੂਲਕ ਹੈ, ਇਸ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਜਾਂ ਵਖਰਤਾ ਨਹੀਂ ਹੈ। ਇਸ ਤੱਥ ਨੂੰ ਗੁਰਬਾਣੀ ਵਿਚ ਤੱਤ੍ਵ ਅਤੇ ਪਰਮਤੱਤ੍ਵ ਦੇ ਪਰਸਪਰ ਸੰਬੰਧ ਦੁਆਰਾ ਵੀ ਪ੍ਰਗਟ ਕੀਤਾ ਗਿਆ ਹੈ।

ਆਤਮ-ਚੀਨਣ ਦੀ ਗੁੱਥੀ ਨੂੰ ਸੁਲਝਾਉਣ ਲਈ ਆਤਮਾ ਅਤੇ ਜੀਵਾਤਮਾ ਦੇ ਪਰਸਪਰ ਸੰਬੰਧ ਦੀ ਸਥਿਤੀ ਨੂੰ ਸਪੱਸ਼ਟ ਕਰਨਾ ਹੋਵੇਗਾ। ਬੁਨਿਆਦੀ ਤੌਰ 'ਤੇ ਆਤਮਾ ਅਤੇ ਜੀਵਾਤਮਾ ਵਿਚ ਕੋਈ ਅੰਤਰ ਨਹੀਂ ਹੈ। ਅੰਤਰ ਦਾ ਜੋ ਅਹਿਸਾਸ ਹੁੰਦਾ ਹੈ ਉਸ ਦਾ ਕਾਰਣ ਮਾਇਆ ਦਾ ਪ੍ਰਭਾਵ

ਹੈ। ਸਤਿ-ਸਰੂਪ, ਨਿੱਤ ਅਤੇ ਮੁਕਤ ਆਤਮਾ ਹੀ ਸ਼ਰੀਰ-ਬੱਧ ਹੋ ਕੇ ਮਾਇਆ ਦੇ ਪ੍ਰਭਾਵ ਕਾਰਣ ਆਪਣੇ ਵਾਸਤਵਿਕ ਰੂਪ ਨੂੰ ਭੁਲ ਕੇ ਜੀਵਾਤਮਾ ਅਖਵਾਉਂਦੀ ਹੈ। ਫਲਸਰੂਪ ਉਹ ਆਪਣੇ ਆਪ ਨੂੰ ਨਾਮ-ਰੂਪਾਤਮਕ ਸ੍ਰਿਸ਼ਟੀ ਪਰਿਵਾਰ ਦਾ ਅੰਗ ਮੰਨਣ ਲਗ ਜਾਂਦੀ ਹੈ। ਇਥੋਂ ਹੀ ਸਾਰੀ ਸਮਸਿਆ ਦਾ ਆਰੰਭ ਹੁੰਦਾ ਹੈ। ਜਦ ਤਕ ਪ੍ਰਾਣੀਆਂ ਵਿਚ ਸਥਿਤ ਪਰਮਾਤਮ-ਤੱਤ੍ਵ ਆਪਣੇ ਵਾਸਤਵਿਕ ਜਾਂ ਸਦੀਵੀ ਸਰੂਪ ਵਿਚ ਰਹਿੰਦਾ ਹੈ, ਤਦ ਤਕ ਉਹ ਆਤਮਾ ਹੈ ਅਤੇ ਜਦ ਮਾਇਆ ਦੇ ਪ੍ਰਭਾਵ ਕਰਕੇ ਜੀਵ ਆਪਣੀ ਸੁਤੰਤਰ ਹੋਂਦ ਸਮਝਣ ਲਗਦਾ ਹੈ ਤਦ ਉਹ ਜੀਵ ਜਾਂ ਜੀਵਾਤਮਾ ਅਖਵਾਉਂਦਾ ਹੈ। ਇਸ ਕਰਕੇ ਭੇਦ-ਬੁੱਧੀ ਵਿਕਸਿਤ ਹੋ ਜਾਂਦੀ ਹੈ। ਉਂਜ ਜੋ ਬ੍ਰਹਿਮੰਡ ਵਿਚ ਵਿਆਪਤ ਹੈ, ਉਹੀ ਪਿੰਡ ਵਿਚ ਸਥਿਤ ਹੈ— *ਜੋ ਬ੍ਰਾਹਮੰਡਿ ਖੰਡਿ ਸੋ ਜਾਣਹੁ।* (ਗੁ.ਗ੍ਰੰ.1041)। ਭਗਤ ਪੀਪਾ ਨੇ ਵੀ ਇਹੀ ਗੱਲ ਕਹੀ ਹੈ — *ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।*(ਗੁ.ਗ੍ਰੰ.695)।

ਇਥੇ ਸ਼ਰੀਰ ਅਤੇ ਜੀਵਾਤਮਾ ਦੇ ਭੇਦ ਨੂੰ ਵੀ ਸਪੱਸ਼ਟ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਜੀਵਾਤਮਾ ਪਰਮਾਤਮਾ ਦਾ ਅੰਸ਼ ਅਤੇ ਚੇਤਨ ਰੂਪ ਹੈ। ਇਹ ਜੜ੍ਹ ਸ਼ਰੀਰ ਤੋਂ ਵਖ ਹੈ। ਇਸ ਨੂੰ ਅ-ਜੜ ਜਾਂ ਚੇਤਨ ਕਿਹਾ ਜਾ ਸਕਦਾ ਹੈ। ਇਸ ਦਾ ਜਨਮ-ਮਰਨ ਨਹੀਂ ਹੁੰਦਾ ਕਿਉਂਕਿ ਇਹ ਨਿੱਤ ਹੈ। ਇਸ ਦਾ ਦੇਹ ਨਾਲ ਸੰਬੰਧਿਤ ਹੋਣਾ ਜਨਮ ਹੈ ਅਤੇ ਦੇਹ ਤੋਂ ਵਖ ਹੋਣਾ ਮਰਨ ਹੈ। ਅਸਲ ਵਿਚ, ਆਤਮਾ ਅਵਿਨਾਸ਼ੀ ਹੈ, ਸ਼ਰੀਰ ਦੇ ਨਸ਼ਟ ਹੋਣ ਨਾਲ ਇਹ ਨਸ਼ਟ ਨਹੀਂ ਹੁੰਦੀ। ਬਸ ਮਾਇਆ ਦੇ ਪ੍ਰਭਾਵ ਕਾਰਣ ਇਸ ਵਿਚ ਜਦੋਂ ਦ੍ਵੈਤ ਬੁੱਧੀ ਦਾ ਵਿਕਾਸ ਹੁੰਦਾ ਹੈ ਤਾਂ ਇਹ ਆਪਣੇ ਧੁਰੇ ਤੋਂ ਪਰੇ ਹੋ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਜੀਵਾਤਮਾ ਅਮਰ, ਸਥਾਈ, ਸਦੀਵੀ ਅਤੇ ਅਵਿਨਾਸ਼ੀ ਰੂਪ ਵਾਲੀ ਹੈ — *ਨਾ ਇਹੁ ਬਿਨਸੈ ਨਾ ਇਹੁ ਜਾਇ। ਆਦਿ ਜੁਗਾਦੀ ਰਹਿਆ ਸਮਾਇ।*(ਗੁ.ਗ੍ਰੰ.868)। ਪੰਜ ਤੱਤ੍ਵਾਂ ਦੀ ਇਸ ਦੇਹ ਵਿਚ ਰਾਮ ਰੂਪੀ ਰਤਨ ਸਥਿਤ ਹੈ। ਸ਼ਰੀਰ ਦੇ ਨਸ਼ਟ ਹੋਣ ਤੇ ਪੰਜ ਤੱਤ੍ਵ ਆਪਣੇ ਮੁੱਖ ਤੱਤ੍ਵਾਂ ਨਾਲ ਮਿਲ ਜਾਂਦੇ ਹਨ ਅਤੇ ਪਰਮਾਤਮਾ ਦਾ ਅੰਸ਼ ਆਤਮਾ ਫਿਰ ਪਰਮਾਤਮਾ ਵਿਚ ਸਮਾ ਜਾਂਦਾ ਹੈ।

ਸ਼ਰੀਰ ਦੇ ਅੰਦਰ ਪਰਮਾਤਮਾ ਦੇ ਨਿਵਾਸ ਤੋਂ ਗੁਰਬਾਣੀ ਦਾ ਮੰਤਵ ਹੈ ਸ਼ਰੀਰ ਵਿਚ ਸਥਿਤ ਆਤਮਾ। ਸ਼ਰੀਰ ਨੂੰ ਜਦੋਂ ਹਰਿ-ਮੰਦਿਰ ਕਿਹਾ ਜਾਂਦਾ ਹੈ ਤਾਂ ਉਸ ਤੋਂ ਇਹੀ ਭਾਵ ਹੈ ਕਿ ਸ਼ਰੀਰ ਵਿਚ ਬ੍ਰਹਮ-ਜੋਤਿ ਸਥਾਪਿਤ ਹੈ। ਉਸ ਦਾ ਸਾਖਿਆਤਕਾਰ ਹਰ ਇਕ ਲਈ ਸਰਲ ਲਈਂ, ਇਸ ਲਈ ਗੁਰੂ ਦੀ ਸਿਖਿਆ ਅਨੁਕੂਲ ਆਚਰਣ ਕਰਨਾ ਅਤਿਅੰਤ ਜ਼ਰੂਰੀ ਹੈ — *ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ। ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ।*(ਗੁ.ਗ੍ਰੰ.1256)।

ਗੁਰੂ ਅਮਰਦਾਸ ਜੀ ਨੇ 'ਅਨੰਦੁ' ਸਾਹਿਬ ਵਿਚ ਸ਼ਰੀਰ ਵਿਚਲੀ ਹਰਿ ਦੀ ਜੋਤਿ ਦੀ ਹੋਂਦ ਦ੍ਰਿੜ੍ਹ ਕੀਤੀ ਹੈ। ਗੁਰੂ ਰਾਮਦਾਸ ਜੀ ਦੀ ਸਥਾਪਨਾ ਹੈ ਕਿ ਇਸ ਸ਼ਰੀਰ ਵਿਚ ਸੱਚੇ ਪਰਮਾਤਮਾ ਦੀ ਜੋਤਿ ਸਥਿਤ ਹੈ। ਇਸ ਗੁੱਝੇ ਰਤਨ ਨੂੰ ਬਾਹਰ ਕਢਣ ਲਈ ਗੁਰੂ-ਸਿਖਿਆ ਦੀ ਲੋੜ ਹੈ — *ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ। ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।*(ਗੁ.ਗ੍ਰੰ.309)।

ਗੁਰਬਾਣੀ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸ਼ਰੀਰ ਦੇ ਨਸ਼ਟ ਹੋਣ ਨਾਲ ਜੀਵ ਨਸ਼ਟ ਨਹੀਂ ਹੁੰਦਾ। ਕਿਉਂਕਿ ਜਦ ਤਕ ਸੂਰਜ ਕਾਇਮ ਹੈ, ਤਦ ਤਕ ਉਸ ਵਿਚੋਂ ਨਿਕਲਣ ਵਾਲੀਆਂ ਕਿਰਨਾਂ ਦੀ ਹੋਂਦ ਰਹੇਗੀ। ਇਸ ਲਈ ਜਦ ਪਰਮਾਤਮਾ ਅਮਰ ਹੈ ਤਾਂ ਉਸ ਦਾ ਅੰਸ਼ ਆਤਮਾ ਵੀ ਅਮਰ ਹੈ। ਪਰਮਾਤਮਾ ਅਸਲ ਵਿਚ ਸਾਰਿਆਂ ਸ਼ਰੀਰਾਂ ਵਿਚ ਆਤਮ-ਸਰੂਪ ਰਮਣ ਕਰ ਰਿਹਾ ਹੈ — *ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ।*(ਗੁ.ਗ੍ਰੰ.843)। ਹਉਮੈ ਵਿਚ ਗ੍ਰਸਿਆ ਵਿਅਕਤੀ ਹੀ ਇਸ ਤੱਥ ਤੋਂ ਇਨਕਾਰੀ ਹੋ ਕੇ ਆਵਾਗਵਣ ਦੇ ਚੱਕਰ ਵਿਚ ਪੈਂਦਾ ਅਤੇ ਗੇੜੇ ਕਟਦਾ ਹੈ — *ਸਰਬ ਜੀਆ ਮਹਿ ਏਕੋ ਰਵੈ। ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ।*(ਗੁ.ਗ੍ਰੰ.228)।

ਪਰਮਾਤਮਾ ਅਤੇ ਆਤਮਾ ਦੀ ਪਰਸਪਰ ਅਭੇਦਤਾ ਨੂੰ ਸਮਝਣ ਲਈ, ਭਾਵ ਆਤਮ-ਚੀਨਣ ਲਈ ਜਾਂ ਆਵਾਗਵਣ ਦੇ ਚੱਕਰ ਨੂੰ ਸਮਾਪਤ ਕਰਨ ਲਈ ਮਨੁੱਖ ਜਨਮ ਦੇ ਰੂਪ ਵਿਚ ਕੇਵਲ ਇਕੋ-ਇਕ ਮੌਕਾ ਮਿਲਦਾ ਹੈ। ਇਸੇ ਲਈ ਮਨੁੱਖ ਜੂਨ ਨੂੰ ਸਰਬ ਸ੍ਰੇਸ਼ਠ ਮੰਨਿਆ ਗਿਆ ਹੈ। ਇਸ ਧਰਤੀ ਵਿਚ ਮਨੁੱਖ ਦੀ ਸਰਦਾਰੀ ਸਵੀਕਾਰ ਕੀਤੀ ਗਈ ਹੈ। ਇਸ ਦੀ ਪ੍ਰਾਪਤੀ ਦੁਰਲਭ ਹੈ। ਇਸ ਲਈ ਇਸੇ ਜੂਨ ਦੌਰਾਨ ਪਰਮਾਤਮਾ ਨਾਲ ਮੇਲ ਪ੍ਰਾਪਤ ਕਰਨ ਦਾ ਯਤਨ

ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਅਨੁਸਾਰ — *ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹੁ।*(ਗੁ.ਗ੍ਰੰ.20)।

ਪਰਮਾਤਮਾ ਨੂੰ ਪਛਾਨਣ ਅਤੇ ਨ ਪਛਾਣਨ ਦੀਆਂ ਬਿਰਤੀਆਂ ਦੇ ਆਧਾਰ 'ਤੇ ਮਨੁੱਖ ਦੇ ਆਮ ਤੌਰ 'ਤੇ ਗੁਰਬਾਣੀ ਵਿਚ ਦੋ ਭੇਦ ਕੀਤੇ ਗਏ ਹਨ — 'ਗੁਰਮੁਖ' ਅਤੇ 'ਮਨਮੁਖ'। ਇਨ੍ਹਾਂ ਦੋਹਾਂ ਦੇ ਤਾਤਵਿਕ ਅੰਤਰ ਨੂੰ ਸਪੱਸ਼ਟ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਕਮਲ ਅਤੇ ਡੱਡੂ ਦੇ ਪ੍ਰਤੀਕ ਵਰਤੇ ਹਨ। ਇਹ ਦੋਵੇਂ ਸੰਸਾਰ ਰੂਪੀ ਸਰੋਵਰ ਦੇ ਜਲ ਵਿਚ ਵਸਦੇ ਹਨ। ਕਮਲ ਨਿਰਮਲ ਜਲ ਦਾ ਸੇਵਨ ਕਰਦਾ ਹੈ ਅਤੇ ਡੱਡੂ ਕਾਈ ਭਖਦਾ ਹੈ। ਇਸ ਤਰ੍ਹਾਂ ਦੋਹਾਂ ਦੀਆਂ ਬਿਰਤੀਆਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਗੁਰਮੁਖ ਮਾਇਆ ਦੇ ਪ੍ਰਭਾਵ ਤੋਂ ਨਿਰਲਿਪਤ ਹੈ, ਪਰ ਮਨਮੁਖ ਮਾਇਆ ਵਿਚ ਪੂਰੀ ਤਰ੍ਹਾਂ ਮਗਨ ਹੈ। ਅਜਿਹੀ ਅਵਸਥਾ ਵਿਚ ਉਹ ਆਪਣੇ ਆਤਮ ਤੱਤ੍ਵ ਨੂੰ ਕਿਵੇਂ ਪਛਾਣ ਸਕਦਾ ਹੈ?

ਮਾਇਆ ਬੜੀ ਵਿਘਨ-ਕਾਰਨੀ ਸ਼ਕਤੀ ਹੈ। ਇਸ ਨੂੰ 'ਅਵਿਦਿਆ' ਵੀ ਕਿਹਾ ਜਾਂਦਾ ਹੈ। ਅਤੱਤ੍ਵ ਵਿਚ ਤੱਤ੍ਵ ਬੁੱਧੀ ਪੈਦਾ ਕਰਨਾ ਜਾਂ ਮਿਥਿਆ ਨੂੰ ਸਚ ਸਮਝਣਾ ਮਾਇਆ ਦੀ ਜਾਦੂਗਰੀ ਹੈ। ਪਰ ਗੁਰਮਤਿ ਅਨੁਸਾਰ ਮਾਇਆ ਪਰਮਾਤਮਾ ਦੁਆਰਾ ਪੈਦਾ ਕੀਤੀ ਹੋਈ ਇਕ ਅਧੀਨ ਸ਼ਕਤੀ ਹੈ, ਇਸ ਦੀ ਕੋਈ ਸੁਤੰਤਰ ਸੱਤਾ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਨਸ਼ੇ ਦਾ ਗੋਲਾ ਕਹਿ ਕੇ ਸਭ ਨੂੰ ਭਰਮਾਉਣ ਵਾਲਾ ਦਰਸਾਇਆ ਹੈ — *ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ। ਮਤੀ ਮਰਣੁ ਵਿਸਰਿਆ ਖੁਸੀ ਕੀਤੀ ਦਿਨ ਚਾਰਿ।*(ਗੁ.ਗ੍ਰੰ.15)।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪਰਮ-ਸੁਖ ਅਥਵਾ ਪਰਮਾਨੰਦ ਦੀ ਪ੍ਰਾਪਤੀ ਲਈ ਆਤਮ-ਚੀਨਣ ਵਾਲੀ ਇਕੋ-ਇਕ ਜੁਗਤ ਕਾਰਗਰ ਹੈ। ਪਰਮਾਤਮਾ ਸਦਾ ਅੰਦਰ ਵਸਦਾ ਹੈ। ਮਾਇਆ ਦੇ ਪ੍ਰਭਾਵ ਕਰਕੇ ਪੈਦਾ ਹੋਏ ਭਰਮ ਨੂੰ ਆਤਮ-ਚੀਨਣ ਦੀ ਜੁਗਤ ਨਾਲ ਦੂਰ ਕਰਨ 'ਤੇ ਆਪਣੀ ਮੂਲ ਵਸਤੂ ਦੀ ਫਿਰ ਤੋਂ ਪਛਾਣ ਸੰਭਵ ਹੋ ਜਾਂਦੀ ਹੈ। ਇਸੇ ਲਈ ਰਾਮਕਲੀ ਰਾਗ ਵਿਚ ਗੁਰੂ ਅਰਜਨ ਦੇਵ ਨੇ ਕਿਹਾ ਹੈ — *ਰਤਨੁ ਅਮੋਲੁ ਰਿਦੇ ਮਹਿ ਜਾਨੁ। ਆਪਨੀ ਵਸਤੁ ਤੂ ਆਪਿ ਪਛਾਨੁ।*(ਗੁ.ਗ੍ਰੰ.892)।

**ਆਤਮਾ** : ਗੁਰਬਾਣੀ ਵਿਚ ਪਰਮਾਤਮਾ ਦੇ ਨਾਲ ਨਾਲ ਕਿਤੇ ਕਿਤੇ 'ਆਤਮਾ' ਦਾ ਨਿਰੂਪਣ ਵੀ ਹੋਇਆ ਹੈ, ਪਰ ਇਤਨੀ ਅਧਿਕ ਮਾਤ੍ਰਾ ਵਿਚ ਨਹੀਂ, ਜਿਤਨਾ ਆਤਮਾ ਦੇ ਮਾਇਆ ਆਛਾਜਿਤ ਸਰੂਪ 'ਜੀਵਾਤਮਾ' ਦਾ ਹੋਇਆ ਹੈ। ਅਸਲ ਵਿਚ, ਸਾਰੀ ਬਾਣੀ ਜੀਵਾਤਮਾ ਦੇ ਉੱਧਾਰ ਅਤੇ ਕਲਿਆਣ ਦਾ ਪ੍ਰਤਿਪਾਦਨ ਕਰਦੀ ਹੈ, ਇਸ ਵਾਸਤੇ ਉਸ ਸੰਬੰਧੀ ਅਧਿਕ ਵਿਸ਼ਲੇਸ਼ਣ ਹੋਣਾ ਸੁਭਾਵਿਕ ਹੈ। ਪਰ ਜੀਵਾਤਮਾ ਦੇ ਮੂਲ ਸਰੂਪ 'ਆਤਮਾ' ਦੇ ਵਿਵੇਚਨ ਦੁਆਰਾ ਹੀ ਆਤਮਾ ਪਰਮਾਤਮਾ ਦੇ ਸੰਬੰਧ ਨੂੰ ਸਮਝਿਆ ਜਾ ਸਕਦਾ ਹੈ।

ਆਤਮਾ ਕੀ ਹੈ ? ਉਸ ਦਾ ਸਰੂਪ ਅਤੇ ਲੱਛਣ ਕੀ ਹਨ? ਉਸ ਦੀ ਗਤਿਵਿਧੀ ਅਤੇ ਸਥਿਤੀ ਕੀ ਹੈ? ਇਸ ਪ੍ਰਕਾਰ ਦੇ ਕਈ ਬੁਨਿਆਦੀ ਪ੍ਰਸ਼ਨ ਆਦਿ-ਕਾਲ ਤੋਂ ਮਨੁੱਖ ਦੇ ਸਾਹਮਣੇ ਰਹੇ ਹਨ। ਸਮੇਂ ਸਮੇਂ ਵਿਦਵਾਨਾਂ ਨੇ ਅੰਤਰ-ਸਥਿਤ ਇਸ ਸ਼ਕਤੀ ਨੂੰ ਸਮਝਣ ਦਾ ਯਤਨ ਕੀਤਾ ਹੈ। ਇਨ੍ਹਾਂ ਯਤਨਾਂ ਦੀ ਲੰਬੀ ਪਰੰਪਰਾ ਹੈ। ਗੁਰਮਤਿ ਦੀ ਆਤਮਾ ਸੰਬੰਧੀ ਧਾਰਣਾ ਨੂੰ ਸਮਝਣ ਲਈ ਪਰੰਪਰਾ ਉਤੇ ਝਾਤ ਮਾਰਨੀ ਆਵੱਸ਼ਕ ਪ੍ਰਤੀਤ ਹੁੰਦੀ ਹੈ।

'ਆਤਮਾ' ਦੇ ਸਰੂਪ ਸੰਬੰਧੀ ਰਿਗ ਵੇਦ (1/164/20) ਵਿਚ ਸੰਕੇਤ ਮਿਲਦਾ ਹੈ। ਉਸ ਵਿਚ ਪਰਮਾਤਮਾ ਅਤੇ ਆਤਮਾ (ਜੀਵਾਤਮਾ) ਨੂੰ ਮਿਤਰ ਭਾਵ ਵਾਲੇ ਦੋ ਪੰਛੀਆਂ ਦੇ ਪ੍ਰਤੀਕਾਤਮਕ ਰੂਪ ਵਿਚ ਇਕ ਬ੍ਰਿਛ ਉਤੇ ਬੈਠਾ ਵਿਖਾਇਆ ਗਿਆ ਹੈ। ਉਨ੍ਹਾਂ ਪੰਛੀਆਂ ਵਿਚੋਂ ਇਕ ਬ੍ਰਿਛ ਦੇ ਫਲ ਖਾਏ ਬਿਨਾ, ਸਾਖੀ (ਸਾਕ੍ਸ਼ੀ) ਰੂਪ ਵਿਚ ਵੇਖਦਾ ਰਹਿੰਦਾ ਹੈ ਅਤੇ ਦੂਜਾ ਪੰਛੀ ਬ੍ਰਿਛ ਦੇ ਫਲਾਂ ਦਾ ਭੋਗ ਕਰਦਾ ਹੈ।

ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇਕ ਰੂਪ ਮੰਨਿਆ ਗਿਆ ਹੈ। ਆਤਮਾ ਨਿੱਤ ਹੈ, ਨ ਕਦੇ ਮਰਦੀ ਹੈ, ਨ ਅਵਸਥਾ ਆਦਿ ਤੋਂ ਪੈਦਾ ਹੋਏ ਦੋਸ਼ਾਂ ਤੋਂ ਪ੍ਰਭਾਵਿਤ ਹੁੰਦੀ ਹੈ। ਉਹ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀਆਂ ਸਾਡੀਆਂ ਸਾਰੀਆਂ ਇੰਦ੍ਰੀਆਂ ਤੋਂ, ਮਨ ਦੇ ਸੰਕਲਪਾਂ-ਵਿਕਲਪਾਂ ਤੋਂ, ਵਿਵੇਚਨਾਤਮਕ ਬੁੱਧੀ ਤੋਂ ਅਤੇ ਪ੍ਰਾਣਾਂ ਤੋਂ ਵਖਰੀ ਹੈ। ਅਵਿਦਿਆ ਜਾਂ ਮਾਇਆ ਕਰਕੇ ਆਤਮਾ ਹੀ 'ਜੀਵਾਤਮਾ' ਅਖਵਾਉਂਦੀ ਹੈ। ਇਹੀ ਪੂਰਵ ਜਨਮਾਂ ਦੇ ਕਰਮ-ਫਲ ਅਨੁਸਾਰ ਸੁਖ-ਦੁਖ ਦੇ ਭੋਗ ਲਈ ਸੰਸਾਰ ਵਿਚ ਆਂਦੀ ਜਾਂਦੀ ਅਤੇ ਜਨਮ-ਮਰਨ ਨਾਲ ਯੁਕਤ ਹੁੰਦੀ ਹੈ। ਅਸਲ ਵਿਚ, ਆਤਮਾ ਦਾ ਵਿਅਕਤੀਗਤ ਜਾਂ

ਦੇਹਧਾਰੀ ਰੂਪ ਜੀਵ (ਜੀਵਾਤਮਾ) ਹੈ। ਜੀਵ ਸ਼ਰੀਰ/ਦੇਹ ਦੇ ਜਨਮ-ਮਰਨ ਦੇ ਪ੍ਰਕਾਰਜ ਤੋਂ ਪ੍ਰਭਾਵਿਤ ਨਹੀਂ ਹੁੰਦਾ। ਇਕ ਸ਼ਰੀਰ ਦੇ ਨਸ਼ਟ ਹੋਣ ਤੇ ਦੂਜੇ ਵਿਚ ਪ੍ਰਵੇਸ਼ ਕਰ ਲੈਂਦਾ ਹੈ। ਜੀਵ (ਜੀਵਾਤਮਾ) ਸਦੀਵੀ ਹੈ, ਜੰਮਦਾ-ਮਰਦਾ ਕੇਵਲ ਸ਼ਰੀਰ ਹੈ। ਇਸ ਤਰ੍ਹਾਂ ਆਤਮਾ ਮੂਲ ਤੱਤੂ ਹੈ।

ਜੈਨ-ਮਤ ਵਾਲਿਆਂ ਨੇ ਚੈਤਨ੍ਯ ਦ੍ਰਵ੍ਯ ਨੂੰ ਜੀਵ ਕਿਹਾ ਹੈ। ਜੀਵ ਸਭ ਤਰ੍ਹਾਂ ਦੇ ਗੁਣਾਂ ਨਾਲ ਪਰਿਪੂਰਣ ਹੈ। ਇਹ ਖ਼ੁਦ ਸ਼ੁਭ ਕਰਮਾਂ ਦਾ ਕਰਤਾ ਅਤੇ ਉਨ੍ਹਾਂ ਨੂੰ ਭੋਗਣ ਵਾਲਾ ਹੈ। ਜੀਵ ਇਕ ਨਹੀਂ, ਅਨੇਕ ਹਨ। ਜਿਤਨੇ ਸ਼ਰੀਰ ਹਨ, ਉਤਨੇ ਹੀ ਜੀਵ ਹਨ। ਮਨੁੱਖ ਸਾਰਿਆਂ ਜੀਵਾਂ ਵਿਚੋਂ ਉਤਮ ਹੈ। ਜੀਵ ਆਪਣੇ ਕਰਮਾਂ ਅਨੁਸਾਰ ਸ਼ਰੀਰ ਧਾਰਣ ਕਰਦਾ ਹੈ। ਜੀਵ ਸ਼ਰੀਰ ਦਾ ਨਿਮਿਤ ਕਾਰਣ ਹੈ ਅਤੇ ਪੁਦੁਗਲ (ਜੜ ਪਦਾਰਥ) ਇਸ ਦਾ ਪਰਿਣਾਮ ਹੈ।

ਬੌਧ-ਮਤ ਵਾਲੇ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਮੰਨਦੇ ਕਿਉਂਕਿ ਇਸ ਮਤ ਅਨੁਸਾਰ ਸਾਰੀਆਂ ਵਸਤੂਆਂ ਛਿਣਕ, ਨਾਸ਼ਵਾਨ ਅਤੇ ਪਰਿਵਰਤਨਸ਼ੀਲ ਹਨ। ਚਿੱਤ ਹੀ ਇਕ ਮਾਤ੍ਰ ਸੱਤਾ ਹੈ। ਬਾਹਰਲੇ ਸਾਰੇ ਪਦਾਰਥ ਅਸਲ ਵਿਚ ਚਿੱਤ (ਮਨ) ਦੇ ਅੰਤਰਗਤ ਹਨ। ਚਿੱਤ ਨੂੰ 'ਆਲਯ- ਵਿਗਿਆਨ' ਦਾ ਨਾਂ ਦਿੱਤਾ ਜਾਂਦਾ ਹੈ ਕਿਉਂਕਿ ਇਹ ਸਾਰਿਆਂ ਵਿਗਿਆਨਾਂ ਦਾ ਭੰਡਾਰ ਹੈ। ਸਾਰੇ ਗਿਆਨ ਇਸ ਵਿਚ ਬੀਜ ਰੂਪ ਵਿਚ ਰਹਿੰਦੇ ਹਨ। ਇਸ ਤਰ੍ਹਾਂ ਚਿੱਤ ਹੀ ਹੋਰਨਾਂ ਦਰਸ਼ਨਾਂ ਦੀ ਆਤਮਾ ਦੇ ਸਮਾਨ ਹੈ, ਪਰ ਇਹ ਸਦੀਵੀ ਨਹੀਂ ਪਰਿਵਰਤਨਸ਼ੀਲ ਹੈ, ਅਸਥਾਈ ਹੈ।

ਨਿਆਇ ਅਤੇ ਵੈਸ਼ੇਸ਼ਿਕ ਦਰਸ਼ਨਾਂ ਵਿਚ ਆਤਮਾ ਨੂੰ ਦ੍ਰਸ਼ਟਾ, ਨਿੱਤ, ਸਰਵ-ਵਿਆਪਕ ਮੰਨਿਆ ਗਿਆ ਹੈ। ਇਹ ਇੰਦ੍ਰੀਆਂ ਤੋਂ ਭਿੰਨ ਅਤੇ ਉਨ੍ਹਾਂ ਦਾ ਨਿਯੰਤ੍ਰਣ ਕਰਨ ਵਾਲੀ ਹੈ। ਇਹ ਸ਼ਰੀਰ ਤੋਂ ਵੀ ਭਿੰਨ ਹੈ। ਸ਼ਰੀਰ ਮਨੁੱਖ ਨੂੰ ਆਪਣੇ ਕਰਮਾਂ ਅਨੁਸਾਰ ਮਿਲਦਾ ਹੈ ਅਤੇ ਉਹੀ ਦੁਖ-ਸੁਖ ਦਾ ਆਧਾਰ ਹੈ। ਆਤਮਾ ਦੇ ਸ਼ਰੀਰ ਨਾਲ ਸੰਬੰਧਿਤ ਹੋਣ ਨੂੰ ਜਨਮ ਕਿਹਾ ਜਾਂਦਾ ਹੈ ਅਤੇ ਵਖ ਹੋਣ ਨੂੰ ਮਰਣ (ਮ੍ਰਿਤੂ) ਨਾਂ ਦਿੱਤਾ ਜਾਂਦਾ ਹੈ। ਆਤਮਾ ਇਕ ਨਹੀਂ, ਅਨੇਕ ਹਨ। ਇਕ ਸ਼ਰੀਰ ਵਿਚ ਇਕ ਹੀ ਆਤਮਾ ਰਹਿੰਦੀ ਹੈ।

ਸਾਂਖ-ਮਤ ਵਾਲੇ ਦੋ ਮੂਲ ਤੱਤੂ ਮੰਨਦੇ ਹਨ — ਇਕ ਪੁਰਸ਼ ਜਾਂ ਆਤਮਾ ਅਤੇ ਦੂਜਾ ਪ੍ਰਕ੍ਰਿਤੀ। ਜੀਵਾਤਮਾ ਉਹ ਆਤਮਾ ਹੈ ਜੋ ਇੰਦ੍ਰੀਆਂ ਦੇ ਸੰਯੋਗ ਅਤੇ ਸ਼ਰੀਰ ਦੁਆਰਾ ਸੀਮਿਤ ਹੋਣ 'ਤੇ ਵਖਰੇ ਰੂਪ ਵਿਚ ਦਿਸ ਪੈਂਦਾ ਹੈ। ਅਸਲ ਵਿਚ, ਜੀਵਾਤਮਾ ਸੁਤੰਤਰ ਆਤਮਾ ਜਾਂ ਪੁਰਸ਼ ਅਤੇ ਪ੍ਰਕ੍ਰਿਤੀ ਦਾ ਮਿਲਵਾਂ ਰੂਪ ਹੈ। ਇਹੀ ਕਰਮ-ਫਲਾਂ ਅਨੁਸਾਰ ਜਨਮ-ਜਨਮਾਂਤਰਾਂ ਦੇ ਚੱਕਰ ਵਿਚ ਘੁੰਮਦਾ ਫਿਰਦਾ ਹੈ, ਪਰ ਪੁਰਸ਼ ਜਾਂ ਆਤਮਾ ਸੰਸਾਰਿਕ ਪ੍ਰਪੰਚਾਂ ਦੀ ਗਤਿਵਿਧੀ ਪ੍ਰਤਿ ਬਿਲਕੁਲ ਨਿਰਲਿਪਤ ਹੈ।

ਯੋਗ-ਦਰਸ਼ਨ ਅਨੁਸਾਰ ਜੀਵ ਸੁਭਾ ਤੋਂ ਹੀ ਸ਼ੁੱਧ ਚੈਤਨ੍ਯ ਸਰੂਪ ਹੈ। ਇਹ ਅਸਲੋਂ ਸ਼ਰੀਰਿਕ ਬੰਧਨਾਂ ਅਤੇ ਮਾਨਸਿਕ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ। ਪਰ ਅਗਿਆਨ ਵਸ ਇਹ ਚਿੱਤ ਨਾਲ ਇਕਮਿਕਤਾ ਸਥਾਪਿਤ ਕਰਕੇ ਆਪਣੇ ਆਪ ਨੂੰ ਚਿੱਤ ਸਮਝਣ ਲਗ ਜਾਂਦਾ ਹੈ। ਚਿੱਤ ਮੂਲ ਰੂਪ ਵਿਚ ਜੜ ਹੈ, ਪਰ ਆਤਮਾ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੁੰਦਾ ਹੈ। ਚਿੱਤ-ਵ੍ਰਿੱਤੀ ਦੇ ਨਿਰੋਧ ਨਾਲ ਜੀਵ (ਦ੍ਰਸ਼ਟਾ) ਦੀ ਆਪਣੇ ਰੂਪ ਵਿਚ ਸਥਿਤੀ ਹੋ ਜਾਂਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਯੋਗਮਤ ਅਨੁਸਾਰ ਜੀਵ (ਆਤਮਾ) ਸ਼ੁੱਧ, ਬੁੱਧ, ਮੁਕਤ ਤੱਤੂ ਹੈ, ਪਰ ਭਰਮ ਜਾਂ ਅਗਿਆਨ ਦੇ ਵਸ ਵਿਚ ਹੋ ਕੇ ਵਿਕਾਰੀ ਹੋ ਜਾਂਦਾ ਹੈ ਅਤੇ ਬੰਧਨਾਂ ਵਿਚ ਪੈਂਦਾ ਹੈ।

ਮੀਮਾਂਸਾ-ਦਰਸ਼ਨ ਵਿਚ ਜੀਵਾਤਮਾ ਦੀ ਸੱਤਾ ਨੂੰ ਮੰਨਦੇ ਹੋਇਆਂ ਇਸ ਨੂੰ ਸ਼ਰੀਰ ਅਤੇ ਇੰਦ੍ਰੀਆਂ ਤੋਂ ਭਿੰਨ ਦਸਿਆ ਗਿਆ ਹੈ। ਆਤਮਾ ਕਰਤਾ ਅਤੇ ਭੋਗਤਾ ਦੋਵੇਂ ਹੈ। ਇਹ ਵਿਆਪਕ ਅਤੇ ਹਰ ਇਕ ਸ਼ਰੀਰ ਵਿਚ ਭਿੰਨ ਭਿੰਨ ਹੈ। ਜਿਤਨੇ ਸ਼ਰੀਰ ਹਨ, ਉਤਨੀਆਂ ਹੀ ਆਤਮਾਵਾਂ ਹਨ। ਜੀਵਾਤਮਾਵਾਂ ਬੰਧਨ ਵਿਚ ਆਉਂਦੀਆਂ ਹਨ ਅਤੇ ਮੁਕਤੀ ਵੀ ਪਾ ਸਕਦੀਆਂ ਹਨ। ਇਸ ਤਰ੍ਹਾਂ ਮੀਮਾਂਸਕ ਆਤਮਾ ਦੀ ਅਨੇਕਤਾ ਵਿਚ ਯਕੀਨ ਰਖਦੇ ਹਨ।

ਅਦ੍ਵੈਤ-ਵੇਦਾਂਤ ਅਨੁਸਾਰ ਆਤਮਾ ਗਿਆਨ ਰੂਪ ਹੈ। ਇਹ ਗਿਆਤਾ ਵੀ ਹੈ। ਇਸ ਨੂੰ ਜਾਣਨ ਲਈ ਕਿਸੇ ਹੋਰ ਗਿਆਨ ਦੀ ਲੋੜ ਨਹੀਂ ਪੈਂਦੀ। ਇਹ ਅਕਰਤਾ, ਅਭੋਗਤਾ ਅਤੇ ਦੁਖ-ਸੁਖ ਤੋਂ ਪਰੇ ਹੈ। ਇਸ ਦਾ ਵਿਵਹਾਰਿਕ ਰੂਪ 'ਜੀਵ' ਹੈ। ਨਾਮ ਰੂਪ ਉਪਾਧੀ ਨਾਲ ਯੁਕਤ ਹੋਣ 'ਤੇ ਆਤਮਾ ਹੀ 'ਜੀਵ' ਹੈ। ਸਾਰਿਆਂ ਜੀਵਾਂ ਵਿਚ ਇਕ ਹੀ ਆਤਮਾ ਹੈ।

ਵਿਸ਼ਿਸ਼ਟਾਦ੍ਵੈਤਵਾਦੀ ਚਿੱਤ ਤੱਤੂ ਨੂੰ ਹੀ ਜੀਵਾਤਮਾ ਮੰਨਦੇ ਹਨ। ਇਹ ਦੇਹ, ਇੰਦ੍ਰੀਆਂ, ਮਨ, ਪ੍ਰਾਣ ਅਤੇ ਬੁੱਧੀ ਤੋਂ ਵਖ ਹੈ। ਆਤਮਾ ਨੂੰ ਸ਼ਰੀਰ ਦੀ ਪ੍ਰਾਪਤੀ ਕਰਮਾਂ ਅਨੁਸਾਰ ਹੁੰਦੀ ਹੈ। ਜਦ ਆਤਮਾ ਸ਼ਰੀਰ-ਯੁਕਤ ਹੋ ਜਾਂਦੀ ਹੈ, ਤਾਂ

ਇੰਦ੍ਰੀਆਂ ਦੇ ਬੰਧਨ ਵਿਚ ਪੈ ਜਾਂਦੀ ਹੈ। ਅਦ੍ਵੈਤਵਾਦ ਦੇ ਉਲਟ ਵਿਸ਼ਿਸ਼ਟਾਦ੍ਵੈਤਵਾਦ ਜੀਵ ਅਨੰਤ ਮੰਨਦਾ ਹੈ ਜੋ ਇਕ ਦੂਜੇ ਨਾਲੋਂ ਬਿਲਕੁਲ ਭਿੰਨ ਹਨ।

ਦ੍ਵੈਤਾਦ੍ਵੈਤ ਵਾਲੇ ਜੀਵਾਤਮਾ ਨੂੰ ਅਣੂ ਮੰਨਦੇ ਹੋਏ ਹਰ ਇਕ ਪ੍ਰਾਣੀ ਵਿਚ ਭਿੰਨ ਭਿੰਨ ਜੀਵ ਦਸਦੇ ਹਨ। ਜੀਵ ਆਪਣੇ ਗਿਆਨ ਅਤੇ ਭੋਗ ਦੀ ਪ੍ਰਾਪਤੀ ਲਈ ਸੁਤੰਤਰ ਨ ਹੋ ਕੇ ਈਸ਼ਵਰ ਉਤੇ ਆਧਾਰਿਤ ਹੈ। ਜਦ ਤਕ ਦ੍ਵੈਤਭਾਵ ਰਹਿੰਦਾ ਹੈ, ਤਦ ਤਕ ਜੀਵ ਦੀ ਸੁਤੰਤਰ ਹੋਂਦ ਹੈ। ਦ੍ਵੈਤ ਦੇ ਖ਼ਤਮ ਹੋਣ ਨਾਲ ਇਹ ਈਸ਼ਵਰ ਰੂਪ ਹੋ ਜਾਂਦਾ ਹੈ।

ਦ੍ਵੈਤਵਾਦੀ ਜੀਵ ਨੂੰ ਅਗਿਆਨ, ਮੋਹ, ਦੁਖ ਅਤੇ ਭੈ ਆਦਿ ਨਾਲ ਯੁਕਤ ਅਤੇ ਸੰਸਾਰਸ਼ੀਲ ਕਹਿੰਦੇ ਹਨ। ਸੰਸਾਰ ਵਿਚ ਹਰ ਇਕ ਜੀਵ ਆਪਣੀ ਹਸਪਤੀ ਵਖਰੀ ਵਖਰੀ ਬਣਾਈ ਰਖਦਾ ਹੈ। ਉਹ ਹੋਰਨਾਂ ਜੀਵਾਂ ਤੋਂ ਭਿੰਨ ਅਤੇ ਉਸੇ ਤਰ੍ਹਾਂ ਪਰਮਾਤਮਾ ਤੋਂ ਭਿੰਨ ਹੈ। ਇਹ ਭਿੰਨਤਾ ਕੇਵਲ ਸੰਸਾਰਿਕ ਯਾਤ੍ਰਾ ਤਕ ਹੀ ਸੀਮਿਤ ਨਹੀਂ, ਸਗੋਂ ਮੁਕਤ ਅਵਸਥਾ ਵਿਚ ਵੀ ਬਣੀ ਰਹਿੰਦੀ ਹੈ।

ਇਸਲਾਮ ਵਿਚ ਆਤਮਾ ਸੰਬੰਧੀ ਬਹੁਤ ਹੀ ਘਟ ਚਰਚਾ ਹੋਈ ਹੈ। ਉਂਜ ਕੁਰਾਨ ਵਿਚ ਆਤਮਾ ਲਈ ਆਮ ਤੌਰ 'ਤੇ 'ਨਫ਼ਸ' ਸ਼ਬਦ ਵਰਤਿਆ ਗਿਆ ਹੈ, ਪਰ ਬਾਦ ਦੇ ਕੁਰਾਨਿਕ ਸਾਹਿਤ ਵਿਚ 'ਨਫ਼ਸ' ਅਤੇ 'ਰੂਹ' ਦੋਹਾਂ ਸ਼ਬਦਾਂ ਦੀ ਵਰਤੋਂ ਹੋਈ ਹੈ।

ਸੂਫ਼ੀ ਸਾਧਕ ਆਤਮਾ ਦੇ ਦੋ ਭੇਦ ਮੰਨਦੇ ਹਨ — ਨਫ਼ਸ ਅਤੇ ਰੂਹ। ਨਫ਼ਸ ਆਤਮਾ ਦੀ ਮਾੜੀ ਸਥਿਤੀ ਦਾ ਲਖਾਇਕ ਹੈ ਅਤੇ ਰੂਹ ਸਦ-ਵ੍ਰਿਤੀਆਂ ਨੂੰ ਜਨਮ ਦਿੰਦੀ ਹੈ। ਨਫ਼ਸ ਵਿਚ ਭਾਵਾਂ ਦਾ ਆਵੇਸ਼ ਰਹਿੰਦਾ ਹੈ ਅਤੇ ਰੂਹ ਵਿਚ ਵਿਵੇਕ ਦਾ। ਇਨ੍ਹਾਂ ਦੋਹਾਂ ਵਿਚ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਆਤਮਾ ਨੂੰ ਵਿਪਰੀਤ ਦਿਸ਼ਾਵਾਂ ਵਿਚ ਖਿਚਦੇ ਰਹਿੰਦੇ ਹਨ।

ਇਸ ਜਾਣਕਾਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਅਧਿਕਾਂਸ਼ ਭਾਰਤੀ ਦਰਸ਼ਨ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਮੰਨਦੇ। ਪਰਮਾਤਮਾ ਵਾਂਗ ਹੀ ਆਤਮਾ ਨਿੱਤ, ਮੁਕਤ, ਅਨੰਤ, ਅਜਰ, ਅਮਰ ਅਤੇ ਅਵਿਨਾਸ਼ੀ ਹੈ। ਅਵਿਦਿਆ (ਅਗਿਆਨ) ਦੁਆਰਾ ਮਨੁੱਖ ਦੀ ਬੁੱਧੀ ਵਿਚ ਵਿਕਾਰ ਪੈਦਾ ਹੁੰਦਾ ਹੈ ਅਤੇ ਆਤਮਾ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਅਤੇ ਸੁਤੰਤਰ ਸਮਝਣ ਲਗ ਜਾਂਦੀ ਹੈ। ਆਤਮ-ਗਿਆਨ ਦੇ ਫਲਸਰੂਪ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਸਾਮੀ ਵਿਚਾਰ ਪਰੰਪਰਾ ਵਿਚ ਵੀ ਆਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਆਤਮਾ ਤੇ ਪਰਮਾਤਮਾ ਦਾ ਡੂੰਘਾ ਸੰਬੰਧ ਸਿੱਧ ਕੀਤਾ ਗਿਆ ਹੈ।

ਗੁਰਮਤਿ ਵਿਚ ਆਤਮ-ਵਿਚਾਰ ਅਤੇ ਆਤਮ-ਗਿਆਨ ਉਤੇ ਬਹੁਤ ਬਲ ਦਿੱਤਾ ਗਿਆ ਹੈ। ਆਤਮ-ਨਿਰੂਪਣ ਦੀ ਪ੍ਰਕ੍ਰਿਆ ਬਾਹਰਮੁਖੀ ਇੰਦ੍ਰੀਆਂ ਦੀ ਅੰਤਰਮੁਖੀ ਯਾਤ੍ਰਾ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸਾਧਕ ਅਤੇ ਚਿੰਤਕ ਦੋਵੇਂ ਸਨ। ਉਨ੍ਹਾਂ ਦੇ ਆਤਮ-ਨਿਰੂਪਣ ਦਾ ਆਧਾਰ ਨ ਤਾਂ ਪੂਰੀ ਤਰ੍ਹਾਂ ਕੋਈ ਪੁਰਾਤਨ ਦਰਸ਼ਨ-ਪੱਧਤੀ ਹੈ ਅਤੇ ਨ ਹੀ ਉਨ੍ਹਾਂ ਦੁਆਰਾ ਪ੍ਰਤਿਪਾਦਿਤ ਸਿੱਧਾਂਤ ਕਿਸੇ ਨਿਸਚਿਤ ਆਤਮ-ਦਰਸ਼ਨ ਦੀ ਸਿਰਜਨਾ ਕਰਦੇ ਹਨ। ਅਸਲ ਵਿਚ, ਉਨ੍ਹਾਂ ਨੇ ਆਤਮ-ਅਨੁਭੂਤੀ ਦੀ ਅਭਿਵਿਅਕਤੀ ਲਈ ਜਿਥੇ-ਕਿਥੇ ਜੋ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਉਕਤੀਆਂ ਦੇ ਆਧਾਰ 'ਤੇ ਜੋ ਰੂਪ-ਰੇਖਾ ਤਿਆਰ ਹੁੰਦੀ ਹੈ, ਉਹੀ ਉਨ੍ਹਾਂ ਦਾ ਆਤਮ-ਦਰਸ਼ਨ ਹੈ।

ਗੁਰਬਾਣੀ ਵਿਚ ਅਨੇਕ ਸਥਲਾਂ ਉਤੇ ਆਤਮ-ਗਿਆਨ ਪ੍ਰਾਪਤ ਕਰਨ ਲਈ ਜਿਗਿਆਸੂਆਂ ਨੂੰ ਜੋ ਪ੍ਰੇਰਣਾ ਦਿੱਤੀ ਗਈ ਹੈ, ਉਸ ਨਾਲ ਉਹ ਆਤਮ-ਤੱਤ੍ਵ ਨੂੰ ਪਛਾਣਨ ਦਾ ਉਦਮ ਕਰਦੇ ਹਨ, ਉਹ ਪਰਮਾਤਮਾ ਦਾ ਰੂਪ ਹੀ ਹੋ ਜਾਂਦੇ ਹਨ। ਆਤਮ-ਤੱਤ੍ਵ ਦੀ ਪਛਾਣ ਗੁਰੂ ਦੁਆਰਾ ਹੁੰਦੀ ਹੈ —*ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।*(ਗੁ.ਗ੍ਰੰ.1153)।

ਗੁਰਬਾਣੀ ਅਨੁਸਾਰ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ — *ਨਿਰਮਲ ਕਾਇਆ ਊਜਲ ਹੰਸਾ। ਤਿਸੁ ਵਿਚਿ ਨਾਮੁ ਨਿਰੰਜਨ ਅੰਸਾ।*(ਗੁ.ਗ੍ਰੰ.1034)। ਗੁਰੂ ਨਾਨਕ ਦੇਵ ਜੀ ਨੇ ਮਲਾਰ ਰਾਗ ਵਿਚ ਸਪੱਸ਼ਟ ਕੀਤਾ ਹੈ ਕਿ ਸੁਨਹਿਰੀ ਦੇਹ ਵਿਚ ਨਿਰਮਲ ਹੰਸ (ਪਵਿੱਤਰ ਆਤਮਾ) ਦਾ ਨਿਵਾਸ ਹੈ, ਜਿਸ ਵਿਚ ਪਰਮਾਤਮਾ ਦਾ ਅੰਸ਼ ਮੌਜੂਦ ਹੈ — *ਕੰਚਨ ਕਾਇਆ ਨਿਰਮਲ ਹੰਸੁ। ਜਿਸੁ ਮਹਿ ਨਾਮੁ ਨਿਰੰਜਨ ਅੰਸੁ।* (ਗੁ.ਗ੍ਰੰ.1256)। ਅਸਲ ਵਿਚ *ਸਰਬ ਕਲਾ ਜਗਦੀਸੈ ਅੰਸ*। ਗੁਰਬਾਣੀ ਦਾ ਇਹ ਅੰਸ਼-ਅੰਸ਼ੀ ਭਾਵ ਅਖੰਡ ਅਤੇ ਅਭੇਦ ਰੂਪ ਵਾਲਾ ਹੈ। ਇਹ ਅੰਸ਼-ਅੰਸ਼ੀ ਸੰਬੰਧ ਸਮੁੰਦਰ ਅਤੇ ਬੂੰਦ ਵਾਲਾ ਹੈ। ਇਨ੍ਹਾਂ ਦੋਹਾਂ ਨੂੰ ਵਖਰਾ ਵਖਰਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਬ੍ਰਹਮ ਆਤਮਾ ਵਿਚ ਵਿਆਪਤ ਹੈ

ਅਤੇ ਆਤਮਾ ਬ੍ਰਹਮ ਦਾ ਅੰਸ਼ ਹੈ। ਜੋ ਸਾਧਕ ਵਾਸਤਵਿਕ ਜੁਗਤ ਨੂੰ ਜਾਣਦਾ ਹੈ ਉਹੀ ਇਸ ਭੇਦ ਨੂੰ ਸਮਝ ਸਕਦਾ ਹੈ ਕਿ ਸਮੁੰਦਰ ਬੂੰਦ ਵਿਚ ਅਤੇ ਬੂੰਦ ਸਮੁੰਦਰ ਵਿਚ ਸਮੋਇਆ ਹੋਇਆ ਹੈ — *ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।* (ਗੁ.ਗ੍ਰੰ.878)।

ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਗੁਰਬਾਣੀ ਵਿਚ ਅੰਸ਼-ਅੰਸ਼ੀ ਭਾਵਨਾ ਕਿਸ ਦਰਸ਼ਨ-ਪੱਧਤੀ ਦੇ ਅਨੁਰੂਪ ਪ੍ਰਗਟ ਕੀਤੀ ਗਈ ਹੈ? ਕਿਉਂਕਿ ਅਦ੍ਵੈਤਵਾਦ, ਦ੍ਵੈਤਾਦ੍ਵੈਤਵਾਦ ਅਤੇ ਵਿਸ਼ਸ਼ਟਾਦ੍ਵੈਤਵਾਦ ਵਿਚ ਅੰਸ਼-ਅੰਸ਼ੀ ਭਾਵਨਾ ਦੀ ਕਿਸੇ ਨ ਕਿਸੇ ਰੂਪ ਵਿਚ ਸਥਾਪਨਾ ਹੋਈ ਹੈ। 'ਮੁੰਡਕ ਉਪਨਿਸ਼ਦ' (2/1/1) ਵਿਚ ਇਸ ਤੱਥ ਨੂੰ ਅਗਨੀ ਅਤੇ ਚਿਣਗਾਂ (ਸੁਫਲਿੰਗ) ਦੇ ਉਪਮਾਨ-ਵਿਧਾਨ ਦੁਆਰਾ ਸਪੱਸ਼ਟ ਕੀਤਾ ਗਿਆ ਹੈ। ਗੀਤਾ (15/7) ਵਿਚ ਦੇਹ-ਸਥਿਤ ਜੀਵਾਤਮਾ ਨੂੰ ਪਰਮਾਤਮਾ ਦਾ ਸਨਾਤਨ ਅੰਸ਼ ਮੰਨਿਆ ਗਿਆ ਹੈ। 'ਬ੍ਰਹਮ-ਸੂਤ੍ਰ' (2/3/43) ਅਨੁਸਾਰ ਜੀਵ ਬ੍ਰਹਮ ਦਾ ਅੰਸ਼ ਹੈ। ਇਸ ਤੱਥ ਨੂੰ ਪ੍ਰਮਾਣਿਤ ਕਰਨ ਲਈ ਵੇਦਾਂਤੀਆਂ ਨੇ ਆਭਾਸ ਅਤੇ ਪ੍ਰਤਿਬਿੰਬ ਦੀਆਂ ਜੁਗਤਾਂ ਪੇਸ਼ ਕੀਤੀਆਂ ਹਨ। 'ਅੰਸ਼' ਦਾ ਅਰਥ ਅਵ੍ਯਯ ਜਾਂ ਵਿਭਾਗ ਨਹੀਂ ਹੈ, ਸਗੋਂ ਸ਼ਕਤੀ ਰੂਪ ਹੈ। ਈਸ਼ਵਰ ਸਰਵ-ਸ਼ਕਤੀਮਾਨ ਹੈ, ਇਸ ਲਈ ਉਹ 'ਅੰਸ਼ੀ' ਹੈ। ਜੀਵ ਉਸ ਦਾ ਸ਼ਕਤੀ ਰੂਪ ਹੈ, ਇਸ ਲਈ ਉਹ 'ਅੰਸ਼' ਰੂਪ ਹੈ। ਵਿਸ਼ਿਸ਼ਟਾਦ੍ਵੈਤਵਾਦ ਅਨੁਸਾਰ ਬ੍ਰਹਮ ਵਿਭੂ ਹੈ ਅਤੇ ਜੀਵ ਅਣੂ। ਬ੍ਰਹਮ ਅਤੇ ਜੀਵ ਵਿਚ ਕੇਵਲ ਸ੍ਵਗਤ ਭੇਦ ਹੈ, ਸਜਾਤੀਯ ਜਾਂ ਵਿਜਾਤੀਯ ਭੇਦ ਨਹੀਂ ਹੈ। ਬ੍ਰਹਮ ਅਖੰਡ ਹੈ ਅਤੇ ਜੀਵ ਖੰਡਿਤ ਹੈ। ਇਸ ਲਈ ਜੀਵ ਅਤੇ ਈਸ਼ਵਰ ਦਾ ਸੰਬੰਧ ਰਾਮਾਨੁਜ-ਮਤ ਵਿਚ ਅਭੇਦਮੂਲਕ ਏਕਤਾ ਨਹੀਂ ਹੈ।

ਉਕਤ ਤਿੰਨਾਂ ਭਾਰਤੀ ਦਰਸ਼ਨਾਂ ਦੇ ਪ੍ਰਕਾਸ਼ ਵਿਚ ਜੇ ਗੁਰਮਤਿ ਦੇ ਅੰਸ਼-ਅੰਸ਼ੀ ਭਾਵ ਦਾ ਗੰਭੀਰਤਾ ਨਾਲ ਅਧਿਐਨ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੁਰਬਾਣੀ ਦੀਆਂ ਭਾਵਨਾਵਾਂ ਅਦ੍ਵੈਤਵਾਦੀ ਦ੍ਰਿਸ਼ਟੀਕੋਣ ਨਾਲ ਨੇੜ ਰਖਦੀਆਂ ਹਨ। ਇਹ ਨੇੜਤਾ ਸਮੁੱਚੀ ਭਾਵਨਾ ਵਿਚ ਹੀ ਨਹੀਂ, ਸਗੋਂ ਸਮੁੰਦਰ ਅਤੇ ਬੂੰਦ ਦੇ ਦ੍ਰਿਸ਼ਟਾਂਤ ਤੋਂ ਵੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਸਾਰਿਆਂ ਜੀਵਾਂ ਵਿਚ ਪਰਮਾਤਮਾ ਦੇ ਪ੍ਰਤਿਬਿੰਬਿਤ ਹੋਣ ਦੀ ਧਾਰਣਾ ਤੋਂ ਵੀ ਇਸ ਦਾ ਸਮਰਥਨ ਪ੍ਰਾਪਤ ਹੋ ਜਾਂਦਾ ਹੈ, ਜਿਵੇਂ — *ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ। ਗੁਰ ਸਾਖੀ ਜੋਤਿ ਪਰਗਟੁ ਹੋਇ।* (ਗੁ.ਗ੍ਰੰ.663)। ਇਸ ਲਈ ਗੁਰਮਤਿ ਦਾ ਅੰਸ਼-ਅੰਸ਼ੀ ਭਾਵ ਪੂਰੀ ਤਰ੍ਹਾਂ ਅਦ੍ਵੈਤ-ਮੂਲਕ ਹੈ। ਇਸ ਦੀ ਦ੍ਵੈਤਾਦ੍ਵੈਤਵਾਦ ਅਤੇ ਵਿਸ਼ਿਸ਼ਟਾਦ੍ਵੈਤਵਾਦ ਨਾਲ ਕਿਸੇ ਪ੍ਰਕਾਰ ਦੀ ਕੋਈ ਸਾਂਝ ਨਹੀਂ ਹੈ।

ਅੰਸ਼-ਅੰਸ਼ੀ ਭਾਵ ਤੋਂ ਇਲਾਵਾ, ਗੁਰਬਾਣੀ ਵਿਚ ਆਤਮਾ-ਪਰਮਾਤਮਾ ਦੀ ਪੂਰਣ ਏਕਤਾ ਵਿਚ ਵੀ ਵਿਸ਼ਵਾਸ ਵਿਖਾਇਆ ਗਿਆ ਹੈ। ਜਿਸ ਸਾਧਕ ਦਾ ਪਰਮਾਤਮਾ ਵਿਚ ਏਕ-ਨਿਸ਼ਠ ਧਿਆਨ ਲਗ ਜਾਂਦਾ ਹੈ, ਉਹ ਆਤਮਾ ਨੂੰ ਪਰਮਾਤਮਾ ਨਾਲ ਇਕਮਿਕ ਕਰ ਦਿੰਦਾ ਹੈ ਅਤੇ ਉਸ ਦੇ ਅੰਦਰ ਦਾ ਦ੍ਵੈਤਭਾਵ ਅੰਦਰ ਹੀ ਨਸ਼ਟ ਹੋ ਜਾਂਦਾ ਹੈ—*ਆਤਮਾ ਪਰਾਤਮਾ ਏਕੋ ਕਰੈ। ਅੰਤਰ ਕੀ ਦੁਬਿਧਾ ਅੰਤਰਿ ਮਰੈ।* (ਗੁ.ਗ੍ਰੰ.661)। ਗੁਰੂ ਅਰਜਨ ਦੇਵ ਜੀ ਨੇ ਗੌਂਡ ਰਾਗ ਵਿਚ ਪਰਮਾਤਮਾ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਆਤਮਾ ਉਤੇ ਆਰੋਪਿਤ ਕਰਦਿਆਂ ਇਸ ਨੂੰ ਪਰਮਾਤਮਾ ਦਾ ਹੀ ਰੂਪ ਮੰਨਿਆ ਹੈ—*ਅਚਰਜ ਕਥਾ ਮਹਾ ਅਨੂਪ। ਪ੍ਰਾਤਮਾ ਪਾਰਬ੍ਰਹਮ ਕਾ ਰੂਪੁ। ਨਾ ਇਹੁ ਬੂਢਾ ਨਾ ਇਹੁ ਬਾਲਾ। ਨਾ ਇਸੁ ਦੂਖੁ ਨਹੀ ਜਮ ਜਾਲਾ। ਨਾ ਇਹੁ ਬਿਨਸੈ ਨਾ ਇਹੁ ਜਾਇ। ਆਦਿ ਜੁਗਾਦੀ ਰਹਿਆ ਸਮਾਇ। ਨਾ ਇਸੁ ਉਸਨੁ ਨਾਹੀ ਇਸੁ ਸੀਤੁ। ਨਾ ਇਸੁ ਦੁਸਮਨੁ ਨ ਇਸੁ ਮੀਤੁ। ਨਾ ਇਸੁ ਹਰਖੁ ਨਹੀ ਇਸੁ ਸੋਗੁ। ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ। ਨਾ ਇਸੁ ਬਾਪੁ ਨਹੀ ਇਸੁ ਮਾਇਆ। ਇਹੁ ਅਪਰੰਪਰੁ ਹੋਤਾ ਆਇਆ। ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ। ਘਟ ਘਟ ਅੰਤਰਿ ਸਦ ਹੀ ਜਾਗੈ।* (ਗੁ.ਗ੍ਰੰ.868)। ਅਦ੍ਵੈਤ-ਵੇਦਾਂਤ ਗ੍ਰੰਥਾਂ ਵਿਚ ਵੀ ਆਤਮਾ ਅਤੇ ਪਰਮਾਤਮਾ ਦੀ ਏਕਤਾ ਦਾ ਪ੍ਰਤਿਪਾਦਨ ਹੋਇਆ ਹੈ।

ਗੁਰਬਾਣੀ ਵਿਚ ਆਤਮਾ ਲਈ 'ਤੰਤ' (ਤੱਤ੍ਵ) ਸ਼ਬਦ ਵਰਤਿਆ ਗਿਆ ਹੈ ਅਤੇ ਪਰਮਾਤਮਾ ਨੂੰ 'ਪਰਮਤੰਤ' (ਪਰਮਤੱਤ੍ਵ) ਕਿਹਾ ਗਿਆ ਹੈ। ਪਵਿੱਤਰ ਪਾਤਰ (ਸ੍ਰੇਸ਼ਠ ਸਾਧਕ) ਵਿਚ ਹੀ ਸਤਿ ਸਰੂਪ ਪਰਮਾਤਮਾ ਸਮਾਉਂਦਾ ਹੈ। ਸਦਾਚਾਰੀ ਦਾ ਤੱਤ੍ਵ (ਆਤਮਾ) ਪਰਮ ਤੱਤ੍ਵ (ਪਰਮਾਤਮਾ) ਵਿਚ ਮਿਲ ਜਾਂਦਾ ਹੈ ਅਤੇ ਉਹ ਪਰਮਾਤਮਾ ਦੀ ਸ਼ਰਣ ਵਿਚ ਪਹੁੰਚ ਜਾਂਦਾ ਹੈ —*ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ। ਤੰਤੈ ਕਉ ਪਰਮਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ।* (ਗੁ.ਗ੍ਰੰ.597)। ਇਥੇ ਇਹ ਸਪੱਸ਼ਟ ਕੀਤਾ ਗਿਆ ਹੈ ਕਿ

ਉਹ ਵਿਅਕਤੀ ਹੀ ਆਤਮਾ ਪਰਮਾਤਮਾ ਦਾ ਸਾਖਿਆਤਕਾਰ ਪ੍ਰਾਪਤ ਕਰ ਸਕਦਾ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਪੈਦਾ ਹੋਏ ਪਾਪਾਂ ਤੋਂ ਆਪਣੇ ਆਪ ਨੂੰ ਮੁਕਤ ਕਰ ਲੈਂਦਾ ਹੈ। ਅਪਵਿੱਤਰ ਵਿਅਕਤੀ ਲਈ ਸਾਖਿਆਤਕਾਰ ਦੀ ਬਿਲਕੁਲ ਸੰਭਾਵਨਾ ਨਹੀਂ ਹੈ। ਉਹ ਵਿਅਰਥ ਵਿਚ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

ਗੁਰਬਾਣੀ ਵਿਚ ਆਤਮਾ ਦਾ 'ਸੋਹੰ', ਰੂਪ ਵਿਚ ਵੀ ਚਿਤ੍ਰਣ ਹੋਇਆ ਹੈ। ਸੰਸਕ੍ਰਿਤ ਮੂਲ ਦੇ 'ਸੋਹੰ' ਸ਼ਬਦ ਦਾ ਅਰਥ ਹੈ 'ਮੈਂ ਉਹ ਹਾਂ।' ਇਸ ਦਾ ਤਾਤਪਰਜ ਹੈ ਕਿ ਮੈਂ ਬ੍ਰਹਮ ਹਾਂ। ਇਹ ਵੇਦਾਂਤ ਦਾ ਵਾਕ ਹੈ ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਇਸ ਬ੍ਰਹਿਮੰਡ ਵਿਚ ਬ੍ਰਹਮ ਵਿਆਪਤ ਹੈ ਅਤੇ ਜੋ ਕੁਝ ਵੀ ਹੈ, ਬ੍ਰਹਮ ਹੀ ਹੈ। ਜੀਵ ਵੀ ਬ੍ਰਹਮ ਹੈ, ਪਰ ਜਾਗਤਿਕ ਮਾਇਆ ਦੇ ਅਵਰਣ ਕਰਕੇ ਇਹ ਆਪਣੇ ਬ੍ਰਹਮ ਰੂਪ ਨੂੰ ਪਛਾਣ ਨਹੀਂ ਸਕਦਾ। ਜਦ ਮਾਇਆ ਦਾ ਆਵਰਣ ਨਸ਼ਟ ਹੋ ਜਾਂਦਾ ਹੈ, ਤਾਂ ਉਹ ਬ੍ਰਹਮ ਹੀ ਹੋ ਜਾਂਦਾ ਹੈ। ਗੁਰਬਾਣੀ ਵਿਚ 'ਸੋਹੰ' ਮਾਨਤਾ ਸੰਬੰਧੀ ਭਾਵੇਂ ਬਹੁਤ ਗੱਲ ਨ ਕੀਤੀ ਗਈ ਹੋਵੇ, ਪਰ ਫਿਰ ਵੀ ਪ੍ਰਾਣੀ ਮਾਤ੍ਰ ਨੂੰ ਉਪਦੇਸ਼ ਕਰਨ ਵੇਲੇ ਗੁਰੂ ਨਾਨਕ ਦੇਵ ਜੀ ਨੇ 'ਸੋਹੰ' ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਕਿ ਨਾਮ ਰੂਪੀ ਅੰਮ੍ਰਿਤ ਪਾਨ ਕਰਕੇ ਪਰਮ ਸੁਖ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਆਪਣੇ ਵਾਸਤਵਿਕ ਘਰ ਵਿਚ ਨਿਵਾਸ ਮਿਲ ਜਾਂਦਾ ਹੈ, ਅਰਥਾਤ ਆਤਮ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਦੁਖ ਅਤੇ ਕਲੇਸ਼ ਨੂੰ ਨਸ਼ਟ ਕਰਨ ਵਾਲੇ ਪਰਮਾਤਮਾ ਅਤੇ 'ਸੋਹੰ' (ਮੇਰੇ) ਵਿਚ ਕੋਈ ਅੰਤਰ ਨਹੀਂ ਹੈ — *ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ। ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ। ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ।* (ਗੁ.ਗ੍ਰੰ.599)।

ਸਿਰੀ ਰਾਗ ਵਿਚ ਇਸ ਮਾਨਤਾ ਦੀ ਸਥਾਪਨਾ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਵਿੰਨ੍ਹਿਆ ਹੋਇਆ ਸਿੱਖ ਵਿਸ਼ਵਾਸ ਕਰ ਲੈਂਦਾ ਹੈ ਕਿ 'ਮੈਂ ਹੀ ਉਹ ਹਾਂ' ਅਤੇ ਇਸ ਤਰ੍ਹਾਂ ਆਪਣੇ ਵਾਸਤਵਿਕ ਤਤ੍ਵ ਨੂੰ ਪਛਾਣ ਲੈਂਦਾ ਹੈ — *ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ।* (ਗੁ.ਗ੍ਰੰ.60)।

'ਸੋਹੰ' ਦੇ ਜਪ ਦਾ ਵੀ ਬਹੁਤ ਮਹੱਤਵ ਦਰਸਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜੀਵਾਤਮਾ ਨੂੰ ਉਪਦੇਸ਼ ਕਰਦਿਆਂ ਕਿਹਾ ਹੈ ਕਿ ਉਹ 'ਸੋਹੰ' ਦਾ ਜਪ ਕਰੇ ਕਿਉਂਕਿ ਇਸ ਜਪ ਵਿਚ ਤਿੰਨੋਂ ਲੋਕ ਸਮਾਏ ਹੋਏ ਹਨ — *ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ।* (ਗੁ.ਗ੍ਰੰ. 1093)। ਸਪੱਸ਼ਟ ਹੈ ਕਿ ਗੁਰਮਤਿ ਵਿਚ 'ਸੋਹੰ' ਸੰਬੰਧੀ ਵਿਚਾਰ ਆਤਮਾ ਅਤੇ ਪਰਮਾਤਮਾ ਦੀ ਅਭਿੰਨਤਾ ਦੇ ਪ੍ਰਤਿਪਾਦਕ ਹਨ।

ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਨੇ ਪੂਰਵ-ਵਰਤੀ ਵਿਚਾਰਕਾਂ ਦੇ ਆਤਮਾ ਸੰਬੰਧੀ ਮਤਾਂ ਨੂੰ ਮਨ ਵਿਚ ਵਸਾ ਕੇ ਅਤੇ ਉਨ੍ਹਾਂ ਨੂੰ ਉਸ ਸਮੇਂ ਦੀਆਂ ਪਰਿਸਥਿਤੀਆਂ ਅਨੁਸਾਰ ਢਾਲ ਕੇ ਇਕ ਨਵਾਂ ਰੂਪ ਦਿੱਤਾ ਹੈ। ਆਤਮਾ ਨੂੰ ਪਰਮਾਤਮਾ ਦਾ ਅੰਸ਼ ਸਵੀਕਾਰ ਕਰਕੇ ਦੋਹਾਂ ਦੀ ਅਭਿੰਨਤਾ ਸਥਾਪਿਤ ਕੀਤੀ ਹੈ। ਇਨ੍ਹਾਂ ਦੋਹਾਂ ਵਿਚ ਸਮੁੰਦਰ ਅਤੇ ਬੂੰਦ ਵਾਲਾ ਸੰਬੰਧ ਵੀ ਸਥਾਪਿਤ ਕੀਤਾ ਹੈ ਅਤੇ 'ਸੋਹੰ' ਸਿੱਧਾਂਤ ਅਨੁਸਾਰ ਦੋਹਾਂ ਵਿਚ ਅਭਿੰਨਤਾ ਦਰਸਾਈ ਹੈ।

**ਆਤਮਾ ਸਿੰਘ** (1912-1997 ਈ.): ਇਕ ਉਘੇ ਅਕਾਲੀ ਨੇਤਾ ਸ. ਆਤਮਾ ਸਿੰਘ ਦਾ ਜਨਮ ਪਿੰਡ ਸੁਖਦੇਵ ਸਿੰਘ ਵਾਲਾ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਸ. ਝੰਡਾ ਸਿੰਘ ਦੇ ਘਰ ਸੰਨ 1912 ਈ. ਵਿਚ ਹੋਇਆ। ਮੁਢਲੀ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਇਹ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਕਲਰਕ ਲਗ ਗਏ। ਆਪਣੀ ਮਿਹਨਤ ਅਤੇ ਸੇਵਾ ਦੇ ਬਲ 'ਤੇ ਇਹ ਮੈਨੇਜਰ ਦੇ ਪਦ ਤਕ ਪਹੁੰਚੇ। ਦੇਸ਼ ਵੰਡ ਤੋਂ ਬਾਦ ਇਹ ਅੰਮ੍ਰਿਤਸਰ ਆ ਰਹੇ ਅਤੇ ਉਜੜੇ ਹੋਏ ਲੋਕਾਂ ਦੇ ਮੁੜ ਵਸੇਬੇ ਲਈ ਬੜੀ ਤਨਦੇਹੀ ਨਾਲ ਕੰਮ ਕਰਦੇ ਰਹੇ।

ਮਾਸਟਰ ਤਾਰਾ ਸਿੰਘ ਦੇ ਸੰਪਰਕ ਵਿਚ ਆਉਣ ਕਾਰਣ ਇਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਸਰਗਰਮ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ 19 ਵਰ੍ਹੇ ਇਸ ਦੇ ਜਨਰਲ ਸਕੱਤਰ ਬਣੇ ਰਹੇ। ਸੰਨ 1952 ਈ. ਵਿਚ ਇਹ ਸੁਲਤਾਨਪੁਰ ਲੋਧੀ ਹਲਕੇ ਤੋਂ ਅਕਾਲੀ ਟਿਕਟ ਉਤੇ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਸੰਨ 1954 ਈ. ਦੀਆ ਚੋਣਾਂ ਵੇਲੇ ਇਹ ਫਤਹਿਗੜ੍ਹ ਵਿਚ ਪੰਡਿਤ ਨਹਿਰੂ ਪ੍ਰਤਿ ਰੋਸ ਪ੍ਰਗਟ ਕਰਨ ਦੇ ਫਲਸਰੂਪ ਜੇਲ੍ਹ ਵਿਚ ਹੁੰਦੇ ਹੋਇਆਂ ਵੀ ਆਪਣੇ ਹਲਕੇ ਤੋਂ ਵਿਧਾਨ ਸਭਾ ਦੇ ਮੈਂਬਰ ਚੁਣ ਲਏ ਗਏ। ਇਸ ਤੋਂ ਬਾਦ

ਸੰਨ 1957, 1969, 1977, 1980 ਈ. ਤੋਂ ਇਹ ਸੁਲਤਾਨਪੁਰ ਲੋਧੀ ਤੋਂ ਜਿਤਦੇ ਰਹੇ ਅਤੇ ਅਕਾਲੀ ਸਰਕਾਰਾਂ ਵੇਲੇ ਕਈ ਮਹੱਤਵਪੂਰਣ ਵਿਭਾਗਾਂ ਦੇ ਮੰਤਰੀ ਰਹੇ। ਇਹ ਜਿਥੇ ਵੀ ਰਹੇ ਅਤੇ ਜਿਸ ਔਹਦੇ ਉਤੇ ਵੀ ਰਹੇ, ਸਿੱਖਾਂ ਦੇ ਹਿੱਤਾਂ ਨੂੰ ਇਨ੍ਹਾਂ ਨੇ ਕਦੇ ਅੱਖੋਂ ਪਰੋਖੇ ਨਹੀਂ ਹੋਣ ਦਿੱਤਾ। ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਏ ਮੋਰਚਿਆਂ ਵਿਚ ਹਿੱਸਾ ਲੈ ਕੇ ਇਨ੍ਹਾਂ ਨੇ 14 ਸਾਲ ਕੈਦ ਕਟੀ।

ਸੰਨ 1984 ਈ. ਵਿਚ ਨੀਲਾ ਤਾਰਾ ਸਾਕਾ ਵੇਲੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਮੁੱਖ ਨੇਤਾ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਗਏ, ਤਾਂ ਇਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾਈ ਅਤੇ ਗੁਰਦੁਆਰਾ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਪੂਰਾ ਯਤਨ ਕੀਤਾ। ਇਨ੍ਹਾਂ ਨੇ ਸੁਲਤਾਨਪੁਰ ਲੋਧੀ ਦੇ ਗੁਰੂ-ਧਾਮਾਂ ਦੀ ਨਵੇਂ ਸਿਰਿਓਂ ਉਸਾਰੀ ਕਰਵਾ ਕੇ ਸੁੰਦਰ ਇਮਾਰਤਾਂ ਬਣਵਾਈਆਂ। ਆਪ ਨੇ ਵਿਦਿਅਕ ਉਨਤੀ ਲਈ ਵੀ ਪੂਰਾ ਯਤਨ ਕੀਤਾ ਅਤੇ ਸੁਲਤਾਨਪੁਰ ਲੋਧੀ ਵਰਗੇ ਪਛੜੇ ਹੋਏ ਇਲਾਕੇ ਵਿਚ ਗੁਰੂ ਨਾਨਕ ਖ਼ਾਲਸਾ ਕਾਲਜ, ਸ੍ਰੀ ਨਨਕਾਣਾ ਸਾਹਿਬ ਖ਼ਾਲਸਾ ਹਾਈ ਸਕੂਲ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਥਾਪਿਤ ਕਰਕੇ ਉਸ ਇਲਾਕੇ ਦਾ ਵਿਦਿਅਕ ਪਛੜੇਵਾਂ ਦੂਰ ਕੀਤਾ। ਇਹ ਸੰਸਥਾਵਾਂ ਆਪ ਦੇ ਪਰਿਵਾਰ ਵਾਲੇ ਇਕ ਟ੍ਰਸਟ ਦੁਆਰਾ ਬੜੇ ਸੁਚੱਜੇ ਢੰਗ ਨਾਲ ਚਲਾ ਰਹੇ ਹਨ। ਉਸ ਇਲਾਕੇ ਦੀਆਂ ਅਨੇਕ ਸੰਸਥਾਵਾਂ ਨਾਲ ਆਪ ਸੰਬੰਧਿਤ ਰਹੇ। 6 ਜੂਨ 1997 ਈ. ਵਿਚ ਆਪ ਦਾ ਦੇਹਾਂਤ ਹੋਇਆ।

**ਆਤਮਾ ਸਿੰਘ, ਰਾਗੀ**: ਮੁਲਤਾਨ ਦੇ ਨੇੜੇ ਸਥਿਤ ਸ਼ੁੱਜਾਬਾਦ ਦਾ ਦਾ ਇਕ ਦਰਵੇਸ਼ੀ ਰੁਚੀਆਂ ਵਾਲਾ ਸਾਧਕ ਜਿਸ ਦਾ ਪਹਿਲਾ ਨਾਂ ਆਤਮਾ ਰਾਮ ਸੀ, ਪਰ ਜਦੋਂ ਬਾਬਾ ਖ਼ੁਦਾ ਸਿੰਘ (ਵੇਖੋ) ਮੁਲਤਾਨ ਆ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਗੇ ਤਾਂ ਇਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਸਿੰਘ ਸਜ ਗਿਆ। ਇਸ ਤੋਂ ਪਹਿਲਾਂ ਇਹ ਸ਼ੁੱਜਾਬਾਦ ਦੀ ਇਕ ਧਰਮਸ਼ਾਲਾ ਵਿਚ ਰਹਿੰਦਾ ਸੀ। ਇਹ ਆਪਣੇ ਪਾਸ ਕਿਸੇ ਪ੍ਰਕਾਰ ਦੀ ਵਸਤੂ ਜਾਂ ਧਨ ਦਾ ਸੰਚਨ ਨਹੀਂ ਸੀ ਕਰਦਾ, ਜੋ ਕੁਝ ਮਿਲਦਾ ਲੋਕਾਂ ਵਿਚ ਵੰਡ ਦਿੰਦਾ। ਹਰਿ-ਭਗਤੀ ਵਿਚ ਸਦਾ ਲੀਨ ਰਹਿਣ ਵਾਲੇ ਆਤਮਾ ਸਿੰਘ ਦੀ ਰੁਚੀ ਅਧਿਕਤਰ ਗੁਰਮਤਿ ਸੰਗੀਤ ਵਿਚ ਰਹਿੰਦੀ ਸੀ। ਇਸ ਨੂੰ ਰਾਗ-ਵਿਦਿਆ ਵਿਚ ਇਤਨੀ ਨਿਪੁਣਤਾ ਪ੍ਰਾਪਤ ਹੋ ਗਈ ਸੀ ਕਿ ਲੋਕੀਂ ਇਸ ਨੂੰ ਰਾਗ ਦਾ ਅੱਠਵਾਂ ਸਮੁੰਦਰ ਕਹਿਣ ਲਗ ਗਏ ਸਨ।

ਗੁਰੂ ਗ੍ਰੰਥ ਸਾਹਿਬ ਦੇ ਪਾਠ ਵਿਚ ਇਸ ਦਾ ਚਿੱਤ ਬਹੁਤ ਰਮਦਾ ਸੀ। ਕਹਿੰਦੇ ਹਨ ਕਿ ਇਸ ਨੂੰ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਯਾਦ ਹੋ ਗਿਆ ਸੀ। ਇਕ ਵਾਰ ਬਾਬਾ ਸਾਹਿਬ ਸਿੰਘ ਊਨੇ ਵਾਲਿਆਂ ਦੀ ਹਾਜ਼ਰੀ ਵਿਚ ਇਸ ਨੇ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਜ਼ਬਾਨੀ ਕੀਤਾ ਸੀ। ਇਸ ਦੀ ਨੌਰੰਗਾਬਾਦ ਵਾਲੇ ਬਾਬਾ ਬੀਰ ਸਿੰਘ ਪ੍ਰਤਿ ਵੀ ਅਗਾਧ ਸ਼ਰਧਾ ਸੀ। ਸੰਨ 1843 ਈ. ਵਿਚ ਇਹ ਉਨ੍ਹਾਂ ਪਾਸ ਆ ਕੇ ਰਹਿਣ ਲਗ ਗਿਆ, ਪਰ ਇਕ ਸਾਲ ਬਾਦ ਅੰਮ੍ਰਿਤਸਰ ਆ ਗਿਆ ਅਤੇ ਉਥੇ ਹੀ ਅੰਤ-ਕਾਲ ਤਕ ਰਿਹਾ। ਸਾਰੀ ਬਾਣੀ ਦੇ ਕੰਠ ਹੋਣ ਅਤੇ ਕੀਰਤਨ ਵਿਚ ਪ੍ਰਬੀਨ ਹੋਣ ਕਾਰਣ ਸਿੱਖਾਂ ਵਿਚ ਇਸ ਦਾ ਵਿਸ਼ੇਸ਼ ਆਦਰ ਸੀ। ਇਸ ਦੇ ਜਨਮ-ਮਰਨ ਦੀਆਂ ਤਿਥੀ ਅਤੇ ਕੁਲ ਪਰੰਪਰਾ ਬਾਰੇ ਜਾਣਕਾਰੀ ਦਾ ਅਭਾਵ ਹੈ।

**ਆਦਿ ਸਾਖੀਆਂ** (ਰਚਨਾ) : ਇਸ ਪੁਸਤਕ ਦੇ ਨਾਂ ਤੋਂ ਇੰਜ ਭ੍ਰਮ ਪੈਂਦਾ ਹੈ ਕਿ ਇਸ ਵਿਚ ਸਭ ਨਾਲੋਂ ਅਧਿਕ ਪੁਰਾਣੀਆਂ ਜਾਂ ਮੁੱਢਲੀਆਂ ਸਾਖੀਆਂ ਹੋਣਗੀਆਂ, ਪਰ ਅਜਿਹੀ ਗੱਲ ਨਹੀਂ ਹੈ। ਇਸ ਦਾ ਮੂਲ ਨਾਂ 'ਜਨਮਪਤ੍ਰੀ ਬਾਬੇ ਜੀ ਕੀ' ਹੈ, ਜੋ ਇਸ ਦੇ ਸ਼ੁਰੂ ਵਿਚ ਲਿਖਿਆ ਹੈ। ਉਸ ਤੋਂ ਉਪਰੰਤ ਲਿਖਿਆ ਹੈ — 'ਬਾਬੇ ਕੀਆ ਸਾਖੀਆਂ ਆਦਿ ਤੋਂ ਲੈ ਕਰਿ ਚਲੀਆ'। ਇਸ ਟੂਕ ਵਿਚ ਆਏ 'ਆਦਿ' ਪਦ ਨੂੰ ਸਾਖੀਆਂ ਦੇ ਵਿਸ਼ੇਸ਼ਣ ਵਜੋਂ ਵਰਤ ਕੇ ਇਸ ਦਾ ਨਾਂ 'ਆਦਿ ਸਾਖੀਆਂ' ਪ੍ਰਚਲਿਤ ਕਰ ਦਿੱਤਾ ਗਿਆ ਹੈ।

ਇਸ ਨੂੰ 'ਸ਼ੰਭੂ ਨਾਥ ਵਾਲੀ ਜਨਮਪਤ੍ਰੀ ਬਾਬੇ ਨਾਨਕ ਜੀ ਕੀ' ਨਾਂ ਡਾ. ਪਿਆਰ ਸਿੰਘ ਨੇ ਦਿੱਤਾ ਹੈ, ਪਰ ਸ਼ੰਭੂ ਨਾਥ ਕੇਵਲ ਉਸ ਪੋਥੀ ਦਾ ਉਤਾਰਾ-ਕਾਰ ਹੈ ਜੋ ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਪਈ ਹੈ। ਇਸ ਲਈ ਕਿਸੇ ਵਿਸ਼ੇਸ਼ ਪੋਥੀ ਦੇ ਲਿਖਾਰੀ ਦਾ ਸੰਬੰਧ ਹੋਰਨਾਂ ਨਕਲਾਂ ਜਾਂ ਪੋਥੀਆਂ ਨਾਲ ਜੋੜਨਾ ਵਾਜਬ ਨਹੀਂ ਹੈ।

ਇਸ ਜਨਮਸਾਖੀ ਦੇ ਸੰਪਾਦਕ ਡਾ. ਪਿਆਰ ਸਿੰਘ ਨੂੰ ਭਾਵੇਂ ਇਨ੍ਹਾਂ ਸਾਖੀਆਂ ਦੀ ਹੋਂਦ ਦਾ ਬੋਧ ਡਾ. ਮੋਹਨ

ਸਿੰਘ ਦੀਵਾਨਾ ਦੀਆਂ ਲਿਖੀਆਂ ਕੁਝ ਪੁਸਤਕਾਂ ਤੋਂ ਹੋਇਆ ਹੈ, ਪਰ ਸੰਪਾਦਕ ਨੇ ਪ੍ਰਸਤੁਤ ਸੰਸਕਰਣ ਲਈ 1701 ਈ. (1758 ਬਿ.) ਵਿਚ ਲਿਖੀ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਹੱਥ-ਲਿਖਿਤ ਅੰਕ ਪੀ.ਯੂ.ਐਲ.4141 ਦੀ ਥਾਂ ਮਹਾਰਾਜਾ ਪਟਿਆਲਾ ਦੇ ਨਿਜੀ ਪੁਸਤਕਾਲਯ ਵਿਚ ਸੁਰਖਿਅਤ 1701 ਈ. (1758 ਬਿ.) ਵਿਚ ਲਿਖੀ ਪੋਥੀ ਨੂੰ ਆਧਾਰ ਬਣਾਇਆ ਹੈ ਅਤੇ ਪਾਠਾਂਤਰਾਂ ਦੇ ਤੁਲਨਾਤਮਕ ਅਧਿਐਨ ਲਈ ਸ਼ਮਸ਼ੇਰ ਸਿੰਘ ਅਸ਼ੋਕ ਦੀ ਨਿਜੀ ਪੋਥੀ ਅਤੇ ਸਿੱਖ ਰੈਫ੍ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਹੱਥ-ਲਿਖਿਤ ਅੰਕ 5462 ਨੂੰ ਵਰਤਿਆ ਹੈ।

ਇਸ ਸਾਖੀ-ਸੰਗ੍ਰਹਿ ਵਿਚ ਕੁਲ 30 ਸਾਖੀਆਂ ਹਨ ਪਰ ਸੰਪਾਦਕ ਦੇ ਕਥਨ ਅਨੁਸਾਰ ਕਿਤੇ ਕਿਤੇ ਇਕੋ ਅੰਕ ਨਾਲ ਇਕ ਤੋਂ ਵਧ ਸਾਖੀਆਂ ਵੀ ਜੁੜੀਆ ਹੋਈਆਂ ਹਨ। ਜੇ ਇਨ੍ਹਾਂ ਸੰਯੁਕਤ ਸਾਖੀਆਂ ਨੂੰ ਵਖ ਕਰਕੇ ਗਿਣਿਆ ਜਾਵੇ ਤਾਂ ਸਾਖੀਆਂ ਦੀ ਕੁਲ ਗਿਣਤੀ ਲਗਭਗ 50 ਹੋ ਜਾਂਦੀ ਹੈ।

ਵਿਦਵਾਨ ਸੰਪਾਦਕ ਨੇ ਅਨੇਕ ਉਕਤੀਆਂ ਯੁਕਤੀਆਂ ਤੋਂ ਬਾਦ ਇਨ੍ਹਾਂ ਸਾਖੀਆਂ ਨੂੰ ਜਨਮਸਾਖੀਆਂ ਦੇ ਵਿਕਾਸ-ਕ੍ਰਮ ਵਿਚ 'ਪੁਰਾਤਨ ਜਨਮਸਾਖੀ' ਤੋਂ ਬਾਦ ਅਤੇ 'ਮਿਹਰਬਾਨ ਜਨਮਸਾਖੀ' ਤੋਂ ਪਹਿਲਾਂ ਰਖਿਆ ਹੈ (ਭੂਮਿਕਾ, ਪੰਨਾ 38)। ਉਨ੍ਹਾਂ ਦੇ ਇਸ ਨਿਸ਼ਕਰਸ਼ ਨਾਲ ਸਹਿਮਤ ਹੋਣਾ ਸਰਲ ਨਹੀਂ, ਕਿਉਂਕਿ ਇਹ ਨਿਰਣਾ ਅਨਾਵੱਸ਼ਕ ਖਿਚਤਾਣ 'ਤੇ ਆਧਾਰਿਤ ਹੈ। ਇਨ੍ਹਾਂ ਸਾਖੀਆਂ ਦੇ ਗੰਭੀਰ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦਾ ਇਕ ਅਜਿਹਾ ਸੰਗ੍ਰਹਿ ਹੈ ਜੋ 'ਪੁਰਾਤਨ ਜਨਮਸਾਖੀ' ਤੋਂ ਲਗਭਗ 100 ਵਰ੍ਹੇ ਅਤੇ ਮਿਹਰਬਾਨ ਵਾਲੀ ਜਨਮਸਾਖੀ ਤੋਂ ਲਗਭਗ 50 ਵਰ੍ਹੇ ਬਾਦ ਸੰਨ 1701 ਈ. (1758 ਬਿ.) ਵਿਚ ਤਿਆਰ ਕੀਤਾ ਗਿਆ ਸੀ ਅਤੇ ਇਸ ਵਿਚ ਸੰਕਲਿਤ 30 ਸਾਖੀਆਂ ਵਿਚੋਂ ਲਗਭਗ 18 ਸਾਖੀਆਂ (2-8, 10-12, 14-21, 23) 'ਪੁਰਾਤਨ ਜਨਮਸਾਖੀ' ਤੋਂ ਲਈਆਂ ਗਈਆਂ ਹਨ ਅਤੇ ਸੱਤ ਸਾਖੀਆਂ (1,15,22,25,27,29) ਮਿਹਰਬਾਨ ਵਾਲੀ ਜਨਮਸਾਖੀ 'ਤੇ ਆਧਾਰਿਤ ਹਨ। ਇਸ ਦੀ ਪਹਿਲੀ ਸਾਖੀ 'ਪੁਰਾਤਨ ਜਨਮਸਾਖੀ' ਦੀ 'ਵੇਈਂ ਪ੍ਰਵੇਸ਼' ਵਾਲੀ ਸਾਖੀ ਦਾ ਹੀ ਵਿਗੜਿਆ ਹੋਇਆ ਰੂਪ ਹੈ ਅਤੇ ਸਾਖੀ 29 ਦੀ 'ਬਸਿਸਟ ਗੁਸਾਂਈ ਦੀ ਕਥਾ' ਸੰਮਤ 1703 ਬਿ. ਵਿਚ ਸੋਢੀ ਹਰਿਜੀ ਵਿਰਚਿਤ 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਦੀ 23ਵੀਂ ਅਸ਼ਟਪਦੀ (*ਆਦਿ ਰਾਮਾਇਣ*) ਦੀ ਨੌਵੀਂ ਕਥਾ ਨਾਲ ਬਹੁਤ ਅਧਿਕ ਸਮਾਨਤਾ ਰਖਣ ਕਾਰਣ ਉਸ ਦੀ ਅਨੁਕ੍ਰਿਤੀ ਪ੍ਰਤੀਤ ਹੁੰਦੀ ਹੈ। ਇਸ ਗਿਣਤੀ ਤੋਂ ਬਚ ਰਹੀਆਂ ਸਾਖੀਆਂ ਦਾ ਸੰਬੰਧ ਵੀ ਉਪਰਲੇ ਸਰੋਤਾਂ ਜਾਂ ਬਾਲੇ ਵਾਲੀ ਜਨਮਸਾਖੀ ਦੀਆਂ ਕੁਝ ਕੁ ਸਾਖੀਆਂ ਦੇ ਤੱਤ੍ਹਾਂ ਨਾਲ ਜੋੜਿਆ ਜਾ ਸਕਦਾ ਹੈ। ਇਸ ਦੀਆਂ ਕਈਆਂ ਸਾਖੀਆਂ ਵਿਚ ਬਾਬਾ ਕਾਲੂ ਨਾਲ 'ਦਾਦਾ' ਸ਼ਬਦ ਵਰਤਿਆ ਗਿਆ ਹੈ। ਬਾਬੇ ਕਾਲੂ ਦੇ ਨਾਂ ਨਾਲ 'ਦਾਦਾ' ਵਿਸ਼ੇਸ਼ਣ ਦੀ ਸਭ ਤੋਂ ਪਹਿਲੀ ਵਰਤੋਂ ਮਿਹਰਬਾਨ ਵਾਲੀ ਜਨਮਸਾਖੀ ਵਿਚ ਹੋਈ ਹੈ। ਇਸ ਕਾਰਣ ਵੀ ਇਹ ਸਾਖੀ-ਸੰਗ੍ਰਹਿ ਮਿਹਰਬਾਨ ਵਾਲੀ ਜਨਮਸਾਖੀ ਦਾ ਪਰਵਰਤੀ ਹੈ।

ਇਸ ਜਨਮਸਾਖੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਬੜਾ ਬੇਤੁੱਕਾ ਸਾਖੀ-ਸੰਗ੍ਰਹਿ ਹੈ ਕਿਉਂਕਿ ਇਕ ਤਾਂ ਉਪਰੋਕਤ ਦੋਹਾਂ ਪ੍ਰਮੁਖ ਸਰੋਤਾਂ ਦੀਆਂ ਸਾਖੀਆਂ ਨੂੰ ਸੰਕਲਿਤ ਕਰਨ ਵੇਲੇ ਸੰਕਲਨ-ਕਰਤਾ ਨੇ ਕਿਸੇ ਇਕ ਦਾ ਵੀ ਕ੍ਰਮ ਕਾਇਮ ਨਹੀਂ ਰਹਿਣ ਦਿੱਤਾ। ਫਲਸਰੂਪ, ਇਸ ਵਿਚਲੀਆਂ ਸਾਖੀਆਂ ਕਈਆਂ ਥਾਂਵਾਂ 'ਤੇ ਕ੍ਰਮਹੀਨ ਅਤੇ ਪਰਸਪਰ ਅਸੰਬੰਧਿਤ ਜਿਹੀਆਂ ਪ੍ਰਤੀਤ ਹੁੰਦੀਆਂ ਹਨ। ਦੂਜੇ, ਸਾਖੀਕਾਰ ਨੇ ਕੁਝ ਕੁ ਨਿਰਾਧਾਰ ਸਾਖੀਆਂ ਦੀ ਰਚਨਾ ਵੀ ਕੀਤੀ ਹੈ। ਜਿਵੇਂ 'ਪੁਰਾਤਨ ਜਨਮਸਾਖੀ' ਦੀ 'ਵੇਈ ਪ੍ਰਵੇਸ਼' ਨਾਂ ਵਾਲੀ ਸਾਖੀ ਨੂੰ ਅਦਲ-ਬਦਲ ਕੇ ਆਪਣੇ ਪ੍ਰਸੰਗ ਤੋਂ ਛੁਟ, ਆਰੰਭ ਵਿਚ ਵੀ ਜੋੜ ਦਿੱਤਾ ਗਿਆ ਹੈ, ਜੋ ਉਥੇ ਬੜੀ ਬੇਤੁੱਕੀ ਅਤੇ ਪ੍ਰਸੰਗ-ਹੀਨ ਪ੍ਰਤੀਤ ਹੁੰਦੀ ਹੈ। ਤੀਜੇ, ਉਸ ਨੇ ਪ੍ਰਾਚੀਨ ਸਾਖੀਆਂ ਵਿਚ ਵਾਧ-ਘਾਟ ਅਤੇ ਹੇਰ-ਫੇਰ ਵੀ ਕੀਤੀ ਹੈ ਜਿਸ ਦੇ ਫਲਸਰੂਪ ਕੁਝ ਸਾਖੀਆਂ ਦਾ ਪਾਠ ਅਢੁਕਵਾਂ ਜਿਹਾ ਹੋ ਗਿਆ ਹੈ। ਇਸ ਦੀ ਪੁਸ਼ਟੀ ਇਸ ਸੰਗ੍ਰਹਿ ਦੀ 'ਸਾਖੀ ਸੁਲਤਾਨਪੁਰ ਕੀ' (ਅੰਕ 6) ਦਾ 'ਪੁਰਾਤਨ ਜਨਮਸਾਖੀ' ਦੀ ਸਾਖੀ 'ਸੁਲਤਾਨਪੁਰ ਨੂੰ ਤਿਆਰੀ' (ਅੰਕ 8) ਨਾਲ ਟਾਕਰਾ ਕੀਤਿਆਂ ਹੋ ਜਾਂਦੀ ਹੈ। ਅਸਲ ਵਿਚ ਇਨ੍ਹਾਂ ਸਾਖੀਆਂ ਵਿਚ ਪ੍ਰਗਟ ਕੀਤੇ ਉਦਗਾਰ ਪਤਨੀ ਦੀ ਭਾਵਨਾ ਨਾਲ ਸੰਬੰਧਿਤ ਹਨ, ਨ ਕਿ ਮਾਤਾ ਦੀ ਭਾਵਨਾ ਨਾਲ। ਪਰ 'ਆਦਿ ਸਾਖੀਆਂ' ਵਿਚ ਇਨ੍ਹਾਂ ਉਦਗਾਰਾਂ ਨੂੰ ਮਾਤਾ ਦੀ ਭਾਵਨਾ ਵਜੋਂ ਚਿਤਰਿਆ ਗਿਆ ਹੈ, ਜਦ ਕਿ

'ਪੁਰਾਤਨ ਜਨਮਸਾਖੀ' ਅਤੇ ਇਸ ਜਨਮਸਾਖੀ 'ਤੇ ਆਧਾਰਿਤ ਤਿੰਨ ਹੋਰ ਜਨਮਸਾਖੀਆਂ ਵਿਚ ਇਹ ਪਤਨੀ ਦੇ ਹੀ ਉਦਗਾਰ ਹਨ। ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ 'ਮਾਤਾ ਘੁੰਮੀ' (ਗੁਰੂ ਪਤਨੀ) ਨਾਲ ਇਹ ਪ੍ਰਸੰਗ ਸੰਬੰਧਿਤ ਹੈ। ਪਤਾ ਨਹੀਂ 'ਆਦਿ ਸਾਖੀਆਂ' ਦੀ ਪੋਥੀ ਦੇ ਲਿਖਾਰੀ ਨੇ ਮੂਲ ਪਾਠ ਨੂੰ ਬਦਲ ਕੇ ਅਜਿਹੇ ਬੇਮੇਲ ਤੱਤ੍ਵ ਦੀ ਸਿਰਜਨਾ ਕਿਉਂ ਕੀਤੀ ਹੈ ਅਤੇ ਕਿਤੇ ਕਿਤੇ ਭਾਸ਼ਾ ਦੇ ਸਰੂਪ ਨੂੰ ਕਿਉਂ ਵਿਗਾੜਿਆ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਦਵਾਨ ਸੰਪਾਦਕ ਨੇ ਨਹੀਂ ਦਿੱਤੇ। ਇਸ ਵਿਵੇਚਨ ਤੋਂ ਇਤਨੀ ਗੱਲ ਸਪੱਸ਼ਟ ਹੈ ਕਿ 'ਆਦਿ ਸਾਖੀਆਂ' ਵਿਚ ਆਧਾਰ ਜਨਮ-ਸਾਖੀਆਂ (ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਆਦਿ) ਦੇ ਅਨੇਕ ਤੱਤ੍ਵ ਬੜੇ ਵਿਕ੍ਰਿਤ ਰੂਪ ਵਿਚ ਸ਼ਾਮਲ ਹੋਏ ਹਨ ਅਤੇ ਕਿਤੇ ਕਿਤੇ ਭਾਸ਼ਾ ਵਿਚ ਬਨਾਵਟੀਪਨ ਅਤੇ ਅਰਵਾਚੀਨਤਾ ਵੀ ਆ ਗਈ ਹੈ। ਇਸ ਨਾਲ ਇਸ ਜਨਮਸਾਖੀ ਦਾ ਇਤਿਹਾਸਿਕ ਅਤੇ ਸਾਹਿਤਿਕ ਦੋਹਾਂ ਤਰ੍ਹਾਂ ਦਾ ਮਹੱਤਵ ਕਾਫ਼ੀ ਘਟਿਆ ਹੈ।

ਉਂਜ ਵਿਦਵਾਨਾਂ ਨ ਇਸ ਦੇ ਸਾਹਿਤਿਕ ਮਹੱਤਵ ਸੰਬੰਧੀ ਅਨੇਕ ਕਿਆਸ ਲਗਾਏ ਹਨ ਅਤੇ ਇਸ ਨੂੰ ਅਧਿਕ ਤੋਂ ਅਧਿਕ ਪ੍ਰਾਚੀਨ ਸਿੱਧ ਕਰਨ ਲਈ ਪ੍ਰਯਤਨਸ਼ੀਲ ਹੋਏ ਹਨ। ਇਸ ਦੀਆਂ ਸਾਹਿਤਿਕ ਵਿਸ਼ੇਸ਼ਤਾਵਾਂ ਅਤੇ ਪ੍ਰਵ੍ਰਿੱਤੀਆਂ ਲਗਭਗ ਮੂਲਾਧਾਰ ਜਨਮਸਾਖੀਆਂ ਵਾਲੀਆਂ ਹੀ ਹਨ।

**ਆਦਿ-ਗ੍ਰੰਥ:** ਗੁਰੂ ਗ੍ਰੰਥ ਸਾਹਿਬ ਦਾ ਇਕ ਨਾਮਾਂਤਰ 'ਆਦਿ-ਗ੍ਰੰਥ' ਵੀ ਹੈ। ਇਸ ਨੂੰ ਪਹਿਲਾ ਜਾਂ ਮੁਢਲਾ ਗ੍ਰੰਥ ਕਹਿਣ ਲਈ ਇਸ ਸ਼ਬਦ ਦਾ ਸਰਬ-ਪ੍ਰਥਮ ਪ੍ਰਯੋਗ ਭਾਈ ਕੇਸਰ ਸਿੰਘ ਛਿੱਬਰ ਦੁਆਰਾ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' ਦੇ ਚੌਦਵੇਂ ਚਰਣ ਵਿਚ ਹੋਇਆ ਹੈ। ਉਥੇ ਛੋਟੇ ਗ੍ਰੰਥ ('ਦਸਮ-ਗ੍ਰੰਥ') ਨਾਲੋਂ ਨਿਖੇੜਾ ਕਰਦਿਆਂ ਛਿੱਬਰ ਨੇ ਕਿਹਾ ਹੈ — *ਸੰਮਤੁ ਸੋਲਾ ਸੈ ਅਠਵੰਜਾ ਸੇ ਗਏ। ਤਬ ਆਦਿ ਗ੍ਰੰਥ ਜੀ ਜਨਮੁ ਲਏ। ਗੁਰੂ ਅਰਜਨ ਜੀ ਕੇ ਧਾਮ ਗ੍ਰੰਥ ਸਾਹਿਬ ਜਨਮੁ ਹੈ ਧਾਰਾ। ਦਾਇਆ ਸੀ ਭਾਈ ਗੁਰਦਾਸ ਲਿਖਾਰੀ ਖਿਡਾਵਣਹਾਰਾ।226। ਛੋਟਾ ਗ੍ਰੰਥ ਜੀ ਜਨਮੇ ਦਸਵੇ ਪਾਤਸਾਹ ਕੇ ਧਾਮ। ਸੰਮਤੁ ਸਤਾਰਾ ਸੈ ਪਜਵੰਝਾ ਬਹੁਤ ਖਿਡਾਵੇ ਲਿਖਾਰੇ ਨਾਮ। ਸਾਹਿਬ ਨੂੰ ਸੀ ਪਿਆਰਾ ਅਪਨੀ ਹਥੀ ਲਿਖਿਆ ਖਿਡਾਇਆ। ਸਿਖਾ ਕੀਤੀ ਅਰਦਾਸੁ ਜੀ ਅਗਲੇ ਨਾਲਿ ਚਾਹੀਏ ਰਲਾਇਆ।267। ਬਚਨ ਕੀਤਾ ਗ੍ਰੰਥ ਸਾਹਿਬ ਹੈ ਓਹੁ ਏਹੁ ਅਸਾਡੀ ਖੇਡ। ਨਾਲ ਨ ਮਿਲਾਇਆ ਆਹਾ ਪਿਆਰਾ ਕਉਨ ਜਾਣੇ ਭੇਦ। ... 268।*

ਸਪੱਸ਼ਟ ਹੈ ਕਿ ਇਸ ਨੂੰ ਉਸ ਛੋਟੇ ਗ੍ਰੰਥ ਤੋਂ ਨਿਖੇੜਨ ਲਈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਤਿਆਰ ਹੋਇਆ ਸੀ, ਛਿੱਬਰ ਨੇ 'ਆਦਿ-ਗ੍ਰੰਥ' ਨਾਂ ਦੀ ਵਰਤੋਂ ਕੀਤੀ ਹੈ। ਪਰ ਇਸ ਨਾਂ ਦੀ ਵਰਤੋਂ ਦਾ ਅਧਿਕ ਪ੍ਰਚਲਨ 'ਦਸਮ-ਗ੍ਰੰਥ' (ਵੇਖੋ) ਦੀਆਂ ਬੀੜਾਂ ਛਪਣ ਉਪਰੰਤ, ਉਸ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਨਿਖੇੜਨ ਲਈ ਹੋਣ ਲਗਾ। ਹੁਣ ਇਹ ਨਾਂ ਕਾਫ਼ੀ ਪ੍ਰਚਲਿਤ ਹੋ ਗਿਆ ਹੈ।

**ਆਦਿ-ਗ੍ਰੰਥ: ਸ਼ਬਦ-ਅਨੁਕ੍ਰਮਣਿਕਾ** (ਪੁਸਤਕ): ਇਹ ਹਵਾਲਾ ਗ੍ਰੰਥ ਮੂਲ ਰੂਪ ਵਿਚ ਪ੍ਰੋ. ਗੁਰਚਰਨ ਸਿੰਘ ਵਲੋਂ ਤਿੰਨ ਜਿਲਦਾਂ ਵਿਚ ਪੀ-ਐਚ.ਡੀ. ਦੀ ਡਿਗਰੀ ਲਈ ਤਿਆਰ ਕੀਤਾ ਗਿਆ ਸੀ। ਬਾਦ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਸੰਨ 1971 ਈ. ਵਿਚ ਇਹ ਦੋ ਸੈਂਚੀਆਂ ਵਿਚ ਛਾਪ ਦਿੱਤਾ ਗਿਆ।

ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਾਲਿਆਂ ਲਈ ਇਹ ਗ੍ਰੰਥ ਬਹੁਤ ਉਪਯੋਗੀ ਹੈ। ਇਸ ਦੇ ਸ਼ੁਰੂ ਵਿਚ ਲਗੇ 'ਦੋ ਸ਼ਬਦ' ਵਿਚ ਅੰਕਿਤ ਕੀਤਾ ਗਿਆ ਹੈ — *ਪ੍ਰਸਤੁਤ ਅਨੁਕ੍ਰਮਣਿਕਾ ਖੋਜ ਵਿਚ ਲਗੇ ਵਿਦਵਾਨਾਂ ਨੂੰ ਇਹ ਸੁਵਿਧਾ ਪ੍ਰਦਾਨ ਕਰੇਗੀ ਕਿ ਉਹ ਆਦਿ-ਗ੍ਰੰਥ ਵਿਚ ਆਏ ਕਿਸੇ ਸਿੱਧਾਂਤਿਕ ਜਾਂ ਪਰਿਭਾਸ਼ਿਕ ਸ਼ਬਦ ਦੇ ਸਾਰੇ ਹਵਾਲੇ ਇਕੋ ਥਾਂ ਤੋਂ ਪ੍ਰਾਪਤ ਕਰ ਸਕਣ; ਆਦਿ-ਗ੍ਰੰਥ ਵਿਚ ਵਰਤੇ ਕਿਸੇ ਸ਼ਬਦ ਦੇ ਇਕਸਾਰ ਜਾਂ ਭਿੰਨ ਭਿੰਨ ਸ਼ਬਦ-ਜੋੜ ਤੇ ਸਰੂਪ ਦੇਖ ਸਕਣ; ਕਿਸੇ ਪੁਰਾਤਨ ਪੰਜਾਬੀ ਦੇ ਮੁਹਾਵਰੇ ਦੇ ਬਹੁਤੇ ਰੂਪਾਂ ਨੂੰ ਨਿਸਚਿਤ ਕਰ ਸਕਣ; ਕਿਸੇ ਸ਼ਬਦ ਦੇ ਪਰਯਾਯਵਾਚੀ ਦੇ ਵਿਕਾਸ ਬਾਰੇ ਕੁਝ ਸੰਕੇਤ ਪ੍ਰਾਪਤ ਕਰ ਸਕਣ ਅਤੇ ਗੁਰੂ ਗ੍ਰੰਥ ਦੀ ਬੋਲੀ ਦੇ ਵਿਆਕਰਣਿਕ ਨਿਯਮਾਂ ਬਾਰੇ ਵਿਗਿਆਨਿਕ ਤੌਰ 'ਤੇ ਸਪੱਸ਼ਟ ਹੋ ਸਕਣ।*

ਇਹ ਹਵਾਲਾ ਗ੍ਰੰਥ ਬੜੀ ਮਿਹਨਤ ਦਾ ਫਲ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਨੂੰ ਵਿਸਤਾਰਨ ਵਿਚ ਸਹਾਇਕ ਹੈ। ਔਕੜ ਕੇਵਲ ਇਤਨੀ ਹੈ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਨਹੀਂ ਦਿੱਤੇ ਗਏ। ਫਲਸਰੂਪ ਸ਼ਬਦਾਂ ਨੂੰ ਲਭਣ ਵਿਚ ਕਾਫ਼ੀ ਸਮਾਂ ਲਗਦਾ ਹੈ। ਸ਼ਬਦਾਂ ਦੀਆਂ

ਸੰਧੀਆਂ ਅਤੇ ਸੰਧੀ-ਛੇਦਾਂ ਨੂੰ ਸਹੀ ਢੰਗ ਨਾਲ ਧਿਆਨ ਵਿਚ ਨ ਰਖਣ ਕਾਰਣ ਕਈ ਥਾਂਵਾਂ 'ਤੇ ਬੜੀਆਂ ਅਸੰਗਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਸ ਕਰਕੇ ਹਵਾਲਾ ਗ੍ਰੰਥ ਦਾ ਮਹੱਤਵ ਘਟਦਾ ਹੈ। ਇਸ ਦੇ ਦੂਜੇ ਸੰਸਕਰਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਦੇ ਕੇ ਇਸ ਦੀ ਉਪਯੋਗਤਾ ਨੂੰ ਕੁਝ ਵਧਾ ਦਿੱਤਾ ਗਿਆ ਹੈ।

**ਆਨੰਦਘਨ, ਸੁਆਮੀ:** ਉਦਾਸੀ-ਸੰਪ੍ਰਦਾਇ ਦਾ ਇਕ ਪ੍ਰਮੁਖ ਟੀਕਾਕਾਰ ਜਿਸ ਨੇ ਛੇ ਬਾਣੀਆਂ ਦਾ ਟੀਕਾ ਕਰਕੇ ਗੁਰਬਾਣੀ ਪ੍ਰਤਿ ਉਦਾਸੀ ਦ੍ਰਿਸ਼ਟੀਕੋਣ ਦੀ ਸਥਾਪਨਾ ਕੀਤੀ ਹੈ। ਆਨੰਦਘਨ ਕੌਣ ਸੀ? ਇਸ ਦਾ ਉੱਤਰ ਦੋ ਸਾਧਨਾਂ ਦੁਆਰਾ ਪ੍ਰਾਪਤ ਹੁੰਦਾ ਹੈ। ਇਕ ਉਸ ਦੇ ਰਚੇ ਟੀਕਿਆਂ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਅਤੇ ਦੂਜਾ ਕਵੀ ਸੁਖਬਾਸੀ ਰਾਇ ਦੇ ਲਿਖੇ 'ਗੁਰੂ ਨਾਨਕ ਬੰਸ ਪ੍ਰਕਾਸ਼' ਨਾਂ ਦੇ ਗ੍ਰੰਥ ਤੋਂ। ਇਸ ਆਧਾਰ 'ਤੇ ਇਹ ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚ ਦਸਵੀਂ ਥਾਂ 'ਤੇ ਆਉਂਦਾ ਹੈ — ਗੁਰੂ ਨਾਨਕ, ਲਖਮੀਦਾਸ, ਧਰਮ ਚੰਦ, ਮਾਣਕ ਚੰਦ, ਦਾਤਾਰ ਚੰਦ, ਉਦੈ ਚੰਦ, ਸੁਜਾਨ ਰਾਇ, ਸਰਬ ਜੋਤਿ, ਦ੍ਰਿਬ ਜੋਤਿ, ਆਨੰਦਘਨ। ਇਹ ਰਾਮ ਦਿਆਲ ਦਾ ਸਿੱਖ, ਚੰਗਾ ਪੜ੍ਹਿਆ ਲਿਖਿਆ ਅਤੇ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਸਾਹਿਤ ਦਾ ਗੰਭੀਰ ਵਿਦਵਾਨ ਸੀ। ਚਾਲੀ ਸਾਲ ਕਾਸ਼ੀ ਵਿਚ ਰਹਿ ਕੇ ਇਸ ਨੇ ਧਰਮ-ਸ਼ਾਸਤ੍ਰਾਂ ਦਾ ਅਧਿਐਨ ਕੀਤਾ ਅਤੇ ਉਦਾਸੀ-ਮਤ ਦੇ ਪ੍ਰਚਾਰ ਦੇ ਪ੍ਰਕਰਣ ਵਿਚ ਗੁਰਮਤਿ ਦੀ ਵਿਆਖਿਆ ਕੀਤੀ। ਇਸ ਨੇ ਛੇ ਬਾਣੀਆਂ ਦੇ ਟੀਕੇ ਲਿਖੇ, ਜਿਵੇਂ ਜਪੁਜੀ (1852 ਬਿ.), ਆਰਤੀ (1853 ਬਿ.), ਓਅੰਕਾਰ (1854 ਬਿ.) , ਆਸਾ ਦੀ ਵਾਰ (1856 ਬਿ.), ਸਿਧ ਗੋਸਟਿ (1857 ਬਿ.) ਅਤੇ ਅਨੰਦੁ (1859 ਬਿ.)।

ਜਪੁਜੀ ਦੇ ਟੀਕੇ ਵਿਚ ਪੰਜਵੀਂ ਪਉੜੀ ਦਾ ਅਰਥ ਕਰਦਿਆਂ ਆਨੰਦਘਨ ਨੇ ਦਾਵਾ ਕੀਤਾ ਹੈ—*ਤਾਂ ਤੇ ਅਰਥ ਦ੍ਵਾਰਾ ਤੋ ਜਪੁ ਜੀ ਏਤਾ ਹੀ ਸਿਧ ਹੋਤਾ ਹੈ ਅਰ ਹਮਾਰੀ ਕੁਲ-ਪਰੰਪਰਾ ਦ੍ਵਾਰਾ ਭੀ ਜਪੁ ਜੀ ਇਸੀ ਕਾ ਨਾਮ ਹੈ।... ਦੇਹਰੇ ਜੀ ਮੋ ਸਰਬ ਸਾਹਿਬਜਾਦਿਓ ਸੋ ਪੂਛ ਦੇਖੋ ਜਪੁਜੀ ਇਸੀ ਕੋ ਕਹਿਤੇ ਹੈ।* ਹੋਰ ਟੀਕਾਕਾਰਾਂ ਨੂੰ ਆਨੰਦਘਨ ਨੇ 'ਕੂਪ ਮੰਡੂਕ' (ਖੂਹ ਦੇ ਡੱਡੂ) ਕਿਹਾ ਹੈ ਅਤੇ ਉਨ੍ਹਾਂ ਨੂੰ ਸ਼ਬਦ ਦੇ ਅਰਥ ਸਮਝਣ ਦੀ ਸੂਝ ਤੋਂ ਸੁੰਨਾ ਮੰਨਿਆ ਹੈ—ਚਤੁਰਪਦਾ: *ਅੜਬੰਗੀ ਤ ਢੇਰ ਦੀਸਤਿ ਹੈ ਯਾ ਪੰਥ ਮੋ। ਕਰਹਿ ਏਰ ਅਰ ਫੇਰ ਸਬਦ ਅਰਥ ਬੂਝਹਿ ਨਹੀ। ਸਬਦ ਅਰਥ ਹੈ ਸਾਰ ਅੜਬੰਗੀ ਨਹੀ ਕਾਮ ਕੋ। ਤਾ ਤੇ ਕਹੋ ਵਿਚਾਰ ਜਾਨ ਗੁਰ ਵਚਨ ਲੇ।* ਇਸ ਦਾ ਪ੍ਰਤਿਕਰਮ ਭਾਈ ਸੰਤੋਖ ਸਿੰਘ ਰਚਿਤ 'ਗਰਬ ਗੰਜਨੀ' ਨਾਂ ਦੇ ਟੀਕੇ ਵਿਚ ਮਿਲਦਾ ਹੈ —*ਇਕ ਟੀਕਾ ਸ੍ਰੀ ਜਪੁਜੀ ਕੋ ਅਨੰਦਘਨ ਨੇ ਕਰ੍ਯੋ ਹੈ। ਗੁਰੂ ਨਿਸਚੇ ਤੇ ਜੋ ਹੀਨ ਹੈ ਨਰ ਅਲਪ ਬੁੱਧੀ ਤਿਨ ਕੋ ਪ੍ਰਚਾਰ।... ਐਸੀ ਖੋਟੀ ਬਾਤੇ ਅਨੰਦਘਨ ਕੀ ਜਾਨ ਕਰ ਟੀਕਾ ਕਰ੍ਯੋ ਹੈ।*

ਉਪਰੋਕਤ ਹੰਕਾਰ-ਯੁਕਤ ਉਕਤੀਆਂ ਤੋਂ ਇਲਾਵਾ, ਆਨੰਦਘਨ ਨੇ ਉਦਾਸੀ ਸੰਪ੍ਰਦਾਇ ਦੀ ਪੰਚ- ਦੇਵ- ਉਪਾਸਨਾ ਦੀ ਭਾਵ-ਧਾਰਾ ਅਧੀਨ ਗੁਰੂ ਨਾਨਕ ਪੰਥ ਵਿਚ ਦੇਵੀ-ਪੂਜਾ ਨੂੰ ਪ੍ਰਮੁਖ ਸਥਾਨ ਦਿੱਤਾ ਹੈ। ਇਸ ਸੰਬੰਧ ਵਿਚ ਇਸ ਦੇ ਜਪੁਜੀ ਦੇ ਟੀਕੇ ਦੀ ਪੰਜਵੀਂ ਪਉੜੀ ਦੀ ਇਕ ਤੁਕ— *ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ* — ਦਾ ਕੀਤਾ ਅਰਥ ਵਿਚਾਰਨਯੋਗ ਹੈ।

ਆਨੰਦਘਨ ਦੁਆਰਾ ਕੀਤੇ ਵਿਦਵੱਤਾ ਦੇ ਹੰਕਾਰ ਅਤੇ ਇਸ਼ਟ-ਬੁੱਧੀ ਦੇ ਵਿਖੰਡਨ ਦੇ ਪ੍ਰਤਿਕਰਮ ਵਜੋਂ ਹੀ ਭਾਈ ਸੰਤੋਖ ਸਿੰਘ ਦੁਆਰਾ 'ਗਰਬ ਗੰਜਨੀ' ਨਾਂ ਦੇ ਟੀਕੇ ਦੀ ਰਚਨਾ ਸੰਨ 1829 ਈ. ਵਿਚ ਹੋਈ ਸੀ।

ਆਨੰਦਘਨ ਦੇ ਜਨਮ ਅਤੇ ਮਰਨ ਸੰਬੰਧੀ ਤਿਥੀਆਂ ਅਤੇ ਤੱਥਾਂ ਦਾ ਅਭਾਵ ਹੈ।

**ਆਨੰਦਪੁਰ ਸਾਹਿਬ :** ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਇਕ ਪ੍ਰਸਿੱਧ ਨਗਰ ਜਿਸ ਦੀ ਸਥਾਪਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਰਾਜੇ ਤੋਂ ਸਤਲੁਜ ਨਦੀ ਦੇ ਕੰਢੇ ਮਾਖੋਵਾਲ ਪਿੰਡ ਦੀ ਧਰਤੀ ਖ਼ਰੀਦ ਕੇ ਸੰਨ 1665 ਈ. (1722 ਬਿ.) ਵਿਚ ਕੀਤੀ ਸੀ। ਇਸ ਨਗਰ ਤੋਂ ਲਗਭਗ 12 ਕਿ.ਮੀ. ਦੀ ਵਿਥ ਉਤੇ ਸ਼ਿਵਾਲਕ ਪਹਾੜੀਆਂ ਵਿਚ ਨੈਣਾ ਦੇਵੀ ਦਾ ਮੰਦਿਰ ਸਥਿਤ ਹੈ। ਇਸ ਨਗਰ ਵਿਚ ਸੰਨ 1699 ਈ. (1756 ਬਿ.) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਸਾਜਿਆ ਅਤੇ ਉਦੋਂ ਤੋਂ ਇਹ 'ਖ਼ਾਲਸੇ ਦੀ ਜਨਮਭੂਮੀ' ਵਜੋਂ ਪ੍ਰਸਿੱਧ ਹੈ। ਇਥੇ ਦਸਮ ਗੁਰੂ ਜੀ ਨੇ ਖ਼ਾਲਸੇ ਨੂੰ ਧਰਮ-ਯੁੱਧ ਲਈ ਸੈਨਿਕ ਸਿਖਲਾਈ ਦਿੱਤੀ ਅਤੇ ਸਿੱਖਾਂ ਦੇ ਮਨੋਬਲ ਨੂੰ ਵਧਾਉਣ ਲਈ ਵੀਰ-ਰਸੀ ਸਾਹਿਤ ਦੀ ਰਚਨਾ ਕੀਤੀ ਅਤੇ ਕਰਵਾਈ।

ਨਗਰ ਦੀ ਸੁਰਖਿਆ ਲਈ ਗੁਰੂ ਸਾਹਿਬ ਨੇ 1690 ਈ. (1747 ਬਿ.) ਵਿਚ ਪੰਜ ਕਿਲ੍ਹੇ ਬਣਵਾਏ, ਜਿਵੇਂ ਅਨੰਦਗੜ੍ਹ, ਲੋਹਗੜ੍ਹ, ਫਤਹਿਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ। ਗੁਰ-ਇਤਿਹਾਸ ਨਾਲ ਸੰਬੰਧਿਤ ਹੁਣ ਅਨੇਕ ਗੁਰੂ-ਧਾਮ ਇਸ ਨਗਰ ਵਿਚ ਮੌਜੂਦ ਹਨ, ਜਿਵੇਂ ਕੇਸਗੜ੍ਹ, ਅਨੰਦਗੜ੍ਹ, ਅਕਾਲ-ਬੁੰਗਾ, ਗੁਰੂ ਕੇ ਮਹਿਲ, ਸੀਸਗੰਜ, ਦਮਦਮਾ ਸਾਹਿਬ, ਲੋਹਗੜ੍ਹ, ਹੋਲਗੜ੍ਹ, ਫਤਹਿਗੜ੍ਹ, ਮੰਜੀ ਸਾਹਿਬ, ਭੋਰਾ ਸਾਹਿਬ ਆਦਿ। ਰੋਪੜ-ਨੰਗਲ ਸੜਕ ਉਪਰ ਵਸੇ ਹੋਣ ਕਾਰਣ ਹੁਣ ਇਸ ਨਗਰ ਵਿਚ ਕਾਫ਼ੀ ਵਿਕਾਸ ਹੋ ਗਿਆ ਹੈ ਅਤੇ ਦੇਸ਼ ਦੀ ਵੰਡ ਤੋਂ ਬਾਦ ਸ਼ਰਧਾਲੂਆਂ ਦੀ ਆਵਾਜਾਈ ਵਿਚ ਵੀ ਬਹੁਤ ਵਾਧਾ ਹੋਇਆ ਹੈ।

*ਕੇਸਗੜ੍ਹ* ਗੁਰੂ-ਧਾਮ ਵਿਚ ਦਸਮ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਸੰਨ 1699 ਈ. ਵਿਚ ਵਿਸਾਖੀ ਵਾਲੇ ਦਿਨ ਅੰਮ੍ਰਿਤ ਪਾਨ ਕਰਾ ਕੇ ਇਕ ਨਵੇਂ ਭਾਈਚਾਰੇ ਦਾ ਉਦਘਾਟਨ ਕੀਤਾ। ਇਸ ਲਈ ਸਿੱਖ ਧਰਮ ਦੇ ਤਖ਼ਤਾਂ ਵਿਚ ਇਸ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਥੇ ਹੁਣ ਕਈ ਯਾਦਗਾਰੀ ਸ਼ਸਤ੍ਰ ਅਤੇ ਹੋਰ ਵਸਤੂਆਂ ਸੁਰਖਿਅਤ ਹਨ, ਜਿਵੇਂ ਬੰਦੂਕ, ਨਾਗਣੀ, ਭਾਲਾ, ਸੈਫ਼, ਦੁਧਾਰਾ ਖੰਡਾ, ਕਟਾਰ ਆਦਿ। ਇੰਗਲੈਂਡ ਤੋਂ ਵਾਪਸ ਮੰਗਵਾਏ ਗਏ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ ਵੀ ਇਥੇ ਹੀ ਰਖੇ ਹੋਏ ਹਨ।

*ਅਨੰਦਗੜ੍ਹ* ਕਿਲ੍ਹਾ ਕੇਸਗੜ੍ਹ ਤੋਂ ਲਗਭਗ ਪੌਣਾ ਕਿਲੋਮੀਟਰ ਦੱਖਣ ਵਾਲੇ ਪਾਸੇ ਬਣਿਆ ਹੋਇਆ ਹੈ। ਇਸ ਦੀ ਉਸਾਰੀ ਆਨੰਦਪੁਰ ਨਗਰ ਦੀ ਰਖਿਆ ਲਈ ਕਰਵਾਈ ਗਈ ਸੀ। ਇਸ ਦੇ ਅੰਦਰ ਇਕ ਬਾਉਲੀ ਵੀ ਬਣੀ ਹੋਈ ਹੈ। ਇਸ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤ ਕਰਕੇ ਪੇਲਿਆ ਸੀ ਅਤੇ ਜਿਸ ਨੂੰ ਬਚਿਤ੍ਰ ਸਿੰਘ ਨੇ ਸਿਰ ਵਿਚ ਬਰਛਾ ਮਾਰ ਕੇ ਵਾਪਸ ਭਜਾ ਦਿੱਤਾ ਸੀ।

*ਹੋਲਗੜ੍ਹ* ਕਿਲ੍ਹਾ ਨਗਰ ਦੇ ਉੱਤਰ-ਪੱਛਮ ਦਿਸ਼ਾ ਵਲ ਲਗਭਗ ਡੇਢ ਕਿ. ਮੀ. ਦੀ ਦੂਰੀ 'ਤੇ ਬਣਿਆ ਹੋਇਆ ਹੈ। ਇਥੇ ਹੀ ਗੁਰੂ ਜੀ ਨੇ ਹੋਲਾ-ਮਹੱਲਾ ਉਤਸਵ ਮਨਾਉਣ ਦਾ ਆਰੰਭ ਕੀਤਾ ਸੀ।

*ਲੋਹਗੜ੍ਹ* ਕਿਲ੍ਹਾ ਆਨੰਦਪੁਰ ਨਗਰ ਤੋਂ ਲਗਭਗ ਡੇਢ ਕਿ.ਮੀ. ਦੀ ਵਿਥ ਉਤੇ ਦੱਖਣ-ਪੱਛਮ ਵਾਲੀ ਦਿਸ਼ਾ ਵਿਚ ਬਣਿਆ ਹੋਇਆ ਹੈ। ਇਸੇ ਤਰ੍ਹਾਂ *ਫਤਹਿਗੜ੍ਹ* ਕਿਲ੍ਹਾ ਉਤਰ ਦਿਸ਼ਾ ਵਲ ਸਥਿਤ ਹੈ। ਇਨ੍ਹਾਂ ਕਿਲ੍ਹਿਆਂ ਦੇ ਬਣਵਾਉਣ ਦਾ ਮੁੱਖ ਪ੍ਰਯੋਜਨ ਆਨੰਦਪੁਰ ਨਗਰ ਅਤੇ ਕੇਸਗੜ੍ਹ ਦੀ ਰਖਿਆ ਕਰਨੀ ਸੀ। ਇਨ੍ਹਾਂ ਸਥਾਨਾਂ ਉਤੇ ਪੁਰਾਣੀਆਂ ਇਮਾਰਤਾਂ ਦੇ ਕੁਝ ਚਿੰਨ੍ਹ ਮੌਜੂਦ ਹਨ। ਹੁਣ ਹਰ ਇਕ ਥਾਂ ਉਤੇ ਸੁੰਦਰ ਗੁਰਦੁਆਰੇ ਨਿਰਮਿਤ ਹੋ ਚੁਕੇ ਹਨ।

*ਗੁਰਦੁਆਰਾ ਮਾਤਾ ਜੀਤੋ ਜੀ* ਉਸ ਸਥਾਨ ਉਤੇ ਬਣਿਆ ਹੋਇਆ ਹੈ ਜਿਥੇ ਮਾਤਾ ਜੀ ਦਾ ਸਸਕਾਰ ਕੀਤਾ ਗਿਆ ਸੀ। ਇਹ ਗੁਰਦੁਆਰਾ ਨਗਰ ਤੋਂ ਲਗਭਗ ਦੋ ਕਿ.ਮੀ. ਦੱਖਣ-ਪੱਛਮ ਦਿਸ਼ਾ ਵਲ ਹੈ।

*ਗੁਰਦੁਆਰਾ ਸੀਸ ਗੰਜ* ਸ਼ਹਿਰ ਵਿਚ ਬਣਿਆ ਹੋਇਆ ਹੈ। ਇਸ ਸਥਾਨ ਉਤੇ ਭਾਈ ਜੈਤੇ ਦੁਆਰਾ ਦਿੱਲੀ ਤੋਂ ਲਿਆਉਂਦਾ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਸਸਕਾਰਿਆ ਗਿਆ ਸੀ। ਆਨੰਦਪੁਰ ਛਡਣ ਵੇਲੇ ਦਸਮ ਗੁਰੂ ਨੇ ਗੁਰਬਖ਼ਸ਼ ਨਾਂ ਦੇ ਉਦਾਸੀ ਸੰਤ ਨੂੰ ਇਸ ਸਥਾਨ ਦੀ ਉਚੇਚੀ ਸੇਵਾ ਕਰਨ ਦੀ ਤਾਕੀਦ ਕੀਤੀ ਸੀ।

*ਗੁਰਦੁਆਰਾ ਦਮਦਮਾ ਸਾਹਿਬ* ਉਸ ਸਥਾਨ ਉਤੇ ਉਸਰਿਆ ਹੋਇਆ ਹੈ ਜਿਥੇ ਗੁਰੂ ਜੀ ਸੰਗਤ ਨੂੰ ਉਪਦੇਸ਼ ਦਿੰਦੇ ਹੁੰਦੇ ਸਨ। ਇਥੇ ਦਸਮ ਗੁਰੂ ਨੂੰ ਗੁਰ-ਗੱਦੀ ਪ੍ਰਦਾਨ ਕੀਤੀ ਗਈ ਸੀ ਅਤੇ ਇਥੇ ਹੀ ਗੁਰੂ ਜੀ ਨੇ ਮਸੰਦਾਂ ਨੂੰ ਸਜ਼ਾ ਦਿੱਤੀ ਸੀ।

*ਅਕਾਲ ਬੁੰਗਾ* ਗੁਰਦੁਆਰਾ ਸੀਸ ਗੰਜ ਸਾਹਿਬ ਦੇ ਨੇੜੇ ਹੈ। ਇਥੇ ਬੈਠ ਕੇ ਦਸਮ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਮਹਾਪ੍ਰਸਥਾਨ ਤੋਂ ਬਾਦ, ਵਿਆਕੁਲ ਹੋਈ ਸੰਗਤ ਨੂੰ ਉਪਦੇਸ਼ ਕਰਦੇ ਸਨ।

*ਥੜਾ ਸਾਹਿਬ* ਉਹ ਸਥਾਨ ਹੈ ਜਿਥੇ ਗੁਰੂ ਤੇਗ਼ ਬਹਾਦਰ ਜੀ ਬੈਠ ਕੇ ਸੰਗਤ ਨੂੰ ਸੰਬੋਧਨ ਕਰਦੇ ਸਨ। ਇਥੇ ਹੀ ਕਸ਼ਮੀਰੀ ਪੰਡਿਤ ਆਪਣੇ ਧਰਮ ਦੀ ਰਖਿਆ ਲਈ ਬੇਨਤੀ ਕਰਨ ਆਏ ਸਨ ਅਤੇ ਵਿਚਾਰ ਮਗਨ ਬੈਠੇ ਨੌਵੇਂ ਗੁਰੂ ਜੀ ਨੂੰ ਬਾਲਕ ਗੋਬਿੰਦ ਰਾਇ ਨੇ ਮਹਾ-ਬਲਿਦਾਨ ਦੇਣ ਲਈ ਅਰਜ਼ੋਈ ਕੀਤੀ ਸੀ।

*ਗੁਰਦੁਆਰਾ ਭੋਰਾ ਸਾਹਿਬ* ਗੁਰੂ ਤੇਗ਼ ਬਹਾਦਰ ਜੀ ਦੇ ਨਿਵਾਸ-ਸਥਾਨ ਦਾ ਉਹ ਗੁਫ਼ਾ-ਨੁਮਾ ਕਮਰਾ ਹੈ ਜਿਥੇ ਗੁਰੂ ਜੀ ਨਾਮ-ਸਿਮਰਨ ਦੀ ਤਪਸਿਆ ਕਰਦੇ ਸਨ।

ਉਪਰੋਕਤ ਤੋਂ ਇਲਾਵਾ ਵੀ ਕੁਝ ਹੋਰ ਗੁਰਦੁਆਰੇ ਬਣੇ ਹੋਏ ਹਨ। ਅਸਲ ਵਿਚ, ਸਾਰਾ ਆਨੰਦਪੁਰ ਸਾਹਿਬ

ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੀ ਛੋਹ ਨਾਲ ਵਰਸਾਇਆ ਹੋਇਆ ਹੈ। ਇਸ ਲਈ ਆਨੰਦਪੁਰ ਖ਼ੁਦ ਆਪਣੇ ਆਪ ਵਿਚ ਇਕ ਵਿਸ਼ਾਲ ਗੁਰਦੁਆਰਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸਥਾਨ ਤੋਂ ਬਾਦ ਆਨੰਦਪੁਰ ਵਿਚ ਬੇ-ਰੌਣਕੀ ਹੋ ਗਈ। ਸੋਢੀ ਸੂਰਜ ਮੱਲ ਦੇ ਪੁੱਤਰ ਗੁਲਾਬ ਸਿੰਘ ਨੇ ਯਤਨ ਕੀਤਾ ਕਿ ਉਸ ਨੂੰ ਸਿੱਖ ਸੇਵਕ ਗੁਰੂ ਮੰਨਣ, ਪਰ ਅਜਿਹਾ ਸੰਭਵ ਨ ਹੋ ਸਕਿਆ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਵਾਲੀ ਥਾਂ 'ਸੀਸਗੰਜ' ਦੀ ਦੇਖ-ਭਾਲ ਪਹਿਲਾਂ ਵਾਂਗ ਉਦਾਸੀ ਸੰਤ ਭਾਈ ਗੁਰਬਖ਼ਸ਼ ਦਾਸ ਕਰਦਾ ਰਿਹਾ। ਸੋਢੀ ਗੁਲਾਬ ਸਿੰਘ ਨੇ ਆਨੰਦਪੁਰ ਦੇ ਵਿਕਾਸ ਵਿਚ ਕੁਝ ਰੁਚੀ ਵਿਖਾਈ। ਗੁਲਾਬ ਸਿੰਘ ਤੋਂ ਬਾਦ ਉਸ ਦਾ ਭਤੀਜਾ ਨਾਹਰ ਸਿੰਘ ਸੋਢੀ ਖ਼ਾਨਦਾਨ ਦਾ ਉਤਰਾਧਿਕਾਰੀ ਬਣਿਆ। ਦਲ ਖ਼ਾਲਸਾ ਦੀ ਚੜ੍ਹਤ ਹਰ ਪਾਸੇ ਹੋਣ ਲਗੀ। ਸੰਨ 1764 ਈ. ਵਿਚ ਸਰਹਿੰਦ ਨੂੰ ਜਿਤਣ ਤੋਂ ਬਾਦ ਬਹੁਤ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਆਇਆ। ਉਸ ਵਿਚੋਂ ਆਨੰਦਪੁਰ ਦੇ ਨੇੜੇ-ਤੇੜੇ ਦੇ ਇਲਾਕੇ ਦੀ ਮਾਲਕੀ ਸੋਢੀ ਨਾਹਰ ਸਿੰਘ ਨੂੰ ਸੌਂਪੀ ਗਈ, ਜੋ ਉਸ ਜੰਗ ਵਿਚ ਸ਼ਾਮਲ ਹੋਇਆ ਸੀ। ਇਸ ਤਰ੍ਹਾਂ ਆਨੰਦਪੁਰ ਵਿਚ ਫਿਰ ਰੌਣਕ ਪਰਤਣ ਲਗੀ।

**ਆਨੰਦਪੁਰ ਸਾਹਿਬ ਮੱਤਾ:** ਸ਼੍ਰੋਮਣੀ ਅਕਾਲੀ ਦਲ ਦੁਆਰਾ ਆਨੰਦਪੁਰ ਸਾਹਿਬ ਵਿਚ ਪਾਸ ਕੀਤਾ ਗਿਆ ਇਕ ਬਹੁ-ਚਰਚਿਤ ਮੱਤਾ ਜਿਸ ਦਾ ਪਿਛੋਕੜ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਰਾਜਨੈਤਿਕ ਕਾਰਗੁਜ਼ਾਰੀ ਨਾਲ ਜਾ ਜੁੜਦਾ ਹੈ। ਪੰਜਾਬੀ ਸੂਬਾ ਬਣਿਆ, ਅਕਾਲੀ ਮੰਤਰੀ-ਮੰਡਲ ਬਣੇ ਅਤੇ ਫੁਟ ਕਾਰਣ ਟੁਟੇ, ਫਲਸਰੂਪ ਸ਼੍ਰੋਮਣੀ ਅਕਾਲੀ ਦਲ ਆਪਣੀ ਚੰਗੀ ਸਾਖ ਕਾਇਮ ਨ ਕਰ ਸਕਿਆ।

ਸੰਨ 1971 ਈ. ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ 13 ਸੀਟਾਂ ਵਿਚੋਂ ਕੇਵਲ ਇਕ ਜਿਤ ਸਕਿਆ ਅਤੇ ਮਾਰਚ 1972 ਈ. ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ 117 ਸੀਟਾਂ ਵਿਚੋਂ ਕੇਵਲ 24 ਸੀਟਾਂ ਪ੍ਰਾਪਤ ਕਰ ਸਕਿਆ। ਗਿਆਨੀ ਜ਼ੈਲ ਸਿੰਘ ਅਧੀਨ ਕਾਂਗ੍ਰਸ ਦੀ ਸਰਕਾਰ ਬਣੀ। ਹਾਰ ਦੇ ਕਾਰਣਾਂ ਨੂੰ ਘੋਖਣ ਲਈ 11 ਦਸੰਬਰ 1972 ਈ. ਨੂੰ ਇਕ 12 ਮੈਂਬਰੀ ਸਬ-ਕਮੇਟੀ ਬਣਾਈ ਗਈ। ਇਸ ਕਮੇਟੀ ਦੀਆਂ ਦਸ ਮੀਟਿੰਗਾਂ ਵਿਚ ਹੋਏ ਵਿਚਾਰ-ਵਟਾਂਦਰੇ ਤੋਂ ਬਾਦ ਜੋ ਮੱਤਾ (ਦਸਤਾਵੇਜ਼) ਤਿਆਰ ਕੀਤਾ ਗਿਆ, ਉਸ ਨੂੰ ਸ਼੍ਰੋਮਣੀ ਅਕਾਲੀ ਦਲ ਨੇ 16-17 ਅਕਤੂਬਰ 1973 ਈ. ਨੂੰ ਆਨੰਦਪੁਰ ਸਾਹਿਬ ਵਿਚ ਹੋਈ ਮੀਟਿੰਗ ਵਿਚ ਪਾਸ ਕੀਤਾ। ਉਹੀ ਕਾਲਾਂਤਰ ਵਿਚ 'ਆਨੰਦਪੁਰ ਸਾਹਿਬ-ਮੱਤਾ' ਦੇ ਨਾਂ ਨਾਲ ਜਾਣਿਆ ਗਿਆ। ਉਸ ਮੱਤੇ ਦਾ ਸ. ਕਪੂਰ ਸਿੰਘ ਦੁਆਰਾ ਤਿਆਰ ਕੀਤਾ ਅੰਗ੍ਰੇਜ਼ੀ ਰੂਪ ਇਸ ਪ੍ਰਕਾਰ ਹੈ :

*Whereas, the Sikhs of India are a historically recognized political nation ever since the inauguration of the Khalsa in AD 1699, and*

*Whereas, this status of the Sikh nation had been internationally recognized and accepted by the major powers of Europe and Asia, viz. France, England, Italy, Russia, China, Persia (now Iran), Afghanistan, Nepal, and the Company Bahadur, Fort William, Calcutta, till the middle of the 19th century, and again by the outgoing British as well as by the Hindu-dominated Congress and the Muslim League of India in the middle of the 20th century, and*

*Whereas, the brute majority in India, in 1950, imposed a constitutional arrangement in India which denudes the Sikhs of their political identity and cultural popularity, thus liquidating the Sikhs politically and exposing them to spiritual death and cultural decay leading inevitably to their submergence and dissolution into the saltish sea waters of incoherent Hinduism, and*

*Whereas, the Sikhs have been thus shackled and enslaved in unethical and cynical repudiation of solemn and binding commitments and public promises earlier made*

*to the Sikhs, while the Sikh representatives in the Indian Constituent Assembly, in 1950, refused to affix their signatures to the official copy of the Indian Constitutional Act thus promulgated, the Shiromani Akali Dal in the name and on behalf of the Sikhs proclaims that the Sikhs are determined, by all legitimate means, to extricate and free themselves from this degrading and deathdealing situation so as to ensure firmly their honourable survival and salvage their honourable inherent dignity within India and their birthright to influence meaningfully the main-stream of world history. The Sikhs therefore demand*

*Firstly, that an autonomous region in the north of India should be set up forthwith wherein the Sikh interests are constitutionally recognized as the fundamental State policy.*

*Secondly, that this autonomous region includes the present Punjab, Karnal and Ambala districts of Haryana, inclusive of Kangra district of Himachal Pradesh, Chandigarh, Pinjore, Kalka, Dalhousie, Nalagarh Desh, Sirsa, Guhla and Ratia areas and Ganganagar district of Rajasthan, thus bringing main contiguous Sikh population and Sikh habitats within this autonomous Sikh region as an integral part of the Union of India, and,*

*Thirdly, this Sikh autonomous region may be declared as entitled to frame its own internal constitutions on the basis of having all powers to and for itself except Foreign Relations, Defence, Currency and General Communications which will remain subject within the jurisdiction of the Federal Indian Government.*

***May the Rider of the Blue Horse Help us.***

ਇਸ ਮੱਤੇ ਉਤੇ ਅਮਲ ਕਰਾਉਣ ਲਈ ਸ਼੍ਰੋਮਣੀ ਅਕਾਲੀ ਦਲ ਪ੍ਰਤਿਬਧ ਹੈ ਕਿਉਂਕਿ ਇਹ ਦਲ ਸਿੱਖ ਪੰਥ ਦੀਆਂ ਆਸ਼ਾਵਾਂ ਅਤੇ ਅਕਾਂਖਿਆਵਾਂ ਦਾ ਸਾਕਾਰ ਰੂਪ ਹੈ ਅਤੇ ਇਸ ਤਰ੍ਹਾਂ ਇਸ ਨੂੰ ਉਸ ਦੀ ਪ੍ਰਤਿਨਿਧਤਾ ਕਰਨ ਦਾ ਪੂਰਾ ਅਧਿਕਾਰ ਹੈ। ਇਸ ਦਲ ਦੇ ਮੂਲ-ਸਿੱਧਾਂਤ ਹਨ — ਮਨੁੱਖੀ ਸਹਿਹੋਂਦ, ਮਾਨਵ ਉਨਤੀ ਅਤੇ ਸਾਰੀ ਮਾਨਵਤਾ ਦਾ ਪਰਮ-ਸੱਤਾ ਨਾਲ ਏਕਾਕਾਰ। ਇਹ ਸਿੱਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਮਹਾਨ ਸਿੱਧਾਂਤਾਂ ਉਤੇ ਆਧਾਰਿਤ ਹਨ, ਜਿਵੇਂ ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ।

ਇਸ ਤੋਂ ਬਾਦ ਸ਼੍ਰੋਮਣੀ ਅਕਾਲੀ ਦਲ ਦੇ ਪੰਜ ਉਦੇਸ਼ਾਂ ਦਾ ਵਿਵਰਣ ਦਿੱਤਾ ਗਿਆ ਹੈ, ਯਥਾ (1) ਸਿੱਖ ਧਰਮ ਦਾ ਪ੍ਰਚਾਰ ਕਰਨਾ, (2) ਸਿੱਖ ਪੰਥ ਦੀ ਸੁਤੰਤਰ ਪਛਾਣ ਨੂੰ ਕਾਇਮ ਰਖਣਾ, (3) ਗ਼ਰੀਬੀ ਅਤੇ ਭੁਖਮਰੀ ਦੂਰ ਕਰਨ ਦੇ ਵਸੀਲੇ ਜੁਟਾਣਾ, (4) ਸਿੱਖ ਧਰਮ ਦੀ ਮਾਨਤਾ ਅਨੁਸਾਰ ਜਾਤਿ ਅਤੇ ਧਾਰਮਿਕ ਭੇਦ-ਭਾਵ ਨੂੰ ਖ਼ਤਮ ਕਰਨਾ, (5) ਰੋਗਾਂ, ਨਸ਼ਿਆਂ ਅਤੇ ਸ਼ਰੀਰਿਕ ਕਮਜ਼ੋਰੀਆਂ ਨੂੰ ਦੂਰ ਕਰਨਾ।

ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਵਿਚ ਧਾਰਮਿਕ ਜੋਸ਼ ਅਤੇ ਅਧਿਆਤਮਿਕ ਤੇ ਸਮਾਜਿਕ ਵਿਰਸੇ ਪ੍ਰਤਿ ਗੌਰਵ ਦੀ ਭਾਵਨਾ ਪੈਦਾ ਕਰੇ। ਇਸ ਲਈ ਦਲ ਵਲੋਂ ਨੌਂ ਨੁਕਾਤੀ ਪ੍ਰੋਗਰਾਮ ਉਤੇ ਅਮਲ ਕਰਨ ਦੀ ਗੱਲ ਕਹੀ ਗਈ, ਜਿਵੇਂ (1) ਏਕੇਸ਼੍ਵਰਵਾਦ ਦਾ ਪ੍ਰਚਾਰ ਕਰਦੇ ਹੋਇਆਂ, ਗੁਰੂ ਸਾਹਿਬਾਨ ਅਤੇ ਗੁਰਬਾਣੀ ਵਿਚ ਵਿਸ਼ਵਾਸ ਦ੍ਰਿੜ੍ਹ ਕਰਨਾ, (2) ਸਕੂਲਾਂ, ਕਾਲਜਾਂ, ਨਗਰਾਂ, ਪਿੰਡਾਂ ਵਿਚ ਧਰਮ ਪ੍ਰਚਾਰ ਕਰਨ ਲਈ ਸਿੱਖ ਪ੍ਰਚਾਰਕ ਪੈਦਾ ਕਰਨਾ, (3) ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਿਤ ਕਰਨਾ, (4) ਸਿੱਖਾਂ ਵਿਚ ਦਸਵੰਧ ਦੀ ਪਰੰਪਰਾ ਨੂੰ ਪੁਨਰ-ਸੁਰਜੀਤ ਕਰਨਾ, (5) ਸਿੱਖ ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ ਪ੍ਰਤਿ ਆਦਰ ਦੀ ਭਾਵਨਾ ਪੈਦਾ ਕਰਨਾ ਅਤੇ ਗੁਰਦੁਆਰਿਆਂ ਦੀ ਸਥਿਤੀ ਅਤੇ ਪ੍ਰਬੰਧ ਵਿਚ ਸੁਧਾਰ ਕਰਨਾ, (6) ਗੁਰਬਾਣੀ ਦੇ ਸ਼ੁੱਧ ਪਾਠ ਦੇ ਪ੍ਰਕਾਸ਼ਨ ਦੀ

ਵਿਵਸਥਾ ਕਰਨਾ ਅਤੇ ਪੁਰਾਤਨ ਤੇ ਨਵੀਨ ਸਿੱਖ ਇਤਿਹਾਸ ਬਾਰੇ ਖੋਜ ਨੂੰ ਬੜਾਵਾ ਦਿੰਦੇ ਹੋਇਆਂ ਗੁਰਬਾਣੀ ਦੀ ਭਾਵ-ਸਾਮਗ੍ਰੀ ਨੂੰ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕਰਨਾ, (7) ਗੁਰਦੁਆਰਿਆਂ ਦੀ ਵਿਵਸਥਾ ਵਿਚ ਸੁਧਾਰ ਲਿਆਉਣ ਲਈ ਸਰਬ ਭਾਰਤੀ ਗੁਰਦੁਆਰਾ ਐਕਟ ਪਾਸ ਕਰਾਉਣਾ ਅਤੇ ਸਿੱਖ ਸੰਪ੍ਰਦਾਵਾਂ (ਉਦਾਸੀ, ਨਿਰਮਲੇ ਆਦਿ) ਨੂੰ ਮੁੱਖ ਧਾਰਾ ਵਿਚ ਲਿਆਉਣਾ, (8) ਸਿੱਖ-ਧਰਮ ਦੇ ਵਿਵਸਥਿਤ ਪ੍ਰਚਾਰ ਲਈ ਵਿਸ਼ਵ ਭਰ ਦੇ ਗੁਰਦੁਆਰਿਆਂ ਨੂੰ ਇਕ ਕੇਂਦਰੀ ਪ੍ਰਬੰਧ ਅਧੀਨ ਲਿਆਉਣਾ, (9) ਸਿੱਖ ਪੰਥ ਤੋਂ ਵਿਛੋੜੇ ਗਏ ਗੁਰੂ-ਧਾਮਾਂ ਦੀ ਯਾਤ੍ਰਾ ਅਤੇ ਉਨ੍ਹਾਂ ਦੀ ਦੇਖ-ਰੇਖ ਲਈ ਉਚਿਤ ਵਿਵਸਥਾ ਕਰਨਾ। ਇਸ ਤੋਂ ਇਲਾਵਾ ਸਿੱਖ-ਪੰਥ ਦੇ ਰਾਜਨੈਤਿਕ ਮੰਤਵਾਂ ਦੀ ਪ੍ਰਾਪਤੀ ਲਈ ਸੱਤ ਨੁਕਾਤੀ ਪ੍ਰੋਗਰਾਮ ਦਸਿਆ ਗਿਆ ਤਾਂ ਜੋ ਖ਼ਾਲਸੇ ਦਾ ਬੋਲ-ਬਾਲਾ ਹੋ ਸਕੇ।

ਆਨੰਦਪੁਰ ਸਾਹਿਬ ਦੇ ਮੱਤੇ ਦਾ ਲੁਧਿਆਣੇ ਵਿਚ ਹੋਈ 18ਵੀਂ ਸਰਬ-ਭਾਰਤੀ ਅਕਾਲੀ ਕਾਨਫ੍ਰੰਸ (28-29 ਅਕਤੂਬਰ 1978 ਈ.) ਵਿਚ ਸਮਰਥਨ ਕਰਦੇ ਹੋਇਆਂ ਸ਼੍ਰੋਮਣੀ ਅਕਾਲੀ ਦਲ ਦੇ ਉਦੇਸ਼ਾਂ ਦੀ ਪੂਰਤੀ ਲਈ 12 ਉਪ-ਮੱਤੇ ਪਾਸ ਕੀਤੇ ਗਏ ਜਿਨ੍ਹਾਂ ਦੀ ਅੰਤਰ-ਭਾਵਨਾ ਮੂਲ ਮੱਤੇ ਨੂੰ ਪ੍ਰਕਾਰਾਂਤਰ ਨਾਲ ਪੁਸ਼ਟ ਕਰਨਾ ਅਤੇ ਅਮਲ ਵਿਚ ਲਿਆਉਣਾ ਸੀ।

**ਆਨੰਦਪੁਰ ਦੀ ਵਾਰ:** ਇਹ 'ਸੋਢੀਆਂ ਦੀ ਵਾਰ' (ਵੇਖੋ) ਦਾ ਨਾਮਾਂਤਰ ਹੈ।

**ਆਨੰਦ, ਬਾਬਾ:** ਇਹ ਬਾਬਾ ਮੋਹਰੀ ਦਾ ਦੂਜਾ ਲੜਕਾ ਅਤੇ ਗੁਰੂ ਅਮਰਦਾਸ ਜੀ ਦਾ ਪੋਤਰਾ ਸੀ। ਇਸ ਦਾ ਨਾਂ ਗੁਰੂ ਅਮਰਦਾਸ ਜੀ ਨੇ ਆਪ ਰਖਿਆ ਸੀ ਅਤੇ ਇਸ ਦੇ ਨਾਂ ਕਰਕੇ ਹੀ 'ਅਨੰਦੁ' ਬਾਣੀ (ਵੇਖੋ) ਦੀ ਰਚਨਾ ਕੀਤੀ ਸੀ।

ਬਾਬਾ ਆਨੰਦ ਗੁਰੂ ਹਰਿਗੋਬਿੰਦ ਸਾਹਿਬ (ਸੰ. 1595-1644 ਈ.) ਦੇ ਸਮੇਂ ਤਕ ਰਿਹਾ। ਛੇਵੇਂ ਗੁਰੂ ਇਸ ਦਾ ਬਹੁਤ ਆਦਰ ਕਰਦੇ ਸਨ। ਉਨ੍ਹਾਂ ਨੇ ਇਕ ਵਾਰ ਇਸ ਨੂੰ ਕੀਰਤਪੁਰ ਵਿਚ ਪਾਲਕੀ ਵਿਚ ਬਿਠਵਾ ਕੇ ਆਮੰਤ੍ਰਿਤ ਕੀਤਾ ਸੀ। ਇਸ ਦੇ ਪਹੁੰਚਣ 'ਤੇ ਗੁਰੂ ਜੀ ਆਪ ਅਗਵਾਈ (ਸੁਆਗਤ) ਕਰਨ ਆਏ। ਸੰਗਤ ਅਤੇ ਗੁਰੂ ਜੀ ਵਲੋਂ ਇਸ ਨੂੰ ਬਹੁਤ ਸਾਰੀਆਂ ਭੇਟਾਂ ਦਿੱਤੀਆਂ ਗਈਆਂ। ਪਰ ਇਸ ਨੇ ਲੈਣੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਅਨੁਸਾਰ ਇਨ੍ਹਾਂ ਨੂੰ ਲੈਣ ਦਾ ਅਧਿਕਾਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ ਛੇਵੇਂ ਗੁਰੂ ਨੂੰ ਹੀ ਹੈ। ਉਥੋਂ ਬਾਬਾ ਆਨੰਦ ਗੋਇੰਦਵਾਲ ਪਰਤ ਆਏ ਅਤੇ ਸਾਰੀ ਉਮਰ ਉਥੇ ਹੀ ਰਹੇ।

**ਆਨੰਦ-ਮੈਰਿਜ ਐਕਟ:** ਆਨੰਦ ਮੈਰਿਜ ਐਕਟ ਦੇ ਪਾਸ ਹੋਣ ਦਾ ਆਪਣਾ ਹੀ ਇਤਿਹਾਸ ਹੈ। ਇਸ ਦੇ ਪਿਛੋਕੜ ਉਤੇ ਪ੍ਰਕਾਸ਼ ਪਾਉਂਦਿਆਂ ਡਾ. ਮਾਨ ਸਿੰਘ ਨਿਰੰਕਾਰੀ ਨੇ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੀ ਕਾਰਵਾਈ ਦੀ ਪੁਰਾਣੀ ਸਰਕਾਰੀ ਲਿਖਿਤ ਦੇ ਆਧਾਰ 'ਤੇ ਦਸਿਆ ਹੈ —

*30 ਅਕਤੂਬਰ, 1908 ਨੂੰ ਵਾਇਸਰਾਏ ਮਿੰਟੋ ਦੀ ਪ੍ਰਧਾਨਗੀ ਹੇਠ, 'ਆਨੰਦ ਮੈਰਿਜ ਬਿਲ' ਟਿਕਾ ਰਿਪੁਦਮਨ ਸਿੰਘ ਆਫ਼ ਨਾਭਾ ਨੇ ਪੇਸ਼ ਕੀਤਾ। ਉਨ੍ਹਾਂ ਨੇ ਬਿਲ ਉਤੇ ਬੋਲਦਿਆਂ ਕਿਹਾ ਕਿ 'ਹਜ਼ੂਰ, ਇਸ ਵਿਸ਼ੇ ਦੇ ਬਿਲ ਦੇ ਪੇਸ਼ ਕਰਨ ਦੇ ਪਹਿਲੂ ਅਤੇ ਕਾਰਨ ਪੂਰੀ ਤਰ੍ਹਾਂ ਸਪੱਸ਼ਟ ਕੀਤੇ ਹਨ ਅਤੇ ਮੈਂ ਹਜ਼ੂਰ ਨੂੰ ਅਤੇ ਹੋਰ ਸਤਿਕਾਰਯੋਗ ਮੈਂਬਰਾਂ ਨੂੰ ਇਸ ਵਿਸ਼ੇ ਤੇ ਵਧੇਰੇ ਵਿਸਥਾਰ ਦੇਣ ਦੀ ਖੇਚਲ ਨਹੀਂ ਦੇਣੀ ਚਾਹਵਾਂਗਾ।'*

*ਬਿਲ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ।*

*ਇਸ ਤੋਂ ਬਾਦ 27 ਅਗਸਤ 1909 ਨੂੰ ਮੀਟਿੰਗ ਫਿਰ ਬੁਲਾਈ ਗਈ ਅਤੇ ਟਿੱਕਾ ਰਿਪੁਦਮਨ ਸਿੰਘ ਜੀ ਦੀ ਥਾਂ ਤੇ ਸ. ਸੁੰਦਰ ਸਿੰਘ ਜੀ ਮਜੀਠੀਆ ਨੂੰ ਮੈਂਬਰ ਲਿਆ।*

*ਸ. ਸੁੰਦਰ ਸਿੰਘ ਜੀ ਨੇ ਬਿਲ ਤੇ ਬੋਲਦਿਆਂ ਆਪਣੇ ਭਾਸ਼ਨ ਵਿਚ ਕਿਹਾ ਕਿ 'ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਮਹੱਤਵਪੂਰਨ ਬਿਲ ਦਾ ਸਾਰਾ ਮਾਣ ਟਿੱਕਾ ਸਾਹਿਬ ਨਾਭਾ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੜੀ ਅਣਥਕ ਮਿਹਨਤ ਕਰਕੇ ਇਸ ਬਿਲ ਵਿਚ ਲੋਕਾਂ ਦੀ ਇਤਨੀ ਦਿਲਚਸਪੀ ਵਧਾਈ ਕਿ ਸਾਰਾ ਸਿੱਖ-ਪੰਥ ਸਮੂਹ ਤੌਰ 'ਤੇ ਵੱਡੇ ਤੋਂ ਛੋਟੇ ਤਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ।'*

*ਆਪਣੇ ਭਾਸ਼ਨ ਨੂੰ ਜਾਰੀ ਰਖਦਿਆਂ ਉਨ੍ਹਾਂ ਨੇ ਫਿਰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਆਨੰਦ ਵਿਆਹ ਮਰਯਾਦਾ ਕੁਝ ਹੱਦ ਤਕ ਪ੍ਰਚਲਤ ਨਹੀਂ ਰਹੀ ਸੀ ਅਤੇ ਬ੍ਰਾਹਮਣਿਕ ਪ੍ਰਭਾਵ ਹੇਠਾਂ ਇਹ ਮਰਯਾਦਾ ਦਬ ਗਈ ਸੀ। ਪਰ ਸਾਡੀ ਖ਼ੁਸ਼-ਕਿਸਮਤੀ ਨਾਲ ਵਿਧਵਾ*

*ਵਿਆਹ ਸਿੱਖਾਂ ਵਿਚ ਪ੍ਰਚਲਤ ਰਿਹਾ ਜੋ ਕਿ ਹਿੰਦੂ-ਮਰਯਾਦਾ ਅਨੁਸਾਰ ਵਿਵਰਜਤ ਸੀ। ਲੇਕਿਨ ਚਾਰ ਸੰਪ੍ਰਦਾਵਾਂ ਸਿੱਖਾਂ ਵਿਚ ਅਜਿਹੀਆਂ ਹਨ ਜਿਹੜੀਆਂ ਕਿ ਪ੍ਰੰਪਰਾ ਤੋਂ ਆਨੰਦ ਵਿਆਹ ਦੀ ਰਸਮ ਕਰ ਰਹੀਆਂ ਹਨ, ਜਿਹਾ ਕਿ ਬਹਿੰਗਮ (ਨਿਹੰਗ ਸਿੰਘ), ਬੰਦਈ (ਬਾਬਾ ਬੰਦਾ ਬਹਾਦਰ ਦੇ ਅਨੁਯਾਈ), ਨਿਰੰਕਾਰੀ (ਇਨ੍ਹਾਂ ਨੇ ਆਪਣੀ ਸੰਪ੍ਰਦਾਇ ਦਾ ਨਾਮ ਗੁਰੂ ਨਾਨਕ ਨਿਰੰਕਾਰੀ ਦੇ ਨਾਂ ਤੇ ਰਖਿਆ ਹੈ), ਅਖੀਰ ਵਿਚ ਨਾਮਧਾਰੀ (ਜਿਹੜੇ ਕਿ ਬਾਬਾ ਰਾਮ ਸਿੰਘ ਜੀ ਨੂੰ ਮੰਨਣ ਵਾਲੇ ਹਨ)।*

*ਬਿਆਨ ਜਾਰੀ ਰਖਦਿਆਂ ਸ. ਸੁੰਦਰ ਸਿੰਘ ਜੀ ਨੇ ਕਿਹਾ ਕਿ ਇਹ ਮਰਯਾਦਾ ਫਿਰ ਸੁਰਜੀਤ ਹੋ ਰਹੀ ਹੈ ਅਤੇ ਪਿਛਲੇ 30 ਸਾਲਾਂ ਵਿਚ ਇਸ ਮਰਯਾਦਾ ਨਾਲ ਕਈ ਵਿਆਹ ਹੋਏ ਹਨ ਜਿਨ੍ਹਾਂ ਦੀ ਸੂਚਨਾ ਅਖ਼ਬਾਰਾਂ ਰਾਹੀਂ ਵੀ ਦਿੱਤੀ ਜਾਂਦੀ ਰਹੀ ਹੈ। ਜਿਨ੍ਹਾਂ ਵਿਚ ਕਈ ਰਾਜੇ, ਸਰਦਾਰ, ਗੁਰੂ ਅੰਸ, ਸੰਤ, ਪੁਜਾਰੀ, ਫ਼ੌਜੀ ਅਫਸਰ, ਵਾਹੀਕਾਰ ਤੇ ਹੋਰ ਕਈ ਸੁਧਾਰਕ ਸਿੱਖ ਸ਼ਾਮਲ ਹਨ। ਹਜ਼ੂਰ ਇਹ ਰਸਮ ਸਿੱਖਾਂ ਵਿਚ ਆਮ ਪ੍ਰਚਲਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਇਹ ਬੜੀ ਸਾਦੀ ਅਤੇ ਘਟ ਖ਼ਰਚ ਵਾਲੀ ਹੈ। ਇਹ ਹੁਣ ਤਕ ਆਮ ਸਿੱਖਾਂ ਵਿਚ ਕਿਉਂ ਪ੍ਰਚਲਤ ਨਹੀਂ ਹੋਈ ਕਿਉਂਕਿ ਮਰਯਾਦਾ ਉਤੇ ਚਾਤਰ ਲੋਕਾਂ ਨੇ ਕੁਝ ਭੁਲੇਖੇ ਪਾਏ ਹਨ ਕਿ ਇਹ ਮਰਯਾਦਾ ਕਾਨੂੰਨੀ ਤੌਰ 'ਤੇ ਸਰਕਾਰੀ ਕਚਹਿਰੀਆਂ ਵਿਚ ਨਹੀਂ ਮੰਨੀ ਜਾਏਗੀ। ਮੈਂ ਇਹ ਕਹਿਣਾ ਚਾਹਵਾਂਗਾ ਕਿ ਕੁਝ ਥੋੜੇ ਹੀ ਆਦਮੀ ਹਨ ਜੋ ਇਸ ਦੀ ਵਿਰੋਧਤਾ ਕਰ ਰਹੇ ਹਨ। ਮੈਂ ਹਜ਼ੂਰ ਦੀ ਦ੍ਰਿਸ਼ਟੀ ਇਸ ਪਾਸੇ ਵੀ ਦਿਵਾਵਾਂਗਾ ਕਿ ਸਿੱਖ ਪੰਥ ਇਕ ਪਛੜੀ ਤੇ ਗ਼ਰੀਬ ਸ੍ਰੇਣੀ ਹੈ ਅਤੇ ਇਹ ਸ੍ਰੇਣੀ ਵਲਾਇਤ ਦੇ ਸ਼ਹਿਨਸ਼ਾਹ ਦੀ ਵਫ਼ਾਦਾਰ ਹੈ। ਇਸ ਨੂੰ ਕਾਨੂੰਨੀ ਚਾਰਾਜੋਈਆਂ ਤੇ ਤਬਾਹ ਕਰਨ ਵਾਲੀਆਂ ਘਟਨਾਵਾਂ ਤੋਂ ਕਾਨੂੰਨ ਪਾਸ ਹੋਣ ਤੇ ਹੀ ਬਚਾਇਆ ਜਾ ਸਕੇਗਾ। ਕਿਉਂਕਿ ਹਾਲੇ ਵੀ ਚਾਤਰ ਧੜੇ ਇਸ ਵਿਆਹ ਨੂੰ ਤੇ ਉਹ ਸੰਤਾਨ ਜੋ ਇਸ ਆਨੰਦ ਵਿਆਹ ਦੀ ਉਤਪੱਤੀ ਹੋਵੇਗੀ, ਨੂੰ ਗ਼ੈਰ-ਕਾਨੂੰਨੀ ਠਹਿਰਾਉਣ ਦੇ ਯਤਨਾਂ ਵਿਚ ਹਨ।*

*ਇਸ ਭਾਸ਼ਨ ਤੋਂ ਬਾਅਦ ਇਹ ਬਿਲ ਸੀਲੈਕਟ ਕਮੇਟੀ ਨੂੰ ਸੌਂਪ ਦਿੱਤਾ ਗਿਆ, ਜਿਸ ਦੇ ਮੈਂਬਰ ਮਿਸਟਰ ਸਿਨਹਾ, ਸਰ ਹਰਬਰਟ ਰੈਜ਼ਲੇ, ਮਿਸਟਰ ਮਰਕ ਤੇ ਸ. ਸੁੰਦਰ ਸਿੰਘ ਮਜੀਠੀਆ ਥਾਪੇ ਗਏ।*

*ਫਿਰ 8 ਅਕਤੂਬਰ 1909 ਨੂੰ ਇਹ ਬਿਲ ਕੌਂਸਲ ਵਿਚ ਪੇਸ਼ ਹੋਇਆ।*

*ਸ. ਸੁੰਦਰ ਸਿੰਘ ਜੀ ਮਜੀਠੀਆ ਨੇ ਫਿਰ ਸੰਬੋਧਨ ਕੀਤਾ 'ਹਜ਼ੂਰ, ਹੁਣ ਇਹ ਬਿਲ ਲਗਭਗ ਸਾਲ ਭਰ ਲੋਕਾਂ ਦੇ ਸਾਹਮਣੇ ਆ ਚੁਕਾ ਹੈ ਅਤੇ ਮੈਂ ਇਹ ਨਹੀਂ ਕਹਾਂਗਾ ਕਿ ਇਸ ਦੀ ਵਿਰੋਧਤਾ ਨਹੀਂ ਹੋਈ, ਪਰ ਫਿਰ ਵੀ ਬਹੁਤ ਹੱਦ ਤਕ ਸਿੱਖ ਜਨਤਾ ਨੇ ਇਸ ਦੀ ਹਮਾਇਤ ਕੀਤੀ ਹੈ। ਹਾਂ, ਕੁਝ ਪੁਜਾਰੀਆਂ ਅਤੇ ਅੰਮ੍ਰਿਤਸਰ ਤੇ ਤਰਨਤਾਰਨ (ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ) ਦੇ ਗਰੰਥੀਆਂ ਤੇ ਹੋਰ ਸਿੱਖ ਭੇਖਾਂ ਵਲੋਂ ਨਾਸਮਝੀ ਕਰਕੇ ਵਿਰੋਧਤਾ ਹੋਈ ਹੈ ਪਰ ਭੁਲੇਖੇ ਦੂਰ ਕਰਨ ਦੀ ਇਸ ਬਿਲ ਵਿਚ ਕੋਸ਼ਿਸ਼ ਕੀਤੀ ਗਈ ਹੈ। ਹਜ਼ੂਰ, ਅਗੋ ਮੈਂ ਬਿਨੈ ਕਰਾਂਗਾ ਕਿ ਇਸ ਬਿਲ ਦਾ ਮੂਲ ਮੰਤਵ ਸਿਰਫ਼ ਉਹਨਾਂ ਨੂੰ ਇਹ ਅਧਿਕਾਰ ਦੇਣਾ ਹੈ ਜਿਹੜੇ ਇਸ ਅਨੰਦ ਵਿਆਹ ਦੇ ਢੰਗ ਨਾਲ ਵਿਆਹ ਕਰਾਉਣਾ ਚਾਹੁਣ। ਪਿਛਲੇ ਰਸਮਾਂ ਰਿਵਾਜਾਂ ਜਾਂ ਕਾਨੂੰਨ ਅਨੁਸਾਰ ਜੇ ਕੋਈ ਵਿਆਹ ਕਰਾਉਣਾ ਚਾਹੇ ਤਾਂ ਉਸ ਉਤੇ ਕੋਈ ਪਾਬੰਦੀ ਨਹੀਂ।'*

*ਫਿਰ ਸ. ਸੁੰਦਰ ਸਿੰਘ ਜੀ ਨੇ ਲੈਫਟੀਨੈਂਟ ਗਵਰਨਰ, ਪੰਜਾਬ, ਟਿੱਕਾ ਸਾਹਿਬ ਅਤੇ ਉਹਨਾਂ ਦੀ ਇਸ ਸੰਬਧ ਵਿਚ ਪਰੌੜ੍ਹਤਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ।*

*ਲੈਫਟੀਨੈਂਟ ਗਵਰਨਰ ਨੇ 'ਸਿੱਖ' ਦੀ ਵਿਆਖਿਆ ਕਰਦਿਆਂ ਆਪਣੇ ਭਾਸ਼ਨ ਵਿਚ ਕਿਹਾ ਕਿ 'ਸਿੱਖ' ਉਹ ਹੈ ਜੋ ਕਿ ਗੁਰੂ ਗਰੰਥ ਸਾਹਿਬ ਤੇ ਨਿਸ਼ਚਾ ਰੱਖਦਾ ਹੋਵੇ ਤੇ ਆਪਣੇ ਧਾਰਮਿਕ ਅਸੂਲ ਗੁਰੂ ਗਰੰਥ ਸਾਹਿਬ ਅਨੁਸਾਰ ਮੰਨੇ। ਟਿੱਕਾ ਸਾਹਿਬ ਦੇ ਬਹੁਤ ਸਾਰੇ ਹਮਾਇਤੀ ਜਾਂ ਤਾਂ ਸਹਿਜਧਾਰੀ ਹਨ ਜਾਂ ਉਹ ਹਨ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਤੇ ਸਿੰਘ ਨਹੀਂ ਸਜੇ ਅਤੇ ਉਹਨਾਂ ਵਿਚੋਂ ਬੜੀਆ ਮਸ਼ਹੂਰ ਹਸਤੀਆਂ ਨੇ ਆਪਣੇ ਵਿਆਹ, ਅਨੰਦ ਵਿਆਹ ਦੇ ਤਰੀਕੇ ਨਾਲ ਕਰਾਏ।*

*ਇਸ ਬਿਲ ਦੇ ਪਾਸ ਹੋਣ ਨਾਲ ਜਿਹੜੇ ਇਸ ਦੇ ਵਿਰੁਧ ਹਨ, ਉਹਨਾਂ ਤੇ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਆਨੰਦ-ਵਿਆਹ ਜਿਹੜਾ ਕਿ ਅਗੇ ਹੀ ਪ੍ਰਚਲਤ ਹੈ, ਬੜੀ ਸਵੱਛ ਤੇ ਵਿਸ਼ੇਸ਼ਤਾ ਵਾਲੀ ਮਰਯਾਦਾ ਹੈ।*

*ਸੋ ਇਸ ਤਰ੍ਹਾਂ ਇਸ ਬਿਲ ਤੇ ਬਹਿਸ ਮੁਬਾਹਿਸਾ*

*ਹੋਣ ਬਾਅਦ ਬਿਲ ਪਾਸ ਹੋ ਕੇ ਕਾਨੂੰਨ ਬਣ ਗਿਆ ਅਤੇ 'ਅਨੰਦ-ਮੈਰਿਜ ਐਕਟ' ਦੇ ਰੂਪ ਵਿਚ ਸਿੱਖ ਜਗਤ ਸਾਹਮਣੇ ਆ ਗਿਆ।*

ਉਪਰੋਕਤ ਆਨੰਦ-ਮੈਰਿਜ ਐਕਟ ਦਾ ਮੂਲ-ਪਾਠ ਨਿਮਨਲਿਖਿਤ ਹੈ :

The Anand Marriage Act 1909, Act No. VII of 1909. An Act to remove doubts as to the validity of the marriage ceremony among the Sikhs called 'Anand'.

*1. Short title and extent:*

The Act may be called the Anand Marraige Act 1909.

*2. Validity of Anand Marriages:*

All marriages which may be or may have been duly solemnized according to the Sikh marriage ceremony called 'Anand' shall be and shall be deemed to have been with effect from the date of solemnization to each respectively, good and valid in law.

*3. Exemption of certain marriages from Act:*

Nothing in this Act shall apply to (a) any marriage between persons not professing the Sikh religion or (b) any marriage which has been judicially declared to be null and void.

*4. Saving of marriage solemnized according to other ceremony:*

Nothing in this Act shall affect the validity of any marriage duly solemnized according to any other marriage ceremony customary among the Sikhs.

*5. Non-validation of marriages:*

Nothing in this Act shall be deemed to validate any marriage between persons who are related to each other in any degree of consanguinity or affinity which would, according to the customary law of Sikhs, render a marriage between them illegal.

**ਆਨੰਦਵਾਦ ਦਾ ਸਿੱਖ ਸੰਦਰਭ:** ਇਸ ਵਾਦ ਅਨੁਸਾਰ ਆਨੰਦ ਨੂੰ ਹੀ ਮਨੁੱਖ-ਜੀਵਨ ਦਾ ਮੂਲ ਲਕਸ਼ ਮੰਨਿਆ ਜਾਂਦਾ ਹੈ। ਇਸ ਵਿਚਾਰਧਾਰਾ ਦੇ ਦੋ ਰੂਪ ਮਿਲਦੇ ਹਨ। ਪਹਿਲੇ ਅਨੁਸਾਰ ਆਨੰਦ ਮਨੁੱਖ-ਜੀਵਨ ਦਾ ਸਿਖਰਲਾ ਲਕਸ਼ ਹੈ ਅਤੇ ਦੂਜੇ ਅਨੁਸਾਰ ਇਸ ਜੀਵਨ ਵਿਚ ਕਠੋਰ ਨਿਯਮਾਂ ਦਾ ਪਾਲਨ ਕਰਨ 'ਤੇ ਹੀ ਭਵਿਸ਼ ਵਿਚ ਮਨੁੱਖ ਨੂੰ ਚਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਆਨੰਦ ਦੇ ਪ੍ਰਥਮ ਰੂਪ ਦਾ ਮੁੱਖ ਪ੍ਰਚਾਰਕ ਯੂਨਾਨੀ ਦਾਰਸ਼ਨਿਕ ਏਪੀਕਿਉਰਸ (341-270 ਈ.ਪੂ.) ਸੀ। ਉਸ ਅਨੁਸਾਰ ਇਸ ਜੀਵਨ ਵਿਚ ਆਨੰਦ ਦੀ ਪ੍ਰਾਪਤੀ ਸਭ ਲੋਕੀਂ ਚਾਹੁੰਦੇ ਹਨ। ਵਿਅਕਤੀ ਜਨਮ ਤੋਂ ਹੀ ਆਨੰਦ ਦਾ ਇੱਛੁਕ ਹੈ ਅਤੇ ਦੁਖ ਤੋਂ ਦੂਰ ਰਹਿਣਾ ਚਾਹੁੰਦਾ ਹੈ। ਸਾਰੇ ਆਨੰਦ ਚੰਗੇ ਹਨ ਅਤੇ ਸਾਰੇ ਦੁਖ ਮਾੜੇ ਹਨ। ਆਧੁਨਿਕ ਵਿਚਾਰਧਾਰਾ ਅਨੁਸਾਰ ਉਹ ਆਨੰਦ ਜਿਸ ਨਾਲ ਅਧਿਕ ਤੋਂ ਅਧਿਕ ਲੋਕਾਂ ਦਾ ਵਧ ਤੋਂ ਵਧ ਲਾਭ ਹੋਵੇ, ਸਰਵ-ਸ੍ਰੇਸ਼ਠ ਹੈ।

ਚਾਰਵਾਕ ਦਰਸ਼ਨ ਵਿਚ ਇਸ ਸੰਸਾਰ ਅੰਦਰ ਹੀ ਉਪਲਬਧ ਆਨੰਦ ਦੇ ਪੂਰਣ ਉਪਭੋਗ ਨੂੰ ਪ੍ਰਾਣੀ-ਮਾਤ੍ਰ ਦਾ ਕਰਤੱਵ ਮੰਨਿਆ ਗਿਆ ਹੈ। ਕਾਮ ਹੀ ਸਰਵ-ਸ੍ਰੇਸ਼ਠ ਪੁਰਸ਼ਾਰਥ ਹੈ। ਸਾਰੇ ਕਰਤੱਵ ਕਾਮ ਦੀ ਪੂਰਤੀ ਲਈ ਹੀ ਕੀਤੇ ਜਾਂਦੇ ਹਨ। ਧਰਮ ਅਤੇ ਅਰਥ ਨੂੰ ਕਾਮ ਦਾ ਸਹਾਇਕ ਦਸਿਆ ਗਿਆ ਹੈ। ਸਮਾਜਿਕ ਆਚਰਣਾਂ ਦੇ ਸਾਧਾਰਣ ਨਿਯਮਾਂ (ਧਰਮ) ਦਾ ਉਲੰਘਨ ਨ ਕਰਦੇ ਹੋਇਆਂ ਕਾਮ ਦੀ ਤ੍ਰਿਪਤੀ ਕਰਨਾ ਹੀ ਸਰਵ-ਸ੍ਰੇਸ਼ਠ ਮਾਰਗ ਹੈ।

ਆਨੰਦ ਦੇ ਦੂਜੇ ਰੂਪ ਅਨੁਸਾਰ ਸੰਸਾਰ ਦੇ ਨਾਸ਼ ਹੋਣ ਵਾਲੇ ਪਦਾਰਥਾਂ ਦੇ ਉਪਭੋਗ ਤੋਂ ਪੈਦਾ ਹੋਣ ਵਾਲਾ ਆਨੰਦ ਨਾਸ਼ਵਾਨ ਹੈ। ਇਸ ਲਈ ਜ਼ਰੂਰੀ ਹੈ ਕਿ ਮਨੁੱਖ ਨੂੰ ਨ ਨਸ਼ਟ ਹੋਣ ਵਾਲੇ ਆਨੰਦ ਦੀ ਖੋਜ ਕਰਨੀ ਚਾਹੀਦੀ ਹੈ। ਇਸ ਲਈ ਭਾਵੇਂ ਸੰਸਾਰ ਦਾ ਤਿਆਗ ਕਰਨਾ ਵੀ ਪਏ, ਤਾਂ ਉਹ ਵੀ ਸਵੀਕਾਰ ਕਰ ਲੈਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ। ਇਸ ਪ੍ਰਕਾਰ ਦੇ ਆਨੰਦ ਦਾ ਸਭ ਤੋਂ ਪਹਿਲਾ ਪ੍ਰਤਿਪਾਦਨ ਉਪਨਿਸ਼ਦਾਂ ਵਿਚ ਹੋਇਆ ਹੈ। ਆਨੰਦ ਦਾ

ਮੂਲ ਆਤਮਾ ਮੰਨੀ ਗਈ ਹੈ ਅਤੇ ਆਤਮਾ ਨੂੰ ਆਨੰਦ-ਰੂਪ ਕਿਹਾ ਗਿਆ ਹੈ। ਆਨੰਦ ਅਵਸਥਾ ਜੀਵਨ ਦੀ ਪੂਰਣਤਾ ਹੈ। ਆਪਣੀ ਸ਼ੁੱਧ ਆਤਮਾ ਨੂੰ ਪ੍ਰਾਪਤ ਕਰਨ ਤੋਂ ਬਾਦ ਆਨੰਦ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ। ਉਪਨਿਸ਼ਦਾਂ ਦੇ ਦਰਸ਼ਨ ਨੂੰ ਆਧਾਰ ਮੰਨ ਕੇ ਚਲਣ ਵਾਲੀਆਂ ਸਾਰੀਆਂ ਧਾਰਮਿਕ ਅਤੇ ਦਾਰਸ਼ਨਿਕ ਸੰਪ੍ਰਦਾਵਾਂ ਵਿਚ ਆਨੰਦ ਨੂੰ ਹੀ ਆਤਮਾ ਦੀ ਚਰਮ ਅਭਿਵਿਅਕਤੀ ਮੰਨਿਆ ਗਿਆ ਹੈ।

ਆਨੰਦ ਨਿੱਤ ਰਹਿੰਦਾ ਹੈ, ਕਿਸੇ ਵੀ ਅਵਸਥਾ ਵਿਚ ਇਸ ਦੀ ਅਣਹੋਂਦ ਨਹੀਂ, ਹਾਂ ਮਾਤ੍ਰਾ ਦੀ ਵਾਧ-ਘਾਟ ਜ਼ਰੂਰ ਰਹਿੰਦੀ ਹੈ। ਫਲਸਰੂਪ, ਇਹ ਸਦਾ ਵਰਤਮਾਨ ਰਹਿਣ ਵਾਲਾ ਇਕ ਅਪਰੋਖ ਅਨੁਭਵ ਹੈ। ਆਮ ਕਰਕੇ ਆਨੰਦ ਅਤੇ ਸੁਖ ਨੂੰ ਇਕ ਹੀ ਸਮਝਿਆ ਜਾਂਦਾ ਹੈ, ਪਰ ਇਹ ਗੱਲ ਹੈ ਨਹੀਂ, ਕਿਉਂਕਿ ਸੁਖ ਪਰਿਵਰਤਨ-ਸ਼ੀਲ, ਅਸਥਿਰ ਅਤੇ ਛਿਣ ਭੰਗਰ ਹੈ, ਪਰ ਇਸ ਦੇ ਮੁਕਾਬਲੇ ਉਤੇ ਆਨੰਦ ਨਿੱਤ ਅਤੇ ਸਥਿਤ ਹੈ। ਸੁਖ ਦੇ ਪੂਰਕ ਰੂਪ ਵਿਚ ਜਾਂ ਸੁਖ ਦਾ ਅਨੁਭਵ ਕਰਾਉਣ ਲਈ ਦੁਖ ਦਾ ਯੋਗ ਰਹਿੰਦਾ ਹੈ। ਇਨ੍ਹਾਂ ਦਾ ਪਰਸਪਰ ਦੁਅੰਦ ਚਲਦਾ ਹੈ। ਆਨੰਦ ਦੁਅੰਦ ਦੀ ਅਨੁਭੂਤੀ ਤੋਂ ਮੁਕਤ ਹੋ ਕੇ ਅਦ੍ਵੈਤ ਅਨੁਭੂਤੀ ਦਾ ਲਖਾਇਕ ਹੈ। ਪਰ ਸੁਖ ਹੈ ਆਨੰਦ ਦਾ ਹੀ ਅਲਪ ਰੂਪ ਜਾਂ ਇਸ ਵਿਚ ਆਨੰਦ ਦੀ ਅਲਪ ਮਾਤ੍ਰਾ ਰਹਿੰਦੀ ਹੈ। ਜਾਂ ਇੰਜ ਕਹੋ ਕਿ 'ਆਨੰਦ' ਵਿਚ ਆਨੰਦ ਦਾ ਸਰੂਪ ਘਨੇਰਾ ਹੈ, ਪਰ 'ਸੁਖ' ਵਿਚ ਘਟੇਰਾ।

ਸ੍ਰੀ ਸੰਗਮ ਲਾਲ ਪਾਂਡੇ (*ਹਿੰਦੀ ਸਾਹਿਤ੍ਯ ਕੋਸ਼*) ਦਾ ਮਤ ਹੈ ਕਿ ਸੁਖ ਦਾ ਸੰਬੰਧ ਸ਼ਰੀਰ ਅਤੇ ਇੰਦ੍ਰੀਆਂ ਨਾਲ ਹੈ ਅਤੇ ਆਨੰਦ ਦਾ ਆਤਮਾ ਨਾਲ। ਸੁਖ ਲੌਕਿਕ ਹੈ ਅਤੇ ਆਨੰਦ ਅਲੌਕਿਕ। ... ਸੁਖ objective ਹੈ ਅਤੇ ਆਨੰਦ subjective ਹੈ। ਸੁਖ ਆਨੰਦ 'ਤੇ ਨਿਰਭਰ ਹੈ, ਆਨੰਦ ਆਤਮ-ਨਿਰਭਰ ਹੈ। ਸੁਖ ਭੌਤਿਕ ਹੈ ਅਤੇ ਆਨੰਦ ਅਧਿਆਤਮਿਕ। ਸੁਖ ਦਾ ਸਤਿ ਗੁਣ ਤੋਂ ਵਿਰੋਧ ਹੋ ਸਕਦਾ ਹੈ ਪਰ ਆਨੰਦ ਦਾ ਨਹੀਂ। ਜਿਸ ਨੂੰ ਆਨੰਦ ਦਾ ਸੱਚਾ ਸੁਆਦ ਮਿਲਦਾ ਹੈ, ਉਸ ਨੂੰ ਹੋਰ ਸਭ ਕੁਝ ਫਿਕਾ ਲਗਦਾ ਹੈ। ਇਸ ਦਾ ਸੁਆਦ ਗੂੰਗੇ ਦੇ ਗੁੜ ਚਖਣ ਵਾਂਗ ਹੈ। ਆਨੰਦ ਆਤਮਾ ਦਾ ਸੁਭਾ ਹੈ। ਆਤਮ-ਗਿਆਨ ਦੇ ਨ ਰਹਿਣ ਨਾਲ ਆਨੰਦ ਦਾ ਵੀ ਗਿਆਨ ਨਹੀਂ ਹੁੰਦਾ। ਆਨੰਦ-ਲਾਭ ਦਾ ਓਹੀ ਸਾਧਨ ਹੈ ਜੋ ਆਤਮ-ਲਾਭ ਦਾ ਹੈ। ਗਿਆਨ-ਮਾਰਗ, ਕਰਮ-ਮਾਰਗ, ਭਗਤੀ-ਮਾਰਗ, ਪ੍ਰਪਤਿ-ਮਾਰਗ, ਪੁਸ਼ਟੀ-ਮਾਰਗ ਅਤੇ ਯੋਗ-ਮਾਰਗ ਇਸੇ (ਆਨੰਦ) ਨੂੰ ਪ੍ਰਾਪਤ ਕਰਨ ਦੇ ਸਾਧਨ ਹਨ। ਆਨੰਦ ਦੀ ਪ੍ਰਾਪਤੀ ਹੀ ਮੋਕਸ਼ ਹੈ।

ਭਗਤੀ ਕਾਵਿ ਦੀ ਰਚਨਾ ਪਿਛੇ ਮੂਲ ਰੂਪ ਵਿਚ ਆਨੰਦ ਪ੍ਰਾਪਤੀ ਦੀ ਪ੍ਰੇਰਣਾ ਹੀ ਕੰਮ ਕਰ ਰਹੀ ਹੈ। ਭਗਤੀ, ਅਸਲ ਵਿਚ, ਹੈ ਹੀ ਆਨੰਦ ਦੇਣ ਵਾਲੀ, ਚਾਹੇ ਇਹ ਕਿਸੇ ਪ੍ਰਕਾਰ ਦੀ ਹੋਵੇ। ਸਾਰੇ ਸੰਤ ਕਵੀਆਂ ਦਾ ਸਿੱਧਾਂਤ ਆਨੰਦਵਾਦ ਹੀ ਹੈ। ਉਨ੍ਹਾਂ ਦਾ ਸੰਬੰਧ ਸੁਖਵਾਦ ਨਾਲ ਨਹੀਂ, ਕਿਉਂਕਿ ਸੁਖ ਕੇਵਲ ਭੌਤਿਕ ਭੋਗ ਦਾ ਸੂਚਕ ਹੈ। ਆਨੰਦਵਾਦ ਦੀ ਇਸੇ ਪ੍ਰਾਚੀਨ ਪਰੰਪਰਾ ਦੀ ਆਧਾਰ-ਭੂਮੀ 'ਤੇ ਗੁਰੂ ਅਮਰ ਦਾਸ ਜੀ ਦੀ ਮਹਾਨ ਰਚਨਾ 'ਅਨੰਦੁ' ਦਾ ਭਵਨ ਉਸਰਿਆ ਹੈ। ਪਰ ਇਸ ਵਿਚ ਕਈ ਮੌਲਿਕ ਵਿਚਾਰ-ਸੰਕਲਪ ਅਤੇ ਉਦਭਾਵਨਾਵਾਂ ਵੀ ਸ਼ਾਮਲ ਹੋਈਆਂ ਹਨ। ਗੁਰੂ ਅਮਰਦਾਸ ਜੀ ਅਨੁਸਾਰ ਸਤਿਗੁਰੂ ਦੀ ਪ੍ਰਾਪਤੀ ਦੀ ਅਵਸਥਾ ਹੀ ਆਨੰਦ-ਅਵਸਥਾ ਹੈ—*ਕਹੈ ਨਾਨਕ ਆਨੰਦੁ ਹੋਆ ਸਤਿਗੁਰੂ ਮੈ ਪਾਇਆ।* (ਗੁ.ਗ੍ਰੰ.917)।

ਸਤਿਗੁਰੂ ਕੌਣ ਹੈ? ਸਤਿਗੁਰੂ ਬ੍ਰਹਮ ਦਾ ਹੀ ਪ੍ਰਯਾਯ ਹੈ। ਉਹ ਸਰਬਕਲਾ ਸੰਪੰਨ, ਦੁਖ-ਪਾਪ ਦਾ ਨਾਸ਼ਕ ਅਤੇ ਪੰਜ ਵਾਸਨਾਵਾਂ ਨੂੰ ਅਧੀਨ ਰਖਣ ਵਾਲਾ ਹੈ। ਕਾਲ ਉਸ ਦੇ ਕਾਬੂ ਵਿਚ ਹੈ। ਉਸ ਵਰਗਾ ਹੋਰ ਕੋਈ ਮੁਕਤੀ-ਦਾਤਾ ਨਹੀਂ, ਉਹ ਚਤੁਰਾਈ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਸ ਨੇ ਹੀ ਮੋਹ ਮਾਇਆ ਦੀ ਸਿਰਜਨਾ ਕੀਤੀ ਹੈ। ਉਹ ਅਗੰਮ, ਅਗੋਚਰ ਅਤੇ ਅਨੰਤ ਹੈ, ਸਾਰਾ ਸੰਸਾਰ ਉਸ ਦੀ ਉਤਪੱਤੀ ਹੈ। ਜੀਅ-ਜੰਤ ਉਸੇ ਦਾ ਕੇਵਲ ਖੇਲ-ਤਮਾਸ਼ਾ ਹਨ —*ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ। ... ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ।* (ਗੁ.ਗ੍ਰੰ. 918)।

ਉਹ ਸ਼ਿਵ ਅਤੇ ਸ਼ਕਤੀ ਨੂੰ ਆਪ ਉਤਪੰਨ ਕਰਨ ਵਾਲਾ ਅਤੇ ਆਪ ਹੀ ਹੁਕਮ ਵਰਤਾਉਣ ਵਾਲਾ ਹੈ — *ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ।... ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਇ।* (ਗੁ.ਗ੍ਰੰ. 920)।

ਉਹ 'ਅਮੁਲਕ' ਹੈ, ਉਸ ਦਾ ਮੁੱਲਾਂਕਣ ਸੰਭਵ ਨਹੀਂ। ਉਹ ਸ੍ਰਿਸ਼ਟੀ ਨੂੰ ਮੂਲ ਰੂਪ ਵਿਚ ਰਚਣ ਵਾਲਾ ਅਤੇ ਆਤਮਾ ਨੂੰ ਸ਼ਰੀਰ ਵਿਚ ਸਥਿਤ ਕਰਕੇ ਇਸ ਸੰਸਾਰ ਵਿਚ

ਘਲਦਾ ਹੈ। ਉਹ ਇਕ ਹੈ ਅਤੇ ਉਸ ਤੋਂ ਬਿਨਾ ਹੋਰ ਕੋਈ ਨਹੀਂ— *ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ।* (ਗੁ.ਗ੍ਰੰ. 922)।

ਉਹ ਸਭਨਾਂ ਦਾ ਸੁਆਮੀ ਹੈ। ਉਸ ਦਾ ਇਕ ਪ੍ਰਯਾਯ 'ਸਚ' ਹੈ। ਉਸ ਸਚ ਦੀ ਪ੍ਰਾਪਤੀ ਸਚ ਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ — *ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ।*(ਗੁ.ਗ੍ਰੰ. 922)।

ਉਸ ਪਰਮ-ਤੱਤ੍ਵ 'ਸਤਿਗੁਰੂ' ਦੇ ਹੋਰ ਕਈ ਉਪਕਰਣ ਜਾਂ ਅਧੀਨ ਸ਼ਕਤੀਆਂ ਵੀ ਹਨ, ਜੋ ਜਿਗਿਆਸੂ ਨੂੰ ਭਰਮ ਵਿਚ ਪਾਉਂਦੀਆਂ ਹਨ ਅਤੇ ਜਿਨ੍ਹਾਂ ਵਿਚੋਂ ਪ੍ਰਮੁਖ ਹੈ ਮਾਇਆ। ਗੁਰੂ ਅਮਰਦਾਸ ਜੀ ਅਨੁਸਾਰ ਮਾਇਆ ਅਗਨੀ ਵਾਂਗ ਹੈ। ਇਹ ਸਾਧਕ ਨੂੰ ਪਰਮਾਤਮਾ ਤੋਂ ਵਖ ਕਰ ਦਿੰਦੀ ਹੈ, ਪਰ ਜੇ ਗੁਰੂ ਕ੍ਰਿਪਾ ਕਰੇ ਤਾਂ ਮਾਇਆ ਵਿਚ ਹੀ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। 'ਅਨੰਦੁ' ਸਾਹਿਬ ਵਿਚ ਮਾਇਆ ਦੇ ਵਾਸਤਵਿਕ ਸਰੂਪ ਅਤੇ ਪ੍ਰਭਾਵ ਦਾ ਚਿਤ੍ਰਾਂਕਨ ਇਸ ਪ੍ਰਕਾਰ ਹੈ — *ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ। ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ। ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ। ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ। ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ। ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ।*(ਗੁ.ਗ੍ਰੰ. 921)।

ਇਸ ਮਾਇਆ ਦੇ ਪ੍ਰਭਾਵ ਕਾਰਣ ਵਿਸ਼ ਸਮਾਨ ਦਿਸਣ ਵਾਲਾ ਸੰਸਾਰ ਵਾਸਤਵ ਵਿਚ ਸਤਿਗੁਰੂ ਪਰਮਾਤਮਾ ਦਾ ਹੀ ਰੂਪ ਹੈ, ਉਸ ਤੋਂ ਭਿੰਨ ਕੁਝ ਹੋਰ ਵਸਤੂ ਨਹੀਂ — *ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।*(ਗੁ.ਗ੍ਰੰ.922)।

ਸਤਿਗੁਰੂ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਸਦਾ ਸਾਧਨਾ ਜਾਂ ਭਗਤੀ ਵਿਚ ਲੀਨ ਰਹਿਣਾ ਚਾਹੀਦਾ ਹੈ ਅਤੇ ਨਾਮ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਇੱਛਾਵਾਂ ਦੀ ਪੂਰਤੀ ਹੁੰਦੀ ਹੈ ਅਤੇ ਮਨ ਵਿਚ ਸ਼ਾਂਤੀ ਵਸਦੀ ਹੈ, ਅਨਹਦ ਵਾਜੇ ਵਜਦੇ ਹਨ। ਪਰਮਾਤਮਾ ਦੀ ਲਿਵ ਜਾਂ ਧਿਆਨ ਤੋਂ ਬਿਨਾ ਦੇਹ ਨਿਮਾਣੀ ਹੈ। ਪਰਿਵਾਰ ਅਤੇ ਸੰਸਾਰਿਕ ਵਸਤੂਆਂ ਅਗਲੇ ਲੋਕ ਜਾਂ ਪਰਲੋਕ ਵਿਚ ਨਾਲ ਨਹੀਂ ਚਲਦੀਆਂ। ਇਸ ਲਈ ਸੱਚੇ ਪਰਮਾਤਮਾ ਵਿਚ ਚਿੱਤ ਲਗਾਉਣਾ ਚਾਹੀਦਾ ਹੈ, ਉਸ ਦੇ ਭਾਣੇ ਵਿਚ ਚਲਣਾ ਚਾਹੀਦਾ ਹੈ। ਫਲਸਰੂਪ ਮਨ ਨੂੰ ਨਿਰਮਲ ਰਖਣ ਦੀ ਬਹੁਤ ਲੋੜ ਹੈ, ਕਿਉਂਕਿ ਨਿਰਮਲਤਾ ਨਾਲ ਹੀ ਗੁਰੂ ਦਾ ਸੰਪਰਕ ਜਾਂ ਮਾਰਗ ਪ੍ਰਾਪਤ ਹੁੰਦਾ ਹੈ — *ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ।*(ਗੁ.ਗ੍ਰੰ.919)।

ਮਨ ਦੀ ਨਿਰਮਲਤਾ ਦੀ ਅਵਸਥਾ ਹੀ ਸਨਮੁਖਤਾ ਦੀ ਅਵਸਥਾ ਹੈ। ਸਨਮੁਖਤਾ ਵਿਚ ਗੁਰੂ ਦੀ ਪ੍ਰਾਪਤੀ ਹੈ। ਸਤਿਗੁਰੂ ਦੀ ਪ੍ਰਾਪਤੀ ਤੋਂ ਬਿਨਾ ਮੁਕਤੀ ਦੀ ਪ੍ਰਾਪਤੀ ਅਸੰਭਵ ਹੈ। ਸਤਿਗੁਰੂ ਦਾ ਸ਼ਬਦ ਅਤਿ ਉੱਤਮ ਵਸਤੂ ਹੈ। ਉਸੇ ਵਿਚ ਸਦਾ ਲੀਨ ਰਹਿਣਾ ਚਾਹੀਦਾ ਹੈ — *ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ।*(ਗੁ.ਗ੍ਰੰ.920)।

ਮਾਤਾ ਦੇ ਉਦਰ ਦੀ ਸਥਿਤੀ ਅਤੇ ਹੋਰਨਾਂ ਕਸ਼ਟਾਂ ਤੋਂ ਮੁਕਤ ਕਰਨ ਵਾਲੇ ਸਤਿਗੁਰੂ ਨੂੰ ਸਦਾ ਮਨ ਵਿਚ ਵਸਾਉਣਾ ਚਾਹੀਦਾ ਹੈ। ਹਰੀ ਦਾ ਨਾਮ ਹੀ ਭਗਤ ਦੀ ਰਾਸ ਹੈ। ਜੋ ਸ਼ਰੀਰ ਪਰਮ ਤੱਤ੍ਵ ਨਾਲ ਪ੍ਰੇਮ-ਸੰਬੰਧ ਸਥਾਪਿਤ ਕਰਦਾ ਹੈ, ਉਹੀ ਪ੍ਰਵਾਨ ਹੁੰਦਾ ਹੈ। ਸਤਿਗੁਰੂ ਦੀ ਪ੍ਰਾਪਤੀ ਨਾਲ ਦਿਬ-ਦ੍ਰਿਸ਼ਟੀ ਮਿਲਦੀ ਹੈ। ਕੰਨਾਂ ਦੀ ਪਵਿੱਤਰਤਾ ਅੰਮ੍ਰਿਤ ਤੁਲ ਨਾਮ ਸੁਣਨ ਨਾਲ ਹੁੰਦੀ ਹੈ ਕਿਉਂਕਿ ਪਰਮਾਤਮਾ ਨੇ ਇਨ੍ਹਾਂ ਦੀ ਸਥਿਤੀ ਇਸੇ ਲਈ ਕੀਤੀ ਹੈ। ਸਤਿਗੁਰੂ ਦੀ ਕ੍ਰਿਪਾ ਨਾਲ ਦਸਮ ਦੁਆਰ ਖੁਲ੍ਹਦਾ ਹੈ।

ਗੁਰੂ ਅਮਰਦਾਸ ਜੀ ਨੇ 'ਆਨੰਦ' ਦੇ ਸਰੂਪ ਨੂੰ ਵੀ ਵਿਸਤਾਰ ਸਹਿਤ ਚਿਤਰਿਤ ਕੀਤਾ ਹੈ। ਆਨੰਦ ਦਾ ਗਿਆਨ ਗੁਰੂ ਦੁਆਰਾ ਹੁੰਦਾ ਹੈ। ਇਸ ਨਾਲ ਪਾਪ, ਕਲੇਸ਼ ਅਤੇ ਮੋਹ ਦਾ ਨਾਸ਼ ਹੁੰਦਾ ਹੈ ਅਤੇ ਸ਼ਬਦ ਨਾਲ ਪਿਆਰ ਪੈਂਦਾ ਹੈ, ਤਦੋਂ ਆਨੰਦ ਦੀ ਅਵਸਥਾ ਉਤਪੰਨ ਹੁੰਦੀ ਹੈ। ਗੁਰੂ ਅਮਰਦਾਸ ਜੀ ਦੇ ਸ਼ਬਦਾਂ ਵਿਚ 'ਅਨੰਦ' ਇਹ ਹੈ — *ਆਨੰਦ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ। ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ। ਕਰਿ ਕਿਰਪਾ ਕਿਲ ਵਿਖ ਕਟੇ ਗਿਆਨ ਅੰਜਨੁ ਸਾਰਿਆ। ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ। ਕਹੈ ਨਾਨਕੁ ਏਹੁ ਆਨੰਦੁ ਹੈ ਆਨੰਦੁ ਗੁਰ ਤੇ ਜਾਣਿਆ।* (ਗੁ.ਗ੍ਰੰ. 917)।

ਇਸ ਆਨੰਦ ਦੀ ਪ੍ਰਾਪਤੀ ਸਤਿਗੁਰੂ ਦੇ ਪ੍ਰਸਾਦ ਜਾਂ ਕ੍ਰਿਪਾ ਰੂਪ ਵਿਚ ਹੁੰਦੀ ਹੈ। ਲੋਕੀਂ ਆਨੰਦ-ਪ੍ਰਾਪਤੀ ਲਈ

ਭਾਵੇਂ ਹਜ਼ਾਰਾਂ ਭਰਮਾਂ ਵਿਚ ਫਸੇ ਰਹਿਣ, ਪਰ ਵਾਸਤਵਿਕ ਆਨੰਦ 'ਨਾਮ' ਵਿਚ ਲੀਨਤਾ ਦੁਆਰਾ ਪ੍ਰਾਪਤ ਹੁੰਦਾ ਹੈ — *ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ। ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ। ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ।* (ਗੁ.ਗ੍ਰੰ. 917-18)।

ਅਜਿਹੇ ਨਾਮ ਵਿਚ ਲੀਨਤਾ ਧੁਰ ਦਰਗਾਹ ਦੀ ਦਾਤ ਹੈ — *ਧੁਰਿ ਕਰਮਿ ਪਾਇਆ ਤੁਧੁ ਤਿਨ ਕਉ ਸਿ ਨਾਮਿ ਹਰਿ ਕੈ ਲਾਗੈ।* (ਗੁ.ਗ੍ਰੰ.917); *ਏਹੁ ਤਿਨਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ।*(ਗੁ.ਗ੍ਰੰ.919)।

ਅਨਿਰਵਚਨੀ ਸਤਿ, ਪਰਮ-ਤੱਤ੍ਵ ਸਤਿਗੁਰੂ ਦੀ ਅਕਥ ਕਹਾਣੀ ਸਦਾ ਗਾਉਣੀ ਚਾਹੀਦੀ ਹੈ। ਉਹੀ ਸੱਚੀ ਬਾਣੀ ਹੈ, ਹੋਰ ਸਭ ਬਾਣੀਆਂ ਕੱਚੀਆਂ ਹਨ। ਆਨੰਦ ਦੀ ਪ੍ਰਾਪਤੀ ਕੇਵਲ ਸੱਚੀ ਬਾਣੀ ਦੇ ਗਾਉਣ ਨਾਲ ਹੁੰਦੀ ਹੈ। ਉਹੀ ਬਾਣੀਆਂ-ਸਿਰ-ਬਾਣੀ ਹੈ। ਕਿਉਂਕਿ ਉਸ ਦੁਆਰਾ —*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ।*(ਗੁ.ਗ੍ਰੰ.920)।

ਇਸ ਪ੍ਰਸੰਗ ਵਿਚ ਗੁਰੂ ਅਮਰਦਾਸ ਜੀ ਨੇ ਆਨੰਦ ਨੂੰ ਅੰਮ੍ਰਿਤ ਦਾ ਪ੍ਰਯਾਯਵਾਚੀ ਮੰਨਿਆ ਹੈ ਅਤੇ ਇਸ ਅੰਮ੍ਰਿਤ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੀ ਦਸੀ ਹੈ — *ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ। ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ। ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ। ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ। ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤ ਗੁਰ ਤੇ ਪਾਇਆ।*(ਗੁ.ਗ੍ਰੰ. 918)।

ਆਨੰਦ-ਪ੍ਰਾਪਤ ਸਾਧਕਾਂ ਦੀ ਚਾਲ ਅਤੇ ਗਤਿ-ਵਿਧੀ ਦੂਜੇ ਮਨੁੱਖਾਂ ਤੋਂ ਭਿੰਨ ਹੋ ਜਾਂਦੀ ਹੈ ਅਤੇ ਸਦਾਚਾਰਿਕ ਪੱਖ ਤੋਂ ਉਹ ਬਹੁਤ ਉੱਚੇ ਉਠ ਜਾਂਦੇ ਹਨ — *ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।* (ਗੁ.ਗ੍ਰੰ. 918)।

ਇਤਨਾ ਹੀ ਨਹੀਂ, ਆਨੰਦ ਨੂੰ ਪ੍ਰਾਪਤ ਕਰ ਚੁਕੇ ਵਿਅਕਤੀ ਆਪ ਪਵਿੱਤਰ ਹੋ ਕੇ ਆਪਣੇ ਸੰਬੰਧੀਆਂ ਨੂੰ ਵੀ ਪਵਿੱਤਰ ਕਰ ਦਿੰਦੇ ਹਨ।

ਆਨੰਦ ਦੀ ਅਵਸਥਾ ਹੀ 'ਸਹਿਜ' ਦੀ ਅਵਸਥਾ ਹੈ। ਜਦ ਤਕ ਮਨ ਵਿਚ ਸ਼ੰਸਾ ਵਿਆਪਕ ਹੈ ਤਦ ਸਹਿਜ-ਭਾਵ ਉਤਪੰਨ ਨਹੀਂ ਹੋ ਸਕਦਾ। ਗੁਰੂ ਦੀ ਕ੍ਰਿਪਾ ਹੀ ਸ਼ੰਸਾ ਨਸ਼ਟ ਕਰਦੀ ਹੈ। ਇਹ ਸਹਿਜ ਵੀ ਆਨੰਦ ਦਾ ਪ੍ਰਯਾਯ ਹੈ — *ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ।*(ਗੁ.ਗ੍ਰੰ. 919)।

ਗੁਰੂ ਅਮਰਦਾਸ ਜੀ ਨੇ ਆਨੰਦ ਦਾ ਇਕ ਹੋਰ ਪ੍ਰਯਾਯ 'ਹਰਿ-ਰਸ' ਦਿੱਤਾ ਹੈ। ਇੰਦਰਿਆਵੀ ਰਸ ਨਾਲ ਤ੍ਰਿਪਤੀ ਨਹੀਂ ਹੁੰਦੀ ਹੈ, ਹਰਿ-ਰਸ ਨਾਲ ਹੀ ਪੂਰਣ ਤ੍ਰਿਪਤੀ ਹੋ ਸਕਦੀ ਹੈ ਅਤੇ ਇਸ ਦੀ ਪ੍ਰਾਪਤੀ ਗੁਰੂ ਦੀ ਬਖ਼ਸ਼ਿਸ਼ ਨਾਲ ਹੁੰਦੀ ਹੈ — *ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ। ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ।*(ਗੁ.ਗ੍ਰੰ.921)।

ਹਰਿ-ਰਸ ਦੀ ਪ੍ਰਾਪਤੀ ਨਾਲ ਆਨੰਦਮਈ ਵਾਤਾਵਰਣ ਪਸਰ ਜਾਂਦਾ ਹੈ, ਪ੍ਰਭੂ ਦੇ ਆਗਮਨ ਕਰਕੇ ਖ਼ੁਸ਼ੀ ਦੇ ਸ਼ਾਦੀਆਨੇ ਵਜਣ ਲਗ ਜਾਂਦੇ ਹਨ। ਆਨੰਦ ਦੀ ਉਸ ਅਧਿਆਤਮਿਕ ਸਥਿਤੀ ਦਾ ਵਰਣਨ ਗੁਰੂ ਜੀ ਨੇ ਇਸ ਪ੍ਰਕਾਰ ਕੀਤਾ ਹੈ — *ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ। ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ। ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ। ਗੁਰਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ। ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ। ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ।*(ਗੁ.ਗ੍ਰੰ.921)।

ਇਸ ਆਨੰਦ-ਸਰੂਪਾ ਬਾਣੀ ਨੂੰ ਸ੍ਰਵਣ ਕਰਨਾ ਵੀ ਬਹੁਤ ਮਹੱਤਵਪੂਰਣ ਹੈ, ਇਤਨਾ ਹੀ ਜਿਤਨਾ ਕਿ ਆਨੰਦ-ਪ੍ਰਾਪਤੀ ਦਾ ਮਹੱਤਵ ਹੈ। 'ਆਨੰਦ' ਅਤੇ 'ਅਨੰਦੁ-ਬਾਣੀ' ਦਾ ਮਹੱਤਵ ਇਸ ਰਚਨਾ ਦੇ ਅੰਤ ਵਿਚ ਇੰਜ ਚਿਤਰਿਆ ਗਿਆ ਹੈ — *ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ। ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ। ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ। ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ। ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ। ਬਿਨਵੰਤਿ ਨਾਨਕੁ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ।*(ਗੁ.ਗ੍ਰੰ. 922)।

ਸੰਖੇਪ ਵਿਚ ਗੁਰੂ ਅਮਰਦਾਸ ਜੀ ਦਾ ਆਨੰਦ ਸਿੱਧਾਂਤ ਹੀ ਸਿੱਖ ਆਨੰਦਵਾਦ ਹੈ ਜੋ ਭਾਵੇਂ ਪਰੰਪਰਾਗਤ 'ਆਨੰਦਵਾਦੀ' ਸਿੱਧਾਂਤ ਨਾਲ ਸੰਬੰਧਿਤ ਹੈ, ਪਰ ਇਸ ਵਿਚ

ਕਈ ਨਵੇਂ ਪੱਖ ਵੀ ਪੇਸ਼ ਕੀਤੇ ਗਏ ਹਨ। ਇਹ ਆਨੰਦ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਦੇ ਕਈ ਪ੍ਰਯਾਯ ਹਨ — ਅੰਮ੍ਰਿਤ, ਹਰਿ-ਰਸ ਅਤੇ ਸਹਿਜ-ਅਵਸਥਾ। ਇਸ ਦੀ ਪ੍ਰਾਪਤੀ ਦਾ ਸਾਧਨ ਹੈ ਸ਼ਬਦ ਜਾਂ ਨਾਮ ਦੀ ਆਰਾਧਨਾ। ਸ਼ਬਦ ਹੀ ਗੁਰਬਾਣੀ ਹੈ। ਕੱਚੀ ਬਾਣੀ ਦਾ ਤਿਆਗ ਕਰਕੇ ਸੱਚੀ ਬਾਣੀ ਪੜ੍ਹਨ ਨਾਲ ਹਰਿ-ਰਸ ਦੀ ਪ੍ਰਾਪਤੀ ਹੁੰਦੀ ਹੈ। ਇਹੀ ਸਿੱਖ-ਧਰਮ ਦਾ ਆਨੰਦ ਹੈ ਅਤੇ ਇਸ ਨੂੰ ਪ੍ਰਾਪਤ ਕਰਕੇ ਜੀਵ 'ਆਨੰਦੀ' ਹੋ ਜਾਂਦਾ ਹੈ।

**ਆਨੰਦ ਵਿਆਹ** (ਇਤਿਹਾਸ): ਵਿਦਵਾਨਾਂ ਦੀ ਸਥਾਪਨਾ ਹੈ ਕਿ ਆਨੰਦ ਵਿਆਹ ਦੀ ਪਰੰਪਰਾ ਦਾ ਉਦਘਾਟਨ ਗੁਰੂ ਅਮਰਦਾਸ ਜੀ ਨੇ 'ਅਨੰਦੁ' ਨਾਂ ਦੀ ਬਾਣੀ ਦੀ ਰਚਨਾ ਨਾਲ ਕੀਤੀ ਸੀ। ਪਰ 'ਅਨੰਦੁ' ਬਾਣੀ ਦੇ ਰਚਨਾ-ਮਨੋਰਥ ਅਤੇ ਪਿਛੋਕੜ ਤੋਂ ਇਹ ਗੱਲ ਸਰਲਤਾ-ਪੂਰਵਕ ਸਿੱਧ ਨਹੀਂ ਕੀਤੀ ਜਾ ਸਕਦੀ।

ਆਨੰਦ ਵਿਆਹ ਦੇ ਸੰਕਲਪ ਦਾ ਸਹੀ ਆਰੰਭ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਲਾਵਾਂ ਦੇ ਚਾਰ ਛੰਦ ਰਚ ਕੇ ਕੀਤਾ। ਉਦੋਂ ਸਿੱਖ-ਵਿਆਹ ਦਾ ਵਿਧੀ-ਵਿਧਾਨ ਹਿੰਦੂ ਮਰਯਾਦਾ ਦੇ ਬਹੁਤ ਨੇੜੇ ਸੀ। ਅੰਤਰ ਕੇਵਲ ਇਤਨਾ ਸੀ ਕਿ ਵੇਦ-ਮੰਤ੍ਰਾਂ ਦੀ ਥਾਂ ਚਾਰ ਲਾਵਾਂ ਦਾ ਪਾਠ ਪੜ੍ਹਦੇ ਹੋਇਆ ਹਵਨ ਦੀ ਵੇਦੀ ਦੀ ਪ੍ਰਦੱਖਣਾ ਲਈ ਜਾਂਦੀ ਸੀ ਕਿਉਂਕਿ ਉਦੋਂ ਤਕ ਨ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੋਇਆ ਸੀ ਅਤੇ ਨ ਹੀ ਉਤਾਰਾ-ਬੀੜਾਂ ਉਪਲਬਧ ਹੋਈਆਂ ਸਨ। ਭਾਈ ਗੁਰਦਾਸ ਅਨੁਸਾਰ — *ਗੁਰਮੁਖ ਸੁਖ ਫਲ ਸਹਜ ਘਰ ਵਰਤਮਾਨ ਅੰਦਰਿ ਵਰਤੰਦਾ। ਲੋਕਾਚਾਰੀ ਲੋਕ ਵਿਚਿ ਵੇਦ ਵੀਚਾਰੀ ਕਰਮ ਕਰੰਦਾ।* (16/7)। ਸਪੱਸ਼ਟ ਹੈ ਕਿ ਉਦੋਂ ਤਕ ਸਿੱਖਾਂ ਵਿਚ ਵੈਦਿਕ ਰੀਤੀ ਹੀ ਪ੍ਰਚਲਿਤ ਸੀ।

ਗੁਰੂ ਗੋਬਿੰਦ ਸਿੰਘ ਜੀ ਵੇਲੇ ਪ੍ਰਚਲਿਤ ਵਿਆਹ ਦੀ ਵਿਧੀ ਬਾਰੇ ਭਾਈ ਕਾਨ੍ਹ ਸਿੰਘ ਨੇ 'ਗੁਰਮਤ ਮਾਰਤੰਡ' (ਭਾਗ ਪਹਿਲਾ, ਪੰਨਾ 111) ਵਿਚ ਲਿਖਿਆ ਹੈ :

*ਦਸ਼ਮੇਸ਼ ਜੀ ਦਾ ਸੁਧ ਸੰਕਲਪ ਸੀ ਕਿ ਸਹਜਧਾਰੀ ਸਨੇ ਸਨੇ ਸਿੰਘ ਸਜ ਜਾਣ। ਇਹ ਭਾਵ ਭਾਈ ਮਨੀ ਸਿੰਘ ਜੀ ਦੀ ਲਿਖੀ 'ਭਗਤਾਵਲੀ' ਵਿਚ ਸਹਜਧਾਰੀਆਂ ਵਲੋਂ ਪੇਸ਼ ਹੋਈ 'ਵਾਜਿਬੁਲ ਅਰਜ਼' ਤੋਂ ਪ੍ਰਗਟ ਹੋਂਦਾ ਹੈ। ਦੇਖੋ ਸੂਖਮ ਵਿਚਾਰ ਨਾਲ ਵਾਜਿਬੁਲ ਅਰਜ਼ ਦਾ ਸਿੱਧਾਂਤ —*

*(ੳ) ਸਮੇਂ ਵਿਆਹ ਦੇ ਅਸੀਂ ਵੇਦਪਾਠੀ ਬ੍ਰਾਹਮਣਾਂ ਨੂੰ ਬੁਲਾਇ ਕੈ ਵਿਵਾਹ ਦੀਆਂ ਕਾਂਡੀਆਂ ਪੜ੍ਹਾਇ ਕੈ ਵਿਵਾਹ ਕਰਦੇ ਸਾਂ, ਤੇ ਹੁਣ ਸਿੱਖ ਕਹਿੰਦੇ ਹਨ— ਤੁਸੀਂ ਆਨੰਦ ਪੜ੍ਹ ਕੇ ਵਿਵਾਹ ਕਰੋ, ਬ੍ਰਾਹਮਣਾਂ ਨੂੰ ਨਾ ਬੁਲਾਵੋ, ਸਚੇ ਪਾਤਸ਼ਾਹ! ਅਬ ਜਿਵੈਂ ਹੁਕਮ ਹੋਵੈ।*

*ਦਸਤਖਤ ਖ਼ਾਸ ਹੋਏ— ਪਹਿਲੇ ਆਨੰਦ ਪੜ੍ਹਨਾ, ਅਰਦਾਸ ਕਰਨੀ, ਪਿਛੇ ਬ੍ਰਾਹਮਣਾਂ ਥੀਂ ਹਮੇਸ਼ਾਂ ਜਿਸ ਤਰਾਂ ਪੜ੍ਹਾਂਵਦੇ ਆਏ ਹੋ, ਤਿਵੇਂ ਪੜ੍ਹਾਵਣਾ, ਸੰਸਾ ਨਹੀਂ ਕਰਨਾ।*

ਕੁਝ ਇਸੇ ਤਰ੍ਹਾਂ ਦੇ ਕਥਨ 'ਪ੍ਰੇਮ ਸੁਮਾਰਗ' (ਵੇਖੋ) ਵਿਚ ਵੀ ਮਿਲਦੇ ਹਨ। ਪਰ ਇਹ ਸਾਰੀਆਂ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਤੇ ਪ੍ਰਚਲਿਤ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਪ੍ਰਮਾਣਿਕਤਾ ਸੰਦਿਗਧ ਹੈ।

ਸਿੰਘਾਂ ਦੇ ਜੰਗਾਂ-ਯੁੱਧਾਂ ਵਿਚ ਰੁਝੇ ਰਹਿਣ ਕਾਰਣ ਵਿਆਹ ਸੰਬੰਧੀ ਕੋਈ ਸਪੱਸ਼ਟ ਪ੍ਰਕਾਰਜ ਸਾਹਮਣੇ ਨ ਆਇਆ। ਹਾਂ, ਇਤਨਾ ਸੰਕੇਤ ਮਿਲਦਾ ਹੈ ਕਿ ਲਾਵਾਂ ਪੜ੍ਹਨ ਵੇਲੇ ਗੁਰੂ ਸਾਹਿਬ ਦੀ ਪ੍ਰਦੱਖਣਾ ਲੈਣ ਦੀ ਪਰੰਪਰਾ ਅਜੇ ਵਿਕਸਿਤ ਨਹੀਂ ਸੀ ਹੋਈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਬ੍ਰਾਹਮਣਵਾਦ ਦੇ ਅਧਿਕ ਪ੍ਰਭਾਵ ਕਾਰਣ ਵੈਦਿਕ ਰੀਤੀ ਹੀ ਪ੍ਰਚਲਿਤ ਰਹੀ। ਬਾਬਾ ਸਾਹਿਬ ਸਿੰਘ ਬੇਦੀ ਨੇ ਆਪਣੇ ਵਡਿਆਂ ਪੁੱਤਰਾਂ ਦਾ ਵਿਆਹ ਵੈਦਿਕ ਰੀਤੀ ਅਨੁਸਾਰ ਕੀਤਾ ਸੀ, ਪਰ ਬਾਬਾ ਬਿਕ੍ਰਮ ਸਿੰਘ ਦੇ ਵਿਆਹ ਵੇਲੇ ਵੇਦ-ਮੰਤ੍ਰਾਂ ਦੇ ਨਾਲ ਨਾਲ ਲਾਵਾਂ ਦਾ ਪਾਠ ਵੀ ਕੀਤਾ ਗਿਆ ਸੀ।

ਡਾ. ਮਾਨ ਸਿੰਘ ਨਿਰੰਕਾਰੀ ਨੇ ਆਪਣੀ ਪੁਸਤਕ 'ਅਨੰਦ ਵਿਆਹ ਦੀ ਇਤਿਹਾਸਕ ਕ੍ਰਾਂਤੀ' ਵਿਚ ਦਸਿਆ ਹੈ ਕਿ ਆਨੰਦ-ਵਿਆਹ ਦਾ ਬੀਜ ਰੂਪ ਨਿਰੰਕਾਰੀ ਲਹਿਰ ਦੇ ਸੰਚਾਲਕ ਬਾਬਾ ਦਿਆਲ (1783-1855 ਈ.) ਦੇ ਵਿਆਹ ਵੇਲੇ ਵੇਖਣ ਨੂੰ ਮਿਲਦਾ ਹੈ। ਇਹ ਵਿਆਹ ਸੰਤ ਬੁਧੂ ਸ਼ਾਹ ਸੇਵਾ-ਪੰਥੀ ਦੀ ਭੇਰਾ ਨਗਰ ਸਥਿਤ ਧਰਮਸ਼ਾਲਾ ਵਿਚ ਸੰਨ 1808 ਈ. ਵਿਚ ਹੋਇਆ ਸੀ। ਬਾਬਾ ਜੀ ਨੇ ਚੇਤਰ ਦੇ ਤਥਾ-ਕਥਿਤ ਅਸ਼ੁਭ ਮਹੀਨੇ ਵਿਚ ਆਪਣਾ ਵਿਆਹ ਗੁਰਬਾਣੀ-ਕੀਰਤਨ ਅਤੇ ਅਰਦਾਸ ਨਾਲ ਕੀਤਾ। ਇਸ ਤਰ੍ਹਾਂ ਬ੍ਰਾਹਮਣਵਾਦੀ ਮਰਯਾਦਾ ਦਾ ਨਿਖੇਧ ਕੀਤਾ। ਬਾਬਾ ਦਿਆਲ ਨੇ ਆਪਣੇ ਪੁੱਤਰ ਸ੍ਰੀ ਦਰਬਾਰਾ ਸਿੰਘ ਦਾ ਵਿਆਹ 1855 ਈ. ਵਿਚ ਚੇਤਰ ਦੀ ਸੰਗਰਾਂਦ ਨੂੰ ਰਾਵਲਪਿੰਡੀ

ਦੇ ਨਿਰੰਕਾਰੀ ਦਰਬਾਰ ਵਿਚ ਕੀਤਾ ਜੋ ਗੁਰਮਤਿ ਅਨੁਸਾਰੀ ਸੀ ਅਤੇ ਲਾਵਾਂ ਦੇ ਪਾਠ ਸਹਿਤ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਦੱਖਣਾ ਲਈਆਂ ਗਈਆਂ ਸਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਨੰਦ-ਵਿਆਹ ਦਾ ਆਰੰਭ ਸੰਨ 1855 ਈ. ਤੋਂ ਹੋਇਆ ਸੀ। ਇਸ ਤੋਂ ਬਾਦ ਪੋਠੋਹਾਰ ਅਤੇ ਉਸ ਦੇ ਨਾਲ ਲਗਦੇ ਇਲਾਕਿਆਂ ਵਿਚ ਨਿਰੰਕਾਰੀ ਸਿੱਖਾਂ ਨੇ ਅਨੇਕਾਂ ਆਨੰਦ ਵਿਆਹ ਕੀਤੇ ਅਤੇ ਕਰਵਾਏ। ਸੰਨ 1861 ਈ. ਵਿਚ ਨਿਰੰਕਾਰੀਆਂ ਨੇ ਪਹਿਲੀ ਵਾਰ ਅੰਮ੍ਰਿਤਸਰ ਵਿਚ ਅਕਾਲ-ਤਖ਼ਤ ਦੇ ਸਾਹਮਣੇ ਆਨੰਦ-ਵਿਆਹ ਕਰਨ ਦਾ ਮਨ ਬਣਾਇਆ। ਪਰ ਪੁਜਾਰੀਆਂ ਵਲੋਂ ਵਿਰੋਧ ਹੋਣ ਕਾਰਣ ਇਹ ਵਿਆਹ ਠਾਕੁਰ ਦਿਆਲ ਸਿੰਘ ਦੇ ਡੇਰੇ ਵਿਚ ਸੰਪੰਨ ਹੋਇਆ। ਇਸ ਤਰ੍ਹਾਂ ਦੇ ਵਿਆਹ ਦਾ ਬੜਾ ਵਿਰੋਧ ਵੀ ਹੋਇਆ, ਖ਼ਾਸ ਤੌਰ 'ਤੇ ਬ੍ਰਾਹਮਣਾਂ ਵਲੋਂ ਕਿਉਂਕਿ ਅਜਿਹੇ ਵਿਆਹ ਦੇ ਪ੍ਰਚਲਿਤ ਹੋ ਜਾਣ ਨਾਲ ਉਨ੍ਹਾਂ ਦੀ ਪ੍ਰਤਿਸ਼ਠਾ ਅਤੇ ਆਮਦਨ ਦਾ ਕਾਫ਼ੀ ਨੁਕਸਾਨ ਹੋਣ ਦਾ ਅੰਦੇਸ਼ਾਂ ਸੀ।

ਨਿਰੰਕਾਰੀ ਸੰਪ੍ਰਦਾਇ ਦੇ ਸਮਾਨਾਂਤਰ ਮਾਲਵੇ ਵਿਚ ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਨੇ ਆਨੰਦ-ਵਿਆਹ ਦੀ ਰੀਤ ਚਲਾਈ। ਸਭ ਤੋਂ ਪਹਿਲਾ ਵਿਆਹ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਖੋਟਾ ਪਿੰਡ ਵਿਚ 3 ਜੂਨ 1863 ਈ. ਵਿਚ ਕੀਤਾ ਗਿਆ। ਨਿਰੰਕਾਰੀ ਆਨੰਦ-ਵਿਆਹ ਵਿਧੀ ਨਾਲੋਂ ਇਸ ਦਾ ਫ਼ਰਕ ਇਹ ਸੀ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਥਾਂ ਹਵਨ ਦੀ ਵੇਦੀ ਦੀ ਪ੍ਰਦੱਖਣਾ ਲਈ ਗਈ। ਪਰੰਪਰਾਈਆਂ ਅਤੇ ਬ੍ਰਾਹਮਣਵਾਦੀਆਂ ਨੇ ਇਸ ਦਾ ਵਿਰੋਧ ਕੀਤਾ ਅਤੇ ਬਾਬਾ ਰਾਮ ਸਿੰਘ ਦੇ ਵਿਰੁੱਧ ਸਰਕਾਰ ਦੇ ਕੰਨ ਭਰੇ। ਸਰਕਾਰ ਨੂੰ ਬਾਬਾ ਰਾਮ ਸਿੰਘ ਦੇ ਵਿਰੁੱਧ ਕਾਰਵਾਈ ਕਰਨ ਲਈ ਉਕਸਾਇਆ। ਫਲਸਰੂਪ ਬਾਬਾ ਜੀ ਦੀ ਗਤਿਵਿਧੀ ਨੂੰ ਜੁਲਾਈ 1863 ਈ. ਤੋਂ ਜੁਲਾਈ 1967 ਈ. ਤਕ ਭੈਣੀ ਸਾਹਿਬ ਵਿਚ ਹੀ ਸੀਮਤ ਰਖਿਆ ਗਿਆ।

ਜਦੋਂ ਆਨੰਦ-ਵਿਆਹ ਇਕ ਲਹਿਰ ਦਾ ਰੂਪ ਧਾਰਣ ਕਰ ਗਿਆ ਤਾਂ ਬਾਬਾ ਰੱਤਾ ਜੀ ਨੇ ਇਸ ਨੂੰ ਵਿਧਾਨਿਕ ਸਰੂਪ ਦੇਣ ਲਈ ਨਾਭਾ ਰਿਆਸਤ ਦੇ ਰਾਜਕੁਮਾਰ ਰਿਪੁਦਮਨ ਸਿੰਘ ਨੂੰ ਪ੍ਰੇਰਿਆ। ਉਸ ਨੇ ਆਨੰਦ-ਵਿਆਹ ਦਾ ਬਿਲ ਇਮਪੀਰੀਅਲ ਲੈਜਿਸਲੇਟਿਵ ਕੌਂਸਲ ਨੂੰ ਭਿਜਵਾਣ ਦਾ ਉਪਰਾਲਾ ਕੀਤਾ। ਸਰ ਸੁੰਦਰ ਸਿੰਘ ਮਜੀਠੀਆ ਦੇ ਸਹਿਯੋਗ ਨਾਲ ਸੰਨ 1909 ਈ. ਵਿਚ ਆਨੰਦ ਮੈਰਿਜ ਐਕਟ (ਵੇਖੋ) ਪਾਸ ਹੋਇਆ। ਸਪੱਸ਼ਟ ਹੈ ਕਿ ਆਨੰਦ-ਵਿਆਹ ਦੇ ਪ੍ਰਚਲਨ ਲਈ ਨਿਰੰਕਾਰੀ ਅਤੇ ਨਾਮਧਾਰੀ ਦੋਹਾਂ ਸੰਪ੍ਰਦਾਵਾਂ ਦੀ ਮਹੱਤਵਪੂਰਣ ਦੇਣ ਹੈ। ਹੁਣ ਸਿੱਖ ਸਮਾਜ ਵਿਚ ਆਮ ਤੌਰ 'ਤੇ ਨਿਰੰਕਾਰੀ ਸੰਪ੍ਰਦਾਇ ਦੁਆਰਾ ਪ੍ਰਚਾਰੀ ਆਨੰਦ-ਵਿਆਹ -ਵਿਧੀ (ਵੇਖੋ) ਪ੍ਰਚਲਿਤ ਹੈ।

**ਆਨੰਦ-ਵਿਆਹ** (ਵਿਧੀ): ਆਨੰਦ-ਵਿਆਹ ਜਾਂ ਆਨੰਦ -ਕਾਰਜ ਸਿੱਖ -ਸਮਾਜ ਵਿਚ ਪ੍ਰਚਲਿਤ ਵਿਆਹ ਦੀ ਵਿਧੀ ਨੂੰ ਕਿਹਾ ਜਾਂਦਾ ਹੈ। ਵਰ ਅਤੇ ਕੰਨਿਆ ਦੇ ਮਾਪਿਆਂ ਵਲੋਂ ਯੋਗ ਪਾਤਰ ਲਭ ਕੇ ਉਨ੍ਹਾਂ ਦੇ ਪਰਸਪਰ ਵਿਆਹ ਦਾ ਫ਼ੈਸਲਾ ਕਰ ਚੁਕਣ ਤੋਂ ਬਾਦ ਦੋਹਾਂ ਧਿਰਾਂ ਦੀ ਸੁਵਿਧਾ ਅਨੁਸਾਰ ਵਿਆਹ ਦਾ ਦਿਨ ਨਿਸਚਿਤ ਕੀਤਾ ਜਾਂਦਾ ਹੈ। ਨਿਸਚਿਤ ਦਿਨ ਲੜਕੇ ਵਾਲੇ ਆਪਣੇ ਸਾਕ-ਸੰਬੰਧੀਆਂ ਦੀ ਬਾਰਾਤ ਨਾਲ ਲੜਕੀ ਦੇ ਘਰ ਪਹੁੰਚਦੇ ਹਨ। ਉਥੇ ਉਨ੍ਹਾਂ ਦਾ ਲੜਕੀ ਵਾਲਿਆਂ ਵਲੋਂ ਗੁਰ-ਸ਼ਬਦ ਗਾਇਨ ਨਾਲ ਸਵਾਗਤ ਹੁੰਦਾ ਹੈ। ਅਰਦਾਸ ਕਰਨ ਉਪਰੰਤ ਮਿਲਣੀ ਦੀ ਰਸਮ ਹੁੰਦੀ ਹੈ ਅਤੇ ਖਾਣ-ਪੀਣ ਦੀ ਸੇਵਾ ਤੋਂ ਬਾਦ ਸਾਰੇ ਧੇਤੇ ਪੁਤਰੇਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜ ਬਹਿੰਦੇ ਹਨ। ਕੀਰਤਨ ਦੀ ਸਮਾਪਤੀ ਤੋਂ ਬਾਦ ਵਰ ਅਤੇ ਕੰਨਿਆ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬਿਠਾਇਆ ਜਾਂਦਾ ਹੈ। ਉਸ ਵੇਲੇ ਗ੍ਰੰਥੀ ਜਾਂ ਹੋਰ ਕੋਈ ਧਰਮ-ਸਾਧਕ ਗੁਰੂ ਗ੍ਰੰਥ ਸਾਹਿਬ ਅਗੇ ਵਿਆਹ ਆਰੰਭ ਕਰਨ ਦੀ ਆਗਿਆ ਪ੍ਰਾਪਤ ਕਰਨ ਲਈ ਅਰਦਾਸ ਕਰਦਾ ਹੈ ਅਤੇ ਜੋੜੀ ਨੂੰ ਗੁਰਮਤਿ ਅਨੁਸਾਰੀ ਜੀਵਨ-ਜਾਚ ਦਾ ਉਪਦੇਸ਼ ਦਿੰਦਾ ਹੈ। ਧਰਮ ਵਿਚ ਨਿਸ਼ਠਾ, ਸਮਾਜ ਦੀ ਸੇਵਾ, ਸਾਰੀ ਮਨੁੱਖਤਾ ਨਾਲ ਸਾਂਝ ਪਾਉਣ ਦੀ ਗੱਲ ਕਹਿ ਕੇ ਆਨੰਦ-ਕਾਰਜ ਦਾ ਆਰੰਭ ਕਰਵਾਉਂਦਾ ਹੈ। ਸਭ ਤੋਂ ਪਹਿਲਾਂ ਲੜਕੀ ਦਾ ਪਿਤਾ ਆਪਣੀ ਪੁੱਤਰੀ ਦਾ ਪੱਲਾ ਵਰ ਦੇ ਹੱਥ ਵਿਚ ਪਕੜਾਉਂਦਾ ਹੋਇਆ ਉਸ ਨੂੰ ਆਪਣੀ ਪੁੱਤਰੀ ਦੀ ਜ਼ਿੰਮੇਵਾਰੀ ਸੌਂਪਦਾ ਹੈ। ਫਿਰ ਗੁਰੂ ਗ੍ਰੰਥ ਸਾਹਿਬ ਦੇ ਸੂਹੀ ਰਾਗ ਵਿਚ ਸੰਕਲਿਤ ਇਕ ਇਕ ਲਾਂਵ ਦਾ ਪਾਠ ਹੁੰਦਾ ਹੈ ਅਤੇ ਵਰ ਦੇ ਪਿਛੇ ਕੰਨਿਆ, ਉਸ ਦੇ ਪੱਲੂ ਨੂੰ ਪਕੜਿਆਂ ਗੁਰੂ ਗ੍ਰੰਥ ਸਾਹਿਬ ਦੇ ਇਰਦ-ਗਿਰਦ ਫੇਰੇ ਲੈਂਦੀ ਹੈ। ਚੌਹਾਂ ਲਾਵਾਂ ਦੀ ਸਮਾਪਤੀ ਤੋਂ ਬਾਦ ਅਨੰਦੁ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਅਤੇ ਫਿਰ ਅਰਦਾਸ ਕਰਕੇ ਵਾਕ/ ਹੁਕਮ ਲਿਆ ਜਾਂਦਾ ਹੈ। ਇਸ ਤੋਂ ਉਪਰੰਤ ਆਨੰਦ-ਕਾਰਜ

ਦਾ ਪ੍ਰਕਾਰਜ ਸਮਾਪਤ ਹੋ ਜਾਂਦਾ ਹੈ ਅਤੇ ਕੜਾਹ ਪ੍ਰਸਾਦ ਵਰਤਾ ਦਿੱਤਾ ਜਾਂਦਾ ਹੈ।

ਨਾਮਧਾਰੀ ਸੰਪ੍ਰਦਾਇ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਹਵਨ ਕੁੰਡ ਦੀ ਵੇਦੀ ਦੇ ਦੁਆਲੇ ਪ੍ਰਦੱਖਣਾ ਲੈਂਦੇ ਹਨ ਪਰ ਲਾਵਾਂ ਦੇ ਛੰਦ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਪੜ੍ਹਦੇ ਹਨ। ਇਹ ਇਕ ਇਕ ਜੋੜੀ ਦੀ ਥਾਂ ਕਈਆਂ ਜੋੜੀਆਂ ਦਾ ਸਮੂਹਿਕ ਵਿਆਹ ਕਰਦੇ ਹਨ। ਇਹ ਲੋਕ ਵਰ ਕੰਨਿਆ ਦੀ ਸਾਜ-ਸੱਜਾ ਅਤੇ ਦਾਜ ਲੈਣ ਵਿਚ ਵਿਸ਼ਵਾਸ ਨਹੀਂ ਰਖਦੇ।

ਆਨੰਦ-ਕਾਰਜ ਤੋਂ ਪਹਿਲਾਂ ਅਤੇ ਬਾਦ ਦੀਆਂ ਕਈ ਰੀਤਾਂ ਜਾਂ ਰਸਮਾਂ ਹੁੰਦੀਆਂ ਹਨ, ਜਿਨ੍ਹਾਂ ਦਾ ਸਰੂਪ ਹਰ ਸਮਾਜਿਕ ਵਰਗ, ਇਲਾਕੇ ਅਤੇ ਭਾਈਚਾਰੇ ਅਨੁਸਾਰ ਬਦਲਦਾ ਹੈ। ਇਨ੍ਹਾਂ ਨੂੰ ਆਪਣੇ ਆਪਣੇ ਢੰਗ ਨਾਲ ਹੀ ਨਿਭਾਇਆ ਜਾਂਦਾ ਹੈ। ਬਸ ਸ਼ਰਤ ਇਕ ਹੈ ਕਿ ਰਸਮਾਂ ਜਾਂ ਰੀਤਾਂ ਨੂੰ ਕਰਨ ਵੇਲੇ ਗੁਰਮਤਿ ਮਰਯਾਦਾ ਦਾ ਖੰਡਨ ਜਾਂ ਉਲੰਘਨ ਨਹੀਂ ਹੋਣਾ ਚਾਹੀਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਿਕਾ 'ਸਿੱਖ ਰਹਿਤ-ਮਰਯਾਦਾ' ਵਿਚ 'ਆਨੰਦ ਸੰਸਕਾਰ' ਬਾਰੇ ਨਿਯਮ ਇਸ ਪ੍ਰਕਾਰ ਲਿਖੇ ਹਨ:

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਏ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨੀ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫਤਹਿ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ, ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵਤ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ। ਆਪਸ ਵਿਚ ਪ੍ਰੇਮ ਦਵਾਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦਸੇ ਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕ-ਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤ੍ਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ

ਵਖਰੇ ਗ੍ਰਹਿਸਤ ਧਰਮ ਦੇ ਫ਼ਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾ ਵਿਚ ਇਕੋ ਜਿਹਾ ਪਿਆਰ ਕਰਨਾ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬ੍ਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ-ਸੁਖ, ਦੇਸ਼-ਪਰਦੇਸ਼ ਵਿਚ ਆਪਣੇ ਪਤੀਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ, ਅਗੇ ਵਰ ਤੇ ਪਿਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆ ਪਹਿਲੀਆਂ ਪੰਜ ਪਉੜੀਆ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਜੇ ਕਦੇ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ, ਖਾਣਾ, ਖਲਾਵਣਾ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ-ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ-ਵਿਆਹ ਦੀ ਭੀ ਉਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

**ਆਪੇ ਗੁਰ ਚੇਲਾ** : ਇਸ ਉਕਤੀ ਦਾ ਸੰਬੰਧ ਅੰਮ੍ਰਿਤ ਸੰਚਾਰ ਸਮਾਗਮ ਨਾਲ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਪੰਜ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਾਇਆ ਅਤੇ ਫਿਰ ਉਨ੍ਹਾਂ ਤੋਂ ਆਪ ਛਕਿਆ। ਇਸ ਤਰ੍ਹਾਂ ਪਹਿਲਾਂ ਗੁਰੂ ਅਤੇ ਫਿਰ ਚੇਲੇ ਦੀ ਭੂਮਿਕਾ ਨਿਭਾਈ। ਇਸ ਪਿਛੋਕੜ ਨੂੰ ਸਾਹਮਣੇ ਰਖਦੇ ਹੋਇਆਂ ਭਾਈ ਗੁਰਦਾਸ ਦੂਜੇ ਨੇ ਆਪਣੀ ਵਾਰ ਦੀਆਂ ਪਹਿਲੀਆਂ 20 ਪਉੜੀਆਂ ਦੀਆਂ ਅੰਤਿਮ ਤੁਕਾਂ ਵਿਚ ਇਸ ਉਕਤੀ ਨੂੰ ਵਾਰ ਵਾਰ ਵਰਤਦਿਆਂ ਲਿਖਿਆ ਹੈ — *ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*

**ਆਰਤੀ**: ਵਿਦਵਾਨਾਂ ਨੇ 'ਆਰਤੀ' ਸ਼ਬਦ ਦੀਆਂ ਦੋ ਵਿਉਤਪੱਤੀਆਂ ਦਸੀਆ ਹਨ। ਇਕ ਮਤ ਅਨੁਸਾਰ ਇਹ

ਸੰਸਕ੍ਰਿਤ ਦੇ 'ਆਰਾਤ੍ਰਿਕ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ, ਅਰਥਾਤ ਉਹ ਜੋਤਿ ਜੋ ਰਾਤ ਤੋਂ ਬਿਨਾ ਵੀ ਜਗਾਈ ਜਾਏ। ਕਿਉਂਕਿ ਆਰਤੀ ਕਿਸੇ ਵੇਲੇ ਵੀ ਉਤਾਰੀ ਜਾ ਸਕਦੀ ਹੈ, ਇਸ ਲਈ ਉਸ ਵਿਚ ਬਾਲੀਆਂ ਜਾਣ ਵਾਲੀਆਂ ਜੋਤਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ, ਸਗੋਂ ਇਸ਼ਟ-ਦੇਵ ਦੀ ਆਰਾਧਨਾ ਹੈ।

ਦੂਜੇ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰ੍ਤ' ਸ਼ਬਦ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਦੁਖ-ਪੂਰਣ ਜਾਂ ਆਜਿਜ਼ੀ ਦੇ ਸੁਰ ਵਿਚ ਇਸ਼ਟ-ਦੇਵ ਤੋਂ ਮੰਗਲ-ਕਾਮਨਾ ਕਰਨਾ। ਦੂਜਾ ਮਤ ਵਾਸਤਵਿਕਤਾ ਦੇ ਅਧਿਕ ਨੇੜੇ ਪ੍ਰਤੀਤ ਹੁੰਦਾ ਹੈ।

ਪੁਰਾਤਨ-ਕਾਲ ਤੋਂ ਹਿੰਦੂ ਧਰਮ ਵਿਚ ਇਸ਼ਟ-ਦੇਵ ਅਗੇ ਥਾਲੀ ਵਿਚ ਦੀਵੇ ਬਾਲ ਕੇ ਅਤੇ ਧੂਪ ਜਗਾ ਕੇ ਉਸ ਨੂੰ ਘੁੰਮਾਉਂਦੇ ਹੋਇਆਂ ਆਰਤੀ ਉਤਾਰਨ ਦੀ ਪ੍ਰਥਾ ਹੈ ਜਿਸ ਵਿਚ ਸਮੇਂ ਸਮੇਂ ਕੁਝ ਕੁ ਅਦਾਲਾ-ਬਦਲੀ ਵੀ ਹੁੰਦੀ ਰਹੀ ਹੈ। ਥਾਲੀ ਦੇ ਘੁੰਮਾਉਣ ਦੇ ਨਾਲ ਨਾਲ ਫੁਲ-ਪੱਤੀਆਂ ਦੀ ਬਰਖਾ ਰਾਹੀਂ ਇਸ਼ਟ-ਦੇਵ ਦੀ ਮੂਰਤੀ ਸਾਹਮਣੇ ਆਰਤੀ ਉਤਾਰੀ ਜਾਂਦੀ ਹੈ। ਥਾਲੀ ਵਿਚ ਰਖੇ ਦੀਵਿਆਂ ਦੀ ਗਿਣਤੀ ਨਿਸ਼ਚਿਤ ਨਹੀਂ। ਇਕ ਤੋਂ ਲੈ ਕੇ ਇਕ ਸੌ ਇਕ ਦੀਵੇ ਜਗਾਉਣ ਦੀ ਪਰੰਪਰਾ ਹੈ। ਥਾਲੀ ਮੂਰਤੀ ਅਗੇ ਸੱਜੇ ਤੋਂ ਖੱਬੇ ਵਲ ਘੁੰਮਾਈ ਜਾਂਦੀ ਹੈ। ਪਹਿਲਾਂ ਚਾਰ ਵਾਰ ਚਰਣਾਂ ਅਗੇ, ਦੋ ਵਾਰ ਨਾਭੀ ਉਤੇ, ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸ਼ਰੀਰ ਉਤੇ ਥਾਲੀ ਨੂੰ ਘੁੰਮਾਉਣਾ ਸ਼ਾਸਤ੍ਰੀ ਮਰਯਾਦਾ ਹੈ। ਆਰਤੀ ਉਤਾਰਨ ਵੇਲੇ ਵਾਦ-ਯੰਤ੍ਰਾਂ ਸਹਿਤ ਇਸ਼ਟ-ਦੇਵ ਦੀ ਉਸਤਤ ਦੇ ਗੀਤ ਜਾਂ ਸ਼ਬਦ ਗਾਉਣ ਦੀ ਵੀ ਪਰੰਪਰਾ ਹੈ।

ਮੱਧ-ਯੁਗ ਦੇ ਵੈਸ਼ਣਵ ਭਗਤਾਂ ਵਿਚ ਆਰਤੀ ਉਤਾਰਨ ਦਾ ਬਹੁਤ ਰਿਵਾਜ ਸੀ। ਨਿਰਗੁਣ ਉਪਾਸਕ ਭਗਤਾਂ ਨੇ ਇਸ ਦਿਖਾਵੇ ਦੇ ਆਚਾਰ ਨੂੰ ਵਿਅਰਥ ਸਮਝ ਕੇ ਸੱਚੇ ਅਰਥਾਂ ਵਿਚ ਸਹਿਜ ਸੁਭਾਵਿਕ ਆਰਤੀ ਕਰਨ ਉਤੇ ਬਲ ਦਿੱਤਾ ਹੈ। ਧੰਨੇ ਭਗਤ ਨੇ 'ਆਰਤੀ' ਸ਼ਬਦ ਦੀ ਵਰਤੋਂ ਸਾਧਾਰਣ ਇਸ਼ਟ-ਦੇਵ ਤਕ ਸੀਮਿਤ ਕਰਕੇ ਪਰਮਾਤਮਾ ਲਈ 'ਆਰਤਾ' ਸ਼ਬਦ ਦੀ ਵਰਤੋਂ ਕੀਤੀ ਹੈ ਜੋ ਧੰਨੇ ਦੇ ਅਸਾਧਾਰਣ ਇਸ਼ਟ-ਦੇਵ ਵਲ ਸੰਕੇਤ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ (*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ...*) ਵਿਚ ਮੰਦਿਰਾਂ ਵਿਚ ਉਤਾਰੀ ਜਾਣ ਵਾਲੀ 'ਆਰਤੀ' ਦੇ ਸਮਾਨਾਂਤਰ ਜਿਸ ਆਰਤੀ ਦੀ ਰਚਨਾ ਕੀਤੀ ਸੀ, ਉਸ ਦੇ ਰਚਨਾ-ਸਥਾਨ ਅਤੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਇਸ ਵਿਚ ਪਰਮਾਤਮਾ ਦੇ ਵਿਰਾਟ ਰੂਪ ਵਾਲੀ ਸਹਿਜ ਆਰਤੀ ਦਾ ਸਰੂਪ ਸਪੱਸ਼ਟ ਕੀਤਾ ਗਿਆ ਹੈ (*ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ*)। ਇਸ ਆਰਤੀ ਵਿਚ ਬ੍ਰਹਿਮੰਡ ਦੀ ਹਰ ਵਸਤੂ ਆਪਣੀ ਸ਼ਕਤੀ ਅਤੇ ਸਮਰਥਤਾ ਅਨੁਸਾਰ ਜੁਟੀ ਹੋਈ ਹੈ। ਇਸ ਤਰ੍ਹਾਂ ਜਿਗਿਆਸੂਆਂ ਨੂੰ ਬਣਾਵਟੀ ਸਰੂਪ ਵਾਲੀ ਆਰਤੀ ਨੂੰ ਛਡ ਕੇ ਸਦੀਵੀ ਆਰਤੀ ਵਿਚ ਲੀਨ ਹੋਣ ਲਈ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ। ਪਰ ਸਨਾਤਨੀ ਰੁਚੀਆਂ ਵਾਲੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਆਰਤੀ ਉਤਾਰਦੇ ਹੋਇਆਂ ਇਸ ਆਰਤੀ-ਪਾਠ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਆਰਤੀ-ਨੁਮਾ ਸ਼ਬਦਾਂ (ਰਵਿਦਾਸ- 694, ਸੈਣ ਅਤੇ ਧੰਨਾ-695, ਕਬੀਰ-1350) ਦਾ ਗਾਇਨ ਕਰਦੇ ਹਨ, ਜੋ ਮਨਮਤ ਸਮਝੀ ਜਾਂਦੀ ਹੈ।

**ਆਲਸੂਨ** (ਪਿੰਡ): ਹਿਮਾਚਲ ਪ੍ਰਦੇਸ਼ ਦਾ ਇਕ ਪੁਰਾਣਾ ਅਗਿਆਤ ਪਿੰਡ ਜੋ ਕਦੇ ਨਾਦੌਣ ਦੇ ਨੇੜੇ ਸੀ। ਸਿੱਖ-ਇਤਿਹਾਸ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਦੌਣ ਦੀ ਲੜਾਈ ਤੋਂ ਆਨੰਦਪੁਰ ਨੂੰ ਪਰਤਦਿਆਂ ਇਸ ਪਿੰਡ ਕੋਲੋਂ ਲੰਘੇ ਤਾਂ ਇਥੋਂ ਦੇ ਰਾਜਪੂਤਾਂ ਨੇ ਗੁਰੂ ਜੀ ਪ੍ਰਤਿ ਅਨਾਦਰ ਦਾ ਰੁਖ ਅਪਣਾਇਆ। ਫਲਸਰੂਪ ਗੁਰੂ ਜੀ ਨੇ ਕੁਝ ਸਮਾਂ ਇਥੇ ਠਹਿਰ ਕੇ ਦੰਗਈਆਂ ਨੂੰ ਦੰਡ ਦਿੱਤਾ। 'ਬਚਿਤ੍ਰ ਨਾਟਕ' ਦੇ ਨੌਵੇਂ ਅਧਿਆਇ (ਛੰਦਾਂਕ 24) ਵਿਚ ਇਸ ਘਟਨਾ ਦਾ ਉਲੇਖ ਹੋਇਆ ਹੈ। ਪਰ ਹੁਣ ਇਹ ਪਿੰਡ ਮੌਜੂਦ ਨਹੀਂ ਹੈ। ਸਥਾਨਕ ਰਵਾਇਤ ਅਨੁਸਾਰ ਇਸ ਪਿੰਡ ਦੀ ਸਮਾਈ ਸਮਰਾਲੜਾ ਨਾਂ ਦੇ ਪਿੰਡ ਵਿਚ ਹੋ ਚੁਕੀ ਹੈ, ਜੋ ਬੰਗਾਣਾ ਕਸਬੇ ਤੋਂ ਊਨੇ ਵਾਲੀ ਸੜਕ ਉਤੇ ਛੇ ਕਿ.ਮੀ. ਦੀ ਵਿਥ ਉਤੇ ਹੈ। ਇਥੇ ਗੁਰੂ ਜੀ ਦੀ ਆਮਦ ਦੀ ਯਾਦ ਵਜੋਂ ਕੋਈ ਸਮਾਰਕ ਬਣਿਆ ਹੋਇਆ ਨਹੀਂ ਹੈ।

**ਆਲਮ ਸਿੰਘ ਨੱਚਣਾ** (ਮ. 1705 ਈ.): ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਨ ਵਾਲਾ ਇਕ ਯੁੱਧ-ਵੀਰ ਸਿੱਖ ਜੋ ਸਿਆਲਕੋਟ ਦੇ ਇਕ ਰਾਜਪੂਤ ਸਿੱਖ ਭਾਈ ਦੁਰਗੂ

ਦਾ ਪੁੱਤਰ ਸੀ। ਇਹ ਯੁੱਧ-ਕ੍ਰਿਆ ਅਤੇ ਸ਼ਸਤ੍ਰ-ਪ੍ਰਹਾਰ ਵਿਚ ਬਹੁਤ ਚੁਸਤ ਸੀ। ਤੀਬਰ ਗਤੀ ਨਾਲ ਪੈਂਤੜੇ ਬਦਲਣ ਕਾਰਣ ਗੁਰੂ ਜੀ ਨੇ ਇਸ ਨੂੰ 'ਨੱਚਣਾ' ਸ਼ਬਦ ਨਾਲ ਵਿਸ਼ਿਸ਼ਟ ਕੀਤਾ। ਇਹ ਆਮ ਤੌਰ 'ਤੇ ਗੁਰੂ ਜੀ ਦੇ ਅੰਗ-ਸੰਗ ਰਹਿੰਦਾ ਸੀ। ਇਕ ਵਾਰ ਜਦੋਂ ਪਹਾੜੀ ਰਾਜੇ ਆਲਮ ਚੰਦ ਅਤੇ ਉਸ ਦੇ ਸਾਥੀਆਂ ਨੇ ਅਚਾਨਕ ਗੁਰੂ ਗੋਬਿੰਦ ਸਿੰਘ ਜੀ 'ਤੇ ਹਮਲਾ ਕਰ ਦਿੱਤਾ ਤਾਂ ਇਸ ਨੇ ਬੜੀ ਵੀਰਤਾ ਵਿਖਾਈ ਅਤੇ ਆਲਮ ਚੰਦ ਦੀ ਸੱਜੀ ਬਾਂਹ ਵਢ ਦਿੱਤੀ। ਆਨੰਦਪੁਰ ਸਾਹਿਬ ਵਿਚ ਹੋਈਆਂ ਸਾਰੀਆਂ ਲੜਾਈਆਂ ਵਿਚ ਇਸ ਨੇ ਹਿੱਸਾ ਲਿਆ ਅਤੇ ਆਪਣੀ ਸੈਨਿਕ ਨਿਪੁਣਤਾ ਦਾ ਪ੍ਰਦਰਸ਼ਨ ਕੀਤਾ। 'ਬਚਿਤ੍ਰ ਨਾਟਕ' ਅਨੁਸਾਰ ਜਦੋਂ ਦਿਲਾਵਰ ਖ਼ਾਨ ਦੇ ਲੜਕੇ ਖ਼ਾਨਜ਼ਾਦਾ ਨੇ ਰਾਤ ਨੂੰ ਆਨੰਦਪੁਰ ਸਾਹਿਬ ਉਤੇ ਹਮਲਾ ਕਰਨ ਦਾ ਮਨਸੂਬਾ ਬਣਾਇਆ, ਤਾਂ ਇਸ ਨੇ ਗੁਰੂ ਜੀ ਅਤੇ ਸਿੱਖ ਸੈਨਿਕਾਂ ਨੂੰ ਸੁਚੇਤ ਕਰਕੇ ਉਸ ਦੇ ਮਨਸੂਬੇ ਨੂੰ ਨਾਕਾਮਯਾਬ ਕਰ ਦਿੱਤਾ— *ਤਬ ਲੌ ਖ਼ਾਨ ਦਿਲਾਵਰ ਆਏ। ਪੂਤ ਆਪਨ ਹਮ ਓਰਿ ਪਠਾਏ। ਦ੍ਵੈਕ ਘਰੀ ਬੀਤੀ ਨਿਸਿ ਜਬੈ। ਚੜਤ ਕਰੀ ਖਾਨਨ ਮਿਲਿ ਤਬੈ।੨। ਜਬ ਦਲ ਪਾਰ ਨਦੀ ਕੇ ਆਯੋ। ਆਨਿ ਆਲਮੈ ਹਮੈ ਜਗਾਯੋ। ਸੋਰੁ ਪਰਾ ਸਭ ਹੀ ਨਰ ਜਾਗੇ। ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ।੩।... ਇਤੇ ਬੀਰ ਗਜੇ ਭਏ ਨਾਦ ਭਾਰੇ। ਭਜੇ ਖਾਨ ਖੂਨੀ ਬਿਨਾ ਸਸਤ੍ਰ ਝਾਰੇ।੬।*

ਆਨੰਦਪੁਰ ਵਿਚ ਹੋਏ ਅੰਤਿਮ ਯੁੱਧ ਵੇਲੇ ਇਹ ਅਗਮਪੁਰ ਕਿਲ੍ਹੇ ਦੀ ਰਖਿਆ ਕਰ ਰਿਹਾ ਸੀ। ਆਨੰਦਪੁਰ ਛਡਣ ਤੋਂ ਬਾਦ ਇਹ ਗੁਰੂ ਜੀ ਨਾਲ ਚਮਕੌਰ ਸਾਹਿਬ ਆਇਆ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਗੜ੍ਹੀ ਤੋਂ ਨਿਕਲ ਕੇ ਵੈਰੀਆਂ ਨਾਲ ਯੁੱਧ ਕਰਦਾ ਹੋਇਆ 7 ਦਸੰਬਰ 1705 ਈ. ਨੂੰ ਵੀਰ-ਗਤੀ ਪ੍ਰਾਪਤ ਕਰ ਗਿਆ।

**ਆਲਮਗੀਰ** (ਪਿੰਡ): ਲੁਧਿਆਣਾ ਨਗਰ ਤੋਂ ਲਗਭਗ 13 ਕਿ.ਮੀ. ਦੀ ਵਿਥ 'ਤੇ ਵਸਿਆ ਇਕ ਪਿੰਡ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਕਰਕੇ ਸਿੱਖ-ਜਗਤ ਵਿਚ ਬਹੁਤ ਪ੍ਰਸਿੱਧ ਹੋਇਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਪਲੰਘ ਉਤੇ ਬਿਰਾਜਮਾਨ ਹੋ ਕੇ 'ਉਚ ਕਾ ਪੀਰ' (ਵੇਖੋ) ਵਜੋਂ ਮੁਗ਼ਲ ਸੈਨਾ ਦੇ ਘੇਰੇ ਵਿਚੋਂ ਨਿਕਲੇ, ਤਾਂ ਇਥੇ ਪਹੁੰਚ ਕੇ ਪਲੰਘ ਤੋਂ ਉਤਰੇ ਅਤੇ ਆਪਣੇ ਇਕ ਸੇਵਕ ਭਾਈ ਨੈਂਧਾ ਵਲੋਂ ਭੇਂਟ ਕੀਤੇ ਘੋੜੇ ਉਤੇ ਸਵਾਰ ਹੋਏ। ਇਥੇ ਬਾਦ ਵਿਚ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਹਿਲਾ ਭਾਈ ਨਾਨੂੰ ਸਿੰਘ ਨੇ ਇਕ ਬੁਰਜ ਬਣਵਾਇਆ। ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ 'ਗੁਰਦੁਆਰਾ ਮੰਜੀ ਸਾਹਿਬ' ਬਣਾਇਆ ਗਿਆ। ਹੁਣ ਇਥੇ ਇਕ ਆਲੀਸ਼ਾਨ ਗੁਰੂ-ਧਾਮ ਸਿਰਜਿਆ ਜਾ ਚੁਕਾ ਹੈ। ਮੁਸਾਫ਼ਰਾਂ ਦੇ ਰਹਿਣ ਲਈ ਕਈ ਕਮਰੇ ਬਣੇ ਹੋਏ ਹਨ ਅਤੇ ਹਰ ਵਕਤ 'ਗੁਰੂ ਕਾ ਲੰਗਰ' ਚਲਦਾ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਦੇਖ-ਰੇਖ ਵਿਚ ਸਥਾਨਕ ਕਮੇਟੀ ਕਰਦੀ ਹੈ। ਇਥੇ ਹਰ ਸਾਲ ਦਸੰਬਰ ਮਹੀਨੇ ਦੇ ਅੰਤ ਵਿਚ ਤਿੰਨ ਦਿਨ (14 ਤੋਂ 16 ਪੋਹ) ਨੂੰ ਮੇਲਾ ਲਗਦਾ ਹੈ ਅਤੇ ਖ਼ੂਬ ਸੰਗਤ ਜੁੜਦੀ ਹੈ।

ਕਹਿੰਦੇ ਹਨ ਕਿ ਇਸ ਖੇਤਰ ਵਿਚ ਉਦੋਂ ਕੇਵਲ ਇਕ ਹੀ ਖੂਹ ਹੁੰਦਾ ਸੀ ਜਿਸ ਵਿਚ ਇਕ ਵੱਡੇ ਆਕਾਰ ਦਾ ਅਜਗਰ ਰਹਿੰਦਾ ਸੀ। ਉਸ ਤੋਂ ਲੋਕ ਬਹੁਤ ਭੈ-ਭੀਤ ਸਨ। ਗੁਰੂ ਜੀ ਨੇ ਉਸ ਨੂੰ ਤੀਰ ਨਾਲ ਮਾਰ ਦਿੱਤਾ। ਪਰ ਉਸ ਦੇ ਲਹੂ ਨਾਲ ਖੂਹ ਦਾ ਜਲ ਪੀਣ ਯੋਗ ਨ ਰਿਹਾ। ਲੋਕਾਂ ਦੀ ਸੁਵਿਧਾ ਲਈ ਗੁਰੂ ਜੀ ਨੇ ਇਕ ਹੋਰ ਤੀਰ ਮਾਰ ਕੇ ਸਵੱਛ ਜਲ ਦਾ ਇਕ ਉਮਾਹੂ ਚੋਹਾ ਬਣਾ ਦਿੱਤਾ। ਬਾਦ ਵਿਚ ਸ਼ਰਧਾਲੂਆਂ ਨੇ ਇਸ ਨੂੰ ਇਕ ਸੁੰਦਰ ਸਰੋਵਰ ਦਾ ਰੂਪ ਦੇ ਦਿੱਤਾ। ਚੂੰਕਿ ਇਹ ਗੁਰੂ ਜੀ ਦੇ ਤੀਰ ਮਾਰਨ ਨਾਲ ਹੋਂਦ ਵਿਚ ਆਇਆ ਸੀ, ਇਸ ਲਈ ਇਸ ਦਾ ਨਾਂ 'ਤੀਰ-ਸਰ' ਪ੍ਰਚਲਿਤ ਹੋ ਗਿਆ। ਸ਼ਰਧਾਲੂਆਂ ਦਾ ਵਿਸ਼ਵਾਸ ਹੈ ਕਿ ਇਸ ਸਰੋਵਰ ਦੇ ਜਲ ਨਾਲ ਬੀਮਾਰੀਆਂ ਠੀਕ ਹੋ ਜਾਂਦੀਆਂ ਹਨ।

**ਆਲਮਪੁਰ** (ਪਿੰਡ): ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਕ ਪਿੰਡ ਜੋ ਟਾਂਡਾ ਉੜਮੁੜ ਰੇਲਵੇ ਸਟੇਸ਼ਨ ਤੋਂ ਉੱਤਰ ਵਾਲੇ ਪਾਸੇ ਲਗਭਗ ਤਿੰਨ ਕਿ.ਮੀ. ਉਤੇ ਸਥਿਤ ਹੈ। ਛੇਵੇਂ ਗੁਰੂ ਹਰਿਗੋਬਿੰਦ ਜੀ ਇਥੇ ਸ਼ਿਕਾਰ ਖੇਡਣ ਆਏ ਸਨ ਅਤੇ ਤੰਬੂ ਲਗਾ ਕੇ ਕਈ ਦਿਨ ਰਹੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਬਣਾਇਆ ਗਿਆ ਸੀ ਜੋ 'ਗੁਰਦੁਆਰਾ ਤੰਬੂ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਸੰਨ 1983 ਈ. ਵਿਚ ਸੰਗਤ ਵਲੋਂ ਉਥੇ ਨਵਾਂ ਗੁਰਦੁਆਰਾ ਬਣਾਇਆ ਗਿਆ ਹੈ। ਇਸ ਦੇ

ਪੁਜਾਰੀ ਨਿਰਮਲੇ ਸੰਤ ਰਹੇ ਹਨ। ਹਾੜ ਵਦੀ ਇਕ ਨੂੰ ਇਥੇ ਮੇਲਾ ਲਗਦਾ ਹੈ। ਸੰਗਤਾਂ ਦੂਰ ਦੂਰ ਤੋਂ ਦਰਸ਼ਨ ਕਰਨ ਆਉਂਦੀਆਂ ਹਨ।

**ਆਲਾ ਸਿੰਘ, ਬਾਬਾ** : ਪਟਿਆਲਾ ਰਿਆਸਤ ਦਾ ਸੰਸਥਾਪਕ। ਵੇਖੋ 'ਪਟਿਆਲਾ ਰਿਆਸਤ'।

**ਆਲੀ ਸਿੰਘ** (ਮ. 1716 ਈ.): ਸਰਹਿੰਦ ਨੇੜੇ ਸਲੌਦੀ ਪਿੰਡ ਦਾ ਇਕ ਸਿੰਘ ਜੋ ਆਪਣੇ ਭਰਾ ਮਾਲੀ ਸਿੰਘ ਸਹਿਤ ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਪਾਸ ਨੌਕਰ ਸੀ। ਇਸ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਲੇਖਕ ਭਾਈ ਰਤਨ ਸਿੰਘ ਭੰਗੂ ਨੇ ਦਸਿਆ ਹੈ ਕਿ ਜਦੋਂ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਪੰਜਾਬ ਵਲ ਵਧਿਆ ਤਾਂ ਵਜ਼ੀਰ ਖ਼ਾਨ ਨੇ ਆਲੀ ਸਿੰਘ ਨੂੰ ਵਿਅੰਗਾਤਮਕ ਅੰਦਾਜ਼ ਵਿਚ ਕਿਹਾ ਕਿ ਤੁਹਾਡਾ ਹੋਰ ਗੁਰੂ ਪੈਦਾ ਹੋ ਗਿਆ ਹੈ। ਤੂੰ ਜਾ ਕੇ ਉਸ ਨੂੰ ਸਰਹਿੰਦ ਵਲ ਪ੍ਰੇਰ ਲਿਆ, ਤਾਂ ਜੋ ਉਸ ਨੂੰ ਗੁਰੂ-ਪੁੱਤਰਾਂ ਦੇ ਰਾਹੇ ਤੋਰ ਦੇਈਏ। ਆਲੀ ਸਿੰਘ ਇਸ ਵਿਅੰਗ ਨੂੰ ਨ ਸਹਾਰਦੇ ਹੋਇਆਂ ਸਰਹਿੰਦ ਤੋਂ ਖਿਸਕ ਗਿਆ ਅਤੇ ਬੰਦਾ ਸਿੰਘ ਬਹਾਦਰ ਦੇ ਦਲ ਵਿਚ ਸ਼ਾਮਲ ਹੋ ਗਿਆ। ਚੱਪਰ-ਚਿੜੀ ਦੇ ਯੁੱਧ ਵੇਲੇ ਇਸ ਨੇ ਅਨੂਪਮ ਬਹਾਦਰੀ ਵਿਖਾਈ। ਸਰਹਿੰਦ ਦੀ ਜਿਤ ਤੋਂ ਬਾਦ ਸ. ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਇਸ ਨੂੰ ਨਾਇਬ-ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਨੇ ਬੰਦਾ ਬਹਾਦਰ ਵਲੋਂ ਲੜੀਆਂ ਗਈਆਂ ਕਈ ਲੜਾਈਆਂ ਵਿਚ ਭਾਗ ਲਿਆ। ਸੰਨ 1710 ਈ. ਵਿਚ ਇਹ ਲੋਹਗੜ੍ਹ ਵਿਚ ਮੁਗ਼ਲ ਸੈਨਾ ਦੁਆਰਾ ਪਕੜ ਲਿਆ ਗਿਆ। ਇਸ ਨੂੰ ਮੁਗ਼ਲਾਂ ਨੇ ਕਈ ਸਾਲ ਬਹੁਤ ਤਸੀਹੇ ਦਿੱਤੇ। ਆਖ਼ਿਰ ਜੂਨ 1716 ਈ. ਵਿਚ ਇਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰਦਾਸ-ਨੰਗਲ ਤੋਂ ਕੈਦ ਕੀਤੇ ਹੋਏ ਹੋਰ ਸਿੰਘਾਂ ਨਾਲ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।

**ਆਲੋਹਰਖ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ ਜਿਥੇ ਗੁਰੂ ਤੇਗ ਬਹਾਦਰ ਜੀ ਆਪਣੀ ਧਰਮ-ਪ੍ਰਚਾਰ ਯਾਤ੍ਰਾ ਵੇਲੇ ਪਧਾਰੇ ਸਨ। ਪਿੰਡ ਤੋਂ ਬਾਹਰ ਜਿਥੇ ਗੁਰੂ ਸਾਹਿਬ ਗੁਣੀਕੇ ਪਿੰਡ ਤੋਂ ਆ ਕੇ ਠਹਿਰੇ ਸਨ, ਉਥੇ ਹੁਣ 'ਗੁਰਦੁਆਰਾ ਸਾਹਿਬ ਅਲੋਹਰਖ ਪਾਤਿਸ਼ਾਹੀ ਨੌਮੀ' ਬਣਿਆ ਹੋਇਆ ਹੈ। ਪਹਿਲਾਂ ਇਥੇ ਕੇਵਲ ਮੰਜੀ ਸਾਹਿਬ ਹੀ ਉਸਰਿਆ ਹੋਇਆ ਸੀ, ਪਰ ਸੰਨ 1909 ਈ. ਵਿਚ ਗੁਰੂ-ਧਾਮ ਦੀ ਨਵੀਂ ਇਮਾਰਤ ਬਣਵਾਈ ਗਈ। ਇਹ ਗੁਰਦੁਆਰਾ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਹਰ ਪੂਰਨਮਾਸ਼ੀ ਨੂੰ ਵੱਡੇ ਦੀਵਾਨ ਸਜਦੇ ਹਨ।

**ਆਵਾਗਵਣ/ਆਵਾਗੌਣ**: ਇਸ ਦਾ ਸ਼ਾਬਦਿਕ ਅਰਥ ਹੈ ਆਵਾਜਾਈ, ਆਣਾ-ਜਾਣਾ। ਅਧਿਆਤਮਿਕ ਖੇਤਰ ਵਿਚ ਇਸ ਦਾ ਅਰਥ ਹੈ ਕਰਮਾਂ ਦੇ ਫਲ ਅਨੁਸਾਰ ਸੰਸਾਰ ਵਿਚ ਜਨਮ ਲੈਣਾ ਅਤੇ ਮਰਨਾ। ਇਸ ਮਾਨਤਾ-ਦਾ ਮੂਲਾਧਾਰ ਕਰਮ ਹੈ। ਕਰਮ ਦਾ ਫਲ, ਹਿੰਦੂ-ਮਤ ਅਨੁਸਾਰ, ਅਵੱਸ਼ ਭੋਗਣਾ ਪੈਂਦਾ ਹੈ। ਇਸ ਨੂੰ 'ਕਰਮ-ਬੰਧਨ' ਕਿਹਾ ਜਾਂਦਾ ਹੈ। ਇਸ ਵਿਚੋਂ ਨਿਕਲਣਾ ਸਰਲ ਨਹੀਂ ਕਿਉਂਕਿ ਇਸ ਦਾ ਪ੍ਰਭਾਵ ਅਨਾਦਿ ਹੈ।

'ਸ੍ਵੇਤਾਸ਼੍ਵਤਰ ਉਪਨਿਸ਼ਦ' (5/7) ਵਿਚ ਦਸਿਆ ਗਿਆ ਹੈ ਕਿ ਜੀਵਾਤਮਾ ਗੁਣਾਂ ਨਾਲ ਬੰਨ੍ਹਿਆ ਹੋਇਆ ਫਲ-ਦਾਇਕ ਕਰਮ ਕਰਦਾ ਹੈ ਅਤੇ ਉਸ ਕੀਤੇ ਹੋਏ ਕਰਮ ਦਾ ਉਪਭੋਗ ਕਰਨ ਲਈ ਵਖ ਵਖ ਤਰ੍ਹਾਂ ਦੇ ਰੂਪਾਂ ਵਾਲੀਆਂ ਜੂਨਾਂ ਵਿਚ ਗਮਨ ਕਰਦਾ ਹੈ। ਇਕ ਕਰਮ ਤੋਂ ਦੂਜੇ ਕਰਮ ਦੀ ਸੰਗਲੀ ਅਟੁਟ ਹੈ। ਕਰਮ-ਫਲ ਨੂੰ ਭੋਗਣ ਲਈ ਜੀਵਾਤਮਾ ਦਾ ਦੇਹ ਨਾਲ ਸੰਬੰਧਿਤ ਹੋਣਾ 'ਜਨਮ' ਹੈ ਅਤੇ ਇਕ ਨਿਸ਼ਚਿਤ ਸਮੇਂ ਉਤੇ ਪੰਜ ਭੌਤਿਕ ਦੇਹ ਜਾਂ ਸ਼ਰੀਰ ਦਾ ਨਸ਼ਟ ਹੋਣਾ 'ਮ੍ਰਿਤੂ' ਹੈ। ਜਨਮ-ਮਰਨ ਨੂੰ ਪ੍ਰਾਪਤ ਹੋਣ ਵਾਲੀਆਂ ਉੱਤਮ ਅਤੇ ਨੀਚ ਕੁਲ 84 ਲੱਖ ਜੂਨਾਂ ਹਨ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨ ਸਰਵ-ਸ੍ਰੇਸ਼ਠ ਹੈ। ਸ਼ੁਭ ਜਾਂ ਅਸ਼ੁਭ ਕਰਮਾਂ ਅਨੁਸਾਰ ਪ੍ਰਾਣੀ ਉੱਤਮ ਜਾਂ ਨੀਚ ਜੂਨ ਧਾਰਣ ਕਰਦਾ ਹੈ। ਇਕ ਸ਼ਰੀਰ ਨੂੰ ਛਡ ਕੇ ਦੂਜੇ ਸ਼ਰੀਰ ਵਿਚ ਪ੍ਰਵੇਸ਼ ਕਰਨ ਦੀ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਸ ਪ੍ਰਕ੍ਰਿਆ ਨੂੰ 'ਆਵਾਗਵਣ' (Transmigration) ਕਿਹਾ ਜਾਂਦਾ ਹੈ। ਇਸ ਸਿੱਧਾਂਤ ਦੇ ਉਲਟ ਵਿਗਿਆਨੀਆਂ ਨੇ ਏਵੋਲੀਉਸ਼ਨ (Evolution) ਦਾ ਸਿੱਧਾਂਤ ਪੇਸ਼ ਕੀਤਾ ਹੈ। ਇਹ ਸਿੱਧਾਂਤ ਸ਼ਰੀਰ ਦੇ ਕੁਦਰਤੀ ਵਿਕਾਸ-ਕ੍ਰਮ ਤਕ ਸੀਮਿਤ ਹੈ। ਪਰ ਆਵਾਗਵਣ ਦੇ ਸਿੱਧਾਂਤ ਅਨੁਸਾਰ ਜੀਵਾਤਮਾ ਦੀ ਉਨਤੀ ਜਾਂ ਅਵਨਤੀ ਨਾਲ ਅਗਲੀ ਜੂਨ ਦੇ ਚੰਗੇ ਜਾਂ ਮਾੜੇ ਹੋਣ

ਦਾ ਨਿਰਣਾ ਹੁੰਦਾ ਹੈ। ਈਸਾਈ ਮਤ, ਇਸਲਾਮ ਆਦਿ ਧਰਮਾਂ ਵਿਚ ਇਸ ਸਿੱਧਾਂਤ ਨੂੰ ਕੋਈ ਸਵੀਕ੍ਰਿਤੀ ਨਹੀਂ ਮਿਲੀ ਹੈ।

ਚੰਗੇ ਕੰਮਾਂ ਨੂੰ ਕਰਨ ਉਤੇ ਬਲ ਦੇਣ ਵਾਲੇ ਲਗਭਗ ਸਾਰੇ ਸੰਤਾਂ/ਭਗਤਾਂ ਨੇ ਆਵਾਗਵਣ ਦੇ ਸਿੱਧਾਂਤ ਨੂੰ ਸਵੀਕਾਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਹਰਟ ਵਿਚਲੀਆਂ ਟਿੰਡਾਂ ਦੀ ਮਾਲਾ ਦੇ ਰੂਪਕ ਰਾਹੀਂ ਇਸ ਗੱਲ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ — *ਜੈਸੇ ਹਰਹਟ ਦੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ। ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਦੀ ਵਡਿਆਈ।* (ਗੁ.ਗ੍ਰੰ.1329)। ਆਵਾਗਵਣ ਤੋਂ ਖਲਾਸੀ ਪ੍ਰਾਪਤ ਕਰਨ ਲਈ ਇਕੋ-ਇਕ ਸਾਧਨ ਹੈ ਹਰਿ-ਨਾਮ ਦੀ ਆਰਾਧਨਾ— *ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ। ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ।*(ਗੁ.ਗ੍ਰੰ.966)।

**ਆਵੀਤਬੀਲ ਪਾਉਲੋ ਦੀ ਟੋਲੋਮੀਉ** (1791-1850 ਈ.): ਖ਼ਾਲਸਾ ਦਰਬਾਰ ਲਾਹੌਰ ਦਾ ਇਕ ਤਕੜੇ ਕਦ-ਕਾਠ ਵਾਲਾ ਕਠੋਰ ਜਰਨੈਲ ਜਿਸ ਦਾ ਜਨਮ 25 ਅਕਤੂਬਰ 1791 ਈ. ਵਿਚ ਇਟਲੀ ਦੇ ਇਗਰੋਲੋ ਨਗਰ (ਨੇਪਲਜ਼) ਵਿਚ ਹੋਇਆ। 16 ਸਾਲ ਦੀ ਉਮਰ ਵਿਚ ਇਹ ਨੇਪਲਜ਼ ਦੀ ਤੋਪਖ਼ਾਨਾ ਫ਼ੌਜ ਵਿਚ ਭਰਤੀ ਹੋ ਗਿਆ। ਆਪਣੀ ਬਹਾਦਰੀ ਅਤੇ ਜੁਰਤ ਕਰਕੇ ਇਹ ਜਲਦੀ ਹੀ ਤਰੱਕੀ ਕਰ ਗਿਆ। ਨੈਪੋਲੀਅਨ ਦੀ ਹਾਰ ਤੋਂ ਬਾਦ ਇਸ ਨੇ ਫ਼ੌਜ ਤੋਂ ਅਸਤੀਫ਼ਾ ਦੇ ਦਿੱਤਾ। ਇਧਰ-ਉਧਰ ਕਈ ਦੇਸ਼ਾਂ ਅਤੇ ਈਰਾਨ ਵਿਚ ਭਟਕਦਾ ਹੋਇਆ ਆਖ਼ਿਰ ਸੰਨ 1827 ਈ. ਵਿਚ ਇਹ ਲਾਹੌਰ ਪਹੁੰਚਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਤੋਪਖ਼ਾਨੇ ਵਿਚ ਅਫਸਰ ਰਖ ਲਿਆ ਅਤੇ ਇਸ ਨੂੰ ਸ਼ਾਹੀ ਅਸਲਾਖ਼ਾਨੇ ਅਤੇ ਹਥਿਆਰ ਢਾਲਣ ਵਾਲੇ ਕਾਰਖ਼ਾਨੇ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਸੰਨ 1829 ਈ. ਵਿਚ ਇਸ ਨੂੰ ਵਜ਼ੀਰਾਬਾਦ ਦਾ ਗਵਰਨਰ ਬਣਾਇਆ ਗਿਆ, ਜਿਥੇ ਇਸ ਨੇ ਬੜੀ ਕਠੋਰਤਾ ਨਾਲ ਸ਼ਾਸਨ ਚਲਾਇਆ। ਸੰਨ 1837 ਈ. ਵਿਚ ਸ. ਹਰੀ ਸਿੰਘ ਨਲੂਆ ਦੇ ਦੇਹਾਂਤ ਤੋਂ ਬਾਦ ਪਿਸ਼ਾਵਰ ਦੇ ਇਲਾਕੇ ਵਿਚ ਕਤਲਾਂ ਅਤੇ ਡਕੈਤੀਆਂ ਵਿਚ ਬਹੁਤ ਵਾਧਾ ਹੋ ਗਿਆ। ਮਹਾਰਾਜਾ ਨੇ ਇਸ ਨੂੰ ਪਿਸ਼ਾਵਰ ਦਾ ਗਵਰਨਰ ਬਣਾ ਦਿੱਤਾ। ਉਥੇ ਜਾ ਕੇ ਇਸ ਨੇ ਬੜੀ ਕਠੋਰਤਾ ਨਾਲ ਮੁਜਰਮਾਂ ਨੂੰ ਦੰਡ ਦਿੱਤਾ ਜਿਸ ਨਾਲ ਪਠਾਣਾਂ ਵਿਚ ਹਾਹਾਕਾਰ ਮਚ ਗਿਆ। ਪਠਾਣਾਂ ਵਿਚ ਇਸ ਦਾ ਨਾਂ 'ਅਬੂਤਾਬੇਲਾ' ਕਹਿ ਕੇ ਲਿਆ ਜਾਂਦਾ ਸੀ। ਜਦੋਂ ਮਹਾਰਾਜੇ ਪਾਸ ਇਨ੍ਹਾਂ ਘਟਨਾਵਾਂ ਦੀ ਸੂਚਨਾ ਪਹੁੰਚੀ ਤਾਂ ਇਸ ਨੂੰ ਹਦਾਇਤ ਕੀਤੀ ਗਈ ਕਿ ਪਰਜਾ ਉਤੇ ਇਤਨੀ ਸਖ਼ਤੀ ਨ ਕੀਤੀ ਜਾਏ। ਇਸ ਦੁਆਰਾ ਕੀਤੇ ਅਹਿਮ ਫ਼ੈਸਲਿਆਂ ਦੀ ਮਹਾਰਾਜੇ ਨੇ ਘੋਖ ਕਰਕੇ ਲੋੜ ਅਨੁਸਾਰ ਉਨ੍ਹਾਂ ਨੂੰ ਬਦਲ ਦਿੱਤਾ ਜਾਂ ਰਦ ਕਰ ਦਿੱਤਾ। ਮਹਾਰਾਜਾ ਦੀ ਮ੍ਰਿਤੂ ਤੋਂ ਬਾਦ ਸਿੱਖ-ਫ਼ੌਜ ਵਿਚ ਇਸ ਪ੍ਰਤਿ ਆਦਰ ਦੀ ਭਾਵਨਾ ਘਟਣ ਲਗੀ। ਸੰਨ 1843 ਈ. ਦੇ ਮੱਧ ਵਿਚ ਇਸ ਨੂੰ ਲਾਹੌਰ ਵਾਪਸ ਬੁਲਾ ਲਿਆ ਗਿਆ। ਸਤੰਬਰ 1843 ਈ. ਵਿਚ ਮਹਾਰਾਜਾ ਸ਼ੇਰ ਸਿੰਘ ਦੇ ਮਾਰੇ ਜਾਣ ਤੋਂ ਬਾਦ ਇਹ ਲਾਹੌਰੋਂ ਖਿਸਕ ਕੇ ਸ਼ਿਮਲੇ ਚਲਾ ਗਿਆ ਅਤੇ ਉਥੋਂ ਕਲਕੱਤੇ ਰਾਹੀਂ ਇਟਲੀ ਪਹੁੰਚ ਗਿਆ। ਨੇਪਲਜ਼ ਵਿਚ ਇਸ ਨੇ ਆਪਣਾ ਘਰ ਬਣਾਇਆ ਪਰ ਆਪਣੀਆਂ ਆਚਰਣਿਕ ਕਮਜ਼ੋਰੀਆਂ ਕਾਰਣ ਉਸ ਨੂੰ ਜਲਦੀ ਹੀ ਛਡਣਾ ਪਿਆ। ਫਿਰ ਇਸ ਨੇ ਐਗਰੋਲਾ ਨਾਮਕ ਮੁਕਾਮ ਦੇ ਨੇੜੇ ਆਪਣਾ ਨਵਾਂ ਘਰ ਬਣਾਇਆ ਅਤੇ 19 ਵਰ੍ਹਿਆਂ ਦੀ ਆਪਣੀ ਸਕੀ ਭਤੀਜੀ ਨਾਲ ਵਿਆਹ ਕਰ ਲਿਆ। ਪਰ ਉਹ ਲੜਕੀ ਇਸ ਵਿਆਹ-ਸੰਬੰਧ ਨਾਲ ਸਮਝੌਤਾ ਨ ਕਰ ਸਕੀ। ਕਹਿੰਦੇ ਹਨ ਕਿ ਉਸ ਲੜਕੀ ਨੇ ਜ਼ਹਿਰ ਦੇ ਕੇ ਇਸ ਨੂੰ 28 ਮਾਰਚ 1850 ਈ. ਨੂੰ ਸਦਾ ਦੀ ਨੀਂਦਰ ਸੁਲਾ ਦਿੱਤਾ। ਇਹ ਇਕ ਵਿਲਾਸੀ ਅਤੇ ਨਿਰਦਈ ਪ੍ਰਸ਼ਾਸਕ ਅਤੇ ਜਰਨੈਲ ਸੀ।

**ਐਸ.ਜੀ.ਠਾਕੁਰ ਸਿੰਘ, ਆਰਟਿਸਟ** (1899-1976 ਈ.): ਵੇਖੋ 'ਠਾਕੁਰ ਸਿੰਘ ਐਸ.ਜੀ., ਆਰਟਿਸਟ'।

**ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ** (ਪ੍ਰੋ. ਹਰਬੰਸ ਸਿੰਘ): ਪ੍ਰੋ. ਹਰਬੰਸ ਸਿੰਘ ਦੁਆਰਾ ਸੰਪਾਦਿਤ ਇਹ ਵਿਸ਼ਵ-ਕੋਸ਼ (ਐਨਸਾਈਕਲੋਪੀਡੀਆ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਚਾਰ ਭਾਗਾਂ ਵਿਚ ਛਪ ਚੁਕਿਆ ਹੈ। ਇਹ ਕੰਮ ਸੰਨ 1971 ਈ. ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਦਾ ਪਹਿਲਾ ਭਾਗ ਸੰਨ 1992 ਈ. ਵਿਚ, ਦੂਜਾ ਸੰਨ 1996 ਈ. ਵਿਚ, ਤੀਜਾ ਸੰਨ 1997 ਈ. ਵਿਚ ਅਤੇ ਚੌਥਾ 1998 ਈ. ਵਿਚ ਪ੍ਰਕਾਸ਼ਿਤ ਹੋਇਆ ਹੈ। ਇਨ੍ਹਾਂ ਚੌਹਾਂ ਭਾਗਾਂ ਦੇ ਕ੍ਰਮਵਾਰ ਪੰਨੇ 607, 576, 516 ਅਤੇ 570

ਹਨ। ਚੌਥੇ ਭਾਗ ਦੇ ਅੰਤ ਉਤੇ 465 ਤੋਂ 570 ਪੰਨਿਆ ਤਕ ਇੰਡੈਕਸ ਲਗਿਆ ਹੋਇਆ ਹੈ। ਇਸ ਦੇ ਕੁਝ ਕੁ ਇੰਦਰਾਜ ਵਿਭਾਗੀ ਵਿਦਵਾਨਾਂ ਤੋਂ ਅਤੇ ਬਾਕੀ ਦੇ ਬਾਹਰਲੇ ਵਿਸ਼ੇ-ਵਿਸ਼ੇਸ਼ਗਾਂ ਤੋਂ ਲਿਖਵਾਏ ਗਏ ਹਨ।

ਇਸ ਵਿਚ ਕੋਈ ਸ਼ਕ ਨਹੀਂ ਕਿ ਵਿਸ਼ੇ-ਵਿਸ਼ੇਸ਼ਗਾਂ ਨੇ ਕਾਫ਼ੀ ਮਿਹਨਤ ਕਰਕੇ ਇੰਦਰਾਜ ਲਿਖੇ ਹਨ, ਪਰ ਵਖ ਵਖ ਵਿਦਵਾਨਾਂ ਦੁਆਰਾ ਲਿਖੇ ਹੋਣ ਕਾਰਣ ਅਕਸਰ ਦੋਹਰਾਓ ਹੋ ਗਿਆ ਹੈ। ਜਿਵੇਂ ਭਾਈ ਫੇਰੂ ਬਾਰੇ ਤਿੰਨ ਇੰਦਰਾਜਾਂ — ਭਾਈ ਫੇਰੂ ਗੁਰਦੁਆਰਾ, ਫੇਰੂ ਭਾਈ, ਭਾਈ ਫੇਰੂ ਮੋਰਚਾ— ਵਿਚ ਮਿਲੀ-ਜੁਲੀ ਸਾਮਗ੍ਰੀ ਸ਼ਾਮਲ ਹੋਈ ਹੈ। ਆਵਸ਼ਕ ਛਾਣਬੀਣ ਦੇ ਅਭਾਵ ਵਿਚ ਕਈ ਇੰਦਰਾਜ ਦੋ ਵਾਰ ਲਿਖੇ ਗਏ ਹਨ, ਜਿਵੇਂ 'ਗੁਰਬਿਲਾਸ ਪਾਤਿਸ਼ਾਹੀ ੬' ਨਾਂ ਦਾ ਇੰਦਰਾਜ ਦੂਜੇ ਭਾਗ ਦੇ ਪੰਨਾ 108 ਅਤੇ ਪੰਨਾ 134 ਉਤੇ ਹਥ-ਲਿਖਿਤ ਅਤੇ ਪ੍ਰਕਾਸ਼ਿਤ ਰੂਪਾਂ 'ਤੇ ਆਧਾਰਿਤ ਦੋ ਵਾਰ ਲਿਖਿਆ ਹੈ। ਇਸੇ ਤਰ੍ਹਾਂ ਤੀਜੇ ਭਾਗ ਦੇ ਪੰਨਾ 298 ਉਤੇ ਇਕੋ ਪੁਸਤਕ ਦੀ ਜਾਣਕਾਰੀ ਦੋ ਵਖਰੇ ਵਖਰੇ ਇੰਦਰਾਜਾਂ— 'ਪਰਚੀਆਂ ਪਾਤਿਸ਼ਾਹੀ ੧੦' ਅਤੇ 'ਪਰਚੀਆਂ ਸੇਵਾਦਾਸ' —ਅਧੀਨ ਦਿੱਤੀ ਗਈ ਹੈ। 'ਸ਼ੀਹਾਂ ਭਾਈ' ਦਾ ਇੰਦਰਾਜ ਚੌਥੇ ਭਾਗ ਦੇ ਪੰਨਾ 114 ਅਤੇ 126 ਉਤੇ ਦੋ ਵਾਰ ਆਇਆ ਹੈ। ਇਸ ਪ੍ਰਕਾਰ ਦੇ ਦੋਹਰਾਓ ਵਾਲੇ ਹੋਰ ਵੀ ਅਨੇਕ ਇੰਦਰਾਜ ਹਨ।

ਕਈ ਇੰਦਰਾਜ ਅਸਲੋਂ ਸਿੱਖ ਧਰਮ ਦੇ ਇਸ ਵਿਸ਼ਵਕੋਸ਼ ਨਾਲ ਬਿਲਕੁਲ ਅਸੰਬੰਧਿਤ ਹਨ, ਜਿਵੇਂ 'ਤੋਤਾਪੁਰੀ', 'ਮੋਰਾਂ', 'ਗੁਲਬਹਾਰ ਬੇਗਮ' 'ਲੈਲੀ' ਆਦਿ। ਇਸ ਤਰ੍ਹਾਂ ਦੇ ਵਿਸ਼ੇ ਤੋਂ ਹਟਵੇਂ ਕਈ ਇੰਦਰਾਜ ਸ਼ਾਮਲ ਕਰ ਦਿੱਤੇ ਗਏ ਹਨ। ਕਈ ਆਵੱਸ਼ਕ ਇੰਦਰਾਜ ਦਿੱਤੇ ਹੀ ਨਹੀਂ ਗਏ ਜਿਵੇਂ ਗੁਰਬਚਨ ਸਿੰਘ ਤਾਲਿਬ ਦਾ ਇੰਦਰਾਜ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਕਰਕੇ ਦਿੱਤਾ ਗਿਆ ਹੈ, ਪਰ ਡਾ. ਗੋਪਾਲ ਸਿੰਘ ਦਰਦੀ, ਸ. ਮਨਮੋਹਨ ਸਿੰਘ ਦੇ ਇੰਦਰਾਜ ਨਹੀਂ ਦਿੱਤੇ ਗਏ, ਜਦ ਕਿ ਉਨ੍ਹਾਂ ਨੇ ਵੀ ਤਤ-ਸੰਬੰਧੀ ਮਹੱਤਵਪੂਰਣ ਕੰਮ ਕੀਤੇ ਹਨ। ਇਸ ਤਰ੍ਹਾਂ ਦੇ ਹੋਰ ਵੀ ਮਹੱਤਵਪੂਰਣ ਇੰਦਰਾਜ ਛਡ ਦਿੱਤੇ ਗਏ ਹਨ ਅਤੇ ਗ਼ੈਰ-ਜ਼ਰੂਰੀ ਸ਼ਾਮਲ ਕਰ ਲਏ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਸਮੇਂ ਨਾਲ ਸੰਬੰਧਿਤ ਇੰਦਰਾਜਾਂ ਦੀ ਭਰਮਾਰ ਹੈ।

ਇੰਦਰਾਜਾਂ ਦੇ ਅੰਤ ਉਤੇ ਬੇਲੋੜੀਆਂ ਹਵਾਲਾ ਪੁਸਤਕ-ਸੂਚੀਆਂ ਦੀ ਭਰਮਾਰ ਹੈ। ਕਈ ਇੰਦਰਾਜਾਂ ਨਾਲੋਂ ਅਜਿਹੀਆਂ ਸੂਚੀਆਂ ਜ਼ਿਆਦਾ ਲੰਬੀਆਂ ਹਨ। ਉਦਾਹਰਣ ਵਜੋਂ ਭਾਗ ਤੀਜਾ ਦੇ ਪੰਨਾ 33 ਉਤੇ 'ਮਾਣਕ ਚੰਦ, ਭਾਈ' ਇੰਦਰਾਜ 5 ਪੰਕਤੀਆਂ ਦਾ ਹੈ ਅਤੇ ਪੁਸਤਕ-ਸੂਚੀ 8 ਪੰਕਤੀਆਂ ਦੀ। ਕਈ ਇੰਦਰਾਜਾਂ ਦਾ ਪੱਧਰ ਨੀਵਾਂ ਹੋ ਗਿਆ ਹੈ, ਜਿਵੇਂ ਤੀਜੇ ਭਾਗ ਦੇ ਪੰਨਾ 440/2 ਉਤੇ 'ਰਾਜਿੰਦਰ ਸਿੰਘ' ਇੰਦਰਾਜ ਵਿਚ ਰਾਜੀਵ ਗਾਂਧੀ ਅਤੇ ਭਾਟੀਆ ਦੇ ਸੰਵਾਦ ਦਾ ਉੱਲੇਖ।

ਕਈ ਇੰਦਰਾਜਾਂ ਵਿਚ ਤੱਥਕ ਗ਼ਲਤੀਆਂ ਵੀ ਮਿਲਦੀਆਂ ਹਨ, ਜਿਵੇਂ 'ਭੁਪਿੰਦਰ ਸਿੰਘ, ਮਹਾਰਾਜਾ' ਦੇ ਇੰਦਰਾਜ ਦੇ ਸਿਰਲੇਖ ਵਿਚ, ਉਸ ਦੀ ਮ੍ਰਿਤੂ 1931 ਈ. ਲਿਖੀ ਹੈ, ਜਦ ਕਿ ਇੰਦਰਾਜ-ਅੰਤ ਉਤੇ ਇਹ ਸੰਨ 1938 ਈ. ਲਿਖਿਆ ਹੈ। ਭਾਗ ਤਿੰਨ ਦੇ ਪੰਨਾ 336 ਉਤੇ 'ਫੂਲ' ਇੰਦਰਾਜ ਨਾਲ ਉਸ ਦਾ ਜੀਵਨ-ਕਾਲ '1627-1689' ਲਿਖਿਆ ਹੈ, ਪਰ ਦੂਜੀ ਪੰਕਤੀ ਵਿਚ ਉਸ ਦਾ ਜਨਮ 1629 ਈ. ਵਿਚ ਹੋਇਆ ਦਸਿਆ ਗਿਆ ਹੈ। ਚੌਥੇ ਭਾਗ ਦੇ ਪੰਨਾ 168 ਉਤੇ ਇਸ ਦੀ ਮ੍ਰਿਤੂ 1652 ਈ. ਵਿਚ ਹੋਈ ਲਿਖੀ ਹੈ। ਇਹੋ ਜਿਹੀਆਂ ਉਕਾਈਆਂ ਬੇਅੰਤ ਹਨ।

ਪਹਿਲਾ ਯਤਨ ਹੋਣ ਕਰਕੇ ਗ਼ਲਤੀਆਂ ਜਾਂ ਉਕਾਈਆਂ ਦਾ ਹੋ ਜਾਣਾ ਸੁਭਾਵਿਕ ਹੈ। ਉਂਜ ਵਿਭਾਗੀ ਵਿਦਵਾਨਾਂ ਦੁਆਰਾ ਅਜਿਹੀਆਂ ਗੱਲਾਂ ਦੇ ਨ ਪ੍ਰਵਿਸ਼ਟ ਹੋਣ 'ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਸੀ। ਫਿਰ ਵੀ ਅੰਗ੍ਰੇਜ਼ੀ ਭਾਸ਼ਾ ਦੇ ਪਾਠਕ ਲਈ ਸਿੱਖ ਧਰਮ ਅਤੇ ਇਤਿਹਾਸ ਬਾਰੇ ਸਾਮਗ੍ਰੀ ਉਪਲਬਧ ਕਰਨਾ ਸ਼ਲਾਘਾਯੋਗ ਕੰਮ ਹੈ।

**ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ** (ਡਾ. ਰਘਬੀਰ ਸਿੰਘ ਬੈਂਸ): ਡਾ. ਰਘਬੀਰ ਸਿੰਘ ਬੈਂਸ ਨੇ ਉਦਮ ਕਰਕੇ ਸੰਨ 2002 ਵਿਚ ਸਿੱਖ ਧਰਮ, ਸਭਿਆਚਾਰ ਅਤੇ ਬੋਲੀ ਸੰਬੰਧੀ ਸਾਮਗ੍ਰੀ ਨੂੰ ਕੰਪਿਊਟਰ ਦੀ ਸੀ.ਡੀ. ਰਾਹੀਂ ਇਕ ਲੜੀ ਵਿਚ ਇਕਤਰ ਕਰਕੇ ਉਸ ਦਾ ਨਾਂ 'ਐਨਸਾਈਕਲੋਪੀਡੀਆ ਆਫ਼ ਸਿਖਇਜ਼ਮ' ਰਖਿਆ ਹੈ। ਉਸ ਦੇ ਇਸ ਯਤਨ ਦੀ ਮਾਨਤਾ ਵਜੋਂ ਸੀਨੀਅਰ ਯੂਨੀਵਰਸਿਟੀ ਆਫ਼ ਵਾਇਉਮਿੰਗ, ਅਮਰੀਕਾ ਦੁਆਰਾ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਹੈ। ਇਸ ਤੋਂ ਇਲਾਵਾ ਉਸ ਨੂੰ ਸੀਨੀਅਰ ਪ੍ਰੋਫ਼ੈਸਰ ਦੀ

ਉਪਾਧੀ ਵੀ ਦਿੱਤੀ ਗਈ ਹੈ।

ਡਾ. ਰਘਬੀਰ ਸਿੰਘ ਬੈਂਸ ਅਤੇ ਉਨ੍ਹਾਂ ਦੁਆਰਾ ਕੀਤੇ ਉਦਮ ਬਾਰੇ ਸੰਖੇਪ ਜਿਹੀ ਜਾਣਕਾਰੀ 23 ਸਤੰਬਰ 2002 ਦੀ 'ਅਜੀਤ' ਪਤ੍ਰਿਕਾ ਵਿਚ ਇਸ ਪ੍ਰਕਾਰ ਛਪੀ ਸੀ– "ਸੰਨ 1936 ਈ. ਵਿਚ ਪੰਜਾਬ ਦੇ ਪਿੰਡ ਮਾਣਕ ਢੇਰੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਮੇ ਤੇ ਹੁਣ 66 ਸਾਲਾਂ ਨੂੰ ਢੁੱਕੇ, ਤਿੰਨ ਪੁੱਤਰਾਂ ਦੇ ਪਿਤਾ ਤੇ ਕਈ ਪੋਤੇ-ਪੋਤਰੀਆਂ ਦੇ ਦਾਦਾ, ਡਾ. ਰਘਬੀਰ ਸਿੰਘ ਬੈਂਸ ਨੇ ਪੜ੍ਹਾਈ ਦਾ ਸਫਰ ਪਿੰਡ ਦੇ ਸਕੂਲ ਤੋਂ ਸ਼ੁਰੂ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਸਟਰ ਡਿਗਰੀ ਤਕ ਪਹੁੰਚਾਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਵਕਾਲਤ ਦੀ ਡਿਗਰੀ ਲੈਣ ਨਾਲ ਉਨ੍ਹਾਂ ਦਾ ਗਿਆਨ ਹੋਰ ਵੀ ਵਧ ਗਿਆ। ਸਕੂਲ ਅਧਿਆਪਕ ਦੀ ਨੌਕਰੀ ਤੋਂ ਆਪਣਾ ਸੇਵਾ-ਜੀਵਨ ਸ਼ੁਰੂ ਕਰਕੇ ਡਾ. ਬੈਂਸ ਪੰਜਾਬ ਸਰਕਾਰ ਦੇ ਕਰ ਵਿਭਾਗ ਵਿਚ ਇਸੰਪੈਕਟਰ ਦੇ ਅਹਿਮ ਅਹੁਦੇ ਤਕ ਕੰਮ ਕਰਦੇ ਰਹੇ। ਸੰਨ 1990 ਈ. ਵਿਚ ਡਾਕਟਰ ਬੈਂਸ ਆਪਣੇ ਭਰੇ ਪਰਿਵਾਰ ਸਹਿਤ ਕੈਨੇਡਾ ਵਿਚ ਪ੍ਰਵਾਸ ਕਰਕੇ ਆਪਣੇ ਨਾਲ ਆਪਣੇ ਜੀਵਨ ਦਾ ਵਿਸ਼ਾਲ ਤਜਰਬਾ, ਖੋਜਾਂ ਦੀ ਜਾਣਕਾਰੀ ਤੇ ਜਗਾਰੂ ਭੇਤਾਂ ਦਾ ਭੰਡਾਰ ਵੀ ਲੈ ਕੇ ਗਏ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਰਹਿੰਦੇ ਹੋਏ ਡਾ. ਬੈਂਸ ਨੇ ਸਿੱਖ ਜਗਤ ਤੇ ਪੰਜਾਬੀ ਭਾਈਚਾਰੇ ਲਈ ਅਣਥਕ ਮਿਹਨਤ ਨਾਲ ਸਿੱਖ ਮਹਾਨ ਕੋਸ਼ ਦੀ ਰਚਨਾ ਕੀਤੀ ਜਿਸ ਨੇ ਉਨ੍ਹਾਂ ਦੀ ਸੰਸਾਰ ਅੰਦਰ ਇਕ ਵਖਰੀ ਪਹਿਚਾਣ ਬਣਾ ਦਿੱਤੀ। ਪੰਥ ਰਤਨ, ਆਰਡਰ ਆਫ਼ ਖ਼ਾਲਸਾ ਤੇ ਸਾਹਿਤ ਸ਼੍ਰੋਮਣੀ ਸਨਮਾਨਾਂ ਨਾਲ ਭਰਪੂਰ ਡਾ. ਰਘਬੀਰ ਸਿੰਘ ਬੈਂਸ ਨੂੰ ਸਾਲ 2002 ਵਿਚ ਸਰੀ ਸ਼ਹਿਰ ਦੀ ਕੌਂਸਲ ਵਲੋਂ 'ਵਧੀਆ ਸ਼ਹਿਰੀ' ਦਾ ਇਕ ਬਹੁਤ ਹੀ ਮਹੱਤਵਪੂਰਣ ਸਨਮਾਨ ਦਿੱਤਾ ਗਿਆ ਜੋ ਕਿ ਕਿਸੇ ਸਿੱਖ ਨੂੰ ਮਿਲਣ ਵਾਲਾ ਸਰੀ ਸ਼ਹਿਰ ਦਾ ਪਹਿਲਾ ਮਾਣ ਸਨਮਾਨ ਹੈ।"

**ਐਮਰਜੈਂਸੀ ਵਿਰੁੱਧ ਮੋਰਚਾ:** ਐਮਰਜੈਂਸੀ ਦਾ ਸੰਬੰਧ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚੋਣਾਂ ਨਾਲ ਹੈ। 12 ਜੂਨ 1975 ਈ. ਨੂੰ ਅਲਾਹਾਬਾਦ ਹਾਈਕੋਰਟ ਦੇ ਜੱਜ ਜਗਮੋਹਨ ਲਾਲ ਸਿਨਹਾ ਨੇ ਇੰਦਰਾ ਗਾਂਧੀ ਦੀ ਸੰਨ 1971 ਈ. ਦੀਆਂ ਚੋਣਾਂ ਵਿਚ ਰਾਏ ਬਰੇਲੀ ਤੋਂ ਹੋਈ ਚੋਣ ਨੂੰ ਤਕਨੀਕੀ ਆਧਾਰ 'ਤੇ ਰੱਦ ਕਰ ਦਿੱਤਾ। ਫਲਸਰੂਪ ਸਾਰੀ ਵਿਰੋਧੀ ਧਿਰ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਹੇਠ ਇਕੱਠੀ ਹੋ ਕੇ ਇੰਦਰਾ ਗਾਂਧੀ ਦੇ ਅਸਤੀਫ਼ੇ ਦੀ ਮੰਗ ਕਰਨ ਲਗ ਗਈ। ਧਰਨੇ ਅਤੇ ਮੁਜ਼ਾਹਰੇ ਸ਼ੁਰੂ ਹੋ ਗਏ। ਕਾਂਗ੍ਰਸ ਦੇ ਤਤਕਾਲੀਨ ਤਿੰਨ ਵੱਡੇ ਲੀਡਰ ਬਾਬੂ ਜਗਜੀਵਨ ਰਾਮ, ਸ. ਸਵਰਨ ਸਿੰਘ ਅਤੇ ਸ੍ਰੀ ਵਾਈ.ਬੀ.ਚਵਾਨ ਅਸਤੀਫ਼ਾ ਦੇਣ ਦੇ ਹੱਕ ਵਿਚ ਨਹੀਂ ਸਨ। ਵਿਰੋਧੀ ਧਿਰ ਨੇ 26 ਜੂਨ ਨੂੰ ਦੇਸ਼ ਵਿਆਪੀ ਭਾਰਤ ਬੰਦ ਦਾ ਸੱਦਾ ਦੇ ਦਿੱਤਾ। ਪਰ ਇੰਦਰਾ ਗਾਂਧੀ ਨੇ 25 ਜੂਨ ਦੀ ਰਾਤ ਨੂੰ ਅੰਦਰੂਨੀ ਐਮਰਜੈਂਸੀ ਦੀ ਘੋਸ਼ਣਾ ਕਰ ਦਿੱਤੀ। ਵਿਰੋਧੀ ਧਿਰ ਦੇ ਸਾਰੇ ਵੱਡੇ ਵੱਡੇ ਨੇਤਾ ਜੇਲ੍ਹਾਂ ਅੰਦਰ ਬੰਦ ਕਰ ਦਿੱਤੇ ਅਤੇ ਅਖ਼ਬਾਰਾਂ ਉਤੇ ਸੈਂਸਰ ਲਗਾ ਦਿੱਤਾ। ਨਾਲ ਹੀ ਇੰਦਰਾ ਗਾਂਧੀ ਨੇ 20 ਨੁਕਾਤੀ ਆਰਥਿਕ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। 21 ਜੁਲਾਈ ਨੂੰ ਲੋਕ ਸਭਾ ਦਾ ਇਜਲਾਸ ਬੁਲਾ ਕੇ ਐਮਰਜੈਂਸੀ ਲਗਾਉਣ ਦਾ ਮਤਾ ਸਹਿਜ ਹੀ ਪਾਸ ਕਰਵਾ ਲਿਆ ਕਿਉਂਕਿ ਵਿਰੋਧੀ ਧਿਰ ਦੇ ਨੇਤਾ ਤਾਂ ਜੇਲ੍ਹਾਂ ਵਿਚ ਬੰਦ ਸਨ। 10 ਅਗਸਤ ਨੂੰ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਦੀ ਚੋਣ ਨੂੰ ਜਾਇਜ਼ ਠਹਿਰਾ ਦਿੱਤਾ। ਐਮਰਜੈਂਸੀ ਵੇਲੇ ਸੰਜੇ ਗਾਂਧੀ ਦੀ ਚੜ੍ਹ ਮਚ ਗਈ। ਉਸ ਨੇ ਆਪਣੇ ਪੰਜ ਨੁਕਾਤੀ ਪ੍ਰੋਗਰਾਮ ਦੀ ਘੋਸ਼ਣਾ ਕਰ ਦਿੱਤੀ।

ਐਮਰਜੈਂਸੀ ਲਗਾਉਣ ਸਮੇਂ ਕਿਸੇ ਵੀ ਅਕਾਲੀ ਨੇਤਾ ਨੂੰ ਗ੍ਰਿਫ਼ਤਾਰ ਨ ਕੀਤਾ ਗਿਆ। ਫਿਰ ਵੀ ਅਕਾਲੀਆਂ ਵਿਚ ਐਮਰਜੈਂਸੀ ਵਿਰੁੱਧ ਮੋਰਚਾ ਲਗਾਉਣ ਦੀ ਮੰਗ ਜ਼ੋਰ ਪਕੜਨ ਲਗੀ। ਜੱਥੇਦਾਰ ਮੋਹਨ ਸਿੰਘ ਤੁੜ, ਜੱਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਮੋਰਚਾ ਲਗਾਉਣ ਦੇ ਹੱਕ ਵਿਚ ਸਨ, ਪਰ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਮਤ ਸੀ ਕਿਉਂਕਿ ਕਿਸੇ ਅਕਾਲੀ ਨੇਤਾ ਨੂੰ ਪਕੜਿਆ ਨਹੀਂ ਗਿਆ, ਇਸ ਲਈ ਮੋਰਚਾ ਲਗਾਉਣਾ ਅਨੁਚਿਤ ਹੈ। ਆਖ਼ਿਰ ਕਾਫ਼ੀ ਸੋਚ-ਵਿਚਾਰ ਤੋਂ ਬਾਦ 10 ਜੁਲਾਈ 1975 ਈ. ਨੂੰ ਅੰਮ੍ਰਿਤਸਰ ਵਿਚ ਐਮਰਜੈਂਸੀ ਵਿਰੁੱਧ ਮੋਰਚਾ ਸ਼ੁਰੂ ਕਰ ਦਿੱਤਾ ਗਿਆ। ਲਗਭਗ 19 ਮਹੀਨੇ ਅਕਾਲੀ ਦਲ ਵਲੋਂ ਗ੍ਰਿਫ਼ਤਾਰੀਆਂ ਦਿੱਤੀਆਂ ਜਾਂਦੀਆਂ ਰਹੀਆਂ। ਇੰਦਰਾ ਗਾਂਧੀ ਵਲੋਂ 18 ਜਨਵਰੀ 1977 ਈ. ਨੂੰ ਚੋਣਾਂ ਦਾ ਐਲਾਨ ਕਰਨ ਤਕ ਇਹ ਮੋਰਚਾ ਚਲਦਾ ਰਿਹਾ ਜਿਸ ਵਿਚ ਲਗਭਗ 40,000 ਅਕਾਲੀ ਕਾਰਕੁਨ ਪਕੜੇ ਗਏ। ਚੋਣਾਂ ਦੀ ਘੋਸ਼ਣਾ ਦੇ ਨਾਲ ਹੀ

ਅਕਾਲੀ ਲੀਡਰਾਂ ਨੂੰ ਛਡਿਆ ਜਾਣ ਲਗਾ। ਕੈਦੋਂ ਮੁਕਤ ਹੋਣ ਵਾਲੇ ਅਕਾਲੀਆਂ ਨੂੰ ਭਰਵਾਂ ਸਵਾਗਤ ਮਿਲਿਆ। ਇਸ ਤਰ੍ਹਾਂ ਐਮਰਜੈਂਸੀ ਵਿਰੁੱਧ ਅਕਾਲੀਆਂ ਦਾ ਮੋਰਚਾ ਖ਼ਤਮ ਹੋ ਗਿਆ। ਇਸ ਮੋਰਚੇ ਵਿਚ ਅਕਾਲੀਆਂ ਨੇ ਕੀ ਖਟਿਆ ਅਤੇ ਕੀ ਗਵਾਇਆ? ਸਭ ਕੁਝ ਧੁੰਧਲਿਆ ਹੋਇਆ ਹੈ।

**ਐਲਾਰਡ ਜੀਨ ਫਰਾਂਸਿਸ** (1785-1839 ਈ.): ਖ਼ਾਲਸਾ ਦਰਬਾਰ ਦਾ ਇਕ ਫਰਾਂਸੀਸੀ ਸੈਨਿਕ ਅਧਿਕਾਰੀ ਜਿਸ ਦਾ ਜਨਮ 8 ਮਾਰਚ 1785 ਈ. ਨੂੰ ਫਰਾਂਸ ਦੇ ਇਕ ਨਿਕੇ ਜਿਹੇ ਪਿੰਡ ਸੈਂਟ ਟ੍ਰੋਪੇਜ਼ ਵਿਚ ਹੋਇਆ। ਸੰਨ 1803 ਈ. ਵਿਚ ਇਹ ਫਰਾਂਸ ਦੀ ਪ੍ਰਸਿੱਧ ਰਜਮੈਂਟ 23 ਡਰੈਗੂਨਜ਼ ਵਿਚ ਭਰਤੀ ਹੋਇਆ। ਸੰਨ 1809 ਈ., ਇਹ ਲੈਫਟੀਨੈਂਟ ਪਦ 'ਤੇ ਨਿਯੁਕਤ ਹੋਇਆ। ਸੰਨ 1813 ਈ. ਵਿਚ ਇਸ ਦੀ ਕਪਤਾਨ ਵਜੋਂ ਤਰੱਕੀ ਹੋਈ। ਇਸ ਨੂੰ ਇਟਲੀ, ਸਪੇਨ ਅਤੇ ਪੁਰਤਗਾਲ ਵਿਚ ਹੋਏ ਯੁੱਧਾਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਵਾਟਰਲੂ ਦੇ ਯੁੱਧ ਵਿਚ ਫਰਾਂਸ ਦੀ ਹਾਰ ਹੋ ਜਾਣ ਤੋਂ ਬਾਦ ਇਹ ਇਧਰ-ਉਧਰ ਕਈ ਦੇਸ਼ਾਂ ਜਿਵੇਂ ਮਿਸਰ, ਈਰਾਨ, ਹੈਰਾਤ, ਕੰਧਾਰ, ਕਾਬੁਲ ਆਦਿ ਵਿਚ ਚੰਗੀ ਰੋਜ਼ੀ ਰੋਟੀ ਲਈ ਯਤਨ ਕਰਦਾ ਰਿਹਾ। ਇਸ ਦੌਰਾਨ ਇਸ ਦਾ ਮੇਲ ਵੈਨਤੂਰਾ ਨਾਲ ਹੋ ਗਿਆ ਅਤੇ ਦੋਵੇਂ 10 ਮਾਰਚ 1822 ਈ. ਨੂੰ ਨੌਕਰੀ ਦੀ ਤਾਲਾਸ਼ ਵਿਚ ਲਾਹੌਰ ਪਹੁੰਚੇ। ਇਸ ਦੇ ਪਿਛੋਕੜ ਬਾਰੇ ਦੋ ਮਹੀਨੇ ਪੂਰੀ ਪੁਛ-ਪੜਤਾਲ ਕਰਨ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਵੈਨਤੂਰਾ ਸਹਿਤ ਆਪਣੀ ਨੌਕਰੀ ਵਿਚ ਰਖ ਲਿਆ। ਐਲਾਰਡ ਨੂੰ ਇਕ ਖ਼ਾਸ ਰਸਾਲਾ (ਘੋੜਚੜ੍ਹੀ ਫ਼ੌਜ) ਤਿਆਰ ਕਰਨ ਦਾ ਕੰਮ ਸੌਂਪਿਆ ਗਿਆ, ਇਹ ਆਦੇਸ਼ ਦੇ ਕੇ ਕਿ ਇਸ ਰਸਾਲੇ ਦਾ ਪ੍ਰਬੰਧ, ਸਿਖਲਾਈ ਅਤੇ ਹਥਿਆਰ ਬਿਲਕੁਲ ਯੋਰਪੀਅਨ ਘੋੜ ਸਵਾਰਾਂ ਵਾਂਗ ਹੋਣ। ਇਸ ਨੂੰ ਸ਼ੁਰੂ ਵਿਚ 2500 ਰੁਪਏ ਮਹੀਨਾ ਤਨਖ਼ਾਹ ਦਿੱਤੀ ਗਈ ਅਤੇ ਰਹਿਣ ਲਈ ਇਕ ਵੱਡੀ ਕੋਠੀ ਵਿਚ ਵਿਵਸਥਾ ਕੀਤੀ ਗਈ।

ਪਰੰਪਰਿਕ ਘੋੜ-ਚੜ੍ਹੇ ਸਵਾਰ ਇਸ ਦੀ ਨਵੀਂ ਸਿਖਲਾਈ ਤੋਂ ਸੰਕੋਚ ਕਰਦੇ ਸਨ, ਇਸ ਲਈ ਇਸ ਨੂੰ ਇਕ ਨਵੀਂ ਰਜਮੈਂਟ ਖੜੀ ਕਰਨ ਦੀ ਆਗਿਆ ਦਿੱਤੀ ਗਈ। ਉਸ ਵਿਚ ਪੰਜ ਹਜ਼ਾਰ ਤੋਂ ਅਧਿਕ ਸੈਨਿਕ ਸ਼ਾਮਲ ਸਨ। ਇਨ੍ਹਾਂ ਸੈਨਿਕਾਂ ਦੀ ਆਪਣੀ ਨਿਖੜਵੀਂ ਵਰਦੀ ਸੀ ਅਤੇ ਨਿਸ਼ਾਨ ਵੀ ਵਖਰਾ ਸੀ। ਇਸ ਨੇ ਸੈਨਿਕ ਮੁਹਿੰਮਾਂ ਵਿਚ ਹਿੱਸਾ ਲੈਣ ਤੋਂ ਇਲਾਵਾ ਵਿਦੇਸ਼ੀ ਮਾਮਲਿਆਂ ਵਿਚ ਮਹਾਰਾਜੇ ਦੇ ਸਲਾਹਕਾਰ ਦੀ ਭੂਮਿਕਾ ਨਿਭਾਈ। ਜਦੋਂ ਵੀ ਕੋਈ ਵਿਦੇਸ਼ੀ ਮਿਸ਼ਨ ਦਾ ਅਧਿਕਾਰੀ ਮਹਾਰਾਜੇ ਨੂੰ ਮਿਲਣ ਆਉਂਦਾ ਤਾਂ ਉਸ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਇਸ ਨੂੰ ਸੌਂਪੀ ਜਾਂਦੀ। ਅਕਤੂਬਰ 1831 ਈ. ਵਿਚ ਗਵਰਨਰ-ਜਨਰਲ ਲਾਰਡ ਵਿਲਿਅਮ ਬੈਨਟਿੰਕ ਨਾਲ ਰੋਪੜ ਵਿਚ ਹੋਈ ਮੁਲਾਕਾਤ ਵੇਲੇ ਵੀ ਇਹ ਮਹਾਰਾਜੇ ਦੇ ਅੰਗ-ਸੰਗ ਸੀ।

ਇਸ ਨੇ ਇਕ ਕਸ਼ਮੀਰੀ ਔਰਤ ਨਾਲ ਵਿਆਹ ਕੀਤਾ ਜਿਸ ਤੋਂ ਕਈ ਬੱਚੇ ਪੈਦਾ ਹੋਏ। ਇਸ ਦੀ ਵੱਡੀ ਲੜਕੀ ਦੀ ਮ੍ਰਿਤੂ ਸੰਨ 1827 ਈ. ਵਿਚ ਹੋ ਗਈ ਜਿਸ ਨੂੰ 'ਕੁੜੀ ਬਾਗ਼' ਵਿਚ ਦਫ਼ਨਾਇਆ ਗਿਆ। ਪੁੱਤਰੀ ਦੀ ਮ੍ਰਿਤੂ ਨੇ ਇਸ ਨੂੰ ਮਾਨਸਿਕ ਤੌਰ 'ਤੇ ਝੰਝੋੜ ਦਿੱਤਾ ਅਤੇ ਕਲਕੱਤਾ ਸਥਿਤ ਪਾਲਮੇਰਜ਼ ਬੈਂਕ ਦੇ ਸੰਨ 1830 ਈ. ਵਿਚ ਦਿਵਾਲੀਆ ਹੋ ਜਾਣ 'ਤੇ ਵੀ ਇਸ ਨੂੰ ਤਕੜੀ ਸਟ ਲਗੀ ਕਿਉਂਕਿ ਉਸ ਵਿਚ ਇਸ ਦੇ ਬਚਾਏ ਹੋਏ 8 ਲੱਖ ਰੁਪਏ ਜਮ੍ਹਾਂ ਸਨ। ਇਸ ਨਾਲ ਇਸ ਦੀ ਸਿਹਤ ਖ਼ਰਾਬ ਹੋ ਗਈ। ਦੋ ਸਾਲ ਦੀ ਛੁਟੀ ਲੈ ਕੇ ਸੰਨ 1834 ਈ. ਵਿਚ ਆਪਣੇ ਦੇਸ਼ ਚਲਾ ਗਿਆ। ਉਥੋਂ ਪਰਤਣ ਵੇਲੇ ਇਸ ਨੇ ਫਰਾਂਸ ਤੋਂ ਨਵੀਂ ਨਵੀਂ ਕਿਸਮ ਦੇ ਕਈ ਪਿਸਤੌਲ, ਹਲਕੀਆਂ ਕਰਾਬੀਨਾਂ ਅਤੇ ਪਿੱਤਲ ਦੇ ਢਲੇ ਹੋਏ ਛੋਟੇ ਕਵਚ ਲਿਆਉਂਦੇ। ਵਾਪਸ ਪਰਤਣ 'ਤੇ ਡਿਊਟੀ ਦੇਣ ਲਈ ਇਸ ਨੂੰ ਪਿਸ਼ਾਵਰ ਭੇਜਿਆ ਗਿਆ ਜਿਥੇ 23 ਜਨਵਰੀ 1839 ਈ. ਨੂੰ ਦਿਲ ਦੀ ਹਰਕਤ ਬੰਦ ਹੋ ਜਾਣ ਨਾਲ ਇਸ ਦਾ ਦੇਹਾਂਤ ਹੋ ਗਿਆ। ਇਸ ਨੂੰ ਲਾਹੌਰ ਦੇ 'ਕੁੜੀ ਬਾਗ਼' ਵਿਚ ਆਪਣੀ ਪੁੱਤਰੀ ਦੀ ਕਬਰ ਦੇ ਨੇੜੇ ਦਫ਼ਨਾਇਆ ਗਿਆ।

**ਔਰੰਗਜ਼ੇਬ, ਬਾਦਸ਼ਾਹ** (1618-1707 ਈ.): ਸ਼ਾਹਜਹਾਨ ਬਾਦਸ਼ਾਹ ਦੇ ਪੁੱਤਰ ਅਤੇ ਜਹਾਂਗੀਰ ਬਾਦਸ਼ਾਹ ਦੇ ਪੋਤਰੇ ਔਰੰਗਜ਼ੇਬ ਦਾ ਪੂਰਾ ਨਾਂ ਅਬੁਲਜ਼ਫ਼ਰ ਮੁਹਿਉੱਦੀਨ ਮੁਹੰਮਦ ਔਰੰਗਜ਼ੇਬ ਸੀ। ਇਸ ਨੂੰ 'ਆਲਮਗੀਰ' ਵੀ ਕਿਹਾ ਜਾਂਦਾ ਸੀ। ਇਸ ਦਾ ਜਨਮ ਅਰਜਮੰਦ ਬਾਨੂੰ ਦੀ ਕੁੱਖੋਂ 24 ਅਕਤੂਬਰ 1618 ਈ. (ਇਕ ਮਤ ਅਨੁਸਾਰ 3 ਨਵੰਬਰ 1618 ਈ.) ਨੂੰ ਮਹਾਰਾਸ਼ਟਰ ਵਿਚ ਉਜੈਨ ਦੇ ਨੇੜੇ ਦੋਹਦ ਨਗਰ ਵਿਚ ਹੋਇਆ।

ਸੰਨ 1622 ਈ. ਵਿਚ ਸ਼ਾਹਜਹਾਨ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗ਼ਾਵਤ ਕਰ ਦਿੱਤੀ, ਪਰ ਕਾਮਯਾਬ ਨ ਹੋ ਸਕਿਆ। ਫਲਸਰੂਪ ਸੰਨ 1626 ਈ. ਵਿਚ ਸ਼ਾਹਜਹਾਨ ਨੂੰ ਆਪਣੇ ਦੋ ਪੁੱਤਰ, ਦਾਰਾ ਅਤੇ ਔਰੰਗਜ਼ੇਬ, ਜਹਾਂਗੀਰ ਕੋਲ ਲਾਹੌਰ ਵਿਚ ਬੰਧਕ ਵਜੋਂ ਰਖਣੇ ਪਏ। ਸੰਨ 1627 ਈ. ਵਿਚ ਜਹਾਂਗੀਰ ਦੇ ਮਰਨ ਉਪਰੰਤ ਸ਼ਾਹਜਹਾਨ ਬਾਦਸ਼ਾਹ ਬਣਿਆ। ਫਿਰ ਸੰਨ 1628 ਈ. ਵਿਚ ਔਰੰਗਜ਼ੇਬ ਨੂੰ ਆਗਰੇ ਬੁਲਾਇਆ ਗਿਆ। ਉਥੇ ਮੀਰ ਮੁਹੰਮਦ ਹਾਸ਼ਿਮ ਗੀਲਾਨੀ ਦੀ ਦੇਖ-ਰੇਖ ਵਿਚ ਔਰੰਗਜ਼ੇਬ ਦੀ ਸਿਖਿਆ ਸ਼ੁਰੂ ਹੋਈ। ਇਸ ਦੀ ਰੁਚੀ ਕੇਵਲ ਇਸਲਾਮਿਕ ਸਾਹਿਤ ਦੇ ਪੜ੍ਹਨ ਵਿਚ ਸੀ।

ਇਹ ਸੈਨਿਕ ਸਿਖਿਆ ਵਿਚ ਬਹੁਤ ਦਿਲਚਸਪੀ ਰਖਦਾ ਸੀ। ਪੰਦਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਇਸ ਨੇ ਮਸਤ ਹਾਥੀ ਨੂੰ ਨਿਰਭੈ ਹੋ ਕੇ ਕਾਬੂ ਕੀਤਾ। 16 ਵਰ੍ਹਿਆਂ ਦੀ ਆਯੂ ਵਿਚ ਇਹ 10 ਹਜ਼ਾਰੀ ਫ਼ੌਜ ਦਾ ਮਨਸਬਦਾਰ ਬਣਿਆ। ਸੰਨ 1636 ਈ. ਤੋਂ ਸੰਨ 1644 ਈ. ਤਕ ਇਹ ਦੱਖਣ ਦਾ ਸੂਬੇਦਾਰ ਰਿਹਾ, ਫਿਰ ਸੰਨ 1645 ਈ. ਵਿਚ ਗੁਜਰਾਤ ਦਾ ਸੂਬੇਦਾਰ ਬਣਿਆ। ਬਲਖ਼ ਅਤੇ ਬਦਖ਼ਸ਼ਾਂ ਉਤੇ ਕੀਤੀ ਗਈ ਸੈਨਿਕ ਕਾਰਵਾਈ ਵੇਲੇ ਇਸ ਨੇ ਆਪਣੀ ਸੈਨਿਕ ਯੋਗਤਾ ਦਾ ਪਰਿਚਯ ਦਿੱਤਾ। ਸੰਨ 1652 ਈ. ਵਿਚ ਇਸ ਨੂੰ ਫਿਰ ਦੱਖਣ ਦਾ ਸੂਬੇਦਾਰ ਬਣਾਇਆ ਗਿਆ ਅਤੇ ਬੜੀ ਯੋਗਤਾ ਨਾਲ ਉਸ ਇਲਾਕੇ ਦਾ ਵਿਕਾਸ ਕੀਤਾ।

ਸੰਨ 1658 ਈ. ਵਿਚ ਸ਼ਾਹਜਹਾਨ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਰਾਜ-ਗੱਦੀ ਉਤੇ ਅਧਿਕਾਰ ਜਮਾਉਣ ਲਈ ਇਹ ਦੱਖਣ ਤੋਂ ਆਗਰੇ ਵਲ ਵਧਿਆ ਅਤੇ ਆਪਣੇ ਵੱਡੇ ਭਰਾ ਦਾਰਾ ਨੂੰ ਹਰਾ ਕੇ ਅਤੇ ਸ਼ਾਹਜਹਾਨ ਨੂੰ ਬੰਦੀ ਬਣਾ ਕੇ ਰਾਜ-ਗੱਦੀ ਉਤੇ ਕਬਜ਼ਾ ਕਰ ਲਿਆ। ਫਿਰ ਛੋਟੇ ਭਰਾ ਮੁਰਾਦ ਨੂੰ ਧੋਖੇ ਨਾਲ ਮਰਵਾ ਕੇ ਆਪਣੇ ਰਸਤੇ ਦੇ ਸਾਰੇ ਕੰਡੇ ਕਢ ਦਿੱਤੇ।

ਆਪਣੇ 50 ਵਰ੍ਹਿਆਂ ਦੇ ਰਾਜ-ਕਾਲ ਵਿਚ ਪਹਿਲਾਂ ਇਹ ਉੱਤਰ ਭਾਰਤ ਵਿਚ ਰਿਹਾ। ਅਨੇਕ ਤਬਦੀਲੀਆਂ ਅਤੇ ਸੁਧਾਰ ਕੀਤੇ ਅਤੇ ਰਾਜ ਦੀਆਂ ਸੀਮਾਵਾਂ ਨੂੰ ਵੀ ਵਿਸਤਾਰਿਆ। ਆਖ਼ੀਰਲੇ 25 ਵਰ੍ਹੇ ਇਹ ਦੱਖਣ ਭਾਰਤ ਵਿਚ ਮਰਹਟਿਆਂ ਨੂੰ ਦਬਾਉਂਦਾ ਰਿਹਾ ਅਤੇ ਉਥੇ ਹੀ ਅਹਿਮਦਨਗਰ ਵਿਖੇ 21 ਫਰਵਰੀ 1707 ਈ. (ਇਕ ਹੋਰ ਮਤ ਅਨੁਸਾਰ 3 ਮਾਰਚ 1707 ਈ.) ਨੂੰ ਇਸ ਦੀ ਮ੍ਰਿਤੂ ਹੋ ਗਈ।

ਇਹ ਕੱਟੜ ਸੁੰਨੀ ਮੁਸਲਮਾਨ ਸੀ। ਇਸ ਦਾ ਜੀਵਨ ਬਹੁਤ ਸਾਦਾ, ਸਰਲ ਅਤੇ ਧਰਮ-ਪਰਾਇਣ ਸੀ। ਮੁਸਲਮਾਨਾਂ ਵਿਚ ਫੈਲ ਚੁੱਕੇ ਵਿਕਾਰਾਂ ਨੂੰ ਦੂਰ ਕਰਕੇ ਸੁਦ੍ਰਿੜ੍ਹ ਇਸਲਾਮਿਕ ਰਾਜ ਦੀ ਸਥਾਪਨਾ ਕਰਨਾ ਇਸ ਦਾ ਜੀਵਨ-ਉੱਦੇਸ਼ ਸੀ। ਇਸ ਉੱਦੇਸ਼ ਦੀ ਪੂਰਤੀ ਲਈ ਇਸ ਨੇ ਹਿੰਦੂਆਂ 'ਤੇ ਅਤਿਆਚਾਰ ਕੀਤੇ, ਧਰਮ-ਪਰਿਵਰਤਨ ਲਈ ਵਿਵਸ਼ ਕੀਤਾ। ਇਸ ਦੀ ਨੀਤੀ ਬੜੀ ਸੰਕੀਰਣ ਅਤੇ ਇਕ-ਪੱਖੀ ਸੀ। ਆਪਣੀ ਹਿੰਦੂ ਜਨਤਾ ਪ੍ਰਤਿ ਇਸ ਦਾ ਰਵੈਯਾ ਜ਼ਾਲਮਾਨਾ ਸੀ। ਫਲਸਰੂਪ ਹਰ ਪਾਸੇ ਅਸੰਤੋਸ਼ ਪਸਰ ਗਿਆ। ਰਾਜਪੂਤਾਨੇ ਵਿਚ ਰਾਜਪੂਤਾਂ ਨੇ ਬਗ਼ਾਵਤ ਕੀਤੀ, ਦੱਖਣ ਵਿਚ ਭਾਵੇਂ ਸ਼ਿਵਾ ਜੀ ਮਾਰਿਆ ਗਿਆ, ਪਰ ਮਰਹਟਿਆਂ ਨੇ ਇਸ ਨੂੰ ਚੈਨ ਨਾਲ ਬੈਠਣ ਨ ਦਿੱਤਾ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਕਰਕੇ ਉੱਤਰ-ਪੱਛਮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਵਿਰੁੱਧ ਸ਼ਸਤ੍ਰ ਕ੍ਰਾਂਤੀ ਮਚਾ ਦਿੱਤੀ ਅਤੇ 'ਜ਼ਫ਼ਰਨਾਮਾ' (ਵੇਖੋ) ਨਾਂ ਦਾ ਪੱਤਰ ਲਿਖ ਕੇ ਇਸ ਦੇ ਕਾਲੇ ਕਰਤੂਤਾਂ ਉਤੇ ਚਾਨਣਾ ਪਾਇਆ ਅਤੇ ਚੰਗਾ ਇਨਸਾਨ ਬਣਨ ਲਈ ਸੁਝਾ ਦਿੱਤੇ। ਕਹਿੰਦੇ ਹਨ ਕਿ 'ਜ਼ਫ਼ਰਨਾਮਾ' ਪੜ੍ਹ ਕੇ ਇਤਨਾ ਉਦਾਸ ਅਤੇ ਨਿਰਾਸ਼ ਹੋਇਆ ਕਿ ਕੁਝ ਦਿਨਾਂ ਵਿਚ ਹੀ ਪ੍ਰਾਣ ਤਿਆਗ ਗਿਆ।

**ਔਰੰਗਾਬਾਦ** (ਨਗਰ): ਮਹਾਰਾਸ਼ਟਰ ਪ੍ਰਾਂਤ ਦਾ ਇਕ ਪੁਰਾਤਨ ਨਗਰ ਜੋ ਮਨਮਾੜ ਤੋਂ ਨਾਂਦੇੜ ਵਾਲੀ ਰੇਲ-ਲਾਈਨ ਉਤੇ 114 ਕਿ.ਮੀ. ਦੀ ਵਿਥ 'ਤੇ ਵਸਿਆ ਹੋਇਆ ਹੈ। ਇਸ ਦਾ ਪਿਛੋਕੜ ਦੇਵਗਿਰੀ ਦੇ ਯਾਦਵਾਂ ਨਾਲ ਜਾ ਜੁੜਦਾ ਹੈ ਜਿਨ੍ਹਾਂ ਨੇ 12ਵੀਂ ਅਤੇ 13ਵੀਂ ਸਦੀਆ ਵਿਚ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਫਿਰ ਸੰਨ 1610 ਈ. ਵਿਚ ਮਲਕ ਅੰਬਰ ਨਾਂ ਦੇ ਇਕ ਹਬਸ਼ੀ ਗ਼ੁਲਾਮ ਨੇ ਇਸ ਨੂੰ ਫਤਹਿਨਗਰ ਦੇ ਨਾਂ ਨਾਲ ਵਸਾਇਆ। ਪਰ ਸੰਨ 1636 ਈ. ਵਿਚ ਜਦੋਂ ਔਰੰਗਜ਼ੇਬ ਦੱਖਣ ਦਾ ਸੂਬੇਦਾਰ ਬਣ ਕੇ ਗਿਆ ਤਾਂ ਉਸ ਨੇ ਇਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਦਾ ਨਾਂ 'ਔਰੰਗਾਬਾਦ' ਰਖਿਆ। ਪਰ ਸੰਨ 1681 ਈ. ਵਿਚ ਬਾਦਸ਼ਾਹ ਬਣਨ ਉਪਰੰਤ ਜਦੋਂ ਔਰੰਗਜ਼ੇਬ ਦੱਖਣ ਵਲ ਮਰਹਟਿਆਂ ਨੂੰ ਪਰਾਜਿਤ ਕਰਨ

ਲਈ ਗਿਆ, ਤਾਂ ਪਹਿਲਾਂ ਕੁਝ ਸਮਾਂ ਇਸੇ ਨਗਰ ਵਿਚ ਠਹਿਰਿਆ, ਪਰ ਬਾਦ ਵਿਚ ਅਹਿਮਦ ਨਗਰ ਜਾ ਟਿਕਿਆ। ਪਰ ਫਿਰ ਵੀ ਇਸ ਨਗਰ ਦਾ ਮਹੱਤਵ ਬਣਿਆ ਰਿਹਾ। ਹੁਣ ਇਹ ਵਣਜ-ਵਪਾਰ ਦਾ ਕੇਂਦਰ ਹੈ ਅਤੇ ਇਸ ਵਿਚ ਅਨੇਕ ਵਿਦਿਅਕ ਸੰਸਥਾਵਾਂ ਸਥਾਪਿਤ ਹਨ। ਇਥੋਂ ਦੀ ਰੇਸ਼ਮੀ ਸਿਲਕ ਅਤੇ ਰੇਸ਼ਮੀ ਕਪੜੇ ਦੁਨੀਆ ਭਰ ਵਿਚ ਪ੍ਰਸਿੱਧ ਹਨ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1706 ਈ. ਵਿਚ ਆਪਣੇ ਦੋ ਸਿੱਖਾਂ — ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ — ਹੱਥੀਂ 'ਜ਼ਫ਼ਰਨਾਮਹ' ਨਾਂ ਦਾ ਪ੍ਰਸਿੱਧ ਪੱਤਰ ਔਰੰਗਜ਼ੇਬ ਬਾਦਸ਼ਾਹ ਵਲ ਭੇਜਿਆ, ਤਾਂ ਅਹਿਮਦ ਨਗਰ ਜਾਣ ਤੋਂ ਪਹਿਲਾਂ ਇਹ ਦੋਵੇਂ ਔਰੰਗਾਬਾਦ ਵਿਚ ਕੁਝ ਸਮੇਂ ਲਈ ਠਹਿਰੇ। ਜਦੋਂ ਇਨ੍ਹਾਂ ਨੇ ਵੇਖਿਆ ਕਿ ਗੁਰੂ ਜੀ ਦੇ ਆਦੇਸ਼ ਅਨੁਸਾਰ ਬਾਦਸ਼ਾਹ ਨੂੰ ਪੱਤਰ ਦਸਤੀ ਦੇ ਸਕਣਾ ਸੰਭਵ ਨਹੀਂ, ਤਾਂ ਭਾਈ ਦਯਾ ਸਿੰਘ ਨੇ ਭਾਈ ਧਰਮ ਸਿੰਘ ਨੂੰ ਗੁਰੂ ਜੀ ਤੋਂ ਆਦੇਸ਼ ਪ੍ਰਾਪਤ ਕਰਨ ਲਈ ਵਾਪਸ ਭੇਜਿਆ ਪਰ ਉਸ ਦੇ ਪਰਤਣ ਤੋਂ ਪਹਿਲਾਂ ਹੀ ਭਾਈ ਦਯਾ ਸਿੰਘ ਨੇ ਪੱਤਰ ਨੂੰ ਬਾਦਸ਼ਾਹ ਤਕ ਪਹੁੰਚਾਣ ਦੀ ਵਿਵਸਥਾ ਕਰ ਲਈ ਸੀ। ਭਾਈ ਧਰਮ ਸਿੰਘ ਦੇ ਪਰਤਣ 'ਤੇ ਦੋਵੇਂ ਸਿੰਘ ਗੁਰੂ ਜੀ ਨੂੰ ਰਾਜਸਥਾਨ ਵਿਚ ਸਫ਼ਰ ਕਰਦਿਆਂ ਜਾ ਮਿਲੇ।

ਸ਼ਹਿਰ ਦੇ ਧਾਮੀ ਮਹੱਲੇ ਵਿਚ ਜਿਥੇ ਕਿਸੇ ਸਿੱਖ ਦੇ ਘਰ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਠਹਿਰੇ ਸਨ, ਉਥੇ ਬਾਦ ਵਿਚ ਇਕ ਸੰਗਤ ਕਾਇਮ ਹੋ ਗਈ। ਹੁਣ ਉਥੇ 'ਗੁਰਦੁਆਰਾ ਭਾਈ ਦਯਾ ਸਿੰਘ' ਸਥਾਪਿਤ ਹੈ। ਸੰਨ 1960 ਈ. ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਈ ਗਈ, ਜਿਸ ਦਾ ਇੰਤਜ਼ਾਮ ਸਥਾਨਕ ਸਿੱਖਾਂ ਦੀ ਕਮੇਟੀ ਕਰਦੀ ਹੈ।

**ਅੰਗਦ ਦੇਵ, ਗੁਰੂ** (1504-1552 ਈ.): ਗੁਰੂ ਨਾਨਕ ਦੇਵ ਜੀ ਤੋਂ ਬਾਦ ਗੁਰੂ-ਗੱਦੀ ਉਤੇ ਬੈਠਣ ਵਾਲੇ ਆਪ ਦੂਜੇ ਸਿੱਖ-ਗੁਰੂ ਸਨ। ਆਪ ਦਾ ਜਨਮ 31 ਮਾਰਚ 1504 ਈ. (ਵੈਸਾਖ ਵਦੀ ੧, 1561 ਬਿ.) ਨੂੰ ਮੱਤੇ-ਦੀ-ਸਰਾਂ (ਹੁਣ ਨਾਮਾਂਤਰ— 'ਨਾਂਗੇ-ਦੀ-ਸਰਾਂ'), ਜ਼ਿਲ੍ਹਾ ਫ਼ਰੀਦਕੋਟ ਵਿਚ ਫੇਰੂ ਮਲ ਖਤ੍ਰੀ (ਤ੍ਰੇਹਣ) ਦੇ ਘਰ ਮਾਤਾ ਦਯਾ ਕੌਰ (ਨਾਮਾਂਤਰ—ਰਾਮੋ, ਸਭਰਾਈ, ਮਨਸਾ ਦੇਵੀ) ਦੀ ਕੁੱਖੋਂ ਹੋਇਆ। ਆਪ ਦਾ ਮੂਲ ਨਾਂ 'ਲਹਿਣਾ' ਪਿਦਰੀ ਕਿਤੇ ਕਾਰਣ ਸੀ। ਆਪ ਵਣਜ-ਵਪਾਰ ਕਰਦੇ ਸਨ ਅਤੇ ਇਸ਼ਟ-ਭਾਵਨਾ ਵਜੋਂ ਦੇਵੀ ਦੇ ਉਪਾਸਕ ਸਨ। ਆਪ ਦਾ ਵਿਆਹ ਸੰਨ 1519 ਈ. (ਸੰ. 1576 ਬਿ.) ਵਿਚ 'ਸੰਘਰ' ਨਾਮਕ ਪਿੰਡ (ਜੋ ਖਡੂਰ ਸਾਹਿਬ ਦੇ ਨੇੜੇ ਸੀ) ਦੇ ਦੇਵੀ ਚੰਦ ਖਤ੍ਰੀ ਦੀ ਸੁਪੁੱਤਰੀ ਖੀਵੀ ਨਾਲ ਹੋਇਆ ਜਿਸ ਤੋਂ ਆਪ ਦੇ ਘਰ ਦੋ ਪੁੱਤਰ (ਦਾਤੂ ਅਤੇ ਦਾਸੂ) ਅਤੇ ਦੋ ਪੁੱਤਰੀਆਂ (ਅਮਰੋ ਅਤੇ ਅਣੋਖੀ) ਪੈਦਾ ਹੋਈਆਂ। ਸੰਨ 1526 ਈ. ਵਿਚ ਪਿਤਾ ਦੇ ਦੇਹਾਂਤ ਉਪਰੰਤ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਆਪ ਦੇ ਸਿਰ ਆ ਪਈਆਂ। ਕਾਲਾਂਤਰ ਵਿਚ 'ਮੱਤੇ-ਦੀ-ਸਰਾਂ' ਦੇ ਉਜਾੜੇ ਕਾਰਣ ਆਪ ਖਡੂਰ ਸਾਹਿਬ ਆ ਵਸੇ।

ਪੜੋਸ ਵਿਚ ਰਹਿੰਦੇ ਜੋਧਾ ਨਾਂ ਦੇ ਇਕ ਸਿੱਖ ਤੋਂ 'ਜਪੁਜੀ' ਅਤੇ 'ਆਸਾ ਕੀ ਵਾਰ' ਦਾ ਪਾਠ ਸੁਣ ਕੇ ਆਪ ਬਹੁਤ ਪ੍ਰਭਾਵਿਤ ਹੋਏ। ਫਲਸਰੂਪ ਇਨ੍ਹਾਂ ਬਾਣੀਆਂ ਦੇ ਰਚੈਤਾ ਦੇ ਦਰਸ਼ਨ ਕਰਨ ਦੀ ਤਾਂਘ ਮਨ ਵਿਚ ਪੈਦਾ ਹੋਣ ਲਗੀ। ਸੰਨ 1532 ਈ. (ਸੰ. 1589 ਬਿ.) ਵਿਚ ਪਰਿਵਾਰ ਸਹਿਤ ਜਵਾਲਾਮੁਖੀ ਦੀ ਯਾਤ੍ਰਾ ਦੌਰਾਨ ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਰੁਕੇ। ਗੁਰੂ ਜੀ ਦੀ ਸਾਧਨਾ-ਪੱਧਤੀ ਤੋਂ ਪ੍ਰਭਾਵਿਤ ਹੋ ਕੇ ਆਪ ਨੇ ਦੇਵੀ-ਪੂਜਾ ਦੀ ਬਿਰਤੀ ਛਡ ਦਿੱਤੀ ਅਤੇ ਆਪਣੀ ਅਧਿਆਤਮਿਕ ਉਨਤੀ ਲਈ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਵਿਚ ਰਹਿਣ ਦਾ ਮਨ ਬਣਾਇਆ। ਪਰ ਜਦੋਂ ਘਰ ਪਰਤੇ ਤਾਂ ਪਰਿਵਾਰ ਅਤੇ ਭਾਈਚਾਰੇ ਨੂੰ ਇਹ ਗੱਲ ਸੁਖਾਵੀਂ ਨ ਲਗੀ। ਇਸ ਵਿਰੋਧ ਕਾਰਣ ਆਪ ਘਰ-ਬਾਰ ਛਡ ਕੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਕਰਤਾਰਪੁਰ ਰਹਿਣ ਲਈ ਤੁਰ ਪਏ। ਉਥੇ ਗੁਰੂ ਜੀ ਦੀ ਅਤੇ ਗੁਰੂ-ਸਿੱਖਾਂ ਦੀ ਬਹੁਤ ਸੇਵਾ ਕਰਕੇ ਜਸ ਖਟਿਆ। ਗੁਰੂ ਨਾਨਕ ਦੇਵ ਜੀ ਨੇ ਆਪ ਦੀ ਸਾਧਨਾ ਦੀ ਗਹਿਰਾਈ ਦੀ ਕਈ ਢੰਗਾਂ ਨਾਲ ਪਰੀਖਿਆ ਲਈ। ਆਪ ਹਰ ਪਰੀਖਿਆ ਵਿਚ ਗੁਰੂ ਸਾਹਿਬ ਦੀਆਂ ਆਸ਼ਾਵਾਂ ਅਨੁਰੂਪ ਸਿੱਧ ਹੋਏ। ਫਿਰ ਆਪ ਖਡੂਰ ਸਾਹਿਬ ਪਰਤ ਆਏ। ਕੁਝ ਸਮੇਂ ਬਾਦ ਗੁਰੂ ਨਾਨਕ ਦੇਵ ਜੀ ਆਪਣੇ ਤਪਸਵੀ ਸਿੱਖ ਭਾਈ ਲਹਿਣਾ ਕੋਲ ਖ਼ੁਦ ਖਡੂਰ ਸਾਹਿਬ ਆਏ ਅਤੇ ਆਪਣੇ ਅੰਗ ਤੋਂ ਉਤਪੰਨ ਹੋਇਆ ਦਸ ਕੇ ਉਨ੍ਹਾਂ ਨੂੰ 'ਅੰਗਦ' ਨਾਂ ਪ੍ਰਦਾਨ ਕੀਤਾ।

ਖਡੂਰ ਸਾਹਿਬ ਤੋਂ ਗੁਰੂ ਜੀ ਆਪ ਨੂੰ ਕਰਤਾਰਪੁਰ ਨਾਲ ਲੈ ਆਏ ਅਤੇ ਸੰਨ 1539 ਈ. (17 ਹਾੜ, 1596 ਬਿ.) ਨੂੰ ਆਪਣਾ ਉੱਤਰਾਧਿਕਾਰੀ ਘੋਸ਼ਿਤ ਕੀਤਾ। ਸਤੈ

ਖਲਵੰਡ ਅਨੁਸਾਰ — *ਲਹਿਣੇ ਧਰਿਓਨੁ ਛਤੁ ਸਿਰਿ ਕਰ ਸਿਫਤੀ ਅੰਮ੍ਰਿਤ ਪੀਵਦੇ।... ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।* (ਗੁ.ਗ੍ਰੰ.967)। ਉਸੇ ਸਾਲ ਗੁਰੂ ਨਾਨਕ ਦੇਵ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਆਪ 22 ਅਸੂ, 1596 ਬਿ. ਨੂੰ ਗੁਰੂ-ਗੱਦੀ ਉਤੇ ਬੈਠੇ ਅਤੇ ਕਰਤਾਰਪੁਰ ਦੀ ਥਾਂ ਖਡੂਰ ਸਾਹਿਬ ਨੂੰ ਆਪਣਾ ਠਿਕਾਣਾ ਬਣਾਇਆ। ਉਥੇ ਹੀ ਬੈਠ ਕੇ ਆਪ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਭਗਤੀ-ਅੰਦੋਲਨ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਲਗੇ। ਇਕ ਦਿਨ ਆਪ ਜੀ ਦੀ ਸੁਪੁੱਤਰੀ ਬੀਬੀ ਅਮਰੋ ਤੋਂ ਗੁਰਬਾਣੀ ਦਾ ਪਾਠ ਸੁਣ ਕੇ ਉਸ ਦੇ ਸਹੁਰੇ ਦਾ ਭਰਾ, ਅਮਰਦਾਸ ਭੱਲਾ ਖਤ੍ਰੀ, ਬਹੁਤ ਪ੍ਰਭਾਵਿਤ ਹੋਇਆ ਅਤੇ ਵੈਸ਼ਣਵ ਭਗਤੀ ਛਡ ਕੇ ਬੀਬੀ ਅਮਰੋ ਦੇ ਸਹਿਯੋਗ ਨਾਲ ਗੁਰੂ ਅੰਗਦ ਜੀ ਦਾ ਸਿੱਖ ਬਣਿਆ। ਉਹੀ ਕਾਲਾਂਤਰ ਵਿਚ ਆਪਣੀ ਸੇਵਾ-ਸਾਧਨਾ ਦੇ ਫਲਸਰੂਪ ਤੀਜੇ ਗੁਰੂ ਬਣੇ। ਭੱਟ-ਕਥਨ ਅਨੁਸਾਰ *ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ। ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ।* (ਗੁ.ਗ੍ਰੰ.1395)। ਆਪ ਨੇ 29 ਮਾਰਚ 1552 ਈ. (ਚੇਤ ਸੁਦੀ 4, 1609 ਬਿ.) ਨੂੰ ਸੰਸਾਰਿਕ ਯਾਤ੍ਰਾ ਸਮਾਪਤ ਕੀਤੀ। ਆਪ ਕੁਲ 12 ਸਾਲ, 9 ਮਹੀਨੇ ਅਤੇ 17 ਦਿਨ ਗੁਰੂ-ਗੱਦੀ ਉਤੇ ਬਿਰਾਜੇ।

*ਵਿਅਕਤਿਤਵ:* ਗੁਰੂ ਅੰਗਦ ਦੇਵ ਜੀ ਇਕ ਮਹਾਨ ਵਿਅਕਤਿਤਵ ਵਾਲੇ ਤਪਸਵੀ ਅਤੇ ਨਾਮ-ਸਾਧਕ ਹੀ ਨਹੀਂ ਸਨ ਸਗੋਂ ਸਮਾਜਿਕ ਕੰਮਾਂ, ਜਿਵੇਂ ਕਿ ਦੁਖੀਆਂ/ਬੀਮਾਰਾਂ ਦੇ ਇਲਾਜ ਅਤੇ ਸੇਵਾ ਆਦਿ, ਵਿਚ ਬਹੁਤ ਰੁਚੀ ਲੈਂਦੇ ਸਨ। ਆਪ ਨੇ ਸਿੱਖ ਭਗਤੀ-ਅੰਦੋਲਨ ਨੂੰ ਵਿਵਸਥਿਤ ਰੂਪ ਪ੍ਰਦਾਨ ਕਰਨ ਲਈ ਤਿੰਨ ਵਿਸ਼ੇਸ਼ ਕੰਮ ਕੀਤੇ। ਇਕ, ਪੰਜਾਬ ਵਿਚ ਪ੍ਰਚਲਿਤ ਅਵਿਵਸਥਿਤ (ਅਵਿਕਸਿਤ) ਲਿਪੀ ਨੂੰ ਸੋਧ ਕੇ ਨਵਾਂ ਰੂਪ ਦਿੱਤਾ ਜੋ 'ਗੁਰਮੁਖੀ' ਨਾਂ ਨਾਲ ਪ੍ਰਸਿੱਧ ਹੋਈ। ਇਸ ਲਿਪੀ ਵਿਚ ਲਿਖਣ, ਪੜ੍ਹਨ ਅਤੇ ਬਾਣੀ ਦੇ ਉਤਾਰੇ ਕਰਨ ਲਈ ਅਨੁਯਾਈਆਂ ਨੂੰ ਉਤਸਾਹਿਤ ਕੀਤਾ। ਦੂਜਾ, ਗੁਰੂ ਨਾਨਕ ਦੇਵ ਜੀ ਦੇ ਉਪਕਾਰਾਂ ਅਤੇ ਯਾਦਾਂ ਨੂੰ ਸੰਭਾਲਣ ਲਈ ਸਾਹਿਤਿਕ ਰੁਚੀ ਰਖਣ ਵਾਲਿਆਂ ਨੂੰ ਪ੍ਰੇਰਿਤ ਕੀਤਾ ਅਤੇ ਇਸ ਤਰ੍ਹਾਂ ਪੰਜਾਬੀ ਵਿਚ ਜਨਮਸਾਖੀ-ਪਰੰਪਰਾ ਦਾ ਵਿਕਾਸ ਹੋਇਆ। ਤੀਜਾ, ਲੰਗਰ ਦੀ ਪ੍ਰਥਾ ਨੂੰ ਨਿਰੰਤਰਿਤ ਕੀਤਾ ਅਤੇ ਪੰਗਤ-ਸੰਗਤ ਦੀ ਜੁਗਤ ਰਾਹੀਂ ਸਮਾਜ ਵਿਚ ਪਰਸਪਰ ਵਿਰੋਧ ਅਤੇ ਉਚ-ਨੀਚ ਦੀ ਭਾਵਨਾ ਨੂੰ ਖ਼ਤਮ ਕੀਤਾ। ਇਸ ਤੋਂ ਇਲਾਵਾ ਧਰਮ-ਪ੍ਰਚਾਰ ਲਈ ਇਕ ਪਾਠਸ਼ਾਲਾ ਖੋਲੀ ਅਤੇ ਆਪਣੇ ਅਨੁਯਾਈਆਂ ਨੂੰ ਖੇਡਾਂ ਦੁਆਰਾ ਸ਼ਰੀਰ ਨੂੰ ਬਲਵਾਨ ਕਰਨ ਲਈ ਪ੍ਰੇਰਣਾ ਦਿੱਤੀ।

*ਬਾਣੀ ਬਿਉਰਾ:* ਆਪ ਨੇ ਬਾਣੀ ਦੀ ਰਚਨਾ ਬਹੁਤ ਘਟ ਕੀਤੀ। ਕੁਲ 63 ਸ਼ਲੋਕ ਆਪ ਜੀ ਦੇ ਨਾਂ ਅਧੀਨ ਗੁਰੂ ਗ੍ਰੰਥ ਸਾਹਿਬ ਦੀਆਂ 9 ਵਾਰਾਂ ਵਿਚ ਦਰਜ ਮਿਲਦੇ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਸਿਰੀ ਰਾਗ ਕੀ ਵਾਰ, ਮ.4 ਵਿਚ 2 ਸ਼ਲੋਕ (ਪਉੜੀ 3 ਅਤੇ 15 ਨਾਲ ਇਕ ਇਕ);

(2) ਮਾਝ ਕੀ ਵਾਰ, ਮ.੧ ਵਿਚ 12 ਸ਼ਲੋਕ (ਪਉੜੀ 2,17,19 ਅਤੇ 27 ਨਾਲ ਇਕ ਇਕ ਅਤੇ ਪਉੜੀ 3, 18, 22 ਅਤੇ 23 ਨਾਲ ਦੋ ਦੋ);

(3) ਆਸਾ ਕੀ ਵਾਰ, ਮ.੧ ਵਿਚ 15 ਸ਼ਲੋਕ (ਪਉੜੀ 1,2,7 ਅਤੇ 24 ਨਾਲ ਇਕ ਇਕ, ਪਉੜੀ 12,21 ਅਤੇ 23 ਨਾਲ ਦੋ ਦੋ ਅਤੇ ਪਉੜੀ 22 ਨਾਲ 5);

(4) ਸੋਰਠ ਕੀ ਵਾਰ ਮ.4 ਵਿਚ 1 ਸ਼ਲੋਕ (ਪਉੜੀ 28 ਨਾਲ);

(5) ਸੂਹੀ ਕੀ ਵਾਰ ਮ.੩ ਵਿਚ 11 ਸ਼ਲੋਕ (ਪਉੜੀ 18 ਨਾਲ ਇਕ, ਪਉੜੀ 8,19,20 ਨਾਲ ਦੋ ਦੋ ਅਤੇ ਪਉੜੀ 7 ਨਾਲ 4);

(6) ਰਾਮਕਲੀ ਕੀ ਵਾਰ ਮ.੩ ਵਿਚ 7 ਸ਼ਲੋਕ (ਪਉੜੀ 14 ਅਤੇ 18 ਨਾਲ ਇਕ ਇਕ, ਪਉੜੀ 15 ਨਾਲ 2 ਅਤੇ ਪਉੜੀ 16 ਨਾਲ 3);

(7) ਮਾਰੂ ਕੀ ਵਾਰ ਮ. ੩ ਵਿਚ 1 ਸ਼ਲੋਕ (ਪਉੜੀ 20 ਨਾਲ);

(8) ਸਾਰੰਗ ਕੀ ਵਾਰ ਮ. ੪ ਵਿਚ 9 ਸ਼ਲੋਕ (ਪਉੜੀ 1,2,3,16 ਅਤੇ 20 ਨਾਲ ਇਕ ਇਕ, ਪਉੜੀ 4 ਅਤੇ 5 ਨਾਲ ਦੋ ਦੋ);

(9) ਮਲਾਰ ਕੀ ਵਾਰ, ਮ.੧ ਵਿਚ 5 ਸ਼ਲੋਕ (ਪਉੜੀ 3, 22 ਅਤੇ 26 ਨਾਲ ਇਕ ਇਕ ਅਤੇ ਪਉੜੀ 4 ਨਾਲ 2)।

ਉਪਰੋਕਤ 63 ਸ਼ਲੋਕਾਂ ਵਿਚੋਂ 'ਮਾਝ ਰਾਗ ਕੀ ਵਾਰ' ਦੀ 23ਵੀਂ ਪਉੜੀ ਨਾਲ ਲਗਦਾ ਇਕ ਸ਼ਲੋਕ ਅਤੇ 'ਆਸਾ ਕੀ ਵਾਰ' ਦੀ 12ਵੀਂ ਪਉੜੀ ਨਾਲ ਲਗਦੇ ਦੋ ਸ਼ਲੋਕ,

'ਸਲੋਕ ਸਹਸਕ੍ਰਿਤੀ ਮ.੧' (ਪੰਨਾ 1353) ਪ੍ਰਕਰਣ ਵਿਚ ਕ੍ਰਮਵਾਰ ਦੂਜੇ, ਤੀਜੇ ਅਤੇ ਚੌਥੇ ਅੰਕ ਉਤੇ ਦਰਜ ਹਨ। ਇਸ ਕਰਕੇ ਇਨ੍ਹਾਂ ਤਿੰਨਾਂ ਦਾ ਕਰਤ੍ਰਿਤਵ ਸੰਦਿਗਧ ਹੈ।

*ਵਿਚਾਰਧਾਰਾ:* ਗੁਰੂ ਨਾਨਕ ਦੇਵ ਜੀ ਪ੍ਰਤਿ ਆਪ ਜੀ ਦਾ ਇਤਨਾ ਸਤਿਕਾਰ ਸੀ ਕਿ ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਦੀ ਘੜੀ ਆਪ ਲਈ ਅਸਹਿ ਸੀ। ਆਪ ਆਪਣੀ ਹੋਂਦ ਨੂੰ ਗੁਰੂ ਜੀ ਤੋਂ ਬਿਨਾ ਨਿਰਰਥਕ ਸਮਝਦੇ ਹਨ। ਹੇਠ ਲਿਖੇ ਸ਼ਲੋਕ ਤੋਂ ਆਪ ਦੇ ਵੈਰਾਗ ਅਤੇ ਬਿਹਬਲਤਾ ਦਾ ਅਹਿਸਾਸ ਸਹਿਜ ਵਿਚ ਹੋ ਜਾਂਦਾ ਹੈ —*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ। ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।* (ਗੁ.ਗ੍ਰੰ.83)। ਆਪ 'ਗੁਰੂ' ਨੂੰ ਚਾਨਣ ਮੁਨਾਰਾ ਸਮਝਦੇ ਹੋਇਆਂ, ਉਸ ਤੋਂ ਬਿਨਾ ਹਰ ਪਾਸੇ ਘੁਪ ਹਨੇਰਾ ਹੀ ਵਿਆਪਤ ਦਸਦੇ ਹਨ, ਭਾਵੇਂ ਸੈਂਕੜੇ ਚੰਦ੍ਰਮਾ ਅਤੇ ਹਜ਼ਾਰਾਂ ਸੂਰਜ ਕਿਉਂ ਨ ਚੜ੍ਹੇ ਹੋਣ (ਗੁ.ਗ੍ਰੰ. 463)। 'ਸਾਰੰਗ ਕੀ ਵਾਰ' ਵਿਚਲੇ ਇਕ ਸ਼ਲੋਕ ਵਿਚ ਇਕ ਰੂਪਕ-ਵਿਧਾਨ ਰਾਹੀਂ ਮਾਇਆ ਰੂਪੀ ਤਾਲੇ ਨਾਲ ਬੰਦ ਹੋਏ ਮਨ ਦੇ ਦਰਵਾਜ਼ੇ ਨੂੰ ਖੋਲਣ ਲਈ ਗੁਰੂ ਨੂੰ ਕੁੰਜੀ ਦਸਿਆ ਹੈ। ਗੁਰੂ ਤੋਂ ਭਿੰਨ ਹੋਰ ਕੋਈ ਵੀ ਜਿਗਿਆਸੂ ਦੇ ਮਨ ਨੂੰ ਪ੍ਰਕਾਸ਼ਿਤ ਕਰਨ ਦੇ ਸਮਰਥ ਨਹੀਂ — *ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ। ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ।* (ਗੁ.ਗ੍ਰੰ.1237)।

ਆਪ ਦੀ ਬਾਣੀ ਵਿਚ ਪ੍ਰੇਮ ਨੂੰ ਵੀ ਬਹੁਤ ਮਹੱਤਵ ਦਿੱਤਾ ਗਿਆ ਹੈ। ਇਸ ਸੰਬੰਧ ਵਿਚ ਆਪ ਦੀ ਸਥਾਪਨਾ ਹੈ ਕਿ ਪ੍ਰੇਮ ਦ੍ਵੈਤ-ਭਾਵਨਾ ਤੋਂ ਬਿਲਕੁਲ ਮੁਕਤ ਹੋਣਾ ਚਾਹੀਦਾ ਹੈ। ਇਹ ਅਦ੍ਵੈਤ ਸੰਬੰਧ ਹੈ, ਲੈਣ-ਦੇਣ ਦਾ ਸੌਦਾ ਨਹੀਂ। ਇਸ ਵਿਚ ਆਪਣੀ ਹੋਂਦ ਨੂੰ ਖ਼ਤਮ ਕਰਨਾ ਹੁੰਦਾ ਹੈ — *ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ। ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ।... ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ।* (ਗੁ.ਗ੍ਰੰ.474)। ਚਾਕਰ (ਸੇਵਕ) ਦੀ ਸਾਧਨਾ ਉਦੋਂ ਫਲੀਭੂਤ ਹੁੰਦੀ ਹੈ, ਜਦੋਂ ਉਹ '*ਆਪੁ ਗਵਾਇ ਸੇਵਾ ਕਰੇ*' ਦੀ ਸਥਿਤੀ ਵਿਚ ਹੁੰਦਾ ਹੈ। ਇਸੇ ਪ੍ਰਸੰਗ ਵਿਚ ਆਪ ਨੇ ਇਆਣੇ (ਮਨ) ਨਾਲ ਦੋਸਤੀ ਪਾਣ ਨੂੰ ਉਚਿਤ ਨਹੀਂ ਸਮਝਿਆ ਕਿਉਂਕਿ ਮਨ ਅਨੁਸਾਰ ਚਲਣ ਵਾਲਾ ਵਿਅਕਤੀ ਕਦੀ ਵੀ ਸਹੀ ਮਾਰਗ ਨੂੰ ਗ੍ਰਹਿਣ ਨਹੀਂ ਕਰ ਸਕਦਾ। ਜੇ ਕਦੇ ਇਕ-ਅੱਧ ਵਾਰ ਚੰਗੀ ਗੱਲ ਹੋ ਜਾਣ ਦਾ ਅਹਿਸਾਸ ਹੋਵੇ ਵੀ, ਤਾਂ ਫਿਰ ਮਾੜੇ ਸਿੱਟੇ ਨਿਕਲਣ ਲਗ ਜਾਂਦੇ ਹਨ। ਅਸਲ ਵਿਚ, ਸਾਰਿਆਂ ਵਿਕਾਰਾਂ ਦੇ ਮੂਲ 'ਹਉਮੈ' ਹੈ। ਸੰਸਾਰ ਇਸੇ ਦੇ ਕੁਚੱਕਰ ਵਿਚ ਉਲਝਿਆ ਹੋਇਆ ਹੈ। ਇਹ ਇਕ ਦੀਰਘ ਰੋਗ ਹੈ। ਪਰ ਚਿੰਤਾ ਦੀ ਗੱਲ ਨਹੀਂ, ਇਸ ਦਾ ਇਲਾਜ ਵੀ ਹੈ। ਜਦੋਂ ਗੁਰੂ ਕ੍ਰਿਪਾ ਕਰਦਾ ਹੈ ਤਾਂ ਉਸ ਦੀ ਸ਼ਬਦ-ਸਾਧਨਾ ਰਾਹੀਂ ਹਉਮੈ ਦਾ ਦੁਖ ਕਟ ਜਾਂਦਾ ਹੈ — *ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ। ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ। ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।* (ਗੁ.ਗ੍ਰੰ.466)। ਹਉਮੈ ਦੇ ਭਾਵ ਅਧੀਨ ਹੋਈ ਪ੍ਰਾਪਤੀ ਸੱਚੀ ਦਾਤ ਨਹੀਂ। ਸੱਚੀ ਦਾਤ ਤਾਂ ਉਹ ਹੈ ਜੋ ਪ੍ਰਭੂ ਦੀ ਕ੍ਰਿਪਾ ਅਥਵਾ ਪ੍ਰਸਾਦ ਵਜੋਂ ਪ੍ਰਾਪਤ ਹੋਵੇ।

ਗੁਰੂ ਅੰਗਦ ਦੇਵ ਜੀ ਨੇ ਪਰਮਾਤਮਾ ਦੇ ਸਰੂਪ ਅਤੇ ਸਮਰਥਾ ਬਾਰੇ ਵੀ ਕਿਤੇ ਕਿਤੇ ਸੰਕੇਤ ਕੀਤੇ ਹਨ। ਉਹ ਮਨੁੱਖ ਦੀ 'ਪਤਿ' ਦਾ ਰਖਿਅਕ ਹੈ। ਉਹ ਸਭ ਦਾ ਸੁਆਮੀ ਅਤੇ ਸਭ ਨੂੰ ਕਰਮ-ਰਤ ਕਰਨ ਵਾਲਾ ਹੈ — *ਸਭਨ੍ਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ।* ਵਾਸਤਵ ਵਿਚ, ਸਭ ਕੁਝ ਪਰਮਾਤਮਾ ਦੇ ਵਸ ਵਿਚ ਹੈ, ਕਰਮਾਂ ਅਨੁਸਾਰ ਜੀਵਾਂ ਦੀ ਯਾਤ੍ਰਾ ਚਲਦੀ ਹੈ। ਸਾਰਾ ਸੰਸਾਰ ਹੁਕਮ ਰੂਪੀ ਨਕੇਲ ਦੁਆਰਾ ਨਿਯੰਤ੍ਰਿਤ ਹੈ — *ਨਕਿ ਨਥ ਖਸਮ ਹਥ ਕਿਰਤੁ ਧਕੇ ਦੇ। ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।* (ਗੁ.ਗ੍ਰੰ.653)।

ਸੰਸਾਰ ਨੂੰ ਆਪ ਨੇ 'ਸਚੈ ਕੀ ਹੈ ਕੋਠੜੀ' ਕਹਿ ਕੇ ਉਸ ਦਾ ਇਸ ਵਿਚ ਨਿਵਾਸ ਮੰਨਿਆ ਹੈ। ਸ੍ਰਿਸ਼ਟੀ ਪਰਮਾਤਮਾ ਦੀ ਸਿਰਜੀ ਹੋਈ ਹੈ। ਇਸ ਵਿਚ ਉਹ ਆਪ ਨਿਵਾਸ ਵੀ ਕਰਦਾ ਹੈ, ਪਰ ਇਸ ਨੂੰ ਸਮੇਟਣ ਦੀ ਸਮਰਥਤਾ ਵੀ ਉਸੇ ਵਿਚ ਹੈ। ਇਥੇ ਗੁਰੂ ਜੀ ਨੇ ਸੰਸਾਰ ਨੂੰ ਵਿਵਹਾਰਿਕ ਤੌਰ 'ਤੇ ਸਚ ਮੰਨਿਆ ਹੈ, ਪਰਮਾਰਥਿਕ ਤੌਰ 'ਤੇ ਕੇਵਲ ਪਰਮਾਤਮਾ ਹੀ ਸੱਚਾ ਹੈ ਅਤੇ ਉਸੇ ਦਾ ਹੁਕਮ ਸਰਬੱਤ੍ਰ ਵਿਆਪਤ ਹੈ। ਸੰਸਾਰ ਦੀਆਂ ਵਡਿਆਈਆਂ ਵਿਚ ਮਗਨ ਹੋਣ ਵਾਲਾ ਵਿਅਕਤੀ ਵਾਸਤਵਿਕਤਾ ਨੂੰ ਭੁਲ ਜਾਂਦਾ ਹੈ, ਇਸੇ ਲਈ ਠੋਕਰਾਂ ਖਾਂਦਾ ਹੈ। ਸੰਸਾਰ ਦੀ ਯਾਤ੍ਰਾ ਵਣਜਾਰੇ ਦੀ ਫੇਰੀ ਵਾਂਗ ਹੈ। ਕੋਈ ਵਣਜਾਰਾ ਹਰਿ-ਨਾਮ ਨੂੰ ਭੁਲਾ ਕੇ ਨੁਕਸਾਨ ਉਠਾਉਂਦਾ ਹੈ ਅਤੇ ਕੋਈ ਪਰਮਾਤਮਾ ਦੀ ਮਿਹਰ ਨਾਲ ਆਪਣੀ ਰਾਸ-ਮੂੜੀ ਨੂੰ ਬਚਾਈ ਰਖਦਾ ਹੈ। ਆਪ ਨੇ ਮਨੁੱਖ ਸ਼ਰੀਰ ਨੂੰ ਮਹੱਤਵਪੂਰਣ ਮੰਨਿਆ ਹੈ।

ਗੁਰਬਾਣੀ ਵਿਚ ਇਸ ਨੂੰ ਦੁਰਲਭ ਦਸਿਆ ਗਿਆ ਹੈ ਜਿਸ ਦੀ ਪ੍ਰਾਪਤੀ ਲਈ ਦੇਵਤੇ ਵੀ ਲਾਲਾਇਤ ਹਨ। ਗੁਰੂ ਅੰਗਦ ਦੇਵ ਜੀ ਅਨੁਸਾਰ ਗੰਭੀਰ ਵਿਵੇਕੀ ਇਸੇ ਵਿਚੋਂ ਨੌਂ ਨਿਧਾਂ ਨੂੰ ਖੋਜਣ ਦਾ ਯਤਨ ਕਰਦੇ ਹਨ — *ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ। ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ।* (ਗੁ.ਗੰ.146)।

ਸੰਖੇਪ ਵਿਚ ਆਪ ਦੀ ਬਾਣੀ ਵਿਚ ਵਿਚਾਰਧਾਰਿਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਦੀ ਹੀ ਵਿਆਖਿਆ ਹੋਈ ਹੈ। ਵਾਧੂ ਗੱਲ ਇਹ ਕਿ ਆਪ ਨੇ ਗੁਰਮਤਿ ਸਭਿਆਚਾਰ ਵਿਚ ਸਿਦਕ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਕਾਰਣ ਸਪੱਸ਼ਟ ਹੈ ਕਿ ਆਪ ਦੇ ਸਾਹਮਣੇ 'ਗੁਰੂ' ਸ਼ਰੀਰਿਕ ਰੂਪ ਵਿਚ ਰਿਹਾ ਹੈ ਅਤੇ ਉਸ ਦੀ ਸੇਵਾ ਕਰਨ ਦਾ ਮਾਣ ਆਪ ਨੂੰ ਮਿਲਿਆ ਹੈ। ਇਸ ਲਈ ਗੁਰੂ ਪ੍ਰਤਿ ਆਪ ਦਾ ਸਿਦਕ ਸਮੁੱਚੀ ਸੰਸਥਾ ਦਾ ਸਿਦਕ ਹੋ ਨਿਬੜਿਆ ਹੈ।

*ਅਭਿਵਿਅਕਤੀ ਦਾ ਸਰੂਪ:* ਆਪ ਦੀ ਭਾਸ਼ਾ ਬੜੀ ਸਰਲ, ਸਪੱਸ਼ਟ ਅਤੇ ਮਨ ਅੰਤਰ ਦੀ ਸੰਵੇਦਨਾ ਨੂੰ ਪ੍ਰਗਟ ਕਰਨ ਵਿਚ ਸਫਲ ਹੋਈ ਹੈ। ਆਪ ਨੇ ਆਪਣੇ ਭਾਵ-ਪ੍ਰਕਾਸ਼ਨ ਲਈ ਦਲੀਲ ਤੋਂ ਕੰਮ ਲਿਆ ਹੈ। ਪਰਮਾਤਮਾ ਨੂੰ ਮਿਲਣ ਲਈ ਹੁਕਮ ਦੀ ਪਛਾਣ ਦੀ ਲੋੜ ਨੂੰ ਦਰਸਾਉਂਦੇ ਹੋਏ ਆਪ ਲਿਖਦੇ ਹਨ — *ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ। ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ। ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ। ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ।* (ਗੁ.ਗੰ.139)। ਇਥੇ ਜੀਉਂਦੇ ਜੀ ਮਰਨ ਤੋਂ ਭਾਵ ਹੈ ਸੰਸਾਰ ਵਿਚ ਰਹਿੰਦੇ ਹੋਏ ਸੰਸਾਰ ਤੋਂ ਬੇਲਾਗ ਰਹਿਣਾ। ਮੁਕਤ ਅਵਸਥਾ ਲਈ ਗੁਰਬਾਣੀ ਦੇਹ ਦੇ ਅੰਤ ਨੂੰ ਜ਼ਰੂਰੀ ਨਹੀਂ ਸਮਝਦੀ, ਸਗੋਂ ਸੰਸਾਰਿਕ ਵਿਕਾਰਾਂ ਤੋਂ ਮੂੰਹ ਮੋੜਨ ਅਤੇ ਈਸ਼ਵਰੀ ਹੁਕਮ ਦੀ ਪਾਲਨਾ ਕਰਨ ਨਾਲ ਜੀਉਂਦਿਆਂ ਹੀ ਮੁਕਤੀ ਮਿਲ ਸਕਦੀ ਹੈ। ਇਸੇ ਪ੍ਰਕਾਰ ਦੇ ਵਿਰੋਧਾਭਾਸ ਦੀ ਸਥਿਤੀ ਅਗਲੇ ਸ਼ਲੋਕ ਵਿਚ ਵੀ ਵੇਖੀ ਜਾ ਸਕਦੀ ਹੈ। ਇਨ੍ਹਾਂ ਵਿਚ ਚਿਤਰਿਤ ਵਸਤੂਆਂ ਦਾ ਬਿੰਬ ਵੀ ਬੜਾ ਸਫਲ ਰਿਹਾ ਹੈ। 'ਪਉਣੁ ਗੁਰੂ ਪਾਣੀ ਪਿਤਾ' ਵਾਲਾ ਸ਼ਲੋਕ ਸਾਂਗ ਰੂਪਕ ਦੇ ਨਾਲ ਨਾਲ ਬਿੰਬ-ਸਿਰਜਨਾ ਦਾ ਸੁੰਦਰ ਨਮੂਨਾ ਹੈ।

ਆਪ ਨੇ ਕੁਝ ਸ਼ਲੋਕ 'ਸਹਸਕ੍ਰਿਤੀ' ਵਿਚ ਵੀ ਲਿਖੇ ਹਨ, ਜਿਵੇਂ 'ਮਾਝ ਕੀ ਵਾਰ' ਦੀ 23ਵੀਂ ਪਉੜੀ ਨਾਲ ਆਇਆ ਦੂਜਾ ਸ਼ਲੋਕ ਅਤੇ 'ਆਸਾ ਕੀ ਵਾਰ' ਵਿਚ 12ਵੀਂ ਪਉੜੀ ਨਾਲ ਆਏ ਦੋ ਸ਼ਲੋਕ। ਆਪ ਦੀ ਬਾਣੀ ਵਿਚ ਕਿਤੇ ਕਿਤੇ ਸਾਧ-ਭਾਖਾ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰ ਮੁੱਖ ਤੌਰ 'ਤੇ ਭਾਸ਼ਾ ਦਾ ਪਿੰਡਾ ਪੰਜਾਬੀ ਹੀ ਰਿਹਾ ਹੈ। ਕਈ ਸ਼ਲੋਕ ਤਾਂ ਅਜ ਦੀ ਪੰਜਾਬੀ ਦੇ ਬਹੁਤ ਨੇੜੇ ਹਨ। ਉਦਾਹਰਣ ਵਜੋਂ ਹੇਠ ਲਿਖਿਆ ਸ਼ਲੋਕ ਵਿਚਾਰਨਯੋਗ ਹੈ — *ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ। ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ।* (ਗੁ.ਗੰ. 1290)। ਆਪ ਨੇ ਅਰਬੀ-ਫ਼ਾਰਸੀ ਦੇ ਬਹੁਤ ਘਟ ਸ਼ਬਦ ਵਰਤੇ ਹਨ ਅਤੇ ਜੋ ਵਰਤੇ ਹਨ ਉਹ ਪੰਜਾਬੀ ਮੁਹਾਂਦਰੇ ਅਨੁਸਾਰ ਢਲੇ ਹੋਏ ਹਨ। ਕਿਤੇ ਕਿਤੇ ਲਹਿੰਦੀ ਦੇ ਸ਼ਬਦ ਵੀ ਮਿਲਦੇ ਹਨ।

ਸ਼ਲੋਕਾਂ ਵਿਚ ਚਰਣਾਂ ਦੀ ਗਿਣਤੀ 2 ਤੋਂ 12 ਤਕ ਚਲਦੀ ਹੈ। ਦਰਅਸਲ, ਸ਼ਲੋਕ-ਵਿਧਾਨ ਕਿਸੇ ਚਰਣ-ਗਣਨਾ ਅਧੀਨ ਹੋ ਕੇ ਨਹੀਂ ਚਲਿਆ। ਸ਼ੁਰੂ ਹੋਈ ਗੱਲ ਦੇ ਮੁਕਣ ਅਥਵਾ ਅਭਿਵਿਅਕਤ ਹੋ ਜਾਣ ਤਕ ਸ਼ਲੋਕ ਦੀ ਰਚਨਾ-ਪ੍ਰਕ੍ਰਿਆ ਚਲਦੀ ਰਹਿੰਦੀ ਹੈ, ਤੁਕਾਂ ਭਾਵੇਂ ਕਿੰਨੀਆਂ ਹੀ ਕਿਉਂ ਨ ਹੋ ਜਾਣ। ਇਸ ਲਈ ਆਪ ਦੀ ਰਚਨਾ ਕਿਸੇ ਪ੍ਰਕਾਰ ਦੇ ਨਿਯਮ ਅਧੀਨ ਨ ਚਲ ਕੇ ਸੰਕੀਰਤਨ ਲਈ ਲੈਅ ਦਾ ਆਵੱਸ਼ਕ ਸੰਚਾਰ ਕਰਦੀ ਹੈ।

ਸਮੁੱਚੇ ਤੌਰ 'ਤੇ ਆਪ ਨੇ ਗੁਰੂ ਪ੍ਰਤਿ ਜਿਸ ਸੰਵੇਦਨਸ਼ੀਲ ਅਭਿਵਿਅਕਤੀ ਦਾ ਆਰੰਭ ਕੀਤਾ, ਉਸ ਦਾ ਵਿਕਾਸ ਅਤੇ ਅਨੁਸਰਣ ਪਰਵਰਤੀ ਗੁਰੂ ਸਾਹਿਬਾਨ ਅਤੇ ਭੱਟਾਂ ਦੇ ਸਵੈਇਆਂ ਵਿਚ ਸਹਿਜ ਹੀ ਵੇਖਿਆ ਜਾ ਸਕਦਾ ਹੈ।

**ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ** (1848-49 ਈ.): ਇਹ ਲੜਾਈ 22 ਨਵੰਬਰ 1848 ਈ. ਤੋਂ 21 ਫਰਵਰੀ 1849 ਈ. ਵਿਚਾਲੇ ਲੜੀ ਗਈ। ਅੰਗ੍ਰੇਜ਼ਾਂ ਦੁਆਰਾ ਮਨ-ਮਰਜ਼ੀ ਨਾਲ ਕੀਤੇ ਭੈਰੋਵਾਲ ਦੇ ਅਹਿਦਨਾਮੇ ਅਤੇ ਉਸ ਤੋਂ ਬਾਦ ਲਾਹੌਰ ਦਰਬਾਰ ਵਿਚ ਆਪਣੀ ਪਕੜ ਮਜ਼ਬੂਤ ਕਰਨ ਦੇ ਯਤਨਾਂ ਤੋਂ ਉਨ੍ਹਾਂ ਦੀ ਸਾਮਰਾਜਵਾਦੀ ਰੁਚੀ ਸਪੱਸ਼ਟ ਉਘੜਦੀ ਸੀ, ਜਿਸ ਨੂੰ ਸਹਿਣ ਕਰਨਾ ਸਿੱਖਾਂ ਲਈ ਸੰਭਵ ਨਹੀਂ ਸੀ। ਉਹ ਪੂਰੀ ਤਰ੍ਹਾਂ ਅਸੰਤੁਸ਼ਟ ਅਤੇ ਆਪਣੇ ਸੈਨਾ-ਨਾਇਕ ਤੇਜ ਸਿੰਘ, ਪ੍ਰਧਾਨਮੰਤਰੀ ਲਾਲ ਸਿੰਘ ਅਤੇ ਰਾਜਾ ਗੁਲਾਬ ਸਿੰਘ ਡੋਗਰਾ ਦੇ ਕਰਮਾਚਾਰ ਅਤੇ ਵਿਸ਼ਵਾਸ-

ਘਾਤ ਉਤੇ ਬਹੁਤ ਨਾਖ਼ੁਸ਼ ਸਨ। ਪੰਜਾਬ ਦੇ ਸਮਾਜਿਕ ਅਤੇ ਧਾਰਮਿਕ ਰਸਮਾਂ ਅਤੇ ਰਿਵਾਜਾਂ ਵਿਚ ਅੰਗ੍ਰੇਜ਼ਾਂ ਦੀ ਦਖ਼ਲ-ਅੰਦਾਜ਼ੀ ਅਤੇ ਕੁਝ ਪਰੰਪਰਿਕ ਵਿਸ਼ਵਾਸਾਂ ਉਤੇ ਪਾਬੰਦੀ ਲਗਾਈ ਜਾਣੀ ਵੀ ਪੰਜਾਬੀਆਂ ਨੂੰ ਪਸੰਦ ਨਹੀਂ ਸੀ। ਇਸ ਤੋਂ ਇਲਾਵਾ ਸਿੱਖ-ਸੈਨਿਕਾਂ ਦੀ ਗਿਣਤੀ ਘਟਾਉਣ ਅਤੇ ਤਨਖ਼ਾਹ ਦੀ ਰਕਮ ਵਿਚ ਕਮੀ ਕਰਨ ਦੇ ਫ਼ੈਸਲੇ ਵੀ ਸਿੱਖਾਂ ਦੀ ਆਰਥਿਕ ਦਸ਼ਾ ਵਿਗਾੜ ਰਹੇ ਸਨ। ਮਹਾਰਾਣੀ ਜਿੰਦਾਂ ਪ੍ਰਤਿ ਮਾੜਾ ਸਲੂਕ ਕਰਨ, ਉਸ ਦੀ ਪੈਨਸ਼ਨ ਨੂੰ ਘਟਾ ਕੇ ਪੰਜਾਬੋਂ ਬਾਹਰ ਭੇਜਣ ਨਾਲ ਵੀ ਲਾਹੌਰ ਦਰਬਾਰ ਪ੍ਰਤਿ ਵਫ਼ਾਦਾਰ ਲੋਕ ਰੋਸ ਨਾਲ ਭਰ ਗਏ ਸਨ। ਮੁਲਤਾਨ ਦੇ ਨਾਜ਼ਿਮ ਮੂਲ ਰਾਜ, ਹਜ਼ਾਰਾ ਦੇ ਗਵਰਨਰ ਚਤਰ ਸਿੰਘ ਅਟਾਰੀਵਾਲੇ ਅਤੇ ਉਸ ਦੇ ਪੁੱਤਰ ਰਾਜਾ ਸ਼ੇਰ ਸਿੰਘ ਅਟਾਰੀਵਾਲੇ ਅਤੇ ਭਾਈ ਮਹਾਰਾਜ ਸਿੰਘ ਦੀਆਂ ਕ੍ਰਾਂਤੀਕਾਰੀ ਕਾਰਵਾਈਆਂ ਨੇ ਅੰਗ੍ਰੇਜ਼ਾਂ ਨੂੰ ਸਿੱਖਾਂ ਵਿਰੁੱਧ ਫ਼ੌਜੀ ਕਾਰਵਾਈ ਕਰਨ ਲਈ ਉਕਸਾਇਆ ਅਤੇ ਪੰਜਾਬ ਨੂੰ ਸਥਾਈ ਤੌਰ 'ਤੇ ਬ੍ਰਿਟਿਸ਼ ਰਾਜ-ਪ੍ਰਬੰਧ ਅਧੀਨ ਲਿਆਉਣ ਲਈ ਯੋਜਨਾ ਬਣਾਉਣ ਲਗ ਗਏ। ਇਹ ਸਭ ਦੂਜੀ ਲੜਾਈ ਦੇ ਜ਼ਿੰਮੇਵਾਰ ਕਾਰਣ ਕਹੇ ਜਾ ਸਕਦੇ ਹਨ।

ਸਭ ਤੋਂ ਪਹਿਲਾਂ 16 ਨਵੰਬਰ 1848 ਈ. ਨੂੰ ਬ੍ਰਿਟਿਸ਼ ਸੈਨਾ ਨੇ ਲਾਰਡ ਗਫ਼ ਦੀ ਅਗਵਾਈ ਅਧੀਨ ਰਾਵੀ ਦਰਿਆ ਪਾਰ ਕੀਤਾ ਅਤੇ ਸ਼ੇਰ ਸਿੰਘ ਅਟਾਰੀ ਵਾਲੇ ਦੀ ਚਨਾਬ ਦਰਿਆ ਕੰਢੇ ਡੇਰਾ ਲਾਈ ਬੈਠੀ ਸੈਨਾ ਉਤੇ ਰਾਮਨਗਰ ਦੇ ਸਥਾਨ ਉਤੇ 22 ਨਵੰਬਰ ਨੂੰ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਸ਼ੇਰ ਸਿੰਘ ਨੇ ਬੜੀ ਸਾਵਧਾਨੀ ਨਾਲ ਆਪਣੇ ਆਪ ਨੂੰ ਸੰਭਲ ਕੇ ਹਮਲੇ ਦਾ ਜਵਾਬ ਦਿੱਤਾ ਅਤੇ ਬ੍ਰਿਟਿਸ਼ ਸੈਨਾ ਨੂੰ ਤਕੜੀ ਹਾਰ ਦਿੱਤੀ।

ਰਾਮਨਗਰ ਦੀ ਹਾਰ ਤੋਂ ਬਾਦ ਲਾਰਡ ਗਫ਼ ਨੇ ਡੇਢ ਮਹੀਨੇ ਤਕ ਬੰਬਈ ਤੋਂ ਹੋਰ ਸੈਨਿਕ ਮਦਦ ਪਹੁੰਚਣ ਤਕ ਸਿੱਖਾਂ ਨਾਲ ਲੜਾਈ ਨ ਕੀਤੀ। ਪਰ ਅਚਾਨਕ ਉਸ ਨੂੰ ਪਤਾ ਲਗਾ ਕਿ ਚਤਰ ਸਿੰਘ ਅਟਾਰੀਵਾਲੇ ਦੀ ਸੈਨਾ ਨੇ ਅਟਕ ਉਤੇ ਕਬਜ਼ਾ ਕਰ ਲਿਆ ਹੈ ਤਾਂ ਉਸ ਨੇ ਸ਼ੇਰ ਸਿੰਘ ਦੀ ਸੈਨਾ ਉਤੇ ਚਿਲਿਆਂ-ਵਾਲਾ ਸਥਾਨ ਉਤੇ 13 ਜਨਵਰੀ 1849 ਈ. ਨੂੰ ਹਮਲਾ ਕਰ ਦਿੱਤਾ ਤਾਂ ਜੋ ਇਸ ਦੀ ਸੈਨਾ ਨਾਲ ਚਤਰ ਸਿੰਘ ਦੀ ਸੈਨਾ ਦਾ ਮੇਲ ਨ ਹੋ ਜਾਏ। ਸਿੱਖਾਂ ਨੇ ਬ੍ਰਿਟਿਸ਼ ਸੈਨਾ ਦਾ ਬੜੀ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ ਅਤੇ ਲਗਭਗ 2500 ਸੈਨਿਕ ਅਤੇ ਅਫ਼ਸਰ ਮਾਰ ਦਿੱਤੇ। ਇਸ ਨੂੰ ਅੰਗ੍ਰੇਜ਼ਾਂ ਦੀ ਵੱਡੀ ਹਾਰ ਸਮਝਿਆ ਜਾਂਦਾ ਹੈ। ਇਸ ਹਾਰ ਦੇ ਫਲਸਰੂਪ ਲਾਰਡ ਗਫ਼ ਨੂੰ ਸੈਨਿਕ ਨਾਇਕ ਪਦ ਤੋਂ ਹਟਾਉਣ ਦਾ ਫ਼ੈਸਲਾ ਵੀ ਕੀਤਾ ਜਾਣ ਲਗਿਆ।

ਬੰਬਈ ਤੋਂ ਸੈਨਾ ਦੇ ਪਹੁੰਚ ਜਾਣ 'ਤੇ ਜਨਰਲ ਵਿਸ਼ ਨੇ ਦਸੰਬਰ 1848 ਈ. ਵਿਚ ਮੁਲਤਾਨ ਦੇ ਕਿਲ੍ਹੇ ਉਤੇ ਹਮਲਾ ਕਰ ਦਿੱਤਾ। ਕਈ ਦਿਨ ਘੇਰਾ ਪਾਈ ਰਖਿਆ। 30 ਦਸੰਬਰ ਨੂੰ ਅੰਗ੍ਰੇਜ਼ਾਂ ਵਲੋਂ ਕਿਲ੍ਹੇ ਅੰਦਰ ਸੁੱਟੇ ਗਏ ਇਕ ਗੋਲੇ ਨਾਲ ਬਾਰੂਦ ਦੇ ਜ਼ਖ਼ੀਰੇ ਨੂੰ ਅੱਗ ਲਗ ਗਈ। ਸਿੱਟੇ ਵਜੋਂ ਕਿਲ੍ਹੇ ਅੰਦਰਲਾ ਬਾਰੂਦ ਨਸ਼ਟ ਹੋ ਗਿਆ ਅਤੇ 500 ਸੈਨਿਕ ਮਾਰੇ ਗਏ। ਮਜਬੂਰ ਹੋ ਕੇ ਮੂਲ ਰਾਜ ਨੇ ਆਪਣੀ ਸੈਨਾ ਸਹਿਤ 22 ਜਨਵਰੀ 1849 ਈ. ਨੂੰ ਹਥਿਆਰ ਸੁਟ ਦਿੱਤੇ। ਮੂਲਰਾਜ ਨੂੰ ਕੈਦ ਕਰ ਲਿਆ ਗਿਆ ਅਤੇ ਕਿਲ੍ਹੇ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਗਿਆ।

ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚ ਅੰਤਲੀ ਨਿਰਣਾਇਕ ਭਿੜੰਤ ਗੁਜਰਾਤ ਵਿਚ ਹੋਈ। ਚਤਰ ਸਿੰਘ ਅਟਾਰੀਵਾਲਾ ਆਪਣੇ ਪੁੱਤਰ ਰਾਜਾ ਸ਼ੇਰ ਸਿੰਘ ਅਟਾਰੀਵਾਲੇ ਨਾਲ ਆ ਮਿਲਿਆ। ਭਾਈ ਮਹਾਰਾਜ ਸਿੰਘ ਨੇ ਵੀ ਆਪਣੇ ਸੈਨਾ-ਦਲ ਸਹਿਤ ਸਾਥ ਦਿੱਤਾ। ਅਫ਼ਗਾਨਿਸਤਾਨ ਦੇ ਹਾਕਮ ਦੋਸਤ ਮੁਹੰਮਦ ਖ਼ਾਨ ਨੇ ਵੀ ਸਿੱਖਾਂ ਦੀ ਸਹਾਇਤਾ ਲਈ ਆਪਣੇ ਪੁੱਤਰ ਦੀ ਅਗਵਾਈ ਵਿਚ ਤਿੰਨ ਹਜ਼ਾਰ ਘੋੜਸਵਾਰ ਸੈਨਾ ਭੇਜੀ। ਇਸ ਤਰ੍ਹਾਂ ਸਿੱਖਾਂ ਦੀ ਗਿਣਤੀ ਚਾਲੀ ਹਜ਼ਾਰ ਦੇ ਕਰੀਬ ਸੀ ਅਤੇ ਕੁੱਲ ਤੋਪਾਂ 59 ਸਨ। ਅੰਗ੍ਰੇਜ਼ ਫ਼ੌਜ ਦੀ ਗਿਣਤੀ 68 ਹਜ਼ਾਰ ਸੀ ਅਤੇ 96 ਤੋਪਾਂ ਸਨ। 21 ਫਰਵਰੀ 1849 ਈ. ਨੂੰ ਸਵੇਰੇ ਦੋਹਾਂ ਦਲਾਂ ਵਿਚ ਘਮਸਾਨ ਦਾ ਯੁੱਧ ਹੋਇਆ। ਖ਼ੂਬ ਤੋਪਾਂ ਚਲੀਆਂ। ਇਸ ਨੂੰ 'ਤੋਪਾਂ ਦੀ ਲੜਾਈ' ਵੀ ਕਿਹਾ ਜਾਂਦਾ ਹੈ। ਪਰ ਸਿੱਖ ਫ਼ੌਜਾਂ ਦਾ ਗੋਲਾ-ਬਾਰੂਦ ਇਕ ਘੰਟੇ ਤੋਂ ਬਾਦ ਖ਼ਤਮ ਹੋ ਗਿਆ। ਉਸ ਤੋਂ ਬਾਦ ਅੰਗ੍ਰੇਜ਼ਾਂ ਦੀ ਵਿਸ਼ਾਲ ਪੈਦਲ ਅਤੇ ਘੋੜਸਵਾਰ ਸੈਨਾ ਸਿੱਖ ਸੈਨਾ ਉਤੇ ਟੁਟ ਕੇ ਪੈ ਗਈ। ਸਿੱਖਾਂ ਨੇ ਬੜੀ ਦ੍ਰਿੜ੍ਹਤਾ ਨਾਲ ਯੁੱਧ ਕੀਤਾ, ਪਰ ਅੰਗ੍ਰੇਜ਼ ਸੈਨਾ ਦੇ ਬਹੁ-ਗਿਣਤੀ ਵਿਚ ਹੋਣ ਕਾਰਣ ਸਿੱਖਾਂ ਦੀ ਅੰਤ ਵਿਚ ਹਾਰ ਹੋਈ ਅਤੇ ਚਾਰ ਹਜ਼ਾਰ ਤੋਂ ਵਧ ਸੈਨਿਕ ਯੁੱਧ ਵਿਚ ਮਾਰੇ ਗਏ। ਸਿੱਖ ਸੈਨਾ 53 ਤੋਪਾਂ ਵੀ ਖੁਹਾ ਬੈਠੀ। ਚਤਰ ਸਿੰਘ, ਸ਼ੇਰ ਸਿੰਘ ਅਤੇ ਮਹਾਰਾਜ ਸਿੰਘ ਰਾਵਲਪਿੰਡੀ ਵਾਲੇ ਪਾਸੇ ਭਜ ਗਏ ਅਤੇ ਹੋਰ ਕੁਝ ਰਾਹ ਨ ਨਿਕਲਦਾ ਵੇਖ

ਕੇ ਦੋਹਾਂ ਪਿਉ-ਪੁੱਤਰਾਂ ਨੇ 10 ਮਾਰਚ 1849 ਈ. ਅੰਗ੍ਰੇਜ਼ ਜਨਰਲ ਗਿਲਬਰਟ ਅਗੇ ਹਥਿਆਰ ਰਖ ਦਿੱਤੇ ਅਤੇ 14 ਮਾਰਚ ਨੂੰ ਬਾਕੀ ਦੀ ਸਿੱਖ-ਸੈਨਾ ਨੇ ਵੀ ਹਥਿਆਰ ਸੁਟ ਦਿੱਤੇ।

ਇਸ ਤਰ੍ਹਾਂ ਭਾਰਤ ਵਿਚ ਅੰਗ੍ਰੇਜ਼ਾਂ ਨੇ ਗੁਜਰਾਤ ਦੀ ਲੜਾਈ ਵਿਚ ਫ਼ੈਸਲਾਕੁੰਨ ਜਿਤ ਪ੍ਰਾਪਤ ਕੀਤੀ ਅਤੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਦਾ ਅੰਗ ਬਣਾ ਲਿਆ। ਮੂਲ ਰਾਜ ਅਤੇ ਮਹਾਰਾਜ ਸਿੰਘ ਨੂੰ ਕਾਲੇ ਪਾਣੀ ਭੇਜ ਦਿੱਤਾ, ਖ਼ਾਲਸਾ-ਸੈਨਾ ਨੂੰ ਤੋੜ ਕੇ ਸ਼ਸਤ੍ਰਹੀਨ ਕਰ ਦਿੱਤਾ, ਸਰਦਾਰਾਂ ਦੀ ਸ਼ਕਤੀਆਂ ਨੂੰ ਕਮਜ਼ੋਰ ਕਰ ਦਿੱਤਾ, ਪੰਜਾਬ ਵਿਚ ਉੱਚੀਆਂ ਪਦਵੀਆਂ ਉਤੇ ਅੰਗ੍ਰੇਜ਼ ਅਫ਼ਸਰਾਂ ਨੂੰ ਨਿਯੁਕਤ ਕਰ ਦਿੱਤਾ ਅਤੇ ਪੰਜਾਬ ਰਾਜ ਦੇ ਪ੍ਰਬੰਧਕੀ ਢਾਂਚੇ ਦੀ ਪੁਨਰ-ਵਿਵਸਥਾ ਕੀਤੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਕਾਇਮ ਕੀਤਾ ਇਕ ਸ਼ਕਤੀਸ਼ਾਲੀ ਰਾਜ ਆਪਣੀਆਂ ਅੰਦਰਲੀਆਂ ਕਮਜ਼ੋਰੀਆਂ ਕਰਕੇ ਹੀ ਬਰਬਾਦ ਹੋ ਗਿਆ ਅਤੇ ਪੰਜਾਬ ਦੇ ਮਾਲਕ ਅੰਗ੍ਰੇਜ਼ ਬਣ ਬੈਠੇ।

**ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ** (1845-46 ਈ.): ਇਹ ਲੜਾਈ ਦਸੰਬਰ 1845 ਈ. ਤੋਂ ਫ਼ਰਵਰੀ 1846 ਈ. ਵਿਚਾਲੇ ਲੜੀ ਗਈ ਸੀ। ਮੁੱਖ ਤੌਰ 'ਤੇ ਇਸ ਲੜਾਈ ਦੀਆਂ 5 ਭਿੜੰਤਾਂ ਉਲੇਖਯੋਗ ਹਨ। ਇਹ ਹਨ — ਮੁਦਕੀ (18 ਦਸੰਬਰ 1845 ਈ.), ਫਿਰੋਜ਼ ਸ਼ਹਿਰ (21 ਦਸੰਬਰ 1845 ਈ.), ਬਦੋਵਾਲ (21 ਜਨਵਰੀ 1846 ਈ.), ਅਲੀਵਾਲ (28 ਜਨਵਰੀ 1846 ਈ.), ਸਭਰਾਉਂ (10 ਫ਼ਰਵਰੀ 1846 ਈ.)।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਲਾਹੌਰ ਦਰਬਾਰ ਵਿਚ ਪਸਰੀ ਅਰਾਜਕਤਾ ਤੋਂ ਅੰਗ੍ਰੇਜ਼ ਪੂਰਾ ਲਾਭ ਉਠਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਪੰਜਾਬ ਦੀ ਸਰਹਦ ਉਤੇ ਆਪਣੀ ਸੈਨਿਕ ਸ਼ਕਤੀ ਵਧਾਉਣੀ ਸ਼ੁਰੂ ਕਰ ਦਿੱਤੀ। ਉਧਰ ਸਿੱਖ-ਸੈਨਾ ਅੰਗ੍ਰੇਜ਼ਾਂ ਦੀਆਂ ਸਾਮਰਾਜਵਾਦੀ ਯੋਜਨਾਵਾਂ ਕਰਕੇ ਉਨ੍ਹਾਂ ਦੇ ਵਿਰੁੱਧ ਹੋ ਗਈ। ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਅਧੀਨ ਕਰਨ ਲਈ ਭਾਵੇਂ ਗਵਰਨਰ ਜਨਰਲ ਲਾਰਡ ਐਲਨਬਰਾ ਨੇ ਹੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ ਸੀ, ਪਰ ਜੁਲਾਈ 1844 ਈ. ਵਿਚ ਉਸ ਦੀ ਥਾਂ ਉਤੇ ਲਾਰਡ ਹੈਨਰੀ ਹਾਰਡਿੰਗ ਨੂੰ ਹਿੰਦੁਸਤਾਨ ਦਾ ਗਵਰਨਰ ਜਨਰਲ ਬਣਾ ਦਿੱਤਾ ਗਿਆ। ਉਹ ਇਕ ਹੰਢਿਆ ਹੋਇਆ ਸੈਨਾਪਤੀ ਸੀ। ਉਸ ਨੇ ਆਉਂਦਿਆਂ ਹੀ ਸਿੱਖਾਂ ਨਾਲ ਯੁੱਧ ਕਰਕੇ ਲਾਹੌਰ ਉਤੇ ਕਬਜ਼ਾ ਕਰਨ ਦਾ ਮਨ ਬਣਾ ਲਿਆ। ਉਸ ਨੇ ਪੰਜਾਬ ਦੀਆਂ ਸਰਹੱਦਾਂ ਉਤੇ, ਵਿਸ਼ੇਸ਼ ਰੂਪ ਵਿਚ ਫ਼ਿਰੋਜ਼ਪੁਰ, ਲੁਧਿਆਣਾ, ਅੰਬਾਲਾ ਅਤੇ ਮੇਰਠ ਵਿਚ ਸੈਨਿਕਾਂ ਅਤੇ ਤੋਪਾਂ ਦੀ ਗਿਣਤੀ ਕਾਫ਼ੀ ਵਧਾ ਦਿੱਤੀ। ਸਤਲੁਜ ਨਦੀ ਉਤੇ ਬੇੜੀਆਂ ਦਾ ਪੁਲ ਬਣਾਉਣ ਲਈ ਬੰਬਈ ਵਿਚ 35-35 ਟਨ ਦੀਆਂ 70 ਬੇੜੀਆਂ ਤਿਆਰ ਕਰਵਾਈਆਂ ਗਈਆਂ। ਲੁਧਿਆਣੇ ਵਿਚ ਬ੍ਰਿਟਿਸ਼ ਏਜੈਂਟ ਵਜੋਂ ਨਿਯੁਕਤ ਮੇਜਰ ਬਰਾਡਫੁਟ ਉਸ ਵਕਤ ਗਵਰਨਰ ਜਨਰਲ ਦਾ ਸਭ ਤੋਂ ਵੱਡਾ ਸਲਾਹਕਾਰ ਸੀ। ਉਸ ਦੀ ਸਲਾਹ ਨਾਲ 6 ਦਸੰਬਰ 1845 ਈ. ਨੂੰ ਗਵਰਨਰ ਜਨਰਲ ਨੇ ਮੇਰਠ ਅਤੇ ਅੰਬਾਲਾ ਤੋਂ ਅੰਗ੍ਰੇਜ਼ੀ ਫ਼ੌਜਾਂ ਨੂੰ ਲੁਧਿਆਣੇ ਅਤੇ ਫ਼ਿਰੋਜ਼ਪੁਰ ਜਾਣ ਦਾ ਆਦੇਸ਼ ਦਿੱਤਾ। ਇਹ ਫ਼ੌਜਾਂ 11 ਦਸੰਬਰ ਤਕ ਆਪਣੀਆਂ ਨਿਸਚਿਤ ਥਾਂਵਾਂ 'ਤੇ ਪਹੁੰਚ ਗਈਆਂ।

ਸਤੰਬਰ 1845 ਈ. ਵਿਚ ਲਾਲ ਸਿੰਘ ਲਾਹੌਰ ਰਾਜ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਤੇਜ ਸਿੰਘ ਨੇ ਸਿੱਖ-ਸੈਨਾ ਦੇ ਪ੍ਰਧਾਨ ਸੈਨਾਪਤੀ ਦਾ ਔਹਦਾ ਸੰਭਾਲਿਆ। ਇਹ ਦੋਵੇਂ ਸਿੱਖ-ਫ਼ੌਜ ਤੋਂ ਬਹੁਤ ਘਬਰਾਉਂਦੇ ਸਨ ਅਤੇ ਉਸ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਅੰਦਰੋਂ ਉਹ ਅੰਗ੍ਰੇਜ਼ਾਂ ਨਾਲ ਮਿਲੇ ਹੋਏ ਸਨ। ਇਕ ਪ੍ਰਕਾਰ ਨਾਲ ਲਾਹੌਰ ਦਰਬਾਰ ਵਿਚ ਉਹ ਅੰਗ੍ਰੇਜ਼ਾਂ ਦੇ ਏਜੈਂਟ ਸਨ। 11-12 ਦਸੰਬਰ 1845 ਈ. ਨੂੰ ਲਗਭਗ ਸੱਠ ਹਜ਼ਾਰ ਸਿੱਖ ਸੈਨਿਕਾਂ ਸਹਿਤ ਲਾਲ ਸਿੰਘ ਅਤੇ ਤੇਜ ਸਿੰਘ ਸਤਲੁਜ ਦਰਿਆ ਦੇ ਕੰਢੇ ਪਹੁੰਚ ਗਏ ਅਤੇ ਬਹੁਤੀ ਫ਼ੌਜ ਨੇ ਦਰਿਆ ਪਾਰ ਵੀ ਕਰ ਲਿਆ। 13 ਦਸੰਬਰ ਨੂੰ ਲਾਰਡ ਹਾਰਡਿੰਗ ਵੀ ਸਿੱਖਾਂ ਦੇ ਵਿਰੁੱਧ ਲੜਾਈ ਲਈ ਆ ਡਟਿਆ। ਉਸ ਸਮੇਂ ਅੰਗ੍ਰੇਜ਼ਾਂ ਕੋਲ ਫ਼ਿਰੋਜ਼ਪੁਰ ਵਿਚ ਕੇਵਲ ਅੱਠ ਹਜ਼ਾਰ ਸੈਨਿਕ ਸਨ। ਜੇ ਲਾਲ ਸਿੰਘ ਤੁਰੰਤ ਹਮਲਾ ਕਰ ਦਿੰਦਾ ਤਾਂ ਅੰਗ੍ਰੇਜ਼ਾਂ ਦੀ ਹਾਰ ਯਕੀਨੀ ਸੀ। ਪਰ ਅੰਗ੍ਰੇਜ਼ਾਂ ਨਾਲ ਮਿਲੇ ਹੋਣ ਕਾਰਣ ਉਹ ਹਮਲਾ ਕਰਨੋਂ ਟਲਦਾ ਰਿਹਾ। ਜਦੋਂ ਤਕ ਸਰ ਹਿਊਗ ਗਫ਼ ਇਕ ਵਡੀ ਅੰਗ੍ਰੇਜ਼ ਸੈਨਾ ਲੈ ਕੇ ਮੁਦਕੀ ਵਾਲੇ ਸਥਾਨ ਉਤੇ ਨ ਪਹੁੰਚ ਗਿਆ। ਉਧਰੋਂ ਲਾਲ ਸਿੰਘ ਮੁਕਾਬਲਤਨ ਥੋੜੀ ਫ਼ੌਜ ਲੈ ਕੇ ਲੜਾਈ ਲਈ ਜਾ ਡਟਿਆ ਅਤੇ 18 ਦਸੰਬਰ 1845 ਈ. ਨੂੰ ਲੜਾਈ ਸ਼ੁਰੂ ਹੁੰਦਿਆਂ ਹੀ ਪਹਿਲਾਂ ਮਿਥੀ ਸਾਜਿਸ਼ ਅਨੁਸਾਰ ਯੁੱਧ-ਭੂਮੀ ਵਿਚੋਂ ਭਜ ਨਿਕਲਿਆ। ਸਿੱਖ

ਸੈਨਿਕ ਬੜੀ ਵੀਰਤਾ ਨਾਲ ਲੜੇ, ਪਰ ਹਾਰ ਗਏ।

ਮੁਦਕੀ ਦੀ ਲੜਾਈ ਤੋਂ ਬਾਦ 20 ਦਸੰਬਰ, 1845 ਈ. ਨੂੰ ਫ਼ਿਰੋਜ਼ਪੁਰ ਤੋਂ ਜਾਨ ਲਿਟਲਰ ਦਾ ਸੈਨਾ-ਦਲ ਹਿਊਗ ਗਫ਼ ਦੀ ਸੈਨਾ ਨਾਲ ਆ ਰਲਿਆ। 21 ਦਸੰਬਰ ਦੀ ਸ਼ਾਮ ਨੂੰ ਅੰਗ੍ਰੇਜ਼ ਸੈਨਾ ਨੇ ਫ਼ਿਰੋਜ਼ ਸ਼ਹਿਰ ਕੋਲ ਡੇਰੇ ਲਾਈ ਬੈਠੀ ਸਿੱਖ-ਸੈਨਾ ਉਤੇ ਹਮਲਾ ਬੋਲ ਦਿੱਤਾ। ਘਮਸਾਨ ਯੁੱਧ ਤੋਂ ਬਾਦ ਸਿੱਖਾਂ ਦੀ ਚੜ੍ਹਤ ਹੋ ਗਈ। ਪਰ ਲਾਲ ਸਿੰਘ ਅਤੇ ਤੇਜ ਸਿੰਘ ਦੁਆਰਾ ਯੁੱਧ-ਭੂਮੀ ਵਿਚੋਂ ਖਿਸਕਣ ਕਾਰਣ 22 ਦਸੰਬਰ ਨੂੰ ਅੰਗ੍ਰੇਜ਼ ਫ਼ੌਜ ਦੀ ਹਾਰ ਜਿਤ ਵਿਚ ਬਦਲ ਗਈ। ਇਸ ਲੜਾਈ ਵਿਚ ਅੰਗ੍ਰੇਜ਼ਾਂ ਨੇ 73 ਤੋਪਾਂ ਸਿੱਖਾਂ ਤੋਂ ਖੋਹੀਆਂ ਅਤੇ ਉਨ੍ਹਾਂ ਦੇ 700 ਸਿਪਾਹੀ ਅਤੇ ਅਧਿਕਾਰੀ ਮਾਰੇ ਅਤੇ 1700 ਘਾਇਲ ਕੀਤੇ।

ਫਿਰੋਜ਼ ਸ਼ਹਿਰ (ਫੇਰੂ ਸ਼ਹਿਰ) ਤੋਂ ਹਾਰ ਕੇ ਸਿੱਖ ਫ਼ੌਜ ਸਤਲੁਜ ਪਾਰ ਕਰਕੇ ਆਪਣੇ ਇਲਾਕੇ ਵਿਚ ਪਹੁੰਚੀ ਅਤੇ ਆਪਣੀ ਹਾਰ ਦਾ ਬਦਲਾ ਲੈਣ ਲਈ ਸਭਰਾਉਂ ਦੇ ਨੇੜੇ ਤਿਆਰੀ ਵਿਚ ਜੁਟ ਗਈ। ਉਧਰ ਅੰਗ੍ਰੇਜ਼ ਫ਼ੌਜ ਵੀ ਫਿਰੋਜ਼ਪੁਰ ਦੀ ਛਾਉਣੀ ਵਿਚ ਆਪਣੀ ਤਿਆਰੀ ਕਰਨ ਲਗੀ। ਇਸੇ ਦੌਰਾਨ ਲੁਧਿਆਣੇ ਦੇ ਨੇੜੇ ਬਦੋਵਾਲ (21 ਜਨਵਰੀ 1846 ਈ.) ਅਤੇ ਅਲੀਵਾਲ (28 ਜਨਵਰੀ 1846 ਈ.) ਵਿਚ ਅੰਗ੍ਰੇਜ਼ ਅਤੇ ਸਿੱਖ ਫ਼ੌਜਾਂ ਵਿਚਾਲੇ ਦੋ ਨਿਕੀਆਂ ਨਿਕੀਆਂ ਲੜਾਈਆਂ ਹੋਈਆਂ। ਸਿੱਖ ਫ਼ੌਜ ਦੇ ਜਰਨੈਲ ਰਣਜੋਧ ਸਿੰਘ ਦੇ ਵਿਸਾਹ-ਘਾਤ ਕਾਰਣ ਇਥੇ ਵੀ 28 ਜਨਵਰੀ 1846 ਨੂੰ ਅੰਗ੍ਰੇਜ਼ਾਂ ਦੀ ਜਿਤ ਹੋਈ, ਭਾਵੇਂ ਅੰਗ੍ਰੇਜ਼ਾਂ ਦੇ ਕਾਫ਼ੀ ਸੈਨਿਕ ਮਾਰੇ ਗਏ।

ਸਿੱਖਾਂ ਅਤੇ ਅੰਗ੍ਰੇਜ਼ਾਂ ਦੀ ਆਖੀਰਲੀ ਅਤੇ ਨਿਰਣਾਇਕ ਲੜਾਈ 10 ਫਰਵਰੀ 1846 ਈ. ਨੂੰ ਸਭਰਾਵਾਂ ਦੇ ਸਥਾਨ 'ਤੇ ਹੋਈ। ਇਸ ਲੜਾਈ ਲਈ 30 ਹਜ਼ਾਰ ਸਿੱਖ ਫ਼ੌਜ ਸਣੇ 70 ਤੋਪਾਂ, ਬੇੜੀਆਂ ਦੇ ਪੁਲ ਰਾਹੀਂ ਦਰਿਆ ਪਾਰ ਕਰਕੇ ਯੁੱਧ ਲਈ ਆ ਡਟੀ। ਫ਼ੌਜਾਂ ਵਿਚ ਲਾਲ ਸਿੰਘ ਅਤੇ ਤੇਜ ਸਿੰਘ ਦੇ ਧਰੋਹ ਦੇ ਬਾਵਜੂਦ ਬੜਾ ਉਤਸਾਹ ਸੀ। ਪਰ ਲਾਹੌਰ ਦਰਬਾਰ ਵਿਚ ਸਿੱਖ-ਫ਼ੌਜਾਂ ਨੂੰ ਨਸ਼ਟ ਕਰਾਉਣ ਦੀਆਂ ਕਾਰਵਾਈਆਂ ਜ਼ੋਰਾਂ 'ਤੇ ਸਨ। ਰਾਜਾ ਗੁਲਾਬ ਸਿੰਘ ਨੂੰ ਜੰਮੂ ਤੋਂ ਬੁਲਵਾ ਕੇ ਲਾਹੌਰ ਦਰਬਾਰ ਦਾ ਅੰਗ੍ਰੇਜ਼ਾਂ ਨਾਲ ਗੁਪਤ ਸਮਝੌਤਾ ਕਰ ਲਿਆ ਗਿਆ ਸੀ ਅਤੇ ਸਿੱਖ ਫ਼ੌਜ ਨੂੰ ਖ਼ਤਮ ਕਰਨ ਦਾ ਮਨਸੂਬਾ ਵੀ ਬਣਾ ਲਿਆ ਗਿਆ ਸੀ। ਉਧਰ ਸਾਰੇ ਭੇਦ ਅਤੇ ਫ਼ੌਜੀ ਮੋਰਚਾ-ਬੰਦੀ ਦੀ ਕਾਰਵਾਈ ਲਾਲ ਸਿੰਘ ਨੇ 8 ਫਰਵਰੀ ਨੂੰ ਆਪਣੇ ਵਿਸ਼ਵਸਤ ਪਾਤਰ ਸ਼ਮਸੁਦੀਨ ਖ਼ਾਨ ਕਸੂਰੀਏ ਰਾਹੀਂ ਮੇਜਰ ਲਾਰੰਸ ਪਾਸ ਪਹੁੰਚਾ ਦਿੱਤੀ ਸੀ। 10 ਫਰਵਰੀ 1846 ਈ. ਨੂੰ ਦੋਹਾਂ ਧਿਰਾਂ ਵਿਚ ਭਿਆਨਕ ਲੜਾਈ ਆਰੰਭ ਹੋਈ। ਗਿਣੀ-ਮਿਥੀ ਸਾਜ਼ਿਸ਼ ਅਨੁਸਾਰ ਸਿੱਖ ਫ਼ੌਜ ਦਾ ਕਮਾਂਡਰ-ਇਨ-ਚੀਫ਼ ਤੇਜ ਸਿੰਘ ਪਹਿਲਾ ਗੋਲਾ ਚਲਦਿਆਂ ਹੀ ਯੁੱਧ ਭੂਮੀਓਂ ਭਜ ਨਿਕਲਿਆ ਅਤੇ ਜਾਂਦਿਆਂ ਜਾਂਦਿਆਂ ਬੇੜੀਆਂ ਦਾ ਪੁਲ ਵੀ ਤੋੜ ਗਿਆ ਤਾਂ ਜੋ ਫ਼ੌਜ ਪਰਤ ਕੇ ਦਰਿਆ ਪਾਰ ਨ ਕਰ ਸਕੇ। ਸ. ਸ਼ਾਮ ਸਿੰਘ ਅਟਾਰੀਵਾਲੇ ਨੇ ਇਸ ਯੁੱਧ ਵਿਚ ਬੜੀ ਬਹਾਦਰੀ ਨਾਲ ਵੀਰ-ਗਤੀ ਪ੍ਰਾਪਤੀ ਕੀਤੀ। ਨਾਇਕ-ਹੀਨ ਸਿੱਖ ਫ਼ੌਜ ਦੇ ਅੰਤ ਵਿਚ ਯੁੱਧ-ਭੂਮੀ ਤੋਂ ਪੈਰ ਉਖੜ ਗਏ। ਪੁਲ ਟੁਟ ਚੁੱਕਾ ਸੀ, ਜਾਨਾਂ ਬਚਾਉਣ ਲਈ ਉਹ ਦਰਿਆ ਵਿਚ ਕੁਦ ਪਏ, ਪਰ ਵੈਰੀ ਦੀਆਂ ਬੰਦੂਕਾਂ ਨੇ ਹਜ਼ਾਰਾਂ ਸਿਪਾਹੀ ਭੁੰਨ ਦਿੱਤੇ। ਸਿੱਖ-ਫ਼ੌਜ ਦੀ ਬੁਰੀ ਤਰ੍ਹਾਂ ਹਾਰ ਹੋਈ।

ਅੰਗ੍ਰੇਜ਼ ਸਰਕਾਰ ਅਤੇ ਲਾਹੌਰ ਦਰਬਾਰ ਵਿਚ ਯੁੱਧ ਤੋਂ ਪਹਿਲਾਂ ਹੋਏ ਗੁਪਤ ਸਮਝੌਤੇ ਅਨੁਸਾਰ 12 ਫਰਵਰੀ 1846 ਨੂੰ ਗਵਰਨਰ ਜਨਰਲ ਦਰਿਆਓਂ ਪਾਰ ਕਸੂਰ ਪਹੁੰਚ ਗਿਆ ਅਤੇ ਗੁਲਾਬ ਸਿੰਘ ਲਾਹੌਰ ਦਰਬਾਰ ਦੇ ਕੁਝ ਅਧਿਕਾਰੀਆਂ ਸਹਿਤ ਉਨ੍ਹਾਂ ਨੂੰ ਕਸੂਰੋਂ ਲੈਣ ਆਇਆ। ਜੰਮੂ ਕਸ਼ਮੀਰ ਦਾ ਇਲਾਕਾ 75 ਲੱਖ ਰੁਪਏ ਦੀ ਨਾਂ-ਮਾਤ੍ਰ ਰਕਮ ਦੇ ਬਦਲੇ ਰਾਜਾ ਗੁਲਾਬ ਸਿੰਘ ਨੂੰ ਦੇ ਦਿੱਤਾ ਗਿਆ। ਸਤਲੁਜ ਅਤੇ ਬਿਆਸ ਵਿਚਲਾ ਇਲਾਕਾ ਅੰਗ੍ਰੇਜ਼ੀ ਰਾਜ ਨਾਲ ਮਿਲਾ ਲਿਆ ਗਿਆ ਅਤੇ ਲਾਹੌਰ ਸਰਕਾਰ ਦੇ ਰਹਿੰਦੇ ਇਲਾਕੇ ਉਤੇ ਦਲੀਪ ਸਿੰਘ ਦਾ ਰਾਜ ਮੰਨ ਲਿਆ ਗਿਆ। ਸਿੱਖ-ਫ਼ੌਜ ਦੀ ਨਫ਼ਰੀ ਬਹੁਤ ਘਟਾ ਦਿੱਤੀ ਗਈ। ਅੰਗ੍ਰੇਜ਼ ਰੈਜ਼ੀਡੈਂਟ ਲਾਹੌਰ ਵਿਚ ਰਹਿਣ ਲਗ ਗਿਆ ਅਤੇ ਗੋਰਾ ਫ਼ੌਜ ਦੀ ਛਾਉਣੀ ਲਾਹੌਰ ਵਿਚ ਕਾਇਮ ਕਰ ਦਿੱਤੀ ਗਈ।

ਇਸ ਤੋਂ ਬਾਦ ਜਦੋਂ ਰਾਜਾ ਗੁਲਾਬ ਸਿੰਘ ਕਸ਼ਮੀਰ ਰਾਜ ਦੀ ਵਾਗ-ਡੋਰ ਸੰਭਾਲਣ ਗਿਆ ਤਾਂ ਉਥੇ ਲਾਹੌਰ ਦਰਬਾਰ ਵਲੋਂ ਨਿਯੁਕਤ ਹਾਕਮ ਸ਼ੇਖ ਇਮਾਮੁੱਦੀਨ ਨੇ ਰਾਜ ਅਧਿਕਾਰ ਸੌਂਪਣੋਂ ਇਨਕਾਰ ਕਰ ਦਿੱਤਾ। ਇਸ ਸਭ ਦਾ ਮੂਲ ਕਾਰਣ ਇਹ ਸੀ ਕਿ ਪ੍ਰਧਾਨਮੰਤਰੀ ਲਾਲ ਸਿੰਘ ਨੇ ਸ਼ੇਖ ਨੂੰ ਕਬਜ਼ਾ ਦੇਣੋਂ ਰੋਕਿਆ ਹੋਇਆ ਸੀ। ਫਲਸਰੂਪ ਅੰਗ੍ਰੇਜ਼ਾਂ ਨੇ ਸੈਨਿਕ ਸ਼ਕਤੀ ਦੇ ਬਲ 'ਤੇ ਰਾਜਾ ਗੁਲਾਬ ਸਿੰਘ ਨੂੰ

ਰਾਜ-ਅਧਿਕਾਰ ਦਿਵਾਇਆ ਅਤੇ ਲਾਲ ਸਿੰਘ ਨੂੰ ਅੰਗ੍ਰੇਜ਼ਾਂ ਦੇ ਫ਼ੈਸਲੇ ਵਿਚ ਰੋੜਾ ਬਣਨ ਕਰਕੇ ਪ੍ਰਧਾਨ ਮੰਤਰੀ ਦੇ ਪਦ ਤੋਂ ਹਟਾ ਦਿੱਤਾ ਅਤੇ ਪੈਨਸ਼ਨ ਦੇ ਕੇ ਪੰਜਾਬੋਂ ਬਾਹਰ ਭੇਜ ਦਿੱਤਾ। ਜੰਗ ਤੋਂ ਬਾਦ ਹੋਏ ਅਹਿਦਨਾਮੇ ਮੁਤਾਬਕ ਸਾਲ 1846 ਈ. ਦੇ ਅੰਤ ਵਿਚ ਅੰਗ੍ਰੇਜ਼ ਫ਼ੌਜ ਨੇ ਲਾਹੌਰੋਂ ਜਾਣਾ ਸੀ, ਪਰ ਉਸ ਨੂੰ ਵਾਪਸ ਨ ਕੀਤਾ ਗਿਆ ਅਤੇ 16 ਦਸੰਬਰ 1846 ਈ. ਨੂੰ ਭੈਰੋਵਾਲ ਪਿੰਡ ਵਾਲੀ ਥਾਂ 'ਤੇ ਨਵਾਂ ਅਹਿਦਨਾਮਾ ਕੀਤਾ ਗਿਆ।

ਭੈਰੋਵਾਲ ਵਾਲੇ ਅਹਿਦਨਾਮੇ ਅਨੁਸਾਰ ਗਵਰਨਰ ਜਨਰਲ ਵਲੋਂ ਨਿਯੁਕਤ ਕੀਤੇ ਗਏ ਅੰਗ੍ਰੇਜ਼ ਅਧਿਕਾਰੀ ਨੂੰ ਹਰ ਇਕ ਮਹਿਕਮੇ ਦੇ ਹਰ ਕੰਮ ਵਿਚ ਦਖ਼ਲ ਦੇਣ ਦੇ ਸਿਧੇ ਅਤੇ ਪੂਰੇ ਅਧਿਕਾਰ ਹੋਣਗੇ। ਗਵਰਨਰ ਜਨਰਲ ਲੋੜ ਅਨੁਸਾਰ ਲਾਹੌਰ ਰਾਜ ਦੇ ਕਿਸੇ ਖੇਤਰ ਵਿਚ ਸ਼ਾਂਤੀ ਕਾਇਮ ਰਖਣ ਲਈ ਉਥੋਂ ਦੇ ਕਿਲ੍ਹੇ ਉਤੇ ਕਬਜ਼ਾ ਕਰ ਸਕਦਾ ਹੈ। ਮਹਾਰਾਜਾ ਦਲੀਪ ਸਿੰਘ ਦੀ ਰਖਿਆ ਲਈ ਅੰਗ੍ਰੇਜ਼ ਫ਼ੌਜ ਲਾਹੌਰ ਵਿਚ ਰਹਿੰਦੀ ਰਹੇਗੀ। ਲਾਹੌਰ ਦਰਬਾਰ ਅੰਗ੍ਰੇਜ਼ ਫ਼ੌਜ ਦੇ ਖ਼ਰਚ ਲਈ 22 ਲੱਖ ਰੁਪਏ ਸਾਲਾਨਾ ਦੇਵੇਗੀ। ਮਹਾਰਾਣੀ ਜਿੰਦਾ ਨੂੰ ਅਗੋਂ ਲਈ ਕੇਵਲ ਡੇਢ ਲੱਖ ਰੁਪਇਆ ਸਾਲਾਨਾ ਖ਼ਰਚ ਲਈ ਮਿਲੇਗਾ। ਇਹ ਸੰਧੀ-ਪੱਤਰ ਮਹਾਰਾਜਾ ਦੇ ਬਾਲਗ ਹੋਣ ਤੋਂ ਬਾਦ ਖ਼ਤਮ ਸਮਝਿਆ ਜਾਵੇਗਾ।

ਇਸ ਅਹਿਦਨਾਮੇ ਨਾਲ ਰਾਣੀ ਜਿੰਦਾ ਦਾ ਲਾਹੌਰ ਰਾਜ ਵਿਚ ਅਧਿਕਾਰ ਅਤੇ ਦਖ਼ਲ ਖ਼ਤਮ ਹੋ ਗਿਆ। ਅੰਗ੍ਰੇਜ਼ਾਂ ਵਲੋਂ ਹੈਨਰੀ ਲਾਰੰਸ ਨੂੰ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ। ਇਸ ਅਹਿਦਨਾਮੇ ਅਨੁਸਾਰ ਅੱਠ ਸ਼ਖ਼ਸੀਅਤਾਂ— ਤੇਜ ਸਿੰਘ, ਸ਼ੇਰ ਸਿੰਘ ਅਟਾਰੀਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਰਣਜੋਧ ਸਿੰਘ ਮਜੀਠੀਆ, ਭਾਈ ਨਿਧਾਨ ਸਿੰਘ, ਅਤਰ ਸਿੰਘ ਅਤੇ ਸ਼ਮਸ਼ੇਰ ਸਿੰਘ ਸੰਧਾਵਾਲੀਆ— ਦੀ ਕੌਂਸਲ ਬਣਾਈ ਗਈ ਜਿਸ ਦੀ ਜ਼ਿੰਮੇਵਾਰੀ ਲਾਹੌਰ ਦਰਬਾਰ ਦੇ ਅੰਦਰਲੇ ਪ੍ਰਬੰਧ ਨੂੰ ਚਲਾਉਣਾ ਸੀ। ਜੁਲਾਈ, 1847 ਈ. ਵਿਚ ਗਵਰਨਰ ਨੇ ਰੈਜ਼ੀਡੈਂਟ ਨੂੰ ਇਹ ਅਧਿਕਾਰ ਵੀ ਦੇ ਦਿੱਤਾ ਕਿ ਉਹ ਕੌਂਸਲ ਦੇ ਮੈਂਬਰਾਂ ਨੂੰ ਹਟਾ ਅਤੇ ਨਿਯੁਕਤ ਕਰ ਸਕਦਾ ਹੈ। ਨਾਲੇ ਜਿਥੇ ਚਾਹੇ ਉਹ ਸਿੱਖ-ਫ਼ੌਜ ਹਟਾ ਕੇ ਅੰਗ੍ਰੇਜ਼ ਫ਼ੌਜ ਰਖ ਸਕਦਾ ਹੈ। ਇਸ ਤਰ੍ਹਾਂ ਅੰਗ੍ਰੇਜ਼ਾਂ ਨੇ ਲਾਹੌਰ ਦਰਬਾਰ ਵਿਚ ਆਪਣਾ ਦਾਬਾ ਹਦੋਂ ਵਧ ਵਧਾ ਲਿਆ।

**ਅੰਜੁਲੀਆਂ ਮਹਲਾ ੫** (ਬਾਣੀ) : ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਮਾਰੂ ਰਾਗ ਵਿਚ ਦਰਜ ਹੈ। 'ਅੰਜੁਲੀ' ਦਾ ਸ਼ਾਬਦਿਕ ਅਰਥ ਹੈ ਬੁਕ। ਪਰ ਇਸ ਦਾ ਧਾਰਮਿਕ ਭਾਵ ਪਾਣੀ ਦੀ ਉਸ ਚੁਲੀ ਤੋਂ ਹੈ ਜੋ ਦੇਵੀ-ਦੇਵਤਿਆਂ ਨਿਮਿਤ ਅਰਪਿਤ ਕੀਤੀ ਜਾਂਦੀ ਹੈ। ਇਸ ਦਾ ਸੰਬੰਧ ਮ੍ਰਿਤ ਮਨੁੱਖ ਦੀ ਅੰਤਿਮ ਕ੍ਰਿਆ ਨਾਲ ਵੀ ਹੈ ਕਿਉਂਕਿ ਹਿੰਦੂ-ਧਰਮ ਵਿਚ ਮੁਰਦੇ ਦੇ ਦਾਹ-ਸੰਸਕਾਰ ਤੋਂ ਬਾਦ ਪਾਣੀ ਵਿਚ ਤਿਲ ਮਿਲਾ ਕੇ ਚੁਲੀਆਂ ਦੇਣ ਦੀ ਰੀਤ ਹੈ। ਇਸ ਨਾਲ ਮਰੇ ਹੋਏ ਵਿਅਕਤੀ ਨੂੰ ਅਗਲੇ ਜਨਮ ਵਿਚ ਲਾਭ ਹੁੰਦਾ ਹੈ। ਇਸ ਨੂੰ 'ਤਿਲਾਂਜਲੀ' ਵੀ ਕਿਹਾ ਜਾਂਦਾ ਹੈ।

ਮਾਰੂ ਰਾਗ ਦੇ ਚਉਪਦਿਆਂ ਅਤੇ ਅਸ਼ਟਪਦੀਆਂ ਨਾਲ ਗੁਰੂ ਅਰਜਨ ਦੇਵ ਜੀ ਦੇ ਦੋ ਦੋ ਸ਼ਬਦ ਅੰਜੁਲੀਆਂ ਵਜੋਂ ਸੰਕਲਿਤ ਹਨ। ਇਨ੍ਹਾਂ ਵਿਚ ਚਉਪਦਿਆਂ ਵਾਲੇ ਪਹਿਲੇ ਸ਼ਬਦ ਵਿਚ ਤਿੰਨ ਤਿੰਨ ਤੁਕਾਂ ਦੇ ਚਾਰ ਬੰਦ ਅਤੇ ਦੂਜੇ ਵਿਚ ਪੰਜ ਬੰਦ ਹਨ। ਦੂਜੇ ਸ਼ਬਦ ਦੇ ਪੰਜਵੇਂ ਬੰਦ ਦੀਆਂ ਦੋ ਤੁਕਾਂ ਅਤੇ ਬਾਕੀ ਚਾਰ ਦੀ ਇਕ ਇਕ ਤੁਕ ਹੈ। ਚਉਪਦਿਆਂ ਵਾਲੇ ਸ਼ਬਦਾਂ ਵਿਚ ਪਰਮਾਤਮਾ ਅਗੇ ਹਥ ਜੋੜ ਕੇ ਅਰਜ਼ੋਈ ਕੀਤੀ ਗਈ ਹੈ ਅਤੇ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਜਿਗਿਆਸੂ ਨੂੰ ਪ੍ਰੇਰਣਾ ਦਿੱਤੀ ਗਈ ਹੈ ਕਿਉਂਕਿ ਪਰਮਾਤਮਾ ਸਭ ਦੀ ਸਦਾ ਦੇਖ-ਭਾਲ ਕਰਦਾ ਹੋਇਆ ਉਸ ਦਾ ਹਿਤ-ਚਿੰਤਕ ਹੈ।

ਅਸ਼ਟਪਦੀਆਂ ਵਾਲੇ ਸ਼ਬਦਾਂ ਵਿਚ ਜਿਗਿਆਸੂ ਨੂੰ ਉਤਸਾਹਿਤ ਕੀਤਾ ਗਿਆ ਹੈ ਕਿ ਉਹ ਆਪਣੇ ਆਪ ਨੂੰ ਮਾਇਆ ਦੇ ਪ੍ਰਭਾਵ ਤੋਂ ਬਚਾਏ ਅਤੇ ਮਾੜੇ ਕਰਮਾਂ ਦਾ ਤਿਆਗ ਕਰਕੇ ਹਰਿ-ਭਗਤੀ ਵਿਚ ਮਗਨ ਹੋਏ। ਇਸ ਚਲਾਇਮਾਨ ਸੰਸਾਰ ਨਾਲ ਮੋਹ ਪਾਣ ਦਾ ਕੋਈ ਲਾਭ ਨਹੀਂ।

**ਅੰਬਾਲਾ** (ਨਗਰ): ਹਰਿਆਣਾ ਰਾਜ ਦਾ ਇਕ ਮਹੱਤਵਪੂਰਣ ਨਗਰ ਜੋ ਦਿੱਲੀ-ਅੰਮ੍ਰਿਤਸਰ ਰੇਲ-ਮਾਰਗ ਦੇ ਅੱਧ ਵਿਚ ਪੈਂਦਾ ਹੈ ਅਤੇ ਇਕ ਵੱਡਾ ਜੰਕਸ਼ਨ ਹੈ। ਇਸ ਦੇ ਨਾਂ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਸ ਨੂੰ ਚੌਦਵੀਂ ਸਦੀ ਵਿਚ ਅੰਬਾ ਜਾਤਿ ਦੇ ਕਿਸੇ ਰਾਜਪੂਤ ਨੇ ਵਸਾਇਆ ਸੀ। ਦੂਜੇ ਮਤ ਅਨੁਸਾਰ ਇਸ ਦੇ ਇਰਦ-ਗਿਰਦ ਅੰਬਾਂ ਦੇ ਬਾਗ਼ਾਂ ਦੀ ਬਹੁਤਾਤ ਕਾਰਣ ਇਸ ਨੂੰ 'ਅੰਬਾਲਾ' ਕਿਹਾ ਜਾਣ ਲਗਿਆ।

ਜਨਵਰੀ 1764 ਈ. ਵਿਚ ਸਰਹਿੰਦ ਉਤੇ ਸਿੱਖਾਂ ਦਾ ਕਬਜ਼ਾ ਹੋ ਜਾਣ ਤੋਂ ਬਾਦ ਨਿਸ਼ਾਨਾਂਵਾਲੀ ਮਿਸਲ ਦੇ ਸ. ਦਸੌਂਧਾ ਸਿੰਘ ਨੇ ਸਤਲੁਜ ਪਾਰ ਦੇ ਕਈ ਕਸਬਿਆਂ ਨੂੰ ਆਪਣੇ ਅਧਿਕਾਰ ਵਿਚ ਕਰਕੇ ਅੰਬਾਲਾ ਨੂੰ ਆਪਣੀ ਰਾਜਧਾਨੀ ਬਣਾਇਆ। ਦਸੌਂਧਾ ਸਿੰਘ ਦੀ ਮ੍ਰਿਤੂ ਤੋਂ ਬਾਦ, ਉਸ ਦਾ ਛੋਟਾ ਭਰਾ ਸੰਗਤ ਸਿੰਘ ਮਿਸਲ ਦਾ ਮੁਖੀ ਬਣਿਆ। ਉਸ ਨੇ ਅੰਬਾਲੇ ਦਾ ਅਧਿਕਾਰ ਆਪਣੇ ਦਾਦੇ-ਪੋਤਰੇ ਭਰਾਵਾਂ ਲਾਲ ਸਿੰਘ ਅਤੇ ਗੁਰਬਖ਼ਸ਼ ਸਿੰਘ ਨੂੰ ਸੌਂਪ ਦਿੱਤਾ। ਸੰਨ 1786 ਈ. ਵਿਚ ਗੁਰਬਖ਼ਸ਼ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦੀ ਰਾਣੀ ਦਯਾ ਕੌਰ ਨੇ ਰਿਆਸਤ ਦੀ ਵਾਗ-ਡੋਰ ਆਪਣੇ ਹੱਥ ਵਿਚ ਲਈ ਅਤੇ 37 ਸਾਲ ਬੜੇ ਸੁਚੱਜੇ ਢੰਗ ਨਾਲ ਪ੍ਰਸ਼ਾਸਨ ਕੀਤਾ। ਸੰਨ 1823 ਈ. ਵਿਚ ਰਾਣੀ ਦਯਾ ਕੌਰ ਦੀ ਮ੍ਰਿਤੂ ਤੋਂ ਬਾਦ ਉਸ ਦੀ ਰਿਆਸਤ ਅਤੇ ਜਾਇਦਾਦ ਨੂੰ ਅੰਗ੍ਰੇਜ਼ਾਂ ਨੇ ਆਪਣੇ ਅਧਿਕਾਰ ਵਿਚ ਲੈ ਲਿਆ।

ਸੰਨ 1823 ਈ. ਵਿਚ ਫੂਲਕੀਆਂ ਅਤੇ ਆਸ-ਪਾਸ ਦੀਆਂ ਰਿਆਸਤਾਂ ਲਈ ਅੰਬਾਲੇ ਵਿਚ ਪੁਲੀਟੀਕਲ ਏਜੰਟ ਦੀ ਨਿਯੁਕਤੀ ਹੋਈ। ਸੰਨ 1843 ਈ. ਵਿਚ ਇਸ ਨਗਰ ਦੇ ਨਾਲ ਛਾਉਣੀ ਦੀ ਸਥਾਪਨਾ ਹੋਈ। ਸੰਨ 1849 ਈ. ਵਿਚ ਇਸ ਨੂੰ ਜ਼ਿਲ੍ਹੇ ਦਾ ਸਦਰ ਮੁਕਾਮ ਬਣਾ ਦਿੱਤਾ ਗਿਆ।

ਅੰਬਾਲਾ ਨਗਰ ਵਿਚ ਕਈ ਗੁਰੂ-ਧਾਮ ਮੌਜੂਦ ਹਨ, ਜਿਵੇਂ ਕਿ —

(1) *ਗੁਰਦੁਆਰਾ ਮੰਜੀ ਸਾਹਿਬ*, ਜੋ ਜੀ.ਟੀ.ਰੋਡ ਦੇ ਨੇੜੇ ਸਥਿਤ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਵੇਲੇ 'ਖੁਰਮਪੁਰ' ਨਾਂ ਦਾ ਪਿੰਡ ਵਸਦਾ ਸੀ। ਗੁਰੂ ਜੀ ਦਿੱਲੀ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਜਾਂਦੇ ਹੋਏ ਇਥੇ ਰਾਤ ਭਰ ਠਹਿਰੇ ਸਨ। ਪਾਣੀ ਦੀ ਕਿਲਤ ਕਰਕੇ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਇਕ ਬਾਉਲੀ ਬਣਾਉਣ ਲਈ ਆਦੇਸ਼ ਦਿੱਤਾ। ਕਹਿੰਦੇ ਹਨ ਕਿ ਗੁਰੂ ਜੀ ਦੇ ਦਿੱਲੀਓਂ ਪਰਤਣ ਤਕ ਬਾਉਲੀ ਤਿਆਰ ਹੋ ਚੁਕੀ ਸੀ। ਸੰਨ 1702 ਈ. ਵਿਚ ਇਥੇ ਗੁਰੂ ਗੋਬਿੰਦ ਸਿੰਘ ਜੀ ਵੀ ਪਧਾਰੇ ਸਨ। ਬੰਦਾ ਸਿੰਘ ਬਹਾਦਰ ਵੀ ਸਰਹਿੰਦ ਉਤੇ ਆਕ੍ਰਮਣ ਕਰਨ ਤੋਂ ਪਹਿਲਾਂ ਇਥੇ ਰੁਕਿਆ ਸੀ। ਟਾਂਗਰੀ ਦਰਿਆ ਦੇ ਹੜ੍ਹਾਂ ਕਾਰਣ ਖੁਰਮਪੁਰ ਪਿੰਡ ਬਰਬਾਦ ਹੋ ਗਿਆ। ਫਲਸਰੂਪ, ਬਾਉਲੀ ਪ੍ਰਤਿ ਲੋਕੀਂ ਅਵੇਸਲੇ ਹੋ ਗਏ। ਮਹਾਰਾਜਾ ਹੀਰਾ ਸਿੰਘ ਨਾਭਾ ਨੇ ਇਥੇ ਫਿਰ ਗੁਰੂ-ਧਾਮ ਬਣਵਾਇਆ। ਦੇਸ਼-ਵੰਡ ਤੋਂ ਬਾਦ ਇਸ ਧਰਮ-ਧਾਮ ਦੀ ਨਵੇਂ ਸਿਰਿਓਂ ਉਸਾਰੀ ਹੋਈ। ਹੁਣ ਇਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਲੜਕੀਆਂ ਲਈ ਸਕੂਲ ਬਣਿਆ ਹੋਇਆ ਹੈ। ਇਸ ਦੀ ਪ੍ਰਬੰਧਕੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦਿਨ ਉਤੇ ਇਥੇ ਕਾਫ਼ੀ ਵੱਡਾ ਸਮਾਗਮ ਹੁੰਦਾ ਹੈ। ਇਹ ਅੰਬਾਲਾ ਨਗਰ ਦਾ ਸਭ ਤੋਂ ਵੱਡੀ ਰੌਣਕ ਵਾਲਾ ਗੁਰੂ-ਧਾਮ ਹੈ।

(2) *ਗੁਰਦੁਆਰਾ ਬਾਦਸ਼ਾਹੀ ਬਾਗ਼*, ਜੋ ਜ਼ਿਲ੍ਹਾ ਕਚਹਿਰੀਆਂ ਦੇ ਨੇੜੇ ਬਣਿਆ ਹੋਇਆ ਹੈ। (ਗੁਰੂ) ਬਾਲਕ ਗੋਬਿੰਦ ਰਾਇ ਲਖਨੌਰ ਨਾਂ ਦੇ ਕਸਬੇ ਦੀ ਠਹਿਰ ਦੌਰਾਨ ਇਕ ਵਾਰ ਇਥੇ ਸੈਰ ਕਰਨ ਆਏ ਸਨ। ਜਹਾਂਗੀਰ ਬਾਦਸ਼ਾਹ ਕਸ਼ਮੀਰ ਜਾਂ ਪੰਜਾਬ ਵਲ ਆਉਣ ਜਾਣ ਵੇਲੇ ਇਥੇ ਹੀ ਠਹਿਰਿਆ ਕਰਦਾ ਸੀ। ਇਥੇ ਹੀ ਬਾਲਕ ਗੁਰੂ ਜੀ ਨੇ ਪੀਰ ਨੂਰਦੀਨ ਦੇ ਬਾਜ਼ ਨੂੰ ਚਿੜੀਆਂ ਤੋਂ ਮਰਵਾ ਕੇ ਪੀਰ ਨੂੰ ਆਪਣੀ ਅਜ਼ਮਤ ਦਾ ਅਹਿਸਾਸ ਕਰਵਾਇਆ ਸੀ। ਨਿਸ਼ਾਨਾਂਵਾਲੀ ਮਿਸਲ ਦੇ ਸਰਦਾਰ ਨੇ ਇਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਵਾਇਆ ਸੀ। ਪਰ ਬਹੁਤ ਸਮੇਂ ਤਕ ਇਸ ਦੀ ਦੇਖ-ਭਾਲ ਨ ਹੋਈ। ਸੰਨ 1926 ਈ. ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆ ਗਿਆ। ਪਟਿਆਲਾ ਦੇ ਸੰਤ ਗੁਰਮੁਖ ਸਿੰਘ ਨੇ ਇਥੇ ਬਾਗ਼ ਲਗਵਾਉਣ ਦਾ ਉਦਮ ਕੀਤਾ। ਦੇਸ਼-ਵੰਡ ਤੋਂ ਬਾਦ ਗੁਰਦੁਆਰੇ ਦੀ ਇਮਾਰਤ ਵਿਚ ਕਾਫ਼ੀ ਵਿਕਾਸ ਹੋਇਆ। ਹੁਣ ਇਥੇ ਸੁੰਦਰ ਗੁਰੂ-ਧਾਮ ਬਣਿਆ ਹੋਇਆ ਹੈ।

(3) *ਗੁਰਦੁਆਰਾ ਗੋਬਿੰਦਪੁਰਾ ਪਾਤਿਸ਼ਾਹੀ ਦਸਵੀਂ*, ਜੋ 'ਲਖੂ ਕਾ ਤਾਲਾਬ' ਦੇ ਨੇੜੇ ਸਥਿਤ ਹੈ। ਕਹਿੰਦੇ ਹਨ ਕਿ (ਗੁਰੂ) ਬਾਲਕ ਗੋਬਿੰਦ ਰਾਇ ਨੇ ਗੁਰਦੁਆਰਾ ਬਾਦਸ਼ਾਹੀ ਬਾਗ਼ ਤੋਂ ਪੀਰ ਨੂਰਦੀਨ ਦੇ ਜਿਸ ਬਾਜ਼ ਨੂੰ ਚਿੜੀਆਂ ਤੋਂ ਪਿਛਾ ਕਰਕੇ ਮਰਵਾਇਆ ਸੀ, ਉਹ ਇਸ ਥਾਂ 'ਤੇ ਆ ਕੇ ਡਿਗਿਆ ਸੀ। ਉਥੇ ਰਹਿੰਦਾ ਪੀਰ ਸੱਯਦ ਸ਼ਾਹ ਇਹ ਕੌਤਕ ਵੇਖ ਕੇ ਬਾਲਕ (ਗੁਰੂ) ਪਾਸ ਆਇਆ ਅਤੇ ਆਪਣੇ ਘਰਾਂ ਦੇ ਨੇੜੇ ਮਿਠੇ ਜਲ

ਲਈ ਖੂਹ ਪੁਟਵਾ ਦੇਣ ਲਈ ਬੇਨਤੀ ਕੀਤੀ। ਉਦੋਂ ਕੀਤੇ ਗਏ ਗੁਰੂ ਜੀ ਦੇ ਆਦੇਸ਼ ਅਨੁਸਾਰ ਖੂਹ ਪੁਟਿਆ ਗਿਆ, ਜੋ ਹੁਣ ਵੀ ਮੌਜੂਦ ਹੈ। ਦੇਸ਼-ਵੰਡ ਤੋਂ ਬਾਦ ਗੁਰਦੁਆਰੇ ਦੀ ਇਮਾਰਤ ਬਣਵਾਈ ਗਈ ਹੈ।

(4) *ਗੁਰਦੁਆਰਾ ਸਤਿਸੰਗ ਸਾਹਿਬ*, ਜੋ ਸ਼ਹਿਰ ਵਿਚ ਕੁੰਮਿਹਾਰਾਂ ਦੇ ਮਹੱਲੇ ਕੋਲ ਬਣਿਆ ਹੋਇਆ ਹੈ। ਇਕ ਵਾਰ ਗੁਰੂ ਗੋਬਿੰਦ ਸਿੰਘ ਆਨੰਦਪੁਰ ਤੋਂ ਕੁਰੁਕ੍ਸ਼ੇਤ੍ਰ ਜਾਂਦੇ ਹੋਇਆਂ ਇਥੇ ਇਕ ਬ੍ਰਿਛ ਹੇਠਾਂ ਰੁਕੇ ਸਨ। ਉਥੇ ਰਹਿੰਦੇ ਮਿਹਰ ਧੁਮੀਆਂ ਨੇ ਗੁਰੂ ਜੀ ਨੂੰ ਕਿਹਾ ਕਿ ਇਸ ਬ੍ਰਿਛ ਹੇਠਾਂ ਨ ਬੈਠਣ ਕਿਉਂਕਿ ਇਸ ਵਿਚ ਭੂਤਾਂ ਦਾ ਵਾਸਾ ਹੈ। ਇਹ ਵੀ ਦਸਿਆ ਕਿ ਇਥੇ ਇਕ ਵਾਰ ਕੋਈ ਰਾਹਗੀਰ ਰੁਕਿਆ ਸੀ ਅਤੇ ਕਿਸੇ ਸਿੱਖ ਦਾ ਘਰ ਪੁਛਿਆ ਸੀ। ਉਸ ਨੇ ਬ੍ਰਿਛ ਨਾਲ ਜਿਥੇ ਛਿਕੂ ਟੰਗਿਆ ਸੀ, ਉਥੇ ਪੱਤਰਾਂ ਨਾਲ ਲਹੂ ਦੇ ਦਾਗ਼ ਲਗ ਗਏ ਸਨ। ਗੁਰੂ ਜੀ ਸਮਝ ਗਏ ਕਿ ਉਹ ਰਾਹਗੀਰ ਭਾਈ ਜੈਤਾ ਸੀ ਅਤੇ ਛਿਕੂ ਵਿਚ ਉਸ ਨੇ ਨੌਵੇਂ ਗੁਰੂ ਸਾਹਿਬ ਦਾ ਸੀਸ ਰਖਿਆ ਹੋਇਆ ਸੀ। ਗੁਰੂ ਜੀ ਉਥੇ ਕੁਝ ਦਿਨ ਠਹਿਰੇ ਅਤੇ ਸਤਿਸੰਗ ਕੀਤਾ। ਹੁਣ ਉਥੇ ਬਣਿਆ ਗੁਰਦੁਆਰਾ ਇਸੇ ਨਾਂ ਨਾਲ ਪ੍ਰਸਿੱਧ ਹੈ।

(5) *ਗੁਰਦੁਆਰਾ ਸੀਸ ਗੰਜ*, ਜੋ ਗੁਰਦੁਆਰਾ ਮੰਜੀ ਸਾਹਿਬ ਤੋਂ ਲਗਭਗ 300 ਮੀਟਰ ਦੂਰ 'ਤਵਕਲਸ਼ਾਹ ਦੀ ਮਸੀਤ' ਕੋਲ ਹੈ। ਇਥੇ ਇਕ ਸਿੱਖ ਦੇ ਘਰ ਆਨੰਦਪੁਰ ਨੂੰ ਨੌਵੇਂ ਗੁਰੂ ਦਾ ਸੀਸ ਲੈ ਜਾਂਦਿਆਂ ਭਾਈ ਜੈਤਾ ਠਹਿਰਿਆ ਸੀ। ਸੰਨ 1925 ਈ. ਤੋਂ ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਸੰਨ 1969 ਈ. ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਉਸਾਰੀ ਗਈ ਹੈ।

**ਅੰਮ੍ਰਿਤ** (ਰਸ) : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਤੋਂ ਭਾਵ ਹੈ ਉਹ ਤਰਲ ਪਦਾਰਥ ਜਿਸ ਨੂੰ ਪਾਨ ਕਰਨ ਨਾਲ ਮ੍ਰਿਤੂ ਨਹੀਂ ਹੁੰਦੀ ਜਾਂ ਮ੍ਰਿਤੂ ਦਾ ਡਰ ਖ਼ਤਮ ਹੋ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਭਾਵੇਂ 'ਰਿਗਵੇਦ' ਵਿਚ ਹੋਈ ਮਿਲ ਜਾਂਦੀ ਹੈ, ਪਰ ਇਸ ਦੀ ਪਰਿਭਾਸ਼ਿਕ ਸ਼ਬਦ ਵਜੋਂ ਵਰਤੋਂ 'ਮਹਾਭਾਰਤ' ਅਤੇ ਪੁਰਾਣ-ਕਾਲ ਤੋਂ ਸ਼ੁਰੂ ਹੁੰਦੀ ਹੈ।

'ਮਹਾਭਾਰਤ' ਵਿਚ ਅੰਮ੍ਰਿਤ ਦੀ ਉਤਪੱਤੀ ਦੇ ਸੰਬੰਧ ਵਿਚ ਲਿਖਿਆ ਹੈ ਕਿ ਜਦੋਂ ਪ੍ਰਿਥੂ ਰਾਜੇ ਤੋਂ ਡਰਦੀ ਧਰਤੀ ਨੇ ਗਊ ਦਾ ਰੂਪ ਧਾਰਣ ਕਰ ਲਿਆ ਤਾਂ ਦੇਵਤਿਆਂ ਨੇ ਇੰਦ੍ਰ ਨੂੰ ਵੱਛਾ ਬਣਾ ਕੇ ਉਸ ਗਊ ਦਾ ਅੰਮ੍ਰਿਤ ਤੁਲ ਦੁੱਧ ਸੋਨੇ ਦੇ ਪਾਤਰ ਵਿਚ ਚੋਇਆ। ਪਰ ਦੁਰਬਾਸਾ ਰਿਸ਼ੀ ਦੇ ਸਰਾਪ ਕਾਰਣ ਉਹ ਅੰਮ੍ਰਿਤ ਸਮੁੰਦਰ ਵਿਚ ਚਲਾ ਗਿਆ। ਕਾਲਾਂਤਰ ਵਿਚ ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਸਮੁੰਦਰ ਨੂੰ ਰਿੜਕਿਆ ਤਾਂ ਉਸ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚ ਇਕ 'ਅੰਮ੍ਰਿਤ' ਵੀ ਸੀ ਜਿਸ ਨੂੰ ਕਲਸ ਵਿਚ ਪਾਏ ਹੋਇਆਂ ਧਨਵੰਤਰਿ ਬਾਹਰ ਆਇਆ। ਦੈਂਤ ਉਸ ਤੋਂ ਅੰਮ੍ਰਿਤ ਕਲਸ ਖੋਹ ਕੇ ਭਜ ਪਏ। ਵਿਸ਼ਣੂ ਨੂੰ ਇਹ ਇਛਿਤ ਨਹੀਂ ਸੀ ਕਿਉਂਕਿ ਜੇ ਦੈਂਤਾਂ ਨੇ ਅੰਮ੍ਰਿਤ ਪਾਨ ਕਰ ਲਿਆ ਤਾਂ ਉਹ ਅਮਰ ਹੋ ਜਾਣਗੇ ਅਤੇ ਧਰਤੀ ਉਤੇ ਨੇਕੀ ਦਾ ਬੀਜ ਮਿਟ ਜਾਏਗਾ। ਫਲਸਰੂਪ, ਵਿਸ਼ਣੂ ਨੇ 'ਮੋਹਣੀ' ਇਸਤਰੀ ਦਾ ਰੂਪ ਧਾਰਣ ਕਰਕੇ ਦੈਂਤਾਂ ਨੂੰ ਮੋਹ ਲਿਆ ਅਤੇ ਉਨ੍ਹਾਂ ਤੋਂ ਅੰਮ੍ਰਿਤ ਦਾ ਕਲਸ ਲੈ ਕੇ ਦੇਵਤਿਆਂ ਨੂੰ ਦੇ ਦਿੱਤਾ। ਫਿਰ ਵੀ ਰਾਹੂ ਨਾਂ ਦੇ ਦੈਂਤ ਨੇ ਹੇਰਾ-ਫੇਰੀ ਨਾਲ ਅੰਮ੍ਰਿਤ ਪਾਨ ਕਰਕੇ ਰਾਹੂ-ਕੇਤੂ ਦੇ ਰੂਪ ਵਿਚ ਅਮਰ ਹੋ ਗਿਆ।

ਮੱਧ-ਯੁੱਧ ਵਿਚ ਤਾਂਤ੍ਰਿਕਾਂ ਨੇ ਮਨੁੱਖ ਦੀ ਦੇਹ ਵਿਚ ਅੰਮ੍ਰਿਤ ਦੀ ਖੋਜ ਕੀਤੀ ਅਤੇ ਉਸ ਨੂੰ ਰਸ ਰੂਪ ਮੰਨਿਆ। ਸਿੱਧਾਂ ਨੇ ਇਸ ਨੂੰ 'ਮਹਾਰਸ' ਜਾਂ 'ਮਹਾਸੁਖ' ਕਿਹਾ। ਹਠ-ਸਾਧਨਾ ਦਾ ਮੂਲ ਉੱਦੇਸ਼ ਹੀ ਸਹਸ੍ਰਾਰ-ਚਕ੍ਰ ਦੇ ਹੇਠਾਂ ਸਥਿਤ ਚੰਦ੍ਰਮਾ ਤੋਂ ਝਰਦੇ ਅੰਮ੍ਰਿਤ (ਰਸ) ਨੂੰ ਪਾਨ ਕਰਕੇ ਅਮਰਤਾ ਪ੍ਰਾਪਤ ਕਰਨਾ ਹੈ। ਸੰਤ ਕਬੀਰ ਅਨੁਸਾਰ — *ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ।* (ਗੁ.ਗ੍ਰੰ.969)। ਸੰਤਾਂ ਅਤੇ ਭਗਤਾਂ ਨੇ 'ਭਗਤੀ' ਅਤੇ 'ਨਾਮ' ਨੂੰ ਅੰਮ੍ਰਿਤ ਦਾ ਸਮਾਨਾਰਥਕ ਦਸਿਆ ਹੈ। ਗੁਰਬਾਣੀ ਵਿਚ ਥਾਂ ਥਾਂ 'ਤੇ ਹਰਿ-ਨਾਮ ਨੂੰ ਅੰਮ੍ਰਿਤ ਕਿਹਾ ਗਿਆ ਹੈ — *ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ। ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ।*(ਗੁ.ਗ੍ਰੰ.538)। ਇਸਲਾਮਿਕ ਸਾਹਿਤ ਵਿਚ ਅੰਮ੍ਰਿਤ ਦਾ ਨਾਮਾਂਤਰ 'ਆਬਿ-ਹਯਾਤ' (ਜ਼ਿੰਦਗੀ ਪ੍ਰਦਾਨ ਕਰਨ ਵਾਲਾ ਜਲ) ਹੈ ਜਿਸ ਨੂੰ ਖ਼੍ਵਾਜਾ ਖ਼ਿਜ਼ਰ ਨੇ ਬੜੇ ਯਤਨਾਂ ਨਾਲ ਲਭ ਕੇ ਪੀਤਾ ਸੀ। ਸੁਲਤਾਨ ਬਾਹੂ ਅਨੁਸਾਰ *ਭਰ ਪਿਆਰਾ ਖ਼ਿਜ਼ਰੋਂ ਪੀਤਾ ਬਾਹੂ ਆਬਿ-ਹਯਾਤ ਵਾਲਾ ਹੂ।* ਯੂਨਾਨੀ ਰਵਾਇਤਾਂ ਵਿਚ ਅੰਮ੍ਰਿਤ ਵਰਗੇ

ਇਕ 'ਅੰਬਰੋਸੀਆ' ਦਾ ਜ਼ਿਕਰ ਮਿਲਦਾ ਹੈ।

ਪੁਰਾਤਨ ਕਾਲ ਵਿਚ 'ਅੰਮ੍ਰਿਤ' ਸ਼ਬਦ ਦੀ ਵਰਤੋਂ 'ਸੋਮਰਸ' ਲਈ ਵੀ ਕੀਤੀ ਜਾਂਦੀ ਸੀ। ਹੁਣ ਲੋਕ-ਮੁਹਾਵਰੇ ਵਿਚ ਇਸ ਸ਼ਬਦ ਦੀ ਵਰਤੋਂ ਕਿਸੇ ਸ਼ੁੱਧ ਪਦਾਰਥ, ਜਲ, ਘਿਉ, ਦੁੱਧ ਆਦਿ ਵਾਸਤੇ ਵੀ ਕਰ ਲਈ ਜਾਂਦੀ ਹੈ।

**ਅੰਮ੍ਰਿਤ** (ਪਾਹੁਲ): ਸਿੱਖ-ਧਰਮ ਵਿਚ 'ਅੰਮ੍ਰਿਤ' ਸ਼ਬਦ ਦੀ ਵਰਤੋਂ ਇਕ ਵਿਸ਼ੇਸ਼ ਪਰਿਭਾਸ਼ਿਕ ਰੂਪ ਵਿਚ ਕੀਤੀ ਜਾਂਦੀ ਹੈ। ਇਸ ਲਈ ਇਸ ਦਾ ਇਕ ਨਿਵੇਕਲਾ ਸਰੂਪ ਹੈ। ਇਸ ਤੋਂ ਭਾਵ ਹੈ ਉਹ ਨਿਰਮਲ ਤਰਲ ਪਦਾਰਥ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈ. ਵਿਚ ਵਿਸਾਖੀ ਵਾਲੇ ਦਿਨ ਆਨੰਦਪੁਰ ਵਿਚ ਕੇਸਗੜ੍ਹ ਵਾਲੇ ਸਥਾਨ ਉਤੇ ਤਿਆਰ ਕਰਕੇ ਸਿੱਖਾਂ ਨੂੰ ਛਕਾਇਆ ਅਤੇ ਉਨ੍ਹਾਂ ਨੂੰ 'ਖ਼ਾਲਸਾ' (ਵੇਖੋ) ਰੂਪ ਪ੍ਰਦਾਨ ਕੀਤਾ। ਇਸ ਘਟਨਾ ਤੋਂ ਪਹਿਲਾਂ ਸਿੱਖਾਂ ਨੂੰ ਗੁਰੂ ਸਾਹਿਬਾਨ ਵਲੋਂ ਪਾਹੁਲ ਦੇਣ ਦੀ ਰੀਤ ਸੀ। 'ਪੁਰਾਤਨ-ਜਨਮਸਾਖੀ' (ਸਾਖੀ 47) ਵਿਚ ਸ਼ਿਵਨਾਭ ਨੂੰ ਸਿੱਖ ਬਣਾਉਣ ਲਈ ਗੁਰੂ ਨਾਨਕ ਦੇਵ ਜੀ ਦੇ ਹੁਕਮ ਨਾਲ ਸੈਦੋ ਘੇਹੋ ਨੇ ਪਾਹੁਲ ਦਿੱਤੀ — *ਪਰ ਜਾ ਅਖੀ ਖੋਲਨ ਤਾਂ ਗੁਰ ਬਾਬਾ ਨਾਹੀ। ਤਬ ਰਾਜਾ ਬਿਆਕੁਲ ਹੋਇ ਗਇਆ। ਉਦਿਆਨੁ ਪਕੜਿਆਸੁ। ਪੈਰਾਂ ਤੈ ਉਬਾਹਣਾ, ਸਿਰ ਤੇ ਨੰਗਾ ਗੁਰੂ ਗੁਰੂ ਕਰਦਾ ਫਿਰੈ। ਤਬ ਬਾਰਹ ਮਹੀਨਿਆਂ ਪਿਛੈ ਆਇ ਦਰਸਨੁ ਦਿਤੋਸੁ। ਚਰਨੀ ਲਾਇਓਸੁ। ਜਨਮ ਮਰਣੁ ਰਾਜੇ ਸਿਉਨਾਭਿ ਕਾ ਕਟਿਆ, ਸਿਖੁ ਹੋਆ। ਸੈਦੋ ਜਟੁ ਜਾਤਿ ਘੇਹੋ ਪਾਹੁਲਿ ਹੁਕਮ ਨਾਲਿ ਦਿੱਤੀ, ਸਾਰਾ ਸਿੰਘਲਾਦੀਪ ਸਿਖੁ ਹੋਆ, ਗੁਰੂ ਗੁਰੂ ਲਾਗਾ ਜਪਣਿ।*

'ਪਾਹੁਲ' ਦਾ ਅਰਥ ਮਹਾਨ-ਕੋਸ਼ਕਾਰ ਨੇ 'ਆਦਮੀ ਨੂੰ ਪਾਹ (ਪਾਣ) ਚੜ੍ਹਾਵੁਣ ਵਾਲਾ ਧਰਮ ਮੰਤ੍ਰ ਨਾਲ ਤਿਆਰ ਕੀਤਾ ਜਲ' ਦਸਿਆ ਹੈ ਪਰ ਪੈਰ-ਟਿੱਪਣੀ ਵਿਚ ਇਸ ਨੂੰ 'ਪਾਦਜਲ' ਤੋਂ ਵਿਉਤਪੰਨ ਮੰਨਿਆ ਹੈ। ਇਸ ਨੂੰ 'ਪਗਪਾਹੁਲ' ਵੀ ਕਿਹਾ ਜਾਂਦਾ ਹੈ। ਇਸ ਤੋਂ ਭਾਵ ਹੈ ਉਹ ਜਲ ਜਿਸ ਨਾਲ ਗੁਰੂ ਦੇ ਪੈਰ ਧੋਤੇ ਜਾਣ। ਇਸ ਨੂੰ ਪੁਰਾਤਨ ਭਾਰਤੀ ਸਾਹਿਤ ਵਿਚ 'ਚਰਣੋਦਕ' ਕਿਹਾ ਗਿਆ ਹੈ। ਭਾਈ ਗੁਰਦਾਸ ਨੇ ਇਸ ਨੂੰ 'ਚਰਣਾਮ੍ਰਿਤ' ਲਿਖਿਆ ਹੈ — *ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ* (1/23)। ਇਹ ਵੀ ਪਤਾ ਚਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਵੇਲੇ ਮੰਜੀ ਸਾਹਿਬ ਦੇ ਹੇਠਾਂ ਜਲ ਰਖ ਦਿੱਤਾ ਜਾਂਦਾ ਸੀ ਅਤੇ ਫਿਰ ਉਹ ਜਲ ਨਵੇਂ ਬਣੇ ਸਿੱਖ ਨੂੰ ਪਿਲਾਇਆ ਜਾਂਦਾ ਸੀ। ਇਸੇ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕੀਤੇ ਅੰਮ੍ਰਿਤ ਨੂੰ ਵੀ ਪਾਹੁਲ ਲਿਖ ਦਿੱਤਾ ਜਾਂਦਾ ਰਿਹਾ ਹੈ — *ਪੀਓ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ। ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ* (ਵਾਰ-ਗੁਰਦਾਸ ਸਿੰਘ)।

'ਅੰਮ੍ਰਿਤ' ਪਾਨ ਕਰਨ ਨਾਲ ਸਿੱਖ ਅਮਰ ਹੋ ਜਾਂਦਾ ਹੈ ਕਿਉਂਕਿ ਇਸ ਵਿਚਲਾ ਜਲ ਨਿਰਮਲਤਾ ਦਾ ਪ੍ਰਤੀਕ ਹੈ, ਮਿਠਾਸ (ਪਤਾਸੇ) ਪਰਸਪਰ ਪ੍ਰੇਮ ਦੀ ਲਖਾਇਕ ਹੈ, ਬਾਣੀ ਦਾ ਪਾਠ ਅਧਿਆਤਮਿਕਤਾ ਦਾ ਸਿਰਜਕ ਹੈ ਅਤੇ ਖੰਡੇ ਦਾ ਸਪਰਸ਼ ਸ਼ਕਤੀ ਦਾ ਸੰਚਾਰਕ ਹੈ। ਇਸ ਤਰ੍ਹਾਂ ਅੰਮ੍ਰਿਤ ਨਿਰਮਲ ਭਾਵ-ਭੂਮੀ ਤੋਂ ਬਣੀ ਅਧਿਆਤਮਿਕਤਾ ਦੀ ਉਹ ਔਸ਼ਧੀ ਹੈ, ਜੋ ਨਿਰਬਲ ਨੂੰ ਬਲਵਾਨ ਬਣਾ ਕੇ ਪਰਸਪਰ ਪ੍ਰੇਮ-ਭਾਵ ਨੂੰ ਸਥਾਪਿਤ ਕਰਨ ਵਾਲੀ ਨਿਰੋਗਤਾ ਪ੍ਰਦਾਨ ਕਰਦੀ ਹੈ।

ਅੰਮ੍ਰਿਤ-ਪਾਨ ਕਰਨ ਉਪਰੰਤ ਸਿੱਖ ਦੇ ਵਿਅਕਤਿ-ਤਵ ਵਿਚ ਸਮੂਲ ਪਰਿਵਰਤਨ ਹੋ ਜਾਂਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਸੰਸਾਰਿਕ ਪ੍ਰਪੰਚ ਤੋਂ ਮੁਕਤ ਇਕ ਅਜਿਹਾ ਸਮਦਰਸ਼ੀ ਬਣ ਜਾਂਦਾ ਹੈ, ਜਿਸ ਦੇ ਮਨ ਵਿਚੋਂ ਜਾਤਿ-ਪਾਤਿ, ਨਸਲ, ਦੇਸ਼, ਕੌਮ, ਰਾਸ਼ਟਰ ਦਾ ਭੇਦ-ਪਾਵ ਖ਼ਤਮ ਹੋ ਜਾਂਦਾ ਹੈ। ਉਸ ਲਈ ਸਾਰੀ ਸ੍ਰਿਸ਼ਟੀ ਇਕ ਵਿਸ਼ਾਲ ਕੁਟੰਬ ਵਾਂਗ ਹੈ। ਮਰਦਾ ਉਹ ਹੈ ਜਿਸ ਨੂੰ ਭੌਤਿਕ ਸ਼ਰੀਰ ਨਾਲ ਮੋਹ ਹੋਵੇ। ਭੌਤਿਕ ਸ਼ਰੀਰ ਨਾਲ ਮੋਹ ਟੁਟਣ ਉਤੇ ਮਨੁੱਖ ਦੇ ਨਾਮ-ਰੂਪਾਤਮਕ ਸੰਬੰਧ ਖ਼ਤਮ ਹੋ ਜਾਂਦੇ ਹਨ। 'ਅੰਮ੍ਰਿਤ' ਮੋਹ ਨੂੰ ਤੋੜਨ ਵਾਲਾ ਇਕ ਦੈਵੀ ਤਰਲ ਪਦਾਰਥ ਹੈ। ਇਸ ਨਾਲ ਮੌਤ ਦਾ ਡਰ ਜਾਂ ਭਰਮ ਖ਼ਤਮ ਹੋ ਜਾਂਦਾ ਹੈ। ਆਤਮਾ ਮਾਇਕ ਪ੍ਰਭਾਵ ਤੋਂ ਖ਼ਲਾਸ ਹੋ ਜਾਂਦੀ ਹੈ। ਇਹੀ ਉਸ ਦਾ ਸ਼ੁੱਧ ਅਮਰ ਰੂਪ ਹੈ। ਇਸ ਤਰ੍ਹਾਂ ਸਿੱਖ ਦੀ ਮਾਨਸਿਕਤਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪਾਨ ਕਰਨ ਦੀ ਰੀਤ ਤੋਰ ਕੇ ਨਿਰਭੈ ਖ਼ਾਲਸੇ ਦੀ ਸਿਰਜਨਾ ਕੀਤੀ ਜੋ ਧਾਰਮਿਕ ਇਤਿਹਾਸ ਦੀ ਇਕ ਮਹੱਤਵਪੂਰਣ ਘਟਨਾ ਹੈ।

**ਅੰਮ੍ਰਿਤਸਰ** (ਨਗਰ): ਪੰਜਾਬ ਦੇ ਮਾਝਾ ਖੇਤਰ ਵਿਚ ਸਥਿਤ ਅੰਮ੍ਰਿਤਸਰ ਸਿੱਖ-ਧਰਮ ਦਾ ਸ਼੍ਰੋਮਣੀ ਅਤੇ ਪਵਿੱਤਰ ਨਗਰ ਹੈ। ਇਸ ਦਾ ਸਿੱਖਾਂ ਲਈ ਉਤਨਾ ਹੀ ਮਹੱਤਵ ਹੈ ਜਿਤਨਾ

ਮੁਸਲਮਾਨਾਂ ਲਈ ਮੱਕਾ, ਹਿੰਦੂਆਂ ਲਈ ਕਾਸ਼ੀ ਅਤੇ ਬੋਧੀਆਂ ਲਈ ਬੋਧ-ਗਯਾ ਮਹੱਤਵ ਰਖਦੇ ਹਨ। ਇਸ ਦੇ ਇਤਿਹਾਸਿਕ ਪਿਛੋਕੜ ਵਿਚ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸੰਨ 1564 ਈ. (1621 ਬਿ.) ਵਿਚ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੁਰੂ ਰਾਮਦਾਸ ਜੀ ਨੇ ਤੁੰਗ, ਗੁਮਟਾਲਾ ਅਤੇ ਸੁਲਤਾਨਵਿੰਡ ਨਾਂ ਦੇ ਪਿੰਡਾਂ ਕੋਲ ਇਕ ਤਲਾ ਪੁਟਵਾਇਆ ਜਿਸ ਨੂੰ ਗੁਰੂ ਅਰਜਨ ਦੇਵ ਨੇ ਬਾਦ ਵਿਚ ਸੰਨ 1588 ਈ. (1645 ਬਿ.) ਵਿਚ ਪੂਰਾ ਕਰਵਾ ਕੇ ਸੰਤੋਖਸਰ ਨਾਂ ਰਖਿਆ। ਦਸ ਸਾਲ ਬਾਦ ਸੰਨ 1574 ਈ. (1631 ਬਿ.) ਵਿਚ ਗੁਰੂ ਅਮਰਦਾਸ ਜੀ ਦੇ ਆਦੇਸ਼ ਦੀ ਪਾਲਨਾ ਕਰਦੇ ਹੋਇਆਂ ਗੁਰੂ ਰਾਮਦਾਸ ਜੀ ਨੇ ਉਪਰੋਕਤ ਤਲਾ (ਸੰਤੋਖਸਰ) ਦੇ ਆਲੇ-ਦੁਆਲੇ ਜ਼ਮੀਨ ਖ਼ਰੀਦ ਕੇ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਂ 'ਗੁਰੂ ਕਾ ਚਕ' ਰਖਿਆ। ਆਪਣੇ ਰਹਿਣ ਲਈ ਗੁਰੂ ਜੀ ਨੇ ਉਥੇ ਮਕਾਨ ਬਣਵਾਏ। ਤਿੰਨ ਸਾਲ ਬਾਦ ਸੰਨ 1577 ਈ. ਵਿਚ ਦੁਖਭੰਜਨੀ ਬੇਰੀ ਦੇ ਨੇੜੇ ਇਕ ਤਲਾ ਖ਼ੁਦਵਾਉਣਾ ਸ਼ੁਰੂ ਕੀਤਾ।

ਗੁਰੂ ਅਰਜਨ ਦੇਵ ਜੀ ਨੇ ਗੱਦੀ ਉਤੇ ਬੈਠਦਿਆਂ ਆਪਣੇ ਪਿਤਾ ਦੇ ਨਾਂ 'ਤੇ ਵਸੇ ਪਿੰਡ 'ਗੁਰੂ ਕਾ ਚਕ' ਨੂੰ ਇਕ ਨਗਰ ਦੇ ਰੂਪ ਵਿਚ ਵਿਕਸਿਤ ਕੀਤਾ ਅਤੇ ਦੂਰੋਂ ਦੂਰੋਂ ਵਪਾਰੀ ਅਤੇ ਕਿਰਤੀ ਲੋਗ ਬੁਲਵਾ ਕੇ ਉਥੇ ਵਸਾਏ। ਗੁਰੂ ਰਾਮਦਾਸ ਜੀ ਦੇ ਨਾਂ 'ਤੇ ਇਸ ਨਗਰ ਦਾ ਨਾਂ 'ਰਾਮਦਾਸਪੁਰ' ਰਖਿਆ। ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੇ ਸਰੋਵਰ ਦੇ ਕੰਮ ਨੂੰ ਪੂਰਾ ਕੀਤਾ ਅਤੇ ਸੰਨ 1586 ਈ. (1643 ਬਿ.) ਵਿਚ ਉਸ ਨੂੰ ਪੱਕਾ ਕਰਾ ਕੇ ਉਸ ਦਾ ਨਾਂ 'ਅੰਮ੍ਰਿਤਸਰ' ਰਖਿਆ। ਇਸ ਸਰੋਵਰ ਦਾ ਇਕ ਨਾਮਾਂਤਰ 'ਰਾਮਦਾਸ ਸਰੋਵਰ' ਵੀ ਹੈ ਕਿਉਂਕਿ ਇਸਨੂੰ ਗੁਰੂ ਰਾਮਦਾਸ ਜੀ ਨੇ ਬਣਵਾਇਆ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਗੱਲ ਵਲ ਸੰਕੇਤ ਕੀਤਾ ਹੈ — *ਸੰਤਹੁ ਰਾਮਦਾਸ ਸਰੋਵਰੁ ਨੀਕਾ। ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ।* (ਗੁ.ਗ੍ਰੰ.623)। ਹੁਣ ਇਹ ਸਰੋਵਰ 500 ਫੁਟ ਲੰਬਾ ਅਤੇ 490 ਫੁਟ ਚੌੜਾ ਹੈ। ਇਸ ਦੀ ਡੂੰਘਾਈ 17 ਫੁਟ ਹੈ। ਇਸ ਵਿਚ ਕੁਲ 11 ਪੌੜ ਹਨ ਜਿਨ੍ਹਾਂ ਵਿਚੋਂ ਹੇਠਲੀ ਸਤਹ 'ਤੇ ਸਦਾ ਪਾਣੀ ਵਿਚ ਰਹਿਣ ਵਾਲੇ ਪੌੜ ਸਵਾ ਦੋ ਫੁਟ ਚੌੜੇ ਅਤੇ ਡੇਢ ਫੁਟ ਉਚੇ ਹਨ। ਸਭ ਤੋਂ ਉਪਰਲਾ ਪੌੜ ਪਰਿਕ੍ਰਮਾ ਤੋਂ ਉੱਚਾ ਅਤੇ ਪੌਣੇ ਪੰਜ ਫੁਟ ਚੌੜਾ ਹੈ। 1783 ਈ. ਤੋਂ ਪਹਿਲਾਂ ਹਰਟਾਂ ਰਾਹੀਂ ਖੂਹਾਂ ਦੇ ਪਾਣੀ ਨਾਲ ਸਰੋਵਰ ਭਰਿਆ ਜਾਂਦਾ ਸੀ।

ਕਾਲਾਂਤਰ ਵਿਚ 'ਰਾਮਦਾਸਪੁਰ' ਦੀ ਥਾਂ ਨਗਰ ਦਾ ਨਾਂ ਵੀ 'ਅੰਮ੍ਰਿਤਸਰ' ਪ੍ਰਸਿੱਧ ਹੋ ਗਿਆ। ਸੰਨ 1588 ਈ. (1645 ਬਿ.) ਵਿਚ ਗੁਰੂ ਅਰਜਨ ਦੇਵ ਜੀ ਨੇ ਉਪਰੋਕਤ 'ਅੰਮ੍ਰਿਤਸਰ' ਨਾਂ ਦੇ ਸਰੋਵਰ ਵਿਚ ਹਰਿਮੰਦਿਰ ਸਾਹਿਬ ਦੀ ਨੀਂਹ ਰਖੀ। ਕੁਝ ਵਿਦਵਾਨਾਂ ਅਨੁਸਾਰ ਗੁਰੂ ਜੀ ਨੇ ਨੀਂਹ ਰਖਵਾਉਣ ਦਾ ਪਵਿੱਤਰ ਕਾਰਜ ਸਾਈਂ ਮੀਆਂ ਮੀਰ (ਵੇਖੋ) ਤੋਂ ਪੂਰਾ ਕਰਵਾਇਆ। ਸੰਨ 1604 ਈ. (1661 ਬਿ.) ਵਿਚ ਜਦੋਂ ਹਰਿਮੰਦਿਰ ਦੀ ਉਸਾਰੀ ਦਾ ਕੰਮ ਪੂਰਾ ਹੋ ਗਿਆ, ਤਾਂ ਇਸ ਵਿਚ (ਗੁਰੂ) ਗ੍ਰੰਥ ਸਾਹਿਬ (ਪੋਥੀ ਸਾਹਿਬ) ਦਾ ਪ੍ਰਕਾਸ਼ ਕੀਤਾ ਗਿਆ। ਹਰਿਮੰਦਿਰ ਸਾਹਿਬ (ਵੇਖੋ) ਵਿਚ (ਗੁਰੂ) ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਾਰਣ ਕਾਲਾਂਤਰ ਵਿਚ ਇਸ ਨੂੰ 'ਦਰਬਾਰ ਸਾਹਿਬ' ਵੀ ਕਿਹਾ ਜਾਣ ਲਗਾ। ਇਸ ਤਰ੍ਹਾਂ ਇਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਸ਼ਕਤ ਕਰਨ ਵਾਲਾ ਅਮੁਕ ਪ੍ਰੇਰਨਾ-ਸਰੋਤ ਬਣ ਗਿਆ।

ਮੁਗ਼ਲ ਸਰਕਾਰ ਵਲੋਂ ਸਿੱਖਾਂ ਨੂੰ ਨਸ਼ਟ ਕਰਨ ਦੇ ਜੋ ਉਪਰਾਲੇ ਹੋਏ, ਉਨ੍ਹਾਂ ਵਿਚ ਇਸ ਧਰਮ-ਧਾਮ ਨੂੰ ਪੂਰੀ ਤਰ੍ਹਾਂ ਖ਼ਮ ਕਰਨ ਦੇ ਯਤਨ ਵੀ ਸ਼ਾਮਲ ਹਨ। ਸੰਨ 1740 ਈ. ਵਿਚ ਮੱਸੇ ਰੰਘੜ ਵਲੋਂ ਕੀਤੀ ਗਈ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਭਾਈ ਮਹਿਤਾਬ ਸਿੰਘ ਸੁਖਾ ਸਿੰਘ ਨੇ ਲਿਆ। ਸੰਨ 1762 ਈ. ਵਿਚ ਅਹਿਮਦ ਸ਼ਾਹ ਦੁਰਾਨੀ ਨੇ ਹਰਿਮੰਦਿਰ ਸਾਹਿਬ ਨੂੰ ਤੋਪਾਂ ਨਾਲ ਉੱਡਵਾ ਕੇ ਗਊਆਂ ਦੀਆਂ ਲਾਸ਼ਾਂ ਅਤੇ ਹੋਰ ਮਲਬੇ ਨਾਲ ਸਰੋਵਰ ਨੂੰ ਪੂਰਵਾ ਦਿੱਤਾ। ਤਿੰਨ ਸਾਲ ਬਾਦ ਸ. ਜੱਸਾ ਸਿੰਘ ਆਹਲੂਵਾਲੀਆ ਨੇ ਫਿਰ ਹਰਿਮੰਦਿਰ ਸਾਹਿਬ ਦੀ ਉਸਾਰੀ ਕਰਵਾਈ। ਸੰਨ 1781 ਈ. (1838 ਬਿ.) ਵਿਚ ਉਦਾਸੀ ਸੰਤ ਪ੍ਰੀਤਮਦਾਸ ਅਤੇ ਸੰਤੋਖਦਾਸ ਦੇ ਉਦਮ ਅਤੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਇਕ ਹਸਲੀ ਤਿਆਰ ਕੀਤੀ ਗਈ ਜਿਸ ਦੁਆਰਾ ਰਾਵੀ ਨਦੀ ਤੋਂ ਸਰੋਵਰ ਵਿਚ ਜਲ ਭਰਵਾਇਆ ਜਾਣ ਲਗਿਆ ਪਰ ਸੰਨ 1866 ਈ. (1923 ਬਿ.) ਤੋਂ ਬਾਦ ਹਸਲੀ ਨੂੰ ਨਹਿਰ ਬਾਰੀ ਦੁਆਬ ਨਾਲ ਜੋੜ ਦਿੱਤਾ ਗਿਆ।

ਸੰਨ 1802 ਈ. (1859 ਬਿ.) ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨਗਰ ਉਤੇ ਕਬਜ਼ਾ ਕਰਕੇ ਹਰਿਮੰਦਿਰ ਸਾਹਿਬ ਦੀ ਇਮਾਰਤ ਉਤੇ ਸੋਨੇ ਦਾ ਪੱਤਰਾ

ਚੜ੍ਹਵਾਇਆ ਅਤੇ ਸੰਗਮਰਮਰ ਲਗਾਉਣ ਦੀ ਸੇਵਾ ਕਰਵਾਈ। ਉਸ ਤੋਂ ਬਾਦ ਸਹਿਜੇ ਸਹਿਜੇ ਦਰਬਾਰ ਸਾਹਿਬ ਦੀ ਪਰਿਕ੍ਰਮਾ ਨੂੰ ਵਿਸ਼ਾਲ ਕੀਤਾ ਜਾਂਦਾ ਰਿਹਾ ਅਤੇ ਇਮਾਰਤਾਂ ਵਿਚ ਵਾਧਾ ਹੁੰਦਾ ਰਿਹਾ। ਸਿੱਖਾਂ ਦੀਆਂ ਸਾਰੀਆਂ ਜੱਥੇਬੰਦੀਆਂ, ਅੰਦੋਲਨ ਅਤੇ ਮੋਰਚੇ ਸਦਾ ਇਥੋਂ ਪ੍ਰੇਰਣਾ ਲੈਂਦੇ ਰਹੇ ਅਤੇ ਇਸ ਪਵਿੱਤਰ ਧਰਮ-ਧਾਮ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਅਦੁੱਤੀ ਕੁਰਬਾਨੀਆਂ ਦੇਣ ਦੇ ਸਾਕੇ ਕਰਦੇ ਰਹੇ।

ਸੰਨ 1984 ਈ. ਵਿਚ 5-6 ਜੂਨ ਨੂੰ ਬਲੂ ਸਟਾਰ (ਨੀਲਾ ਤਾਰਾ) ਓਪਰੇਸ਼ਨ ਵੇਲੇ, ਦਰਬਾਰ ਸਾਹਿਬ ਪਰਿਸਰ ਵਿਚਲੀਆਂ ਕਈ ਇਮਾਰਤਾਂ ਨੂੰ ਬਹੁਤ ਨੁਕਸਾਨ ਪਹੁੰਚਿਆ, ਕਈ ਕੀਮਤੀ ਅਤੇ ਦੁਰਲਭ ਵਸਤੂਆਂ ਨਸ਼ਟ ਹੋ ਗਈਆਂ ਅਤੇ ਸਿੱਖ ਰੈਫ਼੍ਰੈਂਸ ਲਾਇਬ੍ਰੇਰੀ ਸੜ ਗਈ। ਹੁਣ ਇਨ੍ਹਾਂ ਇਮਾਰਤਾਂ ਦੀ ਪੁਨਰ-ਉਸਾਰੀ ਲਗਭਗ ਹੋ ਚੁਕੀ ਹੈ।

ਅੰਮ੍ਰਿਤਸਰ ਨਗਰ ਵਿਚ ਕੁਝ ਹੋਰ ਸਰੋਵਰ ਵੀ ਹਨ ਜੋ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਉਦਮਾਂ ਨਾਲ ਤਿਆਰ ਕੀਤੇ ਗਏ, ਜਿਵੇਂ ਸੰਤੋਖ-ਸਰ, ਕੌਲ-ਸਰ, ਬਿਬੇਕ-ਸਰ ਅਤੇ ਰਾਮ-ਸਰ (ਇਸ ਦੇ ਕੰਢੇ ਬੈਠ ਕੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਆਦਿ-ਬੀੜ ਸੰਪਾਦਿਤ ਕੀਤੀ ਅਤੇ ਭਾਈ ਗੁਰਦਾਸ ਤੋਂ ਲਿਖਵਾਈ)। ਇਨ੍ਹਾਂ ਸਰੋਵਰਾਂ ਤੋਂ ਇਲਾਵਾ ਸਿੱਖ-ਧਰਮ ਨਾਲ ਸੰਬੰਧਿਤ ਕੁਝ ਹੋਰ ਧਰਮ-ਧਾਮ ਇਸ ਪ੍ਰਕਾਰ ਹਨ — ਅਕਾਲ-ਤਖ਼ਤ, ਬਾਬਾ ਅਟਲ ਰਾਇ ਦਾ ਦੇਹਰਾ, ਅਠਸਠਿ-ਤੀਰਥ (ਦੁਖ-ਭੰਜਨੀ ਬੇਰੀ ਦੇ ਨੇੜੇ), ਸ਼ਹੀਦ-ਗੰਜ ਬਾਬਾ ਦੀਪ ਸਿੰਘ, ਹਰਿ ਕੀ ਪਉੜੀ (ਹਰਿਮੰਦਿਰ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ), ਥੜਾ ਸਾਹਿਬ ਆਦਿ। ਦਰਬਾਰ ਸਾਹਿਬ ਦੇ ਪਰਿਸਰ ਵਿਚ ਤਿੰਨ ਇਤਿਹਾਸਿਕ ਬੇਰੀਆਂ ਵੀ ਹਨ, ਜਿਵੇਂ ਲਾਚੀ ਬੇਰ, ਬੇਰ ਬਾਬਾ ਬੁੱਢਾ ਜੀ, ਦੁਖਭੰਜਨੀ ਬੇਰ। ਕੁਝ ਹੋਰ ਇਤਿਹਾਸਿਕ ਮਹੱਤਵ ਵਾਲੀਆਂ ਇਮਾਰਤਾਂ ਵੀ ਹਨ— ਲੋਹਗੜ੍ਹ ਕਿਲ੍ਹਾ, ਗੋਬਿੰਦਗੜ੍ਹ ਕਿਲ੍ਹਾ, ਸਾਰਾਗੜ੍ਹੀ ਮੈਮੋਰੀਅਲ, ਬੁਰਜ ਫੂਲਾ ਸਿੰਘ, ਸੇਵਾ ਪੰਥੀ ਸੰਪ੍ਰਦਾਇ, ਨਿਰਮਲ ਸੰਪ੍ਰਦਾਇ ਅਤੇ ਉਦਾਸੀ ਸੰਪ੍ਰਦਾਇ ਦੇ ਸੰਤਾਂ/ਸਾਧਾਂ ਦੇ ਕਈ ਡੇਰੇ, ਅਨੇਕ ਬੁੰਗੇ, ਖ਼ਾਲਸਾ ਕਾਲਜ, ਦੁਰਗਿਆਣਾ ਮੰਦਰ, ਜਲਿਆਂ ਵਾਲਾ ਬਾਗ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਆਦਿ।

**ਅੰਮ੍ਰਿਤਸਰ ਦੇ ਸਿੱਖ-ਧਰਮ-ਧਾਮ:** ਅੰਮ੍ਰਿਤਸਰ ਨਗਰ ਵਿਚ 'ਦਰਬਾਰ ਸਾਹਿਬ' (ਵੇਖੋ) ਅਤੇ 'ਅਕਾਲ ਤਖ਼ਤ' (ਵੇਖੋ) ਤੋਂ ਇਲਾਵਾ ਹੋਰ ਵੀ ਕਈ ਸਿੱਖ-ਧਰਮ-ਧਾਮ ਜਾਂ ਸਮਾਰਕ ਹਨ। ਉਨ੍ਹਾਂ ਬਾਰੇ ਸੰਖੇਪ ਜਿਹੀ ਜਾਣਕਾਰੀ ਇਸ ਪ੍ਰਕਾਰ ਹੈ:

(1). *ਗੁਰਦੁਆਰਾ ਮੰਜੀ ਸਾਹਿਬ:* ਇਹ ਗੁਰਦੁਆਰਾ ਦਰਬਾਰ ਸਾਹਿਤ ਦੇ ਨੇੜੇ 'ਗੁਰੂ ਕਾ ਬਾਗ਼' ਵਾਲੇ ਸਥਾਨ ਉਤੇ ਉਸਰਿਆ ਹੋਇਆ ਹੈ। ਇਥੇ ਗੁਰੂ ਅਰਜਨ ਦੇਵ ਜੀ ਮੰਜੀ ਉਤੇ ਬੈਠ ਕੇ ਦਰਬਾਰ ਸਾਹਿਬ ਦੀ ਕਾਰ-ਸੇਵਾ ਦੀ ਨਿਗਰਾਨੀ ਕਰਦੇ ਸਨ ਅਤੇ ਸੰਗਤ ਨੂੰ ਮੁਖ਼ਾਤਬ ਵੀ ਹੁੰਦੇ ਸਨ। ਇਸ ਪਵਿੱਤਰ ਸਥਾਨ ਦੇ ਸਾਹਮਣੇ ਹੁਣ ਦੀਵਾਨ ਹਾਲ ਉਸਾਰਿਆ ਜਾ ਚੁਕਾ ਹੈ। 'ਗੁਰੂ ਕਾ ਬਾਗ਼' ਦਾ ਲਗਭਗ ਸਾਰਾ ਰਕਬਾ ਇਸ ਦੀਵਾਨ ਹਾਲ ਵਿਚ ਸਮੋ ਦਿੱਤਾ ਗਿਆ ਹੈ। ਦਰਬਾਰ ਸਾਹਿਬ ਵਿਚ ਲਗਣ ਵਾਲੇ ਦੀਵਾਨ ਅਕਸਰ ਇਸੇ ਸਥਾਨ ਉਤੇ ਹੁੰਦੇ ਹਨ।

(2) *ਗੁਰਦੁਆਰਾ ਗੁਰੂ ਕੇ ਮਹੱਲ:* ਗੁਰੂ ਸਾਹਿਬਾਨ ਦੀ ਰਿਹਾਇਸ਼ ਵਾਲੀ ਇਮਾਰਤ ਜੋ ਅਕਾਲ ਤਖ਼ਤ ਦੇ ਨੇੜੇ 'ਗੁਰੂ ਕਾ ਬਾਜ਼ਾਰ' ਵਿਚ ਹੈ। ਸ਼ੁਰੂ ਵਿਚ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਲਈ ਇਕ ਸਾਦਾ ਜਿਹਾ ਮਕਾਨ ਬਣਵਾਇਆ। ਉਸ ਮਕਾਨ ਦਾ ਗੁਰੂ ਅਰਜਨ ਦੇਵ ਜੀ ਨੇ ਵਿਸਤਾਰ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਉਥੇ ਹੀ ਆਪਣੀ ਰਿਹਾਇਸ਼ ਰਖੀ। ਗੁਰੂ ਤੇਗ ਬਹਾਦਰ ਜੀ ਦਾ ਜਨਮ ਉਸੇ ਇਮਾਰਤ ਵਿਚ ਹੋਇਆ। ਬਾਦ ਵਿਚ ਉਸ ਇਮਾਰਤ ਦੀ ਥਾਂ ਗੁਰਦੁਆਰੇ ਦਾ ਨਿਰਮਾਣ ਕੀਤਾ ਗਿਆ। ਇਸ ਗੁਰੂ-ਧਾਮ ਵਿਚ ਗੁਰੂ ਤੇਗ ਬਹਾਦਰ ਜੀ ਦਾ ਜਨਮ-ਦਿਨ ਬੜੇ ਉਤਸਾਹ ਨਾਲ ਮਨਾਇਆ ਜਾਂਦਾ ਹੈ।

(3) *ਗੁਰਦੁਆਰਾ ਥੜਾ ਸਾਹਿਬ:* 'ਅਕਾਲ ਤਖ਼ਤ' ਦੇ ਉੱਤਰ ਵਾਲੇ ਪਾਸੇ ਗਲੀ ਵਿਚ ਬਣਿਆ ਇਕ ਛੋਟਾ ਜਿਹਾ ਗੁਰੂ-ਧਾਮ ਜਿਸ ਦਾ ਸੰਬੰਧ ਨੌਵੇਂ ਗੁਰੂ ਜੀ ਨਾਲ ਹੈ। ਗੁਰੂ-ਗੱਦੀ ਉਤੇ ਬੈਠਣ ਤੋਂ ਬਾਦ ਨੌਵੇਂ ਗੁਰੂ ਬਕਾਲੇ ਤੋਂ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਸੰਨ 1664 ਈ. ਵਿਚ ਇਥੇ ਆਏ। ਉਸ ਵਕਤ ਦੇ ਮੀਣਾ ਪੁਜਾਰੀਆਂ ਅਤੇ ਮਸੰਦਾਂ ਨੇ ਦਰਬਾਰ ਸਾਹਿਬ ਦੇ ਦੁਆਰ ਬੰਦ ਕਰ ਦਿੱਤੇ ਇਸ ਸੰਦੇਹ

ਕਾਰਣ ਕਿ ਕਿਤੇ ਗੁਰੂ ਜੀ ਦਰਬਾਰ ਸਾਹਿਬ ਉਤੇ ਆਪਣਾ ਅਧਿਕਾਰ ਨ ਜਮਾ ਲੈਣ। ਗੁਰੂ ਜੀ ਉਸ ਸਥਾਨ ਉਤੇ ਥੋੜੀ ਦੇਰ ਬੈਠ ਕੇ ਵੱਲਾ ਪਿੰਡ ਵਲ ਪਰਤ ਗਏ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਹਿਲਾਂ ਉਥੇ ਇਕ ਥੜਾ ਬਣਵਾਇਆ ਗਿਆ ਅਤੇ ਬਾਦ ਵਿਚ ਇਮਾਰਤ ਦੀ ਉਸਾਰੀ ਹੋਈ। ਇਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲਾ ਦਿਨ ਉਚੇਚ ਨਾਲ ਮਨਾਇਆ ਜਾਂਦਾ ਹੈ।

(4) *ਗੁਰਦੁਆਰਾ ਬਾਬਾ ਅਟਲ ਸਾਹਿਬ:* ਦਰਬਾਰ ਸਾਹਿਬ ਤੋਂ ਕੁਝ ਦੂਰ ਕੌਲਸਰ ਦੇ ਨੇੜੇ ਬਣੀ ਇਕ ਨੌਂ ਮੰਜ਼ਲੀ ਇਮਾਰਤ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਪੁੱਤਰ ਬਾਬਾ ਅਟਲ ਨੇ ਨੌਂ ਵਰ੍ਹਿਆਂ ਦੀ ਆਯੂ ਵਿਚ 13 ਸਤੰਬਰ 1628 ਈ. ਨੂੰ ਪ੍ਰਾਣ ਤਿਆਗੇ ਸਨ। ਇਸ ਦੀਆਂ ਨੌਂ ਮੰਜ਼ਲਾਂ ਬਾਬਾ ਜੀ ਦੀ ਆਯੂ ਦੀਆਂ ਸੂਚਕ ਹਨ। ਪਹਿਲਾਂ ਇਥੇ ਇਕ ਸਾਧਾਰਣ ਜਿਹਾ ਸਮਾਰਕ ਬਣਾਇਆ ਗਿਆ। ਸਿੱਖ ਮਿਸਲਾਂ ਦੇ ਵੇਲੇ ਇਸ ਦੀ ਇਮਾਰਤ ਦੀ ਉਸਾਰੀ ਸ਼ੁਰੂ ਕੀਤੀ ਗਈ ਅਤੇ ਸੰਨ 1784 ਈ. ਵਿਚ ਪਹਿਲੀਆਂ ਤਿੰਨ ਮੰਜ਼ਲਾਂ ਮੁਕੰਮਲ ਹੋਈਆਂ। ਬਾਕੀ ਦੀਆਂ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਸੰਨ 1820 ਈ. ਵਿਚ ਮੁਕੰਮਲ ਹੋਈਆਂ। ਸ. ਦੇਸਾ ਸਿੰਘ ਮਜੀਠੀਆ ਨੇ ਇਸ ਇਮਾਰਤ ਦੀ ਉਸਾਰੀ ਵਿਚ ਉਚੇਚੀ ਰੁਚੀ ਲਈ। ਇਸ ਇਮਾਰਤ ਦੀਆਂ ਅੰਦਰਲੀਆਂ ਦੀਵਾਰਾਂ ਉਤੇ ਬਣੇ ਗੁਰੂ ਨਾਨਕ ਦੇਵ ਜੀ ਦੇ ਕੰਧ-ਚਿੱਤਰ ਵਿਸ਼ੇਸ਼ ਮਹੱਤਵ ਰਖਦੇ ਹਨ। ਸੰਨ 1921 ਈ. ਵਿਚ ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਇਆ। ਇਸ ਗੁਰੂ-ਧਾਮ ਵਿਚ ਹਰ ਕਿਸੇ ਨੂੰ ਭੋਜਨ ਕਰਾਉਣ ਲਈ ਨਗਰ-ਨਿਵਾਸੀਆਂ ਵਲੋਂ ਸਦਾਬ੍ਰਤ ਲਗਾ ਰਹਿੰਦਾ ਹੈ। ਇਸੇ ਕਰਕੇ ਇਕ ਕਹਾਵਤ ਪ੍ਰਚਲਿਤ ਹੈ— *ਬਾਬਾ ਅਟਲ ਪਕੀ ਪਕਾਈ ਘਲ।*

(5) *ਗੁਰਦੁਆਰਾ ਲਾਚੀ ਬੇਰ:* ਹਰਿਮੰਦਿਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਨਾਲ ਖੱਬੇ ਪਾਸੇ ਬਣਿਆ ਇਕ ਛੋਟਾ ਜਿਹਾ ਗੁਰੂ-ਧਾਮ ਜਿਸ ਕੋਲ ਲਾਚੀ ਬੇਰ (ਵੇਖੋ) ਵੀ ਸੁਸ਼ੋਭਿਤ ਹੈ। ਇਸ ਸਥਾਨ ਉਤੇ ਬੈਠ ਕੇ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਕਾਰ-ਸੇਵਾ ਦਾ ਨਿਰੀਖਣ ਕਰਦੇ ਸਨ। ਕਦੇ ਕਦੇ ਭਾਈ ਸਾਲ੍ਹੋ ਜੀ ਵੀ ਇਥੇ ਬੈਠ ਕੇ ਕਾਰ-ਸੇਵਾ ਦਾ ਕੰਮ ਵੇਖਦੇ ਸਨ। ਰਵਾਇਤ ਹੈ ਕਿ ਮੱਸੇ ਰੰਘੜ ਨੂੰ ਦੰਡ ਦੇਣ ਆਏ ਭਾਈ ਮਤਾਬ ਸਿੰਘ ਅਤੇ ਭਾਈ ਸੁਖਾ ਸਿੰਘ ਨੇ ਆਪਣੇ ਘੋੜੇ ਇਸ ਬੇਰ ਨਾਲ ਬੰਨ੍ਹੇ ਸਨ।

(6) *ਗੁਰਦੁਆਰਾ ਦੁਖ-ਭੰਜਨੀ ਬੇਰੀ:* ਇਹ ਗੁਰਦੁਆਰਾ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚ ਉਸ ਸਥਾਨ ਉਤੇ ਬਣਿਆ ਹੋਇਆ ਹੈ ਜਿਥੇ ਇਕ ਟੋਭੇ ਵਿਚ ਨਹਾਉਣ ਨਾਲ ਬੀਬੀ ਰਜਨੀ ਦਾ ਕੋੜ੍ਹੀ ਪਤੀ ਸੁਅਸਥ ਹੋ ਗਿਆ ਸੀ। ਗੁਰੂ ਰਾਮਦਾਸ ਜੀ ਨੇ ਉਸੇ ਟੋਭੇ ਵਾਲੀ ਥਾਂ ਨੂੰ ਸਰੋਵਰ ਵਿਚ ਬਦਲ ਕੇ ਉਸ ਦੇ ਕੰਢੇ ਉਤੇ ਉਗੀ ਬੇਰੀ ਨੂੰ 'ਦੁਖ-ਭੰਜਨੀ ਬੇਰੀ' ਦਾ ਨਾਂ ਦਿੱਤਾ। ਉਥੇ ਹੁਣ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਬੇਰੀ ਵਾਲੀ ਥਾਂ ਉਤੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਬੀਮਾਰੀਆਂ ਅਤੇ ਦੁਖਾਂ ਦਾ ਅੰਤ ਹੋ ਜਾਂਦਾ ਹੈ।

(7) *ਗੁਰਦੁਆਰਾ ਦਰਸ਼ਨੀ ਡਿਉੜੀ:* ਇਹ ਗੁਰਦੁਆਰਾ ਨਗਰ ਵਿਚ 'ਗੁਰੂ ਕਾ ਬਾਜ਼ਾਰ' ਦੇ ਨੇੜੇ ਬਣਿਆ ਹੋਇਆ ਹੈ। ਇਥੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਲਈ ਇਕ ਦੁਆਰ ਬਣਵਾਇਆ ਸੀ। ਬਾਹਰੋਂ ਆਏ ਜਿਗਿਆਸੂਆਂ ਨੂੰ ਇਥੋਂ ਹੀ ਦਰਬਾਰ ਸਾਹਿਬ ਦੇ ਸਿਧੇ ਦਰਸ਼ਨ ਪ੍ਰਾਪਤ ਹੋ ਸਕਦੇ ਸਨ। ਇਸੇ ਕਰਕੇ ਇਸ ਦਾ ਨਾਂ 'ਦਰਸ਼ਨੀ ਦੁਆਰ' ਅਥਵਾ 'ਦਰਸ਼ਨੀ ਡਿਉੜੀ' ਪ੍ਰਚਲਿਤ ਹੋ ਗਿਆ। ਹੁਣ ਇਥੇ ਛੋਟਾ ਜਿਹਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

(8) *ਬੇਰ ਬਾਬਾ ਬੁਢਾ ਜੀ:* ਇਹ ਬੇਰ ਪਰਿਕ੍ਰਮਾ ਦੀ ਉੱਤਰੀ ਬਾਹੀ ਵਿਚ ਸੁਸ਼ੋਭਿਤ ਹੈ। ਇਸ ਬੇਰ ਹੇਠਾਂ ਬੈਠ ਕੇ ਬਾਬਾ ਬੁੱਢਾ ਜੀ ਸਰੋਵਰ ਦੀ ਉਸਾਰੀ ਕਰਨ ਵਾਲਿਆਂ ਨੂੰ ਕਹੀਆਂ, ਤਸਲੇ ਆਦਿ ਦਿੰਦੇ ਹੁੰਦੇ ਸਨ ਅਤੇ ਕੰਮ ਕਰਨ ਵਾਲਿਆਂ ਨੂੰ ਮਜ਼ਦੂਰੀ ਵੀ ਵੰਡਦੇ ਸਨ। ਇਸ ਬੇਰ ਨੂੰ ਯਤਨਪੂਰਵਕ ਸੰਭਾਲਿਆ ਗਿਆ ਹੈ।

(9) *ਗੁਰਦੁਆਰਾ ਮਾਈ ਕੌਲਾਂ ਦਾ ਅਸਥਾਨ:* ਇਸ ਸਥਾਨ ਉਤੇ ਗੁਰੂ ਹਰਿਗੋਬਿੰਦ ਸਾਹਿਬ ਪ੍ਰਤਿ

ਅਤਿਅੰਤ ਸ਼ਰਧਾ ਰਖਣ ਵਾਲੀ, ਕਾਜ਼ੀ ਰੁਸਤਮ ਖ਼ਾਨ ਦੀ ਸੁਪੁੱਤਰੀ ਬੀਬੀ ਕੌਲਾਂ ਦਾ ਨਿਵਾਸ ਬਣਾਇਆ ਗਿਆ ਸੀ ਅਤੇ ਨਾਲ ਹੀ ਉਸ ਦੀ ਸੁਵਿਧਾ ਲਈ ਸਰੋਵਰ ਵੀ ਪੁਟਵਾਇਆ ਗਿਆ ਸੀ। ਕਾਲਾਂਤਰ ਵਿਚ ਮਾਈ ਕੌਲਾਂ ਕਰਤਾਰਪੁਰ ਚਲੀ ਗਈ। ਉਸ ਦੀ ਯਾਦ ਵਿਚ ਨਿਵਾਸ ਨੂੰ ਗੁਰਦੁਆਰੇ ਦਾ ਰੂਪ ਦਿੱਤਾ ਗਿਆ ਅਤੇ ਸੰਨ 1872 ਈ. ਵਿਚ ਸਰੋਵਰ ਨੂੰ ਪਕਿਆਂ ਕਰਕੇ ਹੰਸਲੀ ਨਾਲ ਜੋੜ ਦਿੱਤਾ ਗਿਆ ਤਾਂ ਜੋ ਉਸ ਦਾ ਪਾਣੀ ਸਾਫ਼ ਰਹਿ ਸਕੇ।

(10) *ਗੁਰਦੁਆਰਾ ਰਾਮਸਰ:* ਇਹ ਗੁਰਦੁਆਰਾ ਚਾਟੀ ਵਿੰਡ ਗੇਟ ਦੇ ਨੇੜੇ ਰਾਮਸਰ (ਸਰੋਵਰ) ਦੇ ਕੰਢੇ ਉਤੇ ਉਸਰਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੇ ਨਾਂ ਤੇ ਪਹਿਲਾਂ ਇਥੇ ਇਕ ਸਰੋਵਰ ਪੁਟਵਾਇਆ। ਫਿਰ ਉਸ ਦੇ ਕੰਢੇ ਉਤੇ ਬਿਰਾਜ ਕੇ 'ਸੁਖਮਨੀ' ਨਾਂ ਦੀ ਬਾਣੀ ਦਾ ਉੱਚਾਰਣ ਕੀਤਾ ਅਤੇ ਭਾਈ ਗੁਰਦਾਸ ਤੋਂ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਲਿਖਵਾਈ।

(11) *ਗੁਰਦੁਆਰਾ ਬਿਬੇਕਸਰ:* ਛੇਵੇਂ ਗੁਰੂ ਸਾਹਿਬ ਨੇ ਵਿਵੇਕੀ ਸਿੱਖਾਂ ਲਈ ਨਗਰ ਤੋਂ ਬਾਹਰ ਸੰਨ 1628 ਈ. ਵਿਚ ਇਕ ਸਰੋਵਰ ਖੁਦਵਾਇਆ ਤਾਂ ਜੋ ਉਹ ਸੁਵਿਧਾ-ਪੂਰਵਕ ਉਥੇ ਇਕਾਂਤ ਵਿਚ ਇਸ਼ਨਾਨ ਕਰ ਸਕਣ। ਉਸ ਸਰੋਵਰ ਦੇ ਕੰਢੇ ਸੰਨ 1833 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਬਣਵਾਇਆ। ਇਸ ਗੁਰੂ-ਧਾਮ ਦੀ ਸੇਵਾ ਪਹਿਲਾਂ ਨਿਹੰਗ ਸਿੰਘ ਕਰਦੇ ਸਨ। ਸੰਨ 1925 ਈ. ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ। ਇਹ ਧਾਮ ਹੁਣ ਚਾਟੀਵਿੰਡ ਅਤੇ ਸੁਲਤਾਨਵਿੰਡ ਨਾਂ ਦੇ ਗੇਟਾਂ ਦੇ ਵਿਚਾਲੇ ਸਥਿਤ ਹੈ।

(12) *ਗੁਰਦੁਆਰਾ ਟਾਹਲੀ ਸਾਹਿਬ:* ਇਹ ਗੁਰੂ-ਧਾਮ ਸੰਤੋਖਸਰ ਦੇ ਕੰਢੇ ਉਤੇ ਉਸਰਿਆ ਹੋਇਆ ਹੈ। ਇਥੇ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਗੁਰੂ ਰਾਮਦਾਸ (ਭਾਈ ਜੇਠਾ) ਨੇ ਸੰਨ 1564 ਈ. ਵਿਚ ਇਕ ਤਾਲ ਖੁਦਵਾਇਆ ਸੀ, ਪਰ ਉਸ ਤਾਲ ਨੂੰ ਇਕ ਪਿਸ਼ਾਵਰੀ ਸਿੱਖ ਭਾਈ ਸੰਤੋਖੇ ਦੇ ਧਨ ਨਾਲ ਗੁਰੂ ਅਰਜਨ ਦੇਵ ਜੀ ਨੇ ਸੰਨ 1588 ਈ. ਵਿਚ ਮੁਕੰਮਲ ਕਰਵਾਇਆ। ਗੁਰੂ ਸਾਹਿਬਾਨ ਦੁਆਰਾ ਟਾਹਲੀ ਦੇ ਬ੍ਰਿਛ ਹੇਠ ਬੈਠ ਕੇ ਸਰੋਵਰ ਦੀ ਖੁਦਾਈ ਕਰਵਾਉਣ ਕਾਰਣ ਕਾਲਾਂਤਰ ਵਿਚ ਜੋ ਗੁਰੂ-ਧਾਮ ਉਸਾਰਿਆ ਗਿਆ, ਉਸ ਦਾ ਨਾਂ 'ਟਾਹਲੀ ਸਾਹਿਬ' ਪ੍ਰਚਲਿਤ ਹੋਇਆ।

(13) *ਗੁਰਦੁਆਰਾ ਚੁਰਸਤੀ ਅਟਾਰੀ:* 'ਗੁਰੂ ਕਾ ਬਾਜ਼ਾਰ' ਦੇ ਸਿਰੇ ਉਤੇ ਚੌਕ ਵਿਚ ਬਣਿਆ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਗੁਰਦੁਆਰਾ ਜਿਥੇ ਗੁਰੂ ਸਾਹਿਬ 'ਗੁਰੂ ਕੇ ਮਹੱਲ' ਤੋਂ ਆ ਕੇ ਬੈਠਦੇ ਸਨ। ਇਸ ਗੁਰਦੁਆਰੇ ਦੀ ਉੱਚੀ ਇਮਾਰਤ ਕਾਰਣ ਇਸ ਦਾ ਨਾਂ 'ਅਟਾਰੀ' ਪੈ ਗਿਆ ਹੈ।

(14) *ਗੁਰਦੁਆਰਾ ਲੋਹਗੜ੍ਹ ਸਾਹਿਬ:* ਦਰਬਾਰ ਸਾਹਿਬ ਤੋਂ ਲਗਭਗ ਇਕ ਕਿ.ਮੀ. ਦੀ ਵਿਥ ਉਤੇ ਬਣਿਆ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਗੁਰਦੁਆਰਾ। ਇਸ ਸਥਾਨ ਉਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਨਗਰ ਦੀ ਰਖਿਆ ਲਈ ਇਕ ਕਿਲ੍ਹਾ ਬਣਵਾਇਆ। ਇਥੇ ਹੀ ਸੰਨ 1629 ਈ. ਵਿਚ ਗੁਰੂ ਜੀ ਨੇ ਸ਼ਾਹੀ ਫ਼ੌਜ ਨਾਲ ਯੁੱਧ ਕਰਕੇ ਉਸ ਨੂੰ ਪਰਾਜਿਤ ਕੀਤਾ। ਉਸ ਕਿਲ੍ਹੇ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਨਸ਼ਟ ਕਰ ਦਿੱਤਾ। ਉਸ ਕਿਲ੍ਹੇ ਵਾਲੇ ਥੇਹ ਉਤੇ ਕਾਲਾਂਤਰ ਵਿਚ ਇਸ ਗੁਰੂ-ਧਾਮ ਦੀ ਉਸਾਰੀ ਕੀਤੀ ਗਈ।

(15) *ਗੁਰਦੁਆਰਾ ਪਿਪਲੀ ਸਾਹਿਬ:* ਪੁਤਲੀ ਘਰ ਦੇ ਨੇੜੇ ਇਕ ਛੋਟੀ ਸੜਕ ਉਤੇ ਇਹ ਗੁਰੂ-ਧਾਮ ਬਣਿਆ ਹੋਇਆ ਹੈ। ਰਵਾਇਤ ਅਨੁਸਾਰ ਅੰਮ੍ਰਿਤ ਸਰੋਵਰ ਦੀ ਖੁਦਾਈ ਵਿਚ ਭਾਗ ਲੈਣ ਲਈ ਕਾਬਲ ਤੋਂ ਆਈ ਸੰਗਤ ਦਾ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਚਲ ਕੇ ਇਥੇ ਸੁਆਗਤ ਕੀਤਾ। ਬਾਦ ਵਿਚ ਕਾਰ-ਸੇਵਾ ਲਈ ਆਉਣ ਵਾਲੀ ਬਾਹਰਲੀ ਸੰਗਤ ਨੂੰ ਇਥੇ ਹੀ ਟਿਕਾਇਆ ਜਾਂਦਾ ਰਿਹਾ। ਜਦੋਂ ਸੰਨ 1923 ਈ. ਵਿਚ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਤਾਂ ਕਾਰ-ਸੇਵਕਾਂ ਦਾ ਪਹਿਲਾ ਇਕੱਠ ਇਸ ਸਥਾਨ ਉਤੇ ਹੋਇਆ ਅਤੇ ਫਿਰ ਜਲੂਸ ਦੀ ਸ਼ਕਲ ਵਿਚ ਸਾਰੇ ਦਰਬਾਰ ਸਾਹਿਬ ਗਏ। ਇਸ ਗੁਰਦੁਆਰੇ ਦੀ ਨਵੀਂ ਇਮਾਰਤ ਸੰਨ 1932 ਈ.

ਵਿਚ ਬਣਵਾਈ ਗਈ। ਬਸੰਤ ਪੰਚਮੀ ਵਾਲੇ ਦਿਨ ਇਥੇ ਸਾਲਾਨਾ ਦੀਵਾਨ ਸਜਦਾ ਹੈ। ਇਥੇ ਇਕ ਪਿਪਲ ਦਾ ਬ੍ਰਿਛ ਹੋਣ ਕਾਰਣ ਗੁਰੂ-ਧਾਮ ਦਾ ਨਾਂ 'ਪਿਪਲੀ ਸਾਹਿਬ' ਪ੍ਰਚਲਿਤ ਹੋਇਆ।

(16) *ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ :* ਚਾਟੀਵਿੰਡ ਗੇਟ ਦੇ ਨੇੜੇ ਉਸ ਸਥਾਨ ਉਤੇ ਬਣਿਆ ਗੁਰਦੁਆਰਾ ਜਿਥੇ ਬਾਬਾ ਦੀਪ ਸਿੰਘ ਜੀ ਅਫ਼ਗ਼ਾਨ ਹਮਲਾਵਰਾਂ ਤੋਂ ਦਰਬਾਰ ਸਾਹਿਬ ਆਜ਼ਾਦ ਕਰਾਉਣ ਲਈ 11 ਨਵੰਬਰ 1757 ਈ. ਨੂੰ ਜੂਝੇ ਸਨ ਅਤੇ ਆਪਣੇ ਕਟੇ ਹੋਏ ਸੀਸ ਨੂੰ ਤਲੀ ਉਤੇ ਧਰ ਕੇ ਦਰਬਾਰ ਸਾਹਿਬ ਦੀ ਪਰਿਕ੍ਰਮਾ ਤਕ ਪਹੁੰਚੇ ਸਨ। ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਉਥੇ ਥੜਾ ਸਾਹਿਬ ਬਣਵਾਇਆ ਅਤੇ ਅਕਾਲੀ ਫੂਲਾ ਸਿੰਘ ਨੇ ਗੁਰਦੁਆਰੇ ਦੀ ਉਸਾਰੀ ਕਰਵਾਈ। ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਸੰਨ 1924 ਈ. ਤਕ ਸ਼ਹੀਦ ਮਿਸਲ ਵਾਲੇ ਕਰਦੇ ਰਹੇ। ਉਸ ਤੋਂ ਬਾਦ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੱਥ ਵਿਚ ਲੈ ਲਿਆ।

(17) *ਗੁਰਦੁਆਰਾ ਸ਼ਹੀਦਗੰਜ ਬਾਬਾ ਗੁਰਬਖ਼ਸ਼ ਸਿੰਘ:* ਇਹ ਧਰਮ-ਧਾਮ ਅਕਾਲ ਤਖ਼ਤ ਦੇ ਪਿਛਲੇ ਪਾਸੇ ਵਲ ਸਥਿਤ ਹੈ। ਇਸ ਥਾਨ ਉਤੇ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਨੇ ਆਪਣੇ 29 ਸਾਥੀਆਂ ਸਹਿਤ ਦੁਰਾਨੀਆਂ ਵਲੋਂ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਦਾ ਮੂੰਹ-ਤੋੜ ਜਵਾਬ ਦਿੰਦੇ ਹੋਇਆਂ ਸ਼ਹੀਦੀ ਪ੍ਰਾਪਤ ਕੀਤੀ ਸੀ।

(18) *ਗੁਰਦੁਆਰਾ ਦਮਦਮਾ ਸਾਹਿਬ:* ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਤਿੰਨ ਕਿ.ਮੀ. ਪੂਰਬ ਵਲ ਉਸ ਸਥਾਨ ਉਤੇ ਬਣਿਆ ਹੋਇਆ ਗੁਰਦੁਆਰਾ ਜਿਥੇ ਗੁਰੂ ਤੇਗ ਬਹਾਦਰ ਜੀ ਸੰਨ 1664 ਈ. ਵਿਚ ਦਰਬਾਰ ਸਾਹਿਬ ਦੇ ਦਰਸ਼ਨ ਨ ਕਰ ਸਕਣ ਕਾਰਣ ਪਰਤਦੇ ਹੋਏ ਠਹਿਰੇ ਸਨ। ਇਥੋਂ ਹੀ ਉਹ ਵੱਲਾ ਪਿੰਡ ਵਲ ਗਏ ਸਨ। ਇਥੇ ਪਹਿਲਾਂ ਇਕ ਮਾਮੂਲੀ ਜਿਹਾ ਸਮਾਰਕ ਬਣਾਇਆ ਗਿਆ ਪਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਥੇ ਗੁਰਦੁਆਰੇ ਦੀ ਇਮਾਰਤ ਉਸਾਰੀ ਗਈ।

(19) *ਧਰਮਸ਼ਾਲਾ ਭਾਈ ਸਾਲੋਂ ਜੀ :* ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਦੇ ਇਕ ਸਿਦਗੀ ਸਿੱਖ ਭਾਈ ਸਾਲੋਂ ਦਾ ਨਿਵਾਸ-ਸਥਾਨ ਜਿਸ ਨੇ ਦਰਬਾਰ ਸਾਹਿਬ ਦੀ ਉਸਾਰੀ ਅਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਵੇਲੇ ਅਹਿਮ ਭੂਮਿਕਾ ਨਿਭਾਈ ਸੀ। ਅੰਮ੍ਰਿਤਸਰ ਨਗਰ ਦੀ ਦੇਖ-ਰੇਖ ਵੀ ਉਹੀ ਕਰਦਾ ਸੀ। ਉਸ ਦੇ ਨਿਵਾਸ-ਸਥਾਨ ਨੂੰ ਬਾਦ ਵਿਚ ਧਰਮਸ਼ਾਲਾ ਵਿਚ ਬਦਲ ਦਿੱਤਾ ਗਿਆ।

(20) *ਹਰਿ ਦੀ ਪਉੜੀ:* ਹਰਿਮੰਦਿਰ ਸਾਹਿਬ ਦੇ ਪਿਛਲੇ ਪਾਸੇ ਅੰਮ੍ਰਿਤ-ਜਲ ਲੈਣ ਲਈ ਬਣੀ ਛੋਟੀ ਜਿਹੀ ਘਾਟ। ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਇਸ ਸਥਾਨ ਤੋਂ ਅੰਮ੍ਰਿਤ-ਜਲ ਲਿਆ ਅਤੇ ਸਰੋਵਰ ਦੀ ਕਾਰ-ਸੇਵਾ ਦਾ ਆਰੰਭ ਇਸੇ ਸਥਾਨ ਤੋਂ ਕੀਤਾ।

**ਅੰਮ੍ਰਿਤ ਸੰਸਕਾਰ:** ਇਸ ਤੋਂ ਭਾਵ ਹੈ ਅੰਮ੍ਰਿਤ ਪਾਨ ਕਰਾਉਣ ਜਾਂ ਛਕਾਉਣ ਦੀ ਵਿਧੀ। ਇਸ ਦਾ ਆਰੰਭ ਸੰਨ 1699 ਈ. ਵਿਚ 'ਖ਼ਾਲਸਾ' (ਵੇਖੋ) ਦੇ ਸਿਰਜਨ ਸਮੇਂ ਪਹਿਲੀ ਵਿਸਾਖੀ ਨੂੰ ਹੋਇਆ ਸੀ। ਇਹ ਸਿੱਖੀ ਦੀ ਇਕ ਅਜਿਹੀ ਮਰਯਾਦਾ ਹੈ ਜਿਸ ਨਾਲ ਜਿਗਿਆਸੂ ਗੁਰੂ ਵਾਲਾ ਬਣਦਾ ਹੈ ਅਤੇ 'ਸਿੰਘ' ਅਖਵਾਉਣ ਦਾ ਅਧਿਕਾਰ ਪ੍ਰਾਪਤ ਕਰਦਾ ਹੈ। ਅੰਮ੍ਰਿਤ ਛਕਣ ਲਈ ਅੰਦਰੋਂ ਪ੍ਰੇਰਨਾ ਹੋਣੀ ਚਾਹੀਦੀ ਹੈ, ਕਿਸੇ ਦੇ ਦਬਾ ਵਿਚ ਆ ਕੇ ਅੰਮ੍ਰਿਤ ਪਾਨ ਕਰਨਾ ਮਨ ਵਿਚ ਦ੍ਰਿੜ੍ਹਤਾ ਦਾ ਸੰਚਾਰ ਨਹੀਂ ਕਰ ਸਕਦਾ।

ਅੰਮ੍ਰਿਤ ਸੰਸਕਾਰ ਦਾ ਪ੍ਰਕਾਰਜ ਕਿਸੇ ਵੀ ਸਵੱਛ ਸਥਾਨ ਜਾਂ ਗੁਰਦੁਆਰੇ ਜਾਂ ਧਰਮਸ਼ਾਲਾ ਵਿਚ ਕੀਤਾ ਜਾ ਸਕਦਾ ਹੈ। ਇਸ ਪ੍ਰਕ੍ਰਿਆ ਲਈ ਘਟੋ-ਘਟ ਛੇ ਤਿਆਰ-ਬਰ-ਤਿਆਰ ਸਿੰਘ ਚਾਹੀਦੇ ਹਨ। ਇਕ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਦਾ ਹੈ ਅਤੇ ਪੰਜ ਅੰਮ੍ਰਿਤ ਤਿਆਰ ਕਰਦੇ ਹਨ। ਅੰਮ੍ਰਿਤ ਤਿਆਰ ਕਰਨ ਵਾਲੇ ਪੰਜ ਸਿੰਘਾਂ (ਪੰਜ ਪਿਆਰਿਆਂ) ਵਿਚੋਂ ਕੋਈ ਵੀ ਰੋਗੀ ਜਾਂ ਵਿਕਲਾਂਗ ਜਾਂ ਤਨਖ਼ਾਹੀਆ ਨਹੀਂ ਹੋਣਾ ਚਾਹੀਦਾ।

ਅੰਮ੍ਰਿਤ ਅਭਿਲਾਖੀ ਕਿਸੇ ਵੀ ਜਾਤਿ, ਵਰਗ, ਦੇਸ਼ ਜਾਂ ਧਰਮ ਦਾ ਹੋ ਸਕਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਨਿਸ਼ਠਾ ਰਖਦਾ ਹੋਵੇ ਅਤੇ ਗੁਰਮਤਿ ਅਨਸਾਰੀ ਨਿਯਮਾਂ ਅਨੁਰੂਪ ਜੀਵਨ ਬਤੀਤ ਕਰਦਾ ਹੋਵੇ। ਅਜਿਹਾ ਜਿਗਿਆਸੂ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹੇ ਕੇ ਅੰਮ੍ਰਿਤ ਦੀ ਦਾਤ ਲਈ ਬੇਨਤੀ ਕਰਦਾ ਹੈ। ਪੰਜ ਸਿੰਘਾਂ ਵਿਚੋਂ ਮੁਖੀ ਸਿੰਘ ਉਸ ਨੂੰ ਸਿੱਖ ਰਹਿਤ-ਮਰਯਾਦਾ ਦਾ ਉਪਦੇਸ਼ ਦਿੰਦਾ ਹੈ। ਅੰਮ੍ਰਿਤ ਇਕੱਲੇ ਜਾਂ ਸਮੂਹ ਦੋਹਾਂ ਤਰ੍ਹਾਂ ਵਿਚ ਆਏ ਜਿਗਿਆਸੂਆਂ ਨੂੰ ਛਕਾਇਆ ਜਾ ਸਕਦਾ ਹੈ। ਅੰਮ੍ਰਿਤ ਅਭਿਲਾਖੀਆਂ ਦੇ ਹਾਜ਼ਰ ਹੋ ਜਾਣ ਤੋਂ ਬਾਦ ਪੰਜ ਸਿੰਘ ਸਰਬਲੋਹ ਦੇ ਬਾਟੇ ਵਿਚ ਜਲ ਪਾ ਕੇ ਅਤੇ ਪੰਜ ਬਾਣੀਆਂ (ਜਪੁ, ਜਾਪੁ, ਅਨੰਦੁ, ਸਵੈਯੇ ਅਤੇ ਚਉਪਈ) ਦਾ ਬੀਰ ਆਸਣ ਵਿਚ ਬੈਠ ਕੇ ਪਾਠ ਕਰਦੇ ਹੋਏ ਜਲ ਵਿਚ ਖੰਡਾ ਫੇਰਦੇ ਰਹਿੰਦੇ ਹਨ ਅਤੇ ਜਲ ਵਿਚ ਪਤਾਸ਼ੇ ਵੀ ਪਾਏ ਜਾਂਦੇ ਹਨ। ਅੰਮ੍ਰਿਤ ਤਿਆਰ ਹੋ ਚੁਕਣ ਤੋਂ ਬਾਦ ਅਰਦਾਸ ਕਰਕੇ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਅਭਿਲਾਸ਼ੀ ਜਿਗਿਆਸੂ ਵਲੋਂ ਪੰਜ ਚੁਲੇ ਛਕਣ ਦੇ ਨਾਲ ਨਾਲ ਪੰਜ ਵਾਰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਸ਼ਬਦ ਬੋਲੇ ਜਾਂਦੇ ਹਨ। ਪੰਜ ਛੱਟੇ ਨੇਤਰਾਂ ਉਤੇ ਮਾਰੇ ਜਾਂਦੇ ਹਨ ਅਤੇ ਪੰਜ ਕੇਸਾਂ ਵਿਚ ਪਾਏ ਜਾਂਦੇ ਹਨ। ਫਿਰ ਸਾਰੇ ਅੰਮ੍ਰਿਤ ਅਭਿਲਾਖੀ ਅੰਮ੍ਰਿਤ ਵਾਲੇ ਬਾਟੇ ਵਿਚ ਅੰਮ੍ਰਿਤ ਪਾਨ ਕਰਦੇ ਹਨ। ਮੁਖੀ ਸਿੰਘ ਵਲੋਂ ਉਨ੍ਹਾਂ ਨੂੰ ਰਹਿਤਾਂ, ਕੁਰਹਿਤਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਫਿਰ ਅਰਦਾਸ ਸੋਧ ਕੇ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਲਿਆ ਜਾਂਦਾ ਹੈ ਅਤੇ ਕੜਾਹ-ਪ੍ਰਸਾਦ ਵੰਡਣ ਤੋਂ ਬਾਦ ਅੰਮ੍ਰਿਤ ਸੰਸਕਾਰ ਸਮਾਪਤ ਹੋ ਜਾਂਦਾ ਹੈ। ਹਰ ਸਿੱਖ ਲਈ ਮਰਯਾਦਾ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਉਸ ਦੀ ਭੁਲ ਬਖ਼ਸ਼ੀ ਲਈ ਤਨਖ਼ਾਹ ਲਗਾਈ ਜਾਂਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ 'ਸਿੱਖ ਰਹਿਤ-ਮਰਯਾਦਾ' ਵਿਚ ਅੰਮ੍ਰਿਤ ਸੰਸਕਾਰ ਦੀ ਵਿਧੀ ਇਸ ਪ੍ਰਕਾਰ ਦਸੀ ਗਈ ਹੈ:

(ੳ) ਅੰਮ੍ਰਿਤ ਛਕਣ ਲਈ ਇਕ ਖ਼ਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘਟ ਤੋਂ ਘਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ) ਜਾਂ ਦੀਰਘ ਰੋਗ ਵਾਲਾ ਨ ਹੋਵੇ। ਕੋਈ ਤਨਖ਼ਾਹੀਆ ਨ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼ਬ ਤੇ ਜਾਤੀ ਦੇ ਹਰ ਇਕ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨ ਹੋਵੇ। ਸਿਰ ਨੰਗਾ ਜਾਂ ਟੋਪੀ ਨ ਹੋਵੇ। ਛੇਦਕ ਗਹਿਣੇ ਕੋਈ ਨ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖ਼ਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ : ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸਨਾ ਦੱਸੀ ਹੈ। ਇਸ ਦੀ ਪੂਰਣਤਾ ਲਈ ਗੁਰਬਾਣੀ ਦਾ ਅਭਿਆਸ, ਸਾਧ-ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ, ਰਹਿਤ-ਬਹਿਤ ਰਖਣਾ ਮੁੱਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖ਼ੁਸ਼ੀ ਨਾਲ ਕ਼ਬੂਲ ਕਰਦੇ ਹੋ ?

(ਖ) 'ਹਾਂ' ਦਾ ਜਵਾਬ ਆਉਣ 'ਤੇ ਪਿਆਰਿਆਂ ਵਿਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ 'ਹੁਕਮ' ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰਖਿਆ ਹੋਵੇ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ-ਆਸਨ ਹੋ ਕੇ ਬੈਠ ਜਾਣ।

(ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ— ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦੁ ਸਾਹਿਬ।

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ, ਅਤੇ ਧਿਆਨ ਅੰਮ੍ਰਿਤ ਵਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰਾਂ ਵਿਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁੱਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁੱਲੇ ਨਾਲ ਇਹ ਕਿਹਾ ਜਾਵੇ —

ਬੋਲ *ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ* —ਛਕਣ ਵਾਲਾ ਛਕ ਕੇ ਕਹੇ— *ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ*। ਫਿਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਪਰ ਲਾਏ ਜਾਣ। ਫਿਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ *ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ* ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦਸ ਕੇ ਮੂਲ-ਮੰਤ੍ਰ ਸੁਣਾਉਣ ਤੇ ਉਨ੍ਹਾਂ ਪਾਸੋਂ ਇਸ ਦਾ ਰਟਨ ਕਰਾਉਣ:

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।*

(ਟ) ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਰਹਿਤ ਦਸੇ— ਅਜ ਤੋਂ ਤੁਸੀਂ 'ਸਤਿਗੁਰ ਕੇ ਜਨਮੈ ਗਵਨੁ ਮਿਟਾਇਆ' ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ, ਮਜ਼੍ਹਬ ਦਾ ਖ਼ਿਆਲ ਤਕ ਛਡ ਕੇ, ਨਿਰੋਲ ਖ਼ਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵੰਤਾਰ, ਪੈਗ਼ੰਬਰ ਦੀ ਉਪਾਸਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾ ਕਿਸੇ ਹੋਰ ਨੂੰ ਆਪਣਾ ਮੁਕਤੀ-ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿਖ ਲਓ) ਅਤੇ ਹਰ ਰੋਜ਼ ਘਟ ਤੋਂ ਘਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ : ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ—ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:

(1) ਕੇਸਾਂ ਦੀ ਬੇਅਦਬੀ।

(2) ਕੁੱਠਾ ਖਾਣਾ।

(3) ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।

(4) ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ

ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ। ਸਿਰਗੁੰਮ, ਨੜੀ-ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤੱਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜੱਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖ਼ਾਹ ਬਖ਼ਸ਼ਾਉਣੀ। ਅਗੇ ਲਈ ਸਾਵਧਾਨ ਰਹਿਣਾ।

(ਠ) ਤਨਖ਼ਾਹੀਏ ਇਹ ਹਨ :
- (1) ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।
- (2) ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
- (3) ਦਾਹੜਾ ਰੰਗਣ ਵਾਲਾ।
- (4) ਪੁੱਤਰ ਜਾਂ ਧੀ ਦਾ ਸਾਕ ਮੁਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
- (5) ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।
- (6) ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।
- (7) ਰਹਿਤ ਵਿਚ ਕੋਈ ਭੁਲ ਕਰਨ ਵਾਲਾ।

(ਡ) ਇਹ ਸਿਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰਖਿਆ ਜਾਵੇ।

(ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

*ਤਨਖ਼ਾਹ ਲਾਉਣ ਦੀ ਵਿਧੀ*

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਣ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ ਮੰਨੇ।

(ਅ) ਗੁਰ-ਸੰਗਤ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਬਣ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁਲ ਨੂੰ ਵਿਚਾਰ ਕੇ, ਗੁਰੂ-ਸੰਗਤ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨ ਹੀ ਤਨਖ਼ਾਹ ਲੁਆਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

**ਅੰਮ੍ਰਿਤਧਾਰੀ**: ਉਹ ਸਿੱਖ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਅੰਮ੍ਰਿਤ-ਪਾਨ ਕਰਨ ਦੀ ਮਰਯਾਦਾ ਨੂੰ ਅੰਗੀਕਾਰ ਕੀਤਾ ਹੋਵੇ ਅਤੇ ਪੰਜ ਕੱਕਾਰ (ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰਾ) ਧਾਰਣ ਕਰਕੇ ਨਿਤ-ਨੇਮ ਕਰਦਾ ਹੋਵੇ। ਅਜਿਹੇ ਸਿੱਖ ਨੂੰ 'ਸਿੰਘ' ਕਹਿਣਾ ਉਚਿਤ ਹੈ। ਇਹ ਵਿਸ਼ੇ-ਵਾਸਨਾਵਾਂ ਤੋਂ ਉੱਚਾ, ਸਾਰੀ ਮਨੁੱਖਤਾ ਨੂੰ ਸਮਾਨ ਸਮਝਣ ਵਾਲਾ ਅਤੇ ਧਰਮ ਦੀਆਂ ਸੰਕੀਰਣ ਮਾਨਤਾਵਾਂ ਤੋਂ ਉਪਰ ਹੁੰਦਾ ਹੈ। ਇਹ ਹੀ 'ਖ਼ਾਲਸਾ' (ਵੇਖੋ) ਸ਼ਬਦ ਦਾ ਲਖਾਇਕ ਹੈ।

# ੲ

**ਇਆਲੀ ਕਲਾਂ** (ਪਿੰਡ): ਲੁਧਿਆਣੇ ਜ਼ਿਲ੍ਹੇ ਦਾ ਇਕ ਪਿੰਡ ਜੋ ਬਦੋਵਾਲ ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੈ। ਸੰਨ 1634 ਈ. ਵਿਚ ਲੜੀ ਗਈ ਮੇਹਰਾਜ ਦੀ ਲੜਾਈ ਉਪਰੰਤ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਪਰਤ ਰਹੇ ਸਨ, ਤਦੋਂ ਉਨ੍ਹਾਂ ਨੇ ਇਸ ਪਿੰਡ ਵਿਚ ਠਹਿਰ ਕੇ ਸਿੱਖਾਂ ਨੂੰ ਉਪਦੇਸ਼

ਕੀਤਾ ਸੀ। ਕਹਿੰਦੇ ਹਨ ਕਿ ਸੰਗਤਾਂ ਨੂੰ ਮੁਖ਼ਾਤਬ ਹੋਣ ਲਈ ਭਾਈ ਬਿਧੀ ਚੰਦ ਅਤੇ ਹੋਰ ਸਿੱਖਾਂ ਨੇ ਗੁਰੂ ਜੀ ਦੇ ਬੈਠਣ ਲਈ ਇਕ ਥੜਾ ਉਸਾਰਿਆ ਸੀ। ਬਾਦ ਵਿਚ ਇਸ ਗੁਰੂ-ਧਾਮ ਦਾ ਨਾਂ ਥੜਾ ਸਾਹਿਬ ਪ੍ਰਚਲਿਤ ਹੋ ਗਿਆ। ਪਹਿਲਾਂ ਇਸ ਦਾ ਪੁਜਾਰੀ ਇਕ ਉਦਾਸੀ ਸਾਧੂ ਸੀ, ਪਰ ਬਾਦ ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆ ਗਿਆ। ਇਸ ਦੀ ਵਰਤਮਾਨ ਇਮਾਰਤ ਦੀ ਉਸਾਰੀ ਸੰਨ 1953 ਈ. ਵਿਚ ਸ਼ੁਰੂ ਕੀਤੀ ਗਈ ਸੀ। ਗੁਰਦੁਆਰੇ ਦੇ ਸਾਹਮਣੇ ਕਰਕੇ 'ਤਵੇਲਾ' ਨਾਂ ਦਾ ਇਕ ਸਥਾਨ ਹੈ ਜਿਥੇ ਗੁਰੂ ਸਾਹਿਬ ਦਾ 'ਦਿਲਬਾਗ਼' ਨਾਂ ਦਾ ਘੋੜਾ ਬੰਨ੍ਹਿਆ ਗਿਆ ਸੀ। ਲੋਹੜੀ ਦੇ ਅਵਸਰ 'ਤੇ ਇਥੇ ਸੰਗਤਾਂ ਦਾ ਵੱਡਾ ਇਕੱਠ ਹੁੰਦਾ ਹੈ।

**ਇਸਤਰੀ-ਗੌਰਵ**: ਸਿੱਖ-ਸਮਾਜ ਇਸਤਰੀ ਦੇ ਮਹੱਤਵ, ਸਰੂਪ ਅਤੇ ਗੌਰਵ ਬਾਰੇ ਪੂਰੀ ਤਰ੍ਹਾਂ ਜਾਗਰੂਕ ਹੈ। ਬਾਕੀ ਧਰਮਾਂ ਦੇ ਮੁਕਾਬਲੇ ਸਿੱਖ-ਧਰਮ ਵਿਚ ਇਸਤਰੀ ਅਧਿਕ ਪ੍ਰਤਿਸ਼ਠਿਤ ਹੈ। ਉਂਜ ਇਸ ਨੂੰ ਧਰਮ ਅਤੇ ਸਮਾਜ ਦੇ ਸਾਰੇ ਮਸਲਿਆਂ, ਰੀਤਾਂ-ਰਿਵਾਜਾਂ ਵਿਚ ਮਰਦ ਦੇ ਨਾਲ ਬਰਾਬਰ ਦਾ ਅਧਿਕਾਰ ਹੈ, ਪਰ ਕਈ ਪਰੰਪਰਾਵਾਦੀ ਅਤੇ ਪੁਜਾਰੀ ਰੁਚੀਆਂ ਵਾਲੇ ਲੋਕ ਅਕਾਰਣ ਹੀ ਵਿਵਾਦ ਖੜਾ ਕਰ ਦਿੰਦੇ ਹਨ, ਜਿਸ ਨਾਲ ਸਿੱਖ-ਧਰਮ ਅਤੇ ਸਮਾਜ ਦਾ ਗੌਰਵ ਘਟਦਾ ਹੈ। ਹੋਰ ਵੇਖੋ 'ਨਾਰੀ-ਚੇਤਨਾ'।

**ਇਸ਼ਨਾਨ**: ਇਹ ਸੰਸਕ੍ਰਿਤ ਦੇ 'ਸ੍ਨਾਨ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਮੂਲ ਭਾਵ ਜਲ ਨਾਲ ਸ਼ਰੀਰ ਨੂੰ ਧੋਣਾ ਹੈ। ਇਸ ਨਾਲ ਸ਼ਰੀਰ ਸਾਫ਼ ਹੀ ਨਹੀਂ ਹੁੰਦਾ, ਮਾਨਸਿਕ ਸ਼ਾਂਤੀ ਵੀ ਪ੍ਰਾਪਤ ਹੁੰਦੀ ਹੈ। ਦੇਹ ਅਰੋਗਤਾ ਦੇ ਨਾਲ ਨਾਲ ਮਾਨਸਿਕ ਅਰੋਗਤਾ ਦਾ ਸੰਬੰਧ ਵੀ ਇਸ਼ਨਾਨ ਨਾਲ ਜੋੜਿਆ ਜਾਂਦਾ ਹੈ। ਅਧਿਕਾਂਸ਼ ਭਾਰਤੀ ਧਰਮਾਂ ਵਿਚ ਇਸ਼ਨਾਨ ਉਤੇ ਬਲ ਦਿੱਤਾ ਗਿਆ ਹੈ। ਇਸ ਨੂੰ ਧਰਮ-ਸਾਧਨਾ ਦਾ ਇਕ ਜ਼ਰੂਰੀ ਅੰਗ ਜਾਂ ਪ੍ਰਕਾਰਜ ਹੀ ਬਣਾ ਦਿੱਤਾ ਗਿਆ ਹੈ। ਸ਼ਾਸਤ੍ਰਾਂ ਵਿਚ ਮੁੱਖ ਤੌਰ 'ਤੇ ਇਸ ਦੇ ਤਿੰਨ ਭੇਦ ਦਸੇ ਗਏ ਹਨ — ਨਿਤ੍ਯ, ਨੈਮਿਤਿਕ ਅਤੇ ਕਾਮ੍ਯ। ਨਿਤ੍ਯ ਇਸ਼ਨਾਨ ਰੋਜ਼ ਕੀਤਾ ਜਾਂਦਾ ਹੈ। ਇਸ ਤੋਂ ਬਾਦ ਹੀ ਧਾਰਮਿਕ ਪੂਜਾ-ਪਾਠ ਵਿਚ ਲਗਿਆ ਜਾਂਦਾ ਹੈ। ਨੈਮਿਤਿਕ ਇਸ਼ਨਾਨ ਉਹ ਹੈ ਜਿਸ ਨਾਲ ਜਨਮ-ਮਰਨ ਤੋਂ ਪੈਦਾ ਹੋਏ ਸੂਤਕ ਜਾਂ ਅਸ਼ੌਚ ਨੂੰ ਖ਼ਤਮ ਕੀਤਾ ਜਾਂਦਾ ਹੈ ਜਾਂ ਫਿਰ ਗ੍ਰਹਿਣ ਲਗਣ ਤੋਂ ਬਾਦ ਕੀਤਾ ਜਾਂਦਾ ਹੈ। ਕਾਮ੍ਯ ਇਸ਼ਨਾਨ ਉਹ ਹੈ ਜੋ ਤੀਰਥਾਂ ਉਤੇ ਕਾਮਨਾਵਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ।

ਸਿੱਖ-ਧਰਮ ਸਾਧਨਾ ਵਿਚ ਇਸ਼ਨਾਨ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਅੰਮ੍ਰਿਤਸਰ ਦਾ ਇਸ਼ਨਾਨ ਵਿਸ਼ੇਸ਼ ਰੂਪ ਵਿਚ ਚਰਚਿਤ ਹੈ। ਇਸ਼ਨਾਨ ਦੀ ਸੁਵਿਧਾ ਦੇ ਉਦੇਸ਼ ਤੋਂ ਗੁਰੂ-ਧਾਮਾਂ ਅਤੇ ਧਰਮ-ਧਾਮਾਂ ਉਤੇ ਵਿਸ਼ੇਸ਼ ਰੂਪ ਵਿਚ ਸਰੋਵਰ ਬਣਾਏ ਗਏ ਹਨ। ਗੁਰੂ ਰਾਮਦਾਸ ਜੀ ਨੇ 'ਗਉੜੀ ਕੀ ਵਾਰ' ਵਿਚ ਕਿਹਾ ਹੈ ਕਿ ਜੋ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਣ ਦਾ ਗੌਰਵ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਨੂੰ ਸਵੇਰੇ ਉਠ ਕੇ ਹਰਿ-ਨਾਮ ਦੀ ਆਰਾਧਨਾ ਕਰਨੀ ਚਾਹੀਦੀ ਹੈ। ਉਸ ਨੂੰ ਪ੍ਰਭਾਵ ਵੇਲੇ ਉਠ ਕੇ ਇਸ਼ਨਾਨ ਕਰਨਾ ਚਾਹੀਦਾ ਹੈ ਅਤੇ ਅੰਮ੍ਰਿਤਸਰ ਵਿਚ ਜਾ ਕੇ ਇਸ਼ਨਾਨ ਕਰਨ ਦਾ ਉਦਮ ਕਰਨਾ ਚਾਹੀਦਾ ਹੈ — *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,ਸੁ ਭਲਕੇ ਉਠਿ ਹਰਿਨਾਮੁ ਧਿਆਵੈ। ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।* (ਗੁ.ਗ੍ਰੰ.305)। ਭਾਈ ਗੁਰਦਾਸ ਨੇ ਸਿੱਖ ਦੇ ਨਿੱਤ-ਕਰਮ ਵਿਚ ਇਸ਼ਨਾਨ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ — *ਅੰਮ੍ਰਿਤੁ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਇ ਨ੍ਹਵੰਦੇ। ਸਹਿਜ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪ ਜਪੰਦੇ।*(6/3)

ਧਿਆਨ-ਯੋਗ ਗੱਲ ਇਹ ਹੈ ਕਿ ਗੁਰਬਾਣੀ ਕੇਵਲ ਇਸ਼ਨਾਨ ਕਰਨ ਨਾਲ ਸੁੱਚੇ ਜਾਂ ਪਵਿੱਤਰ ਹੋ ਜਾਣ ਦੀ ਗੱਲ ਨੂੰ ਸਵੀਕਾਰ ਨਹੀਂ ਕਰਦੀ। ਸੱਚੀ ਸੁਚਮਤਾ ਤਾਂ ਤਦ ਪ੍ਰਾਪਤ ਹੁੰਦੀ ਹੈ ਜੇ ਸੱਚੇ ਪਰਮਾਤਮਾ ਨੂੰ ਹਿਰਦੇ ਦੇ ਅੰਦਰ ਵਸਾਇਆ ਜਾਏ — *ਸੂਚੇ ਇਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ। ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।*(ਗੁ.ਗ੍ਰੰ.472)। ਕਿਉਂਕਿ ਅੰਦਰ ਦੀ ਸਥਿਤੀ ਵਿਚ ਤਦ ਹੀ ਸੁਧਾਰ ਹੋਵੇਗਾ ਜੇ ਬ੍ਰਹਮ-ਗਿਆਨ ਦੇ ਮਹਾਰਸ ਵਿਚ ਲੀਨ ਹੋਇਆ ਜਾਏ— *ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ। ਗਿਆਨਿ ਮਹਾਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ।* (ਗੁ.ਗ੍ਰੰ.637)। ਅਸਲ ਵਿਚ ਉਹੀ ਨਹਾਇਆ ਹੋਇਆ ਪ੍ਰਵਾਨ ਚੜ੍ਹਦਾ ਹੈ ਜੋ ਸੱਚੇ ਨਾਮ ਦੀ ਆਰਾਧਨਾ ਨਾਲ ਸੰਯੁਕਤ ਹੁੰਦਾ ਹੈ — *ਨਾਤਾ ਸੋ*

*ਪਰਵਾਣੁ ਸਚੁ ਕਮਾਈਐ।*(ਗੁ.ਗ੍ਰੰ.565)।

**ਇਕ-੧:** ਗਣਿਤ ਵਿਦਿਆ ਦਾ ਪਹਿਲਾ ਅੰਕ। ਗੁਰਬਾਣੀ ਵਿਚ ਇਸ ਨੂੰ ਬ੍ਰਹਮ-ਵਾਚਕ ਮੰਨਿਆ ਗਿਆ ਹੈ। ਗੁਰੂ ਰਾਮਦਾਸ ਜੀ ਨੇ 'ਗਉੜੀ ਕੀ ਵਾਰ' ਵਿਚ ਸਪੱਸ਼ਟ ਕਿਹਾ ਹੈ — *ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ।*(ਗੁ.ਗ੍ਰੰ.309)। ਇਸ ਲਈ ਉਸ ਇਕ ਪਰਮਾਤਮਾ ਦੇ ਹੀ ਅਨੰਤ ਗੁਣਾਂ ਦੀ ਆਰਾਧਨਾ ਕਰਨੀ ਚਾਹੀਦੀ ਹੈ— *ਏਕਸ ਕੇ ਗੁਨ ਗਾਉ ਅਨੰਤ।*(ਗੁ.ਗ੍ਰੰ.289)।

ਗੁਰੂ ਨਾਨਕ ਦੇਵ ਨੇ ਮੂਲ-ਮੰਤ੍ਰ ਦੇ ਆਰੰਭ ਵਿਚ 'ਓਅੰਕਾਰ' (ਵੇਖੋ) ਤੋਂ ਪਹਿਲਾਂ '੧' (ਇਕ) ਸੰਖਿਆ-ਅੰਕ ਜੋੜ ਕੇ ਇਸ ਦਾ ਸਰੂਪ ਨਿਸਚਿਤ ਕਰ ਦਿੱਤਾ ਹੈ। ਕਿਉਂਕਿ 'ਓਅੰਕਾਰ' ਸ਼ਬਦ ਨੂੰ ਉਪਨਿਸ਼ਦ-ਪਰੰਪਰਾ ਵਿਚ ਬ੍ਰਹਮ ਲਈ ਵਰਤੇ ਜਾਣ ਕਰਕੇ ਕਈ ਪ੍ਰਕਾਰ ਦੀਆਂ ਭ੍ਰਾਂਤੀਆਂ ਪੈਦਾ ਹੋ ਸਕਦੀਆਂ ਸਨ। 'ਓਅੰ' ਦੇ ਤਿੰਨ ਅੱਖਰਾਂ (ੳ,ਅ,ਮ) ਨੂੰ ਬ੍ਰਹਮ, ਵਿਸ਼ਣੂ ਅਤੇ ਸ਼ਿਵ ਦਾ ਵਾਚਕ ਮੰਨ ਲੈਣ 'ਤੇ ਇਹ ਤ੍ਰਿ-ਦੇਵ ਰੂਪ ਕਲਪ ਲਿਆ ਜਾਂਦਾ ਹੈ। ਇਸ ਪ੍ਰਕਾਰ ਦੀਆਂ ਭ੍ਰਾਂਤੀਆਂ ਨੂੰ ਖ਼ਤਮ ਕਰਨ ਲਈ '੧' ਸੰਖਿਆ ਅੰਕ ਵਰਤਿਆ ਗਿਆ ਹੈ। ਸ਼ਬਦਾਂ ਦੇ ਅਨੇਕ ਅਰਥ ਹੋ ਸਕਦੇ ਹਨ, ਪਰ ਸੰਖਿਆ-ਅੰਕ ਦਾ ਕੇਵਲ ਇਕੋ-ਇਕ ਅਰਥ ਹੁੰਦਾ ਹੈ। ਭਾਈ ਗੁਰਦਾਸ ਨੇ ਇਸ ਦੀ ਵਿਆਖਿਆ ਕਰਦਿਆਂ ਕਿਹਾ ਹੈ — *ਏਕਾ ਏਕੰਕਾਰੁ ਲਿਖਿ ਵੇਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ।*(3/15)। ਇਸ ਤਰ੍ਹਾਂ '੧' ਦੇ ਜੁੜਨ ਨਾਲ 'ਓਅੰਕਾਰ' ਦਾ ਨਿਰੋਲ ਬ੍ਰਹਮ-ਵਾਚਕ ਸਰੂਪ ਸਪੱਸ਼ਟ ਹੋ ਗਿਆ ਹੈ।

'ਮੂਲ-ਮੰਤ੍ਰ' ਤੋਂ ਇਲਾਵਾ ਵੀ ਬਾਣੀ ਵਿਚ ਪਰਮਾਤਮਾ ਨੂੰ ਸਭ ਥਾਂ ਇਕ ਹੀ ਮੰਨਿਆ ਗਿਆ ਹੈ। 'ਮਲਾਰ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਪਰਮਾਤਮਾ ਆਪ ਹੀ ਪੱਟੀ ਹੈ, ਆਪ ਹੀ ਕਲਮ ਹੈ ਅਤੇ ਉਸ ਉਪਰ ਲੇਖ ਵੀ ਉਹ ਆਪ ਹੀ ਹੈ। ਜਦ ਉਹ ਇਕ ਹੀ ਹੈ, ਫਿਰ ਦੂਜਾ ਕਿਸ ਲਈ ਕਿਹਾ ਜਾਏ— *ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ। ਏਕੋ ਕਹੀਐ ਨਾਨਕ ਦੂਜਾ ਕਾਹੇ ਕੂ।*(ਗੁ.ਗ੍ਰੰ.1291)। ਸੰਸਾਰ ਵਿਚ ਜਿਤਨੇ ਵੀ ਸ਼ਬਦ ਹਨ, ਉਹ ਸਾਰੇ ਬ੍ਰਹਮ ਦੀ ਹੀ ਧੁੰਨੀ ਹਨ। ਜਿਤਨਾ ਰੂਪ ਹੈ, ਉਹ ਸਭ ਉਸ ਦੀ ਹੀ ਕਾਇਆ ਹੈ। ਉਹ ਖ਼ੁਦ ਹੀ ਰਸਨਾ (ਜੀਭ) ਹੈ ਅਤੇ ਬਸਨਾ (ਵਾਸਨਾ ਜਾਂ ਰਸ ਲੈਣ ਵਾਲਾ) ਹੈ। ਉਸ ਤੋਂ ਭਿੰਨ ਹੋਰ ਕੋਈ ਦੂਜਾ ਨਹੀਂ ਹੈ। ਪਰਮਾਤਮਾ ਇਕ ਹੈ, ਕੇਵਲ ਇਕ ਹੈ — *ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ। ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ। ਸਾਹਿਬ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।*(ਗੁ.ਗ੍ਰੰ.350)। ਆਸਾ ਰਾਗ ਦੀ 'ਪਟੀ' ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ — *ਏਕੋ ਲੇਵੈ ਏਕੋ ਦੇਵੈ ਅਵਰ ਨਾ ਦੂਜਾ ਮੈ ਸੁਣਿਆ।*

ਪਰਮਾਤਮਾ ਨੂੰ ਇਕ ਕਹਿਣ ਦਾ ਸੰਕਲਪ ਵੈਦਿਕ ਸਾਹਿਤ ਵਿਚ ਵੀ ਮਿਲਦਾ ਹੈ। ਰਿਗਵੇਦ ਦੇ 'ਨਾਸਦੀਯ ਸੂਕ੍ਤ' ਵਿਚ ਇਕ ਪੁਰਸ਼ ਦੀ ਕਲਪਨਾ ਹੋਈ ਮਿਲਦੀ ਹੈ। 'ਛਾਂਦੋਗ੍ਯੋਪਨਿਸ਼ਦ' (6/2/1) ਅਤੇ 'ਬ੍ਰਹਮੋਪਨਿਸ਼ਦ' (16) ਅਨੁਸਾਰ ਵੀ ਬ੍ਰਹਮ ਇਕ ਹੈ। ਪਰ ਸਾਰੇ ਵੈਦਿਕ ਸਾਹਿਤ ਵਿਚ 'ਓਅੰਕਾਰ' ਲਈ ਇਕ (੧) ਵਿਸ਼ੇਸ਼ਣ ਦੀ ਵਰਤੋਂ ਨਹੀਂ ਹੋਈ। ਇਨ੍ਹਾਂ ਦੋਹਾਂ ਦਾ ਇਕੱਠਿਆਂ ਲਿਖਿਆ ਹੋਣਾ ਗੁਰੂ ਨਾਨਕ ਦੇਵ ਜੀ ਦੀ ਏਕੇਸ਼ੁਰਵਾਦੀ ਧਾਰਣਾ ਨੂੰ ਨਿਰਦੁਅੰਦ ਰੂਪ ਵਿਚ ਸੁਤੰਤਰ ਭਾਵ-ਭੂਮੀ ਉਤੇ ਸਥਾਪਿਤ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਇਤਿਹਾਸਿਕ ਪਰਿਸਥਿਤੀਆਂ ਵਿਚ ਜਨਮ ਲਿਆ ਸੀ, ਉਦੋਂ ਏਕੇਸ਼ੁਰਵਾਦੀ ਦ੍ਰਿਸ਼ਟੀਕੋਣ ਦੀ ਸਥਾਪਨਾ ਕਰਨੀ ਬਹੁਤ ਜ਼ਰੂਰੀ ਸੀ। ਉਸ ਸਮੇਂ ਬਹੁ-ਦੇਵਵਾਦੀ ਬਿਰਤੀ ਦੇ ਅਤਿ ਅਧਿਕ ਵਿਕਾਸ ਕਾਰਣ ਭਾਰਤੀ ਏਕੇਸ਼ੁਰਵਾਦ ਦਾ ਮਹੱਤਵ ਦਬ ਜਿਹਾ ਗਿਆ ਸੀ। ਬਾਹਰੋਂ ਆਇਆ ਇਸਲਾਮਿਕ ਏਕੇਸ਼ੁਰਵਾਦ ਵੀ ਕਾਫ਼ਿਰਾਂ ਦੇ ਪਰਮਾਤਮਾ ਨੂੰ ਅੱਲ੍ਹਾ ਤੋਂ ਵਖ ਮੰਨ ਕੇ ਪ੍ਰਕਾਰਾਂਤਰ ਨਾਲ ਇਕ ਨਵੇਂ ਕਿਸਮ ਦੇ ਬਹੁਦੇਵਵਾਦ ਦਾ ਵਿਕਾਸ ਕਰ ਰਿਹਾ ਸੀ। ਗੁਰੂ ਨਾਲਕ ਦੇਵ ਜੀ ਦਾ ਉਸ ਨਾਲ ਵੀ ਕੋਈ ਸਰੋਕਾਰ ਨਹੀਂ ਸੀ।

ਇਸਲਾਮ ਦਾ ਅੱਲ੍ਹਾ ਬਾਰੇ ਸੰਕਲਪ ਇਕ ਵੱਡੇ ਸ਼ਹਿਨਸ਼ਾਹ ਵਰਗਾ ਹੈ, ਜਿਸ ਉਪਰ ਕਿਸੇ ਹੋਰ ਦੀ ਸੱਤਾ ਨਹੀਂ ਹੈ, ਜਿਸ ਦੀ ਸ਼ਕਤੀ ਅਨੰਤ ਅਤੇ ਅਸੀਮ ਹੈ, ਜੋ ਬੁੱਧੀਮਾਨ ਅਤੇ ਨਿਆਇਕਰਤਾ ਹੈ, ਹਰ ਇਕ ਜੀਵ ਦਾ ਲੇਖਾ ਰਖਦਾ ਹੈ। ਜੋ ਆਪਣੇ ਭਗਤਾਂ ਪ੍ਰਤਿ ਉਦਾਰ, ਪਰ ਨ ਮੰਨਣ ਵਾਲੇ ਪਾਪੀਆਂ ਪ੍ਰਤਿ ਕਠੋਰ ਹੈ। ਪਰੰਤੂ ਉਹ ਪ੍ਰੇਮ ਦਾ ਪਰਮਾਤਮਾ ਹੋਣ ਦੀ ਥਾਂ ਭੈ ਦਾ ਭਗਵਾਨ ਹੈ। ਅਜਿਹੀ ਸੋਚ ਪਿਛੇ ਸਾਮੀ ਦੇਸ਼ਾਂ ਦੀ ਮਾਨਸਿਕਤਾ ਅਤੇ ਸਭਿਆਚਾਰ

ਭੂਮਿਕਾ ਨਿਭਾ ਰਹੇ ਹਨ। ਇਸ ਦੇ ਮੁਕਾਬਲੇ ਗੁਰਬਾਣੀ ਵਿਚ ਅਦ੍ਵੈਤਤਾ ਅਤੇ ਪ੍ਰੇਮ-ਭਗਤੀ (ਭਾਉ-ਭਗਤੀ) ਵਿਚ ਅਡਿਗ ਵਿਸ਼ਵਾਸ ਪ੍ਰਗਟਾਇਆ ਗਿਆ ਹੈ। ਇਸਲਾਮਿਕ ਏਕੇਸ਼੍ਵਰਵਾਦ ਈਸ਼ਵਰ ਕਾਰਣਵਾਦੀ ਹੈ ਜਦ ਕਿ ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਕਰਤਾ-ਪੁਰਖ ਮੰਨਦੇ ਹੋਇਆਂ ਸਰਵ-ਵਿਆਪਕ, ਅੰਤਰਯਾਮੀ, ਬਾਹਿਰਵਰਤੀ ਦਸਦੇ ਹਨ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨੇ ਸਾਰੇ ਧਰਮਾਂ ਦੀਆਂ ਇਸ਼ਟ-ਭਾਵਨਾਵਾਂ ਦਾ ਸਮਨਵੈ ਕੀਤਾ ਹੈ, ਪਰ ਇਸਲਾਮ ਵਿਚ ਅੱਲ੍ਹਾ ਦੇ ਬਰਾਬਰ ਕਿਸੇ ਹੋਰ ਇਸ਼ਟ-ਦੇਵ ਦਾ ਮਹੱਤਵ ਨਹੀਂ। ਇਸ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਏਕੇਸ਼੍ਵਰਵਾਦ ਅਤੇ ਸਮਨਵੈਵਾਦ ਦੀ ਦ੍ਰਿੜ੍ਹਤਾ ਪੂਰਵਕ ਸਥਾਪਨਾ ਕਰਦੀ ਹੈ।

**ਇਕਤੁਕਾ**: ਇਸ ਸੰਯੁਕਤ ਸ਼ਬਦ ਵਿਚ 'ਇਕ' ਸੰਖਿਆ ਵਾਚਕ ਹੈ ਅਤੇ 'ਤੁਕਾ' (ਤੁਕ) ਕਾਵਿ-ਪੰਕਤੀ ਦਾ ਲਖਾਇਕ ਹੈ। ਇਸ ਤਰ੍ਹਾਂ 'ਇਕਤੁਕਾ' ਤੋਂ ਭਾਵ ਹੈ 'ਇਕ ਤੁਕ ਵਾਲਾ'। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ ਚਉਪਦਿਆਂ, ਅਸ਼ਟਪਦੀਆਂ ਆਦਿ ਦਾ, ਉਨ੍ਹਾਂ ਵਿਚ ਸ਼ਾਮਲ ਹੋਏ ਪਦਿਆਂ ਦੀ ਗਿਣਤੀ 'ਤੇ ਨਾਮਕਰਣ ਕੀਤਾ ਗਿਆ ਹੈ। ਇਨ੍ਹਾਂ ਪਦਿਆਂ ਵਿਚ ਵੀ ਅਗੋਂ ਕਈ ਤੁਕਾਂ ਹੁੰਦੀਆਂ ਹਨ ਜਿਨ੍ਹਾਂ ਦੀ ਸੰਖਿਆ ਦੇ ਆਧਾਰ 'ਤੇ ਇਨ੍ਹਾਂ ਨੂੰ ਇਕਤੁਕਾ, ਦੁਤੁਕਾ ਆਦਿ ਕਿਹਾ ਜਾਂਦਾ ਹੈ। ਨਮੂਨੇ ਵਜੋਂ ਵੇਖੋ— (1) *ਰਾਗੁ ਬਸੰਤੁ ਮਹਲਾ ੪ ਘਰੁ ੧ ਇਕਤੁਕੇ* ।(ਗੁ.ਗ੍ਰੰ.1177); (2) *ਬਸੰਤੁ ਮਹਲਾ ੫ ਘਰੁ ੧ ਇਕਤੁਕੇ* ।(ਗੁ.ਗ੍ਰੰ. 1184)।

**ਇਕੁਲਾਹਾ** (ਕਸਬਾ): ਲੁਧਿਆਣਾ ਜ਼ਿਲ੍ਹੇ ਵਿਚ ਖੰਨਾ ਨਗਰ ਦੇ ਲਗਭਗ 5 ਕਿ.ਮੀ. ਦੱਖਣ-ਪੱਛਮ ਵਲ ਸਥਿਤ ਇਕ ਕਸਬਾ ਜਿਸ ਨੂੰ ਸੰਨ 1632 ਈ. (20 ਵਿਸਾਖ) ਵਿਚ ਗੁਰੂ ਹਰਿਗੋਬਿੰਦ ਜੀ ਦੀ ਚਰਣ-ਛੋਹ ਪ੍ਰਾਪਤ ਹੋਈ ਸੀ। ਗੁਰੂ ਜੀ ਧਮੋਟ ਤੋਂ ਸੌਂਟੀ ਵਲ ਜਾਂਦਿਆਂ ਇਥੇ ਠਹਿਰੇ ਸਨ। ਕਹਿੰਦੇ ਹਨ ਇਥੇ ਗੁਰੂ ਸਾਹਿਬ ਨੇ ਜਿਗਿਆਸੂਆਂ ਨੂੰ ਸੱਚਾ ਸਿੱਖ ਬਣਨ ਲਈ ਉਪਦੇਸ਼ ਵੀ ਦਿੱਤਾ ਸੀ।

ਕਹਿੰਦੇ ਹਨ ਕਿ ਇਸ ਕਸਬੇ ਦਾ ਇਕ ਨਿਵਾਸੀ ਭਾਈ ਰਲਾ ਸਿੰਘ ਆਪਣੀ ਨੌਕਰੀ ਕਰਕੇ ਅਫ਼ਰੀਕਾ ਵਿਚ ਰਹਿੰਦਾ ਸੀ। ਉਸ ਨੂੰ ਇਕ ਦਿਨ ਗੁਰੂ ਸਾਹਿਬ ਦੇ ਇਸ ਸਥਾਨ ਦਾ ਧਿਆਨ ਆਇਆ ਅਤੇ ਉਥੋਂ ਨੌਕਰੀ ਛਡ ਕੇ ਗੁਰਦੁਆਰੇ ਦੀ ਉਸਾਰੀ ਲਈ ਸੰਨ 1908 ਈ. ਦੇ ਨੇੜੇ-ਤੇੜੇ ਆਪਣੇ ਪਿੰਡ ਆ ਗਿਆ। ਪਰ ਕਈਆਂ ਔਕੜਾਂ ਕਰਕੇ ਗੁਰੂ-ਧਾਮ ਦੀ ਇਮਾਰਤ ਭਾਈ ਰਲਾ ਸਿੰਘ ਤੋਂ ਮੁਕੰਮਲ ਨ ਹੋ ਸਕੀ। ਉਸ ਤੋਂ ਬਾਦ ਮਾਈ ਗੁਲਾਬ ਕੌਰ ਦੀ ਅਗਵਾਈ ਵਿਚ ਗੁਰਦੁਆਰਾ ਉਸਾਰਿਆ ਗਿਆ ਜੋ ਹੁਣ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੇ ਨੇੜੇ ਹੀ ਮੰਜੀ ਸਾਹਿਬ ਬਣਿਆ ਹੋਇਆ ਹੈ ਜਿਥੇ ਬੈਠ ਕੇ ਗੁਰੂ ਜੀ ਨੇ ਉਪਦੇਸ਼ ਦਿੱਤਾ ਸੀ। ਇਸ ਗੁਰੂ-ਧਾਮ ਦਾ ਸਾਲਾਨਾ ਜੋੜ-ਮੇਲ 20 ਵਿਸਾਖ ਨੂੰ ਹੁੰਦਾ ਹੈ ਜਿਸ ਦਿਨ ਗੁਰੂ ਜੀ ਇਥੇ ਬਿਰਾਜੇ ਸਨ। ਇਸ ਗੁਰਦੁਆਰੇ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਇਤਿਹਾਸ ਗੁਰੂ ਖ਼ਾਲਸਾ** (ਰਚਨਾ): ਸਿੱਖ ਇਤਿਹਾਸ ਸੰਬੰਧੀ ਲਿਖੀ ਇਸ ਪੁਸਤਕ ਦਾ ਲੇਖਕ ਸਾਧੂ ਗੁਲਾਬ ਸਿੰਘ ਨਿਰਮਲਾ ਹੈ। ਉਸ ਦਾ ਜਨਮ ਉਨ੍ਹੀਵੀਂ ਸਦੀ ਦੇ ਪੂਰਵਾਰਧ ਵਿਚ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਇਆ ਸੀ ਅਤੇ ਉਸ ਦਾ ਪਹਿਲਾ ਨਾਂ ਪੰਡਿਤ ਗੰਡਾ ਸਿੰਘ ਸੀ। ਬਚਪਨ ਵਿਚ ਹੀ ਉਹ ਪੰਡਿਤ ਨਿਹਾਲ ਸਿੰਘ ਦੇ ਸੰਪਰਕ ਵਿਚ ਆਇਆ ਅਤੇ ਸਿੱਖ-ਧਰਮ ਦਾ ਗੰਭੀਰਤਾ ਪੂਰਵਕ ਅਧਿਐਨ ਕਰਨ ਲਗ ਗਿਆ। ਉਹ ਕਈ ਸਾਲ ਬਨਾਰਸ ਰਿਹਾ ਅਤੇ ਉਥੇ ਆਪਣੀ ਠਹਿਰ ਦੌਰਾਨ ਸੰਸਕ੍ਰਿਤ ਭਾਸ਼ਾ ਅਤੇ ਸਾਹਿਤ ਦਾ ਨਿਠ ਕੇ ਅਧਿਐਨ ਕੀਤਾ। ਭਾਰਤੀ ਦਰਸ਼ਨ ਅਤੇ ਪੁਰਾਣ ਸਾਹਿਤ ਦਾ ਵੀ ਉਹ ਸੁਲਝਿਆ ਹੋਇਆ ਵਿਦਵਾਨ ਸੀ। ਬਨਾਰਸ ਵਿਚ ਰਹਿ ਕੇ ਉਸ ਨੇ ਪੰਜ ਪੁਸਤਕਾਂ ਦੀ ਰਚਨਾ ਕੀਤੀ— ਨਿਆਯ ਮੁਕਤਾਵਲੀ, ਉਦ੍ਯੋਗ ਕਥਾ ਪ੍ਰਾਬੋਧ, ਵੇਦਾਂਤ ਪਰਿਭਾਸ਼ਾ, ਵੈਰਾਗ ਸ਼ਤਕ ਅਤੇ ਇਤਿਹਾਸ ਗੁਰੂ ਖ਼ਾਲਸਾ। ਇਨ੍ਹਾਂ ਪੰਜਾਂ ਪੁਸਤਕਾਂ ਦੀ ਭਾਸ਼ਾ ਹਿੰਦੀ ਹੈ।

'ਇਤਿਹਾਸ ਗੁਰੂ ਖ਼ਾਲਸਾ' ਲੇਖਕ ਦੀ ਅੰਤਿਮ ਰਚਨਾ ਪ੍ਰਤੀਤ ਹੁੰਦੀ ਹੈ ਜੋ ਲੇਖਕ ਦੀ ਮ੍ਰਿਤੂ (ਸੰਨ 1899 ਈ.) ਤੋਂ ਪਹਿਲਾਂ ਮੁਕੰਮਲ ਹੋ ਚੁਕੀ ਸੀ ਅਤੇ ਸੰਨ 1902 ਈ. (ਸੰਨ 1959 ਵਿਚ) ਵਿਚ ਪਹਿਲੀ ਵਾਰ 'ਵੇਂਕਟੇਸ਼੍ਵਰ ਪ੍ਰੈਸ' ਮੁੰਬਈ ਤੋਂ ਦੇਵਨਾਗਰੀ ਅੱਖਰਾਂ ਵਿਚ ਛਪੀ ਸੀ। ਕੁਲ 584 ਪੰਨਿਆਂ ਦੇ ਇਸ ਇਤਿਹਾਸ ਨੂੰ 72 ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਪੰਜ ਅਧਿਆਵਾਂ ਵਿਚ ਸ੍ਰਿਸ਼ਟੀ ਦੀ ਉਤਪੱਤੀ, ਆਰਯ ਜਾਤਿ ਦਾ ਭਾਰਤ ਵਿਚ ਆ

ਕੇ ਵਸਣਾ, ਵਰਣ-ਵਿਧਾਨ ਅਤੇ ਸਮਕਾਲੀ ਸਥਿਤੀ ਆਦਿ ਪੱਖਾਂ ਉਤੇ ਚਾਨਣਾ ਪਾਇਆ ਗਿਆ ਹੈ। ਛੇਵੇਂ ਤੋਂ ਦਸਵੇਂ ਅਧਿਆਇ ਵਿਚ ਮੁਸਲਮਾਨਾਂ ਦੇ ਆਕ੍ਰਮਣ ਅਤੇ ਉਸ ਤੋਂ ਦੇਸ਼-ਵਾਸੀਆਂ ਲਈ ਪੈਦਾ ਹੋਏ ਸੰਕਟ ਦਾ ਚਿਤ੍ਰਣ ਕੀਤਾ ਗਿਆ ਹੈ। 27 ਅਧਿਆਵਾਂ (11 ਤੋਂ 37) ਵਿਚ ਦਸ ਗੁਰੂ ਸਾਹਿਬਾਨ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਬ੍ਰਿੱਤਾਂਤਾਂ ਦਾ ਅਧਿਕ ਵਿਸਤਾਰ ਨਾਲ ਵਰਣਨ ਹੋਇਆ ਹੈ। ਇਸ ਤੋਂ ਅਗਲੇ 16 ਅਧਿਆਵਾਂ ਵਿਚ ਬਾਬਾ ਬੰਦਾ ਬਹਾਦਰ ਦੇ ਪਰਾਕ੍ਰਮਾਂ ਦਾ ਚਿਤ੍ਰਣ ਹੋਇਆ ਹੈ। ਇਸ ਤੋਂ ਉਪਰੰਤ, ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਪੈਦਾ ਹੋਈ ਅਫ਼ਰਾ-ਤਫ਼ਰੀ ਦੀ ਸਥਿਤੀ, ਸਿੱਖਾਂ ਦੀਆਂ ਕੁਰਬਾਨੀਆਂ ਅਤੇ ਪ੍ਰਭੁਤਾ ਪ੍ਰਾਪਤੀ ਲਈ ਕੀਤੇ ਸੰਘਰਸ਼ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤੇ ਰਾਜ ਤੋਂ ਪਹਿਲਾਂ ਦੇ ਹਾਲਾਤ ਨੂੰ ਸਪੱਸ਼ਟ ਕੀਤਾ ਗਿਆ ਹੈ।

ਇਸ ਇਤਿਹਾਸ-ਗ੍ਰੰਥ ਦਾ ਮੂਲ ਸਰੋਤ ਗਿਆਨੀ ਗਿਆਨ ਸਿੰਘ ਵਿਰਚਿਤ 'ਪੰਥ ਪ੍ਰਕਾਸ਼' ਹੈ। ਕਈਆਂ ਥਾਂਵਾਂ 'ਤੇ ਅਣ-ਇਤਿਹਾਸਿਕ ਸਾਮਗ੍ਰੀ ਦੇ ਸ਼ਾਮਲ ਹੋ ਜਾਣ ਨਾਲ ਇਸ ਦੀ ਤੱਥਕ ਪ੍ਰਮਾਣਿਕਤਾ ਭਾਵੇਂ ਸੰਦਿਗਧ ਹੋ ਗਈ ਹੈ, ਪਰ ਭਾਰਤੀ ਦਰਸ਼ਨ, ਸਿੱਖ-ਧਰਮ ਦੀ ਰਹਿਤ ਮਰਯਾਦਾ ਅਤੇ ਜੀਵਨ-ਜਾਚ ਨੂੰ ਜਾਣਨ ਲਈ ਇਹ ਪੁਸਤਕ ਬਹੁਤ ਉਪਯੋਗੀ ਹੈ। ਲੇਖਕ ਦੇ ਆਪਣੇ ਕਥਨ ਅਨੁਸਾਰ — *ਸਿੱਖ ਜਾਤਿ ਦੇ ਪੂਜਯ ਗੁਰੂਓਂ ਕਾ ਯਹ ਇਤਿਹਾਸ ਹੈ। ਇਤਿਹਾਸ ਮੇਂ ਜੋ ਬਾਤੇਂ ਹੋਤੀ ਹੈਂ ਸਬ ਹੀ ਇਸ ਮੇਂ ਹੈਂ। ਇਸ ਮੇਂ ਧਰਮੋਪਦੇਸ਼ ਹੈ, ਸ਼ੂਰਤਾ ਹੈ, ਪਰਾਕ੍ਰਮ ਹੈ, ਸ੍ਵਦੇਸ਼ ਪ੍ਰੀਤਿ ਹੈ, ਆਤਮ-ਵਿਸਰਜਨ ਹੈ ਔਰ ਪਰੋਪਕਾਰ ਹੈ।* ਲੇਖਕ ਨੇ ਬੜੀ ਸਰਲ ਅਤੇ ਸਪੱਸ਼ਟ ਭਾਸ਼ਾ ਵਿਚ ਸਿੱਖ ਇਤਿਹਾਸ ਦੇ ਤੱਥਾਂ ਨੂੰ ਯੋਗਤਾ ਨਾਲ ਸਮੋਣ ਦਾ ਯਤਨ ਕੀਤਾ ਹੈ।

**ਇੰਦ੍ਰੀਆਂ**: ਸ਼ਰੀਰ ਦੇ ਅੰਦਰ ਅਤੇ ਬਾਹਰ ਸਥਿਤ ਉਹ ਸੂਖਮ ਅਤੇ ਸਥੂਲ ਅੰਗ ਜਿਨ੍ਹਾਂ ਰਾਹੀਂ ਸਾਨੂੰ ਬਾਹਰਲੇ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜਿਨ੍ਹਾਂ ਰਾਹੀਂ ਅੰਦਰਲੇ ਸੁਖ-ਦੁਖ ਦਾ ਅਨੁਭਵ ਹੁੰਦਾ ਹੈ। ਇਨ੍ਹਾਂ ਦੀ ਗਿਣਤੀ ਬਾਰੇ ਵਿਦਵਾਨ ਇਕ ਮਤ ਨਹੀਂ ਹਨ। ਨਿਆਇ-ਸ਼ਾਸਤ੍ਰ ਇਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਦਾ ਹੈ। ਪਹਿਲੇ ਵਰਗ ਵਿਚ ਨਕ, ਜੀਭ, ਅੱਖਾਂ, ਕੰਨ ਅਤੇ ਚਮੜੀ ਨੂੰ ਸ਼ਾਮਲ ਕੀਤਾ ਹੈ ਅਤੇ ਦੂਜੇ ਵਰਗ ਵਿਚ ਕੇਵਲ ਮਨ ਨੂੰ ਰਖਿਆ ਹੈ। ਪਹਿਲੇ ਵਰਗ ਦੁਆਰਾ ਕ੍ਰਮਵਾਰ ਗੰਧ, ਰਸ, ਰੂਪ, ਸ਼ਬਦ ਅਤੇ ਛੋਹ ਦਾ ਅਨੁਭਵ ਹੁੰਦਾ ਹੈ ਅਤੇ ਦੂਜੇ ਵਰਗ ਦੇ ਮਨ ਦੁਆਰਾ ਸੁਖ-ਦੁਖ ਦਾ ਅਨੁਭਵ ਹੁੰਦਾ ਹੈ।

ਸਾਂਖ੍ਯ-ਮਤ ਵਾਲਿਆਂ ਨੇ ਇੰਦ੍ਰੀਆਂ ਦੀ ਗਿਣਤੀ ਯਾਰ੍ਹਾਂ ਮੰਨੀ ਹੈ। ਇਨ੍ਹਾਂ ਵਿਚੋਂ ਪੰਜ ਗਿਆਨ ਇੰਦ੍ਰੀਆਂ ਹਨ, ਜਿਵੇਂ ਨਕ, ਜੀਭ, ਅੱਖਾਂ, ਕੰਨ ਅਤੇ ਚਮੜੀ। ਪੰਜ ਕਰਮ-ਇੰਦ੍ਰੀਆਂ ਹਨ, ਜਿਵੇਂ ਮੁਖ, ਹੱਥ, ਪੈਰ, ਮਲ-ਦਵਾਰ ਅਤੇ ਜਨੇਨ-ਦਵਾਰ। ਯਾਰ੍ਹਵੀਂ ਇੰਦ੍ਰੀ ਮਨ ਹੈ ਜਿਸ ਨੂੰ ਸੰਕਲਪ-ਵਿਕਲਪਾਤਮਕ ਇੰਦ੍ਰੀ ਕਿਹਾ ਗਿਆ ਹੈ। ਇਸ ਨੂੰ ਕੁਝ ਵਿਦਵਾਨਾਂ ਨੇ 'ਅੰਤਹਕਰਣ' ਵੀ ਕਿਹਾ ਹੈ।

ਬੌਧ-ਮਤ ਨੇ ਸ਼ਰੀਰ ਵਿਚ ਦਿਖਣ ਵਾਲੇ ਗੋਲਕਾਂ (ਛਿਦ੍ਰਾਂ) ਨੂੰ ਇੰਦ੍ਰੀਆਂ ਕਿਹਾ ਹੈ। ਹੋਰਨਾਂ ਮਤਾਂ ਵਿਚ ਵੀ ਇੰਦ੍ਰੀਆਂ ਬਾਰੇ ਪ੍ਰਕਾਸ਼ ਪਾਇਆ ਗਿਆ ਹੈ, ਪਰ ਅਧਿਕ ਪ੍ਰਸਿੱਧ ਸਾਂਖ੍ਯਵਾਦੀਆਂ ਦਾ ਮਤ ਹੈ।

ਗੁਰਬਾਣੀ ਵਿਚ ਮਨੁੱਖ ਨੂੰ ਇੰਦ੍ਰੀਆਂ ਤੋਂ ਪ੍ਰੇਰਿਤ ਹੋਣੋਂ ਵਰਜਿਆ ਗਿਆ ਹੈ— *ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ। ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ।*(ਗੁ.ਗ੍ਰੰ.335)। ਇਸ ਦੇ ਮੁਕਾਬਲੇ ਇੰਦ੍ਰੀਆਂ ਨੂੰ ਵਸ ਵਿਚ ਕਰਨ ਉਤੇ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਅੰਤਰ ਆਤਮੇ ਵਿਚ ਬ੍ਰਹਮ-ਜੋਤਿ ਦਾ ਪ੍ਰਕਾਸ਼ ਤਦ ਹੀ ਸੰਭਵ ਮੰਨਿਆ ਹੈ ਜੇ ਦਸਾਂ ਇੰਦ੍ਰੀਆਂ ਨੂੰ ਵਸ ਵਿਚ ਰਖਿਆ ਜਾਏ— *ਦਸ ਇੰਦ੍ਰੀ ਕਰਿ ਰਾਖੈ ਵਾਸਿ। ਤਾ ਕੈ ਆਤਮੈ ਹੋਇ ਪਰਗਾਸੁ।*(ਗੁ.ਗ੍ਰੰ. 236)। 'ਸੁਖਮਨੀ' ਨਾਂ ਦੀ ਬਾਣੀ ਵਿਚ ਅਜਿਹੇ ਇੰਦ੍ਰੀ- ਜਿਤ ਅਤੇ ਪੰਜ ਵਿਕਾਰਾਂ ਤੋਂ ਮੁਕਤ ਵਿਅਕਤੀ ਨੂੰ ਕਰੋੜਾਂ ਵਿਚੋਂ ਇਕ 'ਅਪਰਸ' ਮੰਨਿਆ ਗਿਆ ਹੈ— *ਇੰਦ੍ਰੀਜਿਤ ਪੰਚ ਦੋਖ ਤੇ ਰਹਤ। ਨਾਨਕ ਕੋਟਿ ਮਧੇ ਕੋ ਐਸਾ ਅਪਰਸ।*(ਗੁ.ਗ੍ਰੰ.274)।

**ਇਬਰਾਹੀਮ, ਸ਼ੇਖ** (ਮ.1553 ਈ.): ਬਾਬਾ ਫ਼ਰੀਦ ਸ਼ਕਰਗੰਜ ਦੀ ਵੰਸ਼ ਪਰੰਪਰਾ ਦਾ 12ਵਾਂ ਉਤਰਾਧਿਕਾਰੀ ਜੋ ਪਾਕਪਟਨ ਦੀ ਗੱਦੀ ਉਤੇ ਬੈਠਾ। ਪਵਿੱਤਰ ਜੀਵਨ ਅਤੇ ਸਵੱਛ ਵਿਚਾਰਾਂ ਕਰਕੇ ਲੋਕਾਂ ਨੇ ਇਸ ਨੂੰ ਵੀ 'ਫ਼ਰੀਦ ਸਾਨੀ' (ਫ਼ਰੀਦ ਦੂਜਾ) ਕਹਿਣਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਮੁਲਤਾਨ ਦੀ ਫੇਰੀ ਦੌਰਾਨ ਇਸ ਨਾਲ ਮੁਲਾਕਾਤ

ਹੋਈ ਸੀ।

ਪੁਰਾਤਨ ਜਨਮਸਾਖੀ (ਸਾਖੀ 32) ਵਿਚ 'ਆਸਾ ਕੀ ਵਾਰ' ਸੰਬੰਧੀ ਲਿਖੀ ਉਥਾਨਿਕਾ ਵਿਚ ਜ਼ਿਕਰ ਹੈ ਕਿ ਸ਼ੇਖ ਇਬਰਾਹੀਮ (ਸ਼ੇਖ ਬ੍ਰਹਮ) ਦਾ ਇਕ ਮੁਰੀਦ ਸ਼ੇਖ ਕਮਾਲ ਆਪਣੇ ਮੁਰਸ਼ਿਦ ਦੀ ਰਸੋਈ ਲਈ ਜੰਗਲ ਤੋਂ ਲਕੜੀਆਂ ਚੁਣਦਾ ਹੋਇਆ ਉਸ ਸਥਾਨ ਉਤੇ ਜਾ ਪਹੁੰਚਿਆ ਜਿਥੇ ਗੁਰੂ ਸਾਹਿਬ ਮਰਦਾਨੇ ਵਲੋਂ ਛੇੜੀ ਰਬਾਬ ਦੀ ਤਾਨ ਨਾਲ ਹੇਠ ਲਿਖਿਆ ਸ਼ਲੋਕ ਉਚਾਰ ਰਹੇ ਸਨ :

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।*
*ਏਕੋ ਕਹੀਐ ਨਾਨਕ ਦੂਜਾ ਕਾਹੇ ਕੂ।*

ਇਸ ਸ਼ਲੋਕ ਦੀ ਭਾਵ-ਭੂਮੀ ਨੂੰ ਸਮਝ ਕੇ ਸ਼ੇਖ ਕਮਾਲ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਤੋਂ ਦੋਬਾਰਾ ਸ਼ਲੋਕ ਸੁਣਨ ਦੀ ਇੱਛਾ ਪ੍ਰਗਟ ਕੀਤੀ। ਤਦ ਉਪਰੰਤ ਉਸ ਨੇ ਆਪਣੇ ਡੇਰੇ (ਖ਼ਾਨਕਾਹ) ਵਿਚ ਪਹੁੰਚ ਕੇ ਸ਼ੇਖ ਇਬਰਾਹੀਮ ਨੂੰ ਉਹ ਸ਼ਲੋਕ ਜਾ ਸੁਣਾਇਆ। ਉਤਸੁਕਤਾ-ਵਸ ਸ਼ੇਖ ਇਬਰਾਹੀਮ ਸ਼ਲੋਕ ਦੇ ਰਚੈਤਾ ਗੁਰੂ ਜੀ ਨੂੰ ਮਿਲਣ ਲਈ ਜੰਗਲ ਵਿਚ ਆਇਆ ਅਤੇ ਦੋਹਾਂ ਵਿਚ ਵਿਚਾਰ-ਵਟਾਂਦਰਾ ਹੋਇਆ। ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਫ਼ਰੀਦ ਬਾਣੀ ਗੁਰੂ ਜੀ ਨੂੰ ਸ਼ੇਖ ਇਬਰਾਹੀਮ ਤੋਂ ਹੀ ਪ੍ਰਾਪਤ ਹੋਈ ਸੀ। ਇਸ ਦਾ ਦੇਹਾਂਤ ਸੰਨ 1553 ਈ. ਵਿਚ ਪਾਕਪਟਨ ਅੰਦਰ ਹੋਇਆ।

**ਈਸਟ ਇੰਡੀਆ ਕੰਪਨੀ:** 20 ਮਈ ਸੰਨ 1498 ਈ. ਵਿਚ ਵਾਸਕੋ-ਦੇ-ਗਾਮਾ (Vasco de Gama) ਨੇ 'ਕੇਪ ਆਫ਼ ਗੁਡ ਹੋਪ' ਰਾਹੀਂ ਹਿੰਦੁਸਤਾਨ ਤਕ ਪਹੁੰਚਣ ਦਾ ਮਾਰਗ ਲਭ ਲਿਆ। ਸਭ ਤੋਂ ਪਹਿਲਾਂ ਉਸ ਦਾ ਜਹਾਜ਼ (San Gabriel) ਮਾਲਾਬਾਰ ਦੀ ਕਾਲੀਕਟ ਬੰਦਰਗਾਹ ਉਤੇ ਪਹੁੰਚਿਆ। ਸੰਨ 1510 ਈ. ਤਕ ਪੁਰਤਗਾਲੀਆਂ ਨੇ ਗੋਆ ਉਤੇ ਕਬਜ਼ਾ ਕਰ ਲਿਆ ਅਤੇ ਹਿੰਦੁਸਤਾਨ ਨਾਲ ਵਪਾਰਕ ਸੰਬੰਧ ਸਥਾਪਿਤ ਕੀਤਾ। ਕਾਲਾਂਤਰ ਵਿਚ ਸਪੇਨ, ਹਾਲੈਂਡ, ਇੰਗਲੈਂਡ ਅਤੇ ਫਰਾਂਸ ਨੇ ਆਪਣੇ ਵਪਾਰ ਨੂੰ ਭਾਰਤ ਅਤੇ ਪੂਰਵੀ ਦੀਪਾਂ ਵਲ ਵਧਾਉਣ ਦੇ ਉੱਦਮ ਸ਼ੁਰੂ ਕਰ ਦਿੱਤੇ। ਇਹ ਕੰਮ ਵਪਾਰਕ ਕੰਪਨੀਆਂ ਰਾਹੀਂ ਕੀਤੇ ਜਾਂਦੇ ਸਨ। ਇਹ ਕੰਪਨੀਆਂ ਆਪਣੇ ਵਪਾਰਕ ਹਿਤਾਂ ਲਈ ਆਪਸ ਵਿਚ ਸੰਘਰਸ਼ ਕਰਦੀਆਂ ਰਹਿੰਦੀਆਂ। ਇਨ੍ਹਾਂ ਕੰਪਨੀਆਂ ਵਿਚੋਂ ਇੰਗਲੈਂਡ ਦੀ ਕੰਪਨੀ ਦਾ ਨਾਂ ਸੀ 'ਈਸਟ ਇੰਡੀਆ ਕੰਪਨੀ'। ਇਸ ਦੀ ਸਥਾਪਨਾ ਮਹਾਰਾਣੀ ਐਲਿਜ਼ਬੇਥ ਦੇ ਆਗਿਆ-ਪੱਤਰ ਨਾਲ 31 ਦਸੰਬਰ, 1600 ਈ. ਵਿਚ ਹੋਈ।

ਸੰਨ 1610 ਈ. ਵਿਚ ਕਪਤਾਨ ਹਿੱਪਨ ਨੇ ਹਿੰਦੁਸਤਾਨ ਵਿਚ ਆਪਣਾ ਪਹਿਲਾ ਠਿਕਾਣਾ ਬਣਾਇਆ। ਸੰਨ 1613 ਈ. ਵਿਚ ਜਹਾਂਗੀਰ ਬਾਦਸ਼ਾਹ ਦੀ ਆਗਿਆ ਨਾਲ ਇਸ ਕੰਪਨੀ ਨੇ ਇਕ ਕਾਰਖ਼ਾਨਾ ਖੋਲਿਆ। ਫਿਰ ਸ਼ਾਹਜਹਾਨ ਬਾਦਸ਼ਾਹ ਤੋਂ ਸੰਨ 1634 ਈ. ਵਿਚ ਆਗਿਆ ਲੈ ਕੇ ਬੰਗਾਲ ਵਿਚ ਦੋ ਕਾਰਖ਼ਾਨੇ ਲਗਾਏ। ਇਸ ਤਰ੍ਹਾਂ ਹੌਲੀ ਹੌਲੀ ਇਸ ਕੰਪਨੀ ਨੇ ਇਕ ਪਾਸੇ ਹੋਰਨਾਂ ਯੋਰੁਪੀ ਕੰਪਨੀਆਂ ਨੂੰ ਖ਼ਤਮ ਕੀਤਾ ਅਤੇ ਦੂਜੇ ਪਾਸੇ ਸਮੁੰਦਰ ਦੇ ਕੰਢੇ ਵਸਦੇ ਵੱਡੇ ਵੱਡੇ ਸ਼ਹਿਰਾਂ ਅਤੇ ਬੰਦਰਗਾਹਾਂ ਵਿਚ ਆਪਣੇ ਵਪਾਰਕ ਕੇਂਦਰ ਅਤੇ ਕਾਰਖ਼ਾਨੇ ਚਾਲੂ ਕੀਤੇ। ਸਮੁੰਦਰ ਦੇ ਕੰਢੇ ਉਤੇ ਹੀ ਟਿਕਣ ਦਾ ਸਪੱਸ਼ਟ ਮਨੋਰਥ ਸੀ ਕਿ ਸੰਕਟ ਕਾਲ ਵੇਲੇ ਸਮੁੰਦਰੀ ਬੇੜਿਆਂ ਦੀ ਮਦਦ ਨਾਲ ਸੁਰਖਿਅਤ ਹੋਇਆ ਜਾ ਸਕੇ।

ਸਮਾਂ ਬੀਤਣ ਨਾਲ ਇਸ ਕੰਪਨੀ ਵਿਚ ਮੁਲਕ-ਗੀਰੀ ਦੀ ਇੱਛਾ ਪੈਦਾ ਹੋਣ ਲਗ ਗਈ। ਫ਼ੌਜੀ ਤਾਕਤ ਵੀ ਵਧਾਈ ਜਾਣ ਲਗੀ। ਸੰਨ 1757 ਈ. ਤਕ ਕਲਾਇਵ ਨੇ ਬੰਗਾਲ ਵਿਚ ਸਿਰਾਜੁੱਦੌਲਾ ਨੂੰ ਜਿਤ ਕੇ ਆਪਣੇ ਪੈਰ ਪੱਕੇ ਕਰ ਲਏ। ਕੰਪਨੀ ਨੂੰ ਆਪਣੇ ਅਧੀਨ ਰਖਣ ਲਈ ਇੰਗਲੈਂਡ ਦੀ ਸਰਕਾਰ ਨੇ ਸੰਨ 1784 ਈ. ਵਿਚ ਇਕ ਬੋਰਡ ਬਣਾਇਆ ਜਿਸ ਦਾ ਉਦੇਸ਼ ਕੰਪਨੀ ਦੀ ਰਾਜਸੀ ਗਤਿਵਿਧੀ ਉਤੇ ਅੱਖ ਰਖਣਾ ਸੀ। ਸੰਨ 1857 ਈ. ਦੇ ਗ਼ਦਰ ਕਾਰਣ ਕੰਪਨੀ ਦਾ ਪ੍ਰਬੰਧਕੀ ਢਾਂਚਾ ਹਿਲ ਗਿਆ। ਸੰਨ 1858 ਈ. ਵਿਚ ਇਕ ਐਕਟ ਦੁਆਰਾ ਹਿੰਦੁਸਤਾਨ ਦਾ ਰਾਜ ਮਹਾਰਾਣੀ ਵਿਕਟੋਰੀਆ ਅਧੀਨ ਕਰ ਦਿੱਤਾ ਗਿਆ। ਸੰਨ 1877 ਈ. ਵਿਚ ਹਿੰਦੁਸਤਾਨ ਪੂਰੀ ਤਰ੍ਹਾਂ ਇੰਗਲੈਂਡ ਦੇ ਅਧੀਨ ਹੋ ਗਿਆ। ਗਵਰਨਰ ਜਨਰਲ ਦੀ ਥਾਂ ਵਾਇਸਰਾਇ ਨੇ ਲੈ ਲਈ। ਅੰਗ੍ਰੇਜ਼ਾਂ ਅਤੇ ਸਿੰਘਾਂ ਦੀ ਲੜਾਈ ਵੇਲੇ ਅਜੇ ਹਿੰਦੁਸਤਾਨ ਦਾ ਰਾਜ ਕੰਪਨੀ ਦੇ ਅਧਿਕਾਰੀਆਂ ਪਾਸ ਸੀ। ਇਸ ਲਈ ਲੜਾਈ ਦੇ ਆਰੰਭ ਬਾਰੇ ਸ਼ਾਹ ਮੁਹੰਮਦ ਨੇ ਕੰਪਨੀ ਦੇ ਸਾਹਿਬਾਂ ਵਲ ਸੰਕੇਤ ਕੀਤਾ ਹੈ — *ਲੰਡਨ ਕੰਪਨੀ ਸਾਹਿਬ ਕਿਤਾਬ ਡਿਠੀ, ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।* ਅਸਲ ਵਿਚ ਇਹ ਯੁੱਧ ਈਸਟ ਇੰਡੀਆ ਕੰਪਨੀ ਦੇ

ਅਧਿਕਾਰੀਆਂ ਅਤੇ ਲਾਹੌਰ ਦਰਬਾਰ ਵਿਚਾਲੇ ਹੋਇਆ ਸੀ।

**ਈਸ਼ਰ ਸਿੰਘ, ਸੰਤ ਰਾੜੇ ਵਾਲੇ** (1905-1975 ਈ.): ਆਪ ਸਿੱਖ ਸੰਤ ਸਮਾਜ ਦੀ ਇਕ ਉਚ ਸ਼ਖ਼ਸੀਅਤ ਦੇ ਸੁਆਮੀ ਸਨ। ਆਪ ਦਾ ਜਨਮ ਪਟਿਆਲਾ ਜ਼ਿਲ੍ਹੇ ਦੇ ਪਿੰਡ ਆਲੋਵਾਲ ਵਿਚ 5 ਅਗਸਤ, 1905 ਈ. ਨੂੰ ਸ. ਰਾਮ ਸਿੰਘ ਨੰਬਰਦਾਰ ਦੇ ਘਰ ਮਾਈ ਰਤਨ ਕੌਰ ਦੀ ਕੁੱਖੋਂ ਹੋਇਆ। ਆਪ ਦਾ ਪਰਿਵਾਰਿਕ ਨਾਂ ਗੁਲਾਬ ਸਿੰਘ ਸੀ। ਆਪ ਨੇ ਮੁੱਢਲੀ ਤਾਲੀਮ ਪਿੰਡ ਚੁਲੈਲੇ ਤੋਂ ਪ੍ਰਾਪਤ ਕੀਤੀ ਅਤੇ ਫਿਰ ਪਟਿਆਲਾ ਨਗਰ ਵਿਚ ਰਹਿ ਰਹੀ ਆਪਣੀ ਭੂਆ ਕੋਲ ਠਹਿਰ ਕੇ ਅਗੋਂ ਪੜ੍ਹਨਾ ਸ਼ੁਰੂ ਕਰ ਦਿੱਤਾ। ਆਪ ਦੀ ਰੁਚੀ ਸ਼ੁਰੂ ਤੋਂ ਹੀ ਧਾਰਮਿਕ ਸੀ। ਪਟਿਆਲਾ ਦੀ ਠਹਿਰ ਦੌਰਾਨ ਆਪ ਸੰਤ ਅਤਰ ਸਿੰਘ ਰੇਰੂ ਵਾਲੇ ਦੇ ਸੇਵਕਾਂ ਬਾਬਾ ਕਿਸ਼ਨ ਸਿੰਘ ਅਤੇ ਬਾਬਾ ਹੀਰਾ ਸਿੰਘ ਦੇ ਸੰਪਰਕ ਵਿਚ ਆਏ। ਉਨ੍ਹਾਂ ਦੀ ਸੰਗਤ ਵਿਚ ਆ ਕੇ ਆਪ ਨੇ ਕੀਰਤਨ ਕਰਨਾ ਸ਼ੁਰੂ ਕੀਤਾ। ਫਿਰ ਇਕ ਵਾਰ ਬਾਬਾ ਹੀਰਾ ਸਿੰਘ ਦੇ ਨਾਲ ਸੰਤ ਬਾਬਾ ਅਤਰ ਸਿੰਘ ਦੀ ਹਜ਼ੂਰੀ ਵਿਚ ਪਹੁੰਚੇ ਅਤੇ ਫਿਰ ਸੰਤ ਜੀ ਦੇ ਹੋ ਕੇ ਰਹਿ ਗਏ। ਸੰਤ ਜੀ ਤੋਂ ਅੰਮ੍ਰਿਤ ਪਾਨ ਕਰਕੇ ਆਪ ਗੁਲਾਬ ਸਿੰਘ ਤੋਂ ਈਸ਼ਰ ਸਿੰਘ ਬਣ ਗਏ। ਸੰਨ 1924 ਈ. ਤੋਂ ਆਪ ਰੇਰੂ ਸਾਹਿਬ ਹੀ ਰਹਿਣ ਲਗ ਗਏ।

21 ਜਨਵਰੀ 1927 ਈ. ਨੂੰ ਸੰਤ ਅਤਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਦ ਆਪ ਦਾ ਮਨ ਉਦਾਸ ਹੋ ਗਿਆ। ਫਲਸਰੂਪ ਗੁਰੂ-ਧਾਮਾਂ ਦੀ ਯਾਤ੍ਰਾ ਉਤੇ ਨਿਕਲ ਪਏ। ਯਾਤ੍ਰਾ ਤੋਂ ਪਰਤ ਕੇ ਆਪ ਨੇ ਰਾੜਾ ਪਿੰਡ ਦੀ ਢਕੀ ਵਿਚ ਡੇਰਾ ਲਗਾ ਦਿੱਤਾ। ਲੱਖਾਂ ਲੋਕਾਂ ਨੂੰ ਗੁਰਮਤ ਅਨੁਸਾਰੀ ਜੀਵਨ ਜੀਣ ਦਾ ਉਪਦੇਸ਼ ਦਿੱਤਾ ਅਤੇ ਅਣਗਿਣਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਇਲਾਕੇ ਦੇ ਗ਼ਰੀਬ ਲੋਕਾਂ ਨੂੰ ਵਿਦਿਅਕ ਸਹੂਲਤਾਂ ਅਤੇ ਸਿਹਤ ਸੇਵਾਵਾਂ ਉਪਲਬਧ ਕਰਨ ਦਾ ਉਦਮ ਕੀਤਾ। ਹੁਣ ਰਾੜਾ ਸਾਹਿਬ (ਕਰਮਸਰ) ਨਾਂ ਦਾ ਇਕ ਵਿਸ਼ਾਲ ਡੇਰਾ ਆਪ ਦੀ ਲੋਕ-ਸੇਵਾ ਅਤੇ ਧਰਮ ਪ੍ਰਚਾਰਕ ਰੁਚੀ ਦਾ ਪ੍ਰਤੀਕ ਬਣਿਆ ਹੋਇਆ ਹੈ। ਆਪ ਦਾ ਸ਼ੁਰੂ ਕੀਤਾ ਹੋਇਆ ਸਕੂਲ ਅਤੇ ਕਾਲਜ ਹੁਣ ਸਰਕਾਰ ਦੇ ਪ੍ਰਬੰਧ ਅਧੀਨ ਚਲ ਰਹੇ ਹਨ।

ਸਿੱਖ-ਧਰਮ ਦੇ ਪ੍ਰਚਾਰ ਲਈ ਅਕਸਰ ਆਪ ਵਿਦੇਸ਼ਾਂ ਵਿਚ ਵੀ ਜਾਇਆ ਕਰਦੇ ਸਨ। ਅਜਿਹੀ ਹੀ ਇਕ ਵਿਦੇਸ਼ ਫੇਰੀ ਦੌਰਾਨ ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਿਚ ਸ. ਸੌਦਾਗਰ ਸਿੰਘ ਦੇ ਘਰ 26 ਅਗਸਤ 1975 ਈ. ਨੂੰ ਆਪ ਨੇ ਸੰਸਾਰ ਨਾਲੋਂ ਨਾਤਾ ਤੋੜ ਲਿਆ। ਆਪ ਦੀ ਦੇਹ ਨੂੰ ਉਥੋਂ ਪੰਜਾਬ ਲਿਆ ਕੇ 1 ਸਤੰਬਰ 1975 ਈ. ਨੂੰ ਗੁਰਦੁਆਰਾ ਵਿਭੌਰ ਸਾਹਿਬ ਦੇ ਨੇੜੇ ਸਤਲੁਜ ਦਰਿਆ ਵਿਚ ਜਲ-ਪ੍ਰਵਾਹਿਤ ਕੀਤਾ ਗਿਆ। ਰਾਜਨੀਤੀ ਤੋਂ ਪੂਰੀ ਤਰ੍ਹਾਂ ਦੂਰ ਰਹਿ ਕੇ ਆਪ ਨੇ 50 ਵਰ੍ਹੇ ਪੂਰਣ ਸਮ-ਦ੍ਰਿਸ਼ਟੀ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ। ਆਪ ਤੋਂ ਬਾਦ ਬਾਬਾ ਕਿਸ਼ਨ ਸਿੰਘ ਜੀ ਨੇ ਧਰਮ ਪ੍ਰਚਾਰ ਦਾ ਕੰਮ ਜਾਰੀ ਰਖਿਆ ਅਤੇ ਉਨ੍ਹਾਂ ਤੋਂ ਬਾਦ ਵੀ ਉਸੇ ਸ਼ਿਦਤ ਨਾਲ ਧਰਮ ਪ੍ਰਚਾਰ ਜਾਰੀ ਹੈ। ਬਾਬਾ ਕਿਸ਼ਨ ਦੇ ਇਕ ਸੇਵਕ ਬਾਬਾ ਮਹਿੰਦਰ ਸਿੰਘ ਨੇ ਆਪ ਦੀ ਆਗਿਆ ਨਾਲ ਜਰਗ ਵਿਚ ਇਕ ਪ੍ਰਚਾਰ-ਕੇਂਦਰ ਦੀ ਸਥਾਪਨਾ ਕੀਤੀ ਹੈ।

**ਈਸ਼ਰ ਸਿੰਘ, ਗਦਰੀ ਬਾਬਾ** (1882-1916 ਈ.): ਗ਼ਦਰ ਪਾਰਟੀ ਨਾਲ ਸੰਬੰਧਿਤ ਇਕ ਦੇਸ਼ ਭਗਤ ਜਿਸ ਦਾ ਜਨਮ ਪਿੰਡ ਢੁਡੀਕੇ, ਜ਼ਿਲ੍ਹਾ ਫ਼ਰੀਦਕੋਟ ਵਿਚ ਸ. ਸਜਨ ਸਿੰਘ ਦੇ ਘਰ ਸੰਨ 1882 ਈ. ਵਿਚ ਹੋਇਆ। ਸੰਨ 1907 ਈ. ਵਿਚ ਇਹ ਕੈਨੇਡਾ ਚਲਾ ਗਿਆ। ਚਾਰ ਸਾਲ ਉਥੇ ਰਹਿ ਕੇ ਪਿੰਡ ਪਰਤ ਆਇਆ। ਪਿੰਡ ਪਰਤਣ 'ਤੇ ਇਸ ਦਾ ਮਨ ਨ ਲਗਿਆ ਅਤੇ ਅਮਰੀਕਾ ਚਲਾ ਗਿਆ। ਉਥੇ ਜਾ ਕੇ ਇਹ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ।

ਪਹਿਲੇ ਵਿਸ਼ਵ ਯੁੱਧ ਦੇ ਛਿੜਨ ਨਾਲ ਗ਼ਦਰ ਪਾਰਟੀ ਨੇ ਦੇਸ਼ ਦੀ ਆਜ਼ਾਦੀ ਲਈ ਅੰਗੜਾਈ ਲਈ ਅਤੇ ਆਪਣੇ ਸਰਗਰਮ ਕਾਰਕੁੰਨਾਂ ਨੂੰ ਦੇਸ਼ ਪਰਤਣ ਲਈ ਹਦਾਇਤਾਂ ਦਿੱਤੀਆਂ। ਪਾਰਟੀ ਦਾ ਆਦੇਸ਼ ਮੰਨਦਿਆਂ ਈਸ਼ਰ ਸਿੰਘ ਦਸੰਬਰ 1914 ਵਿਚ ਕਲਕੱਤੇ ਆ ਗਿਆ ਅਤੇ ਆਪਣੇ ਪਿੰਡ ਪਹੁੰਚ ਕੇ ਗ਼ਦਰ ਪਾਰਟੀ ਦੀ ਯੋਜਨਾ ਅਨੁਸਾਰ ਕ੍ਰਾਂਤੀਕਾਰੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਇਸ ਨੇ ਆਪਣੇ ਪਿੰਡ ਨੂੰ ਇਕ ਪ੍ਰਕਾਰ ਨਾਲ ਗ਼ਦਰ ਪਾਰਟੀ ਦੀ ਕਾਰਗੁਜ਼ਾਰੀ ਦਾ ਕੇਂਦਰ ਬਣਾ ਦਿੱਤਾ। 14 ਸਤੰਬਰ 1915 ਈ. ਨੂੰ ਮਹਿਮਾ-ਸਰਜਾ ਨਾਂ ਦੇ ਪਿੰਡ ਤੋਂ ਪਕੜਿਆ ਗਿਆ। ਇਸ ਉਤੇ ਅਨੇਕ ਦੋਸ਼ ਲਗਾ ਕੇ ਮੁਕੱਦਮਾ ਚਲਾਇਆ ਗਿਆ। ਅੰਤ ਵਿਚ ਇਸ ਨੂੰ ਮੌਤ ਦੀ ਸਜ਼ਾ ਹੋਈ ਅਤੇ ਜਾਇਦਾਦ ਜ਼ਬਤ ਕਰ ਲਈ ਗਈ। 4 ਜੂਨ 1916 ਈ.

ਨੂੰ ਇਸ ਨੂੰ ਸੈਂਟ੍ਰਲ ਜੇਲ੍ਹ ਲਾਹੌਰ ਵਿਚ ਫ਼ਾਂਸੀ ਦੇ ਦਿੱਤੀ ਗਈ।

**ਈਸ਼ਰ ਸਿੰਘ, ਭਾਈ, ਜੱਥੇਦਾਰ** (1870-1921 ਈ.): ਨਨਕਾਣਾ ਸਾਹਿਬ ਵਿਚ ਹੋਏ ਸ਼ਹੀਦੀ ਸਾਕੇ ਵਿਚ ਸ਼ਾਮਲ ਇਕ ਜੱਥੇਦਾਰ ਜਿਸ ਦਾ ਜਨਮ ਦਫ਼ੇਦਾਰ ਹਰਦਿੱਤ ਸਿੰਘ ਦੇ ਘਰ ਮਾਈ ਪ੍ਰੇਮ ਕੌਰ ਦੀ ਕੁੱਖੋਂ ਸੰਨ 1870 ਈ. ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਧਾਰੋਵਾਲੀ ਵਿਚ ਹੋਇਆ। ਇਸ ਨੇ ਮੁੱਢਲੀ ਧਾਰਮਿਕ ਸਿਖਿਆ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਪ੍ਰਾਪਤ ਕੀਤੀ। ਬਾਦ ਵਿਚ ਸਾਰਾ ਪਰਿਵਾਰ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਨਹਿਰੀ ਚਕ ਨੰ. 33 ਧਾਰੋਵਾਲੀ ਵਿਚ ਜਾ ਵਸਿਆ। ਇਸ ਨੇ ਭਾਈ ਮੂਲ ਸਿੰਘ ਤੋਂ ਅੰਮ੍ਰਿਤਪਾਨ ਕੀਤਾ।

ਇਸ ਉਪਰ ਸਭ ਤੋਂ ਅਧਿਕ ਪ੍ਰਭਾਵ ਆਪਣੇ ਦਾਦੇ ਸ. ਨੌਰੰਗ ਸਿੰਘ ਦਾ ਸੀ, ਜੋ ਘਰ-ਬਾਰ ਛਡ ਕੇ ਸਾਧੂਆਂ ਦੀ ਮੰਡਲੀ ਵਿਚ ਰਲ ਗਿਆ ਅਤੇ ਹਰਿਦੁਆਰ ਚਲਾ ਗਿਆ। ਕੁਝ ਸਮੇਂ ਬਾਦ ਆਪਣੇ ਦਾਦੇ ਦੀ ਭਾਲ ਵਿਚ ਕੁੰਭ ਦੇ ਮੇਲੇ 'ਤੇ ਭਾਈ ਈਸ਼ਰ ਸਿੰਘ ਇਲਾਹਾਬਾਦ ਚਲਾ ਗਿਆ। ਤਿੰਨ ਵਰ੍ਹੇ ਸਾਧਾਂ ਦੀ ਸੰਗਤ ਵਿਚ ਇਧਰ-ਉਧਰ ਘੁੰਮਦਾ ਘੁੰਮਾਉਂਦਾ ਹਜ਼ੂਰ ਸਾਹਿਬ ਜਾ ਪਹੁੰਚਿਆ। ਉਥੇ ਫ਼ੌਜੀ ਨੌਕਰੀ ਵਿਚ ਤਾਇਨਾਤ ਇਸ ਦੇ ਚਾਚੇ ਕੇਸਰ ਸਿੰਘ ਨੇ ਇਸ ਨੂੰ ਪਛਾਣ ਲਿਆ ਅਤੇ ਸਾਧੂ ਤੋਂ ਫਿਰ ਸਿੰਘ ਸਜਾਇਆ। ਹਜ਼ੂਰ ਸਾਹਿਬ ਤੋਂ ਅੰਮ੍ਰਿਤ ਪਾਨ ਕਰਕੇ ਕੁਝ ਸਮੇਂ ਬਾਦ ਇਹ ਆਪਣੇ ਚਾਚੇ ਨਾਲ ਪਿੰਡ ਪਰਤਿਆ। ਭਾਵੇਂ ਇਹ ਆਪਣੇ ਪਰਿਵਾਰਿਕ ਕੰਮ-ਕਾਰ ਅਤੇ ਖੇਤੀ ਵਿਚ ਪੂਰੀ ਤਰ੍ਹਾਂ ਰੁਝ ਗਿਆ ਪਰ ਇਸ ਦੇ ਅੰਦਰ ਧਾਰਮਿਕ ਭਾਵਨਾਵਾਂ ਦਾ ਜਵਾਰਭਾਟਾ ਸਦਾ ਗਤਿਮਾਨ ਰਹਿੰਦਾ ਸੀ। ਆਖ਼ਿਰ ਇਹ ਭਾਈ ਲੱਛਮਣ ਸਿੰਘ ਦੇ ਸੰਪਰਕ ਵਿਚ ਆਇਆ ਅਤੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਸੁਧਾਰ ਲਈ ਵਲੰਟੀਅਰ ਭਰਤੀ ਕਰਨ ਵਿਚ ਰੁਝ ਗਿਆ। ਇਸ ਨੇ ਆਪਣੇ ਨੇੜੇ ਲਗਦੇ ਪਿੰਡਾਂ ਵਿਚੋਂ 30 ਵਲੰਟੀਅਰ ਇਕੱਠੇ ਕੀਤੇ ਅਤੇ ਆਪਣਾ ਇਕ ਵਖਰਾ ਜੱਥਾ ਬਣਾ ਲਿਆ। ਇਸ ਜੱਥੇ ਵਾਲਿਆਂ ਨੇ ਭਾਈ ਈਸ਼ਰ ਸਿੰਘ ਨੂੰ ਆਪਣਾ ਜੱਥੇਦਾਰ ਚੁਣ ਲਿਆ। ਇਸ ਜੱਥੇ ਨੇ ਵੀ 19 ਫਰਵਰੀ ਨੂੰ ਭਾਈ ਲੱਛਮਣ ਸਿੰਘ ਦੇ ਜੱਥੇ ਨਾਲ ਮਿਲਣਾ ਸੀ, ਪਰ ਰਸਤਿਓਂ ਭਟਕ ਜਾਣ ਕਾਰਣ ਪਛੜ ਗਿਆ। ਇਸ ਦਾ ਜੱਥਾ ਅਜੇ ਲਗਭਗ ਇਕ ਕਿ.ਮੀ. ਜਨਮ-ਸਥਾਨ ਤੋਂ ਦੂਰ ਸੀ ਕਿ ਇਨ੍ਹਾਂ ਨੇ ਗੋਲੀਆਂ ਦੀ ਆਵਾਜ਼ ਸੁਣੀ ਅਤੇ ਉਧਰ ਨੂੰ ਧਾ ਚਲੇ। ਜੱਥੇਦਾਰ ਈਸ਼ਰ ਸਿੰਘ ਬਿਰਧ ਹੋਣ ਕਾਰਣ ਬਾਕੀਆਂ ਤੋਂ ਕੁਝ ਪਿਛੇ ਰਹਿ ਗਿਆ ਸੀ। ਕੁਝ ਦੇਰ ਬਾਦ ਅਗੇ ਨੂੰ ਵਧੇ ਵਲੰਟੀਅਰ ਪਿਛੇ ਨੂੰ ਭਜਦੇ ਮਿਲੇ। ਉਨ੍ਹਾਂ ਨੇ ਉਥੋਂ ਦੀ ਭਿਆਨਕ ਸਥਿਤੀ ਤੋਂ ਜੱਥੇਦਾਰ ਨੂੰ ਸੂਚਿਤ ਕੀਤਾ ਪਰ ਭਾਈ ਈਸ਼ਰ ਸਿੰਘ ਅਗੇ ਨੂੰ ਵਧਦਾ ਗਿਆ। ਮਹੰਤ ਲਛਮਣ ਦਾਸ ਦੇ ਬੰਦਿਆਂ ਨੇ ਉਸ ਉਪਰ ਗੋਲੀ ਦਾਗ਼ੀ ਅਤੇ ਉਹ ਉਥੇ ਹੀ ਡਿਗ ਪਿਆ। ਉਸ ਦੀ ਦੇਹ ਦੇ ਟੋਟੇ ਕਰਕੇ ਭੱਠੀ ਵਿਚ ਸੁਟ ਦਿੱਤੇ ਗਏ।

ਭਾਈ ਈਸ਼ਰ ਸਿੰਘ ਦਾ ਵਿਆਹ 26 ਫਰਵਰੀ 1886 ਈ. ਨੂੰ ਬੀਬੀ ਬਸੰਤ ਕੌਰ ਨਾਲ ਹੋਇਆ ਸੀ। ਇਸ ਦੇ ਧਰਮ-ਕਰਮ ਵਲ ਅਧਿਕ ਝੁਕਾ ਅਤੇ ਸਾਧ ਬਣਨ ਕਰਕੇ ਪਰਿਵਾਰਿਕ ਜੀਵਨ ਅਵਿਵਸਥਿਤ ਹੀ ਰਿਹਾ। ਇਸ ਦੀ ਸ਼ਹਾਦਤ ਤੋਂ ਬਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਬੀ ਬਸੰਤ ਕੌਰ ਦੀ ਕੁਝ ਆਰਿਥਕ ਮਦਦ ਕੀਤੀ ਸੀ।

**ਈਸ਼ਰ ਸਿੰਘ ਮਝੈਲ** (1901-1977 ਈ.): ਅੰਮ੍ਰਿਤਸਰ ਜ਼ਿਲ੍ਹੇ ਦੇ ਸਰਾਏ ਅਮਾਨਤਖ਼ਾਨ ਨਾਂ ਦੇ ਪਿੰਡ ਵਿਚ ਭਾਈ ਆਸਾ ਸਿੰਘ ਦੇ ਘਰ ਬੀਬੀ ਬਸੰਤ ਕੌਰ ਦੀ ਕੁੱਖੋਂ ਜਨਵਰੀ 1901 ਈ. ਵਿਚ ਪੈਦਾ ਹੋਇਆ ਈਸ਼ਰ ਸਿੰਘ ਬਚਪਨ ਵਿਚ ਹੀ ਆਪਣੇ ਪਿਤਾ ਦੀ ਸਰਪ੍ਰਸਤੀ ਤੋਂ ਮਹਿਰੂਮ ਹੋ ਗਿਆ। ਇਸ ਦੀ ਮਾਤਾ ਨੇ ਪਿਤਾ ਦੀ ਵੀ ਭੂਮਿਕਾ ਨਿਭਾ ਕੇ ਈਸ਼ਰ ਸਿੰਘ ਨੂੰ ਪਾਲਿਆ ਅਤੇ ਔਖੇ ਸੌਖੇ ਹੋ ਕੇ ਪੜ੍ਹਾਇਆ। ਮਾਲਵਾ ਹਾਈ ਸਕੂਲ, ਲੁਧਿਆਣਾ ਵਿਚ ਪੜ੍ਹਨ ਦੌਰਾਨ ਹੋਰਨਾਂ ਨਾਲੋਂ ਨਿਖੇੜਨ ਕਰਕੇ ਇਸ ਨੇ ਆਪਣੇ ਨਾਂ ਨਾਲ 'ਮਝੈਲ' ਪਿਛੇਤਰ ਵਜੋਂ ਲਗਾ ਲਿਆ, ਜੋ ਸਥਾਈ ਤੌਰ 'ਤੇ ਇਸ ਦੇ ਨਾਂ ਨਾਲ ਜੁੜ ਗਿਆ।

ਸਕੂਲੋਂ ਨਿਕਲਦਿਆਂ ਹੀ ਭਾਵੇਂ ਇਸ ਨੂੰ ਸਕੂਲ ਮਾਸਟਰ ਬਣਨ ਲਈ ਕਿਹਾ ਗਿਆ, ਪਰ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋਣਾ ਇਸ ਨੇ ਉਚਿਤ ਸਮਝਿਆ। ਸੰਨ 1922 ਈ. ਵਿਚ 'ਗੁਰੂ ਕਾ ਬਾਗ਼' ਮੋਰਚੇ ਵਿਚ ਸ਼ਾਮਲ ਹੋਣ ਕਰਕੇ ਛੇ ਮਹੀਨੇ ਅਤੇ ਸੰਨ 1923 ਈ. ਵਿਚ ਜੈਤੋਂ ਦੇ ਮੋਰਚੇ ਵਿਚ ਹਿੱਸਾ ਲੈਣ ਕਰਕੇ ਦੋ ਸਾਲ ਦੀ ਕੈਦ ਕਟਣੀ ਪਈ। ਜਦੋਂ 1927 ਈ. ਵਿਚ ਸ਼ਹੀਦ ਸਿੱਖ ਮਿਸ਼ਨਰੀ

ਕਾਲਜ, ਅੰਮ੍ਰਿਤਸਰ ਸਥਾਪਿਤ ਹੋਇਆ ਤਾਂ ਇਸ ਨੇ ਸਿੱਖ-ਪ੍ਰਚਾਰਕ ਦੀ ਪੜ੍ਹਾਈ ਲਈ ਦੋ ਸਾਲਾ ਕੋਰਸ ਵਿਚ ਦਾਖ਼ਲਾ ਲਿਆ, ਪਰ ਜਲਦੀ ਹੀ ਰਾਜਨੀਤੀ ਵਲ ਝੁਕ ਗਿਆ। ਸੰਨ 1930 ਈ. ਵਿਚ ਕਿਸਾਨ ਅੰਦੋਲਨ ਵਿਚ ਹਿੱਸਾ ਲਿਆ ਅਤੇ ਛੇ ਮਹੀਨੇ ਕੈਦ ਦੀ ਸਜ਼ਾ ਪਾਈ। ਸੰਨ 1936 ਈ. ਵਿਚ ਇਹ ਗੁਰਦੁਆਰਾ ਸ਼ਹੀਦ ਗੰਜ, ਲਾਹੌਰ ਦੇ ਮੋਰਚੇ ਵਿਚ ਸ਼ਾਮਲ ਹੋਇਆ। ਮੁਸਲਮਾਨਾਂ ਨਾਲ ਹੋਏ ਝਟਕੇ ਦੇ ਵਿਵਾਦ ਵੇਲੇ ਵੀ ਇਸ ਨੇ ਸਾਹਸ ਭਰਿਆ ਹਿੱਸਾ ਲਿਆ।

ਸੰਨ 1938 ਈ. ਵਿਚ ਜਦੋਂ ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਦੀ ਸਥਾਪਨਾ ਹੋਈ ਤਾਂ ਇਸ ਨੂੰ ਪ੍ਰਬੰਧਕੀ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ। ਉਸ ਤੋਂ ਬਾਦ ਸੰਨ 1940 ਈ. ਵਿਚ ਇਹ ਦਰਬਾਰ ਸਾਹਿਬ ਪ੍ਰਬੰਧਕੀ ਕਮੇਟੀ ਦਾ ਪ੍ਰਧਾਨ ਰਿਹਾ। ਜੱਥੇਦਾਰ ਊਧਮ ਸਿੰਘ ਦੇ ਸੰਪਰਕ ਵਿਚ ਆਉਣ ਕਾਰਣ ਇਸ ਦਾ ਝੁਕਾ ਕਾਂਗ੍ਰਸ ਵਲ ਵੀ ਰਿਹਾ ਅਤੇ 'ਭਾਰਤ ਛੋੜੋ ਅੰਦੋਲਨ' ਵਿਚ ਸ਼ਾਮਲ ਹੋਣ ਕਾਰਣ ਸੰਨ 1942 ਈ. ਵਿਚ ਪਕੜਿਆ ਵੀ ਗਿਆ। ਸੰਨ 1946 ਈ. ਵਿਚ ਇਹ ਪੰਜਾਬ ਲੈਜਿਸਲੇਟਿਵ ਕੌਂਸਲ ਲਈ ਚੁਣਿਆ ਗਿਆ ਅਤੇ ਆਜ਼ਾਦੀ ਮਿਲਣ ਤੋਂ ਬਾਦ ਡਾ. ਗੋਪੀ ਚੰਦ ਭਾਰਗਵ ਦੇ ਮੰਤਰੀ-ਮੰਡਲ ਵਿਚ ਸ਼ਾਮਲ ਹੋਇਆ। ਸੰਨ 1952 ਈ. ਵਿਚ ਇਹ ਫਿਰ ਪੰਜਾਬ ਵਿਧਾਨ ਸਭਾ ਲਈ ਚੁਣਿਆ ਗਿਆ ਅਤੇ ਮੰਤਰੀ-ਮੰਡਲ ਵਿਚ ਵੀ ਸ਼ਾਮਲ ਕੀਤਾ ਗਿਆ। ਪਰ ਸਹਿਜੇ ਸਹਿਜੇ ਇਸ ਦਾ ਮਨ ਰਾਜਨੀਤੀ ਤੋਂ ਉਖੜਦਾ ਗਿਆ। ਰਾਜਨੀਤੀ ਤੋਂ ਕਿਨਾਰਾ- ਕਸ਼ੀ ਕਰਕੇ ਪਟਿਆਲਾ ਜ਼ਿਲ੍ਹੇ ਵਿਚ ਸਥਿਤ ਆਪਣੇ ਫ਼ਾਰਮ ਵਿਚ ਖੇਤੀ ਕਰਾਉਣ ਵਿਚ ਰੁਚੀ ਲੈਣ ਲਗ ਗਿਆ।

20 ਅਪ੍ਰੈਲ 1977 ਈ. ਵਿਚ ਕੁਝ ਸਮਾਂ ਬੀਮਾਰ ਰਹਿਣ ਉਪਰੰਤ ਇਸ ਦੀ ਮ੍ਰਿਤੂ ਹੋ ਗਈ। ਇਸ ਨੇ 'ਸਿੱਖ ਤੇ ਕਮਿਊਨਿਸਟ', 'ਕਮਿਊਨਿਸਟ ਹਿੰਦੁਸਤਾਨੀ ਨਜ਼ਰਾਂ ਵਿਚ' ਆਦਿ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ।

**ਈਸ਼ਰ ਸਿੰਘ ਮਰਹਾਣਾ** (1878-1941 ਈ.): ਭਾਈ ਜਿੰਦ ਸਿੰਘ, ਸੰਧੂ ਜੱਟ ਦੇ ਘਰ ਮਾਈ ਚੰਦ ਕੌਰ ਦੀ ਕੁੱਖੋਂ 1 ਜਨਵਰੀ 1878 ਈ. ਨੂੰ ਪੈਦਾ ਹੋਇਆ ਈਸ਼ਰ ਸਿੰਘ ਨ ਕੇਵਲ ਗ਼ਦਰ ਪਾਰਟੀ ਦਾ ਸਰਗਰਮ ਕਾਰਕੁੰਨ ਸੀ, ਸਗੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਕਾਰਵਾਈਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਵਾਲਾ ਸੁਦ੍ਰਿੜ੍ਹ ਸਿੱਖ ਵਰਕਰ ਸੀ। ਇਸ ਨੇ ਗੁਰਮੁਖੀ ਲਿਪੀ ਅਤੇ ਗੁਰਬਾਣੀ ਦਾ ਪਠਨ-ਪਾਠਨ ਆਪਣੇ ਪਿੰਡ ਮਰਹਾਣਾ, ਤਹਿਸੀਲ ਤਰਨਤਾਰਨ ਦੇ ਗੁਰਦੁਆਰੇ ਵਿਚ ਸ਼ੁਰੂ ਕੀਤਾ। ਵੱਡਾ ਹੋਣ ਤੇ ਇਸ ਨੇ ਖੇਤੀ ਕਰਨ ਵਿਚ ਆਪਣੇ ਪਿਤਾ ਅਤੇ ਭਰਾ ਦਾ ਹੱਥ ਵਟਾਇਆ। ਪਰ ਆਪਣੇ ਭਵਿਸ਼ ਨੂੰ ਸੁਧਾਰਨ ਲਈ ਇਸ ਨੇ ਵਿਦੇਸ਼ ਨੂੰ ਜਾਣ ਦਾ ਮਨ ਬਣਾ ਲਿਆ। ਸਿੰਗਾਪੁਰ, ਹਾਂਗਕਾਂਗ ਅਤੇ ਪਾਨਾਮਾ ਤੋਂ ਹੁੰਦਾ ਹੋਇਆ ਸੰਨ 1908 ਈ. ਵਿਚ ਕੈਲੇਫ਼ੋਰਨੀਆ ਪਹੁੰਚਿਆ। ਉਥੇ ਇਹ ਅੰਮ੍ਰਿਤਸਰ ਜ਼ਿਲ੍ਹੇ ਤੋਂ ਗਏ ਦੋ ਪੰਜਾਬੀ ਪਰਵਾਸੀਆਂ—ਵਿਸਾਖਾ ਸਿੰਘ ਅਤੇ ਜਵਾਲਾ ਸਿੰਘ— ਦੇ ਸੰਪਰਕ ਵਿਚ ਆਇਆ। ਉਨ੍ਹਾਂ ਨਾਲ ਮਿਲ ਕੇ ਪੰਜ ਸੌ ਏਕੜ ਧਰਤੀ ਕਾਸ਼ਤਕਾਰੀ ਲਈ ਠੇਕੇ ਤੇ ਲਈ ਅਤੇ ਕਾਫ਼ੀ ਮੁਨਾਫ਼ਾ ਖਟਿਆ। 'ਹਿੰਦੁਸਤਾਨੀ ਐਸੋਸੀਏਸ਼ਨ ਆਫ਼ ਦਿ ਪੈਸਿਫ਼ਿਕ ਕੋਸਟ' ਦੀ ਸਥਾਪਨਾ ਨਾਲ ਇਹ ਉਸ ਦਾ ਮੈਂਬਰ ਬਣਿਆ। ਇਹੀ ਐਸੋਸੀਏਸ਼ਨ ਕਾਲਾਂਤਰ ਵਿਚ ਗ਼ਦਰ ਪਾਰਟੀ ਦੇ ਰੂਪ ਵਿਚ ਸਾਹਮਣੇ ਆਈ। ਇਸ ਪਾਰਟੀ ਦਾ ਮੁੱਖ ਉਦੇਸ਼ ਸੀ ਪਹਿਲੇ ਵਿਸ਼ਵ ਯੁੱਧ ਵੇਲੇ ਹਿੰਦੁਸਤਾਨ ਵਿਚ ਆਜ਼ਾਦੀ ਦੀ ਪ੍ਰਾਪਤੀ ਲਈ ਕ੍ਰਾਂਤੀ ਮਚਾਣਾ। ਆਪਣੇ ਮਨੋਰਥ ਦੀ ਪੂਰਤੀ ਲਈ ਇਸ ਪਾਰਟੀ ਦੇ ਬਹੁਤੇ ਕਾਰਕੁੰਨ ਹਿੰਦੁਸਤਾਨ, ਖ਼ਾਸ ਤੌਰ ਤੇ ਪੰਜਾਬ ਵਿਚ ਆ ਗਏ। ਪਰ ਇਹ ਆਪਣੀ ਯੋਜਨਾ ਵਿਚ ਕਾਮਯਾਬ ਨ ਹੋ ਸਕੇ ਅਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਏ ਗਏ। ਈਸ਼ਰ ਸਿੰਘ ਨੂੰ 7 ਸਾਲਾਂ ਦੀ ਕੈਦ ਹੋਈ। ਕੈਦੋਂ ਮੁਕਤ ਹੋਣ 'ਤੇ ਇਹ ਆਪਣੇ ਪਿੰਡ ਆਇਆ। ਉਦੋਂ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ ਉਤੇ ਚਲ ਰਹੀ ਸੀ। ਇਹ ਉਸ ਵਿਚ ਸ਼ਾਮਲ ਹੋ ਗਿਆ ਅਤੇ ਸੰਨ 1922 ਈ. ਵਿਚ ਆਪਣੇ ਪਿੰਡ ਵਿਚ ਅਕਾਲੀ ਸੁਧਾਰਵਾਦੀਆਂ ਦਾ ਇਕ ਵੱਡਾ ਇਕੱਠ ਆਯੋਜਿਤ ਕੀਤਾ। ਉਸ ਇਕੱਠ ਨੂੰ ਸੰਬੋਧਨ ਕਰਦਿਆਂ ਇਸ ਨੇ ਸਰਕਾਰ ਵਿਰੁੱਧ ਇਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ ਜਿਸ ਦੇ ਫਲਸਰੂਪ ਇਸ ਨੂੰ ਪਕੜ ਲਿਆ ਗਿਆ। ਮੁਕੱਦਮਾ ਚਲਣ 'ਤੇ ਇਸ ਨੂੰ ਸੱਤ ਸਾਲ ਦੀ ਬਾਮੁਸ਼ੱਕਤ ਕੈਦ ਹੋਈ ਜੋ ਇਸ ਨੇ ਮੁਲਤਾਨ, ਮੰਟਗੁਮਰੀ, ਰਾਵਲਪਿੰਡੀ, ਕੈਂਬਲਪੁਰ ਆਦਿ ਨਗਰਾਂ ਦੀਆਂ ਜੇਲ੍ਹਾਂ ਵਿਚ ਕਟੀ।

ਸੰਨ 1929 ਈ. ਵਿਚ ਇਹ ਕੈਦੋਂ ਮੁਕਤ ਹੋਇਆ। ਪਹਿਲਾਂ ਇਹ ਜ਼ਿਲ੍ਹਾ ਅੰਮ੍ਰਿਤਸਰ ਦੇ ਅਕਾਲੀ ਦਲ

ਦੇ ਜੱਥੇ ਦਾ ਜੱਥੇਦਾਰ ਬਣਿਆ। ਸੰਨ 1930 ਈ. ਵਿਚ ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਾ ਤਿੰਨ ਸਾਲਾਂ ਲਈ ਉਪ-ਪ੍ਰਧਾਨ ਰਿਹਾ। ਸਿਵਲ ਨਾ-ਫ਼ਰਮਾਨੀ ਲਹਿਰ ਵਿਚ ਸ਼ਾਮਲ ਹੋਣ ਕਾਰਣ ਛੇ ਮਹੀਨੇ ਦੀ ਫਿਰ ਸਜ਼ਾ ਭੁਗਤੀ। ਸੰਨ 1933 ਅਤੇ 1936 ਈ. ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸੇ ਦੌਰਾਨ ਇਸ ਨੂੰ ਦਰਬਾਰ ਸਾਹਿਬ ਪ੍ਰਬੰਧਕੀ ਕਮੇਟੀ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਜੋ ਜ਼ਿੰਮੇਵਾਰੀ ਇਸ ਨੇ ਅੰਤਿਮ ਸੁਆਸਾਂ ਤਕ ਨਿਭਾਈ।

16 ਅਗਸਤ 1941 ਈ. ਨੂੰ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ। ਇਹ ਇਕ ਸਾਦੇ ਅਤੇ ਸਵੱਛ ਸੁਭਾ ਵਾਲਾ ਦ੍ਰਿੜ੍ਹ ਧਰਮ ਪ੍ਰਚਾਰਕ ਸੀ ਅਤੇ ਸਿੱਖ- ਧਰਮ ਦੇ ਵਿਕਾਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਸੰਕੋਚ ਨਹੀਂ ਕਰਦਾ ਸੀ।

**ਈਸ਼ਵਰ**: ਸੰਸਕ੍ਰਿਤ ਦੇ ਇਸ ਸ਼ਬਦ ਦਾ ਅਰਥ ਹੈ ਐਸ਼ਵਰਜ ਵਾਲਾ, ਪਰਮਾਤਮਾ, ਸੁਆਮੀ। ਇਸ ਨਾਲ ਸੰਬੰਧਿਤ ਸੰਕਲਪ ਦੀ ਸਥਾਪਨਾ ਵੇਦਾਂਤ-ਦਰਸ਼ਨ ਵਿਚ ਵਿਸਤਾਰ ਨਾਲ ਹੋਈ ਹੈ। ਡਾ. ਰਾਜਬਲੀ ਪਾਂਡੇਯ (*ਹਿੰਦੂ ਧਰਮ-ਕੋਸ਼*) ਅਨੁਸਾਰ ਵੇਦਾਂਤ ਦੀ ਪਰਿਭਾਸ਼ਾ ਵਿਚ ਸ਼ੁੱਧ ਸੱਤ੍ਵ ਪ੍ਰਧਾਨ, ਅਗਿਆਨ-ਯੁਕਤ ਚੈਤਨ੍ਯ ਨੂੰ 'ਈਸ਼ਵਰ' ਕਹਿੰਦੇ ਹਨ। ਇਹ ਅੰਤਿਮ ਜਾਂ ਪਰ-ਤੱਤ੍ਵ ਨਹੀਂ ਹੈ; ਸਗੋਂ ਅਪਰ ਜਾਂ ਸਗੁਣ ਬ੍ਰਹਮ ਹੈ। ਪਰ-ਬ੍ਰਹਮ ਤਾਂ ਨਿਰਗੁਣ ਜਾਂ ਨਿਸ਼ਕਰਮਾ ਹੈ। ਅਪਰ ਈਸ਼੍ਵਰ ਸਗੁਣ ਰੂਪ ਵਿਚ ਸ੍ਰਿਸ਼ਟੀ ਦਾ ਕਰਤਾ ਅਤੇ ਨਿਯਾਮਕ ਹੈ, ਭਗਤਾਂ ਅਤੇ ਸਾਧਕਾਂ ਦਾ ਜੀਵਨ-ਮਨੋਰਥ ਹੈ। ਸਗੁਣ ਬ੍ਰਹਮ ਹੀ ਪੁਰਸ਼ (ਪੁਰਸ਼ੋਤਮ) ਜਾਂ ਈਸ਼੍ਵਰ ਨਾਂ ਨਾਲ ਸ੍ਰਿਸ਼ਟੀ ਦਾ ਕਰਤਾ, ਧਰਤਾ ਅਤੇ ਸੰਘਾਰਕ ਰੂਪ ਵਿਚ ਪੂਜਿਤ ਹੁੰਦਾ ਹੈ। ਉਹ ਦੇਵਾਂ ਦਾ ਦੇਵ ਹੈ ਅਤੇ ਸਾਰੇ ਦੇਵਤੇ ਉਸੇ ਦੀ ਵਖਰੀ ਵਖਰੀ ਅਭਿਵਿਅਕਤੀ ਹਨ। ਆਪਣੀ ਯੋਗ ਮਾਇਆ ਨਾਲ ਯੁਕਤ ਹੋ ਕੇ ਈਸ਼੍ਵਰ ਵਿਸ਼ਵ ਉਤੇ ਸ਼ਾਸਨ ਕਰਦਾ ਹੈ ਅਤੇ ਕਰਮਾਂ ਅਨੁਸਾਰ ਫਲ ਪ੍ਰਦਾਨ ਕਰਦਾ ਹੈ।

ਨਿਆਇ ਅਤੇ ਵੈਸ਼ੇਸ਼ਿਕ ਦਰਸ਼ਨਾਂ ਵਾਲੇ ਇਸ ਨੂੰ ਸਗੁਣ ਅਤੇ ਸ੍ਰਿਸ਼ਟੀ ਦਾ ਨਿਮਿਤ ਕਾਰਣ ਮੰਨਦੇ ਹਨ। ਯੋਗ-ਦਰਸ਼ਨ ਵਿਚ ਈਸ਼ਵਰ ਪੁਰਸ਼ ਰੂਪ ਹੈ। ਸਾਂਖ੍ਯ ਅਤੇ ਪੂਰਵ-ਮੀਮਾਂਸਾ ਨਾਂ ਦੇ ਆਸਤਿਕ ਦਰਸ਼ਨਾਂ ਤੋਂ ਇਲਾਵਾ ਜੈਨ, ਬੌਧ ਅਤੇ ਚਾਰਵਾਕ ਦਰਸ਼ਨਾਂ ਵਿਚ ਵੀ ਇਸ ਦੀ ਸੱਤਾ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਉਪਨਿਸ਼ਦਾਂ ਵਿਚ ਇਸ ਸ਼ਬਦ ਨੂੰ ਪਰਮਾਤਮਾ ਜਾਂ ਬ੍ਰਹਮ ਲਈ ਵਰਤਿਆ ਗਿਆ ਹੈ। ਪੁਰਾਣਾਂ ਵਿਚ ਇਹ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦਾ ਵਾਚਕ ਬਣ ਗਿਆ ਹੈ। ਪਰੰਤੂ ਪਰਵਰਤੀ ਕਾਲ ਵਿਚ ਇਸ ਦੀ ਵਰਤੋਂ 'ਸ਼ਿਵ' ਲਈ ਰੂੜ੍ਹ ਹੁੰਦੀ ਗਈ ਹੈ।

ਸਪੱਸ਼ਟ ਹੈ ਕਿ ਭਾਰਤੀ ਦਰਸ਼ਨ ਵਿਚ ਇਸ ਦੀ ਸੱਤਾ, ਸਮਰਥਤਾ ਅਤੇ ਸਰੂਪ ਬਾਰੇ ਭਿੰਨ ਭਿੰਨ ਅਧਿਆਤਮਿਕ ਸਾਧਕਾਂ ਨੇ ਵਖਰੇ ਵਖਰੇ ਢੰਗ ਨਾਲ ਵਿਆਖਿਆ ਕੀਤੀ ਹੈ। ਪਰ ਭਗਤੀ ਸਾਹਿਤ ਦੇ ਬਾਣੀਕਾਰ ਬਹੁਤੀਆਂ ਬਾਰੀਕੀਆਂ ਵਿਚ ਨਹੀਂ ਪਏ ਅਤੇ ਮੁੱਖ ਤੌਰ 'ਤੇ ਇਸ ਨੂੰ ਬ੍ਰਹਮ ਵਾਚਕ ਹੀ ਮੰਨਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਰਤੋਂ ਪੰਜ ਅਰਥਾਂ ਵਿਚ ਹੋਈ ਹੈ ਜਿਵੇਂ ਕਰਤਾਰ, ਵਿਸ਼ਨੂ, ਸ਼ਿਵ, ਇਕ ਨਾਥ ਦਾ ਨਾਂ ਅਤੇ ਰਾਜਾ ਅਤੇ ਕਈ ਸ਼ਬਦ-ਜੋੜਾਂ ਵਿਚ ਵਰਤਿਆ ਗਿਆ ਹੈ, ਜਿਵੇਂ ਈਸਰ, ਈਸਰੁ, ਈਸੁਰ, ਈਸ, ਈਸੈ ਆਦਿ। ਜਿਵੇਂ — *ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ।* (ਗੁ.ਗ੍ਰੰ.983), *ਬਲਿ ਬਲਿ ਜਾਈ ਪ੍ਰਭ ਅਪੁਨੈ ਈਸੈ।* (ਗੁ.ਗ੍ਰੰ.1072) ਤੁਕਾਂ ਵਿਚ ਇਹ ਪਰਮਾਤਮਾ ਵਾਚਕ ਹੈ। *ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ* (ਗੁ.ਗ੍ਰੰ.1279) ਵਿਚ ਇਸ ਦੀ ਵਰਤੋਂ ਵਿਸ਼ਨੂ ਲਈ ਹੋਈ ਹੈ। *ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ।* (ਗੁ.ਗ੍ਰੰ.516) ਵਿਚ 'ਸ਼ਿਵ' ਲਈ ਵਰਤਿਆ ਗਿਆ ਹੈ। ਹੁਣ ਸਿੱਖ-ਜਗਤ ਵਿਚ ਇਹ ਪਰਮ-ਸੱਤਾ ਦਾ ਵਾਚਕ ਹੈ।

**ਈਸੜੂ** (ਪਿੰਡ): ਜ਼ਿਲ੍ਹਾ ਲੁਧਿਆਣਾ ਵਿਚ ਪੈਂਦਾ ਇਕ ਪਿੰਡ ਜੋ ਖੰਨਾ ਨਗਰ ਤੋਂ ਲਗਭਗ 13 ਕਿ.ਮੀ. ਦੀ ਵਿਥ ਉਤੇ ਦੱਖਣ-ਪਛਮ ਵਾਲੇ ਪਾਸੇ ਸਥਿਤ ਹੈ। ਜਦੋਂ ਗੁਰੂ ਹਰਿਗੋਬਿੰਦ ਜੀ ਸੰਨ 1634 ਈ. ਵਿਚ ਮੇਹਰਾਜ ਦੀ ਲੜਾਈ ਉਪਰੰਤ ਮਾਲਵਾ ਦੇਸ਼ ਦੀਆਂ ਸੰਗਤਾਂ ਨੂੰ ਕ੍ਰਿਤਾਰਥ ਕਰਦੇ ਹੋਏ ਕਰਤਾਰਪੁਰ ਨੂੰ ਪਰਤ ਰਹੇ ਸਨ ਤਾਂ ਕੁਝ ਸਮੇਂ ਲਈ ਇਸ ਪਿੰਡ ਵਿਚ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਥੇ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਉਸਾਰਿਆ ਗਿਆ ਸੀ। ਉਸ ਗੁਰੂ-ਧਾਮ ਦੀ ਵਿਵਸਥਾ ਪਹਿਲਾਂ ਉਦਾਸੀ

ਸੰਤ ਕਰਦੇ ਆ ਰਹੇ ਸਨ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਬਾਦ ਇਹ ਗੁਰਦੁਆਰਾ ਉਸ ਕਮੇਟੀ ਦੇ ਪ੍ਰਬੰਧ ਵਿਚ ਆ ਗਿਆ। ਸੰਨ 1956 ਈ. ਵਿਚ ਇਸ ਦੀ ਪੁਨਰ-ਉਸਾਰੀ ਕੀਤੀ ਗਈ। ਹਰ ਸੰਗਰਾਂਦ ਨੂੰ ਵਿਸ਼ੇਸ਼ ਤੌਰ 'ਤੇ ਇਥੇ ਕਾਫ਼ੀ ਸੰਗਤ ਜੁੜਦੀ ਹੈ।

**ਈਰਖਾ** : ਇਕ ਮਨੋਵਿਕਾਰ ਜਿਸ ਨੂੰ ਸਾੜਾ, ਹਸਦ ਆਦਿ ਵੀ ਕਿਹਾ ਜਾਂਦਾ ਹੈ। ਮੂਲ ਰੂਪ ਵਿਚ ਇਸ ਦਾ ਵਿਕਾਸ ਕਿਸੇ ਹੋਰ ਦੀ ਉਨਤੀ ਨੂੰ ਸਹਿ ਨ ਸਕਣ ਤੋਂ ਹੁੰਦਾ ਹੈ। ਇਸ ਨੂੰ 'ਤਾਤ ਪਰਾਈ' ਵੀ ਕਿਹਾ ਜਾਂਦਾ ਹੈ।

ਅਧਿਆਤਮਿਕ ਖੇਤਰ ਵਿਚ ਇਸ ਨੂੰ ਦੂਰ ਕਰਨ ਜਾਂ ਈਰਖਾ ਨ ਕਰਨ ਉਤੇ ਬਹੁਤ ਬਲ ਦਿੱਤਾ ਗਿਆ ਹੈ ਕਿਉਂਕਿ ਇਹ ਜਿਗਿਆਸੂ ਦੀ ਧਾਰਮਿਕਤਾ ਵਿਚ ਬਹੁਤ ਰੁਕਾਵਟ ਪਾਂਦੀ ਹੈ। 'ਮਨੁ-ਸਮ੍ਰਿਤੀ' (7/28) ਵਿਚ ਇਸ ਨੂੰ ਕ੍ਰੋਧ ਤੋਂ ਪੈਦਾ ਹੋਣ ਵਾਲੇ ਅੱਠ ਦੁਰਗੁਣਾਂ ਵਿਚ ਗਿਣਿਆ ਗਿਆ ਹੈ। ਸੂਹੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ — *ਸੁਆਦ ਬਾਦ ਈਰਖ ਮਦ ਮਾਇਆ। ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ।* (ਗੁ.ਗ੍ਰੰ. 741)।

ਇਸ ਨੂੰ ਦੂਰ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਜੋ ਪ੍ਰਭਾਵੀ ਸੁਝਾਵ ਦਿੱਤਾ ਹੈ ਉਹ ਹੈ ਸਾਧ-ਸੰਗਤ। ਕਿਉਂਕਿ ਸਾਧ-ਸੰਗਤ ਵਿਚ ਜਾਣ ਨਾਲ ਜਦੋਂ ਆਪਾ-ਪਰਕਾ ਭੇਦ ਮਿਟ ਜਾਂਦਾ ਹੈ, ਤਾਂ 'ਪਰਾਈ ਤਾਤ' ਦਾ ਆਧਾਰ ਹੀ ਖ਼ਤਮ ਹੋ ਜਾਂਦਾ ਹੈ, ਫਿਰ ਸਭ ਨਾਲ ਸਮਰਸਤਾ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ — *ਬਿਸਰਿ ਗਈ ਸਭ ਤਾਤਿ ਪਰਾਈ। ਜਬ ਤੇ ਸਾਧ ਸੰਗਤਿ ਮੋਹਿ ਪਾਈ। ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।* (ਗੁ.ਗ੍ਰੰ. 1299)।

**ਏਕਾਦਸੀ** : ਏਕਾਦਸੀ ਦਾ ਸ਼ਾਬਦਿਕ ਅਰਥ ਹੈ 'ਯਾਰ੍ਹਵੀਂ'। ਮਹੀਨੇ ਦੇ ਹਰ ਇਕ ਪੱਖ ਦੀ ਯਾਰ੍ਹਵੀਂ ਥਿਤ ਨੂੰ 'ਏਕਾਦਸ਼ੀ' ਕਿਹਾ ਜਾਂਦਾ ਹੈ। ਇਕ ਮਹੀਨੇ ਵਿਚ ਦੋ ਵਾਰ ਆਉਣ ਕਾਰਣ ਇਕ ਸਾਲ ਵਿਚ ਕੁਲ 24 ਏਕਾਦਸ਼ੀਆਂ ਹੁੰਦੀਆਂ ਹਨ, ਬਾਰ੍ਹਾਂ ਕ੍ਰਿਸ਼ਣ ਪੱਖ ਦੀਆਂ ਅਤੇ ਬਾਰ੍ਹਾਂ ਸ਼ੁਕਲ ਪੱਖ ਦੀਆਂ। ਇਸ ਦਿਨ ਵਿਸ਼ੇਸ਼ ਰੂਪ ਵਿਚ ਬ੍ਰਤ ਰਖਿਆ ਜਾਂਦਾ ਹੈ ਅਤੇ ਪੂਜਾ-ਪਾਠ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਇਕ ਧਾਰਮਿਕ ਕਿਰਤ ਵਾਲਾ ਦਿਨ ਬਣ ਗਿਆ ਹੈ। ਇਨ੍ਹਾਂ ਵਿਚੋਂ ਇਕ ਨਿਰਜਲਾ ਏਕਾਦਸ਼ੀ ਵੀ ਹੈ। ਇਹ ਜੇਠ ਸੁਦੀ 11 ਨੂੰ ਹੁੰਦੀ ਹੈ। ਉਸ ਦਿਨ ਸੂਰਜ ਨਿਕਲਣ ਤੋਂ ਲੈ ਕੇ ਦੁਆਦਸ਼ੀ ਦੇ ਪ੍ਰਭਾਵ ਵੇਲੇ ਤਕ ਨ ਇਸ਼ਨਾਨ ਕਰਨਾ ਅਤੇ ਨ ਜਲ ਪੀਣਾ ਹੁੰਦਾ ਹੈ। ਦੁਆਦਸ਼ੀ ਵਾਲੇ ਦਿਨ ਪ੍ਰਭਾਤ ਵੇਲੇ ਇਸ਼ਨਾਨ ਕਰਕੇ ਵਰਤ ਦੇ ਉਪਾਰਨ ਦਾ ਵਿਧਾਨ ਹੈ।

ਏਕਾਦਸ਼ੀ ਵਾਲੇ ਦਿਨ ਪੂਜਾ ਕਿਉਂ ਕੀਤੀ ਜਾਂਦੀ ਹੈ ? ਜਾਂ ਇਸ ਦਿਨ ਪੂਜਾ ਦੀ ਮਾਨਤਾ ਕਿਉਂ ਹੈ ? ਇਸ ਬਾਰੇ ਅਨੇਕ ਪੌਰਾਣਿਕ ਪ੍ਰਸੰਗ ਪ੍ਰਚਲਿਤ ਹਨ। ਇਨ੍ਹਾਂ ਵਿਚੋਂ ਮੁੱਖ ਹੈ 'ਪਦਮ-ਪੁਰਾਣ' ਦੇ 'ਉਤਰ-ਕਾਂਡ' ਦਾ ਅਠੱਤੀਵਾਂ ਅਧਿਆਇ। ਉਥੇ ਲਿਖਿਆ ਹੈ ਕਿ ਮੁਰ ਦੈਂਤ ਨੂੰ ਮਾਰਨ ਲਈ ਦੇਵਤਿਆਂ ਦੀ ਸੈਨਾ ਸਹਿਤ ਵਿਸ਼ਣੂ ਨੇ ਮੁਰ ਦੀ ਰਾਜਧਾਨੀ ਚੰਦ੍ਰਾਵਤੀ ਉਤੇ ਹਮਲਾ ਕੀਤਾ। ਦੇਵਤੇ ਤਾਂ ਜਲਦੀ ਹੀ ਦੈਂਤ ਤੋਂ ਡਰ ਕੇ ਭਜ ਗਏ ਪਰ ਵਿਸ਼ਣੂ ਕਾਫ਼ੀ ਦਿਨ ਇਕਲਿਆਂ ਹੀ ਮੁਰ ਨਾਲ ਲੜਦਾ ਰਿਹਾ ਅਤੇ ਅੰਤ ਵਿਚ ਥਕ ਕੇ ਉਸ ਨੂੰ ਬਦਰਿਕਾਸ਼੍ਰਮ ਦੀ ਇਕ ਗੁਫਾ ਵਿਚ ਸ਼ਰਣ ਲੈਣੀ ਪਈ। ਜਦ ਉਸ ਨੂੰ ਮਾਰਨ ਲਈ ਮੁਰ ਦੈਂਤ ਗੁਫਾ ਦੇ ਦੁਆਰ ਉਤੇ ਜਾ ਪਹੁੰਚਿਆ ਤਾਂ ਉਥੇ ਇਕ ਸਸ਼ਸਤ੍ਰ ਸੁੰਦਰੀ ਪਹਿਰਾ ਦੇ ਰਹੀ ਸੀ। ਉਸ ਦੀ ਹੁੰਕਾਰ ਨਾਲ ਮੁਰ ਮਰ ਗਿਆ। ਵਿਸ਼ਣੂ ਨੇ ਪ੍ਰਸੰਨ ਹੋ ਕੇ ਉਸ ਸੁੰਦਰੀ ਦਾ ਨਾਂ 'ਏਕਾਦਸ਼ੀ' ਰਖਿਆ ਅਤੇ ਵਰਦਾਨ ਦਿੱਤਾ ਕਿ ਉਸ ਦਿਨ ਵਰਤ ਰਖਣ ਵਾਲਿਆਂ ਨੂੰ ਭਗਤੀ ਅਤੇ ਮੁਕਤੀ ਪ੍ਰਾਪਤ ਹੋਵੇਗੀ।

ਪੁਜਾਰੀ ਪ੍ਰਵ੍ਰਿੱਤੀਆਂ ਵਾਲੇ ਲੋਕਾਂ ਨੇ ਏਕਾਦਸ਼ੀ ਦੇ ਮਹਾਤਮ ਬਾਰੇ ਵੀ ਚਰਚਾ ਕੀਤੀ ਹੈ। ਡਾ. ਤਰਲੋਚਨ ਸਿੰਘ ਬੇਦੀ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਇਕ ਅਜਿਹੀ ਵਾਰਤਕ ਰਚਨਾ 'ਏਕਾਦਸੀ ਮਹਾਤਮ' ਵਲ ਵਿਦਵਾਨਾਂ ਦਾ ਧਿਆਨ ਦਿਵਾਇਆ ਹੈ। ਮੱਧ-ਯੁਗ ਦੇ ਸੰਤਾਂ ਨੇ ਇਸ ਪ੍ਰਕਾਰ ਦੇ ਵਹਿਮਾਂ ਭਰਮਾਂ ਤੋਂ ਲੋਕਾਂ ਨੂੰ ਸਚੇਤ ਕੀਤਾ ਅਤੇ ਏਕਾਦਸ਼ੀ ਦੇ ਅੰਤਰੀਵੀ ਅਰਥ ਜਾਂ ਇਸ ਦੇ ਭਾਵੀਕ੍ਰਿਤ ਰੂਪ ਨੂੰ ਪੇਸ਼ ਕੀਤਾ।

ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਦੀ 'ਥਿਤੀ' ਵਿਚ ਏਕਾਦਸੀ ਬ੍ਰਤ ਦੇ ਸਹੀ ਪਰਿਪੇਖ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ — *ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ। ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ। ਮਨਿ ਸੰਤੋਖੁ ਸਰਬ ਜੀਅ ਦਇਆ। ਇਨ ਬਿਧਿ ਬਰਤੁ ਸੰਪੂਰਨ ਭਇਆ।* (ਗੁ.ਗ੍ਰੰ.299)।

**ਏਟਾਵਾ** (ਨਗਰ): ਉਤਰ ਪ੍ਰਦੇਸ਼ ਵਿਚ ਯਮੁਨਾ ਨਦੀ ਦੇ ਕੰਢੇ ਉਤੇ ਵਸਿਆ ਇਕ ਨਗਰ, ਜਿਸ ਵਿਚ ਉਦਾਸੀ ਮਤ ਦੇ ਦੋ ਆਸ਼੍ਰਮ ਬਣੇ ਹੋਏ ਹਨ। ਇਕ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਹੈ ਅਤੇ ਦੂਜੇ ਨੂੰ ਬਾਬਾ ਸ੍ਰੀਚੰਦ ਦੀ ਫੇਰੀ ਨਾਲ ਜੋੜਿਆ ਜਾਂਦਾ ਹੈ। ਇਹ ਵੀ ਦਸਿਆ ਜਾਂਦਾ ਹੈ ਕਿ ਨੌਵੇਂ ਗੁਰੂ ਵੀ ਪੂਰਬ ਦੀ ਯਾਤ੍ਰਾ 'ਤੇ ਜਾਂਦੇ ਹੋਏ ਇਸ ਨਗਰ ਵਿਚਲੇ ਉਦਾਸੀ ਆਸ਼੍ਰਮ ਵਿਚ ਠਹਿਰੇ ਸਨ। ਹੁਣ ਉਥੇ 'ਗੁਰਦੁਆਰਾ ਪੂਰਬੀ ਟੋਲਾ' ਬਣਿਆ ਹੋਇਆ ਹੈ। ਇਸ ਨੂੰ ਪੁਰਾਤਨ ਸਿੱਖ 'ਬੜੀ ਸੰਗਤ' ਵੀ ਕਹਿੰਦੇ ਹਨ। ਇਸ ਗੁਰਦੁਆਰੇ ਦੀ ਵਿਵਸਥਾ ਉਦਾਸੀ ਸੰਤ ਕਰਦੇ ਹਨ।

**ਏਮਨਾਬਾਦ** (ਨਗਰ): ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਦਾ ਇਕ ਇਤਿਹਾਸਿਕ ਨਗਰ ਜਿਸ ਨੂੰ ਸਿਆਲਕੋਟ ਦੇ ਰਾਜਾ ਸਲਾਵਾਨ ਨੇ ਵਸਾਇਆ ਸੀ ਅਤੇ ਜਿਸ ਦਾ ਪੁਰਾਤਨ ਨਾਂ ਸੈਦਪੁਰ ਸੀ। ਜਨਮਸਾਖੀ ਸਾਹਿਤ ਵਿਚ ਇਹੀ ਨਾਂ ਲਿਖਿਆ ਹੋਇਆ ਹੈ। ਸ਼ੇਰ ਸ਼ਾਹ ਸੂਰੀ ਨੇ ਇਸ ਨਗਰ ਨੂੰ ਤਬਾਹ ਕੀਤਾ ਅਤੇ ਇਸ ਥਾਂ ਉਤੇ ਬਣੀ ਨਵੀਂ ਨਗਰੀ ਦਾ ਨਾਂ ਸ਼ੇਰਗੜ੍ਹ ਰਖਿਆ। ਫਿਰ ਅਕਬਰ ਬਾਦਸ਼ਾਹ ਦੇ ਇਕ ਅਹਿਲਕਾਰ ਮੁਹੰਮਦ ਅਮੀਨ ਨੇ ਇਸ ਨੂੰ ਚੰਗੀ ਤਰ੍ਹਾਂ ਵਸਾਇਆ ਅਤੇ ਇਸ ਦਾ ਨਾਂ ਬਦਲ ਕੇ ਆਪਣੀ ਇੱਛਾ ਅਨੁਸਾਰ ਅਮੀਨਾਬਾਦ (ਐਮਨਾਬਾਦ ਜਾਂ ਏਮਨਾਬਾਦ) ਰਖ ਦਿੱਤਾ।

ਸੰਨ 1760 ਈ. ਦੇ ਨੇੜੇ-ਤੇੜੇ ਸ. ਚੜ੍ਹਤ ਸਿੰਘ ਸੁਕਰਚਕੀਆ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ। ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਇਸ ਨਗਰ ਵਿਚ ਆਏ। ਆਪ ਦੀ ਸ਼ਖ਼ਸੀਅਤ ਅਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਲਾਲੋ ਨਾਂ ਦਾ ਇਕ ਤਰਖਾਣ ਗੁਰੂ ਜੀ ਦਾ ਸਿੱਖ ਬਣਿਆ। ਤਿਲੰਗ ਰਾਗ ਵਿਚ ਉਚਾਰਿਆ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ, ਅੰਦਰਲੀ ਗਵਾਹੀ ਅਨੁਸਾਰ ਭਾਈ ਲਾਲੋ ਨੂੰ ਸੰਬੋਧਿਤ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਜਦ ਸੰਨ 1521 ਈ. ਵਿਚ ਬਾਬਰ ਨੇ ਸੈਦਪੁਰ ਉਤੇ ਹਮਲਾ ਕੀਤਾ ਤਾਂ ਗੁਰੂ ਜੀ ਉਥੇ ਹੀ ਠਹਿਰੇ ਹੋਏ ਸਨ। ਉਸ ਤਬਾਹੀ ਦਾ ਬ੍ਰਿੱਤਾਂਤ ਗੁਰੂ ਜੀ ਨੇ ਭਾਈ ਲਾਲੋ ਨੂੰ ਦਸਿਆ — *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ। ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ। ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ। ਕਾਜੀਆ ਬਾਹਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।...* (ਗੁ.ਗ੍ਰੰ. 722)।

ਉਸ ਹਮਲੇ ਵੇਲੇ ਗੁਰੂ ਨਾਨਕ ਦੇਵ ਜੀ ਨੂੰ ਵੀ ਪਕੜ ਲਿਆ ਗਿਆ ਸੀ ਅਤੇ ਉਨ੍ਹਾਂ ਤੋਂ ਚੱਕੀ ਪਿਸਵਾਈ ਗਈ ਸੀ। ਉਹ ਚੱਕੀ ਹੁਣ ਵੀ ਸੰਭਾਲੀ ਹੋਈ ਹੈ। ਇਸ ਘਟਨਾ ਨਾਲ ਸੰਬੰਧਿਤ 'ਗੁਰਦੁਆਰਾ ਚੱਕੀ ਸਾਹਿਬ' ਹੁਣ ਨਗਰ ਦੇ ਅੰਦਰ ਸਥਿਤ ਹੈ। ਇਸੇ ਤਰ੍ਹਾਂ ਭਾਈ ਲਾਲੋ ਦੇ ਘਰ ਬਣੀ ਹੋਈ ਖੂਹੀ ਵੀ ਮੌਜੂਦ ਹੈ ਜਿਥੇ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਦੇ ਹੁੰਦੇ ਸਨ। ਹੁਣ ਉਸ ਸਥਾਨ ਉਤੇ 'ਗੁਰਦੁਆਰਾ ਖੂਹੀ ਭਾਈ ਲਾਲੋ' ਬਣਿਆ ਹੋਇਆ ਹੈ।

ਏਮਨਾਬਾਦ ਵਿਚ ਸਭ ਤੋਂ ਵੱਡਾ ਗੁਰਦੁਆਰਾ ਰੋੜੀ ਸਾਹਿਬ ਹੈ। ਇਹ ਉਹ ਥਾਂ ਹੈ ਜਿਥੇ ਨਗਰ ਦੇ ਬਾਬਰ ਬਾਦਸ਼ਾਹ ਦੁਆਰਾ ਬਰਬਾਦ ਕੀਤੇ ਜਾਣ ਤੋਂ ਬਾਦ ਗੁਰੂ ਨਾਨਕ ਦੇਵ ਜੀ ਰੋੜਿਆਂ, ਪੱਥਰਾਂ ਉਤੇ ਹੀ ਲੇਟ ਕੇ ਧਿਆਨ ਮਗਨ ਹੁੰਦੇ ਅਤੇ ਬਿਸਰਾਮ ਕਰਦੇ ਸਨ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਇਸ ਦਾ ਉਲੇਖ ਮਿਲਦਾ ਹੈ — *ਪਹਿਲਾਂ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲਿ ਕਮਾਈ। ਰੇਤੁ ਅਕੁ ਆਹਾਰੁ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ।* (24)। ਦੇਸ਼ ਵੰਡ ਵੇਲੇ ਹੋਏ ਦੰਗਿਆਂ ਵਿਚ ਇਹ ਗੁਰਦੁਆਰਾ ਸਾੜ ਦਿੱਤਾ ਗਿਆ ਸੀ।

# ਸ

**ਸਸਤ੍ਰ ਨਾਮ ਮਾਲਾ** (ਕਾਵਿ): 'ਦਸਮ ਗ੍ਰੰਥ' ਵਿਚ ਸੰਕਲਿਤ ਇਕ ਰਚਨਾ। ਯੁਗ ਦੇ ਵੀਰਤਾਮਈ ਵਾਤਾਵਰਣ ਨੂੰ ਲਗਾਤਾਰ ਕਾਇਮ ਰਖਣ ਅਤੇ ਸ਼ਸਤ੍ਰਾਂ ਅਸਤ੍ਰਾਂ ਦੇ ਸਾਰੇ ਪਿਛੋਕੜ ਤੋਂ ਸਿੱਖ ਸਮਾਜ ਨੂੰ ਜਾਣੂ ਕਰਨ ਦੇ ਉਦੇਸ਼ ਤੋਂ ਇਹ ਤਿਆਰ ਕੀਤੀ ਗਈ ਪ੍ਰਤੀਤ ਹੁੰਦੀ ਹੈ। 'ਨਾਮ- ਮਾਲਾ' ਤੋਂ ਭਾਵ ਹੈ 'ਕੋਸ਼'। ਨਾਮਕਰਣ ਤੋਂ ਇਹ ਸ਼ਸਤ੍ਰਾਂ ਦੇ ਨਾਂਵਾਂ ਦਾ ਕੋਸ਼ ਸਿੱਧ ਹੁੰਦਾ ਹੈ। ਇਸ ਨੂੰ ਦ੍ਰਿਸ਼ਟਕੂਟ ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਸ਼ੈਲੀ ਰਾਹੀਂ ਗੁੜ੍ਹੇ ਭੇਦ ਭਰੇ ਢੰਗ ਨਾਲ ਗੱਲ ਕਹੀ ਜਾਂਦੀ ਹੈ। ਇਸ ਸ਼ੈਲੀ ਵਿਚ ਰਹੱਸਾਤਮਕ ਕਾਵਿ ਦੀ ਰਚਨਾ ਉਪਨਿਸ਼ਦਾਂ ਤੋਂ ਲੈ ਕੇ ਮੱਧ ਕਾਲ ਦੇ ਸੰਤਾਂ

ਦੀਆਂ ਬਾਣੀਆਂ ਵਿਚ ਹੁੰਦੀ ਆਈ ਹੈ, ਪਰ ਸ਼ਸਤ੍ਰਾਂ ਸੰਬੰਧੀ ਇਸ ਪ੍ਰਕਾਰ ਦੀ ਰਚਨਾ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਆਪਣਾ ਵਿਸ਼ੇਸ਼ ਸਥਾਨ ਅਤੇ ਮਹੱਤਵ ਰਖਦੀ ਹੈ। ਸੰਭਵ ਹੈ ਕਿ ਵੈਰੀ ਕੋਲੋਂ ਸ਼ਸਤ੍ਰਾਂ ਨੂੰ ਲੁਕਾਣ ਜਾਂ ਗੁਪਤ ਰਖਣ ਲਈ ਇਸ ਪ੍ਰਕਾਰ ਦੀ ਨਾਮਾਵਲੀ ਸਿਰਜਨ ਦਾ ਵਿਚਾਰ ਰਚੈਤਾ ਦੇ ਮਨ ਵਿਚ ਰਿਹਾ ਹੋਵੇ। 1318 ਛੰਦਾਂ ਦੀ ਇਸ ਰਚਨਾ ਦੇ ਕੁਲ ਪੰਜ ਅਧਿਆਇ ਹਨ। ਪੰਜਵੇਂ ਅਧਿਆਇ ਦੇ ਅੰਤ ਉਤੇ ਪੁਸ਼ਪਿਕਾ ਲਿਖੀ ਹੋਈ ਨਹੀਂ ਮਿਲਦੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਇਹ ਰਚਨਾ ਅਧੂਰੀ ਹੈ। ਸੰਭਵ ਹੈ ਕਿ ਕੁਝ ਹੋਰ ਹਿੱਸਾ ਹੁਣ ਗੁੰਮ ਹੋ ਗਿਆ ਹੋਵੇ, ਜਾਂ ਕਿਸੇ ਕਾਰਣ ਕਰਕੇ ਰਚਨਾ ਪੂਰੀ ਹੀ ਨ ਹੋ ਸਕੀ ਹੋਵੇ।

ਇਸ ਦੇ ਪਹਿਲੇ ਅਧਿਆਇ ਵਿਚ ਕੁਲ 27 ਛੰਦ ਹਨ ਜਿਨ੍ਹਾਂ ਵਿਚ ਭਗਉਤੀ ਦੀ ਉਸਤਤਿ ਕੀਤੀ ਗਈ ਹੈ। ਉਸ ਸਰਬ ਵਿਆਪਕ, ਸਰਬ ਸ੍ਰੇਸ਼ਠ, ਮਹਾਨ ਸ਼ਕਤੀ ਦਾ ਇਸ ਉਸਤਤਿ ਵਿਚ ਅਨੇਕ ਪ੍ਰਕਾਰ ਦੇ ਸ਼ਸਤ੍ਰਾਂ ਅਸਤ੍ਰਾਂ ਉਤੇ ਆਰੋਪ ਕੀਤਾ ਗਿਆ ਹੈ। ਇਸ ਆਰੋਪ ਤੋਂ ਭਗਉਤੀ ਅਤੇ ਸ਼ਸਤ੍ਰ-ਅਸਤ੍ਰ ਅਭਿੰਨ ਸਿੱਧ ਹੁੰਦੇ ਹਨ। ਇਸ ਅਧਿਆਇ ਵਿਚ ਉਸ ਵਕਤ ਪ੍ਰਚਲਿਤ ਲਗਭਗ 30 ਸ਼ਸਤ੍ਰਾਂ ਅਤੇ ਅਸਤ੍ਰਾਂ ਦੇ ਨਾਂ ਗਿਣਾਏ ਗਏ ਹਨ — ਅਸਿ, ਸਾਂਗ, ਤੀਰ, ਤੁਪਕ, ਸਿਰੋਹੀ, ਸੈਫ਼, ਨਿਖੰਗ, ਸੈਹਥੀ, ਖੰਡਾ, ਤਬਰ, ਜਮਦਾੜ੍ਹ, ਗੁਰਜ, ਕਟਾਰੀ, ਸੈਲ, ਕਰਦ, ਸਿਪਰ, ਬਜ੍ਰ, ਬਾਂਕ, ਬਿਛੂਆ, ਕਵਚ, ਤਲਵਾਰ, ਗਦਾ, ਚਾਕੂ, ਤੁਫੰਗ, ਖੰਜਰ, ਪਾਟਸ, ਬੁਦਗਾ, ਪਾਸ, ਸੂਲ ਆਦਿ।

ਦੂਜੇ ਅਧਿਆਇ ਵਿਚ ਕੁਲ 47 ਛੰਦ ਹਨ। ਇਸ ਅਧਿਆਇ ਦੀ ਪੁਸ਼ਪਿਕਾ ਵਿਚ ਇਸ ਦਾ ਸੰਬੰਧ 'ਚਕ੍ਰ' ਨਾਲ ਜੋੜਿਆ ਗਿਆ ਹੈ, ਪਰ ਇਸ ਵਿਚ ਚਕ੍ਰ ਤੋਂ ਇਲਾਵਾ ਤਲਵਾਰ, ਜਮਦਾੜ੍ਹ, ਸੈਹਥੀ, ਬਰਛੀ ਆਦਿ ਦਾ ਵੀ ਵਰਣਨ ਹੋਇਆ ਹੈ। ਇਸ ਦੇ ਮੁਢਲੇ ਛੰਦਾਂ ਵਿਚ ਦ੍ਰਿਸ਼ਟਕੂਟ ਦੀ ਪ੍ਰਧਾਨਤਾ ਨਹੀਂ ਹੈ, ਗੱਲ ਸਮਝ ਆ ਜਾਂਦੀ ਹੈ। ਪਰ ਅਗੇ ਚਲ ਕੇ ਬਿਨਾ ਪੌਰਾਣਿਕ ਪਿਛੋਕੜ ਦੇ ਅਰਥ ਨੂੰ ਸਮਝ ਸਕਣਾ ਸਰਲ ਨਹੀਂ ਹੈ।

ਤੀਜੇ ਅਧਿਆਇ ਦੇ 178 ਛੰਦਾਂ ਵਿਚ 'ਤੀਰ' ਜਾਂ 'ਬਾਣ' ਦੇ ਵਖ ਵਖ ਨਾਂਵਾਂ ਦਾ ਵਿਵਰਣ ਦਿੱਤਾ ਗਿਆ ਹੈ ਅਤੇ ਉਸ ਤੋਂ ਆਪਣੀ ਜਿਤ ਦੀ ਆਸ ਕੀਤੀ ਗਈ ਹੈ। ਇਨ੍ਹਾਂ ਨਾਂਵਾਂ ਦੀ ਬਣਤਰ ਨੂੰ ਸਪੱਸ਼ਟ ਕਰਦਿਆਂ ਰਚੈਤਾ ਨੇ ਪਹਿਲਾਂ ਇਕ ਸ਼ਬਦ ਦਸਿਆ ਹੈ, ਫਿਰ ਉਸ ਨਾਲ ਸੰਬੰਧਿਤ ਉਹ ਸ਼ਬਦ ਦਸਿਆ ਹੈ ਜੋ ਉਸ ਦੀ ਮ੍ਰਿਤੂ ਦਾ ਕਾਰਣ ਸਰੂਪ ਹੈ। ਇਸ ਤਰ੍ਹਾਂ ਪਹਿਲੇ ਸ਼ਬਦ ਦੇ ਬਦਲਣ ਦੇ ਨਾਲ ਨਾਲ ਸ਼ਸਤ੍ਰ ਅਸਤ੍ਰ ਦੇ ਨਾਂਵਾਂ ਦੀ ਗਿਣਤੀ ਵਧਦੀ ਜਾਂਦੀ ਹੈ। ਤੀਰ ਦੇ ਇਹ ਨਾਂ ਉਨ੍ਹਾਂ ਵਿਅਕਤੀਆਂ/ਵਸਤੂਆਂ ਨਾਲ ਸੰਬੰਧਿਤ ਹਨ ਜਿਨ੍ਹਾਂ ਦਾ ਸੰਘਾਰ ਬਾਣ/ਤੀਰ ਨਾਲ ਹੋਇਆ ਸੀ ਜਾਂ ਬਾਣ ਚਲਾਣ ਦੀ ਵਿਦਿਆ ਵਿਚ ਨਿਪੁਣ ਸਨ। ਇਸ ਤੋਂ ਇਲਾਵਾ ਧਨੁਸ਼ ਦੁਆਰਾ ਚਲਾਏ ਜਾਣ ਕਾਰਣ ਅਤੇ ਵਿਸ਼ ਵਿਚ ਬੁਝੇ ਹੋਣ ਕਾਰਣ ਇਨ੍ਹਾਂ ਦੋਹਾਂ ਸ਼ਬਦਾਂ ਦੇ ਸੰਯੋਗ ਨਾਲ ਤੀਰ ਦੇ ਨਾਂ ਬਣਾਏ ਗਏ ਹਨ।

ਚੌਥੇ ਅਧਿਆਇ ਵਿਚ 'ਪਾਸ' ਦੇ ਨਾਂਵਾਂ ਦਾ ਉਲੇਖ ਹੈ। ਇਸ ਵਿਚ ਕੁਲ 208 ਛੰਦ ਹਨ। ਇਹ ਨਾਂ ਕਿਸੇ ਦਾ ਸੰਘਾਰ ਕਰਨ ਵਾਲੇ ਵਿਅਕਤੀ ਦੇ ਨਾਂ ਨਾਲ ਰਿਪੁ, ਅਰਿ ਆਦਿ ਸ਼ਬਦ ਜੋੜ ਕੇ ਬਣਾਏ ਗਏ ਹਨ। ਇਸ ਤੋਂ ਇਲਾਵਾ ਕਿਸੇ ਵਿਅਕਤੀ ਦੁਆਰਾ ਆਮ ਵਰਤੇ ਗਏ ਸ਼ਸਤ੍ਰ ਅਸਤ੍ਰ ਕਾਰਣ ਉਸ ਦੇ ਸੁਆਮੀਪਨ ਨੂੰ ਸਪੱਸ਼ਟ ਕੀਤਾ ਜਾਂਦਾ ਹੈ। ਇਸ ਲਈ ਵਰੁਣ, ਕਾਲ, ਠਗ ਆਦਿ ਦਾ ਵਿਸ਼ੇਸ਼ ਉਲੇਖ ਹੋਇਆ ਹੈ ਕਿਉਂਕਿ ਪਾਸ ਇਨ੍ਹਾਂ ਦਾ ਪ੍ਰਿਯ ਹਥਿਆਰ ਰਿਹਾ ਹੈ। ਇਸ ਤਰ੍ਹਾਂ ਦੇ ਅਨੇਕਾਂ ਨਾਂ ਬਣਾਏ ਗਏ ਹਨ।

ਪੰਜਵੇਂ ਅਧਿਆਇ ਵਿਚ 858 ਛੰਦ ਹਨ। ਇਹ ਸਭ ਨਾਲੋਂ ਵੱਡਾ ਅਧਿਆਇ ਹੈ। ਇਸ ਵਿਚ ਬੰਦੂਕ ਦੇ ਨਾਂਵਾਂ ਦਾ ਉਲੇਖ ਕੀਤਾ ਗਿਆ ਹੈ। ਇਸ ਦੇ ਅੰਤ 'ਤੇ ਕੋਈ ਸਮਾਪਤੀ ਸੂਚਕ ਉਕਤੀ ਨਹੀਂ ਦਿੱਤੀ ਗਈ। ਇਸ ਵਿਚ ਕੁਝ ਨਾਂਵਾਂ ਦਾ ਦੋਹਰਾਉ ਵੀ ਹੋਇਆ ਹੈ। ਇਸ ਦੇ ਨਾਂਵਾਂ ਦੇ ਮੋਟੇ ਤੌਰ 'ਤੇ ਤਿੰਨ ਵਰਗ ਬਣਦੇ ਹਨ—ਸੰਘਾਰਕ ਨਾਂ, ਗੁਣਾਂ ਨਾਲ ਸੰਬੰਧ ਰਖਣ ਵਾਲੇ ਨਾਂ ਅਤੇ ਰੂਪ ਨਾਲ ਸੰਬੰਧ ਰਖਣ ਵਾਲੇ ਨਾਂ। ਬੰਦੂਕ ਸੈਨਾ ਨੂੰ ਨਸ਼ਟ ਕਰਦੀ ਹੈ, ਇਸ ਲਈ ਇਹ ਸੈਨਾ ਦੀ ਦੁਸ਼ਮਣ ਜਾਂ ਵੈਰੀ (ਅਰਿ) ਹੈ। ਇਸੇ ਤਰ੍ਹਾਂ ਘੋੜੇ ਨੂੰ ਮਾਰ ਦਿੰਦੀ ਹੈ, ਇਸ ਲਈ ਉਸ ਦੀ ਵੈਰਨ ਹੈ।

ਕੁਝ ਨਾਂ ਬੰਦੂਕ ਦੇ ਗੁਣਾਂ ਨੂੰ ਸਾਹਮਣੇ ਰਖ ਕੇ ਸਿਰਜੇ ਗਏ ਹਨ। ਮੂੰਹ ਵਿਚੋਂ ਅੱਗ ਉਗਲਣ ਵਾਲੀ, ਬਦਲ ਵਾਂਗ ਗਰਜਨਾ ਕਰਨ ਵਾਲੀ, ਆਪਣੇ ਅੰਦਰੋਂ ਗੋਲੀ ਸੁਟਣ ਵਾਲੀ ਜੋ ਵਸਤੂ ਹੈ, ਉਸ ਨੂੰ ਬੰਦੂਕ ਸਮਝਿਆ ਜਾਏ। ਇਸ ਪ੍ਰਕਾਰ ਦੇ ਨਾਂ ਗੁਣ ਵਾਚਕ ਕਹੇ ਜਾ ਸਕਦੇ ਹਨ।

ਇਸ ਰਚਨਾ ਵਿਚ ਕਈ ਸ਼ਬਦਾਂ ਅਤੇ ਉਕਤੀਆਂ

ਦਾ ਦੋਹਰਾਉ ਹੋਇਆ ਹੈ, ਪਰ ਇਸ ਸ਼ੈਲੀ ਵਿਚ ਲਿਖਿਆ ਕੋਈ ਹੋਰ ਕਾਵਿ ਭਾਰਤੀ ਸਾਹਿਤ ਵਿਚ ਉਪਲਬਧ ਨਹੀਂ ਹੈ, ਇਸ ਲਈ ਇਸ ਦਾ ਸਥਾਨ ਅਤੇ ਮਹੱਤਵ ਅਦੁੱਤੀ ਹੈ। ਇਸ ਵਿਚ ਦੋਹਰਾਉ ਵੀ ਹੋ ਜਾਣਾ ਸੁਭਾਵਿਕ ਹੈ ਕਿਉਂਕਿ ਬਾਰ ਬਾਰ ਪੌਰਾਣਿਕ ਨਾਂਵਾਂ, ਥਾਂਵਾਂ ਅਤੇ ਪ੍ਰਸੰਗਾਂ ਨੂੰ ਚਿਤਰਨਾ ਹੈ, ਨਾਲੇ ਪ੍ਰਸੰਗ ਜੋੜਨ ਲਈ ਸ਼ਬਦ ਵੀ ਬਾਰ ਬਾਰ ਉਹੀ ਵਰਤੇ ਜਾਣੇ ਹਨ। ਪੌਰਾਣਿਕ ਵਿਅਕਤੀਆਂ ਨਾਲ ਜੋੜ ਕੇ ਸ਼ਸਤ੍ਰਾਂ ਅਸਤ੍ਰਾਂ ਦੇ ਨ ਕੇਵਲ ਮਹੱਤਵ ਨੂੰ ਵਧਾਇਆ ਗਿਆ ਹੈ, ਸਗੋਂ ਇਨ੍ਹਾਂ ਦੀ ਵਰਤੋਂ ਦਾ ਸੰਬੰਧ ਵਿਰਸੇ ਨਾਲ ਜੋੜ ਕੇ ਵਰਤਮਾਨ ਯੁਗ ਦੇ ਲੋਕਾਂ ਨੂੰ ਉਨ੍ਹਾਂ ਦਾ ਪ੍ਰਯੋਗ ਕਰਨ ਲਈ ਪ੍ਰੇਰਣਾ ਦਿੱਤੀ ਗਈ ਹੈ।

ਇਸ ਰਚਨਾ ਵਿਚ ਸੱਤ ਕਿਸਮ ਦੇ ਛੰਦ ਵਰਤੇ ਗਏ ਹਨ— ਦੋਹਰਾ, ਅੜਿਲ, ਚੌਪਈ, ਸੋਰਠਾ, ਰੁਆਮਲ ਆਦਿ। ਪ੍ਰਧਾਨਤਾ ਦੋਹਰੇ ਅਤੇ ਚੌਪਈ ਦੀ ਹੈ। ਛੰਦ-ਪਰਿਵਰਤਨ ਬਹੁਤ ਘਟ ਹੈ। ਇਸ ਦੀ ਮੁੱਖ ਭਾਸ਼ਾ ਬ੍ਰਜ ਹੈ। ਪੰਜਾਬੀ ਤੋਂ ਛੁਟ ਇਸ ਦੀ ਭਾਸ਼ਾ ਉਤੇ ਸੰਸਕ੍ਰਿਤ ਦਾ ਪ੍ਰਭਾਵ ਅਧਿਕ ਹੈ ਕਿਉਂਕਿ ਅਧਿਕਾਂਸ਼ ਨਾਂ ਪੌਰਾਣਿਕ ਸੰਦਰਭ ਦੇ ਹਨ। ਇਹ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿਚ ਮਲਦੇ ਹਨ। ਕਿਤੇ ਕਿਤੇ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਵਰਤੀ ਮਿਲ ਜਾਂਦੀ ਹੈ, ਪਰ 'ਦਸਮ ਗ੍ਰੰਥ' ਦੀਆਂ ਹੋਰਨਾਂ ਰਚਨਾਵਾਂ ਤੋਂ ਘਟ। ਇਸ ਦੀ ਭਾਸ਼ਾ ਦ੍ਰਿਸ਼ਟਕੂਟ ਹੋਣ ਕਰਕੇ ਕੁਝ ਔਖੀ ਅਤੇ ਅਸਪੱਸ਼ਟ ਹੈ ਪਰ ਭਾਰਤੀ ਵਿਰਸੇ ਦੇ ਜਾਣਕਾਰ ਪਾਠਕਾਂ ਲਈ ਕੋਈ ਖ਼ਾਸ ਕਠਿਨਾਈ ਉਪਸਥਿਤ ਨਹੀਂ ਹੁੰਦੀ।

**ਸ਼ਹਾਦਤ**: ਕਿਸੇ ਧਰਮ ਜਾਂ ਸਮਾਜ ਵਿਚ ਜਦੋਂ ਅਤਿਆਚਾਰ ਸਿਖਰ ਉਤੇ ਪਹੁੰਚ ਜਾਂਦਾ ਹੈ, ਉਦੋਂ ਸਤਿਆਚਾਰ ਦੀ ਸਥਾਪਨਾ ਲਈ ਕੋਈ ਯੁਗ-ਪੁਰਸ਼ ਆਪਣੀ ਸ਼ਰੀਰਿਕ ਅਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕ੍ਰਿਆ ਨੂੰ 'ਸ਼ਹਾਦਤ' ਦਾ ਨਾਂ ਦਿੱਤਾ ਜਾਂਦਾ ਹੈ। ਸਾਮੀ ਸਭਿਆਚਾਰ ਵਿਚ ਸ਼ਹਾਦਤ ਦੀ ਪਰੰਪਰਾ ਮੌਜੂਦ ਹੈ। ਉਥੇ ਪੁਰਾਤਨ ਅਧਿਆਤਮਿਕ ਸਤਿ ਜਾਂ ਪੁਰਾਤਨ ਸਮਾਜਿਕ ਸੰਤੋਸ਼ ਜਾਂ ਪੁਰਾਤਨ ਬੌਧਿਕ ਗਿਆਨ ਨੂੰ ਵੰਗਾਰੇ ਜਾਣ ਵੇਲੇ ਸ਼ਹਾਦਤ ਦਾ ਜਲੌ ਵੇਖਿਆ ਜਾਂਦਾ ਰਿਹਾ ਹੈ। ਭਾਰਤ ਵਿਚ ਸ਼ਹਾਦਤ ਦੀ ਬਿਰਤੀ ਦਾ ਅਭਾਵ ਸੀ। ਇਸ ਬਿਰਤੀ ਦਾ ਉਦਘਾਟਨ ਪੰਜਾਬ ਵਿਚ ਪੰਚਮ ਅਤੇ ਨਵਮ ਗੁਰੂ ਸਾਹਿਬਾਨ ਨੇ ਕਰਕੇ ਸਮਾਜ ਅਤੇ ਧਰਮ ਦੇ ਸਮੁੱਚੇ ਸਰੂਪ ਨੂੰ ਬਦਲਣ ਦਾ ਯਤਨ ਕੀਤਾ। ਸਿੱਖ ਸਮਾਜ ਵਿਚ ਸ਼ਹਾਦਤ ਇਕ ਲਹਿਰ ਜਿਹੀ ਬਣ ਗਈ ਹੈ। ਖਿੜੇ ਮੱਥੇ ਆਤਮ-ਉਤਸਰਗ ਕਰਨਾ ਸਿੱਖ-ਸਾਧਕਾਂ ਲਈ ਇਕ ਸਹਿਜ ਸਾਧਾਰਣ ਮਾਨਸਿਕਤਾ ਹੈ। ਵਿਸਤਾਰ ਲਈ ਵੇਖੋ 'ਸ਼ਹੀਦ'।

**ਸਹਾਰੀ ਮੱਲ, ਭਾਈ**: ਲਾਹੌਰ ਨਿਵਾਸੀ ਸ੍ਰੀ ਗੁਰੂ ਰਾਮਦਾਸ ਦਾ ਚਚੇਰਾ ਵੱਡਾ ਭਰਾ ਜੋ ਆਪਣੇ ਪੁੱਤਰ ਦੇ ਵਿਆਹ ਦੇ ਮੌਕੇ ਗੁਰੂ ਜੀ ਨੂੰ ਨਿਮੰਤਰਿਤ ਕਰਨ ਲਈ ਅੰਮ੍ਰਿਤਸਰ ਆਇਆ। ਗੁਰੂ ਜੀ ਨੇ ਆਪਣੇ ਸਭ ਤੋਂ ਛੋਟੇ ਸੁਪੁੱਤਰ (ਗੁਰੂ) ਅਰਜਨ ਦੇਵ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਲਾਹੌਰ ਭੇਜਿਆ ਅਤੇ ਇਹ ਵੀ ਆਦੇਸ਼ ਦਿੱਤਾ ਕਿ ਉਥੇ ਉਦੋਂ ਤਕ ਰਹਿ ਕੇ ਧਰਮ ਪ੍ਰਚਾਰ ਕਰਨਾ, ਜਦੋਂ ਤਕ ਵਾਪਸ ਨਹੀਂ ਬੁਲਾਇਆ ਜਾਂਦਾ। (ਗੁਰੂ) ਅਰਜਨ ਦੇਵ ਨੇ ਪਿਤਾ-ਗੁਰੂ ਦੀ ਆਗਿਆ ਮੰਨ ਕੇ ਕਈ ਮਹੀਨੇ ਲਾਹੌਰ ਹੀ ਨਿਵਾਸ ਕੀਤਾ ਅਤੇ ਜਿਗਿਆਸੂਆਂ ਵਿਚ ਧਰਮ-ਪ੍ਰਚਾਰ ਕੀਤਾ। ਗੁਰੂ-ਪਿਤਾ ਦੇ ਵਿਯੋਗ ਕਰਕੇ, ਰਵਾਇਤ ਅਨੁਸਾਰ ਆਪ ਨੇ ਕੁਝ ਕੁ ਪਦੇ ਚਿੱਠੀਆਂ ਦੇ ਰੂਪ ਵਿਚ ਲਿਖ ਭੇਜੇ। ਕਹਿੰਦੇ ਹਨ ਕਿ ਇਨ੍ਹਾਂ ਚਿੱਠੀਆਂ ਨੂੰ ਪ੍ਰਿਥੀ ਚੰਦ ਆਪਣੇ ਪਿਤਾ-ਗੁਰੂ ਪਾਸ ਪਹੁੰਚਣ ਹੀ ਨਹੀਂ ਦਿੰਦਾ ਸੀ। ਆਖ਼ਿਰ ਵਿਚ ਤੀਜੀ ਚਿੱਠੀ ਗੁਰੂ ਜੀ ਤਕ ਪਹੁੰਚੀ ਅਤੇ ਆਪਣੇ ਸੁਪੁੱਤਰ ਦੇ ਮਨ ਦੀ ਬਿਹਬਲ ਅਵਸਥਾ ਦੇਖ ਕੇ ਉਸ ਨੂੰ ਅੰਮ੍ਰਿਤਸਰ ਬੁਲਾ ਲਿਆ। ਭਾਈ ਸਹਾਰੀ ਮੱਲ ਭਾਵੇਂ ਰਿਸ਼ਤੇ ਵਜੋਂ (ਗੁਰੂ) ਅਰਜਨ ਦੇਵ ਦਾ ਤਾਇਆ ਲਗਦਾ ਸੀ, ਪਰ ਉਹ ਆਪ ਪ੍ਰਤਿ ਅਪਾਰ ਸ਼ਰਧਾ ਰਖਦਾ ਸੀ ਅਤੇ ਗੁਰੂ ਤੁਲ ਸਨਮਾਨ ਦਿੰਦਾ ਸੀ। (ਗੁਰੂ) ਅਰਜਨ ਦੇਵ ਨੂੰ ਇਸ ਪ੍ਰਕਾਰ ਦਾ ਆਦਰ ਉਚਿਤ ਨਹੀਂ ਸੀ ਲਗਦਾ।

**ਸਹਿਜ ਸੁਖ**: ਵੇਖ 'ਜਾਗਤਿਕ ਸੁਖ ਦੁਖ'।

**ਸਹਿਜਧਾਰੀ ਸਿੱਖ** : ਸੰਨ 1699 ਈ. ਵਿਚ ਖ਼ਾਲਸਾ ਸਿਰਜਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਵਿਚ ਵਿਸ਼ਵਾਸ ਰਖਣ ਵਾਲਾ ਅਤੇ ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਸਮਝਣ ਵਾਲਾ ਹਰ ਵਿਅਕਤੀ 'ਸਿੱਖ' ਅਖਵਾਉਂਦਾ ਸੀ। ਅੰਮ੍ਰਿਤ ਸੰਸਕਾਰ ਤੋਂ ਬਾਦ ਸਿੱਖਾਂ ਦੇ ਤਿੰਨ ਵਰਗ ਬਣ ਗਏ। ਇਕ 'ਸਿੰਘ' ਜਿਸ ਨੇ ਅੰਮ੍ਰਿਤ

ਪਾਨ ਕਰ ਲਿਆ ਹੋਵੇ। ਦੂਜਾ 'ਕੇਸਧਾਰੀ' ਜਿਸ ਨੇ ਕੇਸ ਤਾਂ ਰਖ ਲਏ ਹੋਣ, ਪਰ ਅੰਮ੍ਰਿਤ ਨ ਛਕਿਆ ਹੋਵੇ। ਤੀਜਾ ਜਿਸ ਨੇ ਨ ਅੰਮ੍ਰਿਤ ਛਕਿਆ ਹੋਵੇ ਅਤੇ ਨ ਹੀ ਕੇਸ ਰਖੇ ਹੋਣ, ਪਰ ਸਿੱਖ ਧਰਮ ਦਾ ਅਨੁਯਾਈ ਹੋਵੇ। ਇਹ ਵਰਗ-ਵੰਡ ਗੁਰਦੁਆਰਾ ਸੁਧਾਰ ਅੰਦੋਲਨ ਤਕ ਜਲਦੀ ਆਈ ਸੀ, ਪਰ ਕੁਝ ਸਹਿਜਧਾਰੀ ਸਾਧਾਂ, ਮਹੰਤਾਂ ਅਤੇ ਗੱਦੀਦਾਰਾਂ ਨੇ ਗੁਰੂ-ਧਾਮਾਂ ਦੀ ਮਰਯਾਦਾ ਨੂੰ ਦੂਸ਼ਿਤ ਕਰ ਦਿੱਤਾ, ਜਿਸ ਕਰਕੇ ਗੁਰਦੁਆਰੇ ਆਜ਼ਾਦ ਕਰਾਉਣ ਦਾ ਅੰਦੋਲਨ ਚਲਾਇਆ ਗਿਆ।

'ਸਹਿਜਧਾਰੀ' ਸਿੱਖਾਂ ਸੰਬੰਧੀ ਵਿਵਾਦ ਸਿੱਖ ਗੁਰਦੁਆਰਾ ਐਕਟ 1925 (ਵੇਖੋ) ਦੇ ਪਾਸ ਹੋਣ ਤੋਂ ਬਾਦ ਹੀ ਸ਼ੁਰੂ ਹੁੰਦਾ ਹੈ। ਇਹ ਐਕਟ ਸਿੱਖਾਂ ਦੀ ਬੇਮਿਸਾਲ ਕੁਰਬਾਨੀ ਦਾ ਫਲ ਸੀ। ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਦੇ ਸੰਘਰਸ਼ ਵਿਚ ਲਗਭਗ 40 ਹਜ਼ਾਰ ਸਿੱਖ ਕੈਦ ਹੋਏ ਸਨ ਅਤੇ 400 ਨੂੰ ਆਪਣੀਆਂ ਜਾਨਾਂ ਭੇਂਟ ਚੜ੍ਹਾਉਣੀਆਂ ਪਈਆਂ ਸਨ। ਇਸ ਬਿਲ ਦਾ ਖਰੜਾ ਅਕਾਲੀ ਲੀਡਰਾਂ ਅਤੇ ਵਿਦਵਾਨਾਂ ਦੀ ਸਹਿਮਤੀ ਅਤੇ ਸਹਾਇਤਾ ਨਾਲ ਤਿਆਰ ਕੀਤਾ ਗਿਆ ਸੀ। ਇਹ ਬਿਲ ਬਿਨਾ ਕਿਸੇ ਵਿਰੋਧ ਦੇ ਪਾਸ ਹੋਇਆ ਸੀ। ਇਸ ਐਕਟ ਵਿਚ ਸਿੱਖ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ—*ਸਿੱਖ ਦਾ ਮਤਲਬ ਉਹ ਵਿਅਕਤੀ ਹੈ ਜੋ ਸਿੱਖ ਧਰਮ ਨੂੰ ਮੰਨਦਾ ਹੈ।* ਅਤੇ ਜੇ ਉਸ ਦੇ ਸਿੱਖ ਹੋਣ ਸੰਬੰਧੀ ਕੋਈ ਸ਼ੰਕਾ ਪੈਦਾ ਹੁੰਦੀ ਹੋਵੇ ਤਾਂ ਉਸ ਵਿਅਕਤੀ ਵਲੋਂ ਹੇਠਾਂ ਲਿਖੀਆਂ ਗੱਲਾਂ ਦਾ ਐਲਾਨ ਕਰਨ ਤੋਂ ਬਾਦ ਉਸ ਨੂੰ ਸਿੱਖ ਮੰਨਿਆ ਜਾ ਸਕੇਗਾ ਕਿ —

(1) ਮੈਂ ਤਸਦੀਕ ਕਰਦਾ ਹਾਂ ਕਿ ਮੈਂ ਸਿੱਖ ਹਾਂ,
(2) ਮੈਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹਾਂ,
(3) ਮੈਂ ਦਸ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰਖਦਾ ਹਾਂ ਅਤੇ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ।

ਸਿੱਖ ਗੁਰਦੁਆਰਾ ਐਕਟ ਵਿਚ 21 ਸਾਲ ਤੋਂ ਵਧ ਉਮਰ ਦੇ ਹਰ ਇਕ ਸਿੱਖ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ। ਫਿਰ ਸੰਨ 1944 ਈ. ਵਿਚ ਇਸ ਐਕਟ ਦੀ ਧਾਰਾ 49 ਵਿਚ ਇਕ ਹੋਰ ਵਿਵਸਥਾ ਸ਼ਾਮਲ ਕੀਤੀ ਗਈ, ਜਿਸ ਵਿਚ ਵੋਟਰ ਦੀ ਯੋਗਤਾ ਇਸ ਪ੍ਰਕਾਰ ਨਿਰਧਾਰਤ ਕੀਤੀ ਗਈ ਕਿ — *ਉਹ ਵਿਅਕਤੀ ਵੋਟ ਨਹੀਂ ਪਾ ਸਕਦਾ ਜੋ (1) ਆਪਣੀ ਦਾੜ੍ਹੀ ਜਾਂ ਕੇਸ ਕੱਟਦਾ ਹੋਵੇ (ਸਹਿਜਧਾਰੀਆਂ ਨੂੰ ਛਡ ਕੇ), (2) ਬੀੜੀ-ਸਿਗਰਟ ਪੀਂਦਾ ਹੋਵੇ, (3) ਸ਼ਰਾਬ ਪੀਂਦਾ ਹੋਵੇ।*

ਸੰਨ 1959 ਈ. ਵਿਚ ਇਸ ਐਕਟ ਵਿਚ ਇਕ ਨਵੀਂ ਧਾਰਾ 2 (10-ਏ) ਸ਼ਾਮਲ ਕੀਤੀ ਗਈ, ਜਿਸ ਵਿਚ ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਦਿੱਤੀ ਗਈ। ਉਸ ਧਾਰਾ ਅਨੁਸਾਰ ਸਹਿਜਧਾਰੀ ਸਿੱਖ ਉਹ ਹੈ ਜੋ (1) ਖ਼ੁਸ਼ੀ ਗ਼ਮੀ ਦੇ ਸਾਰੇ ਕਾਰ-ਵਿਹਾਰ ਸਿੱਖ ਧਰਮ ਦੀਆਂ ਰੀਤਾਂ ਮੁਤਾਬਿਕ ਕਰਦਾ ਹੋਵੇ, (2) ਤੰਬਾਕੂ ਅਤੇ ਕੁੱਠੇ (ਹਲਾਲ ਮਾਸ) ਦਾ ਕਿਸੇ ਵੀ ਪ੍ਰਕਾਰ ਸੇਵਨ ਨ ਕਰਦਾ ਹੋਵੇ, (3) ਪਤਿਤ ਨ ਹੋਵੇ, (4) ਮੂਲ-ਮੰਤ੍ਰ ਸੁਣਾ ਸਕਦਾ ਹੋਵੇ।

ਸਿੱਖ ਧਰਮ ਵਿਚ ਸਹਿਜਧਾਰੀ ਸਿੱਖਾਂ ਸੰਬੰਧੀ ਵਿਵਾਦ ਦੀ ਜੜ੍ਹ ਸਿੱਖ ਗੁਰਦੁਆਰਾ ਐਕਟ ਵਿਚ ਲਭੀ ਜਾ ਸਕਦੀ ਹੈ, ਕਿਉਂਕਿ ਇਸ ਐਕਟ ਨੂੰ ਸਵੀਕਾਰਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਚੋਣ-ਪ੍ਰਣਾਲੀ ਦੁਆਰਾ ਚੁਣੇ ਜਾਣ ਦੀ ਪ੍ਰਥਾ ਸ਼ੁਰੂ ਹੋਈ ਸੀ। ਚੋਣ-ਪ੍ਰਣਾਲੀ ਨੂੰ ਸਵੀਕਾਰ ਕਰ ਲੈਣ ਨਾਲ ਸਿੱਖ-ਧਰਮ ਅਤੇ ਗੁਰੂ-ਧਾਮਾਂ ਦੀ ਵਿਵਸਥਾ ਵਿਚ ਸਿਆਸਤ ਦਾ ਪ੍ਰਵੇਸ਼ ਹੋ ਗਿਆ। ਸੁਆਰਥੀ ਲੀਡਰਾਂ ਨੇ ਗੁਰੂ-ਧਾਮਾਂ ਦੀਆਂ ਚੋਣਾਂ ਨੂੰ ਪੌੜੀਆਂ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਚੋਣਾਂ ਜਿਤਣ ਲਈ ਹਰ ਤਰ੍ਹਾਂ ਦੇ ਗੁਰਮਤਿ ਵਿਰੋਧੀ ਕਰਮਾਚਾਰ ਸਿੱਖੀ ਵਿਚ ਪ੍ਰਵੇਸ਼ ਕਰ ਗਏ। ਇਨ੍ਹਾਂ ਚੋਣਾਂ ਨੇ ਹੀ ਸਿੱਖਾਂ ਅਤੇ ਸਹਿਜਧਾਰੀਆਂ ਵਿਚਲੇ ਸਹਿਜ ਸੁਭਾਵਿਕ ਨਾਤੇ ਨੂੰ ਖੋਰਾ ਲਗਾ ਦਿੱਤਾ ਅਤੇ ਦੋਹਾਂ ਵਿਚ ਵਿੱਥਾਂ ਪੈ ਗਈਆਂ। ਸੱਤਾ ਦੇ ਸੰਘਰਸ਼ ਵਿਚ ਰੁਝੇ ਹੋਏ ਲੀਡਰਾਂ ਨੂੰ ਆਪਣੀ ਸਫਲਤਾ ਲਈ ਜੇ ਆਪਣੇ ਅੰਗ ਵੀ ਕਟਣੇ ਪੈਣ ਤਾਂ ਉਸ ਤੋਂ ਵੀ ਉਹ ਸੰਕੋਚ ਨਹੀਂ ਕਰਦੇ। ਉਨ੍ਹਾਂ ਨੂੰ ਇਹ ਡਰ ਮਾਰ ਰਿਹਾ ਹੈ ਕਿ ਸਹਿਜਧਾਰੀਆਂ ਨੂੰ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੋਟ ਪਾਉਣ ਦਾ ਹੱਕ ਮਿਲ ਗਿਆ, ਤਾਂ ਬਹੁਤ ਸਾਰੇ ਪ੍ਰਭਾਵਸ਼ਾਲੀ ਵਿਅਕਤੀ ਆਪਣੇ ਆਪ ਨੂੰ ਸਹਿਜਧਾਰੀ ਕਹਿ ਕੇ ਵੋਟਰ ਬਣ ਜਾਣਗੇ ਅਤੇ ਚੋਣਾਂ ਵਿਚ ਜਿਤ ਪ੍ਰਾਪਤ ਕਰਕੇ ਗੁਰਦੁਆਰਿਆਂ ਉਤੇ ਕਬਜ਼ਾ ਕਰ ਲੈਣਗੇ। ਇਹ ਤਰਕ ਸੱਤਾ ਨੂੰ ਹੱਥੋਂ ਨ ਖਿਸਕਣ ਦੇਣ ਵਾਲਿਆਂ ਦਾ ਹੈ। ਸਪੱਸ਼ਟ ਹੈ ਕਿ ਇਸ ਪ੍ਰਕਾਰ ਦੇ ਫ਼ੈਸਲੇ ਦਾ ਸੰਬੰਧ ਵੋਟਾਂ ਨਾਲ ਅਤੇ ਉਸ ਪ੍ਰਣਾਲੀ ਨਾਲ ਸੰਬੰਧਿਤ ਰਾਜਨੀਤੀ ਨਾਲ ਹੈ, ਧਰਮ ਅਤੇ ਧਾਰਮਿਕ ਵਿਵਸਥਾ ਨਾਲ ਬਿਲਕੁਲ ਨਹੀਂ ਹੈ। ਉਂਜ

ਸਹਿਜਧਾਰੀ ਸਿੱਖ ਜਗਤ ਦੇ ਮਹੱਤਵਪੂਰਣ ਅੰਗ ਹਨ ਅਤੇ ਇਨ੍ਹਾਂ ਦੁਆਰਾ ਕੀਤੀ ਸਿੱਖ ਕੌਮ ਦੇ ਗੁਰੂ-ਧਾਮਾਂ ਨੂੰ ਸੰਭਾਲਣ ਦੀ ਸੇਵਾ ਲਾਸਾਨੀ ਹੈ। ਇਹ ਇਕ ਪ੍ਰਕਾਰ ਨਾਲ ਸਿੱਖੀ ਦੀ ਕੱਚੀ ਰਸਦ ਹੈ। ਖ਼ਦਸਾ ਹੈ ਕਿ ਇਸ ਦੇ ਮੁਕਣ ਨਾਲ ਸਿੱਖੀ ਦਾ ਵਿਕਾਸ ਰੁਕ ਨ ਜਾਏ।

**ਸਹਿਜ-ਯੋਗ** (ਗੁਰਮਤਿ): ਸਹਿਜ ਸੁਭਾਵਿਕ ਢੰਗ ਨਾਲ ਕੀਤਾ ਜਾਣ ਵਾਲਾ ਯੋਗ ਸਹਿਜ-ਯੋਗ ਅਖਵਾਉਂਦਾ ਹੈ। ਵਿਉਤਪੱਤੀ ਦੀ ਦ੍ਰਿਸ਼ਟੀ ਤੋਂ ਜੋ ਜਨਮ ਵੇਲੇ ਨਾਲ ਪੈਦਾ ਹੋਵੇ ਅਤੇ ਸੁਭਾਵਿਕ ਰੂਪ ਵਿਚ ਰਹੇ ਉਹ 'ਸਹਿਜ-ਯੋਗ' ਹੈ। (*ਸਹ ਜਾਯਤੇ ਇਤਿ ਸਹਜਃ*)। ਇਹ ਯੋਗ ਵਰਣਨ ਤੋਂ ਪਰੇ ਹੈ। ਇਸ ਨੂੰ ਆਪਣੇ ਆਪ ਅਨੁਭਵ ਕੀਤਾ ਜਾਂਦਾ ਹੈ। ਅਭਿਆਸ ਕਰਦਿਆਂ ਕਰਦਿਆਂ ਯੋਗੀ ਉਸ ਅਵਸਥਾ ਨੂੰ ਪਹੁੰਚ ਜਾਂਦਾ ਹੈ ਜਿਥੇ ਯੋਗ ਦੇ ਬਾਹਰਲੇ ਸਾਧਨ ਛੁਟ ਜਾਂਦੇ ਹਨ ਅਤੇ ਉਹ ਸਹਿਜ-ਅਵਸਥਾ ਵਿਚ ਪਹੁੰਚ ਜਾਂਦਾ ਹੈ। 'ਹਠਯੋਗ ਪ੍ਰਦੀਪਿਕਾ' (4/9) ਵਿਚ ਇਸ ਨੂੰ ਗੁਰੂ ਦੀ ਮਿਹਰ ਜਾਂ ਦਇਆ ਤੋਂ ਬਿਨਾ ਦੁਰਲਭ ਮੰਨਿਆ ਗਿਆ ਹੈ।

ਮੱਧ-ਯੁਗ ਦੇ ਸੰਤਾਂ/ਮਹਾਪੁਰਸ਼ਾਂ ਦੀਆਂ ਬਾਣੀਆਂ ਵਿਚ ਸਹਿਜ-ਯੋਗ ਦੀ ਸਥਾਪਨਾ ਵਿਸ਼ੇਸ਼ ਰੂਪ ਵਿਚ ਹੋਈ ਹੈ। ਉਨ੍ਹਾਂ ਵਿਚ ਸਾਰ ਗ੍ਰਹਿਣ ਕਰਨ ਪ੍ਰਤਿ ਰੁਚੀ ਅਧਿਕ ਸੀ। ਉਹ ਉਸ ਸਾਧਨਾ ਦੇ ਵਿਰੋਧੀ ਸਨ ਜਿਸ ਵਿਚ ਵਿਅਰਥ ਦੇ ਕਰਮ-ਕਾਂਡ ਜਾਂ ਉਚੇਚੇ ਸਾਧਨ ਅਪਣਾਏ ਗਏ ਹੋਣ। ਸੰਤਾਂ ਨੇ ਸਦਾ ਮੱਧ-ਮਾਰਗ ਨੂੰ ਅਪਣਾਇਆ ਹੈ। ਮੱਧ-ਮਾਰਗ ਵਿਚ ਕਿਸੇ ਉਚੇਚ ਦੀ ਲੋੜ ਨਹੀਂ ਸਮਝੀ ਜਾਂਦੀ। ਸਹਿਜ-ਸਾਧਨਾ ਮੱਧ-ਮਾਰਗੀ ਸਾਧਨਾ ਹੈ। ਇਸ ਦਾ ਆਧਾਰ ਮਨ ਦੀ ਸਥਿਰਤਾ ਹੈ। ਧਰਮ ਦੇ ਖੇਤਰ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਅਤਿਵਾਦ ਜਾਂ ਰੂੜ੍ਹ ਪਰੰਪਰਾਵਾਂ ਨੂੰ ਅਪਣਾਉਣ ਨਾਲ ਧਰਮ ਦਾ ਵਾਸਤਵਿਕ ਰੂਪ ਲੁਪਤ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਯੋਗ ਦੇ ਪਰੰਪਰਾਗਤ ਸਰੂਪ ਦੇ ਮੁਕਾਬਲੇ ਆਪਣੇ ਸਹਿਜ-ਯੋਗ ਦੀ ਸਥਾਪਨਾ ਕਰਦਿਆਂ ਭਰਥਰੀ ਯੋਗੀ ਨੂੰ ਸੰਬੋਧਿਤ ਕੀਤਾ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਮੇਰੀ ਮੁਦ੍ਰਾ ਹੈ ਅਤੇ ਖਿਮਾ ਨਾਲ ਮੈਂ ਖਿੰਥਾ ਦਾ ਕੰਮ ਸਾਰਦਾ ਹਾਂ। ਆਤਮ-ਸਰੂਪ ਰੂਪੀ ਨਗਰੀ ਵਿਚ ਆਸਣ ਲਗਾ ਕੇ ਬੈਠਦਾ ਹਾਂ ਅਤੇ ਸਾਰੀਆਂ ਕਲਪਨਾਵਾਂ ਅਤੇ ਮਾਨਸਿਕ ਬਖੇੜਿਆਂ ਨੂੰ ਤਿਆਗਦਾ ਹਾਂ। ਸ਼ਬਦ ਹੀ ਮੇਰੇ ਲਈ ਸਿੰਗੀ ਦੀ ਸਦੀਵੀ ਧੁਨੀ ਹੈ। ਵਿਚਾਰ ਮੇਰੇ ਲਈ ਖੱਪਰ ਹੈ, ਵਿਵੇਕ-ਯੁਕਤ ਬੁੱਧੀ ਮੇਰਾ ਡੰਡਾ ਅਤੇ ਪਰਮਾਤਮਾ ਨੂੰ ਸਰਬੱਤ੍ਰ ਮੰਨਣਾ ਮੇਰੀ ਬਿਭੂਤ ਹੈ। ਹਰਿ ਦਾ ਕੀਰਤਨ ਕਰਨਾ ਮੇਰੀ 'ਰਹਿਰਾਸ' ਹੈ। ਪਰਮਾਤਮਾ ਦੀ ਅਨੇਕਾਂ ਰੂਪਾਂ ਅਤੇ ਰੰਗਾਂ ਵਿਚ ਸਰਬੱਤ੍ਰ ਵਿਆਪਤ ਜੋਤਿ ਮੇਰੇ ਲਈ 'ਅਧਾਰੀ' ਹੈ। ਪਰਮਾਤਮਾ ਜੋ ਕੁਝ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨਣਾ ਹੀ ਮੇਰਾ 'ਸਹਿਜ-ਯੋਗ' ਹੈ, ਇਸ ਦੀ ਸਿੱਧੀ ਦੁਆਰਾ ਮੈਂ ਅਲੌਕਿਕ ਸਿੱਧੀ ਪ੍ਰਾਪਤ ਕਰਦਾ ਹਾਂ— *ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ*...। (ਗੁ.ਗ੍ਰੰ.359)।

ਗੁਰੂ ਨਾਨਕ ਦੇਵ ਜੀ ਦੀ ਸਹਿਜ-ਯੋਗ ਸੰਬੰਧੀ ਉਪਰੋਕਤ ਭਾਵਨਾ, ਅਸਲ ਵਿਚ, ਪਰੰਪਰਿਕ ਯੋਗ ਦਾ ਸਹਿਜੀਕ੍ਰਿਤ ਰੂਪ ਹੈ। ਭੱਟਾਂ ਨੇ ਆਪਣੇ ਸਵੈਇਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਸਾਧਨਾ ਨੂੰ 'ਸਹਿਜ-ਯੋਗ' ਦਾ ਨਾਂ ਦਿੱਤਾ ਹੈ — *ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ*।(ਗੁ.ਗ੍ਰੰ.1390)। ਇਸੇ ਪ੍ਰਸੰਗ ਵਿਚ ਇਸ ਦਾ ਇਕ ਨਾਮਾਂਤਰ 'ਰਾਜ-ਜੋਗ' ਵੀ ਦਸਿਆ ਗਿਆ ਹੈ— *ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ*।(ਗੁ.ਗ੍ਰੰ.1390)। ਸਪੱਸ਼ਟ ਹੈ ਕਿ ਸਹੀ ਢੰਗ ਨਾਲ ਕੀਤੀ ਧਰਮ-ਸਾਧਨਾ ਹੀ ਸਹਿਜ-ਯੋਗ ਦੀ ਭੂਮਿਕਾ ਨਿਭਾਉਂਦੀ ਹੈ।

ਧਿਆਨ ਰਹੇ ਕਿ ਗੁਰਮਤਿ ਪ੍ਰਤਿਪਾਦਿਤ ਸਹਿਜ-ਯੋਗ, ਅਸਲ ਵਿਚ, 'ਸਹਿਜ-ਸਾਧਨਾ' ਹੈ। ਇਸ ਨੂੰ 'ਸਹਿਜ-ਅਵਸਥਾ' ਵੀ ਕਿਹਾ ਜਾ ਸਕਦਾ ਹੈ। ਪਰੰਤੂ ਮਾਇਆ ਵਿਚ ਗ੍ਰਸਿਤ ਰਹਿਣ ਨਾਲ ਸਹਿਜ-ਅਵਸਥਾ ਪੈਦਾ ਹੋਣ ਦੀ ਥਾਂ ਦ੍ਵੈਤਭਾਵ ਦੀ ਸਿਰਜਨਾ ਹੁੰਦੀ ਹੈ— *ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ*।(ਗੁ.ਗ੍ਰੰ.68)। ਇਹ ਸਹਿਜ-ਅਵਸਥਾ ਕੇਵਲ ਗੁਰੂ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ — *ਭਾਈ ਰੇ ਗੁਰ ਬਿਨੁ ਸਹਜੁ ਨ ਹੋਇ*।(ਗੁ.ਗ੍ਰੰ.68)। ਸਹਿਜ ਅਵਸਥਾ ਪ੍ਰਾਪਤ ਕਰਨ ਦਾ ਸਾਧਨ ਜਾਂ ਵਿਧੀ ਸੱਚੇ ਨਾਮ ਨਾਲ ਲਿਵ ਲਗਾਉਣਾ ਹੈ— *ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ*।(ਗੁ.ਗ੍ਰੰ.1234)।

**ਸਹਿਜ-ਯੋਗ** (ਪਰੰਪਰਾ): ਸਹਿਜ ਯੋਗ ਦਾ ਪਿਛੋਕੜ 'ਸ਼ਬਦ ਸੁਰਤਿ ਯੋਗ' ਵਾਂਗ ਤਾਂਤ੍ਰਿਕ ਬੌਧ-ਮਤ ਨਾਲ ਜਾ ਜੁੜਦਾ

ਹੈ। ਤਾਂਤ੍ਰਿਕ ਬੋਧੀਆਂ ਦੀਆਂ ਚਾਰ ਸ਼ਾਖਾਵਾਂ—ਮੰਤ੍ਰਯਾਨ, ਵਜ੍ਰਯਾਨ, ਸਹਜਯਾਨ ਅਤੇ ਕਾਲਚਕ੍ਰਯਾਨ— ਵਿਚੋਂ ਵਜ੍ਰਯਾਨ ਸ਼ਾਖਾ ਪ੍ਰਕਾਰਾਂਤਰ ਨਾਲ ਮੰਤ੍ਰਯਾਨ ਦਾ ਹੀ ਪਰਿਵਰਤਿਤ ਅਤੇ ਵਿਕਸਿਤ ਮਤ ਹੈ। ਇਸ ਵਿਚ ਵਜ੍ਰ-ਤੱਤ੍ਵ ਨੂੰ ਮਹੱਤਵ ਦਿੱਤਾ ਗਿਆ ਹੈ। ਇਸ ਮਤ ਵਾਲੇ ਵਜ੍ਰ ਦਾ ਅਰਥ ਸੁੰਨਤਾ ਕਰਕੇ ਸਭ ਕੁਝ ਸੁੰਨਤਾ ਦਾ ਹੀ ਰੂਪ ਮੰਨਦੇ ਹਨ। ਇਸ ਸਾਧਨਾ ਵਿਚ ਸਾਧ੍ਯ ਅਤੇ ਸਾਧਕ, ਪੂਜਾ ਅਤੇ ਮੰਤ੍ਰ ਸਭ ਵਜ੍ਰ ਹੀ ਅਖਵਾਉਂਦੇ ਹਨ। ਵਜ੍ਰ-ਚੈਤਨ੍ਯ ਇਸ ਦਾ ਪੂਜਣਯੋਗ ਦੇਵਤਾ ਹੈ। ਇਸ ਦੇ ਸਰੂਪ ਦਾ ਵਿਵੇਚਨ ਇਸ ਮਤ ਵਾਲੇ ਉਸੇ ਢੰਗ ਨਾਲ ਕਰਦੇ ਹਨ ਜਿਸ ਢੰਗ ਨਾਲ ਉਪਨਿਸ਼ਦਾਂ ਵਿਚ ਬ੍ਰਹਮ ਅਥਵਾ ਆਤਮਾ ਦਾ ਹੋਇਆ ਹੈ। ਇਸ ਵਿਚਲੇ ਸੁੰਨਤਾ ਅਤੇ ਕਰੁਣਾ ਦੇ ਏਕਾਕਾਰ ਨੂੰ ਕਾਲਾਂਤਰ ਵਿਚ ਪੁਰਸ਼ ਅਤੇ ਇਸਤਰੀ ਦੇ ਸੰਯੋਗ ਦਾ ਪ੍ਰਤੀਕ ਮੰਨਿਆ ਜਾਣ ਲਗਾ। ਇਸ ਧਾਰਣਾ ਪਿਛੇ ਸ਼ੈਵ ਅਤੇ ਸ਼ਾਕਤ ਤੰਤ੍ਰਾਂ ਵਿਚ ਵਰਣਿਤ ਸ਼ਿਵ ਅਤੇ ਸ਼ਕਤੀ ਦੇ ਮੇਲ ਦੀ ਭਾਵਨਾ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ। ਇਸ ਸੰਯੋਗ ਤੋਂ ਮਹਾ-ਸੁਖ ਦੀ ਕਲਪਨਾ ਕੀਤੀ ਜਾਣ ਲਗੀ। ਇਸ ਤਰ੍ਹਾਂ ਬੋਧ-ਮਤ ਦਾ ਦੁਖਵਾਦ ਮਹਾਸੁਖਵਾਦ ਵਿਚ ਬਦਲ ਗਿਆ। ਇਸ ਸ਼ਾਖਾ ਦਾ ਵਿਕਾਸ ਮੱਧ-ਯੁਗ ਦੀ ਨਿਰਗੁਣ ਸਾਧਨਾ ਤੋਂ ਪਹਿਲਾਂ ਹੀ ਰੁਕ ਗਿਆ ਸੀ।

ਜਦੋਂ ਵਜ੍ਰਯਾਨ ਦੀ ਸਾਧਨਾ ਵੀ ਜਟਿਲ ਹੁੰਦੀ ਗਈ ਅਤੇ ਜਨ-ਜੀਵਨ ਵਿਚ ਉਸ ਦਾ ਪ੍ਰਚਲਨ ਘਟਣ ਲਗਿਆ ਤਾਂ ਸਾਤਵਿਕ ਰੁਚੀ ਵਾਲਿਆਂ ਨੇ ਇਸ ਦੀ ਸਥਾਨ-ਪੂਰਤੀ ਸਹਿਜਯਾਨ ਦੁਆਰਾ ਕੀਤੀ। ਇਸ ਮਤ ਵਾਲੇ ਸੰਸਾਰ ਦੀ ਹਰ ਇਕ ਵਸਤੂ ਨੂੰ ਸਹਿਜ ਰੂਪ ਮੰਨਦੇ ਹਨ। ਇਸ ਤਰ੍ਹਾਂ ਇਸ ਮਤ ਦੀ ਪ੍ਰਮੁਖ ਵਿਸ਼ੇਸ਼ਤਾ ਸਹਿਜ-ਤੱਤ੍ਵ ਹੈ। ਇਸ ਸੰਕਲਪ ਉਤੇ ਬੋਧ-ਮਤ ਦੇ ਵਿਗਿਆਨਵਾਦ, ਯੋਗਾਚਾਰ ਅਤੇ ਸ਼ੂਨ੍ਯਵਾਦ ਦੇ ਸਿੱਧਾਂਤਾਂ ਦਾ ਪ੍ਰਤਖ ਪ੍ਰਭਾਵ ਹੈ। ਸਹਿਜ ਦੀ ਵਿਆਖਿਆ ਕਰਦਿਆਂ 'ਵਜ੍ਰਤੰਤ੍ਰ' ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸਹਿਜ ਦਾ ਨ ਤਾਂ ਕੋਈ ਸਰੂਪ ਹੈ ਅਤੇ ਨ ਹੀ ਉਸ ਦਾ ਵਰਣਨ ਕੀਤਾ ਜਾ ਸਕਦਾ ਹੈ। ਇਸ ਦਾ ਅਨੁਭਵ ਕੋਈ ਵਿਰਲਾ ਸਾਧਕ ਗੁਰੂ ਦੀ ਕ੍ਰਿਪਾ ਦੁਆਰਾ ਕਰ ਸਕਦਾ ਹੈ। ਇਸ ਅਨੁਭਵ ਲਈ ਧਰਮ ਅਤੇ ਦਰਸ਼ਨ ਗ੍ਰੰਥ ਉਪਯੋਗੀ ਨਹੀਂ ਹੁੰਦੇ। ਇਸ ਤਰ੍ਹਾਂ ਇਸ ਉਤੇ ਉਪਨਿਸ਼ਦਾਂ ਦੀ ਆਤਮਾ ਸੰਬੰਧੀ ਧਾਰਣਾ ਦੀ ਛਾਇਆ ਵੀ ਵੇਖੀ ਜਾ ਸਕਦੀ ਹੈ। ਸਹਿਜਯਾਨ ਵਾਲੇ ਚਿੱਤ ਅਤੇ ਸੁੰਨ ਦੇ ਸੰਯੁਕਤ ਰੂਪ ਨੂੰ 'ਸਹਿਜ-ਸੁੰਨ' ਦਾ ਨਾਂ ਦਿੰਦੇ ਹਨ। ਪਰ ਇਹ ਸੰਯੁਕਤ ਰੂਪ ਵੇਦਾਂਤ ਦੀ ਅਦ੍ਵੈਤ-ਭਾਵਨਾ ਤੋਂ ਵਖਰੀ ਕਿਸਮ ਦਾ ਦ੍ਵੈਤ-ਅਦ੍ਵੈਤ-ਵਿਲੱਖਣਤਾ ਵਾਲਾ ਹੈ। ਇਸ ਮਤ ਵਾਲੇ ਨਾੜੀਆਂ ਦੀ ਸ਼ੁੱਧੀ ਅਤੇ ਸਾਧਨਾ ਵੀ ਆਵੱਸ਼ਕ ਮੰਨਦੇ ਹਨ। ਇਨ੍ਹਾਂ ਦੀ ਹਠ-ਯੌਗਿਕ ਸਾਧਨਾ ਦਾ ਮੁੱਖ ਉਦੇਸ਼ ਪ੍ਰਗਿਆ ਅਤੇ ਉਪਾਇ ਦੇ ਮੇਲ ਨਾਲ ਮਣਿਪੂਰ-ਚਕ੍ਰ ਵਿਚ ਬੋਧੀ-ਚਿੱਤ ਨੂੰ ਉਤਪੰਨ ਕਰਨਾ ਹੈ। ਇਸ ਨੂੰ ਉਹ ਧਰਮ-ਚਕ੍ਰ, ਸੰਭੋਗ-ਚਕ੍ਰ ਅਤੇ ਆਖ਼ਿਰ ਵਿਚ ਉਸ਼ਣੀਸ਼-ਚਕ੍ਰ ਵਿਚ ਲੈ ਜਾ ਕੇ ਸਹਿਜ-ਸੁਖ ਦਾ ਅਨੁਭਵ ਕਰਦੇ ਹਨ ਜਿਸ ਨਾਲ ਹਰ ਪ੍ਰਕਾਰ ਦਾ ਦੁਅੰਦ ਖ਼ਤਮ ਹੋ ਜਾਂਦਾ ਹੈ।

ਸਹਿਜ ਸੁਖ ਦੀ ਪ੍ਰਾਪਤੀ ਵਿਚ ਮੁਦ੍ਰਾ-ਸਾਧਨਾ ਦਾ ਵੀ ਆਪਣਾ ਯੋਗਦਾਨ ਹੈ। ਇਹ ਚਾਰ ਪ੍ਰਕਾਰ ਦੀਆਂ ਹਨ— ਕਰਮ-ਮੁਦ੍ਰਾ, ਧਰਮ-ਮੁਦ੍ਰਾ, ਮਹਾਮੁਦ੍ਰਾ ਅਤੇ ਸਮਾਯ-ਮੁਦ੍ਰਾ। ਇਹ ਮੁਦ੍ਰਾਵਾਂ ਮਨ ਦੇ ਵਿਕਾਸ ਦੀਆਂ ਚਾਰ ਅਵਸਥਾਵਾਂ ਹਨ। ਇਨ੍ਹਾਂ ਦੁਆਰਾ ਕ੍ਰਮਵਾਰ ਆਨੰਦ, ਪਰਮਾਨੰਦ, ਵਿਰਾਮਾਨੰਦ ਅਤੇ ਸਹਿਜਾਨੰਦ ਦਾ ਅਨੁਭਵ ਹੁੰਦਾ ਹੈ। ਇਸ ਲਈ ਵੈਰਾਗ ਦੀ ਥਾਂ ਸਹਿਜ-ਰਾਗ ਉਤੇ ਬਲ ਦਿੱਤਾ ਗਿਆ ਹੈ ਅਤੇ ਤਿਆਗ ਅਤੇ ਤਪਸਿਆ ਦੀ ਮਹਿਮਾ ਗਾਉਣ ਦੀ ਥਾਂ ਸਹਿਜ-ਆਚਰਣ ਕਰਨ ਨੂੰ ਉਤਮ ਮੰਨਿਆ ਗਿਆ ਹੈ।

ਇਸ ਮਤ ਵਾਲਿਆਂ ਨੇ ਗੁਰੂ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਹੈ। ਇਹ ਗੁਰੂ ਦੋ ਕਿਸਮਾਂ ਦਾ ਹੈ, ਇਕ ਲੌਕਿਕ ਅਤੇ ਦੂਜਾ ਅਧਿਆਤਮਿਕ। ਅਧਿਆਤਮਿਕ ਖੇਤਰ ਵਿਚ ਸ਼ਰੀਰੀ ਗੁਰੂ ਦੀ ਥਾਂ ਸਹਿਜ-ਤੱਤ੍ਵ ਹੀ ਗੁਰੂ ਦੀ ਭੂਮਿਕਾ ਨਿਭਾਉਂਦਾ ਹੈ। ਇਨ੍ਹਾਂ ਨੇ ਸ਼ਰੀਰ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਹੈ। ਇਸ ਵਿਚ ਉਹ ਸਾਰੇ ਤੀਰਥਾਂ ਅਤੇ ਦੇਵਤਿਆਂ ਦੀ ਹੋਂਦ ਮੰਨਦੇ ਹਨ। ਇਹ ਸੁਖਾਂ ਦਾ ਕੇਂਦਰ ਹੈ। ਇਸੇ ਰਾਹੀਂ ਪਰਮ-ਸੱਤਾ ਦੀ ਪ੍ਰਾਪਤੀ ਹੁੰਦੀ ਹੈ। ਅਸਲ ਵਿਚ ਸਰਵ-ਵਿਆਪਕ ਦੀ ਪ੍ਰਤਿਸ਼ਠਾ ਪਿੰਡ ਵਿਚ ਹੈ, ਹੋਰ ਜਪ-ਤਪ ਵਿਅਰਥ ਹਨ। ਇਹ ਨਾਦ-ਬਿੰਦੂ ਦੀ ਧਾਰਣਾ ਵਿਚ ਵੀ ਵਿਸ਼ਵਾਸ ਰਖਦੇ ਹਨ। ਸੰਸਾਰ ਸੰਬੰਧੀ ਇਨ੍ਹਾਂ ਦੇ ਵਿਚਾਰ ਬੋਧੀ ਵਿਗਿਆਨਵਾਦ ਤੋਂ ਪ੍ਰਭਾਵਿਤ ਹਨ। ਕਿਤੇ ਕਿਤੇ ਸ਼ੰਕਰਾਚਾਰਯ ਦੇ ਢੰਗ ਦੀ ਵਿਆਖਿਆ ਕਰਕੇ ਸੰਸਾਰ ਨੂੰ ਨਾਸ਼ਮਾਨ ਕਿਹਾ ਗਿਆ ਹੈ। ਅਭਿਵਿਅਕਤੀ ਦੇ ਪੱਖ ਤੋਂ

ਇਨ੍ਹਾਂ ਨੇ ਪ੍ਰਤੀਕਾਤਮਕ ਭਾਸ਼ਾ ਵਰਤੀ ਹੈ ਅਤੇ ਉਲਟਬਾਂਸੀ (ਵੇਖੋ) ਸ਼ੈਲੀ ਦੀ ਵਰਤੋਂ ਵੀ ਕੀਤੀ ਹੈ। ਪਾਖੰਡਾਂ ਦੇ ਖੰਡਨ ਵਿਚ ਵੀ ਇਨ੍ਹਾਂ ਦੀ ਰੁਚੀ ਦਿਖਾਈ ਦਿੰਦੀ ਹੈ ਕਿਉਂਕਿ ਇਹ ਲੋਕ ਬੁੱਧੀਵਾਦੀ ਸਨ। ਇਹ ਜਟਾਵਾਂ ਰਖਣ ਨੂੰ ਮਹੱਤਵ ਨਹੀਂ ਦਿੰਦੇ, ਕਿਉਂਕਿ ਸਰਹਪਾਦ ਨਾਂ ਦੇ ਸਿੱਧ ਸਾਧਕ ਅਨੁਸਾਰ ਜੇ ਇਨ੍ਹਾਂ ਰਾਹੀਂ ਮੁਕਤੀ ਮਿਲ ਸਕਦੀ ਹੁੰਦੀ ਤਾਂ ਮੋਰ ਨੂੰ ਜ਼ਰੂਰ ਮਿਲ ਜਾਂਦੀ ਜਿਸ ਦੇ ਸਿਰ ਉਪਰ ਕਲਗੀ ਬਣੀ ਹੋਈ ਹੈ।

'ਹਠਯੋਗ ਪ੍ਰਦੀਪਿਕਾ' (4/9-11) ਵਿਚ ਸਹਿਜ -ਯੋਗ ਨੂੰ ਵਰਣਨ ਤੋਂ ਪਰੇ ਕਿਹਾ ਗਿਆ ਹੈ। ਇਸ ਵਿਚ ਅਭਿਆਸ ਕਰਦੇ ਕਰਦੇ ਯੋਗੀ ਉਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਥੇ ਯੋਗ-ਸਾਧਨਾ ਦੇ ਮੁਦ੍ਰਾ, ਆਸਨ ਆਦਿ ਬਾਹਰਲੇ ਆਧਾਰ ਛੁਟ ਜਾਂਦੇ ਹਨ ਅਤੇ ਉਹ ਸਹਿਜ-ਅਵਸਥਾ ਦੀ ਸਥਿਤੀ ਦਾ ਅਧਿਕਾਰੀ ਹੋ ਜਾਂਦਾ ਹੈ। ਇਹ ਅਵਸਥਾ ਗੁਰੂ ਦੀ ਦਇਆ ਤੋਂ ਬਿਨਾ ਦੁਰਲਭ ਹੈ।

ਉਪਰੋਕਤ ਪਰੰਪਰਾਗਤ ਸਹਿਜ-ਯੋਗ ਮੱਧ-ਯੁਗ ਵਿਚ ਪਹੁੰਚ ਕੇ ਸੰਤਾਂ ਅਤੇ ਨਿਰਗੁਣਵਾਦੀ ਸਾਧਕਾਂ ਦੀਆਂ ਬਾਣੀਆਂ ਵਿਚ ਯੁਗ ਅਨੁਸਾਰ ਖ਼ਾਸ ਨਿਖਾਰ ਨੂੰ ਪ੍ਰਾਪਤ ਹੁੰਦਾ ਹੈ। ਸੰਤਾਂ ਵਿਚ ਸਾਰ ਗ੍ਰਹਿਣ ਕਰਨ ਦੀ ਰੁਚੀ ਅਧਿਕ ਸੀ। ਉਹ ਦਿਖਾਵੇ ਵਾਲੀ ਸਾਧਨਾ ਦੇ ਵਿਰੋਧੀ ਸਨ। ਉਨ੍ਹਾਂ ਨੇ ਸਦਾ ਮੱਧ-ਮਾਰਗ ਨੂੰ ਅਪਣਾਇਆ। ਸਹਿਜ ਸੁਭਾਵਿਕ ਢੰਗ ਨਾਲ ਜੋ ਯੋਗ ਪੈਦਾ ਹੋਵੇ, ਉਸ ਨੂੰ ਉਹ 'ਸਹਿਜ-ਯੋਗ' ਦਾ ਨਾਂ ਦਿੰਦੇ ਸਨ। ਬਿਨਾ ਸਹਿਜ ਤੋਂ ਨ ਚਿੱਤ ਸਥਿਰ ਹੋ ਸਕਦਾ ਹੈ, ਨ ਧਰਮ ਵਿਚ ਕਿਸੇ ਪ੍ਰਕਾਰ ਦਾ ਸੰਤੁਲਨ ਪੈਦਾ ਹੋ ਸਕਦਾ ਹੈ। ਅਤੀਆਂ ਅਤੇ ਰੂੜ੍ਹ ਪਰੰਪਰਾਵਾਂ ਦੀ ਪਾਲਨਾ ਨਾਲ ਧਰਮ ਦਾ ਵਾਸਤਵਿਕ ਸਰੂਪ ਦਬ ਜਾਂਦਾ ਹੈ। ਧਰਮ ਅਤੇ ਸਮਾਜ ਦੇ ਸੰਤੁਲਿਤ ਵਿਕਾਸ ਲਈ 'ਸਹਿਜ' ਦਾ ਅਤਿ ਅਧਿਕ ਮਹੱਤਵ ਹੈ। ਸੰਤ ਕਬੀਰ ਜੀ ਨੇ ਸਪੱਸ਼ਟ ਕਿਹਾ ਹੈ — *ਕਿਆ ਪੜੀਐ ਕਿਆ ਸੁਨੀਐ। ਕਿਆ ਬੇਦ ਪੁਰਾਨਾਂ ਸੁਨੀਐ। ਪੜੇ ਸੁਨੇ ਕਿਆ ਹੋਈ। ਜਉ ਸਹਜ ਨ ਮਿਲਿਓ ਸੋਈ।* (ਗੁ.ਗ੍ਰੰ. 655)। ਗੁਰੂ ਨਾਨਕ ਦੇਵ ਜੀ ਦੀ ਸਾਰੀ ਸਾਧਨਾ ਸਹਿਜ-ਸਾਧਨਾ ਸੀ। ਉਨ੍ਹਾਂ ਨੇ ਸਦਾ ਅਤੀਆ ਤੋਂ ਸੰਕੋਚ ਕੀਤਾ। ਆਸਾ ਰਾਗ (ਚਉਪਦਾ 37) ਵਿਚ ਆਪ ਨੇ ਭਰਥਰੀ ਯੋਗੀ ਨੂੰ ਆਪਣੇ ਸਹਿਜ-ਯੋਗ ਦਾ ਪਰਿਚਯ ਦਿੰਦਿਆਂ ਕਿਹਾ ਸੀ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਹੀ ਮੇਰੀ ਮੁਦ੍ਰਾ ਹੈ, ਛਿਮਾ ਨੂੰ ਮੈਂ ਕੰਥਾ ਵਜੋਂ ਵਰਤਦਾ ਹਾਂ। ਮੈਂ ਆਤਮ-ਸਰੂਪ ਸ਼ਿਵ-ਨਗਰੀ ਵਿਚ ਆਸਨ ਲਗਾ ਕੇ ਬੈਠਦਾ ਹਾਂ ਅਤੇ ਸਾਰੀਆਂ ਕਲਪਨਾਵਾਂ ਅਤੇ ਵਾਦ-ਵਿਵਾਦਾਂ ਨੂੰ ਤਿਆਗ ਦਿੰਦਾ ਹਾਂ। ਸ਼ਬਦ ਹੀ ਮੇਰੇ ਲਈ ਸਿੰਗੀ ਦੀ ਸਦੀਵੀ ਧੁਨੀ ਹੈ। ਵਿਚਾਰ ਮੇਰਾ ਖੱਪਰ ਹੈ, ਵਿਵੇਕਯੁਕਤ ਬੁੱਧੀ ਮੇਰਾ ਡੰਡਾ ਹੈ, ਪਰਮਾਤਮਾ ਨੂੰ ਸਰਵੱਗ ਹਾਜ਼ਰ-ਨਾਜ਼ਰ ਮੰਨਣਾ ਮੇਰੀ ਬਿਭੂਤੀ ਹੈ। ਹਰਿ-ਨਾਮ ਦਾ ਕੀਰਤਨ ਕਰਨਾ ਮੇਰੀ ਰਹਿਰਾਸ ਹੈ। ਪਰਮਾਤਮਾ ਦੀ ਸਰਬੱਤ੍ਰ ਅਨੇਕਾਂ ਵਰਣਾਂ ਅਤੇ ਰੂਪਾਂ ਵਿਚ ਵਿਆਪਤ ਜੋਤਿ ਮੇਰੀ 'ਅਧਾਰੀ' ਹੈ। ਪਰਮਾਤਮਾ ਜੋ ਕੁਝ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨਦਾ ਹਾਂ। ਇਸ ਪ੍ਰਕਾਰ ਦੇ ਯੋਗ ਦੀ ਸਿੱਧੀ ਨਾਲ ਮੈਂ ਅਲੌਕਿਕ ਨਿਧੀ ਪ੍ਰਾਪਤ ਕਰਦਾ ਹਾਂ।

ਗੁਰੂ ਅਮਰਦਾਸ ਜੀ ਨੇ ਗੁਰੂ ਤੋਂ ਬਿਨਾ ਸਹਿਜ ਦੀ ਪ੍ਰਾਪਤੀ ਅਸੰਭਵ ਮੰਨੀ ਹੈ — *ਭਾਈ ਰੇ ਗੁਰ ਬਿਨੁ ਸਹਜੁ ਨ ਹੋਇ।* ਕਰਮ-ਕਾਂਡਾਂ ਦੁਆਰਾ ਸਹਿਜ ਨੂੰ ਵਿਕਸਿਤ ਕਰ ਸਕਣਾ ਮੁਸ਼ਕਿਲ ਹੈ ਅਤੇ ਜਦ ਤਕ ਇਹ ਪੈਦਾ ਨਹੀਂ ਹੁੰਦਾ, ਸੰਸੇ ਦੀ ਭਾਵਨਾ ਦਾ ਅੰਤ ਨਹੀਂ ਹੁੰਦਾ — *ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ।*(ਗੁ.ਗ੍ਰੰ.919)। ਉਹ ਖ਼ੁਦ ਸਹਿਜ-ਸਾਧਨਾ ਦੁਆਰਾ ਸਹਿਜ-ਸਮਾਧੀ ਦੀ ਅਵਸਥਾ ਵਿਚ ਪਹੁੰਚ ਚੁਕੇ ਸਨ— *ਸਹਿਜ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ।*(ਗੁ.ਗ੍ਰੰ. 68)। ਡਾ. ਨੀਹਾਰ ਰੰਜਨ ਰੇ ਨੇ ਆਪਣੇ ਇਕ ਖੋਜ-ਪੱਤਰ ਵਿਚ ਇਸ ਸਹਿਜ-ਯੋਗ ਨੂੰ ਪਰੰਪਰਾ ਤੋਂ ਮੁਕਤ ਅਤੇ ਯੁਗ ਦੀਆਂ ਪਰਿਸਥਿਤੀਆਂ ਦੇ ਅਨੁਕੂਲ ਅਤੇ ਕਲਿਆਣਕਾਰੀ ਦਸਿਆ ਹੈ।

ਸੰਤ ਸਾਧਕਾਂ ਨੇ ਤੀਰਥਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ। ਸੰਤ ਕਬੀਰ ਜੀ ਨੇ ਮਨ ਦੀ ਮੈਲ ਨੂੰ ਉਤਾਰਨ ਲਈ ਤੀਰਥ-ਇਸ਼ਨਾਨ ਨੂੰ ਵਿਅਰਥ ਦਸਿਆ ਹੈ— *ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ।... ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ। ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ।*(ਗੁ.ਗ੍ਰੰ.484)। ਗੁਰੂ ਨਾਨਕ ਦੇਵ ਜੀ ਨੇ ਸ਼ਰੀਰ ਦੇ ਅੰਦਰ ਹੀ ਸੱਚੇ ਤੀਰਥ ਦੀ ਹੋਂਦ ਸਵੀਕਾਰ ਕੀਤੀ ਹੈ—*ਅੰਤਰਗਤਿ ਤੀਰਥਿ ਮਲਿ ਨਾਉ।* ਗੁਰੂ ਰਾਮਦਾਸ ਨੇ ਵੀ ਇਸੇ ਕਥਨ ਨੂੰ ਪੁਸ਼ਟ ਕਰਦਿਆਂ ਕਿਹਾ ਹੈ — *ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ।* ਗੁਰੂ ਨਾਨਕ ਦੇਵ ਜੀ ਨੇ ਤਾਂ ਤੀਰਥ-ਇਸ਼ਨਾਨ ਦੀ ਸਮਾਈ ਨਾਮ-ਸਾਧਨਾ ਵਿਚ ਕਰਦੇ ਹੋਇਆਂ ਸਥਾਪਿਤ ਕੀਤਾ ਹੈ

— *ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ।*

ਸੰਤ-ਕਾਵਿ ਵਿਚ ਪ੍ਰਤੀਕਾਤਮਕ ਭਾਸ਼ਾ ਦੀ ਆਮ ਵਰਤੋਂ ਹੋਈ ਹੈ। ਉਲਟਬਾਂਸੀ ਸ਼ੈਲੀ ਅਪਣਾਉਣ ਵਿਚ ਸੰਤ ਕਬੀਰ ਜੀ ਸਭ ਤੋਂ ਅਗੇ ਹਨ। ਪਾਖੰਡ-ਖੰਡਨੀ ਸ਼ੈਲੀ ਵੀ ਸਹਿਜ-ਸਾਧਨਾ ਤੋਂ ਉਪਜੀ ਹੈ। ਸੰਤ ਕਬੀਰ ਜੀ ਅਨੁਸਾਰ ਨਗਨ ਫਿਰਨ, ਮਿਰਗ-ਚਰਮ ਧਾਰਨ ਕਰਨ, ਮੂੰਹ ਸਿਰ ਮੁਨਵਾਉਣ, ਵੀਰਜ ਦੀ ਰਖਿਆ ਕਰਨ ਨਾਲ ਜੇ ਪਰਮ-ਗਤਿ ਸੰਭਵ ਹੁੰਦੀ ਤਾਂ ਬਨ ਦੇ ਪਸ਼ੂ, ਭੇਡ, ਖੁਸਰੇ ਆਦਿ ਮੁਕਤ ਕਿਉਂ ਨ ਹੋ ਗਏ— *ਨਗਨ ਫਿਰਤ ਜੌ ਪਾਈਐ ਜੋਗੁ। ਬਨ ਕਾ ਮਿਰਗੁ ਮੁਕਤਿ ਸਭੁ ਹੋਗੁ। ਕਿਆ ਨਾਗੇ ਕਿਆ ਬਾਧੇ ਚਾਮ। ਜਬ ਨਹੀ ਚੀਨਸਿ ਆਤਮ ਰਾਮ। ਮੂੰਡ ਮੁੰਡਾਏ ਜੌ ਸਿਧਿ ਪਾਈ। ਮੁਕਤੀ ਭੇਡ ਨ ਗਈਆ ਕਾਈ। ਬਿੰਦੁ ਰਾਖਿ ਜੌ ਤਰੀਐ ਭਾਈ। ਖੁਸਰੈ ਕਿਉ ਨ ਪਰਮਗਤਿ ਪਾਈ। ਕਹੁ ਕਬੀਰ ਸੁਨਹੁ ਨਰ ਭਾਈ। ਰਾਮ ਨਾਮ ਬਿਨੁ ਕਿਨਿ ਗਤਿ ਪਾਈ।* (ਗੁ.ਗ੍ਰੰ.324)। ਸਪੱਸ਼ਟ ਹੈ ਕਿ ਸਹਿਜਯਾਨੀ ਵਿਚਾਰਧਾਰਾ ਦਾ ਕਿਸੇ ਨ ਕਿਸੇ ਰੂਪ ਵਿਚ ਵਿਸਤਾਰ ਮੱਧ-ਯੁਗ ਦੇ ਨਿਰਗੁਣ-ਕਾਵਿ ਵਿਚ ਹੋਇਆ ਹੈ, ਇਸ ਨੂੰ ਪਰੰਪਰਾ ਦਾ ਆਭਾਸ ਵੀ ਕਿਹਾ ਜਾ ਸਕਦਾ ਹੈ।

**ਸਹਿਜ ਰਾਮ, ਭਾਈ** (1673-1768 ਈ.): ਇਕ ਸੇਵਾਪੰਥੀ ਸਾਧਕ ਅਤੇ ਸਾਹਿਤਕਾਰ, ਜਿਸ ਦੇ ਜੀਵਨ ਬਾਰੇ ਕੋਈ ਵਿਸ਼ਵਸਤ ਜਾਣਕਾਰੀ ਨਹੀਂ ਮਿਲਦੀ। ਸੰਤ ਲਾਲ ਚੰਦ ਦੀ ਲਿਖੀ 'ਸ੍ਰੀ ਸੰਤ ਰਤਨ ਮਾਲ੍ਹਾ' (ਤੀਜੀ ਛਾਪ, ਪੰਨਾ 29 ਦੀ ਪੈਰ-ਟਿੱਪਣੀ) ਵਿਚ ਲਿਖਿਆ ਹੈ ਕਿ ਭਾਈ ਸਹਿਜ ਰਾਜ ਦਾ ਜਨਮ ਸੰਮਤ 1730 ਬਿ. (1673 ਈ.) ਵਿਚ ਹੋਇਆ। ਆਪ ਸੰਮਤ 1745 ਬਿ. (1688 ਈ.) ਵਿਚ ਭਾਈ ਸੇਵਾ ਰਾਮ ਜੀ ਨੂੰ ਮਿਲੇ ਅਤੇ 1825 ਬਿ. (1768 ਈ.) ਦੇ ਆਸ-ਪਾਸ ਆਪ ਦਾ ਦੇਹਾਂਤ ਹੋਇਆ।

ਇਸ ਪੁਸਤਕ ਦੇ ਭਾਈ ਸਹਿਜ ਰਾਮ ਪ੍ਰਸੰਗ ਵਿਚ ਇਹ ਵੀ ਲਿਖਿਆ ਹੈ ਕਿ ਆਪ ਭਾਈ ਅੱਡਣਸ਼ਾਹ ਅਤੇ ਭਾਈ ਸੇਵਾ ਰਾਮ ਜੀ ਦੀ ਨੂਰਪੁਰ ਦੀ ਠਹਿਰ ਦੌਰਾਨ ਸੇਵਾ ਵਿਚ ਹਾਜ਼ਰ ਹੋਏ ਅਤੇ ਵਾਸਨਾ-ਦਮਨ ਦਾ ਵਰਦਾਨ ਪ੍ਰਾਪਤ ਕਰਕੇ ਉਨ੍ਹਾਂ ਦੇ ਸੇਵਕ ਬਣੇ। ਇਕ ਵਾਰ ਸੰ. 1775 ਬਿ. (1718 ਈ.) ਵਿਚ 'ਈਸੇ ਸ਼ਾਹ ਦੇ ਕੋਟ' ਤੋਂ ਚੱਕੀ ਦੇ ਦੋ ਪੁੜ ਚੁਕ ਕੇ ਨੂਰਪੁਰ ਪਹੁੰਚੇ ਸਨ। ਇਸ ਘਟਨਾ ਦੌਰਾਨ ਇਕ ਕਾਮ-ਆਤੁਰ ਇਸਤਰੀ ਤੋਂ ਵੀ ਛੁਟਕਾਰਾ ਪਾਉਣ ਵਿਚ ਸਫਲ ਰਹੇ। ਸ਼ਾਹਦਰੇ ਵਿਚ ਭਾਈ ਅੱਡਣਸ਼ਾਹ ਕੋਲ ਬੈਠੇ ਇਕ ਵਾਰ ਕੀਰਤਨ ਕਰ ਰਹੇ ਸਨ, ਤਾਂ ਇਕ ਪਠਾਣ ਨੇ ਆਪ ਦੇ ਸ਼ਰੀਰ ਅਤੇ ਕਦ-ਕਾਠ ਨੂੰ ਵੇਖ ਕੇ ਕਿਹਾ ਕਿ ਜੇ ਇਹ ਮਨੁੱਖ ਸ਼ਸਤ੍ਰ ਪਕੜ ਲਵੇ, ਦਸ ਬੰਦਿਆਂ ਨੂੰ ਥਾਂ ਰਖ ਸਕਦਾ ਹੈ। ਤਦ ਭਾਈ ਅੱਡਣਸ਼ਾਹ ਨੇ ਕਿਹਾ ਕਿ ਇਹ ਕੀਰਤਨ ਨਾਲ ਢਾਈ ਸੌ ਜਿਗਿਆਸੂਆਂ ਨੂੰ ਥਾਂ ਰਖੀ ਬੈਠਾ ਹੈ। ਇਸ ਤਰ੍ਹਾਂ ਦੀਆਂ ਅਨੇਕ ਲੋਕ-ਵਾਰਤਾਵਾਂ ਅਤੇ ਦੰਦ ਕਥਾਵਾਂ ਭਾਈ ਸਹਿਜ ਰਾਮ ਦੀ ਸ਼ਖ਼ਸੀਅਤ ਨਾਲ ਸੰਬੰਧਿਤ ਹਨ। ਆਪ ਇਕ ਚੰਗੇ ਧਰਮ-ਸਾਧਕ ਹੀ ਨਹੀਂ ਸਨ, ਸਗੋਂ ਸੁਲਝੇ ਹੋਏ ਸਾਹਿਤਕਾਰ ਵੀ ਸਨ।

ਭਾਈ ਸਹਿਜ ਰਾਮ ਦੇ ਕਰਤ੍ਰਿਤਵ ਨਾਲ ਤਿੰਨ ਰਚਨਾਵਾਂ ਵਿਸ਼ੇਸ਼ ਰੂਪ ਵਿਚ ਸੰਬੰਧਿਤ ਕੀਤੀਆਂ ਜਾਂਦੀਆਂ ਹਨ, ਜਿਵੇਂ (1) ਪਰਚੀਆਂ ਭਾਈ ਕਨ੍ਹੀਆ ਜੀ, (2) ਪਰਚੀਆਂ ਭਾਈ ਸੇਵਾ ਰਾਮ ਜੀ ਅਤੇ (3) ਪਰਚੀਆਂ ਭਾਈ ਅੱਡਣਸ਼ਾਹ ਜੀ (ਵੇਖੋ)। ਇਨ੍ਹਾਂ ਵਿਚੋਂ ਪਹਿਲੀਆਂ ਦੋ ਪਦ ਵਿਚ ਹਨ ਅਤੇ ਤੀਜੀ ਗੱਦ ਵਿਚ ਹੈ। ਇਨ੍ਹਾਂ ਦੇ ਨਾਂ ਨਾਲ 'ਪੋਥੀ ਆਸਾਵਰੀਆਂ' ਅਤੇ 'ਪਰਚੀ ਰਾਇਬਾ ਜੀ ਕੀ' ਨੂੰ ਵੀ ਸੰਬੰਧਿਤ ਕੀਤਾ ਜਾਂਦਾ ਹੈ।

**ਸ਼ਹੀਦ** : ਇਹ ਅਰਬੀ ਦਾ ਸ਼ਬਦ ਹੈ ਅਤੇ 'ਕੁਰਾਨ' ਵਿਚ ਇਸ ਦੀ ਵਰਤੋਂ 'ਗਵਾਹ' ਜਾਂ 'ਸਾਕ੍ਸ਼ੀ' ਦੇ ਅਰਥਾਂ ਵਿਚ ਹੋਈ ਹੈ। ਪਰ ਕਾਲਾਂਤਰ ਵਿਚ ਇਸ ਸ਼ਬਦ ਦਾ ਅਰਥ-ਵਿਸਤਾਰ ਹੋ ਗਿਆ ਅਤੇ ਇਸ ਨੂੰ ਕੁਰਬਾਨੀ ਜਾਂ ਬਲਿਦਾਨ ਦੇ ਅਰਥਾਂ ਵਿਚ ਵਰਤਿਆ ਜਾਣ ਲਗਾ। ਹਦੀਸਾਂ ਵਿਚ 'ਸ਼ਹੀਦ' ਉਸ ਵਿਅਕਤੀ ਨੂੰ ਕਿਹਾ ਜਾਣ ਲਗਾ ਜੋ ਇਸਲਾਮ ਧਰਮ ਦੇ ਪਸਾਰ ਲਈ ਕਾਫ਼ਰਾਂ ਦੇ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਅਜਿਹੇ ਵਿਅਕਤੀ ਲਈ ਬਹਿਸ਼ਤ ਦੇ ਦੁਆਰ ਖੁਲ੍ਹ ਜਾਂਦੇ ਹਨ। ਉਸ ਦੇ ਕਰਮਾਂ ਦਾ ਹਿਸਾਬ-ਕਿਤਾਬ ਖ਼ਤਮ ਹੋ ਜਾਂਦਾ ਹੈ, ਸਾਰੇ ਗੁਨਾਹ ਬਖ਼ਸ਼ੇ ਜਾਂਦੇ ਹਨ। ਮਰਨ ਉਪਰੰਤ ਅਜਿਹੇ ਵਿਅਕਤੀਆਂ ਨੂੰ ਕਬਰ ਵਿਚ ਦਬਣ ਤੋਂ ਪਹਿਲਾਂ ਨੁਹਾਇਆ ਨਹੀਂ ਜਾਂਦਾ ਕਿਉਂਕਿ ਉਹ ਤਾਂ ਸ਼ਹੀਦ ਹੋਣ ਕਾਰਣ ਪਹਿਲਾਂ ਹੀ ਪਵਿੱਤਰ ਹੋ ਚੁੱਕੇ ਮੰਨ ਲਏ ਜਾਂਦੇ ਹਨ।

ਇਸਲਾਮ ਵਿਚ ਸ਼ਹੀਦਾਂ ਦੇ ਕਈ ਭੇਦ-ਉਪਭੇਦ

ਹਨ ਪਰ ਸਭ ਤੋਂ ਸ੍ਰੇਸ਼ਠ ਸ਼ਹੀਦ ਉਸ ਨੂੰ ਸਮਝਿਆ ਜਾਂਦਾ ਹੈ ਜੋ ਰੱਬ ਦੀ ਰਜ਼ਾ ਵਿਚ ਸਚਾਈ ਦੇ ਰਸਤੇ ਉੱਤੇ ਚਲਦੇ ਹੋਇਆਂ ਆਪਣੀ ਜਾਨ ਕੁਰਬਾਨ ਕਰ ਦੇਵੇ। ਸ਼ਹੀਦ ਆਮ ਤੌਰ 'ਤੇ ਅਮਰ ਸਮਝੇ ਜਾਂਦੇ ਹਨ। ਇਮਾਮ ਹਸਨ ਅਤੇ ਹੁਸੈਨ ਨੂੰ ਇਸਲਾਮ ਵਿਚ ਮਹਾਨ ਸ਼ਹੀਦ ਦੀ ਪਦਵੀ ਪ੍ਰਾਪਤ ਹੈ। ਹੋਰ ਵੀ ਅਨੇਕ ਮੁਸਲਮਾਨ ਸ਼ਹੀਦਾਂ ਦੀ ਸੂਚੀ ਵਿਚ ਗਿਣੇ ਜਾਂਦੇ ਹਨ। ਈਸਾ ਨੂੰ ਵੀ ਮਹਾਨ ਸ਼ਹੀਦ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ 'ਸ਼ਹੀਦ' ਨੂੰ ਪੀਰਾਂ ਪੈਗ਼ੰਬਰਾਂ ਦੀ ਪੰਕਤੀ ਵਿਚ ਖੜਾ ਕਰਦਿਆਂ ਲਿਖਿਆ ਹੈ— *ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰ ਸਹੀਦ।* (ਗੁ.ਗ੍ਰੰ.53)।

'ਸ਼ਹੀਦ' ਜਾਂ 'ਸ਼ਹਾਦਤ' ਦਾ ਦ੍ਰਿਸ਼ਟੀਕੋਣ ਸਾਮੀ ਸੰਸਕ੍ਰਿਤੀ ਤੋਂ ਭਾਰਤ ਵਿਚ ਆਇਆ। ਭਾਰਤ ਵਿਚ ਪਹਿਲਾਂ ਅਜਿਹੀ ਭਾਵਨਾ ਦਾ ਅਭਾਵ ਸੀ। ਪੰਜਾਬ ਅਤੇ ਭਾਰਤ ਵਿਚ ਅਨੇਕ ਮੁਸਲਮਾਨ ਫ਼ਕੀਰਾਂ, ਸੂਫ਼ੀ ਦਰਵੇਸ਼ਾਂ ਦੀ ਸ਼ਹਾਦਤ ਦੀਆਂ ਕਈ ਘਟਨਾਵਾਂ ਹੋਈਆਂ ਹਨ। 'ਸ਼ਹਾਦਤ' ਦਾ ਵਿਚਾਰ ਸਿੱਖ ਸਮਾਜ ਵਿਚ ਵਖਰੇ ਜਿਹੇ ਢੰਗ ਨਾਲ ਵਿਕਸਿਤ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਦੇ ਖ਼ੂਨ ਵਿਚ ਸ਼ਹਾਦਤ ਦਾ ਤੱਤ੍ਵ ਸ਼ਾਮਲ ਕਰ ਦਿੱਤਾ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਭਾਵਨਾ ਨੂੰ ਆਪਣੀ ਸ਼ਹਾਦਤ ਨਾਲ ਪੁਸ਼ਟ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਤਾਂ ਇਤਿਹਾਸ ਦੇ ਪੱਤਰਿਆਂ ਉਤੇ ਆਪਣੀ ਰੱਤ ਦਾ ਕੁੰਗੂ ਪਾ ਦਿੱਤਾ। ਮੁਸਲਮਾਨ ਹੁਕਮਰਾਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ। ਵੱਡੇ ਵੱਡੇ ਅਤੇ ਮੁੱਖੀ ਸਿੱਖਾਂ ਦੀ ਸ਼ਹਾਦਤ ਵਾਲੀ ਥਾਂ ਤੇ ਅਨੇਕ ਧਰਮ-ਧਾਮ ਜਾਂ ਸ਼ਹੀਦ ਗੰਜ ਬਣਾਏ ਗਏ ਹਨ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਸਥਾਨ ਗੁਰਦੁਆਰਾ ਡੇਰਾ ਸਾਹਿਬ (ਲਾਹੌਰ) ਦੇ ਨਾਂ ਨਾਲ ਪ੍ਰਸਿੱਧ ਹੈ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਾਲੇ ਸਥਾਨ ਉਤੇ ਹੁਣ ਗੁਰਦੁਆਰਾ ਸੀਸ ਗੰਜ (ਦਿੱਲੀ) ਕਾਇਮ ਹੈ। ਦਸਮ ਗੁਰੂ ਦੇ ਵੱਡੇ ਦੋ ਸਾਹਿਬਜ਼ਾਦਿਆਂ ਦਾ ਸ਼ਹੀਦੀ-ਸਥਾਨ ਚਮਕੌਰ ਸਾਹਿਬ ਵਿਚ ਅਤੇ ਛੋਟੇ ਦੋ ਸਾਹਿਬਜ਼ਾਦਿਆਂ ਦਾ ਸਮਾਰਕ ਸਰਹਿੰਦ ਵਿਚ ਹੈ।

ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਸ਼ਹਾਦਤ ਪਾਉਣ ਵਾਲੇ ਸਿਰਲਥ ਜਵਾਨਾਂ ਵਿਚ 80 ਪ੍ਰਤਿਸ਼ਤ ਸਿੱਖ ਸਨ। ਸ਼ਹੀਦ ਭਗਤ ਸਿੰਘ ਦੀ ਮਿਸਾਲ ਸਰਵ-ਸ੍ਰੇਸ਼ਠ ਹੈ। ਕੂਕਾ ਲਹਿਰ ਨਾਲ ਸੰਬੰਧਿਤ ਮਲੇਰਕੋਟਲਾ ਦਾ ਸ਼ਹੀਦੀ ਸਾਕਾ ਆਪਣੀ ਮਿਸਾਲ ਆਪ ਹੈ। ਗੁਰਦੁਆਰਾ ਸੁਧਾਰ ਵੇਲੇ ਨਨਕਾਣਾ ਸਾਹਿਬ ਅਤੇ ਹੋਰ ਗੁਰੂ-ਧਾਮਾਂ ਨੂੰ ਆਜ਼ਾਦ ਕਰਾਉਣ ਸੰਬੰਧੀ ਅਨੇਕ ਸਾਧਕਾਂ ਨੇ ਆਪਣੀਆਂ ਕੁਰਬਾਣੀਆਂ ਦਿੱਤੀਆਂ ਸਨ। ਇਸ ਤਰ੍ਹਾਂ ਸ਼ਹੀਦ, ਸ਼ਹੀਦੀ, ਸ਼ਹਾਦਤ ਸ਼ਬਦ ਸਿੱਖ ਸਭਿਆਚਾਰ ਦੇ ਅੰਗ ਬਣ ਗਏ ਹਨ। ਹੁਣ ਵੀ ਧਰਮ ਨਾਲ ਸੰਬੰਧਿਤ ਮੋਰਚਿਆਂ ਵੇਲੇ ਸਿੱਖ ਸਾਧਕ ਸ਼ਹੀਦੀਆਂ ਪ੍ਰਾਪਤ ਕਰਨ ਲਈ ਸਦਾ ਤਿਆਰ ਰਹਿੰਦੇ ਹਨ।

**ਸ਼ਹੀਦ ਸਿੱਖ ਮਿਸ਼ਨਰੀ ਕਾਲਜ:** ਇਸ ਕਾਲਜ ਦੀ ਸਥਾਪਨਾ ਸੰਨ 1927 ਈ. ਦੇ ਅਕਤੂਬਰ ਮਹੀਨੇ ਵਿਚ ਅੰਮ੍ਰਿਤਸਰ ਵਿਚ ਹੋਈ ਸੀ। ਇਸ ਦੀ ਸਥਾਪਨਾ ਦਾ ਮੁੱਖ ਉਦੇਸ਼ ਸਿੱਖ ਪ੍ਰਚਾਰਕ, ਗ੍ਰੰਥੀ ਅਤੇ ਰਾਗੀ ਤਿਆਰ ਕਰਨਾ ਸੀ। ਸਿੱਖ ਗੁਰਦੁਆਰਾ ਐਕਟ 1925 ਦੀ ਲੋਅ ਵਿਚ ਬਣੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੇ ਉਥੋਂ ਦੇ 20 ਫਰਵਰੀ 1921 ਈ. ਨੂੰ ਹੋਏ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਇਕ ਸਮਾਰਕ ਬਣਾਉਣ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰਚਾਰਕਾਂ ਦੀ ਘਾਟ ਨੂੰ ਪੂਰਾ ਕਰਨ ਲਈ, ਕਿਸੇ ਅਧਿਆਪਨ ਕੇਂਦਰ ਦੀ ਸਥਾਪਨਾ ਕਰਨ ਦੇ ਮਸਲੇ ਉਤੇ ਵਿਚਾਰ ਕੀਤਾ ਅਤੇ ਸ਼ਹੀਦੀ ਫੰਡ ਇਕੱਠਾ ਕਰਨ ਲਈ ਵਿਵਸਥਾ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਸੰਨ 1927 ਈ. ਵਿਚ ਇਸ ਕਾਲਜ ਦੀ ਸਥਾਪਨਾ ਨਾਲ ਉਪਰੋਕਤ ਦੋਵੇਂ ਮਨੋਰਥ ਪੂਰੇ ਕਰਨ ਦਾ ਉਦਮ ਕੀਤਾ ਗਿਆ। ਇਸ ਦਾ ਪਹਿਲਾ ਪ੍ਰਿੰਸੀਪਲ ਸ. ਗੰਗਾ ਸਿੰਘ ਨੂੰ ਬਣਾਇਆ ਗਿਆ। ਸੰਨ 1932 ਤੋਂ 1935 ਈ. ਤਕ ਭਾਵੇਂ ਇਸ ਵਿਚ ਪੜ੍ਹਾਈ ਰੁਕੀ ਰਹੀ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ 1936 ਈ. ਵਿਚ ਇਸ ਕਾਲਜ ਦੀ ਚੰਗੀ ਵਿਵਸਥਾ ਕਰਨ ਲਈ 'ਸਰਬ ਹਿੰਦ ਸਿੱਖ ਮਿਸ਼ਨ' ਦੀ ਸਥਾਪਨਾ ਕੀਤੀ ਅਤੇ ਸ. ਧਰਮਾਨੰਤ ਸਿੰਘ ਨੂੰ ਪ੍ਰਿੰਸੀਪਲ ਥਾਪਿਆ। ਹੁਣ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਧਰਮ ਪ੍ਰਚਾਰ ਕਮੇਟੀ' ਵਲੋਂ ਚਲਾਇਆ ਜਾ ਰਿਹਾ ਹੈ। ਇਸ ਵਿਚ ਦੋ ਦੋ ਸਾਲਾਂ ਦੇ ਤਿੰਨ ਡਿਪਲੋਮਾ ਕੋਰਸ ਚਲ ਰਹੇ ਹਨ। ਇਕ ਵਿਚ ਧਰਮ ਪ੍ਰਚਾਰ ਕਰਨ ਦੀ, ਦੂਜੇ ਵਿਚ ਗ੍ਰੰਥੀ ਬਣਨ ਦੀ ਅਤੇ ਤੀਜੇ ਵਿਚ ਗੁਰਮਤਿ ਸੰਗੀਤ ਵਿਚ ਪ੍ਰਵੀਣ ਹੋਣ ਦੀ

ਸਿਖਿਆ ਦਿੱਤੀ ਜਾਂਦੀ ਹੈ। ਇਸ ਦੇ ਪੜ੍ਹੇ ਹੋਏ ਮਿਸ਼ਨਰੀਆਂ ਨੇ ਨ ਕੇਵਲ ਧਰਮ-ਪ੍ਰਚਾਰ ਵਿਚ ਆਪਣਾ ਯੋਗਦਾਨ ਪਾਇਆ, ਸਗੋਂ ਆਪਣੀ ਮਿਹਨਤ ਅਤੇ ਸਿੱਖ ਸਮਾਜ ਵਿਚ ਬਣਾਏ ਆਪਣੇ ਆਦਰਯੋਗ ਸਥਾਨ ਕਰਕੇ ਉੱਚੇ ਔਹਦੇ ਵੀ ਪ੍ਰਾਪਤ ਕੀਤੇ। ਇਸ ਕਾਲਜ ਦੇ ਅਧਿਆਪਨ ਕਾਰਜ ਵਿਚ ਮੰਨੇ ਪ੍ਰਮੰਨੇ ਸਿੱਖ ਧਰਮ-ਸ਼ਾਸਤ੍ਰੀ ਅਤੇ ਫਲਾਸਫਰਾਂ ਦਾ ਵੀ ਯੋਗਦਾਨ ਪ੍ਰਾਪਤ ਰਿਹਾ ਹੈ।

**ਸ਼ਹੀਦ-ਗੰਜ** : ਉਂਜ ਤਾਂ ਇਹ ਸ਼ਬਦ ਹਰ ਉਸ ਸਥਾਨ ਲਈ ਵਰਤ ਲਿਆ ਜਾਂਦਾ ਹੈ ਜਿਥੇ ਕੋਈ ਵੀ ਸ਼ਹੀਦ ਦਬਿਆ ਜਾਂ ਸਸਕਾਰਿਆ ਗਿਆ ਹੋਵੇ। ਪਰ ਇਹ ਸ਼ਬਦ ਸਿੱਖ ਸ਼ਹੀਦਾਂ ਦੇ ਸਮਾਰਕਾਂ ਨਾਲ ਵਿਸ਼ੇਸ਼ ਰੂਪ ਵਿਚ ਜੁੜ ਗਿਆ ਹੈ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਕਈ ਧਰਮ-ਧਾਮ 'ਸ਼ਹੀਦ-ਗੰਜ' ਦੇ ਨਾਂ ਨਾਲ ਪ੍ਰਸਿੱਧ ਹਨ। ਪਰ ਇਹ ਸ਼ਬਦ ਉਸ ਗੁਰਦੁਆਰੇ ਅਥਵਾ ਧਰਮ-ਧਾਮ ਲਈ ਅਧਿਕ ਪ੍ਰਚਲਿਤ ਹੋ ਗਿਆ ਹੈ ਜੋ ਲਾਹੌਰ ਰੇਲਵੇ ਸਟੇਸ਼ਨ ਦੇ ਨੇੜੇ ਲੰਡਾ ਬਾਜ਼ਾਰ ਵਿਚ ਹੈ ਅਤੇ ਜਿਥੇ ਮੀਰ ਮਨੂੰ ਦੇ ਸਮੇਂ ਹਜ਼ਾਰਾਂ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ/ਭੁਜੰਗਣਾਂ ਨੂੰ ਖੂਹ ਵਿਚ ਸੁਟ ਕੇ, ਕੋਠਿਆਂ ਵਿਚ ਬੰਦ ਕਰਕੇ ਅਤੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਬਾਦ ਵਿਚ ਉਨ੍ਹਾਂ ਦੇ ਪਿੰਜਰਾਂ ਅਤੇ ਹੱਡੀਆਂ ਨਾਲ ਦੀਵਾਰਾਂ ਉਸਾਰੀਆਂ ਗਈਆਂ ਸਨ। ਉਥੋਂ ਖ਼ੁਦਾਈ ਕਰਨ ਤੇ ਹੁਣ ਵੀ ਸਿੱਖਾਂ ਦੇ ਲੋਹੇ ਦੇ ਬਰਤਨ, ਕੜੇ ਅਤੇ ਸ਼ਸਤ੍ਰ ਮਿਲ ਜਾਂਦੇ ਹਨ। ਸਿੱਖ ਜਗਤ ਵਿਚ ਸ਼ਹੀਦਾਂ ਲਈ ਅਪਾਰ ਆਦਰ ਹੈ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਰਦਾਸ ਵਿਚ ਸਦਾ ਯਾਦ ਕੀਤਾ ਜਾਂਦਾ ਹੈ।

ਇਸ ਧਰਮ-ਧਾਮ ਨੂੰ ਪ੍ਰਾਪਤ ਕਰਨ ਲਈ ਇਕ ਲੰਬਾ ਸੰਘਰਸ਼ ਕਰਨਾ ਪਿਆ ਜਿਸ ਦਾ ਅੰਤਿਮ ਨਿਪਟਾਰਾ 2 ਮਈ 1940 ਈ. ਵਿਚ ਹੋਇਆ। ਵੇਖੋ 'ਸ਼ਹੀਦ ਗੰਜ ਸੰਘਰਸ਼'।

**ਸ਼ਹੀਦ-ਗੰਜ ਸੰਘਰਸ਼** : ਇਸ ਦਾ ਸੰਬੰਧ ਲਾਹੌਰ ਦੇ ਲੰਡਾ ਬਾਜ਼ਾਰ ਵਿਚ ਸਥਿਤ 'ਗੁਰਦੁਆਰਾ ਸ਼ਹੀਦ ਗੰਜ' ਨਾਲ ਹੈ। ਇਹ ਉਸ ਥਾਂ ਉਤੇ ਬਣਿਆ ਹੋਇਆ ਹੈ ਜਿਥੇ ਪਹਿਲਾਂ ਨਖ਼ਾਸ ਚੌਕ ਹੁੰਦਾ ਸੀ ਅਤੇ ਜਿਥੇ ਗ਼ੁਲਾਮਾਂ ਅਤੇ ਪਸ਼ੂਆਂ ਨੂੰ ਵੇਚਿਆ-ਖ਼ਰੀਦਿਆ ਜਾਂਦਾ ਸੀ। ਇਥੇ ਮੀਰ ਮਨੂੰ ਵੇਲੇ ਇਕ ਮਸਜਿਦ ਸ਼ਕਲ ਦੀ ਇਮਾਰਤ ਬਣਾਈ ਗਈ ਜਿਥੇ ਬੈਠ ਕੇ ਮੁਗ਼ਲ ਸਰਕਾਰ ਦੇ ਕਾਜ਼ੀ ਅਤੇ ਮੁਫ਼ਤੀ ਉਨ੍ਹਾਂ ਲੋਕਾਂ ਨੂੰ ਮਾਰਨ ਦੀ ਸਜ਼ਾ ਦਿੰਦੇ ਸਨ ਜੋ ਇਸਲਾਮ ਨੂੰ ਕਬੂਲ ਨਹੀਂ ਕਰਦੇ ਸਨ। ਇਥੇ ਹਜ਼ਾਰਾ ਸਿੰਘਾਂ, ਸਿੰਘਣੀਆਂ ਅਤੇ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ। ਭਾਈ ਤਾਰੂ ਸਿੰਘ ਦੀ ਸ਼ਹਾਦਤ ਵੀ ਇਥੇ ਹੀ ਹੋਈ ਸੀ।

ਜਦੋਂ ਪੰਜਾਬ ਵਿਚ ਦਲ ਖ਼ਾਲਸਾ ਨੇ ਸ਼ਕਤੀ ਅਰਜਿਤ ਕੀਤੀ ਤਾਂ ਇਥੇ ਗੁਰਦੁਆਰਾ ਸ਼ਹੀਦ ਗੰਜ ਦੀ ਸਥਾਪਨਾ ਕੀਤੀ ਗਈ ਕਿਉਂਕਿ ਸਿੱਖ-ਜਗਤ ਲਈ ਇਹ ਬੜਾ ਪਵਿੱਤਰ ਅਤੇ ਯਾਦਗਾਰੀ ਸਥਾਨ ਸੀ। ਸਿੱਖ-ਰਾਜ ਦੀ ਸਮਾਪਤੀ ਤੋਂ ਬਾਦ ਮੁਸਲਮਾਨਾਂ ਨੇ ਇਸ ਥਾਂ ਨੂੰ ਮਸਜਿਦ ਕਹਿ ਕੇ ਆਪਣਾ ਹੱਕ ਜਮਾਣਾ ਸ਼ੁਰੂ ਕਰ ਦਿੱਤਾ। ਪਰ ਉਨ੍ਹਾਂ ਵਲੋਂ ਕੀਤੇ ਸਾਰੇ ਦਾਹਵੇ ਬੇ-ਬੁਨਿਆਦ ਸਾਬਤ ਹੋਏ ਅਤੇ ਇਸ ਸਮਾਰਕ ਨੂੰ ਗੁਰਦੁਆਰਾ ਸਿੱਧ ਕੀਤਾ ਗਿਆ। ਮੁਸਲਮਾਨਾਂ ਵਲੋਂ ਫਿਰ ਹੱਕ ਜਮਾਉਣ 'ਤੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਨੇ 20 ਜਨਵਰੀ 1930 ਈ. ਨੂੰ ਨਿਰਣਾ ਕੀਤਾ ਕਿ ਇਹ ਥਾਂ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਹੈ। ਇਸ ਦੇ ਵਿਰੋਧ ਵਿਚ ਮੁਸਲਮਾਨਾਂ ਦੀ ਹਾਈ ਕੋਰਟ ਵਿਚ ਕੀਤੀ ਅਪੀਲ ਸੰਨ 1934 ਈ. ਵਿਚ ਖ਼ਾਰਜ ਹੋ ਗਈ। ਫਲਸਰੂਪ ਲਾਹੌਰ ਦੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 1935 ਈ. ਵਿਚ ਸ਼ਹੀਦ ਗੰਜ ਦਾ ਕਬਜ਼ਾ ਪ੍ਰਾਪਤ ਕਰ ਲਿਆ।

ਕਬਜ਼ਾ ਪ੍ਰਾਪਤ ਕਰਨ ਤੋਂ ਬਾਦ ਸਿੱਖਾਂ ਨੇ 8 ਜੂਨ 1935 ਈ. ਨੂੰ ਪੁਰਾਣੀ ਇਮਾਰਤ ਨੂੰ ਢਾਹੁਣ ਦਾ ਕੰਮ ਆਰੰਭ ਕਰ ਦਿੱਤਾ। ਲਗਭਗ ਤਿੰਨ ਹਫ਼ਤੇ ਡੇਗਣ ਦਾ ਕੰਮ ਜਾਰੀ ਰਿਹਾ ਪਰ 29 ਜੂਨ 1935 ਈ. ਨੂੰ ਮੁਸਲਮਾਨਾਂ ਦੇ ਹਜੂਮ ਨੇ ਗੁਰਦੁਆਰੇ ਦੇ ਪਰਿਸਰ ਵਿਚ ਦਾਖ਼ਲ ਹੋਣ ਦਾ ਯਤਨ ਕੀਤਾ, ਜੋ ਸਿੱਖਾਂ ਵਲੋਂ ਨਾਕਾਮਯਾਬ ਕਰ ਦਿੱਤਾ ਗਿਆ। ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਢਵਾਈ ਦਾ ਕੰਮ ਰੋਕ ਦਿੱਤਾ। ਪਰ 8 ਜੁਲਾਈ ਨੂੰ ਮਨਾਹੀ ਦੀ ਪਰਵਾਹ ਨ ਕਰਦੇ ਹੋਇਆਂ ਸਿੱਖਾਂ ਨੇ ਢਾਹਣ ਦਾ ਕੰਮ ਫਿਰ ਸ਼ੁਰੂ ਕਰ ਦਿੱਤਾ। ਪ੍ਰਸ਼ਾਸਨ ਵਲੋਂ ਕੋਈ ਰੁਕਾਵਟ ਨ ਪਾਈ ਗਈ। 30 ਅਕਤੂਬਰ 1935 ਈ. ਨੂੰ ਮੁਸਲਮਾਨਾਂ ਨੇ ਸ਼ਹੀਦਗੰਜ ਦਾ ਕਬਜ਼ਾ ਲੈਣ ਲਈ ਫਿਰ ਦਾਅਵਾ ਕਰ ਦਿੱਤਾ ਜੋ 25 ਮਈ 1936 ਈ. ਨੂੰ

ਖ਼ਾਰਜ ਕਰ ਦਿੱਤਾ ਗਿਆ। ਪਰ ਮੁਸਲਮਾਨਾਂ ਵਲੋਂ ਫਿਰ ਹਾਈ ਕੋਰਟ ਵਿਚ ਅਪੀਲ ਕੀਤੀ ਗਈ ਜੋ 26 ਜਨਵਰੀ 1938 ਈ. ਨੂੰ ਨਾਮਨਜ਼ੂਰ ਹੋ ਗਈ। ਇਸ ਤੋਂ ਬਾਦ ਪ੍ਰਿਵੀ ਕੌਂਸਲ ਦੀ ਜੁਡੀਸ਼ੀਅਲ ਕਮੇਟੀ ਪਾਸ ਅਪੀਲ ਕੀਤੀ ਗਈ ਜੋ 2 ਮਈ 1940 ਈ. ਨੂੰ ਰੱਦ ਹੋ ਗਈ। ਇਸ ਫ਼ੈਸਲੇ ਨਾਲ 'ਸ਼ਹੀਦ ਗੰਜ ਸੰਘਰਸ਼' ਦੀ ਸਮਾਪਤੀ ਹੋ ਗਈ।

**ਸ਼ਹੀਦਾਂ ਵਾਲੀ ਮਿਸਲ** : ਇਕ ਸਿੱਖ ਮਿਸਲ ਜਿਸ ਦੀ ਸਥਾਪਨਾ ਬਾਬਾ ਦੀਪ ਸਿੰਘ ਸ਼ਹੀਦ ਨੇ ਕੀਤੀ ਸੀ। ਉਸੇ ਦੇ ਨਾਂ ਉਤੇ ਇਹ ਸ਼ਹੀਦਾਂ ਵਾਲੀ ਮਿਸਲ ਵਜੋਂ ਪ੍ਰਸਿੱਧ ਹੋਈ। ਬਾਬਾ ਦੀਪ ਸਿੰਘ ਦਾ ਜਨਮ ਸੰਨ 1682 ਈ. ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਹੂਵਿੰਡ ਪਿੰਡ ਵਿਚ ਖਹਿਰਾ ਜੱਟ ਭਾਈ ਭਗਤਾ ਦੇ ਘਰ ਮਾਈ ਜੀਊਣੀ ਦੀ ਕੁੱਖੋਂ ਹੋਇਆ। ਇਸ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਗੁਰੂ ਜੀ ਦੁਆਰਾ ਆਨੰਦਪੁਰ ਛਡਣ 'ਤੇ ਇਹ ਆਪਣੇ ਪਿੰਡ ਆ ਗਿਆ। ਜਦੋਂ ਇਸ ਨੂੰ ਗੁਰੂ ਜੀ ਦੇ ਦਮਦਮਾ ਸਾਹਿਬ ਪਹੁੰਚਣ ਦੀ ਸੂਚਨਾ ਮਿਲੀ, ਤਾਂ ਉਨ੍ਹਾਂ ਦੇ ਪਾਸ ਪਹੁੰਚ ਗਿਆ। ਗੁਰੂ ਜੀ ਦੇ ਦੱਖਣ ਵਲ ਚਲੇ ਜਾਣ ਤੋਂ ਬਾਦ ਇਸ ਨੇ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੁਨਰ-ਸੰਪਾਦਿਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀਆਂ ਇਸ ਨੇ ਚਾਰ ਨਕਲਾਂ ਤਿਆਰ ਕੀਤੀਆਂ। ਬਾਬਾ ਬੰਦਾ ਬਹਾਦਰ ਦੀਆਂ ਮੁਹਿੰਮਾਂ ਵਿਚ ਸ਼ਾਮਲ ਹੋ ਕੇ ਇਸ ਨੇ ਆਪਣੀ ਵੀਰਤਾ ਦਾ ਸਬੂਤ ਦਿੱਤਾ। ਜਦੋਂ ਸੰਨ 1733 ਈ. ਵਿਚ ਨਵਾਬ ਕਪੂਰ ਸਿੰਘ ਨੇ ਸਿੱਖ ਜੱਥਿਆਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡਿਆ ਅਤੇ ਤਰੁਣਾ ਦਲ ਦੇ ਅਗੋਂ ਪੰਜ ਜੱਥੇ ਬਣਾਏ, ਤਾਂ ਬਾਬਾ ਦੀਪ ਸਿੰਘ ਨੇ ਇਕ ਜੱਥੇ ਦੀ ਜੱਥੇਦਾਰੀ ਸੰਭਾਲੀ। ਸੰਨ 1748 ਈ. ਵਿਚ ਇਹੀ ਜੱਥਾ ਮਿਸਲ ਬਣਿਆ ਅਤੇ ਇਸ ਦਾ ਨਾਂ ਬਾਬਾ ਜੀ ਦੇ ਨਾਂ ਉਤੇ 'ਸ਼ਹੀਦਾਂ ਵਾਲੀ ਮਿਸਲ' ਪ੍ਰਚਲਿਤ ਹੋਇਆ।

ਇਸ ਮਿਸਲ ਵਿਚ ਅਧਿਕਤਰ ਨਿਹੰਗ ਸਿੰਘ ਸਨ। ਇਨ੍ਹਾਂ ਦਾ ਮੁੱਖ ਠਿਕਾਣਾ ਤਲਵੰਡੀ ਸਾਬੋ ਵਿਚ ਸੀ, ਪਰ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਵਿਵਸਥਾ ਵੀ ਇਹੀ ਮਿਸਲ ਕਰਦੀ ਸੀ। ਸੰਨ 1757 ਈ. ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਦੇ ਜਰਨੈਲ ਜਹਾਨ ਖ਼ਾਨ ਦੁਆਰਾ ਦਰਬਾਰ ਸਾਹਿਬ ਦੀ ਬੇਹੁਰਮਤੀ ਦੀ ਖ਼ਬਰ ਬਾਬਾ ਦੀਪ ਸਿੰਘ ਨੂੰ ਤਲਵੰਡੀ ਸਾਬੋਂ ਪਹੁੰਚੀ ਤਾਂ ਇਸ ਨੇ ਆਪਣੇ ਜੱਥੇ ਸਹਿਤ ਦਰਬਾਰ ਸਾਹਿਬ ਵਲ ਚਾਲੇ ਪਾ ਦਿੱਤੇ। ਰਸਤੇ ਵਿਚ ਹੋਰ ਸਿੰਘ ਰਲਦੇ ਗਏ ਅਤੇ ਇਸ ਤਰ੍ਹਾਂ ਇਹ ਪੰਜ ਹਜ਼ਾਰ ਸਿੰਘਾਂ ਦੇ ਸੈਨਾ-ਦਲ ਸਹਿਤ ਅੰਮ੍ਰਿਤਸਰ ਤੋਂ ਬਾਹਰ ਉਸ ਥਾਂ 'ਤੇ ਜਾ ਪਹੁੰਚਿਆ, ਜਿਥੇ ਜਹਾਨ ਖ਼ਾਨ ਆਪਣੀ ਫ਼ੌਜ ਸਹਿਤ ਇਸ ਦੀ ਉਡੀਕ ਕਰ ਰਿਹਾ ਸੀ। ਦੋਹਾਂ ਦਲਾਂ ਵਿਚ ਗਹਿਗਚ ਲੜਾਈ ਹੋਈ। ਰਾਮਸਰ ਕੋਲ ਇਹ ਗੰਭੀਰ ਜ਼ਖ਼ਮੀ ਹੋ ਗਿਆ, ਪਰ ਇਸ ਨੇ ਆਪਣੇ ਪ੍ਰਾਣ ਹਰਿਮੰਦਿਰ ਸਾਹਿਬ ਦੀ ਪਰਿਕ੍ਰਮਾ ਵਿਚ 11 ਨਵੰਬਰ 1757 ਈ. ਨੂੰ ਤਿਆਗੇ।

ਬਾਬਾ ਦੀਪ ਸਿੰਘ ਦੀ ਸ਼ਹਾਦਤ ਤੋਂ ਬਾਦ ਪਹਿਲਾਂ ਬਾਬਾ ਸੁਧਾ ਸਿੰਘ ਇਸ ਮਿਸਲ ਦਾ ਜੱਥੇਦਾਰ ਬਣਿਆ। ਸੰਨ 1762 ਈ. ਵਿਚ ਉਸ ਦੇ ਸ਼ਹੀਦ ਹੋਣ ਤੋਂ ਬਾਦ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਮਰਾਖਾ ਪਿੰਡ ਦਾ ਸ. ਕਰਮ ਸਿੰਘ ਸੰਧੂ ਜੱਟ ਮਿਸਲਦਾਰ ਬਣਿਆ। ਸੰਨ 1764 ਈ. ਵਿਚ ਉਸ ਨੇ ਅੰਬਾਲਾ ਜ਼ਿਲ੍ਹੇ ਦੇ ਕੇਸਰੀ ਅਤੇ ਸ਼ਾਹਜ਼ਾਦਪੁਰ ਦੇ ਪਰਗਨਿਆਂ ਨੂੰ ਜਿਤ ਕੇ ਆਪਣੀ ਰਿਆਸਤ ਕਾਇਮ ਕੀਤੀ ਅਤੇ ਸ਼ਾਹਜ਼ਾਦਪੁਰ ਨੂੰ ਆਪਣਾ ਸਦਰ ਮੁਕਾਮ ਬਣਾਇਆ, ਪਰ ਰਹਿੰਦਾ ਉਹ ਅਧਿਕਤਰ ਤਲਵੰਡੀ ਸਾਬੋ ਵਿਚ ਹੀ ਸੀ। ਉਸ ਨੇ ਸੰਨ 1773 ਈ. ਵਿਚ ਯਮੁਨਾ ਪਾਰ ਕਰਕੇ ਜ਼ਾਬਿਤਾ ਖ਼ਾਨ ਰੁਹੇਲੇ ਦਾ ਬਹੁਤ ਸਾਰਾ ਇਲਾਕਾ ਲੁਟਿਆ ਅਤੇ ਸਹਾਰਨਪੁਰ ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ ਉਤੇ ਕਬਜ਼ਾ ਕੀਤਾ।

ਸੰਨ 1784 ਈ. ਵਿਚ ਕਰਮ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦਾ ਲੜਕਾ ਗੁਲਾਬ ਸਿੰਘ ਮਿਸਲਦਾਰ ਬਣਿਆ। ਬਹੁਤ ਕਮਜ਼ੋਰ ਮਿਸਲਦਾਰ ਹੋਣ ਕਰਕੇ ਯਮੁਨਾ ਪਾਰ ਦਾ ਇਲਾਕਾ ਇਸ ਤੋਂ ਖੁਸ ਗਿਆ। ਸੰਨ 1809 ਈ. ਵਿਚ ਸਤਲੁਜ ਪਾਰ ਦੀਆਂ ਰਿਆਸਤਾਂ ਦੁਆਰਾ ਅੰਗ੍ਰੇਜ਼ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਕਰਨ ਨਾਲ ਇਸ ਮਿਸਲ ਦਾ ਵਜੂਦ ਖ਼ਤਮ ਹੋ ਗਿਆ। ਸੰਨ 1844 ਈ. ਵਿਚ ਗੁਲਾਬ ਸਿੰਘ ਦੀ ਮ੍ਰਿਤੂ ਤੋਂ ਬਾਦ ਉਸ ਦਾ ਪੁੱਤਰ ਸ਼ਿਵ ਕ੍ਰਿਪਾਲ ਸਿੰਘ ਆਪਣੀ ਜਾਗੀਰ ਦਾ ਸੁਆਮੀ ਬਣਿਆ।

**ਸ਼ਹੀਦੀ** : ਵੇਖੋ 'ਸ਼ਹੀਦ', 'ਸ਼ਹਾਦਤ'।

**ਸ਼ਹੀਦੀ ਦੇਗ** : ਮੂਲ ਰੂਪ ਵਿਚ ਇਸ ਤੋਂ ਭਾਵ ਹੈ ਸ਼ਹੀਦ ਜਾਂ ਸ਼ਹੀਦਾਂ ਦੀ ਯਾਦ ਵਿਚ ਕੀਤੇ ਗਏ ਪੁਰਬ ਦੇ ਅਵਸਰ

'ਤੇ ਤਿਆਰ ਕੀਤੇ ਕੜਾਹ ਪ੍ਰਸ਼ਾਦ ਦੀ ਦੇਗ। ਕੜਾਹ ਪ੍ਰਸਾਦ ਆਮ ਪ੍ਰਚਲਿਤ ਰੀਤੀ ਅਨੁਸਾਰ ਤਿਆਰ ਕੀਤਾ ਜਾਂਦਾ ਹੈ ਅਤੇ ਫਿਰ ਸ਼ਹੀਦ ਦੀ ਯਾਦ ਨਿਮਿਤ ਅਰਦਾਸ ਕਰਕੇ ਉਸ ਨੂੰ ਸੰਗਤ ਵਿਚ ਵਰਤਾਇਆ ਜਾਂਦਾ ਹੈ।

ਪਰ ਨਿਹੰਗ ਸਿੰਘਾਂ ਵਿਚ ਇਹ ਨਾਂ 'ਭੰਗ ਦੀ ਮਿੱਠੀ ਸ਼ਰਦਾਈ' ਲਈ ਵਰਤਿਆ ਜਾਂਦਾ ਹੈ। ਇਸ ਵਿਚ ਬਾਦਾਮ ਮਗਜ਼, ਖ਼ਸਖ਼ਾਸ ਤੋਂ ਇਲਾਵਾ ਸੁਕੀ ਹੋਈ ਭੰਗ ਨੂੰ ਕੂੰਡੇ ਸੋਟੇ ਨਾਲ ਚੰਗੀ ਤਰ੍ਹਾਂ ਰਗੜਿਆ ਜਾਂਦਾ ਹੈ। ਲੋੜ ਅਨੁਸਾਰ ਉਸ ਵਿਚ ਜਲ ਅਤੇ ਮਿੱਠਾ ਪਾਇਆ ਜਾਂਦਾ ਹੈ। ਕਈ ਵਾਰ ਦੁੱਧ ਵੀ ਪਾ ਦਿੱਤਾ ਜਾਂਦਾ ਹੈ। ਆਮ ਤੌਰ ਤੇ ਨਿਹੰਗ ਸਿੰਘ ਗੁਰੂ ਕੇ ਲੰਗਰ ਵਾਂਗ ਅਰਦਾਸ ਕਰਕੇ ਅਤੇ ਭੋਗ ਲਗਵਾ ਕੇ, ਕਦੇ ਕਦੇ ਨਗਾਰੇ ਉਤੇ ਚੋਟ ਮਾਰ ਕੇ, ਇਸ ਨੂੰ ਆਪਣੀ ਸੰਗਤ ਵਿਚ ਵਰਤਾਉਂਦੇ ਹਨ। ਇਸ ਲਈ ਉਨ੍ਹਾਂ ਦਾ ਪਰਿਭਾਸ਼ਿਕ ਸ਼ਬਦ ਹੈ 'ਸੁਖ ਨਿਧਾਨ'। ਇਸ ਸ਼ਬਦ-ਪ੍ਰਯੋਗ ਦੀ ਨਿਆਇ-ਸੰਗਤਤਾ ਲਈ ਉਹ ਗੁਰਬਾਣੀ ਤੋਂ ਪੁਸ਼ਟੀ ਵੀ ਕਰਦੇ ਹਨ, ਜਿਵੇਂ *ਮਨ ਤਨ ਅੰਤਰਿ ਚਰਨ ਧਿਆਇਆ। ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ।* (ਗੁ.ਗ੍ਰੰ.684)। ਇਸ ਪਰਥਾਇ ਉਨ੍ਹਾਂ ਵਿਚ ਗੁਰ-ਇਤਿਹਾਸ ਤੋਂ ਕਈ ਸਾਖੀਆਂ ਵੀ ਪ੍ਰਚਲਿਤ ਹਨ। ਸੰਭਵ ਹੈ ਕਿ ਜੰਗਾਂ-ਜੁੱਧਾਂ ਵੇਲੇ ਇਸ ਦਾ ਪ੍ਰਚਲਨ ਨਿਹੰਗ ਸਿੰਘਾਂ ਵਿਚ ਰਿਹਾ ਹੋਵੇ। ਇਸ ਨੂੰ ਤਿਆਰ ਕਰਨ ਦੇ ਪ੍ਰਕਾਰਜ ਨੂੰ ਨਿਹੰਗ ਸਿੰਘ 'ਦੇਗ ਸਜਾਉਣਾ' ਕਹਿੰਦੇ ਹਨ।

**ਸਹੇੜੀ** (ਪਿੰਡ): ਰੋਪੜ ਜ਼ਿਲ੍ਹੇ ਦਾ ਇਕ ਪਿੰਡ, ਜਿਥੋਂ ਦਾ ਨਿਵਾਸੀ ਅਤੇ ਗੁਰੂ-ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸਰਸਾ ਨਦੀ ਨੂੰ ਪਾਰ ਕਰਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਤੋਂ ਵਿਛੜ ਗਏ ਉਨ੍ਹਾਂ ਦੇ ਮਾਤਾ ਗੁਜਰੀ ਜੀ ਅਤੇ ਦੋ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਆਪਣੇ ਘਰ ਆ ਗਿਆ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਉਮਰ ਉਦੋਂ ਨੌਂ ਸਾਲ ਦੀ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਦੀ ਸੱਤ ਸਾਲ ਦੀ ਸੀ। ਇਸ ਪਿੰਡ ਦਾ ਪਹਿਲਾ ਨਾਂ 'ਖੇੜੀ' ਸੀ। ਸੰਨ 1710 ਈ. ਵਿਚ ਬਾਬਾ ਬੰਦਾ ਬਹਾਦਰ ਨੇ ਇਸ ਨੂੰ ਤਹਿਸ-ਨਹਿਸ ਕਰ ਦਿੱਤਾ। ਉਸ ਪਿੰਡ ਦੇ ਥੇਹ ਉਤੇ ਜੋ ਨਵਾਂ ਪਿੰਡ ਉਸਰਿਆ, ਉਸ ਨੂੰ 'ਸਹੇੜੀ' ਨਾਂ ਦਿੱਤਾ ਗਿਆ। ਜਦੋਂ ਮਾਤਾ ਜੀ ਅਤੇ ਸਾਹਿਬਜ਼ਾਦੇ ਘਰ ਦੀ ਅਟਾਰੀ ਵਿਚ ਆਰਾਮ ਕਰ ਰਹੇ ਸਨ ਤਾਂ ਗੰਗੂ ਨੇ ਖੁਰਜੀ ਵਿਚੋਂ ਮਾਤਾ ਜੀ ਦਾ ਸਾਰਾ ਧਨ ਅਤੇ ਕੀਮਤੀ ਵਸਤੂਆਂ ਚੁਰਾ ਲਈਆਂ।

ਇਥੇ ਹੀ ਬਸ ਨਹੀਂ, ਉਸ ਨੇ ਇਨਾਮ ਦੇ ਲਾਲਚ ਵਿਚ ਮੋਰਿੰਡਾ ਦੇ ਦੋ ਮੁਖੀਆਂ— ਜਾਨੀ ਖ਼ਾਨ ਅਤੇ ਮਾਨੀ ਖ਼ਾਨ ਰੰਘੜ—ਦੁਆਰਾ ਤਿੰਨਾਂ ਨੂੰ ਪਕੜਵਾ ਕੇ ਸਰਹਿੰਦ ਭਿਜਵਾ ਦਿੱਤਾ, ਜਿਥੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਿਆ ਗਿਆ ਅਤੇ ਮਾਤਾ ਜੀ ਬੁਰਜ ਤੋਂ ਡਿਗ ਕੇ ਮਹਾਪ੍ਰਸਥਾਨ ਕਰ ਗਏ। ਇਸ ਪਿੰਡ ਵਿਚ ਤਿੰਨ ਇਤਿਹਾਸਿਕ ਗੁਰਦੁਆਰੇ ਹਨ। ਇਕ ਗੁਰਦੁਆਰਾ ਗੰਗੂ ਦੇ ਘਰ ਵਾਲੀ ਥਾਂ ਉਤੇ ਉਸਰਿਆ ਹੋਇਆ ਹੈ। ਦੂਜਾ ਗੁਰਦੁਆਰਾ ਪਿੰਡ ਦੇ ਬਾਹਰਵਾਰ ਉਸ ਥਾਂ ਉਤੇ ਉਸਰਿਆ ਹੋਇਆ ਹੈ ਜਿਥੇ ਗੰਗੂ ਨੇ ਤਿੰਨਾਂ ਨੂੰ ਮੁਗ਼ਲ ਹਾਕਮਾਂ ਦੇ ਹਵਾਲੇ ਕੀਤਾ ਸੀ। ਇਨ੍ਹਾਂ ਦੋਹਾਂ ਗੁਰਦੁਆਰਿਆਂ ਦੀ ਵਿਵਸਥਾ ਪਿੰਡ ਦੀ ਸੰਗਤ ਕਰਦੀ ਹੈ।

ਤੀਜਾ ਗੁਰਦੁਆਰਾ ਪਿੰਡ ਤੋਂ ਲਗਭਗ ਅੱਧੇ ਕਿ.ਮੀ. ਦੀ ਵਿਥ 'ਤੇ ਖੇਤਾਂ ਵਿਚ ਬਣਿਆ ਹੋਇਆ ਹੈ। ਕਹਿੰਦੇ ਹਨ ਖੇੜੀ ਦਾ ਰਸਤਾ ਖੁੰਝ ਕੇ ਗੰਗੂ ਹੋਰ ਰਸਤੇ ਪੈ ਗਿਆ। ਜਦੋਂ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਤਾਂ ਉਹ ਤਿੰਨਾਂ ਨੂੰ ਉਥੇ ਅੰਬਾਂ ਦੇ ਇਕ ਬਾਗ਼ ਵਿਚ ਬਿਠਾ ਕੇ ਆਪ ਸਹੀ ਰਸਤਾ ਲਭਣ ਲਈ ਨੇੜਲੇ ਪਿੰਡ ਗਿਆ। ਉਸ ਸਥਾਨ ਉਤੇ ਹੁਣ ਜੋ ਗੁਰਦੁਆਰਾ ਬਣਿਆ ਹੋਇਆ ਹੈ, ਉਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਸ਼ਕਤੀ ਦੇਵੀ**: 'ਸ਼ਕਤੀ' ਨੂੰ ਸ਼ਾਕਤ-ਮਤ ਵਿਚ ਇਸ਼ਟ ਰੂਪ ਵਿਚ ਮੰਨਿਆ ਜਾਂਦਾ ਹੈ। ਸ਼ਕਤੀ ਦੀ ਕਲਪਨਾ ਅਤੇ ਉਪਾਸਨਾ ਬਹੁਤ ਪੁਰਾਣੀ ਹੈ ਪਰ ਤੰਤ੍ਰ-ਸ਼ਾਸਤ੍ਰਾਂ ਅਤੇ ਪੁਰਾਣਾਂ ਵਿਚ ਇਸ ਉਪਾਸਨਾ-ਪੱਧਤੀ ਨੇ ਇਕ ਵਿਸ਼ੇਸ਼ ਸੰਪ੍ਰਦਾਇਕ ਰੂਪ ਧਾਰਣ ਕੀਤਾ ਹੈ। ਸ਼ਾਕਤ-ਪੁਰਾਣਾਂ ਵਿਚ ਦੇਵੀ ਨੂੰ ਬ੍ਰਹਮ ਤੁਲ ਅਤੇ ਇਕ-ਮਾਤ੍ਰ ਸੱਤਾ ਦਸਿਆ ਗਿਆ ਹੈ। 'ਮਾਰਕੰਡੇਯ-ਪੁਰਾਣ' ਵਿਚ ਬ੍ਰਹਮਾ ਨੇ ਸ਼ਕਤੀ ਦੀ ਉਸਤਤ ਕਰਦਿਆਂ ਹੋਇਆਂ ਸਾਰੀਆਂ ਸਮਰਥਤਾਵਾਂ ਦਾ ਆਰੋਪਣ ਇਸ ਉਤੇ ਕੀਤਾ ਹੈ। 'ਦੇਵੀ ਭਾਗਵਤ-ਪੁਰਾਣ' ਵਿਚ ਲਿਖਿਆ ਹੈ ਕਿ ਨਾਰਦ ਦੁਆਰਾ ਪੁਛਣ 'ਤੇ ਕਿ ਸਾਰੇ ਦੇਵਤੇ ਕਿਸ ਦੀ ਪੂਜਾ ਵਿਚ ਲੀਨ ਰਹਿੰਦੇ ਹਨ, ਸ਼ਿਵ ਨੇ

ਦਸਿਆ ਕਿ ਅਸੀਂ ਸਭ ਉਸ ਦੀ ਉਪਾਸਨਾ ਵਿਚ ਮਗਨ ਰਹਿੰਦੇ ਹਾਂ ਜੋ ਸਭ ਨੂੰ ਸਿਰਜਦੀ, ਪਾਲਦੀ ਅਤੇ ਸੰਘਾਰਦੀ ਹੈ। ਉਹ ਅਜਨਮਾ ਅਤੇ ਨਿਰਾਕਾਰ ਹੈ। ਉਸ ਦਾ ਕੋਈ ਨਿਸ਼ਚਿਤ ਰੂਪ ਨਹੀਂ ਹੈ, ਬਸ ਦੇਵਤਿਆਂ ਦੇ ਕਲਿਆਣ ਲਈ ਜਾਂ ਉਨ੍ਹਾਂ ਦਾ ਸੰਕਟ ਖ਼ਤਮ ਕਰਨ ਲਈ ਕਦੇ ਕਦੇ ਪਾਰਬਤੀ, ਸ਼ਾਰਦਾ ਆਦਿ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਹੀ ਸਭ ਦੇ ਮਨੋਰਥ ਪੂਰੇ ਕਰਦੀ ਹੈ।

ਸ਼ਿਵ ਕ੍ਰਿਆਹੀਨ ਹੈ ਅਤੇ ਸ਼ਕਤੀ ਕ੍ਰਿਆਸ਼ੀਲ। ਸ਼ਕਤੀ ਤੋਂ ਬਿਨਾ ਸ਼ਿਵ ਦਾ ਕੋਈ ਅਰਥ ਨਹੀਂ। ਸ਼ਕਤੀ ਹੀ ਸੰਸਾਰ ਨੂੰ ਚਲਾਉਂਦੀ, ਪਾਲਦੀ ਅਤੇ ਸੰਘਾਰਦੀ ਹੈ। ਇਹੀ ਸ਼ਿਵ ਦੇ ਕਾਰਜ-ਰਾਸ ਕਰਦੀ ਹੈ। ਇਸ ਤਰ੍ਹਾਂ ਇਸ ਦਾ ਮਹੱਤਵ ਸ਼ਿਵ ਤੋਂ ਵੀ ਅਧਿਕ ਹੈ। ਇਹੀ ਮੂਲ ਸ਼ਕਤੀ ਹੈ ਅਤੇ ਸਾਰਾ ਜਗਤ ਇਸੇ ਦਾ ਪ੍ਰਗਟ ਰੂਪ ਹੈ। ਜਦ ਤਕ ਸ਼ਕਤੀ ਕ੍ਰਿਆਸ਼ੀਲ ਹੋ ਕੇ ਸ਼ਿਵ ਪਾਸ ਨਹੀਂ ਜਾਂਦੀ ਤਦ ਤਕ ਕੋਈ ਵਿਕਾਸ ਨਹੀਂ ਹੋ ਸਕਦਾ। ਇਸ ਲਈ ਸ਼ਕਤੀ ਬ੍ਰਹਮ (ਸ਼ਿਵ) ਦਾ ਕ੍ਰਿਆਸ਼ੀਲ ਭਾਗ ਹੈ। ਇਸ ਦੀ ਪੂਜਾ ਮਾਤਾ-ਤੁਲ ਹੁੰਦੀ ਹੈ। ਸ਼ਿਵ-ਸ਼ਕਤੀ ਦੀ ਪਰੰਪਰਾ ਵਿਚ ਮੁੱਖ ਦੇਵਤਿਆਂ ਜਾਂ ਅਵਤਾਰੀ ਸਰੂਪਾਂ ਨਾਲ ਸ਼ਕਤੀਆਂ ਦੀ ਵੀ ਕਲਪਨਾ ਹੋਣ ਲਗ ਗਈ, ਜਿਸ ਦਾ ਆਪਣਾ ਇਕ ਇਤਿਹਾਸ ਹੈ। ਪੁਰਸ਼-ਪ੍ਰਕ੍ਰਿਤੀ ਸਿੱਧਾਂਤ ਵਿਚ ਸ਼ਕਤੀ ਹੀ ਪ੍ਰਕ੍ਰਿਤੀ ਦੀ ਭੂਮਿਕਾ ਨਿਭਾਉਂਦੀ ਪ੍ਰਤੀਤ ਹੁੰਦੀ ਹੈ। ਸ਼ੰਕਰ ਮਤ ਵਿਚ ਮਾਇਆ ਇਸੇ ਸ਼ਕਤੀ ਦੀ ਬੋਧਕ ਹੈ।

ਸ਼ਕਤੀ ਦੇ ਮੁੱਖ ਤੌਰ 'ਤੇ ਦੋ ਰੂਪ ਹਨ— ਇਕ ਸੌਮ੍ਯ (ਕੋਮਲ) ਅਤੇ ਦੂਜਾ ਭਿਆਨਕ। ਸੌਮ੍ਯ ਰੂਪ ਵਿਚ ਇਹ ਉਮਾ, ਗੌਰੀ, ਪਾਰਬਤੀ, ਸ਼ਾਰਦਾ, ਭਵਾਨੀ, ਜਗਮਾਤ ਆਦਿ ਨਾਂਵਾਂ ਨਾਲ ਪੂਜੀ ਜਾਂਦੀ ਹੈ। ਭਿਆਨਕ ਰੂਪ ਵਿਚ ਪੂਜਣ ਵੇਲੇ ਇਸ ਨੂੰ ਦੁਰਗਾ, ਕਾਲੀ, ਚੰਡੀ, ਭੈਰਵੀ ਆਦਿ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ਼ਾਕਤ-ਮਤ ਵਿਚ ਭਿਆਨਕ ਰੂਪ ਦੀ ਉਪਾਸਨਾ ਹੀ ਪ੍ਰਚਲਿਤ ਹੈ ਕਿਉਂਕਿ ਇਸ ਨੂੰ ਸੌਮ੍ਯ ਰੂਪ ਵਿਚ ਤਾਂ ਕੇਵਲ ਸਮਾਰਤ-ਮਤ ਵਾਲੇ ਵੀ ਪੂਜਦੇ ਹਨ। ਭਿਆਨਕ ਰੂਪ ਵਿਚ ਇਸ ਨੂੰ ਪਸ਼ੂਆਂ/ਮਨੁੱਖਾਂ ਦੀਆਂ ਬਲੀਆਂ ਚੜ੍ਹਾਈਆਂ ਜਾਂਦੀਆਂ ਹਨ। ਇਸ ਦੀਆਂ ਦਸ ਭੁਜਾਵਾਂ ਵਿਚ ਅਕਸਰ ਸ਼ਸਤ੍ਰ ਫੜੇ ਹੁੰਦੇ ਹਨ। ਦੁਰਗਾ ਰੂਪ ਵਿਚ ਇਹ ਸ਼ੇਰ ਦੀ ਸਵਾਰੀ ਕਰਦੀ ਹੈ ਅਤੇ ਸੁੰਦਰ ਪੀਲੇ ਰੰਗ ਵਾਲੀ ਹੈ। ਕਾਲੀ ਰੂਪ ਵਿਚ ਇਸ ਦਾ ਰੰਗ ਕਾਲਾ, ਸ਼ਕਲ ਭਿਆਨਕ, ਗਲੇ ਵਿਚ ਸੱਪਾਂ ਅਤੇ ਮਨੁੱਖਾਂ ਦੀਆਂ ਖੋਪਰੀਆਂ ਦੀ ਮਾਲਾ ਹੁੰਦੀ ਹੈ। ਚੰਡੀ ਰੂਪ ਵਿਚ ਇਹ ਮਹਿਖਾਸੁਰ ਦਾ ਬਧ ਕਰਦੀ ਹੈ। ਇਸੇ ਤਰ੍ਹਾਂ ਇਸ ਦੇ ਹੋਰ ਰੂਪ ਵੀ ਬਹੁਤ ਭਿਆਨਕ ਅਤੇ ਡਰਾਵਣੇ ਹਨ।

ਸ਼ਾਕਤ-ਸਾਧਨਾ ਵਿਚ ਸ਼ਕਤੀ ਦਾ ਸ਼ਿਵ ਨਾਲ ਮੇਲ ਕਰਾਇਆ ਜਾਂਦਾ ਹੈ। ਸ਼ਰੀਰ ਵਿਚ ਮੂਲਾਧਾਰ ਸਥਿਤ ਕੁੰਡਲਿਨੀ ਇਸ ਦਾ ਪ੍ਰਤੀਕ ਹੈ ਜਿਸ ਨੂੰ ਸਾਧਕ ਯੋਗ-ਸਾਧਨਾ ਰਾਹੀਂ ਜਗਾ ਕੇ ਸ੍ਵਾਧਿਸ਼ਠਾਨ ਆਦਿ ਚਕ੍ਰਾਂ ਵਿਚੋਂ ਗੁਜ਼ਾਰਦਾ ਹੋਇਆ ਸਹਸ੍ਰਾਰ ਸਥਿਤ ਸ਼ਿਵ ਨਾਲ ਮੇਲ ਕਰਾਉਂਦਾ ਹੈ। ਇਸ ਨੂੰ ਮਹਾ-ਮਿਲਨ ਦੀ ਅਵਸਥਾ ਜਾਂ ਅਦ੍ਵੈਤਾਵਸਥਾ ਕਿਹਾ ਜਾਂਦਾ ਹੈ।

ਮੱਧ-ਯੁਗ ਦੇ ਸੰਤਾਂ ਨੇ ਸ਼ਕਤੀ ਦੀ ਉਪਾਸਨਾ ਨੂੰ ਕੋਈ ਮਹੱਤਵ ਨਹੀਂ ਦਿੱਤਾ। ਸਿੱਖ-ਧਰਮ ਵਿਚ ਸ਼ਕਤੀ-ਉਪਾਸਨਾ ਲਈ ਵਰਜਨਾ ਹੈ। ਮਾਰੂ ਰਾਗ ਦੀ ਵਾਰ ਵਿਚ ਗੁਰੂ ਦੀ ਸੇਵਾ/ਉਪਾਸਨਾ ਕਰਨ ਨਾਲ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ, ਸ਼ਕਤੀ ਦੀ ਉਪਾਸਨਾ ਨਾਲ ਕਿਸੇ ਨੇ ਸ਼ਾਂਤੀ ਪ੍ਰਾਪਤ ਨਹੀਂ ਕੀਤੀ, ਸਗੋਂ ਵਿਅਰਥ ਵਿਚ ਜਨਮ ਗੰਵਾ ਦਿੱਤਾ ਹੈ— *ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ। ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ।* (ਗੁ.ਗ੍ਰੰ. 1090)। ਗੁਰੂ ਅਮਰਦਾਸ ਜੀ ਨੇ ਤਾਂ ਸ਼ਿਵ ਅਤੇ ਸ਼ਕਤੀ ਨੂੰ ਪਰਮ-ਸੱਤਾ ਨ ਮੰਨ ਕੇ ਪਰਮਾਤਮਾ ਦੇ ਹੁਕਮ ਅਧੀਨ ਕਾਰਜ-ਲੀਨ ਦਸਿਆ ਹੈ — *ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ।*(ਗੁ.ਗ੍ਰੰ.920)। ਗੁਰੂ ਅਰਜਨ ਦੇਵ ਜੀ ਨੇ ਤਾਂ ਕੇਵਲ ਕਰਤਾ-ਪੁਰਖ ਨੂੰ ਹੀ ਉਪਾਸਨਾ-ਯੋਗ ਮੰਨਿਆ ਹੈ— *ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ।*(ਗੁ.ਗ੍ਰੰ.1138)।

**ਸਖੀ ਸਰਵਰ :** ਸੱਤਵੇਂ, ਨੌਂਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੇ ਮਾਲਵੇ ਦੇ ਇਲਾਕੇ ਵਿਚ ਸਖੀ ਸਰਵਰ ਦੇ ਬਹੁਤ ਸਾਰੇ ਉਪਾਸਕਾਂ ਨੂੰ ਸਿੱਖ ਧਰਮ ਦਾ ਅਨੁਯਾਈ ਬਣਾਇਆ, ਪਰ ਉਹ ਆਪਣੀਆਂ ਕਈ ਪੁਰਾਣੀਆ ਰਵਾਇਤਾਂ ਅਤੇ ਰੀਤਾਂ ਨਾਲ ਜੁੜੇ ਰਹੇ ਜਿਸ ਦੇ ਫਲਸਰੂਪ ਸਿੰਘ ਸਭਾ ਲਹਿਰ ਦੇ ਪ੍ਰਚਾਰਕਾਂ ਨੇ ਇਸ ਦੋਚਿੱਤੀ ਨੂੰ ਖ਼ਤਮ ਕਰਨ ਲਈ ਕਈ ਯਤਨ ਕੀਤੇ। ਗਿਆਨੀ ਦਿੱਤ ਸਿੰਘ ਨੇ 'ਸੁਲਤਾਨ ਪੁਆੜਾ' ਟ੍ਰੈਕਟ ਛਾਪ ਕੇ ਅਸਲੀਅਤ ਨੂੰ ਉਘਾੜਿਆ। ਪਰ ਸਹੀ ਰੂਪ

ਵਿਚ ਇਸ ਦੁਬਿਧਾ ਦਾ ਖੰਡਨ ਪੰਜਾਬ ਦੀ ਵੰਡ ਤੋਂ ਬਾਦ ਹੋਇਆ ਜਦੋਂ ਮੁਸਲਮਾਨ ਭਰਾਈ (ਪ੍ਰਚਾਰਕ) ਪਾਕਿਸਤਾਨ ਨੂੰ ਚਲੇ ਗਏ। ਇਸ ਸੰਬੰਧ ਵਿਚ ਸਖੀ ਸਰਵਰ ਦੇ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ।

ਇਹ ਇਕ ਮੁਸਲਮਾਨ ਪੀਰ ਸੀ ਜਿਸ ਦੀ ਦਰਗਾਹ ਡੇਰਾ ਗ਼ਾਜ਼ੀਖ਼ਾਨ ਜ਼ਿਲ੍ਹੇ ਦੇ ਨਿਗਾਹਾ ਪਿੰਡ ਵਿਚ ਬਣੀ ਹੋਈ ਹੈ। ਇਸ ਦਾ ਅਸਲ ਨਾਂ ਸੱਯਦ ਅਹਿਮਦ ਸੀ। ਇਸ ਦੇ ਪਿਤਾ ਦਾ ਨਾਂ ਜ਼ੈਨੁਲ ਆਬਦੀਨ ਅਤੇ ਮਾਤਾ ਦਾ ਨਾਂ ਆਇਸ਼ਾ ਸੀ। ਇਸ ਦਾ ਪਿਤਾ 1220 ਈ. ਵਿਚ ਬਗ਼ਦਾਦ ਤੋਂ ਭਾਰਤ ਆਇਆ ਅਤੇ ਮੁਲਤਾਨ ਦੇ ਨੇੜੇ ਸ਼ਾਹਕੋਟ ਨਾਂ ਦੇ ਪਿੰਡ ਵਿਚ ਨਿਵਾਸ ਕੀਤਾ। ਇਸ ਦੇ ਚਾਰ ਭਰਾ ਸਨ ਜਿਨ੍ਹਾਂ ਵਿਚੋਂ ਇਕ ਸਕਾ ਸੀ ਅਤੇ ਤਿੰਨ ਮਤਰੇਏ। ਬਚਪਨ ਤੋਂ ਹੀ ਇਸ ਦੀ ਰੁਚੀ ਅਧਿਆਤਮਿਕਤਾ ਵਲ ਸੀ। 'ਕੁਰਾਨ' ਇਸ ਨੂੰ ਜ਼ਬਾਨੀ ਯਾਦ ਸੀ। ਜ਼ਮੀਨ ਦੀ ਵੰਡ ਵੇਲੇ ਬਰਾਦਰੀ ਵਾਲੇ ਇਸ ਤੋਂ ਨਾਰਾਜ਼ ਹੋ ਗਏ ਅਤੇ ਇਸ ਨੂੰ ਅਨੇਕ ਢੰਗਾਂ ਨਾਲ ਪਰੇਸ਼ਾਨ ਕਰਨ ਲਗੇ। ਇਹ ਵੀ ਕਈਆਂ ਥਾਂਵਾਂ ਉਤੇ ਫਿਰਦਾ ਤੁਰਦਾ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦਾ ਰਿਹਾ ਅਤੇ ਕਰਾਮਾਤਾਂ ਨਾਲ ਲੋਕਾਂ ਦੇ ਮਨਾਂ ਵਿਚ ਸ਼ਰਧਾ ਦਾ ਪਾਤਰ ਬਣਦਾ ਰਿਹਾ। ਕੁਝ ਸਮੇਂ ਲਈ ਇਹ ਬਗ਼ਦਾਦ ਵੀ ਗਿਆ ਜਿਥੇ ਇਸ ਨੇ ਅਬਦੁਲ ਕਾਦਰ ਜੀਲਾਨੀ, ਸ਼ੇਖ ਸ਼ਹਾਬੁੱਦੀਨ ਸੁਹਰਾਵਰਦੀ ਅਤੇ ਖ਼੍ਵਾਜਾ ਮੌਦੂਦ ਚਿਸ਼ਤੀ ਤੋਂ ਅਧਿਆਤਮਿਕ ਗਿਆਨ ਪ੍ਰਾਪਤ ਕੀਤਾ।

ਬਗ਼ਦਾਦ ਤੋਂ ਪਰਤਣ ਉਪਰੰਤ ਸਖੀ-ਸਰਵਰ ਕੁਝ ਸਮਾਂ ਗੁਜਰਾਂਵਾਲਾ ਜ਼ਿਲ੍ਹੇ ਦੇ ਧੌਂਕਲ ਪਿੰਡ ਵਿਚ ਰਿਹਾ ਅਤੇ ਫਿਰ ਮੁਲਤਾਨ ਚਲਿਆ ਗਿਆ। ਉਥੇ ਉਥੋਂ ਦੇ ਸੂਬੇਦਾਰ ਦੀ ਪੁੱਤਰੀ 'ਬਾਈ' ਨਾਲ ਵਿਆਹ ਕੀਤਾ ਅਤੇ ਦੂਜਾ ਵਿਆਹ ਸੱਯਦ ਅਬਦੁਰ ਰਜ਼ਾਕ ਦੀ ਲੜਕੀ ਨਾਲ ਕੀਤਾ। ਇਸ ਨੂੰ ਜੋ ਕੁਝ ਭੇਂਟ ਵਿਚ ਮਿਲਦਾ, ਲੋੜਵੰਦਾਂ ਵਿਚ ਵੰਡ ਦਿੰਦਾ ਅਤੇ ਸੰਕਟ ਵਿਚ ਫਸੇ ਲੋਕਾਂ ਦੀ ਮਦਦ ਕਰਦਾ। ਇਸੇ ਲਈ ਇਸ ਦਾ ਨਾਂ 'ਸਖੀ-ਸਰਵਰ' ਪ੍ਰਸਿੱਧ ਹੋਇਆ। ਇਸ ਦੇ ਵਿਰੋਧੀਆਂ ਨੇ ਇਸ ਦਾ ਪਿਛਾ ਕਰਕੇ ਨਿਗਾਹਾ ਪਿੰਡ ਵਿਚ ਮਾਰ ਦਿੱਤਾ ਅਤੇ ਉਥੇ ਹੀ ਦਫ਼ਨਾ ਦਿੱਤਾ। ਸ਼ਰਧਾਲੂਆਂ ਨੇ ਇਸ ਅਤੇ ਇਸ ਦੀ ਪਤਨੀ 'ਬਾਈ' ਦਾ ਸਮਾਰਕ ਉਥੇ ਬਣਾਇਆ।

ਇਸ ਦੇ ਜੀਵਨ-ਕਾਲ ਵਿਚ ਹੀ ਇਸ ਨਾਲ ਅਨੇਕ ਕਰਾਮਾਤਾਂ ਜੁੜ ਗਈਆਂ ਸਨ ਜਿਸ ਦੇ ਫਲਸਰੂਪ ਇਸ ਦੇ ਅਨੁਯਾਈਆਂ ਦੀ ਗਿਣਤੀ ਬਹੁਤ ਵਧ ਗਈ। ਇਸ ਪ੍ਰਤਿ ਸ਼ਰਧਾ ਰਖਣ ਵਾਲਿਆਂ ਵਿਚ ਹਿੰਦੂ ਮੁਸਲਮਾਨ ਦੋਵੇਂ ਸਨ। ਪੰਜਾਬ ਦੇ ਦੱਖਣੀ ਖੇਤਰ ਅਤੇ ਮਾਲਵੇ ਵਿਚ ਕਈ ਸਿੱਖ ਵੀ ਇਸ ਦੇ ਸ਼ਰਧਾਲੂ ਬਣੇ ਰਹੇ ਹਨ। ਇਸ ਨੂੰ ਲੋਕਾਂ ਦੇ ਦਿਲਾਂ ਉਤੇ ਰਾਜ ਕਰਨ ਕਰਕੇ 'ਸੁਲਤਾਨ' ਵੀ ਕਹਿੰਦੇ ਸਨ ਅਤੇ ਇਸ ਦੇ ਅਨੁਯਾਈ ਸੁਲਤਾਨੀਏ ਜਾਂ ਸਰਵਰੀਏ ਅਖਵਾਉਂਦੇ ਸਨ। ਜਿਨ੍ਹਾਂ ਪਿੰਡਾਂ ਜਾਂ ਖੇਤਰਾਂ ਵਿਚ ਸੁਲਤਾਨੀਏ ਅਧਿਕ ਰਹਿੰਦੇ ਹਨ, ਉਨ੍ਹਾਂ ਨੇ ਆਪਣੇ ਪੂਜਾ-ਸਥਾਨ ਬਣਾਏ ਹੋਏ ਹਨ। ਇਨ੍ਹਾਂ ਸਥਾਨਾਂ ਨੂੰ ਪੀਰਖ਼ਾਨੇ ਕਿਹਾ ਜਾਂਦਾ ਹੈ। ਇਨ੍ਹਾਂ ਪੀਰਖ਼ਾਨਿਆਂ ਦੇ ਪੁਜਾਰੀ ਭਰਾਈ/ਭਿਰਾਈ ਅਖਵਾਉਂਦੇ ਹਨ ਜੋ ਅਕੀਦੇ ਵਜੋਂ ਮੁਸਲਮਾਨ ਹੁੰਦੇ ਹਨ। ਹਰ ਵੀਰਵਾਰ ਨੂੰ ਪੀਰਖ਼ਾਨਿਆਂ ਵਿਚ ਉਚੇਚੀ ਪੂਜਾ ਹੁੰਦੀ ਹੈ। ਸ਼ਰਧਾਲੂ ਆਪਣੀਆਂ ਸੁਖਣਾਂ ਅਨੁਸਾਰ ਨਿੱਕੇ ਵੱਡੇ ਰੋਟ ਪਕਾ ਕੇ ਪੀਰ ਨੂੰ ਭੇਂਟ ਕਰਦੇ ਹਨ। ਇਹ ਰੋਟ ਸਵਾ ਸੇਰ ਤੋਂ ਲੈ ਕੇ ਸਵਾ ਮਣ ਜਾਂ ਢਾਈ ਮਣ ਤਕ ਦੇ ਬਣਵਾਏ ਜਾਂਦੇ ਹਨ। ਭੇਂਟ ਕੀਤੇ ਜਾਣ ਤੋਂ ਬਾਦ ਭਰਾਈ ਰੋਟ ਦਾ ਕੁਝ ਹਿੱਸਾ ਆਪ ਰਖ ਕੇ ਬਾਕੀ ਸੁਲਤਾਨੀਆਂ ਵਿਚ ਵੰਡ ਦਿੰਦਾ ਹੈ। ਸੁਲਤਾਨੀਏ ਸ਼ਰਧਾ ਵਜੋਂ ਗੀਤ ਗਾਉਂਦੇ ਹਨ— *ਵਾਹ ਵਾਹ ਕਿ ਬਖਸ਼ਿਸ਼ ਸਰਵਰ ਦੀ। ਜਿਨ੍ਹਾਂ ਭਾਈਆਂ ਉਤੇ ਸਰਵਰ ਤੁਠਿਆ, ਉਨ੍ਹਾਂ ਦੀਆਂ ਮੁਰਦਾਂ ਪੁਗੀਆਂ।*

ਸੁਲਤਾਨੀਏ ਪੀਰ ਦੀਆਂ ਚੌਂਕੀਆ ਵੀ ਭਰਦੇ ਹਨ ਅਤੇ ਪੀਰ ਨੂੰ ਲਖਦਾਤਾ, ਲਾਲਾਂ ਵਾਲਾ, ਨਿਗਾਹੀਆ ਅਤੇ ਧੌਂਕਲੀਆਂ ਵੀ ਕਹਿੰਦੇ ਹਨ। ਇਸ ਦੇ ਅਨੁਯਾਈਆਂ ਦੀ ਅਧਿਕ ਗਿਣਤੀ ਪੱਛਮੀ ਪੰਜਾਬ ਵਿਚ ਹੈ। ਹਿੰਦੂ ਅਨੁਯਾਈਆਂ ਨੇ ਇਸ ਉਤੇ ਹਿੰਦੂ ਸੰਸਕ੍ਰਿਤੀ ਦਾ ਰੰਗ ਚੜ੍ਹਾ ਬੀਰ-ਭੈਰੋ ਦੁਆਰਾ ਇਸ ਦੀਆਂ ਕਰਾਮਾਤਾਂ ਨੂੰ ਸੰਪੰਨ ਹੋਣ ਦਾ ਸੰਕਲਪ ਜੋੜਿਆ ਹੈ। ਸਿੱਖਾਂ ਵਿਚ ਹੁਣ ਇਸ ਦੀ ਉਪਾਸਨਾ ਖ਼ਤਮ ਹੋ ਗਈ ਹੈ।

**ਸਗੁਣ/ਸਰਗੁਣ ਭਗਤੀ:** ਗੁਣ-ਸਹਿਤ ਭਗਤੀ ਹੀ 'ਸਗੁਣ ਭਗਤੀ' ਹੈ। ਗੁਣ ਤੋਂ ਭਾਵ ਹੈ ਮਾਇਆ ਦੇ ਤਿੰਨ ਗੁਣ—ਰਜੋ, ਸਤੋ ਅਤੇ ਤਮੋ। ਜਿਸ ਭਗਤੀ ਵਿਚ ਇਸ਼ਟ ਦਾ ਸਰੂਪ ਨਿਰਗੁਣ ਬ੍ਰਹਮ ਦੇ ਵਿਪਰੀਤ ਸਗੁਣ ਬ੍ਰਹਮ (ਅਵਤਾਰ) ਹੈ, ਉਹ ਭਗਤੀ 'ਸਗੁਣ-ਭਗਤੀ' ਹੈ। ਗੁਰਬਾਣੀ ਪਰਮਾਤਮਾ

ਨੂੰ ਨਿਰਗੁਣ ਅਤੇ ਸਗੁਣ ਦੋਹਾਂ ਰੂਪਾਂ ਵਿਚ ਵੇਖਦੀ ਹੈ ਕਿਉਂਕਿ ਸਾਰੇ ਸਰੂਪਾਂ ਵਿਚ ਬ੍ਰਹਮੀ ਕਲਾ ਹੀ ਵਿਆਪਤ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਬਾਣੀ ਵਿਚ ਕਿਹਾ ਹੈ— *ਨਿਰਗੁਨੁ ਆਪਿ ਸਰਗੁਨੁ ਭੀ ਓਹੀ। ਕਲਾਧਾਰਿ ਜਿਨਿ ਸਗਲੀ ਮੋਹੀ।* (ਗੁ.ਗ੍ਰੰ.287)। ਅਵਤਾਰਵਾਦ ਦੇ ਵਿਕਾਸ ਨਾਲ ਸਗੁਣ ਭਗਤੀ ਦਾ ਭਰਪੂਰ ਵਿਕਾਸ ਹੋਇਆ, ਪਰ ਮੁੱਖ ਰੂਪ ਵਿਚ ਦੋ ਅਵਤਾਰਾਂ — ਰਾਮ ਅਤੇ ਕ੍ਰਿਸ਼ਨ— ਨਾਲ ਸੰਬੰਧਿਤ ਭਗਤੀ ਅਧਿਕ ਉਭਰ ਕੇ ਸਾਹਮਣੇ ਆਈ।

ਪੰਜਾਬ ਵਿਚ ਸਗੁਣਵਾਦੀ ਭਗਤੀ ਦੀ ਉਹ ਧਾਰਾ ਚਲ ਨ ਸਕੀ ਜੋ ਹਿੰਦੀ ਜਗਤ ਵਿਚ ਇਕ ਵੱਡਾ ਪ੍ਰਵਾਹ ਬਣ ਕੇ ਸਾਹਮਣੇ ਆਈ ਸੀ। ਕਾਰਣ ਇਹ ਕਿ ਪੰਜਾਬ ਵਿਚ ਨ ਤਾਂ ਸੁਆਮੀ ਰਾਮਾਨੰਦ ਦਾ ਕੋਈ ਪ੍ਰਭਾਵ ਸੀ ਅਤੇ ਨ ਹੀ ਗੋਸੁਆਮੀ ਤੁਲਸੀਦਾਸ ਵਰਗਾ ਕੋਈ ਰਾਮ-ਭਗਤ ਪੈਦਾ ਹੋਇਆ ਸੀ। ਨ ਇਥੇ ਵੱਲਭਾਚਾਰਯ ਵਰਗਾ ਕੋਈ ਕ੍ਰਿਸ਼ਣ-ਉਪਾਸਕ ਸਾਹਮਣੇ ਆਇਆ ਸੀ ਅਤੇ ਨ ਹੀ ਮਹਾਤਮਾ ਸੂਰਦਾਸ ਅਤੇ ਅਸ਼ਟਛਾਪ ਦੇ ਹੋਰ ਕਵੀ ਆਪਣੀ ਭਗਤੀ ਭਾਵਨਾ ਨੂੰ ਲਲਿਤ ਪਦਿਆਂ ਰਾਹੀਂ ਪ੍ਰਵਾਹਿਤ ਕਰ ਸਕੇ ਸਨ। ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਸਗੁਣ-ਵਾਦੀ ਭਗਤੀ ਪ੍ਰਤਿ ਪੰਜਾਬ ਦਾ ਜਨ-ਮਾਨਸ ਇਕਦਮ ਉਦਾਸ ਸੀ। ਸਚ ਤਾਂ ਇਹ ਹੈ ਕਿ ਗੁਰੂ ਸਾਹਿਬਾਨ ਦੁਆਰਾ ਵਿਕਸਿਤ ਕੀਤੀ ਨਿਰਗੁਣ ਭਗਤੀ ਦੇ ਸਾਹਮਣੇ ਹੋਰ ਕੋਈ ਭਗਤੀ ਵਿਕਸਿਤ ਹੋ ਸਕਣ ਦੇ ਸਮਰਥ ਨ ਹੋ ਸਕੀ। 17ਵੀਂ ਸਦੀ ਤਕ ਸਗੁਣਵਾਦੀ ਭਗਤੀ ਨਾਲ ਸੰਬੰਧਿਤ ਕੇਵਲ ਕੁਝ ਕੁ ਕਥਾ-ਅੰਸ਼ਾਂ, ਸੰਕੇਤਾਂ, ਆਖਿਆਨਾਂ, ਅਵਤਾਰ-ਪ੍ਰਸੰਗਾਂ ਆਦਿ ਦਾ ਚਿਤ੍ਰਣ ਹੋਇਆ ਹੈ ਜਿਸ ਵਿਚ ਕੁਝ ਕੁ ਭਗਤੀ-ਤੱਤ੍ਵ ਜ਼ਰੂਰ ਮਿਲ ਜਾਂਦਾ ਹੈ, ਪਰ ਕਿਸੇ ਪ੍ਰਕਾਰ ਦੇ ਭਗਤੀ-ਪ੍ਰਵਾਹ ਦੇ ਦਰਸ਼ਨ ਨਹੀਂ ਹੁੰਦੇ।

**ਸੱਚਾ-ਸੌਦਾ**: ਇਸ ਦਾ ਸ਼ਾਬਦਿਕ ਅਰਥ ਹੈ 'ਸਚ ਉਤੇ ਆਧਾਰਿਤ ਵਪਾਰ'। ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਕਿਹਾ ਹੈ— *ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ।* (ਗੁ.ਗ੍ਰੰ.18)। ਸੱਚੇ ਸਉਦੇ ਨੂੰ ਹੋਰ ਸਪੱਸ਼ਟ ਕਰਦਿਆਂ ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਬਾਣੀ, ਗੁਰੂ, ਸ਼ਬਦ ਸਭ ਇਕ ਹੀ ਹਨ, ਇਹ ਸਹੀ ਰੂਪ ਵਿਚ ਸੱਚਾ ਸਉਦਾ ਹੈ; ਇਸ ਰਤਨ ਰੂਪੀ ਸਉਦੇ ਨਾਲ ਭੰਡਾਰ ਭਰੇ ਹੋਏ ਹਨ— *ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ। ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ।* (ਗੁ.ਗ੍ਰੰ.646)।

ਉਂਜ ਇਹ ਉਕਤੀ ਗੁਰੂ ਨਾਨਕ ਦੇਵ ਜੀ ਦੇ ਇਕ ਉਪਕਾਰ ਲਈ ਰੂੜ੍ਹ ਹੋ ਚੁਕੀ ਹੈ। ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਬਾਬੇ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰਿਕਤਾ ਵਿਚ ਲੀਨ ਕਰਨ ਲਈ ਜੋ ਯਤਨ ਕੀਤੇ, ਉਨ੍ਹਾਂ ਵਿਚੋਂ ਇਕ ਸੌਦਾਗਰੀ ਕਰਨ ਦਾ ਵੀ ਸੀ। ਇਕ ਵਾਰ ਵਪਾਰ ਕਰਨ ਲਈ ਬਾਬੇ ਕਾਲੂ ਨੇ ਗੁਰੂ ਜੀ ਨੂੰ 20 ਰੁਪਏ ਦਿੱਤੇ ਅਤੇ ਬਾਲੇ ਨੂੰ ਨਾਲ ਤੋਰਦਿਆਂ ਕਿਹਾ ਕਿ ਖਰਾ ਸੌਦਾ ਕਰਕੇ ਆਉਣਾ।

ਅਜੇ ਤਲਵੰਡੀ ਤੋਂ ਬਾਰ੍ਹਾਂ ਕੋਹ ਹੀ ਗਏ ਸਨ ਕਿ ਨੰਗੇ-ਧੜੰਗੇ ਭੁਖੇ ਸਾਧਾਂ ਦੀ ਇਕ ਮੰਡਲੀ ਮਿਲੀ, ਜਿਨ੍ਹਾਂ ਦਾ ਮੁਖੀ ਸੰਤਰੇਣ ਸੀ। ਗੁਰੂ ਜੀ ਨੇ ਉਨ੍ਹਾਂ ਦੀ ਹਾਲਤ ਵੇਖ ਕੇ ਬਾਲੇ ਨਾਲ ਸਲਾਹ ਕੀਤੀ ਕਿ ਉਨ੍ਹਾਂ ਨੂੰ, ਵੀਹ ਰੁਪਏ ਦੀ ਰਕਮ ਖ਼ਰਚ ਕੇ, ਭੋਜਨ ਕਰਾਉਣ ਤੋਂ ਵਧ ਹੋਰ ਕਿਹੜਾ ਖਰਾ ਜਾਂ ਸੱਚਾ ਸੌਦਾ ਹੋ ਸਕਦਾ ਹੈ? ਫਲਸਰੂਪ 20 ਰੁਪਇਆਂ ਦਾ ਘਿਉ ਅਤੇ ਹੋਰ ਖਾਧ ਸਾਮਗ੍ਰੀ ਮੰਗਵਾ ਕੇ ਸਾਧਾਂ ਨੂੰ ਭੋਜਨ ਕਰਾਇਆ ਗਿਆ। ਜਦੋਂ ਦੋਵੇਂ ਘਰ ਪਰਤੇ ਤਾਂ ਬਾਬਾ ਕਾਲੂ ਬਹੁਤ ਨਾਰਾਜ਼ ਹੋਇਆ। ਗੁੱਸੇ ਵਿਚ ਗੁਰੂ ਨਾਨਕ ਦੇਵ ਜੀ ਨੂੰ ਦੋ ਤਿੰਨ ਚਪੇੜਾਂ ਵੀ ਮਾਰੀਆਂ। ਜਦੋਂ ਇਸ ਗੱਲ ਦਾ ਰਾਇ ਬੁਲਾਰ ਨੂੰ ਪਤਾ ਲਗਾ ਤਾਂ ਉਸ ਨੇ ਬਾਬੇ ਕਾਲੂ ਨੂੰ ਅਜਿਹਾ ਕਰਨ ਤੋਂ ਵਰਜਿਆ ਅਤੇ 20 ਰੁਪਏ ਦੀ ਰਕਮ ਆਪਣੇ ਕੋਲੋਂ ਭਰ ਦਿੱਤੀ। ਰਾਇ ਨੇ ਬਾਬੇ ਕਾਲੂ ਨੂੰ ਸਮਝਾਇਆ ਕਿ ਬਾਲਕ ਨਾਨਕ ਆਪ ਪਰਮੇਸ਼ਰ ਰੂਪ ਹੈ। ਇਹ ਘਟਨਾ-ਸਥਾਨ ਚੂਹੜਕਾਣਾ ਕਸਬੇ ਦੇ ਨੇੜੇ ਹੈ। ਇਥੇ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਪਹਿਲਾਂ ਇਹ ਸਥਾਨ ਉਦਾਸੀ ਸਾਧਾਂ ਦੇ ਪ੍ਰਬੰਧ ਅਧੀਨ ਸੀ, ਪਰ ਜੱਥੇਦਾਰ ਕਰਤਾਰ ਸਿੰਘ ਝਬਰ ਨੇ 30 ਦਸੰਬਰ 1920 ਈ. ਨੂੰ ਇਸ ਨੂੰ ਆਜ਼ਾਦ ਕਰਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਕੀਤਾ। ਦੇਸ਼ ਵੰਡ ਤੋਂ ਬਾਦ ਇਸ ਦਾ ਪ੍ਰਬੰਧ ਵਕਫ਼ ਬੋਰਡ, ਪਾਕਿਸਤਾਨ ਪਾਸ ਹੈ।

**ਸੱਚਾ-ਤਖ਼ਤ** : 'ਤਖ਼ਤ' ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਬੈਠਣ ਦੀ ਚੌਕੀ। ਇਸ ਨੂੰ ਬਾਦ ਵਿਚ ਰਾਜ-ਸਿੰਘਾਸਨ ਲਈ ਵੀ ਵਰਤਿਆ ਜਾਣ ਲਗਿਆ। ਗੁਰੂ

ਨਾਨਕ ਦੇਵ ਜੀ ਨੇ ਮਾਰੂ ਰਾਗ ਦੇ ਸੋਲਹਿਆਂ ਵਿਚ ਦਸਿਆ ਹੈ ਕਿ ਤਖ਼ਤ ਦੇ ਯੋਗ ਬੰਦਾ ਹੀ ਤਖ਼ਤ ਉਤੇ ਬੈਠਣਾ ਚਾਹੀਦਾ ਹੈ— *ਤਖਤਿ ਬਹੈ ਤਖਤੈ ਕੀ ਲਾਇਕ*।(ਗੁ.ਗ੍ਰੰ.1039)।

ਜਨ ਸਾਧਾਰਣ ਨੂੰ ਸਮਝਾਉਣ ਲਈ ਜਦੋਂ ਨਿਰਾਕਾਰ ਪਰਮਾਤਮਾ ਉਤੇ ਸਾਕਾਰ ਸਰੂਪ ਦਾ ਆਰੋਪਣ ਕਰਨਾ ਹੁੰਦਾ ਹੈ, ਤਾਂ ਉਸ ਦਾ ਪਰਿਚਯ ਸਾਕਾਰ ਰੂਪ ਵਾਲੇ ਸ਼ਬਦਾਂ ਰਾਹੀਂ ਦਿੱਤਾ ਜਾਂਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਅਨੁਸਾਰ ਸਿਵਾਏ ਉਸ ਸੱਚੇ ਤਖ਼ਤ ਉਤੇ ਬਿਰਾਜਮਾਨ ਹੋਣ ਵਾਲੇ ਤੋਂ ਹੋਰ ਬਾਕੀ ਸਾਰੇ ਅਸਥਾਈ ਹਨ, ਨਾਸ਼ਮਾਨ ਹਨ— *ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ। ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ*।(ਗੁ.ਗ੍ਰੰ. 1279)।

**ਸੱਚਾ-ਪਾਤਿਸ਼ਾਹ:** 'ਪਾਤਿਸ਼ਾਹ' ਫ਼ਾਰਸੀ ਭਾਸ਼ਾ ਦੇ 'ਬਾਦਸ਼ਾਹ' ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਤਖ਼ਤ ਦਾ ਮਾਲਿਕ (ਬਾਦ-ਸ਼ਾਹ)। ਸੰਸਾਰਿਕ ਬਾਦਸ਼ਾਹ ਨਾਲੋਂ ਨਿਖੇੜਨ ਲਈ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ 'ਸੱਚਾ ਪਾਤਿਸਸ਼ਾਹ' ਕਿਹਾ ਹੈ — *ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ*।(ਗੁ.ਗ੍ਰੰ.463)। ਕਿਉਂਕਿ ਸੰਸਾਰਿਕ ਬਾਦਸ਼ਾਹ ਛਿਣ-ਭੰਗਰ ਹਨ, ਨਾਸ਼ਮਾਨ ਹਨ, ਪਰ ਪਰਮਾਤਮਾ ਸਥਾਈ ਹੈ, ਇਸ ਲਈ ਉਹ 'ਸੱਚਾ ਪਾਤਿਸ਼ਾਹ' ਹੈ।

ਕਾਲਾਂਤਰ ਵਿਚ ਇਹ ਸ਼ਬਦ-ਯੁਗਲ ਗੁਰੂ ਸਾਹਿਬਾਨ ਲਈ ਵੀ ਵਰਤਿਆ ਜਾਣ ਲਗਾ, ਜਿਵੇਂ ਗੁਰੂ ਗੋਬਿੰਦ ਸਿੰਘ ਦੇ ਇਕ ਦਰਬਾਰੀ ਕਵੀ ਨੇ ਕਿਹਾ ਹੈ— *ਤੇਰਾ ਸਾਚੋ ਦੇਗ ਸਾਚੋ ਸੂਰਮਾ ਸਰਨ ਸਾਚੋ, ਸਾਚੋ ਪਾਤਸਾਹ ਗੁਰੂ ਗੋਬਿੰਦ ਕਹਾਯੋ ਹੈ।*

**ਸੱਚੀ ਬਾਣੀ :** ਇਸ ਤੋਂ ਭਾਵ ਹੈ ਅਜਿਹੀ ਬਾਣੀ ਜੋ ਸਚ ਦਾ ਪ੍ਰਕਾਸ਼ਨ ਕਰੇ। ਜੋ ਬਾਣੀ ਸਚ ਦਾ ਪ੍ਰਕਾਸ਼ ਨਹੀਂ ਕਰਦੀ ਉਹ ਝੂਠੀ ਹੈ, ਕੱਚੀ ਹੈ। ਗੁਰੂ ਸਾਹਿਬਾਨ ਨੂੰ ਉਤਰੀ ਬਾਣੀ 'ਧੁਰ ਕੀ ਬਾਣੀ' (ਵੇਖੋ) ਹੋਣ ਨਾਤੇ ਸੱਚੀ ਬਾਣੀ ਹੈ ਅਤੇ ਉਸ ਦੀ ਰੀਸੋ-ਰੀਸੀ ਜੋ ਹੋਰ ਕੋਈ ਬਾਣੀ ਉਚਾਰਦਾ ਹੈ, ਉਹ 'ਕੱਚੀ ਬਾਣੀ' (ਵੇਖੋ) ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਹੈ — *ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ। ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।* (ਗੁ.ਗ੍ਰੰ.304)। ਗੁਰੂ ਅਮਰਦਾਸ ਨੇ ਆਪਣੇ ਸੇਵਕਾਂ ਨੂੰ ਤਾਕੀਦ ਕੀਤੀ ਸੀ ਕਿ *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।* (ਗੁ.ਗ੍ਰੰ.920)। ਗੁਰੂ ਨਾਨਕ ਦੇਵ ਨੇ ਵੀ 'ਸਾਚੀ-ਬਾਣੀ' ਨਾਲ ਪਿਆਰ ਪਾਣ ਦੀ ਗੱਲ ਆਖੀ ਹੈ— *ਸਾਚੀ ਬਾਣੀ ਸਿਉ ਧਰੇ ਪਿਆਰੁ*।(ਗੁ.ਗ੍ਰੰ.661)।

**ਸੱਜਣ ਠਗ:** ਗੁਰੂ ਨਾਨਕ-ਕਾਲ ਵਿਚ ਹੋਇਆ ਇਕ ਵਿਅਕਤੀ ਜੋ ਤੁਲੰਬਾ ਨਗਰ ਦੇ ਨੇੜੇ ਮਖ਼ਦੂਮਪੁਰ ਦਾ ਨਿਵਾਸੀ ਸੀ। ਇਸ ਨੇ ਮੁਸਾਫ਼ਰਾਂ ਦੇ ਰਹਿਣ ਲਈ ਇਕ ਸਰਾਂ ਬਣਾਈ ਹੋਈ ਸੀ ਜਿਥੇ ਪਹਿਲਾਂ ਮੁਸਾਫ਼ਰਾਂ ਨੂੰ ਮਾਣ ਸਤਿਕਾਰ ਨਾਲ ਠਹਿਰਾਉਂਦਾ ਅਤੇ ਰਾਤ ਵੇਲੇ ਉਨ੍ਹਾਂ ਪਾਸੋਂ ਧਨ-ਮਾਲ ਖੋਹ ਕੇ ਮਾਰ ਦਿੰਦਾ। ਇਸ ਦੀ ਕਥਨੀ ਤੇ ਕਰਨੀ ਵਿਚ ਬਹੁਤ ਅੰਤਰ ਸੀ।

ਇਕ ਵਾਰ ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਦੌਰਾਨ ਉਸ ਪਾਸ ਜਾ ਠਹਿਰੇ। ਸੱਜਣ ਨੇ ਗੁਰੂ ਜੀ ਉਤੇ ਵੀ ਆਪਣੀ ਠਗੀ ਦੀ ਵਰਤੋਂ ਕੀਤੀ, ਪਰ ਸਫਲ ਨ ਹੋ ਸਕਿਆ, ਸਗੋਂ ਆਪ ਠਗਿਆ ਗਿਆ। 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਉਥੇ ਆਪਣੀ ਪਹਿਲੀ ਧਰਮਸਾਲ ਸਥਾਪਿਤ ਕੀਤੀ।

ਤੁਲੰਬਾ ਮੁਲਤਾਨ ਤੋਂ ਲਗਭਗ 110 ਕਿ.ਮੀ. ਦੀ ਦੂਰੀ 'ਤੇ ਵਸਿਆ ਹੋਇਆ ਇਕ ਪੁਰਾਤਨ ਨਗਰ ਸੀ। ਕਹਿੰਦੇ ਹਨ ਇਸ ਨੂੰ ਸਿਆਲਕੋਟ ਦੇ ਪ੍ਰਸਿੱਧ ਰਾਜੇ ਸਲਵਾਨ ਦੇ ਖ਼ਾਨਦਾਨ ਵਿਚੋਂ ਰਾਜਾ ਤਲ ਨੇ ਵਸਾਇਆ ਸੀ। ਉਸ ਦਾ ਬਣਾਇਆ ਕਿਲ੍ਹਾ 'ਤਲ-ਉਭਾ' ਨਾਂ ਨਾਲ ਪ੍ਰਸਿੱਧ ਹੋਇਆ ਅਤੇ ਉਸ ਕਿਲ੍ਹੇ ਦੇ ਨਾਂ ਤੇ ਹੀ ਨਗਰ ਦਾ ਨਾਂ ਪ੍ਰਚਲਿਤ ਹੋਇਆ। ਕਾਲਾਂਤਰ ਵਿਚ ਉਹੀ ਨਾਂ ਵਿਗੜ ਕੇ ਤੁਲੰਬਾ/ਤੁਲੰਭਾ ਬਣ ਗਿਆ। ਪਹਿਲਾਂ ਇਹ ਦਰਿਆ ਦੇ ਵਹਿਣ ਨੇ ਉਜਾੜਿਆ ਅਤੇ ਮੁਹੰਮਦ ਖ਼ਾਨ ਲੰਗਾਹ ਨੇ ਇਸ ਨੂੰ ਫਿਰ ਤੋਂ ਆਬਾਦ ਕੀਤਾ। ਅਹਿਮਦ ਸ਼ਾਹ ਦੁਰਾਨੀ ਨੇ ਵੀ ਇਸ ਨਗਰ ਉਤੇ ਹਮਲਾ ਕਰਕੇ ਖ਼ੂਬ ਲੁਟਿਆ। ਇਸ ਨਗਰ ਦੇ ਇਰਦ-ਗਿਰਦ ਮਿਲਦੇ ਖੰਡਰ ਅਤੇ ਥੇਹ ਇਸ ਦੇ ਪੁਰਾਤਨ ਇਤਿਹਾਸ ਦੀ ਗਵਾਹੀ ਭਰਦੇ ਹਨ। ਇਥੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

**ਸਜਾਦਾ/ਸਾਹਜਾਦਾ** (ਰਬਾਬੀ): ਇਹ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਸਾਥੀ ਭਾਈ ਮਰਦਾਨੇ ਦਾ ਲੜਕਾ ਸੀ। ਸੰਨ 1534 ਈ. ਵਿਚ ਅਫ਼ਗ਼ਾਨਿਸਤਾਨ ਦੀ ਕੁਰੱਮ ਨਦੀ ਦੇ ਕੰਢੇ ਵਸੇ ਇਸੇ ਨਾਂ ਦੇ ਨਗਰ ਵਿਚ ਮਰਦਾਨੇ ਦਾ ਦੇਹਾਂਤ ਹੋ ਜਾਣ ਤੋਂ ਬਾਦ ਜਦੋਂ ਗੁਰੂ ਜੀ ਪੰਜਾਬ ਨੂੰ ਪਰਤੇ ਤਾਂ ਉਸ ਦੀ ਥਾਂ ਉਸ ਦੇ ਪੁੱਤਰ ਸਾਹਜਾਦਾ ਨੂੰ ਰਬਾਬ ਵਜਾਉਣ ਲਈ ਨਾਲ ਰਖ ਲਿਆ। ਉਦਾਸੀਆਂ ਤੋਂ ਬਾਦ ਜਦੋਂ ਗੁਰੂ ਜੀ ਨੇ ਕਰਤਾਰਪੁਰ ਵਿਚ ਆਪਣਾ ਨਿਵਾਸ ਕਰ ਲਿਆ ਤਾਂ ਸਾਹਜਾਦਾ ਗੁਰੂ-ਦਰਬਾਰ ਵਿਚ ਨਿੱਤ ਕੀਰਤਨ ਕਰਨ ਵੇਲੇ ਰਬਾਬ ਵਜਾਉਂਦਾ ਹੁੰਦਾ ਸੀ।

**ਸਠਿਆਲਾ** (ਕਸਬਾ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਬਾ ਬਕਾਲਾ ਨਗਰ ਤੋਂ ਕੁਝ ਦੂਰੀ 'ਤੇ ਉਤਰ-ਪੂਰਬ ਵਲ ਸਥਿਤ ਇਕ ਕਸਬਾ ਜਿਥੇ ਤਿੰਨ ਗੁਰੂ ਸਾਹਿਬਾਨ ਨੇ ਚਰਣ ਪਾਏ ਸਨ ਅਤੇ ਤਿੰਨਾਂ ਦੀ ਆਮਦ ਦੀ ਯਾਦ ਵਿਚ ਸਮਾਰਕ ਬਣੇ ਹੋਏ ਹਨ।

'ਗੁਰਦੁਆਰਾ ਨਾਨਕਸਰ ਪਾਤਿਸਾਹੀ ਪਹਿਲੀ' ਉਸ ਥਾਂ ਉਤੇ ਬਣਿਆ ਹੋਇਆ ਹੈ ਜਿਥੇ ਇਕ ਟੋਭੇ ਦੇ ਕੰਢੇ ਗੁਰੂ ਨਾਨਕ ਦੇਵ ਜੀ ਬੈਠੇ ਸਨ। ਇਹ ਪਿੰਡ ਉਦੋਂ ਮੁਸਲਮਾਨਾਂ ਦੀ ਬਹੁ-ਵਸੋਂ ਵਾਲਾ ਸੀ। ਕਹਿੰਦੇ ਹਨ ਕਿ ਬਹੁਤ ਸਾਰੀਆਂ ਮੁਸਲਮਾਨ ਇਸਤਰੀਆਂ ਨੇ ਇਕੱਠੇ ਹੋ ਕੇ ਗੁਰੂ ਜੀ ਦੀ ਸੇਵਾ ਵਿਚ ਪ੍ਰਾਰਥਨਾ ਕੀਤੀ ਕਿ ਇਸ ਪਿੰਡ ਵਿਚ ਚਮੜੀ ਦੇ ਰੋਗਾਂ ਦਾ ਬਹੁਤ ਪ੍ਰਕੋਪ ਹੈ। ਗੁਰੂ ਜੀ ਨੇ ਟੋਭੇ ਵਿਚ ਇਸ਼ਨਾਨ ਕਰਨ ਲਈ ਸਭ ਨੂੰ ਕਿਹਾ। ਉਸ ਟੋਭੇ ਵਿਚ ਇਸ਼ਨਾਨ ਕਰਨ ਨਾਲ ਲੋਕੀਂ ਨਿਰੋਗ ਹੋਣ ਲਗ ਗਏ। ਪਿੰਡ ਦੇ ਲੋਕਾਂ ਨੇ ਉਥੇ ਗੁਰੂ ਜੀ ਦਾ ਇਕ ਸਮਾਰਕ ਬਣਵਾਇਆ। ਵਰਤਮਾਨ ਗੁਰਦੁਆਰਾ ਨਵਾਂ ਬਣਿਆ ਹੋਇਆ ਹੈ ਅਤੇ ਟੋਭੇ ਨੂੰ ਵੀ ਸਰੋਵਰ ਦਾ ਰੂਪ ਦੇ ਦਿੱਤਾ ਗਿਆ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ। ਉਥੇ ਹੁਣ ਵੀ ਟੋਭੇ ਦੇ ਜਲ ਵਿਚ ਇਸ਼ਨਾਨ ਕਰਕੇ ਨਿਰੋਗ ਹੋ ਜਾਣ ਦੀ ਪੁਰਾਤਨ ਮਾਨਤਾ ਜੁੜੀ ਹੋਈ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਨਾਲ ਸੰਬੰਧਿਤ ਸਮਾਰਕ ਨੂੰ 'ਗੁਰਦੁਆਰਾ ਬੁੰਗਾ ਸਾਹਿਬ' ਕਿਹਾ ਜਾਂਦਾ ਹੈ, ਜਿਸ ਦੀ ਵਿਵਸਥਾ ਨਿਹੰਗ ਸਿੰਘ ਕਰਦੇ ਹਨ।

'ਗੁਰਦੁਆਰਾ ਡੇਰਾ ਸਾਹਿਬ ਪਾਤਿਸ਼ਾਹੀ ਨੌਵੀਂ' ਉਸ ਸਥਾਨ ਉਤੇ ਬਣਿਆ ਹੋਇਆ ਹੈ ਜਿਥੇ ਨੌਵੇਂ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਆ ਕੇ ਇਕ ਪਿਪਲ ਦੇ ਬ੍ਰਿਛ ਹੇਠਾਂ ਬੈਠੇ ਸਨ। ਉਹ ਪਿਪਲ ਹੁਣ ਵੀ ਮੌਜੂਦ ਹੈ। ਇਸ ਗੁਰੂ-ਧਾਮ ਦੀ ਵਰਤਮਾਨ ਇਮਾਰਤ ਸੰਨ 1939 ਈ. ਵਿਚ ਬਣਵਾਈ ਗਈ ਸੀ। ਇਸ ਦੀ ਵਿਵਸਥਾ ਦਮਦਮੀ ਟਕਸਾਲ ਵਾਲੇ ਸੰਤ ਕਰਦੇ ਹਨ।

**ਸਢੌਰਾ** (ਕਸਬਾ): ਹਰਿਆਣਾ ਪ੍ਰਾਂਤ ਦਾ ਇਕ ਪੁਰਾਤਨ ਕਸਬਾ ਜਿਸ ਵਿਚ ਪੀਰ ਬੁੱਧੂ ਸ਼ਾਹ (ਸੱਯਦ ਸ਼ਾਹ ਬਦਰੁੱਦੀਨ) ਰਹਿੰਦਾ ਸੀ। ਪੀਰ ਜੀ ਦੀ ਗੁਰੂ ਗੋਬਿੰਦ ਸਿੰਘ ਪ੍ਰਤਿ ਅਥਾਹ ਸ਼ਰਧਾ ਸੀ। ਭੰਗਾਣੀ ਦੇ ਯੁੱਧ ਵੇਲੇ ਉਸ ਦੀ ਸਿਫ਼ਾਰਿਸ਼ 'ਤੇ ਰਖੇ ਪੰਜ ਸੌ ਪਠਾਨ ਜਦੋਂ ਗੁਰੂ ਜੀ ਪ੍ਰਤਿ ਬੇਵਫ਼ਾ ਹੋ ਕੇ ਵੈਰੀਆਂ ਨਾਲ ਜਾ ਮਿਲੇ ਤਾਂ ਉਸ ਨੇ ਆਪਣੇ ਚਾਰ ਪੁੱਤਰਾਂ ਅਤੇ ਸੱਤ ਸੌ ਮੁਰੀਦਾਂ ਸਮੇਤ ਖ਼ੁਦ ਯੁੱਧ ਵਿਚ ਹਿੱਸਾ ਲਿਆ। ਉਸ ਦੇ ਦੋ ਪੁੱਤਰ ਅਤੇ ਕਈ ਮੁਰੀਦ ਯੁੱਧ-ਭੂਮੀ ਵਿਚ ਮਾਰੇ ਗਏ। ਜਦੋਂ ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਤੋਂ ਆਨੰਦਪੁਰ ਪਰਤ ਰਹੇ ਸਨ ਤਾਂ ਰਾਹ ਵਿਚ ਪੀਰ ਨੂੰ ਮਿਲਣ ਲਈ ਉਚੇਚੇ ਸਢੌਰੇ ਗਏ। ਬਾਦ ਵਿਚ ਸਢੌਰੇ ਦੇ ਹਾਕਮ ਉਸਮਾਨ ਖ਼ਾਨ (ਆਸਮਾਨ ਖ਼ਾਨ) ਨੇ ਪੀਰ ਉਤੇ ਗੁਰੂ ਜੀ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਕਤਲ ਕਰਵਾ ਦਿੱਤਾ। ਇਸ ਅਪਰਾਧ ਬਦਲੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਨ 1710 ਈ. ਵਿਚ ਉਸਮਾਨ ਖ਼ਾਨ ਨੂੰ ਫਾਂਸੀ ਲਗਾਇਆ।

ਸਢੌਰੇ ਦੇ ਕਿਲ੍ਹੇ ਅੰਦਰ 'ਗੁਰਦੁਆਰਾ ਬੰਦਾ ਬਹਾਦਰ' ਬਣਿਆ ਹੋਇਆ ਹੈ, ਜਿਸ ਦਾ ਪਹਿਲਾ ਨਾਂ 'ਕਿਲਾ ਗੁਰਦੁਆਰਾ' ਸੀ। ਇਸ ਦਾ ਪ੍ਰਬੰਧ ਨਿਜੀ ਹੱਥਾਂ ਵਿਚ ਹੈ। ਇਸ ਤੋਂ ਇਲਾਵਾ ਪੀਰ ਬੁੱਧੂ ਸ਼ਾਹ ਦੀ ਯਾਦ ਵਿਚ ਵੀ ਇਕ ਗੁਰਦੁਆਰਾ ਬਣਿਆ ਹੋਇਆ ਹੈ।

**ਸਤਸੰਗਤ** : ਵੇਖੋ 'ਸਤਿਸੰਗਤ'।

**ਸਤਕਰਤਾਰੀਏ** : ਪੰਜਾਬ ਦੀ ਇਕ ਲਘੂ ਧਾਰਮਿਕ ਸੰਪ੍ਰਦਾਇ ਜਿਸ ਦਾ ਆਰੰਭ ਲਾਹੌਰ ਦੇ ਇਕ ਸੋਢੀ ਭਾਈ ਸੰਗਤੀਆ ਦੁਆਰਾ ਹੋਇਆ। ਭਾਈ ਸੰਗਤੀਆ ਨੇ ਗੁਰੂ ਅਰਜਨ ਦੇਵ ਜੀ ਤੋਂ ਸੰਨ 1593 ਈ. (1650 ਬਿ.) ਵਿਚ ਸਿੱਖੀ ਧਾਰਣ ਕੀਤੀ ਸੀ। ਇਹ ਹਰ ਵੇਲੇ 'ਸਤਕਰਤਾਰ'

ਸ਼ਬਦ ਆਪਣੇ ਮੂੰਹੋਂ ਉਚਾਰਦਾ ਰਹਿੰਦਾ ਸੀ, ਜਿਸ ਕਰਕੇ ਇਸ ਨੂੰ 'ਸਤਕਰਤਾਰੀਆ' ਕਿਹਾ ਜਾਣ ਲਗਾ। ਇਸ ਦਾ ਇਕ ਭੁਲਕਾ ਖਤ੍ਰੀ ਚੇਲਾ ਭਾਈ ਸੰਗਤ ਦਾਸ ਬੜਾ ਧਰਮੀ ਪੁਰਸ਼ ਸੀ। ਉਸ ਨੇ ਆਪਣੇ ਅਨੁਯਾਈਆਂ ਨੂੰ 'ਸਤਕਰਤਾਰ' ਦੇ ਨਾਮ-ਅਭਿਆਸ ਲਈ ਪ੍ਰੇਰਣਾ ਦਿੱਤੀ ਅਤੇ ਪਰਸਪਰ ਮਿਲਣ ਵੇਲੇ ਵੀ ਇਸੇ ਸ਼ਬਦ ਨੂੰ ਉਚਾਰਨਾ ਦਸਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਉਤੇ ਪ੍ਰਸੰਨ ਹੋ ਕੇ ਸ੍ਰੀ ਹਰਗੋਬਿੰਦਪੁਰ ਵਿਚ ਧਰਮਸ਼ਾਲਾ ਸਥਾਪਿਤ ਕਰਨ ਦੀ ਖੁਲ੍ਹ ਦਿੱਤੀ। ਇਹ ਧਰਮਸ਼ਾਲਾ ਹੁਣ ਤਕ ਇਸ ਸੰਪ੍ਰਦਾਇ ਦਾ ਮੁੱਖ ਧਰਮ ਕੇਂਦਰ ਚਲਿਆ ਆ ਰਿਹਾ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਹਰਿਗੋਬਿੰਦ ਜੀ ਵਲੋਂ ਭਾਈ ਸੰਗਤਦਾਸ ਨੂੰ ਪ੍ਰਦਾਨ ਕੀਤੇ ਸ਼ਸਤ੍ਰ ਵੀ ਧਰਮਸ਼ਾਲਾ ਵਿਚ ਸੰਭਾਲੇ ਹੋਏ ਪਏ ਹਨ। ਇਸ ਸੰਪ੍ਰਦਾਇ ਦੀਆਂ ਧਾਰਮਿਕ ਮਾਨਤਾਵਾਂ ਉਤੇ ਉਦਾਸੀ ਸੰਪ੍ਰਦਾਇ ਦੀਆਂ ਮਾਨਤਾਵਾਂ ਦਾ ਕਾਫ਼ੀ ਪ੍ਰਭਾਵ ਹੈ।

ਸੰਗਤ ਦਾਸ ਦੇ ਛੋਟੇ ਪੁੱਤਰ ਦਰਬਾਰੀ ਦਾਸ ਨੇ ਇਸ ਸੰਪ੍ਰਦਾਇ ਦਾ ਇਕ ਕੇਂਦਰ ਫਗਵਾੜਾ ਨਗਰ ਵਿਚ ਸਥਾਪਿਤ ਕੀਤਾ। ਇਸ ਸੰਪ੍ਰਦਾਇ ਦਾ ਇਕ ਹੋਰ ਕੇਂਦਰ ਹਿਮਾਚਲ ਪ੍ਰਦੇਸ਼ ਦੇ ਮੰਡੀ ਨਗਰ ਵਿਚ ਵੀ ਹੈ। ਇਨ੍ਹਾਂ ਦੇ ਬਟਾਲਾ ਸਥਿਤ ਕੇਂਦਰ ਨੂੰ ਸੰਨ 1940 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਵਿਵਸਥਾ ਅਧੀਨ ਲੈ ਲਿਆ ਸੀ ਜੋ ਹੁਣ ਵੀ 'ਗੁਰਦੁਆਰਾ ਸਤਕਰਤਾਰੀਆਂ' ਵਜੋਂ ਪ੍ਰਸਿੱਧ ਹੈ।

**ਸੱਤਾ ਡੂਮ:** ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਵਾਲਾ ਇਕ ਰਬਾਬੀ ਜੋ ਰਾਇ ਬਲਵੰਡਿ ਦਾ ਭਾਈ ਦਸਿਆ ਜਾਂਦਾ ਹੈ। ਇਨ੍ਹਾਂ ਦੋਹਾਂ ਨੇ ਰਲ ਕੇ ਰਾਮਕਲੀ ਰਾਗ ਵਿਚ ਇਕ ਵਾਰ ਲਿਖੀ ਸੀ— *ਵਾਰ ਰਾਇ ਬਲਵੰਡਿ ਤਥਾ ਸਤੈ ਡੂੰਮਿ ਆਖੀ।* (ਨਾਮਾਂਤਰ— ਟਿਕੇ ਦੀ ਵਾਰ) ਵੇਖੋ ' ਰਾਇ ਬਲਵੰਡਿ'।

**ਸ਼ਤਾਬਦੀ** : ਵੇਖੋ 'ਗੁਰ-ਸ਼ਤਾਬਦੀ'।

**ਸਤਿ-ਸੰਗਤ:** ਸਤਿ-ਸੰਗਤ ਦਾ ਸੰਬੰਧ ਅਧਿਆਤਮਿਕ ਸਾਧਨਾ ਨਾਲ ਹੈ। ਅਧਿਆਤਮਿਕ ਸਾਧਨਾ ਕੋਈ ਸਰਲ ਕਾਰਜ ਨਹੀਂ। ਮਾਇਆ ਦੇ ਪ੍ਰਭਾਵ ਕਰਕੇ ਸਾਧਕ ਕਦੇ ਵੀ ਆਪਣੇ ਮਾਰਗ ਉਤੋਂ ਥਿੜਕ ਸਕਦਾ ਹੈ। ਇਸ ਲਈ ਸਾਧਨਾ ਜਾਂ ਭਗਤੀ ਦੇ ਖੇਤਰ ਵਿਚ ਅਗਵਾਈ ਦੀ ਸਦਾ ਹੀ ਲੋੜ ਬਣੀ ਰਹਿੰਦੀ ਹੈ। ਜਿਵੇਂ ਜਿਵੇਂ ਸਾਧਕ ਅਧਿਆਤਮਿਕ ਉਨਤੀ ਕਰਦਾ ਜਾਂਦਾ ਹੈ, ਇਹ ਲੋੜ ਘਟਦੀ ਜਾਂਦੀ ਹੈ, ਪਰ ਸਿੱਧੀ ਪ੍ਰਾਪਤ ਕਰਨ ਤੋਂ ਪਹਿਲਾਂ ਦੀ ਅਵਸਥਾ ਵਿਚ ਅਗਵਾਈ ਦੀ ਲੋੜ ਅਧਿਕ ਹੈ। ਗੁਰੂ ਦੀ ਸ਼ਰਣ ਵਿਚ ਜਾ ਕੇ ਅਧਿਆਤਮਿਕ ਸਾਧਨਾ ਦਾ ਮੁਢਲਾ ਬੋਧ ਪ੍ਰਾਪਤ ਹੁੰਦਾ ਹੈ। ਪਰ ਇਸ ਤੋਂ ਬਾਦ ਸਾਧਨਾ ਦੀਆਂ ਵਖ ਵਖ ਸਥਿਤੀਆਂ ਅਤੇ ਪੱਧਰਾਂ ਉਤੇ ਜਿਗਿਆਸੂ ਨੂੰ ਕਠਿਨਾਈਆਂ ਪੇਸ਼ ਆ ਸਕਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਹੋਰ ਸਹਾਇਕ ਸਾਧਨ ਦੀ ਲੋੜ ਪੈਂਦੀ ਹੈ। ਇਸ ਤੋਂ ਇਲਾਵਾ ਸਦਾ ਪ੍ਰੇਰਣਾ ਦੇਣ ਵਾਲੇ ਅਨੁਕੂਲ ਅਤੇ ਪਵਿੱਤਰ ਵਾਤਾਵਰਣ ਦੀ ਵੀ ਆਵੱਸ਼ਕਤਾ ਬਣੀ ਰਹਿੰਦੀ ਹੈ। ਵਾਸਤਵ ਵਿਚ, ਗੁਰੂ ਦੀ ਅਗਵਾਈ ਤੋਂ ਬਾਦ ਜਿਗਿਆਸੂ ਨੂੰ ਨਾਲ ਨਾਲ ਪ੍ਰੇਰਣਾ ਦੇਣ, ਉਸ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਬਣਾਉਣ ਅਤੇ ਉਸ ਦੇ ਅਨੁਭਵ ਵਿਚ ਨਿਖਾਰ ਲਿਆਉਣ ਲਈ ਸਤਿ-ਸੰਗਤ ਦਾ ਬਹੁਤ ਯੋਗਦਾਨ ਹੈ।

ਸਤਿ-ਸੰਗਤ ਤੋਂ ਭਾਵ ਹੈ ਸੱਚਾ, ਸ੍ਰੇਸ਼ਠ ਜਾਂ ਉਤਮ ਸਾਥ। ਇਹ ਸਾਥ ਚੂੰਕਿ ਚੰਗੇ ਜਾਂ ਭਲੇ ਪੁਰਸ਼ਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਗੁਰਬਾਣੀ ਵਿਚ ਸਤਿ-ਸੰਗਤ ਦਾ ਭਾਵ-ਬੋਧ ਸਤਸੰਗ, ਸਾਧ-ਸੰਗਤ, ਸਾਧ-ਸੰਗ, ਹਰਿ-ਜਨ-ਸੰਗਤ ਆਦਿ ਸ਼ਬਦ ਵਰਤ ਕੇ ਵੀ ਕਰਵਾਇਆ ਜਾਂਦਾ ਹੈ।

ਸਤਿ-ਸੰਗਤ ਜਾਂ ਸਾਧ-ਸੰਗਤ ਦਾ ਪਹਿਲਾ ਰੂਪ ਬੋਧ-ਮਤ ਦੀ ਸੰਘ-ਪਰੰਪਰਾ ਵਿਚ ਮਿਲ ਜਾਂਦਾ ਹੈ, ਪਰ ਇਸ ਦਾ ਵਾਸਤਵਿਕ ਅਤੇ ਸਹੀ ਵਿਕਾਸ ਮੱਧ-ਯੁਗ ਦੇ ਸੰਤਾਂ, ਭਗਤਾਂ ਦੀ ਸਾਧਨਾ ਜਾਂ ਬਾਣੀ ਵਿਚ ਹੋਇਆ ਹੈ। ਸਤਿ-ਸੰਗਤ ਤੋਂ ਪ੍ਰਾਪਤ ਹੋਣ ਵਾਲੇ ਲਾਭ ਇਤਨੇ ਅਧਿਕ ਹਨ ਕਿ ਹਰ ਇਕ ਮਹਾਪੁਰਸ਼ ਨੇ ਇਸ ਦੀ ਉਸਤਤਿ ਹੀ ਨਹੀਂ ਕੀਤੀ, ਪ੍ਰਾਪਤੀ ਲਈ ਉਤਸੁਕਤਾ ਵੀ ਵਿਖਾਈ ਹੈ। ਸੰਤ ਕਬੀਰ ਨੇ ਕਿਹਾ ਹੈ — *ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ। ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ।* (ਗੁ.ਗ੍ਰੰ.1369)।

ਸਤਿ-ਸੰਗਤ ਸਿੱਖ ਧਰਮ ਵਿਚ ਅਧਿਆਤਮਿਕ

ਉਨਤੀ ਦਾ ਇਕ ਮਹੱਤਵਪੂਰਣ ਸਾਧਨ ਹੈ। ਸਾਧਨਾ ਦੇ ਚਹੁੰਆਂ ਮਾਰਗਾਂ (ਗਿਆਨ, ਕਰਮ, ਯੋਗ ਅਤੇ ਭਗਤੀ) ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਭਗਤੀ ਮਾਰਗ ਦਾ ਤਾਂ ਇਸ ਨੂੰ ਸਰਵੱਸ ਸਮਝਿਆ ਜਾਂਦਾ ਹੈ। ਮੱਧ-ਯੁਗ ਦੇ ਅਨੇਕ ਸਾਧਕਾਂ ਨੇ ਇਸ ਪ੍ਰਤਿ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਪਰ ਗੁਰਮਤਿ ਵਿਚ ਇਸ ਦੀ ਵਿਸ਼ੇਸ਼ ਰੂਪ ਵਿਚ ਪ੍ਰਤਿਸ਼ਠਾ ਹੋਈ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਉਤਮ ਸੰਗਤ ਨਾਲ ਹਰ ਇਕ ਵਿਅਕਤੀ ਉਤਮ ਬਣਦਾ ਹੈ, ਉਸ ਦੇ ਅਵਗੁਣ ਨਸ਼ਟ ਹੁੰਦੇ ਹਨ ਅਤੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ — *ਊਤਮ ਸੰਗਤਿ ਊਤਮੁ ਹੋਵੈ। ਗੁਣ ਕਉ ਧਾਵੈ ਅਵਗਣ ਧੋਵੈ।* (ਗੁ.ਗ੍ਰੰ.414)। ਸਤਿ-ਸੰਗਤ ਦੇ ਕੀ ਲੱਛਣ ਹਨ ? ਇਸ ਦਾ ਉਤਰ ਗੁਰੂ ਨਾਨਕ ਦੇਵ ਜੀ ਆਪ ਦਿੰਦਿਆਂ ਕਹਿੰਦੇ ਹਨ ਕਿ ਸਤਿ-ਸੰਗਤ ਉਹ ਹੈ ਜਿਥੇ ਕੇਵਲ ਇਕ ਨਾਮ ਦਾ ਹੀ ਵਿਖਿਆਨ ਹੁੰਦਾ ਹੈ, ਕਿਉਂਕਿ ਨਾਮ ਹੀ ਇਕ-ਮਾਤ੍ਰ ਹੁਕਮ ਹੈ, ਜੋ ਸਤਿਗੁਰੂ ਨੇ ਸਾਨੂੰ ਦਸਿਆ ਹੈ— *ਸਤਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ। ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।* (ਗੁ.ਗ੍ਰੰ.72)। ਧਾਰਮਿਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੁੜ ਬੈਠੇ ਵਿਅਕਤੀਆਂ ਨੂੰ ਆਮ ਤੌਰ 'ਤੇ ਸਤਿ-ਸੰਗਤ ਜਾਂ ਸਾਧ-ਸੰਗਤ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਜਿਗਿਆਸੂਆਂ ਦੀ ਵਿਕਾਰਾਂ ਵਲੋਂ ਰੁਚੀ ਹਟ ਕੇ ਗੁਰੂ-ਚਰਣਾਂ ਨਾਲ ਜੁੜਦੀ ਹੈ, ਚਿੱਤ-ਬਿਰਤੀ ਵਿਚ ਇਕਾਗਰਤਾ ਆਉਂਦੀ ਹੈ। ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਕਿਹਾ ਸੀ— *ਮਰਦਾਨਿਆ, ਜੋ ਸਤਿਸੰਗ ਨਹੀਂ ਕਰਦੇ ਸੋ ਨਿਸਫਲ ਹੈਨ, ਮਾਨੁਖ ਦੇਹ ਭਗਵੰਤ ਨੇ ਜੋ ਦਿਤੀ ਹੈ ਸੋ ਪਰਉਪਕਾਰ ਵਾਸਤੇ, ਸਤਸੰਗ ਕਰਨ ਨੂੰ ਤੇ ਨਾਮ ਜਪਣੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ। ਸਤਸੰਗ ਕਰਨ ਤੇ ਪਵਿਤ੍ਰ ਹੋਵੀਦਾ ਹੈ, ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੋਂਦੀ ਹੈ।*

ਇਸ ਕਥਨ ਤੋਂ ਸਪੱਸ਼ਟ ਹੈ ਕਿ ਸਤਿ-ਸੰਗਤ ਨਾਲ ਜਿਗਿਆਸੂਆਂ ਵਿਚ ਪਵਿੱਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਵਿਅਕਤੀ ਸਤਿ-ਸੰਗਤ ਵਿਚ ਜਾਣ ਨਾਲ ਪਾਵਨ ਹੋ ਜਾਂਦੇ ਹਨ, ਕਿਉਂਕਿ ਗੁਰੂ ਦੀ ਮਤ ਨਾਲ ਉਨ੍ਹਾਂ ਦੀ ਆਵੱਸ਼ਕ ਸ਼ੁੱਧੀ ਹੋ ਜਾਂਦੀ ਹੈ— *ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਥੋ।* (ਗੁ.ਗ੍ਰੰ.1297)।

ਸਤਿ-ਸੰਗਤ/ਸਾਧ-ਸੰਗਤ ਵਿਚ ਜਾਣਾ ਕਿਉਂ ਜ਼ਰੂਰੀ ਹੈ ? ਇਸ ਲਈ ਕਿ ਗੁਰੂ ਅਰਜਨ ਦੇਵ ਜੀ ਅਨੁਸਾਰ, ਉਥੇ ਜਾ ਕੇ ਵੈਰ-ਵਿਰੋਧ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ, ਆਪਾ-ਪਰ ਕਾ ਭੇਦ ਮਿਟ ਜਾਂਦਾ ਹੈ, ਸਭ ਨਾਲ ਸਾਂਝ ਪੈਦਾ ਹੋ ਜਾਂਦੀ ਹੈ — *ਬਿਸਰਿ ਗਈ ਸਭ ਤਾਤਿ ਪਰਾਈ। ਜਬ ਤੇ ਸਾਧਸੰਗਤਿ ਮੋਹਿ ਪਾਈ। ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।* (ਗੁ.ਗ੍ਰੰ.1299)। ਮਨ ਦੇ ਵਿਕਾਰ ਨੂੰ ਦੂਰ ਕਰਨ ਲਈ ਸਾਧਸੰਗ ਅਤਿ ਜ਼ਰੂਰੀ ਹੈ। ਜਿਵੇਂ ਮੈਲੇ ਕਪੜੇ ਨੂੰ ਧੋਬੀ-ਘਾਟ ਉਤੇ ਲਿਆਇਆ ਜਾਂਦਾ ਹੈ, ਉਥੇ ਉਸ ਦੀ ਮੈਲ ਕਟ ਜਾਂਦੀ ਹੈ, ਉਹ ਸਵੱਛ ਹੋ ਕੇ ਪਰਤਦਾ ਹੈ, ਇਵੇਂ ਸਾਧ-ਸੰਗਤ ਜਿਗਿਆਸੂ ਦੀ ਮਾਨਸਿਕ ਸ਼ੁੱਧੀ ਦਾ ਸਰਵੋਤਮ ਸਾਧਨ ਹੈ। ਇਸ ਨੂੰ ਮਨੁੱਖਤਾ ਲਈ 'ਅਰੋਗਸ਼ਾਲਾ' ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਵੇਂ ਕਿਸੇ ਅਰੋਗਸ਼ਾਲਾ ਵਿਚ ਜਾ ਕੇ ਭਿਆਨਕ ਰੋਗਾਂ ਵਿਚ ਗ੍ਰਸਿਤ ਲੋਕ ਵੀ ਤੰਦਰੁਸਤ ਹੋ ਜਾਂਦੇ ਹਨ, ਉਸੇ ਤਰ੍ਹਾਂ ਸਤਿ-ਸੰਗਤ ਵਿਚ ਜਾ ਕੇ ਵੱਡੇ ਤੋਂ ਵੱਡਾ ਪਾਪੀ ਵੀ ਤਰ ਜਾਂਦਾ ਹੈ। ਮਨੁੱਖਤਾ ਨੂੰ ਭਵਸਾਗਰ ਵਿਚੋਂ ਤਾਰਨ ਦਾ ਸਭ ਤੋਂ ਵਧੇਰੇ ਸਰਲ ਉਪਾ ਸਾਧ-ਸੰਗਤ ਹੈ।

ਸਾਧ-ਸੰਗਤ ਤੋਂ ਪ੍ਰਾਪਤ ਹੋਣ ਵਾਲੇ ਸੁਖ ਜਾਂ ਆਨੰਦ ਨੂੰ ਸੰਤ ਕਬੀਰ ਨੇ ਬੈਕੁੰਠ ਤੋਂ ਵੀ ਸ੍ਰੇਸ਼ਠ ਸਮਝਿਆ ਹੈ — *ਜਬ ਲਗੁ ਮਨਿ ਬੈਕੁੰਠ ਕੀ ਆਸ। ਤਬ ਲਗੁ ਹੋਇ ਨਹੀ ਚਰਨ ਨਿਵਾਸੁ। ਕਹੁ ਕਬੀਰ ਇਹ ਕਹੀਐ ਕਾਹਿ। ਸਾਧ ਸੰਗਤਿ ਬੈਕੁੰਠੈ ਆਹਿ।* (ਗੁ.ਗ੍ਰੰ.325), ਕਿਉਂਕਿ ਇਸ ਨਾਲ ਹਰ ਪ੍ਰਕਾਰ ਦੇ ਦੁਖਾਂ ਤੋਂ ਬਚਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਉਤੇ ਜੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਬ੍ਰਹਮ-ਗਿਆਨ ਨੂੰ ਪੁਸਤਕਾਂ ਵਿਚੋਂ ਨਹੀਂ, ਸਤਿ-ਸੰਗਤ ਤੋਂ ਪ੍ਰਾਪਤ ਕੀਤਾ ਸੀ। ਉਨ੍ਹਾਂ ਨੇ ਆਪਣੀਆਂ ਉਦਾਸੀਆਂ ਵਿਚ ਅਨੇਕ ਵਾਰ ਸਾਧ-ਸੰਗਤ ਮਾਣੀ ਸੀ।

ਸਤਿ-ਸੰਗਤ ਦਾ ਮੂਲ-ਮਨੋਰਥ ਭਾਵੇਂ ਜਿਗਿਆਸੂ ਦੇ ਅਧਿਆਤਮਿਕ ਜੀਵਨ ਨੂੰ ਸੁਧਾਰਨਾ ਹੈ, ਪਰ ਸਤਿ-

ਸੰਗਤ ਨਾਲ ਅਧਿਆਤਮਿਕ ਸਾਧਨਾ ਨੂੰ ਸਮਾਜਿਕ ਸੰਦਰਭ ਪ੍ਰਾਪਤ ਹੁੰਦਾ ਹੈ। ਇਸ ਦੀ ਸਮਾਜ ਲਈ ਉਪਯੋਗਤਾ ਵਧਦੀ ਹੈ। ਚੰਗੇ ਜਾਂ ਭਲੇ ਪੁਰਸ਼ਾਂ ਦੇ ਸੰਪਰਕ ਵਿਚ ਆਉਣ ਨਾਲ ਚਰਿਤ੍ਰ ਵਿਚ ਵਿਕਾਸ ਹੁੰਦਾ ਹੈ। ਕਿਸੇ ਵਿਅਕਤੀ ਦੇ ਚਰਿਤ੍ਰ ਨੂੰ ਪਰਖਣ ਲਈ ਉਸ ਦੀ ਸੰਗਤ ਦਾ ਬਹੁਤ ਮਹੱਤਵ ਹੈ, ਇਸ ਲਈ ਸਦਾ ਚੰਗੀ ਸੰਗਤ, ਸ੍ਰੇਸ਼ਠ ਸੰਗਤ ਵਿਚ ਰਹਿਣਾ ਚਾਹੀਦਾ ਹੈ।

ਸਤਿ-ਸੰਗਤ ਵਿਚ ਜਾਣ ਨਾਲ ਜਿਥੇ ਮਾਨਸਿਕ ਵਿਕਾਰ ਦੂਰ ਹੁੰਦੇ ਹਨ, ਉਥੇ ਮਨੁੱਖ ਮਨੁੱਖ ਦੇ ਨੇੜੇ ਹੁੰਦਾ ਹੈ, ਉਸ ਨੂੰ ਸਹੀ ਢੰਗ ਨਾਲ ਸਮਝਦਾ ਹੈ, ਪਰਸਪਰ ਵਿੱਥਾਂ ਮਿਟਦੀਆਂ ਹਨ। ਇਕ ਦੂਜੇ ਨੂੰ ਸਹਿਯੋਗ ਦੇਣ ਦੀ ਲਾਲਸਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਮਾਜ ਇਕ ਚੰਗਾ ਸਮਾਜ ਬਣਦਾ ਹੈ। ਇਸ ਨਾਲ ਲੋਕ ਪਰਲੋਕ ਦੋਵੇਂ ਸੁਧਰਦੇ ਹਨ। ਸੰਸਾਰ ਵਿਚ ਭਟਕਿਆ ਹੋਇਆ ਮਨੁੱਖ ਸਤਿ-ਸੰਗਤ ਰਾਹੀਂ ਹੀ ਮਾਨਸਿਕ ਸਥਿਰਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।*(ਗੁ.ਗ੍ਰੰ.10)। ਗੁਰੂ ਰਾਮਦਾਸ ਜੀ ਅਨੁਸਾਰ ਸਤਿ-ਸੰਗਤ ਪਤਿਤ ਨੂੰ ਪਾਵਨ ਬਣਾ ਕੇ ਪ੍ਰਤਿਸ਼ਠਾ ਪ੍ਰਾਪਤ ਕਰਨ ਯੋਗ ਬਣਾ ਦਿੰਦੀ ਹੈ— *ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ।*

ਮਨੁੱਖਤਾ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਅਤੇ ਸਮੁੱਚੇ ਸਮਾਜਿਕ ਕਲਿਆਣ ਲਈ ਅਜ ਵੀ ਸਤਿ-ਸੰਗਤ ਵਿਸ਼ੇਸ਼ ਅਰਥ ਅਤੇ ਮਹੱਤਵ ਰਖਦੀ ਹੈ। ਸਤਿ-ਸੰਗਤ ਰਾਹੀਂ ਮਾਨਸਿਕ ਸੰਤੁਲਨ ਨੂੰ ਕਾਇਮ ਰਖਦਿਆਂ ਜਿਗਿਆਸੂਆਂ ਨੂੰ ਮਾਨਵ ਕਲਿਆਣ ਲਈ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

**ਸਤਿ ਸ੍ਰੀ ਅਕਾਲ:** ਇਹ ਉਕਤੀ ਖ਼ਾਲਸੇ ਦੇ ਜੈਕਾਰੇ ਦਾ ਉਤਰਾਰਧ ਹੈ। ਹਰ ਇਕ ਧਰਮ ਵਿਚ ਜੈਘੋਸ਼ ਕਰਨ ਵੇਲੇ ਕੋਈ ਨ ਕੋਈ 'ਜੈਕਾਰਾ' ਪ੍ਰਚਲਿਤ ਰਿਹਾ ਹੈ, ਜਿਵੇਂ ਮੁਸਲਮਾਨਾਂ ਵਿਚ 'ਅਲਾਹ ਹੂ ਅਕਬਰ', ਹਿੰਦੂਆਂ ਵਿਚ 'ਹਰਿ ਹਰ ਮਹਾਦੇਵ' ਆਦਿ। ਇਸ ਪ੍ਰਕਾਰ ਦੇ ਜੈਕਾਰਿਆਂ ਨਾਲ ਸੈਨਿਕਾਂ ਦਾ ਉਤਸਾਹ ਵਧਾਇਆ ਜਾਂਦਾ ਸੀ। ਇਸ ਪਰੰਪਰਾਗਤ ਬਿਰਤੀ ਅਧੀਨ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖ਼ਾਲਸੇ ਲਈ ਜਿਸ ਜੈਕਾਰੇ ਦਾ ਵਿਧਾਨ ਕੀਤਾ, ਉਸ ਦਾ ਪੂਰਾ ਰੂਪ ਇਸ ਪ੍ਰਕਾਰ ਸੀ — *ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।* ਇਨ੍ਹਾਂ ਦੋ ਵਾਕਾਂਸ਼ਾਂ ਵਿਚੋਂ ਪਹਿਲਾ ਵਾਕਾਂਸ਼ ਕੋਈ ਸਿੰਘ ਉੱਚੀ ਸੁਰ ਵਿਚ ਬੋਲਦਾ ਹੈ ਅਤੇ ਦੂਜਾ ਵਾਕਾਂਸ਼ ਸਾਰਾ ਜੱਥਾ ਅਥਵਾ ਉਪਸਥਿਤ ਸਮਾਜ ਉੱਚੀ ਸੁਰ ਵਿਚ ਪੂਰਦਾ ਹੈ। ਇਸ ਦੀ ਵਰਤੋਂ ਸਸ਼ਸਤ੍ਰ ਅਤੇ ਨਿਸ਼ਸਤ੍ਰ ਦੋਹਾਂ ਤਰ੍ਹਾਂ ਦੇ ਸੰਘਰਸ਼ਾਂ ਵੇਲੇ ਕੀਤੀ ਜਾ ਸਕਦੀ ਹੈ। 'ਸਸ਼ਸਤ੍ਰ' ਸੰਘਰਸ਼ ਯੁੱਧ ਦਾ ਸੂਚਕ ਹੈ ਅਤੇ 'ਨਿਸ਼ਸਤ੍ਰ' ਸੰਘਰਸ਼ ਸ਼ਾਂਤਮਈ ਅੰਦੋਲਨ ਦਾ ਵਾਚਕ ਹੈ। ਗੁਰਦੁਆਰਾ ਸੁਧਾਰ ਲਹਿਰ ਵੇਲੇ ਨਿਸ਼ਸਤ੍ਰ ਸੰਘਰਸ਼ ਲਈ ਇਸ ਜੈਕਾਰੇ ਦੀ ਵਰਤੋਂ ਹੁੰਦੀ ਸੀ।

ਪਰ ਹੁਣ ਸਿੱਖ ਸਮਾਜ ਵਿਚ ਇਸ ਵਾਕਾਂਸ਼ ਦੀ ਵਰਤੋਂ ਪਰਸਪਰ ਮਿਲਣ ਵੇਲੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਉਕਤੀ ਲਈ ਕੀਤੀ ਜਾ ਰਹੀ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ 'ਸਤਿ ਸ੍ਰੀ ਅਕਾਲ' ਗੁਰਮਤਿ ਅਤੇ ਦਸਮ ਗੁਰੂ ਦੁਆਰਾ ਪ੍ਰਵਾਨਿਤ ਉਕਤੀ ਹੈ, ਪਰ ਇਸ ਦਾ ਮਰਯਾਦਿਤ ਪ੍ਰਯੋਗ ਜੈਕਾਰੇ ਨਾਲ ਸੰਬੰਧਿਤ ਹੈ। ਇਸ ਜੈਕਾਰੇ ਨੂੰ ਹੁਣ ਯੁੱਧ-ਕਰਮ ਕਰਨ ਵੇਲੇ ਤੋਂ ਇਲਾਵਾ ਦੀਵਾਨ ਦੀ ਸਮਾਪਤੀ ਸਮੇਂ, ਪ੍ਰਸਥਾਨ ਕਰਨ ਵੇਲੇ, ਝਟਕਾ ਕਰਨ ਸਮੇਂ, ਕਿਸੇ ਵਿਖਿਆਨ ਦੌਰਾਨ ਵਿਸ਼ੇਸ਼ ਕਥਨ ਦੀ ਸਰਾਹਨਾ ਕਰਨ ਵੇਲੇ, ਕਿਸੇ ਮਤੇ/ਗੁਰਮਤੇ ਦੀ ਪੁਸ਼ਟੀ ਕਰਨ ਸਮੇਂ ਵੀ ਵਰਤਿਆ ਜਾ ਰਿਹਾ ਹੈ। ਪਰਸਪਰ ਮਿਲਣ ਵੇਲੇ ਫਤਹਿ ਬੁਲਾਉਣ ਦਾ ਵਿਧਾਨ ਹੈ, ਪਰ ਫਤਹਿ ਵੀ ਪੂਰੀ ਉਕਤੀ ਦੇ ਉੱਚਾਰਣ ਰਾਹੀਂ ਸੰਪੰਨ ਕਰਨੀ ਚਾਹੀਦੀ ਹੈ।

**ਸਤਿਨਾਮ:** ਜਪੁਜੀ ਦੇ ਆਰੰਭ ਵਿਚ ਮੂਲ-ਮੰਤ੍ਰ ਅੰਦਰ ਦਰਜ ਇਹ ਸ਼ਬਦ ਪਰਮ-ਸੱਤਾ ਦੇ ਵਾਚਕ ਵਜੋਂ ਵਰਤਿਆ ਗਿਆ ਹੈ। ਇਹ 'ਸਤਿ' ਅਤੇ 'ਨਾਮ' ਦਾ ਸੰਯੁਕਤ ਰੂਪ ਹੈ। ਸਤਿ (ਸੰਸਕ੍ਰਿਤ—'ਸਤ੍ਯ') ਦਾ ਅਰਥ ਹੈ ਸਦਾ ਵਿਦਮਾਨ ਰਹਿਣ ਵਾਲਾ। ਇਸ ਪਦ ਦਾ ਸਰੂਪ ਕਿਤੇ ਕਿਤੇ 'ਸਚ' ਵੀ ਹੈ। ਅਰਥ ਦੋਹਾਂ ਦਾ ਇਕੋ ਹੈ। 'ਨਾਮ' ਦਾ ਅਰਥ ਹੈ ਜਿਸ ਸ਼ਬਦ ਰਾਹੀਂ ਕਿਸੇ ਨੂੰ ਸੰਬੋਧਿਤ ਕੀਤਾ ਜਾਏ।

ਮਹਾਨਕੋਸ਼ਕਾਰ ਅਨੁਸਾਰ 'ਸਤਿਨਾਮ' ਦਾ ਅਰਥ ਹੈ ਤਿੰਨ ਕਾਲਾਂ ਵਿਚ ਇਕ-ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ। ਜਪੁ ਮੰਤ੍ਰ ਕੇਵਲ 'ਸਤਿ' ਹੈ, 'ਨਾਮ' ਸ਼ਬਦ ਇਦੰਤਾ ਬੋਧਕ ਹੈ, ਜਿਵੇਂ ਹਰਿਨਾਮ, ਰਾਮਨਾਮ ਆਦਿ ਸ਼ਬਦਾਂ ਵਿਚ ਵੇਖਿਆ ਜਾਂਦਾ ਹੈ।

ਵੇਦਾਂਤ ਦੇ ਪ੍ਰਸਿੱਧ ਭਾਸ਼੍ਯਕਾਰ ਸ਼ੰਕਰਾਚਾਰਯ ਨੇ ਪਰਮਾਰਥ ਜਾਂ ਸਤ੍ਯ ਉਸ ਪਦਾਰਥ ਨੂੰ ਮੰਨਿਆ ਹੈ ਜੋ ਸਾਰੀਆਂ ਅਵਸਥਾਵਾਂ ਵਿਚ ਆਪਣੇ ਸਰੂਪ ਵਿਚ ਸਥਿਰ ਰਹਿੰਦਾ ਹੈ। ਸੰਤ ਕਬੀਰ ਨੇ ਸਦਾ ਸਥਿਰ ਰਹਿਣ ਵਾਲੇ ਪਦਾਰਥ ਨੂੰ 'ਸਤਿ' ਕਿਹਾ ਹੈ ਕਿਉਂਕਿ ਉਤਪੱਤੀ ਅਤੇ ਨਾਸ਼ ਦੇ ਕ੍ਰਮ ਵਿਚ ਪਰਿਵਰਤਿਤ ਹੋਣ ਵਾਲਾ ਪਦਾਰਥ ਅਸਤ੍ਯ ਹੈ— *ਸਾਂਚ ਸੋਈ ਜੋ ਥਿਰਹ ਰਹਾਈ। ਉਪਜੈ ਬਿਨਸੈ ਝੂੰਠ ਹ੍ਵੈ ਜਾਈ।*('ਕਬੀਰ ਗ੍ਰੰਥਾਵਲੀ' 117)। ਸਪੱਸ਼ਟ ਹੈ ਕਿ ਸੰਸਾਰ ਨਾਸ਼ਮਾਨ ਹੈ, ਪਰੰਤੂ ਪਰਮ-ਸੱਤਾ ਸਦਾ ਸਥਿਰ ਰਹਿਣ ਵਾਲੀ ਸਤ੍ਯ-ਸਰੂਪ ਹੈ।

ਗੁਰਬਾਣੀ ਵਿਚ 'ਸਤਿ' ਦੇ ਉਪਰੋਕਤ ਅਰਥਾਂ ਦਾ ਕਈ ਥਾਂਵਾਂ ਉਤੇ ਵਿਸਤਾਰ ਨਾਲ ਚਿਤ੍ਰਣ ਹੋਇਆ ਹੈ। 'ਜਪੁਜੀ' ਦੇ ਪਹਿਲੇ ਸ਼ਲੋਕ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਪਰਮਾਤਮਾ ਆਦਿ ਵਿਚ (ਸ੍ਰਿਸ਼ਟੀ ਰਚਨਾ ਤੋਂ ਪਹਿਲਾਂ) ਸਤ੍ਯ ਸਰੂਪ ਸੀ, ਯੁਗਾਂ ਦੇ ਆਦਿ ਵੇਲੇ ਸਤ੍ਯ ਸਰੂਪ ਸੀ, ਵਰਤਮਾਨ ਕਾਲ ਵਿਚ ਸਤ੍ਯ ਹੈ ਅਤੇ ਭਵਿਸ਼ ਵਿਚ ਵੀ ਸਤ੍ਯ ਹੀ ਹੋਵੇਗਾ — *ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।* 'ਜਪੁਜੀ' ਦੀ 27ਵੀਂ ਪਉੜੀ ਵਿਚ ਵੀ ਅੰਕਿਤ ਹੈ ਕਿ ਸੱਚਾ ਸਾਹਿਬ ਸਦਾ ਸੱਚਾ ਅਤੇ ਸੱਚੇ ਨਾਮ ਵਾਲਾ ਹੈ। ਉਹੀ ਪਰਮਾਤਮਾ ਵਰਤਮਾਨ ਹੈ, ਉਹੀ ਭੂਤਕਾਲ ਵਿਚ ਸੀ ਅਤੇ ਉਹੀ ਭਵਿਸ਼ ਵਿਚ ਰਹੇਗਾ। ਜਿਸ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਨ ਜਾ ਸਕਦਾ ਹੈ, ਨ ਜਾਏਗਾ, ਅਰਥਾਤ ਨਾਸ਼ ਨੂੰ ਪ੍ਰਾਪਤ ਨਹੀਂ ਹੋਵੇਗਾ— *ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ। ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।* (ਗੁ.ਗ੍ਰੰ.9)। ਰਾਮਕਲੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਸਤਿ ਚਿਰ-ਨਵੀਨ ਹੈ, ਕਦੇ ਪੁਰਾਣਾ ਨਹੀਂ ਹੁੰਦਾ। ਇਸ ਨਾਲ ਇਕ ਵਾਰ ਸਾਖਿਆਤਕਾਰ ਹੋ ਜਾਣ ਨਾਲ ਫਿਰ ਵਿਛੋੜਾ ਨਹੀਂ ਹੁੰਦਾ। ਉਹ ਤਦ ਤਕ ਪ੍ਰਤੀਤ ਹੁੰਦਾ ਰਹਿੰਦਾ ਹੈ ਜਦ ਤਕ ਉਸ ਨੂੰ ਜਪਿਆ ਜਾਂਦਾ ਹੈ— *ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ। ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।*(ਗੁ.ਗ੍ਰੰ.955-56)।

'ਸਤਿ' ਨਾਂ ਦੀ ਮਹਿਮਾ ਦਾ ਵਰਨਣ ਵੇਦਾਂ ਤੋਂ ਆਰੰਭ ਹੋ ਗਿਆ ਸੀ। 'ਰਿਗਵੇਦ' (10/85/1) ਵਿਚ ਆਕਾਸ਼, ਪ੍ਰਿਥਵੀ, ਵਾਯੂ ਆਦਿ ਪੰਜ-ਭੂਤਾਂ ਨੂੰ ਸਤਿ ਤੋਂ ਹੀ ਸਥਿਰ ਮੰਨਿਆ ਗਿਆ ਹੈ। ਸ੍ਰਿਸ਼ਟੀ ਤੋਂ ਪਹਿਲਾਂ ਵੀ 'ਸਤਿ' ਹੀ ਸੀ। ਉਪਨਿਸ਼ਦਾਂ ਵਿਚ ਇਹ ਬ੍ਰਹਮ ਦੇ ਵਾਚਕ ਵਜੋਂ ਵਰਤਿਆ ਮਿਲਦਾ ਹੈ। ਇਹ ਧਾਰਣਾ ਕੇਵਲ ਭਾਰਤੀ ਅਧਿਆਤਮਿਕ ਜਗਤ ਦੀ ਹੀ ਨਹੀਂ, ਅਭਾਰਤੀ ਧਰਮਾਂ ਵਿਚ ਵੀ ਪਰਮਾਤਮਾ ਨੂੰ ਸਚ (Truth) ਕਹਿਣ ਦੀ ਪਰੰਪਰਾ ਮੌਜੂਦ ਹੈ।

ਗੁਰਬਾਣੀ ਵਿਚ 'ਸਤਿ'/'ਸਚ' ਨੂੰ ਸਰਵਤ੍ਰ ਪਰਮ-ਸੱਤਾ ਦੇ ਵਾਚਕ ਵਜੋਂ ਅਨੇਕ ਥਾਂਵਾਂ ਉਤੇ ਵਰਤਿਆ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਤਿ ਸਰੂਪ ਪਰਮਾਤਮਾ ਹੀ ਸੱਚਾ ਹੈ, ਉਸ ਤੋਂ ਭਿੰਨ ਹੋਰ ਕੋਈ ਦੂਜਾ ਨਹੀਂ ਹੈ। ਉਸੇ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਉਹੀ ਉਸ ਦਾ ਵਿਨਾਸ਼ ਕਰਦਾ ਹੈ— *ਸਾਚਾ ਸਚੁ ਸੋਈ ਅਵਰੁ ਨ ਕੋਈ। ਜਿਨਿ ਸਿਰਜੀ ਤਿਨ ਹੀ ਫੁਨਿ ਗੋਈ।*(ਗੁ.ਗ੍ਰੰ.1020)।

ਗੁਰਮਤਿ ਵਿਚ ਪਰਮਾਤਮਾ ਦੇ ਵਾਚਕ ਇਸ ਸ਼ਬਦ ਦਾ ਮਹੱਤਵ ਇਹ ਵੀ ਹੈ ਕਿ ਇਹ ਨਾਮ ਸਭ ਤੋਂ ਪੁਰਾਤਨ ਹੈ। ਜੀਭ ਰਾਹੀਂ ਕਥਨ ਕੀਤੇ ਜਾਣ ਵਾਲੇ ਬਾਕੀ ਸਾਰੇ ਨਾਮ ਬਨਾਵਟੀ ਹਨ— *ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿਨਾਮੁ ਤੇਰਾ ਪਰਾ ਪੂਰਬਲਾ।*(ਗੁ.ਗ੍ਰੰ.1083)। ਜੇ ਸਚਮੁਚ ਪਰਮਾਤਮਾ ਦਾ ਕੋਈ ਨਾਮ ਹੈ ਤਾਂ ਉਹ ਸਤਿ (ਸਚ) ਹੀ ਹੈ— *ਤੇਰਾ ਸਚੁ ਨਾਮੁ ਪਰਮੇਸਰਾ।*(ਗੁ.ਗ੍ਰੰ.1168)।

ਸਾਫ਼ ਹੈ ਕਿ ਮੂਲ-ਮੰਤ੍ਰ ਪ੍ਰਤਿਪਾਦਿਤ ਬ੍ਰਹਮ ਦਾ ਸਰੂਪ ਜੇ ਕਰਤਾ-ਪੁਰਖ ਅਤੇ ਸੈਭੰ ਹੈ, ਤਾਂ ਨਿਸਚੇ ਹੀ ਉਹ 'ਸਤਿਨਾਮ' ਵੀ ਹੈ।

**ਸਤਿਨਾਮ ਸਿੰਘ ਸ਼ਾਹ** (1919-1991 ਈ.): ਡੇਰਾ ਸੱਚਾ ਸੌਦਾ, ਸਿਰਸਾ (ਹਰਿਆਣਾ ਪ੍ਰਾਂਤ) ਦੇ ਸ਼ਾਹ ਮਸਤਾਨਾ ਤੋਂ ਬਾਦ ਬਣੇ ਉਤਰਾਧਿਕਾਰੀ ਸ਼ਾਹ ਸਤਿਨਾਮ ਸਿੰਘ ਦਾ ਜਨਮ ਸ. ਵਰਿਆਮ ਸਿੰਘ ਸਿੱਧੂ ਦੇ ਘਰ ਮਾਈ ਆਸ ਕੌਰ ਦੀ ਕੁੱਖੋਂ 25 ਜਨਵਰੀ 1919 ਈ. ਨੂੰ ਪਿੰਡ ਜਲਾਲਆਣਾ, ਤਹਿਸੀਲ ਡਬਵਾਲੀ, ਜ਼ਿਲ੍ਹਾ ਸਿਰਸਾ ਵਿਚ ਹੋਇਆ। ਆਪ ਦਾ ਪਹਿਲਾ ਨਾਂ ਹਰਬੰਸ ਸਿੰਘ ਸੀ। ਪਰ ਸ਼ਾਹ ਮਸਤਾਨਾ ਨੇ ਬਦਲ ਕੇ ਸਤਿਨਾਮ ਸਿੰਘ ਕਰ ਦਿੱਤਾ। ਆਪ ਆਪਣੇ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਪੰਜ ਸਾਲ ਦੀ ਉਮਰ ਵਿਚ ਪਿਤਾ ਦੇ ਦੇਹਾਂਤ ਤੋਂ ਬਾਦ ਆਪ ਦਾ ਪਾਲਣ-ਪੋਸਣ ਮਾਮਾ ਸ. ਵੀਰ ਸਿੰਘ ਨੇ ਕੀਤਾ। ਆਪ ਦੀ ਮਾਤਾ ਸ਼ੁਭ

ਆਚਾਰ ਵਾਲੀ ਧਰਮੀ ਇਸਤਰੀ ਸੀ। ਉਸ ਦਾ ਪ੍ਰਭਾਵ ਆਪ ਦੀ ਸ਼ਖ਼ਸੀਅਤ ਉੱਤੇ ਪਿਆ ਅਤੇ ਆਪ ਸ਼ੁਰੂ ਤੋਂ ਹੀ ਅਧਿਆਤਮਿਕ ਸਾਧਨਾ ਨਾਲ ਜੁੜ ਗਏ। ਅਨੇਕ ਸੰਤਾਂ ਮਹਾਪੁਰਸ਼ਾਂ ਦੀ ਸੰਗਤ ਮਾਣੀ ਪਰ ਕਿਤੋਂ ਵੀ ਆਪ ਦੀ ਅਧਿਆਤਮਿਕ ਜਿਗਿਆਸਾ ਦੀ ਸੰਤੁਸ਼ਟੀ ਨ ਹੋਈ। ਅੰਤ ਵਿਚ ਸ਼ਾਹ ਮਸਤਾਨਾ ਦੇ ਸੰਪਰਕ ਵਿਚ ਆਏ ਅਤੇ ਫਿਰ ਉਨ੍ਹਾਂ ਦੇ ਹੀ ਹੋ ਗਏ।

ਕਈ ਵਰ੍ਹੇ ਸ਼ਾਹ ਮਸਤਾਨਾ ਦੀ ਸੇਵਾ ਵਿਚ ਰਹਿ ਕੇ ਅਤੇ ਉਨ੍ਹਾਂ ਦੁਆਰਾ ਲਈਆਂ ਅਨੇਕ ਪਰੋਖ ਪਰੀਖਿਆਵਾਂ ਵਿਚ ਸਫਲ ਹੋਣ ਉਪਰੰਤ ਆਪ ਜੀ ਨੂੰ ਸ਼ਾਹ ਜੀ ਨੇ ਆਪਣਾ ਉੱਤਰਾਧਿਕਾਰੀ ਘੋਸ਼ਿਤ ਕੀਤਾ। 18 ਅਪ੍ਰੈਲ 1960 ਈ. ਨੂੰ ਸ਼ਾਹ ਮਸਤਾਨਾ ਦਾ ਦਿੱਲੀ ਵਿਚ ਦੇਹਾਂਤ ਹੋ ਜਾਣ ਤੋਂ ਬਾਦ ਆਪ ਨੇ ਡੇਰੇ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਮਸਤਾਨਾ ਜੀ ਦੀਆਂ ਸਿਖਿਆਵਾਂ ਅਨੁਸਾਰ ਕੰਮ-ਕਾਰ ਚਲਾਣਾ ਸ਼ੁਰੂ ਕੀਤਾ। ਆਪ ਨੇ ਯੂ.ਪੀ., ਰਾਜਸਥਾਨ, ਹਰਿਆਣਾ, ਪੰਜਾਬ ਆਦਿ ਅਨੇਕ ਪ੍ਰਾਂਤਾਂ ਦੇ ਪਿੰਡਾਂ, ਨਗਰਾਂ, ਕਸਬਿਆਂ ਵਿਚ ਦੋ ਹਜ਼ਾਰ ਤੋਂ ਵਧ ਸਤਿਸੰਗ ਕੀਤੇ ਅਤੇ ਸੱਚਾ ਸੌਦਾ ਡੇਰੇ ਦਾ ਪੈਗ਼ਾਮ ਲੋਕਾਂ ਤਕ ਪਹੁੰਚਾਇਆ। 13 ਦਸੰਬਰ 1991 ਈ. ਨੂੰ ਆਪ ਨੇ ਆਪਣੇ ਸੇਵਕ ਸੰਤ ਗੁਰਮੀਤ ਰਾਮ ਰਹੀਮ ਸਿੰਘ ਨੂੰ ਡੇਰੇ ਦੀ ਜ਼ਿੰਮੇਵਾਰੀ ਸੰਭਾਲਦੇ ਹੋਇਆਂ ਸ਼ਰੀਰਕ ਚੋਲਾ ਤਿਆਗ ਦਿੱਤਾ। ਡੇਰਾ ਸੱਚਾ ਸੌਦਾ ਇਕ ਸਰਵ-ਧਰਮ ਸੰਗਮ ਦੇ ਰੂਪ ਵਿਚ ਪ੍ਰਸਿੱਧ ਹੈ। ਉਥੇ ਸਾਰੇ ਧਰਮਾਂ ਵਾਲਿਆਂ ਦਾ ਸਮਾਨ ਭਾਵ ਨਾਲ ਸਤਿਕਾਰ ਕੀਤਾ ਜਾਂਦਾ ਹੈ। ਇਸ ਡੇਰੇ ਦੀਆਂ ਸ਼ਾਖਾਵਾਂ ਰਾਜਸਥਾਨ, ਹਰਿਆਣਾ, ਪੰਜਾਬ, ਯੂ.ਪੀ. ਆਦਿ ਅਨੇਕ ਪ੍ਰਾਂਤਾਂ ਵਿਚ ਬਣੀਆਂ ਹੋਈਆਂ ਹਨ। ਗ਼ਰੀਬਾਂ ਅਤੇ ਪੀੜਤਾਂ ਦੀ ਸਹਾਇਤਾ, ਮੁਫ਼ਤ ਡਾਕਟਰੀ ਸਹੂਲਤਾਂ, ਸੋਕੇ ਅਤੇ ਭੂਚਾਲ ਦੇ ਦੁਖਿਆਰਿਆਂ ਦੀ ਦੇਖ-ਭਾਲ ਆਦਿ ਅਨੇਕ ਤਰ੍ਹਾਂ ਦੇ ਮਾਨਵ ਹਿਤੈਸ਼ੀ ਕੰਮਾਂ ਵਿਚ ਰੁਚੀ ਲੈਣਾ ਇਸ ਡੇਰੇ ਦੀ ਮੁੱਖ ਬਿਰਤੀ ਅਤੇ ਕਾਰਜ-ਪ੍ਰਣਾਲੀ ਹੈ।

**ਸਤਿਬੀਰ ਸਿੰਘ, ਪ੍ਰਿੰਸੀਪਲ** (1932-1994 ਈ.): ਇਕ ਆਧੁਨਿਕ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਜਿਸ ਦਾ ਜਨਮ 1 ਮਾਰਚ 1932 ਈ. ਨੂੰ ਭਾਈ ਹਰਨਾਮ ਸਿੰਘ ਦੇ ਘਰ ਬੀਬੀ ਰਣਜੀਤ ਕੌਰ ਦੀ ਕੁੱਖੋਂ ਜੇਹਲਮ (ਪੱਛਮੀ ਪੰਜਾਬ) ਵਿਚ ਹੋਇਆ। ਵੰਡ ਤੋਂ ਬਾਦ ਆਪਣੇ ਪਰਿਵਾਰ ਸਹਿਤ ਇਹ ਕਾਨਪੁਰ (ਉੱਤਰ ਪ੍ਰਦੇਸ਼) ਵਿਚ ਆ ਵਸਿਆ। ਪੰਜਾਬ ਯੂਨੀਵਰਸਿਟੀ ਤੋਂ ਐਮ.ਏ. (ਇਤਿਹਾਸ) ਪਾਸ ਕਰਕੇ ਲਾਇਲਪੁਰ ਖ਼ਾਲਸਾ ਕਾਲਜ ਵਿਚ ਲੈਕਚਰਾਰ ਲਗਿਆ। ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿਤ ਵਿਚ ਇਸ ਦੀ ਵਿਸ਼ੇਸ਼ ਰੁਚੀ ਸੀ। ਇਨ੍ਹਾਂ ਵਿਸ਼ਿਆਂ ਦਾ ਇਸ ਨੇ ਡੂੰਘਾ ਅਧਿਐਨ ਕੀਤਾ ਅਤੇ 'ਸਾਡਾ ਇਤਿਹਾਸ' ਦਾ ਪਹਿਲਾ ਭਾਗ ਸੰਨ 1957 ਈ. ਅਤੇ ਦੂਜਾ ਭਾਗ ਸੰਨ 1962 ਈ. ਵਿਚ ਪ੍ਰਕਾਸ਼ਿਤ ਕੀਤੇ। ਇਸ ਤੋਂ ਬਾਦ ਰਚਨਾਵਾਂ ਦਾ ਪ੍ਰਵਾਹ ਚਲ ਪਿਆ।

ਇਹ ਇਕ ਚੰਗਾ ਵਕਤਾ ਸੀ। ਇਸ ਪਾਸ ਲਗਾਤਾਰ ਲਿਖਦੇ ਰਹਿਣ ਦਾ ਕੁਦਰਤੀ ਗੁਣ ਸੀ। ਸਵੇਰੇ ਉਠ ਕੇ ਆਪਣੇ ਲਿਖਣ ਦਾ ਕੰਮ ਇਹ ਮੁਕਾ ਲੈਂਦਾ ਸੀ ਅਤੇ ਉਸ ਤੋਂ ਬਾਦ ਧਰਮ-ਪ੍ਰਚਾਰ ਲਈ ਲੈਕਚਰ ਦੇਣ ਜਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਤਤਪਰ ਰਹਿੰਦਾ ਸੀ। ਸ. ਸਰੂਪ ਸਿੰਘ ਕਲ੍ਹਾ ਦੀ ਪ੍ਰੇਰਣਾ ਨਾਲ ਇਹ ਸਿੱਖ ਸਟੂਡੈਂਟ ਫੈਡਰੇਸ਼ਨ ਵਲ ਆਇਆ ਅਤੇ ਪੂਰੀ ਤਨ-ਦੇਹੀ ਨਾਲ ਉਸ ਵਿਚ ਸ਼ਿਰਕਤ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਇਸ ਨੇ ਧਰਮ ਪ੍ਰਚਾਰ ਕਮੇਟੀ ਦੀ ਬਹੁਤ ਵੱਡੀ ਜ਼ਿੰਮੇਵਾਰੀ ਨਿਭਾਈ। ਸ਼੍ਰੋਮਣੀ ਕਮੇਟੀ ਵਲੋਂ ਛਪਣ ਵਾਲੀ ਸਾਰੀ ਪ੍ਰਚਾਰ ਸਾਮਗ੍ਰੀ ਜਾਂ ਲੇਖ ਇਹ ਬੜੇ ਧਿਆਨ ਨਾਲ ਪੜ੍ਹ ਕੇ ਅਤੇ ਲੋੜ ਅਨੁਸਾਰ ਸੋਧ ਕਰਕੇ ਪ੍ਰਕਾਸ਼ਿਤ ਕਰਵਾਉਂਦਾ ਸੀ। ਇਸ ਦੀ ਸਿੱਖ ਵਿਦਿਅਕ ਸੰਸਥਾਵਾਂ, ਸਕੂਲਾਂ, ਕਾਲਜਾਂ ਦੇ ਸੁਧਾਰ ਅਤੇ ਵਿਸਤਾਰ ਵਿਚ ਬਹੁਤ ਰੁਚੀ ਸੀ।

ਇਸ ਨੇ ਕੇਵਲ 62 ਵਰ੍ਹਿਆਂ ਦੀ ਜ਼ਿੰਦਗੀ ਵਿਚ ਪੰਜਾਬੀ ਅਤੇ ਅੰਗ੍ਰੇਜ਼ੀ ਦੀਆਂ 74 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ। ਇਨ੍ਹਾਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਵਿਆਖਿਆ, ਗੁਰ-ਇਤਿਹਾਸ, ਰਹਿਤ-ਮਰਯਾਦਾ ਅਤੇ ਸ਼ਿਰੋਮਣੀ ਸਿੱਖਾਂ ਦੀਆਂ ਜੀਵਨੀਆਂ ਆਦਿ ਰਹੇ ਹਨ। ਇਸ ਨੇ ਦਸ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਣ ਦੀ ਇਕ ਪੁਸਤਕ ਲੜੀ ਚਲਾ ਕੇ 10 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਨ੍ਹਾਂ ਦੇ ਨਾਂ ਗੁਰੂ ਸਾਹਬਿਾਨ ਦੇ ਜੀਵਨ ਦੀ ਕਿਸੇ ਘਟਨਾ ਜਾਂ ਮਾਨਤਾ ਨਾਲ ਸੰਬੰਧਿਤ ਸਨ, ਜਿਵੇਂ ਪਰਬਤ ਮੇਰਾਣੁ, ਇਤਿ ਜਿਨ ਕਰੀ, ਪੁਰਖ ਭਗਵੰਤ ਆਦਿ। ਚਾਰ ਸੈਂਚੀਆਂ ਇਸ ਨੇ 'ਗੁਰੂ ਗ੍ਰੰਥ ਸਾਹਿਬ ਦਾ ਸਾਰ

ਵਿਸਥਾਰ' ਮੁਕੰਮਲ ਕੀਤਾ ਹੈ।

ਇਤਿਹਾਸ ਦੇ ਅਧਿਆਪਨ ਕਾਰਜ ਤੋਂ ਇਲਾਵਾ ਇਸ ਨੇ ਗੁਰਮਤਿ ਕਾਲਜ, ਪਟਿਆਲਾ ਵਿਚ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾਈ। ਕਰਨਾਲ ਅਤੇ ਯਮੁਨਾਨਗਰ ਵਿਚ ਸਥਾਪਿਤ ਖ਼ਾਲਸਾ ਕਾਲਜ ਦਾ ਪ੍ਰਿੰਸੀਪਲ ਵੀ ਰਿਹਾ। ਭਾਸ਼ਾ ਵਿਭਾਗ ਵਲੋਂ ਇਸ ਨੂੰ ਪੰਜਾਬੀ ਮਾਧਿਅਮ ਦੁਆਰਾ ਇਤਿਹਾਸ ਪੁਸਤਕਾਂ ਲਿਖਣ ਦੇ ਯੋਗਦਾਨ ਨੂੰ ਮੁਖ ਰਖਦਿਆਂ ਸੰਨ 1991 ਈ. ਵਿਚ 'ਸ਼੍ਰੋਮਣੀ ਪੰਜਾਬੀ ਲੇਖਕ' ਵਜੋਂ ਸਨਮਾਨਿਤ ਕੀਤਾ ਗਿਆ। ਇਸ ਦਾ 18 ਅਗਸਤ 1994 ਈ. ਨੂੰ ਪਟਿਆਲੇ ਵਿਚ ਦਿਲ ਦੀ ਹਰਕਤ ਬੰਦ ਹੋ ਜਾਣ ਨਾਲ ਦੇਹਾਂਤ ਹੋਇਆ।

**ਸਤਿਯੁਗ:** ਭਾਰਤੀ ਮਿਥਿਹਾਸ ਅਨੁਸਾਰ ਚਾਰ ਯੁਗਾਂ ਵਿਚੋਂ ਇਹ ਪਹਿਲਾ ਯੁਗ ਹੈ ਜਿਸ ਵਿਚ ਧਰਮ ਆਪਣੀਆਂ ਪੂਰੀਆਂ ਸ਼ਕਤੀਆਂ ਨਾਲ ਦ੍ਰਿੜ੍ਹ ਰਹਿੰਦਾ ਹੈ। ਇਸ ਵਿਚ ਮਨੁੱਖਾਂ ਨੂੰ ਕਿਸੇ ਕਿਸਮ ਦੀ ਘਾਲਣਾ ਘਾਲਣੀ ਨਹੀਂ ਪੈਂਦੀ ਕਿਉਂਕਿ ਹਰ ਇਕ ਵਸਤੂ ਦੀ ਪ੍ਰਾਪਤੀ ਇੱਛਾ ਅਨੁਸਾਰ ਹੀ ਹੋ ਜਾਂਦੀ ਸੀ। ਮਨੁੱਖਾਂ ਵਿਚ ਕਿਸੇ ਪ੍ਰਕਾਰ ਦੇ ਮਾਨਸਿਕ ਵਿਕਾਰ ਨਹੀਂ ਹੁੰਦੇ ਸਨ। ਸਤਿਯੁਗ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੋ ਜਿਹੇ ਕਰਤੱਵਾਂ ਦੀ ਪਾਲਣਾ ਕਰਦੇ ਸਨ ਅਤੇ ਸਾਰੇ ਇਕੋ ਦੇਵਤੇ ਦੀ, ਸਮਾਨ ਢੰਗ ਨਾਲ, ਪੂਜਾ ਕਰਦੇ ਸਨ।

ਇਸ ਦੀ ਮਿਆਦ 17,28,000 ਵਰ੍ਹੇ ਮੰਨੀ ਜਾਂਦੀ ਹੈ। ਸੰਤਾਂ, ਭਗਤਾਂ ਨੇ ਇਸ ਨੂੰ ਸ੍ਰੇਸ਼ਠ ਯੁਗ ਮੰਨ ਕੇ ਇਸ ਦੀ ਪ੍ਰਸ਼ੰਸਾ ਕੀਤੀ ਹੈ। ਇਸ ਯੁਗ ਵਿਚ ਮਨੁੱਖ ਦੀ ਉਮਰ ਚਾਰ ਸੌ ਵਰ੍ਹੇ ਹੁੰਦੀ ਸੀ। ਇਸ ਦਾ ਇਕ ਨਾਮਾਂਤਰ 'ਕ੍ਰਿਤ ਯੁਗ' ਵੀ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਘੁਖ ਹਨੇਰੇ ਤੋਂ ਬਾਦ ਜਦ ਆਪਣੇ ਸਗੁਣ ਰੂਪ ਵਿਚ ਪਰਮਾਤਮਾ ਨੇ ਯੁਗਾਂ ਦਾ ਨਿਰਮਾਣ ਕੀਤਾ, ਤਦ ਸਭ ਤੋਂ ਪਹਿਲਾਂ ਸਤਿਯੁਗ ਦਾ ਆਰੰਭ ਹੋਇਆ। ਇਸ ਯੁਗ ਵਿਚ ਮਨੁੱਖਾਂ ਦੇ ਸ਼ਰੀਰ ਵਿਚ ਸਤਿ ਅਤੇ ਸੰਤੋਖ ਦੀ ਪ੍ਰਮੁਖਤਾ ਸੀ। ਲੋਕੀਂ ਗਹਿਰ-ਗੰਭੀਰ ਸਨ ਅਤੇ ਉਨ੍ਹਾਂ ਦਾ ਵਿਵਹਾਰ ਸਚ ਉਤੇ ਆਧਾਰਿਤ ਸੀ। ਉਦੋਂ ਸਤਿਗੁਰੂ ਵੀ ਸੰਤੋਸ਼ੀ ਅਤੇ ਸਾਰੇ ਗੁਣਾਂ ਦਾ ਪੁੰਜ ਹੁੰਦਾ ਸੀ। ਜੋ ਵਿਅਕਤੀ ਅਜਿਹੇ ਗੁਰੂ ਦੀ ਸਿਖਿਆ ਮੰਨਦਾ ਸੀ, ਉਹ ਅਧਿਆਤਮਿਕ ਸੰਘਰਸ਼ ਦਾ ਸੂਰਵੀਰ ਸਮਝਿਆ ਜਾਂਦਾ ਸੀ। ਸਤਿਯੁਗੀ ਲੋਕ ਸੱਚੀ ਦਰਗਾਹ ਵਿਚ ਸੱਚੇ ਪਰਮਾਤਮਾ ਦਾ ਨਿਵਾਸ ਮੰਨ ਕੇ ਉਸ ਦੇ ਹੁਕਮ ਅਤੇ ਇੱਛਾ ਦੀ ਪਾਲਣਾ ਕਰਦੇ ਸਨ। ਇਸ ਯੁਗ ਵਿਚ ਸਾਰੇ ਸਤਿਵਾਦੀ ਸਨ— *ਸਤਜੁਗਿ ਸਤੁ ਸੰਤੋਖੁ ਸਰੀਰਾ। ਸਤਿ ਸਤਿ ਵਰਤੈ ਗਹਿਰ ਗੰਭੀਰਾ। ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ। ... ਸਤਜੁਗਿ ਸਾਚੁ ਕਹੈ ਸਭੁ ਕੋਈ। ਸਚਿ ਵਰਤੈ ਸਾਚਾ ਸੋਈ। ਮਨਿਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ।* (ਗੁ.ਗ੍ਰੰ.1023)।

**ਸਤੀਦਾਸ, ਭਾਈ** (ਮ. 1675 ਈ.) : ਛਿੱਬਰ ਪਰਿਵਾਰ ਨਾਲ ਸੰਬੰਧਿਤ ਭਾਈ ਸਤੀ ਦਾਸ ਭਾਈ ਮਤੀ ਦਾਸ ਦਾ ਛੋਟਾ ਭਰਾ ਸੀ। ਸਿੱਖ ਰਵਾਇਤਾਂ ਅਨੁਸਾਰ ਇਹ ਸਦਾ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਰਹਿੰਦਾ ਸੀ। ਭਾਈ ਮਤੀ ਦਾਸ ਗੁਰੂ ਜੀ ਦਾ ਦਰਬਾਰੀ ਦੀਵਾਨ ਸੀ ਅਤੇ ਸਤੀਦਾਸ ਘਰਬਾਰੀ ਦੀਵਾਨ ਸੀ। ਇਹ ਫ਼ਾਰਸੀ ਜਾਣਦਾ ਸੀ ਅਤੇ ਗੁਰੂ ਸਾਹਿਬ ਦੇ ਚਿੱਠੀ-ਪੱਤਰ ਦਾ ਕੰਮ ਇਹੀ ਕਰਦਾ ਸੀ। ਇਹ ਗੁਰੂ ਜੀ ਦੀ ਬਾਣੀ ਨੂੰ ਵੀ ਨਾਲ ਨਾਲ ਨਕਲ ਕਰਦਾ ਜਾਂਦਾ ਸੀ। ਕੇਸਰ ਸਿੰਘ ਛਿੱਬਰ ਨੇ ਆਪਣੀ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' (ਚਰਣ 9) ਵਿਚ ਲਿਖਿਆ ਹੈ— *ਬਾਣੀ ਜੋ ਸਾਹਿਬ ਕਰਨ ਉਚਾਰ। ਸੋ ਸਤੀਦਾਸ ਨਿਤ ਕਰੇ ਫਾਰਸੀ ਅੱਖਰਾਂ ਵਿਚ ਉਤਾਰ। ਨਿਤ ਸਾਹਿਬ ਬਾਣੀ ਉਚਾਰਦੇ ਜਾਣ। ਅਤੇ ਸਤੀਦਾਸ ਲਿਖ ਲਿਖ ਰਖਣ ਅਮਾਨ। ਬਾਣੀ ਬਹੁਤ ਆਹੀ ਸਤੀਦਾਸ ਪਾਸਿ ਲਿਖੀ ਹੋਈ। ਤੁਰਕਾਂ ਨੇ ਖੋਹ ਲੀਤੀ ਸੋਈ।97।*

ਜਦੋਂ ਗੁਰੂ ਜੀ ਕਸ਼ਮੀਰੀ ਪੰਡਿਤਾਂ ਦੇ ਧਾਰਮਿਕ ਸੰਕਟ ਦਾ ਨਿਵਾਰਣ ਕਰਨ ਲਈ ਦਿੱਲੀ ਨੂੰ ਰਵਾਨਾ ਹੋਏ, ਤਾਂ ਇਹ ਅਤੇ ਇਸ ਦਾ ਵੱਡਾ ਭਰਾ ਭਾਈ ਮਤੀ ਦਾਸ ਵੀ ਨਾਲ ਸਨ। ਇਨ੍ਹਾਂ ਦੋਹਾਂ ਨੇ ਮੁਗ਼ਲ ਸਰਕਾਰ ਵਲੋਂ ਕੀਤੀ ਗਈ ਧਰਮ-ਪਰਿਵਰਤਨ ਦੀ ਪੇਸ਼ਕਸ਼ ਠੁਕਰਾ ਦਿੱਤੀ। ਸਿੱਟੇ ਵਜੋਂ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਦਿੱਤੀ ਗਈ। ਇਸ ਤਰ੍ਹਾਂ ਇਸ ਨੇ ਵੀ ਗੁਰੂ ਤੇਗ ਬਹਾਦਰ ਜੀ ਨਾਲ 11 ਨਵੰਬਰ 1675 ਈ. ਨੂੰ ਸ਼ਹੀਦੀ ਪ੍ਰਾਪਤ ਕੀਤੀ।

**ਸਤੀ ਪ੍ਰਥਾ:** ਮ੍ਰਿਤ ਪਤੀ ਦੀ ਦੇਹ ਨਾਲ ਸੜ ਮਰਨ ਵਾਲੀ ਇਸਤਰੀ ਨੂੰ 'ਸਤੀ' ਨਾਂ ਨਾਲ ਯਾਦ ਕੀਤਾ ਜਾਂਦਾ ਹੈ ਅਤੇ

ਹਿੰਦੂ-ਧਰਮ ਵਿਚ ਇਸ ਦੇ ਆਚਾਰ ਨੂੰ ਪਵਿੱਤਰ ਸਮਝ ਕੇ ਬਹੁਤ ਆਦਰ ਦਿੱਤਾ ਜਾਂਦਾ ਹੈ। ਇਸ ਦੀ ਬਰਾਬਰੀ 'ਸਤੀ' ਦੇਵੀ ਨਾਲ ਕਰਦੇ ਹੋਇਆਂ ਇਸ ਨੂੰ ਦੇਵੀ ਹੋਣ ਦਾ ਗੌਰਵ ਮਿਲਦਾ ਹੈ। ਪਰ ਗੁਰਬਾਣੀ ਵਿਚ ਅਜਿਹੇ ਆਚਰਣ ਨੂੰ ਮਾੜਾ ਸਮਝਿਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਨੂੰ ਨਕਾਰਦੇ ਹੋਇਆਂ ਸਹੀ ਸਤੀ ਬਣਨ ਦਾ ਉਪਦੇਸ਼ ਦਿੱਤਾ ਹੈ— *ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ। ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ।*(ਗੁ.ਗ੍ਰੰ.787)।

ਸਤੀ ਦਾ ਸ਼ਾਬਦਿਕ ਅਰਥ ਹੈ— ਬਰਾਬਰ ਅਸਤਿਤ੍ਵ ਵਿਚ ਰਹਿਣ ਵਾਲੀ; ਭਾਵ ਅਮਰ। ਜੇ ਸਤੀ ਨੂੰ ਪ੍ਰਾਕ੍ਰਿਤ ਦਾ ਸ਼ਬਦ ਮੰਨਿਆ ਜਾਏ ਤਾਂ ਇਸ ਦਾ ਅਰਥ ਬਣਦਾ ਹੈ — ਸਤਿ ਉਤੇ ਦ੍ਰਿੜ੍ਹ ਰਹਿਣ ਵਾਲੀ। ਦੋਹਾਂ ਹੀ ਹਾਲਤਾਂ ਵਿਚ ਪਤੀ ਅਤੇ ਪਤਨੀ ਵਿਚਾਲੇ ਅਨਿਖੜ ਸੰਬੰਧ ਅਤੇ ਧਰਮ ਪ੍ਰਤਿ ਦ੍ਰਿੜ੍ਹ ਰਹਿ ਕੇ ਆਪਣੇ ਜਸ ਰਾਹੀਂ ਇਸ ਲੋਕ ਵਿਚ ਨ ਭੁਲਾਈ ਜਾਣ ਵਾਲੀ 'ਅਮਰ-ਇਸਤਰੀ' ਨੂੰ ਸਤੀ ਕਹਿੰਦੇ ਸਨ। ਇਸ ਸ਼ਬਦ ਦੀ ਵਰਤੋਂ ਬਹੁਤੀ ਪੁਰਾਣੀ ਨਹੀਂ। ਪਹਿਲਾਂ ਇਸ ਨੂੰ 'ਸਹਮਰਣ' (ਨਾਲ ਮਰਨਾ), 'ਸਹਗਮਨ' (ਨਾਲ ਜਾਣਾ), 'ਅਨ੍ਵਾਰੋਹਣ' (ਨਾਲ ਚਿਤਾ ਉਤੇ ਚੜ੍ਹਨਾ) ਅਤੇ 'ਅਨੁਮਰਣ' (ਪਤੀ ਦੇ ਪ੍ਰਵਾਸ ਵਿਚ ਮਰਨ ਦੀ ਖ਼ਬਰ ਸੁਣ ਕੇ ਉਸ ਪਿਛੇ ਮਰਨਾ) ਆਦਿ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਸੀ। ਇਸ ਪ੍ਰਥਾ ਪਿਛੇ ਇਹ ਭਾਵਨਾ ਰਹੀ ਸੀ ਕਿ ਮਰਨ ਵੇਲੇ ਤਕ ਪਤੀ-ਪਤਨੀ ਦਾ ਵਿਆਹ ਸੰਬੰਧ ਅਨਿਖੜ ਰਹੇ ਅਤੇ ਉਸ ਤੋਂ ਬਾਦ ਪਰਲੋਕ ਅਤੇ ਜਨਮ-ਜਨਮਾਂਤਰ ਵਿਚ ਵੀ ਕਾਇਮ ਰਹੇ। ਪਰ ਇਸ ਭਾਵਨਾ ਦੇ ਉਦਭਵ, ਵਿਕਾਸ ਅਤੇ ਦੁਰ-ਉਪਯੋਗ ਦਾ ਆਪਣਾ ਇਤਿਹਾਸ ਹੈ। ਮੱਧ-ਯੁਗ ਦੇ ਵਿਸ਼ੇਸ਼ ਸੰਦਰਭ ਵਿਚ ਇਸ ਦੀ ਹੋਂਦ ਵਿਚਾਰਨ-ਯੋਗ ਹੈ।

ਵੇਦਾਂ ਵਿਚ 'ਸਤੀ' ਦਾ ਉੱਲੇਖ ਨਹੀਂ। 'ਮਨੁ-ਸਮ੍ਰਿਤੀ' ਵਿਚ ਵੀ ਇਸ ਪ੍ਰਥਾ ਬਾਰੇ ਕੋਈ ਸੰਕੇਤ ਨਹੀਂ ਹੈ। ਪ੍ਰਤੀਤ ਹੁੰਦਾ ਹੈ ਕਿ ਬਿਕ੍ਰਮੀ ਸੰਮਤ ਦੇ ਸ਼ੁਰੂ ਹੋਣ ਤੋਂ ਕੁਝ ਸਦੀਆ ਪਹਿਲਾਂ ਇਹ ਪ੍ਰਥਾ ਪ੍ਰਚਲਿਤ ਹੋਈ ਹੋਵੇਗੀ। ਸਿਕੰਦਰ ਦੇ ਹਮਲੇ ਵੇਲੇ ਇਹ ਪ੍ਰਥਾ ਪ੍ਰਚਲਿਤ ਸੀ। 'ਵਿਸ਼ਣੂ ਧਰਮ-ਸੂਤ੍ਰ' (25/14) ਵਿਚ ਇਸ ਦਾ ਉੱਲੇਖ ਹੈ। 'ਮਹਾਭਾਰਤ' ਵਿਚ ਇਸ ਦੀਆਂ ਮਿਸਾਲਾਂ ਮਿਲਦੀਆਂ ਹਨ, ਪਰ ਇਹ ਪ੍ਰਥਾ ਰਾਜਵੰਸ਼ਾਂ ਤਕ ਸੀਮਿਤ ਸੀ। ਪਰਵਰਤੀ ਸਮ੍ਰਿਤੀਆਂ ਵਿਚ ਵੀ ਇਸ ਪ੍ਰਥਾ ਦੀ ਹੋਂਦ ਦਸੀ ਗਈ ਹੈ। ਕਾਲੀਦਾਸ ਦੇ 'ਕੁਮਾਰ ਸੰਭਵ', ਵਾਤ੍ਸ੍ਯਾਯਨ ਦੇ 'ਕਾਮਸੂਤ੍ਰ' ਵਿਚ ਇਸ ਦਾ ਉਲੇਖ ਮਿਲਦਾ ਹੈ। ਇਸ ਤਰ੍ਹਾਂ ਉਤਰੋਤਰ ਇਹ ਪ੍ਰਥਾ ਲੋਕ-ਪ੍ਰਿਯ ਹੁੰਦੀ ਗਈ।

ਮੱਧ-ਯੁਗ ਵਿਚ ਜਦ ਯੁੱਧ ਅਧਿਕ ਹੋਣ ਲਗੇ ਤਾਂ ਰਾਜਵੰਸ਼ਾਂ ਅਤੇ ਆਮ ਛਤ੍ਰੀਆਂ ਵਿਚ ਇਹ ਪ੍ਰਥਾ ਅਧਿਕ ਤੋਂ ਅਧਿਕ ਵਧਣ ਲਗੀ। ਜਦ ਅਰਬਾਂ ਅਤੇ ਤੁਰਕਾਂ ਦੇ ਹਮਲੇ ਦੇਸ਼ ਉਤੇ ਹੋਣ ਲਗੇ ਤਾਂ ਸਤੀ-ਪ੍ਰਥਾ ਨੇ 'ਜੌਹਰ' ਦਾ ਰੂਪ ਧਾਰ ਲਿਆ। 'ਜੌਹਰ' ਤੋਂ ਭਾਵ ਹੈ — ਜਿਨ੍ਹਾਂ ਯੁੱਧਾਂ ਵਿਚ ਰਾਜਾ ਜਾਂ ਉਸ ਦੇ ਸਾਮੰਤਾਂ ਅਤੇ ਸੈਨਿਕਾਂ ਦਾ ਮਰਨਾ ਨਿਸਚਿਤ ਹੋ ਜਾਂਦਾ ਤਾਂ ਉਸ ਤੋਂ ਪਹਿਲਾਂ ਰਾਣੀ, ਉਸ ਦੀਆਂ ਸਹੇਲੀਆਂ ਅਤੇ ਰਣਵਾਸ ਦੀਆਂ ਹੋਰ ਇਸਤਰੀਆਂ ਵੀ ਯੁੱਧ ਵਿਚ ਪੁਰਸ਼ਾਂ ਦੀ ਵੀਰਗਤੀ ਹੋਣ ਤੋਂ ਪਹਿਲਾਂ ਚਿਤਾ ਬਣਾ ਕੇ ਆਪਣੇ ਆਪ ਨੂੰ ਹੋਮ ਕਰ ਦਿੰਦੀਆਂ ਸਨ। ਇਸ ਦੇ ਦੋ ਆਧਾਰਭੂਤ ਉਦੇਸ਼ ਸਨ — (1) ਹਮਲਾਵਰਾਂ ਦੇ ਹੱਥਾਂ ਵਿਚ ਪੈ ਕੇ ਅਪਮਾਨਿਤ ਹੋਣੋਂ ਬਚਿਆ ਜਾਏ, ਅਤੇ (2) ਧਾਰਮਿਕ ਵਿਸ਼ਵਾਸ ਅਨੁਸਾਰ ਵੀਰਗਤੀ ਪ੍ਰਾਪਤ ਕਰਨ ਵਾਲੇ ਸਿਧੇ ਸਵਰਗ ਨੂੰ ਜਾਂਦੇ ਸਨ। ਇਸ ਲਈ ਇਸਤਰੀਆਂ ਪਹਿਲਾਂ ਸੜ ਕੇ, ਮਰ ਕੇ, ਸਵਰਗ ਦੇ ਦੁਆਰ ਉਤੇ ਉਨ੍ਹਾਂ ਦਾ ਸੁਆਗਤ ਕਰਨ ਨੂੰ ਤਿਆਰ ਰਹਿੰਦੀਆਂ ਸਨ।

ਇਸ ਤਰ੍ਹਾਂ ਦੇ ਹੋਰ ਵੀ ਕਈ ਧਾਰਮਿਕ ਮਹਾਤਮ ਸਤੀ-ਪ੍ਰਥਾ ਨਾਲ ਜੁੜਦੇ ਗਏ। ਪਰ ਬਾਦ ਵਿਚ ਦੁਰਉਪਯੋਗ ਹੋਣ ਲਗਾ। ਇਕ, ਇਸ ਪ੍ਰਥਾ ਨੂੰ ਚਲਾਉਣਾ ਪਰਿਵਾਰ ਦੇ ਮਾਣ-ਮਰਯਾਦਾ ਵਜੋਂ ਅਹਿਮ ਸਮਝਿਆ ਜਾਣ ਲਗਾ ਅਤੇ ਦੂਜਾ, ਲਾਲਚ ਕਰਕੇ ਵਿਧਵਾ ਨੂੰ ਸਾੜ ਕੇ ਉਸ ਦੀ ਜਾਇਦਾਦ ਦੀ ਵਾਰਸੀ ਸੰਭਾਲੀ ਜਾਣ ਲਗੀ। ਪਰ ਉਂਜ ਇਤਿਹਾਸ ਵਿਚ ਸਤੀ ਹੋਣ ਵਾਲੀਆਂ ਇਸਤਰੀਆਂ ਦੀ ਗਿਣਤੀ ਬਹੁਤੀ ਨਹੀਂ ਸੀ। ਅੰਗ੍ਰੇਜ਼ਾਂ ਦੇ ਰਾਜ ਵੇਲੇ ਰਾਜਾ ਰਾਮ ਮੋਹਨ ਰਾਏ ਨੇ ਸਤੀ-ਪ੍ਰਥਾ ਵਿਰੁੱਧ ਕਾਨੂੰਨ ਪਾਸ ਕਰਵਾਇਆ ਅਤੇ ਇਸ ਤਰ੍ਹਾਂ ਇਸ ਪ੍ਰਥਾ ਨੂੰ ਠਲ੍ਹ ਪਈ।

**ਸਤੋ-ਗੁਣ:** ਭਾਰਤੀ ਦਰਸ਼ਨ ਅਨੁਸਾਰ ਇਹ ਪ੍ਰਕ੍ਰਿਤੀ ਅਥਵਾ ਮਾਇਆ ਦੇ ਤਿੰਨ ਗੁਣਾਂ ਵਿਚ ਇਕ ਹੈ। ਮਾਨਤਾ ਹੈ ਕਿ ਸਤੋ ਗੁਣ ਪ੍ਰਕਾਸ਼ਮਈ ਹੈ। ਇਸੇ ਰਾਹੀਂ ਸਾਂਖ੍ਯ-ਸ਼ਾਸਤ੍ਰ

ਅਨੁਸਾਰ ਪ੍ਰਕ੍ਰਿਤੀ ਦਾ ਪੁਰਸ਼ ਨਾਲ ਮੇਲ ਹੁੰਦਾ ਹੈ। ਸਤ੍ਵ ਦੀ ਮਲੀਨਤਾ ਜਾਂ ਸ਼ੁੱਧਤਾ ਅਨੁਸਾਰ ਵਿਅਕਤੀ ਦੀ ਸ਼ੁੱਧੀ ਮਲੀਨ ਜਾਂ ਸ਼ੁੱਧ ਹੁੰਦੀ ਹੈ। ਜਿਨ੍ਹਾਂ ਦੀ ਬੁੱਧੀ ਨਿਰਮਲ ਹੁੰਦੀ ਹੈ, ਉਨ੍ਹਾਂ ਨੂੰ 'ਸਾਤਵਿਕ' ਕਿਹਾ ਜਾਂਦਾ ਹੈ। ਜੇ ਆਹਾਰ, ਵਿਵਹਾਰ, ਵਿਚਾਰ ਆਦਿ ਪਵਿੱਤਰ ਹੋਣ ਤਾਂ ਸਤ੍ਵ ਗੁਣ ਵਿਚ ਵਾਧਾ ਹੁੰਦਾ ਹੈ ਜਿਸ ਕਰਕੇ ਬੁੱਧੀ ਨਿਰਮਲ ਹੁੰਦੀ ਹੈ। 'ਅਤਿਅੰਤ ਨਿਰਮਲ ਬੁੱਧੀ ਵਿਚ ਪਏ ਪ੍ਰਤਿਬਿੰਬ ਨਾਲ ਪੁਰਸ਼ ਨੂੰ ਆਪਣੇ ਅਸਲੀ ਕੇਵਲ, ਨਿਰੰਜਨ ਰੂਪ ਦਾ ਗਿਆਨ ਹੋ ਜਾਂਦਾ ਹੈ ਅਤੇ ਉਹ ਮੁਕਤ ਹੋ ਜਾਂਦਾ ਹੈ।'

ਸੰਤ ਕਬੀਰ ਜੀ ਨੇ ਰਜੋ, ਤਮੋ ਅਤੇ ਸਤੋ ਤਿੰਨਾਂ ਗੁਣਾਂ ਨੂੰ ਪਰਮਾਤਮਾ ਦੀ ਮਾਇਆ ਕਿਹਾ ਹੈ — *ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ।* (ਗੁ.ਗ੍ਰੰ.1123)। ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਇਨ੍ਹਾਂ ਨੂੰ ਮਾਇਆ ਦੀ ਸੰਤਾਨ ਦਸਦੇ ਹੋਇਆਂ ਅੰਕਿਤ ਕੀਤਾ ਹੈ— *ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ। ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।*(ਗੁ.ਗ੍ਰੰ.7)।

**ਸਦ** (ਰਚਨਾ): ਇਹ ਇਕ ਲੋਕ-ਗੀਤ ਜਾਂ ਕਾਵਿ-ਰੂਪ ਹੈ, ਜਿਸ ਨੂੰ ਲੰਬੀ ਹੇਕ ਨਾਲ ਗਾਇਆ ਜਾਂਦਾ ਹੈ। ਪਿੰਡਾਂ ਦੇ ਲੋਕ ਇਸ ਲੋਕ-ਗੀਤ-ਵਿਧਾ ਨੂੰ ਆਮ ਵਰਤਦੇ ਹਨ।'ਸਦ' ਦਾ ਸ਼ਾਬਦਿਕ ਅਰਥ ਹੈ ਆਵਾਜ਼ ਜਾਂ ਪੁਕਾਰ। ਜਦੋਂ ਕਿਸੇ ਵਿਛੜੇ ਹੋਏ ਵਿਅਕਤੀ ਨੂੰ ਸੰਬੋਧਨ ਕੀਤਾ ਜਾਂਦਾ ਹੈ ਤਾਂ ਵੀ 'ਸਦ' ਕਾਵਿ-ਰੂਪ ਨੂੰ ਭਾਵ-ਅਭਿਵਿਅਕਤੀ ਦਾ ਸਾਧਨ ਬਣਾਇਆ ਜਾਂਦਾ ਹੈ। ਇਸ ਲਈ ਛੰਦ ਦਾ ਕੋਈ ਨਿਸਚਿਤ ਵਿਧਾਨ ਨਹੀਂ ਹੁੰਦਾ, ਪਰ ਇਹ ਲੰਬੀ ਹੇਕ ਵਿਚ ਗਾਇਆ ਜਾਂਦਾ ਹੈ।

ਸੁੰਦਰ ਰਚਿਤ 'ਸਦ' ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਸੰਕਲਿਤ ਹੈ। ਇਸ ਵਿਚ ਛੇ ਚਰਣ ਹਨ ਅਤੇ ਵਿਦਵਾਨਾਂ ਨੇ ਇਸ ਨੂੰ 'ਹੁੱਲਾਸ' ਛੰਦ-ਜਾਤਿ ਦਾ ਇਕ ਭੇਦ ਦਸਿਆ ਹੈ। ਇਸ ਵਿਚ ਗੁਰੂ ਅਮਰਦਾਸ ਜੀ ਵਲੋਂ ਗੁਰੂ ਰਾਮਦਾਸ ਜੀ ਨੂੰ ਗੁਰੂ-ਗੱਦੀ ਸੌਂਪਣ ਵੇਲੇ ਦਿੱਤਾ ਉਪਦੇਸ਼ ਅੰਕਿਤ ਹੋਇਆ ਹੈ— *ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।ਅਤੇ ਸਤਿਗੁਰੁ ਪੁਰਖ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ।* ਵੇਖੋ 'ਸੁੰਦਰ, ਬਾਬਾ'।

'ਦਸਮ ਗ੍ਰੰਥ' ਦੀ ਭਾਈ ਮਨੀ ਸਿੰਘ ਵਾਲੀ ਬੀੜ ਦੇ ਅੰਤ ਵਿਚ ਇਕ ਸਦ ਲਿਖਿਆ ਹੋਇਆ ਮਿਲਦਾ ਹੈ। ਕਈ ਪਰਵਰਤੀ ਬੀੜਾਂ ਵਿਚ ਵੀ ਇਸ ਦਾ ਅੰਕਨ ਹੋਇਆ ਹੈ। ਇਸ ਦੇ ਕੁਲ ਤਿੰਨ ਚਰਣ ਹਨ। ਇਹ ਕਿਸ ਦੀ ਰਚਨਾ ਹੈ? ਇਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਇਸ ਦਾ ਪਾਠ ਇਸ ਪ੍ਰਕਾਰ ਹੈ— *ਸੁਣ ਕੈ ਸਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ। ਕਿਸ ਹੀ ਨਾਲ ਨ ਰਲੀਆ ਕਾਈ ਕਾਰੀ ਸੌਕ ਪਯੋਨੇ। ਗਯਾ ਫਿਰਾਕ ਮਿਲ ਮਿਤ ਮਾਹੀ ਤਾਹੀ ਸੁਕਰ ਕਿਤੋਨੇ।*

**ਸਦਾ ਸਿੰਘ, ਪੰਡਿਤ :** ਅਠਾਰ੍ਹਵੀਂ ਸਦੀ ਦੇ ਅੱਧ ਦੇ ਨੇੜੇ-ਤੇੜੇ ਪੰਜਾਬ ਤੋਂ ਕਾਸ਼ੀ (ਬਨਾਰਸ) ਨੂੰ ਸੰਸਕ੍ਰਿਤ ਪੜ੍ਹਨ ਦੀ ਇੱਛਾ ਨਾਲ ਗਿਆ ਇਕ ਨਿਰਮਲਾ ਸੰਤ, ਜਿਸ ਨੇ ਪੰਡਿਤ ਚੇਤ ਸਿੰਘ ਪਾਸੋਂ ਵਿਦਿਆ ਅਧਿਐਨ ਕੀਤਾ ਅਤੇ ਆਪਣੇ ਬੁੱਧੀ ਬਲ 'ਤੇ ਵਿਦਵੱਤਾ ਦੀਆਂ ਸਿਖਰਾਂ ਨੂੰ ਛੋਹਿਆ। ਇਸ ਨਾਲ ਸ਼ਾਸਤ੍ਰਾਰਥ ਕਰਨ ਤੋਂ ਕਾਸ਼ੀ ਦੇ ਵਿਦਵਾਨ ਪੰਡਿਤ ਘਬਰਾਉਂਦੇ ਸਨ। ਇਹ ਦਾ ਸਿਖਿਆ-ਗੁਰੂ ਉਸ ਦੀ ਵਿਦਵੱਤਾ ਤੋਂ ਇਤਨਾ ਪ੍ਰਭਾਵਿਤ ਸੀ ਕਿ ਆਪਣੇ ਅੰਤ-ਕਾਲ ਵੇਲੇ ਆਪਣੇ ਵਿਦਿਆਲੇ ਦਾ ਸਾਰਾ ਕਾਰਜ-ਭਾਰ ਅਤੇ ਅਧਿਕਾਰ ਇਸ ਨੂੰ ਸੌਂਪ ਗਿਆ।

ਇਸ ਨੇ ਸੰਨ 1767 ਈ. ਵਿਚ ਅਦ੍ਵੈਤਵਾਦ ਸੰਬੰਧੀ ਸੁਪ੍ਰਸਿੱਧ ਪੁਸਤਕ 'ਅਦ੍ਵੈਤ-ਸਿੱਧਿ' ਦਾ ਸੰਸਕ੍ਰਿਤ ਤੋਂ 'ਸੁਗਮਸਾਰ ਚੰਦ੍ਰਿਕਾ' ਨਾਂ ਅਧੀਨ ਬ੍ਰਜਭਾਸ਼ਾ ਵਿਚ ਅਨੁਵਾਦ ਕਰਕੇ ਅਤੇ ਉਸ ਲਈ ਗੁਰਮੁਖੀ ਲਿਪੀ ਦੀ ਵਰਤੋਂ ਕਰਕੇ, ਗੁਰਮੁਖੀ ਲਿਪੀ ਦੇ ਮਾਧਿਅਮ ਰਾਹੀਂ ਬ੍ਰਜਭਾਸ਼ੀ ਸਾਹਿਤ ਪੜ੍ਹਨ ਵਾਲਿਆਂ ਲਈ ਰਾਹ ਮੋਕਲਾ ਕੀਤਾ। ਕਿਤੇ ਕਿਤੇ ਅਨੁਵਾਦਕ ਨੇ ਅਦ੍ਵੈਤ ਅਤੇ ਭਗਤੀ ਦੀ ਮਹੱਤਵ ਸਥਾਪਨਾ ਲਈ ਆਪਣੇ ਸੁਤੰਤਰ ਵਿਚਾਰ ਵੀ ਜੋੜ ਦਿੱਤੇ ਹਨ, ਜਿਸ ਨਾਲ ਪੁਸਤਕ ਦਾ ਸਮਕਾਲੀ ਸੰਦਰਭ ਉਘੜਿਆ ਹੈ। ਇਸ ਨੇ ਆਪਣੇ ਵਿਦਿਆਲੇ ਵਿਚ ਵੈਦਿਕ ਗਿਆਨ ਅਤੇ ਅਧਿਆਤਮਵਾਦ ਲਈ ਵੈਦਾਂਤਿਕ ਪਹੁੰਚ ਨੂੰ ਵਿਸ਼ੇਸ਼ ਰੂਪ ਵਿਚ ਪੜ੍ਹਾਇਆ ਸੀ। ਇਸ ਦਾ ਦੇਹਾਂਤ ਕਾਸ਼ੀ ਵਿਚ ਹੀ ਹੋਇਆ ਦਸਿਆ ਜਾਂਦਾ ਹੈ।

**ਸਦਾ ਕੌਰ, ਸਰਦਾਰਨੀ** (1762-1832 ਈ.): ਸਿੱਖ-ਸਮਾਜ ਵਿਚ ਪਹਿਲੀ ਸਿੱਖ ਪ੍ਰਸ਼ਾਸਕ ਵਜੋਂ ਜਾਣੀ ਜਾਂਦੀ

ਸਰਦਾਰਨੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ, ਮਹਾਰਾਣੀ ਮਤਾਬ ਕੌਰ ਦੀ ਮਾਤਾ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਨਾਨੀ ਸੀ। ਇਸ ਦਾ ਜਨਮ ਸੰਨ 1762 ਈ. ਵਿਚ ਸ. ਦਸੌਂਧਾ ਸਿੰਘ ਗਿਲ ਦੇ ਘਰ ਹੋਇਆ। ਇਸ ਦਾ ਵਿਆਹ ਕਨ੍ਹੀਆ ਮਿਸਲ ਦੇ ਸਰਦਾਰ ਜੈ ਸਿੰਘ ਦੇ ਸੁਪੁੱਤਰ ਸ. ਗੁਰਬਖ਼ਸ਼ ਸਿੰਘ ਨਾਲ ਹੋਇਆ। ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਤੋਂ ਬਾਦ ਮਿਸਲਾਂ ਦੇ ਸਰਦਾਰ ਆਪਸ ਵਿਚ ਕਿੜਾਂ ਕਢਣ ਲਗ ਗਏ। ਸੁਕਰਚਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਨੇ ਜੱਸਾ ਸਿੰਘ ਰਾਮਗੜ੍ਹੀਆਂ ਅਤੇ ਸੰਸਾਰ ਚੰਦ ਕਟੋਚ ਦੀ ਸਹਾਇਤਾ ਨਾਲ ਸੰਨ 1785 ਈ. ਵਿਚ ਕਨ੍ਹੀਆ ਮਿਸਲ ਦੇ ਸ. ਜੈ ਸਿੰਘ ਉਤੇ ਹਮਲਾ ਕੀਤਾ। ਅਚਲ ਬਟਾਲਾ ਵਿਚ ਹੋਈ ਲੜਾਈ ਵਿਚ ਜੈ ਸਿੰਘ ਹਾਰ ਗਿਆ ਅਤੇ ਉਸ ਦਾ ਲੜਕਾ ਸ. ਗੁਰਬਖ਼ਸ਼ ਸਿੰਘ ਮਾਰਿਆ ਗਿਆ।

ਵਿਧਵਾ ਹੋਈ ਸਰਦਾਰਨੀ ਸਦਾ ਕੌਰ ਨੇ ਆਪਣੀ ਯੋਗਤਾ ਦਾ ਪਰਿਚਯ ਦੇ ਕੇ ਸ. ਜੈ ਸਿੰਘ ਤੋਂ ਬਾਦ ਮਿਸਲ ਦੀ ਸਰਦਾਰੀ ਸੰਭਾਲੀ। ਨੀਤੀ ਤੋਂ ਕੰਮ ਲੈਂਦਿਆਂ ਸੁਕਰਚਕੀਆ ਮਿਸਲ ਨਾਲ ਨਿੱਤ ਦਾ ਵੈਰ ਖ਼ਤਮ ਕਰਨ ਲਈ ਸਰਦਾਰਨੀ ਸਦਾ ਕੌਰ ਨੇ ਆਪਣੇ ਸਹੁਰੇ ਸ. ਜੈ ਸਿੰਘ ਨੂੰ ਰਾਜ਼ੀ ਕਰਕੇ ਸੰਨ 1785 ਈ. ਵਿਚ ਆਪਣੀ ਇਕਲੌਤੀ ਧੀ ਮਤਾਬ ਕੌਰ ਦੀ ਮੰਗਣੀ ਸ. ਮਹਾਂ ਸਿੰਘ ਦੇ ਪੰਜ ਵਰ੍ਹਿਆਂ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ। ਸ. ਮਹਾਂ ਸਿੰਘ ਦੀ ਮ੍ਰਿਤੂ ਤੋਂ ਬਾਦ ਸੰਨ 1792 ਈ. ਵਿਚ ਰਣਜੀਤ ਸਿੰਘ ਮਿਸਲ ਦਾ ਸਰਦਾਰ ਬਣਿਆ ਅਤੇ ਸੰਨ 1796 ਈ. ਵਿਚ ਦੋਹਾਂ ਦਾ ਵਿਆਹ ਸੰਪੰਨ ਹੋਇਆ। ਸਰਦਾਰਨੀ ਸਦਾ ਕੌਰ ਨੇ ਰਣਜੀਤ ਸਿੰਘ ਦੀ ਸਥਾਪਤੀ ਲਈ ਮਾਲੀ ਅਤੇ ਫ਼ੌਜੀ ਮਦਦ ਹੀ ਨ ਕੀਤੀ, ਸਗੋਂ ਖ਼ੁਦ ਉਸ ਦੀ ਸਲਾਹਕਾਰ ਬਣੀ ਅਤੇ ਉਸ ਨੂੰ ਸਾਰੇ ਪੰਜਾਬ ਦਾ ਰਾਜਾ ਬਣਨ ਲਈ ਸ਼ਲਾਘਾਯੋਗ ਭੂਮਿਕਾ ਨਿਭਾਈ। ਸੰਨ 1798 ਈ. ਵਿਚ ਇਸ ਨੇ ਰਣਜੀਤ ਸਿੰਘ ਨੂੰ ਹੱਲਾ-ਸ਼ੇਰੀ ਦੇ ਕੇ ਅਤੇ ਖ਼ੁਦ ਨਾਲ ਜਾ ਕੇ ਸੰਮਨ ਬੁਰਜ ਵਿਚ ਬੈਠੇ ਸ਼ਾਹ ਜ਼ਮਾਨ ਨੂੰ ਵੰਗਾਰਿਆ।

ਲਾਹੌਰ ਦੇ ਸ਼ਹਿਰੀਆਂ ਦੇ ਸੱਦੇ ਉਤੇ ਰਣਜੀਤ ਸਿੰਘ ਨੇ ਸਰਦਾਰਨੀ ਸਦਾ ਕੌਰ ਦੀ ਮਦਦ ਨਾਲ 7 ਜੁਲਾਈ, 1799 ਈ. ਨੂੰ ਲਾਹੌਰ ਉਤੇ ਹਮਲਾ ਕੀਤਾ ਅਤੇ ਬਿਨਾ ਕਿਸੇ ਪ੍ਰਕਾਰ ਦੇ ਖ਼ੂਨ-ਖ਼ਰਾਬੇ ਦੇ ਭੰਗੀ ਮਿਸਲ ਦੇ ਸਰਦਾਰਾਂ ਨੂੰ ਖਦੇੜ ਕੇ 20 ਘੰਟਿਆਂ ਵਿਚ ਨਗਰ ਉਤੇ ਆਪਣਾ ਅਧਿਕਾਰ ਜਮਾ ਲਿਆ। ਇਸ ਤੋਂ ਬਾਦ ਆਪਣੀ ਸੱਸ ਦੀ ਸਹਾਇਤਾ ਨਾਲ ਰਣਜੀਤ ਸਿੰਘ ਨੇ ਹੋਰ ਇਲਾਕੇ ਵੀ ਆਪਣੇ ਅਧੀਨ ਕਰਨੇ ਸ਼ੁਰੂ ਕੀਤੇ। 11 ਅਪ੍ਰੈਲ 1801 ਈ. ਨੂੰ ਰਣਜੀਤ ਸਿੰਘ ਨੇ ਮਹਾਰਾਜਾ ਹੋਣ ਦੀ ਘੋਸ਼ਣਾ ਕੀਤੀ। ਇਸ ਤੋਂ ਬਾਦ ਅੰਮ੍ਰਿਤਸਰ, ਚਿਨਿਓਟ, ਕਸੂਰ ਅਤੇ ਕਾਂਗੜਾ ਦੀਆਂ ਮੁਹਿੰਮਾਂ ਤੋਂ ਇਲਾਵਾ, ਅਟਕ ਅਤੇ ਹਜ਼ਾਰਾ ਇਲਾਕਿਆਂ ਦੇ ਪਠਾਣਾਂ ਨੂੰ ਅਧੀਨ ਕਰਨ ਲਈ ਸਰਦਾਰਨੀ ਸਦਾ ਕੌਰ ਆਪਣੀ ਫ਼ੌਜ ਦੀ ਕਮਾਂਡ ਕਰਦੀ ਹੋਈ ਹਰ ਥਾਂ ਰਣਜੀਤ ਸਿੰਘ ਦੇ ਅੰਗ-ਸੰਗ ਰਹੀ।

ਸੰਨ 1807 ਈ. ਵਿਚ ਮਤਾਬ ਕੌਰ ਨੇ ਦੋ ਜੁੜਵੇਂ ਲੜਕਿਆਂ — ਸ਼ੇਰ ਸਿੰਘ ਅਤੇ ਤਾਰਾ ਸਿੰਘ— ਨੂੰ ਜਨਮ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ, ਇਸ ਤੋਂ ਪਹਿਲਾਂ ਮਹਾਰਾਣੀ ਦਾਤਾਰ ਕੌਰ ਨਾਲ ਵਿਆਹ ਕਰ ਲਿਆ ਸੀ, ਇਸ ਕਰਕੇ ਉਸ ਤੋਂ ਪੈਦਾ ਹੋਇਆ ਪੁੱਤਰ ਖੜਗ ਸਿੰਘ ਵਲੀਅਹਿਦ (ਯੁਵਰਾਜ) ਬਣਿਆ। ਆਪਣੇ ਦੋਹਤਰੇ ਦੇ ਖੁਸਦੇ ਹੱਕ ਨੂੰ ਵੇਖ ਕੇ ਸਰਦਾਰਨੀ ਸਦਾ ਕੌਰ ਸਾਵੀਂ ਨ ਰਹੀ। ਇਥੋਂ ਹੀ ਆਪਣੇ ਜਵਾਈ ਨਾਲ ਉਸ ਦਾ ਤਨਾਓ ਵਧਣਾ ਸ਼ੁਰੂ ਹੋ ਗਿਆ। ਸਦਾ ਕੌਰ ਨੇ ਆਪਣੇ ਇਲਾਕੇ ਦੀ ਮਹਾਰਾਨੀ ਬਣਨ ਲਈ ਅੰਗ੍ਰੇਜ਼ ਅਧਿਕਾਰੀ ਸਰ ਚਾਰਲੈਸ ਮੈਟਕਾਫ਼ ਨਾਲ ਸਾਜ਼-ਬਾਜ਼ ਕੀਤੀ ਜੋ ਮਹਾਰਾਜਾ ਰਣਜੀਤ ਸਿੰਘ ਨੂੰ ਚੰਗੀ ਨ ਲਗੀ। ਸਦਾ ਕੌਰ ਸ਼ਹਿਜ਼ਾਦਾ ਖੜਗ ਸਿਘ ਦੇ ਵਲੀਅਹਿਦ ਬਣਨ ਵਾਲੇ ਸਮਾਗਮ ਵਿਚ ਸ਼ਾਮਲ ਨ ਹੋਈ ਅਤੇ ਨ ਹੀ ਆਪਣੇ ਦੋਹਤਰਿਆਂ ਨੂੰ ਸ਼ਾਮਲ ਹੋਣ ਲਈ ਭੇਜਿਆ। ਇਸ ਗੱਲ 'ਤੇ ਮਹਾਰਾਜਾ ਰਣਜੀਤ ਸਿੰਘ ਬਹੁਤ ਨਾਰਾਜ਼ ਹੋਇਆ। ਉਸ ਨੇ ਸਦਾ ਕੌਰ ਦੀ ਰਿਆਸਤ ਦਾ ਪ੍ਰਬੰਧਕ ਸ. ਦੇਸਾ ਸਿੰਘ ਮਜੀਠੀਆ ਨੂੰ ਬਣਾ ਦਿੱਤਾ। ਇਸ ਕਰਕੇ ਸਦਾ ਕੌਰ ਬਹੁਤ ਸਟਪਟਾਈ ਅਤੇ ਅੰਗ੍ਰੇਜ਼ਾਂ ਤੋਂ ਸਹਾਇਤ ਲੈਣ ਲਈ ਧਮਕੀ ਵੀ ਦਿੱਤੀ। ਮਹਾਰਾਜੇ ਨੇ ਛਲਾਵੇ ਨਾਲ ਸਰਦਾਰਨੀ ਸਦਾ ਕੌਰ ਨੂੰ ਲਾਹੌਰ ਬੁਲਾਇਆ ਅਤੇ ਕੈਦ ਕਰ ਲਿਆ। ਉਸ ਦੀ ਰਿਆਸਤ ਨੂੰ ਜ਼ਬਤ ਕਰਕੇ ਬਟਾਲੇ ਦਾ ਇਲਾਕਾ ਕੁੰਵਰ ਸ਼ੇਰ ਸਿੰਘ ਨੂੰ ਜਾਗੀਰ ਵਜੋਂ ਦੇ ਦਿੱਤਾ। ਸਤੰਬਰ 1832 ਈ. ਵਿਚ ਸਦਾ ਕੌਰ ਦਾ ਕੈਦ ਵਿਚ ਹੀ ਦੇਹਾਂਤ ਹੋਇਆ। ਉਦੋਂ ਉਸ ਦੀ ਉਮਰ 79 ਵਰ੍ਹਿਆਂ ਦੀ ਸੀ।

ਸਰਦਾਰਨੀ ਸਦਾ ਕੌਰ ਬੜੀ ਸੂਝਵਾਨ, ਯੋਗ ਪ੍ਰਸ਼ਾਸਕ ਅਤੇ ਸੂਰਵੀਰ ਇਸਤਰੀ ਸੀ। ਯੁੱਧ-ਭੂਮੀ ਵਿਚ ਖ਼ੁਦ

ਆਪਣੀ ਫ਼ੌਜ ਦੀ ਅਗਵਾਈ ਕਰਦੀ ਸੀ। ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਉਣ ਵਿਚ ਸਦਾ ਕੌਰ ਦਾ ਯੋਗਦਾਨ ਅਭੁਲ ਇਤਿਹਾਸਿਕ ਘਟਨਾ ਹੈ। ਇਹ ਸੁਤੰਤਰ ਸੋਚ ਵਾਲੀ ਨਿਡਰ ਸਰਦਾਰਨੀ ਆਪਣੇ ਗੌਰਵ ਨੂੰ ਕਾਇਮ ਰਖਣ ਲਈ ਆਪਣੇ ਜਵਾਈ ਤੋਂ ਵਖ ਹੋਣੋਂ ਵੀ ਨ ਟਲੀ। ਕੈਦ ਕਟ ਲਈ, ਪਰ ਜਵਾਈ ਅਗੇ ਝੁਕਣੋਂ ਸੰਕੋਚ ਕੀਤਾ।

**ਸਦਾ ਕੌਰ, ਬੀਬੀ** (1771-1801 ਈ.): ਪਟਿਆਲਾ ਦੇ ਰਾਜਾ ਸਾਹਿਬ ਸਿੰਘ (1773-1813 ਈ.) ਦੀ ਵੱਡੀ ਭੈਣ, ਜਿਸ ਦਾ ਜਨਮ ਸੰਨ 1771 ਈ. ਵਿਚ ਰਾਜਾ ਅਮਰ ਸਿੰਘ ਦੇ ਘਰ ਰਾਣੀ ਰਾਜ ਕੌਰ ਦੀ ਕੁੱਖੋਂ ਪਟਿਆਲਾ ਦੇ ਰਾਜ-ਮਹਲ ਵਿਚ ਹੋਇਆ। ਛੋਟੀ ਉਮਰ ਵਿਚ ਹੀ ਇਸ ਦਾ ਵਿਆਹ ਕਨ੍ਹੀਆ ਮਿਸਲ ਦੇ ਸ. ਜੈਮਲ ਸਿੰਘ ਨਾਲ ਕਰ ਦਿੱਤਾ ਗਿਆ। ਉਸ ਵਕਤ ਕਨ੍ਹੀਆ ਮਿਸਲ ਦੀ ਸਰਦਾਰੀ ਦੀਨਾਨਗਰ ਦੇ ਇਰਦ-ਗਿਰਦ ਲਗਦੇ ਇਲਾਕੇ ਵਿਚ ਸੀ ਅਤੇ ਫਤਹਿਗੜ੍ਹ ਰਿਆਸਤ ਦਾ ਸਦਰ ਮੁਕਾਮ ਸੀ।

ਸੰਨ 1793 ਈ. ਵਿਚ ਪਟਿਆਲਾ ਰਿਆਸਤ ਦੇ ਅੰਦਰਲੇ ਵਿਰੋਧਾਂ ਤੋਂ ਮਜਬੂਰ ਹੋ ਕੇ ਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਨੂੰ ਫਤਹਿਗੜ੍ਹ ਤੋਂ ਪਟਿਆਲੇ ਬੁਲਾ ਲਿਆ ਅਤੇ ਇਸ ਨੂੰ ਆਪਣੀ ਰਿਆਸਤ ਦਾ ਪ੍ਰਧਾਨ ਸਲਾਹਕਾਰ ਬਣਾ ਦਿੱਤਾ। ਅਜੇ ਇਸ ਨੇ ਪਟਿਆਲੇ ਵਿਚ ਆਪਣੇ ਪੈਰ ਜਮਾਏ ਹੀ ਸਨ ਕਿ ਇਸ ਦੀ ਆਪਣੀ ਰਿਆਸਤ ਉਤੇ ਇਕ ਵੈਰੀ ਫਤਹਿ ਸਿੰਘ ਨੇ ਹਮਲਾ ਕਰਕੇ ਇਸ ਦੇ ਪਤੀ ਨੂੰ ਕੈਦ ਕਰ ਲਿਆ। ਸਾਹਿਬ ਕੌਰ ਪਟਿਆਲੇ ਦੀ ਫ਼ੌਜ ਨੂੰ ਨਾਲ ਲੈ ਕੇ ਉਥੇ ਪਹੁੰਚੀ ਅਤੇ ਆਪਣੇ ਪਤੀ ਨੂੰ ਮੁਕਤ ਕਰਾਇਆ। ਉਥੋਂ ਅਜੇ ਪਟਿਆਲੇ ਪਰਤੀ ਹੀ ਸੀ ਕਿ ਸੰਨ 1794 ਈ. ਵਿਚ ਅੰਤਾ ਰਾਉ ਅਤੇ ਲਛਮਨ ਰਾਉ ਮਰਹਟਿਆਂ ਨੇ ਇਕ ਤਕੜੀ ਸੈਨਾ ਸਹਿਤ ਪਟਿਆਲੇ ਉਤੇ ਧਾਵਾ ਬੋਲ ਦਿੱਤਾ। ਬੀਬੀ ਦੀ ਸਹਾਇਤਾ ਲਈ ਜੀਂਦ, ਕਲਸੀਆ ਅਤੇ ਥਾਨੇਸਰ ਦੇ ਸਿੱਖ ਹੁਕਮਰਾਨ ਮੈਦਾਨ ਵਿਚ ਆ ਨਿਤਰੇ। ਮਰਹਟਿਆਂ ਨਾਲੋਂ ਘਟ ਸੈਨਾ ਹੋਣ ਦੇ ਬਾਵਜੂਦ ਇਸ ਨੇ ਆਪਣੀ ਫ਼ੌਜ ਦਾ ਇਤਨਾ ਉਤਸਾਹ ਵਧਾਇਆ ਕਿ ਅੰਬਾਲੇ ਦੇ ਨੇੜੇ ਗਹਿਗਚ ਲੜਾਈ ਵਿਚ ਮਰਹਟੇ ਹਾਰ ਕੇ ਕਰਨਾਲ ਵਲ ਖਿਸਕ ਗਏ।

ਸੰਨ 1796 ਈ. ਵਿਚ ਨਾਹਨ ਰਿਆਸਤ ਦੇ ਰਾਜੇ ਦੀ ਬੇਨਤੀ 'ਤੇ ਇਹ ਆਪਣੀ ਫ਼ੌਜ ਸਹਿਤ ਉਥੇ ਗਈ ਅਤੇ ਬਾਗ਼ੀਆਂ ਨੂੰ ਦਬਾਇਆ। ਸੰਨ 1799 ਈ. ਵਿਚ ਹਾਂਸੀ ਹਿਸਾਰ ਦੇ ਅੰਗ੍ਰੇਜ਼ ਅਧਿਕਾਰੀ ਜਾਰਜ ਥਾਮਸ ਨੇ ਜੀਂਦ ਰਿਆਸਤ ਨੂੰ ਹੜਪਣ ਲਈ ਚੜ੍ਹਾਈ ਕਰ ਦਿੱਤੀ। ਸਦਾ ਕੌਰ ਕੁਝ ਹੋਰ ਸਿੱਖ ਰਿਆਸਤਾਂ ਦੇ ਮੁਖੀਆਂ ਦੀ ਸਹਾਇਤਾ ਨਾਲ ਜੀਂਦ ਜਾ ਪਹੁੰਚੀ ਅਤੇ ਯੁੱਧ ਲਈ ਨਗਾਰਾ ਵਜਾ ਦਿੱਤਾ। ਸਥਿਤੀ ਨੂੰ ਅਨੁਕੂਲ ਨ ਵੇਖ ਕੇ ਜਾਰਜ ਥਾਮਸ ਪਿਛੇ ਹਟ ਗਿਆ। ਇਸ ਤਰ੍ਹਾਂ ਹੋਰ ਵੀ ਕਈ ਸੰਕਟਾਂ ਤੋਂ ਇਸ ਨੇ ਪਟਿਆਲਾ ਰਿਆਸਤ ਨੂੰ ਬਚਾਇਆ। ਪਰ ਆਪਣੇ ਭਰਾ ਨਾਲ ਮਤ-ਭੇਦ ਪੈਦਾ ਹੋ ਜਾਣ ਕਾਰਣ ਇਹ ਪਟਿਆਲੇ ਤੋਂ ਸੁਨਾਮ ਨੇੜੇ ਆਪਣੀ ਜਾਗੀਰ ਵਿਚ ਚਲੀ ਗਈ ਅਤੇ ਉਥੇ ਉਭੇਵਾਲ ਪਿੰਡ ਵਿਚ ਆਪਣਾ ਕਿਲ੍ਹਾ ਬਣਾ ਕੇ ਰਹਿਣ ਲਗ ਗਈ। ਪਰ ਸੰਨ 1801 ਈ. ਵਿਚ ਭਰ ਜਵਾਨੀ ਵਿਚ ਹੀ ਇਸ ਦਾ ਦੇਹਾਂਤ ਹੋ ਗਿਆ। ਸਿੱਖ ਸਮਾਜ ਵਿਚ ਇਸ ਦੀ ਬਹਾਦਰੀ ਕਾਰਣ ਬੜੇ ਆਦਰ ਨਾਲ ਇਸ ਨੂੰ ਯਾਦ ਕੀਤਾ ਜਾਂਦਾ ਹੈ।

**ਸਧਨਾ, ਭਗਤ:** ਗੁਰੂ ਗ੍ਰੰਥ ਸਾਹਿਬ ਦੇ ਇਕ ਬਾਣੀਕਾਰ ਭਗਤ ਸਧਨਾ ਦਾ ਜਨਮ, ਨਿਵਾਸ-ਸਥਾਨ ਅਤੇ ਕੁਲ-ਧਰਮ ਬਾਰੇ ਕੋਈ ਤਸੱਲੀਬਖ਼ਸ਼ ਸਾਮਗ੍ਰੀ ਇਤਿਹਾਸ ਤੋਂ ਪ੍ਰਾਪਤ ਨਹੀਂ ਹੁੰਦੀ। ਰਵਾਇਤ ਅਨੁਸਾਰ ਇਹ ਸਿੰਧ ਪ੍ਰਾਂਤ ਦੇ ਸਿਹਵਾਂ (ਸੇਹਵਾਨ) ਪਿੰਡ ਦਾ ਵਸਨੀਕ ਸੀ। ਇਸ ਦੇ ਜੀਵਨ ਦਾ ਪਹਿਲਾ ਹਿੱਸਾ ਪਿਤਾ-ਪੁਰਖੀ ਕਸਾਈ ਦਾ ਕੰਮ ਕਰਨ ਵਿਚ ਬਤੀਤ ਹੋਇਆ। ਬਾਦ ਵਿਚ ਉਸ ਨੂੰ ਤਿਆਗ ਕੇ ਇਹ ਭਗਤੀ ਵਿਚ ਲੀਨ ਹੋ ਗਏ। ਇਨ੍ਹਾਂ ਦੇ ਨਾਂ ਨਾਲ ਕਈ ਕਰਾਮਾਤੀ ਕਥਾਵਾਂ ਪ੍ਰਚਲਿਤ ਹਨ, ਜਿਨ੍ਹਾਂ ਤੋਂ ਇਨ੍ਹਾਂ ਦੇ ਕਰਨੀ ਵਾਲੇ ਭਗਤ ਹੋਣ ਦਾ ਸੰਕੇਤ ਮਿਲਦਾ ਹੈ।

ਮੈਕਾਲਿਫ਼ ('ਸਿੱਖ ਰਿਲੀਜਨ', ਭਾਗ 6) ਅਨੁਸਾਰ ਇਕ ਵਾਰ ਅਲੋਰਾ ਦੀਆਂ ਗੁਫਾਵਾਂ ਨੇੜੇ ਭਗਤੀ ਕਰਦਿਆਂ ਇਨ੍ਹਾਂ ਦੀ ਭੇਂਟ ਨਾਮਦੇਵ ਅਤੇ ਗਿਆਨਦੇਵ ਨਾਲ ਹੋਈ ਸੀ ਅਤੇ ਇਹ ਉਨ੍ਹਾਂ ਨਾਲ ਤੀਰਥ-ਯਾਤ੍ਰਾ ਉਤੇ ਵੀ ਗਏ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਨਾਮਦੇਵ (ਮ੍ਰਿਤੂ 1350 ਈ.) ਅਤੇ ਗਿਆਨਦੇਵ ਦਾ ਸਮਕਾਲੀ ਜਾਂ ਨਿਟਕ ਪੂਰਵ-ਵਰਤੀ ਸੀ। ਭਗਤ ਰਵਿਦਾਸ ਨੇ ਮਾਰੂ ਰਾਗ ਵਿਚ ਭਵਸਾਗਰ ਤੋਂ ਤਰਨ ਵਾਲੇ ਮਹਾਪੁਰਸ਼ਾਂ ਵਿਚ ਇਸ

ਦਾ ਨਾਂ ਵੀ ਗਿਣਾਇਆ ਹੈ— *ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।* (ਗੁ.ਗ੍ਰੰ.1106)। ਸਪੱਸ਼ਟ ਹੈ ਕਿ ਆਪ ਭਗਤ ਰਵਿਦਾਸ ਤੋਂ ਪਹਿਲਾਂ ਹੋ ਚੁਕੇ ਸਨ। ਇਸ ਲਈ ਆਪ ਦਾ ਜੀਵਨ-ਕਾਲ 14ਵੀਂ ਸਦੀ ਵਿਚ ਮਿਥਿਆ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਇਨ੍ਹਾਂ ਦਾ ਦੇਹਰਾ ਸਰਹਿੰਦ ਦੇ ਨੇੜੇ ਮੌਜੂਦ ਹੈ। ਸੰਭਵ ਹੈ ਇਨ੍ਹਾਂ ਦਾ ਦੇਹਾਂਤ ਸਰਹਿੰਦ ਵਿਚ ਹੋਇਆ ਹੋਵੇ।

ਆਪ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ (ਪੰਨਾ 858) ਦੇ ਬਿਲਾਵਲ ਰਾਗ ਵਿਚ ਦਰਜ ਹੈ ਜਿਸ ਵਿਚ ਆਪ ਦੀ ਨਿਮਰਤਾ, ਆਤਮ-ਸਮਰਪਣ ਅਤੇ ਅਰਜੋਈ ਦਾ ਬੜਾ ਸੁੰਦਰ ਪ੍ਰਦਰਸ਼ਨ ਹੈ। ਇਸ ਸ਼ਬਦ ਵਿਚ ਹਿਰਦੇ ਦੀ ਸੱਚੀ ਅਤੇ ਨਿਰਛਲ ਭਾਵਨਾ ਦੇ ਸਹਿਜ ਪ੍ਰਗਟਾਵੇ ਦਾ ਅਹਿਸਾਸ ਹੁੰਦਾ ਹੈ। ਸ਼ਬਦ ਦੇ ਅੰਤ ਵਿਚ ਆਪ ਨੇ ਪ੍ਰਭੂ ਨੂੰ ਸੰਬੋਧਿਤ ਕਰਦਿਆਂ ਆਤਮ-ਨਿਵੇਦਨ ਕੀਤਾ ਹੈ— *ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ। ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ।*(ਗੁ.ਗ੍ਰੰ.858)। ਆਪ ਦੇ ਨਾਂ ਨਾਲ ਸੰਬੰਧਿਤ 6 ਪਦ 'ਸੰਤ-ਗਾਥਾ' ਨਾਂ ਦੇ ਸੰਕਲਨ ਵਿਚ ਮਿਲਦੇ ਹਨ, ਜਿਨ੍ਹਾਂ ਵਿਚ ਕ੍ਰਿਸ਼ਣਾਵਤਾਰ ਪ੍ਰਤਿ ਭਗਤੀ ਭਾਵਨਾ ਪ੍ਰਗਟ ਹੋਈ ਹੈ। ਇਸ ਲਈ ਇਨ੍ਹਾਂ ਪਦਿਆਂ ਦੀ ਭਾਵ-ਸਾਮਗ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਦੇ ਨਾਲ ਮੇਲ ਨਹੀਂ ਖਾਂਦੀ। ਸੰਭਵ ਹੈ ਕਿ ਇਹ ਕੋਈ ਹੋਰ ਸਧਨਾ ਹੋਵੇ, ਜਾਂ ਕਿਸੇ ਵਿਅਕਤੀ ਨੇ ਇਹ ਪਦੇ ਲਿਖ ਕੇ ਆਪ ਦੇ ਨਾਂ ਨਾਲ ਪ੍ਰਸਿੱਧ ਕਰ ਦਿੱਤੇ ਹੋਣ।

**ਸਧਾਰ** (ਕਸਬਾ): ਪੰਜਾਬ ਪ੍ਰਦੇਸ਼ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਸੁਪ੍ਰਸਿੱਧ ਕਸਬਾ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਮਾਲਵਾ ਖੇਤਰ ਦੀ ਆਪਣੀ ਇਕ ਪ੍ਰਚਾਰ-ਯਾਤ੍ਰਾ ਵੇਲੇ ਕੁਝ ਸਮੇਂ ਲਈ ਠਹਿਰੇ ਸਨ। ਰਵਾਇਤ ਅਨੁਸਾਰ ਕਾਂਗੜ ਪਿੰਡ ਦਾ ਨਿਵਾਸੀ ਰਾਇ ਜੋਧ ਇਥੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਰਾਇ ਜੋਧ ਪਹਿਲਾਂ ਸਖੀ ਸਰਵਰ ਦਾ ਉਪਾਸਕ ਸੀ, ਪਰ ਆਪਣੀ ਪਤਨੀ ਦੀ ਪ੍ਰੇਰਣਾ ਦੇ ਫਲਸਰੂਪ ਉਹ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਨਿਸ਼ਠਾਵਾਨ ਸਿੱਖ ਬਣਿਆ।

ਇਕ ਹੋਰ ਰਵਾਇਤ ਅਨੁਸਾਰ ਕਾਬੁਲ ਤੋਂ ਆਇਆ ਕਰੋੜੀ ਨਾਂ ਦਾ ਇਕ ਘੋੜਿਆਂ ਦਾ ਵਪਾਰੀ ਗੁਰੂ ਜੀ ਨੂੰ ਇਥੇ ਆ ਕੇ ਮਿਲਿਆ ਸੀ। ਉਸ ਨੇ ਗੁਰੂ ਜੀ ਨੂੰ ਦਸਿਆ ਕਿ ਉਨ੍ਹਾਂ ਨੂੰ ਭੇਟ ਕਰਨ ਲਈ ਉਸ ਦੁਆਰਾ ਕਾਬੁਲ ਤੋਂ ਲਿਆਉਂਦੇ ਵਧੀਆ ਨਸਲ ਦੇ ਦੋ ਘੋੜੇ ਲਾਹੌਰ ਦੇ ਮੁਗ਼ਲ ਸੂਬੇਦਾਰ ਨੇ ਖੋਹ ਲਏ ਸਨ। ਉਨ੍ਹਾਂ ਘੋੜਿਆਂ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕਢ ਲਿਆਉਣ ਵਿਚ ਭਾਈ ਬਿਧੀ ਚੰਦ (ਵੇਖੋ) ਨੇ ਆਪਣੀ ਵਿਚਿਤ੍ਰ ਭੂਮਿਕਾ ਨਿਭਾਈ ਸੀ।

ਜਿਥੇ ਗੁਰੂ ਸਾਹਿਬ ਠਹਿਰੇ ਸਨ, ਉਥੇ ਹੁਣ 'ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਿਸ਼ਾਹੀ ਛੇਵੀਂ ਗੁਰੂਸਰ' ਬਣਿਆ ਹੋਇਆ ਹੈ। ਇਸ ਨੂੰ ਆਮ ਤੌਰ ਤੇ 'ਗੁਰੂਸਰ ਸਧਾਰ' ਕਿਹਾ ਜਾਂਦਾ ਹੈ। ਇਸ ਗੁਰੂ-ਧਾਮ ਦੀ ਵਰਤਮਾਨ ਇਮਾਰਤ ਸੰਨ 1964 ਈ. ਤਕ ਮੁਕੰਮਲ ਹੋ ਗਈ ਸੀ। ਇਸ ਦੀ ਪ੍ਰਬੰਧਕੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਕਮੇਟੀ ਕਰਦੀ ਹੈ। ਹੋਰਨਾਂ ਮਹੱਤਵਪੂਰਣ ਦਿਨਾਂ ਤੋਂ ਇਲਾਵਾ ਇਥੇ ਹਰ ਪੂਰਣਮਾਸੀ ਨੂੰ ਤਕੜਾ ਇਕਠ ਹੁੰਦਾ ਹੈ। ਗੁਰਦੁਆਰੇ ਦੇ ਪਰਿਸਰ ਵਿਚ ਕਈ ਵਿਦਿਅਕ ਸੰਸਥਾਵਾਂ ਵੀ ਚਲਾਈਆਂ ਜਾ ਰਹੀਆਂ ਹਨ।

ਕਹਿੰਦੇ ਹਨ ਕਿ ਸਧਾਰ ਦਾ ਇਕ ਨਿਵਾਸੀ ਭਾਈ ਜਵੰਦਾ (ਇਕ ਵਿਦਵਾਨ ਅਨੁਸਾਰ ਭਾਈ ਪ੍ਰੇਮਾ) ਨੰਗੇ ਪੈਰੀਂ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਉਸ ਦੇ ਸਿਦਕ ਨੂੰ ਵੇਖ ਕੇ ਗੁਰੂ ਜੀ ਨੇ ਇਕ ਜੋੜਾ ਜੁਤੀਆਂ ਦਾ ਬਖ਼ਸ਼ਿਆ। ਉਸ ਨੇ ਉਹ ਜੋੜਾ ਪੈਰਾਂ ਵਿਚ ਪਾਉਣ ਦੀ ਥਾਂ ਸ਼ਰਧਾ ਨਾਲ ਸਿਰ ਉਪਰ ਰਖ ਲਿਆ। ਉਹ ਜੋੜਾ ਹੁਣ ਵੀ ਭਾਈ ਜਵੰਦੇ ਦੇ ਵੰਸ਼ ਵਿਚ ਸੁਰਖਿਅਤ ਹੈ, ਪਰ ਸਾਬਤ ਨਹੀਂ, ਟੁਕੜਿਆਂ ਦੇ ਰੂਪ ਵਿਚ। ਜੋੜੇ ਦੇ ਟੁਕੜਿਆਂ ਵਿਚ ਹੋਣ ਦਾ ਕਾਰਣ ਇਹ ਦਸਿਆ ਜਾਂਦਾ ਹੈ ਕਿ ਇਸ ਪਵਿੱਤਰ ਜੋੜੇ ਨੂੰ ਇਕ ਵਾਰ ਪਰਿਵਾਰ ਦੇ ਕਿਸੇ ਬੰਦੇ ਨੇ ਆਪਣੇ ਪੈਰਾਂ ਵਿਚ ਪਾ ਲਿਆ ਸੀ। ਇਸ ਨਾਲ ਪਰਿਵਾਰ ਦੇ ਕਿਸੇ ਪੁਰਖੇ ਨੂੰ ਬੜੀ ਠੇਸ ਪਹੁੰਚੀ। ਉਸ ਨੇ ਜੋੜੇ ਦੇ ਟੁਕੜੇ ਕਰ ਦਿੱਤੇ ਤਾਂ ਜੋ ਅੱਗੋਂ ਲਈ ਉਸ ਨੂੰ ਪਾਉਣ ਦੀ ਕੋਈ ਕੁਚੇਸ਼ਟਾ ਨ ਕਰੇ।

**ਸਨਮੁਖ** : ਇਸ ਤੋਂ ਭਾਵ ਹੈ ਮੁਖ ਦੇ ਸਾਹਮਣੇ। ਸਿੱਖ ਧਰਮ ਵਿਚ ਗੁਰੂ ਦੇ ਸਾਹਮਣੇ ਰਹਿਣ ਅਥਵਾ ਆਗਿਆ ਮੰਨਣ ਵਾਲੇ ਸੇਵਕ ਲਈ 'ਸਨਮੁਖ' ਸ਼ਬਦ ਵਾਚਕ ਵਜੋਂ ਪਰਿਭਾਸ਼ਿਤ ਹੋ ਚੁਕਿਆਹੈ। ਜਿਸ ਸਿੱਖ ਦਾ ਮੁਖ ਗੁਰੂ ਵਲ

ਹੈ (ਅਰਥਾਤ ਗੁਰੂ ਅਨੁਸਾਰ ਕਾਰਜ ਕਰਦਾ ਹੈ) ਅਤੇ ਵਿਸ਼ੇ-ਵਿਕਾਰਾਂ ਤੋਂ ਜਿਸ ਨੇ ਮੁਖ ਮੋੜ ਲਿਆ ਹੈ, ਉਹ 'ਸਨਮੁਖ' ਹੈ। ਗੁਰਬਾਣੀ ਵਿਚ 'ਗੁਰਮੁਖ' (ਵੇਖੋ) ਸ਼ਬਦ ਇਸ ਦਾ ਪ੍ਰਯਾਯਵਾਚੀ ਹੈ।

ਪਰਵਰਤੀ ਸਿੱਖ ਸਾਹਿਤ ਦੀ 'ਭਗਤ ਰਤਨਾਵਲੀ' (13ਵੀਂ ਪਉੜੀ) ਨਾਂ ਦੀ ਰਚਨਾ ਵਿਚ 'ਸਨਮੁਖ' ਨੂੰ ਪਰਿਭਾਸ਼ਿਤ ਕਰਨ ਲਈ ਗੁਰੂ ਨਾਨਕ ਦੇਵ ਜੀ ਤੋਂ ਅਖਵਾਇਆ ਗਿਆ ਹੈ:

*ਤਾ ਬਚਨ ਹੋਇਆ ਜੋ ਪਾਪਾ ਨੂੰ ਪਿਠ ਦੇਦੇ ਹੈਨਿ, ਤੇ ਪੁੰਨਾਂ ਦੇ ਸਾਹਮਣ ਹੋਦੇ ਹੈਨਿ, ਸੋ ਸਨਮੁਖ ਹੈ। ਤੇ ਗੁਰੂ ਕੇ ਦਰਸਨ ਨੂੰ ਸਨਮੁਖ ਬੈਠ ਕੇ ਸੁਣੇ, ਸਬਦ ਨੂੰ ਸਨ ਮੁਖਿ ਬੈਠਿ ਕੇ ਸੁਣੇ। ਤੇ ਆਪਣੇ ਮਨ ਦੀ ਬ੍ਰਿਤ ਦਾ ਸਾਖੀ ਹੋਵੇ। ਚਾਰ ਸਾਖੀਆਂ ਸਨਮੁਖਿ ਦੀਆਂ ਹੈਨਿ ਜਿਸ ਕਰਿ ਕੈ ਗੁਰੂ ਕੇ ਸਨਮੁਖ ਹੁੰਦੇ ਹਨ।... ਜੀ ਓਹੁ ਕੇਹੜੀਆਂ ਸਾਖੀਆਂ ਹੈਨਿ। ਤਾਂ ਬਾਬੇ ਆਖਿਆ - ਇਕ ਮੈਤ੍ਰੀ, ਇਕੁ ਕਰੁਨਾ, ਇਕ ਮੁਦਤਾ, ਇਕ ਉਪੇਖਿਆ।* ਇਸ ਬਾਰੇ 'ਗੁਰ ਨਾਨਕ ਪ੍ਰਕਾਸ਼' ਵਿਚ ਲਿਖਿਆ ਹੈ— *ਮੈਤ੍ਰੀ ਕਰੁਣਾ ਦੂੈ ਲਖੋ ਮੁਦਿਤਾ ਤੀਜੀ ਜਾਨ। ਚਤੁਰ ਉਪੇਖ੍ਯਾ ਜਿਸ ਬਿਖੈ ਸਨਮੁਖ ਸੋ ਪਹਿਚਾਨ।*

**ਸ਼ਨੀਗ੍ਰਹ** : ਨੌਂ ਗ੍ਰਹਿਆਂ ਵਿਚੋਂ ਅਸ਼ੁਭ ਸਮਝਿਆ ਜਾਣ ਵਾਲਾ ਸੱਤਵਾਂ ਗ੍ਰਹ। ਵੇਖੋ 'ਛਨਿਚਰ/ਛਨਿਛਰ'।

**ਸਨ੍ਹੇਰ** (ਪਿੰਡ): ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਨਗਰ ਤੋਂ ਅੱਠ ਕਿ.ਮੀ. ਦੀ ਦੂਰੀ 'ਤੇ ਦੱਖਣ-ਪੂਰਬ ਦਿਸ਼ਾ ਵਿਚ ਵਸਿਆ ਇਕ ਪਿੰਡ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਡਰੋਲੀ ਜਾਂਦੇ ਹੋਇਆਂ ਕੁਝ ਸਮੇਂ ਲਈ ਰੁਕੇ ਸਨ। ਇਥੇ ਉਦਾਸੀ ਸਾਧਾਂ ਨੇ ਇਕ ਸਮਾਰਕ ਦਾ ਨਿਰਮਾਣ ਕਰਵਾਇਆ ਸੀ ਜੋ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਹੁਣ ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਪੁਰਾਣੇ ਸਮਾਰਕ ਦੀ ਥਾਂ ਨਵੀਂ ਇਮਾਰਤ ਵੀ ਬਣ ਚੁਕੀ ਹੈ।

**ਸਪਤ-ਸ਼੍ਰਿੰਗ** : ਇਹ ਸੰਯੁਕਤ ਸ਼ਬਦ ਸਿੱਖ ਸਾਹਿਤ ਵਿਚ 'ਬਚਿਤ੍ਰ ਨਾਟਕ' ਦੀ ਰਚਨਾ ਦੇ ਨਾਲ ਦਾਖ਼ਲ ਹੋਇਆ ਹੈ। ਪਿਛਲੇ ਜਨਮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਥੇ ਭਗਤੀ ਕੀਤੀ ਸੀ? ਇਸ ਬਾਰੇ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ— *ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹਿ ਬਿਧਿ ਮੁਹਿ ਆਨੋ। ਹੇਮਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ। ਸਪਤ ਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਜਹ ਜੋਗੁ ਕਮਾਵਾ* (ਛੇਵਾਂ ਅਧਿ.)।

'ਸ਼੍ਰਿੰਗ' ਤੋਂ ਭਾਵ ਹੈ ਚੋਟੀ। ਸਪਤ-ਸ਼੍ਰਿੰਗ ਹਿਮਾਲਯ ਪਰਬਤਮਾਲਾ ਵਿਚਲੀ ਉਹ ਸਥਿਤੀ ਹੈ ਜਿਥੇ ਸੱਤ ਪਹਾੜੀ ਚੋਟੀਆਂ ਇਕੱਠੀਆਂ ਹਨ। ਇਹ ਚੋਟੀਆਂ ਬਦਰੀ ਨਾਰਾਇਣ ਦੇ ਨੇੜੇ ਹਨ। ਉਂਜ ਤਾਂ ਬੰਬਈ ਦੇ ਨਾਸਿਕ ਜ਼ਿਲ੍ਹੇ ਵਿਚ ਚਾਂਦੌਰ ਪਰਬਤ-ਧਾਰਾ ਉਤੇ ਸਥਿਤ ਮਹਿਖਾਸੁਰ-ਮਰਦਨੀ (ਦੁਰਗਾ) ਦੇ ਮੰਦਿਰ ਵਾਲੇ ਖੇਤਰ ਨੂੰ ਵੀ 'ਸਪਤ-ਸ਼੍ਰਿੰਗ' ਨਾਂ ਦੇ ਦਿੱਤਾ ਜਾਂਦਾ ਹੈ, ਪਰ ਉਸ ਦਾ ਸਿੱਖ ਸਾਹਿਤ ਵਿਚ ਵਰਤੇ ਗਏ ਇਸ ਸ਼ਬਦ ਨਾਲ ਕੋਈ ਸੰਬੰਧ ਨਹੀਂ।

ਆਧੁਨਿਕ ਸਿੱਖ ਚਿੰਤਕਾਂ ਨੇ ਸਪਤ-ਸ਼੍ਰਿੰਗ ਨੂੰ ਮਨੁੱਖ ਦੇਹ ਦੇ ਅੰਤਰ-ਵਰਤੀ ਮੰਨਦੇ ਹੋਇਆਂ ਪੰਜ ਗਿਆਨ ਇੰਦ੍ਰੀਆਂ ਅਤੇ ਚਿੱਤ ਤੇ ਆਤਮਾ ਨੂੰ ਸੱਤ ਚੋਟੀਆਂ ਦਾ ਸੂਚਕ ਮੰਨਿਆ ਹੈ। ਇੰਦ੍ਰੀਆਂ ਅਤੇ ਚਿੱਤ ਦੇ ਟਿਕਾਉ ਨਾਲ ਸਹਿਜ ਸਥਿਤੀ ਪੈਦਾ ਹੁੰਦੀ ਹੈ। ਉਦੋਂ ਕੀਤੀ ਭਗਤੀ ਸੁਰਤਿ ਨੂੰ ਪ੍ਰਭੂ ਨਾਲ ਜੋੜ ਦਿੰਦੀ ਹੈ। ਸਾਧਕ ਲਈ ਇਹ ਦੁਰਲਭ ਸਥਿਤੀ ਹੈ।

**ਸਪਤਾਹਿਕ ਪਾਠ:** ਗੁਰੂ ਗ੍ਰੰਥ ਸਾਹਿਬ ਦੀ ਇਕ ਪਾਠ-ਵਿਧੀ ਜਿਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਇਕ ਸਪਤਾਹ (ਹਫ਼ਤੇ) ਵਿਚ ਪੂਰਾ ਕੀਤਾ ਜਾਂਦਾ ਹੈ। ਇਹ ਪਾਠ ਵਿਅਕਤੀਗਤ ਤੌਰ 'ਤੇ, ਪਰਿਵਾਰਿਕ ਤੌਰ 'ਤੇ ਜਾਂ ਘਰਾਂ ਜਾਂ ਗੁਰਦੁਆਰਿਆਂ ਵਿਚ ਪਾਠੀਆਂ ਦੁਆਰਾ ਕਰਵਾਇਆ ਜਾਂਦਾ ਹੈ। ਆਮ ਤੌਰ 'ਤੇ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਸੱਤਾਂ ਹਿੱਸਿਆਂ ਵਿਚ ਵੰਡ ਕੇ ਇਹ ਪਾਠ ਸੰਪੰਨ ਹੁੰਦਾ ਹੈ। ਪਾਠ ਦੀ ਮਰਯਾਦਾ ਅਨੁਸਾਰ ਇਸ ਦਾ ਆਰੰਭ ਅਤੇ ਸਮਾਪਨ ਕੀਤਾ ਜਾਂਦਾ ਹੈ।

**ਸ਼ਬਦ** (ਪਦ): 'ਸ਼ਬਦ' ਲਫ਼ਜ਼ ਨੂੰ ਗੁਰਬਾਣੀ ਵਿਚ ਕਿਸੇ ਗਾਏ ਜਾਣ ਯੋਗ 'ਪਦ' ਲਈ ਵਰਤਿਆ ਗਿਆ ਹੈ। ਮੱਧ-ਯੁਗ ਦੇ ਸੰਤ-ਸਾਹਿਤ ਵਿਚ ਇਸ ਲਫ਼ਜ਼ ਦੀ ਸੰਤਾਂ ਦੇ ਪਦਿਆਂ ਲਈ ਆਮ ਵਰਤੋਂ ਹੋਈ ਹੈ। ਸਿੱਧਾਂ-ਨਾਥਾਂ ਤੋਂ ਲੈ

ਕੇ ਨਿਰਗੁਣੀ ਸੰਪ੍ਰਦਾਵਾਂ ਦੇ ਧਰਮ-ਸਾਧਕਾਂ ਨੇ ਵਖ ਵਖ ਰਾਗ-ਰਾਗਨੀਆਂ ਵਿਚ ਇਨ੍ਹਾਂ ਦੀ ਰਚਨਾ ਕੀਤੀ ਹੈ। ਇਸ ਤਰ੍ਹਾਂ ਸੰਤ-ਸਾਧਕਾਂ ਦੀ ਕਾਵਿ ਵਿਚ ਅਭਿਵਿਅਕਤ ਰਹੱਸਾਨੁਭੂਤੀ 'ਸ਼ਬਦ' ਅਖਵਾਉਂਦੀ ਹੈ।

ਸੰਤ ਕਬੀਰ ਜੀ ਦੇ ਪਦਿਆਂ ਨੂੰ ਪੁਰਾਣੀਆ ਹੱਥ-ਲਿਖਿਤਾਂ ਵਿਚ 'ਸਬਦੀ' ਨਾਂ ਅਥਵਾ ਸ਼ੀਰਸ਼ਕ ਦਿੱਤਾ ਗਿਆ ਹੈ। ਵੈਸ਼ਣਵ-ਭਗਤਾਂ ਵਿਚ ਗਾਏ ਜਾਣ ਯੋਗ ਪਦਿਆਂ ਨੂੰ 'ਬਿਸਨਪਦ' (ਵਿਸ਼ਣੂਪਦ) ਕਿਹਾ ਜਾਂਦਾ ਹੈ। ਇਸ ਨੂੰ ਸੰਗੀਤਬੱਧ ਕਾਵਿ ਦੀ 'ਪਦ-ਸ਼ੈਲੀ' ਦੇ ਅੰਤਰਗਤ ਰਖਿਆ ਜਾਂਦਾ ਹੈ। ਚੂੰਕਿ ਇਸ ਵਿਚ ਕਿਸੇ ਸੰਤ-ਸਾਧਕ ਦਾ ਅਧਿਆਤਮਿਕ ਸੰਦੇਸ਼ ਸਮੋਹਿਤ ਹੁੰਦਾ ਹੈ, ਇਸ ਲਈ ਇਸ ਨੂੰ 'ਉਪਦੇਸ਼' ਲਈ ਵੀ ਵਰਤਿਆ ਜਾਂਦਾ ਹੈ, ਜਿਵੇਂ 'ਗੁਰ-ਉਪਦੇਸ਼'—*ਭਵਜਲੁ ਬਿਨੁ ਸਬਦੈ ਕਿਉ ਤਰੀਐ।* (ਗੁ.ਗ੍ਰੰ. 1125)।

ਉਪਰੋਕਤ ਤੋਂ ਇਲਾਵਾ 'ਸ਼ਬਦ' ਬ੍ਰਹਮਵਾਚਕ ਵੀ ਹੈ। ਵੇਖੋ 'ਸ਼ਬਦ (ਬ੍ਰਹਮ)'।

**ਸ਼ਬਦ** (ਬ੍ਰਹਮ): ਭਾਸ਼ਾਈ ਦ੍ਰਿਸ਼ਟੀ ਤੋਂ 'ਸ਼ਬਦ' ਦਾ ਅਰਥ ਹੈ ਧੁਨੀ ਜਾਂ ਆਵਾਜ਼। ਇਹ ਆਵਾਜ਼ ਵਸਤੂ-ਸੂਚਕ ਵੀ ਹੋ ਸਕਦੀ ਹੈ ਅਤੇ ਨਾਦ-ਸੂਚਕ ਵੀ। ਪਰ ਇਹ ਸ਼ਬਦ ਦਾ ਦੁਨੀਆਵੀ ਰੂਪ ਹੈ। ਮੱਧ-ਯੁਗ ਦੇ ਸੰਤਾਂ ਨੇ ਇਸ ਨੂੰ ਵਿਸ਼ੇਸ਼ ਪਰਿਭਾਸ਼ਿਕ ਰੂਪ ਵਿਚ ਵਰਤ ਕੇ ਇਸ ਦਾ ਸੰਬੰਧ ਅਧਿਆਤਮਿਕ ਜਗਤ ਨਾਲ ਜੋੜਿਆ ਹੈ। ਇਸ ਨੂੰ ਸ਼ਬਦ ਦਾ ਅਧਿਆਤਮੀ ਰੂਪ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੀ ਆਖੀਰਲੀ ਪਉੜੀ ਵਿਚ ਅਜਿਹੇ ਸ਼ਬਦ ਨੂੰ ਘੜਨ ਵਾਲੀ ਟਕਸਾਲ ਦਾ ਸਰੂਪ ਸਪੱਸ਼ਟ ਕੀਤਾ ਹੈ। ਇਹ, ਅਸਲ ਵਿਚ, ਸੱਚੀ ਅਤੇ ਰੂਹਾਨੀ ਟਕਸਾਲ ਹੈ।

ਜਿਵੇਂ ਦੁਨਿਆਵੀ ਸ਼ਬਦ ਕਿਸੇ ਵਸਤੂ ਜਾਂ ਨਾਦ ਦਾ ਸੂਚਕ ਹੈ, ਤਿਵੇਂ ਅਧਿਆਤਮੀ ਸ਼ਬਦ ਪਰਮਾਤਮਾ ਦਾ ਸੂਚਕ ਹੈ। ਜਿਸ ਤਰ੍ਹਾਂ ਕਿਸੇ ਵਸਤੂ ਅਤੇ ਉਸ ਦੇ ਨਾਂ ਵਿਚ ਕੋਈ ਫ਼ਰਕ ਨਹੀਂ, ਉਸੇ ਤਰ੍ਹਾਂ ਪਰਮਾਤਮਾ ਅਤੇ ਉਸ ਦੇ ਸ਼ਬਦ ਵਿਚ ਵੀ ਕੋਈ ਫ਼ਰਕ ਨਹੀਂ ਹੈ, ਦੋਵੇਂ ਇਕ ਹੀ ਹਨ। ਇਹੀ ਕਾਰਣ ਹੈ ਕਿ ਬਹੁਤ ਸਾਰੇ ਧਰਮਾਂ ਵਿਚ ਸ਼ਬਦ ਤੋਂ ਹੀ ਸੰਸਾਰ ਦੀ ਉਤਪੱਤੀ ਮੰਨੀ ਗਈ ਹੈ। ਭਾਰਤੀ ਦਰਸ਼ਨ ਵਿਚ ਇਸ ਨੂੰ ਪਰਮਾਤਮਾ ਨਾਲ ਅਭੇਦ ਦਸਿਆ ਗਿਆ ਹੈ। 'ਯੋਗ-ਸੂਤ੍ਰ' ਵਿਚ 'ਤਸ੍ਯ ਵਾਚਕ: ਪ੍ਰਣਵ:' ਕਹਿ ਕੇ ਸ਼ਬਦ -ਬ੍ਰਹਮ ਦੀ ਮਾਨਤਾ ਸਥਾਪਿਤ ਕੀਤੀ ਗਈ ਹੈ।

ਗੁਰਬਾਣੀ ਵਿਚ ਸ਼ਬਦ ਨੂੰ ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ ਅਤੇ ਸਮੁੱਚਾ ਸੰਚਾਲਕ ਮੰਨਿਆ ਗਿਆ ਹੈ। ਰਾਮਕਲੀ ਰਾਗ ਵਿਚ 'ਓਅੰਕਾਰ' ਅਤੇ 'ਸਿਧ ਗੋਸਟਿ' ਨਾਂ ਦੀਆਂ ਬਾਣੀਆਂ ਵਿਚ ਪਰਮਾਤਮਾ ਅਤੇ ਸ਼ਬਦ ਦੀ ਅਭੇਦਤਾ ਦਰਸਾਈ ਗਈ ਹੈ। ਇਸ ਨੂੰ ਨਾਮ ਅਤੇ ਹੁਕਮ ਵੀ ਕਿਹਾ ਜਾ ਸਕਦਾ ਹੈ। 'ਸਿਧ ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਤੋਂ ਸਿੱਧਾਂ ਨੇ ਪੁਛਿਆ ਕਿ ਉਸ ਸ਼ਬਦ ਦਾ ਨਿਵਾਸ ਕਿਥੇ ਹੈ, ਜਿਸ ਰਾਹੀਂ ਇਸ ਸੰਸਾਰ ਨੂੰ ਤਰਿਆ ਜਾ ਸਕਦਾ ਹੈ?—*ਸੁ ਸਬਦ ਕਾ ਕਹਾ ਵਾਸੁ ਕਥੀਲੇ ਜਿਤੁ ਤਰੀਐ ਭਵਜਲੁ ਸੰਸਾਰੋ।* ਉੱਤਰ ਵਿਚ ਗੁਰੂ ਜੀ ਨੇ ਦਸਿਆ ਕਿ ਉਹ ਸ਼ਬਦ ਸਰਵ-ਵਿਆਪਕ ਅਤੇ ਅਲੱਖ ਹੈ। ਉਹ ਅਫੁਰ ਬ੍ਰਹਮ ਵਿਚ ਨਿਵਾਸ ਕਰਦਾ ਹੈ। ਫਿਰ ਪਰਮਾਤਮਾ ਦੀ ਕ੍ਰਿਪਾ ਨਾਲ ਉਹ ਮਨੁੱਖ ਦੇ ਹਿਰਦੇ ਵਿਚ ਵਸ ਜਾਂਦਾ ਹੈ। ਫਿਰ ਉਸ ਦੇ ਭਰਮ ਅਤੇ ਦੋਸ਼ ਮਿਟ ਜਾਂਦੇ ਹਨ, ਤਨ-ਮਨ ਨਿਰਮਲ ਹੋ ਜਾਂਦਾ ਹੈ, ਮਾਇਆ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਸਮਦਰਸੀ ਬਿਰਤੀ ਦਾ ਵਿਕਾਸ ਹੋ ਜਾਂਦਾ ਹੈ।

ਨਾਦ ਰੂਪ ਹੋਣ ਕਰਕੇ 'ਸ਼ਬਦ' ਨੂੰ 'ਅਨਾਹਤ ਨਾਦ' ਵੀ ਕਿਹਾ ਜਾਂਦਾ ਹੈ। ਦੁਨਿਆਵੀ ਨਾਦ ਕਿਸੇ ਰਗੜ ਜਾਂ ਸਟ ਤੋਂ ਪੈਦਾ ਹੁੰਦਾ ਹੈ, ਪਰ ਅਧਿਆਤਮੀ ਨਾਦ ਬਿਨਾ ਕਿਸੇ ਚੋਟ ਦੇ ਆਪਣੇ ਆਪ ਪੈਦਾ ਹੁੰਦਾ ਹੈ। ਇਹ ਨਾਦ ਅਫੁਰ ਬ੍ਰਹਮ ਦੀ ਇੱਛਾ ਹੀ ਹੈ ਜੋ ਸਾਰੇ ਸੰਸਾਰ ਵਿਚ ਪਸਰ ਜਾਂਦੀ ਹੈ। ਇਹੀ ਕਾਰਣ ਹੈ ਕਿ ਇਸ ਨੂੰ ਅਨਾਹਤ-ਨਾਦ/ ਅਨਹਦ-ਨਾਦ (ਬਿਨਾ ਚੋਟ ਲਗਣ ਦੇ ਪੈਦਾ ਹੋਣ ਵਾਲਾ) (ਵੇਖੋ) ਕਿਹਾ ਗਿਆ ਹੈ। ਇਸ ਨੂੰ ਕੋਈ ਅਭਿਆਸੀ ਧਰਮ-ਸਾਧਕ ਹੀ ਸੁਣ ਸਕਦਾ ਹੈ। ਭਾਈ ਵੀਰ ਸਿੰਘ ਅਨੁਸਾਰ ਇਹ ਪਰਮ ਟਿਕਾਉ ਦੀ ਅਵਸਥਾ ਦਾ ਅਨੁਭਵ ਹੈ, ਇਸ ਲਈ ਕੰਨਾਂ ਨਾਲ ਸੁਣਨ ਦਾ ਵਿਸ਼ਾ ਨਹੀਂ। ਡਾ. ਬਲਬੀਰ ਸਿੰਘ ('ਨਿਰੁਕਤ') ਦੀ ਸਥਾਪਨਾ ਹੈ ਕਿ ਅਨਹਦ-ਨਾਦ ਦਾ ਅਨੁਭਵ ਉਸ ਵੇਲੇ ਖੁਲ੍ਹਦਾ ਹੈ ਜਿਸ ਵੇਲੇ ਕੁਦਰਤ ਵਿਚ ਵਸ ਰਹੇ ਸ਼ਬਦ ਦੀ ਗੂੰਜ ਮਨੁੱਖ ਦੇ ਹਿਰਦੇ ਦੀਆਂ ਮਹਿਰਾਬਾਂ ਵਿਚ ਗੂੰਜ ਉਠਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਅਨਹਦ-ਸ਼ਬਦ ਰਾਹੀਂ ਹੀ ਪਰਮਾਤਮਾ ਨਾਲ ਮੇਲ ਸੰਭਵ ਦਸਿਆ ਹੈ। ਇਸ ਤੋਂ ਬਿਨਾ

ਸਾਰਾ ਸੰਸਾਰ ਭਰਮਾਂ ਵਿਚ ਗ੍ਰਸਿਆ ਹੋਇਆ ਆਵਾਗਵਣ ਦੇ ਚੱਕਰ ਕਟਦਾ ਹੈ— *ਬਿਨੁ ਸਬਦੇ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ।* ਗੁਰੂ ਨਾਨਕ ਦੇਵ ਨੇ ਸ਼ਬਦ ਨੂੰ ਗੁਰੂ ਅਤੇ ਪੀਰ ਤੁਲ ਮੰਨ ਕੇ ਇਸ ਦਾ ਸਰੂਪ ਗਹਿਰ-ਗੰਭੀਰ ਦਸਿਆ ਹੈ। ਇਸ ਤੋਂ ਬਿਨਾ ਸੰਸਾਰ ਸੁੱਧ-ਬੁੱਧ ਖੋਹ ਬਹਿੰਦਾ ਹੈ— *ਸਬਦੁ ਗੁਰੂ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।*(ਗੁ.ਗ੍ਰੰ. 635)।

ਗੁਰਬਾਣੀ ਵਿਚ ਪਰਮਾਤਮਾ ਅਤੇ ਗੁਰੂ ਵਿਚ ਅਭੇਦਤਾ (*ਗੁਰ ਮਹਿ ਆਪੁ ਰਖਿਆ ਕਰਤਾਰੇ*) ਮੰਨਣ ਕਰਕੇ ਸ਼ਬਦ ਅਤੇ ਗੁਰੂ-ਸ਼ਬਦ ਵਿਚ ਵੀ ਕੋਈ ਅੰਤਰ ਨਹੀਂ ਰਖਿਆ ਗਿਆ। 'ਗੁਰੂ' ਨਾਲ ਇਸ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ 572 ਵਾਰ ਹੋਈ ਹੈ। ਇਸ ਲਈ ਗੁਰਬਾਣੀ ਦੀ ਅਹਿਮੀਅਤ 'ਸ਼ਬਦ' ਜਿੰਨੀ ਹੀ ਹੈ। ਗੁਰਬਾਣੀ ਅਨੁਸਾਰ ਇਸ ਸ਼ਬਦ ਦੀ ਆਰਾਧਨਾ ਉਹ ਜਿਗਿਆਸੂ ਕਰ ਸਕਦਾ ਹੈ ਜੋ ਮਿਹਨਤ ਕਰਕੇ ਕਮਾਈ ਕਰਦਾ ਹੈ ਅਤੇ ਹੋਰਾਂ ਨਾਲ ਵੰਡ ਕੇ ਖਾਂਦਾ ਹੈ। ਸ਼ਬਦ ਦੀ ਆਰਾਧਨਾ ਹੀ ਸ੍ਰੇਸ਼ਠ ਧਰਮ ਹੈ, ਇਹੀ ਅਤਿ ਉੱਤਮ ਕਰਮ ਹੈ— *ਸਰਬ ਧਰਮ ਮਹਿ ਸ੍ਰੇਸਟ ਧਰਮੁ। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।*(ਗੁ.ਗ੍ਰੰ.266)।

ਸਪੱਸ਼ਟ ਹੈ ਕਿ 'ਸ਼ਬਦ' ਬ੍ਰਹਮ ਦਾ ਵਾਚਕ ਹੈ। ਇਸ ਦਾ ਬਿੰਬ ਗੁਰੂ-ਸ਼ਬਦ ਵਿਚ ਵੀ ਮੌਜੂਦ ਹੈ। ਗੁਰਬਾਣੀ ਸ਼ਬਦ ਰੂਪ ਹੀ ਹੈ। ਇਹ ਅਨੁਭਵ ਦੀ ਵਸਤੂ ਹੈ, ਤਰਕ ਦੀ ਨਹੀਂ।

**ਸ਼ਬਦ ਸੁਰਤਿ** : ਵੇਖੋ 'ਸਬਦ-ਸੁਰਤਿ-ਯੋਗ'।

**ਸ਼ਬਦ-ਸੁਰਤਿ-ਯੋਗ**: ਗੁਰੂ ਗ੍ਰੰਥ ਸਾਹਿਬ ਵਿਚ ਇਸ ਯੋਗ ਦਾ ਉਲੇਖ ਮਿਲਦਾ ਹੈ। ਇਸ ਦਾ ਪਿਛੋਕੜ ਨਿਘਾਰ ਨੂੰ ਪ੍ਰਾਪਤ ਹੋਏ ਤਾਂਤ੍ਰਿਕ ਬੌਧ ਧਰਮ ਨਾਲ ਜਾ ਜੁੜਦਾ ਹੈ। ਲਪਭਗ ਹਰ ਧਰਮ ਇਕ ਵਿਸ਼ੇਸ਼ ਉਚਾਈ ਤਕ ਪਹੁੰਚ ਕੇ ਹੌਲੀ ਹੌਲੀ ਆਪਣੇ ਗੌਰਵ ਤੋਂ ਡਿਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਸਥਿਤੀ ਬੌਧ-ਧਰਮ ਦੀ ਵੀ ਰਹੀ ਸੀ। ਮਹਾਤਮਾ ਬੁੱਧ ਦੇ ਧਰਮ-ਚਕ੍ਰ ਨੇ ਬ੍ਰਾਹਮਣਵਾਦ ਦੇ ਪ੍ਰਭਾਵ ਨੂੰ ਇਸ ਤਰ੍ਹਾਂ ਉਡਾਇਆ ਜਿਵੇਂ ਤੇਜ਼ ਹਵਾ ਕੱਖਾਂ ਨੂੰ ਉਡਾ ਕੇ ਖੇਰੂੰ ਖੇਰੂੰ ਕਰ ਦਿੰਦੀ ਹੈ। ਸਾਧਾਰਣ ਜਨਤਾ ਤਾਂ ਕੀ, ਵੱਡੇ ਵੱਡੇ ਰਾਜੇ ਵੀ ਇਸ ਧਰਮ ਦੀ ਵਿਵਹਾਰਿਕਤਾ ਤੋਂ ਪ੍ਰਭਾਵਿਤ ਹੋਏ ਅਤੇ ਇਸ ਨੂੰ ਰਾਜ-ਧਰਮ ਵਜੋਂ ਸਵੀਕਾਰ ਕੀਤਾ। ਪਰ ਸ਼ੰਕਰਾਚਾਰਯ ਨੇ ਵੈਦਿਕ ਧਰਮ ਦੀ ਪੁਨਰ-ਸੰਸਥਾਪਨਾ ਕਰਕੇ ਬੌਧ-ਧਰਮ ਨੂੰ ਵਿਚਾਰਧਾਰਿਕ ਪੱਧਰ ਉਤੇ ਅਜਿਹਾ ਪਰਾਜਿਤ ਕੀਤਾ ਕਿ ਭਾਰਤ ਵਿਚੋਂ ਇਸ ਦੇ ਪੈਰ ਉਖੜ ਗਏ ਅਤੇ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਇਸ ਨੂੰ ਵਿਦੇਸ਼ਾਂ ਵਿਚ ਸ਼ਰਣ ਲੈਣੀ ਪਈ। ਬੌਧ-ਧਰਮ ਦੇ ਇਸ ਨਿਘਾਰ ਤੋਂ ਸ਼ੈਵ-ਮਤ ਵਾਲਿਆਂ ਨੇ ਲਾਭ ਉਠਾਇਆ ਅਤੇ ਬਹੁਤ ਸਾਰੇ ਬੌਧੀ ਸਿੱਧਾਂਤਾਂ, ਮੂਰਤੀਆਂ ਅਤੇ ਮੰਦਿਰਾਂ ਨੂੰ ਸ਼ੈਵ ਰੂਪ ਦੇ ਦਿੱਤਾ। ਬੋਧ-ਮੰਦਿਰਾਂ ਨੂੰ ਸ਼ਿਵ-ਮੰਦਿਰਾਂ ਵਿਚ ਬਦਲ ਦਿੱਤਾ। ਦੂਜੇ ਪਾਸੇ ਸਿੱਧਾਂਤਿਕ ਹਾਰ ਕਾਰਣ ਅਤੇ ਸ਼ੈਵ-ਸ਼ਾਕਤ-ਤੰਤ੍ਰਾਂ ਦੀ ਪ੍ਰੇਰਣਾ ਦੇ ਫਲਸਰੂਪ ਬੌਧ-ਧਰਮ ਦੇ ਅਨੁਯਾਈਆਂ ਨੇ ਤਾਂਤ੍ਰਿਕਤਾ ਦਾ ਬਾਣਾ ਪਾਉਣਾ ਸ਼ੁਰੂ ਕੀਤਾ ਅਤੇ ਮਹਾਯਾਨ ਸੰਪ੍ਰਦਾਇ ਵਾਲਿਆਂ ਨੇ ਅਜਿਹਾ ਪ੍ਰਭਾਵ ਗ੍ਰਹਿਣ ਕਰਨ ਵਿਚ ਪਹਿਲ ਕੀਤੀ। ਉਨ੍ਹਾਂ ਨੇ ਭਗਤੀ ਅਤੇ ਯੋਗ-ਸਾਧਨਾ ਦੀਆਂ ਬਿਰਤੀਆ ਨੂੰ ਅੰਗੀਕਾਰ ਕੀਤਾ। ਫਲਸਰੂਪ ਤਾਂਤ੍ਰਿਕ ਬੌਧ ਧਰਮ ਦਾ ਵਿਕਾਸ ਮੁੱਖ ਤੌਰ 'ਤੇ ਚਾਰ ਧਾਰਾਵਾਂ ਵਿਚ ਹੋਇਆ— ਮੰਤ੍ਰਯਾਨ, ਵਜ੍ਰਯਾਨ, ਸਹਜਯਾਨ ਅਤੇ ਕਾਲਚਕ੍ਰਯਾਨ।

ਇਨ੍ਹਾਂ ਚੌਹਾਂ ਵਿਚੋਂ ਮੰਤ੍ਰਯਾਨ ਦਾ ਮੂਲ ਸਰੋਤ ਸ਼ੈਵ-ਸ਼ਾਕਤ-ਤੰਤ੍ਰਾਂ ਦਾ ਬੁਨਿਆਦੀ ਸਿੱਧਾਂਤ ਮੰਤ੍ਰਚੈਤਨ੍ਯ ਵਿਚ ਵੇਖਿਆ ਜਾ ਸਕਦਾ ਹੈ ਜਿਸ ਦਾ ਬੌਧੀਆਂ ਨੇ ਆਪਣੇ ਢੰਗ ਨਾਲ ਵਿਕਾਸ ਕੀਤਾ। ਇਸ ਧਾਰਾ ਦਾ ਮੂਲ ਸਿੱਧਾਂਤ ਗ੍ਰੰਥ 'ਮੰਜੁਸ਼੍ਰੀਮੂਲ-ਕਲਪ' ਹੈ। ਇਸ ਦੀ ਸਰਬ ਪ੍ਰਮੁਖ ਵਿਸ਼ੇਸ਼ਤਾ ਇਸ ਦਾ ਮੰਤ੍ਰ-ਤੱਤ੍ਵ ਹੈ। ਇਸ ਮਤ ਵਾਲਿਆਂ ਨੇ ਕਈ ਪ੍ਰਕਾਰ ਦੇ ਮੰਤ੍ਰਾਂ ਦਾ ਵਿਕਾਸ ਕੀਤਾ। ਇਨ੍ਹਾਂ ਮੰਤ੍ਰਾਂ ਨੂੰ ਦੇਵਤਿਆਂ ਦਾ ਪ੍ਰਤੀਕ ਸਮਝਿਆ ਜਾਂਦਾ ਸੀ। ਇਸ ਮਤ ਵਾਲਿਆਂ ਦੀ ਧਾਰਣਾ ਹੈ ਕਿ ਬੀਜ-ਮੰਤ੍ਰ ਦੀ ਭਾਵਨਾ ਕਰਦਿਆਂ ਕਰਦਿਆਂ 'ਸੁੰਨ' ਵਿਚੋਂ ਹੀ ਸੰਬੰਧਿਤ ਦੇਵਤਾ ਪ੍ਰਗਟ ਹੋ ਜਾਂਦਾ ਹੈ। ਇਸ ਦੀ ਦੂਜੀ ਵਿਸ਼ੇਸ਼ਤਾ ਮੁਦ੍ਰਾ-ਤੱਤ੍ਵ ਹੈ। ਵਖ ਵਖ ਮੁਦ੍ਰਾਵਾਂ ਤੋਂ ਭਿੰਨ ਭਿੰਨ ਤਰ੍ਹਾਂ ਦੀਆਂ ਸਿੱਧੀਆਂ ਪ੍ਰਾਪਤ ਹੋਣ ਦਾ ਲਾਭ ਹੁੰਦਾ ਹੈ। ਤੀਜੀ ਵਿਸ਼ੇਸ਼ਤਾ ਹੈ ਮੰਡਲ- ਤੱਤ੍ਵ। ਮੰਡਲਾਂ ਨਾਲ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਦਾ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਅਨੁਮਾਨ ਹੈ ਕਿ ਇਸ ਧਾਰਾ ਦਾ ਉਦਭਵ ਤੀਜੀ ਜਾਂ ਚੌਥੀ ਸਦੀ ਵਿਚ ਹੋਇਆ ਹੋਵੇਗਾ। ਇਸ ਮਤ ਦੇ ਮੰਤ੍ਰਾਂ ਦੇ ਗੂੜ੍ਹ ਰਹੱਸ ਦਾ ਪ੍ਰਚਾਰ ਸਮਾਜ ਵਿਚ ਸੌਖ ਨਾਲ ਨ ਹੋ ਸਕਣ ਕਾਰਣ ਇਸ ਦੇ ਪੈਰ ਜਮ ਨ ਸਕੇ

ਅਤੇ ਬੋਧੀ ਤਾਂਤ੍ਰਿਕਾਂ ਨੇ ਵਜ੍ਰਯਾਨ ਦੀ ਸਥਾਪਨਾ ਕੀਤੀ।

ਤਾਂਤ੍ਰਿਕ ਬੋਧ-ਮਤ ਵਿਚਲੇ ਮੰਤ੍ਰ-ਯੋਗ ਦਾ ਮੱਧ-ਯੁਗ ਦੇ ਸੰਤਾਂ ਉਤੇ ਭਾਵੇਂ ਕੋਈ ਸਿੱਧਾ ਅਸਰ ਨਹੀਂ ਹੋਇਆ, ਪਰ ਤੰਤ੍ਰ-ਗ੍ਰੰਥਾਂ ਤੋਂ ਬੋਧ-ਮਤ ਵਿਚ ਆਇਆ 'ਸ਼ਬਦਵਾਦ' ਨਿਰਗੁਣਵਾਦੀ ਸੰਤਾਂ ਦੀ ਬਾਣੀ ਵਿਚ ਸ਼ਬਦ-ਯੋਗ ਅਥਵਾ ਸ਼ਬਦ-ਸੁਰਤਿ-ਯੋਗ ਵਿਚ ਇਕ ਨਵਾਂ ਰੂਪ ਧਾਰਦਾ ਪ੍ਰਤੀਤ ਹੁੰਦਾ ਹੈ। ਇਸ ਨੂੰ ਨਾਦ-ਯੋਗ ਜਾਂ ਅਨਹਦ-ਨਾਦ ਦੀ ਸਾਧਨਾ ਵੀ ਕਿਹਾ ਜਾ ਸਕਦਾ ਹੈ। ਨਾਦ ਅਤੇ ਬਿੰਦੂ, ਅਸਲ ਵਿਚ, ਸਾਰੇ ਬ੍ਰਹਮੰਡ ਵਿਚ ਵਿਆਪਤ ਅਨਾਹਤ-ਨਾਦ ਜਾਂ ਅਨਹਦ-ਨਾਦ ਦਾ ਵਿਅਕਤੀ ਵਿਚ ਵਿਅਕਤ ਰੂਪ ਹੈ। ਕਹਿਣ ਤੋਂ ਭਾਵ ਹੈ ਜੋ ਨਾਦ ਅਨਾਹਤ ਭਾਵ ਨਾਲ ਸਾਰੇ ਸੰਸਾਰ ਵਿਚ ਵਿਆਪਤ ਹੈ, ਉਸ ਦਾ ਪ੍ਰਕਾਸ਼ ਜਦ ਵਿਅਕਤੀ ਵਿਚ ਹੁੰਦਾ ਹੈ, ਉਸ ਨੂੰ ਨਾਦ ਅਤੇ ਬਿੰਦੂ ਕਿਹਾ ਜਾਂਦਾ ਹੈ। ਜੋ ਅਖੰਡ ਨਾਦ ਜਗਤ ਅਤੇ ਬ੍ਰਹਮੰਡ ਵਿਚ ਲਗਾਤਾਰ ਧੁਨਿਤ ਹੋ ਰਿਹਾ ਹੈ, ਉਸ ਨੂੰ ਬੱਧ ਜੀਵ ਜਾਂ ਸਾਧਕ ਸੁਣ ਨਹੀਂ ਸਕਦਾ। ਪਰ ਜਦੋਂ ਵਿਸ਼ੇਸ਼ ਕ੍ਰਿਆ ਦੁਆਰਾ ਸੁਖਮਨਾ ਮਾਰਗ ਖੁਲ੍ਹ ਜਾਂਦਾ ਹੈ ਤਾਂ ਕੁੰਡਲਿਨੀ ਜਾਗ ਜਾਂਦੀ ਹੈ, ਫਿਰ ਪ੍ਰਾਣੀ ਸਥਿਰ ਹੋ ਕੇ ਸ਼ੂਨ੍ਯ ਪਥ ਤੋਂ ਨਿਰੰਤਰ ਉਸ ਅਨਾਹਤ-ਧੁਨੀ ਜਾਂ ਅਨਹਦ-ਨਾਦ ਨੂੰ ਸੁਣਨ ਲਗਦਾ ਹੈ। ਇਹੀ ਨਾਦ ਉਪਾਧੀ-ਯੁਕਤ ਹੋਣ ਤੇ ਸੱਤ ਸੁਰਾਂ ਵਿਚ ਵੰਡਿਆ ਜਾਂਦਾ ਹੈ ਪਰ ਉਪਾਧੀ-ਰਹਿਤ ਅਵਸਥਾ ਵਿਚ 'ਪ੍ਰਣਵ' ਜਾਂ 'ਓਅੰਕਾਰ' ਅਖਵਾਉਂਦਾ ਹੈ। ਇਹੀ ਸ਼ਬਦ ਹੈ। ਮੰਤ੍ਰਯਾਨ ਵਾਲਿਆਂ ਨੇ ਬੋਧ-ਧਰਮ ਦੇ ਵਿਚਾਰਾਂ/ਸਿੱਧਾਂਤਾਂ ਦੀ ਜਟਿਲਤਾ ਨੂੰ ਖ਼ਤਮ ਕਰਨ ਲਈ ਨਿੱਕੀਆਂ ਨਿੱਕੀਆਂ ਧਰਣੀਆਂ ਬਣਾ ਕੇ ਪ੍ਰਚਾਰ ਕੀਤਾ, ਪਰ ਤਾਂਤ੍ਰਿਕ ਪ੍ਰਭਾਵ ਕਾਰਣ ਇਹ ਧਰਣੀਆਂ ਅਰਥ-ਰਹਿਤ ਮੰਤ੍ਰਾਂ ਵਿਚ ਬਦਲ ਗਈਆਂ। ਫਿਰ ਮੰਤ੍ਰਾਂ ਦਾ ਘਣੀਭੂਤ ਰੂਪ ਅੱਖਰਾਂ ਵਿਚ ਬਦਲ ਗਿਆ ਅਤੇ ਬੀਜ-ਮੰਤ੍ਰ ਦੀ ਪਰੰਪਰਾ ਚਲੀ। ਪਰ ਇਸ ਪਰੰਪਰਾ ਦਾ ਵਿਕਾਸ ਮੱਧ-ਯੁਗ ਤਕ ਆ ਕੇ ਰੁਕ ਗਿਆ।

ਮੱਧ-ਯੁਗ ਦੇ ਸੰਤ-ਸਾਧਕਾਂ ਨੇ ਪਰੰਪਰਾਗਤ ਮੰਤ੍ਰ-ਸਾਧਨਾ, ਸ਼ਬਦ-ਸਾਧਨਾ ਨੂੰ ਇੰਨ-ਬਿੰਨ ਗ੍ਰਹਿਣ ਨ ਕਰਕੇ ਉਸ ਨੂੰ ਨਾਮ-ਸਾਧਨਾ ਵਿਚ ਰੂਪਾਂਤਰਿਤ ਕਰ ਦਿੱਤਾ। ਇਹ ਕਿਤੇ ਵੀ ਨਾਮ ਦੀ ਸਿੱਧਾਂਤਿਕ ਅਥਵਾ ਸ਼ਾਸਤ੍ਰੀ ਵਿਆਖਿਆ ਵਿਚ ਨਹੀਂ ਪਏ ਅਤੇ ਨ ਹੀ ਇਨ੍ਹਾਂ ਨੇ ਕ੍ਰਿਆ- ਯੋਗ ਜਾਂ ਤਾਂਤ੍ਰਿਕ ਸਾਧਨਾ ਦੀਆਂ ਮਾਨਤਾਵਾਂ ਨੂੰ ਸਵੀਕਾਰ ਕੀਤਾ ਹੈ। ਅਸਲ ਵਿਚ, ਸੰਤ-ਮਤ ਵਿਚ ਨਾਮ-ਸਾਧਨਾ ਮਨੋਵ੍ਰਿਤੀਆਂ ਨੂੰ ਈਸ਼ਵਰ ਵਲ ਮੋੜਨ ਦੀ ਪ੍ਰਕ੍ਰਿਆ ਹੈ। ਸਿੱਧਾਂ ਦੇ ਪੁਛਣ 'ਤੇ ਕਿ ਸ਼ਬਦ ਦਾ ਨਿਵਾਸ ਕਿਥੇ ਹੈ ਜਿਸ ਦੁਆਰਾ ਸੰਸਾਰ ਤਰਿਆ ਜਾਂਦਾ ਹੈ ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ ਉਹ ਸ਼ਬਦ ਸਾਰਿਆਂ ਸਥਾਨਾਂ ਵਿਚ ਨਿਰੰਤਰ ਵਸ ਰਿਹਾ ਹੈ, ਅਲੱਖ ਅਤੇ ਸਰਬ-ਵਿਆਪਕ ਹੈ।

ਗੁਰਬਾਣੀ ਵਿਚ ਪਰੰਪਰਾਗਤ ਮੰਤ੍ਰ-ਯੋਗ ਅਤੇ ਲਯ-ਯੋਗ ਦੀ ਸਮਾਈ ਪ੍ਰਕਾਰਾਂਤਰ ਨਾਲ ਸ਼ਬਦ-ਸੁਰਤਿ-ਯੋਗ ਵਿਚ ਕੀਤੀ ਮਿਲਦੀ ਹੈ। ਸ਼ਬਦ-ਸੁਰਤਿ, ਸ਼ਬਦ ਵਿਚ ਜੁੜੀ ਹੋਈ ਬਿਰਤੀ ਹੈ। ਇਸ ਤੋਂ ਬਿਨਾ, ਗੁਰੂ ਨਾਨਕ ਦੇਵ ਜੀ ਅਨੁਸਾਰ, ਆਵਾਗਵਣ ਦਾ ਚੱਕਰ ਸਮਾਪਤ ਨਹੀਂ ਹੁੰਦਾ— *ਸ਼ਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ।*(ਗੁ.ਗ੍ਰੰ.1031)।

'ਸ਼ਬਦ' ਦੇ ਸਰੂਪ ਨੂੰ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸਟਿ' ਵਿਚ ਕਿਹਾ ਹੈ ਕਿ ਸ਼ਬਦ ਨ ਕੇਵਲ ਬ੍ਰਹਮ ਦਾ ਹੀ ਵਾਚਕ ਹੈ, ਸਗੋਂ ਨਾਮ ਦਾ ਵੀ ਸੂਚਕ ਹੈ— *ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ।* (ਗੁ.ਗ੍ਰੰ.938)। ਇਸ ਤਰ੍ਹਾਂ ਸ਼ਬਦ-ਸੁਰਤਿ-ਯੋਗ ਹੀ ਨਾਮ-ਸਾਧਨਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਯੋਗ ਤਾਂਤ੍ਰਿਕ ਬੋਧੀਆਂ ਦੀ ਮੰਤ੍ਰ-ਸਾਧਨਾ ਅਥਵਾ ਹਠ- ਯੋਗਿਕ ਕ੍ਰਿਆ ਦੀ ਲੋੜ ਤੋਂ ਸੁਤੰਤਰ ਹੈ। ਸਹਿਜ-ਸੁਭਾਵਿਕ ਢੰਗ ਨਾਲ ਸੁਰਤਿ ਸ਼ਬਦ ਜਾਂ ਨਾਮ ਵਿਚ ਟਿਕ ਜਾਂਦੀ ਹੈ। ਸ਼ਬਦ-ਸਾਧਨਾ ਦਾ ਨਿਬੇੜਾ ਨਾਮ ਵਿਚ ਕਰਦਿਆਂ ਗੁਰੂ ਜੀ ਨੇ ਪਰੰਪਰਾ ਤੋਂ ਹਟ ਕੇ ਸਪੱਸ਼ਟ ਕੀਤਾ ਹੈ— *ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ। ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ।*(ਗੁ.ਗ੍ਰੰ. 946)।

ਇਸ ਤਰ੍ਹਾਂ ਮੰਤ੍ਰਯਾਨ ਦੀ ਜਟਿਲਤਾ ਨੂੰ ਮੱਧ-ਯੁਗ ਵਿਚ ਜੋ ਅਸਵੀਕ੍ਰਿਤੀ ਪ੍ਰਾਪਤ ਹੋਈ ਸੀ, ਉਸ ਦੀ ਆਸਤਿਕ ਭਾਵਨਾ-ਸੰਯੁਕਤ ਪੂਰਤੀ ਸ਼ਬਦ-ਸੁਰਤਿ-ਯੋਗ ਨੇ ਯੁਗ ਦੀਆਂ ਪਰਿਸਥਿਤੀਆਂ ਦੇ ਸੰਦਰਭ ਵਿਚ ਕਰਕੇ ਧਰਮ ਸਾਧਨਾ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਸੀ। ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਸ਼ਬਦ-ਸੁਰਤਿ-ਯੋਗ ਨੂੰ ਸ਼ਾਕਤ ਜਾਂ ਤਾਂਤ੍ਰਿਕ ਕਰਮਾਚਾਰ ਵਾਲੇ ਪ੍ਰਾਪਤ ਨਹੀਂ ਕਰ ਸਕਦੇ, ਫਲਸਰੂਪ ਉਹ ਆਵਾਗਵਣ ਦੇ ਚੱਕਰ ਵਿਚ ਪਏ ਰਹਿੰਦੇ ਹਨ— *ਸਾਕਤ ਨਰਿ ਸਬਦ ਸੁਰਤਿ ਕਿਉ*

*ਪਾਈਐ। ਸਬਦੁ ਸੁਰਤਿ ਬਿਨੁ ਆਈਐ ਜਾਈਐ।* (ਗੁ.ਗ੍ਰੰ. 1042)। ਅਸਲ ਵਿਚ, ਇਹ ਯੋਗ ਆਪਣੀ ਪਰੰਪਰਾ ਤੋਂ ਹਟ ਕੇ ਸਾਤਵਿਕ ਰੂਪ ਵਿਚ ਸਾਹਮਣੇ ਆਇਆ ਹੈ, ਜੋ ਤਾਂਤ੍ਰਿਕਾਂ/ਸ਼ਾਕਤਾਂ ਦੀ ਪਕੜ ਅਥਵਾ ਪਹੁੰਚ ਤੋਂ ਬਾਹਰ ਦੀ ਗੱਲ ਹੈ।

'ਸ਼ਬਦ-ਸੁਰਤਿ' ਨੂੰ ਭੱਟਾਂ ਦੇ ਸਵੈਇਆਂ ਵਿਚ ਗੁਰਮਤਿ ਜਾਂ ਸਿੱਖ-ਧਰਮ-ਸਾਧਨਾ ਦਾ ਪ੍ਰਯਾਯਵਾਚੀ ਮੰਨਿਆ ਗਿਆ ਹੈ—*ਨਾਨਕਿ ਨਾਮੁ ਨਿਰੰਜਨ ਜਾਨ੍ਯ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ। ਤਾਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ।* (ਗੁ.ਗ੍ਰੰ.1406)।

**ਸ਼ਬਦ-ਹਜ਼ਾਰੇ** (ਗੁਰੂ ਗ੍ਰੰਥ ਸਾਹਿਬ): ਸੱਤ ਸ਼ਬਦਾਂ ਦਾ ਸੰਕਲਨ ਜਿਸ ਨੂੰ 'ਹਜ਼ਾਰੇ ਸ਼ਬਦ' ਜਾਂ 'ਹਜ਼ਾਰੇ ਦੇ ਸ਼ਬਦ' ਵੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਨਾਂ ਜਾਂ ਸਿਰਲੇਖ ਕਿਤੇ ਵੀ ਦਿੱਤਾ ਹੋਇਆ ਨਹੀਂ ਮਿਲਦਾ। ਨਿੱਤ-ਨੇਮ ਦੇ ਗੁਟਕਿਆਂ ਵਿਚ 'ਜਪੁਜੀ' ਦੇ ਪਾਠ ਤੋਂ ਬਾਦ ਇਹ ਸੱਤ ਸ਼ਬਦ ਸੰਕਲਿਤ ਹਨ। ਇਨ੍ਹਾਂ ਸ਼ਬਦਾਂ ਦੀ ਚੋਣ ਕਿਸੇ ਗੁਰੂ ਸਾਹਿਬ ਨੇ ਨਹੀਂ ਕੀਤੀ। ਸੰਭਵ ਹੈ ਸਿੰਘ-ਸਭਾ ਦੇ ਕਿਸੇ ਪ੍ਰੇਮੀ ਸਿੱਖ ਨੇ ਕੀਤੀ ਹੋਵੇ ਅਤੇ ਬਾਦ ਵਿਚ ਗੁਟਕਿਆਂ ਵਿਚ ਸੰਕਲਿਤ ਕਰ ਦਿੱਤਾ ਹੋਵੇ। ਇਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ :

(1) ਮਾਝ ਮ. ੫ —*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।*
(2) ਧਨਾਸਰੀ ਮ. ੧ — *ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ।*
(3) ਤਿਲੰਗ ਮ. ੧ — *ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।*
(4) ਤਿਲੰਗ ਮ. ੧ —*ਇਆਨੜੀਏ ਮਾਨੜਾ ਕਾਇ ਕਰੇਹਿ।*
(5) ਸੂਹੀ ਮ. ੧— *ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ।*
(6) ਬਿਲਾਵਲੁ ਮ. ੧— *ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।*
(7) ਬਿਲਾਵਲੁ ਮ. ੧—*ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ।*

ਇਨ੍ਹਾਂ ਸੱਤਾਂ ਵਿਚੋਂ ਇਕ ਪੰਜਵੇਂ ਗੁਰੂ ਦਾ ਅਤੇ ਬਾਕੀ ਛੇ ਗੁਰੂ ਨਾਨਕ ਦੇਵ ਜੀ ਦੇ ਹਨ।

ਇਨ੍ਹਾਂ ਨੂੰ 'ਸ਼ਬਦ ਹਜ਼ਾਰੇ' ਆਦਿ ਨਾਂ ਕਿਉਂ ਦਿੱਤਾ ਗਿਆ ਹੈ? ਇਸ ਬਾਰੇ ਕੋਈ ਪ੍ਰਮਾਣਿਕ ਤੱਥ ਉਪਲਬਧ ਨਹੀਂ ਹੈ। ਵਿਦਵਾਨਾਂ ਵਲੋਂ ਕਈ ਅਟੇ-ਸਟੇ ਲਗਾਏ ਗਏ ਹਨ। ਜਿਵੇਂ ਇਕ ਮਤ ਅਨੁਸਾਰ ਇਹ ਅਰਬੀ ਦੇ 'ਹਿਜਰ' ਸ਼ਬਦ ਤੋਂ ਬਣਿਆ ਹੈ ਕਿਉਂਕਿ ਇਸ ਵਿਚ ਪਹਿਲਾ ਸ਼ਬਦ ਵਿਯੋਗ ਦੀ ਬੜੀ ਮਾਰਮਿਕ ਅਭਿਵਿਅਕਤੀ ਨਾਲ ਸਰਾਬੋਰ ਹੈ। ਦੂਜੇ ਮਤ ਅਨੁਸਾਰ ਇਹ ਅਰਬੀ ਭਾਸ਼ਾ ਦੇ 'ਹਾਜ਼ਿਰ' ਸ਼ਬਦ ਤੋਂ ਬਣਿਆ ਹੈ ਅਤੇ ਇਸ ਤੋਂ ਭਾਵ ਹੈ ਪਰਮ-ਸੱਤਾ ਦੀ ਹਜ਼ੂਰੀ ਵਿਚ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ। ਤੀਜੇ ਮਤ ਅਨੁਸਾਰ ਇਹ ਸ਼ਬਦ ਹਜ਼ਾਰਾਂ ਵਿਚੋਂ ਚੁਣੇ ਹੋਏ ਹਨ। ਪਰ ਇਹ ਸਭ ਗੱਲਾਂ ਅਨੁਮਾਨਿਕ ਹਨ। ਸ਼ਰਧਾਲੂਆਂ ਨੇ ਸ਼ਰਧਾ-ਵਸ ਅਜਿਹੇ ਅਨੁਮਾਨ ਲਗਾਏ ਹਨ।

**ਸਬਦ ਹਜ਼ਾਰੇ** (ਦਸਮ ਗ੍ਰੰਥ) : 'ਦਸਮ ਗ੍ਰੰਥ' ਵਿਚ ਸੰਕਲਿਤ ਨੌਂ ਸ਼ਬਦ/ਪਦ ਜਿਨ੍ਹਾਂ ਦੀ ਰਚਨਾ ਰਾਗਾਂ ਵਿਚ ਹੋਈ ਹੈ। ਇਨ੍ਹਾਂ ਰਾਗਾਂ ਦੇ ਨਾਂ ਇਸ ਪ੍ਰਕਾਰ ਹਨ— ਰਾਮਕਲੀ-3, ਸੋਰਠ-1, ਕਲਿਆਣ-1, ਤਿਲੰਗ-1, ਬਿਲਾਵਲ-1, ਦੇਵਗੰਧਾਰੀ-2। ਇਨ੍ਹਾਂ ਵਿਚ ਟੇਕ ਲਈ 'ਰਹਾਉ' ਦੀ ਵਰਤੋਂ ਹੋਈ ਹੈ। ਇਨ੍ਹਾਂ ਦੇ ਲਿਖਣ ਦੀ ਸ਼ੈਲੀ ਬਿਸ਼ਨਪਦਿਆਂ ਨਾਲ ਮੇਲ ਖਾਂਦੀ ਹੈ। ਅਧਿਕਤਰ ਅਧਿਆਤਮਿਕ ਮਾਨਤਾਵਾਂ ਦੀ ਸਥਾਪਨਾ ਕੀਤੀ ਗਈ ਹੈ। ਯੋਗ ਦੇ ਬਾਹਰਲੇ ਅਡੰਬਰਾਂ, ਪਾਖੰਡਾਂ ਦਾ ਖੰਡਨ, ਅਵਤਾਰਵਾਦ ਅਤੇ ਮੂਰਤੀ ਪੂਜਾ ਦਾ ਖੰਡਨ, ਵਾਸਨਾਵਾਂ ਦਾ ਤਿਆਗ ਅਤੇ ਚੰਗੇ ਕਰਮਾਂ ਵਿਚ ਰੁਚੀ ਆਦਿ 'ਤੇ ਬਲ ਦਿੱਤਾ ਗਿਆ ਹੈ।

ਇਹ ਨੌਂ ਸ਼ਬਦ ਫੁਟਕਲ ਹਨ, ਪਰ ਇੰਜ ਪ੍ਰਤੀਤ ਹੁੰਦਾ ਹੈ ਕਿ 'ਦਸਮ-ਗ੍ਰੰਥ' ਦੀ ਹੀ ਕਿਸੇ ਰਚਨਾ ਨਾਲੋਂ ਨਿਖੜੇ ਹੋਏ ਹਨ ਜਾਂ ਗੁਰੂ ਦਰਬਾਰ ਵਿਚ ਰਚੇ ਗਏ ਕਿਸੇ ਰਚਨਾ ਨਾਲੋਂ ਵਖ ਹੋਏ ਹਨ। ਇਨ੍ਹਾਂ ਵਿਚ 'ਖ਼ਿਆਲ' ਨਾਂ ਦਾ ਇਕ ਸ਼ਬਦ ਵੀ ਜੋੜ ਦਿੱਤਾ ਗਿਆ ਹੈ ਅਤੇ ਹੁਣ ਇਨ੍ਹਾਂ ਦੀ ਗਿਣਤੀ ੧੦ ਲਿਖੀ ਹੈ। ਇਹ ਸ਼ਬਦ ਮਾਛੀਵਾੜੇ ਵਿਚ ਰਚਿਆ ਗਿਆ ਦਸਿਆ ਜਾਂਦਾ ਹੈ। ਇਸ ਵਿਚ ਗੁਰੂ ਜੀ ਨੇ ਆਪਣੇ ਚਾਰ ਸੁਪੁੱਤਰਾਂ, ਮਾਤਾ ਅਤੇ ਅਨੇਕ ਸਿੱਖਾਂ ਦੇ ਮਹਾ-ਬਲਿਦਾਨ ਅਤੇ ਆਨੰਦਪੁਰ ਛਡਣ ਤੋਂ ਪੈਦਾ ਹੋਈ ਸਥਿਤੀ

ਦਾ ਸੁੰਦਰ ਅਤੇ ਹਿਰਦਾ ਹਲੂਣਨ ਵਾਲਾ ਚਿਤ੍ਰਣ ਕੀਤਾ ਹੈ। ਇਸ ਦੀ ਭਾਸ਼ਾ ਪੰਜਾਬੀ ਹੈ।

**ਸ਼ਬਦ-ਗੁਰੂ** : ਇਸ ਤੋਂ ਭਾਵ ਹੈ ਗੁਰੂ ਦਾ ਸ਼ਬਦ, ਗੁਰੂ ਦੇ ਬੋਲ, ਗੁਰੂ ਦੀ ਬਾਣੀ, ਗੁਰੂ-ਮਤਿ। ਗੁਰੂ-ਸ਼ਬਦ ਗੁਰੂ ਦੇ ਰਹੱਸਾਨੁਭਵ ਦਾ ਅਭਿਵਿਅਕਤ ਸਰੂਪ ਹੈ। ਇਹ ਦੋਵੇਂ ਪਰਸਪਰ ਸੰਬੰਧਿਤ ਹਨ। ਜਿਵੇਂ ਸ਼ਬਦ ਬ੍ਰਹਮ-ਵਾਚਕ ਹੈ, ਉਸੇ ਤਰ੍ਹਾਂ ਇਹ ਗੁਰੂ ਦਾ ਵਾਚਕ ਵੀ ਹੈ। ਇਸ ਦਾ ਮਹੱਤਵ ਉਤਨਾ ਹੀ ਹੈ ਜਿਤਨਾ ਗੁਰੂ ਦਾ ਆਪਣਾ, ਕਿਉਂਕਿ ਪਰਮਾਤਮਾ ਰੂਪੀ ਗੁਰੂ ਸ਼ਬਦ ਵਿਚ ਰਮ ਰਿਹਾ ਹੈ — *ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ।*(ਗੁ.ਗ੍ਰੰ.1112)। ਸਪੱਸ਼ਟ ਹੈ ਕਿ ਗੁਰੂ ਅਤੇ ਗੁਰੂ-ਸ਼ਬਦ ਵਿਚ ਕੋਈ ਅੰਤਰ ਨਹੀਂ ਹੈ। ਅਸਲ ਵਿਚ, '*ਬਾਣੀ ਗੁਰੂ ਗੁਰੂ ਹੈ ਬਾਣੀ*'।(ਗੁ.ਗ੍ਰੰ.982)।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦਾ ਅਧਿਆਤਮਿਕ ਉਪਦੇਸ਼ ਅਤੇ ਅਨੁਭਵ ਸ਼ਬਦ ਰੂਪ ਵਿਚ ਸੁਰਖਿਅਤ ਹੈ। ਚੂੰਕਿ ਗੁਰੂ ਅਤੇ ਪਰਮਾਤਮਾ ਅਭਿੰਨ ਹਨ। ਇਸ ਲਈ ਗੁਰੂ ਦਾ ਸ਼ਬਦ ਅਤੇ ਪਰਮਾਤਮਾ ਵੀ ਵਖ ਵਖ ਨਹੀਂ ਹਨ। ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ 'ਧੁਰ ਕੀ ਬਾਣੀ' ਕਹਿ ਕੇ ਇਸੇ ਸਚ ਦੀ ਸਥਾਪਨਾ ਕੀਤੀ ਹੈ।

ਗੁਰੂ-ਸ਼ਬਦ ਦਾ ਅਪਾਰ ਮਹੱਤਵ ਹੈ। ਇਸ ਰਾਹੀਂ ਹੀ ਸੰਸਾਰ ਤਰਿਆ ਜਾ ਸਕਦਾ ਹੈ, ਇਸ ਰਾਹੀਂ ਬੇਅੰਤ ਲੋਗ ਪਹਿਲਾਂ ਵੀ ਤਰ ਚੁਕੇ ਹਨ। ਜੋ ਸਾਧਕ ਗੁਰੂ ਸ਼ਬਦ ਦੁਆਰਾ ਆਪਣੇ ਮਨ ਨੂੰ ਮਾਰਦਾ ਹੈ, ਉਹੀ ਮੁਕਤੀ ਦੀ ਪ੍ਰਾਪਤੀ ਦਾ ਅਧਿਕਾਰੀ ਹੋ ਸਕਦਾ ਹੈ। ਗੁਰੂ ਦੇ ਸ਼ਬਦ ਨੂੰ ਸਿੱਖ-ਧਰਮ ਵਿਚ ਸਰਵੁਚ ਸਥਾਨ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੇ ਸ਼ਬਦ ਨੂੰ ਮੁਖ ਰਖਦਿਆਂ ਆਪਣੇ ਮਹਾ-ਪ੍ਰਸਥਾਨ ਵੇਲੇ ਗ੍ਰੰਥ ਸਾਹਿਬ ਨੂੰ ਗੁਰੂ-ਪਦ ਨਾਲ ਸੁਸਜਿਤ ਕੀਤਾ ਸੀ। ਇਸ ਤਰ੍ਹਾਂ ਸਿੱਖ-ਧਰਮ ਵਿਚ ਸ਼ਰੀਰਧਾਰੀ ਗੁਰੂ ਤੋਂ ਬਾਦ ਉਨ੍ਹਾਂ ਦੇ ਬੋਲ ਵੀ ਉਸੇ ਪਦਵੀ ਦੀ ਭੂਮਿਕਾ ਨਿਭਾ ਰਹੇ ਹਨ। ਗੁਰੂ ਦੀ ਦੇਹ ਨਾਸ਼ਮਾਨ ਹੈ, ਉਸ ਵਿਚ ਸਥਾਈ ਤੱਤ੍ਵ ਉਸ ਦਾ ਸ਼ਬਦ ਜਾਂ ਉਪਦੇਸ਼ ਹੈ। ਉਹ ਸ਼ਬਦ ਪ੍ਰਭੂ ਵਲੋਂ ਆਵੇਸ਼ਿਤ ਹੈ, ਇਸ ਲਈ ਬ੍ਰਹਮ-ਵਾਚਕ ਹੈ। ਇਹ 'ਖਸਮ ਕੀ ਬਾਣੀ' ਗੁਰੂ ਰੂਪੀ ਮਾਧਿਅਮ ਦੁਆਰਾ ਅਭਿਵਿਅਕਤ ਜਾਂ ਪ੍ਰੇਸ਼ਿਤ ਹੁੰਦੀ ਹੈ। ਜਦੋਂ ਅਭਿਵਿਅਕਤੀ ਸੰਪੰਨ ਹੋ ਗਈ, ਤਾਂ ਦੇਹ-ਗੁਰੂ ਦੀ ਲੋੜ ਨ ਰਹੀ। ਤਦ ਗੁਰੂ-ਪਰੰਪਰਾ ਨੂੰ ਸਮੇਟ ਕੇ ਸ਼ਬਦ-ਗੁਰੂ (ਗ੍ਰੰਥ ਸਾਹਿਬ) ਨੂੰ ਗੁਰੂ ਬਣਾ ਦਿੱਤਾ ਗਿਆ।

**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਹਿੰਦੀ) : ਹਿੰਦੀ ਵਿਚ ਤਿਆਰ ਕੀਤੇ ਗਏ ਇਸ ਸ਼ਬਦਾਰਥ ਦੇ ਪਹਿਲੇ ਭਾਗ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਚ ਗੁਰੂ ਤੇਗ ਬਹਾਦਰ ਜੀ ਦੀ ਸਮ੍ਰਿਤੀ ਵਿਚ 1 ਫਰਵਰੀ 1976 ਈ. ਨੂੰ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਉਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਰਾਜਪਾਲ ਸ੍ਰੀ ਮਹੇਂਦ੍ਰਮੋਹਨ ਚੌਧਰੀ ਸ਼ਾਮਲ ਹੋਏ। ਜਦੋਂ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਦੀ ਬਾਣੀ ਦਾ ਹਿੰਦੀ ਅਨੁਵਾਦ ਸੁਣਾਇਆ ਗਿਆ, ਤਾਂ ਉਨ੍ਹਾਂ ਨੇ ਸੁਝਾਵ ਦਿੱਤਾ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਹਿੰਦੀ ਵਿਚ ਲਿਪੀਅੰਤਰਿਤ ਅਤੇ ਅਨੁਵਾਦਿਤ ਰੂਪ ਵਿਚ ਪ੍ਰਕਾਸ਼ਿਤ ਕਰਨ ਨਾਲ ਬਹੁਤ ਲਾਭ ਹੋਵੇਗਾ। ਉਨ੍ਹਾਂ ਦੇ ਸੁਝਾਵ ਨੂੰ ਉਚਿਤ ਸਮਝਦਿਆਂ ਉਸ ਵਕਤ ਦੀ ਵਾਇਸ-ਚਾਂਸਲਰ ਸ੍ਰੀਮਤੀ ਇੰਦ੍ਰਜੀਤ ਕੌਰ ਨੇ ਇਹ ਕੰਮ ਡਾ. ਗੁਰਦੇਵ ਕੌਰ ਅਤੇ ਡਾ. ਜੀ.ਐਸ.ਆਨੰਦ ਨੂੰ ਸੌਂਪ ਦਿੱਤਾ। ਇਨ੍ਹਾਂ ਦੋਹਾਂ ਨੇ ਪੰਜਾਬੀ ਸ਼ਬਦਾਰਥ ਨੂੰ ਆਧਾਰ ਬਣਾ ਕੇ ਅਤੇ ਕਿਤੇ ਕਿਤੇ ਕੁਝ ਅਰਥਾਂ ਦਾ ਪਰਿਵਰਤਨ ਅਤੇ ਸੰਵਰਧਨ ਕਰਕੇ ਇਸ ਸ਼ਬਦਰਾਰਥ ਦਾ ਪ੍ਰਥਮ ਖਰੜਾ ਜੂਨ 1982 ਵਿਚ ਪੂਰਾ ਕਰ ਲਿਆ।

ਇਸ ਤਰ੍ਹਾਂ ਤਿਆਰ ਹੋਏ ਖਰੜੇ ਦੀ ਸੋਧ ਲਈ ਪੰਜ ਵਿਦਵਾਨਾਂ (ਗਿਆਨੀ ਲਾਲ ਸਿੰਘ, ਪ੍ਰੋ. ਗੁਲਵੰਤ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਧਰਮੇਂਦ੍ਰ ਕੁਮਾਰ ਗੁਪਤ ਅਤੇ ਡਾ. ਜੋਧ ਸਿੰਘ) ਦੀ ਇਕ ਸਮਿਤੀ ਬਣਾਈ ਗਈ ਜਿਸ ਨੇ ਪਹਿਲੀ ਪੋਥੀ ਦੇ ਸੋਧ ਦਾ ਕਾਰਜ 26 ਅਕਤੂਬਰ 1983 ਨੂੰ ਸ਼ੁਰੂ ਅਤੇ 10 ਅਗਸਤ 1984 ਨੂੰ ਖ਼ਤਮ ਕੀਤਾ। ਪਹਿਲੀ ਪੋਥੀ ਸੰਨ 1989 ਵਿਚ ਛਪ ਗਈ। ਦੂਜੀ ਪੋਥੀ ਦੀ ਸੋਧ ਦਾ ਕੰਮ 30 ਜਨਵਰੀ 1985 ਨੂੰ ਸ਼ੁਰੂ ਹੋਇਆ ਅਤੇ 14 ਮਾਰਚ 1989 ਨੂੰ ਖ਼ਤਮ ਹੋਇਆ। ਇਹ ਭਾਗ ਸੰਨ 1992 ਵਿਚ ਛਪ ਗਿਆ। ਤੀਜੀ ਪੋਥੀ ਦੀ ਸੋਧ 7 ਅਗਸਤ 1986 ਨੂੰ ਸ਼ੁਰੂ ਹੋਈ ਅਤੇ 10 ਦਸੰਬਰ 1987 ਨੂੰ ਸਮਾਪਤ ਹੋਈ। ਇਹ ਸੈਂਚੀ ਸੰਨ 2000 ਵਿਚ ਛਪ ਗਈ। ਚੌਥੀ ਪੋਥੀ ਅਜੇ ਨਹੀਂ ਛਪੀ।

ਇਸ ਸ਼ਬਦਾਰਥ ਨੂੰ ਤਿਆਰ ਕਰਨ ਲਈ ਦੋਹਾਂ ਲੇਖਕਾਂ ਨੇ ਬੜੀ ਮਿਹਨਤ ਨਾਲ ਗੁਰੂ ਗ੍ਰੰਥ ਸੰਬੰਧੀ ਉਪਲਬਧ

ਸਾਰੇ ਵਿਆਖਿਆ ਸਾਹਿਤ ਅਤੇ ਕੋਸ਼-ਸਾਮਗ੍ਰੀ ਦਾ ਨਿਠ ਕੇ ਅਧਿਐਨ ਕੀਤਾ ਹੈ ਅਤੇ ਗੁਰਬਾਣੀ ਅਧਿਐਨ ਵਿਚ ਹਿੰਦੀ ਪਾਠਕਾਂ ਨੂੰ ਆਉਣ ਵਾਲੀਆਂ ਕਠਿਨਾਈਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਮੂਲ-ਪਾਠ ਨੂੰ ਦੇਵਨਾਗਰੀ ਵਿਚ ਲਿਪੀਅੰਤਰਿਤ ਕਰਕੇ ਖੱਬੇ ਪਾਸੇ ਵਾਲੇ ਪੰਨੇ ਉਤੇ ਰਖਿਆ ਹੈ ਅਤੇ ਉਸ ਦੇ ਸਾਹਮਣੇ ਵਾਲੇ ਪੰਨੇ 'ਤੇ ਔਖੇ ਸ਼ਬਦਾਂ, ਵਾਕਾਂਸ਼ਾਂ ਅਤੇ ਤੁਕਾਂ ਦੇ ਅਰਥ ਅੰਕਣ-ਵਿਧੀ ਨਾਲ ਦਿੱਤੇ ਹਨ। ਹਿੰਦੀ ਪਾਠਕਾਂ ਲਈ ਇਹ ਬੜਾ ਉਪਯੋਗੀ ਯਤਨ ਹੈ। ਇਸ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਵਿਆਪਕ ਪੱਧਰ ਉਤੇ ਹੋ ਸਕਣ ਦੀ ਸੰਭਾਵਨਾ ਵਧੀ ਹੈ।

**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਪੰਜਾਬੀ) : ਗੁਰੂ ਗ੍ਰੰਥ ਸਾਹਿਬ ਦੇ ਹੁਣ ਤਕ ਦੋ 'ਸ਼ਬਦਾਰਥ' ਛਪ ਚੁਕੇ ਹਨ, ਇਕ ਪੰਜਾਬੀ ਵਿਚ ਅਤੇ ਦੂਜਾ ਹਿੰਦੀ ਵਿਚ। ਪੰਜਾਬੀ ਵਿਚ ਤਿਆਰ ਕੀਤੇ ਗਏ 'ਸ਼ਬਦਾਰਥ' ਦੀ ਭੂਮਿਕਾ ਵਿਚ ਲਿਖਿਆ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਕਰਨ ਅਤੇ ਸਮਝਣ ਵਿਚ ਬਹੁਤ ਔਖਿਆਈ ਹੋ ਰਹੀ ਸੀ।... ਇਸ ਔਕੜ ਨੂੰ ਦੂਰ ਕਰਨ ਲਈ 'ਗੁਰ ਸੇਵਕ ਸਭਾ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸ਼ਬਦਾਰਥ' ਟੀਕਾ ਤਿਆਰ ਕਰਵਾਇਆ ਹੈ। ਇਸ ਵਿਚ ਸਾਰੀ ਬਾਣੀ ਨੂੰ ਚਾਰ ਪੋਥੀਆਂ ਵਿਚ ਵੰਡ ਕੇ ਸ਼ਬਦਾਂ ਨੂੰ ਨਿਖੇੜ ਕੇ ਛਾਪਿਆ ਹੈ। ਨਾਲ ਨਾਲ ਔਖੇ ਪਦਾਂ ਦੇ ਅਰਥ ਦਿੱਤੇ ਹਨ, ਗੂੜ੍ਹ ਭਾਵਾਂ ਨੂੰ ਖੋਲ ਕੇ ਦੱਸਣ ਦਾ ਜਤਨ ਕੀਤਾ ਹੈ, ਅਤੇ ਜਿਥੇ ਲੋੜ ਭਾਸੀ ਹੈ ਸ਼ਬਦਾਂ ਦਾ ਸਮੁੱਚਾ-ਭਾਵ ਵੀ ਦਿੱਤਾ ਹੈ। ਚਾਰੇ ਪੋਥੀਆਂ 1430 ਪੰਨਿਆਂ ਵਿਚ ਪੂਰੀਆਂ ਕੀਤੀਆਂ ਹਨ ਅਤੇ ਹਰ ਇਕ ਪੰਨੇ ਉਤੇ ਉਹੋ ਬਾਣੀ ਹੈ ਜੋ 1430 ਪੰਨੇ ਵਾਲੀ ਬੜੀ ਦੇ ਪੰਨੇ ਵਿਚ ਛਪੀ ਮਿਲਦੀ ਹੈ।... ਹਰ ਇਕ ਪੰਨੇ ਦੇ ਸਾਰੇ ਔਖੇ ਸ਼ਬਦਾਂ ਦੇ ਅਰਥ ਉਸੇ ਪੰਨੇ ਉਤੇ ਦਿੱਤੇ ਹਨ।... ਬਾਣੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਿਤ, ਖ਼ਾਸ ਕਰਕੇ ਸ਼ਬਦਾਂਤਿਕ ਲੱਗਾਂ ਮਾਤਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ।... ਵੰਨਗੀ-ਮਾਤ੍ਰ ਕੁਝ ਕੁ ਨੇਮ ਇਹ ਹਨ।*ਇਸ ਤੋਂ ਅਗੇ ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਲਾਂ, ਦੁਲਾਈਆਂ ਅਤੇ ਕਨੌੜਾ ਨਾਲ ਸੰਬੰਧਿਤ ਨੇਮ ਦਰਸਾਏ ਗਏ ਹਨ।

'ਸ਼ਬਦਾਰਥ' ਦਾ ਕੰਮ 28 ਮਈ 1936 ਨੂੰ ਸ਼ੁਰੂ ਕੀਤਾ ਗਿਆ ਅਤੇ 15 ਸਤੰਬਰ 1941 ਨੂੰ ਖ਼ਤਮ ਹੋਇਆ। ਇਸ ਨੂੰ ਤਿਆਰ ਕਰਨ ਦੀ ਸੇਵਾ ਤਿੰਨ ਉਘੇ ਵਿਦਵਾਨਾਂ ਨੂੰ ਸੌਂਪੀ ਗਈ, ਜਿਨ੍ਹਾਂ ਦੇ ਨਾਂ ਹਨ — ਪ੍ਰੋ. ਤੇਜਾ ਸਿੰਘ (ਖ਼ਾਲਸਾ ਕਾਲਜ, ਅੰਮ੍ਰਿਤਸਰ), ਬਾਵਾ ਹਰਕ੍ਰਿਸ਼ਨ ਸਿੰਘ (ਪ੍ਰਿੰਸੀਪਲ ਗੁਰੂ ਨਾਨਕ ਕਾਲਜ, ਗੁਜਰਾਂਵਾਲਾ) ਅਤੇ ਪ੍ਰੋ. ਨਾਰਾਇਣ ਸਿੰਘ (ਗੁਰੂ ਨਾਨਕ ਕਾਲਜ, ਗੁਜਰਾਂਵਾਲਾ)। ਇਸ ਨੂੰ ਛਪਵਾਉਣ ਦੀ ਜ਼ਿੰਮੇਵਾਰੀ ਬਾਵਾ ਸਰੂਪ ਸਿੰਘ, ਮਾਲਕ ਬਾਵਾ ਬ੍ਰਦਰਜ਼ ਲਾਹੌਰ ਦੀ ਸੀ। ਇਨ੍ਹਾਂ ਵਿਚੋਂ ਪਹਿਲੀ ਪੋਥੀ ਨਵੰਬਰ 1936 ਅਤੇ ਚੌਥੀ ਪੋਥੀ ਸਤੰਬਰ 1941 ਵਿਚ ਛਪੀ।

ਦੂਜੀ ਐਡੀਸ਼ਨ ਵਿਚ ਪਾਠ ਦੀ ਸੁਧਾਈ ਉਸ ਬੀੜ ਨਾਲ ਮੇਲ ਕੇ ਕੀਤੀ ਗਈ ਜੋ ਸ.ਸ. ਚਰਨ ਸਿੰਘ ਨੇ ਕਰਤਾਰਪੁਰੀ ਬੀੜ ਨਾਲ ਮਿਲਾ ਕੇ ਤਿਆਰ ਕੀਤੀ ਸੀ। ਇਸ ਤੋਂ ਇਲਾਵਾ ਵਿਦਵਾਨਾਂ ਵਲੋਂ ਆਈਆਂ ਰਾਵਾਂ ਅਤੇ ਸਲਾਹਾਂ ਦੇ ਪ੍ਰਕਾਸ਼ ਵਿਚ ਅਰਥਾਂ ਵਿਚ ਸੋਧ ਅਤੇ ਵਿਸਤਾਰ ਕੀਤਾ ਗਿਆ। ਦੂਜੀ ਐਡੀਸ਼ਨ ਤੋਂ ਬਾਦ ਦੀਆਂ ਐਡੀਸ਼ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਛਾਪ ਰਹੀ ਹੈ ਅਤੇ ਹੁਣ ਤਕ ਛੇ ਐਡੀਸ਼ਨਾਂ ਛਪ ਚੁਕੀਆਂ ਹਨ।

ਇਸ ਸ਼ਬਦਾਰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਚ ਗੁਰਬਾਣੀ ਦੇ ਅਰਥ ਚੰਗੇ ਪੜ੍ਹੇ ਲਿਖੇ ਅਤੇ ਸੁਲਝੇ ਹੋਏ ਵਿਦਵਾਨਾਂ ਨੇ ਕੀਤੇ ਹਨ ਜੋ ਸਹੀ ਵਸਤੂ-ਸਥਿਤੀ ਨੂੰ ਸਮਝਣ ਵਿਚ ਕਾਫ਼ੀ ਸਹਾਇਕ ਹਨ। ਦੂਜੇ, ਇਸ ਦੇ ਛਪਣ ਨਾਲ ਗੁਰਬਾਣੀ ਵਿਚ ਰੁਚੀ ਰਖਣ ਵਾਲੇ ਜਿਗਿਆਸੂਆਂ ਨੂੰ ਸੁਵਿਧਾਪੂਰਵਕ ਅਰਥ ਉਪਲਬਧ ਹੋ ਸਕੇ ਹਨ। ਇਸ 'ਸ਼ਬਦਾਰਥ' ਦੀ ਅਰਥਾਂ ਤਕ ਪਹੁੰਚ ਅਕਾਦਮਿਕ ਹੈ ਅਤੇ ਗ੍ਰੰਥੀ ਵਿਆਖਿਆਕਾਰਾਂ ਦੀ ਪਰੰਪਰਾਵਾਦੀ ਸ਼ੈਲੀ ਤੋਂ ਮੁਕਤ ਹੈ।

**ਸ਼ਬਦਾਰਥ ਦਸਮ ਗ੍ਰੰਥ ਸਾਹਿਬ** : ਇਹ ਸ਼ਬਦਾਰਥ ਭਾਈ ਰਣਧੀਰ ਸਿੰਘ, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ਵਾਲੇ ਦਾ ਤਿਆਰ ਕੀਤਾ ਹੋਇਆ ਹੈ। ਇਸ ਸੰਬੰਧੀ ਉਸ ਨੇ ਆਪਣੀ ਪੁਸਤਕ 'ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ' ਵਿਚ ਲਿਖਿਆ ਹੈ ਕਿ *ਇਹ ਲੇਖ, ਪਹਿਲੋਂ 'ਦਸਮ ਗ੍ਰੰਥ ਸ਼ਬਦਾਰਥ' ਦੀ ਭੂਮਿਕਾ ਵਜੋਂ ਸੰਨ 1935-36 ਵਿਚ ਲਿਖਿਆ ਗਿਆ ਸੀ। ਫਿਰ ਹੋਰ ਲੱਭੇ ਇਤਿਹਾਸਿਕ ਮਸਾਲੇ ਦੇ ਆਧਾਰ ਪੁਰ,*

*ਕੁਝ ਕੁ ਵਾਧੇ ਨਾਲ 18 ਅਪ੍ਰੈਲ 1948 ਨੂੰ 'ਸਿੱਖ ਹਿਸਟਰੀ ਸੋਸਾਇਟੀ' ਵਲੋਂ 'ਕਮਰਾ-ਲੈਕਚਰ' ਦੇ ਤੌਰ ਪੁਰ ਪੜ੍ਹਿਆ ਗਿਆ ਸੀ, ਸਰੋਤਿਆਂ ਤੇ ਪਾਠਕਾਂ ਨੇ ਬੜਾ ਪਸੰਦ ਕੀਤਾ ਸੀ।* ਇਸ ਕਥਨ ਤੋਂ ਸਪੱਸ਼ਟ ਹੈ ਕਿ ਵਿਚਾਰਾਧੀਨ ਸ਼ਬਦਾਰਥ ਸੰਨ 1935-36 ਈ. ਤਕ ਮੁਕੰਮਲ ਹੋ ਚੁਕਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਇੰਸਪੈਕਟਰ ਨਿਯੁਕਤ ਹੋਣ ਕਾਰਣ ਭਾਈ ਰਣਧੀਰ ਸਿੰਘ ਨੂੰ 'ਦਸਮ ਗ੍ਰੰਥ' ਦੀਆਂ ਪੁਰਾਤਨ ਬੀੜਾਂ ਵੇਖਣ-ਪਰਖਣ ਦਾ ਅਵਸਰ ਮਿਲਿਆ ਸੀ। ਉਸ ਦੌਰਾਨ ਹੀ ਇਹ ਕੰਮ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਇਹ ਸ਼ਬਦਾਰਥ ਬੜੀ ਲੰਮੀ ਸਾਧਨਾ ਅਤੇ ਸਿਰੜ ਦਾ ਫਲ ਹੈ। ਇਸ ਨਾਲ 'ਦਸਮ ਗ੍ਰੰਥ' ਦਾ ਪਾਠ ਸਮਝਣ ਸਮਝਾਉਣ ਵਿਚ ਸੁਵਿਧਾ ਹੋਈ ਹੈ।

ਪੰਜਾਬੀ ਯੂਨੀਵਰਸਿਟੀ ਨੇ ਚਰਿਤ੍ਰੋਪਾਖਿਆਨ ਅਤੇ ਹਦਾਇਤਾਂ ਵਾਲੇ ਭਾਗ ਨੂੰ ਛਡ ਕੇ ਇਸ ਸ਼ਬਦਾਰਥ ਦੀ ਬਾਕੀ ਸਾਰੀ ਸਾਮਗ੍ਰੀ ਨੂੰ ਤਿੰਨ ਪੋਥੀਆਂ ਵਿਚ ਪ੍ਰਕਾਸ਼ਿਤ ਕੀਤਾ ਹੈ। ਪਹਿਲੀ ਪੋਥੀ ਵਿਚ — ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ (ਪਹਿਲਾ), ਚੰਡੀ ਚਰਿਤ੍ਰ (ਦੂਜਾ), ਵਾਰ ਦੁਰਗਾ ਕੀ, ਚਉਬੀਸ ਅਵਤਾਰ (ਰਾਮਾਵਤਾਰ ਤਕ); ਦੂਜੀ ਪੋਥੀ ਵਿਚ 'ਕ੍ਰਿਸ਼ਨਾਵਤਾਰ' ਅਤੇ ਤੀਜੀ ਪੋਥੀ ਵਿਚ— ਬਾਕੀ ਅਵਤਾਰ ਤੇ ਉਪਾਵਤਾਰ, ਸ਼ਸਤ੍ਰਨਾਮ ਮਾਲਾ ਗਿਆਨ ਪ੍ਰਬੋਧ, ਸਵੈਯੇ, ਸ਼ਬਦ, ਅਸਫੋਟ ਕਬਿੱਤ ਤੇ ਜ਼ਫ਼ਰਨਾਮਾ ਨਾਂ ਦੀਆਂ ਰਚਨਾਵਾਂ (ਬਾਣੀਆਂ) ਸ਼ਾਮਲ ਹਨ। ਇਹ ਪੋਥੀਆਂ ਕ੍ਰਮਵਾਰ ਸੰਨ 1973, 1982 ਅਤੇ 1988 ਈ. ਵਿਚ ਛਪੀਆਂ ਸਨ। ਇਨ੍ਹਾਂ ਦੇ ਖੱਬੇ ਪੰਨੇ ਉਤੇ ਪਦ-ਛੇਦ ਹੋਇਆ ਮੂਲ ਪਾਠ ਅਤੇ ਸੱਜੇ ਪੰਨੇ ਉਤੇ ਕਠਿਨ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਲੋੜ ਅਨੁਸਾਰ ਪੈਰ-ਟਿੱਪਣੀਆਂ ਵੀ ਅੰਕਿਤ ਕੀਤੀਆਂ ਗਈਆਂ ਹਨ।

**ਸਬੇਗ ਸਿੰਘ/ਸੁਬੇਗ ਸਿੰਘ** (ਮ. 1745 ਈ.): ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਜੰਬਰ ਪਿੰਡ ਵਿਚ ਰਾਇ ਭਾਗਾ ਦੇ ਘਰ ਪੈਦਾ ਹੋਇਆ ਇਕ ਮਹਾਨ ਸਿੱਖ ਸ਼ਹੀਦ ਜੋ ਅਰਬੀ-ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਯੋਗਤਾ ਅਤੇ ਸਿਆਣਪ ਕਾਰਣ ਇਹ ਮੁਗ਼ਲ ਸੂਬੇਦਾਰ ਜ਼ਕਰੀਆ ਖ਼ਾਨ ਦੇ ਬਹੁਤ ਨੇੜੇ ਸੀ। ਸੰਨ 1733 ਈ. ਵਿਚ ਜ਼ਕਰੀਆ ਖ਼ਾਨ ਨੇ ਖ਼ਾਲਸੇ ਵਲੋਂ ਸ਼ਾਂਤੀ ਬਣਾਏ ਰਖਣ ਲਈ ਸੁਬੇਗ ਸਿੰਘ ਨੂੰ ਆਪਣਾ ਵਕੀਲ ਬਣਾ ਕੇ ਅੰਮ੍ਰਿਤਸਰ ਭੇਜਿਆ ਅਤੇ ਇਕ ਲੱਖ ਰੁਪਏ ਦੀ ਜਾਗੀਰ, ਨਵਾਬੀ ਦਾ ਖ਼ਿਤਾਬ ਅਤੇ ਕੀਮਤੀ ਖ਼ਿਲਤ ਨਜ਼ਰਾਨੇ ਵਜੋਂ ਭੇਜੇ। ਅਕਾਲ ਤਖ਼ਤ ਦੀ ਸਰਪ੍ਰਸਤੀ ਅਧੀਨ ਇਕੱਠੇ ਹੋਏ ਖ਼ਾਲਸੇ ਨੇ ਪਹਿਲਾਂ ਤਾਂ ਇਹ ਸਭ ਕੁਝ ਸਵੀਕਾਰਨ ਤੋਂ ਸੰਕੋਚ ਕੀਤਾ, ਪਰ ਸੁਬੇਗ ਸਿੰਘ ਦੇ ਬਾਰ-ਬਾਰ ਕਹਿਣ ਅਤੇ ਸਮਝਾਉਣ 'ਤੇ ਸ. ਕਪੂਰ ਸਿੰਘ ਨੂੰ ਨਵਾਬ ਦੀ ਪਦਵੀ ਦਿੱਤੀ ਗਈ।

ਸ. ਸੁਬੇਗ ਸਿੰਘ ਨੂੰ ਜ਼ਕਰੀਆ ਖ਼ਾਨ ਨੇ ਲਾਹੌਰ ਦਾ ਕੋਤਵਾਲ ਵੀ ਨਿਯੁਕਤ ਕੀਤਾ। ਇਸ ਨੇ ਸਾਲ ਭਰ ਬੜੀ ਈਮਾਨਦਾਰੀ ਅਤੇ ਨਿਆਇਸ਼ੀਲਤਾ ਨਾਲ ਆਪਣਾ ਫ਼ਰਜ਼ ਨਿਭਾਇਆ। ਇਹ ਹਰ ਵਰਗ ਵਲੋਂ ਸਮਾਦਰਿਤ ਸੀ। ਜਦੋਂ ਜਦੋਂ ਵੀ ਲਾਹੌਰ ਵਿਚ ਸਿੱਖਾਂ ਨੂੰ ਕਤਲ ਕੀਤਾ ਜਾਂਦਾ, ਇਹ ਉਨ੍ਹਾਂ ਦਾ ਦਾਹ-ਸੰਸਕਾਰ ਬੜੀ ਸ਼ਰਧਾ ਨਾਲ ਕਰਦਾ ਅਤੇ ਉਨ੍ਹਾਂ ਦੇ ਸਮਾਰਕ ਬਣਵਾਉਂਦਾ।

ਜ਼ਕਰੀਆ ਖ਼ਾਨ ਦੇ ਦੇਹਾਂਤ ਤੋਂ ਬਾਦ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਮਨੋਂ ਸੁਬੇਗ ਸਿੰਘ ਨੂੰ ਪਸੰਦ ਨਹੀਂ ਸੀ ਕਰਦਾ। ਉਸ ਨੇ ਇਸ ਦੇ ਵਿਰੁੱਧ ਸ਼ਿਕਾਇਤਾਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ। ਫਲਸਰੂਪ ਇਸ ਨੂੰ ਮੁਸਲਮਾਨ ਬਣਨ ਲਈ ਕਿਹਾ। ਇਨਕਾਰ ਕਰਨ 'ਤੇ ਇਸ ਨੂੰ ਪੁੱਤਰ ਸ਼ਾਹਬਾਜ਼ ਸਿੰਘ ਸਮੇਤ ਕੈਦ ਕਰ ਲਿਆ। ਦੋਹਾਂ ਨੂੰ ਕਈ ਪ੍ਰਕਾਰ ਦੇ ਲਾਲਚ ਦਿੱਤੇ ਗਏ। ਜਦੋਂ ਸੂਬੇਦਾਰ ਦਾ ਕੋਈ ਵਸ ਨ ਚਲਿਆ ਤਾਂ ਦੋਹਾਂ ਪਿਉ-ਪੁੱਤਰਾਂ ਨੂੰ ਚਰਖੀਆਂ ਉਤੇ ਚੜ੍ਹਾ ਕੇ ਬਹੁਤ ਬੇਰਹਿਮੀ ਨਾਲ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਸਿੱਖ ਇਤਿਹਾਸ ਅਨੁਸਾਰ ਸ਼ਹਾਦਤ ਦਾ ਇਹ ਸਾਕਾ ਸੰਨ 1745 ਈ. ਵਿਚ ਵਾਪਰਿਆ।

**ਸਭਾ** : ਇਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਪਰਿਸ਼ਦ, ਗੋਸ਼ਠੀ, ਸਮਿਤੀ ਆਦਿ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨਕੋਸ਼' ਵਿਚ 'ਸ' ਦਾ ਅਰਥ 'ਸਾਥ' ਅਤੇ 'ਭਾ' ਦਾ ਅਰਥ 'ਪ੍ਰਕਾਸ਼' ਕਰਦੇ ਹੋਇਆਂ ਇਸ ਦਾ ਅਰਥ ਮਜਲਿਸ ਜਾਂ ਮੰਡਲੀ ਕੀਤਾ ਹੈ। ਵੈਦਿਕ ਕਾਲ ਵਿਚ ਇਸ ਨੂੰ ਸਭਾ-ਸਥਲ ਅਤੇ ਸਭਾ ਦੀ ਬੈਠਕ ਦੋਹਾਂ ਲਈ ਵਰਤਿਆ ਜਾਂਦਾ ਰਿਹਾ ਹੈ। ਬੌਧ ਜਾਤਕ-ਸਾਹਿਤ ਵਿਚ ਉਸ ਨੂੰ ਸਹੀ ਅਰਥਾਂ ਵਿਚ 'ਸਭਾ' ਮੰਨਿਆ ਜਾਂਦਾ

ਸੀ ਜਿਸ ਵਿਚ ਸੰਤ-ਲੋਗ ਸ਼ਾਮਲ ਹੋਣ ਅਤੇ ਸਹੀ ਸੰਤ ਉਹ ਹਨ ਜੋ ਧਰਮ ਦਾ ਭਾਸ਼ਣ ਕਰਨ ਅਤੇ ਰਾਗ, ਦ੍ਵੈਸ਼ (ਅਥਵਾ ਦੋਸ਼, ਪਾਪ) ਅਤੇ ਮੋਹ ਤੋਂ ਉਪਰ ਹੋਣ। (*ਨ ਸਾ ਸਭਾ ਯਤ੍ਰ ਨ ਸੰਤਿ ਸੰਤੋ, ਨ ਤੇ ਸੰਤੋ ਯੇ ਨ ਭਣੰਤਿ ਧੰਮੰ। ਰਾਗੰ ਚ ਦੋਸ਼ ਚ ਪਹਾਯ ਮੋਹੰ ਧੰਮੰ ਭਣੰਤਾ ਵ ਭਵੰਤਿ ਸੰਤੋ।*)। 'ਮਹਾਭਾਰਤ' ਅਤੇ 'ਬਾਲਮੀਕਿ ਰਾਮਾਇਣ' (ਉਤਰ ਕਾਂਡ, 3.33) ਵਿਚ ਵੀ ਅਜਿਹਾ ਵਿਚਾਰ ਪ੍ਰਗਟ ਕੀਤਾ ਗਿਆ ਹੈ — *ਨ ਸਾ ਸਭਾ ਯਤ੍ਰ ਨ ਸੰਤਿ ਵ੍ਰਿਦਧਾः, ਨ ਤੇ ਵ੍ਰਿਦਧਾः ਯੇ ਨ ਵਦੰਤਿ ਧਰਮੰ ਨ ਅਸੌ ਧਰਮੋ ਯਤ੍ਰ ਨ ਸਤ੍ਯਮਸ੍ਤਿ, ਨ ਤਤ੍ਸਤ੍ਯੰ ਯਚ੍ਛਲੇਨਾਨੁਵਿਦਧਮ੍।*

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 'ਸਿਧ ਗੋਸਟਿ' ਨਾਂ ਦੀ ਰਚਨਾ ਵਿਚ ਇਸੇ ਪ੍ਰਕਾਰ ਦੀ ਸਭਾ ਦਾ ਸੰਕੇਤ ਹੋਇਆ ਹੈ ਕਿ ਸਿੱਧ (ਗੁਰੂ ਨਾਨਕ ਦੀ ਆਯੋਜਿਤ) ਸਭਾ ਵਿਚ ਆਸਣ ਲਗਾ ਕੇ ਬੈਠ ਗਏ (ਅਤੇ ਕਹਿਣ ਲਗੇ) ਹੇ ਸੰਤਾਂ ਦੀ ਸਭਾ ! (ਸਾਡੀ) ਨਮਸਕਾਰ ਹੈ — *ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।*(ਗੁ.ਗ੍ਰੰ.938)। ਇਸ ਸ਼ਬਦ ਦੀ ਵਰਤੋਂ ਸਭਾ ਦੇ ਸਥਾਨ ਵਜੋਂ ਵੀ ਹੋਈ ਹੈ— *ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ।*(ਗੁ.ਗ੍ਰੰ. 84)। ਧਰਮੀ ਲੋਕਾਂ ਦੇ ਜਨ-ਸਮੂਹ ਜਾਂ ਦੀਵਾਨ ਨੂੰ ਵੀ 'ਸਭਾ' ਕਹਿਣਾ ਪ੍ਰਚਲਿਤ ਹੋ ਗਿਆ ਹੈ, ਜਿਵੇਂ ਸਰਹਿੰਦ ਦੀ ਸਭਾ, ਮਾਛੀਵਾੜੇ ਦੀ ਸਭਾ, ਆਦਿ। ਸੰਸਥਾ ਲਈ ਵੀ ਇਹ ਸ਼ਬਦ ਵਰਤਿਆ ਗਿਆ ਮਿਲਦਾ ਹੈ, ਜਿਵੇਂ ਸ੍ਰੀ ਗੁਰੂ ਸਿੰਘ ਸਭਾ।

**ਸ਼ਮਸ਼ੇਰ ਸਿੰਘ ਅਸ਼ੋਕ** (1904-1986 ਈ.): ਸਿੱਖ ਇਤਿਹਾਸ ਅਤੇ ਧਰਮ ਦੇ ਗੰਭੀਰ ਖੋਜੀ ਵਜੋਂ ਜਾਣੇ ਜਾਂਦੇ ਸ. ਸ਼ਮਸ਼ੇਰ ਸਿੰਘ ਅਸ਼ੋਕ ਦਾ ਜਨਮ 10 ਫਰਵਰੀ, 1904 ਈ. ਨੂੰ ਸ. ਝਾਬਾ ਸਿੰਘ ਸੰਘਾ ਜੱਟ ਦੇ ਘਰ ਸੰਗਰੂਰ ਜ਼ਿਲ੍ਹੇ ਦੀ ਧੂਰੀ ਤਹਿਸੀਲ ਦੇ ਪਿੰਡ ਗੁਆਰਾ ਵਿਚ ਹੋਇਆ। ਇਸ ਨੂੰ ਕਿਸੇ ਸਕੂਲ ਵਿਚ ਵਿਧੀ-ਵਤ ਪੜ੍ਹਨ ਦਾ ਮੌਕਾ ਨ ਮਿਲਿਆ, ਪਰ ਪੜ੍ਹਨ ਦਾ ਸ਼ੌਕ ਸਾਧਾਂ ਦੇ ਡੇਰਿਆਂ ਵਿਚ ਰਹਿ ਕੇ ਜਾਂ ਪਰੰਪਰਿਕ ਉਸਤਾਦਾਂ ਪਾਸੋਂ ਪੜ੍ਹ ਕੇ ਪੂਰਾ ਕਰਦਾ ਰਿਹਾ। ਇਸ ਤਰ੍ਹਾਂ ਇਸ ਨੇ ਪੰਜਾਬੀ, ਹਿੰਦੀ, ਬ੍ਰਜ, ਸੰਸਕ੍ਰਿਤ, ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਦੀ ਜਾਣਕਾਰੀ ਪ੍ਰਾਪਤ ਕਰ ਲਈ। ਕੋਸ਼ਿਸ਼ ਕਰਕੇ ਕੰਮ ਚਲਾਉਣ ਲਈ ਅੰਗ੍ਰੇਜ਼ੀ ਵੀ ਸਿਖ ਲਈ।

ਪਹਿਲਾਂ ਸੰਨ 1921 ਈ. ਵਿਚ ਇਹ ਬਾਬੂ ਤੇਜਾ ਸਿੰਘ ਭਸੌੜੀਏ ਦੇ ਸੰਪਰਕ ਵਿਚ ਆਇਆ ਅਤੇ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋ ਗਿਆ। ਸੰਨ 1928 ਤੋਂ 1931 ਈ. ਤਕ ਇਸ ਨੇ ਗਿਆਨੀ ਅਤੇ ਪ੍ਰਭਾਕਰ ਦੀਆਂ ਪਰੀਖਿਆਵਾਂ ਪਾਸ ਕੀਤੀਆਂ। ਸੰਨ 1932 ਤੋਂ 1938 ਈ. ਤਕ ਭਾਈ ਕਾਨ੍ਹ ਸਿੰਘ ਨਾਭਾ ਦੇ ਸੰਪਰਕ ਵਿਚ ਰਿਹਾ, ਜਿਸ ਦੇ ਫਲਸਰੂਪ ਇਸ ਦੇ ਮਨ ਵਿਚ ਸਿੱਖ ਸਾਹਿਤ ਅਤੇ ਇਤਿਹਾਸ ਦੀ ਖੋਜ ਦੀ ਬਿਰਤੀ ਵਿਕਸਿਤ ਹੋਈ। ਇਸ ਨੇ ਪੁਰਾਣੇ ਖਰੜੇ ਪੜ੍ਹ ਕੇ ਉਨ੍ਹਾਂ ਵਿਚੋਂ ਮਹੱਤਵਪੂਰਣ ਤੱਥਾਂ ਦਾ ਸੰਪਾਦਨ ਅਤੇ ਵਿਸ਼ਲੇਸ਼ਣ ਕਰਨਾ ਸ਼ੁਰੂ ਕੀਤਾ। ਸੰਨ 1928 ਈ. ਵਿਚ ਇਸ ਦਾ ਕਾਵਿ-ਸੰਗ੍ਰਹਿ 'ਮਜ਼ਲੂਮ ਬੀਰ' ਛਪਿਆ। ਇਸ ਨੇ ਸੰਨ 1934 ਈ. ਵਿਚ ਸੰਸਕ੍ਰਿਤ ਦੇ 'ਮੁਦ੍ਰਾਰਾਕਸ਼' ਦਾ ਪੰਜਾਬੀ ਉਲਥਾ ਛਾਪਿਆ। ਅਕਾਲੀ ਮੋਰਚਿਆਂ ਵੇਲੇ ਇਸ ਦੀਆਂ ਧਾਰਮਿਕ ਜਜ਼ਬੇ ਵਾਲੀਆਂ ਕਵਿਤਾਵਾਂ ਵੀ ਛਪਦੀਆਂ ਰਹੀਆਂ।

ਸੰਨ 1943 ਈ. ਤੋਂ ਦੋ ਸਾਲ ਤਕ ਇਹ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਇਤਿਹਾਸਿਕ ਖੋਜੀ ਦੀ ਆਸਾਮੀ ਉਤੇ ਕੰਮ ਕਰਦਾ ਰਿਹਾ ਅਤੇ ਫਿਰ ਸੰਨ 1945 ਈ. ਤੋਂ ਦੋ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸਿੱਖ ਇਤਿਹਾਸ ਦੀ ਖੋਜ ਕੀਤੀ। ਇਸ ਦੌਰਾਨ 'ਪ੍ਰਾਚੀਨ ਜੰਗਨਾਮੇ' ਪੁਸਤਕ ਪ੍ਰਕਾਸ਼ਿਤ ਕੀਤੀ। ਸੰਨ 1948 ਈ. ਵਿਚ ਪਟਿਆਲਾ ਰਿਆਸਤ ਵਿਚ ਪੰਜਾਬੀ ਮਹਿਕਮਾ ਸਥਾਪਿਤ ਹੋ ਜਾਣ ਕਰਕੇ ਇਸ ਨੂੰ ਹੱਥ-ਲਿਖਿਤਾਂ ਦਾ ਐਡੀਟਰ ਲਗਾਇਆ ਗਿਆ। ਸੰਨ 1963 ਈ. ਵਿਚ ਸੇਵਾ -ਮੁਕਤ ਹੋਣ ਵੇਲੇ ਤਕ ਇਸ ਨੇ ਪੰਜਾਬੀ ਹੱਥ-ਲਿਖਿਤਾਂ ਦੀਆਂ ਦੋ ਸੂਚੀਆਂ ਤਿਆਰ ਕਰ ਦਿੱਤੀਆਂ ਜਿਨ੍ਹਾਂ ਵਿਚੋਂ ਪਹਿਲੀ ਦੇ 752 ਪੰਨੇ ਅਤੇ ਦੂਜੀ ਦੇ 464 ਪੰਨੇ ਹਨ ਅਤੇ ਇਹ ਕ੍ਰਮਵਾਰ 1961 ਈ. ਅਤੇ 1963 ਈ. ਵਿਚ ਪ੍ਰਕਾਸ਼ਿਤ ਹੋਈਆਂ ਹਨ। ਇਨ੍ਹਾਂ ਦੋਹਾਂ ਭਾਗਾਂ ਵਿਚ ਲਗਭਗ ਤਿੰਨ ਹਜ਼ਾਰ ਹੱਥ-ਲਿਖਿਤਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ ਜੋ ਅਸ਼ੋਕ ਹੋਰਾਂ ਨੇ ਪੰਜਾਬ ਦੇ ਪੁਰਾਤਨ ਪੁਸਤਕਾਲਿਆਂ ਅਤੇ ਨਿਜੀ ਸੰਗ੍ਰਹਿਆਂ ਤੋਂ ਹਾਸਲ ਕੀਤੀ ਸੀ। ਇਸ ਮਹਾਨ ਕਾਰਜ ਕਾਰਣ ਅਸ਼ੋਕ ਨੂੰ 'ਹੱਥ-ਲਿਖਿਤਾਂ ਦਾ ਸਮ੍ਰਾਟ' ਕਿਹਾ ਜਾਂਦਾ ਹੈ।

ਪੰਜਾਬੀ ਵਿਭਾਗ ਤੋਂ ਸੇਵਾ ਮੁਕਤ ਹੋਣ ਤੋਂ ਬਾਦ

ਇਸ ਨੇ ਕੁਝ ਸਾਲ ਪੰਜਾਬੀ ਯੂਨੀਵਰਸਿਟੀ ਵਿਚ ਓਰਿਐਂਟਲ ਸਕਾਲਰ ਵਜੋਂ ਕੰਮ ਕੀਤਾ ਅਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਖੋਜ ਸਕਾਲਰ ਜਾ ਲਗਿਆ। ਸੰਨ 1967 ਈ. ਵਿਚ ਸਿੱਖ-ਇਤਿਹਾਸ ਰਿਸਰਚ ਬੋਰਡ ਵਲੋਂ ਇਸ ਦੀ ਸੰਪਾਦਿਤ ਪੁਸਤਕ 'ਗੁਰੂ- ਖ਼ਾਲਸੇ ਦੇ ਨੀਸਾਣ ਤੇ ਹੁਕਮਨਾਮੇ' ਪ੍ਰਕਾਸ਼ਿਤ ਹੋਈ ਜੋ ਸਿੱਖ ਸਾਹਿਤ ਦੀ ਇਹ ਅਹਿਮ ਪ੍ਰਾਪਤੀ ਹੈ। ਸੰਨ 1968 ਈ. ਵਿਚ ਇਸ ਵਲੋਂ ਤਿਆਰ ਕੀਤੀ ਪੁਸਤਕ 'ਸਾਡਾ ਹੱਥ- ਲਿਖਿਤ ਪੰਜਾਬੀ ਸਾਹਿਤ' ਵਿਚ ਸਿੱਖ ਰੈਫ੍ਰੈਂਸ ਲਾਇਬ੍ਰੇਰੀ, ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਦੀਆਂ ਬਹੁ-ਮੁੱਲੀਆਂ ਪੁਸਤਕਾਂ ਦਾ ਵੇਰਵਾ ਦਰਜ ਹੈ।

'ਪੰਜਾਬ ਦੀਆਂ ਲਹਿਰਾਂ' ਨਾਂ ਦੀ ਪੁਸਤਕ ਵਿਚ ਇਸ ਨੇ ਸਿੱਖ ਰਾਜ ਦੇ ਅੰਤ ਤੋਂ ਲੈ ਕੇ ਉਸ ਤੋਂ ਬਾਦ ਦੀਆਂ ਜਾਗ੍ਰਿਤੀ ਲਹਿਰਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਇਸ ਨੇ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਜਾਂ ਸੰਪਾਦਨ ਕੀਤਾ, ਜਿਵੇਂ ਪੰਜਾਬੀ ਪੱਤਰਕਲਾ, ਰਾਗਮਾਲਾ ਨਿਰਣਯ, ਦਸਮਗ੍ਰੰਥ ਬਾਰੇ, ਸਿੱਖੀ ਤੇ ਸਿੱਖ ਇਤਿਹਾਸ, ਸਿੱਖ ਪੰਜਾਬ ਰਾਜ ਦਾ ਅੰਤ, ਜੀਵਨ ਭਾਈ ਕਾਨ੍ਹ ਸਿੰਘ ਨਾਭਾ, ਜੀਵਨੀ ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ, ਧਰਮ ਸਾਹਿਤ ਤੇ ਇਤਿਹਾਸ, ਸ੍ਰੀ ਗੁਰੂ ਸੋਭਾ, ਜੰਗਨਾਮਾ ਸ਼ਾਹ ਮੁਹੰਮਦ, ਗੁਰਬਿਲਾਸ ਪਾ.੧੦ (ਕੋਇਰ ਸਿੰਘ), ਆਦਿ। ਇਸ ਨੇ ਕੁਝ ਪੁਸਤਕਾਂ ਦੇ ਅਨੁਵਾਦਾਂ ਤੋਂ ਇਲਾਵਾ ਪੱਤਰਕਾਰੀ ਵਿਚ ਵੀ ਰੁਚੀ ਲਈ ਹੈ।

ਸ਼ਮਸ਼ੇਰ ਸਿੰਘ ਦੀ ਖੋਜ ਸੰਬੰਧੀ ਪਹੁੰਚ ਵਿਗਿਆਨਿਕ ਅਤੇ ਤੱਥ-ਆਧਾਰਿਤ ਹੈ। ਇਸ ਵਲੋਂ ਸਿੱਖ ਸਾਹਿਤ ਅਤੇ ਇਤਿਹਾਸ ਬਾਰੇ ਜੁਟਾਈ ਸਾਮਗ੍ਰੀ ਅਤੇ ਉਸ ਬਾਰੇ ਦਿੱਤੀਆਂ ਟਿੱਪਣੀਆਂ ਅਗਲੇ ਖੋਜੀਆਂ ਲਈ ਰਾਹ ਮੋਕਲਾ ਕਰਦੀਆਂ ਹਨ। ਵਿਦਿਆ ਦੇ ਖੇਤਰ ਵਿਚ ਇਸ ਨੇ ਭਾਵੇਂ ਕੋਈ ਉਚੇਰੀ ਡਿਗਰੀ ਪ੍ਰਾਪਤ ਨਹੀਂ ਕੀਤੀ, ਪਰ ਅਨੇਕ ਖੋਜੀਆਂ ਨੇ ਇਸ ਦੁਆਰਾ ਉਪਲਬਧ ਕੀਤੇ ਤੱਥਾਂ ਨੂੰ ਵਰਤ ਕੇ ਖੋਜ ਦੀਆਂ ਡਿਗਰੀਆਂ ਹਾਸਲ ਕੀਤੀਆਂ ਹਨ।

ਇਸ ਪ੍ਰਤਿਭਾਸ਼ੀਲ ਖੋਜੀ ਦਾ ਦੇਹਾਂਤ 14 ਜੁਲਾਈ 1986 ਈ. ਨੂੰ ਹੋਇਆ।

**ਸਮਦਰਸੀ** : ਸਿੱਖ-ਧਰਮ ਵਿਚ ਇਹ ਵਿਸ਼ੇਸ਼ਣ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਵੈਰੀ ਅਤੇ ਮਿਤਰ ਨੂੰ ਇਕ-ਸਮਾਨ ਵੇਖਣ ਵਾਲਾ ਹੋਵੇ। 'ਸੁਖਮਨੀ' ਬਾਣੀ ਵਿਚ 'ਬ੍ਰਹਮ-ਗਿਆਨੀ' (ਵੇਖੋ) ਨੂੰ 'ਸਮਦਰਸੀ' ਕਿਹਾ ਗਿਆ ਹੈ— *ਸੋ ਸਮਦਰਸੀ ਤਤੁ ਕਾ ਬੇਤਾ।* ਗੁਰਬਾਣੀ ਵਿਚ ਇਸ ਨੂੰ 'ਸਮਦ੍ਰਿਸਟਾ' ਵੀ ਕਿਹਾ ਗਿਆ ਹੈ — *ਗੁਰਪ੍ਰਸਾਦਿ ਨਾਨਕ ਸਮਦ੍ਰਿਸਟਾ।*

ਸਿੱਖ-ਧਰਮ ਦੇ ਅਰਦਾਸ ਵਿਚ 'ਸਰਬੱਤ ਕਾ ਭਲਾ' ਇਸੇ ਭਾਵਨਾ ਦਾ ਬੋਧਕ ਹੈ ਕਿਉਂਕਿ 'ਸਰਬੱਤ' ਸ਼ਬਦ ਵਿਚ ਮਿਤਰ, ਵੈਰੀ, ਨਿੰਦਕ, ਹਿਤੂ, ਊਚ, ਨੀਚ ਆਦਿ ਸਭ ਸਮਾ ਜਾਂਦੇ ਹਨ।

**ਸਮਨ, ਭਾਈ** : ਵੇਖੋ 'ਮੂਸਨ' ਅਤੇ 'ਚਉਬੋਲੇ'।

**ਸਮਾਓ/ਸਮਹਾਓ** (ਪਿੰਡ): ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਭਿਖੀ ਕਸਬੇ ਤੋਂ ਦੋ ਕਿ.ਮੀ. ਉੱਤਰ ਵਲ ਸਥਿਤ ਇਕ ਪਿੰਡ, ਜਿਸ ਵਿਚ 'ਗੁਰਦੁਆਰਾ ਪਾਤਿਸ਼ਾਹੀ ਨੌਵੀਂ' ਸੁਸ਼ੋਭਿਤ ਹੈ। ਕਹਿੰਦੇ ਹਨ ਨੌਵੇਂ ਗੁਰੂ ਜੀ ਮਾਲਵੇ ਵਿਚ ਧਰਮ-ਪ੍ਰਚਾਰ ਵੇਲੇ ਇਕ ਵਾਰੀ ਖੀਵੇ ਤੋਂ ਭਿਖੀ ਵਲ ਆ ਰਹੇ ਸਨ ਤਾਂ ਪਤਾ ਚਲਿਆ ਕਿ ਪਿਸ਼ਾਵਰ ਅਤੇ ਕਾਬੁਲ ਤੋਂ ਸੰਗਤ ਦਰਸ਼ਨ ਕਰਨ ਲਈ ਆ ਰਹੀ ਹੈ। ਗੁਰੂ ਜੀ ਉਥੇ ਹੀ ਸਮਾਓ ਪਿੰਡ ਤੋਂ ਬਾਹਰ ਇਕ ਵਣ ਦੇ ਬ੍ਰਿਛ ਹੇਠਾਂ ਬੈਠ ਗਏ। ਸੰਗਤ ਆਈ ਅਤੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਉਥੇ ਨੇੜੇ ਹੀ ਇਕ ਕਿਸਾਨ ਨੇ ਗੁਰੂ ਜੀ ਦੀ ਅਜ਼ਮਤ ਨੂੰ ਦੇਖਿਆ ਅਤੇ ਆਪਣੇ ਲਈ ਆਇਆ ਭੋਜਨ ਅਤੇ ਲੱਸੀ ਗੁਰੂ ਜੀ ਨੂੰ ਭੇਂਟ ਕੀਤੀ। ਗੁਰੂ ਜੀ ਨੇ ਉਹ ਭੋਜਨ ਕੁਝ ਆਪ ਲਿਆ ਅਤੇ ਬਾਕੀ ਪ੍ਰਸਾਦ ਵਜੋਂ ਸੰਗਤ ਵਿਚ ਵੰਡ ਦਿੱਤਾ। ਉਸ ਕਿਸਾਨ ਨੂੰ ਗੁਰੂ ਜੀ ਨੇ ਅਸੀਸ ਦੇ ਕੇ ਵਿਦਾ ਕੀਤਾ। ਜਿਥੇ ਗੁਰੂ ਸਾਹਿਬ ਬੈਠੇ ਸਨ, ਉਥੇ ਪਹਿਲਾਂ ਇਕ ਥੜਾ ਸਾਹਿਬ ਬਣਾਇਆ ਗਿਆ। ਹੁਣ ਉਸ ਸਥਲ ਉਤੇ ਗੁਰਦੁਆਰੇ ਦੀ ਇਮਾਰਤ ਬਣੀ ਹੋਈ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਖੀਵਾ ਕਲਾਂ ਦੀ ਸਥਾਨਕ ਸੰਗਤ ਕਰਦੀ ਹੈ।

**ਸਮਾਣਾ** (ਨਗਰ) : ਪਟਿਆਲਾ ਜ਼ਿਲ੍ਹੇ ਦਾ ਇਕ ਨਗਰ ਜੋ

ਪਟਿਆਲੇ ਤੋਂ ਦੱਖਣ-ਪੱਛਮ ਵਲ ਲਗਭਗ 28 ਕਿ.ਮੀ. ਦੀ ਦੂਰੀ ਉਤੇ ਵਸਿਆ ਹੋਇਆ ਹੈ। ਕਹਿੰਦੇ ਹਨ ਕਿ ਇਸ ਵਿਚ ਸਭ ਤੋਂ ਪਹਿਲਾਂ 'ਸਮਾਨਿਦ' ਨਾਂ ਦਾ ਖ਼ਾਨਦਾਨ ਈਰਾਨ ਤੋਂ ਆ ਕੇ ਵਸਿਆ ਸੀ, ਇਸ ਕਰਕੇ ਇਸ ਨਗਰ ਦਾ ਨਾਂ ਸਮਾਣਾ/ਸਮਾਨਾ ਪ੍ਰਚਲਿਤ ਹੋ ਗਿਆ।

ਸਿੱਖ ਇਤਿਹਾਸ ਨਾਲ ਇਸ ਦਾ ਸੰਬੰਧ ਦੋ ਕਾਰਣਾਂ ਕਰਕੇ ਹੈ। ਇਕ ਇਹ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ (ਹੁਣ ਬਹਾਦੁਰਗੜ੍ਹ) ਤੋਂ ਇਥੇ ਪਹੁੰਚੇ ਤਾਂ ਮੁਗ਼ਲ ਸੈਨਾ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਉਥੋਂ ਦੇ ਇਕ ਦਰਵੇਸ਼ੀ ਰੁਚੀਆਂ ਵਾਲੇ ਮੁਸਲਮਾਨ ਮੁਹੰਮਦ ਬਖ਼ਸ਼ (ਕੁਝ ਇਤਿਹਾਸ-ਕਾਰਾਂ ਅਨੁਸਾਰ ਭੀਖਨ ਖ਼ਾਂ) ਨੇ ਗੁਰੂ ਜੀ ਨੂੰ ਸੁਰਖਿਆ ਪ੍ਰਦਾਨ ਕਰਨ ਲਈ ਤਿੰਨ ਕਿ.ਮੀ. ਦੀ ਵਿਥ ਉਤੇ ਸਥਿਤ ਪਿੰਡ 'ਗੜ੍ਹੀ ਨਜ਼ੀਰ' ਵਿਚ ਆਪਣੇ ਘਰ ਲੈ ਗਿਆ। ਇਸ ਨਗਰ ਵਿਚ ਪਹਿਲਾਂ ਕੋਈ ਸਮਾਰਕ ਨਹੀਂ ਬਣਿਆ ਸੀ, ਪਰ ਵੀਹਵੀਂ ਸਦੀ ਦੇ ਉਤਰਾਰਧ ਵਿਚ ਉਥੇ 'ਗੁਰਦੁਆਰਾ ਥੜਾ ਸਾਹਿਬ' ਨਾਂ ਦਾ ਗੁਰੂ-ਧਾਮ ਬਣਾਇਆ ਗਿਆ ਹੈ ਜਿਸ ਦੀ ਵਿਵਸਥਾ ਨਿਹੰਗ ਸਿੰਘ ਕਰਦੇ ਹਨ।

ਦੂਜਾ ਕਾਰਣ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਇਥੋਂ ਹੀ ਜਲਾਲੁੱਦੀਨ ਨਾਂ ਦਾ ਜੱਲਾਦ ਦਿੱਲੀ ਗਿਆ ਸੀ। ਫਿਰ ਇਥੋਂ ਦੇ ਹੀ ਜੱਲਾਦ ਦੇ ਫ਼ਤਹਿਗੜ੍ਹ ਸਾਹਿਬ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਦਾ ਜਾਮ ਪਿਲਾਇਆ ਸੀ। ਇਸ ਦੇ ਪ੍ਰਤਿਕਾਰ ਵਜੋਂ ਬਾਬਾ ਬੰਦਾ ਬਹਾਦਰ ਨੇ ਸਮਾਣੇ ਉਤੇ ਹਮਲਾ ਕਰਕੇ ਖ਼ੂਬ ਬਰਬਾਦ ਕੀਤਾ। ਪੁਰਾਣੇ ਨਗਰ ਦੇ ਖੰਡਰ ਹੁਣ ਵੀ ਇਥੇ ਮਿਲਦੇ ਹਨ।

**ਸਮਾਧ ਭਾਈ** (ਪਿੰਡ) : ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦਾ ਇਕ ਪਿੰਡ ਜਿਥੇ ਛੇਵੇਂ ਗੁਰੂ ਜੀ ਮਾਲਵਾ ਖੇਤਰ ਵਿਚ ਧਰਮ ਪ੍ਰਚਾਰ ਵੇਲੇ ਕੁਝ ਦੇਰ ਲਈ ਰੁਕੇ ਸਨ। ਬਾਦ ਵਿਚ ਉਸ ਥਾਂ ਤੇ ਸ਼ਰਧਾਲੂਆਂ ਨੇ ਸਮਾਰਕ ਬਣਾਇਆ ਜੋ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਉਦੋਂ ਇਥੇ ਕੋਈ ਖ਼ਾਸ ਪਿੰਡ ਨਹੀਂ ਸੀ। ਗੁਰੂ ਜੀ ਦੀ ਆਮਦ ਤੋਂ ਬਾਦ ਹੀ ਭਾਈ ਰੂਪਾ (ਰੂਪ ਚੰਦ) ਨੇ ਇਸ ਪਿੰਡ ਦੀ ਸਥਾਪਨਾ ਕੀਤੀ। ਭਾਈ ਰੂਪੇ ਦੀ ਸਮਾਧ ਵੀ ਗੁਰਦੁਆਰੇ ਦੇ ਨੇੜੇ ਹੀ ਬਣੀ ਹੋਈ ਹੈ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ। ਇਸ ਦੇ ਨਾਲ ਇਕ ਸੁੰਦਰ ਸਰੋਵਰ ਵੀ ਬਣਿਆ ਹੋਇਆ ਹੈ।

**ਸਮਾਧਿ/ਸਮਾਧੀ** : ਇਸ ਤੋਂ ਭਾਵ ਹੈ ਮਨ ਦੀ ਸਥਿਰ ਜਾਂ ਟਿਕੀ ਹੋਈ ਅਵਸਥਾ। ਇਸ ਦਾ ਮੂਲ ਆਧਾਰ 'ਪਾਤੰਜਲ ਯੋਗਸੂਤ੍ਰ' (3/3) ਵਿਚ ਵੇਖਿਆ ਜਾ ਸਕਦਾ ਹੈ। ਇਹ 'ਅਸ਼ਟਾਂਗ-ਯੋਗ' ਦਾ ਅੰਤਿਮ ਅੰਗ ਹੈ। ਉਥੇ ਲਿਖਿਆ ਹੈ ਕਿ ਜਦੋਂ ਧਿਆਨ ਕਰਦਿਆਂ ਕਰਦਿਆਂ ਸਾਧਕ ਦਾ ਚਿੱਤ ਲਕਸ਼ਿਤ ਵਸਤੂ ਜਾਂ ਵਿਸ਼ੇ ਦਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਜਾਂ ਉਸ ਵਸਤੂ ਅਤੇ ਧਿਆਨ ਮਗਨ ਵਿਅਕਤੀ ਦਾ ਆਪਸੀ ਭੇਦ ਮਿਟ ਜਾਂਦਾ ਹੈ ਤਾਂ ਉਸ ਅਵਸਥਾ ਨੂੰ 'ਸਮਾਧਿ' ਕਹਿੰਦੇ ਹਨ। ਮੁਕਤੀ ਦੀ ਪ੍ਰਾਪਤੀ ਲਈ ਸਾਧਕ ਦਾ ਇਸ ਅਵਸਥਾ ਤੋਂ ਗੁਜ਼ਰਨਾ ਬਹੁਤ ਜ਼ਰੂਰੀ ਹੈ। ਇਸ ਦੁਆਰਾ ਬਾਹਰਲੇ ਜਗਤ ਨਾਲ ਸੰਬੰਧ ਟੁਟ ਜਾਂਦਾ ਹੈ ਅਤੇ ਨਿੱਤ-ਪਦ ਦੀ ਫਿਰ ਤੋਂ ਪ੍ਰਾਪਤੀ ਹੋ ਜਾਂਦੀ ਹੈ।

ਇਸ ਅਵਸਥਾ ਨੂੰ ਸਰਲ ਅਨੁਭਵ ਨਹੀਂ ਸਮਝਣਾ ਚਾਹੀਦਾ। ਇਹ ਅਜਿਹੀਆਂ ਮਾਨਸਿਕ ਅਵਸਥਾਵਾਂ ਦੀ ਸੰਗਲੀ ਹੈ ਜੋ ਸਰਲ ਹੁੰਦੀ ਹੋਈ ਵੀ ਆਖੀਰ ਵਿਚ ਅਚੇਤਨ ਅਵਸਥਾ ਵਿਚ ਬਦਲ ਜਾਂਦੀ ਹੈ। ਗੁਰੂ ਅਮਰਦਾਸ ਜੀ ਨੇ ਸਿਰੀ ਰਾਗ ਵਿਚ ਇਸ ਪ੍ਰਕਾਰ ਦੀ ਸਮਾਧਿ ਨੂੰ ਕੋਈ ਮਾਨਤਾ ਨ ਦਿੰਦੇ ਹੋਇਆਂ ਬਿਨਾ ਯਤਨ ਕੀਤੀ ਸਹਿਜ ਸੁਭਾਵਿਕ ਸਮਾਧਿ ਲਗਾਉਣ ਲਈ ਉਪਦੇਸ਼ ਦਿੱਤਾ ਹੈ— *ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।*(ਗੁ.ਗ੍ਰੰ.67)। ਮਾਰੂ ਸੋਲਹਿਆਂ ਵਿਚ ਗੁਰੂ ਦੀ ਸੇਵਾ ਦੁਆਰਾ ਸਹਿਜ-ਸਮਾਧੀ ਦੀ ਸੰਪੰਨਤਾ ਦਸੀ ਗਈ ਹੈ— *ਗੁਰ ਕੀ ਸੇਵਾ ਮੀਠੀ ਲਾਗੀ। ਅਨਦਿਨੁ ਸੂਖ ਸਹਜ ਸਮਾਧੀ।* (ਗੁ.ਗ੍ਰੰ.1050)। ਕਈ ਧਰਮੀ ਵਿਅਕਤੀ ਨਾਮ-ਸਿਮਰਨ ਵੇਲੇ ਸਮਾਧੀ ਲਗਾਉਣ ਦਾ ਉਦਮ ਕਰਦੇ ਵੇਖੇ ਗਏ ਹਨ। ਗੁਰਮੁਖ ਲਈ ਤਾਂ ਸਾਰਾ ਜੀਵਨ ਹੀ ਸਮਾਧੀ ਵਰਗਾ ਹੈ ਕਿਉਂਕਿ ਹਰ ਕੰਮ ਜਾਂ ਕ੍ਰਿਆ ਵੇਲੇ ਉਸ ਦਾ ਚਿੱਤ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ।

**ਸਮੁੰਦ ਸਿੰਘ, ਭਾਈ** (1900-1972 ਈ.) : ਵੀਹਵੀਂ ਸਦੀ ਦੀਆਂ ਪਹਿਲੀਆਂ ਤਿੰਨ ਚੌਥਾਈਆਂ ਦੌਰਾਨ ਗਰਬਾਣੀ ਕੀਰਤਨ ਵਿਚ ਆਪਣੀ ਛਾਪ ਛਡਣ ਵਾਲੇ ਭਾਈ ਸਮੁੰਦ

ਸਿੰਘ ਦਾ ਜਨਮ 3 ਮਾਰਚ 1900 ਈ. ਨੂੰ ਭਾਈ ਹਜ਼ੂਰ ਸਿੰਘ ਰਾਗੀ ਦੇ ਘਰ ਪੱਛਮੀ ਪੰਜਾਬ ਦੇ ਜ਼ਿਲ੍ਹਾ ਮਿੰਟਗੁਮਰੀ ਦੇ ਪਿੰਡ ਮੁੱਲਾ ਹਮਜ਼ਾ ਵਿਚ ਹੋਇਆ। ਸੱਤ ਸਾਲ ਦੀ ਉਮਰ ਵਿਚ ਹੀ ਉਹ ਕੀਰਤਨ ਨਾਲ ਜੁੜ ਗਏ ਅਤੇ ਸਾਰੀ ਉਮਰ ਕੀਰਤਨ ਨਾਲ ਹੀ ਜੁੜ ਕੇ ਕਟ ਦਿੱਤੀ। ਉਨ੍ਹਾਂ ਦੇ ਆਪਣੇ ਕਥਨ ਅਨੁਸਾਰ 'ਕੀਰਤਨ ਮੇਰੇ ਜੀਵਨ ਦਾ ਆਧਾਰ ਹੈ। ਕੀਰਤਨ ਨਾਲ ਮੇਰੀ ਜਨਮ-ਮਰਨ ਦੀ ਸਾਂਝ ਹੈ।' ਆਪਣੀ ਸੰਗੀਤ ਕਲਾ, ਮਿੱਠੀ ਆਵਾਜ਼, ਗੁਰਬਾਣੀ ਗਿਆਨ, ਨਿਵੇਕਲੀ ਕੀਰਤਨ ਸ਼ੈਲੀ ਅਤੇ ਉਜਲ ਦੀਦਾਰ ਕਰਕੇ ਸਿੱਖ ਜਗਤ ਵਿਚ ਸਨਮਾਨਿਤ ਰਹੇ ਹਨ।

ਘਰ ਵਿਚ ਹੀ ਆਪਣੇ ਪਿਤਾ ਤੋਂ ਕੀਰਤਨ ਸਿਖ ਕੇ ਨੌਂ ਸਾਲ ਦੀ ਉਮਰ ਵਿਚ ਆਪ ਨੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵਿਚ ਸ਼ਬਦ ਗਾਇਨ ਕੀਤਾ ਅਤੇ ਸਰੋਤਿਆਂ ਨੂੰ ਮੋਹ ਲਿਆ। ਬਸ ਫਿਰ ਆਪ ਦੀ ਯੋਗਤਾ ਦੀ ਗੱਲ ਚਲ ਪਈ। ਸੰਨ 1930 ਈ. ਤੋਂ ਰੇਡੀਓ ਤੋਂ ਆਪ ਦਾ ਕੀਰਤਨ ਪ੍ਰਸਾਰਿਤ ਹੋਣਾ ਸ਼ੁਰੂ ਹੋ ਗਿਆ ਜਿਸ ਕਰਕੇ ਆਪ ਸਾਰੇ ਦੇਸ਼ ਵਿਚ ਮਕਬੂਲ ਹੋ ਗਏ। ਉਹ ਹਾਰਮੋਨੀਅਮ ਤੋਂ ਇਲਾਵਾ ਤਾਊਸ, ਸਾਰੰਗੀ, ਦਿਲਰੁਬਾ ਅਤੇ ਤਾਨਪੂਰਾ ਨਾਲ ਵੀ ਕੀਰਤਨ ਕਰਦੇ ਸਨ ਕਿਉਂਕਿ ਤੰਤੀ-ਸਾਜ਼ਾਂ ਨਾਲ ਕੀਰਤਨ ਕਰਨ ਨਾਲ ਉਨ੍ਹਾਂ ਨੂੰ ਵਿਸ਼ੇਸ਼ ਆਤਮ-ਰਸ ਮਿਲਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਵਿਚ ਉਹ ਪੂਰੀ ਨਿਪੁਣਤਾ ਨਾਲ ਕੀਰਤਨ ਕਰਨ ਦੀ ਮਹਾਰਤ ਰਖਦੇ ਸਨ। ਉਹ ਖ਼ਿਆਲ, ਠੁਮਰੀ, ਮੁਲਤਾਨੀ, ਧ੍ਰੁਪਦ, ਕਾਨੜਾ ਰਾਗ ਬੜੀ ਰੀਝ ਨਾਲ ਗਾਉਂਦੇ ਸਨ। ਸਮਕਾਲੀ ਸੰਗੀਤਕਾਰ ਆਪ ਬਾਰੇ ਬੜੀ ਉੱਚੀ ਰਾਏ ਰਖਦੇ ਸਨ। ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਨੇ ਆਪ ਨੂੰ 'ਬਹਿਰ-ਏ-ਮੌਸੀਕੀ' ਕਿਹਾ ਸੀ। ਸੰਤ ਅਤਰ ਸਿੰਘ ਮਸਤੂਆਣਾ ਅਤੇ ਸੰਤ ਸੁਜਾਨ ਸਿੰਘ ਆਪ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਸਨ।

ਸ਼ੁਰੂ ਵਿਚ ਆਪ ਨੇ ਗੁਰਦੁਆਰਾ ਜਨਮ-ਸਥਾਨ, ਨਨਕਾਣਾ ਸਾਹਿਬ ਵਿਚ ਕੀਰਤਨ ਦੀ ਸੇਵਾ ਕੀਤੀ, ਪਰ ਕੁਝ ਵਰ੍ਹਿਆਂ ਬਾਦ ਆਪ ਸੁਤੰਤਰ ਰੂਪ ਵਿਚ ਦੀਵਾਨਾਂ ਵਿਚ ਕੀਰਤਨ ਕਰਨ ਲਗ ਗਏ, ਪਰ ਰਹੇ ਨਨਕਾਣਾ ਸਾਹਿਬ ਵਿਚ ਹੀ। ਦੇਸ਼ ਦੀ ਵੰਡ ਤੋਂ ਬਾਦ ਆਪ ਅੰਮ੍ਰਿਤਸਰ ਆ ਗਏ ਅਤੇ ਉਥੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਸੇਵਾ ਕਰਦੇ ਰਹੇ। ਫਿਰ ਲੁਧਿਆਣੇ ਆ ਗਏ। ਸੰਨ 1970 ਈ. ਵਿਚ ਆਪ ਨੂੰ ਪੰਜਾਬ ਸਰਕਾਰ ਦੁਆਰਾ 'ਭਾਈ ਮਰਦਾਨਾ ਕੀਰਤਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਸ ਅਵਸਰ 'ਤੇ ਆਪ ਨੇ ਯਾਦਗਾਰੀ ਕੀਰਤਨ ਕਰਕੇ ਹਾਜ਼ਰੀਨ ਦਾ ਮਨ ਜਿਤ ਲਿਆ। 5 ਜਨਵਰੀ 1972 ਈ. ਨੂੰ ਆਪ ਦਾ ਲੁਧਿਆਣੇ ਵਿਚ ਦੇਹਾਂਤ ਹੋਇਆ।

**ਸਰਸਾ/ਸਿਰਸਾ** (ਨਗਰ): ਹਰਿਆਣਾ ਪ੍ਰਾਂਤ ਦਾ ਇਕ ਪ੍ਰਸਿੱਧ ਨਗਰ, ਜਿਸ ਨੂੰ 'ਸਾਰਸ' ਨਾਂ ਦੇ ਰਾਜਪੂਤ ਨੇ ਛੇਵੀਂ ਸਦੀ ਵਿਚ ਵਸਾਇਆ ਸੀ। ਇਥੇ ਕਦੇ ਸੂਫ਼ੀ ਫ਼ਕੀਰਾਂ ਦਾ ਵੱਡਾ ਕੇਂਦਰ ਰਿਹਾ ਹੈ। ਸਿੱਖ ਧਰਮ ਨਾਲ ਸੰਬੰਧਿਤ ਇਥੇ ਦੋ ਗੁਰੂ-ਧਾਮ ਹਨ।

ਇਕ ਗੁਰੂ ਧਾਮ ਹੈ 'ਗੁਰਦੁਆਰਾ ਚਿਲ੍ਹਾ ਸਾਹਿਬ ਪਾਤਿਸ਼ਾਹੀ ਪਹਿਲੀ'। ਇਹ ਗੁਰੂ-ਧਾਮ ਉਸ ਥਾਂ ਉਤੇ ਉਸਰਿਆ ਹੋਇਆ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਸੂਫ਼ੀ ਦਰਵੇਸ਼ ਨਾਲ ਸੰਸਾਰਿਕਤਾ ਨੂੰ ਤਿਆਗ ਕੇ ਨਿਰਜਨ ਸਥਾਨ ਵਿਚ ਬੰਦਗੀ ਕਰਨ ਦੀ ਨਿਰਸਾਰਤਾ ਬਾਰੇ ਸੰਵਾਦ ਕੀਤਾ ਸੀ। ਇਹ ਧਾਮ ਪੰਜ ਪੀਰਾਂ ਦੀ ਖ਼ਾਨਕਾਹ ਦੇ ਨੇੜੇ ਹੈ। ਦੇਸ਼ ਵੰਡ ਤੋਂ ਪਹਿਲਾਂ ਖ਼ਾਨਕਾਹ ਦੇ ਮੁਜ਼ਾਵਰ ਹੀ ਇਸ ਦੀ ਵਿਵਸਥਾ ਕਰਦੇ ਸਨ। ਪਰ ਮੁਸਲਮਾਨਾਂ ਦੇ ਪਾਕਿਸਤਾਨ ਚਲੇ ਜਾਣ ਤੋਂ ਬਾਦ ਇਸ ਸਥਾਨ ਦਾ ਪ੍ਰਬੰਧ ਸਥਾਨਕ ਸਿੱਖਾਂ ਨੇ ਆਪਣੇ ਹੱਥ ਵਿਚ ਲੈ ਕੇ ਉਥੇ ਨਵੀਂ ਇਮਾਰਤ ਬਣਵਾਈ ਹੈ।

ਦੂਜਾ ਗੁਰੂ-ਧਾਮ ਹੈ 'ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ'। ਤਲਵੰਡੀ ਸਾਬੋ (ਦਮਦਮਾ ਸਾਹਿਬ) ਤੋਂ ਦੱਖਣ ਨੂੰ ਜਾਣ ਵੇਲੇ ਦਸਮ ਗੁਰੂ ਜੀ 'ਲੱਖੀ ਤਲਾਉ' ਦੇ ਕੰਢੇ ਕੁਝ ਸਮੇਂ ਲਈ ਠਹਿਰੇ ਸਨ। ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਨੇ ਇਥੇ ਸਭ ਤੋਂ ਪਹਿਲਾਂ ਗੁਰੂ-ਧਾਮ ਬਣਵਾਇਆ। ਸੰਨ 1928 ਈ. ਵਿਚ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ। ਸੰਨ 1958 ਈ. ਵਿਚ ਸੰਤ ਬਘੇਲ ਸਿੰਘ ਨੇ ਨਵੇਂ ਸਿਰਿਓਂ ਗੁਰਦੁਆਰੇ ਦੀ ਇਮਾਰਤ ਅਤੇ ਸਰੋਵਰ ਬਣਵਾਇਆ ਹੈ। ਇਸ ਗੁਰਦੁਆਰੇ ਦੇ ਪਰਿਸਰ ਵਿਚ ਹੁਣ ਇਕ ਹਾਈ ਸਕੂਲ ਵੀ ਚਲ ਰਿਹਾ ਹੈ।

**ਸਰਸਾ** (ਨਦੀ) : ਇਕ ਨਦੀ ਅਥਵਾ ਬਰਸਾਤੀ ਨਾਲਾ ਜੋ ਆਨੰਦਪੁਰ ਅਤੇ ਚਮਕੌਰ ਦੇ ਵਿਚਕਾਰੋਂ ਲੰਘਦਾ ਹੈ। ਬਰਸਾਤ ਹੋਣ 'ਤੇ ਇਸ ਵਿਚ ਕਾਫ਼ੀ ਪਾਣੀ ਚਲਦਾ ਹੈ। ਸਿੱਖ

ਇਤਿਹਾਸ ਨਾਲ ਇਸ ਦਾ ਵਿਸ਼ੇਸ਼ ਸੰਬੰਧ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1705 ਈ. ਵਿਚ ਆਨੰਦਪੁਰ ਕਿਲ੍ਹਾ ਛਡਿਆ ਅਤੇ ਚਮਕੌਰ ਵਲ ਤੁਰੇ, ਤਾਂ ਉਨ੍ਹਾਂ ਨੂੰ ਇਸ ਨਦੀ ਵਿਚੋਂ ਗੁਜ਼ਰਨਾ ਸੀ। ਉਸ ਸਮੇਂ ਨਦੀ ਵਿਚ ਬਹੁਤ ਅਧਿਕ ਪਾਣੀ ਵਗ ਰਿਹਾ ਸੀ। ਫਲਸਰੂਪ, ਇਸ ਵਿਚ ਆਨੰਦਪੁਰ ਤੋਂ ਲਿਆਉਂਦਾ ਕੀਮਤੀ ਸਾਮਾਨ ਅਤੇ ਕਈ ਸਿੰਘ ਰੁੜ੍ਹ ਗਏ। ਗੁਰੂ ਜੀ ਦਾ ਪਰਿਵਾਰ ਵੀ ਨਿਖੜ ਗਿਆ। ਗੁਰੂ ਜੀ 40 ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਹਿਤ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਚ ਜਾ ਬਿਰਾਜੇ। ਛੋਟੇ ਦੋ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਖੇੜੀ ਨੂੰ ਚਲੇ ਗਏ ਅਤੇ ਗੁਰੂ-ਪਤਨੀਆਂ-ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ - ਭਾਈ ਮਨੀ ਸਿੰਘ ਦੇ ਸੰਗ ਦਿੱਲੀ ਵਲ ਚਲੀਆਂ ਗਈਆਂ। ਇਸ ਤਰ੍ਹਾਂ ਇਸ ਬਰਸਾਤੀ ਨਾਲੇ ਨੇ ਗੁਰੂ ਜੀ ਦਾ ਬਹੁਤ ਨੁਕਸਾਨ ਕੀਤਾ। ਸਿੱਖ ਜਗਤ ਵਿਚ ਇਸ ਨੂੰ ਅਨਾਦਰ ਨਾਲ ਯਾਦ ਕੀਤਾ ਜਾਂਦਾ ਹੈ। ਕਈ ਵਿਦਵਾਨਾਂ ਨੇ ਇਸ ਨਾਲੇ ਨੂੰ 'ਗੁਰਮਾਰਿਆ' ਵੀ ਲਿਖਿਆ ਹੈ।

**ਸਰਹਦੀ ਸੂਬੇ ਦੇ ਵੀਰ ਸਾਕੇ** : ਉੱਤਰ-ਪੱਛਮੀ ਸਰਹਦ ਵਲ ਅੰਗ੍ਰੇਜ਼ ਰਾਜ ਦੀ ਸਥਾਪਤੀ ਲਈ ਸਿੱਖ ਸੈਨਿਕਾਂ ਵਲੋਂ ਕੀਤੇ ਗਏ ਵੀਰ ਸਾਕਿਆਂ ਅਤੇ ਬੇਮਿਸਾਲ ਕੁਰਬਾਨੀਆਂ ਬਾਰੇ ਕਈ ਕਵੀਆਂ ਨੇ ਵੀਰ ਰਸੀ ਕਾਵਿ ਦੀ ਰਚਨਾ ਕੀਤੀ ਹੈ। ਇਨ੍ਹਾਂ ਕਾਵਿ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ — ਜੰਗਨਾਮਾ ਕਾਬਲ ਕੰਧਾਰ ਦਾ (ਕ੍ਰਿਤ ਸਿਆਮ ਸਿੰਘ ਕਵੀਸ਼ਰ-1881), ਜੰਗਨਾਮਾ ਕਾਬਲ (ਕ੍ਰਿਤ ਕਵੀ ਕਰਮ ਸਿੰਘ-1882), ਜੰਗ ਮੁਹਿੰਮ ਚਤਰਾਲ ਅਤੇ ਬਾਰਾਮਾਂਹ ਜੰਗ ਚਿਤ੍ਰਾਲ (ਕ੍ਰਿਤ ਕਵੀ ਵਧਾਵਾ ਸਿੰਘ-1896), ਜੰਗ ਚਿਤਰਾਲ (ਕ੍ਰਿਤ ਕਵੀ ਕੇਹਰ ਸਿੰਘ-1897), ਜੰਗਨਾਮਾ ਮਾਲਾਕੰਦ (ਕ੍ਰਿਤ ਕਵੀ ਗੋਪਾਲ ਸਿੰਘ ਮਿਸਤਰੀ-1898), ਜੰਗ ਤੀਰਾਹ (ਕ੍ਰਿਤ ਕਵੀ ਲਾਭ ਸਿੰਘ-1899), ਜੰਗਨਾਮਾ ਸਰਹੱਦੀ ਤੀਰਾਹ (ਕ੍ਰਿਤ ਕਵੀ ਪਾਲ ਸਿੰਘ-1899), ਜੰਗ ਤੀਰਾਹ (ਕ੍ਰਿਤ ਕਵੀ ਸੋਭਾ ਸਿੰਘ-1900), ਖ਼ਾਲਸਾ ਬਹਾਦਰ—ਜੰਗ ਸਾਰਾਗੜ੍ਹੀ ਨੰ.1(ਕ੍ਰਿਤ ਕਵੀ ਚੂੜ੍ਹ ਸਿੰਘ-1900), ਖ਼ਾਲਸਾ ਬਹਾਦਰ—ਜੰਗ ਸਾਰਾਗੜ੍ਹੀ ਨੰ.2 (ਕ੍ਰਿਤ ਕਵੀ ਮਿਹਰ ਸਿੰਘ) ਆਦਿ। ਕਵੀ ਚੂੜ੍ਹ ਸਿੰਘ ਨੇ ਬੜੀ ਰੁਚੀ ਨਾਲ ਸਾਰਾਗੜ੍ਹੀ ਦੇ ਸਿੱਖ ਸੈਨਿਕਾਂ ਦੀ ਬਹਾਦਰੀ ਦਾ ਵਰਣਨ ਕੀਤਾ ਹੈ। ਨਮੂਨੇ ਵਜੋਂ :

*ਤਿੰਨਾਂ ਸਿੰਘਾਂ ਨੇ ਜੋਸ਼ ਦੇ ਵਿਚ ਆ ਕੇ,*
*ਕੰਧਾਂ ਉਪਰ ਛਾਲਾਂ ਜਾ ਮਾਰੀਆਂ ਨੀ।*
*ਹਲਾ ਮਾਰ ਕੇ ਮਾਰਿਆ ਵੈਰੀਆਂ ਨੂੰ,*
*ਕਿਹੜਾ ਗਿਣੇ ਜੋ ਜਿੰਦਾਂ ਸੰਘਾਰੀਆਂ ਜੀ।*
*ਜਦੋਂ ਵੈਰੀ ਦੇ ਕੋਲ ਹੀ ਜਾ ਪੁਜੇ,*
*ਮਿਆਨੋਂ ਖਿਚ ਕੇ ਤੇਗਾਂ ਉਲਾਰੀਆਂ ਜੀ।*
*ਸਿੰਘਾਂ ਜੌਹਰ ਵਿਖਾਇ ਕੇ ਚੂੜ੍ਹ ਸਿੰਘਾ,*
*ਜਿੰਦਾਂ ਚਿਥੀਆਂ ਬੇਸ਼ੁਮਾਰੀਆਂ ਜੀ।*

**ਸਰਹਾਲਾ/ਸਰਾਲਾ** (ਪਿੰਡ) : ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਬੰਗਾ ਨਗਰ ਤੋਂ 12 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਸ ਦੇ ਨੇੜੇ ਗੁਰੂ ਤੇਗ ਬਹਾਦਰ ਜੀ ਦੁਆਬੇ ਦੀ ਧਰਮ-ਪ੍ਰਚਾਰ ਫੇਰੀ ਵੇਲੇ ਕੁਝ ਸਮੇਂ ਲਈ ਰੁਕੇ ਸਨ। ਇਹ ਗੁਰੂ-ਧਾਮ ਪਿੰਡ ਤੋਂ ਬਾਹਰ ਖੇਤਾਂ ਵਿਚ ਹੈ ਅਤੇ 'ਗੁਰਦੁਆਰਾ ਗੁਰਪਲਾਹ ਪੰਜ ਟਾਹਲੀ' ਨਾਂ ਨਾਲ ਪ੍ਰਸਿੱਧ ਹੈ। ਇਸ ਗੁਰਦੁਆਰੇ ਦੀ ਨਵੀਂ ਇਮਾਰਤ ਸੰਤ ਸੇਵਾ ਸਿੰਘ ਨੇ ਸੰਨ 1978 ਈ. ਵਿਚ ਬਣਵਾਈ ਸੀ। ਹੋਲੇ ਮਹੱਲੇ 'ਤੇ ਇਥੇ ਬਹੁਤ ਵੱਡੀ ਸੰਗਤ ਜੁੜਦੀ ਹੈ।

**ਸਰਹਾਲੀ ਕਲਾਂ** (ਕਸਬਾ) : ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪੱਟੀ ਨਗਰ ਤੋਂ ਛੇ ਕਿ.ਮੀ. ਪੂਰਵ ਵਲ ਸਥਿਤ ਇਕ ਕਸਬਾ, ਜਿਥੇ ਗੁਰੂ ਅਰਜਨ ਦੇਵ ਜੀ, ਮਾਤਾ ਗੰਗਾ ਜੀ ਸਹਿਤ ਕੁਝ ਸਮੇਂ ਲਈ ਰੁਕੇ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਉਥੇ ਇਕ ਚੁਬੱਚਾ ਬਣਵਾਇਆ ਗਿਆ। ਸੰਨ 1950 ਈ. ਤੋਂ ਸੰਤ ਗੁਰਮੁਖ ਸਿੰਘ ਸੇਵਾਵਾਲੇ ਦੇ ਸੇਵਕਾਂ ਨੇ ਇਥੇ ਨਵੀਂ ਇਮਾਰਤ ਦੀ ਉਸਾਰੀ ਕਰਵਾਈ। ਉਸ ਇਮਾਰਤ ਦੇ ਥੱਲੇ (ਤੈਹਖ਼ਾਨੇ) ਵਿਚ ਚੁਬੱਚਾ ਬਣਾਇਆ ਗਿਆ। ਹੁਣ ਇਸ ਗੁਰੂ-ਧਾਮ ਦਾ ਨਾਂ 'ਗੁਰਦੁਆਰਾ ਚੁਬੱਚਾ ਸਾਹਿਬ' ਪ੍ਰਸਿੱਧ ਹੈ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਸਰਹਿੰਦ** (ਨਗਰ) : ਪੰਜਾਬ ਦਾ ਇਕ ਪ੍ਰਸਿੱਧ ਪੁਰਾਤਨ ਨਗਰ

ਜੋ ਇਤਿਹਾਸਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹੈ। ਇਸ ਦਾ ਸਰਹਿੰਦ ਨਾਂ ਕਿਉਂ ਪਿਆ? ਇਸ ਬਾਰੇ ਤਿੰਨ ਮਤ ਪ੍ਰਚਲਿਤ ਹਨ। ਇਕ ਮਤ ਇਹ ਹੈ ਕਿ ਸ੍ਰੀ ਕ੍ਰਿਸ਼ਣ ਦੀ ਪੀੜ੍ਹੀ ਦੇ 166ਵੇਂ ਪੁਰਸ਼, ਸਾਹਿਰ ਰਾਓ, ਜੋ ਸੰਨ 531 ਬਿ. ਵਿਚ ਲਾਹੌਰ ਵਿਚ ਰਾਜ ਕਰਦਾ ਸੀ, ਨੇ ਵਸਾਇਆ ਅਤੇ ਇਸ ਦਾ ਨਾਂ ਸਾਹਿਰ-ਅੰਤ ਰਖਿਆ ਕਿਉਂਕਿ ਇਥੇ ਉਸ ਦੇ ਰਾਜ ਦੀ ਸੀਮਾ ਦਾ ਅੰਤ ਹੁੰਦਾ ਸੀ। 'ਸਾਹਿਰਅੰਤ' ਹੀ ਸਮੇਂ ਦੇ ਬੀਤਣ ਨਾਲ 'ਸਰਹਿੰਦ' ਪ੍ਰਚਲਿਤ ਹੋ ਗਿਆ।

ਦੂਜਾ ਮਤ ਇਹ ਹੈ ਕਿ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਸੱਯਦ ਜਲਾਲੁੱਦੀਨ ਬੁਖ਼ਾਰੀ ਅਤੇ ਆਪਣੇ ਪੀਰ ਰਫ਼ੀ-ਉਦ-ਦੀਨ ਦੀ ਪ੍ਰੇਰਣਾ ਕਰਕੇ ਇਹ ਨਗਰ ਵਸਾਇਆ ਅਤੇ ਇਸ ਦਾ ਨਾਂ ਸਿਹਰਿੰਦ-'ਸਿਹ' (ਸ਼ੇਰ) ਅਤੇ 'ਰਿੰਦ' (ਜੰਗਲ)— ਰਖਿਆ ਕਿਉਂਕਿ ਉਦੋਂ ਇਥੇ ਸ਼ੇਰ ਕਾਫ਼ੀ ਗਿਣਤੀ ਵਿਚ ਮਿਲਦੇ ਸਨ। 'ਸਿਹਰਿੰਦ' ਹੀ ਵਿਗੜਦਿਆਂ ਵਿਗੜਦਿਆਂ 'ਸਰਹਿੰਦ' ਪ੍ਰਚਲਿਤ ਹੋ ਗਿਆ। ਫ਼ਿਰੋਜ਼ਸ਼ਾਹ ਤੁਗ਼ਲਕ ਨੇ ਸਤਲੁਜ ਨਦੀ ਤੋਂ ਇਸ ਨਗਰ ਤਕ ਇਕ ਨਹਿਰ ਵੀ ਖੁਦਵਾਈ ਜੋ ਹੁਣ ਇਸ ਨਗਰ ਦੇ ਨੇੜੇ ਵਗਦੀ ਚੋ ਦੇ ਰੂਪ ਵਿਚ ਖ਼ਤਮ ਹੋ ਗਈ ਹੈ। ਫ਼ਿਰੋਜ਼ਸ਼ਾਹ ਨੇ ਇਸ ਨੂੰ ਸਮਾਣੇ ਦੀ ਹਕੂਮਤ ਤੋਂ ਵਖ ਕਰਕੇ ਸੁਤੰਤਰ ਪਰਗਣਾ ਬਣਾਇਆ ਅਤੇ ਇਥੇ ਵਪਾਰਕ ਕੇਂਦਰ ਕਾਇਮ ਕੀਤਾ।

ਤੀਜੇ ਮਤ ਅਨੁਸਾਰ 'ਸਰਹਿੰਦ' ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਤੋਂ ਭਾਵ ਹੈ ਹਿੰਦ ਦਾ ਸਿਰਮੌਰ ਨਗਰ। ਇਤਿਹਾਸਿਕ ਅਤੇ ਵਪਾਰਕ ਦ੍ਰਿਸ਼ਟੀ ਤੋਂ ਮੁਗ਼ਲ ਕਾਲ ਵੇਲੇ ਇਹ ਇਕ ਮਹੱਤਵਪੂਰਣ ਨਗਰ ਸੀ।

ਸੰਨ 1710 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ-ਪੁੱਤਰਾਂ ਦੇ ਕਤਲ ਦਾ ਬਦਲਾ ਲੈਣ ਲਈ ਇਸ ਨਗਰ ਉਤੇ ਹਮਲਾ ਕੀਤਾ ਅਤੇ ਇਥੋਂ ਦੇ ਹੁਕਮਰਾਨ ਨਵਾਬ ਵਜ਼ੀਰ ਖ਼ਾਂ ਨੂੰ ਮਾਰਿਆ। ਕਿਲ੍ਹੇ ਅੰਦਰ ਜਿਸ ਥਾਂ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ, ਉਸ ਦੀ ਨਿਸ਼ਾਨਦੇਹੀ ਕੀਤੀ ਅਤੇ ਕਿਲ੍ਹੇ ਦਾ ਨਾਂ ਫਤਹਿਗੜ੍ਹ ਰਖਿਆ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਇਸ ਨਗਰ ਦਾ ਨਾਂ ਸਰਹਿੰਦ ਤੋਂ ਬਦਲ ਕੇ ਫਤਹਿਗੜ੍ਹ ਸਾਹਿਬ (ਵੇਖੋ) ਰਖ ਦਿੱਤਾ। ਸੰਨ 1992 ਈ. ਦੀ ਵਿਸਾਖੀ ਵਾਲੇ ਦਿਨ ਫਤਹਿਗੜ੍ਹ ਸਾਹਿਬ ਜ਼ਿਲ੍ਹਾ ਸਥਾਪਿਤ ਕਰਕੇ ਇਸ ਨੂੰ ਉਸ ਦਾ ਸਦਰ ਮੁਕਾਮ ਬਣਾ ਦਿੱਤਾ ਗਿਆ ਹੈ। ਇਸ ਨਗਰ ਵਿਚ ਅੱਠ ਸਿੱਖ-ਧਰਮ-ਧਾਮਾਂ ਤੋਂ ਇਲਾਵਾ ਇਤਿਹਾਸਿਕ ਮਹੱਤਵ ਵਾਲੀਆਂ ਹੋਰ ਥਾਂਵਾਂ ਹਨ— ਆਮ ਖ਼ਾਸ ਬਾਗ਼, ਜਹਾਜ਼ੀ ਹਵੇਲੀ, ਰੋਜ਼ਾ ਸ਼ਰੀਫ਼, ਖ਼ਾਨਕਾਹ ਮੀਆਂ ਬੰਦਗੀ ਸਾਹਿਬ, ਡੇਰਾ ਬਾਬਾ ਦਿਆਲਪੁਰੀ, ਡੇਰਾ ਬਾਬਾ ਵਿਦਿਆਗਿਰ, ਆਦਿ।

**ਸਰਹੀਣਾ** (ਪਿੰਡ) :ਪੰਜਾਬ ਦੇ ਮੋਗਾ ਨਗਰ ਤੋਂ 15 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ ਜਿਥੇ ਗੁਰੂ ਹਰਿਗੋਬਿੰਦ ਜੀ ਨੇ ਸੰਨ 1631 ਈ. ਵਿਚ ਚਰਣ ਪਾਏ ਸਨ। ਉਥੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਰਵਾਇਤ ਅਨੁਸਾਰ ਜਦੋਂ ਗੁਰੂ ਜੀ ਡਰੌਲੀ ਪਿੰਡ ਵਿਚ ਆਪਣੇ ਸਾਂਢੂ ਭਾਈ ਸਾਈਂ ਦਾਸ ਦੇ ਘਰ ਠਹਿਰੇ ਹੋਏ ਸਨ, ਤਾਂ ਮਾਤਾ ਦਮੋਦਰੀ ਜੀ ਸਖ਼ਤ ਬੀਮਾਰ ਹੋ ਗਏ ਅਤੇ ਗੁਜ਼ਰ ਗਏ। ਮਾਤਾ ਜੀ ਦੀ ਵੱਡੀ ਭੈਣ ਰਾਮੋ ਅਤੇ ਉਸ ਦਾ ਪਤੀ ਭਾਈ ਸਾਈਂ ਦਾਸ ਵੀ ਇਸ ਦੁਖਾਂਤ ਨੂੰ ਜਰ ਨ ਸਕਣ ਕਾਰਣ ਪੂਰੇ ਹੋ ਗਏ। ਜਦੋਂ ਮਾਤਾ ਦਮੋਦਰੀ ਜੀ ਦੀ ਬੀਮਾਰੀ ਦੀ ਸੂਚਨਾ ਉਨ੍ਹਾਂ ਦੇ ਪਿਤਾ-ਮਾਤਾ (ਭਾਈ ਨਰੈਣ ਦਾਸ ਅਤੇ ਮਾਤਾ ਦਇਆ ਕੌਰ) ਨੂੰ ਦੁਆਬੇ ਦੇ ਪਿੰਡ ਡੱਲਾ ਵਿਚ ਭੇਜੀ ਗਈ, ਤਾਂ ਉਹ ਹਾਲ ਪੁਛਣ ਲਈ ਤੁਰ ਪਏ। ਜਦੋਂ ਉਹ ਡਰੌਲੀ ਤੋਂ ਲਗਭਗ 5 ਕਿ.ਮੀ. ਦੀ ਦੂਰੀ ਉਤੇ ਵਸੇ ਪਿੰਡ ਸਰਹੀਣਾ ਪਹੁੰਚੇ ਤਾਂ ਉਨ੍ਹਾਂ ਨੂੰ ਨ ਕੇਵਲ ਮਾਤਾ ਦਮੋਦਰੀ ਜੀ, ਸਗੋਂ ਭਾਈ ਸਾਈਂ ਦਾਸ ਅਤੇ ਬੀਬੀ ਰਾਮੋ ਤਿੰਨਾਂ ਦੀ ਮ੍ਰਿਤੂ ਦਾ ਸਮਾਚਾਰ ਮਿਲਿਆ। ਇਹ ਦੁਖਦ ਗੱਲ ਸੁਣਦਿਆਂ ਹੀ ਉਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ। ਉਨ੍ਹਾਂ ਦਾ ਡਰੌਲੀ ਵਿਚ ਦਾਹ-ਸੰਸਕਾਰ ਕਰਨ ਲਈ ਉਨ੍ਹਾਂ ਦੇ ਮ੍ਰਿਤ ਸ਼ਰੀਰਾਂ ਨੂੰ ਸਰਹੀਣਾਂ ਪਿੰਡ ਤੋਂ ਗੁਰੂ ਜੀ ਖ਼ੁਦ ਲੈਣ ਆਏ ਸਨ ਅਤੇ ਪਿੰਡ ਵਿਚ ਕੁਝ ਸਮੇਂ ਲਈ ਰੁਕੇ ਸਨ।

ਗੁਰਦੁਆਰੇ ਦੀ ਵਰਤਮਾਨ ਇਮਾਰਤ ਸੰਨ 1944 ਈ. ਵਿਚ ਬਣਵਾਈ ਗਈ ਅਤੇ ਅੱਠ ਸਾਲ ਬਾਦ ਬਾਉਲੀ ਦਾ ਨਿਰਮਾਣ ਵੀ ਕਰਵਾਇਆ ਗਿਆ। ਸਥਾਨਕ ਸੰਗਤ ਦੇ ਸਹਿਯੋਗ ਨਾਲ ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਸ਼ਰਣਾਗਤਿ** : ਇਸ ਤੋਂ ਭਾਵ ਹੈ ਸ਼ਰਣ ਵਿਚ ਆਉਣ ਦੀ ਸਥਿਤੀ। ਇਸ ਦਾ ਸੰਬੰਧ ਆਤਮ-ਸਮਰਪਣ ਨਾਲ ਹੈ।

ਪੁਸ਼ਟੀਮਾਰਗ ਵਾਲਿਆਂ ਨੇ ਇਸ ਨੂੰ 'ਪ੍ਰਪੱਤਿ' ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਥਾਂ ਥਾਂ 'ਤੇ ਆਤਮ-ਸਮਰਪਣ ਕਰਨ ਦੀ ਅਰਜ਼ੋਈ ਕੀਤੀ ਮਲਦੀ ਹੈ। ਬਾਣੀਕਾਰਾਂ ਨੇ ਪਰਮਾਤਮਾ ਦੀ ਭਗਤੀ ਲਈ, ਉਸ ਦੀ ਸ਼ਰਣ ਗ੍ਰਹਿਣ ਕਰਨ ਲਈ ਬਾਕੀ ਸਾਰੇ ਸੰਸਾਰਿਕ ਪ੍ਰਲੋਭਨ ਤੁਛ ਸਮਝੇ ਹਨ। ਸਚ ਤਾਂ ਇਹ ਹੈ ਕਿ ਮਨੁੱਖ ਦਾ ਪਰਮਾਤਮਾ ਤੋਂ ਬਿਨਾ ਹੋਰ ਕੋਈ ਸਹਾਰਾ, ਆਸਰਾ ਜਾਂ ਠੌਰ-ਠਿਕਾਣਾ ਵੀ ਨਹੀਂ ਹੈ। ਉਹ ਜਾਵੇ ਵੀ ਤਾਂ ਕਿਥੇ ? ਇਸ ਲਈ ਉਚਿਤ ਇਹੀ ਹੈ ਕਿ ਸਰਬ-ਸਮਰਥ ਅਗੇ ਆਤਮ-ਸਮਰਪਣ ਕਰ ਦਿੱਤਾ ਜਾਏ। ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਕਿਹਾ ਹੈ— *ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ। ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ। ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ। ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ।* (ਗੁ. ਗ੍ਰੰ.418)।

ਗੁਰੂ ਰਾਮਦਾਸ ਜੀ ਨੇ ਸੰਸਾਰ ਦੇ ਸਾਰੇ ਸਹਾਇਕ ਸਾਧਨਾਂ ਦੀ ਪਰਖ ਕਰਕੇ ਇਹ ਸਮਝ ਲਿਆ ਸੀ ਕਿ ਇਹ ਸਭ ਝੂਠੇ ਦਾਵੇ ਹਨ। ਸਹਾਰਾ ਤਾਂ ਕੇਵਲ ਪਰਮਾਤਮਾ ਦਾ ਹੀ ਲੈਣਾ ਉਚਿਤ ਹੈ। ਇਸ ਲਈ ਉਨ੍ਹਾਂ ਨੇ ਦ੍ਰਿੜ੍ਹ ਚਿੱਤ ਹੋ ਕੇ ਫ਼ੈਸਲਾ ਕੀਤਾ— *ਅਬ ਹਮ ਚਲੀ ਠਾਕੁਰ ਪਹਿ ਹਾਰਿ। ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ। ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ। ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।* (ਗੁ.ਗ੍ਰੰ. 527-28)।

ਗੁਰੂ ਤੇਗ ਬਹਾਦਰ ਜੀ ਨੇ ਵੀ ਅਜਿਹੀ ਭਾਵਨਾ ਨੂੰ ਪ੍ਰਗਟ ਕਰਦੇ ਹੋਇਆਂ ਕਿਹਾ ਹੈ — *ਹਰਿ ਜੂ ਰਾਖਿ ਲੇਹੁ ਪਤਿ ਮੇਰੀ। ... ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ। ਨਾਨਕ ਹਾਰਿ ਪਰਿਓ ਸਰਨਾਗਤਿ ਅਭੈਦਾਨੁ ਪ੍ਰਭ ਦੀਜੈ।* (ਗੁ.ਗ੍ਰੰ.703)। ਜਦੋਂ ਸਾਧਕ 'ਸ਼ਰਣਾਗਤਿ' ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਹ ਹਰ ਪ੍ਰਕਾਰ ਦੇ ਭੈ, ਸੰਕਟ, ਕਸ਼ਟ ਆਦਿ ਤੋਂ ਮੁਕਤ ਹੋ ਜਾਂਦਾ ਹੈ। ਬਿਲਾਵਲ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਅਵਸਥਾ ਦਾ ਬੜਾ ਟਕਸਾਲੀ ਚਿਤ੍ਰਣ ਕੀਤਾ ਹੈ— *ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ। ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।* (ਗੁ.ਗ੍ਰੰ.819)।

ਗੁਰੂ ਗ੍ਰੰਥ ਸਾਹਿਬ ਵਿਚ ਵਰਣਿਤ ਸ਼ਰਣਾਗਤਿ ਦੀ ਭਾਵਨਾ ਦੇ ਦੋ ਪੱਖ ਵਿਸ਼ੇਸ਼ ਰੂਪ ਵਿਚ ਉਘੜਦੇ ਹਨ। ਇਕ ਹੈ ਪ੍ਰਤਿਪਾਲਕ ਸ਼ਕਤੀ ਵਾਲਾ। ਦੂਜਾ ਹੈ ਪ੍ਰਭੂ-ਪ੍ਰਾਪਤੀ ਦੇ ਸਾਧਨ ਵਾਲਾ। ਜਦੋਂ ਮਨੁੱਖ ਆਸ਼ਾ-ਨਿਰਾਸ਼ ਦੀ ਪਕੜ ਵਿਚ ਆ ਜਾਂਦਾ ਹੈ, ਤਾਂ ਖਲਾਸੀ ਲਈ ਪ੍ਰਭੂ-ਸ਼ਰਣ ਨੂੰ ਭਾਲਦਾ ਹੈ। ਇਸ ਲਈ ਵਿਵੇਕਸ਼ੀਲਤਾ ਦਾ ਪੱਲਾ ਛਡਣਾ ਨਹੀਂ ਚਾਹੀਦਾ, ਨਹੀਂ ਤਾਂ ਅਭਾਵ ਦੀ ਸਥਿਤੀ ਬਣੀ ਰਹਿੰਦੀ ਹੈ।

**ਸਰਥਲੀ** (ਪਿੰਡ) : ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਨੂਰਪੁਰ ਬੇਦੀ ਕਸਬੇ ਤੋਂ ਦਸ ਕਿ.ਮੀ. ਪੱਛਮ ਵਾਲੇ ਪਾਸੇ ਸਥਿਤ ਇਕ ਪਿੰਡ ਜਿਥੇ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਤੋਂ ਆਏ ਸਨ ਅਤੇ ਥੋੜੇ ਚਿਰ ਲਈ ਰੁਕੇ ਸਨ। ਹੁਣ ਉਸ ਸਥਾਨ 'ਤੇ 'ਗੁਰਦੁਆਰਾ ਰਣਥੰਬਾ ਸਾਹਿਬ ਪਾਤਿਸ਼ਾਹੀ ਦਸਵੀਂ' ਬਣਿਆ ਹੋਇਆ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿਚ ਸਥਾਨਕ ਸੰਗਤ ਕਰਦੀ ਹੈ।

**ਸਰਦਾਰ** : ਇਹ ਮੂਲ ਰੂਪ ਵਿਚ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ — ਪ੍ਰਧਾਨ, ਮੁੱਖੀ, ਸ਼ਿਰੋਮਣੀ, ਮੋਹਰੀ। ਇਸ ਦੀ ਵਰਤੋਂ ਅਫ਼ਗ਼ਾਨ ਲੋਗ ਆਪਣੇ ਸੈਨਾ-ਨਾਇਕ, ਫ਼ੌਜ ਦੀ ਟੁਕੜੀ ਦੇ ਆਗੂ ਜਾਂ ਕੁੰਬੇ/ਕਬੀਲੇ ਦੇ ਮੁਖੀਏ ਲਈ ਕਰਦੇ ਹਨ।

ਗੁਰੂ-ਕਾਲ ਤਕ 'ਸਿੱਖ' ਲਈ 'ਭਾਈ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਗੁਰੂ-ਸੰਤਾਨ ਜਾਂ ਮਹਾਤਮਾ ਪੁਰਸ਼ਾਂ ਲਈ 'ਬਾਬਾ' ਸ਼ਬਦ ਵਰਤਿਆ ਜਾਂਦਾ ਸੀ। ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਵੇਲੇ ਸਿੱਖ ਮਿਸਲਾਂ ਦੇ ਸੈਨਿਕ ਦਲ ਅਤੇ ਉਨ੍ਹਾਂ ਦੇ ਜੱਥੇਦਾਰ ਅਫ਼ਗ਼ਾਨਾਂ ਦੇ ਬਾਰ ਬਾਰ ਸਾਮਰਿਕ ਸੰਪਰਕ ਵਿਚ ਆਏ। ਉਨ੍ਹਾਂ ਵਿਚ ਨਾਇਕਾਂ ਲਈ ਪ੍ਰਚਲਿਤ 'ਸਰਦਾਰ' ਸ਼ਬਦ ਨੇ ਸਿੱਖ ਸੈਨਿਕਾਂ ਨੂੰ ਪ੍ਰਭਾਵਿਤ ਕੀਤਾ। ਫਲਸਰੂਪ ਧਾਰਮਿਕ ਜੱਥਿਆਂ ਦੇ ਨਾਇਕਾਂ ਨੂੰ ਜੱਥੇਦਾਰ ਅਤੇ ਮਿਸਲਾਂ ਦੇ ਫ਼ੌਜੀ ਨਾਇਕਾਂ ਨੂੰ ਮਿਸਲਦਾਰ ਜਾਂ ਸਰਦਾਰ ਕਿਹਾ ਜਾਣ ਲਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹਰ ਕੇਸ-ਧਾਰੀ ਸਿੱਖ ਜਾਂ ਸਿੰਘ ਲਈ 'ਸਰਦਾਰ' ਸ਼ਬਦ ਦੀ ਵਰਤੋਂ ਸ਼ੁਰੂ ਹੋ ਗਈ। ਪੂਰਬੀ ਪੰਜਾਬ ਦੀਆਂ ਸਿੱਖ ਰਿਆਸਤਾਂ ਨੇ ਆਪਣੇ ਅਧਿਕਾਰੀਆਂ ਦੇ ਨਾਂਵਾਂ ਨਾਲ ਭਾਵੇਂ ਉਹ ਕਿਸੇ ਧਰਮ ਦੇ ਹੋਣ, 'ਸਰਦਾਰ' ਸ਼ਬਦ ਵਰਤਣਾ ਸ਼ੁਰੂ ਕਰ ਦਿੱਤਾ।

ਅੰਗ੍ਰੇਜ਼ ਸਰਕਾਰ ਇਸ ਸ਼ਬਦ ਦੀ ਵਰਤੋਂ ਖ਼ਿਤਾਬਾਂ ਵਿਚ ਵੀ ਕਰਨ ਲਗ ਗਈ। ਵਰਤਮਾਨ ਕਾਲ ਵਿਚ ਹਰ ਕੇਸਧਾਰੀ ਸਿੱਖ ਦੇ ਨਾਂ ਨਾਲ ਜਾਂ ਮੁਖ਼ਾਤਬ ਹੋਣ ਵੇਲੇ 'ਸਰਦਾਰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹੁਣ ਇਹ ਸ਼ਬਦ ਕੇਸਧਾਰੀ ਸਿੱਖ ਦਾ ਵਾਚਕ ਬਣ ਗਿਆ ਹੈ।

**ਸਰਦੂਲ ਸਿੰਘ ਕਵੀਸ਼ਰ** (1886–1963 ਈ.): ਵੀਹਵੀਂ ਸਦੀ ਦੇ ਪੂਰਵਾਰਧ ਦਾ ਇਕ ਸਿੱਖ ਨੇਤਾ ਅਤੇ ਪੱਤਰਕਾਰ, ਜਿਸ ਦਾ ਜਨਮ ਅੰਮ੍ਰਿਤਸਰ ਵਿਚ ਸ. ਕ੍ਰਿਪਾਲ ਸਿੰਘ ਦੇ ਘਰ ਸੰਨ 1886 ਈ. ਵਿਚ ਹੋਇਆ ਸੀ। ਇਸ ਨੇ ਸਾਰੀ ਪੜ੍ਹਾਈ ਅੰਮ੍ਰਿਤਸਰ ਵਿਚ ਹੀ ਕੀਤੀ ਪਰ ਇਮਤਿਹਾਨ ਦਿੱਤੇ ਬਿਨਾ ਇਸ ਨੇ ਐਮ.ਏ. ਦੀ ਪੜ੍ਹਾਈ ਵਿਚੇ ਛਡ ਦਿੱਤੀ। ਸੰਨ 1913 ਈ. ਵਿਚ ਇਸ ਨੇ 'ਸਿੱਖ ਰਿਵੀਊ' ਨਾਂ ਦਾ ਮੈਗਜ਼ੀਨ ਅੰਗ੍ਰੇਜ਼ੀ ਵਿਚ ਦਿੱਲੀ ਤੋਂ ਕਢਣਾ ਸ਼ੁਰੂ ਕੀਤਾ। ਦਿੱਲੀ ਵਿਚ ਗੁਰਦੁਆਰਾ ਰਕਾਬਗੰਜ ਦੀ ਦੀਵਾਰ ਢਾਹੇ ਜਾਣ ਦੇ ਮਾਮਲੇ ਵਿਚ ਇਸ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਪਹਿਲੇ ਵਿਸ਼ਵ ਯੁੱਧ ਤੋਂ ਬਾਦ ਇਸ ਨੇ ਬੜੀ ਸਰਗਰਮੀ ਨਾਲ ਉਸ ਸੰਬੰਧੀ ਅੰਦੋਲਨ ਵਿਚ ਭਾਗ ਲਿਆ। ਫਲਸਰੂਪ, ਇਸ ਦਾ ਮੈਗਜ਼ੀਨ ਬੰਦ ਕਰ ਦਿੱਤਾ ਗਿਆ ਅਤੇ ਇਸ ਨੂੰ ਦਿੱਲੀ ਤੋਂ ਬਾਹਰ ਕਢ ਦਿੱਤਾ ਗਿਆ। ਉਥੋਂ ਇਸ ਨੇ ਲਾਹੌਰ ਆ ਕੇ 'ਨਿਊ ਹੈਰਲਡ' ਨਾਂ ਦਾ ਹਫ਼ਤਾਵਾਰ ਪਰਚਾ ਕਢਣਾ ਸ਼ੁਰੂ ਕੀਤਾ।

'ਸੈਂਟ੍ਰਲ ਸਿੱਖ ਲੀਗ' ਬਣਾਉਣ ਵਾਲਿਆਂ ਵਿਚ ਇਹ ਮੋਹਰੀ ਸੀ ਅਤੇ ਇਸ ਨੂੰ ਉਸ ਦਾ ਜਨਰਲ ਸਕਤਰ ਵੀ ਚੁਣਿਆ ਗਿਆ ਸੀ। ਇਸ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਾਫ਼ੀ ਮਾਨਤਾ ਸੀ ਅਤੇ ਉਸ ਦੀ ਪ੍ਰਚਾਰ ਕਮੇਟੀ ਦੇ ਸਕੱਤਰ ਦੀ ਜ਼ਿੰਮੇਵਾਰੀ ਵੀ ਨਿਭਾਉਂਦਾ ਸੀ। ਅਪ੍ਰੈਲ 1921 ਈ. ਵਿਚ ਇਸ ਨੇ ਸ. ਅਮਰ ਸਿੰਘ ਝਬਾਲ, ਸ. ਜਸਵੰਤ ਸਿੰਘ ਝਬਾਲ ਅਤੇ ਸ. ਦਾਨ ਸਿੰਘ ਵਚੋਹਾ ਨਾਲ ਮਿਲ ਕੇ ਅਖ਼ਬਾਰਾਂ ਰਾਹੀਂ ਰਕਾਬਗੰਜ ਦੀ ਦੀਵਾਰ ਦੀ ਪੁਨਰ-ਉਸਾਰੀ ਵਾਸਤੇ ਇਕ ਸੌ ਦੇ ਸ਼ਹੀਦੀ ਜੱਥੇ ਲਈ ਅਪੀਲ ਕੀਤੀ। ਸੱਤ ਸੌ ਤੋਂ ਅਧਿਕ ਸਿਰਲੱਥ ਸ਼ਹੀਦੀ ਜੱਥੇ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ ਜਿਨ੍ਹਾਂ ਵਿਚ ਸਰਦੂਲ ਸਿੰਘ ਕਵੀਸ਼ਰ ਨੰਬਰ ਇਕ ਉਤੇ ਸੀ। ਪਰ ਇਸ ਤੋਂ ਪਹਿਲਾਂ ਕਿ ਇਹ ਦਿੱਲੀ ਲਈ ਜੱਥੇ ਸਹਿਤ ਰਵਾਨਾ ਹੁੰਦਾ, ਅੰਗ੍ਰੇਜ਼ ਸਰਕਾਰ ਨੇ ਦੀਵਾਰ ਦੀ ਉਸਾਰੀ ਕਰਵਾ ਦਿੱਤੀ। ਨਨਕਾਣਾ ਸਾਹਿਬ ਦੇ ਸਾਕੇ ਬਾਰੇ 'ਅਕਾਲੀ' ਪੱਤਰ (13 ਤੋਂ 21 ਮਾਰਚ 1921) ਵਿਚ ਛਪੇ ਇਸ ਦੇ ਭੜਕੀਲੇ ਲੇਖਾਂ ਕਾਰਣ ਇਸ ਨੂੰ 27 ਮਈ 1921 ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਵਾ ਚਾਰ ਸਾਲ ਕੈਦ ਕਟਣ ਉਪਰੰਤ 15 ਅਗਸਤ 1925 ਈ. ਨੂੰ ਰਿਹਾ ਕੀਤਾ ਗਿਆ। ਸੰਨ 1927 ਈ. ਵਿਚ ਇਹ ਆਲ ਇੰਡੀਆ ਕਾਂਗ੍ਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ 'ਸਿਵਲ ਨਾ-ਫ਼ਰਮਾਨੀ ਅੰਦੋਲਨ' ਵਿਚ ਹਿੱਸਾ ਲਿਆ।

ਜਦੋਂ ਕਾਂਗ੍ਰਸ ਨੇ 1937 ਈ. ਦੀਆਂ ਚੋਣਾਂ ਵਿਚ ਹਿੱਸਾ ਲੈ ਕੇ ਪ੍ਰਾਂਤਿਕ ਸਰਕਾਰਾਂ ਬਣਾਉਣਾ ਸਵੀਕਾਰ ਕੀਤਾ ਤਾਂ ਇਸ ਨੇ ਅਸਤੀਫ਼ਾ ਦੇ ਦਿੱਤਾ। ਦੋ ਸਾਲ ਬਾਦ ਇਸ ਨੇ ਸੁਭਾਸ਼ ਚੰਦਰ ਬੋਸ ਦੁਆਰਾ ਸਥਾਪਿਤ 'ਫ਼ਾਰਵਰਡ ਬਲਾਕ' ਵਿਚ ਸ਼ਾਮਲ ਹੋਣ ਦਾ ਮਨ ਬਣਾਇਆ। ਜਦੋਂ ਸੰਨ 1941 ਈ. ਵਿਚ ਸੁਭਾਸ਼ ਚੰਦਰ ਬੋਸ ਰੂਪੋਸ਼ ਹੋ ਗਿਆ, ਤਾਂ ਇਹ ਫਾਰਵਰਡ ਬਲਾਕ ਦਾ ਪ੍ਰਧਾਨ ਚੁਣਿਆ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਦ ਸੰਨ 1948 ਈ. ਵਿਚ ਇਸ ਨੇ ਫਾਰਵਰਡ ਬਲਾਕ ਦੀ ਪ੍ਰਧਾਨਗੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਰਾਜਨੀਤੀ ਤੋਂ ਸੰਨਿਆਸ ਲੈ ਕੇ ਦਿੱਲੀ ਵਿਚ ਰਹਿਣ ਲਗ ਗਿਆ। 26 ਮਾਰਚ 1963 ਈ. ਨੂੰ ਇਸ ਦਾ ਨਵੀਂ ਦਿੱਲੀ ਵਿਚ ਦੇਹਾਂਤ ਹੋ ਗਿਆ।

ਧੜਲੇਦਾਰ ਪੱਤਰਕਾਰ ਹੋਣ ਦੇ ਨਾਲ ਨਾਲ ਇਹ ਇਕ ਚੰਗਾ ਲੇਖਕ ਵੀ ਸੀ। ਇਸ ਦੀਆਂ ਅੰਗ੍ਰੇਜ਼ੀ ਵਿਚ ਰਚੀਆਂ 16 ਪੁਸਤਕਾਂ ਉਪਲਬਧ ਹਨ ਜਿਨ੍ਹਾਂ ਵਿਚੋਂ 'ਗੁਰੂ ਗੋਬਿੰਦ ਸਿੰਘ ਐਂਡ ਨੈਸ਼ਨਲ ਮੂਵਮੈਂਟ', 'ਸਪਿਰਟ ਆਫ਼ ਸਿੱਖਇਜ਼ਮ', 'ਸਿੱਖ ਸਟਡੀਜ਼' ਅਤੇ 'ਏ ਸਿੱਖ ਕਿੰਗ : ਮਹਾਰਾਜਾ ਰਣਜੀਤ ਸਿੰਘ' ਵਿਸ਼ੇਸ਼ ਉਲੇਖਯੋਗ ਹਨ। ਇਸ ਦੀ ਪੰਜਾਬੀ ਵਿਚ ਲਿਖੀ 'ਸਿੱਖ ਧਰਮ ਦਰਸ਼ਨ' ਨਾਂ ਦੀ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸੰਨ 1969 ਈ. ਵਿਚ ਸੰਪਾਦਿਤ ਕਰਵਾ ਕੇ ਛਾਪੀ ਗਈ ਹੈ।

**ਸਰਦੂਲ ਸਿੰਘ, ਗਿਆਨੀ** (ਮ. 1913 ਈ.): ਅੰਮ੍ਰਿਤਸਰ ਦੇ ਪ੍ਰਸਿੱਧ ਗਿਆਨੀ ਪਰਿਵਾਰ ਦੇ ਗਿਆਨੀ ਗਿਆਨ ਸਿੰਘ ਦੇ ਘਰ ਪੈਦਾ ਹੋਇਆ ਸਰਦੂਲ ਸਿੰਘ ਆਪਣੇ ਸਮੇਂ ਦਾ ਇਕ ਵਿਦਵਾਨ ਸਿੱਖ ਗ੍ਰੰਥੀ ਅਤੇ ਪ੍ਰਚਾਰਕ ਸੀ। ਸੰਨ 1873

ਈ. ਵਿਚ ਜਦੋਂ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਹੋਈ ਤਾਂ ਇਸ ਦਾ ਪਿਤਾ ਪਹਿਲਾ ਸਕੱਤਰ ਬਣਿਆ। ਸਰਦੂਲ ਸਿੰਘ ਨੂੰ ਸਿੱਖ ਧਰਮ ਦਾ ਗਿਆਨ ਵਿਰਾਸਤ ਵਿਚ ਮਿਲਿਆ ਸੀ। ਸਿੰਘ ਸਭਾ ਦੇ ਵਿਦਵਾਨ ਜਦੋਂ ਦਰਬਾਰ ਸਾਹਿਬ ਦੇ ਪਰਿਸਰ ਵਿਚ ਸਥਿਤ 'ਮੰਜੀ ਸਾਹਿਬ' ਵਾਲੀ ਥਾਂ 'ਤੇ ਜੁੜ ਬਹਿੰਦੇ ਤਾਂ ਉਨ੍ਹਾਂ ਸਿੱਖ ਵਿਦਵਾਨਾਂ ਵਿਚ ਇਹ ਵੀ ਸ਼ਾਮਲ ਹੁੰਦਾ ਅਤੇ ਬੜੇ ਗੰਭੀਰ ਮਸਲਿਆਂ ਬਾਰੇ ਹੁੰਦੀ ਬਹਿਸ ਵਿਚ ਸ਼ਾਮਲ ਹੁੰਦਾ। ਇਸ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਸੰਬੰਧੀ ਚਰਚਾ ਦਾ ਆਰੰਭ ਕੀਤਾ ਅਤੇ ਤਿੰਨ ਸਾਲਾਂ ਦੀ ਬਹਿਸ ਤੋਂ ਬਾਦ 'ਗੁਰ ਪ੍ਰਣਾਲੀ' ਦਾ ਪ੍ਰਕਾਸ਼ਨ ਕਰਕੇ ਸਹੀ ਵਸਤੂ-ਸਥਿਤੀ ਸਪੱਸ਼ਟ ਕੀਤੀ।

ਸਿੱਖ ਧਰਮ ਸੰਬੰਧੀ ਗ੍ਰੰਥਾਂ ਅਤੇ ਇਤਿਹਾਸਾਂ ਦੇ ਅਧਿਐਨ ਲਈ 8 ਅਪ੍ਰੈਲ 1885 ਈ. ਨੂੰ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਦੀ ਸਥਾਪਨਾ ਨਾਲ ਧਰਮ ਗ੍ਰੰਥਾਂ ਬਾਰੇ ਖੋਜ ਕਰਨ ਦਾ ਦੁਆਰ ਖੁਲ੍ਹ ਗਿਆ। ਖ਼ਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਇਸ ਸਭਾ ਨੂੰ 'ਦਸਮ ਗ੍ਰੰਥ' ਬਾਰੇ ਖੋਜ ਕਰਕੇ ਸਹੀ ਪਾਠ ਨਿਰਧਾਰਿਤ ਕਰਨ ਦਾ ਜੋ ਕੰਮ ਸੌਂਪਿਆ ਗਿਆ, ਉਸ ਦਾ ਮੁੱਖ ਸੰਚਾਲਕ ਇਹ ਹੀ ਸੀ। ਇਸ ਸਭਾ ਵਲੋਂ ਤਿਆਰ ਕੀਤੀ ਗਈ ਰਿਪੋਰਟ ਫਰਵਰੀ, 1898 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਜਿਸ ਦੀ ਭੂਮਿਕਾ ਗਿਆਨੀ ਸਰਦੂਲ ਸਿੰਘ ਨੇ ਹੀ ਲਿਖੀ।

'ਦਸਮ ਗ੍ਰੰਥ' ਦੇ ਪਾਠ ਨਿਰਧਾਰਣ ਤੋਂ ਇਲਾਵਾ ਇਸ ਨੇ ਗੁਰੂ ਸਾਹਿਬਾਨ ਦੀਆਂ ਅਨੇਕ ਜੀਵਨੀਆਂ ਲਿਖੀਆਂ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਅਨੇਕ ਲੇਖ ਅਤੇ ਪੁਸਤਕਾਂ ਲਿਖੀਆਂ। ਇਸ ਦੀ ਪੁਸਤਕ 'ਗੁਰਮਤਿ ਸੰਬੰਧੀ ਵਿਖਿਆਨ' ਆਪਣੇ ਸਮੇਂ ਦੀ ਬਹੁ-ਚਰਚਿਤ ਪੁਸਤਕ ਸੀ। ਇਸ ਵਿਚ ਬਾਬਾ ਅਟਲ ਸਾਹਿਬ ਵਿਚ ਕੀਤੇ 52 ਲੈਕਚਰ ਸ਼ਾਮਲ ਸਨ। ਇਸ ਨੇ ਸਿੱਖ ਧਰਮ ਦੀ ਵਿਆਖਿਆ ਬੜੀ ਮਿਹਨਤ ਨਾਲ ਕੀਤੀ, ਪਰ ਵਿਗਿਆਨਿਕ ਪਹੁੰਚ ਦੇ ਅਭਾਵ ਕਾਰਣ ਇਸ ਦੇ ਵਿਚਾਰ ਸਮੇਂ ਦੇ ਹਾਣੀ ਨ ਬਣ ਸਕੇ। ਸ੍ਰੀ ਗੁਰੂ ਸਿੰਘ ਸਭਾ ਦੇ ਅੰਮ੍ਰਿਤਸਰ ਵਾਲੇ ਧੜੇ ਨਾਲ ਸੰਬੰਧਿਤ ਹੋਣ ਕਾਰਣ ਇਸ ਦੀ ਵਿਚਾਰਧਾਰਾ ਪਰੰਪਰਾਵਾਦੀ ਸੀ। ਸੰਨ 1897 ਈ. ਵਿਚ ਇਸ ਨੂੰ ਸਾਰਾਗੜ੍ਹੀ ਗੁਰਦੁਆਰਾ ਅੰਮ੍ਰਿਤਸਰ ਦਾ ਗ੍ਰੰਥੀ ਬਣਾ ਦਿੱਤਾ ਗਿਆ। ਇਸ ਨੇ ਆਪਣੇ ਜੀਵਨ ਦਾ ਅੰਤਿਮ ਪੜਾ ਉਥੇ ਹੀ ਬਿਤਾਇਆ। 10 ਫਰਵਰੀ 1913 ਈ. ਨੂੰ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ।

**ਸ਼ਰਧਾ** : ਸੰਸਕ੍ਰਿਤ ਪਿਛੋਕੜ ਵਾਲੇ ਇਸ ਸ਼ਬਦ ਦਾ ਅਰਥ ਹੈ ਯਕੀਨ, ਵਿਸ਼ਵਾਸ਼, ਭਰੋਸਾ। ਆਮ ਤੌਰ 'ਤੇ ਇਸ ਦਾ ਵਿਕਾਸ ਆਪਣੇ ਤੋਂ ਵੱਡੇ, ਸ੍ਰੇਸ਼ਠ, ਉੱਤਮ ਵਿਅਕਤੀ ਪ੍ਰਤਿ ਹੁੰਦਾ ਹੈ। ਅਧਿਆਤਮਿਕ ਖੇਤਰ ਵਿਚ ਗੁਰੂ, ਮਹਾਤਮਾ, ਮਹਾਪੁਰਸ਼ ਆਦਿ ਸ਼੍ਰਧੇਯ ਸ਼ਖ਼ਸੀਅਤ ਪ੍ਰਤਿ ਸ਼ਰਧਾ ਦੀ ਭਾਵਨਾ ਪੈਦਾ ਹੁੰਦੀ ਹੈ। ਜਦੋਂ ਸ਼ਰਧਾ ਪ੍ਰੇਮ-ਸੰਯੁਕਤ ਹੋ ਜਾਂਦੀ ਹੈ ਤਾਂ ਭਗਤੀ ਦਾ ਰੂਪ ਧਾਰਣ ਕਰਦੀ ਹੈ। ਇਸ ਨੂੰ 'ਪ੍ਰੇਮ-ਭਗਤੀ' ਵੀ ਕਹਿ ਦਿੱਤਾ ਜਾਂਦਾ ਹੈ।

ਆਚਾਰਯ ਰਾਮ ਚੰਦਰ ਸ਼ੁਕਲ (ਚਿੰਤਾਮਣੀ) ਨੇ ਸ਼ਰਧਾ ਅਤੇ ਪ੍ਰੇਮ ਦੇ ਯੋਗ (ਮੇਲ) ਨੂੰ ਭਗਤੀ ਦਾ ਨਾਂ ਦਿੱਤਾ ਹੈ। ਪ੍ਰੇਮ ਅਤੇ ਸ਼ਰਧਾ ਵਿਚ ਅੰਤਰ ਹੈ। ਪ੍ਰੇਮ ਪ੍ਰਿਯ ਦੇ ਸਵਾਧੀਨ ਕਾਰਜਾਂ ਉਤੇ ਉਤਨਾ ਨਿਰਭਰ ਨਹੀਂ ਕਰਦਾ ਜਿਤਨੀ ਸ਼ਰਧਾ ਕਰਦੀ ਹੈ। ਸ਼ਰਧਾ ਦਾ ਕਾਰਜ ਖੇਤਰ ਵਿਸਤਰਿਤ ਹੈ, ਪਰ ਪ੍ਰੇਮ ਵਿਚ ਸੰਘਣਾਪਨ ਅਧਿਕ ਹੈ ਅਤੇ ਸ਼ਰਧਾ ਵਿਚ ਵਿਸਤਾਰ ਜ਼ਿਆਦਾ ਹੁੰਦਾ ਹੈ। ਪ੍ਰੇਮ ਦਾ ਕਾਰਣ ਬਹੁਤ ਕੁਝ ਅਸਪੱਸ਼ਟ ਜਾਂ ਕਿਸੇ ਹਦ ਤਕ ਅਗਿਆਤ ਹੁੰਦਾ ਹੈ। ਸ਼ਰਧਾ ਵਿਚ ਦ੍ਰਿਸ਼ਟੀ ਪਹਿਲਾਂ ਕਰਮਾਂ ਉਤੇ ਹੁੰਦੀ ਹੋਈ, ਫਿਰ ਸ਼ਰਧਾ ਕਰਨ ਯੋਗ (ਸ਼੍ਰਧੇਯ) ਤਕ ਪਹੁੰਚਦੀ ਹੈ ਅਤੇ ਪ੍ਰੇਮ ਵਿਚ ਪ੍ਰਿਯ ਤੋਂ ਹੁੰਦੀ ਹੋਈ ਉਸ ਦੇ ਕਰਮਾਂ ਆਦਿ ਉਤੇ ਜਾਂਦੀ ਹੈ। ਪ੍ਰੇਮ ਕੇਵਲ ਆਪਣੇ ਅਨੁਭਵ ਉਤੇ ਨਿਰਭਰ ਕਰਦਾ ਹੈ, ਪਰ ਸ਼ਰਧਾ ਆਪਣੀ ਸਮਾਜਿਕ ਵਿਸ਼ੇਸ਼ਤਾ ਕਾਰਣ ਦੂਜਿਆਂ ਦੇ ਅਨੁਭਵ ਕਰਕੇ ਪੈਦਾ ਹੁੰਦੀ ਹੈ। ਸ਼ਰਧਾ ਦਾ ਮੂਲ ਤੱਤ੍ਵ ਹੈ ਕਿ ਜਿਸ ਪ੍ਰਤਿ ਸ਼ਰਧਾ ਕੀਤੀ ਜਾਣੀ ਹੋਵੇ, ਉਸ ਦਾ ਪਹਿਲਾਂ ਮਹੱਤਵ ਸਵੀਕਾਰ ਕੀਤਾ ਜਾਵੇ। ਇਹੀ ਕਾਰਣ ਹੈ ਕਿ ਸ਼ਰਧਾਲੂ ਅਤੇ ਸ਼ਰਧਾ ਕਰਨ ਯੋਗ (ਸ਼੍ਰਧੇਯ) ਵਿਚ ਇਕ ਪ੍ਰਕਾਰ ਦੀ ਵਿਥ ਬਣੀ ਰਹਿੰਦੀ ਹੈ। ਪਰ ਪ੍ਰੇਮ ਵਿਚ ਪ੍ਰੇਮੀ ਅਤੇ ਪ੍ਰੇਮਿਕਾ, ਆਸ਼੍ਰਯ ਅਤੇ ਆਲੰਬਨ ਵਿਚ ਕੋਈ ਵਿਥ ਨਹੀਂ ਰਹਿੰਦੀ। ਅੰਤ ਵਿਚ ਦੋਹਾਂ ਦਾ ਆਪਸ ਵਿਚ ਏਕਾਕਾਰ ਹੋ ਜਾਂਦਾ ਹੈ। ਇਥੇ ਇਹ ਗੱਲ ਧਿਆਨ ਰਖਣੀ ਚਾਹੀਦੀ ਹੈ ਕਿ ਭਗਤੀ ਵਿਚ ਦੂਜੇ ਪਾਤਰ (ਇਸ਼ਟ) ਦੇ ਮਹੱਤਵ ਅਤੇ ਆਪਣੀ ਤੁਛਤਾ ਦੀ ਭਾਵਨਾ ਨੂੰ ਮਨ ਵਿਚ ਸਮੋ ਕੇ ਪ੍ਰੇਮ ਦੇ ਮਾਰਗ ਉਤੇ ਅਗੇ ਵਧਣਾ ਹੁੰਦਾ ਹੈ।

**ਸ਼ਰਧਾ ਰਾਮ ਫਿਲੌਰੀ** (1837-1881 ਈ.): ਫਲੌਰ ਵਿਚ ਪੰਡਿਤ ਜੈ ਦਿਆਲ ਦੇ ਘਰ ਸੰਨ 1837 ਈ. ਵਿਚ ਪੈਦਾ ਹੋਇਆ ਸ਼ਰਧਾ ਰਾਮ ਫਿਲੌਰੀ ਸੰਸਕ੍ਰਿਤ, ਹਿੰਦੀ, ਉਰਦੂ ਅਤੇ ਪੰਜਾਬੀ ਦਾ ਚੰਗਾ ਲੇਖਕ ਸੀ। ਇਹ ਇਕ ਚੰਗਾ ਅਨੁਵਾਦਕ ਵੀ ਸੀ ਅਤੇ ਇਕ ਪ੍ਰਭਾਵਸ਼ਾਲੀ ਕਥਾਕਾਰ ਵੀ। ਇਸ ਦਾ ਜੀਵਨ ਉਦੇਸ਼ ਸੀ ਹਿੰਦੂ ਧਰਮ ਦੇ ਸਨਾਤਮ ਰੂਪ ਦੀ ਸਥਾਪਨਾ ਕਰਨਾ। ਅਜਿਹੇ ਪ੍ਰਚਾਰ ਵੇਲੇ ਇਹ ਦੂਜਿਆਂ ਧਰਮਾਂ ਬਾਰੇ ਕਠੋਰ ਸ਼ਬਦਾਵਲੀ ਵਰਤਣੋਂ ਵੀ ਸੰਕੋਚ ਨ ਕਰਦਾ। ਸਚ ਪੁਛੋ ਤਾਂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਪਿਛੇ ਇਸ ਦੀ ਸਿੱਖ-ਧਰਮ ਪ੍ਰਤਿ ਕਠੋਰ ਆਲੋਚਨਾ ਹੀ ਭੂਮਿਕਾ ਨਿਭਾ ਰਹੀ ਸੀ। ਸਨਾਤਮ ਧਰਮ ਦੀ ਪੁਨਰ-ਸੰਸਥਾਪਨਾ ਲਈ ਇਸ ਨੇ ਸੁਆਮੀ ਦਯਾਨੰਦ ਨਾਲ ਵੀ ਸ਼ਾਸਤ੍ਰਾਰਥ ਕੀਤਾ। ਇਸ ਨੂੰ ਈਸਾਈ ਮਿਸ਼ਨਰੀਆਂ ਦੀ ਸਰਪ੍ਰਸਤੀ ਪ੍ਰਾਪਤ ਸੀ ਅਤੇ ਉਨ੍ਹਾਂ ਲਈ ਇਸ ਨੇ ਕਈ ਪੁਸਤਕਾਂ ਅਨੁਵਾਦਿਤ ਜਾਂ ਮੌਲਿਕ ਰੂਪ ਵਿਚ ਤਿਆਰ ਕੀਤੀਆਂ। ਪੰਜਾਬੀ ਵਾਰਤਕ ਵਿਚ ਲਿਖੀਆਂ ਇਸ ਦੀਆਂ ਦੋ ਪੁਸਤਕਾਂ ਵਿਸ਼ੇਸ਼ ਪ੍ਰਸਿੱਧ ਹਨ— 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ-ਚੀਤ'।

'ਸਿੱਖਾਂ ਦੇ ਰਾਜ ਦੀ ਵਿਥਿਆ' ਸੰਨ 1866 ਈ. ਵਿਚ ਲਿਖੀ ਗਈ ਅਤੇ ਸੰਨ 1868 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਦੇ ਲਿਖਣ ਦੀ ਪ੍ਰੇਰਣਾ ਉਸ ਵਕਤ ਦੇ ਲਫ. ਗਵਰਨਰ ਮਿ. ਮੈਕਲੌਡ ਨੇ ਦਿੱਤੀ। ਇਸ ਦੇ ਲਿਖਣ ਦਾ ਪ੍ਰਯੋਜਨ ਸੀ ਵਿਦੇਸ਼ੀ ਹਾਕਮਾਂ ਅਤੇ ਈਸਾਈ ਪਾਦਰੀਆਂ ਨੂੰ ਸਿੱਖ-ਧਰਮ, ਇਤਿਹਾਸ ਅਤੇ ਰਹੁ-ਰੀਤਾਂ ਦਾ ਗਿਆਨ ਕਰਾਉਣਾ। ਇਹ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ ਗੁਰੂ ਸਾਹਿਬਾਨ ਦਾ ਬ੍ਰਿੱਤਾਂਤ ਦਿੱਤਾ ਹੈ। ਦੂਜੇ ਵਿਚ, ਬਾਰ੍ਹਾਂ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਅਤੇ ਉਸ ਤੋਂ ਬਾਦ ਅੰਗ੍ਰੇਜ਼ਾਂ ਦੇ ਕਬਜ਼ੇ ਤਕ ਦਾ ਹਾਲ ਦਰਜ ਹੈ। ਤੀਜੇ ਭਾਗ ਵਿਚ ਰਹੁ-ਰੀਤਾਂ, ਲੋਕ-ਗੀਤਾਂ ਅਤੇ ਅਖਾਣਾਂ ਦਾ ਸੰਕਲਨ ਹੈ। ਆਖੀਰ 'ਤੇ ਗੁਰੂ ਨਾਨਕ ਦੇਵ ਜੀ ਸੰਬੰਧੀ 20 ਸਾਖੀਆਂ ਵੀ ਦਰਜ ਹਨ। ਲੇਖਕ ਦੀ ਸ਼ੈਲੀ ਕਥਾ-ਕਾਰਾਂ ਵਾਲੀ ਹੈ। ਇਸ ਨੇ ਕਿਤੇ ਵੀ ਗੁਰੂ ਸਾਹਿਬਾਨ ਜਾਂ ਸਿੱਖ ਇਤਿਹਾਸ ਦੀਆਂ ਹੋਰ ਸ਼ਖ਼ਸੀਅਤਾਂ ਬਾਰੇ ਕੋਈ ਆਦਰ ਸੂਚਕ ਨਜ਼ਰੀਆ ਨਹੀਂ ਅਪਣਾਇਆ ਅਤੇ ਨ ਹੀ ਸਾਊ ਭਾਸ਼ਾ ਵਰਤਣ ਦਾ ਉਦਮ ਕੀਤਾ ਹੈ। ਇਤਿਹਾਸਿਕ ਤੱਥਾਂ ਨੂੰ ਤੋੜ ਮੋੜ ਕੇ ਪੇਸ਼ ਕੀਤਾ ਹੈ। ਜਿਸ ਕਰਕੇ ਇਹ ਪੁਸਤਕ ਬਹੁਤ ਅਪ੍ਰਮਾਣਿਕ ਸਾਮਗ੍ਰੀ ਪੇਸ਼ ਕਰਦੀ ਹੈ। ਪਰ ਜਿਥੋਂ ਤਕ ਇਸ ਪੁਸਤਕ ਵਿਚ ਵਰਤੀ ਪੰਜਾਬੀ ਵਾਰਤਕ ਦਾ ਸੰਬੰਧ ਹੈ ਉਹ ਨਿਸਚੇ ਹੀ ਉਸ ਕੜੀ ਦਾ ਕੰਮ ਕਰਦੀ ਹੈ ਜਿਥੇ ਪੁਰਾਣੀ ਵਾਰਤਕ ਆਪਣਾ ਸਿੰਘਾਸਨ ਛਡ ਕੇ ਆਧੁਨਿਕ ਵਾਰਤਕ ਦੇ ਵਿਕਸਿਤ ਹੋਣ ਦਾ ਅਵਸਰ ਜੁਟਾ ਰਹੀ ਹੈ। ਇਸ ਤੋਂ ਇਲਾਵਾ ਇਹ ਵਾਰਤਕ ਗਿਆਨ ਵਰਧਕ ਹੈ ਅਤੇ ਪੰਜਾਬੀ ਸਭਿਆਚਾਰ ਦੇ ਅਨੇਕ ਪੱਖਾਂ ਨੂੰ ਆਪਣੇ ਵਿਚ ਸਮੇਟੀ ਬੈਠੀ ਹੈ। ਇਸ ਦੇ ਦੋ ਅੰਗ੍ਰੇਜ਼ੀ ਅਨੁਵਾਦ ਵੀ ਹੋਏ ਹਨ। ਹੈਨਰੀ ਕੋਰਟ ਵਾਲਾ 1888 ਈ. ਵਿਚ ਛਪਿਆ ਸੀ ਅਤੇ ਦੂਜਾ ਸੰਨ 1901 ਈ. ਵਿਚ ਪ੍ਰਕਾਸ਼ਿਤ ਹੋਇਆ ਸੀ।

'ਪੰਜਾਬੀ ਬਾਤ-ਚੀਤ' 1875 ਈ. ਵਿਚ ਛਪੀ ਸੀ। ਇਸ ਦਾ ਰਚਨਾ-ਮਨੋਰਥ ਅੰਗ੍ਰੇਜ਼ਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਵਿਚ ਸਹਾਇਤਾ ਕਰਨਾ ਹੈ। ਇਸ ਨੂੰ ਪੜ੍ਹਨ ਨਾਲ ਬੋਲਣ ਦਾ ਢੰਗ ਆ ਜਾਂਦਾ ਹੈ। ਇਸ ਦੀ ਵੰਡ ਵੀ ਤਿੰਨ ਹਿੱਸਿਆਂ ਵਿਚ ਹੋਈ ਹੈ। ਪਹਿਲੇ ਭਾਗ ਵਿਚ ਮਾਝੇ ਅਤੇ ਦੂਜੇ ਭਾਗ ਵਿਚ ਦੁਆਬੇ ਦੇ ਲੋਕਾਂ ਦੇ ਕਾਰ-ਵਿਹਾਰ, ਦੈਨਿਕ ਜੀਵਨ ਅਤੇ ਰਹਿਣ-ਸਹਿਣ ਦਾ ਵਰਣਨ ਹੈ। ਤੀਜੇ ਭਾਗ ਵਿਚ ਦੁਆਬੇ ਦੇ ਮੁਸਲਮਾਨਾਂ, ਕਾਂਗੜੇ ਦੇ ਪਹਾੜੀਆਂ ਅਤੇ ਮਾਲਵੇ ਦੇ ਜੱਟਾਂ ਦੀ ਬੋਲੀ, ਰਸਮਾਂ-ਰਿਵਾਜਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਪੰਜਾਬੀ ਸਭਿਆਚਾਰ ਅਤੇ ਬੋਲ-ਚਾਲ ਦੇ ਢੰਗ ਨੂੰ ਰੂਪਮਾਨ ਕਰਨ ਵਾਲੀ ਰਚਨਾ ਹੈ। ਇਸ ਵਿਚ ਹਰ ਇਕ ਜਾਤਿ ਦੇ ਲੋਕਾਂ ਦਾ ਰਹਿਣ-ਸਹਿਣ ਚਿਤਰਿਤ ਹੈ ਅਤੇ ਮੇਲਿਆਂ ਤਿਉਹਾਰਾਂ ਦੀ ਵੀ ਜਾਣਕਾਰੀ ਦਿੱਤੀ ਹੈ।

ਸਾਹਿਤਿਕ ਦ੍ਰਿਸ਼ਟੀ ਤੋਂ ਫਿਲੌਰੀ ਦੀ ਵਾਰਤਕ ਦਾ ਮੁਹਾਵਰਾ ਠੇਠ ਪੰਜਾਬੀ ਦਾ ਹੈ। ਪਰ ਦੂਜਿਆਂ ਉਤੇ ਵਿਅੰਗ ਕਸਣੇ, ਤੱਥਾਂ ਦਾ ਤੋੜ-ਮਰੋੜ ਅਤੇ ਮੰਤਵ-ਸਿੱਧੀ ਕਾਰਣ ਇਸ ਦੀ ਵਾਰਤਕ ਨੂੰ ਸ਼ੋਭਾ ਪ੍ਰਾਪਤ ਨ ਹੋ ਸਕੀ। ਇਸ ਦਾ ਦੇਹਾਂਤ 1881 ਈ. ਵਿਚ ਫਿਲੌਰ ਵਿਚ ਹੋਇਆ।

**ਸ਼ਰਨ ਕੌਰ, ਬੀਬੀ** : ਇਸ ਸ਼ਹੀਦ ਬੀਬੀ ਦਾ ਪਿਛੋਕੜ ਕੀ ਹੈ? ਇਸ ਬਾਰੇ ਕੁਝ ਪਤਾ ਨਹੀਂ ਲਗਦਾ। ਸਿੱਖ ਰਵਾਇਤਾਂ ਤੋਂ ਪਤਾ ਚਲਦਾ ਹੈ ਕਿ ਇਹ ਚਮਕੌਰ ਸਾਹਿਬ ਵਿਚ ਸ਼ਹੀਦ ਹੋਏ ਭਾਈ ਪ੍ਰੀਤਮ ਸਿੰਘ ਦੀ ਪਤਨੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਕਰਾ

ਕੇ ਪੰਜ ਸਿੰਘਾਂ ਦਾ ਹੁਕਮ ਮੰਨਦੇ ਹੋਏ ਕੱਚੀ ਗੜ੍ਹੀ ਤੋਂ ਬਾਹਰ ਨਿਕਲ ਗਏ, ਤਾਂ ਇਹ ਬੀਬੀ ਉਸ ਵੇਲੇ ਕਿਤੋਂ ਆਈ ਅਤੇ ਇਕ ਨਿੱਕੀ ਜਿਹੀ ਮਸ਼ਾਲ ਹੱਥ ਵਿਚ ਲੈ ਕੇ ਜੰਗ ਦੇ ਮੈਦਾਨ ਵਿਚ ਇਕਲੀ ਫਿਰਨ ਲਗੀ। ਥਾਂ ਥਾਂ ਪਈਆਂ ਲੋਥਾਂ ਨੂੰ ਇਹ ਪਛਾਣ ਰਹੀ ਸੀ। ਇਸ ਨੇ ਤੀਹ ਸਿੱਖਾਂ ਦੀਆਂ ਲਾਸ਼ਾਂ ਲਭੀਆਂ ਅਤੇ ਉਨ੍ਹਾਂ ਨੂੰ ਘਸੀਟ ਕੇ ਨੇੜੇ ਜਿਹੇ ਸਥਿਤ ਇਕ ਵੱਡੇ ਸਾਰੇ ਵਾੜੇ ਵਿਚ ਪਹੁੰਚਾਇਆ। ਫਿਰ ਇਹ ਦੋ ਸਾਹਿਬਜ਼ਾਦਿਆਂ ਦੀਆਂ ਦੇਹਾਂ ਨੂੰ ਲਭ ਕੇ ਵਾੜੇ ਤਕ ਲੈ ਗਈ। ਉਸ ਤੋਂ ਬਾਦ ਜਦੋਂ ਇਹ ਹੋਰ ਸਿੰਘਾਂ ਦੇ ਸ਼ਰੀਰਾਂ ਦੀ ਭਾਲ ਕਰ ਰਹੀ ਸੀ, ਤਾਂ ਆਪਣੇ ਪਤੀ ਭਾਈ ਪ੍ਰੀਤਮ ਸਿੰਘ ਦੀ ਦੇਹ ਵੀ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ। ਥਕੇ-ਟੁਟੇ ਸੁੱਤੇ ਪਏ ਮੁਸਲਮਾਨ ਸੈਨਿਕਾਂ ਨੇ ਮੈਦਾਨੇ ਜੰਗ ਵਿਚ ਇਸ ਇਕਲੀ ਔਰਤ ਨੂੰ ਘੁੰਮਦਿਆਂ ਵੇਖ ਕੇ ਕੋਈ ਚੁੜੇਲ ਜਾਂ ਭੂਤਨੀ ਸਮਝਿਆ ਅਤੇ ਇਸ ਵਲ ਕੋਈ ਧਿਆਨ ਨ ਦਿੱਤਾ।

ਫਿਰ ਬੀਬੀ ਸ਼ਰਨ ਕੌਰ ਨੇ ਵਾੜੇ ਨੂੰ ਅੱਗ ਲਗਾ ਕੇ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕਰਨਾ ਸ਼ੁਰੂ ਕਰ ਦਿੱਤਾ। ਵਾੜੇ ਨੂੰ ਲਗੀ ਅੱਗ ਦੇ ਭਾਂਬੜ ਨੂੰ ਵੇਖ ਕੇ ਕੁਝ ਮੁਸਲਮਾਨ ਸੈਨਿਕ ਉਥੇ ਪਹੁੰਚੇ। ਉਨ੍ਹਾਂ ਦੇ ਪੁਛਣ 'ਤੇ ਦਲੇਰ ਬੀਬੀ ਨੇ ਆਪਣੇ ਆਪ ਨੂੰ ਭਾਈ ਪ੍ਰੀਤਮ ਸਿੰਘ ਦੀ ਸਿੰਘਣੀ ਦਸਿਆ। ਉਨ੍ਹਾਂ ਸੈਨਿਕਾਂ ਨੇ ਇਸ ਨੂੰ ਵੀ ਅੱਗ ਵਿਚ ਸੁਟ ਦਿੱਤਾ। ਇਹ ਵੀ ਉਥੇ ਸੜ ਕੇ ਸ਼ਹੀਦ ਹੋ ਗਈ, ਪਰ ਇਸ ਨੇ ਜਿਸ ਨਿਡਰਤਾ ਨਾਲ ਦੋ ਸਾਹਿਬਜ਼ਾਦਿਆਂ, ਆਪਣੇ ਪਤੀ ਅਤੇ ਤੀਹ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਅਤੇ ਆਪ ਵੀ ਸ਼ਹੀਦ ਹੋਈ, ਉਹ ਸਿੱਖ ਇਤਿਹਾਸ ਦੀ ਇਕ ਅਮਰ ਗਾਥਾ ਹੈ।

**ਸਰਬ ਸਿੰਘ, ਭਾਈ, ਡਾਕਟਰ** (1908-1970 ਈ.): ਇਕ ਨਿਸ਼ਠਾਵਾਨ ਰਾਗੀ, ਜਿਸ ਦਾ ਜਨਮ ਸੰਨ 1908 ਈ. ਵਿਚ ਪੱਛਮੀ ਸਰਹੱਦੀ ਸੂਬੇ ਦੇ ਜ਼ਿਲ੍ਹਾ ਮਰਦਾਨ ਦੇ ਪਿੰਡ ਮੋਜ਼ਾ ਲੁੰਦਖੜ ਵਿਚ ਸ. ਮੱਖਣ ਸਿੰਘ ਦੇ ਘਰ ਮਾਈ ਸਾਈਂ ਦਿੱਤੀ ਦੀ ਕੁੱਖੋਂ ਹੋਇਆ। ਬਚਪਨ ਦਾ ਕੁਝ ਸਮਾਂ ਪਿੰਡ ਵਿਚ ਕਟ ਕੇ ਫਿਰ ਆਪਣੀ ਮਾਤਾ ਨਾਲ ਮਰਦਾਨ ਆ ਗਿਆ ਅਤੇ ਸਕੂਲ ਵਿਚ ਪੜ੍ਹਨਾ ਸ਼ੁਰੂ ਕੀਤਾ। ਉਸੇ ਦੌਰਾਨ ਇਹ ਬਾਬਾ ਪ੍ਰੇਮ ਸਿੰਘ ਹੋਤੀ ਦੇ ਸੰਪਰਕ ਵਿਚ ਆਇਆ ਜਿਨ੍ਹਾਂ ਨੇ ਇਸ ਨੂੰ ਪੜ੍ਹਾਈ ਨਾਲ ਜੋੜੀ ਰਖਿਆ। 13-14 ਵਰ੍ਹਿਆਂ ਦੀ ਉਮਰ ਵਿਚ ਇਸ ਉਤੇ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਦੀ ਨਜ਼ਰ ਪਈ ਅਤੇ ਉਨ੍ਹਾਂ ਤੋਂ ਇਸ ਨੇ ਗੁਰ-ਸ਼ਬਦ ਦਾ ਕੀਰਤਨ ਕਰਨ ਦੀ ਵਿਧੀ ਸਿਖੀ। ਵਿਆਹ ਤੋਂ ਬਾਦ ਇਸ ਨੇ ਆਪਣੀ ਪਤਨੀ ਬੀਬੀ ਕ੍ਰਿਸ਼ਨ ਕੌਰ ਨੂੰ ਵੀ ਕੀਰਤਨ ਕਰਨ ਨਾਲ ਜੋੜ ਦਿੱਤਾ ਅਤੇ ਦੋਵੇਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਰਦਾਨ ਵਿਚ ਕੀਰਤਨ ਕਰਨ ਦੀ ਸੇਵਾ ਵਿਚ ਮਗਨ ਹੋ ਗਏ।

ਉਪਜੀਵਕਾ ਲਈ ਇਸ ਨੇ ਦੰਦਾਂ ਦੇ ਡਾਕਟਰ ਦੀ ਡਿਗਰੀ ਲੈ ਕੇ ਆਪਣੀ ਪ੍ਰੈਕਟਿਸ ਸ਼ੁਰੂ ਕੀਤੀ। ਇਸ ਦੇ ਨਾਲ ਹੀ ਇਸ ਨੇ ਸਿੱਖੀ ਦੇ ਪ੍ਰਚਾਰ ਲਈ ਅਕਾਲ ਸੈਨਾ ਦੀ ਸਥਾਪਨਾ ਕੀਤੀ ਅਤੇ ਟੀਚਾ ਰਖਿਆ —'*ਖਗ ਖੰਡ ਬਿਹੰਡੰ ਖਲ ਦਲ ਖੰਡੰ...*'। ਇਸ ਸੈਨਾ ਦਾ ਮਹੱਤਵਪੂਰਣ ਪ੍ਰਦਰਸ਼ਨ ਉਦੋਂ ਹੋਇਆ, ਜਦੋਂ ਹੋਤੀ ਮਰਦਾਨ ਦੇ ਇਕ ਰਈਸ ਪਠਾਣ ਨੇ ਨੌਸ਼ਹਿਰੇ ਵਿਚ ਬਾਬਾ ਫੂਲਾ ਸਿੰਘ ਦੀ ਸਮਾਧ ਦੀ ਜ਼ਮੀਨ ਉਤੇ ਕਬਜ਼ਾ ਕਰਨਾ ਚਾਹਿਆ। ਇਸ ਨੇ ਆਪਣੀ ਸੈਨਾ ਨਾਲ ਰਈਸ ਦੇ ਪਠਾਣਾਂ ਨੂੰ ਖਦੇੜ ਕੇ ਸਮਾਧ ਦੀ ਜ਼ਮੀਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤੀ। ਪਰ ਪਠਾਣ ਰਈਸ ਇਸ ਦੀ ਜਾਨ ਦਾ ਵੈਰੀ ਹੋ ਗਿਆ। ਇਹ ਸੰਨ 1940 ਈ. ਵਿਚ ਰਾਵਲਪਿੰਡੀ ਆ ਗਿਆ ਅਤੇ ਉਥੇ ਆਪਣੀ ਦੁਕਾਨ ਬਣਾ ਲਈ ਅਤੇ ਕੀਰਤਨ ਕਰਨਾ ਵੀ ਪੂਰੀ ਸ਼ਿਦਤ ਨਾਲ ਜਾਰੀ ਰਖਿਆ। ਪੰਜਾਬ ਦੀ ਵੰਡ ਵੇਲੇ ਇਹ ਪਟਿਆਲੇ ਆ ਗਿਆ ਅਤੇ ਕਮਾਲੀਏ ਵਾਲੇ ਸੰਤਾਂ ਦੇ ਸੰਪਰਕ ਵਿਚ ਰਿਹਾ। ਚੌਂਕ ਕਿਲ੍ਹਾ ਮੁਬਾਰਕ ਵਿਚ ਦੰਦਾਂ ਅਤੇ ਐਨਕਾਂ ਦੀ ਦੁਕਾਨ ਬਣਾ ਕੇ ਰੋਜ਼ੀ ਰੋਟੀ ਦਾ ਕੰਮ ਚਲਾਉਣਾ ਸ਼ੁਰੂ ਕੀਤਾ ਅਤੇ ਨਾਲ ਹੀ ਕੀਰਤਨ ਕਰਨ ਦਾ ਪ੍ਰਵਾਹ ਚਲਾ ਦਿੱਤਾ। 'ਗੁਰਦੁਆਰਾ ਮਾਤਾ ਸਾਹਿਬ ਕੌਰ' ਦੀ ਸਥਾਪਨਾ ਕਰਕੇ ਉਸ ਨੂੰ ਆਪਣੇ ਧਰਮ-ਪ੍ਰਚਾਰ ਦਾ ਕੇਂਦਰ ਬਣਾਇਆ। ਬੱਚਿਆਂ ਅੰਦਰ ਗੁਰਮਤਿ ਦੀ ਜਾਗ ਲਗਾਉਣ ਲਈ ਬਾਲਵਾੜੀ ਦੀ ਵਿਵਸਥਾ ਕੀਤੀ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਤੋਂ ਪਹਿਲਾਂ ਚਾਲੀਏ ਦੇ ਕੀਰਤਨ ਦੀ ਵਿਵਸਥਾ ਕੀਤੀ। ਪਹਿਲੇ ਦਿਨ ਦਾ ਕੀਰਤਨ ਮਾਤਾ ਸਾਹਿਬ ਕੌਰ ਦੇ ਗੁਰਦੁਆਰੇ ਵਿਚ ਕਰਕੇ ਬਾਕੀ ਦੇ ਵਖ ਵਖ ਗੁਰਦੁਆਰਿਆਂ ਜਾਂ ਪ੍ਰੇਮੀ ਸਿੱਖਾਂ ਦੇ ਘਰਾਂ ਵਿਚ ਕੀਤੇ ਜਾਂਦੇ। 40ਵੇਂ ਦਿਨ ਦਾ ਕੀਰਤਨ

ਸ਼ਹਾਦਤ ਵਾਲੇ ਦਿਨ ਹੁੰਦਾ। ਕਾਫ਼ੀ ਵੱਡਾ ਸਮਾਗਮ ਹੁੰਦਾ। ਇਸ ਤਰ੍ਹਾਂ ਦੇ 13 ਚਾਲੀਏ ਪੂਰੇ ਕਰਨ ਉਪਰੰਤ 3 ਨਵੰਬਰ 1970 ਈ. ਨੂੰ ਇਸ ਦਾ ਦੇਹਾਂਤ ਹੋਇਆ। ਇਸ ਦੇ ਚਲਾਣੇ 'ਤੇ ਸਿੱਖ ਜਗਤ ਵਿਚ ਦੁਖ ਦੀ ਲਹਿਰ ਪਸਰ ਗਈ।

**ਸਰਬ ਹਿੰਦ ਸਿੱਖ ਮਿਸ਼ਨ** : ਇਕ ਸੰਸਥਾ ਜਿਸ ਦਾ ਉਦੇਸ਼ ਦਲਿਤ ਜਾਤੀਆਂ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਸੀ। ਇਸ ਦੀ ਸਥਾਪਨਾ ਪਿਛੇ ਡਾ. ਭੀਮ ਰਾਉ ਅੰਬੇਦਕਰ ਦੀ ਉਹ ਘੋਸ਼ਣਾ ਕੰਮ ਕਰ ਰਹੀ ਸੀ ਜਿਸ ਅਨੁਸਾਰ ਦਲਿਤਾਂ ਨੂੰ ਹਿੰਦੂਆਂ ਦੇ ਧਾਰਮਿਕ ਗ਼ਲਬੇ ਤੋਂ ਕਢ ਕੇ ਕਿਸੇ ਅਜਿਹੇ ਧਰਮ ਵਿਚ ਦੀਖਿਅਤ ਕੀਤਾ ਜਾਏ, ਜਿਸ ਵਿਚ ਛੂਤ-ਛਾਤ ਅਤੇ ਜਾਤਿਵਾਦ ਨ ਹੋਵੇ ਅਤੇ ਜਿਸ ਵਿਚ ਦਲਿਤਾਂ ਨੂੰ ਪੂਰਾ ਸਨਮਾਨ ਮਿਲ ਸਕੇ। ਇਸ ਮਾਮਲੇ ਉਤੇ ਵਿਚਾਰ ਕਰਨ ਲਈ 25 ਜਨਵਰੀ 1936 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਹੋਈ ਅਤੇ ਫਿਰ 1 ਮਾਰਚ 1936 ਈ. ਨੂੰ ਅਕਾਲ ਤਖ਼ਤ ਉਤੇ ਖੁਲ੍ਹਾ ਇਜਲਾਸ ਹੋਇਆ। ਵਿਚਾਰ-ਵਟਾਂਦਰੇ ਤੋਂ ਬਾਦ ਮਤਾ ਪਾਸ ਕਰਦਿਆਂ ਕਾਰਜਕਾਰਨੀ ਕਮੇਟੀ ਦੁਆਰਾ ਇਸ ਪਰਥਾਇ ਕੀਤੇ ਗਏ ਉਦਮ ਦੀ ਸਰਾਹਨਾ ਕੀਤੀ ਗਈ ਅਤੇ ਉਤਰ ਪ੍ਰਦੇਸ਼ ਅਤੇ ਦੱਖਣ ਵਿਚ ਪ੍ਰਚਾਰ ਦਾ ਕੰਮ ਤੇਜ਼ ਕਰਨ ਲਈ, ਵਿਸਾਖੀ ਦੇ ਮੌਕੇ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫ੍ਰੰਸ ਕਰਨ ਦਾ ਫ਼ੈਸਲਾ ਕੀਤਾ ਗਿਆ। ਅੰਮ੍ਰਿਤਸਰ ਵਿਚ ਹੋਈ ਇਸ ਕਾਨਫ੍ਰੰਸ ਦੇ ਮੌਕੇ ਉਤੇ ਸਿੱਖਾਂ ਦੀਆਂ ਸਾਰੀਆਂ ਜੱਥੇਬੰਦੀਆਂ ਸ਼ਾਮਲ ਹੋਈਆਂ ਅਤੇ ਡਾ. ਅੰਬੇਦਕਰ ਨੇ ਵੀ ਹਿੱਸਾ ਲਿਆ। ਇਸ ਮੌਕੇ ਉਤੇ 94 ਵਿਅਕਤੀਆਂ ਨੇ ਅੰਮ੍ਰਿਤ ਪਾਨ ਕੀਤਾ, ਜਿਨ੍ਹਾਂ ਵਿਚ 43 ਪੰਜਾਬ ਤੋਂ ਬਾਹਰੋਂ ਸਨ।

ਉਸ ਮੌਕੇ 'ਤੇ ਪ੍ਰਚਾਰ ਦੇ ਕੰਮ ਨੂੰ ਪੱਕੇ ਪੈਰਾਂ ਉਤੇ ਖੜਾ ਕਰਨ ਲਈ 'ਸਰਬ ਹਿੰਦ ਸਿੱਖ ਮਿਸ਼ਨ' ਦੀ ਸਥਾਪਨਾ ਕੀਤੀ ਗਈ ਅਤੇ ਖਰਚਿਆਂ ਦੇ ਭੁਗਤਾਨ ਲਈ ਚੋਖੀ ਉਗਰਾਹੀ ਵੀ ਹੋ ਗਈ। ਹਿੰਦੁਸਤਾਨ ਦੇ ਮੁੱਖ ਮੁਖ ਇਲਾਕਿਆਂ ਵਿਚ ਸਿੱਖ ਪ੍ਰਚਾਰਕ ਜੱਥੇ ਭੇਜੇ ਗਏ। ਉਤਰ ਪ੍ਰਦੇਸ਼ ਦੇ ਹਾਪੁੜ ਅਤੇ ਅਲੀਗੜ੍ਹ ਨਗਰਾਂ ਵਿਚ, ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਨਗਰ ਵਿਚ ਅਤੇ ਮਹਾਰਾਸ਼ਟਰ ਦੇ ਨਾਗਪੁਰ ਨਗਰ ਵਿਚ ਅਤੇ ਕਈ ਹੋਰ ਥਾਂਵਾਂ 'ਤੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ ਗਏ। ਪਰ ਕਾਲਾਂਤਰ ਵਿਚ ਡਾ. ਅੰਬੇਦਕਰ ਵਲੋਂ ਸਿੱਖ ਧਰਮ ਨੂੰ ਨ ਧਾਰਣ ਕਰਨ ਕਰਕੇ ਇਸ ਮਿਸ਼ਨ ਦਾ ਕੰਮ ਢਿਲਾ ਪੈ ਗਿਆ ਅਤੇ ਹੌਲੀ ਹੌਲੀ ਮਿਸ਼ਨ ਦੀ ਕਾਰਵਾਈ ਰੁਕ ਜਿਹੀ ਗਈ। ਪਰ ਇਸ ਮਿਸ਼ਨ ਦੁਆਰਾ ਹਾਪੁੜ ਅਲੀਗੜ੍ਹ, ਨਾਗਪੁਰ, ਅਕੋਲਾ ਆਦਿ ਨਗਰਾਂ ਵਿਚ ਸਥਾਪਿਤ ਕੇਂਦਰਾਂ ਨੇ ਕਾਫ਼ੀ ਕੰਮ ਕੀਤਾ ਅਤੇ ਹੁਣ ਵੀ ਕਰ ਰਹੇ ਹਨ। ਸੰਨ 1937 ਈ. ਵਿਚ ਖ਼ਾਲਸਾ ਕਾਲਜ ਬੰਬਈ ਦੀ ਸਥਾਪਨਾ ਇਸ ਮਿਸ਼ਨ ਦੀ ਮਹੱਤਵਪੂਰਣ ਉਪਲਬਧੀ ਹੈ।

**ਸਰਬੱਤ ਕਾ ਭਲਾ** : ਇਸ ਤੋਂ ਭਾਵ ਹੈ ਸਭ ਦਾ ਚੰਗਾ, ਤਮਾਮ ਦਾ ਭਲਾ। ਇਹ ਅਸਲ ਵਿਚ ਸਿੱਖਾਂ ਦੀ ਅਰਦਾਸ ਦੀ ਆਖ਼ੀਰਲੀ ਅਰਜ਼ੋਈ— *ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।*— ਦਾ ਅੰਤਿਮ ਭਾਗ ਹੈ। ਇਸ ਤੋਂ ਭਾਵ ਹੈ — ਹੇ ਨਾਨਕ ! ਨਾਮ-ਸਿਮਰਨ ਨਾਲ ਮਾਨਸਿਕ ਸ਼ਕਤੀ ਉੱਨਤ ਹੁੰਦੀ ਹੈ (ਅਰਥਾਤ ਵਿਜਯਸ਼ਾਲਤਾ ਦੀ ਭਾਵਨਾ ਪੈਦਾ ਹੁੰਦੀ ਹੈ)। ਹੇ ਪ੍ਰਭੂ ! ਤੇਰੀ ਇੱਛਾ ਨਾਲ ਹੀ ਸਭ ਦਾ ਭਲਾ ਹੁੰਦਾ ਹੈ।

ਇਹ ਉਕਤੀ ਕਿਸ ਦੀ ਰਚਨਾ ਹੈ ? ਇਸ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ। ਇਸ ਵਿਚ 'ਨਾਨਕ' ਕਵੀ ਛਾਪ ਕਿਵੇਂ ਵਰਤੀ ਗਈ ਹੈ ? ਇਸ ਦੇ ਭੇਦ ਦਾ ਵੀ ਪਤਾ ਨਹੀਂ ਚਲਦਾ। ਇਸ ਦੀ ਵਰਤੋਂ ਅਰਦਾਸ ਵਿਚ ਕਦ ਤੋਂ ਹੋਣ ਲਗੀ ਹੈ? ਇਸ ਦਾ ਜਵਾਬ ਵੀ ਇਤਿਹਾਸ ਤੋਂ ਨਹੀਂ ਮਿਲਦਾ। ਹਾਂ, ਇਤਨਾ ਸਪੱਸ਼ਟ ਹੈ ਕਿ ਵਰਤਮਾਨ ਅਰਦਾਸ ਸਿੱਖ-ਮਿਸਲਾਂ ਦੇ ਸਮੇਂ ਕੀਤੀ ਜਾਣੀ ਸ਼ੁਰੂ ਹੋਈ ਅਤੇ ਇਸ ਦਾ ਆਕਾਰ ਇਤਿਹਾਸਿਕ ਘਟਨਾਵਾਂ ਦੇ ਪ੍ਰਸੰਗ ਵਿਚ ਵਧਦਾ ਗਿਆ। ਉਪਰੋਕਤ ਉਕਤੀ ਦੀ ਪਹਿਲੇ ਦਿਨ ਤੋਂ ਹੀ ਅਰਦਾਸ ਵਿਚ ਸ਼ਾਮਲ ਕਰ ਲਈ ਗਈ ਸੀ, ਜਾਂ ਬਾਦ ਵਿਚ ਕਿਸੇ ਨੇ ਜੋੜੀ ਹੈ ? ਇਸ ਬਾਰੇ ਹੁਣ ਤਸੱਲੀ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ ਜਿਸ ਨੇ ਵੀ ਇਸ ਦੀ ਸਿਰਜਨਾ ਕਰਕੇ ਅਰਦਾਸ ਨਾਲ ਜੋੜਿਆ ਸੀ, ਨਿਸਚੇ ਹੀ ਉਸ ਦਾ ਬੌਧਿਕ ਸਤਰ ਬਹੁਤ ਉੱਚਾ ਸੀ।

ਕਈ ਵਿਦਵਾਨ ਇਸ ਦਾ ਅਰਥ ਜਾਂ ਵਿਆਖਿਆ ਕਰਨ ਵੇਲੇ ਇਸ ਨੂੰ ਭਵਿਸ਼-ਵਾਚੀ ਬਣਾ ਦਿੰਦੇ ਹਨ। ਪਰ ਸਭ ਦਾ ਭਲਾ ਤਾਂ ਪ੍ਰਭੂ ਦੀ ਇੱਛਾ ਨਾਲ ਪਹਿਲਾਂ ਹੀ ਹੋ ਰਿਹਾ ਹੈ ਅਤੇ ਸਭ ਉਸ ਦੀ ਆਸ ਵਿਚ ਬੈਠੇ ਜੀਵਨ-ਬਤੀਤ ਕਰ ਰਹੇ ਹਨ— *ਸਭੁ ਕੋ ਆਸੈ ਤੇਰੀ ਬੈਠਾ। ਘਟ ਘਟ ਅੰਤਰਿ*

*ਤੂੰ ਹੈ ਵੂਠਾ। ਸਭ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।* (ਗੁ.ਗ੍ਰੰ.97)।

ਇਸ ਵਾਸਤੇ ਇਸ ਦਾ ਭਵਿਸ਼ਵਾਚੀ ਅਰਥ ਅਸੰਗਤ ਹੈ। ਉਂਜ ਸਿੱਖ ਧਰਮ ਵਿਚ ਮਾਨਵਤਾਵਾਦੀ ਬਿਰਤੀ ਬੜੀ ਪ੍ਰਬਲ ਹੈ। ਮਨੁੱਖ ਮਨੁੱਖ ਵਿਚ ਅੰਤਰ ਸਮਝਣਾ ਗੁਰਬਾਣੀ ਦੀਆਂ ਮਾਨਤਾਵਾਂ ਦਾ ਵਿਰੋਧ ਕਰਨਾ ਹੈ। ਅਸੀਂ ਸਭ ਇਕੋ ਪਿਤਾ ਦੇ ਬਾਲਕ ਹਾਂ— *ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।* (ਗੁ.ਗ੍ਰੰ.611)। ਗੁਰੂ ਨਾਨਕ ਦੇਵ ਜੀ ਨੇ ਜਾਤਿਵਾਦ ਦਾ ਸਪੱਸ਼ਟ ਖੰਡਨ ਕਰਦਿਆਂ ਕਿਹਾ ਹੈ — *ਫਕੜ ਜਾਤਿ ਫਕੜੁ ਨਾਉ। ਸਭਨਾ ਜੀਆ ਇਕਾ ਛਾਉ।* (ਗੁ.ਗ੍ਰੰ.83)।

ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਉਸਤਤਿ' ਨਾਮਕ ਬਾਣੀ ਵਿਚ ਮਨੁੱਖਾਂ ਵਿਚ ਸਮਾਨਤਾ ਅਤੇ ਸਮ-ਭਾਵਨਾ ਨੂੰ ਬੜੇ ਸੁੰਦਰ ਢੰਗ ਨਾਲ ਪ੍ਰਗਟ ਕੀਤਾ ਹੈ— *ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।* (85)। *ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।... ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਿਸ ਔ ਆਬ ਕੌ ਰਲਾਉ ਹੈ।* (86) ਸਪੱਸ਼ਟ ਹੈ ਕਿ ਪਰਮਾਤਮਾ ਤਾਂ ਪਹਿਲਾਂ ਹੀ ਸਭ ਲਈ ਸਮਾਨ ਇੱਛਾ ਵਾਲਾ ਹੈ। ਹਉਮੈ, ਜਾਤਿਵਾਦ ਅਤੇ ਧਰਮ-ਵਖਰਤਾ ਤੋਂ ਹੀ ਭੇਦ-ਬੁੱਧੀ ਪੈਦਾ ਹੁੰਦੀ ਹੈ ਜਿਸ ਨੂੰ ਬਾਣੀ ਵਿਚ ਖ਼ਤਮ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਲਈ ਇਥੇ ਜਿਗਿਆਸੂ ਦੀ ਮੰਗ ਨਹੀਂ, ਸਗੋਂ ਧੰਨਵਾਦ ਦੀ ਅਭਿਵਿਅਕਤੀ ਹੈ ਕਿ ਪਹਿਲਾਂ ਹੀ ਪ੍ਰਭੂ ਪਾਸ ਕਿਸੇ ਭੇਦ-ਬੁੱਧੀ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਭ ਦਾ ਭਲਾ ਆਪਣੇ ਆਪ ਹੋ ਰਿਹਾ ਹੈ।

**ਸਰਬੱਤ ਖ਼ਾਲਸਾ** : ਇਹ ਸ਼ਬਦ ਸਮੁੱਚੀ ਸਿੱਖ ਕੌਮ ਜਾਂ ਪੰਥ ਦੇ ਵਾਚਕ ਵਜੋਂ 19ਵੀਂ ਸਦੀ ਵਿਚ ਵਰਤਿਆ ਜਾਣ ਲਗਾ। ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੱਖਾਂ ਉਤੇ ਮੁਗ਼ਲ ਸਰਕਾਰ ਵਲੋਂ ਜ਼ੁਲਮ ਦੇ ਦੁਆਰ ਖੋਲ ਦਿੱਤੇ ਗਏ। ਆਪਣੇ ਆਪ ਨੂੰ ਬਚਾਉਣ ਲਈ ਸਿੰਘ ਵੱਡੇ ਨਿੱਕੇ ਜੱਥਿਆਂ ਦੇ ਰੂਪ ਵਿਚ ਜੰਗਲਾਂ, ਛੰਭਾਂ, ਮਾਰੂਥਲਾਂ ਅਤੇ ਪਰਬਤਾਂ ਵਿਚ ਲੁਕ-ਛਿਪ ਕੇ ਸਮਾਂ ਬਤੀਤ ਕਰਨ ਲਗ ਗਏ। ਪਰ ਇਨ੍ਹਾਂ ਲਈ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਉਤੇ ਅੰਮ੍ਰਿਤਸਰ (ਦਰਬਾਰ ਸਾਹਿਬ, ਅਕਾਲ ਤਖ਼ਤ) ਵਿਚ ਇਕੱਠੇ ਹੋਣਾ ਇਕ ਦਸਤੂਰ ਬਣ ਗਿਆ। ਅਜਿਹੇ ਇਕੱਠਾ ਨੂੰ ਸਮੁੱਚੇ ਪੰਥ ਦਾ ਪ੍ਰਤਿਨਿਧ ਸਮਝੇ ਜਾਣ ਕਾਰਣ 'ਸਰਬੱਤ ਖ਼ਾਲਸਾ' ਕਿਹਾ ਜਾਣ ਲਗਿਆ।

ਸਿੱਖ ਇਤਿਹਾਸ ਅਨੁਸਾਰ 'ਸਰਬੱਤ ਖ਼ਾਲਸਾ' ਦੀ ਇਕ ਮਹੱਤਵਪੂਰਣ ਇਕਤਰਤਾ ਸੰਨ 1723 ਈ. ਦੀ ਦੀਵਾਲੀ ਨੂੰ ਹੋਈ ਸੀ, ਜਿਸ ਵਿਚ ਭਾਈ ਮਨੀ ਸਿੰਘ ਨੇ ਤੱਤ ਖ਼ਾਲਸਾ ਅਤੇ ਬੰਦਈਆਂ ਵਿਚ ਉਠ ਖੜੋਤੇ ਵਿਵਾਦ ਦਾ ਸਮਾਧਾਨ ਕੀਤਾ ਸੀ। 'ਸਰਬੱਤ ਖ਼ਾਲਸਾ' ਦਾ ਦੂਜਾ ਉਲੇਖਯੋਗ ਇਕੱਠ ਭਾਈ ਤਾਰਾ ਸਿੰਘ ਵਾਂ (ਵੇਖੋ) ਦੀ ਸ਼ਹਾਦਤ ਤੋਂ ਬਾਦ ਹੋਇਆ ਜਿਸ ਵਿਚ ਗੁਰਮਤੇ ਦੁਆਰਾ ਤਿੰਨ ਫ਼ੈਸਲੇ ਕੀਤੇ ਗਏ। ਇਕ ਸੀ ਮੁਗ਼ਲ ਸਰਕਾਰ ਦੇ ਸੂਹਿਆਂ ਜਾਂ ਖ਼ੁਫ਼ੀਆਂ ਏਜੰਟਾਂ ਨੂੰ ਖ਼ਤਮ ਕਰਨਾ। ਦੂਜਾ ਸੀ ਸਰਕਾਰੀ ਖ਼ਜ਼ਾਨਿਆਂ ਨੂੰ ਇਧਰ-ਉਧਰ ਲੈ ਜਾਣ ਸਮੇਂ ਲੁਟਣਾ ਅਤੇ ਤੀਜਾ ਸੀ ਸਰਕਾਰੀ ਅਸਲ੍ਹਾ-ਖ਼ਾਨਿਆਂ ਤੋਂ ਸ਼ਸਤ੍ਰਾਂ ਨੂੰ ਲੁਟਣਾ ਅਤੇ ਅਸਤਬਲਾਂ ਤੋਂ ਘੋੜਿਆਂ ਨੂੰ ਖਿਸਕਾਉਣਾ। 'ਸਰਬੱਤ ਖ਼ਾਲਸਾ' ਦੀ ਤੀਜੀ ਜ਼ਿਕਰ ਕਰਨਯੋਗ ਇਕਤਰਤਾ ਸੰਨ 1733 ਈ. ਵਿਚ ਹੋਈ ਸੀ ਜਿਸ ਵਿਚ ਲਾਹੌਰ ਦੇ ਸੂਬੇ ਵਲੋਂ ਭੇਜੀ ਜਾਗੀਰ ਅਤੇ ਖ਼ਿਲਤ ਪ੍ਰਵਾਨ ਕੀਤੀ ਗਈ ਸੀ।

'ਸਰਬੱਤ ਖ਼ਾਲਸਾ' ਦਾ ਸਭ ਤੋਂ ਅਧਿਕ ਮਹੱਤਵ-ਪੂਰਣ ਇਕੱਠ 1748 ਈ. ਦੇ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਹੋਇਆ। ਇਸ ਵਿਚ ਸਿੱਖ ਜੱਥਿਆਂ ਨੂੰ 11 ਮਿਸਲਾਂ ਵਿਚ ਵੰਡਿਆ ਗਿਆ। ਇਸ ਤੋਂ ਬਾਦ ਬਾਹਰਲੇ ਹਮਲੇ ਘਟਦੇ ਗਏ ਅਤੇ ਸਿੱਖ ਮਿਸਲਾਂ ਆਪਣੀਆਂ ਆਪਣੀਆਂ ਜਾਗੀਰਾਂ ਜਾਂ ਰਿਆਸਤਾਂ ਬਣਾ ਕੇ ਉਥੇ ਸਥਾਪਿਤ ਹੁੰਦੀਆਂ ਗਈਆਂ। ਇਲਾਕਿਆਂ ਦੀ ਖਿਚ-ਧੂਹ ਨਾਲ ਮਿਸਲਾਂ ਵਿਚ ਪਰਸਪਰ ਪ੍ਰੇਮ ਦੀ ਥਾਂ ਵੈਰ ਵਧਣ ਲਗ ਗਿਆ ਅਤੇ 'ਸਰਬੱਤ ਖ਼ਾਲਸਾ' ਦੀਆਂ ਇਕਤਰਤਾਵਾਂ ਵਿਚ ਸ਼ਾਮਲ ਹੋਣ ਦਾ ਰੁਝਾਨ ਘਟਦਾ ਗਿਆ। ਜਦੋਂ ਕਦੇ 'ਸਰਬੱਤ ਖ਼ਾਲਸਾ' ਦੀ ਬੈਠਕ ਬੁਲਾਈ ਜਾਂਦੀ ਉਸ ਵਿਚ ਵੀ ਮਿਸਲਾਂ ਦੇ ਸਰਦਾਰ ਜਾਂ ਮਿਸਲਦਾਰ ਜਾਂ ਉਨ੍ਹਾਂ ਦੇ ਪ੍ਰਤਿਨਿਧ ਹੀ ਸ਼ਾਮਲ ਹੁੰਦੇ।

ਮਹਾਰਾਜਾ ਰਣਜੀਤ ਸਿੰਘ ਦੁਆਰਾ ਸ਼ਕਤੀ ਅਰਜਿਤ ਕਰਨ 'ਤੇ 'ਸਰਬੱਤ ਖ਼ਾਲਸਾ' ਦਾ ਸੰਕਲਪ ਪਿਛੇ ਪੈ ਗਿਆ ਅਤੇ ਉਸ ਤੋਂ ਬਾਦ ਇਸ ਦਾ ਮਹੱਤਵ ਹੀ ਨ

ਰਿਹਾ। ਆਧੁਨਿਕ ਯੁਗ ਵਿਚ ਇਸ ਨੂੰ ਪੁਨਰ ਪ੍ਰਚਲਿਤ ਕਰਨ ਦੇ ਯਤਨ ਕੀਤੇ ਗਏ, ਖ਼ਾਸ ਤੌਰ 'ਤੇ ਬਲੂ ਸਟਾਰ ਓਪਰੇਸ਼ਨ ਤੋਂ ਅਗੇ-ਪਿਛੇ, ਪਰ ਸਿੱਖ ਜਗਤ ਵਿਚ ਪੰਥ ਨੂੰ ਦਰਪੇਸ਼ ਮਸਲਿਆਂ ਦੇ ਸਮਾਧਾਨ ਬਾਰੇ ਸਰਬ-ਸੰਮਤੀ ਨ ਹਣ ਕਾਰਣ ਅਜਿਹੇ ਯਤਨ ਨਿਸਫਲ ਰਹੇ।

**ਸਰਬਲੋਹ ਕੀ ਵਾਰ** : ਵੇਖੋ 'ਵਾਰ ਸਰਬਲੋਹ ਕੀ'।

**ਸਰਬਲੋਹ ਗ੍ਰੰਥ** : ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ ਹੈ। ਇਸ ਦੇ ਦੋ ਨਾਂ ਪ੍ਰਚਲਿਤ ਹਨ— (1) 'ਸਰਬਲੋਹ' ਅਤੇ (2) 'ਮੰਗਲਾਚਰਣ ਪੁਰਾਣ'। ਇਸ ਦਾ ਅਧਿਕ ਪ੍ਰਚਲਿਤ 'ਸਰਬਲੋਹ' ਨਾਂ ਇਸ ਵਿਚ ਵਰਣਿਤ 'ਸਰਬਲੋਹ ਅਵਤਾਰ' ਦੇ ਆਖਿਆਨ ਕਾਰਣ ਪਿਆ ਪ੍ਰਤੀਤ ਹੁੰਦਾ ਹੈ। 'ਮੰਗਲਾਚਰਣ ਪੁਰਾਣ' ਨਾਂ ਅਧਿਆਇ-ਅੰਤ ਉਤੇ ਲਿਖੀਆਂ ਪੁਸ਼ਪਿਕਾਵਾਂ ਵਿਚ ਅੰਕਿਤ ਹੈ। ਪੁਰਾਤਨ ਹੱਥ-ਲਿਖਿਤਾਂ (ਬੁੰਗਾ ਮਾਈ ਭਾਗੋ-ਹਜ਼ੂਰ ਸਾਹਿਬ ਨਾਂਦੇੜ, ਗੁਰਦੁਆਰਾ ਸਮਾਧੀਆਂ ਮਹਾਰਾਜਗਾਨ ਸੰਗਰੂਰ ਅਤੇ ਅਨੇਕ ਹੋਰ ਵਿਅਕਤੀਆਂ ਅਤੇ ਗੁਰੂ-ਧਾਮਾਂ/ਡੇਰਿਆਂ ਵਿਚ ਸੁਰਖਿਅਤ) ਵਿਚ ਭਾਵੇਂ ਇਸ ਦਾ ਕੋਈ ਵਿਸ਼ੇਸ਼ ਨਾਂ ਲਿਖਿਆ ਨਹੀਂ ਮਿਲਦਾ, ਪਰ 'ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜੱਥੇਦਾਰ ਛਿਆਨਵੇਂ ਕ੍ਰੋੜੀ, ਗੁਰੂ ਕਾ ਬਾਗ ਸ੍ਰੀ ਆਨੰਦਪੁਰ ਸਾਹਿਬ' ਦੁਆਰਾ ਪ੍ਰਕਾਸ਼ਿਤ ਸੰਸਕਰਣ (ਕੁਲ 862 ਪੰਨੇ ਅਤੇ 4361 ਛੰਦ) ਵਿਚ ਇਸ ਦਾ ਨਾਂ 'ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ' ਲਿਖਿਆ ਹੈ।

ਇਸ ਗ੍ਰੰਥ ਦਾ ਕਰਤ੍ਰਿਤ੍ਵ ਸੰਦਿਗਧ ਹੈ। ਆਮ ਤੌਰ 'ਤੇ ਦੋ ਮਤ ਪ੍ਰਚਲਿਤ ਹਨ। ਪੂਰਵ ਪੱਖ ਦੇ ਵਿਦਵਾਨ (ਸੁਆਮੀ ਹਰਿਨਾਮ ਦਾਸ ਉਦਾਸੀਨ, ਹਜ਼ੂਰਾ ਸਿੰਘ ਗ੍ਰੰਥੀ, ਕੌਰ ਸਿੰਘ ਅਕਾਲੀ, ਗਿਆਨੀ ਗਿਆਨ ਸਿੰਘ, ਨਿਹੰਗ ਜੱਥੇਬੰਦੀ ਆਦਿ) ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੇ ਹਨ। ਇਨ੍ਹਾਂ ਦੀ ਮਾਨਤਾ ਦਾ ਆਧਾਰ ਪਰੰਪਰਾ ਤੋਂ ਇਲਾਵਾ ਇਸ ਗ੍ਰੰਥ ਦੀ ਮੁੱਢਲੀ ਉਕਤੀ ਵੀ ਹੈ :

*੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹਿ।*
*ਸ੍ਰੀ ਭਵਾਨੀ ਜੀ ਸਹਾਇ।*
*ਸ੍ਰੀ ਮਾਯਾ ਲਛਮੀ ਜੀ ਸਹਾਇ।*
*ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ।*
*ਸ੍ਰੀ ਮੁਖਿਵਾਕਯ ਪਾਤਿਸ਼ਾਹੀ ੧੦।*

ਇਸ ਤੋਂ ਇਲਾਵਾ ਇਸ ਵਚ 'ਦਾਸ ਗੋਬਿੰਦ', 'ਸ਼ਾਹ ਗੋਬਿੰਦ', 'ਸਯਾਮ' ਅਤੇ 'ਰਾਮ' ਆਦਿ ਕਵੀ-ਛਾਪਾਂ ਵੀ ਵਰਤੀਆਂ ਗਈਆਂ ਹਨ।

ਉਤਰ ਪੱਖ (ਵਿਰੋਧੀ ਮਤ) ਦੇ ਵਿਦਵਾਨਾਂ ਵਿਚੋਂ ਪੰਡਿਤ ਤਾਰਾ ਸਿੰਘ ਨਰੋਤਮ ਇਸ ਗ੍ਰੰਥ ਨੂੰ ਭਾਈ ਸੁਖਾ ਸਿੰਘ ਗ੍ਰੰਥੀ (ਪਟਨੇ ਵਾਲੇ) ਦੀ ਰਚਨਾ ਮੰਨਦੇ ਹਨ ਕਿਉਂਕਿ ਭਾਈ ਸੁਖਾ ਸਿੰਘ ਨੇ ਪ੍ਰਗਟ ਕੀਤਾ ਹੈ ਕਿ ਇਹ ਗ੍ਰੰਥ ਉਸ ਨੂੰ ਜਗੰਨਾਥ ਦੀ ਝਾੜੀ ਵਿਚ ਰਹਿਣ ਵਾਲੇ ਇਕ ਅਵਧੂਤ ਉਦਾਸੀ ਤੋਂ ਪ੍ਰਾਪਤ ਹੋਇਆ ਸੀ ਅਤੇ ਜੋ ਦਸਮ ਗੁਰੂ ਦੀ ਰਚਨਾ ਹੈ। ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਨਾਭਾ ਦਾ ਮਤ ਹੈ ਕਿ ਇਸ ਗ੍ਰੰਥ ਵਿਚ 'ਰੂਪ ਦੀਪ ਭਾਸ਼ਾ ਪਿੰਗਲ' ਦਾ ਉਲੇਖ ਹੈ ਜਿਸ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਬਾਦ ਸੰ. 1776 ਬਿ. (1719 ਈ.) ਵਿਚ ਹੋਈ ਸੀ।

ਉਪਰੋਕਤ ਦੋਹਾਂ ਮਤਾਂ ਦੇ ਆਧਾਰ ਬਹੁਤ ਵਜ਼ਨ-ਦਾਰ ਨਹੀਂ ਹਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਤੱਥ ਵੀ ਸਾਹਮਣੇ ਆਏ ਹਨ, ਜਿਵੇਂ :

(1) ਇਸ ਵਿਚ ਗ੍ਰੰਥ ਸਾਹਿਬ ਨੂੰ ਗੁਰੂ-ਪਦ ਦੇਣ ਦਾ ਉਲੇਖ ਹੈ ਜੋ ਦਸਮ ਗੁਰੂ ਦੇ ਦੇਹਾਂਤ ਤੋਂ ਕੁਝ ਪਹਿਲਾਂ ਦੀ ਘਟਨਾ ਹੈ।
(2) ਇਸ ਵਿਚ ਕਈ ਥਾਂਵਾਂ 'ਤੇ ਇਸ ਵਿਚਲੀਆਂ ਕੁਝ ਕੁ ਰਚਨਾਵਾਂ ਨੂੰ 'ਦਸਮ ਗ੍ਰੰਥ' ਵਾਲੀਆਂ ਕ੍ਰਿਤੀਆਂ ਦੀਆਂ ਧੁਨੀਆਂ ਉਤੇ ਗਾਉਣ ਦਾ ਸੰਕੇਤ ਹੈ, ਜਿਵੇਂ 'ਭਗਉਤੀ ਜੀ ਕੀ ਵਾਰ ਕੀ ਧੁਨੀ', 'ਨਿਹਕਲੰਕੀ ਦੀ ਧੁਨੀ', 'ਅਸਕੇਤ ਕੀ ਧੁਨੀ'। ਅਜਿਹਾ ਸੰਕੇਤ 'ਦਸਮ ਗ੍ਰੰਥ' ਵਿਚਲੀਆਂ ਕ੍ਰਿਤੀਆਂ ਦੇ ਆਮ ਪ੍ਰਚਲਨ ਤੋਂ ਬਾਦ ਹੀ ਸੰਭਵ ਹੋ ਸਕਦਾ ਹੈ।
(3) ਇਸ ਵਿਚ ਦਸਮ-ਗੁਰੂ ਦੀ ਬੰਸਾਵਲੀ ਦਰਜ ਹੈ।
(4) ਇਸ ਵਿਚ ਕਿਤੇ ਕਿਤੇ ਦਸਮ-ਗੁਰੂ ਪ੍ਰਤਿ ਆਦਰ ਦੀ ਭਾਵਨਾ ਪ੍ਰਗਟ ਕੀਤੀ ਗਈ ਹੈ।
(5) ਇਸ ਦੀ ਕੋਈ ਵੀ ਪੁਰਾਤਨ ਹੱਥ-ਲਿਖਿਤ ਪੋਥੀ ਉਪਲਬਧ ਨਹੀਂ ਹੈ ਜੋ ਦਸਮ-ਗੁਰੂ ਦੇ ਸਮੇਂ ਲਿਖੀ ਗਈ ਹੋਵੇ।
(6) ਇਸ ਗ੍ਰੰਥ ਦਾ ਇਤਿਹਾਸ ਸੰਦੇਹ-ਪੂਰਣ ਹੈ।
(7) ਇਸ ਦੀ ਬਾਣੀ ਦੇ ਰਾਗਾਨੁਸਾਰ ਹੋਣ ਕਾਰਣ 'ਦਸਮ

ਗ੍ਰੰਥ' (ਸ਼ਬਦਾਂ ਜਾਂ ਪਾਰਸਨਾਥ ਪ੍ਰਸੰਗ ਨੂੰ ਛਡ ਕੇ) ਦੀ ਸ਼ੈਲੀ ਤੋਂ ਬਹੁਤ ਭਿੰਨ ਹੈ।

(8) ਇਸ ਗ੍ਰੰਥ ਦੀ ਬਾਣੀ ਵਿਚ ਨ ਛੰਦ-ਵਿਵਿਧਤਾ ਹੈ ਅਤੇ ਨ ਹੀ ਭਾਸ਼ਾ-ਸ਼ੈਲੀ ਦਾ ਗੌਰਵ ਹੈ।

ਇਸ ਲਈ ਇਸ ਨੂੰ ਦਸਮ-ਗੁਰੂ ਦੀ ਰਚਨਾ ਮੰਨਣੋਂ ਸੰਕੋਚ ਕਰਨਾ ਪੈਂਦਾ ਹੈ। ਪਰ ਜਦੋਂ ਤਕ ਇਸ ਦੇ ਰਚੈਤਾ ਅਤੇ ਰਚਨਾ-ਕਾਲ ਬਾਰੇ ਕੋਈ ਤੱਥ-ਆਧਾਰਿਤ ਸਾਮਗ੍ਰੀ ਨਹੀਂ ਮਿਲ ਜਾਂਦੀ, ਤਦ ਤਕ ਵਿਚਾਰ-ਵਿਸ਼ਲੇਸ਼ਣ ਲਈ ਇਸ ਨੂੰ ਕੇਵਲ ਸਿੱਖ ਸਾਹਿਤ ਦਾ ਅੰਗ ਮੰਨਣਾ ਹੀ ਵਾਜਬ ਹੈ।

ਇਹ ਗ੍ਰੰਥ ਪੰਜ ਅਧਿਆਵਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਚਾਰ ਅਧਿਆਇ ਇਸ ਦਾ ਪੂਰਵਾਰਧ ਹਨ ਅਤੇ ਪੰਜਵਾਂ ਅਧਿਆਇ, ਜੋ ਕਾਫ਼ੀ ਵੱਡਾ ਹੈ, ਉੱਤਰਾਰਧ ਹੈ। ਇਸ ਵਿਚ ਕਾਫ਼ੀ ਭਾਸ਼ਾਵਾਂ ਦਾ ਪ੍ਰਯੋਗ ਹੋਇਆ ਹੈ। ਕਪੂਰਥਲਾ ਨਿਵਾਸੀ ਸੁਆਮੀ ਹਰਿਨਾਮ ਦਾਸ ਉਦਾਸੀਨ ਨੇ ਇਕ ਨਿਜੀ ਮੁਲਾਕਾਤ (16 ਅਕਤੂਬਰ 1959 ਈ.) ਵੇਲੇ ਦਸਿਆ ਸੀ ਕਿ ਇਸ ਵਿਚ ਲਗਭਗ 50 ਭਾਸ਼ਾਵਾਂ ਵਰਤੀਆਂ ਹੋਈਆਂ ਹਨ ਅਤੇ 128 ਰਾਗ-ਰਾਗਨੀਆਂ ਅਨੁਸਾਰ ਬਾਣੀ ਰਚੀ ਗਈ ਹੈ। ਇਸ ਵਿਚ ਨ੍ਰਿਤ-ਕਲਾ ਦੇ ਭੇਦ-ਉਪਭੇਦਾਂ ਦਾ ਵੀ ਉਲੇਖ ਹੋਇਆ ਹੈ।

ਇਸ ਗ੍ਰੰਥ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ ਅਤੇ ਇਸ ਦੀਆਂ ਕੇਵਲ ਗੁਰਮੁਖੀ ਵਿਚ ਲਿਖੀਆਂ ਹੱਥ-ਲਿਖਤਾਂ ਉਪਲਬਧ ਹਨ। ਯੁੱਧ-ਵਰਣਨ ਅਤੇ ਰਣ-ਸੱਜਾ ਦਾ ਚਿਤ੍ਰਣ ਬੜੇ ਸੁਭਾਵਿਕ ਢੰਗ ਨਾਲ ਹੋਇਆ ਹੈ। ਪ੍ਰਕਾਸ਼ਿਤ ਸੰਸਕਰਣ ਦੇ ਸ਼ੁਰੂ ਵਿਚ ਇਸ ਵਿਚ ਵਰਤੇ ਗਏ ਰਾਗਾਂ ਅਤੇ ਛੰਦਾਂ ਦੇ ਨਾਂਵਾਂ ਦੀ ਸੂਚੀ ਛਪੀ ਹੋਈ ਹੈ। ਮਹਾਨਕੋਸ਼ਕਾਰ ਭਾਈ ਕਾਨ੍ਹ ਸਿੰਘ ਦੇ ਦਸੇ ਅਨੁਸਾਰ ਭਾਈ ਧਿਆਨ ਸਿੰਘ ਸਾਹਿਬ ਕਟੂ (ਰਿਆਸਤ ਨਾਭਾ) ਨਿਵਾਸੀ ਮਹਾਤਮਾ ਨੇ 'ਦਸਮ ਗ੍ਰੰਥ' ਵਿਚੋਂ ਚਰਿਤ੍ਰ ਕਢ ਕੇ ਸਰਬਲੋਹ ਸ਼ਾਮਲ ਕਰਕੇ ਇਕ ਬੀੜ ਤਿਆਰ ਕਰਾਈ ਸੀ ਜਿਸ ਦਾ ਪ੍ਰਚਾਰ ਨਹੀਂ ਹੋਇਆ।

ਇਸ ਗ੍ਰੰਥ ਵਿਚਲੇ ਬ੍ਰਿੱਤਾਂਤ ਦਾ ਸੰਖਿਪਤ ਸਾਰ ਇਸ ਪ੍ਰਕਾਰ ਹੈ :

*ਪਹਿਲਾ ਅਧਿਆਇ :* ਦੈਂਤਾਂ ਦਾ ਦੇਵਤਿਆਂ ਨਾਲ ਯੁੱਧ ਕਰਨਾ, ਦੇਵਤਿਆਂ ਦਾ ਹਾਰਨਾ, ਦੇਵਤਿਆਂ ਦਾ ਸਹਾਇਤਾ ਲਈ ਦੇਵੀ ਪਾਸ ਜਾਣਾ, ਸਹਾਇਤਾ ਲਈ ਦੇਵੀ ਦਾ ਆਪਣੇ ਨਾਲ ਅਨੇਕ ਦੇਵਤਾ-ਸ਼ਕਤੀਆਂ ਨੂੰ ਮਿਲਾ ਕੇ ਭੀਮ-ਨਾਮ ਦੈਂਤ-ਨਾਇਕ ਨਾਲ ਯੁੱਧ ਕਰਨਾ ਅਤੇ ਭੀਮ-ਨਾਦ ਦਾ ਮਾਰਿਆ ਜਾਣਾ।

*ਦੂਜਾ ਅਧਿਆਇ :* ਭੀਮ-ਨਾਦ ਦੀ ਮੌਤ ਤੋਂ ਬਾਦ ਉਸ ਦੇ ਪਰਿਵਾਰ ਦਾ ਦੁਖੀ ਹੋਣਾ, ਬਦਲੇ ਲਈ ਵਿਚਾਰ-ਵਟਾਂਦਰਾ ਕਰਨਾ, ਦੈਂਤ ਦੀ ਪਤਨੀ ਦਾ ਸਤੀ ਹੋਣਾ, ਭੀਮ-ਨਾਦ ਦੇ ਭਰਾ ਬ੍ਰਿਜਨਾਦ (ਨਾਮਾਂਤਰ ਵੀਰਯਨਾਦ) ਨੇ ਬਦਲਾ ਲੈਣ ਲਈ ਸੈਨਾ ਇਕੱਠੀ ਕਰਨੀ, ਦੂਜੇ ਪਾਸੇ ਇੰਦ੍ਰ ਅਤੇ ਦੇਵਤਿਆਂ ਵਲੋਂ ਯੁੱਧ ਦੀ ਤਿਆਰੀ ਕਰਨਾ।

*ਤੀਜਾ ਅਧਿਆਇ :* ਦੈਂਤਾਂ ਅਤੇ ਦੇਵਤਿਆਂ ਦੇ ਦਲਾਂ ਦਾ ਯੁੱਧ ਲਈ ਆਹਮਣੇ-ਸਾਹਮਣੇ ਡਟਣਾ, ਨਾਰਦ ਦਾ ਵਿਸ਼ਣੂ ਦਾ ਦੂਤ ਬਣ ਕੇ ਸੰਧੀ ਲਈ ਵੀਰਯਨਾਦ ਕੋਲ ਜਾਣਾ, ਵੀਰਯਨਾਦ ਦੁਆਰਾ ਸੰਧੀ ਦਾ ਪ੍ਰਸਤਾਵ ਠੁਕਰਾਉਣਾ, ਅੰਤ ਵਿਚ ਘੋਰ ਯੁੱਧ ਹੋਣਾ ਅਤੇ ਵੀਰਯਨਾਦ ਦੇ ਬਹੁਤ ਸਾਰੇ ਸੈਨਿਕਾਂ ਦਾ ਮਾਰਿਆ ਜਾਣਾ।

*ਚੌਥਾ ਅਧਿਆਇ :* ਫਿਰ ਤੋਂ ਸ਼ੁਰੂ ਹੋਏ ਘੋਰ ਸੰਗ੍ਰਾਮ ਵਿਚ ਬਹੁਤ ਸਾਰੇ ਦੇਵਤਿਆਂ ਦਾ ਮਾਰਿਆ ਜਾਣਾ, ਵਿਸ਼ਣੂ ਦੁਆਰਾ ਅੰਮ੍ਰਿਤ ਪਾਨ ਕਰਵਾ ਕੇ ਉਨ੍ਹਾਂ ਨੂੰ ਪੁਨਰ-ਜੀਵਿਤ ਕਰਨਾ, ਦੈਂਤਾਂ ਦਾ ਯੁੱਧ ਜਿਤਣਾ ਅਤੇ ਇੰਦ੍ਰ ਨੂੰ ਬੰਦੀ ਬਣਾ ਕੇ ਇੰਦ੍ਰਪੁਰੀ ਉਤੇ ਅਧਿਕਾਰ ਸੰਥਾਪਿਤ ਕਰਨਾ ਅਤੇ ਵਿਸ਼ਣੂ ਨੇ ਆਪਣੀ ਸ਼ਕਤੀ ਰਾਹੀਂ ਇੰਦ੍ਰ ਦੇ ਬੰਧਨ ਕਟਣਾ।

*ਪੰਜਵਾਂ ਅਧਿਆਇ :* ਹਾਰ ਖਾ ਕੇ ਦੁਖੀ ਹੋਏ ਦੇਵਤਿਆਂ ਦਾ ਮਦਦ ਲਈ ਮਹਾਕਾਲ ਕੋਲ ਪ੍ਰਾਰਥਨਾ ਕਰਨਾ, ਮਹਾਕਾਲ ਦਾ ਸਰਬਲੋਹ ਰੂਪ ਵਿਚ ਅਵਤਾਰ ਧਾਰਣ ਕਰਨਾ, ਸਰਬਲੋਹ ਦਾ ਗਣੇਸ਼ ਨੂੰ ਸੰਧੀ ਲਈ ਬ੍ਰਿਜਨਾਦ ਪਾਸ ਭੇਜਣਾ, ਦੈਂਤ ਦੁਆਰਾ ਸੰਧੀ-ਪ੍ਰਸਤਾਵ ਨੂੰ ਠੁਕਰਾ ਦੇਣਾ, ਸਰਬਲੋਹ ਦਾ ਵੀਰਯਨਾਦ ਤੋਂ ਬਿਨਾ ਸਾਰਿਆਂ ਦੈਂਤਾਂ ਨੂੰ ਆਪਣੇ ਵਿਚ ਲੀਨ ਕਰ ਲੈਣਾ, ਵੀਰਯਨਾਦ ਨਾਲ ਸਰਬਲੋਹ ਦਾ ਪ੍ਰਲਯ ਤਕ ਭਿਆਨਕ ਯੁੱਧ ਕਰਨਾ, ਸਰਬਲੋਹ ਵਲੋਂ ਵੀਰਯਨਾਦ ਦਾ ਸਿਰ ਕਟ ਕੇ ਸ਼ਿਵ ਨੂੰ ਮੁੰਡ-ਮਾਲ ਵਿਚ ਮੇਰੁ ਵਜੋਂ ਪਰੋਣ ਲਈ ਦੇਣਾ।

ਉਪਰੋਕਤ ਘਟਨਾਵਾਂ ਤੋਂ ਇਲਾਵਾ ਇਸ ਗ੍ਰੰਥ ਵਿਚ ਮੋਹ ਅਤੇ ਵਿਵੇਕ ਦੇ ਯੁੱਧ ਦਾ ਵੀ ਵਰਣਨ ਹੈ। ਕਈ ਵਾਰ ਇੰਜ ਮਹਿਸੂਸ ਹੋਣ ਲਗ ਜਾਂਦਾ ਹੈ ਕਿ ਯੁੱਧ ਸਰਬਲੋਹ ਅਤੇ ਵੀਰਯਨਾਦ ਵਿਚ ਹੋ ਰਿਹਾ ਹੈ ਜਾਂ ਵਿਵੇਕ ਅਤੇ ਮੋਹ ਵਿਚ ਹੋ ਰਿਹਾ ਹੈ। ਇਸ ਤੋਂ ਇਲਾਵਾ ਦਸ ਅਵਤਾਰਾਂ ਦੀ

ਕਥਾ, ਖ਼ਾਲਸਾ-ਪ੍ਰਕਾਸ਼, ਗੁਰਗਦੀ ਪਾਤਿਸ਼ਾਹੀ ੧੦ ਅਤੇ ਬਖਸਿਸ ਹਜੂਰ ਆਦਿ ਪ੍ਰਸੰਗ ਵੀ ਸ਼ਾਮਲ ਹੋਏ ਹਨ।

ਇਸ ਗ੍ਰੰਥ ਦੀ ਰਚਨਾ-ਸ਼ੈਲੀ ਪੌਰਾਣਿਕ ਢੰਗ ਵਾਲੀ ਹੈ। ਦੇਵ-ਅਸੁਰ-ਸੰਗ੍ਰਾਮ ਪੁਰਾਣ-ਸਾਹਿਤ ਦੇ ਅਨੁਰੂਪ ਹੈ। ਦੇਵੀ ਦੇ ਪ੍ਰਸੰਗ 'ਦੇਵੀ ਭਾਗਵਤ ਪੁਰਾਣ' ਅਤੇ 'ਮਾਰਕੰਡੇਯ ਪੁਰਾਣ' ਦੇ ਸਮਾਨਾਂਤਰ ਚਲਦੇ ਹਨ। ਬ੍ਰਿਜਨਾਦ ਦੇ ਸੰਘਾਰ ਲਈ ਮਹਾਕਾਲ ਦਾ (*ਸ੍ਰੀ ਮਹਾਕਾਲ ਬੈਰਾਟ ਮਹਾ ਪ੍ਰਭੂ ਦੀਪਕ ਵਤ ਪ੍ਰਚੰਡ ਬਲੇ*— ਪੰਨੇ 615) ਸਰਬਲੋਹ ਅਵਤਾਰ ਧਾਰਣ ਕਰਨਾ ਪੌਰਾਣਿਕ ਅਵਤਾਰਵਾਦ ਦੀਆਂ ਲੀਹਾਂ ਉਤੇ ਹੋਇਆ ਹੈ। ਗ੍ਰੰਥ ਦੇ ਅੰਤ ਉਤੇ ਸਾਫ਼ ਲਿਖਿਆ ਹੈ— *ਸਰਬਲੋਹ ਬੈਰਾਟ ਮਹਾ ਪ੍ਰਭੂ। ਜੁਗ ਜੁਗ ਧਾਰਤਿ ਭਏ ਤਨੰ ਸੁਭ। ਸੁਰ ਛਿਤ ਧੇਨੁ ਸੰਤ ਹਿਤੁ ਕਾਰੀ। ਲੇਤ ਅਉਤਾਰ ਜਗਤਿ ਮਹਿ ਹਰੀ।* (ਪੰਨਾ 851)।

ਸਪੱਸ਼ਟ ਹੈ ਕਿ ਇਸ ਗ੍ਰੰਥ ਦੀ ਰਚਨਾ ਪੌਰਾਣਿਕ ਸਰਣੀ 'ਤੇ ਕੀਤੀ ਗਈ ਹੈ। 'ਦਸਮ-ਗ੍ਰੰਥ' ਦੀਆਂ ਅਵਤਾਰ -ਪਰੰਪਰਾਵਾਂ ਅਤੇ ਕਥਾਵਾਂ ਪੁਰਾਣ-ਸਾਹਿਤ ਦੇ ਪਰਿਚਿਤ ਆਖਿਆਨਾਂ 'ਤੇ ਆਧਾਰਿਤ ਹਨ, ਪਰ ਇਸ ਗ੍ਰੰਥ ਦਾ ਅਵਤਾਰ (ਸਰਬਲੋਹ) ਕਵੀ ਦੀ ਮੌਲਿਕ ਕਲਪਨਾ ਹੈ। ਇਹ ਵਖਰੀ ਗੱਲ ਹੈ ਕਿ ਅਨੇਕ ਪੌਰਾਣਿਕ ਆਖਿਆਨਾਂ/ ਪ੍ਰਸੰਗਾਂ ਨੂੰ ਮੋੜ-ਤੋੜ ਕੇ ਇਸ ਵਿਚ ਸਮੋਇਆ ਗਿਆ ਹੈ।

ਸ਼ੈਲੀ ਅਥਵਾ ਰਚਨਾ-ਵਿਧਾਨ ਤੋਂ ਇਹ ਗ੍ਰੰਥ ਪੁਰਾਣ ਜਿਹਾ ਪ੍ਰਤੀਤ ਹੁੰਦਾ ਹੈ। ਪੁਰਾਣਾਂ ਵਾਂਗ ਇਸ ਵਿਚ ਕਈ ਵਕਤਾ-ਸਰੋਤਾ ਆਏ ਹਨ। ਦੂਜੇ ਅਧਿਆਇ ਵਿਚ ਭਗਵਾਨ, ਪ੍ਰਜਾਪਤੀ, ਅਲਕੇਸ਼, ਦੂਤ, ਕਾਲ, ਦੁਆਰਪਾਲ, ਸੇਸਸਈ ਆਦਿ ਅਨੇਕ ਵਕਤਾ ਭਾਗ ਲੈਂਦੇ ਹੋਇਆਂ ਵੀ ਕਥਾ-ਪ੍ਰਵਾਹ ਵਿਚ ਕਿਸੇ ਕਿਸਮ ਦੀ ਕੋਈ ਰੁਕਾਵਟ ਪੈਦਾ ਨਹੀਂ ਕਰਦੇ। ਪਰ ਜਿਥੇ ਪ੍ਰਕਰਣ ਤੋਂ ਹਟ ਕੇ ਕੋਈ ਹੋਰ ਕਥਾ-ਪ੍ਰਸੰਗ ਜੋੜੇ ਗਏ ਹਨ, ਉਥੇ ਕਥਾ ਦੇ ਵਿਕਾਸ ਨੂੰ ਹਾਨੀ ਪਹੁੰਚੀ ਹੈ।

ਭਾਵਨਾ ਦੀ ਦ੍ਰਿਸ਼ਟੀ ਤੋਂ ਇਸ ਵਿਚ ਪੁਜਾਰੀ-ਭਾਵਨਾ ਅਤੇ ਛਤ੍ਰੀ-ਭਾਵਨਾ ਦੋਹਾਂ ਦੇ ਦਰਸ਼ਨ ਹੁੰਦੇ ਹਨ, ਪਰ ਮੁੱਖ ਤੌਰ 'ਤੇ ਵੀਰ-ਰਸ ਦੀ ਵਰਤੋਂ ਹੋਈ ਹੈ। ਇਸ ਕਾਰਣ ਸਿੱਖ-ਯੋਧਿਆਂ ਲਈ ਕਦੇ ਇਹ ਗ੍ਰੰਥ ਉਤਸਾਹ ਵਧਾਉਣ ਦਾ ਵਿਸ਼ੇਸ਼ ਸਰੋਤ ਰਿਹਾ ਹੋਵੇਗਾ। ਇਸ ਗ੍ਰੰਥ ਵਿਚ ਅਵਤਾਰ-ਵਾਦ ਦੇ ਨਾਲ ਨਾਲ ਦੇਵੀ ਅਥਵਾ ਸ਼ਕਤੀ ਦੀ ਉਪਾਸਨਾ ਅਤੇ ਉਸਤਤ ਬਾਰ ਬਾਰ ਕੀਤੀ ਗਈ ਹੈ। ਇਹ ਗ੍ਰੰਥ ਸ਼ਾਕਤ-ਭਗਤੀ ਨਾਲ ਭਰਪੂਰ ਹੈ। ਸ਼ਕਤੀ ਸਾਰੀਆਂ ਸਮਰਥਤਾਵਾਂ ਨਾਲ ਸੰਪੰਨ ਹੈ। ਉਹੀ ਇਸ ਸੰਸਾਰ ਦੀ ਉਤਪੱਤੀ, ਸਥਿਤੀ ਅਤੇ ਸੰਘਾਰ ਦਾ ਕਾਰਣ ਹੈ। ਉਸ ਤੋਂ ਬਿਨਾ ਸੰਸਾਰ ਦਾ ਵਿਕਾਸ ਰੁਕ ਜਾਂਦਾ ਹੈ। ਇਸ ਲਈ ਕਵੀ ਨੂੰ ਜਿਥੇ-ਕਿਥੇ ਵੀ ਅਵਸਰ ਮਿਲਿਆ ਹੈ, ਉਸ ਨੇ ਦੇਵੀ ਪ੍ਰਤਿ ਆਪਣੀ ਭਗਤੀ ਭਾਵਨਾ ਪ੍ਰਗਟ ਕੀਤੀ ਹੈ।

ਸੰਖੇਪ ਵਿਚ ਇਹ ਗ੍ਰੰਥ ਸਰਬਲੋਹ ਅਵਤਾਰ ਦੇ ਕਥਾਨਕ ਨੂੰ ਵਰਣਿਤ ਕਰਨ ਵਾਲਾ ਇਕ ਪ੍ਰਕਾਰ ਦਾ ਭਾਸ਼ਾ -ਪੁਰਾਣ ਹੈ। ਅਨੇਕ ਪੱਖਾਂ ਤੋਂ ਇਸ ਵਿਚ ਵਡਮੁੱਲੀ ਖੋਜ-ਸਾਮਗ੍ਰੀ ਪ੍ਰਾਪਤ ਹੈ। ਇਸ ਦੀ ਪ੍ਰਧਾਨ ਭਾਸ਼ਾ ਪੁਰਾਣੀ ਹਿੰਦੀ ਹੁੰਦੇ ਹੋਇਆਂ ਵੀ ਜਿਥੇ ਇਹ ਹਿੰਦੀ ਦੀ ਇਕ ਮਹੱਤਵਪੂਰਣ ਰਚਨਾ ਹੈ, ਉਥੇ ਉਸ ਵਕਤ ਦੀ ਪੰਜਾਬੀ ਮਾਨਸਿਕਤਾ ਅਤੇ ਵੈਰੀ ਪ੍ਰਤਿ ਸ਼ਸਤ੍ਰ ਕਾਰਵਾਈ ਕਰਨ ਲਈ ਵਿਕਸਿਤ ਹੋਈ ਵੀਰ-ਭਾਵਨਾ ਦਾ ਪ੍ਰਭਾਵਸ਼ਾਲੀ ਪ੍ਰੇਰਣਾ-ਸਰੋਤ ਹੈ। ਅਵਤਾਰਵਾਦੀ ਭਾਵਨਾ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਦੁਆਰਾ ਸੰਚਾਲਿਤ ਭਗਤੀ ਲਹਿਰ ਦੀ ਸਰਾਹਨਾ ਵੀ ਕੀਤੀ ਗਈ ਹੈ।

**ਸਰਮੁਖ ਸਿੰਘ ਝਬਾਲ** (1893-1952 ਈ.): ਅੰਮ੍ਰਿਤਸਰ ਜ਼ਿਲ੍ਹੇ ਦੇ ਝਬਾਲ ਪਿੰਡ ਦੇ ਸੁਪ੍ਰਸਿੱਧ ਤਿੰਨ ਭਰਾਵਾਂ ਵਿਚੋਂ ਮੰਝਲਾ, ਜੋ ਸ. ਗੋਪਾਲ ਸਿੰਘ ਦੇ ਘਰ ਸੰਨ 1893 ਈ. ਵਿਚ ਪੈਦਾ ਹੋਇਆ ਸੀ। ਇਸ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਾਈ ਦੌਰਾਨ ਹੀ ਧਾਰਮਿਕ ਅਤੇ ਸਮਾਜਿਕ ਗਤਿਵਿਧੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। 'ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ' ਦੀ ਸਥਾਪਨਾ ਨਾਲ ਇਹ ਸੰਨ 1918 ਈ. ਵਿਚ ਉਸ ਦਾ ਮੈਂਬਰ ਬਣਿਆ ਅਤੇ ਜਦੋਂ 14 ਦਸੰਬਰ 1920 ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ, ਤਾਂ ਇਸ ਨੂੰ ਪ੍ਰਧਾਨ ਬਣਾਇਆ ਗਿਆ। ਇਸ ਨੇ ਪੰਜਾਬ ਭਰ ਵਿਚ ਘੁੰਮ-ਫਿਰ ਕੇ ਹਰ ਜ਼ਿਲ੍ਹੇ ਵਿਚ ਅਕਾਲੀ ਦਲ ਦੇ ਜੱਥਿਆਂ ਦੀ ਸਥਾਪਨਾ ਕੀਤੀ ਅਤੇ ਗੁਰਦੁਆਰਾ ਸੁਧਾਰ ਲਹਿਰ ਦੀ ਅਹਿਮੀਅਤ ਤੋਂ ਲੋਕਾਂ ਨੂੰ ਜਾਣੂ ਕਰਾਇਆ। ਹਰਿਮੰਦਿਰ ਸਾਹਿਬ ਦੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਹਾਸਲ ਕਰਨ ਦੇ ਮਾਮਲੇ ਵਿਚ ਪਕੜਿਆ ਵੀ ਗਿਆ । 'ਗੁਰੂ ਕਾ ਬਾਗ਼' ਨਾਲ ਸੰਬੰਧਿਤ ਮੋਰਚੇ ਵਿਚ ਭਾਗ ਲੈਣ ਕਾਰਣ 26

ਅਗਸਤ 1922 ਈ. ਨੂੰ ਇਹ ਫਿਰ ਪਕੜਿਆ ਗਿਆ। 13 ਅਕਤੂਬਰ 1923 ਈ. ਨੂੰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ ਅਤੇ ਇਨ੍ਹਾਂ ਸੰਸਥਾਵਾਂ ਦੇ ਪਦਾਧਿਕਾਰੀਆਂ ਨੂੰ ਪਕੜ ਲਿਆ ਗਿਆ ਤਾਂ ਇਹ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

ਸੰਨ 1925 ਈ. ਵਿਚ ਸਿੱਖ ਗੁਰਦੁਆਰਾ ਐਕਟ ਦੇ ਪਾਸ ਹੋਣ ਜਾਣ ਤੋਂ ਬਾਦ ਸਰਕਾਰ ਨੇ ਗ੍ਰਿਫ਼ਤਾਰ ਹੋਏ ਅਕਾਲੀਆਂ ਨੂੰ ਰਿਹਾ ਕਰਨ ਦਾ ਇਸ ਸ਼ਰਤ 'ਤੇ ਫ਼ੈਸਲਾ ਕੀਤਾ ਕਿ ਉਹ ਗੁਰਦੁਆਰਾ ਐਕਟ ਅਨੁਸਾਰ ਕੰਮ ਕਰਨ ਲਈ ਲਿਖਿਤ ਰੂਪ ਵਿਚ ਵਿਸ਼ਵਾਸ ਦਿਵਾਉਣ। ਜਿਨ੍ਹਾਂ ਨੇ ਲਿਖ ਕੇ ਸਰਕਾਰ ਨੂੰ ਵਿਸ਼ਵਸਤ ਕਰਾ ਦਿੱਤਾ, ਉਨ੍ਹਾਂ ਨੂੰ 25 ਜਨਵਰੀ 1926 ਈ. ਨੂੰ ਮੁਕਤ ਕਰ ਦਿੱਤਾ ਗਿਆ, ਪਰ ਜਿਨ੍ਹਾਂ ਨੇ ਅਜਿਹਾ ਨ ਕੀਤਾ, ਉਹ ਕੈਦ ਹੀ ਰਹੇ। ਸਰਮੁਖ ਸਿੰਘ ਵਲੋਂ ਲਿਖ ਕੇ ਨ ਦੇਣ ਕਾਰਣ ਇਹ ਜੇਲ੍ਹ ਵਿਚ ਹੀ ਰਿਹਾ। ਇਸ ਨੂੰ ਬਾਦ ਵਿਚ 27 ਸਤੰਬਰ 1926 ਈ. ਨੂੰ ਛਡਿਆ ਗਿਆ।

ਸੰਨ 1927 ਈ. ਤੋਂ ਇਸ ਦਾ ਝੁਕਾਓ ਕਾਂਗ੍ਰਸ ਪਾਰਟੀ ਵਲ ਹੋਣ ਲਗ ਗਿਆ। ਸੰਨ 1930 ਈ. ਵਿਚ ਇਸ ਨੇ 'ਸਿਵਲ ਨਾ-ਫ਼ਰਮਾਨੀ ਅੰਦੋਲਨ' ਵਿਚ ਹਿੱਸਾ ਲੈ ਕੇ ਗ੍ਰਿਫ਼ਤਾਰੀ ਦਿੱਤੀ ਅਤੇ ਫਿਰ ਸੰਨ 1942 ਈ. ਵਿਚ 'ਭਾਰਤ ਛੋੜੋ ਅੰਦੋਲਨ' ਵਿਚ ਹਿੱਸਾ ਲਿਆ। ਪੰਜਾਬ ਦੀ ਵੰਡ ਤੋਂ ਬਾਦ ਇਸ ਨੂੰ ਲਾਇਲਪੁਰ ਵਿਚਲੀਆਂ ਜ਼ਮੀਨਾਂ ਦੇ ਬਦਲੇ ਜਲੰਧਰ ਦੇ ਨੇੜੇ ਜ਼ਮੀਨ ਮਿਲੀ ਅਤੇ ਇਸ ਨੇ ਜਲੰਧਰ ਨਗਰ ਵਿਚ ਆਪਣਾ ਠਿਕਾਣਾ ਬਣਾ ਲਿਆ। ਦੇਸ਼ ਦੀ ਵੰਡ ਅਤੇ ਰਾਜਨੈਤਿਕ ਕੁਚੱਕਰਾਂ ਤੋਂ ਨਿਰਾਸ਼ ਹੋ ਕੇ ਇਹ ਗੁੰਮਨਾਮੀ ਦੀ ਹਾਲਤ ਵਿਚ ਜਲੰਧਰ ਵਿਚ ਹੀ ਰਹਿੰਦਾ ਰਿਹਾ, ਜਿਥੇ 16 ਅਪ੍ਰੈਲ 1952 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਸਰਾਇ ਨਾਂਗਾ** : ਵੇਖੋ 'ਮਤੇ ਦੀ ਸਰਾਇ'।

**ਸ਼ਰਾਧ** : ਹਿੰਦੂ ਧਰਮ ਵਿਚ ਮ੍ਰਿਤ ਪਿਤਰਾਂ ਪ੍ਰਤਿ ਸ਼ਰਧਾ ਦੀ ਭਾਵਨਾ ਵਿਅਕਤ ਕਰਨ ਦੀ ਇਹ ਇਕ ਸਮਾਜਿਕ ਪ੍ਰਥਾ ਹੈ। ਸ਼ਰਧਾ ਪੂਰਵਕ ਸ਼ਾਸਤ੍ਰੀ ਵਿਧੀ ਨਾਲ ਪਿਤਰਾਂ ਦੀ ਤ੍ਰਿਪਤੀ ਲਈ ਕੀਤਾ ਗਿਆ ਧਾਰਮਿਕ ਕ੍ਰਿਤ ਹੀ 'ਸ਼ਰਾਧ' (ਸ਼੍ਰਾਧ) ਅਖਵਾਉਂਦਾ ਹੈ। ਪੁਰਾਤਨ ਗ੍ਰੰਥਾਂ ਵਿਚ ਇਸ ਦੇ ਕਈ ਭੇਦ ਮੰਨੇ ਗਏ ਹਨ। ਮਨੁ ਅਨੁਸਾਰ ਇਹ ਪੰਜ ਪ੍ਰਕਾਰ ਦੇ ਹਨ— ਨਿਤ੍ਯ, ਨੈਮਿਤਿਕ, ਕਾਮ੍ਯ, ਪਾਰਵਣ ਅਤੇ ਵ੍ਰਿੱਧੀ। ਵਿਸ਼ਵਾਮਿਤਰ ਨੇ 'ਨਿਤ੍ਯ ਸ਼੍ਰਾਧ' ਦੇ ਕਈ ਹੋਰ ਰੂਪ ਦਸ ਕੇ ਇਨ੍ਹਾਂ ਦੀ ਗਿਣਤੀ ਬਾਰ੍ਹਾਂ ਕੀਤੀ ਹੈ।

ਭਾਈ ਕਾਨ੍ਹ ਸਿੰਘ ਨੇ ਸ਼ਰਾਧ ਦੇ ਚਾਰ ਭੇਦ ਦਸੇ ਹਨ— ਨਿਤ੍ਯ, ਪਾਰਵਣ, ਕ੍ਸ਼ਯਾਹ ਅਤੇ ਮਹਾਲਯ। 'ਨਿਤ੍ਯ ਸ਼੍ਰਾਧ' ਤੋਂ ਭਾਵ ਹੈ ਨਿੱਤ ਦੇਵਤਾ/ਪਿਤਰਾਂ ਨੂੰ ਜਲ ਆਦਿ ਦੇਣਾ। 'ਪਾਰਵਣ-ਸ਼੍ਰਾਧ' ਉਹ ਹੈ ਜੋ ਅਮਾਵਸ ਆਦਿ ਪਰਵਾਂ ਉਤੇ ਕੀਤਾ ਜਾਂਦਾ ਹੈ। ਮੋਏ ਹੋਏ ਪਿਤਰਾਂ ਦੇ ਦੇਹਾਂਤ ਵਾਲੇ ਦਿਨਾਂ ਨੂੰ ਕੀਤਾ ਜਾਣ ਵਾਲਾ ਸ਼ਰਾਧ 'ਕ੍ਸ਼ਯਾਹ ਸ਼੍ਰਾਧ' ਅਖਵਾਉਂਦਾ ਹੈ ਅਤੇ, 'ਮਹਾਲਯ ਸ਼੍ਰਾਧ' ਉਹ ਹੈ ਜੋ ਅਸੂ ਮਹੀਨੇ ਦੇ ਪਹਿਲੇ ਪੱਖ ਵਿਚ ਕੀਤਾ ਜਾਂਦਾ ਹੈ।

ਸ਼ਰਾਧ ਨੂੰ ਕੇਵਲ ਤਿੰਨ ਪੀੜ੍ਹੀਆਂ ਤਕ ਸੀਮਿਤ ਰਖਿਆ ਜਾਂਦਾ ਹੈ— ਪਿਤਾ, ਦਾਦਾ ਅਤੇ ਪੜਦਾਦਾ। ਨਾਨਕੇ ਪੱਖ ਦੇ ਤਿੰਨ ਬਜ਼ੁਰਗਾਂ— ਨਾਨੇ, ਪੜਨਾਨੇ ਅਤੇ ਲਕੜਨਾਨੇ— ਦਾ ਸ਼ਰਾਧ ਕਰਨ ਦੀ ਵੀ ਕਿਤੇ ਕਿਤੇ ਪਰੰਪਰਾ ਹੈ। ਸ਼ਰਾਧ ਕੇਵਲ ਮਰਦ ਬਜ਼ੁਰਗਾਂ ਦਾ ਹੀ ਕੀਤਾ ਜਾਂਦਾ ਹੈ। ਮ੍ਰਿਤ ਇਸਤਰੀਆਂ ਬਾਰੇ ਸ਼ਰਾਧ ਕਰਨ ਦੀ ਪ੍ਰਥਾ ਨਹੀਂ ਹੈ।

ਆਮ ਤੌਰ 'ਤੇ ਸ਼ਰਾਧ ਤੋਂ ਭਾਵ ਅਸੂ ਦੇ ਮਹੀਨੇ ਵਿਚ ਪਿਤਰਾਂ ਦੇ ਨਿਮਿਤ ਦਿੱਤੇ ਗਏ ਦਾਨ, ਭੋਜਨ ਆਦਿ ਲਿਆ ਜਾਂਦਾ ਹੈ ਜਿਸ ਪਿਛੇ ਮਨੋਰਥ ਇਹ ਰਹਿੰਦਾ ਹੈ ਕਿ ਇਸ ਪ੍ਰਕਾਰ ਦਿੱਤੇ ਗਏ ਪਦਾਰਥ ਪਿਤਰਾਂ ਨੂੰ ਸਵਰਗ ਵਿਚ ਪ੍ਰਾਪਤ ਹੋ ਜਾਂਦੇ ਹਨ। ਮੂਲ ਰੂਪ ਵਿਚ ਦਾਨ ਆਦਿ ਆਪਣੀ ਔਕਾਤ ਅਨੁਸਾਰ ਪਿੱਤਰ-ਸ਼ਰਧਾ ਅਤੇ ਮਾਨਸਿਕ ਸ਼ੁੱਧੀ ਲਈ ਕੀਤਾ ਜਾਂਦਾ ਸੀ ਪਰ ਪੌਰਾਣਿਕ ਯੁਗ ਵਿਚ ਪੁਰੋਹਿਤਾਂ, ਪੰਡਿਆਂ ਆਦਿ ਨੇ ਆਪਣੇ ਆਰਥਿਕ ਹਿਤ ਲਈ ਸ਼ਰਾਧ ਨਾਲ ਕਈ ਪ੍ਰਕਾਰ ਦੇ ਮਹਾਤਮ ਕਲਪਿਤ ਕਰਕੇ ਧਰਮ ਤੋਂ ਡਰਨ ਵਾਲੇ ਵਿਅਕਤੀਆਂ ਦੀ ਸ਼ਰਧਾ ਦਾ ਅਨੁਚਿਤ ਲਾਭ ਉਠਾਇਆ ਹੈ।

ਗੁਰੂ ਨਾਨਕ ਦੇਵ ਜੀ ਇਸ ਪ੍ਰਕਾਰ ਦੇ ਕਰਮ ਜਾਂ ਪ੍ਰਥਾ ਦੇ ਵਿਰੋਧੀ ਸਨ। ਉਨ੍ਹਾਂ ਦੀ ਧਾਰਣਾ ਸੀ ਕਿ ਅਗਲੇ ਜੀਵਨ (ਪਰਲੋਕ) ਵਿਚ ਉਹੀ ਕੁਝ ਪ੍ਰਾਪਤ ਹੁੰਦਾ ਹੈ ਜੋ ਸ਼ਰੀਰਿਕ ਘਾਲਣਾ ਨਾਲ ਇਸ ਸੰਸਾਰ ਵਿਚ ਅਰਜਿਤ ਕੀਤਾ

ਜਾਂਦਾ ਹੈ। ਜੋ ਚੋਰੀ ਕਰਕੇ ਜਾਂ ਕਿਸੇ ਹੋਰ ਘਟੀਆ ਢੰਗ ਨਾਲ ਕਮਾਇਆ ਹੋਇਆ ਧਨ ਪਿੱਤਰਾਂ ਨਿਮਿਤ ਦਾਨ ਦੇ ਰੂਪ ਵਿਚ ਦੇ ਦਿੱਤਾ ਗਿਆ ਤਾਂ ਪਰਮਾਤਮਾ ਦੀ ਹਜ਼ੂਰੀ ਵਿਚ, ਵਾਸਤਵਿਕਤਾ ਦਾ ਗਿਆਨ ਹੋ ਜਾਣ 'ਤੇ, ਨਿਰਦੋਸ਼ ਪਿੱਤਰਾਂ ਨੂੰ ਵਿਅਰਥ ਵਿਚ ਚੋਰ ਘੋਸ਼ਿਤ ਕੀਤਾ ਜਾਵੇਗਾ ਅਤੇ ਪੁਰੋਹਿਤਾਂ ਰੂਪੀ ਦਲਾਲਾਂ ਦੇ ਹੱਥ, ਇਸ ਅਪਰਾਧ ਕਾਰਣ ਕਟੇ ਜਾਣਗੇ — *ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ। ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ। ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ। ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।* (ਗੁ.ਗ੍ਰੰ.472)। ਸੰਤ ਕਬੀਰ ਜੀ ਨੇ ਵੀ ਇਸ ਪ੍ਰਥਾ ਉਪਰ ਕਟਾਖ ਕਰਦਿਆਂ ਕਿਹਾ ਹੈ ਕਿ ਜੀਉਂਦਿਆਂ ਤਾਂ ਬਜ਼ੁਰਗਾਂ (ਪਿੱਤਰਾਂ) ਦਾ ਕੋਈ ਸਤਿਕਾਰ ਜਾਂ ਸੇਵਾ ਨਹੀਂ ਕਰਦਾ, ਫਿਰ ਮਰਿਆਂ ਹੋਇਆਂ ਦਾ ਸ਼ਰਾਧ ਕਰਨ ਦਾ ਕੀ ਪ੍ਰਯੋਜਨ ਹੈ— *ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ। ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ।* (ਗੁ.ਗ੍ਰੰ.332)।

**ਸਰੂਪ ਦਾਸ ਭੱਲਾ, ਬਾਵਾ** : ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਲਿਖੇ ਪਹਿਲੇ ਕਾਵਿ-ਪ੍ਰਬੰਧ ਦਾ ਰਚੈਤਾ। ਵੇਖੋ 'ਮਹਿਮਾ ਪ੍ਰਕਾਸ਼' (ਕਾਵਿ)।

**ਸਰੋਪਾ** : ਵੇਖੋ 'ਸਿਰਪਾਉ'।

**ਸਰੋਵਰ** : ਸੰਸਕ੍ਰਿਤ ਦੇ ਇਸ ਸ਼ਬਦ ਦਾ ਅਰਥ ਹੈ — ਤਾਲਾਬ, ਤਾਲ, ਸਰ। ਮਨੁੱਖ ਜੀਵਨ ਵਿਚ ਜਲਾਸ਼ਯ ਦਾ ਮਹੱਤਵ ਸ਼ੁਰੂ ਤੋਂ ਹੀ ਚਲਦਾ ਆ ਰਿਹਾ ਹੈ। ਇਸੇ ਦ੍ਰਿਸ਼ਟੀ ਤੋਂ ਕਈ ਦਰਿਆਵਾਂ ਦੀ ਮਹੱਤਵ-ਸਥਾਪਨਾ ਹੋਈ ਹੈ। ਕਈ ਝੀਲਾਂ, ਤਾਲਾਬਾਂ ਨਾਲ ਵੀ ਅਧਿਆਤਮਿਕ ਮਾਨਤਾਵਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਦਰਿਆਵਾਂ ਜਾਂ ਝੀਲਾਂ ਜਾਂ ਤਾਲਾਬਾਂ ਵਿਚ ਇਸ਼ਨਾਨ ਕਰਨ ਦੇ ਅਨੇਕ ਮਹਾਤਮ ਪੁਰਾਣ ਸਾਹਿਤ ਵਿਚ ਲਿਖੇ ਮਿਲ ਜਾਂਦੇ ਹਨ। ਇਨ੍ਹਾਂ ਵਿਚ ਕੀਤਾ ਇਸ਼ਨਾਨ ਭਵ-ਸਾਗਰ ਤੋਂ ਤਰਨ ਲਈ ਉਪਯੋਗੀ ਸਮਝਿਆ ਜਾਂਦਾ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਨਾਲ ਸੰਬੰਧਿਤ ਸਥਾਨਾਂ ਨੂੰ 'ਤੀਰਥ' (ਵੇਖੋ) ਕਿਹਾ ਗਿਆ ਹੈ।

ਗੁਰਬਾਣੀ ਵਿਚ ਤੀਰਥ ਇਸ਼ਨਾਨ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ ਕਿਉਂਕਿ ਗੁਰੂ ਨਾਨਕ ਦੇਵ ਜੀ ਅਨੁਸਾਰ —*ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ।* (ਗੁ.ਗ੍ਰੰ.61) —ਤੀਰਥ ਨਹਾਉਣ ਦਾ ਉਦੋਂ ਤਕ ਕੋਈ ਲਾਭ ਨਹੀਂ, ਜਦੋਂ ਤਕ ਮਨ ਵਿਚੋਂ ਹੰਕਾਰ ਦੀ ਮੈਲ ਦੂਰ ਨਹੀਂ ਹੁੰਦੀ। ਸੱਚਾ ਤੀਰਥ-ਇਸ਼ਨਾਨ ਤਾਂ ਨਾਮ ਦੀ ਆਰਾਧਨਾ ਜਾਂ ਗੁਰੂ-ਸ਼ਬਦ ਦਾ ਚਿੰਤਨ ਹੈ— *ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ। ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।* (ਗੁ.ਗ੍ਰੰ.687)। ਸਹੀ ਅਰਥਾਂ ਵਿਚ ਇਸ਼ਨਾਨ ਤਾਂ ਗੁਰੂ ਦੀ ਪ੍ਰਾਪਤੀ ਹੈ ਕਿਉਂਕਿ ਗੁਰੂ ਆਪਣੇ ਸੇਵਕ ਨੂੰ ਪਸ਼ੂ ਅਤੇ ਪ੍ਰੇਤ ਤੋਂ ਦੇਵਤਾ ਬਣਾ ਸਕਦਾ ਹੈ— *ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ। ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ।* (ਗੁ.ਗ੍ਰੰ.1329)।

ਸਿੱਖ-ਧਰਮ ਵਿਚ ਗੁਰੂ ਦੀ ਸ਼ਰਣ ਵਿਚ ਆ ਕੇ ਸ਼ੁੱਧ ਹਿਰਦੇ ਨਾਲ ਕੀਤਾ ਇਸ਼ਨਾਨ ਪ੍ਰਵਾਨਿਤ ਹੈ। ਇਸ ਲਈ ਗੁਰੂ-ਧਾਮਾਂ ਨਾਲ ਸਰੋਵਰ ਬਣਾਉਣ ਦੀ ਲੰਬੀ ਪਰੰਪਰਾ ਹੈ। ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਬਾਉਲੀ ਦੀ ਉਸਾਰੀ ਕਰਵਾ ਕੇ ਹਿੰਦੂ ਧਰਮ ਦੇ ਸਮਾਨਾਂਤਰ ਉਪਚਾਰਕ ਤੀਰਥ ਦੀ ਥਾਂ 'ਤੇ ਵਾਸਤਵਿਕ ਤੀਰਥ ਜਾਂ ਇਸ਼ਨਾਨ-ਗ੍ਰਿਹ ਬਣਾਉਣ ਦੀ ਵਿਵਸਥਾ ਕੀਤੀ ਤਾਂ ਜੋ ਸਿੱਖ ਅਤੇ ਗੁਰੂ ਦਾ ਸੰਬੰਧ ਸੱਚੇ ਅਰਥਾਂ ਵਿਚ ਪ੍ਰਗਟ ਹੋ ਸਕੇ। ਗੁਰੂ ਰਾਮਦਾਸ ਜੀ ਨੇ ਹਰਿਮੰਦਿਰ ਸਾਹਿਬ ਦੇ ਨਾਲ ਸਰੋਵਰ ਬਣਵਾ ਕੇ ਨਾਮ-ਸਾਧਨਾ ਵਿਚ ਮਗਨ ਜਿਗਿਆਸੂਆਂ ਲਈ ਭਵਸਾਗਰ ਤਰਨ ਦੀ ਸਥਾਈ ਵਿਵਸਥਾ ਕੀਤੀ ਅਤੇ ਗੁਰੂ ਅਰਜਨ ਦੇਵ ਜੀ ਨੇ ਜਿਗਿਆਸੂ ਦੇ ਤਰਨ ਲਈ ਤਰਨਤਾਰਨ ਗੁਰੂ-ਧਾਮ ਅਤੇ ਸਰੋਵਰ ਦੀ ਵਿਵਸਥਾ ਕੀਤੀ। ਪਰਵਰਤੀ ਕਾਲ ਵਿਚ ਇਸ ਤਰ੍ਹਾਂ ਦੀ ਇਕ ਪਰੰਪਰਾ ਹੀ ਚਲ ਪਈ। ਹੁਣ ਮੁੱਖ ਮੁੱਖ ਇਤਿਹਾਸਿਕ ਗੁਰੂ-ਧਾਮਾਂ ਨਾਲ ਸਰੋਵਰ ਬਣੇ ਹੋਏ ਹਨ ਅਤੇ ਜੋ ਗੁਰੂ-ਧਾਮ ਦਰਿਆਵਾਂ ਦੇ ਕੰਢੇ ਉਤੇ ਸਥਿਤ ਹਨ, ਉਥੇ ਨਦੀਆਂ ਹੀ ਸਰੋਵਰ ਦੀ ਸਥਾਨ-ਪੂਰਤੀ ਕਰਦੀਆਂ ਹਨ।

ਸਰੋਵਰ ਦਾ ਸਿੱਖ-ਧਰਮ ਵਿਚ ਇਸ ਪੱਖੋਂ ਵੀ ਮਹੱਤਵ ਹੈ ਕਿ ਜਿਗਿਆਸੂਆਂ ਦੁਆਰਾ ਪਹਿਲਾਂ ਕਾਇਆ ਨੂੰ ਸਵੱਛ ਕਰਕੇ ਹੀ ਧਰਮ-ਧਾਮ ਵਿਚ ਪ੍ਰਵੇਸ਼ ਕਰਨਾ ਉਚਿਤ ਹੈ। ਇਸ ਮੰਤਵ ਦੀ ਪੂਰਤੀ ਲਈ ਸਰੋਵਰ ਜਨ-ਸਮੂਹ ਦੇ ਇਸ਼ਨਾਨ ਲਈ ਇਕ ਸਰਵ-ਸੁਲਭ ਸਾਧਨ ਹੈ।

ਪਰ ਸ਼ਰਤ ਇਹੋ ਹੈ ਕਿ ਸ਼ੁੱਧ ਹਿਰਦੇ ਨਾਲ ਕੀਤਾ ਇਸ਼ਨਾਨ ਹੀ ਫਲੀਭੂਤ ਹੁੰਦਾ ਹੈ— *ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।* (ਗੁ.ਗ੍ਰੰ.611)।

**ਸਲੂਰੀ** (ਪਿੰਡ) : ਹਿਮਾਚਲ ਪ੍ਰਦੇਸ਼ ਦਾ ਇਕ ਪ੍ਰਸਿੱਧ ਪਿੰਡ ਜੋ ਊਨਾ ਤੋਂ ਲਗਭਗ 16 ਕਿ.ਮੀ. ਦੀ ਦੂਰੀ 'ਤੇ ਊਨਾ-ਅੰਬ ਸੜਕ ਉਤੇ ਵਸਿਆ ਹੈ। ਰਵਾਇਤ ਅਨੁਸਾਰ ਸੰਨ 1691 ਈ. ਦੇ ਸ਼ੁਰੂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਨਦੌਣ ਜਾ ਰਹੇ ਸਨ, ਤਾਂ ਇਸ ਪਿੰਡ ਵਿਚ ਕੁਝ ਦੇਰ ਲਈ ਠਹਿਰੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਸੰਨ 1829 ਈ. ਵਿਚ ਪਹਾੜੀ ਉਤੇ ਉਸ ਥਾਂ 'ਤੇ ਸਮਾਰਕ ਵਜੋਂ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਉਸਰਵਾਇਆ ਸੀ। ਇਸ ਦੀ ਦੇਖ-ਭਾਲ ਕਿਲ੍ਹਾ ਆਨੰਦਗੜ੍ਹ ਦੇ ਸੰਤ ਸੇਵਾ ਸਿੰਘ ਦੇ ਸੇਵਕ ਕਰਦੇ ਹਨ।

**ਸ਼ਲੋਕ** : ਇਹ ਅਧਿਆਤਮਿਕ ਅਨੁਭੂਤੀ ਨੂੰ ਸੰਖੇਪ ਵਿਚ ਅਭਿਵਿਅਕਤ ਕਰਨ ਵਾਲਾ ਸ਼ੈਲੀਗਤ ਕਾਵਿ ਰੂਪ ਹੈ। ਇਸ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਆਮ ਹੋਈ ਹੈ। ਖ਼ਾਸ ਕਰਕੇ ਵਾਰਾਂ, ਕੁਝ ਵੱਡੀਆਂ ਬਾਣੀਆਂ ਅਤੇ ਰਾਗਾਂ ਤੋਂ ਮੁਕਤ ਅੰਤ ਉਤੇ ਸੰਕਲਿਤ ਰਚਨਾਵਾਂ ਵਿਚ, ਜਿਵੇਂ ਸਹਸਕ੍ਰਿਤੀ ਸ਼ਲੋਕ, ਸ਼ਲੋਕ ਮਹਲਾ ੯, ਸ਼ਲੋਕ ਵਾਰਾਂ ਤੇ ਵਧੀਕ, ਆਦਿ। ਇਹ ਸ਼ਲੋਕ ਕਿਸੇ ਨਿਸਚਿਤ ਛੰਦ-ਰੂਪ ਜਾਂ ਪ੍ਰਕਾਰ ਨੂੰ ਅਪਣਾ ਕੇ ਨਹੀਂ ਲਿਖੇ ਗਏ। ਕੁਝ ਵਿਦਵਾਨਾਂ ਨੇ ਕਿਤੇ ਕਿਤੇ ਇਨ੍ਹਾਂ ਵਿਚ ਉਲਾਲਾ, ਚੰਦ੍ਰਮਣਿ, ਸਰਸੀ, ਹਾਕਲ, ਸਾਰ, ਦੋਹਿਰਾ, ਆਦਿ ਛੰਦ-ਲੱਛਣਾਂ ਦੀ ਛਾਇਆ ਦਸੀ ਹੈ, ਪਰ ਇਹ ਵਾਧੂ ਦੀ ਖਿਚ-ਤਾਣ ਹੈ। ਅਸਲ ਵਿਚ, ਇਸ ਗ੍ਰੰਥ ਵਿਚਲੇ ਸ਼ਲੋਕਾਂ ਤੋਂ ਭਾਵ ਹੈ ਕਾਵਿ-ਤੁਕ ਜਾਂ ਕਾਵਿ-ਤੁਕਾਂ ਦਾ ਸਮੂਹ ਜਿਸ ਵਿਚ ਇਕ ਹੀ ਭਾਵ ਜਾਂ ਵਿਚਾਰ ਦੀ ਪ੍ਰਧਾਨਤਾ ਹੋਵੇ। ਸ਼ਲੋਕ ਵਿਚ ਕਿਸੇ ਇਕ ਵਿਸ਼ੇ ਨੂੰ ਲੈ ਕੇ ਬਾਣੀਕਾਰ ਆਪਣਾ ਮਤ ਪ੍ਰਗਟ ਕਰਨਾ ਸ਼ੁਰੂ ਕਰਦੇ ਹਨ ਅਤੇ ਜਦੋਂ ਤਕ ਉਸ ਮਤ ਜਾਂ ਵਿਚਾਰ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਨਹੀਂ ਹੋ ਜਾਂਦੀ, ਤਦ ਤਕ ਸ਼ਲੋਕ ਦੀ ਰਚਨਾ-ਪ੍ਰਕ੍ਰਿਆ ਚਲਦੀ ਰਹਿੰਦੀ ਹੈ, ਚਾਹੇ ਉਹ ਕਿਤਨੀਆਂ ਹੀ ਤੁਕਾਂ ਦਾ ਕਿਉਂ ਨ ਬਣ ਜਾਏ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੋਂ ਲੈ ਕੇ 26 ਤੁਕਾਂ ਤਕ ਦੇ ਸ਼ਲੋਕ ਮਿਲਦੇ ਹਨ।

ਸ਼ਲੋਕਾਂ ਵਿਚ ਰੂਪਾਕਾਰ ਦੀ ਥਾਂ ਭਾਵ-ਪੱਖ ਦੀ ਪ੍ਰਧਾਨਤਾ ਹੈ। ਤੁਕਾਂਤ ਵਲ ਵੀ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਗਿਆ। ਇਹ ਰਾਗ ਦੇ ਬੰਧਨ ਨੂੰ ਤਾਂ ਸਵੀਕਾਰ ਕਰਦੇ ਹਨ, ਪਰ ਛੰਦ-ਨਿਯਮ ਨੂੰ ਨਹੀਂ। ਇਨ੍ਹਾਂ ਦੀ ਪ੍ਰਧਾਨ ਸ਼ੈਲੀ ਪਾਖੰਡ-ਖੰਡਨੀ ਹੈ।

ਸ਼ਲੋਕਾਂ ਦਾ ਵਿਸ਼ੇ-ਖੇਤਰ ਬਹੁਤ ਵਿਸ਼ਾਲ ਹੈ। ਅਧਿਕਾਂਸ਼ ਸ਼ਲੋਕਾਂ ਵਿਚ ਯੁਗ-ਚਿਤ੍ਰਣ ਬੜੇ ਸਜੀਵ ਢੰਗ ਨਾਲ ਹੋਇਆ ਹੈ ਅਤੇ ਕਿਤੇ ਕਿਤੇ ਪਰੰਪਰਾਗਤ ਅਤੇ ਰੂੜ੍ਹ ਧਾਰਮਿਕ ਕਰਮ-ਕਾਂਡਾਂ ਅਤੇ ਅਨੁਸ਼ਠਾਨਾਂ ਦੀ ਤੀਬਰ ਆਲੋਚਨਾ ਵੀ ਹੋਈ ਹੈ ਅਤੇ ਉਨ੍ਹਾਂ ਦੇ ਸਮਾਨਾਂਤਰ ਯੁਗ ਦੀ ਲੋੜ ਅਨੁਸਾਰ ਕਲਿਆਣਕਾਰੀ ਸੁਝਾ ਦਿੱਤੇ ਗਏ ਹਨ। ਕੁਝ ਸ਼ਲੋਕਾਂ ਦਾ ਸੰਬੰਧ ਪਰਮਾਤਮਾ ਦੀ ਉਸਤਤ ਨਾਲ, ਕੁਝ ਦਾ ਭਗਤੀ-ਭਾਵਨਾ ਨਾਲ ਅਤੇ ਕੁਝ ਦਾ ਚਰਿਤ੍ਰ-ਨਿਰਮਾਣ ਨਾਲ ਵੀ ਹੈ। ਇਨ੍ਹਾਂ ਸ਼ਲੋਕਾਂ ਪਿਛੇ ਨਿੱਤ ਵਾਪਰਨ ਵਾਲੀਆਂ ਘਟਨਾਵਾਂ ਜਾਂ ਛਿਣਕ ਅਨੁਭਵਾਂ ਜਾਂ ਸਮਸਿਆਵਾਂ ਨੂੰ ਰੂਪਾਇਤ ਕੀਤਾ ਗਿਆ ਹੈ। ਇਨ੍ਹਾਂ ਵਿਚ ਭਾਵਨਾ ਦੀ ਥਾਂ ਬੌਧਿਕਤਾ ਅਤੇ ਨਿਸ਼ਠਾ ਦੀ ਥਾਂ ਤਰਕ-ਵਿਤਰਕ ਅਧਿਕ ਹੈ। ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਪੰਜ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ— ਪ੍ਰਭੂ ਉਸਤਤ ਸੰਬੰਧੀ, ਸਮਾਜਿਕ ਕੁਰੀਤੀਆਂ ਦੇ ਖੰਡਨ ਸੰਬੰਧੀ, ਧਾਰਮਿਕ ਕਰਮ-ਕਾਂਡਾਂ ਪ੍ਰਤਿ ਉਪੇਖਿਆ ਸੰਬੰਧੀ, ਰਾਜਨੈਤਿਕ ਭ੍ਰਿਸ਼ਟਾਚਾਰ ਦੇ ਵਿਰੋਧ ਸੰਬੰਧੀ ਅਤੇ ਸਦਾਚਾਰ ਸੰਬੰਧੀ।

**ਸਲੋਕ ਸਹਸਕ੍ਰਿਤੀ** (ਬਾਣੀ) : ਇਸ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਰਾਗ ਮੁਕਤ ਬਾਣੀਆਂ' ਵਿਚ ਪਹਿਲੇ ਸਥਾਨ ਉਤੇ ਸ਼ਾਮਲ ਕੀਤੀ ਗਈ ਹੈ। 'ਸਹਸਕ੍ਰਿਤੀ' ਸ਼ਬਦ 'ਸੰਸਕ੍ਰਿਤ' ਸ਼ਬਦ ਦਾ ਪ੍ਰਾਕ੍ਰਿਤ ਰੂਪ ਹੈ। ਇਹ ਉਸ ਭਾਸ਼ਾ ਲਈ ਵਰਤਿਆ ਜਾਂਦਾ ਹੈ ਜੋ ਸੰਸਕ੍ਰਿਤ ਦੀਆਂ ਲੀਹਾਂ ਉਤੇ ਪਾਲੀ ਅਤੇ ਪ੍ਰਾਕ੍ਰਿਤ ਦੇ ਸੰਯੋਗ ਨਾਲ ਬਣੀ ਸੀ ਅਤੇ ਆਮ ਤੌਰ 'ਤੇ ਮੁੱਢਲੇ ਸਿੱਧਾਂ, ਨਾਥਾਂ, ਆਦਿ ਦੇ ਡੇਰਿਆਂ ਉਤੇ ਬੋਲੀ ਜਾਂਦੀ ਸੀ। ਮੱਧ-ਯੁਗ ਵਿਚ ਜਿਵੇਂ ਸਾਧ-ਭਾਖਾ ਸਾਰੇ ਹਿੰਦੁਸਤਾਨ ਵਿਚ ਸਮਝੀ ਜਾਂਦੀ ਸੀ, ਉਸੇ ਤਰ੍ਹਾਂ ਅਪਭ੍ਰੰਸ਼ ਦੇ ਵਿਕਸਿਤ ਹੋਣ ਤੋਂ ਪਹਿਲਾਂ ਇਹ ਭਾਸ਼ਾ ਅਧਿਆਤਮਿਕ ਵਿਚਾਰ-ਵਟਾਂਦਰੇ ਲਈ ਸਰਬੱਤ੍ਰ ਪ੍ਰਵਾਨ ਸੀ। ਇਸ ਦਾ ਇਕ ਨਾਮਾਂਤਰ 'ਗਾਥਾ' (ਵੇਖੋ) ਵੀ ਹੈ।

ਇਸ ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਲੋਕ ਦਰਜ ਹਨ। ਗੁਰੂ ਨਾਨਕ ਦੇਵ ਜੀ ਦੇ ਕੁਲ ਚਾਰ ਸ਼ਲੋਕ ਹਨ। ਇਨ੍ਹਾਂ ਵਿਚੋਂ ਤਿੰਨ — ਪਹਿਲਾ, ਤੀਜਾ ਅਤੇ ਚੌਥਾ — ਸ਼ਲੋਕ 'ਆਸਾ ਕੀ ਵਾਰ' ਦੀ 14ਵੀਂ ਪਉੜੀ ਨਾਲ ਵੀ ਦਰਜ ਹਨ। ਉਥੇ ਦਿੱਤੇ ਰਚੈਤਾ-ਸੰਕੇਤ ਅਨੁਸਾਰ ਪਹਿਲਾ ਸ਼ਲੋਕ ਗੁਰੂ ਨਾਨਕ ਦੇਵ ਜੀ ਦਾ ਹੈ ਅਤੇ ਬਾਕੀ ਦੋ ਗੁਰੂ ਅੰਗਦ ਦੇਵ ਜੀ ਦੇ ਹਨ। ਦੂਜਾ ਸ਼ਲੋਕ 'ਮਾਝ ਕੀ ਵਾਰ' ਦੀ 23ਵੀਂ ਪਉੜੀ ਨਾਲ ਗੁਰੂ ਅੰਗਦ ਦੇਵ ਜੀ ਦੇ ਨਾਂ ਅਧੀਨ ਦਰਜ ਹੈ। ਇਸ ਤਰ੍ਹਾਂ ਇਨ੍ਹਾਂ ਵਿਚੋਂ ਪਹਿਲੇ ਨੂੰ ਛਡ ਕੇ ਬਾਕੀ ਤਿੰਨ ਸ਼ਲੋਕਾਂ ਦਾ ਕਰਤ੍ਰਿਤਵ ਸੰਦਿਗਧ ਹੈ। ਇਨ੍ਹਾਂ ਵਿਚੋਂ ਪਹਿਲੇ ਦੀਆਂ ਦਸ, ਦੂਜੇ ਤੇ ਤੀਜੇ ਦੀਆਂ ਚਾਰ ਚਾਰ ਅਤੇ ਚੌਥੇ ਦੀਆਂ ਤਿੰਨ ਤੁਕਾਂ ਹਨ। ਇਨ੍ਹਾਂ ਵਿਚ ਬ੍ਰਾਹਮਣਾਂ, ਯੋਗੀਆਂ ਆਦਿ ਦੁਆਰਾ ਕੀਤੇ ਦਿਖਾਵੇ ਦੇ ਕਰਮਾਂ ਦਾ ਖੰਡਨ ਕਰਦੇ ਹੋਇਆਂ ਪਰਮਾਤਮਾ ਨਾਲ ਸੱਚੀ ਪ੍ਰੀਤ ਪਾਉਣ ਦਾ ਉਪਦੇਸ਼ ਦਿੱਤਾ ਗਿਆ ਹੈ— *ਜੈ ਜਾਨਸਿ ਬ੍ਰਹਮੰ ਕਰਮੰ। ਸਭ ਫੋਕਟ ਨਿਸਚੈ ਕਰਮੰ।* ਸੱਚੇ ਪ੍ਰੇਮ ਦਾ ਮਾਰਗ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਨਾਮ-ਸਿਮਰਨ ਦੁਆਰਾ ਅਧਿਆਤਮਿਕ ਸਿੱਧੀ ਹਾਸਲ ਹੁੰਦੀ ਹੈ। ਪਰਮਾਤਮਾ ਸਾਰਿਆਂ ਦੇਵਤਿਆਂ ਦਾ ਸ਼ਿਰੋਮਣੀ ਦੇਵ ਹੈ।

ਇਸ ਸਿਰਲੇਖ ਅਧੀਨ 67 ਸ਼ਲੋਕ ਗੁਰੂ ਅਰਜਨ ਦੇਵ ਜੀ ਦੇ ਵੀ ਦਰਜ ਹਨ। ਇਨ੍ਹਾਂ ਵਿਚੋਂ ਦੋ ਤੋਂ ਲੈ ਕੇ ਸੱਤ ਤਕ ਤੁਕਾਂ ਹਨ। ਤੁਕਾਂ ਦੇ ਆਕਾਰ-ਪ੍ਰਕਾਰ ਬਾਰੇ ਕੋਈ ਨਿਸਚਿਤ ਵਿਧਾਨ ਨਹੀਂ ਹੈ। ਇਨ੍ਹਾਂ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਮਨੁੱਖ ਨਾਲ ਸਦਾ ਨਿਭਣ ਵਾਲਾ ਸਾਥੀ ਕੇਵਲ ਰਾਮ-ਨਾਮ ਹੈ। ਪਰ ਮਾਇਆ ਦੇ ਪ੍ਰਭਾਵ ਕਰਕੇ ਮਨੁੱਖ ਆਪਣੇ ਵਾਸਤਵਿਕ ਸਾਥੀ ਨੂੰ ਭੁਲਾ ਕੇ ਵਿਸ਼ੇ-ਵਾਸਨਾਵਾਂ ਵਿਚ ਫਸਿਆ ਰਹਿੰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਅਤੇ ਗੁਰੂ ਦੀ ਅਗਵਾਈ ਦੁਆਰਾ ਮਨੁੱਖ ਨੂੰ ਸਹੀ ਸੂਝ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਸਾਧ-ਸੰਗਤ ਵਿਚ ਜਾ ਕੇ ਨਾਮ ਦਾ ਸਿਮਰਨ ਕਰਦਾ ਹੈ। ਉਸ ਲਈ ਦੁਖ-ਸੁਖ, ਮਾਨ-ਅਪਮਾਨ ਸਭ ਸਮਾਨ ਹੋ ਜਾਂਦੇ ਹਨ, ਕਿਸੇ ਪ੍ਰਕਾਰ ਦਾ ਕੋਈ ਬਾਹਰਲਾ ਅਸਰ ਨਹੀਂ ਰਹਿੰਦਾ। ਹਿਰਦੇ ਵਿਚ ਦ੍ਵੈਤ-ਭਾਵ ਰਖ ਕੇ ਕੀਤੇ ਸਾਰੇ ਕਰਮ ਅਤੇ ਚਿੰਨ੍ਹ ਵਿਅਰਥ ਹਨ। ਇਸ ਲਈ ਇਨ੍ਹਾਂ ਨੂੰ ਤਿਆਗਣਾ ਚਾਹੀਦਾ ਹੈ। ਅਸਲ ਵਿਚ, ਮਨੁੱਖ ਦਾ ਉੱਧਾਰ ਪਰਮਾਤਮਾ ਦੀ ਕ੍ਰਿਪਾ ਦੁਆਰਾ ਪ੍ਰਾਪਤ ਸਾਧ-ਸੰਗਤ ਵਿਚ ਜਾਣ ਨਾਲ ਹੁੰਦਾ ਹੈ— *ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ ਖੰਡਣਹ। ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ।59।* (ਗੁ.ਗ੍ਰੰ.1359)।

ਮਾਇਆ ਦੁਆਰਾ ਮਨੁੱਖ ਵਿਚ ਅਨੇਕ ਪ੍ਰਕਾਰ ਦੇ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਸਰੂਪ ਉਤੇ ਪ੍ਰਕਾਸ਼ ਪਾਉਂਦਿਆਂ ਇਨ੍ਹਾਂ ਦੁਆਰਾ ਪ੍ਰਾਪਤ ਹੋਣ ਵਾਲੇ ਅਧਿਆਤਮਿਕ ਕਸ਼ਟਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਵਿਕਾਰਾਂ ਨੂੰ ਤਿਆਗ ਕੇ ਸੱਚੇ ਦਿਲੋਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੇ।

**ਸਲੋਕ ਸੇਖ ਫਰੀਦ ਕੇ :** ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਮੁਕਤ ਬਾਣੀ ਦੇ ਇਸ ਸਿਰਲੇਖ ਅਧੀਨ ਕੁਲ 130 ਸ਼ਲੋਕ ਦਰਜ ਹਨ। ਇਨ੍ਹਾਂ ਵਿਚੋਂ ਚਾਰ ਸ਼ਲੋਕ (ਅੰਕ 32, 113, 120, 124) ਗੁਰੂ ਨਾਨਕ ਦੇਵ ਜੀ, ਪੰਜ (13, 52, 104, 122, 123) ਗੁਰੂ ਅਮਰਦਾਸ ਜੀ ਦੇ, ਇਕ (121) ਗੁਰੂ ਰਾਮਦਾਸ ਜੀ ਦਾ ਅਤੇ ਅੱਠ (ਅੰਕ 75, 82, 83, 105, 108, 109, 110, 111) ਗੁਰੂ ਅਰਜਨ ਦੇਵ ਜੀ ਦੇ ਹਨ। ਇਹ ਸ਼ਲੋਕ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਪ੍ਰਸੰਗ/ਭਾਵ ਅਨੁਰੂਪ ਦਰਜ ਕੀਤੇ ਸਨ। ਕੁਝ ਵਿਦਵਾਨ ਇਨ੍ਹਾਂ ਨੂੰ ਫ਼ਰੀਦ ਦੇ ਸ਼ਲੋਕਾਂ ਉਤੇ ਗੁਰੂ ਸਾਹਿਬਾਨ ਦੀ ਟਿੱਪਣੀ ਮੰਨਦੇ ਹਨ ਅਤੇ ਕੁਝ ਦਾ ਮਤ ਹੈ ਕਿ ਫ਼ਰੀਦ ਜੀ ਦੇ ਭਾਵਾਂ ਨੂੰ ਅਧਿਕ ਸਪੱਸ਼ਟ ਕਰਨ ਜਾਂ ਵਿਸਤਾਰ ਦੇਣ ਲਈ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਜੋੜਿਆ ਸੀ। ਬਾਬਾ ਫ਼ਰੀਦ ਦੇ ਸ਼ਲੋਕ ਅਧਿਕਤਰ ਦੋ ਦੋ ਤੁਕਾਂ ਦੇ ਹਨ। ਪਹਿਲਾ ਸ਼ਲੋਕ ਅੱਠ ਤੁਕਾਂ ਦਾ ਹੈ ਅਤੇ ਕੁਝ ਸ਼ਲੋਕ ਤਿੰਨ, ਚਾਰ ਅਤੇ ਛੇ ਤੁਕਾਂ ਦੇ ਵੀ ਹਨ। ਇਨ੍ਹਾਂ ਦੀ ਭਾਸ਼ਾ ਲਹਿੰਦੀ ਨੁਹਾਰ ਵਾਲੀ ਪੰਜਾਬੀ ਹੈ। ਭਾਵ ਨੂੰ ਇਤਨੀ ਸਰਲਤਾ ਨਾਲ ਪ੍ਰਗਟਾਇਆ ਗਿਆ ਹੈ ਕਿ ਅਨੇਕ ਸ਼ਲੋਕ ਸਤਿ-ਕਥਨਾਂ ਦਾ ਰੂਪ ਧਾਰਣ ਕਰ ਗਏ ਹਨ। ਸ਼ੇਖ ਫ਼ਰੀਦ ਜੀ ਨੇ ਇਨ੍ਹਾਂ ਸ਼ਲੋਕਾਂ ਵਿਚ ਸੰਸਾਰ ਦੀ ਨਾਸ਼ਮਾਨਤਾ, ਰੱਬੀ-ਪ੍ਰੇਮ, ਨੈਤਿਕ ਆਚਾਰ ਅਤੇ ਨੇਕ ਕਮਾਈ ਕਰਨ ਉਤੇ ਬਲ ਦਿੱਤਾ ਹੈ। ਵਿਸਤਾਰ ਲਈ ਵੇਖੋ 'ਫ਼ਰੀਦ, ਬਾਬਾ (ਵਿਚਾਰਧਾਰਾ, ਸਾਹਿਤਿਕਤਾ)'।

**ਸਲੋਕ ਭਗਤ ਕਬੀਰ ਜੀਉ ਕੇ** : ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਅਧੀਨ ਕੁਲ 243 ਸ਼ਲੋਕ ਦਰਜ ਹਨ। ਇਨ੍ਹਾਂ ਵਿਚੋਂ ਪੰਜ ਸ਼ਲੋਕ (ਅੰਕ 209-11, 214 ਅਤੇ 221) ਗੁਰੂ ਅਰਜਨ ਦੇਵ ਜੀ ਦੇ ਹਨ ਅਤੇ ਇਕ ਸ਼ਲੋਕ (ਅੰਕ 220) ਗੁਰੂ ਅਮਰਦਾਸ ਜੀ ਦਾ ਹੈ। ਗੁਰੂ ਸਾਹਿਬਾਨ ਦੇ ਇਹ ਸ਼ਲੋਕ ਭਾਵ-ਸਮਾਨਤਾ ਅਤੇ ਸਪੱਸ਼ਟਤਾ ਵਜੋਂ ਕਬੀਰ ਜੀ ਨੂੰ ਸੰਬੋਧਨ ਕੀਤੇ ਹੋਏ ਹਨ। ਦੋ ਦੋ ਤੁਕਾਂ ਵਾਲੇ ਇਨ੍ਹਾਂ ਸ਼ਲੋਕਾਂ ਦੀ ਭਾਸ਼ਾ ਸਧੁੱਕੜੀ ਅਤੇ ਸ਼ਬਦਾਵਲੀ ਢੁੱਕਵੀਂ ਹੈ।

ਇਨ੍ਹਾਂ ਸ਼ਲੋਕਾਂ ਨੂੰ 'ਕਬੀਰ ਗ੍ਰੰਥਾਵਲੀ' ਆਦਿ ਦੇਵ-ਨਾਗਰੀ ਸੰਸਕਰਣਾਂ ਅੰਦਰ ਜਾਂ ਕਬੀਰ-ਪੰਥੀਆਂ ਵਿਚ 'ਸਾਖੀ'/'ਸਾਖੀਆਂ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। 'ਸਾਖੀ' ਉਪਦੇਸ਼ ਪ੍ਰਧਾਨ ਕਾਵਿ-ਰੂਪ ਹੈ। ਨਾਥ-ਪੰਥੀਆਂ ਅਤੇ ਨਿਰਗੁਣਵਾਦੀ ਸੰਤਾਂ ਨੇ ਵੈਰਾਗ, ਨੀਤੀ, ਗਿਆਨ ਅਤੇ ਮਾਨਵ-ਏਕਤਾ ਦੀਆਂ ਭਾਵਨਾਵਾਂ ਪ੍ਰਗਟ ਕਰਨ ਵੇਲੇ ਸਾਖੀਆਂ ਦੀ ਰਚਨਾ ਕੀਤੀ ਸੀ। ਦੋਹਿਰੇ ਦੇ ਨੇੜੇ-ਤੇੜੇ ਲਿਖੀਆਂ ਇਹ ਸਾਖੀਆਂ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਸ਼ਲੋਕ' ਸਿਰਲੇਖ ਅਧੀਨ ਸੰਕਲਿਤ ਕੀਤੀਆਂ ਗਈਆਂ ਹਨ। ਸੰਤਾਂ ਨੇ ਆਪਣੇ ਨੀਤੀ-ਕਥਨਾਂ ਅਤੇ ਉਪਦੇਸ਼ਾਂ ਨੂੰ ਸ਼ਲੋਕਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ।

ਸੰਤ ਕਬੀਰ ਜੀ ਨੇ ਇਨ੍ਹਾਂ ਸ਼ਲੋਕਾਂ ਵਿਚ ਹਰਿ-ਨਾਮ ਦੇ ਸਿਮਰਨ ਉਤੇ ਬਲ ਦਿੰਦਿਆਂ ਕਿਹਾ ਹੈ ਕਿ ਨਾਮ-ਸਿਮਰਨ ਦੀ ਦਾਤ ਗੁਰੂ ਦੇ ਦਰ ਉਤੇ ਗਿਆਂ ਪ੍ਰਾਪਤ ਹੁੰਦੀ ਹੈ। ਇਸ ਲਈ ਕਿਸੇ ਪ੍ਰਕਾਰ ਦੇ ਊਚ-ਨੀਚ ਵਾਲੇ ਭਾਵ ਦਾ ਵਿਤਕਰਾ ਨਹੀਂ ਹੈ। ਹਰਿ-ਨਾਮ ਨੂੰ ਭੁਲਾ ਕੇ ਸੰਸਾਰਿਕ ਮਾਇਆ-ਭੋਗਾਂ ਵਿਚ ਲੀਨ ਹੋਣ ਨਾਲ ਮਨੁੱਖ ਖ਼ੁਆਰ ਹੁੰਦਾ ਹੈ। ਕੇਵਲ ਮਨੁੱਖ ਜਨਮ ਹੀ ਨਾਮ-ਸਿਮਰਨ ਦਾ ਸਹੀ ਅਵਸਰ ਹੈ— *ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ। ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ।30।* (ਗੁ.ਗ੍ਰੰ.1366)।

ਹਰਿ-ਨਾਮ ਦੇ ਸਿਮਰਨ ਤੋਂ ਬਿਨਾ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਹਰ ਪ੍ਰਕਾਰ ਦੀਆਂ ਵਾਸਨਾਵਾਂ ਨੂੰ ਛਡ ਕੇ ਸਾਧ-ਸੰਗਤ ਰਾਹੀਂ ਪਰਮਾਤਮਾ ਦੀ ਉਸਤਤ ਕਰਨੀ ਚਾਹੀਦੀ ਹੈ। ਸਾਕਤ ਦੀ ਸੰਗਤ ਵਿਚ ਨਹੀਂ ਜਾਣਾ ਚਾਹੀਦਾ ਕਿਉਂਕਿ ਇਸ ਦਾ ਨਤੀਜਾ ਮਾੜਾ ਹੈ — *ਕਬੀਰ ਸੰਗਤਿ ਕਰੀਐ ਸਾਧ ਦੀ ਅੰਤਿ ਕਰੈ ਨਿਰਬਾਹੁ। ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ।100।* (ਗੁ.ਗ੍ਰੰ. 1369)।

ਸਿਮਰਨ ਨ ਕਰਨ 'ਤੇ ਮਨੁੱਖ ਸੰਸਾਰਿਕਤਾ ਵਿਚ ਲੀਨ ਹੁੰਦਾ ਹੈ ਅਤੇ ਉਸ ਨੂੰ ਹਰ ਪ੍ਰਕਾਰ ਦੀਆਂ ਕਠਿਨਾਈਆਂ ਘੇਰ ਲੈਂਦੀਆਂ ਹਨ। ਉਹ ਧਰਮ ਦੇ ਮਾਰਗ ਨੂੰ ਛਡ ਕੇ ਦੁਨਿਆਵੀ ਚੱਕਰਾਂ ਵਿਚ ਫਸ ਜਾਂਦਾ ਹੈ ਅਤੇ ਆਪਣਾ ਨਾਸ਼ ਆਪ ਹੀ ਕਰ ਲੈਂਦਾ ਹੈ— *ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ। ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ।13।* (ਗੁ.ਗ੍ਰੰ.1365)।

ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਨੂੰ ਛਡ ਕੇ ਅਤੇ ਜਾਤਿ-ਪਾਤਿ ਦੇ ਬੰਧਨਾਂ ਤੋਂ ਉੱਚਾ ਉਠ ਕੇ ਸਾਰਿਆਂ ਦੇ ਸੁਖ ਦੀ ਕਾਮਨਾ ਕਰਦੇ ਹੋਇਆਂ ਹਰਿ-ਭਗਤੀ ਵਿਚ ਲੀਨ ਰਹਿਣਾ ਚਾਹੀਦਾ ਹੈ। ਇਸ ਸਭ ਕੁਝ ਬਚਪਨ ਵਿਚ ਸ਼ੁਰੂ ਕਰ ਦੇਣਾ ਚਾਹੀਦਾ ਹੈ ਕਿਉਂਕਿ ਬਿਰਧ ਅਵਸਥਾ ਤਕ ਹਰਿ-ਨਾਮ ਦੇ ਸਿਮਰਨ ਦੀ ਉਡੀਕ ਕਰਨੀ ਪਛਤਾਵੇ ਨੂੰ ਜਨਮ ਦਿੰਦੀ ਹੈ— *ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ। ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ।* (ਗੁ.ਗ੍ਰੰ. 1366)।

ਸਚ ਤਾਂ ਇਹ ਹੈ ਕਿ ਪਰਮਾਤਮਾ ਦੇ ਚਰਣਾਂ ਨਾਲੋਂ ਵਿਛੜਨ 'ਤੇ ਮਨੁੱਖ ਅਧਿਆਤਮਿਕ ਤੌਰ 'ਤੇ ਦੁਖਾਂ ਵਿਚ ਗ੍ਰਸਿਆ ਜਾਂਦਾ ਹੈ। ਇਸ ਲਈ ਉਸ ਨੂੰ ਨੈਤਿਕ ਅਤੇ ਅਧਿਆਤਮਿਕ ਕਰਮਾਂ ਰਾਹੀਂ ਆਪਣੇ ਵਿਅਕਤਿਤਵ ਵਿਚ ਸੁਧਾਰ ਲਿਆ ਕੇ ਅਤੇ ਸਾਧ-ਸੰਗਤ ਵਿਚ ਜਾ ਕੇ ਹਰਿ-ਨਾਮ ਦੇ ਸਿਮਰਨ ਨਾਲ ਸੰਸਾਰਿਕ ਦੁਖਾਂ ਅਤੇ ਕਲੇਸ਼ਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

**ਸਲੋਕ ਮਹਲਾ ੯** : ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਅਧੀਨ ਗੁਰੂ ਤੇਗ ਬਹਾਦਰ ਜੀ ਦੇ 57 ਸ਼ਲੋਕ ਦਰਜ ਹਨ। ਇਹ ਸ਼ਲੋਕ ਦਸਮ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪੁਨਰ-ਸੰਪਾਦਨ ਵੇਲੇ 'ਸਲੋਕ ਵਾਰਾ ਤੇ ਵਧੀਕ' ਤੋਂ ਬਾਦ ਦਰਜ ਕੀਤੇ ਸਨ। ਇਹ ਸ਼ਲੋਕ ਕਦ ਲਿਖੇ ਗਏ ? ਇਸ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਸੰਪ੍ਰਦਾਈ ਵਿਦਵਾਨ ਇਨ੍ਹਾਂ ਨੂੰ ਉਸ ਵੇਲੇ ਦੀ ਰਚਨਾ ਮੰਨਦੇ ਹਨ, ਜਦੋਂ ਨਵਮ ਗੁਰੂ ਸ਼ਹਾਦਤ ਤੋਂ ਪਹਿਲਾਂ ਦਿੱਲੀ ਵਿਚ ਕੈਦ ਸਨ। ਉਨ੍ਹਾਂ ਅਨੁਸਾਰ ਇਹ ਸ਼ਲੋਕ ਉਪਦੇਸ਼ ਰੂਪ ਵਿਚ ਗੁਰੂ ਜੀ ਨੇ ਆਪਣੇ

ਸੁਪੁੱਤਰ (ਗੁਰੂ ਗੋਬਿੰਦ ਸਿੰਘ) ਨੂੰ ਆਨੰਦਪੁਰ ਸਾਹਿਬ ਲਿਖ ਭੇਜੇ ਸਨ। ਪਰ ਆਧੁਨਿਕ ਵਿਦਵਾਨਾਂ ਦੀ ਸਥਾਪਨਾ ਹੈ ਕਿ ਵਖ ਵਖ ਅਵਸਰਾਂ ਉਤੇ ਉਚਾਰੇ ਗਏ ਸ਼ਲੋਕਾਂ ਨੂੰ ਹੀ 'ਸਲੋਕ ਵਾਰਾਂ ਤੇ ਵਧੀਕ' ਦੀ ਸਰਣੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਦਿੱਤਾ ਸੀ।

ਸੰਪ੍ਰਦਾਈ ਗਿਆਨੀਆਂ ਦੀ ਇਹ ਧਾਰਣਾ ਵੀ ਹੈ ਕਿ ਇਨ੍ਹਾਂ ਵਿਚੋਂ ਅਗੇ ਲਿਖਿਆ ਸ਼ਲੋਕ ਦਸਮ ਗੁਰੂ ਦੀ ਰਚਨਾ ਹੈ— *ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ। ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।੫੪।* (ਗੁ.ਗ੍ਰੰ.1429)। ਕਿਉਂਕਿ ਇਹ ਸ਼ਲੋਕ, ਅਸਲ ਵਿਚ, ਗੁਰੂ ਤੇਗ ਬਹਾਦਰ ਜੀ ਦੇ ਰਚੇ ਹੇਠਲੇ ਦੋਹਰੇ ਦਾ ਉੱਤਰ ਹੈ ਜਿਸ ਤੋਂ ਦਸਮ ਗੁਰੂ ਜੀ ਦੀ ਮਾਨਸਿਕ ਦ੍ਰਿੜ੍ਹਤਾ ਦਾ ਪਰਿਚਯ ਮਿਲਦਾ ਹੈ— *ਬਲੁ ਛੁਟਕਿਉ ਬੰਧਨ ਪਰੇ ਕਛੂ ਨ ਹੋਤ ਉਪਾਇ। ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।੫੩।*

ਜੇ ਉਪਰੋਕਤ ਤੱਥ ਦਾ ਗੰਭੀਰਤਾ ਪੂਰਵਕ ਅਧਿਐਨ ਕੀਤਾ ਜਾਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਹਾਂ ਸ਼ਲੋਕਾਂ ਵਿਚ ਤਥਾ-ਕਥਿਤ ਵਿਰੋਧੀ ਭਾਵਨਾ ਨੇ ਹੀ ਅਜਿਹੀ ਕਲਪਨਾ ਕਰਨ ਲਈ ਸੰਪ੍ਰਦਾਈ ਗਿਆਨੀਆਂ ਨੂੰ ਪ੍ਰੇਰਿਤ ਕੀਤਾ ਹੋਵੇਗਾ ਅਤੇ ਇਸੇ ਪ੍ਰੇਰਣਾ ਦੇ ਅਧੀਨ 18ਵੀਂ ਸਦੀ ਵਿਚ ਲਿਖੀਆਂ ਗਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਕੁ ਬੀੜਾਂ ਵਿਚ 54ਵੇਂ ਸ਼ਲੋਕ ਤੋਂ ਪਹਿਲਾਂ 'ਮ.੧੦' ਅੰਕਿਤ ਕੀਤਾ ਗਿਆ ਹੋਵੇਗਾ, ਪਰ ਅਧਿਕਾਂਸ਼ ਪੁਰਾਤਨ ਬੀੜਾਂ ਅਤੇ 17ਵੀਂ ਸਦੀ ਦੇ ਅੰਤ ਤਕ ਲਿਖੀਆਂ ਗਈਆਂ ਬੀੜਾਂ ਵਿਚ 'ਮ.੧੦' ਉਕਤੀ ਲਿਖੀ ਨਹੀਂ ਮਿਲਦੀ। ਵਾਸਤਵ ਵਿਚ, ਗੁਰੂ ਤੇਗ ਬਹਾਦਰ ਜੀ ਵਰਗੇ ਸ਼ਿਰੋਮਣੀ ਸ਼ਹੀਦ, ਮਾਨਵਤਾ ਦੇ ਰਖਿਅਕ, ਦ੍ਰਿੜ੍ਹ ਪ੍ਰਤਿਗਿਆ ਵਾਲੇ ਅਤੇ *'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ'* ਦੀ ਘੋਸ਼ਣਾ ਕਰਨ ਵਾਲੇ ਮਹਾਪੁਰਸ਼ ਤੋਂ ਅਜਿਹੀ ਵਿਚਲਿਤ ਮਾਨਸਿਕਤਾ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸਹੀ ਗੱਲ ਇਹ ਹੈ ਕਿ ਗੁਰੂ ਜੀ ਨੇ ਇਨ੍ਹਾਂ ਦੋਹਾਂ ਸ਼ਲੋਕਾਂ ਵਿਚ ਜਿਗਿਆਸੂ ਨੂੰ ਉਪਦੇਸ਼ ਦੇਣ ਵੇਲੇ ਮਨ ਦੀ ਡਾਵਾਂਡੋਲ ਸਥਿਤੀ ਦਾ ਉਤਸਾਹ-ਵਰਧਕ ਸਥਿਤੀ ਦੇ ਚਿਤ੍ਰਣ ਰਾਹੀਂ ਸਮਾਧਾਨ ਪੇਸ਼ ਕੀਤਾ ਹੈ। ਫਲਸਰੂਪ 54ਵਾਂ ਸ਼ਲੋਕ ਵੀ ਨਵਮ ਗੁਰੂ ਦੀ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ *'ਕਛੂ ਨ ਹੋਤ ਉਪਾਇ'* ਵਾਲੀ ਵਿਚਲਤਾ ਨੂੰ *'ਸਭ ਕਿਛੁ ਹੋਤ ਉਪਾਇ'* ਦੀ ਦ੍ਰਿੜ੍ਹਤਾ ਰਾਹੀਂ ਉਖੜੇ ਹੋਏ ਮਨ ਵਾਲੇ ਜਿਗਿਆਸੂ ਨੂੰ ਆਪਣੇ ਕਰਤੱਵ ਦੇ ਮਾਰਗ ਉਤੇ ਅਗੇ ਵਧਣ ਲਈ ਹੱਲਾ-ਸ਼ੇਰੀ ਦਿੱਤੀ ਹੈ। ਪ੍ਰਕਾਸ਼ਿਤ ਬੀੜਾਂ ਵਿਚ 'ਮ.੧੦' ਉਕਤੀ ਦਾ ਅਭਾਵ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਵੀ ਦੋ ਸ਼ਲੋਕ (24 ਅਤੇ 25) ਇਸੇ ਸ਼ੈਲੀ ਵਿਚ ਲਿਖੇ ਮਿਲਦੇ ਹਨ ਅਤੇ ਦ੍ਰਿੜ੍ਹ ਪ੍ਰਤਿਗਿਆ ਦਾ ਆਹਵਾਨ ਪ੍ਰਗਟ ਕਰਦੇ ਹਨ — *ਜਾਇ ਮਿਲਾ ਤਿਨਾ ਸਜਣਾ, ਤੁਟਉ ਨਾਹੀ ਨੇਹੁ।੨੫।*

ਇਨ੍ਹਾਂ ਸ਼ਲੋਕਾਂ ਦਾ ਮੂਲ ਵਿਸ਼ਾ ਹੈ ਮਨੁੱਖ ਨੂੰ ਸੰਸਾਰਿਕਤਾ ਤੋਂ ਹਟਾ ਕੇ ਹਰਿ-ਭਗਤੀ ਵਿਚ ਲੀਨ ਕਰਨਾ। ਹਰਿ-ਭਗਤੀ, ਸਿੱਖ ਪੰਥਕ ਮਰਯਾਦਾ ਦਾ ਨੀਂਹ-ਪੱਥਰ ਹੈ। *'ਕਹੁ ਨਾਨਕ ਹਰਿ ਭਜੁ ਮਨਾ'* ਵਾਕਾਂਸ਼ ਤਾਂ ਇਨ੍ਹਾਂ ਸ਼ਲੋਕਾਂ ਦੀ ਇਕ ਪ੍ਰਕਾਰ ਦੀ 'ਟੇਕ' ਬਣ ਗਈ ਹੈ ਕਿਉਂਕਿ ਇਸ ਸੰਸਾਰ ਵਿਚ ਹਰਿ-ਭਗਤੀ ਹੀ ਸਥਿਰ ਵਸਤੂ ਹੈ — *ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ।* ਪਹਿਲੇ ਸ਼ਲੋਕ ਵਿਚ ਹੀ ਇਸ ਦੀ ਲੋੜ ਨੂੰ ਮਛਲੀ ਦੀ ਪਾਣੀ ਲਈ ਲੋੜ ਦੇ ਤੁਲ ਦਸਿਆ ਗਿਆ ਹੈ। ਇਸ ਭਗਤੀ ਦਾ ਆਧਾਰ-ਤੱਤ੍ਵ ਪ੍ਰੇਮ ਦਸਦੇ ਹੋਇਆਂ ਨਾਮ-ਸਾਧਨਾ ਉਤੇ ਬਲ ਦਿੱਤਾ ਗਿਆ ਹੈ ਕਿਉਂਕਿ ਹਰਿ-ਭਜਨ ਤੋਂ ਬਿਨਾ ਬੰਦਾ ਸਖਣਾ ਹੈ। ਭਗਤੀ ਵਿਚ ਲੀਨ ਵਿਅਕਤੀ ਦਾ ਸਰੂਪ ਬਦਲ ਜਾਂਦਾ ਹੈ। ਉਸ ਲਈ ਸੁਖ-ਦੁਖ, ਮਾਨ-ਅਪਮਾਨ ਇਕ-ਸਮਾਨ ਹੋ ਜਾਂਦੇ ਹਨ। ਉਹ ਸਮਦਰਸ਼ੀ ਬਣ ਜਾਂਦਾ ਹੈ— *ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ। ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।15।* (ਗੁ.ਗ੍ਰੰ.1427)।

ਇਨ੍ਹਾਂ ਸ਼ਲੋਕਾਂ ਵਿਚ ਗੁਰੂ ਜੀ ਨੇ ਜਗਤ ਨੂੰ ਨਸ਼ਵਰ ਮੰਨ ਕੇ ਜਿਗਿਆਸੂ ਨੂੰ ਸੰਸਾਰਿਕਤਾ ਤੋਂ ਹਟ ਕੇ ਹਰਿ-ਭਗਤੀ ਵਿਚ ਲੀਨ ਹੋਣ ਦੀ ਪ੍ਰੇਰਣਾ ਦਿੱਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿਚ ਪਰਮਾਤਮਾ ਦੇ ਸਰੂਪ ਅਤੇ ਸਮਰਥਤਾ ਨੂੰ ਦਰਸਾਉਂਦੇ ਹੋਇਆਂ ਉਸ ਦੇ ਹੋਰ ਅਨੇਕ ਗੁਣਾਂ ਅਤੇ ਲੱਛਣਾਂ ਉਤੇ ਪ੍ਰਕਾਸ਼ ਪਾਇਆ ਹੈ।

ਇਨ੍ਹਾਂ ਸ਼ਲੋਕਾਂ ਵਿਚ ਛੰਦ ਦੀ ਦ੍ਰਿਸ਼ਟੀ ਤੋਂ ਦੋਹਿਰੇ ਦੇ ਲੱਛਣਾਂ ਦੀ ਪਾਲਨਾ ਹੋਈ ਹੈ। ਬ੍ਰਜ-ਭਾਸ਼ਾ ਵਿਚ ਲਿਖੇ ਇਨ੍ਹਾਂ ਸ਼ਲੋਕਾਂ ਦਾ ਵਾਤਾਵਰਣ ਨਿਰਮਲ ਅਤੇ ਵੈਰਾਗਮਈ ਹੈ। ਸ਼ਬਦਾਂ ਨੂੰ ਇਤਨੇ ਸੁਚਜ ਨਾਲ ਬੀੜਿਆ ਗਿਆ ਹੈ ਕਿ ਹਰ ਸ਼ਲੋਕ ਸਤਿ-ਕਥਨ ਦਾ ਰੂਪ ਧਾਰਣ ਕਰ ਗਿਆ ਹੈ।

**ਸਲੋਕ ਵਾਰਾ ਤੇ ਵਧੀਕ :** ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਰਾਗ-ਮੁਕਤ ਬਾਣੀ ਵਜੋਂ ਇਸ ਸਿਰਲੇਖ ਅਧੀਨ ਬਹੁਤ ਸਾਰੇ ਸ਼ਲੋਕ ਸੰਕਲਿਤ ਕੀਤੇ ਗਏ ਹਨ। ਇਹ ਉਹ ਸ਼ਲੋਕ ਹਨ ਜੋ ਗ੍ਰੰਥ-ਸੰਪਾਦਨ ਵੇਲੇ ਵਾਰਾਂ ਵਿਚ ਪਉੜੀਆਂ ਨਾਲ ਜੋੜਨੋਂ ਬਚ ਰਹੇ ਸਨ। ਇਹ ਕੁਲ 152 ਹਨ, ਜਿਨ੍ਹਾਂ ਵਿਚੋਂ 'ਮਹਲਾ ੧' ਅਧੀਨ 33, 'ਮਹਲਾ ੩' ਅਧੀਨ 67, 'ਮਹਲਾ ੪' ਅਧੀਨ 30 ਅਤੇ 'ਮਹਲਾ ੫' ਅਧੀਨ 22 ਹਨ।

'ਮਹਲਾ ੧' ਅਧੀਨ ਦਰਜ 33 ਸ਼ਲੋਕਾਂ ਵਿਚ 28ਵਾਂ ਸ਼ਲੋਕ (*ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ*) ਮਹਲਾ ੩ ਦਾ ਹੈ। ਇਹ ਗੁਰੂ ਨਾਨਕ ਦੇਵ ਜੀ ਦੇ 27ਵੇਂ ਸ਼ਲੋਕ (*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ*) ਦੇ ਭਾਵ ਨੂੰ ਵਿਸਤਾਰਨ ਲਈ ਗੁਰੂ ਅਰਜਨ ਦੇਵ ਜੀ ਨੇ ਇਥੇ ਦਰਜ ਕੀਤਾ ਹੈ। ਇਸ ਤਰ੍ਹਾਂ ਇਸ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦੇ ਕੁਲ 32 ਸ਼ਲੋਕ ਹਨ ਅਤੇ ਇਕ ਗੁਰੂ ਅਮਰਦਾਸ ਦਾ ਹੈ। ਇਨ੍ਹਾਂ ਵਿਚੋਂ ਅਧਿਕਾਂਸ਼ ਸ਼ਲੋਕ ਚਾਰ ਚਾਰ ਤੁਕਾਂ ਦੇ ਹਨ, ਪਰ ਉਂਜ ਇਕ ਤੋਂ ਲੈ ਕੇ ਸੱਤ ਤੁਕਾਂ ਤਕ ਦੇ ਸ਼ਲੋਕ ਮਿਲਦੇ ਹਨ। ਇਨ੍ਹਾਂ ਸ਼ਲੋਕਾਂ ਵਿਚ ਲਹਿੰਦੀ ਪੰਜਾਬੀ ਦਾ ਰੰਗ ਅਧਿਕ ਹੈ। ਛੰਦ ਦੀ ਦ੍ਰਿਸ਼ਟੀ ਤੋਂ ਇਹ ਸੁਤੰਤਰ ਹਨ।

ਇਨ੍ਹਾਂ ਸ਼ਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਹਉਮੈ ਦੇ ਤਿਆਗ ਉਤੇ ਬਲ ਦਿੱਤਾ ਹੈ ਅਤੇ ਅਜਿਹੇ ਆਗੂ ਦਾ ਪੱਲਾ ਫੜਨ ਦਾ ਉਪਦੇਸ਼ ਦਿੱਤਾ ਹੈ ਜੋ ਜਿਗਿਆਸੂ ਨੂੰ ਸੰਸਾਰਿਕ ਪ੍ਰਪੰਚ ਵਿਚ ਫਸਣੋਂ ਬਚਾ ਸਕਦਾ ਹੋਵੇ। ਅਜਿਹਾ ਆਗੂ ਗੁਰੂ ਹੀ ਹੋ ਸਕਦਾ ਹੈ। ਮਨਮੁਖ ਵਿਅਕਤੀ ਹਰਿ ਦੇ ਪ੍ਰੇਮ ਨੂੰ ਅਪਣਾਉਣੋਂ ਸੰਕੋਚ ਕਰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਹੀ ਪ੍ਰੇਮ ਦੀ ਭਾਵਨਾ ਵਿਅਕਤੀ ਦੇ ਮਨ ਵਿਚ ਵਿਕਸਿਤ ਹੁੰਦੀ ਹੈ। ਹਠ-ਸਾਧਨਾ ਦੀ ਥਾਂ ਸ਼ਰੀਰ ਨੂੰ ਪਰਮਾਤਮਾ ਦਾ ਨਿਵਾਸ ਸਮਝ ਕੇ ਇਸ ਦੀ ਸਹੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਸੰਸਾਰ ਵਿਚ ਪਰਮਾਤਮਾ ਦੀ ਸਹਾਇਤਾ ਤੋਂ ਬਿਨਾ ਕੋਈ ਵੀ ਸਫਲ-ਮਨੋਰਥ ਨਹੀਂ ਹੁੰਦਾ। ਮਨੁੱਖ ਨੂੰ ਸਾਰੇ ਕੰਮ ਛਡ ਕੇ ਹਰਿ-ਭਗਤੀ ਵਿਚ ਲੀਨ ਹੋਣਾ ਚਾਹੀਦਾ ਹੈ। ਕਿਉਂਕਿ ਵਿਸ਼ੇ-ਵਾਸਨਾਵਾਂ ਦਾ ਮੋਹ ਤਾਂ ਕਦੇ ਖ਼ਤਮ ਹੀ ਨਹੀਂ ਹੁੰਦਾ— *ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ। ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ।31।*(ਗੁ.ਗ੍ਰੰ.1412)।

'ਮਹਲਾ ੩' ਅਧੀਨ ਦਰਜ ਸ਼ਲੋਕਾਂ ਦੀ ਗਿਣਤੀ 67 ਹੈ। ਇਨ੍ਹਾਂ ਵਿਚੋਂ ਅਧਿਕਤਰ ਸ਼ਲੋਕ ਦੋ ਦੋ ਤੁਕਾਂ ਦੇ ਹਨ। ਉਂਜ ਦੋ ਤੋਂ ਲੈ ਕੇ 12 ਤੁਕਾਂ ਤਕ ਦੇ ਸ਼ਲੋਕ ਇਸ ਪ੍ਰਸੰਗ ਵਿਚ ਮਿਲਦੇ ਹਨ। ਇਨ੍ਹਾਂ ਦੀ ਭਾਸ਼ਾ ਨੂੰ ਪੰਜਾਬੀ ਪ੍ਰਧਾਨ ਸਾਧ-ਭਾਖਾ ਕਿਹਾ ਜਾ ਸਕਦਾ ਹੈ। ਕਿਸੇ ਪ੍ਰਕਾਰ ਦੇ ਛੰਦ ਲੱਛਣਾਂ ਨੂੰ ਇਨ੍ਹਾਂ ਉਤੇ ਲਾਗੂ ਨਹੀਂ ਕੀਤਾ ਜਾ ਸਕਦਾ।

ਇਨ੍ਹਾਂ ਵਿਚ ਗੁਰੂ ਅਮਰਦਾਸ ਜੀ ਨੇ ਜਿਗਿਆਸੂ ਨੂੰ ਉਪਦੇਸ਼ ਦਿੱਤਾ ਹੈ ਕਿ ਕਰਮਕਾਂਡੀ ਸਾਧੂਆਂ ਜਾਂ ਪੰਡਿਤਾਂ ਦੇ ਚੱਕਰ ਵਿਚ ਨਹੀਂ ਫਸਣਾ ਚਾਹੀਦਾ ਕਿਉਂਕਿ ਸੱਚਾ ਮਾਰਗ ਇਕੋ ਹੀ ਹੈ ਜੋ ਪਰਮਾਤਮਾ ਦੀ ਦਰਗਾਹ ਵਲ ਜਾਂਦਾ ਹੈ। ਉਹ ਪਰਮਾਤਮਾ ਸਰਬੱਤ੍ਰ ਵਿਆਪਕ ਹੈ— *ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ। ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ। ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ। ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ।8।* (ਗੁ.ਗ੍ਰੰ.1413)। ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਗੁਰੂ-ਸ਼ਬਦ ਹੈ। ਗੁਰੂ ਤੋਂ ਮੂੰਹ ਫੇਰਨ ਵਾਲੇ ਜੀਵਨ ਦੀ ਖੇਡ ਹਾਰ ਜਾਂਦੇ ਹਨ। ਜੇ ਉਨ੍ਹਾਂ ਉਤੇ ਗੁਰੂ ਦੀ ਕ੍ਰਿਪਾ ਹੋ ਜਾਏ ਤਾਂ ਉਹ ਵੀ ਕਲਿਆਣਕਾਰੀ ਮਾਰਗ ਉਤੇ ਅਗੇ ਵਧ ਜਾਂਦੇ ਹਨ। ਮਾਇਆ ਦੇ ਵਿਸ਼ੈਲੇ ਪ੍ਰਭਾਵ ਨੂੰ ਕਟਣ ਲਈ ਕੇਵਲ ਹਰਿ-ਨਾਮ ਹੀ ਸਹੀ ਇਲਾਜ ਹੈ ਜੋ ਗੁਰੂ ਹੀ ਕਰ ਸਕਦਾ ਹੈ। ਵਿਸ਼ੇ-ਵਿਕਾਰਾਂ ਦੇ ਪ੍ਰਭਾਵ ਤੋਂ ਬਚਾਉਣ ਵਾਲੇ ਗੁਰੂ ਰਾਹੀਂ ਹੀ ਭਗਤੀ ਦੀ ਪ੍ਰਾਪਤੀ ਸੰਭਵ ਹੈ— *ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ। ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰੁ ।39।* (ਗੁ.ਗ੍ਰੰ. 1417)। ਹਰਿ ਦੀ ਤਾਂਘ ਪਪੀਹੇ ਦੀ ਜਲ ਲਈ ਤਾਂਘ ਦੇ ਤੁਲ ਹੋਣੀ ਚਾਹੀਦੀ ਹੈ।

'ਮਹਲੇ ੪' ਦੇ ਨਾਂ ਅਧੀਨ ਕੁਲ 30 ਸ਼ਲੋਕ ਹਨ। ਇਨ੍ਹਾਂ ਵਿਚੋਂ ਅਧਿਕਾਂਸ਼ ਸ਼ਲੋਕ ਦੋ ਦੋ ਤੁਕਾਂ ਦੇ ਹਨ। ਪਰ ਉਂਜ ਇਨ੍ਹਾਂ ਦੀ ਤੁਕ-ਗਿਣਤੀ ਦੋ ਤੋਂ ਅੱਠ ਤਕ ਚਲਦੀ ਹੈ। ਇਨ੍ਹਾਂ ਦੀ ਭਾਸ਼ਾ ਸਾਧ-ਭਾਖਾਈ ਰੰਗ ਵਾਲੀ ਹੈ ਅਤੇ ਉਸ ਉਤੇ ਪੰਜਾਬੀ ਦਾ ਪ੍ਰਭਾਵ ਸਪੱਸ਼ਟ ਹੈ। ਕੁਝ ਸ਼ਲੋਕਾਂ ਦਾ ਤੋਲ ਦੋਹਿਰੇ ਨਾਲ ਮੇਲ ਖਾਂਦਾ ਹੈ।

ਇਨ੍ਹਾਂ ਵਿਚ ਗੁਰੂ ਰਾਮਦਾਸ ਜੀ ਨੇ ਦਸਿਆ ਹੈ ਕਿ ਪਰਮਾਤਮਾ ਦਾ ਯਸ਼ ਗਾਉਣ ਨਾਲ ਹਰ ਪ੍ਰਕਾਰ ਦੇ ਸੰਸਾਰਿਕ ਬੰਧਨ ਕਟ ਜਾਂਦੇ ਹਨ, ਔਕੜਾਂ ਮੁਕ ਜਾਂਦੀਆਂ ਹਨ। ਫਲਸਰੂਪ ਪਰਮਾਤਮਾ ਨਾਲ ਮਿਲਾਪ ਸੰਭਵ ਹੋ ਜਾਂਦਾ

ਹੈ। ਅਜਿਹਾ ਲਾਭ ਕੇਵਲ ਗੁਰਮੁਖ ਨੂੰ ਪ੍ਰਾਪਤ ਹੁੰਦਾ ਹੈ, ਮਨਮੁਖ ਨੂੰ ਕਦੇ ਵੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਸੱਚਾ ਪ੍ਰੇਮ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ ਅਤੇ ਇਕ ਵਾਰ ਪ੍ਰਾਪਤ ਹੋਣ 'ਤੇ ਸਦਾ ਬਣਿਆ ਰਹਿੰਦਾ ਹੈ — *ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ। ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥11* ।(ਗੁ.ਗ੍ਰੰ. 1422)। ਸੱਚੇ ਪ੍ਰੇਮ ਲਈ ਮਨ ਅੰਦਰ ਜਾਗ੍ਰਿਤੀ ਪੈਦਾ ਹੋਣੀ ਅਤਿ-ਆਵੱਸ਼ਕ ਹੈ ਅਤੇ ਇਹ ਜਾਗ੍ਰਿਤੀ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ। ਪ੍ਰੇਮ ਪ੍ਰਾਪਤ ਹੋਣ ਨਾਲ ਵਾਸਨਾਵਾਂ ਮਿਟ ਜਾਂਦੀਆਂ ਹਨ। ਇਸ ਧਰਮ-ਸਾਧਨਾ ਵਿਚ ਗੁਰੂ ਦੇ ਨਾਲ ਨਾਲ ਸਤਿ-ਸੰਗਤ ਦਾ ਵੀ ਬਹੁਤ ਮਹੱਤਵ ਹੈ। ਸਤਿ-ਸੰਗਤ ਨਾਲ ਇਕ ਵਿਸ਼ੇਸ਼ ਬਿਰਤੀ ਦਾ ਵਿਕਾਸ ਹੁੰਦਾ ਹੈ ਜਿਸ ਕਰਕੇ ਜਿਗਿਆਸੂ ਈਸ਼ਵਰੀ ਹੁਕਮ ਨੂੰ ਮੰਨਣ ਲਗ ਜਾਂਦਾ ਹੈ— *ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ। ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ।*(ਗੁ.ਗ੍ਰੰ.1424)।

'ਮਹਲੇ ੫' ਦੇ ਇਸ ਪ੍ਰਸੰਗ ਵਿਚ ਕੁਲ 22 ਸ਼ਲੋਕ ਹਨ। ਇਹ ਸ਼ਲੋਕ ਆਮ ਤੌਰ 'ਤੇ ਦੋ ਦੋ ਤੁਕਾਂ ਦੇ ਹਨ। ਉਂਜ ਛੇ ਤੁਕਾਂ ਤਕ ਦੇ ਸ਼ਲੋਕ ਵੀ ਇਸ ਵਿਚ ਮਿਲਦੇ ਹਨ। ਇਨ੍ਹਾਂ ਦੀ ਭਾਸ਼ਾ ਲਹਿੰਦੀ ਪਿਛੋਕੜ ਵਾਲੀ ਪੰਜਾਬੀ ਹੈ ਅਤੇ ਸਾਧ-ਪਾਖਾ ਦਾ ਪ੍ਰਭਾਵ ਵੀ ਦਿਸ ਪੈਂਦਾ ਹੈ। ਦੋਹਿਰੇ ਦੇ ਲੱਛਣ ਕੁਝ ਕੁ ਸ਼ਲੋਕਾਂ ਉਤੇ ਘਟਦੇ ਵੇਖੇ ਜਾ ਸਕਦੇ ਹਨ।

ਇਨ੍ਹਾਂ ਵਿਚ ਗੁਰੂ ਅਰਜਨ ਦੇਵ ਨੇ ਸੱਚੇ ਪ੍ਰੇਮ ਉਤੇ ਬਲ ਦਿੱਤਾ ਹੈ। ਇਹ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਇਹ ਪ੍ਰੇਮ ਇਕ-ਰਸ ਹੈ, ਕਦੇ ਘਟਦਾ ਵਧਦਾ ਨਹੀਂ। ਕੱਚਾ ਪ੍ਰੇਮ ਸਦਾ ਅਸਫਲ ਹੁੰਦਾ ਹੈ— *ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ। ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ।*(ਗੁ.ਗ੍ਰੰ.1424)। ਜਿਨ੍ਹਾਂ ਜਿਗਿਆਸੂਆਂ ਦੇ ਅੰਦਰ ਨਾਮ ਦਾ ਨਿਵਾਸ ਹੋ ਜਾਂਦਾ ਹੈ, ਉਹ ਕਦੇ ਦੁਨਿਆਵੀ ਤੌਰ 'ਤੇ ਨਹੀਂ ਮਰਦੇ ਕਿਉਂਕਿ ਉਹ ਜੀਉਂਦੇ-ਜੀ ਮੁਕਤ ਹੋ ਜਾਂਦੇ ਹਨ। ਜਦੋਂ ਤਕ ਪਰਮਾਤਮਾ ਦੀ ਕ੍ਰਿਪਾ-ਦ੍ਰਿਸ਼ਟੀ ਰਹਿੰਦੀ ਹੈ, ਸਾਧਕ ਨੂੰ ਕਿਸੇ ਪ੍ਰਕਾਰ ਦੀ ਥੁੜ੍ਹ ਨਹੀਂ ਹੁੰਦੀ। ਅਸਲ ਵਿਚ, ਸ਼ਬਦ ਅਖੁਟ ਭੰਡਾਰ ਹੈ। ਉਹ ਕਦੇ ਨਹੀਂ ਮੁਕਦਾ। ਉਸ ਵਿਚ ਮਗਨ ਰਹਿਣ ਨਾਲ ਸਫਲਤਾ ਹੀ ਸਫਲਤਾ ਹੈ। ਸਚ ਤਾਂ ਇਹ ਹੈ ਕਿ ਇਸ ਪ੍ਰੇਮ ਦੇ ਫਲਸਰੂਪ ਮਹਾ-ਮਿਲਨ ਦੀ ਸਥਿਤੀ ਪੈਦਾ ਹੋ ਜਾਂਦੀ ਹੈ— *ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ। ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।*(ਗੁ.ਗ੍ਰੰ.1426)।

**ਸਲੵ** : ਇਕ ਭੱਟ ਕਵੀ ਜਿਸ ਦੇ ਤਿੰਨ ਛੰਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਇਨ੍ਹਾਂ ਵਿਚੋਂ ਇਕ ਗੁਰੂ ਅਮਰਦਾਸ ਸੰਬੰਧੀ ਤੇ ਦੋ ਗੁਰੂ ਰਾਮਦਾਸ ਬਾਰੇ ਕਹੇ ਗਏ ਹਨ। ਸਲਯ ਨੇ ਕਿਹਾ ਹੈ ਕਿ ਤੀਜੇ ਗੁਰੂ ਦੀ ਸ਼ਖ਼ਸੀਅਤ ਸ਼ਬਦ ਦੇ ਹਥਿਆਰ ਨਾਲ ਬਦੀ ਦੇ ਦਲ ਨੂੰ ਸਮੂਲ ਨਸ਼ਟ ਕਰ ਦੇਣ ਵਾਲੀ ਹੈ। ਚੌਥੇ ਗੁਰੂ ਸੰਬੰਧੀ ਦੋ ਛੰਦਾਂ ਵਿਚ ਅੰਕਿਤ ਹੈ ਕਿ ਆਪ ਨੇ ਬੁਰਾਈਆਂ ਨੂੰ ਪਛਾੜ ਕੇ ਰਾਜ-ਯੋਗ ਦਾ ਤਾਜ ਸਿਰ ਤੇ ਸਜਾਇਆ ਹੋਇਆ ਹੈ। ਗੁਰੂ ਜੀ ਵਿਚਲੀ ਬ੍ਰਹਮ ਜੋਤਿ ਆਦਿ ਜੁਗਾਦਿ ਤੋਂ ਪੂਜਾ ਦਾ ਕੇਂਦਰ ਬਣੀ ਆ ਰਹੀ ਹੈ।

**ਸਵਈਏ ਭਟਾਂ ਕੇ** : ਵੇਖੋ 'ਭਟਾਂ ਦੀ ਬਾਣੀ'।

**ਸਵਯੇ ਸ੍ਰੀ ਮੁਖ ਬਾਕ੍ਹ ਮਹਲਾ ੫** : ਗੁਰੂ ਗ੍ਰੰਥ ਸਾਹਿਬ ਵਿਚ ਇਸ ਉਕਤੀ ਅਧੀਨ ਗੁਰੂ ਅਰਜਨ ਦੇਵ ਜੀ ਦੇ ਰਚੇ 20 ਸਵੈਯਾਂ ਦੇ ਦੋ ਜੁਟ 'ਰਾਗ ਮੁਕਤ ਬਾਣੀ' ਪ੍ਰਕਰਣ ਵਿਚ ਸੰਕਲਿਤ ਹਨ। ਪਹਿਲੇ ਜੁਟ ਵਿਚ ਕੁਲ ਨੌਂ ਸਵੈਯੇ ਹਨ ਜਿਨ੍ਹਾਂ ਵਿਚੋਂ ਪੰਜ ਤੁਕਾਂ ਦੇ ਦੋ, ਛੇ ਤੁਕਾਂ ਦੇ ਛੇ ਅਤੇ ਅੱਠ ਤੁਕਾਂ ਦਾ ਇਕ ਸਵੈਯਾ ਹੈ। ਇਨ੍ਹਾਂ ਉਤੇ ਸਵੈਯਾ-ਛੰਦ ਦੇ ਲੱਛਣ ਲਾਗੂ ਨਹੀਂ ਹੁੰਦੇ। ਇਨ੍ਹਾਂ ਵਿਚੋਂ ਕੁਝ ਵਿਚ 'ਹਾਂ ਕਿ' ਦੀ ਟੇਕ ਵੀ ਵਰਤੀ ਗਈ ਹੈ। ਗੁਰੂ ਜੀ ਨੇ ਇਨ੍ਹਾਂ ਨੌਂ ਸਵੈਯਾਂ ਵਿਚ ਪਰਮਾਤਮਾ ਦੇ ਸਰੂਪ, ਗੁਣ ਅਤੇ ਸਮਰਥਾ ਉਤੇ ਚਾਨਣਾ ਪਾ ਕੇ ਉਸ ਦੀ ਮਹਾਨਤਾ ਨੂੰ ਦਰਸਾਇਆ ਹੈ। ਇਸ ਦੇ ਨਾਲ ਹੀ ਪਰਮਾਤਮਾ ਦੇ ਅਦੁੱਤੀ ਅਤੇ ਅਖੰਡ ਭਗਤ ਗੁਰੂ ਨਾਨਕ ਦੇਵ ਪ੍ਰਤਿ ਅਪਾਰ ਸ਼ਰਧਾ ਪ੍ਰਗਟ ਕੀਤੀ ਹੈ। ਪਰਮਾਤਮਾ ਅਤੇ ਗੁਰੂ ਨਾਨਕ ਦੇਵ ਵਿਚ ਅਭੇਦਤਾ ਦਸਦੇ ਹੋਇਆਂ ਉਨ੍ਹਾਂ ਨੂੰ ਕਲਿਯੁਗ ਵਿਚ ਦੀਪਕ ਦੇ ਸਮਾਨ ਅੰਧਕਾਰ ਦੂਰ ਕਰਨ ਵਾਲਾ ਮੰਨਿਆ ਹੈ— *ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ। ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ।* (ਗੁ.ਗ੍ਰੰ.1387)।

ਦੂਜੇ ਜੁਟ ਦੇ 11 ਸਵੈਯਾਂ ਵਿਚੋਂ ਦੋ ਚਾਰ ਚਾਰ

ਤੁਕਾਂ ਦੇ ਹਨ, ਛਿਆਂ ਵਿਚ ਛੇ ਛੇ ਤੁਕਾਂ ਹਨ, ਇਕ ਵਿਚ ਸੱਤ ਅਤੇ ਦੋ ਵਚ ਅੱਠ ਅੱਠ ਤੁਕਾਂ ਹਨ। ਸਵੈਯੇ ਦੇ ਲੱਛਣਾਂ ਦੀ ਪੂਰੀ ਤਰ੍ਹਾਂ ਪਾਲਣਾ ਇਨ੍ਹਾਂ ਵਿਚ ਨਹੀਂ ਹੋਈ। ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਸਵੈਯਾਂ ਵਿਚ ਮਨੁੱਖ ਨੂੰ ਅਲਪੱਗਤਾ ਦਾ ਅਹਿਸਾਸ ਕਰਾਇਆ ਗਿਆ ਹੈ। ਮਾਇਆ ਦੇ ਪ੍ਰਭਾਵ ਵਿਚ ਉਹ ਸੰਸਾਰ ਵਿਚ ਅਨੁਚਿਤ ਕਰਮ ਕਰਕੇ ਆਵਾਗਵਣ ਵਿਚ ਪੈਂਦਾ ਅਤੇ ਆਪਣਾ ਅਧਿਆਤਮਿਕ ਭਵਿਖ ਵਿਗਾੜਦਾ ਹੈ। ਉਸ ਦੀ ਘਰ-ਪਰਿਵਾਰ, ਸੰਪਤੀ ਆਦਿ ਸੰਸਾਰਿਕ ਵਸਤੂਆਂ ਵਿਚ ਅਧਿਕ ਰੁਚੀ ਹੋਣ ਕਾਰਣ ਉਹ ਅਸਲੀ ਮਾਰਗ ਤੋਂ ਖੁੰਜ ਜਾਂਦਾ ਹੈ। ਇਸ ਲਈ ਹਰਿ-ਭਗਤੀ ਰਾਹੀਂ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨਗੀ ਪ੍ਰਾਪਤ ਕਰਨੀ ਚਾਹੀਦੀ ਹੈ— *ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ। ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ। ਰੇ ਮਨ ਮੂੜ ਸਿਮਰ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ।*(ਗੁ.ਗ੍ਰੰ.1388)।

**ਸਵਰਗ** : ਸਿੱਖ-ਧਰਮ ਦੇ ਸਾਹਿਤ ਵਿਚ 'ਸਵਰਗ' ਦਾ ਉੱਲੇਖ ਹੋਇਆ ਹੈ ਪਰ ਸਿੱਧਾਂਤ ਵਜੋਂ ਸਵੀਕ੍ਰਿਤ ਨਹੀਂ।

ਭਾਰਤੀ ਸੰਸਕ੍ਰਿਤੀ ਵਿਚ ਮਨੁੱਖ ਨੂੰ ਚੰਗੇ ਕਰਮਾਂ ਵਲ ਪ੍ਰੇਰਿਤ ਕਰਨ ਅਤੇ ਮਾੜੇ ਕਰਮਾਂ ਤੋਂ ਹਟਾਉਣ ਲਈ 'ਸਵਰਗ' ਅਤੇ 'ਨਰਕ' ਦੀ ਪ੍ਰਾਪਤੀ ਦੀ ਕਲਪਨਾ ਕੀਤੀ ਗਈ ਹੈ। ਇਸ ਦਾ ਮੂਲ-ਆਧਾਰ 'ਕਰਮਵਾਦ' ਹੈ। ਚੂੰਕਿ ਸਾਰੇ ਧਰਮਾਂ ਦੇ ਮੂਲ ਵਿਚ ਚੰਗੇ ਕਰਮਾਂ ਉਤੇ ਬਲ ਦਿੱਤਾ ਗਿਆ ਹੈ ਅਤੇ ਮਾੜੇ ਕਰਮਾਂ ਨੂੰ ਨਿਖੇਧਿਆ ਗਿਆ ਹੈ, ਇਸ ਲਈ ਸਵਰਗ ਅਤੇ ਨਰਕ ਦਾ ਸੰਕਲਪ ਲਗਭਗ ਸਾਰੇ ਧਰਮਾਂ ਵਿਚ ਮਿਲ ਜਾਂਦਾ ਹੈ।

ਹਿੰਦੂ-ਧਰਮ ਵਿਚ ਸਵਰਗ ਦਾ ਵਿਵੇਚਨ ਬੜੀ ਬਾਰੀਕੀ ਨਾਲ ਹੋਇਆ ਹੈ। ਉਪਨਿਸ਼ਦਾਂ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਪੂਰਣ-ਗਿਆਨ ਜਾਂ ਬ੍ਰਹਮ-ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਹ ਬ੍ਰਹਮ-ਲੋਕ ਵਿਚ ਜਾਂਦੇ ਹਨ। ਜਿਨ੍ਹਾਂ ਪ੍ਰਾਣੀਆਂ ਦਾ ਗਿਆਨ ਅਪੂਰਣ ਹੁੰਦਾ ਹੈ, ਉਹ ਸਵਰਗ ਵਿਚ ਜਾਂਦੇ ਹਨ ਅਤੇ ਆਪਣੇ ਸ਼ੁਭ ਕਰਮਾਂ ਅਨੁਸਾਰ ਫਲ ਭੋਗ ਕੇ ਫਿਰ ਸੰਸਾਰ ਵਿਚ ਜਨਮ ਲੈਂਦੇ ਹਨ। ਪਰ ਜੋ ਲੋਕ ਅਗਿਆਨੀ ਹਨ, ਉਹ ਨਰਕਾਂ ਵਿਚ ਦੁਖ ਭੋਗਦੇ ਹਨ ਜਾਂ ਫਿਰ ਫਿਰ ਜਨਮ ਧਾਰਣ ਕਰਦੇ ਹਨ।

ਸਵਰਗ ਅਤੇ ਨਰਕ ਦਾ ਸੰਕਲਪ ਪੁਰਾਣਾਂ ਵਿਚ ਅਧਿਕ ਵਿਕਸਿਤ ਹੋਇਆ ਹੈ। 'ਪਦਮ-ਪੁਰਾਣ' (ਸਵਰਗ-ਖੰਡ) ਵਿਚ ਸਵਰਗ ਦਾ ਵਰਣਨ ਕਰਦਿਆਂ ਲਿਖਿਆ ਗਿਆ ਹੈ ਕਿ ਇਸ ਵਿਚ ਬਹੁਤ ਸੁੰਦਰ ਬਾਗ਼ ਅਤੇ ਉਪਵਨ ਹਨ। ਹਰ ਪਾਸੇ ਫੁੱਲਾਂ ਨਾਲ ਲਦੇ ਬ੍ਰਿਛ ਲਹਿਰਾ ਰਹੇ ਹਨ। ਬੈਠਣ ਲਈ ਚਾਂਦੀ ਦੇ ਆਸਣ ਅਤੇ ਸੌਣ ਲਈ ਸੁਨਹਿਰੀ ਪਲੰਘ ਹਨ। ਰਹਿਣ ਲਈ ਸੁੰਦਰ ਮਹੱਲ ਹਨ, ਸੇਵਾ ਲਈ ਮਨਮੋਹਨੀਆਂ ਅਪਛਰਾਵਾਂ ਹਨ। ਮਨੋਰੰਜਨ ਲਈ ਗੰਧਰਵਾਂ ਦੀ ਵਿਵਸਥਾ ਹੈ। ਅਸਲੋਂ ਸਵਰਗ ਵਿਚ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਉਪਲਬਧ ਹਨ। ਇਸ ਵਿਚ ਕਿਸੇ ਕਿਸਮ ਦੀ ਕੋਈ ਬੀਮਾਰੀ ਜਾਂ ਦੁਖ-ਸੰਤਾਪ ਨਹੀਂ। ਸ਼ੁਭ ਕਰਮਾਂ ਕਰਕੇ ਹੀ ਵਿਅਕਤੀ ਇਥੇ ਪਹੁੰਚ ਸਕਦਾ ਹੈ।

ਇਸ ਦੀ ਸਥਿਤੀ ਬਾਰੇ ਵੀ ਕਈ ਪ੍ਰਕਾਰ ਦੇ ਵਿਵਰਣ ਮਿਲਦੇ ਹਨ। ਇਕ ਮਤ ਅਨੁਸਾਰ ਇਹ ਧਰਤੀ ਤੋਂ ਉਪਰ, ਸੂਰਜ ਲੋਕ ਤੋਂ ਪਰੇ, ਸੂਰਜ ਅਤੇ ਧ੍ਰੂਹ ਲੋਕ ਦੇ ਵਿਚਕਾਰ ਸਥਿਤ ਹੈ। ਦੂਜੇ ਮਤ ਅਨੁਸਾਰ ਇਹ ਇਲਾਵ੍ਰਿਤ ਦੀਪ (ਜੰਬੂ ਦੀਪ ਦੇ ਨੌਂ ਭਾਗਾਂ ਵਿਚੋਂ ਇਕ) ਵਿਚ ਸੁਮੇਰ ਪਰਬਤ ਦੇ ਉੱਤਰ ਵਲ ਹੈ। ਸਾਧਾਰਣ ਰੂਪ ਵਿਚ ਇੰਦ੍ਰ ਨੂੰ ਸਵਰਗ ਦਾ ਸੁਆਮੀ ਮੰਨਿਆ ਜਾਂਦਾ ਹੈ। ਇੰਦ੍ਰ-ਪਦ ਵਿਅਕਤੀ ਸੂਚਕ ਨਹੀਂ, ਉਪਾਧੀ ਦਾ ਲਖਾਇਕ ਹੈ। ਹਰ ਸੌ ਦੈਵੀ-ਵਰ੍ਹਿਆਂ ਬਾਦ ਇੰਦ੍ਰ ਦੀ ਬਦਲੀ ਹੁੰਦੀ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਕਈ ਰਿਸ਼ੀਆਂ, ਮੁਨੀਆਂ, ਰਾਜਿਆਂ, ਦੈਂਤਾਂ ਨੇ ਵੀ ਯੱਗ ਅਤੇ ਤਪਸਿਆ ਕੀਤੀ ਹੈ।

ਪੁਰਾਣ-ਸਾਹਿਤ ਵਿਚ ਸੰਪ੍ਰਦਾਇਕ ਵਿਚਾਰਧਾਰਾ ਦੇ ਵਿਕਸਿਤ ਹੋ ਜਾਣ ਤੋਂ ਬਾਦ ਹਰ ਪ੍ਰਮੁਖ ਦੇਵਤੇ ਦੇ ਅਨੁਯਾਈਆਂ ਨੇ ਆਪਣੇ ਆਪਣੇ ਦੇਵਤੇ ਦੇ ਸਵਰਗ ਵਿਚ ਜਾਣ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਸਵਰਗਾਂ ਦੇ ਵੀ ਕਈ ਸਰੂਪ ਅਤੇ ਭੇਦ ਪ੍ਰਚਲਿਤ ਹੋ ਗਏ ਹਨ। 'ਪਦਮ-ਪੁਰਾਣ' ਵਿਚ ਮੁੱਖ ਤੌਰ 'ਤੇ ਪੰਜ ਸਵਰਗ ਦਸੇ ਗਏ ਹਨ। ਜਿਵੇਂ ਇੰਦ੍ਰ-ਪੁਰੀ, ਬੈਕੁੰਠ-ਪੁਰੀ, ਕੈਲਾਸ਼-ਪੁਰੀ, ਅਲਕਾ-ਪੁਰੀ ਅਤੇ ਬ੍ਰਹਮ-ਲੋਕ (ਬ੍ਰਹਮ-ਪੁਰੀ)। 'ਨਰਸਿੰਘ ਪੁਰਾਣ' ਵਿਚ ਸੁਮੇਰ ਪਰਬਤ ਦੀਆਂ ਤਿੰਨ ਚੋਟੀਆਂ ਨੂੰ ਹੀ ਸਵਰਗ ਮੰਨਿਆ ਗਿਆ ਹੈ।

ਤਿੰਨ ਲੋਕਾਂ ਦੀ ਕਲਪਨਾ ਅਨੁਸਾਰ 'ਸਵਰਗ-

ਲੋਕ' ਆਕਾਸ਼ ਵਿਚ ਹੈ, 'ਪਾਤਾਲ-ਲੋਕ' ਧਰਤੀ ਦੇ ਹੇਠਾਂ ਹੈ ਅਤੇ 'ਮਾਤ-ਲੋਕ' ਧਰਤੀ ਉਪਰ ਹੈ। ਪੁਰਾਣਾਂ ਅਨੁਸਾਰ ਸਵਰਗ ਦੀ ਸਥਾਨਗਤ ਹੋਂਦ ਹੈ। ਮੱਧ-ਕਾਲ ਦੇ ਸੰਤਾਂ ਨੇ ਆਪਣੀਆਂ ਬਾਣੀਆਂ ਵਿਚ ਭਾਵੇਂ ਸਵਰਗ ਦੀ ਹੋਂਦ ਨੂੰ ਮੰਨਿਆ ਹੈ, ਪਰ ਇਹ ਸਥਾਨਗਤ ਨਹੀਂ, ਭਾਵਨਾਗਤ ਹੈ, ਜਿਵੇਂ 'ਸੋਦਰ' ਦੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ। ਸੰਤ ਰਵਿਦਾਸ ਜੀ ਨੇ ਇਸ ਨੂੰ 'ਬੇਗਮਪੁਰਾ' ਨਾਂ ਦਿੱਤਾ ਹੈ। ਸੰਤ ਕਬੀਰ ਜੀ ਨੇ ਇਸ ਨੂੰ 'ਬੈਕੁੰਠ' ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਸਵਰਗ ਅਤੇ ਨਰਕ ਨੂੰ ਮਾਇਆਵੀ ਕੁਚੱਕਰ ਨਾਲ ਸੰਬੰਧਿਤ ਕੀਤਾ ਹੈ — *ਮੇਰੀ ਮੇਰੀ ਧਾਰਿ ਬੰਧਨਿ ਬੰਧਿਆ। ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ।* (ਗੁ.ਗ੍ਰੰ.761)।

ਸੰਤ ਕਬੀਰ ਜੀ ਨੇ ਗਉੜੀ ਰਾਗ ਵਿਚ ਸਵਰਗ ਅਤੇ ਨਰਕ ਦੀਆਂ ਮਾਨਤਾਵਾਂ ਬਾਰੇ ਟਿਪਣੀ ਦਿੰਦਿਆਂ ਕਿਹਾ ਹੈ ਕਿ ਨ ਸਵਰਗ ਦੀ ਇੱਛਾ ਕਰਨੀ ਚਾਹੀਦੀ ਅਤੇ ਨ ਹੀ ਨਰਕ ਤੋਂ ਡਰਨਾ ਚਾਹੀਦਾ ਹੈ। ਜੋ ਹੋਣਾ ਹੈ, ਉਹ ਹੋਏਗਾ ਹੀ, ਇਸ ਲਈ ਮਨ ਵਿਚ ਇਨ੍ਹਾਂ ਦੀ ਆਸ ਕਰਨ ਦੀ ਲੋੜ ਹੀ ਨਹੀਂ ਹੈ — *ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ। ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।*(ਗੁ.ਗ੍ਰੰ.337)।

**ਸਵਰਨ ਸਿੰਘ, ਸਰਦਾਰ** (1907-1994 ਈ.) : ਪੰਜਾਬ ਦੇ ਇਕ ਪ੍ਰਤਿਸ਼ਠਿਤ ਸਿੱਖ ਨੇਤਾ ਅਤੇ ਭਾਰਤ ਸਰਕਾਰ ਦੇ ਇਕ ਦੀਰਘ-ਕਾਲੀਨ ਮੰਤਰੀ ਸ. ਸਵਰਨ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ 'ਸ਼ੰਕਰ' ਪਿੰਡ ਵਿਚ ਜਮਾਦਾਰ ਪ੍ਰਤਾਪ ਸਿੰਘ ਦੇ ਘਰ 19 ਅਗਸਤ 1907 ਈ. ਨੂੰ ਹੋਇਆ। ਰਣਧੀਰ ਕਾਲਜ, ਕਪੂਰਥਲਾ ਤੋਂ ਐਫ਼.ਏ. ਪਾਸ ਕਰਕੇ ਫਿਰ ਗੌਰਮਿੰਟ ਕਾਲਜ, ਲਾਹੌਰ ਤੋਂ ਫ਼ਿਜ਼ਿਕਸ ਵਿਚ ਐਮ.ਐਸ-ਸੀ. ਦੀ ਪਰੀਖਿਆ ਪਾਸ ਕੀਤੀ। ਕੁਝ ਸਮੇਂ ਲਈ ਖ਼ਾਲਸਾ ਕਾਲਜ, ਲਾਇਲਪੁਰ ਵਿਚ ਫਿਜ਼ਿਕਸ ਦੇ ਲੈਕਚਰਾਰ ਵਜੋਂ ਨੌਕਰੀ ਕੀਤੀ। ਲਾਅ ਕਾਲਜ, ਲਾਹੌਰ ਤੋਂ ਐਲ-ਐਲ.ਬੀ. ਕਰਕੇ ਜਲੰਧਰ ਵਿਚ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ। ਜਲਦੀ ਹੀ ਇਕ ਚੰਗੇ, ਸਿਆਣੇ ਅਤੇ ਸਾਊ ਵਕੀਲ ਵਜੋਂ ਪ੍ਰਸਿੱਧ ਹੋ ਗਿਆ।

ਸਿਆਸਤ ਵਿਚ ਰੁਚੀ ਲੈਣ ਦੀ ਬਿਰਤੀ ਇਸ ਨੂੰ ਆਪਣੇ ਪਿਤਾ ਪਾਸੋਂ ਪ੍ਰਾਪਤ ਹੋਈ ਕਿਉਂਕਿ ਉਹ ਆਪਣੇ ਸਮੇਂ ਵਿਚ ਬੜਾ ਹਰਮਨ ਪਿਆਰਾ ਸਿੱਖ ਨੇਤਾ ਰਿਹਾ ਸੀ। ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਸੀ ਅਤੇ ਸੰਨ 1933 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਰਿਹਾ ਸੀ। ਇਸ ਪਰਿਵਾਰਿਕ ਪਿਛੋਕੜ ਸਹਿਤ ਸ. ਸਵਰਨ ਸਿੰਘ ਰਾਜਨੀਤੀ ਵਿਚ ਦਾਖ਼ਲ ਹੋਇਆ ਅਤੇ ਸੰਨ 1946 ਈ. ਵਿਚ ਪੰਜਾਬ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਸ. ਬਲਦੇਵ ਸਿੰਘ ਦੇ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਹੋ ਜਾਣ ਤੋਂ ਬਾਦ ਇਸ ਨੂੰ ਪੰਜਾਬ ਸਰਕਾਰ ਵਿਚ ਮੰਤਰੀ ਬਣਾਇਆ ਗਿਆ।

ਸੰਨ 1952 ਈ. ਵਿਚ ਇਸ ਨੂੰ ਰਾਜ੍ਯ ਸਭਾ ਦਾ ਮੈਂਬਰ ਬਣਾਇਆ ਗਿਆ ਅਤੇ ਉਦੋਂ ਹੀ ਜਵਾਹਰ ਲਾਲ ਨਹਿਰੂ ਮੰਤਰੀ-ਮੰਡਲ ਵਿਚ ਮੰਤਰੀ-ਪਦ ਪ੍ਰਦਾਨ ਕੀਤਾ ਗਿਆ। ਉਦੋਂ ਤੋਂ 1975 ਈ. ਤਕ ਇਹ ਕੇਂਦਰ ਵਿਚ ਮੰਤਰੀ ਬਣਿਆ ਚਲਿਆ ਆਇਆ। ਇਸ ਨੇ ਆਪਣੇ ਮੰਤਰੀ-ਕਾਲ ਵਿਚ ਵਰਕਸ, ਹਾਊਸਿੰਗ, ਸਪਲਾਈ, ਸਟੀਲ, ਮਾਈਨਜ਼, ਫ਼ੀਊਲ, ਰੇਲਵੇ, ਖ਼ੁਰਾਕ, ਖੇਤੀਬਾੜੀ, ਇੰਡਸਟਰੀ, ਵਿਦੇਸ਼ੀ ਮਾਮਲੇ, ਰਖਿਆ ਆਦਿ ਅਨੇਕ ਮਹਿਕਮਿਆਂ ਦੇ ਕੰਮ ਨੂੰ ਬੜੀ ਰਵਾਨਗੀ ਅਤੇ ਕਾਮਯਾਬੀ ਨਾਲ 23 ਸਾਲ ਤਕ ਚਲਾਇਆ ਅਤੇ ਬਹੁਤ ਲੰਬੇ ਸਮੇਂ ਤਕ ਮੰਤਰੀ-ਪਦ ਨੂੰ ਮਾਣਿਆ। ਇਸ ਦੌਰਾਨ ਇਸ ਨੇ ਹਰ ਸਮਸਿਆ ਦਾ ਸਮਾਧਾਨ ਬੜੇ ਸਹਿਜ ਢੰਗ ਨਾਲ ਕੀਤਾ। ਕਦੇ ਕਿਸੇ ਪ੍ਰਤਿ ਨ ਉਲਾਰ ਹੋਇਆ ਅਤੇ ਨ ਅਕਾਰਣ ਵਿਰੋਧ ਕੀਤਾ। ਇਹੀ ਕਾਰਣ ਹੈ ਕਿ ਹਰ ਪ੍ਰਧਾਨ ਮੰਤਰੀ ਇਸ ਨੂੰ ਆਪਣੇ ਮੰਤਰੀ-ਮੰਡਲ ਵਿਚ ਲੈਣ ਲਈ ਤਿਆਰ ਰਹਿੰਦਾ ਸੀ।

ਵਿਦੇਸ਼ੀ ਮਾਮਲਿਆਂ ਵਿਚ ਭਾਗ ਲੈਣ ਲਈ ਸਭ ਤੋਂ ਪਹਿਲਾਂ ਇਹ ਜਨੇਵਾ ਵਿਚ ਹੋਏ ਯੂ.ਐਨ. ਦੀ ਇਕਨਾਮਿਕਸ ਅਤੇ ਸੋਸ਼ਲ ਕੌਂਸਲ ਦੇ ਇਜਲਾਸ ਵਿਚ ਭਾਰਤੀ ਡੈਲੀਗੇਸ਼ਨ ਦੇ ਨੇਤਾ ਵਜੋਂ ਸ਼ਾਮਲ ਹੋਣ ਲਈ ਗਿਆ। ਸੰਨ 1960 ਈ. ਵਿਚ ਚੀਨ ਦੇ ਪ੍ਰਧਾਨ ਮੰਤਰੀ ਚਉ ਐਨ ਲਾਈ ਨਾਲ ਹੋਈ ਗੱਲਬਾਤ ਵੇਲੇ ਪੰਡਿਤ ਨਹਿਰੂ ਦੇ ਸਹਾਇਕ ਦੀ ਭੂਮਿਕਾ ਨਿਭਾਈ। ਸੰਨ 1962-63 ਈ. ਵਿਚ ਪਾਕਿਸਤਾਨ ਨਾਲ ਹੋਈ ਗੱਲਬਾਤ ਦੀਆਂ ਛੇ ਬੈਠਕਾਂ ਵਿਚ ਇਹ ਭਾਰਤੀ ਪ੍ਰਤਿਨਿਧ ਮੰਡਲ ਵਿਚ ਸ਼ਾਮਲ ਹੋਇਆ। ਇਸ ਨੇ ਯੂ.ਐਨ. ਦੀਆਂ ਅਨੇਕ ਮੀਟਿੰਗਾਂ ਵਿਚ ਭਾਰਤੀ ਪ੍ਰਤਿਨਿਧ ਮੰਡਲ ਦੇ

ਮੁਖੀ ਵਜੋਂ ਹਿੱਸਾ ਲਿਆ ਅਤੇ ਕਾਮਨਵਲਥ ਰਾਸ਼ਟਰਾਂ ਦੇ ਮੁਖੀਆਂ ਦੀਆਂ ਸਾਰੀਆਂ ਬੈਠਕਾਂ ਵਿਚ ਭਾਗ ਲਿਆ। ਸੰਨ 1980 ਈ. ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਨੂੰ ਪਾਕਿਸਤਾਨ, ਇੰਡੋਨੇਸ਼ੀਆ ਅਤੇ ਨਾਈਜੇਰੀਆ ਵਿਚ ਆਪਣੇ ਵਿਸ਼ੇਸ਼ ਪ੍ਰਤਿਨਿਧ ਵਜੋਂ ਭੇਜਿਆ। ਸੰਨ 1976 ਤੋਂ 1981 ਈ. ਤਕ ਇਹ ਇੰਡੀਅਨ ਕੌਂਸਲ ਆਫ਼ ਵਰਲਡ ਅਫ਼ਿਅਰਜ਼ ਦਾ ਪ੍ਰਧਾਨ ਰਿਹਾ। ਇਸ ਤੋਂ ਬਾਦ ਇਹ ਅਧਿਕਤਰ ਯੂਨੈਸਕੋ ਲਈ ਹੀ ਕੰਮ ਕਰਦਾ ਰਿਹਾ ਅਤੇ ਭਾਈ ਵੀਰ ਸਿੰਘ ਸਦਨ ਦਿੱਲੀ ਦੇ ਕੰਮ ਵਿਚ ਵੀ ਰੁਚੀ ਲਈ। ਇਹ ਅਨੇਕ ਵਿਦਿਅਕ ਸੰਸਥਾਵਾਂ ਨਾਲ ਵੀ ਸੰਬਧਿਤ ਰਿਹਾ। 30 ਅਕਤੂਬਰ 1994 ਵਿਚ ਇਸ ਦਾ ਦਿੱਲੀ ਵਿਚ ਦੇਹਾਂਤ ਹੋਇਆ।

ਕਰਮਸ਼ੀਲ ਅਤੇ ਸਾਊ ਮੰਤਰੀ ਦੇ ਆਦਰਸ਼ ਰੂਪ ਵਿਚ ਜੀਵਿਆ ਸ. ਸਵਰਨ ਸਿੰਘ ਇਕ ਚੰਗਾ ਇਨਸਾਨ ਸੀ ਜਿਸ ਨੇ ਨ ਕਦੇ ਮੰਤਰੀ ਵਾਲੀ ਹੈਂਕੜ ਵਿਖਾਈ ਸੀ, ਨ ਕਿਸੇ ਨੂੰ ਉੱਚਾ ਬੋਲਿਆ ਸੀ ਅਤੇ ਨ ਹੀ ਗੰਭੀਰਤਾ ਦਾ ਪੱਲੂ ਛਡਿਆ ਸੀ। ਆਪਣੇ ਪਿੰਡ ਦੀ ਮਿੱਟੀ ਨਾਲ ਜੁੜਿਆ ਹੋਇਆ ਸੀ।

**ਸਵੈਯੇ, ਤ੍ਵਪ੍ਰਸਾਦਿ** : ਇਹ ਸਵੈਯੇ ਗਿਣਤੀ ਵਿਚ ਦਸ ਹਨ ਅਤੇ 'ਅਕਾਲ ਉਸਤਤਿ' ਬਾਣੀ ਵਿਚ ਕ੍ਰਮਾਂਕ 21 ਤੋਂ 30 ਤਕ ਸੰਕਲਿਤ ਹਨ। ਇਨ੍ਹਾਂ ਦਾ ਪਾਠ '*ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰਿ ਜੋਗਿ ਜਤੀ ਕੇ*' ਤੋਂ ਸ਼ੁਰੂ ਹੋ ਕੇ '*ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।*' ਤਕ ਚਲਦਾ ਹੈ। ਇਹ ਅੰਮ੍ਰਿਤ ਸੰਸਕਾਰ ਵਾਲੀਆਂ ਪੰਜ ਬਾਣੀਆਂ ਵਿਚ ਸ਼ਾਮਲ ਹਨ, ਕਈ ਜਿਗਿਆਸੂ ਇਨ੍ਹਾਂ ਨੂੰ ਨਿੱਤ-ਨੇਮ ਦੀਆਂ ਬਾਣੀ ਨਾਲ ਵੀ ਪੜ੍ਹਦੇ ਹਨ। ਵੇਖੋ 'ਅਕਾਲ ਉਸਤਤਿ'।

**ਸਵੈਯੇ ੩੩** (ਦਸਮ ਗ੍ਰੰਥ) : ਦਸਮ ਗ੍ਰੰਥ ਵਿਚ 'ਉਪ ਅਵਤਾਰ' ਪ੍ਰਸੰਗ ਤੋਂ ਬਾਦ ਸੰਕਲਿਤ ਇਨ੍ਹਾਂ ਦੀ ਕੁਲ ਗਿਣਤੀ 33 ਹੈ। ਪਹਿਲੇ ਸਵੈਯੇ ਵਿਚ ਖ਼ਾਲਸੇ ਦੇ ਸਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਉਸ ਦੇ ਚਾਰ ਪ੍ਰਮੁਖ ਲੱਛਣ ਦਸੇ ਗਏ ਹਨ ਕਿ ਉਹ ਹਰ ਥਾਂ ਜ਼ਾਹਿਰ, ਹਾਜ਼ਰ ਹਜ਼ੂਰ ਦੀ ਪੂਜਾ ਕਰੇ, ਮੜ੍ਹੀ-ਮਸਾਣ-ਕਬਰ ਦੀ ਪੂਜਾ ਤੋਂ ਗੁਰੇਜ਼ ਕਰੇ, ਕਰਮ ਕਾਂਡਾਂ ਦਾ ਤਿਆਗ ਕਰੇ, ਪ੍ਰੇਮ ਭਗਤੀ ਰਾਹੀਂ ਅੰਤਰ ਆਤਮਾ ਵਿਚ ਪਰਮਾਤਮਾ ਦਾ ਅਨੁਭਵ ਕਰੇ —*ਜਾਗਤ ਜੋਤਿ ਜਪੈ ਨਿਸਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ। ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ। ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ। ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।*

ਇਨ੍ਹਾਂ ਸਵੈਯਾਂ ਵਿਚ 'ਅਕਾਲ ਉਸਤਤਿ' ਦੀ ਭਾਵਨਾ ਮਿਲਦੀ ਹੈ। ਉਹ ਪਰਮਾਤਮਾ ਵੇਦ-ਪੁਰਾਣ-ਕੁਰਾਨ ਆਦਿ ਧਰਮ-ਗ੍ਰੰਥਾਂ ਦੀ ਸੋਚ ਤੋਂ ਉੱਚਾ ਹੈ, ਸਰਬ-ਵਿਆਪਕ ਅਤੇ ਅੰਤਰਜਾਮੀ ਹੈ। ਅਵਤਾਰਵਾਦ ਦੀ ਕਲਪਨਾ ਤੋਂ ਪਰੇ ਹੈ। ਆਪਣੇ ਭਗਤਾਂ ਦੀ ਸਦਾ ਸਹਾਇਤਾ ਕਰਦਾ ਆਇਆ ਹੈ।

ਇਨ੍ਹਾਂ ਵਿਚ ਯੋਗੀਆਂ, ਸੰਨਿਆਸੀਆਂ ਦੇ ਆਚਾਰਾਂ ਦਾ ਖੰਡਨ ਕਰਦੇ ਹੋਇਆਂ ਮੂਰਤੀ-ਪੂਜਾ ਪ੍ਰਤਿ ਅਵਿਸ਼ਵਾਸ ਪ੍ਰਗਟਾਇਆ ਗਿਆ ਹੈ ਕਿਉਂਕਿ ਪੱਥਰਾਂ ਵਿਚ ਪਰਮੇਸਰ ਨਹੀਂ ਹੈ। ਉਸੇ ਨੂੰ ਪ੍ਰਭੂ ਕਰਕੇ ਪੂਜਣਾ ਚਾਹੀਦਾ ਹੈ ਜਿਸ ਦੇ ਪੂਜਣ ਨਾਲ ਪਾਪ-ਕਸ਼ਟ ਮਿਟ ਜਾਣ, ਉਸ ਦਾ ਕੇਵਲ ਨਾਮ ਲੈਣ ਨਾਲ ਹਰ ਪ੍ਰਕਾਰ ਦੇ ਦੁਖ ਖ਼ਤਮ ਹੋ ਜਾਣ। ਉਸੇ ਦਾ ਧਿਆਨ ਕਰਨਾ ਹੀ ਠੀਕ ਹੈ, ਬਾਕੀ ਦੇ ਸਭ ਧਰਮ-ਕਰਮ ਫੋਕਟ ਹਨ। (20)।

ਇਸ ਤੋਂ ਬਾਦ ਭੇਖਧਾਰੀ ਸਾਧਾਂ, ਸੰਨਿਆਸੀਆਂ ਦੇ ਬਾਹਰਲੇ ਆਡੰਬਰਾਂ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਮਸੰਦਾਂ ਦੇ ਕ੍ਰਿਤਾਂ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਕਿਵੇਂ ਮਸੰਦ ਸੇਵਕਾਂ ਉਤੇ ਪ੍ਰਭਾਵ ਪਾ ਕੇ ਉਨ੍ਹਾਂ ਤੋਂ ਅਧਿਕ ਤੋਂ ਅਧਿਕ ਭੇਟਾ ਵਸੂਲ ਕਰਦੇ ਹਨ। ਇਹ ਲੋਕ ਆਪਣੇ ਸੇਵਕਾਂ ਉਤੇ ਪ੍ਰਭਾਵ ਪਾਉਣ ਲਈ ਅੱਖਾਂ ਵਿਚ ਤੇਲ ਪਾਂਦੇ ਹਨ ਇਹ ਦਸਣ ਲਈ ਕਿ ਪਰਮਾਤਮਾ ਦੇ ਪ੍ਰੇਮ-ਵਿਯੋਗ ਵਿਚ ਉਹ ਕਿਤਨੇ ਲੀਨ ਹਨ। ਧਨਵਾਨ ਸੇਵਕਾਂ ਦੇ ਆਉਣ 'ਤੇ ਉਨ੍ਹਾਂ ਨੂੰ ਖ਼ੁਦ ਭੋਜਨ ਪਰੋਸਦੇ ਹਨ, ਪਰ ਕਿਸੇ ਨਿਰਧਨ ਦੇ ਮੰਗਣ 'ਤੇ ਵੀ ਕੁਝ ਨਹੀਂ ਦਿੰਦੇ ਅਤੇ ਨ ਉਨ੍ਹਾਂ ਨੂੰ ਹੀ ਮਿਲਣਾ ਪਸੰਦ ਕਰਦੇ ਹਨ (30)। ਅਖ਼ੀਰਲੇ ਸਵੈਯਾਂ ਵਿਚ ਸੰਸਾਰਿਕ ਰਿਸ਼ਤਿਆਂ, ਵਸਤੂਆਂ ਅਤੇ ਉਪਲਬਧੀਆਂ ਨੂੰ ਵਿਅਰਥ ਦਸਿਆ ਗਿਆ ਹੈ ਕਿਉਂਕਿ ਪ੍ਰਾਣਾਂ ਦੇ ਨਿਕਲਣ ਨਾਲ ਇਹ

ਸਭ ਸੰਬੰਧ ਅਤੇ ਮਾਲਕੀਅਤ ਖ਼ਤਮ ਹੋ ਜਾਂਦੀ ਹੈ। ਸਭ ਨੂੰ ਇਥੋਂ ਇਕਲਿਆਂ ਹੀ ਜਾਣਾ ਹੈ। ਇਸ ਲਈ ਉਸ ਪਰਮਾਤਮਾ ਨੂੰ ਸਦਾ ਯਾਦ ਕਰਨਾ ਚਾਹੀਦਾ ਹੈ। ਇਨ੍ਹਾਂ ਦੀ ਭਾਸ਼ਾ ਸਰਲ ਬ੍ਰਜ ਹੈ ਅਤੇ ਸ਼ੈਲੀ ਪਾਖੰਡ-ਖੰਡਨੀ ਅਤੇ ਉਪਦੇਸ਼ ਪ੍ਰਧਾਨ ਹੈ। ਕਈ ਸ਼ਰਧਾਲੂ ਇਨ੍ਹਾਂ ਨੂੰ ਨਿੱਤ ਦੇ ਪਾਠ ਵਿਚ ਵੀ ਸ਼ਾਮਲ ਕਰਦੇ ਹਨ।

**ਸਾਈਂ ਦਾਸ, ਭਾਈ** (ਮ. 1631 ਈ.): ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਡਰੌਲੀ ਕਸਬੇ ਦਾ ਨਿਵਾਸੀ ਅਤੇ ਗੁਰੂ ਹਰਿਗੋਬਿੰਦ ਜੀ ਦਾ ਸਾਂਢੂ ਜੋ ਮਾਤਾ ਦਮੋਦਰੀ ਦੀ ਵੱਡੀ ਭੈਣ ਬੀਬੀ ਰਾਮੋ ਨੂੰ ਵਿਆਹਿਆ ਹੋਇਆ ਸੀ। ਨਿਕਟ ਰਿਸ਼ਤੇ ਤੋਂ ਇਲਾਵਾ ਇਹ ਗੁਰੂ ਜੀ ਦਾ ਬਹੁਤ ਸ਼ਰਧਾਲੂ ਸੀ। ਕਹਿੰਦੇ ਹਨ ਇਹ ਗੁਰੂ ਜੀ ਦਾ ਇਤਨਾ ਸ਼ਰਧਾਲੂ ਸੀ ਕਿ ਇਸ ਨੇ ਆਪਣੇ ਨਵੇਂ ਬਣਵਾਏ ਮਕਾਨ ਵਿਚ ਉਦੋਂ ਤਕ ਪ੍ਰਵੇਸ਼ ਨ ਕੀਤਾ, ਜਦੋਂ ਤਕ ਗੁਰੂ ਜੀ ਨੇ ਉਸ ਵਿਚ ਆਪਣੇ ਚਰਣ ਨਹੀਂ ਪਾਏ ਸਨ। ਗੁਰੂ ਜੀ ਉਸ ਮਕਾਨ ਵਿਚ ਆਏ ਅਤੇ ਕਾਫ਼ੀ ਸਮਾਂ ਠਹਿਰੇ। ਉਥੇ ਹੀ ਸੰਨ 1613 ਈ. ਵਿਚ ਬਾਬਾ ਗੁਰਦਿੱਤਾ ਦਾ ਜਨਮ ਹੋਇਆ।

ਲਗਭਗ 18 ਸਾਲਾਂ ਬਾਦ ਗੁਰੂ ਜੀ ਫਿਰ ਇਸ ਦੇ ਘਰ ਪਧਾਰੇ, ਪਰ ਉਸ ਠਹਿਰ ਦੌਰਾਨ ਮਾਤਾ ਦਮੋਦਰੀ ਜੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਵਿਯੋਗ ਨੂੰ ਨ ਸਹਾਰਦੀ ਹੋਈ ਉਨ੍ਹਾਂ ਦੀ ਵੱਡੀ ਭੈਣ ਰਾਮੋ ਚਲ ਵਸੀ। ਭਾਈ ਸਾਈਂ ਦਾਸ ਵੀ ਜੀਉਂਦਾ ਨ ਰਹਿ ਸਕਿਆ ਅਤੇ ਸੰਨ 1631 ਈ. ਵਿਚ ਸੰਸਾਰ ਤੋਂ ਵਿਦਾ ਹੋ ਗਿਆ।

**ਸਾਂਸੀ ਸਿੱਖ:** 'ਸਾਂਸੀ' ਇਕ ਖ਼ਾਨਾ-ਬਦੋਸ਼ ਜਾਤਿ ਹੈ ਜਿਸ ਦੇ ਪਿਛੋਕੜ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਇਹ ਕਿ ਸਾਂਸੀ ਆਰਯ ਜਾਤਿ ਨਾਲ ਸੰਬੰਧਿਤ ਹਨ ਜਾਂ ਫਿਰ ਸਿਕੰਦਰ ਦੀ ਫ਼ੌਜ ਵਿਚੋਂ ਬਚੇ ਹੋਏ ਫ਼ੌਜੀਆਂ ਦੀ ਸੰਤਾਨ ਹਨ। ਦੂਜੇ ਮਤ ਅਨੁਸਾਰ ਇਨ੍ਹਾਂ ਦਾ ਪਿਛਾ ਭੱਟੀ ਰਾਜਪੂਤਾਂ ਨਾਲ ਜੁੜਦਾ ਹੈ ਅਤੇ ਇਹ ਭਟਨੇਰ ਜਾਂ ਭਰਤਪੁਰ ਦੇ ਰਾਜਾ ਸਾਂਸੀ ਜਾਂ ਸਾਂਸਮੱਲ ਨੂੰ ਆਪਣਾ ਕੁਲ-ਦੇਵਤਾ ਮੰਨਦੇ ਹਨ। ਇਹ ਲੋਗ ਹਿੰਦੁਸਤਾਨ ਤੋਂ ਬਾਹਰ ਵੀ ਮਿਲਦੇ ਹਨ।

ਸਾਂਸੀ ਕਿਤੇ ਵੀ ਆਪਣਾ ਸਥਾਈ ਨਿਵਾਸ ਨਹੀਂ ਬਣਾਉਂਦੇ। ਆਮ ਤੌਰ 'ਤੇ ਪਿੰਡਾਂ ਤੋਂ ਬਾਹਰ ਆਪਣੀਆਂ ਝੁਗੀਆਂ ਪਾ ਲੈਂਦੇ ਹਨ। ਊਠ, ਖੋਤੇ ਅਤੇ ਕੁੱਤੇ ਇਨ੍ਹਾਂ ਦੇ ਖ਼ਾਨਾ-ਬਦੋਸ਼ੀ ਜੀਵਨ ਦੇ ਪੱਕੇ ਸਾਥੀ ਹਨ। ਹਰ ਪ੍ਰਕਾਰ ਦੇ ਜੰਗਲੀ ਜਾਨਵਰਾਂ ਦਾ ਇਹ ਸ਼ਿਕਾਰ ਕਰਦੇ ਹਨ। ਇਨ੍ਹਾਂ ਦਾ ਸਮਾਜਿਕ ਜੀਵਨ ਪੰਚਾਇਤੀ ਪ੍ਰਣਾਲੀ ਵਾਲਾ ਹੈ। ਇਹ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਕਈਆਂ ਨੇ ਸਿੱਖ ਧਰਮ ਧਾਰਣ ਕਰ ਲਿਆ ਹੈ ਅਤੇ ਅਧਿਕਤਰ ਪੰਜਾਬ ਵਿਚ ਵਸਦੇ ਹਨ। ਪਰ ਇਹ ਆਪਣੀਆਂ ਪਰੰਪਰਾਗਤ ਮਾਨਤਾਵਾਂ ਨੂੰ ਵੀ ਅਪਣਾਉਂਦੇ ਹਨ। ਇਸ ਤਰ੍ਹਾਂ ਇਹ ਆਪਣੇ ਪੂਰਵ-ਧਰਮੀ ਵਿਰਸੇ ਨੂੰ ਨਾਲ ਲੈ ਕੇ ਚਲਣ ਵਾਲੇ ਸਿੱਖ ਹਨ। ਪੰਜਾਬ ਵਿਚ ਪਹਿਲਾਂ ਇਨ੍ਹਾਂ ਨੂੰ ਜਰਾਇਮਪੇਸ਼ਾ ਮੰਨਿਆ ਜਾਂਦਾ ਸੀ ਪਰ ਹੁਣ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕਰ ਲਿਆ ਗਿਆ ਹੈ।

ਪੰਜਾਬ ਦੇ ਜੱਟਾਂ ਵਿਚ ਇਕ 'ਸਾਂਹਸੀ' ਜਾਤਿ ਮਿਲਦੀ ਹੈ। ਪਰ ਇਹ ਸ਼ਬਦ ਸੰਸਕ੍ਰਿਤ ਦੇ 'ਸਾਹਸੀ' ਸ਼ਬਦ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਹੈ ਹਿੰਮਤ ਵਾਲਾ, ਜੁਰਤ ਵਾਲਾ। ਇਸ ਦਾ 'ਸਾਂਸੀ' ਜਾਤਿ ਨਾਲ ਕੋਈ ਸੰਬੰਧ ਨਹੀਂ। ਮਹਾਰਾਜਾ ਰਣਜੀਤ ਸਿੰਘ ਇਸੇ ਜੱਟ ਗੋਤ ਵਿਚੋਂ ਸਨ।

**ਸ਼ਾਹ ਹੁਸੈਨ, ਸਾਈਂ** (1539-1599 ਈ.): ਲਾਹੌਰਵਿਚ ਵਸਣ ਵਾਲਾ ਪੰਜਾਬ ਦਾ ਇਕ ਪ੍ਰਸਿੱਧ ਸੂਫ਼ੀ ਫ਼ਕੀਰ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਆਪਣੀ ਬਾਣੀ ਦਰਜ ਕਰਾਉਣ ਲਈ ਅੰਮ੍ਰਿਤਸਰ ਆਇਆ ਸੀ। 'ਗੁਰ ਬਿਲਾਸ ਪਾਤਿਸ਼ਾਹੀ ੬' ਅਨੁਸਾਰ ਉਸ ਵੇਲੇ ਸ਼ਾਹ ਹੁਸੈਨ ਦੇ ਨਾਲ ਤਿੰਨ ਹੋਰ ਸਾਧਕ ਵੀ ਆਏ ਸਨ— *ਚਾਰ ਭਗਤ ਤਿਹ ਠਾਂਹ ਰਹੇ ਕਾਨ੍ਹਾ ਛਜੂ ਜਾਨ। ਸ਼ਾਹ ਹੁਸੈਨ ਪੀਲੋ ਭਗਤਿ ਮਨ ਮੈ ਭਗਤਿ ਗੁਮਾਨ।* ਪਰ ਇਸ ਦੀ ਬਾਣੀ ਗੁਰੂ-ਆਸ਼ੇ ਅਨੁਰੂਪ ਨ ਹੋਣ ਕਾਰਣ ਗੁਰਬਾਣੀ ਦੇ ਸੰਕਲਨ ਵਿਚ ਸ਼ਾਮਲ ਨ ਕੀਤੀ ਗਈ।

ਸ਼ਾਹ ਹੁਸੈਨ ਦਾ ਜਨਮ ਸੰਨ 1539 ਈ. ਵਿਚ ਸ਼ੇਖ ਉਸਮਾਨ ਢੱਡੇ ਦੇ ਘਰ ਲਾਹੌਰ ਵਿਚ ਹੋਇਆ ਸੀ। ਇਸ ਦਾ ਪਿਦਰੀ ਕਿੱਤਾ ਜੁਲਾਹੇ ਦਾ ਸੀ। ਬਾਲ-ਕਾਲ ਵਿਚ ਇਸ ਨੂੰ ਮਸਜਿਦ ਵਿਚ ਪੜ੍ਹਨੇ ਪਾਇਆ ਗਿਆ। ਕਹਿੰਦੇ ਹਨ ਇਸ ਨੇ ਦਸ ਸਾਲ ਦੀ ਉਮਰ ਵਿਚ ਸਾਰੇ 'ਕੁਰਾਨ' ਨੂੰ ਜ਼ਬਾਨੀ ਯਾਦ ਕਰ ਲਿਆ। ਇਸ ਤੋਂ ਬਾਦ ਇਹ ਸ਼ੇਖ ਬਹਿਲੋਲ ਦਰਿਆਈ ਦਾ ਮੁਰੀਦ ਬਣਿਆ ਅਤੇ ਸੂਫ਼ੀ ਮਤ

ਦੇ ਸਿੱਧਾਂਤਾਂ ਦਾ ਅਧਿਐਨ ਕੀਤਾ। ਲਗਭਗ ਬਾਰ੍ਹਾਂ ਸਾਲ ਸ਼ਰੀਅਤ ਵਾਲਾ ਜੀਵਨ ਬਤੀਤ ਕਰਨ ਤੋਂ ਬਾਦ ਪੀਰ ਸਾਦੁੱਲਾ ਦੀ ਸੰਗਤ ਨਾਲ ਇਸ ਨੇ ਸ਼ਰੀਅਤ ਦੇ ਰੂੜ੍ਹ ਰੂਪ ਨੂੰ ਮੰਨਣ ਤੋਂ ਖੁਲ੍ਹ ਲੈ ਲਈ ਅਤੇ ਲਾਲ ਬਸਤ੍ਰ ਧਾਰਣ ਕਰਕੇ ਖੁਲ੍ਹੇਆਮ ਨਸ਼ਿਆਂ ਦਾ ਸੇਵਨ ਸ਼ੁਰੂ ਕਰ ਦਿੱਤਾ। ਕਾਦਰੀ ਫ਼ਿਰਕੇ ਨਾਲ ਸੰਬੰਧਿਤ ਹੁੰਦੇ ਹੋਇਆਂ ਵੀ ਇਸ ਨੇ ਮਲਾਮਤੀ ਬਣਨਾ ਅਧਿਕ ਉਚਿਤ ਸਮਝਿਆ। ਕੱਟੜਪੰਥੀ ਮੁਸਲਮਾਨਾਂ ਨੇ ਇਸ ਨੂੰ ਪਸੰਦ ਨ ਕੀਤਾ, ਪਰ ਇਸ ਨੇ ਕਿਸੇ ਦੀ ਕੋਈ ਪਰਵਾਹ ਨ ਕੀਤੀ। ਇਕ ਰਵਾਇਤ ਅਨੁਸਾਰ ਇਹ ਮਾਧੋ ਲਾਲ ਨਾਂ ਦੇ ਇਕ ਲੜਕੇ ਨਾਲ ਦੀਵਾਨਗੀ ਦੀ ਹਦ ਤਕ ਇਸ਼ਕ ਕਰਦਾ ਸੀ। ਇਸ ਲਈ ਇਸ ਦਾ ਨਾਂ 'ਮਾਧੋ ਲਾਲ ਹੁਸੈਨ' ਪ੍ਰਚਲਿਤ ਹੋ ਗਿਆ। ਇਸ ਦਾ ਦੇਹਾਂਤ 60/61 ਵਰ੍ਹਿਆਂ ਦੀ ਉਮਰ ਵਿਚ ਹੋਇਆ ਅਤੇ ਲਾਹੌਰ ਦੇ ਨੇੜੇ ਸ਼ਾਹਦਰੇ ਵਿਚ ਦਫ਼ਨਾਇਆ ਗਿਆ।

ਸ਼ਾਹ ਹੁਸੈਨ ਦੇ ਨਾਂ ਨਾਲ ਸੰਬੰਧਿਤ 117 ਤੋਂ ਲੈ ਕੇ 163 ਤਕ ਕਾਫ਼ੀਆਂ ਮਿਲਦੀਆਂ ਹਨ। ਇਹ ਸਾਰੀਆਂ ਕਾਫ਼ੀਆਂ ਵਖ ਵਖ ਰਾਗਾਂ ਦੇ ਅਧੀਨ ਛਪੀਆਂ ਹਨ। ਰਾਗ ਅਧਿਕਤਰ ਲੌਕਿਕ ਹਨ। ਕਵੀ ਦੀ ਵਿਯੋਗੀ ਆਤਮਾ ਦਾ ਬੜਾ ਪ੍ਰਭਾਵਸ਼ਾਲੀ ਅਤੇ ਦਿਲ ਟੁੰਬਣ ਵਾਲਾ ਚਿਤ੍ਰਣ ਇਨ੍ਹਾਂ ਕਾਫ਼ੀਆਂ ਵਿਚ ਮਿਲਦਾ ਹੈ। ਇਸ਼ਕ ਦੀ ਤੀਬਰ ਭਾਵਨਾ, ਪ੍ਰੀਤਮ ਨੂੰ ਮਿਲ ਕੇ ਅਧਿਆਤਮਿਕ ਸੰਯੋਗ ਪ੍ਰਾਪਤ ਕਰਨ ਦੀ ਇੱਛਾ, ਧਾਰਮਿਕ ਪਾਖੰਡਾਂ ਅਤੇ ਕਰਮ-ਕਾਂਡਾਂ ਪ੍ਰਤਿ ਬਗ਼ਾਵਤ ਆਦਿ ਪੱਖਾਂ ਦਾ ਚਿਤ੍ਰਣ ਕਰਨਾ ਸ਼ਾਹ ਹੁਸੈਨ ਦੇ ਕਾਵਿ ਦਾ ਮੁੱਖ ਲੱਛਣ ਹੈ।

**ਸ਼ਾਹਜਹਾਂ, ਬਾਦਸ਼ਾਹ** (1592-1666 ਈ.) : ਹਿੰਦੁਸਤਾਨ ਦਾ ਪੰਜਵਾਂ ਮੁਗ਼ਲ ਬਾਦਸ਼ਾਹ ਜਿਸ ਦਾ ਜਨਮ ਜਹਾਂਗੀਰ ਦੇ ਘਰ ਰਾਜਾ ਉਦਯ ਸਿੰਘ ਜੋਧਪੁਰੀ ਦੀ ਪੁੱਤਰੀ ਬਾਲਮਤੀ (ਜੋਧਬਾਈ) ਦੀ ਕੁੱਖੋਂ 5 ਜਨਵਰੀ 1592 ਈ. ਵਿਚ ਹੋਇਆ। ਇਸ ਦਾ ਪਾਲਣ-ਪੋਸ਼ਣ ਆਪਣੇ ਦਾਦਾ ਅਕਬਰ ਬਾਦਸ਼ਾਹ ਦੀ ਨਿਗਰਾਨੀ ਵਿਚ ਹੋਇਆ। ਇਸ ਦਾ ਮੁੱਢਲਾ ਨਾਂ 'ਮਿਰਜ਼ਾ ਖ਼ੁੱਰਮ' ਸੀ ਅਤੇ ਪੂਰਾ ਨਾਂ 'ਅਬੂ ਅਲ ਮੁੱਜ਼ਫ਼ਰ ਸ਼ਹਾਬੁੱਦੀਨ ਸ਼ਾਹਜਹਾਂ' ਸੀ। ਅਬੁਲ ਫ਼ੈਜ਼ੀ ਨੂੰ ਇਸ ਦਾ ਉਸਤਾਦ ਨਿਯੁਕਤ ਕੀਤਾ ਗਿਆ। ਇਸ ਦਾ ਪਹਿਲਾ ਵਿਆਹ ਸੰਨ 1610 ਈ. ਵਿਚ ਮਿਰਜ਼ਾ ਮੁੱਜ਼ਫ਼ਰ ਹੁਸੈਨ ਸਫ਼ਵੀ ਦੀ ਲੜਕੀ ਨਾਲ ਹੋਇਆ। ਫਿਰ ਮਾਰਚ 1612 ਈ. ਵਿਚ ਇਸ ਦਾ ਦੂਜਾ ਵਿਆਹ ਨੂਰਜਹਾਂ ਦੇ ਭਰਾ ਆਸਫ਼ ਖ਼ਾਂ ਦੀ ਪੁੱਤਰੀ ਅਰਜੁਮੰਦ ਬਾਨੂ ਨਾਲ ਹੋਇਆ, ਭਾਵੇਂ ਮੰਗਣੀ ਸੰਨ 1607 ਈ. ਵਿਚ ਹੋ ਚੁੱਕੀ ਸੀ। ਇਸ ਵਿਆਹ ਸੰਬੰਧ ਨਾਲ ਖ਼ੁੱਰਮ ਦੀ ਕਿਸਮਤ ਚਮਕੀ। ਇਹੀ ਬੇਗਮ ਬਾਦ ਵਿਚ ਮੁਮਤਾਜ਼ ਮਹਲ ਦੇ ਨਾਂ ਨਾਲ ਜਾਣੀ ਗਈ ਅਤੇ ਜਿਸ ਦੀ ਯਾਦ ਵਿਚ ਸ਼ਾਹਜਹਾਂ ਨੇ 'ਤਾਜ ਮਹਲ' ਦੀ ਉਸਾਰੀ ਕਰਾ ਕੇ ਆਪਣੇ ਪਿਆਰ ਨੂੰ ਸਥਾਈ ਰੂਪ ਦੇਣ ਦਾ ਉਦਮ ਕੀਤਾ। ਸੰਨ 1617 ਈ. ਵਿਚ ਜਦੋਂ ਸ਼ਹਿਜ਼ਾਦਾ ਖ਼ੁੱਰਮ ਮਲਿਕ ਅੰਬਰ ਦੀ ਵਧਦੀ ਹੋਈ ਤਾਕਤ ਨੂੰ ਰੋਕਣ ਲਈ ਦੱਖਣ ਗਿਆ, ਤਾਂ ਇਸ ਨੇ ਅਬਦੁਰ ਰਹੀਮ ਖ਼ਾਨਖ਼ਾਨਾ ਦੀ ਪੋਤਰੀ ਨਾਲ ਵਿਆਹ ਕਰਕੇ ਆਪਣੀ ਰਾਜਨੈਤਿਕ ਸਥਿਤੀ ਹੋਰ ਸੁਧਾਰੀ।

ਇਸ ਦੀ ਯੋਗਤਾ ਨੂੰ ਪਰਖਣ ਲਈ ਜਹਾਂਗੀਰ ਨੇ ਇਸ ਨੂੰ ਮੇਵਾੜ ਵਿਚ ਮਹਾਰਾਣਾ ਅਮਰ ਸਿੰਘ ਨਾਲ ਲੋਹਾ ਲੈਣ ਲਈ ਭੇਜਿਆ। ਸ਼ਹਿਜ਼ਾਦਾ ਖ਼ੁੱਰਮ ਉਸ ਨੂੰ ਵਿਵਸ਼ ਕਰਕੇ ਅਧੀਨ ਕਰਨ ਵਿਚ ਕਾਮਯਾਬ ਹੋਇਆ। ਫਿਰ ਇਸ ਨੇ ਦੱਖਣ ਵਿਚ ਮਲਿਕ ਅੰਬਰ ਦੀ ਅਗਵਾਈ ਵਿਚ ਇਕੱਠੇ ਹੋਏ ਹਾਕਮਾਂ ਦੇ ਸੰਗਠਨ ਨੂੰ ਖੇਰੂੰ ਖੇਰੂੰ ਕੀਤਾ। ਇਸ ਕਾਮਯਾਬੀ 'ਤੇ ਪ੍ਰਸੰਨ ਹੋ ਕੇ ਜਹਾਂਗੀਰ ਨੇ ਖ਼ੁੱਰਮ ਨੂੰ 'ਸ਼ਾਹਜਹਾਂ' ਦੀ ਉਪਾਧੀ ਬਖ਼ਸ਼ੀ। ਇਸ ਨੇ ਕਾਂਗੜੇ ਦੇ ਕਿਲ੍ਹੇ ਨੂੰ ਅਧੀਨ ਕੀਤਾ। ਕੰਧਾਰ ਦੇ ਕਿਲ੍ਹੇ ਨੂੰ ਵੀ ਫ਼ਾਰਸ ਦੇ ਬਾਦਸ਼ਾਹ ਦੇ ਕਬਜ਼ੇ ਤੋਂ ਮੁਕਤ ਕਰਵਾਇਆ। ਮਲਿਕਾ ਨੂਰਜਹਾਂ ਨਾਲ ਇਸ ਦੇ ਸੰਬੰਧਾਂ ਵਿਚ ਕਿਸੇ ਸਮੇਂ ਭਾਵੇਂ ਕੁਝ ਤ੍ਰੇੜ ਵੀ ਆ ਗਈ ਸੀ, ਪਰ ਸੰਨ 1627 ਈ. ਵਿਚ ਜਹਾਂਗੀਰ ਦੀ ਮ੍ਰਿਤੂ ਤੋਂ ਬਾਦ ਮੁਮਤਾਜ਼ ਮਹਲ ਦੇ ਪਿਤਾ ਆਸਫ਼ ਖ਼ਾਂ ਦੀ ਸਹਾਇਤਾ ਨਾਲ ਇਹ ਰਾਜ-ਗੱਦੀ ਉਤੇ ਬੈਠਾ।

ਇਸ ਦੇ ਰਾਜ-ਕਾਲ ਵਿਚ ਰਾਜਨੈਤਿਕ ਸਥਿਤੀ ਅਧਿਕਤਰ ਸ਼ਾਂਤੀਪੂਰਣ ਰਹੀ, ਸਿਵਾਏ ਦੋ ਤਿੰਨ ਬਗ਼ਾਵਤਾਂ ਦੇ ਜਿਨ੍ਹਾਂ ਨੂੰ ਦਬਾ ਦਿੱਤਾ ਗਿਆ। ਇਸ ਨੇ ਆਪਣੇ ਪਿਦਰੀ ਇਲਾਕੇ ਬਲਖ ਅਤੇ ਬਦਖ਼ਸ਼ਾਂ ਨੂੰ ਵੀ ਆਪਣੇ ਅਧੀਨ ਕਰਨਾ ਚਾਹਿਆ, ਪਰ ਕਾਮਯਾਬੀ ਨ ਮਿਲ ਸਕੀ। 6 ਸਤੰਬਰ 1657 ਈ. ਵਿਚ ਇਸ ਦੇ ਬੀਮਾਰ ਪੈਣ ਨਾਲ ਰਾਜ-ਗੱਦੀ ਪ੍ਰਾਪਤ ਕਰਨ ਲਈ ਇਸ ਦੇ ਲੜਕਿਆਂ ਵਿਚ ਸੰਘਰਸ਼ ਸ਼ੁਰੂ ਹੋ ਗਿਆ। ਔਰੰਗਜ਼ੇਬ ਨੇ ਆਪਣੇ ਰਸਤੇ ਵਿਚੋਂ ਆਪਣੇ

ਤਿੰਨਾਂ ਭਰਾਵਾਂ— ਦਾਰਾ ਸ਼ਿਕੋਹ, ਸ਼ੁਜਾ ਅਤੇ ਮੁਰਾਦ—ਨੂੰ ਹਟਾ ਕੇ ਅਤੇ ਸ਼ਾਹਜਹਾਂ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰਕੇ ਖ਼ੁਦ ਰਾਜ-ਗੱਦੀ ਉਤੇ ਬੈਠ ਗਿਆ। ਸ਼ਾਹਜਹਾਂ ਦੀ ਦੇਖ-ਭਾਲ ਉਸ ਦੀ ਲੜਕੀ ਜਹਾਨਾਰਾ ਅਤੇ ਕਨੌਜ ਦੇ ਸੱਯਦ ਮੁੱਲਾ ਮੁਹੰਮਦ ਨੇ ਕੀਤੀ। ਸੱਤ ਵਰ੍ਹੇ ਪੁੱਤਰ ਦੀ ਕੈਦ ਵਿਚ ਦੁਖ ਸਹਿ ਕੇ ਅਤੇ ਆਪਣੀ ਪਿਆਰੀ ਬੇਗ਼ਮ ਮੁਮਤਾਜ਼ ਦੇ ਮਕਬਰੇ ਨੂੰ ਸਦਾ ਵੇਖਦੇ ਹੋਇਆਂ ਸ਼ਾਹਜਹਾਂ ਨੇ 23 ਜਨਵਰੀ 1666 ਈ. ਵਿਚ ਪ੍ਰਾਣ ਤਿਆਗ ਦਿੱਤੇ। ਇਸ ਨੂੰ ਬੇਗਮ ਦੀ ਕਬਰ ਦੇ ਨਾਲ ਹੀ 'ਤਾਜ ਮਹਲ' ਵਿਚ ਦਫ਼ਨਾ ਦਿੱਤਾ ਗਿਆ।

ਸ਼ਾਹਜਹਾਂ ਦਾ ਰਾਜ-ਕਾਲ ਸੁਖ-ਸ਼ਾਂਤੀ ਵਾਲਾ ਸੀ। ਇਹ ਖ਼ੁਦ ਕਲਾ ਦੀ ਕਦਰ ਕਰਨ ਵਾਲਾ ਅਤੇ ਸੌਂਦਰਯ ਦਾ ਪਾਰਖੂ ਸੀ। ਆਪਣੀ ਬੇਗਮ ਲਈ ਤਾਜ ਵਰਗਾ ਮਕਬਰਾ ਬਣਵਾ ਕੇ ਇਸ ਨੇ ਸੰਸਾਰ ਵਿਚ ਇਕ ਅਜੂਬਾ ਕਾਇਮ ਕੀਤਾ ਸੀ। ਆਗਰੇ ਦੇ ਕਿਲ੍ਹੇ ਅੰਦਰ ਬਣੀ ਮੋਤੀ ਮਸਜਿਦ, ਦਿੱਲੀ ਦਾ ਲਾਲ ਕਿਲ੍ਹਾ ਅਤੇ ਉਸ ਦੇ ਅੰਦਰ ਬਣੀਆਂ ਗੌਰਵਸ਼ਾਲੀ ਇਮਾਰਤਾਂ, ਦਿੱਲੀ ਦੀ ਜਾਮਾ ਮਸਜਿਦ ਸ਼ਾਹਜਹਾਂ ਦੀ ਇਮਾਰਤਾਂ ਬਣਵਾਉਣ ਪ੍ਰਤਿ ਰੁਚੀ ਦਾ ਸਪੱਸ਼ਟ ਪ੍ਰਮਾਣ ਹਨ। ਸਚ ਤਾਂ ਇਹ ਹੈ ਕਿ ਸ਼ਾਹਜਹਾਂ ਭਵਨ-ਨਿਰਮਾਣ ਕਲਾ ਦੀਆਂ ਇਨ੍ਹਾਂ ਮਹਾਨ ਕ੍ਰਿਤੀਆਂ ਕਰਕੇ ਹੀ ਜੀਉਂਦਾ ਹੈ।

ਇਸ ਨੇ ਗੁਰੂ-ਘਰ ਪ੍ਰਤਿ ਉਦਾਰਤਾ ਦੀ ਨੀਤੀ ਨੂੰ ਤਿਆਗ ਦਿੱਤਾ। ਫਲਸਰੂਪ ਗੁਰੂ ਹਰਿਗੋਬਿੰਦ ਜੀ ਨਾਲ ਇਸ ਦੀ ਸੈਨਾ ਨੇ ਚਾਰ ਯੁੱਧ ਕੀਤੇ। ਇਕ ਅੰਮ੍ਰਿਤਸਰ ਵਿਚ, ਦੂਜਾ ਸ੍ਰੀ ਗੋਬਿੰਦਪੁਰ ਵਿਚ, ਤੀਜਾ ਮੇਹਰਾਜ ਵਿਚ ਅਤੇ ਚੌਥਾ ਕਰਤਾਰਪੁਰ ਵਿਚ। ਇਨ੍ਹਾਂ ਚੌਹਾਂ ਵਿਚ ਸਿੱਖ ਸੈਨਾਨੀ ਵਿਜਈ ਰਹੇ। ਇਸ ਦੇ ਪੁੱਤਰ ਦਾਰਾ ਸ਼ਿਕੋਹ ਦੀ ਗੁਰੂ ਹਰਿ ਰਾਇ ਜੀ ਨੇ ਸਹਾਇਤਾ ਕੀਤੀ ਅਤੇ ਗੋਇੰਦਵਾਲ ਦੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਾਇਆ ਅਤੇ ਆਪਣੀ ਸੈਨਿਕ ਸੁਰਖਿਆ ਅਧੀਨ ਔਰੰਗਜ਼ੇਬ ਦੀ ਫ਼ੌਜ ਦੁਆਰਾ ਪਕੜੇ ਜਾਣ ਤੋਂ ਬਚਾਇਆ। ਵੇਖੋ 'ਦਾਰਾ ਸ਼ਿਕੋਹ'।

**ਸ਼ਾਹ ਦੌਲਾ** : ਵੇਖੋ 'ਦੌਲਾ ਸ਼ਾਹ'।

**ਸ਼ਾਹਪੁਰ ਕਲਾਂ** (ਪਿੰਡ) : ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਨਗਰ ਤੋਂ 13 ਕਿ.ਮੀ. ਦੀ ਦੂਰੀ ਉਤੇ ਪੱਛਮ ਵਾਲੇ ਪਾਸੇ ਸਥਿਤ ਇਕ ਪਿੰਡ, ਜਿਥੇ ਇਕ ਟੋਭੇ ਦੇ ਕੰਢੇ ਗੁਰੂ ਤੇਗ ਬਹਾਦਰ ਜੀ ਆਪਣੀ ਮਾਲਵੇ ਦੀ ਧਰਮ-ਪ੍ਰਚਾਰ ਯਾਤ੍ਰਾ ਵੇਲੇ ਕੁਝ ਦੇਰ ਲਈ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਹੁਣ ਉਥੇ 'ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਨੌਵੀਂ' ਉਸਰਿਆ ਹੋਇਆ ਹੈ। ਇਸ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ।

**ਸ਼ਾਹਬਾਜ ਸਿੰਘ** (ਮ. 1745 ਈ.): ਇਹ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਅਹਿਦ ਵਿਚ ਰਹੇ ਲਾਹੌਰ ਦੇ ਕੋਤਵਾਲ ਸ. ਸਬੇਗ ਸਿੰਘ/ਸੁਬੇਗ ਸਿੰਘ ਦਾ ਸੁਪੁੱਤਰ ਸੀ। ਇਸ ਦੇ ਪਿਤਾ ਦਾ ਸਿੱਖ ਜਗਤ ਵਿਚ ਬਹੁਤ ਆਦਰ ਸੀ। ਜ਼ਕਰੀਆਂ ਖ਼ਾਨ ਨੇ ਸਿੱਖਾਂ ਨੂੰ ਸ਼ਾਂਤੀ ਬਣਾਈ ਰਖਣ ਲਈ ਇਕ ਲੱਖ ਦੀ ਜਾਗੀਰ ਅਤੇ ਨਵਾਬੀ ਦਾ ਖ਼ਿਤਾਬ ਸ. ਸਬੇਗ ਸਿੰਘ (ਵੇਖੋ) ਦੁਆਰਾ ਖ਼ਾਲਸੇ ਪਾਸ ਅੰਮ੍ਰਿਤਸਰ ਭੇਜਿਆ ਸੀ। ਲਾਹੌਰ ਜ਼ਿਲ੍ਹੇ ਦੇ ਜੰਬਰ ਪਿੰਡ ਵਿਚ ਪੈਦਾ ਹੋਏ ਸ਼ਾਹਬਾਜ਼ ਸਿੰਘ ਨੂੰ ਵੱਡਾ ਹੋਣ 'ਤੇ ਪੜ੍ਹਨ ਲਈ ਲਾਹੌਰ ਦੀ ਇਕ ਮਸਜਿਦ ਵਿਚ ਭੇਜਿਆ ਗਿਆ। ਇਹ ਬਹੁਤ ਸੂਝਵਾਨ ਅਤੇ ਧਰਮੀ ਬੱਚਾ ਸੀ। ਇਸ ਨੇ ਮਸਜਿਦ ਵਿਚ ਪੜ੍ਹਨ ਵੇਲੇ ਕਿਸੇ ਬਹਿਸ ਦੌਰਾਨ ਸਿੱਖ ਧਰਮ ਦੀ ਪ੍ਰਤਿਸ਼ਠਾ ਸਥਾਪਿਤ ਕੀਤੀ ਅਤੇ ਇਸਲਾਮ ਦੀ ਵਡਿਆਈ ਨੂੰ ਸਵੀਕਾਰਨ ਤੋਂ ਨਾਂਹ ਕਰ ਦਿੱਤੀ। ਫਲਸਰੂਪ ਮੌਲਵੀ ਨੇ ਇਸ ਨੂੰ ਮੁਸਲਮਾਨ ਬਣਨ ਲਈ ਕਿਹਾ। ਅਨੇਕ ਪ੍ਰਕਾਰ ਦੇ ਪ੍ਰਲੋਭਨ ਦਿੱਤੇ ਗਏ, ਪਰ ਇਹ ਨ ਮੰਨਿਆ। ਮੌਲਵੀ ਨੇ ਸੂਬੇਦਾਰ ਯਹੀਆ ਖ਼ਾਨ ਅਗੇ ਸ਼ਿਕਾਇਤ ਕੀਤੀ। ਸੂਬੇਦਾਰ ਨੇ ਵੀ ਇਸ ਨੂੰ ਮੁਸਲਮਾਨ ਬਣਾਉਣ ਲਈ ਬਹੁਤ ਯਤਨ ਕੀਤੇ, ਪਰ ਇਹ ਨ ਮੰਨਿਆ। ਅੰਤ ਵਿਚ ਇਸ ਨੂੰ ਆਪਣੇ ਪਿਤਾ ਸਹਿਤ ਪਕੜ ਲਿਆ ਗਿਆ ਅਤੇ ਸੰਨ 1745 ਈ. ਵਿਚ ਲਾਹੌਰ ਅੰਦਰ ਚਰਖੀਆਂ ਉਪਰ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।

**ਸ਼ਾਹ ਭੀਖ** : ਭੀਖਣ ਸ਼ਾਹ ਦਾ ਇਕ ਨਾਮਾਂਤਰ। ਵੇਖੋ 'ਭੀਖਣ ਸ਼ਾਹ'।

**ਸ਼ਾਹ ਮਸਤਾਨਾ** : ਡੇਰਾ ਸੱਚਾ ਸੌਦਾ ਦੇ ਸੰਸਥਾਪਕ। ਵੇਖੋ 'ਡੇਰਾ ਸੱਚਾ ਸੌਦਾ', 'ਸਤਿਨਾਮ ਸਿੰਘ ਸ਼ਾਹ'।

**ਸ਼ਾਹ ਮੁਹੰਮਦ** (ਕਵੀ) : 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦੇ ਲੇਖਕ ਸ਼ਾਹ ਮੁਹੰਮਦ ਦਾ ਜਨਮ ਕਦ ਅਤੇ ਕਿਥੇ ਹੋਇਆ? ਇਸ ਬਾਰੇ ਵਿਸ਼ਵਸਤ ਜਾਣਕਾਰੀ ਦਾ ਅਭਾਵ ਹੈ। ਅਨੁਮਾਨ ਦੇ ਆਧਾਰ 'ਤੇ ਇਸ ਦਾ ਜਨਮ ਸੰਨ 1780 ਈ. ਤੋਂ 1782 ਈ. ਦੇ ਵਿਚਾਲੇ ਮੰਨਿਆ ਜਾਂਦਾ ਹੈ।

ਇਸ ਦਾ ਜਨਮ ਕਿਥੇ ਹੋਇਆ ? ਇਸ ਦਾ ਸਮਾਧਾਨ ਕਰਨ ਲਈ ਵਿਦਵਾਨਾਂ ਨੇ ਇਕ ਅੰਦਰਲੀ ਗਵਾਹੀ (*ਇਕ ਰੋਜ਼ ਵਡਾਲੇ ਦੇ ਵਿਚ ਬੈਠੇ, ਚਲੀ ਆਣ ਫਿਰੰਗੀ ਦੀ ਬਾਤ ਆਈ*) ਦੇ ਆਧਾਰ 'ਤੇ ਕਵੀ ਨੂੰ 'ਵਡਾਲੇ' ਦਾ ਜੰਮਪਲ ਦਸਿਆ ਹੈ। ਪਰ 'ਵਡਾਲੇ' ਦੇ 'ਵਟਾਲਾ' ਅਤੇ 'ਬਟਾਲਾ' ਪਾਠਾਂਤਰਾਂ ਨੇ ਕੁਝ ਵਿਵਾਦ ਪੈਦਾ ਕੀਤਾ ਹੈ। ਇਸ ਲਈ ਕੁਝ ਵਿਦਵਾਨ ਇਸ ਕਸਬੇ ਨੂੰ ਗੁਰਦਾਸਪੁਰ ਦੇ ਬਟਾਲਾ ਨਾਲ ਸੰਬੰਧਿਤ ਕਰਦੇ ਹਨ ਅਤੇ ਕੁਝ ਵਿਦਵਾਨ 'ਵਡਾਲਾ ਵੀਰਮ' ਨੂੰ ਸ਼ਾਹ ਮੁਹੰਮਦ ਦਾ ਜਨਮ-ਸਥਾਨ ਦਸਦੇ ਹਨ, ਜੋ ਅੰਮ੍ਰਿਤਸਰ ਤਹਿਸੀਲ ਵਿਚ ਹੈ।

ਇਹ ਕਵੀ ਕੁਰੈਸ਼ੀ ਖ਼ਾਨਦਾਨ ਵਿਚੋਂ ਸੀ ਜਿਸ ਦੇ ਵੱਡੇ ਵਡੇਰਿਆਂ ਨੂੰ ਮੁਗ਼ਲ ਰਾਜ ਵੇਲੇ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪ੍ਰਤਿਸ਼ਠਿਤ ਔਹਦੇ ਮਿਲੇ ਹੋਏ ਸਨ। ਇਸ ਦੇ ਦੋ ਪੁੱਤਰ ਸਨ— ਮੁਹੰਮਦ ਬਖ਼ਸ਼ ਅਤੇ ਹਾਸ਼ਮ ਸ਼ਾਹ ਮੁਖ਼ਲਸ। ਇਸ ਕਵੀ ਦੇ ਨਾਂ ਨਾਲ ਜੰਗਨਾਮੇ ਤੋਂ ਇਲਾਵਾ 'ਕਿੱਸਾ ਸੱਸੀ ਪੁੰਨੂੰ' ਨਾਂ ਦੀ ਇਕ ਹੋਰ ਰਚਨਾ ਵੀ ਸੰਬੰਧਿਤ ਕੀਤੀ ਜਾਂਦੀ ਹੈ। ਇਸ ਨੇ ਜੰਗਨਾਮੇ ਦੀ ਰਚਨਾ 1845-46 ਈ. ਦੀਆਂ ਲੜਾਈਆਂ ਤੋਂ ਬਾਦ, ਪਰ ਸੰਨ 1846 ਈ. ਦੇ ਸਾਲ ਦੇ ਅੰਤ ਹੋਣ ਤੋਂ ਪਹਿਲਾਂ ਕੀਤੀ ਪ੍ਰਤੀਤ ਹੁੰਦੀ ਹੈ, ਕਿਉਂਕਿ ਇਸ ਵਿਚ ਸਿੰਘਾਂ ਅਤੇ ਫ਼ਿਰੰਗੀਆਂ ਵਿਚਾਲੇ ਕੇਵਲ ਸੰਨ 1846 ਈ. ਤਕ ਹੋਏ ਯੁੱਧਾਂ ਦਾ ਬ੍ਰਿਤਾਂਤ ਦਿੱਤਾ ਗਿਆ ਹੈ।

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਅੰਗ੍ਰੇਜ਼ਾਂ ਨਾਲ ਹੋਈ ਸਿੱਖਾਂ ਦੀ ਲੜਾਈ ਦਾ ਬੜੀ ਆਤਮੀਅਤਾ ਨਾਲ ਵਰਣਨ ਕੀਤਾ ਹੈ ਅਤੇ ਦੇਸ਼ ਧਰੋਹੀਆਂ ਰਾਹੀਂ ਪੰਜਾਬ ਦੀ ਬਾਦਸ਼ਾਹੀ ਦੀ ਮਾਂਗ ਵਿਚ ਰਤ ਦਾ ਕੁੰਗੂ ਪਾਉਣ ਵਾਲੇ ਹਿਰਦੇ-ਵੇਧਕ ਸਾਕੇ ਨੂੰ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਚਿਤਰਿਆ ਹੈ। ਇਸ ਵਿਚ ਪੰਜਾਬ ਦੇ ਆਪਣੇ ਧਰਮ ਨਿਰਪੇਖ ਰਾਜ ਦੇ ਖੁਸਣ ਦੀ ਪੀੜ ਨੂੰ ਜਨ-ਸਾਧਾਰਣ ਨਾਲ ਸਾਂਝਾ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਪੰਜਾਬ ਵਿਚ ਵਾਪਰੇ ਦੁਖਾਂਤ ਦੌਰਾਨ, ਜੋ ਸਿੱਖ ਫ਼ੌਜ ਨੇ ਆਪਣੀ ਸੂਰਵੀਰਤਾ ਦਾ ਪਰਿਚੈ ਦਿੱਤਾ, ਉਸ ਨੂੰ ਚਿਤਰਦਿਆਂ, ਉਨ੍ਹਾਂ ਦੀ ਅਨੁਸ਼ਾਸਨਿਕ ਕਮਜ਼ੋਰੀਆਂ ਅਤੇ ਆਪ-ਹੁਦਰੀਆਂ ਨੂੰ ਵੀ ਨੰਗਾ ਕੀਤਾ, ਜਿਨ੍ਹਾਂ ਦੇ ਫਲਸਰੂਪ ਸਿੱਖ-ਰਾਜ ਦਾ ਸਿਖਰਲਾ ਕਲਸ ਧਰਤੀ 'ਤੇ ਡਿਗ ਕੇ ਮਿੱਟੀ ਵਿਚ ਰੁਲ ਗਿਆ ਸੀ।

ਸਿੱਖ ਰਾਜ ਪ੍ਰਤਿ ਕਵੀ ਦੀ ਨਿਸ਼ਠਾ ਧਰਮ-ਨਿਰਪੇਖ ਭਾਵਨਾ ਨਾਲ ਪਰਿਪੂਰਣ ਸੀ। ਇਸੇ ਲਈ ਇਸ ਨੇ ਸਿੱਖਾਂ ਦੀ ਬਹਾਦਰੀ ਦੇ ਸੋਹਲੇ ਗਾਏ ਹਨ— *ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।... ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।* ਇਸ ਜੰਗਨਾਮੇ ਦੀ ਮੂਲ-ਭਾਵਨਾ ਵਿਚਲੇ ਦੇਸ਼-ਭਗਤੀ ਦੇ ਸਵਰ ਕਾਰਣ ਜਨ-ਸਾਧਾਰਣ ਵਿਚ ਸ਼ਾਹ ਮੁਹੰਮਦ ਨੇ ਰਾਸ਼ਟਰੀ ਕਵੀ ਦਾ ਗੌਰਵ ਪ੍ਰਾਪਤ ਕੀਤਾ ਹੈ। ਇਸ ਨੂੰ ਪੰਜਾਬੀਅਤ ਦਾ ਪ੍ਰਵਕਤਾ ਕਿਹਾ ਜਾਂਦਾ ਹੈ।

**ਸ਼ਾਹਾਬਾਦ ਮਾਰਕੰਡਾ** (ਨਗਰ) : ਹਰਿਆਣਾ ਪ੍ਰਾਂਤ ਦੇ ਕੁਰੁਕ੍ਸ਼ੇਤ੍ਰ ਜ਼ਿਲ੍ਹੇ ਵਿਚ ਮਾਰਕੰਡਾ ਨਦੀ ਦੇ ਖੱਬੇ ਕੰਢੇ ਉਤੇ ਵਸਿਆ ਇਕ ਨਗਰ, ਜੋ ਜਰਨੈਲੀ ਸੜਕ ਉਤੇ ਹੋਣ ਕਾਰਣ ਮੁਗ਼ਲ ਕਾਲ ਵਿਚ ਸੈਨਿਕ ਅਤੇ ਪ੍ਰਸ਼ਾਸਕੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰਖਦਾ ਸੀ। ਸੰਨ 1709 ਈ. ਵਿਚ ਬੰਦਾ ਬਹਾਦਰ ਨੇ ਇਸ ਉਤੇ ਹਮਲਾ ਕਰਕੇ ਤਹਿਸ-ਨਹਿਸ ਕਰ ਦਿੱਤਾ। ਜਦੋਂ ਦਲ ਖ਼ਾਲਸਾ ਨੇ ਜਨਵਰੀ 1764 ਈ. ਵਿਚ ਸਰਹਿੰਦ ਨੂੰ ਜਿਤ ਲਿਆ ਤਾਂ ਨਿਸ਼ਾਨਾਂ ਵਾਲੀ ਮਿਸਲ ਦੇ ਸਰਦਾਰਾਂ ਨੇ ਇਸ ਦੇ ਨਾਲ ਲਗਦੇ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ। ਮੁਗ਼ਲ ਪ੍ਰਸ਼ਾਸਕਾਂ ਵਲੋਂ ਸਿੱਖਾਂ ਨੂੰ ਸ਼ਾਹਾਬਾਦ ਵਿਚੋਂ ਖਦੇੜਨ ਦੇ ਕਈ ਯਤਨ ਕੀਤੇ ਗਏ, ਪਰ ਸਿੱਖਾਂ ਦਾ ਕਬਜ਼ਾ ਕਾਇਮ ਰਿਹਾ।

ਸੰਨ 1630 ਈ. ਵਿਚ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਵਲੋਂ ਬਣਾਈ ਗਈ ਇਕ ਆਲੀਸ਼ਾਨ ਮਸਜਿਦ ਨੂੰ ਸਿੱਖਾਂ ਨੇ ਸੰਨ 1775 ਈ. ਵਿਚ ਗੁਰਦੁਆਰੇ ਵਿਚ ਬਦਲ ਕੇ ਉਸ ਦਾ ਨਾਂ 'ਮਸਤਗੜ੍ਹ' ਰਖ ਦਿੱਤਾ। ਹਜ਼ੂਰ ਸਾਹਿਬ ਦੇ ਭਾਈ ਪ੍ਰੇਮ ਸਿੰਘ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਇਹ ਗੁਰਦੁਆਰਾ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਅਧੀਨ ਹੈ ਅਤੇ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਸਾਹਿਬ ਸਿੰਘ, ਪ੍ਰੋਫੈਸਰ** (1892-1977 ਈ.) : ਗੁਰਬਾਣੀ ਦੇ ਵਿਆਕਰਣ-ਕਾਰ ਅਤੇ ਵਿਆਖਿਆਕਾਰ ਵਜੋਂ ਪ੍ਰਸਿੱਧ ਪ੍ਰੋ. ਸਾਹਿਬ ਸਿੰਘ ਦਾ ਜਨਮ ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਫੱਤੇਵਾਲੀ ਵਿਚ ਹੀਰਾਨੰਦ ਦੁਕਾਨਦਾਰ ਦੇ ਘਰ ਮਾਈ ਨਿਹਾਲ ਦੇਵੀ (ਪੇਕਾ ਨਾਂ ਜਮਨਾ) ਦੀ ਕੁੱਖੋਂ 16 ਫਰਵਰੀ 1892 ਈ. ਵਿਚ ਹੋਇਆ। ਰੋਜ਼ਗਾਰ ਦੀ ਲੋੜ ਨੂੰ ਮੁੱਖ ਰਖ ਕੇ ਹੀਰਾ ਨੰਦ ਨੇ ਆਪਣਾ ਪਿੰਡ ਛਡ ਕੇ ਥਰਪਾਲ ਪਿੰਡ ਵਿਚ ਨਿਵਾਸ ਕਰ ਲਿਆ। ਸਾਹਿਬ ਸਿੰਘ ਨੇ ਮੁਢਲੀ ਤਾਲੀਮ ਪੰਜਾਬੀ ਦੇ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਦੇ ਪੁੱਤਰ ਅਤੇ ਪਿੰਡ ਦੇ ਮੌਲਵੀ ਮੀਆਂ ਹਯਾਤ ਸ਼ਾਹ ਤੋਂ ਪ੍ਰਾਪਤ ਕੀਤੀ। ਫਿਰ 'ਗੋਤਾ ਫਤਹਿਗੜ੍ਹ' ਨਾਂ ਦੇ ਕਸਬੇ ਦੇ ਮਿਡਲ ਸਕੂਲ ਤੋਂ ਅੱਠਵੀਂ ਪਾਸ ਕੀਤੀ। ਤਦ ਉਪਰੰਤ ਪਸਰੂਰ ਨਗਰ ਦੇ ਹਾਈ ਸਕੂਲ ਵਿਚ ਦਾਖ਼ਲ ਹੋਇਆ। ਇਸੇ ਦੌਰਾਨ ਅੰਮ੍ਰਿਤ ਛਕ ਕੇ ਆਪਣੇ ਮੂਲ ਨਾਂ ਨੱਥੂ ਰਾਮ ਤੋਂ ਸਾਹਿਬ ਸਿੰਘ ਬਣਿਆ। ਨੌਂਵੀਂ ਤੋਂ ਇਸ ਨੇ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਦਸਵੀਂ ਦਾ ਇਮਤਿਹਾਨ ਪਾਸ ਕਰਨ ਤੋਂ ਬਾਦ ਇਹ ਅਗੋਂ ਨ ਪੜ੍ਹ ਸਕਿਆ ਕਿਉਂਕਿ ਸੰਨ 1907 ਈ. ਵਿਚ ਪਿਤਾ ਦੇ ਗੁਜ਼ਰਨ ਤੋਂ ਬਾਦ ਘਰ ਦੀ ਮਾਇਕ ਅਵਸਥਾ ਬੜੀ ਕਮਜ਼ੋਰ ਹੋ ਗਈ ਸੀ।

ਸੰਨ 1909 ਈ. ਤੋਂ ਇਸ ਨੇ ਸਕੂਲ ਅਤੇ ਡਾਕਖ਼ਾਨੇ ਦੀ ਨੌਕਰੀ ਕੀਤੀ। ਪੜ੍ਹਾਈ ਵਿਚ ਅਧਿਕ ਰੁਚੀ ਹੋਣ ਕਾਰਣ ਇਸ ਨੇ ਨੌਕਰੀ ਛਡ ਕੇ ਫਿਰ ਪੜ੍ਹਨਾ ਸ਼ੁਰੂ ਕੀਤਾ। ਸੰਨ 1913 ਈ. ਵਿਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐਫ਼.ਏ. ਅਤੇ ਸੰਨ 1915 ਈ. ਵਿਚ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। ਜ਼ਹੀਨ ਹੋਣ ਕਾਰਣ ਪੜ੍ਹਾਈ ਵਿਚ ਇਹ ਕਾਫ਼ੀ ਹੁਸ਼ਿਆਰ ਸੀ ਅਤੇ ਕਈ ਇਨਾਮ ਜਾਂ ਵਜ਼ੀਫ਼ੇ ਵੀ ਪ੍ਰਾਪਤ ਕੀਤੇ ਸਨ। ਪਹਿਲਾਂ ਖ਼ਾਲਸਾ ਹਾਈ ਸਕੂਲ ਫਰੂਕਾ ਵਿਚ ਅਧਿਆਪਕ ਲਗਿਆ। ਫਿਰ ਸੰਨ 1917 ਈ. ਵਿਚ ਗੁਰੂ ਨਾਨਕ ਖ਼ਾਲਸਾ ਕਾਲਜ, ਗੁਜਰਾਂਵਾਲਾ ਵਿਚ ਲੈਕਚਰਾਰ ਨਿਯੁਕਤ ਹੋਇਆ। 20 ਜੁਲਾਈ 1921 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੀਤ ਸਕੱਤਰ ਅਤੇ ਸੁਪਰਡੈਂਟ ਦੀ ਨੌਕਰੀ ਕੀਤੀ। ਸੰਨ 1929 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਧਰਮ ਅਧਿਐਨ ਦਾ ਲੈਕਚਰਾਰ ਲਗਿਆ ਅਤੇ ਉਥੋਂ ਹੀ ਸੰਨ 1952 ਈ. ਵਿਚ ਸੇਵਾ-ਮੁਕਤ ਹੋ ਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦਾ ਪ੍ਰਿੰਸੀਪਲ ਬਣਿਆ। 'ਗੁਰੂ ਕਾ ਬਾਗ਼' ਅਤੇ ਜੈਤੋ ਦੇ ਮੋਰਚੇ ਵਿਚ ਭਾਗ ਲੈ ਕੇ ਦੋ ਵਾਰ ਜੇਲ੍ਹ ਯਾਤ੍ਰਾ ਵੀ ਕੀਤੀ। 29 ਅਕਤੂਬਰ 1977 ਈ. ਵਿਚ ਇਸ ਦੀ ਅੰਮ੍ਰਿਤਸਰ ਵਿਚ ਮ੍ਰਿਤੂ ਹੋਈ।

ਪ੍ਰੋ. ਸਾਹਿਬ ਸਿੰਘ ਨੇ ਭਾਈ ਜੋਧ ਸਿੰਘ ਦੇ ਪ੍ਰਭਾਵ ਅਧੀਨ ਗੁਰਬਾਣੀ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ ਅਤੇ ਇਸ ਵਿਆਖਿਆ ਨੂੰ ਠੀਕ ਦਿਸ਼ਾ ਦੇਣ ਲਈ ਸੰਨ 1939 ਈ. ਵਿਚ 'ਗੁਰਬਾਣੀ ਵਿਆਕਰਣ' ਦਾ ਪ੍ਰਕਾਸ਼ਨ ਕੀਤਾ। ਫਿਰ ਉਸੇ ਵਿਆਕਰਣਿਕ ਆਧਾਰ 'ਤੇ ਇਸ ਨੇ ਵਖ ਵਖ ਬਾਣੀਆਂ ਦੇ ਲਗਭਗ 20 ਟਿਕੇ ਲਿਖੇ ਜਿਨ੍ਹਾਂ ਦਾ ਮੁੱਖ ਉਦੇਸ਼ ਅਧਿਕਤਰ ਵਿਦਿਆਰਥੀਆਂ ਦੀ ਪਰੀਖਿਆ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ ਸੀ। ਇਹ ਸਾਰੇ ਟੀਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' (ਦਸ ਸੈਂਚੀਆਂ) ਵਿਚ ਸਮੋ ਕੇ ਸੰਨ 1962 -64 ਈ. ਤਕ ਇਸ ਦੇ ਪ੍ਰਕਾਸ਼ਨ ਦਾ ਕੰਮ ਮੁਕਾ ਦਿੱਤਾ। ਇਹੀ ਇਸ ਦੀ ਮਹੱਤਵਪੂਰਣ ਦੇਣ ਹੈ।

ਪ੍ਰੋਫੈਸਰ ਹੋਰਾਂ ਦੀ ਦੂਜੀ ਦੇਣ ਧਾਰਮਿਕ, ਸਮਾਜਿਕ ਅਤੇ ਗੁਰਬਾਣੀ ਸੰਬੰਧੀ ਖੋਜ-ਪ੍ਰਧਾਨ 14 ਲੇਖ-ਸੰਗ੍ਰਹਿ ਹਨ। ਇਹ ਲੇਖ ਪਹਿਲਾਂ ਅਖ਼ਬਾਰਾਂ, ਰਸਾਲਿਆਂ ਵਿਚ ਛਪਦੇ ਰਹਿੰਦੇ ਸਨ ਅਤੇ ਬਾਦ ਵਿਚ ਇਨ੍ਹਾਂ ਨੂੰ ਪੁਸਤਕਾਂ ਵਿਚ ਸੰਕਲਿਤ ਕਰ ਦਿੱਤਾ ਜਾਂਦਾ ਸੀ। ਸਭ ਗੁਰੂ ਸਾਹਿਬਾਨ ਦੇ ਜੀਵਨ-ਬ੍ਰਿੱਤਾਂਤ ਲਿਖ ਕੇ ਪ੍ਰੋ. ਸਾਹਿਬ ਸਿੰਘ ਨੇ ਜੀਵਨੀਕਾਰ ਦੇ ਰੂਪ ਵਿਚ ਆਪਣਾ ਪਰਿਚਯ ਦਿੱਤਾ ਅਤੇ 'ਮੇਰੀ ਜੀਵਨ ਕਹਾਣੀ' ਦੇ ਰੂਪ ਵਿਚ ਆਪਣੀ ਸਵੈ-ਜੀਵਨੀ ਵੀ ਲਿਖੀ। ਪੰਜਾਬੀ ਭਾਸ਼ਾ ਦੇ ਅਲੰਕਾਰਾਂ, ਛੰਦਾਂ, ਮੁਹਾਵਰਿਆਂ ਬਾਰੇ ਵੀ ਇਸ ਦੀਆਂ ਪੰਜ ਪੁਸਤਕਾਂ ਉਪਲਬਧ ਹਨ। ਪ੍ਰੋ. ਸਾਹਿਬ ਸਿੰਘ ਦੀ ਪ੍ਰਮੁਖ ਦੇਣ ਗੁਰੂ ਗ੍ਰੰਥ ਸਾਹਿਬ ਦਾ ਵਿਆਕਰਣ ਆਧਾਰਿਤ ਟੀਕਾ ਹੀ ਮੰਨਿਆ ਜਾਂਦਾ ਹੈ। ਉਂਜ ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵੀ ਇਸ ਦਾ ਯੋਗਦਾਨ ਹੈ।

ਸੰਨ 1952 ਈ. ਵਿਚ ਇਸ ਨੂੰ ਪੈਪਸੂ ਸਰਕਾਰ ਵਲੋਂ ਸਨਮਾਨਿਕ ਕੀਤਾ ਗਿਆ। ਸੰਨ 1970 ਈ. ਵਿਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਇਸ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਸੰਨ 1971 ਈ. ਵਿਚ

ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਮਾਨ-ਅਰਥ ਡੀ.ਲਿਟ. ਦੀ ਡਿਗਰੀ ਪ੍ਰਦਾਨ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਨੇਕ ਧਾਰਮਿਕ ਅਤੇ ਸਾਹਿਤਿਕ ਸੰਸਥਾਵਾਂ ਵਲੋਂ ਵੀ ਇਸ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ। ਕਈ ਪੁਸਤਕਾਂ ਉਤੇ ਇਸ ਨੂੰ ਇਨਾਮ ਵੀ ਮਿਲੇ। ਸਮੁੱਚੇ ਤੌਰ 'ਤੇ ਇਹ ਸ਼ੁੱਧ ਕਰਮਾਚਾਰ ਵਾਲਾ ਇਕ ਮਿਹਨਤੀ ਵਿਅਕਤੀ ਸੀ ਜਿਸ ਨੇ ਗੁਰਬਾਣੀ ਦੀ ਵਿਆਖਿਆ ਲਈ ਆਪਣੀ ਨਵੇਕਲੀ ਪਛਾਣ ਬਣਾਈ।

**ਸਾਹਿਬ ਸਿੰਘ ਬੇਦੀ, ਬਾਬਾ** (1756-1834 ਈ.): ਗੁਰੂ ਨਾਨਕ ਦੇਵ ਜੀ ਦੀ ਵੰਸ਼-ਪਰੰਪਰਾ ਵਿਚ ਹੋਏ ਸੰਤ-ਸਿਪਾਹੀ ਦੇ ਆਦਰਸ਼ ਰੂਪ ਬਾਬਾ ਸਾਹਿਬ ਸਿੰਘ ਬੇਦੀ ਦਾ ਜਨਮ 5 ਅਪ੍ਰੈਲ 1756 ਈ. ਨੂੰ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਆਪ ਬਾਬਾ ਕਲਾਧਾਰੀ ਦੇ ਪੁੱਤਰ ਬਾਬਾ ਅਜੀਤ ਸਿੰਘ (ਜੀਤ ਸਿੰਘ) ਦੇ ਘਰ ਮਾਤਾ ਸਰੂਪ ਦੇਵੀ ਦੇ ਕੁੱਖੋਂ ਪੈਦਾ ਹੋਏ। ਆਪ ਦੇ ਪਿਤਾ ਨੇ ਡੇਰਾ ਬਾਬਾ ਨਾਨਕ ਤੋਂ ਊਨਾ ਨਗਰ ਵਿਚ ਆਪਣਾ ਨਿਵਾਸ ਬਦਲ ਲਿਆ ਕਿਉਂਕਿ ਉਥੇ ਉਨ੍ਹਾਂ ਦੀ ਜਾਗੀਰ ਸੀ। ਸੰਨ 1773 ਈ. ਵਿਚ ਆਪਣੇ ਪਿਤਾ ਅਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਆਪ ਆਪਣੀ ਜਾਗੀਰ ਦੇ ਸੁਆਮੀ ਬਣੇ।

ਧਾਰਮਿਕ ਮਹਾਨਤਾ ਅਤੇ ਭਗਤੀ ਭਾਵਨਾ ਕਰਕੇ ਆਪ ਸਿੱਖ ਜਗਤ ਵਿਚ ਬੜੇ ਸਤਿਕਾਰ ਦੇ ਪਾਤਰ ਰਹੇ। ਇਨ੍ਹਾਂ ਪਾਸੋਂ ਅੰਮ੍ਰਿਤ ਛਕਣ ਵਿਚ ਲੋਕੀਂ ਮਾਣ ਮਹਿਸੂਸ ਕਰਦੇ ਸਨ। ਜਦੋਂ ਕਦੇ ਵੀ ਸਿੱਖ ਮਿਸਲਾਂ ਵਿਚ ਕਿਸੇ ਪ੍ਰਕਾਰ ਦਾ ਵਿਵਾਦ ਖੜਾ ਹੁੰਦਾ, ਤਾਂ ਆਪ ਦੀ ਧਾਰਮਿਕ ਉੱਚਤਾ ਕਰਕੇ ਆਪ ਨੂੰ ਸਾਲਸ ਬਣਾਇਆ ਜਾਂਦਾ ਅਤੇ ਆਪ ਦੇ ਸੁਝਾਵਾਂ ਦੀ ਕਦਰ ਕੀਤੀ ਜਾਂਦੀ। ਆਪ ਨੇ ਜੁਲਾਈ 1799 ਈ. ਵਿਚ ਲਾਹੌਰ ਉਤੇ ਕਬਜ਼ਾ ਕਰਨ ਲਈ ਸੁਕਰਚਕੀਆ ਮਿਸਲ ਦੇ ਰਣਜੀਤ ਸਿੰਘ ਦਾ ਪੱਖ ਲਿਆ ਅਤੇ 11 ਅਪ੍ਰੈਲ 1801 ਈ. ਨੂੰ ਰਣਜੀਤ ਸਿੰਘ ਨੂੰ ਰਾਜ-ਤਿਲਕ ਦਿੱਤਾ। ਸੰਨ 1807 ਈ. ਵਿਚ ਆਪ ਨੇ ਨਾਭਾ ਅਤੇ ਪਟਿਆਲਾ ਰਿਆਸਤਾਂ ਵਿਚਾਲੇ ਚਲ ਰਹੇ ਵਿਵਾਦ ਨੂੰ ਖ਼ਤਮ ਕਰਾਇਆ ਅਤੇ ਨਵੰਬਰ, 1808 ਈ. ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਵਿਚ ਸਦਭਾਵਨਾ ਕਾਇਮ ਕਰਨ ਲਈ ਦੋਹਾਂ ਦੀ ਮੁਲਾਕਾਤ ਲਖਨੌਰ ਨਾਂ ਦੇ ਕਸਬੇ ਵਿਚ ਕਰਵਾਈ। ਇਸ ਤਰ੍ਹਾਂ ਆਪ ਸਭ ਦੁਆਰਾ ਸਮਾਦਰਿਤ ਸ਼ਖ਼ਸੀਅਤ ਸਨ।

ਆਪ ਇਕ ਨਿਪੁਣ ਯੋਧਾ ਵੀ ਸਨ। ਆਪ ਨੇ ਆਪਣੇ ਬਾਹੂਬਲ ਦੇ ਆਧਾਰ 'ਤੇ ਆਪਣੀ ਰਿਆਸਤ ਦੇ ਖੇਤਰ ਨੂੰ ਵਧਾਇਆ। ਸੰਨ 1794 ਈ. ਵਿਚ ਤਾਰਾ ਸਿੰਘ ਗ਼ਾਇਬਾ, ਬਘੇਲ ਸਿੰਘ ਅਤੇ ਭੰਗਾ ਸਿੰਘ ਨਾਲ ਮਿਲ ਕੇ ਮਾਲੇਰਕੋਟਲਾ ਦੇ ਅਫ਼ਗਾਨ ਪ੍ਰਸ਼ਾਸਕ ਅਤਾਉੱਲਾ ਖ਼ਾਨ ਵਿਰੁੱਧ ਤਾਵਾਨ ਵਸੂਲ ਕਰਨ ਲਈ ਫ਼ੌਜਕਸ਼ੀ ਕੀਤੀ, ਪਰ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਦੀ ਮਦਾਖ਼ਲਤ ਨਾਲ ਆਪ ਹਰਜਾਨਾ ਵਸੂਲ ਕਰਕੇ ਪਰਤ ਆਏ। ਸੰਨ 1798 ਈ. ਵਿਚ ਤਾਰਾ ਸਿੰਘ, ਗੁਰਦਿੱਤ ਸਿੰਘ ਅਤੇ ਜੋਧ ਸਿੰਘ ਦੀ ਸੈਨਿਕ ਸਹਾਇਤਾ ਨਾਲ ਆਪ ਨੇ ਰਾਇਕੋਟ ਦੇ ਰਾਇ ਇਲੀਆਸ ਉਤੇ ਹਮਲਾ ਕਰਕੇ ਜਗਰਾਉਂ, ਦਾਖਾ, ਬਦੋਵਾਲ ਉਤੇ ਕਬਜ਼ਾ ਕੀਤਾ ਅਤੇ ਮਨਸੂਰਾਂ ਅਤੇ ਲੁਧਿਆਣੇ ਨੂੰ ਆਪਣੇ ਅਧੀਨ ਕੀਤਾ। ਸ਼ਾਹ ਜ਼ਮਾਂ ਦੇ ਹਮਲੇ ਵੇਲੇ ਆਪ ਨੇ ਉਸ ਦਾ ਬੜੀ ਦ੍ਰਿੜ੍ਹਤਾ ਨਾਲ ਵਿਰੋਧ ਕੀਤਾ।

ਬਾਬਾ ਜੀ ਦੇ ਦੋ ਪੁੱਤਰ ਸਨ। ਇਕ ਬਾਬਾ ਬਿਸਨ ਸਿੰਘ ਜਿਸ ਦੇ ਪੋਤਰੇ ਸਰ ਖੇਮ ਸਿੰਘ ਹੋਏ ਜਿਨ੍ਹਾਂ ਦੀ ਗੱਦੀ ਕੱਲਰ (ਜ਼ਿਲ੍ਹਾ ਰਾਵਲਪਿੰਡੀ) ਵਿਚ ਸੀ ਅਤੇ ਦੂਜੇ ਪੁੱਤਰ ਬਾਬਾ ਬਿਕ੍ਰਮ ਸਿੰਘ ਊਨੇ ਵਿਚ ਹੀ ਰਹੇ। ਊਨੇ ਵਾਲੀ ਗੱਦੀ ਦਾ ਇਕ ਡੇਰਾ ਲੁਧਿਆਣਾ ਜ਼ਿਲ੍ਹਾ ਦੇ ਮਨਸੂਰਾਂ ਕਸਬੇ ਵਿਚ ਵੀ ਹੈ। ਅੱਜ-ਕਲ ਬਾਬਾ ਸਰਬਜੋਤ ਸਿੰਘ ਊਨੇ ਵਾਲੀ ਗੱਦੀ ਦੇ ਉਤਰਾਧਿਕਾਰੀ ਹਨ।

**ਸਾਹਿਬ ਸਿੰਘ, ਭਾਈ** (1662-1705 ਈ.): ਗੁਰੂ ਗੋਬਿੰਦ ਸਿੰਘ ਜੀ ਵਲੋਂ ਸਜਾਏ ਪੰਜ ਪਿਆਰਿਆਂ ਵਿਚੋਂ ਇਕ, ਜਿਸ ਦਾ ਜਨਮ ਕਰਨਾਟਕ ਪ੍ਰਦੇਸ਼ ਦੇ ਬਿਦਰ ਨਗਰ ਵਿਚ ਨਾਈ ਜਾਤਿ ਦੇ ਭਾਈ ਗੁਰੂ ਨਾਰਾਣਾ ਦੇ ਘਰ ਮਾਈ ਅੰਕਮਾ ਦੀ ਕੁੱਖੋਂ ਸੰਨ 1662 ਈ. (1719 ਬਿ.) ਵਿਚ ਹੋਇਆ। ਲਗਭਗ ਸੋਲ੍ਹਾਂ ਸਾਲ ਦੀ ਉਮਰ ਵਿਚ ਇਹ ਆਨੰਦਪੁਰ ਆਇਆ ਅਤੇ ਫਿਰ ਗੁਰੂ-ਚਰਣਾਂ ਵਿਚ ਹੀ ਸਥਾਈ ਤੌਰ 'ਤੇ ਰਹਿਣ ਲਗ ਗਿਆ। ਇਸ ਨੇ ਘੋੜ-ਸਵਾਰੀ ਅਤੇ ਸ਼ਸਤ੍ਰ-ਪ੍ਰਯੋਗ ਵਿਚ ਪੂਰੀ ਮਹਾਰਤ ਹਾਸਲ ਕੀਤੀ ਅਤੇ ਗੁਰੂ ਸਾਹਿਬ ਵਲੋਂ ਕੀਤੇ ਯੁੱਧਾਂ ਵਿਚ ਹਿੱਸਾ ਲੈ ਕੇ ਆਪਣੀ ਸੈਨਿਕ ਸਿਖਲਾਈ ਦੀ ਪ੍ਰਬੀਨਤਾ ਦਾ ਪ੍ਰਦਰਸ਼ਨ ਕੀਤਾ। ਸੰਨ 1699

ਈ. ਵਿਚ ਖ਼ਾਲਸੇ ਦੀ ਸਿਰਜਨਾ ਵੇਲੇ ਇਸ ਨੇ ਆਪਣਾ ਸੀਸ ਭੇਂਟ ਕਰਕੇ ਪੰਜ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਗੌਰਵ ਹਾਸਲ ਕੀਤਾ। ਆਨੰਦਪੁਰ ਦਾ ਕਿਲ੍ਹਾ ਛਡਣ ਵੇਲੇ ਇਹ ਗੁਰੂ ਜੀ ਦੇ ਨਾਲ ਚਮਕੌਰ ਸਾਹਿਬ ਪਹੁੰਚਿਆ ਅਤੇ ਉਥੇ ਲੜਦੇ ਹੋਇਆਂ ਸੰਨ 1705 ਈ. ਵਿਚ ਸ਼ਹੀਦ ਹੋਇਆ।

ਭਾਈ ਠਾਕੁਰ ਸਿੰਘ ਦੀ 'ਗੁਰਦੁਆਰੇ ਦਰਸ਼ਨ' ਨਾਮਕ ਰਚਨਾ ਵਿਚ ਇਸ ਦਾ ਜਨਮ ਸੰ. 1665 ਈ. (1722 ਬਿ.) ਵਿਚ ਤੁਲਸੀ (ਜਾਂ ਚਮਨ ਰਾਮ) ਨਾਈ ਦੇ ਘਰ ਮਾਤਾ ਬਿਸਨ ਦੇਈ ਦੀ ਕੁੱਖੋਂ ਪਿੰਡ ਨੰਗਲਸ਼ਹੀਦਾਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਹੋਇਆ ਲਿਖਿਆ ਹੈ।

**ਸਾਹਿਬ ਸਿੰਘ ਭੰਗੀ** (ਮ. 1811 ਈ.) : ਪੰਜਾਬ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਭੰਗੀ ਮਿਸਲ ਦਾ ਇਕ ਸਰਦਾਰ ਜੋ ਗੁਜਰ ਸਿੰਘ ਦਾ ਲੜਕਾ ਸੀ ਅਤੇ ਮੁੱਖ ਮਿਸਲ ਨਾਲੋਂ ਸੁਤੰਤਰ ਤੌਰ 'ਤੇ ਇਸ ਨੇ ਗੁਜਰਾਤ ਵਿਚ ਆਪਣੀ ਜਾਗੀਰ ਕਾਇਮ ਕੀਤੀ ਹੋਈ ਸੀ। ਇਸ ਦਾ ਵਿਆਹ ਸ. ਚੜ੍ਹਤ ਸਿੰਘ ਸੁਕਰਚਕੀਆ ਦੀ ਪੁੱਤਰੀ ਰਾਜ ਕੌਰ ਨਾਲ ਹੋਇਆ ਸੀ। ਸ਼ਾਹ ਜ਼ਮਾਂ ਦੇ ਹਮਲਿਆਂ ਵੇਲੇ ਇਸ ਨੇ ਰਣਜੀਤ ਸਿੰਘ ਨਾਲ ਮਿਲ ਕੇ ਉਸ ਦੀਆਂ ਫ਼ੌਜਾਂ ਉਤੇ ਕਈ ਵਾਰ ਹਮਲਾ ਕੀਤਾ। ਚੱਠੇ ਸਰਦਾਰ ਹਸ਼ਮਤ ਖ਼ਾਨ ਉਤੇ ਫ਼ੌਜਕਸ਼ੀ ਵੇਲੇ ਵੀ ਇਹ ਰਣਜੀਤ ਸਿੰਘ ਦੇ ਨਾਲ ਸੀ। ਇਸ ਨੇ ਕਸ਼ਮੀਰ ਅਤੇ ਸਤਲੁਜ ਪਾਰ ਦੀਆਂ ਮੁਹਿੰਮਾਂ ਵੇਲੇ ਵੀ ਮਹਾਰਾਜਾ ਰਣਜੀਤ ਸਿੰਘ ਨੂੰ ਪੂਰਾ ਸਹਿਯੋਗ ਦਿੱਤਾ।

ਸੰਨ 1810 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਰਿਆਸਤ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਅਤੇ ਇਸ ਨੂੰ ਇਕ ਲੱਖ ਦੀ ਜਾਗੀਰ ਦੇ ਦਿੱਤੀ। ਸੰਨ 1811 ਈ. ਵਿਚ ਇਸ ਦੇ ਦੇਹਾਂਤ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀਆਂ ਦੋਹਾਂ ਪਤਨੀਆਂ ਦਇਆ ਕੌਰ ਅਤੇ ਰਤਨ ਕੌਰ ਉਤੇ ਚਾਦਰ ਪਾ ਲਈ। ਰਾਣੀ ਦਇਆ ਕੌਰ ਨੇ ਕੰਵਲ ਕਸ਼ਮੀਰਾ ਸਿੰਘ ਅਤੇ ਕੰਵਲ ਪਸ਼ੌਰਾ ਸਿੰਘ ਨੂੰ ਜਨਮ ਦਿੱਤਾ ਜਦਕਿ ਰਾਣੀ ਰਤਨ ਕੌਰ ਨੇ ਕੰਵਲ ਮੁਲਤਾਨਾ ਸਿੰਘ ਨੂੰ ਪੈਦਾ ਕੀਤਾ।

**ਸਾਹਿਬ ਸਿੰਘ ਮ੍ਰਿਗਿੰਦ** (1804-1876 ਈ.) : ਪੰਜਾਬ ਦਾ ਇਕ ਬ੍ਰਜ-ਭਾਸ਼ੀ ਦਰਬਾਰੀ ਕਵੀ ਜਿਸ ਦਾ ਜਨਮ ਸ. ਦੀਵਾਨ ਸਿੰਘ ਕੰਬੋਜ ਦੇ ਘਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਗਮਾਲ ਪਿੰਡ ਵਿਚ ਹੋਇਆ। ਇਸ ਦਾ ਪਿਤਾ ਮਹਾਰਾਜਾ ਰਣਜੀਤ ਸਿੰਘ ਪਾਸ ਗ੍ਰੰਥੀ ਵਜੋਂ ਸੇਵਾ ਕਰਦਾ ਸੀ। ਇਸ ਨੂੰ ਕਾਸ਼ੀ ਵਿਚ ਪੜ੍ਹਨ ਲਈ ਭੇਜਿਆ ਗਿਆ, ਜਿਥੇ ਦਸ ਸਾਲ ਰਹਿ ਕੇ ਇਸ ਨੇ ਛੇ ਸ਼ਾਸਤ੍ਰਾਂ ਅਤੇ ਕਾਵਿ-ਸ਼ਾਸਤ੍ਰ ਦਾ ਅਧਿਐਨ ਕੀਤਾ। ਵਾਪਸ ਪਰਤ ਕੇ ਇਸ ਨੇ ਲਾਹੌਰ ਦਰਬਾਰ ਵਿਚ ਰਹਿ ਕੇ ਰਾਜ-ਕਵੀ ਵਜੋਂ ਸੇਵਾ ਕੀਤੀ। ਪਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਰਾਣੀ ਜਿੰਦਾ ਨੇ ਇਸ ਨੂੰ ਲਾਹੌਰ ਦਰਬਾਰ ਤੋਂ ਕਢ ਦਿੱਤਾ। ਉਥੋਂ ਇਹ ਕੁਰੁਕ੍ਸ਼ੇਤ੍ਰ ਆ ਟਿਕਿਆ ਅਤੇ ਕੈਥਲ ਦੇ ਰਾਜੇ ਦੀ ਸਰਪ੍ਰਸਤੀ ਹਾਸਲ ਕੀਤੀ। ਫਿਰ ਇਸ ਨੂੰ ਜੀਂਦ ਦਾ ਰਾਜਾ ਸਰੂਪ ਸਿੰਘ ਆਪਣੇ ਪਾਸ ਸੰਗਰੂਰ ਲੈ ਗਿਆ ਅਤੇ ਰਾਜ-ਕਵੀ ਦਾ ਪਦ ਪ੍ਰਦਾਨ ਕੀਤਾ। ਉਸ ਦੀ ਮ੍ਰਿਤੂ ਤੋਂ ਬਾਦ ਰਾਜਾ ਰਘਬੀਰ ਸਿੰਘ ਨੇ ਵੀ ਇਸ ਨੂੰ ਦਰਬਾਰੀ ਕਵੀ ਬਣਾਈ ਰਖਿਆ। ਇਸ ਦੀ ਮ੍ਰਿਤੂ ਸੰਨ 1876 ਈ. ਵਿਚ ਸੰਗਰੂਰ ਵਿਚ ਹੀ ਹੋਈ।

ਮਹਾਰਾਣੀ ਜਿੰਦ ਕੌਰ ਦੁਆਰਾ ਲਾਹੌਰ ਦਰਬਾਰ ਵਿਚੋਂ ਕਢੇ ਜਾਣ 'ਤੇ ਇਹ ਬਹੁਤ ਨਾਰਾਜ਼ ਸੀ। ਇਸ ਨੇ ਆਪਣੀ ਨਾਰਾਜ਼ਗੀ ਨੂੰ 'ਰਾਣੀ ਰਾਜੇਂਦਰਮਤੀ ਚਰਿਤ੍ਰ' ਰਚਨਾ ਰਾਹੀਂ ਪ੍ਰਗਟ ਕੀਤਾ, ਜਿਸ ਵਿਚ ਰਾਣੀ ਦੇ ਚਰਿਤ੍ਰ ਦੇ ਨਕਾਰਾਤਮਕ ਪੱਖ ਨੂੰ ਉਘਾੜਿਆ ਅਤੇ ਉਸ ਵਕਤ ਲਾਹੌਰ ਦੀ ਗਤਿਵਿਧੀ ਉਤੇ ਵੀ ਪ੍ਰਕਾਸ਼ ਪਾਇਆ। ਪੰਜਾਬੀ ਵਿਚ ਇਸ ਨੇ ਕੇਵਲ ਇਕ 'ਬਾਰਾਮਾਂਹ' ਲਿਖਿਆ ਜਿਸ ਵਿਚ ਸ੍ਰੀ ਕ੍ਰਿਸ਼ਣ ਦੀ ਲੀਲਾ ਉਤੇ ਝਾਤ ਪਾਈ ਅਤੇ ਆਪਣੇ ਮਨ ਦੀ ਭਗਤੀ-ਭਾਵਨਾ ਨੂੰ ਪ੍ਰਗਟ ਕੀਤਾ। ਇਸ ਦੀਆਂ ਬਾਕੀ 17 ਰਚਨਾਵਾਂ ਬ੍ਰਜ ਭਾਸ਼ਾ ਵਿਚ ਹਨ, ਜਿਨ੍ਹਾਂ ਵਿਚੋਂ ਕੁਝ ਸੰਸਕ੍ਰਿਤ ਦੇ ਗ੍ਰੰਥਾਂ ਦੇ ਅਨੁਵਾਦ ਅਤੇ ਬਾਕੀ ਦੀਆਂ ਸਿੱਧਾਂਤ ਪ੍ਰਧਾਨ ਰਚਨਾਵਾਂ ਹਨ। ਇਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ — (1) ਅਸ਼ਟ ਮਹਲ, (2) ਬਾਜੀ ਬ੍ਰਿੰਦ ਬੋਧ ਗ੍ਰੰਥ, (3) ਸ਼ਬਦ ਕੁਮੁਦ ਕਲਾਨਿਧੀ, (4) ਰਾਸ ਮੰਡਲ ਲੀਲਾ, (5) ਮਨ ਮਾਨਸ ਪ੍ਰਵਾਹ, (6) ਕਵਿਤ ਕੁਸੁਮ ਵਾਟਿਕਾ, (7) ਪ੍ਰੇਮ ਪਯੋਨਿਧੀ, (8) ਜੋਗ ਰਸ ਪ੍ਰਕਾਸ਼, (9) ਸੁਮਨ ਸੰਜੀਵਨ, (10) ਸ੍ਰੀ ਭਗਤੀ ਭਾਵ ਪ੍ਰਭਾਕਰ, (11) ਕ੍ਰਿਸ਼ਣ ਕੌਤੂਹਲ, (12) ਸ੍ਰੀ ਗੁਰੂ ਦਸਮ ਪੰਚਾਸ਼ਿਕਾ, (13) ਮ੍ਰਿਗਿੰਦ ਗੁਰਮੁਖੀ ਮਾਰਗ ਗ੍ਰੰਥ, (14) ਫੂਲ ਬੰਸ ਪ੍ਰਕਾਸ਼, (15) ਮੂਰਖ ਸ਼ਤਕ, (16) ਹਠ ਯੋਗ ਪ੍ਰਦੀਪਿਕਾ, (17) ਤਾਰਕ ਪ੍ਰਕਾਸ਼

ਨਿਆਇ। ਇਸ ਨੇ 'ਨਿਜ ਕਰਤੂਤ ਨਤੀਜਾ' ਨਾਂ ਦੀ ਪੁਸਤਕ ਲਿਖਣੀ ਸ਼ੁਰੂ ਕੀਤੀ ਸੀ, ਪਰ ਪੂਰੀ ਨ ਕਰ ਸਕਿਆ, ਜੋ ਇਸ ਦੇ ਲੜਕੇ ਨੇ ਬਾਦ ਵਿਚ ਪੂਰੀ ਕੀਤੀ। ਇਸ ਨੇ ਭਾਵੇਂ ਸਾਰਾ ਸਾਹਿਤ ਬ੍ਰਜ ਭਾਸ਼ਾ ਵਿਚ ਲਿਖਿਆ ਪਰ ਉਸ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ। ਪੰਜਾਬ ਵਿਚ ਰਚੇ ਗਏ ਹਿੰਦੀ ਸਾਹਿਤ ਵਿਚ ਇਸ ਦਾ ਕਾਫ਼ੀ ਯੋਗਦਾਨ ਹੈ।

ਕਾਵਿ-ਸਾਧਨਾ ਤੋਂ ਇਲਾਵਾ ਇਸ ਨੂੰ ਸੰਗੀਤ ਵਿਚ ਵੀ ਬਹੁਤ ਦਿਲਚਸਪੀ ਸੀ। ਇਹ ਇਕ ਚੰਗਾ ਚਿਤਰਕਾਰ ਸੀ। ਇਸ ਨੇ ਅਧਿਕਤਰ ਬਸੋਹਲੀ ਅਤੇ ਗੁਲੇਰ ਸ਼ੈਲੀਆਂ ਵਿਚ ਆਪਣੇ ਚਿਤਰ ਬਣਾਏ ਸਨ।

**ਸਾਹਿਬ ਕੌਰ, ਮਾਤਾ** (ਜ. 1681 ਈ.) : ਆਪ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸੁਪਤਨੀ ਸਨ ਅਤੇ ਸਿੱਖ ਜਗਤ ਵਿਚ 'ਕੁਆਰਾ ਡੋਲਾ' ਕਰਕੇ ਪ੍ਰਸਿੱਧ ਹਨ। ਆਪ ਜੀ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਵੀ ਗੌਰਵ ਪ੍ਰਾਪਤ ਹੈ। ਆਪ ਦਾ ਜਨਮ ਸੰਨ 1681 ਈ. (18 ਕਤਕ, 1738 ਬਿ.) ਨੂੰ ਭਾਈ ਰਾਮਾ/ਰਾਮੂ (ਭਾਈ ਹਰਭਗਵਾਨ) ਨਾਂ ਦੇ ਬੱਸੀ ਗੋਤ ਦੇ ਖਤ੍ਰੀ ਦੇ ਘਰ ਰਹੁਤਾਸ ਨਗਰ ਵਿਚ ਹੋਇਆ ਜੋ ਪੱਛਮੀ ਪੰਜਾਬ ਦੇ ਜੇਹਲਮ ਜ਼ਿਲ੍ਹੇ ਵਿਚ ਹੈ। ਆਪ ਦੇ ਬਚਪਨ ਦਾ ਨਾਂ ਸਾਹਿਬ ਦੇਵੀ ਸੀ। ਸ਼ੁਰੂ ਤੋਂ ਹੀ ਗੁਰਮਤਿ ਤੋਂ ਪ੍ਰਭਾਵਿਤ ਸੱਚੇ ਸੁੱਚੇ ਆਚਾਰ ਵਾਲੀ ਇਸ ਮੁਟਿਆਰ ਨੂੰ ਭਾਈ ਰਾਮਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਰਪਿਤ ਕਰਨ ਦਾ ਮਨ ਬਣਾ ਲਿਆ। ਇਸ ਸੰਕਲਪ ਨੂੰ ਸਾਕਾਰ ਕਰਨ ਲਈ ਭਾਈ ਜੀ ਦਾ ਸਾਰਾ ਪਰਿਵਾਰ ਆਨੰਦਪੁਰ ਸਾਹਿਬ ਪਹੁੰਚਿਆ। ਗੁਰੂ ਸਾਹਿਬ ਨੇ ਹੋਰ ਵਿਆਹ ਕਰਨ ਤੋਂ ਆਪਣੀ ਮਜਬੂਰੀ ਦਸੀ, ਪਰ ਭਾਈ ਰਾਮੇ ਨੇ ਆਪਣਾ ਸੰਕਲਪ ਪੂਰਾ ਕਰਨ ਲਈ ਬੇਨਤੀ ਕੀਤੀ। ਸੰਨ 1700 ਈ. (18 ਵਿਸਾਖ, 1757 ਬਿ.) ਵਿਚ ਇਹ ਵਿਆਹ ਸੰਪੰਨ ਹੋਇਆ। ਆਨੰਦਪੁਰ ਸਾਹਿਬ ਛਡਣ ਤਕ ਆਪ ਪੂਰੀ ਤਰ੍ਹਾਂ ਪਤੀ-ਸੇਵਾ ਅਤੇ ਹਰਿ-ਭਗਤੀ ਵਿਚ ਲੀਨ ਰਹੇ।

ਆਨੰਦਪੁਰ ਤੋਂ ਨਿਕਲਣ ਤੋਂ ਬਾਦ ਆਪ ਗੁਰੂ ਜੀ ਨਾਲੋਂ ਵਿਛੜ ਕੇ ਮਾਤਾ ਸੁੰਦਰੀ ਅਤੇ ਭਾਈ ਮਨੀ ਸਿੰਘ ਨਾਲ ਦਿੱਲੀ ਪਹੁੰਚੇ। ਫਿਰ ਗੁਰੂ ਜੀ ਨੂੰ ਮਿਲਣ ਲਈ ਦਮਦਮਾ ਸਾਹਿਬ ਗਏ। ਗੁਰੂ ਜੀ ਦੇ ਰਾਜਸਥਾਨ ਵਲ ਜਾਣ ਵੇਲੇ ਆਪ ਦਿੱਲੀ ਪਰਤ ਆਏ। ਔਰੰਗਜ਼ੇਬ ਦੀ ਮ੍ਰਿਤੂ ਹੋ ਜਾਣ ਕਾਰਣ ਗੁਰੂ ਜੀ ਵੀ ਦਿੱਲੀ ਵਲ ਆ ਗਏ। ਥੋੜਾ ਸਮਾਂ ਦਿੱਲੀ ਰਹਿ ਕੇ ਫਿਰ ਬਹਾਦੁਰ ਸ਼ਾਹ ਦੇ ਨਿਮੰਤ੍ਰਣ ਤੇ ਗੁਰੂ ਜੀ ਸੰਨ 1707 ਈ. (2 ਚੇਤ 1764) ਵਿਚ ਦੱਖਣ ਵਲ ਚਲ ਪਏ। ਉਦੋਂ ਮਾਤਾ ਜੀ ਗੁਰੂ ਜੀ ਨਾਲ ਗਏ। ਕੁਝ ਸਮਾਂ ਆਪ ਗੁਰੂ ਜੀ ਨਾਲ ਨਾਂਦੇੜ ਰਹੇ, ਜਿਥੇ ਹੁਣ ਗੁਰਦੁਆਰਾ ਹੀਰਾ ਘਾਟ ਬਣਿਆ ਹੋਇਆ ਹੈ। ਫਿਰ ਗੁਰੂ ਜੀ ਦਾ ਆਦੇਸ਼ ਮੰਨ ਕੇ ਆਪ ਦਿੱਲੀ ਪਰਤ ਆਏ। ਗੁਰੂ ਜੀ ਨੇ ਤੁਰਦਿਆਂ ਆਪ ਨੂੰ ਪੰਜ ਸ਼ਸ਼ਤ੍ਰ ਵੀ ਸੰਭਾਲਣ ਲਈ ਬਖ਼ਸ਼ੇ ਅਤੇ ਇਕ ਮੋਹਰ ਵੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਦਿੱਲੀ ਦੇ ਹਾਲਾਤ ਖ਼ਰਾਬ ਹੋਣ 'ਤੇ ਆਪ ਮਾਤਾ ਸੁੰਦਰੀ ਸਹਿਤ ਪਹਿਲਾਂ ਮਥੁਰਾ ਰਹੇ ਅਤੇ ਫਿਰ ਜੈਪੁਰ ਦੇ ਮਹਾਰਾਜੇ ਕੋਲ ਪਹੁੰਚੇ। ਦਿੱਲੀ ਤਖ਼ਤ 'ਤੇ ਮੁਹੰਮਦ ਸ਼ਾਹ ਰੰਗੀਲਾ ਦੇ ਬੈਠਣ ਨਾਲ ਹਾਲਾਤ ਵਿਚ ਕੁਝ ਸੁਧਾਰ ਹੋਇਆ ਅਤੇ ਸੰਗਤਾਂ ਦੀ ਬੇਨਤੀ 'ਤੇ ਆਪ ਦੋਵੇਂ ਦਿੱਲੀ ਪਰਤ ਆਈਆਂ।

ਆਪ ਨੇ ਮਾਤਾ ਸੁੰਦਰੀ ਨਾਲ ਰਲ ਕੇ ਪੰਥ ਨੂੰ ਸੰਗਠਿਤ ਰਖਣ ਦੀ ਪੂਰੀ ਵਿਵਸਥਾ ਕੀਤੀ। ਲੋੜ ਅਨੁਸਾਰ ਹੁਕਮਨਾਮੇ ਵੀ ਜਾਰੀ ਕੀਤੇ ਜਿਨ੍ਹਾਂ ਉਤੇ ਗੁਰੂ ਜੀ ਦੀ ਬਖ਼ਸ਼ੀ ਮੋਹਰ-ਛਾਪ ਲਗੀ ਹੁੰਦੀ ਸੀ। ਆਪ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਗੁਰੂ ਜੀ ਵਲੋਂ ਬਖ਼ਸ਼ੇ ਸ਼ਸਤ੍ਰ ਮਾਤਾ ਸੁੰਦਰੀ ਜੀ ਨੂੰ ਸੌਂਪ ਦਿੱਤੇ।

ਆਪ ਜੀ ਦੇ ਦੇਹਾਂਤ ਦੀ ਸਹੀ ਤਿਥੀ ਉਪਲਬਧ ਨਹੀਂ ਹੈ, ਪਰ ਅਨੁਮਾਨ ਹੈ ਕਿ ਆਪ ਨੇ 1734 ਈ. ਤੋਂ ਬਾਦ ਅਤੇ ਮਾਤਾ ਸੁੰਦਰੀ ਜੀ ਦੇ ਦੇਹਾਂਤ (1747 ਈ.) ਤੋਂ ਪਹਿਲਾਂ ਪ੍ਰਾਣ ਤਿਆਗੇ ਸਨ। ਗੁਰਦੁਆਰਾ ਬਾਲਾ ਸਾਹਿਬ ਵਿਚ ਆਪ ਦਾ ਦਾਹ ਸੰਸਕਾਰ ਕੀਤਾ ਗਿਆ। ਆਪ ਜੀ ਨੇ ਸੱਤ ਸਾਲ ਤੋਂ ਵਧ ਸਮਾਂ ਗੁਰੂ ਜੀ ਦੇ ਸੰਪਰਕ ਵਿਚ ਕਟਿਆ। ਇਸ ਦੌਰਾਨ ਔਲਾਦ ਦੀ ਇੱਛਾ ਪ੍ਰਗਟ ਕਰਨ 'ਤੇ ਗੁਰੂ ਜੀ ਨੇ 'ਖ਼ਾਲਸਾ ਪੁੱਤਰ' ਉਨ੍ਹਾਂ ਦੀ ਝੋਲੀ ਵਿਚ ਪਾ ਦਿੱਤਾ। ਉਸ ਦਿਨ ਤੋਂ ਆਪ ਖ਼ਾਲਸੇ ਦੀ ਮਾਤਾ ਵਜੋਂ ਸਮਾਦਰਿਤ ਹਨ।

**ਸਾਹਿਬ ਚੰਦ** (ਮਿ. 1700 ਈ.): ਗੁਰੂ ਗੋਬਿੰਦ ਸਿੰਘ ਜੀ ਦਾ ਇਕ ਯੋਧਾ ਜਿਸ ਨੇ ਭੰਗਾਣੀ ਦੇ ਯੁੱਧ ਵਿਚ ਆਪਣੀ ਸੂਰਬੀਰਤਾ ਵਿਖਾਈ। 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ—

*ਹਠਿਯੋ ਸਾਹਿਬ ਚੰਦ ਖੇਤੰ ਖਤ੍ਰਿਆਣੰ। ਹਨੇ ਖਾਨ ਖੂਨੀ ਖੁਰਾਸਾਨ ਭਾਨੰ।* ਉਸ ਤੋਂ ਬਾਦ ਵੀ ਇਹ ਗੁਰੂ ਸਾਹਿਬ ਵਲੋਂ ਕੀਤੇ ਹਰ ਯੁੱਧ ਵਿਚ ਭਾਗ ਲੈਂਦਾ ਰਿਹਾ। ਸੰਨ 1700 ਈ. ਵਿਚ ਹੋਈ ਨਿਰਮੋਹਗੜ੍ਹ ਦੀ ਜੰਗ ਵਿਚ ਇਹ ਸ਼ਹੀਦ ਹੋਇਆ। ਇਸ ਦਾ ਸਸਕਾਰ ਗੁਰੂ ਜੀ ਦੀ ਆਗਿਆ ਨਾਲ ਨਿਰਮੋਹਗੜ੍ਹ ਵਿਚ ਹੀ ਕੀਤਾ ਗਿਆ। ਸੈਨਾਪਤਿ ਨੇ 'ਗੁਰ ਸ਼ੋਭਾ' ਵਿਚ ਲਿਖਿਆ ਹੈ — *ਜੀਤ ਭਈ ਤਹਿ ਖ਼ਾਲਸੇ ਕੀ ਅਰੁ ਸਾਹਿਬ ਚੰਦ ਕੀ ਲੋਥ ਉਠਾਈ।*

**ਸਾਹਿਬ ਚੰਦ** (ਪਿੰਡ) : ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਗਿਦੜਬਾਹਾ ਨਗਰ ਤੋਂ ਲਗਭਗ 11 ਕਿ.ਮੀ. ਉੱਤਰ-ਪੂਰਬ ਵਲ ਸਥਿਤ ਇਕ ਪਿੰਡ, ਜਿਸ ਦੀ ਵਸੋਂ ਦੇ ਨਾਲ ਹੀ ਇਕ ਢਾਬ ਦੇ ਕੰਢੇ ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਂਦਿਆਂ ਕੁਝ ਸਮੇਂ ਲਈ ਠਹਿਰੇ ਸਨ। ਉਸ ਥਾਂ 'ਤੇ ਉਸਰੇ ਗੁਰੂ-ਧਾਮ ਨੂੰ ਹੁਣ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਕਰਕੇ ਜਾਣਿਆ ਜਾਂਦਾ ਹੈ। ਇਸ ਦੀ ਇਮਾਰਤ ਦੀ ਵਰਤਮਾਨ ਉਸਾਰੀ ਸੰਨ 1960 ਈ. ਵਿਚ ਹੋਈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਸਥਾਨਕ ਕਮੇਟੀ ਕਰਦੀ ਹੈ।

**ਸਾਹਿਬਜ਼ਾਦੇ** : 'ਸਾਹਿਬਜ਼ਾਦਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਸਾਧਾਰਣ ਅਰਥ ਹੈ ਬਾਦਸ਼ਾਹ ਦਾ ਪੁੱਤਰ, ਰਾਜਕੁਮਾਰ। ਪਰ ਸਿੱਖ ਭਾਵਨਾ ਅਤੇ ਸਾਹਿਤ ਵਿਚ ਗੁਰੂ-ਪੁੱਤਰਾਂ ਨੂੰ ਵੀ 'ਸਾਹਿਬਜ਼ਾਦਾ' ਕਿਹਾ ਜਾਂਦਾ ਹੈ। ਉਂਜ ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਸੁਪੁੱਤਰਾਂ— ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ — ਲਈ ਰੂੜ੍ਹ ਹੋ ਚੁਕਿਆ ਹੈ।

ਬਾਬਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸੁਪੁੱਤਰ ਸਨ ਜੋ ਮਾਤਾ ਸੁੰਦਰੀ ਦੀ ਕੁੱਖੋਂ ਮਹਾਨ ਕੋਸ਼ ਅਨੁਸਾਰ 23 ਮਾਘ, 1743 ਨੂੰ ਪੈਦਾ ਹੋਏ। 'ਐਨਸਾਈ-ਕਲੋਪੀਡੀਆ ਆਫ਼ ਸਿਖਿਜ਼ਮ' ਅਨੁਸਾਰ 26 ਜਨਵਰੀ 1687 ਈ. ਨੂੰ ਇਨ੍ਹਾਂ ਦਾ ਆਗਮਨ ਹੋਇਆ। ਇਨ੍ਹਾਂ ਦਾ ਪਾਲਣ-ਪੋਸ਼ਣ ਮਾਮਾ ਕ੍ਰਿਪਾਲ ਦੀ ਦੇਖ-ਰੇਖ ਵਿਚ ਹੋਇਆ। ਸ਼ਸਤ੍ਰ ਵਿਦਿਆ ਅਤੇ ਰਣਨੀਤੀ ਭਾਈ ਜੀਵਨ ਸਿੰਘ ਅਤੇ ਭਾਈ ਮਹਾਂ ਸਿੰਘ ਤੋਂ ਹਾਸਲ ਕੀਤੀ। ਇਨ੍ਹਾਂ ਨੇ ਇਕ ਹਿੰਦੂ ਇਸਤਰੀ ਨੂੰ ਜਾਬਰ ਖ਼ਾਨ ਪਠਾਣ ਤੋਂ ਮੁਕਤ ਕਰਾਇਆ। ਪਹਾੜੀ ਰਾਜਿਆਂ ਨਾਲ ਲੜੇ ਯੁੱਧਾਂ ਵਿਚ ਇਹ ਆਪਣੇ ਗੁਰੂ-ਪਿਤਾ ਦੇ ਅੰਗ-ਸੰਗ ਰਹੇ। ਇਨ੍ਹਾਂ ਨੇ ਚਮਕੌਰ ਵਿਚ ਅਣਗਿਣਤ ਵੈਰੀਆਂ ਨਾਲ ਯੁੱਧ ਕਰਕੇ ਮਹਾਨ ਕੋਸ਼ ਅਨੁਸਾਰ 8 ਪੋਹ, 1761 ਬਿ. ਨੂੰ ਸ਼ਹਾਦਤ ਦਿੱਤੀ ਅਤੇ ਐਨਸਾਈਕਲੋਡੀਆ ਆਫ਼ ਸਿਖਿਜ਼ਮ ਅਨੁਸਾਰ 7 ਦਸੰਬਰ 1705 ਈ. ਨੂੰ ਵੀਰ-ਗਤੀ ਪ੍ਰਾਪਤ ਕੀਤੀ। ਉਦੋਂ ਇਨ੍ਹਾਂ ਦੀ ਆਯੂ ਲਗਭਗ ਅਠਾਰ੍ਹਾਂ ਵਰ੍ਹਿਆਂ ਦੀ ਸੀ। ਵੇਖੋ 'ਅਜੀਤ ਸਿੰਘ, ਸਾਹਿਬਜ਼ਾਦਾ'।

ਬਾਬਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦੂਜੇ ਸੁਪੁੱਤਰ ਸਨ ਜੋ ਮਹਾਨ ਕੋਸ਼ ਅਨੁਸਾਰ 1747 ਬਿ. ਨੂੰ ਅਤੇ ਐਨਸਾਈਕਲੋਡੀਆ ਆਫ਼ ਸਿਖਿਜ਼ਮ ਅਨੁਸਾਰ 14 ਮਾਰਚ 1691 ਈ. ਨੂੰ ਮਾਤਾ ਜੀਤੋ ਦੀ ਕੁੱਖੋਂ ਪੈਦਾ ਹੋਏ। ਇਨ੍ਹਾਂ ਨੇ ਵੀ ਵੱਡੇ ਭਰਾ ਬਾਬਾ ਅਜੀਤ ਸਿੰਘ ਵਾਂਗ ਯੁੱਧ ਵਿਦਿਆ ਅਤੇ ਰਣਨੀਤੀ ਭਾਈ ਜੀਵਨ ਸਿੰਘ ਅਤੇ ਭਾਈ ਮਹਾਂ ਸਿੰਘ ਤੋਂ ਪ੍ਰਾਪਤ ਕੀਤੀ। ਚਮਕੌਰ ਦੀ ਜੰਗ ਵਿਚ ਆਪਣੇ ਵੱਡੇ ਭਰਾ ਬਾਬਾ ਅਜੀਤ ਸਿੰਘ ਸਹਿਤ ਵੈਰੀਆਂ ਨਾਲ ਜੂਝਦੇ ਹੋਇਆਂ ਮਹਾਨ ਕੋਸ਼ ਅਨੁਸਾਰ 8 ਪੋਹ, 1761 ਬਿ. ਨੂੰ ਸ਼ਹਾਦਤ ਪ੍ਰਾਪਤ ਕੀਤੀ ਅਤੇ ਐਨਸਾਈਕਲੋਡੀਆ ਆਫ਼ ਸਿਖਿਜ਼ਮ ਅਨੁਸਾਰ 7 ਦਸੰਬਰ 1705 ਈ. ਨੂੰ ਪਰਲੋਕ ਗਮਨ ਕੀਤਾ। ਉਦੋਂ ਇਨ੍ਹਾਂ ਦੀ ਉਮਰ ਲਗਭਗ ਚੌਦਾਂ ਵਰ੍ਹਿਆਂ ਦੀ ਸੀ।

ਬਾਬਾ ਜ਼ੋਰਾਵਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਸੁਪੁੱਤਰ ਸਨ ਜੋ ਮਹਾਨ ਕੋਸ਼ ਅਨੁਸਾਰ ਮਘਰ ਸੁਦੀ 3, 1753 ਬਿ. ਨੂੰ ਅਤੇ ਐਨਸਾਈਕਲੋਡੀਆ ਆਫ਼ ਸਿਖਿਜ਼ਮ ਅਨੁਸਾਰ 17 ਨਵੰਬਰ 1696 ਈ. ਨੂੰ ਮਾਤਾ ਜੀਤੋ ਦੀ ਕੁੱਖੋਂ ਪੈਦਾ ਹੋਏ। ਵੱਡੇ ਸਾਹਿਬਜ਼ਾਦਿਆਂ ਵਾਂਗ ਇਨ੍ਹਾਂ ਨੂੰ ਵੀ ਬਚਪਨ ਤੋਂ ਸੈਨਿਕ ਸਿਖਿਆ ਦਿੱਤੀ ਗਈ। ਆਨੰਦਪੁਰ ਸਾਹਿਬ ਦਾ ਕਿਲ੍ਹਾ ਛਡਣ ਉਪਰੰਤ ਸਰਸਾ ਨਦੀ ਵਿਚ ਆਏ ਹੜ੍ਹ ਕਾਰਣ ਇਹ ਗੁਰੂ ਸਾਹਿਬ ਤੋਂ ਨਿਖੜ ਕੇ ਆਪਣੀ ਦਾਦੀ (ਮਾਤਾ ਗੁਜਰੀ) ਅਤੇ ਛੋਟੇ ਭਰਾ ਬਾਬਾ ਫਤਹਿ ਸਿੰਘ ਸਹਿਤ ਗੰਗੂ ਨਾਂ ਦੇ ਬ੍ਰਾਹਮਣ ਰਸੋਈਏ ਨਾਲ ਉਸ ਦੇ ਪਿੰਡ ਖੇੜੀ ਪਹੁੰਚੇ। ਰਸੋਈਏ ਨੇ ਇਨ੍ਹਾਂ ਤੋਂ ਧਨ ਲੁਟ ਕੇ ਪਕੜਵਾ ਦਿੱਤਾ। ਸੂਬਾ ਸਰਹਿੰਦ ਦੇ ਹੁਕਮ ਨਾਲ ਇਨ੍ਹਾਂ ਨੂੰ ਮਹਾਨ ਕੋਸ਼ ਅਨੁਸਾਰ 13 ਪੋਹ, 1761 ਬਿ. ਨੂੰ ਅਤੇ

ਐਨਸਾਈਕਲੋਂਡੀਆ ਆਫ਼ ਸਿਖਿਜ਼ਮ ਅਨੁਸਾਰ 12 ਦਸੰਬਰ 1705 ਈ. ਨੂੰ ਦੀਵਾਰ ਅੰਦਰ ਜੀਉਂਦਿਆਂ ਚਿਣ ਕੇ ਸ਼ਹੀਦ ਕੀਤਾ ਗਿਆ। ਉਦੋਂ ਇਨ੍ਹਾਂ ਦੀ ਉਮਰ ਲਗਭਗ ਨੌਂ ਸਾਲ ਸੀ।

ਬਾਬਾ ਫਤਹਿ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸੁਪੁੱਤਰ ਸਨ ਜਿਨ੍ਹਾਂ ਦਾ ਜਨਮ ਮਹਾਨ ਕੋਸ਼ ਅਨੁਸਾਰ ਫਗਣ ਸੁਦੀ 7, 1755 ਬਿ. ਅਤੇ ਐਨਸਾਈਕਲੋਂਡੀਆ ਆਫ਼ ਸਿਖਿਜ਼ਮ ਅਨੁਸਾਰ 25 ਫਰਵਰੀ 1699 ਈ. ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ। ਇਨ੍ਹਾਂ ਨੂੰ ਵੀ ਵੱਡੇ ਸਾਹਿਬਜ਼ਾਦਿਆਂ ਵਾਂਗ ਸ਼ੁਰੂ ਤੋਂ ਹੀ ਸੈਨਿਕ ਸਿਖਲਾਈ ਦੇ ਨਾਲ ਨਾਲ ਚਰਿਤ੍ਰ-ਨਿਰਮਾਣ ਦੀ ਗੁੜਤੀ ਵੀ ਦਿੱਤੀ ਗਈ। ਇਹ ਵੀ ਬਾਬਾ ਜ਼ੋਰਾਵਰ ਸਿੰਘ ਵਾਂਗ ਆਨੰਦਪੁਰ ਦਾ ਕਿਲ੍ਹਾ ਛਡਣ ਵੇਲੇ ਗੁਰੂ ਜੀ ਤੋਂ ਵਿਛੜ ਗਏ ਅਤੇ ਮਹਾਨ ਕੋਸ਼ ਅਨੁਸਾਰ 13 ਪੋਹ, 1761 ਬਿ. ਅਤੇ ਐਨਸਾਈਕਲੋਂਡੀਆ ਆਫ਼ ਸਿਖਿਜ਼ਮ ਅਨੁਸਾਰ 12 ਦਸੰਬਰ 1705 ਈ. ਨੂੰ ਸਰਹਿੰਦ ਵਿਚ ਦੀਵਾਰ ਅੰਦਰ ਚਿਣ ਕੇ ਸ਼ਹੀਦ ਕੀਤੇ ਗਏ ਜਿਥੇ ਹੁਣ ਗੁਰਦੁਆਰਾ ਫਤਹਿਗੜ੍ਹ ਸਾਹਿਬ (ਵੇਖੋ) ਹੈ। ਉਦੋਂ ਇਨ੍ਹਾਂ ਦੀ ਉਮਰ ਲਗਭਗ ਸੱਤ ਸਾਲ ਸੀ।

ਸਿੱਖ ਇਤਿਹਾਸ ਵਿਚ ਇਨ੍ਹਾਂ ਸਾਹਿਬਜ਼ਾਦਿਆਂ ਦਾ ਉੱਲੇਖ ਬੜੇ ਸਤਿਕਾਰ ਅਤੇ ਗੌਰਵ ਨਾਲ ਹੁੰਦਾ ਹੈ। ਇਨ੍ਹਾਂ ਦੀ ਸ਼ਹਾਦਤ ਨਾਲ ਸੰਬੰਧਿਤ ਤਿਥੀਆਂ 'ਤੇ ਚਮਕੌਰ ਸਾਹਿਬ (ਵੇਖੋ) ਅਤੇ ਫਤਹਿਗੜ੍ਹ ਸਾਹਿਬ (ਵੇਖੋ) ਵਿਚ ਤਿੰਨ ਤਿੰਨ ਦਿਨ ਸਭਾ ਲਗਦੀ ਹੈ। ਇਨ੍ਹਾਂ ਸਭਾਵਾਂ ਦਾ ਮੂਲ ਉਦੇਸ਼ ਭਾਵੇਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਸਿੱਖ ਅਨੁਯਾਈਆਂ ਦੇ ਮਨ ਵਿਚ ਧਰਮ ਲਈ ਨਿਛਾਵਰ ਹੋਣ ਦੀ ਭਾਵਨਾ ਨੂੰ ਵਿਕਸਿਤ ਕਰਨਾ ਸੀ, ਪਰ ਹੁਣ ਇਹ ਸਭਾਵਾਂ ਮੇਲਿਆਂ ਅਤੇ ਰਾਜਨੈਤਿਕ ਕਾਨਫ੍ਰੰਸਾਂ ਦਾ ਰੂਪ ਧਾਰਣ ਕਰਦੀਆਂ ਜਾ ਰਹੀਆਂ ਹਨ।

**ਸ਼ਾਹੀ ਟਿੱਬੀ** : ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਕੀਰਤਪੁਰ ਨਗਰ ਤੋਂ 6 ਕਿ.ਮੀ. ਦੀ ਵਿਥ ਉਤੇ ਦੱਖਣ ਵਲ ਸਥਿਤ ਇਕ ਟਿੱਬੀ, ਜਿਥੇ ਆਨੰਦਪੁਰ ਛਡਣ ਤੋਂ ਬਾਦ ਦਸਮ ਗੁਰੂ ਜੀ ਅਜੇ 14 ਕਿ.ਮੀ. ਹੀ ਆਏ ਹੋਣਗੇ ਕਿ ਪਿਛੋਂ ਮੁਗ਼ਲ ਸੈਨਾ ਦੇ ਦਸਤੇ ਪਹੁੰਚ ਗਏ। ਗੁਰੂ ਜੀ ਨੇ ਉਨ੍ਹਾਂ ਨਾਲ ਨਜਿਠਣ ਲਈ ਭਾਈ ਉਦੈ ਸਿੰਘ ਦੀ ਕਮਾਨ ਅਧੀਨ 50 ਸਿੰਘ ਉਥੇ ਛਡੇ ਅਤੇ ਆਪ ਅਗੇ ਨੂੰ ਨਿਕਲ ਗਏ। ਸਿੰਘਾਂ ਦੀ ਉਸ ਟਿੱਬੀ ਕੋਲ ਮੁਗ਼ਲ ਸੈਨਿਕਾਂ ਨਾਲ ਗਹਿਗਚ ਲੜਾਈ ਹੋਈ ਜਿਸ ਵਿਚ ਸਾਰੇ ਸਿੰਘ ਸ਼ਹੀਦ ਹੋ ਗਏ। ਉਨ੍ਹਾਂ ਦੀ ਯਾਦ ਵਿਚ ਉਥੇ 'ਮੰਜੀ ਸਾਹਿਬ' ਨਾਂ ਦਾ ਇਕ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦੀ ਵਿਵਸਥਾ ਨਿਹੰਗ ਸਿੰਘ ਕਰਦੇ ਹਨ। ਸਿੰਘਾਂ ਦੀ ਅਦੁੱਤੀ ਬਹਾਦਰੀ ਦੇ ਪ੍ਰਕਾਸ਼ ਵਿਚ ਇਸ ਟਿੱਬੀ ਨੂੰ 'ਸ਼ਾਹੀ ਟਿੱਬੀ' ਕਿਹਾ ਜਾਣ ਲਗਿਆ ਹੈ।

**ਸਾਹੋਵਾਲ** (ਪਿੰਡ) : ਪੱਛਮੀ ਪੰਜਾਬ ਦੇ ਸਿਆਲਕੋਟ ਨਗਰ ਤੋਂ ਦੱਖਣ-ਪੱਛਮ ਵਲ ਲਗਭਗ ਸਾਢੇ ਸੱਤ ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਥੇ ਸਿਆਲਕੋਟ ਤੋਂ ਆਉਂਦਿਆਂ ਗੁਰੂ ਨਾਨਕ ਦੇਵ ਜੀ ਇਕ ਟੋਭੇ ਦੇ ਨੇੜੇ ਬੇਰ ਦੇ ਬ੍ਰਿਛ ਹੇਠਾਂ ਲਗਭਗ ਇਕ ਹਫ਼ਤਾ ਟਿਕੇ ਸਨ। ਬਾਦ ਵਿਚ ਉਥੇ ਗੁਰੂ-ਧਾਮ ਉਸਾਰਿਆ ਗਿਆ ਅਤੇ ਟੋਭੇ ਨੂੰ ਸਰੋਵਰ ਦਾ ਰੂਪ ਦਿੱਤਾ ਗਿਆ। ਇਸ ਗੁਰੂ-ਧਾਮ ਨੂੰ 'ਗੁਰਦੁਆਰਾ ਨਾਨਕਸਰ' ਕਿਹਾ ਜਾਣ ਲਗਾ। ਪਾਕਿਸਤਾਨ ਬਣਨ ਤੋਂ ਬਾਦ ਇਹ ਗੁਰੂ-ਧਾਮ ਬੰਦ ਪਿਆ ਹੈ।

**ਸ਼ਾਕਤ ਮਤ** : ਇਸ ਸ਼ਬਦ ਦੇ ਦੋ ਪਿਛੋਕੜ ਹਨ। ਇਕ, 'ਸ਼ਾਕਤ' ਅਰਬੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਡਿਗਿਆ ਹੋਇਆ, ਪਤਿਤ। ਗੁਰਬਾਣੀ ਵਿਚ ਪਰਮਾਤਮਾ ਦੇ ਸਿਮਰਨ ਤੋਂ ਵੰਚਿਤ ਵਿਅਕਤੀ ਨੂੰ 'ਸਾਕਤ' ਕਿਹਾ ਗਿਆ ਹੈ, ਜਿਵੇਂ *ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗ।* (ਗੁ. ਗ੍ਰੰ.198)। ਇਸ ਨੂੰ 'ਮਨਮੁਖ' ਵੀ ਕਿਹਾ ਜਾ ਸਕਦਾ ਹੈ।

ਦੂਜਾ, 'ਸ਼ਾਕ੍ਤ' ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ 'ਸ਼ਕ੍ਤਿ' ਦੇਵੀ ਦਾ ਉਪਾਸਕ। ਗੁਰੂ ਰਾਮਦਾਸ ਜੀ ਅਨੁਸਾਰ — *ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ। ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ।* (ਗੁ.ਗ੍ਰੰ.800)। ਇਨ੍ਹਾਂ ਦੋਹਾਂ ਅਰਥਾਂ ਵਿਚੋਂ ਦੂਜਾ ਅਰਥ ਭਾਰਤੀ ਵਿਰਸੇ ਨਾਲ ਸੰਬੰਧਿਤ ਹੋਣ ਕਾਰਣ ਅਧਿਕ ਉਪਯੁਕਤ ਪ੍ਰਤੀਤ ਹੁੰਦਾ ਹੈ।

ਮੱਧ-ਯੁਗ ਦੇ ਸੰਤ-ਸਾਧਕਾਂ ਦੀਆਂ ਬਾਣੀਆਂ ਵਿਚ 'ਸ਼ਾਕਤ' ਪ੍ਰਤਿ ਕੋਈ ਆਦਰ ਦੀ ਭਾਵਨਾ ਨਹੀਂ ਮਿਲਦੀ। ਸੰਤ ਕਬੀਰ ਜੀ ਨੇ ਕਿਹਾ ਹੈ — *ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ। ਕੋਨੇ ਬੈਠੇ ਖਾਈਐ ਪਰਗਟ*

*ਹੋਇ ਨਿਦਾਨਿ।* (ਗੁ.ਗ੍ਰੰ.1365))। ਇਸ ਅਰਥ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਇਸ ਦੇ ਅਧਿਆਤਮਿਕ ਪਿਛੋਕੜ ਵਿਚ ਝਾਤ ਮਾਰਨੀ ਹੋਵੇਗੀ।

ਪਰਮ-ਸੱਤਾ ਦੀ ਇਸਤਰੀ (ਸ਼ਕਤੀ) ਰੂਪ ਵਿਚ ਕਲਪਨਾ ਕਰਨ ਵਾਲੇ ਮਤ ਨੂੰ ਸ਼ਾਕ੍ਤ-ਮਤ ਕਿਹਾ ਜਾਂਦਾ ਹੈ ਅਤੇ ਇਸ ਦੇ ਉਪਾਸਕ ਨੂੰ 'ਸ਼ਾਕ੍ਤ'। ਵਿਦਵਾਨਾਂ ਨੇ ਇਸ ਮਤ ਦੇ ਸਰੋਤ ਵੈਦਿਕ ਸਾਹਿਤ ਵਿਚ ਲਭਣ ਦਾ ਉਦਮ ਕੀਤਾ ਹੈ। 'ਰਿਗ-ਵੇਦ' (ਅਸ਼ਟਮ ਅਸ਼ਟਕ) ਵਿਚ ਮਹਾਸ਼ਕਤੀ ਸਰਸੁਤੀ ਦੀ ਉਸਤਤ ਮਿਲਦੀ ਹੈ। 'ਸਾਮ-ਵੇਦ' (ਵਾਚੰਯਮ ਸੂਕ੍ਤ) ਵਿਚ ਵਾਕ (ਬਾਣੀ) ਸ਼ਕਤੀ ਦਾ ਜ਼ਿਕਰ ਹੋਇਆ ਹੈ। ਇੰਦ੍ਰ, ਵਰੁਣ, ਯਮ, ਸੋਮ ਅਤੇ ਬ੍ਰਹਮਾ ਦੀਆਂ ਸ਼ਕਤੀਆਂ ਵਲ ਵੀ ਸੰਕੇਤ ਮਿਲਦੇ ਹਨ। 'ਅਥਰਵ-ਵੇਦ' (ਕਾਂਡ 4, ਸੂਕ੍ਤ 30) ਵਿਚ ਮਹਾ-ਸ਼ਕਤੀ ਸਾਰਿਆਂ ਰੁਦ੍ਰਾਂ ਅਤੇ ਵਸੂਆਂ ਨਾਲ ਸੰਚਾਰ ਕਰਦੀ ਦਸੀ ਗਈ ਹੈ। 'ਕੇਨ-ਉਪਨਿਸ਼ਦ' ਅਨੁਸਾਰ ਉਮਾ ਨੇ ਮਹਾਸ਼ਕਤੀ ਦੇ ਰੂਪ ਵਿਚ ਪ੍ਰਗਟ ਹੋ ਕੇ ਬ੍ਰਹਮ ਦਾ ਉਪਦੇਸ਼ ਦਿੱਤਾ ਹੈ। 'ਰਾਮਾਇਣ' ਅਤੇ 'ਮਹਾਭਾਰਤ' ਵਿਚ ਦੇਵੀ ਦੀਆਂ ਉਸਤਤਾਂ ਦਰਜ ਹਨ। ਸ਼ਾਕਤ-ਮਤ ਦਾ ਸਹੀ ਵਿਕਾਸ ਪੁਰਾਣ-ਸਾਹਿਤ ਵਿਚ ਹੁੰਦਾ ਹੈ। ਪੁਰਾਣਾਂ ਦੀ ਸੰਪ੍ਰਦਾਇਕ ਬਿਰਤੀ ਕਾਰਣ ਸ਼ਕਤੀ-ਉਪਾਸਨਾ ਨਾਲ ਸੰਬੰਧਿਤ ਪੁਰਾਣਾਂ ਨੂੰ 'ਸ਼ਾਕ੍ਤ-ਪੁਰਾਣ' ਕਿਹਾ ਗਿਆ ਹੈ, ਜਿਵੇਂ ਮਾਰਕੰਡੇਯ-ਪੁਰਾਣ, ਕਾਲਿਕਾ-ਪੁਰਾਣ, ਦੇਵੀ-ਭਾਗਵਤ-ਪੁਰਾਣ ਆਦਿ। ਸਪੱਸ਼ਟ ਹੈ ਕਿ ਸ਼ਾਕ੍ਤ-ਮਤ ਸ਼ੈਵਮਤ ਵਾਂਗ ਕਾਫ਼ੀ ਪੁਰਾਤਨ ਹੈ। ਵੈਦਿਕ ਸਾਹਿਤ ਵਿਚ ਪ੍ਰਵਾਨਿਤ ਹੋਣ ਦੇ ਬਾਵਜੂਦ ਵੀ ਇਸ ਦਾ ਆਪਣਾ ਸੁਤੰਤਰ ਸਰੂਪ ਅਤੇ ਮਹੱਤਵ ਹੈ। ਸ਼ਾਕ੍ਤ ਲੋਕ ਵੈਦਿਕ ਕਰਮ-ਕਾਂਡਾਂ ਦੇ ਮੁਕਾਬਲੇ ਆਪਣੀ ਉਪਾਸਨਾ- ਵਿਧੀ ਨੂੰ ਸ੍ਰੇਸ਼ਠ ਮੰਨਦੇ ਹਨ। ਇਨ੍ਹਾਂ ਦਾ ਆਪਣਾ ਸਾਹਿਤ 'ਆਗਮ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਸਾਹਿਤ ਅਧਿਕਤਰ ਅਪ੍ਰਕਾਸ਼ਿਤ ਹੈ ਕਿਉਂਕਿ ਸ਼ਾਕ੍ਤ ਆਪਣੇ ਸਾਹਿਤ ਨੂੰ ਪ੍ਰਕਾਸ਼ਿਤ ਕਰਨ ਦੇ ਹੱਕ ਵਿਚ ਨਹੀਂ ਹਨ।

ਇਸ ਮਤ ਦੀ ਇਸ਼ਟ-ਦੇਵੀ ਸ਼ਿਵ ਦੀ ਸ਼ਕਤੀ ਪਾਰਬਤੀ ਹੈ। ਪਾਰਬਤੀ ਦਾ ਅਰਥ ਹੈ 'ਪਰਬਤ ਦੀ ਪੁੱਤਰੀ'। ਬ੍ਰਹਮ-ਪੁਰਾਣ (34-38) ਅਨੁਸਾਰ ਹਿਮਾਲਯ ਪਰਬਤ (ਸ਼ੈਲੇਂਦ੍ਰ) ਨੇ ਕਠੋਰ ਤਪਸਿਆ ਕਰਕੇ ਬ੍ਰਹਮਾ ਤੋਂ ਵਰਦਾਨ ਪ੍ਰਾਪਤ ਕੀਤਾ, ਜਿਸ ਦੇ ਫਲਸਰੂਪ ਉਸ ਦੇ ਘਰ ਮੈਨਾ ਦੀ ਕੁੱਖੋਂ ਤਿੰਨ ਪੁੱਤਰੀਆਂ—ਅਪਰਣਾ, ਇਕ-ਪਰਣਾ ਅਤੇ ਇਕ-ਪਾਟਲਾ—ਦਾ ਜਨਮ ਹੋਇਆ। ਇਨ੍ਹਾਂ ਵਿਚੋਂ 'ਇਕ-ਪਰਣਾ' ਅਤੇ 'ਇਕ-ਪਾਟਲਾ' ਨੇ ਇਕ ਹਜ਼ਾਰ ਵਰ੍ਹੇ ਬੀਤਣ ਤੋਂ ਬਾਦ ਭੋਜਨ ਕੀਤਾ, ਪਰ 'ਅਪਰਣਾ' ਨੇ ਉਦੋਂ ਵੀ ਕੁਝ ਨ ਖਾਇਆ। ਮੈਨਾ ਨੇ ਉਸ ਨੂੰ 'ਉ+ਮਾ' (ਘੋਰ ਤਪ ਮਤ ਕਰ) ਕਹਿ ਕੇ ਕਠੋਰ ਤਪਸਿਆ ਤੋਂ ਰੋਕਿਆ। ਉਸ ਦਿਨ ਤੋਂ ਉਸ ਦਾ ਨਾਂ 'ਉਮਾ' ਪ੍ਰਚਲਿਤ ਹੋ ਗਿਆ। ਉਮਾ ਦੀ ਅਦੁੱਤੀ ਤਪਸਿਆ ਤੋਂ ਪ੍ਰਸੰਨ ਹੋ ਕੇ ਸ਼ਿਵ ਨੇ ਉਸ ਅਗੇ ਵਿਆਹ ਦਾ ਪ੍ਰਸਤਾਵ ਰਖਿਆ। ਉਮਾ ਨੇ ਸ਼ਿਵ ਨੂੰ ਕਿਹਾ ਕਿ ਉਹ ਅਜਿਹਾ ਪ੍ਰਸਤਾਵ ਉਸ ਦੇ ਪਿਤਾ ਸ਼ੈਲੇਂਦ੍ਰ ਅਗੇ ਰਖਣ। ਸ਼ਿਵ ਨੇ ਆਪਣੇ ਵਿਕ੍ਰਿਤ ਰੂਪਾਕਾਰ ਸਹਿਤ ਸ਼ੈਲੇਂਦ੍ਰ ਅਗੇ ਪ੍ਰਸਤਾਵ ਰਖਿਆ ਜੋ ਉਸ ਨੂੰ ਉਚਿਤ ਨ ਲਗਿਆ। ਫਲਸਰੂਪ ਸ਼ੈਲੇਂਦ੍ਰ ਨੇ ਉਮਾ ਦਾ ਵਿਆਹ ਸੁਅੰਬਰ ਦੁਆਰਾ ਕਰਨ ਦਾ ਨਿਰਣਾ ਕੀਤਾ। ਸੁਅੰਬਰ ਦੇ ਮੌਕੇ ਸ਼ਿਵ ਨੇ ਬਾਲਕ ਦਾ ਰੂਪ ਧਾਰਣ ਕੀਤਾ ਅਤੇ ਉਮਾ ਨੇ ਉਸ ਨੂੰ ਪਛਾਣ ਕੇ ਪਤੀ ਵਜੋਂ ਗ੍ਰਹਿਣ ਕੀਤਾ। ਇਸ ਪਿਛੋਂ ਸ਼ਿਵ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੋਇਆ। ਬ੍ਰਹਮਾ ਨੇ ਦੋਹਾਂ ਦਾ ਵਿਆਹ ਕਰ ਦਿੱਤਾ। ਇਕ ਵਾਰ ਉਮਾ ਦੀ ਮਾਤਾ ਨੇ ਸ਼ਿਵ ਦੇ ਫੱਕੜਪਣੇ ਦਾ ਅਹਿਸਾਸ ਕਰਾਇਆ। ਇਸ ਗੱਲ 'ਤੇ ਨਾਰਾਜ਼ ਹੋ ਕੇ ਸ਼ਿਵ ਉਮਾ ਅਤੇ ਗਣਾਂ ਸਮੇਤ ਮੇਰੂ ਪਰਬਤ ਉਤੇ ਚਲੇ ਗਏ। 'ਸਕੰਧ-ਪੁਰਾਣ' ਅਨੁਸਾਰ ਉਮਾ ਪਹਿਲਾਂ ਕਾਲੇ ਰੰਗ ਦੀ ਸੀ, ਪਰ ਅਨਰਕੇਸ਼੍ਵਰ ਤੀਰਥ ਵਿਚ ਇਸ਼ਨਾਨ ਕਰਕੇ ਸ਼ਿਵ-ਲਿੰਗ ਨੂੰ ਦੀਪ-ਦਾਨ ਕਰਨ ਨਾਲ, ਗੋਰੇ ਰੰਗ ਦੀ ਹੋ ਗਈ ਅਤੇ ਉਸ ਦਿਨ ਤੋਂ 'ਗੌਰੀ' ਅਖਵਾਈ। ਕਾਲਾਂਤਰ ਵਿਚ ਇਸ ਦੇ ਪਰਾਕ੍ਰਮਾਂ ਦੇ ਆਧਾਰ 'ਤੇ ਅਨੇਕ ਨਾਂ ਪ੍ਰਚਲਿਤ ਹੋ ਗਏ।

ਸ਼ਾਕਤ-ਮਤ ਮੁੱਖ ਰੂਪ ਵਿਚ ਦੋ ਸ਼ਾਖਾਵਾਂ ਵਿਚ ਵੰਡਿਆ ਹੋਇਆ ਹੈ। ਪਹਿਲੀ ਸ਼ਾਖਾ ਦਾ ਨਾਂ ਦਕ੍ਸ਼ਣਾਚਾਰ (ਸੱਜਾ-ਪੱਖ) ਸੀ ਜੋ ਸਦਾਚਾਰ ਵਿਚ ਵਿਸ਼ੇਸ਼ ਵਿਸ਼ਵਾਸ ਰਖਦੀ ਸੀ। ਇਹ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਦ੍ਵੈਤਵਾਦ ਦੇ ਜ਼ਿਆਦਾ ਨੇੜੇ ਹੈ। ਇਸ ਸ਼ਾਖਾ ਦਾ ਸਾਧਕ ਆਪਣੇ ਆਪ ਨੂੰ ਸ਼ਿਵ ਮੰਨ ਕੇ ਉਸ ਦੀ ਸ਼ਕਤੀ ਸ਼ਿਵਾ ਦੀ ਪੂਜਾ ਕਰਦਾ ਹੈ। ਸ਼ਿਵ-ਸ਼ਕਤੀ ਦਾ ਮੇਲ ਯੋਗ-ਸਾਧਨਾ ਰਾਹੀਂ ਸੰਭਵ ਹੋਣ ਕਾਰਣ, ਸ਼ਕਤੀ-ਉਪਾਸਨਾ ਵਿਚ ਯੋਗ ਨੂੰ ਉਚੇਚਾ ਮਹੱਤਵ ਦਿੱਤਾ ਗਿਆ ਹੈ। ਇਸ ਸ਼ਾਖਾ ਦਾ ਇਕ ਨਾਮਾਂਤਰ 'ਸਮਯਾਚਾਰ' ਹੈ ਕਿਉਂਕਿ ਯੌਗਿਕ ਸਾਧਨਾ ਵਿਚ 'ਸਮਯ' ਦਾ ਇਕ ਵਿਸ਼ੇਸ਼

ਅਰਥ ਹੈ, ਅਰਥਾਤ ਸ਼ਿਵ ਅਤੇ ਸ਼ਕਤੀ ਦਾ ਮੇਲ ਜਾਂ ਸਮਰਸਤਾ। ਇਸ ਮੇਲ ਦੇ ਪ੍ਰਕਾਰਜ ਵਿਚ ਸਾਧਕ ਮੂਲਾਧਾਰ ਤੋਂ ਸੁਤੀ ਹੋਈ ਕੁੰਡਲਿਨੀ ਨੂੰ ਜਗਾ ਕੇ ਸ੍ਵਾਧਿਸ਼ਠਾਨ ਆਦਿ ਚਕ੍ਰਾਂ ਵਿਚੋਂ ਲੰਘਾਉਂਦੇ ਹੋਇਆਂ ਸਹਸ੍ਰਾਰ-ਚਕ੍ਰ ਵਿਚ ਸਥਿਤ ਸਦਾ-ਸ਼ਿਵ ਨਾਲ ਉਸ ਦਾ ਏਕਾਕਾਰ ਕਰਾ ਦਿੰਦਾ ਹੈ। ਇਹੀ ਉਸ ਦੀ ਸਾਧਨਾ ਦਾ ਪਰਮ-ਮਨੋਰਥ ਹੈ।

ਦੂਜੀ ਸ਼ਾਖਾ ਦਾ ਨਾਂ ਵਾਮਾਚਾਰ (ਖੱਬਾ-ਪੱਖ) ਹੈ। ਉਦੇਸ਼ ਇਸ ਸ਼ਾਖਾ ਦਾ ਵੀ ਪਹਿਲੀ ਸ਼ਾਖਾ ਵਾਲਾ ਹੀ ਹੈ, ਪਰ ਉਪਾਸਨਾ ਦੀ ਵਿਧੀ ਵਿਚ ਅੰਤਰ ਹੈ। ਇਸ ਦਾ ਇਕ ਨਾਮਾਂਤਰ 'ਕੌਲ-ਮਤ' ਹੈ ਕਿਉਂਕਿ 'ਕੁਲ' ਸ਼ਕਤੀ ਦਾ ਵਾਚਕ ਹੈ ਅਤੇ 'ਅਕੁਲ' ਸ਼ਿਵ ਦਾ। ਜੋ ਸਾਧਕ ਅਕੁਲ (ਸ਼ਿਵ) ਅਤੇ ਕੁਲ (ਸ਼ਕਤੀ) ਦਾ ਏਕਾਕਾਰ ਕਰਾਉਂਦਾ ਹੈ, ਉਹ 'ਕੌਲ' ਹੈ। ਕੌਲ ਸਾਧਕ ਦਾ ਆਚਾਰ 'ਕੌਲਾਚਾਰ' ਜਾਂ 'ਵਾਮਾਚਾਰ' ਅਖਵਾਉਂਦਾ ਹੈ। ਇਸ ਆਚਾਰ ਵਿਚ ਪੰਜ ਮਕਾਰਾਂ ਦੇ ਸੇਵਨ ਉਤੇ ਬਲ ਦਿੱਤਾ ਗਿਆ ਹੈ। ਇਹ ਪੰਜ ਮਕਾਰ ਹਨ — ਮਦਿਰਾ (ਸ਼ਰਾਬ), ਮਾਸ, ਮਤ੍ਸ੍ਯ (ਮੱਛੀ), ਮੁਦ੍ਰਾ (ਭੁੰਨੇ ਹੋਏ ਚਣੇ, ਚਿੜਵੇ ਆਦਿ) ਅਤੇ ਮੈਥੁਨ (ਸੰਭੋਗ)।

ਵਿਦਵਾਨਾਂ ਨੇ ਪੰਜ ਮਕਾਰਾਂ ਦੇ ਇਹ ਨਾਂ ਪ੍ਰਤੀਕਾਤਮਕ ਦਸੇ ਹਨ। ਇਨ੍ਹਾਂ ਮਕਾਰਾਂ ਦੀ ਮੂਲ-ਭਾਵਨਾ ਅਨੁਸਾਰ 'ਮਦਿਰਾ' ਤੋਂ ਭਾਵ ਸ਼ਰਾਬ ਨਹੀਂ, ਸਗੋਂ ਸਹਸ੍ਰਦਲ ਕਮਲ ਤੋਂ ਟਪਕਣ ਵਾਲਾ ਅੰਮ੍ਰਿਤ ਹੈ। ਗਿਆਨ ਰੂਪੀ ਖੜਗ ਨਾਲ ਵਾਸਨਾ ਰੂਪੀ ਪਸ਼ੂ ਨੂੰ ਮਾਰਨਾ ਅਤੇ ਮਨ ਨੂੰ ਸ਼ਿਵ ਵਿਚ ਲਗਾਉਣਾ 'ਮਾਸ' ਦਾ ਸੇਵਨ ਕਰਨਾ ਹੈ। ਸ਼ਰੀਰ ਵਿਚ ਸਥਿਤ ਇੜਾ ਅਤੇ ਪਿੰਗਲਾ ਨਾੜੀਆਂ ਵਿਚ ਚਲਣ ਵਾਲਾ ਸੁਆਸ ਵਾਸਤਵ ਵਿਚ 'ਮਤ੍ਸ੍ਯ' ਅਥਵਾ ਮੱਛੀ ਹੈ। ਜੋ ਸਾਧਕ ਪ੍ਰਾਣਾਯਾਮ ਦੀ ਪ੍ਰਕ੍ਰਿਆ ਨਾਲ ਸੁਆਸ ਨੂੰ ਰੋਕ ਕੇ ਸੁਖਮਨਾ ਨਾੜੀ ਵਿਚ ਪਹੁੰਚਾਉਂਦਾ ਹੈ, ਉਹੀ ਮਤ੍ਸ੍ਯ ਨੂੰ ਭੋਜਨ ਬਣਾਉਂਦਾ ਹੈ। ਕੁਸੰਗ ਨੂੰ ਤਿਆਗਣਾ ਅਤੇ ਸਤਿਸੰਗ ਕਰਨਾ ਹੀ 'ਮੁਦ੍ਰਾ' ਹੈ। ਸਹਸ੍ਰਦਲ-ਚਕ੍ਰ ਵਿਚ ਸਥਿਤ ਸ਼ਿਵ ਨਾਲ ਸ਼ਕਤੀ (ਕੁੰਡਲਿਨੀ) ਦਾ ਮੇਲ ਜਾਂ ਸੰਯੋਗ ਹੀ 'ਮੈਥੁਨ' ਹੈ। ਇਹ ਪੰਜ ਮਕਾਰ ਮੂਲ ਰੂਪ ਵਿਚ ਅਧਿਆਤਮਿਕ ਪ੍ਰਕ੍ਰਿਆ ਨਾਲ ਸੰਬੰਧਿਤ ਹਨ। ਪਰ ਨੀਵੀਂ ਸੋਚ ਵਾਲੇ ਸਾਧਕਾਂ ਨੇ ਇਨ੍ਹਾਂ ਪੰਜ ਮਕਾਰਾਂ ਨੂੰ ਭੌਤਿਕ ਅਰਥ ਦੇ ਕੇ ਇਨ੍ਹਾਂ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਇਸ ਲਈ ਵਾਮਾਚਾਰ ਨੂੰ ਬਦਨਾਮ ਹੋਣਾ ਪਿਆ ਅਤੇ ਮੱਧ-ਯੁਗ ਤਕ ਇਸ ਨੇ ਜਨ-ਜੀਵਨ ਨੂੰ ਭ੍ਰਸ਼ਟ ਕਰਨ ਵਿਚ ਕੋਈ ਕਸਰ ਨ ਛਡੀ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ— *ਸਾਕਤ ਕੂੜ ਕਪਟ ਮਹਿ ਟੇਕਾ। ਅਹਿਨਿਸਿ ਨਿੰਦਾ ਕਰਹਿ ਅਨੇਕਾ।* (ਗੁ.ਗ੍ਰੰ.1030)। ਸੰਤ ਕਬੀਰ ਆਦਿ ਦੀ ਬਾਣੀ ਵਿਚ ਇਹ ਸਵਰ ਕਾਫ਼ੀ ਮੁਖਰ ਰੂਪ ਵਿਚ ਮਿਲਦਾ ਹੈ। ਸਪੱਸ਼ਟ ਹੈ ਕਿ ਗੁਰਬਾਣੀ ਅਤੇ ਸੰਤ ਬਾਣੀ ਵਿਚ 'ਸਾਕਤ' ਸ਼ਬਦ ਦੀ ਵਰਤੋਂ ਨਿਕ੍ਰਿਸ਼ਟ ਅਰਥਾਂ ਵਿਚ ਹੋਈ ਹੈ ਕਿਉਂਕਿ ਇਨ੍ਹਾਂ ਦੀ ਉਪਾਸਨਾ ਵਿਧੀ ਈਸ਼ਵਰੀ ਭਗਤੀ ਦੇ ਵਿਪਰੀਤ ਅਤੇ ਸਮਾਜਿਕ ਅਨਾਚਾਰ ਉਤੇ ਆਧਾਰਿਤ ਸੀ।

ਪੰਜਾਬ ਦੇ ਲੋਕ-ਜੀਵਨ ਵਿਚ ਦੇਵੀ ਅਥਵਾ ਸ਼ਕਤੀ ਦੀ ਉਪਾਸਨਾ ਬਹੁਤ ਪੁਰਾਤਨ ਹੈ। ਪਹਾੜੀ ਖੇਤਰਾਂ ਵਿਚ ਇਸ ਦੀ ਉਪਾਸਨਾ ਬੜੀ ਸ਼ਿਦਤ ਨਾਲ ਕੀਤੀ ਜਾਂਦੀ ਹੈ ਅਤੇ ਹਰ ਪ੍ਰਕਾਰ ਦੀਆਂ ਦੇਵੀਆਂ ਦੇ ਮੰਦਿਰ ਬਣੇ ਹੋਏ ਮਿਲਦੇ ਹਨ। ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਦੇਵੀ ਨਾਲ ਸੰਬੰਧਿਤ ਮੇਲਿਆਂ, ਤਿਉਹਾਰਾਂ ਉਤੇ ਜਾ ਕੇ ਆਪਣੀਆਂ ਮਨੋਕਾਮਨਾਵਾਂ ਨੂੰ ਪੂਰਾ ਕਰਾਉਂਦੇ ਹਨ। ਪੰਜਾਬ ਵਿਚ ਰਚੇ ਗਏ ਸਾਹਿਤ ਵਿਚ ਇਸ ਦਾ ਪ੍ਰਭਾਵ ਸਪੱਸ਼ਟ ਹੈ। ਨਿਰਗੁਣਵਾਦੀ ਕਾਵਿ ਅਤੇ ਗੁਰਬਾਣੀ ਵਿਚ ਇਸ ਮਤ ਅਤੇ ਇਸ ਦੇ ਅਨੁਯਾਈਆਂ ਦੀਆਂ ਪੂਜਾ-ਵਿਧੀਆਂ ਅਤੇ ਵਿਵਹਾਰ ਦਾ ਸਪੱਸ਼ਟ ਖੰਡਨ ਕੀਤਾ ਮਿਲਦਾ ਹੈ। 'ਦਸਮ-ਗ੍ਰੰਥ' ਵਿਚ ਪਹਿਲੀ ਵਾਰ ਦੇਵੀ ਸੰਬੰਧੀ ਬ੍ਰਿੱਤਾਂਤਾਂ ਅਤੇ ਪਰਾਕ੍ਰਮਾਂ ਦਾ ਚਿਤ੍ਰਣ ਹੋਇਆ ਹੈ।

**ਸਾਕਾ ਪੰਜਾ ਸਾਹਿਬ** : ਇਸ ਦਾ ਸੰਬੰਧ 'ਗੁਰੂ ਕਾ ਬਾਗ਼' ਮੋਰਚੇ ਦੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਨਾਲ ਹੈ। ਰੇਲ ਅਧਿਕਾਰੀਆਂ ਵਲੋਂ ਨ ਮੰਨੇ ਜਾਣ ਕਾਰਣ ਅਟਕ ਕਿਲ੍ਹੇ ਵਲ ਜਾ ਰਹੀ ਗੱਡੀ ਨੂੰ ਰੋਕਣ ਲਈ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਨੇ ਰੇਲ ਦੀ ਪਟੜੀ ਉਤੇ ਵਿਛ ਕੇ ਅਤੇ ਆਪਾ ਵਾਰ ਕੇ ਗੱਡੀ ਨੂੰ ਰੋਕਿਆ ਸੀ। ਇਹ ਸਾਕਾ ਸਿੱਖ ਸਾਹਸ ਅਤੇ ਕੁਰਬਾਨੀ ਦਾ ਉਜਲਾ ਨਮੂਨਾ ਹੈ। ਵਿਸਤਾਰ ਲਈ ਵੇਖੋ 'ਪੰਜਾ ਸਾਹਿਬ', 'ਪ੍ਰਤਾਪ ਸਿੰਘ ਭਾਈ', 'ਕਰਮ ਸਿੰਘ ਭਾਈ'।

**ਸਾਖੀ** (ਕਾਵਿ-ਰੂਪ) : ਸਿੱਖ ਧਰਮ-ਸਾਹਿਤ ਵਿਚ 'ਸਾਖੀ' ਸ਼ਬਦ ਆਮ ਪ੍ਰਚਲਿਤ ਹੈ। ਇਸ ਨੂੰ ਕਾਵਿ ਵੰਨਗੀ ਵਜੋਂ ਬੋਧ

ਸਿੱਧਾਂ ਅਤੇ ਨਾਥਾਂ ਦੇ ਸਾਹਿਤ ਵਿਚ ਵਰਤਿਆ ਵੇਖਿਆ ਜਾ ਸਕਦਾ ਹੈ। 'ਸਾਖੀ' ਸ਼ਬਦ ਸੰਸਕ੍ਰਿਤ ਦੇ 'ਸਾਕ੍ਸ਼ੀ' ਸ਼ਬਦ ਦਾ ਤਦਭਵ ਰੂਪ ਹੈ। ਆਚਾਰਯ ਪਰਸ਼ੁਰਾਮ ਚਤੁਰਵੇਦੀ ('ਉਤਰੀ ਭਾਰਤ ਦੀ ਸੰਤ ਪਰੰਪਰਾ') ਅਨੁਸਾਰ ਇਸ ਦਾ ਮੂਲ ਅਰਥ ਉਹ ਪੁਰਸ਼ ਹੈ ਜਿਸ ਨੇ ਕਿਸੇ ਵਸਤੂ ਜਾਂ ਘਟਨਾ ਨੂੰ ਆਪਣੀ ਅੱਖੀਂ ਵੇਖਿਆ ਹੋਵੇ। ਅਜਿਹੇ ਸਾਖਿਆਤ ਅਨੁਭਵ ਰਾਹੀਂ ਹੀ ਕਿਸੇ ਗੱਲ ਦਾ ਯਥਾਰਥ ਗਿਆਨ ਹੋਣਾ ਸੰਭਵ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਰਾਮਕਲੀ ਰਾਗ ਵਿਚ ਇਸੇ ਪ੍ਰਕਾਰ ਦੀ ਸਥਾਪਨਾ ਕੀਤੀ ਹੈ— *ਸੰਤਨ ਕੀ ਸੁਣਿ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ।* (ਗੁ.ਗ੍ਰੰ. 894)। 'ਕਬੀਰ-ਬੀਜਕ' ਦੀ ਮਹਾਤਮਾ ਪੂਰਨ ਸਾਹਿਬ ਕ੍ਰਿਤ 'ਗੁਰਮੁਖ ਟੀਕਾ' ਦੇ ਆਧਾਰ 'ਤੇ 'ਸਾਖੀ' ਦਾ ਅਰਥ 'ਪ੍ਰਤੱਖ ਗਿਆਨ' ਸਿੱਧ ਹੁੰਦਾ ਹੈ। ਇਸ ਨੂੰ ਸਵੈ-ਅਨੁਭੂਤ ਗਿਆਨ ਉਤੇ ਆਧਾਰਿਤ ਕਾਵਿ-ਉਕਤੀ ਅਥਵਾ 'ਦੁਪਦੀ' ਲਈ ਵੀ ਵਰਤਿਆ ਗਿਆ ਹੈ। ਗੋਰਖਨਾਥ ਨੇ ਆਪਣੇ ਅਧਿਆਤਮਿਕ ਅਨੁਭਵ ਨੂੰ ਦਰਸਾਉਣ ਲਈ 'ਦੋਹਾ' ਛੰਦ ਦੇ ਤੋਲ ਵਿਚ ਜੋ ਕਾਵਿ-ਬੰਦ ਉਚਾਰੇ, ਉਹੀ ਕਾਲਾਂਤਰ ਵਿਚ ਸਾਖੀਆਂ ਵਜੋਂ ਪ੍ਰਸਿੱਧ ਹੋਏ।

'ਸਾਖੀ' ਰੂਪਾਕਾਰ ਦੀਆਂ ਮਾਤ੍ਰਾਵਾਂ ਅਥਵਾ ਲੱਛਣਾਂ ਬਾਰੇ ਕੁਝ ਕਹਿ ਸਕਣਾ ਸਰਲ ਨਹੀਂ ਕਿਉਂਕਿ ਉਪਲਬਧ ਪੁਰਾਤਨ ਪਾਠ ਬਹੁਤ ਹਦ ਤਕ ਵਿਕਰਿਤ ਹੈ। ਇਨ੍ਹਾਂ ਵਿਚ ਬ੍ਰਹਮ, ਆਤਮਾ, ਜੀਵ, ਜਗਤ, ਮੁਕਤੀ ਆਦਿ ਅਨੇਕ ਪ੍ਰਕਾਰ ਦੇ ਵਿਸ਼ਿਆਂ ਨੂੰ ਸਮੇਟਿਆ ਗਿਆ ਹੈ। ਸ਼ਬਦੀਆਂ ਮੁੱਖ ਰੂਪ ਵਿਚ ਸਾਖੀਆਂ ਹੀ ਹਨ। ਇਸੇ ਸਾਖੀ ਪਰੰਪਰਾ ਨੂੰ ਸੰਤ ਕਬੀਰ ਆਦਿ ਸੰਤਾਂ ਨੇ ਅਪਣਾਇਆ ਹੈ।

ਪੰਜਾਬੀ ਸਾਹਿਤ ਵਿਚ 'ਸਾਖੀ' ਦਾ ਸਰੂਪ-ਗਤ ਪਰਿਵਰਤਨ ਗੁਰੂਆਂ ਜਾਂ ਸ੍ਰੇਸ਼ਠ ਸਿੱਖਾਂ ਦੇ ਅਧਿਆਤਮਿਕ ਅਨੁਭਵ ਜਾਂ ਉਪਕਾਰਾਂ ਦੇ ਬ੍ਰਿੱਤਾਂਤਾਂ ਵਿਚ ਹੋਇਆ ਹੈ। ਇਥੇ ਇਹ ਵਾਰਤਾ ਦਾ ਰੂਪ ਧਾਰਣ ਕਰਦੀ ਹੈ। ਕਾਵਿਮਈ ਸਾਖੀ ਲਈ ਪੰਜਾਬੀ ਵਿਚ 'ਸ਼ਲੋਕ' ਨਾਮਾਂਤਰ ਵਰਤਿਆ ਗਿਆ ਹੈ। ਇਹ ਸੰਸਕ੍ਰਿਤ ਦੇ ਅਨੁਸ਼ਟੁਪ ਛੰਦ ਤੋਂ ਭਿੰਨ ਹੈ ਅਤੇ ਦੋਹਰੇ ਦੇ ਲੱਛਣ ਤੋਂ ਮੁਕਤ ਹੈ। ਇਸ ਵਿਚ ਤੁਕਾਂ ਦੀ ਗਿਣਤੀ ਦਾ ਵੀ ਕੋਈ ਬੰਧਨ ਨਹੀਂ। ਇਕ ਤੋਂ ਲੈ ਕੇ ਤਿੰਨ ਦਰਜਨ ਤੁਕਾਂ ਵਾਲੇ ਸ਼ਲੋਕ ਮਿਲਦੇ ਹਨ, ਪਰ ਸੰਤ ਕਬੀਰ ਦੇ ਜੋ ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ, ਉਨ੍ਹਾਂ ਵਿਚੋਂ ਬਹੁਤੇ ਕਬੀਰ-ਬਾਣੀ ਦੇ ਹੋਰਨਾਂ ਸੰਸਕਰਣਾਂ ਵਿਚ 'ਸਾਖੀ' ਨਾਂ ਅਧੀਨ ਦਰਜ ਹਨ। ਇਸ ਤੋਂ ਸਪੱਸ਼ਟ ਹੈ ਕਿ ਨਾਥ-ਕਾਵਿ ਦਾ 'ਸਾਖੀ' ਕਾਵਿ-ਰੂਪ ਕੁਝ ਖੁਲ੍ਹਾਂ ਸਹਿਤ ਗੁਰਬਾਣੀ ਵਿਚ 'ਸ਼ਲੋਕ' ਦਾ ਜਾਮਾ ਪਾ ਕੇ ਪ੍ਰਵੇਸ਼ ਕਰਦਾ ਹੈ।

**ਸਾਖੀਆਂ ਦਸਾਂ ਪਾਤਸ਼ਾਹੀਆਂ ਕੀਆਂ** : ਸੇਵਾਦਾਸ ਉਦਾਸੀ ਕ੍ਰਿਤ ਰਚਨਾ। ਵੇਖੋ 'ਪਰਚੀਆਂ ਪਾਤਸ਼ਾਹੀ ਦਸਵੀਂ ਕੀਆਂ'।

**ਸਾਖੀਆਂ ਭਾਈ ਅੱਡਣ ਸ਼ਾਹ ਜੀ** : ਇਸ ਪੁਸਤਕ ਦੇ ਨਾਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਭਾਈ ਅੱਡਣ ਜੀ ਨਾਲ ਸੰਬੰਧਿਤ ਸਾਖੀਆਂ ਦਾ ਸੰਗ੍ਰਹਿ ਹੈ, ਪਰ ਵਸਤੂ ਸਥਿਤੀ ਇਸ ਦੇ ਉਲਟ ਹੈ। ਇਸ ਵਿਚ ਬਹੁਤ ਸਾਰੇ ਪ੍ਰਸੰਗ ਗੁਰੂਆਂ, ਸੰਤਾਂ, ਭਗਤਾਂ ਅਤੇ ਮਹਾਪੁਰਸ਼ਾਂ ਨਾਲ ਵੀ ਸੰਬੰਧ ਰਖਦੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਭਾਈ ਅੱਡਣ ਸ਼ਾਹ ਆਪਣੇ ਡੇਰੇ ਵਿਚ ਜਿਗਿਆਸੂਆਂ ਨੂੰ ਸੰਬੋਧਿਤ ਕਰਦੇ ਹੋਏ ਜੋ ਬਚਨ ਬਿਲਾਸ ਕਥਾ-ਵਾਰਤਾ ਰਾਹੀਂ ਕਰਦੇ ਸਨ, ਉਨ੍ਹਾਂ ਨੂੰ ਹੀ ਕਿਸੇ ਸ਼ਰਧਾਲੂ ਸਿੱਖ ਨੇ ਲਿਖਿਤ ਰੂਪ ਦੇ ਕੇ 'ਸਾਖੀਆਂ ਭਾਈ ਅੱਡਣ ਸ਼ਾਹ ਜੀ' ਦੇ ਨਾਂ ਅਧੀਨ ਪ੍ਰਸਿੱਧ ਕਰ ਦਿੱਤਾ। ਇਸ ਲਈ ਇਸ ਰਚਨਾ ਵਿਚ ਭਾਈ ਜੀ ਦੇ ਅਧਿਆਤਮਿਕ ਵਿਚਾਰਾਂ, ਮਹਾਨ ਆਦਰਸ਼ਾਂ ਅਤੇ ਤਿਆਗੀ ਜੀਵਨ ਸੰਬੰਧੀ ਘਟਨਾਵਾਂ ਦੀ ਸਾਮਗ੍ਰੀ ਸੰਕਲਿਤ ਹੋਈ ਹੈ।

ਅੱਡਣ ਸ਼ਾਹ ਭਾਈ ਕਨ੍ਹਈਆਂ ਜੀ ਦੁਆਰਾ ਚਲਾਏ 'ਸੇਵਾਪੰਥ' ਦੇ ਇਕ ਬੜੇ ਪ੍ਰਤਾਪੀ ਸੰਤ ਸਨ। ਉਹ ਕਰਣੀ ਦੇ ਸੂਰੇ ਸਨ। ਉਨ੍ਹਾਂ ਦੇ ਡੇਰੇ 'ਤੇ ਅਧਿਆਤਮਿਕ ਜਿਗਿਆਸੂਆਂ ਅਤੇ ਸਾਧਾਂ ਸੰਤਾਂ ਦਾ ਸਦਾ ਤਕੜਾ ਇਕੱਠ ਰਹਿੰਦਾ ਸੀ। ਉਨ੍ਹਾਂ ਦੀ ਸਾਧਨਾ ਦੇ ਫਲਸਰੂਪ ਉਨ੍ਹਾਂ ਤੋਂ ਬਾਦ ਸੇਵਾ-ਪੰਥ ਦਾ ਇਕ ਨਾਮਾਂਤਰ 'ਅੱਡਣਸ਼ਾਹੀ ਸੰਪ੍ਰਦਾਇ' ਵੀ ਪ੍ਰਚਲਿਤ ਹੋ ਗਿਆ।

ਪੰਜਾਬ ਆਰਕਾਈਵਜ਼ ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰਖਿਅਤ ਇਕ ਪੋਥੀ ਨੰ. 393 ਵਿਚ ਇਹ ਸਾਖੀਆਂ ਬਚਨਾਂ ਦੇ ਰੂਪ ਵਿਚ ਹੋਰ ਕਿਤਨੀ ਕੁ ਸਾਮਗ੍ਰੀ ਸਹਿਤ ਸੰਕਲਿਤ ਹਨ। ਇਸ ਤੋਂ ਭਿੰਨ ਇਸ ਰਚਨਾ ਦਾ ਕੋਈ ਹੋਰ ਪੁਰਾਣਾ ਹਥਲਿਖਿਤ ਖਰੜਾ ਪ੍ਰਾਪਤ ਨਹੀਂ ਹੈ। ਛਪੇ ਹੋਏ

ਸੰਸਕਰਣ ਹੀ ਮਿਲਦੇ ਹਨ। ਪਹਿਲਾ ਸੰਸਕਰਣ ਸੰਨ 1886 ਈ. ਵਿਚ ਰਾਵਲਪਿੰਡੀ ਤੋਂ ਛਪਿਆ ਸੀ। ਬਾਦ ਵਿਚ ਸੇਵਾ-ਪੰਥੀ ਸਭਾ ਵਲੋਂ ਸੰਪਾਦਿਤ ਕਰਕੇ ਪਹਿਲੀ ਵਾਰ ਸੰਨ 1958 ਈ. ਅਤੇ ਦੂਜੀ ਵਾਰ ਸੰਨ 1972 ਈ. ਵਿਚ ਇਸ ਦੇ ਸੰਸਕਰਣ ਪ੍ਰਕਾਸ਼ਿਤ ਕੀਤੇ ਗਏ। ਪਰ ਵਿਗਿਆਨਿਕ ਵਿਧੀ ਅਨੁਸਾਰ ਸੰਪਾਦਿਤ ਨ ਹੋਣ ਕਾਰਣ ਇਹ ਸੰਸਕਰਣ ਪ੍ਰਮਾਣਿਕ ਨਹੀਂ ਹਨ। ਇਕ ਸੰਸਕਰਣ ਸੰਨ 1973 ਈ. ਵਿਚ ਡਾ. ਗੋਬਿੰਦ ਸਿੰਘ ਲਾਂਬਾ ਨੇ 'ਸਾਖੀਆਂ ਅੱਡਣ ਸ਼ਾਹ ਤੇ ਬਚਨ ਮਹਾਂ ਪੁਰਖਾਂ ਦੇ' ਨਾਂ ਅਧੀਨ ਵੀ ਪ੍ਰਕਾਸ਼ਿਤ ਕੀਤਾ ਹੈ।

ਇਸ ਰਚਨਾ ਦੇ ਵਿਵਰਣ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਸ ਦਾ ਲੇਖਕ ਭਾਈ ਅੱਡਣ ਸ਼ਾਹ ਦਾ ਬਹੁਤ ਨਿਕਟਵਰਤੀ ਸ਼ਰਧਾਲੂ ਸੀ ਕਿਉਂਕਿ ਉਸ ਨੇ ਹਰ ਇਕ ਗੱਲ ਇਤਨੇ ਵਿਸ਼ਵਾਸ ਨਾਲ ਚਿਤਰੀ ਹੈ ਕਿ ਉਹ ਸਚਮੁਚ ਆਪ ਕੋਲ ਬੈਠਾ ਸਾਖੀਆਂ ਸੁਣ ਰਿਹਾ ਹੈ। ਇਕ ਰਵਾਇਤ ਅਨੁਸਾਰ ਇਨ੍ਹਾਂ ਸਾਖੀਆਂ ਦਾ ਲੇਖਕ ਭਾਈ ਸਹਿਜ ਰਾਮ ਸੇਵਾ-ਪੰਥੀ ਮੰਨਿਆ ਜਾਂਦਾ ਹੈ। ਚੂੰਕਿ ਭਾਈ ਅੱਡਣ ਸ਼ਾਹ ਦਾ ਦੇਹਾਂਤ 1757 ਈ. ਵਿਚ ਹੋਇਆ ਸੀ, ਇਸ ਲਈ ਇਸ ਦਾ ਰਚਨਾ-ਕਾਲ ਇਸ ਸੰਨ ਤੋਂ ਬਾਦ ਹੀ ਹੋਵੇਗਾ। ਭਾਈ ਸਹਿਜ ਰਾਮ ਦੀ ਲਿਖੀ 'ਪਰਚੀ ਭਾਈ ਕਨ੍ਹਈਆ ਜੀ'। 18ਵੀਂ ਸਦੀ ਦੇ ਪੂਰਵ-ਮੱਧ ਵਿਚ ਲਿਖੀ ਉਪਲਬਧ ਹੈ। ਸੰਭਵ ਹੈ ਇਹ ਉਸ ਤੋਂ ਬਾਦ 18ਵੀਂ ਸਦੀ ਦੇ ਉਤਰ-ਮੱਧ ਵਿਚ ਲਿਖੀ ਗਈ ਰਚਨਾ ਹੋਵੇ।

ਇਸ ਰਚਨਾ ਵਿਚ ਕੁਲ 83 ਸਾਖੀਆਂ ਸੰਕਲਿਤ ਹਨ। ਇਨ੍ਹਾਂ ਵਿਚ ਅੰਤਿਮ ਸਾਖੀ ਕੇਵਲ ਗੁਰਮੁਖ ਅਤੇ ਮਨਮੁਖ ਦੇ ਲੱਛਣਾਂ ਨੂੰ ਚਿਤਰਦੀ ਹੈ, ਉਸ ਵਿਚ ਕਿਸੇ ਪ੍ਰਕਾਰ ਦਾ ਕੋਈ ਕਥਾ-ਪ੍ਰਸੰਗ ਨਹੀਂ ਹੈ। ਇਕ ਸਾਖੀ ਦੋ ਥਾਂਵਾਂ 'ਤੇ ਦੋਹਰਾਈ ਹੋਈ ਵੀ ਮਿਲਦੀ ਹੈ, ਯਥਾ ਸਾਖੀ ਅੰਕ 39 ਅਤੇ 62। ਇਨ੍ਹਾਂ ਸਾਖੀਆਂ ਦੇ ਪ੍ਰਮੁਖ ਵਰਣਿਤ ਵਿਸ਼ੇ ਹਨ—ਪਰਮਾਤਮਾ ਸਰਵ-ਵਿਆਪਕ ਹੈ, ਸੰਤ ਅਤੇ ਪਰਮਾਤਮਾ ਵਿਚ ਅਭਿੰਨਤਾ ਹੈ, ਸੰਤ-ਸੇਵਾ ਪਰਮਾਤਮਾ ਦੀ ਸੇਵਾ ਦੇ ਤੁਲ ਹੈ, ਸੰਸਾਰ ਨਾਸ਼ਮਾਨ ਹੈ, ਵਿਸ਼ੇ ਵਿਕਾਰਾਂ ਵਿਚ ਲਿਪਤ ਰਹਿਣਾ ਮਾਇਆ-ਬੰਧਨ ਅਤੇ ਆਵਾਗਵਣ ਦਾ ਮੂਲ ਕਾਰਣ ਹੈ, ਨਾਮ-ਸਿਮਰਨ ਸਰਵ ਸ੍ਰੇਸ਼ਠ ਹੈ ਜੋ ਗੁਰੂ ਅਤੇ ਸਾਧ-ਸੰਗਤ ਤੋਂ ਪ੍ਰਾਪਤ ਹੁੰਦਾ ਹੈ, ਕੁਸੰਗਤ ਤੋਂ ਬਚਣਾ ਚਾਹੀਦਾ ਹੈ, ਸ਼ੁਭ ਕਿਰਤ ਕਰਨੀ ਚਾਹੀਦੀ ਹੈ, ਧਨ ਸੰਪਤੀ ਇਕੱਠੀ ਨਹੀਂ ਕਰਨੀ ਚਾਹੀਦੀ, ਬਾਹਰਲੇ ਦਿਖਾਵੇ ਅਤੇ ਆਡੰਬਰਾਂ ਤੋਂ ਬਚਣਾ ਚਾਹੀਦਾ ਹੈ।

ਵਿਸ਼ਿਆਂ ਦੀ ਉਕਤ ਸੂਚੀ ਤੋਂ ਸਿੱਧ ਹੁੰਦਾ ਹੈ ਕਿ ਲੇਖਕ ਦਾ ਮੰਤਵ ਕਥਾ-ਵਾਰਤਾ ਅਤੇ ਸਾਖੀਆਂ ਰਾਹੀਂ ਸਿੱਖ ਮਤ ਦੇ ਧਾਰਮਿਕ ਵਿਚਾਰਾਂ ਅਤੇ ਮਾਨਤਾਵਾਂ ਨੂੰ ਸੇਵਾ-ਪੰਥੀ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ ਪੇਸ਼ ਕਰਨਾ ਹੈ। ਥਾਂ ਥਾਂ 'ਤੇ ਗੁਰਬਾਣੀ ਵਿਚੋਂ ਟੂਕਾਂ ਦੇ ਕੇ ਲੇਖਕ ਨੇ ਆਪਣੇ ਕੱਥ ਨੂੰ ਪੁਸ਼ਟੀ-ਕ੍ਰਿਤ ਰੂਪ ਵਿਚ ਪੇਸ਼ ਕੀਤਾ ਹੈ, ਪਰ ਇਹ ਸਾਰੀਆਂ ਸਾਖੀਆਂ ਕਿਸੇ ਵਿਸ਼ੇਸ਼ ਕ੍ਰਮ-ਬੱਧਤਾ ਅਤੇ ਯੋਜਨਾ ਅਧੀਨ ਸੰਕਲਿਤ ਨਹੀਂ ਕੀਤੀਆਂ ਗਈਆਂ।

ਇਹ ਰਚਨਾ ਵਿਆਖਿਆ ਪ੍ਰਧਾਨ ਸ਼ੈਲੀ ਵਿਚ ਲਿਖੀ ਨੈਤਿਕ ਅਤੇ ਸਦਾਚਾਰਿਕ ਕੀਮਤਾਂ ਦੀ ਸਥਾਪਨਾ ਕਰਦੀ ਹੈ। ਬੜੇ ਸੁੰਦਰ ਢੰਗ ਨਾਲ ਜਿਗਿਆਸੂਆਂ ਦੇ ਸ਼ੰਕੇ ਨਿਵ੍ਰਿਤ ਕੀਤੇ ਗਏ ਹਨ। ਪਹਿਲਾਂ ਜਿਗਿਆਸੂਆਂ ਦੇ ਪ੍ਰਸ਼ਨ ਰਖੇ ਜਾਂਦੇ ਹਨ, ਫਿਰ ਉਨ੍ਹਾਂ ਦੇ ਉੱਤਰ ਦਿੱਤੇ ਜਾਂਦੇ ਹਨ। ਇਥੇ ਪ੍ਰਸ਼ਨ-ਉਤਰ ਸ਼ੈਲੀ ਦੇ ਦਰਸ਼ਨ ਵੀ ਹੋ ਜਾਂਦੇ ਹਨ। ਉਦਾਹਰਣ ਲਈ ਵੇਖੋ :

> *ਏਕ ਸੰਤੁ ਕੇ ਪਾਸ ਸਾਧ ਨੇ ਪ੍ਰਸ਼ਨ ਕੀਆ। ਜੀ ਸੰਤ ਜੀ ਗੁਰੂ ਕੈਸਾ ਹੋਵੇ, ਅਰੁ ਸਿਖ ਕੈਸਾ ਹੋਵੇ ? ਸੰਤ ਕਹਿਆ ਧਿਆਨ ਦੇ ਕਰ ਸੁਣ। ਗੁਰੂ ਜੋ ਹੋਵੇ ਸੋ ਦਸਵੇ ਗੁਰੂ ਜੈਸਾ ਹੋਵੇ ਜੋ ਜਿਉਂ ਜਿਉਂ ਸਿਖ ਦਾ ਪਾਪਾ ਸਿਉਂ ਰਛਿਆ ਕਰੇ ਤੇ ਸਿਖ ਕੈਸਾ ਹੋਵੇ ਜੋ ਗੁਰਹੁ ਕੀ ਆਗਿਆ ਮੰਨਣ ਵਾਲਾ ਹੋਵੇ।*

ਇਸ ਤੋਂ ਇਲਾਵਾ ਸੰਬੋਧਨ ਸ਼ੈਲੀ, ਕਥਾ ਸ਼ੈਲੀ, ਉਪਦੇਸ਼ਾਤਮਕ ਸ਼ੈਲੀ ਦੇ ਵੀ ਦਰਸ਼ਨ ਹੋ ਜਾਂਦੇ ਹਨ। ਕਥਾ ਸ਼ੈਲੀ ਰਾਹੀਂ ਲੇਖਕ ਨੇ ਗੂੜ੍ਹ, ਰਹੱਸਵਾਦੀ ਅਤੇ ਰਮਜ਼ ਭਰੇ ਤੱਥਾਂ ਨੂੰ ਵੀ ਸਪੱਸ਼ਟ ਕਰਨ ਦਾ ਉਦਮ ਕੀਤਾ ਹੈ। ਇਕ ਗ਼ਰੀਬ ਬਾਢੀ ਨੇ ਆਪਣੀ ਨਾਸਮਝੀ ਕਰਕੇ ਕਿਵੇਂ ਚੰਦਨ ਦੇ ਬਾਗ਼ ਨੂੰ ਕੋਇਲੇ ਬਣਾ ਕੇ ਨਸ਼ਟ ਕਰ ਦਿੱਤਾ ਅਤੇ ਕਿਵੇਂ ਉਸ ਬਾਗ ਦੀ ਲਕੜ ਦੇ ਕੁਹਾੜੀ ਦੇ ਦਸਤੇ ਦੇ ਵੇਚਣ ਨਾਲ ਉਸ ਦੀ ਗ਼ਰੀਬੀ ਕਟੀ ਗਈ, ਉਸ ਸੰਦਰਭ ਵਿਚ ਵਾਸਤਵਿਕ ਅਧਿਆਤਮਿਕ ਤੱਥ ਨੂੰ ਪੇਸ਼ ਕਰਦਿਆਂ ਲੇਖਕ ਨੇ ਦਸਿਆ ਹੈ :

> *ਜੋ ਮਾਨੁਖ ਦੇਹ ਰੂਪੀ ਇਸ ਕੋ ਬਾਗ਼ ਹਾਥ ਆਇਆ ਹੈ। ਪਰਮੇਸਰ ਇਸ ਮਾਨੁਖ ਦੇਹ ਰੂਪੀ*

*ਬਾਗ ਦਾ ਦਾਤਾ ਹੈ। ਸੁਆਸ ਜੋ ਇਸ ਮਾਨੁਖ ਦੇਹ ਮੈ ਹੈ ਸੋਈ ਬਾਵਨਚੰਦਨ ਦਾ ਬਿਰਛ ਹੈ। ਸੋ ਇਹ ਪ੍ਰਾਣੀ ਪਾਪਾ ਰੂਪੀ ਅਗਨ ਪਾਇ ਕਰ ਸੁਆਸ ਕੋ ਪੜਾ ਜਲਾਵਤਾ ਹੈ। ਜਿਹਬਾ ਇਸ ਕੀ ਕੁਹਾੜੀ ਹੈ। ਅਰ ਸੁਆਸ ਜੋ ਹੈ। ਸੋਈ ਦਸਤਾ ਲਗਾ ਹੂਆ ਹੈ। ਸੋ ਅਉਰ ਸੁਆਸ ਕੀ ਮਹਮਾ ਕਹੀ ਤੇ ਨਹੀ ਜਾਤੀ। ਪਰ ਏਕ ਅੰਤ ਕਾ ਸੁਆਸ ਜੋ ਹੈ। ਜਬ ਇਸ ਦਾ ਮੋਲ ਭੀ ਪੜ ਜਾਏ ਤਬ ਜਨਮ ਮਰਨ ਕੇ ਬੰਧਨ ਸੋ ਛੂਟ ਜਾਤਾ ਹੈ। ਜੈਸੇ ਏਕ ਕੁਹਾੜੇ ਮੈ ਦਸਤੇ ਕੇ ਮੋਲ ਕਰ ਉਹ ਬਾਢੀ ਧਨੀ ਹੋਇ ਗਏ। ਤੈਸੇ ਇਸ ਪ੍ਰਾਣੀ ਕੇ ਅੰਤ ਕੇ ਸੁਆਸ ਕਾ ਮੋਲ ਪੜ ਜਾਏ ਤੋ ਸਰਬ ਸੰਸਾਰ ਚੌਰਾਸੀਹ ਲਖ ਕੀ ਜੋਨਿ ਕੇ ਦੁਖਾ ਕੀ ਰਹਤਿ ਹੋਇ ਜਾਤਾ ਹੈ।*

'ਬਚਨ' ਗੱਦ ਰੂਪ ਦੇ ਵੀ ਇਸ ਰਚਨਾ ਵਿਚ ਦਰਸ਼ਨ ਹੋ ਜਾਂਦੇ ਹਨ। ਭਾਵ ਦੀ ਸਪੱਸ਼ਟਤਾ ਲਈ ਅਲੰਕਾਰਾਂ ਦੀ ਵੀ ਸਹਿਜ ਸੁਭਾਵਿਕ ਵਰਤੋਂ ਹੋਈ ਹੈ। ਇਸ ਗੱਦ ਵਿਚ ਸਰਲਤਾ, ਸਪੱਸ਼ਟਤਾ ਅਤੇ ਸਰਸਤਾ ਦੇ ਗੁਣ ਸਭ ਥਾਂ ਵਿਦਮਾਨ ਹਨ। ਆਮ ਤੌਰ 'ਤੇ, ਪ੍ਰੋਫੈਸਰ ਪੂਰਨ ਸਿੰਘ ਅਨੁਸਾਰ 'ਸਾਧ ਬਚਨ ਅਟਲਾਧਾ' ਹੀ ਹੁੰਦਾ ਹੈ, ਪਰ ਇਸ ਰਚਨਾ ਦੀ ਸਫਲਤਾ ਇਸ ਦੀ ਪ੍ਰਭਾਵਸ਼ਾਲਤਾ ਅਤੇ ਪ੍ਰੇਰਣਾਤਮਕਤਾ ਤੋਂ ਇਲਾਵਾ ਇਸ ਦੇ ਸਾਹਿਤਿਕ ਗੁਣਾਂ ਕਰਕੇ ਵੀ ਹੈ। ਇਹ 18ਵੀਂ ਸਦੀ ਦੇ ਭਾਵਨਾਮਈ ਗੱਦ ਦਾ ਇਕ ਉਜਲਾ ਨਮੂਨਾ ਹੈ। ਇਨ੍ਹਾਂ ਸਾਖੀਆਂ ਦੀ ਭਾਸ਼ਾ ਪੰਜਾਬੀ ਹੈ, ਪਰ ਕਿਤੇ ਕਿਤੇ ਅਰਬੀ-ਫ਼ਾਰਸੀ ਦੇ ਆਮ ਬੋਲ-ਚਾਲ ਵਿਚ ਪ੍ਰਚਲਿਤ ਹੋ ਚੁਕੇ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। ਅਧਿਆਤਮੀ ਵਿਸ਼ਾ ਹੋਣ ਕਾਰਣ ਭਾਰਤੀ ਪਰੰਪਰਾ ਦੇ ਸ਼ਬਦਾਂ ਦਾ ਖੁਲ੍ਹ ਕੇ ਪ੍ਰਯੋਗ ਹੋਇਆ ਹੈ। ਇਹੀ ਕਾਰਣ ਹੈ ਕਿ ਇਸ ਉਤੇ ਸੰਤ ਭਾਸ਼ਾ ਦੀ ਰੰਗਣ ਚੜ੍ਹਨੋਂ ਰਹਿ ਨਹੀਂ ਸਕੀ।

**ਸਾਖੀ ਪੋਥੀ** : ਇਹ ਪੋਥੀ ਭਾਈ ਵੀਰ ਸਿੰਘ ਨੇ ਸੰਪਾਦਿਤ ਕਰਕੇ ਸੰਨ 1968 ਈ. ਵਿਚ ਪ੍ਰਕਾਸ਼ਿਤ ਕੀਤੀ ਹੈ। ਇਸ ਵਿਚ ਨੌਵੇਂ ਅਤੇ ਦਸਵੇਂ ਗੁਰੂ ਦੀ ਮਾਲਵੇ ਪ੍ਰਦੇਸ਼ ਦੀ ਕੀਤੀ ਯਾਤ੍ਰਾ ਨੂੰ ਸਮੋਇਆ ਗਿਆ ਹੈ। ਇਸ ਦੇ ਰਚੈਤਾ ਦੀ ਜਾਣਕਾਰੀ ਬਾਰੇ ਕੋਈ ਤੱਥ ਉਪਲਬਧ ਨਹੀਂ ਹਨ। ਕਈ ਵਿਦਵਾਨਾਂ ਨੇ ਉਸ ਨੂੰ ਉਦਾਸੀ ਸਾਧੂ ਕਿਆਸ ਕੀਤਾ ਹੈ ਅਤੇ ਕੁਝ ਨੇ ਦਿਆਲ ਦਾਸ ਦੀ ਰਚਨਾ ਮੰਨਿਆ ਹੈ। ਭਾਈ ਵੀਰ ਸਿੰਘ ਨੇ ਇਸ ਦਾ ਰਚਨਾ-ਕਾਲ ਸੰ. 1880 ਬਿ. (ਸੰਨ 1823 ਈ.) ਦੇ ਨੇੜੇ-ਤੇੜੇ ਨਿਸਚਿਤ ਕੀਤਾ ਹੈ।

ਇਸ ਵਿਚ ਕੁਲ 118 ਸਾਖੀਆਂ ਸ਼ਾਮਲ ਹੋਈਆਂ ਹਨ, ਜਿਨ੍ਹਾਂ ਵਿਚੋਂ ਸ਼ੁਰੂ ਵਿਚ ਆਈਆਂ 38 ਸਾਖੀਆਂ ਦਾ ਸੰਬੰਧ ਨੌਵੇਂ ਗੁਰੂ ਦੇ ਮਾਲਵੇ ਦੇ ਸਫ਼ਰ ਨਾਲ ਹੈ ਅਤੇ ਬਾਕੀ ਦੀਆਂ ਦਸਵੇਂ ਗੁਰੂ ਨਾਲ ਸੰਬੰਧ ਰਖਦੀਆਂ ਹਨ। ਲੇਖਕ ਨੇ ਬੜੀ ਬਾਰੀਕੀ ਨਾਲ ਭੂਗੋਲਿਕ ਵਾਤਾਵਰਣ ਚਿਤਰਿਆ ਹੈ ਅਤੇ ਲੋਕ-ਸਭਿਆਚਾਰ ਦੇ ਅਨੇਕ ਪੱਖਾਂ ਉਤੇ ਬੜੀ ਰੁਚੀ ਨਾਲ ਝਾਤ ਪਾਈ ਹੈ। ਉਸ ਸਮੇਂ ਦੇ ਮਾਲਵੇ ਦੇ ਪ੍ਰਮੁਖ ਸਿੱਖਾਂ ਦੇ ਜੀਵਨ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ, ਜਿਵੇਂ ਭਾਈ ਮਹਾਂ ਸਿੰਘ, ਭਾਈ ਦਾਨ ਸਿੰਘ, ਭਾਈ ਡੱਲਾ, ਸ਼ਰਫਦੀਨ ਆਦਿ। ਇਨ੍ਹਾਂ ਸਾਖੀਆਂ ਵਿਚ ਕਥਾ-ਰਸ ਦੇ ਨਾਲ ਨਾਲ ਲੋਕ ਵਿਰਸੇ ਦਾ ਪਰਿਚਯ ਵੀ ਦਿੱਤਾ ਗਿਆ ਹੈ। ਇਨ੍ਹਾਂ ਸਾਖੀਆਂ ਤੋਂ ਗੁਰੂ ਸਾਹਿਬਾਨ ਦੇ ਧਾਰਮਿਕ ਪ੍ਰਭਾਵ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ।

ਲੋਕ ਜੀਵਨ ਅਤੇ ਸਭਿਆਚਾਰ ਨੂੰ ਚਿਤ੍ਰਣ ਦੇ ਨਾਲ ਨਾਲ ਲੇਖਕ ਨੇ ਮਲਵਈ ਉਪਭਾਖਾ ਦੀ ਵਰਤੋਂ ਵੀ ਕੀਤੀ ਹੈ। ਅਜਿਹਾ ਕਰਨ ਨਾਲ ਮਲਵਈ ਸਭਿਆਚਾਰ ਆਪਣੇ ਸਹੀ ਰੂਪ ਵਿਚ ਨਿਖਰ ਕੇ ਸਾਹਮਣੇ ਆਇਆ ਹੈ। ਨਮੂਨੇ ਵਜੋਂ :

*ਅਗੇ ਸਾਖੀ ਹੋਰ ਤੁਰੀ। ਇਕ ਦਿਨ ਡਲੇ ਹਜੂਰ ਹੱਥ ਜੋੜ ਕੇ ਕਹਿਆ ਪਾਤਿਸਾਹ ਜੀ। ਕੀ ਹੁਕਮ ਹੈ। ਕਈ ਹਜਾਰ ਲਿਖਣ ਘੜੀਦੀ ਹੈ। ਫੇਰ ਸਿਟੀਦੀਆਂ ਜਾਂਦੀਆਂ ਹੈਨ। ਜੀ ਪਾਤਿਸਾਹ। ਇਹ ਭੀ ਸੁਭਾਉ ਪਿਆ ਹੈ। ਗੁਰੂ ਜੀ ਕਹਿੰਦੇ ਡਲ ਸਿੰਘ ਏਥੇ ਸਿਖ ਸਿਖਾਇਤ ਪੜੇਂਗੇ ਕਈ ਹਜਾਰ। ਹੁਣ ਤਾਂ ਨਹੀਂ ਕੋਈ ਪੜ੍ਹਦਾ, ਜਦੋਂ ਪੜ੍ਹਨਗੇ, ਉਦੋਂ ਬਣਾਇ ਲੈਣਗੇ। ਇਹ ਦ੍ਰਿਸਟੀ ਹੈ।*

ਇਨ੍ਹਾਂ ਸਾਖੀਆਂ ਵਿਚ ਪਰੰਪਰਾਗਤ ਸਾਖੀ ਵਿਧਾ ਦੇ ਵਿਕਸਿਤ ਰੂਪ ਦਾ ਦਰਸ਼ਨ ਹੁੰਦਾ ਹੈ।

**ਸਾਧ/ਸਾਧੂ** : ਸੰਸਕ੍ਰਿਤ ਭਾਸ਼ਾ ਦੇ ਮੂਲ ਵਾਲੇ ਇਸ ਸ਼ਬਦ ਦਾ ਅਰਥ ਹੈ ਉਤਮ, ਸ੍ਰੇਸ਼ਠ, ਨੇਕ। ਜਦੋਂ ਇਸ ਸ਼ਬਦ ਨੂੰ

ਵਿਅਕਤੀ ਦੇ ਵਿਸ਼ੇਸ਼ਣ ਵਜੋਂ ਵਰਤਿਆ ਜਾਏ, ਤਾਂ ਇਸ ਦਾ ਅਰਥ ਬੈਠਦਾ ਹੈ ਧਰਮ ਆਦਿ ਕਾਰਜਾਂ ਨੂੰ ਕਰਨ ਵਾਲਾ, ਜਾਂ ਹੋਰਨਾਂ ਦੇ ਕਾਰਜਾਂ ਨੂੰ ਪੂਰਾ ਕਰਨ ਵਾਲਾ ਵਿਅਕਤੀ। 'ਪਦਮ-ਪੁਰਾਣ' (ਉਤਰ/99) ਵਿਚ 'ਸਾਧੂ' ਦੇ ਅਨੇਕ ਲੱਛਣਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ।

'ਸੁਖਮਨੀ' ਬਾਣੀ ਵਿਚ ਇਸ ਦੇ ਸਰੂਪ ਅਤੇ ਸਮਰਥਾ ਉਤੇ ਵਿਸਤਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ— *ਸਾਧ ਕੈ ਸੰਗਿ ਮਿਟੈ ਅਭਿਮਾਨੁ। ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ।... ਸਾਧ ਕੈ ਸੰਗਿ ਆਵਹਿ ਬਸਿ ਪੰਚਾ। ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ।* (ਗੁ.ਗ੍ਰੰ.271)। ਸਾਧ ਅਤੇ ਸੰਤ ਦੇ ਲੱਛਣ ਸਮਾਨ ਹਨ। ਇਸ ਦੀ ਆਚਰਣਿਕ ਸ੍ਰੇਸ਼ਠਤਾ ਕਾਰਣ ਇਸ ਨੂੰ ਪ੍ਰਭੂ-ਤੁਲ ਵੀ ਦਸਿਆ ਗਿਆ ਹੈ। ਗੁਰੂ ਰਾਮਦਾਸ ਜੀ ਅਨੁਸਾਰ ਇਸ ਨੂੰ ਮਿਲਣ ਜਾਂ ਇਸ ਦੇ ਸੰਪਰਕ ਵਿਚ ਆਉਣ ਨਾਲ ਭਰਮ ਨਸ਼ਟ ਹੋ ਜਾਂਦੇ ਹਨ ਅਤੇ ਇਹ ਹਉਮੈ ਨੂੰ ਖ਼ਤਮ ਕਰ ਦਿੰਦਾ ਹੈ —*ਹਰਿ ਕੇ ਦਾਸ ਸਾਧ ਸਖਾ ਜਨ ਜਿਨਿ ਮਿਲਿਆ ਲਹਿ ਜਾਇ ਭਰਾਂਤਿ। ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ।* (ਗੁ.ਗ੍ਰੰ.1264)। ਤੀਰਥ ਇਸ਼ਨਾਨ ਨਾਲੋਂ ਵੀ ਸਾਧੂ ਦੀ ਚਰਣ-ਧੂੜ ਦਾ ਅਧਿਕ ਮਹੱਤਵ ਹੈ ਕਿਉਂਕਿ ਇਸ ਨਾਲ ਹਰ ਪ੍ਰਕਾਰ ਦੇ ਪਾਪਾਂ ਦੀ ਮੈਲ ਕਟ ਜਾਂਦੀ ਹੈ — *ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ। ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।* (ਗੁ.ਗ੍ਰੰ.1263)।

**ਸਾਧ-ਸੰਗ** : ਵੇਖੋ 'ਸਾਧ-ਸੰਗਤ', 'ਸਤਿ-ਸੰਗਤ'।

**ਸਾਧ-ਸੰਗਤ** : ਗੁਰਬਾਣੀ ਅਨੁਸਾਰ ਸੰਤ ਅਤੇ ਸਾਧ ਦੋਵੇਂ ਅਭਿੰਨ ਵਿਅਕਤਿਤਵ ਹੋਣ ਕਾਰਣ 'ਸਤਿਸੰਗਤ' ਅਤੇ 'ਸਾਧ-ਸੰਗਤ' ਦੋਵੇਂ ਇਕੋ ਭਾਵ-ਬੋਧਕ ਹਨ। ਵੇਖੋ 'ਸਤਿਸੰਗਤ'।

**ਸਾਧਾਰਣ, ਸੰਤ** : ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' ਅਨੁਸਾਰ ਗੋਇੰਦਵਾਲ ਨਿਵਾਸੀ ਇਕ ਨਿਸ਼ਠਾਵਾਨ ਤਰਖਾਣ ਸਿੱਖ ਜੋ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਰਹਿੰਦਾ ਸੀ। ਇਸ ਨੇ ਬਾਉਲੀ ਦੀ ਖ਼ੁਦਾਈ ਵੇਲੇ ਹੇਠਾਂ ਉਤਰਨ ਲਈ ਲਕੜ ਦੀ ਇਕ ਲੰਬੀ ਪੌੜੀ ਤਿਆਰ ਕੀਤੀ ਸੀ। ਇਸ ਕਾਰਜ ਲਈ ਗੁਰੂ ਜੀ ਨੇ ਇਸ ਨੂੰ 'ਸੰਤ' ਪਦ ਨਾਲ ਸਨਮਾਨਿਆ ਅਤੇ ਧਰਮ-ਪ੍ਰਚਾਰ ਲਈ ਇਕ ਮੰਜੀ ਸੌਂਪੀ। ਇਸ ਨੇ ਗੁਰੂ ਨਾਨਕ ਦੇਵ ਜੀ ਦੇ ਸਿੱਧਾਂਤਾਂ ਦੇ ਪ੍ਰਚਾਰ ਲਈ ਬਕਾਲਾ ਨੂੰ ਆਪਣਾ ਕੇਂਦਰ ਬਣਾਇਆ ਅਤੇ ਗੁਰਬਾਣੀ ਦਾ ਪ੍ਰਵਾਹ ਚਲਾਇਆ। ਇਸ ਦੀ ਉਸ ਇਲਾਕੇ ਵਿਚ ਬਹੁਤ ਮਾਨਤਾ ਸੀ। ਇਸ ਦੀ ਯਾਦ ਵਿਚ ਉਥੇ ਇਕ ਸਮਾਰਕ ਹੁਣ ਵੀ ਮੌਜੂਦ ਹੈ।

**ਸਾਧਾਰਣ-ਪਾਠ** (ਗੁਰੂ ਗ੍ਰੰਥ ਸਾਹਿਬ ਦਾ) : ਇਸ ਪਾਠ ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਦਾ ਆਮ ਵਿਧੀ ਨਾਲ ਪਾਠ ਕਰਨਾ। ਇਸ ਪ੍ਰਕਾਰ ਦਾ ਪਾਠ ਅਸਲੋਂ ਉਸ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ ਜਿਸ ਦਿਨ ਤੋਂ ਗੁਰੂ ਅਰਜਨ ਦੇਵ ਜੀ ਵਲੋਂ ਬੀੜ ਮੁਕੰਮਲ ਕਰਕੇ ਹਰਿਮੰਦਿਰ ਸਾਹਿਬ ਵਿਚ ਸਥਾਪਿਤ ਕਰ ਦਿੱਤੀ ਗਈ ਸੀ। ਇਹ ਪਾਠ ਉਸ ਬੀੜ ਤੋਂ ਹੁੰਦਾ ਰਹਿੰਦਾ ਸੀ ਅਤੇ ਉਸ ਤੋਂ ਤਿਆਰ ਹੋਈਆਂ ਨਕਲਾਂ (ਮੁੱਖ ਤੌਰ 'ਤੇ ਭਾਈ ਬੰਨੋ ਵਾਲੀ ਸ਼ਾਖਾ) ਤੋਂ ਵੀ ਧਰਮ-ਸ਼ਾਲਾਵਾਂ/ਗੁਰੂ-ਧਾਮਾਂ ਵਿਚ ਪਾਠ ਕੀਤਾ ਜਾਂਦਾ ਸੀ। ਪਰ ਜਦੋਂ ਤੋਂ ਬੀੜਾਂ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹੋਣ ਲਗ ਗਈਆਂ ਤਾਂ ਸਾਧਾਰਣ-ਪਾਠ ਵਿਅਕਤੀਆਂ ਜਾਂ ਪਰਿਵਾਰਾਂ ਦੁਆਰਾ ਘਰਾਂ ਜਾਂ ਗੁਰਦੁਆਰਿਆਂ ਵਿਚ ਕੀਤਾ ਜਾਣ ਲਗਿਆ।

ਇਸ ਪਾਠ ਨੂੰ ਕੋਈ ਇਕ ਜਾਂ ਪਰਿਵਾਰ ਦੇ ਕਈ ਮੈਂਬਰ ਜਾਂ ਸੰਬੰਧੀ ਜਾਂ ਪਾਠੀ ਕਰ ਸਕਦੇ ਹਨ। ਇਸ ਲਈ ਨ ਪਾਠ-ਸਮਾਪਤੀ ਦੀ ਸੀਮਾ ਨਿਸਚਿਤ ਹੁੰਦੀ ਹੈ ਅਤੇ ਨ ਹੀ ਨਿੱਤ ਕੀਤੇ ਜਾਣ ਵਾਲੇ ਪੰਨਿਆਂ ਦੀ ਗਿਣਤੀ ਮਿਥੀ ਜਾਂਦੀ ਹੈ। ਕਦੇ ਵੀ ਮਰਯਾਦਾ ਅਨੁਸਾਰ ਇਹ ਪਾਠ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਕਦੇ ਵੀ ਸਮਾਪਤ ਕੀਤਾ ਜਾ ਸਕਦਾ ਹੈ।

ਧਰਮੀ ਸਾਧਕਾਂ ਦਾ ਮਤ ਹੈ ਕਿ ਇਹ ਪਾਠ ਚੂੰਕਿ ਵਿਅਕਤੀਆਂ ਦੇ ਨਿਜੀ ਯਤਨਾਂ ਕਰਕੇ ਹੁੰਦਾ ਹੈ, ਇਸ ਲਈ ਉਨ੍ਹਾਂ ਵਿਅਕਤੀਆਂ ਦੀ ਆਤਮ-ਸ਼ੁੱਧੀ ਲਈ ਇਹ ਉਤਮ ਪਾਠ ਹੈ। ਇਸ ਪਾਠ ਨੂੰ 'ਖੁਲ੍ਹਾ-ਪਾਠ' ਜਾਂ 'ਸਹਿਜ-ਪਾਠ' ਵੀ ਕਿਹਾ ਜਾਂਦਾ ਹੈ।

**ਸਾਧੂ ਸਿੰਘ ਹਮਦਰਦ** (1918-1984 ਈ.) : ਸਿੱਖ ਜਗਤ ਦੇ ਹੱਕਾਂ ਉੱਤੇ ਪਹਿਰਾ ਦੇਣ ਵਾਲਾ ਉਰਦੂ ਅਤੇ ਪੰਜਾਬੀ ਦਾ ਇਕ ਸੁਪ੍ਰਸਿੱਧ ਪੱਤਰਕਾਰ ਜਿਸ ਨੇ 'ਅਜੀਤ' ਅਖ਼ਬਾਰ ਰਾਹੀਂ ਪੰਜਾਬੀ ਅਤੇ ਉਰਦੂ ਪੱਤਰਕਾਰੀ ਵਿਚ ਨਵੇਂ ਦਿਸ-ਹੱਦੇ ਕਾਇਮ ਕੀਤੇ। 1 ਜਨਵਰੀ 1918 ਈ. ਵਿਚ ਚੌਧਰੀ ਲਭੂ ਰਾਮ ਦੇ ਘਰ ਬੀਬੀ ਖ਼ੁਸ਼ਹਾਲ ਕੌਰ ਦੀ ਕੁੱਖੋਂ ਜਲੰਧਰ ਜ਼ਿਲ੍ਹੇ ਦੇ ਪੱਦੀ ਮਟਵਾਲੀ ਨਾਂ ਦੇ ਪਿੰਡ ਵਿਚ ਪੈਦਾ ਹੋਏ ਸਾਧੂ ਸਿੰਘ ਨੇ ਬੰਗਾ ਕਸਬੇ ਦੇ ਸਕੂਲ ਤੋਂ ਦਸਵੀਂ ਪਾਸ ਕੀਤੀ ਅਤੇ ਅਗੋਂ ਸਾਰੀ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਕੀਤੀ। ਇਹ ਸ਼ੁਰੂ ਤੋਂ ਹੀ ਇਨਕਲਾਬੀ ਸਰਗਰਮੀਆਂ ਵਿਚ ਰੁਚੀ ਲੈਣ ਲਗ ਗਿਆ। ਸੰਨ 1940 ਈ. ਤੋਂ ਬਾਦ ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰ-ਪ੍ਰਕਾਸ਼ਨ ਸੈਕਸ਼ਨ ਦਾ ਕਾਰਜ-ਭਾਰ ਸੰਭਾਲਿਆ। ਇਸ ਤੋਂ ਇਲਾਵਾ ਇਸ ਨੇ ਕਈ ਪਤ੍ਰਿਕਾਵਾਂ ਵਿਚ ਵੀ ਕੰਮ ਕੀਤਾ। ਸੰਨ 1944 ਈ. ਵਿਚ ਇਸ ਨੇ ਉਰਦੂ ਵਿਚ ਛਪਦੀ ਰੋਜ਼ਾਨਾ 'ਅਜੀਤ' ਦੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲੀ, ਜੋ ਸੰਨ 1957 ਈ. ਤਕ ਨਿਭਾਈ। ਸੰਨ 1955 ਈ. ਤੋਂ ਪੰਜਾਬੀ ਵਿਚ ਵੀ 'ਅਜੀਤ' ਦਾ ਪ੍ਰਕਾਸ਼ਨ ਆਰੰਭ ਹੋ ਗਿਆ ਅਤੇ ਇਸ ਦਾ ਮੁੱਖ ਸੰਪਾਦਕ ਇਹ ਆਪ ਹੀ ਬਣਿਆ। ਇਸ ਦੀ ਸੁਯੋਗ ਸੰਪਾਦਨਾ ਨਾਲ ਪੰਜਾਬੀ ਪੱਤਰਕਾਰੀ ਵਿਚ ਨਿਖਾਰ ਆਇਆ ਅਤੇ ਉਹ ਪੱਕੇ ਪੈਰਾਂ ਉੱਤੇ ਖੜੀ ਹੋ ਕੇ ਆਪਣੀ ਹੋਂਦ ਅਤੇ ਮਹੱਤਵ ਦਾ ਅਹਿਸਾਸ ਕਰਾਉਣ ਲਗੀ। ਇਸ ਦੀ ਇਸ ਵਿਸ਼ੇਸ਼ ਦੇਣ ਕਾਰਣ ਹੀ ਸੰਨ 1963 ਈ. ਵਿਚ ਇਸ ਨੂੰ ਪੰਜਾਬ ਸਰਕਾਰ ਨੇ 'ਸ਼ਿਰੋਮਣੀ ਪੱਤਰਕਾਰ' ਵਜੋਂ ਸਨਮਾਨਿਆ।

ਸਾਧੂ ਸਿੰਘ ਇਕ ਸਥਾਪਿਤ ਗ਼ਜ਼ਲਗੋ ਸੀ। 'ਹਮਦਰਦ' ਇਸ ਦਾ ਕਵਿਤਾ ਵਿਚ ਵਰਤਿਆ 'ਤਖ਼ਲਸ' (ਕਵੀ ਛਾਪ) ਹੈ। ਇਸ ਦੇ ਕਈ ਕਾਵਿ ਸੰਗ੍ਰਹਿ (ਗ਼ਜ਼ਲ, ਮਾਡਰਨ ਗ਼ਜ਼ਲ, ਕਾਕਟੇਲ, ਗ਼ਜ਼ਲ ਦੇ ਰੰਗ, ਰੰਗ ਸੁਗੰਧ ਆਦਿ) ਪ੍ਰਕਾਸ਼ਿਤ ਹੋ ਚੁਕੇ ਹਨ। ਇਸ ਤੋਂ ਇਲਾਵਾ ਇਸ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ 25 ਨਾਵਲ ਲਿਖੇ ਹਨ ਜਿਨ੍ਹਾਂ ਵਿਚੋਂ ਜ਼ੀਨਤ, ਬਘੇਲ ਸਿੰਘ, ਟੱਕਰ, ਮੇਕਅਪ ਆਦਿ ਛਪ ਚੁਕੇ ਹਨ ਅਤੇ 'ਅੱਖੀਂ ਡਿੱਠਾ ਰੂਸ' ਨਾਂ ਅਧੀਨ ਸਫ਼ਰਨਾਮਾ ਵੀ ਲਿਖਿਆ ਹੈ, ਜਿਸ ਉੱਤੇ ਭਾਸ਼ਾ ਵਿਭਾਗ ਵਲੋਂ ਸੰਨ 1972-73 ਈ. ਦਾ ਪ੍ਰਥਮ ਪੁਰਸਕਾਰ ਦਿੱਤਾ ਗਿਆ। ਭਾਵੇਂ ਇਹ ਰਾਜਨੀਤੀ ਸ਼ਾਸਤ੍ਰ ਵਿਚ ਐਮ.ਏ. ਸੀ, ਪਰ ਇਸ ਨੇ 'ਪੰਜਾਬੀ ਗ਼ਜ਼ਲ : ਉਦਭਵ ਅਤੇ ਵਿਕਾਸ' ਵਿਸ਼ੇ ਉੱਤੇ 64 ਵਰ੍ਹਿਆਂ ਦੀ ਉਮਰ ਵਿਚ ਸ਼ੋਧ-ਪ੍ਰਬੰਧ ਲਿਖ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਹ ਪੰਜਾਬ ਦੇ ਭਾਸ਼ਾ ਵਿਭਾਗ ਦੇ ਸਲਾਹਕਾਰ ਬੋਰਡ, ਪੰਜਾਬ ਸਰਕਾਰ ਦੀ ਪ੍ਰੈਸ ਐਡਵਾਈਜ਼ਰੀ ਕਮੇਟੀ ਅਤੇ ਸਾਹਿਤ ਅਕਾਦਮੀ, ਨਵੀਂ ਦਿੱਲੀ ਦਾ ਮੈਂਬਰ ਰਿਹਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨਿਟ ਅਤੇ ਸਿੰਡੀਕੇਟ ਦੇ ਮੈਂਬਰ ਬਣ ਕੇ ਆਪਣੀ ਸੁਯੋਗਤਾ ਦਾ ਪਰਿਚਯ ਦਿੱਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸੰਨ 1972-79 ਈ. ਤਕ ਪ੍ਰਧਾਨ ਰਿਹਾ। ਇਸ ਤੋਂ ਇਲਾਵਾ ਇਹ ਕਈ ਅਕਾਦਮਿਕ ਸੰਸਥਾਵਾਂ ਨਾਲ ਸੰਬੰਧਿਤ ਰਿਹਾ। ਉਰਦੂ ਦੇ ਕਈ ਅਦਾਰਿਆਂ ਨਾਲ ਵੀ ਇਸ ਦਾ ਤਾਲਮੇਲ ਰਿਹਾ। ਇਸ ਨੇ ਰੂਸ, ਇੰਗਲੈਂਡ, ਅਮਰੀਕਾ, ਨੇਪਾਲ ਆਦਿ ਦੇਸ਼ਾਂ ਦਾ ਭ੍ਰਮਣ ਕੀਤਾ ਅਤੇ ਅਨੇਕ ਉਚ ਪੱਧਰ ਦੇ ਸੈਮੀਨਾਰਾਂ, ਗੋਸ਼ਟੀਆਂ ਵਿਚ ਹਿੱਸਾ ਲਿਆ।

ਇਸ ਨੂੰ ਸੰਨ 1984 ਈ. ਦੇ ਆਰੰਭ ਵਿਚ ਭਾਰਤ ਸਰਕਾਰ ਨੇ 'ਪਦਮ ਸ਼੍ਰੀ' ਨਾਲ ਸਨਮਾਨਿਤ ਕੀਤਾ, ਪਰ ਜੂਨ, 1984 ਈ. ਦੇ ਬਲੂ ਸਟਾਰ ਓਪਰੇਸ਼ਨ ਤੋਂ ਨਾਖ਼ੁਸ਼ ਹੋ ਕੇ ਇਸ ਨੇ ਇਹ ਸਨਮਾਨ ਸਰਕਾਰ ਨੂੰ ਰੋਸ ਵਜੋਂ ਪਰਤਾ ਦਿੱਤਾ। ਬਲੂ ਸਟਾਰ ਓਪਰੇਸ਼ਨ ਦਾ ਇਸ ਦੇ ਮਨ ਉੱਤੇ ਇਤਨਾ ਅਸਰ ਹੋਇਆ ਕਿ ਇਸੇ ਦੁਖ ਕਾਰਣ 29 ਜੁਲਾਈ 1984 ਈ. ਨੂੰ ਇਸ ਨੇ ਜਲੰਧਰ ਵਿਚ ਪ੍ਰਾਣ ਤਿਆਗ ਦਿੱਤੇ।

ਇਸ ਨੇ ਅਜੀਤ ਅਤੇ ਆਪਣੀ ਸਾਰੀ ਜਾਇਦਾਦ 'ਸਾਧੂ ਸਿੰਘ ਹਮਦਰਦ ਟ੍ਰਸਟ, ਜਲੰਧਰ' ਨੂੰ ਸੌਂਪ ਦਿੱਤੀ ਜੋ ਬੜੇ ਚੰਗੇ ਢੰਗ ਨਾਲ ਕੰਮ ਚਲਾ ਰਿਹਾ ਹੈ। ਪੰਜਾਬੀ ਪੱਤਰਕਾਰੀ ਵਿਚ ਹਮਦਰਦ ਵਲੋਂ ਪਾਈਆਂ ਨਵੀਂ ਲੀਹਾਂ ਉੱਤੇ ਚਲ ਕੇ ਇਸ ਦਾ ਲੜਕਾ ਬਰਜਿੰਦਰ ਸਿੰਘ ਉਸ ਨੂੰ ਹੋਰ ਵਿਕਸਿਤ ਕਰ ਰਿਹਾ ਹੈ।

**ਸਾਧੂ ਸਿੰਘ, ਪੰਡਿਤ** (1840-1907 ਈ.): ਨਿਰਮਲ ਸੰਪ੍ਰਦਾਇ ਦੇ ਇਸ ਵਿਦਵਾਨ ਦਾ ਜਨਮ ਭਾਈ ਸੋਭਾ ਸਿੰਘ ਦੇ ਘਰ ਮਾਈ ਦੇਵੀ ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਰਲੀ (ਸਰਲੀਆਂ) ਵਿਚ ਸੰਨ 1840 ਈ. ਵਿਚ ਹੋਇਆ। ਸ਼ੁਰੂ ਤੋਂ ਹੀ ਸਾਧਾਂ ਸੰਤਾਂ ਦੀ ਸੰਗਤ ਵਿਚ ਰਹਿਣਾ ਇਸ ਨੂੰ

ਚੰਗਾ ਲਗਦਾ ਸੀ। ਇਸ ਦੇ ਮਾਤਾ-ਪਿਤਾ ਇਸ ਨੂੰ ਗ੍ਰਿਹਸਥ ਜੀਵਨ ਵਿਚ ਲੀਨ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਇਸ ਇੱਛਾ ਦਾ ਅਸਰ ਸਾਧੂ ਸਿੰਘ ਉਤੇ ਬਿਲਕੁਲ ਨ ਹੋਇਆ। ਪਹਿਲਾਂ ਆਪਣੇ ਪਿੰਡ ਵਿਚਲੇ ਇਕ ਸਾਧ ਤੋਂ ਇਸ ਨੇ ਗੁਰਮੁਖੀ ਪੜ੍ਹੀ ਅਤੇ ਸਿੱਖ ਧਰਮ ਗ੍ਰੰਥਾਂ ਦਾ ਪਾਠ ਕਰਨਾ ਸ਼ੁਰੂ ਕੀਤਾ। ਫਿਰ ਇਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗਿੜਵੜੀ ਵਲ ਚਲਾ ਗਿਆ। ਉਥੇ ਜਾ ਕੇ ਇਹ ਸੁਪ੍ਰਸਿੱਧ ਪੰਡਿਤ ਗੁਲਾਬ ਸਿੰਘ ਨਿਰਮਲੇ ਦੇ ਡੇਰੇ ਵਿਚ ਰਹਿਣ ਲਗ ਗਿਆ। ਉਥੇ ਇਸ ਨੇ ਪੰਡਿਤ ਗੁਲਾਬ ਸਿੰਘ ਤੋਂ ਸਿੱਖ ਅਧਿਆਤਮਿਕ ਚਿੰਤਨ ਤੋਂ ਇਲਾਵਾ ਵੇਦਾਂਤ ਅਤੇ ਵਿਆਕਰਣ ਦਾ ਨਿਠ ਕੇ ਅਧਿਐਨ ਕੀਤਾ। ਇਹ ਅਧਿਕਤਰ ਗਿੜਵੜੀ ਪਿੰਡ ਵਿਚ ਹੀ ਰਿਹਾ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

ਪੰਡਿਤ ਗੁਲਾਬ ਸਿੰਘ ਦਾ ਇਕ ਹੋਰ ਨਾਮੀ ਸ਼ਿਸ਼ ਪੰਡਿਤ ਤਾਰਾ ਸਿੰਘ ਨਰੋਤਮ (ਵੇਖੋ) ਉਦੋਂ ਪਟਿਆਲੇ ਵਿਚ ਰਹਿੰਦਾ ਸੀ। ਇਸ ਨੂੰ ਉਸ ਦਾ ਸੰਪਰਕ ਪ੍ਰਾਪਤ ਸੀ ਅਤੇ ਆਪਣੇ ਜੀਵਨ ਦੇ ਅੰਤਿਮ ਪੜਾ 'ਤੇ ਵੀ ਇਹ ਪਟਿਆਲੇ ਵਿਚ ਹੀ ਰਿਹਾ ਸੀ। ਪੰਡਿਤ ਤਾਰਾ ਸਿੰਘ ਇਸ ਦੀ ਵਿਦਿਆ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਇਸ ਨੂੰ ਸੰਨ 1891 ਈ. ਵਿਚ ਆਪਣੇ ਦੇਹਾਂਤ ਵੇਲੇ ਉਤਰਾਧਿਕਾਰੀ ਸਥਾਪਿਤ ਕੀਤਾ। ਸੰਨ 1905 ਈ. ਵਿਚ ਇਸ ਨੂੰ ਨਿਰਮਲ ਪੰਚਾਇਤੀ ਅਖਾੜੇ ਦਾ ਸ੍ਰੀ ਮਹੰਤ ਥਾਪਿਆ ਗਿਆ, ਜਿਸ ਪਦਵੀ 'ਤੇ ਇਹ ਦੋ ਸਾਲ ਬਿਰਾਜਮਾਨ ਰਿਹਾ। ਸੰਨ 1907 ਈ. ਵਿਚ ਇਸ ਦਾ ਦੇਹਾਂਤ ਗਿੜਵੜੀ ਪਿੰਡ ਵਿਚ ਹੋਇਆ।

ਇਸ ਨੇ ਸਿੱਖ ਧਰਮ ਅਤੇ ਸਿੱਧਾਂਤਾਂ ਦੇ ਪ੍ਰਚਾਰ ਲਈ ਸਾਹਿਤ ਰਚਨਾ ਵੀ ਕੀਤੀ। ਇਸ ਨੇ ਕਵਿਤਾ ਠੇਠ ਬ੍ਰਜ ਭਾਸ਼ਾ ਵਿਚ ਲਿਖੀ ਜਦਕਿ ਵਾਰਤਕ ਉਤੇ ਪੰਜਾਬੀ ਅਤੇ ਸਾਧ ਭਾਖਾ ਦਾ ਰੰਗ ਬਹੁਤ ਚੜ੍ਹਿਆ ਹੋਇਆ ਹੈ, ਜੋ ਪੰਜਾਬੀ ਪਾਠਕਾਂ ਅਤੇ ਸ਼ਰਧਾਲੂਆਂ ਲਈ ਸਮਝਣ ਵਿਚ ਸਰਲ ਨਹੀਂ ਹੈ। ਇਸ ਦੀਆ ਦੋ ਰਚਨਾਵਾਂ ਉਪਲਬਧ ਹਨ। ਇਕ ਹੈ 'ਸ੍ਰੀਮੁਖਵਾਕ੍ਯ ਸਿੱਧਾਂਤ ਜ੍ਯੋਤਿ'। ਇਸ ਵਿਚ ਇਸ ਨੇ ਅੱਖਰ ਕ੍ਰਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ 1100 ਚੋਣਵੇਂ ਔਖੇ ਸ਼ਬਦਾਂ ਦੇ ਅਰਥ ਪੰਜਾਬੀ ਪ੍ਰਭਾਵਿਤ ਸਾਧ-ਭਾਖਾ ਵਿਚ ਕੀਤੇ ਹਨ।

ਦੂਜੀ ਪੁਸਤਕ ਹੈ 'ਗੁਰੁ ਸਿਖ੍ਯਾ ਪ੍ਰਭਾਕਰ' ਜਿਸ ਦੇ ਪੰਜ ਖੰਡ ਹਨ। ਪਹਿਲੇ ਖੰਡ ਵਿਚ ਗੁਰਸਿੱਖ ਦੇ ਸਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਦੂਜੇ ਖੰਡ ਵਿਚ ਬ੍ਰਹਮ ਅਤੇ ਆਤਮਾ ਸੰਬੰਧੀ ਸਿੱਖ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕੀਤਾ ਗਿਆ ਹੈ। ਤੀਜੇ ਖੰਡ ਵਿਚ ਨਾਮ ਅਤੇ ਭਗਤੀ ਦੇ ਅਨੇਕ ਪੱਖਾਂ ਉਤੇ ਝਾਤ ਪਾਈ ਗਈ ਹੈ। ਚੌਥੇ ਭਾਗ ਵਿਚ ਪਰਮ ਸਤਿ ਦਾ ਵਿਸ਼ਲੇਸ਼ਣ ਕਰਦੇ ਹੋਇਆਂ ਹਉਮੈ ਦੇ ਸਰੂਪ ਨੂੰ ਚੰਗੀ ਤਰ੍ਹਾਂ ਉਘਾੜਿਆ ਗਿਆ ਹੈ। ਪੰਜਵੇਂ ਖੰਡ ਵਿਚ ਸਹਿਜ ਭਗਤੀ, ਸਹਿਜ ਅਵਸਥਾ ਅਤੇ ਸਹਿਜ ਸਮਾਧੀ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਵਿਦਵਾਨ ਕਵੀ ਨੇ ਆਪਣੇ ਵਿਚਾਰਾਂ ਅਤੇ ਮਾਨਤਾਵਾਂ ਦੀ ਪੁਸ਼ਟੀ ਲਈ ਗੁਰਬਾਣੀ ਅਤੇ ਦਸਮ ਬਾਣੀ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਇਨ੍ਹਾਂ ਦੋਹਾਂ ਰਚਨਾਵਾਂ ਦਾ ਇਕੋ ਆਕਾਰ ਵਿਚ ਲਿਥੋ ਪ੍ਰਕਾਸ਼ਨ ਸੰਨ 1893 ਈ. ਵਿਚ ਚਸ਼ਮਾ-ਏ-ਨੂਰ ਪ੍ਰੈਸ, ਲਾਹੌਰ ਤੋਂ ਹੋ ਚੁਕਿਆ ਹੈ।

**ਸਾਧੂ ਸਿੰਘ ਭੌਰਾ, ਜੱਥੇਦਾਰ** (1905-1984 ਈ.) : ਅਕਾਲ ਤਖ਼ਤ ਦੇ ਜੱਥੇਦਾਰ ਵਜੋਂ ਸੇਵਾ ਨਿਭਾ ਚੁਕੇ ਜੱਥੇਦਾਰ ਸਾਧੂ ਸਿੰਘ ਭੌਰਾ ਦਾ ਜਨਮ ਭਾਈ ਰਣ ਸਿੰਘ ਦੇ ਘਰ ਮਾਈ ਆਤਮ ਕੌਰ ਦੀ ਕੁੱਖੋਂ 6 ਜੂਨ 1905 ਈ. ਵਿਚ ਪੱਛਮੀ ਪੰਜਾਬ ਦੇ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰ. 7 ਵਿਚ ਹੋਇਆ। ਇਸ ਨੇ ਖ਼ਾਲਸਾ ਹਾਈ ਸਕੂਲ, ਲਾਇਲਪੁਰ ਤੋਂ ਦਸਵੀਂ ਪਾਸ ਕਰਕੇ ਸਿੰਧ ਸੂਬੇ ਵਿਚ ਦੋ ਸਾਲ (ਸੰਨ 1923 ਤੋਂ 1925 ਤਕ) ਪੁਲਿਸ ਦੀ ਨੌਕਰੀ ਕੀਤੀ, ਪਰ ਫਿਰ ਗੁਰਦੁਆਰਾ ਸੁਧਾਰ ਲਹਿਰ ਵਿਚ ਭਾਗ ਲੈਣ ਲਈ ਅਸਤੀਫ਼ਾ ਦੇ ਕੇ ਪੰਜਾਬ ਪਰਤ ਆਇਆ। ਦੋ ਸਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਪੜ੍ਹ ਕੇ ਧਰਮ ਪ੍ਰਚਾਰ ਦੀ ਸੇਵਾ ਸ਼ੁਰੂ ਕੀਤੀ। ਸੰਨ 1928 ਈ. ਵਿਚ ਇਸ ਨੂੰ ਉਤਰ ਪ੍ਰਦੇਸ਼ ਵਿਚ ਅਲੀਗੜ੍ਹ ਅਤੇ ਹਾਪੁੜ ਦੇ ਸਿੱਖ ਪ੍ਰਚਾਰ-ਕੇਂਦਰਾਂ ਵਿਚ ਭੇਜਿਆ ਗਿਆ ਜਿਥੇ ਇਸ ਨੇ ਲਗਭਗ 30 ਸਾਲ ਧਰਮ ਪ੍ਰਚਾਰ ਕੀਤਾ ਅਤੇ ਉਤਰ ਪ੍ਰਦੇਸ਼ ਵਿਚ ਵਸਦੀ ਵਣਜਾਰਾ ਜਾਤਿ ਦੇ ਲੱਖਾਂ ਵਿਅਕਤੀਆਂ ਨੂੰ ਸਿੱਖ ਬਣਾਇਆ।

ਇਸ ਨੂੰ ਪ੍ਰਚਾਰਕ ਵਜੋਂ ਨਿਭਾਈ ਸੇਵਾ ਕਰਕੇ ਸੰਨ 1955 ਈ. ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਰਜ ਸਾਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ। ਇਸ ਨੇ ਦਲ ਦੀਆਂ ਸਾਰੀਆਂ ਕਾਰਵਾਈਆਂ ਵਿਚ ਬੜੀ ਸਰਗਰਮੀ ਨਾਲ ਹਿੱਸਾ ਲਿਆ। ਸੰਨ 1961 ਈ. ਵਿਚ ਇਸ ਨੂੰ ਕੇਸਗੜ੍ਹ ਤਖ਼ਤ

ਦਾ ਜੱਥੇਦਾਰ ਥਾਪਿਆ ਗਿਆ। ਫਿਰ ਸੰਨ 1964 ਈ. ਤੋਂ ਇਸ ਨੇ ਸ੍ਰੀ ਅਕਾਲ ਤਖ਼ਤ ਦੀ ਜੱਥੇਦਾਰੀ ਦੀ ਜ਼ਿੰਮੇਵਾਰੀ ਬੜੀ ਸੁਚੱਜਤਾ ਨਾਲ ਨਿਭਾਣੀ ਸ਼ੁਰੂ ਕੀਤੀ। ਇਸ ਨੇ 10 ਜੂਨ, 1978 ਈ. ਨੂੰ ਹੁਕਮਨਾਮਾ ਜਾਰੀ ਕਰਕੇ ਦਿੱਲੀ ਦੀ ਨਿਰੰਕਾਰੀ ਸੰਪ੍ਰਦਾਇ ਨਾਲੋਂ ਹਰ ਪ੍ਰਕਾਰ ਦੇ ਸੰਬੰਧ ਤੋੜਨ ਲਈ ਸਭ ਸਿੱਖਾਂ ਨੂੰ ਅਪੀਲ ਕੀਤੀ। ਸੰਨ 1980 ਈ. ਵਿਚ ਇਸ ਨੇ ਅਕਾਲੀ ਦਲ ਅੰਦਰ ਪੈਦਾ ਹੋਏ ਵਿਰੋਧ ਨੂੰ ਖ਼ਤਮ ਕਰਨ ਲਈ ਸੱਤ ਮੈਂਬਰੀ ਕਮੇਟੀ ਬਣਾਈ। ਸਿਹਤ ਦੀ ਖ਼ਰਾਬੀ ਕਰਕੇ ਇਹ ਹੋਰ ਜ਼ਿੰਮੇਵਾਰੀ ਨ ਨਿਭਾ ਸਕਿਆ ਅਤੇ ਅੰਮ੍ਰਿਤਸਰ ਤੋਂ ਜਲੰਧਰ ਆਪਣੇ ਪਰਿਵਾਰ ਕੋਲ ਆ ਗਿਆ। ਉਥੇ ਹੀ 7 ਮਾਰਚ 1984 ਈ. ਨੂੰ ਇਸ ਦਾ ਦੇਹਾਂਤ ਹੋਇਆ। ਅਕਾਲ ਤਖ਼ਤ ਦੇ ਜੱਥੇਦਾਰ ਵਜੋਂ ਇਸ ਵਲੋਂ ਆਪਣਾ ਫ਼ਰਜ਼ ਬਹੁਤ ਚੰਗੀ ਤਰ੍ਹਾਂ ਨਿਭਾਉਣ ਕਾਰਣ ਸਿੱਖ-ਜਗਤ ਵਿਚ ਇਸ ਦਾ ਬਹੁਤ ਸਤਿਕਾਰ ਰਿਹਾ ਹੈ।

**ਸਾਧੂਜਨ, ਬਾਬਾ** : ਸਾਧੂਜਨ ਕੌਣ ਸੀ ? ਇਸ ਬਾਰੇ ਕੋਈ ਤੱਥ-ਆਧਾਰਿਤ ਖੋਜ ਸਾਹਮਣੇ ਨਹੀਂ ਆਈ। ਅਨੁਮਾਨ ਦੇ ਆਧਾਰ 'ਤੇ ਇਸ ਨੂੰ ਕਿਸੇ ਨੇ 'ਬਨੀਆ' ਮੰਨਿਆ ਹੈ ਅਤੇ ਕਿਸੇ ਨੇ ਇਸ ਨੂੰ ਗੁਰੂ ਹਰਿਗੋਬਿੰਦ ਜੀ ਦਾ ਜਵਾਈ ਦਸਿਆ ਹੈ ਜਿਸ ਦਾ ਵਿਆਹ ਬੀਬੀ ਵੀਰੋ ਨਾਲ ਹੋਇਆ ਸੀ।

ਭੱਟ-ਵਹੀ (ਪੂਰਬੀ ਦੱਖਣੀ) ਅਨੁਸਾਰ ਗੁਰੂ ਤੇਗ ਬਹਾਦਰ ਜੀ ਦੁਆਰਾ ਪੂਰਵ-ਦਿਸ਼ਾ ਵਲ ਨੂੰ ਕੀਤੀ ਯਾਤ੍ਰਾ ਵੇਲੇ ਹੋਰਨਾਂ ਸਾਕ ਸੰਬੰਧੀਆਂ ਵਾਂਗ ਸਾਧੂ-ਰਾਮ ਵੀ ਆਪ ਦੇ ਨਾਲ ਸੀ। ਇਹ ਘਟਨਾ ਸੰਨ 1656 ਈ. (ਸੰ. 1713 ਬਿ.) ਦੀ ਹੈ। ਉਸ ਤੋਂ ਬਾਦ ਸਾਧੂ-ਰਾਮ ਗੁਰੂ ਜੀ ਨਾਲ ਪਟਨੇ ਤਕ ਰਿਹਾ ਅਤੇ ਗੁਰੂ ਜੀ ਦੀ ਬੰਗਾਲ ਅਤੇ ਆਸਾਮ ਦੀ ਯਾਤ੍ਰਾ ਵੇਲੇ ਮਾਮਾ ਕ੍ਰਿਪਾਲ ਅਤੇ ਸਾਧੂ-ਰਾਮ ਪਟਨੇ ਹੀ ਰਹੇ ਅਤੇ ਬਾਲਕ ਗੋਬਿੰਦ ਰਾਇ ਦੇ ਪੰਜਾਬ ਪਰਤਣ ਵੇਲੇ ਸੰਨ 1670 ਈ. (ਸੰ. 1727 ਬਿ.) ਵਿਚ ਆਪ ਨਾਲ ਆਏ।

ਭੱਟ-ਵਹੀ (ਮੁਲਤਾਨੀ ਸਿੰਧੀ) ਅਨੁਸਾਰ ਇਸ ਦੇ ਪੰਜ ਪੁੱਤਰ ਸਨ— ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ। ਇਨ੍ਹਾਂ ਪੰਜਾਂ ਨੇ ਭੰਗਾਣੀ ਦੇ ਯੁੱਧ ਵਿਚ ਡਟ ਕੇ ਭਾਗ ਲਿਆ ਸੀ ਅਤੇ ਇਨ੍ਹਾਂ ਵਿਚੋਂ ਸੰਗੋ ਸ਼ਾਹ ਅਤੇ ਜੀਤ ਮੱਲ ਨੇ ਵੀਰਗਤੀ ਪ੍ਰਾਪਤ ਕੀਤੀ ਸੀ।

'ਮਹਿਮਾ ਪ੍ਰਕਾਸ਼', 'ਗੁਰਬਿਲਾਸ ਪਾਤਿਸਾਹੀ ੬' ਅਤੇ 'ਗੁਰਪ੍ਰਤਾਪ ਸੂਰਜ' ਆਦਿ ਸਿੱਖ-ਇਤਿਹਾਸਾਂ ਵਿਚ ਲਿਖਿਆ ਹੈ ਕਿ ਲਾਹੌਰੋਂ ਤੀਰਥ-ਯਾਤ੍ਰਾ ਲਈ ਜਾ ਰਹੀ ਇਕ ਟੋਲੀ ਨਾਲ ਇਹ ਲਾਹੌਰ ਤੋਂ ਰਵਾਨਾ ਹੋਇਆ। ਰਸਤੇ ਵਿਚ ਗੁਰੂ ਹਰਿਗੋਬਿੰਦ ਸਾਹਿਬ ('ਮਹਿਮਾ-ਪ੍ਰਕਾਸ਼' ਅਨੁਸਾਰ ਗੁਰੂ ਅਰਜਨ ਦੇਵ) ਦੇ ਦਰਸ਼ਨ ਕੀਤੇ ਅਤੇ ਸਥਾਈ ਤੌਰ 'ਤੇ ਆਪਣੇ ਮਨ ਨੂੰ ਗੁਰੂ ਚਰਣਾਂ ਨਾਲ ਜੋੜ ਲਿਆ। ਇਸ ਦੀ ਨਿਸ਼ਕਪਟ ਅਤੇ ਅਦੁੱਤੀ ਸੇਵਾ ਕਾਰਣ ਗੁਰੂ ਜੀ ਨੇ ਇਸ ਨੂੰ 'ਸਾਧੂ-ਰਾਮ' ਤੋਂ 'ਸਾਧੂਜਨ' ਬਣਾ ਦਿੱਤਾ।

ਇਸ ਦਾ ਦੇਹਾਂਤ ਕਦ ਹੋਇਆ ? ਇਸ ਬਾਰੇ ਕੋਈ ਤੱਥ ਵੀ ਉਪਲਬਧ ਨਹੀਂ ਹੈ। ਹਾਂ, ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਸੰਕੇਤ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ-ਗੱਦੀ ਨਸ਼ੀਨੀ (ਸੰਨ 1675 ਈ.) ਵੇਲੇ ਇਸ ਤੋਂ ਕਈ ਮਾਂਗਲਿਕ ਕਰਮਾਚਾਰ ਕਰਵਾਏ ਸਨ ਜੋ ਇਸ ਦੀ ਬਜ਼ੁਰਗੀ ਅਤੇ ਰਿਸ਼ਤੇ ਵਿਚ ਵੱਡੇ ਹੋਣ ਦੀ ਗਵਾਹੀ ਭਰਦੇ ਹਨ। ਸਪੱਸ਼ਟ ਹੈ ਕਿ ਸਾਧੂਜਨ ਸੰਨ 1675 ਈ. ਤਕ ਜੀਵਿਤ ਸੀ।

'ਮਹਿਮਾ ਪ੍ਰਕਾਸ਼' (ਕ੍ਰਿਤ ਸਰੂਪ ਦਾਸ ਭੱਲਾ) ਦੀ 15ਵੀਂ ਸਾਖੀ ਵਿਚ ਇਸ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਪਣੀਆਂ ਬਾਣੀਆਂ ਦਰਜ ਕਰਾਉਣ ਲਈ ਲਾਹੌਰੋਂ ਆਏ ਭਗਤਾਂ ਦੀ ਸੂਚੀ ਵਿਚ ਸ਼ਾਮਲ ਹੈ। ਇਹ ਨਾਂ ਪਰਵਰਤੀ ਸਾਹਿਤ/ਇਤਿਹਾਸ ਵਿਚ 'ਪੀਲੂ' ਦੇ ਨਾਂ ਨਾਲ ਬਦਲ ਦਿੱਤਾ ਗਿਆ ਹੈ। ਇਸ ਨੇ ਉਸ ਵੇਲੇ ਜੋ ਸ਼ਬਦ ਉਚਾਰਿਆ, ਉਸ ਦਾ ਪਾਠ ਕੁਝ ਇਸ ਪ੍ਰਕਾਰ ਹੈ— *ਮੈ ਵਾਰਿਆ ਗੁਰ ਤੌਂ ਵਾਰਿਆ। ਗੁਰ ਭਉਜਲ ਪਾਰ ਉਤਾਰਿਆ।*

ਸਤਾਰ੍ਹਵੀਂ ਸਦੀ ਵਿਚ ਸਾਧੂਜਨ ਨੇ ਨਿਰਗੁਣ-ਸਗੁਣ ਮਿਸ਼ਰਿਤ ਭਗਤੀ ਕਾਵਿ ਦੀ ਕਾਫ਼ੀ ਰਚਨਾ ਕੀਤੀ ਹੈ। ਇਸ ਦੀ ਸੰਪੂਰਣ ਬਾਣੀ ਇਕ ਹੱਥ-ਲਿਖਿਤ ਵਿਚ ਹੋਰਨਾਂ ਸੰਤਾਂ/ਭਗਤਾਂ ਦੀਆਂ ਬਾਣੀਆਂ ਨਾਲ ਉਪਲਬਧ ਹੈ, ਜੋ ਮੇਲਾ ਮੱਲ ਸਰਾਫ਼ ਨੇ ਸਾਹਿਬ ਦਿੱਤਾ ਚੋਪੜਾ ਤੋਂ ਦਸ ਭਾਦਰੋਂ 1887 ਬਿ. ਨੂੰ ਲਿਖਵਾਈ ਸੀ ਅਤੇ ਜੋ ਹੁਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ। ਇਸ ਦੀ ਬਾਣੀ ਨੂੰ ਸੰਪਾਦਿਤ ਕਰਕੇ ਡਾ. ਧਰਮਬੀਰ ਸਿੰਘ ਜੌਲੀ ਨੇ ਸੰਨ 1963 ਈ. ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਸ ਦੀ ਬਾਣੀ ਕਈ ਕਾਵਿ-ਰੂਪਾਂ ਵਿਚ ਰਚੀ ਹੋਈ ਹੈ ਅਤੇ ਉਸ ਉਤੇ ਗੁਰਬਾਣੀ ਤੋਂ ਇਲਾਵਾ ਕ੍ਰਿਸ਼ਨ-ਭਗਤੀ

ਅਤੇ ਸੂਫ਼ੀ-ਭਾਵਨਾ ਦਾ ਬਹੁਤ ਪ੍ਰਭਾਵ ਹੈ। ਇਸ ਨੇ 'ਜਪੁਜੀ' ਦੇ ਅਨੁਕਰਣ 'ਤੇ ਇਕ 'ਜਪੁ' ਨਾਂ ਦੀ ਰਚਨਾ ਵੀ ਕੀਤੀ ਹੈ। ਇਸ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਜਪੁ | (20 ਪਉੜੀਆਂ) = 20; |
| ਸਹੰਸ੍ਰਨਾਮਾ | (210 ਪਉੜੀਆਂ) = 210; |
| ਰਾਗ ਆਸਾ : | ਲੀਲਾ ਲਾਡਲੀ (25 ਪਉੜੀਆਂ), ਲੋਰੀ (12 ਪਉੜੀਆਂ), ਸ਼ਬਦ-51, ਛੰਤ-6, ਵਾਰ-19, ਪਉੜੀਆਂ = 113; |
| ਆਸਾਵਰੀ : | ਸ਼ਬਦ-5, ਛੰਤ-6 = 11; |
| ਗਉੜੀ : | ਸ਼ਬਦ -64, ਛੰਤ-3 (ਵਣਜਾਰਾ, ਜਿੰਦੜੀਏ, ਪਹਰੇ), ਵਾਰ ਰਸਨਾ ਪਿਆਰੀ- 82, ਪ੍ਰਹਿਲਾਦ ਚਰਿਤ੍ਰ - 71, ਵਾਰ-20= 240; |
| ਸੂਹੀ : | ਸ਼ਬਦ-13, ਵਾਰ-12 (ਸ਼ੁਰੂ ਵਿਚ ਇਕ ਸ਼ਲੋਕ), ਵਾਰ ਪੂਤਨਾ ਕੀ-6= 31 ; |
| ਧਨਾਸਰੀ : | ਧ੍ਰੂ ਚਰਿਤ੍ਰ-43, ਸੁਦਾਮਾ ਚਰਿਤ੍ਰ-39, ਡੋਰੀ-21, (ਪੰਜ ਤੁਕਾਂ ਦਾ ਸ਼ੁਰੂ ਵਿਚ ਰਹਾਉ), ਸ਼ਬਦ-33, ਆਰਤੀ-3= 139; |
| ਸੋਰਠ : | ਸ਼ਬਦ-14, ਵਾਰ-16 = 30; |
| ਮਾਰੂ : | ਸ਼ਬਦ-10, ਵਾਰ-10, ਰਾਮਾਇਣ-120 (ਪਉੜੀਆਂ-42, ਸੋਰਠਾ-5, ਦੋਹਰਾ-73) = 140; |
| ਕਉਰੂ : | ਛੰਤ-1 = 1; |
| ਮਾਝ : | ਸ਼ਬਦ-18, ਬਾਵਨ ਅਖਰੀ-27= 45; |
| ਰਾਮਕਲੀ : | ਗੋਪੀਚੰਦ ਉਦਾਸ-32, ਸ਼ਬਦ-42= 74; |
| ਪੰਚਮ : | ਸ਼ਬਦ-2 = 2; |
| ਵਡਹੰਸ : | ਸ਼ਬਦ-4, ਕਾਫ਼ੀ-4 = 8; |
| ਸਿਰੀ : | ਸ਼ਬਦ-1 = 1; |
| ਬਿਲਾਵਲ : | ਸ਼ਬਦ-28 = 28 ; |
| ਬਿਲਾਵਲ ਤਿਲੰਗ : | ਸ਼ਬਦ-5 = 5; |
| ਬਿਲਾਵਲ ਬਿਹਾਗੜਾ : | ਸ਼ਬਦ - 43 = 43; |
| ਕੇਦਾਰਾ : | ਸ਼ਬਦ-2, ਵਾਰ-8 = 10; |
| ਹਿੰਡੋਲ : | ਛੰਤ-1 = 1; |
| ਸਾਰੰਗ : | ਸ਼ਬਦ -13 = 13; |
| ਤਿਲੰਗ : | ਸ਼ਬਦ -1 = 1; |
| ਕਾਨੜਾ : | ਸ਼ਬਦ-12 = 12; |
| ਕਲਿਆਣ : | ਸ਼ਬਦ-5 = 5; |
| ਨਟਨਾਰਾਇਣ : | ਸ਼ਬਦ-5 = 5; |
| ਜੈਜਾਵੰਤੀ : | ਸ਼ਬਦ-3 = 3; |
| ਬਿਹਾਗੜਾ : | ਸ਼ਬਦ-4 = 4; |
| ਟੋਡੀ : | ਸ਼ਬਦ-12 = 12; |
| ਮਲਾਰ : | ਸ਼ਬਦ-2 = 2; |
| ਮਾਲਕਉਂਸ : | ਸ਼ਬਦ-1 = 1; |
| ਬਸੰਤ : | ਸ਼ਬਦ-4 = 4; |
| ਭੈਰਉ : | ਸ਼ਬਦ-11 = 11; |
| ਪ੍ਰਭਾਤੀ ਬਿਭਾਸ : | ਸ਼ਬਦ-1 = 1; |
| ਭੈਰਉ : | ਸ਼ਬਦ-2 = 2; |
| ਬਿਭਾਸ ਪ੍ਰਭਾਤੀ : | ਸ਼ਬਦ-8 = 8; |
| ਸੁਖਮਨੀ : | ਪਉੜੀਆਂ-66 = 66; |
| ਚਾਲੀਆ : | ਪਉੜੀਆਂ - 16 = 16; |
| ਗੋਸਟ ਗੁਰੂ ਚੇਲੇ ਕੀ : | ਪ੍ਰਸ਼ਨ/ਉਤਰ-18 = 18; |
| ਝੂਲਨੇ ਸਵੱਯੇ: | ਪਦ-17 = 17; |
| ਕਬਿਤ : | ਪਦ-25 = 25; |
| ਛਪੈ : | ਪਦ-6 = 6; = 48 |
| ਝੂਲਨੇ ਸਲੋਕ : | ਸ਼ਲੋਕ -15 =15; |
| ਸਾਖੀਆ : | ਪਦ-27 = 27 ; |
| ਸਿਖਾ : | ਪਦ-23 = 23; |
| ਸਾਖੀਆਂ : | ਪਦ-109 = 109; |
| ਸੋਰਠੇ : | 10; |
| ਸਲੋਕ : | 8; |
| ਸਾਖੀਆਂ : | 11; |
| ਗਉੜੀ : | 98 ਤੁਕਾਂ; |
| ਮਾਰੂ : | ਸ਼ਬਦ-25 = 25; |
| ਕਖੜਾ : | ਸ਼ਬਦ -1 = 1 |

ਸਾਧੂਜਨ ਇਕ ਅਧਿਆਤਮਿਕ ਸਾਧਕ ਸੀ, ਚਿੰਤਕ ਨਹੀਂ, ਪਰ ਜਿਥੇ ਕਿਥੇ ਵੀ ਇਸ ਨੇ ਆਪਣੇ ਰਹੱਸਵਾਦੀ ਅਨੁਭਵ ਦਾ ਪ੍ਰਗਟਾਵਾ ਕੀਤਾ ਹੈ, ਉਸ ਤੋਂ ਇਸ ਦੀਆਂ ਕੁਝ ਵਿਚਾਰਧਾਰਕ ਸਥਾਪਨਾਵਾਂ ਵੀ ਉਘੜੀਆਂ ਹਨ। ਮੁੱਖ ਤੌਰ 'ਤੇ ਇਹ ਨਿਰਗੁਣਵਾਦੀ ਹੈ। ਇਸ ਦੀ ਆਪਣੀ ਬਾਣੀ ਵਿਚ ਨਿਰੰਜਨ, ਨਿਰੰਕਾਰ, ਅਬਦਲ, ਅਭੇਵ, ਅਦਿਸ, ਅਨੂਪ, ਅਦਭੁਤ, ਆਦਿ ਅਨੇਕ ਵਿਸ਼ੇਸ਼ਣਾਂ ਦੀ ਵਰਤੋਂ ਰਾਹੀਂ ਵੀ ਇਸ ਗੱਲ ਦੀ ਸਥਾਪਨਾ ਹੁੰਦੀ ਹੈ। ਪਰ ਇਸ ਦੀ ਰਚਨਾ ਵਿਚ ਪਰਮ ਸੱਤਾ ਲਈ ਅਨੇਕ ਸਗੁਣਵਾਦੀ ਨਾਂਵਾਂ ਅਥਵਾ ਵਿਸ਼ੇਸ਼ਣਾਂ ਦੀ ਵੀ ਵਰਤੋਂ ਹੋਈ ਹੈ। ਇਸ ਲਈ ਇਹ ਨਿਰਗੁਣ-ਸਗੁਣ ਦੋਹਾਂ ਤਰ੍ਹਾਂ ਦੀਆਂ ਭਾਵਨਾਵਾਂ ਤੋਂ ਪ੍ਰਭਾਵਿਤ ਹੋ ਕੇ ਚਲਿਆ ਹੈ। ਇਹ ਬੁਨਿਆਦੀ ਤੌਰ 'ਤੇ ਨਿਰਗੁਣਵਾਦੀ ਹੈ ਪਰ ਮਨ ਦੀ ਸਥਿਰਤਾ ਲਈ ਇਸ ਨੇ ਸਗੁਣਵਾਦੀ ਭਾਵਨਾਵਾਂ ਵਾਲੇ ਨਾਂਵਾਂ ਅਥਵਾ ਕਥਾ-ਪ੍ਰਸੰਗਾਂ ਦੀ ਵਰਤੋਂ ਕਰਕੇ ਆਪਣੇ ਮੰਨ ਵਿਚ ਇਸ਼ਟਦੇਵ ਦੀ ਵਿਚਿਤ੍ਰਤਾ ਨੂੰ ਸਾਕਾਰਾਤਮਕਤਾ ਪ੍ਰਦਾਨ ਕੀਤੀ ਹੈ। ਪਰ ਧਿਆਨ ਰਹੇ, ਸਾਧੂਜਨ ਨੇ ਦੂਰ ਤਕ ਗੁਰਬਾਣੀ ਦਾ ਅਨੁਕਰਣ ਕੀਤਾ ਹੈ।

ਸੰਖੇਪ ਵਿਚ ਸਾਧੂਜਨ ਗੁਰੂ-ਕਾਲ ਦਾ ਮਹੱਤਵ-ਪੂਰਣ ਅਧਿਆਤਮਿਕ ਸਾਧਕ ਹੈ ਜਿਸ ਨੇ ਆਪਣੀ ਰਚਨਾ ਰਾਹੀਂ ਨਿਰਗੁਣ ਅਤੇ ਸਗੁਣ ਦੋਹਾਂ ਤਰ੍ਹਾਂ ਦੀਆਂ ਭਗਤੀਆਂ ਵਿਚ ਸਮਨਵੈ ਕਾਇਮ ਕਰਨ ਦਾ ਉਦਮ ਕੀਤਾ ਹੈ। ਇਸ ਨੇ ਅਨੇਕ ਕਾਵਿ-ਵੰਨਗੀਆਂ ਰਾਹੀਂ ਆਪਣੇ ਭਾਵਾਂ ਨੂੰ ਪ੍ਰਗਟਾ ਕੇ ਕਈ ਕਾਵਿ-ਜੁਗਤਾਂ ਦਾ ਪ੍ਰਚਲਨ ਵੀ ਕੀਤਾ ਹੈ।

**ਸਾਧੂ-ਬੇਲਾ** (ਤੀਰਥ) : ਸੱਖਰ ਨੇੜੇ ਸਿੰਧ ਨਦੀ ਦੇ ਇਕ ਟਾਪੂ ਵਿਚ ਬਣਿਆ ਹੋਇਆ ਤੀਰਥ, ਜਿਸ ਦੀ ਸਥਾਪਨਾ ਬਾਬਾ ਬਨਖੰਡੀ ਨੇ ਸੰਨ 1823 ਈ. ਵਿਚ ਕੀਤੀ ਸੀ। ਵੇਖੋ 'ਬਨਖੰਡੀ, ਬਾਬਾ'।

**ਸਾਬੋ ਕੀ ਤਲਵੰਡੀ** : ਦਮਦਮਾ ਸਾਹਿਬ ਵਾਲੀ ਧਰਤੀ ਦਾ ਪੁਰਾਤਨ ਨਾਂ। ਵੇਖੋ 'ਦਮਦਮਾ ਸਾਹਿਬ'।

**ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ** (ਅਨੁ.1788-1846 ਈ.): ਮਹਾਰਾਜਾਰਣਜੀਤ ਸਿੰਘ ਦੀ ਫ਼ੌਜ ਦਾ ਇਕ ਬਹਾਦਰ ਜਰਨੈਲ ਜਿਸ ਦੇ ਖ਼ਾਨਦਾਨ ਦਾ ਪਿਛੋਕੜ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਜਾ ਜੁੜਦਾ ਹੈ। ਇਸ ਦੀ ਜਨਮ-ਤਿਥੀ ਬਾਰੇ ਭਾਵੇਂ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਪਰ ਅਨੁਮਾਨ ਦੇ ਆਧਾਰ 'ਤੇ ਇਸ ਦਾ ਜਨਮ ਅਠਾਰ੍ਹਵੀਂ ਸਦੀ ਦੇ ਨੌਵੇਂ ਦਹਾਕੇ (ਅਨੁ. 1788 ਈ.) ਵਿਚ ਸ. ਨਿਹਾਲ ਸਿੰਘ ਦੇ ਘਰ ਅਟਾਰੀ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ। ਸ. ਨਿਹਾਲ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਬੜਾ ਨਿਘਾ ਸੰਬੰਧ ਸੀ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੀ ਬੀਮਾਰੀ ਨੂੰ ਆਪਣੇ ਉਤੇ ਆਰੋਪਿਤ ਕਰਕੇ ਉਸ ਨੇ ਆਪਾ ਨਿਛਾਵਰ ਕੀਤਾ ਸੀ।

ਸ਼ਾਮ ਸਿੰਘ ਨੇ ਸੰਨ 1803 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਨੌਕਰੀ ਵਿਚ ਪ੍ਰਵੇਸ਼ ਕੀਤਾ ਅਤੇ ਸੰਨ 1818 ਈ. ਵਿਚ ਮੁਲਤਾਨ ਦੀ ਅੰਤਿਮ ਲੜਾਈ ਵੇਲੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਸੰਨ 1819 ਈ. ਵਿਚ ਇਹ ਕਸ਼ਮੀਰ ਉਤੇ ਕੀਤੀ ਫ਼ੌਜਕਸ਼ੀ ਵਿਚ ਸ਼ਾਮਲ ਹੋਇਆ। ਸੰਨ 1831 ਈ. ਵਿਚ ਰੋਪੜ ਵਿਚ ਹੋਈ ਮਹਾਰਾਜਾ ਸਾਹਿਬ ਅਤੇ ਲਾਰਡ ਵਿਲੀਅਮ ਬੈਂਟਿੰਕ ਦੀ ਮੁਲਾਕਾਤ ਵੇਲੇ ਇਸ ਨੇ ਸ਼ਲਾਘਾਯੋਗ ਕੰਮ ਕੀਤਾ। ਸਰਹਦੀ ਇਲਾਕੇ ਵਿਚ ਪਠਾਣਾਂ ਨਾਲ ਹੋਈਆਂ ਲਗਭਗ ਸਾਰੀਆਂ ਲੜਾਈਆਂ ਵਿਚ ਇਹ ਸ਼ਾਮਲ ਹੋਇਆ। ਸੰਨ 1837 ਈ. ਵਿਚ ਇਸ ਨੇ ਆਪਣੀ ਲੜਕੀ ਨਾਨਕੀ ਦਾ ਵਿਆਹ ਮਹਾਰਾਜਾ ਸਾਹਿਬ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਨਾਲ 15 ਲੱਖ ਰੁਪਏ ਖ਼ਰਚ ਕੇ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਲਾਹੌਰ ਦਰਾਬਰ ਦੀਆਂ ਸਾਜ਼ਿਸ਼ਾਂ ਤੋਂ ਨਿਰਾਸ਼ ਹੋ ਕੇ ਇਹ ਅਧਿਕਤਰ ਸਮਾਂ ਆਪਣੇ ਪਿੰਡ ਅਟਾਰੀ ਹੀ ਰਹਿੰਦਾ ਰਿਹਾ। ਸੰਨ 1840 ਈ. ਵਿਚ ਜਦੋਂ ਪਾਇੰਦਾ ਖ਼ਾਂ ਨੇ ਹਜ਼ਾਰੇ ਵਿਚ ਸਿਰ ਚੁਕਿਆ, ਤਾਂ ਉਸ ਨੂੰ ਕੁਚਲਣ ਦੀ ਜ਼ਿੰਮੇਵਾਰੀ ਸ. ਸ਼ਾਮ ਸਿੰਘ ਨੇ ਹੀ ਨਿਭਾਈ। ਲਾਹੌਰ ਦਰਬਾਰ ਦੀਆਂ ਗ਼ਲਤ ਨੀਤੀਆਂ ਅਤੇ ਖ਼ਾਨਾਜੰਗੀ ਕਾਰਣ ਪਹਿਲਾਂ ਇਹ ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚ ਹੋਈ ਲੜਾਈ ਵਿਚ ਸ਼ਾਮਲ ਹੋਣੋਂ ਸੰਕੋਚ ਕਰਦਾ ਰਿਹਾ, ਪਰ ਬਾਦ ਵਿਚ ਰਾਣੀ ਜਿੰਦਾ ਦੇ ਅਨੁਰੋਧ ਕਰਨ 'ਤੇ ਇਸ ਨੇ ਯੁੱਧ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਅਤੇ ਆਪਣੇ ਦੇਸ਼ ਉਤੇ ਨਿਛਾਵਰ ਹੋਣ ਲਈ ਸਭਰਾਉਂ ਦੇ ਮੈਦਾਨ ਵਿਚ ਨਿਤਰਿਆ। ਉਸ ਵਕਤ ਦੀ

ਸਿੱਖ ਫ਼ੌਜ ਦੇ ਜਰਨੈਲ ਤੇਜ ਸਿੰਘ ਨੇ ਲੜਾਈ ਦੀ ਪਹਿਲੀ ਰਾਤ ਨੂੰ ਸ਼ਾਮ ਸਿੰਘ ਨੂੰ ਸਲਾਹ ਦਿੱਤੀ ਕਿ ਸਵੇਰੇ ਪਹਿਲਾ ਗੋਲਾ ਚਲਣ 'ਤੇ ਹੀ ਮੈਦਾਨ ਵਿਚੋਂ ਭਜ ਕੇ ਜਾਨ ਬਚਾ ਲਈ ਜਾਏ, ਕਿਉਂਕਿ ਸਿੱਖ ਫ਼ੌਜ ਦੀ ਹਾਰ ਨਿਸ਼ਚਿਤ ਹੈ। ਇਸ 'ਤੇ ਸ. ਸ਼ਾਮ ਸਿੰਘ ਨੂੰ ਬਹੁਤ ਰੋਹ ਚੜ੍ਹਿਆ ਅਤੇ ਉਸ ਨੂੰ ਫਟਕਾਰਦੇ ਹੋਇਆਂ ਆਪਣਾ ਮੂੰਹ ਮੋੜ ਲਿਆ।

ਸਵੇਰੇ ਉਠ ਕੇ ਇਸ ਨੇ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ ਕੀਤੀ ਅਤੇ ਮਰਨ-ਮਾਰਨ ਦੀ ਪ੍ਰਤਿਗਿਆ ਕਰਕੇ ਯੁੱਧ-ਭੂਮੀ ਨੂੰ ਪ੍ਰਸਥਾਨ ਕੀਤਾ। ਪਹਿਲਾ ਗੋਲਾ ਚਲਣ ਨਾਲ ਹੀ ਗ਼ਦਾਰ ਤੇਜ ਸਿੰਘ ਮੈਦਾਨ ਛਡ ਕੇ ਭਜ ਗਿਆ ਅਤੇ ਜਾਂਦੇ ਹੋਇਆਂ ਸਤਲੁਜ ਦਰਿਆ ਉਤੇ ਬਣੇ ਕਿਸ਼ਤੀਆਂ ਦੇ ਪੁਲ ਨੂੰ ਵੀ ਤੋੜ ਗਿਆ। ਗ਼ਦਾਰੀਆਂ ਦੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਦੇ ਬਾਵਜੂਦ ਸ. ਸ਼ਾਮ ਸਿੰਘ ਆਪਣੀ ਸੈਨਿਕ ਟੁਕੜੀ ਨਾਲ ਅੰਗ੍ਰੇਜ਼ ਫ਼ੌਜ ਉਤੇ ਟੁਟ ਪਿਆ। ਸ਼ਾਹ ਮੁਹੰਮਦ ਅਨੁਸਾਰ — *ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ। ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।90।* ਲਹੂ ਡੋਲਵੀਂ ਲੜਾਈ ਵਿਚ ਸ. ਸ਼ਾਮ ਸਿੰਘ ਨੇ 10 ਫਰਵਰੀ 1846 ਈ. ਨੂੰ ਵੀਰ-ਗਤੀ ਪ੍ਰਾਪਤ ਕੀਤੀ। ਬਾਦ ਵਿਚ ਇਸ ਦੀ ਲਾਸ਼ ਨੂੰ ਅਟਾਰੀ ਲਿਆ ਕੇ ਸਸਕਾਰ ਕੀਤਾ ਗਿਆ। ਆਪਣੀ ਬਹਾਦਰੀ, ਦੇਸ਼-ਭਗਤੀ ਅਤੇ ਸਿਦਕ ਕਰਕੇ ਸ. ਸ਼ਾਮ ਸਿੰਘ ਪੰਜਾਬ ਦੇ ਇਤਿਹਾਸ ਵਿਚ ਇਕ ਵੀਰ ਨਾਇਕ ਦੇ ਰੂਪ ਵਿਚ ਪ੍ਰਸਿੱਧ ਹੋਇਆ।

**ਸ਼ਾਮ ਸਿੰਘ, ਸੰਤ** (1803-1926 ਈ.) : ਪੱਛਮੀ ਪੰਜਾਬ ਵਿਚ ਸਰਗੋਧਾ ਜ਼ਿਲ੍ਹੇ ਦੇ ਸ਼ਾਹਪੁਰ ਨਗਰ ਅੰਦਰ ਸੇਵਾ ਪੰਥੀ ਸਾਧਕ ਭਾਈ ਦਰਬਾਰੀ ਦੇ ਘਰ ਮਾਈ ਕ੍ਰਿਸ਼ਨ ਕੌਰ ਦੀ ਕੁੱਖੋਂ ਸੰਨ 1803 ਈ. ਵਿਚ ਪੈਦਾ ਹੋਏ ਸੰਤ ਸ਼ਾਮ ਸਿੰਘ ਆਪਣੇ ਸਮੇਂ ਦੇ ਇਕ ਪਰ-ਉਪਕਾਰੀ ਮਹਾਪੁਰਸ਼ ਸਨ। ਬਚਪਨ ਵਿਚ ਹੀ ਪਿਤਾ ਦੇ ਗੁਜ਼ਰ ਜਾਣ ਕਾਰਣ ਇਕ ਹੋਰ ਸੇਵਾਪੰਥੀ ਸਾਧਕ ਸੰਤ ਰਾਮ ਸਿੰਘ ਨੇ ਆਪ ਦੀ ਬਾਂਹ ਪਕੜ ਲਈ ਅਤੇ ਉਥੋਂ ਅੰਮ੍ਰਿਤਸਰ ਆ ਕੇ ਅੱਡਣਸ਼ਾਹੀਆਂ ਦੀ ਧਰਮਸ਼ਾਲਾ ਵਿਚ ਰਹਿਣ ਲਗ ਗਏ।

ਅੰਮ੍ਰਿਤਸਰ ਵਿਚ ਆ ਕੇ ਆਪ ਨੇ ਨਿਰਮਲੇ ਵਿਦਵਾਨਾਂ ਤੋਂ ਸਿੱਖ ਧਰਮ, ਦਰਸ਼ਨ ਅਤੇ ਇਤਿਹਾਸ ਦਾ ਅਧਿਐਨ ਸ਼ੁਰੂ ਕੀਤਾ। ਫਿਰ ਬਾਬਾ ਨੌਧ ਸਿੰਘ ਤੋਂ ਕੀਰਤਨ ਦੀ ਸਿਖਿਆ ਪ੍ਰਾਪਤ ਕੀਤੀ ਅਤੇ ਰਿਆਜ਼ ਕਰਕੇ ਗੁਰਮਤਿ ਕੀਰਤਨ ਵਿਚ ਪੂਰੀ ਤਰ੍ਹਾਂ ਪ੍ਰਵੀਣ ਹੋ ਗਏ। ਸਰੰਦਾ ਵਜਾਉਣ ਵਿਚ ਇਨ੍ਹਾਂ ਨੂੰ ਕਮਾਲ ਹਾਸਲ ਸੀ। ਇਹ ਹਰਿਮੰਦਿਰ ਸਾਹਿਬ ਵਿਚ ਨਿੱਤ 'ਆਸਾ ਕੀ ਵਾਰ' ਦਾ ਕੀਰਤਨ ਕਰਦੇ ਸਨ ਅਤੇ ਸ਼ਾਮ ਨੂੰ ਅਕਾਲ ਤਖ਼ਤ ਉਤੇ 'ਸੋਦਰ' ਦਾ ਪਾਠ ਕਰਦੇ ਸਨ। ਇਸ ਤਰ੍ਹਾਂ ਸਿੱਖਾਂ ਵਿਚ ਆਪ ਪ੍ਰਤਿ ਅਪਾਰ ਸ਼ਰਧਾ ਪੈਦਾ ਹੋ ਗਈ। ਕਹਿੰਦੇ ਹਨ ਉਸ ਵਕਤ ਦੇ ਪ੍ਰਮੁਖ ਸਿੱਖ ਆਪ ਪਾਸੋਂ ਅੰਮ੍ਰਿਤ ਛਕ ਕੇ ਆਪਣੇ ਆਪ ਨੂੰ ਧੰਨ ਸਮਝਦੇ ਸਨ। ਆਪ ਨੇ ਕਈ ਧਰਮ-ਸਾਧਕਾਂ ਨੂੰ ਕਾਰ-ਸੇਵਾ ਲਈ ਵੀ ਪ੍ਰੇਰਿਆ ਸੀ। ਅਤਿ ਬਿਰਧ ਹੋ ਜਾਣ ਕਾਰਣ ਜਦੋਂ ਆਪ ਦਰਬਾਰ ਸਾਹਿਬ ਜਾਣ ਤੋਂ ਬੇਬਸ ਹੋ ਗਏ ਤਾਂ ਸੰਨ 1911 ਈ. ਵਿਚ ਸ਼ਰਧਾਲੂਆਂ ਨੇ ਆਟਾ ਮੰਡੀ ਵਿਚ ਹੀ ਆਪ ਲਈ ਧਰਮਸ਼ਾਲਾ ਬਣਵਾ ਦਿੱਤੀ। 23 ਅਪ੍ਰੈਲ 1926 ਈ. ਨੂੰ 123 ਵਰ੍ਹਿਆਂ ਦੀ ਉਮਰ ਵਿਚ ਆਪ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ। •

**ਸ਼ਾਮ ਸਿੰਘ ਨਿਹੰਗ** (1854-1924 ਈ.): ਉਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਦੇ ਮੁਹੰਮਦਪੁਰ ਪਿੰਡ ਵਿਚ ਚੌਧਰੀ ਜਸਵੰਤ ਸਿੰਘ ਦੇ ਘਰ ਪੈਦਾ ਹੋਏ ਸ਼ਾਮ ਸਿੰਘ ਦਾ ਪਹਿਲਾ ਨਾਂ 'ਹਰਕੇਸ਼' ਸੀ। ਸ਼ੁਰੂ ਵਿਚ ਇਹ ਆਪਣੇ ਪਿਤਾ ਨਾਲ ਖੇਤੀ-ਬਾੜੀ ਵਿਚ ਹੱਥ ਵਟਾਉਂਦਾ ਸੀ, ਪਰ 25 ਵਰ੍ਹਿਆਂ ਦੇ ਹੋਣ 'ਤੇ ਇਹ ਹੈਦਰਾਬਾਦ ਚਲਾ ਗਿਆ ਤਾਂ ਜੋ ਵਪਾਰ ਕਰਕੇ ਚੰਗਾ ਧਨ ਕਮਾ ਸਕੇ। ਉਥੇ ਰਹਿੰਦਿਆਂ ਇਹ ਕਿਸੇ ਸਿੱਖ ਧਰਮੀ ਪੁਰਸ਼ ਦੇ ਸੰਪਰਕ ਵਿਚ ਆਇਆ ਅਤੇ ਪ੍ਰਭਾਵਿਤ ਹੋ ਕੇ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਗਿਆ। ਉਥੇ ਅੰਮ੍ਰਿਤ ਛਕ ਕੇ ਇਹ ਸ਼ਾਮ ਸਿੰਘ ਬਣਿਆ। ਇਸ ਨੇ ਨਿਹੰਗ ਸਿੰਘਾਂ ਵਾਲਾ ਬਾਣਾ ਪਾ ਕੇ 'ਨਿਹੰਗ ਸਿੰਘ' ਅਖਵਾਉਣਾ ਪਸੰਦ ਕੀਤਾ ਅਤੇ ਸਾਰੀ ਉਮਰ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਪ੍ਰਤਿਗਿਆ ਕੀਤੀ।

ਆਪਣੇ ਪਿੰਡ ਪਰਤਣ 'ਤੇ ਸਭ ਤੋਂ ਪਹਿਲਾਂ ਇਸ ਨੇ ਸ਼ੇਰਾ ਨਾਂ ਦੇ ਆਪਣੇ ਵਪਾਰਕ ਭਾਈਵਾਲ ਨੂੰ ਭਸੌੜ ਵਿਚ ਲਿਆ ਕੇ ਬਾਬੂ ਤੇਜਾ ਸਿੰਘ ਤੋਂ ਅੰਮ੍ਰਿਤ ਪਾਨ ਕਰਵਾਇਆ ਅਤੇ ਸ਼ੇਰਾ ਤੋਂ ਹਰੀ ਸਿੰਘ ਨਾਂ ਰਖਵਾਇਆ। ਸ਼ਾਮ ਸਿੰਘ ਨੇ ਉਤਰ ਪ੍ਰਦੇਸ਼ ਵਿਚ ਧਰਮ-ਪ੍ਰਚਾਰ ਦਾ ਕੰਮ ਜਾਰੀ ਰਖਿਆ। ਸੰਨ 1914 ਈ. ਵਿਚ ਇਸ ਨੇ ਪਨਿਆਲੀ ਕਾਸਿਮਪੁਰ

ਕਸਬੇ ਵਿਚ ਇਕ ਗੁਰਦੁਆਰਾ ਬਣਾਇਆ ਅਤੇ ਉਸ ਵਿਚ ਧਰਮ-ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਸੰਨ 1924 ਈ. ਵਿਚ ਇਸ ਦੇ ਦੇਹਾਂਤ ਤੋਂ ਬਾਦ ਭਾਈ ਮਹਾਂ ਸਿੰਘ ਨੇ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੰਭਾਲੀ।

**ਸਾਰਾਗੜ੍ਹੀ** : ਸਿੱਖ ਸੈਨਿਕਾਂ ਦੀ ਸੂਰਵੀਰਤਾ ਨਾਲ ਸੰਬੰਧਿਤ ਇਕ ਪਿੰਡ ਜੋ ਪਾਕਿਸਤਾਨ ਦੇ ਉੱਤਰ-ਪੱਛਮੀ ਪ੍ਰਾਂਤ ਦੇ ਕੁਹਾਟ ਜ਼ਿਲ੍ਹੇ ਦੀ ਸਰਹਦ ਉਤੇ ਵਸਿਆ ਹੈ। ਉਥੇ ਇਕ ਛੋਟੀ ਜਿਹੀ ਗੜ੍ਹੀ ਵੀ ਬਣੀ ਹੋਈ ਹੈ। ਉਹ ਗੜ੍ਹੀ 6000 ਫੁਟ ਦੀ ਉਚਾਈ ਉਤੇ ਸਥਿਤ ਸੀ ਅਤੇ ਲੋਕਹਾਰਟ ਤੇ ਗੁਲਸਤਾਨ ਦੇ ਕਿਲ੍ਹਿਆਂ ਵਿਚਾਲੇ ਹੋਣ ਕਾਰਣ ਸੈਨਿਕ ਦ੍ਰਿਸ਼ਟੀ ਤੋਂ ਬਹੁਤ ਅਹਿਮੀਅਤ ਰਖਦੀ ਸੀ। ਉਥੇ ਅੰਗ੍ਰੇਜ਼ ਸਰਕਾਰ ਦੇ ਫ਼ੌਜੀ ਜਵਾਨ ਵਜ਼ੀਰ ਕਬੀਲੇ ਦੇ ਕਬਾਇਲੀਆਂ ਉਤੇ ਨਜ਼ਰ ਰਖਣ ਲਈ ਨਿਯੁਕਤ ਸਨ। ਇਹ ਗੜ੍ਹੀ ਲੋਕਹਾਰਟ ਕਿਲ੍ਹੇ ਤੋਂ ਲਗਭਗ ਢਾਈ ਕਿ.ਮੀ. ਦੀ ਵਿਥ 'ਤੇ ਹੈ। 12 ਸਤੰਬਰ 1897 ਈ. ਨੂੰ ਦਸ ਹਜ਼ਾਰ ਕਬਾਇਲੀਆਂ ਨੇ ਇਸ ਸੀਮਾਵਰਤੀ ਚੌਕੀ ਨੂੰ ਘੇਰ ਲਿਆ। ਸਾਰਾਗੜ੍ਹੀ ਚੌਕੀ 36 ਸਿੱਖ ਰੈਜਮੈਂਟ ਦੇ ਹਵਲਦਾਰ ਈਸ਼ਰ ਸਿੰਘ ਦੀ ਕਮਾਨ ਵਿਚ ਸੀ। ਉਥੇ ਈਸ਼ਰ ਸਿੰਘ ਤੋਂ ਛੁਟ ਇਕ ਨਾਇਕ ਅਤੇ ਇਕ ਲੈਂਸ ਨਾਇਕ ਸਹਿਤ 18 ਹੋਰ ਸਿੱਖ ਸੈਨਿਕ ਨਿਯੁਕਤ ਸਨ। ਕਬਾਇਲੀਆਂ ਦੇ ਘੇਰੇ ਕਾਰਣ ਉਸ ਚੌਕੀ ਦਾ ਸੰਪਰਕ ਮੁੱਖ ਰਖਿਆ ਦਸਤੇ ਨਾਲੋਂ ਟੁਟ ਗਿਆ ਸੀ।

ਸਿੱਖ ਫ਼ੌਜੀ ਬੜੀ ਬਹਾਦਰੀ ਅਤੇ ਮਜ਼ਬੂਤ ਇਰਾਦੇ ਨਾਲ ਲੜੇ। ਬਹੁਤ ਥੋੜੀ ਗਿਣਤੀ ਦੇ ਬਾਵਜੂਦ ਉਨ੍ਹਾਂ ਦੇ ਇਰਾਦੇ ਬਹੁਤ ਬੁਲੰਦ ਸਨ। ਅਸਲ ਵਿਚ, ਉਹ ਆਪਣੇ ਦ੍ਰਿੜ੍ਹ ਇਰਾਦੇ ਦੇ ਸਿਰ 'ਤੇ ਹੀ ਯੁੱਧ ਕਰ ਰਹੇ ਸਨ। ਸੱਤ ਘੰਟਿਆਂ ਤਕ ਲਗਾਤਾਰ ਯੁੱਧ ਹੁੰਦਾ ਰਿਹਾ। ਗੋਲੀ-ਸਿੱਕਾ ਖ਼ਤਮ ਹੋਣ 'ਤੇ ਹੱਥੋ-ਹੱਥ ਲੜਾਈ ਵੀ ਹੋਈ। ਇਕ ਇਕ ਕਰਕੇ 21 ਸਿੱਖ ਸੈਨਿਕਾਂ ਨੇ 600 ਤੋਂ ਵਧ ਵੈਰੀਆਂ ਨੂੰ ਮਾਰ ਕੇ ਵੀਰ-ਗਤੀ ਪ੍ਰਾਪਤ ਕੀਤੀ ਅਤੇ ਆਪਣੀ ਬਹਾਦਰੀ ਨਾਲ ਚੌਕੀ ਨੂੰ ਬਚਾਈ ਰਖਿਆ। ਉਨ੍ਹਾਂ ਦੀ ਬਹਾਦਰੀ ਉਸ ਵਕਤ ਦੀ ਭਖਦੀ ਮਿਸਾਲ ਬਣ ਗਈ। ਉਸ ਵਕਤ ਸਾਰਾਗੜ੍ਹੀ ਦੀ ਲੜਾਈ ਨੂੰ ਵਿਸ਼ਵ ਦੀਆਂ 10 ਅਜਿਹੀਆਂ ਲੜਾਈਆਂ ਵਿਚ ਗਿਣਿਆਂ ਜਾਣ ਲਗਿਆ। ਬਾਦ ਵਿਚ ਉਨ੍ਹਾਂ ਸੂਰਵੀਰਾਂ ਦੀ ਯਾਦ ਵਿਚ ਕਿਲ੍ਹਾ ਲੋਕਹਾਰਟ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਵਿਚ ਸਮਾਰਕ ਬਣਾਏ ਗਏ। 'ਇੰਡੀਅਨ ਆਰਡਰ ਆਫ਼ ਮੈਰਿਟ' ਆਦਿ ਫ਼ੌਜੀ ਸਨਮਾਨਾਂ ਤੋਂ ਇਲਾਵਾ ਸ਼ਹੀਦ ਸਿਪਾਹੀਆਂ ਦੇ ਆਸ਼ਰਿਤਾਂ ਨੂੰ ਪੈਨਸ਼ਨ, 500 ਰੁਪਏ ਨਕਦ ਇਨਾਮ ਅਤੇ ਦੋ ਦੋ ਮੁਰੱਬੇ ਜ਼ਮੀਨ ਦਿੱਤੀ ਗਈ। ਇਸ ਸਾਕੇ ਤੋਂ ਪ੍ਰਭਾਵਿਤ ਹੋ ਕੇ ਕਈ ਕਵੀਆਂ ਨੇ ਛੋਟੇ ਛੋਟੇ ਪ੍ਰਸੰਗ ਲਿਖ ਕੇ ਸੂਰਵੀਰਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ।

**ਸਾਰੰਗ ਕੀ ਵਾਰ ਮਹਲਾ ੪** : ਸਾਰੰਗ ਰਾਗ ਵਿਚ ਗੁਰੂ ਰਾਮਦਾਸ ਜੀ ਦੀ ਲਿਖੀ ਇਸ ਵਾਰ ਦੇ ਆਰੰਭ ਵਿਚ ਗਾਇਨ ਧੁਨੀ ਵਜੋਂ ਸੰਕੇਤ ਕੀਤਾ ਗਿਆ ਹੈ — *ਰਾਇ ਮਹਮੇ ਹਸਨੇ ਕੀ ਧੁਨਿ।* ਰਵਾਇਤ ਅਨੁਸਾਰ ਮਹਿਮਾ ਅਤੇ ਹਸਨਾ ਨਾਂ ਦੇ ਦੋਵੇਂ ਰਾਜਪੂਤ ਮਾਲਵੇ ਦੇ ਕਾਂਗੜ ਅਤੇ ਧੌਲਾ ਖੇਤਰਾਂ ਦੇ ਰਜਵਾੜੇ ਸਨ, ਪਰ ਇਨ੍ਹਾਂ ਵਿਚ ਆਪਸੀ ਖ਼ਾਰਬਾਜ਼ੀ ਸੀ। ਅਕਬਰ ਬਾਦਸ਼ਾਹ ਨੇ ਹਸਨੇ ਨੂੰ ਕੁਚਲਣ ਲਈ ਮਹਿਮੇ ਦੀ ਨਿਯੁਕਤੀ ਕੀਤੀ ਜਿਸ ਨੇ ਇਕ ਵੱਡੇ ਸੈਨਾ-ਦਲ ਨਾਲ ਹਸਨੇ ਉਤੇ ਹਮਲਾ ਕੀਤਾ ਅਤੇ ਗੰਭੀਰ ਲੜਾਈ ਉਪਰੰਤ ਉਸ ਨੂੰ ਹਰਾਇਆ। ਇਸ ਯੁੱਧ-ਸਾਕੇ ਦੇ ਆਧਾਰ 'ਤੇ ਢਾਢੀਆਂ ਜੋ ਵਾਰ ਲਿਖੀ, ਉਹ ਲੋਕਾਂ ਵਿਚ ਬਹੁਤ ਪ੍ਰਸਿੱਧ ਹੋਈ। ਫਲਸਰੂਪ ਗੁਰੂ ਅਰਜਨ ਦੇਵ ਜੀ ਨੇ ਪ੍ਰਸਤੁਤ ਵਾਰ ਨੂੰ ਉਸ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਦਿੱਤਾ।

ਇਸ ਵਾਰ ਵਿਚ ਕੁਲ 36 ਪਉੜੀਆਂ ਹਨ ਜਿਨ੍ਹਾਂ ਵਿਚੋਂ 35ਵੀਂ ਗੁਰੂ ਅਰਜਨ ਦੇਵ ਜੀ ਦੀ ਰਚੀ ਹੈ ਅਤੇ ਬਾਕੀ ਗੁਰੂ ਰਾਮਦਾਸ ਜੀ ਦੀਆਂ ਹਨ। ਹਰ ਇਕ ਪਉੜੀ ਵਿਚ ਸਮਾਨ ਆਕਾਰ ਦੀਆਂ ਪੰਜ ਪੰਜ ਤੁਕਾਂ ਹਨ। ਇਨ੍ਹਾਂ ਨਾਲ ਕੁਲ 74 ਸ਼ਲੋਕ ਦਰਜ ਹਨ ਜਿਨ੍ਹਾਂ ਵਿਚੋਂ 34 ਪਉੜੀਆਂ ਨਾਲ ਦੋ ਦੋ ਹਨ ਅਤੇ ਪਹਿਲੀ ਤੇ 34ਵੀਂ ਪਉੜੀਆਂ ਨਾਲ ਇਨ੍ਹਾਂ ਦੀ ਗਿਣਤੀ ਤਿੰਨ ਤਿੰਨ ਹੈ। ਇਨ੍ਹਾਂ 74 ਸ਼ਲੋਕਾਂ ਵਿਚੋਂ 33 ਗੁਰੂ ਨਾਨਕ ਦੇਵ ਜੀ ਦੇ, ਨੌਂ ਗੁਰੂ ਅੰਗਦ ਦੇਵ ਜੀ ਦੇ, 23 ਗੁਰੂ ਅਮਰਦਾਸ ਜੀ ਦੇ, ਛੇ ਗੁਰੂ ਰਾਮਦਾਸ ਜੀ ਦੇ ਅਤੇ ਤਿੰਨ ਗੁਰੂ ਅਰਜਨ ਦੇਵ ਜੀ ਦੇ ਹਨ। ਇਨ੍ਹਾਂ ਵਿਚ ਦੋ ਤੋਂ ਲੈ ਕੇ 11 ਤੁਕਾਂ ਹਨ। ਭਾਸ਼ਾ ਸਰਲ ਅਤੇ ਪੰਜਾਬੀ ਦੇ ਵਧੇਰੇ ਅਨੁਰੂਪ ਹੈ।

ਇਸ ਵਾਰ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਪਰਮਾਤਮਾ ਦੁਆਰਾ ਪੈਦਾ ਕੀਤੀ ਮਾਇਆ ਦੇ ਮੋਹ-ਜਾਲ ਵਿਚ ਫਸ ਕੇ ਮਨੁੱਖ ਆਪਣੇ ਪਰਮਾਰਥਿਕ ਕਰਤੱਵ ਨੂੰ ਭੁਲ

ਜਾਂਦਾ ਹੈ ਅਤੇ ਦੁਖੀ ਹੋ ਕੇ ਭਟਕਦਾ ਹੈ। ਗੁਰੂ ਦੀ ਕ੍ਰਿਪਾ ਨਾਲ ਸੁਰਤਿ ਟਿਕਦੀ ਹੈ ਅਤੇ ਜੀਵਨ ਵਿਚ ਸੰਤੋਖ ਪੈਦਾ ਹੁੰਦਾ ਹੈ। ਹੌਲੀ ਹੌਲੀ ਨਾਮ-ਸਿਮਰਨ ਦੀ ਆਦਤ ਬਣ ਜਾਂਦੀ ਹੈ ਜੋ ਮਨੁੱਖ ਨੂੰ ਸਹੀ ਮਾਰਗ ਉਤੇ ਚਲਣ ਵਿਚ ਸਹਾਇਕ ਹੁੰਦੀ ਹੈ। ਇਸ ਤੋਂ ਭਿੰਨ ਹੋਰ ਸਾਰੇ ਕਰਮ-ਕਾਂਡ ਅਤੇ ਆਡੰਬਰ ਵਿਅਰਥ ਹਨ। ਇਨ੍ਹਾਂ ਅਨੁਸਾਰ ਚਲਣ ਵਾਲੇ ਮਨਮੁਖ ਦਾ ਕੋਈ ਅਧਿਆਤਮਿਕ ਭਵਿਖ ਨਹੀਂ ਹੈ — *ਜਿਨ੍ਹੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ। ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ।* (ਗੁ.ਗ੍ਰੰ. 1247)। ਇਸ ਤਰ੍ਹਾਂ ਇਸ ਵਾਰ ਵਿਚ ਮਨੁੱਖ ਦੀ ਅਧਿਆਤਮਿਕ ਅਤੇ ਨੈਤਿਕ ਜੀਵਨ-ਜਾਚ ਉਤੇ ਝਾਤ ਪਾਈ ਗਈ ਹੈ।

**ਸਾਰੰਗ ਰਾਗ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 159 ਚਉਪਦੇ, ਸੱਤ ਅਸ਼ਟਪਦੀਆਂ, ਇਕ ਛੰਤ ਅਤੇ ਇਕ ਵਾਰ ਮ.4 ਦਰਜ ਹੈ। ਭਗਤ-ਬਾਣੀ ਪ੍ਰਕਰਣ ਵਿਚ ਨੌਂ ਸ਼ਬਦ ਹਨ ਜਿਨ੍ਹਾਂ ਵਿਚੋਂ ਤਿੰਨ ਕਬੀਰ ਦੇ, ਤਿੰਨ ਨਾਮਦੇਵ ਦੇ, ਇਕ ਪਰਮਾਨੰਦ ਦਾ, ਇਕ ਤੁਕ ਸੂਰਦਾਸ ਦੀ ਅਤੇ ਉਸ ਨਾਲ ਇਕ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ।

*ਚਉਪਦੇ* ਪ੍ਰਕਰਣ ਦੇ ਕੁਲ 159 ਚਉਪਦਿਆਂ ਵਿਚੋਂ ਤਿੰਨ ਚਉਪਦੇ ਗੁਰੂ ਨਾਨਕ ਦੇਵ ਜੀ ਦੇ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਹਉਮੈ ਨੂੰ ਤਿਆਗ ਕੇ ਪਰਮਾਤਮਾ ਦੇ ਪ੍ਰੇਮ ਵਿਚ ਮਗਨ ਹੋਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਰਾਮਦਾਸ ਜੀ ਦੇ 13 ਚਉਪਦਿਆਂ ਵਿਚੋਂ ਸੱਤ ਦੁਪਦੇ, ਚਾਰ ਚਉਪਦੇ ਅਤੇ ਦੋ ਪੰਚਪਦੇ ਹਨ। ਗੁਰੂ ਜੀ ਦੀ ਸਥਾਪਨਾ ਹੈ ਕਿ ਸਾਧ-ਸੰਗਤ ਦੀ ਪ੍ਰਾਪਤੀ ਨਾਲ ਹਿਰਦਾ ਪਵਿੱਤਰ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਇਸ ਪ੍ਰਕਰਣ ਵਿਚ 139 ਚਉਪਦੇ ਹਨ, ਜਿਨ੍ਹਾਂ ਵਿਚੋਂ 122 ਦੁਪਦੇ, 16 ਚਉਪਦੇ ਅਤੇ ਇਕ ਪੰਚਪਦਾ ਹੈ। ਇਨ੍ਹਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ, ਜੀਵਾਤਮਾ, ਸੰਸਾਰ ਅਤੇ ਮੁਕਤੀ ਸੰਬੰਧੀ ਅਨੇਕ ਸਿੱਧਾਂਤਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਚਾਰ ਦੁਪਦਿਆਂ ਵਿਚ ਦਸਿਆ ਹੈ ਕਿ ਪਰਮਾਤਮਾ ਤੋਂ ਬਿਨਾ ਹੋਰ ਕੋਈ ਸੱਚਾ ਸਹਾਇਕ ਜਾਂ ਸੰਬੰਧੀ ਨਹੀਂ ਹੈ।

*ਅਸ਼ਟਪਦੀਆਂ* ਇਸ ਰਾਗ ਵਿਚ ਕੁਲ ਸੱਤ ਹਨ ਜਿਨ੍ਹਾਂ ਵਿਚੋਂ ਦੋ ਗੁਰੂ ਨਾਨਕ ਦੇਵ ਜੀ ਦੀਆਂ ਹਨ ਜਿਨ੍ਹਾਂ ਵਿਚ ਪਰਮਾਤਮਾ ਲਈ ਖਿਚ ਦੀ ਤੀਬਰਤਾ ਅਤੇ ਉਸ ਨਾਲ ਹੋਈ ਮਾਨਸਿਕ ਤਬਦੀਲੀ ਦਾ-ਚਿਤ੍ਰਣ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਆਪਣੀਆਂ ਤਿੰਨ ਅਸ਼ਟਪਦੀਆਂ ਵਿਚ ਪ੍ਰਭੂ ਦੇ ਨਾਮ ਵਿਚ ਲੀਨ ਹੋਣ ਦੀ ਪ੍ਰੇਰਣਾ ਦਿੱਤੀ ਹੈ। ਗੁਰੂ ਅਰਜਨ ਦੇਵ ਜੀ ਦੀਆਂ ਦੋ ਅਸ਼ਟਪਦੀਆਂ ਵਿਚੋਂ ਇਕ ਵਿਚ ਅੱਠ ਅਤੇ ਦੂਜੀ ਵਿਚ 12 ਪਦੀਆਂ ਹਨ। ਇਨ੍ਹਾਂ ਵਿਚ ਸੰਸਾਰਿਕ ਰਾਜੇ ਦੇ ਪ੍ਰਸੰਗ ਵਿਚ ਤੁਲਨਾਤਮਕ ਦ੍ਰਿਸ਼ਟੀ ਤੋਂ ਪ੍ਰਭੂ ਦੀ ਮਹਾਨਤਾ ਨੂੰ ਸਥਾਪਿਤ ਕੀਤਾ ਗਿਆ ਹੈ।

*ਛੰਤ* ਪ੍ਰਕਰਣ ਵਿਚ ਗੁਰੂ ਅਰਜਨ ਦੇਵ ਜੀ ਨੇ ਚਾਰ ਪਦਿਆਂ ਦੇ ਆਪਣੇ ਇਕ ਛੰਤ ਵਿਚ ਦਸਿਆ ਹੈ ਕਿ ਉਹ ਪਰਮਾਤਮਾ ਘਟ ਘਟ ਵਿਚ ਵਿਆਪਤ ਹੈ।

ਇਸ ਤੋਂ ਬਾਦ 'ਸਾਰੰਗ ਕੀ ਵਾਰ ਮਹਲਾ 4' (ਵੇਖੋ) ਦਰਜ ਹੈ।

*ਭਗਤ-ਬਾਣੀ* ਪ੍ਰਕਰਣ ਦੇ ਕੁਲ ਨੌਂ ਸ਼ਬਦਾਂ ਵਿਚੋਂ ਤਿੰਨ ਸੰਤ ਕਬੀਰ ਦੇ ਹਨ ਜਿਨ੍ਹਾਂ ਵਿਚ ਦਸਿਆ ਗਿਆ ਹੈ ਕਿ ਸੰਸਾਰਿਕ ਧਨ-ਸੰਪਤੀ ਅਤੇ ਸਾਕ-ਸੰਬੰਧੀ ਨਾਸ਼ਮਾਨ ਹਨ, ਇਸ ਲਈ ਇਨ੍ਹਾਂ ਵਿਚ ਮੋਹ ਪਾਉਣਾ ਜਾਂ ਗਰਬ ਕਰਨਾ ਵਿਅਰਥ ਹੈ। ਨਾਮਦੇਵ ਜੀ ਨੇ ਆਪਣੇ ਤਿੰਨ ਸ਼ਬਦਾਂ ਵਿਚ ਉਪਦੇਸ਼ ਦਿੱਤਾ ਹੈ ਕਿ ਮੋਹ-ਮਾਇਆ ਵਿਚ ਫਸਣ ਨਾਲ ਕੋਈ ਪ੍ਰਾਪਤੀ ਨਹੀਂ ਹੁੰਦੀ। ਭਗਤ ਪਰਮਾਨੰਦ ਨੇ ਆਪਣੇ ਇਕ ਸ਼ਬਦ ਵਿਚ ਪਾਪਮਈ ਜੀਵਨ ਦੀ ਥਾਂ ਸਾਧ-ਸੰਗਤ ਵਿਚ ਹਰਿ-ਜਸ ਸੁਣਨ ਨੂੰ ਤਰਜੀਹ ਦਿੱਤੀ ਹੈ। ਸੂਰਦਾਸ ਦੀ ਇਥੇ ਕੇਵਲ ਇਕ ਤੁਕ ਲਿਖੀ ਹੈ — *ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।* ਇਸ ਨੂੰ ਭਾਵੇਂ ਕੋਈ ਅੰਕ ਨਹੀਂ ਦਿੱਤਾ ਹੋਇਆ, ਪਰ ਸਮੁੱਚੀ ਗਿਣਤੀ ਅਨੁਸਾਰ ਇਸ ਨੂੰ ਇਕ ਸ਼ਬਦ ਮੰਨਿਆ ਗਿਆ ਹੈ। ਹਰਿ ਦੇ ਸੰਗ ਦੇ ਮਹੱਤਵ ਨੂੰ ਸਪੱਸ਼ਟ ਕਰਨ ਲਈ ਗੁਰੂ ਅਰਜਨ ਦੇਵ ਨੇ ਸੂਰਦਾਸ ਨੂੰ ਸੰਬੋਧਿਤ ਆਪਣਾ ਇਕ ਸ਼ਬਦ ਇਥੇ ਦਰਜ ਕੀਤਾ ਹੈ।

**ਸਾਲਸ ਰਾਇ ਜੌਹਰੀ :** ਪੱਛਮੀ ਬੰਗਾਲ ਦੇ ਬਾਂਕੁਰਾ ਜ਼ਿਲ੍ਹੇ ਦੇ ਬਿਸੰਭਰਪੁਰ (ਵਰਤਮਾਨ ਨਾਂ ਬਿਸ਼ਨੂਪੁਰ) ਨਗਰ ਦਾ ਇਕ ਜੌਹਰੀ (ਸਰਾਫ਼), ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ। 'ਬਾਲਾ ਜਨਮਸਾਖੀ' ਅਨੁਸਾਰ ਜਦੋਂ ਗੁਰੂ ਜੀ ਮਰਦਾਨੇ ਸਹਿਤ ਉਸ ਨਗਰ ਪਾਸ ਪਹੁੰਚੇ ਤਾਂ ਮਰਦਾਨੇ ਨੂੰ ਭੁਖ ਨੇ

ਆਣ ਸਤਾਇਆ। ਗੁਰੂ ਜੀ ਨੇ ਜੰਗਲ ਵਿਚੋਂ ਚੁਕਿਆ ਇਕ ਨਿੱਕਾ ਜਿਹਾ ਪੱਥਰ ਮਰਦਾਨੇ ਨੂੰ ਦਿੰਦਿਆਂ ਕਿਹਾ ਕਿ ਇਸ ਨੂੰ ਲੈ ਕੇ ਨਗਰ ਵਿਚ ਜਾ ਅਤੇ ਵੇਚ ਕੇ ਜੋ ਚੰਗਾ ਲਗੇ, ਖ਼ਰੀਦ ਲਈਂ। ਉਹ ਦੁਕਾਨ ਦੁਕਾਨ ਫਿਰਿਆ, ਪਰ ਸਭ ਨੇ ਉਸ ਪੱਥਰ ਨੂੰ ਵਿਅਰਥ ਕਹਿ ਕੇ ਲੈਣੋਂ ਨਾਂਹ ਕਰ ਦਿੱਤੀ। ਅੰਤ ਵਿਚ ਉਹ ਸਾਲਸ ਰਾਇ ਜੌਹਰੀ ਦੀ ਦੁਕਾਨ ਉਤੇ ਗਿਆ। ਜੌਹਰੀ ਨੇ ਪੱਥਰ ਨੂੰ ਵਡਮੁੱਲਾ ਸਮਝ ਕੇ ਮਰਦਾਨੇ ਨੂੰ ਉਸ ਦੇ ਮਾਲਕ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਸਾਲਸ ਰਾਇ ਨੇ ਆਪਣੇ ਨੌਕਰ ਅੱਧਰਖੇ ਨੂੰ ਭੇਂਟ ਕਰਨ ਲਈ ਤੋਹਫ਼ੇ ਅਤੇ ਫਲ ਚੁਕ ਕੇ ਨਾਲ ਚਲਣ ਲਈ ਕਿਹਾ। ਦੋਵੇਂ ਮਰਦਾਨੇ ਸਹਿਤ ਗੁਰੂ ਜੀ ਪਾਸ ਪਹੁੰਚੇ ਅਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਦ ਬਹੁਤ ਪ੍ਰਭਾਵਿਤ ਹੋਏ। ਉਹ ਦੋਵੇਂ ਗੁਰੂ ਜੀ ਦੇ ਸਿੱਖ ਬਣੇ। ਗੁਰੂ ਜੀ ਨੇ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਇਕ 'ਸੰਗਤ' ਦੀ ਜ਼ਿੰਮੇਵਾਰੀ ਸੌਂਪੀ।

**ਸਾਲ੍ਹੋ, ਭਾਈ** (ਮ. 1628 ਈ.): ਗੁਰੂ ਅਰਜਨ ਦੇਵ ਜੀ ਦਾ ਇਕ ਉਦਮੀ ਸਿੱਖ, ਜੋ ਸਿੱਖ ਇਤਿਹਾਸ ਅਨੁਸਾਰ ਅੰਮ੍ਰਿਤਸਰ ਨਗਰ ਦੇ ਵਿਕਾਸ ਵਿਚ ਬਹੁਤ ਸਹਾਇਕ ਹੋਇਆ। ਇਸ ਨੇ ਲੋਕਾਂ ਨੂੰ ਦੂਰੋਂ ਦੂਰੋਂ ਨਿਮੰਤਰਿਤ ਕਰਕੇ ਅੰਮ੍ਰਿਤਸਰ ਵਿਚ ਆਬਾਦ ਹੋਣ ਲਈ ਪ੍ਰੇਰਿਤ ਕੀਤਾ। ਹਰਿਮੰਦਿਰ ਸਾਹਿਬ ਦੀ ਉਸਾਰੀ ਅਤੇ ਸਰੋਵਰ ਦੀ ਖੁਦਾਈ ਵੇਲੇ ਇਸ ਨੇ ਸ਼ਲਾਘਾਯੋਗ ਕੰਮ ਕੀਤਾ। ਇਸ ਤੋਂ ਇਲਾਵਾ ਸ਼ਰਧਾਲੂਆਂ ਵਲੋਂ ਪ੍ਰਾਪਤ ਹੋਈ ਚੜ੍ਹਤ ਦਾ ਇਹ ਪੂਰਾ ਪੂਰਾ ਹਿਸਾਬ ਰਖਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਵਿਆਹ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਬਰਾਤੀਆਂ ਵਿਚ ਸ਼ਾਮਲ ਕੀਤਾ ਸੀ। ਸੰਨ 1606 ਈ. ਵਿਚ ਗੁਰੂ ਅਰਜਨ ਦੇਵ ਜੀ ਦੇ ਮਹਾ-ਬਲਿਦਾਨ ਤੋਂ ਬਾਦ ਇਹ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਵਿਚ ਰਿਹਾ। ਸੰਨ 1628 ਈ. ਵਿਚ ਇਸ ਦੇ ਦੇਹਾਂਤ ਦੀਆਂ ਸਾਰੀਆਂ ਰਸਮਾਂ ਛੇਵੇਂ ਗੁਰੂ ਜੀ ਨੇ ਖ਼ੁਦ ਪੂਰੀਆਂ ਕੀਤੀਆਂ। ਅੰਮ੍ਰਿਤਸਰ ਵਿਚ ਇਸ ਦੀ ਯਾਦ ਵਿਚ 'ਧਰਮਸ਼ਾਲਾ ਭਾਈ ਸਾਲ੍ਹੋ ਜੀ' ਦੀ ਸਥਾਪਨਾ ਕੀਤੀ ਗਈ। ਧਰਮਸ਼ਾਲਾ ਦੇ ਨੇੜੇ ਹੀ ਇਸ ਦੀ ਸਮਾਧ ਹੈ।

**ਸਾਵਣ ਮੱਲ, ਭਾਈ :** ਗੁਰੂ ਅਮਰਦਾਸ ਜੀ ਦਾ ਭਤੀਜਾ ਜੋ ਇਮਾਰਤੀ ਲਕੜੀ ਦੇ ਵਪਾਰ ਵਿਚ ਰੁਚੀ ਰਖਦਾ ਸੀ। ਗੁਰੂ ਜੀ ਦੇ ਖਡੂਰ ਤੋਂ ਗੋਇੰਦਵਾਲ ਵਿਚ ਆ ਵਸਣ ਕਰਕੇ ਆਪ ਦੇ ਬਹੁਤ ਸਾਰੇ ਅਨੁਯਾਈ ਵੀ ਉਥੇ ਰਹਿਣ ਲਈ ਆ ਗਏ। ਉਨ੍ਹਾਂ ਦੇ ਨਿਵਾਸ ਲਈ ਨਵੇਂ ਮਕਾਨ ਬਣਵਾਉਣ ਦੀ ਲੋੜ ਪੈਣ 'ਤੇ ਭਾਈ ਸਾਵਣ ਮੱਲ ਨੂੰ ਹਿਮਾਚਲ ਪ੍ਰਦੇਸ਼ ਦੇ ਹਰੀਪੁਰ ਨਗਰ ਤੋਂ ਲਕੜੀ ਖ਼ਰੀਦ ਲਿਆਉਣ ਲਈ ਭੇਜਿਆ ਗਿਆ। ਇਸ ਦੇ ਧਰਮਾਚਾਰ ਤੋਂ ਉਥੋਂ ਦਾ ਰਾਜਾ ਬਹੁਤ ਪ੍ਰਭਾਵਿਤ ਹੋਇਆ ਅਤੇ ਇਸ ਨੂੰ ਆਪਣੇ ਮਹਿਮਾਨ ਵਜੋਂ ਸਤਿਕਾਰ ਦਿੱਤਾ। ਆਪਣਾ ਕੰਮ ਖ਼ਤਮ ਕਰਨ ਤੋਂ ਬਾਦ ਜਦ ਭਾਈ ਸਾਵਣ ਮੱਲ ਰਾਜੇ ਤੋਂ ਵਿਦਾਇਗੀ ਲੈਣ ਗਿਆ ਤਾਂ ਰਾਜੇ ਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਉਹ ਭਾਈ ਸਾਵਣ ਮੱਲ ਦੇ ਨਾਲ ਹੀ ਆਪਣੀਆਂ ਰਾਣੀਆਂ ਅਤੇ ਦਰਬਾਰੀਆਂ ਸਹਿਤ ਗੋਇੰਦਵਾਲ ਨੂੰ ਚਲ ਪਿਆ। ਉਸ ਨੇ ਸ਼ਾਹੀ ਮਰਯਾਦਾ ਨੂੰ ਛਡ ਕੇ ਪੰਗਤ ਵਿਚ ਲੰਗਰ ਛਕਿਆ ਅਤੇ ਗੁਰੂ ਜੀ ਤੋਂ ਸਿੱਖੀ ਧਾਰਣ ਕੀਤੀ। ਜਦੋਂ ਰਾਜਾ ਪਰਤਣ ਲਗਿਆ ਤਾਂ ਗੁਰੂ ਜੀ ਨੇ ਭਾਈ ਸਾਵਣ ਮੱਲ ਨੂੰ ਮੰਜੀ ਬਖ਼ਸ਼ ਕੇ ਨਾਲ ਭੇਜਿਆ ਕਿ ਉਥੇ ਜਾ ਕੇ ਸਿੱਖੀ ਦਾ ਪ੍ਰਚਾਰ ਕਰੇ। ਇਸ ਨੂੰ ਆਮ ਤੌਰ 'ਤੇ 'ਬਾਬਾ ਸਾਉਣ' ਕਹਿ ਕੇ ਸੰਬੋਧਨ ਕਰਦੇ ਸਨ।

**ਸਿਆਣਾ ਸੈਯਦਾਂ** (ਪਿੰਡ) : ਹਰਿਆਣਾ ਪ੍ਰਾਂਤ ਦੇ ਕੁਰੁਕ੍ਸ਼ੇਤ੍ਰ ਜ਼ਿਲ੍ਹੇ ਦਾ ਇਕ ਪਿੰਡ ਜੋ ਪਹੋਵਾ ਦੇ ਨੇੜੇ ਸਥਿਤ ਹੈ। ਇਸ ਪਿੰਡ ਵਿਚ ਭੀਖਮ ਸ਼ਾਹ (ਵੇਖੋ) ਦਾ ਜਨਮ ਹੋਇਆ ਦਸਿਆ ਜਾਂਦਾ ਹੈ। ਇਸ ਪਿੰਡ ਵਿਚ ਦੋ ਗੁਰੂ-ਧਾਮ ਹਨ।

ਇਕ, 'ਗੁਰਦੁਆਰਾ ਦਮਦਮਾ ਸਾਹਿਬ' ਜਿਥੇ ਗੁਰੂ ਗੋਬਿੰਦ ਸਿੰਘ ਜੀ ਸੰਨ 1702 ਈ. ਵਿਚ ਪਹੋਵਾ ਜਾਂਦੇ ਹੋਇਆਂ ਇਕ ਰਾਤ ਰੁਕੇ ਸਨ। ਇਸ ਗੁਰਦੁਆਰੇ ਦੀ ਵਰਤਮਾਨ ਸੁੰਦਰ ਇਮਾਰਤ ਨੂੰ ਸੰਨ 1960-70 ਈ. ਵਿਚਾਲੇ ਬਾਬਾ ਜੀਵਨ ਸਿੰਘ ਕਾਰ-ਸੇਵਾ ਵਾਲੇ ਨੇ ਬਣਵਾਇਆ ਸੀ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ ਜੋ ਇਸ ਦੀ ਵਿਵਸਥਾ ਪਹੋਵਾ ਵਾਲੇ ਗੁਰਦੁਆਰਾ ਬਾਉਲੀ ਸਾਹਿਬ ਦੀ ਕਮੇਟੀ ਦੁਆਰਾ ਕਰਵਾਉਂਦੀ ਹੈ। ਕਹਿੰਦੇ ਹਨ ਕਿ ਇਸ ਪਿੰਡ ਤੇ ਪਹਿਲਾਂ ਗੁਰੂ ਤੇਗ ਬਹਾਦਰ ਜੀ ਵੀ ਆਏ ਸਨ, ਪਰ ਉਨ੍ਹਾਂ ਦੀ ਆਮਦ ਸੰਬੰਧੀ ਕੋਈ ਸਮਾਰਕ ਬਣਿਆ ਹੋਇਆ ਨਹੀਂ ਹੈ।

ਦੂਜਾ, 'ਗੁਰਦੁਆਰਾ ਜੋੜਾ ਸਾਹਿਬ' ਪਿੰਡ ਦੇ

ਅੰਦਰ ਉਸ ਥਾਂ 'ਤੇ ਬਣਿਆ ਹੋਇਆ ਹੈ ਜਿਥੇ ਭਾਈ ਝੰਡਾ ਤਰਖਾਣ ਰਹਿੰਦਾ ਸੀ। ਆਪਣੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਇਸ ਪਿੰਡ ਵਿਚ ਆਏ ਸਨ। ਉਨ੍ਹਾਂ ਪ੍ਰਤਿ ਸ਼ਰਧਾ ਦੀ ਭਾਵਨਾ ਪ੍ਰਗਟ ਕਰਦਿਆਂ ਭਾਈ ਝੰਡਾ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ ਅਤੇ ਗੁਰੂ ਜੀ ਨੂੰ ਖੜਾਵਾਂ ਦਾ ਇਕ ਜੋੜਾ ਪੇਸ਼ ਕੀਤਾ। ਗੁਰੂ ਜੀ ਨੇ ਉਸ ਨੂੰ ਪ੍ਰਵਾਨ ਕਰਦਿਆਂ ਆਪਣੀਆਂ ਜੁੱਤੀਆਂ ਦਾ ਜੋੜਾ ਉਥੇ ਛਡ ਦਿੱਤਾ। ਉਹ ਜੋੜਾ ਹੁਣ ਸ਼ੀਸ਼ੇ ਦੀ ਸੰਦੂਕਚੀ ਵਿਚ ਸੰਭਾਲਿਆ ਹੋਇਆ ਗੁਰਦੁਆਰੇ ਵਿਚ ਪਿਆ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਸੰਗਤ ਕਰਦੀ ਹੈ।

**ਸ਼ਿਆਮ ਸਿੰਘ ਸੋਢੀ** (ਜ. 1662 ਈ.) : ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਪੁੱਤਰ ਸੂਰਜ ਮੱਲ ਦਾ ਪੋਤਰਾ ਅਤੇ ਦੀਪ ਚੰਦ ਦਾ ਬੇਟਾ ਸੀ ਜੋ ਆਪਣੇ ਵੱਡੇ ਭਰਾ ਗੁਲਾਬ ਰਾਇ (ਗੁਲਾਬ ਸਿੰਘ) ਸਹਿਤ ਗੁਰੂ ਗੋਬਿੰਦ ਸਿੰਘ ਜੀ ਪਾਸ ਰਹਿੰਦਾ ਸੀ। ਇਸ ਦਾ ਪਹਿਲਾ ਨਾਂ ਸ਼ਿਆਮ ਚੰਦ ਸੀ। ਇਨ੍ਹਾਂ ਦੋਹਾਂ ਨੇ ਗੁਰੂ ਜੀ ਤੋਂ ਅੰਮ੍ਰਿਤਪਾਨ ਕੀਤਾ। ਜਦੋਂ ਗੁਰੂ ਜੀ ਨੇ ਆਨੰਦਪੁਰ ਛਡਿਆ ਤਾਂ ਇਨ੍ਹਾਂ ਦੋਹਾਂ ਭਰਾਵਾਂ ਨੂੰ ਪਿਛੇ ਰਹਿਣ ਲਈ ਕਿਹਾ ਅਤੇ ਨਾਹਨ ਦੇ ਰਾਜੇ ਪ੍ਰਤਿ ਇਕ ਪੱਤਰ ਵੀ ਦਿੱਤਾ ਤਾਂ ਜੋ ਸੰਕਟ ਦੀ ਘੜੀ ਵਿਚ ਇਹ ਉਸ ਪਾਸ ਸ਼ਰਣ ਲੈ ਸਕਣ। ਇਹ ਆਪਣੇ ਭਰਾ ਸਹਿਤ ਨਾਹਨ ਚਲਾ ਗਿਆ ਅਤੇ ਸਥਿਤੀ ਦੇ ਸੁਧਰਨ ਤੋਂ ਬਾਦ ਬਿਲਾਸਪੁਰ ਦੇ ਰਾਜੇ ਪਾਸੋਂ ਆਨੰਦਪੁਰ ਨਗਰ ਖ਼ਰੀਦ ਕੇ ਉਥੇ ਰਹਿਣ ਲਗਾ। ਆਨੰਦਪੁਰ ਦੇ ਸੋਢੀ ਇਸੇ ਦੀ ਬੰਸ ਵਿਚੋਂ ਹਨ ਅਤੇ 'ਵੱਡੇ ਮੇਲ' ਵਾਲੇ ਸੋਢੀ ਅਖਵਾਉਂਦੇ ਹਨ।

**ਸਿਆਲਕੋਟ** (ਨਗਰ) : ਪੱਛਮੀ ਪੰਜਾਬ ਦਾ ਇਕ ਪੁਰਾਤਨ ਨਗਰ ਜਿਸ ਦਾ ਪਿਛੋਕੜ ਰਾਜਾ ਸ਼ਾਲਿਵਾਹਨ ਨਾਲ ਜੋੜਿਆ ਜਾਂਦਾ ਹੈ। ਜਨਮਸਾਖੀ ਸਾਹਿਤ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਇਸ ਨਗਰ ਵਿਚ ਦੋ ਵਾਰ ਆਏ। ਪਹਿਲੀ ਵਾਰ ਗੁਰੂ ਜੀ ਨਗਰ ਦੇ ਦੱਖਣ-ਪੂਰਬ ਵਲ ਇਕ ਬੇਰ ਹੇਠਾਂ ਬੈਠੇ ਅਤੇ ਇਕ ਸੂਫ਼ੀ ਫ਼ਕੀਰ ਹਮਜ਼ਾ ਗ਼ੌਸ ਦੇ ਪ੍ਰਕੋਪ ਤੋਂ ਨਗਰ ਨੂੰ ਬਚਾਉਣ ਲਈ ਸਚ ਅਤੇ ਝੂਠ ਦਾ ਨਿਤਾਰਾ ਕੀਤਾ। ਭਾਈ ਮਰਦਾਨੇ ਨੂੰ ਨਗਰ ਵਿਚ ਇਕ ਟੱਕਾ ਦੇ ਕੇ ਭੇਜਿਆ ਕਿ ਇਕ ਪੈਸੇ ਦਾ ਝੂਠ ਅਤੇ ਇਕ ਪੈਸੇ ਦਾ ਸਚ ਖ਼ਰੀਦ ਕੇ ਲਿਆਵੇ। ਭਾਈ ਮਰਦਾਨਾ ਮੂਲਾ ਨਾਂ ਦੇ ਇਕ ਦੁਕਾਨਦਾਰ ਕੋਲ ਗਿਆ। ਉਸ ਨੇ ਕਾਗਜ਼ ਉਤੇ ਲਿਖ ਦਿੱਤਾ ਕਿ ਜੀਣਾ ਝੂਠ ਅਤੇ ਮਰਨਾ ਸਚ ਹੈ। ਇਸ ਉਤਰ ਨਾਲ ਫ਼ਕੀਰ ਦੀ ਤਸੱਲੀ ਹੋ ਗਈ ਅਤੇ ਉਸ ਨੇ 'ਚਲੀਸਾ' ਛਡ ਦਿੱਤਾ। ਮੂਲਾ ਗੁਰੂ ਜੀ ਨੂੰ ਮਿਲਿਆ ਅਤੇ ਬਹੁਤ ਅਧਿਕ ਪ੍ਰਭਾਵਿਤ ਹੋਇਆ। ਉਹ ਕੁਝ ਸਮਾਂ ਗੁਰੂ ਜੀ ਨਾਲ ਧਰਮ-ਪ੍ਰਚਾਰ ਲਈ ਵੀ ਰਿਹਾ।

ਦੂਜੀ ਵਾਰ ਜਦੋਂ ਗੁਰੂ ਜੀ ਉਸ ਦੇ ਘਰ ਗਏ ਤਾਂ ਉਹ ਮਿਲਣੋਂ ਟਲ ਗਿਆ ਅਤੇ ਇਕ ਕੋਠੜੀ ਵਿਚ ਲੁਕ ਗਿਆ। ਉਥੇ ਸੱਪ ਲੜਨ ਨਾਲ ਉਸ ਦੀ ਮ੍ਰਿਤੂ ਹੋ ਗਈ। ਉਸ ਪਰਥਾਇ ਗੁਰੂ ਜੀ ਨੇ ਇਕ ਸ਼ਬਦ ਉਚਾਰਿਆ— *ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ। ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।* (ਗੁ.ਗ੍ਰੰ.1412)। ਵੇਖੋ 'ਮੂਲਾ, ਕਿਰਾੜ'।

ਸਿਆਲਕੋਟ ਵਿਚ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਜੋਂ ਦੋ ਗੁਰੂ-ਧਾਮ ਬਣੇ ਹੋਏ ਹਨ। ਇਕ ਹੈ 'ਗੁਰਦੁਆਰਾ ਬਾਬੇ ਦੀ ਬੇਰ'। ਇਸ ਗੁਰਦੁਆਰੇ ਨੂੰ ਮਹੰਤ ਦੇ ਅਧਿਕਾਰ ਤੋਂ ਮੁਕਤ ਕਰਾਉਣ ਲਈ 'ਖ਼ਾਲਸਾ ਸੇਵਕ ਜੱਥਾ' ਦੀ ਸਥਾਪਨਾ ਹੋਈ ਅਤੇ 5 ਅਕਤੂਬਰ 1920 ਈ. ਨੂੰ ਗੁਰਦੁਆਰਾ ਆਜ਼ਾਦ ਕਰਾ ਲਿਆ ਗਿਆ। ਇਸ ਮੋਰਚੇ ਤੋਂ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਉਦਘਾਟਨ ਹੋਇਆ। ਦੂਜਾ ਗੁਰੂ-ਧਾਮ 'ਗੁਰਦੁਆਰਾ ਬਾਉਲੀ ਸਾਹਿਬ' ਹੈ ਜੋ ਮੂਲੇ ਕਿਰਾੜ ਦੇ ਘਰ ਵਾਲੀ ਥਾਂ ਉਤੇ ਉਸਰਿਆ ਹੋਇਆ ਹੈ ਅਤੇ ਸੁੰਦਰ ਬਾਉਲੀ ਬਣੀ ਹੋਈ ਹੈ।

ਉਪਰੋਕਤ ਦੋਵੇਂ ਗੁਰੂ-ਧਾਮ ਦੇਸ਼ ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਏ ਹਨ।

**ਸ਼ਿਆੜ੍** (ਪਿੰਡ) : ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਮੰਡੀ ਅਹਿਮਦਗੜ੍ਹ ਦੇ ਦੱਖਣ-ਪੂਰਬ ਵਿਚ 15 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਸ ਵਿਚ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਰਾੜਾ ਪਿੰਡ ਤੋਂ ਜਗੇੜਾ ਪਿੰਡ ਵਲ ਜਾ ਰਹੇ ਸਨ ਕਿ ਰਸਤੇ ਵਿਚ ਉਨ੍ਹਾਂ ਦਾ ਘੋੜਾ ਬਹੁਤ ਬੀਮਾਰ ਹੋ ਗਿਆ। ਗੁਰੂ ਜੀ ਪਿੰਡ ਦੇ ਨੇੜੇ ਇਕ ਝੰਗੀ ਵਿਚ ਰੁਕ ਗਏ। ਘੋੜਾ ਤੁਰਤ ਦਮ ਤੋੜ ਗਿਆ। ਗੁਰੂ ਜੀ ਨੇ ਉਸ ਉਤੇ ਇਕ ਕੀਮਤੀ ਕਫ਼ਨ ਪਾ ਕੇ ਉਥੇ ਹੀ ਦਬਾ ਦਿੱਤਾ। ਇਸ ਪਿੰਡ ਦੇ

ਦੋ ਲੋਭੀ ਵਿਅਕਤੀਆਂ ਨੇ ਘੋੜੇ ਦੀ ਕਬਰ ਪੁਟ ਕੇ ਕਫ਼ਨ ਕਢ ਲਿਆ। ਕਹਿੰਦੇ ਹਨ, ਉਨ੍ਹਾਂ ਉਤੇ ਰੱਬੀ ਕਹਿਰ ਆ ਪਿਆ। ਪਿੰਡ ਦੇ ਲੋਕਾਂ ਨੂੰ ਗੁਰੂ ਜੀ ਦੀ ਮਹਾਨਤਾ ਦਾ ਅਹਿਸਾਸ ਹੋਇਆ ਅਤੇ ਸਤਿਕਾਰ ਵਜੋਂ ਉਸ ਥਾਂ ਉਤੇ ਇਕ ਥੜਾ ਬਣਾਇਆ ਜਿਥੇ ਗੁਰੂ ਸਾਹਿਬ ਬੈਠੇ ਸਨ। ਸੰਨ 1918 ਈ. ਵਿਚ ਭਾਈ ਟਹਿਲ ਸਿੰਘ ਨੇ ਉਸ ਥਾਂ ਉਤੇ ਗੁਰਦੁਆਰਾ ਉਸਰਵਾਇਆ। ਇਹ ਗੁਰਦੁਆਰਾ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ-ਦਿਨ ਬੜੇ ਉਚੇਚ ਨਾਲ ਮਨਾਇਆ ਜਾਂਦਾ ਹੈ।

**ਸਿਕਲੀਗਰ ਸਿੱਖ** : 'ਸਿਕਲੀਗਰ' ਸ਼ਬਦ ਫ਼ਾਰਸੀ ਦੇ 'ਸਿਕਲਗਰ' ਸ਼ਬਦ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਹੈ— ਸਾਫ਼ ਕਰਨ ਵਾਲਾ, ਜ਼ੰਗ ਉਤਾਰਨ ਵਾਲਾ। ਮੱਧ-ਯੁਗ ਵਿਚ ਤਲਵਾਰਾਂ, ਬਰਛਿਆਂ, ਤੀਰਾਂ, ਢਾਲਾਂ ਆਦਿ ਤੋਂ ਜ਼ੰਗ ਉਤਾਰ ਕੇ ਉਨ੍ਹਾਂ ਨੂੰ ਲਿਸ਼ਕਾਉਣ ਦਾ ਇਕ ਵਿਸ਼ੇਸ਼ ਕਿੱਤਾ ਵਿਕਸਿਤ ਹੋ ਗਿਆ ਸੀ ਅਤੇ ਇਸ ਕਿੱਤੇ ਦੇ ਕਰਮੀਆਂ ਨੂੰ 'ਸਿਕਲੀਗਰ' ਕਿਹਾ ਜਾਣ ਲਗਾ। ਇਨ੍ਹਾਂ ਨੂੰ 'ਲੋਹਾਰ' ਜਾਂ 'ਗਾਡੀ ਲੋਹਾਰ' ਵੀ ਕਿਹਾ ਜਾਂਦਾ ਸੀ।

ਸਿੱਖ ਧਰਮ ਦੇ ਸੰਪਰਕ ਵਿਚ ਇਹ ਉਦੋਂ ਆਏ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਹਥਿਆਰ-ਬੰਦ ਕਰਨਾ ਸ਼ੁਰੂ ਕੀਤਾ, ਕਿਉਂਕਿ ਹਥਿਆਰਾਂ ਨੂੰ ਸਾਫ਼ ਕਰਨ ਲਈ ਇਨ੍ਹਾਂ ਦੀ ਲੋੜ ਪੈਂਦੀ ਸੀ। ਛੇਵੇਂ ਗੁਰੂ ਤੋਂ ਬਾਦ ਇਨ੍ਹਾਂ ਦਾ ਸੰਬੰਧ ਸਿੱਖਾਂ ਨਾਲ ਦਿਨੋ-ਦਿਨ ਵਧਦਾ ਗਿਆ। ਸਿੱਖਾਂ ਦੇ ਅਧਿਕ ਸੰਪਰਕ ਵਿਚ ਰਹਿਣ ਕਾਰਣ ਇਨ੍ਹਾਂ ਵਿਚੋਂ ਵੀ ਕਈ ਸਿੱਖ ਬਣਦੇ ਗਏ। ਸਿੱਖਾਂ ਵਲੋਂ ਕੀਤੇ ਧਰਮ-ਯੁੱਧਾਂ ਵਿਚ ਇਨ੍ਹਾਂ ਨੇ ਬੜੇ ਉਤਸਾਹ ਨਾਲ ਹਿੱਸਾ ਲਿਆ ਅਤੇ ਆਪਣੀ ਯੁੱਧ-ਕਲਾ ਦਾ ਪ੍ਰਦਰਸ਼ਨ ਕੀਤਾ। ਪਰ ਵਿਵਸਥਿਤ ਪ੍ਰਚਾਰ ਦੀ ਘਾਟ ਕਰਕੇ ਇਨ੍ਹਾਂ ਵਿਚ ਸਿੱਖ ਧਰਮ ਦੀ ਮਰਯਾਦਾ ਸਹੀ ਰੂਪ ਵਿਚ ਪ੍ਰਚਲਿਤ ਨ ਕੀਤੀ ਜਾ ਸਕੀ। ਨਵੇਂ ਹਥਿਆਰਾਂ ਦੇ ਪ੍ਰਚਲਿਤ ਹੋ ਜਾਣ ਨਾਲ ਇਨ੍ਹਾਂ ਦਾ ਮੂਲ ਕਿੱਤਾ ਪਿਛੇ ਪੈ ਗਿਆ। ਹੁਣ ਇਹ ਚਾਕੂ, ਤਾਲੇ, ਛੁਰੀਆਂ, ਦਾਤੀਆਂ, ਛਾਣਨੀਆਂ, ਬਾਲਟੀਆਂ ਆਦਿ ਬਣਾ ਕੇ ਆਪਣੀ ਰੋਜ਼ੀ ਕਮਾਉਂਦੇ ਹਨ ਅਤੇ ਪੰਜਾਬ ਤੇ ਦਿੱਲੀ ਵਿਚ ਨਿੱਕੀਆਂ ਨਿੱਕੀਆਂ ਬਸਤੀਆਂ ਵਿਚ ਰਹਿੰਦੇ ਹਨ। ਮੱਧ ਭਾਰਤ ਅਤੇ ਦੱਖਣ ਵਿਚ ਵਸਦੇ ਸਿੱਖ ਸਿਕਲੀਗਰਾਂ ਦੇ ਮਨ ਵਿਚ ਸਚਖੰਡ ਹਜ਼ੂਰ ਸਾਹਿਬ ਗੁਰੂ-ਧਾਮ ਪ੍ਰਤਿ ਅਥਾਹ ਸਤਿਕਾਰ ਹੈ। ਉਥੇ ਸੁਰਖਿਅਤ ਹਥਿਆਰਾਂ ਨੂੰ ਹਰ ਸਾਲ ਸਾਫ਼ ਕਰਨ ਅਤੇ ਲਿਸ਼ਕਾਉਣ ਵਿਚ ਇਹ ਆਪਣਾ ਗੌਰਵ ਸਮਝਦੇ ਹਨ।

**ਸਿਕੰਦਰਾ** (ਕਸਬਾ) : ਉਤਰ ਪ੍ਰਦੇਸ਼ ਵਿਚ ਆਗਰਾ ਨਗਰ ਤੋਂ ਅੱਠ ਕਿ.ਮੀ. ਉੱਤਰ ਵਲ ਵਸੇ ਸਿਕੰਦਰਾ ਨਾਂ ਦੇ ਕਸਬੇ ਤੋਂ ਦੋ ਕਿ.ਮੀ. ਦੀ ਵਿਥ ਉਤੇ ਬਣਿਆ ਇਕ ਗੁਰੂ-ਧਾਮ, ਜਿਸ ਦਾ ਪੂਰਾ ਨਾਂ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਦੂਖ ਨਿਵਾਰਨ ਗੁਰੂ ਕਾ ਤਾਲ' ਹੈ, ਪਰ ਆਮ ਕਰਕੇ 'ਗੁਰਦੁਆਰਾ ਗੁਰੂ ਕਾ ਤਾਲ' ਦੇ ਸੰਖਿਪਤ ਨਾਂ ਨਾਲ ਪ੍ਰਸਿੱਧ ਹੈ।

ਸਿੱਖ ਇਤਿਹਾਸ ਅਨੁਸਾਰ ਇਥੇ ਹਸਨ ਅਲੀ ਨਾਂ ਦਾ ਇਕ ਆਜੜੀ ਰਹਿੰਦਾ ਸੀ। ਉਸ ਦੀਆਂ ਦੋ ਜਵਾਨ ਲੜਕੀਆਂ ਸਨ ਜਿਨ੍ਹਾਂ ਦੇ ਵਿਆਹ ਲਈ ਉਸ ਪਾਸ ਧਨ ਨਹੀਂ ਸੀ। ਉਸ ਨੇ ਸੁਣਿਆ ਕਿ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਨੂੰ ਚੰਗਾ ਚੋਖਾ ਇਨਾਮ ਦਿੱਤਾ ਜਾਏਗਾ। ਉਸ ਨੇ ਰੱਬ ਅਗੇ ਪ੍ਰਾਰਥਨਾ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਪਕੜਾਉਣ ਲਈ ਉਸ ਦੀ ਆਸ ਪੂਰੀ ਕਰੇ। ਗੁਰੂ ਜੀ ਉਨ੍ਹਾਂ ਦਿਨਾਂ ਵਿਚ ਆਗਰੇ ਵਿਚ ਸਨ। ਉਹ ਉਸ ਥਾਂ ਉਤੇ ਆ ਕੇ ਘੋੜਿਓਂ ਉਤਰੇ ਜਿਥੇ ਹਸਨ ਅਲੀ ਇਜੜ ਚਰਾ ਰਿਹਾ ਸੀ। ਉਨ੍ਹਾਂ ਨੇ ਉਸ ਨੂੰ ਇਕ ਮੁੰਦਰੀ ਅਤੇ ਇਕ ਸ਼ਾਲ ਦਿੱਤੀ ਕਿ ਸ਼ਹਿਰੋਂ ਉਨ੍ਹਾਂ ਲਈ ਕੁਝ ਮਿਠਿਆਈ ਖ਼ਰੀਦ ਲਿਆਏ। ਮੁੰਦਰੀ ਅਤੇ ਸ਼ਾਲ ਨੂੰ ਵੇਖ ਕੇ ਹਲਵਾਈ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਕਿਥੇ ਇਹ ਸ਼ਾਲ ਅਤੇ ਮੁੰਦਰੀ ਅਤੇ ਕਿਥੇ ਇਹ ਆਜੜੀ। ਉਸ ਨੇ ਕੋਤਵਾਲੀ ਵਿਚ ਸੂਚਨਾ ਭੇਜੀ। ਫਲਸਰੂਪ ਗੁਰੂ ਜੀ ਪਕੜੇ ਗਏ। ਉਸ ਤੋਂ ਵਿਦਾ ਹੋਣ ਵੇਲੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਸਰਕਾਰ ਤੋਂ ਬਣਦਾ ਇਨਾਮ ਹਾਸਲ ਕਰ ਲਏ।

ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਥੇ ਇਕ ਸਮਾਰਕ ਬਣਾਇਆ ਗਿਆ, ਪਰ ਉਸ ਦੀ ਦੇਖ-ਭਾਲ ਨ ਹੋ ਸਕੀ। ਦੇਸ਼ ਵੰਡ ਤੋਂ ਬਾਦ ਜਦੋਂ ਸਿੱਖ ਲੋਗ ਆਗਰੇ ਵਲ ਆ ਵਸੇ ਤਾਂ ਉਨ੍ਹਾਂ ਨੇ ਇਸ ਗੁਰੂ-ਧਾਮ ਦੀ ਉਸਾਰੀ ਵਲ ਧਿਆਨ ਦਿੱਤਾ। ਹੁਣ ਉਥੇ ਸੰਤ ਸਾਧੂ ਸਿੰਘ ਮੌਨੀ ਨੇ ਇਕ ਸੁੰਦਰ ਇਮਾਰਤ ਬਣਵਾ ਦਿੱਤੀ ਹੈ। ਇਸ ਦੀ ਵਿਵਸਥਾ

ਸਥਾਨਕ ਕਮੇਟੀ ਕਰਦੀ ਹੈ।

**ਸਿੱਖ** : ਇਹ ਸ਼ਬਦ ਸੰਸਕ੍ਰਿਤ ਦੇ ਸ਼ਿਸ਼੍ਯ ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਜੋ ਸਿਖਿਆ ਦੇਣ ਯੋਗ ਹੋਵੇ, ਜੋ ਸਿਖਿਆ ਗ੍ਰਹਿਣ ਕਰੇ, ਸ਼ਾਗਿਰਦ। ਪੰਜਾਬੀ ਸਭਿਆਚਾਰ ਵਿਚ 'ਸਿੱਖ' ਉਸ ਨੂੰ ਕਿਹਾ ਜਾਂਦਾ ਹੈ ਜੋ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀ ਸਿਖਿਆ ਅਥਵਾ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰੇ — *ਸਿਖੀ ਸਿਖਿਆ ਗੁਰ ਵੀਚਾਰਿ।* ਇਸ ਤਰ੍ਹਾਂ ਹੁਣ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਵਿਅਕਤੀ ਲਈ ਰੂੜ੍ਹ ਹੋ ਗਿਆ ਹੈ— *ਜਿਸ ਦੇ ਚਿੱਤ ਵਿਚ ਗੁਰੂ ਦੇ ਉਪਦੇਸ਼ ਦਾ ਅਸਰ ਹੈ ਅਤੇ ਜਿਸ ਦੀ ਸੁਰਤ ਗੁਰੂ-ਸ਼ਬਦ ਵਿਚ ਲੀਨ ਹੈ, ਉਹੀ 'ਸਿੱਖ' ਹੈ।*

'ਸਿੱਖ' ਦਾ ਸਰੂਪ ਅਤੇ ਆਚਾਰ ਕਿਹੋ ਜਿਹਾ ਹੋਵੇ? ਇਨ੍ਹਾਂ ਗੱਲਾਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਪਰਵਰਤੀ ਗੁਰੂ ਸਾਹਿਬਾਨ ਦੀ ਬਾਣੀ ਵਿਚ ਕੁਝ ਸੰਕੇਤ ਮਿਲਦੇ ਹਨ। ਇਹ ਆਚਾਰ ਉਨ੍ਹਾਂ ਨੇ ਆਪ ਹੰਢਾਇਆ ਹੈ ਕਿਉਂਕਿ ਗੁਰੂ-ਪਦ ਪ੍ਰਾਪਤ ਕਰਨ ਤੋਂ ਪਹਿਲਾਂ ਉਹ ਆਪ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੀ ਸਨ। ਗੁਰੂ ਅਮਰਦਾਸ ਜੀ ਨੇ ਸੋਰਠਿ ਰਾਗ ਵਿਚ ਕਿਹਾ ਹੈ — *ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ। ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।* (ਗੁ.ਗ੍ਰੰ.601-602)।

ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਸਿੱਖ ਦੇ ਸਰੂਪ ਅਤੇ ਨਿੱਤ-ਕਰਮ ਉਤੇ ਵਿਸਤਾਰ ਨਾਲ ਝਾਤ ਪਾਈ ਹੈ। 'ਗਉੜੀ ਕੀ ਵਾਰ' ਵਿਚ ਆਪ ਕਹਿੰਦੇ ਹਨ : *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ। ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ। ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿਨਾਮੁ ਧਿਆਵੈ। ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ। ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ। ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।* (ਗੁ.ਗ੍ਰੰ.305-06)

ਗੁਰੂ ਰਾਮਦਾਸ ਜੀ ਨੇ 'ਵਡਹੰਸ ਕੀ ਵਾਰ' ਵਿਚ ਉਨ੍ਹਾਂ ਗੁਰਸਿੱਖਾਂ ਨੂੰ ਧੰਨ ਧੰਨ ਕਿਹਾ ਹੈ ਜੋ ਸਤਿਗੁਰੂ ਦੀ ਚਰਣ-ਸ਼ਰਣ ਵਿਚ ਜਾਂਦੇ ਹਨ, ਜੋ ਹਰਿ-ਨਾਮ ਨੂੰ ਮੁਖ ਤੋਂ ਉਚਾਰਦੇ ਹਨ, ਜੋ ਹਰਿ-ਨਾਮ ਸੁਣ ਕੇ ਆਨੰਦਿਤ ਹੁੰਦੇ ਹਨ, ਜੋ ਗੁਰੂ ਦੀ ਸੇਵਾ ਕਰਕੇ ਹਰਿ-ਨਾਮ ਦੀ ਦਾਤ ਲੈਂਦੇ ਹਨ, ਜੋ ਗੁਰੂ ਦੇ ਭਾਣੇ ਵਿਚ ਚਲਦੇ ਹਨ— *ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮ ਸੁਣਿਐ ਮਨ ਅਨਦੁ ਭਇਆ। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਕਰਿ ਹਰਿ ਨਾਮੁ ਲਇਆ। ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰ ਸਿਖੁ ਚਲਿਆ।* (ਗੁ.ਗ੍ਰੰ.593)।

ਸਪੱਸ਼ਟ ਹੈ ਕਿ 'ਸਿੱਖ' ਤੋਂ ਭਾਵ ਹੈ ਉਹ ਸਦਾਚਾਰੀ ਵਿਅਕਤੀ ਜੋ ਗੁਰੂ ਨਾਨਕ ਦੇਵ ਜੀ ਅਤੇ ਪਰਵਰਤੀ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰੇ ਅਤੇ ਉਨ੍ਹਾਂ ਦੀ ਰਜ਼ਾ ਵਿਚ ਚਲੇ।

ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦੇ ਲਿਖਾਰੀ ਅਤੇ ਗੁਰਮਤਿ ਦੇ ਸੁਪ੍ਰਸਿੱਧ ਵਿਆਖਿਆਕਾਰ ਭਾਈ ਗੁਰਦਾਸ ਨੇ ਆਪਣੀ ਬਾਣੀ ਵਿਚ ਸਿੱਖ ਦੇ ਸਰੂਪ ਅਤੇ ਆਚਾਰ ਉਤੇ ਬੜੇ ਵਿਸਤਾਰ ਨਾਲ ਪ੍ਰਕਾਸ਼ ਪਾਇਆ ਹੈ। ਸਚ ਪੁਛੋ ਤਾਂ ਭਾਈ ਗੁਰਦਾਸ ਦੀਆਂ ਵਾਰਾਂ ਇਕ ਪ੍ਰਕਾਰ ਨਾਲ ਸਿੱਖ ਦੀ ਰਹਿਤ-ਮਰਯਾਦਾ ਦੀ ਭੂਮਿਕਾ ਨਿਭਾਉਂਦੀਆਂ ਹਨ। ਇਸ ਸੰਬੰਧ ਵਿਚ ਉਨ੍ਹਾਂ ਦੀ 12ਵੀਂ ਵਾਰ ਵਿਸ਼ੇਸ਼ ਉੱਲੇਖਯੋਗ ਹੈ। ਭਾਈ ਗੁਰਦਾਸ ਨੇ ਸਿੱਖ ਦੇ ਸਰੂਪ ਦਾ ਵਿਸ਼ਲੇਸ਼ਣ ਗੁਰਬਾਣੀ ਦੇ ਅਨੁਰੂਪ ਹੀ ਕੀਤਾ ਹੈ। ਇਥੇ ਭਾਈ ਗੁਰਦਾਸ ਦੀਆਂ ਦੋ ਤਿੰਨ ਪਉੜੀਆਂ ਦਾ ਪਾਠ ਦੇਣਾ ਅਨੁਚਿਤ ਨਹੀਂ ਹੋਵੇਗਾ:

(1) *ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਪਿਛਲ ਰਾਤੀ ਉਠਿ ਬਹਿੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਸਾਧੁ ਸੰਗਤਿ ਚਲਿ ਜਾਇ ਜੁੜੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਮਨ ਮੇਲੀ ਕਰਿ ਮੇਲ ਮਿਲੰਦੇ। ਕੁਰਬਾਣੀ ਤਿੰਨ੍ਹਾ ਗੁਰ ਸਿਖਾਂ ਭਾਇ ਭਗਤਿ ਗੁਰ ਪੁਰਬ*

*ਕਰੰਦੇ। ਗੁਰੂ ਸੇਵਾ ਫਲ ਸੁਫਲ ਫਲੰਦੇ। (12/21)।*

(2) *ਹਉ ਤਿਸ ਵਿਟਹੁੰ ਵਾਰਿਆ ਹੋਂਦੈ ਤਾਣ ਜੁ ਹੋਇ ਨਿਤਾਣਾ। ਹਉ ਤਿਸ ਵਿਟਹੁੰ ਵਾਰਿਆ ਹੋਂਦੈ ਮਾਣ ਜੁ ਰਹੈ ਨਿਮਾਣਾ। ਹਉ ਤਿਸ ਵਿਟਹੁੰ ਵਾਰਿਆ ਛਡਿ ਸਿਆਣਪ ਹੋਇ ਇਆਣਾ। ਹਉ ਤਿਸ ਵਿਟਹੁੰ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ। ਹਉ ਤਿਸ ਵਿਟਹੁੰ ਵਾਰਿਆ ਗੁਰਮੁਖ ਮਾਰਗ ਦੇਖਿ ਲੁਭਾਣਾ। ਹਉ ਤਿਸ ਵਿਟਹੁੰ ਵਾਰਿਆ ਚਲਣ ਜਾਣ ਜੁਗਤਿ ਮਿਹਮਾਣਾ। ਦੀਨ ਦੁਨੀ ਦਰਗਹ ਪਰਵਾਣਾ। (12/3)।*

(3) *ਹਉ ਤਿਸ ਘੋਲ ਘੁਮਾਇਆ ਗੁਰਮਤਿ ਰਿਦੈ ਗ਼ਰੀਬੀ ਆਵੈ। ਹਉ ਤਿਸ ਘੋਲ ਘੁਮਾਇਆ ਪਰਨਾਰੀ ਕੇ ਨੇੜ ਨ ਜਾਵੈ। ਹਉ ਤਿਸ ਘੋਲ ਘੁਮਾਇਆ ਪਰ ਦਰਬੈ ਨੋ ਹਥ ਨ ਲਾਵੈ। ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣਿ ਆਪ ਹਟਾਵੈ। ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ। ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ। ਗੁਰਮੁਖ ਸੋਈ ਸਹਜ ਸਮਾਵੈ। (12/4)।*

ਭਾਈ ਮਨੀ ਸਿੰਘ ਨੇ ਵੀ ਗੁਰਸਿੱਖ ਦੇ ਗੁਣਾਂ ਦਾ ਜ਼ਿਕਰ ਕਰਦਿਆਂ 'ਸਿੱਖਾਂ ਦੀ ਭਗਤਮਾਲਾ' ਵਿਚ ਲਿਖਿਆ ਹੈ:

*ਗੁਰੂ ਦੇ ਸਿੱਖਾਂ ਦਾ ਮਨੁੱਖਾ ਜਨਮ ਸਫਲ ਹੈ, ਜੋ ਗੁਰੂ ਦੇ ਸਿੱਖਾਂ ਦੀ ਸੰਗਤਿ ਕਰਕੇ ਗੁਰੂ ਕੇ ਦੁਆਰੇ ਸਾਧ-ਸੰਗਤ ਵਿਚ ਟੁਰ ਜਾਂਦੇ ਹਨ, ਗੁਰੂ ਕੇ ਸ਼ਬਦ ਅਗੇ ਮੱਥਾ ਟੇਕ ਕਰ ਗੁਰਮੁਖ ਸਿੱਖਾਂ ਦਾ ਦਰਸ਼ਨ ਕਰਦੇ ਹੈਨ, ਓ ਪਖੇ ਪਾਣੀ ਦੀ ਟਹਿਲ ਕਰਦੇ ਹੈਨ; ਤੇ ਗੁਰੂ ਦੇ ਦਰਬਾਰ ਦੀ ਪਰਦਖਣਾ ਕਰਕੇ ਚਰਣਧੂੜਿ ਮਸਤਕ ਤੇ ਲਾਂਵਦੇ ਹੈਨ, ਤੇ ਵਾਹਗੁਰੂ ਦਾ ਮੰਤਰ ਸ਼ਬਦ ਧਯਾਨ ਲਾਇਕੈ ਸੁਣਦੇ ਹੈਨ ਤੇ ਸੱਚੀ ਰਹਿਰਾਸਿ ਸੁਣਨ ਦਾ ਨੇਮ ਕਰਦੇ ਹੈਨ, ਤੇ ਗੁਰੂ ਦੇ ਸਿੱਖਾਂ ਦੀ ਪੈਰੀਂ ਪਵੰਦੇ ਹੈਨ, ਧਨ ਵਾਹਿਗੁਰੂ ਹੈ ਜੋ ਅਸਾਂ ਨੂੰ ਸ਼ਬਦ ਦੇ ਲੜ ਲਾਇਕੈ ਉਧਾਰ ਕੀਤਾ ਹੈਸੁ। ਉਨ੍ਹਾਂ ਦੀ ਸੱਚੀ ਪ੍ਰੀਤਿ ਵੇਖ ਕੇ ਸਾਰਾ ਜਗਤ ਉਨ੍ਹਾਂ ਦੀ ਪੈਰੀ ਪਵਦਾ ਹੈ। ਗੁਰੂ ਕੇ ਸਿਖ ਕਾਮ ਨੂੰ ਤਿਆਗਦੇ ਹੈਨ, ਆਪਣੀ ਧਰਮ ਦੀ ਇਸਤਰੀ ਬਿਨਾ ਹੋਰ ਕਿਧਰੇ ਧਿਆਨ ਨਹੀਂ ਕਰਦੇ, ਤੇ ਕਿਸੇ ਨੂੰ ਕ੍ਰੋਧ ਨਹੀਂ ਕਰਦੇ, ਕਹਿੰਦੇ ਹੈਨ ਜੋ ਕ੍ਰੋਧ ਚੰਡਾਲ ਹੈ, ਇਸ ਦੇ ਨਾਲ ਛੋਹਿਆ ਨਹੀਂ ਚਾਹੀਦਾ। ਜੇ ਕੋਈ ਹੋਰ ਕ੍ਰੋਧ ਕਰਦਾ ਹੈ, ਤਾਂ ਸਹਿੰਦੇ ਹੈਨ ਅਗੋਂ ਮਿੱਠਾ ਬੋਲਦੇ ਹਨ ਤੇ ਹੰਕਾਰ ਨਹੀਂ ਕਰਦੇ, ਕਹਿੰਦੇ ਸਲ ਜੋ ਅਸੀਂ ਸਭਨਾਂ ਥੀਂ ਨੀਚ ਹਾਂ, ਗੁਰੂ ਦੇ ਸਿਖ ਹਾਂ, ਗੁਰੂ ਦੇ ਸਿਖ ਸਭ ਅਸਾਂ ਥੀ ਵਿਸੇਖ ਹਨ ਤੇ ਜਤ ਕਰਦੇ ਹਨ, ਪਰਾਈ ਇਸਤਰੀ ਨੂੰ ਮਾਂ ਭੈਣ ਦੇ ਸਮਾਨ ਜਾਣਦੇ ਹੈਨ। ਲੜਕੇ ਪੁਤ੍ਰ ਸਮਾਨ ਜਾਣਦੇ ਹਨ। ਧਰਮ ਦੀ ਕਿਰਤ ਕਰਕੇ ਵੰਡ ਖਾਂਵਦੇ ਹਨ, ਗੁਰੂ ਦਾ ਦਸਵੰਦ ਕਢਦੇ ਹਨ, ਗ਼ਰੀਬਾਂ ਤੇ ਅਗਿਆਨੀਆਂ ਪਰ ਦਯਾ ਕਰਦੇ ਹਨ। ਆਪਣੇ ਗੁਰੂ ਦੇ ਧਰਮ ਪਰ ਦ੍ਰਿੜ੍ਹ ਰਹਿੰਦੇ ਹਨ। ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਕੇ ਬਾਣੀ ਪੜ੍ਹਦੇ ਹਨ। ਪਰਸਾਦ ਗੁਰੂ ਕੇ ਨਿਮਿਤ ਦੇ ਕੇ ਖਾਂਵਦੇ ਹਨ। ਬਸਤ੍ਰ ਗੁਰੂ ਕੇ ਨਿਮਿਤ ਦੇ ਕੇ ਪਹਿਨਦੇ ਹਨ ਤੇ ਗੁਰੂ ਕੇ ਸ਼ਬਦ ਨੂੰ ਅਠੇ ਪਹਿਰ ਵਿਚਾਰਦੇ ਹਨ।*

'ਭਾਈ ਬਾਲੇ ਵਾਲੀ ਜਨਮਸਾਖੀ' ਵਿਚ ਸਿੱਖਾਂ ਦੀ ਉਚਤਾ ਸੰਬੰਧੀ ਸਪੱਸ਼ਟ ਲਿਖਿਆ ਹੈ ਕਿ ਨਿਰਮਲ ਸਿੱਖ ਉਹ ਹੀ ਹਨ ਜੋ ਗੁਰੂ ਤੋਂ ਬਿਨਾ ਕੁਝ ਨਹੀਂ ਜਾਣਦੇ ਅਤੇ ਗੁਰੂ ਦੇ ਬਚਨਾਂ ਉਤੇ ਨ ਚਲਣ ਵਾਲਾ ਸਿੱਖ ਮਲੀਨ ਹੁੰਦਾ ਹੈ। ਗੁਰਸਿੱਖਾਂ ਦਾ ਆਪਣੇ ਗੁਰ ਭਾਈਆਂ ਨਾਲ ਪਿਆਰ ਵੀ ਬਾਕੀ ਰਿਸ਼ਤਿਆਂ ਤੋਂ ਪਵਿੱਤਰ ਤੇ ਉੱਚਾ ਹੈ। ਇਨ੍ਹਾਂ ਕਥਨਾਂ ਤੋਂ ਇਲਾਵਾ ਸਿੱਖ ਇਤਿਹਾਸ ਗ੍ਰੰਥਾਂ ਅਤੇ ਰਹਿਤਨਾਮਿਆਂ ਵਿਚ ਸਿੱਖਾਂ ਦੀਆਂ ਵਿਸ਼ੇਸ਼ਤਾਵਾਂ ਉਤੇ ਵਿਸਤਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ। ਕੇਸਾਂ ਨੂੰ ਮੁਖ ਰਖਦਿਆਂ ਸਿੱਖਾਂ ਦਾ ਵਰਗੀਕਰਣ ਵੀ ਹੋਇਆ ਹੈ, ਜਿਵੇਂ ਅੰਮ੍ਰਿਤਧਾਰੀ, ਕੇਸਧਾਰੀ ਅਤੇ ਸਹਿਜਧਾਰੀ। ਵਖ ਵਖ ਸੰਪ੍ਰਦਾਵਾਂ ਵਾਲੇ ਸਿੱਖ ਨੂੰ ਉਨ੍ਹਾਂ ਦੀਆਂ ਸੰਪ੍ਰਦਾਵਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਜਿਵੇਂ ਉਦਾਸੀ ਸਿੱਖ, ਨਿਰਮਲਾ ਸਿੱਖ ਆਦਿ।

ਗੁਰੂ ਤੇਗ ਬਹਾਦਰ ਜੀ ਤਕ ਸਿੱਖ ਬਣਨ ਦੀ ਦੀਖਿਆ-ਵਿਧੀ ਚਰਣ-ਪਾਹੁਲ ਨਾਲ ਸੰਪੰਨ ਹੁੰਦੀ ਸੀ, ਪਰ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਦੀ ਵਿਸਾਖੀ ਵਾਲੇ ਦਿਨ 'ਚਰਣ-ਪਾਹੁਲ' ਦੀ ਥਾਂ 'ਪੀਓ ਪਾਹੁਲ ਖੰਡੇਧਾਰ' ਦੀ ਪਰੰਪਰਾ ਚਲਾਈ ਅਤੇ ਆਪਣੇ ਅਨੁਯਾਈਆਂ ਨੂੰ 'ਸਿੱਖ' ਤੋਂ 'ਸਿੰਘ' ਬਣਾਇਆ।

ਰਾਜਨੈਤਿਕ ਪਰਿਸਥਿਤੀਆਂ ਅਤੇ ਧਾਰਮਿਕ ਆਵੱਸ਼ਕਤਾਵਾਂ ਦੇ ਮੱਦੇਨਜ਼ਰ ਪੰਜਾਬ ਦਾ 'ਸਿਖ ਗੁਰਦੁਆਰਾ ਐਕਟ, 1925' ਅਤੇ 'ਦਿੱਲੀ ਸਿੱਖ ਗੁਰਦੁਆਰਾ ਐਕਟ 1971' ਦੇ ਪਾਸ ਹੋਣ ਨਾਲ ਸਿੱਖ ਦੀ ਪਰਿਭਾਸ਼ਾ, ਸਰੂਪ

ਅਤੇ ਆਚਾਰ ਨੂੰ ਚੰਗੀ ਤਰ੍ਹਾਂ ਨਿਰਧਾਰਿਤ ਕਰ ਦਿੱਤਾ ਗਿਆ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਆਏ 'ਸਿਖ ਸੰਕਲਪ' ਦਾ ਇਨ੍ਹਾਂ ਐਕਟਾਂ ਵਿਚ ਕਾਫ਼ੀ ਵਿਕਾਸ ਹੋ ਗਿਆ ਹੈ। ਭਾਰਤ ਦੇ ਸੰਵਿਧਾਨ ਵਿਚ ਸਵੀਕਾਰ ਕਰ ਲਿਆ ਗਿਆ ਹੈ ਕਿ ਸਿੱਖ ਇਕ ਵਖਰਾ ਧਰਮ ਹੈ ਅਤੇ ਇਕ ਵਖਰਾ ਭਾਈਚਾਰਾ ਹੈ।

**ਸਿੱਖ ਅਤੇ ਸੁਤੰਤਰਤਾ ਸੰਗ੍ਰਾਮ** : ਭਾਰਤੀ ਸੁਤੰਤਰਤਾ-ਸੰਗ੍ਰਾਮ ਦੀ ਇਕ ਲੰਬੀ ਕਹਾਣੀ ਹੈ। ਇਸ ਦਾ ਵਾਸਤਵਿਕ ਇਤਿਹਾਸ ਤਾਂ ਸੰਨ 1845-46 ਈ. ਦੀ ਸਿੱਖਾਂ ਅਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਤੋਂ ਬਾਦ ਹੀ ਸ਼ੁਰੂ ਹੋ ਗਿਆ ਸੀ ਅਤੇ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਦੂਜੀ ਲੜਾਈ ਆਜ਼ਾਦੀ ਲਈ ਕੀਤਾ ਪਹਿਲਾ ਉਦਮ ਸੀ। ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਦਾ ਇਸ ਪਰਥਾਇ ਉਦਮ ਸ਼ਲਾਘਾਯੋਗ ਹੈ। ਇਸ ਬਾਰੇ ਭਰਪੂਰ ਉਦਮ ਨਾਮਧਾਰੀ ਸੰਪ੍ਰਦਾਇ ਦੇ ਸੰਚਾਲਕ ਬਾਬਾ ਰਾਮ ਸਿੰਘ ਨੇ ਬੜੇ ਵਿਵਸਥਿਤ ਢੰਗ ਨਾਲ ਆਰੰਭ ਕੀਤਾ। ਮਲੇਰਕੋਟਲਾ ਵਿਚ ਸ਼ਹੀਦ ਹੋਏ 66 ਕੂਕਿਆਂ ਨੇ ਆਜ਼ਾਦੀ ਲਈ ਕੁਰਬਾਨੀਆਂ ਦੇਣ ਦਾ ਦੁਆਰ ਖੋਲ ਦਿੱਤਾ। ਬਾਬਾ ਰਾਮ ਸਿੰਘ ਨੂੰ ਜਲਾਵਤਨ ਹੋਣਾ ਪਿਆ ਅਤੇ ਸੰਨ 1923 ਈ. ਤਕ ਭੈਣੀ ਸਾਹਿਬ ਵਿਚ ਪੁਲਿਸ ਚੌਕੀ ਬੈਠੀ ਰਹੀ।

ਬਾਬਾ ਗੁਰਦਿਤ ਸਿੰਘ ਦੇ 'ਕਾਮਾਗਾਟਾ ਮਾਰੂ ਜਹਾਜ਼' ਦਾ ਬਜ-ਬਜ ਘਾਟ ਉਤੇ ਹੋਇਆ ਗੋਲੀਆਂ ਨਾਲ ਸੁਆਗਤ ਆਜ਼ਾਦੀ ਦੀ ਪ੍ਰਾਪਤੀ ਲਈ ਲਹੂ-ਭਿੰਨੀ ਘਟਨਾ ਹੈ। ਗ਼ਦਰ ਲਹਿਰ ਦੇ ਬਾਬਿਆਂ ਨੇ ਅਮਰੀਕਾ ਅਤੇ ਕੈਨੇਡਾ ਵਿਚ ਆਪਣਾ ਕੰਮ-ਕਾਰ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ ਸੰਨ 1914 ਈ. ਵਿਚ ਹਿੰਦੁਸਤਾਨ ਵਲ ਰੁਖ ਕੀਤਾ ਅਤੇ ਫ਼ਾਂਸੀਆਂ ਦੇ ਫੰਧੇ ਚੁੰਮੇ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤਣ ਲਈ ਆਪਣੀਆਂ ਉਮਰਾਂ ਲੇਖੇ ਲਾਈਆਂ। ਸੰਨ 1919 ਈ. ਵਿਚ ਜਲਿਆਂ ਵਾਲੇ ਬਾਗ਼ ਦੇ ਸਾਕੇ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਅਧਿਕਤਰ ਸਿੱਖ ਸਨ। ਗੁਰਦੁਆਰਾ ਸੁਧਾਰ ਲਹਿਰ ਅਤੇ ਬੱਬਰ ਅਕਾਲੀ ਜੱਥੇਬੰਦੀ ਦੇ ਸੰਘਰਸ਼ ਆਜ਼ਾਦੀ ਦਾ ਪ੍ਰਕਾਰਾਂਤਰਿਤ ਰੂਪ ਸੀ। ਮਹਾਤਮਾ ਗਾਂਧੀ ਵਲੋਂ ਦਿੱਤੇ ਨਾ-ਮਿਲਵਰਤਣ ਦੇ ਸੱਦੇ ਦਾ ਹੁੰਗਾਰਾ ਸਭ ਤੋਂ ਪਹਿਲਾਂ ਸਿੱਖਾਂ ਨੇ ਭਰਿਆ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਆਦਿ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਕੇ ਸਾਰੇ ਦੇਸ਼ ਨੂੰ ਜਗਾ ਦਿੱਤਾ। ਦੂਜੀ ਵੱਡੀ ਜੰਗ ਵੇਲੇ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਉਦਮਾਂ ਵਿਚੋਂ 'ਆਜ਼ਾਦ ਹਿੰਦ ਫ਼ੌਜ' ਦੀ ਸਥਾਪਨਾ ਜਨਰਲ ਮੋਹਨ ਸਿੰਘ ਨੇ ਕੀਤੀ ਅਤੇ ਇਸ ਫ਼ੌਜ ਵਿਚ ਸ਼ਾਮਲ ਹੋਣ ਵਾਲੇ ਅਧਿਕਾਂਸ਼ ਸਿੱਖ ਸਨ। ਆਜ਼ਾਦੀ ਦੇ ਮੌਕੇ ਉਤੇ ਹੋਈ ਪੰਜਾਬ ਦੀ ਵੰਡ ਵਿਚ ਸਭ ਤੋਂ ਜ਼ਿਆਦਾ ਮਾਲੀ ਅਤੇ ਜਾਨੀ ਨੁਕਸਾਨ ਸਿੱਖਾਂ ਦਾ ਹੋਇਆ। ਸੰਨ 1947 ਈ. ਤੋਂ ਪਹਿਲਾਂ ਪੰਜਾਬ ਦੇ ਮਾਲੀਏ ਦੀ 40 ਫ਼ੀਸਦੀ ਅਦਾਇਗੀ ਸਿੱਖ ਕਰਦੇ ਸਨ। ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਵਿਚ 80 ਫ਼ੀਸਦੀ ਹਿੱਸਾ ਸਿੱਖਾਂ ਦਾ ਹੈ। ਇਕ ਅੰਦਾਜ਼ੇ ਅਨੁਸਾਰ ਕੁਲ 126 ਵਿਅਕਤੀਆਂ ਨੂੰ ਸਜ਼ਾਏ ਮੌਤ ਦਿੱਤੀ ਗਈ ਸੀ, ਜਿਨ੍ਹਾਂ ਵਿਚੋਂ 93 ਸਿੱਖ ਸਨ।

ਸਪੱਸ਼ਟ ਹੈ ਕਿ ਜਨ-ਸੰਖਿਆ ਦੇ ਅਨੁਪਾਤ ਤੋਂ ਕਈ ਗੁਣਾਂ ਵਧ ਸਿੱਖਾਂ ਨੇ ਆਜ਼ਾਦੀ ਹਾਸਲ ਕਰਨ ਲਈ ਕੁਰਬਾਨੀਆਂ ਦਿੱਤੀਆਂ ਅਤੇ ਮਾਲੀ ਨੁਕਸਾਨ ਉਠਾਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੁਤੰਤਰਤਾ ਦੀ ਜਗਾਈ ਜੋਤਿ ਨੂੰ ਸਿੱਖਾਂ ਨੇ ਸਦਾ ਜਗਾਈ ਰਖਿਆ।

**ਸਿੱਖ ਐਜੂਕੇਸ਼ਨਲ ਕਾਨਫ੍ਰੰਸ** : ਚੀਫ਼ ਖ਼ਾਲਸਾ ਦੀਵਾਨ ਦਾ ਵਿਦਿਅਕ ਖੇਤਰ ਵਿਚ ਇਕ ਅਹਿਮ ਉਦਮ ਇਸ ਕਾਨਫ੍ਰੰਸ ਦੀ ਸਥਾਪਨਾ ਹੈ। ਸੰਨ 1907 ਈ. ਵਿਚ ਕਰਾਚੀ ਵਿਚ ਹੋਈ 'ਮੁਸਲਿਮ ਐਜੂਕੇਸ਼ਨਲ ਕਾਨਫ੍ਰੰਸ' ਤੋਂ ਸਰ ਸੁੰਦਰ ਸਿੰਘ ਮਜੀਠੀਆ ਅਤੇ ਉਸ ਦੇ ਸੰਪਰਕ ਵਾਲੇ ਸਿੱਖ ਵਿਦਵਾਨ ਬਹੁਤ ਪ੍ਰਭਾਵਿਤ ਹੋਏ। ਸਿੱਟੇ ਵਜੋਂ 9 ਜਨਵਰੀ 1908 ਈ. ਨੂੰ ਅੰਮ੍ਰਿਤਸਰ ਵਿਚ 21 ਸਿੱਖ ਸ਼ਖ਼ਸੀਅਤਾਂ ਦੀ ਇਕ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਸ. ਤ੍ਰਿਲੋਚਨ ਸਿੰਘ ਨੇ ਕੀਤੀ। ਸਕੱਤਰ ਦੀ ਜ਼ਿੰਮੇਵਾਰੀ ਭਾਈ ਜੋਧ ਸਿੰਘ ਨੇ ਨਿਭਾਈ। ਉਸ ਦਿਨ 'ਸਿੱਖ ਐਜੂਕੇਸ਼ਨਲ ਕਾਨਫ੍ਰੰਸ' ਦੀ ਸਥਾਪਨਾ ਦਾ ਫ਼ੈਸਲਾ ਕੀਤਾ ਗਿਆ। ਇਸ ਕਾਨਫ੍ਰੰਸ ਦਾ ਸੰਵਿਧਾਨ ਤਿਆਰ ਕਰਨ ਲਈ 19 ਜਨਵਰੀ 1908 ਈ. ਨੂੰ ਇਕ ਪੰਜ ਮੈਂਬਰੀ ਕਮੇਟੀ (ਸ. ਗੁਰਚਰਨ ਸਿੰਘ, ਸ. ਖੜਕ ਸਿੰਘ, ਭਾਈ ਦਾਨ ਸਿੰਘ, ਪ੍ਰੋ. ਜੋਧ ਸਿੰਘ ਅਤੇ ਭਾਈ ਗੁਲਾਬ ਸਿੰਘ) ਬਣਾਈ ਗਈ। ਇਸ ਕਾਨਫ੍ਰੰਸ ਦੀ ਸਥਾਪਨਾ ਪਿਛੇ ਭਾਈ ਵੀਰ ਸਿੰਘ ਦੀ ਪ੍ਰੇਰਣਾ ਮੌਜੂਦ ਰਹੀ ਅਤੇ ਇਸ ਦੇ ਵਿਕਾਸ ਲਈ ਉਹ ਸਦਾ ਯਤਨਸ਼ੀਲ ਰਹੇ।

ਇਸ ਵਿਦਿਅਕ ਸੰਸਥਾ ਦਾ ਸਰੂਪ ਗ਼ੈਰ-ਸਰਕਾਰੀ

ਹੈ ਅਤੇ ਇਹ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਰਪ੍ਰਸਤੀ ਵਿਚ ਕੰਮ ਕਰਦੀ ਹੈ। ਇਸ ਦਾ ਕਾਰਜ 13 ਮੈਂਬਰੀ ਸਿੱਖ ਐਜੂਕੇਸ਼ਨਲ ਕਮੇਟੀ ਕਰਦੀ ਹੈ। ਸਿੱਖ ਸਮਾਜ ਵਿਚ ਵਿਦਿਅਕ ਜਾਗ੍ਰਿਤੀ ਲਿਆਉਣ ਵਾਲੀ ਇਸ ਕਾਨਫ੍ਰੰਸ ਦਾ ਪਹਿਲਾ ਸੈਸ਼ਨ ਗੁਜਰਾਂਵਾਲਾ ਵਿਚ 17 ਤੋਂ 19 ਅਪ੍ਰੈਲ 1908 ਤਕ ਹੋਇਆ, ਜਿਸ ਦੀ ਪ੍ਰਧਾਨਗੀ ਸ. ਬਘੇਲ ਸਿੰਘ ਨੇ ਕੀਤੀ। ਬਾਦ ਵਿਚ ਲਗਭਗ ਹਰ ਸਾਲ ਹੋਏ ਇਸ ਦੇ ਸੈਸ਼ਨਾਂ ਦੀ ਪ੍ਰਧਾਨਗੀ ਸਿੱਖ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਨੇ ਕੀਤੀ। ਇਸ ਕਾਨਫ੍ਰੰਸ ਦੇ ਆਰੰਭ ਵੇਲੇ ਖ਼ਾਲਸਾ ਸਕੂਲਾਂ ਦੀ ਗਿਣਤੀ ਕੇਵਲ ਅੱਠ ਸੀ, ਜੋ ਦੇਸ਼ ਵੰਡ ਵੇਲੇ 340 ਹੋ ਗਈ ਸੀ। ਕਈ ਸਕੂਲ/ਕਾਲਜ ਭਾਵੇਂ ਪਾਕਿਸਤਾਨ ਵਿਚ ਰਹਿ ਗਏ, ਪਰ ਲੋਕਾਂ ਨੇ ਉਦਮ ਕਰਕੇ ਪੂਰਬੀ ਪੰਜਾਬ ਜਾਂ ਦਿੱਲੀ ਵਿਚ ਉਨ੍ਹਾਂ ਹੀ ਨਾਂਵਾਂ ਦੀਆਂ ਸੰਸਥਾਵਾਂ ਚਲਾ ਰਖੀਆਂ ਹਨ। ਇਸ ਤੋਂ ਇਲਾਵਾ ਯਤੀਮਾਂ, ਅੰਨ੍ਹਿਆਂ ਅਤੇ ਅੰਗਹੀਣਾਂ ਲਈ ਵੀ ਕਈ ਸੰਸਥਾਵਾਂ ਕਾਇਮ ਕੀਤੀਆਂ ਗਈਆਂ। ਕਈ ਪੰਜਾਬੀ ਪੁਸਤਕਾਲਿਆਂ ਦੀ ਵੀ ਵਿਵਸਥਾ ਕੀਤੀ ਗਈ। ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪ੍ਰਗਤੀ ਲਈ ਵੀ ਇਹ ਕਾਨਫ੍ਰੰਸ ਵਚਨ-ਬੱਧ ਹੈ। ਇਸ ਨੇ ਖ਼ਾਲਸਾ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕੀਤੀ ਅਤੇ ਮਤੇ ਪਾਸ ਕਰਕੇ ਸਰਕਾਰ ਉਤੇ ਜ਼ੋਰ ਪਾਇਆ ਕਿ ਪੰਜਾਬ ਵਿਚ ਸਿਖਿਆ ਦਾ ਮਾਧਿਅਮ ਪੰਜਾਬੀ ਰਖਿਆ ਜਾਏ। ਲੜਕੀਆਂ ਦੀ ਪੜ੍ਹਾਈ ਵਲ ਇਸ ਕਾਨਫ੍ਰੰਸ ਦਾ ਉਚੇਚਾ ਝੁਕਾਉ ਹੈ। ਇਸ ਕਾਨਫ੍ਰੰਸ ਦਾ ਸਰੂਪ ਸਦਾ ਧਰਮ-ਨਿਰਪੇਖ ਰਿਹਾ ਹੈ। ਹਰ ਧਰਮ ਅਤੇ ਕੌਮ ਦੇ ਬੱਚੇ ਸਿੱਖ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਈ ਕਰ ਸਕਦੇ ਹਨ। ਇਸ ਤੋਂ ਇਲਾਵਾ ਅਧਿਆਪਨ ਲਈ ਨਿਯੁਕਤ ਕੀਤੇ ਜਾਂਦੇ ਅਧਿਆਪਕਾਂ ਦੀ ਯੋਗਤਾ ਨੂੰ ਆਧਾਰ ਬਣਾਇਆ ਜਾਂਦਾ ਰਿਹਾ ਹੈ, ਭਾਵੇਂ ਉਹ ਕਿਸੇ ਧਰਮ ਦੇ ਹੀ ਕਿਉਂ ਨ ਹੋਣ। ਕਈ ਸਕੂਲਾਂ ਅਤੇ ਕਾਲਜਾਂ ਦੇ ਮੁਖੀ ਜਾਂ ਪ੍ਰਿੰਸੀਪਲ ਵੀ ਗ਼ੈਰ-ਸਿੱਖ ਨਿਯੁਕਤ ਹੁੰਦੇ ਰਹੇ ਹਨ।

ਇਸ ਕਾਨਫ੍ਰੰਸ ਦੁਆਰਾ ਸਿੱਖ ਸਮਾਜ ਵਿਚ ਪੈਦਾ ਹੋਈ ਜਾਗ੍ਰਿਤੀ ਨੇ ਸਿੱਖਾਂ ਦੇ ਹੱਕਾਂ ਦੀ ਰਖਿਆ ਵਿਚ ਬਹੁਤ ਯੋਗਦਾਨ ਪਾਇਆ ਅਤੇ ਅਨੇਕ ਪ੍ਰਕਾਰ ਦੇ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਲਈ ਕੌਮ ਦਾ ਮਨ ਤਿਆਰ ਕੀਤਾ।

**ਸਿੱਖ-ਇਤਿਹਾਸਿਕ ਕਾਵਿ** : ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਦ ਸਿੱਖਾਂ ਵਿਚ ਆਤਮ-ਰਖਿਆ ਲਈ ਯਤਨ ਸ਼ੁਰੂ ਹੋ ਗਏ। ਅਠਾਰ੍ਹਵੀਂ ਸਦੀ ਦਾ ਪਹਿਲਾ ਅੱਧ ਸਿੱਖਾਂ ਦੁਆਰਾ ਮਹਾਨ ਸ਼ਹੀਦੀਆਂ ਦਿੰਦਿਆਂ ਗੁਜ਼ਰ ਗਿਆ ਅਤੇ ਦੂਜੇ ਅੱਧ ਵਿਚ 12 ਮਿਸਲਾਂ ਦੀ ਜੱਥੇਬੰਦੀ ਅਧੀਨ ਕੁਝ ਸ਼ਕਤੀ ਹਾਸਲ ਕੀਤੀ ਜਾ ਸਕੀ। ਇਸ ਲਈ ਸਿੱਖਾਂ ਲਈ ਇਹ ਸਾਰਾ ਸਮਾਂ ਜੰਗਾਂ-ਯੁੱਧਾਂ ਦਾ ਸੀ। ਕਲਮ ਨਾਲੋਂ ਤਲਵਾਰ ਨੂੰ ਚੰਗਾ ਸਮਝਿਆ ਜਾਂਦਾ ਸੀ। ਇਸ ਕਾਲ ਵਿਚ ਨ ਤਾਂ ਕੋਈ ਭਗਤੀ ਪ੍ਰਧਾਨ ਰਚਨਾ ਹੋਈ ਅਤੇ ਨ ਹੀ ਸਿੱਖਾਂ ਦੇ ਅਧਿਆਤਮਿਕ ਪੱਖਾਂ ਬਾਰੇ ਕਾਵਿ ਰਚਿਆ ਗਿਆ। ਫਿਰ ਵੀ ਇਸ ਕਾਲ ਵਿਚ ਸਾਹਿਤਿਕ ਰੁਚੀ ਰਖਣ ਵਾਲਿਆਂ ਵਲੋਂ ਯਤਨ ਹੁੰਦੇ ਰਹੇ। ਕੁਲ ਮਿਲਾ ਕੇ ਇਸ ਕਾਲ ਵਿਚ ਗੁਰੂ-ਇਤਿਹਾਸ, ਗੁਰੂ-ਮਹਿਮਾ ਅਤੇ ਗੁਰੂ-ਬਿਲਾਸ ਰਚੇ ਗਏ, ਜਿਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ :

(1) ਗੁਰੂ ਬਿਲਾਸ ਪਾ. ੬– 1718 ਈ. (1775 ਬਿ.)

(2) ਗੁਰੂ ਬਿਲਾਸ ਪਾ. ੧੦ (ਕੋਇਰ ਸਿੰਘ ਕਲਾਲ)— 1751 ਈ. (1808 ਬਿ.)

(3) ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਕੇਸਰ ਸਿੰਘ ਛਿੱਬਰ) 1769 ਈ. (1825 ਬਿ.)

(4) ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ) – 1776 ਈ. (1833 ਬਿ.)

(5) ਗੁਰੂ ਬਿਲਾਸ ਪਾ. ੧੦ (ਸੁਖਾ ਸਿੰਘ)– 1797 ਈ. (1854 ਬਿ.)

ਉਪਰੋਕਤ ਪੰਜਾਂ ਰਚਨਾਵਾਂ ਵਿਚੋਂ ਬੰਸਾਵਲੀਨਾਮੇ ਨੂੰ ਛਡ ਕੇ ਬਾਕੀ ਸਾਰੀਆਂ ਰਚਨਾਵਾਂ ਬ੍ਰਜ ਭਾਸ਼ਾ ਵਿਚ ਹਨ। ਸਿੱਖ ਸਭਿਆਚਾਰ ਅਤੇ ਇਤਿਹਾਸ ਬਾਰੇ ਵਿਸਤਰਿਤ ਜਾਣਕਾਰੀ ਇਨ੍ਹਾਂ ਰਾਹੀਂ ਪ੍ਰਾਪਤ ਹੋ ਜਾਂਦੀ ਹੈ। ਇਨ੍ਹਾਂ ਰਚਨਾਵਾਂ ਦੀਆਂ ਕੁਝ ਕੁ ਪ੍ਰਧਾਨ ਪ੍ਰਵ੍ਰਿੱਤੀਆਂ ਇਸ ਪ੍ਰਕਾਰ ਹਨ :

(1) ਸਿੱਖ ਗੁਰੂਆਂ ਵਿਚ ਅਵਤਾਰਤਵ ਦੀ ਕਲਪਨਾ।

(2) ਗੁਰੂਆਂ ਦੇ ਚਰਿਤ੍ਰਾਂ ਵਿਚ ਪੌਰਾਣਿਕ ਦੇਵੀ ਦੇਵਤਿਆਂ ਦੀਆਂ ਲੀਲਾਵਾਂ ਦਾ ਮਿਸ਼ਰਣ।

(3) ਗੁਰੂਆਂ ਦੇ ਜੀਵਨ ਸੰਬੰਧੀ ਘਟਨਾਵਾਂ ਦਾ ਪੌਰਾਣਿਕ ਪਿਛੋਕੜ।

(4) ਬ੍ਰਾਹਮਣਵਾਦ ਪ੍ਰਤਿ ਸ਼ਰਧਾ।

(5) ਇਤਿਹਾਸ, ਮਿਥਿਹਾਸ ਅਤੇ ਕਲਪਨਾ ਦਾ ਮੇਲ।
(6) ਥਾਂ ਪਰ ਥਾਂ ਗੁਰੂਆਂ ਦੇ ਯੁੱਧਾਂ ਦਾ ਵਰਣਨ।

ਭਾਈ ਕੇਸਰ ਸਿੰਘ ਛਿੱਬਰ ਦਾ ਰਚਿਆ ਹੋਇਆ 'ਬੰਸਾਵਲੀਨਾਮਾ' ਭਾਸ਼ਾ ਦੀ ਦ੍ਰਿਸ਼ਟੀ ਤੋਂ ਬਾਕੀਆਂ ਨਾਲੋਂ ਭਿੰਨ ਹੈ। ਇਸ ਵਿਚ ਬ੍ਰਜ ਭਾਸ਼ਾ ਦੇ ਪ੍ਰਭਾਵ ਅਧੀਨ ਪੰਜਾਬੀ ਦੀ ਵਰਤੋਂ ਹੋਈ ਹੈ। ਇਸ ਵਿਚ ਕੁਲ ਚੌਦਾਂ ਚਰਣ ਹਨ। ਪਹਿਲੇ ਦਸ ਚਰਣਾਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉਪਰ ਪ੍ਰਕਾਸ਼ ਪਾਇਆ ਗਿਆ ਹੈ। 11ਵੇਂ ਚਰਣ ਵਿਚ ਬਾਬਾ ਬੰਦਾ ਬਹਾਦਰ ਦੇ ਪਰਾਕ੍ਰਮ ਦਾ ਵਰਣਨ ਹੈ, 12ਵੇਂ ਵਿਚ ਬਾਬਾ ਜੀਤ ਸਿੰਘ ਅਤੇ 13ਵੇਂ ਵਿਚ ਮਾਤਾ ਸਾਹਿਬ ਦੇਈ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ। 14ਵੇਂ ਚਰਣ ਵਿਚ ਕਵੀ ਨੇ ਸਮਕਾਲੀ ਸਿੱਖਾਂ ਦੀ ਸਥਿਤੀ ਉਤੇ ਬੜੀ ਯਥਾਰਥਵਾਦੀ ਦ੍ਰਿਸ਼ਟੀ ਤੋਂ ਪ੍ਰਕਾਸ਼ ਪਾਇਆ ਹੈ। ਇਤਿਹਾਸ ਦੇ ਪੱਖ ਤੋਂ ਇਸ ਚਰਣ ਦਾ ਬਹੁਤ ਅਧਿਕ ਮਹੱਤਵ ਹੈ। ਇਸ ਵਿਚ ਕੁਲ 2563 ਛੰਦ ਹਨ। ਦਸਵਾਂ ਚਰਣ (737 ਬੰਦ) ਅਤੇ ਚੌਦਵਾਂ ਚਰਣ (646 ਬੰਦ) ਵੱਡੇ ਆਕਾਰ ਦੇ ਹਨ।

ਬ੍ਰਾਹਮਣਵਾਦ ਦੀ ਭਾਵਨਾ ਸਾਰੀ ਰਚਨਾ ਉਤੇ ਪਸਰੀ ਹੋਈ। ਕਾਵਿ ਦੀ ਦ੍ਰਿਸ਼ਟੀ ਤੋਂ ਇਸ ਕਵਿਤਾ ਨੂੰ ਕੇਵਲ ਤੁਕਬੰਦੀ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਛਿੱਬਰ ਨੂੰ ਛੰਦ ਬੰਨ੍ਹਣਾ ਨਹੀਂ ਆਉਂਦਾ ਅਤੇ ਨ ਹੀ ਕਵਿਤਾ ਕਰਨ ਦੀ ਉਸ ਨੂੰ ਜਾਚ ਹੈ। ਇਸ ਵਿਚ ਨ ਕਿਤੇ ਕੋਈ ਬਿੰਬ ਹੈ, ਨ ਸੁਚੱਜਾ ਅਲੰਕਾਰ। ਰਸ ਦੀ ਦ੍ਰਿਸ਼ਟੀ ਤੋਂ ਵੀ ਕੋਈ ਗੱਲ ਨਹੀਂ ਬਣਦੀ। ਛੰਦਾਂ ਦੀਆਂ ਪੰਕਤੀਆਂ ਵਿਚ ਵੀ ਕਿਸੇ ਪ੍ਰਕਾਰ ਦੀ ਸਮਾਨਤਾ ਨਹੀਂ, ਕੋਈ ਲੰਮੀ ਹੈ ਕੋਈ ਛੋਟੀ। ਭਾਵਾਂ ਨੂੰ ਸਪੱਸ਼ਟ ਕਰਨ ਲਈ ਕਵੀ ਨੇ ਕਈਆਂ ਥਾਂਵਾਂ ਉਤੇ ਗੁਰਬਾਣੀ ਅਤੇ 'ਦਸਮ ਗ੍ਰੰਥ' ਤੋਂ ਟੂਕਾਂ ਵੀ ਵਰਤੀਆਂ ਹਨ। ਇਸ ਦੀ ਭਾਸ਼ਾ ਬੜੀ ਸਰਲ ਅਤੇ ਸਾਦਾ ਹੈ, ਪਰ ਵਿਆਕਰਣ ਦੀਆਂ ਅਸ਼ੁੱਧੀਆਂ ਸਰਬੱਤ ਹਨ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਕਿਸੇ ਉਤਮ ਸਿੱਖ ਇਤਿਹਾਸ ਕਾਵਿ ਦੀ ਰਚਨਾ ਪੰਜਾਬੀ ਵਿਚ ਨਹੀਂ ਹੋਈ ਅਤੇ ਇਸ ਸਦੀ ਵਿਚ ਜੋ ਚੰਗੇ ਕਾਵਿ ਲਿਖੇ ਗਏ, ਉਨ੍ਹਾਂ ਦੀ ਭਾਸ਼ਾ ਬ੍ਰਜ ਜਾਂ ਹਿੰਦਵੀ ਹੈ।

ਉਨ੍ਹੀਵੀਂ ਸਦੀ ਵਿਚ ਵੀ ਕਿਸੇ ਵਿਸ਼ੇਸ਼ ਪ੍ਰਕਾਰ ਦੇ ਸਿੱਖ-ਇਤਿਹਾਸ ਕਾਵਿ ਦੀ ਰਚਨਾ ਨਹੀਂ ਹੋਈ। ਪਿਛਲੀ ਸਦੀ ਵਿਚ ਗੁਰੂ ਇਤਿਹਾਸਾਂ ਅਤੇ ਗੁਰੂ ਬਿਲਾਸਾਂ ਦੀ ਜੋ ਪਰੰਪਰਾ ਚਲਦੀ ਸੀ, ਉਹੀ ਇਸ ਸਦੀ ਵਿਚ ਵੀ ਜਾਰੀ ਰਹੀ। ਇਸ ਕਾਲ ਦੀਆਂ ਕੁਝ ਕੁ ਪ੍ਰਮੁਖ ਕ੍ਰਿਤੀਆਂ ਇਹ ਹਨ :

(1) ਗੁਰੂ ਨਾਨਕ ਬੰਸ ਪ੍ਰਕਾਸ਼ (ਸੁਖਬਾਸੀ ਰਾਇ) — 1815 ਈ. (1872 ਬਿ.)
(2) ਗੁਰੂ ਪਦ ਪ੍ਰੇਮ ਪ੍ਰਕਾਸ਼ (ਸੁਮੇਰ ਸਿੰਘ)— 1815 ਈ. (1872 ਬਿ.)
(3) ਗੁਰੂ ਨਾਨਕ ਪ੍ਰਕਾਸ਼ (ਸੰਤੋਖ ਸਿੰਘ)- 1823 ਈ. (1880 ਬਿ.)
(4) ਸਿੰਘ ਸਾਗਰ (ਵੀਰ ਸਿੰਘ ਬਲ) - 1827 ਈ. (1884 ਬਿ.)
(5) ਗੁਰ ਕੀਰਤ ਪ੍ਰਕਾਸ਼ (ਵੀਰ ਸਿੰਘ ਬਲ) - 1834 ਈ. (1891 ਬਿ.)
(6) ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ)- 1843 ਈ. (1900 ਬਿ.)

ਇਨ੍ਹਾਂ ਰਚਨਾਵਾਂ ਦੀਆਂ ਸਾਹਿਤਿਕ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

(1) ਇਨ੍ਹਾਂ ਸਾਰੀਆਂ ਦੀ ਭਾਸ਼ਾ ਬ੍ਰਜ ਹੈ, ਭਾਵੇਂ ਕਿਤੇ ਕਿਤੇ ਪੰਜਾਬੀ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ।
(2) ਲਗਭਗ ਸਾਰੀਆਂ ਰਚਨਾਵਾਂ ਅਲੰਕਾਰਾਂ ਨਾਲ ਜੜ੍ਹੀਆਂ ਹੋਈਆਂ ਹਨ। ਕਵੀਆਂ ਨੇ ਬੜੀ ਰੁਚੀ ਅਤੇ ਸ਼ਰਧਾ ਨਾਲ ਗੁਰੂ-ਚਰਿਤ੍ਰਾਂ ਨੂੰ ਉਘਾੜਿਆ ਹੈ। ਸਾਰੇ ਕਵੀ ਚੰਗੇ ਵਿਦਵਾਨ ਅਤੇ ਪੁਰਾਤਨ ਕਾਵਿ ਪਰੰਪਰਾਵਾਂ ਦੇ ਜਾਣਕਾਰ ਹਨ।
(3) ਛੰਦਾਬੰਦੀ ਦੇ ਪੱਖੋਂ ਵੀ ਇਹ ਰਚਨਾਵਾਂ ਸਫਲ ਹਨ। ਇਸ ਸੰਬੰਧ ਵਿਚ ਕਵੀਆਂ ਦੁਆਰਾ ਬਹੁਤ ਘਟ ਅਸਾਵਧਾਨੀ ਵਰਤੀ ਗਈ ਹੈ।
(4) ਪੌਰਾਣਿਕ ਭਾਵਨਾ ਦੇ ਮੋਹ ਵਿਚ ਪੈ ਕੇ ਕਈਆਂ ਪ੍ਰਸੰਗਾਂ ਵਿਚ ਕਵੀਆਂ ਨੇ ਗੁਰਮਤਿ ਵਿਰੋਧੀ ਕੁਝ ਗੱਲਾਂ ਵੀ ਕਹਿ ਦਿੱਤੀਆਂ ਹਨ।
(5) ਯੁੱਧ ਦੇ ਪ੍ਰਸੰਗਾਂ ਨੂੰ ਕਵੀਆਂ ਨੇ ਬੜੀ ਰੀਝ ਨਾਲ ਵਰਣਨ ਕੀਤਾ ਹੈ। ਬਾਬਾ ਸੁਮੇਰ ਸਿੰਘ ਅਤੇ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਇਸ ਸੰਬੰਧ ਵਿਚ ਵਿਸ਼ੇਸ਼ ਉਲੇਖਯੋਗ ਹਨ।

(6) ਬ੍ਰਾਹਮਣੀ ਰੁਚੀਆਂ ਕਵੀਆਂ ਨੇ ਆਪ ਅਪਣਾਈਆਂ ਹਨ ਅਤੇ ਗੁਰੂ ਚਰਿਤ੍ਰਾਂ ਉਪਰ ਅਵਤਾਰਵਾਦ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਲਾਗੂ ਕਰਨ ਦੇ ਯਤਨ ਵੀ ਕੀਤੇ ਹਨ।

ਉਪਰੋਕਤ ਵਿਚਾਰ ਤੋਂ ਬਾਦ ਸਰਲਤਾਪੂਰਵਕ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਨ੍ਹੀਵੀਂ ਸਦੀ ਵਿਚ ਵੀ ਪਹਿਲਾਂ ਵਾਂਗ ਬ੍ਰਜ-ਭਾਸ਼ਾ ਵਿਚ ਹੀ ਸਿੱਖ-ਇਤਿਹਾਸ ਕਾਵਿ ਰਚਿਆ ਗਿਆ ਜੋ ਅਠਾਰ੍ਹਵੀਂ ਸਦੀ ਨਾਲੋਂ ਜ਼ਿਆਦਾ ਕਾਵਿ-ਗੁਣ ਸੰਪੰਨ ਹੈ।

**ਸਿੱਖ ਇਮਾਰਤਸਾਜ਼ੀ** (ਵਾਸਤੂ-ਕਲਾ) : ਸਿੱਖ ਇਮਾਰਤ-ਸਾਜ਼ੀ ਦਾ ਬਹੁਤਾ ਸੰਬੰਧ ਗੁਰੂ-ਧਾਮਾਂ ਜਾਂ ਗੁਰਦੁਆਰਿਆਂ ਦੀ ਉਸਾਰੀ ਨਾਲ ਹੈ। ਕਿਲ੍ਹਿਆਂ, ਭਵਨਾਂ ਜਾਂ ਸਕੂਲਾਂ/ਕਾਲਜਾਂ ਦੀਆਂ ਇਮਾਰਤਾਂ ਸੰਬੰਧੀ ਕੋਈ ਨਿਖੜਵੀਂ ਪਛਾਣ ਸਾਹਮਣੇ ਨਹੀਂ ਆਈ। ਪਟਿਆਲਾ ਨਗਰ ਵਿਚ ਬਣਿਆ ਕਿਲ੍ਹਾ ਮੁਬਾਰਕ ਅਤੇ ਅੰਮ੍ਰਿਤਸਰ ਵਿਚ ਬਣਿਆ ਖ਼ਾਲਸਾ ਕਾਲਜ ਆਪਣੀ ਕੁਝ ਨਿਖੜਵੀਂ ਵਿਸ਼ੇਸ਼ਤਾ ਜ਼ਰੂਰ ਰਖਦੇ ਹਨ, ਪਰ ਉਨ੍ਹਾਂ ਦੀ ਉਸਾਰੀ ਕ੍ਰਮਵਾਰ ਰਾਜਸਥਾਨੀ ਅਤੇ ਬ੍ਰਿਟਿਸ਼ ਇਮਾਰਤਬਾਜ਼ੀ ਤੋਂ ਕਾਫ਼ੀ ਪ੍ਰਭਾਵਿਤ ਹੈ। ਇਸ ਲਈ ਸਿੱਖ ਵਾਸਤੂ-ਕਲਾ ਕੇਵਲ ਗੁਰੂ-ਧਾਮਾਂ ਵਿਚ ਹੀ ਵੇਖਣ ਨੂੰ ਮਿਲਦੀ ਹੈ।

ਇਮਾਰਤਸਾਜ਼ੀ ਵਿਚ ਸਿੱਖਾਂ ਦੀ ਦੇਣ ਸ. ਰਾਮ ਸਿੰਘ ਸੋਹਲ (ਵੇਖੋ) ਵਰਗੇ ਆਰਕਿਟੈਕਟ ਪੈਦਾ ਕਰਨ ਵਿਚ ਹੈ ਜਿਸ ਨੂੰ ਮਲਕਾ ਵਿਕਟੋਰੀਆ ਨੇ ਦਰਬਾਰ ਹਾਲ ਆਦਿ ਭਵਨ ਬਣਵਾ ਕੇ ਸਨਮਾਨਿਤ ਕੀਤਾ ਸੀ ਅਤੇ ਜਿਸ ਨੇ ਭਾਰਤ ਅਤੇ ਭਾਰਤ ਤੋਂ ਬਾਹਰ ਅਨੇਕ ਭਵਨਾਂ ਦੇ ਖ਼ਾਕੇ ਤਿਆਰ ਕੀਤੇ ਸਨ। ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਵਾਇਸਰਾਏ ਲਾਜ ਸ਼ਿਮਲਾ ਆਦਿ ਉਸੇ ਦੀ ਸੋਚ ਦੇ ਸ਼ਾਹਕਾਰ ਹਨ।

ਪ੍ਰਧਾਨ ਸਿੱਖ ਗੁਰੂ-ਧਾਮ ਕਿਸੇ ਨ ਕਿਸੇ ਇਤਿਹਾਸਿਕ ਪਿਛੋਕੜ ਨੂੰ ਸੰਭਾਲੀ ਬੈਠੇ ਹਨ। ਉਹ ਇਤਿਹਾਸਿਕ ਪਿਛੋਕੜ ਗੁਰੂ ਸਾਹਿਬਾਨ ਦੀ ਆਮਦ, ਸ਼ਹਾਦਤ, ਯੁੱਧ ਜਾਂ ਕਿਸੇ ਹੋਰ ਘਟਨਾ ਨਾਲ ਜੁੜਿਆ ਹੁੰਦਾ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਸੰਬੰਧਿਤ ਸਥਾਨਾਂ ਉਤੇ ਧਰਮਸ਼ਾਲਾਵਾਂ ਬਣਾਈਆਂ ਜਾਣ ਲਗੀਆਂ। ਇਹ ਸਿੱਖਾਂ ਦੇ ਘਰ ਵਿਚ ਜਾਂ ਸਾਂਝੀਆਂ ਥਾਂਵਾਂ ਉਤੇ ਬਣਾਈਆਂ ਜਾਂਦੀਆਂ। ਗੁਰੂ ਅਮਰਦਾਸ ਜੀ ਵੇਲੇ ਮੰਜੀਆਂ ਦੀ ਸਥਾਪਨਾ ਨਾਲ ਧਰਮਸ਼ਾਲਾਵਾਂ ਬਣਾਉਣ ਦੀ ਰੁਚੀ ਵਿਚ ਵਿਕਾਸ ਹੋਇਆ। ਇਹ ਧਰਮਸ਼ਾਲਾ ਇਕ ਥੜੇ ਦੇ ਰੂਪ ਵਿਚ ਜਾਂ ਵਰਗਾਕਾਰ ਕਮਰੇ ਦੀ ਸ਼ਕਲ ਦੀ ਹੁੰਦੀ। ਗੁਰੂ ਅਰਜਨ ਦੇਵ ਤੋਂ ਬਾਦ ਪੋਥੀ ਸਾਹਿਬ (ਗੁਰੂ ਗ੍ਰੰਥ ਸਾਹਿਬ) ਦੇ ਪ੍ਰਦਰਸ਼ਨ ਨੂੰ ਮੁਖ ਰਖਦਿਆਂ ਧਰਮਸ਼ਾਲਾ ਦੀ ਵਰਗਾਕਾਰ ਸ਼ਕਲ ਦੀ ਥਾਂ ਆਇਤਾਕਾਰ ਨੇ ਲੈ ਲਈ। ਇਸ ਦੀ ਇਕ ਛੋਟੀ ਭੁਜਾ ਵਲ ਪ੍ਰਕਾਸ਼ ਕੀਤਾ ਜਾਂਦਾ ਸੀ ਅਤੇ ਸਾਹਮਣੇ ਸੰਗਤ ਬਹਿੰਦੀ ਸੀ। ਕਾਲਾਂਤਰ ਵਿਚ 'ਧਰਮਸ਼ਾਲਾ' ਨੂੰ 'ਸੰਗਤ' ਅਤੇ 'ਗੁਰਦੁਆਰਾ' ਵੀ ਕਿਹਾ ਜਾਣ ਲਗਿਆ। ਇਨ੍ਹਾਂ ਧਰਮ-ਸ਼ਾਲਾਵਾਂ ਜਾਂ ਸੰਗਤਾਂ ਦੇ ਪੁਜਾਰੀ ਜਾਂ ਸਾਂਭ-ਸੰਭਾਲ ਕਰਨ ਵਾਲੇ ਅਕਸਰ ਉਦਾਸੀ ਸਾਧੂ ਹੁੰਦੇ ਸਨ।

ਸਿੱਖ ਮਿਸਲਾਂ ਦੇ ਵੇਲੇ ਤੋਂ ਗੁਰੂ-ਧਾਮਾਂ ਦੀ ਇਮਾਰਤਸਾਜ਼ੀ ਵਿਚ ਇਕ ਵਿਸ਼ੇਸ਼ ਤਬਦੀਲੀ ਆਈ। ਕਿਉਂਕਿ ਸਿੱਖ ਸਰਦਾਰਾਂ ਨੇ ਆਪਣੀ ਧਾਰਮਿਕ ਰੁਚੀ ਦੀ ਤ੍ਰਿਪਤੀ ਲਈ ਗੁਰੂ-ਧਾਮਾਂ ਨਾਲ ਜਾਗੀਰਾਂ ਲਗਵਾਈਆਂ ਅਤੇ ਇਨ੍ਹਾਂ ਦੀਆਂ ਇਮਾਰਤਾਂ ਨੂੰ ਸੁੰਦਰ ਬਣਵਾਇਆ। ਆਇਤਾਕਾਰ ਤੋਂ ਇਲਾਵਾ ਕਈ ਅੱਠਭੁਜੀ ਗੁਰੂ-ਧਾਮ ਵੀ ਬਣਵਾਏ ਗਏ, ਜਿਵੇਂ ਆਨੰਦਪੁਰ ਵਿਚ ਗੁਰਦੁਆਰਾ ਲੋਹਗੜ੍ਹ। ਗੁਰਦੁਆਰੇ ਦੇ ਮੁੱਖ ਕਮਰੇ ਜਾਂ ਹਾਲ ਦੀ ਹਰ ਬਾਹੀ ਵਿਚ ਦੁਆਰ ਰਖੇ ਜਾਂਦੇ ਹਨ। ਇਸ ਪਿਛੇ ਸਿੱਖ ਧਰਮ ਦੀ ਉਦਾਰਤਾ ਆਪਣੀ ਭੂਮਿਕਾ ਨਿਭਾਉਂਦੀ ਆ ਰਹੀ ਹੈ।

ਆਮ ਤੌਰ 'ਤੇ ਗੁਰਦੁਆਰੇ ਇਕ ਮੰਜ਼ਲੇ ਹੀ ਹੁੰਦੇ ਹਨ, ਪਰ ਕਈ ਵਾਰ ਇਨ੍ਹਾਂ ਨੂੰ ਦੋ-ਮੰਜ਼ਲਾਂ ਵੀ ਬਣਾ ਦਿੱਤਾ ਜਾਂਦਾ ਹੈ। ਹਾਲ ਦੀ ਛਤ ਦੋ ਮੰਜ਼ਲਾਂ ਜਿੰਨੀ ਉੱਚੀ ਚੁਕ ਕੇ, ਪਹਿਲੀ ਮੰਜ਼ਲ ਦੀ ਉਚਾਈ ਵਾਲੀ ਥਾਂ 'ਤੇ ਗੈਲਰੀਆਂ ਬਣਾਈਆਂ ਜਾਂਦੀਆਂ ਹਨ ਤਾਂ ਜੋ ਵਾਧੂ ਸੰਗਤ ਉਥੇ ਬੈਠ ਸਕੇ। ਕਈ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੇ ਸਥਾਨ ਉਤੇ ਪਾਲਕੀ-ਨੁਮਾ ਜਾਂ ਡਾਟਾਂ ਵਾਲਾ ਇਕ ਵਿਸ਼ੇਸ਼ ਕਮਰਾ ਵੀ ਬਣਾ ਦਿੱਤਾ ਜਾਂਦਾ ਹੈ ਅਤੇ ਉਸ ਦੇ ਘੇਰੇ ਦੇ ਉਪਰ ਵਾਲੇ ਪਾਸੇ ਕਈ ਮੰਜ਼ਿਲਾਂ ਉਸਾਰ ਦਿੱਤੀਆਂ ਜਾਂਦੀਆਂ ਹਨ। ਪੰਜ ਪੰਜ ਮੰਜ਼ਿਲਾਂ ਦੇ ਗੁਰੂ-ਧਾਮ ਆਮ ਵੇਖਣ ਨੂੰ ਮਿਲਦੇ ਹਨ। ਅੰਮ੍ਰਿਤਸਰ ਵਿਚ ਬਾਬਾ ਅਟਲ ਦੀ ਸਮਾਧ ਦੀਆਂ ਨੌਂ ਮੰਜ਼ਿਲਾਂ ਹਨ। ਇਹ ਉਨ੍ਹਾਂ ਦੀ ਆਯੂ

ਦੇ ਵਰ੍ਹਿਆਂ ਦੀਆਂ ਸੂਚਕ ਹਨ।

ਮਹੱਤਵਪੂਰਣ ਜਾਂ ਇਤਿਹਾਸਿਕ ਮਹੱਤਵ ਵਾਲੇ ਗੁਰੂ-ਧਾਮਾਂ ਉਪਰ ਗੁੰਬਦ ਅਤੇ ਬੁਰਜੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕਈਆਂ ਉਤੇ ਕਲਸ ਵੀ ਸਜਾਏ ਹੁੰਦੇ ਹਨ ਜੋ ਅਕਸਰ ਸੁਨਹਿਰੀ ਪਾਲਸ਼ ਵਾਲੇ ਹੁੰਦੇ ਹਨ। ਕਈ ਵਾਰ ਇਨ੍ਹਾਂ ਕਲਸਾਂ ਉਪਰ ਨਿੱਕੀ ਜਿਹੀ ਝਾਲਰ ਵਾਲੀ ਛਤਰੀ ਸੁਸਜਿਤ ਕੀਤੀ ਜਾਂਦੀ ਹੈ ਜਾਂ ਫਿਰ ਖੰਡਾ ਬਣਿਆ ਹੁੰਦਾ ਹੈ। ਇਹ ਗੁੰਬਦ ਅਕਸਰ ਕਮਲ ਦੇ ਫੁਲ ਦੀ ਸ਼ਕਲ ਵਿਚੋਂ ਉਸਾਰੇ ਜਾਂਦੇ ਹਨ। ਹਰ ਗੁਰਦੁਆਰੇ ਦੀ ਇਮਾਰਤ ਦੀ ਦੂਰੋਂ ਪਛਾਣ ਲਈ ਨਿਸ਼ਾਨ ਸਾਹਿਬ ਜ਼ਰੂਰ ਹੁੰਦਾ ਹੈ। ਇਹ ਆਮ ਤੌਰ 'ਤੇ ਉੱਚੇ ਖੰਭੇ ਉਤੇ ਚੜ੍ਹੇ ਬਸੰਤੀ ਰੰਗ ਦੇ ਕਪੜੇ ਦਾ ਬਣਿਆ ਹੁੰਦਾ ਹੈ। ਇਸ ਦੇ ਫਰਹਰੇ ਉਪਰ ਖੰਡੇ ਦਾ ਚਿੰਨ੍ਹ ਅਤੇ ਖੰਭੇ ਦੇ ਸਿਰ ਉਪਰ ਧਾਤ ਦੇ ਖੰਡੇ ਦਾ ਮੁਕਟ ਹੁੰਦਾ ਹੈ। ਨਿਹੰਗ ਸਿੰਘ ਆਪਣੇ ਫਰਹਰੇ ਦਾ ਰੰਗ ਨੀਲਾ ਜਾਂ ਸੁਰਮਈ ਰਖਦੇ ਹਨ।

ਗੁਰਦੁਆਰੇ ਦੀ ਇਮਾਰਤ ਦਾ ਆਕਾਰ ਪ੍ਰਕਾਰ ਉਸ ਦੇ ਇਤਿਹਾਸਿਕ ਮਹਤਵ, ਸਥਾਨ ਦੀ ਉਪਲਬਧੀ ਅਤੇ ਮਾਇਕ ਸਹਾਇਤਾ ਉਤੇ ਨਿਰਭਰ ਕਰਦਾ ਹੈ। ਵਡਿਆਂ ਗੁਰਦੁਆਰਿਆਂ ਵਿਚ ਮੁੱਖ ਹਾਲ ਤੋਂ ਪਹਿਲਾਂ ਡਿਉਢੀ ਦੀ ਵਿਵਸਥਾ ਹੁੰਦੀ ਹੈ ਜਿਸ ਤੋਂ ਮੁੱਖ ਇਮਾਰਤ ਦੇ ਸਿਧੇ ਦਰਸ਼ਨ ਹੁੰਦੇ ਹਨ। ਡਿਉਢੀ ਦੀ ਸੱਜਾ ਬਹੁਤਾ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਵਿਚ ਆਮ ਤੌਰ 'ਤੇ ਦਫ਼ਤਰ ਜਾਂ ਪ੍ਰਬੰਧਕ ਦੇ ਬੈਠਣ ਦਾ ਸਥਾਨ ਹੁੰਦਾ ਹੈ। ਇਸ ਤੋਂ ਇਲਾਵਾ ਲੰਗਰ ਅਤੇ ਰਿਹਾਇਸ਼ੀ ਕਮਰੇ ਜਾਂ ਛੋਟੀਆਂ ਸਰਾਵਾਂ ਵੀ ਬਣੀਆਂ ਹੁੰਦੀਆਂ ਹਨ। ਮੁੱਖ ਗੁਰਦੁਆਰਿਆਂ ਨਾਲ ਸਰੋਵਰ ਵੀ ਬਣਾਏ ਜਾਂਦੇ ਹਨ ਤਾਂ ਜੋ ਯਾਤ੍ਰੀਆਂ ਨੂੰ ਇਸ਼ਨਾਨ ਕਰਨ ਦੀ ਸਹੂਲਤ ਰਹੇ। ਮੁੱਖ ਹਾਲ ਦੇ ਇਰਦ-ਗਿਰਦ ਪਰਿਕ੍ਰਮਾ ਦੀ ਵਿਵਸਥਾ ਵੀ ਹੁੰਦੀ ਹੈ। ਬਨੇਰਿਆਂ ਉਤੇ ਸੁੰਦਰ ਕਿੰਗਰੇ ਜਾਂ ਜਾਲੀਆਂ ਸਜਾਈਆਂ ਜਾਂਦੀਆਂ ਹਨ। ਹਿਫ਼ਾਜ਼ਤੀ ਦ੍ਰਿਸ਼ਟੀ ਤੋਂ ਕਈ ਗੁਰਦੁਆਰਿਆਂ ਨੂੰ ਕਿਲ੍ਹਿਆਂ ਦੀ ਸ਼ਕਲ ਦਿੱਤੀ ਹੁੰਦੀ ਹੈ ਜਿਵੇਂ ਕੀਰਤਪੁਰ ਸਾਹਿਬ ਵਿਚ ਗੁਰਦੁਆਰਾ ਬਾਬਾ ਗੁਰਦਿੱਤਾ ਜੀ।

ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਸਿੱਖ ਅਨੁਯਾਈ ਗੁਰੂ-ਧਾਮਾਂ ਦੀ ਉਸਾਰੀ ਲਈ ਬੜੇ ਖੁਲ੍ਹੇ ਦਿਲ ਨਾਲ ਧਨ ਦਿੰਦੇ ਹਨ। ਇਸ ਕਰਕੇ ਕਈਆਂ ਥਾਂਵਾਂ ਉਤੇ ਬੜੇ ਆਲੀਸ਼ਾਨ ਗੁਰਦੁਆਰੇ ਬਣਾਏ ਗਏ ਹਨ। ਗੁਰਦੁਆਰਿਆਂ ਦੀਆਂ ਪ੍ਰਭਾਵਸ਼ਾਲੀ ਇਮਾਰਤਾਂ ਬਣਾਉਣ ਵਿਚ ਕਾਰ-ਸੇਵਾ ਵਾਲੇ ਬਾਬਿਆਂ ਦਾ ਵੀ ਬਹੁਤ ਯੋਗਦਾਨ ਰਿਹਾ ਹੈ। ਪਰ ਨਵੀਆਂ ਇਮਾਰਤਾਂ ਦੇ ਉਤਸਾਹ ਵਸ ਕਈ ਵਾਰ ਉਨ੍ਹਾਂ ਦੇ ਪੁਰਾ-ਤੱਤ੍ਵਾਂ ਨੂੰ ਨੁਕਸਾਨ ਪਹੁੰਚਿਆ ਹੈ। ਉਂਜ ਹਰ ਗੁਰਦੁਆਰੇ ਦੀ ਆਪਣੀ ਪਛਾਣ ਹੈ। ਬਹੁਤ ਘਟ ਗਿਣਤੀ ਵਿਚ ਇਕੋ ਜਿਹੇ ਬਣੇ ਗੁਰਦੁਆਰੇ ਮਿਲਦੇ ਹਨ।

ਗੁਰਦੁਆਰਿਆਂ ਦੀ ਅੰਦਰਲੀ ਸਜਾਵਟ ਲਈ ਜੜਤ ਅਤੇ ਟੁਕੜੀ ਦਾ ਕੰਮ ਕਰਵਾਇਆ ਜਾਂਦਾ ਹੈ। ਮੁਹਰਾਕਸ਼ੀ ਦੁਆਰਾ ਗੁਰਦੁਆਰਿਆਂ ਦੀਆਂ ਅੰਦਰਲੀਆਂ ਦੀਵਾਰਾਂ, ਡਾਟਾਂ ਅਤੇ ਛੱਤਾਂ ਨੂੰ ਸਜਾਇਆ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਜਾਵਟ ਲਈ ਸਾਰੀਆਂ ਸ਼ੈਲੀਆਂ ਦਾ ਅਦੁੱਤੀ ਪ੍ਰਦਰਸ਼ਨ ਹੋਇਆ ਹੈ। ਤਸਵੀਰਕਸ਼ੀ ਦੇ ਹੁਨਰ ਨਾਲ ਕੰਧ-ਚਿਤਰ ਵੀ ਬਣਵਾਏ ਜਾਂਦੇ ਹਨ, ਜਿਵੇਂ ਬਾਬਾ ਅਟਲ ਦੀ ਸਮਾਧ ਦੀ ਇਮਾਰਤ ਅੰਦਰ ਜਾਂ ਉਦਾਸੀ ਅਖਾੜਿਆਂ ਵਿਚ। ਅੱਜ-ਕਲ ਸੰਗਮਰਮਰ ਜਾਂ ਵੰਨ-ਸੁਵੰਨੀਆਂ ਟਾਇਲਾਂ ਨੂੰ ਵੀ ਸਜਾਵਟ ਲਈ ਵਰਤਿਆ ਜਾਣ ਲਗਿਆ ਹੈ।

ਸਿੱਖ ਇਮਾਰਤਸਾਜ਼ੀ ਦਾ ਸਰਵੋਤਮ ਅਤੇ ਪ੍ਰਤਿਨਿਧ ਰੂਪ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਵਿਚ ਵੇਖਣ ਨੂੰ ਮਿਲਦਾ ਹੈ। ਇਸ ਦੀ ਬਾਹਰਲੀ ਦਿਖ, ਚੌਗਿਰਦੇ ਸਰਵੋਰ ਦੇ ਜਲ ਦੀਆਂ ਲਹਿਰਾਂ, ਦਰਸ਼ਨੀ ਡਿਉਢੀ ਦਾ ਪ੍ਰਵੇਸ਼ ਦੁਆਰ, ਹਰਿਮੰਦਿਰ ਸਾਹਿਬ ਦੀ ਸ਼ੋਭਾਸ਼ਾਲੀ ਸਾਜ-ਸਜਾਵਟ ਦਾ ਅਨੁਪਮ ਦ੍ਰਿਸ਼ ਇਕ ਵਾਰ ਦਰਸ਼ਕ ਦੇ ਧੁਰ ਅੰਦਰ ਤਕ ਵਿਆਪਤ ਹੋ ਜਾਂਦਾ ਹੈ। ਜੋੜੇ ਦੇਣ ਤੋਂ ਬਾਦ ਪਰਿਕ੍ਰਮਾਂ ਵਿਚ ਉਤਰਨ ਨਾਲ ਜਿਗਿਆਸੂ ਦੀ ਸਾਰੀ ਮਾਨਸਿਕਤਾ ਨਮ੍ਰਤਾ ਵਿਚ ਮਗਨ ਹੋ ਜਾਂਦੀ ਹੈ। ਵਿਸ਼ਵ ਭਰ ਦੇ ਧਰਮ-ਧਾਮਾਂ ਵਿਚ ਇਸ ਇਮਾਰਤ ਦਾ ਗੌਰਵਮਈ ਸਥਾਨ ਹੈ।

ਸਿੱਖ ਇਮਾਰਤਸਾਜ਼ੀ ਕਿਸੇ ਲਕੀਰ ਦੀ ਬੰਨ੍ਹੀ ਹੋਈ ਨਹੀਂ। ਇਸ ਵਿਚ ਰਾਜਪੂਤ ਅਤੇ ਮੁਗ਼ਲ ਵਾਸਤੂ-ਸ਼ੈਲੀਆਂ ਦਾ ਕੁਝ ਨ ਕੁਝ ਪ੍ਰਭਾਵ ਹੈ। ਪਰ ਮੂਲ-ਰੂਪ ਵਿਚ ਸਿੱਖ ਇਮਾਰਤਸਾਜ਼ੀ ਨਮ੍ਰਤਾ ਅਤੇ ਚੜ੍ਹਦੀ ਕਲਾ ਦੇ ਮਿਸ਼ਰਣ ਨਾਲ ਸੰਪੰਨ ਹੋਈ ਸਰਬੱਤ ਦੇ ਭਲੇ ਲਈ ਸਦ-ਭਾਵਨਾ, ਮਾਨਸਿਕ ਵਿਸ਼ਾਲਤਾ ਅਤੇ ਧਾਰਮਿਕ ਉਦਾਰਤਾ ਦਾ ਪ੍ਰਤੀਕ ਹੈ। ਇਹੀ ਇਸ ਦੀ ਵਿਲੱਖਣਤਾ ਹੈ।

**ਸਿੱਖ ਸਟੂਡੈਂਟਸ ਫੈਡਰੇਸ਼ਨ** : ਸ. ਸਰੂਪ ਸਿੰਘ ਦੁਆਰਾ 13 ਸਤੰਬਰ 1944 ਈ. ਵਿਚ ਲਾਹੌਰ ਵਿਚ ਬਣਾਇਆ ਗਿਆ ਇਕ ਸੰਗਠਨ, ਜਿਸ ਦਾ ਪੂਰਾ ਨਾਂ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਸੀ ਅਤੇ ਜਿਸ ਦਾ ਮੁੱਖ ਉਦੇਸ਼ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਸਿੱਖ ਵਿਦਿਆਰਥੀਆਂ ਦੇ ਮਨ ਵਿੰਚ ਸਿੱਖ ਧਰਮ ਅਤੇ ਵਿਰਸੇ ਬਾਰੇ ਚੇਤਨਾ ਪੈਦਾ ਕਰਨਾ ਸੀ ਤਾਂ ਜੋ ਬਾਹਰਲੇ ਪ੍ਰਭਾਵਾਂ ਤੋਂ ਇਨ੍ਹਾਂ ਨੂੰ ਵਰਜਿਆ ਜਾ ਸਕੇ। ਇਸ ਤੋਂ ਪਹਿਲਾਂ ਭਾਵੇਂ ਸਕੂਲਾਂ ਵਿਚ ਭੁਜੰਗੀ ਸਭਾਵਾਂ ਜਾਂ ਸੁਸਾਇਟੀਆਂ ਕਾਇਮ ਕਰਨ ਦੀ ਕੁਝ ਪਿਰਤ ਪੈ ਚੁਕੀ ਸੀ, ਪਰ ਨਵੀਂ ਸੋਚ ਅਤੇ ਵਿਦਿਆ-ਪ੍ਰਚਾਰ ਦੇ ਨਵੇਂ ਸੰਦਰਭ ਦੀਆਂ ਇਹ ਹਾਣੀ ਨ ਬਣ ਸਕੀਆਂ। ਨਵੀਆਂ ਉਮੰਗਾਂ ਅਤੇ ਆਕਾਂਖਿਆਵਾਂ ਨੂੰ ਸੁਵਿਵਸਥਿਤ ਸੇਧ ਦੇਣ ਲਈ ਇਸ ਸੰਗਠਨ ਨੇ ਉਸਾਰੂ ਭੂਮਿਕਾ ਨਿਭਾਈ। ਸਥਾਪਤੀ ਤੋਂ ਕੁਝ ਮਹੀਨਿਆਂ ਬਾਦ ਗੁਜਰਾਂਵਾਲਾ ਅਤੇ ਅੰਮ੍ਰਿਤਸਰ ਵਿਚ ਇਸ ਦੀਆਂ ਬ੍ਰਾਂਚਾਂ ਖੁਲ੍ਹ ਗਈਆਂ ਅਤੇ ਫਿਰ ਪੰਜਾਬ ਦੇ ਮੁੱਖ ਮੁੱਖ ਨਗਰਾਂ ਵਿਚ ਸ਼ਾਖਾਵਾਂ ਕਾਇਮ ਹੋ ਗਈਆਂ। ਦੇਸ਼ ਦੀ ਆਜ਼ਾਦੀ ਤੋਂ ਬਾਦ ਫੈਡਰੇਸ਼ਨ ਦਾ ਮੁੱਖ ਕੇਂਦਰ ਲਾਹੌਰ ਦੀ ਥਾਂ ਅੰਮ੍ਰਿਤਸਰ ਵਿਚ ਕਾਇਮ ਹੋ ਗਿਆ। ਪੰਜਾਬ ਦੀ ਵੰਡ ਵੇਲੇ ਇਸ ਸੰਗਠਨ ਦੇ ਵਰਕਰਾਂ ਨੇ ਹਿੰਦੂਆਂ, ਸਿੱਖਾਂ ਨੂੰ ਮੁਸਲਮਾਨ ਦੰਗਈਆਂ ਤੋਂ ਬਚਾ ਕੇ ਪੂਰਬੀ ਪੰਜਾਬ ਵਲ ਲੈ ਆਉਣ ਦਾ ਬੀੜਾ ਚੁਕਿਆ। ਇਸ ਜਦੋ-ਜਹਿਦ ਵਿਚ ਇਸ ਸੰਸਥਾ ਦੇ ਸਕੱਤਰ ਗਿਆਨੀ ਗੁਰਦਿਆਲ ਸਿੰਘ ਸ਼ਹੀਦ ਵੀ ਹੋਏ। ਡਾ. ਜਸਵੰਤ ਸਿੰਘ ਨੇਕੀ, ਸ. ਅਮਰ ਸਿੰਘ ਅੰਬਾਲਵੀ, ਸ. ਭਾਨ ਸਿੰਘ, ਸ. ਮਨਜੀਤ ਸਿੰਘ ਕਲਕੱਤਾ, ਪ੍ਰਿੰ. ਗੁਰਬਖ਼ਸ਼ ਸਿੰਘ ਸ਼ੇਰਗਿਲ ਆਦਿ ਇਸ ਸੰਸਥਾ ਦੇ ਮੁੱਢਲੇ ਕਾਰਕੁੰਨਾਂ ਵਿਚੋਂ ਹਨ।

ਸੰਨ 1955 ਈ. ਵਿਚ ਹੜ੍ਹਾਂ ਕਾਰਣ ਪੰਜਾਬ ਨੂੰ ਬਹੁਤ ਬਰਬਾਦੀ ਦਾ ਸਾਹਮਣਾ ਕਰਨਾ ਪਿਆ। ਫੈਡਰੇਸ਼ਨ ਦੇ ਵਰਕਰਾਂ ਨੇ ਪਿੰਡ ਪਿੰਡ ਜਾ ਕੇ ਹੜ-ਪੀੜਤਾਂ ਨੂੰ ਰਾਸ਼ਨ, ਕਪੜੇ ਅਤੇ ਦਵਾਈਆਂ ਉਪਲਬਧ ਕੀਤੀਆਂ। ਜਦੋਂ ਵੀ ਕੋਈ ਪੰਥਕ ਮਸਲਾ ਖੜਾ ਹੋਇਆ, ਇਸ ਫੈਡਰੇਸ਼ਨ ਨੇ ਉਘੜਵਾਂ ਯੋਗਦਾਨ ਪਾਇਆ। ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਨੂੰ ਪ੍ਰਚਾਰਨ ਅਤੇ ਸਿੱਖੀ ਦੇ ਅਮਲੀ ਜੀਵਨ ਦੀ ਟ੍ਰੇਨਿੰਗ ਦੇਣ ਲਈ ਇਸ ਸੰਸਥਾ ਨੇ ਦਰਜਨਾਂ ਆਲ ਇੰਡੀਆ ਪੱਧਰ 'ਤੇ ਅਤੇ ਸੈਂਕੜੇ ਸਰਕਲ ਪੱਧਰ 'ਤੇ ਕੈਂਪ ਲਗਾਏ। ਇਨ੍ਹਾਂ ਕੈਂਪਾਂ ਵਿਚ ਸਿੱਖ ਧਰਮ ਦੇ ਅਨੇਕ ਪੱਖਾਂ ਉਤੇ ਲੈਕਚਰ ਕਰਵਾਏ ਜਾਂਦੇ। ਇਹ ਕੈਂਪ ਇਕ ਪ੍ਰਕਾਰ ਨਾਲ ਚਲਦੇ ਫਿਰਦੇ ਮਿਸ਼ਨਰੀ ਕਾਲਜ ਹਨ ਜੋ ਸਿੱਖੀ ਤੋਂ ਟੁਟੇ ਹੋਏ ਵਿਦਿਆਰਥੀਆਂ ਨੂੰ ਫਿਰ ਆਪਣੇ ਮੂਲ ਵਿਰਸੇ ਨਾਲ ਜੋੜਦੇ ਹਨ। ਇਨ੍ਹਾਂ ਕੈਂਪਾਂ ਦੇ ਫਲਸਰੂਪ ਸਿੱਖਾਂ ਵਿਚ ਅਨੇਕ ਵਿਦਵਾਨ, ਇਤਿਹਾਸਕਾਰ, ਵਕੀਲ ਅਤੇ ਡਾਕਟਰ ਪੈਦਾ ਹੋਏ। ਇਸ ਫੈਡਰੇਸ਼ਨ ਦੇ ਮੰਤਵਾਂ ਵਿਚੋਂ ਇਕ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਰਿਹਾ ਹੈ, ਜੋ ਕਿਸੇ ਨ ਕਿਸੇ ਰੂਪ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰੂਪ ਵਿਚ ਸਾਕਾਰ ਹੋਇਆ ਹੈ।

ਗੁਰਮਤਿ ਦਾ ਸਹੀ ਪ੍ਰਕਾਸ਼ ਕਰਨ ਦੇ ਮੰਤਵ ਨਾਲ ਸਥਾਪਿਤ ਹੋਈ ਇਸ ਸੰਸਥਾ ਦੇ ਰਾਜਨੈਤਿਕ ਪਾਰਟੀਆਂ ਦੇ ਸੰਪਰਕ ਵਿਚ ਆ ਜਾਣ ਕਾਰਣ ਇਸ ਵਿਚ ਸਮੇਂ ਸਮੇਂ ਫੁਟ ਪੈਂਦੀ ਰਹੀ ਅਤੇ ਕਈ ਧੜੇ ਬਣ ਚੁਕੇ ਹਨ। ਇਸ ਨੂੰ ਗ਼ੈਰ-ਕਾਨੂੰਨੀ ਵੀ ਠਹਿਰਾਇਆ ਗਿਆ। ਇਸ ਦਾ ਇਕ ਮੁਖੀ ਭਾਈ ਅਮਰੀਕ ਸਿੰਘ ਨੀਲਾ ਤਾਰਾ ਸਾਕੇ ਵਿਚ ਸ਼ਹੀਦ ਹੋਇਆ। ਵਰਤਮਾਨ ਪਤਿਤਪੁਣੇ ਦੀ ਚਲ ਰਹੀ ਲਹਿਰ ਨੂੰ ਠਲ੍ਹ ਪਾਉਣ ਲਈ ਇਹ ਸੰਸਥਾ ਉਸਾਰੂ ਯੋਗਦਾਨ ਦੇ ਸਕਦੀ ਹੈ, ਜੇ ਸਾਰੇ ਧੜੇ ਸੰਗਠਿਤ ਹੋ ਕੇ ਕੰਮ ਕਰਨ ਅਤੇ ਰਾਜਨੈਤਿਕ ਪ੍ਰਾਪਤੀਆਂ ਵਲੋਂ ਮੂੰਹ ਮੋੜ ਲੈਣ।

**ਸਿੱਖ ਸਦਾਚਾਰ** : ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਚੰਗਾ ਆਚਰਣ, ਉਤਮ ਬਿਰਤੀ। ਇਸ ਨੂੰ ਸੱਚਾ ਆਚਾਰ ਵੀ ਕਿਹਾ ਜਾ ਸਕਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਹਰ ਕੌਮ, ਹਰ ਦੇਸ਼ ਅਤੇ ਹਰ ਧਰਮ ਵਾਲਿਆਂ ਨੇ ਸਾਤਵਿਕ ਰੁਚੀਆਂ ਅਧੀਨ ਸਦਾਚਾਰ ਜਾਂ ਨੈਤਿਕਤਾ ਉਤੇ ਬਲ ਦਿੱਤਾ ਹੈ, ਪਰ ਸਿੱਖ ਧਰਮ ਵਿਚ ਇਸ ਦੀ ਵਿਸ਼ੇਸ਼ ਮਹੱਤਵ-ਸਥਾਪਨਾ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਇਸ ਨੂੰ ਸਚ ਤੋਂ ਉਪਰ ਸਥਿਤ ਕੀਤਾ ਹੈ — *ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।*(ਗੁ.ਗ੍ਰੰ.62)।

ਗੁਰਬਾਣੀ ਜਿਸ ਜੀਵਨ-ਜਾਚ ਦੀ ਸਿਖਿਆ ਦਿੰਦੀ ਹੈ ਉਸ ਦਾ ਮੂਲ-ਆਧਾਰ ਹੈ ਸਦਾਚਾਰ। ਇਸ ਨੂੰ ਸ਼ੁਭ-ਕਰਮ ਜਾਂ ਅਧਿਆਤਮ-ਕਰਮ ਦਾ ਨਾਂ ਵੀ ਦਿੱਤਾ ਗਿਆ ਹੈ। ਇਹ ਉਹ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਸਾਧਕ ਨੂੰ ਸਮ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਹਉਮੈ ਖ਼ਤਮ ਹੁੰਦੀ ਹੈ, ਮਨ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਚੰਗੇ ਕਰਮ

ਸਦਾਚਰਣ ਅਤੇ ਮਾੜੇ ਕਰਮ ਦੁਰਾਚਰਣ ਹਨ। ਗੁਰਬਾਣੀ ਵਿਚ ਸਭ ਥਾਂ ਚੰਗੇ ਕਰਮਾਂ ਨੂੰ ਕਰਨ ਲਈ ਜ਼ੋਰ ਦਿੱਤਾ ਗਿਆ ਹੈ ਅਤੇ ਮਾੜੇ ਕਰਮਾਂ ਵਲੋਂ ਵਰਜਿਆ ਗਿਆ ਹੈ।

ਸੰਖੇਪ ਵਿਚ ਗੁਰਬਾਣੀ ਅਨੁਸਾਰ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਹੀ ਪ੍ਰਮੁਖ ਸਦਾਚਾਰ ਹਨ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਹੈ ਕਿ ਇਸ ਸੰਸਾਰ ਵਿਚ ਨਾਮ-ਸਿਮਰਨ ਰਾਹੀਂ ਹੀ ਵਡਿਆਈ ਪ੍ਰਾਪਤ ਹੁੰਦੀ ਹੈ। ਨਾਮ ਜਪਣ ਤੋਂ ਸ੍ਰੇਸ਼ਠ ਹੋਰ ਕੋਈ ਕਰਮ ਨਹੀਂ ਹੈ— *ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ।* (ਗੁ.ਗ੍ਰੰ.903)। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਵਿਚ ਦਸਿਆ ਹੈ ਕਿ ਸਾਰਿਆਂ ਧਰਮਾਂ ਵਿਚੋਂ ਸ੍ਰੇਸ਼ਠ ਧਰਮ ਹੈ ਹਰਿ ਦਾ ਨਾਮ ਜਪਣਾ; ਇਹੀ ਨਿਰਮਲ ਕਰਮ ਹੈ — *ਸਰਬ ਧਰਮ ਮਹਿ ਸ੍ਰੇਸਟ ਧਰਮੁ। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।* (ਗੁ.ਗ੍ਰੰ.266)। ਅਸਲ ਵਿਚ ਸਾਰਿਆਂ ਕਰਮਾਂ, ਧਰਮਾਂ ਅਤੇ ਹੋਰ ਕ੍ਰਿਆਵਾਂ ਵਿਚੋਂ ਸਭ ਤੋਂ ਉਤਮ ਆਚਾਰ 'ਨਾਮ ਦਾ ਸਿਮਰਨ' ਹੈ— *ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਆਚਾਰੁ।*(ਗੁ.ਗ੍ਰੰ.405)।

'ਜਪੁਜੀ' ਦੀ 20ਵੀਂ ਪਉੜੀ ਵਿਚ ਦ੍ਰਿਸ਼ਟਾਂਤ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਪਾਪਾਂ ਨਾਲ ਅਪਵਿੱਤਰ ਹੋਈ ਬੁੱਧੀ ਦੀ ਸ਼ੁੱਧੀ ਲਈ ਹਰਿ ਦਾ ਨਾਮ ਬਹੁਤ ਜ਼ਰੂਰੀ ਦਸਿਆ ਹੈ—*ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ। ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ। ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।* (ਗੁ.ਗ੍ਰੰ.4)।

ਗੁਰਬਾਣੀ ਅਨੁਸਾਰ ਮਨੁੱਖ ਦਾ ਦੂਜਾ ਮਹੱਤਵਪੂਰਣ ਆਚਾਰ ਹੈ ਕਿਰਤ ਕਰਨਾ। ਜੀਵਨ ਬਤੀਤ ਕਰਨ ਲਈ ਗੁਰਬਾਣੀ ਕਰਮਸ਼ੀਲਤਾ ਉਤੇ ਬਲ ਦਿੰਦੀ ਹੈ। ਬਿਨਾ ਕੰਮ ਕੀਤੇ ਮੰਗ ਕੇ ਖਾਣਾ ਜਾਂ ਹੋਰਨਾਂ ਉਤੇ ਨਿਰਭਰ ਹੋਣਾ ਗੁਰਬਾਣੀ ਵਿਚ ਵਰਜਿਤ ਹੈ। ਗੁਰੂ ਸਾਹਿਬਾਨ ਦੀ ਭਗਤੀ ਸੰਸਾਰਿਕ ਧੰਧਿਆਂ ਤੋਂ ਮੁਖ ਮੋੜ ਕੇ ਸੰਨਿਆਸ ਲੈਣ ਵਾਲੀ ਨਹੀਂ, ਕਿਉਂਕਿ ਉਹ ਸਮਾਜ ਪ੍ਰਤਿ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਅਨੁਯਾਈਆਂ ਵਿਚ ਕਰਮ ਤੋਂ ਭਜਣ ਵਾਲੀ ਬਿਰਤੀ ਨੂੰ ਕਿਰਤ ਦੇ ਸਿੱਧਾਂਤ ਰਾਹੀਂ ਬਿਲਕੁਲ ਖ਼ਤਮ ਕਰ ਦਿੱਤਾ। ਗੁਰਬਾਣੀ ਵਿਚ ਪ੍ਰਗਟਾਈ ਗਈ ਭਗਤੀ ਅਸਲ ਵਿਚ ਜੀਵਨ-ਵਿਹੂਣੀ ਨਹੀਂ, ਜੀਵਨਮਈ ਹੈ। ਕਿਰਤ ਵਿਚ ਲੀਨ ਰਹਿਣਾ ਹੀ ਜ਼ਿੰਦਗੀ ਹੈ। ਗੁਰੂ ਅਰਜਨ ਦੇਵ ਜੀ ਦਾ ਸੰਦੇਸ਼ ਹੈ— *ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।*(ਗੁ.ਗ੍ਰੰ.522)। 'ਜਪੁਜੀ' ਦੇ ਅੰਤ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਨੇ ਨਾਮ-ਸਿਮਰਨ ਅਤੇ ਮਿਹਨਤ ਮੁਸ਼ਕਤ ਵਾਲਾ ਜੀਵਨ ਜੀਵਿਆ ਹੈ, ਉਹ ਉਜਲੇ ਮੁਖ ਨਾਲ ਪਰਮਾਤਮਾ ਦੇ ਦਰਬਾਰ ਵਿਚ ਜਾਣਗੇ ਅਤੇ ਆਪਣੇ ਨਾਲ ਹੋਰ ਵੀ ਕਈ ਪ੍ਰਾਣੀਆਂ ਦਾ ਪਾਰ-ਉਤਾਰਾ ਕਰਨਗੇ।

ਸਪੱਸ਼ਟ ਹੈ ਕਿ ਗੁਰਬਾਣੀ ਵਿਚ ਨਾਮ ਜਪਣ ਦੇ ਨਾਲ ਮੁਸ਼ਕਤ ਅਤੇ ਘਾਲ ਨੂੰ ਪੂਰਾ ਮਹੱਤਵ ਦਿੱਤਾ ਗਿਆ ਹੈ। ਇਥੇ ਨਾਮ-ਸਾਧਨਾ ਅਤੇ ਕਿਰਤ ਇਕ ਦੂਜੇ ਦੀਆਂ ਪੂਰਕ ਹਨ, ਆਪਸ ਵਿਚ ਸੰਬੰਧਿਤ ਹਨ। ਘਾਲਣਾ ਦੁਆਰਾ ਕੀਤੀ ਕਮਾਈ ਹੀ ਪੁੰਨ-ਦਾਨ ਕਰਨ ਲਈ ਉਚਿਤ ਹੈ। ਮਿਹਨਤ ਤੋਂ ਭਿੰਨ ਸਾਧਨ ਰਾਹੀਂ ਪ੍ਰਾਪਤ ਕੀਤੀ ਦੌਲਤ ਨ ਇਸ ਲੋਕ ਵਿਚ ਲਾਭਦਾਇਕ ਹੈ, ਨ ਪਰਲੋਕ ਵਿਚ। ਪਰਲੋਕ ਵਿਚ ਉਹੀ ਕੁਝ ਪ੍ਰਾਪਤ ਹੁੰਦਾ ਹੈ ਜੋ ਮਿਹਨਤ ਰਾਹੀਂ ਕੀਤੀ ਕਮਾਈ ਵਿਚੋਂ ਦਿੱਤਾ ਜਾਏ — *ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ। ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ। ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ। ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।*(ਗੁ.ਗ੍ਰੰ. 472)।

ਘਾਲਣਾ ਕਰਨ ਦੇ ਨਾਲ ਇਹ ਵੀ ਸ਼ਰਤ ਹੈ ਕਿ ਧਨ, ਸੰਪਤੀ ਆਦਿ ਨੂੰ ਇਕੱਠਾ ਨਹੀਂ ਕਰਨਾ ਚਾਹੀਦਾ, ਸਗੋਂ ਆਪਣੀਆਂ ਲੋੜਾਂ ਤੋਂ ਵਧ ਚੀਜ਼ਾਂ ਨੂੰ ਹੋਰ ਲੋੜਵੰਦਾਂ ਵਿਚ ਵੰਡ ਕੇ ਖਾਣਾ ਚਾਹੀਦਾ ਹੈ। ਗੁਰਬਾਣੀ ਅਨੁਸਾਰ ਇਹ 'ਵੰਡ-ਛਕਣ' ਦਾ ਆਚਾਰ ਹੈ। ਅਸਲ ਵਿਚ, ਉਹੀ ਲੋਕ ਜੀਵਨ-ਮਨੋਰਥ ਨੂੰ ਠੀਕ ਸਮਝਦੇ ਹਨ ਜੋ ਘਾਲਣਾ ਨਾਲ ਕੀਤੀ ਕਮਾਈ ਵਿਚੋਂ ਵੰਡਦੇ ਹਨ— *ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।* (ਗੁ.ਗ੍ਰੰ.1245)। ਅਜਿਹੇ ਵਿਅਕਤੀ ਹੀ ਵਾਸਤਵਿਕ ਮਾਰਗ ਦੀ ਪਛਾਣ ਕਰਕੇ ਪਰਮਾਤਮਾ ਦੇ ਦੁਆਰ ਉਤੇ ਪ੍ਰਤਿਸ਼ਠਾ ਪ੍ਰਾਪਤ ਕਰ ਸਕਦੇ ਹਨ। ਇਸ ਪ੍ਰਕਾਰ ਦੇ ਅਸੂਲਾਂ ਉਤੇ ਕਾਇਮ ਹੋਇਆ ਸਮਾਜ ਸਚਮੁਚ ਮਨੁੱਖਤਾ ਲਈ ਕਲਿਆਣਕਾਰੀ ਹੋ ਸਕਦਾ ਹੈ। ਜੀਵਨ ਸੰਬੰਧੀ ਗੁਰਬਾਣੀ ਦੇ ਇਸ ਸਦਾਚਾਰ ਦਾ ਮਹੱਤਵ ਉਦੋਂ ਹੀ ਨਹੀਂ, ਹੁਣ ਵੀ ਬਣਿਆ ਹੋਇਆ ਹੈ।

ਨਾਮ-ਜਪਣ, ਕਿਰਤ-ਕਰਨ ਅਤੇ ਵੰਡ-ਛਕਣ

ਦੇ ਮੂਲ ਸਿੱਧਾਂਤਾਂ ਤੋਂ ਇਲਾਵਾ ਗੁਰਬਾਣੀ ਵਿਚ ਹਉਮੈ ਦੇ ਤਿਆਗ ਉਤੇ ਬਹੁਤ ਬਲ ਦਿੱਤਾ ਗਿਆ ਹੈ। ਇਹ ਨਿਮਰਤਾ ਨੂੰ ਨਸ਼ਟ ਕਰਨ ਵਾਲਾ ਤੱਤ੍ਵ ਹੈ। ਹਉਮੈ ਕਰਕੇ ਹੀ ਪ੍ਰਾਣੀ ਆਵਾਗਵਣ ਦੇ ਚੱਕਰ ਵਿਚ ਪੈਂਦਾ ਹੈ। ਇਸ ਦੀ ਮੌਜੂਦਗੀ ਵਿਚ ਨਾਮ-ਸਿਮਰਨ ਸੰਭਵ ਨਹੀਂ, ਨ ਹੀ ਸੇਵਾ ਦੀ ਬਿਰਤੀ ਦਾ ਵਿਕਾਸ ਹੁੰਦਾ ਹੈ — *ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ। ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।* (ਗੁ.ਗ੍ਰੰ.560)।

ਗੁਰਬਾਣੀ ਵਿਚ ਊਚ-ਨੀਚ ਦੇ ਭਾਵ ਦੀ ਵੀ ਨਿਖੇਧੀ ਕੀਤੀ ਗਈ ਹੈ। ਮਨੁੱਖ ਮਨੁੱਖ ਵਿਚ ਅੰਤਰ ਮੰਨਣਾ ਅਨੁਚਿਤ ਆਚਰਣ ਹੈ, ਇਹ ਵਿਥਾਂ ਪਾਣ ਵਾਲੀ ਬਿਰਤੀ ਹੈ ਕਿਉਂਕਿ ਪਰਮਾਤਮਾ ਦੁਆਰਾ ਪੈਦਾ ਕੀਤੀ ਸਾਰੀ ਮਨੁੱਖਤਾ ਇਕ-ਸਮਾਨ ਹੈ। ਇਸੇ ਤਰ੍ਹਾਂ ਜਾਤਿ ਭੇਦ-ਭਾਵ ਵੀ ਵਿਅਰਥ ਹੈ। ਸਾਰਿਆਂ ਦੇ ਸਿਰ ਉਤੇ ਇਕੋ ਪਰਮਾਤਮਾ ਦੀ ਛਾਂ ਹੈ। ਚੰਗਾ ਜਾਂ ਭਲਾ ਉਹੀ ਵਿਅਕਤੀ ਹੋ ਸਕਦਾ ਹੈ ਜੋ ਸਦਾਚਾਰਣ ਰਾਹੀਂ ਪਰਮਾਤਮਾ ਦੇ ਦੁਆਰ ਤੇ ਪ੍ਰਤਿਸ਼ਠਾ ਪ੍ਰਾਪਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ — *ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ। ਆਪਹੁ ਜੇ ਕੋ ਭਲਾ ਕਹਾਏ। ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ।* (ਗੁ.ਗ੍ਰੰ.83)। ਸਚਮੁਚ ਗੁਰਬਾਣੀ ਵਿਚ ਊਚ-ਨੀਚ ਦਾ ਕੋਈ ਸਥਾਨ ਨਹੀਂ ਹੈ— *ਨਾਨਕ ਉਤਮੁ ਨੀਚੁ ਨ ਕੋਇ।*

ਗੁਰਬਾਣੀ ਵਿਚ ਸੇਵਾ ਨੂੰ ਵੀ ਪ੍ਰਮੁਖ ਸਦਾ ਚਰਣਾਂ ਵਿਚ ਸਥਾਨ ਦਿੱਤਾ ਗਿਆ ਹੈ। ਸੇਵਾ ਦਾ ਭਗਤੀ ਨਾਲ ਡੂੰਘਾ ਸੰਬੰਧ ਹੈ। ਸੇਵਾ ਨਾਲ ਨਿਮਰਤਾ ਦੀ ਬਿਰਤੀ ਦਾ ਵਿਕਾਸ ਹੁੰਦਾ ਹੈ। ਸੇਵਾ ਨਾਲ ਲੋੜਵੰਦਾਂ ਦੀ ਮਦਦ ਹੁੰਦੀ ਹੈ। ਸਮਾਜ ਵਿਚ ਮਿਲਵਰਤਨ ਦੀ ਭਾਵਨਾ ਪੈਦਾ ਹੁੰਦੀ ਹੈ। ਲੋਕੀਂ ਅਨੇਕਤਾ ਤੋਂ ਏਕਤਾ ਵਲ ਯਾਤ੍ਰਾ ਕਰਦੇ ਹਨ। ਇਸ ਨਾਲ ਸਮਾਜ ਕਲਿਆਣ ਦੇ ਮਾਰਗ ਉਤੇ ਅਗੇ ਵਧਦਾ ਹੈ। ਸੇਵਾ ਬੜਾ ਸ੍ਰੇਸ਼ਠ ਆਚਰਣ ਹੈ। ਇਸ ਵਿਚ ਕੋਈ ਸੰਤੋਖੀ ਸਾਧਕ ਹੀ ਪੁਗਦਾ ਹੈ। ਜਿਸ ਨੇ ਸਤਿ ਸਰੂਪ ਪਰਮਾਤਮਾ ਦੀ ਆਰਾਧਨਾ ਕੀਤੀ ਹੋਵੇ, ਜਿਸ ਨੇ ਕਦੇ ਮਾੜੇ ਕਰਮਾਂ ਵਾਲੇ ਮਾਰਗ ਉਤੇ ਪੈਰ ਨ ਧਰਿਆ ਹੋਵੇ, ਜਿਸ ਨੇ ਸਦਾ ਧਰਮ ਅਨੁਰੂਪ ਕੰਮ ਕੀਤੇ ਹੋਣ, ਜਿਸ ਨੇ ਸੰਸਾਰਿਕ ਬੰਧਨ ਤੋੜ ਦਿੱਤੇ ਹੋਣ ਅਤੇ ਅਲਪ ਆਹਾਰ ਕਰਕੇ ਹੀ ਜੀਵਨ ਬਤੀਤ ਕੀਤਾ ਹੋਵੇ। ਅਸਲ ਵਿਚ, ਸੇਵਾ ਤੋਂ ਬਿਨਾ ਕਿਸੇ ਨੂੰ ਕੋਈ ਫਲ ਪ੍ਰਾਪਤ ਨਹੀਂ ਹੋ ਸਕਦਾ, ਸੇਵਾ ਹੀ ਸ੍ਰੇਸ਼ਠ ਕਰਨੀ ਹੈ— *ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।* (ਗੁ.ਗ੍ਰੰ. 992)।

ਕਰਨੀ ਅਤੇ ਕਥਨੀ ਵਿਚ ਅੰਤਰ ਨ ਹੋਣਾ ਗੁਰਬਾਣੀ ਅਨੁਸਾਰ ਇਕ ਮਹੱਤਵਪੂਰਣ ਸਦਾਚਰਣ ਹੈ। ਜਿਹੜੇ ਵਿਅਕਤੀ ਕਹਿੰਦੇ ਕੁਝ ਹਨ, ਕਰਦੇ ਕੁਝ ਹਨ, ਉਹ ਵਿਸ਼ਵਾਸ ਦੇ ਪਾਤਰ ਨਹੀਂ ਬਣ ਸਕਦੇ। ਕਰਨੀ ਤੋਂ ਬਿਨਾ ਅਸਲ ਵਿਚ ਕਥਨੀ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਇਹ ਕੇਵਲ ਦਿਖਾਵਾ ਜਾਂ ਪਾਖੰਡ ਹੈ— *ਹਿਰਦੈ ਸਚੁ ਏਹ ਕਰਣੀ ਸਾਰੁ। ਹੋਰੁ ਸਭੁ ਪਾਖੰਡੁ ਪੂਜ ਖੁਆਰੁ।* (ਗੁ.ਗ੍ਰੰ. 1343)। ਅਜਿਹੇ ਸਦਾਚਰਣ ਦੀ ਪਾਲਨਾ ਨਾਲ ਹੀ ਮਨੁੱਖ ਮਹਾਨ ਬਣਦਾ ਹੈ ਅਤੇ ਸਮਾਜ ਦਾ ਕਲਿਆਣ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਅਧਿਆਤਮਿਕ ਮਾਰਗ ਉਤੇ ਚਲਣ ਵਾਲੇ ਜਿਗਿਆਸੂ ਨੂੰ ਜੋ ਆਚਾਰ ਸਿਖਣਾ ਚਾਹੀਦਾ ਹੈ, ਉਸ ਵਲ ਸੰਕੇਤ ਕਰਦਿਆਂ ਕਿਹਾ ਹੈ — *ਸੰਤਾ ਕੀ ਹੋਇ ਦਾਸਰੀ ਏਹੁ ਆਚਾਰਾ ਸਿਖੁ ਰੀ। ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ। ਇਹ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ। ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ। .... ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ। ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ।* (ਗੁ.ਗ੍ਰੰ.400)।

**ਸਿੱਖ ਸਭਿਆਚਾਰਿਕ ਚੇਤਨਾ** : 'ਸਭਿਆਚਾਰ' ਮਨੁੱਖ ਦੀ ਜੀਵਨ-ਵਿਧੀ ਦੀ ਉਹ ਵਿਸ਼ਿਸ਼ਟਤਾ ਹੈ ਜੋ ਉਸ ਨੂੰ ਹੋਰਨਾਂ ਪ੍ਰਾਣੀਆਂ ਤੋਂ ਨਿਖੇੜਦੀ ਹੈ। ਇਹ ਵਿਸ਼ਿਸ਼ਟਤਾ ਕੇਵਲ ਮਨੁੱਖ ਦੇ ਹੀ ਹਿੱਸੇ ਆਈ ਹੈ। ਇਹ ਵਿਸ਼ਿਸ਼ਟਤਾ ਮਨੁੱਖ ਦੁਆਰਾ ਆਪਣੇ ਲਈ ਸਿਰਜੇ, ਕਲਪੇ ਮੁੱਲਾਂ ਜਾਂ ਆਦਰਸ਼ਾਂ ਉਤੇ ਆਧਾਰਿਤ ਹੈ ਜਿਨ੍ਹਾਂ ਦੇ ਆਧਾਰ 'ਤੇ ਉਹ ਆਪਣੀ ਜੀਵਨ-ਵਿਧੀ ਨੂੰ ਨਿਰਮਿਤ ਕਰਦਾ ਹੈ। ਸਭ ਮਨੁੱਖਾਂ ਦੁਆਰਾ ਉਨ੍ਹਾਂ ਆਦਰਸ਼ਾਂ ਉਤੇ ਚਲਣ ਦੀ ਇੱਛਾ ਰਖਦਾ ਹੈ। ਉਨ੍ਹਾਂ ਆਦਰਸ਼ਾਂ ਦਾ ਉਲੰਘਨ ਅਸਹਿ ਹੈ ਕਿਉਂਕਿ ਇਸ ਨਾਲ ਅਨਾਚਾਰ ਦਾ ਪਾਸਾਰ ਵਧ ਜਾਂਦਾ ਹੈ। ਇਸ ਤਰ੍ਹਾਂ ਸਭਿਆਚਾਰ ਮਨੁੱਖ ਦੀ ਮਨੁੱਖਤਾ ਦਾ ਪ੍ਰਤੀਕ ਹੈ। ਕਿਸੇ ਸਭਿਆਚਾਰ ਦਾ ਅਧਿਐਨ ਉਸ ਦੇ ਬਾਹਰਲੇ ਅਤੇ ਅੰਦਰਲੇ

ਦੋਹਾਂ ਤਰ੍ਹਾਂ ਦੇ ਆਦਰਸ਼ਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਦਾਰਸ਼ਨਿਕ ਅਤੇ ਸਾਧਨਾਤਮਕ ਆਦਰਸ਼ਾਂ ਦਾ ਸੰਬੰਧ ਸਭਿਆਚਾਰ ਦੇ ਅੰਦਰਲੇ ਪੱਖ ਨਾਲ ਹੈ ਅਤੇ ਬਾਹਰਲੇ ਆਦਰਸ਼ਾਂ ਵਿਚ ਰਾਜਨੈਤਿਕ, ਧਾਰਮਿਕ, ਸਮਾਜਿਕ, ਆਰਥਿਕ ਮਾਨਤਾਵਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

ਸਭਿਆਚਾਰ ਦਾ ਆਧਾਰ ਚੂੰਕਿ ਜੀਵਨ ਆਦਰਸ਼ ਜਾਂ ਜੀਵਨ ਮੁੱਲ ਹਨ, ਇਸ ਲਈ ਸਭਿਆਚਾਰ ਕਿਸੇ ਸਮਾਜ ਦੇ ਵਿਚਾਰ-ਪ੍ਰਬੰਧ ਉਤੇ ਉਸਰਿਆ ਹੁੰਦਾ ਹੈ। ਵਿਚਾਰ-ਪ੍ਰਬੰਧ ਜਾਂ ਵਿਚਾਰਧਾਰਿਕ ਆਧਾਰ ਸਦਾ ਇਕ-ਸਮਾਨ ਨਹੀਂ ਰਹਿੰਦੇ। ਇਨ੍ਹਾਂ ਵਿਚ ਖੜੋਤ ਆ ਜਾਂਦੀ ਹੈ ਅਤੇ ਇਸ ਖੜੋਤ ਦੇ ਫਲਸਰੂਪ ਕੌਮਾਂ ਪਛੜ ਜਾਂਦੀਆਂ ਹਨ। ਵਿਚਾਰਧਾਰਿਕ ਆਦਰਸ਼ਾਂ ਦੇ ਪਛੜਨ ਨਾਲ ਸਭਿਆਚਾਰ ਵੀ ਪਛੜ ਜਾਂਦਾ ਹੈ ਜਾਂ ਉਸ ਵਿਚ ਵਿਕਾਰ-ਗ੍ਰਸਤ ਆਰਦਸ਼ਾਂ ਦਾ ਬੋਲ-ਬਾਲਾ ਹੋ ਜਾਂਦਾ ਹੈ। ਨਵੀਂ ਚੇਤਨਾ ਦੇ ਆਏ ਬਿਨਾ ਸਭਿਆਚਾਰਿਕ ਮੁੱਲਾਂ ਵਿਚ ਪਰਿਵਰਤਨ ਆਉਣਾ ਸੰਭਵ ਨਹੀਂ। ਨਵੀਂ ਚੇਤਨਾ ਯੁਗ-ਪੁਰਸ਼ਾਂ ਦੀ ਦੇਣ ਹੁੰਦੀ ਹੈ ਜੋ ਆਪਣੇ ਅਨੁਭਵ ਅਤੇ ਚਿੰਤਨ ਨਾਲ ਮਨੁੱਖਤਾ ਨੂੰ ਸਹੀ ਮਾਰਗ ਉਤੇ ਪਾਉਣ ਦਾ ਉਪਰਾਲਾ ਕਰਦੇ ਹਨ। ਇਹੋ ਜਿਹਾ ਉਪਰਾਲਾ ਜਨ-ਅੰਦੋਲਨ ਦਾ ਰੂਪ ਧਾਰਦਾ ਹੈ। ਇਸੇ ਨੂੰ 'ਸਭਿਆਚਾਰਿਕ ਚੇਤਨਾ' ਦਾ ਨਾਂ ਦਿੱਤਾ ਜਾ ਸਕਦਾ ਹੈ।

ਭਾਰਤ ਦੇ ਇਤਿਹਾਸ ਵਿਚ ਮੱਧ-ਕਾਲ ਦਾ ਮਹੱਤਵ ਇਸ ਵਿਚ ਚਲੇ ਭਗਤੀ ਅੰਦੋਲਨ ਕਰਕੇ ਹੈ। ਇਸ ਕਾਲ ਵਿਚ ਪਹਿਲੀ ਵਾਰ ਇਕ ਅਜਿਹਾ ਅੰਦੋਲਨ ਚਲਿਆ ਜਿਸ ਨੇ ਸਮੁੱਚੇ ਦੇਸ਼ ਵਿਚ ਇਕ ਨਵੀਂ ਚੇਤਨਾ ਦਾ ਸੰਚਾਰ ਕੀਤਾ। ਇਸ ਅੰਦੋਲਨ ਨੇ ਅਜਿਹੇ ਯੁਗ ਪੁਰਸ਼ ਪੈਦਾ ਕੀਤੇ ਜਿਨ੍ਹਾਂ ਦਾ ਸੰਬੰਧ ਕਾਸ਼ੀ ਦੇ ਪੰਡਿਆਂ ਜਾਂ ਰਾਜ-ਨਿਵਾਸਾਂ ਵਿਚ ਵਸਦੇ ਧਾਰਮਿਕ-ਆਗੂਆਂ ਨਾਲ ਨਹੀਂ ਸੀ। ਇਸ ਯੁਗ ਵਿਚ ਧਰਮ ਗਿਆਨ ਜਾਂ ਕਰਮ-ਕਾਂਡਾਂ ਦੀਆਂ ਸੀਮਾਵਾਂ ਵਿਚੋਂ ਬਾਹਰ ਨਿਕਲ ਕੇ ਰਹੱਸਵਾਦ ਅਤੇ ਪ੍ਰੇਮ ਦਾ ਵਿਸ਼ਾ ਬਣ ਗਿਆ ਸੀ। ਇਸ ਤਰ੍ਹਾਂ ਇਹ ਇਕ ਜਨ-ਅੰਦੋਲਨ ਸੀ ਜੋ ਉਤਰੀ ਭਾਰਤ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਵਿਆਪਤ ਹੋ ਗਿਆ ਅਤੇ ਜਿਸ ਨੇ ਸਾਰੀ ਜਨਤਾ ਨੂੰ ਆਪਣੇ ਉਥਾਨ ਲਈ ਪ੍ਰਕਾਸ਼-ਥੰਮ ਪ੍ਰਦਾਨ ਕੀਤਾ। ਇਸ ਅੰਦੋਲਨ ਦੇ ਚਲਣ ਪਿਛੇ ਵਖ ਵਖ ਵਿਦਵਾਨਾਂ ਦੇ ਭਿੰਨ ਭਿੰਨ ਵਿਚਾਰ ਪ੍ਰਗਟਾਏ ਹਨ। ਕੋਈ ਇਸ ਨੂੰ ਈਸਾਈ ਮਤ ਦਾ ਪ੍ਰਭਾਵ ਮੰਨਦੇ ਹਨ, ਕੁਝ ਇਸ ਨੂੰ ਇਸਲਾਮਿਕ ਸਭਿਆਚਾਰ ਦੇ ਭਾਰਤੀ ਸਭਿਆਚਾਰ ਉਤੇ ਪਏ ਅਸਰ ਦਾ ਫਲ ਦਸਦੇ ਹਨ, ਕੁਝ ਇਸ ਨੂੰ ਮੁਸਲਮਾਨਾਂ ਦੇ ਅਤਿਆਚਾਰ ਤੋਂ ਪੈਦਾ ਹੋਈ ਨਿਰਾਸ਼ਾ ਕਰਕੇ ਹਰਿ ਵਲ ਮੂੰਹ ਮੋੜਨਾ ਮਿਥਦੇ ਹਨ ਅਤੇ ਕੁਝ ਇਸ ਨੂੰ ਦੱਖਣੀ ਭਾਰਤ ਦੀ ਭਗਤੀ ਭਾਵਨਾ ਦਾ ਉੱਤਰ ਦਿਸ਼ਾ ਵਲ ਹੋਇਆ ਵਿਕਾਸ ਸਮਝਦੇ ਹਨ।

ਉਪਰੋਕਤ ਚੌਹਾਂ ਵਿਚਾਰਾਂ ਵਿਚੋਂ ਪਹਿਲੇ ਦੋ ਤਾਂ ਬਿਲਕੁਲ ਨਿਰਾਧਾਰ ਹਨ। ਬਾਕੀ ਦੋ ਨੂੰ ਵੀ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਨ ਤਾਂ ਇਹ ਭਗਤੀ ਦੱਖਣ ਦੇਸ਼ ਵਿਚ ਪੈਦਾ ਹੋਈ ਭਗਤੀ ਵਰਗੀ ਸੀ ਅਤੇ ਨ ਹੀ ਇਸ ਨੂੰ ਮੁਸਲਮਾਨ ਹਮਲਾਵਰਾਂ ਦੇ ਅਤਿਆਚਾਰਾਂ ਤੋਂ ਪੈਦਾ ਹੋਈ ਸਥਿਤੀ ਨੇ ਜਨਮ ਦਿੱਤਾ ਸੀ। ਅਸਲ ਵਿਚ, ਪਹਿਲਾਂ ਹੀ ਬੀਜ ਰੂਪ ਵਿਚ ਮੌਜੂਦ ਭਗਤੀ-ਭਾਵਨਾ ਉਤਰੀ ਭਾਰਤ ਵਿਚ ਅਨੁਕੂਲ ਵਾਤਾਵਰਣ ਪ੍ਰਾਪਤ ਕਰਕੇ ਇਕ ਨਵੇਂ ਅਤੇ ਕਲਿਆਣਕਾਰੀ ਰੂਪ ਵਿਚ ਪ੍ਰਗਟ ਹੋਈ।

ਜਦੋਂ ਕੋਈ ਜੀਵਿਤ ਕੌਮ ਅਧੋਗਤੀ ਦੀ ਹਦ ਤਕ ਪਹੁੰਚ ਜਾਂਦੀ ਹੈ, ਤਾਂ ਉਸੇ ਵਿਚੋਂ ਫਿਰ ਤੋਂ ਨਿਰਮਾਣਕਾਰੀ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਉਹ ਪੁਰਾਤਨ ਮੁੱਲਾਂ ਅਤੇ ਆਦਰਸ਼ਾਂ ਨੂੰ ਨਵੀਆਂ ਪਰਿਸਥਿਤੀਆਂ ਵਿਚ ਉਸਾਰੂ ਢੰਗ ਨਾਲ ਖੋਜਣ ਜਾਂ ਸਥਾਪਿਤ ਕਰਨ ਵਿਚ ਸਮਰਥ ਹੁੰਦੀ ਹੈ। ਨਿਰਸੰਦੇਹ ਉਤਰੀ ਭਾਰਤ ਵਿਚ ਕੁਝ ਅਜਿਹੀਆਂ ਰਾਜਨੈਤਿਕ, ਧਾਰਮਿਕ ਅਤੇ ਸਮਾਜਿਕ ਪਰਿਸਥਿਤੀਆਂ ਪੈਦਾ ਹੋ ਗਈਆਂ ਸਨ ਜਿਨ੍ਹਾਂ ਕਰਕੇ ਪੁਰਾਣੇ ਆਦਰਸ਼ਾਂ ਨੇ ਇਕ ਨਵਾਂ ਰੂਪ ਧਾਰਣ ਕੀਤਾ। ਪਰ ਇਹ ਸਾਰਾ ਕੁਝ ਅਚਾਨਕ ਨਹੀਂ ਸੀ ਹੋਇਆ। ਇਸ ਲਈ ਸਦੀਆਂ ਤੋਂ ਆਵੱਸ਼ਕ ਕਾਰਣ ਸਾਹਮਣੇ ਆਉਣ ਲਗ ਗਏ ਸਨ।

ਪੰਜਾਬ ਵਿਚ ਭਗਤੀ ਅੰਦੋਲਨ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਕੀਤੀ। ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ ਅਤੇ ਸਭਿਆਚਾਰਿਕ ਚੇਤਨਾ ਮੱਧ-ਕਾਲ ਦੇ ਭਗਤੀ ਅੰਦੋਲਨ ਦੇ ਸਮਾਨਾਂਤਰ ਚਲਦੇ ਹੋਇਆਂ ਆਪਣੇ ਕੁਝ ਜੀਵੰਤ ਅੰਸ਼ ਵੀ ਰਖਦੀ ਹੈ। ਇਸ ਵਿਚ ਨ ਤਾਂ ਭਗਤਾਂ ਦੁਆਰਾ ਪ੍ਰਤਿਪਾਦਿਤ ਦ੍ਵੈਤਵਾਦ ਦੇ ਦਰਸ਼ਨ ਹੁੰਦੇ ਹਨ ਅਤੇ ਨ ਹੀ ਅਵਤਾਰੀ ਸ਼ਕਤੀਆਂ ਜਾਂ ਮੂਰਤੀ-ਪੂਜਾ ਪ੍ਰਤਿ ਕੋਈ ਆਸਥਾ ਪ੍ਰਗਟ ਕੀਤੀ ਗਈ ਹੈ। ਇਸ ਵਿਚ ਵਰਣ ਅਤੇ ਆਸ਼੍ਰਮ ਧਰਮ ਦੀਆਂ ਮਾਨਤਾਵਾਂ ਨੂੰ ਵੀ ਸਵੀਕ੍ਰਿਤੀ ਨਹੀਂ

ਮਿਲੀ। ਇਸ ਵਿਚ ਵੈਸ਼ਣਵ ਸੰਪ੍ਰਦਾਇਕ ਕਰਮ-ਕਾਂਡਾਂ ਦੀ ਵੀ ਗੱਲ ਨਹੀਂ ਹੋਈ ਹੈ। ਇਸ ਵਿਚ ਨ ਬਾਲ ਗੋਪਾਲ ਦੀ ਲੀਲਾ ਦਾ ਮਹੱਤਵ ਹੈ ਅਤੇ ਨ ਹੀ ਰਾਧਾ-ਕ੍ਰਿਸ਼ਣ ਦੇ ਸੰਯੋਗ ਅਤੇ ਵਿਯੋਗ ਦੀਆਂ ਵਿਭਿੰਨ ਅਵਸਥਾਵਾਂ ਦਾ ਚਿਤ੍ਰਣ ਹੈ। ਇਸ ਵਿਚ ਨ ਤਾਂ ਲੱਛਮੀ-ਨਾਰਾਇਣ ਦੇ ਦਰਸ਼ਨ ਹੁੰਦੇ ਹਨ ਅਤੇ ਨ ਹੀ ਸੀਤਾ-ਰਾਮ ਦੇ। ਸੂਫ਼ੀ ਪ੍ਰੇਮ ਸਾਧਨਾ ਦੀ ਮੁਖਰਤਾ ਤੋਂ ਵੀ ਗੁਰੂ ਨਾਨਕ ਦੇਵ ਜੀ ਦੀ ਸਭਿਆਚਾਰਿਕ ਚੇਤਨਾ ਭਿੰਨ ਹੈ। ਸੰਤ ਕਬੀਰ ਜੀ ਦੀ ਨਿਰਗੁਣ ਉਪਾਸਨਾ ਨਾਲ ਦੂਰ ਤਕ ਸਮਾਨਤਾ ਰਖਦੇ ਹੋਇਆਂ ਵੀ ਗੁਰੂ ਨਾਨਕ ਦੇਵ ਜੀ ਦੀ ਬਿਰਤੀ ਕੁਝ ਆਪਣੀਆਂ ਮੌਲਿਕ ਵਿਸ਼ੇਸ਼ਤਾਵਾਂ ਵੀ ਰਖਦੀ ਹੈ ਜਿਸ ਦੇ ਫਲਸਰੂਪ ਗੁਰਮਤਿ-ਕਾਵਿ ਇਕ ਸੁਤੰਤਰ ਅਤੇ ਸਬਲ ਅੰਦੋਲਨ ਨੂੰ ਵਿਕਸਿਤ ਕਰ ਸਕਿਆ। ਪੰਜਾਬ ਬਾਹਰਲੇ ਹਮਲਾਵਰਾਂ ਦੇ ਮਾਰਗ ਵਿਚ ਪੈਂਦਾ ਸੀ। ਉਨ੍ਹਾਂ ਦੇ ਕਠੋਰ ਦਮਨ ਦਾ ਇਸ ਨੂੰ ਸਭ ਤੋਂ ਪਹਿਲਾਂ ਸ਼ਿਕਾਰ ਹੋਣਾ ਪੈਂਦਾ ਸੀ। ਇਥੋਂ ਦੇ ਲੋਕਾਂ ਦਾ ਸੁਭਾ, ਰਹਿਣ-ਸਹਿਣ ਅਤੇ ਭੂਗੋਲਿਕ ਵਾਤਾਵਰਣ ਬਾਕੀ ਭਾਰਤ ਨਾਲੋਂ ਭਿੰਨ ਸੀ। ਇਸ ਲਈ ਇਸ ਕਾਵਿ ਵਿਚਲੀ ਸਭਿਆਚਾਰਿਕ ਚੇਤਨਾ ਆਪਣੀ ਸਮਕਾਲੀ ਚੇਤਨਾ ਤੋਂ ਵਖਰੇ ਕਿਸਮ ਦੀ ਸੀ। ਇਸ ਨੂੰ 'ਸਿੱਖ ਸਭਿਆਚਾਰਿਕ ਚੇਤਨਾ' ਕਿਹਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਇਸ ਚੇਤਨਾ ਦਾ ਉਦਗਮ ਸਰੋਤ ਹੈ।

ਗੁਰਮਤਿ-ਕਾਵਿ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ। ਜਦੋਂ ਗੁਰੂ ਜੀ ਇਸ ਸੰਸਾਰ ਵਿਚ ਆਏ, ਉਦੋਂ ਹਰ ਪਾਸੇ ਅਤੇ ਹਰ ਖੇਤਰ ਵਿਚ ਅਨਾਚਾਰ ਪਸਰਿਆ ਹੋਇਆ ਸੀ। ਪਤਨਮੁਖੀ ਸਭਿਆਚਾਰਿਕ ਅਵਸਥਾ ਦਾ ਚਿਤ੍ਰਣ ਗੁਰੂ ਨਾਨਕ ਬਾਣੀ ਵਿਚ ਅਨੇਕ ਥਾਂਵਾਂ ਉਤੇ ਵਿਸਤਾਰ ਸਹਿਤ ਹੋਇਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਅਜਿਹੀ ਸਥਿਤੀ ਦਾ ਉੱਲੇਖ ਮਿਲ ਜਾਂਦਾ ਹੈ। ਉਨ੍ਹਾਂ ਦੀ ਅਗੇ ਲਿਖੀ ਇਕ ਪਉੜੀ ਵਿਚ ਉਸ ਯੁਗ ਦੀ ਯਥਾਰਥ ਤਸਵੀਰ ਵੇਖੀ ਜਾ ਸਕਦੀ ਹੈ— *ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ਗੁਸਾਈ। ਰਾਜੇ ਪਾਪੁ ਕਮਾਵਦੇ ਉਲਟੀ ਵਾੜਿ ਖੇਤ ਕਉ ਖਾਈ। ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਅਲਾਈ। ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ। ਚੇਲੇ ਬੈਠਨਿ ਘਰਾ ਵਿਚਿ ਗੁਰਿ ਉਠਿ ਘਰੀ ਤਿਨਾੜੇ ਜਾਈ। ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ। ਇਸਤਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ। ਵਰਤਿਆ ਪਾਪੁ ਸਭਸਿ ਜਗਿ ਮਾਹੀ। 1/30।*

ਇਨ੍ਹਾਂ ਇਤਿਹਾਸਿਕ ਪਰਿਸਥਿਤੀਆਂ ਦੀ ਵਿਸ਼ਮਤਾ ਨੂੰ ਖ਼ਤਮ ਕਰਨ ਲਈ ਜਿਸ ਯੁਗ-ਪੁਰਸ਼ ਦੀ ਲੋੜ ਸੀ, ਉਹ ਗੁਰੂ ਨਾਨਕ ਦੇਵ ਜੀ ਨੇ ਪੂਰੀ ਕੀਤੀ। ਉਨ੍ਹਾਂ ਨੇ ਪੀੜਿਤ ਅਤੇ ਨਿਰਾਸ਼ ਮਾਨਵਤਾ ਦੇ ਹਿਰਦੇ ਨੂੰ ਆਪਣੇ ਸ਼ਬਦ-ਅੰਮ੍ਰਿਤ ਨਾਲ ਸ਼ਾਂਤ ਕੀਤਾ। ਆਸਥਾ ਦੀ ਮੁਰਝਾਈ ਵੇਲ ਫਿਰ ਹਰੀ-ਭਰੀ ਹੋ ਗਈ। ਉਨ੍ਹਾਂ ਦੇ ਜਨਮ ਕਾਲ ਵੇਲੇ ਧਰਮ ਅਤੇ ਸਮਾਜ ਦੀ ਜੋ ਸਥਿਤੀ ਸੀ, ਉਸ ਵਿਚ ਉਨ੍ਹਾਂ ਦੇ ਮਹਾ-ਪ੍ਰਸਥਾਨ ਵੇਲੇ ਕਾਫ਼ੀ ਸੁਧਾਰ ਹੋ ਗਿਆ ਅਤੇ ਉਤਰੋਤਰ ਗੁਰੂ-ਪਰੰਪਰਾ ਦੁਆਰਾ ਇਹ ਅੰਦੋਲਨ ਸਸ਼ਕਤ ਹੁੰਦਾ ਗਿਆ। ਦਸ਼ਮ ਗੁਰੂ ਤਕ ਪਹੁੰਚ ਕੇ ਇਸ ਅੰਦੋਲਨ ਦਾ ਸਰੂਪ ਹੀ ਬਦਲ ਗਿਆ। ਇਕ ਹੀ ਵਿਅਕਤਿਤਵ ਵਿਚ ਸੰਤ ਅਤੇ ਸਿਪਾਹੀ ਦੋਹਾਂ ਦੇ ਵਿਅਕਤਿਤਵਾਂ ਨੂੰ ਸਮੋ ਦਿੱਤਾ ਗਿਆ। ਜਿਸ ਤਰ੍ਹਾਂ ਕਲਮ ਲਗਣ ਨਾਲ ਫਲ ਦਾ ਸਰੂਪ ਬਦਲ ਜਾਂਦਾ ਹੈ, ਉਸੇ ਤਰ੍ਹਾਂ ਗੁਰਮਤਿ-ਕਾਵਿ ਦੁਆਰਾ ਪ੍ਰਗਟ ਕੀਤੀ ਸਭਿਆਚਾਰਿਕ ਚੇਤਨਾ ਨੇ ਧਰਮ ਅਤੇ ਸਮਾਜ ਵਿਚ ਸਮੂਲ ਪਰਿਵਰਤਨ ਉਪਸਥਿਤ ਕਰ ਦਿੱਤਾ। ਸਭਿਆਚਾਰਿਕ ਚੇਤਨਾ ਲਿਆਉਣ ਲਈ ਗੁਰੂ ਨਾਨਕ ਦੇਵ ਜੀ ਨੇ ਉਸ ਵਕਤ ਪ੍ਰਚਲਿਤ ਸਾਰੀਆਂ ਸਾਧਨਾ-ਪ੍ਰਣਾਲੀਆਂ ਦੇ ਮੁਖੀਆਂ ਨਾਲ ਸੰਵਾਦ ਸ਼ੁਰੂ ਕੀਤਾ। ਇਸ ਸੰਵਾਦ ਲਈ ਉਨ੍ਹਾਂ ਨੂੰ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਘੁੰਮਣਾ ਪਿਆ। ਭਾਰਤ ਤੋਂ ਬਾਹਰ ਵੀ ਗਏ। ਜਿਥੇ ਵੀ ਸੰਭਵ ਹੋ ਸਕਿਆ ਉਹ ਪਹੁੰਚੇ। ਜਨਮਸਾਖੀਆਂ ਵਿਚ ਇਸ ਸੰਵਾਦ ਦੇ ਅਨੇਕ ਨਮੂਨੇ ਮਿਲ ਜਾਂਦੇ ਹਨ। ਮਿਹਰਬਾਨ ਦੇ ਨਾਂ ਨਾਲ ਸੰਬੰਧਿਤ ਜਨਮਸਾਖੀ ਦੀ ਤਾਂ ਸਾਰੀ ਉਸਾਰੀ ਹੀ ਸੰਵਾਦਾਂ ਦੇ ਰੂਪ ਵਿਚ ਹੋਈ ਹੈ। ਸਪੱਸ਼ਟ ਹੈ ਕਿ ਸਭਿਅਚਾਰਿਕ ਚੇਤਨਾ ਪੈਦਾ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਵਿਚਾਰਧਾਰਿਕ ਸੰਵਾਦ ਦੀ ਵਿਧੀ ਨੂੰ ਅਪਣਾਇਆ। ਉਨ੍ਹਾਂ ਦੀ ਬਾਣੀ ਅਸਲੋਂ ਸੰਵਾਦ ਆਧਾਰਿਤ ਸਭਿਅਚਾਰਿਕ ਚੇਤਨਾ ਦੀ ਕਾਵਿਕ ਅਭਿਵਿਅਕਤੀ ਹੈ।

ਗੁਰਮਤਿ-ਕਾਵਿ ਵਿਚਲੀ ਸਭਿਆਚਾਰਿਕ ਚੇਤਨਾ ਧਾਰਮਿਕ ਪੱਧਰ ਉਤੇ ਲੋਕ ਮੁਹਾਵਰੇ ਰਾਹੀਂ ਪੈਦਾ ਕੀਤੀ ਗਈ। ਉਦੋਂ ਸਪੱਸ਼ਟ ਤੌਰ 'ਤੇ ਦੋ ਧਰਮ ਮੌਜੂਦ ਸਨ। ਇਕ ਭਾਰਤੀ ਧਰਮ ਜਿਸ ਨੂੰ ਪ੍ਰਚਲਿਤ ਪ੍ਰਯੋਗ ਵਿਚ 'ਹਿੰਦੂ-

ਧਰਮ' ਕਿਹਾ ਜਾ ਸਕਦਾ ਹੈ ਅਤੇ ਦੂਜਾ ਵਿਦੇਸ਼ੀ ਧਰਮ ਜਿਸ ਨੂੰ 'ਇਸਲਾਮ' ਦਾ ਨਾਂ ਦਿੱਤਾ ਜਾ ਸਕਦਾ ਹੈ। ਇਸਲਾਮ ਭਾਰਤ ਵਿਚ ਪੂਰੀ ਤਰ੍ਹਾਂ ਪੈਰ ਜਮਾਂ ਚੁਕਾ ਸੀ। ਉਸ ਦੀ ਮੌਜੂਦਗੀ ਨੂੰ ਅੱਖੋਂ ਪਰੋਖੇ ਕਰਨਾ ਸੰਭਵ ਨਹੀਂ ਸੀ। ਇਸ ਯਥਾਰਥ ਤੋਂ ਇਲਾਵਾ ਉਹ ਸ਼ਾਸਕਾਂ ਦਾ ਧਰਮ ਸੀ ਅਤੇ ਉਨ੍ਹਾਂ ਨਾਲ ਹੀ ਭਾਰਤ ਵਿਚ ਪ੍ਰਵਿਸ਼ਟ ਹੋਇਆ ਸੀ। ਉਸ ਦੀ ਅਹਿਮੀਅਤ ਸਰਵ ਵਿਦਿਤ ਸੀ। ਉਸ ਧਰਮ ਦੀ ਸਿਧੀ ਟੱਕਰ ਹਿੰਦੂ-ਧਰਮ ਨਾਲ ਸੀ। ਪ੍ਰਸ਼ਾਸਨ ਦੀ ਮਦਦ ਕਾਰਣ ਮੁਸਲਮਾਨਾਂ ਦੀ ਧਰਮ-ਵਿਸਤਾਰਕ ਬਿਰਤੀ ਬੜੀ ਪ੍ਰਬਲ ਸੀ, ਜਬਰੀ ਧਰਮ-ਪਰਿਵਰਤਨ ਆਮ ਸੀ। ਇਸ ਨਾਲ ਇਸਲਾਮ ਧਰਮ ਦੀ ਮੂਲ-ਭਾਵਨਾ ਦਬ ਜਿਹੀ ਗਈ ਸੀ। ਉਧਰ ਹਿੰਦੂ-ਧਰਮ ਵਾਲੇ ਵੀ ਸਦੀਆਂ ਤੋਂ ਧਰਮ ਦੇ ਮੂਲ ਸਿੱਧਾਂਤਾਂ ਤੋਂ ਹਟ ਕੇ ਪਾਖੰਡਾਂ ਅਤੇ ਆਡੰਬਰਾਂ ਵਿਚ ਰੁਝ ਗਏ ਸਨ। ਇਸ ਤਰ੍ਹਾਂ ਦੋਹਾਂ ਧਰਮਾਂ ਵਾਲੇ ਵਾਸਤਵਿਕ ਧਰਮ-ਭਾਵਨਾ ਤੋਂ ਹਟ ਕੇ ਅਨਰਥ ਕਰਨ ਵਿਚ ਲੀਨ ਸਨ— *ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ। ਕਾਜੀਆ ਬਾਮਣਾ ਕੀ ਗਲਿ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।* (ਗੁ.ਗ੍ਰੰ. 722)। ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿਚੋਂ ਪ੍ਰਗਟ ਹੋਣ ਉਪਰੰਤ ਸਭਿਆਚਾਰਿਕ ਚੇਤਨਾ ਦਾ ਸੰਵਾਦ-ਯਾਨ ਆਰੰਭ ਕਰਨ ਤੋਂ ਪਹਿਲਾਂ ਜੋ ਘੋਸ਼ਣਾ ਕੀਤੀ—*ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ*—ਉਸ ਤੋਂ ਸਪੱਸ਼ਟ ਹੈ ਕਿ ਸਹੀ ਅਰਥਾਂ ਵਿਚ ਨ ਕੋਈ ਹਿੰਦੂ ਹੈ ਅਤੇ ਨ ਹੀ ਮੁਸਲਮਾਨ, ਕਿਉਂਕਿ ਇਹ ਦੋਵੇਂ ਵਾਸਤਵਿਕ ਧਰਮ-ਮਾਰਗ ਤੋਂ ਪਤਿਤ ਹੋ ਚੁਕੇ ਸਨ। ਇਨ੍ਹਾਂ ਦੇ ਪਰਸਪਰ ਦੁਅੰਦ ਨੂੰ ਖ਼ਤਮ ਕਰਨ ਲਈ ਇਨ੍ਹਾਂ ਵਿਚ ਸਮਨਵਯਾਤਮਕ ਰੁਚੀ ਦਾ ਵਿਕਾਸ ਕਰਨਾ ਬੜਾ ਜ਼ਰੂਰੀ ਸੀ। ਇਸ ਲਈ ਗੁਰਮਤਿ-ਕਾਵਿ ਵਿਚ ਧਾਰਮਿਕ ਏਕਤਾ ਦੀ ਭਾਵਨਾ ਬੜੀ ਉਭਰ ਕੇ ਸਾਹਮਣੇ ਆਈ ਹੈ। *ਏਕ ਪਿਤਾ ਏਕਸ ਕੇ ਹਮ ਬਾਰਿਕ* ਕਹਿ ਕੇ ਗੁਰੂ ਅਰਜਨ ਦੇਵ ਜੀ ਨੇ ਇਸੇ ਬਿਰਤੀ ਨੂੰ ਵਿਕਸਿਤ ਕੀਤਾ ਹੈ।

ਧਰਮਾਂ ਵਿਚ ਦੁਅੰਦ ਕਿਉਂ ਪੈਦਾ ਹੋਇਆ ? ਇਸ ਦਾ ਕਾਰਣ ਧਰਮਾਂ ਦੇ ਮੂਲ ਸਿੱਧਾਂਤਾਂ ਨੂੰ ਭੁਲਾਉਣ ਵਿਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਸਮਨਵੈ ਦੀ ਭਾਵਨਾ ਦਾ ਸੰਚਾਰ ਕਰਨ ਲਈ ਵਾਸਤਵਿਕ ਧਰਮ-ਬੋਧ ਕਰਾਉਣਾ ਜ਼ਰੂਰੀ ਸੀ। ਇਸ ਲਈ ਗੁਰਬਾਣੀ ਵਿਚ ਦੋਹਾਂ ਧਰਮਾਂ ਦੇ ਸਹਿਜ ਰੂਪ ਨੂੰ ਉਜਾਗਰ ਕੀਤਾ ਗਿਆ ਹੈ। ਹਿੰਦੂਆਂ ਵਿਚ ਪਸਰੇ ਬ੍ਰਾਹਮਣਵਾਦ ਦਾ ਨਿਖੇਧ ਕਰਦਿਆਂ ਬ੍ਰਾਹਮਣ ਦੇ ਵਾਸਤਵਿਕ ਕਰਮ ਵਲ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਸੰਕੇਤ ਕੀਤਾ ਹੈ— *ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ। ਜਪੁ ਤਪੁ ਸੰਜਮੁ ਕਮਾਵੈ ਕਰਮੁ। ਸੀਲ ਸੰਤੋਖ ਕਾ ਰਖੈ ਧਰਮੁ। ਬੰਧਨ ਤੋੜੈ ਹੋਵੈ ਮੁਕਤੁ। ਸੋਈ ਬ੍ਰਹਮਣੁ ਪੂਜਣ ਜੁਗਤੁ।* (ਗੁ.ਗ੍ਰੰ. 1411)।

ਗੁਰਬਾਣੀ ਵਿਚ ਇਸੇ ਸਹਿਜੀਕ੍ਰਿਤ ਢੰਗ ਨਾਲ ਵਖ ਵਖ ਤਰ੍ਹਾਂ ਦੇ ਸਾਧੂਆਂ, ਯੋਗੀਆਂ, ਵੈਰਾਗੀਆਂ ਨੂੰ ਸਹੀ ਮਾਰਗ ਦਾ ਬੋਧ ਕਰਾਇਆ ਗਿਆ ਹੈ। ਸ਼ਰੱਈ ਅਤੇ ਕੱਟੜ-ਪੰਥੀ ਮੁਸਲਮਾਨਾਂ ਨੂੰ ਸਮਝਾਉਂਦਿਆਂ ਗੁਰੂ ਜੀ ਨੇ ਕਿਹਾ ਕਿ 'ਮੁਸਲਮਾਣੁ ਕਹਾਵਣੁ ਮੁਸਕਲੁ' ਹੈ। ਪਾਪ ਕਰਨ ਵਾਲਾ ਭਲਾ ਕਿਵੇਂ ਮੁਸਲਮਾਨ ਬਣਿਆ ਰਹਿ ਸਕਦਾ ਹੈ— *ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ। ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ। ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ। ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।* (ਗੁ.ਗ੍ਰੰ.140)।

ਸਮਨਵੈ ਦੀ ਭਾਵਨਾ ਦਾ ਵਿਕਾਸ ਤਦੇ ਸੰਭਵ ਹੋ ਸਕਦਾ ਹੈ ਜੇ ਅਧਿਆਤਮਿਕਤਾ ਦੇ ਬਾਹਰਲੇ ਰੂਪ ਦੀ ਥਾਂ ਅੰਦਰਲੀ ਭਾਵਨਾ ਨੂੰ ਸਹੀ ਪਰਿਪੇਖ ਵਿਚ ਸਮਝਿਆ ਜਾਏ। ਇਸੇ ਲਈ ਗੁਰਮਤਿ ਕਾਵਿ ਵਿਚ ਆਤਮਿਕ ਸ਼ੁੱਧੀ ਉਤੇ ਬਹੁਤ ਬਲ ਦਿੱਤਾ ਗਿਆ ਹੈ। ਆਤਮਿਕ ਸ਼ੁੱਧੀ ਨਾਲ ਹੀ ਬਾਹਰਲੇ ਭੇਦ ਖ਼ਤਮ ਹੁੰਦੇ ਹਨ। ਸਪੱਸ਼ਟ ਹੈ ਕਿ ਸਭਿਆਚਾਰਿਕ ਚੇਤਨਾ ਲਈ ਧਾਰਮਿਕ ਏਕਤਾ ਦੀ ਭਾਵਨਾ ਨੂੰ ਵਿਕਸਿਤ ਕਰਨਾ ਬਹੁਤ ਜ਼ਰੂਰੀ ਹੈ ਅਤੇ ਇਹੀ ਗੁਰਮਤਿ-ਕਾਵਿ ਵਿਚ ਵਿਸਤਾਰ ਸਹਿਤ ਚਿਤਰਿਤ ਹੋਈ ਹੈ। ਇਸੇ ਧਾਰਮਿਕ ਬਿਰਤੀ ਨੂੰ ਮਾਨਵ -ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ।

ਧਰਮ-ਸੁਧਾਰ ਵੇਲੇ ਸਮਾਜ ਨੂੰ ਵਖ ਨਹੀਂ ਕੀਤਾ ਜਾ ਸਕਦਾ। ਧਰਮ ਅਤੇ ਸਮਾਜ ਵਿਚ ਬਹੁਤ ਡੂੰਘਾ ਸੰਬੰਧ ਹੈ, ਦੋਵੇਂ ਇਕ ਦੂਜੇ ਉਤੇ ਆਧਾਰਿਤ ਹਨ। ਇਹੀ ਕਾਰਣ ਹੈ ਕਿ ਜਦੋਂ ਧਰਮ ਅਧੋਮੁਖੀ ਹੁੰਦਾ ਹੈ ਤਾਂ ਸਮਾਜ ਵਿਚ ਵੀ ਵਿਕਾਰ ਪਸਰ ਜਾਂਦੇ ਹਨ। ਇਸ ਪ੍ਰਕਾਰ ਦੇ ਵਿਕਾਰ ਨੂੰ ਦੂਰ ਕਰਨ ਲਈ ਗੁਰਮਤਿ-ਕਾਵਿ ਵਿਚ ਬਹੁਤ ਬਲ ਦਿੱਤਾ ਗਿਆ ਹੈ। ਭਾਰਤੀ ਸਮਾਜਿਕ ਪ੍ਰਬੰਧ ਦਾ ਮੂਲ-ਆਧਾਰ ਵਰਣਾਸ਼੍ਰਮ-ਵਿਧਾਨ ਹੈ। ਪਰ ਮੱਧ-ਕਾਲ ਵਿਚ ਵਰਣਾਸ਼੍ਰਮ

ਦਾ ਦੈਵੀ ਗੌਰਵ ਨਾਂ-ਮਾਤ੍ਰ ਰਹਿ ਗਿਆ ਸੀ, ਨਾਰੀ ਨੂੰ ਵਿਲਾਸਤਾ ਜਾਂ ਕਾਮ-ਭੋਗ ਦਾ ਸਾਧਨ ਮੰਨ ਕੇ ਉਸ ਦੇ ਪਰੰਪਰਾਗਤ ਮਹੱਤਵ ਨੂੰ ਲਗਭਗ ਖ਼ਤਮ ਕਰ ਦਿੱਤਾ ਗਿਆ ਸੀ। ਅਜਿਹੀ ਅਵਸਥਾ ਵਿਚ ਸਮਾਜ ਦਾ ਪਤਨ ਵਲ ਵਧਣਾ ਕੁਦਰਤੀ ਸੀ। ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਸਮਾਜ ਨੂੰ ਇਸ ਸੰਕਟ ਤੋਂ ਕਢਣ ਲਈ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ। ਮੱਧ-ਕਾਲ ਦੇ ਲਗਭਗ ਸਾਰੇ ਨਿਰਗੁਣਵਾਦੀ ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਜਾਤਿ-ਭੇਦ-ਭਾਵ ਗ਼ੈਰ-ਜ਼ਰੂਰੀ ਸਮਝਿਆ। ਗੁਰੂ ਸਾਹਿਬਾਨ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉੱਚ ਕੁਲ ਵਿਚੋਂ ਹੁੰਦੇ ਹੋਇਆਂ ਵੀ ਉਨ੍ਹਾਂ ਨੇ ਵਰਣ-ਧਰਮ ਦਾ ਨਿਸੰਗ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਮੰਨ ਕੇ ਤਥਾ-ਕਥਿਤ ਨੀਚਾਂ ਦੀ ਸੰਗਤ ਵਿਚ ਰਹਿਣਾ ਉਚਿਤ ਸਮਝਿਆ —*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।* (ਗੁ.ਗ੍ਰੰ.15)। ਜਾਤਿਵਾਦ ਦੇ ਮੂਲ ਸਿੱਧਾਂਤ ਨੂੰ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ — *ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।* (ਗੁ.ਗ੍ਰੰ.1330)।

ਵਰਣ-ਧਰਮ ਦੇ ਨਾਲ ਨਾਲ ਗੁਰਮਤਿ-ਕਾਵਿ ਵਿਚ ਆਸ਼੍ਰਮ-ਧਰਮ ਦੇ ਰੂੜ੍ਹ ਰੂਪ ਦੀ ਨਿਖੇਧੀ ਕੀਤੀ ਗਈ ਹੈ। ਅਨੇਕ ਪ੍ਰਕਾਰ ਦੇ ਸਾਧੂਆਂ, ਜੋਗੀਆਂ, ਸੰਨਿਆਸੀਆਂ ਦੀ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਸਪੱਸ਼ਟ ਕਰਦਿਆਂ ਗ੍ਰਿਹਸਥ ਧਰਮ ਨੂੰ ਹੀ ਸ੍ਰੇਸ਼ਠ ਦਸਿਆ ਗਿਆ ਹੈ। ਗੁਰੂ ਸਾਹਿਬਾਨ ਖ਼ੁਦ ਗ੍ਰਿਹਸਥੀ ਸਨ। ਉਨ੍ਹਾਂ ਦੇ ਅਨੁਯਾਈ ਵੀ ਇਸ ਸਮਾਜਿਕ ਅਨੁਸ਼ਾਸਨ ਦੀ ਪਾਲਨਾ ਕਰਦੇ ਹਨ। ਗੁਰਮਤਿ ਅਨੁਸਾਰ *ਗਿਰਹੀ ਮਾਹਿ ਉਦਾਸਾ* ਦੇ ਆਦਰਸ਼ ਦੇ ਵਿਰੁੱਧ ਜੋ ਮਨਮੁਖ ਵਿਅਕਤੀ ਵੈਰਾਗ ਦੀ ਮਾੜੀ ਜਿਹੀ ਲਹਿਰ ਨਾਲ ਆਪਣਾ ਘਰ-ਬਾਰ ਛਡ ਕੇ ਗ੍ਰਿਹਸਥ ਜੀਵਨ ਤਿਆਗ ਦਿੰਦਾ ਹੈ, ਉਹ ਫਿਰ ਪੇਟ ਭਰਨ ਲਈ ਦੂਜਿਆਂ ਦੇ ਘਰਾਂ ਵਲ ਤਕਦਾ ਹੈ ਅਤੇ ਇਸ ਤਰ੍ਹਾਂ ਗ੍ਰਿਹਸਥ ਧਰਮ ਦੇ ਗੌਰਵ ਨੂੰ ਨਸ਼ਟ ਕਰ ਦਿੰਦਾ ਹੈ— *ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ। ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ।* (ਗੁ.ਗ੍ਰੰ.1012)।

ਗ੍ਰਿਹਸਥ-ਆਸ਼੍ਰਮ ਦਾ ਰੂਪ ਸੁਖਾਵਾਂ ਤਦ ਹੀ ਬਣਦਾ ਹੈ ਜੇ ਇਸਤਰੀ ਨੂੰ ਪੂਰਾ ਗੌਰਵ ਦਿੱਤਾ ਜਾਏ। ਅਸਲ ਵਿਚ, ਕਿਸੇ ਦੇਸ਼ ਜਾਂ ਕੌਮ ਦੇ ਸਭਿਆਚਾਰ ਦਾ ਅਨੁਮਾਨ ਉਸ ਦੀ ਨਾਰੀ ਜਾਤਿ ਦੀ ਸਮਾਜਿਕ ਸਥਿਤੀ ਤੋਂ ਲਗਾਇਆ ਜਾਂਦਾ ਹੈ। ਇਹੀ ਕਾਰਣ ਹੀ ਨਾਰੀ ਦੀ ਸਥਿਤੀ ਸਦਾ ਵਿਚਾਰਸ਼ੀਲ ਸਮਾਜ ਦੀ ਚਿੰਤਾ ਦਾ ਆਵੱਸ਼ਕ ਵਿਸ਼ਾ ਰਿਹਾ ਹੈ। ਮੱਧ-ਕਾਲ ਵਿਚ ਭਾਰਤੀ ਨਾਰੀ ਦਾ ਪੁਰਾਤਨ ਗੌਰਵ ਖ਼ਤਮ ਹੋ ਚੁਕਿਆ ਸੀ। ਉਸ ਨੂੰ ਪਾਪਮਈ ਅਤੇ ਨਾਰਕੀ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਸਮਾਜਿਕ ਅਨਿਆਂ ਦਾ ਘੋਰ ਅਤੇ ਕਠੋਰ ਵਿਰੋਧ ਕੀਤਾ ਅਤੇ ਨਾਰੀ ਦੇ ਗੌਰਵ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ 'ਆਸਾ ਕੀ ਵਾਰ' (*ਭੰਡਿ ਜੰਮੀਐ....*) ਵਿਚ ਉਪਦੇਸ਼ ਦਿੱਤਾ। ਉਨ੍ਹਾਂ ਨੇ ਨਾਰੀ ਦੇ ਕਾਮਿਨੀ ਰੂਪ ਨੂੰ ਵੀ ਆਦਰ ਦੇ ਧਰਾਤਲ ਤੋਂ ਡਿਗਣ ਨ ਦਿੱਤਾ ਅਤੇ ਸ਼ਿਵਨਾਭ ਵਲੋਂ ਭੇਜੀਆਂ ਨਾਚੀਆਂ ਨੂੰ *ਗਾਛਹੁ ਪੁਤ੍ਰੀ ਰਾਜ ਕੁਆਰਿ* ਕਹਿ ਕੇ ਸੰਬੋਧਿਤ ਕੀਤਾ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕਰਕੇ ਸਹੀ ਸਤੀ ਦਾ ਚਿਤਰ ਪੇਸ਼ ਕੀਤਾ— *ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ। ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ੍।* (ਗੁ.ਗ੍ਰੰ.787)।

ਗ੍ਰਿਹਸਥ-ਧਰਮ ਦੀ ਪਾਲਣਾ ਲਈ ਉਦਮ ਕਰਨਾ ਗੁਰਮਤਿ ਅਨੁਸਾਰ ਬਹੁਤ ਜ਼ਰੂਰੀ ਹੈ। ਕਿਰਤ ਕਰਕੇ ਪੇਟ ਭਰਨਾ ਅਤੇ ਦੂਜਿਆਂ ਉਤੇ ਨਿਰਭਰ ਨ ਕਰਨਾ ਇਕ ਸਮਾਜਿਕ ਜ਼ਿੰਮੇਵਾਰੀ ਹੈ ਅਤੇ ਗੁਰਬਾਣੀ ਮਨੁੱਖ ਨੂੰ ਇਸ ਜ਼ਿੰਮੇਵਾਰੀ ਪ੍ਰਤਿ ਸਚੇਤ ਕਰਦੀ ਹੈ। ਗੁਰਮਤਿ ਅਨੁਸਾਰ ਧਰਮ ਸਾਧਨਾ ਜੀਵਨ-ਵਿਹੂਣੀ ਨਹੀਂ, ਜੀਵਨਮਈ ਹੈ। ਗੁਰਮਤਿ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨੂੰ ਅਹਿਮੀਅਤ ਦਿੰਦੀ ਹੈ — *ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।* ਇਹ ਭਾਵਨਾ ਸਭਿਆਚਾਰਿਕ ਗੌਰਵ ਦਾ ਬੁਨਿਆਦੀ ਤੱਤ੍ਵ ਹੈ।

ਗੁਰਮਤਿ-ਕਾਵਿ ਵਿਚ ਵਹਿਮਾਂ, ਭਰਮਾਂ, ਪਾਖੰਡਾਂ ਆਦਿ ਦਾ ਬੜੀ ਦ੍ਰਿੜ੍ਹਤਾ ਨਾਲ ਖੰਡਨ ਕੀਤਾ ਗਿਆ ਹੈ ਕਿਉਂਕਿ ਇਹ ਮਨੁੱਖਤਾ ਦੇ ਸੁਖਾਵੇਂ ਵਿਕਾਸ ਵਿਚ ਰੁਕਾਵਟ ਹਨ। ਜੰਞੂ ਪਾਉਣ ਦੀ ਧਰਮੋ-ਸਮਾਜਿਕ ਪ੍ਰਥਾ ਦੇ ਰੂੜ੍ਹ ਰੂਪ ਦਾ ਵਿਰੋਧ ਕਰਦਿਆਂ ਜੰਞੂ ਦੇ ਭਾਵੀਕ੍ਰਿਤ ਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ — *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ। ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ। ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ। ਧੰਨੁ ਸੁ*

*ਮਾਣਸ ਨਾਨਕਾ ਜੋ ਗਲਿ ਚਲੇ ਪਾਇ।* (ਗੁ.ਗ੍ਰੰ.471)।

ਇਸੇ ਤਰ੍ਹਾਂ ਸ੍ਰਾਧ-ਕਰਮ ਨੂੰ ਵੀ ਵਿਅਰਥ ਦਸਿਆ ਹੈ। ਸੂਤਕ-ਕਰਮ ਵੀ ਗੁਰਬਾਣੀ ਵਿਚ ਪ੍ਰਵਾਨ ਨਹੀਂ। ਜਮਣਾ ਅਤੇ ਮਰਨਾ ਸਭ ਇਕ ਕੁਦਰਤੀ ਨਿਯਮ ਅਨੁਸਾਰ ਹੋਣ ਵਾਲੀ ਪ੍ਰਕ੍ਰਿਆ ਹੈ। ਵਾਸਤਵਿਕ ਗਿਆਨ ਦੀ ਪ੍ਰਾਪਤੀ ਨਾਲ ਸੂਤਕ ਦਾ ਅਹਿਸਾਸ ਖ਼ਤਮ ਹੋ ਜਾਂਦਾ ਹੈ— *ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ। ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ। ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ।* (ਗੁ.ਗ੍ਰੰ.472)। ਇਸ ਪ੍ਰਕਾਰ ਦੇ ਵਹਿਮ ਭਰਮ ਫੈਲਾਉਣ ਵਾਲੇ ਬ੍ਰਾਹਮਣ ਨੂੰ ਸਚੇਤ ਕਰਦਿਆਂ ਕਿਹਾ ਹੈ — *ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ। ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ। ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। ਛੋਡੀਲੇ ਪਾਖੰਡਾ। ਨਾਮਿ ਲਇਐ ਜਾਹਿ ਤਰੰਦਾ।* (ਗੁ.ਗ੍ਰੰ.471)।

ਗੁਰਮਤਿ-ਕਾਵਿ ਵਿਚੋਂ ਮਿਲਦੀ ਸਭਿਆਚਾਰਿਕ ਚੇਤਨਾ ਦਾ ਇਕ ਪੱਖ ਇਹ ਵੀ ਹੈ ਕਿ ਗੁਰਬਾਣੀ ਜਨ-ਜੀਵਨ ਦੀ ਭਾਸ਼ਾ ਵਿਚ ਰਚੀ ਗਈ ਸੀ। ਗੁਰੂ ਸਾਹਿਬਾਨ ਨੇ ਲੋਕਾਂ ਨਾਲੋਂ ਟੁਟ ਚੁਕੀ ਭਾਸ਼ਾ ਨੂੰ ਆਧਾਰ ਨ ਬਣਾ ਕੇ ਜਨ-ਭਾਸ਼ਾ ਨੂੰ ਇਕ ਵਿਸ਼ੇਸ਼ ਗੌਰਵ ਪ੍ਰਦਾਨ ਕੀਤਾ। ਜਿਸ ਕੌਮ ਨੂੰ ਆਪਣੀ ਭਾਸ਼ਾ ਉਤੇ ਮਾਣ ਨਹੀਂ, ਉਸ ਵਿਚੋਂ ਪਰਤੰਤਰਤਾ ਦੀ ਭਾਵਨਾ ਕਦੀ ਲੁਪਤ ਨਹੀਂ ਹੋ ਸਕਦੀ। ਉਹ ਲੋਕ ਜੀਵੰਦੇ ਜਾਗਦੇ ਸਭਿਆਚਾਰਿਕ ਕਦਰਾਂ ਤੋਂ ਸੁੰਨੇ ਹਨ। ਗੁਰਮਤਿ-ਕਾਵਿ ਵਿਚ *ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ* ਕਹਿ ਕੇ ਆਪਣੇ ਸਭਿਆਚਾਰਿਕ ਵਿਰਸੇ ਤੋਂ ਟੁਟਣ ਵਾਲਿਆਂ ਨੂੰ ਤੰਬੀਹ ਕੀਤੀ ਗਈ ਹੈ। ਇਸ ਨੂੰ ਅਧਰਮ ਦੀ ਅਵਸਥਾ ਕਹਿ ਕੇ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਮੁਕਤ ਹੋਣ ਲਈ ਪਤਿਤਾਂ ਨੂੰ ਸੰਬੋਧਨ ਕੀਤਾ ਹੈ—*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ। ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।* (ਗੁ.ਗ੍ਰੰ.663)।

ਇਸ ਤੋਂ ਇਲਾਵਾ ਗੁਰਮਤਿ ਕਾਵਿ ਵਿਚ ਲੋਕ-ਕਾਵਿ ਰੂਪਾਂ, ਲੌਕਿਕ ਬਿੰਬਾਂ ਅਤੇ ਉਪਮਾਨਾਂ ਰਾਹੀਂ ਗੁਰੂ ਸਾਹਿਬਾਨ ਨੇ ਸਰਬੱਤ੍ਰ ਲੌਕਿਕ ਸਭਿਆਚਾਰ ਦਾ ਵਾਤਾਵਰਣ ਸਿਰਜਿਆ ਹੈ। ਆਪਣੇ ਰਹਿਣ-ਸਹਿਣ ਦੇ ਢੰਗਾਂ ਨੂੰ ਤਿਆਗ ਕੇ ਵਿਦੇਸ਼ੀ ਸਭਿਆਚਾਰ ਨੂੰ ਅਪਣਾਉਣ ਵਾਲਿਆਂ ਵਲ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ— *ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।* (ਗੁ.ਗ੍ਰੰ. 470)। ਆਪਣੇ ਸਭਿਆਚਾਰ ਨੂੰ ਛਡ ਕੇ ਵਿਦੇਸ਼ੀ ਸਭਿਆਚਾਰ ਨੂੰ ਅਪਣਾਉਣ ਵਾਲੇ, ਗੁਰਮਤਿ-ਕਾਵਿ ਅਨੁਸਾਰ, ਭ੍ਰਸ਼ਟ ਵਿਅਕਤੀ ਹਨ।

ਮੱਧ-ਕਾਲ ਦੇ ਸੰਤਾਂ/ਭਗਤਾਂ ਦੀ ਬਾਣੀ ਵਿਚ ਰਾਜਨੈਤਿਕ ਗਤਿਵਿਧੀ ਬਾਰੇ ਟਿੱਪਣੀ ਨਹੀਂ ਮਿਲਦੀ। ਉਹ ਲੋਕ ਅਧਿਕਤਰ ਰਾਜਨੈਤਿਕ ਮਾਮਲਿਆਂ ਤੋਂ ਬੇਲਾਗ ਜਿਹੇ ਰਹੇ। ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਿਥੇ ਜਨ-ਸਾਧਾਰਣ ਦੇ ਅਧਿਆਤਮਿਕ ਅਤੇ ਸਮਾਜਿਕ ਦੁਖਾਂ ਨੂੰ ਪ੍ਰਗਟ ਕਰਦੀ ਹੈ, ਉਥੇ ਤਤਕਾਲੀਨ ਰਾਜਨੈਤਿਕ ਅਵਸਥਾ ਨੂੰ ਵੀ ਕਿਸੇ ਨ ਕਿਸੇ ਰੂਪ ਵਿਚ ਅਭਿਵਿਅਕਤ ਕਰਨ ਦੀ ਰੁਚੀ ਰਖਦੀ ਹੈ। ਅਸਲ ਵਿਚ, ਉਸ ਵਕਤ ਦੀ ਸ਼ਾਸਨ-ਪ੍ਰਣਾਲੀ ਅਤੇ ਰਾਜਨੈਤਿਕ ਅਵਸਥਾ ਦੀਆਂ ਤਰੁਟੀਆਂ ਕਰਕੇ ਸਤਾਈ ਹੋਈ ਅਤੇ ਪੀੜਿਤ ਜਨਤਾ ਦੇ ਦੁਖਾਂ ਨੂੰ ਜ਼ਬਾਨ ਦੇਣਾ ਗੁਰੂ ਨਾਨਕ ਬਾਣੀ ਦਾ ਮੁੱਖ ਆਸ਼ਾ ਰਿਹਾ ਹੈ। ਇਸੇ ਅਭਿਅਵਿਅਕਤੀ ਵਿਚ ਅਪ੍ਰਤੱਖ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀ ਰਾਜਨੈਤਿਕ ਪ੍ਰਤਿਕ੍ਰਿਆ ਪ੍ਰਗਟ ਹੋ ਸਕੀ ਹੈ।

ਉਹ ਯੁਗ ਸਾਮੰਤੀ ਵਿਵਸਥਾ ਵਾਲਾ ਸੀ। ਉਸ ਵਿਵਸਥਾ ਦੀ ਸਥਾਨ-ਪੂਰਤੀ ਲਈ ਕੋਈ ਹੋਰ ਬਦਲ ਭਾਵੇਂ ਮੌਜੂਦ ਨਹੀਂ ਸੀ, ਪਰ ਗੁਰੂ ਸਾਹਿਬਾਨ ਲਈ *ਰਾਜੇ ਸੀਹ ਮੁਕਦਮ ਕੁਤੇ* ਵਾਲੀ ਵਿਵਸਥਾ ਪ੍ਰਵਾਨ ਕਰ ਸਕਣਾ ਸੰਭਵ ਨਹੀਂ ਸੀ। ਇਸ ਲਈ ਗੁਰਮਤਿ-ਕਾਵਿ ਵਿਚ ਆਦਰਸ਼ ਰਾਜੇ ਵਿਚ ਉਨ੍ਹਾਂ ਗੁਣਾਂ ਦੀ ਕਲਪਨਾ ਕੀਤੀ ਗਈ ਹੈ ਜਿਸ ਦਾ ਤਤਕਾਲੀਨ ਰਾਜਿਆਂ ਵਿਚ ਅਭਾਵ ਸੀ। ਗੁਰਬਾਣੀ ਅਨੁਸਾਰ ਰਾਜੇ ਦੀ ਹੋਂਦ ਪ੍ਰਜਾ ਦੇ ਹਿਤ ਲਈ ਹੁੰਦੀ ਹੈ, ਤਦੇ ਉਹ ਸਥਾਈ ਢੰਗ ਨਾਲ ਸ਼ਾਸਨ ਕਰ ਸਕਦਾ ਹੈ— *ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ।* (ਗੁ.ਗ੍ਰੰ.992)। ਇਥੋਂ ਪੰਚਾਇਤੀ ਰਾਜ ਦਾ ਵੀ ਸੰਕੇਤ ਮਿਲਦਾ ਹੈ। ਰਾਜੇ ਨੂੰ *ਚੁਲੀ ਨਿਆਵ ਕੀ* ਕਹਿ ਕੇ ਉਸ ਤੋਂ ਸਮਦਰਸੀ ਅਤੇ ਨਿਆਇਸ਼ੀਲ ਹੋਣ ਦੀ ਆਸ ਕੀਤੀ ਗਈ ਹੈ। ਵਿਲਾਸੀ ਰਾਜ-ਪ੍ਰਬੰਧ ਗੁਰੂ ਜੀ ਨੂੰ ਪਸੰਦ ਨਹੀਂ ਸੀ। ਬਾਬਰ ਦੇ ਹਮਲੇ ਤੋਂ ਪੈਦਾ ਹੋਈ ਸਥਿਤੀ ਦਾ ਚਿਤ੍ਰਣ ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੈ। ਸਿੱਧ ਹੈ ਕਿ ਗੁਰੂ ਜੀ ਉਸ ਵਕਤ ਦੀ ਰਾਜਨੈਤਿਕ ਅਵਸਥਾ ਤੋਂ ਸੰਤੁਸ਼ਟ ਨਹੀਂ ਸਨ। ਇਹ

ਅਸੰਤੋਸ਼ ਸਹਿਜੇ ਸਹਿਜੇ ਆਕ੍ਰੋਸ਼ ਦਾ ਰੂਪ ਧਾਰਦਾ ਗਿਆ। ਗੁਰੂ ਅਰਜਨ ਦੇਵ ਜੀ ਦੇ ਮਹਾ-ਬਲਿਦਾਨ ਨੇ ਭਗਤੀ ਦੀ ਰਖਿਆ ਦਾ ਪ੍ਰਸ਼ਨ ਖੜਾ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਰਾਹੀਂ ਇਸ ਭਗਤੀ- ਅੰਦੋਲਨ ਨੂੰ ਇਕ ਨਵੇਂ ਮੋੜ ਉਤੇ ਲਿਆ ਖੜਾ ਕੀਤਾ। ਦਸਮ ਗੁਰੂ ਤੋਂ ਇਹ ਅਪਮਾਨਜਨਕ ਅਵਸਥਾ ਅਸਹਿ ਹੋ ਗਈ। 'ਧਰਮ-ਯੁੱਧ' ਦਾ ਬਿਗਲ ਵਜ ਪਿਆ। 'ਦਸਮ-ਗ੍ਰੰਥ' ਦੀ ਸਾਰੀ ਕਾਵਿ-ਮਰਯਾਦਾ ਵੀਰਤਾਮਈ ਹੋ ਗਈ। ਗੁਰੂ ਨਾਨਕ ਦੇਵ ਜੀ ਦੀ ਸੌਮ੍ਯ ਭਾਵਨਾ— *ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।*—ਦਾ ਵਿਕਾਸ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ *ਜਬ ਆਉ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੋ।* ਉਕਤੀ ਰਾਹੀਂ ਜੁਝਾਰੂ ਰੂਪ ਵਿਚ ਹੋਇਆ। ਇਸ ਤਰ੍ਹਾਂ ਸੁਤੰਤਰਤਾ ਦੀ ਇੱਛਾ ਸਭਿਆਚਾਰਿਕ ਚੇਤਨਾ ਹੋ ਨਿਬੜੀ।

ਉਪਰੋਕਤ ਸੰਕੇਤਿਕ ਵਿਸ਼ਲੇਸ਼ਣ ਤੋਂ ਗੁਰਮਤਿ-ਕਾਵਿ ਦੁਆਰਾ ਪੈਦਾ ਕੀਤੀ ਚੇਤਨਾ ਸਭਿਆਚਾਰ ਦੇ ਬਾਹਰਵਰਤੀ ਆਦਰਸ਼ਾਂ ਦੀ ਸਥਾਪਨਾ ਕਰਨ ਵਿਚ ਸਹਾਇਕ ਹੋਈ ਹੈ। ਇਸ ਵਿਚਲੀ ਸਭਿਆਚਾਰਿਕ ਚੇਤਨਾ ਦੇ ਭੀਤਰੀ ਆਦਰਸ਼ਾਂ ਦੀ ਸਥਾਪਨਾ ਦਾਰਸ਼ਨਿਕ ਅਤੇ ਸਾਧਨਾ-ਪਰਕ ਕਥਨਾਂ ਵਿਚ ਵੇਖੀ ਜਾ ਸਕਦੀ ਹੈ।

ਗੁਰਮਤਿ ਕਾਵਿ ਦੀ ਪਰਮਾਤਮਾ ਸੰਬੰਧੀ ਧਾਰਣਾ ਨਿਰਗੁਣਵਾਦੀ ਹੈ। ਉਸ ਨਿਰਗੁਣ ਬ੍ਰਹਮ ਦਾ ਸਰੂਪ 'ਜਪੁਜੀ' ਦੇ ਆਰੰਭਲੇ ਅੰਸ਼ਾਂ ਤੋਂ ਭਲੀ-ਭਾਂਤ ਸਪੱਸ਼ਟ ਹੈ। ਮੱਧ-ਯੁਗ ਦੇ ਨਿਰਗੁਣ ਸੰਤ-ਸਾਹਿਤ ਵਿਚ ਪਰਮ-ਸੱਤਾ ਦਾ ਸਰੂਪ ਅਧਿਕਤਰ ਸੌਮ੍ਯ ਜਾਂ ਕੋਮਲ ਹੈ। ਉਹ ਦਿਆਲੂ, ਭਗਤ-ਵੱਛਲ, ਪ੍ਰਤਿਪਾਲਕ ਅਤੇ ਉਪਕਾਰਕ ਹੈ। ਗੁਰਮਤਿ ਵਿਚ ਵੀ ਇਨ੍ਹਾਂ ਮਾਨਤਾਵਾਂ ਨੂੰ ਸਵੀਕ੍ਰਿਤੀ ਪ੍ਰਾਪਤ ਹੋਈ ਹੈ। ਪਰ ਯੁਗ ਦੀਆਂ ਰਾਜਨੈਤਿਕ ਪਰਿਸਥਿਤੀਆਂ ਨੇ ਆਤਮ-ਰਖਿਆ ਦੀ ਜਿਸ ਸਮਸਿਆ ਨੂੰ ਜਨਮ ਦਿੱਤਾ, ਉਸ ਨਾਲ ਨਿਰਗੁਣ ਬ੍ਰਹਮ ਜੁਝਾਰੂ ਵੀ ਬਣ ਗਿਆ। ਪੰਜਵੇਂ ਅਤੇ ਨੌਵੇਂ ਗੁਰੂ ਦੇ ਮਹਾ ਬਲਿਦਾਨਾਂ ਨੇ ਸਮੁੱਚੇ ਸਮਾਜ ਨੂੰ ਝੰਝੋੜ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭੈ-ਭੀਤ ਅਤੇ ਆਤੰਕਿਤ ਸਮਾਜ ਵਿਚ ਵੀਰਤਾ ਦੀ ਭਾਵਨਾ ਭਰਨ ਅਤੇ ਧਰਮ-ਯੁੱਧ ਦੀ ਪ੍ਰੇਰਣਾ ਦੇਣ ਲਈ ਜਿਥੇ ਵੀਰ-ਬਾਣੀ ਦਾ ਸਿਰਜਨ ਕੀਤਾ, ਉਥੇ ਪਰਮਾਤਮਾ ਦੇ ਸਰੂਪ ਵਿਚ ਜੁਝਾਰੂ ਸੰਕਲਪ ਜੋੜ ਦਿੱਤਾ। ਸ਼ਕਤੀ ਦਾ ਭਗਤੀ ਨਾਲ ਸੰਯੋਗ ਹੋਣ ਲਗਾ।

ਸੰਸਾਰ ਜਾਂ ਜਗਤ ਨੂੰ ਗੁਰਬਾਣੀ ਵਿਚ ਨਸ਼ਵਰ ਅਤੇ ਅਨਸ਼ਵਰ ਦੋਹਾਂ ਤਰ੍ਹਾਂ ਦਾ ਮੰਨਿਆ ਗਿਆ ਹੈ। ਪਰਮਾਰਥਿਕ ਤੌਰ 'ਤੇ ਕੇਵਲ ਇਕ ਪਰਮਾਤਮਾ ਹੀ ਸੱਚਾ ਹੈ, ਹੋਰ ਕੋਈ ਵੀ ਸੰਸਾਰਿਕ ਵਸਤੂ ਜਾਂ ਸੱਤਾ ਪਰਮਾਤਮਾ ਦੇ ਤੁਲ ਨਹੀਂ। ਇਸ ਲਈ ਪਰਮਾਰਥਿਕ ਤੌਰ 'ਤੇ ਪਰਮਾਤਮਾ ਤੋਂ ਬਿਨਾ ਹੋਰ ਸਭ ਕੁਝ ਨਸ਼ਵਰ ਹੈ। ਪਰ ਵਿਵਹਾਰਿਕ ਤੌਰ 'ਤੇ ਇਹ ਸੰਸਾਰ ਸੱਚਾ ਹੈ ਕਿਉਂਕਿ ਇਸ ਦੀ ਹੋਂਦ ਹੈ। ਪਰ ਇਹ ਹੋਂਦ ਅਜਿਹੀ ਨਹੀਂ ਜਿਹੋ ਜਿਹੀ ਪਰਮਾਤਮਾ ਦੀ ਹੈ। ਉਪਾਦਾਨ ਕਾਰਣ ਰੂਪ ਸੋਨੇ ਅਤੇ ਕਾਰਜ ਰੂਪ ਕੰਗਣ ਵਿਚ ਜੋ ਅੰਤਰ ਹੈ ਉਹੀ ਅੰਤਰ ਪਰਮਾਤਮਾ ਅਤੇ ਜਗਤ ਵਿਚ ਹੈ। *ਨਾਨਕ ਸਚੇ ਕੀ ਸਾਚੀ ਕਾਰੁ* ਤੋਂ ਗੁਰਮਤਿ-ਭਾਵਨਾ ਸਪੱਸ਼ਟ ਹੈ। ਇਸ ਲਈ ਗੁਰਮਤਿ-ਕਾਵਿ ਵਿਚ ਜੀਵ ਜਾਂ ਮਨੁੱਖ ਲਈ ਸੰਸਾਰ ਤਿਆਗਣ ਉਤੇ ਬਲ ਨਹੀਂ ਦਿੱਤਾ ਗਿਆ, ਸਗੋਂ ਇਸ ਸੰਸਾਰ ਵਿਚ ਨਿਰਲਿਪਤ ਭਾਵ ਨਾਲ ਰਹਿ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ ਜਿਵੇਂ ਜਲ ਵਿਚ ਕਮਲ ਅਤੇ ਨਦੀ ਵਿਚ ਮੁਰਗਾਬੀ ਪਾਣੀ ਦੇ ਪ੍ਰਭਾਵ ਤੋਂ ਬੇਲਾਗ ਜਾਂ ਮੁਕਤ ਰਹਿੰਦੀ ਹੈ— *ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।* (ਗੁ.ਗ੍ਰੰ.938)। ਇਥੇ ਗੁਰਬਾਣੀ ਨ ਨਿਵ੍ਰਿੱਤੀ ਮਾਰਗੀ ਹੈ ਅਤੇ ਨ ਹੀ ਪ੍ਰਵ੍ਰਿੱਤੀ ਮਾਰਗੀ। ਇਥੇ ਦੋਹਾਂ ਦਾ ਮੱਧ-ਮਾਰਗ ਅਪਣਾਇਆ ਗਿਆ ਹੈ। ਇਹ ਮੱਧ-ਮਾਰਗ ਮਨੁੱਖ ਨੂੰ ਸੰਸਾਰ ਵਿਚ ਵਿਚਰਦਿਆਂ ਹੋਇਆਂ ਆਪਣੇ ਅਧਿਆਤਮਿਕ ਕਰਮ ਵਿਚ ਲੀਨ ਹੋਣ ਦੀ ਤਾਕੀਦ ਕਰਦਾ ਹੈ— *ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।*(ਗੁ.ਗ੍ਰੰ.522)।

ਇਸ ਬਿਰਤੀ ਨਾਲ ਸੰਸਾਰਿਕਤਾ ਤੋਂ ਉਦਾਸੀਨ ਮਨੁੱਖ ਸੰਸਾਰ ਨਾਲ ਜੁੜਨ ਲਗੇ, ਪਰ ਉਸ ਵਿਚ ਖਚਿਤ ਹੋਣ ਦੀ ਥਾਂ 'ਤੇ ਉਸ ਨੂੰ ਕੇਵਲ ਕਰਮ-ਭੂਮੀ ਵਜੋਂ ਵਰਤਣਾ ਹੀ ਉਚਿਤ ਸਮਝਿਆ ਗਿਆ। ਅਜਿਹੀ ਚੇਤਨਾ ਦੇ ਫਲਸਰੂਪ ਮਨੁੱਖਾਂ ਵਿਚ ਸਾਤਵਿਕ ਰੁਚੀਆਂ ਦਾ ਵਿਕਾਸ ਸੰਭਵ ਹੋ ਸਕਿਆ।

ਭਾਰਤੀ ਸਭਿਆਚਾਰ ਵਿਚ ਅਧਿਆਤਮਿਕ ਉਨਤੀ ਲਈ ਜਾਂ ਸੰਸਾਰਿਕ ਪ੍ਰਪੰਚ ਤੋਂ ਮੁਕਤ ਹੋਣ ਲਈ ਚਾਰ ਸਾਧਨਾ -ਮਾਰਗ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਸਨ, ਜਿਵੇਂ ਗਿਆਨ-ਮਾਰਗ, ਕਰਮ-ਮਾਰਗ, ਯੋਗ-ਮਾਰਗ ਅਤੇ ਭਗਤੀ-ਮਾਰਗ।

ਇਨ੍ਹਾਂ ਚੌਹਾਂ ਮਾਰਗਾਂ ਦਾ ਸਵੀਕਰਣ ਅਤੇ ਅਸਵੀਕਰਣ ਗੁਰਮਤਿ-ਕਾਵਿ ਵਿਚ ਮਿਲ ਜਾਂਦਾ ਹੈ। ਸਵੀਕਰਣ ਇਸ ਲਈ ਕਿ ਇਨ੍ਹਾਂ ਚੌਹਾਂ ਮਾਰਗਾਂ ਦੀ ਮੂਲ-ਭਾਵਨਾ ਸਹੀ ਹੈ। ਅਸਵੀਕਰਣ ਇਸ ਲਈ ਕਿ ਇਨ੍ਹਾਂ ਦੇ ਰੂੜ੍ਹ ਰੂਪਾਂ ਨੇ ਮਨੁੱਖਤਾ ਨੂੰ ਕੁਰਾਹੇ ਪਾ ਦਿੱਤਾ ਹੈ। ਗਿਆਨ ਦੀ ਲੋੜ ਉਤੇ ਬਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ।* ਗਿਆਨ ਤੋਂ ਬਿਨਾ ਸਾਰੀ ਲੁਕਾਈ ਆਵਾਗਵਣ ਦੇ ਚੱਕਰ ਵਿਚ ਘੁੰਮ ਰਹੀ ਹੈ— *ਗਿਆਨ ਵਿਹੂਣੀ ਭਵੈ ਭਵਾਈ।* ਪਰ ਇਹ ਗਿਆਨ ਗੱਲਾਂ ਨਾਲ ਪ੍ਰਾਪਤ ਨਹੀਂ ਹੁੰਦਾ। ਇਸ ਲਈ ਵਾਸਨਾਵਾਂ ਨੂੰ ਮਾਰ ਕੇ ਸ਼ਬਦ ਵਿਚ ਲੀਨ ਹੋਣਾ ਪੈਂਦਾ ਹੈ। ਇਹ ਗਿਆਨ ਨ ਵਾਚਿਕ ਹੈ, ਨ ਹੀ ਸ਼ਾਸਤ੍ਰੀ। ਅਜਿਹੇ ਗਿਆਨ ਦਾ ਪ੍ਰਮੁਖ ਕਰਤੱਵ ਮਨ ਅਤੇ ਬੁੱਧੀ ਦੀਆਂ ਆਸਕਤੀਆਂ ਤੋਂ ਪੈਦਾ ਹੋਣ ਵਾਲੇ ਸੰਸਕਾਰਾਂ ਦੀ ਮੈਲ ਨੂੰ ਖ਼ਤਮ ਕਰਕੇ ਵਾਸਤਵਿਕਤਾ ਦਾ ਬੋਧ ਕਰਾਉਣਾ ਹੈ। ਇਹ ਗਿਆਨ ਬ੍ਰਹਮ- ਸਾਖਿਆਤਕਾਰ ਦਾ ਸੂਚਕ ਹੈ-- *ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।* ਇਸ ਨੂੰ ਪਰੰਪਰਾਗਤ ਗਿਆਨ ਤੋਂ ਹਟ ਕੇ 'ਸਹਿਜ-ਗਿਆਨ' ਕਿਹਾ ਜਾ ਸਕਦਾ ਹੈ।

ਗੁਰਮਤਿ ਵਿਚ ਕਰਮ-ਮਾਰਗ ਬਾਰੇ ਵੀ ਸਵੀਕਰਣ /ਅਸਵੀਕਰਣ ਦੀ ਬਿਰਤੀ ਅਪਣਾਈ ਗਈ ਹੈ। ਕਾਰਣ ਸਪੱਸ਼ਟ ਹੈ ਕਿ ਕਰਮਾਂ ਤੋਂ ਬਿਨਾ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ— *ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।* ਪਰ ਕਰਮ ਦੇ ਰੂੜ੍ਹ ਰੂਪ ਜਾਂ ਕਰਮ-ਕਾਂਡੀ ਰੂਪ ਵਿਚ ਗੁਰਮਤਿ ਦਾ ਕੋਈ ਵਿਸ਼ਵਾਸ ਨਹੀਂ। ਨਾਮ- ਸਾਧਨਾ ਤੋਂ ਬਿਨਾ ਅਜਿਹੇ ਕਰਮ ਹੰਕਾਰ ਦੀ ਭਾਵਨਾ ਦਾ ਵਿਕਾਸ ਕਰਦੇ ਹਨ— *ਕਰਮ ਕਾਂਡ ਬਹੁ ਕਰਹਿ ਆਚਾਰ। ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।* (ਗੁ.ਗ੍ਰੰ.162)। ਇਸ ਸੰਸਾਰ ਵਿਚ ਕੀਤੇ ਹੋਏ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਇਸ ਲਈ ਚੰਗੇ ਕਰਮ ਕਰਨਾ ਅਤਿ ਜ਼ਰੂਰੀ ਹੈ। ਇਸ ਪ੍ਰਕਾਰ ਦੇ ਕਰਮਾਂ ਨੂੰ ਗੁਰਬਾਣੀ ਵਿਚ 'ਅਧਿਆਤਮੀ ਕਰਮ' ਨਾਂ ਦਿੱਤਾ ਗਿਆ ਹੈ— *ਅਧਿਆਤਮ ਕਰਮ ਕਰੈ ਤਾ ਸਾਚਾ।* ਇਨ੍ਹਾਂ ਨੂੰ 'ਸਹਿਜ-ਕਰਮ' ਨਾਂ ਵੀ ਦਿੱਤਾ ਜਾ ਸਕਦਾ ਹੈ। ਗੁਰਮਤਿ ਕਰਮ ਕਰਨ ਪ੍ਰਤਿ ਉਦਾਸੀਨ ਨਹੀਂ ਹੈ, ਪਰ ਤ੍ਰਿਗੁਣਾਤਮਕ ਕਰਮ ਜਾਂ ਰੂੜ੍ਹ ਕਰਮਾਂ ਨੂੰ ਨ ਅਪਣਾ ਕੇ ਸਹਿਜ ਅਤੇ ਨਿਸ਼ਕਾਮ ਸਰੂਪ ਵਾਲੇ ਕਰਮ ਕਰਨ ਉਤੇ ਬਲ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਯੋਗ-ਸਾਧਨਾ ਦੇ ਰੂੜ੍ਹ ਰੂਪ ਜਾਂ ਹਠਯੋਗ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। ਉਸ ਦੀ ਥਾਂ ਉਤੇ ਯੋਗ ਦੇ ਭਾਵੀਕ੍ਰਿਤ ਰੂਪ ਨੂੰ ਅਪਣਾਉਣ ਲਈ ਬਲ ਦਿੱਤਾ ਗਿਆ ਹੈ। ਇਸ ਨੂੰ ਯੋਗ ਦਾ ਮਾਨਸੀ ਰੂਪ ਵੀ ਕਿਹਾ ਜਾ ਸਕਦਾ ਹੈ। ਇਹ ਯੋਗ ਪਰੰਪਰਾ ਤੋਂ ਮੁਕਤ ਅਤੇ ਯੁਗ ਦੀਆਂ ਪਰਿਸਥਿਤੀਆਂ ਅਨੁਕੂਲ ਬਹੁਤ ਕਲਿਆਣਕਾਰੀ ਹੈ। ਗੁਰਮਤਿ ਵਿਚ ਸਿੱਧਾਂਤਿਕ ਤੌਰ 'ਤੇ ਵਾਸਤਵਿਕ ਯੋਗ ਦਾ ਵਿਰੋਧ ਨਹੀਂ, ਪਰ ਇਸ ਦੀ ਹਠ-ਸਾਧਨਾ ਅਤੇ ਵਿਅਰਥ ਦੇ ਆਡੰਬਰਾਂ ਦਾ ਨਿਖੇਧ ਹੈ।

ਭਗਤੀ-ਮਾਰਗ ਪ੍ਰਤਿ ਗੁਰਮਤਿ-ਕਾਵਿ ਵਿਚ ਅਧਿਕ ਰੁਚੀ ਵਿਖਾਈ ਗਈ ਹੈ, ਪਰੰਤੂ ਇਥੇ ਵੀ ਪਰੰਪਰਾਗਤ ਭਗਤੀ ਦਾ ਇੰਨ-ਬਿੰਨ ਸਵੀਕਰਣ ਨਹੀਂ। ਗੁਰੂ ਸਾਹਿਬਾਨ ਨੇ ਸਾਰੀਆਂ ਭਗਤੀ ਪ੍ਰਣਾਲੀਆਂ ਵਿਚੋਂ ਕੇਵਲ ਉਨ੍ਹਾਂ ਤੱਤ੍ਵਾਂ ਨੂੰ ਗ੍ਰਹਿਣ ਕੀਤਾ ਹੈ ਜੋ ਯੁਗ ਦੀਆਂ ਪਰਿਸਥਿਤੀਆਂ ਦੇ ਅਨੁਕੂਲ ਅਤੇ ਅਧਿਕ ਲੋਕ-ਕਲਿਆਣਕਾਰੀ ਹੋਣ ਅਤੇ ਜਿਨ੍ਹਾਂ ਨੂੰ ਜਨ-ਜੀਵਨ ਵਿਚ ਸਹਿਜ ਢੰਗ ਨਾਲ ਗ੍ਰਹਿਣ ਕੀਤਾ ਜਾ ਸਕੇ। ਇਸ ਲਈ ਵੈਧੀ-ਭਗਤੀ, ਮੂਰਤੀ-ਪੂਜਾ ਆਦਿ ਦਾ ਖੰਡਨ ਕਰਕੇ ਅਜਿਹੀ ਭਗਤੀ ਨੂੰ ਅਪਣਾਏ ਜਾਣ ਉਤੇ ਬਲ ਦਿੱਤਾ ਗਿਆ ਹੈ ਜੋ ਸਹਿਜ ਢੰਗ ਨਾਲ ਕੀਤੀ ਜਾ ਸਕੇ।

ਉਪਰੋਕਤ ਵਿਚਾਰ ਤੋਂ ਸਾਫ਼ ਹੈ ਕਿ ਗੁਰਮਤਿ ਸਿੱਧਾਂਤ ਰੂਪ ਵਿਚ ਕਿਸੇ ਸਾਧਨਾ-ਮਾਰਗ ਦੇ ਵਿਰੁੱਧ ਨਹੀਂ। ਉਹ ਕੇਵਲ ਪਰੰਪਰਾਗਤ ਸਾਧਨਾ-ਮਾਰਗਾਂ ਦੇ ਵਿਧੀ- ਵਿਧਾਨਾਂ ਅਤੇ ਰੂੜ੍ਹ ਰੂਪਾਂ ਦਾ ਵਿਰੋਧ ਕਰਦੀ ਹੈ ਜਿਨ੍ਹਾਂ ਨਾਲ ਮਾਨਵ-ਜੀਵਨ ਉਲਝਿਆ ਪਿਆ ਹੈ। ਗੁਰੂ ਅਮਰਦਾਸ ਜੀ ਨੇ ਤਾਂ ਇਥੋਂ ਤਕ ਕਿਹਾ ਹੈ— *ਜਗਤੁ ਜਲੰਦਾ ਰਖਿ ਲੈ ਆਪਣੀ ਕ੍ਰਿਪਾ ਧਾਰਿ। ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।* (ਗੁ.ਗ੍ਰੰ.853)।

ਇਸ ਤਰ੍ਹਾਂ ਗੁਰਬਾਣੀ ਵਿਚ ਸਾਰੇ ਸਾਧਨਾ-ਮਾਰਗਾਂ ਦੇ ਭਾਵੀਕ੍ਰਿਤ ਰੂਪ ਪ੍ਰਵਾਨ ਹਨ ਅਤੇ ਇਹੀ ਗੁਰੂ ਸਾਹਿਬਾਨ ਦੀ ਸਹਿਜ-ਸਾਧਨਾ ਦਾ ਸਰੂਪ ਹੈ ਜਿਸ ਤੋਂ ਬਿਨਾ ਕਰਮ ਪਾਖੰਡ ਹੈ, ਗਿਆਨ ਕੇਵਲ ਤਰਕ-ਵਿਤਰਕ ਹੈ, ਯੋਗ ਸਿਰਫ਼ ਸ਼ਰੀਰਕ ਕਸਰਤ ਹੈ ਅਤੇ ਭਗਤੀ ਹਉਮੈ ਦਾ ਵਰਤਾਰਾ ਹੈ। ਨਿਸ਼ਪ੍ਰਾਣ ਸਿੱਧਾਂਤਾਂ, ਵਿਧੀ-ਵਿਧਾਨਾਂ, ਕਰਮ -ਕਾਂਡਾਂ ਰਾਹੀਂ ਬ੍ਰਹਮ ਦੀ ਪ੍ਰਾਪਤੀ ਸੰਭਵ ਨਹੀਂ। ਜਦ ਤਕ ਹਿਰਦੇ ਵਿਚ ਵਾਸਤਵਿਕ ਅਤੇ ਨਿਸ਼ਕਾਮ ਪ੍ਰੇਮ ਦਾ ਉਦਭਵ

ਨਹੀਂ ਹੁੰਦਾ ਅਤੇ ਸਹਿਜ ਸੁਭਾਵਿਕ ਢੰਗ ਨਾਲ ਚਿੱਤ ਪਰਮਾਤਮਾ ਵਿਚ ਨਹੀਂ ਟਿਕਦਾ, ਤਦ ਤਕ ਸਾਧਕ ਨੂੰ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ।

ਗੁਰਮਤਿ ਦੀ ਸਹਿਜ-ਸਾਧਨਾ ਅਸਲ ਵਿਚ ਅੰਤਰ ਦੀ ਸਾਧਨਾ ਹੈ। ਇਹ ਸਾਧਨਾ ਕਿਸੇ ਵਿਸ਼ੇਸ਼ ਵਿਅਕਤੀ, ਸਮਾਜ, ਸੰਪ੍ਰਦਾਇ, ਧਰਮ ਜਾਂ ਦੇਸ਼ ਤਕ ਸੀਮਿਤ ਨਹੀਂ। ਇਸ ਦਾ ਮਹੱਤਵ ਅਤੇ ਸਵੀਕ੍ਰਿਤੀ ਵਿਸ਼ਵ-ਪੱਧਰ 'ਤੇ ਹੈ। ਇਸ ਬਿਰਤੀ ਨੂੰ ਅਪਣਾਉਣ ਨਾਲ ਮੱਧ-ਯੁਗ ਦੇ ਭਾਰਤੀ ਧਰਮ ਅਤੇ ਸਮਾਜ ਨੂੰ ਪਤਿਤ ਅਤੇ ਖੇਰੂੰ ਖੇਰੂੰ ਹੋਣ ਤੋਂ ਬਚਾਇਆ ਗਿਆ ਹੈ ਅਤੇ ਸੰਸਾਰ ਨੂੰ ਫਿਰ ਤੋਂ ਅਧਿਆਤਮਿਕ ਜਿਗਿਆਸਾ ਦੀ ਪੂਰਤੀ ਲਈ ਅਧਿਕ ਪਵਿੱਤਰ ਰੂਪ ਵਾਲਾ ਸਾਧਨਾ ਪ੍ਰਦਾਨ ਕੀਤਾ ਗਿਆ ਹੈ। ਇਸ ਨਾਲ ਰਾਸ਼ਟਰੀ ਪਤਨ ਨੂੰ ਠਲ੍ਹ ਪਈ ਹੈ ਅਤੇ ਫਿਰ ਤੋਂ ਆਸ਼ਾ ਦੀ ਕਿਰਣ ਦਾ ਸੰਚਾਰ ਹੋਇਆ ਹੈ। ਇਸ ਸਭ ਦਾ ਮੂਲਾਧਾਰ ਸਭਿਆਚਾਰਿਕ ਚੇਤਨਾ ਹੈ। ਇਸ ਨੂੰ ਗੁਰਮਤਿ ਚੇਤਨਾ ਵੀ ਕਿਹਾ ਜਾ ਸਕਦਾ ਹੈ। ਸਮੁੱਚੇ ਤੌਰ 'ਤੇ ਇਹੀ ਸਿੱਖ ਸਭਿਆਚਾਰਿਕ ਚੇਤਨਾ ਹੈ।

ਸਪੱਸ਼ਟ ਹੈ ਕਿ ਸਿੱਖ ਸਭਿਆਚਾਰਿਕ ਚੇਤਨਾ ਦਾ ਮੂਲ ਸਰੋਤ ਗੁਰਮਤਿ-ਕਾਵਿ ਹੈ। ਇਸ ਵਿਚ ਯੁਗ-ਪੁਰਸ਼ਾਂ ਦੀ ਧਰਮ-ਸਾਧਨਾ ਦਾ ਅਨੁਭਵ ਸੰਜੋਇਆ ਹੋਇਆ ਹੈ ਜਿਸ ਨੇ ਯੁਗ ਦੀ ਨੁਹਾਰ ਬਦਲੀ ਹੈ ਅਤੇ ਜਿਸ ਨੇ ਸਭਿਆਚਾਰ ਦੇ ਅਧੋਮੁਖੀ ਰੂਪ ਨੂੰ ਨਵੀਂ ਚੇਤਨਾ ਪ੍ਰਦਾਨ ਕੀਤੀ ਹੈ। ਫਲਸਰੂਪ ਮਨੁੱਖਤਾ ਦਾ ਕਲਿਆਣ-ਮਾਰਗ ਮੋਕਲਾ ਹੋਇਆ ਹੈ। ਅਸਲ ਵਿਚ, ਸਿੱਖ ਸਭਿਆਚਾਰਿਕ ਚੇਤਨਾ ਮਾਨਵ ਕਲਿਆਣ ਦਾ ਅਹਿਸਾਸ ਪੈਦਾ ਕਰਦੀ ਹੈ ਅਤੇ ਨੈਤਿਕਤਾ ਦਾ ਆਦਰਸ਼ ਸਿਰਜਦੀ ਹੈ।

**ਸਿੱਖ ਸਮਾਜਿਕ ਮਾਨਤਾਵਾਂ** : 'ਸਮਾਜ ਵਿਅਕਤੀਆਂ ਦਾ ਅਜਿਹਾ ਸੰਗਠਨ ਹੈ ਜਿਸ ਵਿਚ ਨਿਸਚਿਤ ਸੰਬੰਧ ਅਤੇ ਵਿਸ਼ਿਸ਼ਟ ਵਿਵਹਾਰ ਰਾਹੀਂ ਮਨੁੱਖ ਇਕ ਦੂਜੇ ਨਾਲ ਬੰਨ੍ਹੇ ਰਹਿੰਦੇ ਹਨ। ਵਿਅਕਤੀਆਂ ਦੀ ਇਹ ਸੰਗਠਿਤ ਵਿਵਸਥਾ ਵਿਭਿੰਨ ਕਾਰਜਾਂ ਲਈ ਭਿੰਨ ਭਿੰਨ ਮਾਨਦੰਡਾਂ ਨੂੰ ਵਿਕਸਿਤ ਕਰਦੀ ਹੈ ਜਿਨ੍ਹਾਂ ਵਿਚ ਕੁਝ ਵਿਵਹਾਰ ਅਨੁਗਤ ਅਤੇ ਕੁਝ ਨਿਸ਼ਿਧ ਹੁੰਦੇ ਹਨ'। ਚੂੰਕਿ ਸਮਾਜ ਵਿਅਕਤੀਆਂ ਦੇ ਪਰਸਪਰ ਸੰਬੰਧਾਂ ਦੀ ਇਕ ਵਿਵਸਥਾ ਹੈ, ਇਸ ਲਈ ਇਸ ਦਾ ਕੋਈ ਮੂਰਤ ਸਰੂਪ ਨਹੀਂ ਹੁੰਦਾ; ਇਸ ਦੀ ਅਵਧਾਰਣਾ ਅਨੁਭੂਤੀ-ਮੂਲਕ ਹੈ।

ਸਮਾਜਿਕ ਸੰਗਠਨ ਦਾ ਸਰੂਪ ਕਦੀ ਸਦੀਵੀ (ਸ਼ਾਸ਼ਵਤ) ਨਹੀਂ ਬਣਿਆ ਰਹਿੰਦਾ। ਸਮਾਜ ਵਿਅਕਤੀਆਂ ਦਾ ਸਮੁੱਚ ਹੈ ਅਤੇ ਵਿਭਿੰਨ ਮਨੋਰਥਾਂ ਦੀ ਪ੍ਰਾਪਤੀ ਲਈ ਵਖ ਵਖ ਸਮੂਹਾਂ ਵਿਚ ਵੰਡਿਆ ਹੋਇਆ ਹੈ। ਇਸ ਲਈ ਮਾਨਵ-ਮਨ ਅਤੇ ਸਮੂਹ-ਮਨ ਦੀ ਗਤਿਸ਼ੀਲਤਾ ਸਮਾਜ ਨੂੰ ਨਿਰੰਤਰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਇਸ ਲਈ ਸਮਾਜ ਪਰਿਵਰਤਨ -ਸ਼ੀਲ ਹੈ। ਉਸ ਦੀ ਇਹ ਗਤਿਸ਼ੀਲਤਾ ਹੀ ਉਸ ਦੇ ਵਿਕਾਸ ਦਾ ਮੂਲ ਹੈ। ਸਮਾਜਿਕ ਵਿਕਾਸ ਪਰਿਵਰਤਨ ਦੀ ਇਕ ਚਿਰ-ਕਾਲੀਨ ਪ੍ਰਕ੍ਰਿਆ ਹੈ ਜੋ ਸਮਾਜ ਦੇ ਵਿਅਕਤੀਆਂ ਦੀਆਂ ਆਕਾਂਖਿਆਵਾਂ ਅਤੇ ਪੁਨਰ-ਨਿਰਧਾਰਿਤ ਲਕਸ਼ਾਂ (ਮਨੋਰਥਾਂ) ਦੀ ਪ੍ਰਾਪਤੀ ਦੀ ਦਿਸ਼ਾ ਵਿਚ ਤਤਪਰ ਰਹਿੰਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀ ਜਨਤਾ ਮੁੱਖ ਤੌਰ 'ਤੇ ਦੋ ਸਮਾਜਿਕ ਖੰਡਾਂ ਵਿਚ ਵੰਡੀ ਹੋਈ ਸੀ, ਇਕ ਹਿੰਦੂ ਅਤੇ ਦੂਜਾ ਮੁਸਲਮਾਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮੁਸਲਮਾਨਾਂ ਦੀ ਸਮਾਜਿਕ ਸਥਿਤੀ ਉਤੇ ਪ੍ਰਕਾਸ਼ ਪਾਇਆ ਹੈ, ਪਰ ਉਨ੍ਹਾਂ ਦਾ ਅਧਿਕ ਸਰੋਕਾਰ ਹਿੰਦੂ-ਸਮਾਜ ਨਾਲ ਹੀ ਰਿਹਾ ਸੀ। ਉਨ੍ਹਾਂ ਦੀ ਤਿਖੀ ਨਜ਼ਰ ਤੋਂ ਸਮਾਜ ਦਾ ਕੋਈ ਪੱਖ ਬਚ ਨਹੀਂ ਸਕਿਆ। ਉਨ੍ਹਾਂ ਦੀ ਸਮਾਜਿਕ ਪੜਚੋਲ ਬੜੀ ਵਿਸਤਰਿਤ ਅਤੇ ਵਿਆਪਕ ਸੀ। ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਇਹ ਬਾਣੀਕਾਰ ਨਿਰੇ-ਪੁਰੇ ਸਮਾਜ ਸੁਧਾਰਕ ਨਹੀਂ ਸਨ, ਇਹ ਤਾਂ ਅਸਲੋਂ ਮਨੁੱਖਤਾ ਦੇ ਅਧਿਆਤਮਿਕ ਕਲਿਆਣ ਵਿਚ ਜੁਟੇ ਹੋਏ ਸਨ, ਉਸੇ ਲਈ ਉਨ੍ਹਾਂ ਨੂੰ ਸਮਾਜ ਵਿਚ ਪਸਰੀਆਂ ਕੁਰੀਤਾਂ ਨੂੰ ਸੁਧਾਰਨ ਲਈ ਉਪਦੇਸ਼ ਕਰਨੇ ਪਏ ਕਿਉਂਕਿ ਧਰਮ ਅਤੇ ਸਮਾਜ ਇਕ ਦੂਜੇ ਉਤੇ ਆਧਾਰਿਤ ਹਨ। ਸਾਫ਼ ਹੈ ਕਿ ਸਮਾਜ ਨੂੰ ਧਰਮ ਤੋਂ ਵਖ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮੁਸਲਮਾਨਾਂ ਦੀ ਧਾਰਮਿਕ ਸੰਕੀਰਣਤਾ ਨੇ ਸਮਾਜਿਕ ਸੰਕੀਰਣਤਾ ਨੂੰ ਜਨਮ ਦਿੱਤਾ ਸੀ। ਮੁਸਲਮਾਨਾਂ ਨੇ ਹਿੰਦੂਆਂ ਦੇ ਅਨੁਦਾਰ ਵਰਗ ਨੂੰ ਹੋਰ ਵੀ ਜ਼ਿਆਦਾ ਅਨੁਦਾਰ ਬਣਾ ਦਿੱਤਾ ਸੀ। ਫਲਸਰੂਪ ਵਰਣ-ਵਿਵਸਥਾ ਸੰਕੀਰਣ ਹੋ ਗਈ ਸੀ। ਸਮਾਜਿਕ ਰਖਿਆ ਲਈ ਧਰਮ-ਆਚਾਰਾਂ ਨੂੰ ਕਵਚ ਵਿਚ ਬਦਲ ਦਿੱਤਾ ਗਿਆ। ਵਰਣਾਸ਼੍ਰਮ ਦੀ ਦਿਵ੍ਤਾ

ਨਾਂ-ਮਾਤ੍ਰ ਰਹਿ ਗਈ, ਨਾਰੀ ਕਾਮ-ਭੋਗ ਦਾ ਨਿਰਾ ਸਾਧਨ ਬਣ ਗਈ। ਸਾਰੀ ਸਮਾਜਿਕ ਵਿਵਸਥਾ ਵਿਗੜ ਗਈ। ਗੁਰੂ ਨਾਨਕ ਦੇਵ ਜੀ ਨੇ ਰਸਾਤਲਗਾਮੀ ਸਮਾਜ ਨੂੰ ਸੁਧਾਰਨ ਲਈ ਸਮਾਜ ਦੇ ਸਾਹਮਣੇ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਸਮਾਜ ਦੀ ਜੋ ਦਸ਼ਾ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਪ੍ਰਸਥਾਨ ਵੇਲੇ ਨਹੀਂ ਰਹੀ ਸੀ। ਉਸ ਵਿਚ ਅਨੇਕ ਪ੍ਰਕਾਰ ਦੇ ਸੁਧਾਰ ਹੋ ਚੁਕੇ ਸਨ। ਇਹ ਸਭ ਕੁਝ ਸਿੱਖ ਸਮਾਜ ਵਿਚ ਪਸਰੀਆਂ ਨਵੀਆਂ ਮਾਨਤਾਵਾਂ ਦਾ ਸਿੱਟਾ ਸੀ।

ਗੁਰੂ ਨਾਨਕ ਦੇਵ ਜੀ ਅਤੇ ਹੋਰ ਬਾਣੀਕਾਰਾਂ ਨੇ 'ਵਰਣ' (ਵੇਖੋ) ਅਤੇ 'ਆਸ਼੍ਰਮ' (ਵੇਖੋ) ਦੀਆਂ ਕਮਜ਼ੋਰੀਆਂ ਨੂੰ ਸਪੱਸ਼ਟ ਕਰਕੇ ਉਨ੍ਹਾਂ ਦੇ ਸੁਧਾਰ ਉਤੇ ਬਲ ਦਿੱਤਾ। ਨਾਰੀ ਨੂੰ ਦਲਿਤ ਤੋਂ ਗੌਰਵਸ਼ਾਲੀ ਬਣਾਇਆ। ਸ਼੍ਰਾਧ, ਸੂਤਕ, ਸਤੀ ਆਦਿ ਰਸਮਾਂ ਦਾ ਦ੍ਰਿੜ੍ਹਤਾਪੂਰਵਕ ਖੰਡਨ ਕੀਤਾ। ਇਨ੍ਹਾਂ ਸਭ ਬਾਰੇ ਸੰਬੰਧਿਤ ਇੰਦਰਾਜਾਂ ਵਿਚ ਵਿਵਰਣ ਦਿੱਤਾ ਗਿਆ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਾਤਿ-ਪਾਤਿ ਨੂੰ ਨਿਰਰਥਕ ਮੰਨ ਕੇ ਗ੍ਰਿਹਸਥ-ਆਸ਼੍ਰਮ ਨੂੰ ਸਰਵਸ੍ਰੇਸ਼ਠ ਦਸਿਆ। ਨਾਰੀ ਨੂੰ ਉਨ੍ਹਾਂ ਨੇ ਸਮਾਜ ਵਿਚ ਗੌਰਵਪੂਰਣ ਸਥਾਨ ਦੇਣ ਲਈ ਲੋਗਾਂ ਨੂੰ ਪ੍ਰੇਰਿਆ। ਕੂੜ ਰਸਮਾਂ ਨੂੰ ਭਰਮਪੂਰਣ ਦਸ ਕੇ ਅਧਿਆਤਮਿਕ ਕਰਮ ਕਰਨ ਉਤੇ ਬਲ ਦਿੱਤਾ। ਕਿਉਂਕਿ ਇਨ੍ਹਾਂ ਕਰਮਾਂ ਤੋਂ ਬਿਨਾ ਸਭ ਕੁਝ ਨਿਰਰਥਕ ਹੈ। ਉਨ੍ਹਾਂ ਨੇ ਨਾਮ ਜਪਣ ਦੇ ਨਾਲ ਨਾਲ ਕਿਰਤ ਕਰਨ ਅਤੇ ਵੰਡ ਛਕਣ ਨੂੰ ਬਹੁਤ ਮਹੱਤਵ-ਪੂਰਣ ਦਸਿਆ। ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਮਾਜਿਕ ਮਾਨਤਾਵਾਂ ਕੂੜ ਪਰੰਪਰਾਵਾਂ ਤੋਂ ਮੁਕਤ, ਪੂਰੀ ਤਰ੍ਹਾਂ ਮਾਨਵ-ਕਲਿਆਣ ਵਲ ਰੁਚਿਤ ਸਨ। ਇਹੀ ਪ੍ਰਕਾਰਾਂਤਰ ਨਾਲ ਸਿੱਖ ਸਮਾਜਿਕ ਚੇਤਨਾ ਦਾ ਸਰੂਪ ਹੈ।

**ਸਿੱਖ ਸਿੱਕੇ** : ਇਸ ਤੋਂ ਭਾਵ ਹੈ ਸਿੱਖ ਰਾਜ-ਮੁਦ੍ਰਾ। ਹਰ ਇਕ ਸੁਤੰਤਰ ਰਾਜ ਦਾ ਆਪਣਾ ਸਿੱਕਾ ਹੁੰਦਾ ਹੈ। ਇਹ ਉਸ ਦੀ ਅਹਿਮੀਅਤ ਦਾ ਪ੍ਰਤੀਕ ਹੈ। ਜਦੋਂ ਸਿੱਖਾਂ ਪਾਸ ਸ਼ਕਤੀ ਅਤੇ ਰਾਜ ਭਾਗ ਆਇਆ, ਤਾਂ ਉਨ੍ਹਾਂ ਨੇ ਆਪਣੇ ਸਿੱਕੇ ਚਲਾਏ। ਸਿੱਖ ਸਿਕਿਆਂ ਉਤੇ ਰਾਜੇ ਜਾਂ ਸ਼ਾਸਕ ਦੇ ਨਾਂ ਦੀ ਥਾਂ ਇਹ ਉਨ੍ਹਾਂ ਦੇ ਗੁਰੂ ਸਾਹਿਬਾਨ ਨੂੰ ਅਰਪਿਤ ਹੁੰਦੇ ਸਨ। ਇਨ੍ਹਾਂ ਉਤੇ ਸੰਮਤ ਬਿਕ੍ਰਮੀ ਹੁੰਦਾ ਸੀ ਅਤੇ ਭਾਸ਼ਾ ਫ਼ਾਰਸੀ ਹੁੰਦੀ ਸੀ। ਇਸ ਸੰਬੰਧ ਵਿਚ ਚਾਰਲਸ ਜੇ. ਦੀ ਪੁਸਤਕ Coin Collection in Northern India ਵਿਚ ਭਰਪੂਰ ਜਾਣਕਾਰੀ ਮਿਲਦੀ ਹੈ। Sikh Coinage : Symbol of Sikh sovereignty ਵਿਚ ਸੁਰਿੰਦਰ ਸਿੰਘ ਨੇ ਸਿੱਖ ਸਿੱਕਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਸ. ਮਨੋਹਰ ਸਿੰਘ ਮਾਰਕੋ ਪਾਸ ਵੀ ਇਨ੍ਹਾਂ ਸਿੱਕਿਆਂ ਦੇ ਕਾਫ਼ੀ ਨਮੂਨੇ ਸੁਰਖਿਅਤ ਹਨ।

ਸਿੱਖਾਂ ਵਿਚ ਸਭ ਤੋਂ ਪਹਿਲਾਂ ਬਾਬਾ ਬੰਦਾ ਬਹਾਦਰ ਨੇ ਆਪਣਾ ਸਿੱਕਾ ਚਲਾਇਆ। ਸੰਨ 1710 ਈ. ਵਿਚ ਸਰਹਿੰਦ ਨੂੰ ਜਿਤਣ ਤੋਂ ਬਾਦ ਉਸ ਨੇ ਆਪਣੇ ਕਿਲ੍ਹੇ ਲੋਹਗੜ੍ਹ (ਮੁਖਲਿਸਗੜ੍ਹ) ਤੋਂ ਸਿੱਕਾ ਚਲਾਇਆ ਜਿਸ ਦੇ ਇਕ ਪਾਸੇ ਲਿਖਿਆ ਹੋਇਆ ਸੀ— *ਸਿੱਕਹ ਜ਼ਦ ਬਰ ਹਰ ਦੋ ਆਲਮ ਤੇਗ਼-ਏ-ਨਾਨਕ ਵਾਹਿਬ ਅਸਤ ਫਤਹ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ-ਏ-ਸੱਚਾ ਸਾਹਿਬ ਅਸਤ।* ਇਸ ਦੇ ਦੂਜੇ ਪਾਸੇ ਉਤੇ ਅੰਕਿਤ ਸੀ—*ਜ਼ਰਬ ਬ ਅਮਾਨ ਉੱਦਾਹਰ ਮੁਸਾਵਰਾਤ ਸ਼ਹਿਰ ਜ਼ੀਨਤ ਅਲ ਤਖ਼ਤ ਮੁਬਾਰਕ ਬਖ਼ਤ।*

ਇਕ ਮਤ ਅਨੁਸਾਰ ਨਵੰਬਰ 1761 ਈ. ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਉਤੇ ਕਬਜ਼ਾ ਕਰਕੇ ਆਪਣਾ ਸਿੱਕਾ ਚਲਾਇਆ ਜਿਸ ਉਤੇ ਅੰਕਿਤ ਸੀ— '*ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲ-ਏ-ਅਕਾਲ, ਮੁਲਕ-ਏ-ਅਹਮਦ ਸ਼ਾਹ ਗਰਿਫ਼ਤਹ ਜੱਸਾ ਕਲਾਲ*'। ਦੂਜੇ ਮਤ ਅਨੁਸਾਰ ਇਹ ਸਿੱਕਾ ਲਾਹੌਰ ਦੇ ਕੁਝ ਮੌਲਾਣਿਆਂ ਨੇ ਚਲਾਇਆ ਤਾਂ ਜੁ ਅਹਿਮਦ ਸ਼ਾਹ ਦੁਰਾਨੀ ਖੁਣਸ ਖਾ ਕੇ ਲਾਹੌਰ ਉਤੇ ਹਮਲਾ ਕਰੇ। ਇਹ ਸਿੱਕਾ ਜਲਦੀ ਹੀ ਬੰਦ ਕਰ ਦਿੱਤਾ ਗਿਆ।

ਸੰਨ 1764 ਈ. ਵਿਚ ਸਿੱਖਾਂ ਨੇ ਸਰਹਿੰਦ ਨੂੰ ਜਿਤ ਕੇ ਸੰਨ 1765 ਈ. ਵਿਚ ਜੋ ਸਿੱਕਾ ਚਲਾਇਆ, ਉਹ ਗੋਬਿੰਦ ਸਿੰਘੀ ਸਿੱਕੇ ਵਜੋਂ ਜਾਣਿਆ ਜਾਂਦਾ ਸੀ। ਇਹ ਚਾਂਦੀ ਦਾ ਬਣਿਆ ਹੋਇਆ ਸੀ। ਸੰਨ 1777 ਈ. ਤਕ ਲਾਹੌਰ ਦੀ ਟਕਸਾਲ ਵਿਚ ਢਲਦਾ ਰਿਹਾ। ਇਸ ਦੇ ਇਕ ਪਾਸੇ ਲਿਖਿਆ ਸੀ— *ਦੇਗ ਤੇਗ਼ੋ ਫ਼ਤਹ ਨੁਸਰਤ ਬੇਦਰੰਗ, ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ।* ਇਸ ਦੇ ਦੂਜੇ ਪਾਸੇ ਅੰਕਿਤ ਸੀ—*ਜ਼ਰਬਦਾਰਉਲ ਸਲਤਨਤ ਲਾਹੌਰ ਸੰਮਤ 1822 ਮੈਮਨਤ ਮਾਨੂਸ।*

ਸੰਨ 1777 ਈ. ਤੋਂ ਬਾਦ ਅੰਮ੍ਰਿਤਸਰ ਤੋਂ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਹੋਏ। ਇਨ੍ਹਾਂ ਨੂੰ ਨਾਨਕਸ਼ਾਹੀ

ਸਿੱਕੇ ਕਿਹਾ ਜਾਂਦਾ ਸੀ। ਇਨ੍ਹਾਂ ਦੇ ਇਕ ਪਾਸੇ ਗੁਰਮੁਖੀ ਵਿਚ ਲਿਖਿਆ ਹੁੰਦਾ— 'ਅਕਾਲ ਸਹਾਇ ਗੁਰੂ ਨਾਨਕ ਜੀ' ਅਤੇ ਫ਼ਾਰਸੀ ਅੱਖਰਾਂ ਵਿਚ ਅੰਕਿਤ ਹੁੰਦਾ— *ਸਿੱਕਾ ਜ਼ਦ ਬਰ ਸੀਮੋ ਜ਼ਰ ਤੇਗ ਨਾਨਕ ਵਾਹਬ ਅਸਤ ਫਤਹ-ਏ-ਗੋਬਿੰਦ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚੇਹਾ ਸਾਹਿਬ ਅਸਤ।* ਇਸ ਦੇ ਦੂਜੇ ਪਾਸੇ ਛਪਿਆ ਹੁੰਦਾ— *ਜ਼ਰਬ ਸ੍ਰੀ ਅੰਮ੍ਰਿਤਸਰ ਜਲੂਸ ਤਖ਼ਤ ਅਕਾਲ ਬਖ਼ਤ ਸੰਮਤ 1837।* ਇਨ੍ਹਾਂ ਦੀ ਇਬਾਰਤ ਵਿਚ ਕਿਤੇ ਕਿਤੇ ਫ਼ਰਕ ਵੀ ਮਿਲਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਸੰਨ 1799 ਈ. ਵਿਚ ਲਾਹੌਰ ਨੂੰ ਆਪਣੇ ਅਧੀਨ ਕੀਤਾ ਅਤੇ ਸੰਨ 1801 ਈ. ਵਿਚ ਆਪਣੇ ਆਪ ਨੂੰ ਮਹਾਰਾਜਾ ਘੋਸ਼ਿਤ ਕੀਤਾ। ਸੰਨ 1801 ਈ. ਤੋਂ ਬਾਦ ਲਾਹੌਰ, ਮੁਲਤਾਨ, ਕਸ਼ਮੀਰ ਤੋਂ ਇਸ ਦੇ ਸਿੱਕੇ ਚਲੇ। ਇਨ੍ਹਾਂ ਉਤੇ ਗੋਬਿੰਦਸਿੰਘੀ ਸਿਕਿਆਂ ਵਾਲੀ ਇਬਾਰਤ ਸੀ। ਬਸ ਫ਼ਰਕ ਇਹ ਸਨ—ਇਕ, ਇਸ ਦੇ ਸਿੱਕੇ 'ਨਾਨਕਸ਼ਾਹੀ' ਅਖਵਾਉਂਦੇ ਸਨ। ਦੂਜੇ, ਇਸ ਉਤੇ ਕਿਸੇ ਦਰਖ਼ਤ ਦੇ ਪੱਤੇ ਦਾ ਚਿੰਨ੍ਹ ਹੁੰਦਾ। ਮਹਾਰਾਜੇ ਨੇ ਕਈ ਹੋਰ ਨਗਰਾਂ ਵਿਚ ਵੀ ਟਕਸਾਲਾਂ ਸਥਾਪਿਤ ਕੀਤੀਆਂ। ਘਟ ਧਨ ਵਾਲੇ ਸਿੱਕੇ ਤਾਂਬੇ ਦੇ ਬਣਾਏ ਗਏ। ਸੰਨ 1828 ਈ. ਵਿਚ ਲਾਹੌਰ ਦੀ ਟਕਸਾਲ ਵਿਚ ਬੁਤਕੀਆਂ ਵੀ ਬਣਨੀਆਂ ਸ਼ੁਰੂ ਹੋਈਆਂ ਜਿਨ੍ਹਾਂ ਵਿਚ ਸਾਢੇ ਗਿਆਰਾਂ ਮਾਸੇ ਸ਼ੁੱਧ ਸੋਨਾ ਹੁੰਦਾ ਸੀ। ਮਹਾਰਾਜੇ ਨੇ ਸ. ਹਰੀ ਸਿੰਘ ਨਲਵੇ ਨੂੰ ਸੰਨ 1831 ਈ. ਵਿਚ ਕਸ਼ਮੀਰ ਅੰਦਰ ਅਤੇ ਸੰਨ 1834 ਈ. ਵਿਚ ਪਿਸ਼ਾਵਰ ਵਿਚ ਆਪਣਾ ਸਿੱਕਾ ਚਲਾਉਣ ਦੀ ਆਗਿਆ ਦਿੱਤੀ। ਪਰ ਇਹ ਸਿੱਕਾ ਵੀ ਵਿਅਕਤੀਗਤ ਨ ਹੋ ਕੇ ਗੁਰੂ ਸਾਹਿਬਾਨ ਦੇ ਨਾਂ ਵਾਲਾ ਸੀ।

ਪਟਿਆਲਾ ਦੇ ਰਾਜਾ ਅਮਰ ਸਿੰਘ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਰਾਜਾ-ਏ-ਰਾਜਗਾਨ ਦੀ ਉਪਾਧੀ ਦਿੱਤੀ ਅਤੇ ਸੰਨ 1767 ਈ. ਵਿਚ ਆਪਣਾ ਸਿੱਕਾ ਜਾਰੀ ਕਰਨ ਦੀ ਆਗਿਆ ਦਿੱਤੀ। ਪਟਿਆਲੇ ਦੀਆਂ ਮੋਹਰਾਂ ਅਤੇ ਰੁਪਇਆਂ ਨੂੰ 'ਰਾਜੇਸ਼ਾਹੀ' ਸਿੱਕੇ ਕਿਹਾ ਜਾਂਦਾ। ਇਨ੍ਹਾਂ ਵਿਚੋਂ ਮੋਹਰ ਪੌਣੇ ਯਾਰ੍ਹਾਂ ਮਾਸਿਆਂ ਦੀ ਹੁੰਦੀ ਅਤੇ ਰੁਪਏ ਸਵਾ ਯਾਰ੍ਹਾਂ ਮਾਸਿਆਂ ਦੀ ਸ਼ੁੱਧ ਚਾਂਦੀ ਦੇ ਹੁੰਦੇ। ਉਨ੍ਹਾਂ ਉਤੇ ਲਿਖਿਆ ਹੁੰਦਾ—*ਹੁਕਮ ਸ਼ੁਦ ਅਜ਼ ਕਾਦਰੇ ਬੇ ਚੂੰ ਅਹਿਮਦ ਬਾਦਸ਼ਾਹ, ਸਿੱਕਾ ਜ਼ਨ ਬਰ ਸੀਮੋ ਜ਼ਰ ਅਜ਼ ਔਜੋ ਮਾਹੀ ਤਾ ਬਮਾਹ।*

ਜੀਂਦ ਦੀ ਰਿਆਸਤ ਨੇ ਕੇਵਲ ਚਾਂਦੀ ਦੇ ਰੁਪਏ ਦਾ ਸਿੱਕਾ ਚਲਾਇਆ ਅਤੇ ਉਸ ਉਤੇ ਪਟਿਆਲੇ ਵਾਲੇ ਸਿੱਕੇ 'ਰਾਜੇਸ਼ਾਹੀ' ਵਾਲੀ ਇਬਾਰਤ ਹੀ ਰਖੀ। ਇਸ ਨੂੰ 'ਜੀਂਦੀਆ' ਨਾ ਦਿੱਤਾ ਜਾਂਦਾ ਸੀ।

ਨਾਭੇ ਦੀ ਮੋਹਰ ਅਤੇ ਰੁਪਇਆ ਕ੍ਰਮਵਾਰ ਪੌਣੇ ਦਸ ਮਾਸੇ ਸੋਨੇ ਦੀ ਅਤੇ ਸਵਾ ਯਾਰ੍ਹਾਂ ਮਾਸੇ ਚਾਂਦੀ ਦਾ ਹੁੰਦਾ ਅਤੇ ਇਨ੍ਹਾਂ ਨੂੰ 'ਨਾਭੇਸ਼ਾਹੀ' ਕਹਿੰਦੇ। ਇਨ੍ਹਾਂ ਉਤੇ ਇਬਾਰਤ ਨਾਨਕਸ਼ਾਹੀ ਜਾਂ ਗੋਬਿੰਦਸਿੰਘੀ ਸਿੱਕਿਆਂ ਵਾਲੀ ਹੀ ਹੁੰਦੀ। ਕਪੂਰਥਲਾ ਰਿਆਸਤ ਨੇ ਆਪਣਾ ਕੋਈ ਸਿੱਕਾ ਨਹੀਂ ਚਲਾਇਆ। ਫੂਲਕੀਆ ਰਿਆਸਤਾਂ ਦੇ ਸਿੱਕੇ ਆਪਣੀਆਂ ਰਿਆਸਤਾਂ ਤੋਂ ਇਲਾਵਾ ਨੇੜੇ-ਤੇੜੇ ਦੀਆਂ ਦੂਜੀਆਂ ਰਿਆਸਤਾਂ ਵਿਚ ਵੀ ਪ੍ਰਵਾਨ ਕਰ ਲਏ ਜਾਂਦੇ ਸਨ।

**ਸਿੱਖ ਸੰਪ੍ਰਦਾਵਾਂ** : ਜਦੋਂ ਕਿਸੇ ਧਰਮ ਦਾ ਵਿਕਾਸ ਹੋ ਰਿਹਾ ਹੁੰਦਾ ਹੈ, ਤਾਂ ਉਸ ਵਿਕਾਸ ਦੇ ਪ੍ਰਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਕਈ ਤਰ੍ਹਾਂ ਦੇ ਪ੍ਰਚਾਰਕ, ਸਾਧਕ ਜਾਂ ਕਰਨੀ ਵਾਲੇ ਮਹਾਪੁਰਸ਼ ਸਾਹਮਣੇ ਆ ਜਾਂਦੇ ਹਨ। ਉਨ੍ਹਾਂ ਦਾ ਮੂਲ ਉਦੇਸ਼ ਤਾਂ ਭਾਵੇਂ ਮੁੱਖ ਧਰਮ ਦਾ ਵਿਕਾਸ ਕਰਨਾ ਹੀ ਹੁੰਦਾ ਹੈ, ਪਰ ਉਨ੍ਹਾਂ ਦੇ ਵਿਅਕਤਿਤਵ ਅਤੇ ਮਾਨਤਾਵਾਂ ਦੀ ਛਾਪ ਮੁੱਖ ਧਾਰਾ ਨਾਲੋਂ ਉਨ੍ਹਾਂ ਨੂੰ ਨਿਖੇੜਦੀ ਹੋਈ ਵਖਰੀ ਪਛਾਣ ਬਣਾ ਦਿੰਦੀ ਹੈ। ਇਹੀ ਵਖਰੀ ਪਛਾਣ ਕਿਸੇ ਸੰਪ੍ਰਦਾਇ ਨੂੰ ਜਨਮ ਦਿੰਦੀ ਹੈ। ਕਿਸੇ ਸੰਪ੍ਰਦਾਇ ਦੀ ਸਥਾਪਨਾ ਲਈ ਜਿਥੇ ਇਕ ਅਸਾਧਾਰਣ ਸ਼ਖ਼ਸੀਅਤ ਦੀ ਸੇਧ ਅਤਿ ਆਵੱਸ਼ਕ ਹੁੰਦੀ ਹੈ, ਉਥੇ ਉਸ ਸੰਪ੍ਰਦਾਇ ਵਲੋਂ ਮੂਲ ਸਿੱਧਾਂਤਾਂ ਦੀ ਵਿਆਖਿਆ ਜਾਂ ਸਮਾਜਿਕ ਅਤੇ ਧਾਰਮਿਕ ਰੀਤਾਂ ਦੇ ਪਾਲਣ ਦੀ ਵਿਲੱਖਣਤਾ ਆਪਣੀ ਭੂਮਿਕਾ ਵੀ ਨਿਭਾਉਂਦੀ ਹੈ।

ਸਿੱਖ ਧਰਮ ਦੇ ਵਿਕਾਸ ਵਿਚ ਵਖ ਵਖ ਸਮੇਂ ਕਾਇਮ ਹੋਈਆਂ ਸੰਪ੍ਰਦਾਵਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਸੰਪ੍ਰਦਾਵਾਂ ਵਿਚ ਸਰਬ ਪ੍ਰਥਮ ਉਦਾਸੀ ਸੰਪ੍ਰਦਾਇ ਹੈ, ਜਿਸ ਦਾ ਪ੍ਰਚਲਨ ਬਾਬਾ ਸ੍ਰੀ ਚੰਦ ਨੇ ਕੀਤਾ ਸੀ। ਦੂਜੀ ਹੈ ਮੀਣਾ ਸੰਪ੍ਰਦਾਇ। ਇਸ ਦਾ ਪ੍ਰਾਰੰਭ ਸੋਢੀ ਮਿਹਰਬਾਨ ਦੁਆਰਾ ਹੋਇਆ ਸੀ। ਤੀਜੀ ਨਿਰਮਲਾ ਸੰਪ੍ਰਦਾਇ ਹੈ, ਜਿਸ ਦਾ ਉਦਘਾਟਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਬਨਾਰਸ (ਕਾਂਸੀ) ਵਿਚ ਸੰਸਕ੍ਰਿਤ ਅਤੇ ਭਾਰਤੀ ਧਰਮ-ਗ੍ਰੰਥਾਂ ਦੇ ਅਧਿਐਨ ਲਈ ਭੇਜ ਕੇ ਕੀਤਾ ਸੀ। ਚੌਥੀ ਸੇਵਾ ਪੰਥੀ

ਸੰਪ੍ਰਦਾਇ ਹੈ ਜਿਸ ਦਾ ਆਰੰਭ ਭਾਈ ਕਨ੍ਹਈਆ ਤੋਂ ਮੰਨਿਆ ਜਾਂਦਾ ਹੈ। ਪੰਜਵੀਂ ਗਿਆਨੀ ਸੰਪ੍ਰਦਾਇ ਹੈ ਜਿਸ ਦਾ ਮੋਢੀ ਭਾਈ ਮਨੀ ਸਿੰਘ ਸ਼ਹੀਦ ਨੂੰ ਦਸਿਆ ਜਾਂਦਾ ਹੈ। ਛੇਵੀਂ ਸੰਪ੍ਰਦਾਇ ਨਿਰੰਕਾਰੀਆਂ ਦੀ ਹੈ ਜਿਸ ਦਾ ਪ੍ਰਾਰੰਭ ਬਾਬਾ ਦਿਆਲ ਨੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਕੀਤਾ ਸੀ। ਸੱਤਵੀਂ ਦਾ ਨਾਂ ਨਾਮਧਾਰੀ ਸੰਪ੍ਰਦਾਇ ਹੈ। ਇਸ ਦਾ ਉਦਘਾਟਨ ਤਾਂ ਭਾਵੇਂ ਬਾਬਾ ਬਾਲਕ ਸਿੰਘ ਨੇ ਕੀਤਾ ਸੀ, ਪਰ ਇਸ ਦਾ ਸਹੀ ਵਿਕਾਸ ਬਾਬਾ ਰਾਮ ਸਿੰਘ ਦੁਆਰਾ ਹੋਇਆ। ਇਸ ਤਰ੍ਹਾਂ ਦੀਆਂ ਕੁਝ ਉਪ-ਸੰਪ੍ਰਦਾਵਾਂ ਵੀ ਹੋਂਦ ਵਿਚ ਆਈਆਂ। ਇਨ੍ਹਾਂ ਦੇ ਵਿਸਤਾਰ ਬਾਰੇ ਵੇਖੋ ਸੁਤੰਤਰ ਇੰਦਰਾਜ।

**ਸਿੱਖ ਗੁਰਦੁਆਰਾ ਐਕਟ 1925 ਈ.** : ਗੁਰਦੁਆਰਾ ਸੁਧਾਰ ਲਹਿਰ ਦੇ ਫਲਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਵੇਖੋ) ਅਤੇ ਸ਼੍ਰੋਮਣੀ ਅਕਾਲੀ ਦਲ (ਵੇਖੋ) ਹੋਂਦ ਵਿਚ ਆਏ। ਬੜੇ ਲੰਬੇ ਸੰਘਰਸ਼ ਤੋਂ ਬਾਦ ਗੁਰਦੁਆਰੇ ਆਜ਼ਾਦ ਹੋਏ। ਉਨ੍ਹਾਂ ਦੀ ਵਿਵਸਥਾ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਤੌਰ 'ਤੇ ਕਈ ਉਦਮ ਕੀਤੇ ਗਏ। ਆਖ਼ਿਰ ਸਰਕਾਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੀ ਪ੍ਰਤਿਨਿਧ ਕਮੇਟੀ ਦੇ ਹਵਾਲੇ ਕਰਨਾ ਮੰਨ ਲਿਆ। ਇਸ ਦੀ ਕਾਰਵਾਈ ਵਜੋਂ 7 ਮਈ 1925 ਈ. ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਸ. ਤਾਰਾ ਸਿੰਘ ਮੋਗਾ ਵਾਲੇ ਦੁਆਰਾ ਬਿਲ ਪੇਸ਼ ਕੀਤਾ ਗਿਆ। ਬਿਲ ਪੇਸ਼ ਕਰਨ ਵੇਲੇ ਭਾਈ ਜੋਧ ਸਿੰਘ ਨੇ ਵੀ ਪੂਰਾ ਸਹਿਯੋਗ ਦਿੱਤਾ। ਪਹਿਲਾਂ ਇਹ ਬਿਲ ਇਕ ਵਿਸ਼ੇਸ਼ ਕਮੇਟੀ ਨੂੰ ਵਾਚਣ ਲਈ ਭੇਜਿਆ ਗਿਆ। 20 ਜੂਨ 1925 ਈ. ਨੂੰ ਉਸ ਕਮੇਟੀ ਨੇ ਆਪਣੀ ਰਿਪੋਰਟ ਦਿੱਤੀ। 7 ਜੁਲਾਈ ਨੂੰ ਕੌਂਸਲ ਨੇ ਬਿਲ ਪਾਸ ਕਰ ਦਿੱਤਾ। 7 ਅਗਸਤ ਨੂੰ ਉਹ ਬਿਲ ਪੰਜਾਬ ਸਰਕਾਰ ਦੇ ਗ਼ਜ਼ਟ ਵਿਚ ਛਾਪਿਆ ਗਿਆ ਅਤੇ 1 ਨਵੰਬਰ 1925 ਈ. ਤੋਂ ਉਹ ਬਿਲ ਸਿੱਖ ਗੁਰਦੁਆਰਾ ਐਕਟ 1925 (ਪੰਜਾਬ ਐਕਟ ਨੰ.8, 1925) ਦੇ ਰੂਪ ਵਿਚ ਲਾਗੂ ਹੋਇਆ।

ਇਸ ਐਕਟ ਦੇ ਭਾਗ 3 ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਲਈ 'ਗੁਰਦੁਆਰਾ ਸੈਂਟ੍ਰਲ ਬੋਰਡ' ਬਣਾਇਆ ਗਿਆ ਜਿਸ ਦੀ ਪਹਿਲੀ ਇਕਤਰਤਾ 4 ਸਤੰਬਰ 1926 ਈ. ਨੂੰ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋਈ। ਇਸ ਮੀਟਿੰਗ ਵਿਚ 14 ਮੈਂਬਰ ਚੁਣੇ ਗਏ ਅਤੇ ਪੂਰੇ ਬੋਰਡ ਦੀ ਮੀਟਿੰਗ 2 ਅਕਤੂਬਰ, 1926 ਈ. ਨੂੰ ਫਿਰ ਟਾਊਨ ਹਾਲ ਵਿਚ ਹੋਈ। ਉਸ ਮੀਟਿੰਗ ਵਿਚ ਬੋਰਡ ਦੇ ਔਹਦੇਦਾਰਾਂ ਅਤੇ ਅੰਤਰੰਗ ਕਮੇਟੀ ਦੀ ਚੋਣ ਹੋਈ। ਉਸ ਮੀਟਿੰਗ ਵਿਚ ਪਾਸ ਹੋਇਆ ਕਿ 'ਗੁਰਦੁਆਰਾ ਸੈਂਟ੍ਰਲ ਬੋਰਡ' ਦੀ ਥਾਂ ਇਸ ਸੰਸਥਾ ਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰਖਿਆ ਜਾਵੇ। 17 ਜਨਵਰੀ 1927 ਈ. ਦੇ ਇਕ ਨੋਟੀਫਿਕੇਸ਼ਨ ਰਾਹੀਂ ਸਰਕਾਰ ਨੇ ਇਹ ਨਾਂ ਪ੍ਰਵਾਨ ਕਰ ਲਿਆ। ਪਹਿਲੀ ਕਮੇਟੀ ਨੇ ਨਵੀਂ ਬਣੀ ਕਮੇਟੀ ਨੂੰ 4 ਦਸੰਬਰ 1926 ਈ. ਤਕ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸੌਂਪ ਦਿੱਤੀ।

ਇਸ ਗੁਰਦੁਆਰਾ ਐਕਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ, ਅਧਿਕਾਰਾਂ ਅਤੇ ਸੀਮਾਵਾਂ ਤੋਂ ਲੈ ਕੇ ਉਨ੍ਹਾਂ ਸੰਬੰਧੀ ਪੈਦਾ ਹੋਣ ਵਾਲੇ ਵਾਦ-ਵਿਵਾਦਾਂ ਅਤੇ ਝਗੜਿਆਂ ਨੂੰ ਨਜਿਠਣ ਲਈ ਸਿੱਖ ਗੁਰਦੁਆਰਾ ਟ੍ਰਿਬਿਊਨਲ ਬਣਾਉਣ ਤਕ ਦੀ ਵਿਵਸਥਾ ਕੀਤੀ ਗਈ। ਗੁਰਦੁਆਰਿਆਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ— ਅਨੁਸੂਚਿਤ ਅਤੇ ਅਣ-ਅਨੁਸੂਚਿਤ। ਅਨੁਸੂਚਿਤ ਵਰਗ ਵਿਚ ਉਨ੍ਹਾਂ ਗੁਰਦੁਆਰਿਆਂ/ਗੁਰੂ-ਧਾਮਾਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਦਾ ਪਿਛੋਕੜ ਇਤਿਹਾਸਿਕ ਸੀ ਅਤੇ ਜਿਨ੍ਹਾਂ ਦੇ ਸਿੱਖ ਗੁਰਦੁਆਰੇ ਹੋਣ ਬਾਰੇ ਕੋਈ ਵਿਵਾਦ ਨਹੀਂ ਸੀ। ਇਸ ਵਰਗ ਵਿਚ ਪਹਿਲਾਂ 241 ਗੁਰਦੁਆਰੇ ਸ਼ਾਮਲ ਕੀਤੇ ਗਏ ਸਨ। ਪਰ ਪੰਜਾਬ ਦੀ ਵੰਡ ਤੋਂ ਬਾਦ 65 ਗੁਰਦੁਆਰੇ ਪਾਕਿਤਸਾਨ ਵਿਚ ਰਹਿ ਗਏ। ਸੰਨ 1959 ਈ. ਵਿਚ ਇਸ ਐਕਟ ਵਿਚ ਸੋਧ ਕਰਕੇ ਪੈਪਸੂ ਦੇ 173 ਗੁਰਦੁਆਰੇ ਹੋਰ ਸ਼ਾਮਲ ਕਰ ਲਏ ਗਏ।

ਦੂਜੇ ਵਰਗ ਵਿਚ ਅਣ-ਅਨੁਸੂਚਿਤ ਗੁਰਦੁਆਰੇ ਸ਼ਾਮਲ ਕੀਤੇ ਗਏ। ਇਹ ਗੁਰਦੁਆਰੇ ਉਹ ਸਨ ਜਿਨ੍ਹਾਂ ਦਾ ਇਤਿਹਾਸਿਕ ਜਾਂ ਰਵਾਇਤੀ ਸੰਬੰਧ ਕਿਸੇ ਗੁਰੂ ਸਾਹਿਬ ਨਾਲ ਰਿਹਾ ਹੋਵੇ, ਜਾਂ ਜਿਨ੍ਹਾਂ ਨੂੰ ਕਿਸੇ ਸਿੱਖ ਸ਼ਹੀਦ ਜਾਂ ਇਤਿਹਾਸਿਕ ਸਿੱਖ ਸ਼ਖ਼ਸੀਅਤ ਦੀ ਯਾਦ ਵਿਚ ਉਸਾਰਿਆ ਗਿਆ ਹੋਵੇ। ਇਸ ਪ੍ਰਕਾਰ ਦੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਕਰਨ ਲਈ ਜ਼ਰੂਰੀ ਸੀ ਕਿ ਜਿਸ ਥਾਣੇ ਵਿਚ ਉਹ ਗੁਰਦੁਆਰਾ ਪੈਂਦਾ ਹੋਵੇ, ਉਸ ਇਲਾਕੇ ਵਿਚਲੇ 21 ਸਾਲ ਤੋਂ ਵਧ ਉਮਰ ਦੇ ਪੰਜਾਹ ਜਾਂ ਇਸ ਤੋਂ ਵਧ ਸਿੱਖ-ਧਰਮੀ ਸਰਕਾਰ ਨੂੰ ਨਿਸਚਿਤ ਸਮਾਂ-ਸੀਮਾ ਵਿਚ ਦਰਖ਼ਾਸਤ ਦੇਣ ਅਤੇ ਉਸ ਗੁਰਦੁਆਰੇ ਦੀ ਜਾਇਦਾਦ ਸੰਬੰਧੀ ਸਾਰੀ ਸਥਿਤੀ ਸਪੱਸ਼ਟ ਕਰਨ। ਉਸ ਤੋਂ ਬਾਦ ਤਤ-ਸੰਬੰਧੀ

ਸਰਕਾਰ ਵਲੋਂ ਪ੍ਰਕਾਸ਼ਿਤ ਕੀਤੇ ਤੱਥਾਂ ਦਾ ਜੇ ਤਿੰਨ ਮਹੀਨਿਆਂ ਵਿਚ ਕਿਸੇ ਸੰਸਥਾ ਜਾਂ ਘਟੋ-ਘਟ ਵੀਹ ਅਨੁਯਾਈਆਂ ਵਲੋਂ ਕੋਈ ਇਤਰਾਜ਼ ਪ੍ਰਗਟ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ 'ਸਿੱਖ ਗੁਰਦੁਆਰਾ' ਸਮਝੇ ਜਾਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਂਦਾ ਹੈ।

ਇਸ ਗੁਰਦੁਆਰਾ ਐਕਟ ਵਿਚ ਸਮੇਂ ਸਮੇਂ ਲੋੜ ਅਨੁਸਾਰ ਸੋਧਾਂ ਹੁੰਦੀਆਂ ਰਹੀਆਂ ਅਤੇ ਇਸ ਨੂੰ ਸਮਕਾਲੀ ਸਮਸਿਆਵਾਂ ਦਾ ਹਾਣੀ ਬਣਾਈ ਰਖਿਆ ਗਿਆ।

**ਸਿੱਖ-ਗੁਰੂ ਸੰਬੰਧ** : ਸਿੱਖ ਅਧਿਆਤਮਿਕਤਾ ਵਿਚ ਸਿੱਖ ਗੁਰੂ ਦਾ ਪਰਸਪਰ ਸੰਬੰਧ ਲੌਕਿਕ ਨਹੀਂ, ਅਲੌਕਿਕ ਹੈ। ਇਸ ਨੂੰ ਦੈਵੀ ਸੰਬੰਧ ਵੀ ਕਿਹਾ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਪੁੱਤਰ ਅਤੇ ਪਿਤਾ ਵਾਲਾ ਨਿਕਟਤਮ ਸੰਸਾਰਿਕ ਸੰਬੰਧ ਵੀ ਸਿੱਖ ਅਤੇ ਗੁਰੂ ਦੇ ਸੰਬੰਧ ਸਾਹਮਣੇ ਤੁਛ ਹੈ। ਸਿੱਖ ਗੁਰੂਆਂ ਦੇ ਉਤਰੋਤਰ ਗੱਦੀ-ਅਧਿਕਾਰੀ ਸਿੱਖ ਸਨ, ਪੁੱਤਰ ਨਹੀਂ। ਇਹ ਸਿੱਖ ਸੰਤਾਨ ਵਿਚੋਂ ਜਾਂ ਬਾਹਰੋਂ ਕਿਤੋਂ ਵੀ ਹੋ ਸਕਦੇ ਸਨ। ਲੋੜ ਤਾਂ ਕੇਵਲ ਸੁਪਾਤ੍ਰਤਾ ਦੀ ਸੀ। ਗੁਰੂ ਨਾਨਕ ਦੇਵ ਜੀ ਨੂੰ ਇਕ-ਮਾਤ੍ਰ ਸਿੱਖ ਮਿਲਿਆ ਸੀ ਭਾਈ ਲਹਿਣਾ, ਜੋ 'ਅੰਗਦ' ਨ ਹੁੰਦੇ ਹੋਇਆਂ ਵੀ 'ਅੰਗਦ' ਬਣ ਗਿਆ। ਗੁਰੂ ਨਾਨਕ ਦੇਵ ਜੀ ਦੇ ਮਹਾਪ੍ਰਸਥਾਨ ਵੇਲੇ ਗੁਰੂ ਅੰਗਦ ਦੇਵ ਜੀ ਨੇ ਜੋ ਸ਼ਲੋਕ ਉਚਾਰਿਆ ਸੀ, ਉਸ ਦਾ ਪਾਠ ਇਸ ਪ੍ਰਕਾਰ ਹੈ— *ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ। ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ।* (ਗੁ.ਗ੍ਰੰ.83)

ਗੁਰਬਾਣੀ ਵਿਚ ਇਨ੍ਹਾਂ ਦੋਹਾਂ ਦੇ ਪਰਸਪਰ ਸੰਬੰਧ ਨੂੰ ਹੰਸ ਅਤੇ ਸਰੋਵਰ ਦੇ ਸੰਬੰਧ ਦੁਆਰਾ ਰੂਪਾਇਤ ਕੀਤਾ ਗਿਆ ਹੈ। ਮਾਝ ਰਾਗ ਦੀ ਵਾਰ ਦੇ ਇਕ ਸ਼ਲੋਕ ਵਿਚ ਗੁਰੂ ਨੂੰ ਸਮੁੰਦਰ ਅਤੇ ਸਿੱਖਾਂ ਨੂੰ ਨਦੀਆਂ ਕਿਹਾ ਗਿਆ ਹੈ।

ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਦੀ ਇਕ ਅਸ਼ਟਪਦੀ ਵਿਚ ਇਸ ਸੰਬੰਧ ਨੂੰ ਬੜੇ ਮਰਮ ਸਪਰਸ਼ੀ ਢੰਗ ਨਾਲ ਅਭਿਵਿਅਕਤ ਕੀਤਾ ਹੈ। ਉਹ ਆਪਣਾ ਸਭ ਕੁਝ ਗੁਰੂ ਉਪਰੋਂ ਨਿਛਾਵਰ ਕਰਦੇ ਹੋਇਆਂ ਕਹਿੰਦੇ ਹਨ— *ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ।... ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।... ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ।... ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ। ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ।* (ਗੁ.ਗ੍ਰੰ.757-58)

ਭਾਈ ਗੁਰਦਾਸ ਨੇ 27ਵੀਂ ਵਾਰ ਵਿਚ ਸਿੱਖ-ਗੁਰੂ ਸੰਬੰਧ ਨੂੰ ਚਕੋਰ-ਚੰਦ, ਚਕਵੀ-ਸੂਰਜ, ਕੰਵਲ-ਜਲ, ਮੋਰ-ਬਦਲ, ਨਾਰ-ਭਤਾਰ, ਪੁੱਤ-ਮਾਂ ਦੇ ਉਪਮਾਨਾਂ ਰਾਹੀਂ ਪ੍ਰਗਟ ਕਰਦਿਆਂ ਲਿਖਿਆ ਹੈ:

*ਚੰਦ ਚਕੋਰ ਪਰੀਤਿ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨ ਸੁਖਾਲੇ।*
*ਨੇਹੁੰ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ।੪।*

**ਸਿੱਖ ਚਿਤਰ-ਕਲਾ** : ਸਿੱਖ ਚਿਤਰ-ਕਲਾ ਦਾ ਉਦਘਾਟਨ ਜਨਮਸਾਖੀ ਸਾਹਿਤ (ਵੇਖੋ) ਨਾਲ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿੱਤਾਂਤਾਂ ਨੂੰ ਚਿਤਰਾਂ ਨਾਲ ਸੰਪੁਸ਼ਟ ਅਤੇ ਸਜੀਵ ਕਰਨ ਲਈ ਹੀ ਇਸ ਪ੍ਰਕਾਰ ਦੇ ਉਦਮ ਦਾ ਆਰੰਭ ਹੋਇਆ। ਧਰਮ-ਗ੍ਰੰਥਾਂ ਵਿਚ ਮਹਾਪੁਰਸ਼ਾਂ ਦੀਆਂ ਜੀਵਨ-ਘਟਨਾਵਾਂ ਜਾਂ ਧਾਰਮਿਕ ਪਿਛੋਕੜ ਸੰਬੰਧੀ ਚਿਤਰ ਬਣਾਉਣ ਦੀ ਭਾਰਤ ਵਿਚ ਬੜੀ ਪ੍ਰਾਚੀਨ ਪਰੰਪਰਾ ਹੈ। ਮੱਧ-ਯੁਗ ਵਿਚ ਮੁਗ਼ਲ ਬਾਦਸ਼ਾਹਾਂ ਦੁਆਰਾ ਮਿਲੀ ਸਰਪ੍ਰਸਤੀ ਕਾਰਣ ਚਿਤਰਕਲਾ ਵਿਚ ਵਿਕਾਸ ਹੋਇਆ ਅਤੇ ਇਸ ਦਾ ਘੇਰਾ ਧਾਰਮਿਕ ਵਲਗਣਾ ਤੋਂ ਨਿਕਲ ਕੇ ਧਰਮ ਨਿਰਪੇਖ ਸਾਕਿਆਂ, ਕਿੱਸਿਆਂ ਅਤੇ ਇਤਿਹਾਸਿਕ ਘਟਨਾਵਾਂ ਅਤੇ ਸ਼ਖ਼ਸੀਅਤਾਂ ਨਾਲ ਸੰਬੰਧਿਤ ਹੋਇਆ। ਫ਼ਾਰਸੀ ਭਾਸ਼ੀ ਰਚਨਾਵਾਂ ਵਿਚ ਵੀ ਇਨ੍ਹਾਂ ਨੂੰ ਚਿਤਰਿਤ ਕੀਤਾ ਜਾਣ ਲਗਿਆ। ਇਸ ਪ੍ਰਵ੍ਰਿਤੀ ਅਧੀਨ ਰਾਜਪੂਤਾਨੇ ਅਤੇ ਕਾਂਗੜੇ ਦੇ ਪਹਾੜੀ ਇਲਾਕਿਆਂ ਦੀ ਚਿਤਰ-ਕਲਾ ਵਿਚ ਬਹੁਤ ਵਿਕਾਸ ਹੋਇਆ ਅਤੇ ਬੜੀ ਬਾਰੀਕ ਕਲਮ ਦੇ ਚਿਤਰ ਸਾਹਮਣੇ ਆਏ। ਭਗਤੀ ਭਾਵਨਾ ਅਧੀਨ ਸਮਕਾਲੀ ਧਾਰਮਿਕ ਰਚਨਾਵਾਂ ਜਿਵੇਂ ਤੁਲਸੀ ਰਾਮਾਇਣ, ਸੂਰਸਾਗਰ, ਪਦਮਾਵਤ, ਗੀਤਗੋਬਿੰਦ, ਵੈਸ਼ਣਵ ਸਾਹਿਤ ਦੀਆਂ ਰਚਨਾਵਾਂ ਆਦਿ ਵਿਚ ਵੀ ਚਿਤਰ ਬਣਾਏ ਜਾਣ ਲਗੇ।

ਜਨਮਸਾਖੀਆਂ ਜਾਂ ਉਨ੍ਹਾਂ ਤੋਂ ਬਾਹਰਲੇ ਚਿਤਰਾਂ

ਵਿਚੋਂ ਕੋਈ ਵੀ ਗੁਰੂ ਨਾਨਕ ਦੇਵ ਜੀ ਜਾਂ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਕਿਸੇ ਸਮਕਾਲੀ ਚਿਤਰਕਾਰ ਦਾ ਬਣਾਇਆ ਹੋਇਆ ਨਹੀਂ ਹੈ। 'ਗੁਰਬਿਲਾਸ ਪਾ.੬' ਅਨੁਸਾਰ ਅੰਮ੍ਰਿਤਸਰ ਦੇ ਦੋ ਪਿਉ-ਪੁੱਤਰ ਚਿਤਰਕਾਰਾਂ ਨੇ ਭਾਈ ਬਿਧੀ ਚੰਦ ਦੀ ਸਹਾਇਤਾ ਨਾਲ ਛੇਵੇਂ ਗੁਰੂ ਜੀ ਦਾ ਚਿਤਰ ਬਣਾਉਣ ਦਾ ਉਦਮ ਕੀਤਾ। ਉਸ ਚਿਤਰ ਵਿਚ ਗੁਰੂ ਸਾਹਿਬ ਘੋੜੇ ਉਤੇ ਸਵਾਰ ਹਨ। ਗੁਰੂ ਜੀ ਨੇ ਉਹ ਚਿਤਰ ਭਾਈ ਬਿਧੀ ਚੰਦ ਨੂੰ ਹੀ ਦੇ ਦਿੱਤਾ ਜੋ ਹੁਣ ਅੰਮ੍ਰਿਤਸਰ ਜ਼ਿਲ੍ਹੇ ਦੇ 'ਸੁਰ ਸਿੰਘ' ਪਿੰਡ ਵਿਚ ਬਾਬਾ ਬਿਧੀ ਚੰਦ ਦੇ ਉਤਰਾਧਿਕਾਰੀਆਂ ਪਾਸ ਸੁਰਖਿਅਤ ਹੈ। ਇਸ ਤੋਂ ਇਲਾਵਾ ਗੁਰੂ ਹਰ ਸਹਾਇ ਜੀ ਦਾ ਕਿਸੇ ਸਮਕਾਲੀ ਚਿਤਰਕਾਰ ਦਾ ਬਣਾਇਆ ਇਕ ਚਿਤਰ ਕਰਤਾਰਪੁਰ ਦੇ ਸੋਢੀ ਖ਼ਾਨਦਾਨ ਪਾਸ ਸੁਰਖਿਅਤ ਹੈ, ਜਿਸ ਵਿਚ ਗੁਰੂ ਸਾਹਿਬ ਇਕ ਲੰਬੀ ਸੋਟੀ ਨੂੰ ਹੱਥ ਵਿਚ ਲਿਆਂ ਖੜੋਤੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚਿਤਰ ਹਰਿਮੰਦਿਰ ਸਾਹਿਬ ਪਟਨਾ ਵਿਚ ਸੁਰਖਿਅਤ ਹੈ ਜੋ ਉਨ੍ਹਾਂ ਦੇ ਕਿਸੇ ਸਮਕਾਲੀ ਚਿਤਰਕਾਰ ਨੇ ਬਣਾਇਆ ਸੀ। ਉਸ ਵਿਚ ਗੁਰੂ ਜੀ ਨੇ ਕਲਗੀ, ਭੁਜਬੰਦ ਅਤੇ ਰਤਨਾਂ ਦੀ ਮਾਲਾ ਧਾਰਣ ਕੀਤੀ ਹੋਈ ਹੈ।

ਸੰਮਤ 1715 ਬਿ. (1658 ਈ.) ਦੀ ਲਿਖੀ ਸਭ ਤੋਂ ਪੁਰਾਣੀ ਸਚਿਤਰ ਜਨਮਸਾਖੀ ਸ੍ਰੀ ਪਿਆਰੇ ਲਾਲ ਕਪੂਰ ਦੀ ਸੰਤਾਨ ਪਾਸ ਦਿੱਲੀ (ਮਕਾਨ ਨੰ. 2768/1, ਗਲੀ ਪੀਪਲ ਮਹਾਦੇਵ, ਹੌਜ਼ ਕਾਜ਼ੀ) ਵਿਚ ਸੁਰਖਿਅਤ ਹੈ। ਉਸ ਤੋਂ ਇਲਾਵਾ ਭਾਈ ਸਾਹਿਬ ਬਾਗੜੀਆਂ, ਭਾਸ਼ਾ ਵਿਭਾਗ ਦੀ ਲਾਇਬ੍ਰੇਰੀ, ਮਹਾਰਾਜਾ ਪਟਿਆਲਾ ਦੀ ਨਿਜੀ ਲਾਇਬ੍ਰੇਰੀ, ਪੰਜਾਬ ਆਰਕਾਈਵਜ਼, ਪ੍ਰੋ. ਪ੍ਰੀਤਮ ਸਿੰਘ, ਸ. ਮਨੋਹਰ ਸਿੰਘ ਮਾਰਕੋ ਆਦਿ ਪਾਸ ਸੰਭਾਲੀਆਂ ਹੋਈਆਂ ਪੋਥੀਆਂ ਵਿਚ ਬਣੇ ਹੋਏ ਬਹੁਤ ਸਾਰੇ ਚਿਤਰ ਮਿਲਦੇ ਹਨ। ਇਨ੍ਹਾਂ ਚਿਤਰਾਂ ਦੇ ਬਣਾਉਣ ਦਾ ਉਦੇਸ਼ ਜਿਗਿਆਸੂਆਂ ਜਾਂ ਪਾਠਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੰਤੁਸ਼ਟ ਕਰਨਾ ਸੀ।

ਜਨਮਸਾਖੀਆਂ ਵਿਚ ਚਿਤਰ ਬਣਾਏ ਜਾਣ ਤੋਂ ਪਹਿਲਾਂ ਪਹਾੜੀ ਅਤੇ ਰਾਜਸਥਾਨੀ ਚਿਤਰ ਸ਼ੈਲੀਆਂ ਆਪਣਾ ਵਿਆਪਕ ਪ੍ਰਸਾਰ ਕਰ ਚੁਕੀਆਂ ਸਨ। ਮੁਗ਼ਲ ਸ਼ੈਲੀ ਵੀ ਸਾਹਮਣੇ ਆ ਚੁਕੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵੇਲੇ ਪਹਾੜੀ ਚਿਤਰ-ਕਾਰ ਲਾਹੌਰ ਵਿਚ ਆ ਕੇ ਵਸ ਗਏ ਸਨ। ਉਨ੍ਹਾਂ ਨੇ ਜਨਮਸਾਖੀਆਂ ਵਿਚ ਚਿਤਰ ਬਣਾਉਣ ਤੋਂ ਇਲਾਵਾ, ਗੁਰੂ ਸਾਹਿਬਾਨ ਦੇ ਅਨੇਕ ਪ੍ਰਕਾਰ ਦੇ ਵਖਰੇ ਵਖਰੇ ਚਿਤਰ ਵੀ ਤਿਆਰ ਕਰਨੇ ਸ਼ੁਰੂ ਕੀਤੇ। ਉਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ, ਉਸ ਦੇ ਰਾਜਕੁਮਾਰਾਂ, ਸਰਦਾਰਾਂ ਅਤੇ ਜਰਨੈਲਾਂ ਦੇ ਵੀ ਚਿਤਰ ਬਣਾਉਣੇ ਆਰੰਭ ਹੋ ਗਏ। ਉਸੇ ਦੌਰਾਨ ਕਈ ਯੋਰੁਪੀਅਨ ਚਿਤਰਕਾਰ ਵੀ ਲਾਹੌਰ ਦਰਬਾਰ ਵਿਚ ਆਉਣ ਲਗ ਗਏ। ਉਨ੍ਹਾਂ ਦੀ ਆਮਦ ਨਾਲ ਚਿਤਰ-ਕਲਾ ਵਿਚ ਨਵੀਆਂ ਪ੍ਰਵਿੱਤੀਆਂ ਨੇ ਜਨਮ ਲਿਆ। ਇਸ ਮਿਲੀ-ਜੁਲੀ ਸ਼ੈਲੀ ਵਿਚ ਸਿੱਖ ਦਰਬਾਰੀਆਂ ਦੇ ਬਹੁਤ ਸਾਰੇ ਚਿਤਰ ਬਣਾਏ ਗਏ। ਇਹ ਚਿਤਰ ਸਮੂਹਿਕ ਅਤੇ ਵਿਅਕਤੀਗਤ ਦੋਹਾਂ ਰੂਪਾਂ ਵਿਚ ਮਿਲਦੇ ਹਨ। ਕਾਲਾਂਤਰ ਵਿਚ ਕਪੂਰਥਲਾ ਦੇ ਕਿਸ਼ਨ ਸਿੰਘ, ਅੰਮ੍ਰਿਤਸਰ ਦੇ ਬਿਸ਼ਨ ਸਿੰਘ ਅਤੇ ਲਾਹੌਰ ਦੇ ਕਪੂਰ ਸਿੰਘ ਅਤੇ ਲਾਹੌਰਾ ਸਿੰਘ ਨੇ ਜਨਮਸਾਖੀ ਸ਼ੈਲੀ ਤੋਂ ਹਟ ਕੇ ਗੁਰੂ ਨਾਨਕ ਦੇਵ ਜੀ ਦੇ ਚਿਤਰ ਬਣਾਉਣੇ ਸ਼ੁਰੂ ਕੀਤੇ। 20ਵੀਂ ਸਦੀ ਵਿਚ ਐਸ.ਜੀ. ਠਾਕੁਰ ਸਿੰਘ, ਸੋਭਾ ਸਿੰਘ, ਜਸਵੰਤ ਸਿੰਘ, ਕ੍ਰਿਪਾਲ ਸਿੰਘ ਆਦਿ ਅਨੇਕ ਚਿਤਰਕਾਰਾਂ ਨੇ ਗੁਰੂ ਸਾਹਿਬਾਨ ਦੇ ਬੜੇ ਸੁਹਜ-ਸੁਆਦ ਵਾਲੇ ਸੁੰਦਰ ਚਿਤਰ ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੀਆਂ ਚਿਤਰ-ਸ਼ੈਲੀਆਂ ਅਤੇ ਮਾਡਲ ਵਖਰੀ ਵਖਰੀ ਕਿਸਮ ਦੇ ਹਨ।

ਜਨਮਸਾਖੀਆਂ ਵਿਚ ਬਣੇ ਚਿਤਰਾਂ ਤੋਂ ਗੁਰੂ ਨਾਨਕ ਦੇਵ ਜੀ ਦਾ ਸਰੂਪ ਇਕ ਮਹਾਨ ਤਪਸਵੀ, ਜਨ-ਨਾਇਕ ਜਾਂ ਧਾਰਮਿਕ ਸਾਧਕ ਵਰਗਾ ਹੈ। ਉਨ੍ਹਾਂ ਦੇ ਸਿਰ ਦਾ ਮੁਕਟ, ਪ੍ਰਭਾ-ਮੰਡਲ, ਸਹਿਜ ਮੁਖਾਕ੍ਰਿਤੀ ਅਤੇ ਭੇਖ ਉਨ੍ਹਾਂ ਦੀ ਮਹਾਨਤਾ ਦੇ ਸੂਚਕ ਹਨ। ਸਿੱਖ-ਰਾਜ ਵੇਲੇ ਬਣੇ ਚਿਤਰਾਂ ਵਿਚ ਸ਼ਾਹੀ ਜਾਂ ਮਹੰਤੀ ਠਾਠ ਉਘੜਦਾ ਹੈ। ਉਨ੍ਹਾਂ ਦਾ ਬਿੰਬ ਨਰ ਤੋਂ ਨਾਰਾਇਣ ਦੀ ਧਾਰਣਾ ਵਲ ਵਧ ਰਿਹਾ ਪ੍ਰਤੀਤ ਹੁੰਦਾ ਹੈ। ਉਸ ਤੋਂ ਬਾਦ ਸਰੂਪ ਸੰਬੰਧੀ ਕਈ ਪੁਰਾਤਨ ਤੱਤ੍ਵ ਛੁਟਦੇ ਗਏ ਹਨ ਅਤੇ ਉਨ੍ਹਾਂ ਦੀ ਥਾਂ ਨਵੇਂ ਜਾਂ ਆਧੁਨਿਕ ਤਤ੍ਵ ਸਥਾਨ ਗ੍ਰਹਿਣ ਕਰਦੇ ਜਾ ਰਹੇ ਹਨ। ਸਿੰਘ ਸਭਾ ਲਹਿਰ ਦੇ ਪ੍ਰਚਲਨ ਨਾਲ ਸੇਲੀ-ਟੋਪੀ, ਬੈਰਾਗਨ ਆਦਿ ਵਸਤੂਆਂ ਦੀ ਥਾਂ ਪਗੜੀ, ਮਾਲਾ ਆਦਿ ਚਿਤਰੀਆਂ ਜਾਣ ਲਗੀਆਂ ਹਨ। ਦਾਹੜੀ ਦੀ ਗੋਲਿਆਈ ਲੰਬਾਈ ਵਿਚ ਬਦਲਦੀ ਗਈ ਹੈ। ਆਧੁਨਿਕ ਯੁਗ ਤਕ ਪਹੁੰਚ ਕੇ ਉਸ ਦਾ ਰੂਪ ਪੂਰੀ ਤਰ੍ਹਾਂ 'ਗੁਰਮੁਖੀ' ਹੋ ਗਿਆ ਹੈ। ਸ਼ਰੀਰ ਜਾਂ ਆਕਾਰ-ਪ੍ਰਕਾਰ ਵੀ ਭਾਰੀ ਹੁੰਦਾ ਗਿਆ ਹੈ। ਜਨਮਸਾਖੀ ਸਾਹਿਤ ਵਾਲੇ

ਕ੍ਰਿਆਸ਼ੀਲ ਗੁਰੂ ਜੀ ਨਿਸਚਲ ਜਿਹੇ ਪ੍ਰਤੀਤ ਹੁੰਦੇ ਲਗਦੇ ਹਨ। ਜਨਮਸਾਖੀਆਂ ਵਿਚਲੇ ਚਿਤਰਾਂ ਤੋਂ ਉਸ ਵਕਤ ਦੇ ਲੋਕਾਂ ਦਾ ਰਹਿਣ-ਸਹਿਣ, ਰੀਤਾਂ-ਰਿਵਾਜਾਂ, ਜੀਵਨ ਦੀ ਸਾਦਗੀ, ਕਰਾਮਾਤਾਂ ਅਤੇ ਵਹਿਮਾਂ-ਭਰਮਾਂ ਵਿਚ ਵਿਸ਼ਵਾਸ, ਜਾਤਿਵਾਦ, ਬਸਤ੍ਰ, ਆਵਾਜਾਈ ਦੇ ਸਾਧਨ ਆਦਿ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ।

19ਵੀਂ ਸਦੀ ਦੇ ਉਤਰਾਰਧ ਵਿਚ ਵਿਅਕਤੀਗਤ ਚਿਤਰ ਬਣਨ ਦੀ ਪਿਰਤ ਪੈਣੀ ਸ਼ੁਰੂ ਹੋ ਗਈ। ਅਜਿਹੇ ਚਿਤਰ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਸੰਬੰਧੀ ਬਣਾਏ ਜਾਂਦੇ ਸਨ, ਜਾਂ ਫਿਰ ਜਾਗੀਰਦਾਰਾਂ ਜਾਂ ਰਾਜਿਆਂ ਦੀ ਆਪਾ-ਪ੍ਰਦਰਸ਼ਨ ਰੁਚੀ ਨੂੰ ਸੰਤੁਸ਼ਟ ਕੀਤਾ ਜਾਂਦਾ ਸੀ। ਆਧੁਨਿਕ ਯੁਗ ਵਿਚ ਚਿਤਰਾਂ ਦਾ ਰੂਪ ਚਿਤਰਕਾਰਾਂ ਦੀਆਂ ਭਾਵਨਾਵਾਂ, ਵਕਤੀ ਲਹਿਰਾਂ, ਪ੍ਰਭਾਵਵਾਦੀ ਰੁਚੀਆਂ ਅਨੁਰੂਪ ਬਣਦਾ ਗਿਆ ਹੈ।

ਸਿੱਖ ਚਿਤਰ-ਕਲਾ ਦਾ ਇਕ ਰੂਪ ਕੰਧ-ਚਿਤਰਾਂ ਰਾਹੀਂ ਵੀ ਉਘੜਦਾ ਹੈ। ਇਨ੍ਹਾਂ ਚਿਤਰਾਂ ਦੁਆਰਾ ਪੰਜਾਬ ਦੇ ਇਤਿਹਾਸ, ਸਭਿਆਚਾਰ ਅਤੇ ਕਲਾ ਦਾ ਬਖ਼ੂਬੀ ਪ੍ਰਦਰਸ਼ਨ ਹੋਇਆ ਹੈ। ਪ੍ਰੋ. ਜਸਵਿੰਦਰ ਸਿੰਘ ਭੁੱਲਰ ਨੇ 'ਪੰਜਾਬੀ ਟ੍ਰਿਬਿਊਨ (17 ਮਾਰਚ 1991) ਵਿਚ ਛਪੇ ਆਪਣੇ ਇਕ ਲੇਖ ਵਿਚ ਸਪੱਸ਼ਟ ਕੀਤਾ ਹੈ ਕਿ ਸਿੱਖਾਂ ਦੇ ਰਾਜ-ਕਾਲ ਤੋਂ ਪਹਿਲਾਂ ਪੰਜਾਬ ਵਿਚ ਕੰਧ-ਚਿਤਰਕਲਾ ਦੀ ਕੋਈ ਖ਼ਾਸ ਕਾਰਗੁਜ਼ਾਰੀ ਨਹੀਂ ਸੀ। ਸਿੱਖ ਰਾਜ-ਕਾਲ ਵਿਚ ਹੀ ਇਹ ਕਲਾ ਪ੍ਰਵਾਨ ਚੜ੍ਹੀ। ਕਲਾ ਪ੍ਰੇਮੀ-ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ, ਗੁਲੇਰ, ਨਦੌਣ ਤੇ ਜੰਮੂ ਤੋਂ ਪਹਾੜੀ ਚਿਤਰਕਾਰ ਬੁਲਵਾ ਕੇ ਉਨ੍ਹਾਂ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ। ਉਸ ਵਕਤ ਲੋਕਾਂ ਦੀ ਧਰਮ ਪ੍ਰਤਿ ਬੜੀ ਸ਼ਰਧਾ ਸੀ। ਇਸੇ ਕਰਕੇ ਕੰਧ-ਚਿਤਰਾਂ ਵਿਚ ਧਾਰਮਿਕ ਵਿਸ਼ਿਆਂ ਦਾ ਚਿਤਰਿਆ ਹੋਣਾ ਸੁਭਾਵਿਕ ਹੈ।

ਸਿੱਖ-ਰਾਜ ਦੀ ਪ੍ਰੇਰਣਾ ਕਾਰਣ ਕੰਧ-ਚਿਤਰਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦੀ ਪ੍ਰਧਾਨਤਾ ਹੈ। ਇਨ੍ਹਾਂ ਦੇ ਪ੍ਰਸੰਗ ਜਾਂ ਬ੍ਰਿੱਤਾਂਤ ਅਧਿਕਤਰ ਜਨਮਸਾਖੀਆਂ ਵਿਚੋਂ ਲਏ ਗਏ ਹਨ। ਇਹ ਕੰਧ-ਚਿਤਰ ਅੰਮ੍ਰਿਤਸਰ, ਪਟਿਆਲਾ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਗੁਰੂ-ਧਾਮਾਂ, ਬੁੰਗਿਆਂ, ਅਖਾੜਿਆਂ ਜਾਂ ਸਰਦਾਰਾਂ ਦੀਆਂ ਹਵੇਲੀਆਂ ਵਿਚ ਬਣੇ ਹੋਏ ਹਨ। ਪਾਕਿਸਤਾਨ ਦੇ ਲਾਹੌਰ ਨਗਰ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਸਮਾਧਾਂ ਅਤੇ ਕੰਵਰ ਨੌਨਿਹਾਲ ਸਿੰਘ ਦੀ ਹਵੇਲੀ ਵਿਚ ਵੀ ਬਣੇ ਹੋਏ ਹਨ। ਦੇਹਰਾਦੂਨ ਵਿਚ ਬਾਬਾ ਰਾਮ ਰਾਇ ਦੀ ਸਮਾਧ ਵਿਚ ਵੀ ਬਹੁਤ ਸਾਰੇ ਕੰਧ ਚਿਤਰ ਮਿਲਦੇ ਹਨ। ਸਭ ਤੋਂ ਅਧਿਕ ਕੰਧ-ਚਿਤਰ ਅੰਮ੍ਰਿਤਸਰ ਵਿਚ ਗੁਰਦੁਆਰਾ ਬਾਬਾ ਅਟਲ ਵਿਚ ਬਣੇ ਮਿਲਦੇ ਹਨ। ਇਨ੍ਹਾਂ ਚਿਤਰਾਂ ਵਿਚ ਗੁਰੂ ਜੀ ਇਕ ਦੈਵੀ ਪੁਰਸ਼ ਵਜੋਂ ਸੰਸਾਰ ਦਾ ਨਿਸਤਾਰ ਕਰਦੇ ਵਿਖਾਏ ਗਏ ਹਨ। ਉਨ੍ਹਾਂ ਦੀ ਆਕ੍ਰਿਤੀ ਸੀਸ ਦੇ ਇਰਦ-ਗਿਰਦ ਬਣਿਆ ਪ੍ਰਭਾ-ਮੰਡਲ ਉਨ੍ਹਾਂ ਦੀ ਅਜ਼ਮਤ ਦਾ ਲਖਾਇਕ ਹੈ। ਇਨ੍ਹਾਂ ਚਿਤਰਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਪ੍ਰਸੰਗਾਂ, ਘਟਨਾਵਾਂ ਅਤੇ ਉਪਕਾਰਾਂ ਨਾਲ ਸਾਂਝ ਪਵਾਈ ਗਈ ਹੈ ਅਤੇ ਦਰਸ਼ਕਾਂ ਦੇ ਮਨ ਵਿਚ ਗੁਰੂ-ਨਾਨਕ ਬਿੰਬ ਉਘਾੜਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਚਿਤਰਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਪੌਰਾਣਿਕ ਸੰਦਰਭ ਪ੍ਰਦਾਨ ਕਰਕੇ ਉਨ੍ਹਾਂ ਦੀ ਅਲੌਕਿਕਤਾ ਨੂੰ ਲੋਕ-ਮਨ ਵਿਚ ਦ੍ਰਿੜ੍ਹ ਕੀਤਾ ਗਿਆ ਹੈ। ਇਹ ਚਿਤਰ ਵਖ ਵਖ ਸ਼ੈਲੀਆਂ ਦੇ ਹਨ। ਗੁਰੂ ਨਾਨਕ ਦੇਵ ਜੀ ਦੇ ਅਧਿਕਤਰ ਬਾਬਾ ਰੂਪ ਵਿਚ ਚਿਤਰਿਤ ਹੋਏ ਹਨ।

ਬਹੁਤ ਅਧਿਕ ਕਲਾਤਮਕ ਮਹੱਤਵ ਵਾਲੇ ਇਨ੍ਹਾਂ ਚਿਤਰਾਂ ਦੀ ਢੁਕਵੀਂ ਸਾਂਭ-ਸੰਭਾਲ ਨਹੀਂ ਹੋਈ। ਇਸ ਕਰਕੇ ਇਨ੍ਹਾਂ ਦੇ ਰੰਗ ਖ਼ਰਾਬ ਹੋ ਗਏ ਹਨ। ਗੁਰਦੁਆਰੇ ਵਿਚ ਕਾਰ-ਸੇਵਾ ਕਰਨ ਵਾਲੇ ਬਾਬਿਆਂ ਨੇ ਨਵੀਆਂ ਇਮਾਰਤਾਂ ਬਣਾਉਣ ਦੇ ਮੋਹ ਵਸ ਪੁਰਾਣੀਆਂ ਇਮਾਰਤਾਂ ਢਾਹ ਦਿੱਤੀਆਂ ਹਨ ਜਿਸ ਕਰਕੇ ਚਿਤਰ ਵੀ ਖ਼ਤਮ ਹੋ ਗਏ ਹਨ। ਕੁਝ ਗੁਰਦੁਆਰਿਆਂ ਵਿਚ ਨਵੇਂ ਚਿਤਰਕਾਰਾਂ ਨੇ ਵਿਵਸਾਇਕ ਦ੍ਰਿਸ਼ਟੀ ਤੋਂ ਵੀ ਕੁਝ ਚਿਤਰ ਬਣਾਏ ਹਨ। ਉਨ੍ਹਾਂ ਨੇ ਗੁਰੂ ਜੀ ਦੇ ਇਤਿਹਾਸਿਕ ਬਿੰਬ ਨੂੰ ਭਾਵੇਂ ਸਾਹਮਣੇ ਰਖਿਆ ਹੋਵੇ, ਪਰ ਉਹ ਗੁਰੂ ਨਾਨਕ ਦੇਵ ਦਾ ਮੱਧ ਯੁਗ ਵਾਲਾ ਬਿੰਬ ਪੇਸ਼ ਕਰਨ ਵਿਚ ਅਸਫਲ ਰਹੇ ਹਨ।

**ਸਿੱਖ ਧਰਮ** : ਵੇਖੋ 'ਪੰਥ'।

**ਸਿੱਖ ਧਰਮ ਸੁਧਾਰਿਕ ਲਹਿਰਾਂ** : ਇਨ੍ਹਾਂ ਲਹਿਰਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਵਰਗ ਜੋ

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵੇਲੇ ਸਿੱਖ ਧਰਮ ਵਿਚ ਪੈਦਾ ਹੋ ਚੁਕੇ ਵਿਕਾਰਾਂ ਨੂੰ ਦੂਰ ਕਰਨ ਲਈ ਕਾਰਜਸ਼ੀਲ ਸੀ ਜਿਵੇਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਦੂਜਾ ਉਹ ਜੋ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਕਾਰਣ ਸਿੱਖਾਂ ਵਿਚ ਆ ਰਹੇ ਪਤਿਤਪੁਣੇ ਨੂੰ ਰੋਕਣ ਲਈ ਸਚੇਤ ਸੀ, ਜਿਵੇਂ ਸਿੰਘ ਸਭਾ ਅਤੇ ਖ਼ਾਲਸਾ ਦੀਵਾਨ।

ਪਹਿਲੇ ਵਰਗ ਦੀਆਂ ਲਹਿਰਾਂ ਦੇ ਪੈਦਾ ਹੋਣ ਦੇ ਕਾਰਣਾਂ ਉਤੇ ਝਾਤ ਪਾਈਏ ਤਾਂ ਪਤਾ ਚਲਦਾ ਹੈ ਕਿ ਸਿੱਖ ਰਾਜ ਦੀ ਸਥਾਪਨਾ ਨਾਲ ਸਿੱਖਾਂ ਵਿਚ ਹੌਲੀ ਹੌਲੀ ਸਾਮੰਤਵਾਦੀ ਅਤੇ ਜਾਗੀਰਦਾਰੀ ਪ੍ਰਵ੍ਰਿੱਤੀਆਂ ਵਿਕਸਿਤ ਹੋਣ ਲਗੀਆਂ। ਨਾਲੇ ਜਾਇਦਾਦਾਂ ਅਤੇ ਪਦਵੀਆਂ ਦੇ ਮੋਹ ਵਸ ਬਹੁਤ ਸਾਰੇ ਗ਼ੈਰ-ਸਿੱਖ ਸਿੱਖੀ-ਨੁਮਾ ਰੂਪ ਵਿਚ ਰਾਜ-ਦਰਬਾਰ ਅਤੇ ਸਿੱਖ ਭਾਈਚਾਰੇ ਵਿਚ ਸ਼ਾਮਲ ਹੁੰਦੇ ਗਏ। ਐਸ਼ਵਰਜ ਨਾਲ ਸਿੱਖੀ ਦਾ ਸ਼ੁੱਧ ਸਰੂਪ ਖੁਰਨ ਲਗਿਆ ਅਤੇ ਬਾਹਰਲੇ ਤੱਤ੍ਵਾਂ ਦੇ ਦਾਖ਼ਲ ਹੋਣ ਨਾਲ ਉਸ ਵਿਚ ਵਿਕਾਰ ਪੈਦਾ ਹੋਣ ਲਗ ਗਏ। ਇਸ ਨਾਲ ਭਾਵੇਂ ਸਿੱਖ ਜਨ-ਸੰਖਿਆ 20 ਲੱਖ ਤੋਂ ਇਕ ਕਰੋੜ ਤਕ ਜਾ ਪਹੁੰਚੀ, ਪਰ ਸਿੱਖ ਰਾਜ ਦੇ ਖ਼ਤਮ ਹੋਣ ਨਾਲ ਇਹ ਸੰਖਿਆ ਪੰਜਵਾਂ ਹਿੱਸਾ ਵੀ ਨ ਰਹੀ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਅਧਿਕ ਧਿਆਨ ਰਾਜ ਵਿਸਤਾਰ ਵਲ ਲਗਾਇਆ ਅਤੇ ਸਿੱਖ ਧਰਮ ਅਤੇ ਸਭਿਆਚਾਰ ਨੂੰ ਪੱਕੇ ਪੈਰੀਂ ਖੜਾ ਕਰਨ ਵਲ ਰੁਚਿਤ ਨ ਹੋਇਆ। ਅਨੇਕ ਪ੍ਰਕਾਰ ਦੀਆਂ ਬ੍ਰਾਹਮਣੀ ਰੁਚੀਆਂ ਅਤੇ ਰੀਤਾਂ-ਰਸਮਾਂ ਸਿੱਖ ਧਰਮ ਦਾ ਅੰਗ ਬਣਦੀਆਂ ਗਈਆਂ। ਸਿੱਖ ਜਨਤਾ ਸਨਾਤਨੀ ਪੂਜਾ-ਵਿਧੀਆਂ, ਕਰਮ-ਕਾਂਡਾਂ ਵਿਚ ਫਸ ਗਈ। ਉਧਰ ਗੁਰੂ-ਵੰਸ਼ਾਂ ਨਾਲ ਸੰਬੰਧਿਤ ਬਾਬਿਆਂ ਨੇ ਆਪਣੇ ਆਪ ਨੂੰ ਗੁਰੂ ਅਖਵਾ ਕੇ ਆਸਣ ਜਮਾਂ ਲਏ। ਇਨ੍ਹਾਂ ਦਾ ਪ੍ਰਤਿਕਰਮ ਹੀ ਸਿੱਖ ਲਹਿਰਾਂ ਦੇ ਰੂਪ ਵਿਚ ਸਾਹਮਣੇ ਆਇਆ।

*ਨਿਰੰਕਾਰੀ ਲਹਿਰ* ਸਿੱਖ-ਧਰਮ ਉੱਧਾਰ ਸੰਬੰਧੀ ਪਹਿਲੀ ਲਹਿਰ ਹੈ ਜਿਸ ਦਾ ਆਰੰਭ ਬਾਬਾ ਦਿਆਲ ਨੇ ਪਿਸ਼ਾਵਰ ਵਿਚ ਕੀਤਾ ਅਤੇ ਬਾਦ ਵਿਚ ਰਾਵਲਪਿੰਡੀ ਵਿਚ ਆ ਕੇ ਵਿਵਸਥਿਤ ਢੰਗ ਨਾਲ ਸਿੱਖੀ ਵਿਚੋਂ ਰਹੁ-ਰੀਤਾਂ ਅਤੇ ਬ੍ਰਾਹਮਣੀ ਰੁਚੀਆਂ ਨੂੰ ਨਿਸ਼ਕਾਸਿਤ ਕਰਨ ਦਾ ਪ੍ਰਚਾਰ ਕੀਤਾ। ਇਹ ਨਿਰੰਕਾਰ ਦੀ ਆਰਾਧਨਾ ਤੋਂ ਬਿਨਾ ਹੋਰ ਕਿਸੇ ਦੇਵੀ ਦੇਵਤੇ ਨੂੰ ਮਹੱਤਵ ਨਹੀਂ ਦਿੰਦੇ ਸਨ। ਇਸੇ ਲਈ ਇਸ ਅੰਦੋਲਨ ਦਾ ਨਾਂ 'ਨਿਰੰਕਾਰੀ ਲਹਿਰ' ਪੈ ਗਿਆ। ਬਾਬਾ ਦਿਆਲ ਦੀ ਮ੍ਰਿਤੂ (30 ਜਨਵਰੀ 1855) ਤੋਂ ਬਾਦ ਬਾਬਾ ਦਰਬਾਰਾ ਸਿੰਘ ਇਸ ਸੰਪ੍ਰਦਾਇ ਦੇ ਸੰਚਾਲਕ ਬਣੇ। ਉਨ੍ਹਾਂ ਦੀ ਮ੍ਰਿਤੂ 1870 ਈ. ਵਿਚ ਹੋਈ। ਉਨ੍ਹਾਂ ਨੇ ਬੜੀ ਮਿਹਨਤ ਨਾਲ ਸਿੱਖ ਧਰਮ-ਮੰਰਯਾਦਾ ਵਿਚ ਸੁਧਾਰ ਲਿਆਉਂਦੇ। ਉਨ੍ਹਾਂ ਦਾ ਸਭ ਤੋਂ ਮਹਤਵਪੂਰਣ ਕੰਮ ਇਹ ਸੀ ਕਿ ਉਨ੍ਹਾਂ ਨੇ ਸਿੱਖ ਦੇ ਜਨਮ ਤੋਂ ਮਰਨ ਤਕ ਸਭ ਸੰਸਕਾਰ ਗੁਰਮਤਿ ਅਨੁਸਾਰ ਕਰਨੇ ਨਿਸਚਿਤ ਕੀਤੇ। 13 ਮਾਰਚ 1855 ਈ. ਨੂੰ ਉਸ ਨੇ ਇਕ ਜੋੜੀ ਦਾ ਗੁਰਮਤਿ ਦੀ 'ਆਨੰਦ-ਕਾਰਜ' ਵਿਧੀ ਅਨੁਸਾਰ ਵਿਆਹ ਕੀਤਾ, ਜੋ ਲਗਭਗ 54 ਵਰ੍ਹੇ ਬਾਦ ਸੰਨ 1909 ਈ. ਵਿਚ ਐਕਟ ਵਜੋਂ ਪਾਸ ਹੋਇਆ। ਸੰਨ 1870 ਈ. ਤੋਂ ਬਾਦ ਭਾਵੇਂ ਇਸ ਲਹਿਰ ਦਾ ਜਲੌ ਘਟ ਗਿਆ, ਪਰ ਸਿੱਖ ਧਰਮ ਦੀ ਮਰਯਾਦਾ ਸਥਾਪਿਤ ਕਰਨ ਵਿਚ ਇਸ ਲਹਿਰ ਦਾ ਮਹੱਤਵਪੂਰਣ ਅਤੇ ਬੁਨਿਆਦੀ ਸਥਾਨ ਹੈ। ਇਸ ਮਰਯਾਦਾਵਾਦ ਦੇ ਬਹੁਤੇ ਤੱਤ੍ਵ ਸਿੰਘ ਸਭਾ ਲਹਿਰ ਨੇ ਬਾਦ ਵਿਚ ਪ੍ਰਕਾਰਾਂਤਰ ਨਾਲ ਅਪਣਾ ਲਏ। ਵਿਸਤਾਰ ਲਈ ਵੇਖੋ 'ਨਿਰੰਕਾਰੀ ਸੰਪ੍ਰਦਾਇ'।

ਨਿਰੰਕਾਰੀ ਲਹਿਰ ਤੋਂ ਕੁਝ ਸਮੇਂ ਬਾਦ *ਨਾਮਧਾਰੀ ਲਹਿਰ* ਚਲੀ। ਇਸ ਦਾ ਮਨੋਰਥ ਧਰਮ-ਸੁਧਾਰਕ ਅਤੇ ਰਾਜਨੈਤਿਕ ਦੋਹਰਾ ਸੀ। ਇਸ ਦਾ ਸੰਚਾਲਨ ਬਾਬਾ ਬਾਲਕ ਸਿੰਘ (ਸੰਨ 1785 ਈ. ਤੋਂ 1862 ਈ.) ਨੇ ਸੰਨ 1847 ਈ. ਵਿਚ ਹਜ਼ਰੋ (ਜ਼ਿਲ੍ਹਾ ਹਜ਼ਾਰਾ, ਪੱਛਮੀ ਪੰਜਾਬ) ਵਿਚ ਕੀਤਾ। ਇਹ ਹਰ ਵੇਲੇ ਨਾਮ ਸਿਮਰਨ ਉਤੇ ਜ਼ੋਰ ਦਿੰਦੇ, ਇਸ ਕਰਕੇ ਇਨ੍ਹਾਂ ਦੇ ਅੰਦੋਲਨ ਦਾ ਨਾਂ 'ਨਾਮਧਾਰੀ ਲਹਿਰ' ਪ੍ਰਚਲਿਤ ਹੋ ਗਿਆ। ਗੁਰਬਾਣੀ ਵਿਚ ਪੂਰੀ ਤਰ੍ਹਾਂ ਯਕੀਨ ਕਰਨਾ, ਅਕਾਲ ਪੁਰਖ ਤੋਂ ਭਿੰਨ ਕਿਸੇ ਸੱਤਾ ਵਿਚ ਵਿਸ਼ਵਾਸ ਨ ਕਰਨਾ, ਸੱਚਾ-ਸੁੱਚਾ ਜੀਵਨ ਬਤੀਤ ਕਰਨਾ, ਧਰਮ ਦੀ ਕਮਾਈ ਕਰਨਾ ਆਦਿ ਬਾਬਾ ਬਾਲਕ ਸਿੰਘ ਦੀਆਂ ਪ੍ਰਮੁਖ ਸਿਖਿਆਵਾਂ ਸਨ। ਇਨ੍ਹਾਂ ਦੇ ਪਾਲਨ ਉਤੇ ਆਪ ਬਹੁਤ ਬਲ ਦਿੰਦੇ ਸਨ। ਅੰਤ-ਕਾਲ ਨੇੜੇ ਆਇਆ ਵੇਖ ਕੇ ਆਪਣੇ ਸਿੱਖ-ਸੇਵਕਾਂ ਨੂੰ ਦਿੱਤੇ ਆਦੇਸ਼ ਤੋਂ ਆਪ ਦਾ ਪ੍ਰਚਾਰ-ਮਨੋਰਥ ਸਪੱਸ਼ਟ ਹੋ ਜਾਂਦਾ ਹੈ :

*ਬਹਿੰਦੇ ਉਠਦੇ, ਸੌਂਦੇ ਜਾਗਦੇ, ਵਾਹਿਗੁਰੂ ਦਾ ਭਜਨ ਕਰਿਆ ਕਰੋ ਤੇ ਅੱਠਾਂ ਪਹਿਰਾਂ ਵਿਚ ਤਿੰਨ ਵਾਰੀ ਇਸ਼ਨਾਨ ਕਰੋ। ਚਮੜੇ ਦੇ ਡੋਲ ਤੋਂ ਪਾਣੀ ਨ ਪੀਓ। ਆਪਣੇ*

*ਗੁਰ-ਭਾਈਆਂ ਤੋਂ ਬਿਨਾ ਕਿਸੇ ਹੋਰ ਦੇ ਹੱਥਾਂ ਦਾ ਬਣਿਆ ਪ੍ਰਸਾਦ ਨਾ ਛਕੋ। ਲੜਕੀ ਨੂੰ ਦਾਜ ਵਿਚ ਕੁਝ ਨਾ ਦੇਵੋ। ਲੜਕੀ ਦੇ ਸਹੁਰਿਆਂ ਪਾਸੋਂ ਕੁਝ ਨ ਲਵੋ। ਮਾਸ ਨਾ ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋ, ਭਿਖ ਨ ਮੰਗੋ, ਕਿਰਤ ਕਮਾਈ ਕਰਕੇ ਗੁਜ਼ਰਾਨ ਕਰੋ। ਝੂਠ ਨਾ ਬੋਲੋ, ਵਿਭਚਾਰ ਨਾ ਕਰੋ...* ਆਦਿ।

ਬਾਬਾ ਬਾਲਕ ਸਿੰਘ ਤੋਂ ਬਾਦ ਬਾਬਾ ਰਾਮ ਸਿੰਘ ਨੇ ਇਸ ਲਹਿਰ ਦਾ ਕਾਰਜ-ਭਾਰ ਸੰਭਾਲਿਆ। ਬਾਬਾ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਨੌਕਰੀ ਕਰਦੇ ਸਨ। ਨੌਕਰੀ ਦੌਰਾਨ ਆਪ ਦਾ ਸੰਪਰਕ ਬਾਬਾ ਬਾਲਕ ਸਿੰਘ ਨਾਲ ਹਜ਼ਰੋ ਵਿਚ ਹੋਇਆ। ਪਹਿਲੀ ਅੰਗ੍ਰੇਜ਼-ਸਿੱਖ ਜੰਗ ਤੋਂ ਬਾਦ ਸੰਨ 1845 ਈ. ਵਿਚ ਨੌਕਰੀ ਛਡ ਕੇ ਪਹਿਲਾਂ ਆਪਣੇ ਪਿੰਡ ਆਏ ਅਤੇ ਫਿਰ ਹਜ਼ਰੋ ਚਲੇ ਗਏ। ਕਾਲਾਂਤਰ ਵਿਚ ਆਪਣੇ ਪਿੰਡ ਭੈਣੀ ਅਰਾਈਆਂ ਆ ਕੇ ਆਪ ਨੇ ਸੰਨ 1857 ਈ. ਵਿਚ ਇਸ ਲਹਿਰ ਨੂੰ ਵਿਵਸਥਿਤ ਰੂਪ ਦਿੱਤਾ ਅਤੇ ਧਾਰਮਿਕ ਅਤੇ ਸਮਾਜਿਕ ਸੁਧਾਰ ਨਾਲ ਰਾਜਨੈਤਿਕ ਸੁਤੰਤਰਤਾ ਦੀ ਪ੍ਰਾਪਤੀ ਨੂੰ ਵੀ ਵਿਸ਼ੇਸ਼ ਧਿਆਨ ਵਿਚ ਰਖਿਆ। ਅੰਗ੍ਰੇਜ਼ ਸਰਕਾਰ ਪ੍ਰਤਿ ਨਾ-ਮਿਲਵਰਤਨ ਦੀ ਰੁਚੀ ਨੂੰ ਪੂਰੀ ਤਰ੍ਹਾਂ ਵਿਕਸਿਤ ਕੀਤਾ। ਗੁਰਬਾਣੀ ਵਿਚ ਅਟਲ ਵਿਸ਼ਵਾਸ, ਜਾਤਿ-ਪਾਤਿ ਦਾ ਖੰਡਨ, ਸੋਢੀ, ਬੇਦੀ ਬਾਬਿਆਂ ਵਲੋਂ ਪਸਾਰੇ ਜਾ ਰਹੇ ਨਵੇਂ ਪੂਜਾ-ਵਿਧਾਨ ਦਾ ਨਿਖੇਧ ਆਦਿ ਉਨ੍ਹਾਂ ਦੇ ਵਿਸ਼ੇਸ਼ ਸਿੱਧਾਂਤ ਸਨ। ਆਪਣੇ ਪੈਰੋਕਾਰਾਂ ਨੂੰ 22 ਖੇਤਰਾਂ (ਸੂਬਿਆਂ) ਵਿਚ ਵੰਡ ਕੇ ਉਨ੍ਹਾਂ ਉਤੇ ਸੂਬੇ ਨਿਯੁਕਤ ਕੀਤੇ, ਤਹਿਸੀਲਾਂ ਵਿਚ ਜੱਥੇਦਾਰ ਅਤੇ ਪਿੰਡਾਂ ਵਿਚ ਗ੍ਰੰਥੀਆਂ ਨੂੰ ਧਰਮ-ਪ੍ਰਚਾਰ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ। ਇਸ ਵਿਵਸਥਾ ਨੇ ਅੰਗ੍ਰੇਜ਼ ਸਰਕਾਰ ਨੂੰ ਚੌਕੰਨਾ ਕੀਤਾ। ਆਪ ਦੀਆਂ ਕਾਰਵਾਈਆਂ ਤੋਂ ਘਬਰਾ ਕੇ ਅੰਗ੍ਰੇਜ਼ ਸਰਕਾਰ ਨੇ ਬਾਬਾ ਰਾਮ ਸਿੰਘ ਨੂੰ 18 ਜਨਵਰੀ 1872 ਈ. ਨੂੰ ਕੈਦ ਕਰਕੇ ਰੰਗੂਨ ਭੇਜ ਦਿੱਤਾ। ਉਥੇ ਮਰਗੋਈ ਟਾਪੂ ਵਿਚ 29 ਨਵੰਬਰ 1885 ਈ. ਨੂੰ ਆਪ ਦਾ ਦੇਹਾਂਤ ਹੋ ਗਿਆ ਅਤੇ ਆਪ ਦੀ ਥਾਂ ਆਪ ਦਾ ਛੋਟਾ ਭਾਈ ਬਾਬਾ ਹਰੀ ਸਿੰਘ ਨਾਮਧਾਰੀ ਲਹਿਰ ਦਾ ਸੰਚਾਲਕ ਬਣਿਆ। ਵਿਸਤਾਰ ਲਈ ਵੇਖੋ 'ਨਾਮਧਾਰੀ ਸੰਪ੍ਰਦਾਇ'।

ਸਮੇਂ ਦੇ ਬੀਤਣ ਨਾਲ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਦਾ ਅੰਦੋਲਨਕਾਰੀ ਮਹੱਤਵ ਰਾਜਨੈਤਿਕ ਦਮਨ, ਧਾਰਮਿਕ ਆਪਹੁਦਰਾਪਨ ਅਤੇ ਯੁਗ-ਚੇਤਨਾ ਨਾਲ ਘਟਦਾ ਗਿਆ। ਕਾਲਾਂਤਰ ਵਿਚ ਇਹ ਲਹਿਰਾਂ ਸੰਪ੍ਰਦਾਵਾਂ ਵਿਚ ਬਦਲਦੀਆਂ ਗਈਆਂ।

*ਸਿੰਘ ਸਭਾ ਲਹਿਰ* ਉਕਤ ਦੋਹਾਂ ਲਹਿਰਾਂ ਦੀ ਗਤੀ ਦੇ ਮੱਠਾ ਪੈ ਜਾਣ ਨਾਲ ਸਿੱਖ ਜਗਤ ਵਿਚ ਆਤਮ-ਗਿਲਾਨੀ ਅਤੇ ਨਿਰਾਸ਼ਾ ਪਸਰ ਗਈਆਂ। ਈਸਾਈ ਮਤ ਦਾ ਪ੍ਰਚਾਰ ਦਿਨੋ-ਦਿਨ ਵਧ ਰਿਹਾ ਸੀ। ਰਾਜ ਸ਼ਕਤੀ ਖ਼ਤਮ ਕਰਵਾ ਬੈਠੀ ਵਿਸ਼ਾਦ-ਗ੍ਰਸਤ ਸਿੱਖ ਜਨਤਾ ਦੀ ਨਿਸਤੇਜ ਅਵਸਥਾ ਨੂੰ ਵੇਖ ਕੇ ਹਿੰਦੂ ਅਤੇ ਮੁਸਲਮਾਨ ਪ੍ਰਤਿਦੁਅੰਦੀਆਂ ਵਲੋਂ ਸਿੱਖ ਇਤਿਹਾਸ ਅਤੇ ਜੀਵਨ ਦੀ ਕੋਝੀ ਤਸਵੀਰ ਪੇਸ਼ ਕਰਨ ਦੇ ਵਿਵਸਥਿਤ ਯਤਨ ਕੀਤੇ ਜਾਣ ਲਗੇ। ਸਿੱਖ ਧਰਮ-ਗ੍ਰੰਥਾਂ ਦੀ ਵਿਆਖਿਆ ਬ੍ਰਾਹਮਣੀ ਰੁਚੀਆਂ ਦੇ ਆਧਾਰ 'ਤੇ ਕੀਤੀ ਜਾਣ ਲਗੀ। ਸਿੱਖ ਧਰਮ-ਧਾਮਾਂ ਵਿਚ ਆਰਾਧਨਾ ਦਾ ਸਰੂਪ ਪੁਜਾਰੀਪਨ ਵਿਚ ਬਦਲਦਾ ਗਿਆ। ਅਨੇਕ ਤਰ੍ਹਾਂ ਦੀਆਂ ਸਿੱਖ-ਆਸਥਾ ਵਿਰੋਧੀ ਕਾਰਵਾਈਆਂ ਹੋਣ ਲਗੀਆਂ। ਅਨਪੜ੍ਹਤਾ ਕਾਰਣ ਸਿੱਖ ਚੇਤਨਾ ਵਿਕਸਿਤ ਨ ਹੋ ਸਕੀ।

ਲਗਾਤਾਰ ਮਿਧੀ ਹੋਈ ਅਵਸਥਾ ਵਿਚ ਰਹਿਣ ਕਾਰਣ ਆਧੁਨਿਕ ਢੰਗ ਨਾਲ ਪੜ੍ਹੇ ਵਿਦਵਾਨ ਅਤੇ ਬੁੱਧੀਜੀਵੀ ਸਿੱਖਾਂ ਵਿਚ ਧਰਮ-ਰਖਿਆ ਦੀ ਚੇਤਨਾ ਇਸੇ ਕਾਲ ਵਿਚ ਪੈਦਾ ਹੋਣੀ ਸ਼ੁਰੂ ਹੋ ਗਈ। ਉਹ ਲੰਬੀ ਊਂਘ ਤੋਂ ਜਾਗੇ। ਫਲਸਰੂਪ 28 ਜੁਲਾਈ 1873 ਈ. ਨੂੰ ਮਜੀਠਿਆਂ ਦੇ ਬੁੰਗੇ ਵਿਚ ਹਰ ਪ੍ਰਕਾਰ ਦੀਆਂ ਸਿੱਖ ਜੱਥੇਬੰਦੀਆਂ, ਸੰਪ੍ਰਦਾਵਾਂ ਆਦਿ ਦੇ ਪ੍ਰਤਿਨਿਧੀਆਂ ਦੀ ਮੀਟਿੰਗ ਹੋਈ ਜਿਸ ਵਿਚ 'ਸ੍ਰੀ ਗੁਰੂ ਸਿੰਘ ਸਭਾ' ਦੀ ਸਥਾਪਨਾ ਹੋਈ। ਵਿਸਤਾਰ ਲਈ ਵੇਖੋ 'ਸਿੰਘ ਸਭਾ ਲਹਿਰ'।

ਸੰਨ 1879 ਈ. ਵਿਚ ਉਪਰੋਕਤ ਸਿੰਘ ਸਭਾ, ਅੰਮ੍ਰਿਤਸਰ ਨਾਲੋਂ ਟੁਟ ਕੇ ਇਕ ਹੋਰ ਸਿੰਘ ਸਭਾ ਲਾਹੌਰ ਹੋਂਦ ਵਿਚ ਆਈ। ਫਿਰ ਦੋਹਾਂ ਸਭਾਵਾਂ ਨੂੰ ਮਿਲਾ ਕੇ ਸੰਨ 1883 ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਕਾਇਮ ਹੋਇਆ। ਜਦੋਂ ਉਸ ਦੀਆਂ ਰੁਚੀਆਂ ਬੌਧਿਕ ਆਗੂਆਂ ਨੂੰ ਪਸੰਦ ਨ ਆਈਆਂ ਤਾਂ ਕੁਝ ਨਵੇਂ ਉਦੇਸ਼ਾਂ ਨਾਲ 11 ਅਪ੍ਰੈਲ 1886 ਈ. ਵਿਚ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਹੋਈ। ਫਿਰ ਇਨ੍ਹਾਂ ਦੋਹਾਂ ਨੂੰ 30 ਅਕਤੂਬਰ 1902 ਈ. ਵਿਚ ਇਕ ਕਰਕੇ 'ਚੀਫ਼ ਖ਼ਾਲਸਾ ਦੀਵਾਨ' ਬਣਾ ਦਿੱਤਾ

ਗਿਆ। ਇਸ ਤਰ੍ਹਾਂ ਸਿੱਖ ਧਰਮ ਦੇ ਉੱਧਾਰ ਅਤੇ ਸਮਾਜਿਕ, ਧਾਰਮਿਕ ਅਤੇ ਵਿਦਿਅਕ ਪੱਧਰ ਉੱਚਾ ਕਰਨ ਲਈ 'ਸਿੰਘ ਸਭਾ' ਨੇ ਆਪਣੇ ਮੂਲ ਅਥਵਾ ਪਰਿਵਰਤਿਤ ਰੂਪ ਵਿਚ ਬਹੁਤ ਯੋਗਦਾਨ ਪਾਇਆ।

**ਸਿੱਖ ਨੈਸ਼ਨਲ ਲੀਗ** : ਵੇਖੋ 'ਸੈਂਟ੍ਰਲ ਅਕਾਲੀ ਦਲ'।

**ਸਿੱਖ ਪੱਤਰਕਾਰੀ** (ਮੁੱਢਲੀ ਅਵਸਥਾ): ਸਿੱਖ ਪੱਤਰਕਾਰੀ ਦਾ ਆਰੰਭ ਪੰਜਾਬੀ ਪੱਤਰਕਾਰੀ ਦੇ ਨਾਲ ਹੀ ਹੋ ਗਿਆ ਸੀ। ਇਹ ਦੋਵੇਂ ਇਕ ਦੂਜੇ ਦੀਆਂ ਪੂਰਕ ਸਨ। ਕਿਉਂਕਿ ਪੰਜਾਬੀ ਪੱਤਰਕਾਰੀ ਦਾ ਆਰੰਭ ਮੁੱਖ ਤੌਰ 'ਤੇ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਨ ਨਿਮਿਤ ਹੋਇਆ ਸੀ।

ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਸੰਨ 1873 ਈ. ਵਿਚ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੋਈ ਅਤੇ ਇਸ ਤੋਂ ਕੁਝ ਵਰ੍ਹੇ ਬਾਦ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਇਨ੍ਹਾਂ ਦੋਹਾਂ ਦੇ ਮੁੱਖ ਉਦੇਸ਼ਾਂ ਵਿਚ ਪੰਜਾਬੀ ਭਾਸ਼ਾ ਦੀ ਉਨਤੀ ਕਰਨਾ ਵੀ ਸ਼ਾਮਲ ਸੀ ਅਤੇ ਇਸ ਉਨਤੀ ਲਈ ਅਖ਼ਬਾਰਾਂ ਅਤੇ ਰਸਾਲੇ ਜਾਰੀ ਕਰਨੇ ਸਨ।

ਸਭ ਤੋਂ ਪਹਿਲਾਂ ਸੰਨ 1875 ਈ. ਵਿਚ ਗਿਆਨੀ ਹਜ਼ਾਰਾ ਸਿੰਘ ਦੀ ਪ੍ਰੇਰਣਾ ਨਾਲ 'ਸੁਕਾਵਿਯ ਸੰਬੋਧਨੀ' ਨਾਂ ਦਾ ਮਾਸਿਕ ਪੱਤਰ ਜਾਰੀ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਇਸ ਪ੍ਰਕਾਰ ਹੈ:

> *ਇਸ ਮੇਂ ਭਾਗਵਤ ਭਕਤੀ ਕੀ ਮਹਿਮਾ, ਸ੍ਰੀ ਸਿੰਘ ਮੱਤ ਕੇ ਪ੍ਰਮਾਣਕ ਪਵਿੱਤਰ ਪੁਸਤਕ ਅਤੇ ਸਤਿਗੁਰੂ ਸਾਖੀ ਉਪਮਾ ਕੇ ਗ੍ਰੰਥ, ਕਾਵ੍ਯ- ਸ਼ਾਸਤ੍ਰ ਔਰ ਮਾਨਸੀ ਵਿਦਯਾ ਔਰ ਇਸਤਰੀ ਸਿਖਿਆ ਕੇ ਪ੍ਰਬੰਧ, ਕਭੀ ਕਭੀ ਦੇਸ਼ ਤਥਾ ਵਰਤਮਾਨ ਰਾਜਯ ਕੇ ਵਿਸ਼ਯੋਂ ਕਾ ਵਰਣਨ ਇਤਯਾਦ ਸਭ ਕ੍ਰਮ ਕ੍ਰਮ ਸੇ ਪ੍ਰਕਾਸ਼ਿਤ ਹੋਤਾ ਰਹੇਗਾ।*

ਇਸ ਤੋਂ ਇਕ ਸਾਲ ਬਾਦ ਸੰਨ 1876 ਈ. ਵਿਚ ਅੰਮ੍ਰਿਤਸਰ ਤੋਂ ਹੀ ਪੱਥਰ ਛਾਪ ਵਿਚ 'ਅਖ਼ਬਾਰ ਕਾਵ੍ਯ-ਚੰਦ੍ਰੋਦਯ' ਨਾਂ ਦਾ ਇਕ ਹੋਰ ਮਾਸਿਕ ਪੱਤਰ ਸ਼ੁਰੂ ਕੀਤਾ ਗਿਆ। ਇਨ੍ਹਾਂ ਪੱਤਰਾਂ/ਪਤ੍ਰਿਕਾਵਾਂ ਨੂੰ ਜਾਰੀ ਕਰਨ ਦਾ ਮੁੱਖ ਆਸ਼ਾ ਧਰਮ-ਪ੍ਰਚਾਰ ਸੀ। ਇਸ ਦੇ ਨਾਲ ਹੀ ਇਨ੍ਹਾਂ ਵਿਚ ਰਾਜ-ਭਗਤੀ ਦੀ ਸੁਰ ਆਮ ਵੇਖੀ ਜਾ ਸਕਦੀ ਹੈ। ਭਾਵੇਂ ਇਨ੍ਹਾਂ ਪੱਤਰਾਂ ਨਾਲ ਪੰਜਾਬੀ ਭਾਸ਼ਾ ਦਾ ਕੋਈ ਉਪਕਾਰ ਨ ਹੋਇਆ, ਪਰ ਇਨ੍ਹਾਂ ਦੇ ਛਪਣ ਨਾਲ ਪੰਜਾਬੀ ਪੱਤਰਕਾਰੀ ਨੂੰ ਉਤਸਾਹ ਜ਼ਰੂਰ ਮਿਲਿਆ। ਉਦੋਂ ਤਕ ਸਿੱਖ ਵਿਦਵਾਨ ਆਮ ਤੌਰ 'ਤੇ ਹਿੰਦਵੀ ਜਾਂ ਬ੍ਰਜ ਭਾਸ਼ਾ ਵਿਚ ਲਿਖਦੇ ਸਨ, ਇਸ ਲਈ ਉਪਰੋਕਤ ਪੱਤਰਾਂ ਵਿਚ ਇਸੇ ਪ੍ਰਵ੍ਰਿਤੀ ਦੀ ਛਾਇਆ ਮਿਲਦੀ ਹੈ।

ਸਿੰਘ ਸਭਾ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਪੂਰਾ ਕਰਨ ਅਤੇ ਉਸ ਦੇ ਆਸ਼ਿਆਂ ਤੋਂ ਜਨ-ਸਾਧਾਰਣ ਨੂੰ ਜਾਣਕਾਰ ਕਰਨ ਲਈ ਪ੍ਰੋ. ਗੁਰਮੁਖ ਸਿੰਘ ਨੇ ਵਿਵਸਥਿਤ ਢੰਗ ਨਾਲ ਉਦਮ ਸ਼ੁਰੂ ਕੀਤਾ। ਉਨ੍ਹਾਂ ਨੇ 10 ਨਵੰਬਰ 1880 ਨੂੰ 'ਗੁਰਮੁਖੀ ਅਖ਼ਬਾਰ' ਨਾਂ ਦਾ ਹਫ਼ਤਾਵਾਰ ਪੱਤਰ ਸ਼ੁਰੂ ਕੀਤਾ ਜਿਸ ਦੇ ਸਿਰਲੇਖ ਦੇ ਨਾਲ ਹੀ ਮਨੋਰਥ ਵੀ ਸਪੱਸ਼ਟ ਲਿਖਿਆ ਗਿਆ—*ਧਰਮ ਅਤੇ ਵਿਦ੍ਯਾ ਪ੍ਰਚਾਰਕ*। ਇਸ ਦੀ ਭਾਸ਼ਾ ਸ਼ੁੱਧ ਅਤੇ ਨਿਖਰਵੀਂ ਪੰਜਾਬੀ ਸੀ ਅਤੇ ਇਸ ਨੂੰ ਹੀ ਸਹੀ ਅਰਥਾਂ ਵਿਚ ਪੰਜਾਬੀ ਦਾ ਪਹਿਲਾਂ ਪੱਤਰ ਕਿਹਾ ਜਾ ਸਕਦਾ ਹੈ ਅਤੇ ਪ੍ਰੋ. ਗੁਰਮੁਖ ਸਿੰਘ ਪੰਜਾਬੀ ਦੇ ਪਹਿਲੇ ਪੱਤਰਕਾਰ ਮੰਨੇ ਜਾ ਸਕਦੇ ਹਨ। ਇਹ ਪੱਤਰ ਸ਼ੁਰੂ ਵਿਚ ਲਿਥੋ ਪ੍ਰੈਸ ਵਿਚ ਛਪਦਾ ਸੀ। ਇਸ ਵਿਚ ਅੱਠ ਤੋਂ ਬਾਰ੍ਹਾਂ ਪੰਨੇ ਹੁੰਦੇ ਸਨ। ਤਿੰਨ ਸਾਲ ਇਹ ਲਾਹੌਰ ਵਿਚ ਛਪਦਾ ਰਿਹਾ, ਪਰ ਬਾਦ ਵਿਚ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਅੰਮ੍ਰਿਤਸਰ ਵਿਚ ਛਪਣ ਲਗਾ ਅਤੇ ਪ੍ਰੋ. ਗੁਰਮੁਖ ਸਿੰਘ ਦੀ ਥਾਂ ਇਸ ਦਾ ਸੰਪਾਦਨ ਸ. ਅਵਤਾਰ ਸਿੰਘ ਵਹੀਰੀਆ ਕਰਨ ਲਗਿਆ। ਸੰਨ 1893 ਈ. ਵਿਚ ਫ਼ਰੀਦਕੋਟ ਰਿਆਸਤ ਦੇ ਇਕ ਰਾਜ-ਅਧਿਕਾਰੀ ਸ. ਅੰਤਰ ਸਿੰਘ ਨੂੰ ਇਸ ਦਾ ਸੰਪਾਦਕ ਬਣਾਇਆ ਗਿਆ। ਸੰਨ 1893 ਈ. ਤਕ ਇਸ ਦਾ ਸਰੂਪ ਹਫ਼ਤਾਵਾਰੀ ਰਿਹਾ ਪਰ ਬਾਦ ਵਿਚ ਇਸ ਨੂੰ ਦਸ- ਰੋਜ਼ਾ ਬਣਾ ਦਿੱਤਾ ਗਿਆ ਅਤੇ ਇਸ ਤਰ੍ਹਾਂ ਇਹ ਮਹੀਨੇ ਵਿਚ ਤਿੰਨ ਵਾਰ ਛਪਣ ਲਗਾ। ਇਹ ਸੰਨ 1895 ਈ. ਤਕ ਜਾਰੀ ਰਿਹਾ। ਇਹ ਪੱਤਰ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਨ ਵਾਲਾ ਇਕ ਸਸ਼ਕਤ ਮਾਧਿਅਮ ਬਣਿਆ। ਇਸ ਪੱਤਰ ਵਿਚ ਖ਼ਬਰਾਂ ਤੋਂ ਇਲਾਵਾ ਗੁਰਮਤਿ ਅਤੇ ਸਿੱਖ ਧਰਮ ਸੰਬੰਧੀ ਲੇਖ, ਸੰਪਾਦਕੀ ਨੋਟ ਅਤੇ ਵਾਰਤਾਵਾਂ ਛਪਦੀਆਂ ਸਨ।

ਪ੍ਰੋ. ਗੁਰਮੁਖ ਸਿੰਘ ਨੇ ਸੰਨ 1881 ਈ. ਵਿਚ ਲਾਹੌਰ ਤੋਂ 'ਵਿਦਿਆਰਕ ਪੰਜਾਬ' ਨਾਂ ਦਾ ਇਕ ਮਾਸਿਕ ਪੱਤਰ ਕਢਣਾ ਵੀ ਆਰੰਭ ਕੀਤਾ। ਇਸ ਦਾ ਉਦੇਸ਼ ਪੰਜਾਬ ਦੇ ਨਿਵਾਸੀਆਂ ਵਿਚ ਵਿਦਿਆ ਦਾ ਪ੍ਰਕਾਸ਼ ਕਰਨਾ ਸੀ।

ਇਸ ਤੋਂ ਇਲਾਵਾ ਇਸ ਵਿਚ ਗੁਰਬਾਣੀ ਦੀ ਵਿਆਖਿਆ, ਗੁਰੂ ਸਾਹਿਬਾਨ ਦੇ ਸੰਖਿਪਤ ਜੀਵਨ-ਬ੍ਰਿੱਤਾਂਤ, ਸਿੱਖ ਧਰਮ-ਸਾਧਨਾ ਅਤੇ ਸੁਧਾਰਕ ਤੇ ਵਿਵਹਾਰਿਕ ਸਿਖਿਆ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਸੀ। ਇਹ ਪੱਤਰ ਕੁਝ ਕੁ ਮਹੀਨੇ ਹੀ ਚਲ ਸਕਿਆ। ਇਸ ਤੋਂ ਬਾਦ ਪ੍ਰੋ. ਗੁਰਮੁਖ ਸਿੰਘ ਨੇ 'ਸੁਧਾਰਾਰਕ' ਨਾਂ ਦਾ ਪੱਤਰ ਸੰਨ 1886 ਈ. ਵਿਚ ਲਾਹੌਰ ਤੋਂ ਸ਼ੁਰੂ ਕੀਤਾ। ਇਹ ਵੀ ਮਾਸਿਕ ਪੱਤਰ ਸੀ। ਇਸ ਦਾ ਉਦੇਸ਼ ਸਿੱਖ ਧਰਮ, ਫਲਸਫੇ ਅਤੇ ਸਾਹਿਤ ਸੰਬੰਧੀ ਲੋਕਾਂ ਨੂੰ ਜਾਣਕਾਰੀ ਦੇਣਾ ਸੀ। ਇਸ ਵਿਚ ਸਿੱਖ ਧਰਮ ਬਾਰੇ ਪਰੰਪਰਾ ਤੋਂ ਹਟ ਕੇ ਅਤੇ ਅੰਧ-ਵਿਸ਼ਵਾਸਾਂ ਨਾਲੋਂ ਟੁਟ ਕੇ ਗੱਲ ਹੁੰਦੀ ਸੀ। ਸਿੰਘ ਸਭਾ, ਅੰਮ੍ਰਿਤਸਰ ਦੇ ਆਗੂਆਂ ਦੀਆਂ ਸਨਾਤਨੀ ਰੁਚੀਆਂ ਦਾ ਵੀ ਖ਼ੂਬ ਖੰਡਨ ਕੀਤਾ ਜਾਂਦਾ ਸੀ। ਸੰਨ 1888 ਈ. ਵਿਚ ਇਹ ਪੱਤਰ ਬੰਦ ਹੋ ਗਿਆ। ਇਸ ਵਿਚ ਵਿਰੋਧੀਆਂ ਉਤੇ ਵਿਅੰਗ ਕਸਣ ਲਈ ਪਹਿਲੀ ਵਾਰ ਕਾਰਟੂਨਾ ਦੀ ਵਰਤੋਂ ਕੀਤੀ ਜਾਣ ਲਗੀ।

ਸੰਨ 1883 ਈ. ਵਿਚ ਜਦੋਂ 'ਗੁਰਮੁਖੀ ਅਖ਼ਬਾਰ' ਅੰਮ੍ਰਿਤਸਰ ਧੜੇ ਨੇ ਲੈ ਲਿਆ, ਤਾਂ ਸਿੰਘ ਸਭਾ ਲਾਹੌਰ ਦੇ ਆਸ਼ਿਆਂ ਨੂੰ ਪ੍ਰਚਾਰਨ ਲਈ ਪ੍ਰੋ. ਗੁਰਮੁਖ ਸਿੰਘ ਨੇ 12 ਜੂਨ 1886 ਈ. ਨੂੰ ਲਾਹੌਰ ਤੋਂ 'ਖ਼ਾਲਸਾ ਅਖ਼ਬਾਰ' ਨਾਂ ਦਾ ਸਪਤਾਹਿਕ ਪੱਤਰ ਆਰੰਭ ਕੀਤਾ। ਇਸ ਦਾ ਪਹਿਲਾ ਸੰਪਾਦਕ ਗਿ. ਝੰਡਾ ਸਿੰਘ ਫ਼ਰੀਦਕੋਟੀ ਸੀ। ਪਰ ਬਾਦ ਵਿਚ ਇਸ ਨੂੰ ਜਾਰੀ ਰਖਣ ਲਈ ਇਸ ਦੇ ਸੰਪਾਦਨ-ਕਾਰਜ ਦੀ ਜ਼ਿੰਮੇਵਾਰੀ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ ਸੰਭਾਲੀ। ਗਿਆਨੀ ਦਿੱਤ ਸਿੰਘ ਕਲਮ ਦਾ ਧਨੀ ਸੀ। ਉਸ ਦੀ ਕਲਮ ਦਾ ਜ਼ੋਰ, ਤੀਬਰ ਬੁੱਧੀ ਅਤੇ ਦਲੀਲਬਾਜ਼ੀ ਤਕੜੇ ਤੋਂ ਤਕੜੇ ਵਿਰੋਧੀ ਨੂੰ ਨਿਰੁੱਤਰ ਕਰ ਦਿੰਦੀ ਸੀ। ਇਸ ਅਖ਼ਬਾਰ ਵਿਚ ਜਿਥੇ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਕੀਤੀ ਜਾਂਦੀ ਸੀ, ਉਥੇ ਨਾਲ ਹੀ ਸਮਾਜ ਅਤੇ ਧਰਮ ਸੁਧਾਰਕ ਲੇਖ ਅਤੇ ਸੰਪਾਦਕੀ ਨੋਟ ਵੀ ਛਾਪੇ ਜਾਂਦੇ ਸਨ ਜਿਨ੍ਹਾਂ ਦੀ ਭਾਸ਼ਾ-ਸ਼ੈਲੀ ਪੰਜਾਬੀ ਵਾਰਤਕ ਦੇ ਸਰੂਪ ਵਿਚ ਨਿਖਾਰ ਲਿਆ ਰਹੀ ਸੀ। ਇਸ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖ਼ਬਰਾਂ ਵੀ ਛਪਦੀਆਂ ਸਨ। ਇਸ ਅਖ਼ਬਾਰ ਦੇ ਨਵੰਬਰ 1887 ਈ. ਦੇ ਅੰਕਾਂ ਵਿਚ ਗਿਆਨੀ ਦਿੱਤ ਸਿੰਘ ਨੇ 'ਸੁਪਨ ਨਾਟਕ' ਛਾਪ ਕੇ ਅੰਮ੍ਰਿਤਸਰ ਵਾਲੇ ਸਨਾਤਨੀ ਸਿੱਖ ਆਗੂਆਂ ਦੀ ਖ਼ੂਬ ਖਿਲੀ ਉਡਾਈ ਸੀ। ਅਦਾਲਤ ਵਿਚ 'ਹਤਕ ਇਜ਼ਤ' ਦਾ ਮੁਕਦਮਾ ਚਲਿਆ ਪਰ ਅੰਤ ਵਿਚ ਗਿਆਨੀ ਜੀ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ। ਜੂਨ 1889 ਈ. ਵਿਚ ਇਹ ਅਖ਼ਬਾਰ ਬੰਦ ਹੋ ਗਿਆ। ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੀ ਮਾਇਕ ਸਹਾਇਤਾ ਨਾਲ ਮਈ 1892 ਈ. ਵਿਚ ਇਹ ਪੱਤਰ ਫਿਰ ਸ਼ੁਰੂ ਕੀਤਾ ਗਿਆ ਅਤੇ ਸੰਨ 1905 ਈ. ਤਕ ਚਲਦਾ ਰਿਹਾ। ਇਸ ਅਖ਼ਬਾਰ ਦਾ ਸਭ ਤੋਂ ਵਧ ਮਹੱਤਵ ਇਹ ਹੈ ਕਿ ਇਸ ਰਾਹੀਂ ਪੰਜਾਬੀ ਵਾਰਤਕ ਵਿਚ ਨਿਖਾਰ ਆਇਆ ਅਤੇ ਪੁਰਾਤਨ ਲਹਿਜਾ ਅਤੇ ਬ੍ਰਜ-ਭਾਸ਼ੀ ਪ੍ਰਭਾਵ ਖ਼ਤਮ ਹੋਇਆ।

'ਖ਼ਾਲਸਾ ਅਖ਼ਬਾਰ' ਰਾਹੀਂ ਕੀਤੇ ਜਾ ਰਹੇ ਖੰਡਨ ਦਾ ਉਤਰ ਦੇਣ ਲਈ ਅੰਮ੍ਰਿਤਸਰੀ ਧੜੇ ਨੇ 13 ਅਪ੍ਰੈਲ 1893 ਈ. ਨੂੰ 'ਗੁਰਮਤ ਪ੍ਰਕਾਸ਼ਕ' ਨਾਂ ਦਾ ਪੱਤਰ ਕਢਣ ਦੀ ਵਿਵਸਥਾ ਕੀਤੀ ਅਤੇ ਗਿ. ਅਵਤਾਰ ਸਿੰਘ ਵਹੀਰੀਆ ਨੇ ਇਸ ਦੇ ਸੰਪਾਦਨ ਦਾ ਕੰਮ ਸੰਭਾਲਿਆ। ਇਸ ਪੱਤਰ ਨੂੰ ਸ਼ੁਰੂ ਕਰਨ ਦਾ ਉਦੇਸ਼ ਸਪੱਸ਼ਟ ਕਰਦਿਆਂ ਇਸ ਦੇ ਪਹਿਲੇ ਅੰਕ ਵਿਚ ਛਾਪਿਆ ਗਿਆ :

> *ਸ੍ਰਬਤ ਸ੍ਰੀ ਗੁਰੂ ਨਾਨਕ ਘਰ ਦੀ ਸਿੱਖ ਸੰਗਤ ਖ਼ਾਲਸਾ ਜੀ, ਸ੍ਰਬਤ ਪੰਜਾਬ ਦੇਸ ਦੇ ਹਿਤਕਾਰੀਆਂ ਪ੍ਰਤਿ ਪ੍ਰਗਟ ਹੈ ਏਹ ਗਲ ਬੁਧੀਮਾਨਾਂ ਵਿਚ ਫ਼ੈਸਲਾ ਪਾ ਚੁਕੀ ਹੈ ਕਿ ਕਿਸੇ ਦੇਸ਼ ਦੇ ਤੇਜ ਬਲ ਅਤੇ ਸੁਭਾਗਤਾ ਦੀ ਸ਼ੋਭਾ ਵਡਿਆਈ ਦੀ ਬ੍ਰਿਧੀ ਤਦ ਤੋੜੀ ਨਹੀਂ ਹੋ ਸਕਦੀ, ਜਦ ਤੋੜੀ ਉਸ ਦੇਸ ਦੀ ਅਸਲੀ ਭਾਸ਼ਾ ਦੀ ਬ੍ਰਿਧੀ ਨਾ ਹੋਵੇ। ਸੋ ਪੰਜਾਬ ਦੀ ਜੋ ਅਸਲੀ ਆਪਣੀ ਪੰਜਾਬੀ ਭਾਸ਼ਾ ਹੈ, ਗੁਰਮੁਖੀ ਅਖਰਾਂ ਵਿਚ ਹੈ। ਤਾਂ ਜਦ ਤੋੜੀ ਗੁਰਮੁਖੀ ਪੰਜਾਬੀ ਦੀ ਬ੍ਰਿਧੀ ਨਹੀਂ ਹੋਂਦੀ, ਤਦ ਤੋੜੀ ਪੰਜਾਬ ਦੇਸ ਦੇ ਤੇਜ ਬਲ ਅਤੇ ਸੁਭਾਗ ਦੀ ਸੋਭਾ ਵਡਿਆਈ ਦੀ ਬ੍ਰਿਧੀ ਹੋਣ ਦੀ ਆਸ ਕਰਨੀ ਵਿਅਰਥ ਹੈ। ਸੋ ਏਹ ਗਲ ਭੀ ਉਤਮ ਪੁਰਸਾਂ ਨੇ ਫ਼ੈਸਲਾ ਕੀਤਾ ਹੈ ਕਿ ਜਿਸ ਦੇਸ ਦੀ ਭਾਸ਼ਾ ਦੀ ਬ੍ਰਿਧੀ ਦੀ ਲੋੜ ਹੋਵੇ, ਇਹ ਲੋੜ ਅਖ਼ਬਾਰਾਂ ਦੁਆਰਾ ਪੂਰੀ ਹੋ ਸਕਦੀ ਹੈ। ਤਾਂ ਤੇ ਇਸ ਕਰਕੇ ਪੰਜਾਬ ਦੇਸ਼ ਵਿਚ ਗੁਰਮੁਖੀ ਪੰਜਾਬੀ ਅਖ਼ਬਾਰਾਂ ਦੀ ਲੋੜ ਹੈ।*

ਉਪਰੋਕਤ ਟੂਕ ਤੋਂ ਸਪੱਸ਼ਟ ਹੈ ਕਿ ਗੁਰਮੁਖੀ ਲਿਪੀ ਰਾਹੀਂ ਪੰਜਾਬੀ ਦੀ ਤਰੱਕੀ ਉਸ ਵਕਤ ਦੀ ਸਿੱਖ ਅਤੇ ਪੰਜਾਬੀ ਪੱਤਰਕਾਰੀ ਦਾ ਮੁੱਖ ਆਸ਼ਾ ਸੀ ਅਤੇ ਇਸ ਆਸ਼ੇ ਦੀ ਪੂਰਤੀ

ਲਈ ਅਖ਼ਬਾਰਾਂ ਦੀ ਅਤਿਅੰਤ ਲੋੜ ਸੀ। ਇਸ ਪੱਤਰ ਵਿਚ ਛਪਦੇ ਲੇਖਾਂ ਅਤੇ ਸੰਪਾਦਕੀ ਨੋਟਾਂ ਦੀ ਪੱਧਰ ਭਾਵੇਂ 'ਖ਼ਾਲਸਾ ਅਖ਼ਬਾਰ' ਵਰਗੀ ਨਹੀਂ ਸੀ, ਪਰ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਇਸ ਪੱਤਰ ਨੇ ਵੀ ਵਿਸ਼ੇਸ਼ ਯੋਗਦਾਨ ਪਾਇਆ ਸੀ।

ਸੰਨ 1900 ਈ. ਤਕ ਉਪਰੋਕਤ ਅਖ਼ਬਾਰਾਂ/ ਪੱਤਰਾਂ ਤੋਂ ਇਲਾਵਾ ਪੰਜਾਬ ਦਰਪਣ (1885 ਈ.), ਖ਼ਾਲਸਾ ਪ੍ਰਕਾਸ਼ (1886 ਈ.), ਖ਼ਾਲਸਾ (1886 ਈ.), ਸਿੰਘ ਸਭਾ ਗ਼ਜ਼ਟ (1890 ਈ.), ਲਾਇਲ ਖ਼ਾਲਸਾ ਗਜ਼ਟ (1891 ਈ.), ਖ਼ਾਲਸਾ ਸਮਾਚਾਰ (1899 ਈ.) ਆਦਿ ਕਈ ਹੋਰ ਪੱਤਰਾਂ ਦਾ ਵੀ ਪ੍ਰਕਾਸ਼ਨ ਸ਼ੁਰੂ ਹੋਇਆ। ਇਹ ਅਧਿਕਤਰ ਸਪਤਾਹਿਕ, ਅੱਠ-ਰੋਜ਼ਾ ਜਾਂ ਦਸ-ਰੋਜ਼ਾ ਸਨ। ਇਨ੍ਹਾਂ ਤੋਂ ਇਲਾਵਾ ਕੁਝ ਮਾਸਿਕ ਪੱਤਰ ਵੀ ਸ਼ੁਰੂ ਕੀਤੇ ਗਏ। ਇਨ੍ਹਾਂ ਵਿਚੋਂ 'ਵਿਦਿਆਰਕ ਪੰਜਾਬ' ਅਤੇ 'ਸੁਧਾਰਾਰਕ' ਦਾ ਪਿਛੇ ਉਲੇਖ ਕੀਤਾ ਜਾ ਚੁਕਿਆ ਹੈ। ਕੁਝ ਹੋਰ ਪੱਤਰਾਂ ਦੇ ਨਾਂ ਇਸ ਪ੍ਰਕਾਰ ਹਨ— ਵਿਦਿਆ ਪ੍ਰਚਾਰ (1899 ਈ.), ਸੁਧਾ ਸਾਗਰ (1892 ਈ.), ਖ਼ਾਲਸਾ ਧਰਮ ਪ੍ਰਚਾਰਕ (1893 ਈ.), ਨਿਰਗੁਨਿਆਰਾ (1894 ਈ.), ਅਮਰ ਪਤ੍ਰਿਕਾ (1897 ਈ.) ਆਦਿ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਅਖ਼ਬਾਰਾਂ ਜਾਂ ਪੱਤਰਾਂ ਵਿਚ ਛਪੀ ਸਾਮਗ੍ਰੀ ਦਾ ਪੱਧਰ ਭਾਵੇਂ ਬਹੁਤ ਉੱਚਾ ਨਹੀਂ ਸੀ, ਪਰ ਇਨ੍ਹਾਂ ਦੇ ਛਪਣ ਨਾਲ ਇਕ ਪਾਸੇ ਸਿੱਖੀ ਦਾ ਪ੍ਰਚਾਰ ਹੋਇਆ ਅਤੇ ਸਿੱਖਾਂ ਅੰਦਰ ਆਪਣੀ ਪਛਾਣ ਬਣਾਉਣ ਦੀ ਚੇਤਨਾ ਪੈਦਾ ਹੋਈ। ਸਿੱਖ ਮਾਨਤਾਵਾਂ, ਧਾਰਮਿਕ ਰਹੁ-ਰੀਤਾਂ, ਸਾਹਿਤਿਕ-ਇਤਿਹਾਸਿਕ ਰਚਨਾਵਾਂ ਆਦਿ ਬਾਰੇ ਸਹੀ ਦਿਸ਼ਾ ਗ੍ਰਹਿਣ ਕਰਨ ਦੀ ਸੇਧ ਪ੍ਰਾਪਤ ਹੋਈ। ਦੂਜੇ ਪਾਸੇ, ਪੰਜਾਬੀ ਦੇ ਵਾਰਤਕ ਰੂਪਾਂ ਦੇ ਵਿਕਾਸ ਲਈ ਭੂਮੀ ਤਿਆਰ ਹੋਈ ਅਤੇ ਪੰਜਾਬੀ ਲਈ ਪਾਠਕ ਪੈਦਾ ਕੀਤੇ ਜਾ ਸਕੇ, ਜਾਂ ਲੋਕਾਂ ਅੰਦਰ ਪੰਜਾਬੀ ਪੜ੍ਹਨ ਦੀ ਜਾਗ ਲਾਈ ਗਈ। ਇਨ੍ਹਾਂ ਵਿਚੋਂ ਕੁਝ ਪੱਤਰ ਕਿਸੇ ਖ਼ਾਸ ਉਦੇਸ਼ ਦੀ ਪੂਰਤੀ ਲਈ ਸ਼ੁਰੂ ਕੀਤੇ ਗਏ ਸਨ। ਇਸ ਲਈ ਉਦੇਸ਼ ਖ਼ਤਮ ਹੋਣ ਨਾਲ ਪੱਤਰ ਵੀ ਬੰਦ ਹੋ ਜਾਂਦੇ ਸਨ ਜਾਂ ਬੰਦ ਕਰ ਦਿੱਤੇ ਜਾਂਦੇ ਸਨ। ਇਹੀ ਕਾਰਣ ਹੈ ਕਿ ਇਨ੍ਹਾਂ ਪੱਤਰਾਂ ਦੀ ਉਮਰ ਬਹੁਤ ਥੋੜੀ ਸੀ। ਆਰਥਿਕ ਥੁੜਾਂ, ਛਪਾਈ ਦੀਆਂ ਸਹੂਲਤਾਂ ਦੀ ਘਾਟ, ਪਾਠਕਾਂ ਦਾ ਅਭਾਵ ਆਦਿ ਕੁਝ ਹੋਰ ਕਾਰਣਾਂ ਕਰਕੇ ਵੀ ਇਹ ਪੱਤਰ ਬਹੁਤ ਚਿਰ ਤਕ ਨਹੀਂ ਚਲ ਸਕੇ ਸਨ। ਦੋ ਦਰਜਨ ਦੇ ਕਰੀਬ ਸ਼ੁਰੂ ਹੋਏ ਪੱਤਰਾਂ ਵਿਚੋਂ ਮਸਾਂ ਅੱਧਾ ਕੁ ਦਰਜਨ ਪੱਤਰ ਸੰਨ1900 ਤੋਂ ਅਗੇ ਜਾਰੀ ਰਹਿ ਸਕੇ। ਇਥੇ ਵਿਸ਼ੇਸ਼ ਉਲੇਖਯੋਗ ਗੱਲ ਇਹ ਹੈ ਕਿ ਇਨ੍ਹਾਂ ਦੋ ਦਰਜਨ ਪੱਤਰਾਂ ਵਿਚ ਕੋਈ ਇਕ ਵੀ ਰੋਜ਼ਾਨਾ ਜਾਂ ਦੈਨਿਕ ਨਹੀਂ ਸੀ।

ਇਨ੍ਹਾਂ ਪੱਤਰਾਂ ਦਾ ਸਰੂਪ ਲਗਭਗ ਇਕ-ਸਮਾਨ ਹੀ ਹੁੰਦਾ ਸੀ। ਅਜ ਦੀਆਂ ਅਖ਼ਬਾਰਾਂ ਵਾਂਗ ਨ ਪੰਨੇ-ਬੰਦੀ ਹੁੰਦੀ ਸੀ, ਨ ਵਖ ਵਖ ਪੰਨਿਆਂ ਉਤੇ ਛਾਪਣ ਦੀ ਸਾਮਗ੍ਰੀ ਨਿਸ਼ਚਿਤ ਹੁੰਦੀ ਸੀ। ਖ਼ਬਰਾਂ ਛਾਪਣ ਵੇਲੇ ਵੀ ਕਿਸੇ ਖ਼ਾਸ ਤਰਤੀਬ ਦਾ ਧਿਆਨ ਨਹੀਂ ਰਖਿਆ ਜਾਂਦਾ ਸੀ ਅਤੇ ਨ ਹੀ ਸੁਰਖੀਆਂ ਲਿਖਣ ਦਾ ਕੋਈ ਰਿਵਾਜ ਸੀ। ਕਾਰਟੂਨ ਛਾਪਣ ਦੀ ਪਿਰਤ ਪੈ ਚੁਕੀ ਸੀ, ਤਸਵੀਰਾਂ ਜਾਂ ਇਸ਼ਤਿਹਾਰ ਘਟ-ਵਧ ਹੀ ਛਾਪੇ ਜਾਂਦੇ ਸਨ। ਹਰ ਅੰਕ ਵਿਚ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਜਾਂ ਗੁਰ-ਇਤਿਹਾਸ ਬਾਰੇ ਕੁਝ ਨ ਕੁਝ ਜ਼ਰੂਰ ਲਿਖਿਆ ਹੁੰਦਾ। ਪਾਠਕਾਂ ਵਲੋਂ ਵਾਦ-ਵਿਵਾਦਾਤਮਕ ਵਿਸ਼ਿਆਂ ਨਾਲ ਸੰਬੰਧਿਤ ਚਿੱਠੀਆਂ ਵੀ ਛਾਪੀਆਂ ਜਾਂਦੀਆਂ ਸਨ।

ਇਨ੍ਹਾਂ ਪੱਤਰਾਂ ਦੀ ਸਮੁੱਚੀ ਨੀਤੀ ਸਰਕਾਰ ਪੱਖੀ ਸੀ। ਸਰਕਾਰੀ ਸਰਪ੍ਰਸਤੀ ਸਵੀਕਾਰ ਕਰਕੇ ਅਖ਼ਬਾਰਾਂ ਛਾਪੀਆਂ ਜਾਂਦੀਆਂ ਸਨ। ਇਸ ਲਈ ਦੇਸ਼ ਜਾਂ ਕੌਮ ਦੀ ਸੁਤੰਤਰਤਾ ਜਾਂ ਇਸ ਪ੍ਰਕਾਰ ਦੇ ਕਿਸੇ ਹੋਰ ਅੰਦੋਲਨ ਦੇ ਪੱਖ ਵਿਚ ਕੁਝ ਨ ਛਾਪਿਆ ਜਾਂਦਾ। ਇਥੋਂ ਤਕ ਕਿ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰਖਣ ਲਈ ਚਲਾਈ ਗਈ ਨਾਮਧਾਰੀ ਲਹਿਰ ਨੂੰ ਖ਼ਤਮ ਕਰਨ ਲਈ ਕੀਤੇ ਗਏ ਸਰਕਾਰੀ ਦਮਨ ਦਾ ਕਿਤੇ ਉਲੇਖ ਤਕ ਨਹੀਂ। ਹਾਂ ਕਦੀ-ਕਦਾਈਂ ਦੱਬੀ ਜ਼ਬਾਨ ਵਿਚ ਕੋਈ ਮੰਗ ਜਾਂ ਸੁਧਾਰ ਸੰਬੰਧੀ ਸੁਝਾਵ ਜ਼ਰੂਰ ਛਾਪ ਦਿੱਤਾ ਜਾਂਦਾ।

ਸੰਨ 1900 ਈ. ਤੋਂ ਬਾਦ ਪੰਜਾਬੀ ਪੱਤਰਕਾਰੀ ਵਿਚ ਵਿਕਾਸ ਹੋਣ ਲਗ ਗਿਆ। ਸੰਨ1920 ਈ. ਤਕ 18 ਸਪਤਾਹਿਕ, ਤਿੰਨ ਪੰਦਰਾ-ਰੋਜ਼ਾ ਅਤੇ 42 ਮਾਸਿਕ ਪੱਤਰ ਸ਼ੁਰੂ ਹੋਏ। 4 ਦਸੰਬਰ 1914 ਈ. ਨੂੰ 'ਸ਼ਹੀਦ' ਨਾਂ ਦਾ ਦੈਨਿਕ ਪੱਤਰ ਆਰੰਭ ਹੋਇਆ। 31 ਅਗਸਤ 1909 ਈ. ਨੂੰ ਮਾਸਟਰ ਤਾਰਾ ਸਿੰਘ ਨੇ 'ਤਿੰਨ ਰੋਜ਼ਾ' 'ਸੱਚਾ ਢੰਡੋਰਾ' ਨਾਂ ਦਾ ਪੱਤਰ ਸ਼ੁਰੂ ਕੀਤਾ। ਸੰਨ 1920 ਈ. ਵਿਚ 'ਅਕਾਲੀ'

ਨਾਂ ਦਾ ਸਮਾਚਾਰ-ਪੱਤਰ ਛਪਣਾ ਸ਼ੁਰੂ ਹੋਇਆ। ਇਸ ਦੌਰਾਨ ਵਖ ਵਖ ਬਰਾਦਰੀਆਂ, ਸੰਪ੍ਰਦਾਵਾਂ ਆਦਿ ਨੇ ਵੀ ਪੱਤਰ ਛਾਪਣੇ ਸ਼ੁਰੂ ਕੀਤੇ। 'ਰਾਮਗੜ੍ਹੀਆ ਪੱਤਰਕਾ', 'ਵਿਸ਼ਵਕਰਮਾ', 'ਆਹਲੂਵਾਲੀਆ ਗਜ਼ਟ' ਆਦਿ ਪੱਤਰ ਸੌੜੇ ਹਿਤਾਂ ਦੇ ਪ੍ਰਚਾਰ ਲਈ ਸ਼ੁਰੂ ਕੀਤੇ ਗਏ। ਇਸਤਰੀ ਜਾਤਿ ਦੀ ਉਨਤੀ ਲਈ 'ਇਸਤਰੀ ਸਤਿਸੰਗ' (1904 ਈ.), 'ਪੰਜਾਬੀ ਭੈਣ' (1907 ਈ.), 'ਇਸਤਰੀ ਸਮਾਚਾਰ' (1908 ਈ.), 'ਇਸਤਰੀ ਸੁਧਾਰ ਪੱਤਰ' ਅਤੇ 'ਇਸਤਰੀ ਸੁਧਾਰ' ਸੰਨ 1914 ਈ. ਵਿਚ ਸ਼ੁਰੂ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਸਿੱਖ ਧਰਮ ਦੇ ਪ੍ਰਚਾਰ ਲਈ 'ਪੰਜਾਬ ਦਰਪਣ', 'ਪੰਥ', 'ਸਿੰਘ ਸਭਾ ਗਜ਼ਟ' ਆਦਿ ਵੀ ਜਾਰੀ ਕੀਤੇ ਗਏ। ਸਿੱਖ ਸੰਪ੍ਰਦਾਵਾਂ ਅਤੇ ਸੰਸਥਾਵਾਂ ਵਲੋਂ ਵੀ ਪੱਤਰ ਪਤ੍ਰਿਕਾਵਾਂ ਛਪਣੀਆਂ ਸ਼ੁਰੂ ਹੋ ਗਈਆਂ।

ਸੰਨ 1925 ਈ. ਤਕ ਸਿੱਖ ਪੱਤਰਕਾਰੀ ਵਿਚ ਬੁਨਿਆਦੀ ਪਰਿਵਰਤਨ ਹੋਣ ਲਗ ਗਿਆ। 'ਅਕਾਲੀ', 'ਰਣਜੀਤ', 'ਜੱਥੇਦਾਰ', 'ਪ੍ਰਦੇਸੀ ਖ਼ਾਲਸਾ', 'ਮੌਜੀ', 'ਫੁਲਵਾੜੀ', 'ਗੁਰਦੁਆਰਾ ਗ਼ਜ਼ਟ', 'ਅਕਾਲੀ ਤੇ ਪ੍ਰਦੇਸੀ', 'ਗੜ੍ਹਗਜ ਅਕਾਲੀ' ਆਦਿ ਨਾਂ ਦੇ ਕਈ ਪੱਤਰ ਪ੍ਰਕਾਸ਼ਿਤ ਹੋਣ ਲਗ ਗਏ। ਧਾਰਮਿਕ ਚੇਤਨਾ ਦੇ ਫਲਸਰੂਪ ਸਿੱਖ-ਪੱਤਰਕਾਰੀ ਵਿਚੋਂ ਸਰਕਾਰ ਪੱਖੀ ਪ੍ਰਤਿਬੱਧਤਾ ਖ਼ਤਮ ਹੋਣ ਲਗੀ। ਸਿੱਖ ਗੁਰੂ-ਧਾਮਾਂ ਦੇ ਸੁਧਾਰ ਲਈ ਜਨਤਾ ਸਚੇਤ ਹੋ ਗਈ। ਗੁਰਦੁਆਰਾ ਸੁਧਾਰ ਲਹਿਰ ਦੇ ਫਲਸਰੂਪ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਨਾਲ ਸਿੱਖ ਚੇਤਨਾ ਨੂੰ ਇਕ ਨਵੀਂ ਦਿਸ਼ਾ ਮਿਲੀ ਅਤੇ ਅਜਿਹੀ ਦਿਸ਼ਾ ਪ੍ਰਦਾਨ ਕਰਨ ਵਿਚ ਪੱਤਰਕਾਰੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਿੱਖ ਪੱਤਰਕਾਰੀ ਸਮਾਜਿਕ ਸੁਧਾਰ ਅਤੇ ਵਿਦਿਆ-ਪ੍ਰਚਾਰ ਦੀਆਂ ਸੀਮਾਵਾਂ ਤੋਂ ਬਾਹਰ ਨਿਕਲੀ ਅਤੇ ਰਾਜਨੈਤਿਕ ਤੌਰ 'ਤੇ ਪੰਥ ਨੂੰ ਸਚੇਤ ਅਤੇ ਸਰਗਰਮ ਕੀਤਾ।

ਪੰਜਾਬੀ ਪੱਤਰਕਾਰੀ ਤੋਂ ਇਲਾਵਾ ਉਰਦੂ ਵੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਸੰਬੰਧੀ ਕਈ ਪੱਤਰ ਪ੍ਰਕਾਸ਼ਿਤ ਹੋਏ। 'ਉਰਦੂ ਅਕਾਲੀ', 'ਅਜੀਤ', 'ਪੰਜਾਬ ਗ਼ਜ਼ਟ', 'ਖ਼ਾਲਸਾ ਵੀਰ', 'ਸ਼ੇਰ-ਏ-ਪੰਜਾਬ' ਆਦਿ ਨਾਂ ਦੇ ਇਨ੍ਹਾਂ ਪੱਤਰਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਰਾਜਨੈਤਿਕ ਹੱਕਾਂ ਸੰਬੰਧੀ ਬਹੁਤ ਸਾਮਗ੍ਰੀ ਛਪਦੀ ਰਹੀ। ਇਨ੍ਹਾਂ ਦੁਆਰਾ ਉਰਦੂ-ਭਾਸ਼ੀ ਸਿੱਖਾਂ ਨੂੰ ਪੰਥ ਵਿਚ ਵਾਪਰ ਰਹੀਆਂ ਸਮਕਾਲੀ ਸਮਸਿਆਵਾਂ ਦਾ ਬੋਧ ਹੁੰਦਾ ਰਿਹਾ।

ਆਜ਼ਾਦੀ ਦੀ ਪ੍ਰਾਪਤੀ ਦੇ ਮੌਕੇ ਹੋਈ ਪੰਜਾਬ ਦੀ ਵੰਡ ਕਾਰਣ ਸਿੱਖ ਪੱਤਰਕਾਰੀ ਅਵਿਵਸਥਿਤ ਹੋ ਗਈ। ਦੋ-ਤਿੰਨ ਸਾਲਾਂ ਦੀ ਜਦੋ-ਜਹਿਦ ਤੋਂ ਬਾਦ ਇਸ ਪੱਤਰਕਾਰੀ ਦੇ ਕੇਂਦਰ ਅੰਮ੍ਰਿਤਸਰ ਅਤੇ ਜਲੰਧਰ ਵਿਚ ਕਾਇਮ ਹੋਣ ਲਗ ਗਏ, ਪਰ ਸਿੱਖ ਪੱਤਰਕਾਰ ਪੰਜਾਬ ਦੇ ਕਈ ਹੋਰ ਨਗਰਾਂ ਅਤੇ ਦਿੱਲੀ ਤਕ ਪਸਰ ਗਏ। ਕੁਝ ਸਮੇਂ ਲਈ ਭਾਵੇਂ ਸਿੱਖ-ਪੱਤਰਕਾਰੀ ਵਿਚ ਖੜੋਤ ਆ ਗਈ। ਪਰ ਸਿੱਖ-ਪੱਤਰਕਾਰਾਂ ਦੇ ਸਾਰੇ ਪੰਜਾਬ ਅਤੇ ਦਿੱਲੀ ਤਕ ਪਸਰਨ ਕਰਕੇ ਉਨ੍ਹਾਂ ਸਾਹਮਣੇ ਸਿੱਖਾਂ ਸੰਬੰਧੀ ਕਈ ਨਵੇਂ ਮਸਲੇ ਖੜੇ ਹੋਏ ਅਤੇ ਹੋਰਨਾਂ ਭਾਸ਼ਾਵਾਂ, ਸਮਾਜਾਂ ਅਤੇ ਰਾਜਨੈਤਿਕ ਪਾਰਟੀਆਂ ਦੇ ਸੰਪਰਕ ਵਿਚ ਆਉਣ ਕਾਰਣ ਪੰਜਾਬੀ ਪੱਤਰਕਾਰੀ ਵਿਚ ਕਈ ਨਵੇਂ ਝੁਕਾ ਪ੍ਰਵਿਸ਼ਟ ਹੋਏ। ਸਿੱਖ ਆਬਾਦੀ ਦਾ ਕਿਸੇ ਇਕ ਥਾਂ ਬਹੁ-ਗਿਣਤੀ ਵਿਚ ਹੋਣਾ, ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਪ੍ਰਫੁਲਿਤ ਕਰਨਾ, ਸਿੱਖ ਧਰਮ ਦੀਆਂ ਮਰਯਾਦਾਵਾਂ ਦੀ ਰਾਖੀ ਕਰਨਾ, ਫ਼ੌਜ ਵਿਚ ਸਿੱਖਾਂ ਦੀ ਉਚਿਤ ਨਫ਼ਰੀ ਦਾ ਹੋਣਾ, ਆਦਿ ਕਈ ਮਸਲੇ ਸਿੱਖ ਪੱਤਰਾਂ ਅਤੇ ਪੱਤਰਕਾਰਾਂ ਦੇ ਸਾਹਮਣੇ ਆਏ। ਇਨ੍ਹਾਂ ਨੂੰ ਨਜਿਠਣ ਲਈ ਅਨੇਕ ਦੈਨਿਕ, ਸਪਤਾਹਿਕ, ਮਾਸਿਕ ਪੱਤਰ ਹੋਂਦ ਵਿਚ ਆਏ। ਰਿਜਨਲ ਫਾਰਮੂਲਾ, ਪੰਜਾਬੀ ਸੂਬਾ, ਚੰਡੀਗੜ੍ਹ ਦਾ ਮਸਲਾ, ਪੰਜਾਬ ਵਿਚ ਖੜੇ ਹੋਏ ਕਈ ਮਸਲੇ, ਖਾੜਕੂ ਸਰਗਰਮੀਆਂ, ਕਾਂਗ੍ਰਸ ਅਤੇ ਅਕਾਲੀਆਂ ਵਲੋਂ ਸਥਾਪਿਤ ਕੀਤੀਆਂ ਸਰਕਾਰਾਂ, ਸੰਪ੍ਰਦਾਇਕ ਵਿਰੋਧਾਂ ਆਦਿ ਅਨੇਕ ਪ੍ਰਕਾਰ ਦੀਆਂ ਸਮਸਿਆਵਾਂ ਨਾਲ ਜੂਝਦੀ ਸਿੱਖ ਪੱਤਰਕਾਰੀ ਆਪਣੀ ਪ੍ਰੌੜ੍ਹ ਅਵਸਥਾ ਨੂੰ ਪ੍ਰਾਪਤ ਹੋ ਰਹੀ ਹੈ। ਅੰਗ੍ਰੇਜ਼ੀ ਵਿਚ ਕਿਸੇ ਦੈਨਿਕ ਪੱਤਰ ਦੇ ਅਭਾਵ ਕਾਰਣ ਸਿੱਖ ਦ੍ਰਿਸ਼ਟੀਕੋਣ ਅੰਗ੍ਰੇਜ਼ੀ ਭਾਸ਼ੀਆਂ ਤਕ ਨ ਪਹੁੰਚ ਸਕਣਾ ਇਸ ਦੀ ਵੱਡੀ ਘਾਟ ਹੈ। ਸਪੋਕਸਮੈਨ (ਸਪਤਾਹਿਕ) ਅਤੇ ਸਿੱਖ ਰਿਵੀਊ (ਮਾਸਿਕ) ਸਿੱਖ ਕੌਮ ਦੇ ਪ੍ਰਚਾਰ ਲਈ ਪ੍ਰਤਿਬਧਤਾ ਨਿਭਾ ਰਹੇ ਹਨ।

**ਸਿੱਖ ਬਨਾਮ ਅਫ਼ਗਾਨ** : ਬਾਬਾ ਬੰਦਾ ਬਹਾਦਰ ਤੋਂ ਬਾਦ ਜਦੋਂ ਸਿੱਖ ਗੁਰੀਲਾ ਦਸਤੇ ਜਾਂ ਜੱਥੇ ਮਿਸਲਾਂ ਦੇ ਰੂਪ ਵਿਚ ਪੰਜਾਬ ਵਿਚ ਆਪਣੀ ਸ਼ਕਤੀ ਦਾ ਪਰਿਚਯ ਦੇਣ ਲਗੇ ਤਾਂ ਉਨ੍ਹਾਂ ਦਾ ਵਾਹ ਦੋ ਗ਼ੈਰ-ਸਿੱਖ ਸ਼ਕਤੀਆਂ ਨਾਲ ਪੈ ਰਿਹਾ ਸੀ। ਇਕ ਸ਼ਕਤੀ ਸੀ ਪੰਜਾਬ ਵਿਚਲੇ ਮੁਸਲਮਾਨ ਜਾਗੀਰਦਾਰਾਂ

/ਨਵਾਬਾਂ ਦੀ ਜਿਨ੍ਹਾਂ ਨੂੰ ਮੁਗ਼ਲ ਸਰਕਾਰ ਦੀ ਸਰਪ੍ਰਸਤੀ ਹਾਸਲ ਸੀ। ਦੂਜੀ ਸ਼ਕਤੀ ਸੀ ਬਾਹਰਲੇ ਹਮਲਾਵਰਾਂ ਦੀ ਜੋ ਮੁੱਖ ਰੂਪ ਵਿਚ ਅਫ਼ਗਾਨ ਸਨ। ਅਫ਼ਗਾਨਾਂ ਨਾਲ ਸਿੱਖਾਂ ਦਾ ਵਾਸਤਾ ਲਗਭਗ ਸੌ ਸਾਲ ਤਕ ਪੈਂਦਾ ਰਿਹਾ।

ਸੰਨ 1748 ਈ. ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਹਿੰਦੁਸਤਾਨ ਉਤੇ ਪਹਿਲਾ ਹਮਲਾ ਕੀਤਾ, ਤਾਂ ਦਿੱਲੀ ਨੂੰ ਜਾਂਦਿਆਂ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਾਏ ਨੂਰਦੀਨ ਅਤੇ ਵੈਰੋਵਾਲ ਨਾਂ ਦੇ ਕਸਬਿਆਂ ਕੋਲ ਸ. ਜੱਸਾ ਸਿੰਘ ਆਹਲੂਵਾਲੀਆ ਦੇ ਜੱਥੇ ਨਾਲ ਮਾਮੂਲੀ ਜਿਹੀ ਮੁਠਭੇੜ ਹੋਈ। ਫਿਰ ਸਰਹਿੰਦ ਨੇੜੇ ਦਿਲੀਓਂ ਆ ਰਹੀ ਮੁਗ਼ਲ ਸੈਨਾ ਦੀ ਉਡੀਕ ਵਿਚ ਡਟੇ ਅਹਿਮਦ ਸ਼ਾਹ ਦੇ ਲਸ਼ਕਰ ਦੇ ਬਾਬਾ ਆਲਾ ਸਿੰਘ ਨੇ ਅੰਨ-ਪਾਣੀ ਅਤੇ ਚਾਰੇ ਦੇ ਸਾਧਨ ਕਟ ਦਿੱਤੇ। ਮੁਗ਼ਲ ਸੈਨਾ ਤੋਂ ਹਾਰ ਖਾ ਕੇ ਜਦ ਅਹਿਮਦ ਸ਼ਾਹ ਦੁਰਾਨੀ ਆਪਣੇ ਦੇਸ਼ ਪਰਤ ਰਿਹਾ ਸੀ, ਤਾਂ ਉਸ ਵੇਲੇ ਸਤਲੁਜ ਅਤੇ ਚਨਾਬ ਦਰਿਆਵਾਂ ਦੇ ਵਿਚਲੇ ਖੇਤਰ ਵਿਚ ਸਿੱਖ ਸੈਨਿਕ ਦਸਤਿਆਂ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਬਹੁਤ ਪਰੇਸ਼ਾਨ ਕੀਤਾ ਅਤੇ ਸੁਕਰਚਕੀਆ ਮਿਸਲ ਦੇ ਸ. ਚੜ੍ਹਤ ਸਿੰਘ ਨੇ ਸਿੰਧ ਦਰਿਆ ਤਕ ਉਸ ਦਾ ਪਿੱਛਾ ਕਰਕੇ ਬਹੁਤ ਸਾਰਾ ਸਾਮਾਨ ਅਤੇ ਹਥਿਆਰ ਖੋਹ ਲਏ।

ਇਸ ਤੋਂ ਬਾਦ ਅਹਿਮਦ ਸ਼ਾਹ ਦੁਰਾਨੀ ਨੇ ਹਿੰਦੁਸਤਾਨ ਉਤੇ ਕਈ ਹਮਲੇ ਕੀਤੇ, ਪਰ ਹਰ ਵਾਰ ਸਿੱਖਾਂ ਨਾਲ ਉਸ ਦਾ ਕਿਸੇ ਨ ਕਿਸੇ ਰੂਪ ਵਿਚ ਟਕਰਾਓ ਹੋਇਆ। ਇਸ ਦੁਆਰਾ ਥਾਪੇ ਲਾਹੌਰ ਦੇ ਸੂਬੇ ਮੀਰ ਮੁਈਨੁਲਮੁਲਕ (ਮੀਰ ਮਨੂੰ) ਨੇ ਸਿੱਖਾਂ ਨੂੰ ਸਥਾਈ ਤੌਰ 'ਤੇ ਖ਼ਤਮ ਕਰਨ ਦੇ ਅਨੇਕ ਯਤਨ ਕੀਤੇ, ਪਰ ਉਹ ਕਾਮਯਾਬ ਨ ਹੋ ਸਕਿਆ। ਦੀਵਾਨ ਕੌੜਾ ਮਲ ਰਾਹੀਂ ਉਸ ਨੇ ਸਿੱਖਾਂ ਨਾਲ ਸੰਧੀ ਕਰਨ ਦੇ ਯਤਨ ਵੀ ਕੀਤੇ, ਪਰ ਇਹ ਸੰਬੰਧ ਲੰਮੇ ਸਮੇਂ ਤਕ ਨ ਚਲ ਸਕੇ।

ਆਪਣੇ ਚੌਥੇ ਹਮਲੇ ਵੇਲੇ (ਨਵੰਬਰ 1756-1757 ਈ.) ਜਦੋਂ ਅਹਿਮਦ ਸ਼ਾਹ ਦਾ ਪੁੱਤਰ ਤੈਮੂਰ ਦਿਲੀਓਂ ਲੁਟੇ ਹੋਏ ਸਾਮਾਨ ਨੂੰ ਲਾਹੌਰ ਲੈ ਜਾ ਰਿਹਾ ਸੀ, ਤਾਂ ਬਾਬਾ ਆਲਾ ਸਿੰਘ ਅਤੇ ਉਸ ਦੇ ਹਮਾਇਤੀਆਂ ਨੇ ਪਹਿਲਾਂ ਸਨੌਰ ਅਤੇ ਫਿਰ ਮਲੇਰਕੋਟਲੇ ਕੋਲ ਉਸ ਪਾਸੋਂ ਸਭ ਕੁਝ ਲੁਟ ਲਿਆ। ਤੈਮੂਰ ਨੇ ਆਪਣਾ ਗੁੱਸਾ ਕਰਤਾਰਪੁਰ ਦੇ ਗੁਰੂ-ਧਾਮ ਨੂੰ ਨਸ਼ਟ ਕਰਨ ਵਿਚ ਕਢਿਆ ਅਤੇ ਅਹਿਮਦ ਸ਼ਾਹ ਨੇ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਅਤੇ ਸਰੋਵਰ ਨੂੰ ਭ੍ਰਸਟ ਕੀਤਾ ਅਤੇ ਅਨੇਕ ਸਿੱਖਾਂ ਦਾ ਕਤਲ ਕੀਤਾ। ਉਸ ਦੇ ਅਫ਼ਗਾਨਿਸਤਾਨ ਨੂੰ ਪਰਤਣ 'ਤੇ ਸਿੱਖਾਂ ਨੇ ਫਿਰ ਸ਼ਕਤੀ ਅਰਜਿਤ ਕਰ ਲਈ ਅਤੇ ਉਸ ਵਲੋਂ ਪਿਛੇ ਛਡੇ ਆਪਣੇ ਪੁੱਤਰ ਤੈਮੂਰ ਅਤੇ ਜਰਨੈਲ ਜਹਾਨ ਖ਼ਾਨ ਨੂੰ ਪੰਜਾਬੋਂ ਖਦੇੜ ਦਿੱਤਾ। ਇਸ ਤੋਂ ਖਿਝ ਕੇ ਅਹਿਮਦ ਸ਼ਾਹ ਦੁਰਾਨੀ ਨੇ ਪੰਜਾਬ ਉਤੇ ਫਿਰ ਹਮਲਾ ਕਰ ਦਿੱਤਾ ਅਤੇ 5 ਫਰਵਰੀ 1762 ਈ. ਨੂੰ ਕੁੱਪ-ਰਹੀੜੇ ਦੇ ਸਥਾਨ 'ਤੇ ਸਿੱਖਾਂ ਨੂੰ ਘੇਰ ਕੇ ਬਹੁਤ ਵੱਡੀ ਗਿਣਤੀ ਵਿਚ ਕਤਲ ਕੀਤਾ। ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ 'ਵੱਡਾ ਘੱਲੂਘਾਰਾ' ਵਜੋਂ ਯਾਦ ਕੀਤਾ ਜਾਂਦਾ ਹੈ। ਅਹਿਮਦ ਸ਼ਾਹ ਨੇ ਫਿਰ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਨੂੰ ਬਾਰੂਦ ਨਾਲ ਉਡਾਇਆ, ਪਰ ਸਿੱਖਾਂ ਨੇ ਮਈ 1762 ਈ. ਵਿਚ ਬਦਲਾ ਲੈ ਲਿਆ ਅਤੇ ਕੁਝ ਮਹੀਨਿਆਂ ਬਾਦ ਲਾਹੌਰ ਅਤੇ ਅੰਮ੍ਰਿਤਸਰ ਵਿਚ ਖੁਲ੍ਹੇਆਮ ਵਿਚਰਨ ਲਗ ਗਏ। ਸੰਨ 1764 ਈ. ਤਕ ਸਿੱਖ ਮਿਸਲਾਂ ਅਤੇ ਦਲ ਖ਼ਾਲਸਾ ਨੇ ਸਾਰੇ ਪੰਜਾਬ ਵਿਚ ਆਪਣੀ ਪ੍ਰਭੁਤਾ ਸਥਾਪਿਤ ਕਰ ਲਈ ਅਤੇ ਯਮੁਨਾ ਪਾਰ ਸਹਾਰਨਪੁਰ ਤੋਂ ਦਿੱਲੀ ਤਕ ਰੁਹੇਲਿਆਂ ਦੇ ਇਲਾਕਿਆਂ ਨੂੰ ਵੀ ਲੁਟਿਆ। ਬੁੱਢਾ ਦਲ ਦੀ ਮਾਰ ਦਾ ਖੇਤਰ ਮਾਲਵਾ ਅਤੇ ਯਮੁਨਾ ਪਾਰ ਦਾ ਇਲਾਕਾ ਸੀ ਅਤੇ ਤਰੁਣਾ ਦਲ ਮਾਝੇ ਅਤੇ ਪੱਛਮੀ ਪੰਜਾਬ ਉਤੇ ਛਾਇਆ ਹੋਇਆ ਸੀ। ਇਹ ਦਲ ਇਤਨੇ ਮਜ਼ਬੂਤ ਹੋ ਚੁਕੇ ਸਨ ਕਿ ਦਸੰਬਰ 1764 ਈ. ਵਿਚ ਕੀਤੇ ਹਮਲੇ ਦੌਰਾਨ ਇਨ੍ਹਾਂ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਇਤਨਾ ਕਸਿਆ ਕਿ ਦਿੱਲੀ ਪਹੁੰਚੇ ਬਿਨਾ ਹੀ ਬਾਬਾ ਆਲਾ ਸਿੰਘ ਨੂੰ ਸੂਬੇਦਾਰੀ ਦੇ ਕੇ ਪਰਤ ਗਿਆ। ਸੰਨ 1766-67 ਈ. ਵਿਚ ਕੀਤੇ ਆਪਣੇ ਆਖ਼ਰੀ ਹਮਲੇ ਵੇਲੇ ਵੀ ਅਹਿਮਦ ਸ਼ਾਹ ਬਿਨਾ ਕੁਝ ਪ੍ਰਾਪਤ ਕੀਤੇ ਪਰਤ ਗਿਆ ਅਤੇ ਮਰਨ ਤਕ ਫਿਰ ਕਦੇ ਪੰਜਾਬ ਵਲ ਉਸ ਨੇ ਮੂੰਹ ਨਹੀਂ ਕੀਤਾ।

ਅਹਿਮਦ ਸ਼ਾਹ ਦੁਰਾਨੀ ਦੇ ਉਤਰਾਧਿਕਾਰੀ ਤੈਮੂਰ ਸ਼ਾਹ ਅਤੇ ਸ਼ਾਹ ਜ਼ਮਾਨ ਅਨੇਕ ਯਤਨ ਕਰਨ 'ਤੇ ਵੀ ਪੰਜਾਬ ਨੂੰ ਆਪਣੇ ਅਧਿਕਾਰ ਵਿਚ ਨ ਕਰ ਸਕੇ। ਆਖ਼ਿਰ 7 ਜੁਲਾਈ 1799 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਉਸ ਨੇ ਫਿਰ ਕਸ਼ਮੀਰ ਅਤੇ ਮੁਲਤਾਨ ਦੇ ਅਫ਼ਗਾਨ ਸ਼ਾਸਕਾਂ ਨਾਲ ਨਿਪਟਣ ਦਾ ਫ਼ੈਸਲਾ ਕੀਤਾ। ਪਹਿਲਾਂ ਕਸ਼ਮੀਰ ਉਤੇ ਹਮਲਾ ਕਰਕੇ ਉਥੋਂ ਦੇ ਅਫ਼ਗਾਨ

ਨਵਾਬ ਤੋਂ ਸ਼ਾਹ ਸ਼ੁਜਾ ਨੂੰ ਆਜ਼ਾਦ ਕਰਾਇਆ ਅਤੇ ਉਸ ਤੋਂ ਕੋਹੇਨੂਰ ਹੀਰਾ ਪ੍ਰਾਪਤ ਕੀਤਾ ਅਤੇ ਅੰਤ ਵਿਚ ਕਸ਼ਮੀਰ ਨੂੰ ਆਪਣੇ ਅਧੀਨ ਕਰ ਲਿਆ। ਫਿਰ ਮੁਲਤਾਨ ਉਤੇ ਕਈ ਹਮਲੇ ਕੀਤੇ ਅਤੇ ਸੰਨ 1818 ਈ. ਵਿਚ ਨਵਾਬ ਮੁਜ਼ੱਫ਼ਰ ਖ਼ਾਨ ਨੂੰ ਹਰਾ ਕੇ ਆਪਣਾ ਕਬਜ਼ਾ ਕਰ ਲਿਆ।

ਮੁਲਤਾਨ ਨੂੰ ਜਿਤਣ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਨੇ ਸਿੰਧ ਦਰਿਆ ਦੇ ਪਾਰਲੇ ਪਾਸੇ ਦੇ ਅਫ਼ਗਾਨਾਂ ਨੂੰ ਅਧੀਨ ਕਰਨ ਦੀਆਂ ਮੁਹਿੰਮਾਂ ਚੜ੍ਹਾਈਆਂ। ਸੰਨ 1818 ਈ. ਦੇ ਅੰਤ ਵਿਚ ਪਿਸ਼ਾਵਰ, ਸੰਨ 1820 ਈ. ਵਿਚ ਡੇਰਾ ਗ਼ਾਜ਼ੀ ਖ਼ਾਨ ਅਤੇ ਫਿਰ ਸੰਨ 1821 ਈ. ਵਿਚ ਡੇਰਾ ਇਸਮਾਈਲ ਖ਼ਾਨ ਨੂੰ ਜਿਤਿਆ। ਸੰਨ 1836 ਈ. ਤੋਂ ਕਾਬੁਲ ਦੇ ਪ੍ਰਸ਼ਾਸਕ ਦੋਸਤ ਮੁਹੰਮਦ ਖ਼ਾਨ ਨੇ ਪਿਸ਼ਾਵਰ ਉਤੇ ਕਬਜ਼ਾ ਕਰਨ ਲਈ ਜਿਹਾਦ ਖੜਾ ਕੀਤਾ ਅਤੇ ਲਗਭਗ 25 ਹਜ਼ਾਰ ਸੈਨਿਕਾਂ ਅਤੇ 18 ਵੱਡੀਆਂ ਤੋਪਾਂ ਨਾਲ ਉਸ ਨੇ ਜਮਰੌਦ ਉਤੇ ਹਮਲਾ ਕੀਤਾ। 30 ਅਪ੍ਰੈਲ 1837 ਈ. ਨੂੰ ਹੋਈ ਭਿਆਨਕ ਲੜਾਈ ਵਿਚ ਭਾਵੇਂ ਸ. ਹਰੀ ਸਿੰਘ ਨਲਵਾ ਮਾਰਿਆ ਗਿਆ ਪਰ ਸਿੱਖ ਸੈਨਾ ਦਾ ਰੋਹਬ ਹਰ ਪਾਸੇ ਪਸਰ ਗਿਆ। ਇਸ ਘਟਨਾ ਤੋਂ ਬਾਦ ਨ ਸ਼ਾਹ ਸ਼ੁਜਾ ਅਤੇ ਨ ਹੀ ਦੋਸਮ ਮੁਹੰਮਦ ਖ਼ਾਨ ਨੇ ਲਾਹੌਰ ਦਰਬਾਰ ਦੇ ਇਲਾਕੇ ਵਲ ਵਧਣ ਦਾ ਯਤਨ ਕੀਤਾ। ਅੰਗ੍ਰੇਜ਼ਾਂ ਨਾਲ ਹੋਈ ਦੂਜੀ ਲੜਾਈ ਵਿਚ ਸਿੱਖਾਂ ਦੇ ਹਾਰਨ ਨਾਲ ਅਫ਼ਗ਼ਾਨਾਂ ਅਤੇ ਸਿੱਖਾਂ ਵਿਚਾਲੇ ਤਨਾਓ ਨਿਰਾਧਾਰ ਹੋ ਗਿਆ।

**ਸਿੱਖ ਭਗਤੀ :** ਸਿੱਖ ਧਰਮ ਵਿਚ ਸਵੀਕ੍ਰਿਤ ਭਗਤੀ ਨੂੰ 'ਗੁਰਮਤਿ-ਭਗਤੀ' ਦਾ ਨਾਂ ਦਿੱਤਾ ਜਾ ਸਕਦਾ ਹੈ। ਵਿਸਤਾਰ ਲਈ ਵੇਖੋ 'ਗੁਰਮਤਿ-ਭਗਤੀ', 'ਭਗਤੀ (ਸਿੱਖ) ਦਾ ਸਰੂਪ'।

**ਸਿੱਖ ਰਹਿਤ-ਮਰਯਾਦਾ** (ਪੁਸਤਿਕਾ) : ਇਸ ਨਾਂ ਦੀ ਪੁਸਤਿਕਾ ਦਾ ਪ੍ਰਕਾਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ ਵਲੋਂ ਹੋਇਆ ਹੈ। ਇਸ ਵਿਚ ਸਿੱਖ ਦੀ ਦੋ ਤਰ੍ਹਾਂ ਦੀ ਰਹਿਣੀ—ਸ਼ਖ਼ਸੀ ਅਤੇ ਪੰਥਕ— ਉਤੇ ਚਾਨਣਾ ਪਾਇਆ ਗਿਆ ਹੈ। ਇਸ ਦੇ ਖਰੜੇ ਬਾਰੇ ਪੁਸਤਿਕਾ ਦੇ ਆਰੰਭ ਵਿਚ ਲਿਖਿਆ ਹੈ—*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਰਹੁ-ਰੀਤ ਸਬ-ਕਮੇਟੀ' ਵਲੋਂ ਰਹੁ-ਰੀਤ ਦੇ ਖਰੜੇ ਦੀ ਪ੍ਰਵਾਨਗੀ 'ਸਰਬ-ਹਿੰਦ ਸਿੱਖ ਮਿਸ਼ਨ ਬੋਰਡ' ਨੇ ਆਪਣੇ ਮਤਾ ਨੰਬਰ 9, ਮਿਤੀ 1-8-36 ਰਾਹੀਂ ਅਤੇ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਆਪਣੇ ਮਤਾ ਨੰਬਰ 14, ਮਿਤੀ 12-10-36 ਦੁਆਰਾ ਦਿੱਤੀ ਅਤੇ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਧਾਰਮਿਕ ਸਲਾਹਕਾਰ ਕਮੇਟੀ' ਨੇ ਆਪਣੀ ਇਕੱਤ੍ਰਤਾ ਮਿਤੀ 7-1-45 ਵਿਖੇ ਇਸ ਨੂੰ ਵਿਚਾਰ ਕੇ ਇਸ ਵਿਚ ਕੁਝ ਵਾਧੇ ਘਾਟੇ ਕਰਨ ਦੀ ਸਿਫ਼ਾਰਸ਼ ਕੀਤੀ।... ਧਾਰਮਿਕ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ ਅਨੁਸਾਰ ਇਸ ਵਿਚ ਵਾਧਾ ਘਾਟਾ ਕਰਨ ਦੀ ਪ੍ਰਵਾਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਇਕੱਤ੍ਰਤਾ ਮਿਤੀ 3-2-45 ਦੇ ਮਤਾ ਨੰਬਰ 47 ਰਾਹੀਂ ਕੀਤੀ।*

ਚੂੰਕਿ ਇਹ ਮਰਯਾਦਾ ਸਿੱਖਾਂ ਦੀ ਸਰਵੁਚ ਕਮੇਟੀ ਦੁਆਰਾ ਪ੍ਰਵਾਨਿਤ ਹੈ, ਇਸ ਲਈ ਇਸ ਅਨੁਸਾਰ ਹਰ ਇਕ ਸਿੱਖ ਨੂੰ ਆਪਣੇ ਜੀਵਨ ਨੂੰ ਢਾਲਣਾ ਚਾਹੀਦਾ ਹੈ।

**ਸਿੱਖ ਰਿਆਸਤਾਂ :** ਜੂਨ 1716 ਈ. ਵਿਚ ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਪੰਜਾਬ ਵਿਚ ਅਰਾਜਕਤਾ ਦਾ ਵਾਤਾਵਰਣ ਪੈਦਾ ਹੋ ਗਆ। ਨਾਦਰਸ਼ਾਹ ਅਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਨੇ ਮੁਗ਼ਲ ਸਲਤਨਤ ਨੂੰ ਝੰਝੋੜ ਕੇ ਰਖ ਦਿੱਤਾ। ਪੰਜਾਬ ਵਿਚ ਕੋਈ ਵੀ ਮੁਗ਼ਲ ਪ੍ਰਸ਼ਾਸਕ ਅਮਨ ਚੈਨ ਕਾਇਮ ਕਰਨ ਵਿਚ ਕਾਮਯਾਬ ਨ ਹੋ ਸਕਿਆ। ਅਜਿਹੀ ਸਥਿਤੀ ਵਿਚ ਸਿੱਖਾਂ ਨੂੰ ਆਪਣੀ ਸੁਰਖਿਆ ਲਈ ਜੱਥੇ ਬਣਾਉਣੇ ਪਏ। ਸੰਨ 1734 ਈ. ਵਿਚ ਸਾਰੇ ਸਿੱਖ ਜੱਥਿਆਂ ਵਿਚ ਤਾਲ-ਮੇਲ ਕਾਇਮ ਕਰਨ ਅਤੇ ਪ੍ਰਬੰਧਕੀ ਵਿਵਸਥਾ ਨੂੰ ਸਹੀ ਦਿਸ਼ਾ ਦੇਣ ਲਈ ਨਵਾਬ ਕਪੂਰ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਨ੍ਹਾਂ ਨੂੰ ਦੋ ਦਲਾਂ ਵਿਚ ਵੰਡ ਦਿੱਤਾ — ਬੁਢਾ ਦਲ ਅਤੇ ਤਰੁਣਾ ਦਲ। ਸੰਨ 1748 ਈ. ਤਕ ਇਨ੍ਹਾਂ ਜੱਥਿਆਂ ਦੀ ਗਿਣਤੀ 65 ਤਕ ਪਹੁੰਚ ਗਈ। ਸ. ਜੱਸਾ ਸਿੰਘ ਆਹਲੂਵਾਲੀਆ ਨੇ 29 ਮਾਰਚ 1748 ਈ. ਦੇ ਸਰਬੱਤ ਖ਼ਾਲਸੇ ਵਲੋਂ 'ਦਲ ਖ਼ਾਲਸਾ' ਦੀ ਸਥਾਪਨਾ ਕਰਵਾ ਕੇ ਸਾਰੀ ਸਿੱਖ ਸ਼ਕਤੀ ਨੂੰ 11 ਮਿਸਲਾਂ ਵਿਚ ਵੰਡ ਦਿੱਤਾ। ਇਨ੍ਹਾਂ ਮਿਸਲਾਂ ਦਾ ਵਿਚਰਣ ਖੇਤਰ ਸਤਲੁਜ ਨਦੀ ਦੇ ਉਸ-ਪਾਰ ਸੀ ਅਤੇ ਸਤਲੁਜ ਨਦੀ ਦੇ ਇਸ ਪਾਰ ਫੂਲਕੀਆ ਮਿਸਲ ਕਾਇਮ ਹੋ ਚੁਕੀ ਸੀ ਜਿਸ ਦਾ ਖੇਤਰ ਅਧਿਕਤਰ ਮਾਲਵਾ ਸੀ। ਇਸ ਤਰ੍ਹਾਂ ਕੁਲ 12 ਮਿਸਲਾਂ ਬਣ ਗਈਆਂ।

ਮੂਲ ਰੂਪ ਵਿਚ ਆਪਣੀ ਰਖਿਆ ਲਈ ਬਣੇ ਜੱਥੇ ਪਰਿਸਥਿਤੀਆਂ ਦੇ ਅਨੁਕੂਲ ਹੋਣ ਨਾਲ ਸ਼ਕਤੀਵਰ ਮਿਸਲਾਂ ਬਣ ਗਈਆਂ। ਇਨ੍ਹਾਂ ਨੇ ਮਿਲ ਕੇ ਸਰਹਿੰਦ ਨੂੰ ਜਿਤਿਆ ਅਤੇ ਜ਼ੈਨ ਖ਼ਾਨ ਨਾਂ ਦੇ ਸੂਬੇਦਾਰ ਨੂੰ ਮਾਰਿਆ। ਇਸ ਤਰ੍ਹਾਂ ਮਿਸਲਾਂ ਦੀ ਸ਼ਕਤੀ ਵਧਦੀ ਗਈ ਅਤੇ ਉਸ ਵਕਤ ਦਾ ਸਾਰਾ ਪੰਜਾਬ ਇਨ੍ਹਾਂ ਦੇ ਘੋੜਿਆਂ ਦੀਆਂ ਟਾਪਾਂ ਅਧੀਨ ਹੋ ਗਿਆ। ਹਰ ਮਿਸਲ ਨੇ ਆਪਣਾ ਆਪਣਾ ਇਲਾਕਾ ਮਲ ਲਿਆ। ਇਸ ਨਾਲ ਇਨ੍ਹਾਂ ਦੀ ਪਰਸਪਰ ਏਕਤਾ ਅਤੇ ਸਾਂਝੇ ਉਦੇਸ਼ ਲਈ ਜੱਥੇਬੰਦ ਹੋ ਕੇ ਲੜਨ ਦੀ ਥਾਂ ਆਪਸੀ ਹਿੱਤਾਂ ਅਤੇ ਇਲਾਕਿਆਂ ਕਾਰਣ ਲੜਨਾ ਸ਼ੁਰੂ ਹੋ ਗਿਆ। ਇਸ ਨਾਲ ਇਨ੍ਹਾਂ ਦੇ ਏਕਤਾ ਦੀ ਭਾਵਨਾ ਨੂੰ ਬਹੁਤ ਧੱਕਾ ਲਗਾ। ਕਪੂਰਥਲਾ ਨੂੰ ਛਡ ਕੇ ਸਤਲੁਜ ਪਾਰ ਦੀਆਂ ਸਾਰੀਆਂ ਰਿਆਸਤਾਂ ਹੌਲੀ ਹੌਲੀ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦਰਬਾਰ ਅਧੀਨ ਕਰ ਲਈਆਂ।

ਮਾਲਵਾ ਖੇਤਰ ਵਿਚ ਫੂਲਕੀਆ ਮਿਸਲ ਦੀਆਂ ਰਿਆਸਤਾਂ ਹੋਂਦ ਵਿਚ ਆ ਗਈਆਂ, ਜਿਵੇਂ ਪਟਿਆਲਾ, ਨਾਭਾ, ਜੀਂਦ ਅਤੇ ਕੈਥਲ। ਇਨ੍ਹਾਂ ਤੋਂ ਇਲਾਵਾ ਫ਼ਰੀਦਕੋਟ ਅਤੇ ਕਸਲੀਆ ਰਿਆਸਤਾਂ ਦੀ ਵੀ ਸੁਤੰਤਰ ਹੋਂਦ ਹੋ ਗਈ। ਕਪੂਰਥਲਾ ਸਮੇਤ ਇਹ ਸੱਤ ਰਿਆਸਤਾਂ ਕਾਇਮ ਹੋ ਗਈਆਂ। ਇਨ੍ਹਾਂ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧ ਸੁਖਾਵੇਂ ਰਹੇ। ਪਰ ਮਹਾਰਾਜੇ ਦੀ ਵਿਸਤਾਰਵਾਦੀ ਰੁਚੀ ਤੋਂ ਅੰਦਰੋਂ-ਅੰਦਰ ਇਨ੍ਹਾਂ ਰਿਆਸਤਾਂ ਦੇ ਸੁਆਮੀ ਡਰਨ ਵੀ ਲਗ ਗਏ। ਇਨ੍ਹਾਂ ਨੇ ਅੰਗ੍ਰੇਜ਼ ਸਰਕਾਰ ਤੋਂ ਲੋੜ ਵੇਲੇ ਸੁਰਖਿਆ ਪ੍ਰਾਪਤੀ ਦੀ ਆਸ ਵਿਚ, ਆਪਣੇ ਵਲੋਂ ਵੀ ਲੋੜ ਪੈਣ 'ਤੇ ਅੰਗ੍ਰੇਜ਼ਾਂ ਦੀ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ। ਪਹਿਲੀ ਅੰਗ੍ਰੇਜ਼-ਸਿੱਖ ਲੜਾਈ ਵੇਲੇ ਪਟਿਆਲਾ, ਜੀਂਦ, ਫ਼ਰੀਦਕੋਟ ਅਤੇ ਕਲਸੀਆ ਨੇ ਅੰਗ੍ਰੇਜ਼ਾਂ ਦੀ ਮਦਦ ਕੀਤੀ, ਜਦ ਕਿ ਨਾਭਾ, ਕਪੂਰਥਲਾ ਅਤੇ ਲਾਡਵਾ ਆਦਿ ਨੇ ਸੰਕੋਚ ਕੀਤਾ। ਫਲਸਰੂਪ ਮਦਦ ਕਰਨ ਵਾਲਿਆਂ ਨੂੰ ਅੰਗ੍ਰੇਜ਼ ਸਰਕਾਰ ਵਲੋਂ ਸ਼ੁਕਰਾਨੇ ਵਜੋਂ ਹੋਰ ਇਲਾਕੇ, ਇਨਾਮ ਅਤੇ ਖ਼ਿਤਾਬ ਮਿਲੇ ਜਦ ਕਿ ਦੂਜੀਆਂ ਰਿਆਸਤਾਂ ਤੋਂ ਕੁਝ ਇਲਾਕੇ ਖੋਹ ਲਏ ਗਏ ਅਤੇ ਲਾਡਵਾ, ਕੈਥਲ ਆਦਿ ਰਿਆਸਤਾਂ ਦਾ ਸਭ ਕੁਝ ਜ਼ਬਤ ਕਰ ਲਿਆ ਗਿਆ।

ਸੰਨ 1857 ਈ. ਦੇ ਗ਼ਦਰ ਵੇਲੇ ਇਨ੍ਹਾਂ ਰਿਆਸਤਾਂ ਨੇ ਅੰਗ੍ਰੇਜ਼ਾਂ ਦੀ ਬਹੁਤ ਮਦਦ ਕੀਤੀ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਨੂੰ ਨ ਕੇਵਲ ਹੋਰ ਇਲਾਕੇ ਪ੍ਰਦਾਨ ਕੀਤੇ ਗਏ, ਸਗੋਂ ਮੁਤਬੰਨਾ ਬਣਾਉਣ ਦਾ ਹੱਕ ਵੀ ਦਿੱਤਾ ਗਿਆ। ਇਸ ਤੋਂ ਇਲਾਵਾ ਅਨੇਕ ਪ੍ਰਕਾਰ ਦੇ ਖ਼ਿਤਾਬਾਂ ਅਤੇ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਖ਼ਿਰਾਜ ਦੇਣ ਬਾਰੇ ਕਈ ਛੋਟਾਂ ਦਿੱਤੀਆਂ ਗਈਆਂ। ਇਸ ਤਰ੍ਹਾਂ ਇਹ ਰਿਆਸਤਾਂ ਅੰਗ੍ਰੇਜ਼ ਰਾਜ ਵਿਚ ਆਪਣੀ ਹੋਂਦ ਕਾਇਮ ਰਖ ਸਕੀਆਂ। ਦੇਸ਼ ਦੀ ਆਜ਼ਾਦੀ ਤੋਂ ਬਾਦ ਇਨ੍ਹਾਂ ਨੂੰ ਪੈਪਸੂ ਨਾਂ ਦੀ ਯੂਨੀਅਨ ਵਿਚ ਸਮੋ ਦਿੱਤਾ ਗਿਆ ਅਤੇ ਸੰਨ 1956 ਈ. ਵਿਚ ਪੈਪਸੂ ਨੂੰ ਵੀ ਪੂਰਬੀ ਪੰਜਾਬ ਦਾ ਅੰਗ ਬਣਾ ਦਿੱਤਾ ਗਿਆ। ਇਸ ਤਰ੍ਹਾਂ ਇਨ੍ਹਾਂ ਰਿਆਸਤਾਂ ਦੀ ਸੁਤੰਤਰ ਹੋਂਦ ਖ਼ਤਮ ਹੋ ਗਈ। ਇਨ੍ਹਾਂ ਬਾਰੇ ਵੇਖੋ ਸੁਤੰਤਰ ਇੰਦਰਾਜ।

**ਸਿੱਖ ਰੈਫ੍ਰੈਂਸ ਲਾਇਬ੍ਰੇਰੀ :** ਇਸ ਲਾਇਬ੍ਰੇਰੀ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤੇ ਨੰ. 822 ਮਿਤੀ 27 ਅਕਤੂਬਰ 1946 ਈ. ਅਨੁਸਾਰ ਹੋਈ ਸੀ। ਇਸ ਦਾ ਪਿਛੋਕੜ 'ਸਿੱਖ ਹਿਸਟੋਰੀਕਲ ਸੋਸਾਇਟੀ' ਨਾਲ ਜੋੜਿਆ ਜਾਂਦਾ ਹੈ, ਜਿਸ ਦੀ ਸਥਾਪਨਾ ਸੰਨ 1930 ਈ. ਵਿਚ ਬਾਵਾ ਬੁੱਧ ਸਿੰਘ ਦੇ ਉਦਮ ਨਾਲ ਲਾਹੌਰ ਵਿਚ ਹੋਈ ਸੀ। ਬਾਵਾ ਜੀ ਦੀ ਮ੍ਰਿਤੂ ਤੋਂ ਬਾਦ ਭਾਵੇਂ ਉਹ ਸੋਸਾਇਟੀ ਅਗੇ ਨ ਚਲ ਸਕੀ, ਪਰ ਇਕ ਗੱਲ ਮੰਨਣੀ ਪਵੇਗੀ ਕਿ ਉਸ ਸੋਸਾਇਟੀ ਦੇ ਸੰਕਲਪ ਨੇ ਇਕ ਸੈਂਟ੍ਰਲ ਸਿੱਖ ਲਾਇਬ੍ਰੇਰੀ ਕਾਇਮ ਕਰਨ ਦੇ ਵਿਚਾਰ ਨੂੰ ਜਨਮ ਦਿੱਤਾ ਜਿਸ ਵਿਚ ਸਿੱਖ ਗੁਰੂ ਸਾਹਿਬਾਨ, ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੋਥੀਆਂ, ਬੀੜਾਂ, ਦਸਤਾਵੇਜ਼ਾਂ ਅਤੇ ਪੁਸਤਕਾਂ ਨੂੰ ਸੰਭਾਲਿਆ ਜਾ ਸਕੇ ਅਤੇ ਖੋਜ ਕਰਨ ਵਾਲਿਆਂ ਨੂੰ ਇਕੋ ਥਾਂ 'ਤੇ ਹਰ ਪ੍ਰਕਾਰ ਦੀ ਜਾਣਕਾਰੀ ਉਪਲਬਧ ਹੋ ਸਕੇ।

ਉਕਤ ਆਸ਼ੇ ਨੂੰ ਲੈ ਕੇ 10 ਫ਼ਰਵਰੀ 1945 ਈ. ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਰਾਜਕੁਮਾਰੀ ਬੰਬਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਕਈ ਵਿਦਵਾਨਾਂ, ਬੁੱਧੀਜੀਵੀਆਂ ਅਤੇ ਇਤਿਹਾਸਕਾਰਾਂ ਨੇ ਭਾਗ ਲਿਆ। ਉਸ ਮੀਟਿੰਗ ਵਿਚ ਨਵੇਂ ਸਿਰਿਓਂ 'ਸਿੱਖ ਹਿਸਟੋਰੀਕਲ ਸੋਸਾਇਟੀ' ਬਣਾਈ ਗਈ, ਜਿਸ ਦੀ ਰਸਮੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਚ 29 ਅਪ੍ਰੈਲ, 1945 ਈ. ਵਿਚ ਹੋਈ। ਉਸ ਮੀਟਿੰਗ ਵਿਚ ਇਸ ਸੋਸਾਇਟੀ ਦੇ ਨਿਯਮ ਬਣਾਏ ਗਏ ਅਤੇ ਕਾਰਜਸਾਧਕ ਕਮੇਟੀ ਵੀ

ਸਥਾਪਿਤ ਕੀਤੀ ਗਈ। ਇਸ ਕਮੇਟੀ ਵਿਚ ਪ੍ਰੋ. ਤੇਜਾ ਸਿੰਘ, ਬਾਵਾ ਪ੍ਰੇਮ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ. ਗੁਰਮੁਖ ਨਿਹਾਲ ਸਿੰਘ ਅਤੇ ਪ੍ਰੋ. ਗੰਡਾ ਸਿੰਘ ਸ਼ਾਮਲ ਹੋਏ। ਇਸ ਕਮੇਟੀ ਨੇ 'ਸੈਂਟ੍ਰਲ ਸਿੱਖ ਲਾਇਬ੍ਰੇਰੀ' ਬਣਾਉਣ ਦਾ ਫ਼ੈਸਲਾ ਕੀਤਾ। ਬਾਦ ਵਿਚ ਉਸ ਲਾਇਬ੍ਰੇਰੀ ਦਾ ਨਾਂ ਬਦਲ ਕੇ 'ਸਿੱਖ ਰੈਫ਼੍ਰੈਂਸ ਲਾਇਬ੍ਰੇਰੀ' ਕਰ ਦਿੱਤਾ।

ਇਸ ਲਾਇਬ੍ਰੇਰੀ ਵਿਚ ਹੌਲੀ ਹੌਲੀ ਪੁਸਤਕਾਂ ਅਤੇ ਦਸਤਾਵੇਜ਼ਾਂ ਦਾ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇਸ ਵਿਚ ਸੰਭਾਲੀਆਂ ਹੋਈਆਂ ਹੱਥ-ਲਿਖਿਤ ਪੋਥੀਆਂ, ਬੀੜਾਂ ਆਦਿ ਦੀ ਸੂਚੀ 'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ' ਨਾਂ ਅਧੀਨ ਸੰਨ 1968 ਈ. ਵਿਚ ਛਾਪ ਦਿੱਤੀ ਗਈ। ਉਸ ਤੋਂ ਬਾਦ ਵੀ ਬਹੁਤ ਸਾਰੀਆਂ ਹੱਥ-ਲਿਖਿਤਾਂ ਪ੍ਰਾਪਤ ਹੋਈਆਂ ਜਿਨ੍ਹਾਂ ਦੀ ਗਿਣਤੀ ਸੰਨ 1984 ਈ. ਵਿਚ 'ਨੀਲਾ ਤਾਰਾ ਸਾਕਾ' (Blue Star Operation) ਵੇਲੇ 1500 ਤਕ ਪਹੁੰਚ ਚੁਕੀ ਸੀ। ਇਨ੍ਹਾਂ ਵਿਚੋਂ ਕਈ ਇਤਿਹਾਸਿਕ ਪੱਖ ਤੋਂ ਬਹੁਤ ਅਹਿਮ ਸਨ। ਪਰ ਦਸਿਆ ਜਾਂਦਾ ਹੈ ਕਿ ਨੀਲਾ ਤਾਰਾ ਸਾਕਾ ਵੇਲੇ ਇਹ ਸਾਰੀਆਂ ਸੜ ਗਈਆਂ ਸਨ ਅਤੇ ਲਾਇਬ੍ਰੇਰੀ ਪੂਰੀ ਤਰ੍ਹਾਂ ਅਗਨ ਭੇਂਟ ਹੋ ਗਈ ਸੀ। ਪਰ ਸੀ.ਬੀ.ਆਈ. ਦੇ ਇਕ ਸੇਵਾ-ਮੁਕਤ ਇੰਸਪੈਕਟਰ ਨੇ ਜ਼ਾਹਿਰ ਕੀਤਾ ਹੈ ਕਿ ਲਾਇਬ੍ਰੇਰੀ ਵਿਚ ਸੰਭਾਲੀਆਂ ਹੋਈਆਂ ਸਾਰੀਆਂ ਪੋਥੀਆਂ, ਬੀੜਾਂ ਅਤੇ ਹੁਕਮਨਾਮੇ 165 ਬੋਰੀਆਂ ਵਿਚ ਪਾ ਕੇ ਪਹਿਲਾਂ ਯੂਥ ਹੋਸਟਲ, ਅੰਮ੍ਰਿਤਸਰ ਵਿਚ ਰਖੇ ਗਏ, ਉਸ ਤੋਂ ਬਾਦ ਸਾਰੀ ਸਾਮਗ੍ਰੀ ਕਿਸੇ ਅਗਿਆਤ ਥਾਂ ਤੇ ਪਹੁੰਚਾ ਦਿੱਤੀ ਗਈ। ਹੁਣ ਇਹ ਕਿਥੇ ਹੈ ? ਕਿਸੇ ਨੂੰ ਕੁਝ ਪਤਾ ਨਹੀਂ। ਲੀਡਰਾਂ ਦੇ ਪਰਸਪਰ ਵਿਰੋਧੀ ਬਿਆਨ ਅਕਸਰ ਛਪਦੇ ਰਹਿੰਦੇ ਹਨ। ਪਰ ਅਫ਼ਸੋਸ ਕਿ ਇਸ ਕੀਮਤੀ ਖ਼ਜ਼ਾਨੇ ਨਾਲ ਕੀ ਵਾਪਰਿਆ? ਕਿਸੇ ਨੂੰ ਗਿਆਤ ਨਹੀਂ।

**ਸਿੱਖਾਂ ਅਤੇ ਅੰਗ੍ਰੇਜ਼ਾਂ ਦੀ ਦੂਜੀ ਲੜਾਈ** : ਵੇਖੋ 'ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ'।

**ਸਿੱਖਾਂ ਅਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ** : ਵੇਖੋ 'ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ'।

**ਸਿੱਖਾਂ ਦੀ ਭਗਤਮਾਲਾ** : ਵੇਖੋ 'ਭਗਤ ਰਤਨਾਵਲੀ'।

**ਸਿੱਖਾਂ ਦੇ ਰਾਜ ਦੀ ਵਿਥਿਆ** : ਸਿੱਖਾਂ ਬਾਰੇ ਸ਼ਰਧਾ ਰਾਮ ਫਿਲੌਰੀ ਦੀ ਲਿਖੀ ਇਕ ਪੁਸਤਕ। ਵੇਖੋ 'ਸ਼ਰਧਾ ਰਾਮ ਫਿਲੌਰੀ'।

**ਸਿੱਖੀ** : ਸਿੱਖ ਦੀ ਮਰਯਾਦਾ ਜਾਂ ਜੀਵਨ-ਵਿਧੀ ਹੀ 'ਸਿੱਖੀ' ਹੈ। ਇਸ ਬਾਰੇ ਗੁਰਬਾਣੀ ਵਿਚ ਅਨੇਕ ਥਾਂਵਾਂ ਉਤੇ ਕਥਨ ਮਿਲ ਜਾਂਦੇ ਹਨ, ਪਰ ਇਸ ਦੇ ਸਰੂਪ ਦਾ ਵਿਸਤਾਰ ਸਹਿਤ ਵਰਣਨ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਸਵੈਯਾਂ ਵਿਚ ਹੋਇਆ ਹੈ ਕਿਉਂਕਿ ਇਨ੍ਹਾਂ ਦਾ ਰਚਨਾ-ਉਦੇਸ਼ ਹੀ ਸਿੱਖ, ਸਿੱਖੀ, ਗੁਰੂ ਸਿੱਖ ਸੰਬੰਧ ਆਦਿ ਵਿਸ਼ਿਆਂ ਦਾ ਵਿਸ਼ਲੇਸ਼ਣ ਹੀ ਰਿਹਾ ਹੈ। ਅਸਲ ਵਿਚ 'ਸਿੱਖੀ' ਦੀ ਪਾਲਨਾ ਬੜੀ ਕਠਿਨ ਸਾਧਨਾ ਹੈ। ਭਾਈ ਗੁਰਦਾਸ ਅਨੁਸਾਰ — *ਗੁਰਸਿਖੀ ਬਾਰੀਕ ਹੈ ਉਹ ਵਾਲਹੁ ਨਿਕੀ। ਤ੍ਰਿਖੀ ਖੰਡੇਹਾਰ ਹੈ ਉਹ ਵਾਲਹੁ ਨਿੱਕੀ।*(ਵਾਰ 9)। ਇਕ ਹੋਰ ਥਾਂ 'ਤੇ ਵੀ ਭਾਈ ਜੀ ਨੇ ਕਿਹਾ ਹੈ — *ਵਾਲਹੁੰ ਨਿਕੀ ਆਖੀਐ ਖੰਡੇ ਧਾਰਹੁੰ ਸੁਣੀਐ ਤਿਖੀ। ਸਤਿਗੁਰੁ ਤੁਠੇ ਪਾਈਐ ਸਾਧ ਸੰਗਤ ਗੁਰਮਤਿ ਗੁਰਸਿਖੀ।*(ਵਾਰ 28)।

ਭਾਈ ਮਨੀ ਸਿੰਘ ਨੇ 'ਸਿੱਖਾਂ ਦੀ ਭਗਤਮਾਲਾ' ਵਿਚ ਲਖਨਊ ਨਿਵਾਸੀ ਭਾਈ ਚੂਹੜ ਪਾਸੋਂ ਛੇਵੇਂ ਗੁਰੂ ਜੀ ਨੂੰ ਪ੍ਰਸ਼ਨ ਕਰਵਾ ਕੇ ਅਤੇ ਫਿਰ ਗੁਰੂ ਜੀ ਵਲੋਂ ਉਸ ਦੇ ਉਤਰ ਵਿਚ ਸਿੱਖੀ ਦੇ ਮੂਲ ਸੰਬੰਧੀ ਜਾਣਕਾਰੀ ਦਿੰਦਿਆਂ ਲਿਖਿਆ ਹੈ— *ਮਨ ਨੀਵਾਂ, ਸੇਵਾ ਟਹਿਲ, ਸਾਧ ਸੰਗਤਿ ਕਾ ਸੰਗ, ਸ਼ਬਦ ਦਾ ਅਭਿਆਸ ਸਮਝ (ਗਯਾਨ), ਜਿਸ ਨੇ ਜਗਤ ਕੋ ਝੂਠ ਅਤੇ ਪਰਮਾਤਮਾ ਕੋ ਸਤ ਜਾਤਾ ਹੈ ਸੋ ਸਿਖ ਹੈ, ਤੁਸੀਂ ਸਾਰੇ ਇਕ ਵਾਹਿਗੁਰੂ ਨੂੰ ਜਾਣਨਾ।*

ਸੰਖੇਪ ਵਿਚ 'ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ' ਸਿੱਖੀ ਦਾ ਮੂਲ-ਆਧਾਰ ਹੈ, ਬਾਕੀ ਸਭ ਕੁਝ ਇਸ ਦਾ ਸਰੂਪ ਵਿਸ਼ਲੇਸ਼ਣ ਹੈ। ਵੇਖੋ 'ਸਿੱਖ', 'ਪੰਥ'।

**ਸਿੰਗਲਾਦੀਪ/ਸਿੰਘਲਦੀਪ** : ਭਾਰਤ ਦੀ ਦੱਖਣ ਦਿਸ਼ਾ ਵਲ ਸਥਿਤ ਇਕ ਟਾਪੂ ਜਿਸ ਨੂੰ ਅਜ ਕਲ 'ਲੰਕਾ' ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੀ ਇਕ ਉਦਾਸੀ ਦੌਰਾਨ ਇਥੇ ਗਏ ਸਨ ਅਤੇ ਰਾਜਾ ਸ਼ਿਵਨਾਭ ਨਾਲ ਉਨ੍ਹਾਂ ਦੀ ਭੇਂਟ ਹੋਈ ਸੀ। ਰਵਾਇਤ ਅਨੁਸਾਰ 'ਪ੍ਰਾਣਸੰਗਲੀ' (ਵੇਖੋ) ਦਾ ਉਚਾਰਣ ਉਥੇ ਹੀ ਹੋਇਆ ਸੀ। 'ਹਕੀਕਤ ਰਾਹ ਮੁਕਾਮ

ਰਾਜੇ ਸਿਵਨਾਭ ਕੀ' (ਵੇਖੋ) ਦਾ ਪ੍ਰਸੰਗ ਸਿੰਗਲਾਦੀਪ ਨਾਲ ਹੀ ਜੁੜਦਾ ਹੈ। ਜਨਮਸਾਖੀ ਸਾਹਿਤ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਸਿੰਗਲਾਦੀਪ ਗਏ ਤਾਂ ਰਾਜਾ ਸ਼ਿਵਨਾਭ ਨੇ ਉਨ੍ਹਾਂ ਦੀ ਅਜ਼ਮਤ ਨੂੰ ਪਰਖਣ ਲਈ ਜਿਥੇ ਗੁਰੂ ਜੀ ਠਹਿਰੇ ਹੋਏ ਸਨ, ਉਥੇ ਸੁੰਦਰ ਕਾਮਨੀਆਂ ਨੂੰ ਭੇਜਿਆ। ਕਾਮ ਬਾਣਾਂ ਨਾਲ ਮੋਹਿਤ ਕਰਨ ਵਾਲੀਆਂ ਉਨ੍ਹਾਂ ਸੁੰਦਰੀਆਂ ਦੇ ਨਾਚ ਗਾਣੇ ਤੋਂ ਅਪ੍ਰਭਾਵਿਤ ਗੁਰੂ ਜੀ ਨੇ ਉਨ੍ਹਾਂ ਨੂੰ ਰਾਜਕੁਮਾਰੀਆਂ ਵਜੋਂ ਸੰਬੋਧਿਤ ਕੀਤਾ ਅਤੇ ਕਾਮ ਭਾਵ ਦਾ ਨਿਵਾਰਣ ਕਰਕੇ ਹਰਿ-ਭਗਤੀ ਵਿਚ ਲੀਨ ਹੋਣ ਦਾ ਸਦ-ਉਪਦੇਸ਼ ਦਿੱਤਾ— *ਗਾਛਹੁ ਪੁਤ੍ਰੀ ਰਾਜ ਕੁਆਰਿ। ਨਾਮੁ ਭਣਹੁ ਸਚੁ ਦੋਤੁ ਸਵਾਰਿ। ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ। ਗੁਰ ਸਬਦੀ ਬਿਖੁ ਤਿਆਸ ਨਿਵਾਰਿ।*(ਗੁ.ਗ੍ਰੰ.1187)।

ਕੁਝ ਵਿਦਵਾਨ ਸਿੰਗਲਾਦੀਪ ਦੇ ਸਥਾਨ ਅਤੇ ਸਥਿਤੀ ਬਾਰੇ ਸੰਦੇਹ ਪ੍ਰਗਟ ਕਰਦੇ ਹਨ। ਉਨ੍ਹਾਂ ਦਾ ਮਤ ਹੈ ਕਿ ਇਹ ਸਥਾਨ ਭਾਰਤ ਦੇ ਅੰਤਰਗਤ ਹੈ। ਇਥੋਂ ਦੀਆਂ ਇਸਤਰੀਆਂ ਸੁੰਦਰਤਾ ਵਿਚ ਬੇਜੋੜ ਮੰਨੀਆਂ ਜਾਂਦੀਆਂ ਹਨ। 'ਪਦਮਾਵਤ' ਨਾਂ ਦੇ ਪ੍ਰੇਮ-ਆਖਿਆਨ ਵਿਚ ਕਵੀ ਮਲਿਕ ਮੁਹੰਮਦ ਜਾਯਸੀ ਨੇ ਲੋਕ ਵਾਰਤਾ ਦੇ ਆਧਾਰ 'ਤੇ ਮੇਵਾੜ-ਪਤੀ ਰਾਜਾ ਰਤਨ ਸਿੰਘ ਦੀ ਪਤਨੀ ਪਦਮਾਵਤੀ ਨੂੰ ਸਿੰਗਲਾਦੀਪ ਦੇ ਰਾਜਾ ਗੰਧਰਵ ਸੈਨ ਦੀ ਪੁੱਤਰੀ ਮੰਨਿਆ ਹੈ।

**ਸਿੰਗਾਪੁਰ ਸਿੱਖ ਮਿਸ਼ਨਰੀ ਟ੍ਰੈਕਟ ਸੋਸਾਇਟੀ:** ਸ. ਭਾਗ ਸਿੰਘ ਦੁਆਰਾ ਸਿੰਗਾਪੁਰ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ 9 ਮਾਰਚ 1940 ਈ. ਨੂੰ ਸਥਾਪਿਤ ਕੀਤੀ ਗਈ ਇਕ ਸੰਸਥਾ ਜਿਸ ਦਾ ਦਫਤਰ 175 ਕੁਈਨ ਸਟਰੀਟ, ਸਿੰਗਾਪੁਰ ਵਿਚ ਸੀ। ਸੰਨ 1941 ਈ. ਵਿਚ ਇਸ ਦਾ ਨਾਂ ਬਦਲ ਕੇ 'ਸਿੱਖ ਮਿਸ਼ਨਰੀ ਟ੍ਰੈਕਟ ਸੋਸਾਇਟੀ, ਮਲਾਇਆ' ਕਰ ਦਿੱਤਾ ਗਿਆ। ਦੂਜੀ ਵੱਡੀ ਜੰਗ ਵੇਲੇ ਇਸ ਦੀ ਕਾਰਗੁਜ਼ਾਰੀ ਲਗਭਗ ਬੰਦ ਜਿਹੀ ਹੋ ਗਈ, ਪਰ ਸੰਨ 1946 ਈ. ਵਿਚ ਇਸ ਨੂੰ 'ਸਿੱਖ ਮਿਸ਼ਨਰੀ ਸੋਸਾਇਟੀ, ਮਲਾਇਆ' ਦੇ ਨਾਂ ਅਧੀਨ ਫਿਰ ਤੋਂ ਚਾਲੂ ਕੀਤਾ ਗਿਆ। ਇਸ ਸੋਸਾਇਟੀ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਅਤੇ ਗੁਰਬਾਣੀ ਪ੍ਰਤਿ ਲੋਕਾਂ ਵਿਚ ਰੁਚੀ ਪੈਦਾ ਕਰਨਾ ਸੀ। ਇਸ ਤੋਂ ਇਲਾਵਾ ਸਿੱਖ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕਰਨਾ ਵੀ ਸੀ।

ਸਥਾਪਨਾ ਦੇ ਪਹਿਲੇ ਸਾਲ ਵਿਚ ਪੰਜਾਬੀ, ਅੰਗ੍ਰੇਜ਼ੀ ਅਤੇ ਤਾਮਿਲ ਭਾਸ਼ਾਵਾਂ ਵਿਚ ਸਿੱਖ ਧਰਮ ਬਾਰੇ ਲਿਖਵਾਏ ਗਏ ਟ੍ਰੈਕਟਾਂ ਦੀਆਂ 26 ਹਜ਼ਾਰ ਕਾਪੀਆਂ ਮੁਫ਼ਤ ਵੰਡੀਆਂ ਗਈਆਂ। ਸੰਨ 1946 ਈ. ਤੋਂ 1965 ਈ. ਤਕ 30 ਵਿਸ਼ਿਆਂ ਸੰਬੰਧੀ ਲਿਖਵਾਏ ਟ੍ਰੈਕਟਾਂ ਦੀਆਂ ਇਕ ਲੱਖ ਕਾਪੀਆਂ ਵੰਡੀਆਂ ਗਈਆਂ। ਸਿੱਖ ਬੱਚਿਆਂ ਲਈ ਪੰਜਾਬੀ ਦੀਆਂ ਜਮਾਤਾਂ ਲਗਾਈਆਂ ਗਈਆਂ ਅਤੇ ਗੁਰਬਾਣੀ ਦੇ ਅਧਿਐਨ ਵਲ ਉਨ੍ਹਾਂ ਨੂੰ ਰੁਚਿਤ ਕੀਤਾ ਗਿਆ। ਇਸ ਸੰਸਥਾ ਨੇ ਮਲਾਇਆ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰਚਾਰਕ ਵੀ ਨਿਯੁਕਤ ਕੀਤੇ ਸਨ। ਅਜ-ਕਲ ਇਸ ਸੋਸਾਇਟੀ ਦੀ ਸਰਗਰਮੀ ਸਿੰਗਾਪੁਰ ਤਕ ਸੀਮਿਤ ਹੁੰਦੀ ਜਾ ਰਹੀ ਹੈ।

**ਸਿੰਘ** : ਸੰਸਕ੍ਰਿਤ ਭਾਸ਼ਾ ਦੇ 'ਸਿੰਹ' ਸ਼ਬਦ ਤੋਂ ਵਿਕਸਿਤ ਹੋਏ 'ਸਿੰਘ' ਦਾ ਅਰਥ ਹੈ 'ਸ਼ੇਰ'। ਹਿੰਦੁਸਤਾਨ ਵਿਚ ਲੋਕਾਂ ਦੇ ਨਾਂਵਾਂ ਦੇ ਆਖੀਰ ਉਤੇ 'ਸਿੰਘ' ਪਦ ਲਗਾਉਣ ਦੀ ਪੁਰਾਤਨ ਪਰੰਪਰਾ ਹੈ। ਰਾਜਪੂਤਾਂ ਵਿਚ ਅਕਸਰ ਨਾਵਾਂ ਅਗੇ 'ਸਿੰਘ' ਪਦ ਲਗਾਇਆ ਜਾਂਦਾ ਹੈ। ਇਸ ਪਿਛੇ ਉਨ੍ਹਾਂ ਦੀ ਬਹਾਦਰੀ ਦੀ ਭਾਵਨਾ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈ. ਵਿਚ ਜਦੋਂ 'ਖ਼ਾਲਸਾ' ਸਿਰਜਿਆ, ਤਾਂ ਉਸ ਨਵੇਂ ਭਾਈਚਾਰੇ ਦੇ ਸਾਰੇ ਮੈਂਬਰਾਂ ਵਿਚ ਸਮਾਨਤਾ ਪੈਦਾ ਕਰਨ ਲਈ, ਇਕ-ਸਾਰ ਮਰਯਾਦਾ ਦੇ ਪਾਲਨ ਦੀ ਤਾਕੀਦ ਕੀਤੀ। ਉਸ ਮਰਯਾਦਾ ਅਨੁਸਾਰ ਹਰ ਅੰਮ੍ਰਿਤਧਾਰੀ ਦਾ ਨਾਂ 'ਸਿੰਘ' ਪਦ ਨਾਲ ਸਮਾਪਤ ਹੋਣਾ ਚਾਹੀਦਾ ਹੈ। ਇਸ ਤੋਂ ਬਾਦ ਕਿਸੇ ਜਾਤੀ-ਵਾਚਕ ਵਿਸ਼ੇਸ਼ਣ ਜਾਂ ਸੰਗਿਆ ਨੂੰ ਵਰਤਣਾ ਵਰਜਿਤ ਹੈ। ਸਮੇਂ ਦੇ ਬੀਤਣ ਨਾਲ ਸਿੱਖ ਪਰਿਵਾਰ ਵਿਚ ਪੈਦਾ ਹੋਇਆਂ ਨੂੰ ਜਾਂ ਕਿਸੇ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਉਸ ਨੂੰ ਜੋ ਕੇਸਧਾਰੀ ਹੋਵੇ, 'ਸਿੰਘ' ਕਿਹਾ ਜਾਣ ਲਗਾ, ਚਾਹੇ ਉਹ ਅੰਮ੍ਰਿਤਧਾਰੀ ਹੋਵੇ ਜਾਂ ਨ ਹੋਵੇ।

ਹੌਲੀ ਹੌਲੀ ਪਿੰਡਾਂ ਦੇ ਨਾਂਵਾਂ ਨੂੰ ਸਿੰਘ ਪਦ ਤੋਂ ਬਾਦ ਅੰਤ ਉਤੇ ਜੋੜਿਆ ਜਾਣ ਲਗਾ ਤਾਂ ਜੋ ਉਸੇ ਨਾਂ ਦੇ ਹੋਰ ਵਿਅਕਤੀਆਂ ਤੋਂ ਨਿਖੇੜ ਪੈਦਾ ਕੀਤਾ ਜਾ ਸਕੇ। ਆਧੁਨਿਕ ਯੁਗ ਵਿਚ ਨਾਂਵਾਂ ਤੋਂ ਬਾਦ ਜਾਤਾਂ ਜਾਂ ਗੋਤਾਂ ਦੀ ਵਰਤੋਂ ਖੁਲ੍ਹੇਆਮ ਹੋਣ ਲਗ ਗਈ ਹੈ। ਪਤਿਤ ਜਾਂ ਕੇਸ ਕਤਲ ਕਰਾਉਣ ਵਾਲੇ ਵਿਅਕਤੀਆਂ ਦੇ ਨਾਂਵਾਂ ਨਾਲ ਵੀ 'ਸਿੰਘ' ਸ਼ਬਦ ਵਰਤ ਲਿਆ ਜਾਂਦਾ ਹੈ। ਇਸ ਨਾਲ ਅੰਮ੍ਰਿਤ- ਸੰਸਕਾਰ

ਵੇਲੇ ਦੀ ਮਰਯਾਦਾ ਖੰਡਿਤ ਹੋਣ ਲਗ ਗਈ ਹੈ। ਵੇਖੋ 'ਸਿੱਖ'।

**ਸਿੰਘ ਸਭਾ, ਭਸੌੜ :** ਵੇਖੋ 'ਭਸੌੜ ਸਿੰਘ ਸਭਾ'।

**ਸਿੰਘ ਸਭਾ ਲਹਿਰ :** ਸਿੰਘ ਸਭਾ ਦੀ ਸਥਾਪਨਾ ਉਦੋਂ ਹੋਈ, ਜਦੋਂ ਸਿੱਖ ਸਮਾਜ ਅਧੋਗਤੀ ਨੂੰ ਪਹੁੰਚ ਚੁਕਿਆ ਸੀ। ਸੰਨ 1849 ਈ. ਦੀ ਦੂਜੀ ਸਿੱਖ-ਅੰਗ੍ਰੇਜ਼ ਜੰਗ ਤੋਂ ਬਾਦ ਪੰਜਾਬ ਸਥਾਈ ਤੌਰ 'ਤੇ ਅੰਗ੍ਰੇਜ਼ੀ ਅਧਿਕਾਰ ਵਿਚ ਕਰ ਲਿਆ ਗਿਆ ਅਤੇ ਇਥੇ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਦਾ ਕੰਮ ਪੂਰੇ ਜ਼ੋਰ-ਸ਼ੋਰ ਨਾਲ ਆਰੰਭ ਕਰ ਦਿੱਤਾ। ਪੰਜਾਬ ਵਿਚ ਸਿੱਖ ਰਾਜ ਦੇ ਸਮਾਪਤ ਹੋ ਜਾਣ ਤੋਂ ਬਾਦ ਮਹਾਰਾਜਾ ਦਲੀਪ ਸਿੰਘ ਵੀ ਈਸਾਈ ਬਣ ਗਿਆ ਸੀ। ਅੰਮ੍ਰਿਤਸਰ ਦੇ ਚਾਰ ਵਿਦਿਆਰਥੀਆਂ ਨੇ ਈਸਾਈ ਧਰਮ ਵਿਚ ਪ੍ਰਵੇਸ਼ ਕਰਨ ਲਈ ਆਪਣਾ ਮਨ ਬਣਾ ਲਿਆ ਸੀ। ਅਜਿਹੀ ਦਸ਼ਾ ਵਿਚ ਪੰਥ ਦੇ ਦਰਦੀਆਂ ਦੀਆਂ ਅੱਖਾਂ ਖੁਲ੍ਹੀਆਂ। ਇਸ ਤੋਂ ਪਹਿਲਾਂ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਨੇ ਭਾਵੇਂ ਸਿੱਖਾਂ ਦੇ ਸੁਧਾਰ ਲਈ ਕੁਝ ਵਿਸ਼ੇਸ਼ ਕੰਮ ਕੀਤੇ ਸਨ ਪਰ ਕਈ ਕਾਰਣਾਂ ਕਰਕੇ ਉਹ ਦਰਪੇਸ਼ ਸਮਸਿਆਵਾਂ ਉਤੇ ਪੂਰੀ ਤਰ੍ਹਾਂ ਕਾਬੂ ਪਾਉਣ ਵਿਚ ਕਾਮਯਾਬ ਨ ਹੋ ਸਕੀਆਂ।

ਸਥਿਤੀ ਤੋਂ ਉਭਰਨ ਲਈ 28 ਜੁਲਾਈ, 1973 ਈ. ਨੂੰ ਸ. ਠਾਕੁਰ ਸਿੰਘ ਸੰਧਾਂਵਾਲੀਆ ਨੇ ਅੰਮ੍ਰਿਤਸਰ ਮਜੀਠੀਆ ਦੇ ਬੁੰਗੇ ਵਿਚ ਸਿੱਖ ਕੌਮ ਦੀਆਂ ਸਾਰੀਆਂ ਸੰਪ੍ਰਦਾਵਾਂ, ਧਰਮ-ਧਾਮਾਂ ਦੇ ਪ੍ਰਤਿਨਿਧੀਆਂ, ਗਿਆਨੀਆਂ, ਵਿਦਵਾਨਾਂ ਦਾ ਇਕ ਇਕੱਠ ਕੀਤਾ ਅਤੇ ਕੌਮ ਦੀ ਅਧੋਗਤੀ ਨੂੰ ਸਪੱਸ਼ਟ ਕਰਕੇ ਸਿੰਘ ਸਭਾ ਦੀ ਸਥਾਪਨਾ ਦਾ ਪ੍ਰਸਤਾਵ ਰਖਿਆ। ਇਸ ਤੋਂ ਬਾਦ 1 ਅਕਤੂਬਰ 1873 ਈ. ਨੂੰ ਦੁਪਹਿਰ ਦੇ ਦੋ ਵਜੇ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ 'ਸ੍ਰੀ ਗੁਰੂ ਸਿੰਘ ਸਭਾ' ਦੀ ਉਦਘਾਟਨੀ ਇਕਤ੍ਰਤਾ ਹੋਈ। ਇਹ ਸਭਾ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ' ਦੇ ਨਾਂ ਹੇਠ ਐਕਟ xxi 1860 ਅਧੀਨ ਸਥਾਪਿਤ ਕੀਤੀ ਗਈ। ਸਿੰਘ ਸਭਾ ਦੇ ਵਿਸ਼ੇਸ਼ ਨਿਯਮ ਅਤੇ ਉਦੇਸ਼ ਇਸ ਪ੍ਰਕਾਰ ਸਨ :

(1) ਤਮਾਮ ਸਿੱਖ ਭਾਈ ਅਤੇ ਖ਼ਾਲਸਾ ਜੀ ਨੂੰ ਸਿਖੀ ਧਰਮ ਦੇ ਨਾਲ ਪਿਆਰ ਰਖਣਾ।

(2) ਇਸ ਸਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਧਰਮ ਦੀ ਚਰਚਾ ਕਰਨੀ।

(3) ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਪਾਈ ਜਾਂਦੀ ਹੈ, ਉਹਨਾਂ ਨੂੰ ਛਪਵਾ ਕੇ ਪ੍ਰਗਟ ਕਰਨਾ।

(4) ਸੰਪ੍ਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਹਨਾਂ ਤਾਰੀਖੀ ਮਜ਼ਬੀ ਪੋਥੀਆਂ ਨੂੰ (ਜੈਸੇ ਜਨਮ ਸਾਖੀ ਅਤੇ ਗੁਰ ਪ੍ਰਨਾਲੀ ਆਦਿਕ), ਜਿਹਨਾਂ ਵਿਚ ਕਿਸੀ ਤਰ੍ਹਾਂ ਦਾ ਕੁਝ ਸ਼ੰਸਾ ਹੈ, ਉਹਨਾਂ ਨੂੰ ਅਸਲੇ ਕਢਾਇਕੇ ਅੱਗਾ-ਪਿਛਾ ਦੇਖ ਕੇ ਸ਼ੁਧ ਕਰਨਾ।

(5). ਪੰਜਾਬੀ ਜ਼ਬਾਨ ਦੁਆਰਾ ਇਲਮ ਮੁਰੱਵਜੇ ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਇ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਲਾਣੀਆਂ।

(6) ਜੋ ਲੋਕ ਸਿਖੀ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਇਸ ਦੇ ਵਿਰੁਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਸਿਖ ਲੋਕ ਤਖ਼ਤਾਂ ਤੋਂ ਖਾਰਜ ਹਨ ਅਥਵਾ ਜਿਨ੍ਹਾਂ ਨੇ ਆਪਣੇ ਕੇਸ਼ਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫਸਦ ਗਿਣੇ ਗਏ ਹੋਣ ਅਥਵਾ ਜੋ ਸੁਲਾਹ ਮਿਨਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਹਨਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਤੇ ਅਗੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।

(7) ਵਡੇ ਮਰਤਬੇ ਵਾਲੇ ਅੰਗਰੇਜ਼ ਬਹਾਦੁਰ ਵਿਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਦੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪਕੀ ਤਰ੍ਹਾਂ ਮਲੂਮ ਹੋ ਜਾਵਣ ਜੋ ਉਹ ਸਿਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖੈਰ-ਖਵਾਹ ਹਨ।

(8) ਕਿਸੀ ਦੂਸਰੇ ਮਤ ਦੇ ਵਿਰੁਧ ਕਹਿਣਾ ਸੁਣਨਾ ਅਥਵਾ ਲਿਖਣਾ 'ਸ੍ਰੀ ਗੁਰੂ ਸਿੰਘ ਸਭਾ' ਦਾ ਕੰਮ ਨਹੀਂ।

(9) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤਲਕ ਨਹੀਂ ਕੀਤੀ ਜਾਵੇਗੀ।

(10) ਖੈਰ-ਖੁਆਹੀ ਕੌਮ, ਫਰਮਾਬਰਦਾਰੀ ਸਰਕਾਰੀ, ਸਿੱਖੀ ਧਰਮ ਨਾਲ ਪਿਆਰ ਅਤੇ ਉਨਤੀ ਕਰਨਾ ਵਿਦਿਔਆ ਦਾ ਪੰਜਾਬੀ ਜ਼ਬਾਨ ਦਵਾਰਾ ਅਤੇ ਮਸਲੇਹਤ ਉਸ ਦੀ ਹਰ ਬਾਤ ਵਿਚ ਲਿਹਾਜ ਕਰਨਾ।

ਇਸ ਸਭਾ ਦੀਆਂ ਹਫ਼ਤਾਵਾਰ ਬੈਠਕਾਂ ਆਮ ਕਰਕੇ

ਮੰਜੀ ਸਾਹਿਬ ਵਿਖੇ ਹੋਇਆ ਕਰਦੀਆਂ ਸਨ। ਇਨ੍ਹਾਂ ਵਿਚ ਭਾਗ ਲੈਣ ਵਾਲੇ ਮੈਂਬਰ ਆਪਣੇ ਪੱਖ ਨੂੰ ਬੜੇ ਸਤਿਕਾਰ ਨਾਲ ਪੇਸ਼ ਕਰਿਆ ਕਰਦੇ ਸਨ ਅਤੇ ਬੜੇ ਅਦਬ ਆਦਾਬ ਨਾਲ ਵਿਚਾਰ-ਵਟਾਂਦਰਾ ਹੁੰਦਾ ਸੀ। ਇਸ ਪ੍ਰਕਾਰ ਦੀਆਂ ਬਹਿਸਾਂ ਦੀ ਲੜੀ ਕਤਕ ਸੁਦੀ 4 ਸੰਮਤ ਨਾਨਕਸ਼ਾਹੀ 404 (ਸੰਨ 1873 ਈ.) ਤੋਂ ਆਰੰਭ ਹੋਈ। ਪਹਿਲਾ ਪ੍ਰਸ਼ਨ ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ ਗਿਆਨੀ ਸਰਦੂਲ ਸਿੰਘ ਨੇ ਉਠਾਇਆ। ਇਸ ਉਪਰ ਤਿੰਨ ਸਾਲ ਬਹਿਸ ਹੁੰਦੀ ਰਹੀ। ਅਗੋਂ ਲਈ ਅਜਿਹੀਆਂ ਗੱਲਾਂ ਉਪਰ ਖੋਜ ਕਰਨ ਦਾ ਕੰਮ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ', ਅੰਮ੍ਰਿਤਸਰ ਦੇ ਹਵਾਲੇ ਕਰ ਦਿੱਤਾ ਗਿਆ।

ਸਿੱਖ ਧਰਮ ਦੇ ਪ੍ਰਚਾਰ ਲਈ ਇਸ ਸਭਾ ਨੇ ਟ੍ਰੈਕਟ ਪ੍ਰਕਾਸ਼ਿਤ ਕੀਤੇ। ਇਨ੍ਹਾਂ ਟ੍ਰੈਕਟਾਂ ਤੋਂ ਛੁਟ ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖ਼ਾਲਸਾ', 'ਪੰਥ ਪ੍ਰਕਾਸ਼' ਆਦਿ, ਪ੍ਰੋ. ਤਾਰਾ ਸਿੰਘ ਨਰੋਤਮ ਨੇ 'ਗੁਰੂ ਗ੍ਰੰਥ ਕੋਸ਼' ਅਤੇ 'ਗੁਰ ਤੀਰਥ ਸੰਗ੍ਰਹਿ' ਨਾਂ ਦੇ ਗ੍ਰੰਥ ਪ੍ਰਕਾਸ਼ਿਤ ਕਰਵਾਏ।

ਸਿੰਘ ਸਭਾ ਅੰਮ੍ਰਿਤਸਰ ਦੇ ਕਾਰਕੁਨ ਅਕਸਰ ਰਈਸ ਪਰਿਵਾਰਾਂ ਨਾਲ ਸੰਬੰਧ ਰਖਦੇ ਸਨ ਜਿਵੇਂ ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕ੍ਰਮ ਸਿੰਘ ਫ਼ਰੀਦਕੋਟ, ਕੰਵਰ ਬਿਕ੍ਰਮਾ ਸਿੰਘ ਕਪੂਰਥਲਾ, ਸ. ਠਾਕੁਰ ਸਿੰਘ ਸੰਧਾਂਵਾਲੀਆ, ਸ. ਮਿਹਰ ਸਿੰਘ ਚਾਵਲਾ, ਡਾ. ਜੈ ਸਿੰਘ, ਭਾਈ ਮਈਆ ਸਿੰਘ ਆਦਿ। ਇਸ ਸਭਾ ਦਾ ਪਹਿਲਾ ਪ੍ਰਧਾਨ ਸ. ਠਾਕੁਰ ਸਿੰਘ ਸੰਧਾਵਾਲੀਆ ਅਤੇ ਪਹਿਲਾ ਸਕੱਤਰ ਗਿਆਨੀ ਗਿਆਨ ਸਿੰਘ ਸੀ।

ਕੁਝ ਸਮੇਂ ਬਾਦ ਪਰਸਪਰ ਸਿੱਧਾਂਤਿਕ ਵਿਰੋਧਾਂ ਕਰਕੇ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ, ਲਾਹੌਰ ਨੇ ਅੰਮ੍ਰਿਤਸਰ ਦੀ ਸਿੰਘ ਸਭਾ ਤੋਂ ਵਖ ਹੋ ਕੇ 2 ਨਵੰਬਰ, 1879 ਈ. ਨੂੰ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ। ਲਾਹੌਰ ਸਿੰਘ ਸਭਾ ਵਿਚ ਮੱਧ ਸ਼੍ਰੇਣੀ ਅਤੇ ਨੀਵੀਆਂ ਸ਼੍ਰੇਣੀਆਂ ਦੀ ਪ੍ਰਤਿਨਿਧਤਾ ਸੀ ਅਤੇ ਇਸ ਦੇ ਮੈਂਬਰ ਬੜੇ ਪ੍ਰਬੁੱਧ ਅਤੇ ਪਰੰਪਰਾਈ ਸਥਾਪਨਾਵਾਂ ਤੋਂ ਸੁਤੰਤਰ ਸਨ। ਇਸ ਸਭਾ ਦਾ ਪਹਿਲਾ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਪਹਿਲਾ ਸਕੱਤਰ ਪ੍ਰੋ. ਗੁਰਮੁਖ ਸਿੰਘ ਸੀ। ਇਸ ਸਭਾ ਦੇ ਹੋਰ ਮੁੱਖ ਕਾਰਕੁਨ ਭਾਈ ਹਰਸਾ ਸਿੰਘ ਗ੍ਰੰਥੀ ਦਰਬਾਰ ਸਾਹਿਬ ਤਰਨਤਾਰਨ, ਭਾਈ ਜਵਾਹਿਰ ਸਿੰਘ, ਦਿੱਤ ਸਿੰਘ ਗਿਆਨੀ, ਲੱਛਮਣ ਸਿੰਘ ਭਗਤ ਆਦਿ ਸਨ। ਇਨ੍ਹਾਂ ਮੈਂਬਰਾਂ ਨੇ ਇਸ ਸਭਾ ਦੀ ਕਾਮਯਾਬੀ ਲਈ ਸਿਰਤੋੜ ਯਤਨ ਕੀਤੇ। ਇਸ ਸਭਾ ਦੇ ਮੁੱਖ ਮੰਤਵਾਂ ਵਿਚ ਸਿੱਖ ਮਤ ਦਾ ਪ੍ਰਚਾਰ, ਧਾਰਮਿਕ ਗ੍ਰੰਥਾਂ ਦਾ ਪ੍ਰਕਾਸ਼ਨ, ਪੰਜਾਬੀ ਭਾਸ਼ਾ ਦੀ ਤਰੱਕੀ ਤੋਂ ਇਲਾਵਾ ਖ਼ੈਰ-ਖ਼ੁਵਾਹੀ ਕੌਮ, ਫਰਮਾ-ਬਰਦਾਰੀ ਸਰਕਾਰ ਨੂੰ ਵੀ ਮੁੱਖ ਰਖਿਆ ਜਾਂਦਾ ਸੀ। ਇਸ ਸਭਾ ਦੇ ਉਦਮ ਨਾਲ ਪ੍ਰਚਾਰ ਦੀ ਗਤਿ ਨੂੰ ਤਿੱਖਾ ਕਰਨ ਲਈ 10 ਨਵੰਬਰ 1880 ਨੂੰ 'ਗੁਰਮੁਖੀ ਅਖ਼ਬਾਰ' ਸ਼ੁਰੂ ਕੀਤਾ ਗਿਆ।

ਕੁਝ ਸਮੇਂ ਤਕ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਦੋਵੇਂ ਸਭਾਵਾਂ ਇਕ ਦੂਜੇ ਦੇ ਸਮਾਨਾਂਤਰ ਚਲਦੀਆਂ ਰਹੀਆਂ। ਪਰ ਕੁਝ ਸੁਲ੍ਹਾਕੁਨ ਲੋਕਾਂ ਨੇ ਇਸ ਵਿਰੋਧ ਨੂੰ ਗੰਭੀਰਤਾ ਨਾਲ ਲਿਆ ਅਤੇ ਦੋਹਾਂ ਸਿੰਘ ਸਭਾਵਾਂ ਨੂੰ ਮਿਲਾ ਕੇ 'ਸ੍ਰੀ ਗੁਰੂ ਸਿੰਘ ਸਭਾ ਜਨਰਲ' ਕਾਇਮ ਕੀਤੀ। ਪਰ ਸਿੱਧਾਂਤਿਕ ਵਿਰੋਧਾਂ ਕਾਰਣ 'ਸ੍ਰੀ ਗੁਰੂ ਸਿੰਘ ਸਭਾ ਜਨਰਲ' ਬਹੁਤੀ ਦੇਰ ਕੰਮ ਨ ਕਰ ਸਕੀ, ਜਿਸ ਕਰਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ (ਵੇਖੋ) ਹੋਂਦ ਵਿਚ ਆਇਆ ਪਰ ਵਿਤਕਰੇ ਫਿਰ ਵੀ ਨ ਮਿਟ ਸਕੇ। ਸੰਨ 1886 ਈ. ਨੂੰ ਲਾਹੌਰ ਸਿੰਘ ਸਭਾ ਵਾਲਿਆਂ ਨੇ 'ਖ਼ਾਲਸਾ ਦੀਵਾਨ, ਲਾਹੌਰ' (ਵੇਖੋ) ਦੀ ਸਥਾਪਨਾ ਕੀਤੀ। ਇਸ ਦਾ ਪ੍ਰਧਾਨ ਸ. ਅਤਰ ਸਿੰਘ ਅਤੇ ਮੁੱਖ ਸਕੱਤਰ ਪ੍ਰੋ. ਗੁਰਮੁਖ ਸਿੰਘ ਬਣਿਆ। ਇਸ ਦੀਵਾਨ ਦੇ ਮੁੱਖ ਕਾਰਕੁਨਾਂ ਵਿਚ ਧਰਮ ਸਿੰਘ ਘਰਜਾਖੀਆ, ਭਾਈ ਜਵਾਹਿਰ ਸਿੰਘ, ਗਿਆਨੀ ਦਿੱਤ ਸਿੰਘ, ਆਦਿ ਸਨ। ਦੋਹਾਂ ਦੀਵਾਨਾਂ ਵਿਚ ਝਗੜਾ ਇਸ ਹਦ ਤਕ ਪਹੁੰਚ ਗਿਆ ਕਿ ਅੰਮ੍ਰਿਤਸਰ ਖ਼ਾਲਸਾ ਦੀਵਾਨ ਵਾਲਿਆਂ ਦੀ ਸ਼ਿਕਾਹਿਤ ਉਤੇ ਵਖ ਵਖ ਤਖ਼ਤਾਂ ਦੇ ਗ੍ਰੰਥੀ ਸਾਹਿਬਾਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਤਨਖਾਹੀਆ ਠਹਿਰਾਇਆ।

ਖ਼ਾਲਸਾ ਦੀਵਾਨ, ਲਾਹੌਰ ਦੇ ਸਰਗਰਮ ਕਾਰਕੁਨਾਂ, ਜਿਵੇਂ ਸ. ਅਤਰ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦਾ ਸੰਨ 1901 ਈ. ਤਕ ਦੇਹਾਂਤ ਹੋ ਜਾਣ ਕਾਰਣ ਇਸ ਦੀਵਾਨ ਦੀ ਸ਼ਕਤੀ ਛੀਣ ਹੋ ਗਈ। ਮੌਕੇ ਦੀ ਨਜ਼ਾਕਤ ਨੂੰ ਸੰਭਾਲਦੇ ਹੋਇਆਂ 11 ਨਵੰਬਰ 1901 ਈ. ਨੂੰ ਸ. ਸੁੰਦਰ ਸਿੰਘ ਮਜੀਠੀਆ ਨੇ ਦੋਹਾਂ ਦੀਵਾਨਾਂ ਦੀ ਸਾਂਝੀ ਇਕਤ੍ਰਤਾ ਕੀਤੀ ਅਤੇ 30 ਅਕਤੂਬਰ 1902 ਈ. ਨੂੰ ਚੀਫ਼ ਖ਼ਾਲਸਾ ਦੀਵਾਨਾ (ਵੇਖੋ) ਦੀ ਸਥਾਪਨਾ ਕੀਤੀ, ਜੋ ਪ੍ਰਕਾਰਾਂਤਰ ਨਾਲ ਸਿੰਘ ਸਭਾ ਅੰਮ੍ਰਿਤਸਰ ਦਾ ਹੀ ਯੁਗ ਅਨੁਕੂਲ ਪਰਿਵਰਤਿਤ ਰੂਪ ਸੀ।

ਸਿੱਖਾਂ ਵਿਚ ਆਈ ਧਾਰਮਿਕ ਅਤੇ ਸਮਾਜਿਕ

ਗਿਰਾਵਟ ਦੇ ਫਲਸਰੂਪ ਸੰਨ 1881 ਈ. ਦੀ ਮਰਦਮ-ਸ਼ੁਮਾਰੀ ਵੇਲੇ ਜਨ-ਸੰਖਿਆ ਘਟ ਕੇ 17 ਲੱਖ ਦੇ ਨੇੜੇ ਪਹੁੰਚ ਗਈ। ਪਰ ਸਿੰਘ ਸਭਾਵਾਂ ਅਤੇ ਦੀਵਾਨਾਂ ਵਲੋਂ ਕੀਤੇ ਉਦਮਾਂ ਦੇ ਸਿੱਟੇ ਵਜੋਂ ਪੰਜਾਹ ਸਾਲ ਬਾਦ ਸੰਨ 1931 ਈ. ਵਿਚ ਇਹ ਗਿਣਤੀ 43 ਲੱਖ ਤੋਂ ਵੀ ਵਧ ਗਈ।

ਸਿੰਘ ਸਭਾ ਲਹਿਰ ਦੇ ਵਿਸ਼ੇਸ਼ ਯਤਨ ਵਿਦਿਅਕ ਖੇਤਰ ਵਿਚ ਰਹੇ ਹਨ। ਜਿਵੇਂ ਕਿ ਸੰਨ 1877 ਈ. ਵਿਚ ਪ੍ਰੋ. ਗੁਰਮੁਖ ਸਿੰਘ ਨੇ ਓਰੀਐਂਟਲ ਕਾਲਜ ਲਾਹੌਰ ਵਿਖੇ ਗੁਰਮੁਖੀ ਦੀ ਪੜ੍ਹਾਈ ਆਰੰਭ ਕਰਵਾਈ, ਸੰਨ 1886 ਈ. ਵਿਚ ਡੀ.ਏ.ਵੀ. ਕਾਲਜ ਲਾਹੌਰ ਤੋਂ ਪ੍ਰੇਰਿਤ ਹੋ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। ਸੰਨ 1908 ਈ. ਨੂੰ ਐਜੂਕੇਸ਼ਨਲ ਕਮੇਟੀ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਯਤਨਾਂ ਦੇ ਫਲਸਰੂਪ ਸੰਨ 1947 ਈ. ਵਿਚ ਸਿੱਖਾਂ ਵਿਚ ਪੜ੍ਹਿਆਂ-ਲਿਖਿਆਂ ਦੀ ਗਿਣਤੀ 17.03 ਫ਼ੀ ਸਦੀ ਤਕ ਪਹੁੰਚ ਗਈ ਜਦ ਕਿ ਪੰਜਾਬ ਦੇ ਹਿੰਦੂਆਂ ਵਿਚ ਇਹ ਗਿਣਤੀ 16.35, ਮੁਸਲਮਾਨਾਂ ਵਿਚ 6.97 ਅਤੇ ਈਸਾਈਆਂ ਵਿਚ 7.76, ਫ਼ੀ ਸਦੀ ਤਕ ਹੀ ਸੀ।

ਸਿੰਘ ਸਭਾ ਲਹਿਰ ਦੇ ਚਲਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਪ੍ਰਤਿ ਉਪੇਖਿਆ ਦੀ ਭਾਵਨਾ ਪਸਰ ਚੁਕੀ ਸੀ ਅਤੇ ਸਿੱਖ ਧਰਮ ਉਤੇ ਬ੍ਰਾਹਮਣਤਵ ਦਾ ਗ਼ਲਬਾ ਵਧ ਗਿਆ ਸੀ। ਨਾਲੇ ਪੰਜਾਬੀ ਨੂੰ ਪੇਂਡੂ ਲੋਕਾਂ ਦੀ ਭਾਸ਼ਾ ਸਮਝਿਆ ਜਾਂਦਾ ਸੀ ਅਤੇ ਇਸ ਵਿਚ ਕਿਸੇ ਸਾਹਿਤਿਕ ਸੋਹਜ ਨੂੰ ਪੇਸ਼ ਕਰਨ ਦੀ ਸਮਰਥਤਾ ਨਹੀਂ ਸਮਝੀ ਜਾਂਦੀ ਸੀ। ਪਰ ਸਿੰਘ ਸਭਾ ਦੇ ਪ੍ਰਚਾਰ-ਅੰਦੋਲਨ ਨਾਲ ਗੁਰਬਾਣੀ ਅਤੇ ਪੰਜਾਬੀ ਦਾ ਮਹੱਤਵ ਸਵੀਕਾਰ ਕੀਤਾ ਜਾਣ ਲਗਿਆ। ਪੰਜਾਬੀ ਭਾਸ਼ਾ ਨੂੰ ਹੋਰਨਾਂ ਆਧੁਨਿਕ ਭਾਸ਼ਾਵਾਂ ਨਾਲ ਕਦਮ ਮਿਲਾ ਕੇ ਚਲਣ ਲਈ ਤਿਆਰ ਕੀਤਾ ਗਿਆ। ਇਸ ਲਹਿਰ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੋ ਕੇ ਜੋ ਸਾਹਿਤ-ਰਚਨਾ ਹੋਈ, ਉਸ ਵਿਚ ਪ੍ਰਚਾਰ ਦਾ ਸਵਰ ਅਧਿਕ ਸੀ। ਧਰਮ-ਪ੍ਰਚਾਰ ਲਈ ਕਈ ਟ੍ਰੈਕਟ ਸੋਸਾਇਟੀਆਂ ਸਥਾਪਿਤ ਹੋਈਆਂ। ਗੁਰਬਾਣੀ ਦੀ ਟਕਸਾਲੀ ਢੰਗ ਨਾਲ ਵਿਆਖਿਆ ਸ਼ੁਰੂ ਹੋਈ। ਗਿਆਨੀ ਹਜ਼ਾਰਾ ਸਿੰਘ, ਡਾ. ਚਰਨ ਸਿੰਘ ਅਤੇ ਭਾਈ ਵੀਰ ਸਿੰਘ ਨੇ ਇਸ ਪਰਥਾਇ ਵਿਸ਼ੇਸ਼ ਉਦਮ ਕੀਤਾ। 'ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ' (ਵੇਖੋ) ਇਸੇ ਉਦੇਸ਼ ਅਧੀਨ ਤਿਆਰ ਕੀਤੀ ਗਈ ਰਚਨਾ ਹੈ। ਪੰਜਾਬੀ ਵਿਚ ਲਿਖਣ ਅਤੇ ਪੜ੍ਹਨ ਦੀ ਰੁਚੀ ਪੈਦਾ ਹੋਈ। ਵਾਰਤਕ ਰਾਹੀਂ ਵਿਚਾਰ ਪ੍ਰਗਟਾਉਣ ਦੀ ਪਿਰਤ ਪਈ ਅਤੇ ਪੰਜਾਬੀ ਪੱਤਰਕਾਰੀ ਦਾ ਵਿਕਾਸ ਹੋਣ ਲਗਾ। ਇਸ ਤਰ੍ਹਾਂ ਵੀਹਵੀਂ ਸਦੀ ਵਿਚ ਹੋਏ ਗੁਰਮਤਿ ਦੇ ਪ੍ਰਚਾਰ ਅਤੇ ਪੰਜਾਬੀ ਦੇ ਵਿਕਾਸ ਦੀ ਆਧਾਰ-ਭੂਮੀ ਤਿਆਰ ਹੋ ਗਈ।

ਭਾਈ ਵੀਰ ਸਿੰਘ ਦੁਆਰਾ ਰਚਿਤ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ ਆਦਿ ਅਤੇ ਕਈ ਹੋਰ ਰਚਨਾਵਾਂ ਪਿਛੇ ਸਿੰਘ ਸਭਾ ਦਾ ਪ੍ਰਭਾਵ ਹੀ ਕੰਮ ਕਰ ਰਿਹਾ ਹੈ।

ਸਿੰਘ ਸਭਾ ਲਹਿਰ ਦਾ ਇਕ ਹੋਰ ਮਨੋਰਥ ਸਿੱਖ ਇਤਿਹਾਸ ਦੀ ਖੋਜ ਵੀ ਸੀ। ਭਾਈ ਵੀਰ ਸਿੰਘ ਨੇ ਸਿੱਖ ਗੁਰੂਆਂ ਦੇ ਜੀਵਨ 'ਗੁਰੂ ਨਾਨਕ ਚਮਤਕਾਰ', 'ਗੁਰੂ ਕਲਗੀਧਰ ਚਮਤਕਾਰ' ਅਤੇ 'ਅਸ਼ਟ ਗੁਰੂ ਚਮਤਕਾਰ' ਦੇ ਰੂਪ ਵਿਚ ਪੰਥ ਦੇ ਭੇਟ ਕੀਤੇ। ਭਾਈ ਸੰਤੋਖ ਸਿੰਘ ਰਚਿਤ 'ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਅਤੇ ਹੋਰ ਪੁਰਾਣੇ ਨੁਸਖਿਆਂ ਜਿਵੇਂ 'ਪੁਰਾਤਨ ਜਨਮਸਾਖੀ', 'ਸਿੱਖਾਂ ਦੀ ਭਗਤਮਾਲਾ', 'ਪ੍ਰਾਚੀਨ ਪੰਥ ਪ੍ਰਕਾਸ਼' ਆਦਿ ਨੂੰ ਸੰਪਾਦਿਤ ਕਰਨਾ ਭਾਈ ਸਾਹਿਬ ਦੀ ਖੋਜੀ ਲਗਨ ਦਾ ਸਾਕਾਰ ਰੂਪ ਹੈ।

**ਸਿੰਘ ਸਾਗਰ** (ਕਾਵਿ) : ਪਟਿਆਲਾ-ਪਤਿ ਮਹਾਰਾਜਾ ਕਰਮ ਸਿੰਘ ਦੇ ਦਰਬਾਰੀ ਕਵੀ ਵੀਰ ਸਿੰਘ ਬਲ ਦਾ ਲਿਖਿਆ ਇਹ ਕਾਵਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿਤ ਉਤੇ ਝਾਤ ਪਾਉਂਦਾ ਹੈ। ਸੰਨ 1827 ਈ. ਵਿਚ ਪਟਿਆਲੇ ਵਿਚ ਲਿਖੇ ਗਏ 'ਸਿੰਘ ਸਾਗਰ' ਵਿਚ ਕੁਲ 14 ਤਰੰਗ (ਅਧਿਆਇ) ਹਨ। ਪਹਿਲੇ ਵਿਚ ਗੁਰੂ ਜੀ ਦੇ ਜਨਮ ਬਾਰੇ ਚਿਤ੍ਰਣ ਹੋਇਆ ਹੈ ਅਤੇ ਉਸ ਤੋਂ ਬਾਦ ਦੂਜੇ ਤਰੰਗ ਵਿਚ ਲਖਨੌਰ ਤਕ ਦੇ ਸਫ਼ਰ ਦਾ ਹਵਾਲ ਹੈ। ਤਦ ਉਪਰੰਤ ਤੀਜੇ ਤਰੰਗ ਵਿਚ ਮਾਖੋਵਾਲ (ਆਨੰਦਪੁਰ) ਤਕ ਦੀ ਯਾਤ੍ਰਾ ਦਾ ਵਰਣਨ ਹੈ। ਚੌਥੇ ਤਰੰਗ ਵਿਚ ਨੌਵੇਂ ਗੁਰੂ ਦੀ ਸ਼ਹਾਦਤ ਅਤੇ ਗੁਰੂ-ਦਰਬਾਰ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ। ਪੰਜੇ ਤਰੰਗ ਵਿਚ ਮਸੰਦਾਂ ਨੂੰ ਦੰਡ ਦੇਣ ਦਾ ਪ੍ਰਸੰਗ ਅੰਕਿਤ ਹੈ। ਛੇਵੇਂ ਵਿਚ ਗੁਰੂ ਸਾਹਿਬ ਦੀ ਪਾਉਂਟਾ ਸਾਹਿਬ ਦੀ ਠਹਿਰ ਦਾ ਵਿਵਰਣ ਦਿੱਤਾ ਗਿਆ ਹੈ ਅਤੇ ਸੱਤਵੇਂ ਤਰੰਗ ਵਿਚ ਪਾਉਂਟਾ ਸਾਹਿਬ ਤੋਂ ਆਨੰਦਪੁਰ ਪਰਤਣ ਦਾ ਵਰਣਨ ਕੀਤਾ ਗਿਆ ਹੈ। ਅਗਲੇ ਪੰਜ ਤਰੰਗਾਂ ਵਿਚ ਕ੍ਰਮਵਾਰ ਨਦੌਣ, ਹੁਸੈਨੀ, ਚਮਕੌਰ ਅਤੇ ਮੁਕਤਸਰ ਦੀਆਂ ਲੜਾਈਆਂ ਦਾ ਚਿਤ੍ਰਣ

ਹੋਇਆ ਹੈ। ਚੌਦਵੇਂ ਤਰੰਗ ਵਿਚ ਦੱਖਣ ਨੂੰ ਪ੍ਰਸਥਾਨ ਅਤੇ ਨਾਂਦੇੜ ਪਹੁੰਚਣ ਦਾ ਬ੍ਰਿੱਤਾਂਤ ਦਰਜ ਕੀਤਾ ਗਿਆ ਹੈ।

ਕਵੀ ਨੇ ਗੁਰੂ ਸਾਹਿਬ ਦੀ ਬਹਾਦਰੀ, ਯੁੱਧਾਂ ਦੇ ਬ੍ਰਿੱਤਾਂਤ ਅਤੇ ਸੱਚੇ ਧਰਮ ਦੀ ਸਥਾਪਨਾ ਲਈ ਕੀਤੇ ਗਏ ਉਦਮਾਂ ਨੂੰ ਜ਼ਿਆਦਾ ਵਿਸਤਾਰ ਨਾਲ ਚਿਤਰਿਆ ਹੈ ਜਿਸ ਦੇ ਫਲਸਰੂਪ ਇਸ ਰਚਨਾ ਦਾ ਪ੍ਰਧਾਨ ਰਸ 'ਵੀਰ' ਹੈ ਅਤੇ ਬਾਕੀ ਦੇ ਰਸ ਸਹਾਇਕ ਰਸਾਂ ਵਜੋਂ ਨਿਸ਼ਪੰਨ ਹੋਏ ਹਨ। ਦੋਹਾ-ਚੌਪਈ ਕਾਵਿ ਸ਼ੈਲੀ ਵਿਚ ਲਿਖੀ ਇਸ ਰਚਨਾ ਵਿਚ ਕੁਝ ਹੋਰ ਛੰਦਾਂ ਦੀ ਵਰਤੋਂ ਵੀ ਕੀਤੀ ਗਈ ਹੈ, ਜਿਵੇਂ ਰਸਾਵਲ, ਭੁਜੰਗਪ੍ਰਯਾਤ, ਅੜਿਲ, ਸਵੈਯਾ, ਝੂਲਨਾ, ਮਧੁਭਾਰ, ਮਨੋਹਰ, ਤੋਟਕ, ਕਬਿੱਤ, ਤਿਲਕਾ ਆਦਿ। ਕਵੀ ਨੇ ਇਸ ਲਈ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ, ਕਿਤੇ ਕਿਤੇ ਪੰਜਾਬੀ ਦਾ ਪ੍ਰਭਾਵ ਵੀ ਮਿਲਦਾ ਹੈ।

ਕਵੀ ਨੇ ਪਹਿਲੇ ਨੌਂ ਗੁਰੂਆਂ ਦਾ ਬ੍ਰਿੱਤਾਂਤ ਆਪਣੀ ਰਚਨਾ 'ਗੁਰਕੀਰਤ ਪ੍ਰਕਾਸ਼' ਵਿਚ ਅੰਕਿਤ ਕੀਤਾ ਹੈ ਅਤੇ ਦਸਵੇਂ ਗੁਰੂ ਦੇ ਚਰਿਤ ਦੇ ਵਰਣਨ ਲਈ 'ਸਿੰਘ ਸਾਗਰ' ਦੀ ਰਚਨਾ ਕੀਤੀ ਹੈ। ਕਵੀ ਨੇ ਮੁੱਖ ਰੂਪ ਵਿਚ ਤਿੰਨ ਪੂਰਵ-ਵਰਤੀ ਰਚਨਾਵਾਂ ਨੂੰ ਸਰੋਤ ਵਜੋਂ ਵਰਤਿਆ ਹੈ— 'ਬਚਿਤ੍ਰ ਨਾਟਕ', 'ਸ੍ਰੀ ਗੁਰ ਸ਼ੋਭਾ' ਅਤੇ 'ਗੁਰਬਿਲਾਸ ਪਾਤਿਸ਼ਾਹੀ ੧੦' ਕ੍ਰਿਤ ਕਵੀ ਸੁੱਖਾ ਸਿੰਘ। ਕਵੀ ਦੀ ਪਹੁੰਚ ਗੁਰਬਿਲਾਸਾਂ ਦੀ ਭਾਵ-ਧਾਰਾ ਅਨੁਰੂਪ ਹੈ।

**ਸਿੰਘਪੁਰਾ** (ਪਿੰਡ) : ਜੰਮੂ-ਕਸ਼ਮੀਰ ਸੂਬੇ ਦੇ ਬਾਰਾਮੂਲਾ ਨਗਰ ਤੋਂ 5 ਕਿ.ਮੀ. ਦੱਖਣ ਵਲ ਸਥਿਤ ਇਕ ਪਿੰਡ ਜਿਸ ਵਿਚ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ ਥੜ੍ਹਾ ਸਾਹਿਬ' ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਗੁਰੂ-ਧਾਮ ਵਾਲੀ ਥਾਂ 'ਤੇ ਬਹਿਲੋਲ ਨਾਂ ਦਾ ਇਕ ਮੁਸਲਮਾਨ ਫ਼ਕੀਰ ਰਹਿੰਦਾ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਕਸ਼ਮੀਰ ਫੇਰੀ ਵੇਲੇ ਇਥੋਂ ਲੰਘੇ ਤਾਂ ਉਸ ਫ਼ਕੀਰ ਨੇ ਗੁਰੂ ਜੀ ਦੀ ਸੇਵਾ ਕੀਤੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਇਕ ਥੜ੍ਹਾ ਉਸਾਰਿਆ ਗਿਆ। ਸੰਨ 1935 ਈ. ਵਿਚ ਭਾਈ ਵੀਰ ਸਿੰਘ ਨੇ ਇਥੇ ਇਕ ਗੁਰਦੁਆਰਾ ਉਸਾਰਨ ਦਾ ਉਦਮ ਕੀਤਾ। ਪਹਿਲਾਂ ਇਸ ਗੁਰੂ-ਧਾਮ ਦਾ ਪ੍ਰਬੰਧ ਚੀਫ਼ ਖ਼ਾਲਸਾ ਦੀਵਾਨ ਕਰਦਾ ਸੀ, ਪਰ ਹੁਣ ਇਸ ਦੀ ਵਿਵਸਥਾ ਜੰਮੂ ਅਤੇ ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਕਰ ਰਿਹਾ ਹੈ।

**ਸਿੰਘਪੁਰੀਆ ਮਿਸਲ** : ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ, ਜਿਸ ਦਾ ਸੰਸਥਾਪਕ ਚੌਧਰੀ ਦਲੀਪ ਸਿੰਘ ਦਾ ਪੁੱਤਰ ਸ. ਕਪੂਰ ਸਿੰਘ ਵਿਰਕ ਜੱਟ ਸੀ। ਇਸ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਫ਼ੈਜ਼ੁਲਾ ਖ਼ਾਨ ਦੁਆਰਾ ਵਸਾਏ ਫ਼ੈਜ਼ੁਲਾਪੁਰਾ ਨਾਂ ਦੇ ਕਸਬੇ ਉਤੇ ਕਬਜ਼ਾ ਕਰਕੇ ਇਸ ਦਾ ਨਾਂ 'ਸਿੰਘਪੁਰਾ' ਰਖਿਆ। ਇਸ ਦੀਆਂ ਜੁਝਾਰੂ ਵਿਸ਼ੇਸ਼ਤਾਵਾਂ ਕਾਰਣ ਪੰਥ ਵਿਚ ਕਾਫ਼ੀ ਪ੍ਰਤਿਸ਼ਠਾ ਹੋ ਗਈ। ਇਸ ਦੇ ਜੱਥੇ ਨੂੰ 'ਸਿੰਘਪੁਰੀਆ' ਨਾਂ ਦਿੱਤਾ ਜਾਣ ਲਗਾ ਅਤੇ ਇਸ ਹੀ ਨਾਂ 'ਤੇ ਇਸ ਦੀ ਮਿਸਲ ਕਾਇਮ ਹੋਈ। ਕਈ ਇਤਿਹਾਸਕਾਰ ਇਸ ਨੂੰ 'ਫ਼ੈਜ਼ੁਲਾਪੁਰੀ ਮਿਸਲ' ਵੀ ਕਹਿੰਦੇ ਹਨ।

ਸੰਨ 1733 ਈ. ਵਿਚ ਲਾਹੌਰ ਦੇ ਮੁਗ਼ਲ ਸੂਬੇਦਾਰ ਜ਼ਕਰੀਆ ਖ਼ਾਨ ਨੇ ਸਿੱਖਾਂ ਨਾਲ ਸ਼ਾਂਤੀ ਬਣਾਏ ਰਖਣ ਲਈ ਇਕ ਲੱਖ ਦੀ ਜਾਗੀਰ ਅਤੇ ਨਵਾਬੀ ਦਾ ਖ਼ਿਲਤ ਸ. ਸੁਬੇਗ ਸਿੰਘ ਹੱਥੀਂ ਭੇਜਿਆ। ਪੰਥ ਨੇ ਸ. ਕਪੂਰ ਸਿੰਘ ਨੂੰ ਨਵਾਬੀ ਦਾ ਖ਼ਿਲਤ ਪ੍ਰਦਾਨ ਕੀਤਾ। ਉਸ ਨੇ ਸਿੱਖ ਸੈਨਿਕ ਬਲ ਨੂੰ ਵਿਵਸਥਿਤ ਰੂਪ ਦੇਣ ਲਈ ਦੋ ਦਲਾਂ—ਬੁੱਢਾ ਦਲ ਅਤੇ ਤਰੁਣਾ ਦਲ— ਵਿਚ ਵੰਡ ਦਿੱਤਾ। ਪਰ ਜ਼ਕਰੀਆ ਖ਼ਾਨ ਨੇ ਸੰਨ 1735 ਈ. ਅਹਿਦਨਾਮਾ ਤੋੜ ਕੇ ਸਿੱਖਾਂ ਉਤੇ ਫਿਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਸ. ਕਪੂਰ ਸਿੰਘ ਆਪਣੇ ਸੂਰਬੀਰਾਂ ਸਹਿਤ ਮਾਲਵੇ ਵਲ ਨਿਕਲ ਗਿਆ ਅਤੇ ਸੁਨਾਮ ਦਾ ਇਲਾਕਾ ਜਿਤ ਕੇ ਬਾਬਾ ਆਲਾ ਸਿੰਘ ਨੂੰ ਦਿੱਤਾ। ਫਿਰ ਦਿੱਲੀ ਵਲ ਪ੍ਰਸਥਾਨ ਕਰਕੇ ਫ਼ਰੀਦਾਬਾਦ, ਬਲਭਗੜ੍ਹ ਅਤੇ ਗੁੜਗਾਵਾਂ ਨੂੰ ਅਧੀਨ ਕੀਤਾ ਅਤੇ ਝੱਝਰ, ਪਟੌਦੀ ਆਦਿ ਦੇ ਪ੍ਰਸ਼ਾਸਕਾਂ ਤੋਂ ਖ਼ਿਰਾਜ ਵਸੂਲ ਕੀਤਾ।

ਸੰਨ 1748 ਈ. ਵਿਚ ਕਪੂਰ ਸਿੰਘ ਨੇ 'ਦਲ-ਖ਼ਾਲਸਾ' ਦੀ ਸਥਾਪਨਾ ਕਰਕੇ, ਉਸ ਦੀ ਕਮਾਂਡ ਸ. ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਦਿੱਤੀ। ਉਂਜ ਭਾਵੇਂ ਇਸ ਦੀ ਦਲ ਖ਼ਾਲਸਾ ਨੂੰ ਸਦਾ ਸਰਪ੍ਰਸਤੀ ਪ੍ਰਾਪਤ ਰਹੀ। ਇਸ ਨੇ ਆਪਣੇ ਅਧੀਨ ਕੇਵਲ ਸਿੰਘਪੁਰੀਆ ਮਿਸਲ ਨੂੰ ਰਖਿਆ। ਇਸ ਮਿਸਲ ਨੂੰ ਬੁੱਢਾ ਦਲ ਵਿਚ ਸ਼ਾਮਲ ਕੀਤਾ ਗਿਆ। ਸੰਨ 1753 ਈ. ਵਿਚ ਇਸ ਦੇ ਦੇਹਾਂਤ ਤੋਂ ਬਾਦ ਖ਼ੁਸ਼ਹਾਲ ਸਿੰਘ ਮਿਸਲਦਾਰ ਬਣਿਆ ਅਤੇ ਮਿਸਲ ਦੇ ਅਧਿਕਾਰ ਵਿਚ ਜਲੰਧਰ, ਹੈਬਤਪੁਰ, ਪੱਟੀ, ਭਾਰਤਗੜ੍ਹ, ਘਨੌਲੀ ਆਦਿ ਨਗਰ ਲਿਆਉਂਦੇ। ਇਸ ਨੇ ਪਟਿਆਲੇ ਦੇ ਰਾਜਾ ਅਮਰ ਸਿੰਘ ਨਾਲ ਰਲ ਕੇ ਰਾਇਕੋਟ ਦੇ ਨਵਾਬ ਤੋਂ

ਛੱਤ ਅਤੇ ਬਨੂੜ ਦੇ ਨੇੜੇ-ਤੇੜੇ ਦੇ 23 ਪਿੰਡ ਜਿਤੇ। ਖ਼ੁਸ਼ਹਾਲ ਸਿੰਘ ਦੀ ਸੰਨ 1795 ਈ. ਵਿਚ ਹੋਈ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਬੁੱਧ ਸਿੰਘ ਮਿਸਲਦਾਰ ਬਣਿਆ। ਪਰ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੀ ਮਿਸਲ ਦੀ ਰਿਆਸਤ ਨੂੰ ਆਪਣੇ ਅਧੀਨ ਕਰਕੇ ਬੁੱਧ ਸਿੰਘ ਨੂੰ ਸਤਲੁਜ ਦਰਿਆ ਦੇ ਹੇਠਲੇ ਪਾਸੇ ਮਨੌਲੀ ਦੀ ਜਾਗੀਰ ਦੇ ਦਿੱਤੀ। ਇਸ ਮਿਸਲ ਦੇ ਸਤਲੁਜ ਪਾਰ ਵਾਲੇ ਇਲਾਕੇ ਨੂੰ ਅੰਗ੍ਰੇਜ਼ਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਤਰ੍ਹਾਂ ਇਸ ਮਿਸਲ ਦੀ ਹੋਂਦ ਖ਼ਤਮ ਹੋ ਗਈ।

**ਸਿੰਘਾ, ਭਾਈ** : ਸੋਢੀ ਬਰਾਦਰੀ ਦਾ ਇਕ ਪੌਰਹਿਤ ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖੀ ਧਾਰਣ ਕੀਤੀ। ਭਾਈ ਸਿੰਘਾ ਯੁੱਧ-ਕਰਮ ਵਿਚ ਬਹੁਤ ਨਿਪੁਣ ਸੀ। ਸਿੱਖ ਇਤਿਹਾਸ ਅਨੁਸਾਰ ਜਦੋਂ ਸੰਨ 1629 ਈ. ਵਿਚ ਮੁਗ਼ਲ ਫ਼ੌਜਦਾਰ ਮੁਖ਼ਲਿਸ ਖ਼ਾਨ ਨੇ ਅੰਮ੍ਰਿਤਸਰ ਉਤੇ ਅਚਾਨਕ ਹਮਲਾ ਕਰ ਦਿੱਤਾ ਤਾਂ ਭਾਈ ਸਿੰਘਾ ਅਤੇ ਭਾਈ ਬਾਬਕ ਰਬਾਬੀ ਬੀਬੀ ਵੀਰੋ ਨੂੰ ਅੰਮ੍ਰਿਤਸਰ ਤੋਂ ਸੁਰਖਿਅਤ ਕਢ ਕੇ ਝਬਾਲ ਪਹੁੰਚੇ ਸਨ।

ਦੂਜੇ ਦਿਨ ਭਾਈ ਭਾਨੂ ਦੇ ਸ਼ਹੀਦ ਹੋ ਜਾਣ ਤੇ ਇਸ ਨੂੰ ਪੰਜ ਸੌ ਸਵਾਰ ਦੇ ਕੇ ਗੁਰੂ ਜੀ ਨੇ ਵੈਰੀ ਦਾ ਸਾਹਮਣਾ ਕਰਨ ਲਈ ਭੇਜਿਆ। ਮੁਗ਼ਲ ਸੈਨਾ ਦੇ ਮੁਹੰਮਦ ਅਲੀ ਸੈਨਾ-ਨਾਇਕ ਨਾਲ ਦੁਅੰਦ ਯੁੱਧ ਕਰਕੇ ਭਾਈ ਸਿੰਘਾ ਨੇ ਉਸ ਨੂੰ ਮਾਰ ਦਿੱਤਾ, ਪਰ ਬਾਦ ਵਿਚ ਮੁਗ਼ਲ ਸੈਨਾ ਹੱਥੋਂ ਆਪ ਵੀ ਸ਼ਹੀਦ ਹੋ ਗਿਆ। ਇਸ ਦੇ ਪੁੱਤਰ ਭਾਈ ਜਾਤੀ ਮਲਿਕ ਅਤੇ ਪੋਤਰੇ ਭਾਈ ਦਯਾ ਰਾਮ ਨੇ ਵੀ ਗੁਰੂ ਸਾਹਿਬਾਨ ਦੀ ਸੈਨਾ ਵਿਚ ਰਹਿ ਕੇ ਬਹੁਤ ਸੇਵਾ ਕੀਤੀ।

**ਸਿੰਘਾਂ ਦੇ ਬੋਲੇ** : ਵੇਖੋ 'ਖ਼ਾਲਸੇ ਦੇ ਬੋਲੇ'।

**ਸਿਧ-ਗੋਸਟਿ ਮਹਲਾ ੧** (ਬਾਣੀ): ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਜਪੁਜੀ' ਵਾਂਗ 'ਸਿਧ-ਗੋਸਟਿ' ਵੀ ਗੁਰੂ ਨਾਨਕ ਦੇਵ ਜੀ ਦੇ ਸਿੱਧਾਂਤਿਕ ਵਿਚਾਰਾਂ ਵਾਲੀ ਇਕ ਮਹੱਤਵਪੂਰਣ ਰਚਨਾ ਹੈ। ਸ਼ਬਦਾਰਥ ਦੀ ਦ੍ਰਿਸ਼ਟੀ ਤੋਂ ਇਸ ਸਿਰਲੇਖ ਤੋਂ ਭਾਵ ਭਾਵੇਂ ਸਿੱਧਾਂ ਨਾਲ ਹੋਇਆ ਗੁਰੂ ਨਾਨਕ ਦੇਵ ਜੀ ਦਾ ਸੰਵਾਦ ਹੋਵੇ, ਪਰ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਸ ਤੋਂ ਭਾਵ ਹੈ 'ਸਫਲ ਮੁਲਾਕਾਤ' ਜਾਂ 'ਪੂਰਣ ਮਿਲਨ'— *ਨਾਮਿ ਰਤੇ ਸਿਧ ਗੋਸਟਿ ਹੋਇ*। ਅਰਥਾਤ ਨਾਮ ਵਿਚ ਲੀਨ ਹੋਣ 'ਤੇ ਹੀ ਪਰਮਾਤਮਾ ਦਾ ਪੂਰਣ ਮਿਲਨ ਜਾਂ ਸਦੀਵੀ ਸੰਯੋਗ ਪ੍ਰਾਪਤ ਹੁੰਦਾ ਹੈ। ਇਸ ਲਈ ਆਪਣੇ ਪਰੰਪਰਾਗਤ ਅਰਥਾਂ ਤੋਂ ਇਲਾਵਾ, ਇਹ ਬਾਣੀ ਪਰਮਾਤਮਾ ਦੇ ਮਿਲਾਪ ਦੀ ਵੀ ਸੂਚਕ ਹੈ। 'ਰਹਾਉ' ਵਾਲੀਆਂ ਦੋ ਤੁਕਾਂ ਤੋਂ ਇਸ ਸਥਾਪਨਾ ਦੀ ਪੁਸ਼ਟੀ ਹੋ ਜਾਂਦੀ ਹੈ। ਫਲਸਰੂਪ ਇਸ ਬਾਣੀ ਦਾ ਮੂਲ ਆਸ਼ਾ ਪ੍ਰਭੂ-ਮਿਲਨ ਦਾ ਮਹੱਤਵ ਅਤੇ ਸਾਧਨ ਦਸਣਾ ਹੈ। ਇਸ ਦੇ ਅੰਤਿਮ ਦੋ ਪਦਿਆਂ ਵਿਚ ਸਮੁੱਚੀ ਰਚਨਾ ਦਾ ਸਾਰਾਂਸ਼ ਦਿੱਤਾ ਗਿਆ ਹੈ ਅਤੇ ਸਾਰੀਆਂ ਸ਼ੰਕਾਵਾਂ ਦਾ ਸੰਖੇਪ ਵਿਚ ਸਮਾਧਾਨ ਕੀਤਾ ਗਿਆ ਹੈ।

ਇਸ ਦੇ ਰਚਨਾ-ਕਾਲ ਅਤੇ ਰਚਨਾ-ਸਥਾਨ ਬਾਰੇ ਵਿਦਵਾਨ ਇਕ-ਮਤ ਨਹੀਂ ਹਨ। 'ਪੁਰਾਤਨ ਜਨਮਸਾਖੀ' (ਸਾਖੀ 52) ਅਨੁਸਾਰ ਪੰਜਵੀਂ ਉਦਾਸੀ ਵੇਲੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਗੋਰਖ-ਹੱਟੜੀ ਨਾਮਕ ਸਥਾਨ ਉਤੇ ਸਿੱਧਾਂ ਨਾਲ ਹੋਈ ਸੀ। ਉਸੇ ਮੌਕੇ ਉਤੇ ਗੁਰੂ ਜੀ ਨੇ ਇਸ ਬਾਣੀ ਨੂੰ ਉਚਾਰਿਆ ਸੀ। ਮਿਹਰਬਾਨ ਵਾਲੀ ਜਨਮਸਾਖੀ (ਭਾਗ ਪਹਿਲਾ) ਵਿਚ ਵੀ ਗੋਰਖ-ਹੱਟੜੀ ਨਾਲ ਸੰਬੰਧਿਤ ਇਕ ਪ੍ਰਸੰਗ ਜ਼ਰੂਰ ਆਇਆ ਹੈ, ਪਰ ਉਥੇ ਗੁਰੂ ਜੀ ਦੀ ਗੋਸਟਿ ਸਿੱਧ-ਮੰਡਲੀ ਨਾਲ ਨਹੀਂ, ਸਗੋਂ ਇਕ ਇਕਲੇ ਯੋਗੀ ਨਾਲ ਹੋਈ ਹੈ। ਉਸ ਅਵਸਰ ਉਤੇ ਗੁਰੂ ਜੀ ਦੁਆਰਾ ਉਚਾਰੀ ਗਈ ਬਾਣੀ ਵੀ ਵਿਚਾਰਾਧੀਨ ਬਾਣੀ ਤੋਂ ਵਖਰੀ ਹੈ। ਇਸ ਲਈ ਜਨਮਸਾਖੀਆਂ ਨੂੰ ਆਧਾਰ ਬਣਾ ਕੇ ਬਾਣੀਆਂ ਦੇ ਰਚਨਾ-ਸਥਾਨਾਂ ਬਾਰੇ ਕੋਈ ਨਿਰਣਾ ਕਰ ਸਕਣਾ ਸਰਲ ਨਹੀਂ।

ਇਸ ਸੰਬੰਧ ਵਿਚ ਇਕ ਹੋਰ ਮਹੱਤਵਪੂਰਣ ਬਾਹਰਲੀ ਗਵਾਹੀ ਸਿੱਖ-ਮਤ ਦੇ ਪ੍ਰਮੁਖ ਪ੍ਰਚਾਰਕ ਭਾਈ-ਗੁਰਦਾਸ ਦੀ ਪਹਿਲੀ ਵਾਰ (ਪਉੜੀ 39-43) ਤੋਂ ਪੇਸ਼ ਕੀਤੀ ਜਾ ਸਕਦੀ ਹੈ। ਉਸ ਅਨੁਸਾਰ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਬਾਦ ਕਰਤਾਰਪੁਰ ਵਿਚ ਆਏ ਅਤੇ ਸੰਸਾਰਿਕ ਭੇਖ ਧਾਰਣ ਕੀਤਾ। ਉਸ ਦੌਰਾਨ ਗੁਰੂ ਜੀ ਨੇ ਅਚਲ ਬਟਾਲਾ ਵਿਚ ਹੋਣ ਵਾਲੇ ਸ਼ਿਵਰਾਤ੍ਰੀ ਦੇ ਮੇਲੇ ਦੀ ਗੱਲ ਸੁਣੀ ਅਤੇ ਉਥੇ ਪਹੁੰਚੇ। ਉਸ ਮੇਲੇ ਵਿਚ ਬਹੁਤ ਸਾਰੇ ਯੋਗੀ ਵੀ ਆਏ ਹੋਏ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਆਕਰਸ਼ਿਤ ਵਿਅਕਤਿਤਵ ਕਰਕੇ ਖਿਝੇ ਹੋਏ ਸਨ। ਉਹ ਗੁਰੂ ਜੀ ਨਾਲ ਗੋਸਟਿ ਕਰਨ ਲਈ ਇਕੱਠੇ ਹੋਏ। ਗੋਸਟਿ ਵਿਚ ਸਿੱਧਾਂ ਨੂੰ ਹਰਾ ਕੇ ਗੁਰੂ ਜੀ ਮੁਲਤਾਨ ਦੀ ਯਾਤ੍ਰਾ ਨੂੰ ਚਲੇ ਗਏ। ਸਪੱਸ਼ਟ

ਹੈ ਕਿ ਭਾਈ ਗੁਰਦਾਸ ਅਨੁਸਾਰ 'ਸਿਧ ਗੋਸਟਿ' ਦੀ ਰਚਨਾ ਅਚਲ ਬਟਾਲੇ ਵਿਚ ਹੋਈ ਸੀ। ਅਨੁਮਾਨ ਹੈ ਕਿ ਇਸ ਬਾਣੀ ਦੀ ਰਚਨਾ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ (ਸਤੰਬਰ 1539) ਤੋਂ ਕੁਝ ਚਿਰ ਪਹਿਲਾਂ ਸ਼ਿਵਰਾਤ੍ਰੀ ਦੇ ਮੇਲੇ ਦੇ ਨੇੜੇ-ਤੇੜੇ ਹੋਈ ਹੋਵੇਗੀ। ਇਥੇ ਇਕ ਗੱਲ ਸਪੱਸ਼ਟ ਕਰ ਦੇਣੀ ਉਚਿਤ ਹੋਵੇਗੀ ਕਿ ਜੋ ਵਾਰਤਾਲਾਪ ਅਚਲ ਬਟਾਲੇ ਵਿਚ ਹੋਇਆ ਸੀ, ਕੀ ਕੇਵਲ ਉਸੇ ਨੂੰ ਹੀ ਇਸ ਗੋਸਟਿ ਵਿਚ ਸਮੋਇਆ ਗਿਆ ਜਾਂ ਯੋਗੀਆਂ ਦੇ ਕੁਝ ਹੋਰ ਸਿੱਧਾਂਤਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ ? ਇਸ ਬਾਣੀ ਦੀ ਰਚਨਾ-ਵਿਉਂਤ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੇ ਯੋਗ-ਸਾਧਨਾ ਸੰਬੰਧੀ ਸਿੱਧਾਂਤ-ਪਰਕ ਉਨ੍ਹਾਂ ਸਾਰੀਆਂ ਗੱਲਾਂ ਨੂੰ ਇਸ ਰਚਨਾ ਵਿਚ ਸਮੋ ਦਿੱਤਾ ਹੈ ਜਿਹੜੀਆਂ ਸਮੇਂ ਸਮੇਂ ਉਨ੍ਹਾਂ ਨੇ ਯੋਗੀਆਂ/ਸਿੱਧਾਂ ਦੁਆਰਾ ਕੀਤੇ ਪ੍ਰਸ਼ਨਾਂ ਦੇ ਉੱਤਰ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦੇ ਹੋਇਆਂ ਕਹੀਆਂ ਸਨ।

ਇਸ ਦੇ ਵਿਧਾਨਿਕ ਸਰੂਪ ਅਨੁਸਾਰ ਸ਼ੁਰੂ ਵਿਚ ਚਰਪਟ ਨਾਂ ਦਾ ਯੋਗੀ ਕੁਝ ਪਰਿਚਯਾਤਮਕ ਪ੍ਰਸ਼ਨ ਕਰਦਾ ਹੈ ਕਿ ਤੁਹਾਡਾ (ਗੁਰੂ ਜੀ ਦਾ) ਕਿਹੜਾ ਮਤ ਹੈ ਅਤੇ ਉਸ ਦਾ ਕੀ ਉਦੇਸ਼ ਹੈ ? ਤੁਹਾਡੇ ਮਤ ਅਨੁਸਾਰ ਸੰਸਾਰ-ਸਾਗਰ ਤੋਂ ਕਿਵੇਂ ਤਰਿਆ ਜਾਂਦਾ ਹੈ ? ਗੁਰੂ ਦੇ ਮਿਲਣ ਦਾ ਪ੍ਰਮਾਣ ਕੀ ਹੈ ? ਇਸ ਪਿਛੋਂ ਲੋਹਾਰੀ-ਪਾ ਨਾਂ ਦਾ ਯੋਗੀ ਆਪਣੇ ਮਤ ਦਾ ਮਹੱਤਵ ਸੰਸਾਰ ਤੋਂ ਨਿਰਲਿਪਤ ਰਹਿਣ ਵਿਚ ਦਸਦਾ ਹੋਇਆ ਗੋਸਟਿ ਨੂੰ ਅਗੇ ਤੋਰਦਾ ਹੈ। ਤਦਉਪਰੰਤ ਕਿਸੇ ਵਿਸ਼ੇਸ਼ ਯੋਗੀ ਵਲੋਂ ਕੋਈ ਪ੍ਰਸ਼ਨ ਨਹੀਂ ਕੀਤਾ ਗਿਆ, ਸਗੋਂ ਸਮੂਹਿਕ ਰੂਪ ਵਿਚ ਯੋਗੀਆਂ ਦੇ ਪ੍ਰਸ਼ਨ ਲਿਖੇ ਗਏ ਹਨ ਅਤੇ ਉਨ੍ਹਾਂ ਦੇ ਉੱਤਰਾਂ ਦੇ ਪ੍ਰਸੰਗ ਵਿਚ ਗੁਰਮਤਿ ਦੀ ਮਹਾਨਤਾ ਸਥਾਪਿਤ ਕੀਤੀ ਗਈ ਹੈ। ਸਿੱਧਾਂ ਦੇ ਸਮੂਹਿਕ ਪ੍ਰਸ਼ਨਾਂ ਦੇ ਉੱਤਰ ਗੁਰੂ ਜੀ ਨੇ ਬੜੇ ਸੰਖੇਪ ਅਤੇ ਕਲਾਤਮਕ ਢੰਗ ਨਾਲ ਦਿੱਤੇ ਹਨ। ਨਮੂਨੇ ਵਜੋਂ ਚਰਪਟ ਦੇ ਪੁਛਣ ਉਤੇ ਕਿ ਗੁਰੂ ਦੇ ਮਿਲ ਪੈਣ ਦਾ ਕੀ ਪ੍ਰਮਾਣ ਹੈ ? ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਚੰਚਲਤਾ ਨੂੰ ਛਡ ਦੇਣ ਅਤੇ ਨਾਮ ਵਿਚ ਲੀਨ ਹੋਣ ਨਾਲ ਗੁਰੂ ਦੇ ਮਿਲ ਪੈਣ ਦਾ ਪ੍ਰਮਾਣ ਪ੍ਰਾਪਤ ਹੋ ਜਾਂਦਾ ਹੈ। ਲੋਹਾਰੀ-ਪਾ ਦੁਆਰਾ ਆਪਣੇ ਮਤ ਦੀ ਪੁਸ਼ਟੀ ਲਈ ਸੰਸਾਰ ਤੋਂ ਨਿਰਲਿਖਿਤ ਰਹਿਣ ਦੇ ਤਰਕ ਦਾ ਉੱਤਰ ਦਿੰਦੇ ਹੋਇਆਂ ਗੁਰੂ ਜੀ ਦੇ ਨਾਮ ਦੇ ਮਹੱਤਵ ਦੀ ਇਸ ਤਰ੍ਹਾਂ ਸਥਾਪਨਾ ਕੀਤੀ ਹੈ— *ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨਾ ਡੋਲਾਈ। ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ।* ਅਤੇ ਸੰਸਾਰ ਸਾਗਰ ਤੋਂ ਤਰਨ ਬਾਰੇ ਗੁਰੂ ਜੀ ਨੇ ਦਸਿਆ ਹੈ— *ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ। ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।* (ਗੁ.ਗ੍ਰੰ.938)।

ਇਸ ਤਰ੍ਹਾਂ ਗੁਰਮਤਿ ਦੇ ਦਾਰਸ਼ਨਿਕ ਅਤੇ ਧਾਰਮਿਕ ਸਿੱਧਾਂਤਾਂ ਦਾ ਸੰਖਿਪਤ ਰੂਪ ਜਾਂ ਸਾਰਾਂਸ਼ 'ਸਿਧ ਗੋਸਟਿ' ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਜੀ ਨੇ ਇਸ ਬਾਣੀ ਵਿਚ ਸੱਚੇ ਮਾਰਗ, ਸੱਚੇ ਭੇਸ, ਸੱਚੇ ਦਰਸ਼ਨ, ਸੱਚੇ ਯੋਗ ਅਤੇ ਸੱਚੇ ਸ਼ਬਦ ਦੀ ਵਿਆਖਿਆ ਪੇਸ਼ ਕਰਕੇ ਜਿਗਿਆਸੂ ਨੂੰ ਅਧਿਆਤਮਿਕਤਾ ਲਈ ਪ੍ਰੇਰਿਆ ਹੈ ਤਾਂ ਜੁ ਉਹ ਸਨਮਾਰਗ ਉਤੇ ਚਲ ਕੇ ਪਰਮਾਤਮਾ ਨਾਲ ਇਕ-ਮਿਕ ਹੋਣ ਦੀ ਅਵਸਥਾ ਤਕ ਪਹੁੰਚ ਸਕੇ। ਨਾਮ-ਸਾਧਨਾ ਅਜਿਹੇ 'ਗੁਰਮੁਖ' ਵਿਅਕਤੀ ਦੀ ਸੱਚੀ ਕਰਨੀ ਹੈ। ਇਹੀ ਵਾਸਤਵਿਕ ਯੋਗ ਦੀ ਜੁਗਤ ਹੈ ਅਤੇ ਇਹੀ ਅੰਤਿਮ ਸਿੱਧੀ ਹੈ।

ਇਸ ਬਾਣੀ ਵਿਚ ਗੁਰੂ ਜੀ ਨੇ ਯੋਗੀਆਂ/ਸਿੱਧਾਂ ਦੇ ਧਾਰਮਿਕ ਪ੍ਰਤੀਕਾਂ, ਆਡੰਬਰਾਂ ਅਤੇ ਰੂੜੀਆਂ ਦੇ ਖੰਡਨ ਵਿਚ ਸੰਜਮ ਅਤੇ ਉਦਾਰਤਾ ਦਾ ਪ੍ਰਦਰਸ਼ਨ ਕੀਤਾ ਹੈ। ਗੁਰੂ ਜੀ ਦੀ ਵਿਵੇਕ-ਬੁੱਧੀ, ਮੌਲਿਕ ਤਰਕ-ਸ਼ਕਤੀ ਅਤੇ ਵਿਚਾਰ-ਸਪੱਸ਼ਟਤਾ 'ਸਿਧ-ਗੋਸਟਿ' ਵਿਚ ਸਰਬੱਤ੍ਰ ਮੌਜੂਦ ਹੈ।

ਛੰਦ ਦੀ ਦ੍ਰਿਸ਼ਟੀ ਤੋਂ ਇਹ ਬਾਣੀ ਹੋਰਨਾਂ ਨਾਲੋਂ ਅਧਿਕ ਵਿਵਸਥਿਤ ਹੈ। ਇਸ ਵਿਚ ਕੁਲ 73 ਪਦੇ ਹਨ ਜਿਨ੍ਹਾਂ ਵਿਚੋਂ 1 ਤੋਂ 18 ਤਕ ਚਾਰ ਚਾਰ ਤੁਕਾਂ ਵਾਲੇ ਅਤੇ 19 ਤੋਂ 73 ਤਕ ਛੇ ਛੇ ਤੁਕਾਂ ਵਾਲੇ ਹਨ। ਇਨ੍ਹਾਂ ਦੀ ਮਾਤ੍ਰਿਕ ਗਿਣਤੀ ਵੀ ਦੋ ਤਰ੍ਹਾਂ ਦੀ ਹੈ— 16,12 ਅਤੇ 8,8 । ਪਹਿਲੇ ਪਦੇ ਤੋਂ ਬਾਦ ਦੋ ਤੁਕਾਂ ਦਾ 'ਰਹਾਉ' ਹੈ। ਇਹ ਤੁਕਾਂ 73 ਪਦਿਆਂ ਤੋਂ ਅਧਿਕ ਹਨ ਅਤੇ ਗੋਸਟਿ ਦੀ ਮੂਲ ਸਮਸਿਆ ਨੂੰ ਪੇਸ਼ ਕਰਦੀਆਂ ਹਨ। ਇਸ ਬਾਣੀ ਦੀ ਭਾਸ਼ਾ ਹੋਰਨਾਂ ਦੇ ਮੁਕਾਬਲੇ ਬਹੁਤ ਗੰਭੀਰ ਅਤੇ ਯੌਗਿਕ ਪਰਿਭਾਸ਼ਿਕ ਸ਼ਬਦਾਵਲੀ ਨਾਲ ਭਰਪੂਰ ਹੈ। ਗੁਰਮਤਿ ਦੇ ਪਰਿਭਾਸ਼ਿਕ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਨਾਂ-ਮਾਤ੍ਰ ਪ੍ਰਯੋਗ ਹੋਇਆ ਹੈ। ਇਸ ਬਾਣੀ ਦੀ ਭਾਸ਼ਾ ਵਿਸ਼ੇ ਅਤੇ ਵਿਚਾਰ ਦੇ ਅਨੁਸਾਰੀ ਸਾਧ-ਭਾਸ਼ਾ ਹੈ। ਸੰਖੇਪਤਾ ਇਸ ਦੀ ਰਚਨਾ-ਸ਼ੈਲੀ ਦਾ ਵਿਸ਼ੇਸ਼ ਗੁਣ ਹੈ।

**ਸਿੱਧਵਾਂ ਕਲਾਂ** (ਪਿੰਡ) : ਲੁਧਿਆਣਾ ਜ਼ਿਲ੍ਹਾ ਦੀ ਜਗਰਾਉਂ ਨਗਰ ਤੋਂ ਉੱਤਰ-ਪੂਰਵ ਵਾਲੇ ਪਾਸੇ 7 ਕਿ.ਮੀ. ਦੀ ਵਿਥ ਉਤੇ ਸਥਿਤ ਇਕ ਪਿੰਡ ਜਿਸ ਨੂੰ 'ਸਿੱਧਮ ਕਲਾਂ' ਅਤੇ 'ਸਿੱਧਵ ਢਾਹੇ ਦੇ' ਵੀ ਕਹਿੰਦੇ ਹਨ। ਮਾਲਵੇ ਵਿਚ ਧਰਮ-ਪ੍ਰਚਾਰ ਲਈ ਯਾਤ੍ਰਾ ਕਰਦੇ ਹੋਇਆਂ ਗੁਰੂ ਹਰਿਗੋਬਿੰਦ ਸਾਹਿਬ ਸੰਨ 1631 ਈ. ਵਿਚ ਪਿੰਡ ਦੇ ਬਾਹਰ ਉਤਰ ਦਿਸ਼ਾ ਵਿਚ ਇਕ ਟੋਭੇ ਦੇ ਕੰਢੇ ਜੰਮੇ ਪਿੱਪਲ ਦੇ ਬ੍ਰਿਛ ਹੇਠਾਂ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਭਾਈ ਮਨਸਾ ਰਾਮ ਨੇ ਸੰਨ 1938 ਈ. ਵਿਚ ਉਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਵਾਇਆ ਸੀ ਜਿਸ ਵਿਚ ਅਗੋਂ ਵਿਸਤਾਰ ਹੁੰਦਾ ਰਿਹਾ ਅਤੇ ਟੋਭੇ ਨੂੰ ਵੀ ਸਰੋਵਰ ਦਾ ਰੂਪ ਦੇ ਦਿੱਤਾ ਗਿਆ। ਇਥੇ ਹਰ ਸਾਵਣ ਮਹੀਨੇ ਦੀਆਂ 16,17 ਅਤੇ 18 ਤਿਥੀਆਂ ਉਤੇ ਵੱਡਾ ਜੋੜ-ਮੇਲਾ ਹੁੰਦਾ ਹੈ। ਸਥਾਨਕ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਧਾਮ ਦੀ ਵਿਵਸਥਾ ਕਰਦੀ ਹੈ।

**ਸਿੱਧੀਆਂ** : ਸੰਸਕ੍ਰਿਤ ਭਾਸ਼ਾ ਦੇ ਸਿਦ੍ਧਿ (ਸਿੱਧੀ) ਤੋਂ ਭਾਵ ਹੈ ਸਾਧਨਾ ਦੁਆਰਾ ਪ੍ਰਾਪਤ ਕੀਤੀ ਅਲੌਕਿਕ ਸ਼ਕਤੀ। ਅਜਿਹੀਆਂ ਸਿੱਧੀਆਂ ਦੇ ਸੁਆਮੀ ਨੂੰ 'ਸਿੱਧ' ਕਿਹਾ ਜਾਂਦਾ ਹੈ। ਯੋਗ ਅਤੇ ਤੰਤ੍ਰ ਮਤ ਨਾਲ ਸੰਬੰਧਿਤ ਜਾਂ ਪ੍ਰਭਾਵਿਤ ਧਰਮ-ਸਾਧਨਾਵਾਂ ਵਿਚ ਇਨ੍ਹਾਂ ਦਾ ਉੱਲੇਖ ਮਿਲਦਾ ਹੈ। ਪੁਰਾਤਨ ਗ੍ਰੰਥਾਂ ਵਿਚ ਸਿੱਧੀਆਂ ਦੀ ਪ੍ਰਕਾਰ-ਵੰਡ ਵੀ ਹੋਈ ਹੈ, ਪਰ ਇਨ੍ਹਾਂ ਨੂੰ ਹਾਸਲ ਕਰਨ ਦੇ ਵਖ ਵਖ ਸਾਧਨ ਅਤੇ ਵਿਧੀਆਂ ਹਨ। ਇਨ੍ਹਾਂ ਸਿੱਧੀਆਂ ਦੀ ਗਿਣਤੀ ਵਿਚ ਵੀ ਮਤ-ਭੇਦ ਹੈ, ਪਰ ਮੁੱਖ ਤੌਰ 'ਤੇ ਦੋ ਗਿਣਤੀਆਂ ਦਾ ਅਧਿਕ ਉੱਲੇਖ ਮਿਲਦਾ ਹੈ—ਅਸ਼ਟ ਸਿੱਧੀਆਂ ਅਤੇ ਅਠਾਰਹ ਸਿੱਧੀਆਂ।

'ਪਾਤੰਜਲ ਯੋਗ-ਪ੍ਰਦੀਪ' (ਪੰਨਾ 514) ਅਨੁਸਾਰ ਸਾਧਕ ਯੋਗ ਦੇ ਅਭਿਆਸ ਨਾਲ ਜੋ ਅਲੌਕਿਕ ਜਾਂ ਜਾਦੂਈ ਸ਼ਕਤੀਆਂ ਪ੍ਰਾਪਤ ਕਰਦਾ ਹੈ, ਉਨ੍ਹਾਂ ਦੀ ਗਿਣਤੀ ਅੱਠ ਹੈ— (1) ਅਨਿਮਾ (ਅਣੂ ਵਾਂਗ ਲਘੂ ਜਾਂ ਅਦ੍ਰਿਸ਼ ਹੋ ਸਕਣਾ), (2) ਲਘਿਮਾ (ਹਲਕਾ ਬਣ ਕੇ ਉੱਡ ਸਕਣਾ), (3) ਮਹਿਮਾ (ਪਰਬਤ ਵਾਂਗ ਭਾਰਾ ਹੋ ਸਕਣਾ), (4) ਪ੍ਰਾਪ੍ਤਿ (ਕਿਤੋਂ ਵੀ ਕੋਈ ਵਸਤੂ ਪ੍ਰਾਪਤ ਕਰ ਸਕਣਾ), (5) ਪ੍ਰਾਕਾਮ੍ਯ (ਇੱਛਾ-ਸ਼ਕਤੀ ਨੂੰ ਕਿਸੇ ਪ੍ਰਕਾਰ ਦੀ ਰੋਕ ਤੋਂ ਮੁਕਤ ਕਰ ਸਕਣਾ), (6) ਵਸਿਤ੍ਵ (ਸਾਰੇ ਪ੍ਰਾਣੀਆਂ ਨੂੰ ਵਸ ਵਿਚ ਕਰ ਸਕਣਾ), (7) ਈਸ਼ਿਤ੍ਵ (ਸਾਰੇ ਪਦਾਰਥਾਂ ਉਤੇ ਅਧਿਕਾਰ ਜਮਾ ਸਕਣਾ), (8) ਕਾਮ ਵਸ਼ਾਯਿਤਾ (ਸਾਧਕ ਦੇ ਹਰ ਪ੍ਰਕਾਰ ਦੇ ਸੰਕਲਪਾਂ ਦਾ ਪੂਰਾ ਹੋ ਸਕਣਾ)। ਇਨ੍ਹਾਂ ਸਿੱਧੀਆਂ ਦਾ ਅਧਿਕ ਮਹੱਤਵ ਹਠ-ਯੋਗ ਵਿਚ ਮੰਨਿਆ ਗਿਆ ਹੈ।

ਪੁਰਾਣ-ਸਾਹਿਤ ਵਿਚ ਦਸ ਹੋਰ ਸਿੱਧੀਆਂ ਦਾ ਵਿਵਰਣ ਵੀ ਮਿਲਦਾ ਹੈ, ਜਿਵੇਂ (1) ਅਨੁਰਮਿ (ਭੁੱਖ ਤ੍ਰੇਹ ਦਾ ਨ ਲਗਣਾ), (2) ਦੂਰ-ਸ਼੍ਰਵਣ (ਦੂਰੋਂ ਸਾਰੀ ਗੱਲ ਸੁਣ ਸਕਣੀ), (3) ਦੂਰ-ਦਰਸ਼ਨ (ਦੂਰ ਤੋਂ ਹੀ ਕੋਈ ਵਸਤੂ ਜਾਂ ਦ੍ਰਿਸ਼ ਵੇਖ ਸਕਣਾ), (4) ਮਨੋਵੇਗ (ਮਨ ਦੀ ਚਾਲ ਵਾਂਗ ਜਲਦੀ ਜਾ ਸਕਣਾ), (5) ਕਾਮ-ਰੂਪ (ਮਨ ਚਾਹਿਆ ਰੂਪ ਧਾਰਣ ਕਰ ਸਕਣਾ), (6) ਪਰਕਾਯ-ਪ੍ਰਵੇਸ਼ (ਕਿਸੇ ਹੋਰ ਦੀ ਦੇਹ ਵਿਚ ਪ੍ਰਵੇਸ਼ ਕਰ ਸਕਣਾ), (7) ਸ੍ਵਛੰਦ-ਮ੍ਰਿਤੁ (ਆਪਣੀ ਇੱਛਾ ਅਨੁਸਾਰ ਮਰ ਸਕਣਾ), (8) ਸੁਰ-ਕ੍ਰੀੜਾ (ਦੇਵਤਿਆਂ ਨਾਲ ਮਿਲ ਕੇ ਮੌਜ-ਮੇਲਾ ਕਰ ਸਕਣਾ), (9) ਸੰਕਲਪ-ਸਿੱਧੀ (ਚਿਤਵਣ ਅਨੁਸਾਰ ਸਭ ਕੁਝ ਪੂਰਾ ਕਰ ਸਕਣਾ), (10) ਅਪ੍ਰਤਿਹਤ-ਗਤਿ (ਹਰ ਥਾਂ ਬੇਰੋਕ ਜਾ ਸਕਣਾ)।

ਇਨ੍ਹਾਂ ਦਸ ਅਤੇ ਪਹਿਲਾਂ ਦਸੀਆਂ ਗਈਆਂ ਅੱਠ ਸਿੱਧੀਆਂ ਨੂੰ ਮਿਲਾ ਕੇ ਅਠਾਰ੍ਹਾਂ ਸਿੱਧੀਆਂ ਬਣ ਜਾਂਦੀਆਂ ਹਨ। ਬੌਧੀ ਤੰਤ੍ਰਾਂ ਵਿਚ ਅੱਠ ਮਹਾ-ਸਿੱਧੀਆਂ ਦਾ ਵੀ ਉੱਲੇਖ ਮਿਲਦਾ ਹੈ— ਖੜਗ, ਅੰਜਨ, ਪਾਦਲੇਪ, ਅੰਤਰਧਾਨ, ਰਸ-ਰਸਾਯਣ, ਖੇਚ, ਭੂਚਰ ਅਤੇ ਪਾਤਾਲ।

'ਯੋਗ-ਸੂਤ੍ਰ' (3/37) ਵਿਚ ਸਿੱਧੀਆਂ ਨੂੰ ਯੋਗੀ ਦੀ ਸਾਧਨਾ ਵਿਚ ਵਿਘਨ ਮੰਨਿਆ ਗਿਆ ਹੈ। ਇਨ੍ਹਾਂ ਦੇ ਚੱਕਰ ਵਿਚ ਪੈਣ ਵਾਲਾ ਯੋਗੀ ਆਪਣੇ ਵਾਸਤਵਿਕ ਮਾਰਗ ਤੋਂ ਖੁੰਜ ਜਾਂਦਾ ਹੈ ਅਤੇ ਸਮਾਧੀ ਦੀ ਅਵਸਥਾ ਤੋਂ ਵਾਂਝਿਆ ਰਹਿ ਜਾਂਦਾ ਹੈ। ਇਸ ਲਈ ਯੋਗੀ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਸਿੱਧੀਆਂ ਦੇ ਗੇੜ ਵਿਚ ਨ ਪੈ ਕੇ ਆਪਣੇ ਅੰਤਿਮ ਉਦੇਸ਼ (ਕੈਵਲ੍ਯ ਜਾਂ ਆਤਮ-ਦਰਸ਼ਨ) ਵਲ ਵਧੇ।

ਇਹ ਠੀਕ ਹੈ ਕਿ ਇਨ੍ਹਾਂ ਸਿੱਧੀਆਂ ਨੂੰ ਯੋਗ ਵਿਚ ਸਮਾਧੀ ਜਾਂ ਕੈਵਲ੍ਯ ਪ੍ਰਾਪਤੀ ਤੋਂ ਨੀਵਾਂ ਦਸਿਆ ਜਾਂਦਾ ਹੈ, ਪਰ ਇਨ੍ਹਾਂ ਨਾਲ ਭਾਵੇਂ ਉਚਤਮ ਲਕ੍ਸ਼ ਪ੍ਰਾਪਤ ਨ ਵੀ ਹੋਵੇ, ਤਾਂ ਵੀ ਹੇਠਲੀਆਂ ਸਥਿਤੀਆਂ ਦਾ ਵੀ ਆਪਣਾ ਮਹੱਤਵ ਹੈ। ਹਰ ਇਕ ਦਾ ਆਪਣਾ ਆਪਣਾ ਫਲ ਹੈ। ਜਦੋਂ ਮਨੁੱਖ ਇਨ੍ਹਾਂ ਨੂੰ ਪ੍ਰਾਪਤ ਕਰਕੇ ਇਨ੍ਹਾਂ ਨੂੰ ਹੀ ਪੂਰਣਤਾ ਦਾ ਰੂਪ ਸਮਝਣ

ਲਗ ਜਾਂਦਾ ਹੈ ਤਾਂ ਉਦੋਂ ਇਹ ਚਰਮ-ਲਕੑਸ਼ ਵਿਚ ਵਿਘਨ ਬਣਦੀਆਂ ਹਨ। ਅਸਲ ਵਿਚ, ਇਹ ਤਾਂ ਸਾਧਨਾ-ਮਾਰਗ ਦੇ ਫਲ ਹਨ। ਇਨ੍ਹਾਂ ਨੂੰ ਹਾਸਲ ਕਰਕੇ ਯੋਗੀ ਆਪਣੀ ਘਾਲਣਾ ਨੂੰ ਸਫਲ ਸਮਝਣ ਲਗ ਜਾਂਦਾ ਹੈ, ਪਰ ਇਹ ਭਰਮ ਹੈ। ਇਨ੍ਹਾਂ ਸਿੱਧੀਆਂ ਪ੍ਰਤਿ ਬੇਪਰਵਾਹ ਹੋਣਾ ਜ਼ਰੂਰੀ ਹੈ।

ਮੱਧ-ਯੁਗ ਦੇ ਸੰਤ-ਸਾਹਿਤ ਵਿਚ ਇਨ੍ਹਾਂ ਸਿੱਧੀਆਂ ਦੀ ਪ੍ਰਾਪਤੀ ਦਾ ਨਿਸ਼ੇਧ ਕਰਕੇ ਸਹਿਜ-ਸਾਧਨਾ ਉਤੇ ਬਲ ਦਿੱਤਾ ਗਿਆ ਹੈ। ਗੁਰੂ ਅਮਰਦਾਸ ਜੀ ਦੀ ਸਥਾਪਨਾ ਹੈ ਕਿ ਹਰਿ ਦੀ ਆਰਾਧਨਾ ਨਾਲ ਨੌਂ ਨਿਧੀਆਂ ਅਤੇ ਅਠਾਰ੍ਹਾਂ ਸਿੱਧੀਆਂ ਸਾਧਕ ਦੇ ਪਿਛੇ ਲਗੀਆਂ ਫਿਰਦੀਆਂ ਹਨ— *ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।* (ਗੁ.ਗ੍ਰੰ.649)।

ਗੁਰਬਾਣੀ ਨਾਮ ਸਿਮਰਨ ਵਿਚ ਹੀ ਰਿਧੀਆਂ-ਸਿੱਧੀਆਂ ਦੀ ਪ੍ਰਾਪਤੀ ਦੀ ਸਮਾਈ ਦਸਦੀ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਵਿਚ ਕਿਹਾ ਹੈ — *ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ।* (ਗੁ.ਗ੍ਰੰ.262)।

**ਸਿੰਧੀ ਸਿੱਖ** : ਸਿੰਧ ਪ੍ਰਾਂਤ ਵਿਚ ਨਿਵਾਸ ਕਰਨ ਵਾਲੇ ਜਾਂ ਉਸ ਪ੍ਰਾਂਤ ਨਾਲ ਸੰਬੰਧਿਤ ਗੁਰੂ ਨਾਨਕ ਨਾਮ-ਲੇਵਾ ਵਿਅਕਤੀਆਂ ਨੂੰ ਆਮ ਤੌਰ 'ਤੇ 'ਸਿੰਧੀ ਸਿੱਖ' ਕਿਹਾ ਜਾਂਦਾ ਹੈ। ਇਹ ਲੋਕ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਮਤ ਦੇ ਧਾਰਣੀ ਹੋ ਗਏ ਸਨ। ਗੁਰੂ ਜੀ ਉਦਾਸੀਆਂ ਦੌਰਾਨ ਉਥੇ ਗਏ ਸਨ। ਪਰ ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦਾ ਵਿਵਸਥਿਤ ਪ੍ਰਚਾਰ ਉਨ੍ਹਾਂ ਦੇ ਸੁਪੁੱਤਰ ਬਾਬਾ ਸ੍ਰੀਚੰਦ (ਵੇਖੋ) ਨੇ ਕੀਤਾ ਅਤੇ ਕਈ ਧਰਮਸ਼ਾਲਾਵਾਂ ਕਾਇਮ ਕੀਤੀਆਂ। ਬਾਦ ਵਿਚ ਉਦਾਸੀ ਸੰਪ੍ਰਦਾਇ ਦੇ ਅਨੇਕ ਸਾਧਾਂ ਨੇ ਸਿੰਧ ਪ੍ਰਾਂਤ ਵਿਚ ਆਪਣੇ ਕਈ ਡੇਰੇ ਕਾਇਮ ਕੀਤੇ। ਸੱਖਰ ਦੇ ਨੇੜੇ ਸਿੰਧ ਨਦੀ ਦੇ ਇਕ ਟਾਪੂ ਵਿਚ ਸਥਿਤ ਸਾਧੁਬੇਲਾ ਮੀਹਾਂ ਸ਼ਾਹੀ ਸ਼ਾਖਾ ਦੇ ਇਕ ਉਦਾਸੀ ਸਾਧ ਬਾਬਾ ਬਨਖੰਡੀ ਨੇ ਸੰਨ 1823 ਈ. ਵਿਚ ਸਥਾਪਿਤ ਕੀਤਾ ਸੀ ਜੋ ਹੁਣ ਇਕ ਮਹੱਤਵਪੂਰਣ ਤੀਰਥ ਵਜੋਂ ਪ੍ਰਸਿੱਧ ਹੋ ਚੁਕਿਆ ਹੈ। ਗੁਰੂ ਨਾਨਕ-ਵੰਸ਼ਜ ਬਾਬਾ ਗੁਰੁਪਤ ਨੇ ਸਿੰਧ ਪ੍ਰਦੇਸ਼ ਵਿਚ 'ਜਗਿਆਸੂ' (ਵੇਖੋ) ਨਾਂ ਦੀ ਇਕ ਉਪ-ਸੰਪ੍ਰਦਾਇ ਵੀ ਪ੍ਰਚਲਿਤ ਕੀਤੀ। ਉਦਾਸੀ ਸਾਧ ਬਾਬਾ ਸਰੂਪ ਦਾਸ ਨੇ ਸ਼ਿਕਾਰਪੁਰ ਨਗਰ ਵਿਚ ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦਾ ਕੇਂਦਰ ਸਥਾਪਿਤ ਕੀਤਾ।

ਉਦਾਸੀ ਸਾਧਾਂ ਤੋਂ ਇਲਾਵਾ ਨਿਰਮਲ ਸੰਤਾਂ ਨੇ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਨੇਕ ਡੇਰੇ ਸਥਾਪਿਤ ਕੀਤੇ। ਉਥੇ ਪ੍ਰਚਾਰ ਕਰਨ ਵਾਲਿਆਂ ਵਿਚ ਮਹੰਤ ਬੁੱਢਾ ਸਿੰਘ, ਸੰਤ ਗੁਲਾਬ ਸਿੰਘ, ਸੰਤ ਪ੍ਰੀਤਮ ਸਿੰਘ ਆਦਿ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ। ਇਨ੍ਹਾਂ ਨੇ ਉਥੇ ਕਈ ਗੁਰਦੁਆਰੇ ਕਾਇਮ ਕੀਤੇ। ਸਿੰਘ ਸਭਾ ਲਹਿਰ ਵਾਲਿਆਂ ਨੇ ਵੀ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਚੀਫ਼ ਖ਼ਾਲਸਾ ਦੀਵਾਨ ਵਾਲੇ ਵੀ ਇਸ ਕਰਮ ਵਲ ਬਹੁਤ ਰੁਚਿਤ ਰਹੇ। ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਭਾਈ ਅਰਜਨ ਸਿੰਘ ਬਾਗੜੀਆਂ ਵਾਲੇ ਅਤੇ ਸ. ਹਰਬੰਸ ਸਿੰਘ ਅਟਾਰੀ ਵਾਲੇ ਨੇ ਵੀ ਉਥੇ ਕਈ ਵਾਰ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਨ੍ਹਾਂ ਤੋਂ ਇਲਾਵਾ ਸਿੰਧੀ ਸਿੱਖਾਂ ਨੇ ਖ਼ੁਦ ਵੀ ਸਿੱਖੀ ਦੇ ਪ੍ਰਚਾਰ ਵਿਚ ਬਹੁਤ ਦਿਲਚਸਪੀ ਵਿਖਾਈ। ਇਸ ਸੰਬੰਧ ਵਿਚ ਸਾਧੂ ਟੀ.ਐਲ.ਵਾਸਵਾਨੀ, ਦਾਦਾ ਚੇਲਾਰਾਮ ਆਦਿ ਸਾਧਕਾਂ ਦੇ ਨਾਂ ਖ਼ਾਸ ਤੌਰ 'ਤੇ ਜ਼ਿਕਰਯੋਗ ਹਨ। ਇਨ੍ਹਾਂ ਤੋਂ ਇਲਾਵਾ ਦੇਸ਼-ਵੰਡ ਤੋਂ ਪਹਿਲਾਂ ਹਰ ਸਾਲ ਕਥਾਕਾਰ, ਪ੍ਰਚਾਰਕ ਅਤੇ ਕੀਰਤਨੀ ਸਿੱਖ ਸਿੰਧ ਪ੍ਰਾਂਤ ਵਲ ਪ੍ਰਚਾਰ ਲਈ ਜਾਂਦੇ ਰਹਿੰਦੇ ਸਨ। ਸਿੰਧੀ ਲੋਕ ਮੁਖ ਤੌਰ 'ਤੇ ਸਹਿਜਧਾਰੀ ਹਨ, ਪਰ ਵਿਰਲੇ ਵਿਰਲੇ ਸਿੰਘ ਵੀ ਸਜ ਗਏ ਹਨ।

ਦੇਸ਼ ਦੀ ਸੁਤੰਤਰਤਾ ਤੋਂ ਬਾਦ ਬਹੁਤੇ ਸਿੰਧੀ ਹਿੰਦੁਸਤਾਨ ਵਲ ਆ ਗਏ ਅਤੇ ਅਧਿਕਤਰ ਮਹਾਰਾਸ਼ਟਰ ਦੇ ਬੰਬਈ ਨਗਰ ਵਿਚ ਵਸ ਗਏ। ਇਸ ਤੋਂ ਇਲਾਵਾ ਪੂਨਾ, ਹੈਦਰਾਬਾਦ ਆਦਿ ਨਗਰਾਂ ਵਿਚ ਵੀ ਇਨ੍ਹਾਂ ਦਾ ਕਾਫ਼ੀ ਵਪਾਰ ਹੈ। ਪਿਛੇ ਰਹੇ ਸਿੰਧੀ ਅਜੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰਖਦੇ ਹਨ ਅਤੇ ਅਕਸਰ ਗੁਰਪੁਰਬਾਂ ਉਤੇ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਨਾਂ ਦੇ ਗੁਰੂ-ਧਾਮਾਂ ਵਿਚ ਬੜੇ ਚਾਉ ਨਾਲ ਸ਼ਰਕਤ ਕਰਦੇ ਹਨ। ਲੰਗਰ ਦਾ ਅਧਿਕਤਰ ਪ੍ਰਬੰਧ ਇਨ੍ਹਾਂ ਦੁਆਰਾ ਕੀਤਾ ਜਾਂਦਾ ਹੈ।

ਭਾਰਤ ਵਿਚ ਆਏ ਸਿੰਧੀਆਂ ਵਿਚੋਂ ਦਾਦਾ ਚੇਲਾਰਾਮ ਦਿੱਲੀ ਵਿਚ ਆ ਵਸੇ ਅਤੇ 'ਨਿਜ ਥਾਉਂ' ਨਾਂ ਦਾ ਆਪਣਾ ਆਸ਼੍ਰਮ ਪੂਸਾ ਰੋਡ ਦਿੱਲੀ ਉਤੇ ਸਥਾਪਿਤ ਕੀਤਾ। ਦਾਦਾ ਜੀ ਦੇ ਦੇਹਾਂਤ ਤੋਂ ਬਾਦ ਇਨ੍ਹਾਂ ਦੀ ਪੁੱਤਰੀ ਕਮਲਾ ਨੇ ਪ੍ਰਚਾਰ ਦੀ ਸੇਵਾ ਸੰਭਾਲੀ ਅਤੇ ਹੁਣ ਦਾਦਾ ਜੀ ਦਾ ਪੁੱਤਰ ਲਛਮਣ ਚੇਲਾ ਰਾਮ ਗੁਰੂ ਨਾਨਕ ਮਤ ਦੇ ਪ੍ਰਚਾਰ ਵਿਚ

ਰੁਚਿਤ ਹੈ। ਇਸ ਨੇ ਗੁਰੂ ਗ੍ਰੰਥ ਸਾਹਿਬ ਦੇ ਸਿੰਧੀ ਅਤੇ ਹਿੰਦੀ ਵਿਚ ਖ਼ੁਦ ਟੀਕੇ ਤਿਆਰ ਕੀਤੇ ਹਨ ਅਤੇ ਦੇਸ਼ ਦੀਆਂ ਹੋਰ ਪ੍ਰਮੁਖ ਭਾਸ਼ਾਵਾਂ ਵਿਚ ਟੀਕੇ ਕਰਾਉਣ ਦੇ ਉਦਮ ਵਿਚ ਰੁਝਿਆ ਹੋਇਆ ਹੈ। ਇਸ ਨੇ ਹਿਮਾਚਲ ਪ੍ਰਦੇਸ਼ ਵਿਚ ਸੋਲਨ ਦੇ ਨੇੜੇ ਸਪਰੂਨ ਵਿਚ ਦਾਦਾ ਚੇਲਾ ਰਾਮ ਆਸ਼੍ਰਮ ਵੀ ਸਥਾਪਿਤ ਕੀਤਾ ਹੈ।

ਭਾਰਤ ਵਿਚ ਆ ਵਸੇ ਸਿੰਧੀ ਸ਼ੁਰੂ ਵਿਚ ਤਾਂ ਸਿੱਖ ਧਰਮ ਦੇ ਬਹੁਤ ਨੇੜੇ ਰਹੇ ਅਤੇ ਕਈ ਗੁਰਦੁਆਰੇ ਵੀ ਕਾਇਮ ਕੀਤੇ, ਪਰ ਹੌਲੀ ਹੌਲੀ ਇਹ ਲੋਕ ਗੁਰੂ ਗ੍ਰੰਥ ਸਾਹਿਬ ਪ੍ਰਤਿ ਆਪਣੀ ਪੂਰੀ ਆਸਥਾ ਪ੍ਰਗਟ ਕਰਦੇ ਹੋਏ ਵੀ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਆਪਣੇ ਗੁਰੂ-ਧਾਮਾਂ ਨੂੰ ਗੁਰਦੁਆਰਿਆਂ ਦੀ ਥਾਂ ਮੰਦਿਰ ਅਥਵਾ ਆਸ਼੍ਰਮ ਅਖਵਾ ਕੇ ਸੰਤੁਸ਼ਟ ਹਨ ਕਿਉਂਕਿ ਸੁਭਾ ਵਜੋਂ ਇਹ ਲੋਕ ਸਾਊ ਅਤੇ ਸ਼ਾਂਤ ਹਨ। ਇਹ ਸਿੱਖ ਅਧਿਆਤਮਿਕਤਾ ਵਿਚ ਵਿਸ਼ਵਾਸ ਰਖਦੇ ਹਨ ਪਰ ਕਟੜਪੁਣੇ ਤੋਂ ਦੂਰ ਭਜਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਨਾਲ ਅਤੇ ਉਸ ਤੋਂ ਬਾਦ ਇਸ ਸੰਸਥਾ ਵਿਚ ਰਾਜਨੀਤੀ ਦੇ ਪ੍ਰਵੇਸ਼ ਨਾਲ ਇਹ ਆਪਣੇ ਗੁਰਦੁਆਰਿਆਂ (ਧਰਮ-ਧਾਮਾਂ) ਨੂੰ ਗ਼ੈਰ-ਮਹਿਫ਼ੂਜ਼ ਸਮਝਣ ਲਗ ਗਏ ਹਨ। ਦੂਜੇ, ਸਿੱਖ ਧਰਮੀਆਂ ਵਿਚ ਵਿਕਸਿਤ ਹੋ ਰਹੇ ਕਟੜਪੁਣੇ ਅਤੇ ਰੀਤੀਵਾਦ ਤੋਂ ਇਹ ਬਹੁਤ ਘਬਰਾਉਂਦੇ ਹਨ। ਵੋਟਾਂ ਦੇ ਮਸਲੇ ਨੂੰ ਲੈ ਕੇ ਸਹਿਜਧਾਰੀ ਸਿੱਖਾਂ ਨੂੰ ਪੰਥ ਤੋਂ ਦੂਰ ਰਖਣ ਦੀ ਪ੍ਰਵ੍ਰਿਤੀ ਨੇ ਵੀ ਇਨ੍ਹਾਂ ਨੂੰ ਸਿੱਖੀ ਤੋਂ ਕਿਨਾਰਾ ਕਰਨ ਲਈ ਤਿਆਰ ਕੀਤਾ ਹੈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਵਸਥਾ ਤੋਂ ਭਾਵੇਂ ਦੂਰ ਹੁੰਦੇ ਜਾ ਰਹੇ ਹਨ ਪਰ ਨਿਰਮਲੇ ਅਤੇ ਉਦਾਸੀ ਸੰਪ੍ਰਦਾਵਾਂ ਦੇ ਬਹੁਤ ਨੇੜੇ ਹੋ ਕੇ ਵਿਚਰ ਰਹੇ ਹਨ। ਇਨ੍ਹਾਂ ਸੰਪ੍ਰਦਾਵਾਂ ਵਲੋਂ ਚਲਾਏ ਸਕੂਲਾਂ ਅਤੇ ਸਮਾਜ-ਸੇਵਾ-ਮੁਖੀ ਕਾਰਜਾਂ ਵਿਚ ਸਿੰਧੀ ਸਿੱਖ ਖੁਲ੍ਹ ਕੇ ਦਾਨ ਦਿੰਦੇ ਹਨ। ਵੱਡੇ ਵੱਡੇ ਧਨਾਢ ਸਿੰਧੀ ਸਿੱਖ ਘਰਾਂ ਵਿਚ ਪ੍ਰਕਾਸ਼ ਕਰਦੇ ਹਨ। ਬੱਚਿਆਂ ਦਾ ਨਾਂ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਦੀ ਮਰਯਾਦਾ ਅਨੁਸਾਰ ਰਖਦੇ ਹਨ ਅਤੇ ਵਿਆਹ-ਸ਼ਾਦੀਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਨੰਦ ਰੀਤੀ ਨਾਲ ਕਰਦੇ ਹਨ। ਵਿਦੇਸ਼ਾਂ ਵਿਚ ਵੀ ਕਈ ਗੁਰਦੁਆਰੇ ਇਨ੍ਹਾਂ ਨੇ ਬਣਵਾਏ ਹੋਏ ਹਨ। ਗੁਰੂ-ਘਰ ਨਾਲ ਇਨ੍ਹਾਂ ਦਾ ਅਸੀਮ ਪ੍ਰੇਮ ਹੈ।

ਸਿੱਖ ਪੰਥ ਵਿਚ ਚਲ ਰਹੀ ਕਟੜਪਣੇ ਦੀ ਹਵਾ ਜੇ ਚਲਦੀ ਰਹੀ ਅਤੇ ਸਹਿਜਧਾਰੀਆਂ ਨੂੰ ਅਸਿੱਖ ਘੋਸ਼ਿਤ ਕਰਦੀ ਰਹੀ ਤਾਂ ਪੰਥ ਦਾ ਇਕ ਵੱਡਾ ਹਿੱਸਾ ਇਸ ਨਾਲੋਂ ਨਿਖੜ ਜਾਵੇਗਾ ਅਤੇ ਇਸ ਦਾ ਅਸਰ ਕੌਮ ਦੇ ਵਿਕਾਸ ਉਤੇ ਪੈ ਕੇ ਗੰਭੀਰ ਸਿੱਟੇ ਕਢੇਗਾ।

**ਸਿਮਰਨ** : ਭਗਤੀ ਸਾਧਨਾ ਦੀ ਇਹ ਇਕ ਵਿਧੀ ਹੈ। ਇਹ ਪਦ ਸੰਸਕ੍ਰਿਤ ਦੇ 'ਸ੍ਮਰਣ' ਸ਼ਬਦ ਦਾ ਤਦਭਵ ਰੂਪ ਹੈ। ਇਸ਼ਟ-ਦੇਵ ਦੇ ਨਾਮ (ਜਾਂ ਗੁਣ) ਨੂੰ ਮਨ ਦੀ ਇਕਾਗ੍ਰ ਬਿਰਤੀ ਨਾਲ ਯਾਦ ਕਰਨਾ ਹੀ ਸਿਮਰਨ ਦਾ ਪ੍ਰਕਾਰਜ ਹੈ। ਇਸ ਨੂੰ ਨਾਮ-ਸਾਧਨਾ ਦੀ ਵਿਧੀ ਵੀ ਕਿਹਾ ਜਾ ਸਕਦਾ ਹੈ। ਇਸ ਨੂੰ ਜਪ/ਜਾਪ ਦਾ ਨਾਂ ਵੀ ਦਿੱਤਾ ਜਾਂਦਾ ਹੈ ਕਿਉਂਕਿ ਇਸ ਵਿਚ ਨਾਮ ਨੂੰ ਬਾਰ ਬਾਰ ਜਪਿਆ ਜਾਂਦਾ ਹੈ। ਨਾਮ ਦੇ ਸਿਮਰਨ ਵਿਚ ਸਾਧਕ ਇਤਨਾ ਮਗਨ ਹੋ ਜਾਂਦਾ ਹੈ ਕਿ ਉਹ ਸੰਸਾਰਿਕ ਕੰਮ-ਕਾਰ ਕਰਦਾ ਹੋਇਆ ਵੀ ਸਿਮਰਨ ਕਰੀ ਜਾਂਦਾ ਹੈ।

ਭਾਰਤ ਵਿਚ ਸਿਮਰਨ ਦੀ ਲੰਬੀ ਪਰੰਪਰਾ ਹੈ। ਵੈਦਿਕ ਸਾਹਿਤ ਤੋਂ ਲੈ ਕੇ ਪੌਰਾਣਿਕ ਸਾਹਿਤ ਤਕ ਇਸ ਦਾ ਵਿਸਤਾਰ ਹੈ। 'ਨਾਰਦ-ਭਕ੍ਤਿ-ਸੂਤ੍ਰ' (82) ਵਿਚ ਇਸ ਨੂੰ ਸ੍ਮਰਣ-ਆਸਕਤੀ ਦਸਿਆ ਗਿਆ ਹੈ। 'ਭਾਗਵਤ-ਪੁਰਾਣ' (7/5/23-24) ਵਿਚ ਨਵਧਾ-ਭਗਤੀ ਵਿਚ ਸਿਮਰਨ ਨੂੰ ਤੀਜਾ ਸਥਾਨ ਦਿੱਤਾ ਗਿਆ ਹੈ। ਇਸਲਾਮ ਵਿਚ ਸਿਮਰਨ ਨੂੰ 'ਜ਼ਿਕ੍ਰ' ਕਿਹਾ ਗਿਆ ਹੈ। ਇਹ ਦੋ ਤਰ੍ਹਾਂ ਦਾ ਹੈ— ਇਕ ਜੱਲੀ ਅਤੇ ਦੂਜਾ ਖ਼ਫ਼ੀ। ਇਨ੍ਹਾਂ ਵਿਚੋਂ 'ਜੱਲੀ' ਵਾਚਿਕ ਹੈ ਅਤੇ 'ਖ਼ੱਫ਼ੀ' ਕਾਇਕ ਅਤੇ ਮਾਨਸਿਕ ਦੋਹਾਂ ਤਰ੍ਹਾਂ ਦਾ ਹੈ।

ਸਿਮਰਨ ਦੇ ਸਾਧਨਾ-ਗਤ ਰੂਪ ਦਾ ਜੋ ਨਿਖਾਰ ਨਿਰਗੁਣਪੰਥੀ ਸੰਤਾਂ ਦੁਆਰਾ ਹੋਇਆ ਹੈ, ਉਸ ਤਰ੍ਹਾਂ ਦਾ ਕਿਸੇ ਹੋਰ ਸੰਪ੍ਰਦਾਇ ਵਿਚ ਨਹੀਂ ਹੋਇਆ। ਅਸਲ ਵਿਚ, ਨਾਮ-ਸਾਧਨਾ ਨਿਰਗੁਣ ਪੰਥੀਆਂ ਲਈ ਇਕ ਅਜਿਹੀ ਪ੍ਰੇਮ-ਸਾਧਨਾ ਹੈ ਜੋ ਕਦੇ ਵਿਅਰਥ ਜਾਂ ਨਿਸ਼ਫਲ ਨਹੀਂ ਜਾਂਦੀ। ਇਹ ਇਕ ਅੰਦਰਲੀ ਬਿਰਤੀ ਹੈ ਜੋ ਸਾਧਕ ਨੂੰ ਇਸ਼ਟ-ਦੇਵ ਵਲ ਪ੍ਰਵ੍ਰਿਤ ਕਰਦੀ ਹੈ। ਸੰਤਾਂ ਵਿਚ ਆਮ ਤੌਰ 'ਤੇ ਸਿਮਰਨ ਤਿੰਨ ਤਰ੍ਹਾਂ ਦਾ ਮੰਨਿਆ ਜਾਂਦਾ ਹੈ— ਸਾਧਾਰਣ-ਜਪ, ਅਜਪਾ-ਜਪ ਅਤੇ ਲਿਵ-ਜਪ। ਇਸ ਪ੍ਰਕ੍ਰਿਆ ਨੂੰ ਵਿਸਤਾਰ ਲਈ ਵੇਖੋ 'ਜਪ/ਜਾਪ'। ਇਨ੍ਹਾਂ ਤਿੰਨਾਂ

ਜਪਾਂ ਵਿਚ 'ਲਿਵ ਜਪ' ਨੂੰ ਸ੍ਰੇਸ਼ਠ ਮੰਨਿਆ ਗਿਆ ਹੈ।

ਗੁਰਬਾਣੀ ਵਿਚ ਸਿਮਰਨ ਉਤੇ ਬਹੁਤ ਬਲ ਦਿੱਤਾ ਗਿਆ ਹੈ। ਗੁਰਮਤਿ-ਸਾਧਨਾ ਵਿਚ ਸਿਮਰਨ ਰੀੜ੍ਹ ਦੀ ਹੱਡੀ ਦੀ ਭੂਮਿਕਾ ਨਿਭਾਉਂਦਾ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਨਾਂ ਦੀ ਬਾਣੀ ਵਿਚ ਸਿਮਰਨ ਦੀ ਵਿਸਤਾਰ ਸਹਿਤ ਚਰਚਾ ਕੀਤੀ ਹੈ। ਇਸ ਤੋਂ ਪ੍ਰਾਪਤ ਹੋਣ ਵਾਲੇ ਫਲਾਂ ਵਲ ਵੀ ਸੰਕੇਤ ਕੀਤਾ ਹੈ। ਮੋਟੇ ਤੌਰ 'ਤੇ ਉਨ੍ਹਾਂ ਨੇ ਦਸਿਆ ਹੈ ਕਿ — *ਸਿਮਰਉ ਸਿਮਰਿ ਸਿਮਰਿ ਸੁਖ ਪਾਵਉ। ਕਲਿ ਕਲੇਸ ਤਨ ਮਾਹਿ ਮਿਟਾਵਉ।* ਗੁਰੂ ਨਾਨਕ ਦੇਵ ਜੀ ਨੇ 'ਸਿਧ-ਗੋਸਟਿ' ਵਿਚ ਸਿਮਰਨ ਦੀ ਸਥਾਪਨਾ ਸ਼ਬਦ-ਸਾਧਨਾ ਰਾਹੀਂ ਕੀਤੀ ਹੈ। 'ਜਪੁਜੀ' ਦੇ ਅੰਤ 'ਤੇ ਤਾਂ ਇਥੋਂ ਤਕ ਕਿਹਾ ਹੈ ਕਿ ਨਾਮ-ਸਿਮਰਨ ਵਾਲਾ ਸਾਧਕ ਆਪ ਹੀ ਨਹੀਂ ਸੁਧਰਦਾ, ਸਗੋਂ ਉਸ ਦੇ ਸੰਪਰਕ ਵਿਚ ਆਉਣ ਵਾਲੇ ਅਨੇਕਾਂ ਲੋਗ ਭਵ-ਬੰਧਨ ਤੋਂ ਖ਼ਲਾਸ ਹੋ ਜਾਂਦੇ ਹਨ— *ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।* ਗੁਰੂ ਅਰਜਨ ਦੇਵ ਜੀ ਨੇ 'ਗੂਜਰੀ ਕੀ ਵਾਰ' ਵਿਚ ਸਪੱਸ਼ਟ ਕੀਤਾ ਹੈ — *ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ।*(ਗੁ.ਗ੍ਰੰ.520)।

ਗੁਰਬਾਣੀ ਵਿਚ ਸਿਮਰਨ ਤੋਂ ਵਿਹੂਣੇ ਵਿਅਕਤੀ ਦੇ ਆਚਰਣ ਨੂੰ ਬਹੁਤ ਹੀਣਾ ਸਮਝਿਆ ਗਿਆ ਹੈ। ਇਸ ਸੰਬੰਧ ਵਿਚ ਅਨੇਕ ਥਾਂਵਾਂ ਉਤੇ ਭਾਵਨਾਵਾਂ ਦਾ ਪ੍ਰਗਟਾਵਾ ਹੋਇਆ ਹੈ। ਇਥੋਂ ਤਕ ਕਿਹਾ ਗਿਆ ਹੈ ਕਿ ਜਿਸ ਮੁਖ ਵਿਚ ਨਾਮ ਦਾ ਸਿਮਰਨ ਨਹੀਂ ਹੁੰਦਾ ਅਤੇ ਬਿਨਾ ਨਾਮ ਉਚਾਰੇ ਜੋ ਅਨੇਕ ਤਰ੍ਹਾਂ ਦੇ ਭੋਜਨ ਦਾ ਸੇਵਨ ਕਰਦਾ ਹੈ, ਉਸ ਦੇ ਮੁਖ ਵਿਚ ਥੁੱਕਾਂ ਪੈਂਦੀਆਂ ਹਨ— *ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ। ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ।*(ਗੁ.ਗ੍ਰੰ.473)। ਗੁਰੂ ਅਰਜਨ ਦੇਵ ਜੀ ਨੇ ਵੀ ਬਿਨਾ ਸਿਮਰਨ ਮਨੁੱਖ ਦਾ ਜੀਵਨ ਸਰਪ ਵਰਗਾ ਦਸਿਆ ਹੈ ਜੋ ਸਦਾ ਵਿਸ਼ ਦਾ ਪ੍ਰਸਾਰ ਕਰਦਾ ਰਹਿੰਦਾ ਹੈ। ਅਜਿਹੇ ਆਚਰਣ ਵਾਲੇ ਵਿਅਕਤੀ ਲਈ ਹਾਰ ਹੀ ਹਾਰ ਹੈ— *ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ। ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ।*(ਗੁ.ਗ੍ਰੰ. 712)। ਇਕ ਹੋਰ ਥਾਂ 'ਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ— *ਬਿਨੁ ਸਿਮਰਨ ਹੈ ਆਤਮ ਘਾਤੀ। ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ।*(ਗੁ.ਗ੍ਰੰ. 239)।

ਗੁਰੂ ਨਾਨਕ ਦੇਵ ਜੀ ਨੇ ਤਾਂ ਇਹ ਵੀ ਕਿਹਾ ਹੈ ਕਿ ਨਾਮ ਨੂੰ ਵੱਡੇ ਤੋਂ ਵੱਡੇ ਸੁਖ ਦੇ ਪ੍ਰਾਪਤ ਹੋਣ 'ਤੇ ਵੀ ਭੁਲਾਉਣਾ ਨਹੀਂ ਚਾਹੀਦਾ। ਇਸ ਗੱਲ ਨੂੰ *ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।(ਗੁ.ਗ੍ਰੰ.14)* ਵਾਲੇ ਸ਼ਬਦ ਦੁਆਰਾ ਚੰਗੀ ਤਰ੍ਹਾਂ ਪ੍ਰਗਟਾਇਆ ਗਿਆ ਹੈ।

ਨਾਮ ਦਾ ਸਿਮਰਨ ਗੁਰਮਤਿ ਵਿਚ ਪਰਮ-ਆਵੱਸ਼ਕ ਹੈ। ਸੰਖੇਪ ਵਿਚ ਕਿਹਾ ਜਾਏ ਤਾਂ ਗੁਰਮਤਿ-ਸਾਧਨਾ ਹੈ ਹੀ ਨਾਮ-ਸਾਧਨਾ ਜਾਂ ਨਾਮ-ਸਿਮਰਨ। ਨਾਮ-ਸਿਮਰਨ ਲਈ ਤਾਕੀਦ ਕਰਦਿਆਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ— *ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ। ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ। ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ।*(ਗੁ.ਗ੍ਰੰ.1352)।

**ਸਿਮਰਨੀ** : ਜਿਸ ਸਾਧਨ ਰਾਹੀਂ ਸਿਮਰਨ ਕੀਤਾ ਜਾਏ, ਉਸ ਨੂੰ ਸੰਤ ਕਬੀਰ ਨੇ 'ਸਿਮਰਨੀ' ਕਿਹਾ ਹੈ — *ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ।*(ਗੁ.ਗ੍ਰੰ.1364)। ਸਿਮਰਨੀ/ ਸਿਮਰਨੇ ਵਿਚ ਆਮ ਤੌਰ 'ਤੇ 108 ਮਣਕਿਆਂ ਵਾਲੀ ਮਾਲਾ ਦਾ ਚੌਥਾ ਹਿੱਸਾ ਹੁੰਦਾ ਹੈ। ਇਸ ਤਰ੍ਹਾਂ ਸਿਮਰਨੀ ਵਿਚ ਮੇਰੂ ਸਮੇਤ 28 ਮਣਕੇ ਹੁੰਦੇ ਹਨ ਜੋ ਸਾਧਕ ਲੋਕ ਆਪਣੇ ਹੱਥ ਵਿਚ ਰਖ ਕੇ ਮਣਕੇ ਘੁੰਮਾਉਂਦੇ ਰਹਿੰਦੇ ਹਨ। ਮੁਸਲਮਾਨ ਸਿਮਰਨ ਲਈ 'ਤਸਬੀਹ' ਨੂੰ ਵਰਤਦੇ ਹਨ। ਸਿੱਖ ਸਾਧਕ ਇਸ ਨੂੰ 'ਸਿਮਰਨਾ' ਵੀ ਕਹਿੰਦੇ ਹਨ।

**ਸਿਰਪਾਉ** : ਸਿੱਖ ਧਰਮ ਵਿਚ ਕਿਸੇ ਧਰਮੀ-ਸਾਧਕ ਜਾਂ ਉਦਮੀ ਪੁਰਸ਼/ਇਸਤਰੀ ਨੂੰ ਸਨਮਾਨਿਤ ਕਰਨ ਲਈ 'ਸਿਰਪਾਉ' ਦਿੱਤਾ ਜਾਂਦਾ ਹੈ। ਇਹ ਸ਼ਬਦ ਫ਼ਾਰਸੀ ਦੇ 'ਸਰੋਪਾ' ਸ਼ਬਦ ਦਾ ਤਦਭਵ ਰੂਪ ਹੈ। ਇਸ ਤੋਂ ਭਾਵ ਹੈ ਸਿਰ ਤੋਂ ਪੈਰਾਂ ਤਕ ਪਹਿਨਣ ਦੀ ਪੁਸ਼ਾਕ। ਆਮ ਤੌਰ 'ਤੇ ਇਹ ਪੁਸ਼ਾਕ ਬਾਦਸ਼ਾਹ ਵਲੋਂ ਕਿਸੇ ਨੂੰ ਸਨਮਾਨਿਤ ਕਰਨ ਲਈ ਬਖ਼ਸ਼ੀ ਜਾਂਦੀ ਹੈ। ਇਸ ਨੂੰ 'ਖ਼ਿਲਤ' ਵੀ ਕਹਿੰਦੇ ਹਨ। ਨਿਸਚੇ ਹੀ ਇਹ ਕੀਮਤੀ ਅਤੇ ਸੁੰਦਰ ਹੁੰਦੀ ਸੀ। ਇਸ ਤਰ੍ਹਾਂ 'ਸਿਰਪਾਉ' ਆਦਰ ਦਾ ਚਿੰਨ੍ਹ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੁਆਰਾ ਪ੍ਰਵਾਨਿਤ ਹੋਏ ਸੇਵਕ (ਸਾਧਕ) ਨੂੰ ਸਿਰਪਾਉ ਨਾਲ ਸੁਸਜਿਤ ਹੋਇਆ ਦਸਿਆ ਹੈ— *ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ।*(ਗੁ.ਗ੍ਰੰ.631) ਅਜ ਕਲ

ਇਹ ਸ਼ਬਦ ਸਨਮਾਨ ਸੂਚਕ ਕਿਸੇ ਵੀ ਬਸਤ੍ਰ ਲਈ ਵਰਤਿਆ ਜਾ ਸਕਦਾ ਹੈ।

ਸਿੱਖ ਧਰਮ ਵਿਚ ਸਿਰਪਾਉ/ਸਰੋਪਾ ਦੇਣ ਦੀ ਪਰੰਪਰਾ ਗੁਰੂ-ਕਾਲ ਤੋਂ ਹੀ ਚਲ ਪਈ ਸੀ। ਤਖ਼ਤਾਂ ਅਤੇ ਪ੍ਰਮੁਖ ਗੁਰੂ-ਧਾਮਾਂ ਤੇ ਵਿਸ਼ੇਸ਼ ਸ਼ਰਧਾਲੂਆਂ ਨੂੰ ਸਰੋਪੇ ਦੇ ਕੇ ਸਨਮਾਨਿਆ ਜਾਂਦਾ ਹੈ।

**ਸਿਰੀ ਰਾਗ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਅਧੀਨ ਕੁਲ 100 ਚਉਪਦੇ, 29 ਅਸ਼ਟਪਦੀਆਂ, 4 ਪਹਿਰੇ, 3 ਛੰਤ, 1 ਵਣਜਾਰਾ ਅਤੇ ਇਕ ਵਾਰ ਮਹਲਾ ੪ ਦਰਜ ਹੈ। ਇਸ ਤੋਂ ਬਾਦ ਪੰਜ ਸ਼ਬਦ ਭਗਤਾਂ ਦੇ ਹਨ।

*ਚਉਪਦੇ* ਪ੍ਰਕਰਣ ਦੇ ਇਕ ਸੌ ਚਉਪਦਿਆਂ ਵਿਚੋਂ 33 ਗੁਰੂ ਨਾਨਕ ਦੇਵ ਜੀ ਦੇ ਰਚੇ ਹਨ। ਇਨ੍ਹਾਂ ਵਿਚੋਂ ਦੋ ਵਿਚ ਤਿੰਨ ਤਿੰਨ, 28 ਵਿਚ ਚਾਰ ਚਾਰ ਅਤੇ ਤਿੰਨ ਵਿਚ ਪੰਜ ਪੰਜ ਪਦੇ ਸ਼ਾਮਿਲ ਹਨ। ਗੁਰੂ ਜੀ ਨੇ ਅਧਿਆਤਮਿਕ ਸਾਧਨਾ ਦੇ ਸਰੂਪ ਨੂੰ ਸਪੱਸ਼ਟ ਕਰਦਿਆਂ ਅਧਿਕ ਬਲ ਮਾਇਆ ਦੇ ਪ੍ਰਭਾਵ ਨੂੰ ਖ਼ਤਮ ਕਰਨ 'ਤੇ ਦਿੱਤਾ ਹੈ। ਗੁਰੂ ਅਮਰਦਾਸ ਜੀ ਦੇ 31 ਚਉਪਦਿਆਂ ਵਿਚੋਂ ਇਕ ਤ੍ਰਿਪਦਾ, 26 ਚਉਪਦੇ ਅਤੇ ਚਾਰ ਪੰਜਪਦੇ ਹਨ। ਇਨ੍ਹਾਂ ਵਿਚ ਗੁਰੂ ਦੇ ਮਹੱਤਵ, ਸਰੂਪ ਅਤੇ ਸਮਰਥਤਾ ਉਤੇ ਪ੍ਰਕਾਸ਼ ਪਾਉਂਦਿਆਂ ਉਸ ਨੂੰ ਹਰਿ-ਭਗਤੀ ਦਾ ਸਰੋਤ ਦਸਿਆ ਗਿਆ ਹੈ। ਗੁਰੂ ਰਾਮਦਾਸ ਜੀ ਨੇ ਵੀ ਆਪਣੇ 6 ਚਉਪਦਿਆਂ ਵਿਚ ਗੁਰੂ ਦੀ ਵਡਿਆਈ ਕੀਤੀ ਹੈ ਅਤੇ ਭਗਤੀ ਨ ਕਰਨ ਜਾਂ ਨਿਗੁਰੇ ਵਿਅਕਤੀ ਦੀ ਸਥਿਤੀ ਉਤੇ ਚਾਨਣਾ ਪਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ 30 ਚਉਪਦਿਆਂ ਵਿਚ ਪਰਮਾਤਮਾ ਦੀ ਸਰਵ-ਵਿਆਪਕਤਾ ਅਤੇ ਕਰਣ-ਕਾਰਣ ਸਮਰਥਤਾ ਉਤੇ ਬਲ ਦਿੰਦਿਆਂ ਉਸ ਦੀ ਸ਼ਰਣ ਵਿਚ ਜਾਣ ਦਾ ਉਪਦੇਸ਼ ਦਿੱਤਾ ਹੈ।

*ਅਸ਼ਟਪਦੀਆਂ* ਪ੍ਰਕਰਣ ਦੀਆਂ ਕੁਲ 29 ਅਸ਼ਟਪਦੀਆਂ ਵਿਚੋਂ 18 ਗੁਰੂ ਨਾਨਕ ਦੇਵ ਜੀ ਜੀ ਦੀਆਂ ਹਨ ਜਿਨ੍ਹਾਂ ਵਿਚੋਂ ਇਕ ਸਪਤਪਦੀ, 14 ਅਸ਼ਟਪਦੀਆਂ, ਇਕ ਨੌਂ-ਪਦੀ, ਇਕ ਦਸਪਦੀ ਅਤੇ ਇਕ ਚੌਬੀਸ-ਪਦੀ ਹੈ। ਇਨ੍ਹਾਂ ਵਿਚੋਂ 17 ਆਰੰਭ ਵਿਚ ਦਰਜ ਹਨ ਅਤੇ ਇਕ 28ਵੇਂ 'ਅੰਕ' ਉਤੇ ਹੈ। ਇਨ੍ਹਾਂ ਵਿਚ ਹਰਿ-ਭਗਤੀ, ਗੁਰੂ ਦੀ ਸੇਵਾ ਅਤੇ ਕਰਮ-ਕਾਂਡਾਂ ਦਾ ਤਿਆਗ ਮੁੱਖ ਵਿਸ਼ੇ ਹਨ। ਗੁਰੂ ਅਮਰਦਾਸ ਜੀ ਦੀਆਂ ਲਿਖੀਆਂ ਅੱਠ ਅਸ਼ਟਪਦੀਆਂ ਵਿਚ ਸਹੀ ਮਾਰਗ ਨੂੰ ਛਡ ਕੇ ਪਾਖੰਡਾਂ ਵਿਚ ਲੀਨ ਹੋਏ, ਜਿਗਿਆਸੂ ਨੂੰ ਉਪਦੇਸ਼ ਦਿੱਤਾ ਗਿਆ ਹੈ। ਇਸ ਤੋਂ ਬਾਦ ਦੋ ਅਸ਼ਟਪਦੀਆਂ ਗੁਰੂ ਅਰਜਨ ਦੇਵ ਜੀ ਦੀਆਂ ਹਨ ਜਿਨ੍ਹਾਂ ਵਿਚ ਹਰਿ-ਭਗਤੀ ਦੇ ਮਹੱਤਵ ਅਤੇ ਲਾਭ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਇਨ੍ਹਾਂ 27 ਅਸ਼ਟਪਦੀਆਂ ਤੋਂ ਬਾਦ ਦੋ ਹੋਰ ਸ਼ਬਦ ਦਰਜ ਹਨ ਜਿਨ੍ਹਾਂ ਵਿਚੋਂ ਇਕ ਗੁਰੂ ਨਾਨਕ ਦੇਵ ਜੀ ਦਾ ਹੈ ਅਤੇ ਇਕ ਗੁਰੂ ਅਰਜਨ ਦੇਵ ਦਾ। ਇਨ੍ਹਾਂ ਦੇ ਅੰਤ ਉਤੇ ਗਿਣਤੀ ਅੰਕ 29 ਦਿੱਤਾ ਹੈ ਜਿਸ ਤੋਂ ਇਨ੍ਹਾਂ ਦੋਹਾਂ ਦਾ ਅਸ਼ਟਪਦੀਆਂ ਹੋਣਾ ਸਿੱਧ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਇਸ ਅਸ਼ਟਪਦੀ ਵਿਚ 24 ਪਦੀਆਂ ਹਨ। ਗੁਰੂ ਅਰਜਨ ਦੇਵ ਜੀ ਦੀ ਲਿਖੀ ਅਸ਼ਟਪਦੀ ਵਿਚ 21 ਪਦੀਆਂ ਹਨ। ਅਸ਼ਟਪਦੀਆਂ ਤੋਂ ਬਾਦ ਚਾਰ ਪਹਿਰੇ ਲਿਖੇ ਹਨ, ਜਿਨ੍ਹਾਂ ਬਾਰੇ ਵਖਰਾ ਇੰਦਰਾਜ ਹੈ।

ਕੁਲ ਤਿੰਨ *ਛੰਤਾਂ* ਵਿਚੋਂ ਪਹਿਲਾ ਗੁਰੂ ਰਾਮਦਾਸ ਜੀ ਦਾ ਲਿਖਿਆ ਹੈ। ਪੰਜ ਪਦਿਆਂ ਦੇ ਇਸ ਛੰਤ ਵਿਚ ਬਾਬਲ ਦੇ ਘਰੋਂ ਵਿਦਾਇਗੀ ਵੇਲੇ ਪੁੱਤਰੀ ਦੀ ਇੱਛਾ ਦਾ ਪ੍ਰਗਟਾਵਾ ਹੋਇਆ ਹੈ। ਦੂਜਾ ਛੰਤ ਗੁਰੂ ਅਰਜਨ ਦੇਵ ਜੀ ਦਾ ਲਿਖਿਆ ਹੈ। ਇਸ ਵਿਚ ਪੰਜ ਪਦੇ ਹਨ। ਪਹਿਲੇ ਚੌਹਾਂ ਵਿਚ ਪਰਮਾਤਮਾ ਦੀ ਸਰਵ-ਵਿਆਪਕਤਾ ਉਤੇ ਬਲ ਹੈ ਅਤੇ ਅਖੀਰਲੇ ਵਿਚ ਪ੍ਰੇਮਾ-ਭਗਤੀ ਵਿਚ ਮਨ ਨੂੰ ਲੀਨ ਕਰਨ ਦਾ ਉਪਦੇਸ਼ ਹੈ। ਤੀਜਾ ਛੰਤ ਵੀ ਗੁਰੂ ਅਰਜਨ ਦੇਵ ਦਾ ਲਿਖਿਆ ਹੈ, ਪਰ ਇਸ ਦਾ ਵਿਧਾਨ ਵਖਰੀ ਕਿਸਮ ਦਾ ਹੈ। ਇਸ ਵਿਚ ਕੁਲ ਪੰਜ ਪਦੇ ਹਨ। ਹਰ ਪਦੇ ਤੋਂ ਪਹਿਲਾਂ ਦੋ ਦੋ ਤੁਕਾਂ ਦਾ ਇਕ ਇਕ 'ਡਖਣਾ' ਹੈ। ਇਹ ਦੋਹਿਰੇ ਦਾ ਨਾਮਾਂਤਰ ਹੈ ਜੋ ਮੁਲਤਾਨ/ਸਾਹੀਵਾਲ ਦੀ ਉਪਭਾਸ਼ਾ ਵਿਚ ਲਿਖਿਆ ਹੋਇਆ ਹੈ। ਹਰ ਡਖਣੇ ਤੋਂ ਬਾਦ 'ਛੰਤ' ਉਪ-ਸਿਰਲੇਖ ਦੇ ਕੇ ਫਿਰ ਪਦਾ ਲਿਖਿਆ ਗਿਆ ਹੈ। ਇਹ ਪੰਜੇ ਪਦੇ ਛੇ ਛੇ ਤੁਕਾਂ ਦੇ ਹਨ ਅਤੇ ਕੁੰਡਲੀਆਂ ਛੰਦ ਦੇ ਸਰੂਪ ਨਾਲ ਕੁਝ ਸੀਮਾ ਤਕ ਮੇਲ ਖਾਂਦੇ ਹਨ। ਇਨ੍ਹਾਂ ਵਿਚ ਸਤਿਗੁਰੂ ਦੀ ਕ੍ਰਿਪਾ ਨਾਲ ਵਾਸਨਾਵਾਂ ਦੇ ਨਸ਼ਟ ਹੋਣ ਦੀ ਗੱਲ ਉਚੇਚੇ ਤੌਰ 'ਤੇ ਕਹੀ ਗਈ ਹੈ।

ਛੰਤਾਂ ਤੋਂ ਬਾਦ ਇਕ 'ਵਣਜਾਰਾ' ਅਤੇ ਇਕ ਵਾਰ ਮ.੪ ਦਰਜ ਹੈ, ਜਿਨ੍ਹਾਂ ਬਾਰੇ ਸੁਤੰਤਰ ਇੰਦਰਾਜ ਲਿਖੇ ਹਨ।

*ਭਗਤ-ਬਾਣੀ* ਅਧੀਨ ਭਗਤਾਂ ਦੇ ਕੁਲ ਪੰਜ

ਸ਼ਬਦ ਹਨ। ਪਹਿਲਾ ਸੰਤ ਕਬੀਰ ਦਾ ਹੈ ਜਿਸ ਦੇ ਆਰੰਭ ਵਿਚ 'ਏਕ ਸੁਆਨ ਕੈ ਘਰਿ ਗਾਵਣਾ' ਦਾ ਆਦੇਸ਼ ਹੈ। ਇਸ ਵਿਚ ਕੁਲ ਤਿੰਨ ਪਦੇ ਅਤੇ ਦੋ 'ਰਹਾਉ' ਹਨ। ਦੂਜਾ ਸ਼ਬਦ ਭਗਤ ਤ੍ਰਿਲੋਚਨ ਦਾ ਹੈ। ਇਸ ਵਿਚ ਕੁਲ ਪੰਜ ਪਦੇ ਅਤੇ ਤਿੰਨ ਤੁਕਾਂ ਦਾ ਇਕ 'ਰਹਾਉ' ਹੈ। ਤੀਜਾ ਸ਼ਬਦ ਫਿਰ ਸੰਤ ਕਬੀਰ ਦਾ ਹੈ। ਇਸ ਵਿਚ ਚਾਰ ਪਦੇ ਅਤੇ ਦੋ ਤੁਕਾਂ ਦਾ 'ਰਹਾਉ' ਹੈ। ਚੌਥਾ ਸ਼ਬਦ ਭਗਤ ਬੇਣੀ ਦਾ ਹੈ, ਜਿਸ ਨੂੰ 'ਪਹਰਿਆ ਕੈ ਘਰਿ ਗਾਵਣਾ' ਦਸਿਆ ਗਿਆ ਹੈ। ਇਸ ਵਿਚ ਪੰਜ ਪਦੇ ਅਤੇ ਦੋ ਤੁਕਾਂ ਦਾ ਇਕ 'ਰਹਾਉ' ਹੈ। ਪੰਜਵਾਂ ਸ਼ਬਦ ਰਵਿਦਾਸ ਜੀ ਦਾ ਹੈ। ਇਸ ਵਿਚ ਤਿੰਨ ਪਦੇ ਅਤੇ ਦੋ ਤੁਕਾਂ ਦਾ 'ਰਹਾਉ' ਹੈ। ਇਸ ਵਿਚ ਪਰਮਾਤਮਾ ਅਤੇ ਜੀਵਾਤਮਾ ਦੀ ਅਭੇਦਤਾ ਨੂੰ ਸੋਨੇ ਅਤੇ ਸੋਨੇ ਦੇ ਬਣੇ ਕੜੇ, ਜਲ ਅਤੇ ਜਲ-ਤਰੰਗ ਦੇ ਪਰਸਪਰ ਸੰਬੰਧੀ ਰਾਹੀਂ ਸਪੱਸ਼ਟ ਕੀਤਾ ਗਿਆ ਹੈ।

**ਸਿਰੀ ਰਾਗ ਕੀ ਵਾਰ ਮਹਲਾ ੪:** ਗੁਰੂ ਗ੍ਰੰਥ ਸਾਹਿਬ ਦੇ ਸਿਰੀ ਰਾਗ ਵਿਚ ਦਰਜ ਇਕ ਵਾਰ। ਇਸ ਵਾਰ ਵਿਚ ਕੁਲ 21 ਪਉੜੀਆਂ ਹਨ ਜੋ ਗੁਰੂ ਰਾਮਦਾਸ ਜੀ ਦੀਆਂ ਆਪਣੀਆਂ ਲਿਖੀਆਂ ਹਨ। ਇਹ ਸਾਰੀਆਂ ਪੰਜ ਪੰਜ ਤੁਕਾਂ ਦੀਆਂ ਹਨ। ਹਰ ਇਕ ਪਉੜੀ ਨਾਲ ਦੋ ਦੋ ਸ਼ਲੋਕ ਦਰਜ ਹਨ, ਪਰ 14ਵੀਂ ਪਉੜੀ ਨਾਲ ਤਿੰਨ ਸ਼ਲੋਕਾਂ ਦੇ ਦਰਜ ਹੋਣ ਕਾਰਣ ਇਨ੍ਹਾਂ ਦੀ ਕੁਲ ਗਿਣਤੀ 43 ਹੈ। ਇਨ੍ਹਾਂ ਵਿਚੋਂ ਸੱਤ ਸ਼ਲੋਕ ਗੁਰੂ ਨਾਨਕ ਦੇਵ ਜੀ ਦੇ, ਦੋ ਗੁਰੂ ਅੰਗਦ ਦੇਵ ਜੀ ਦੇ, 33 ਗੁਰੂ ਅਮਰਦਾਸ ਜੀ ਦੇ ਅਤੇ ਇਕ ਗੁਰੂ ਅਰਜਨ ਦੇਵ ਜੀ ਦਾ ਹੈ। ਗੁਰੂ ਰਾਮਦਾਸ ਜੀ ਦਾ ਆਪਣਾ ਕੋਈ ਸ਼ਲੋਕ ਇਨ੍ਹਾਂ ਨਾਲ ਨਹੀਂ ਆਇਆ।

ਸ਼ਲੋਕਾਂ ਵਿਚ ਤੁਕਾਂ ਦੀ ਸਮਾਨਤਾ ਨਹੀਂ, ਦੋ ਤੋਂ ਲੈ ਕੇ 11 ਤੁਕਾਂ ਦੇ ਸ਼ਲੋਕ ਸ਼ਾਮਲ ਹੋਏ ਹਨ। ਪਉੜੀਆਂ ਅਤੇ ਸ਼ਲੋਕਾਂ ਵਿਚ ਭਾਵਾਂ ਦੀ ਬਹੁਤ ਸਮਾਨਤਾ ਹੈ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਇਸ ਵਾਰ ਵਿਚ, ਸਮੁੱਚੇ ਤੌਰ 'ਤੇ ਦਸਿਆ ਗਿਆ ਹੈ ਕਿ ਪਰਮਾਤਮਾ ਹਰ ਇਕ ਜੀਵ ਦਾ ਪ੍ਰਤਿਪਾਲਕ ਅਤੇ ਰਖਿਅਕ ਹੈ, ਪਰ ਜਦੋਂ ਉਹ ਪਰਮਾਤਮਾ ਦੇ ਨਾਂ ਨੂੰ ਭੁਲਾ ਦਿੰਦਾ ਹੈ ਤਾਂ ਸੰਸਾਰਿਕ ਕੁਚੱਕਰਾਂ ਵਿਚ ਉਲਝ ਜਾਂਦਾ ਹੈ। ਹਰਿ-ਭਗਤੀ ਮਨੁੱਖ-ਜੀਵਨ ਦਾ ਮੂਲ ਮਨੋਰਥ ਹੈ। ਗੁਰੂ ਦੇ ਦਸੇ ਮਾਰਗ ਉਤੇ ਚਲ ਕੇ ਮਨੁੱਖ ਭਗਤੀ ਦੁਆਰਾ ਸੰਸਾਰ-ਸਾਗਰ ਤਰ ਜਾਂਦਾ ਹੈ। ਮਨੁੱਖ ਨੂੰ ਗੁਮਰਾਹ ਕਰਨ ਵਾਲੀ ਸ਼ਕਤੀ ਮਾਇਆ ਹੈ। ਨਾਮ-ਸਿਮਰਨ ਨਾਲ ਮਨੁੱਖ ਦੀ ਸੰਸਾਰਿਕ ਪ੍ਰਪੰਚ ਤੋਂ ਖ਼ਲਾਸੀ ਹੁੰਦੀ ਹੈ ਅਤੇ ਉਹ ਈਸ਼ਵਰੀ ਦਰਗਾਹ ਵਿਚ ਪ੍ਰਵਾਨ ਚੜ੍ਹਦਾ ਹੈ।

**ਸਿਲਹਟ** (ਨਗਰ) : ਬੰਗਲਾ ਦੇਸ਼ ਦਾ ਇਕ ਨਗਰ ਜੋ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਵੀ ਹੈ। ਜਨਮਸਾਖੀ ਸਾਹਿਤ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਦੌਰਾਨ ਇਥੇ ਆਏ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਕ ਸਿੱਖ ਸੰਗਤ (ਧਰਮਸ਼ਾਲਾ) ਕਾਇਮ ਕੀਤੀ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਹੁਕਮਨਾਮੇ ਵਿਚ ਢਾਕਾ, ਚਿਟਾਗਾਂਗ, ਸਨਦੀਪ ਅਤੇ ਸਿਲਹਟ ਦੀਆਂ ਸੰਗਤਾਂ ਨੂੰ ਸੰਬੋਧਨ ਕੀਤਾ ਸੀ। ਇਕ ਹੋਰ ਹੁਕਮਨਾਮੇ ਵਿਚ ਇਨ੍ਹਾਂ ਸੰਗਤਾਂ ਨੂੰ ਗੁਰੂ ਜੀ ਨੇ ਭਾਈ ਹੁਲਾਸ ਚੰਦ ਰਾਹੀਂ ਦੀਵਾਲੀ ਦੇ ਅਵਸਰ 'ਤੇ ਧਨ, ਬਸਤ੍ਰ ਅਤੇ ਹਥਿਆਰ ਆਦਿ ਭੇਜਣ ਲਈ ਤਾਕੀਦ ਕੀਤੀ ਸੀ। ਦੇਸ਼-ਵੰਡ ਤੋਂ ਪਹਿਲਾਂ ਸਿਲਹਟ ਵਿਚ ਧਰਮਸ਼ਾਲਾ ਮੌਜੂਦ ਸੀ, ਪਰ ਹੁਣ ਉਥੇ ਦਫ਼ਤਰ ਅਤੇ ਰਿਹਾਇਸ਼ੀ ਮਕਾਨ ਉਸਾਰ ਦਿੱਤੇ ਗਏ ਹਨ। ਬੰਗਲਾਦੇਸ਼ ਦੇ ਹੋਰ ਵੀ ਕਈ ਨਗਰਾਂ ਵਿਚ ਧਰਮਸ਼ਾਲਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਅਧਿਕ ਵਿਸਤਾਰ ਲਈ ਵੇਖੋ 'ਬੰਗਲਾਦੇਸ਼ ਦੇ ਗੁਰੂ-ਧਾਮ'।

**ਸ਼ਿਵਨਾਭ, ਰਾਜਾ** : ਸਿੰਘਲਦੀਪ (ਸਿੰਹਲਦੀਪ) ਦਾ ਇਕ ਰਾਜਾ ਜੋ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ। ਜਨਮਸਾਖੀ ਸਾਹਿਤ ਅਨੁਸਾਰ ਲਾਹੌਰ ਦਾ ਇਕ ਵਪਾਰੀ ਭਾਈ ਮਨਸੁਖ ਆਪਣੇ ਵਪਾਰ ਦੇ ਸੰਬੰਧ ਵਿਚ ਉਥੇ ਗਿਆ। ਉਸ ਦੇ ਕਰਮਾਚਾਰ ਤੋਂ ਰਾਜਾ ਸ਼ਿਵਨਾਭ ਬਹੁਤ ਪ੍ਰਭਾਵਿਤ ਹੋਇਆ। ਉਸ ਤੋਂ ਗੁਰੂ ਨਾਨਕ ਦੇਵ ਜੀ ਦੀ ਦਿਵਤਾ ਬਾਰੇ ਸੁਣ ਕੇ ਰਾਜੇ ਦੇ ਮਨ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪੈਦਾ ਹੋਈ। ਮਨਸੁਖ ਨੇ ਰਾਜੇ ਨੂੰ ਦਸਿਆ ਕਿ ਉਹ ਉਥੇ ਹੀ ਬੈਠ ਕੇ ਹਰਿ-ਭਗਤੀ ਕਰੇ, ਗੁਰੂ ਜੀ ਆਪ ਹੀ ਉਸ ਨੂੰ ਸਿੰਘਲਦੀਪ ਵਿਚ ਦਰਸ਼ਨ ਦੇਣਗੇ। ਕੁਝ ਸਮਾਂ ਬੀਤਣ ਤੋਂ ਬਾਦ ਗੁਰੂ ਨਾਨਕ ਦੇਵ ਉਥੇ ਗਏ। ਉਨ੍ਹਾਂ ਦੇ ਨਾਲ ਮਰਦਾਨੇ ਤੋਂ ਇਲਾਵਾ ਦੋ ਸਿੱਖ ਭਾਈ ਸੀਹੋ ਅਤੇ ਭਾਈ ਸੈਦੋ ਵੀ ਸਨ। ਰਾਜਾ ਸ਼ਿਵਨਾਭ ਆਪਣੀ ਰਾਣੀ ਚੰਦ੍ਰਕਲਾ ਅਤੇ

12 ਵਰ੍ਹਿਆਂ ਦੇ ਪੁੱਤਰ ਸਮੇਤ ਗੁਰੂ ਜੀ ਦੇ ਦਰਸ਼ਨ ਲਈ ਆਇਆ ਅਤੇ ਸਿੱਖ ਬਣਿਆ। ਗੁਰੂ ਜੀ ਨੇ ਉਥੇ ਧਰਮਸ਼ਾਲਾ ਕਾਇਮ ਕੀਤੀ। 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਉਥੇ 'ਪ੍ਰਾਣ ਸੰਗਲੀ' (ਵੇਖੋ) ਨਾਂ ਦੀ ਬਾਣੀ ਦਾ ਉਚਾਰਣ ਕੀਤਾ, ਜਿਸ ਨੂੰ ਭਾਈ ਸੈਦੋ ਨੇ ਲਿਖਿਆ ਅਤੇ ਸੰਭਾਲ ਕੇ ਰਖਣ ਲਈ ਰਾਜੇ ਨੂੰ ਸੌਂਪ ਦਿੱਤਾ।

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਵੇਲੇ ਗੁਰੂ ਅਰਜਨ ਦੇਵ ਨੇ 'ਪ੍ਰਾਣ ਸੰਗਲੀ' ਲਿਆਉਣ ਲਈ ਭਾਈ ਪੈੜੇ ਨੂੰ ਭੇਜਿਆ। ਭਾਈ ਪੈੜੇ ਦੁਆਰਾ ਲਿਆਉਂਦੀ 'ਪ੍ਰਾਣ -ਸੰਗਲੀ' ਨੂੰ ਪ੍ਰਮਾਣਿਕ ਬਾਣੀ ਨ ਮੰਨ ਕੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨ ਕੀਤਾ। ਭਾਈ ਪੈੜੇ ਨੇ ਸਿੰਘਲਦੀਪ ਵਲ ਕੀਤੀ ਆਪਣੀ ਯਾਤ੍ਰਾ ਦਾ ਜੋ ਸੰਖੇਪ ਵਿਵਰਣ ਲਿਖ ਕੇ ਗੁਰੂ ਜੀ ਨੂੰ ਦਿੱਤਾ ਸੀ, ਉਹ ਹੁਣ ਭਾਈ ਬੰਨੋ ਵਾਲੀ ਬੀੜ ਵਿਚ 'ਹਕੀਕਤ ਰਾਹ ਮੁਕਾਮ ਸ਼ਿਵਨਾਭ ਰਾਜੇ ਕੀ' (ਵੇਖੋ) ਨਾਂ ਅਧੀਨ ਦਰਜ ਹੈ।

**ਸ਼ਿਵਰਾਮ, ਬਾਬਾ** (ਜ. 1418 ਈ.): ਸਿੱਖ-ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਦਾਦਾ ਬਾਬਾ ਸ਼ਿਵਰਾਮ ਦਾ ਜਨਮ ਸੰਨ 1418 ਈ. ਵਿਚ ਬਾਬਾ ਰਾਮ ਨਰੈਣ ਬੇਦੀ ਦੇ ਘਰ ਪਿੰਡ 'ਪੱਠੇਵਿੰਡ' ਵਿਚ ਹੋਇਆ। ਇਹ ਪਿੰਡ ਹੁਣ ਮੌਜੂਦ ਨਹੀਂ, ਪਰ ਇਸ ਦੇ ਥੇਹ ਉਤੇ ਗੁਰਦੁਆਰਾ ਡੇਰਾ ਸਾਹਿਬ ਬਣਿਆ ਹੋਇਆ ਹੈ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਨੌਸ਼ਹਿਰਾ ਪੰਨੂਆਂ ਕਸਬੇ ਤੋਂ 10 ਕਿ.ਮੀ. ਪੂਰਬ ਵਾਲੇ ਪਾਸੇ ਹੈ। ਬਾਬਾ ਸ਼ਿਵਰਾਮ ਦਾ ਵਿਆਹ ਮਾਈ ਬਨਾਰਸੀ ਨਾਲ ਹੋਇਆ ਜਿਸ ਦੀ ਕੁੱਖ ਤੋਂ ਸੰਨ 1440 ਈ. ਵਿਚ ਬਾਬਾ ਕਾਲੂ (ਕਲਿਆਣ ਦਾਸ) ਅਤੇ ਸੰਨ 1444 ਈ. ਵਿਚ ਬਾਬਾ ਲਾਲੂ ਪੈਦਾ ਹੋਏ। ਪੰਦ੍ਹਰਵੀਂ ਸਦੀ ਦੇ ਪੂਰਵਾਰਧ ਵਿਚ ਬਾਬਾ ਸ਼ਿਵਰਾਮ 'ਤਲਵੰਡੀ ਰਾਏ ਭੋਏ ਭੱਟੀ ਕੀ' ਵਿਚ ਰਾਏ ਬੁਲਾਰ ਦਾ ਪਟਵਾਰੀ ਜਾ ਲਗਿਆ ਅਤੇ ਉਸ ਦੇ ਦੇਹਾਂਤ ਤੋਂ ਬਾਦ ਬਾਬਾ ਕਾਲੂ ਨੇ ਇਹ ਜ਼ਿੰਮੇਵਾਰੀ ਸੰਭਾਲੀ। ਉਥੇ ਹੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਹੁਣ ਉਹ ਸਥਾਨ 'ਨਨਕਾਣਾ ਸਾਹਿਬ' ਗੁਰੂ-ਧਾਮ ਦੇ ਨਾਂ ਨਾਲ ਪ੍ਰਸਿੱਧ ਹੈ।

**ਸੀਓਕੇ** (ਪਿੰਡ): ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੇ ਡਸਕਾ ਉਪ-ਮੰਡਲ ਵਿਚ ਪੈਂਦਾ ਇਕ ਪਿੰਡ ਜਿਸ ਦਾ ਪੁਰਾਣਾ ਨਾਂ 'ਭਾਰੋਵਾਲ' ਸੀ। ਰਵਾਇਤ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਇਕ ਉਦਾਸੀ ਵੇਲੇ ਇਸ ਪਿੰਡ ਦੇ ਇਕ ਸ਼ਰਧਾਲੂ ਭਾਈ ਰੂਪਾ ਪਾਸ ਕੁਝ ਦਿਨ ਠਹਿਰੇ ਸਨ। ਉਸ ਸਥਾਨ ਉਤੇ ਹੁਣ 'ਗੁਰਦੁਆਰਾ ਛੋਟਾ ਨਨਕਾਣਾ' ਬਣਿਆ ਹੋਇਆ ਹੈ। ਇਹ ਗੁਰਦੁਆਰਾ ਪਿੰਡ ਤੋਂ 1 ਕਿ.ਮੀ. ਦੀ ਵਿਥ ਉਤੇ ਦੱਖਣ-ਪੱਛਮ ਵਲ ਹੈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਸੀ। ਦੇਸ਼ ਵੰਡ ਤੋਂ ਬਾਦ ਇਹ ਪਾਕਿਸਤਾਨ ਵਿਚ ਰਹਿ ਗਿਆ ਹੈ।

**ਸੀਸਗੰਜ, ਗੁਰਦੁਆਰਾ** : ਚਾਂਦਨੀ ਚੌਕ ਦਿੱਲੀ ਵਿਚ ਕੋਤਵਾਲੀ ਕੋਲ ਉਹ ਪਾਵਨ ਗੁਰੂ-ਧਾਮ ਜਿਸ ਸਥਾਨ ਉਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ ਸੀ। ਵੇਖੋ 'ਦਿੱਲੀ'।

**ਸੀਹਰਫ਼ੀਆਂ ਹਰੀ ਸਿੰਘ ਨਲਵਾ** (ਕਾਵਿ) : ਇਹ ਸੀਹਰਫ਼ੀਆਂ ਗਿਣਤੀ ਵਿਚ ਛੇ ਹਨ ਅਤੇ ਮਿਸ਼ਰ ਹਰੀ ਚੰਦ ਦੀਆਂ ਲਿਖੀਆਂ ਹਨ। ਹਰੀ ਚੰਦ (ਕਵੀ) ਕਾਦਰਯਾਰ ਦੀ ਰਚਨਾ 'ਵਾਰ ਸਰਦਾਰ ਹਰੀ ਸਿੰਘ ਨਲਵਾ' (ਵੇਖੋ) ਤੋਂ ਬਹੁਤ ਪ੍ਰਭਾਵਿਤ ਹੋ ਕੇ ਆਪਣੀ ਰਚਨਾ ਕਰਦਾ ਹੈ ਅਤੇ ਕਵੀ ਛਾਪ ਵੀ 'ਕਾਦਰਯਾਰ' ਹੀ ਵਰਤ ਲੈਂਦਾ ਹੈ। ਇਸ ਕਰਕੇ ਕਈ ਵਾਰ ਵਿਦਵਾਨ ਦੋਹਾਂ ਕਾਦਰਯਾਰਾਂ ਦੀਆਂ ਰਚਨਾਵਾਂ ਨੂੰ ਇਕੋ ਕਾਦਰਯਾਰ ਨਾਲ ਰਲ-ਗਡ ਕਰ ਦਿੰਦੇ ਹਨ। ਇਹ ਸੀਹਰਫ਼ੀਆਂ ਪਹਿਲੀ ਵਾਰ ਸੰਨ 1924 ਈ. ਵਿਚ ਮਨੋਹਰ ਪ੍ਰੈਸ, ਸਰਗੋਧਾ ਤੋਂ ਛਪੀਆਂ। ਇਨ੍ਹਾਂ ਦਾ ਨਾਂ ਰਖਿਆ ਗਿਆ 'ਹਰੀ ਸਿੰਘ ਨਲਵਾ ਵਾ ਜੰਗੇ ਪੇਸ਼ਾਵਰ ਮਾਬੈਨ ਸਿੱਖਾਂ ਵਾ ਅਫ਼ਗਾਨਾਂ'। ਸੰਨ 1965 ਈ. ਵਿਚ ਡਾ. ਗੰਡਾ ਸਿੰਘ ਨੇ ਇਨ੍ਹਾਂ ਨੂੰ ਸੰਪਾਦਿਤ ਕਰਕੇ ਪੰਜਾਬੀ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਕਰਵਾਇਆ। ਇਨ੍ਹਾਂ ਦੀਆਂ ਮੁੱਖ ਘਟਨਾਵਾਂ ਇਸ ਪ੍ਰਕਾਰ ਹਨ— ਪਿਸ਼ਾਵਰ ਨੂੰ ਜਿਤਣ ਲਈ ਮਹਾਰਾਜਾ ਰਣਜੀਤ ਸਿੰਘ ਦੁਆਰਾ ਕਾਬੁਲ ਦੇ ਬਾਦਸ਼ਾਹ ਦੋਸਤ ਮੁਹੰਮਤ ਖ਼ਾਨ ਉਤੇ ਹਮਲਾ ਕਰਨ ਦਾ ਫ਼ੈਸਲਾ ਕਰਨਾ, ਹਰੀ ਸਿੰਘ ਨਲਵੇ ਵਲੋਂ ਇਸ ਮੁਹਿੰਮ ਦਾ ਬੀੜਾ ਚੁਕਣਾ, ਕਾਬੁਲ ਵਿਚ ਖ਼ਾਨਾਜੰਗੀ ਸ਼ੁਰੂ ਹੋਣਾ, ਨਲਵਾ ਸਰਦਾਰ ਨੇ ਅਫ਼ਗ਼ਾਨਾਂ ਉਤੇ ਜਿਤ ਪ੍ਰਾਪਤ ਕਰਨਾ ਅਤੇ ਪਿਸ਼ਾਵਰ ਉਤੇ ਅਧਿਕਾਰ ਜਮਾਉਣਾ, ਸਰਦਾਰ ਨਲਵਾ ਨੂੰ ਪਿਸ਼ਾਵਰ ਦਾ ਗਵਰਨਰ

ਨਿਯੁਕਤ ਕੀਤਾ ਜਾਣਾ, ਪਿਸ਼ਾਵਰ ਨੂੰ ਪ੍ਰਾਪਤ ਕਰਨ ਲਈ ਦੋਸਤ ਮੁਹੰਮਦ ਖ਼ਾਨ ਵਲੋਂ ਹਮਲਾ ਕੀਤਾ ਜਾਣਾ, ਜਮਰੌਦ ਦੀ ਗਹਿਗਚ ਲੜਾਈ ਵਿਚ ਸਰਦਾਰ ਨਲਵੇ ਦਾ ਗੰਭੀਰ ਰੂਪ ਵਿਚ ਜ਼ਖ਼ਮੀ ਹੋਣਾ ਅਤੇ ਗੁਜ਼ਰ ਜਾਣਾ, ਨਲਵਾ ਸਰਦਾਰ ਦੀ ਮੌਤ ਦੀ ਖ਼ਬਰ ਸੁਣ ਕੇ ਮਹਾਰਾਜੇ ਦਾ ਦਲਬਲ ਸਹਿਤ ਪਿਸ਼ਾਵਰ ਵਲ ਪ੍ਰਸਥਾਨ ਕਰਨਾ ਆਦਿ। ਅੰਤਲੀ ਸੀਹਰਫ਼ੀ ਵਿਚ ਬਾਬਾ ਫੂਲਾ ਸਿੰਘ ਅਕਾਲੀ ਦੀ ਸੂਰਬੀਰਤਾ ਅਤੇ ਉਸ ਦੀ ਸ਼ਹੀਦੀ ਦਾ ਚਿਤ੍ਰਣ ਕੀਤਾ ਹੈ। ਕਵੀ ਨੇ ਬੜੀ ਭਾਵ-ਭਿੰਨੀ ਸ਼ੈਲੀ ਵਿਚ ਸਰਦਾਰ ਨਲਵਾ ਦੀ ਸੂਰਬੀਰਤਾ ਦਾ ਜਸ ਗਾਇਆ ਹੈ। ਨਮੂਨੇ ਵਜੋਂ ਅਲੀ ਅਕਬਰ ਉਤੇ ਸਰਦਾਰ ਹਰੀ ਸਿੰਘ ਦੁਆਰਾ ਉਲਰੀ ਤਲਵਾਰ ਦਾ ਵਰਣਨ ਵੇਖੋ :

*ਕਾਫ਼ ਕੰਬ ਗਿਆ ਯਾਰੋ ਅਲੀ ਅਕਬਰ,*
*ਹਰੀ ਸਿੰਘ ਜਾਂ ਧੂਹ ਤਲਵਾਰ ਆਇਆ।*
*ਜਲਵਾ ਮੂਲ ਨਾ ਝਲਿਆ ਜਾਏ ਉਹਦਾ,*
*ਵਾਂਗ ਸ਼ੇਰ ਦੇ ਮਾਰ ਲਲਕਾਰ ਆਇਆ।*
*ਹਥ ਪਕੜ ਤਲਵਾਰ ਸਰਦਾਰ ਦੂਲਾ,*
*ਅਗੇ ਸੈਆਂ ਪਠਾਣਾਂ ਨੂੰ ਮਾਰ ਆਇਆ।*
*ਕਾਦਰਯਾਰ ਹੁਸ਼ਿਆਰ ਹੋ ਅਲੀ ਅਕਬਰ,*
*ਹਰੀ ਸਿੰਘ ਹੁਣ ਬਾਂਹ ਉਲਾਰ ਆਇਆ।*

**ਸੀਹਰਫ਼ੀ ਸਰਦਾਰ ਹਰੀ ਸਿੰਘ ਨਲਵਾ** (ਕਾਵਿ) : ਸੀਹਰਫ਼ੀ ਕਾਵਿ-ਰੂਪ ਵਿਚ ਲਿਖੀ ਕਵੀ ਕਾਦਰਸ਼ਾਹ ਦੀ ਇਕ ਰਚਨਾ, ਜਿਸ ਵਿਚ ਸ. ਹਰੀ ਸਿੰਘ ਨਲਵਾ ਦੇ ਪਰਾਕ੍ਰਮ ਅਤੇ ਵੀਰਤਾ ਨੂੰ ਭਾਵਨਾਮਈ ਸ਼ੈਲੀ ਵਿਚ ਚਿਤਰਿਆ ਗਿਆ ਹੈ। ਇਸ ਨੂੰ 'ਵਾਰ' ਵੀ ਕਿਹਾ ਜਾਂਦਾ ਹੈ। ਵੇਖੋ 'ਵਾਰ ਸਰਦਾਰ ਹਰੀ ਸਿੰਘ ਨਲਵਾ'।

**ਸੀਹਰਫ਼ੀ ਗੁਰੂ ਖ਼ਾਲਸੇ ਸ਼ਾਹ ਕੀ** (ਕਾਵਿ) : ਇਹ ਕਵੀ ਹਾਕਮ ਸਿੰਘ 'ਦਰਵੇਸ਼' ਦੀ ਰਚਨਾ ਹੈ ਜੋ ਲੁਧਿਆਣੇ ਜ਼ਿਲ੍ਹੇ ਦੇ ਰਾਇਪੁਰ ਕਸਬੇ ਦਾ ਵਾਸੀ ਸੀ। ਇਸ ਦੇ ਹੋਰ ਨਾਮਾਂਤਰ ਹਨ—'ਬੈਂਤਾਂ ਗੁਰੂ ਖ਼ਾਲਸੇ ਸ਼ਾਹ ਕੀਆਂ' ਅਤੇ 'ਉਸਤਤਿ ਗੁਰੂ ਖ਼ਾਲਸੇ ਸ਼ਾਹ ਕੀ'। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਵੀ ਸਰਦਾਰ ਗੁਲਾਬ ਸਿੰਘ ਪੋਹੂ-ਵਿੰਡੀਏ ਦੇ ਡੇਰੇ ਦਾ ਸੈਨਿਕ ਸੀ। ਇਸ ਨੇ ਸੰਨ 1818 ਈ. ਵਿਚ ਹੋਈ ਮੁਲਤਾਨ ਦੀ ਜਿਤ ਦਾ ਸਮਾਚਾਰ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤਾ ਸੀ। ਮਹਾਰਾਜੇ ਦੀਆਂ ਜਿਤਾਂ ਤੋਂ ਪ੍ਰਭਾਵਿਤ ਹੋ ਕੇ ਕਵੀ ਨੇ ਸੰਨ 1830 ਈ. ਵਿਚ ਆਪਣੀ ਉਪਰੋਕਤ ਸੀਹਰਫ਼ੀ ਲਿਖੀ ਜਿਸ ਵਿਚ ਮਹਾਰਾਜੇ ਦੀਆਂ ਉਦੋਂ ਤਕ ਹੋਈਆਂ ਜਿਤਾਂ ਦਾ ਬ੍ਰਿੱਤਾਂਤ ਦਿੱਤਾ।

ਬੈਤ ਅਤੇ ਦੋਹਰੇ ਨਾਂ ਦੇ ਛੰਦਾਂ ਵਿਚ ਲਿਖੀ ਇਸ ਸੀਹਰਫ਼ੀ ਵਿਚ ਕੁਲ 38 ਬੰਦ ਹਨ। ਇਸ ਵਿਚ ਕਈਆਂ ਥਾਂਵਾਂ 'ਤੇ ਤੁਕਾਂਤ ਟੁਟਦਾ ਹੈ, ਪਰ ਬਿਆਨ ਵਿਚ ਬੜੀ ਰਵਾਨੀ ਹੈ। ਭਾਸ਼ਾ ਉਤੇ ਮਲਵਈ ਉਪਭਾਸ਼ਾ ਦਾ ਪ੍ਰਭਾਵ ਹੈ। ਕਵੀ ਨੇ ਮਹਾਰਾਜੇ ਦੀ ਬਹੁਤ ਸਿਫ਼ਤ ਕੀਤੀ ਹੈ :

*ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧੇ,*
*ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।*
*ਹਾਕਮ ਸਿੰਘ ਦੀ ਸੀਸ ਹਮੇਸ਼ ਰਹੇ,*
*ਸਦਾ ਅਟਲ ਹੈ ਬਚਨ ਫ਼ਕੀਰ ਦਾ ਜੀ।*

**ਸੀਹਾ ਛੀਂਬਾ, ਭਾਈ :** ਗੁਰਬਾਣੀ ਨੂੰ ਅੰਕਿਤ ਕਰਨ ਵਾਲਾ ਇਕ ਲਿਖਾਰੀ ਜੋ ਜਾਤਿ ਦਾ ਛੀਂਬਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਉਤਰ-ਖੰਡ ਦੀ ਉਦਾਸੀ ਕੀਤੀ ਤਾਂ ਕਸ਼ਮੀਰ ਦੀ ਯਾਤ੍ਰਾ ਵੇਲੇ ਭਾਈ ਹਸੂ ਲੁਹਾਰ (ਵੇਖੋ) ਅਤੇ ਸੀਹਾ ਛੀਂਬਾ ਉਨ੍ਹਾਂ ਦੇ ਨਾਲ ਸਨ। ਉਦੋਂ ਬ੍ਰਹਮਦਾਸ ਪੰਡਿਤ ਪ੍ਰਤਿ ਉਚਾਰੀ ਬਾਣੀ ਅਤੇ 'ਮਲਾਰ ਕੀ ਵਾਰ' ਨੂੰ ਇਨ੍ਹਾਂ ਦੋਹਾਂ ਨੇ ਲਿਖਿਆ —*ਤਤੁ ਬਾਣੀ ਹਸੂ ਲੁਹਾਰ ਅਤੇ ਸੀਹੇ ਛੀਬੈ ਲਿਖੀ।* ('ਪੁਰਾਤਨ ਜਨਮਸਾਖੀ', ਸਾਖੀ ਅੰਕ 49)।

**ਸ਼ੀਹਾਂ ਮਸੰਦ :** ਬਾਬਾ ਗੁਰਦਿੱਤਾ ਦੇ ਪੁੱਤਰ ਸੋਢੀ ਧੀਰ ਮੱਲ ਵਲੋਂ ਥਾਪਿਆ ਇਕ ਮਸੰਦ। ਜਦੋਂ 30 ਮਾਰਚ 1664 ਈ. ਨੂੰ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਚ ਜੋਤੀ ਜੋਤਿ ਸਮਾਏ ਤਾਂ ਉਨ੍ਹਾਂ ਨੇ ਅਗਲੇ ਗੱਦੀਦਾਰ ਦੀ ਨਾਮਜ਼ਦਗੀ ਵਜੋਂ ਕੇਵਲ 'ਬਾਬਾ ਬਕਾਲੇ' ਸ਼ਬਦ ਕਹੇ। ਨੌਵੇਂ ਗੁਰੂ ਉਦੋਂ ਬਕਾਲਾ ਨਾਂ ਦੇ ਕਸਬੇ ਵਿਚ ਭਗਤੀ ਕਰਦੇ ਸਨ। ਜੋ ਰਿਸ਼ਤੇ ਵਜੋਂ ਅੱਠਵੇਂ ਗੁਰੂ ਦੇ ਦਾਦਾ (ਬਾਬਾ) ਲਗਦੇ ਸਨ। ਨਾਂ ਦੀ ਅਸਪੱਸ਼ਟਤਾ ਕਾਰਣ ਬਕਾਲੇ ਵਿਚ ਕਈਆਂ ਨੇ ਗੁਰਗੱਦੀ ਉਤੇ ਆਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ। ਧੀਰ ਮੱਲ ਨੇ ਜਿਗਿਆਸੂਆਂ ਨੂੰ ਆਪਣੇ ਨਾਲ ਜੋੜਨ ਲਈ ਕਈ ਬੰਦੇ ਛਡੇ ਹੋਏ ਸਨ ਅਤੇ ਸ਼ੀਹਾਂ ਮਸੰਦ ਵੀ ਅਜਿਹੀ ਕਾਰਵਾਈ ਬੜੇ ਉਤਸਾਹ ਨਾਲ ਕਰ ਰਿਹਾ ਸੀ। ਜਦੋਂ ਮੱਖਣ ਸ਼ਾਹ ਲੁਬਾਣਾ ਨੇ ਸਹੀ

ਗੁਰੂ ਦੀ ਨਿਸ਼ਾਨਦੇਹੀ ਕਰ ਲਈ ਤਾਂ ਸ਼ੀਹੇਂ ਨੇ ਧੀਰ ਮੱਲ ਨੂੰ ਜ਼ਬਰਦਸਤੀ ਗੱਦੀ ਉਤੇ ਕਬਜ਼ਾ ਕਰਨ ਦੀ ਸਲਾਹ ਦਿੱਤੀ। ਧੀਰ ਮੱਲ ਨੇ ਇਸ ਦੀ ਸਲਾਹ ਮੰਨ ਕੇ ਇਸ ਨੂੰ ਗੁਰੂ ਜੀ ਉਤੇ ਹਮਲਾ ਕਰਨ ਅਤੇ ਘਰ ਨੂੰ ਲੁਟਣ ਦਾ ਆਦੇਸ਼ ਦਿੱਤਾ। ਇਸ ਨੇ ਗੁਰੂ ਜੀ ਉਤੇ ਗੋਲੀ ਵੀ ਚਲਾਈ, ਪਰ ਉਹ ਬਚ ਗਏ। ਬਦਲੇ ਵਜੋਂ ਮੱਖਣ ਸ਼ਾਹ ਦੇ ਬੰਦਿਆਂ ਨੇ ਧੀਰ ਮੱਲ ਦੇ ਘਰ ਨੂੰ ਲੁਟ ਲਿਆ। ਗੁਰੂ ਤੇਗ ਬਹਾਦਰ ਜੀ ਨੇ ਮੱਖਣ ਸ਼ਾਹ ਨੂੰ ਪਵਿੱਤਰ ਆਦਿ ਬੀੜ ਸਮੇਤ ਸਭ ਕੁਝ ਧੀਰ ਮੱਲ ਨੂੰ ਮੋੜਨ ਲਈ ਆਦੇਸ਼ ਦਿੱਤਾ। ਇਸ ਦੇ ਬਾਵਜੂਦ ਧੀਰ ਮੱਲ ਨੇ ਆਪਣੇ ਕੁਕਰਮ ਅਤੇ ਵੈਰ ਭਾਵ ਨੂੰ ਨ ਛਡਿਆ ਅਤੇ ਸ਼ੀਹਾਂ ਮਸੰਦ ਸਦਾ ਉਸ ਦਾ ਸਾਥੀ ਰਿਹਾ।

**ਸੀਂਭੜੋ** (ਪਿੰਡ) : ਪੰਜਾਬ ਦੇ ਪਟਿਆਲਾ ਜ਼ਿਲ੍ਹੇ ਵਿਚ ਪੈਂਦਾ ਇਕ ਪਿੰਡ ਜੋ ਨਗਰ ਤੋਂ 16 ਕਿ.ਮੀ. ਦੂਰ ਹੈ। ਗੁਰੂ ਤੇਗ ਬਹਾਦਰ ਜੀ ਧਰਮ-ਪ੍ਰਚਾਰ ਵੇਲੇ ਕੁਝ ਸਮੇਂ ਲਈ ਇਸ ਪਿੰਡ ਵਿਚ ਠਹਿਰੇ ਸਨ। ਪਹਿਲਾਂ ਉਸ ਸਥਾਨ ਉਤੇ ਇਕ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਗਿਆ ਸੀ, ਪਰ ਸੰਤ ਹਜ਼ੂਰਾ ਸਿੰਘ ਦੇ ਉਦਮ ਨਾਲ ਸੰਨ 1978 ਈ. ਤੋਂ ਉਥੇ ਬਹੁਤ ਸੁੰਦਰ ਇਮਾਰਤ ਬਣ ਗਈ ਹੈ। ਇਹ ਗੁਰੂ-ਧਾਮ ਹੁਣ 'ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਗੁਰਦੁਆਰੇ ਦੇ ਇਹਾਤੇ ਵਿਚ ਸਰੋਵਰ ਵੀ ਬਣਿਆ ਹੋਇਆ ਹੈ। ਹਰ ਪੂਰਨਮਾਸੀ 'ਤੇ ਕਾਫ਼ੀ ਸੰਗਤ ਜੁੜਦੀ ਹੈ ਅਤੇ ਮਾਘ ਮਹੀਨੇ ਦੀ ਪੂਰਨਮਾਸੀ ਨੂੰ ਸਾਲਾਨਾ ਜੋੜ-ਮੇਲਾ ਹੁੰਦਾ ਹੈ। ਇਸ ਦੀ ਵਿਵਸਥਾ ਸੰਤ ਹਜ਼ੂਰਾ ਸਿੰਘ ਦੇ ਸੇਵਕ ਹੀ ਕਰਦੇ ਹਨ।

**ਸੀਲੋਆਣਾ/ਸੀਲੋਆਣੀ** (ਪਿੰਡ) : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਨਗਰ ਤੋਂ 9 ਕਿ.ਮੀ. ਦੀ ਦੂਰੀ ਉਤੇ ਵਸਿਆ ਇਕ ਪਿੰਡ, ਜਿਥੇ ਚਮਕੌਰ ਦੇ ਯੁੱਧ ਤੋਂ ਬਾਦ ਮਾਲਵਾ ਖੇਤਰ ਵਿਚੋਂ ਲੰਘਦਿਆਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਇਕ ਬੇਰ ਦੇ ਬ੍ਰਿਛ ਹੇਠਾਂ ਸੁਸਤਾਏ ਸਨ। ਅਜੇ ਉਹ 'ਉਚ ਕਾ ਪੀਰ' ਵਾਲੇ ਬਸਤ੍ਰਾਂ ਵਿਚ ਹੀ ਸਨ ਕਿ ਉਥੋਂ ਦਾ ਮੁਸਲਮਾਨ ਜਾਗੀਰਦਾਰ ਰਾਏ ਕਲਾ ਉਨ੍ਹਾਂ ਨੂੰ ਮਿਲਿਆ, ਪਰ ਪਛਾਣ ਨ ਸਕਿਆ। ਗੁਰੂ ਜੀ ਨੇ ਜਦ ਵਾਸਤਵਿਕਤਾ ਦਸੀ, ਤਾਂ ਉਹ ਬਹੁਤ ਖ਼ੁਸ਼ ਹੋਇਆ ਅਤੇ ਆਪਣੇ ਨਗਰ ਰਾਏਕੋਟ ਲੈ ਗਿਆ।

ਜਿਥੇ ਗੁਰੂ ਸਾਹਿਬ ਬੈਠੇ ਸਨ, ਉਥੇ ਹੁਣ 'ਗੁਰਦੁਆਰਾ ਬੇਰੀ ਸਾਹਿਬ ਪਾਤਿਸ਼ਾਹੀ ਦਸਵੀਂ' ਬਣਿਆ ਹੋਇਆ ਹੈ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੇ ਅਵਸਰ 'ਤੇ ਇਥੇ ਬਹੁਤ ਸੰਗਤ ਜੁੜਦੀ ਹੈ।

**ਸੁਹਾਗਣ/ਸੋਹਾਗਣਿ** : 'ਗੁਰਮੁਖ' ਦੇ ਸਮਾਨਾਰਥਕ ਇਸ ਸ਼ਬਦ ਦਾ ਅਰਥ ਹੈ ਚੰਗੇ ਭਾਗਾਂ ਵਾਲੀ ਇਸਤਰੀ। ਗੁਰਮੁਖ ਵਿਅਕਤੀ ਲਈ ਇਸ ਦਾ ਪ੍ਰਤੀਕਾਤਮਕ ਪ੍ਰਯੋਗ ਹੁੰਦਾ ਹੈ। ਉਂਜ ਇਹ ਸ਼ਬਦ ਉਸ ਇਸਤਰੀ ਲਈ ਰੂੜ੍ਹ ਹੋ ਗਿਆ ਹੈ ਜਿਸ ਦਾ ਪਤੀ ਜੀਉਂਦਾ ਹੋਵੇ। ਗੁਰੂ ਨਾਨਕ ਦੇਵ ਜੀ ਨੇ ਉਸ ਸੁਹਾਗਣ ਨੂੰ ਧੰਨ ਕਿਹਾ ਹੈ ਜਿਸ ਦਾ ਆਪਣੇ ਪ੍ਰੀਤਮ ਨਾਲ ਪ੍ਰੇਮ ਹੈ— *ਨਾਨਕ ਧਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ।* (ਗੁ.ਗ੍ਰੰ.19)। 'ਸੂਹੀ ਕੀ ਵਾਰ' ਮ.੩ ਵਿਚ ਸੋਹਾਗਣ ਦਾ ਸਰੂਪ-ਚਿਤ੍ਰਣ ਕਰਦਿਆਂ ਲਿਖਿਆ ਗਿਆ ਹੈ — *ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ। ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ। ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ। ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ।* (ਗੁ.ਗ੍ਰੰ.785)। 'ਓਅੰਕਾਰ' ਬਾਣੀ ਵਿਚ ਵੀ ਲਿਖਿਆ ਹੈ — *ਸਬਦਿ ਸਵਾਰੀ ਸਾਚਿ ਪਿਆਰੀ। ਸਾਈ ਸੋਹਾਗਣਿ ਠਾਕੁਰਿ ਧਾਰੀ।*(ਗੁ.ਗ੍ਰੰ. 933)। ਗੁਰੂ ਅਰਜਨ ਦੇਵ ਜੀ ਨੇ ਉਸੇ ਇਸਤਰੀ ਨੂੰ ਸੋਹਾਗਣ ਅਤੇ ਭਾਗਸ਼ਾਲੀ ਮੰਨਿਆ ਹੈ ਜਿਸ ਉਤੇ ਪਰਮਾਤਮਾ ਦੀ ਕ੍ਰਿਪਾ ਹੋ ਗਈ ਹੋਵੇ— *ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ।*(ਗੁ.ਗ੍ਰੰ.959); *ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਗੀ।* (ਗੁ.ਗ੍ਰੰ.400)। ਅਧਿਆਤਮਿਕ ਸਾਧਨਾ ਦੀ ਕਾਂਤਾ-ਭਗਤੀ ਵਿਚ 'ਗੁਰਮੁਖ' ਵਿਅਕਤੀ 'ਸੋਹਾਗਣ' ਸ਼ਬਦ ਨਾਲ ਵਿਸ਼ਿਸ਼ਟ ਕੀਤਾ ਜਾ ਸਕਦਾ ਹੈ। ਵੇਖੋ 'ਗੁਰਮੁਖ'।

**ਸੁਕਰਚਕੀਆ ਮਿਸਲ** : ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਸਭ ਤੋਂ ਅਧਿਕ ਸ਼ਕਤੀਵਰ ਮਿਸਲ, ਜਿਸ ਦੇ ਪ੍ਰਤਾਪੀ

ਸੂਰਮੇ ਰਣਜੀਤ ਸਿੰਘ ਨੇ ਲਾਹੌਰ ਵਿਚ ਆਪਣੀ ਹਕੂਮਤ ਸਥਾਪਿਤ ਕੀਤੀ। ਸੁਕਰਚਕੀਆ ਪਿੰਡ ਦੇ ਵਸਨੀਕ ਦੇਸੂ ਜੱਟ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਪਾਨ ਕਰਕੇ ਬੁੱਢਾ ਸਿੰਘ ਨਾਂ ਧਾਰਣ ਕੀਤਾ। ਇਸ ਦੀ ਬਹਾਦਰੀ ਦੀਆਂ ਇਲਾਕੇ ਵਿਚ ਧੁੰਮਾਂ ਪਈਆਂ ਹੋਈਆਂ ਸਨ। ਸੰਨ 1718 ਈ. ਵਿਚ ਇਸ ਦੇ ਦੇਹਾਂਤ ਤੋਂ ਬਾਦ ਇਸ ਦਾ ਲੜਕਾ ਨੌਧ ਸਿੰਘ ਉਤਰਾਧਿਕਾਰੀ ਬਣਿਆ। ਇਸ ਨੇ ਸੁਕਰਚਕੀਆ ਕਸਬੇ ਦੇ ਇਰਦ-ਗਿਰਦ ਦੀਵਾਰ ਬਣਾਈ ਅਤੇ ਸੁਕਰਚਕੀਆ ਕਸਬੇ ਦੇ ਨਾਂ 'ਤੇ ਆਪਣੇ ਜੱਥੇ ਜਾਂ ਡੇਰੇ ਦਾ ਨਾਂ ਰਖਿਆ। ਸੰਨ 1748 ਈ. ਵਿਚ ਜਦੋਂ 'ਦਲ-ਖ਼ਾਲਸਾ' ਦੀ ਸਥਾਪਨਾ ਹੋਈ ਤਾਂ ਇਸ ਦੇ ਜੱਥੇ ਨੂੰ ਸੁਕਰਚਕੀਆ ਮਿਸਲ ਵਜੋਂ ਤਰੁਣਾ ਦਲ ਵਿਚ ਸ਼ਾਮਲ ਕੀਤਾ ਗਿਆ। ਸੰਨ 1752 ਈ. ਵਿਚ ਇਸ ਦੀ ਮ੍ਰਿਤੂ ਤੋਂ ਬਾਦ ਇਸ ਦਾ ਵੱਡਾ ਲੜਕਾ ਚੜ੍ਹਤ ਸਿੰਘ ਮਿਸਲਦਾਰ ਬਣਿਆ। ਇਸ ਨੇ ਸੁਕਰਚਕ ਦੀ ਥਾਂ ਗੁਜਰਾਂਵਾਲਾ ਨੂੰ ਆਪਣਾ ਸਦਰ ਮੁਕਾਮ ਬਣਾਇਆ ਅਤੇ ਉਸ ਦੀ ਕਿਲ੍ਹਾਬੰਦੀ ਕੀਤੀ। ਇਸ ਨੇ ਵਜ਼ੀਰਾਬਾਦ, ਏਮਨਾਬਾਦ ਅਤੇ ਰੋਹਤਾਸ ਤਕ ਆਪਣੀ ਸ਼ਕਤੀ ਵਧਾਈ। ਅਹਿਮਦਸ਼ਾਹ ਦੁਰਾਨੀ ਦੇ ਹਮਲੇ ਵੇਲੇ ਇਹ ਜੰਗਲਾਂ ਨੂੰ ਖਿਸਕ ਗਿਆ, ਪਰ ਦੇਸ਼ ਨੂੰ ਪਰਤਦੇ ਹੋਏ ਅਫ਼ਗ਼ਾਨਾਂ ਨੂੰ ਖ਼ੂਬ ਲੁਟਿਆ। ਸੰਨ 1770 ਈ. ਦੀ ਜੰਮੂ ਦੀ ਮੁਹਿੰਮ ਵੇਲੇ ਇਹ ਮਾਰਿਆ ਗਿਆ।

ਚੜ੍ਹਤ ਸਿੰਘ ਤੋਂ ਬਾਦ ਉਸ ਦਾ ਪੁੱਤਰ ਮਹਾਂ ਸਿੰਘ ਮਿਸਲਦਾਰ ਬਣਿਆ। ਇਸ ਨੇ ਗੁਜਰਾਂਵਾਲਾ ਦੀ ਫ਼ਸੀਲ ਦੇ ਅੰਦਰ ਇਕ ਕਿਲ੍ਹਾ ਬਣਾਇਆ ਅਤੇ ਉਸ ਦਾ ਨਾਂ 'ਗੜ੍ਹੀ ਮਹਾਂ ਸਿੰਘ' ਰਖਿਆ। ਇਸ ਨੇ ਆਪਣੀ ਰਿਆਸਤ ਨੂੰ ਸਾਹੀਵਾਲ, ਝੰਗ, ਈਸਾਖੇਲ ਤਕ ਵਧਾਇਆ। ਇਸ ਤਰ੍ਹਾਂ ਇਸ ਦੀ ਮਿਸਲ ਦਾ ਚੰਗਾ ਨਾਂ ਥਾਂ ਹੋ ਗਿਆ। ਸੰਨ 1790 ਈ. ਵਿਚ ਮਹਾਂ ਸਿੰਘ ਦਾ ਦੇਹਾਂਤ ਹੋ ਗਿਆ। ਇਸ ਤੋਂ ਬਾਦ ਉਸ ਦਾ ਨਾਬਾਲਗ਼ ਲੜਕਾ ਰਣਜੀਤ ਸਿੰਘ ਮਿਸਲ ਦਾ ਉਤਰਾਧਿਕਾਰੀ ਬਣਿਆ। ਰਣਜੀਤ ਸਿੰਘ ਇਕ ਭਵਿਸ਼ਮੁਖੀ ਦਲੇਰ ਸੂਰਮਾ ਸੀ। ਇਸ ਨੇ ਹੌਲੀ ਹੌਲੀ ਸ਼ਕਤੀ ਅਰਜਿਤ ਕਰਨੀ ਸ਼ੁਰੂ ਕੀਤੀ ਅਤੇ ਸਤਲੁਜ ਦਰਿਆ ਤੋਂ ਪੱਛਮ ਵਾਲੀਆਂ ਮਿਸਲਾਂ ਨੂੰ ਇਕ ਇਕ ਕਰਕੇ ਆਪਣੇ ਅਧੀਨ ਕੀਤਾ ਅਤੇ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਰਾਜ ਕਾਇਮ ਕਰਨ ਵਿਚ ਸਫਲ ਹੋਇਆ।

**ਸੁਖ** : ਵੇਖੋ 'ਦੁਖ-ਸੁਖ'।

**ਸੁਖਦੇਵ ਸਿੰਘ, ਬਾਬਾ** (1947-2003 ਈ.): ਗੁਰਦੁਆਰਾ ਸਿਧਸਰ ਅਲੌਹਰਾਂ ਵਾਲੇ ਸੰਤ ਬਾਬਾ ਸੁਖਦੇਵ ਸਿੰਘ ਦਾ ਜਨਮ ਸੰਨ 1947 ਈ. ਨੂੰ ਨਾਨਕੇ ਪਿੰਡ ਫਲੌਂਡ ਕਲਾਂ, ਜ਼ਿਲ੍ਹਾ ਸੰਗਰੂਰ ਵਿਚ ਸ. ਕਪੂਰ ਸਿੰਘ ਦੇ ਘਰ ਬੀਬੀ ਨਿਹਾਲ ਕੌਰ ਦੀ ਕੁੱਖੋਂ ਹੋਇਆ। ਲਗਭਗ ਇਕ ਮਹੀਨੇ ਬਾਦ ਆਪ ਦੀ ਮਾਤਾ ਆਪ ਨੂੰ ਆਪਣੇ ਜੱਦੀ ਪਿੰਡ ਅਲੌਹਰਾਂ ਕਲਾਂ (ਨੇੜੇ ਨਾਭਾ) ਲੈ ਆਈ। ਬਚਪਨ ਤੋਂ ਹੀ ਆਪ ਦੀ ਬਿਰਤੀ ਇਕਾਂਤ ਪਸੰਦ ਅਤੇ ਸ਼ਾਂਤ ਸੀ। ਆਪ ਨੇ ਨਾਭੇ ਦੇ ਕਈ ਸਕੂਲਾਂ ਵਿਚ ਪੜ੍ਹ ਕੇ ਨੌਂਵੀਂ ਤਕ ਵਿਦਿਆ ਸਾਲ ਕੀਤੀ ਅਤੇ ਫਿਰ ਪਿਤਾ-ਪੁਰਖੀ ਕੰਮ ਖੇਤੀ ਵਿਚ ਰੁਝ ਗਏ। 18 ਸਾਲਾਂ ਦੀ ਉਮਰ ਵਿਚ ਇਹ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਦੇ ਸੰਪਰਕ ਵਿਚ ਆਏ ਅਤੇ ਕਈ ਦੀਵਾਨਾਂ ਵਿਚ ਉਨ੍ਹਾਂ ਦੇ ਪ੍ਰਵਚਨ ਸੁਣੇ। ਉਦੋਂ ਤੋਂ ਹੀ ਆਪ ਨੇ ਨਾਮ ਬਾਣੀ ਵਿਚ ਅਤਿ ਅਧਿਕ ਰੁਚੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਜਿਗਿਆਸੂਆਂ ਦੀ ਸੁਵਿਧਾ ਅਤੇ ਡੇਰੇ ਦੇ ਪਾਲਤੂ ਪਸ਼ੂਆਂ ਦੀ ਸਾਂਭ-ਸੰਭਾਲ ਵਿਚ ਮਨ ਲਗਾ ਦਿੱਤਾ।

ਸੰਤ ਈਸ਼ਰ ਸਿੰਘ ਦੇ ਆਦੇਸ਼ ਅਨੁਸਾਰ ਇਨ੍ਹਾਂ ਨੇ ਪਟਿਆਲਾ-ਸੰਗਰੂਰ ਸੜਕ ਉਪਰ ਪਿੰਡ ਧਬਲਾਨ ਵਿਚ ਰਹਿ ਕੇ 20 ਸਾਲ ਲੰਗਰ ਦੀ ਸੇਵਾ ਕੀਤੀ। ਸੰਨ 1983 ਈ. ਵਿਚ ਪੂਰਣਮਾਸੀ ਵਾਲੇ ਦਿਨ ਅਲੌਹਰਾ ਪਿੰਡ ਦੀ ਸੰਗਤ ਨੇ ਬੇਨਤੀ ਕਰਕੇ ਆਪ ਨੂੰ ਮੁੜ ਆਪਣੇ ਪਿੰਡ ਲਿਆਉਂਦਾ ਅਤੇ ਉਥੇ ਰਹਿ ਕੇ ਧਰਮ ਪ੍ਰਚਾਰ ਕਰਨ ਲਈ ਬੇਨਤੀ ਕੀਤੀ। ਆਪ ਨੇ ਉਥੇ ਆ ਕੇ ਆਪਣਾ ਆਸ਼੍ਰਮ ਬਣਾਇਆ ਅਤੇ ਉਸ ਅਧੀਨ ਹਰਿਆਣਾ ਤੇ ਪੰਜਾਬ ਵਿਚ ਵੀਹ ਹੋਰ ਆਸ਼੍ਰਮ ਕਾਇਮ ਕੀਤੇ। ਆਪ ਨੇ ਪਿੰਡ ਵਿਚ ਇਕ ਪਬਲਿਕ ਸਕੂਲ ਬਣਾਇਆ ਜਿਸ ਵਿਚ ਦਸਵੀਂ ਤਕ ਵਿਦਿਆ ਹਾਸਲ ਕੀਤੀ ਜਾ ਸਕਦੀ ਹੈ। ਇਸ ਸਕੂਲ ਵਿਚ ਇਰਦ-ਗਿਰਦ ਦੇ ਪਿੰਡਾਂ ਦੇ 500 ਬੱਚੇ ਪੜ੍ਹਦੇ ਹਨ। ਗ਼ਰੀਬ ਬੱਚਿਆਂ ਦੀ ਫੀਸ ਮਾਫ਼ ਹੁੰਦੀ ਹੈ। ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਹੈ। ਲੋਕਾਂ ਦੀ ਸਹੂਲਤ ਲਈ ਇਕ ਹਸਪਤਾਲ ਵੀ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਗ਼ਰੀਬ ਲੋਕਾਂ ਲਈ ਮੁਫ਼ਤ ਦਵਾਈਆਂ ਦੀ ਵਿਵਸਥਾ ਹੈ। 25 ਬਿਸਤਰਿਆਂ ਵਾਲੇ ਇਸ ਹਸਪਤਾਲ ਵਿਚ ਅੱਧੀ ਦਰਜਨ

ਡਾਕਟਰ ਕੰਮ ਕਰਦੇ ਹਨ। ਯਤੀਮ ਬੱਚਿਆਂ ਦੀ ਸੇਵਾ-ਸੰਭਾਲ ਦਾ ਪ੍ਰਬੰਧ ਹੈ। ਉਨ੍ਹਾਂ ਨੂੰ ਗੁਰਮਤਿ ਅਨੁਸਾਰੀ ਜੀਵਨ ਢਾਲਣ ਦੀ ਜੁਗਤ ਦਸੀ ਜਾਂਦੀ ਹੈ। ਇਸ ਤਰ੍ਹਾਂ ਸੰਤ ਜੀ ਨੇ ਗ਼ਰੀਬ ਲੋਕਾਂ ਦੀ ਸੇਵਾ ਲਈ ਉਚੇਚਾ ਉਦਮ ਕੀਤਾ ਹੈ। 2 ਜੂਨ 2003 ਈ. ਨੂੰ ਆਪ ਨੇ ਆਪਣਾ ਸ਼ਰੀਰ ਤਿਆਗ ਦਿੱਤਾ। ਜੀਵਨ ਭਰ ਆਪ ਲੋਕਾਂ ਨੂੰ ਜਨ-ਕਲਿਆਣ ਲਈ ਪ੍ਰੇਰਿਤ ਕਰਦੇ ਰਹੇ। ਹਰ ਮਹੀਨੇ ਦੀ ਪੂਰਣਮਾਸੀ ਨੂੰ ਗੁਰਦੁਆਰਾ ਈਸ਼ਰਪੁਰ ਸਿਧਸਰ ਅਲੌਹਰਾਂ ਵਿਚ ਭਾਰੀ ਦੀਵਾਨ ਸਜਦੇ ਹਨ ਅਤੇ ਹਜ਼ਾਰਾਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

**ਸੁਖ਼ਨ ਫ਼ਕੀਰਾਂ ਕੇ :** ਇਸ ਨਾਂ ਅਧੀਨ ਕੁਝ ਪੁਰਾਤਨ ਹੱਥ-ਲਿਖਿਤਾਂ ਵਿਚ ਗੱਦ ਸਾਮਗ੍ਰੀ ਮਿਲਦੀ ਹੈ। ਇਨ੍ਹਾਂ ਸੁਖ਼ਨਾਂ ਦੀ ਸਰੂਪ, ਭਾਵ, ਸੰਰਚਨਾ ਆਦਿ ਪੱਖਾਂ ਤੋਂ 'ਬਚਨ ਗੋਬਿੰਦ ਲੋਕਾਂ ਕੇ' ਨਾਲ ਦੂਰ ਤਕ ਸਮਾਨਤਾ ਹੈ, ਫ਼ਰਕ ਕੇਵਲ ਇਤਨਾ ਹੈ ਕਿ ਇਨ੍ਹਾਂ ਵਿਚਲਾ ਅਧਿਕਤਰ ਕੱਥ ਇਸਲਾਮਿਕ ਸਰੋਤਾਂ ਤੋਂ ਲਿਆ ਗਿਆ ਹੈ। ਇਤਿਹਾਸਿਕ ਮਿਥਿਹਾਸਿਕ ਪ੍ਰਸੰਗ ਵੀ ਸਾਮੀ ਭਾਵ-ਭੂਮੀ ਵਾਲੇ ਹਨ ਅਤੇ ਭਾਸ਼ਾ ਸ਼ੈਲੀ ਵਿਚ ਵੀ ਅਰਬੀ-ਫ਼ਾਰਸੀ ਦੀ ਰੰਗਤ ਵਿਸ਼ੇਸ਼ ਰੂਪ ਵਿਚ ਉਘੜੀ ਹੈ।

ਕੁਝ ਵਿਦਵਾਨਾਂ ਦੀ ਧਾਰਣਾ ਹੈ ਕਿ ਇਹ ਫ਼ਾਰਸੀ ਵਿਚ ਲਿਖੀਆਂ ਇਸੇ ਪ੍ਰਕਾਰ ਦੀਆਂ ਰਚਨਾਵਾਂ ਤੋਂ ਅਨੁਵਾਦ ਕੀਤੇ ਗਏ ਹਨ। ਕੁਝ ਵਿਦਵਾਨ ਇਨ੍ਹਾਂ ਨੂੰ ਫ਼ਾਰਸੀ ਵਿਚ ਲਿਖੀਆਂ ਮਲਫ਼ੂਜ਼ਾਤ/ਅਕਵਾਲ ਵਰਗ ਦੀਆਂ ਰਚਨਾਵਾਂ ਦੇ ਅਜਿਹੇ ਹੀ ਪ੍ਰਸੰਗਾਂ 'ਤੇ ਆਧਾਰਿਤ ਮੰਨਦੇ ਹਨ। ਪਰ ਇਨ੍ਹਾਂ ਦੇ ਗੰਭੀਰ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਸੁਖਨ 'ਸਾਖੀਆਂ ਭਾਈ ਅੱਡਣ ਸ਼ਾਹ ਕੀਆਂ' ਵਿਚਲੇ ਬਚਨਾਂ ਨਾਲ ਕਾਫ਼ੀ ਸਮਾਨਤਾ ਰਖਦੇ ਹਨ। ਇਸ ਲਈ ਇਨ੍ਹਾਂ ਦਾ ਰਚੈਤਾ ਕੋਈ ਸੇਵਾਪੰਥੀ ਪ੍ਰਤੀਤ ਹੁੰਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਇਨ੍ਹਾਂ ਸੁਖ਼ਨਾਂ ਦੀ ਕੋਈ ਅੰਦਰਲੀ ਗਵਾਹੀ ਇਨ੍ਹਾਂ ਦੇ ਕਰਤ੍ਰਿਤਵ ਦੀ ਸਹੀ ਸਥਿਤੀ ਉਤੇ ਪ੍ਰਕਾਸ਼ ਨਹੀਂ ਪਾਂਦੀ, ਪਰ ਇਨ੍ਹਾਂ ਦੀ ਉਪਦੇਸ਼ਾਤਮਕ ਨੁਹਾਰ ਅਤੇ ਜਿਗਿਆਸੂਆਂ ਨੂੰ ਸਦਾਚਾਰਿਕ ਤੇ ਨੈਤਿਕ ਆਦੇਸ਼ ਦੇਣ ਦੀ ਪ੍ਰਵ੍ਰਿਤੀ ਇਨ੍ਹਾਂ ਨੂੰ ਸੇਵਾ-ਪੰਥੀ ਸੰਪ੍ਰਦਾਇ ਦੇ ਕਿਸੇ ਲੇਖਕ ਦੀ ਰਚਨਾ ਹੋਣ ਦਾ ਸੰਕੇਤ ਕਰਦੀ ਹੈ। ਉਂਜ ਵੀ ਸੇਵਾਪੰਥੀ ਸੰਪ੍ਰਦਾਇ ਭਾਰਤੀ ਅਤੇ ਸਾਮੀ ਨੈਤਿਕ ਅਤੇ ਸਦਾਚਾਰਿਕ ਪਰੰਪਰਾਵਾਂ ਨੂੰ ਆਤਮਸਾਤ ਕਰਕੇ ਚਲੀ ਹੈ। ਰਵਾਇਤ ਹੈ ਕਿ ਇਨ੍ਹਾਂ ਸੁਖ਼ਨਾਂ ਅੰਦਰ ਜੰਮੂ ਦੇ ਇਲਾਕੇ ਵਿਚ ਮੁਸਲਮਾਨ ਜਿਗਿਆਸੂਆਂ ਨੂੰ ਭਾਈ ਅੱਡਣ ਸ਼ਾਹ ਵਲੋਂ ਦਿੱਤੇ ਉਪਦੇਸ਼ ਹੀ ਕਿਸੇ ਸ਼ਰਧਾਲੂ ਵਲੋਂ ਲਿਪੀਬੱਧ ਕੀਤੇ ਗਏ ਹਨ।

ਸਾਹਿਤਿਕ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਵਿਚ ਬਚਨਾਂ ਵਾਲੀਆਂ ਲਗਭਗ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ। ਪ੍ਰਸ਼ਨੋਤਰੀ ਸ਼ੈਲੀ ਰਾਹੀਂ ਸੰਵਾਦਕ-ਸਰੋਤਾ ਦਾ ਵਾਰਤਾਲਾਪ, ਭਾਵ ਪ੍ਰਕਾਸ਼ਨ ਲਈ ਦ੍ਰਿਸ਼ਟਾਂਤ-ਉਦਾਹਰਣ ਦੇਣ ਦੀ ਪੱਧਤੀ, ਕਥਾ-ਪ੍ਰਸੰਗ ਦੁਆਰਾ ਮੰਤਵ ਦਾ ਸਪੱਸ਼ਟੀਕਰਣ ਅਤੇ ਵਿਚਾਰਾਂ ਦੀ ਪੁਸ਼ਟੀ ਲਈ ਸਾਧ ਵਾਕਾਂ ਦੀਆਂ ਟੂਕਾਂ ਦੇਣਾ, ਇਨ੍ਹਾਂ ਦੀਆਂ ਅਭਿਵਿਅਕਤੀਗਤ ਵਿਲੱਖਣਤਾਵਾਂ ਹਨ। ਵਾਕ ਨਿੱਕੇ ਨਿੱਕੇ ਅਤੇ ਚੁਸਤ ਹਨ। ਕਈਆਂ ਪ੍ਰਸੰਗਾਂ ਵਿਚ ਲੰਮੇ ਵਾਕਾਂ ਦੀ ਵਰਤੋਂ ਵੀ ਹੋਈ ਹੈ। ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਖੁਲ੍ਹ ਕੇ ਵਰਤੀ ਗਈ ਹੈ। ਉਦਾਹਰਣ ਲਈ:

*ਬਚਨੁ ਹੈ ਜੋ ਦਸ ਖਸਲਤਾਂ ਕੁਤੇ ਦੀਆਂ ਹੈਨਿ। ਜੇਕਰਿ ਉਨ੍ਹਾਂ ਵਿਚੋਂ ਹਿਕ ਭੀ ਆਵੇ ਤਾਂ ਆਦਮੀ ਹੋਵੇ। ਪਹਿਲਾ ਏਹੁ ਜੋ ਸਦਾ ਭੁਖਾ ਰਹਿੰਦਾ ਹੈ। ਏਹ ਖਸਲਤ ਭਲਿਆਂ ਦੀ ਹੈ। ਦੂਜਾ ਜਹਗਾ ਮੁਕਰਰ ਨਹੀਂ ਏਹ ਖਸਲਤ ਭਰੋਸੇ ਵਾਲਿਆਂ ਦੀ ਹੈ। ਤੀਜੈ ਰਾਤੀ ਜਾਗਦੈ ਹੈਨਿ, ਇਹ ਖਸਲਤ ਪ੍ਰੀਤਵਾਨਾਂ ਦੀ ਹੈ। ਚਉਥੀ ਹੈ ਜਬ ਸੁਆਨ ਮ੍ਰਿਤ ਹੋਦਾ ਹੈ ਤਾਂ ਉਸ ਲਈ ਕਿਹੁ ਪਿਛੇ ਨਹੀ ਰਹਦਾ, ਏਹੁ ਲਛਣ ਵੈਰਾਗੀਆਂ ਦਾ ਹੈ। ਪੰਜਬੀ ਏਹ ਖਸਲਤ ਹੈ ਜੋ ਆਪਣੇ ਦਾ ਦਰ ਨਹੀਂ ਛਡਦਾ, ਏਹ ਲਛਣ ਸੇਵਕਾ ਦਾ ਹੈ।....*

**ਸੁਖਬਾਸੀ ਰਾਇ (ਰਾਮ) ਬੇਦੀ** (ਅਨੁ. 1758-1848 ਈ.): ਗੁਰੂ ਨਾਨਕ ਦੇਵ ਜੀ ਦੀ ਬੰਸ-ਪਰੰਪਰਾ ਵਿਚ ਹੋਇਆ ਇਕ ਉਦਾਸੀ ਸੰਤ ਜੋ ਸੁਆਮੀ ਆਨੰਦਘਨ ਦਾ ਚੇਲਾ ਸੀ। ਇਸ ਨੇ 'ਗੁਰੂ ਨਾਨਕ ਬੰਸ ਪ੍ਰਕਾਸ਼' ਦੀ ਰਚਨਾ ਕੀਤੀ ਸੀ। ਵੇਖੋ 'ਗੁਰੂ ਨਾਨਕ ਬੰਸ ਪ੍ਰਕਾਸ਼'।

**ਸੁਖਮਨੀ** (ਬਾਣੀ) : ਇਹ ਗੁਰੂ ਅਰਜਨ ਦੇਵ ਜੀ ਦੀ ਇਕ ਮਹੱਤਵਪੂਰਣ ਅਤੇ ਵੱਡਾਕਾਰੀ ਰਚਨਾ ਹੈ। ਨਾਮ-ਸਿਮਰਨ ਦੇ ਪ੍ਰਕਾਰਜ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀਆਂ ਅਵਸਥਾਵਾਂ ਦਾ ਬੜੀ ਸੁੰਦਰਤਾ ਨਾਲ ਕੀਤਾ ਚਿਤ੍ਰਣ ਇਸ ਰਚਨਾ ਦਾ ਗੌਰਵ ਹੈ। ਗਉੜੀ ਰਾਗ ਵਿਚ ਅਸ਼ਟਪਦੀ

ਕਾਵਿ-ਜੁਗਤ ਵਿਚ ਕੀਤੀ ਗਈ ਇਸ ਰਚਨਾ ਵਿਚ ਕੁਲ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਦਸ ਦਸ ਤੁਕਾਂ ਦੀਆਂ ਅੱਠ ਅੱਠ ਪਦੀਆਂ (ਪਉੜੀਆਂ) ਹਨ। ਇਸ ਤਰ੍ਹਾਂ ਇਨ੍ਹਾਂ 24 ਅਸ਼ਟਪਦੀਆਂ ਵਿਚ ਕੁਲ 1920 ਤੁਕਾਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਤੋਂ ਬਾਦ ਦੋ ਤੁਕਾਂ ਦਾ 'ਰਹਾਉ' ਹੈ। ਇਸ ਪ੍ਰਕਾਰ ਤੁਕਾਂ ਦੀ ਕੁਲ ਗਿਣਤੀ 1922 ਹੈ।

ਇਸ ਬਾਣੀ ਦੀ ਰਚਨਾ ਸ਼ਲੋਕ-ਚੌਪਈ-ਬੰਧ ਵਿਚ ਹੋਈ ਹੈ। ਕੜਵਕ ਸ਼ੈਲੀ ਅਧੀਨ ਹਰ ਅਸ਼ਟਪਦੀ ਤੋਂ ਪਹਿਲਾਂ ਇਕ ਇਕ ਸ਼ਲੋਕ ਦਰਜ ਹੈ ਜੋ ਅਸ਼ਟਪਦੀਆਂ ਵਿਚ ਬਾਂਸ ਦੀਆਂ ਗੱਠਾਂ ਵਾਂਗ ਆਏ ਹਨ। ਇਸ ਤਰ੍ਹਾਂ ਸਾਰੀ ਰਚਨਾ ਇਕ ਨਿਸਚਿਤ ਵਿਧਾਨ ਅਧੀਨ ਚਲਦੀ ਹੈ। ਅਧਿਕਾਂਸ਼ ਸ਼ਲੋਕ ਦੋਹਿਰਾ-ਸੋਰਠਾ ਤੋਲ ਦੇ ਦੋ-ਤੁਕੇ ਹਨ, ਪਰ ਅੱਠਵੀਂ ਅਸ਼ਟਪਦੀ ਨਾਲ ਦਰਜ ਸ਼ਲੋਕ ਤਿੰਨ ਤੁਕਾਂ ਵਾਲਾ ਹੈ। ਇਸੇ ਤਰ੍ਹਾਂ ਸੱਤਵੀਂ ਅਤੇ ਨੌਵੀਂ ਅਸ਼ਟਪਦੀਆਂ ਨਾਲ ਆਏ ਸ਼ਲੋਕ ਚਉ-ਤੁਕੇ ਹਨ ਅਤੇ ਤੋਲ ਚੌਪਈ ਵਰਗਾ ਹੈ। ਸਤਾਰ੍ਹਵੀਂ ਅਸ਼ਟਪਦੀ ਨਾਲ ਆਇਆ ਸ਼ਲੋਕ 'ਜਪੁਜੀ' ਦੇ ਆਰੰਭ ਵਾਲਾ ਹੈ ਜਿਸ ਦਾ ਤੋਲ ਆਪਣੀ ਹੀ ਕਿਸਮ ਦਾ ਹੈ।

ਸ਼ਲੋਕਾਂ ਵਿਚ ਵਿਸ਼ਾ ਸੂਤਰ-ਰੂਪ ਵਿਚ ਦਿੱਤਾ ਗਿਆ ਹੈ ਅਤੇ ਅਸ਼ਟਪਦੀ ਵਿਚ ਉਸ ਦੀ ਵਿਆਖਿਆ ਹੋਈ ਹੈ। ਇਹ ਵਿਆਖਿਆ ਉਕਤੀ-ਜੁਗਤੀ ਨਾਲ ਭਾਵ ਨੂੰ ਪੁਸ਼ਟ ਕਰਦੀ ਹੈ। ਇਸ ਸੰਬੰਧ ਵਿਚ ਉਲੇਖਯੋਗ ਵਿਸ਼ੇਸ਼ਤਾ ਇਹ ਹੈ ਕਿ ਗੁਰੂ-ਕਵੀ ਨੇ ਹਰ ਗੱਲ ਬਾਰ ਬਾਰ ਦੋਹਰਾ ਕੇ ਕਹੀ ਹੈ ਕਿਉਂਕਿ ਕਿਸੇ ਭਾਵ ਜਾਂ ਵਿਚਾਰ ਨੂੰ ਜਿਗਿਆਸੂ ਦੇ ਮਨ ਵਿਚ ਸਥਾਪਿਤ ਕਰਨ ਲਈ ਉਸ ਨੂੰ ਬਾਰ ਬਾਰ ਦੋਹਰਾਉਣਾ ਜ਼ਰੂਰੀ ਹੈ। ਇਕ ਵਾਰ ਕਹਿਣ ਨਾਲ ਭਾਵ ਬਾਰੇ ਕੇਵਲ ਸੂਚਨਾ ਦਿੱਤੀ ਜਾਂਦੀ ਹੈ, ਪਰ ਬਾਰ ਬਾਰ ਕਹਿਣ ਨਾਲ ਜਿਗਿਆਸੂ ਦੀ ਮਾਨਸਿਕਤਾ ਨੂੰ ਅਨੁਕੂਲ ਕੀਤਾ ਜਾਂਦਾ ਹੈ। ਇਸ ਰਚਨਾ ਵਿਚ ਅਧਿਆਤਮਿਕ ਸਾਧਨਾ, ਨਾਮ -ਸਿਮਰਨ, ਨਾਮ-ਸਿਮਰਨ ਦੇ ਪ੍ਰਭਾਵ ਕਰਕੇ ਨਿਖਰੀਆਂ ਸਖ਼ਸ਼ੀਅਤਾਂ, ਨਾਮ-ਸਿਮਰਨ ਤੋਂ ਵਾਂਝੇ ਵਿਅਕਤੀਆਂ ਦੇ ਦੁਖਾਂ ਦਾ ਲੜੀਵਾਰ ਵੇਰਵਾ ਦੇ ਕੇ ਗੁਰੂ ਜੀ ਨੇ ਜਿਗਿਆਸੂ ਦਾ ਮਨ ਸੰਸਾਰਿਕਤਾ ਤੋਂ ਹਟਾ ਕੇ ਅਧਿਆਤਮਿਕਤਾ ਵਲ ਮੋੜਿਆ ਹੈ। ਇਸ ਨਾਲ ਹਰਿ-ਭਗਤੀ ਲਈ ਜਿਗਿਆਸੂ ਦੀ ਮਾਨਸਿਕਤਾ ਨੂੰ ਬਦਲਿਆ ਗਿਆ ਹੈ। ਇਹ ਸਾਰਾ ਪ੍ਰਕਾਰਜ ਇਕ ਪ੍ਰਕਾਰ ਨਾਲ ਮਾਨਸਿਕਤਾ ਦਾ ਸ਼ੁੱਧੀਕਰਣ ਹੈ। ਇਸ ਦੀ ਭਾਸ਼ਾ ਭਾਵਾਂ ਦੇ ਅਨੁਕੂਲ ਹੈ। ਸਾਧਾਰਣ ਵਿਅਕਤੀ ਨੂੰ ਸਮਝਾਉਣ ਲਈ ਸਾਧਾਰਣ ਭਾਸ਼ਾ ਵਰਤੀ ਗਈ ਹੈ। ਸਰਲ ਬ੍ਰਜ-ਭਾਸ਼ਾ, ਪੰਜਾਬੀ ਮੁਹਾਂਦਰੇ ਕਾਰਣ ਦਿਲ ਉਤੇ ਸਿੱਧਾ ਅਸਰ ਕਰਨ ਵਾਲੀ ਬੜੀ ਪ੍ਰੇਰਣਾਦਾਇਕ ਹੈ।

ਇਹ ਰਚਨਾ ਕਦ ਹੋਂਦ ਵਿਚ ਆਈ ? ਇਸ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਆਮ ਤੌਰ 'ਤੇ ਇਸ ਨੂੰ ਗੁਰੂ ਜੀ ਦੀ ਪ੍ਰੌੜ੍ਹ ਅਵਸਥਾ ਦੀ ਰਚਨਾ ਮੰਨਿਆ ਜਾਂਦਾ ਹੈ। ਰਵਾਇਤ ਅਨੁਸਾਰ ਇਸ ਦੀ ਰਚਨਾ ਅੰਮ੍ਰਿਤਸਰ ਸਥਿਤ ਰਾਮਸਰ ਦੇ ਕੰਢੇ ਹੋਈ ਸੀ। ਅਨੁਮਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਕੁਝ ਵਰ੍ਹੇ ਪਹਿਲਾਂ ਇਸ ਦੀ ਰਚਨਾ ਹੋ ਗਈ ਹੋਵੇਗੀ।

'ਸੁਖਮਨੀ' ਸ਼ਬਦ ਦੀ ਵਿਆਖਿਆ ਕਈ ਢੰਗਾਂ ਨਾਲ ਕੀਤੀ ਗਈ ਹੈ। ਕਿਸੇ ਵਿਦਵਾਨ ਨੇ ਇਸ ਨੂੰ 'ਮਨ ਨੂੰ ਸੁਖ ਦੇਣ ਵਾਲੀ ਬਾਣੀ' ਮੰਨਿਆ ਹੈ, ਕਿਸੇ ਨੇ 'ਸੁਖਾਂ ਦੀ ਮਣੀ' ਕਿਹਾ ਹੈ, ਕਿਸੇ ਨੇ ਇਸ ਦਾ ਸੰਬੰਧ ਸੁਖਮਨਾ-ਨਾੜੀ ਨਾਲ ਜੋੜਿਆ ਹੈ। ਪਰ ਗੁਰੂ ਅਰਜਨ ਦੇਵ ਨੇ 'ਰਹਾਉ' ਦੀਆਂ ਤੁਕਾਂ ਵਿਚ ਇਸ ਦਾ ਸਰੂਪ ਸਪੱਸ਼ਟ ਕਰ ਦਿੱਤਾ ਹੈ— *ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ। ਭਗਤ ਜਨਾ ਕੈ ਮਨਿ ਬਿਸ੍ਰਾਮ।* ਸਾਫ਼ ਹੈ ਕਿ ਭਗਤਾਂ ਦੇ ਮਨ ਵਿਚ ਬਿਸਰਾਮ ਕਰਨ ਵਾਲੀ ਵਸਤੂ ਮਨ ਤੋਂ ਵਖਰੀ ਹੈ। ਮਨ ਨੂੰ ਸ਼ਾਂਤੀ ਦੇਣ ਲਈ ਮਣੀ, ਅਰਥਾਤ ਕੀਮਤੀ ਪੱਥਰ ਨੂੰ ਸ਼ਰੀਰ ਉਤੇ ਧਾਰਣ ਕਰਨ ਦੀ ਪੁਰਾਣੀ ਪਰੰਪਰਾ ਹੈ। 'ਕੌਸਤੁਭ ਮਣੀ' ਦੀ ਗਿਣਤੀ ਸਮੁੰਦਰ ਰਿੜਕਣ ਵੇਲੇ ਪ੍ਰਾਪਤ ਹੋਏ ਚੌਦਾਂ ਰਤਨਾਂ ਵਿਚ ਕੀਤੀ ਜਾਂਦੀ ਹੈ ਜੋ ਵਿਸ਼ਣੂ ਨੇ ਆਪਣੀ ਛਾਤੀ ਉਤੇ ਧਾਰਣ ਕੀਤੀ ਸੀ। ਮਣੀਆਂ ਨਾਲ ਸੰਬੰਧਿਤ ਹੋਰ ਵੀ ਕਈ ਪੌਰਾਣਿਕ ਉਪਾਖਿਆਨ ਮਿਲ ਜਾਂਦੇ ਹਨ। ਜੋਤਿਸ਼ ਸ਼ਾਸਤ੍ਰ ਮਣੀ ਦੇ ਪ੍ਰਭਾਵ ਦੀ ਪੁਸ਼ਟੀ ਕਰਦਾ ਹੈ। ਨਾਗ-ਮਣੀ ਦਾ ਉੱਲੇਖ ਲੋਕਯਾਨ ਵਿਚ ਆਮ ਹੈ। ਗੁਰਬਾਣੀ ਲੋਕ-ਮਾਨਸ ਨਾਲ ਜੁੜ ਕੇ ਚਲੀ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਮਨ ਨੂੰ ਸੁਖ ਦੇਣ ਵਾਸਤੇ ਨਾਮ ਰੂਪੀ ਮਣੀ ਨੂੰ ਧਾਰਣ ਕਰਨ ਲਈ ਜਿਗਿਆਸੂ ਨੂੰ ਉਪਦੇਸ਼ ਦਿੱਤਾ ਹੈ। ਇਸ ਵਿਚ ਨਾਮ ਦੇ ਸਰੂਪ, ਸਿਮਰਨ ਦੇ ਮਹੱਤਵ ਅਤੇ ਸਿਮਰਨ ਨਾਲ ਹੋਣ ਵਾਲੀਆਂ ਅਧਿਆਤਮਿਕ ਪ੍ਰਾਪਤੀਆਂ ਦਾ ਵਿਵਰਣ ਵੀ ਅੰਕਿਤ ਹੋਇਆ ਹੈ ਅਤੇ ਇਸ ਦੇ ਅਭਾਵ ਦੀ ਸਥਿਤੀ

ਵਿਚ ਵਿਆਪਤ ਹੋਣ ਵਾਲੇ ਕਲੇਸ਼ਾਂ ਉਤੇ ਵੀ ਚਾਨਣਾ ਪਾਇਆ ਗਿਆ ਹੈ।

ਇਸ ਬਾਣੀ ਵਿਚ ਸੁਖ ਦਾ ਸਰੂਪ 'ਆਨੰਦ' ਵਾਲਾ ਹੈ (ਵੇਖੋ 'ਆਨੰਦਵਾਦ')। ਸਾਧਾਰਣ ਅਰਥਾਂ ਵਿਚ ਮਨ ਦੀ ਅਨੁਕੂਲ ਅਵਸਥਾ ਸੁਖ ਹੈ ਅਤੇ ਪ੍ਰਤਿਕੂਲ ਅਵਸਥਾ ਦੁਖ ਹੈ। ਇਹ ਦੋਵੇਂ ਜੀਵਨ ਵਿਚ ਰਚੇ-ਮਿਚੇ ਹੋਏ ਪਰਸਪਰ ਨਿਰਭਰ ਹਨ। ਪਰ ਸੰਸਾਰਿਕ ਸੁਖ ਅਤੇ ਅਧਿਆਤਮਿਕ ਸੁਖ ਵਿਚ ਅੰਤਰ ਹੈ। ਸੁਖ ਪਰਿਵਰਤਨਸ਼ੀਲ ਹੈ, ਅਸਥਿਰ ਅਤੇ ਛਿਣ-ਭੰਗਰ ਹੈ। ਇਸ ਦੇ ਮੁਕਾਬਲੇ ਅਧਿਆਤਮਿਕ ਸੁਖ ਨਿੱਤ ਹੈ, ਸਥਿਰ ਹੈ। ਇਸ ਨੂੰ ਸੰਸਾਰਿਕ ਸੁਖ ਨਾਲੋਂ ਨਿਖੇੜਨ ਲਈ 'ਆਨੰਦ' ਕਿਹਾ ਜਾ ਸਕਦਾ ਹੈ। ਸੰਸਾਰਿਕ ਸੁਖ ਅਤੇ ਦੁਖ ਦਾ ਆਪਸ ਵਿਚ ਦੁਅੰਦ ਹੈ। ਆਨੰਦ ਇਸ ਦੁਅੰਦ ਤੋਂ ਮੁਕਤ ਹੈ। ਇਹ ਅਸਲ ਵਿਚ, ਅਦ੍ਵੈਤ-ਅਨੁਭੂਤੀ ਹੈ। ਸੰਸਾਰਿਕ ਸੁਖ ਦਾ ਸੰਬੰਧ ਸ਼ਰੀਰ ਨਾਲ ਹੈ, ਆਨੰਦ ਦਾ ਆਤਮਾ ਨਾਲ। ਜਦੋਂ ਆਨੰਦ ਦਾ ਸੱਚਾ ਸੁਆਦ ਪ੍ਰਾਪਤ ਹੋ ਜਾਂਦਾ ਹੈ ਤਾਂ ਬਾਕੀ ਸਾਰੇ ਸੁਆਦ ਅਥਵਾ ਸੁਖ ਫਿਕੇ ਲਗਣ ਲਗ ਜਾਂਦੇ ਹਨ।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਵਿਚ ਜਿਸ ਸੁਖ ਦਾ ਚਿਤ੍ਰਣ ਕੀਤਾ ਹੈ, ਉਹ ਆਨੰਦ ਦਾ ਨਾਮਾਂਤਰ ਹੈ। ਉਹ ਭਗਤਾਂ ਦੇ ਮਨ ਵਿਚ ਵਸਦਾ ਹੈ। ਉਸ ਸੁਖ/ਆਨੰਦ ਦਾ ਮੂਲਾਧਾਰ ਹੈ ਹਰਿ-ਨਾਮ। ਉਹ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਜਾਂ ਮੁਕਤੀ ਤੋਂ ਉੱਚਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਜਿਗਿਆਸੂ ਮਾਇਆ ਦੇ ਬੰਧਨਾਂ ਨੂੰ ਕਟ ਕੇ ਨਾਮ-ਸਿਮਰਨ ਵਿਚ ਲੀਨ ਹੁੰਦਾ ਹੈ। ਉਸ ਦਾ ਵਿਅਕਤਿਤਵ ਹੌਲੀ ਹੌਲੀ ਵਿਕਾਸ ਕਰਦਾ ਸਾਧ, ਸੰਤ, ਬ੍ਰਹਮਗਿਆਨੀ ਅਤੇ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਇਹੀ ਪਰਮਾਤਮਾ ਨਾਲ ਏਕਾਕਾਰ ਦੀ ਅਵਸਥਾ ਹੈ। ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਰਚੀ ਹੋਈ ਹੈ ਅਤੇ ਉਹੀ ਇਸ ਵਿਚ ਸਰਬ-ਵਿਆਪਕ ਹੈ। ਪਰ ਉਂਜ ਉਹ ਨਿਰਲੇਪ, ਅਮਰ ਅਤੇ ਸਦੀਵੀ ਹੈ। ਨਾਮ-ਅਭਿਆਸੀ ਵਿਅਕਤੀ ਨਿਮਰਤਾ ਪੂਰਵਕ ਸੰਸਾਰ ਵਿਚ ਵਿਚਰਦਾ ਹੋਇਆ ਇਕੋ ਪਰਮਾਤਮਾ ਦਾ ਆਸਰਾ ਭਾਲਦਾ ਹੈ। ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਸਤਿਗੁਰੂ ਦੀ ਸਹਾਇਤਾ ਨਾਲ ਹੁੰਦੀ ਹੈ। ਸੰਸਾਰਿਕ ਪਦਾਰਥ ਮਰਣ ਉਪਰੰਤ ਇਥੇ ਹੀ ਰਹਿ ਜਾਂਦੇ ਹਨ, ਕੇਵਲ ਨਾਮ-ਸਿਮਰਨ ਦੁਆਰਾ ਕੀਤੀ ਕਮਾਈ ਹੀ ਦਰਗਾਹ ਵਿਚ ਕੰਮ ਆਉਂਦੀ ਹੈ। ਇਸ ਸਥਿਤੀ ਨੂੰ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਅੰਤ ਤੇ ਕਿਹਾ ਹੈ — *ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ। ਏਕੁ ਨਾਮੁ ਮਨ ਮਾਹਿ ਸਮਾਨੀ।*

ਇਸ ਰਚਨਾ ਦੇ ਮਹੱਤਵ ਅਤੇ ਸਰਬ-ਪ੍ਰਿਯਤਾ ਨੂੰ ਵੇਖ ਕੇ ਸੋਢੀ ਮਿਹਰਬਾਨ ਨੇ 'ਸੁਖਮਨੀ ਸਹੰਸਰਨਾਮ' ਦੀ ਰਚਨਾ 30 ਅਸ਼ਟਪਦੀਆਂ ਵਿਚ ਕੀਤੀ ਅਤੇ ਉਸ ਦਾ ਪਰਮਾਰਥ ਸੋਢੀ ਹਰਿਜੀ ਨੇ ਤਿਆਰ ਕੀਤਾ। ਸੁਗੁਣਵਾਦੀ ਪ੍ਰਵ੍ਰਿਤੀਆਂ ਦੇ ਪ੍ਰਤਿਪਾਦਨ ਕਰਕੇ ਇਹ ਰਚਨਾ ਮਕਬੂਲ ਨ ਹੋ ਸਕੀ। ਵਿਸਤਾਰ ਲਈ ਵੇਖੋ 'ਹਰਿਜੀ'।

**ਸੁਖਮਨੀ ਸਹੰਸਰਨਾਮ ਪਰਮਾਰਥ** : ਇਹ ਸੋਢੀ ਹਰਿਜੀ ਦੀ ਰਚਨਾ ਹੈ। ਵੇਖੋ 'ਹਰਿਜੀ'।

**ਸੁਖਾ ਸਿੰਘ, ਕਵੀ** (1768-1838 ਈ.): ਸਿੱਖ ਇਤਿਹਾਸ ਵਿਚ ਤਿੰਨ ਸੁਖਾ ਸਿੰਘ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ। ਇਕ ਉਹ ਜਿਸ ਨੇ ਭਾਈ ਮਤਾਬ ਸਿੰਘ ਨਾਲ ਮਿਲ ਕੇ ਮੱਸੇ ਰੰਘੜ ਦਾ, ਹਰਿਮੰਦਿਰ ਸਾਹਿਬ ਦੀ ਬੇਅਦਬੀ ਕਰਨ ਕਰਕੇ, ਸਿਰ ਵਢਿਆ ਸੀ। ਦੂਜਾ ਉਹ ਜੋ ਜਨਮ-ਸਥਾਨ ਗੁਰੂ-ਧਾਮ, ਪਟਨਾ ਵਿਚ ਗ੍ਰੰਥੀ ਸੀ ਅਤੇ ਜਿਸ ਨੇ ਕੁਝ ਵਾਧੂ ਰਚਨਾਵਾਂ ਸਹਿਤ 'ਦਸਮ ਗ੍ਰੰਥ' ਦੀ ਇਕ ਬੀੜ ਤਿਆਰ ਕੀਤੀ ਸੀ। ਤੀਜਾ ਜਿਸ ਨੇ 'ਗੁਰਬਿਲਾਸ' ਦੀ ਰਚਨਾ ਕੀਤੀ। ਇਸ ਨੂੰ 'ਕਵੀ ਸੁਖਾ ਸਿੰਘ' ਕਹਿਣਾ ਹੀ ਉਚਿਤ ਹੋਵੇਗਾ।

ਕਵੀ ਸੁਖਾ ਸਿੰਘ ਦੇ ਜੀਵਨ ਬਾਰੇ ਕਿਸੇ ਪ੍ਰਕਾਰ ਦੀ ਆਧਾਰ-ਭੂਤ ਸਾਮਗ੍ਰੀ ਦਾ ਅਭਾਵ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼' ਵਿਚ ਕਵੀ ਸੰਬੰਧੀ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ ਸੁਖਾ ਸਿੰਘ ਦਾ ਜਨਮ 1825 ਬਿ. (1768 ਈ.) ਵਿਚ ਅਤੇ ਦੇਹਾਂਤ 1895 ਬਿ. (1838 ਈ.) ਵਿਚ ਹੋਇਆ। ਉਹ ਗ੍ਰਿਹਸਥੀ ਸੀ ਅਤੇ ਉਸ ਦੀ ਪਤਨੀ ਦਾ ਦੇਹਾਂਤ ਉਸ ਤੋਂ 40 ਵਰ੍ਹੇ ਬਾਦ ਹੋਇਆ। ਉਸ ਨੇ ਸੰਮਤ 1854 ਬਿ. (ਸੰਨ 1797 ਈ.) ਵਿਚ 'ਗੁਰਬਿਲਾਸ' ਦੀ ਰਚਨਾ ਕੀਤੀ।

ਇਨ੍ਹਾਂ ਤੱਥਾਂ ਵਿਚੋਂ ਪਹਿਲੇ ਦੋ ਦੀ ਪੁਸ਼ਟੀ ਲਈ ਹੁਣ ਕੋਈ ਸਰੋਤ ਉਪਲਬਧ ਨਹੀਂ ਹੈ। ਇਸ ਲਈ ਇਨ੍ਹਾਂ ਨੂੰ ਹੀ ਮੰਨ ਕੇ ਚਲਣਾ ਪੈਂਦਾ ਹੈ। ਕਵੀ ਨੇ 'ਗੁਰਬਿਲਾਸ' ਦੇ ਆਦਿ (ਅਧਿ. 1;27-36,47) ਅਤੇ ਅੰਤ (ਅਧਿ. 30; 96-100) ਵਿਚ ਕੁਝ ਆਤਮ-ਪਰਿਚਯ ਸੰਬੰਧੀ ਸੰਕੇਤ

ਕੀਤੇ ਹਨ, ਜਿਵੇਂ— ਬਾਲ-ਕਾਲ ਵਿਚ ਹੀ ਕਵੀ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ; ਵੱਡੇ ਭਰਾ ਨੇ ਕਵੀ ਨੂੰ ਪ੍ਰੇਮ ਸਹਿਤ ਪਾਲਿਆ ਅਤੇ ਪੜ੍ਹਨ ਲਿਖਣ ਵਲ ਰੁਚਿਤ ਕੀਤਾ; ਕਵੀ ਆਪਣੇ ਭਰਾ ਨਾਲ ਪੂਰਬ ਦਿਸ਼ਾ (ਸਥਿਤ ਗੁਰੂ-ਧਾਮਾਂ) ਦੀ ਯਾਤ੍ਰਾ ਲਈ ਗਿਆ, ਪਰ ਨਾਨਕ-ਮਤੇ ਪਹੁੰਚ ਕੇ ਵੱਡੇ ਭਰਾ ਦਾ ਦੇਹਾਂਤ ਹੋ ਗਿਆ; ਮਰਨ ਵੇਲੇ ਭਰਾ ਨੇ ਕਵੀ ਨੂੰ ਗੁਰੂ-ਚਰਨਾਂ ਵਿਚ ਜਾਣ ਲਈ ਆਦੇਸ਼ ਦਿੱਤਾ ਅਤੇ ਕਵੀ ਪਟਨਾ ਸਥਿਤ ਗੁਰੂ-ਧਾਮ ਦੇ ਦਰਸ਼ਨ ਲਈ ਗਿਆ; ਪਟਨਾ ਪਹੁੰਚ ਕੇ ਕਵੀ ਗੁਰੂ-ਧਾਮ ਦੀ ਸੰਗਤ ਵਿਚ 21 ਮਹੀਨੇ ਰਿਹਾ। ਗ੍ਰੰਥ ਸਾਹਿਬ ਦਾ ਪਾਠ ਕੀਤਾ, ਦਸਮ ਗੁਰੂ ਜੀ ਦੇ ਸੁਪਨੇ ਵਿਚ ਦਰਸ਼ਨ ਕਰਨ ਤੇ 'ਸ਼ਸਤ੍ਰ-ਨਾਮ-ਮਾਲਾ' ਨਾਂ ਦੀ ਰਚਨਾ ਦਾ ਗਿਆਨ ਪ੍ਰਾਪਤ ਕਰਨ ਦਾ ਵਰ ਮੰਗਿਆ। ਕਵੀ ਨੇ ਪਟਨੇ ਤੋਂ ਆਨੰਦਪੁਰ ਆ ਕੇ ਸ੍ਰੀ ਕੇਸਗੜ੍ਹ ਵਿਚ ਸੰਮਤ 1854 ਬਿ. (ਸੰਨ 1797 ਈ.) ਵਿਚ 'ਗੁਰਬਿਲਾਸ' ਦੀ ਰਚਨਾ ਕੀਤੀ।

'ਗੁਰਬਿਲਾਸ' ਵਿਚ ਕਵੀ ਦੇ ਵਿਅਕਤਿਤਵ ਬਾਰੇ ਵੀ ਕੁਝ ਸੰਕੇਤ ਮਿਲਦੇ ਹਨ। ਉਹ ਗੁਰੂ ਜੀ ਪ੍ਰਤਿ ਬਹੁਤ ਸ਼ਰਧਾ ਰਖਦਾ ਸੀ। ਉਸ ਨੇ ਇਸ ਗ੍ਰੰਥ ਦੀ ਰਚਨਾ ਭਗਤੀ-ਭਾਵ ਤੋਂ ਪ੍ਰੇਰਿਤ ਹੋ ਕੇ ਕੀਤੀ। ਉਹ ਅਤਿਅੰਤ ਨਿਮਰਤਾਵਾਨ ਅਤੇ ਦਾਸ ਸੁਭਾਵ ਵਾਲਾ ਵਿਅਕਤੀ ਸੀ :

*ਕਵਿ ਕੋਵਿਦ ਗਯਾਨੀ ਨਹੀ ਨਹਿ ਪੰਡਤ ਬਰ ਧੀਰ।*
*ਪ੍ਰੇਮ ਕਥਾ ਕੇ ਕਾਰਨੇ ਬਰਨਤ ਹੈ ਇਹ ਕੀਰ।*
*ਕਹਾ ਸਕਤ ਇਸ ਜੰਤ ਦੀ ਸਕੇ ਸੁ ਅਛਰ ਪਾਇ।*
*ਜਾਸ ਨਾਥ ਕੇ ਚਰਿਤ੍ਰ ਇਹ ਤਵਨੈ ਲਏ ਬਨਾਇ।*
(ਅਧਿ. 30/102)

ਇਸ ਤੋਂ ਇਲਾਵਾ ਕਵੀ ਭਾਰਤੀ ਧਰਮ ਅਤੇ ਪੁਰਾਣ ਸਾਹਿਤ ਦਾ ਚੰਗਾ ਗਿਆਤਾ, ਕਾਵਿ ਪਰੰਪਰਾਵਾਂ ਨੂੰ ਸਮਝਣ ਵਾਲਾ, ਭਾਸ਼ਾ ਅਤੇ ਛੰਦ 'ਤੇ ਪੂਰਾ ਅਧਿਕਾਰ ਰਖਣ ਵਾਲਾ ਇਕ ਉਦਾਰ ਅਤੇ ਸਮਨਵੈ-ਵਾਦੀ ਵਿਦਵਾਨ ਸੀ ਜਿਸ ਨੇ ਬੜੀ ਨਿਸ਼ਠਾ ਨਾਲ ਇਹ ਚਰਿਤ-ਕਾਵਿ ਲਿਖ ਕੇ ਗੁਰੂ-ਜਸ ਦਾ ਵਿਸਤਾਰ ਕੀਤਾ।

ਕਵੀ ਸੁਖਾ ਸਿੰਘ ਦੀ ਕੇਵਲ ਇਕੋ-ਇਕ ਰਚਨਾ 'ਗੁਰਬਿਲਾਸ' ਉਪਲਬਧ ਹੈ। ਇਸ ਤੋਂ ਬਿਨਾ ਉਸ ਦੀ ਕਿਸੇ ਹੋਰ ਰਚਨਾ ਦਾ ਉਲੇਖ ਨ ਕਿਸੇ ਸਾਹਿਤ ਦੇ ਇਤਿਹਾਸ ਵਿਚ ਹੋਇਆ ਹੈ ਅਤੇ ਨ ਹੀ ਕਵੀ ਵਲੋਂ 'ਗੁਰਬਿਲਾਸ' ਵਿਚ ਕੋਈ ਸੰਕੇਤ ਦਿੱਤਾ ਮਿਲਦਾ ਹੈ। ਇਸ ਲਈ ਇਸ ਨੂੰ ਕਵੀ ਦੀ ਇਕੋ-ਇਕ ਰਚਨਾ ਮੰਨਣਾ ਪਏਗਾ। ਇਹ ਰਚਨਾ ਹੱਥ-ਲਿਖਿਤ ਅਤੇ ਮੁਦ੍ਰਿਤ ਦੋਹਾਂ ਰੂਪਾਂ ਵਿਚ ਉਪਲਬਧ ਹੈ। ਹੱਥ-ਲਿਖਿਤ ਪੋਥੀਆਂ ਪਟਿਆਲਾ ਦੇ ਭਾਸ਼ਾ ਵਿਭਾਗ, ਮੋਤੀ ਬਾਗ਼ ਅਤੇ ਪੰਜਾਬ ਆਰਕਾਈਵਜ਼ ਦੀਆਂ ਲਾਇਬ੍ਰੇਰੀਆਂ ਤੋਂ ਇਲਾਵਾ ਨੈਸ਼ਨਲ ਲਾਇਬ੍ਰੇਰੀ ਕਲਕੱਤਾ ਵਿਚ ਵੀ ਉਪਲਬਧ ਹਨ ਅਤੇ ਕੁਝ ਪੋਥੀਆਂ ਡੇਰਿਆਂ ਅਤੇ ਵਿਦਵਾਨਾਂ ਦੀਆਂ ਨਿਜੀ ਲਾਇਬ੍ਰੇਰੀਆਂ ਵਿਚ ਵੀ ਸੁਰਖਿਅਤ ਹਨ। ਇਸ ਨੂੰ ਪੱਥਰ ਦੇ ਛਾਪੇ ਰਾਹੀਂ ਵੀ ਛਾਪਿਆ ਗਿਆ। ਸੰਮਤ 1969 ਬਿ. (ਸੰਨ 1912 ਈ.) ਵਿਚ ਲਾਲਾ ਰਾਮਚੰਦ ਮਾਨਕਟਾਹਲਾ, ਲੁਹਾਰੀ ਦਰਵਾਜ਼ਾ, ਲਾਹੌਰ ਵਾਲੇ ਨੇ ਇਸ ਨੂੰ ਮੋਟੇ ਟਾਈਪ ਵਿਚ ਵੀ ਛਾਪਿਆ। ਹੁਣ ਇਸ ਨੂੰ ਸੰਪਾਦਿਤ ਕਰਕੇ ਵੀ ਛਾਪ ਦਿੱਤਾ ਗਿਆ ਹੈ।

ਇਸ ਗ੍ਰੰਥ ਦਾ ਮੂਲ ਨਾਂ 'ਗੁਰਬਿਲਾਸ' ਹੈ ਪਰ ਚੂੰਕਿ ਇਹ ਦਸਵੇਂ ਗੁਰੂ ਸੰਬੰਧੀ ਲਿਖਿਆ ਗਿਆ ਹੈ, ਇਸ ਲਈ ਇਸ ਨੂੰ 'ਗੁਰਬਿਲਾਸ ਪਾਤਿਸ਼ਾਹੀ ੧੦' ਨਾਂ ਵੀ ਦਿੱਤਾ ਜਾਂਦਾ ਹੈ। ਇਹ ਨਾਂ ਜਿਥੇ ਵਰਣਿਤ ਵਿਸ਼ੇ ਨੂੰ ਪ੍ਰਗਟਾਂਦਾ ਹੈ, ਉਥੇ ਇਸ ਪ੍ਰਕਾਰ ਦੇ ਹੋਰ ਗੁਰਬਿਲਾਸਾਂ ਤੋਂ ਇਸ ਨੂੰ ਨਿਖੇੜਦਾ ਵੀ ਹੈ ਜਿਵੇਂ 'ਗੁਰਬਿਲਾਸ ਪਾਤਿਸ਼ਾਹੀ ੬ ਤੋਂ। ਕਵੀ ਨੇ ਬੜੀ ਸ਼ਰਧਾ, ਨਿਸ਼ਠਾ ਅਤੇ ਸੁਹਿਰਦਤਾ ਨਾਲ ਗੁਰਬਿਲਾਸ ਲਿਖ ਕੇ ਗੁਰੂ-ਮਹਿਮਾ ਦਾ ਵਿਸਥਾਰ ਕੀਤਾ। ਕੁਲ 31 ਅਧਿਆਵਾਂ ਵਿਚ ਵੰਡੀ ਇਸ ਰਚਨਾ ਵਿਚ ਸਿੱਖ ਧਰਮ ਦਾ ਅਨੁਯਾਈ ਹੋਣ ਕਾਰਣ ਕਵੀ ਨੇ ਗੁਰਮਤਿ ਦੇ ਮੁੱਖ ਮੁੱਖ ਆਸ਼ਿਆਂ ਨੂੰ ਸਪੱਸ਼ਟ ਕੀਤਾ। ਇਸ ਦੀ ਵਿਚਾਰਧਾਰਾ ਦੀ ਮੌਲਿਕਤਾ ਉਥੇ ਮਿਲਦੀ ਹੈ ਜਿਥੇ ਇਹ ਬਦਲੀਆਂ ਹੋਈਆਂ ਪਰਿਸਥਿਤੀਆਂ ਵਿਚ ਆਪਣੀਆਂ ਧਾਰਮਿਕ ਮਾਨਤਾਵਾਂ ਪੇਸ਼ ਕਰਦਾ ਹੋਇਆ ਹੋਰਨਾਂ ਮਤ-ਮਤਾਂਤਰਾਂ ਦੇ ਮਿਥਿਆ ਆਚਰਣਾਂ ਅਤੇ ਰੂੜ੍ਹ ਪਰੰਪਰਾਵਾਂ ਦੇ ਸੰਦਰਭ ਵਿਚ ਸਿੱਖ ਧਰਮ ਦੀ ਸ੍ਰੇਸ਼ਠਤਾ ਦਾ ਚਿਤ੍ਰਣ ਕਰਦਾ ਹੈ।

ਕਵੀ ਨੇ ਆਪਣੇ ਕਾਵਿ-ਨਾਇਕ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਬਾਣੀ ਦੀ ਸਥਾਪਨਾ (*ਗੁਰੁ ਪਰਮੇਸ਼ਰ ਏਕੋ ਜਾਣੁ*) ਅਨੁਸਾਰ ਪਰਮਾਤਮਾ ਤੋਂ ਅਭਿੰਨ ਸਿਧ ਕਰਨ ਦਾ ਸੋਹਜ ਭਰਪੂਰ ਉਦਮ ਕੀਤਾ ਹੈ ਅਤੇ ਅੰਮ੍ਰਿਤ ਸੰਚਾਰ ਪ੍ਰਸੰਗ ਵਿਚ ਗੁਰੂ ਚੇਲੇ ਦੇ ਸਿੱਧਾਂਤ ਰਾਹੀਂ ਗੁਰੂ ਅਤੇ ਸਿੱਖ ਨੂੰ ਵੀ ਅਭਿੰਨ ਮੰਨ ਕੇ ਸਿੱਖ ਧਰਮ ਦੇ ਪਰਸਪਰ ਸਮਾਨਤਾ ਵਾਲੇ

ਸਮਾਜਿਕ ਸੰਕਲਪ ਨੂੰ ਉਘਾੜਿਆ ਹੈ। ਉਸ ਸਮੇਂ ਦੇ ਭਾਰਤੀ ਧਰਮਾਂ ਵਿਚ ਆ ਚੁਕੀਆਂ ਕਮਜ਼ੋਰੀਆਂ ਅਤੇ ਵਿਕਾਰਾਂ ਦਾ ਯੁਗ-ਚਿਤ੍ਰਣ ਰਾਹੀਂ ਵਿਸਥਾਰ ਸਹਿਤ ਪ੍ਰਗਟਾਵਾ ਕਰਕੇ ਧਾਰਮਿਕ ਰੁਚੀਆਂ ਦੇ ਨਾਲ ਰਾਸ਼ਟਰੀ ਭਾਵਨਾ ਦਾ ਮੇਲ ਕੀਤਾ ਹੈ। ਦਸ਼ਮ ਗੁਰੂ ਦੇ ਆਗਮਨ-ਮਨੋਰਥ (*ਦੁਸਟ ਦੋਖੀਅਨ ਪਕਰਿ ਪਛਾਰੋ*) ਨੂੰ ਸਪੱਸ਼ਟ ਕਰਕੇ ਯੁਗ ਦੀ ਦੁਖਦਾਇਕ ਸਥਿਤੀ ਦਾ ਚਿਤ੍ਰਣ ਕੀਤਾ ਅਤੇ '*ਦੁਸਟ ਦੋਖੀਅਨ*' ਦੇ ਰੂਪ ਵਿਚ ਮਲੇਛਾਂ/ਤੁਰਕਾਂ ਦੇ ਅਤਿਆਚਾਰਾਂ ਨੂੰ ਉਘਾੜ ਕੇ ਤੁਰਕ ਵਿਰੋਧੀ ਸੰਵਰ ਨੂੰ ਬੜੀ ਤੀਬਰਤਾ ਨਾਲ ਉੱਚਾ ਕੀਤਾ ਹੈ। ਇਸ ਤਰ੍ਹਾਂ ਕਵੀ ਨੇ ਤੁਰਕ-ਸੰਘਾਰੀ ਭਾਵਨਾ ਦਾ ਰਾਸ਼ਟਰੀ ਭਾਵਨਾ ਨਾਲ ਸਮਨਵੈ ਕਰਕੇ ਗੁਰੂ ਸਾਹਿਬ ਦੇ ਚਰਿਤ੍ਰ ਦਾ ਦਿਲਕਸ਼ ਲੋਕ-ਬਿੰਬ ਪ੍ਰਸਤੁਤ ਕੀਤਾ ਹੈ। ਅਜਿਹਾ ਕਰਨ ਵੇਲੇ ਸ਼ਰਧਾ ਵਸ ਅਤੇ ਯੁਗ ਦੀਆਂ ਰੁਚੀਆਂ ਅਨੁਸਾਰ ਕੁਝ ਕੁ ਅਤਿ ਮਾਨਵੀ ਸ਼ਕਤੀਆਂ ਦਾ ਆਰੋਪਣ ਵੀ ਗੁਰੂ-ਚਰਿਤ੍ਰ ਉਤੇ ਹੋ ਗਿਆ ਹੈ। ਪਰ ਕਿਧਰੇ ਵੀ ਗੁਰੂ ਜੀ ਨੇ ਵਿਰੋਧੀ ਸੰਕਟ ਨੂੰ ਚਮਤਕਾਰ ਨਾਲ ਖ਼ਤਮ ਨ ਕਰਕੇ ਪੂਰੇ ਮਾਨਵੀ ਪਰਾਕ੍ਰਮ ਦਾ ਪਰਿਚਯ ਦਿੱਤਾ ਹੈ। ਉਨ੍ਹਾਂ ਨੇ ਅਲੌਕਿਕ ਸ਼ਕਤੀ ਰਖਦੇ ਹੋਇਆਂ ਵੀ ਲੌਕਿਕਤਾ ਨਾਲੋਂ ਨਾਤਾ ਨ ਤੋੜ ਕੇ ਆਪਣੇ ਸਿੱਖਾਂ ਨੂੰ ਸ਼ਰੀਰਿਕ ਉਦਮ ਕਰਨ ਲਈ ਪ੍ਰੇਰਿਆ ਹੈ। ਇਸ ਤਰ੍ਹਾਂ ਕਵੀ ਨੇ ਮਾਨਵੀ ਚਰਿਤ੍ਰ ਦੀਆਂ ਸੰਭਾਵਨਾਵਾਂ ਨੂੰ ਬੜੀ ਮਨੋਵਿਗਿਆਨਿਕ ਸੂਝ ਨਾਲ ਚਿਤਰ ਕੇ ਗੁਰੂ ਸਾਹਿਬ ਦੇ ਚਰਿਤ੍ਰ ਨੂੰ ਅਨੁਕਰਣ ਕਰਨ ਯੋਗ ਬਣਾਇਆ ਹੈ।

ਗੁਰੂ ਜੀ ਦੇ ਯੁੱਧਾਂ ਦਾ ਮਨੋਰਥ ਨ ਵੀਰਤਾ ਦਾ ਪ੍ਰਦਰਸ਼ਨ ਸੀ ਅਤੇ ਨ ਹੀ ਨਰ-ਸੰਘਾਰ, ਸਗੋਂ ਧਰਮ ਦੀ ਸਥਾਪਨਾ ਲਈ ਉਨ੍ਹਾਂ ਨੇ ਸ਼ਸਤ੍ਰ ਉਠਾਏ ਸਨ। ਫਲਸਰੂਪ ਇਸ ਗੁਰਬਿਲਾਸ ਵਿਚ ਕਵੀ ਨੇ ਸੰਤ-ਸਿਪਾਹੀ ਦਾ ਸੰਕਲਪ ਸਥਾਪਿਤ ਕੀਤਾ ਹੈ। ਪਰ ਪਰੰਪਰਾ ਅਧੀਨ ਸੁਤੇ-ਸਿਧ ਇਸ ਰਚਨਾ ਵਿਚ ਕੁਝ ਕੁ ਪੌਰਾਣਿਕ ਪ੍ਰਵਿਰਤੀਆਂ ਵੀ ਦਾਖ਼ਲ ਹੋ ਗਈਆਂ ਹਨ, ਜਿਵੇਂ:

(1) ਗੌਣ ਕਥਾਵਾਂ ਵਿਚ ਪੌਰਾਣਿਕ ਕਥਾਵਾਂ ਦਾ ਪਿਛੋਕੜ,
(2) ਪੌਰਾਣਿਕ ਸ਼ੈਲੀ ਵਿਚ ਨਵੀਨ ਕਥਾਵਾਂ ਦੀ ਰਚਨਾ,
(3) ਇਤਿਹਾਸਿਕ ਪੁਰਸ਼ ਵਿਚ ਪੁਰਾਣ ਪੁਰਸ਼ ਦੇ ਲੱਛਣਾਂ ਦਾ ਆਰੋਪਣ, ਅਤੇ
(4) ਚਰਿਤ-ਨਾਇਕ ਦੇ ਵਿਅਕਤਿਤਵ ਵਿਚ ਚਮਤਕਾਰਾਂ ਦਾ ਸਮਾਵੇਸ਼।

ਕਵੀ ਨੇ ਬੜੀ ਬਾਰੀਕੀ ਨਾਲ ਯੁੱਧ ਦਾ ਵਰਣਨ ਕਰਕੇ ਆਪਣੀ ਰਚਨਾ ਦੇ ਮਹੱਤਵ ਨੂੰ ਵਧਾਇਆ ਹੈ। ਕਾਵਿ-ਗੁਣਾਂ ਦੇ ਪੱਖ ਤੋਂ ਵੀ ਇਹ ਇਕ ਗੌਰਵਸ਼ਾਲੀ ਰਚਨਾ ਹੈ। ਇਸ ਦੀ ਭਾਸ਼ਾ ਬ੍ਰਜ ਹੈ, ਪਰ ਕਿਤੇ ਕਿਤੇ ਪੰਜਾਬੀ ਦੇ ਮੁਹਾਵਰੇ ਦਾ ਪ੍ਰਭਾਵ ਮੌਜੂਦ ਹੈ। ਇਸ ਦੀ ਰਚਨਾ ਦੋਹਰਾ-ਚੌਪਈ ਕਾਵਿ-ਸ਼ੈਲੀ ਵਿਚ ਹੋਈ ਹੈ। ਇਸ ਨੂੰ 'ਕੜਵਕ ਸ਼ੈਲੀ' ਵੀ ਕਿਹਾ ਜਾ ਸਕਦਾ ਹੈ। ਇਨ੍ਹਾਂ ਦੋ ਛੰਦਾਂ ਤੋਂ ਇਲਾਵਾ ਕਿਤੇ ਕਿਤੇ ਅੜਿਲ, ਝੂਲਨਾ, ਸਵੈਯਾ, ਭੁਜੰਗ ਪ੍ਰਯਾਤ, ਪਾਧੜੀ, ਰਸਾਵਲ, ਕਬਿੱਤ, ਸੋਰਠਾ ਅਤੇ ਤੋਟਕ ਨਾਂ ਦੇ ਛੰਦਾਂ ਨੂੰ ਵੀ ਵਰਤ ਲਿਆ ਗਿਆ ਹੈ। ਲੋੜ ਅਨੁਸਾਰ ਕਵੀ ਨੇ ਪੂਰਬਵਰਤੀ ਰਚਨਾਵਾਂ ਜਿਵੇਂ ਕਿ 'ਬਚਿਤ੍ਰ ਨਾਟਕ', 'ਗੁਰਸ਼ੋਭਾ', 'ਜੰਗਨਾਮਾ ਗੁਰੂ ਗੋਬਿੰਦ ਸਿੰਘ' (ਅਣੀ ਰਾਇ ਕ੍ਰਿਤ) ਅਤੇ 'ਮਹਿਮਾ ਪ੍ਰਕਾਸ਼' ਆਦਿ ਨੂੰ ਆਪਣੇ ਕਥਾਨਕ ਲਈ ਆਧਾਰ ਬਣਾਇਆ ਹੈ। ਸਮੁੱਚੇ ਤੌਰ ਤੇ ਇਹ ਬੜੀ ਪ੍ਰੌੜ੍ਹ ਕਾਵਿ-ਕ੍ਰਿਤੀ ਹੈ।

**ਸੁਖਾ ਸਿੰਘ, ਭਾਈ** (ਮ. 1752 ਈ.): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਾੜੀ ਕੰਬੋਕੇ (ਨਾਮਾਂਤਰ ਕੰਬੋਮਾੜੀ) ਵਿਚ ਇਕ ਕਲਸੀ ਤਰਖਾਣ ਪਰਿਵਾਰ ਵਿਚ ਪੈਦਾ ਹੋਇਆ ਸੁਖਾ ਸਿੰਘ, ਆਪਣੇ ਸਮੇਂ ਦਾ ਇਕ ਨਿਰਭੀਕ ਯੋਧਾ ਸੀ। ਬਚਪਨ ਤੋਂ ਹੀ ਸਿੱਖਾਂ ਦੀ ਬਹਾਦਰੀ ਦੀਆਂ ਕਹਾਣੀਆਂ ਸੁਣ ਕੇ ਇਤਨਾ ਉਤਸਾਹਿਤ ਹੋਇਆ ਕਿ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਪਾਨ ਕਰ ਲਿਆ। ਮੁਗ਼ਲਾਂ ਦੇ ਪ੍ਰਕੋਪ ਤੋਂ ਡਰਦਿਆਂ ਇਸ ਦੇ ਪਿਤਾ ਨੇ ਇਸ ਦੇ ਸੁੱਤੇ ਹੋਏ ਦੇ ਕੇਸ ਕਟ ਦਿੱਤੇ। ਜਾਗਣ 'ਤੇ ਇਹ ਬਹੁਤ ਦੁਖੀ ਹੋਇਆ ਅਤੇ ਆਪਣਾ ਜੀਵਨ-ਅੰਤ ਕਰਨ ਲਈ ਖੂਹ ਵਿਚ ਛਾਲ ਮਾਰ ਦਿੱਤੀ। ਲੋਕਾਂ ਨੇ ਬਾਹਰ ਕਢਣ ਦਾ ਯਤਨ ਕੀਤਾ, ਪਰ ਇਹ ਨ ਮੰਨਿਆ। ਆਖ਼ਿਰ ਇਕ ਸਿੱਖ ਦੀ ਪ੍ਰੇਰਣਾ ਨਾਲ ਇਸ ਨੇ ਬਾਹਰ ਨਿਕਲਣਾ ਪ੍ਰਵਾਨ ਕਰ ਲਿਆ। ਇਸ ਨੇ ਫਿਰ ਕੇਸ ਵਧਾ ਲਏ ਅਤੇ ਸ. ਸ਼ਿਆਮ ਸਿੰਘ ਦੇ ਜੱਥੇ ਵਿਚ ਸ਼ਾਮਲ ਹੋ ਗਿਆ। ਸ਼ਸਤ੍ਰ ਚਲਾਉਣ ਵਿਚ ਪ੍ਰਬੀਨਤਾ ਅਤੇ ਨਿਰਭੈਤਾ ਕਾਰਣ ਇਸ ਦੀ ਜੱਥੇ ਵਿਚ ਬਹੁਤ ਸ਼ਲਾਘਾ ਹੋਣ ਲਗ ਗਈ। ਇਕ ਵਾਰ ਕਾਜ਼ੀ ਅਬਦੁਰ ਰਹਿਮਾਨ ਦੀ ਚਣੌਤੀ ਸਵੀਕਾਰ ਕਰਦਿਆਂ ਇਹ ਦਿਨ ਦਿਹਾੜੇ ਆਇਆ ਅਤੇ ਸਰੋਵਰ ਵਿਚੋਂ ਇਸ਼ਨਾਨ

ਕਰਕੇ ਜੰਗਲ ਵਲ ਨਿਕਲ ਗਿਆ। ਕਾਜ਼ੀ ਨੇ ਆਪਣੇ ਬੰਦਿਆਂ ਸਹਿਤ ਇਸ ਦਾ ਪਿਛਾ ਕੀਤਾ ਪਰ ਉਹ ਮੁਠਭੇੜ ਵਿਚ ਮਾਰਿਆ ਗਿਆ।

ਇਸ ਨੇ ਅਗਸਤ 1740 ਈ. ਵਿਚ ਸ. ਮਹਿਤਾਬ ਸਿੰਘ, ਮੀਰਾਂ ਕੋਟੀਏ ਨਾਲ ਮਿਲ ਕੇ ਹਰਿਮੰਦਿਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਨੂੰ ਕਤਲ ਕੀਤਾ। ਇਸ ਘਟਨਾ ਨਾਲ ਸਿੱਖ ਜਗਤ ਵਿਚ ਇਸ ਦੀ ਪ੍ਰਤਿਸ਼ਠਾ ਹੋਰ ਵਧ ਗਈ ਅਤੇ ਇਸ ਨੇ ਆਪਣਾ ਸੁਤੰਤਰ ਜੱਥਾ ਬਣਾ ਲਿਆ। ਸੰਨ 1746 ਈ. ਵਿਚ ਇਸ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ ਲਾਹੌਰ ਦੇ ਦੀਵਾਨ ਲਖਪਤ ਰਾਇ ਦੇ ਭਰਾ ਜਸਪਤ ਰਾਇ ਨੂੰ ਲੜਾਈ ਵਿਚ ਮਾਰਿਆ। ਲਖਪਤ ਰਾਇ ਨੇ ਭਰਾ ਦਾ ਬਦਲਾ ਲੈਣ ਲਈ ਮਈ 1741 ਈ. ਵਿਚ ਸਿੱਖਾਂ ਉਤੇ ਜੋ ਫ਼ੌਜ ਕਸੀ ਕੀਤੀ, ਉਸ ਨੂੰ ਸਿੱਖ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਕਿਹਾ ਜਾਂਦਾ ਹੈ। ਉਸ ਵਿਚ ਸੁਖਾ ਸਿੰਘ ਜ਼ਖ਼ਮੀ ਹੋ ਗਿਆ। ਨਵੰਬਰ 1746 ਈ. ਵਿਚ ਇਸ ਨੇ ਜੈਤੋ ਤੋਂ ਆ ਕੇ ਅੰਮ੍ਰਿਤਸਰ ਵਿਚ ਹੋਰ ਸਿੱਖ ਜੱਥਿਆਂ ਸਹਿਤ ਸਰਾਇ ਨੂਰਦੀਨ, ਮਜੀਠਾ, ਛੀਨਾ ਆਦਿ ਕਸਬਿਆਂ ਉਤੇ ਹਮਲਾ ਕੀਤਾ ਅਤੇ ਵੈਰੀਆਂ ਨੂੰ ਦੰਡ ਦਿੱਤਾ। ਸੰਨ 1748 ਈ. ਵਿਚ ਇਸ ਨੇ ਦਲ ਖ਼ਾਲਸਾ ਵਿਚ ਸ਼ਾਮਲ ਹੋ ਕੇ ਆਪਣੀ ਗਤਿਵਿਧੀ ਤੇਜ਼ ਕੀਤੀ। ਜਨਵਰੀ 1752 ਈ. ਵਿਚ ਅਹਿਮਦ ਸ਼ਾਹ ਦੁਰਾਨੀ ਦੇ ਤੀਜੇ ਹਮਲੇ ਵੇਲੇ ਇਹ ਆਪਣੇ ਸਾਥੀਆਂ ਸਹਿਤ ਜੰਗਲ ਵਿਚ ਘੁੰਮ ਫਿਰ ਰਿਹਾ ਸੀ ਕਿ ਇਸ ਦਾ ਸਾਹਮਣਾ ਅਫ਼ਗ਼ਾਨ ਫ਼ੌਜ ਨਾਲ ਹੋ ਗਿਆ। ਉਸ ਲੜਾਈ ਵਿਚ ਇਹ ਆਪਣੇ ਸਾਰੇ ਸਾਥੀਆਂ ਸਹਿਤ ਸ਼ਹੀਦ ਹੋ ਗਿਆ। ਸਿੱਖ ਇਤਿਹਾਸ ਵਿਚ ਇਸ ਦੀ ਬਹਾਦੁਰੀ ਨੂੰ ਬੜੇ ਮਾਣ ਨਾਲ ਅੰਕਿਤ ਕੀਤਾ ਜਾਂਦਾ ਹੈ।

**ਸੁਚਜੀ** (ਬਾਣੀ) : ਸੂਹੀ ਰਾਗ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੀ ਇਕ ਸੰਖਿਪਤ ਰਚਨਾ। ਇਸ ਵਿਚ ਸੰਸਕ੍ਰਿਤ ਦੇ 'ਸੁਚਰਯਾ' ਸ਼ਬਦ ਦੇ ਤਦਭਵ ਰੂਪ ਵਿਚ ਵਰਤੇ 'ਸੁਚਜੀ' ਸ਼ਬਦ ਤੋਂ ਭਾਵ ਹੈ ਚੰਗੇ ਆਚਾਰ ਵਾਲੀ ਇਸਤਰੀ। ਇਹ 'ਕੁਚਜੀ' ਦਾ ਵਿਪਰੀਤ-ਅਰਥਕ ਸ਼ਬਦ ਹੈ। ਇਸ ਆਚਾਰ ਵਾਲੀ ਇਸਤਰੀ ਉਤੇ ਉਸ ਦਾ ਪਤੀ ਬਹੁਤ ਖ਼ੁਸ਼ ਹੁੰਦਾ ਹੈ। ਇਸ ਬਾਣੀ ਵਿਚ 'ਸੁਚਜੀ' ਸ਼ਬਦ ਅਜਿਹੇ ਜਿਗਿਆਸੂ ਲਈ ਵਰਤਿਆ ਗਿਆ ਹੈ ਜੋ ਸੰਸਾਰਿਕਤਾ ਨੂੰ ਤਿਆਗ ਕੇ ਪੂਰੀ ਤਰ੍ਹਾਂ ਪਰਮਾਤਮਾ ਵਿਚ ਲੀਨ ਰਹਿੰਦਾ ਹੈ ਅਤੇ ਉਸ ਦੀ ਰਜ਼ਾ ਅਨੁਸਾਰ ਜੀਵਨ ਜੀਉਂਦਾ ਹੈ। ਇਸ ਨੂੰ 'ਗੁਰਮੁਖ' ਸ਼ਬਦ ਦਾ ਨਾਮਾਂਤਰ ਵੀ ਕਿਹਾ ਜਾ ਸਕਦਾ ਹੈ। ਅਸਲ ਵਿਚ, 'ਕੁਚਜੀ' (ਵੇਖੋ) ਨੂੰ ਸੰਸਾਰਿਕਤਾ ਵਿਚ ਗ੍ਰਸੇ ਵਿਅਕਤੀ ਅਤੇ 'ਸੁਚਜੀ' ਨੂੰ ਸੰਸਾਰਿਕਤਾ ਤੋਂ ਅਭਿਜ ਵਿਅਕਤੀ ਦੇ ਪ੍ਰਤੀਕਾਂ ਵਜੋਂ ਵਰਤਿਆ ਗਿਆ ਹੈ।

**ਸੁੱਚਾ ਸਿੰਘ, ਪੰਡਿਤ, ਸ੍ਰੀ ਮਹੰਤ** (1886-1985 ਈ.): ਆਪ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦਵਾਰ) ਦੇ 8ਵੇਂ ਸ੍ਰੀ ਮਹੰਤ ਹੋਏ ਹਨ। ਆਪ ਇਕ ਮਹਾਨ ਵਿਦਵਾਨ, ਤਪਸਵੀ, ਨਾਮ ਬਾਣੀ ਦੇ ਰਸੀਏ, ਦ੍ਰਿੜ੍ਹ-ਸੰਕਲਪ, ਨੀਤੀ ਨਿਪੁਣ, ਗੁਰਮਤਿ ਦੇ ਉਤਸਾਹੀ ਪ੍ਰਚਾਰਕ ਸਨ।

ਆਪ ਦਾ ਜਨਮ ਸ੍ਰ. ਨੱਥਾ ਸਿੰਘ ਜੀ 'ਤੂਰ' ਦੇ ਘਰ ਮਾਈ ਮਹਿਤਾਬ ਕੌਰ ਦੀ ਕੁੱਖੋਂ ਪਿੰਡ ਭਿੰਡਰ ਕਲਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਸੰਨ 1886 ਈ. ਵਿਚ ਹੋਇਆ। ਆਪ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ। 5 ਵਰ੍ਹਿਆਂ ਦੀ ਆਯੂ ਵਿਚ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਵਾਮੀ ਕੇਸੋ ਦਾਸ ਉਦਾਸੀਨ ਦੇ ਡੇਰੇ ਗੁਰਮੁਖੀ ਪੜ੍ਹਨ ਬੈਠੇ। ਸੰਤ ਇੰਦਰ ਸਿੰਘ ਅਤੇ ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ ਆਪ ਦੀ ਮੁਢਲੀ ਵਿਦਿਆ ਸਮੇਂ ਸਹਿਪਾਠੀ ਸਨ।

ਇਕ ਵਾਰ ਭਿੰਡਰ ਕਲਾਂ ਵਿਚ ਸਵਾਮੀ ਭਗਤ ਸਿੰਘ ਜੀ ਪਿੰਡੀ ਘੇਬ ਜ਼ਿਲ੍ਹਾ ਕੈਂਬਲਪੁਰ (ਹੁਣ ਪਾਕਿਤਸਾਨ) ਵਾਲੇ ਆਏ। ਕਈ ਦਿਨ ਸਦ-ਉਪਦੇਸ਼ ਕਰਦੇ ਰਹੇ। ਉਨ੍ਹਾਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਕੁਝ ਸਮੇਂ ਬਾਦ ਪੁਛਦੇ-ਪੁਛਾਂਦੇ ਆਪ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਨਦੀ ਦੇ 'ਸੰਤ ਪੁਰਾ ਬੇਹ ਸਾਹਿਬ' ਪਹੁੰਚ ਕੇ ਸਵਾਮੀ ਜੀ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਅਰਥਾਂ ਸਹਿਤ ਕਥਾ ਸੁਣੀ। ਦਸਮ ਗ੍ਰੰਥ, ਸੂਰਜ ਪ੍ਰਕਾਸ਼, ਭਾਈ ਗੁਰਦਾਸ, ਭਾਈ ਨੰਦ ਲਾਲ ਦੇ ਕਾਵਿ-ਗ੍ਰੰਥਾਂ ਦਾ ਅਧਿਐਨ ਕੀਤਾ। ਨਾਲ ਹੀ ਸਵਾਮੀ ਜੀ ਦੇ ਵਿਧੀਵਤ ਸ਼ਿਸ਼ ਬਣ ਗਏ ਅਤੇ ਉਨ੍ਹਾਂ ਦੀ ਆਗਿਆ ਅਨੁਸਾਰ ਸਵਾਮੀ ਪ੍ਰੇਮ ਸਿੰਘ ਦੀ ਮੰਡਲੀ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਵਾਸਤੇ ਰਿਸ਼ੀਕੇਸ਼ ਚਲੇ ਗਏ। ਉਸ ਤੋਂ ਬਾਦ ਸੰਸਕ੍ਰਿਤ ਸਾਹਿਤ ਦੇ ਗੰਭੀਰ ਅਧਿਐਨ ਵਾਸਤੇ ਕਾਸ਼ੀ ਪਹੁੰਚ ਗਏ। ਨੌਂ ਸਾਲ ਕਾਸ਼ੀ ਵਿਚ ਸੰਸਕ੍ਰਿਤ ਪੜ੍ਹਦੇ ਰਹੇ। ਅਜੇ ਆਪ ਜੀ ਦਾ ਵਿਦਿਆ ਅਧਿਐਨ

ਚਲ ਰਿਹਾ ਸੀ ਕਿ ਸਵਾਮੀ ਭਗਤ ਸਿੰਘ ਜੀ ਬ੍ਰਹਮਲੀਨ ਹੋ ਗਏ। ਆਪ ਜੀ ਨੂੰ ਸੰਤਪੁਰਾ ਆਸ਼੍ਰਮ ਪਿੰਡੀਘੇਬ ਦਾ ਮਹੰਤ ਨਿਯੁਕਤ ਕਰ ਦਿੱਤਾ ਗਿਆ। ਇਸ ਸਮੇਂ ਆਪ ਜੀ ਨੇ ਡੇਰੇ ਦੀ ਸੁੰਦਰ ਇਮਾਰਤ ਤਿਆਰ ਕਰਵਾਈ। ਕਥਾ-ਵਾਰਤਾ, ਸਤਿਸੰਗ, ਲੰਗਰ ਜਾਰੀ ਰਖਿਆ। ਇਲਾਕੇ ਦੇ ਲੱਖਾਂ-ਹਿੰਦੂ-ਸਿੱਖ ਅਤੇ ਮੁਸਲਮਾਨ ਆਪ ਜੀ ਦੇ ਪਰਉਪਕਾਰੀ ਗੁਣਾਂ ਕਾਰਣ ਪਰਮ ਸ਼ਰਧਾਲੂ ਬਣ ਗਏ।

ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਵਾਲਿਆਂ ਦੇ ਦੇਹਾਂਤ ਤੋਂ ਬਾਦ ਪੂਰੇ ਨਿਰਮਲ ਭੇਖ ਦਾ ਨਿਰਮਲ ਪੰਚਾਇਤੀ ਅਖਾੜਾ ਹਰਿਦਵਾਰ ਵਿਖੇ ਇਕੱਠ ਹੋਇਆ। ਕਈ ਦਿਨ ਦੇ ਦੀਰਘ ਵਿਚਾਰ ਤੋਂ ਬਾਦ 'ਸ੍ਰੀਮਹੰਤ' ਦੀ ਪਦਵੀ ਲਈ ਆਪ ਦਾ ਨਾਂ ਪ੍ਰਵਾਨ ਹੋਇਆ। 14 ਨਵੰਬਰ 1934 ਈ. ਦਿਨ ਬੁਧਵਾਰ ਨੂੰ ਵਿਧੀਵਤ ਸ਼੍ਰੀਮਹੰਤ ਸਥਾਪਿਤ ਕੀਤੇ ਗਏ। ਸ਼੍ਰੀਮਹੰਤ ਪਦ ਗ੍ਰਹਿਣ ਕਰਨ ਤੋਂ ਬਾਦ ਆਪ ਸਾਲ ਵਿਚ ਇਕ ਜਾਂ ਦੋ ਵਾਰ ਪਿੰਡੀਘੇਬ ਜਾਂਦੇ ਸਨ ਅਤੇ ਸੰਤ ਭਗਤ ਸਿੰਘ ਦੀ ਯਾਦ ਵਿਚ ਨਵੇਂ ਸੰਮਤ 'ਤੇ ਤਿੰਨ ਦਿਨ ਯੱਗ ਕਰਦੇ ਸਨ। ਪਾਕਿਸਤਾਨ ਬਣਨ ਤੋਂ ਬਾਦ ਪਿੰਡੀਘੇਬ ਵਾਲਾ ਡੇਰਾ ਦਿੱਲੀ ਮਾਡਲ ਟਾਊਨ ਵਿਚ ਪੁਨਰ-ਸਥਾਪਿਤ ਕੀਤਾ ਗਿਆ।

ਆਪ ਜੀ ਨੇ 'ਸ਼੍ਰੀਮਹੰਤ' ਦੀ ਪਦਵੀ 'ਤੇ ਸਥਿਤ ਹੋ ਕੇ ਅਨੇਕ ਉਪਕਾਰ ਕੀਤੇ। ਆਪ ਮਿਲਣ ਆਏ ਹਰ ਪ੍ਰਾਣੀ ਨੂੰ ਨਾਮ-ਸਿਮਰਨ ਅਤੇ ਗੁਰਬਾਣੀ ਨਾਲ ਜੋੜਿਆ ਕਰਦੇ ਸਨ। ਹਜ਼ਾਰਾਂ ਹੀ ਸ਼ਰਧਾਲੂਆਂ ਨੂੰ ਅੰਮ੍ਰਿਤ ਪਾਨ ਕਰਾਇਆ ਅਤੇ ਹਜ਼ਾਰਾਂ ਹੀ ਸਹਿਜਧਾਰੀ ਪ੍ਰੇਮੀਆਂ ਨੂੰ ਗੁਰਸ਼ਬਦ ਅਤੇ ਗੁਰਬਾਣੀ ਦੇ ਅਭਿਆਸੀ ਬਣਾਇਆ। ਆਪ ਜੀ ਕਿਹਾ ਕਰਦੇ ਸਨ— 'ਭਾਈ! ਸੰਤ ਦਾ ਧਰਮ ਨਾਮ ਜਪਣਾ ਅਤੇ ਨਾਮ ਜਪਾਉਣਾ ਹੁੰਦਾ ਹੈ।' ਇਸ ਤਰ੍ਹਾਂ ਆਪ ਜੀ ਸਵਾਸ ਸਵਾਸ ਅਧਿਆਤਮਿਕ, ਧਾਰਮਿਕ, ਸਮਾਜਿਕ ਅਤੇ ਵਿਦਿਅਕ ਸੇਵਾ ਵਿਚ ਬਤੀਤ ਕਰਦੇ ਸਨ। ਗੁਰਮਤਿ ਪ੍ਰਚਾਰ ਵਾਸਤੇ ਸੁਬਹ-ਸ਼ਾਮ ਭਾਰੀ ਦੀਵਾਨ ਸਜਦਾ ਸੀ। ਸਾਲ ਵਿਚ ਤਿੰਨ ਗੁਰਮਤਿ ਸਮਾਗਮ ਵਿਸ਼ਾਲ ਪੱਧਰ 'ਤੇ ਸੰਤਪੁਰਾ ਦਿੱਲੀ, ਸੰਤ ਆਸ਼੍ਰਮ ਮੋਦੀ ਨਗਰ ਅਤੇ ਸੰਤਪੁਰਾ ਥੇਹ ਸਾਹਿਬ ਧੂੰਦਾ (ਗੋਇੰਦਵਾਲ) ਵਿਖੇ ਕਰਿਆ ਕਰਦੇ ਸਨ।

ਇਸੇ ਤਰ੍ਹਾਂ ਚੌਹਾਂ ਕੁੰਭਾਂ 'ਤੇ ਨਾਮ-ਬਾਣੀ, ਕੀਰਤਨ ਦਾ ਪ੍ਰਵਾਹ ਚਲਦਾ ਸੀ, ਅਖੰਡ ਪਾਠਾਂ ਦੀਆਂ ਲੜੀਆਂ, ਲੰਗਰ, ਰਿਹਾਇਸ਼, ਆਦਿ ਦਾ ਪ੍ਰਬੰਧ ਸਭ ਲਈ ਹੁੰਦਾ ਸੀ। ਕੇਸਰੀ ਨਿਸ਼ਾਨ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਨੂੰ ਪ੍ਰਗਟ ਕਰ ਰਿਹਾ ਹੁੰਦਾ ਸੀ। ਆਪ ਨੇ ਸ਼੍ਰੀ ਮਹੰਤ ਪਦ 'ਤੇ ਵਿਰਾਜਮਾਨ ਹੁੰਦੇ ਹੋਇਆਂ ਚਾਰੇ ਕੁੰਭ ਚਾਰ ਚਾਰ ਵਾਰ ਮਨਾਏ ਸਨ। ਇਸੇ ਤਰ੍ਹਾਂ ਹੋਰਨਾਂ ਹਿੰਦੂ ਤੀਰਥਾਂ 'ਤੇ ਵੀ ਗੁਰਮਤਿ ਪ੍ਰਚਾਰ ਚਲਦਾ ਰਹਿੰਦਾ ਸੀ। ਵਿਦਿਆ ਪ੍ਰਚਾਰ ਵਾਸਤੇ ਦੋ ਕਾਲਜ ਵੀ ਆਪ ਜੀ ਵਲੋਂ ਚਲਾਏ ਗਏ। ਸੰਸਕ੍ਰਿਤ ਵਿਦਿਆਲਯ, ਕਨਖਲ ਅਤੇ ਸੰਸਕ੍ਰਿਤ ਵਿਦਿਆਲਯ, ਕਾਸ਼ੀ (ਵਾਰਾਣਸੀ), ਜਿਨ੍ਹਾਂ ਵਿਚ ਵੇਦਾਂ ਸ਼ਾਸਤ੍ਰਾਂ ਦੀ ਉਚ ਵਿਦਿਆ ਪੜ੍ਹਾਈ ਜਾਂਦੀ ਹੈ। ਇਹ ਦੋਵੇਂ ਕਾਲਜ ਸੰਪੂਰਨਾਨੰਦ ਯੂਨੀਵਰਸਿਟੀ, ਵਾਰਾਣਸੀ ਨਾਲ ਸੰਬੰਧਿਤ ਹਨ।

ਨਿਰਮਲ ਪੰਥ ਦੇ ਪ੍ਰਾਚੀਨ ਵਿਦਵਾਨਾਂ ਦੀਆਂ ਵਡਮੁਲੀਆਂ ਅਤੇ ਦੁਰਲਭ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਵਿਚ ਆਪ ਜੀ ਨੇ ਵਿਸ਼ੇਸ਼ ਰੁਚੀ ਪ੍ਰਗਟ ਕੀਤੀ, ਕਿਉਂਕਿ ਗੁਰਮਤਿ ਦੇ ਪ੍ਰਚਾਰ ਵਿਚ ਇਹ ਰਚਨਾਵਾਂ ਬਹੁਤ ਸਹਾਇਕ ਸਿਧ ਹੁੰਦੀਆਂ ਸਨ। ਇਸ ਸੰਬੰਧ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਰਚਿਤ 'ਸ੍ਰੀ ਗੁਰਮਤ ਨਿਰਣਯ ਸਾਗਰ' ਦਾ ਪੁਨਰ ਪ੍ਰਕਾਸ਼ਨ ਵਿਸ਼ੇਸ਼ ਉਲੇਖਯੋਗ ਹੈ। ਨਿਰਮਲ ਪੰਥ ਦੇ ਪ੍ਰਚਾਰ-ਪ੍ਰਸਾਰ ਲਈ ਵੀ ਆਪ ਨੇ ਕਈ ਪ੍ਰਕਾਸ਼ਨਾਂ ਵਿਚ ਯੋਗਦਾਨ ਪਾਇਆ।

ਨਿਰਮਲ ਅਖਾੜੇ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਵਾਸਤੇ ਆਪ ਨੇ ਬਹੁਤ ਜਾਇਦਾਦ ਬਣਾਈ। ਪਟਨਾ, ਹਰਿਦੁਆਰ, ਬਨਾਰਸ, ਇਲਾਹਾਬਾਦ, ਉਜੈਨ, ਨਾਸਿਕ ਅਤੇ ਪੰਜਾਬ ਦੇ ਕਈ ਨਗਰਾਂ ਵਿਚ ਬਹੁਤ ਇਮਾਰਤਾਂ ਉਸਰਵਾਈਆਂ। ਆਪ ਨੇ 51 ਵਰ੍ਹੇ 'ਸ੍ਰੀਮਹੰਤ' ਦੀ ਪਦਵੀ ਉਤੇ ਰਹਿ ਕੇ ਧਰਮ-ਪ੍ਰਚਾਰ ਦਾ ਕਾਰਜ ਕਰਦਿਆਂ 28 ਦਸੰਬਰ 1985 ਈ. ਨੂੰ ਕਨਖਲ (ਹਰਿਦੁਆਰ) ਵਿਚ ਸ਼ਰੀਰ ਤਿਆਗਿਆ।

**ਸੁੱਚਾਨੰਦ** : ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਦਾ ਇਕ ਅਹਿਲਕਾਰ, ਜੋ ਜਾਤਿ ਦਾ ਬ੍ਰਾਹਮਣ ਸੀ। ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਮਾਰਨ ਲਈ ਵਜ਼ੀਰਖ਼ਾਨ ਨੂੰ ਇਹ ਕਹਿ ਕੇ ਉਕਸਾਇਆ ਕਿ ਸੱਪਾਂ ਦੇ ਬੱਚੇ ਵੀ ਸੱਪ ਹੀ ਹੁੰਦੇ ਹਨ। ਇਸ ਲਈ ਇਹ ਰਹਿਮ ਦੇ ਪਾਤਰ ਨਹੀਂ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਉਤੇ ਜਿਤ ਪ੍ਰਾਪਤ ਕੀਤੀ, ਤਾਂ ਇਸ ਦਾ ਥੇਹ-ਠਿਕਾਣਾ ਲਭ ਕੇ ਖ਼ਤਮ ਕੀਤਾ। ਇਸ ਦੇ ਕਰਮਾਚਾਰ ਕਰਕੇ ਸਿੱਖ ਜਗਤ ਵਿਚ ਇਸ ਦਾ ਨਾਂ ਬੜੀ ਹਕਾਰਤ ਨਾਲ 'ਝੂਠਾਨੰਦ' ਲਿਆ ਜਾਂਦਾ ਹੈ।

**ਸੁਚੇਤ ਸਿੰਘ, ਰਾਜਾ** (1801-1844 ਈ.): ਲਾਹੌਰ ਦਰਬਾਰ ਦੇ ਤਿੰਨ ਡੋਗਰਾ ਭਰਾਵਾਂ ਵਿਚੋਂ ਸਭ ਤੋਂ ਛੋਟਾ ਜਿਸ ਦਾ ਜਨਮ 18 ਜਨਵਰੀ 1801 ਈ. ਵਿਚ ਮੀਆਂ ਕਿਸ਼ੋਰਾ ਸਿੰਘ ਦੇ ਘਰ ਹੋਇਆ। ਆਪਣੇ ਵੱਡੇ ਭਰਾ ਰਾਜਾ ਧਿਆਨ ਸਿੰਘ ਦੀ ਮਦਦ ਨਾਲ ਇਸ ਨੂੰ ਡਿਓੜੀਦਾਰ ਬਣਾਇਆ ਗਿਆ। ਭਾਵੇਂ ਇਹ ਬਹੁਤ ਚੁਤਰ ਨਹੀਂ ਸੀ, ਪਰ ਆਪਣੇ ਸੁੰਦਰ ਵਿਅਕਤਿਤਵ ਅਤੇ ਸ਼ਾਲੀਨ ਗੱਲਬਾਤ ਕਰਕੇ ਮਹਾਰਾਜੇ ਦਾ ਮਨਜ਼ੂਰੇ ਨਜ਼ਰ ਬਣ ਗਿਆ। ਇਸ ਨੂੰ ਜੰਗੀ ਮੁਹਿੰਮਾਂ ਵਿਚ ਵੀ ਸ਼ਾਮਲ ਹੋਣ ਦਾ ਅਵਸਰ ਮਿਲਿਆ; ਟਾਂਕ ਅਤੇ ਬੰਨੂ ਦੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਵੀ ਸੌਂਪੀ ਗਈ। ਇਸ ਨੂੰ ਮਹਾਰਾਜੇ ਨੇ ਕਈ ਜਾਗੀਰਾਂ ਵੀ ਸੌਂਪੀਆਂ। ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦੇ ਜੀ ਇਸ ਦੀ ਕੋਈ ਰਾਜਨੈਤਿਕ ਆਕਾਂਖਿਆ ਨਹੀਂ ਚਮਕੀ। ਪਰ ਉਸ ਦੀ ਮ੍ਰਿਤੂ ਤੋਂ ਬਾਦ ਇਸ ਨੇ ਚੇਤ ਸਿੰਘ ਬਾਜਵਾ ਦੇ ਕਤਲ ਵਿਚ ਹਿੱਸਾ ਲਿਆ। ਨਵੰਬਰ, 1840 ਈ. ਵਿਚ ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੇ ਦੇਹਾਂਤ ਤੋਂ ਬਾਦ ਇਸ ਨੇ ਰਾਣੀ ਚੰਦ ਕੌਰ ਦਾ ਪਖ ਪੂਰਿਆ, ਪਰ ਬਾਦ ਵਿਚ ਮਹਾਰਾਜਾ ਸ਼ੇਰ ਸਿੰਘ ਦੀ ਚੜ੍ਹਤ ਹੋਣ 'ਤੇ ਉਸ ਦੇ ਪਖ ਵਿਚ ਹੋ ਗਿਆ।

ਸ. ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧਾਵਾਲੀਆ ਨੇ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਕਤਲ ਤੋਂ ਬਾਦ ਇਸ ਨੂੰ ਪ੍ਰਧਾਨਮੰਤਰੀ ਬਣਾਉਣਾ ਚਾਹਿਆ। ਪਰ ਉਨ੍ਹਾਂ ਦੋਹਾਂ ਦੇ ਮਾਰੇ ਜਾਣ ਤੋਂ ਬਾਦ ਦਲੀਪ ਸਿੰਘ ਨੂੰ ਜਦੋਂ ਮਹਾਰਾਜਾ ਬਣਾਇਆ ਗਿਆ ਅਤੇ ਪ੍ਰਧਾਨਮੰਤਰੀ ਪਦ ਹੀਰਾ ਸਿੰਘ ਨੇ ਗ੍ਰਹਿਣ ਕੀਤਾ ਤਾਂ ਇਸ ਦੇ ਮਨ ਵਿਚ ਈਰਖਾ ਦੀ ਅੱਗ ਭੜਕੀ। ਇਸ ਨੇ ਪ੍ਰਧਾਨਮੰਤਰੀ ਬਣਨ ਲਈ ਮਹਾਰਾਜਾ ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਨਾਲ ਗੰਢ-ਤਰੁਪ ਕੀਤੀ ਅਤੇ ਚਾਰ-ਯਾਰੀ ਸੈਨਿਕ ਦਲਾਂ ਨੂੰ ਲਾਹੌਰ ਵਲ ਪ੍ਰਸਥਾਨ ਕਰਨ ਲਈ ਉਕਸਾਇਆ ਅਤੇ ਖ਼ੁਦ ਵੀ ਆਪਣੀ ਸੈਨਿਕ ਟੁਕੜੀ ਲੈ ਕੇ 26 ਮਾਰਚ 1844 ਈ. ਨੂੰ ਲਾਹੌਰ ਪਹੁੰਚ ਗਿਆ। ਹੀਰਾ ਸਿੰਘ ਨੇ 27 ਮਾਰਚ 1844 ਈ. ਨੂੰ ਇਸ ਸਮੇਤ ਸਾਰੀ ਸੈਨਿਕ ਟੁਕੜੀ ਨੂੰ ਘੇਰ ਲਿਆ ਅਤੇ ਤੋਪਾਂ ਨਾਲ ਸਭ ਨੂੰ ਉਡਾ ਦਿੱਤਾ। ਇਸ ਨੇ ਆਪਣਾ 13 ਲੱਖ ਰੁਪਏ ਦਾ ਖ਼ਜ਼ਾਨਾ ਅੰਗ੍ਰੇਜ਼ੀ ਇਲਾਕੇ ਦੇ ਫ਼ਿਰੋਜ਼ਪੁਰ ਨਗਰ ਵਿਚ ਲੁਕਾਇਆ ਹੋਇਆ ਸੀ, ਉਹ ਵੀ ਜ਼ਬਤ ਕਰ ਲਿਆ ਗਿਆ।

**ਸੁਜਾਨ ਸਿੰਘ ਸੋਢੀ** (1870-1915 ਈ.): ਇਕ ਪ੍ਰਸਿੱਧ ਸਿਖਿਆ-ਸ਼ਾਸਤ੍ਰੀ ਜਿਸ ਦਾ ਜਨਮ ਪਟਿਆਲਾ ਰਿਆਸਤ ਦੇ ਨਿਵਾਸੀ ਸ. ਕ੍ਰਿਸ਼ਨ ਸਿੰਘ ਸੋਢੀ ਦੇ ਘਰ ਸੰਨ 1870 ਈ. ਵਿਚ ਹੋਇਆ। ਇਸ ਨੇ ਇੰਟਰਮਿਡੀਏਟ ਪਰੀਖਿਆ ਮਹਿੰਦਰਾ ਕਾਲਜ, ਪਟਿਆਲਾ ਤੋਂ ਪਾਸ ਕੀਤੀ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਪਾਸ ਕਰਕੇ ਸੰਨ 1890 ਈ. ਵਿਚ ਮਹਿੰਦਰਾ ਕਾਲਜ ਵਿਚ ਫ਼ਿਲਾਸਫ਼ੀ ਦਾ ਪ੍ਰੋਫ਼ੈਸਰ ਆ ਲਗਿਆ। ਕੁਝ ਸਮੇਂ ਲਈ ਅੰਮ੍ਰਿਤਸਰ ਖ਼ਾਲਸਾ ਕਾਲਜ ਦਾ ਪ੍ਰਿੰਸੀਪਲ ਰਿਹਾ ਅਤੇ ਪਟਿਆਲਾ ਰਿਆਸਤ ਦੇ ਸਕੂਲਾਂ ਦੇ ਸੀਨੀਅਰ ਇੰਸਪੈਕਟਰ ਦੀ ਜ਼ਿੰਮੇਵਾਰੀ ਵੀ ਸੰਭਾਲੀ। ਸੰਨ 1910 ਈ. ਤੋਂ ਤਿੰਨ ਸਾਲਾਂ ਤਕ ਇਹ ਪਟਿਆਲਾ ਰਿਆਸਤ ਦੇ ਬਾਹਰਲੇ ਮਾਮਲਿਆਂ ਦਾ ਮੰਤਰੀ ਵੀ ਰਿਹਾ।

ਸੁਜਾਨ ਸਿੰਘ ਸੋਢੀ ਦੀ ਪ੍ਰਮੁਖ ਦੇਣ ਸਿੱਖ ਜਗਤ ਵਿਚ ਵਿਦਿਆ ਦਾ ਪ੍ਰਚਾਰ ਕਰਨਾ ਸੀ। ਇਹ ਚੀਫ਼ ਖ਼ਾਲਸਾ ਦੀਵਾਨ ਦਾ ਮੋਢੀ ਮੈਂਬਰ ਸੀ। ਇਸ ਨੇ ਖ਼ਾਲਸਾ ਕਾਲਜ ਕੌਂਸਲ ਦੇ ਮੈਂਬਰ ਦੀ ਹੈਸੀਅਤ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਨੇ ਹੋਰਨਾਂ ਸਿੱਖ ਆਗੂਆਂ ਸਹਿਤ ਦਸੰਬਰ 1907 ਵਿਚ ਕਰਾਚੀ ਵਿਚ ਹੋਈ ਮੁਹੰਮਦਨ ਐਜੂਕੇਸ਼ਨਲ ਕਾਨਫ੍ਰੰਸ ਵਿਚ ਹਿੱਸਾ ਲਿਆ ਅਤੇ ਸੁਝਾਉ ਦਿੱਤਾ ਕਿ ਇਨ੍ਹਾਂ ਹੀ ਲੀਹਾਂ 'ਤੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਸਥਾਪਨਾ ਕੀਤੀ ਜਾਵੇ। ਚੀਫ਼ ਖ਼ਾਲਸਾ ਦੀਵਾਨ ਨੇ ਇਸ ਦਾ ਇਹ ਸੁਝਾਉ ਤੁਰਤ ਮੰਨ ਲਿਆ ਅਤੇ ਅਜਿਹੀ ਪਹਿਲੀ ਕਾਨਫ੍ਰੰਸ ਅਪ੍ਰੈਲ 1908 ਈ. ਵਿਚ ਗੁਜਰਾਂਵਾਲੇ ਵਿਚ ਕੀਤੀ ਗਈ। ਮਈ 1909 ਈ. ਵਿਚ ਇਸ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦਾ ਸਕੱਤਰ ਬਣਾਇਆ ਗਿਆ ਤਾਂ ਜੋ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਗਤਿਵਿਧੀ ਵਿਚ ਤੇਜ਼ੀ ਲਿਆਈ ਜਾਏ। ਪਰ ਸਿਹਤ ਵਿਚ ਨਿਘਾਰ ਕਾਰਣ ਇਹ

ਇਸ ਜ਼ਿੰਮੇਵਾਰੀ ਨੂੰ ਥੋੜੇ ਸਮੇਂ ਲਈ ਹੀ ਨਿਭਾ ਸਕਿਆ। 23 ਜੁਲਾਈ 1915 ਈ. ਨੂੰ ਇਸ ਦਾ ਪਟਿਆਲੇ ਵਿਚ ਦੇਹਾਂਤ ਹੋ ਗਿਆ।

**ਸੁਢੇਲ** (ਪਿੰਡ) : ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ ਦੇ ਜਗਾਧਾਰੀ ਨਗਰ ਤੋਂ 6 ਕਿ.ਮੀ. ਪੱਛਮ ਵਲ 'ਸੁਢਾਲ' ਪਿੰਡ ਦੇ ਨੇੜੇ ਵਸਿਆ ਇਕ ਪਿੰਡ ਜਿਥੇ 'ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਨੌਂਮੀ' ਬਣਿਆ ਹੋਇਆ ਹੈ। ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਆਪਣੀ ਧਰਮ-ਪ੍ਰਚਾਰ ਯਾਤ੍ਰਾ ਵੇਲੇ ਇਥੇ ਆਏ ਸਨ ਅਤੇ ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਕ ਥੜਾ ਸਾਹਿਬ ਉਸਾਰਿਆ ਗਿਆ ਸੀ। ਪਰ ਸਮੇਂ ਦੇ ਬੀਤਣ ਨਾਲ ਉਹ ਥੜਾ ਉਪੇਖਿਅਤ ਹੋ ਗਿਆ ਅਤੇ ਲੋਕ-ਸਮ੍ਰਿਤੀ ਵਿਚੋਂ ਨਿਕਲ ਗਿਆ। ਪੁਰਾਤਨ ਇਤਿਹਾਸ ਅਤੇ ਗੁਰੂ-ਧਾਮਾਂ ਬਾਰੇ ਲਿਖੀਆਂ ਪੁਸਤਕਾਂ ਦੇ ਆਧਾਰ 'ਤੇ ਸਥਾਨਕ ਸਿੱਖਾਂ ਨੇ ਨੌਵੇਂ ਗੁਰੂ ਦੇ ਸਮਾਰਕ ਦੀ ਨਿਸ਼ਾਨਦੇਹੀ ਕਰਨ ਦਾ ਉਦਮ ਕੀਤਾ। ਉਸੇ ਪਿੰਡ ਦੇ ਇਕ ਥੇਹ ਵਾਲੀ ਥਾਂ ਉਤੇ ਨੌਵੇਂ ਗੁਰੂ ਜੀ ਦੇ ਬੈਠਣ ਦੀ ਗੱਲ ਨਿਰਣੀਤ ਹੋਈ। ਉਥੋਂ ਦੇ ਨਿਵਾਸੀਆਂ ਨੇ ਮਿਲਵੇਂ ਯਤਨ ਨਾਲ ਸੰਨ 1969 ਈ. ਵਿਚ ਗੁਰਦੁਆਰਾ ਉਸਾਰਨਾ ਸ਼ੁਰੂ ਕੀਤਾ। ਕਾਲਾਂਤਰ ਵਿਚ ਉਥੇ ਦੋ ਮੰਜ਼ਲੀ ਇਮਾਰਤ ਬਣ ਗਈ। ਇਸ ਧਰਮ-ਧਾਮ ਦੀ ਵਿਵਸਥਾ ਉਥੋਂ ਦੀ ਸੰਗਤ ਹੀ ਕਰਦੀ ਹੈ।

**ਸੁਣਿਐ** (ਭਗਤੀ-ਭੇਦ) : ਭਗਤੀ ਦੀ ਇਕ ਵਿਧੀ ਜਿਸ ਨੂੰ 'ਸ੍ਰਵਣ' ਵੀ ਕਿਹਾ ਜਾਂਦਾ ਹੈ। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ 'ਸੁਣਿਐ' ਬਾਰੇ ਕਿਹਾ ਹੈ—*ਸੁਣਿਐ ਦੂਖ ਪਾਪ ਕਾ ਨਾਸੁ।* ਇਸ ਦਾ ਅਰਥ ਹੈ 'ਸੁਣਨ ਨਾਲ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।' ਤਾਂ ਫਿਰ ਉਹ ਕਿਹੜੀ ਮਹਾਨ ਚੀਜ਼ ਹੈ ਜਿਸ ਦੇ ਕੇਵਲ ਸੁਣਨ ਨਾਲ ਸੰਸਾਰਿਕ ਪ੍ਰਪੰਚ ਅਥਵਾ ਦੁਖਾਂ ਤੋਂ ਖ਼ਲਾਸੀ ਹੋ ਜਾਂਦੀ ਹੈ। ਇਸ ਗੱਲ ਦੀ ਤਹਿ ਤਕ ਪਹੁੰਚਣ ਲਈ ਪਹਿਲਾਂ 'ਸੁਣਿਐ' ਜਾਂ 'ਸੁਣਨਾ' ਸ਼ਬਦ ਨੂੰ ਸਮਝਣ ਦੀ ਲੋੜ ਹੈ।

'ਸੁਣਿਐ' ਸੰਸਕ੍ਰਿਤ ਦੀ ਸ਼੍ਰ ਧਾਤੂ ਤੋਂ ਬਣਿਆ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਸੁਣਨਾ। ਇਸ ਤੋਂ ਹੀ ਅਗੇ ਸ਼੍ਰਵ ਜਾਂ ਸ਼੍ਰਵਣ ਸ਼ਬਦ ਬਣਦੇ ਹਨ ਜਿਨ੍ਹਾਂ ਦਾ ਅਰਥ ਹੈ ਕੰਨ। ਸ਼ਰੀਰ ਵਿਚ ਸ਼੍ਰਵਣ ਜਾਂ ਕੰਨ ਦਾ ਕੀ ਕਰਤੱਵ ਹੈ ? ਉੱਤਰ ਸਪੱਸ਼ਟ ਹੈ ਕਿ ਆਵਾਜ਼ ਜਾਂ ਧੁਨੀ ਨੂੰ ਗ੍ਰਹਿਣ ਕਰਨਾ। ਪਰ ਅਧਿਆਤਮਿਕ ਖੇਤਰ ਵਿਚ ਸ਼੍ਰਵਣਾਂ ਜਾਂ ਕੰਨਾਂ ਦਾ ਕਰਤੱਵ ਨਿਰਾ ਸੁਣਨਾ ਨਹੀਂ, ਸਗੋਂ ਸੱਚੀ ਬਾਣੀ ਜਾਂ ਹਰੀ-ਜਸ ਨੂੰ ਸੁਣਨਾ ਹੈ। ਕੰਨਾਂ ਦੇ ਇਸ ਕਰਤੱਵ ਨੂੰ ਸਪੱਸ਼ਟ ਕਰਦਿਆਂ ਗੁਰੂ ਅਮਰਦਾਸ ਜੀ ਨੇ 'ਅਨੰਦੁ' ਬਾਣੀ ਵਿਚ ਕਿਹਾ ਹੈ ਕਿ ਹੇ ਮੇਰੇ ਕੰਨੋ ! ਤੁਹਾਨੂੰ ਪਰਮਾਤਮਾ ਨੇ ਸ਼ਰੀਰ ਨਾਲ ਇਸ ਲਈ ਸਥਾਪਿਤ ਕੀਤਾ ਹੈ ਕਿ ਤੁਸੀਂ ਉਸ ਪਰਮਾਤਮਾ ਦੀ ਉਸਤਤ ਯੁਕਤ ਸੱਚੀ ਬਾਣੀ ਨੂੰ ਸੁਣੋ ਕਿਉਂਕਿ ਇਸ ਬਾਣੀ ਨੂੰ ਸੁਣਨ ਨਾਲ ਤਨ ਅਤੇ ਮਨ ਆਨੰਦਿਤ ਹੋ ਜਾਂਦੇ ਹਨ, ਜੀਭ ਰਸ-ਮਗਨ ਹੋ ਜਾਂਦੀ ਹੈ। ਇਸ ਲਈ ਤੁਸੀਂ ਪਰਮਾਤਮਾ ਦਾ ਅੰਮ੍ਰਿਤ ਤੁਲ ਨਾਮ ਸੁਣਿਆ ਕਰੋ, ਅਜਿਹਾ ਕਰਨ ਨਾਲ ਤੁਸੀਂ ਪਵਿੱਤਰ ਹੋਵੋਗੇ— *ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ। ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ। ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ। ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ। ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ।* (ਗੁ.ਗ੍ਰੰ.922)।

ਗੁਰਬਾਣੀ ਵਿਚ ਕੰਨਾਂ ਨੂੰ 'ਸੁਣੀਅਰ' ਵੀ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਉਹੀ ਕੰਨ ਪ੍ਰਵਾਨ ਚੜ੍ਹਦੇ ਹਨ ਜੋ ਸੱਚੇ ਮਾਲਕ ਪਰਮਾਤਮਾ ਦਾ ਨਾਮ ਸੁਣਦੇ ਹਨ ਕਿਉਂਕਿ ਬਾਕੀ ਸਭ ਸੁਣਿਆ ਹੋਇਆ ਹਵਾ ਦੇ ਬੁਲ੍ਹੇ ਵਾਂਗ ਉਡ-ਪੁਡ ਜਾਂਦਾ ਹੈ, ਵਿਅਰਥ ਹੈ, ਨਿਰਾਧਾਰ ਹੈ— *ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ। ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ।* (ਗੁ.ਗ੍ਰੰ.577)। ਗੁਰੂ ਅਰਜਨ ਦੇਵ ਜੀ ਉਸ ਵਿਅਕਤੀ ਤੋਂ ਵਾਰਨੇ ਜਾਂਦੇ ਹਨ ਜਿਨ੍ਹਾਂ ਨੇ ਆਪਣੇ ਕੰਨਾਂ ਨਾਲ ਪ੍ਰਭੂ ਦਾ ਨਾਮ ਸੁਣਿਆ ਹੈ— *ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ।* (ਗੁ.ਗ੍ਰੰ.577)।

ਭਾਈ ਗੁਰਦਾਸ ਨੇ ਸਿੱਖ-ਸਾਧਕ ਜਾਂ ਗੁਰਮੁਖ ਦੇ ਚਰਿਤ੍ਰ ਵਿਚ ਗੁਰੂ ਦੀ ਸਿਖਿਆ, ਗੁਰਬਾਣੀ ਜਾਂ ਗੁਰੂ-ਸ਼ਬਦ ਨੂੰ ਸੁਣਨ ਦਾ ਵਿਸ਼ੇਸ਼ ਮਹੱਤਵ ਦਰਸਾਇਆ ਹੈ (1) *ਗੁਰਸਿਖੀ ਗੁਰਸਿਖ ਸੁਣਿ ਅੰਦਰਿ ਸਿਆਣਾ ਬਾਹਰਿ ਭੋਲਾ।* ਜਾਂ (2) *ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ*

*ਸੁਣਦੇ।* ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ 'ਸਿੱਖਾਂ ਦੀ ਭਗਤਮਾਲਾ' ਨਾਮਕ ਰਚਨਾ ਵਿਚ ਸਿੱਖਾਂ ਦੀ ਰਹਿਣੀ, ਜੀਵਨ-ਵਿਧੀ ਅਤੇ ਸਦਾਚਾਰ ਦੀਆਂ ਜਿਨ੍ਹਾਂ ਲੋੜਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ, ਉਨ੍ਹਾਂ ਵਿਚ ਹਰਿ-ਜਸ ਜਾਂ ਹਰਿਨਾਮ ਦੇ ਸ਼੍ਰਵਣ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਹਰਿ-ਜਸ ਕਥਾ-ਵਾਰਤਾ ਜਾਂ ਕੀਰਤਨ ਰਾਹੀਂ ਹੀ ਸੁਣਿਆ ਜਾਂਦਾ ਹੈ। ਇਸ ਦੇ ਮਹੱਤਵ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਾਸ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਆਏ ਸਿੱਖਾਂ ਪ੍ਰਤਿ ਸਪੱਸ਼ਟ ਕਰਦਿਆਂ ਬਚਨ ਕੀਤਾ —*ਜੋ ਸਮਝਵਾਨ ਸਿਖ ਹੁੰਦੇ ਹੈਨਿ, ਜੋ ਜੋ ਕਥਾ ਕੀਰਤਨੁ ਕਰਦੇ ਹੈਨਿ ਤੈ ਵਿਚਾਰਦੇ ਹੈਨਿ ਤੇ ਵਾਰਤਾ ਸੁਣਦੇ ਹੈਨਿ ਸੋ ਸੋ ਕਥਾ ਸੁਣ ਕੈ ਰਿਦੈ ਵਿਚ ਧਾਰਦੇ ਜਾਂਦੇ ਹੈਨਿ। ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ, ਬਹੁੜ ਕਥਾ ਤੇ ਕੀਰਤਨੁ ਦੋਨੋਂ ਮਿਲੇ ਹੋਏ ਸੋਭਾ ਪਾਂਵਦੇ ਹੈਨਿ, ਕਥਾ ਕੀਰਤਨੁ ਦੇ ਮਹਾਤਮ ਨੂੰ ਲਖਾਂਵਦੀ ਹੈ ਤੇ ਕੀਰਤਨ ਮਨ ਵਿਖੇ ਰਾਗੁ ਹਰਖੁ ਉਤਪਤਿ ਕਰਦਾ ਹੈ।*

ਸ਼੍ਰਵਣ ਨੂੰ ਭਾਰਤੀ ਧਰਮ-ਸਾਧਨਾ ਅਤੇ ਖ਼ਾਸ ਕਰਕੇ ਭਗਤੀ-ਸਾਧਨਾ ਵਿਧੀ ਵਿਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। 'ਭਾਗਵਤ-ਪੁਰਾਣ' ਵਿਚ ਪ੍ਰਹਲਾਦ ਨੇ ਆਪਣੇ ਪਿਤਾ ਨੂੰ ਵਿਸ਼ਣੂ ਦੀ ਭਗਤੀ ਦੇ ਨੌਂ ਭੇਦ ਦਸਦਿਆਂ 'ਸ਼੍ਰਵਣ' ਨੂੰ ਪ੍ਰਥਮ ਸਥਾਨ ਦਿੱਤਾ ਹੈ। ਪਰ ਉਥੇ ਭਗਵਾਨ ਦੀ ਗੁਣ-ਲੀਲਾ ਜਾਂ ਨਾਮ ਆਦਿ ਦਾ ਸੁਣਨਾ ਵਿਧੀ-ਵਿਧਾਨਕ ਹੈ, ਸਹਿਜ-ਸੁਭਾਵਿਕ ਨਹੀਂ; ਉਹ ਸਗੁਣ ਪ੍ਰਤਿ ਹੈ, ਨਿਰਗੁਣ ਪ੍ਰਤਿ ਨਹੀਂ। ਪਰ ਗੁਰਬਾਣੀ ਵਿਚ ਨਿਰਗੁਣ ਨਿਰਾਕਾਰ ਦੇ ਜਸ ਜਾਂ ਸ਼ਬਦ ਨੂੰ ਸੁਣਨ ਉਤੇ ਬਲ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਸ਼੍ਰਵਣ ਅਤੇ ਮਨਨ ਦਾ ਪਰਸਪਰ ਸੰਬੰਧ ਵੀ ਸਥਾਪਿਤ ਕੀਤਾ ਗਿਆ ਹੈ। ਮਨਨ ਤੋਂ ਅਭਿਪ੍ਰਾਯ ਹੈ ਪਰਮਾਤਮਾ ਦਾ ਤਦਾਤਕਾਰ ਭਾਵ ਨਾਲ ਚਿੰਤਨ ਕਰਨਾ। ਜਪੁਜੀ ਵਿਚ ਸੁਣਿਐ ਦੀਆਂ ਚਾਰ ਪਉੜੀਆਂ ਤੋਂ ਬਾਦ ਮੰਨੈ ਦੀਆਂ ਚਾਰ ਪਉੜੀਆਂ ਦਾ ਆਉਣਾ ਸਿੱਧ ਕਰਦਾ ਹੈ ਕਿ ਇਹ ਦੋਵੇਂ ਇਕ ਦੂਜੇ ਉਤੇ ਨਿਰਭਰ ਕਰਦੇ ਹਨ। 'ਜਪੁਜੀ' ਵਿਚ ਇਕ ਹੋਰ ਥਾਂ ਉਤੇ ਕਿਹਾ ਗਿਆ ਹੈ ਕਿ — *ਸੁਣਿਆ ਮੰਨਿਆ ਮਨਿ ਕੀਤਾ ਭਾਉ। ਅੰਤਰਗਤਿ ਤੀਰਥਿ ਮਲਿ ਨਾਉ।*

ਜੋ ਸਾਧਕ ਪਰਮਾਤਮਾ ਦਾ ਨਾਮ ਜਾਂ ਹਰਿ-ਜਸ ਸੁਣਦਾ ਹੈ, ਉਸ ਦਾ ਮਨਨ ਕਰਦਾ ਹੈ ਅਤੇ ਫਿਰ ਮਨ ਵਿਚ ਪ੍ਰੇਮ ਭਾਵ ਨੂੰ ਉਜਾਗਰ ਕਰਦਾ ਹੈ, ਤਾਂ ਉਹ ਮਾਨੋ ਅੰਦਰ-ਵਰਤੀ ਤੀਰਥ ਵਿਚ ਚੰਗੀ ਤਰ੍ਹਾਂ ਮਲ ਮਲ ਕੇ ਇਸ਼ਨਾਨ ਕਰਦਾ ਹੈ। ਕਹਿਣ ਤੋਂ ਭਾਵ, ਉਹ ਅੰਦਰ ਵਸਦੇ ਪਰਮਾਤਮਾ ਵਿਚ ਪੂਰੀ ਤਰ੍ਹਾਂ ਮਗਨ ਹੋ ਜਾਂਦਾ ਹੈ। ਮਨਨ ਦੇ ਨਾਲ ਨਿਧਿਆਸਨ ਨੂੰ ਵੀ ਮਹੱਤਵ ਦਿੱਤਾ ਜਾਂਦਾ ਹੈ। ਬਿਨਾ ਕਿਸੇ ਵਿਘਨ ਦੇ ਪਰਮਾਤਮਾ ਪ੍ਰਤਿ ਸਥਿਰ ਬਿਰਤੀ ਹੀ 'ਨਿਧਿਆਸਨ' ਹੈ।

'ਸਿੱਖਾਂ ਦੀ ਭਗਤਮਾਲਾ' ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਏ ਤਿੰਨ ਸਿੱਖ ਭਾਈ ਰਾਮਾ, ਹੇਮੂ ਅਤੇ ਜੱਟੂ ਬੇਨਤੀ ਕਰਦੇ ਹਨ ਕਿ ਉਹ ਜੋ ਕੁਝ ਸੁਣਦੇ ਪੜ੍ਹਦੇ ਹਨ, ਉਹ ਹਿਰਦੇ ਵਿਚ ਨਹੀਂ ਠਹਿਰਦਾ। ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਪਹਿਲਾਂ ਗੁਰਸਿੱਖ ਨੂੰ ਸ਼੍ਰਵਣ ਕਰਨਾ ਚਾਹੀਦਾ ਹੈ, ਫਿਰ ਮਨਨ ਅਤੇ ਉਸ ਉਪਰੰਤ ਨਿਧਿਆਸਨ। ਇਨ੍ਹਾਂ ਤਿੰਨਾਂ ਦੇ ਆਪਸੀ ਤਾਲ-ਮੇਲ ਨਾਲ ਹੀ ਕੰਨਾਂ ਨਾਲ ਸੁਣਿਆ ਹਰਿ-ਜਸ ਹਿਰਦੇ ਵਿਚ ਸਥਿਰਤਾ ਪ੍ਰਾਪਤ ਕਰ ਸਕਦਾ ਹੈ। ਗੁਰੂ ਜੀ ਨੇ ਅਗੇ ਦਸਿਆ ਕਿ ਸ਼੍ਰਵਣ ਦੋ ਪ੍ਰਕਾਰ ਦਾ ਹੈ। ਇਕ, ਅਸਥਿਰ ਮਨ ਨਾਲ ਕੀਤਾ ਸ਼੍ਰਵਣ। ਅਜਿਹੇ ਸ਼੍ਰਵਣ ਨਾਲ ਭਾਵੇਂ ਕੁਝ ਪੁੰਨ ਪ੍ਰਾਪਤ ਹੁੰਦਾ ਹੈ, ਪਰ ਪਾਪ ਮੂਲੋਂ ਨਸ਼ਟ ਨਹੀਂ ਹੁੰਦੇ, ਉਨ੍ਹਾਂ ਦੀ ਹੋਂਦ ਬਣੀ ਰਹਿੰਦੀ ਹੈ।

ਦੂਜਾ, ਸਥਿਰ ਮਨ ਨਾਲ ਕੀਤਾ ਸ਼੍ਰਵਣ। ਅਜਿਹਾ ਸ਼੍ਰਵਣ ਸਾਧਕ ਲਈ ਸਫਲ-ਮਨੋਰਥ ਹੈ। ਪਰ ਅਜਿਹੇ ਸ਼੍ਰਵਣ ਰਾਹੀਂ ਸੁਣਿਆ ਹਰਿ-ਜਸ ਸੰਸਾਰਿਕ ਕੰਮਾਂ ਵਿਚ ਰੁਝ ਜਾਣ ਨਾਲ ਭੁਲ ਜਾਂਦਾ ਹੈ। ਜੇ ਅਜਿਹੇ ਸ਼੍ਰਵਣ ਕੀਤੇ ਹਰਿ-ਜਸ ਨੂੰ ਮਨਨ ਪ੍ਰਕ੍ਰਿਆ ਰਾਹੀਂ ਫਿਰ ਵਿਚਾਰਿਆ ਜਾਵੇ ਤਾਂ ਉਹ ਚਿੱਤ ਵਿਚ ਸਥਿਰ ਰਹਿੰਦਾ ਹੈ। ਇਸ ਤਰ੍ਹਾਂ ਸੁਣੇ ਅਤੇ ਵਿਚਾਰੇ ਹਰਿ-ਜਸ ਨੂੰ ਜੇ ਕਮਾਇਆ ਜਾਏ ਜਾਂ ਉਸ ਨੂੰ ਜੀਵਨ ਜੁਗਤ ਬਣਾਇਆ ਜਾਵੇ ਤਾਂ ਸਾਧਕ 'ਨਿਧਿਆਸਨ' ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਇਹੀ ਨਿਰਾਕਾਰ ਬ੍ਰਹਮ ਨਾਲ ਸਾਖਿਆਤਕਾਰ ਦੀ ਸਥਿਤੀ ਹੈ। ਸਪੱਸ਼ਟ ਹੈ ਕਿ ਬ੍ਰਹਮ-ਸਾਖਿਆਤਕਾਰ ਦੀ ਪ੍ਰਾਪਤੀ ਦੇ ਮਾਰਗ ਉਤੇ ਅਗੇ ਵਧਣ ਲਈ ਸ਼੍ਰਵਣ ਪਹਿਲਾ ਕਦਮ ਹੈ।

ਗੁਰੂ ਨਾਨਕ ਦੇਵ ਜੀ ਨੇ ਸ਼੍ਰਵਣ ਦੁਆਰਾ ਹੋਣ ਵਾਲੀਆਂ ਪ੍ਰਾਪਤੀਆ ਅਤੇ ਇਸ ਦੇ ਮਹਾਤਮ ਉਤੇ ਜਪੁਜੀ ਦੀ 8ਵੀਂ ਤੋਂ ਲੈ ਕੇ 11ਵੀਂ ਪਉੜੀ ਤਕ ਵਿਸਤਾਰ ਨਾਲ ਝਾਤ ਪਾਈ ਹੈ। ਪਹਿਲੀ ਪਉੜੀ ਅਨੁਸਾਰ ਹਰਿ-ਜਸ ਦੇ

ਸੁਣਨ ਨਾਲ ਸਾਧਕ ਸਿੱਧ, ਪੀਰ, ਦੇਵਤਾ ਜਾਂ ਨਾਥ ਦੀ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ, ਉਸ ਨੂੰ ਫਿਰ ਧਰਤੀ, ਉਸ ਦੇ ਭਾਰ ਨੂੰ ਚੁਕਣ ਵਾਲੇ ਧੌਲ, ਆਕਾਸ਼, ਦੀਪਾਂ, ਲੋਕਾਂ ਅਤੇ ਪਾਤਾਲਾਂ ਦਾ ਸਹਿਜ-ਬੋਧ ਹੋ ਜਾਂਦਾ ਹੈ ਅਤੇ ਉਹ ਕਾਲ ਅਥਵਾ ਮ੍ਰਿਤੂ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਅਜਿਹੇ ਸਾਧਕਾਂ ਦਾ ਮਨ ਸਦਾ ਆਨੰਦਿਤ ਰਹਿੰਦਾ ਹੈ ਅਤੇ ਉਨ੍ਹਾਂ ਦੇ ਸਾਰੇ ਦੁਖ ਜਾਂ ਪਾਪ ਨਸ਼ਟ ਹੋ ਜਾਂਦੇ ਹਨ।

ਦੂਜੀ ਪਉੜੀ ਅਨੁਸਾਰ ਹਰਿ-ਜਸ ਸੁਣਨ ਨਾਲ ਸਾਧਕ ਸ਼ਿਵ, ਬ੍ਰਹਮ ਅਤੇ ਇੰਦ੍ਰ ਦੇ ਗੌਰਵ ਨੂੰ ਸਹਿਜ ਵਿਚ ਗ੍ਰਹਿਣ ਕਰ ਲੈਂਦਾ ਹੈ, ਦੁਰ-ਬਚਨ ਬੋਲਣ ਵਾਲੇ ਵਿਅਕਤੀ ਵੀ ਪਰਮਾਤਮਾ ਦੀਆਂ ਸਿਫ਼ਤਾਂ ਕਰਨ ਲਗ ਜਾਂਦੇ ਹਨ। ਸ਼੍ਰਵਣ ਨਾਲ ਯੋਗ ਦੀ ਜੁਗਤ, ਸ਼ਰੀਰ ਵਿਚ ਸਥਿਤ ਪਰਮਾਤਮਾ ਦੇ ਭੇਦ, ਸ਼ਾਸਤ੍ਰਾਂ, ਸਮ੍ਰਿਤੀਆਂ ਅਤੇ ਵੇਦਾਂ ਵਿਚ ਸੰਜੋਏ ਗਿਆਨ ਦੀ ਸੋਝੀ ਹੋ ਜਾਂਦੀ ਹੈ।

ਤੀਜੀ ਪਉੜੀ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਹਰਿ-ਜਸ ਸੁਣਨ ਨਾਲ ਸਾਧਕ ਦਾਨੀ, ਸੰਤੋਖੀ, ਬ੍ਰਹਮ-ਗਿਆਨੀ ਅਤੇ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਵਾਲੇ ਵਿਅਕਤੀ ਦੀ ਵਡਿਆਈ ਅਰਜਿਤ ਕਰ ਲੈਂਦਾ ਹੈ ਅਤੇ ਧਰਮ-ਗ੍ਰੰਥਾਂ ਦੇ ਪਠਨ-ਪਾਠਨ ਤੋਂ ਪ੍ਰਾਪਤ ਹੋਣ ਵਾਲੇ ਮਾਣ ਦਾ ਅਧਿਕਾਰੀ ਬਣਦਾ ਹੈ ਅਤੇ ਇਸ ਤਰ੍ਹਾਂ ਉਸ ਦਾ ਚਿਤ ਸਥਿਰ ਹੋ ਕੇ ਸਹਿਜ-ਧਿਆਨ ਵਿਚ ਜੁੜ ਜਾਂਦਾ ਹੈ।

ਚੌਥੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਫਿਰ ਸਪੱਸ਼ਟ ਕੀਤਾ ਹੈ ਕਿ ਹਰਿ-ਜਸ ਸ਼੍ਰਵਣ ਕਰਨ ਨਾਲ ਸਾਧਕ ਸਮਸਤ ਗੁਣਾਂ ਦੀ ਗੰਭੀਰਤਾ ਅਤੇ ਗਹਿਨਤਾ ਨੂੰ ਸਮਝ ਲੈਂਦਾ ਹੈ; ਉਹ ਸ਼ੇਖ, ਪੀਰ ਜਾਂ ਬਾਦਸ਼ਾਹ ਦੀ ਸਥਿਤੀ ਗ੍ਰਹਿਣ ਕਰ ਲੈਂਦਾ ਹੈ। ਸ਼੍ਰਵਣ ਨਾਲ ਗਿਆਨ ਦੀਆਂ ਅੱਖਾਂ ਤੋਂ ਵਾਂਝੇ ਵਿਅਕਤੀ ਵੀ ਅਧਿਆਤਮਿਕ ਮਾਰਗ ਉਤੇ ਅਗੇ ਵਧ ਸਕਦੇ ਹਨ ਅਤੇ ਅਧਿਆਤਮਿਕਤਾ ਦੀ ਗੰਭੀਰਤਾ ਨੂੰ ਸਮਝਣ ਦੇ ਸਮਰਥ ਹੋ ਸਕਦੇ ਹਨ।

ਸ਼੍ਰਵਣ ਸੰਬੰਧੀ ਇਨ੍ਹਾਂ ਪਉੜੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹਰਿ-ਜਸ ਸੁਣਨ ਨਾਲ ਸਾਧਕ ਤਥਾ-ਕਥਿਤ ਮਹੱਤਵ-ਪੂਰਣ ਸੰਸਾਰਿਕ ਪ੍ਰਾਪਤੀਆਂ ਤੋਂ ਇਲਾਵਾ ਅਧਿਆਤਮਿਕਤਾ ਦੇ ਗੁਝੇ ਭੇਦ ਨੂੰ ਜਾਣਨ ਦੇ ਸਮਰਥ ਹੁੰਦਾ ਹੈ ਅਤੇ ਬ੍ਰਹਮ-ਪ੍ਰਾਪਤੀ ਦੇ ਮਾਰਗ ਉਤੇ ਚਲ ਕੇ ਪੂਰਣ ਸਾਖਿਆਤਕਾਰ ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਜਿਥੇ ਪਹੁੰਚ ਕੇ ਉਹ ਸਥਾਈ ਆਨੰਦ ਮਾਣਦਾ ਹੈ ਅਤੇ ਉਸ ਲਈ ਸੰਸਾਰਿਕ ਦੁਖ-ਪਾਪ ਨਸ਼ਟ ਹੋ ਜਾਂਦੇ ਹਨ ਕਿਉਂਕਿ ਉਹ ਇਨ੍ਹਾਂ ਦੇ ਪ੍ਰਭਾਵ ਖੇਤਰ ਤੋਂ ਬਹੁਤ ਦੂਰ, ਬਹੁਤ ਉੱਚਾ ਸਚਖੰਡੀ ਵਾਤਾਵਰਣ ਵਿਚ ਪਹੁੰਚ ਜਾਂਦਾ ਹੈ। ਇਸ ਲਈ ਹਰਿ-ਜਸ ਸ਼੍ਰਵਣ ਕਰਨਾ ਹਰ ਮਨੁੱਖ ਦਾ ਬੁਨਿਆਦੀ ਕਰਤੱਵ ਹੈ ਜਿਸ ਤੋਂ ਕਦੇ ਉਕਣਾ ਨਹੀਂ ਚਾਹੀਦਾ।

**ਸੁਥਰੇਸ਼ਾਹ** (1615-1681 ਈ.) : ਪੰਜਾਬ ਦਾ ਇਕ ਸਾਧਕ ਜੋ ਸੰਸਾਰਿਕ ਗ਼ਮੀ ਖ਼ੁਸ਼ੀ ਤੋਂ ਨਿਰਲਿਪਤ ਮੌਜ ਮਸਤੀ ਨਾਲ ਵਿਚਰਦਾ ਸੀ। ਪੰਜਾਬੀ ਵਿਚ ਇਸ ਦੇ ਸੁਭਾ ਨਾਲ ਸੰਬੰਧਿਤ ਇਕ ਅਖਾਣ ਪ੍ਰਚਲਿਤ ਹੈ— *ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।* ਇਸ ਬਾਰੇ ਅਨੇਕ ਦੰਦ-ਕਥਾਵਾਂ ਪ੍ਰਚਲਿਤ ਹਨ। ਮਹਾਨ ਕੋਸ਼ਕਾਰ ਨੇ ਇਸ ਦਾ ਜਨਮ-ਸਥਾਨ ਬਰਾਮਪੁਰ ਦਸਿਆ ਹੈ ਜੋ ਬਾਰਾਮੂਲਾ (ਕਸ਼ਮੀਰ) ਦੇ ਨੇੜੇ ਹੈ। ਇਸ ਦੇ ਪਿਤਾ ਦਾ ਨਾਂ ਨੰਦਾ ਅਤੇ ਜਾਤਿ ਖਤ੍ਰੀ ਸੀ। ਇਸ ਦਾ ਜਨਮ ਸੰਨ 1615 ਈ. (1672 ਬਿ.) ਵਿਚ ਹੋਇਆ। ਜਨਮ ਵੇਲੇ ਇਸ ਦਾ ਸਰੂਪ ਅਤੇ ਆਕਾਰ ਆਮ ਮਨੁੱਖਾਂ ਵਰਗੇ ਨ ਹੋਣ ਕਾਰਣ ਇਸ ਨੂੰ ਮਾੜੇ ਲੱਛਣਾਂ ਵਾਲਾ ਸਮਝਿਆ ਗਿਆ। ਜੋਤਿਸ਼ੀਆਂ ਦੇ ਕਹੇ ਤੇ ਨੰਦੇ ਨੇ ਇਸ ਨੂੰ ਬਾਹਰ ਸੁਟਵਾ ਦਿੱਤਾ।

ਕਸ਼ਮੀਰ ਤੋਂ ਪਰਤਦੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰ ਇਸ ਉਤੇ ਪਈ। ਗੁਰੂ ਸਾਹਿਬ ਨੇ ਇਸ ਨੂੰ ਚੁਕਵਾ ਕੇ ਆਪਣੀ ਦੇਖ-ਰੇਖ ਵਿਚ ਪਾਲਿਆ। ਜਦੋਂ ਇਸ ਨੂੰ ਚੁਕਿਆ ਗਿਆ ਤਾਂ ਬਹੁਤ (ਕੁਥਰਾ) ਗੰਦਾ ਸੀ, ਪਰ ਗੁਰੂ ਜੀ ਦੀ ਮਿਹਰ ਨਾਲ ਇਹ 'ਕੁਥਰਾ' ਤੋਂ 'ਸੁਥਰਾ' ਬਣ ਗਿਆ। ਗੁਰੂ-ਦਰਬਾਰ ਵਿਚ ਆਪਣੀਆਂ ਸਾਦੀਆਂ ਪਰ ਵਿਅੰਗਾਤਮਕ ਗੱਲਾਂ ਕਰਕੇ ਇਹ ਬਹੁਤ ਹਰਮਨ ਪਿਆਰਾ ਰਿਹਾ ਸੀ। ਗੁਰੂ ਹਰਿ ਰਾਇ ਜੀ ਦੀ ਸੇਵਾ ਵਿਚ ਰਹਿਣ ਦਾ ਵੀ ਇਸ ਨੂੰ ਗੌਰਵ ਮਿਲਿਆ ਸੀ। ਇਸ ਨੂੰ ਗੁਰੂ ਜੀ ਨੇ ਧਰਮ ਪ੍ਰਚਾਰ ਲਈ 'ਬਖ਼ਸ਼ਿਸ਼' ਵੀ ਕੀਤੀ। ਇਸ ਤਰ੍ਹਾਂ ਇਸ ਦਾ ਕਾਲਾਂਤਰ ਵਿਚ ਸੰਬੰਧ ਉਦਾਸੀ ਸੰਪ੍ਰਦਾਇ ਨਾਲ ਹੋ ਗਿਆ। ਇਸ ਦਾ ਪ੍ਰਚਾਰ-ਖੇਤਰ ਅਧਿਕਤਰ ਸਿਆਲਕੋਟ, ਲਾਹੌਰ, ਕਾਬੁਲ, ਪਿਸ਼ਾਵਰ, ਕਸ਼ਮੀਰ ਰਿਹਾ। ਸ਼੍ਰੀਨਗਰ ਵਿਚ 'ਸੁਥਰਾਸ਼ਾਹ' ਨਾਂ ਦਾ ਇਕ ਮਹੱਲਾ ਵੀ ਹੈ। ਇਸ ਦੀ ਬਖ਼ਸ਼ਿਸ਼ ਦੀ ਇਕ ਸ਼ਾਖਾ ਨੇ ਬੁਰਹਾਨਪੁਰ ਵਿਚ ਵੀ ਡੇਰਾ ਕਾਇਮ ਕੀਤਾ ਸੀ।

ਇਸ ਨੇ ਬੜੀ ਸਿਧ-ਪੱਧਰੀ ਭਾਸ਼ਾ ਵਿਚ ਕੁਝ ਕਾਵਿ-ਬਚਨ ਵੀ ਰਚੇ ਹਨ ਜਿਨ੍ਹਾਂ ਵਿਚੋਂ ਹਾਸ-ਰਸ ਦੀ ਨਿੰਮੀ ਨਿੰਮੀ ਸੁਗੰਧ ਮਿਲਦੀ ਹੈ। ਗ੍ਰਿਹਸਥ ਜਾਂ ਪਰਿਵਾਰ ਬਾਰੇ ਉਸ ਦਾ ਕਥਨ ਹੈ:

*ਏਸ ਸੈਂਸਾਰ ਸਮੁੰਦ ਵਿਚਿ, ਨਾਰੀ ਘੁਮਣ ਘੇਰਿ।*
*ਲਹਿਰੀਂ ਧੀਆਂ ਪੁਤ ਹੈਨਿ, ਪਾਰਹੁੰ ਭੀ ਲਿਆਵਨਿ ਫੇਰਿ।*
*ਧੀਆਂ ਧਾੜ ਤੇ ਪੁਤਰ ਫਾਹਾ, ਰੰਨ ਦੁਖਾਂ ਦਾ ਖੂਹ।*
*ਇਸ ਘਾਣੀ ਤੇ ਸੁਥਰਿਆ, ਕੋਈ ਹਰਿ ਜਨ ਕਢੇ ਧੂਹਿ।*

ਕਹਿੰਦੇ ਹਨ ਕਿ ਦਿੱਲੀ ਦਰਬਾਰ ਤਕ ਇਸ ਦੀ ਮਾਨਤਾ ਸੀ। ਇਸ ਨੂੰ ਇਕ ਪੈਸਾ ਪ੍ਰਤਿ ਹੱਟੀ ਉਗਰਾਹਣ ਦਾ ਅਧਿਕਾਰ ਸੀ। ਇਸ ਦੇ ਅਨੁਯਾਈਆਂ ਨੂੰ ਸੁਥਰੇਸ਼ਾਹੀ ਸਾਧ ਅਤੇ ਸਮਾਜ ਨੂੰ ਸੁਥਰੇਸ਼ਾਹੀ ਸੰਪ੍ਰਦਾਇ ਕਿਹਾ ਜਾਂਦਾ ਹੈ। ਪਹਿਲਾਂ ਇਹ ਸਿੱਖ ਧਰਮ ਵਿਚ ਵਿਸ਼ਵਾਸ ਰਖਦੇ ਸਨ, ਪਰ ਹੁਣ ਦੂਰ ਹਟ ਗਏ ਹਨ। ਇਨ੍ਹਾਂ ਦੀ ਸੰਪ੍ਰਦਾਇ ਵਿਚ ਹਿੰਦੂ-ਮੁਸਲਮਾਨ ਦੋਵੇਂ ਸ਼ਾਮਲ ਹਨ। ਹਿੰਦੂ ਦੋ ਡੰਡੇ ਵਜਾ ਕੇ ਭਿਖਿਆ ਮੰਗਦੇ ਹਨ ਅਤੇ ਮੁਸਲਮਾਨ ਇਕ ਡੰਡੇ ਨਾਲ ਬਾਂਹ ਵਚ ਪਾਏ ਹੋਏ ਕੜਿਆਂ ਨੂੰ ਵਜਾਉਂਦੇ ਹੋਏ ਉਗਰਾਹੀ ਕਰਦੇ ਹਨ। ਕਈ ਵਾਰੀ ਉਗਰਾਹੀ ਨ ਦੇਣ ਵਾਲਿਆਂ ਵਿਰੁੱਧ ਭੈੜਾ ਵਿਖਾਵਾ ਵੀ ਕਰਦੇ ਹਨ। ਇਸ ਦਾ ਦੇਹਾਂਤ ਸੰਨ 1681 ਈ. ਦੇ ਨੇੜੇ-ਤੇੜੇ ਸਿੱਧ ਹੁੰਦਾ ਹੈ। ਪੰਜਾਬੀ ਦੇ ਹਾਸਰਸੀ ਕਵੀ ਸ.ਸ.ਚਰਨ ਸਿੰਘ ਸ਼ਹੀਦ ਨੇ ਸੁਥਰੇ ਦੇ ਅਨੁਕਰਣ ਤੇ ਆਪਣੀ ਕਵੀ-ਛਾਪ 'ਸੁਥਰਾ' ਰਖੀ ਸੀ।

**ਸੁਥਰੇਸ਼ਾਹੀ ਸੰਪ੍ਰਦਾਇ** : ਵੇਖੋ 'ਸੁਥਰੇਸ਼ਾਹ'।

**ਸੁੰਦਰ ਸਿੰਘ, ਸੰਤ** (1883-1930 ਈ.) : ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਦੀ ਭਿੰਡਰਾਂਵਾਲੀ ਸ਼ਾਖਾ ਜਾਂ ਦਮਦਮੀ ਟਕਸਾਲ ਦਾ ਆਰੰਭ ਕਰਨ ਵਾਲੇ ਸੰਤ ਸੁੰਦਰ ਸਿੰਘ ਦਾ ਜਨਮ ਬਾਬਾ ਖ਼ਜ਼ਾਨ ਸਿੰਘ ਦੇ ਘਰ ਮਾਈ ਮਹਿਤਾਬ ਕੌਰ (ਨਾਮਾਂਤਰ ਤਾਬ ਕੌਰ) ਦੀ ਕੁੱਖੋਂ 18 ਅਗਸਤ 1883 ਈ. ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਭਿੰਡਰ ਕਲਾਂ ਪਿੰਡ ਵਿਚ ਹੋਇਆ। ਇਨ੍ਹਾਂ ਨੇ ਮੁੱਢਲੀ ਧਾਰਮਿਕ ਵਿਦਿਆ ਆਪਣੇ ਪਿਤਾ ਅਤੇ ਪਿੰਡ ਦੇ ਗੁਰਦੁਆਰੇ ਤੋਂ ਹਾਸਲ ਕੀਤੀ ਅਤੇ ਪਿੰਡ ਦਾਦ ਦੇ ਉਦਾਸੀ ਸੰਤ ਪੰਡਿਤ ਜਵਾਲਾ ਦਾਸ ਅਤੇ ਪੰਡਿਤ ਭਗਤ ਰਾਮ ਤੋਂ ਸੰਸਕ੍ਰਿਤ ਗ੍ਰੰਥਾਂ ਦਾ ਅਧਿਐਨ ਕੀਤਾ। ਇਨ੍ਹਾਂ ਨੇ ਗੁਰਮਤਿ ਦਰਸ਼ਨ ਨੂੰ ਸਮਝਣ ਲਈ ਮਾਲਵਾ ਖੇਤਰ ਦੇ ਕਈ ਵਿਦਵਾਨਾਂ ਦੀ ਸ਼ਰਣ ਲਈ, ਅੰਮ੍ਰਿਤਸਰ ਵੀ ਗਏ, ਪਰ ਕਿਤੋਂ ਵੀ ਸੰਤੁਸ਼ਟ ਨ ਹੋਏ। ਆਖ਼ਿਰ ਸੰਨ 1906 ਈ. ਵਿਚ ਇਹ ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਮੁਰਾਲਾ ਕਸਬੇ ਵਿਚ ਸੰਤ ਬਿਸ਼ਨ ਸਿੰਘ ਦੇ ਸੇਵਕ ਬਣੇ ਅਤੇ ਦੋ ਸਾਲ ਉਥੇ ਨਿਠ ਕੇ ਅਧਿਐਨ ਕੀਤਾ। ਆਪਣੇ ਵਿਦਿਆ-ਗੁਰੂ ਦੇ ਦੇਹਾਂਤ ਤੋਂ ਬਾਦ ਇਨ੍ਹਾਂ ਨੇ 50 ਕੁ ਸਿੰਘਾਂ ਦਾ ਜੱਥਾ ਬਣਾਇਆ ਅਤੇ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਨ੍ਹਾਂ ਦਾ ਪ੍ਰਚਾਰ ਖੇਤਰ ਅਧਿਕਤਰ ਪੋਠੋਹਾਰ, ਮਾਲਵਾ ਅਤੇ ਲਾਇਲਪੁਰ ਦਾ ਇਲਾਕਾ ਰਿਹਾ। ਆਪ ਨੇ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਆਪ ਪੰਜਾਬ ਤੋਂ ਬਾਹਰਲੇ ਗੁਰੂ-ਧਾਮਾਂ ਦੀ ਯਾਤ੍ਰਾ ਉਤੇ ਦੋ ਵਾਰ ਗਏ ਅਤੇ ਧਰਮ-ਪ੍ਰਚਾਰ ਕੀਤਾ।

ਕਥਾ ਕਰਨ ਵਿਚ ਆਪ ਦੀ ਵਿਸ਼ੇਸ਼ ਰੁਚੀ ਸੀ। ਆਪ ਨੇ ਆਪਣੇ ਲਗਭਗ 1300 ਸ਼ਿਸ਼ਾਂ ਨੂੰ ਗੁਰੂ-ਗ੍ਰੰਥ ਸਾਹਿਬ ਦੀ ਕਥਾ ਕਰਨ ਵਿਚ ਨਿਪੁਣ ਬਣਾਉਣ ਲਈ ਆਪਣੇ ਜੀਵਨ ਵਿਚ 19 ਵਾਰ ਪੂਰੇ ਗ੍ਰੰਥ ਸਾਹਿਬ ਦੀ ਕਥਾ ਕਰਕੇ ਸੁਣਾਈ ਅਤੇ ਸਮਝਾਈ ਅਤੇ ਦੋ ਵਾਰ ਪੂਰੇ 'ਦਸਮ ਗ੍ਰੰਥ' ਦੀ ਕਥਾ ਵੀ ਕੀਤੀ। ਇਸ ਤੋਂ ਇਲਾਵਾ ਆਪ ਨੇ ਆਪਣੇ ਸ਼ਿਸ਼ਾਂ ਨੂੰ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਸਵੈਯਾਂ ਦੇ ਅਰਥਾਂ ਵਿਚ ਨਿਪੁਣ ਕੀਤਾ ਅਤੇ 'ਗੁਰ ਪ੍ਰਤਾਪ ਸੂਰਜ' ਦੀ ਵਿਆਖਿਆ ਵੀ ਕੀਤੀ। ਆਪ ਨੇ ਕਈ ਥਾਂਵਾਂ (ਭਿੰਡਰ ਕਲਾਂ, ਬੋਪਾਰਾਇ, ਤਖ਼ਤੂਪੁਰਾ ਆਦਿ) ਉਤੇ ਗੁਰਮਤਿ ਅਧਿਐਨ ਦੇ ਕੇਂਦਰ ਕਾਇਮ ਕੀਤੇ। ਆਪ ਨੇ ਮੋਗੇ ਦੇ ਨੇੜੇ ਰੋਡੇ ਪਿੰਡ ਵਿਚ ਗੁਰੂ ਤੇਗ ਬਹਾਦਰ ਸਕੂਲ ਦੀ ਸਥਾਪਨਾ ਕੀਤੀ ਜੋ ਹੁਣ ਕਾਲਜ ਦਾ ਰੂਪ ਧਾਰਣ ਕਰ ਚੁਕਿਆ ਹੈ। ਇਸ ਤੋਂ ਇਲਾਵਾ ਭਿੰਡਰ ਕਲਾਂ, ਕੋਕਰੀ ਕਲਾਂ, ਬੋਪਾਰਾਏ ਕਲਾਂ, ਤਖ਼ਤੂਪੁਰਾ, ਰਾਏਕੋਟ ਆਦਿ ਕਸਬਿਆਂ ਵਿਚ ਸਕੂਲ ਸਥਾਪਿਤ ਕੀਤੇ।

ਗੁਰਮਤਿ ਵਿਆਖਿਆ ਤੋਂ ਇਲਾਵਾ ਆਪ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਪੂਰੀ ਰੁਚੀ ਲਈ ਅਤੇ ਮੁਕਤਸਰ ਤੇ ਹੋਰਾਂ ਦੇ ਗੁਰੂ-ਧਾਮਾਂ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਵਾਇਆ। ਆਪ ਨੇ ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਬਾਣੀ ਦੀ ਵਿਆਖਿਆ ਵਿਚ ਲਗਾ ਦਿੱਤਾ। 15 ਫਰਵਰੀ 1930 ਈ.

ਨੂੰ ਆਪ ਦਾ ਦੇਹਾਂਤ ਗੁਰਦੁਆਰਾ ਸਚਖੰਡ ਬੋਪਾਰਾਏ ਕਲਾਂ ਪਿੰਡ ਵਿਚ ਹੋਇਆ। ਆਪ ਦੁਆਰਾ ਸ਼ੁਰੂ ਕੀਤੀ ਵਿਆਖਿਆ ਪ੍ਰਣਾਲੀ ਨੂੰ 'ਦਮਦਮੀ ਟਕਸਾਲ' ਦੇ ਨਾਂ ਨਾਲ ਪ੍ਰਸਿੱਧੀ ਮਿਲੀ। ਇਸ ਟਕਸਾਲ ਦਾ ਕੰਮ ਅਗੇ ਤੋਰਨ ਲਈ ਆਪ ਤੋਂ ਬਾਦ ਸੰਤ ਗੁਰਬਚਨ ਸਿੰਘ ਖ਼ਾਲਸਾ ਨੇ ਜ਼ਿੰਮੇਵਾਰੀ ਸੰਭਾਲੀ।

**ਸੁੰਦਰ ਸਿੰਘ ਮਜੀਠੀਆ, ਸਰ** (1872-1941 ਈ.): ਪੰਜਾਬ ਦੇ ਉਘੇ ਸਿੱਖ ਨੇਤਾ ਸ. ਸੁੰਦਰ ਸਿੰਘ ਦਾ ਜਨਮ ਰਾਜਾ ਸੂਰਤ ਸਿੰਘ ਦੇ ਘਰ 17 ਫ਼ਰਵਰੀ 1872 ਈ. ਨੂੰ ਮਜੀਠਾ ਨਾਂ ਦੇ ਕਸਬੇ ਵਿਚ ਹੋਇਆ। ਅਜੇ ਇਹ 6 ਸਾਲਾਂ ਦਾ ਸੀ ਤਾਂ ਮਾਤਾ ਚਲਾਣਾ ਕਰ ਗਈ ਅਤੇ 9 ਸਾਲ ਦਾ ਹੋਣ ਤਕ ਪਿਤਾ ਦਾ ਵੀ ਦੇਹਾਂਤ ਹੋ ਗਿਆ। ਫਿਰ ਇਸ ਦੀ ਦੇਖ-ਰੇਖ ਪਰਿਵਾਰਿਕ ਸਰਪ੍ਰਸਤਾਂ ਨੇ ਚੰਗੀ ਤਰ੍ਹਾਂ ਨਾਲ ਕੀਤੀ। ਇਸ ਨੇ ਮੁਢਲੀ ਤਾਲੀਮ ਗੌਰਮਿੰਟ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ ਇੰਟਰਮਿਡੀਏਟ (ਐਫ.ਏ.) ਦੀ ਪਰੀਖਿਆ ਪਾਸ ਕੀਤੀ। ਪੜ੍ਹਾਈ ਦੌਰਾਨ ਹੀ ਇਸ ਨੇ ਸੰਤ ਅਤਰ ਸਿੰਘ ਮਸਤੂਆਣਾ ਪਾਸੋਂ ਅੰਮ੍ਰਿਤ ਛਕਿਆ। ਉਸ ਤੋਂ ਬਾਦ ਇਹ ਆਪਣੇ ਨਿਜੀ ਕਾਰੋਬਾਰ ਵਿਚ ਰੁਝ ਗਿਆ। ਇਸ ਦਾ ਵਿਆਹ ਭਦੌੜ ਦੇ ਰਈਸ ਸਰ ਅਤਰ ਸਿੰਘ ਦੀ ਲੜਕੀ ਨਾਲ ਹੋਇਆ।

ਲਗਭਗ ਬਾਈ ਸਾਲਾਂ ਦੀ ਉਮਰ ਵਿਚ ਇਹ ਸਿੰਘ ਸਭਾ, ਅੰਮ੍ਰਿਤਸਰ ਵਿਚ ਸ਼ਾਮਲ ਹੋ ਗਿਆ। ਸੰਨ 1895 ਈ. ਵਿਚ ਇਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ ਦਾ ਮੈਂਬਰ ਬਣਿਆ। ਉਸ ਤੋਂ ਬਾਦ ਇਸ ਨੇ ਬੜੀ ਨਿਸ਼ਠਾ ਨਾਲ ਕਾਲਜ ਦਾ ਵਿਕਾਸ ਕੀਤਾ। ਇਹ ਸੰਨ 1902 ਤੋਂ 1912 ਈ. ਤਕ ਕਾਲਜ ਕੌਂਸਲ ਦਾ ਸਕੱਤਰ ਰਿਹਾ। ਉਸ ਤੋਂ ਬਾਦ ਸੰਨ 1920 ਈ. ਤੋਂ ਇਹ ਕਾਲਜ ਕੌਂਸਲ ਅਤੇ ਮੈਨੇਜਿੰਗ ਕਮੇਟੀ ਦਾ ਪ੍ਰਧਾਨ ਬਣਿਆ ਅਤੇ ਸੰਨ 1941 ਈ. ਤਕ ਇਸ ਪਦਵੀ ਨੂੰ ਸੁਸ਼ੋਭਿਤ ਕਰਦਾ ਰਿਹਾ। ਅਕਤੂਬਰ, 1902 ਈ. ਵਿਚ ਸਥਾਪਿਤ ਹੋਏ ਚੀਫ਼ ਖ਼ਾਲਸਾ ਦੀਵਾਨ ਦਾ ਇਹ ਫਾਊਂਡਰ ਮੈਂਬਰ ਬਣਿਆ। ਸੰਨ 1902 ਈ. ਤੋਂ 1920 ਈ. ਤਕ ਅਤੇ ਫਿਰ ਸੰਨ 1934 ਤੋਂ 1937 ਈ. ਤਕ ਉਸ ਦੇ ਸਕੱਤਰ ਦੀ ਸੇਵਾ ਨਿਭਾਉਂਦਾ ਰਿਹਾ। ਇਸ ਤੋਂ ਇਲਾਵਾ ਸੰਨ 1908 ਈ. ਵਿਚ ਸਿੱਖ ਐਜੂਕੇਸ਼ਨਲ ਕਾਨਫ਼੍ਰੰਸ ਸਥਾਪਿਤ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਇਸ ਦੀ ਚੌਥੇ, ਪੰਦਰ੍ਹਵੇਂ ਅਤੇ ਪੰਜੀਵੇਂ ਸੈਸ਼ਨਾਂ ਦੀ ਪ੍ਰਧਾਨਗੀ ਵੀ ਕੀਤੀ। ਵਪਾਰਕ ਖੇਤਰ ਵਿਚ ਇਸ ਨੇ ਸਰਦਾਰ ਨਗਰ (ਗੋਰਖਪੁਰ) ਵਿਚ ਖੰਡ ਮਿਲ ਚਾਲੂ ਕਰਨ ਵਿਚ ਪਹਿਲ ਕੀਤੀ। ਪੰਜਾਬ ਸਿੰਧ ਬੈਂਕ ਦੇ ਮੋਢੀਆਂ ਵਿਚ ਵੀ ਇਹ ਸ਼ਾਮਲ ਸੀ।

ਸਿੱਖ ਧਰਮ ਦੀ ਸਮਾਜਿਕ ਅਤੇ ਵਿਦਿਅਕ ਉਨਤੀ ਵਿਚ ਰੁਚੀ ਲੈਣ ਤੋਂ ਇਲਾਵਾ ਇਸ ਨੇ ਸਿੱਖ ਰਾਜਨੀਤੀ ਵਿਚ ਵੀ ਆਪਣਾ ਯੋਗਦਾਨ ਪਾਇਆ। ਸਭ ਤੋਂ ਪਹਿਲਾਂ ਸੰਨ 1909 ਈ. ਵਿਚ ਇਹ ਵਾਇਸਰਾਇ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਹੋਇਆ ਅਤੇ ਆਨੰਦ ਮੈਰਿਜ ਬਿਲ ਪਾਸ ਕਰਾਉਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਸਿੱਖਾਂ ਲਈ ਸਰਕਾਰੀ ਨੌਕਰੀਆਂ ਵਿਚ 20 ਪ੍ਰਤਿਸ਼ਤ ਦਾ ਆਰਕਸ਼ਣ ਕਰਵਾਇਆ। ਸੰਨ 1921 ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਜਾਣ 'ਤੇ ਮਾਲ ਮੰਤਰੀ ਬਣਿਆ। ਜੁਲਾਈ 1931 ਈ. ਵਿਚ ਹੋਈ ਰਾਊਂਡ ਟੇਬਲ ਕਾਨਫ਼੍ਰੰਸ ਵਿਚ ਸਿੱਖਾਂ ਦੀ ਘਟ-ਗਿਣਤੀ ਜਮਾਤ ਵਜੋਂ ਸੁਰਖਿਆ ਲਈ 17 ਮੰਗਾਂ ਪੇਸ਼ ਕੀਤੀਆਂ। ਸੰਨ 1936 ਈ. ਦੀ ਚੋਣ ਵੇਲੇ ਇਹ ਖ਼ਾਲਸਾ ਨੈਸ਼ਨਲ ਪਾਰਟੀ ਦੇ ਟਿਕਟ 'ਤੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਲਈ ਬਟਾਲਾ ਹਲਕੇ ਤੋਂ ਚੁਣਿਆ ਗਿਆ ਅਤੇ ਸਰ ਸਿਕੰਦਰ ਹਯਾਤ ਖ਼ਾਨ ਦੇ ਮੰਤਰੀ-ਮੰਡਲ ਵਿਚ ਮਾਲ ਮੰਤਰੀ ਬਣਿਆ ਜਿਸ ਔਹਦੇ ਉਤੇ ਇਸ ਨੇ 2 ਅਪ੍ਰੈਲ 1941 ਈ. ਨੂੰ ਆਪਣੀ ਮ੍ਰਿਤੂ ਵੇਲੇ ਤਕ ਕੰਮ ਕੀਤਾ।

ਇਸ ਦੀਆਂ ਬਹੁਪੱਖੀ ਸੇਵਾਵਾਂ ਕਰਕੇ ਸਰਕਾਰ ਵਲੋਂ ਇਸ ਨੂੰ ਕਈ ਸਨਮਾਨ ਮਿਲੇ ਜਿਵੇਂ : ਸਰਦਾਰ ਬਹਾਦਰ, ਸੀ.ਆਈ.ਈ., ਸਰ ਅਤੇ ਪੰਜਾਬ ਯੂਨੀਵਰਸਿਟੀ ਵਲੋਂ ਮਾਨ-ਅਰਥ ਡਾਕਟ੍ਰੇਟ। ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਵੀ ਇਸ ਨੂੰ ਅਨੇਕ ਵਾਰ ਸਨਮਾਨਿਤ ਕੀਤਾ ਗਿਆ। ਇਸ ਦਾ ਲੜਕਾ ਸ. ਸੁਰਜੀਤ ਸਿੰਘ ਮਜੀਠੀਆ, ਦੇਸ਼ ਦੀ ਆਜ਼ਾਦੀ ਤੋਂ ਬਾਦ ਨਹਿਰੂ ਮੰਤਰੀ-ਮੰਡਲ ਵਿਚ ਡਿਪਟੀ ਡਿਫੈਂਸ ਮਨਿਸਟਰ ਬਣਿਆ।

**ਸੁੰਦਰ ਸਿੰਘ ਲਾਇਲਪੁਰੀ, ਮਾਸਟਰ** (1885-1965 ਈ.) : ਪੰਜਾਬ ਦਾ ਇਕ ਸਿੱਖ ਨੇਤਾ, ਜਿਸ ਦਾ ਜਨਮ

ਸ. ਲਖਮੀਰ ਸਿੰਘ ਕੰਬੋਜ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 4 ਅਪ੍ਰੈਲ 1885 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਬਹੋੜੂ ਪਿੰਡ ਵਿਚ ਹੋਇਆ। ਬਾਦ ਵਿਚ ਇਸ ਦਾ ਪਰਿਵਾਰ ਸ਼ੇਖ਼ੂਪੁਰਾ ਜ਼ਿਲ੍ਹੇ ਦੀ ਨਹਿਰੀ ਆਬਾਦੀ ਵਿਚ ਜਾ ਟਿਕਿਆ ਅਤੇ ਉਥੇ 'ਚਕ ਨੰ. 18 ਬਹੋੜੂ' ਨਾਂ ਦਾ ਨਵਾਂ ਪਿੰਡ ਵਸਾਇਆ। ਇਸ ਨੇ ਪਹਿਲਾਂ ਬਹੋੜੂ ਵਿਚ ਪੜ੍ਹਨਾ ਸ਼ੁਰੂ ਕੀਤਾ ਅਤੇ ਫਿਰ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਪੈਂਦੇ ਸ਼ਾਹਕੋਟ ਨਾਮਕ ਕਸਬੇ ਵਿਚ ਜਾ ਦਾਖ਼ਲ ਹੋਇਆ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. (ਆਨਰਜ਼) ਪਾਸ ਕਰਕੇ ਫਿਰ ਗੌਰਮਿੰਟ ਟ੍ਰੇਨਿੰਗ ਕਾਲਜ ਲਾਹੌਰ ਤੋਂ ਇਸ ਨੇ ਬੀ.ਟੀ. ਦੀ ਪਰੀਖਿਆ ਪਾਸ ਕੀਤੀ। ਸਭ ਤੋਂ ਪਹਿਲਾਂ ਸੰਨ 1908 ਈ. ਵਿਚ ਮਾਸਟਰ ਤਾਰਾ ਸਿੰਘ ਨੇ ਇਸ ਨੂੰ ਖ਼ਾਲਸਾ ਹਾਈ ਸਕੂਲ, ਲਾਇਲਪੁਰ ਵਿਚ ਨੌਕਰੀ ਲਈ ਬੁਲਾ ਲਿਆ। ਫਿਰ ਇਸ ਨੇ ਖ਼ਾਲਸਾ ਹਾਈ ਸਕੂਲ, ਚਕ ਨੰ. 41 ਅਤੇ ਸਾਂਗਲਾ ਵਿਚ ਅਧਿਆਪਨ ਦਾ ਕੰਮ ਕੀਤਾ।

ਲਾਇਲਪੁਰ ਦੀ ਠਹਿਰ ਦੌਰਾਨ, ਸ. ਹਰਚੰਦ ਸਿੰਘ ਦੇ ਪ੍ਰਭਾਵ ਅਧੀਨ ਇਸ ਦਾ ਝੁਕਾ ਰਾਜਨੀਤੀ ਵਲ ਹੋ ਗਿਆ। ਸੰਨ 1908 ਈ. ਵਿਚ ਜਦੋਂ ਪੰਜਾਬ ਸਰਕਾਰ ਨੇ ਆਪਣੇ ਹਿਤਾਂ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵਿਧਾਨ ਨੂੰ ਬਦਲਣ ਦਾ ਫ਼ੈਸਲਾ ਕੀਤਾ ਤਾਂ ਇਸ ਨੇ ਜੁਲਾਈ 1909 ਈ. ਵਿਚ ਬੜੇ ਜ਼ੋਰਦਾਰ ਸ਼ਬਦਾਂ ਵਾਲਾ ਇਕ ਪੈਂਫਲਿਟ ਛਾਪਿਆ ਜਿਸ ਦਾ ਸਿਰਲੇਖ ਸੀ 'ਕੀ ਖ਼ਾਲਸਾ ਕਾਲਜ ਸਿੱਖਾਂ ਦਾ ਹੈ?' ਇਸੇ ਸਾਲ ਇਸ ਨੇ ਲਾਇਲਪੁਰ ਤੋਂ 'ਸੱਚਾ ਢੰਡੋਰਾ' ਨਾਂ ਦਾ ਪਰਚਾ ਕਢਣਾ ਸ਼ੁਰੂ ਕੀਤਾ, ਪਰ ਸਰਕਾਰ ਵਿਰੋਧੀ ਲਿਖਿਤਾਂ ਕਾਰਣ ਜਲਦੀ ਹੀ ਬੰਦ ਕਰ ਦਿੱਤਾ ਗਿਆ। ਗੁਰਦੁਆਰਾ ਸੁਧਾਰ ਲਹਿਰ ਦੇ ਉਦੇਸ਼ਾਂ ਨੂੰ ਅਮਲੀ ਜਾਮਾ ਪਵਾਉਣ ਲਈ ਇਸ ਨੇ 21 ਮਈ 1920 ਈ. ਨੂੰ ਲਾਹੌਰ ਤੋਂ 'ਅਕਾਲੀ' ਨਾਂ ਦਾ ਦੈਨਿਕ ਅਖ਼ਬਾਰ ਸ਼ੁਰੂ ਕੀਤਾ। ਇਸ ਵਿਚ ਸੁੰਦਰ ਸਿੰਘ ਨੇ ਉਸ ਵਕਤ ਦੇ ਸਿੱਖਾਂ ਦੇ ਭਖਦੇ ਮਸਲਿਆਂ ਬਾਰੇ ਲਿਖਿਆ, ਤਾਂ ਜੋ ਕੌਮ ਵਿਚ ਜਾਗ੍ਰਿਤੀ ਪੈਦਾ ਕੀਤੀ ਜਾ ਸਕੇ। ਦਰਬਾਰ ਸਾਹਿਬ ਦੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਦੇ ਮੋਰਚੇ ਵਿਚ ਇਹ ਅਜਨਾਲੇ ਤੋਂ 26 ਨਵੰਬਰ 1921 ਈ. ਨੂੰ ਪਕੜਿਆ ਗਿਆ ਅਤੇ ਛੇ ਮਹੀਨੇ ਦੀ ਸਜ਼ਾ ਭੁਗਤੀ।

ਜੁਲਾਈ 1922 ਈ. ਨੂੰ 'ਅਕਾਲੀ' ਅਖ਼ਬਾਰ ਨੂੰ 'ਪਰਦੇਸੀ ਖ਼ਾਲਸਾ' ਨਾਲ ਮਿਲਾ ਕੇ 'ਅਕਾਲੀ ਤੇ ਪਰਦੇਸੀ' ਨਾਂ ਅਧੀਨ ਅੰਮ੍ਰਿਤਸਰ ਤੋਂ ਛਾਪਣਾ ਸ਼ੁਰੂ ਕੀਤਾ। ਸੰਨ 1925 ਈ. ਵਿਚ ਗੁਰਦੁਆਰਾ ਐਕਟ ਦੇ ਪਾਸ ਹੋ ਜਾਣ ਤੋਂ ਬਾਦ ਜਦੋਂ ਅਕਾਲੀਆਂ ਨੂੰ ਇਸ ਸ਼ਰਤ ਉਤੇ ਛਡਿਆ ਗਿਆ ਕਿ ਉਹ ਐਕਟ ਅਨੁਸਾਰ ਕੰਮ ਕਰਨਗੇ, ਤਾਂ ਇਹ ਉਸ ਧੜੇ ਨਾਲ ਨਿਭਿਆ ਜੋ ਜੇਲ੍ਹਾਂ ਅੰਦਰ ਹੀ ਰਿਹਾ ਅਤੇ ਸ਼ਰਤ ਨੂੰ ਮੰਨਣੋਂ ਸੰਕੋਚ ਕੀਤਾ। ਇਸ ਨੇ 1924 ਈ. ਵਿਚ 'ਅਕਾਲੀ' ਪਤ੍ਰਿਕਾ ਉਰਦੂ ਵਿਚ ਕਢਣੀ ਸ਼ੁਰੂ ਕੀਤੀ, ਪਰ ਬਹੁਤ ਸਮਾਂ ਚਲ ਨ ਸਕੀ। ਇਸ ਨੇ 'ਗੁਰੂ ਖ਼ਾਲਸਾ', 'ਦਲੇਰ ਖ਼ਾਲਸਾ', 'ਕੁੰਦਨ', 'ਨਵਯੁਗ' ਨਾਂ ਦੀਆਂ ਵੀ ਕਈ ਪਤ੍ਰਿਕਾਵਾਂ ਚਲਾਉਣ ਦਾ ਉਦਮ ਕੀਤਾ, ਪਰ ਕਾਮਯਾਬ ਨ ਹੋਇਆ। ਅਖ਼ਬਾਰਾਂ ਦਾ ਪੇਟ ਭਰਨ ਲਈ ਇਸ ਨੇ ਉਸ ਵਕਤ ਦੇ ਭਖਦੇ ਮਸਲਿਆਂ ਤੋਂ ਇਲਾਵਾ, ਗੁਰੂ ਸਾਹਿਬਾਨ ਬਾਰੇ ਬਹੁਤ ਸਾਰੇ ਲੇਖ, ਕਵਿਤਾਵਾਂ ਅਤੇ ਪੈਂਫਲਿਟ ਪ੍ਰਕਾਸ਼ਿਤ ਕੀਤੇ।

ਦੇਸ਼-ਵੰਡ ਤੋਂ ਬਾਦ ਇਸ ਨੂੰ ਹਿਸਾਰ ਜ਼ਿਲ੍ਹੇ ਵਿਚ ਜ਼ਮੀਨ ਮਿਲੀ। ਉਥੇ ਹੀ 5 ਜਨਵਰੀ 1969 ਈ. ਨੂੰ ਇਸ ਦਾ ਦੇਹਾਂਤ ਹੋਇਆ। ਅਕਾਲੀ ਮੋਰਚਿਆਂ ਦੀ ਸਰਗਰਮੀ ਵਿਚ ਇਸ ਦਾ ਨਾਂ ਖ਼ਾਸ ਉੱਲੇਖਯੋਗ ਰਿਹਾ।

**ਸੁੰਦਰ, ਬਾਬਾ** : 'ਗੁਰਪ੍ਰਤਾਪ-ਸੂਰਜ' (*ਨੰਦਨ ਮੋਹਰੀ ਨਾਮ ਅਨੰਦ। ਤਿਹ ਨੰਦਨ ਸੁੰਦਰ ਮਤਿਵੰਦ*) ਅਨੁਸਾਰ ਸੁੰਦਰ ਗੁਰੂ ਅਮਰਦਾਸ ਜੀ ਦਾ ਪੜਪੋਤਾ, ਮੋਹਰੀ ਦਾ ਪੋਤਾ ਅਤੇ ਅਨੰਦ ਦਾ ਪੁੱਤਰ ਸੀ। ਬਾਬਾ ਸੁੰਦਰ ਦਾ ਲਿਖਿਆ ਛੇ ਪਦਿਆਂ ਦਾ ਇਕ 'ਸਦ' ਗੁਰੂ ਗ੍ਰੰਥ ਸਾਹਿਬ (ਪੰਨਾ 923) ਵਿਚ ਰਾਮਕਲੀ ਰਾਗ ਅਧੀਨ ਦਰਜ ਹੈ। ਸਿੱਖ-ਰਵਾਇਤ ਅਨੁਸਾਰ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਵੇਲੇ ਉਨ੍ਹਾਂ ਵਲੋਂ ਦਿੱਤੇ ਉਪਦੇਸ਼ ਨੂੰ ਸੁੰਦਰ ਨੇ ਇਸ 'ਸਦ' ਦੇ ਰੂਪਾਕਾਰ ਰਾਹੀਂ ਪ੍ਰਗਟ ਕੀਤਾ।

ਮਹਾਨਕੋਸ਼ਕਾਰ ਨੇ ਬਾਬਾ ਅਨੰਦ ਦਾ ਜਨਮ ਸੰਨ 1554 ਈ. ਵਿਚ ਦਸਿਆ ਹੈ। ਰਵਾਇਤ ਹੈ ਕਿ ਇਸ ਦੇ ਜਨਮ ਦੀ ਖ਼ੁਸ਼ੀ ਵਿਚ ਹੀ ਗੁਰੂ ਅਮਰਦਾਸ ਜੀ ਨੇ 'ਅਨੰਦੁ' ਬਾਣੀ ਦੀ ਰਚਨਾ ਕੀਤੀ ਸੀ। ਗੁਰੂ ਅਮਰਦਾਸ ਜੀ ਦਾ ਗੁਰੂ-ਗੱਦੀ ਕਾਲ ਸੰਨ 1552 ਤੋਂ 1574 ਈ. ਤਕ ਹੈ। ਸੰਨ 1554 ਈ. ਵਿਚ ਜਨਮੇ ਬਾਬਾ ਅਨੰਦ ਦਾ ਪੁੱਤਰ ਕਦੋਂ ਪੈਦਾ ਹੋਇਆ ਅਤੇ ਕਦੋਂ ਇਤਨਾ ਵੱਡਾ ਹੋ ਗਿਆ ਕਿ ਸੰਨ 1574 ਈ. ਵਿਚ ਉਸ ਨੇ 'ਸਦ' ਲਿਖ ਲਿਆ ? ਇਨ੍ਹਾਂ ਸ਼ੰਕਾਵਾਂ ਦਾ ਉੱਤਰ ਇਤਿਹਾਸ ਤੋਂ ਨਹੀਂ ਮਿਲਦਾ। ਇਸ

ਨਾਲ ਸੁੰਦਰ ਦੀ ਇਤਿਹਾਸਿਕਤਾ ਸੰਦਿਗਧ ਹੋ ਜਾਂਦੀ ਹੈ। ਸੰਭਵ ਹੈ ਉਸ ਨੇ ਆਪਣੇ ਵਡਿਆਂ ਤੋਂ ਗੁਰੂ ਅਮਰਦਾਸ ਵਲੋਂ ਆਪਣੇ ਅੰਤ-ਕਾਲ ਵੇਲੇ ਦਿੱਤੇ ਉਪਦੇਸ਼ ਨੂੰ ਸੁਣ ਕੇ ਕਲਮਬੰਦ ਕੀਤਾ ਹੋਵੇ। ਇਸ ਲਈ ਇਸ ਸਦ ਦਾ ਰਚਨਾ-ਕਾਲ 16ਵੀਂ ਸਦੀ ਦਾ ਅੰਤਿਮ ਦਹਾਕਾ ਪ੍ਰਤੀਤ ਹੁੰਦਾ ਹੈ।

ਇਸ ਰਚਨਾ ਦਾ ਇਤਿਹਾਸਿਕ ਮਹੱਤਵ ਹੈ ਕਿਉਂਕਿ ਇਕ ਤਾਂ ਗੁਰੂ ਅਮਰਦਾਸ ਜੀ ਦੁਆਰਾ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਿੱਤੇ ਜਾਣ ਅਤੇ ਛੋਟੇ ਪੁੱਤਰ ਬਾਬਾ ਮੋਹਰੀ ਦੁਆਰਾ ਇਸ ਫ਼ੈਸਲੇ ਨੂੰ ਸਵੀਕਾਰ ਕਰ ਲਏ ਜਾਣ ਦਾ ਸੰਕੇਤ ਮਿਲਦਾ ਹੈ— *ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ।* ਇਥੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਵੱਡਾ ਪੁੱਤਰ ਬਾਬਾ ਮੋਹਨ ਇਸ ਫ਼ੈਸਲੇ ਨਾਲ ਸਮਝੌਤਾ ਨ ਕਰ ਸਕਿਆ। ਦੂਜਾ ਇਹ ਕਿ ਇਸ ਦੁਆਰਾ ਕ੍ਰਿਆ-ਕਰਮ ਸੰਬੰਧੀ ਸਿੱਖ-ਸਭਿਆਚਾਰ ਦਾ ਸਰੂਪ ਸਪੱਸ਼ਟ ਹੁੰਦਾ ਹੈ। ਜਗਤ ਨਸ਼ਵਰ ਹੈ, ਹਰ ਇਕ ਨੇ ਮਰਨਾ ਹੈ। ਮ੍ਰਿਤੂ ਭਾਣੇ ਅਧੀਨ ਹੈ। ਭਾਣਾ ਮੰਨਣਾ ਹਰ ਸਿੱਖ ਦਾ ਕਰਤੱਵ ਹੈ। ਦਰਗਾਹੀ ਸੱਦੇ ਉਤੇ ਹੀ ਵਿਅਕਤੀ ਇਸ ਸੰਸਾਰ ਤੋਂ ਜਾਂਦਾ ਹੈ। ਰੋਣ ਧੋਣ ਦੀ ਥਾਂ ਹਰਿ-ਜਸ ਦਾ ਕੀਰਤਨ ਕਰਨਾ, ਸਤਿਸੰਗੀਆਂ ਨੂੰ ਬੁਲਾ ਕੇ ਕਥਾ-ਵਾਰਤਾ ਕਰਨਾ ਅਤੇ ਹਰਿ-ਨਾਮ ਦਾ ਸ਼੍ਰਵਣ ਕਰਨਾ, ਇਹੀ ਪਿੰਡ-ਪਤਲ ਅਤੇ ਹੋਰ ਅੰਤਿਮ ਕ੍ਰਿਆਵਾਂ ਹਨ। ਇਸ ਪ੍ਰਕਾਰ ਦੇ ਗੁਰੂ ਜੀ ਦੇ ਉਪਦੇਸ਼ ਅਗੇ ਸਭ ਨੇ ਸਿਰ ਨਿਵਾ ਦਿੱਤਾ— *ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ।*

ਛੇ ਪਦਿਆਂ ਦੀ ਇਸ ਸੰਖਿਪਤ ਰਚਨਾ ਦੇ ਹਰ ਪਦੇ ਵਿਚ ਛੇ ਛੇ ਤੁਕਾਂ ਹਨ। ਤੁਕਾਂ ਵਿਚ ਮਾਤ੍ਰਾਵਾਂ ਦੀ ਸਮਾਨਤਾ ਨਹੀਂ ਹੈ। ਕੁਝ ਪਦਿਆਂ ਵਿਚ ਦੂਜੀ ਤੁਕ ਦਾ ਕੁਝ ਅੰਸ਼ ਤੀਜੀ ਤੁਕ ਵਿਚ 'ਕੁੰਡਲੀਆਂ ਛੰਦ' ਦੀ ਸ਼ੈਲੀ ਅਨੁਸਾਰ ਦੁਹਰਾਇਆ ਵੀ ਮਿਲਦਾ ਹੈ। ਵੈਰਾਗਮਈ ਹੋਣ ਕਾਰਣ ਇਸ ਦੀ ਭਾਸ਼ਾ ਭਾਵਾਨੁਕੂਲ ਹੈ ਅਤੇ ਉਸ ਵਕਤ ਪ੍ਰਚਲਿਤ ਪੰਜਾਬੀ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ।

**ਸੁੰਦਰੀ, ਮਾਤਾ** (1667-1747 ਈ.): ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰੀ ਦਾ ਜਨਮ 23 ਦਸੰਬਰ 1667 ਈ. ਨੂੰ ਲਾਹੌਰ ਦੇ ਭਾਈ ਰਾਮ ਸਰਨ ਕੁਮਰਾਵ ਖਤ੍ਰੀ ਦੇ ਘਰ ਹੋਇਆ। ਭਾਈ ਰਾਮ ਸਰਨ ਇਕ ਸੌਖੇ ਪਿਛੋਕੜ ਵਾਲਾ ਗੁਰੂ ਨਾਮ-ਲੇਵਾ ਸੀ। ਉਸ ਨੇ ਚਾਹਿਆ ਕਿ ਉਹ ਆਪਣੀ ਪੁੱਤਰੀ ਦਾ ਵਿਆਹ ਲਾਹੌਰ ਵਿਚ ਹੀ ਕਰੇ। ਪਰ ਵਿਕਟ ਪਰਿਸਥਿਤੀਆਂ ਕਾਰਣ ਗੁਰੂ ਜੀ ਨੇ ਆਨੰਦਪੁਰ ਦੇ ਨੇੜੇ ਹੀ ਇਕ ਨਵਾਂ ਲਾਹੌਰ ਬਣਾ ਕੇ ਉਥੇ ਸੰਨ 1684 ਈ. (7 ਵਿਸਾਖ, 1741 ਬਿ.) ਵਿਚ ਵਿਆਹ ਸੰਪੰਨ ਕੀਤਾ ਜੋ ਹੁਣ 'ਗੁਰੂ ਕਾ ਲਾਹੌਰ' ਨਾਂ ਨਾਲ ਪ੍ਰਸਿੱਧ ਹੈ।

ਆਪ ਦੀ ਕੁਖੋਂ ਸੰਨ 1686 ਈ. (23 ਮਾਘ, 1743 ਬਿ.) ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਆਪ ਨੇ ਗੁਰੂ ਜੀ ਵਲੋਂ ਚਲਾਏ ਜਾ ਰਹੇ ਧਰਮ ਅੰਦੋਲਨ ਵਿਚ ਪੂਰਾ ਪੂਰਾ ਸਹਿਯੋਗ ਦਿੱਤਾ। ਜਦੋਂ ਆਨੰਦਪੁਰ ਕਿਲ੍ਹਾ ਛਡਣ 'ਤੇ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ, ਤਾਂ ਆਪ ਮਾਤਾ ਸਾਹਿਬ ਕੌਰ ਅਤੇ ਭਾਈ ਮਨੀ ਸਿੰਘ ਸਹਿਤ ਦਿੱਲੀ ਪਹੁੰਚ ਗਏ। ਜਦ ਗੁਰੂ ਜੀ ਦਮਦਮਾ ਸਾਹਿਬ ਪਹੁੰਚੇ ਤਾਂ ਉਨ੍ਹਾਂ ਨੂੰ ਮਿਲਣ ਲਈ ਮਾਤਾ ਸਾਹਿਬ ਕੌਰ ਸਮੇਤ ਆਪ ਦਮਦਮਾ ਸਾਹਿਬ ਗਏ। ਉਥੇ ਕੁਝ ਸਮਾਂ ਠਹਿਰ ਕੇ ਫਿਰ ਦਿੱਲੀ ਪਰਤ ਆਏ। ਪਾਲਿਤ ਪੁੱਤਰ ਅਜੀਤ ਸਿੰਘ ਦੇ ਮਾਰੇ ਜਾਣ ਤੋਂ ਬਾਦ ਦਿੱਲੀ ਦੇ ਹਾਲਾਤ ਨ ਠੀਕ ਹੋਣ ਕਾਰਣ ਆਪ ਸੰਨ 1725 ਈ. ਵਿਚ ਪਹਿਲਾਂ ਮਥੁਰਾ ਚਲੇ ਗਏ ਅਤੇ ਫਿਰ ਜੈਪੁਰ ਦੇ ਮਹਾਰਾਜਾ ਪਾਸ ਜੈਪੁਰ ਜਾ ਠਹਿਰੇ। ਮੁਹੰਮਦ ਸ਼ਾਹ ਰੰਗੀਲਾ ਦੇ ਬਾਦਸ਼ਾਹ ਬਣਨ 'ਤੇ ਜਦ ਦਿੱਲੀ ਦੇ ਹਾਲਾਤ ਸੁਧਰੇ, ਤਦ ਸੰਨ 1727 ਈ. ਵਿਚ ਆਪ ਦਿੱਲੀ ਵਾਪਸ ਪਰਤ ਆਏ ਅਤੇ ਆਪਣੇ ਅੰਤ-ਕਾਲ ਤਕ ਦਿੱਲੀ ਹੀ ਰਹੇ। ਆਪ ਦੀ ਰਿਹਾਇਸ਼ੀ ਹਵੇਲੀ ਵਾਲੀ ਥਾਂ 'ਤੇ ਹੁਣ ਗੁਰਦੁਆਰਾ ਮਾਤਾ ਸੁੰਦਰੀ ਸੁਸ਼ੋਭਿਤ ਹੈ।

ਆਪ ਦਾ ਦੇਹਾਂਤ ਸੰਨ 1747 ਈ. (1804 ਬਿ.) ਵਿਚ ਦਿੱਲੀ ਵਿਚ ਹੋਇਆ ਅਤੇ ਦਾਹ-ਸਸਕਾਰ ਗੁਰਦੁਆਰਾ ਬਾਲਾ ਸਾਹਿਬ ਵਾਲੇ ਸਥਾਨ ਉਤੇ ਕੀਤਾ ਗਿਆ। ਆਪ ਲਗਭਗ 43 ਵਰ੍ਹੇ ਦਿੱਲੀ ਰਹੇ। ਇਸ ਦੌਰਾਨ ਆਪ ਕਈ ਵਾਰ ਬਾਹਰ ਵੀ ਗਏ, ਪਰ ਆਪ ਦਾ ਪੱਕਾ ਠਿਕਾਣਾ ਦਿੱਲੀ ਹੀ ਰਿਹਾ।

ਮਾਤਾ ਸੁੰਦਰੀ ਜੀ ਗੁਰੂ ਸਾਹਿਬ ਦੇ ਦੇਹਾਂਤ ਤੋਂ ਬਾਦ ਲਗਭਗ 40 ਵਰ੍ਹੇ ਜੀਉਂਦੇ ਰਹੇ। ਆਪ ਨੇ ਗੁਰੂ ਸਾਹਿਬ ਤੋਂ ਬਾਦ ਬੜੇ ਲੰਬੇ ਸਮੇਂ ਤਕ ਪੰਥ ਦੀ ਅਗਵਾਈ ਕੀਤੀ ਅਤੇ ਬੜੇ ਸੰਤੁਲਿਤ ਢੰਗ ਨਾਲ ਪੰਥ ਨੂੰ ਖਿੰਡਣ ਤੋਂ ਬਚਾਇਆ। ਸਿੱਖੀ ਦਾ ਜਜ਼ਬਾ ਆਪ ਅੰਦਰ ਇਤਨਾ ਪ੍ਰਬਲ ਸੀ ਕਿ ਆਪਣੇ

ਪਾਲਿਤ ਪੁੱਤਰ ਅਜੀਤ ਸਿੰਘ ਨੂੰ ਕੇਸਾਂ ਦਾ ਅਪਮਾਨ ਕਰਨ 'ਤੇ ਫਿਰ ਮੂੰਹ ਨਹੀਂ ਲਗਾਇਆ। ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦਾ ਗ੍ਰੰਥੀ ਸਥਾਪਿਤ ਕਰਕੇ ਪੰਥ ਨੂੰ ਸੰਗਠਿਤ ਕਰਨ ਦਾ ਪੂਰਾ ਉਦਮ ਕੀਤਾ। ਤਤ-ਖ਼ਾਲਸੇ ਅਤੇ ਬੰਦਈ ਸਿੰਘਾਂ ਵਿਚ ਉਠ ਖੜੋਤੇ ਵਿਵਾਦ ਨੂੰ ਭਾਈ ਮਨੀ ਸਿੰਘ ਦੁਆਰਾ ਸਮਾਪਤ ਕੀਤਾ। ਦਸਮ ਗੁਰੂ ਦੀ ਬਾਣੀ ਨੂੰ ਇਕੱਠਾ ਕਰਨ ਲਈ ਉਪਰਾਲਾ ਕੀਤਾ ਅਤੇ ਬਾਬਾ ਦੀਪ ਸਿੰਘ ਦੁਆਰਾ ਦਮਦਮੀ ਟਕਸਾਲ ਨੂੰ ਵਿਵਸਥਿਤ ਰੂਪ ਪ੍ਰਦਾਨ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜਾਂ ਲਿਖਵਾ ਕੇ ਚਾਰ ਤਖ਼ਤਾਂ ਉਪਰ ਸਥਾਪਿਤ ਕਰਵਾਈਆਂ। ਇਸ ਤਰ੍ਹਾਂ ਸਿੱਖ ਪੰਥ ਦੇ ਵਿਕਾਸ ਵਿਚ ਆਪ ਨੇ ਮਹੱਤਵਪੂਰਣ ਯੋਗਦਾਨ ਦਿੱਤਾ।

**ਸ਼ੁੱਧੀ ਸਭਾ** : 'ਸ਼ੁੱਧੀ' ਤੋਂ ਭਾਵ ਹੈ ਕਿਸੇ ਧਰਮ ਤੋਂ ਪਤਿਤ ਹੋਏ ਵਿਅਕਤੀ ਨੂੰ ਫਿਰ ਧਰਮ ਅਨੁਸਾਰ ਪਵਿੱਤਰ ਕਰਨ ਦੀ ਪ੍ਰਕ੍ਰਿਆ। ਅੰਗ੍ਰੇਜ਼ਾਂ ਦੇ ਪੰਜਾਬ ਉਤੇ ਕਾਬਜ਼ ਹੋਣ ਤੋਂ ਬਾਦ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ-ਪ੍ਰਚਾਰ ਦਾ ਕੰਮ ਤੇਜ਼ ਕਰ ਦਿੱਤਾ। ਉਨ੍ਹਾਂ ਨੇ ਭਾਵੇਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਤਿੰਨਾਂ ਧਰਮਾਂ ਵਾਲਿਆਂ ਨੂੰ ਈਸਾਈ ਬਣਾਉਣ ਦਾ ਯਤਨ ਕੀਤਾ, ਪਰ ਉਹ ਸਿੱਖਾਂ ਨੂੰ ਈਸਾਈ ਬਣਾਉਣ ਵਲ ਅਧਿਕ ਰੁਚਿਤ ਹੋਏ, ਕਿਉਂਕਿ ਰਾਜ ਖੁਸ ਜਾਣ ਕਾਰਣ ਸਿੱਖ ਸਮਾਜ ਰਸਾਤਲ-ਗ੍ਰਸਤ ਹੋ ਚੁਕਾ ਸੀ। ਨਿਰਾਸ਼ਾ ਦੀ ਹਾਲਤ ਵਿਚ ਪਤਿਤ ਹੋਣ ਦੀ ਭਾਵਨਾ ਜਲਦੀ ਵਿਕਸਿਤ ਹੋ ਜਾਇਆ ਕਰਦੀ ਹੈ।

ਮੁਸਲਮਾਨਾਂ ਨੇ ਈਸਾਈ ਬਣੇ ਮੁਸਲਮਾਨਾਂ ਨੂੰ ਮੁੜ ਇਸਲਾਮ ਵਿਚ ਪ੍ਰਵੇਸ਼ ਕਰਨ ਦੀ ਉਦਾਰਤਾ-ਪੂਰਵਕ ਪ੍ਰਵਾਨਗੀ ਦੇਣ ਲਈ ਕਈ ਸੰਸਥਾਵਾਂ ਬਣਾਈਆਂ, ਪਰ ਹਿੰਦੂਆਂ ਨੇ ਅਜਿਹੀ ਕੋਈ ਉਦਾਰਤਾ ਨ ਦਿਖਾਈ। ਬਾਦ ਵਿਚ ਆਰਯ ਸਮਾਜ ਦੀ ਸਥਾਪਨਾ ਨਾਲ ਈਸਾਈ ਬਣੇ ਹਿੰਦੂਆਂ ਲਈ ਮੁੜ ਹਿੰਦੂ ਬਣਨ ਦਾ ਦੁਆਰ ਖੁਲ੍ਹ ਗਿਆ। ਈਸਾਈ ਬਣੇ ਸਿੱਖਾਂ ਨੂੰ ਮੁੜ ਸਿੱਖ ਬਣਾਉਣ ਦਾ ਉਦਮ ਸਿੰਘ ਸਭਾ ਵਲੋਂ ਘਟ ਹੀ ਹੋਇਆ, ਕਿਉਂਕਿ ਉਸ ਦਾ ਮੁੱਖ ਉਦੇਸ਼ ਸਿੱਖਾਂ ਵਿਚ ਧਾਰਮਿਕ ਅਤੇ ਵਿਦਿਅਕ ਸੁਧਾਰ ਲਿਆਉਣਾ ਸੀ।

ਸ਼ੁੱਧੀਕਰਣ ਦੇ ਆਸ਼ੇ ਨੂੰ ਲੈ ਕੇ ਲਾਹੌਰ ਨਿਵਾਸੀ ਭਾਈ ਉਤਮ ਸਿੰਘ ਅਤੇ ਭਾਈ ਨਿਹਾਲ ਸਿੰਘ ਨੇ 'ਜੱਟ ਸਿੰਘ ਸਭਾ' ਦੀ ਸਥਾਪਨਾ ਕੀਤੀ। ਪਰ ਇਕ ਵਿਵਸਥਿਤ 'ਸ਼ੁੱਧੀ ਸਭਾ' ਦੀ ਸਥਾਪਨਾ ਡਾ. ਜੈ ਸਿੰਘ ਨੇ 17 ਅਪ੍ਰੈਲ 1893 ਈ. ਵਿਚ ਲਾਹੌਰ ਵਿਚ ਸਥਾਪਿਤ ਕੀਤੀ, ਜਿਸ ਵਿਚ ਸਿੰਘ ਸਭਾ, ਜੱਟ ਸਿੰਘ ਸਭਾ, ਆਰਯ ਸਮਾਜ, ਸਨਾਤਨ ਧਰਮ ਸਭਾ ਅਤੇ ਪੰਡਿਤ ਸਭਾ ਦੇ ਪ੍ਰਤਿਨਿਧ ਸ਼ਾਮਲ ਕੀਤੇ ਗਏ। ਇਸ ਦਾ ਪਹਿਲਾ ਪ੍ਰਧਾਨ ਸ. ਬਸੰਤ ਸਿੰਘ ਸੀ ਅਤੇ ਬਖ਼ਸ਼ੀ ਦਿਲਬਾਗ਼ ਰਾਇ ਨੂੰ ਉਪ-ਪ੍ਰਧਾਨ ਬਣਾਇਆ ਗਿਆ। ਇਸ ਸਭਾ ਦੇ ਉਦਮ ਨਾਲ ਇਕ ਤਾਂ ਪਤਿਤਪੁਣੇ ਨੂੰ ਠਲ੍ਹ ਪਈ, ਦੂਜੇ ਪਤਿਤ ਹੋਇਆਂ ਨੂੰ ਫਿਰ ਸ਼ੁੱਧ ਕੀਤਾ ਜਾਣ ਲਗਿਆ। ਜੇ ਕੋਈ ਪਤਿਤ ਹੋਇਆਂ ਹਿੰਦੂ ਸਿੱਖ ਬਣਨ ਦਾ ਚਾਹਵਾਨ ਹੁੰਦਾ ਅਤੇ ਤੁਰਤ ਅੰਮ੍ਰਿਤ ਪਾਨ ਕਰਨ ਦੀ ਸਥਿਤੀ ਵਿਚ ਨ ਹੁੰਦਾ ਤਾਂ ਉਸ ਨੂੰ ਪਹਿਲਾਂ ਸਹਿਜਧਾਰੀ ਸਿੱਖ ਬਣਾਇਆ ਜਾਂਦਾ ਅਤੇ ਬਾਦ ਵਿਚ ਅੰਮ੍ਰਿਤ ਛਕਾਇਆ ਜਾਂਦਾ। ਇਸ ਸਭਾ ਰਾਹੀਂ ਬਹੁਤ ਸਾਰੇ ਪਤਿਤਾਂ ਨੂੰ ਸ਼ੁੱਧ ਕੀਤਾ ਗਿਆ ਅਤੇ ਸ਼ੁੱਧੀਕਰਣ ਦੇ ਪ੍ਰਚਾਰ ਲਈ 'ਸ਼ੁੱਧੀ ਪੱਤਰ ਖ਼ਾਲਸਾ ਧਰਮ ਪਰਕਾਸ਼ਕ' ਨਾਂ ਦੀ ਪਤ੍ਰਿਕਾ ਵੀ ਪ੍ਰਕਾਸ਼ਿਤ ਕੀਤੀ ਗਈ। ਪਰ ਡਾ. ਜੈ ਸਿੰਘ ਦਾ 9 ਜੂਨ 1898 ਈ. ਵਿਚ ਦੇਹਾਂਤ ਹੋ ਜਾਣ ਨਾਲ ਇਸ ਸਭਾ ਦੀ ਗਤਿਵਿਧੀ ਰੁਕ ਗਈ ਅਤੇ ਪਤ੍ਰਿਕਾ ਵੀ ਬੰਦ ਹੋ ਗਈ।

**ਸੁੰਨ ਸਮਾਧਿ** : ਪਰਮ-ਸੱਤਾ ਲਈ ਮੱਧ-ਯੁਗ ਦੇ ਸੰਤਾਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ 'ਸੁੰਨ' ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਸ਼ਬਦ ਦੇ ਅਧਿਆਤਮਿਕ ਪਿਛੋਕੜ ਦਾ ਸੰਬੰਧ ਬੌਧ-ਮਤ ਨਾਲ ਹੈ। ਪਹਿਲੀ ਜਾਂ ਦੂਜੀ ਸਦੀ ਦੇ ਸ਼ੁਰੂ ਵਿਚ ਬੌਧ-ਮਤ ਦੇ ਦਾਰਸ਼ਨਿਕ ਵਿਆਖਿਆ- ਕਾਰ ਨਾਗਾਰਜੁਨ ਨੇ 'ਮਧ੍ਯਮਕ-ਕਾਰਿਕਾ' ਵਿਚ ਸੁੰਨਵਾਦ (ਸ਼ੂਨ੍ਯਵਾਦ) ਦੀ ਸਥਾਪਨਾ ਕੀਤੀ ਸੀ। 'ਸੁੰਨ' (ਸ਼ੂਨ੍ਯ) ਦੇ ਅਰਥ ਅਤੇ ਸਰੂਪ ਨੂੰ ਸਪੱਸ਼ਟ ਕਰਦਿਆਂ ਆਚਾਰਯ ਨਾਗਾਰਜੁਨ ਨੇ ਦਸਿਆ ਹੈ ਕਿ ਸੁੰਨ ਤੱਤ੍ਵ ਅਪਰ ਪ੍ਰਤੱਖ, ਸ਼ਾਂਤ, ਪ੍ਰਪੰਚਾਂ ਦੁਆਰਾ ਅਪ੍ਰਪੰਚਿਤ, ਨਿਰਵਿਕਲਪ ਅਤੇ ਅਨਾਨਾਰਥ ਹੁੰਦਾ ਹੈ ('ਮਧ੍ਯਮਕ ਸ਼ਾਸਤ੍ਰ' 18/9)। ਇਸ ਦੇ ਲੱਛਣ ਦਸਦੇ ਹੋਇਆਂ ਆਚਾਰਯ ਨੇ ਕਿਹਾ ਹੈ ਕਿ ਉਹ ਨ ਸਤ ਹੈ, ਨ ਅਸਤ ਹੈ, ਨ ਸਤ ਅਤੇ ਅਸਤ ਦੋਵੇਂ ਹੈ ਅਤੇ ਨ ਇਨ੍ਹਾਂ ਦੋਹਾਂ ਤੋਂ ਭਿੰਨ ਹੈ। ਇਹ ਅਸਲੋਂ ਉਪਰੋਕਤ ਚੌਹਾਂ

ਵਰਗਾਂ ਤੋਂ ਵਿਲੱਖਣ ਤੱਤ੍ਵ ਹੈ।

ਨਾਗਾਰਜੁਨ ਤੋਂ ਬਾਦ ਆਰਯਦੇਵ, ਸ਼ਾਂਤਿਦੇਵ ਅਤੇ ਸ਼ਾਂਤਕ੍ਸ਼ਿਤ ਨਾਂ ਦੇ ਆਚਾਰਯਾਂ ਨੇ ਇਸ ਮਤ ਨੂੰ ਅਧਿਕ ਵਿਸਤਾਰ ਨਾਲ ਸਮਝਾਉਣ ਦਾ ਯਤਨ ਕੀਤਾ ਹੈ। 'ਵਿਗ੍ਰਹ ਵ੍ਯਾਵਰ੍ਤਿਨੀ ਕਾਰਿਕਾ' ਵਿਚ ਸੁੰਨ ਬਾਰੇ ਕਿਹਾ ਗਿਆ ਹੈ ਕਿ ਜੋ ਸੁੰਨ ਨੂੰ ਸਮਝ ਲੈਂਦਾ ਹੈ, ਉਹ ਸਭ ਕੁਝ ਸਮਝ ਲੈਂਦਾ ਹੈ ਅਤੇ ਜੋ ਸੁੰਨ ਨੂੰ ਨਹੀਂ ਸਮਝ ਸਕਦਾ, ਉਹ ਕਿਸੇ ਨੂੰ ਵੀ ਨਹੀਂ ਸਮਝ ਸਕਦਾ। ਨਾਗਾਰਜੁਨ ਨੇ ਸੁੰਨ ਨੂੰ 'ਨਿਰਵਾਣ' ਦਾ ਸਮਾਨਾਰਥਕ ਵੀ ਮੰਨਿਆ ਹੈ। ਬਾਦ ਦੇ ਮਾਧਮਿਕ ਸ਼ਾਖਾ ਦੇ ਆਚਾਰਯਾਂ ਨੇ ਸੁੰਨ ਨੂੰ ਆਸਤਿਕਤਾ ਦੀ ਸੀਮਾ ਤਕ ਖਿਚਿਆ ਹੈ। ਉਨ੍ਹਾਂ ਅਨੁਸਾਰ ਸਤਿ ਦੋ ਪ੍ਰਕਾਰ ਦਾ ਹੈ ਭ੍ਰਮਕ ਅਤੇ ਪਰਮਾਰਥਿਕ। ਪ੍ਰਗਿਆ ਤੋਂ ਪੈਦਾ ਹੋਇਆ ਵਾਸਤਵਿਕ ਸਤਿ ਹੀ ਪਰਮਾਰਥਿਕ ਸਤਿ ਹੈ ਅਤੇ ਇਹੀ 'ਸੁੰਨ' ਹੈ। ਪਰਮਾਰਥਿਕ ਸਤਿ ਅਥਵਾ 'ਸੁੰਨ' ਸਾਰਿਆਂ ਧਰਮਾਂ ਤੋਂ ਰਹਿਤ ਅਤੇ ਨਿਰ-ਸੁਭਾਵ ਹੈ। ਇਹ ਸ਼ਰੀਰ, ਮਨ, ਬਚਨ ਦੁਆਰਾ ਅਗੋਚਰ ਹੈ। ਸ਼ਬਦਾਂ ਦੁਆਰਾ ਇਸ ਦਾ ਉਚਾਰਣ ਅਤੇ ਵਰਣਨ ਨਹੀਂ ਕੀਤਾ ਜਾ ਸਕਦਾ। ਸ੍ਵ-ਅਨੁਭੂਤੀ ਦੁਆਰਾ ਗਿਆਨੀਆਂ ਨੂੰ ਇਸ ਦਾ ਅਨੁਭਵ ਹੁੰਦਾ ਹੈ। ਇਸ ਤਰ੍ਹਾਂ ਇਸ ਦਾ ਸਰੂਪ ਆਸਤਿਕਾਂ ਦੇ ਬ੍ਰਹਮ ਨਾਲ ਕਾਫ਼ੀ ਮਿਲਦਾ-ਜੁਲਦਾ ਹੈ। ਮਹਾਯਾਨੀਆਂ ਲਈ ਇਹ ਮਹਾਸੁਖ ਦਾ ਵਾਚਕ ਵੀ ਹੈ।

ਉਪਰੋਕਤ ਦੇ ਮੁਕਾਬਲੇ ਹੀਨਯਾਨੀਆਂ ਨੇ 'ਸੁੰਨ' ਦਾ ਅਰਥ ਪੂਰਣ-ਅਭਾਵ ਰੂਪ ਵਿਚ ਲਿਆ ਹੈ। ਉਨ੍ਹਾਂ ਅਨੁਸਾਰ ਸੰਸਾਰ ਵਿਅਕਤਿਤਵ ਰਹਿਤ ਹੈ। ਇਸ ਲਈ ਉਸ ਨੂੰ 'ਸੁੰਨ' ਕਿਹਾ ਜਾਂਦਾ ਹੈ। ਡਾ. ਗੋਬਿੰਦ ਤ੍ਰਿਗੁਣਾਇਤ 'ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮਿ' ਅਨੁਸਾਰ ਹੀਨਯਾਨੀਆਂ ਦਾ ਅਭਾਵਰੂਪ ਸੁੰਨ ਅਤੇ ਮਹਾਯਾਨੀਆਂ ਦਾ ਦ੍ਵੈਤ-ਅਦ੍ਵੈਤ-ਵਿਲੱਖਣ ਰੂਪ ਸੁੰਨ ਬੌਧ-ਤਾਂਤ੍ਰਿਕਾਂ ਵਿਚ ਨਿਸਚਿਤ ਰੂਪ ਵਿਚ ਪਰਮਾਰਥ-ਤੱਤ੍ਵ ਰੂਪੀ ਸੁੰਨ ਦੇ ਅਰਥ ਵਿਚ ਵਰਤਿਆ ਗਿਆ ਹੈ। ਪਰੰਤੂ ਇਸ ਰੂਪ ਵਿਚ ਸਵੀਕਾਰ ਕਰਨ ਦੇ ਬਾਵਜੂਦ ਉਸ ਉਤੇ ਦ੍ਵੈਤ-ਅਦ੍ਵੈਤ-ਵਿਲੱਖਣ ਅਤੇ ਮਹਾਸੁਖ ਦੀ ਛਾਪ ਕਾਇਮ ਹੈ। ਸਿੱਧਾਂ ਨੇ 'ਸੁੰਨ' ਨੂੰ ਬੋਧੀਆਂ ਦੇ ਕ੍ਸ਼ਣਿਕ ਅਰਥ ਵਿਚ ਵੀ ਲਿਆ ਹੈ। ਬਾਦ ਦੇ ਸਿੱਧਾਂ ਨੇ ਇਸ ਦੇ ਅਰਥ ਦਾ ਹੋਰ ਵੀ ਵਿਕਾਸ ਕੀਤਾ ਹੈ। ਮਹਾਯਾਨੀਆਂ ਅਨੁਸਾਰ ਇਸ ਦਾ ਸਰੂਪ ਆਸਤਿਕ ਅਭਾਵ ਵਾਲਾ ਹੈ ਅਤੇ ਹੀਨਯਾਨੀਆਂ ਅਨੁਸਾਰ ਨਾਸਤਿਕ ਅਭਾਵ ਵਾਲਾ, ਪਰ ਤਾਂਤ੍ਰਿਕਾਂ ਬੋਧੀਆਂ ਵਿਚ ਇਸ ਦਾ ਸਰੂਪ ਪੂਰੀ ਆਸਤਿਕਤਾ ਵਾਲਾ ਹੁੰਦਾ ਗਿਆ ਹੈ। ਨਾਥਾਂ ਨੇ ਵੀ ਇਸ ਨੂੰ ਅਪਣਾਇਆ ਅਤੇ ਇਸ ਨੂੰ ਨਵੇਂ ਅਰਥਾਂ ਵਿਚ ਵਰਤਿਆ, ਜਿਵੇਂ ਬ੍ਰਹਮ-ਰੰਧ੍ਰ, ਦੇਸ਼-ਕਾਲ ਪਰਿਛਿੰਨ ਬ੍ਰਹਮ, ਸੁਖਮਨਾ ਨਾੜੀ, ਅਨਾਹਦ ਚਕ੍ਰ, ਸਮਾਧੀ ਆਦਿ।

ਨਿਰਗੁਣਵਾਦੀ ਸਾਧਕਾਂ ਵਿਚੋਂ ਸਭ ਤੋਂ ਪਹਿਲਾਂ ਸੰਤ ਕਬੀਰ ਨੇ 'ਸੁੰਨ' ਦੀ ਵਰਤੋਂ ਕੀਤੀ ਅਤੇ ਉਸ ਦੀ ਨੁਹਾਰ ਨਾਥ-ਪੰਥੀਆਂ ਅਤੇ ਸਿੱਧਾਂ ਅਨੁਸਾਰ ਰਖੀ ਅਤੇ ਨਾਲ ਨਾਲ ਭਾਵ ਰੂਪ ਬ੍ਰਹਮ ਲਈ ਵੀ ਇਸ ਸ਼ਬਦ ਨੂੰ ਵਰਤ ਲਿਆ। ਇਸ ਲਈ ਸੰਤ ਕਬੀਰ ਦਾ ਸੁੰਨ-ਵਾਦ ਬੋਧੀਆਂ ਤੋਂ ਕੁਝ ਭਿੰਨ ਹੈ। ਇਹ ਯੋਗੀਆਂ ਅਤੇ ਸਿੱਧਾਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਵੀ ਇਕ ਸੱਚੇ ਸ਼ਰਧਾਲੂ ਅਤੇ ਆਸਤਿਕ ਭਗਤ ਦਾ ਸੁੰਨਵਾਦ ਹੈ। ਇਸ ਨੂੰ ਅਦ੍ਵੈਤਵਾਦੀਆਂ ਦੇ ਬ੍ਰਹਮਵਾਦ ਅਥਵਾ ਅਦ੍ਵੈਤ-ਤੱਤ੍ਵ ਦਾ ਭਾਵਾਤਮਕ ਪ੍ਰਤਿਰੂਪ ਕਿਹਾ ਜਾ ਸਕਦਾ ਹੈ। ਸੰਤ ਕਬੀਰ ਤੋਂ ਬਾਦ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਨੂੰ ਵਰਤਿਆ। ਇਸ ਨੂੰ ਨਿਰਗੁਣ ਬ੍ਰਹਮ ਦਾ ਵਾਚਕ ਵੀ ਕਿਹਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਸੁੰਨ ਸਭ ਦੇ ਅੰਦਰ ਅਤੇ ਬਾਹਰ ਅਤੇ ਤ੍ਰਿਭਵਣ ਵਿਚ ਵਿਆਪਤ ਹੈ। ਇਸ ਨੂੰ ਵਿਅਕਤੀ ਚੌਥੇ ਪਦ (ਸਹਿਜ-ਅਵਸਥਾ) ਦੁਆਰਾ ਜਾਣ ਕੇ ਪਾਪ-ਪੁੰਨ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ— *ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨਮਸੁੰਨੰ। ਚਉਥੈ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।* (ਗੁ.ਗ੍ਰੰ.943)। 'ਹਠਯੋਗ-ਪ੍ਰਦੀਪਿਕਾ' ਵਿਚ ਵੀ ਇਸ ਭਾਵ ਦੇ ਨੇੜੇ-ਤੇੜੇ ਦਾ ਇਕ ਸ਼ਲੋਕ ਮਿਲਦਾ ਹੈ— *ਅੰਤਃ ਸ਼ੂਨ੍ਯੋ ਬਹਿਃ ਸ਼ੂਨ੍ਯਃ ਸ਼ੂਨ੍ਯਃ ਕੁੰਭ ਇਵਾਂਬਰੇ। ਅੰਤਃ ਪੂਰਣੋ ਬਹਿਃ ਪੂਰਣਃ ਪੂਰਣਃ ਕੁੰਭ ਇਵਾਰਣਵੇ।* (4/56)। ਮਾਰੂ ਰਾਗ ਦੇ ਸੋਲਹਿਆਂ (17/1-13) ਵਿਚ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਉਸ ਰੂਪ ਨੂੰ 'ਸੁੰਨ' ਮੰਨਿਆ ਹੈ ਜੋ ਸ੍ਰਿਸ਼ਟੀ ਤੋਂ ਪਹਿਲਾਂ ਨਿਰਵਿਕਲਪ ਅਵਸਥਾ ਵਾਲਾ ਸੀ ਅਤੇ ਜਿਸ ਤੋਂ ਪਵਨ, ਸ੍ਰਿਸ਼ਟੀ ਆਦਿ ਦੀ ਉਤਪੱਤੀ ਹੋਈ; ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਪੈਦਾ ਹੋਏ। ਜਿਸ ਨੇ ਗਿਆਨ-ਇੰਦ੍ਰੀਆਂ, ਮਨ ਅਤੇ ਬੁੱਧੀ ਵਰਗੇ ਸੱਤ ਸਰੋਵਰਾਂ ਦੀ ਸਥਾਪਨਾ ਕੀਤੀ, ਪ੍ਰਿਥਵੀ ਅਤੇ ਆਕਾਸ਼ ਦੀ ਰਚਨਾ ਕੀਤੀ, ਰਾਤ ਅਤੇ ਦਿਨ ਬਣਾਏ;

ਦੁਖਾਂ ਅਤੇ ਸੁਖਾਂ ਦੀ ਰਚਨਾ ਕੀਤੀ। ਇਸ ਪ੍ਰਕਾਰ ਦੇ ਸੁੰਨ ਦਾ ਭੇਦ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਜੋ ਇਹ ਭੇਦ ਪਾ ਲੈਂਦਾ ਹੈ ਉਸ ਨੂੰ ਕੋਈ ਸੰਸਾਰਿਕ ਰੋਗ ਪਰੇਸ਼ਾਨ ਨਹੀਂ ਕਰਦਾ— *ਸਤਿਗੁਰ ਤੇ ਪਾਏ ਵੀਚਾਰਾ। ਸੁੰਨ ਸਮਾਧਿ ਸਚੇ ਘਰ ਬਾਰਾ। ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ।*(ਗੁ.ਗ੍ਰੰ.1038)।

ਗੁਰੂ ਨਾਨਕ ਦੇਵ ਜੀ ਨੇ ਸੁੰਨ-ਸਮਾਧੀ ਨੂੰ ਵੀ ਸਪੱਸ਼ਟ ਕੀਤਾ ਹੈ ਕਿ ਇਹ ਉਹ ਅਵਸਥਾ ਹੈ ਜਿਸ ਵਿਚ ਕੋਈ ਭਾਗਵਾਨ ਹੀ ਲਿਵ ਲਗਾਉਂਦੇ ਹਨ ਅਤੇ ਕੇਵਲ ਨਾਮ ਰੂਪੀ ਸ਼ਬਦ ਉਤੇ ਹੀ ਵਿਚਾਰ ਕਰਦੇ ਹਨ। ਉਹ ਸਰਵ-ਅਭਾਵ ਦੀ ਅਵਸਥਾ ਹੈ। ਉਸ ਵਿਚ ਕੇਵਲ ਕਰਤਾਰ ਹੀ ਹੁੰਦਾ ਹੈ ਬਾਕੀ ਸਭ ਕੁਝ ਉਹ ਆਪ ਹੀ ਹੈ, ਉਸੇ ਤੋਂ ਸਭ ਕੁਝ ਉਤਪੰਨ ਹੁੰਦਾ ਹੈ — *ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ। ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।*(ਗੁ.ਗ੍ਰੰ.503)। ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ 'ਸੁੰਨ' ਨੂੰ ਨਿਰਗੁਣ ਬ੍ਰਹਮ ਅਤੇ ਨਿਰਵਿਕਲਪ ਅਫੁਰ ਅਵਸਥਾ ਲਈ ਵਰਤਿਆ ਹੈ। ਇਸ ਤਰ੍ਹਾਂ ਸੁੰਨ ਆਪਣੇ ਪਿਛੋਕੜ ਨਾਲ ਸੰਬੰਧ ਰਖਦੇ ਹੋਇਆਂ ਵੀ ਨਿਰਗੁਣ ਬ੍ਰਹਮ ਦੇ ਵਾਚਕ ਵਜੋਂ ਵਰਤਿਆ ਗਿਆ ਹੈ।

**ਸੁਨਹਿਰੀਆ, ਭਾਈ :** ਲੋਹੇ ਦੇ ਉਸ ਬਰਤਨ ਜਾਂ ਕੂੰਡੇ ਨੂੰ ਜਿਸ ਵਿਚ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ, ਖ਼ਾਲਸਾਈ ਭਾਸ਼ਾ ਵਿਚ 'ਸੁਨਹਿਰਾ' ਕਿਹਾ ਜਾਂਦਾ ਹੈ। ਜਿਨ੍ਹਾਂ ਸਿੰਘਾਂ ਨੇ ਇਕਠਿਆਂ ਇਕੋ ਸੁਨਹਿਰੇ (ਕੂੰਡੇ) ਵਿਚੋਂ ਅੰਮ੍ਰਿਤ ਪਾਨ ਕੀਤਾ ਹੋਵੇ, ਉਨ੍ਹਾਂ ਨੂੰ ਪਰਸਪਰ ਸੰਬੰਧਿਤ ਕਰਨ ਲਈ 'ਸੁਨਹਿਰੀਆ ਭਾਈ' ਉਕਤੀ ਦੀ ਵਰਤੋਂ ਕੀਤੀ ਜਾਂਦੀ ਹੈ।

**ਸੁਨਾਮ** (ਨਗਰ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਮਹੱਤਵਪੂਰਣ ਪੁਰਾਤਨ ਨਗਰ ਜੋ ਸ਼ਹੀਦ ਊਧਮ ਸਿੰਘ ਦੀ ਜਨਮ-ਭੂਮੀ ਹੋਣ ਕਰਕੇ ਉਚੇਚਾ ਪ੍ਰਸਿੱਧ ਹੈ। ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਇਸ ਨਗਰ ਵਿਚ ਆ ਕੇ ਬਾਹਰ ਨਦੀ ਦੇ ਕੰਢੇ ਠਹਿਰੇ ਸਨ। ਕਹਿੰਦੇ ਹਨ ਕਿ ਸੁਨਾਮ ਦੇ ਲਾਹੜੇ ਖਤ੍ਰੀਆਂ ਨੇ ਗੁਰੂ ਜੀ ਪ੍ਰਤਿ ਬਹੁਤ ਆਦਰ ਪ੍ਰਗਟ ਕੀਤਾ ਅਤੇ ਉਨ੍ਹਾਂ ਦੀ ਸੇਵਾ ਕਰਨ ਲਈ ਆਪਣੇ ਘਰ ਲੈ ਗਏ। ਜਿਸ ਮਹਲੇ ਵਿਚ ਉਹ ਖਤ੍ਰੀ ਵਸਦੇ ਸਨ, ਉਸ ਦਾ ਨਾਂ ਹੁਣ 'ਗੁਰਦੁਆਰਾ ਮਹੱਲਾ' ਪ੍ਰਚਲਿਤ ਹੋ ਗਿਆ ਹੈ। ਉਨ੍ਹਾਂ ਦੇ ਘਰ ਵਾਲੀ ਥਾਂ 'ਤੇ ਸੰਨ 1919 ਈ. ਵਿਚ 'ਗੁਰਦੁਆਰਾ ਪਹਿਲੀ ਪਾਤਿਸ਼ਾਹੀ' ਦੀ ਉਸਾਰੀ ਹੋਈ ਸੀ। ਸੰਨ 1966 ਈ. ਵਿਚ ਉਸ ਇਮਾਰਤ ਨੂੰ ਨਵਾਂ ਰੂਪ ਦਿੱਤਾ ਗਿਆ। ਇਸ ਦੀ ਵਿਵਸਥਾ ਉਸ ਇਲਾਕੇ ਦੀ ਸੰਗਤ ਕਰਦੀ ਹੈ। ਨਗਰ ਤੋਂ ਬਾਹਰ ਨਦੀ ਦੇ ਕੰਢੇ ਉਤੇ ਠਹਿਰਨ ਵਾਲੀ ਥਾਂ ਦੀ ਅਜੇ ਗੁਰੂ-ਧਾਮ ਵਜੋਂ ਨਿਸ਼ਾਨਦੇਹੀ ਨਹੀਂ ਹੋਈ।

**ਸੁਮੇਰ ਸਿੰਘ, ਬਾਵਾ** (1847-1903 ਈ.) : ਉਨ੍ਹੀਵੀਂ ਸਦੀ ਦੇ ਅੰਤ ਵਿਚ ਹੋਇਆ ਇਕ ਸਿੱਖ ਵਿਦਵਾਨ ਗ੍ਰੰਥੀ ਅਤੇ ਕਵੀ, ਜਿਸ ਦਾ ਜਨਮ 17 ਅਗਸਤ 1847 ਈ. ਵਿਚ ਯੂ.ਪੀ. ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਨਿਜ਼ਾਮਾਬਾਦ ਕਸਬੇ ਵਿਚ ਬਾਵਾ ਸਾਧੂ ਸਿੰਘ ਦੇ ਘਰ ਹੋਇਆ। ਇਸ ਦੇ ਪੂਰਵਜ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਭੱਲੇ ਬਾਵੇ ਸਨ। ਸਭ ਤੋਂ ਪਹਿਲਾਂ ਇਸ ਦੇ ਦਾਦੇ ਬਾਵਾ ਕ੍ਰਿਪਾ ਦਿਆਲ ਸਿੰਘ ਨੇ ਗੋਇੰਦਵਾਲ ਤੋਂ ਜਾ ਕੇ ਨਿਜ਼ਾਮਾਬਾਦ ਵਿਚ ਗੁਰਦੁਆਰਾ ਬਣਾਇਆ, ਜਿਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਚਰਣ ਪਾਏ ਸਨ। ਇਸ ਨੇ ਸ਼ੁਰੂ ਤੋਂ ਹੀ ਸਿੱਖ ਧਰਮ-ਗ੍ਰੰਥਾਂ ਦੇ ਅਧਿਐਨ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਬ੍ਰਜ-ਭਾਸ਼ਾ ਵਿਚ ਕਵਿਤਾ ਕਰਨ ਦਾ ਸ਼ੌਕ ਪਾਲ ਲਿਆ।

ਇਸ ਦੀਆਂ ਕਾਵਿ-ਰਚਨਾਵਾਂ ਵਿਚੋਂ ਸਭ ਤੋਂ ਮਹੱਤਵਪੂਰਣ 'ਗੁਰਪਦ ਪ੍ਰੇਮ ਪ੍ਰਕਾਸ਼' ਹੈ, ਜਿਸ ਦੀ ਰਚਨਾ-ਪ੍ਰਕ੍ਰਿਆ ਅੰਦਰਲੀ ਗਵਾਹੀ—*ਸੰਮਤ ਉਨਿਸ ਸੈ ਅਧਿਕ ਤੇਇਸ ਸਾਲ ਰਸਾਲ। ਨਗਰ ਨਜੀਬਾਬਾਦ ਮੇ ਭਯੋ ਸੁਵਚਨ ਨਿਹਾਲ।*—ਅਨੁਸਾਰ ਸੰਨ 1866 ਈ. (1923 ਬਿ.) ਵਿਚ ਆਰੰਭ ਹੋਈ ਸੀ। ਇਸ ਵਿਚ ਕੁਲ 16000 ਪਦ ਹਨ ਅਤੇ ਅਜੇ ਤਕ ਇਸ ਦਾ ਪ੍ਰਕਾਸ਼ਨ ਨਹੀਂ ਹੋਇਆ। ਇਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿਤ ਵਖ ਵਖ ਮੰਡਲਾਂ ਵਿਚ ਲਿਖੇ ਹੋਏ ਹਨ। ਇਸ ਨੂੰ ਮੁਕੰਮਲ ਕਰ ਚੁਕਣ ਤੋਂ ਬਾਦ ਕਵੀ ਸੰਨ 1880 ਵਿਚ ਅੰਮ੍ਰਿਤਸਰ ਅਤੇ ਲਾਹੌਰ ਗਿਆ। ਪਰ ਸਾਰੇ ਗ੍ਰੰਥ ਦੇ ਪ੍ਰਕਾਸ਼ਨ ਦੀ ਵਿਵਸਥਾ ਨ ਹੋ ਸਕਣ ਕਾਰਣ ਕੇਵਲ ਦਸਵਾਂ ਮੰਡਲ ਛਪਣ ਲਈ ਦੇ ਆਇਆ ਜੋ ਸੰਨ 1882 ਈ. ਵਿਚ 'ਗੁਰਬਿਲਾਸ ਦਸਵੀਂ

ਪਾਤਿਸ਼ਾਹੀ ਗੁਰੂ ਗੋਬਿੰਦ ਸਿੰਘ ਚਰਿਤ੍ਰ' ਨਾਂ ਅਧੀਨ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ। ਇਸ ਨੇ ਦਸਾਂ ਗੁਰੂ ਸਾਹਿਬਾਂ ਬਾਰੇ 88 ਪੰਨਿਆਂ ਦੀ ਇਕ ਹੋਰ ਸੰਖਿਪਤ ਰਚਨਾ ਦਾ ਪ੍ਰਕਾਸ਼ਨ 'ਗੁਰ ਕਵਿਤਾਵਲੀ' ਨਾਂ ਅਧੀਨ ਸੰਨ 1886 ਈ. ਵਿਚ ਅੰਮ੍ਰਿਤਸਰ ਤੋਂ ਕੀਤਾ। ਰਹਿਤਨਾਮਾ ਸ਼ੈਲੀ ਵਿਚ ਲਿਖੀ ਇਸ ਦੀ ਇਕ ਰਚਨਾ 'ਖ਼ਾਲਸਾ ਪੰਚਾਸਿਕਾ' ਸੰਨ 1877 ਈ. ਵਿਚ ਬਨਾਰਸ ਤੋਂ ਹਿੰਦੀ ਵਿਚ ਛਪੀ। ਇਸ ਦੀਆਂ ਹੋਰ ਕਈ ਰਚਨਾਵਾਂ ਅਜੇ ਤਕ ਅਣਛਪੀਆਂ ਹੀ ਪਈਆਂ ਹਨ, ਜਿਵੇਂ ਕਿ ਖ਼ਾਲਸਾ ਸ਼ਤਕ, ਸ੍ਰੀ ਗੁਰੂ ਚਰਿਤ੍ਰ ਦਰਪਨ, ਬੇਦੀ ਵੰਸੋਤਮ ਸਹਸ੍ਰਨਾਮ, ਬੇਦੀਵਰ ਦੋਹਾਵਲੀ, ਸਿੱਖ ਸੰਪ੍ਰਦਾਇ ਕੀ ਮੁੱਖ ਮੁੱਖ ਘਟਨਾਓਂ ਕਾ ਸੰਵਤਬੱਧ ਵਰਣਨ, ਸ੍ਰੀ ਚਕ੍ਰਧਰ ਚਰਿਤ੍ਰ ਚਾਰੂ ਚੰਦ੍ਰਿਕਾ ਅਤੇ ਜਗਤ ਜਯਕਾਰੀ। ਇਸ ਤੋਂ ਇਲਾਵਾ ਇਸ ਨੇ 'ਜ਼ਫ਼ਰਨਾਮਾ' ਦਾ ਅਨੁਵਾਦ 'ਵਿਜਯ ਪਤ੍ਰ' ਦੇ ਰੂਪ ਵਿਚ ਕੀਤਾ ਹੈ। ਇਸ ਨੇ ਆਪਣੀ ਸੁਤੰਤਰ ਕਵਿਤਾ ਦਾ ਵੀ ਇਕ ਸੰਗ੍ਰਹਿ ਤਿਆਰ ਕੀਤਾ ਹੈ। ਪਰ ਖੇਦ ਹੈ ਕਿ ਲੇਖਕ ਦੀਆਂ ਰਚਨਾਵਾਂ ਪ੍ਰਕਾਸ਼ਿਤ ਨਹੀਂ ਹੋ ਸਕੀਆਂ। ਇਹ ਆਪਣੇ ਸਮੇਂ ਵਿਚ ਚੰਗੇ ਹਿੰਦੀ ਕਵੀਆਂ ਵਿਚ ਗਿਣਿਆ ਜਾਂਦਾ ਸੀ। ਇਸ ਦੇ ਘਰ ਵਿਚ ਅਕਸਰ ਲੇਖਕ ਇਕੱਠੇ ਹੁੰਦੇ ਰਹਿੰਦੇ ਸਨ। ਭਾਰਤੇਂਦੂ ਹਰਿਸ਼ਚੰਦ੍ਰ ਅਤੇ ਅਯੋਧਿਆ ਸਿੰਘ ਉਪਾਧਿਆਇ ਇਸ ਦੇ ਨਿਕਟਵਰਤੀਆਂ ਵਿਚੋਂ ਸਨ। ਇਸ ਨੇ ਆਪਣੀਆਂ ਰਚਨਾਵਾਂ ਲਈ ਅਧਿਕਤਰ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਹੈ।

ਨਿਜ਼ਾਮਾਬਾਦ ਦੇ 'ਗੁਰਦੁਆਰਾ ਚਰਨ ਪਾਦੁਕਾ ਪਾਤਿਸ਼ਾਹੀ ਪਹਿਲੀ ਅਤੇ ਨੌਂਵੀਂ' ਦੀ ਵਿਵਸਥਾ ਕਰਨ ਤੋਂ ਇਲਾਵਾ ਇਹ ਸੰਨ 1882 ਈ. ਤੋਂ 1902 ਈ. ਤਕ ਤਖ਼ਤ ਹਰਿਮੰਦਿਰ ਸਾਹਿਬ ਪਟਨਾ ਦਾ ਮੁੱਖ ਗ੍ਰੰਥੀ ਵੀ ਰਿਹਾ ਹੈ। ਇਸ ਨੂੰ ਫ਼ਰੀਦਕੋਟ ਦੇ ਰਾਜਾ ਬਿਕ੍ਰਮ ਸਿੰਘ ਨੇ ਗਿਆਨੀ ਬਦਨ ਸਿੰਘ ਦੁਆਰਾ ਤਿਆਰ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਦੀ ਸੋਧਕ ਕਮੇਟੀ ਦਾ ਮੁਖੀ ਥਾਪਿਆ ਸੀ। ਇਸ ਟੀਕੇ ਦੀ ਅੰਤਿਮ ਸੈਂਚੀ ਦੀ ਛਪਾਈ ਦੌਰਾਨ 5 ਮਾਰਚ 1903 ਈ. ਵਿਚ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋ ਗਿਆ।

**ਸੁਰਜੀਤ ਸਿੰਘ ਮਜੀਠੀਆ** (1912-1995 ਈ.): ਪੰਜਾਬ ਦੇ ਸੁਪ੍ਰਸਿੱਧ ਮਜੀਠੀਆ ਖ਼ਾਨਦਾਨ ਨਾਲ ਸੰਬੰਧਿਤ ਸ. ਸੁਰਜੀਤ ਸਿੰਘ ਦਾ ਜਨਮ 8 ਅਗਸਤ 1912 ਈ. ਨੂੰ ਸ. ਸੁੰਦਰ ਸਿੰਘ ਮਜੀਠੀਆ ਦੇ ਘਰ ਸ਼ਿਮਲੇ ਵਿਚ ਹੋਇਆ। ਇਸ ਨੇ ਮੁੱਢਲੀ ਵਿਦਿਆ ਚੀਫ਼ਸ ਕਾਲਜ ਲਾਹੌਰ ਤੋਂ ਅਤੇ ਬੀ.ਏ. ਦੀ ਪਰੀਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਫਿਰ ਲਾਅ ਕਾਲਜ ਲਾਹੌਰ ਦਾ ਵਿਦਿਆਰਥੀ ਵੀ ਰਿਹਾ। ਕਾਲਜ ਦੀ ਪੜ੍ਹਾਈ ਦੌਰਾਨ ਇਸ ਦੀ ਵਿਸ਼ੇਸ਼ ਰੁਚੀ ਕ੍ਰਿਕਟ ਅਤੇ ਟੈਨਿਸ ਖੇਡਣ ਵਿਚ ਸੀ। ਇਸ ਦੀ ਸ਼ਾਦੀ ਨਾਭਾ ਦੇ ਰਈਸ ਜਨਰਲ ਸ਼ਿਵ ਦੇਵ ਸਿੰਘ ਦੀ ਪੁੱਤਰੀ ਬੀਬੀ ਖ਼ੁਸ਼ਪਾਲ ਕੌਰ ਨਾਲ ਸੰਨ 1932 ਈ. ਵਿਚ ਹੋਈ।

ਕਾਲਜ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਇਹ ਰਾਇਲ ਏਅਰ ਫ਼ੋਰਸ ਵਿਚ ਅਫ਼ਸਰ ਭਰਤੀ ਹੋ ਗਿਆ ਅਤੇ ਸਕਾਡਰਨ ਲੀਡਰ ਬਣਨ ਉਪਰੰਤ ਨੌਕਰੀ ਛਡ ਦਿੱਤੀ। ਸੰਨ 1945 ਤੋਂ 47 ਈ. ਤਕ ਸੈਂਟ੍ਰਲ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਸੰਨ 1947 ਈ. ਤੋਂ 1949 ਈ. ਤਕ ਇਹ ਨੇਪਾਲ ਵਿਚ ਭਾਰਤੀ ਸਫ਼ੀਰ ਰਿਹਾ। ਸੰਨ 1952 ਈ. ਦੀਆਂ ਚੋਣਾਂ ਵਿਚ ਇਹ ਮੈਂਬਰ ਪਾਰਲੀਮੈਂਟ ਚੁਣਿਆ ਗਿਆ ਅਤੇ ਕੇਂਦਰ ਵਿਚ ਡਿਪਟੀ ਡੀਫੈਂਸ ਮਨਿਸਟਰ ਬਣਾਇਆ ਗਿਆ। ਸੰਨ 1957 ਈ. ਵਿਚ ਇਹ ਫਿਰ ਐਮ.ਪੀ. ਚੁਣਿਆ ਗਿਆ ਅਤੇ ਸੰਨ 1962 ਈ. ਤਕ ਡਿਪਟੀ ਡੀਫੈਂਸ ਮਨਿਸਟਰ ਚਲਦਾ ਰਿਹਾ।

ਸੰਨ 1944 ਈ. ਵਿਚ ਇਹ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਗਵਰਨਿੰਗ ਬਾਡੀ ਦਾ ਪ੍ਰਧਾਨ ਬਣਿਆ ਅਤੇ ਤਿੰਨ ਦਹਾਕਿਆਂ ਤਕ ਪ੍ਰਧਾਨਗੀ ਪਦ ਉਤੇ ਕਾਇਮ ਰਿਹਾ। ਸੰਨ 1964 ਈ. ਤੋਂ 1976 ਈ. ਤਕ ਇਹ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦਾ ਪ੍ਰਧਾਨ ਰਿਹਾ ਅਤੇ ਸੰਨ 1956 ਈ. ਤੋਂ 1958 ਈ. ਤਕ ਦੋ ਸਾਲਾਂ ਲਈ ਕ੍ਰਿਕਟ ਕੰਟਰੋਲ ਬੋਰਡ ਆਫ਼ ਇੰਡੀਆ ਦਾ ਪ੍ਰਧਾਨ ਬਣਿਆ। ਇਸ ਤੋਂ ਇਲਾਵਾ, ਇਹ ਅਨੇਕ ਵਿਦਿਅਕ ਸੰਸਥਾਵਾਂ ਦਾ ਮੈਂਬਰ ਜਾਂ ਸਰਪ੍ਰਸਤ ਰਿਹਾ ਹੈ। ਇਸ ਨੂੰ ਕਈਆਂ ਕਲਬਾਂ ਦਾ ਜੀਵਨ ਮੈਂਬਰ ਰਹਿਣ ਦਾ ਗੌਰਵ ਵੀ ਹਾਸਲ ਹੋਇਆ ਹੈ। ਸਿੱਖ ਧਰਮ ਦੀ ਮਰਯਾਦਾ ਨੂੰ ਅਪਣਾਉਣ ਵਿਚ ਇਸ ਦਾ ਬਹੁਤ ਵਿਸ਼ਵਾਸ ਸੀ ਅਤੇ ਭਾਈ ਵੀਰ ਸਿੰਘ ਦਾ ਬਹੁਤ ਸ਼ਰਧਾਲੂ ਸੀ।

27 ਸਤੰਬਰ 1995 ਈ. ਨੂੰ ਇਸ ਦਾ ਦਿੱਲੀ ਵਿਚ ਦੇਹਾਂਤ ਹੋਇਆ।

**ਸੁਰਿੰਦਰ ਸਿੰਘ ਕੋਹਲੀ, ਡਾ.** (ਸੰਨ 1920-2003 ਈ.): ਸਿੱਖ ਧਰਮ ਦੇ ਉਘੇ ਵਿਦਵਾਨ ਅਤੇ ਗੁਰਬਾਣੀ ਦੇ ਗੰਭੀਰ ਖੋਜੀ ਡਾ. ਸੁਰਿੰਦਰ ਸਿੰਘ ਕੋਹਲੀ ਦਾ ਜਨਮ ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡ ਨੂਰਪੁਰ ਸ਼ਾਹਾਂ ਵਿਚ ਸ. ਸੰਤ ਸਿੰਘ ਦੇ ਘਰ 1 ਜਨਵਰੀ 1920 ਈ. ਨੂੰ ਹੋਇਆ। ਮੁਢਲੀ ਤਾਲੀਮ ਆਪਣੇ ਪਿੰਡ ਵਿਚ ਪ੍ਰਾਪਤ ਕਰਨ ਉਪਰੰਤ ਇਸ ਨੇ ਗਾਰਡਨ ਕਾਲਜ, ਰਾਵਲਪਿੰਡੀ ਤੋਂ ਬੀ.ਏ. ਦੀ ਪਰੀਖਿਆ ਪਾਸ ਕੀਤੀ ਅਤੇ ਫਿਰ ਸੰਨ 1942 ਈ. ਵਿਚ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਅੰਗ੍ਰੇਜ਼ੀ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1944 ਈ. ਵਿਚ ਫਰੈਂਚ ਭਾਸ਼ਾ ਦਾ ਅਧਿਐਨ ਕੀਤਾ ਅਤੇ ਉਸੇ ਸਾਲ ਖ਼ਾਲਸਾ ਕਾਲਜ ਰਾਵਲਪਿੰਡੀ ਵਿਚ ਪੰਜਾਬੀ ਅਤੇ ਫਰੈਂਚ ਦਾ ਅਧਿਆਪਕ ਨਿਯੁਕਤ ਹੋ ਗਿਆ।

ਪੰਜਾਬ ਦੀ ਵੰਡ ਤੋਂ ਬਾਦ ਪਹਿਲਾਂ ਪਟਿਆਲੇ ਆ ਕੇ ਟਿਕਿਆ ਅਤੇ ਫਿਰ ਸੰਨ 1948 ਈ. ਵਿਚ ਦਿੱਲੀ ਚਲਾ ਗਿਆ। ਉਥੇ ਕੁਝ ਕਾਲਜਾਂ ਵਿਚ ਅਧਿਆਪਨ ਦਾ ਰੁਝੇਵਾਂ ਅਪਣਾਇਆ। ਸੰਨ 1951 ਈ. ਵਿਚ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਪੰਜਾਬੀ ਪਾਸ ਕਰਕੇ ਸੰਨ 1952 ਈ. ਵਿਚ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਵਿਚ ਪੰਜਾਬੀ ਦਾ ਲੈਕਚਰਾਰ ਲਗਾ। ਸੰਨ 1958 ਈ. ਵਿਚ ਇਸ ਨੇ ਦਿੱਲੀ ਯੂਨੀਵਰਸਿਟੀ ਤੋਂ 'ਏ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ' ਵਿਸ਼ੇ ਉਤੇ ਖੋਜ ਕਰਕੇ ਪੀ-ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਸੰਨ 1959 ਈ. ਤੋਂ ਇਹ ਦਿੱਲੀ ਯੂਨੀਵਰਸਿਟੀ ਦੀ ਇੰਸਟੀਚਿਊਟ ਆਫ਼ ਪੋਸਟ ਗਰੈਜੂਏਟ ਈਵਨਿੰਗ ਸਟੱਡੀਜ਼ ਵਿਚ ਪੰਜਾਬੀ ਦਾ ਰੀਡਰ ਨਿਯੁਕਤ ਹੋਇਆ ਅਤੇ ਫਿਰ ਸੰਨ 1961 ਈ. ਵਿਚ ਪੰਜਾਬੀ ਦਾ ਪਹਿਲਾ ਪ੍ਰੋਫ਼ੈਸਰ ਬਣ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆ ਗਿਆ। 31 ਦਸੰਬਰ 1979 ਈ. ਵਿਚ ਉਥੋਂ ਸੇਵਾ ਮੁਕਤ ਹੋਇਆ। ਇਸ ਨੇ 18 ਸਾਲ ਪ੍ਰੋਫ਼ੈਸਰ ਅਤੇ ਵਿਭਾਗ ਮੁਖੀ ਦੀ ਜ਼ਿੰਮੇਵਾਰੀ ਨਿਭਾਈ। ਇਸ ਦੌਰਾਨ ਇਸ ਨੇ ਆਪਣੇ ਵਿਦਿਆਰਥੀ ਨੂੰ ਬੜੀ ਗੰਭੀਰਤਾ ਨਾਲ ਗੁਰਬਾਣੀ ਦਾ ਅਧਿਐਨ ਕਰਾਇਆ। 49 ਖੋਜ-ਅਰਥੀਆਂ ਨੂੰ ਪੀ-ਐਚ.ਡੀ. ਦੀ ਸਫਲ ਖੋਜ ਕਰਵਾਈ। ਨਿਠ ਕੇ ਪੜ੍ਹਿਆ ਅਤੇ ਪੜ੍ਹਾਇਆ। ਅਧਿਆਪਨ ਦੀ ਸੇਵਾ-ਮੁਕਤੀ ਤੋਂ ਬਾਦ ਇਹ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਚੰਡੀਗੜ੍ਹ ਅਤੇ ਗੁਰੂ ਨਾਨਕ ਫਾਊਂਡੇਸ਼ਨ ਦਿੱਲੀ ਦਾ ਡਾਇਰੈਕਟਰ ਲਗਿਆ ਅਤੇ ਫਿਰ 'ਇੰਡੀਅਨ ਕੌਂਸਲ ਆਫ਼ ਫ਼ਿਲਾਸਫ਼ੀਕਲ ਰਿਸਰਚ, ਨਵੀਂ ਦਿੱਲੀ ਵਿਚ ਫੈਲੋ ਰਿਹਾ।

ਗੁਰੂ ਗ੍ਰੰਥ ਸਾਹਿਬ ਸੰਬੰਧੀ ਪੀ-ਐਚ.ਡੀ. ਦੀ ਖੋਜ ਕਰਨ ਤੋਂ ਇਲਾਵਾ ਸਿੱਖ ਧਰਮ ਅਤੇ ਗੁਰਬਾਣੀ ਸੰਬੰਧੀ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਉੱਲੇਖਯੋਗ ਇਸ ਪ੍ਰਕਾਰ ਹਨ—Dictionary of Sri Guru Granth Sahib (1996), Dictionary of Mythological References in Guru Granth Sahib, The Sikh Philosophy (1992), Outlines of Sikh thought (1966), Life and Ideals of Guru Gobind Singh (1986), Philosophy of Guru Nanak (1969), Travels of Guru Nanak (1969), Sikhism and Guru Granth Sahib (1990), A conceptual Encyclopaedia of Guru Granth Sahib (1992), The Sikh and Sikhism, Ritualism and its Rejection in Sikhism, Sikh Predictions etc. ਇਨ੍ਹਾਂ ਅੰਗ੍ਰੇਜ਼ੀ ਪੁਸਤਕਾਂ ਤੋਂ ਇਲਾਵਾ ਇਸ ਨੇ 'ਦਸਮ ਗ੍ਰੰਥ' ਦਾ ਅੰਗ੍ਰੇਜ਼ੀ ਅਨੁਵਾਦ ਕਰਕੇ ਤਿੰਨ ਜਿਲਦਾਂ ਵਿਚ ਸੰਨ 2003 ਈ. ਵਿਚ ਪ੍ਰਕਾਸ਼ਿਤ ਕੀਤਾ। ਪੰਜਾਬੀ ਵਿਚ ਵੀ ਸਿੱਖ ਧਰਮ ਅਤੇ ਪੰਜਾਬੀ ਸਾਹਿਤ ਬਾਰੇ ਕਈ ਪੁਸਤਕਾਂ ਲਿਖੀਆਂ ਅਤੇ ਕਈਆਂ ਦਾ ਸੰਪਾਦਨ ਕੀਤਾ।

ਪਿਛਲੇ ਨੌਂ-ਦਸ ਸਾਲ ਤੋਂ ਇਹ ਇੰਗਲੈਂਡ ਵਿਚ ਆਪਣੀ ਲੜਕੀ ਪਾਸ ਰਹਿੰਦਾ ਰਿਹਾ। ਇਸ ਦੌਰਾਨ ਇਸ ਨੇ ਵਖ ਵਖ ਅੰਤਰ-ਰਾਸ਼ਟਰੀ ਕਾਨਫ੍ਰੰਸਾਂ ਅਤੇ ਸੈਮੀਨਾਰਾਂ ਵਿਚ ਹਿੱਸਾ ਲਿਆ ਅਤੇ ਸਿੱਖ ਧਰਮ ਦਾ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ। ਡਾ. ਕੋਹਲੀ ਦਾ 20 ਜੁਲਾਈ 2003 ਈ. ਵਿਚ ਚੰਡੀਗੜ੍ਹ ਵਿਚ ਦੇਹਾਂਤ ਹੋਇਆ। ਇਹ ਬੜਾ ਸਿਰੜੀ, ਸੁਹਿਰਦ ਅਤੇ ਸੰਤੁਸ਼ਟ ਸੁਭਾ ਵਾਲਾ ਇਕ ਸਾਊ ਵਿਦਵਾਨ ਸੀ।

**ਸੁਲਹੀ ਖ਼ਾਨ** : ਇਹ ਪਠਾਣ ਜੋ ਜਹਾਂਗੀਰ ਬਾਦਸ਼ਾਹ ਦੇ ਰਾਜ-ਕਾਲ ਵੇਲੇ ਲਾਹੌਰ ਵਿਚ ਅਹਿਲਕਾਰ ਸੀ। ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀਚੰਦ ਗੁਰੂ-ਗੱਦੀ ਨ ਮਿਲਣ ਕਾਰਣ ਗੁਰੂ ਸਾਹਿਬ ਨਾਲ ਨਾਰਾਜ਼ ਸੀ ਅਤੇ ਉਨ੍ਹਾਂ ਨੂੰ ਹਾਨੀ ਪਹੁੰਚਾਣ ਲਈ ਸਦਾ ਗੋਂਦਾਂ ਗੁੰਦਦਾ ਰਹਿੰਦਾ ਸੀ। ਉਸ ਨੇ ਲਾਹੌਰ ਦੇ ਕਈ ਮੁਗ਼ਲ ਅਧਿਕਾਰੀਆਂ ਨੂੰ ਵੀ ਨਾਲ

ਗੰਢ ਲਿਆ ਸੀ। ਉਨ੍ਹਾਂ ਅਧਿਕਾਰੀਆਂ ਵਿਚ ਸੁਲਹੀ ਖ਼ਾਨ ਵੀ ਸ਼ਾਮਲ ਸੀ। ਇਕ ਵਾਰ ਉਹ ਪ੍ਰਿਥੀ ਚੰਦ ਕੋਲ, ਉਸ ਦੇ ਨਵੇਂ ਵਸਾਏ ਪਿੰਡ 'ਕੋਠਾ ਗੁਰੂ ਕਾ' (ਜ਼ਿਲਾ ਬਠਿੰਡਾ), ਵਿਚ ਕਿਸੇ ਮੰਦੀ ਮਨਸੂਬਾਬੰਦੀ ਲਈ ਗਿਆ। ਉਹ ਆਪਣੀ ਦਾੜ੍ਹੀ ਉਤੇ ਹੱਥ ਫੇਰਦੇ ਹੋਇਆਂ ਪ੍ਰਣ ਕਰਕੇ ਚਲਿਆ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰੂ-ਗੱਦੀ ਤੋਂ ਉਤਾਰ ਕੇ ਪ੍ਰਿਥੀਚੰਦ ਨੂੰ ਗੁਰੂ ਬਣਾ ਕੇ ਆਵੇਗਾ। ਪਰ ਪਿੰਡ ਦੇ ਨੇੜੇ ਹੀ ਇਕ ਇੱਟਾਂ ਦਾ ਆਵਾ ਭਖ ਰਿਹਾ ਸੀ। ਕਿਸੇ ਕਾਰਣ ਘੋੜਾ ਤ੍ਰਬਕਿਆ ਅਤੇ ਸੁਲਹੀ ਖ਼ਾਨ ਉਸ ਆਵੇ ਵਿਚ ਧਸ ਕੇ ਭਸਮ ਹੋ ਗਿਆ। ਇਸ ਘਟਨਾ ਵਲ ਗੁਰੂ ਜੀ ਨੇ ਸੰਕੇਤ ਕੀਤਾ ਹੈ — *ਸੁਲਹੀ ਤੇ ਨਾਰਾਇਣ ਰਾਖੁ। ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ।*(ਗੁ.ਗ੍ਰੰ.825)। 'ਨਾਪਾਕ' ਸ਼ਬਦ ਇਸ ਲਈ ਵਰਤਿਆ ਗਿਆ ਹੈ ਕਿ ਮੁਸਲਮਾਨ ਲੋਕ ਮੁਰਦਾ ਦਬਦੇ ਹਨ, ਸਾੜਦੇ ਨਹੀਂ। ਜੋ ਮੁਸਲਮਾਨ ਸੜ ਕੇ ਮਰੇ, ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਗ਼ਰੀਬਾਂ ਉਤੇ ਜੋ ਜ਼ੁਲਮ ਕਰਨ ਲਈ ਦਾੜ੍ਹੀ ਉਤੇ ਹੱਥ ਫੇਰ ਕੇ ਪ੍ਰਣ ਕਰਦੇ ਹਨ, ਉਨ੍ਹਾਂ ਦੀ ਦਾੜ੍ਹੀ ਅਗਨੀ ਵਿਚ ਸੜਦੀ ਹੈ— *ਗ਼ਰੀਬਾਂ ਉਪਰਿ ਜਿ ਖਿੰਜੈ ਦਾੜੀ। ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।*(ਗੁ.ਗ੍ਰੰ.199)।

**ਸੁਲਖਣੀ, ਮਾਤਾ** (ਅਨੁ.ਜ.1474 ਈ.): ਗੁਰੂ ਨਾਨਕ ਦੇਵ ਦੀ ਸੁਪਤਨੀ ਸੁਲਖਣੀ ਜੀ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ 'ਪਖੋਕੇ' ਨਾਂ ਦੇ ਪਿੰਡ ਵਿਚ ਮੂਲੇ ਚੋਣੇ (ਮੂਲ ਚੰਦ ਚੋਣਾ) ਖਤ੍ਰੀ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਂ ਚੰਦੋ ਰਾਣੀ ਸੀ। ਸੁਲਖਣੀ ਜੀ ਦਾ ਜਨਮ ਕਦ ਹੋਇਆ ਅਤੇ ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਦੇ ਜੀਵਨ ਦੇ ਮੁੱਖ ਤੱਥ ਕੀ ਹਨ, ਇਨ੍ਹਾਂ ਬਾਰੇ ਇਤਿਹਾਸ ਚੁਪ ਹੈ। ਹਾਂ, ਇਤਨਾ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਆਪ ਦਾ ਵਿਆਹ ਸੰਨ 1487 ਈ. (24 ਜੇਠ, 1544 ਬਿ.) ਵਿਚ ਹੋਇਆ, ਜਦੋਂ ਗੁਰੂ ਜੀ ਦੀ ਆਯੂ ਲਗਭਗ 18 ਵਰ੍ਹਿਆਂ ਦੀ ਸੀ। ਜੇ ਸੁਲਖਣੀ ਜੀ ਨੂੰ ਗੁਰੂ ਜੀ ਤੋਂ ਪੰਜ ਕੁ ਸਾਲ ਛੋਟਾ ਵਿਚਾਰ ਲਿਆ ਜਾਏ, ਤਾਂ ਆਪ ਦਾ ਜਨਮ 1474 ਈ. ਦੇ ਨੇੜੇ-ਤੇੜੇ ਹੋਇਆ ਮੰਨਿਆ ਜਾ ਸਕਦਾ ਹੈ।

ਸੁਲਖਣੀ ਜੀ ਦੇ ਪਿਤਾ ਮੂਲ ਚੰਦ ਪਟਵਾਰੀ ਦਾ ਕੰਮ ਕਰਦੇ ਸਨ ਅਤੇ ਇਲਾਕੇ ਵਿਚ ਉਨ੍ਹਾਂ ਦੀ ਚੰਗੀ ਪ੍ਰਤਿਸ਼ਠਾ ਸੀ। ਗੁਰੂ ਨਾਨਕ ਦੇਵ ਜੀ ਦੇ ਬਹਿਨੋਈ ਅਤੇ ਬੇਬੇ ਨਾਨਕੀ ਦੇ ਪਤੀ ਭਾਈ ਜੈ ਰਾਮ ਨੇ ਇਹ ਸੰਬੰਧ ਸਥਾਪਿਤ ਕਰਾਉਣ ਦੀ ਭੂਮਿਕਾ ਨਿਭਾਈ ਸੀ। ਵਿਆਹ ਬਟਾਲਾ ਨਗਰ ਵਿਚ 24 ਜੇਠ, 1544 ਬਿ. ਨੂੰ ਹੋਇਆ। ਵਿਆਹ ਲਈ ਬਰਾਤ ਤਲਵੰਡੀ ਤੋਂ ਆਈ ਜਾਂ ਸੁਲਤਾਨਪੁਰ ਲੋਧੀ ਤੋਂ, ਇਸ ਬਾਰੇ ਇਤਿਹਾਸਕਾਰ ਇਕ-ਮਤ ਨਹੀਂ ਹਨ। ਪਰ ਜੇ ਪੰਜਾਬ ਦੇ ਖਤ੍ਰੀਆਂ ਦੀਆਂ ਰਸਮਾਂ ਰਿਵਾਜਾਂ ਨੂੰ ਵਿਚਾਰੀਏ ਤਾਂ ਬਰਾਤ ਤਲਵੰਡੀਓਂ ਹੀ ਆਈ ਹੋ ਸਕਦੀ ਹੈ ਅਤੇ ਵਾਪਸ ਵੀ ਉਥੇ ਹੀ ਗਈ ਹੋਵੇਗੀ।

ਵਿਆਹ ਤੋਂ ਬਾਦ ਗੁਰੂ ਨਾਨਕ ਦੇਵ ਕੁਝ ਸਮਾਂ ਤਲਵੰਡੀ ਰਹੇ ਪਰ ਬਾਦ ਵਿਚ ਰੋਜ਼ਗਾਰ ਕਾਰਣ ਭਾਈ ਜੈਰਾਮ ਆਪ ਨੂੰ ਸੁਲਤਾਨਪੁਰ ਲੋਧੀ ਲੈ ਆਇਆ ਅਤੇ ਸੁਲਖਣੀ ਜੀ ਵੀ ਬਾਦ ਵਿਚ ਉਥੇ ਹੀ ਆ ਗਏ। ਸੁਲਖਣੀ ਜੀ ਨੇ ਸੁਲਤਾਨਪੁਰ ਲੋਧੀ ਵਿਚ ਰਹਿ ਕੇ ਬਾਬਾ ਸ੍ਰੀਚੰਦ (1494 ਈ.) ਅਤੇ ਬਾਬਾ ਲਖਮੀ ਦਾਸ (1496 ਈ.) ਨੂੰ ਜਨਮ ਦਿੱਤਾ। ਸੁਲਤਾਨਪੁਰ ਲੋਧੀ ਵਿਚ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਦਾ ਕੰਮ ਸੰਭਾਲਿਆ। ਲਗਭਗ 13 ਵਰ੍ਹੇ ਸੁਲਤਾਨਪੁਰ ਲੋਧੀ ਠਹਿਰਣ ਉਪਰੰਤ ਵੇਈਂ ਨਦੀ ਵਿਚ ਪ੍ਰਵੇਸ਼ ਕਰਨ ਦੀ ਘਟਨਾ ਤੋਂ ਬਾਦ ਗੁਰੂ ਜੀ ਧਰਮ ਪ੍ਰਚਾਰ ਲਈ ਉਦਾਸੀ 'ਤੇ ਨਿਕਲ ਗਏ। ਕੁਝ ਸਮਾਂ ਸੁਲਖਣੀ ਜੀ ਸੁਲਤਾਨਪੁਰ ਲੋਧੀ ਹੀ ਰਹੇ, ਪਰ ਬਾਦ ਵਿਚ ਬਾਬਾ ਲਖਮੀਦਾਸ ਨੂੰ ਲੈ ਕੇ ਪੇਕੇ ਪਿੰਡ 'ਪਖੋਕੇ' ਚਲੇ ਗਏ। ਬਾਬਾ ਸ੍ਰੀਚੰਦ ਸੁਲਤਾਨਪੁਰ ਹੀ ਰਹੇ ਕਿਉਂਕਿ ਉਨ੍ਹਾਂ ਨੂੰ ਭੂਆ ਬੇਬੇ ਨਾਨਕੀ ਨੇ ਆਪਣਾ ਪੁੱਤਰ ਬਣਾਇਆ ਹੋਇਆ ਸੀ। ਭਾਈ ਜੈ ਰਾਮ ਅਤੇ ਬੇਬੇ ਨਾਨਕੀ ਦੇ ਗੁਜ਼ਰਨ ਤੋਂ ਬਾਦ ਬਾਬਾ ਸ੍ਰੀਚੰਦ ਵੀ ਆਪਣੇ ਨਾਨਕੇ ਪਿੰਡ ਆਪਣੀ ਮਾਤਾ ਕੋਲ ਪਹੁੰਚ ਗਏ।

ਜਦੋਂ ਆਖ਼ੀਰਲੀ ਉਦਾਸੀ ਤੋਂ ਬਾਦ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਆਪਣਾ ਸਥਾਈ ਨਿਵਾਸ ਬਣਾ ਲਿਆ ਤਾਂ ਸੁਲਖਣੀ ਜੀ ਬੱਚਿਆਂ ਸਮੇਤ ਉਥੇ ਰਹਿਣ ਲਗ ਗਏ ਅਤੇ ਗੁਰੂ ਜੀ ਦੇ ਧਰਮ-ਪ੍ਰਚਾਰ ਵਿਚ ਆਪਣਾ ਯੋਗਦਾਨ ਪਾਉਣ ਲਗ ਗਏ। ਸੰਨ 1539 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਆਪ ਕੁਝ ਵਰ੍ਹੇ ਜੀਉਂਦੇ ਰਹੇ। ਆਪ ਜੀ ਦਾ ਦੇਹਾਂਤ ਕਦ ਹੋਇਆ, ਇਸ

ਬਾਰੇ ਹੁਣ ਕੋਈ ਸਹੀ ਤੱਥ ਉਪਲਬਧ ਨਹੀਂ ਹੈ।

ਸੁਲਖਣੀ ਜੀ ਦੇ ਚਰਿਤ੍ਰ ਦਾ ਗੰਭੀਰਤਾ ਨਾਲ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਦੇ ਉਦਾਸ ਰਹਿਣ ਅਤੇ ਧਰਮ-ਪ੍ਰਚਾਰ ਲਈ ਯਾਤ੍ਰਾਵਾਂ ਕਰਨ ਦੌਰਾਨ ਵਿਯੋਗ ਕਾਰਣ ਕੁਝ ਬੇਚੈਨ ਰਹਿੰਦੇ, ਪਰ ਬਾਦ ਵਿਚ ਸਹਿਜ ਸਹਿਜੇ ਆਪ ਨੇ ਸਥਿਤੀਆਂ ਨਾਲ ਸਮਝੌਤਾ ਕਰ ਲਿਆ ਅਤੇ ਗੁਰੂ ਜੀ ਦੇ ਧਰਮ-ਪ੍ਰਚਾਰ ਵਿਚ ਆਪਣੀ ਭੂਮਿਕਾ ਨਿਭਾਉਣ ਲਗੇ। ਮਾਤਾ ਸੁਲਖਣੀ ਸਿੱਖ ਇਤਿਹਾਸ ਦਾ ਇਕ ਮਹੱਤਵਪੂਰਣ ਪਾਤਰ ਹੈ, ਪਰ ਉਨ੍ਹਾਂ ਦਾ ਚਰਿਤ੍ਰ ਉਪੇਖਿਅਤ ਹੀ ਰਿਹਾ ਹੈ, ਭਾਵੇਂ ਉਨ੍ਹਾਂ ਨੇ ਇਸ ਧਰਮ ਅੰਦੋਲਨ ਲਈ ਆਪਣੀਆਂ ਖ਼ੁਸ਼ੀਆਂ, ਆਪਣਾ ਸੁਖ, ਪਤੀ ਸੰਯੋਗ ਦਾ ਆਨੰਦ ਸਭ ਕੁਝ ਵਾਰ ਦਿੱਤਾ ਸੀ।

**ਸੁਲਤਾਨਪੁਰ ਲੋਧੀ** (ਨਗਰ) : ਪੰਜਾਬ ਪ੍ਰਾਂਤ ਦੇ ਕਪੂਰਥਲਾ ਜ਼ਿਲ੍ਹੇ ਵਿਚ ਇਕ ਪੁਰਾਤਨ ਨਗਰ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਨਗਰ ਕਪੂਰਥਲੇ ਤੋਂ 25 ਕਿ.ਮੀ. ਦੱਖਣ ਦਿਸ਼ਾ ਵਿਚ ਵੇਈਂ ਨਦੀ ਦੇ ਕੰਢੇ ਵਸਿਆ ਹੈ।

ਇਕ ਰਵਾਇਤ ਅਨੁਸਾਰ ਇਸ ਨੂੰ ਯਾਰ੍ਹਵੀਂ ਸਦੀ ਵਿਚ ਮਹਿਮੂਦ ਗ਼ਜ਼ਨਵੀ ਦੇ ਇਕ ਸੈਨਾ-ਨਾਇਕ ਸੁਲਤਾਨ ਖ਼ਾਨ ਨੇ ਵਸਾਇਆ ਸੀ। ਦੂਜੀ ਰਵਾਇਤ ਅਨੁਸਾਰ ਇਸ ਨਗਰ ਦੀ ਬੁਨਿਆਦ ਸੰਨ 1332 ਈ. ਵਿਚ ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖ਼ਾਨ ਦੇ ਪੁੱਤਰ ਸੁਲਤਾਨ ਖ਼ਾਨ ਨੇ ਰਖੀ ਸੀ। ਤੀਜੀ ਰਵਾਇਤ ਅਨੁਸਾਰ ਇਬਰਾਹੀਮ ਲੋਧੀ (ਲੋਦੀ) ਦੇ ਰਾਜ-ਕਾਲ ਵੇਲੇ ਲਾਹੌਰ ਦੇ ਸੂਬੇਦਾਰ ਦੌਲਤ ਖ਼ਾਨ ਲੋਧੀ (ਲੋਦੀ) ਨੇ ਇਸ ਦਾ ਨਿਰਮਾਣ ਕਰਵਾਇਆ ਸੀ।

ਇਸ ਨਗਰ ਬਾਰੇ ਮਿਲਦੇ ਇਤਿਹਾਸਿਕ ਹਵਾਲਿਆਂ ਤੋਂ ਸਿਧ ਹੁੰਦਾ ਹੈ ਕਿ ਇਹ ਪੁਰਾਤਨ ਥੇਹ ਤੇ ਉਸਰਿਆ ਨਗਰ ਹੈ। ਬੌਧ-ਮਤ ਦੀਆਂ ਸਾਹਿਤਿਕ ਪਰੰਪਰਾਵਾਂ ਤੋਂ ਪਤਾ ਚਲਦਾ ਹੈ ਕਿ ਈਸਾ ਪੂਰਵ ਚੌਥੀ ਸਦੀ ਵਿਚ ਇਥੇ ਤਮਸਾ-ਵਨ ਵਿਚ ਬੋਧ ਧਰਮ ਦਾ ਇਕ ਵੱਡਾ ਕੇਂਦਰ ਸੀ। ਪਾਣਿਨੀ ਦੀ 'ਅਸ਼ਟਾਧਿਆਈ' ਅਤੇ ਪੁਰਾਣ-ਸਾਹਿਤ ਅਨੁਸਾਰ ਇਹ ਖੇਤਰ ਤ੍ਰਿਗਰਤਾਂ ਦਾ ਇਕ ਗਣਰਾਜ ਸੀ। ਯੁਆਂਗ-ਚੁਆਂਗ ਨਾਂ ਦੇ ਚੀਨੀ ਯਾਤ੍ਰੀ ਨੇ ਲਿਖਿਆ ਹੈ ਕਿ ਸਮ੍ਰਾਟ ਅਸ਼ੋਕ ਨੇ ਆਪਣੇ ਰਾਜ-ਕਾਲ (269 ਤੋਂ 232 ਈ.ਪੂ.) ਵੇਲੇ ਇਥੇ ਇਕ ਬੌਧੀ ਸਤੂਪ ਦੀ ਉਸਾਰੀ ਕਰਵਾਈ ਜੋ ਲਗਭਗ ਦੋ ਸੌ ਫੁਟ ਉੱਚਾ ਸੀ। ਸੱਤਵੀਂ ਸਦੀ ਤਕ ਇਹ ਬੌਧ-ਧਰਮ ਦਾ ਇਕ ਮਹੱਤਵਪੂਰਣ ਕੇਂਦਰ ਰਿਹਾ। ਇਸ ਤੋਂ ਬਾਦ ਵੀ ਰਾਜਨੈਤਿਕ ਤੌਰ 'ਤੇ ਇਸ ਨਗਰ ਦਾ ਮਹੱਤਵ ਕਿਸੇ ਨ ਕਿਸੇ ਰੂਪ ਵਿਚ ਬਣਿਆ ਰਿਹਾ।

ਯਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮਹਿਮੂਦ ਗ਼ਜ਼ਨਵੀ ਨੇ ਧਾਰਮਿਕ ਅੰਧਤਾ ਕਾਰਣ ਇਸ ਨਗਰ ਨੂੰ ਲੁਟ ਕੇ ਅੱਗ ਲਗਵਾ ਦਿੱਤੀ ਜਿਸ ਦਾ ਪ੍ਰਮਾਣ ਇਸ ਦੇ ਥੇਹ ਹੇਠੋਂ ਨਿਕਲਦੀ ਕਾਲੀ ਮਿੱਟੀ ਅਤੇ ਭੱਜੀਆਂ ਟੁਟੀਆਂ ਚੀਜ਼ਾਂ ਤੋਂ ਇਲਾਵਾ ਪੁਰਾਤਨ ਸਿੱਕਿਆਂ ਤੋਂ ਸਹਿਜ ਹੀ ਮਿਲ ਜਾਂਦਾ ਹੈ। ਪੁਰਾਤਨ ਨਗਰ ਦੇ ਥੇਹ 'ਤੇ ਹੀ ਮੁਸਲਮਾਨ ਹਾਕਮਾਂ ਨੇ ਇਸ ਦੀ ਭੂਗੋਲਿਕ ਸਥਿਤੀ ਨੂੰ ਵੇਖਦੇ ਹੋਇਆਂ ਇਸ ਦੇ ਪੁਨਰ-ਨਿਰਮਾਣ ਵਲ ਧਿਆਨ ਦਿੱਤਾ। ਇਸ ਕੰਮ ਵਿਚ ਪਹਿਲ ਤਾਂ ਭਾਵੇਂ ਮਹਿਮੂਦ ਗ਼ਜ਼ਨਵੀ ਦੇ ਸੈਨਾ-ਨਾਇਕ ਸੁਲਤਾਨ ਖ਼ਾਨ ਨੇ ਕੀਤੀ, ਪਰ ਇਸ ਦਾ ਇਤਿਹਾਸਿਕ ਅਤੇ ਰਾਜਨੈਤਿਕ ਮਹੱਤਵ ਤੇਰ੍ਹਵੀਂ ਸਦੀ ਦੇ ਉੱਤਰਾਰਧ ਵਿਚ ਗਿਆਸੁੱਦੀਨ ਬਲਬਨ ਦੇ ਰਾਜ-ਕਾਲ ਵੇਲੇ ਵਧਿਆ। ਲਾਹੌਰ ਦੇ ਸੂਬੇਦਾਰ ਦੌਲਤ ਖ਼ਾਨ ਲੋਧੀ ਨੇ ਇਸ ਨਗਰ ਦਾ ਪੁਨਰ-ਉੱਧਾਰ ਕੀਤਾ ਅਤੇ ਇਸ ਨੂੰ ਰਾਜਨੈਤਿਕ ਅਤੇ ਵਪਾਰਕ ਦ੍ਰਿਸ਼ਟੀ ਤੋਂ ਵਿਸ਼ੇਸ਼ ਤੌਰ 'ਤੇ ਮਹੱਤਵ ਪ੍ਰਦਾਨ ਕੀਤਾ। ਇਸ ਤਰ੍ਹਾਂ ਇਸ ਨਗਰ ਦੇ ਇਤਿਹਾਸ ਦੀ ਪੈੜ ਈਸਾ ਪੂਰਵ ਪੰਜਵੀਂ ਸਦੀ ਤਕ ਜਾਂਦੀ ਹੈ।

ਸਿੱਖ-ਇਤਿਹਾਸ ਵਿਚ ਇਸ ਨਗਰ ਦਾ ਵਿਸ਼ੇਸ਼ ਅਤੇ ਉੱਲੇਖਯੋਗ ਸਥਾਨ ਹੈ। ਇਥੇ ਗੁਰੂ ਨਾਨਕ ਦੇਵ ਜੀ ਦਾ ਬਹਿਨੋਈ ਜੈ ਰਾਮ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿਚ ਨੌਕਰੀ ਕਰਦਾ ਸੀ। ਇਥੇ ਹੀ ਭਾਈ ਜੈ ਰਾਮ ਅਤੇ ਬੇਬੇ ਨਾਨਕੀ ਦੀ ਪ੍ਰੇਰਣਾ ਨਾਲ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਵਿਚ ਨੌਕਰੀ ਦਾ ਕੰਮ ਸ਼ੁਰੂ ਕੀਤਾ। ਇਥੇ ਗੁਰੂ ਸਾਹਿਬ ਲਗਪਗ ਚੌਦਾਂ ਵਰ੍ਹੇ ਰਹੇ। ਜਨਮਸਾਖੀ ਸਾਹਿਤ ਅਨੁਸਾਰ ਇਥੇ ਹੀ ਵੇਈਂ ਨਦੀ ਵਿਚ ਪ੍ਰਵੇਸ਼ ਕਰਕੇ ਗੁਰੂ ਸਾਹਿਬ ਨਿਰੰਕਾਰ ਦੇ ਦਰਬਾਰ ਵਿਚ ਗਏ ਸਨ ਅਤੇ ਨਦੀਓਂ ਨਿਕਲ ਕੇ ' ਨਾ ਕੋਈ ਹਿੰਦੂ ਨਾ ਮੁਸਲਮਾਨ' ਕਹਿ ਕੇ ਆਪਣੇ ਧਰਮ ਨਿਰਪੇਖ ਸਹਿਜ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਦੇ ਪ੍ਰਚਾਰ ਲਈ ਉਦਾਸੀਆਂ ਲਈ ਪ੍ਰਸਥਾਨ ਕੀਤਾ।

ਇਸ ਨਗਰ ਕੋਲ ਵੇਈਂ ਨਦੀ ਉਤੇ ਸ਼ੇਰਸ਼ਾਹ ਸੂਰੀ ਨੇ ਪੁਲ ਬਣਵਾਇਆ ਸੀ। ਉਦੋਂ ਹੀ ਮੁਸਾਫ਼ਰਾਂ ਦੇ ਠਹਿਰਨ

ਲਈ ਇਕ ਵੱਡੀ ਸਰਾਂ ਵੀ ਬਣਵਾਈ ਗਈ। ਇਸ ਤੋਂ ਬਾਦ ਜਹਾਂਗੀਰ ਬਾਦਸ਼ਾਹ ਨੇ ਪੁਰਾਣੀ ਸਰਾਂ ਵਾਲੀ ਥਾਂ 'ਤੇ ਇਕ ਨਵੀਂ ਸਰਾਂ ਬਣਵਾਈ। ਔਰੰਗਜ਼ੇਬ ਨੇ ਵੀ ਇਕ ਪੁਲ ਬਣਵਾਇਆ ਜਿਸ ਦਾ ਕੁਝ ਹਿੱਸਾ ਹੁਣ ਵੀ ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਇਥੇ ਕੁਝ ਸਮਾਂ ਠਹਿਰ ਕੇ ਗੁਰੂ-ਧਾਮਾਂ ਦੀ ਉਸਾਰੀ ਕਰਵਾਈ। ਨਾਦਰਸ਼ਾਹ ਅਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਵੇਲੇ ਇਸ ਨਗਰ ਦੀ ਬਹੁਤ ਲੁਟ-ਖਸੁਟ ਅਤੇ ਤਬਾਹੀ ਹੋਈ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਇਸ ਉਤੇ ਸ. ਜੱਸਾ ਸਿੰਘ ਆਹਲੂਵਾਲੀਆ ਦਾ ਕਬਜ਼ਾ ਹੋ ਗਿਆ। ਉਦੋਂ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਬਾਦ ਰਿਆਸਤਾਂ ਦੀ ਹੋਂਦ ਖ਼ਤਮ ਹੋਣ ਤਕ ਇਹ ਨਗਰ ਆਹਲੂਵਾਲੀਆ ਵੰਸ਼ ਦੇ ਅਧਿਕਾਰ ਵਿਚ ਹੀ ਰਿਹਾ।

ਸਿੱਖ-ਇਤਿਹਾਸ ਨਾਲ ਸੰਬੰਧਿਤ ਇਥੇ ਕਈ ਧਰਮ-ਸਥਾਨ ਹਨ ਜਿਵੇਂ ਸੰਤਘਾਟ, ਹਟ ਸਾਹਿਬ, ਕੋਠੜੀ ਸਾਹਿਬ, ਗੁਰੂ ਕਾ ਬਾਗ਼, ਬੇਰ ਸਾਹਿਬ, ਗੁਰਦੁਆਰਾ ਬੇਬੇ ਨਾਨਕੀ ਜੀ, ਗੁਰਦੁਆਰਾ ਅੰਤਰਯਾਮਤਾ, ਧਰਮਸ਼ਾਲਾ ਗੁਰੂ ਅਰਜਨ ਦੇਵ ਜੀ ਆਦਿ। ਇਨ੍ਹਾਂ ਗੁਰੂ-ਧਾਮਾਂ ਦਾ ਸੰਖਿਪਤ ਪਰਿਚਯ ਇਸ ਪ੍ਰਕਾਰ ਹੈ :

*ਗੁਰਦੁਆਰਾ ਬੇਰ ਸਾਹਿਬ* ਵੇਈਂ ਨਦੀ ਦੇ ਕੰਢੇ ਉਤੇ ਉਸ ਸਥਾਨ 'ਤੇ ਬਣਿਆ ਹੋਇਆ ਹੈ ਜਿਥੇ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ ਇਕ ਬੇਰ ਦੇ ਬ੍ਰਿਛ ਹੇਠਾਂ ਬੈਠ ਕੇ ਨਿੱਤ ਭਗਤੀ ਕਰਦੇ ਹੁੰਦੇ ਸਨ। ਜਨਮਸਾਖੀ ਸਾਹਿਤ ਅਨੁਸਾਰ ਇਕ ਦਿਨ ਗੁਰੂ ਜੀ ਨੇ ਨਦੀ ਵਿਚ ਇਸ਼ਨਾਨ ਕਰਨ ਲਈ ਡੁਬਕੀ ਲਗਾਈ ਪਰ ਦੋ ਦਿਨਾਂ ਤਕ ਗ਼ਾਇਬ ਰਹੇ ਅਤੇ ਤੀਜੇ ਦਿਨ ਨਦੀ ਦੇ ਉਪਰਲੇ ਪਾਸੇ ਗੁਰਦੁਆਰਾ ਸੰਤ ਘਾਟ ਵਾਲੀ ਥਾਂ ਤੋਂ ਪ੍ਰਗਟ ਹੋਏ। ਉਸ ਵੇਲੇ ਉਹ ਕੇਵਲ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸ਼ਬਦ ਉਚਾਰ ਰਹੇ ਸਨ। ਉਸ ਤੋਂ ਬਾਦ ਉਨ੍ਹਾਂ ਨੇ ਧਰਮ-ਪ੍ਰਚਾਰ ਲਈ ਉਦਾਸੀਆਂ ਸ਼ੁਰੂ ਕਰ ਦਿੱਤੀਆਂ। ਉਹ ਬੇਰ ਦਾ ਬ੍ਰਿਛ ਹੁਣ ਵੀ ਉਥੇ ਮੌਜੂਦ ਹੈ। ਇਸ ਗੁਰੂ-ਧਾਮ ਦੀ ਉਸਾਰੀ ਕਪੂਰਥਲੇ ਦੇ ਮਹਾਰਾਜਾ ਜਗਤਜੀਤ ਸਿੰਘ ਨੇ 25 ਫਰਵਰੀ 1937 ਈ. ਨੂੰ ਸ਼ੁਰੂ ਕਰਵਾਈ ਸੀ। ਹੁਣ ਉਥੇ ਬੜਾ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਜਨਮ-ਪਰਵ ਉਤੇ ਬਹੁਤ ਵੱਡਾ ਇਕੱਠ ਹੁੰਦਾ ਹੈ।

*ਗੁਰਦੁਆਰਾ ਹਟ ਸਾਹਿਬ* ਉਸ ਸਥਾਨ ਉਤੇ ਉਸਰਿਆ ਹੋਇਆ ਹੈ ਜਿਥੇ ਗੁਰੂ ਨਾਨਕ ਦੇਵ ਜੀ ਮੋਦੀਖ਼ਾਨੇ ਵਿਚ ਨੌਕਰੀ ਕਰਦੇ ਸਨ। ਇਥੇ ਗੁਰੂ ਜੀ ਦੁਆਰਾ ਅੰਨ ਤੋਲਣ ਲਈ ਵਰਤੇ ਗਏ ਵੱਟੇ ਵੀ ਇਕ ਸ਼ੀਸ਼ੇ ਦੇ ਬਕਸੇ ਵਿਚ ਸੰਭਾਲੇ ਹੋਏ ਹਨ।

*ਗੁਰਦੁਆਰਾ ਅੰਤਰਯਾਮਤਾ ਸਾਹਿਬ* ਉਸ ਘਟਨਾ ਦੀ ਯਾਦ ਦਿਵਾਉਂਦਾ ਹੈ ਜਦੋਂ ਨਵਾਬ ਦੌਲਤ ਖ਼ਾਨ ਨੇ ਗੁਰੂ ਜੀ ਨੂੰ ਨਮਾਜ਼ ਵਿਚ ਸ਼ਾਮਲ ਹੋਣ ਲਈ ਬੁਲਾਇਆ ਸੀ ਅਤੇ ਗੁਰੂ ਜੀ ਨੇ ਨਮਾਜ਼ ਵਿਚ ਸ਼ਰਕਤ ਨ ਕਰਕੇ ਕਾਜ਼ੀ ਦੀ ਮਨ ਦੀ ਸਥਿਤੀ ਨੂੰ ਸਪੱਸ਼ਟ ਕੀਤਾ ਸੀ ਕਿ ਉਸ ਦਾ ਆਪਣਾ ਮਨ ਬੰਦਗੀ ਵਿਚ ਕੇਂਦਰਿਤ ਨਹੀਂ ਹੈ।

*ਗੁਰਦੁਆਰਾ ਗੁਰੂ ਕਾ ਬਾਗ਼* ਗੁਰੂ ਜੀ ਦੀ ਰਿਹਾਇਸ਼ ਵਾਲੀ ਥਾਂ ਉਤੇ ਬਣਿਆ ਹੋਇਆ ਹੈ। ਇਥੇ ਹੀ ਗੁਰੂ ਜੀ ਦੇ ਦੋਵੇਂ ਸੁਪੁੱਤਰ ਪੈਦਾ ਹੋਏ ਸਨ। ਉਸ ਵਕਤ ਜਲ ਦੀ ਸੁਵਿਧਾ ਲਈ ਬਣਾਈ ਗਈ ਖੂਹੀ ਦੇ ਅਵਸ਼ੇਸ਼ ਹੁਣ ਵੀ ਮੌਜੂਦ ਹਨ।

*ਗੁਰਦੁਆਰਾ ਕੋਠੜੀ ਸਾਹਿਬ* ਵਾਲੀ ਥਾਂ 'ਤੇ ਗੁਰੂ ਜੀ ਨੂੰ ਇਕ ਕੋਠੜੀ ਵਿਚ ਨਜ਼ਰਬੰਦ ਕਰਕੇ ਮੋਦੀਖ਼ਾਨੇ ਦੇ ਸਾਰੇ ਅਨਾਜ ਦੀ ਪੜਤਾਲ ਹੋਈ ਸੀ ਅਤੇ ਹਿਸਾਬ-ਕਿਤਾਬ ਰਖਣ ਵਾਲੀਆਂ ਵਹੀਆਂ ਨੂੰ ਘੋਖਿਆ ਗਿਆ ਸੀ।

*ਗੁਰਦੁਆਰਾ ਸੰਤ ਘਾਟ* ਉਸ ਘਟਨਾ ਦੀ ਯਾਦ ਤਾਜ਼ਾ ਕਰਦਾ ਹੈ ਜਦ ਗੁਰੂ ਜੀ ਨੇ ਗੁਰਦੁਆਰਾ ਬੇਰ ਸਾਹਿਬ ਵਾਲੇ ਸਥਾਨ ਤੋਂ ਨਦੀ ਵਿਚ ਪ੍ਰਵੇਸ਼ ਕੀਤਾ ਅਤੇ ਦੋ ਦਿਨ ਨਦੀ ਵਿਚ ਰਹਿ ਕੇ ਤੀਜੇ ਦਿਨ ਨਦੀ ਤੋਂ ਬਾਹਰ ਨਿਕਲੇ।

*ਗੁਰਦੁਆਰਾ ਬੇਬੇ ਨਾਨਕੀ* ਅਸਲ ਵਿਚ ਬੇਬੇ ਜੀ ਦੀ ਸਮ੍ਰਿਤੀ ਵਿਚ 'ਬੇਬੇ ਨਾਨਕੀ ਇਸਤਰੀ ਸਤਿਸੰਗ ਚੈਰੀਟੇਬਲ ਟ੍ਰਸਟ' ਵਲੋਂ ਬਣਵਾਇਆ ਗਿਆ ਹੈ ਕਿਉਂਕਿ ਬੇਬੇ ਜੀ ਦੀ ਰਿਹਾਇਸ਼ ਵਾਲੀ ਮੂਲ ਥਾਂ ਕਿਸੇ ਦੀ ਨਿਜੀ ਸੰਪੱਤੀ ਹੋਣ ਕਾਰਣ ਪ੍ਰਾਪਤ ਨਹੀਂ ਕੀਤੀ ਜਾ ਸਕੀ ਸੀ।

*ਗੁਰਦੁਆਰਾ ਸੇਹਰਾ ਸਾਹਿਬ* ਉਸ ਸਥਾਨ ਦੀ ਯਾਦ ਦਿਵਾਉਂਦਾ ਹੈ ਜਿਥੇ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਵਿਆਹੁਣ ਲਈ ਡੱਲਾ ਪਿੰਡ ਨੂੰ ਜਾਂਦੇ ਹੋਇਆਂ ਗੁਰੂ ਅਰਜਨ ਦੇਵ ਜੀ ਇਕ ਰਾਤ ਰਹੇ ਸਨ ਅਤੇ ਆਪਣੇ ਸੁਪੁੱਤਰ ਦੀ ਸੇਹਰਾਬੰਦੀ ਕੀਤੀ ਸੀ।

ਉਕਤ ਗੁਰਦੁਆਰਿਆਂ ਵਿਚ ਗੁਰਦੁਆਰਾ ਬੇਬੇ ਨਾਨਕੀ ਜੀ ਦੀ ਵਿਵਸਥਾ ਟ੍ਰਸਟ ਵਲੋਂ ਹੁੰਦੀ ਹੈ, ਜਦਕਿ

ਬਾਕੀਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਸੁਲਤਾਨਵਿੰਡ** (ਪਿੰਡ) : ਅੰਮ੍ਰਿਤਸਰ ਨਗਰ ਤੋਂ ਚਾਰ ਕਿ.ਮੀ. ਦੱਖਣ-ਪੂਰਵ ਵਲ ਵਸਿਆ ਇਕ ਪੁਰਾਣਾ ਪਿੰਡ, ਜਿਸ ਵਿਚ ਦੋ ਇਤਿਹਾਸਿਕ ਗੁਰੂ-ਧਾਮ ਹਨ।

ਇਕ, *ਗੁਰਦੁਆਰਾ ਤੂਤ ਸਾਹਿਬ*, ਜਿਥੇ ਗੁਰੂ ਅਰਜਨ ਦੇਵ ਜੀ ਕਦੇ ਕਦੇ ਤੂਤ ਬ੍ਰਿਛ ਹੇਠ ਆ ਕੇ ਆਰਾਮ ਕਰਦੇ ਹੁੰਦੇ ਸਨ। ਇਸ ਗੁਰੂ-ਧਾਮ ਦੀ ਉਸਾਰੀ ਸੰਨ 1983 ਈ. ਵਿਚ ਹੋਈ ਸੀ ਅਤੇ ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

ਦੂਜਾ, *ਗੁਰਦੁਆਰਾ ਅਟਾਰੀ ਸਾਹਿਬ ਪਾਤਿਸ਼ਾਹੀ ਛੇਵੀਂ*, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਵਿਆਹ ਕਰਾਉਣ ਲਈ ਅੰਮ੍ਰਿਤਸਰ ਤੋਂ ਡੱਲਾ ਪਿੰਡ ਵਲ ਜਾਂਦਿਆਂ ਰੁਕੇ ਸਨ। ਇਸ ਗੁਰੂ-ਧਾਮ ਦੀ ਵਰਤਮਾਨ ਇਮਾਰਤ ਸੰਨ 1955 ਈ. ਵਿਚ ਮੁਕੰਮਲ ਹੋਈ ਸੀ। ਇਸ ਗੁਰਦੁਆਰੇ ਦੇ ਪਰਿਸਰ ਵਿਚ ਇਕ ਨਿੱਕਾ ਜਿਹਾ ਸਰੋਵਰ ਵੀ ਬਣਿਆ ਹੋਇਆ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ।

**ਸੁਲਬੀ ਖ਼ਾਨ :** ਸੁਲਹੀ ਖ਼ਾਨ (ਵੇਖੋ) ਦਾ ਭਤੀਜਾ, ਜਿਸ ਨੂੰ ਇਹ ਸੰਦੇਹ ਹੋ ਗਿਆ ਕਿ ਉਸ ਦਾ ਚਾਚਾ ਗੁਰੂ ਅਰਜਨ ਦੇਵ ਜੀ ਦੇ ਸਰਾਪ ਕਾਰਣ ਮਰਿਆ ਸੀ। ਚੰਦੂ ਸ਼ਾਹ ਦੇ ਉਕਸਾਉਣ 'ਤੇ ਉਹ ਆਪਣੀ ਸੈਨਿਕ ਟੁਕੜੀ ਸਹਿਤ ਗੁਰੂ ਅਰਜਨ ਦੇਵ ਜੀ ਤੋਂ ਬਦਲਾ ਲੈਣ ਲਈ ਲਾਹੌਰੋਂ ਅੰਮ੍ਰਿਤਸਰ ਨੂੰ ਚਲ ਪਿਆ। ਰਸਤੇ ਵਿਚ ਉਸ ਦਾ ਆਪਣੇ ਚਾਚੇ ਦੇ ਸੈਨਿਕਾਂ ਨੂੰ ਤਲਬ (ਤਨਖ਼ਾਹ) ਨ ਦੇਣ ਕਾਰਣ ਉਨ੍ਹਾਂ ਨਾਲ ਤਕਰਾਰ ਹੋ ਗਿਆ। ਫਲਸਰੂਪ ਇਹ ਉਨ੍ਹਾਂ ਦੇ ਹੱਥੋਂ ਮਾਰਿਆ ਗਿਆ।

**ਸੂਹੀ ਕੀ ਵਾਰ ਮਹਲਾ ੩ :** ਇਸ ਵਾਰ ਵਿਚ ਮਹਲੇ ਤੀਜੇ ਦੇ ਕੇਵਲ 15 ਸ਼ਲੋਕ ਹਨ, ਬਾਕੀਆਂ ਵਿਚੋਂ 21 ਗੁਰੂ ਨਾਨਕ ਦੇਵ ਜੀ ਦੇ ਅਤੇ 11 ਗੁਰੂ ਅੰਗਦ ਦੇ ਹਨ। ਇਸ ਤਰ੍ਹਾਂ ਕੁਲ ਸ਼ਲੋਕ 47 ਹਨ। ਇਸ ਵਾਰ ਵਿਚ ਕੁਲ 20 ਪਉੜੀਆਂ ਹਨ। ਹਰ ਇਕ ਪਉੜੀ ਵਿਚ ਪੰਜ ਪੰਜ ਤੁਕਾਂ ਹਨ। ਸ਼ਲੋਕਾਂ ਵਿਚ ਤੁਕਾਂ ਦੀ ਸਮਾਨਤਾ ਨਹੀਂ ਹੈ। ਦੋ ਤੋਂ ਲੈ ਕੇ ਅੱਠ ਤੁਕਾਂ ਦੇ ਸ਼ਲੋਕ ਦਰਜ ਹਨ। ਆਮ ਤੌਰ 'ਤੇ ਹਰ ਪਉੜੀ ਨਾਲ ਦੋ ਦੋ ਸ਼ਲੋਕ ਆਏ ਹਨ, ਪਰ ਸੱਤਵੀਂ ਅਤੇ 15ਵੀਂ ਪਉੜੀਆਂ ਨਾਲ ਚਾਰ ਚਾਰ ਸ਼ਲੋਕ ਹਨ ਅਤੇ ਛੇਵੀਂ, ਨੌਵੀਂ ਅਤੇ 19ਵੀਂ ਪਉੜੀਆਂ ਨਾਲ ਤਿੰਨ ਤਿੰਨ ਸ਼ਲੋਕ ਦਰਜ ਹਨ। ਭਾਸ਼ਾ ਸਰਲ ਅਤੇ ਵਿਸ਼ੇ ਅਨੁਰੂਪ ਹੈ।

ਇਸ ਵਾਰ ਵਿਚ ਗੁਰਮਤਿ ਦੇ ਕਈ ਸਿੱਧਾਂਤਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਮੁੱਖ ਤੌਰ 'ਤੇ ਦਸਿਆ ਗਿਆ ਹੈ ਕਿ ਜਗਤ ਜੀਵਾਂ ਦੀ ਕਰਮ-ਭੂਮੀ ਹੈ। ਮਾਇਆਵੀ ਪ੍ਰਪੰਚ ਰਚ ਕੇ ਜੀਵਾਂ ਨੂੰ ਪ੍ਰਭੂ ਨੇ ਆਪ ਹੀ ਉਲਝਾਇਆ ਹੈ ਅਤੇ ਆਪ ਹੀ ਉਨ੍ਹਾਂ ਤੋਂ ਧਰਮ ਦੀ ਕਮਾਈ ਕਰਾਉਂਦਾ ਹੈ। ਪਰਮਾਤਮਾ ਦੀ ਕ੍ਰਿਪਾ ਦੁਆਰਾ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜਿਗਿਆਸੂ ਵਿਚੋਂ ਵਾਸਨਾਵਾਂ ਕਢ ਕੇ ਅਤੇ ਹਉਮੈ ਨੂੰ ਮਾਰ ਕੇ ਚਿੱਤ ਨੂੰ ਸਥਿਰ ਕਰਦਾ ਹੈ, ਫਿਰ ਨਾਮ-ਜਾਪ ਰਾਹੀਂ ਪ੍ਰਭੂ ਦੀ ਆਰਾਧਨਾ ਕੀਤੀ ਜਾਂਦੀ ਹੈ। ਫਲਸਰੂਪ ਸਾਧਕ ਸਹਿਜ ਅਵਸਥਾ ਦਾ ਆਨੰਦ ਮਾਣਦਾ ਹੈ। ਇਸ ਵਿਚ ਪ੍ਰੇਮ-ਭਗਤੀ ਦਾ ਕਾਂਤਾ-ਭਾਵ ਅਧਿਕ ਉਘੜਿਆ ਹੈ।

**ਸੂਹੀ ਰਾਗ** (ਬਾਣੀ): ਇਸ ਰਾਗ ਵਿਚ ਕੁਲ 82 ਚਉਪਦੇ, 16 ਅਸ਼ਟਪਦੀਆਂ, 3 ਕੁਚਜੀ, ਸੁਚਜੀ ਅਤੇ ਗੁਣਵੰਤੀ, 29 ਛੰਤ ਅਤੇ ਇਕ ਵਾਰ ਮ.੩ ਹੈ। ਭਗਤ-ਬਾਣੀ ਪ੍ਰਕਰਣ ਵਿਚ ਦਸ ਸ਼ਬਦ ਹਨ ਜਿਨ੍ਹਾਂ ਵਿਚ ਪੰਜ ਕਬੀਰ ਦੇ, ਤਿੰਨ ਰਵਿਦਾਸ ਦੇ ਅਤੇ ਦੋ ਸ਼ੇਖ ਫ਼ਰੀਦ ਦੇ ਹਨ।

ਚਉਪਦੇ ਪ੍ਰਕਰਣ ਦੇ ਕੁਲ 82 ਚਉਪਦਿਆਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਰਚੇ ਹੋਏ ਨੌਂ ਸ਼ਬਦਾਂ ਵਿਚੋਂ ਇਕ ਇਕ-ਪਦਾ, 6 ਚਉਪਦੇ, ਇਕ ਪੰਚ-ਪਦਾ ਅਤੇ ਇਕ ਛਿ-ਪਦਾ ਹੈ। ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਹਰਿ-ਨਾਮ ਵਿਚ ਲੀਨ ਹੋਣ ਲਈ ਪਹਿਲਾਂ ਆਪਣੇ ਮਨ ਨੂੰ ਸਵੱਛ ਬਣਾਉਣਾ ਬੜਾ ਜ਼ਰੂਰੀ ਹੈ। ਗੁਰੂ ਰਾਮਦਾਸ ਜੀ ਦੇ ਲਿਖੇ 15 ਚਉਪਦਿਆਂ ਵਿਚ 14 ਚਾਰ ਚਾਰ ਪਦਿਆਂ ਵਾਲੇ ਹਨ ਅਤੇ ਇਕ ਛੇ ਪਦਿਆਂ ਵਾਲਾ। ਗੁਰੂ ਜੀ ਨੇ ਦਸਿਆ ਹੈ ਕਿ ਪਰਮਾਤਮਾ ਦੀ ਕ੍ਰਿਪਾ ਨਾਲ ਗੁਰੂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਨਾਮ ਬਖ਼ਸ਼ਦਾ ਹੈ। ਗੁਰੂ ਅਰਜਨ ਦੇਵ ਜੀ ਦੇ ਲਿਖੇ 58 ਚਉਪਦਿਆਂ ਵਿਚੋਂ ਛੇ ਵਿਚ ਦੋ ਦੋ, ਦੋ ਵਿਚ ਤਿੰਨ ਤਿੰਨ, 48 ਵਿਚ ਚਾਰ ਚਾਰ ਅਤੇ ਦੋ ਵਿਚ ਪੰਜ ਪੰਜ ਪਦੇ ਹਨ।

ਇਨ੍ਹਾਂ ਵਿਚ ਗੁਰਮਤਿ ਦੇ ਅਨੇਕ ਸਿੱਧਾਂਤਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ।

*ਅਸ਼ਟਪਦੀਆਂ* ਪ੍ਰਕਰਣ ਦੀਆਂ 16 ਅਸ਼ਟਪਦੀਆਂ ਵਿਚੋਂ ਪੰਜ ਗੁਰੂ ਨਾਨਕ ਦੇਵ ਜੀ ਦੀਆਂ ਹਨ। ਇਨ੍ਹਾਂ ਵਿਚ ਇਸਤਰੀ ਰੂਪੀ ਜਿਗਿਆਸੂ ਦੀ ਪਤੀ ਰੂਪੀ ਪਰਮਾਤਮਾ ਲਈ ਖਿਚ ਦੀ ਭਾਵਨਾ ਪ੍ਰਗਟਾਈ ਗਈ ਹੈ। ਗੁਰੂ ਅਮਰਦਾਸ ਜੀ ਦੀਆਂ ਲਿਖੀਆਂ ਚਾਰ ਅਸ਼ਟਪਦੀਆਂ ਵਿਚ ਤਿੰਨ ਵਿਚ ਅੱਠ ਅੱਠ ਪਦੀਆਂ ਅਤੇ ਇਕ ਵਿਚ 34 ਪਦੀਆਂ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਗੁਰੂ ਜਿਗਿਆਸੂ ਦੇ ਮਨ ਦੀ ਮੈਲ ਨੂੰ ਕਟ ਕੇ ਉਸ ਨੂੰ ਸਵੱਛ ਬਣਾਉਂਦਾ ਹੈ, ਫਿਰ ਸਹਿਜ ਭਾਵ ਨਾਲ ਉਸ ਵਿਚ ਨਾਮ ਦਾ ਨਿਵਾਸ ਹੁੰਦਾ ਹੈ। ਗੁਰੂ ਰਾਮਦਾਸ ਜੀ ਨੇ ਆਪਣੀਆਂ ਦੋ ਅਸ਼ਟਪਦੀਆਂ ਵਿਚ 32 ਅਤੇ 14 ਪਦੀਆਂ ਦਾ ਸੰਯੋਜਨ ਕੀਤਾ ਹੈ। ਇਨ੍ਹਾਂ ਵਿਚ ਪਰਮਾਤਮਾ ਪ੍ਰਤਿ ਪ੍ਰੇਮ ਦੀ ਭਾਵਨਾ ਪ੍ਰਗਟਾਈ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਪੰਜ ਅਸ਼ਟਪਦੀਆਂ ਵਿਚ ਦਸਿਆ ਹੈ ਕਿ ਮਾਇਆ ਦੇ ਪ੍ਰਭਾਵ ਕਾਰਣ ਮਨੁੱਖ ਦੀ ਵਿਵੇਕ ਬੁੱਧੀ ਨਸ਼ਟ ਹੋ ਜਾਂਦੀ ਹੈ, ਉਹ ਆਪਣਾ ਚੰਗਾ-ਮਾੜਾ ਸੋਚਣੋਂ ਅਸਮਰਥ ਹੋ ਜਾਂਦਾ ਹੈ।

*ਛੰਤ* ਪ੍ਰਕਰਣ ਵਿਚ ਗੁਰੂ ਨਾਨਕ ਦੇਵ ਜੀ ਦੇ ਪੰਜ ਛੰਤਾਂ ਵਿਚੋਂ ਚਾਰ ਚਾਰ ਪਦੇ ਅਤੇ ਇਕ ਵਿਚ ਨੌਂ ਪਦੇ ਹਨ। ਇਨ੍ਹਾਂ ਵਿਚ ਵਿਆਹ ਦੇ ਰੂਪਕ ਰਾਹੀਂ ਪਤੀ ਰੂਪੀ ਪਰਮਾਤਮਾ ਦੇ ਪ੍ਰੇਮ ਨੂੰ ਸਪੱਸ਼ਟ ਕੀਤਾ ਗਿਆ ਹੈ। ਗੁਰੂ ਅਮਰਦਾਸ ਜੀ ਦੇ ਚਾਰ ਚਾਰ ਪਦਿਆਂ ਦੇ ਜੁੱਟ ਰੂਪ ਵਿਚ ਲਿਖੇ ਸੱਤ ਛੰਤਾਂ ਵਿਚ ਗੁਰੂ-ਸ਼ਬਦ ਦੇ ਗਾਉਣ ਨਾਲ ਹੋਣ ਵਾਲੀਆਂ ਪ੍ਰਾਪਤੀਆਂ ਉਤੇ ਚਾਨਣਾ ਪਾਇਆ ਹੈ। ਗੁਰੂ ਰਾਮਦਾਸ ਜੀ ਨੇ ਚਾਰ ਚਾਰ ਪਦਿਆਂ ਦੇ ਆਪਣੇ ਛੇ ਛੰਤਾਂ ਵਿਚ ਜੀਵ ਅਤੇ ਪਰਮੇਸ਼ਵਰ ਦੇ ਸੰਬੰਧ ਨੂੰ ਪਤਨੀ ਅਤੇ ਪਤੀ ਦੇ ਵਿਆਹ ਦੇ ਰੂਪਕ ਰਾਹੀਂ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਪ੍ਰਗਟਾਇਆ ਹੈ। ਪੰਜਵੇਂ ਗੁਰੂ ਨੇ ਚਾਰ ਚਾਰ ਪਦਿਆਂ ਦੇ ਆਪਣੇ ਯਾਰ੍ਹਾਂ ਛੰਤਾਂ ਵਿਚ ਦਸਿਆ ਹੈ ਕਿ ਮਾਇਆ-ਭੋਗ ਝੂਠੇ ਹਨ। ਗੁਰੂ ਮਿਹਰ ਕਰਕੇ ਪ੍ਰੇਮ ਦੀ ਚਿਣਗ ਮਚਾ ਕੇ ਜਿਗਿਆਸੂ ਨੂੰ ਪਰਮਾਤਮਾ ਦੇ ਨਾਲ ਮਿਲਾ ਦਿੰਦਾ ਹੈ।

*ਭਗਤ-ਬਾਣੀ* ਪ੍ਰਕਰਣ ਵਿਚ ਕਬੀਰ ਜੀ ਨੇ ਆਪਣੇ ਪੰਜ ਸ਼ਬਦਾਂ ਵਿਚ ਮੌਤ ਦਾ ਭੈ ਦਿਖਾ ਕੇ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰਿਆ ਹੈ। ਇਹੀ ਸੁਰ ਰਵਿਦਾਸ ਦੇ ਤਿੰਨ ਸ਼ਬਦਾਂ ਵਿਚ ਵੇਖੀ ਜਾ ਸਕਦੀ ਹੈ। ਫ਼ਰੀਦ ਜੀ ਨੇ ਆਪਣੇ ਦੋ ਸ਼ਬਦਾਂ ਵਿਚ ਪ੍ਰਭੂ ਨਾਲ ਸੰਯੋਗ ਤੋਂ ਬਿਨਾ ਮਨੁੱਖ ਦੀ ਹਾਲਤ ਤਰਸਯੋਗ ਦਸੀ ਹੈ।

**ਸੂਤਕ** : ਇਹ ਹਿੰਦੂਆਂ ਦੀ ਇਕ ਸਮਾਜਿਕ ਪ੍ਰਥਾ ਹੈ। ਇਸ ਦਾ ਮੂਲ ਅਰਥ ਹੈ ਜਨਮ ਵੇਲੇ ਪੈਦਾ ਹੋਣ ਵਾਲੀ ਅਸੁੱਚਤਾ। ਚੂੰਕਿ ਜਨਮ ਦਾ ਸੰਬੰਧ ਬੱਚੇ ਨਾਲ ਹੈ, ਇਸ ਲਈ ਬਾਲਕ ਦੇ ਪੈਦਾ ਹੋਣ ਉਤੇ ਜੋ ਅਸੁੱਚਤਾ ਕਲਪਿਤ ਕੀਤੀ ਜਾਂਦੀ ਹੈ, ਉਸ ਨੂੰ 'ਸੂਤਕ' ਨਾਂ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਇਹ ਦਸ ਦਿਨਾਂ ਤਕ ਚਲਦਾ ਹੈ। ਪਰ ਸ਼ਾਸਤ੍ਰਾਂ ਦੇ ਆਧਾਰ 'ਤੇ ਦਸਿਆ ਜਾਂਦਾ ਹੈ ਕਿ ਇਹ ਅਸੁੱਚਤਾ ਬ੍ਰਾਹਮਣ ਦੇ ਘਰ 11 ਦਿਨ, ਛਤ੍ਰੀ ਦੇ ਘਰ 13 ਦਿਨ, ਵੈਸ਼ ਲਈ 17 ਦਿਨ ਅਤੇ ਸ਼ੂਦਰ ਲਈ 30 ਦਿਨ ਰਹਿੰਦੀ ਹੈ।

ਕਾਲਾਂਤਰ ਵਿਚ ਘਰ ਅੰਦਰ ਕਿਸੇ ਦੀ ਮ੍ਰਿਤੂ ਹੋਣ 'ਤੇ ਪੈਦਾ ਹੋਣ ਵਾਲੀ ਅਸੁੱਚਤਾ ਨੂੰ ਵੀ 'ਸੂਤਕ' ਨਾਂ ਦਿੱਤਾ ਜਾਣ ਲਗਿਆ ਅਤੇ ਇਸ ਦੀ ਮਿਆਦ ਵੀ 10 ਦਿਨ ਪ੍ਰਚਲਿਤ ਹੋਈ। 10 ਦਿਨ ਬਾਦ ਮ੍ਰਿਤ ਵਿਅਕਤੀ ਦੇ ਸਾਰੇ ਪਰਿਵਾਰ ਵਾਲੇ ਰਲ ਕੇ ਬਸਤ੍ਰ ਆਦਿ ਧੋਣ ਜਾਂਦੇ ਹਨ ਜਿਸ ਨੂੰ 'ਦਹਾ' ਜਾਂ 'ਦਸਵੇਂ ਦੀ ਰਸਮ' ਕਹਿੰਦੇ ਹਨ। ਪਰ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਇਹ ਇਕ ਸਮਾਜਿਕ ਭਰਮ ਹੈ। ਆਧੁਨਿਕ ਚੇਤਨਾ ਦੇ ਪ੍ਰਕਾਸ਼ ਨਾਲ ਇਸ ਪ੍ਰਤਿ ਵਿਸ਼ਵਾਸ ਘਟਦਾ ਜਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਸੂਤਕ ਦੀ ਨਿੱਸਾਰਤਾ *ਆਸਾ ਕੀ ਵਾਰ* ਵਿਚ ਬੜੇ ਤਰਕਪੂਰਣ ਢੰਗ ਨਾਲ ਸਮਝਾਈ ਹੈ— *ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ। ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।* (ਗੁ.ਗ੍ਰੰ.472)। ਸਪੱਸ਼ਟ ਹੈ ਕਿ ਸਿੱਖ ਮਤ ਵਿਚ ਇਸ ਭਰਮ ਨੂੰ ਸਵੀਕ੍ਰਿਤੀ ਨਹੀਂ ਮਿਲੀ ਹੈ।

**ਸੂਰਜ**: ਵਿਗਿਆਨਿਕ ਦ੍ਰਿਸ਼ਟੀ ਤੋਂ ਸੂਰਜ ਮਘਦੀਆਂ ਗੈਸਾਂ ਦਾ ਇਕ ਬਹੁਤ ਵੱਡਾ ਗੋਲਾ ਹੈ। ਇਸ ਵਿਚ ਪ੍ਰਕਾਸ਼, ਗਰਮੀ, ਸ਼ਕਤੀ ਆਦਿ ਪੂਰੀ ਸ਼ਿੱਦਤ ਨਾਲ ਸਮੋਈਆਂ ਹੋਈਆਂ ਹਨ। ਸੂਰਜ-ਮੰਡਲ (ਪਰਿਵਾਰ) ਦੇ ਸਿਤਾਰਿਆਂ ਵਿਚ ਇਸ ਦੀ ਪ੍ਰਧਾਨਤਾ ਹੈ। ਇਹ ਆਕਾਸ਼ ਵਿਚ ਭਾਵੇਂ ਸਭ ਨਾਲੋਂ ਵੱਡਾ ਅਤੇ ਚਮਕੀਲਾ ਦਿਸਦਾ ਹੈ, ਪਰ ਇਸ ਤੋਂ ਵੀ ਵੱਡੇ ਕਈ

ਹੋਰ ਸਿਤਾਰੇ ਹਨ। ਇਸ ਦਾ ਸਭ ਨਾਲੋਂ ਵੱਡੇ ਹੋਣ ਦਾ ਅਹਿਸਾਸ ਇਸ ਲਈ ਹੁੰਦਾ ਹੈ ਕਿ ਇਹ ਬਾਕੀਆਂ ਨਾਲੋਂ ਧਰਤੀ ਦੇ ਅਧਿਕ ਨੇੜੇ ਹੈ। ਇਹ ਧਰਤੀ ਨਾਲੋਂ ਔਸਤਨ 14 ਕਰੋੜ ਕਿ.ਮੀ. ਦੂਰ ਹੈ ਅਤੇ ਇਸ ਦਾ ਘੇਰਾ ਧਰਤੀ ਤੋਂ 109 ਗੁਣਾਂ ਵੱਡਾ ਹੈ। ਸੂਰਜ-ਮੰਡਲ ਦੇ ਤਾਰੇ ਗੁਰੁਤਵੀ ਖਿਚ ਕਾਰਣ ਸੂਰਜ ਦੇ ਇਰਦ-ਗਿਰਦ ਪਰਿਕ੍ਰਮਾ ਕਰਦੇ ਹਨ; ਧਰਤੀ ਵੀ ਇਸ ਦੇ ਦੁਆਲੇ ਘੁੰਮਦੀ ਹੈ। ਇਸ ਨਾਲ ਹੀ ਧਰਤੀ ਉਤੇ ਜੀਵਨ ਦਾ ਸੰਚਾਰ ਅਤੇ ਵਿਕਾਸ ਸੰਭਵ ਹੁੰਦਾ ਹੈ।

ਆਦਿ ਮਨੁੱਖ ਕੁਦਰਤ ਦੀ ਗੋਦ ਵਿਚ ਰਹਿਣ ਕਾਰਣ ਸਾਰੀਆਂ ਪ੍ਰਾਕ੍ਰਿਤਿਕ ਵਸਤੂਆਂ/ਸ਼ਕਤੀਆਂ ਦੇ ਪ੍ਰਭਾਵ ਤੋਂ ਜਾਣੂ ਸੀ। ਜਿਨ੍ਹਾਂ ਸ਼ਕਤੀਆਂ ਤੋਂ ਉਸ ਨੂੰ ਲਾਭ ਹੁੰਦਾ ਸੀ, ਉਨ੍ਹਾਂ ਦੀ ਧੰਨਵਾਦ ਵਜੋਂ ਉਸਤਤ ਕਰਦਾ ਸੀ ਅਤੇ ਜਿਨ੍ਹਾਂ ਤੋਂ ਨੁਕਸਾਨ ਹੁੰਦਾ ਸੀ, ਉਨ੍ਹਾਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਪੂਜਾ ਕਰਦਾ ਸੀ। ਇਹੀ ਪ੍ਰਵ੍ਰਿੱਤੀ ਕਾਲਾਂਤਰ ਵਿਚ ਦੇਵ-ਉਪਾਸਨਾ ਵਿਚ ਵਿਕਸਿਤ ਹੁੰਦੀ ਰਹੀ। **'ਰਿਗਵੇਦ'** ਵਿਚ ਜਿਨ੍ਹਾਂ ਤਿੰਨ ਦੇਵਤਿਆਂ (ਸੂਰਜ, ਅਗਨੀ ਅਤੇ ਇੰਦ੍ਰ) ਦੀ ਮਹਿਮਾ ਗਾਈ ਗਈ ਹੈ, ਉਨ੍ਹਾਂ ਵਿਚ ਸੂਰਜ ਪ੍ਰਮੁਖ ਹੈ। 'ਰਿਗਵੇਦ' ਦੇ 12 ਸੂਕ੍ਤਾਂ ਵਿਚ ਇਸ ਦੀ ਉਸਤਤ ਕੀਤੀ ਗਈ ਹੈ। ਇਹ ਅਦਿਤੀ ਦੇ ਬਾਰ੍ਹਾਂ ਪੁੱਤਰਾਂ ਵਿਚੋਂ ਇਕ ਹੈ। ਇਸ ਦਾ ਦੇਵਤ੍ਵ ਦੁਪਹਿਰ ਵੇਲੇ ਆਪਣੇ ਸਿਖਰ ਉਤੇ ਹੁੰਦਾ ਹੈ। ਇਸ ਨੂੰ ਵਿਰਾਟ ਪੁਰਸ਼ ਦਾ ਨੇਤਰ ਵੀ ਕਿਹਾ ਜਾਂਦਾ ਹੈ। ਜੋ ਮਨੁੱਖਾਂ ਦੇ ਚੰਗੇ ਅਤੇ ਮਾੜੇ ਕਰਮਾਂ ਨੂੰ ਵੇਖਦਾ ਹੈ। ਇਹ ਅੰਧਕਾਰ ਰੂਪੀ ਰਾਖਸ਼ ਦਾ ਨਾਸ਼ ਕਰਦਾ ਹੈ। ਇਸ ਨੂੰ ਕਿਤੇ ਉਸ਼ਾ ਦਾ ਪੁੱਤਰ ਅਤੇ ਕਿਤੇ ਪਤੀ ਮੰਨਿਆ ਗਿਆ ਹੈ।

'ਮਾਰਕੰਡੇਯ-ਪੁਰਾਣ' ਵਿਚ ਇਸ ਦੇ ਵਿਆਹ ਸੰਬੰਧੀ ਬ੍ਰਿੱਤਾਂਤ ਮਿਲਦਾ ਹੈ। ਵਿਸ਼ਵਕਰਮਾ ਨੇ ਆਪਣੀ ਪੁੱਤਰੀ ਸੰਗਿਆ (ਨਾਮਾਂਤਰ ਸੰਜਨਾ) ਦਾ ਵਿਆਹ ਸੂਰਜ (ਵਿਵਸੁਸਾਨ) ਨਾਲ ਕਰ ਦਿੱਤਾ, ਪਰ ਉਹ ਸੂਰਜ ਦਾ ਤੇਜ ਨ ਸਹਾਰ ਸਕੀ ਅਤੇ ਆਪਣੀ ਛਾਇਆ ਨੂੰ ਛਡ ਕੇ ਪੇਕੇ ਘਰ ਪਰਤ ਗਈ। ਧੀ ਦੇ ਸੰਕਟ ਨੂੰ ਖ਼ਤਮ ਕਰਨ ਲਈ ਵਿਸ਼ਵਕਰਮਾ ਨੇ ਸੂਰਜ ਨੂੰ ਖ਼ਰਾਦ ਉਤੇ ਚੜ੍ਹਾ ਕੇ ਉਸ ਦਾ ਤੇਜ ਘਟ ਕੀਤਾ।

ਸੂਰਜ ਦੀਆਂ ਚਾਰ ਪਤਨੀਆਂ ਸਨ— ਸੰਗਿਆ, ਰਾਗ੍ਯੀ, ਪ੍ਰਭਾ ਅਤੇ ਛਾਇਆ। ਸੰਗਿਆ ਤੋਂ ਮੁਨੀ ਅਥਵਾ ਮਨੁ ਦਾ ਜਨਮ ਹੋਇਆ। ਰਾਗ੍ਯੀ ਤੋਂ ਯਮ, ਯਮੁਨਾ ਅਤੇ ਰੇਵੰਤ ਪੈਦਾ ਹੋਏ। ਪ੍ਰਭਾ ਤੋਂ ਪ੍ਰਭਾਤ ਉਤਪੰਨ ਹੋਈ ਅਤੇ ਛਾਇਆ ਨੇ ਸਾਰਵਣਿ, ਸ਼ਨਿ ਅਤੇ ਤਪਤੀ ਨੂੰ ਜਨਮ ਦਿੱਤਾ।

'ਵਿਸ਼ਣੂ ਪੁਰਾਣ' ਅਨੁਸਾਰ ਸੂਰਜ ਨਾਲ ਵਿਆਹੀ ਵਿਸ਼ਵਕਰਮਾ ਦੀ ਪੁੱਤਰੀ ਦਾ ਨਾਂ ਸੰਜਨਾ ਸੀ ਜਿਸ ਦੀ ਕੁੱਖੋਂ ਦੋ ਪੁੱਤਰ (ਮਨੁ ਵੈਵਸ੍ਵਤ ਤੇ ਯਮ) ਅਤੇ ਇਕ ਕੰਨਿਆ (ਯਮੀ) ਪੈਦਾ ਹੋਈ। ਯਮ ਨੂੰ ਪਰਲੋਕ ਦਾ ਰਾਜ-ਅਧਿਕਾਰ ਮਿਲਿਆ, ਯਮੀ ਯਮੁਨਾ ਨਦੀ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਮਨੁ ਵੈਵਸ੍ਵਤ ਤੋਂ ਸੂਰਜ ਵੰਸ਼ ਚਲਿਆ। ਇਕ ਹੋਰ ਆਖਿਆਨ ਅਨੁਸਾਰ ਸੰਜਨਾ (ਕਿਤੇ ਕਿਤੇ ਕੋਈ ਅਪੱਛਰਾ) ਸੂਰਜ ਦਾ ਤੇਜ ਨ ਸਹਾਰ ਸਕੀ। ਉਸ ਨੇ ਛਾਇਆ ਨਾਂ ਦੀ ਦਾਸੀ ਨੂੰ ਆਪਣਾ ਰੂਪ ਪ੍ਰਦਾਨ ਕਰਕੇ ਖ਼ੁਦ ਜੰਗਲ ਵਿਚ ਘੋੜੀ ਦੇ ਰੂਪ ਵਿਚ ਤਪਸਿਆ ਕਰਨ ਲਗੀ। ਜਦੋਂ ਸੂਰਜ ਨੂੰ ਪਤਾ ਲਗਾ ਤਾਂ ਉਹ ਘੋੜੇ ਦੇ ਰੂਪ ਵਿਚ ਘੋੜੀ ਬਣੀ ਸੰਜਨਾ ਕੋਲ ਪਹੁੰਚਿਆ ਅਤੇ ਉਸ ਨਾਲ ਸੰਯੋਗ ਕਰਕੇ ਅਸ਼੍ਵਿਨੀ-ਕੁਮਾਰ ਪੈਦਾ ਕੀਤੇ।

ਸੂਰਜ ਦੀਆਂ ਕਈ ਹੋਰ ਜਾਇਜ਼/ਨਜਾਇਜ਼ ਪਤਨੀਆਂ ਦਾ ਜ਼ਿਕਰ ਵੀ ਮਿਲਦਾ ਹੈ। 'ਮਹਾਭਾਰਤ' ਅਨੁਸਾਰ ਕੁੰਤੀ ਦਾ ਪੁੱਤਰ ਕਰਣ ਸੂਰਜ ਨਾਲ ਕੀਤੇ ਸਹਿਵਾਸ ਤੋਂ ਪੈਦਾ ਹੋਇਆ ਸੀ। 'ਰਾਮਾਇਣ' ਦਾ ਮੁੱਖ ਬਾਨਰ ਪਾਤਰ ਸੁਗ੍ਰੀਵ ਵੀ ਸੂਰਜ ਦਾ ਪੁੱਤਰ ਦਸਿਆ ਜਾਂਦਾ ਹੈ।

ਸੂਰਜ ਦਾ ਤੇਜ ਘਟਾਉਣ ਲਈ ਵਿਸ਼ਵਕਰਮਾ ਦੁਆਰਾ ਖ਼ਰਾਦੇ ਜਾਣ 'ਤੇ ਜੋ ਬੁਰਾਦਾ ਡਿਗਿਆ, ਉਸ ਤੋਂ ਵਿਸ਼ਵਕਰਮਾ ਨੇ ਵਿਸ਼ਣੂ ਦਾ ਸੁਦਰਸ਼ਨ ਚਕ੍ਰ, ਸ਼ਿਵ ਦਾ ਤ੍ਰਿਸ਼ੂਲ, ਕਾਰਤਿਕੇਯ ਦਾ ਨੇਜ਼ਾ ਅਤੇ ਕਈ ਹੋਰ ਦੇਵਤਿਆਂ ਦੇ ਹਥਿਆਰ ਬਣਾਏ ਜੋ ਪ੍ਰਚੰਡ ਸ਼ਕਤੀ ਵਾਲੇ ਸਨ। ਪੁਰਾਣ-ਸਾਹਿਤ ਵਿਚ ਸੂਰਜ ਬਾਰੇ ਹੋਰ ਵੀ ਕਈ ਆਖਿਆਨ ਲਿਖੇ ਮਿਲਦੇ ਹਨ।

ਕੁਲ ਮਿਲਾ ਕੇ ਸੂਰਜ ਇਕ ਮਧਰੇ ਕਦ ਦਾ ਦੇਵਤਾ ਹੈ ਜਿਸ ਦਾ ਸ਼ਰੀਰ ਤਾਂਬੇ ਵਾਂਗ ਭਖਦਾ ਹੈ ਅਤੇ ਅੱਖਾਂ ਅੱਗ ਦੇ ਗੋਲਿਆਂ ਵਾਂਗ ਚਮਕਦੀਆਂ ਹਨ। ਇਹ ਕਿਰਨਾਂ ਨਾਲ ਘਿਰੇ ਸੱਤ ਲਾਲ ਘੋੜਿਆਂ ਵਾਲੇ ਰਥ ਉਤੇ ਸਵਾਰ ਹੋ ਕੇ ਆਕਾਸ਼ ਮੰਡਲ ਦੀ ਸੈਰ ਕਰਦਾ ਹੈ। ਅਰੁਣ ਇਸ ਦਾ ਰਥਵਾਨ ਹੈ। ਇਹ ਵਿਵਸ੍ਵਤੀ ਜਾਂ ਭਾਸਵਤੀ ਨਗਰ ਵਿਚ ਰਹਿੰਦਾ ਹੈ। ਵੈਵਸ੍ਵਤ, ਯਮ, ਯਮੀ, ਅਸ਼੍ਵਿਨੀ-ਕੁਮਾਰ, ਰੇਵੰਤ,

ਕਰਣ, ਸੁਗ੍ਰੀਵ ਆਦਿ ਇਸ ਦੀ ਸੰਤਾਨ ਹਨ। ਇਸ ਦੇ ਪੁੱਤਰ ਮਨੁ ਵੈਵਸ੍ਵਤ ਅਤੇ ਫਿਰ ਉਸ ਦੇ ਪੁੱਤਰ ਇਕ੍ਸ਼ਵਾਕੁ ਤੋਂ ਸੂਰਜ-ਵੰਸ ਦਾ ਵਿਕਾਸ ਹੋਇਆ ਜਿਸ ਅੰਦਰ ਕਾਲਾਂਤਰ ਵਿਚ ਸ੍ਰੀ ਰਾਮ ਚੰਦਰ ਦਾ ਜਨਮ ਹੋਇਆ। ਸੂਰਜ ਦੇਵਤਾ ਦੇ ਰੂਪ ਵਿਚ ਪੂਜੇ ਜਾਣ ਕਾਰਣ ਅਨੇਕ ਸਥਾਨਾਂ ਅਤੇ ਖੇਤਰਾਂ ਵਿਚ ਇਸ ਦੇ ਮੰਦਿਰ ਮਿਲਦੇ ਹਨ, ਖ਼ਾਸ ਤੌਰ ਤੇ ਮੁਲਤਾਨ ਵਿਚ। ਕਸ਼ਮੀਰ ਅਤੇ ਉੜੀਸਾ ਪ੍ਰਦੇਸ਼ਾਂ ਵਿਚ ਵੀ ਇਸ ਦੀ ਬਹੁਤ ਉਪਾਸਨਾ ਹੁੰਦੀ ਸੀ। ਇਸ ਦੇ ਕਈ ਨਾਮਾਂਤਰ ਪ੍ਰਚਲਿਤ ਹਨ, ਜਿਵੇਂ ਵਿਵਸ੍ਵਤ, ਤੇਜਭਾਨੁ, ਭਾਸਕਰ, ਦਿਨਕਰ, ਮਾਰਤੰਡ, ਆਦਿ।

ਸਿੱਖ ਧਰਮ ਵਿਚ ਸੂਰਜ ਨੂੰ ਕੋਈ ਦੇਵਤਾ ਜਾਂ ਸੱਤਾ ਮੰਨਣ ਦੀ ਮਾਨਤਾ ਪ੍ਰਵਾਨ ਨਹੀਂ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਵਿਰਚਿਤ *ਆਸਾ ਕੀ ਵਾਰ* ਅਨੁਸਾਰ ਕੀਹ, ਸੂਰਜ ਕੀਹ ਚੰਦ੍ਰਮਾ ਸਭ ਪਰਮਾਤਮਾ ਦੇ ਅਨੁਸ਼ਾਸਨ ਵਿਚ ਆਪਣੇ ਕਾਰਜਾਂ ਵਿਚ ਲੀਨ ਹਨ— *ਭੈ ਵਿਚਿ ਸੂਰਜੁ ਭੈ ਵਿਚ ਚੰਦੁ।* 'ਜਪੁਜੀ' ਅਨੁਸਾਰ ਇਸ ਦੀ ਗਿਣਤੀ ਇਕ ਨਹੀਂ ਅਨੇਕ ਹੈ— *ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।* 'ਬਚਿਤ੍ਰ ਨਾਟਕ' ਵਿਚ ਬੇਦੀਆਂ ਨੂੰ ਸੂਰਜਵੰਸ਼ੀ ਮੰਨਿਆ ਗਿਆ ਹੈ।

**ਸੂਰਜ ਮੱਲ ਸੋਢੀ** (ਜ. 1617 ਈ.): ਗੁਰੂ ਹਰਿਗੋਬਿੰਦ ਸਾਹਿਬ ਦਾ ਸੁਪੁੱਤਰ ਜਿਸ ਦਾ ਜਨਮ ਮਾਤਾ ਮਹਾਦੇਵੀ ਦੀ ਕੁੱਖੋਂ 9 ਜੂਨ 1617 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਇਸ ਦਾ ਵਿਆਹ ਕਰਤਾਰਪੁਰ ਨਿਵਾਸੀ ਭਾਈ ਪ੍ਰੇਮ ਚੰਦ ਸਿਲੀ ਖਤ੍ਰੀ ਦੀ ਪੁੱਤਰੀ ਬੀਬੀ ਖੇਮ ਕੌਰ ਨਾਲ ਹੋਇਆ। ਇਸ ਦੰਪਤੀ ਤੋਂ ਸੰਨ 1633 ਈ. ਵਿਚ ਬਾਬਾ ਦੀਪਚੰਦ ਦਾ ਜਨਮ ਹੋਇਆ। ਦੀਪ ਚੰਦ ਦੇ ਘਰ ਗੁਲਾਬ ਰਾਇ (ਗੁਲਾਬ ਸਿੰਘ) ਅਤੇ ਸ਼ਿਆਮ ਚੰਦ (ਸ਼ਿਆਮ ਸਿੰਘ) ਨਾਂ ਦੇ ਦੋ ਪੁੱਤਰਾਂ ਦਾ ਜਨਮ ਹੋਇਆ। ਗੁਲਾਬ ਸਿੰਘ ਦੀ ਸੰਤਾਨ ਉਸ ਦੇ ਜੀਉਂਦੇ ਜੀ ਗੁਜ਼ਰ ਗਈ। ਸ਼ਿਆਮ ਸਿੰਘ ਦੀ ਸੰਤਾਨ ਹੁਣ ਆਨੰਦਪੁਰ ਵਿਚ ਆਬਾਦ ਹੈ ਜੋ 'ਵੱਡੇ ਮੇਲ' ਵਾਲੇ ਸੋਢੀ ਅਖਵਾਉਂਦੇ ਹਨ। ਸੂਰਜ ਮੱਲ ਦੀ ਮ੍ਰਿਤੂ ਕਦ ਅਤੇ ਕਿਥੇ ਹੋਈ ? ਇਸ ਬਾਰੇ ਜਾਣਕਾਰੀ ਦਾ ਅਭਾਵ ਹੈ।

**ਸੂਰਜ-ਵੰਸ਼** : ਸੂਰਜ ਦੇਵਤਾ ਨਾਲ ਸੰਬੰਧਿਤ ਵੰਸ਼ ਨੂੰ 'ਸੂਰਜ-ਵੰਸ਼' ਕਿਹਾ ਜਾਂਦਾ ਹੈ। ਇਸ ਛਤ੍ਰੀ-ਵੰਸ਼ ਦਾ ਆਰੰਭ ਸੂਰਜ ਦੇ ਪੋਤਰੇ ਇਕ੍ਸ਼ਵਾਕੁ ਤੋਂ ਹੋਇਆ। ਸ੍ਰੀ ਰਾਮ ਚੰਦਰ ਇਸ ਵੰਸ਼-ਪਰੰਪਰਾ ਨਾਲ ਸੰਬੰਧਿਤ ਸਨ। ਇਕ੍ਸ਼ਵਾਕੁ ਦੇ ਦੋ ਪੁੱਤਰਾਂ — ਵਿਕੁਕਸ਼ੀ ਅਤੇ ਨਿਮੀ— ਤੋਂ ਇਸ ਵੰਸ਼ ਦੀਆਂ ਦੋ ਸ਼ਾਖਾਵਾਂ ਵਿਕਸਿਤ ਹੋਈਆਂ। ਵਿਕੁਕਸ਼ੀ ਤੋਂ ਅਯੋਧਿਆ ਵਾਲੀ ਸ਼ਾਖਾ ਦਾ ਵਿਕਾਸ ਹੋਇਆ ਅਤੇ ਨਿਮੀ ਤੋਂ ਮਿਥਿਲਾ ਦੀ ਸ਼ਾਖਾ ਵਿਕਸਿਤ ਹੋਈ। ਭਾਰਤ ਦੀਆਂ ਅਧਿਕਾਂਸ਼ ਛਤ੍ਰੀ ਜਾਤੀਆਂ ਇਸੇ ਵੰਸ਼ ਨਾਲ ਸੰਬੰਧਿਤ ਹਨ।

'ਦਸਮ ਗ੍ਰੰਥ' (ਬਚਿਤ੍ਰ ਨਾਟਕ, ਅਧਿ.2) ਵਿਚ ਸੋਢੀ ਅਤੇ ਬੇਦੀ ਛਤ੍ਰੀਆਂ ਦਾ ਸੰਬੰਧੀ ਸ੍ਰੀ ਰਾਮਚੰਦਰ ਜੀ ਦੇ ਦੋ ਪੁੱਤਰਾਂ—ਲਵ ਅਤੇ ਕੁਸ਼—ਨਾਲ ਜੋੜਿਆ ਗਿਆ ਹੈ ਜਿਨ੍ਹਾਂ ਨੇ ਪੰਜਾਬ ਵਿਚ ਲਾਹੌਰ ਅਤੇ ਕਸੂਰ ਨਗਰਾਂ ਦੀ ਸਥਾਪਨਾ ਕੀਤੀ— *ਤਹੀ ਤਿਨੈ ਬਾਂਧੇ ਦੋਇ ਪੁਰਵਾ। ਏਕ ਕਸੂਰ ਦੁਤੀਯ ਲਹੁਰਵਾ।੨੪।*

**ਸੂਰਤ ਸਿੰਘ ਮਜੀਠੀਆ, ਰਾਜਾ** (ਮ. 1881 ਈ.): ਲਾਹੌਰ ਦਰਬਾਰ ਦੇ ਇਕ ਪ੍ਰਤਿਸ਼ਠਿਤ ਸਰਦਾਰ ਅਤੇ ਅਧਿਕਾਰੀ ਸ. ਸੂਰਤ ਸਿੰਘ ਦਾ ਜਨਮ ਸ. ਅਤਰ ਸਿੰਘ ਮਜੀਠੀਆ ਦੇ ਘਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਇਆ। ਜਦੋਂ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਹੋਈ ਤਾਂ ਇਹ ਪਿਸ਼ਾਵਰ ਵਿਚ ਸਿੱਖ ਫ਼ੌਜੀ ਦਸਤੇ ਦਾ ਕਮਾਂਡਰ ਸੀ, ਇਸ ਕਰਕੇ ਇਹ ਲੜਾਈ ਵਿਚ ਸ਼ਾਮਲ ਨ ਹੋ ਸਕਿਆ। ਸਮਝੌਤੇ ਤੋਂ ਬਾਦ ਅੰਗ੍ਰੇਜ਼ ਰੈਜ਼ੀਡੈਂਟ ਸਰ ਹੈਨਰੀ ਲਾਰੈਂਸ ਨੇ ਇਸ ਦੀ ਫ਼ੌਜੀ ਸਥਿਤੀ ਬਹਾਲ ਰਖੀ ਅਤੇ ਲਾਹੌਰ ਵਿਚ ਨਿਯੁਕਤ ਕਰ ਦਿੱਤਾ। ਪਰ ਲਾਲ ਸਿੰਘ ਮੰਤਰੀ ਨਾਲ ਵੈਰ ਪੈ ਜਾਣ ਕਾਰਣ ਇਸ ਦੀ ਜਾਗੀਰ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ।

ਸੰਨ 1848 ਈ. ਵਿਚ ਜਦੋਂ ਦੀਵਾਨ ਮੂਲ ਰਾਜ ਦੀ ਬਗ਼ਾਵਤ ਨੂੰ ਦਬਾਉਣ ਲਈ ਸ. ਸ਼ੇਰ ਸਿੰਘ ਅਟਾਰੀ ਵਾਲੇ ਨੂੰ ਭੇਜਿਆ ਗਿਆ, ਤਾਂ ਇਸ ਪਾਸ 2000 ਸਿਪਾਹੀਆਂ ਦੀ ਕਮਾਨ ਸੀ। ਸਤੰਬਰ 1848 ਈ. ਵਿਚ ਇਸ ਨੇ ਸ. ਸ਼ੇਰ ਸਿੰਘ ਅਟਾਰੀਵਾਲੇ ਦੀ ਸਲਾਹ ਨਾਲ ਕ੍ਰਾਂਤੀਕਾਰੀਆਂ ਨਾਲ ਸਾਂਝ ਪਾ ਲਈ ਅਤੇ ਸਿੱਖ ਫ਼ੌਜਾਂ ਨੂੰ ਇਕੱਠੇ ਹੋਣ ਲਈ ਅਪੀਲ ਕੀਤੀ। ਲਗਭਗ 12000 ਸੈਨਿਕਾਂ ਦੇ ਇਕੱਠੇ ਹੋ ਜਾਣ 'ਤੇ ਇਹ ਝੰਗ ਅਤੇ ਚਿਨਿਓਟ ਨਗਰਾਂ ਦੀ ਲੁਟ ਵਿਚ ਸ਼ਾਮਲ ਹੋਇਆ ਅਤੇ ਅੰਗ੍ਰੇਜ਼ਾਂ ਨਾਲ ਚੇਲਿਆਂਵਾਲਾ ਅਤੇ ਗੁਜਰਾਤ ਵਿਚ ਯੁੱਧ ਕੀਤਾ। ਪਰ ਅੰਤ

ਨੂੰ ਕ੍ਰਾਂਤੀਕਾਰੀ ਫ਼ੌਜਾਂ ਦੇ ਹਾਰ ਜਾਣ ਕਾਰਣ ਇਸ ਦੀ ਜਾਗੀਰ ਜ਼ਬਤ ਕਰ ਲਈ ਗਈ ਅਤੇ ਇਸ ਨੂੰ ਮਾਮੂਲੀ ਜਿਹੀ ਪੈਨਸ਼ਨ ਦੇ ਕੇ ਬਨਾਰਸ ਭੇਜ ਦਿੱਤਾ ਗਿਆ। ਉਥੇ ਇਹ ਸੰਨ 1857 ਈ. ਤਕ ਗੁਮਨਾਮੀ ਦੀ ਹਾਲਤ ਵਿਚ ਰਿਹਾ, ਪਰ 6 ਜੁਲਾਈ 1857 ਈ. ਨੂੰ ਬਨਾਰਸ ਵਿਚ ਸੁਰਖਿਅਤ ਮਹਾਰਾਣੀ ਜਿੰਦਾ ਦੇ ਖ਼ਜ਼ਾਨੇ ਨੂੰ ਬਚਾਉਣ ਵਿਚ ਇਸ ਨੇ ਅੰਗ੍ਰੇਜ਼ਾਂ ਦੀ ਮਦਦ ਕੀਤੀ। ਉਸ ਲੜਾਈ ਵਿਚ ਜ਼ਖ਼ਮੀ ਹੋ ਜਾਣ ਕਾਰਣ ਇਹ ਉਮਰ ਭਰ ਲਈ ਲੰਗੜਾ ਹੋ ਗਿਆ। ਇਸ ਦੀ ਸੇਵਾ ਅਤੇ ਸਹਿਯੋਗ ਬਦਲੇ ਅੰਗ੍ਰੇਜ਼ ਸਰਕਾਰ ਨੇ ਇਸ ਨੂੰ ਪੰਜਾਬ ਪਰਤਣ ਦੀ ਇਜਾਜ਼ਤ ਦੇ ਦਿੱਤੀ। ਇਸ ਤੋਂ ਇਲਾਵਾ ਪੈਨਸ਼ਨ ਦੀ ਰਕਮ ਵੀ ਬਹੁਤ ਵਧਾ ਦਿੱਤੀ ਅਤੇ ਉਤਰ ਪ੍ਰਦੇਸ਼ ਦੇ ਗੋਰਖਪੁਰ ਜ਼ਿਲ੍ਹੇ ਵਿਚ ਸਥਾਈ ਜਾਗੀਰ ਵੀ ਪ੍ਰਦਾਨ ਕੀਤੀ। ਸੰਨ 1861 ਈ. ਵਿਚ ਪੰਜਾਬ ਵਿਚ ਆਪਣੇ ਪਿੰਡ ਮਜੀਠਾ ਆਉਣ 'ਤੇ ਇਸ ਨੂੰ ਆਨਰੇਰੀ ਮੈਜਿਸਟ੍ਰੇਟ ਬਣਾਇਆ ਗਿਆ ਅਤੇ ਸੰਨ 1877 ਈ. ਵਿਚ ਰਾਜਾ ਦਾ ਖ਼ਿਤਾਬ ਦਿੱਤਾ ਗਿਆ। ਇਸ ਦੀ ਮ੍ਰਿਤੂ ਸੰਨ 1881 ਈ. ਵਿਚ ਮਜੀਠਾ ਪਿੰਡ ਵਿਚ ਹੋਈ। ਸ. ਉਮਰਾਉ ਸਿੰਘ ਅਤੇ ਸਰ ਸੁੰਦਰ ਸਿੰਘ ਮਜੀਠੀਆ ਇਸ ਦੇ ਪੁੱਤਰ ਸਨ।

**ਸੂਰਦਾਸ, ਭਗਤ** : ਗੁਰੂ ਗ੍ਰੰਥ ਸਾਹਿਬ ਦੇ ਸਾਰੰਗ ਰਾਗ (ਪੰਨਾ 1253) ਵਿਚਲੀ ਇਕ ਤੁਕ —*ਛਾਡਿ ਮਨ ਹਰਿ ਬਿਮੁਖਨ ਕੋ ਸੰਗੁ*— ਸੂਰਦਾਸ ਨਾਲ ਸੰਬੰਧਿਤ ਕੀਤੀ ਜਾਂਦੀ ਹੈ। ਇਸ ਉਪਰ ਰਚੈਤਾ-ਭਗਤ ਦਾ ਨਾਂ ਨਹੀਂ ਲਿਖਿਆ, ਪਰ ਇਸ ਤੋਂ ਬਾਦ 'ਸਾਰੰਗ ਮਹਲਾ ੫ ਸੂਰਦਾਸ' ਲਿਖ ਕੇ ਇਕ ਸ਼ਬਦ ਸੰਕਲਿਤ ਕੀਤਾ ਗਿਆ ਹੈ, ਜਿਸ ਦੀ ਆਖ਼ਰੀ ਤੁਕ ਵਿਚ 'ਸੂਰਦਾਸ' ਨਾਂ ਆਇਆ ਹੈ। ਗੁਰਬਾਣੀ ਦੇ ਵਿਆਖਿਆਕਾਰਾਂ ਨੇ ਇਹ ਸ਼ਬਦ ਪੰਚਮ ਗੁਰੂ ਵਲੋਂ ਸੂਰਦਾਸ ਨੂੰ ਸੰਬੋਧਿਤ ਮੰਨਿਆ ਹੈ ਅਤੇ ਸੰਬੋਧਨ ਦਾ ਕਾਰਣ ਉਪਰਲੀ ਤੁਕ ਦਾ ਨਿਰਾਕਰਣ ਦਸਿਆ ਹੈ। ਇਸ ਲਈ ਇਸ ਤੁਕ ਦਾ ਕਰਤ੍ਰਿਤਵ ਸੂਰਦਾਸ ਨਾਲ ਜੋੜ ਦਿੱਤਾ ਜਾਂਦਾ ਹੈ। 'ਕਰਤਾਰਪੁਰੀ ਬੀੜ' ਵਿਚ ਇਸ ਤੁਕ ਤੋਂ ਬਾਦ ਬਾਕੀ ਸਾਰੇ ਸ਼ਬਦ ਉਪਰ ਹੜਤਾਲ ਫਿਰੀ ਹੈ, ਜਦ ਕਿ ਭਾਈ ਬੰਨੋ ਵਾਲੀ ਬੀੜ ਵਿਚ ਇਸ ਨਾਲ ਸੰਬੰਧਿਤ ਸਾਰੇ ਸ਼ਬਦ ਦਾ ਪਾਠ ਲਿਖਿਆ ਹੋਇਆ ਹੈ। ਅਜਿਹੀ ਸਥਿਤੀ ਵਿਚ ਇਸ ਤੁਕ ਦਾ ਬਿਨਾ ਕਿਸੇ ਰਚੈਤਾ ਦੇ ਨਾਂ ਦਿੱਤਿਆਂ, ਇਥੇ ਲਿਖਿਆ ਹੋਣਾ ਕਈ ਪ੍ਰਕਾਰ ਦੇ ਪ੍ਰਸ਼ਨ ਖੜੇ ਕਰਦਾ ਹੈ, ਪਰ ਹੁਣ ਉਨ੍ਹਾਂ ਦਾ ਸਮਾਧਾਨ ਸੰਭਵ ਨਹੀਂ ਹੈ।

ਇਹ ਸੂਰਦਾਸ ਕੌਣ ਹੈ ? ਇਤਿਹਾਸ ਤੋਂ ਇਸ ਬਾਰੇ ਨਿਰਣਾ ਨਹੀਂ ਹੁੰਦਾ। ਇਹ 'ਸੂਰਸਾਗਰ' ਵਾਲਾ ਕ੍ਰਿਸ਼ਣ -ਭਗਤ ਸੂਰਦਾਸ ਵੀ ਨਹੀਂ ਹੈ। ਮਹਾਨ-ਕੋਸ਼ਕਾਰ ਅਨੁਸਾਰ ਇਸ ਸੂਰਦਾਸ ਦਾ ਜਨਮ 1529 ਈ. ਵਿਚ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਸ ਨੇ ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾਵਾਂ ਦੇ ਗਿਆਨ ਤੋਂ ਇਲਾਵਾ ਸੰਗੀਤ ਵਿਦਿਆ ਵੀ ਸਿਖੀ ਅਤੇ ਕਾਵਿ-ਸ਼ਾਸਤ੍ਰ ਦੀਆਂ ਸੂਖਮਤਾਵਾਂ ਨੂੰ ਵੀ ਸਮਝਿਆ। ਕਹਿੰਦੇ ਹਨ ਕਿ ਇਸ ਦਾ ਪਹਿਲਾ ਨਾਂ ਮਦਨ ਮੋਹਨ ਸੀ, ਪਰ ਕਾਲਾਂਤਰ ਵਿਚ ਸੂਰਦਾਸ ਦੇ ਨਾਂ ਨਾਲ ਜਾਣਿਆ ਜਾਣ ਲਗਾ। ਆਪ ਦੀ ਧਰਮ-ਸਾਧਨਾ ਤੋਂ ਪ੍ਰਭਾਵਿਤ ਹੋ ਕੇ ਅਕਬਰ ਬਾਦਸ਼ਾਹ ਨੇ ਆਪ ਨੂੰ ਅਵਧ ਦੇ ਇਲਾਕੇ ਵਿਚ ਸੰਦੀਲਾ ਦਾ ਮਾਲ-ਅਧਿਕਾਰੀ ਨਿਯੁਕਤ ਕਰ ਦਿੱਤਾ। ਪਰ ਆਪ ਦਾ ਸੁਭਾ ਬੜਾ ਸਾਦਾ ਅਤੇ ਦਿਆਲੂ ਸੀ; ਲੋੜਵੰਦਾਂ ਦੀ ਬਹੁਤ ਮਦਦ ਕਰਦੇ ਸਨ। ਵਿਰੋਧੀਆਂ ਨੇ ਬਾਦਸ਼ਾਹ ਅਗੇ ਇਨ੍ਹਾਂ ਦੇ ਵਿਰੁੱਧ ਸਰਕਾਰੀ ਧਨ ਲੁਟਾਉਣ ਦੀ ਸ਼ਿਕਾਇਤ ਕਰ ਦਿੱਤੀ। ਫਲਸਰੂਪ ਆਪ ਨੇ ਕੰਮ-ਕਾਰ ਛਡ ਦਿੱਤਾ ਅਤੇ ਹਰਿ-ਭਗਤੀ ਵਿਚ ਮਗਨ ਹੋ ਗਏ। ਅਕਬਰ ਨੂੰ ਸਹੀ ਸਥਿਤੀ ਦੇ ਪਤਾ ਲਗਣ 'ਤੇ ਆਪ ਨੂੰ ਨੌਕਰੀ ਉਪਰ ਵਾਪਸ ਬੁਲਾਇਆ ਪਰ ਆਪ ਨ ਮੰਨੇ ਅਤੇ ਸਾਰਾ ਜੀਵਨ ਭਗਤੀ-ਸਾਧਨਾ ਵਿਚ ਬਿਤਾ ਦਿੱਤਾ। ਆਪ ਦਾ ਦੇਹਾਂਤ ਕਾਸ਼ੀ ਵਿਚ ਹੋਇਆ ਅਤੇ ਉਥੇ ਹੁਣ ਵੀ ਆਪ ਦੀ ਸਮਾਧੀ ਮੌਜੂਦ ਦਸੀ ਜਾਂਦੀ ਹੈ। ਇਸ ਤਰ੍ਹਾਂ ਆਪ ਅਕਬਰ ਬਾਦਸ਼ਾਹ ਦੇ ਸਮਕਾਲੀ ਪ੍ਰਤੀਤ ਹੁੰਦੇ ਹਨ। ਅਨੁਮਾਨ ਹੈ ਕਿ ਇਸ ਤੁਕ ਵਾਲਾ ਸ਼ਬਦ 16ਵੀਂ ਸਦੀ ਦੇ ਅੰਤ ਵਿਚ ਰਚਿਆ ਗਿਆ ਹੋਵੇਗਾ।

**ਸੂਲ੍ਹਰ** (ਪਿੰਡ) : ਹਰਿਆਣਾ ਦੇ ਅੰਬਾਲਾ ਨਗਰ ਤੋਂ 10 ਕਿ.ਮੀ. ਦੱਖਣ-ਪੱਛਮ ਵਲ ਸਥਿਤ ਇਕ ਪਿੰਡ, ਜਿਥੇ ਗੁਰੂ ਗੋਬਿੰਦ ਸਿੰਘ ਜੀ, ਲਖਨੌਰ ਵਿਚ ਆਪਣੀ ਠਹਿਰ ਦੌਰਾਨ ਸੰਨ 1671 ਈ. ਵਿਚ ਗਏ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਟੋਭੇ ਦੇ ਕੰਢੇ ਉੱਚੀ ਥਾਂ 'ਤੇ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਬਣਿਆ ਹੋਇਆ ਹੈ। ਇਹ ਗੁਰਦੁਆਰਾ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਸੇਹਰਾ ਸਾਹਿਬ, ਗੁਰਦੁਆਰਾ** : ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦਾ ਬਸੰਤਗੜ੍ਹ ਨਾਮਕ ਪਿੰਡ ਜੋ 'ਗੁਰੂ ਕਾ ਲਾਹੌਰ' ਗੁਰੂ-ਧਾਮ ਤੋਂ ਇਕ ਕਿ.ਮੀ. ਦੱਖਣ ਵਲ ਸਥਿਤ ਹੈ। ਸੰਨ 1677 ਈ. ਵਿਚ ਵਿਆਹ ਲਈ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਬਰਾਤ ਕੁਝ ਸਮੇਂ ਲਈ ਇਥੇ ਰੁਕੀ ਸੀ ਅਤੇ ਗੁਰੂ ਜੀ ਨੇ ਬਸੰਤੀ ਪੁਸ਼ਾਕ ਧਾਰਣ ਕਰਕੇ ਸੀਸ ਉਤੇ ਸੇਹਰਾ ਸਜਾਇਆ ਸੀ। 'ਗੁਰਦੁਆਰਾ ਸੇਹਰਾ ਸਾਹਿਬ' ਦੀ ਇਮਾਰਤ ਸੰਤ ਸੇਵਾ ਸਿੰਘ ਨੇ ਸੰਨ 1962 ਈ. ਵਿਚ ਬਣਵਾਈ ਸੀ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਬਸੰਤ ਪੰਚਮੀ ਵਾਲੇ ਦਿਨ ਇਥੇ ਕਾਫ਼ੀ ਵੱਡਾ ਇਕੱਠ ਹੁੰਦਾ ਹੈ। ਕਹਿੰਦੇ ਹਨ ਕਿ ਇਸ ਪਿੰਡ ਦਾ ਪਹਿਲਾਂ ਨਾਂ 'ਬਸੀ' ਸੀ ਪਰ ਗੁਰੂ ਜੀ ਦੁਆਰਾ ਬਸੰਤੀ ਬਸਤ੍ਰ ਧਾਰਣ ਕਰਨ ਕਰਕੇ ਇਸ ਦਾ ਨਾਂ ਬਸੰਤਗੜ੍ਹ ਪ੍ਰਚਲਿਤ ਹੋ ਗਿਆ।

**ਸੇਖਾ** (ਪਿੰਡ) : ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿਚ ਬਰਨਾਲੇ ਤੋਂ 11 ਕਿ.ਮੀ. ਪੂਰਬ ਵਲ ਸਥਿਤ ਇਕ ਪਿੰਡ, ਜਿਥੇ ਗੁਰੂ ਤੇਗ ਬਹਾਦਰ ਜੀ ਮੂਲੋਵਾਲ ਤੋਂ ਆਉਂਦਿਆਂ ਸੰਨ 1665 ਈ. ਵਿਚ ਦੋ ਦਿਨਾਂ ਲਈ ਇਕ ਪੱਧਰੇ ਜਿਹੇ ਟਿੱਬੇ ਉਤੇ ਰੁਕੇ ਸਨ। ਇਸ ਟਿੱਬੇ ਦੇ ਇਰਦ-ਗਿਰਦ 22 ਪਿੰਡ ਜਵੰਦਾ ਜਾਤਿ ਦੇ ਜੱਟਾਂ ਦੇ ਸਨ। ਉਨ੍ਹਾਂ ਦਾ ਮੁਖੀਆ ਤਿਲੋਕਾ ਸੀ। ਇਹ ਦੁਰਗਾ ਦਾਸ ਬੈਰਾਗੀ ਦਾ ਅਨੁਯਾਈ ਸੀ। ਤਿਲੋਕੇ ਨੇ ਹੰਕਾਰ ਕਾਰਣ ਗੁਰੂ ਜੀ ਪ੍ਰਤਿ ਸ਼ਰਧਾ ਪ੍ਰਗਟ ਨ ਕੀਤੀ। ਬਾਦ ਵਿਚ ਆਪਣੀ ਗ਼ਲਤੀ ਨੂੰ ਮਹਿਸੂਸ ਕਰਦਿਆਂ ਕੱਟੂ ਪਿੰਡ ਗਿਆ ਜਿਥੇ ਗੁਰੂ ਜੀ ਨੇ ਅਗਲਾ ਪੜਾ ਕਰਨਾ ਸੀ। ਉਥੇ ਉਸ ਨੇ ਆਪਣੀ ਭੈਣ ਦੁਆਰਾ ਗੁਰੂ ਜੀ ਤੋਂ ਖਿਮਾ ਯਾਚਨਾ ਕੀਤੀ। ਸੇਖੇ ਪਿੰਡ ਵਿਚ ਜਿਥੇ ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਕੀਤਾ ਸੀ, ਉਸ ਥਾਂ ਉਤੇ ਹੁਣ 'ਗੁਰਦੁਆਰਾ ਸਾਹਿਬ ਗੁਰੂ-ਸਰ ਪਾਤਿਸ਼ਾਹੀ ਨੌਵੀਂ' ਬਣਿਆ ਹੋਇਆ ਹੈ। ਇਸ ਗੁਰਦੁਆਰੇ ਦੀ ਵਰਤਮਾਨ ਇਮਾਰਤ ਸੰਨ 1940 ਈ. ਤੋਂ ਬਾਦ ਹੋਂਦ ਵਿਚ ਆਈ ਹੈ। ਇਸ ਗੁਰੂ-ਧਾਮ ਦੇ ਨੇੜਲੇ ਟੋਭੇ ਨੂੰ ਹੁਣ 'ਸਰੋਵਰ' ਦਾ ਰੂਪ ਦੇ ਦਿੱਤਾ ਗਿਆ ਹੈ। ਇਸ ਗੁਰਦੁਆਰੇ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਸੰਗਤ ਕਰਦੀ ਹੈ। ਇਸ ਪਿੰਡ ਵਿਚ ਇਕ ਮਾਈ ਨੇ ਗੁਰੂ ਜੀ ਨੂੰ ਪ੍ਰੇਮ ਭਾਵ ਨਾਲ ਦੁੱਧ ਛਕਾਇਆ ਸੀ ਜਿਸ ਦੀ ਯਾਦ ਵਿਚ ਵੀ ਸਮਾਰਕ ਬਣਿਆ ਹੋਇਆ ਹੈ।

**ਸ਼ੇਰ ਸਿੰਘ ਅਟਾਰੀਵਾਲਾ** (ਮ. 1858 ਈ.): ਅੰਗ੍ਰੇਜ਼ਾਂ ਨਾਲ ਸੰਨ 1849 ਈ. ਵਿਚ ਹੋਈ ਸਿੱਖ ਫ਼ੌਜਾਂ ਦੀ ਦੂਜੀ ਲੜਾਈ ਦੇ ਇਕ ਪ੍ਰਮੁਖ ਨਾਇਕ ਸ਼ੇਰ ਸਿੰਘ ਦਾ ਜਨਮ ਸ. ਚਤਰ ਸਿੰਘ ਅਟਾਰੀਵਾਲੇ ਦੇ ਘਰ ਹੋਇਆ। ਇਸ ਨੂੰ ਅਕਤੂਬਰ 1845 ਈ. ਵਿਚ ਲਾਹੌਰ ਦਰਬਾਰ ਵਲੋਂ ਪਿਸ਼ਾਵਰ ਦਾ ਹਾਕਮ ਬਣਾ ਕੇ ਭੇਜਿਆ ਗਿਆ, ਪਰ ਅਗਸਤ 1846 ਈ. ਵਿਚ ਲਾਹੌਰ ਵਾਪਸ ਬੁਲਾ ਕੇ ਕੌਂਸਲ ਆਫ਼ ਰੀਜੰਸੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਅਪ੍ਰੈਲ 1848 ਈ. ਵਿਚ ਇਸ ਨੂੰ ਦੀਵਾਨ ਮੂਲ ਰਾਜ ਵਲੋਂ ਕੀਤੀ ਗਈ ਬਗ਼ਾਵਤ ਨੂੰ ਦਬਾਉਣ ਲਈ ਮੁਲਤਾਨ ਭੇਜਿਆ ਗਿਆ। ਪਰ ਜਦੋਂ ਇਸ ਨੂੰ ਪਤਾ ਲਗਾ ਕਿ ਅਸਿਸਟੈਂਟ ਰੇਜ਼ੀਡੈਂਟ ਜੇਮਜ਼ ਅਬਟ ਨੇ ਇਸ ਦੇ ਪਿਤਾ ਸ. ਚਤਰ ਸਿੰਘ, ਜੋ ਹਜ਼ਾਰਾ ਦਾ ਹਾਕਮ ਸੀ, ਦੀ ਹੇਠੀ ਕੀਤੀ ਹੈ ਅਤੇ ਇਸ ਦੀ ਭੈਣ ਦਾ ਵਿਆਹ ਮਹਾਰਾਜਾ ਦਲੀਪ ਸਿੰਘ ਨਾਲ ਹੋਣੋਂ ਰੋਕ ਦਿੱਤਾ ਹੈ, ਤਾਂ ਇਹ ਅੰਗ੍ਰੇਜ਼ਾਂ ਦਾ ਪਾਸਾ ਛਡ ਕੇ ਲਾਹੌਰ ਦਰਬਾਰ ਦੀ ਸੈਨਾ ਸਹਿਤ ਦੀਵਾਨ ਮੂਲ ਰਾਜ ਨਾਲ ਜਾ ਰਲਿਆ। ਉਥੋਂ ਇਹ ਆਪਣੇ ਪਿਤਾ ਦੀ ਫ਼ੌਜ ਨਾਲ ਮਿਲਣ ਲਈ ਉਤਰ ਵਲ ਚਲ ਪਿਆ। ਪੱਛਮੀ ਪੰਜਾਬ ਦੇ ਫ਼ੌਜੀ ਨੌਕਰੀ ਤੋਂ ਕਢੇ ਸੈਨਿਕ ਵੀ ਇਸ ਦੇ ਦਲ ਵਿਚ ਸ਼ਾਮਲ ਹੁੰਦੇ ਗਏ। ਇਸ ਤੋਂ ਇਲਾਵਾ ਬੰਨੂ, ਕੋਹਾਟ, ਟਾਂਕ, ਪਿਸ਼ਾਵਰ, ਅਟਕ ਆਦਿ ਕਿਲ੍ਹਿਆਂ ਵਿਚ ਤਾਇਨਾਤ ਫ਼ੌਜ ਵੀ ਇਸ ਨਾਲ ਰਲ ਗਈ। ਦੋਹਾਂ ਪਿਉ-ਪੁੱਤਰਾਂ ਦੀਆਂ ਫ਼ੌਜਾਂ ਨੇ ਮਿਲ ਕੇ ਚੇਲਿਆਂਵਾਲਾ ਦੇ ਮੈਦਾਨ ਵਿਚ 13 ਜਨਵਰੀ 1949 ਈ. ਨੂੰ ਅੰਗ੍ਰੇਜ਼ ਸੈਨਾ ਦਾ ਕਾਫ਼ੀ ਨੁਕਸਾਨ ਕੀਤਾ, ਪਰ 21 ਫਰਵਰੀ 1849 ਈ. ਨੂੰ ਗੁਜਰਾਤ ਵਿਚ ਹੋਈ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਗਏ। ਅੰਤ ਵਿਚ ਦੋਹਾਂ ਨੇ ਅੰਗ੍ਰੇਜ਼ ਕਮਾਂਡਰ ਜਨਰਲ ਗਿਲਬਰਟ ਅਗੇ ਆਤਮ-ਸਮਰਪਣ ਕਰ ਦਿੱਤਾ। ਇਨ੍ਹਾਂ ਦੋਹਾਂ ਨੂੰ ਪਹਿਲਾਂ ਅਟਾਰੀ ਵਿਚ ਨਜ਼ਰਬੰਦ ਰਖਿਆ ਗਿਆ ਅਤੇ ਫਿਰ ਇਲਾਹਾਬਾਦ ਵਿਚ ਕੈਦ ਕਰ ਦਿੱਤਾ ਗਿਆ। ਬਾਦ ਵਿਚ ਇਨ੍ਹਾਂ ਨੂੰ ਕਲਕੱਤਾ ਦੇ ਫੋਰਟ ਵਿਲੀਅਮ ਵਿਚ ਭੇਜ ਦਿੱਤਾ ਗਿਆ। ਉਥੋਂ ਇਨ੍ਹਾਂ ਨੂੰ ਜਨਵਰੀ 1854 ਈ. ਵਿਚ ਰਿਹਾ ਕੀਤਾ ਗਿਆ। ਸ਼ੇਰ ਸਿੰਘ ਸੰਨ 1858 ਈ. ਵਿਚ ਬਨਾਰਸ ਵਿਚ ਪੂਰਾ ਹੋ ਗਿਆ।

**ਸ਼ੇਰ ਸਿੰਘ, ਗਿਆਨੀ** (1890-1944 ਈ.): ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ ਇਕ ਪ੍ਰਸਿੱਧ ਸਿੱਖ ਪੱਤਰਕਾਰ ਅਤੇ ਰਾਜਸੀ ਨੇਤਾ, ਜਿਸ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਠੀਕਰੀਵਾਲਾ ਪਿੰਡ ਵਿਚ ਸ. ਵਰਿਆਮ ਸਿੰਘ ਦੇ ਘਰ ਮਾਈ ਨੰਦ ਕੌਰ ਦੀ ਕੁੱਖੋਂ ਸੰਨ 1890 ਈ. ਵਿਚ ਹੋਇਆ ਸੀ। ਬਚਪਨ ਵਿਚ ਹੀ ਚੀਚਕ ਨਿਕਲਣ ਕਾਰਣ ਇਸ ਦੀਆਂ ਅੱਖਾਂ ਦੀ ਜੋਤਿ ਜਾਂਦੀ ਰਹੀ। ਪਹਿਲਾਂ ਇਸ ਨੂੰ ਪਿੰਡ ਦੇ ਹੀ ਮਾਸਟਰਾਂ ਨੇ ਕੁਝ ਪੜ੍ਹਾਇਆ ਅਤੇ ਬਾਦ ਵਿਚ ਇਹ ਦੌਧਰ ਵਿਚ ਸਥਾਪਿਤ ਨੇਤਰਹੀਨ ਬੱਚਿਆਂ ਦੀ ਸੰਸਥਾ ਵਿਚ ਦਾਖ਼ਲ ਹੋ ਗਿਆ। ਉਥੇ ਇਹ ਪੰਜ ਸਾਲ ਪੜ੍ਹਿਆ ਅਤੇ ਸਿੱਖ ਧਰਮ ਗ੍ਰੰਥਾਂ ਦਾ ਨਿਠ ਕੇ ਅਧਿਐਨ ਕੀਤਾ। ਸਿੱਖ ਧਰਮ ਵਿਚ ਵਿਸ਼ੇਸ਼ ਰੁਚੀ ਕਾਰਣ ਇਸ ਨੇ ਧਰਮ-ਪ੍ਰਚਾਰ ਦਾ ਕੰਮ ਆਰੰਭ ਕੀਤਾ ਅਤੇ ਉਦੋਂ ਤੋਂ ਹੀ ਇਸ ਨੂੰ 'ਗਿਆਨੀ' ਕਿਹਾ ਜਾਣ ਲਗਾ। ਪਹਿਲਾਂ ਪਿਸ਼ਾਵਰ ਵਿਚ ਚਾਰ ਸਾਲ ਰਿਹਾ, ਪਰ ਸੰਨ 1915 ਈ. ਵਿਚ ਰਾਵਲਪਿੰਡੀ ਆ ਗਿਆ। ਭਾਈ ਨਾਨਕ ਸਿੰਘ ਦੇ ਸੰਪਰਕ ਵਿਚ ਆਉਣ ਕਾਰਣ ਇਸ ਨੇ 'ਗੁਰਮਤਿ ਪ੍ਰਚਾਰ ਲੜੀ' ਅਧੀਨ ਟ੍ਰੈਕਟ ਅਤੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ। ਕੁਝ ਗੁਰੂ ਸਾਹਿਬਾਨ ਦੇ ਜੀਵਨ -ਚਰਿਤਾਂ ਉਤੇ ਵੀ ਝਾਤ ਪਾਈ। 'ਰਾਗਮਾਲਾ' ਦੀ ਪ੍ਰਮਾਣਿਕਤਾ ਬਾਰੇ ਭਖਦੇ ਮਸਲੇ ਉਤੇ 'ਰਾਗਮਾਲਾ ਦਰਪਣ' ਨਾਂ ਦੀ ਕਿਤਾਬ ਲਿਖੀ। ਇਸ ਤੋਂ ਇਲਾਵਾ 'ਗੁਰੂ ਗ੍ਰੰਥ ਤੇ ਪੰਥ' ਨਾਂ ਦੀ ਇਕ ਪੁਸਤਕ ਛਾਪੀ। ਇਸ ਦੇ ਲਿਖਣ ਅਤੇ ਬੋਲਣ ਦੀ ਤਰਕ ਸ਼ਕਤੀ ਕਾਰਣ ਮਿਤਰਾਂ ਦੀ ਸਲਾਹ ਨਾਲ ਇਸ ਨੇ ਪੱਤਰਕਾਰੀ ਵਲ ਮੂੰਹ ਮੋੜਿਆ ਅਤੇ ਰਾਵਲਪਿੰਡੀ ਤੋਂ ਅੰਮ੍ਰਿਤਸਰ ਆ ਗਿਆ। ਇਸ ਨੇ 'ਪਰਦੇਸੀ ਖ਼ਾਲਸਾ', 'ਕੌਮੀ ਦਰਦ', 'ਅਸਲੀ ਕੌਮੀ ਦਰਦ' ਅਤੇ 'ਸਿੱਖ ਸੇਵਕ' ਨਾਂ ਦੀਆਂ ਪਤ੍ਰਿਕਾਵਾਂ ਦਾ ਸੰਪਾਦਨ ਕੀਤਾ। ਸੰਨ 1938 ਈ. ਵਿਚ ਇਸ ਨੇ 'ਸਿੱਖ ਸੇਵਕ' ਦੇ ਸੰਪਾਦਨ ਦਾ ਕੰਮ ਛਡ ਕੇ ਆਪਣਾ ਸੁਤੰਤਰ ਸਪਤਾਹਿਕ ਰਸਾਲਾ 'ਖ਼ਾਲਸਾ ਸੇਵਕ' ਕਢਣਾ ਸ਼ੁਰੂ ਕੀਤਾ। ਉਸ ਵਕਤ ਦੀ ਪੰਜਾਬੀ ਪੱਤਰਕਾਰੀ ਵਿਚ ਇਸ ਦੀਆਂ ਸੰਪਾਦਕੀ ਟਿੱਪਣੀਆਂ ਦਾ ਲੋਹਾ ਮੰਨਿਆ ਜਾਂਦਾ ਸੀ।

ਸਮਕਾਲੀ ਸਿੱਖ ਰਾਜਨੀਤੀ ਵਿਚ ਵੀ ਇਸ ਦਾ ਮਹੱਤਵਪੂਰਣ ਯੋਗਦਾਨ ਰਿਹਾ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਤੂਬਰ 1923 ਈ. ਵਿਚ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਤਾਂ ਇਸ ਨੂੰ ਹੋਰਨਾਂ ਅਕਾਲੀ ਕਾਰਕੁਨਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜਨਵਰੀ 1926 ਈ. ਵਿਚ ਛਡਿਆ ਗਿਆ। ਉਦੋਂ ਸਿੱਖ ਗੁਰਦੁਆਰਾ ਐਕਟ ਨੂੰ ਮੰਨ ਕੇ ਰਿਹਾ ਹੋਣ ਜਾਂ ਨ ਰਿਹਾ ਹੋਣ ਦੇ ਮਸਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੋ-ਫਾੜ ਹੋ ਗਿਆ ਸੀ ਅਤੇ ਦੋ ਵਖਰੀਆਂ ਪਾਰਟੀਆਂ ਬਣ ਗਈਆਂ ਸਨ—ਇਕ 'ਸ਼੍ਰੋਮਣੀ ਅਕਾਲੀ ਦਲ' ਅਤੇ ਦੂਜੀ 'ਸੈਂਟ੍ਰਲ ਅਕਾਲੀ ਦਲ'। ਸ਼ੇਰ ਸਿੰਘ ਨੇ ਆਪਣੇ ਆਪ ਨੂੰ ਦੂਜੀ ਪਾਰਟੀ ਨਾਲ ਸੰਬੰਧਿਤ ਰਖਿਆ। ਸੰਨ 1926 ਈ. ਵਿਚ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਇਹ ਬਿਨਾ ਮੁਕਾਬਲਾ ਚੁਣਿਆ ਗਿਆ ਅਤੇ ਵਿਰੋਧੀ ਧੜੇ ਦਾ ਨੇਤਾ ਬਣ ਕੇ ਮਾਸਟਰ ਤਾਰਾ ਸਿੰਘ ਦੁਆਰਾ ਪ੍ਰਸ਼ਾਸਿਤ ਧੜੇ ਦੀਆਂ ਕਾਰਵਾਈਆਂ ਦਾ ਡਟ ਕੇ ਵਿਰੋਧ ਕਰਨ ਲਗ ਗਿਆ। 'ਸੈਂਟ੍ਰਲ ਸਿੱਖ ਲੀਗ' ਨਾਲ ਸੰਬੰਧਿਤ ਹੋਣ ਕਾਰਣ ਇਸ ਨੇ ਕਈ ਧਾਰਮਿਕ ਅਤੇ ਸਦਾਚਾਰਿਕ ਕਾਨਫ੍ਰੰਸਾਂ ਜਾਂ ਮੀਟਿੰਗਾਂ ਵਿਚ ਹਿੱਸਾ ਲਿਆ। ਸੰਨ 1937 ਈ. ਵਿਚ ਹੋਈਆਂ ਸੂਬਾਈ ਚੋਣਾਂ ਵਿਚ ਇਸ ਨੇ ਸ. ਸੁੰਦਰ ਸਿੰਘ ਮਜੀਠੀਆ ਦੁਆਰਾ ਸਥਾਪਿਤ 'ਖ਼ਾਲਸਾ ਨੈਸ਼ਨਲ ਪਾਰਟੀ' ਦੇ ਹੱਕ ਵਿਚ ਪ੍ਰਚਾਰ ਕਰਕੇ ਅਕਾਲੀ-ਕਾਂਗ੍ਰਸ ਗਠਜੋੜ ਦਾ ਡਟਵਾਂ ਵਿਰੋਧ ਕੀਤਾ। ਉਸ ਵਕਤ ਦੀਆਂ ਪੰਥਕ ਮਜਬੂਰੀਆਂ ਨੂੰ ਸਾਹਮਣੇ ਰਖਦੇ ਹੋਇਆਂ ਸੂਝਵਾਨ ਸਿੱਖ ਨੇਤਾਵਾਂ ਨੇ ਮਾਸਟਰ ਤਾਰਾ ਸਿੰਘ ਨਾਲ 15 ਨਵੰਬਰ 1941 ਈ. ਨੂੰ ਇਸ ਦਾ ਸਮਝੌਤਾ ਕਰਵਾ ਦਿੱਤਾ ਜਿਸ ਦੇ ਫਲਸਰੂਪ ਦੋਹਾਂ ਨੇ 'ਆਜ਼ਾਦ ਪੰਜਾਬ' ਦੀ ਸਥਾਪਨਾ ਲਈ ਪ੍ਰਚਾਰ ਕੀਤਾ। ਪਰ ਉਸ ਤੋਂ ਬਾਦ ਗਿਆਨੀ ਸ਼ੇਰ ਸਿੰਘ ਬੀਮਾਰ ਰਹਿਣ ਲਗ ਗਿਆ ਅਤੇ 7 ਅਕਤੂਬਰ 1944 ਈ. ਨੂੰ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿਚ ਗੁਜ਼ਰ ਗਿਆ। ਇਕ ਪ੍ਰਭਾਵਸ਼ਾਲੀ ਪੱਤਰਕਾਰ ਅਤੇ ਅਕਾਲੀ ਨੇਤਾ ਵਜੋਂ ਇਸ ਦਾ ਸਿੱਖ ਜਗਤ ਵਿਚ ਸਥਾਨ ਬਣਿਆ ਹੈ।

**ਸ਼ੇਰ ਸਿੰਘ, ਭਾਈ, ਕਸ਼ਮੀਰ ਵਾਲੇ** (1893-1953 ਈ.): ਇਕ ਪ੍ਰਸਿੱਧ ਸਿੱਖ ਚਿੰਤਕ, ਜਿਸ ਦਾ ਪਰਿਵਾਰਿਕ ਪਿਛੋਕੜ ਉਸ ਸੱਯਦ ਫ਼ਕੀਰ ਨਾਲ ਜਾ ਜੁੜਦਾ ਹੈ ਜੋ ਮੱਕੇ ਦੀ ਯਾਤ੍ਰਾ ਵੇਲੇ ਗੁਰੂ ਨਾਨਕ ਦੇਵ ਜੀ ਦੇ ਨਾਲ ਰਿਹਾ ਸੀ ਅਤੇ ਰਾਵਲਪਿੰਡੀ ਜ਼ਿਲ੍ਹੇ ਦੇ 'ਗੋਹਲੜਾ ਸ਼ਰੀਫ਼' ਨਾਂ ਦੇ ਕਸਬੇ

ਦਾ ਵਸਨੀਕ ਸੀ। ਸ਼ੇਰ ਸਿੰਘ ਦਾ ਜਨਮ ਸ. ਰੂਪ ਸਿੰਘ ਸਾਹਨੀ ਦੇ ਘਰ ਮਾਈ ਸੁੰਦਰੀ ਦੀ ਕੁੱਖੋਂ 4 ਸਤੰਬਰ 1893 ਈ. ਨੂੰ ਗੋਹਲੜਾ ਸ਼ਰੀਫ਼ ਵਿਚ ਹੋਇਆ। ਪਰ ਅਜੇ ਛੇ ਮਹੀਨਿਆਂ ਦਾ ਹੀ ਸੀ ਕਿ ਇਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਇਸ ਦੁਖਾਂਤ ਤੋਂ ਬਾਦ ਇਸ ਦੀ ਮਾਤਾ ਆਪਣੇ ਪਿਤਾ ਚੌਧਰੀ ਅਤਰ ਸਿੰਘ ਦੇ ਘਰ ਰਾਵਲਪਿੰਡੀ ਆ ਗਈ। ਦਸਵੀਂ ਤਕ ਤਾਲੀਮ ਮਿਸ਼ਨ ਹਾਈ ਸਕੂਲ, ਰਾਵਲਪਿੰਡੀ ਵਿਚ ਪ੍ਰਾਪਤ ਕੀਤੀ ਅਤੇ ਵਜ਼ੀਫ਼ਾ ਹਾਸਲ ਕੀਤਾ। ਸੰਨ 1914 ਈ. ਵਿਚ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਐਸ-ਸੀ. ਦਾ ਇਮਤਿਹਾਨ ਪਾਸ ਕੀਤਾ। ਫਿਰ ਸੰਨ 1916 ਈ. ਵਿਚ ਇਸ ਨੇ ਕੈਮਿਸਟ੍ਰੀ ਵਿਸ਼ੇ ਵਿਚ ਐਮ.ਐਸ-ਸੀ. ਕੀਤੀ ਅਤੇ ਸਾਰੇ ਪੰਜਾਬ ਵਿਚ ਪ੍ਰਥਮ ਸਥਾਨ ਪ੍ਰਾਪਤ ਕੀਤਾ। ਕੁਝ ਸਮਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਨੌਕਰੀ ਕੀਤੀ, ਪਰ ਜਲਦੀ ਹੀ ਛਡ ਕੇ ਫ਼ਰੀਦਕੋਟ ਦੇ ਰਾਜੇ ਦਾ ਪੀ.ਏ. ਜਾ ਲਗਿਆ। ਸੰਨ 1920 ਈ. ਵਿਚ ਕਸ਼ਮੀਰ ਸਰਕਾਰ ਦੇ ਜੰਗਲਾਤ ਮਹਿਕਮੇ ਵਿਚ ਨੌਕਰ ਹੋ ਗਿਆ ਅਤੇ ਚੀਫ਼ ਕਨਜ਼ਰਵੇਟਰ ਦੇ ਔਹਦੇ ਤੋਂ ਸੇਵਾ-ਮੁਕਤ ਹੋਇਆ। ਇਸ ਤੋਂ ਬਾਦ ਰਿਆਸਤ ਜੂਨਾਗੜ੍ਹ ਅਤੇ ਸ੍ਰੀਲੰਕਾ ਦੇ ਜੰਗਲਾਤ ਦੇ ਮਹਿਕਮਿਆ ਦਾ ਸਲਾਹਕਾਰ ਵੀ ਰਿਹਾ। ਸੰਨ 1953 ਈ. ਵਿਚ ਜਦੋਂ ਸ੍ਰੀਲੰਕਾ ਤੋਂ ਪਰਤ ਰਿਹਾ ਸੀ, ਤਾਂ ਰਸਤੇ ਵਿਚ ਹੀ ਦੇਹਾਂਤ ਹੋ ਗਿਆ।

ਭਾਈ ਸ਼ੇਰ ਸਿੰਘ ਦੀ ਰੁਚੀ ਅਧਿਆਤਮਿਕਤਾ ਵਲ ਅਧਿਕ ਸੀ। ਭਾਈ ਵੀਰ ਸਿੰਘ ਵਾਂਗ ਇਹ ਵਿਸਮਾਦੀ ਅਨੁਭਵ ਵਾਲਾ ਇਕ ਜਿਗਿਆਸੂ ਪੁਰਸ਼ ਸੀ। ਇਸ ਦਾ ਇਕ ਸ਼ੌਕ ਸੀ ਕਿ ਨੌਕਰੀ ਦੌਰਾਨ ਇਹ ਜਿਥੇ ਵੀ ਰਿਹਾ, ਗੁਰਦੁਆਰਾ ਜ਼ਰੂਰ ਬਣਵਾਇਆ ਅਤੇ ਲੋਕਾਂ ਵਿਚ ਸਿੱਖ ਧਰਮ ਬਾਰੇ ਜਾਗ੍ਰਿਤੀ ਪੈਦਾ ਕੀਤੀ। ਇਸ ਦਾ ਦੂਜਾ ਸ਼ੌਕ ਸੀ ਕਿ ਸਿੱਖ ਇਤਿਹਾਸ ਅਤੇ ਧਰਮ ਨਾਲ ਸੰਬੰਧਿਤ ਪੁਰਾਤਨ ਪੋਥੀਆਂ ਜਾ ਦਸਤਾਵੇਜ਼ਾਂ ਬਾਰੇ ਜਿਥੇ ਵੀ ਪਤਾ ਲਗਦਾ ਉਥੇ ਜਾਂਦਾ ਅਤੇ ਅਜਿਹੀ ਸਾਮਗ੍ਰੀ ਦੀ ਪੁਣ-ਛਾਣ ਕਰਦਾ। ਤੀਜਾ, ਇਸ ਨੇ ਬਿਖੜੇ ਪਹਾੜੀ ਇਲਾਕਿਆਂ ਵਿਚ ਫਿਰ ਕੇ ਗੁਰੂ ਨਾਨਕ ਦੇਵ ਜੀ ਦੀ ਕਸ਼ਮੀਰ-ਯਾਤ੍ਰਾ ਨਾਲ ਸੰਬੰਧਿਤ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਚੌਥਾ, ਧਰਮਾਂ ਸੰਬੰਧੀ ਹੁੰਦੀਆਂ ਕਾਨਫ੍ਰੰਸਾਂ ਵਿਚ ਇਹ ਸਿੱਖ-ਪ੍ਰਤਿਨਿਧ ਵਜੋਂ ਸ਼ਾਮਲ ਹੁੰਦਾ ਅਤੇ ਸਿੱਖ ਵਿਚਾਰਧਾਰਾ ਜਾਂ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਦਾ।

ਇਸ ਨੇ ਸਿੱਖ ਧਰਮ ਬਾਰੇ ਨਿੱਕੀਆਂ ਵੱਡੀਆਂ ਅਨੇਕ ਪੁਸਤਕ, ਟ੍ਰੈਕਟ ਆਦਿ ਲਿਖੇ। ਕੁਝ ਉਦੋਂ ਛਪੇ, ਪਰ ਉਮਰ ਦੇ ਸਾਥ ਨ ਦੇਣ ਕਾਰਣ ਉਨ੍ਹਾਂ ਨੂੰ ਕਿਸੇ ਵਿਵਸਥਿਤ ਰੂਪ ਵਿਚ ਪ੍ਰਕਾਸ਼ਿਤ ਨ ਕਰ ਸਕਿਆ। 'ਦਸਮ ਗ੍ਰੰਥ' ਬਾਰੇ ਇਸ ਨੇ ਬੜੀ ਬਾਰੀਕੀ ਨਾਲ ਖੋਜ ਕੀਤੀ। ਹੁਣ ਇਸ ਦੀਆਂ 18 ਪੁਸਤਕਾਂ ਪੰਜਾਬੀ ਵਿਚ ਛਪੀਆਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ 'ਸ੍ਰੀ ਗੁਰੂ ਗੋਬਿੰਦ ਸਿੰਘ', 'ਦਸ਼ਮੇਸ਼ ਦਰਸ਼ਨ ਤੇ ਸ੍ਰੀ ਦਸਮ ਗ੍ਰੰਥ ਦੀ ਕੁੰਜੀ', 'ਆਤਮ ਦਰਸ਼ਨ', 'ਗੁਰਮਤਿ ਅਧਿਆਤਮ', 'ਪੰਥ ਖ਼ਾਲਸਾ' ਆਦਿ ਵਿਸ਼ੇਸ਼ ਉਲੇਖਯੋਗ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਲਿਖੀਆਂ ਲਗਭਗ ਦੋ ਦਰਜਨ ਰਚਨਾਵਾਂ ਅਜੇ ਅਣਛਪੀਆਂ ਹੀ ਪਈਆਂ ਹਨ। ਇਹ ਖਰੜੇ ਇਸ ਦੀ ਪੁੱਤਰੀ ਬੀਬੀ ਕੁਦਰਤ 99, ਡੀਫੈਂਸ ਕਾਲੋਨੀ, ਨਵੀਂ ਦਿੱਲੀ ਕੋਲ ਪਏ ਦਸੇ ਜਾਂਦੇ ਹਨ। ਸਿੱਖ ਧਰਮ ਦੇ ਵਿਚਾਰਕ ਵਜੋਂ ਇਸ ਦਾ ਉਲੇਖ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਸਿੱਖ ਵਿਦਵਾਨਾਂ ਵਿਚ ਹੁੰਦਾ ਹੈ।

**ਸ਼ੇਰ ਸਿੰਘ, ਮਹਾਰਾਜਾ** (1807-1843 ਈ): ਮਹਾਰਾਜਾ ਰਣਜੀਤ ਸਿੰਘ ਦਾ ਪਹਿਲੀ ਪਤਨੀ ਮਹਾਰਾਣੀ ਮਤਾਬ ਕੌਰ ਦੀ ਕੁਖੋਂ 4 ਦਸੰਬਰ 1807 ਈ. ਨੂੰ ਜਨਮਿਆ ਸ਼ੇਰ ਸਿੰਘ ਇਕ ਦੀਦਾਰੀ ਯੁੱਧਵੀਰ ਰਾਜਕੁਮਾਰ ਸੀ। ਮਹਾਰਾਜੇ ਨੇ ਸੰਨ 1820 ਈ. ਵਿਚ ਇਸ ਨੂੰ ਦਰਬਾਰ ਵਿਚ ਕੁਰਸੀਨਸ਼ੀਨ ਹੋਣ ਦਾ ਗੌਰਵ ਬਖ਼ਸ਼ਿਆ। ਇਸ ਨੇ ਅਨੇਕ ਸੈਨਿਕ ਮੁਹਿੰਮਾਂ ਵਿਚ ਹਿੱਸਾ ਲੈ ਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਸੰਨ 1831 ਈ. ਵਿਚ ਇਸ ਨੇ ਸੱਯਦ ਅਹਿਮਦ ਨੂੰ ਹਜ਼ਾਰਾ ਜ਼ਿਲ੍ਹੇ ਦੇ ਬਾਲਾਕੋਟ ਵਾਲੇ ਸਥਾਨ 'ਤੇ ਹਰਾਇਆ ਅਤੇ ਬਾਗ਼ੀ ਸੱਯਦ ਨੂੰ ਦੰਡ ਦਿੱਤਾ। ਇਸ ਤੋਂ ਪ੍ਰਸੰਨ ਹੋ ਕੇ ਮਹਾਰਾਜੇ ਨੇ ਇਸ ਨੂੰ ਕਸ਼ਮੀਰ ਦਾ ਪ੍ਰਸ਼ਾਸਕ ਬਣਾ ਦਿੱਤਾ। ਸੰਨ 1834 ਈ. ਵਿਚ ਇਸ ਨੇ ਅਫ਼ਗਾਨਾਂ ਤੋਂ ਪਿਸ਼ਾਵਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਪਰ ਰਾਜ-ਪ੍ਰਬੰਧ ਦੇ ਮੁਕਾਬਲੇ ਇਸ ਦਾ ਅਧਿਕ ਸਮਾਂ ਸ਼ਿਕਾਰ ਖੇਡਣ, ਸ਼ਰਾਬ ਪੀਣ ਅਤੇ ਸੁੰਦਰੀਆਂ ਦਾ ਸੰਗ ਮਾਣਨ ਵਿਚ ਬੀਤਦਾ ਸੀ।

ਨਵੰਬਰ 1940 ਈ. ਵਿਚ ਮਹਾਰਾਜਾ ਖੜਕ ਸਿੰਘ ਅਤੇ ਕੰਵਲ ਨੌਨਿਹਾਲ ਸਿੰਘ ਦੇ ਦੇਹਾਂਤ ਤੋਂ ਬਾਦ ਇਸ ਨੇ ਰਾਜ-ਗੱਦੀ ਉਤੇ ਆਪਣਾ ਹੱਕ ਜਤਾਇਆ, ਪਰ ਮਹਾਰਾਜਾ ਖੜਕ ਸਿੰਘ ਦੀ ਵਿਧਵਾ ਮਹਾਰਾਣੀ ਚੰਦ ਕੌਰ

ਨੇ ਕੰਵਲ ਨੌਨਿਹਾਲ ਸਿੰਘ ਦੀ ਵਿਧਵਾ ਨੂੰ ਗਰਭਵਤੀ ਦਸ ਕੇ ਸ਼ੇਰ ਸਿੰਘ ਦਾ ਹੱਕ ਠੁਕਰਾ ਦਿੱਤਾ ਅਤੇ ਸੰਧਾਵਾਲੀਏ ਸਰਦਾਰਾਂ—ਅਤਰ ਸਿੰਘ ਅਤੇ ਅਜੀਤ ਸਿੰਘ— ਦੀ ਮਦਦ ਨਾਲ 4 ਦਸੰਬਰ 1840 ਈ. ਨੂੰ ਖ਼ੁਦ ਨੂੰ ਮਹਾਰਾਨੀ ਘੋਸ਼ਿਤ ਕਰ ਦਿੱਤਾ। ਸ਼ੇਰ ਸਿੰਘ ਲਾਹੌਰ ਤੋਂ ਆਪਣੀ ਜਾਗੀਰ ਵਿਚ ਬਟਾਲੇ ਚਲਾ ਗਿਆ। ਮਹਾਰਾਣੀ ਨੇ ਧਿਆਨ ਸਿੰਘ ਦੀ ਥਾਂ ਉਸ ਦੇ ਵੱਡੇ ਭਰਾ ਗੁਲਾਬ ਸਿੰਘ ਨੂੰ ਆਪਣੇ ਨਾਲ ਜੋੜ ਲਿਆ। ਫਲਸਰੂਪ ਧਿਆਨ ਸਿੰਘ ਫ਼ੌਜ ਨੂੰ ਸ਼ੇਰ ਸਿੰਘ ਦੇ ਹੱਕ ਵਿਚ ਉਕਸਾ ਕੇ ਅਤੇ ਕੁਝ ਹਫ਼ਤਿਆਂ ਦੀ ਛੁੱਟੀ ਲੈ ਕੇ ਜੰਮੂ ਚਲਾ ਗਿਆ ਅਤੇ ਸ਼ਾਹ ਮੁਹੰਮਦ ਅਨੁਸਾਰ ਸ਼ੇਰ ਸਿੰਘ ਨੂੰ ਗੁਪਤ ਰੂਪ ਵਿਚ ਲਿਖ ਭੇਜਿਆ— *ਸ਼ੇਰ ਸਿੰਘ ਤਾਈਂ ਲਿਖ ਘਲੀ ਚਿੱਠੀ, ਮੈਂ ਤਾਂ ਰਫ਼ੂ ਕਰ ਛਡੇ ਨੀ ਕੰਮ ਤੇਰੇ। ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ, ਅਗੋਂ ਆਇ ਮਿਲਸਣ ਤੈਨੂੰ ਸਭ ਥੇੜੇ। ਸ਼ਾਹ ਮੁਹੰਮਦਾ ਮਿਲਣਗੇ ਫਿਰ ਅਫਸਰ, ਜਿਸ ਵੇਲੜੇ ਸ਼ਹਿਰ ਦੇ ਗਇਓਂ ਨੇੜੇ।16।*

ਧਿਆਨ ਸਿੰਘ ਦੇ ਆਸ਼ਵਾਸਨ 'ਤੇ ਸ਼ੇਰ ਸਿੰਘ ਨੇ ਲਾਹੌਰ ਵਲ ਕੂਚ ਕੀਤਾ ਅਤੇ 15 ਜਨਵਰੀ 1841 ਈ. ਨੂੰ ਬੁੱਧੂ ਦੇ ਆਵੇ ਕੋਲ ਡੇਰਾ ਲਾਇਆ। ਸਾਰੀ ਸਿੱਖ ਫ਼ੌਜ ਨੂੰ ਨਾਲ ਮਿਲਾ ਕੇ ਰਾਤ ਨੂੰ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਇਆ। 17 ਜਨਵਰੀ 1841 ਈ. ਨੂੰ ਧਿਆਨ ਸਿੰਘ ਵੀ ਪਹੁੰਚ ਗਿਆ ਅਤੇ ਲੜਾਈ ਬੰਦ ਕਰਵਾ ਦਿੱਤੀ। ਰਾਤੋਂ-ਰਾਤ ਗੁਲਾਬ ਸਿੰਘ ਆਪਣੇ ਸਾਥੀਆਂ ਸਹਿਤ ਉਥੋਂ ਖਿਸਕ ਗਿਆ ਅਤੇ ਅਜੀਤ ਸਿੰਘ ਸੰਧਾਵਾਲੀਆਂ ਲੁਧਿਆਣੇ ਅੰਗ੍ਰੇਜ਼ ਪੁਲੀਟੀਕਲ ਏਜੰਟ ਤੋਂ ਮਦਦ ਲੈਣ ਲਈ ਲੁਧਿਆਣੇ ਪਹੁੰਚ ਗਿਆ। 18 ਜਨਵਰੀ 1841 ਈ. ਨੂੰ ਸ਼ੇਰ ਸਿੰਘ ਮਹਾਰਾਜਾ ਬਣ ਗਿਆ।

ਸ਼ੇਰ ਸਿੰਘ ਦੇ ਗੱਦੀ ਉਤੇ ਬੈਠਣ ਵੇਲੇ ਤੋਂ ਲਾਹੌਰ ਵਿਚ ਬੁਰਛਾਗਰਦੀ ਦਾ ਆਰੰਭ ਹੋ ਗਿਆ। ਇਸ ਕਰਕੇ ਕਈ ਵਿਦੇਸ਼ੀ ਅਧਿਕਾਰੀ ਨੌਕਰੀ ਛਡ ਕੇ ਚਲੇ ਗਏ ਅਤੇ ਕੁਝ ਫ਼ੌਜੀ ਅਫ਼ਸਰ ਮਾਰੇ ਵੀ ਗਏ। ਸ਼ੇਰ ਸਿੰਘ ਨੇ ਫ਼ੌਜੀ ਪੰਚਾਇਤਾਂ ਬਣਾ ਕੇ ਜਿਵੇਂ-ਕਿਵੇਂ ਅਮਨ ਕਾਇਮ ਕੀਤਾ। ਧਿਆਨ ਸਿੰਘ ਦੀ ਸਹਾਇਤਾ ਨਾਲ ਮਹਾਰਾਣੀ ਚੰਦ ਕੌਰ ਦਾ 9 ਜੂਨ 1842 ਈ. ਨੂੰ ਅੰਤ ਕਰਵਾ ਕੇ ਉਸ ਦੇ ਡਰ ਤੋਂ ਮੁਕਤ ਹੋਇਆ। ਸਹਿਜੇ ਸਹਿਜੇ ਲਾਹੌਰ ਵਿਚ ਹਾਲਾਤ ਬਦਲਣ ਲਗੇ। ਡੋਗਰੇ ਭਰਾਵਾਂ ਦਾ ਪ੍ਰਭਾਵ ਵਧਦਾ ਵੇਖ ਕੇ, ਉਨ੍ਹਾਂ ਦੀ ਸ਼ਕਤੀ ਨੂੰ ਘਟਾਉਣ ਲਈ ਨਵੰਬਰ, 1842 ਈ. ਨੂੰ ਸ਼ੇਰ ਸਿੰਘ ਨੇ ਸੰਧਾਵਾਲੀਏ ਸਰਦਾਰਾਂ—ਅਜੀਤ ਸਿੰਘ ਅਤੇ ਅਤਰ ਸਿੰਘ— ਨੂੰ ਅੰਗ੍ਰੇਜ਼ ਇਲਾਕੇ ਤੋਂ ਪੰਜਾਬ ਪਰਤਣ ਦੀ ਇਜਾਜ਼ਤ ਦੇ ਦਿੱਤੀ ਅਤੇ ਉਨ੍ਹਾਂ ਦੀਆਂ ਜਾਗੀਰਾਂ ਬਹਾਲ ਕਰ ਦਿੱਤੀਆਂ। ਲਹਿਣਾ ਸਿੰਘ ਮਜੀਠੀਆ ਨੂੰ ਵੀ ਨਜ਼ਰਬੰਦੀ ਤੋਂ ਮੁਕਤ ਕਰ ਦਿੱਤਾ। ਇਤਨਾ ਕੁਝ ਹੋਣ ਦੇ ਬਾਵਜੂਦ ਪਰਸਪਰ ਵੈਰ ਦੀ ਧੂਣੀ ਅੰਦਰੋਂ-ਅੰਦਰ ਧੁਖਦੀ ਰਹੀ। 15 ਸਤੰਬਰ 1843 ਈ. ਨੂੰ ਸਵੇਰ ਵੇਲੇ ਮਹਾਰਾਜਾ ਸ਼ੇਰ ਸਿੰਘ ਸੰਧਾਵਾਲੀਏ ਸਰਦਾਰਾਂ ਦੀ ਨਵੀਂ ਭਰਤੀ ਕੀਤੀ ਫ਼ੌਜ ਨੂੰ ਵੇਖਣ ਲਈ ਸ਼ਾਹ ਬਲਾਵਲ ਗਿਆ। ਉਥੇ ਇਕ ਬੰਦੂਕ ਦਿਖਾਉਣ ਦੇ ਪਜ ਅਜੀਤ ਸਿੰਘ ਨੇ ਸ਼ੇਰ ਸਿੰਘ ਉਤੇ ਗੋਲੀ ਦਾਗ਼ ਦਿੱਤੀ ਅਤੇ ਉਸ ਦਾ ਸਿਰ ਤਲਵਾਰ ਨਾਲ ਕਟ ਲਿਆ। ਉਧਰ ਲਹਿਣਾ ਸਿੰਘ ਬਾਗ਼ ਵਿਚ ਤੁਲਾਦਾਨ ਕਰਵਾਉਂਦੇ ਕੰਵਰ ਪ੍ਰਤਾਪ ਸਿੰਘ ਦਾ ਸਿਰ ਵਢ ਲਿਆਇਆ। ਉਸ ਤੋਂ ਬਾਦ ਉਨ੍ਹਾਂ ਨੇ ਧਿਆਨ ਸਿੰਘ ਨੂੰ ਵੀ ਮਾਰ ਮੁਕਾਇਆ। ਇਸ ਤਰ੍ਹਾਂ ਲਾਹੌਰ ਵਿਚ ਇਕਦਮ ਅਰਾਜਕਤਾ ਪਸਰ ਗਈ।

ਸ਼ੇਰ ਸਿੰਘ ਨੇ 2 ਸਾਲ 8 ਮਹੀਨਿਆਂ ਦੇ ਆਪਣੇ ਸੰਖਿਪਤ ਰਾਜ-ਕਾਲ ਵਿਚ ਇਕ ਤਾਂ ਅੰਗ੍ਰੇਜ਼ਾਂ ਦੁਆਰਾ ਦੋਸਤ ਮੁਹੰਮਦ ਖ਼ਾਨ ਨੂੰ ਅਫ਼ਗ਼ਾਨਿਸਤਾਨ ਦਾ ਅਮੀਰ ਬਣਾਉਣ ਵਿਚ ਸਹਿਯੋਗ ਦਿੱਤਾ ਅਤੇ ਦੂਜਾ ਲੱਦਾਖ ਨੂੰ ਜਿਤ ਕੇ ਚੀਨ ਦੇ ਵਧਦੇ ਪ੍ਰਭਾਵ ਨੂੰ ਸੀਮਿਤ ਕਰ ਦਿੱਤਾ। ਪਰ ਰਾਜ-ਪ੍ਰਬੰਧ ਵਲੋਂ ਅਵੇਸਲਾ ਰਹਿਣ ਕਾਰਣ ਸੰਧਾਵਾਲੀਏ ਸਰਦਾਰਾਂ ਤੋਂ ਧੋਖਾ ਖਾ ਗਿਆ। ਇਸ ਦਾ ਲੜਕਾ ਕੰਵਲ ਪ੍ਰਤਾਪ ਸਿੰਘ ਤਾਂ ਇਸ ਦੇ ਨਾਲ ਹੀ ਮਾਰਿਆ ਗਿਆ, ਪਰ ਸੁਕੇਤ ਦੇ ਰਾਜੇ ਦੀ ਪੁੱਤਰੀ ਦੂਜੀ ਰਾਣੀ ਡੁਕਨੋ ਦੀ ਕੁਖੋਂ ਸੰਨ 1843 ਈ. ਵਿਚ ਪੈਦਾ ਹੋਇਆ ਕੰਵਰ ਸਹਿਦੇਵ ਸਿੰਘ ਮਹਾਰਾਜਾ ਦਲੀਪ ਸਿੰਘ ਨਾਲ ਸੰਨ 1849 ਈ. ਵਿਚ ਉਤਰ ਪ੍ਰਦੇਸ਼ ਦੇ ਫ਼ਤਹਿਗੜ੍ਹ ਨਗਰ ਨੂੰ ਚਲਾ ਗਿਆ।

**ਸ਼ੇਰਗਾਹ ਸਾਹਿਬ, ਗੁਰਦੁਆਰਾ** : ਗੁਰਦੁਆਰਾ ਪਾਉਂਟਾ ਸਾਹਿਬ ਤੋਂ ਗੁਰਦੁਆਰਾ ਭੰਗਾਣੀ ਸਾਹਿਬ ਨੂੰ ਜਾਂਦਿਆਂ ਲਗਭਗ ਢਾਈ ਕਿ.ਮੀ. ਦੀ ਵਿਥ 'ਤੇ ਨਿਹਾਲਗੜ੍ਹ ਪਿੰਡ ਦੇ ਨੇੜੇ ਸਥਾਪਿਤ ਇਸ ਗੁਰਦੁਆਰੇ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕ੍ਰਿਪਾਨ ਨਾਲ ਇਕ ਭਿਆਨਕ ਸ਼ੇਰ ਨੂੰ

ਮਾਰਨ ਦੀ ਘਟਨਾ ਨਾਲ ਹੈ। ਗੁਰੂ ਜੀ ਜਦ ਰਾਜਾ ਮੇਦਨੀ ਪ੍ਰਕਾਸ਼ ਨਾਲ ਪਾਉਂਟਾ ਸਾਹਿਬ ਆਏ, ਤਾਂ ਇਕ ਪਹਾੜੀਏ ਨੇ ਫਰਿਆਦ ਕੀਤੀ ਕਿ ਨਾਲ ਲਗਦੇ ਜੰਗਲ ਵਿਚ ਇਕ ਭਿਆਨਕ ਸ਼ੇਰ ਰਹਿੰਦਾ ਹੈ ਜਿਸ ਨੇ ਬਹੁਤ ਸਾਰੇ ਪਸ਼ੂ ਮਾਰ ਦਿੱਤੇ ਹਨ ਅਤੇ ਬੰਦਿਆਂ ਉਤੇ ਵੀ ਹਮਲਾ ਕਰਦਾ ਹੈ। ਦੂਜੇ ਦਿਨ ਗੁਰੂ ਜੀ ਰਾਜੇ ਅਤੇ ਆਪਣੇ ਸਿੱਖਾਂ ਸਹਿਤ ਉਸ ਥਾਂ ’ਤੇ ਗਏ ਜਿਥੇ ਸ਼ੇਰ ਦੇ ਮਿਲਣ ਦੀ ਸੰਭਾਵਨਾ ਸੀ। ਕਾਫ਼ੀ ਖੋਜ ਕਰਨ ਤੋਂ ਬਾਦ ਸ਼ੇਰ ਸੁਤਿਆ ਹੋਇਆ ਮਿਲਿਆ। ਉਸ ਦੇ ਜਾਗਣ ’ਤੇ ਹੀ ਗੁਰੂ ਜੀ ਨੇ ਉਸ ਨੂੰ ਇਕਲਿਆਂ ਤਲਵਾਰ ਦੇ ਇਕੋ ਵਾਰ ਨਾਲ ਮਾਰ ਦਿੱਤਾ। ਗੁਰੂ ਜੀ ਦੇ ਇਸ ਕੌਤਕ ਦੀ ਯਾਦ ਵਿਚ ਉਥੇ ਗੁਰਦੁਆਰਾ ਬਣਿਆ ਹੋਇਆ ਹੈ। ਹਰ ਸਾਲ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਉਤੇ ਉਥੇ ਭਾਰੀ ਇਕੱਠ ਹੁੰਦਾ ਹੈ। ਗੁਰਦੁਆਰੇ ਵਿਚ ਧਾਰਮਿਕ ਵਿਦਿਆ ਦੀ ਤਾਲੀਮ ਦੇਣ ਲਈ ਇਕ ਸੰਸਥਾ ਚਲ ਰਹੀ ਹੈ ਜਿਸ ਵਿਚ ਲਗਭਗ 125 ਵਿਦਿਆਰਥੀ ਪੜ੍ਹਦੇ ਹਨ। ਇਸ ਦੀ ਵਿਵਸਥਾ ਬਾਬਾ ਗੁਰਦਿਆਲ ਸਿੰਘ ਕਰ ਰਹੇ ਹਨ। ਪਾਉਂਟਾ ਸਾਹਿਬ ਗੁਰੂ-ਧਾਮ ਦੇ ਦਰਸ਼ਨ ਨੂੰ ਆਈ ਸੰਗਤ ਇਸ ਗੁਰੂ-ਧਾਮ ਅਤੇ ਭੰਗਾਣੀ ਸਾਹਿਬ ਦੇ ਦਰਸ਼ਨ ਕਰਨ ਲਈ ਜਾਂਦੀ ਹੈ।

**ਸ਼ੇਰ ਮੁਹੰਮਦ ਖ਼ਾਨ, ਨਵਾਬ** (ਮ. 1710 ਈ.): ਪੰਜਾਬ ਦੀ ਮਲੇਰਕੋਟਲਾ ਰਿਆਸਤ ਦਾ ਨਵਾਬ ਜਿਸ ਦੀ ਮੁਗ਼ਲ ਸਰਕਾਰ ਦੇ ਸਰਹਿੰਦ ਸੂਬੇ ਵਿਚ ਮਹੱਤਵਪੂਰਣ ਸਥਿਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ ਚਮਕੌਰ ਸਾਹਿਬ ਦੀ ਲੜਾਈ ਵੇਲੇ ਇਹ ਸਰਹਿੰਦ ਦੇ ਸੂਬੇਦਾਰ ਵਲੋਂ ਲੜਿਆ ਸੀ। ਜਦੋਂ ਗੰਗੂ ਬ੍ਰਾਹਮਣ ਨੇ ਛੋਟੇ ਸਾਹਿਬਜ਼ਾਦਿਆਂ—ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ—ਨੂੰ ਮਾਤਾ ਗੁਜਰੀ ਸਮੇਤ ਪਕੜਵਾ ਦਿੱਤਾ ਅਤੇ ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਲਈ ਨਵਾਬ ਵਜ਼ੀਰ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਤਾਂ ਇਹ ਉਥੇ ਮੌਜੂਦ ਸੀ। ਨਵਾਬ ਵਜ਼ੀਰ ਖ਼ਾਨ ਵਲੋਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਨ ਦੀ ਸਜ਼ਾ ਦੇਣ ’ਤੇ ਇਸ ਨੇ ਆਹ ਦਾ ਨਾਅਰਾ ਮਾਰਿਆ ਸੀ ਕਿ ਪਿਤਾ ਦੀਆਂ ਕਾਰਗੁਜ਼ਾਰੀਆਂ ਕਾਰਣ ਬੱਚਿਆਂ ਨੂੰ ਇਤਨਾ ਕਠੋਰ ਦੰਡ ਨਹੀਂ ਦੇਣਾ ਚਾਹੀਦਾ। ਨਵਾਬ ਨੇ ਇਸ ਦੀ ਗੱਲ ਨੂੰ ਕੋਈ ਮਹੱਤਵ ਨ ਦੇ ਕੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ। ਜਦੋਂ ਬੰਦਾ ਬਹਾਦਰ ਨੇ ਸਰਹਿੰਦ ਉਪਰ ਹਮਲਾ ਕੀਤਾ ਤਾਂ ਇਹ ਦਾ ਫ਼ੌਜੀ ਦਸਤਾ ਨਵਾਬ ਵਲੋਂ ਹੋ ਕੇ ਲੜ ਰਿਹਾ ਸੀ। 12 ਮਈ 1710 ਈ. ਨੂੰ ਹੋਏ ਚੱਪੜ ਚਿੜੀ ਦੇ ਯੁੱਧ ਵਿਚ ਇਹ ਮਾਰਿਆ ਗਿਆ।

ਸਾਹਿਬਜ਼ਾਦਿਆਂ ਲਈ ਆਹ ਦਾ ਨਾਅਰਾ ਮਾਰਨ ਕਾਰਣ ਸਿੱਖ-ਇਤਿਹਾਸ ਵਿਚ ਇਸ ਪ੍ਰਤਿ ਆਦਰ ਦਾ ਭਾਵ ਪ੍ਰਗਟ ਕੀਤਾ ਗਿਆ ਹੈ।

**ਸ਼ੇਰੇ ਪੰਜਾਬ** : ਵੇਖੋ ‘ਰਣਜੀਤ ਸਿੰਘ, ਮਹਾਰਾਜਾ’।

**ਸੇਵਾ** : ਸਿੱਖ ਧਰਮ-ਸਾਧਨਾ ਵਿਚ ਸੇਵਾ ਦਾ ਬਹੁਤ ਅਧਿਕ ਮਹੱਤਵ ਹੈ। ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਨੂੰ ‘ਭਗਤੀ’ ਦਾ ਨਾਮਾਂਤਰ ਮੰਨਿਆ ਹੈ। ਇਹ ਸਚਮੁਚ ਇਕ ਨਿਸ਼ਕਾਮ ਸਾਧਨਾ ਹੈ। ਇਸ ਦਾ ਮਨੁੱਖਤਾ ਦੇ ਕਲਿਆਣ ਵਿਚ ਵਿਸ਼ੇਸ਼ ਮਹੱਤਵ ਹੈ। ਸੰਸਾਰ ਦੇ ਲਗਭਗ ਸਾਰੇ ਆਚਾਰ-ਸ਼ਾਸਤ੍ਰਾਂ ਅਤੇ ਧਾਰਮਿਕ ਗ੍ਰੰਥਾਂ ਵਿਚ ਸੇਵਾ ਦੀ ਗੱਲ ਹੋਈ ਮਿਲ ਜਾਂਦੀ ਹੈ। ਭਗਤੀ-ਮਾਰਗ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।

ਸੇਵਾ ਅਸਲ ਵਿਚ ਬੜੀ ਉੱਚੀ ਸਾਧਨਾ ਹੈ। ਮਨੁੱਖ ਦਾ ਹਰ ਕਾਰਜ ਹਉਮੈ ਨਾਲ ਯੁਕਤ ਹੁੰਦਾ ਹੈ। ਸੇਵਾ ਦੀ ਭਾਵਨਾ ਹਉਮੈ ਨੂੰ ਨਸ਼ਟ ਕਰਦੀ ਹੈ, ਕਿਉਂਕਿ ਹਉਮੈ ਧੁੰਧ-ਗੁਬਾਰ ਵਾਂਗ ਹੈ ਅਤੇ ਸੇਵਾ ਪ੍ਰਕਾਸ਼ ਵਰਗੀ ਹੈ। ਹਉਮੈ ਦੀ ਅਵਸਥਾ ਵਿਚ ਆਪਣੇ ਆਪ ਲਈ ਜੀਉਣਾ ਹੁੰਦਾ ਹੈ, ਸੇਵਾ ਵਿਚ ਹੋਰਨਾਂ ਲਈ ਜੀਵਿਆ ਜਾਂਦਾ ਹੈ। ਜਦ ਤਕ ਜਿਗਿਆਸੂ ਹਉਮੈ ਜਾਂ ਆਪਣੇਪਨ ਦੀ ਭਾਵਨਾ ਨੂੰ ਨਸ਼ਟ ਨਹੀਂ ਕਰਦਾ, ਤਦ ਤਕ ਉਹ ਸੇਵਾ ਕਰਨ ਦਾ ਮਾਣ ਪ੍ਰਾਪਤ ਨਹੀਂ ਕਰ ਸਕਦਾ।

ਸੇਵਾ ਕਰਨ ਦੀ ਰੁਚੀ ਹਰ ਇਕ ਵਿਅਕਤੀ ਦੇ ਮਨ ਵਿਚ ਪੈਦਾ ਨਹੀਂ ਹੋ ਸਕਦੀ। ਇਸ ਦੀ ਪ੍ਰਾਪਤੀ ਲਈ ਬੜੇ ਉੱਚੇ ਆਚਰਣ ਦੀ ਲੋੜ ਹੈ। ਇਸ ਵਿਚ ਕੋਈ ਸੰਤੋਖੀ ਸਾਧਕ ਹੀ ਲਗ ਸਕਦਾ ਹੈ, ਜਿਸ ਨੇ ਸਤਿ-ਸਰੂਪ ਪਰਮਾਤਮਾ ਦੀ ਆਰਾਧਨਾ ਕੀਤੀ ਹੋਵੇ, ਜਿਸ ਨੇ ਕਦੇ ਮਾੜੇ ਕੰਮਾਂ ਵਾਲੇ ਮਾਰਗ ਉਤੇ ਪੈਰ ਨ ਧਰੇ ਹੋਣ, ਜਿਸ ਨੇ ਸਦਾ ਧਰਮ ਅਨੁਸਾਰ ਕਾਰਜ ਕੀਤਾ ਹੋਵੇ, ਜਿਸ ਨੇ ਸੰਸਾਰਿਕ ਬੰਧਨਾਂ ਨੂੰ ਤੋੜ ਸੁਟਿਆ ਹੋਵੇ ਅਤੇ ਜੋ ਅਲਪ ਆਹਾਰ ਕਰਕੇ ਆਪਣੇ ਜੀਵਨ ਨੂੰ ਨਿਭਾ ਰਿਹਾ ਹੋਵੇ— *ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ*

*ਧਰਮੁ ਕਮਾਇਆ। ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।* (ਗੁ.ਗ੍ਰੰ. 466-67)।

ਸੇਵਾ ਦੇ ਫਲ ਉਤੇ ਪ੍ਰਕਾਸ਼ ਪਾਉਂਦਿਆਂ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਸੇਵਾ ਸ੍ਰੇਸ਼ਠ ਕਰਨੀ ਹੈ, ਇਸ ਤੋਂ ਬਿਨਾ ਮਨੁੱਖ ਮੋਖ-ਪਦ ਪ੍ਰਾਪਤ ਨਹੀਂ ਕਰ ਸਕਦਾ— *ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।* (ਗੁ.ਗ੍ਰੰ.992)। ਸੇਵਾ ਰਾਹੀਂ ਕੀਤੀ ਕਮਾਈ ਜਾਂ ਸਾਧਨਾ ਤੋਂ ਹੀ ਪਰਮ-ਸੁਖ ਦੀ ਪ੍ਰਾਪਤੀ ਸੰਭਵ ਹੈ— *ਸੁਖੁ ਹੋਵੈ ਸੇਵ ਕਮਾਣੀਆ।* ਇਸ ਲਈ ਗੁਰਬਾਣੀ ਨੇ ਸੇਵਾ ਕਰਨ ਉਤੇ ਬਹੁਤ ਬਲ ਦਿੱਤਾ, ਕਿਉਂਕਿ ਸੇਵਾ ਰਾਹੀਂ ਹੀ ਜਿਗਿਆਸੂ ਸਹਿਜ ਢੰਗ ਨਾਲ ਪਰਮਾਤਮਾ ਦੀ ਦਰਗਾਹ ਵਿਚ ਪਹੁੰਚ ਸਕਦਾ ਹੈ— *ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ। ਕਹੁ ਨਾਨਕ ਬਾਹ ਲੁਡਾਈਐ।* (ਗੁ.ਗ੍ਰੰ.26)।

ਅਸੂਲੀ ਤੌਰ ਉਤੇ ਵੇਖੀਏ ਤਾਂ ਸੇਵਾ ਦਾ ਸੰਬੰਧ ਸੁਆਮੀ ਪ੍ਰਤਿ ਸੇਵਕ ਦੀ ਨਿਸ਼ਠਾ ਨਾਲ ਹੈ। ਵੈਸ਼ਣਵ-ਭਗਤੀ ਅਤੇ ਨਵਧਾ-ਭਗਤੀ ਵਿਚ 'ਪਾਦ-ਸੇਵਨ' ਨੂੰ ਭਗਤੀ ਦਾ ਵਿਸ਼ੇਸ਼ ਤੱਤ੍ਵ ਮੰਨਿਆ ਗਿਆ ਹੈ। ਪਰ ਗੁਰਮਤਿ ਵਿਚ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਗੁਰੂ ਦੀ ਸੇਵਾ ਤੋਂ ਲੈ ਕੇ ਜੀਵਾਂ ਦੀ ਸੇਵਾ ਤਕ ਵਿਆਪਕ ਹੈ। ਇਸ ਵਿਚ ਮਨੁੱਖੀ ਕਰਤੱਵ ਨੂੰ ਪਾਲਣਾ, ਪਰਉਪਕਾਰ ਕਰਨਾ ਆਦਿ ਸਭ ਸਮਾ ਜਾਂਦੇ ਹਨ। ਗੁਰਮਤਿ ਦੀ ਸਮਾਜਿਕ ਚੇਤਨਾ ਵਿਚ ਸੇਵਾ ਦਾ ਵਿਸ਼ੇਸ਼ ਸਥਾਨ ਹੈ। ਪਰ-ਸੇਵਾ ਸੁਆਰਥ ਦੀ ਭਾਵਨਾ ਨੂੰ ਨਸ਼ਟ ਕਰਦੀ ਹੈ। ਸੁਆਰਥ ਦੁਅੰਦ ਦਾ ਜਨਕ ਹੈ, ਦੂਜਿਆਂ ਦੇ ਹੱਕ ਨੂੰ ਦਬਾਉਣਾ ਮਨੁੱਖ ਦੇ ਜੀਵਨ ਦੀ ਪ੍ਰਮੁਖ ਬਿਰਤੀ ਬਣ ਜਾਂਦੀ ਹੈ। ਸਮਾਜ ਵਿਚ ਤਣਾਉ ਵਧ ਜਾਂਦਾ ਹੈ, ਸੰਤੁਲਨ ਖ਼ਤਮ ਹੋ ਜਾਂਦਾ ਹੈ। ਇਸ ਦੇ ਉਲਟ ਪਰ-ਸੇਵਾ ਸੰਤੋਖ ਨੂੰ ਜਨਮ ਦਿੰਦੀ ਹੈ, ਆਪਣਾ ਪਰਾਇਆ ਭੇਦ ਮਿਟਾਉਂਦੀ ਹੈ, ਮਨੁੱਖਤਾ ਦਾ ਇਹਸਾਸ ਵਧਾਉਂਦੀ ਹੈ। ਇਸ ਤਰ੍ਹਾਂ ਸੇਵਾ ਆਪਣੇ ਆਪ ਵਿਚ ਇਕ ਸਾਧਨਾ ਹੈ।

ਗੁਰਬਾਣੀ ਵਿਚ ਗੁਰੂ ਦੀ ਸੇਵਾ ਉਤੇ ਵੀ ਬਹੁਤ ਬਲ ਦਿੱਤਾ ਗਿਆ ਹੈ। ਜਦ ਆਪਣੇ ਗੁਰੂ ਪ੍ਰਤਿ ਸੇਵਕ ਦੇ ਮਨ ਵਿਚ ਭਗਤੀ-ਭਾਵਨਾ ਦਾ ਵਿਕਾਸ ਹੋ ਜਾਂਦਾ ਹੈ ਤਾਂ ਮਨ ਆਪਣੇ ਆਪ ਸੇਵਾ ਲਈ ਪ੍ਰੇਰਿਤ ਹੋ ਜਾਂਦਾ ਹੈ। ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੁੰਦੀ ਹੈ— ਬਾਹਰਲੀ ਅਤੇ ਅੰਦਰਲੀ। ਬਾਹਰਲੀ ਸੇਵਾ ਉਹ ਹੈ ਜਿਸ ਨੂੰ ਕਰਨ ਨਾਲ ਗੁਰੂ ਨੂੰ ਸ਼ਰੀਰਿਕ ਸੁਖ ਦੀ ਪ੍ਰਾਪਤੀ ਹੋਵੇ, ਜਿਵੇਂ ਪੈਰ ਦਬਾਣਾ, ਪੱਖਾ ਝਲਣਾ, ਪਾਣੀ ਭਰਨਾ, ਆਟਾ ਪੀਹਣਾ ਆਦਿ। ਅੰਦਰਲੀ ਸੇਵਾ ਰਾਹੀਂ ਗੁਰੂ ਦੀ ਪੂਰਣ ਸ਼ਰਧਾ ਸਹਿਤ ਆਰਾਧਨਾ ਕੀਤੀ ਜਾਂਦੀ ਹੈ। ਗੁਰੂ ਦਾ ਦਰਸ਼ਨ ਕਰਨਾ, ਉਸ ਦੇ ਬਚਨ ਜਾਂ ਬਾਣੀ ਸੁਣਨਾ, ਉਨ੍ਹਾਂ ਬਚਨਾਂ ਅਨੁਸਾਰ ਅਮਲ (ਕਰਮ) ਕਰਨੇ ਇਹ ਇਕ ਪ੍ਰਕਾਰ ਦੀ ਮਾਨਸਿਕ ਸੇਵਾ ਹੈ। ਬਾਹਰਲੀ ਸੇਵਾ ਅੰਦਰਲੀ ਸੇਵਾ ਦਾ ਮੂਲ ਆਧਾਰ ਹੈ।

ਗੁਰੂ ਨਾਨਕ ਦੇਵ ਜੀ ਦੇ ਕਿਸੇ ਸ਼ਰੀਰੀ ਗੁਰੂ ਦੇ ਹੋਣ ਦਾ ਪ੍ਰਮਾਣ ਨਹੀਂ ਮਿਲਦਾ, ਇਸ ਨਹੀ ਉਨ੍ਹਾਂ ਦੀ ਬਾਣੀ ਵਿਚ ਗੁਰੂ ਦੀ ਬਾਹਰਲੀ ਸੇਵਾ ਦਾ ਅਭਾਵ ਹੈ। ਪਰ ਪਰਵਰਤੀ ਗੁਰੂ ਸਾਹਿਬਾਨ ਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਤੋਂ ਬਾਦ ਹੋਣ ਵਾਲੇ ਗੁਰੂ ਸਾਹਿਬਾਨ ਮੌਜੂਦ ਹਨ, ਇਸ ਲਈ ਬਾਕੀ ਗੁਰੂਆਂ ਦੀ ਬਾਣੀ ਵਿਚ ਬਾਹਰਲੀ ਸੇਵਾ ਦੇ ਉੱਲੇਖ ਵੀ ਮਿਲ ਜਾਂਦੇ ਹਨ, ਜਿਵੇਂ ਗੁਰੂ ਰਾਮਦਾਸ ਜੀ ਨੇ ਕਿਹਾ ਹੈ— *ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ। ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ।* (ਗੁ.ਗ੍ਰੰ.561)।

ਸਚ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਗੁਰੂ-ਗੱਦੀ ਦਾ ਅਧਿਕਾਰੀ ਹੀ ਉਸ ਨੂੰ ਸਮਝਿਆ ਜੋ ਬਾਹਰਲੀ ਅਤੇ ਅੰਦਰਲੀ ਦੋਹਾਂ ਤਰ੍ਹਾਂ ਦੀ ਸੇਵਾ ਵਿਚ ਨਿਪੁੰਨ ਸਿੱਧ ਹੋਵੇ। ਭਾਈ ਲਹਿਣਾ ਆਪਣੀ ਸੱਚੀ ਸੇਵਾ ਕਰਕੇ ਹੀ ਗੁਰੂ ਅੰਗਦ ਹੋਣ ਦਾ ਗੌਰਵ ਪ੍ਰਾਪਤ ਕਰ ਸਕੇ। ਗੁਰੂ ਅਮਰਦਾਸ ਜੀ ਦੀ ਅਦੁੱਤੀ ਗੁਰੂ-ਸੇਵਾ ਇਤਿਹਾਸ-ਪ੍ਰਸਿੱਧ ਹੈ। ਇਹ ਸੇਵਾ-ਬਿਰਤੀ ਸਿੱਖ-ਧਰਮ ਦੀ ਇਕ ਵਿਸ਼ੇਸ਼ਤਾ ਰਹੀ ਹੈ ਅਤੇ ਇਸ ਦਾ ਇਕ ਰੂਪ ਮਨੁੱਖਤਾ ਦੀ ਸੇਵਾ ਵਿਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਮਨੁੱਖ ਜਾਂ ਪ੍ਰਾਣੀ-ਮਾਤ੍ਰ ਦੀ ਸੇਵਾ ਵੀ ਇਕ ਢੰਗ ਨਾਲ ਗੁਰੂ ਜਾਂ ਪਰਮਾਤਮਾ ਦੀ ਹੀ ਸੇਵਾ ਹੈ, ਕਿਉਂਕਿ ਮਨੁੱਖ ਜਾਂ ਪ੍ਰਾਣੀ ਵਿਚ ਪਰਮਾਤਮਾ ਦਾ ਨਿਵਾਸ ਹੈ। ਉਸ ਵਿਚ ਸੇਵਕ ਨੂੰ ਗੁਰੂ ਦਾ ਦਰਸ਼ਨ ਹੁੰਦਾ ਹੈ।

ਭਾਈ ਕਨ੍ਹਈਆ ਦੇ ਚਰਿਤ੍ਰ ਵਿਚ ਮਨੁੱਖੀ ਸੇਵਾ ਦਾ ਉਜਲਾ ਨਮੂਨਾ ਵੇਖਿਆ ਜਾ ਸਕਦਾ ਹੈ, ਜਿਸ ਨੇ ਯੁੱਧ-ਭੂਮੀ ਵਿਚ ਆਪਣੇ ਅਤੇ ਵੈਰੀ ਦਲ ਦੇ ਘਾਇਲਾਂ ਨੂੰ ਸਮਾਨ ਭਾਵਨਾ ਨਾਲ ਜਲ ਪਿਲਾਇਆ ਅਤੇ ਮਰ੍ਹਮ-ਪੱਟੀ ਵੀ ਕੀਤੀ, ਕਿਉਂਕਿ ਉਸ ਨੂੰ ਵੈਰੀਆਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੁੰਦੇ ਸਨ। ਇਹ ਸੇਵਾ-ਬਿਰਤੀ ਸਿੱਖ-

ਧਰਮ ਵਿਚ ਇਤਨੀ ਵਿਕਸਿਤ ਹੋਈ ਕਿ ਇਕ ਸੇਵਾ-ਪੰਥੀ ਸੰਪ੍ਰਦਾਇ ਹੀ ਪ੍ਰਸਿੱਧ ਹੋ ਗਿਆ, ਜਿਨ੍ਹਾਂ ਵਿਚ ਸੇਵਾ ਇਕ ਸਿਰੜ ਦਾ ਰੂਪ ਧਾਰਣ ਕਰ ਚੁਕੀ ਹੈ।

ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਸੇਵਾ ਕਰਨ ਉਤੇ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਸੇਵਾ ਤੋਂ ਬਿਨਾ ਹੱਥਾਂ ਨੂੰ ਧਿਕਾਰ ਹੈ ਅਤੇ ਹੋਰ ਸਭ ਕਾਰਜ ਵਿਅਰਥ ਹਨ— *ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।* (27/10)। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਰਾਜ-ਕੁਮਾਰ ਹੱਥੀਂ ਲਿਆਉਂਦਾ ਜਲ ਪੀਣੋਂ ਇਸ ਲਈ ਨਾਹ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਹੱਥਾਂ ਨੇ ਕਦੀ ਸੇਵਾ ਨਹੀਂ ਕੀਤੀ ਸੀ।

ਸਚਮੁਚ ਸੇਵਾ ਕਰਨਾ ਸ੍ਰੇਸ਼ਠ ਸਾਧਨਾ ਹੈ। ਜਿਸ ਸਮਾਜ, ਭਾਈਚਾਰੇ ਜਾਂ ਧਰਮ ਵਿਚ ਇਹ ਬਿਰਤੀ ਆਪਣੇ ਪੈਰ ਪੱਕੇ ਕਰ ਲੈਂਦੀ ਹੈ, ਉਹ ਸਮਾਜ ਮਨੁੱਖੀ ਗੁਣਾਂ ਨਾਲ ਸੰਪੰਨ ਹੋ ਜਾਂਦਾ ਹੈ।

**ਸੇਵਾ ਸਿੰਘ ਠੀਕਰੀਵਾਲਾ** (1882-1935 ਈ.): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਠੀਕਰੀਵਾਲਾ ਪਿੰਡ ਵਿਚ ਸ. ਦੇਵਾ ਸਿੰਘ ਦੇ ਘਰ 24 ਅਗਸਤ 1882 ਈ. ਨੂੰ ਪੈਦਾ ਹੋਇਆ ਸ. ਸੇਵਾ ਸਿੰਘ 'ਪ੍ਰਜਾਮੰਡਲ ਲਹਿਰ' ਦੇ ਮੋਢੀਆਂ ਵਿਚੋਂ ਇਕ ਸੀ। ਇਸ ਦਾ ਪਿਤਾ ਮਹਾਰਾਜਾ ਪਟਿਆਲਾ ਦੇ ਦਰਬਾਰ ਵਿਚ ਨੌਕਰ ਸੀ। ਇਸ ਨੇ ਪਟਿਆਲਾ ਦੇ ਸਥਾਨਕ ਸਕੂਲ ਵਿਚ ਉਰਦੂ, ਫ਼ਾਰਸੀ ਅਤੇ ਪੰਜਾਬੀ ਦਾ ਅਧਿਐਨ ਕੀਤਾ ਅਤੇ ਕੁਝ ਅੰਗ੍ਰੇਜ਼ੀ ਵੀ ਪੜ੍ਹੀ। ਉਸ ਤੋਂ ਬਾਦ ਇਹ ਵੀ ਦਰਬਾਰੀ ਨੌਕਰੀ ਕਰਨ ਲਗ ਗਿਆ। ਪਰ ਜਲਦੀ ਹੀ ਨੌਕਰੀ ਛਡ ਕੇ ਪਿੰਡ ਚਲਾ ਗਿਆ। ਉਥੇ ਪਹੁੰਚ ਕੇ ਇਸ ਨੇ ਪਿੰਡ ਦੇ ਸੁਧਾਰ ਅਤੇ ਸਮਾਜਿਕ ਕੰਮਾਂ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਇਸ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਆਨੰਦ-ਕਾਰਜ ਦੀ ਰਸਮ ਨੂੰ ਅਪਣਾਉਣ ਲਈ ਲੋਕਾਂ ਨੂੰ ਉਤਸਾਹਿਤ ਕੀਤਾ। ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਵਿਚ ਸ਼ਾਮਲ ਹੋਣ ਤੋਂ ਬਾਦ ਉਸ ਸੰਸਥਾ ਦਾ ਇਹ ਮੀਤ ਪ੍ਰਧਾਨ ਬਣਿਆ ਅਤੇ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਕਾਰਣ ਅਕਤੂਬਰ 1923 ਈ. ਵਿਚ ਪਕੜਿਆ ਗਿਆ। ਤਿੰਨ ਸਾਲ ਕੈਦ ਕਟਣ ਤੋਂ ਬਾਦ ਨਵੰਬਰ 1926 ਈ. ਵਿਚ ਰਿਹਾ ਹੋਇਆ। ਪਰ ਜਲਦੀ ਹੀ ਪਟਿਆਲਾ ਪੁਲਿਸ ਵਲੋਂ ਪਕੜ ਲਿਆ ਗਿਆ। ਜੂਨ 1929 ਈ. ਵਿਚ ਇਸ ਨੇ ਜੇਲ੍ਹ ਵਿਚ ਮਰਨ ਵਰਤ ਰਖ ਦਿੱਤਾ। ਅਕਾਲੀ ਨੇਤਾਵਾਂ ਦੇ ਯਤਨ ਨਾਲ ਇਸ ਨੂੰ ਅਗਸਤ 1929 ਈ. ਵਿਚ ਮੁਕਤ ਕੀਤਾ ਗਿਆ, ਪਰ ਪ੍ਰਜਾ-ਮੰਡਲ ਨਾਲ ਸੰਬੰਧਿਤ ਰਹਿਣ ਕਰਕੇ ਇਸ ਨੂੰ ਫਿਰ ਪਕੜ ਲਿਆ ਗਿਆ। ਇਸ ਨੂੰ ਦਸ ਸਾਲ ਦੀ ਕੈਦ ਅਤੇ ਦਸ ਹਜ਼ਾਰ ਰੁਪਏ ਜੁਰਮਾਨਾ ਲਗਾਇਆ ਗਿਆ। ਜੇਲ੍ਹ ਵਿਚਲੇ ਘਟੀਆ ਸਲੂਕ ਕਰਕੇ ਇਸ ਨੇ 18 ਅਪ੍ਰੈਲ 1934 ਈ. ਨੂੰ ਜੇਲ੍ਹ ਵਿਚ ਮਰਨ ਬਰਤ ਰਖ ਦਿੱਤਾ। ਭਾਵੇਂ ਇਸ ਨੂੰ ਜ਼ਬਰਦਸਤੀ ਖ਼ੁਰਾਕ ਦਿੱਤੀ ਜਾਂਦੀ ਰਹੀ ਪਰ 20 ਜਨਵਰੀ 1935 ਈ. ਨੂੰ ਇਸ ਦੀ ਰਾਜਿੰਦਰਾ ਹਸਪਤਾਲ ਵਿਚ ਮ੍ਰਿਤੂ ਹੋ ਗਈ। ਇਸ ਦੀ ਦੇਹ ਵਾਰਸਾਂ ਨੂੰ ਨ ਦਿੱਤੀ ਗਈ ਅਤੇ ਪਟਿਆਲਾ ਸਰਕਾਰ ਵਲੋਂ ਕਾਹਲੀ ਵਿਚ ਸਸਕਾਰ ਕਰ ਦਿੱਤਾ ਗਿਆ। ਇਸ ਦੇ ਫੁਲਾਂ ਨੂੰ ਗੁਰਦੁਆਰਾ ਨਿਹੰਗਾਂ ਵਾਲੀ ਬਗੀਚੀ ਵਿਚ ਸੰਭਾਲਿਆ ਗਿਆ। ਸੰਨ 1938 ਈ. ਵਿਚ ਮਹਾਰਾਜਾ ਭੂਪਿੰਦਰ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦੇ ਪੁੱਤਰ ਮਹਾਰਾਜਾ ਯਾਦਵਿੰਦਰ ਸਿੰਘ ਨੇ ਇਸ ਦੇ ਫੁੱਲਾਂ ਨੂੰ ਫ਼ੌਜੀ ਸਨਮਾਨ ਸਹਿਤ ਪਿੰਡ ਠੀਕਰੀਵਾਲਾ ਭਿਜਵਾਇਆ ਅਤੇ 20 ਜਨਵਰੀ ਨੂੰ ਹਰ ਸਾਲ ਇਸ ਦੀ ਯਾਦ ਮਨਾਉਣ ਦਾ ਫ਼ੈਸਲਾ ਕੀਤਾ। ਇਸ ਦਾ ਬੁਤ ਪਟਿਆਲਾ ਨਗਰ ਵਿਚ ਗੁਰਦੁਆਰਾ ਸਿੰਘ ਸਭਾ ਦੇ ਨੇੜੇ ਚੌਰਾਹੇ ਵਿਚ ਲਗਾਇਆ ਗਿਆ। ਪੰਜਾਬ ਦੀਆਂ ਰਿਆਸਤਾਂ ਦੀਆਂ ਸਮਸਿਆਵਾਂ ਦੇ ਸਮਾਧਾਨ ਅਤੇ ਰਾਜਨੈਤਿਕ ਆਕਾਂਖਿਆਵਾਂ ਦੀ ਪੂਰਤੀ ਲਈ ਇਸ ਨੇ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਇਸ ਦੀ ਯਾਦ ਵਿਚ ਆਯੋਜਿਤ ਕੀਤੇ ਜਾਂਦੇ ਸਮਾਗਮਾਂ ਨੂੰ 'ਸਭਾ' ਦਾ ਨਾਂ ਦਿੱਤਾ ਜਾਂਦਾ ਹੈ।

**ਸੇਵਾ-ਪੰਥ:** ਇਹ ਕੋਈ ਵਿਸ਼ੇਸ਼ ਵਿਧੀ-ਵਤ ਆਯੋਜਿਤ ਪੰਥ ਨਹੀਂ, ਸਗੋਂ ਸੇਵਾ ਵਿਚ ਅਧਿਕ ਰੁਚੀ ਰਖਣ ਵਾਲੇ ਸਾਧਕਾਂ ਦਾ ਸੰਪ੍ਰਦਾਇ ਹੈ। ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨ ਕੇ, ਉਸ ਦੀ ਵਿਆਖਿਆ ਅਤੇ ਗੁਰਬਾਣੀ ਦੇ ਕੀਰਤਨ ਵਿਚ ਰੁਚੀ ਰਖਣ ਵਾਲਾ ਸਿੱਖ-ਧਰਮ ਦਾ ਇਕ ਅਜਿਹਾ ਆਤਮ-ਉਤਸਰਗੀ ਦਲ ਹੈ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛਕਣ ਦੇ ਵਿਸ਼ਵਾਸ ਅਧੀਨ ਸ਼ਰੀਰਿਕ ਸੇਵਾ ਰਾਹੀਂ ਜੀਵਨ-ਮਨੋਰਥ ਪੂਰਾ ਕਰਦਾ ਹੈ। ਇਸ ਦਾ ਆਰੰਭ, ਸਿੱਖ ਰਵਾਇਤ ਅਨੁਸਾਰ, ਭਾਈ ਕਨ੍ਹਈਆ ਨੇ ਕੀਤਾ।

ਭਾਈ ਕਨ੍ਹਈਆ ਗੁਰੂ ਤੇਗ ਬਹਾਦਰ ਜੀ ਦਾ ਸਿੱਖ-ਸੇਵਕ ਸੀ ਅਤੇ ਬਾਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਵਿਚ ਹੋਏ ਯੁੱਧ ਦੌਰਾਨ ਸਿੱਖਾਂ ਅਤੇ ਵੈਰੀਆਂ ਦੇ ਦਲਾਂ ਦੇ ਘਾਇਲਾਂ ਨੂੰ ਸਮ-ਭਾਵ ਨਾਲ ਪਾਣੀ ਪਿਲਾਉਂਦਾ ਸੀ। ਉਸੇ ਦੇ ਸੇਵਕ ਸੇਵਾ-ਭਾਵਨਾ ਨਾਲ ਗਣੁੱਦ ਇਸ ਸਾਧਨਾ-ਪੱਧਤੀ ਨੂੰ ਅਗੇ ਚਲਾਉਂਦੇ ਰਹੇ। ਇਨ੍ਹਾਂ ਵਿਚੋਂ ਭਾਈ ਸੇਵਾ ਰਾਮ ਅਤੇ ਭਾਈ ਅੱਡਣਸ਼ਾਹ ਵਰਗੇ ਪ੍ਰਤਾਪੀ ਸਾਧਕਾਂ ਦਾ ਨਾਂ ਵਿਸ਼ੇਸ਼ ਉੱਲੇਖਯੋਗ ਹੈ ਜਿਨ੍ਹਾਂ ਨੇ ਸੇਵਾ-ਪੰਥ ਦੇ ਮਹੱਤਵ ਅਤੇ ਸਰੂਪ ਨੂੰ ਸਿਖਰ ਉਤੇ ਪਹੁੰਚਾਇਆ।

ਭਾਈ ਸੇਵਾ ਰਾਮ ਦਾ ਡੇਰਾ ਨੂਰਪੁਰ ਥਲ ਜ਼ਿਲ੍ਹਾ ਸ਼ਾਹਪੁਰ (ਸਰਗੋਧਾ) ਵਿਚ ਸੀ। ਇਕ ਵਾਰ ਪ੍ਰਚਾਰ ਕਰਦਿਆਂ ਉਹ ਜ਼ਿਲ੍ਹਾ ਝੰਗ ਦੇ ਸ਼ਾਹ ਜੀਵਣੇ ਕਸਬੇ ਦੇ ਨੇੜੇ ਲਉ ਪਿੰਡ ਵਿਚ ਪਹੁੰਚਿਆ ਤਾਂ ਨੌਜਵਾਨ ਅੱਡਣਸ਼ਾਹ ਦੀ ਸੇਵਾ ਅਤੇ ਸਾਧਨਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਗੱਦੀ ਦੇ ਦਿੱਤੀ। ਭਾਈ ਅੱਡਣਸ਼ਾਹ ਨੇ ਬੜੀ ਮਿਹਨਤ ਅਤੇ ਸਾਧਨਾ ਨਾਲ ਸੇਵਾ-ਪੰਥ ਦਾ ਵਿਸਤਾਰ ਕੀਤਾ ਜਿਸ ਕਰਕੇ ਇਸ ਪੰਥ ਦਾ ਇਕ ਨਾਮਾਂਤਰ 'ਅੱਡਣਸ਼ਾਹੀ ਮਤ' ਵੀ ਪ੍ਰਚਲਿਤ ਹੋ ਗਿਆ। ਭਾਈ ਅੱਡਣਸ਼ਾਹ ਨਾਲ ਸੰਬੰਧ ਰਖਣ ਵਾਲਿਆਂ ਨੂੰ 'ਅੱਡਣਸ਼ਾਹੀਏ' ਵੀ ਕਿਹਾ ਜਾਣ ਲਗਿਆ।

ਭਾਈ ਅੱਡਣਸ਼ਾਹ ਇਕ ਚੰਗਾ ਵਿਆਖਿਆਕਾਰ ਅਤੇ ਕੀਰਤਨ ਕਰਨ ਵਾਲਾ ਸੀ। ਉਸ ਨੇ ਲਾਹੌਰ (ਸ਼ਾਹਦਰਾ) ਵਿਚ ਇਕ ਬਹੁਤ ਵੱਡੀ ਧਰਮਸ਼ਾਲਾ ਬਣਾਈ ਹੋਈ ਸੀ ਜਿਸ ਵਿਚ ਦੋ ਸੌ ਦੇ ਨੇੜੇ-ਤੇੜੇ ਸਾਧਕ ਸਦਾ ਟਿਕੇ ਰਹਿੰਦੇ ਸਨ। ਉਸ ਦਾ ਜੰਮੂ ਵਿਚ ਵੀ ਇਕ ਵੱਡਾ ਡੇਰਾ ਸੀ। ਉਸ ਦੇ ਡੇਰਿਆਂ ਉਤੇ ਅਕਸਰ ਧਰਮ-ਗ੍ਰੰਥਾਂ ਦੀ ਵਿਆਖਿਆ ਹੁੰਦੀ ਰਹਿੰਦੀ ਸੀ ਅਤੇ ਸੰਸਕ੍ਰਿਤ ਅਤੇ ਫ਼ਾਰਸੀ ਦੇ ਗ੍ਰੰਥਾਂ ਦਾ ਅਨੁਵਾਦ ਵੀ ਕੀਤਾ ਜਾਂਦਾ ਸੀ। ਫ਼ਾਰਸੀ ਦੀ ਪ੍ਰਸਿੱਧ ਰਚਨਾ 'ਕੀਮਿਯਾਏ ਸਆਦਤ' ਦਾ ਖੁਲ੍ਹਾ ਅਨੁਵਾਦ 'ਪਾਰਸ-ਭਾਗ' ਦੇ ਰੂਪ ਵਿਚ ਕੀਤਾ ਗਿਆ। ਸੰਸਕ੍ਰਿਤ ਦੀ ਰਚਨਾ 'ਯੋਗ ਵਾਸਿਸ਼ਠ' ਅਤੇ 'ਮਸਨਵੀ ਮੌਲਾਨਾ ਰੂਮ' ਦੇ ਉਲੱਥੇ ਵੀ ਕੀਤੇ ਗਏ ਸਨ। ਭਾਈ ਅੱਡਣਸ਼ਾਹ ਦਾ ਦੇਹਾਂਤ ਸੰਨ 1757 ਈ. ਵਿਚ ਜੰਮੂ ਵਿਚ ਹੋਇਆ।

ਸੇਵਾ-ਪੰਥੀ ਸਾਧਕ ਨਾਮ-ਅਭਿਆਸ ਨੂੰ ਜੀਵਨ ਦਾ ਆਧਾਰ ਬਣਾ ਕੇ ਕਥਾ-ਕੀਰਤਨ ਵਿਚ ਵਿਸ਼ੇਸ਼ ਰੁਚੀ ਰਖਦੇ ਹਨ। ਸ਼ੁਰੂ ਵਿਚ ਇਹ ਸਹਿਜਧਾਰੀ ਸਨ, ਪਰ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦੇ ਪ੍ਰਭਾਵ ਅਧੀਨ ਸਹਿਜੇ ਸਹਿਜੇ ਇਹ ਸਿੰਘ ਸਜਦੇ ਗਏ। ਹੁਣ ਇਹ ਅੰਮ੍ਰਿਤਧਾਰੀ, ਕੇਸਧਾਰੀ ਅਤੇ ਸਹਿਜਧਾਰੀ ਤਿੰਨਾਂ ਰੂਪਾਂ ਵਿਚ ਮਿਲਦੇ ਹਨ। ਇਸ ਸੰਪ੍ਰਦਾਇ ਦੇ ਡੇਰਾਦਾਰ ਆਪਣੇ ਆਪ ਨੂੰ ਗੁਰੂ ਨਹੀਂ ਮੰਨਦੇ, ਆਮ ਤੌਰ 'ਤੇ 'ਭਾਈ' ਪਦਵੀ ਨਾਲ ਸਨਮਾਨੇ ਜਾਂਦੇ ਹਨ। ਪ੍ਰਮੁਖ ਡੇਰਿਆਂ ਉਤੇ ਸਿੱਖੀ ਸੇਵਕੀ ਚਲਦੀ ਹੈ। ਸੁਪਾਤਰ ਸਾਧਕ ਨੂੰ ਹੀ ਗੱਦੀ ਦਾ ਭਾਰ ਸੌਂਪਿਆ ਜਾਂਦਾ ਹੈ। ਗੱਦੀ ਤਿਆਗਣ ਵਾਲਾ ਡੇਰਾਦਾਰ ਨਵੇਂ ਡੇਰਾਦਾਰ ਅਗੇ ਇਕ ਝਾੜੂ ਅਤੇ ਇਕ ਛੰਨਾ ਰਖ ਕੇ ਮੱਥਾ ਟੇਕਦਾ ਹੋਇਆ ਆਪਣਾ ਅਧਿਕਾਰ ਉਸ ਨੂੰ ਪ੍ਰਦਾਨ ਕਰ ਦਿੰਦਾ ਹੈ। ਸ਼ੁਰੂ ਵਿਚ ਇਸ ਸੰਪ੍ਰਦਾਇ ਦਾ ਆਪਣਾ ਕੋਈ ਨਵੇਕਲਾ ਭੇਖ ਨਹੀਂ ਸੀ। ਪਰ ਕਾਲਾਂਤਰ ਵਿਚ ਸਰਕਾਰੀ ਬੇਗਾਰ ਤੋਂ ਬਚਣ ਲਈ ਭਾਈ ਅੱਡਣਸ਼ਾਹ ਨੇ ਆਪਣੇ ਸੇਵਕਾਂ ਨੂੰ ਚਿੱਟੀ ਟੋਪੀ ਪਾਣ ਦਾ ਆਦੇਸ਼ ਦਿੱਤਾ ਅਤੇ ਕੇਸਾਧਾਰੀਆਂ ਨੇ ਚਿੱਟੀ ਪਗੜੀ ਬੰਨ੍ਹਣੀ ਸ਼ੁਰੂ ਕੀਤੀ।

ਦੇਸ਼ ਦੀ ਵੰਡ ਤੋਂ ਪਹਿਲਾਂ ਸੇਵਾ-ਪੰਥ ਦਾ ਪ੍ਰਚਾਰ ਅਤੇ ਪ੍ਰਸਾਰ ਖੇਤਰ ਪੱਛਮੀ ਪੰਜਾਬ ਹੀ ਰਿਹਾ, ਖ਼ਾਸ ਤੌਰ ਤੇ ਝੰਗ, ਸ਼ਾਹਪੁਰ, ਡੇਰਾ ਇਸਮਾਈਲ ਖ਼ਾਨ ਆਦਿ। ਪੰਜਾਬ ਦੇ ਬਟਵਾਰੇ ਪਿਛੋਂ ਪੱਛਮੀ ਪੰਜਾਬ ਦੇ ਡੇਰੇ ਪੂਰਵੀ ਪੰਜਾਬ ਵਿਚ ਪਟਿਆਲਾ, ਯਮੁਨਾਨਗਰ, ਕੈਥਲ, ਗੋਨਿਆਣਾ-ਮੰਡੀ, ਰੋਹਤਕ, ਹਰਿਦੁਆਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਨਗਰਾਂ ਵਿਚ ਸਥਾਪਿਤ ਹੋ ਗਏ।

ਸਿੱਧਾਂਤਿਕ ਦ੍ਰਿਸ਼ਟੀ ਤੋਂ ਸੇਵਾ-ਪੰਥੀ ਸਿੱਖ-ਮਤ ਦੇ ਅਨੁਯਾਈ ਹਨ, ਪਰ ਸਮੇਂ ਦੇ ਬੀਤਣ ਨਾਲ ਉਨ੍ਹਾਂ ਵਿਚ ਕੁਝ ਪੱਖਾਂ ਪ੍ਰਤਿ ਵਿਸ਼ੇਸ਼ ਉਲਾਰ ਵੀ ਵੇਖਿਆ ਜਾਂਦਾ ਹੈ, ਖ਼ਾਸ ਤੌਰ 'ਤੇ ਸੇਵਾ ਦੀ ਭਾਵਨਾ ਦਾ। ਇਹ ਸਦਾਚਾਰ ਨੂੰ ਸਭ ਤੋਂ ਉੱਚਾ ਸਮਝਦੇ ਹਨ। ਇਹ ਲੋਕ ਬੁੱਧੀ ਦੀ ਥਾਂ ਆਤਮਿਕ ਅਨੁਭਵ, ਸ਼ੰਕੇ ਦੀ ਥਾਂ ਵਿਸ਼ਵਾਸ, ਸਿੱਧਾਂਤ ਦੀ ਥਾਂ ਸ਼ੁਭ ਕਰਮ ਨੂੰ ਉਤਮ ਮੰਨਦੇ ਹਨ। ਸੇਵਾ ਕਰਨ ਵੇਲੇ ਇਹ ਰੰਗ, ਲਿੰਗ, ਜਾਤ, ਧਰਮ, ਜੂਨ ਦਾ ਕੋਈ ਵਿਤਕਰਾ ਨਹੀਂ ਰਖਦੇ। ਸੇਵਾ ਬਿਰਤੀ ਕਰਕੇ ਇਹ ਪੰਥ ਇਕ ਪ੍ਰਕਾਰ ਦਾ ਲੋਕ-ਸੇਵਾ-ਦਲ ਹੈ। ਇਹ ਸੇਵਾ ਨਿਸ਼ਕਾਮ ਹੁੰਦੀ ਹੈ ਜੋ ਗੁਪਤ ਜਾਂ ਪ੍ਰਗਟ ਕਿਸੇ ਵੀ ਰੂਪ ਵਿਚ ਕੀਤੀ ਜਾ ਸਕਦੀ ਹੈ। ਸੇਵਾ ਦੇ ਫਲਸਰੂਪ ਅਹਿੰਸਾ, ਦਿਆਲਤਾ, ਹਮਦਰਦੀ, ਖਿਮਾ ਆਦਿ ਗੁਣਾਂ ਦਾ ਆਪਣੇ ਆਪ ਵਿਕਾਸ ਹੋਣ ਲਗਦਾ ਹੈ।

ਸੇਵਾ-ਪੰਥ ਦਾ ਦੂਜਾ ਮਹੱਤਵਪੂਰਣ ਨਿਯਮ ਹੈ ਦਸਾਂ ਨਹੁੰਆਂ ਦੀ ਕਿਰਤ ਕਰਨਾ। ਇਸ ਪੰਥ ਦੇ ਵੱਡੇ ਤੋਂ ਵੱਡਾ ਸੰਤ ਵੀ ਮੁੰਜ ਵਟ ਕੇ, ਭਾਰ ਚੁਕ ਕੇ ਜਾਂ ਹੋਰ ਗੁਜ਼ਾਰੇ ਜਿੰਨੀ ਕਿਰਤ ਕਰਕੇ ਆਪਣਾ ਜੀਵਨ ਨਿਰਵਾਹ ਕਰਦਾ ਹੈ। ਭਿਖਿਆ-ਵ੍ਰਿਤੀ ਇਸ ਪੰਥ ਵਿਚ ਵਰਜਿਤ ਹੈ। ਸੇਵਾ-ਪੰਥੀ ਸਾਧਕ ਕੋਈ ਵੀ ਕਿੱਤਾ ਅਪਣਾ ਸਕਦਾ ਹੈ, ਪਰ ਉਸ ਨੂੰ ਪੂਰੀ ਈਮਾਨਦਾਰੀ ਨਾਲ ਨਿਭਾਉਣਾ ਪੈਂਦਾ ਹੈ। ਆਲਸ ਕਰਨਾ ਸੇਵਾ-ਪੰਥ ਵਿਚ ਬਹੁਤ ਮਾੜਾ ਸਮਝਿਆ ਜਾਂਦਾ ਹੈ। ਕਿਰਤ ਫਲ ਨੂੰ ਸੰਭਾਲਣ ਜਾਂ ਬਚਾ ਕੇ ਰਖਣ ਜਾਂ ਜਾਇਦਾਦ ਬਣਾਉਣ ਦੀ ਸੇਵਾ-ਪੰਥ ਵਿਚ ਮਨਾਹੀ ਹੈ, ਉਧਾਰ ਲੈਣਾ ਵੀ ਵਰਜਿਤ ਹੈ।

ਸੇਵਾ-ਪੰਥ ਦਾ ਤੀਜਾ ਮਹੱਤਵਪੂਰਣ ਨਿਯਮ ਗ੍ਰਿਹਸਥ ਦਾ ਤਿਆਗ ਹੈ ਕਿਉਂਕਿ ਸੇਵਾ-ਸਾਧਨਾ ਵਿਚ ਉਹੀ ਸਹੀ ਰੂਪ ਵਿਚ ਮਗਨ ਹੋ ਸਕਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਦੀ ਖਿਚ ਜਾਂ ਝਾਕ ਨ ਹੋਵੇ। ਗ੍ਰਿਹਸਥੀ ਵਿਅਕਤੀ ਸਦਾ ਆਪਣੇ ਪਰਿਵਾਰ ਦੀ ਵਿਵਸਥਾ ਸੰਬੰਧੀ ਚਿੰਤਾ-ਗ੍ਰਸਤ ਰਹਿੰਦਾ ਹੈ, ਇਸ ਲਈ ਲੋਕ-ਕਲਿਆਣ ਦੇ ਮਾਰਗ ਉਤੇ ਸੰਤੁਲਿਤ ਅਤੇ ਸਥਿਰ ਮਨ ਨਾਲ ਅਗੇ ਨਹੀਂ ਵਧ ਸਕਦਾ। ਆਪਣਾ ਸਭ ਕੁਝ ਲੋਕਾਂ ਵਿਚ ਉਹੀ ਲੁਟਾ ਸਕਦਾ ਹੈ ਜਿਸ ਦਾ ਆਪਣਾ ਕੋਈ ਨ ਹੋਵੇ। ਸੇਵਾ-ਪੰਥੀਆਂ ਦੀ ਰਹਿਣੀ-ਬਹਿਣੀ ਸਾਦਾ ਅਤੇ ਸੰਜਮ ਭਰੀ ਹੋਣ ਕਾਰਣ, ਇਨ੍ਹਾਂ ਵਿਚ ਤਾਮਸਿਕ ਰੁਚੀਆਂ ਦਾ ਘਟ ਹੀ ਵਿਕਾਸ ਹੁੰਦਾ ਹੈ। ਇਨ੍ਹਾਂ ਦੇ ਡੇਰਿਆਂ ਵਿਚ ਗੁਰਮੁਖੀ ਰਾਹੀਂ ਸਿਖਿਆ ਦਿੱਤੇ ਜਾਣ ਦੀ ਵਿਵਸਥਾ ਸ਼ੁਰੂ ਤੋਂ ਹੈ।

ਇਨ੍ਹਾਂ ਦੇ ਡੇਰਿਆਂ ਵਿਚ ਸਿੱਖ-ਧਰਮ ਨਾਲ ਸੰਬੰਧਿਤ ਕਈ ਪ੍ਰਕਾਰ ਦੀਆਂ ਸਾਹਿਤਿਕ ਰਚਨਾਵਾਂ ਵੀ ਤਿਆਰ ਹੋਈਆਂ ਸਨ, ਕੁਝ ਮਹਾ-ਪੁਰਸ਼ਾਂ ਦੇ ਜੀਵਨ ਬ੍ਰਿੱਤਾਂਤ ਵੀ ਲਿਖੇ ਗਏ ਸਨ ਅਤੇ ਗੁਰਬਾਣੀ ਦੀ ਵਿਆਖਿਆ, ਕੀਰਤਨ ਅਤੇ ਟੀਕਾਕਾਰੀ ਪ੍ਰਤਿ ਵਿਸ਼ੇਸ਼ ਝੁਕਾ ਰਿਹਾ ਹੈ। ਇਸ ਸੰਪ੍ਰਦਾਇ ਦੇ ਅੰਮ੍ਰਿਤਸਰ ਨਿਵਾਸੀ ਗਿਆਨੀ ਕ੍ਰਿਪਾਲ ਸਿੰਘ ਨੇ ਪੂਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਵੀ ਕੀਤਾ ਹੈ। ਵੇਖੋ 'ਟੀਕਾਕਾਰੀ (ਗੁਰੂ ਗ੍ਰੰਥ ਸਾਹਿਬ)'

ਕੁਲ ਮਿਲਾ ਕੇ ਇਹ ਸਵੱਛ ਭਾਵਨਾਵਾਂ ਵਾਲੇ ਸਾਤਵਿਕ ਸਾਧਕਾਂ ਦਾ ਸਮਾਜ ਹੈ।

**ਸੇਵਾ ਪੰਥੀ ਸੰਪ੍ਰਦਾਇ** : ਵੇਖੋ 'ਸੇਵਾ ਪੰਥ'।

**ਸੇਵਾਂ, ਮਾਈ** : ਗੋਇੰਦਵਾਲ ਗੁਰੂ-ਧਾਮ ਵਿਚ ਬਾਉਲੀ ਦੀ ਖੁਦਾਈ ਵੇਲੇ ਸੇਵਾ ਕਰਨ ਵਾਲੀ ਇਕ ਮਾਈ ਜੋ ਪਿਛੋਂ ਕਾਬੁਲ ਨਗਰ ਤੋਂ ਆਈ ਹੋਈ ਸੀ। ਬਾਬਾ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਵਿਚ ਇਸ ਦਾ ਉਲੇਖ ਕੀਤਾ ਹੈ। ਇਹ ਬੜੀ ਲਗਨ ਅਤੇ ਨਿਸ਼ਠਾ ਨਾਲ ਸਵੇਰ ਤੋਂ ਸ਼ਾਮ ਤਕ ਖੁਦਾਈ ਵਿਚ ਭਾਗ ਲੈਂਦੀ ਰਹਿੰਦੀ ਸੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਕਿਸੇ ਨੂੰ ਇਹ ਪਤਾ ਹੀ ਨਹੀਂ ਸੀ ਕਿ ਇਹ ਮਾਈ ਕੌਣ ਹੈ ? ਅਤੇ ਕਿਥੋਂ ਆਈ ਹੈ ? ਇਕ ਦਿਨ ਗੁਰੂ ਅਮਰਦਾਸ ਜੀ ਨੇ ਖ਼ੁਦ ਸੰਗਤਾਂ ਨੂੰ ਦਸਿਆ ਸੀ ਕਿ ਇਹ ਕਾਬੁਲ ਤੋਂ ਉਚੇਚੀ ਸੇਵਾ ਕਰਨ ਆਈ ਹੈ। ਬਾਦ ਵਿਚ ਗੁਰੂ ਜੀ ਨੇ ਇਸ ਨੂੰ ਕਾਬੁਲ ਵਿਚ ਧਰਮ-ਪ੍ਰਚਾਰ ਲਈ ਮੰਜੀ ਦੀ ਬਖ਼ਸ਼ਿਸ਼ ਕੀਤੀ। ਸੇਵਾ ਪ੍ਰਤਿ ਅਧਿਕ ਝੁਕਾਓ ਕਾਰਣ ਇਸ ਦੇ ਨਾਂ ਨਾਲ 'ਸੇਵਾ' ਪਦ ਜੁੜ ਗਿਆ ਜੋ ਹੁਣ 'ਮਾਈ ਸੇਵਾਂ' ਕਰਕੇ ਪ੍ਰਚਲਿਤ ਹੈ। 'ਮਹਿਮਾ ਪ੍ਰਕਾਸ਼' ਦੀ ਇਕ ਪੁਰਾਤਨ ਹੱਥ-ਲਿਖਿਤ ਵਿਚ ਇਸ ਦਾ ਨਾਂ 'ਭਾਗੋ' ਲਿਖਿਆ ਹੈ, ਪਰ ਗੋਇੰਦਵਾਲ ਵਿਚ ਸਥਿਤ ਗੁਰਦੁਆਰਾ ਹਵੇਲੀ ਸਾਹਿਬ ਦੀ ਇਕ ਸਿਲ ਉਤੇ ਇਸ ਦਾ ਨਾਂ 'ਮਾਈ ਸੇਵਾਂ' ਲਿਖਿਆ ਹੈ। ਸੰਭਵ ਹੈ ਕਿ ਇਸ ਦਾ ਮੂਲ ਨਾਂ 'ਭਾਗੋ' ਹੋਵੇ ਪਰ ਸੇਵਾ ਪ੍ਰਤਿ ਅਤਿ ਅਧਿਕ ਰੁਚਿਤ ਹੋਣ ਕਾਰਣ 'ਮਾਈ ਸੇਵਾਂ' ਪ੍ਰਚਲਿਤ ਹੋ ਗਿਆ ਹੋਵੇ। ਗੁਰੂ-ਧਾਮਾਂ ਦੀ ਕਾਰ-ਸੇਵਾ ਵਿਚ ਇਸ ਦਾ ਨਾਂ ਵਿਸ਼ੇਸ਼ ਉਲੇਖਯੋਗ ਅਤੇ ਪ੍ਰੇਰਣਾਦਾਇਕ ਹੈ।

**ਸੈਂਟ੍ਰਲ ਅਕਾਲੀ ਦਲ** : ਸ਼੍ਰੋਮਣੀ ਅਕਾਲੀ ਦਲ ਦੇ ਸਮਾਨਾਂਤਰ ਮਾਰਚ 1934 ਈ. ਨੂੰ ਬਣਾਈ ਗਈ ਇਕ ਨਵੀਂ ਪਾਰਟੀ ਜਿਸ ਦਾ ਪਹਿਲਾ ਨਾਂ 'ਸਿੱਖ ਨੈਸ਼ਨਲ ਲੀਗ' ਰਖਿਆ ਗਿਆ, ਪਰ ਬਾਦ ਵਿਚ 'ਸੈਂਟ੍ਰਲ ਅਕਾਲੀ ਦਲ' ਨਾਂ ਨਾਲ ਬਦਲ ਦਿੱਤਾ ਗਿਆ। ਇਸ ਦੀ ਸਥਾਪਨਾ ਪਿਛੇ ਸ਼੍ਰੋਮਣੀ ਅਕਾਲੀ ਦਲ ਦੀ ਅੰਦਰਲੀ ਗੁਟਬੰਦੀ ਭੂਮਿਕਾ ਨਿਭਾ ਰਹੀ ਸੀ ਜਿਸ ਦਾ ਆਰੰਭ ਸੰਨ 1925 ਈ. ਵਿਚ ਪਾਸ ਹੋਏ ਸਿੱਖ ਗੁਰਦੁਆਰਾ ਐਕਟ ਅਨੁਸਾਰ ਚਲਣ ਜਾਂ ਨ ਚਲਣ ਦੇ ਮਸਲੇ ਤੋਂ ਹੋਇਆ ਸੀ। ਇਸ ਦਲ ਦਾ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਬਣਾਇਆ ਗਿਆ ਅਤੇ ਸ. ਅਮਰ ਸਿੰਘ 'ਸ਼ੇਰੇ ਪੰਜਾਬ' ਨੂੰ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ

ਗਈ। ਗਿਆਨੀ ਸ਼ੇਰ ਸਿੰਘ ਅਤੇ ਸ. ਹਰਬੰਸ ਸਿੰਘ ਸੀਸਤਾਨੀ ਨੂੰ ਮੀਤ-ਪ੍ਰਧਾਨ ਚੁਣਿਆ ਗਿਆ। ਇਸ ਦੀ ਕਾਰਜ-ਸਾਧਕ ਕਮੇਟੀ ਵਿਚ ਹੋਰਾਂ ਤੋਂ ਇਲਾਵਾ ਸ. ਜਸਵੰਤ ਸਿੰਘ ਝਬਾਲ, ਮਾਸਟਰ ਮੋਤਾ ਸਿੰਘ ਆਨੰਦਪੁਰੀ, ਗੋਪਾਲ ਸਿੰਘ ਸਾਗਰੀ ਹੋਰਾਂ ਨੂੰ ਵੀ ਸ਼ਾਮਲ ਕੀਤਾ ਗਿਆ।

ਇਸ ਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੋਹਾਂ ਦਾ ਮੁੱਖ ਉਦੇਸ਼ ਤਾਂ ਸਿੱਖ ਧਰਮ ਦੀ ਉਨਤੀ, ਉਸ ਦੀ ਵਖਰੀ ਪਛਾਣ ਅਤੇ ਰਾਸ਼ਟਰੀ ਪੱਧਰ 'ਤੇ ਉਸ ਦੀ ਰਾਜਨੈਤਿਕ ਹਸਤੀ ਨੂੰ ਕਾਇਮ ਰਖਣਾ ਸੀ। ਪਰਸਪਰ ਵਿਰੋਧ ਇਸ ਗੱਲ ਦਾ ਸੀ ਕਿ ਸੈਂਟ੍ਰਲ ਅਕਾਲੀ ਦਲ ਕਾਂਗ੍ਰਸ ਨਾਲ ਮਿਲ ਕੇ ਚਲਦਾ ਸੀ, ਜਦਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਪ੍ਰਵਾਨ ਨਹੀਂ ਸੀ। ਇਹ ਵਿਰੋਧ ਰਾਜਨੈਤਿਕ ਪੱਧਰ ਤਕ ਹੀ ਸੀਮਿਤ ਨਹੀਂ ਸੀ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹੀ ਦੋਹਾਂ ਧੜਿਆਂ ਵਿਚ ਕਸ਼ਮਕਸ਼ ਚਲਦੀ ਰਹਿੰਦੀ ਸੀ। ਸੰਨ 1937-37 ਈ. ਦੀਆਂ ਚੋਣਾਂ ਵਿਚ ਇਸ ਦਲ ਨੇ ਖ਼ਾਲਸਾ ਨੈਸ਼ਨਲ ਪਾਰਟੀ ਦੀ ਸਹਾਇਤਾ ਕੀਤੀ, ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਮਾੜੀ ਹੋ ਗਈ। ਇਸ ਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਆਜ਼ਾਦ ਪੰਜਾਬ ਦੀ ਸਕੀਮ ਦਾ ਵੀ ਡਟ ਕੇ ਵਿਰੋਧ ਕੀਤਾ। ਇਸੇ ਤਰ੍ਹਾਂ ਦੇ ਇਸ ਦਲ ਨੇ ਹੋਰ ਵੀ ਕਈ ਯਤਨ ਕੀਤੇ ਪਰ ਇਹ ਆਪਣੀ ਸਾਖ ਬਣਾ ਨ ਸਕਿਆ, ਹਾਂ ਸ਼੍ਰੋਮਣੀ ਅਕਾਲੀ ਦਲ ਦੇ ਵਕਾਰ ਨੂੰ ਘਟਾਉਂਦਾ ਜ਼ਰੂਰ ਰਿਹਾ। ਪਰ ਹੌਲੀ ਹੌਲੀ ਇਸ ਦਲ ਦੀ ਜਨ-ਪ੍ਰਵਾਨਗੀ ਘਟਦੀ ਗਈ। ਪੰਜਾਬ ਦੀ ਵੰਡ ਤੋਂ ਬਾਦ ਇਸ ਦਲ ਨੂੰ ਮੁੜ ਸੁਰਜੀਤ ਕਰਨ ਦਾ ਉਦਮ ਕੀਤਾ ਗਿਆ, ਪਰ ਸ. ਅਮਰ ਸਿੰਘ 'ਸ਼ੇਰੇ ਪੰਜਾਬ' ਦਾ 9 ਜੁਲਾਈ 1948 ਈ. ਵਿਚ ਦੇਹਾਂਤ ਹੋ ਜਾਣ ਕਾਰਣ ਇਸ ਦੀ ਰੂਹ ਨਿਕਲ ਗਈ ਅਤੇ ਬਾਬਾ ਖੜਕ ਸਿੰਘ ਨੇ ਬਿਰਧ ਹੋ ਜਾਣ ਕਾਰਣ ਰਾਜਨੀਤੀ ਤੋਂ ਸੰਨਿਆਸ ਲੈ ਲਿਆ। ਅਕਾਲੀ ਦਲ ਦੀ ਇਸ ਧੜੇਬੰਦੀ ਨਾਲ ਕੌਮ ਦੇ ਹਿਤਾਂ ਨੂੰ ਕਾਫ਼ੀ ਖੋਰਾ ਲਗਿਆ।

**ਸੈਂਟ੍ਰਲ ਸਿੱਖ ਲੀਗ** : ਮੁਸਲਿਮ ਲੀਗ ਅਤੇ ਹਿੰਦੂ ਮਹਾਸਭਾ ਦੀਆਂ ਕਾਰਵਾਈਆਂ ਦੇ ਪ੍ਰਤਿਕਰਮ ਵਜੋਂ 29 ਦਸੰਬਰ 1919 ਈ. ਨੂੰ ਅੰਮ੍ਰਿਤਸਰ ਵਿਚ ਸੈਂਟ੍ਰਲ ਸਿੱਖ ਲੀਗ ਦੀ ਸਥਾਪਨਾ ਕੀਤੀ ਗਈ, ਜੋ ਇਕ ਪ੍ਰਕਾਰ ਨਾਲ ਸਿੱਖਾਂ ਦੀ ਰਾਜਨੈਤਿਕ ਪਾਰਟੀ ਸੀ। ਇਸ ਵਿਚ ਆਮ ਤੌਰ 'ਤੇ ਮੱਧ-ਵਰਗ ਦੇ ਪੜ੍ਹੇ ਲਿਖੇ ਲੋਕ ਸ਼ਾਮਲ ਹੋਏ। ਸਰਦਾਰ ਬਹਾਦੁਰ ਗੱਜਣ ਸਿੰਘ ਨੂੰ ਇਸ ਦਾ ਪਹਿਲਾ ਪ੍ਰਧਾਨ ਬਣਾਇਆ ਗਿਆ। ਇਸ ਦੀਆਂ ਸਰਗਰਮੀਆਂ ਨੂੰ ਤੇਜ਼ ਕਰਨ ਲਈ ਭਾਈ ਜੋਧ ਸਿੰਘ, ਸ. ਵਸਾਖਾ ਸਿੰਘ, ਸ. ਉਜਲ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਸ. ਅਮਰ ਸਿੰਘ, ਸ. ਸੰਤ ਸਿੰਘ ਲਾਇਲਪੁਰੀ, ਸ. ਗੁਰਬਖ਼ਸ਼ ਸਿੰਘ ਆਦਿ ਨੂੰ ਇਸ ਦਾ ਮੈਂਬਰ ਬਣਾਇਆ ਗਿਆ। ਇਹ ਸਾਰੇ ਨਰਮ ਧੜੇ ਦੇ ਨੇਤਾ ਸਨ। ਸੰਨ 1920 ਈ. ਵਿਚ ਪਹਿਲਾਂ ਅੰਮ੍ਰਿਤਸਰ ਅਤੇ ਫਿਰ ਲਾਹੌਰ ਵਿਚ ਇਸ ਲੀਗ ਦੇ ਦੋ ਪ੍ਰਭਾਵਸ਼ਾਲੀ ਸਮਾਗਮ ਹੋਏ। ਲਾਹੌਰ ਵਾਲੇ ਸਮਾਗਮ ਵਿਚ ਬਾਬਾ ਖੜਕ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਉਸ ਇਜਲਾਸ ਵਿਚ ਮਹਾਤਮਾ ਗਾਂਧੀ ਅਤੇ ਡਾ. ਸੈਫ਼ੁੱਦੀਨ ਕਿਚਲੂ ਵੀ ਸ਼ਾਮਲ ਹੋਏ। 22 ਜੁਲਾਈ 1921 ਈ. ਦੇ ਸਮਾਗਮ ਵਿਚ ਇਸ ਲੀਗ ਦੇ ਨਵੇਂ ਸੰਵਿਧਾਨ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਦੀ ਕਾਰਜਸਾਧਕ ਕਮੇਟੀ ਦੇ 101 ਮੈਂਬਰ ਬਣਾਏ ਗਏ ਅਤੇ ਇਸ ਦੀਆਂ ਸ਼ਾਖਾਵਾਂ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਸਥਾਪਿਤ ਕੀਤੀਆਂ ਗਈਆਂ। ਨਵੰਬਰ 1920 ਈ. ਵਿਚ ਸਥਾਪਿਤ ਹੋਇਆ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸੁਧਾਰ ਵਿਚ ਰੁਝੀ ਹੋਈ ਸੀ, ਇਸ ਲਈ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਕਾਂਗ੍ਰਸ ਨਾਲ ਮਿਲ ਕੇ ਇਸ ਲੀਗ ਨੇ ਚੰਗੀ ਤਰ੍ਹਾਂ ਭਾਗ ਲਿਆ। ਪਰ ਸੰਨ 1925 ਈ. ਵਿਚ ਗੁਰਦੁਆਰਾ ਐਕਟ ਦੇ ਪਾਸ ਹੋ ਜਾਣ ਨਾਲ ਸਿੱਖ ਜਗਤ ਵਿਚ ਇਸ ਦੀ ਅਹਿਮੀਅਤ ਘਟਣ ਲਗ ਗਈ।

ਅਪ੍ਰੈਲ 1931 ਈ. ਵਿਚ ਅਕਾਲੀਆਂ ਵਾਲੇ ਬਾਗ਼ ਵਿਚ ਹੋਏ ਇਸ ਦੇ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਪ੍ਰਮੁਖ ਨੇਤਾ ਸ਼ਾਮਲ ਹੋਏ ਅਤੇ ਕਾਂਗ੍ਰਸ ਦੇ ਨੈਸ਼ਨਲ ਪੱਧਰ ਦੇ ਆਗੂ ਵੀ ਆਏ। ਇਸ ਸਮਾਗਮ ਦੀ ਪ੍ਰਧਾਨਗੀ ਮਾ. ਤਾਰਾ ਸਿੰਘ ਨੇ ਕੀਤੀ ਅਤੇ ਇਸ ਲੀਗ ਦਾ ਪ੍ਰਮੁਖ ਉਦੇਸ਼ ਸਪੱਸ਼ਟ ਕਰਦਿਆਂ ਕਿਹਾ ਕਿ ਇਸ ਦੀ ਸਥਾਪਨਾ ਦਾ ਪ੍ਰਯੋਜਨ ਸਿੱਖ ਹੱਕਾਂ ਦੀ ਰਾਖੀ ਅਤੇ ਦੇਸ਼ ਦੀ ਆਜ਼ਾਦੀ ਤੋਂ ਭਿੰਨ ਹੋਰ ਕੁਝ ਨਹੀਂ। ਉਸ ਸਮਾਗਮ ਵਿਚ ਸਿੱਖ ਹੱਕਾਂ ਦੀ ਰਾਖੀ ਲਈ 17 ਮੰਗਾਂ ਵੀ ਪੇਸ਼ ਕੀਤੀਆਂ ਗਈਆਂ। 16 ਅਕਤੂਬਰ 1933 ਈ. ਨੂੰ ਲਾਹੌਰ ਵਿਚ ਕਾਂਗ੍ਰਸ ਨਾਲ ਮਿਲ ਕੇ ਹੋਏ ਇਕ ਸਾਂਝੇ ਸਮਾਗਮ ਵਿਚ

ਕਮਿਊਨਲ ਐਵਾਰਡ ਨੂੰ ਖ਼ਤਮ ਕਰਨ ਉਤੇ ਬਲ ਦਿੱਤਾ ਗਿਆ ਕਿਉਂਕਿ ਆਜ਼ਾਦੀ ਦੀ ਪ੍ਰਾਪਤੀ ਵਿਚ ਇਹ ਸਭ ਤੋਂ ਵੱਡਾ ਰੋੜਾ ਸੀ ਅਤੇ ਸਿੱਖਾਂ ਨਾਲ ਘੋਰ ਬੇਇਨਸਾਫ਼ੀ ਸੀ। ਇਸੇ ਸੈਸ਼ਨ ਵਿਚ ਖ਼ਾਲਸਾ ਦਰਬਾਰ ਅਤੇ ਸੈਂਟ੍ਰਲ ਸਿੱਖ ਲੀਗ ਨੂੰ ਮਿਲਾ ਦਿੱਤਾ ਗਿਆ। ਇਸ ਤੋਂ ਬਾਦ ਸੰਨ 1945 ਈ. ਤਕ ਇਸ ਲੀਗ ਦੇ ਕਾਂਗ੍ਰਸ ਨਾਲ ਰਲ ਕੇ ਸਾਂਝੇ ਇਜਲਾਸ ਹੁੰਦੇ ਰਹੇ ਅਤੇ ਮਤੇ ਵੀ ਪਾਸ ਕੀਤੇ ਜਾਂਦੇ ਰਹੇ, ਪਰ ਇਸ ਲੀਗ ਵਲੋਂ ਕੋਈ ਅਹਿਮ ਗੱਲ ਸਾਹਮਣੇ ਨ ਆਉਣ ਕਾਰਣ ਜਨਤਾ ਇਸ ਤੋਂ ਪਰ੍ਹੇ ਹਟਣ ਲਗ ਗਈ ਅਤੇ ਇਸ ਤਰ੍ਹਾਂ ਹੌਲੀ ਹੌਲੀ ਇਸ ਦੀ ਹੋਂਦ ਖ਼ਤਮ ਹੋ ਗਈ।

**ਸੈਂਟ੍ਰਲ ਖ਼ਾਲਸਾ ਯਤੀਮਖ਼ਾਨਾ** : ਚੀਫ਼ ਖ਼ਾਲਸਾ ਦੀਵਾਨ ਵਲੋਂ ਅੰਮ੍ਰਿਤਸਰ ਵਿਚ ਸਥਾਪਿਤ ਇਹ ਯਤੀਮਖ਼ਾਨਾ ਸੰਨ 1904 ਈ. ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਦੀ ਕਾਇਮੀ ਲਈ ਸ. ਹਰਬੰਸ ਸਿੰਘ ਅਟਾਰੀ ਨੇ ਬਹੁਤ ਉਦਮ ਕੀਤਾ। ਉਨ੍ਹਾਂ ਨੂੰ ਸਿੰਧ ਵਿਚ ਪ੍ਰਚਾਰ ਕਰਨ ਦੌਰਾਨ ਇਕ ਬੇਸਹਾਰਾ ਬੱਚਾ ਮਿਲ ਗਿਆ ਤੇ ਉਹ ਉਸ ਬੱਚੇ ਨੂੰ ਨਾਲ ਲੈ ਆਏ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਯਤੀਮਖ਼ਾਨਾ ਸ਼ੁਰੂ ਕਰਨ ਦਾ ਫੁਰਨਾ ਫੁਰਿਆ। ਸ. ਸੁੰਦਰ ਸਿੰਘ ਮਜੀਠਿਆ, ਭਾਈ ਵੀਰ ਸਿੰਘ ਅਤੇ ਸ. ਤਰਲੋਚਨ ਸਿੰਘ ਦੇ ਭਰਪੂਰ ਸਹਿਯੋਗ ਨਾਲ ਸੰਨ 1904 ਈ. ਵਿਚ ਇਕ ਕਮਰਾ ਕਿਰਾਏ 'ਤੇ ਲੈ ਕੇ ਅੰਮ੍ਰਿਤਸਰ ਦੇ ਪੁਤਲੀਘਰ ਇਲਾਕੇ ਵਿਚ ਸ਼ੇਰਸ਼ਾਹ ਸੂਰੀ ਮਾਰਗ 'ਤੇ ਇਸ ਯਤੀਮਖ਼ਾਨੇ ਦੀ ਸ਼ੁਰੂਆਤ ਕੀਤੀ ਗਈ। ਅਜ 5 ਏਕੜ ਰਕਬੇ ਵਿਚ ਫੈਲੀਆਂ ਸ਼ਾਨਦਾਰ ਇਮਾਰਤਾਂ, ਖੇਡ ਗਰਾਊਂਡਾਂ ਤੇ ਸੁੰਦਰ ਬਾਗ਼-ਬਗ਼ੀਚਿਆਂ ਵਾਲੀ ਇਹ ਇਕ ਪ੍ਰਤਿਸ਼ਠਿਤ ਸੰਸਥਾ ਬਣ ਚੁਕੀ ਹੈ। ਇਥੋਂ ਬੀਤੀ ਸਦੀ ਦੌਰਾਨ ਸ਼ਹੀਦ ਊਧਮ ਸਿੰਘ ਸਮੇਤ ਹਜ਼ਾਰਾਂ ਯਤੀਮ ਅਤੇ ਨੇਤਰਹੀਣ ਬੱਚੇ ਕੌਮ ਦਾ ਸੁਅਸਥ ਅੰਗ ਬਣ ਕੇ ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਤੈਅ ਕਰਦੇ ਆ ਰਹੇ ਹਨ। ਇਸ ਸਮੇਂ ਇਸ ਸੰਸਥਾ ਵਿਖੇ 300 ਦੇ ਕਰੀਬ ਅਨਾਥ ਤੇ ਨੇਤਰਹੀਣ ਬੱਚੇ ਰਹਿ ਰਹੇ ਹਨ।

ਇਸ ਸੰਸਥਾ ਵਿਚ ਅਨਾਥ ਬੱਚਿਆਂ ਦੀ ਵਿਦਿਆ ਤੇ ਉਨ੍ਹਾਂ ਦੇ ਸ਼ਰੀਰਕ ਤੇ ਮਾਨਸਿਕ ਵਿਕਾਸ ਲਈ ਰੋਜ਼ਗਾਰ ਮੁੱਖੀ ਕਿਤਿਆਂ ਦੀ ਸਿਖਲਾਈ ਦੇਣ ਲਈ ਅਤੇ ਉਨ੍ਹਾਂ ਨੂੰ ਉਚ-ਵਿਦਿਆ ਉਪਲਬਧ ਕਰਾਉਣ ਲਈ ਮਿਸ਼ਨਰੀ ਭਾਵਨਾ ਤਹਿਤ ਉੱਦਮ ਕੀਤੇ ਜਾ ਰਹੇ ਹਨ। ਇਸ ਸੰਸਥਾ ਵਿਖੇ 18 ਸਾਲ ਤੋਂ ਘਟ ਉਮਰ ਦੇ ਯਤੀਮ, ਮੁਥਾਜ ਤੇ ਨੇਤਰਹੀਣ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਮਾਪਿਆਂ ਦੇ ਬੱਚੇ ਦਾਖ਼ਲ ਕੀਤੇ ਜਾਂਦੇ ਹਨ।

**ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ** : ਇਹ ਦੀਵਾਨ ਮੂਲ ਰੂਪ ਵਿਚ ਸੰਨ 1904 ਈ. ਵਿਚ ਸਥਾਪਿਤ ਹੋਇਆ ਸੀ, ਪਰ ਬਾਦ ਵਿਚ ਚੀਫ਼ ਖ਼ਾਲਸਾ ਦੀਵਾਨ ਵਿਚ ਸਮੋ ਦਿੱਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਵਲੋਂ ਗੁਰਦੁਆਰਿਆਂ ਵਿਚ ਪਸਰੇ ਹੋਏ ਭ੍ਰਸ਼ਟਾਚਾਰ ਵਿਰੁਧ ਕੋਈ ਠੋਸ ਕਦਮ ਨ ਉਠਾਉਣ ਕਾਰਣ ਇਸ ਦੀਵਾਨ ਦੇ ਕਾਰਕੁੰਨ ਚੀਫ਼ ਖ਼ਾਲਸਾ ਦੀਵਾਨ ਤੋਂ ਪਰੇ ਹਟ ਗਏ ਅਤੇ ਉਨ੍ਹਾਂ ਨੇ ਆਪਣੇ ਦੀਵਾਨ ਦੀ ਪੁਨਰ-ਸੰਸਥਾਪਨਾ 'ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ' ਦੇ ਰੂਪ ਵਿਚ ਕੀਤੀ। ਇਸ ਦੀਵਾਨ ਦਾ ਮੁੱਖ ਉਦੇਸ਼ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਗੁਰੂ-ਧਾਮਾਂ ਨੂੰ ਭ੍ਰਸ਼ਟ ਪੁਜਾਰੀਆਂ ਤੋਂ ਆਜ਼ਾਦ ਕਰਾਉਣਾ ਸੀ। ਅੰਮ੍ਰਿਤਸਰ ਦੇ ਨੇੜੇ ਕੀਰਤਨਗੜ੍ਹ ਵਿਚ ਇਸ ਦਾ ਦਫ਼ਤਰ ਕਾਇਮ ਕੀਤਾ ਗਿਆ। ਮਾਝੇ ਦੇ ਜ਼ਿਲ੍ਹਿਆਂ ਦੇ ਅਨੇਕ ਆਤਮ-ਉਤਸਰਗੀ ਸਿੰਘ ਇਸ ਵਿਚ ਸ਼ਾਮਲ ਹੋ ਗਏ। ਇਸ ਦੀਵਾਨ ਦੇ ਤੇਜਾ ਸਿੰਘ ਭੁਚਰ ਅਤੇ ਝਬਾਲ ਪਿੰਡ ਦੇ ਤਿੰਨ ਭਰਾ ਅਮਰ ਸਿੰਘ, ਸਰਮੁਖ ਸਿੰਘ ਅਤੇ ਜਸਵੰਤ ਸਿੰਘ ਮੁੱਖ ਕਾਰਕੁੰਨ ਸਨ। ਇਨ੍ਹਾਂ ਨੇ ਦਰਬਾਰ ਸਾਹਿਬ, ਤਰਨਤਾਰਨ ਵਿਚ ਹਰ ਮਸਿਆ ਵਾਲੇ ਦਿਨ ਦੀਵਾਨ ਸਜਾ ਕੇ ਧੜਲੇਦਾਰ ਭਾਸ਼ਣਾਂ ਰਾਹੀਂ ਸਿੱਖ ਧਰਮ-ਧਾਮਾਂ ਵਿਚ ਪਸਰ ਰਹੀਆਂ ਬ੍ਰਾਹਮਣੀ ਪ੍ਰਵ੍ਰਿਤੀਆਂ ਦਾ ਖੰਡਨ ਕਰਨਾ ਸ਼ੁਰੂ ਕੀਤਾ, ਪਰ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਇਸ ਦੀਵਾਨ ਦੀ ਕਾਰਵਾਈ ਦਾ ਡਟਵਾਂ ਵਿਰੋਧ ਕੀਤਾ। ਮਾਰਚ 1919 ਈ. ਵਿਚ ਭੁਚਰ ਪਿੰਡ ਵਿਚ ਹੋਈ ਇਕ ਇਕਤਰਤਾ ਵਿਚ ਤੇਜਾ ਸਿੰਘ ਭੁਚਰ ਨੂੰ ਇਸ ਦੀਵਾਨ ਦਾ ਜੱਥੇਦਾਰ ਸਥਾਪਿਤ ਕੀਤਾ ਗਿਆ। ਉਨ੍ਹਾਂ ਦਿਨਾਂ ਵਿਚ ਹੀ ਹੋਏ ਜਲਿਆਂ ਵਾਲੇ ਬਾਗ਼ ਦੇ ਸਾਕੇ ਨੇ ਸਾਰੇ ਭਾਰਤ ਅਤੇ ਖ਼ਾਸ ਕਰ ਸਿੱਖ ਜਗਤ ਨੂੰ ਝੰਝੋੜ ਦਿੱਤਾ। ਇਸ ਤੋਂ ਵੀ ਵਧ ਗੱਲ ਇਹ ਹੋਈ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਰਬਰਾਹ ਵਲੋਂ ਬ੍ਰਿਗੇਡੀਅਰ ਜਨਰਲ ਡਾਇਰ ਨੂੰ ਸਰੋਪਾ ਦਿਵਾਇਆ ਗਿਆ ਅਤੇ ਲੈਫ਼-ਗਵਰਨਰ ਸਰ ਮਾਈਕਲ ਓ.ਡਵਾਇਰ ਨੂੰ ਵੀ ਸਨਮਾਨ ਪੱਤਰ ਦਿੱਤਾ ਗਿਆ। ਇਨ੍ਹਾਂ ਕਾਰਣਾਂ ਕਰਕੇ ਇਸ ਦੀਵਾਨ ਵਾਲਿਆਂ ਨੇ ਦਰਬਾਰ ਸਾਹਿਬ

ਅੰਮ੍ਰਿਤਸਰ ਦੇ ਸਰਬਰਾਹ ਅਤੇ ਉਸ ਦੇ ਹੋਰ ਸਹਿਯੋਗੀਆਂ ਵਿਰੁੱਧ ਨਾ-ਮਿਲਵਰਤਨ ਦਾ ਅੰਦੋਲਨ ਸ਼ੁਰੂ ਕਰ ਦਿੱਤਾ।

ਗੁਰਦੁਆਰਾ ਸੁਧਾਰ ਲਹਿਰ ਵਿਚ ਇਸ ਦੀਵਾਨ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ। ਸਭ ਤੋਂ ਪਹਿਲਾਂ ਇਸ ਦੀਵਾਨ ਵਾਲਿਆਂ ਨੇ 5-6 ਅਕਤੂਬਰ 1920 ਈ. ਨੂੰ ਸਿਆਲਕੋਟ ਵਿਚ 'ਗੁਰਦੁਆਰਾ ਬਾਬੇ ਦੀ ਬੇਰ' ਨੂੰ ਆਜ਼ਾਦ ਕਰਾਇਆ। 12 ਅਕਤੂਬਰ 1920 ਈ. ਨੂੰ ਅਕਾਲ ਤਖ਼ਤ ਦੇ ਪੁਜਾਰੀਆਂ ਤੋਂ ਆਜ਼ਾਦ ਹੋਣ 'ਤੇ ਇਸ ਦੀਵਾਨ ਦੇ ਜੱਥੇਦਾਰ ਤੇਜਾ ਸਿੰਘ ਭੁੱਚਰ ਨੂੰ ਅਕਾਲ ਤਖ਼ਤ ਦਾ ਜੱਥੇਦਾਰ ਸਥਾਪਿਤ ਕੀਤਾ ਗਿਆ। ਇਸੇ ਦੀਵਾਨ ਦੇ ਸ. ਅਮਰ ਸਿੰਘ ਝਬਾਲ ਅਤੇ ਜੱਥੇਦਾਰ ਕਰਤਾਰ ਸਿੰਘ ਝੱਬਰ ਨੇ ਨਵੰਬਰ 1920 ਈ. ਵਿਚ ਗੁਰਦੁਆਰਾ ਪੰਜਾ ਸਾਹਿਬ ਅਤੇ ਗੁਰਦੁਆਰਾ ਭਾਈ ਜੋਗਾ ਸਿੰਘ ਆਜ਼ਾਦ ਕਰਾਏ। ਗੁਰਦੁਆਰਾ ਰਕਾਬਗੰਜ ਨਵੀਂ ਦਿੱਲੀ ਦੀ ਦੀਵਾਰ ਦੀ ਪੁਨਰ-ਉਸਾਰੀ ਲਈ ਬਣਾਏ ਜਾ ਰਹੇ ਇਕ ਸੌ ਸਿੰਘਾਂ ਦੇ ਸ਼ਹੀਦੀ ਜੱਥੇ ਵਿਚ ਸ਼ਾਮਲ ਹੋਣ ਲਈ ਇਸ ਦੀਵਾਨ ਨੇ ਕਈ ਸਿੰਘਾਂ ਨੇ ਆਪਣੇ ਨਾਂ ਭੇਜੇ। ਦਸੰਬਰ 1920 ਈ. ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਵੇਲੇ ਇਸ ਦੀਵਾਨ ਦੇ ਮੁੱਖ ਕਾਰਕੁੰਨ ਸ. ਸਰਮੁਖ ਸਿੰਘ ਝਬਾਲ ਨੂੰ ਪਹਿਲਾ ਪ੍ਰਧਾਨ ਬਣਾਇਆ ਗਿਆ। 26 ਜਨਵਰੀ 1921 ਈ. ਨੂੰ ਜੱਥੇਦਾਰ ਭੁਚਰ ਨੇ ਦਰਬਾਰ ਸਾਹਿਬ, ਤਰਨਤਾਰਨ ਨੂੰ ਪੁਜਾਰੀਆਂ ਤੋਂ ਆਜ਼ਾਦ ਕਰਾਉਣ ਲਈ ਅਕਾਲੀ ਦਲ ਦੇ 40 ਸਿੰਘਾਂ ਦੇ ਜੱਥੇ ਨਾਲ ਉਦਮ ਕੀਤਾ। ਪੁਜਾਰੀਆਂ ਵਲੋਂ ਕੀਤੇ ਹਮਲੇ ਵਿਚ 19 ਸਿੰਘ ਜ਼ਖ਼ਮੀ ਹੋਏ ਅਤੇ ਦੋ ਸਿੰਘ ਸ਼ਹੀਦ ਹੋ ਗਏ। ਉਨ੍ਹਾਂ ਸ਼ਹੀਦਾਂ ਵਿਚੋਂ ਇਕ ਸਿੰਘ ਇਸ ਦੀਵਾਨ ਨਾਲ ਸੰਬੰਧਿਤ ਸੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਦ ਜਦੋਂ ਗੁਰੂ-ਧਾਮ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਇਸ ਦੀਵਾਨ ਦੇ ਕਾਰਕੁੰਨਾਂ ਨੇ ਉਸ ਦੀ ਸੇਵਾ ਸੰਭਾਲ ਵਿਚ ਬਹੁਤ ਯੋਗਦਾਨ ਪਾਇਆ।

ਮਾਰਚ 1921 ਈ. ਵਿਚ ਭਾਵੇਂ ਇਸ ਦੀਵਾਨ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਸ਼ਾਮਲ ਕਰ ਦਿੱਤਾ ਗਿਆ, ਪਰ ਇਸ ਨੇ ਆਪਣੀ ਵਖਰੀ ਪਛਾਣ ਬਣਾਈ ਰਖੀ। 'ਗੁਰੂ ਕਾ ਬਾਗ' ਦੇ ਮੋਰਚੇ ਵਿਚ ਇਸ ਦੀਵਾਨ ਨੇ 110 ਕਾਰਕੁੰਨ ਭੇਜ ਕੇ ਆਪਣਾ ਭਰਵਾਂ ਸਹਿਯੋਗ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਤੋਂ ਬਾਦ ਖੇਤਰੀ ਜੱਥੇ ਅਤੇ ਸੰਸਥਾਵਾਂ ਹੌਲੀ ਹੌਲੀ ਮਹੱਤਵਹੀਨ ਹੁੰਦੀਆਂ ਗਈਆਂ। ਇਹ ਦੀਵਾਨ ਵੀ ਮੁੱਖ ਧਾਰਾ ਵਿਚ ਸਮਾ ਗਿਆ। ਪਰ ਗੁਰਦੁਆਰਾ ਸੁਧਾਰ ਲਹਿਰ ਵਿਚ ਇਸ ਦੀਵਾਨ ਦਾ ਯੋਗਦਾਨ ਬੜਾ ਮਹੱਤਵ-ਪੂਰਣ ਹੈ।

**ਸੈਂਟ੍ਰਲ ਮਾਲਵਾ ਖ਼ਾਲਸਾ ਪ੍ਰਤਿਨਿਧੀ ਦੀਵਾਨ** : ਇਸ ਦੀਵਾਨ ਦਾ ਮੂਲ ਨਾਂ 'ਖ਼ਾਲਸਾ ਦੀਵਾਨ' ਸੀ ਅਤੇ ਇਸ ਦੀ ਸਥਾਪਨਾ 1 ਜਨਵਰੀ 1906 ਈ. ਵਿਚ ਨਾਭਾ ਨਗਰ ਵਿਚ ਹੋਈ ਸੀ। ਟਿੱਕਾ ਰਿਪੁਦਮਨ ਸਿੰਘ ਦੀ ਪ੍ਰੇਰਣਾ ਦੇ ਫਲਸਰੂਪ ਉਸ ਦਿਨ ਨਾਭੇ ਵਿਚ ਸਿੱਖਾਂ ਦਾ ਇਕ ਭਾਰਾ ਇਕੱਠ ਹੋਇਆ। ਉਸ ਇਕੱਠ ਦੇ ਸਿੱਟੇ ਵਜੋਂ ਇਕ ਪੰਜ ਮੈਂਬਰੀ ਕਮੇਟੀ ਬਣਾਈ ਗਈ, ਜਿਸ ਦੇ ਮੈਂਬਰ ਸਨ— ਸ. ਹਜ਼ੂਰਾ ਸਿੰਘ, ਸ. ਨਿਹਾਲ ਸਿੰਘ, ਬੇਦੀ ਹੁਕਮ ਸਿੰਘ, ਸ. ਰਘਬੀਰ ਸਿੰਘ ਅਤੇ ਸ. ਮੀਹਾਂ ਸਿੰਘ। ਇਸ ਦੀਵਾਨ ਦੇ ਮੁੱਖ ਉਦੇਸ਼ ਸਨ— ਸਿੱਖ ਧਰਮ ਦਾ ਪ੍ਰਚਾਰ ਕਰਨਾ, ਸਿੱਖ ਜੀਵਨ-ਜਾਚ ਅਤੇ ਰੀਤਾਂ ਨੂੰ ਅਪਣਾਉਣਾ, ਸਿੱਖਾਂ ਵਿਚ ਵਿਦਿਆ ਦਾ ਪ੍ਰਸਾਰ ਕਰਨਾ, ਇਸਤਰੀਆਂ ਨੂੰ ਉਨਤ ਕਰਕੇ ਮਰਦਾਂ ਦੇ ਬਰਾਬਰ ਖੜਾ ਕਰਨਾ ਅਤੇ ਸਿੱਖ ਧਰਮ-ਧਾਮਾਂ ਦੀ ਚੰਗੀ ਵਿਵਸਥਾ ਕਰਨਾ। ਸੰਨ 1911 ਈ. ਤਕ ਇਸ ਦੀਵਾਨ ਦੀ ਕਾਫ਼ੀ ਗਤਿਵਿਧੀ ਰਹੀ। 25 ਦਸੰਬਰ 1911 ਈ. ਨੂੰ ਮਹਾਰਾਜਾ ਹੀਰਾ ਸਿੰਘ ਦੇ ਦੇਹਾਂਤ ਤੋਂ ਬਾਦ ਟਿੱਕਾ ਸਾਹਿਬ ਨੂੰ ਮਹਾਰਾਜਾ ਬਣਾਇਆ ਗਿਆ। ਪ੍ਰਸ਼ਾਸਕੀ ਜ਼ਿੰਮੇਵਾਰੀਆਂ ਵਧ ਜਾਣ ਕਾਰਣ ਉਹ ਇਸ ਦੀਵਾਨ ਦੀ ਕਾਰਵਾਈ ਵਲ ਘਟ ਧਿਆਨ ਦੇ ਸਕਿਆ। ਫਲਸਰੂਪ, ਇਸ ਦੀਵਾਨ ਦੀ ਸਮਾਪਤੀ ਹੋ ਗਈ।

**ਸੈਣ, ਭਗਤ** : ਗੁਰੂ ਗ੍ਰੰਥ ਸਾਹਿਬ ਦਾ ਇਕ ਬਾਣੀਕਾਰ। ਨਾਈ ਦਾ ਕੰਮ ਕਰਨ ਵਾਲਾ ਇਹ ਭਗਤ ਮੱਧ-ਯੁਗ ਹੋਇਆ ਸੀ। ਇਸ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ ਵਿਚ ਸੰਕਲਿਤ ਹੈ।

ਇਸ ਭਗਤ ਦੇ ਜੀਵਨ ਨਾਲ ਸੰਬੰਧਿਤ ਦੋ ਪ੍ਰਕਾਰ ਦੇ ਆਖਿਆਨ ਮਿਲਦੇ ਹਨ। ਇਕ ਆਖਿਆਨ ਅਨੁਸਾਰ ਇਹ ਬਿਦਰ ਦੇ ਰਾਜੇ ਦੀ ਨੌਕਰੀ ਵਿਚ ਸਨ। ਇਕ ਦਿਨ ਭਗਤੀ ਵਿਚ ਮਗਨ ਹੋਣ ਕਾਰਣ ਇਹ ਰਾਜੇ ਦੀ ਸੇਵਾ ਵਿਚ ਵਕਤ ਸਿਰ ਨ ਪਹੁੰਚ ਸਕੇ, ਇਸ ਲਈ ਰਾਜੇ ਦੇ ਬੰਦੇ ਆਪ ਨੂੰ ਲੈਣ ਆ ਗਏ। ਇਹ ਕਾਹਲ ਵਿਚ ਰਾਜੇ ਪਾਸ ਮਹੱਲ ਵਿਚ ਪਹੁੰਚੇ ਅਤੇ ਰਾਜੇ ਦੇ ਹੱਥ ਵਿਚ ਆਰਸੀ ਦੇ ਕੇ ਹਜਾਮਤ

ਕਰਨ ਲਗੇ। ਉਦੋਂ ਰਾਜੇ ਨੂੰ ਸ਼ੀਸ਼ੇ ਵਿਚ ਭਗਵਾਨ ਦੀ ਚਤੁਰਭੁਜੀ ਸ਼ਕਲ ਦਿਖਾਈ ਦਿੱਤੀ। ਫਿਰ ਮਾਲਿਸ਼ ਕਰਨ ਸਮੇਂ ਤੇਲ ਦੀ ਕਟੋਰੀ ਵਿਚ ਉਹੀ ਬਿੰਬ ਦਿਸਿਆ। ਰਾਜੇ ਨੂੰ ਗਿਆਨ ਹੋ ਗਿਆ ਕਿ ਸੈਣ ਪਹੁੰਚਿਆ ਹੋਇਆ ਮਹਾਪੁਰਸ਼ ਹੈ। ਰਾਜੇ ਨੇ ਵੀ ਭਗਤੀ ਦਾ ਮਾਰਗ ਅਪਣਾ ਲਿਆ। ਕਹਿੰਦੇ ਹਨ ਕਿ ਇਹ ਗਿਆਨੇਸ਼ਵਰ ਦੇ ਚੇਲੇ ਸਨ ਅਤੇ ਇਨ੍ਹਾਂ ਨੇ ਭਗਵਾਨ ਵਿਠਲਨਾਥ ਦੀ ਉਸਤਤ ਵਿਚ ਮਰਾਠੀ ਭਾਸ਼ਾ ਵਿਚ ਅਨੇਕ ਅਭੰਗਾਂ ਦੀ ਰਚਨਾ ਕੀਤੀ ਸੀ। ਉਨ੍ਹਾਂ ਅਭੰਗਾਂ ਦੀ ਭਾਵਨਾ ਵਾਰਕਰੀ ਸੰਪ੍ਰਦਾਇ ਦੀ ਭਾਵਨਾ ਨਾਲ ਮੇਲ ਖਾਂਦੀ ਹੈ।

ਦੂਜੇ ਆਖਿਆਨ ਅਨੁਸਾਰ ਆਪ ਸੁਆਮੀ ਰਾਮਾਨੰਦ ਦੇ ਚੇਲੇ ਸਨ ਅਤੇ ਬਾਂਧੋਗੜ੍ਹ (ਬਾਂਧਵਗੜ੍ਹ– ਹੁਣ ਰੇਵਾ) ਦੇ ਰਾਜੇ ਰਾਜਾ ਰਾਮ ਦੀ ਸੇਵਾ ਕਰਦੇ ਸਨ। ਇਕ ਵਾਰ ਭਗਤੀ ਅਤੇ ਸਾਧ-ਸੰਗਤ ਵਿਚ ਅਧਿਕ ਮਗਨ ਹੋਣ ਕਾਰਣ ਰਾਜੇ ਦੀ ਸੇਵਾ ਵਿਚ ਸਮੇਂ ਸਿਰ ਪਹੁੰਚ ਨ ਸਕੇ। ਭਗਵਾਨ ਨੇ ਸੈਣ ਦਾ ਰੂਪ ਧਾਰ ਕੇ ਰਾਜੇ ਦੀ ਹਜਾਮਤ ਕੀਤੀ। ਜਦੋਂ ਦੂਜੇ ਦਿਨ ਸੈਣ ਨੇ ਰਾਜੇ ਤੋਂ ਬੀਤੇ ਦਿਨ ਦੀ ਗ਼ੈਰ-ਹਾਜ਼ਰੀ ਲਈ ਖਿਮਾ ਮੰਗੀ ਤਾਂ ਰਾਜੇ ਨੂੰ ਸਾਰਾ ਭੇਦ ਸਮਝ ਆ ਗਿਆ ਅਤੇ ਸੈਣ ਪ੍ਰਤਿ ਉਸ ਦੇ ਮਨ ਵਿਚ ਸ਼ਰਧਾ ਪੈਦਾ ਹੋ ਗਈ। ਇਸ ਤਰ੍ਹਾਂ ਇਸ ਆਖਿਆਨ ਵਾਲੇ ਸੈਣ ਦਾ ਸੰਬੰਧ ਮਰਾਠੀ ਭਾਸ਼ਾ ਵਿਚ ਅਭੰਗਾਂ ਦੀ ਰਚਨਾ ਕਰਨ ਵਾਲੇ ਸੈਣ ਨਾਲ ਨਹੀਂ ਬੈਠਦਾ।

ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ (ਗੁ.ਗ੍ਰੰ. 695) ਵਿਚ ਸੰਕਲਿਤ ਸੈਣ ਭਗਤ ਦੇ ਇਕ ਪਦ ਦੇ ਕਰਤ੍ਰਿਤਵ ਦਾ ਸੰਬੰਧ ਉਕਤ ਦੂਜੇ ਆਖਿਆਨ ਨਾਲ ਬੈਠਦਾ ਹੈ ਕਿਉਂਕਿ ਇਕ ਤਾਂ ਉਸ ਵਿਚ ਰਾਮਾਨੰਦ ਦਾ ਉੱਲੇਖ ਹੈ– *ਰਾਮਾ ਭਗਤਿ ਰਾਮਾਨੰਦੁ ਜਾਨੈ। ਪੂਰਨ ਪਰਮਾਨੰਦੁ ਬਖਾਨੈ।* ਦੂਜੇ ਇਹ ਕਿ ਸਿੱਖ-ਧਰਮ ਵਿਚ ਸੈਣ ਸੰਬੰਧੀ ਉਸ ਵੇਲੇ ਜੋ ਆਖਿਆਨ ਪ੍ਰਚਲਿਤ ਸੀ ਅਤੇ ਜਿਸ ਦੇ ਆਧਾਰ 'ਤੇ ਭਾਈ ਗੁਰਦਾਸ ਨੇ ਦਸਵੀਂ ਵਾਰ (ਪਉੜੀ 16) ਵਿਚ ਵਰਣਨ ਕੀਤਾ ਹੈ, ਉਸ ਦੀ ਸਮਾਨਤਾ ਦੂਜੇ ਆਖਿਆਨ ਨਾਲ ਬੈਠਦੀ ਹੈ, ਅਰਥਾਤ ਸੈਣ ਰਾਮਾਨੰਦ ਦੇ ਚੇਲੇ ਸਨ– *ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣ ਨਾਈ।* ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸੈਣ ਨੂੰ ਇਕ ਮਹਾਨ ਭਗਤ ਮੰਨਦੇ ਹੋਇਆਂ ਦਸਿਆ ਹੈ ਕਿ ਲੋਕਾਂ ਦੇ ਨਿੱਕੇ-ਵੱਡੇ ਕੰਮ ਕਰਨ ਵਾਲਾ (ਸੈਣ) ਘਰ ਘਰ ਵਿਚ ਪ੍ਰਸਿੱਧ ਹੋ ਗਿਆ ਅਤੇ ਹਰਿ-ਭਗਤੀ ਕਰਕੇ ਭਗਤਾਂ ਵਿਚ ਗਿਣਿਆ ਜਾਣ ਲਗਾ– *ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ। ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।* (ਗੁ.ਗ੍ਰੰ.487-88)।

ਭਗਤ ਸੈਣ ਦੇ ਜਨਮ ਸਮੇਂ ਅਤੇ ਸਥਾਨ ਬਾਰੇ ਕੁਝ ਪਤਾ ਨਹੀਂ ਲਗਦਾ। ਮਾਰੂ ਰਾਗ ਵਿਚ ਲਿਖੇ ਭਗਤ ਰਵਿਦਾਸ ਦੇ ਇਕ ਸ਼ਬਦ ਵਿਚ ਇਨ੍ਹਾਂ ਦੇ ਨਾਂ ਦੇ ਹੋਏ ਸੰਕੇਤ– *ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।*(ਗੁ. ਗ੍ਰੰ.1106)– ਤੋਂ ਇਹ ਰਵਿਦਾਸ ਦੇ ਪੂਰਵ-ਵਰਤੀ ਪ੍ਰਤੀਤ ਹੁੰਦੇ ਹਨ। ਇਸ ਲਈ ਆਪ ਦਾ ਸਮਾਂ 14ਵੀਂ ਸਦੀ ਦਾ ਉਤਰਾਰਧ ਅਤੇ 15ਵੀਂ ਸਦੀ ਦਾ ਪੂਰਵਾਰਧ ਮਿਥਿਆ ਜਾ ਸਕਦਾ ਹੈ। ਪੰਜਾਬ ਵਿਚ ਪ੍ਰਚਲਿਤ ਰਵਾਇਤ ਅਨੁਸਾਰ ਉੱਤਰ ਭਾਰਤ ਦੀ ਯਾਤ੍ਰਾ ਕਰਦਿਆਂ ਆਪ ਬਹੁਤ ਸਮਾਂ ਪ੍ਰਤਾਬਪੁਰ (ਫਿਲੌਰ ਨੇੜੇ) ਰਹੇ ਸਨ ਜਿਥੇ ਹੁਣ 'ਦੇਹੁਰਾ ਬਾਬਾ ਸੈਣ ਭਗਤ' ਬਣਿਆ ਹੋਇਆ ਹੈ ਅਤੇ ਜਿਥੇ ਹਰ ਸਾਲ ਨਵੰਬਰ ਮਹੀਨੇ ਵਿਚ ਮੇਲਾ ਲਗਦਾ ਹੈ। ਮਹਾਨਕੋਸ਼ਕਾਰ ਅਨੁਸਾਰ ਇਸ ਦੀ ਸੰਤਾਨ ਰੀਵਾ ਵਿਚ ਮੌਜੂਦ ਹੈ।

ਭਗਤ ਸੈਣ ਦੇ ਜੀਵਨ ਬਾਰੇ 'ਸ੍ਰੀ ਸੈਣ ਸਾਗਰ ਗ੍ਰੰਥ' ਨਾਂ ਦੀ ਇਕ ਹੱਥ-ਲਿਖਿਤ ਦਾ ਪਤਾ ਚਲਿਆ ਹੈ ਜੋ ਜ਼ਿਲ੍ਹਾ ਅੰਮ੍ਰਿਤਸਰ ਦੇ ਮਹਿਮਾ ਨਾਂ ਦੇ ਕਸਬੇ ਦੇ ਨੇੜੇ ਪਿੰਡ ਅਕਾਲਗੜ੍ਹ ਢਪਈ ਵਿਚ ਸ. ਹਰਜਿੰਦਰ ਸਿੰਘ ਗੋਲਣ ਡਰਾਈਵਰ ਪਾਸ ਸੁਰਖਿਅਤ ਹੈ ਅਤੇ 150 ਜਾਂ 200 ਵਰ੍ਹੇ ਪੁਰਾਣੀ ਦਸੀ ਜਾਂਦੀ ਹੈ, ਪਰੰਤੂ ਇਸ ਦੀ ਪ੍ਰਮਾਣਿਕਤਾ ਸੰਦਿਗਧ ਹੈ। ਉਂਜ ਉਸ ਵਿਚ ਭਗਤ ਜੀ ਦਾ ਸਮਾਂ 1400 ਈ. ਤੋਂ 1490 ਈ. ਤਕ ਮੰਨਿਆ ਗਿਆ ਹੈ। ਉਨ੍ਹਾਂ ਦੇ ਪਿਤਾ ਦਾ ਨਾਂ ਮੁਕੰਦ ਰਾਏ ਅਤੇ ਮਾਤਾ ਦਾ ਨਾਂ ਜੀਵਨੀ ਦੇਵੀ ਲਿਖਿਆ ਹੈ।

ਇਨ੍ਹਾਂ ਦੇ ਸ਼ਬਦ ਵਿਚ ਕੁਲ ਦੋ ਦੋ ਤੁਕਾਂ ਦੇ ਚਾਰ ਪਦੇ ਹਨ ਅਤੇ ਦੋ ਤੁਕਾਂ ਦਾ 'ਰਹਾਉ' ਵੀ ਹੈ। ਸੱਧੁਕੜੀ ਭਾਸ਼ਾ ਵਿਚ ਲਿਖੇ ਇਸ ਸ਼ਬਦ ਵਿਚ ਪਰਮਾਤਮਾ ਦੀ ਵਿਰਾਟ ਆਰਤੀ ਲਈ ਧੂਪ-ਦੀਪ ਦੀ ਥਾਂ ਦਿਲ ਦੇ ਸੱਚੇ ਪ੍ਰੇਮ ਨੂੰ ਅਹਿਮੀਅਤ ਦਿੱਤੀ ਗਈ ਹੈ। ਆਰਤੀ ਦੇ ਸਾਰੇ ਉਪਕਰਣ ਉਸ ਪਰਮਾਤਮਾ ਦਾ ਹੀ ਰੂਪ ਹਨ– *ਊਤਮੁ ਦੀਅਰਾ ਨਿਰਮਲ ਬਾਤੀ। ਤੁਹੀਂ ਨਿਰੰਜਨੁ ਕਮਲਾਪਾਤੀ।*

**ਸੈਦਖ਼ਾਨ :** ਸਿੱਖ ਇਤਿਹਾਸ ਅਨੁਸਾਰ ਇਕ ਮੁਗ਼ਲ ਸੈਨਾ-ਨਾਇਕ ਜੋ ਸੰਨ 1702 ਈ. ਵਿਚ ਬਹੁਤ ਵੱਡਾ ਸੈਨਾ ਦਲ ਨਾਲ ਲੈ ਕੇ ਆਨੰਦਪੁਰ ਉਤੇ ਹਮਲਾਵਰ ਹੋਇਆ, ਇਸ ਆਸ਼ੇ ਨਾਲ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਪਕੜ ਕੇ ਲਿਆਇਆ ਜਾਏ। ਉਸ ਲੜਾਈ ਵਿਚ ਸੈਦਬੇਗ (ਵੇਖੋ) ਅਤੇ ਮੈਮੂਖ਼ਾਨ ਆਪਣੇ ਸੌ ਸੈਨਿਕਾਂ ਸਹਿਤ ਗੁਰੂ ਜੀ ਵਾਲੇ ਪਾਸਿਓਂ ਹੋ ਕੇ ਲੜੇ ਅਤੇ ਨਿਛਾਵਰ ਹੋਏ। ਜਦੋਂ ਯੁੱਧ ਖ਼ੂਬ ਭਖਿਆ ਹੋਇਆ ਸੀ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੈਰੀ-ਦਲ ਨੂੰ ਚੀਰਦੇ ਹੋਇਆਂ ਆਪਣਾ ਘੋੜਾ ਸੈਦਖ਼ਾਨ ਦੇ ਸਾਹਮਣੇ ਜਾ ਖੜਾ ਕੀਤਾ ਅਤੇ ਉਸ ਨੂੰ ਵੰਗਾਰਿਆ। ਸੈਦਖ਼ਾਨ ਗੁਰੂ ਜੀ ਦੀ ਇਤਨੀ ਜੁੱਰਤ ਵੇਖ ਕੇ ਹੈਰਾਨ ਹੋ ਗਿਆ ਅਤੇ ਗੁਰੂ ਜੀ ਦੇ ਵਿਅਕਤਿਤਵ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਘੋੜਿਓਂ ਉਤਰ ਕੇ ਗੁਰੂ ਜੀ ਦੇ ਚਰਣਾਂ ਉਤੇ ਸਿਰ ਰਖ ਦਿੱਤਾ। ਗੁਰੂ ਜੀ ਨੇ ਉਸ ਨੂੰ ਅਸੀਸ ਦਿੱਤੀ। ਉਹ ਤੁਰਤ ਯੁੱਧ-ਭੂਮੀ ਵਿਚੋਂ ਰੁਖ਼ਸਤ ਹੋਇਆ ਅਤੇ ਸੰਸਾਰ ਨਾਲੋਂ ਨਾਤਾ ਤੋੜ ਕੇ ਰੱਬ ਦੀ ਬੰਦਗੀ ਵਿਚ ਜੁਟ ਗਿਆ।

**ਸੈਦਬੇਗ** (ਮ. 1702 ਈ.): ਇਕ ਧਰਮ-ਅਨੁਪ੍ਰਾਣਿਤ ਮੁਗ਼ਲ ਸੈਨਾ-ਨਾਇਕ ਜੋ ਇਕ ਹੋਰ ਸੈਨਾ-ਨਾਇਕ ਅਲਿਫ਼ ਖ਼ਾਨ ਅਤੇ ਸੈਨਾ ਸਹਿਤ ਲਾਹੌਰ ਤੋਂ ਦਿੱਲੀ ਪਰਤ ਰਿਹਾ ਸੀ ਕਿ ਪਹਾੜੀ ਰਾਜਿਆਂ ਦੀ ਪ੍ਰੇਰਣਾ ਨਾਲ ਗੁਰੂ ਗੋਬਿੰਦ ਸਿੰਘ ਜੀ ਉਪਰ ਫ਼ੌਜ-ਕਸ਼ੀ ਲਈ ਆਨੰਦਪੁਰ ਵਲ ਵਧ ਚਲਿਆ। ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਉਦੋਂ ਕੁਰੁਕ੍ਸ਼ੇਤ੍ਰ ਤੋਂ ਪਰਤਦੇ ਹੋਏ ਚਮਕੌਰ ਦੇ ਨੇੜੇ ਠਹਿਰੇ ਹੋਏ ਸਨ। ਜਦ ਸੈਦਬੇਗ ਨੇ ਗੁਰੂ ਜੀ ਨੂੰ ਘੋੜੇ ਉਤੇ ਚੜ੍ਹੇ ਹੋਇਆਂ ਇਲਾਹੀ ਜਲਾਲ ਵਿਚ ਵੇਖਿਆ, ਤਾਂ ਆਪਣਾ ਸੈਨਾ-ਦਲ ਛਡ ਕੇ ਗੁਰੂ ਜੀ ਦੀ ਸ਼ਰਣ ਵਿਚ ਆ ਗਿਆ। ਉਸ ਦੇ ਇਸ ਕ੍ਰਿਤ ਤੋਂ ਮੁਗ਼ਲ ਸੈਨਾ-ਨਾਇਕ ਅਲਿਫ਼ ਖ਼ਾਨ ਬਹੁਤ ਹੈਰਾਨ ਹੋਇਆ ਅਤੇ ਯੁੱਧ ਕਰਨ ਤੋਂ ਟਲ ਗਿਆ। ਸੈਦਬੇਗ ਸਦਾ ਲਈ ਗੁਰੂ ਜੀ ਦਾ ਹੋ ਕੇ ਉਨ੍ਹਾਂ ਵਲੋਂ ਸੈਦ-ਖ਼ਾਨ ਦੇ ਹਮਲੇ ਵੇਲੇ ਲੜਦਾ ਹੋਇਆ ਸੰਨ 1702 ਈ. ਵਿਚ ਆਨੰਦਪੁਰ ਵਿਚ ਮਾਰਿਆ ਗਿਆ।

**ਸੈਦੋ, ਭਾਈ :** ਗੁਰੂ ਨਾਨਕ ਬਾਣੀ ਦਾ ਇਕ ਲਿਖਾਰੀ। 'ਪੁਰਾਤਨ ਜਨਮਸਾਖੀ' ਅਨੁਸਾਰ ਇਹ ਜਾਤਿ ਦਾ ਘੇਓ ਜੱਟ ਸੀ ਅਤੇ ਪਹਿਲਾਂ ਖ਼੍ਵਾਜਾ ਖ਼ਿਜ਼ਰ ਦਾ ਮੁਰੀਦ ਸੀ। ਪਰ ਬਾਦ ਵਿਚ ਗੁਰੂ ਨਾਨਕ ਦੇਵ ਜੀ ਦਾ ਸੇਵਕ ਬਣਿਆ। ਦੱਖਣ ਦੀ ਉਦਾਸੀ ਵੇਲੇ ਇਹ ਗੁਰੂ ਨਾਨਕ ਦੇਵ ਜੀ ਨਾਲ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿੰਘਲਾਦੀਪ ਵਿਚ 'ਪ੍ਰਾਣਸੰਗਲੀ' ਉਚਾਰੀ ਤਾਂ ਇਸ ਨੇ ਉਸ ਨੂੰ ਲਿਪੀਬਧ ਕੀਤਾ। (ਸਾਖੀ 47)।

**ਸੈਨਾਪਤਿ** (ਕਵੀ): ਇਹ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਸ ਦਾ ਮੂਲ ਨਾਂ ਚੰਦ੍ ਸੈਨ ਸੀ। ਇਹ ਜਾਤਿ ਦਾ ਮਾਨ ਜੱਟ ਅਤੇ ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਦੇ ਵਜ਼ੀਰਾਬਾਦ ਨਗਰ ਦਾ ਨਿਵਾਸੀ ਸੀ। ਇਸ ਨੇ ਆਪਣੀ ਪਰੰਪਰਾ ਦਾ ਪਰਿਚਯ 'ਸੁਖਸੈਨ ਰਾਮ ਬਿਨੋਦ ਗ੍ਰੰਥ' ਵਿਚ ਇਸ ਪ੍ਰਕਾਰ ਦਿੱਤਾ ਹੈ :

*ਸੰਭੁ ਜਟਾਂ ਤੇ ਕਹਿਤ ਹੈ, ਜਾਟ ਬੰਸ ਅਵਤਾਰ।*
*ਮਾਨ ਗੋਤ੍ਰ ਤਾ ਤੇ ਪ੍ਰਗਟ, ਜਾਨਤ ਸਬ ਸੰਸਾਰ।6।*

ਇਸ ਤੋਂ ਅਗੇ ਕਵੀ ਨੇ ਦਸਿਆ ਹੈ ਕਿ ਜੱਟਾਂ ਦੇ ਮਾਨ ਗੋਤ ਵਿਚ ਬਾਲ ਚੰਦ ਨਾਂ ਦਾ ਇਕ ਲੇਖਕ ਹੋਇਆ ਜੋ ਲਾਹੌਰ ਸ਼ਹਿਰ ਦਾ ਨਿਵਾਸੀ ਸੀ ਅਤੇ ਉਸ ਦੀ ਅਧਿਕ ਰੁਚੀ ਲਿਖਣ ਪੜ੍ਹਨ ਵਿਚ ਸੀ। ਉਸ ਦੇ ਘਰ ਚੰਦ੍ ਸੈਨ ਪੈਦਾ ਹੋਇਆ। ਕਾਲਾਂਤਰ ਵਿਚ ਚੰਦ੍ ਸੈਨ ਆਪਣੇ ਮਿਤਰ ਪੰਡਿਤ ਜਗਤ ਰਾਇ ਵੈਦ ਦੀ ਖਿਚ ਕਾਰਣ ਵਜ਼ੀਰਾਬਾਦ ਜਾ ਕੇ ਵਸ ਗਿਆ। ਇਸ ਦਾ ਵਿਦਿਆ ਗੁਰੂ ਦੇਵੀ ਦਾਸ ਨਾਂ ਦਾ ਇਕ ਵਿਦਵਾਨ ਸੀ ਜਿਸ ਨੇ ਆਪਣੇ ਸ਼ਿਸ਼ ਨੂੰ ਵੀ ਆਪਣੇ ਵਰਗਾ ਨਿਪੁਣ ਬਣਾ ਦਿੱਤਾ। ਸਮਾਂ ਆਉਣ 'ਤੇ ਉਹ ਗੁਰੂ-ਦਰਬਾਰ ਵਿਚ ਆਨੰਦਪੁਰ ਪਹੁੰਚਿਆ ਅਤੇ ਗੁਰੂ ਜੀ ਦਾ ਦਰਬਾਰੀ ਕਵੀ ਬਣਨ ਦਾ ਮਾਣ ਪ੍ਰਾਪਤ ਕੀਤਾ। ਉਥੇ ਇਸ ਨੇ ਅੰਮ੍ਰਿਤ-ਪਾਨ ਵੀ ਕੀਤਾ :

*ਅੰਮ੍ਰਿਤ ਪੀ ਤ੍ਰਿਪਤਯੋ ਤਹਾਂ, ਕਰਿ ਸੰਤਨ ਸੋ ਪ੍ਰੀਤਿ।*
*ਦੁਰਲਭ ਮਾਨਸ ਜਨਮ ਹੈ, ਲਿਯੋ ਛਿਨਕ ਮੈ ਜੀਤਿ।908।*

ਬਾਬਾ ਸੁਮੇਰ ਸਿੰਘ ਨੇ 'ਗੁਰਪਦ ਪ੍ਰੇਮ ਪ੍ਰਕਾਸ਼' ਵਿਚ ਦਸਿਆ ਹੈ ਕਿ ਉਸ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਪਾਨ ਕਰਕੇ ਆਪਣਾ ਨਾਂ 'ਸੈਨਾ ਸਿੰਘ' ਰਖਵਾਇਆ। ਇਹ ਵੀ ਪਤਾ ਲਗਦਾ ਹੈ ਕਿ ਕਿਸੇ ਸਮੇਂ ਉਹ ਰੁਸ ਕੇ ਵਜ਼ੀਰਾਬਾਦ ਵਾਪਸ ਚਲਾ ਗਿਆ ਅਤੇ ਕਵੀ-ਕਰਮ ਛਡ ਕੇ ਫਿਰ ਖੇਤੀ ਦਾ ਕੰਮ ਸ਼ੁਰੂ ਕਰ ਦਿੱਤਾ। ਪਰ ਸੁਬੁੱਧੀ ਪਰਤਣ 'ਤੇ ਉਸ ਨੇ ਆਪਣੀ ਅਵਸਥਾ ਨੂੰ ਇਕ ਦੋਹਰੇ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ :

*ਜਬ ਤੇ ਪ੍ਰਭੁ ਤੇ ਬੀਛੁਰੇ, ਠਟ੍ਯੋ ਕ੍ਰਿਧੀ ਕੋ ਬਾਟ।*
*ਬ੍ਰਿਖਭਨ ਕੀ ਸੰਗਤਿ ਕਰੀ, ਭਏ ਜਾਟ ਕੇ ਜਾਟ।*

ਇਸ ਤੋਂ ਬਾਦ ਕਵੀ ਨੇ ਆਪਣਾ ਸਮਾਂ ਕਿਵੇਂ ਬਿਤਾਇਆ, ਇਸ ਦਾ ਕੋਈ ਬ੍ਰਿੱਤਾਂਤ ਹੁਣ ਉਪਲਬਧ ਨਹੀਂ ਹੈ। ਇਤਨਾ ਸਪੱਸ਼ਟ ਹੈ ਕਿ ਉਹ ਗੁਰੂ-ਦਰਬਾਰ ਵਿਚ ਕਾਫ਼ੀ ਲੰਬਾ ਸਮਾਂ ਰਿਹਾ ਅਤੇ ਅੰਮ੍ਰਿਤ-ਸੰਚਾਰ ਦੀ ਘਟਨਾ ਵੇਲੇ ਵੀ ਉਥੇ ਹੀ ਸੀ। ਇਸ ਤਰ੍ਹਾਂ ਅਨੁਮਾਨ ਹੈ ਕਿ ਉਹ 1700 ਈ. ਤਕ ਜ਼ਰੂਰ ਆਨੰਦਪੁਰ ਸਾਹਿਬ ਰਿਹਾ ਹੋਵੇਗਾ। ਇਸ ਤੋਂ ਭਿੰਨ ਕਵੀ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।

ਕਵੀ ਸੈਨਾਪਤਿ ਨੇ ਕੁਲ ਤਿੰਨ ਪੁਸਤਕਾਂ ਦੀ ਰਚਨਾ ਕੀਤੀ— (1) 'ਚਾਣਕਯ ਨੀਤਿ ਸ਼ਾਸਤ੍ਰ', (2) 'ਸੁਖਸੈਨ ਰਾਮ ਬਿਨੋਦ' ਅਤੇ (3) ਸ੍ਰੀ ਗੁਰੂ ਸੋਭਾ। ਇਨ੍ਹਾਂ ਵਿਚੋਂ ਪਹਿਲੀਆਂ ਦੋਵੇਂ ਅਨੁਵਾਦ ਹਨ ਅਤੇ ਤੀਜੀ ਗੁਰੂ ਗੋਬਿੰਦ ਸਿੰਘ ਸੰਬੰਧੀ ਚਰਿਤ-ਕਾਵਿ ਹੈ। ਵੇਖੋ 'ਸ੍ਰੀ ਗੁਰੂ ਸੋਭਾ'।

**ਸੈਫ਼ ਖ਼ਾਨ** (ਮ. 1685 ਈ.): ਔਰੰਗਜ਼ੇਬ ਬਾਦਸ਼ਾਹ ਦਾ ਇਕ ਨਿਟਕਵਰਤੀ ਮੰਨਿਆ ਪ੍ਰਮੰਨਿਆ ਉਚ-ਅਧਿਕਾਰੀ, ਜਿਸ ਨੇ ਬਾਦਸ਼ਾਹਤ ਹਾਸਲ ਕਰਨ ਵੇਲੇ ਔਰੰਗਜ਼ੇਬ ਦੀ ਮਦਦ ਕੀਤੀ ਸੀ। ਬੁਨਿਆਦੀ ਤੌਰ 'ਤੇ ਇਹ ਫ਼ਕੀਰਾਨਾ ਸੁਭਾ ਵਾਲਾ ਸਰਦਾਰ ਸੀ। ਇਸ ਨੂੰ ਬਾਦਸ਼ਾਹ ਨੇ ਆਗਰਾ, ਕਸ਼ਮੀਰ ਅਤੇ ਬਿਹਾਰ ਦਾ ਸੂਬੇਦਾਰ ਵੀ ਨਿਯੁਕਤ ਕੀਤਾ ਸੀ। ਇਸ ਨੇ ਸੰਨ 1668 ਈ. ਵਿਚ ਪਟਿਆਲੇ ਤੋਂ ਲਗਭਗ ਸੱਤ ਕਿ.ਮੀ. ਦੀ ਵਿਥ ਉਤੇ ਸੈਫ਼ਾਬਾਦ ਨਾਂ ਦਾ ਕਸਬਾ ਵਸਾਇਆ ਅਤੇ ਉਸ ਦੇ ਇਰਦ-ਗਿਰਦ ਫ਼ਸੀਲ ਵੀ ਬਣਵਾਈ। ਇਸ ਨੇ ਆਪਣੇ ਜੀਵਨ ਦੇ ਅੰਤਿਮ ਸਾਲ ਸੈਫ਼ਾਬਾਦ ਵਿਚ ਹੀ ਬਤੀਤ ਕੀਤੇ ਅਤੇ ਉਥੇ ਹੀ 23 ਅਪ੍ਰੈਲ 1685 ਈ. ਨੂੰ ਆਪਣੇ ਪ੍ਰਾਣ ਤਿਆਗੇ।

ਦਰਵੇਸ਼ਾਨਾ ਸੁਭਾ ਕਰਕੇ ਇਹ ਗੁਰੂ ਤੇਗ ਬਹਾਦਰ ਜੀ ਦੇ ਸੰਪਰਕ ਵਿਚ ਆਇਆ ਅਤੇ ਉਨ੍ਹਾਂ ਦਾ ਪ੍ਰਸ਼ੰਸਕ ਬਣਿਆ। ਇਕ ਵਾਰ ਗੁਰੂ ਜੀ ਆਪਣੀ ਪ੍ਰਚਾਰ-ਯਾਤ੍ਰਾ ਦੌਰਾਨ ਨਵਾਬ ਸੈਫ਼ਖ਼ਾਨ ਦੇ ਕਹੇ 'ਤੇ ਸੈਫ਼ਾਬਾਦ ਵਿਚ ਚੌਮਾਸੇ ਦੌਰਾਨ ਲਗਭਗ ਤਿੰਨ ਮਹੀਨਿਆਂ ਲਈ ਠਹਿਰੇ। ਗੁਰੂ ਜੀ ਨਵਾਬ ਦੇ ਕਿਲ੍ਹੇ ਤੋਂ ਬਾਹਰ ਜਿਥੇ ਬਾਗ਼ ਵਿਚ ਠਹਿਰੇ ਸਨ, ਉਥੇ ਹੁਣ ਬਹੁਤ ਸੁੰਦਰ ਗੁਰਦੁਆਰਾ ਅਤੇ ਸਰੋਵਰ ਬਣਿਆ ਹੋਇਆ ਹੈ। ਨਵਾਬ ਦੀ ਬੇਨਤੀ 'ਤੇ ਉਸ ਦੀਆਂ ਬੇਗਮਾਂ ਨੂੰ ਦਰਸ਼ਨ ਦੇਣ ਲਈ ਗੁਰੂ ਜੀ ਕਿਲ੍ਹੇ ਦੇ ਅੰਦਰ ਵੀ ਗਏ। ਜਿਥੇ ਉਹ ਬੈਠੇ ਉਥੇ ਹੁਣ ਗੁਰੂ-ਧਾਮ ਬਣਿਆ ਹੋਇਆ ਹੈ। ਇਹ ਦੋਵੇਂ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹਨ।

ਸੰਨ 1774 ਈ. ਵਿਚ ਪਟਿਆਲਾ ਦੇ ਰਾਜਾ ਅਮਰ ਸਿੰਘ ਨੇ ਸੈਫ਼ਾਬਾਦ ਕਸਬਾ ਅਤੇ ਕਿਲ੍ਹਾ ਉਸ ਦੀ ਸੰਤਾਨ ਤੋਂ ਲੈ ਕੇ ਇਕ ਸੁੰਦਰ ਕਿਲ੍ਹਾ ਬਣਵਾਇਆ ਜੋ ਹੁਣ ਬਹਾਦੁਰਗੜ੍ਹ ਦੇ ਨਾਂ ਨਾਲ ਪ੍ਰਸਿੱਧ ਹੈ। ਵੇਖੋ 'ਬਹਾਦੁਰਗੜ੍ਹ'।

**ਸੁਹੇਵਾ** (ਪਿੰਡ) : ਰਾਜਸਥਾਨ ਦੇ ਚੁਰੂ ਜ਼ਿਲ੍ਹੇ ਵਿਚ ਪੈਂਦਾ ਇਕ ਪਿੰਡ ਜੋ ਭਾਦਰਾ ਤੋਂ ਦੱਖਣ-ਪੱਛਮ ਵਾਲੇ ਪਾਸੇ ਲਗਭਗ 40 ਕਿ.ਮੀ. ਦੀ ਵਿਥ ਉਤੇ ਵਸਿਆ ਹੈ। ਉਥੋਂ ਦੇ ਲੋਕ ਇਸ ਪਿੰਡ ਨੂੰ 'ਸਾਹਵਾ', 'ਸਾਹਿਆ' ਜਾਂ 'ਸੁਹਾਵਾ' ਕਹਿੰਦੇ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਜਾ ਰਹੇ ਸਨ, ਤਾਂ ਇਥੇ ਇਕ ਛਪੜ ਦੇ ਕੰਢੇ ਉਨ੍ਹਾਂ ਨੇ ਕੁਝ ਸਮੇਂ ਲਈ ਡੇਰਾ ਕੀਤਾ ਸੀ। ਭਾਈ ਰੂਪ ਚੰਦ ਦੇ ਪੁੱਤਰਾਂ ਭਾਈ ਪਰਮ ਸਿੰਘ ਅਤੇ ਧਰਮ ਸਿੰਘ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਵਰਦਾਨ ਪ੍ਰਾਪਤ ਕੀਤਾ। ਗੁਰੂ ਜੀ ਦੇ ਡੇਰੇ ਦੇ ਨੇੜੇ ਇਕ ਜੰਡ ਬ੍ਰਿਛ ਵਿਚ ਪਿੱਪਲ ਦਾ ਨਿੱਕਾ ਜਿਹਾ ਬੂਟਾ ਉਗਿਆ ਹੋਇਆ ਸੀ। ਰਵਾਇਤ ਅਨੁਸਾਰ ਗੁਰੂ ਜੀ ਨੇ ਫ਼ਰਮਾਇਆ ਕਿ ਜਦ ਪਿੱਪਲ ਦਾ ਬ੍ਰਿਛ ਵੱਡਾ ਹੋ ਕੇ ਜੰਡ ਦੇ ਬ੍ਰਿਛ ਨੂੰ ਹਜ਼ਮ ਕਰ ਜਾਏਗਾ, ਤਾਂ ਇਸ ਧਰਤੀ ਤੋਂ ਕਾਲ (ਦੁਰਭਿੱਖ) ਦੂਰ ਹੋ ਜਾਏਗਾ। ਹੁਣ ਉਥੇ ਪਿੱਪਲ ਦਾ ਇਕ ਪੁਰਾਣਾ ਬ੍ਰਿਛ ਮੌਜੂਦ ਹੈ ਅਤੇ ਇਰਦ-ਗਿਰਦ ਇਲਾਕੇ ਵਿਚ ਫਸਲਾਂ ਵੀ ਪੈਦਾ ਹੁੰਦੀਆਂ ਹਨ।

ਪਹਿਲਾਂ ਇਥੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਥੜਾ ਬਣਿਆ ਹੋਇਆ ਸੀ। ਬਾਦ ਵਿਚ ਇਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਗਿਆ। ਸੰਨ 1882 ਈ. ਵਿਚ ਰਿਆਸਤ ਪਟਿਆਲਾ ਵਲੋਂ ਇਸ ਗੁਰੂ-ਧਾਮ ਨਾਲ ਜ਼ਮੀਨ ਲਗਾਈ ਗਈ। ਹੁਣ ਉਥੇ ਕਾਰ-ਸੇਵਾ ਵਾਲੇ ਬਾਬਾ ਬਘੇਲ ਸਿੰਘ ਨੇ ਸੁੰਦਰ ਗੁਰਦੁਆਰਾ ਬਣਵਾ ਦਿੱਤਾ ਹੈ। ਇਸ ਗੁਰੂ-ਧਾਮ ਵਿਚ ਹਰ ਸਾਲ ਕਤਕ ਪੂਰਣਮਾਸੀ ਵਾਲੇ ਦਿਨ ਗੁਰੂ ਨਾਨਕ ਦੇਵ ਜੀ ਦਾ ਪੁਰਬ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ।

**ਸੈਭੰ**: ਇਸ ਸ਼ਬਦ ਦੀ ਵਰਤੋਂ ਮੂਲਮੰਤ੍ਰ ਵਿਚ ਪਰਮ-ਸੱਤਾ ਲਈ ਹੋਈ ਹੈ। ਇਸ ਨੂੰ ਸੰਭਉ, ਸੰਭੂ ਆਦਿ ਵਰਤਨੀ ਵਿਚ ਵੀ ਲਿਖਿਆ ਗਿਆ ਹੈ। ਇਹ ਸੰਸਕ੍ਰਿਤ ਦੇ ਸ਼ਬਦ 'ਸੁਯੰਭਵ' ਜਾਂ 'ਸੁਯੰਭੂ' ਦਾ ਤਦਭਵ ਰੂਪ ਹੈ। ਇਸ ਸ਼ਬਦ ਤੋਂ ਭਾਵ ਹੈ ਆਪਣੇ ਆਪ ਹੋਣ ਵਾਲਾ, ਜੋ ਆਪਣੀ ਹੋਂਦ ਨੂੰ ਖ਼ੁਦ ਹੀ ਧਾਰਣ ਕਰੇ, ਜਿਸ ਨੂੰ ਕਿਸੇ ਨਿਰਮਾਤਾ ਜਾਂ ਸਿਰਜਨਹਾਰ ਦੀ ਲੋੜ ਨ ਹੋਵੇ। ਗੁਰੂ ਨਾਨਕ ਦੇਵ ਜੀ ਨੇ ਅਨੇਕ ਥਾਂਵਾਂ ਉਤੇ ਪਰਮਾਤਮਾ ਦੇ ਆਪਣੇ ਆਪ ਹੋਂਦ ਵਿਚ ਆਉਣ ਦੀ ਸਥਾਪਨਾ ਕੀਤੀ ਹੈ। 'ਜਪੁਜੀ' ਵਿਚ ਲਿਖਿਆ ਹੈ— *ਥਾਪਿਆ ਨ ਜਾਇ ਕੀਤਾ ਨ ਹੋਇ। ਆਪੇ ਆਪਿ ਨਿਰੰਜਨੁ ਸੋਇ।* 'ਆਸਾ ਕੀ ਵਾਰ' ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ— *ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।* (ਗੁ.ਗ੍ਰੰ.463)।

ਮਾਰੂ ਰਾਗ ਵਿਚ ਵੀ ਲਿਖਿਆ ਹੈ— *ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।* (ਗੁ. ਗ੍ਰੰ.1042)। ਗੁਰਮਤਿ ਵਿਚ ਇਹ ਬਿਲਕੁਲ ਸਪੱਸ਼ਟ ਹੈ ਕਿ ਪਰਮਾਤਮਾ ਨੇ ਖ਼ੁਦ ਆਪਣੀ ਸਿਰਜਨਾ ਕੀਤੀ ਹੈ ਅਤੇ ਨਾਮ -ਰੂਪਾਤਮਕ ਜਗਤ ਕੇਵਲ ਉਸ ਦਾ ਖੇਲ-ਪਸਾਰਾ ਹੈ— *ਤੁਧੁ ਆਪੇ ਆਪੁ ਉਪਾਇਆ। ਦੂਜਾ ਖੇਲੁ ਕਰਿ ਦਿਖਲਾਇਆ।* (ਗੁ.ਗ੍ਰੰ.72-73)। ਪਰਮਾਤਮਾ ਨੇ ਆਪਣੇ ਆਪ ਨੂੰ ਸਿਰਜ ਕੇ ਫਿਰ ਇਸ ਭੇਦ ਨੂੰ ਸਮਝਣ ਦੀ ਸ਼ਕਤੀ ਵੀ ਆਪਣੇ ਪਾਸ ਹੀ ਰਖੀ ਹੈ— *ਜਿਨਿ ਆਪੇ ਆਪਿ ਉਪਾਇ ਪਛਾਤਾ।*

ਪਰਮਾਤਮਾ ਦੀ ਆਪਣੇ ਆਪ ਕੀਤੀ ਆਪਣੀ ਸਿਰਜਨਾ ਦਾ ਵਿਚਾਰ ਉਪਨਿਸ਼ਦਾਂ ਵਿਚ ਵੀ ਪ੍ਰਗਟ ਕੀਤਾ ਗਿਆ ਹੈ (ਈਸ਼ਾਵਾਸ੍ਯ-ਉਪਨਿਸ਼ਦ, ਮੰਤ੍ਰ 8)। ਇਸ ਦਾ ਭਾਸ਼੍ਯ ਲਿਖਦਿਆਂ ਸ਼ੰਕਰਾਚਾਰਯ ਨੇ ਸਪੱਸ਼ਟ ਕੀਤਾ ਹੈ ਕਿ ਸੁਯੰਭੂ ਖ਼ੁਦ ਹੀ ਹੁੰਦਾ ਹੈ (ਇਸੇ ਲਈ ਸੁਯੰਭੂ ਹੈ) ਜਾਂ ਜਿਨ੍ਹਾਂ ਦੇ ਉਪਰ ਹੈ ਹੋਰ, ਜੋ ਉਪਰ ਹੈ ਉਹ ਸਭ ਸੁਯੰ ਹੀ ਹੈ ਇਸ ਲਈ ਸੁਯੰਭੂ ਹੈ।

ਸਪੱਸ਼ਟ ਹੈ ਕਿ ਜਿਸ ਪਰਮ-ਸੱਤਾ ਨੂੰ 'ਅਜੂਨੀ' (ਵੇਖੋ) ਮੰਨਿਆ ਗਿਆ ਹੈ, ਉਥੇ ਉਸ ਨੂੰ ਸ੍ਵ-ਪ੍ਰਕਾਸ਼ਿਤ ਸੱਤਾ ਵੀ ਕਿਹਾ ਗਿਆ ਹੈ। ਪਰਮਾਤਮਾ ਨੂੰ ਹੋਂਦ ਵਿਚ ਲਿਆਉਣ ਵਾਲੀ ਸੱਤਾ ਉਹ ਆਪ ਹੀ ਹੈ। ਉਸ ਤੋਂ ਭਿੰਨ ਕੋਈ ਹੋਰ ਸੱਤਾ ਨਹੀਂ ਹੈ। ਉਹ ਆਪ ਹੀ ਕਾਰਣ ਅਤੇ ਆਪ ਹੀ ਕਾਰਜ ਹੈ। ਉਹ ਪਰ-ਨਿਰਮਿਤ ਨ ਹੋ ਕੇ ਆਤਮ-ਨਿਰਮਿਤ ਹੈ। ਇਸੇ ਕਰਕੇ ਉਹ 'ਸੈਭੰ' (ਸੁਯੰਭੂ) ਹੈ।

**ਸੋਹਣ ਸਿੰਘ ਸੀਤਲ, ਗਿਆਨੀ** (1909-1998 ਈ.): ਇਕ ਪ੍ਰਸਿੱਧ ਢਾਢੀ ਅਤੇ ਇਤਿਹਾਸਿਕ ਨਾਵਲਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈ. ਨੂੰ ਲਾਹੌਰ ਜ਼ਿਲ੍ਹੇ ਦੇ ਪਿੰਡ ਕਾਦੀਵਿੰਡ ਵਿਚ ਸ. ਖ਼ੁਸ਼ਹਾਲ ਸਿੰਘ ਦੇ ਘਰ ਮਾਈ ਦਿਆਲ ਕੌਰ ਦੀ ਕੁੱਖੋਂ ਹੋਇਆ। ਦਸਵੀਂ ਪਾਸ ਕਰਨ ਉਪਰੰਤ ਇਸ ਨੇ ਗਿਆਨੀ ਦੀ ਪਰੀਖਿਆ ਪਾਸ ਕੀਤੀ। ਛੋਟੀ ਉਮਰ ਤੋਂ ਹੀ ਇਸ ਨੇ ਵਾਰਾਂ ਸੁਣਨ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਫਿਰ ਆਪ ਵਾਰਾਂ ਲਿਖਣੀਆਂ ਵੀ ਸ਼ੁਰੂ ਕਰ ਦਿੱਤੀਆਂ। ਇਸ ਨੂੰ ਇਨ੍ਹਾਂ ਵਾਰਾਂ ਨੂੰ ਗਾ ਕੇ ਸੁਣਾਉਣ ਲਈ ਢਾਢੀ ਦੀ ਭੂਮਿਕਾ ਨਿਭਾਉਣੀ ਪਈ। ਇਸ ਨੇ ਲਲਿਆਣੀ ਪਿੰਡ ਦੇ ਭਰਾਈ ਚਰਾਗਦੀਨ ਨੂੰ ਆਪਣਾ ਉਸਤਾਦ ਬਣਾਇਆ। ਇਹ ਪਹਿਲਾਂ ਵਿਆਹ ਸ਼ਾਦੀਆਂ ਉਤੇ ਵੀ ਗਾਉਣ ਲਈ ਜਾਂਦਾ ਸੀ, ਪਰ ਬਾਦ ਵਿਚ ਜਾਣਾ ਬੰਦ ਕਰ ਦਿੱਤਾ ਅਤੇ ਪੂਰੀ ਤਰ੍ਹਾਂ ਗੁਰੂ-ਘਰ ਦਾ ਢਾਡੀ ਬਣ ਗਿਆ।

ਕਾਲਾਂਤਰ ਵਿਚ ਇਹ ਇਕ ਸ੍ਰੇਸ਼ਠ ਢਾਢੀ ਵਜੋਂ ਉਭਰਿਆ। ਸੰਨ 1983 ਈ. ਵਿਚ ਪੰਜਾਬ ਸਰਕਾਰ ਨੇ ਇਸ ਨੂੰ 'ਸ਼੍ਰੋਮਣੀ ਢਾਢੀ' ਦੇ ਪੁਰਸਕਾਰ ਨਾਲ ਨਿਵਾਜਿਆ। ਇਸ ਨੇ ਵਾਰਾਂ ਨੂੰ ਸਿਰਫ਼ ਗਾਇਆ ਹੀ ਨਹੀਂ, ਉਨ੍ਹਾਂ ਨੂੰ ਪ੍ਰਕਾਸ਼ਿਤ ਵੀ ਕੀਤਾ। ਇਸ ਦੇ ਕੁਝ ਕੁ ਵਾਰ ਅਤੇ ਕਾਵਿ-ਸੰਕਲਨ ਇਸ ਪ੍ਰਕਾਰ ਹਨ— ਸੀਤਲ ਕਿਰਨਾਂ, ਸੀਤਲ ਸੁਗਾਤਾਂ, ਸੀਤਲ ਸੁਨੇਹੇ, ਸੀਤਲ ਮੁਨਾਰੇ, ਸੀਤਲ ਹੰਝੂ, ਸੀਤਲ ਹੁਲਾਰੇ, ਸੀਤਲ ਅੰਗਿਆਰੇ, ਸੀਤਲ ਤਰੰਗਾਂ, ਸੀਤਲ ਰਮਜ਼ਾਂ, ਸੀਤਲ ਪ੍ਰਸੰਗ, ਸੀਤਲ ਚਮਕਾਂ, ਸੀਤਲ ਪ੍ਰਕਾਸ਼, ਸੀਤਲ ਤਰਾਨੇ, ਸੀਤਲ ਵਲਵਲੇ ਅਤੇ ਸੀਤਲ ਵਾਰਾਂ ਆਦਿ। ਇਸ ਨੇ ਢਾਢੀ-ਵਾਰਾਂ ਨੂੰ ਚਾਰ ਭਾਗਾਂ ਵਿਚ ਸਮੇਟ ਕੇ ਵਖਰਾ ਵੀ ਛਾਪਿਆ ਹੈ।

ਸਿੱਖ ਧਰਮ ਬਾਰੇ ਇਸ ਨੇ ਬਹੁਤ ਸਾਰੀਆਂ ਇਤਿਹਾਸਿਕ ਪੁਸਤਕਾਂ ਦੀ ਰਚਨਾ ਕੀਤੀ ਹੈ, ਜਿਵੇਂ ਸਿੱਖ ਇਤਿਹਾਸ ਦੇ ਸੋਮੇ (ਦੋ ਭਾਗ), ਗੁਰੂ ਨਾਨਕ ਦੇਵ ਜੀ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ਮੇਰੇ ਇਤਿਹਾਸਕ ਲੈਕਚਰ, ਗੁਰਬਾਣੀ ਵਿਚਾਰ, ਗੁਰੂ ਗੋਬਿੰਦ ਸਿੰਘ ਜੀ, ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ਸਿੱਖ ਰਾਜ ਕਿਵੇਂ

ਗਿਆ, ਦੁਖੀਏ ਮਾਂ ਪੁੱਤ, ਬੰਦਾ ਸਿੰਘ ਸ਼ਹੀਦ, ਸ਼ਹੀਦ ਤੇ ਯੋਧੇ, ਸਿੱਖ ਮਿਸਲਾਂ ਦੇ ਸਰਦਾਰ ਘਰਾਣੇ, ਸਿੱਖ ਰਾਜ ਤੇ ਸ਼ੇਰੇ ਪੰਜਾਬ ਆਦਿ।

ਇਸ ਨੇ ਪੰਜਾਬ ਦੀ ਪਿਛੋਕੜ ਅਤੇ ਸਿੱਖ ਇਤਿਹਾਸ ਤੋਂ ਅਨੁਪ੍ਰਾਣਿਤ ਬਹੁਤ ਸਾਰੇ ਨਾਵਲ ਵੀ ਪ੍ਰਕਾਸ਼ਿਤ ਕੀਤੇ ਹਨ, ਜਿਵੇਂ ਜੁਗ ਬਦਲ ਗਿਆ, ਜਵਾਲਾ ਮੁਖੀ, ਮੁੱਲ ਦਾ ਮਾਸ, ਧਰਤੀ ਦੀ ਬੇਟੀ, ਪ੍ਰੀਤ ਕਿ ਰੂਪ, ਪਤਵੰਤੇ ਕਾਤਲ, ਧਰਤੀ ਦੇ ਦੇਵਤੇ, ਸੁੰਞਾ ਆਹਲਣਾ, ਮਹਾਰਾਣੀ ਜਿੰਦਾਂ, ਤੂਤਾਂ ਵਾਲਾ ਖੂਹ, ਪ੍ਰੀਤ ਤੇ ਪੈਸਾ, ਈਛੋਗਿਲ ਨਹਿਰ ਤਕ, ਦੀਵੇ ਦੀ ਲੋ, ਵਿਜੋਗਣ, ਅੰਨ੍ਹੀ ਸੁੰਦਰਤਾ, ਜਲੇ ਪਰਛਾਵੇਂ, ਮਹਾਰਾਜਾ ਦਲੀਪ ਸਿੰਘ ਆਦਿ। ਇਨ੍ਹਾਂ ਵਿਚ 'ਜੁਗ ਬਦਲ ਗਿਆ' ਉਤੇ ਸੀਤਲ ਨੂੰ ਸਾਹਿਤ ਅਕਾਦਮੀ ਦਿੱਲੀ ਵਲੋਂ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਨੇਕ ਸਾਹਿਤਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਵੀ ਗਿਆਨੀ ਹੋਰਾਂ ਨੂੰ ਸਨਮਾਨਿਤ ਕੀਤਾ ਜਾ ਚੁਕਿਆ ਹੈ।

ਗਿਆਨੀ ਸੋਹਨ ਸਿੰਘ ਸੀਤਲ ਆਪਣੀ ਬਿਰਧ ਅਵਸਥਾ ਤਕ ਵੀ ਕਲਮ ਚਲਾਉਂਦੇ ਰਹੇ। ਉਨ੍ਹਾਂ ਦਾ ਦੇਹਾਂਤ ਲੁਧਿਆਣਾ ਨਗਰ ਵਿਚ 23 ਸਤੰਬਰ, 1998 ਈ. ਵਿਚ ਹੋਇਆ।

**ਸੋਹਨ ਸਿੰਘ, ਸੰਤ** (1902-1972 ਈ.): ਮਲਾਇਆ ਵਿਚ ਸਿੱਖੀ ਦਾ ਪ੍ਰਚਾਰ ਕਰਨ ਵਾਲਾ ਇਕ ਸੰਤ, ਜਿਸ ਦਾ ਜਨਮ ਸ. ਪੰਜਾਬ ਸਿੰਘ ਦੇ ਘਰ ਮਾਈ ਪ੍ਰੇਮ ਕੌਰ ਦੀ ਕੁੱਖੋਂ ਵੂਲ ਪਿੰਡ ਵਿਚ ਸੰਨ 1902 ਈ. ਵਿਚ ਹੋਇਆ। ਬਾਦ ਵਿਚ ਇਸ ਦੇ ਪਰਿਵਾਰ ਨੇ ਦਮਦਮਾ ਸਾਹਿਬ ਦੇ ਨੇੜਲੇ ਪਿੰਡ ਚੱਠੇਵਾਲਾ ਵਿਚ ਆਪਣਾ ਨਿਵਾਸ ਬਣਾ ਲਿਆ। ਇਸ ਦਾ ਮੂਲ ਨਾਂ ਉਦੇ ਸਿੰਘ ਸੀ, ਪਰ ਸ਼ਕਲੋਂ ਸੁੰਦਰ ਹੋਣ ਕਰਕੇ 'ਸੋਹਣਾ' ਕਿਹਾ ਜਾਣ ਲਗਾ ਅਤੇ ਕਾਲਾਂਤਰ ਵਿਚ ਮੂਲ ਨਾਂ ਦੀ ਥਾਂ 'ਸੋਹਣਾ' ਤੋਂ 'ਸੋਹਨ ਸਿੰਘ' ਪ੍ਰਚਲਿਤ ਹੋ ਗਿਆ।

ਇਸ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਿਊਣ ਸਿੰਘਵਾਲਾ ਦੇ ਸੰਤ ਹਰੀ ਸਿੰਘ ਤੋਂ ਸਿੱਖ ਧਰਮ-ਗ੍ਰੰਥਾਂ ਅਤੇ ਪੁਸਤਕਾਂ ਦਾ ਅਧਿਐਨ ਕੀਤਾ। ਫਿਰ ਕਵੀਸ਼ਰ ਬਣ ਗਿਆ। ਸੰਨ 1925 ਈ. ਵਿਚ ਗੁਰਦੁਆਰਾ ਸੁਧਾਰ ਲਹਿਰ ਨਾਲ ਸੰਬੰਧਿਤ ਇਕ ਜੋਸ਼ੀਲੀ ਕਵਿਤਾ ਗਾਉਣ ਨਾਲ ਜੱਥੇ ਸਮੇਤ ਲੁਧਿਆਣੇ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਰਿਹਾਈ ਤੋਂ ਬਾਦ ਇਹ ਮਲਾਇਆ ਚਲਾ ਗਿਆ ਅਤੇ ਉਥੇ ਮਲਕਾ ਗੁਰਦੁਆਰੇ ਵਿਚ ਗ੍ਰੰਥੀ ਜਾ ਲਗਾ। ਉਥੋਂ ਪੰਜ ਸਾਲਾਂ ਬਾਦ ਪਰਤ ਕੇ ਦਮਦਮਾ ਸਾਹਿਬ ਦੇ ਗੁਰਮਤਿ ਉਪਦੇਸ਼ਕ ਕਾਲਜ ਵਿਚ ਪੰਡਿਤ ਕਰਤਾਰ ਸਿੰਘ ਦਾਖਾ ਪਾਸੋਂ ਸਿੱਖ ਧਰਮ ਦੇ ਦਰਸ਼ਨ, ਕਥਾਕਾਰੀ ਅਤੇ ਸ਼ਹੀਦੀ ਸਾਕਿਆਂ ਦਾ ਅਧਿਐਨ ਕੀਤਾ। ਡੇਢ ਸਾਲ ਬਾਦ ਜੂਨ 1934 ਈ. ਨੂੰ ਇਹ ਮਲਾਇਆ ਨੂੰ ਪਰਤਿਆ ਅਤੇ ਆਪਣਾ ਸਾਰਾ ਜੀਵਨ ਸਿੱਖੀ ਦੇ ਪ੍ਰਚਾਰ ਨੂੰ ਅਰਪਿਤ ਕਰ ਦਿੱਤਾ। ਉਥੇ ਇਸ ਨੇ ਮਲਾਇਨ ਗ੍ਰੰਥੀ ਪ੍ਰਚਾਰਕ ਸਭਾ, ਮਲਾਇਨ ਨੌਜਵਾਨ ਸਭਾ ਅਤੇ ਸਿੰਗਾਪੁਰ ਖ਼ਾਲਸਾ ਐਸੋਸੀਏਸ਼ਨ ਆਦਿ ਸੰਸਥਾਵਾਂ ਨਾਲ ਸੰਪਰਕ ਕਾਇਮ ਕੀਤਾ ਅਤੇ ਸਭ ਨੂੰ ਸਿੱਖੀ ਦੇ ਵਿਆਪਕ ਪ੍ਰਚਾਰ ਲਈ ਪ੍ਰੇਰਿਤ ਕੀਤਾ। ਦੂਜੀ ਵੱਡੀ ਜੰਗ ਵੇਲੇ ਇਸ ਨੇ ਜੰਗ ਵਿਚ ਮਾਰੇ ਗਏ ਜਵਾਨਾਂ ਦੀਆਂ ਵਿਧਵਾਵਾਂ ਅਤੇ ਨਾਕਾਰਾ ਹੋਏ ਫ਼ੌਜੀਆਂ ਦੀ ਦੇਖ-ਭਾਲ ਲਈ ਸੁਅੰਮਸੇਵੀ ਜੱਥੇ ਤਿਆਰ ਕੀਤੇ।

ਇਸ ਨੇ ਮਲਾਇਆ ਵਿਚ ਧਰਮ-ਪ੍ਰਚਾਰ ਲਈ ਬਹੁਤ ਹੀ ਦੌਰੇ ਕੀਤੇ। ਇਕ ਵਾਰ ਇਕ ਦੌਰੇ ਦੌਰਾਨ ਇਹ ਬੀਮਾਰ ਹੋ ਗਿਆ ਅਤੇ 24 ਮਈ 1972 ਈ. ਨੂੰ ਗੁਜ਼ਰ ਗਿਆ। ਇਸ ਦੀ ਯਾਦ ਨੂੰ ਤਾਜ਼ਾ ਰਖਣ ਲਈ ਮਲਕਾ ਦੇ ਗੁਰਦੁਆਰੇ ਦੇ ਨੇੜੇ ਇਕ ਵਿਦਿਅਲਾ ਸਥਾਪਿਤ ਕੀਤਾ ਗਿਆ ਜਿਸ ਵਿਚ ਹੁਣ ਗ੍ਰੰਥੀ ਅਤੇ ਧਰਮ-ਪ੍ਰਚਾਰਕ ਤਿਆਰ ਕੀਤੇ ਜਾਂਦੇ ਹਨ।

**ਸੋਹਨ ਸਿੰਘ ਜੋਸ਼** (1898-1982 ਈ.): ਪੰਜਾਬ ਦਾ ਇਕ ਉੱਘਾ ਨੇਤਾ ਜਿਸ ਨੇ ਆਪਣਾ ਜੀਵਨ-ਸੰਘਰਸ਼ ਅਕਾਲੀ ਪਾਰਟੀ ਦੇ ਸਰਗਰਮ ਕਾਰਕੁੰਨ ਵਜੋਂ ਸ਼ੁਰੂ ਕੀਤਾ ਅਤੇ ਫਿਰ ਕਾਂਗ੍ਰਸ ਪਾਰਟੀ ਤੋਂ ਹੁੰਦਾ ਹੋਇਆ ਕਮਿਊਨਿਸਟ ਪਾਰਟੀ ਦਾ ਨੇਤਾ ਬਣਿਆ। ਅੰਮ੍ਰਿਤਸਰ ਜ਼ਿਲ੍ਹੇ ਦੇ ਚੇਤਨਪੁਰ ਕਸਬੇ ਵਿਚ ਸ. ਲਾਲ ਸਿੰਘ ਦੇ ਘਰ 22 ਸਤੰਬਰ 1898 ਈ. ਨੂੰ ਪੈਦਾ ਹੋਇਆ ਸੋਹਨ ਸਿੰਘ ਪਹਿਲਾਂ ਮਜੀਠਾ ਦੇ ਚਰਚ ਮਿਸ਼ਨ ਸਕੂਲ ਵਿਚ ਦਾਖ਼ਲ ਹੋਇਆ। ਉਥੋਂ ਅੱਠਵੀਂ ਪਾਸ ਕਰਕੇ, ਫਿਰ ਡੀ.ਏ.ਵੀ. ਸਕੂਲ ਅੰਮ੍ਰਿਤਸਰ ਤੋਂ ਦਸਵੀਂ ਪਾਸ ਕੀਤੀ। ਆਰਥਿਕ ਕਮਜ਼ੋਰੀ ਕਾਰਣ ਅਗੇ ਨ ਪੜ੍ਹ ਸਕਿਆ। ਨੌਕਰੀ ਦੀ ਤਲਾਸ਼ ਵਿਚ ਪਹਿਲਾਂ ਹੁਬਲੀ ਗਿਆ

ਅਤੇ ਫਿਰ ਬੰਬਈ ਜਾ ਕੇ ਡਾਕਖ਼ਾਨੇ ਦੀ ਨੌਕਰੀ ਕੀਤੀ। ਸੰਨ 1918 ਈ. ਵਿਚ ਪਿੰਡ ਪਰਤ ਆਇਆ ਅਤੇ ਸਕੂਲ ਵਿਚ ਨੌਕਰੀ ਸ਼ੁਰੂ ਕੀਤੀ। ਗੁਰਦੁਆਰਾ ਸੁਧਾਰ ਲਹਿਰ ਵਿਚ ਇਸ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਜਜ਼ਬਾਤੀ ਤਕਰੀਰਾਂ ਕਰਨ ਕਰਕੇ ਆਪਣੇ ਨਾਂ ਨਾਲ 'ਜੋਸ਼' ਤਖ਼ਲਸ ਜੋੜ ਲਿਆ।

ਸੰਨ 1922 ਈ. ਵਿਚ ਸਰਕਾਰ ਵਿਰੋਧੀ ਭਾਸ਼ਣ ਦੇਣ ਕਾਰਣ ਇਕ ਸਾਲ ਲਈ ਕੈਦ ਹੋ ਗਿਆ। ਮਾਰਚ 1923 ਈ. ਵਿਚ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਵੀ ਬਣਾਇਆ ਗਿਆ। ਇਨ੍ਹਾਂ ਦੋਹਾਂ ਸੰਸਥਾਵਾਂ ਦੇ ਗ਼ੈਰ-ਕਾਨੂੰਨੀ ਘੋਸ਼ਿਤ ਕੀਤੇ ਜਾਣ 'ਤੇ ਅਕਤੂਬਰ 1923 ਈ. ਵਿਚ ਇਸ ਨੂੰ ਪਕੜ ਲਿਆ ਗਿਆ ਅਤੇ ਤਿੰਨ ਸਾਲ ਕੈਦ ਕਟ ਕੇ ਸਤੰਬਰ, 1926 ਈ. ਵਿਚ ਰਿਹਾ ਹੋਇਆ। ਇਸ ਤੋਂ ਬਾਦ ਇਸ ਦੇ ਵਿਚਾਰ ਗਰਮ ਦਲੀਏ ਹੁੰਦੇ ਗਏ ਅਤੇ 'ਕਿਰਤੀ ਕਿਸਾਨ ਪਾਰਟੀ' ਦੀ ਸਥਾਪਨਾ ਕੀਤੀ। ਇਸ ਤੋਂ ਬਾਦ ਸ. ਭਗਤ ਸਿੰਘ ਦੁਆਰਾ ਸਥਾਪਿਤ 'ਨੌਜਵਾਨ ਭਾਰਤ ਸਭਾ' ਲਈ ਕੰਮ ਸ਼ੁਰੂ ਕਰ ਦਿੱਤਾ ਅਤੇ ਫਰਵਰੀ 1929 ਈ. ਵਿਚ ਉਸ ਦਾ ਪ੍ਰਧਾਨ ਚੁਣਿਆ ਗਿਆ। ਮਾਰਚ ਮਹੀਨੇ ਵਿਚ ਇਸ ਨੂੰ ਮੇਰਠ ਸਾਜ਼ਿਸ਼ ਕੇਸ ਵਿਚ ਪਕੜ ਲਿਆ ਗਿਆ।

ਹਿੰਦੁਸਤਾਨ ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਵਿਚ ਇਸ ਨੇ ਵਿਸ਼ੇਸ਼ ਰੁਚੀ ਲਈ। ਸੰਨ 1937 ਈ. ਵਿਚ ਹੋਈਆਂ ਚੋਣਾਂ ਵਿਚ ਇਹ ਕਾਂਗ੍ਰਸ ਦੇ ਟਿਕਟ 'ਤੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਇਕ ਸਾਲ ਬਾਦ ਇਹ ਪੰਜਾਬ ਪ੍ਰਦੇਸ਼ ਕਾਂਗ੍ਰਸ ਕਮੇਟੀ ਦਾ ਜਨਰਲ ਸਕੱਤਰ ਅਤੇ ਅਖਿਲ ਭਾਰਤੀ ਕਾਂਗ੍ਰਸ ਕਮੇਟੀ ਦਾ ਮੈਂਬਰ ਬਣਿਆ। ਦੂਜੇ ਵਿਸ਼ਵ ਯੁੱਧ ਵੇਲੇ ਦੋ ਸਾਲ ਲਈ ਕੈਦ ਕੀਤਾ ਗਿਆ। ਸੰਨ 1951 ਈ. ਵਿਚ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਾਰਜ ਸਾਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਤੋਂ ਬਾਦ ਆਖ਼ਰੀ ਦਮ ਤਕ ਇਹ ਕਮਿਊਨਿਸਟ ਪਾਰਟੀ ਨਾਲ ਜੁੜਿਆ ਰਿਹਾ। 12 ਜੁਲਾਈ 1982 ਈ. ਨੂੰ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ।

ਸੰਨ 1920 ਈ. ਵਿਚ ਇਹ 'ਅਕਾਲੀ' ਅਖ਼ਬਾਰ ਨਾਲ ਸੰਬੰਧਿਤ ਹੋ ਗਿਆ, ਪਰ 1925 ਈ. ਵਿਚ ਭਾਈ ਸੰਤੋਖ ਸਿੰਘ ਨਾਲ ਮਿਲ ਕੇ ਇਸ ਨੇ 'ਕਿਰਤੀ' ਨਾਂ ਦੀ ਮਾਹਾਨਾ ਪਤ੍ਰਿਕਾ ਛਾਪਣੀ ਸ਼ੁਰੂ ਕੀਤੀ। ਬਾਦ ਵਿਚ ਇਹ 'ਜੰਗ-ਏ-ਆਜ਼ਾਦੀ' ਅਤੇ 'ਨਵਾਂ ਜ਼ਮਾਨਾ' ਅਖ਼ਬਾਰਾਂ ਦਾ ਸੰਪਾਦਨ ਕਰਦਾ ਰਿਹਾ। ਅਖ਼ਬਾਰਾਂ ਵਿਚ ਲਿਖਣ ਕਾਰਣ ਇਹ ਸਾਹਿਤ-ਸਾਧਨਾ ਵਲ ਵੀ ਰੁਚਿਤ ਹੋਇਆ। ਪੰਜਾਬੀ ਵਿਚ ਇਸ ਨੇ —(1) ਬੰਗਾਲੀ ਸਾਹਿਤ ਦੀ ਵੰਨਗੀ, (2) ਰੁਤ ਨਵਿਆਂ ਦੀ ਆਈ, (3) ਮੇਰੀ ਰੂਸ ਯਾਤ੍ਰਾ, (4) ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ, (5) ਇਕ ਇਨਕਲਾਬ ਇਕ ਜੀਵਨੀ, (6) ਅਕਾਲੀ ਮੋਰਚਿਆਂ ਦਾ ਇਤਿਹਾਸ, (7) ਕਾਮਾਗਾਟਾ ਮਾਰੂ ਦਾ ਦੁਖਾਂਤ, (8) ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ— ਨਾਂ ਦੀਆਂ ਅੱਠ ਪੁਸਤਕਾਂ ਛਾਪੀਆਂ ਹਨ। ਅੰਗ੍ਰੇਜ਼ੀ ਵਿਚ ਇਸ ਨੇ 'ਏ ਹਿਸਟਰੀ ਆਫ ਦਾ ਹਿੰਦੁਸਤਾਨ ਗਦਰ ਪਾਰਟੀ' ਨਾਂ ਦੀ ਪੁਸਤਕ ਦੋ ਭਾਗਾਂ ਵਿਚ ਪ੍ਰਕਾਸ਼ਿਤ ਕੀਤੀ ਹੈ। ਇਸ ਦੀਆਂ ਕੁਝ ਅਣਛਪੀਆਂ ਰਚਨਾਵਾਂ ਵੀ ਉਪਲਬਧ ਹਨ। ਅਕਾਲੀ ਦਲ ਦੇ ਮੁਢਲੇ ਇਤਿਹਾਸ ਵਿਚ ਅਤੇ ਭਾਰਤ ਵਿਚ ਕਮਿਊਨਿਜ਼ਮ ਦਾ ਪ੍ਰਚਾਰ ਕਰਨ ਵਿਚ ਇਸ ਦਾ ਉਲੇਖਯੋਗ ਸਥਾਨ ਹੈ।

**ਸੋਹਨ ਸਿੰਘ ਭਕਨਾ, ਬਾਬਾ** (1870-1968 ਈ.): ਗ਼ਦਰ ਲਹਿਰ ਦੇ ਬਾਨੀ ਵਜੋਂ ਜਾਣੇ ਜਾਂਦੇ ਸੋਹਨ ਸਿੰਘ ਦਾ ਜਨਮ 4 ਜਨਵਰੀ 1870 ਈ. ਨੂੰ ਆਪਣੇ ਨਾਨਕੇ ਪਿੰਡ 'ਖੁਤਰਾਏ ਖ਼ੁਰਦ' ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਭਕਨਾ ਪਿੰਡ ਦੇ ਨਿਵਾਸੀ ਭਾਈ ਕਰਮ ਸਿੰਘ ਸ਼ੇਰਗਿਲ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ ਪੈਦਾ ਹੋਏ ਸੋਹਨ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੇ ਗੁਰਦੁਆਰੇ ਵਿਚੋਂ ਪ੍ਰਾਪਤ ਕੀਤੀ ਅਤੇ ਫਿਰ ਸਕੂਲ ਵਿਚੋਂ ਪੰਜਵੀਂ ਪਾਸ ਕੀਤੀ। ਇਹ ਅਜੇ ਮਸਾਂ ਇਕ ਸਾਲ ਦਾ ਹੀ ਸੀ ਕਿ ਇਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਇਸ ਦਾ ਦਸ ਸਾਲ ਦੀ ਉਮਰ ਵਿਚ ਵਿਆਹ ਕਰ ਦਿੱਤਾ ਗਿਆ, ਪਰ ਇਸ ਦੀ ਕੋਈ ਸੰਤਾਨ ਪੈਦਾ ਨ ਹੋਈ। ਇਸ ਨੇ ਸੰਨ 1906-07 ਵਿਚ ਬਸਤੀਵਾਦੀ ਬਿਲ ਦੇ ਵਿਰੋਧ ਵਿਚ ਛੇੜੇ ਗਏ ਸੰਘਰਸ਼ ਵਿਚ ਹਿੱਸਾ ਲਿਆ। ਦੋ ਸਾਲਾਂ ਬਾਦ 3 ਜਨਵਰੀ 1909 ਈ. ਨੂੰ ਇਹ ਅਮਰੀਕਾ ਪਹੁੰਚ ਗਿਆ ਅਤੇ ਇਕ ਲਕੜ ਦੀ ਮਿਲ ਵਿਚ ਮਜ਼ਦੂਰੀ ਕਰਨੀ ਸ਼ੁਰੂ ਕੀਤੀ। ਉਥੇ ਭਾਰਤੀਆਂ, ਖ਼ਾਸ ਕਰਕੇ ਸਿੱਖਾਂ ਨਾਲ ਹੁੰਦੇ ਵਿਤਕਰੇ ਨੂੰ ਇਹ ਜਰ ਨ ਸਕਿਆ। ਫਲਸਰੂਪ ਭਾਰਤੀ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਲਈ ਇਸ ਨੇ

'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਬਣਾਈ। ਇਸ ਦਾ ਮੁੱਖ ਦਫ਼ਤਰ ਪੋਰਟਲੈਂਡ ਵਿਚ ਸਥਾਪਿਤ ਕੀਤਾ ਗਿਆ। 1 ਨਵੰਬਰ 1913 ਈ. ਨੂੰ ਇਸ ਸੰਸਥਾ ਵਲੋਂ 'ਗਦਰ' ਨਾਂ ਦਾ ਇਕ ਅਖ਼ਬਾਰ ਕਢਣਾ ਸ਼ੁਰੂ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਹਿੰਦੁਸਤਾਨ ਵਿਚ ਸਸ਼ਸਤ੍ਰ ਕ੍ਰਾਂਤੀ ਮਚਾਉਣਾ ਸੀ। ਇਸ ਐਸੋਸੀਏਸ਼ਨ ਦਾ ਪਹਿਲਾ ਬਾਬਾ ਸੋਹਣ ਸਿੰਘ ਨੂੰ ਬਣਾਇਆ ਗਿਆ ਅਤੇ ਲਾਲਾ ਹਰਦਿਆਲ ਨੂੰ ਇਸ ਦਾ ਜਨਰਲ ਸਕੱਤਰ ਥਾਪਿਆ ਗਿਆ। ਇਸ ਦੀਆਂ ਸ਼ਾਖਾਵਾਂ ਅਮਰੀਕਾ ਅਤੇ ਕੈਨੇਡਾ ਵਿਚ ਸਥਾਪਿਤ ਕੀਤੀਆਂ ਗਈਆਂ। 'ਕਾਮਾਗਾਟਾ ਮਾਰੂ' ਜਹਾਜ਼ ਦੇ ਵਾਪਸ ਪਰਤਣ 'ਤੇ ਬਾਬਾ ਸੋਹਣ ਸਿੰਘ ਦੀ ਪਾਰਟੀ ਵਲੋਂ ਡਿਊਟੀ ਲਗਾਈ ਗਈ ਕਿ ਉਹ ਹਿੰਦੁਸਤਾਨ ਵਿਚ ਕ੍ਰਾਂਤੀ ਮਚਾਉਣ ਲਈ ਬਾਬਾ ਗੁਰਦਿਤ ਸਿੰਘ ਨੂੰ ਜਾਪਾਨ ਵਿਚ ਹਥਿਆਰ ਪਹੁੰਚਾਏ। ਜਦੋਂ ਹਥਿਆਰ ਪਹੁੰਚਾ ਕੇ ਇਹ ਕਲਕੱਤੇ ਪਹੁੰਚਿਆ ਤਾਂ 13 ਅਕਤੂਬਰ 1914 ਈ. ਨੂੰ ਇਸ ਨੂੰ ਪੰਜਾਬ ਦੀ ਖ਼ੁਫ਼ੀਆ ਪੁਲਿਸ ਨੇ ਪਕੜ ਲਿਆ। ਮੁੱਢਲੀ ਪੁਛ-ਗਿਛ ਤੋਂ ਬਾਦ ਇਸ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਸ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਮੌਤ ਦੀ ਸਜ਼ਾ ਦਿੱਤੀ ਗਈ। ਬਾਦ ਵਿਚ ਇਹ ਸਜ਼ਾ ਉਮਰ ਕੈਦ ਵਿਚ ਬਦਲ ਕੇ ਇਸ ਨੂੰ 10 ਦਸੰਬਰ 1915 ਈ. ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਕੈਦ ਦੌਰਾਨ ਕੈਦੀਆਂ ਵਾਸਤੇ ਜੇਲ੍ਹ ਦੀ ਵਿਵਸਥਾ ਵਿਚ ਸੁਧਾਰ ਲਿਆਉਣ ਲਈ ਇਸ ਨੇ ਕਈ ਵਾਰ ਮਰਨ-ਬਰਤ ਰਖੇ। ਸੰਨ 1927 ਈ. ਵਿਚ ਇਸ ਸੈਂਟ੍ਰਲ ਜੇਲ੍ਹ, ਲਾਹੌਰ ਵਿਚ ਬਦਲ ਦਿੱਤਾ ਗਿਆ। ਜੁਲਾਈ 1930 ਈ. ਵਿਚ ਇਸ ਨੂੰ ਰਿਹਾ ਕੀਤਾ ਗਿਆ। ਉਸ ਤੋਂ ਬਾਦ ਵੀ ਇਹ ਦੇਸ਼ ਦੀ ਆਜ਼ਾਦੀ ਲਈ ਉਦਮ ਕਰਦਾ ਰਿਹਾ, ਪਰ ਇਸ ਦਾ ਵਿਸ਼ੇਸ਼ ਝੁਕਾ ਕਿਸਾਨਾਂ ਦੀਆਂ ਸਮਸਿਆਵਾਂ ਨੂੰ ਹਲ ਕਰਨ ਵਲ ਹੋ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ ਇਸ ਨੂੰ ਰਾਜਸਥਾਨ ਦੀ ਦਿਉਲੀ ਕੈਂਪ ਜੇਲ੍ਹ ਵਿਚ ਲਗਭਗ ਤਿੰਨ ਵਰ੍ਹੇ ਨਜ਼ਰਬੰਦ ਰਖਿਆ ਗਿਆ।

ਆਜ਼ਾਦੀ ਤੋਂ ਬਾਦ ਇਹ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ। 31 ਮਾਰਚ 1948 ਈ. ਨੂੰ ਇਸ ਨੂੰ ਪਕੜਿਆ ਗਿਆ ਪਰ 8 ਮਈ 1948 ਈ. ਨੂੰ ਛਡ ਦਿੱਤਾ ਗਿਆ। ਜਦੋਂ ਇਸ ਨੂੰ ਫਿਰ ਪਕੜਿਆ ਗਿਆ, ਤਾਂ ਪੰਡਿਤ ਨਹਿਰੂ ਦੇ ਦਖ਼ਲ ਦੇਣ ਨਾਲ ਇਸ ਨੂੰ ਜੇਲ੍ਹ ਭੇਜਣਾ ਬੰਦ ਕਰ ਦਿੱਤਾ ਗਿਆ। 20-21 ਦਸੰਬਰ 1968 ਈ. ਦੀ ਰਾਤ ਨੂੰ ਇਸ ਦਾ ਦੇਹਾਂਤ ਹੋਇਆ। ਇਸ ਨੇ ਮਰਨ ਤੋਂ ਪਹਿਲਾਂ ਆਪਣੀ ਸਾਰੀ ਜ਼ਮੀਨ ਗ੍ਰਾਮ ਪੰਚਾਇਤ ਅਤੇ ਸਕੂਲ ਨੂੰ ਸੌਂਪ ਦਿੱਤੀ। ਸੋਹਣ ਸਿੰਘ ਦਾ ਨਾਂ ਮਹਾਨ ਸੁਤੰਤਰਤਾ ਸੰਗ੍ਰਾਮੀ ਵਜੋਂ ਸਦਾ ਯਾਦ ਰਹੇਗਾ। ਇਸ ਦੀ ਧਾਰਣਾ ਸੀ ਕਿ ਆਪਣੀ ਆਰਥਿਕ ਅਤੇ ਰਾਜਨੈਤਿਕ ਆਜ਼ਾਦੀ ਦੇ ਘੋਲ ਲਈ ਜੱਥੇਬੰਦਕ ਹੋ ਕੇ ਚਲਣਾ ਚਾਹੀਦਾ ਹੈ ਅਤੇ ਕਠੋਰ ਤੋਂ ਕਠੋਰ ਹਾਲਾਤ ਨੂੰ ਪੂਰੀ ਨਿਡਰਤਾ ਅਤੇ ਆਤਮ-ਵਿਸ਼ਵਾਸ ਨਾਲ ਆਪਣੇ ਅਨੁਕੂਲ ਕਰਨਾ ਚਾਹੀਦਾ ਹੈ। ਇਸ ਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਕੁਝ ਕੁ ਪੁਸਤਕਾਂ ਦੀ ਰਚਨਾ ਵੀ ਕੀਤੀ, ਜੋ ਆਪਣੇ ਆਖ਼ੀਰਲੇ ਸਮੇਂ ਵਿਚ ਛਾਪੀਆਂ, ਜਿਵੇਂ ਜੀਵਨ ਕਰਤਵ (1967), ਜੀਵਨ ਸੰਗ੍ਰਾਮ (1968), ਇਨਕਲਾਬੀ ਲਹਿਰ (1967), ਦੁਖ (1967), ਗਰੀਬੀ (1967), ਭਾਰਤ ਵਿਚ ਇਸਤਰੀ ਜਾਤੀ (1967)।

**ਸੋਹਿਲਾ** (ਬਾਣੀ): ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੱਧ ਬਾਣੀ ਤੋਂ ਪਹਿਲਾਂ ਜਿਨ੍ਹਾਂ ਤਿੰਨ ਨਿੱਤ-ਨੇਮ ਦੀਆਂ ਬਾਣੀਆਂ ਦਾ ਸੰਕਲਨ ਹੋਇਆ ਹੈ, ਉਨ੍ਹਾਂ ਵਿਚੋਂ ਇਹ ਅੰਤਿਮ ਹੈ ਅਤੇ ਮੁੱਖ ਰੂਪ ਵਿਚ ਇਸ ਦੇ ਪਾਠ ਦਾ ਵਿਧਾਨ ਰਾਤ ਨੂੰ ਸੌਣ ਵੇਲੇ ਹੈ। ਇਸ ਸਿਰਲੇਖ ਅਧੀਨ ਪੰਜ ਸ਼ਬਦ ਹਨ। ਤਿੰਨ ਗੁਰੂ ਨਾਨਕ ਦੇਵ ਜੀ ਦੇ, ਇਕ ਇਕ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ।

ਇਸ ਸ਼ਬਦ-ਸਮੁੱਚ ਨੂੰ ਇਹ ਨਾਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਦਿੱਤਾ ਹੈ। 'ਸੋਹਿਲਾ' ਦਾ ਸ਼ਾਬਦਿਕ ਅਰਥ ਹੈ— ਉਤਮ ('ਸੁ') ਕ੍ਰੀੜਾ ('ਹੇਲਾ'), ਸ੍ਰੇਸ਼ਠ ਸ਼ਬਦ-ਪਾਠ। ਗੁਰੂ ਅਮਰਦਾਸ ਜੀ ਨੇ 'ਅਨੰਦੁ' ਬਾਣੀ ਵਿਚ ਲਿਖਿਆ ਹੈ— *ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ।* (ਗੁ.ਗ੍ਰੰ.919)। ਸੰਭਵ ਹੈ ਕਿ ਇਹ ਨਾਂ ਉਨ੍ਹਾਂ ਨੇ ਇਸ ਵਿਚਲੀਆਂ ਮੁੱਢਲੀਆਂ ਦੋ ਤੁਕਾਂ ਦੇ ਆਧਾਰ 'ਤੇ ਨਿਸਚਿਤ ਕੀਤਾ ਹੋਵੇ— *ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ। ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ।* ਅਜ-ਕਲ ਨਿੱਤਨੇਮ ਦੇ ਗੁਟਕਿਆਂ ਅਤੇ ਆਮ ਬੋਲਚਾਲ ਵਿਚ ਇਸ ਨੂੰ 'ਕੀਰਤਨ ਸੋਹਿਲਾ' ਕਿਹਾ ਜਾਂਦਾ ਹੈ। ਅਜਿਹੇ ਨਾਂ ਪਿਛੇ ਉਪਰਲੀ ਤੁਕ ਵਿਚ ਆਇਆ 'ਕੀਰਤਿ' ਸ਼ਬਦ ਵੀ ਕੁਝ

ਭੂਮਿਕਾ ਨਿਭਾ ਰਿਹਾ ਹੈ। ਭਾਈ ਗੁਰਦਾਸ ਨੇ ਵੀ 'ਕੀਰਤਿ' ਸ਼ਬਦ ਨੂੰ 'ਸੋਹਿਲਾ' ਤੋਂ ਪਹਿਲਾਂ ਸਥਾਨ ਦਿੱਤਾ ਹੈ— *ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵਡੰਦੇ।* 'ਕੀਰਤਿ' ਹੀ ਭਾਸ਼ਾ ਵਿਗਿਆਨ ਦੇ ਮੁਖ-ਸੁਖ ਸਿੱਧਾਂਤ ਅਨੁਸਾਰ ਜਾਂ ਸਿੱਖ-ਸਾਧਕਾਂ ਵਿਚ 'ਕੀਰਤਨ' ਸ਼ਬਦ ਦੇ ਆਮ ਪ੍ਰਚਲਨ ਕਾਰਣ ਇਸ ਸ਼ਬਦ-ਸਮੁੱਚ ਨੂੰ 'ਕੀਰਤਨ ਸੋਹਿਲਾ' ਕਿਹਾ ਜਾਣ ਲਗਿਆ ਪ੍ਰਤੀਤ ਹੁੰਦਾ ਹੈ।

ਇਸ ਸਮੁੱਚ ਵਿਚਲਾ ਪਹਿਲਾ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਇਸ ਵਿਚ ਵਿਆਹ ਵੇਲੇ ਕੁੜੀ ਦੇ ਮਾਈਏ ਪੈਣ ਅਤੇ ਇਸਤਰੀਆਂ ਦੁਆਰਾ ਸੁਹਾਗ ਦੇ ਗੀਤ ਗਾਉਣ ਅਤੇ ਅਸੀਸਾਂ ਦੇਣ ਦੀ ਰਸਮ ਦੇ ਰੂਪਕ ਰਾਹੀਂ ਸੰਸਾਰ ਰੂਪੀ ਪੇਕਾ ਘਰ ਛਡ ਕੇ ਪਤੀ ਰੂਪੀ ਪਰਮਾਤਮਾ ਦੇ ਘਰ ਜਾਣ ਵਾਲੀ ਇਸਤਰੀ (ਜਿਗਿਆਸੂ) ਨੂੰ ਸਤਿਸੰਗ ਵਿਚ ਬੈਠ ਕੇ ਹਰਿ-ਯਸ਼ ਰੂਪੀ ਸੁਹਾਗ-ਗੀਤ ਸੁਣਨੇ ਅਤੇ ਅਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ। ਇਸ ਲੌਕਿਕ ਪਿਛੋਕੜ ਕਾਰਣ ਹੀ 'ਕੀਰਤਨ ਸੋਹਿਲਾ' ਦਾ ਪਾਠ ਸੌਣ ਵੇਲੇ ਤੋਂ ਇਲਾਵਾ ਕਿਸੇ ਦੇ ਮਰਨ ਉਪਰੰਤ ਵੀ ਕੀਤਾ ਜਾਂਦਾ ਹੈ।

ਦੂਜਾ ਸ਼ਬਦ ਵੀ ਗੁਰੂ ਨਾਨਕ ਦੇਵ ਜੀ ਦਾ ਹੈ। ਇਸ ਵਿਚ ਇਸ ਸਿੱਧਾਂਤ ਨੂੰ ਸਪੱਸ਼ਟ ਕੀਤਾ ਗਿਆ ਹੈ ਕਿ ਜਿਵੇਂ ਸੂਰਜ ਇਕ ਹੀ ਹੈ ਪਰ ਉਸ ਦੀਆਂ ਅਗੋਂ ਥਿਤਾਂ, ਵਾਰਾਂ, ਮਹੀਨਿਆਂ, ਪਹਿਰਾਂ, ਘੜੀਆਂ ਵਜੋਂ ਕਈ ਵਖ ਵਖ ਇਕਾਈਆਂ ਹਨ, ਤਿਵੇਂ ਹੀ ਇਕ ਪਰਮਾਤਮਾ ਦੇ ਕਈ ਸਰੂਪ ਅਤੇ ਭੇਦ ਹਨ— *ਸੂਰਜੁ ਏਕੋ ਰੁਤਿ ਅਨੇਕ। ਨਾਨਕ ਕਰਤੇ ਕੇ ਕੇਤੇ ਵੇਸ।*(ਗੁ.ਗ੍ਰੰ.12)।

ਤੀਜਾ ਸ਼ਬਦ ਵੀ ਗੁਰੂ ਨਾਨਕ ਦੇਵ ਜੀ ਦਾ ਹੈ। ਇਸ ਨੂੰ 'ਆਰਤੀ' ਸਿਰਲੇਖ ਦਿੱਤਾ ਹੋਇਆ ਹੈ। ਇਸ ਸ਼ਬਦ ਨੂੰ ਵਖ ਵਖ ਜਨਮਸਾਖੀਆਂ ਵਿਚ ਭਿੰਨ ਭਿੰਨ ਥਾਂਵਾਂ ਤੇ ਵਿਭਿੰਨ ਸੰਦਰਭਾਂ ਵਿਚ ਉਚਾਰਿਆ ਦਸਿਆ ਗਿਆ ਹੈ। ਇਸ ਲਈ ਇਸ ਦਾ ਰਚਨਾ-ਸਥਾਨ ਅਤੇ ਰਚਨਾ-ਕਾਲ ਅਨਿਸਚਿਤ ਹਨ। ਇਸ ਵਿਚ ਤੁਲਨਾਤਮਕ ਵਿਧੀ ਰਾਹੀਂ ਸਾਧਾਰਣ ਆਰਤੀ ਦੇ ਮੁਕਾਬਲੇ 'ਤੇ ਵਿਰਾਟ ਆਰਤੀ ਦਾ ਸਰੂਪ ਪ੍ਰਸਤੁਤ ਕੀਤਾ ਗਿਆ ਹੈ। ਪਰਮਾਤਮਾ ਦੀ ਸਰਵ-ਵਿਆਪਕਤਾ, ਉਸ ਦੀ ਏਕਤਾ ਤੋਂ ਅਨੇਕਤਾ ਅਤੇ ਅਨੇਕਤਾ ਤੋਂ ਏਕਤਾ ਵਾਲੀ ਬਿਰਤੀ ਨੂੰ ਰੂਪਕ ਅਲੰਕਾਰ ਰਾਹੀਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਪੱਸ਼ਟ ਕੀਤਾ ਗਿਆ ਹੈ।

ਗਉੜੀ ਪੂਰਬੀ ਰਾਗ ਵਿਚ ਲਿਖਿਆ ਚੌਥਾ ਸ਼ਬਦ ਗੁਰੂ ਰਾਮਦਾਸ ਜੀ ਦਾ ਹੈ। ਇਸ ਵਿਚ ਦਸਿਆ ਗਿਆ ਹੈ ਕਿ ਮਨੁੱਖ ਦਾ ਸ਼ਰੀਰ ਰੂਪੀ ਨਗਰ ਕਾਮ, ਕ੍ਰੋਧ ਆਦਿ ਵਾਸਨਾਵਾਂ ਨਾਲ ਭਰਿਆ ਹੋਇਆ ਹੈ ਜਿਸ ਕਰਕੇ ਉਹ ਇਸ ਸੰਸਾਰ ਵਿਚ ਜੰਮ-ਦੰਡ ਸਹਿਨ ਕਰਦਾ ਹੈ। ਪਰਮਾਤਮਾ ਦੀ ਭਗਤੀ ਕਰਨ ਵਿਚ ਮਗਨ ਬੰਦੇ ਵਾਸਨਾਵਾਂ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਪਰਮ-ਧਾਮ ਤਕ ਪਹੁੰਚ ਜਾਂਦੇ ਹਨ।

ਪੰਜਵਾਂ ਸ਼ਬਦ ਵੀ ਗਉੜੀ ਪੂਰਬੀ ਰਾਗ ਵਿਚ ਲਿਖਿਆ ਗੁਰੂ ਅਰਜਨ ਦੇਵ ਜੀ ਦਾ ਹੈ। ਇਸ ਵਿਚ ਜਿਗਿਆਸੂ ਨੂੰ ਸਮਝਾਇਆ ਗਿਆ ਹੈ ਕਿ ਇਹ ਸਮਾਂ ਅਧਿਆਤਮਿਕ ਕਮਾਈ ਕਰਨ ਦਾ ਹੈ। ਵਿਕਾਰਾਂ ਨਾਲ ਗ੍ਰਸੇ ਸੰਸਾਰ ਵਿਚੋਂ ਸਾਵਧਾਨੀ ਨਾਲ ਨਿਕਲ ਕੇ ਪਰਮਾਤਮਾ ਨਾਲ ਸੰਯੋਗ ਪ੍ਰਾਪਤ ਕਰਨ ਲਈ ਗੁਰੂ ਦੀ ਮਿਹਰ ਅਤੇ ਪਥ-ਪ੍ਰਦਰਸ਼ਨ ਦੀ ਬਹੁਤ ਲੋੜ ਹੈ। ਇਸ ਲਈ ਜਿਗਿਆਸੂ ਦੀ ਪਰਮਾਤਮਾ ਕੋਲ ਆਤਮਿਕ ਉੱਧਾਰ ਲਈ ਬੇਨਤੀ ਹੈ— *ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ। ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।* (ਗੁ.ਗ੍ਰੰ.13)।

**ਸੋਹੰ**: ਵੇਦਾਂਤ ਦੀ ਇਸ ਉਕਤੀ ਤੋਂ ਭਾਵ ਹੈ 'ਉਹ ਮੈਂ ਹਾਂ'। ਗੁਰਬਾਣੀ ਵਿਚ ਇਹ ਪਰਮ-ਸੱਤਾ ਨਾਲ ਤਦਾਕਾਰਤਾ ਦੀ ਅਵਸਥਾ ਦਾ ਸੂਚਕ ਸ਼ਬਦ ਹੈ। ਇਸ ਨੂੰ ਅਭੇਦਤਾ ਦੀ ਅਵਸਥਾ ਵੀ ਕਿਹਾ ਜਾ ਸਕਦਾ ਹੈ। ਜਦੋਂ ਕੋਈ ਗੁਰੂ ਦੇ ਸ਼ਬਦ ਦੁਆਰਾ ਪਤੀਜ ਜਾਂਦਾ ਹੈ, ਤਾਂ ਉਹ ਪਰਮਾਤਮਾ ਨਾਲ ਅਭੇਦ ਹੋਣ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ। ਪਰਮ-ਸੱਤਾ ਨਾਲੋਂ ਇਹ ਅਭਿੰਨਤਾ ਦੀ ਅਵਸਥਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਕਿਹਾ ਹੈ— *ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ।*(ਗੁ.ਗ੍ਰੰ.60)।

ਕਈ ਵਾਰ ਇਸ ਨੂੰ ਪਰਮਾਤਮਾ ਦਾ ਵਾਚਕ ਵੀ ਮੰਨ ਲਿਆ ਜਾਂਦਾ ਹੈ। ਸੋਰਠਿ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਮਾਇਆ-ਮੁਕਤ ਪਰਮਾਤਮਾ ਨੂੰ ਸਭ ਦਾ ਮੂਲ ਤੱਤ੍ਵ ਕਹਿ ਕੇ, ਸਭ ਵਿਚ ਉਸੇ ਦੀ ਜੋਤਿ ਪਸਰੀ ਹੋਈ ਦਸੀ ਹੈ। ਸਭ ਕੁਝ ਉਹ ਆਪ ਹੀ ਹੈ, ਉਸ ਤੋਂ ਭਿੰਨ ਕੁਝ ਨਹੀਂ— *ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ।*(ਗੁ.ਗ੍ਰੰ.599)।

ਸੰਤ ਕਬੀਰ ਜੀ ਨੇ 'ਸੋਹੰ' (ਉਹ ਮੈਂ ਹਾਂ) ਨੂੰ ਜਪ

ਦੀ ਇਕ ਜੁਗਤ ਦਸਦੇ ਹੋਇਆਂ ਕਿਹਾ ਹੈ— *ਸੋਹੰ ਸੋ ਜਾ ਕਉ ਹੈ ਜਾਪ। ਜਾ ਕਉ ਲਿਪਤ ਨ ਹੋਇ ਪੁੰਨੁ ਅਰੁ ਪਾਪ।* (ਗੁ.ਗ੍ਰੰ.1162)। ਇਸ ਦਾ ਉਲਟੇ ਰੂਪ ਵਿਚ ਵੀ ਜਪ ਕੀਤਾ ਜਾਂਦਾ ਹੈ, ਜਿਵੇਂ ਉਹ ਮੈਂ ਹਾਂ (ਸੋਹੰ), ਮੈਂ ਉਹ ਹੈ (ਹੰਸਾ)। ਗੁਰੂ ਨਾਨਕ ਦੇਵ ਨੇ ਮਾਰੂ ਰਾਗ ਵਿਚ ਕਿਹਾ ਹੈ ਕਿ ਉਹ ਮੈਂ ਹਾਂ ਅਤੇ ਮੈਂ ਉਹ ਹੈ, ਵਾਲਾ ਜਾਪ ਜਪੋ ਕਿਉਂਕਿ ਤਿੰਨੋਂ ਲੋਕ ਉਸੇ ਵਿਚ ਸਮਾਏ ਹੋਏ ਹਨ— *ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ।*(ਗੁ.ਗ੍ਰੰ.1093)।

**ਸੋਢੀ** (ਉਪ-ਜਾਤਿ): ਪੰਜਾਬ ਦੇ ਖਤ੍ਰੀਆਂ ਦੇ ਸ਼ਰੀਣ ਵਰਗ ਦੀ ਇਕ ਉਪ-ਜਾਤਿ ਜਿਸ ਦਾ ਪਰੰਪਰਿਕ ਪਿਛੋਕੜ, 'ਬਚਿਤ੍ਰ ਨਾਟਕ' ਅਨੁਸਾਰ ਸ੍ਰੀ ਰਾਮ ਚੰਦਰ ਦੇ ਵੱਡੇ ਸੁਪੁੱਤਰ 'ਲਵ' ਨਾਲ ਜੁੜਦਾ ਹੈ ਅਤੇ ਜਿਸ ਦੇ ਨਾਂ ਉਤੇ ਲਾਹੌਰ ਨਗਰ ਵਸਿਆ ਹੋਇਆ ਹੈ। ਪੰਜਾਬ ਦੀ ਗੁਰੂ-ਪਰੰਪਰਾ ਵਿਚੋਂ ਚੌਥੇ ਗੁਰੂ ਰਾਮ ਦਾਸ ਜੀ ਇਸੇ ਉਪ-ਜਾਤਿ ਵਿਚੋਂ ਸਨ। ਉਨ੍ਹਾਂ ਤੋਂ ਬਾਦ ਦੇ ਛੇ ਗੁਰੂ ਵੀ ਚੌਥੇ ਗੁਰੂ ਦੀ ਵੰਸ਼ ਵਿਚ ਹੋਣ ਕਾਰਣ ਸੋਢੀ ਹੀ ਸਨ।

ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨ ਪੁੱਤਰਾਂ ਵਿਚੋਂ ਗੁਰੂ-ਗੱਦੀ ਦਾ ਸਹੀ ਅਧਿਕਾਰੀ ਆਪਣੇ ਛੋਟੇ ਪੁੱਤਰ ਸ੍ਰੀ ਅਰਜਨ ਦੇਵ ਨੂੰ ਸਮਝਿਆ ਅਤੇ ਉਹੀ ਪੰਜਵੇਂ ਗੁਰੂ ਬਣੇ। ਪਰ ਉਨ੍ਹਾਂ ਦੇ ਵੱਡੇ ਸੁਪੁੱਤਰ ਪ੍ਰਿਥੀ ਚੰਦ ਤੋਂ ਇਹ ਜਰਿਆ ਨ ਗਿਆ। ਉਸ ਨੇ ਆਪਣੇ ਪਿਤਾ ਨਾਲ ਸਦਾ ਕੋਈ ਨ ਕੋਈ ਬਖੇੜਾ ਖੜਾ ਕਰੀ ਰਖਿਆ। ਚੌਥੇ ਗੁਰੂ ਜੀ ਨੇ ਇਸ ਪਰਥਾਇ ਆਪਣੀ ਬਾਣੀ ਵਿਚ ਸੰਕੇਤ ਕੀਤਾ ਹੈ— *ਕਾਹੇ ਪੂਤ ਝਗਰਤ ਹਉ ਸੰਗਿ ਬਾਪ। ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ।... ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ। ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ।* (ਗੁ.ਗ੍ਰੰ.1200)। ਪ੍ਰਿਥੀ ਚੰਦ ਦੀ ਇਸ ਅਨਾਦਰਿਤ ਪਹੁੰਚ ਕਰਕੇ ਇਸ ਦੀ ਸੰਤਾਨ ਨੂੰ 'ਛੋਟੇ ਮੇਲ ਵਾਲੇ ਸੋਢੀ' ਕਿਹਾ ਜਾਂਦਾ ਹੈ। 'ਵੱਡੇ ਮੇਲ ਵਾਲੇ ਸੋਢੀ' ਜਾਂ 'ਸੋਢੀ ਸਾਹਿਬਜ਼ਾਦੇ' ਗੁਰੂ ਹਰਿਗੋਬਿੰਦ ਸਾਹਿਬ ਦੇ ਦੂਜੇ ਸੁਪੁੱਤਰ ਬਾਬਾ ਸੂਰਜ ਮੱਲ ਦੀ ਸੰਤਾਨ ਨੂੰ ਮੰਨਿਆ ਜਾਂਦਾ ਹੈ। ਇਹ ਸੋਢੀ ਆਨੰਦਪੁਰ ਵਿਚ ਜਾ ਵਸੇ ਸਨ। ਇਨ੍ਹਾਂ ਵਿਚੋਂ ਸੂਰਜ ਮੱਲ ਦੇ ਪੋਤਰੇ ਅਤੇ ਬਾਬਾ ਦੀਪਚੰਦ ਦੇ ਪੁੱਤਰ ਸ਼ਿਆਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ। ਜਿਸ ਖੰਡੇ ਨਾਲ ਸਿਆਮ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਉਸ ਅਵਸਰ ਤੇ ਉਸ ਨੇ ਜੋ ਕ੍ਰਿਪਾਨ ਪਹਿਨੀ, ਉਹ ਉਸਦੀ ਸੰਤਾਨ ਪਾਸ ਸੁਰਖਿਅਤ ਹੈ।

**ਸੋਢੀਆਂ ਦੀ ਵਾਰ** : ਇਹ ਰਚਨਾ ਭਾਈ ਰਾਮ ਸਿੰਘ ਦੀ ਹੈ ਜੋ ਆਨੰਦਪੁਰ ਦੇ ਸੋਢੀ ਸੁਰਜਨ ਸਿੰਘ ਦਾ ਸ਼ਰਧਾਲੂ ਅਤੇ ਨੌਕਰ ਸੀ। ਬਿਲਾਸਪੁਰ ਰਿਆਸਤ ਦੇ ਰਾਜੇ ਮਹਾਚੰਦ ਨੇ ਸੋਢੀ ਸੁਰਜਨ ਸਿੰਘ ਤੋਂ ਦਸ ਲਖ ਰੁਪਏ ਮਾਮਲੇ ਵਜੋਂ ਮੰਗੇ। ਸੋਢੀ ਹੋਰਾਂ ਨੇ ਦੇਣੋਂ ਨਾਂਹ ਕਰ ਦਿੱਤੀ। ਫਲਸਰੂਪ ਰਾਜਾ ਮਹਾਚੰਦ ਨੇ ਆਨੰਦਪੁਰ ਦੇ ਸੋਢੀਆਂ ਉਤੇ ਹਮਲਾ ਕਰ ਦਿੱਤਾ। ਲਹੂ ਡੋਲ੍ਹਵੀਂ ਲੜਾਈ ਉਪਰੰਤ ਸੰਨ 1812 ਈ. ਵਿਚ ਮਹਾਚੰਦ ਹਾਰ ਗਿਆ ਅਤੇ ਸੋਢੀਆਂ ਦੀ ਜਿਤ ਹੋਈ। ਇਸ ਯੁੱਧ ਵਿਚ ਸੋਢੀਆਂ ਵਲੋਂ ਮਹਾਰਾਜਾ ਰਣਜੀਤ ਸਿੰਘ ਦਾ ਫ਼ੌਜਦਾਰ ਸਰਦਾਰ ਹੁਕਮ ਸਿੰਘ ਵੀ ਬੜੀ ਬਹਾਦਰੀ ਨਾਲ ਲੜਿਆ ਸੀ। ਕਵੀ ਨੇ ਇਸ ਘਟਨਾ ਨੂੰ ਖ਼ਾਲਸੇ ਅਤੇ ਸਮੁੱਚੇ ਪੰਥ ਦੀ ਜਿਤ ਮੰਨ ਕੇ ਬੜੀ ਭਾਵਨਾ-ਭਰੀ ਸ਼ੈਲੀ ਵਿਚ ਚਿਤਰਿਆ ਹੈ। ਆਨੰਦਪੁਰ ਨਾਲ ਸੰਬੰਧਿਤ ਹੋਣ ਕਾਰਣ ਇਸ ਨੂੰ 'ਆਨੰਦਪੁਰ ਦੀ ਵਾਰ' ਵੀ ਕਿਹਾ ਜਾਂਦਾ ਹੈ। ਇਸ ਵਾਰ ਦਾ ਨਾਇਕ ਸੁਰਜਨ ਸਿੰਘ ਗੁਰੂ-ਵੰਸ਼ ਵਿਚੋਂ ਹੋਣ ਕਾਰਣ ਸਮਾਦ੍ਰਿਤ ਹੈ।

ਪਰੰਪਰਾਗਤ ਢੰਗ ਨਾਲ ਲਿਖੀ ਇਸ ਵਾਰ ਵਿਚ ਕੁਲ 38 ਪਉੜੀਆਂ ਹਨ, ਪਰ ਪਉੜੀਆਂ ਦੀ ਤੁਕ-ਗਿਣਤੀ ਇਕ ਸਮਾਨ ਨਹੀਂ ਹੈ। ਨੌਂ ਤੋਂ ਲੈ ਕੇ 19 ਤਕ ਤੁਕਾਂ ਮਿਲਦੀਆਂ ਹਨ। ਤੁਕਾਂਤ ਅੰਤ ਉਤੇ ਮੇਲ ਖਾਂਦਾ ਹੈ, ਪਰ ਪਉੜੀ ਦੇ ਨਿਸ਼ਾਨੀ ਛੰਦ ਵਾਂਗ ਨਹੀਂ, ਸਗੋਂ ਬੈਂਤ ਦੀ ਧਾਰਨਾ ਉਤੇ। ਇਸ ਵਿਚ ਕਵੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਅਤੇ 'ਚੰਡੀ ਦੀ ਵਾਰ' ਦਾ ਕਾਫ਼ੀ ਪ੍ਰਭਾਵ ਗ੍ਰਹਿਣ ਕੀਤਾ ਹੈ। ਬਿਆਨ ਵਿਚ ਬੜੀ ਰਵਾਨੀ ਅਤੇ ਜ਼ੋਰ ਹੈ। ਫ਼ੌਜਾਂ ਦੀ ਚੜ੍ਹਤਲ, ਜਿਤੇ ਹੋਏ ਪੱਖ ਅਤੇ ਹਾਰੇ ਹੋਏ ਪੱਖ ਦੀ ਸਥਿਤੀ ਨੂੰ ਬੜੀ ਨੀਝ ਨਾਲ ਚਿਤਰਿਆ ਗਿਆ ਹੈ। ਬ੍ਰਿੱਤਾਂਤ ਦੀ ਅਧਿਕਤਾ ਕਾਰਣ ਅਲੰਕਾਰ ਘਟ ਹੀ ਵਰਤੇ ਗਏ ਹਨ, ਪਰ ਜਿਥੇ ਵਰਤੇ ਹਨ, ਉਥੇ ਕਵੀ ਨੇ ਆਪਣੀ ਨਿਪੁਣਤਾ ਦਾ ਪਰਿਚਯ ਦਿੱਤਾ ਹੈ। ਇਸ ਦੀ ਬੋਲੀ ਸਰਲ, ਠੇਠ ਅਤੇ ਸਾਹਿਤਿਕ ਪੰਜਾਬੀ ਹੈ। ਕਵੀ ਨੂੰ ਹਿੰਦੂ ਇਤਿਹਾਸ ਮਿਥਿਹਾਸ ਦਾ ਚੰਗਾ ਗਿਆਨ ਹੈ। ਇਹ ਵਾਰ ਢਾਢੀਆਂ ਦੇ ਗਾਏ ਜਾਣ

ਲਈ ਲਿਖੀ ਗਈ ਜਾਪਦੀ ਹੈ।

ਇਸ ਦਾ ਯੁੱਧ ਵਰਣਨ ਬੜਾ ਸਜੀਵ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਕਵੀ ਨੇ ਆਪ ਸਾਰੇ ਯੁੱਧ ਦਾ ਦ੍ਰਿਸ਼ ਵੇਖਿਆ ਹੋਵੇ। ਇਕ ਵੰਨਗੀ ਵੇਖੋ :

*ਸਿੰਘਾਂ ਤੇ ਰਣ ਰਾਜਿਆਂ, ਤਲਵਾਰੀਂ ਛਹਿਬਰ ਮਚਦਾ।*
*ਵਡ ਜੋਧੇ ਆਏ ਇਛ ਨਾਲ, ਹੰਕਾਰ ਖੜੋਤਾ ਨਚਦਾ।*
*ਨਾਰਦ ਘੂਮਰ ਪਾਂਵਦਾ, ਸਿਉ ਡੌਰੂ ਡਗ ਡਗਦਦਾ।*
*ਚੌਸਠ ਜੋਗਣਿ ਸੰਗ ਲੈ, ਬੀਰ ਬਾਵਨ ਖਿੜ ਖਿੜ ਹਸਦਾ।*

**ਸੋੜ੍ਹ/ਸੋੜ੍ਹਾਂ** (ਪਿੰਡ) : ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਦਾ ਇਕ ਪਿੰਡ ਜੋ ਬੰਗਾ ਨਾਂ ਦੀ ਨਗਰੀ ਤੋਂ ਇਕ ਕਿ.ਮੀ. ਉਤਰ ਵਾਲੇ ਪਾਸੇ ਸਥਿਤ ਹੈ। ਸਿੱਖ ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਸੰਨ 1635 ਈ. ਵਿਚ ਕਰਤਾਰਪੁਰ ਤੋਂ ਕੀਰਤਪੁਰ ਨੂੰ ਜਾਂਦਿਆਂ ਇਕ ਪਲਾਹ (ਪਲਾਸ) ਬ੍ਰਿਛ ਹੇਠਾਂ ਕੁਝ ਦੇਰ ਲਈ ਰੁਕੇ ਸਨ। ਪਹਿਲਾਂ ਇਸ ਥਾਂ 'ਤੇ ਸਾਧਾਰਣ ਜਿਹਾ ਗੁਰੂ-ਧਾਮ ਬਣਿਆ ਹੋਇਆ ਸੀ, ਪਰ ਸੰਨ 1965 ਈ. ਵਿਚ ਸੰਤ ਸੇਵਾ ਸਿੰਘ ਆਨੰਦਪੁਰ ਵਾਲਿਆਂ ਦੀ ਸਰਪ੍ਰਸਤੀ ਅਧੀਨ ਸੁੰਦਰ ਨਵੀਂ ਇਮਾਰਤ ਬਣ ਗਈ ਹੈ। ਹੁਣ ਇਹ 'ਗੁਰਦੁਆਰਾ ਗੁਰਪਲਾਹ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ।

ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ। ਇਥੇ ਹਰ ਸਾਲ 20 ਹਾੜ ਨੂੰ ਬੜਾ ਭਾਰੀ ਇਕੱਠ ਹੁੰਦਾ ਹੈ।

**ਸੋਦਰ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ, ਰਾਗ-ਬੱਧ ਬਾਣੀ ਤੋਂ ਪਹਿਲਾਂ ਪੰਜ ਸ਼ਬਦਾਂ ਦੇ ਜੁੱਟ ਨੂੰ 'ਸੋਦਰ' ਨਾਂ ਦਿੱਤਾ ਗਿਆ ਹੈ। ਇਨ੍ਹਾਂ ਸ਼ਬਦਾਂ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ 'ਰਹਿਰਾਸ' (ਵੇਖੋ) ਵਿਚ ਸ਼ਾਮਲ ਕੀਤਾ ਸੀ। ਇਹ ਨਾਂ ਇਸ ਜੁਟ ਦੇ ਪਹਿਲੇ ਸ਼ਬਦ ਦੀ ਪਹਿਲੀ ਤੁਕ ਵਿਚ ਵਰਤੇ ਇਸੇ ਸ਼ਬਦ ਦੇ ਆਧਾਰ 'ਤੇ ਰਖਿਆ ਗਿਆ ਪ੍ਰਤੀਤ ਹੁੰਦਾ ਹੈ। ਇਹ 'ਸ਼ਬਦ' 'ਜਪੁਜੀ' ਅਤੇ ਆਸਾ ਰਾਗ ਵਿਚ ਵੀ ਆਇਆ ਹੈ। ਇਨ੍ਹਾਂ ਤਿੰਨਾਂ ਥਾਂਵਾਂ 'ਤੇ ਕੁਝ ਨਾਮ-ਮਾਤ੍ਰ ਪਾਠਾਂਤਰਾਂ ਦੇ ਬਾਕੀ ਸਭ ਵਿਚ ਸਮਾਨਤਾ ਹੈ।

ਸੰਪ੍ਰਦਾਈ ਪ੍ਰਚਾਰਕਾਂ ਦੀ ਧਾਰਣਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ਪ੍ਰਵੇਸ਼ ਦੁਆਰਾ ਪਰਮਾਤਮਾ ਦੀ ਦਰਗਾਹ ਵਿਚ ਗਏ ਤਾਂ ਉਥੋਂ ਦੀ ਅਜ਼ਮਤ ਨੂੰ ਇਸ ਸ਼ਬਦ ਰਾਹੀਂ ਰੂਪਾਇਤ ਕੀਤਾ। ਪਰ 'ਸੋਦਰ' ਸੰਬੋਧਨ ਇਸ ਉਥਾਨਿਕਾ ਨੂੰ ਠੀਕ ਸਿੱਧ ਨਹੀਂ ਕਰਦਾ ਕਿਉਂਕਿ ਅਜਿਹੀ ਸਥਿਤੀ ਵਿਚ 'ਇਹ ਦਰ' ਹੋਣਾ ਚਾਹੀਦਾ ਸੀ। 'ਮਿਹਰਬਾਨ ਜਨਮਸਾਖੀ' ਵਿਚ ਇਸ ਦਾ ਰਚਨਾ-ਸਥਾਨ ਅਜੋਧਿਆ ਦਸਿਆ ਗਿਆ ਹੈ। ਰਚੈਤਾ ਗੁਰੂ ਜੀ ਅਨੁਸਾਰ ਪ੍ਰਭੂ ਦੇ ਦੁਆਰ ਉਤੇ ਸਾਰੇ ਦੇਵੀ-ਦੇਵਤੇ, ਜਤੀ-ਸਤੀ, ਰਿਖੀ-ਮੁਨੀ ਆਦਿ ਸ਼ਕਤੀਆਂ ਯਸ਼ ਗਾ ਰਹੀਆਂ ਹਨ। ਪਰਮਾਤਮਾ ਅਨੇਕ ਪ੍ਰਕਾਰ ਦੀ ਸ੍ਰਿਸ਼ਟੀ ਉਤਪੰਨ ਕਰਕੇ ਫਿਰ ਸਭ ਦੀ ਸੰਭਾਲ ਵੀ ਕਰ ਰਿਹਾ ਹੈ— *ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ। ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ।* (ਗੁ.ਗ੍ਰੰ.9)।

ਇਸ ਪ੍ਰਕਰਣ ਦਾ ਦੂਜਾ ਸ਼ਬਦ ਆਸਾ ਰਾਗ ਵਿਚ ਲਿਖਿਆ ਮਹਲੇ ਪਹਿਲੇ ਦਾ ਹੈ। ਇਸ ਵਿਚ ਪਰਮਾਤਮਾ ਦੀ ਮਹਾਨਤਾ ਅਤੇ ਵਡਿਆਈ ਨੂੰ ਵਰਨਣ ਤੋਂ ਪਰੇ ਦਸਿਆ ਗਿਆ ਹੈ। ਉਸ ਦੀ ਵਿਰਾਟਤਾ ਦਾ ਅਨੁਮਾਨ ਕੋਈ ਨਹੀਂ ਲਗਾ ਸਕਦਾ — *ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ। ਕੋਇ ਨ ਜਾਣੈ ਤੇਰਾ ਕੀਤਾ ਕੇਵਡੁ ਚੀਰਾ।* (ਗੁ.ਗ੍ਰੰ.9)।

ਤੀਜਾ ਸ਼ਬਦ ਵੀ ਆਸਾ ਰਾਗ ਵਿਚ ਲਿਖਿਆ ਗੁਰੂ ਨਾਨਕ ਦੇਵ ਜੀ ਦਾ ਹੈ। ਇਸ ਵਿਚ ਸੱਚੇ ਪਰਮਾਤਮਾ ਦੇ ਸੱਚੇ ਨਾਮ ਦੇ ਸਿਮਰਨ ਲਈ ਜਿਗਿਆਸੂ ਨੂੰ ਪ੍ਰੇਰਣਾ ਦਿੱਤੀ ਗਈ ਹੈ। ਗੁਰੂ ਜੀ ਨੇ ਕੇਵਲ ਉਸ ਵਿਅਕਤੀ ਨੂੰ ਨੀਵੀਂ ਜਾਤ ਦਾ ਮੰਨਿਆ ਹੈ ਜੋ ਪਰਮਾਤਮਾ ਦੇ ਨਾਮ ਨੂੰ ਭੁਲਾ ਦਿੰਦਾ ਹੈ— *ਖਸਮੁ ਵਿਸਾਰਹਿ ਤੇ ਕਮਜਾਤਿ। ਨਾਨਕ ਨਾਵੈ ਬਾਝੁ ਸਨਾਤਿ।* ਚੌਥਾ ਸ਼ਬਦ ਗੂਜਰੀ ਰਾਗ ਵਿਚ ਲਿਖਿਆ ਗੁਰੂ ਰਾਮਦਾਸ ਜੀ ਦਾ ਹੈ। ਇਸ ਵਿਚ ਸਾਧ-ਸੰਗਤ ਦੇ ਮਹੱਤਵ ਦੀ ਸਥਾਪਨਾ ਹੋਈ ਹੈ ਜੋ ਭਾਗਾਂ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦੀ।

ਗੂਜਰੀ ਰਾਗ ਵਿਚਲੇ ਪੰਜਵੇਂ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਨੇ ਦਸਿਆ ਹੈ ਕਿ ਸਤਿ-ਸੰਗਤ ਵਿਚ ਜਾਣ ਨਾਲ ਹੀ ਜਿਗਿਆਸੂ ਇਸ ਭਵ-ਸਾਗਰ ਤੋਂ ਤਰ ਸਕਦਾ ਹੈ। ਸਭ ਦੀ ਰਚਨਾ ਕਰਕੇ ਫਿਰ ਸਭ ਦਾ ਪ੍ਰਤਿਪਾਲਕ ਉਹ ਪਰਮਾਤਮਾ ਖ਼ੁਦ ਹੈ— *ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ। ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*

*ਮਨ ਮਹਿ ਸਿਮਰਨੁ ਕਰਿਆ।*(ਗੁ.ਗ੍ਰੰ.10)।

**ਸੋ-ਪੁਰਖੁ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਰਾਗ-ਬੱਧ ਬਾਣੀ ਤੋਂ ਪਹਿਲਾਂ ਅਤੇ 'ਸੋਦਰ' ਸ਼ਬਦ-ਜੁੱਟ ਤੋਂ ਬਾਦ ਚਾਰ ਸ਼ਬਦਾਂ ਦਾ ਇਕ ਜੁੱਟ ਜਿਸ ਨੂੰ 'ਸੋ-ਪੁਰਖੁ' ਸਿਰਲੇਖ ਦਿੱਤਾ ਗਿਆ ਹੈ। ਇਹ ਨਾਂ ਵੀ 'ਸੋਦਰ' ਵਾਂਗ ਆਸਾ ਰਾਗ ਵਿਚ ਲਿਖੇ ਮਹਲੇ ਚੌਥੇ ਦੇ ਇਕ ਸ਼ਬਦ ਦੀ ਪਹਿਲੀ ਤੁਕ ਵਿਚੋਂ ਲਿਆ ਗਿਆ ਹੈ— *ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।* ਇਹ ਸ਼ਬਦ-ਜੁੱਟ ਵੀ ਗੁਰੂ ਅਰਜਨ ਦੇਵ ਜੀ ਦੁਆਰਾ 'ਰਹਿਰਾਸ' (ਵੇਖੋ) ਵਿਚ ਸ਼ਾਮਲ ਕੀਤਾ ਗਿਆ ਹੈ।

ਇਸ ਵਿਚ ਪਰਮਾਤਮਾ ਦੇ ਸਰੂਪ ਅਤੇ ਸਮਰਥਤਾ ਉਤੇ ਝਾਤ ਪਾਈ ਗਈ ਹੈ। ਉਹ ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ, ਘਟ-ਘਟ ਵਾਸੀ, ਬੇਅੰਤ, ਅੰਤਰਯਾਮੀ, ਸਰਵੱਗ, ਅਪਰੰਪਾਰ, ਆਦਿ-ਪੁਰਖ, ਨਿਹਚਲ ਸਰੂਪ ਵਾਲਾ ਹੈ— *ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ। ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ।*(ਗੁ.ਗ੍ਰੰ.11)।

ਇਸ ਸ਼ਬਦ-ਸਮੁੱਚ ਦਾ ਦੂਜਾ ਸ਼ਬਦ ਵੀ ਗੁਰੂ ਰਾਮਦਾਸ ਜੀ ਦਾ ਆਸਾ ਰਾਗ ਵਿਚੋਂ ਲਿਆ ਗਿਆ ਹੈ। ਇਸ ਵਿਚ ਵੀ ਪਰਮਾਤਮਾ ਦੇ ਸੱਚੇ, ਸਰਵ-ਸ਼ਕਤੀਮਾਨ, ਕਰਣਹਾਰ ਅਤੇ ਅਦੁੱਤੀ ਸਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ ਕਿਉਂਕਿ — *ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ। ਤੁਧੁ ਬਿਨੁ ਦੂਜਾ ਅਵਰੁ ਨ ਕੋਇ।*(ਗੁ.ਗ੍ਰੰ.11-12)।

ਤੀਜਾ ਸ਼ਬਦ ਆਸਾ ਰਾਗ ਵਿਚੋਂ, ਗੁਰੂ ਨਾਨਕ ਦੇਵ ਜੀ ਦਾ ਲਿਖਿਆ, ਲਿਆ ਗਿਆ ਹੈ। ਇਸ ਵਿਚ ਸੰਸਾਰ ਦੇ ਮਾਇਆਵੀ ਰੂਪ ਅਤੇ ਉਸ ਵਿਚ ਪਸਰੀਆਂ ਵਾਸਨਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਪਰਮਾਤਮਾ ਦੇ ਸਿਮਰਨ ਤੋਂ ਬਿਨਾ ਇਸ ਭਵਜਲ ਤੋਂ ਪਾਰ ਹੋਣਾ ਸੰਭਵ ਨਹੀਂ ਹੈ। ਇਸ ਲਈ ਪਰਮਾਤਮਾ ਦੀ ਯਾਦ ਵਿਚ ਮਗਨ ਵਿਅਕਤੀਆਂ ਦੀ ਸ਼ਰਣ ਵਿਚ ਜਾਣ ਦੀ ਤਾਕੀਦ ਕੀਤੀ ਗਈ ਹੈ।

ਇਸ ਪ੍ਰਸੰਗ ਦਾ ਚੌਥਾ ਸ਼ਬਦ, ਪੰਜਵੇਂ ਗੁਰੂ ਜੀ ਦਾ, ਆਸਾ ਰਾਗ ਵਿਚੋਂ ਲਿਆ ਗਿਆ ਹੈ। ਇਸ ਵਿਚ ਗੁਰੂ ਜੀ ਨੇ ਮਨੁੱਖ ਜੂਨ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਹੀ ਸਾਧਨ ਦਸਦੇ ਹੋਇਆਂ ਜਿਗਿਆਸੂ ਨੂੰ ਉਪਦੇਸ਼ ਦਿੱਤਾ ਹੈ ਕਿ ਹੋਰ ਸਾਰੇ ਕੰਮ ਛਡ ਕੇ ਸਾਧ-ਸੰਗਤ ਵਿਚ ਜਾਣਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਹੀ ਅਧਿਆਤਮਿਕ ਭਵਿਸ਼ ਸੁਧਰਦਾ ਹੈ। ਹਰ ਪ੍ਰਕਾਰ ਦੀ ਹਉਮੈ ਦਾ ਤਿਆਗ ਕਰਕੇ ਪਰਮਾਤਮਾ ਦੀ ਸ਼ਰਣ ਵਿਚ ਜਾਣਾ ਕਲਿਆਣਕਾਰੀ ਅਤੇ ਉਚਿਤ ਉਪਾ ਹੈ— *ਕਹੁ ਨਾਨਕ ਹਮ ਨੀਚ ਕਰੰਮਾ। ਸਰਣਿ ਪਰੇ ਕੀ ਰਾਖਹੁ ਸਰਮਾ।*(ਗੁ.ਗ੍ਰੰ.12)।

**ਸੋਭਾ ਸਿੰਘ, ਆਰਟਿਸਟ** (1901-1986 ਈ.): ਪੰਜਾਬ ਦਾ ਇਕ ਸੁਪ੍ਰਸਿੱਧ ਸਿੱਖ ਚਿਤਰਕਾਰ, ਜਿਸ ਦਾ ਜਨਮ 29 ਨਵੰਬਰ 1901 ਈ. ਨੂੰ ਸ. ਦੇਵਾ ਸਿੰਘ ਰਾਮਗੜ੍ਹੀਆ ਦੇ ਘਰ ਸ੍ਰੀ ਹਰਗੋਬਿੰਦਪੁਰ ਵਿਚ ਹੋਇਆ। ਪੰਦਰਾ ਵਰ੍ਹਿਆਂ ਦੀ ਉਮਰ ਵਿਚ ਇਸ ਨੇ ਅੰਮ੍ਰਿਤਸਰ ਦੇ ਇੰਡਸਟ੍ਰੀਅਲ ਸਕੂਲ ਵਿਚ ਦਾਖ਼ਲਾ ਲੈ ਕੇ ਇਕ ਸਾਲ ਦਾ ਆਰਟ ਐਂਡ ਕਰਾਫਟ ਦਾ ਕੋਰਸ ਕੀਤਾ। 16 ਸਾਲ ਦੀ ਉਮਰ ਵਿਚ ਪਿਤਾ ਦੇ ਦੇਹਾਂਤ ਤੋਂ ਬਾਦ ਇਹ ਤਿੰਨ ਕੁ ਸਾਲ ਆਪਣੀ ਭੈਣ ਪਾਸ ਰਿਹਾ। ਉਸ ਤੋਂ ਬਾਦ ਫ਼ੌਜ ਵਿਚ ਡਰਾਫਟਸਮੈਨ ਭਰਤੀ ਹੋ ਗਿਆ। ਕੁਝ ਸਮਾਂ ਬਗ਼ਦਾਦ ਵਿਚ ਰਹਿ ਕੇ ਫ਼ੌਜ ਵਿਚ ਨੌਕਰੀ ਕੀਤੀ। ਲਗਭਗ 4 ਸਾਲ ਉਥੇ ਰਹਿਣ ਦੌਰਾਨ ਕੁਝ ਅੰਗ੍ਰੇਜ਼ੀ ਦਾ ਅਧਿਐਨ ਕੀਤਾ ਅਤੇ ਪੱਛਮੀ ਚਿਤਰਕਲਾ ਨੂੰ ਸਮਝਣ ਦਾ ਯਤਨ ਕੀਤਾ। ਪਰ ਸੁਤੰਤਰ ਰੂਪ ਵਿਚ ਕੰਮ ਕਰਨ ਦੀ ਇੱਛਾ ਕਰਕੇ ਇਸ ਨੇ ਫ਼ੌਜ ਤੋਂ ਤਿਆਗ ਪੱਤਰ ਦੇ ਦਿੱਤਾ। ਇਸ ਨੇ ਪੱਛਮੀ ਤਕਨੀਕ ਉਤੇ ਤੇਲ-ਚਿਤਰ ਬਣਾਉਣ ਵਿਚ ਪ੍ਰਬੀਨਤਾ ਹਾਸਲ ਕੀਤੀ।

ਪਹਿਲਾਂ ਅੰਮ੍ਰਿਤਸਰ ਰਹਿ ਕੇ ਆਪਣੀ ਚਿਤਰਕਲਾ ਨੂੰ ਵਿਕਸਿਤ ਕਰਨ ਦਾ ਯਤਨ ਕੀਤਾ, ਪਰ ਸਹੀ ਕਦਰ ਨ ਪੈਣ ਕਾਰਣ ਦਿੱਲੀ ਚਲਾ ਗਿਆ। ਉਥੇ ਰੇਲਵੇ ਪਬਲਿਸਿਟੀ ਡਿਪਾਰਟਮੈਂਟ ਵਲੋਂ ਚਿਤਰ ਖ਼ਰੀਦੇ ਜਾਣ 'ਤੇ ਇਸ ਦਾ ਮਾਇਕ ਸੰਕਟ ਦੂਰ ਹੋਇਆ। ਸੰਨ 1933 ਈ. ਤੋਂ 1941 ਈ. ਤਕ ਸ਼ਿਮਲਾ ਆਰਟ ਸੋਸਾਇਟੀ ਦੀਆਂ ਨੁਮਾਇਸ਼ਾਂ ਵਿਚ ਸ਼ਾਮਲ ਹੋਣ ਕਾਰਣ ਇਸ ਨੇ ਕਈ ਇਨਾਮ ਅਤੇ ਮੈਡਲ ਹਾਸਲ ਕੀਤੇ। ਸੰਨ 1935 ਈ. ਵਿਚ ਬਣਾਏ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਨੂਰ ਜਹਾਨ ਦੀ ਝਾਕੀ ਦੇ ਚਿਤਰ ਉਤੇ ਮੁਸਲਮਾਨਾਂ ਵਲੋਂ ਬਹੁਤ ਵਿਰੋਧ ਹੋਇਆ ਅਤੇ ਉਸ ਚਿਤਰ ਦੀ ਛਪਾਈ ਬੰਦ ਕਰਨੀ ਪਈ। ਸਭ ਤੋਂ ਪਹਿਲਾਂ ਸੰਨ 1935 ਈ. ਵਿਚ ਲੰਡਨ ਇਲਸਟ੍ਰੇਟਿਡ

ਨਿਊਜ਼ ਵਿਚ ਇਸ ਦੀਆਂ ਬਣੀਆਂ ਤਸਵੀਰਾਂ ਛਪੀਆਂ ਅਤੇ ਪੱਛਮੀ ਜਗਤ ਵਿਚ ਪ੍ਰਸ਼ੰਸਾ ਖਟੀ। ਇਸ ਦੇ ਚਿਤਰਾਂ ਦਾ ਸੰਬੰਧ ਮੁੱਖ ਤੌਰ 'ਤੇ ਗੁਰੂ ਸਾਹਿਬਾਨ ਅਤੇ ਸਿੱਖ ਸ਼ਖ਼ਸੀਅਤਾਂ ਨਾਲ ਰਿਹਾ। ਸੰਨ 1937 ਈ. ਵਿਚ *'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ'* ਦੇ ਸਿਰਲੇਖ ਅਧੀਨ ਤਿਆਰ ਕੀਤਾ ਗੁਰੂ ਨਾਨਕ ਦੇਵ ਜੀ ਦਾ ਚਿਤਰ ਇਸ ਦੀ ਪ੍ਰਸਿੱਧੀ ਦਾ ਕਾਰਣ ਬਣਿਆ।

ਇਸ ਨੇ ਕਾਂਗੜਾ ਕਲਾ ਨੂੰ ਵਿਕਸਿਤ ਕਰਨ ਲਈ ਅਨੇਕ ਸੁੰਦਰ ਚਿਤਰ ਬਣਾਏ। ਉਥੋਂ ਦੇ ਪਹਾੜੀ ਨਜ਼ਾਰਿਆ ਅਤੇ ਲੋਕ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ। ਸੰਨ 1949 ਈ. ਵਿਚ ਇਹ ਕਾਂਗੜਾ ਜ਼ਿਲ੍ਹੇ ਦੇ 'ਅੰਦਰੇਟਾ' ਕਸਬੇ ਵਿਚ ਸਥਾਈ ਤੌਰ 'ਤੇ ਟਿਕ ਗਿਆ ਅਤੇ ਇਕਾਂਤ ਵਿਚ ਰਹਿ ਕੇ ਆਪਣੀਆਂ ਕਲਾ-ਕ੍ਰਿਤੀਆਂ ਬਣਾਉਣ ਲਗ ਗਿਆ। ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ ਦੇ ਅਵਸਰ 'ਤੇ ਬਣਾਇਆ ਗੁਰੂ ਸਾਹਿਬ ਦਾ ਚਿਤਰ ਇਸ ਦੀ ਕਲਾਤਮਕ ਪ੍ਰਤਿਸ਼ਠਾ ਦਾ ਆਧਾਰ ਬਣਿਆ। ਇਸੇ ਤਰ੍ਹਾਂ ਸੰਨ 1969 ਈ. ਵਿਚ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮਸ਼ਤਾਬਦੀ ਵੇਲੇ ਗੁਰੂ ਨਾਨਕ ਦੇਵ ਜੀ ਦਾ ਚਿਤਰ ਬਣਾ ਕੇ ਆਪਣੀ ਕਲਾ ਦਾ ਸਿਖਰ ਛੋਹਿਆ। ਇਨ੍ਹਾਂ ਤੋਂ ਇਲਾਵਾ, ਇਸ ਨੇ ਕਈ ਗੁਰੂ ਸਾਹਿਬਾਨ ਦੇ ਹੋਰ ਵੀ ਚਿਤਰ ਬਣਾਏ। ਗੁਰੂ ਸਾਹਿਬਾਨ ਦੇ ਚਿਤਰ ਬਣਾਉਣ ਵੇਲੇ ਇਸ ਨੂੰ ਵਿਸਮਾਦੀ ਆਨੰਦ ਦੀ ਪ੍ਰਾਪਤੀ ਹੁੰਦੀ ਸੀ।

ਇਸ ਨੇ ਪੰਜਾਬ ਦੀਆਂ ਪ੍ਰੇਮ ਕਹਾਣੀਆਂ ਤੋਂ ਪ੍ਰਭਾਵਿਤ ਹੋ ਕੇ ਆਦਰਸ਼ਕ ਪ੍ਰੇਮੀਆਂ ਦੇ ਚਿਤਰ ਵੀ ਬਣਾਏ। ਇਸ ਦਾ ਬਣਾਇਆ 'ਸੋਹਣੀ ਮੇਹੀਂਵਾਲ' ਦਾ ਚਿਤਰ ਇਸ ਦੀ ਕਲਾ ਦਾ ਅਦਭੁਤ ਨਮੂਨਾ ਹੈ। ਅਜਿਹੇ ਪੰਜਾਬੀਆਂ ਦੇ ਬਹੁਤ ਘਟ ਘਰ ਹੋਣਗੇ ਜਿਥੇ ਇਸ ਦਾ ਕੋਈ ਚਿਤਰ ਸਜਿਆ ਹੋਇਆ ਨਹੀਂ ਮਿਲੇਗਾ। ਇਸ ਦੇ ਚਿਤਰ ਗੁਰੂ-ਧਾਮਾਂ ਤੋਂ ਇਲਾਵਾ ਦੇਸ਼ ਦੀ ਅਨੇਕ ਆਰਟ ਗੈਲਰੀਆਂ ਦੀ ਸ਼ੋਭਾ ਵੀ ਵਧਾ ਰਹੇ ਹਨ। ਅੰਦਰੇਟਾ ਵਿਚ ਰਹਿੰਦਿਆਂ ਇਸ ਨੇ ਪੰਜਾਬੀ ਨਾਟਕ ਦੀ ਜਨਨੀ ਨੋਹਰਾ ਰਿਚਰਡਸ ਦਾ ਵੀ ਬਹੁਤ ਸੁੰਦਰ ਚਿਤਰ ਬਣਾਇਆ ਸੀ। ਇਸ ਦੇ ਸਾਰੇ ਚਿਤਰ ਆਪਣੇ ਮੂਲ ਰੂਪ ਵਿਚ ਅੰਦਰੇਟਾ ਸਥਿਤ ਇਸ ਦੇ ਸਟੂਡੀਓ ਵਿਚ ਸੰਭਾਲੇ ਹੋਏ ਹਨ। ਇਸ ਨੇ ਆਪਣੇ ਕੁਝ ਕੁ ਸਮਕਾਲੀ ਸ਼ਖ਼ਸੀਅਤਾਂ ਦੇ ਬੱਸਟ ਵੀ ਬਣਾਏ ਸਨ, ਖ਼ਾਸ ਕਰਕੇ ਡਾ. ਮਹਿੰਦਰ ਸਿੰਘ ਰੰਧਾਵਾ ਅਤੇ ਪ੍ਰਿਥਵੀ ਰਾਜ ਕਪੂਰ ਦੇ।

ਇਸ ਦੀ ਕਲਾ ਦੀ ਪ੍ਰਸਿੱਧੀ ਇਸ ਦੇ ਜੀਉਂਦੇ ਜੀ ਦੇਸ਼-ਵਿਦੇਸ਼ ਵਿਚ ਹੋ ਗਈ ਅਤੇ ਅਨੇਕ ਸੰਸਥਾਵਾਂ ਨੇ ਇਸ ਨੂੰ ਸਨਮਾਨਿਤ ਕੀਤਾ। 21 ਅਗਸਤ 1986 ਈ. ਨੂੰ ਇਸ ਦਾ ਪੀ.ਜੀ.ਆਈ. ਚੰਡੀਗੜ੍ਹ ਵਿਚ ਦੇਹਾਂਤ ਹੋਇਆ। ਇਹ ਆਪਣੀ ਕਲਾ ਦੇ ਵਿਕਾਸ ਅਤੇ ਵਿਸਤਾਰ ਲਈ ਪੂਰੀ ਤਰ੍ਹਾਂ ਸੰਤੁਸ਼ਟ ਸੀ। ਇਸ ਦੀ ਚਿਤਰਾਂ ਸੰਬੰਧੀ ਦੇਣ ਕਾਰਣ ਪੰਜਾਬ ਦੀ ਕਲਾ-ਜਗਤ ਵਿਚ ਪਛਾਣ ਬਣੀ ਹੈ।

**ਸੋਭਾ ਸਿੰਘ, ਸਰ** (1890-1978 ਈ.): ਨਵੀਂ ਦਿੱਲੀ ਉਸਾਰਨ ਵਾਲੇ ਠੇਕੇਦਾਰਾਂ ਵਿਚੋਂ ਪ੍ਰਮੁਖ ਸ. ਸੋਭਾ ਸਿੰਘ ਦਾ ਜਨਮ ਸ. ਸੁਜਾਨ ਸਿੰਘ ਦੇ ਘਰ ਪੱਛਮੀ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦੇ ਹਡਾਲੀ ਪਿੰਡ ਵਿਚ ਹੋਇਆ ਸੀ। ਕੁਝ ਸਾਲ ਅੰਮ੍ਰਿਤਸਰ ਵਿਚ ਸਕੂਲੀ ਵਿਦਿਆ ਹਾਸਲ ਕਰਕੇ ਆਪਣੇ ਪਿਤਾ ਦੇ ਠੇਕੇਦਾਰੀ ਵਾਲੇ ਕੰਮ ਵਿਚ ਸ਼ਾਮਲ ਹੋ ਗਿਆ। ਉਦੋਂ ਪਿਉ-ਪੁੱਤਰ ਦੋਵੇਂ ਰੇਲ ਦੀਆਂ ਪਟੜੀਆਂ ਵਿਛਾਉਣ ਦੇ ਕੰਮ ਵਿਚ ਲਗੇ ਹੋਏ ਸਨ।

ਸੰਨ 1911 ਈ. ਵਿਚ ਜਦੋਂ ਹਿੰਦੁਸਤਾਨ ਦੇ ਵਾਈਸਰਾਏ ਲਾਰਡ ਹਾਰਡਿੰਗ ਨੇ ਘੋਸ਼ਣਾ ਕੀਤੀ ਕਿ ਅੰਗ੍ਰੇਜ਼ ਬਾਦਸ਼ਾਹ ਜਾਰਜ ਦੀ ਤਾਜਪੋਸ਼ੀ ਦਸੰਬਰ ਵਿਚ ਦਿੱਲੀ ਵਿਚ ਕੀਤੀ ਜਾਏਗੀ, ਤਾਂ ਸੋਭਾ ਸਿੰਘ ਅਤੇ ਇਸ ਦੇ ਪਿਤਾ ਨੇ ਸਮਝਿਆ ਕਿ ਦਿੱਲੀ ਨੂੰ ਭਵਿਸ਼ ਵਿਚ ਰਾਜਧਾਨੀ ਬਣਾਇਆ ਜਾਏਗਾ। ਇਸ ਲਈ ਇਹ ਦੋਵੇਂ ਦਿੱਲੀ ਆ ਗਏ ਅਤੇ ਠੇਕੇਦਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਪਹਿਲੀ ਵੱਡੀ ਜੰਗ ਕਾਰਣ ਨਵੀਂ ਦਿੱਲੀ ਦੀ ਉਸਾਰੀ ਕੁਝ ਸਮੇਂ ਲਈ ਰੁਕੀ ਰਹੀ। ਉਸ ਤੋਂ ਬਾਦ ਇਨ੍ਹਾਂ ਨੂੰ ਸਾਊਥ ਬਲਾਕ, ਵਿਜਯ ਚੌਕ ਅਤੇ ਇੰਡੀਆ ਗੇਟ ਬਣਾਉਣ ਦੇ ਠੇਕੇ ਮਿਲੇ ਅਤੇ ਰਾਸ਼ਟਰਪਤੀ ਭਵਨ ਦੇ ਕੁਝ ਹਿੱਸੇ ਨੂੰ ਉਸਾਰਨ ਦਾ ਵੀ ਕੰਮ ਸੌਂਪਿਆ ਗਿਆ। ਨਵੀਂ ਦਿੱਲੀ ਦੇ ਭਵਿਸ਼ ਵਿਚ ਵਿਕਸਿਤ ਹੋਣ ਦੀ ਸੰਭਾਵਨਾ ਨੂੰ ਮਨ ਵਿਚ ਰਖਦਿਆਂ ਇਸ ਨੇ ਬਹੁਤ ਸਾਰੀਆਂ ਥਾਂਵਾਂ ਅਤੇ ਬੰਜਰ ਪਹਾੜੀ ਥਾਂਵਾਂ ਬੜੇ ਸਸਤੇ ਦਰਾਂ 'ਤੇ ਖ਼ਰੀਦ ਲਈਆਂ। ਬਾਦ ਵਿਚ ਉਨ੍ਹਾਂ ਉਤੇ ਉਸਾਰੀ ਕਰਵਾ ਕੇ ਬਹੁਤ ਧਨ ਕਮਾਇਆ। ਉਸ ਵਕਤ ਸੋਭਾ ਸਿੰਘ ਨੂੰ ਦਿੱਲੀ ਦਾ ਸਭ ਤੋਂ ਅਮੀਰ ਆਦਮੀ ਸਮਝਿਆ ਜਾਂਦਾ ਸੀ। ਉਪਰੋਕਤ ਇਮਾਰਤਾਂ ਤੋਂ ਇਲਾਵਾ ਇਸ ਨੇ ਬੜੋਦਾ ਹਾਊਸ, ਮਾਡਰਨ

ਸਕੂਲ, ਬ੍ਰਾਡਕਾਸਟਿੰਗ ਹਾਊਸ, ਨੈਸ਼ਨਲ ਅਜਾਇਬ ਘਰ, ਦਿਆਲ ਸਿੰਘ ਕਾਲਜ, ਰੈਡਕ੍ਰਾਸ ਭਵਨ ਆਦਿ ਅਨੇਕ ਇਮਾਰਤਾਂ ਬਣਵਾਈਆਂ। ਦਿੱਲੀ ਤੋਂ ਬਾਰ ਵੀ ਕਈ ਬਿਲਡਿੰਗ ਇਸ ਦੀ ਦੇਖ-ਰੇਖ ਵਿਚ ਬਣੀਆਂ।

ਇਮਾਰਤ ਉਸਾਰੀ ਵਿਚ ਉੱਚਾ ਨਾਂ-ਥਾਂ ਪ੍ਰਾਪਤ ਕਰਨ ਕਰਕੇ ਦਿੱਲੀ ਵਿਚ ਇਸ ਦੀ ਬਹੁਤ ਹੈਸੀਅਤ ਹੋ ਗਈ। ਨਵੀਂ ਦਿੱਲੀ ਮਿਊਂਸਿਪਲ ਕਮੇਟੀ ਦਾ ਪ੍ਰਧਾਨ ਬਣਿਆ। ਅੰਗ੍ਰੇਜ਼ ਸਰਕਾਰ ਵਲੋਂ ਇਸ ਨੂੰ 'ਸਰ' ਦਾ ਖ਼ਿਤਾਬ ਮਿਲਿਆ ਅਤੇ ਕੌਂਸਲ ਆਫ ਸਟੇਟਸ ਦਾ ਮੈਂਬਰ ਵੀ ਬਣਾਇਆ ਗਿਆ। ਆਮ ਤੌਰ 'ਤੇ ਆਪਣੇ ਘਰ ਵਿਚ ਇਹ ਸਦਾ ਕੋਈ ਨ ਕੋਈ ਦਾਹਵਤ ਜਾਂ ਭੋਜ ਕਰੀ ਰਖਦਾ ਜਿਸ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਪ੍ਰਤਿਸ਼ਠਿਤ ਵਿਅਕਤੀ ਅਤੇ ਅਧਿਕਾਰੀ ਸ਼ਾਮਲ ਹੁੰਦੇ। ਇਸ ਨੇ ਆਪਣੀ ਜਾਇਦਾਦ ਦਾ ਬਹੁਤਾ ਹਿੱਸਾ ਇਕ ਚੈਰਿਟਬਲ ਟ੍ਰਸਟ ਲਈ ਰਾਖਵਾਂ ਕਰ ਦਿੱਤਾ। ਹੋਰ ਵੀ ਕਈ ਸੰਸਥਾਵਾਂ ਨੂੰ ਇਸ ਨੇ ਉਦਾਰਤਾ ਨਾਲ ਦਾਨ ਦੇ ਕੇ ਕਾਫ਼ੀ ਯਸ਼ ਖਟਿਆ। ਇਸ ਦੀ ਮ੍ਰਿਤੂ 18 ਅਪ੍ਰੈਲ 1978 ਈ. ਨੂੰ ਨਵੀਂ ਦਿੱਲੀ ਵਿਚ ਹੋਈ।

ਪੰਜਾਬ ਦੇ ਪ੍ਰਸਿੱਧ ਸਾਂਸਦ ਅਤੇ ਵਜ਼ੀਰ ਸ. ਉਜਲ ਸਿੰਘ ਇਸ ਦਾ ਛੋਟਾ ਭਾਈ ਸੀ ਅਤੇ ਸ. ਖ਼ੁਸ਼ਵੰਤ ਸਿੰਘ ਸੋਭਾ ਸਿੰਘ ਦੇ ਚਾਰ ਪੁੱਤਰਾਂ ਵਿਚ ਇਕ ਹੈ ਜਿਸ ਨੇ ਕਲਮ ਦੇ ਜ਼ੋਰ ਤੇ ਆਪਣੀ ਅੰਤਰ-ਰਾਸ਼ਟਰੀ ਪਛਾਣ ਬਣਾਈ ਹੈ।

**ਸੋਭਾ ਰਾਮ, ਭਾਈ** : ਇਕ ਸੇਵਾਪੰਥੀ ਸਾਧ ਜਿਸ ਨੇ 'ਸੰਤ ਮਾਲ' (ਵੇਖੋ) ਦੀ ਰਚਨਾ ਕੀਤੀ ਸੀ।

**ਸੋਮਾਸਰ ਸਾਹਿਬ, ਗੁਰਦੁਆਰਾ** : ਜ਼ਿਲ੍ਹਾ ਲੁਧਿਆਣਾ ਦੇ ਪਿੰਡ 'ਟਿੱਬਾ' ਵਿਚ ਸਥਿਤ ਇਸ ਗੁਰਦੁਆਰੇ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ। ਇਹ ਪਿੰਡ ਸਾਹਨੇਵਾਲ ਤੋਂ ਡੇਹਲੋਂ ਜਾਣ ਵਾਲੀ ਸੜਕ ਉਤੇ ਚੌਥੇ ਕਿ.ਮੀ. ਦੇ ਨੇੜੇ ਵਸਿਆ ਹੋਇਆ ਹੈ। ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਜਦੋਂ ਮਾਛੀਵਾੜੇ ਤੋਂ ਚਲ ਕੇ ਘੁਲਾਲ, ਲੱਲ, ਕਟਾਣੀ, ਰਾਮਪੁਰ, ਕਨੇਚ, ਨੰਦਪੁਰ, ਸਾਹਨੇਵਾਲ ਤੋਂ ਲੰਘਦੇ ਹੋਏ ਆਲਮਗੀਰ ਲਈ ਜਾ ਰਹੇ ਸਨ ਤਾਂ ਰੇਤਲੇ ਟਿਬਿਆਂ ਨਾਲ ਘਿਰੇ ਪਿੰਡ 'ਟਿੱਬਾ' ਕੋਲੋਂ ਲੰਘੇ ਤਾਂ ਪਿੰਡ ਵਾਲਿਆਂ ਨੇ ਮੁਗ਼ਲ ਹਕੂਮਤ ਤੋਂ ਡਰਦਿਆਂ ਗੁਰੂ ਜੀ ਨੂੰ ਪਾਣੀ ਪਿਲਾਣੋਂ ਵੀ ਸੰਕੋਚ ਕੀਤਾ। ਗੁਰੂ ਜੀ ਨੇ ਉਥੇ ਹੀ ਤੀਰ ਮਾਰ ਕੇ ਜਲ ਦਾ ਪ੍ਰਵਾਹ ਚਲਾ ਦਿੱਤਾ। ਗੁਰੂ ਜੀ ਦੀ ਅਜ਼ਮਤ ਨੂੰ ਵੇਖ ਕੇ ਪਿੰਡ ਵਾਲਿਆਂ ਨੇ ਮਾਫ਼ੀ ਮੰਗੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਸੋਮਾਸਰ ਸਾਹਿਬ' ਬਣਿਆ ਹੋਇਆ ਹੈ। ਇਸ ਦੀ ਵਰਤਮਾਨ ਨਵੀਂ ਇਮਾਰਤ ਦੀ ਉਸਾਰੀ ਬਾਬਾ ਗੁਰਦੇਵ ਸਿੰਘ ਨੇ ਕਰਵਾਈ ਹੈ। ਇਥੇ ਹਰ ਮਸਿਆ ਨੂੰ ਉਚੇਚੇ ਦੀਵਾਨ ਸਜਦੇ ਹਨ।

**ਸੋਰਠਿ ਕੀ ਵਾਰ ਮਹਲਾ 4** : ਸੋਰਠ ਰਾਗ ਵਿਚ ਸੰਕਲਿਤ ਇਸ ਵਾਰ ਵਿਚ ਕੁਲ 29 ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਹਨ। ਹਰ ਪਉੜੀ ਦੀਆਂ ਪੰਜ ਪੰਜ ਤੁਕਾਂ ਹਨ, ਪਰ ਤੁਕਾਂ ਦੇ ਆਕਾਰ ਇਕ-ਸਮਾਨ ਨਹੀਂ ਹਨ। ਹਰ ਇਕ ਪਉੜੀ ਨਾਲ ਦੋ ਦੋ ਸ਼ਲੋਕ ਦਰਜ ਹਨ। ਇਸ ਤਰ੍ਹਾਂ ਇਸ ਵਾਰ ਵਿਚ 58 ਸ਼ਲੋਕ ਹਨ ਜਿਨ੍ਹਾਂ ਦੀ ਤੁਕ-ਗਿਣਤੀ ਦੋ ਤੋਂ ਅੱਠ ਤਕ ਹੈ। ਇਨ੍ਹਾਂ ਵਿਚੋਂ ਦੋ ਸ਼ਲੋਕ ਗੁਰੂ ਨਾਨਕ ਦੇਵ ਜੀ ਦੇ, ਇਕ ਗੁਰੂ ਅੰਗਦ ਜੀ ਦਾ, 48 ਗੁਰੂ ਅਮਰਦਾਸ ਜੀ ਦੇ ਅਤੇ ਸੱਤ ਗੁਰੂ ਰਾਮਦਾਸ ਜੀ ਦੇ ਹਨ। ਇਸ ਵਾਰ ਵਿਚ ਪੂਰਬ-ਵਰਤੀ ਗੁਰੂਆਂ ਦੁਆਰਾ ਪ੍ਰਤਿਪਾਦਿਤ ਅਧਿਆਤਮਿਕ ਸਿੱਧਾਂਤਾਂ ਦੀ ਪੁਨਰ-ਸਥਾਪਨਾ ਕੀਤੀ ਗਈ ਹੈ ਜਿਵੇਂ ਸੰਸਾਰ ਦਾ ਸਾਰਾ ਖੇਲ-ਪਸਾਰਾ ਪਰਮਾਤਮਾ ਦੀ ਸਿਰਜਨਾ ਹੈ, ਮਾਇਆ ਵੀ ਪਰਮਾਤਮਾ ਦੁਆਰਾ ਸਿਰਜੀ ਗਈ ਹੈ ਜਿਸ ਦੇ ਪ੍ਰਭਾਵ ਕਾਰਣ ਮਨੁੱਖ ਵਾਸਤਵਿਕਤਾ ਨੂੰ ਭੁਲ ਜਾਂਦਾ ਹੈ। ਗੁਰੂ ਦੀ ਸ਼ਰਣ ਵਿਚ ਜਾਣ ਨਾਲ ਸਹੀ ਸੂਝ ਮਿਲਦੀ ਹੈ ਜਿਸ ਦੇ ਫਲਸਰੂਪ ਹਰਿ-ਨਾਮ ਦੀ ਉਪਾਸਨਾ ਵਿਚ ਬਿਰਤੀ ਜੁੜਦੀ ਹੈ, ਸੰਸਾਰਿਕ ਵਸਤੂਆਂ ਦੀ ਤ੍ਰਿਸ਼ਣਾ ਮੁਕ ਜਾਂਦੀ ਹੈ ਅਤੇ ਇਸ ਪ੍ਰਕਾਰ ਦੇ ਸਾਧਕਾਂ ਦੇ ਸੰਪਰਕ ਵਿਚ ਆਉਣ ਨਾਲ ਕਈ ਹੋਰ ਜਿਗਿਆਸੂਆਂ ਦਾ ਵੀ ਪਾਰ-ਉਤਾਰਾ ਹੋ ਜਾਂਦਾ ਹੈ।

**ਸੋਰਠਿ ਰਾਗ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 139 ਚਉਪਦੇ, 10 ਅਸ਼ਟਪਦੀਆਂ ਅਤੇ ਇਕ ਵਾਰ ਮਹਲਾ 4 ਹੈ। ਭਗਤ-ਬਾਣੀ ਪ੍ਰਕਰਣ ਵਿਚ 23 ਸ਼ਬਦ ਦਰਜ ਹਨ ਜਿਨ੍ਹਾਂ ਵਿਚ 11 ਸੰਤ ਕਬੀਰ ਦੇ, ਤਿੰਨ ਨਾਮਦੇਵ ਜੀ ਦੇ, ਸੱਤ ਭਗਤ ਰਵਿਦਾਸ ਦੇ ਅਤੇ ਦੋ ਸੰਤ ਭੀਖਣ ਦੇ ਹਨ।

ਚਉਪਦੇ ਪ੍ਰਕਰਣ ਦੇ ਕੁਲ 139 ਚਉਪਦਿਆਂ

ਵਿਚੋਂ 12 ਗੁਰੂ ਨਾਨਕ ਦੇਵ ਜੀ ਦੇ ਰਚੇ ਹਨ। ਪਦਿਆਂ ਦੀ ਗਿਣਤੀ ਦੇ ਪੱਖ ਤੋਂ ਨੌਂ ਚਉਪਦੇ ਹਨ ਅਤੇ ਤਿੰਨ ਪੰਜ-ਪਦੇ। ਇਨ੍ਹਾਂ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਸੰਸਾਰਿਕ ਦੁਖਾਂ ਦਾ ਕਾਰਣ ਸਾਡੇ ਆਪਣੇ ਦੋਸ਼ ਹਨ। ਗੁਰੂ ਅਮਰਦਾਸ ਜੀ ਦੇ ਰਚੇ 12 ਚਉਪਦੇ ਚਾਰ ਚਾਰ ਪਦਿਆਂ ਦੇ ਸਮੁੱਚ ਹਨ। ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਰਾਮਦਾਸ ਜੀ ਦੇ ਨੌਂ ਚਉਪਦਿਆਂ ਵਿਚ ਪਹਿਲੇ ਅੱਠ ਚਾਰ ਚਾਰ ਪਦਿਆਂ ਦੇ ਜੁੱਟ ਹਨ ਅਤੇ ਨੌਵੇਂ ਵਿਚ ਪੰਜ ਪਦੇ ਦਰਜ ਹਨ। ਇਨ੍ਹਾਂ ਸ਼ਬਦਾਂ ਵਿਚ ਪਰਮਾਤਮਾ ਨੂੰ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਮੰਨਦੇ ਹੋਇਆਂ, ਬਾਕੀ ਹਰ ਪ੍ਰਕਾਰ ਦੀਆਂ ਅਵਤਾਰੀ ਜਾਂ ਦੈਵੀ ਸ਼ਕਤੀਆਂ ਨੂੰ ਹੇਚ ਸਮਝਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਰਾਗ ਵਿਚ 94 ਚਉਪਦੇ ਲਿਖੇ ਹਨ, ਜਿਨ੍ਹਾਂ ਵਿਚੋਂ 50 ਦੁਪਦੇ ਹਨ, 43 ਚਉਪਦੇ ਅਤੇ ਇਕ ਪੰਚ-ਪਦਾ। ਇਨ੍ਹਾਂ ਵਿਚ ਗੁਰਬਾਣੀ ਦੇ ਅਨੇਕ ਸਿੱਧਾਂਤਾਂ ਦਾ ਵਿਸ਼ਲੇਸ਼ਣ ਹੋਇਆ ਹੈ। ਮੁੱਖ ਤੌਰ 'ਤੇ ਹਰਿ-ਨਾਮ ਦੀ ਆਰਾਧਨਾ ਉਤੇ ਬਲ ਦਿੱਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੇ 12 ਚਉਪਦਿਆਂ ਵਿਚੋਂ ਚਾਰ ਦੁਪਦੇ ਹਨ ਅਤੇ 8 ਤ੍ਰਿਪਦੇ। ਇਨ੍ਹਾਂ ਵਿਚ ਗੁਰੂ ਜੀ ਨੇ ਮ੍ਰਿਤੂ ਦੇ ਭੈ ਅਤੇ ਮਾਇਆ ਦੀ ਤੁੱਛਤਾ ਨੂੰ ਸਪੱਸ਼ਟ ਕੀਤਾ ਹੈ।

ਕੁਲ ਦਸ *ਅਸ਼ਟਪਦੀਆਂ* ਵਿਚੋਂ ਗੁਰੂ ਨਾਨਕ ਦੇਵ ਜੀ ਦੀਆਂ ਲਿਖੀਆਂ ਚਾਰ ਅਸ਼ਟਪਦੀਆਂ ਵਿਚੋਂ ਤਿੰਨ ਅੱਠ ਅੱਠ ਪਦੀਆਂ ਵਾਲੀਆਂ ਹਨ ਅਤੇ ਇਕ ਦਸ ਪਦੀਆਂ ਵਾਲੀ ਹੈ। ਗੁਰੂ ਅਮਰਦਾਸ ਜੀ ਨੇ ਆਪਣੀਆਂ ਤਿੰਨ ਅਸ਼ਟਪਦੀਆਂ ਵਿਚ ਦਸਿਆ ਹੈ ਕਿ ਭਗਤੀ ਦੀ ਦਾਤ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀਆਂ ਤਿੰਨ ਅਸ਼ਟਪਦੀਆਂ ਵਿਚੋਂ ਦੋ ਵਿਚ ਅੱਠ ਅੱਠ ਪਦੀਆਂ ਹਨ ਅਤੇ ਇਕ ਵਿਚ ਨੌਂ। ਇਨ੍ਹਾਂ ਵਿਚ ਪਰਮਾਤਮਾ ਦਾ ਸੰਯੋਗ ਗੁਰੂ ਦੀ ਕ੍ਰਿਪਾ ਦਾ ਫਲ ਦਸਿਆ ਗਿਆ ਹੈ।

ਇਸ ਤੋਂ ਬਾਦ 'ਸੋਰਠਿ ਕੀ ਵਾਰ ਮ.੪' (ਵੇਖੋ) ਦਰਜ ਹੈ ਜਿਸ ਬਾਰੇ ਵਿਸਤਾਰ ਲਈ ਵੇਖੋ ਇਸ ਦਾ ਇੰਦਰਾਜ।

*ਭਗਤਬਾਣੀ* ਪ੍ਰਕਰਣ ਵਿਚ 11 ਸ਼ਬਦ ਭਗਤ ਕਬੀਰ ਦੇ ਦਰਜ ਹਨ। ਇਨ੍ਹਾਂ ਵਿਚ ਜਿਗਿਆਸੂ ਨੂੰ ਉਪਦੇਸ਼ ਕੀਤਾ ਗਿਆ ਹੈ ਕਿ ਕਰਮ-ਕਾਂਡਾਂ ਵਿਚ ਬਿਰਤੀ ਜੋੜਨਾ ਵਿਅਰਥ ਹੈ। ਭਗਤ ਨਾਮਦੇਵ ਨੇ ਆਪਣੇ ਤਿੰਨ ਸ਼ਬਦਾਂ ਵਿਚ ਪਰਮਾਤਮਾ ਦੇ ਜੋਤਿ-ਸਰੂਪ ਦੀ ਵਿਆਖਿਆ ਕੀਤੀ ਹੈ। ਭਗਤ ਰਵਿਦਾਸ ਨੇ ਆਪਣੇ ਸੱਤ ਸ਼ਬਦਾਂ ਵਿਚ ਪਰਮਾਤਮਾ ਨਾਲ ਹੋਏ ਸੰਯੋਗ-ਸੁਖ ਦਾ ਚਿਤ੍ਰਣ ਕੀਤਾ ਹੈ। ਸੰਤ ਭੀਖਨ ਨੇ ਆਪਣੇ ਦੋ ਸ਼ਬਦਾਂ ਵਿਚ ਦਸਿਆ ਹੈ ਕਿ ਮਨੁੱਖ ਦੇ ਸਾਰੇ ਦੁਖਾਂ ਦੀ ਦਵਾ ਹਰਿ-ਨਾਮ ਹੈ।

**ਸੋਲਹੇ** (ਬਾਣੀ) : ਇਹ ਕੇਵਲ ਮਾਰੂ ਰਾਗ ਵਿਚ ਸੰਕਲਿਤ ਹਨ। ਜਿਵੇਂ ਚਾਰ ਪਦਿਆਂ ਦੇ ਸਮੁੱਚ ਨੂੰ 'ਚਉਪਦਾ' ਅਤੇ ਅੱਠ ਪਦੀਆਂ ਦੇ ਸਮੁੱਚ ਨੂੰ 'ਅਸ਼ਟਪਦੀ' ਨਾਂ ਦਿੱਤਾ ਗਿਆ ਹੈ, ਉਵੇਂ ਸੋਲਹਾਂ ਪਦਿਆਂ ਦੇ ਸਮੁੱਚ ਨੂੰ 'ਸੋਲਹਾ' ਕਿਹਾ ਗਿਆ ਹੈ। ਪਰ ਇਹ ਜ਼ਰੂਰੀ ਨਹੀਂ ਕਿ ਹਰ ਇਕ ਸੋਲਹੇ ਵਿਚ ਪਦਿਆਂ ਦੀ ਗਿਣਤੀ ਸੋਲਹਾਂ ਹੀ ਹੋਵੇ, ਇਹ ਵਧ-ਘਟ ਹੋ ਸਕਦੀ ਹੈ। ਸੋਲਹਿਆਂ ਨੂੰ ਕਿਸੇ ਖ਼ਾਸ ਛੰਦ ਦੀ ਸੀਮਾ ਵਿਚ ਬੰਨ੍ਹਿਆ ਨਹੀਂ ਜਾ ਸਕਦਾ, ਉਂਜ ਵਿਦਵਾਨਾਂ ਨੇ 'ਘਨਕਲਾ' ਅਤੇ 'ਚਿਤ੍ਰਕਲਾ' ਛੰਦਾਂ ਦੇ ਕੁਝ ਲੱਛਣ ਇਨ੍ਹਾਂ ਉਤੇ ਆਰੋਪਿਤ ਕਰਨ ਦੇ ਯਤਨ ਕੀਤੇ ਹਨ। ਸੋਲਹੇ ਦੇ ਹਰ ਪਦੇ ਦੀ ਪਹਿਲੀ ਅਤੇ ਦੂਜੀ ਤੁਕ ਵਿਚ ਸਮਾਨੁਪ੍ਰਾਸ ਹੁੰਦਾ ਹੈ। ਇਨ੍ਹਾਂ ਦੋਹਾਂ ਤੁਕਾਂ ਦਾ ਆਕਾਰ ਲਗਭਗ ਸਮਾਨ ਰਹਿੰਦਾ ਹੈ, ਪਰ ਤੀਜੀ ਤੁਕ ਪਹਿਲੀਆਂ ਦੋਹਾਂ ਤੋਂ ਲੰਬੀ ਅਤੇ ਲਗਭਗ ਦੁਗਣੀ ਹੁੰਦੀ ਹੈ। ਇਸ ਦੇ ਅੰਤ ਉਤੇ ਆਮ ਤੌਰ 'ਤੇ ਕਾਫ਼ੀਆ-ਰੱਦੀਫ਼ ਦੀ ਪਰੰਪਰਾ ਵਿਚ ਲੰਬੀ ਹੇਕ ਵਾਲਾ ਕੋਈ ਸ਼ਬਦ ਰਹਿੰਦਾ ਹੈ। ਵਿਸ਼ੇ ਪੱਖੋਂ ਇਨ੍ਹਾਂ ਵਿਚ ਬ੍ਰਹਿਮੰਡ ਦੀ ਉਤਪੱਤੀ, ਸ੍ਰਿਸ਼ਟੀ ਦੀ ਸਥਿਤੀ, ਪ੍ਰੇਮ-ਭਗਤੀ ਦੀ ਵਿਧੀ ਤੋਂ ਇਲਾਵਾ ਪਰਮਾਤਮਾ ਦੇ ਗੁਣਾਂ ਉਤੇ ਵਿਸਤਾਰ ਸਹਿਤ ਝਾਤ ਪਾਈ ਗਈ ਹੈ।

**ਸੌ ਸਾਖੀ** (ਰਚਨਾ): ਕੂਕਾ ਲਹਿਰ (ਨਾਮਧਾਰੀ ਲਹਿਰ) ਦੇ ਮੋਢੀ ਬਾਬਾ ਰਾਮ ਸਿੰਘ ਜੀ ਦੁਆਰਾ ਵਿਸ਼ੇਸ਼ ਰੂਪ ਵਿਚ ਮਾਨਿਤ 'ਸੌ ਸਾਖੀ' ਨੇ ਸੁਤੰਤ੍ਰਤਾ ਦੀ ਭਾਵਨਾ ਨੂੰ ਪੰਜਾਬੀਆਂ ਦੇ ਮਨ ਵਿਚ ਜਾਗ੍ਰਿਤ ਕਰਨ ਦੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸ ਲਈ ਉਨ੍ਹੀਵੀਂ ਸਦੀ ਦੇ ਉੱਤਰਾਰਧ ਅਤੇ ਵੀਹਵੀਂ ਸਦੀ ਦੇ ਪੂਰਵਾਰਧ ਵਿਚ ਇਹ ਰਚਨਾ ਬਹੁ-ਚਰਚਿਤ ਰਹੀ ਹੈ।

ਇਹ ਰਚਨਾ ਹੁਣ ਹੱਥ-ਲਿਖਿਤ ਪੋਥੀਆਂ ਦੇ ਪਰਸਪਰ ਭਿੰਨ ਸੰਸਕਰਣਾਂ ਦੇ ਰੂਪ ਵਿਚ ਮਲਦੀ ਹੈ ਅਤੇ ਪੁਰਾਣੇ ਅਤੇ ਨਵੇਂ ਟਾਈਪ ਵਿਚ ਇਸ ਦੇ ਪ੍ਰਕਾਸ਼ਿਤ ਰੂਪ ਵੀ

ਉਪਲਬਧ ਹਨ। ਇਸ ਦਾ ਮੂਲ ਨਾਂ 'ਗੁਰ ਰਤਨ ਮਾਲ' ਹੈ, ਪਰ ਇਸ ਦਾ ਲੋਕ-ਪ੍ਰਚਲਿਤ ਨਾਂ 'ਸੌ ਸਾਖੀ' ਹੈ। ਇਸ ਨਾਂ ਦੇ ਪ੍ਰਚਲਿਤ ਹੋਣ ਦਾ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿਤ੍ਰ ਅਤੇ ਨਾਇਕਤਵ ਨਾਲ ਸੰਬੰਧਿਤ ਲਗਭਗ 100 ਸਾਖੀਆਂ ਸੰਕਲਿਤ ਹਨ। ਇਸ ਦੇ ਕੁਝ ਅੰਦਰਲੇ ਸੰਕੇਤਾਂ ਅਤੇ ਪ੍ਰਸਤਾਵਨਾ ਦੇ ਆਧਾਰ 'ਤੇ ਇਹ 'ਵਾਕ' ਦਸਮ ਗੁਰੂ ਦੇ ਮੁਖ ਤੋਂ ਰਾਮ ਕੰਵਰ (ਗੁਰਬਖ਼ਸ਼ ਸਿੰਘ) ਨੇ ਸੁਣੇ ਅਤੇ ਉਸ ਪਾਸੋਂ ਇਸ ਰਚਨਾ ਦੇ ਲੇਖਕ ਸਾਹਿਬ ਸਿੰਘ ਕੋਲ ਪਹੁੰਚੇ।

*ਸਾਹਿਬ ਸਿੰਘ ਪਦ ਸਰਨ ਤੁਹਿ ਲਿਖਾਰੀ ਗ੍ਰੰਥ।*
*ਗੁਰ ਅਨੁਚਰ ਬੁੱਢੇ ਕੁਲਨ ਰਾਮ ਕੁੰਵਰ ਸੁਖ ਪੰਥ।*
*ਰਹੈ ਹਜੂਰ ਦਸਵੇ ਗੁਰੂ ਕਹੈ ਉਕਤਿ ਜੋ ਵਾਕ।*
*ਗੁਰ ਰਤਨ ਮਾਲ ਪੋਥੀ ਲਿਖੋ ਜਿਉ ਗੁਰ ਕੀਨੋ ਵਾਕ।*

ਇਸ ਸੰਗ੍ਰਹਿ ਦੇ ਤੱਥਕ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਵਿਚਲੀਆਂ ਬਹੁਤ ਸਾਰੀਆਂ ਗੱਲਾਂ ਨ ਇਤਿਹਾਸਿਕ ਤੌਰ 'ਤੇ ਠੀਕ ਹਨ ਅਤੇ ਨ ਗੁਰਮਤਿ ਦੇ ਆਸ਼ੇ ਅਨੁਕੂਲ ਬੈਠਦੀਆਂ ਹਨ। ਇਸ ਲਈ ਇਸ ਦੇ ਕਰਤ੍ਰਿਤਵ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਜੋੜਿਆ ਜਾ ਸਕਦਾ। ਰਾਮ ਕੰਵਰ ਵੀ ਗੁਰੂ ਸਾਹਿਬ ਦੇ ਅੰਤਰੰਗ ਅਤੇ ਵਿਸ਼ਵਾਸੀ ਸਿੱਖ-ਸੇਵਕ ਸਨ, ਇਸ ਲਈ ਉਨ੍ਹਾਂ ਤੋਂ ਵੀ ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਧਾਰਾ ਸੰਬੰਧੀ ਬੇ-ਸਿਰ-ਪੈਰ ਕਥਨਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਇਸ ਦਾ ਕਰਤ੍ਰਿਤਵ ਸੰਦਿਗਧ ਹੈ।

ਇਸ ਦਾ ਰਚਨਾ-ਕਾਲ ਵੀ ਗਿਆਤ ਨਹੀਂ ਹੈ। ਇਸ ਸੰਬੰਧ ਵਿਚ ਦੋ ਅੰਦਰਲੀਆਂ ਗਵਾਹੀਆਂ ਉਪਲਬਧ ਹਨ। ਇਕ ਅਨੁਸਾਰ ਇਹ 1734 ਈ. (1791 ਬਿ.) ਦੀ ਰਚਨਾ ਸਿੱਧ ਹੁੰਦੀ ਹੈ ਅਤੇ ਦੂਜੀ ਅਨੁਸਾਰ ਇਸ ਦੀ ਰਚਨਾ 1724 ਈ. (1781 ਬਿ.) ਵਿਚ ਹੋਈ ਸੀ। ਇਕੋ ਪੋਥੀ ਵਿਚ ਇਸ ਦੀ ਰਚਨਾ ਦੇ ਦੋ ਸੰਮਤ ਹੋਣ ਕਾਰਣ ਰਚਨਾ-ਕਾਲ ਸੰਬੰਧੀ ਸਾਰੀ ਸਥਿਤੀ ਸੰਦੇਹਜਨਕ ਹੋ ਜਾਂਦੀ ਹੈ।

ਸਰਦਾਰ ਅਤਰ ਸਿੰਘ ਭਦੌੜੀਏ ਨੇ ਅੰਗ੍ਰੇਜ਼ ਸ਼ਾਸਕਾਂ ਦੇ ਅਧਿਐਨ ਲਈ ਇਸ ਦਾ ਅੰਗ੍ਰੇਜ਼ੀ ਰੂਪਾਂਤਰ ਤਿਆਰ ਕੀਤਾ ਅਤੇ ਸ਼ੁਰੂ ਵਿਚ ਆਪਣੀ ਰਾਏ ਦਿੰਦਿਆਂ ਇਸ ਨੂੰ ਸੰਨ 1834 ਈ. ਦੀ ਰਚਨਾ ਮੰਨਿਆ।

ਇਸ ਦੇ ਰਚਨਾ-ਕਾਲ ਦਾ ਅਨੁਮਾਨ ਲਾਉਣ ਦੇ ਦੋ ਹੋਰ ਸਾਧਨ ਹਨ। ਪਹਿਲਾ ਸਾਧਨ ਹੈ ਇਸ ਦੀ ਭਾਸ਼ਾ ਜੋ ਬਹੁਤ ਅਰਵਾਚੀਨ ਹੈ ਅਤੇ 19ਵੀਂ ਸਦੀ ਦੇ ਪਹਿਲੇ ਅੱਧ ਦੀ ਪ੍ਰਤੀਤ ਹੁੰਦੀ ਹੈ। ਇਸ ਦਾ ਰੂਪ ਕਿਸੇ ਪੱਖੋਂ ਵੀ ਇਸ ਨੂੰ 19ਵੀਂ ਸਦੀ ਤੋਂ ਪਹਿਲਾਂ ਦੀ ਹੋਣ ਦਾ ਸਿੱਧ ਨਹੀਂ ਕਰਦਾ। ਦੂਜਾ ਸਾਧਨ ਹੈ ਇਸ ਵਿਚ ਅਹਿਮਦ ਸ਼ਾਹ (ਅਬਦਾਲੀ), ਰਣ ਸਿੰਘ (ਰਣਜੀਤ ਸਿੰਘ ਮਹਾਰਾਜਾ), ਦਲੀਪ ਸਿੰਘ ਆਦਿ ਪਰਵਰਤੀ ਵਿਅਕਤੀਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਦਾ ਉਲੇਖ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਵੀ ਇਹ 19ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਪ੍ਰਤੀਤ ਹੁੰਦੀ ਹੈ। ਕੁਲ ਮਿਲਾ ਕੇ ਇਹ ਉਨ੍ਹੀਵੀਂ ਸਦੀ ਦੀ ਦੂਜੀ ਚੌਥਾਈ ਦੀ ਰਚਨਾ ਸਿਧ ਹੁੰਦੀ ਹੈ।

ਇਸ ਪੋਥੀ ਦੀ ਰਚਨਾ-ਪ੍ਰੇਰਣਾ ਪਿਛੇ ਸਿੱਖ ਮਾਨਸਿਕਤਾ ਨੂੰ ਭਵਿਸ਼ਮੁਖੀ ਕਰਨ ਦੀ ਇੱਛਾ ਕਿਸੇ ਨ ਕਿਸੇ ਰੂਪ ਵਿਚ ਰਹੀ ਹੈ। ਸਿੱਖ ਰਾਜ ਦੀ ਸਮਾਪਤੀ ਤੋਂ ਪੈਦਾ ਹੋਈ ਬੇਚੈਨੀ ਨੂੰ ਵਰਚਾਉਣ ਅਤੇ ਡੋਗਰਾ ਵਜ਼ੀਰਾਂ ਵਲੋਂ ਕੀਤੀਆਂ ਦਗੇਬਾਜ਼ੀਆਂ ਨੂੰ ਢਕਣ ਲਈ ਵੀ ਬਹੁਤ ਸਾਮਗ੍ਰੀ ਸ਼ਾਮਲ ਕੀਤੀ ਗਈ ਹੈ। ਬ੍ਰਾਹਮਣੀ ਸੰਸਕਾਰਾਂ ਨੂੰ ਵੀ ਸ਼ਾਮਲ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਅਜਿਹੇ ਯਤਨ ਵਿਚ ਸਰਗਰਮ ਵਿਅਕਤੀ ਦਾ ਨਾਂ 'ਮਥਰਾ ਬਿਪ੍ਰ' ਦਸਿਆ ਗਿਆ ਹੈ।

ਇਸ ਪੋਥੀ ਦੇ ਲਿਖਣ ਪਿਛੇ 'ਦਸਮ ਗ੍ਰੰਥ' ਵਿਚਲੇ ਨਿਹਕਲੰਕੀ ਅਵਤਾਰ, ਚੌਪਾ ਸਿੰਘ ਦੇ ਰਹਿਤਨਾਮੇ ਅਤੇ ਭਾਈ ਕੇਸਰ ਸਿੰਘ ਛਿੱਬਰ ਦੇ ਲਿਖੇ 'ਬੰਸਾਵਲੀਨਾਮਾ ਦਸਾ ਪਾਤਸ਼ਾਹੀਆਂ ਕਾ' ਵਿਚਲੇ ਭਵਿਖ ਕਥਨ ਭੂਮਿਕਾ ਨਿਭਾਉਂਦੇ ਪ੍ਰਤੀਤ ਹੁੰਦੇ ਹਨ। ਇਸ ਦੀਆਂ ਪਹਿਲੀਆਂ ਪੰਜਾਹ ਸਾਖੀਆਂ ਵਿਚੋਂ ਕਈ ਸਾਖੀਆਂ 'ਪਰਚੀਆਂ ਸੇਵਾਦਾਸ' ਦਾ ਬੜਾ ਨਿਕਟ ਅਨੁਕਰਣ ਕਰਦੀਆਂ ਹਨ। ਬਸ ਅੰਤਰ ਇਹ ਹੈ ਕਿ 'ਸੌ ਸਾਖੀ' ਵਾਲੀਆਂ ਸਾਖੀਆਂ ਦੀ ਭਾਸ਼ਾ ਅਧਿਕ ਸਰਲ ਹੈ। ਅਜਿਹੇ ਤੱਥ ਇਸ ਰਚਨਾ ਦੀ ਮੌਲਿਕਤਾ ਨੂੰ ਘਟਾਉਂਦੇ ਹਨ, ਉਥੇ ਇਸ ਦੇ ਸਮੇਂ ਨੂੰ ਵੀ ਦਸਮ ਗੁਰੂ ਤੋਂ ਬਹੁਤ ਬਾਦ ਦਾ ਸਿਧ ਕਰਦੇ ਹਨ।

ਸਿੰਘ ਸਭਾ ਲਹਿਰ ਦੇ ਚਲਣ ਤੋਂ ਪਹਿਲਾਂ ਇਸ ਪੋਥੀ ਦੀ ਸਿੱਖ ਜਗਤ ਵਿਚ ਬੜੀ ਮਾਨਤਾ ਰਹੀ ਹੈ ਅਤੇ ਜਿਤਨਾ ਹਿੰਦੂ ਧਰਮ ਗ੍ਰੰਥਾਂ ਵਿਚ ਭਵਿਸ਼ ਪੁਰਾਣ ਦਾ ਮਹੱਤਵ ਹੈ, ਉਤਨਾ ਹੀ ਇਸ ਪੋਥੀ ਦਾ ਸਿੱਖ ਜਗਤ ਵਿਚ ਰਿਹਾ ਹੈ। ਪਰ ਇਸ ਵਿਚ ਕੀਤੀਆਂ ਭਵਿਸ਼ਬਾਣੀਆਂ ਦਾ ਨ ਪੁਗਣਾ

ਅਤੇ ਬਹੁਤ ਸਾਰੇ ਇਤਿਹਾਸਿਕ ਤੱਥਾਂ ਸੰਬੰਧੀ ਉਕਾਈਆਂ ਕਾਰਣ ਇਸ ਦਾ ਮਹੱਤਵ ਦਿਨੋ-ਦਿਨ ਘਟਦਾ ਗਿਆ ਹੈ ਅਤੇ ਹੁਣ ਕੇਵਲ ਨਾਮਧਾਰੀ ਸੰਪ੍ਰਦਾਇ ਅਤੇ ਨਿਹੰਗ ਸਿੰਘਾਂ ਤਕ ਹੀ ਇਸ ਦਾ ਵਿਸ਼ਵਾਸ ਖੇਤਰ ਸੰਕੁਚਿਤ ਹੋ ਗਿਆ ਹੈ।

ਇਸ ਪੁਸਤਕ ਦੇ ਆਰੰਭ ਵਿਚ ਦਸਾਂ ਗੁਰੂਆਂ ਦਾ ਮੰਗਲ ਹੈ। ਫਿਰ ਇਸ ਦੇ ਲਿਖੇ ਜਾਣ ਸੰਬੰਧੀ ਪ੍ਰਸਤਾਵਨਾ ਅੰਕਿਤ ਕੀਤੀ ਗਈ ਹੈ। ਇਸ ਪਿਛੋਂ ਇਕ ਇਕ ਸਾਖੀ ਸੁਤੰਤਰ ਰੂਪ ਵਿਚ ਚਲਦੀ ਹੈ, ਕੇਵਲ ਦੋ ਤਿੰਨ ਸਾਖੀਆਂ ਦਾ ਪਰਸਪਰ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ। ਹਰ ਸਾਖੀ ਦੇ ਅੰਤ ਵਿਚ ਕੋਈ ਨ ਕੋਈ ਉਪਦੇਸ਼ ਦਿੱਤਾ ਗਿਆ ਹੈ। ਬਹੁਤ ਸਾਰੀਆਂ ਸਾਖੀਆਂ ਰਹਿਤਨਾਮੇ ਅਤੇ ਬਚਨ ਦੀ ਸ਼ੈਲੀ ਵਿਚ ਲਿਖੀਆਂ ਹੋਈਆਂ ਹਨ। ਅਜਿਹੇ ਪ੍ਰਸੰਗਾਂ ਵਿਚ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਉਤੇ ਬਲ ਦਿੱਤਾ ਗਿਆ ਹੈ। ਕੁਝ ਕੁ ਸਾਖੀਆਂ ਦਾ ਸੰਬੰਧ ਗੁਰੂ ਜੀ ਦੇ ਯੁੱਧਾਂ ਨਾਲ ਹੈ। ਅਜਿਹੀਆਂ ਸਾਖੀਆਂ ਵਿਚ ਗੁਰੂ ਜੀ ਨੂੰ ਸ੍ਰੇਸ਼ਠ ਯੁੱਧ-ਨਾਇਕ ਅਤੇ ਵੀਰ ਯੋਧਾ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ। ਕੁਝ ਕੁ ਸਾਖੀਆਂ ਦਾ ਸੰਬੰਧ ਮਨਮਤੀਏ ਮਸੰਦਾਂ ਅਤੇ ਕੁਕਰਮੀ ਸਿੱਖਾਂ ਨੂੰ ਸੋਧਣ ਦੀਆਂ ਘਟਨਾਵਾਂ ਨਾਲ ਹੈ। ਕੁਝ ਕੁ ਪ੍ਰਸੰਗਾਂ ਵਿਚ ਗੁਰੂ ਜੀ ਦੇ ਚਮਤਕਾਰਾਂ ਅਤੇ ਕਰਾਮਾਤਾਂ ਦਾ ਚਿਤ੍ਰਣ ਹੈ ਜਿਨ੍ਹਾਂ ਰਾਹੀਂ ਗੁਰੂ ਜੀ ਦੇ ਚਰਿਤ੍ਰ ਦਾ ਅਗੰਮੀ/ਅਲੌਕਿਕ ਪੱਖ ਪੇਸ਼ ਕੀਤਾ ਗਿਆ ਹੈ। ਕੁਝ ਸਾਖੀਆਂ ਦਾ ਸੰਬੰਧ ਆਨੰਦਪੁਰ ਛਡਣ ਤੋਂ ਬਾਦ ਦੀਆਂ ਘਟਨਾਵਾਂ ਨਾਲ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ, ਡਲੇ ਬਰਾੜ ਨਾਲ ਮੇਲ ਅਤੇ ਬੰਦੇ ਬਹਾਦਰ ਨੂੰ ਪੰਜਾਬ ਵਲ ਘਲਣ ਵਾਲੀਆਂ ਸਾਖੀਆਂ ਇਸੇ ਪ੍ਰਕਾਰ ਦੀਆ ਹਨ। ਕੁਝ ਸਾਖੀਆਂ ਦਾ ਸੰਬੰਧ ਸਾਹਿਬਜ਼ਾਦਿਆਂ ਦੇ ਜਨਮ ਅਤੇ ਅੰਮ੍ਰਿਤ-ਸੰਚਾਰ ਨਾਲ ਵੀ ਹੈ।

ਇਸ ਦਾ ਵਸਤੂ-ਵਿਧਾਨ ਸੰਤੁਲਿਤ ਨਹੀਂ ਹੈ। ਕਿਉਂਕਿ ਇਕ ਤਾਂ ਇਸ ਵਿਚ ਕਾਵਿ ਅੰਸ਼ ਦੇ ਸ਼ਾਮਲ ਹੋਣ ਨਾਲ ਵਸਤੂ-ਵਿਧਾਨ ਜਾਂ ਸੰਯੋਜਨ ਠੀਕ ਨਹੀਂ ਰਿਹਾ। ਦੂਜਾ ਇਸ ਵਿਚ ਕੁਝ ਸਾਖੀਆਂ ਦੀ ਭਾਸ਼ਾ ਸ਼ੈਲੀ ਆਪਣੀਆਂ ਪੂਰਵ -ਪਰ ਸਾਖੀਆਂ ਨਾਲੋਂ ਭਿੰਨ ਅਤੇ ਅਧਿਕ ਪ੍ਰਾਚੀਨ ਪ੍ਰਤੀਤ ਹੁੰਦੀ ਹੈ। ਇਸ ਤੱਥ ਨਾਲ ਲੋਕ ਵਿਚ ਪ੍ਰਸਿੱਧ ਇਸ ਧਾਰਣਾ ਨੂੰ ਪੁਸ਼ਟੀ ਮਿਲਦੀ ਹੈ ਕਿ ਮੂਲ 'ਸੌ ਸਾਖੀ' ਪੋਥੀ ਹੋਰ ਸੀ ਜਿਸ ਵਿਚ ਸੁਆਰਥੀ ਲੋਕਾਂ ਨੇ ਕੁਝ ਵਿਅਕਤੀਗਤ ਹਿਤਾਂ ਲਈ ਅਤੇ ਬ੍ਰਾਹਮਣੀ ਰੁਚੀਆਂ ਦੇ ਅਨੁਰੂਪ ਸਾਮਗ੍ਰੀ ਲਿਖ ਕੇ ਇਸ ਤਰ੍ਹਾਂ ਨਾਲ ਸੰਜੋ ਦਿੱਤੀ ਹੈ ਕਿ ਹੁਣ ਇਹ ਲਭ ਸਕਣਾ ਕਠਿਨ ਹੋ ਗਿਆ ਹੈ ਕਿ ਇਸ ਪੋਥੀ ਦਾ ਮੂਲ ਰੂਪ ਕੀ ਸੀ ?

ਇਸ ਦੀ ਸ਼ੈਲੀ ਉਪਦੇਸ਼ਾਤਮਕ ਅਤੇ ਬ੍ਰਿੱਤਾਂਤਿਕ ਹੈ, ਪਰ ਇਸ ਵਿਚ ਕਿਸੇ ਸੋਹਜ, ਸਾਹਿਤਿਕਤਾ ਜਾਂ ਕਲਾਤਮਕਤਾ ਦਾ ਕੋਈ ਗੁਣ ਨਹੀਂ ਮਿਲਦਾ। ਬੜਾ ਸਾਦਾ ਜਿਹਾ ਬਿਆਨ ਹੈ। ਇਸ ਵਿਚਲੀ ਕਵਿਤਾ ਨਿਰੀ ਤੁਕਬੰਦੀ ਹੈ। ਇਸ ਦੀ ਵਾਰਤਕ ਵਿਚ ਸਰਲਤਾ ਅਤੇ ਸਪੱਸ਼ਟਤਾ ਨਾਂ-ਮਾਤ੍ਰ ਹੈ। ਕਈਆਂ ਸਾਖੀਆਂ ਵਿਚ ਗੱਲਾਂ ਬੁਝਾਰਤਾਂ ਵਾਂਗ ਕਹੀਆਂ ਗਈਆਂ ਹਨ। ਇਸ ਦੀਆਂ ਕਈ ਸਾਖੀਆਂ ਨੂੰ ਲੇਖਕ ਨੇ ਪੂਰਵ-ਵਰਤੀ ਰਚਨਾਵਾਂ ਤੋਂ ਅਦਲ ਬਦਲ ਕੇ ਆਪਣੇ ਵਲੋਂ ਲਿਖ ਪਾਇਆ ਹੈ।

ਇਸ ਦੀ ਭਾਸ਼ਾ ਦਾ ਮੁਹਾਂਦਰਾ ਨਵੀਨ ਹੈ। ਇਸ ਦੇ ਰਚਨਾ-ਕਾਲ ਦੀ ਸੰਦਿਗਧਤਾ ਦਾ ਇਹ ਇਕ ਪ੍ਰਮੁਖ ਕਾਰਣ ਹੈ। ਇਸ ਉਤੇ ਹਿੰਦਵੀ ਦੀ ਪਕੜ ਬੜੀ ਮਜ਼ਬੂਤ ਹੈ। ਇਹ ਪ੍ਰਭਾਵ ਸ਼ਬਦਾਵਲੀ ਅਤੇ ਵਿਆਕਰਣ ਦੋਹਾਂ ਪੱਖਾਂ ਤੋਂ ਹੈ। ਪਰ ਇਸ ਦੀ ਭਾਸ਼ਾ ਵਿਚ ਸੋਹਜ ਅਤੇ ਭਾਵ-ਪ੍ਰਸੰਗ ਅਨੁਕੂਲਤਾ ਵਾਲੀ ਮਾਰਮਿਕਤਾ ਨਹੀਂ ਹੈ। ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਘਟ ਵਰਤੋਂ ਹੋਈ ਹੈ। ਕੁਲ ਮਿਲਾ ਕੇ ਇਸ ਰਚਨਾ ਦੀ ਭਾਸ਼ਾ ਸਾਧਾਰਣ ਪੱਧਰ ਦੀ ਹੈ ਅਤੇ ਸਾਹਿਤਿਕ ਗੁਣਾਂ ਤੋਂ ਇਹ ਰਚਨਾ ਲਗਭਗ ਵੰਚਿਤ ਹੈ।

**ਸੌਂਟੀ** (ਪਿੰਡ): ਪੰਜਾਬ ਦੇ ਫਤਹਿਗੜ੍ਹ ਜ਼ਿਲ੍ਹੇ ਦੇ ਅਮਲੋਹ ਨਗਰ ਤੋਂ ਉੱਤਰ-ਪੂਰਬ ਵਾਲੇ ਪਾਸੇ ਦੋ ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪੁਰਾਣਾ ਪਿੰਡ, ਜਿਸ ਦੇ ਨੇੜੇ ਖੇਤਾਂ ਵਿਚ ਬਣਿਆ ਇਕ ਧਰਮ-ਧਾਮ 'ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ' ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਥਾਂ ਉਤੇ ਸ਼ਿਕਾਰ ਦੌਰਾਨ ਗੁਰੂ ਸਾਹਿਬ ਦੇ ਕੁੱਤੇ ਨੇ ਜੰਗਲੀ ਸੂਰ ਨੂੰ ਮਾਰ ਦਿੱਤਾ ਸੀ ਅਤੇ ਆਪ ਵੀ ਜ਼ਖ਼ਮਾਂ ਦੀ ਅਧਿਕਤਾ ਕਾਰਣ ਮਰ ਗਿਆ ਸੀ। ਉਥੇ ਕਿਸੇ ਸ਼ਰਧਾਲੂ ਨੇ ਦੋਹਾਂ ਦੀ ਸਮਾਧ ਵੀ ਬਣਾ ਦਿੱਤੀ ਸੀ।

ਇਸ ਗੁਰਦੁਆਰੇ ਦੀ ਇਮਾਰਤ ਪੁਰਾਣੇ ਢੰਗ ਦੀ ਬਣੀ ਹੋਈ ਹੈ ਅਤੇ ਇਸ ਵਿਚ ਕੁਝ ਪੁਰਾਤਨ ਸ਼ਸਤ੍ਰ ਵੀ ਸੰਭਾਲੇ ਹੋਏ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦਿਵਸ 'ਤੇ ਸੰਗਤ ਜੁੜਦੀ ਹੈ। ਇਸ ਪਿੰਡ ਦੇ ਸਰਦਾਰ ਨਿਸ਼ਾਨਾਂ ਵਾਲੀ ਮਿਸਲ ਨਾਲ ਸੰਬੰਧਿਤ ਹਨ।

**ਸੌਂਧਾ ਸਿੰਘ, ਕਵੀ** : ਅਠਾਰ੍ਹਵੀਂ ਸਦੀ ਦੇ ਉੱਤਰਾਰਧ ਵਿਚ ਜਨਮੇ ਕਵੀ ਸੌਂਧਾ ਸਿੰਘ (ਨਾਮਾਂਤਰ ਸੌਂਧਾ ਰਾਮ) ਨੇ ਮਹਾਰਾਜਾ ਰਣਜੀਤ ਸਿਘ ਦੇ ਰਾਜ-ਕਾਲ ਵਿਚ ਆਪਣੀ ਕਵਿਤਾ ਦੀ ਰਚਨਾ ਕੀਤੀ ਹੈ। ਇਸ ਦਾ ਜਨਮ ਅੰਮ੍ਰਿਤਸਰ ਦੇ 'ਕਾਲੇ' ਨਾਂ ਦੇ ਪਿੰਡ ਵਿਚ ਹੋਇਆ ਸੀ। ਕਵੀ ਅਨੁਸਾਰ — *ਸ੍ਰੀ ਅੰਮ੍ਰਿਤਸਰ ਨਗਰ ਦੇ, ਮਾਨੋਂ ਪਸਚਮ ਓਰ। ਤੀਨ ਕੋਸ ਪਰ ਬਸਤ ਹੈ, ਕਾਲੇ ਗ੍ਰਾਮ ਸੋ ਮੋਰ। ਸੰਧੂ ਜਾ ਮਹਿ ਬਸਤ ਹੈ, ਜ਼ਿਮੀਂਦਾਰ ਸਭ ਲੋਕ। ਕਵਿ ਸੌਂਧੇ ਕੋ ਜਨਮ ਤਹਿ, ਭਯੋ ਸੁਬੁਧ ਜਨ ਲੋਕ।* ਇਸ ਨੇ ਲਾਹੌਰ ਜ਼ਿਲ੍ਹੇ ਦੇ ਚੂਣੀਆਂ ਕਸਬੇ ਦੇ ਨੇੜੇ ਵਸਦੇ 'ਖ਼ੱਟੀ-ਨਗਰ' ਨਾਂ ਦੇ ਪਿੰਡ ਦੇ ਗੁਰ ਸਹਾਇ ਕੁੰਦਰਾ ਤੋਂ ਵਿਦਿਆ ਪ੍ਰਾਪਤ ਕੀਤੀ। ਇਸ ਨੇ ਭਾਵੇਂ ਪਿਛਲੀ ਉਮਰੇ ਕਵਿਤਾ ਕਰਨੀ ਸ਼ੁਰੂ ਕੀਤੀ, ਫਿਰ ਵੀ ਪੰਜ ਗ੍ਰੰਥ ਅਤੇ ਕਈ ਪੋਥੀਆਂ ਲਿਖ ਲਈਆਂ। ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ ਵਿਚੋਂ ਪ੍ਰਮੁਖ ਹਨ— (1) ਦਸ ਗੁਰ ਕਥਾ, ਜਿਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਅਤੇ ਪਰਾਕ੍ਰਮਾਂ ਉਤੇ ਝਾਤ ਪਾਈ ਗਈ ਹੈ; (2) ਉਸਤਤਿ ਅੰਮ੍ਰਿਤਸਰ ਜੀ ਕੀ; (3) ਉਸਤਤਿ ਗੁਰੂ ਗੋਬਿੰਦ ਸਿੰਘ ਜੀ ਕੀ; (4) ਗੁਰਪ੍ਰਣਾਲੀ; (5) ਕਥਾ ਸ਼ਾਹਚੀਂ ਖ਼ਾਨ ਕੀ, ਜਿਸ ਵਿਚ ਸ਼ਾਹ ਜ਼ਮਾਂ ਦੇ ਜਰਨੈਲ ਸ਼ਾਹਚੀਂਖ਼ਾਨ ਦੁਆਰਾ ਸੰਨ 1898 ਈ. ਵਿਚ ਰਾਮ ਨਗਰ (ਜ਼ਿਲ੍ਹਾ ਗੁਜਰਾਤ) ਦੇ ਸਿੱਖਾਂ ਉਪਰ ਕੀਤੇ ਹਮਲੇ ਦਾ ਬ੍ਰਿੱਤਾਂਤ ਹੈ; (6) ਬਾਬਾ ਬੁੱਢਾ ਜੀ ਦੀ ਬੰਸਾਵਲੀ; (7) ਸਾਖੀਆਂ ਗਿਆਨ ਉਪਦੇਸ਼ ਆਦਿ। ਇਸ ਤੋਂ ਇਲਾਵਾ ਇਸ ਨੇ ਰਾਮਾਇਣ, ਝਗੜਾ ਜੱਟੀ ਤੇ ਖਤ੍ਰਾਣੀ, ਮਿਠੜੇ, ਹਾਤਮਨਾਮਾ ਆਦਿ ਰਚਨਾਵਾਂ ਦੀ ਸਿਰਜਨਾ ਵੀ ਕੀਤੀ ਹੈ। ਉਪਰੋਕਤ ਰਚਨਾਵਾਂ ਵਿਚੋਂ ਦੂਜੀ ਅਤੇ ਚੌਥੀ ਛਪ ਚੁਕੀਆਂ ਹਨ ਅਤੇ 'ਝਗੜਾ ਜੱਟੀ ਤੇ ਖਤ੍ਰਾਣੀ' ਵੀ ਪ੍ਰਕਾਸ਼ਿਤ ਹੋ ਚੁਕੀ ਹੈ। ਬਾਕੀ ਹੱਥ-ਲਿਖਿਤਾਂ ਦੇ ਰੂਪ ਵਿਚ ਉਪਲਬਧ ਹਨ। ਇਨ੍ਹਾਂ ਰਚਨਾਵਾਂ ਦਾ ਕਾਵਿ-ਪੱਧਰ ਸਾਧਾਰਣ ਹੈ।

**ਸੰਸਕਾਰ** : ਸੰਸਕ੍ਰਿਤ ਦੇ ਇਸ ਸ਼ਬਦ ਤੋਂ ਭਾਵ ਹੈ ਸ਼ੁੱਧ ਕੀਤਾ ਜਾਣਾ। ਭਾਰਤੀ-ਸੰਸਕ੍ਰਿਤੀ ਅਤੇ ਹਿੰਦੂ-ਧਰਮ ਵਿਚ ਜਨਮ ਤੋਂ ਮ੍ਰਿਤੂ ਤਕ ਮਾਨਸਿਕ ਜਾਂ ਸ਼ਰੀਰਿਕ ਸੁਖਾਂ ਲਈ ਕੀਤੇ ਜਾਣ ਵਾਲੇ ਕਾਰਜਾਂ ਨੂੰ 'ਸੰਸਕਾਰ' ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਜਨਮ ਤੋਂ ਮਰਨ ਤਕ ਦਸ ਤੋਂ ਸੋਲ੍ਹਾਂ ਤਕ ਮੰਨੀ ਜਾਂਦੀ ਹੈ, ਜਿਵੇਂ — (1) ਗਰਭ ਧਾਰਨ ਕਰਨ ਤੋਂ ਪਹਿਲਾਂ, (2) ਗਰਭ ਧਾਰਨ ਕਰਨ ਦੇ ਤੀਜੇ ਮਹੀਨੇ ਵਿਚ, (3) ਫਿਰ ਅੱਠਵੇਂ ਮਹੀਨੇ ਵਿਚ, (4) ਪੁੱਤਰ ਜਨਮ ਦੇ ਅਵਸਰ 'ਤੇ, (5) ਬੱਚੇ ਦਾ ਨਾਂ ਰਖਣ ਦੇ ਅਵਸਰ 'ਤੇ, (6) ਚਾਰ ਮਹੀਨਿਆਂ ਤੋਂ ਬਾਦ ਬੱਚੇ ਨੂੰ ਘਰੋਂ ਬਾਹਰ ਲੈ ਜਾਣ 'ਤੇ, (7) ਬੱਚੇ ਨੂੰ ਪਹਿਲੀ ਵਾਰ ਅੰਨ ਖਵਾਉਣ ਵੇਲੇ, (8) ਪਹਿਲੀ ਵਾਰ ਸਿਰ ਮੁੰਨਵਾਉਣ 'ਤੇ, (9) ਵਿਦਿਆ ਅਭਿਆਸ ਲਈ ਪਹਿਲੀ ਵਾਰ ਗੁਰੂ ਕੋਲ ਲੈ ਜਾਣ ਵੇਲੇ, (10) ਜਨੇਊ ਪਾਉਣ ਵੇਲੇ, (11) ਅਧਿਐਨ ਕਰਨ ਉਪਰੰਤ ਗੁਰੂ ਦੇ ਘਰੋਂ ਪਰਤਣ ਵੇਲੇ, (12) ਵਿਆਹ ਕਰਨ ਵੇਲੇ, ਆਦਿ। ਦ੍ਵਿਜ ਵਰਣ ਲਈ ਇਹ ਸੰਸਕਾਰ ਆਵੱਸ਼ਕ ਮੰਨੇ ਗਏ ਹਨ।

ਗੁਰਮਤਿ ਵਿਚ ਇਨ੍ਹਾਂ ਸੰਸਕਾਰਾਂ ਦੀ ਕੋਈ ਮਾਨਤਾ ਨਹੀਂ। ਇਨ੍ਹਾਂ ਦੀ ਥਾਂ ਗੁਰਮਤਿ ਵਿਚ ਕੇਵਲ ਚਾਰ ਸੰਸਕਾਰ ਪ੍ਰਵਾਨਿਤ ਹਨ— ਜਨਮ-ਨਾਮ ਸੰਸਕਾਰ, ਅੰਮ੍ਰਿਤ ਸੰਸਕਾਰ, ਆਨੰਦ ਸੰਸਕਾਰ, ਮ੍ਰਿਤਕ ਸੰਸਕਾਰ — ਵਿਸਤਾਰ ਲਈ ਵੇਖੋ ਸੁਤੰਤਰ ਇੰਦਰਾਜ।

**ਸੰਸਰਾਮ, ਬਾਬਾ** : ਇਹ ਗੁਰੂ ਅਮਰਦਾਸ ਜੀ ਦਾ ਪੋਤਰਾ ਅਤੇ ਬਾਬੇ ਮੋਹਨ ਦਾ ਪੁੱਤਰ ਸੀ। ਬਾਬਾ ਸਰੂਪ ਦਾਸ ਭੱਲਾ ਨੇ 'ਮਹਿਮਾ-ਪ੍ਰਕਾਸ਼' ਵਿਚ ਦਸਿਆ ਹੈ ਕਿ ਇਸ ਦੀ ਮਾਤਾ ਬਚਪਨ ਵਿਚ ਹੀ ਗੁਜ਼ਰ ਗਈ। ਬਾਬਾ ਮੋਹਨ ਚੂੰਕਿ ਤਿਆਗੀ ਚਰਿਤ੍ਰ ਵਾਲਾ ਸਾਧਕ ਸੀ, ਇਸ ਲਈ ਗੁਰੂ ਅਮਰਦਾਸ ਜੀ ਨੇ ਖ਼ੁਦ ਇਸ ਬੱਚੇ ਦੀ ਦੇਖ-ਭਾਲ ਕੀਤੀ।

ਇਸ ਨੇ ਵੱਡੇ ਹੋ ਕੇ ਬਾਣੀ ਦੇ ਪੜ੍ਹਨ ਸੁਣਨ ਵਿਚ ਬਹੁਤ ਰੁਚੀ ਵਿਖਾਈ। ਆਮ ਤੌਰ 'ਤੇ ਇਹ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਰਹਿੰਦਾ ਸੀ ਅਤੇ ਉਨ੍ਹਾਂ ਦੇ ਮੁਖ ਤੋਂ ਉਚਰੀ ਜਾਂਦੀ ਬਾਣੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਦਾ ਜਾਂਦਾ ਸੀ ਅਤੇ ਜ਼ਬਾਨੀ ਯਾਦ ਵੀ ਕਰਦਾ ਜਾਂਦਾ ਸੀ।

ਇਸ ਦੁਆਰਾ ਤਿਆਰ ਕੀਤੀਆਂ ਦੋ ਪੋਥੀਆਂ ਹੁਣ ਵੀ ਮੌਜੂਦ ਹਨ। ਇਕ ਪਿੰਜੌਰ (ਸੁੰਦਰ ਕੁਟੀਆ) ਵਿਚ ਬਾਬਾ ਭਗਤ ਸਿੰਘ ਦੇ ਪਰਿਵਾਰ ਪਾਸ ਪਈ ਹੈ ਅਤੇ ਦੂਜੀ ਅਹੀਆਪੁਰ (ਹੁਣ 371, ਲਾਜਪਤ ਨਗਰ, ਜਲੰਧਰ) ਵਿਚ ਮੌਜੂਦ ਹੈ। ਇਨ੍ਹਾਂ ਨੂੰ 'ਸੰਸਰਾਮ ਵਾਲੀਆਂ ਪੋਥੀਆਂ', 'ਬਾਬੇ ਮੋਹਨ ਵਾਲੀਆਂ ਪੋਥੀਆਂ', 'ਗੋਇੰਦਵਾਲ ਵਾਲੀਆਂ ਪੋਥੀਆਂ' (ਵੇਖੋ) ਆਦਿ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖ-

ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਬੀੜ ਤਿਆਰ ਕਰਨ ਵੇਲੇ ਇਨ੍ਹਾਂ ਪੋਥੀਆਂ ਨੂੰ ਮੰਗਵਾਇਆ ਸੀ ਅਤੇ ਅਧਿਐਨ ਉਪਰੰਤ ਪਰਤਾ ਦਿੱਤਾ ਸੀ।

**ਸੰਸਾਹਰ ਸੁਖਮਨਾ :** ਗੁਰੂ ਗੋਬਿੰਦ ਸਿੰਘ ਜੀ ਦੇ ਕਰਤ੍ਰਿਤਵ ਨਾਲ ਸੰਬੰਧਿਤ ਇਕ ਸੰਖਿਪਤ ਅਪ੍ਰਮਾਣਿਕ ਰਚਨਾ ਜੋ 'ਦਸਮਗ੍ਰੰਥ' ਦੀਆਂ ਸੰਗਰੂਰ ਅਤੇ ਪਟਨੇ ਵਾਲੀਆਂ ਬੀੜਾਂ ਵਿਚ ਸ਼ਾਮਲ ਹੈ। ਇਸ ਦਾ ਆਰੰਭ ਪਟਨੇ ਵਾਲੀ ਬੀੜ ਵਿਚ ਇਸ ਪ੍ਰਕਾਰ ਹੁੰਦਾ ਹੈ— *੧ੴ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ। ਸ੍ਰੀ ਅਕਾਲ ਪੁਰਖ ਜੀ ਸਹਾਇ। ਸੰਸਾਹਰ ਸਬਖਮਨਾ ਸ੍ਰੀਮੁਖ ਵਾਕ ਪਾਤਿਸਾਹੀ ੧੦। ਰਾਗ ਗਉੜੀ...*

ਧਿਆਨ ਰਹੇ ਇਹ ਰਚਨਾ ਸੋਢੀ ਮਿਹਰਬਾਨ ਅਤੇ ਹਰਿਜੀ ਦੀ 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਨਾਂ ਦੀ ਰਚਨਾ ਤੋਂ ਭਿੰਨ ਰਚਨਾ ਹੈ।

**ਸ਼ੰਕਰਗੜ੍ਹ** (ਕਿਲ੍ਹਾ): ਪਿਸ਼ਾਵਰ ਤੋਂ ਉੱਤਰ-ਪੱਛਮ ਵਲ 28 ਕਿ.ਮੀ. ਦੀ ਵਿਥ ਉਤੇ ਸਥਿਤ ਇਕ ਕਿਲ੍ਹਾ ਜਿਸ ਨੂੰ ਸ. ਲਹਿਣਾ ਸਿੰਘ ਸੰਧਾਵਾਲੀਆ ਨੇ ਸੰਨ 1834 ਈ. ਤੋਂ ਬਾਦ ਬਣਵਾਇਆ ਸੀ। ਜਮਰੋਧ ਦੇ ਕਿਲ੍ਹੇ ਵਾਂਗ ਇਸ ਦਾ ਵੀ ਸੈਨਿਕ ਮਹੱਤਵ ਸੀ ਕਿਉਂਕਿ ਇਹ ਕਈ ਪਹਾੜੀ ਰਸਤਿਆਂ ਦੀ ਨਾਕਾਬੰਦੀ ਕਰਦਾ ਸੀ। ਅਸ਼ਟਭੁਜਾ ਆਕਾਰ ਵਾਲੇ ਇਸ ਕਿਲ੍ਹੇ ਦੀ ਹਰ ਭੁਜਾ 54 ਮੀ. ਲੰਬੀ ਸੀ ਅਤੇ ਲਗਭਗ 8 ਮੀਟਰ ਉੱਚੀ ਸੀ। ਉਦੋਂ ਇਸ ਕਿਲ੍ਹੇ ਵਿਚ ਹਰ ਸਮੇਂ 500 ਪੈਦਲ ਸਿਪਾਹੀ, 300 ਘੋੜਸਵਾਰ ਅਤੇ 2 ਵੱਡੀਆਂ ਅਤੇ 10 ਛੋਟੀਆਂ ਤੋਪਾਂ ਮੌਜੂਦ ਰਹਿੰਦੀਆਂ ਸਨ। ਸੰਨ 1837 ਈ. ਵਿਚ ਹਾਜੀਖ਼ਾਨ ਕਾਕੜ ਨੇ ਇਸ ਕਿਲ੍ਹੇ ਨੂੰ ਜਿਤਣ ਦਾ ਯਤਨ ਕੀਤਾ, ਪਰ ਸ. ਲਹਿਣਾ ਸਿੰਘ ਨੇ ਉਸ ਦੇ ਹਮਲੇ ਨੂੰ ਬੜੀ ਬਹਾਦਰੀ ਨਾਲ ਅਸਫਲ ਕਰ ਦਿੱਤਾ। ਸੰਨ 1849 ਈ. ਤੋਂ ਬਾਦ ਇਹ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ।

**ਸੰਗਤ :** ਸਿੱਖ ਧਰਮ-ਕੇਂਦਰ ਦਾ ਇਕ ਨਾਮਾਂਤਰ। ਵੇਖੋ 'ਧਰਮਸਾਲ/ਧਰਮਸਾਲਾ', 'ਗੁਰਦੁਆਰਾ'।

**ਸੰਗਤ ਸਾਹਿਬ :** ਭਾਈ ਫੇਰੂ ਦਾ ਇਕ ਨਾਮਾਂਤਰ। ਵੇਖੋ 'ਫੇਰੂ, ਭਾਈ'।

**ਸੰਗਤ ਸਿੰਘ, ਸੰਤ ਕਮਾਲੀਏ ਵਾਲੇ** (1882-1950 ਈ.): ਇਕ ਸਿੱਖ ਧਰਮ-ਸਾਧਕ ਜਿਨ੍ਹਾਂ ਦਾ ਜਨਮ 'ਕਮਾਲੀਆ' (ਪੱਛਮੀ ਪਾਕਿਸਤਾਨ) ਨਾਂ ਦੇ ਕਸਬੇ ਵਿਚ ਹੋਇਆ। ਇਨ੍ਹਾਂ ਦੇ ਪਿਤਾ ਭਾਈ ਸੀਤਲ ਦਾਸ ਇਕ ਸਹਿਜਧਾਰੀ ਸਿੱਖ ਸੀ ਜਿਸ ਦੇ ਪੂਰਵਜ ਭਾਈ ਸ਼ਾਮੂ ਸਚਿਆਰ ਨੂੰ ਗੁਰੂ ਹਰਿ ਰਾਇ ਜੀ ਦਾ ਨਿਕਟ ਸੰਪਰਕ ਪ੍ਰਾਪਤ ਸੀ। ਇਸ ਤਰ੍ਹਾਂ ਸੰਤ ਸੰਗਤ ਸਿੰਘ ਦਾ ਪਾਲਣ-ਪੋਸ਼ਣ ਅਧਿਆਤਮਿਕ ਵਾਤਾਵਰਣ ਵਿਚ ਹੋਇਆ ਸੀ। ਇਨ੍ਹਾਂ ਨੇ ਬਚਪਨ ਤੋਂ ਗੁਰਮੁਖੀ ਸਿੱਖ ਕੇ ਬਾਣੀ ਅਤੇ ਸਿੱਖ ਇਤਿਹਾਸ ਦਾ ਅਧਿਐਨ ਸ਼ੁਰੂ ਕਰ ਦਿੱਤਾ। ਨੌਂ ਵਰ੍ਹਿਆਂ ਦੀ ਉਮਰ ਵਿਚ ਹੀ ਇਹ ਗੁਰਬਾਣੀ ਦਾ ਪਾਠ ਬੜੀ ਮਧੁਰ ਸੁਰ ਨਾਲ ਕਰਦੇ ਸਨ ਅਤੇ ਜਿਗਿਆਸੂ ਬੜੇ ਪ੍ਰੇਮ ਨਾਲ ਇਨ੍ਹਾਂ ਦਾ ਕੀਤਾ ਪਾਠ ਸੁਣਦੇ ਸਨ। ਆਪ ਨੇ ਸ਼ਾਹ ਜੀਵਣਾ ਨਿਵਾਸੀ ਸੇਵਾ ਪੰਥੀ ਸੰਤ ਭਾਈ ਫਤਹਿਚੰਦ ਤੋਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨੇ ਸਿੱਖੇ ਅਤੇ ਪੰਡਿਤ ਕਾਲਾ ਸਿੰਘ ਤੋਂ ਸੰਸਕ੍ਰਿਤ ਭਾਸ਼ਾ ਦਾ ਬੋਧ ਪ੍ਰਾਪਤ ਕੀਤਾ। ਭਾਰਤੀ ਧਰਮ ਗ੍ਰੰਥਾਂ ਲਈ ਇਹ ਪੰਡਿਤ ਰਾਮ ਸਰਨ ਦੇ ਸੇਵਕ ਬਣੇ। ਇਨ੍ਹਾਂ ਨੇ ਮੁਲਤਾਨ ਜ਼ਿਲ੍ਹੇ ਦੇ ਸ਼ੁਜਾਹਾਬਾਦ ਨਗਰ ਦੇ ਨੇੜੇ ਆਪਣੀ ਕੁਟੀਆ ਬਣਾ ਲਈ ਅਤੇ ਹਰਿ-ਭਗਤੀ ਵਿਚ ਮਗਨ ਹੋ ਗਏ।

ਭਾਈ ਵੀਰ ਸਿੰਘ ਦੇ ਲਿਖੇ ਮਹਾਕਾਵਿ 'ਰਾਣਾ ਸੂਰਤ ਸਿੰਘ' ਤੋਂ ਇਹ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦਾ ਸੰਪਰਕ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਆਏ। ਉਸ ਤੋਂ ਬਾਦ ਭਾਈ ਸਾਹਿਬ ਨਾਲ ਦੂਜੀ ਵਾਰ ਆਪ ਦਾ ਮੇਲ ਕਮਾਲੀਏ ਵਿਚ ਹੋਇਆ। ਭਾਈ ਸਾਹਿਬ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਇਨ੍ਹਾਂ ਨੇ ਉਨ੍ਹਾਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਸੰਗਤ ਦਾਸ ਦੀ ਥਾਂ ਸੰਗਤ ਸਿੰਘ ਨਾਂ ਰਖ ਲਿਆ। ਇਨ੍ਹਾਂ ਨੇ ਸਾਰੀ ਉਮਰ ਗੁਰਬਾਣੀ ਦੀ ਕਥਾ ਅਤੇ ਗੁਰਮਤਿ ਪ੍ਰਚਾਰ ਕੀਤਾ। ਇਨ੍ਹਾਂ ਦੀ ਕਥਾ ਅਤੇ ਪ੍ਰਵਚਨਾਂ ਵਿਚ ਮਧੁਰ ਰਸ ਹੀ ਨਹੀਂ ਸੀ, ਬਾਣੀ ਦੀ ਵਿਆਖਿਆ ਵੀ ਬੜੀ ਪ੍ਰਮਾਣਿਕ ਸੀ। ਇਨ੍ਹਾਂ ਦੇ ਪ੍ਰਭਾਵ ਕਾਰਣ ਸਿੰਧ, ਮੁਲਤਾਨ, ਪੋਠੋਹਾਰ, ਸਰਗੋਧਾ, ਝੰਗ ਅਤੇ ਸਰਹਦੀ ਸੂਬੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕੀਂ ਸਿੰਘ ਸਜੇ। ਇਨ੍ਹਾਂ ਨੇ ਖ਼ਾਲਸਾ ਟ੍ਰੈਕਟ ਸੋਸਾਇਟੀ ਲਈ ਕਈ ਟ੍ਰੈਕਟ ਵੀ ਲਿਖੇ।

ਦੇਸ਼ ਵੰਡ ਤੋਂ ਬਾਦ ਇਹ ਪਟਿਆਲੇ ਆ ਵਸੇ। ਕਥਾ-ਵਾਰਤਾ ਦਾ ਪ੍ਰਵਾਹ ਉਸੇ ਤਰ੍ਹਾਂ ਜਾਰੀ ਰਖਿਆ। ਆਪਣੇ

ਜੀਵਨ ਦੇ ਅੰਤ-ਕਾਲ ਵੇਲੇ ਇਨ੍ਹਾਂ ਨੇ ਜਪੁਜੀ ਸੰਬੰਧੀ ਆਪਣੇ ਪ੍ਰਵਚਨ ਨੂੰ ਲਿਪੀਬੱਧ ਕਰਵਾਇਆ, ਜਿਸ ਦਾ ਪ੍ਰਕਾਸ਼ਨ 'ਸ੍ਰੀ ਜਪੁਜੀ ਕਥਾ' ਨਾਂ ਅਧੀਨ ਸੰਨ 1959 ਈ. ਵਿਚ ਹੋਇਆ। ਆਪਣੀ ਅਧਿਆਤਮਿਕ ਵਿਰਾਸਤ ਨੂੰ ਆਪਣੇ ਸੁਯੋਗ ਪੁੱਤਰ ਸੰਤ ਕਰਤਾਰ ਸਿੰਘ ਕਮਾਲੀਏ ਵਾਲੇ ਨੂੰ ਸਪੁਰਦ ਕਰਦਿਆਂ ਆਪ ਨੇ 24 ਅਕਤੂਬਰ 1950 ਈ. ਨੂੰ ਪ੍ਰਾਣ ਤਿਆਗੇ। ਆਪ ਤੋਂ ਬਾਦ ਸੰਤ ਕਰਤਾਰ ਸਿੰਘ ਨੇ ਵੀ ਮਾਡਲ ਟਾਊਨ, ਪਟਿਆਲਾ ਵਿਚ ਆਪਣਾ ਠਿਕਾਣਾ ਬਣਾ ਕੇ ਗੁਰਬਾਣੀ ਅਤੇ ਸਿੱਖ ਧਰਮ ਦਾ ਬੜੀ ਨਿਸ਼ਠਾ ਨਾਲ ਪ੍ਰਚਾਰ ਕੀਤਾ।

**ਸੰਗਤ ਸਿੰਘ ਬੰਦਈ** : ਸਿੱਖ ਇਤਿਹਾਸ ਅਨੁਸਾਰ ਬੰਦਾ ਬਹਾਦਰ ਦੇ ਪਕੜੇ ਜਾਣ ਤੋਂ ਬਾਦ ਉਸ ਦੇ ਅਨੁਯਾਈਆਂ ਨੇ ਭਾਈ ਸੰਗਤ ਸਿੰਘ ਦੀ ਅਗਵਾਈ ਵਿਚ 'ਤੱਤ ਖ਼ਾਲਸੇ' ਤੋਂ ਵਖ ਹੋ ਕੇ 'ਬੰਦਈ ਖ਼ਾਲਸੇ' ਦਾ ਵਖਰਾ ਦਲ ਖੜਾ ਕਰ ਲਿਆ। ਇਸ ਤਰ੍ਹਾਂ ਦੋਹਾਂ ਵਿਚ ਵੈਰ ਵਿਰੋਧ ਦੀ ਅੱਗ ਭੜਕਣ ਲਗੀ। ਭਾਈ ਮਨੀ ਸਿੰਘ ਨੇ 'ਅੰਮ੍ਰਿਤਸਰ' (ਸਰੋਵਰ) ਵਿਚ ਦੋ ਪਰਚੀਆਂ ਪਾਈਆਂ ਕਿ ਜਿਸ ਧੜੇ ਦੀ ਪਰਚੀ ਤਰ ਆਈ, ਉਸ ਦੀ ਮਾਨਤਾ ਕਾਇਮ ਰਖੀ ਜਾਏਗੀ। ਤੱਤ-ਖ਼ਾਲਸੇ ਦੀ ਪਰਚੀ ਦੇ ਤਰਨ ਨਾਲ ਬਹੁਤ ਸਾਰੇ ਬੰਦਈ ਸਿੰਘ ਤੱਤ-ਖ਼ਾਲਸੇ ਵਿਚ ਸ਼ਾਮਲ ਹੋ ਗਏ, ਪਰ ਕਈ ਇਸ ਫ਼ੈਸਲੇ ਨੂੰ ਮੰਨਣ ਲਈ ਤਿਆਰ ਨ ਹੋਏ। ਇਸ ਝਗੜੇ ਦੇ ਨਿਪਟਾਰੇ ਲਈ ਇਹ ਤੈਅ ਹੋਇਆ ਕਿ ਦੋਹਾਂ ਦਲਾਂ ਦੇ ਪਹਿਲਵਾਨ ਆਪਸ ਵਿਚ ਘੋਲ ਕਰਨ, ਜੋ ਜਿਤ ਗਿਆ ਉਸ ਧੜੇ ਦੀ ਗੱਲ ਮੰਨ ਲਈ ਜਾਵੇਗੀ। ਬੰਦਈਆਂ ਵਲੋਂ ਲਹੌਰਾ ਸਿੰਘ ਦਾ ਲੜਕਾ ਸੰਗਤ ਸਿੰਘ ਘੁਲਿਆ ਅਤੇ ਤੱਤ-ਖ਼ਾਲਸੇ ਵਲੋਂ ਬਾਬਾ ਕਾਨ੍ਹ ਸਿੰਘ ਦਾ ਪੁੱਤਰ ਭਾਈ ਮੀਰੀ ਸਿੰਘ ਨੇ ਦੰਗਲ ਕੀਤਾ। ਭਾਈ ਮੀਰੀ ਸਿੰਘ ਜਿਤ ਗਿਆ। ਭਾਈ ਸੰਗਤ ਸਿੰਘ ਆਪਣੇ ਸਾਥੀਆਂ ਸਮੇਤ ਤੱਤ-ਖ਼ਾਲਸੇ ਵਿਚ ਸ਼ਾਮਲ ਹੋ ਗਿਆ। ਪਰ ਕਈ ਬੰਦਈਆਂ ਨੇ ਹਾਲਾਤ ਨਾਲ ਸਮਝੌਤਾ ਨ ਕਰਕੇ ਆਪਣਾ ਵਖਰਾ ਸਰੂਪ ਬਣਾਈ ਰਖਿਆ।

**ਸੰਗਤ ਸਿੰਘ, ਭਾਈ** (ਮ. 1705 ਈ.): ਗੁਰੂ ਗੋਬਿੰਦ ਸਿੰਘ ਜੀ ਦਾ ਹਮ-ਸ਼ਕਲ ਅਤੇ ਹਮ-ਉਮਰ ਭਾਈ ਸੰਗਤ ਸਿੰਘ ਦਾ ਜਨਮ ਰੋਪੜ ਜ਼ਿਲ੍ਹੇ ਕੇ ਕੱਟਾ ਸਬੌਰ (ਨੇੜੇ ਨੂਰਪੁਰ ਬੇਦੀ) ਦੇ ਇਕ ਰਾਮਦਾਸੀਆ ਪਰਿਵਾਰ ਵਿਚ ਹੋਇਆ। ਹੋਸ਼ ਸੰਭਾਲਦਿਆਂ ਹੀ ਇਹ ਆਨੰਦਪੁਰ ਆ ਗਿਆ ਅਤੇ ਯੁੱਧ-ਵਿਦਿਆ ਵਿਚ ਪ੍ਰਬੀਨਤਾ ਹਾਸਲ ਕਰਨ ਤੋਂ ਬਾਦ ਗੁਰੂ ਜੀ ਦੇ ਅੰਗ-ਸੰਗ ਰਿਹਾ। ਜਦੋਂ ਆਨੰਦਪੁਰ ਦਾ ਕਿਲ੍ਹਾ ਛਡਣ ਉਪਰੰਤ ਗੁਰੂ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਸਹਿਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚੇ ਤਾਂ ਇਹ ਵੀ ਉਨ੍ਹਾਂ ਨਾਲ ਸੀ। ਜਦੋਂ ਦੋਵੇਂ ਸਾਹਿਬਜ਼ਾਦੇ ਅਤੇ 35 ਸਿੰਘ ਸ਼ਹੀਦ ਹੋ ਗਏ ਤਾਂ ਬਾਕੀ ਬਚਦੇ ਪੰਜ ਸਿੰਘਾਂ— ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਸੰਗਤ ਸਿੰਘ —ਨੇ ਗੁਰੂ ਜੀ ਅਗੇ ਪ੍ਰਾਰਥਨਾ ਕੀਤੀ ਕਿ ਉਹ ਪੰਥ ਦੇ ਹਿਤ ਲਈ ਗੜ੍ਹੀ ਛਡ ਜਾਣ। ਗੁਰੂ ਜੀ ਨੇ ਪੰਜ ਸਿੰਘਾਂ ਦਾ ਹੁਕਮ ਮੰਨਦੇ ਹੋਇਆਂ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਲਿਆ ਅਤੇ 7/8 ਦਸੰਬਰ ਦੀ ਰਾਤ ਨੂੰ ਗੜ੍ਹੀ ਛਡ ਕੇ ਮਾਛੀਵਾੜੇ ਵਾਲੇ ਪਾਸੇ ਨਿਕਲ ਗਏ। ਗੜ੍ਹੀ ਛਡਣ ਤੋਂ ਪਹਿਲਾਂ ਆਪਣੇ ਬਸਤ੍ਰ ਅਤੇ ਕਲਗੀ ਭਾਈ ਸੰਗਤ ਸਿੰਘ ਨੂੰ ਸਜਾ ਦਿੱਤੀ। ਦੂਜੇ ਦਿਨ ਜਦੋਂ ਮੁਗ਼ਲ ਸੈਨਾ ਗੜ੍ਹੀ ਵਿਚ ਦਾਖ਼ਲ ਹੋਈ ਤਾਂ ਭਾਈ ਸੰਗਤ ਸਿੰਘ ਨੇ ਭਾਈ ਸੰਤ ਸਿੰਘ ਸਹਿਤ ਉਨ੍ਹਾਂ ਦਾ ਖ਼ੂਬ ਟਾਕਰਾ ਕੀਤਾ ਅਤੇ 8 ਦਸੰਬਰ 1705 ਈ. ਨੂੰ ਸ਼ਹੀਦੀ ਪਾਈ। ਪਹਿਲਾਂ ਤਾਂ ਭਾਈ ਸੰਗਤ ਸਿੰਘ ਦੇ ਸਰੂਪ ਨੂੰ ਵੇਖ ਕੇ ਮੁਗ਼ਲ ਸੈਨਾ-ਨਾਇਕ ਪ੍ਰਸੰਨ ਹੋਏ ਕਿ ਸਿੱਖਾਂ ਦਾ ਗੁਰੂ ਮਾਰਿਆ ਗਿਆ ਹੈ, ਪਰ ਜਲਦੀ ਹੀ ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲਗ ਗਿਆ ਅਤੇ ਉਨ੍ਹਾਂ ਦੀ ਫ਼ੌਜ ਨੇ ਮਾਛੀਵਾੜੇ ਦਾ ਸਾਰਾ ਇਲਾਕਾ ਘੇਰ ਲਿਆ।

ਭਾਈ ਸੰਗਤ ਸਿੰਘ ਦੀ ਯਾਦ ਵਿਚ ਸੰਨ 1995 ਈ. ਵਿਚ 'ਸ਼ਹੀਦ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ' ਬਣਾਇਆ ਗਿਆ ਅਤੇ ਉਨ੍ਹਾਂ ਦੇ ਪਿਦਰੀ ਘਰ ਵਾਲੀ ਥਾਂ ਉਤੇ ਇਕ ਸਮਾਰਕ ਉਸਾਰਿਆ ਗਿਆ ਹੈ ਜਿਥੇ ਹਰ ਸਾਲ 21 ਦਸੰਬਰ ਨੂੰ ਬਾਬਾ ਜੀ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ।

**ਸੰਗਤ ਰਾਇ** (ਮ. 1696 ਈ.): 'ਦਸਮ ਗ੍ਰੰਥ' ਵਿਚ ਸੰਕਲਿਤ 'ਬਚਿਤ੍ਰ ਨਾਟਕ' ਦੇ ਯਾਰ੍ਹਵੇਂ ਅਧਿਆਇ ਦੇ ਹੁਸੈਨੀ ਯੁੱਧ-ਪ੍ਰਸੰਗ ਵਿਚ ਇਸ ਦਾ ਉਲੇਖ ਮਿਲਦਾ ਹੈ। ਜਦੋਂ ਹੁਸੈਨ ਖ਼ਾਨ ਆਨੰਦਪੁਰ ਉਤੇ ਹਮਲਾ ਕਰਨ ਲਈ ਅਗੇ ਵਧ ਰਿਹਾ

ਸੀ, ਤਾਂ ਮਾਰਗ ਵਿਚ ਪੈਂਦੇ ਪਹਾੜੀ ਰਾਜਿਆਂ ਤੋਂ ਵੀ ਖ਼ਰਾਜ ਵਸੂਲੀ ਜਾ ਰਿਹਾ ਸੀ। ਗੁਲੇਰ ਦੇ ਰਾਜਾ ਗੁਪਾਲ ਚੰਦ ਨੇ ਖ਼ਰਾਜ ਵਜੋਂ ਦਸ ਹਜ਼ਾਰ ਰੁਪਏ ਦੇਣੋਂ ਅਸਮਰਥਾ ਦਰਸਾਈ। ਫਲਸਰੂਪ ਹੁਸੈਨ ਖ਼ਾਨ ਨੇ ਪਹਾੜੀ ਰਾਜਿਆਂ ਦੀ ਸੈਨਾ ਸਹਿਤ ਰਾਜਾ ਗੋਪਾਲ ਚੰਦ ਉਤੇ ਹਮਲਾ ਕਰ ਦਿੱਤਾ। ਉਸ ਯੁੱਧ ਵਿਚ ਹੁਸੈਨ ਖ਼ਾਨ ਅਤੇ ਪਹਾੜੀ ਰਾਜਾ ਕ੍ਰਿਪਾਲ ਚੰਦ ਮਾਰਿਆ ਗਿਆ। ਪਹਾੜੀ ਰਾਜਿਆਂ ਵਿਚ ਸੁਲਹ ਕਰਾਉਣ ਅਤੇ ਮਿਲ ਕੇ ਹੁਸੈਨ ਖ਼ਾਨ ਨਾਲ ਯੁੱਧ ਕਰਨ ਦੇ ਉਦੇਸ਼ ਤੋਂ ਗੁਰੂ ਜੀ ਵਲੋਂ ਭਾਈ ਸੰਗਤ ਰਾਇ ਸਹਿਤ ਭੇਜੇ ਸੱਤ ਸੈਨਿਕਾਂ ਨੇ ਵੀ ਲੜਾਈ ਵਿਚ ਭਾਗ ਲਿਆ। ਇਸ ਭਿੜੰਤ ਵਿਚ ਉਹ ਸਾਰੇ ਮਾਰੇ ਗਏ— *ਸਾਤ ਸਵਾਰਨ ਕੈ ਸਹਿਤ ਜੁਝੇ ਸੰਗਤ ਰਾਇ। ਦਰਸੈ ਸੁਨਿ ਜੁਝੈ ਤਿਨੈ ਬਹੁਰਿ ਜੁਝਤ ਭਯੋ ਆਇ।57।*

ਇਹ ਘਟਨਾ ਫਰਵਰੀ 1696 ਈ. ਵਿਚ ਹੋਈ ਮੰਨੀ ਜਾਂਦੀ ਹੈ। ਸੰਗਤ ਰਾਇ ਨੂੰ ਕਈ ਇਤਿਹਾਸਕਾਰਾਂ ਨੇ 'ਸੰਗਤੀਆ ਸਿੰਘ' ਵੀ ਲਿਖਿਆ ਹੈ।

**ਸੰਗਰੂਰ ਵਾਲੀ ਬੀੜ** : 'ਦਸਮ ਗ੍ਰੰਥ' ਦੀ ਇਹ ਪੁਰਾਤਨ ਬੀੜ ਗੁਰਦੁਆਰਾ ਡਿਓਡੀ ਸਾਹਿਬ, ਦੀਵਾਨਖ਼ਾਨਾ, ਸੰਗਰੂਰ ਵਿਚ ਸਥਾਪਿਤ ਸੀ। ਸੰਨ 1960 ਈ. ਵਿਚ ਇਸ ਗੁਰਦੁਆਰੇ ਦੇ ਗ੍ਰੰਥੀ ਭਾਈ ਨੰਦਨ ਸਿੰਘ ਨੇ ਪ੍ਰਸਤੁਤ ਲੇਖਕ ਨੂੰ ਇਕ ਭੇਂਟ ਵਿਚ ਦਸਿਆ ਕਿ ਜੀਂਦ ਦੇ ਰਾਜਾ ਸਰੂਪ ਸਿੰਘ (ਸੰਨ 1837-64 ਈ.) ਸੰਨ 1857 ਈ. ਦੇ ਗ਼ਦਰ ਵੇਲੇ ਅੰਗ੍ਰੇਜ਼ ਸਰਕਾਰ ਦੀ ਮਦਦ ਲਈ ਦਿੱਲੀ ਗਏ ਸਨ। ਦਿੱਲੀ ਦੇ ਜਿਤੇ ਜਾਣ ਤੋਂ ਬਾਦ ਇਕ ਪਠਾਨ ਨੇ ਰਾਜਾ ਸਾਹਿਬ ਨੂੰ ਇਕ ਗੁਰਜ, ਇਕ ਖੜਗ, ਇਕ ਕਟਾਰ ਅਤੇ ਦੋ ਗ੍ਰੰਥ ਭੇਂਟ ਕੀਤੇ। ਇਨ੍ਹਾਂ ਦੋਹਾਂ ਗ੍ਰੰਥਾਂ ਵਿਚੋਂ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੀ, ਜਿਸ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ, ਜੀਂਦ ਨਗਰ ਵਿਚ ਸਥਾਪਿਤ ਕਰਵਾਇਆ ਗਿਆ, ਪਰ ਅਣਗਹਿਲੀ ਕਰਕੇ ਉਸ ਨੂੰ ਦੀਮਕ ਲਗ ਗਈ ਅਤੇ ਅੰਤ ਵਿਚ ਉਸ ਨੂੰ ਜਲ-ਪ੍ਰਵਾਹਿਤ ਕਰ ਦਿੱਤਾ ਗਿਆ। ਦੂਜਾ ਗ੍ਰੰਥ 'ਦਸਮ-ਗ੍ਰੰਥ' ਦੀ ਬੀੜ ਸੀ ਜਿਸ ਨੂੰ ਰਾਜਾ ਸਾਹਿਬ ਨੇ ਸੰਗਰੂਰ ਦੇ ਦੀਵਾਨਖ਼ਾਨੇ ਦੇ ਗੁਰਦੁਆਰੇ ਵਿਚ ਸਥਾਪਿਤ ਕਰਵਾਇਆ ਅਤੇ ਜੋ ਉਥੇ ਹੀ ਸਥਾਪਿਤ ਰਹੀ। ਇਹ ਦੋਵੇਂ ਗ੍ਰੰਥ ਇਕ ਵੱਡੇ ਗ੍ਰੰਥ ਦੇ ਹੀ ਦੋ ਹਿੱਸੇ ਸਨ। ਪਹਿਲੇ ਹਿੱਸੇ (ਆਦਿ-ਗ੍ਰੰਥ) ਦੀ ਪੰਨਾ-ਸੰਖਿਆ 1 ਤੋਂ 600 ਤਕ ਹੈ ਅਤੇ ਦੂਜੇ ਹਿੱਸੇ (ਦਸਮ-ਗ੍ਰੰਥ) ਦੀ ਪੰਨਾ-ਗਿਣਤੀ 601 ਤੋਂ 1166 ਤਕ ਹੈ। ਦੂਜੇ ਹਿੱਸੇ ਦਾ ਸੁਤੰਤਰ ਸੰਖਿਆ ਅੰਕ 1 ਤੋਂ 565 ਤਕ ਵੀ ਚਲਦਾ ਹੈ।

ਕਾਗ਼ਜ਼ ਦੀ ਪੁਰਾਤਨਤਾ, ਅੱਖਰਾਂ ਦਾ ਸਰੂਪ, ਮਾਤ੍ਰਾਵਾਂ ਦੀ ਬਨਾਵਟ ਆਦਿ ਤੱਥ ਇਸ ਬੀੜ ਨੂੰ ਦੋ ਸੌ ਵਰ੍ਹਿਆਂ ਤੋਂ ਅਧਿਕ ਪ੍ਰਾਚੀਨ ਸਿੱਧ ਕਰਦੇ ਹਨ। ਹਰ ਬਾਣੀ ਜਾਂ ਰਚਨਾ ਦੇ ਮੁਢਲੇ ਅਤੇ ਅੰਤਲੇ ਪੰਨਿਆਂ ਉਤੇ ਸੁੰਦਰ ਚਿਤਰਕਾਰੀ ਕੀਤੀ ਹੋਈ ਹੈ। ਇਸ ਦੇ ਪੰਨਿਆਂ ਦਾ ਹਾਸ਼ੀਆ ਇਕ ਇੰਚ ਚੌੜਾ ਹੈ ਅਤੇ ਉਸ ਵਿਚ ਭਿੰਨ ਭਿੰਨ ਰੰਗਾਂ ਅਤੇ ਨਮੂਨਿਆਂ ਵਾਲੀਆਂ ਵੇਲਾਂ ਬਣੀਆਂ ਹੋਈਆਂ ਹਨ। ਇਸ ਦੀ ਜਿਲਦ ਬਹੁਤ ਪੁਰਾਣੀ ਹੈ ਅਤੇ ਲਕੜੀ ਅਤੇ ਚਮੜੇ ਦੀ ਬਣੀ ਹੋਈ ਹੈ। ਟੁਟ ਜਾਣ 'ਤੇ ਫਿਰ ਤੋਂ ਇਸ ਨੂੰ ਲੋਹੇ ਦੀਆਂ ਪੱਤਰੀਆਂ ਲਗਾ ਕੇ ਪੱਕਾ ਕੀਤਾ ਗਿਆ ਹੈ। ਬੀੜ ਦੀ ਸਮੁੱਚੀ ਹਾਲਤ ਚੰਗੀ ਹੈ।

ਡਾ. ਧਰਮਪਾਲ ਅਸ਼ਟਾ ਨੇ ਆਪਣੀ ਪੁਸਤਕ 'ਦਾ ਪੋਇਟ੍ਰੀ ਆਫ਼ ਦਾ ਦਸਮ ਗ੍ਰੰਥ' ਵਿਚ ਮੰਨਿਆ ਹੈ ਕਿ ਇਹ ਬੀੜ ਭਾਈ ਸੀਹਾਂ ਸਿੰਘ ਨੇ ਮਾਤਾ ਸੁੰਦਰੀ ਦੀ ਨਿਗਰਾਨੀ ਵਿਚ ਦਿੱਲੀ ਵਿਖੇ ਤਿਆਰ ਕੀਤੀ ਸੀ ਅਤੇ ਇਸ ਵਿਚ ਸੰਕਲਿਤ ਬਾਣੀਆਂ ਉਹੀ ਹਨ ਜੋ ਭਾਈ ਮਨੀ ਸਿੰਘ ਨੇ ਝੰਡਾ ਸਿੰਘ ਹੱਥੀਂ ਭੇਜੀਆਂ ਸਨ। ਇਹ ਅਤੇ ਭਾਈ ਮਨੀ ਸਿੰਘ ਦੀ ਬੀੜ ਇਕ ਸਮਾਨ ਹਨ ਅਤੇ ਦੋਹਾਂ ਦਾ ਆਰੰਭ 'ਆਦਿ-ਗ੍ਰੰਥ' ਦੀ ਬਾਣੀ ਤੋਂ ਹੁੰਦਾ ਹੈ। ਪਰ ਸਾਡੀ ਖੋਜ ਅਨੁਸਾਰ ਇਹ ਦੋਵੇਂ ਬੀੜਾਂ ਸਮਾਨ ਨਹੀਂ ਹਨ ਕਿਉਂਕਿ ਭਾਈ ਮਨੀ ਸਿੰਘ ਵਾਲੀ ਬੀੜ 'ਆਦਿ-ਗ੍ਰੰਥ' ਅਤੇ 'ਦਸਮ-ਗ੍ਰੰਥ' ਦੋਹਾਂ ਦਾ ਮਿਲਵਾਂ ਰੂਪ ਹੈ ਅਤੇ ਰਾਗਾਂ ਦੀ ਥਾਂ ਬਾਣੀਕਾਰਾਂ ਅਨੁਸਾਰ ਬਾਣੀਆਂ ਦਾ ਸੰਕਲਨ ਹੋਇਆ ਹੈ। ਪਰ ਇਸ ਬੀੜ ਦੇ ਜੀਂਦ ਵਾਲੇ ਆਕਾਰ ਵਿਚ 'ਆਦਿ-ਗ੍ਰੰਥ' ਦੀ ਸਾਰੀ ਬਾਣੀ ਉਸੇ ਤਰ੍ਹਾਂ ਸੰਕਲਿਤ ਹੈ ਜਿਵੇਂ 'ਆਦਿ-ਗ੍ਰੰਥ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ। ਇਸ ਤੋਂ ਇਲਾਵਾ ਇਸ ਗ੍ਰੰਥ ਦੇ ਦੂਜੇ ਆਕਾਰ ਵਿਚ 'ਦਸਮ-ਗ੍ਰੰਥ' ਦੀਆਂ ਬਾਣੀਆਂ ਦਾ ਕ੍ਰਮ ਭਾਈ ਮਨੀ ਸਿੰਘ ਵਾਲੀ ਬੀੜ ਨਾਲ ਮੇਲ ਨਹੀਂ ਖਾਂਦਾ। 'ਕ੍ਰਿਸ਼ਨਾਵਤਾਰ' ਦਾ ਭਿੰਨ ਵਸਤੂ-ਵਿਧਾਨ, ਪਾਰਸ ਨਾਥ, ਵਾਰ ਦੁਰਗਾ ਕੀ, ਚੰਡੀ ਚਰਿਤ੍ਰ (ਦੂਜਾ) ਆਦਿ ਬਾਣੀਆਂ ਦਾ ਉਕਾ ਹੀ ਨ ਹੋਣਾ, ਦੱਤਾਵਤਾਰ ਦਾ ਅਪੂਰਣ ਹੋਣਾ ਅਤੇ ਸੰਸਾਹਰ ਸੁਖਮਨਾ, ਵਾਰ ਮਾਲਕੌਂਸ

ਕੀ, ਛੱਕਾ ਭਗੌਤੀ ਜੀ ਕਾ, ਅਸਫੋਟਕ ਕਬਿਤ ਆਦਿ ਬਾਣੀਆਂ ਦਾ ਅਧਿਕ ਹੋਣਾ ਆਦਿ ਤੱਥ ਇਸ ਅਤੇ ਭਾਈ ਮਨੀ ਸਿੰਘ ਵਾਲੀ ਬੀੜ ਨੂੰ ਇਕ-ਸਮਾਨ ਸਿੱਧ ਨਹੀਂ ਕਰਦੇ। ਇਸ ਲਈ ਡਾ. ਅਸ਼ਟਾ ਦਾ ਮਤ ਠੀਕ ਨਹੀਂ ਹੈ। ਇਸ ਦਾ ਕਿਸੇ ਇਤਿਹਾਸ ਗ੍ਰੰਥ ਵਿਚ ਵੀ ਉਲੇਖ ਨਹੀਂ ਮਿਲਦਾ।

ਇਸ ਬੀੜ ਵਿਚ ਅਗੇ ਲਿਖੇ ਅਨੁਸਾਰ ਬਾਣੀਆਂ /ਰਚਨਾਵਾਂ ਸੰਕਲਿਤ ਹੋਈਆਂ ਹਨ— (1) ਜਾਪੁ, (2) ਸਸਤ੍ਰ ਨਾਮ ਮਾਲਾ, (3) ਅਕਾਲ ਉਸਤਤਿ, (4) ਬਚਿਤ੍ਰ ਨਾਟਕ, (5) ਚੰਡੀ ਚਰਿਤ੍ਰ-੧, (6) ਚੌਬੀਸ ਅਵਤਾਰ, (7) ਬ੍ਰਹਮਾਵਤਾਰ, (8) ਰੁਦ੍ਰਾਵਤਾਰ, (9) ਗਿਆਨ ਪ੍ਰਬੋਧ, (10) ਚਰਿਤ੍ਰੋਪਾਖਿਆਨ, (11) ਸੰਸਾਹਰ ਸੁਖਮਨਾ, (12) ਵਾਰ ਮਾਲਕੌਂਸ ਕੀ, (13) ਛਕਾ ਭਗੌਤੀ ਜੀ ਕਾ, (14) ਬਿਸਨਪਦੇ, (15) ਜ਼ਫ਼ਰਨਾਮਾ (ਗੁਰਮੁਖੀ ਅਤੇ ਫ਼ਾਰਸੀ ਲਿਪੀ), (16) ਸਵੈਯੇ 33, (17) ਅਸਫੋਟਕ ਕਬਿਤ ਅਤੇ (18) ਸਿਰਲੇਖ ਤੋਂ ਬਿਨਾ ਕੁਝ ਪਦ।

**ਸੰਗੀਤ ਗੁਰਬਾਣੀ** : ਮੱਧ-ਯੁੱਗ ਵਿਚ ਹੋਏ ਲਗਭਗ ਸਾਰੇ ਸੰਤਾਂ, ਭਗਤਾਂ ਨੇ ਆਪਣੀਆਂ ਬਾਣੀਆਂ ਨੂੰ ਸੰਗੀਤ-ਬੱਧ ਕੀਤਾ ਅਤੇ ਉਨ੍ਹਾਂ ਨੂੰ ਗਾ ਕੇ ਆਪਣੇ ਹਿਰਦੇ ਦੀਆਂ ਭਾਵਨਾਵਾਂ ਨੂੰ ਇਸ਼ਟ-ਦੇਵ ਅਗੇ ਸਮਰਪਿਤ ਕੀਤਾ। ਮੱਧ-ਯੁਗ ਵਿਚ ਹੋਏ ਸਿੱਖ-ਗੁਰੂ ਸਾਹਿਬਾਨ ਨੇ ਵਿਸ਼ੇਸ਼ ਰੂਪ ਵਿਚ ਸੰਗੀਤ-ਕਲਾ ਨੂੰ ਮਹੱਤਵ ਦਿੱਤਾ ਅਤੇ ਆਪਣੀਆਂ ਬਾਣੀਆਂ ਨੂੰ ਰਾਗ-ਬੱਧ ਕੀਤਾ। ਇਸ ਰਾਗ-ਬੱਧਤਾ ਨੇ ਸੰਗੀਤ ਦੀ ਜਿਸ ਨਵੀਂ ਸ਼ੈਲੀ ਨੂੰ ਜਨਮ ਦਿੱਤਾ, ਉਸ ਨੂੰ 'ਗੁਰਬਾਣੀ-ਸੰਗੀਤ', 'ਗੁਰਮਤਿ-ਸੰਗੀਤ' ਦੇ ਨਾਂਵਾਂ ਨਾਲ ਯਾਦ ਕੀਤਾ ਜਾਣ ਲਗਾ। ਇਨ੍ਹਾਂ ਨਾਂਵਾਂ ਵਿਚੋਂ ਵੀ 'ਗੁਰਬਾਣੀ-ਸੰਗੀਤ' ਅਧਿਕ ਉਪਯੁਕਤ ਪ੍ਰਤੀਤ ਹੁੰਦਾ ਹੈ। ਸੰਗੀਤ ਦੀ ਇਹ ਸ਼ੈਲੀ ਸਿੱਖ-ਗੁਰੂਆਂ ਦੀ ਭਾਰਤੀ ਸੰਗੀਤ-ਪਰੰਪਰਾ ਨੂੰ ਵਿਸ਼ੇਸ਼ ਦੇਣ ਹੈ। ਸੰਗੀਤਮਈ ਗੁਰਬਾਣੀ ਉਚਾਰਣ ਨੂੰ ਸਿੱਖ-ਜਗਤ ਵਿਚ 'ਕੀਰਤਨ' ਦਾ ਨਾਂ ਦਿੱਤਾ ਜਾਂਦਾ ਹੈ। ਕੀਰਤਨ ਦਾ ਸਿੱਖ-ਧਰਮ-ਸਾਧਨਾ ਵਿਚ ਉਤਨਾ ਹੀ ਮਹੱਤਵ ਹੈ ਜਿਤਨਾ ਸ਼ਰੀਰ ਵਿਚ ਰੀੜ੍ਹ ਦੀ ਹੱਡੀ ਦਾ ਹੁੰਦਾ ਹੈ। ਇਸ ਸ਼ੈਲੀ ਨੇ ਸੰਗੀਤ ਨੂੰ ਕਈ ਨਵੇਂ ਰੂਪ ਅਤੇ ਰਾਗ-ਰਾਗਨੀਆਂ ਦੇ ਸੁਮੇਲ ਰਾਹੀਂ ਵਿਸ਼ੇਸ਼ ਧੁਨਾਂ ਪ੍ਰਦਾਨ ਕੀਤੀਆਂ ਹਨ।

ਬਾਣੀ ਅਤੇ ਕਾਵਿ ਵਿਚ ਬੁਨਿਆਦੀ ਅੰਤਰ ਹੈ। ਕਾਵਿ ਦੀ ਉਡਾਰੀ ਇਸ ਜਗਤ ਤਕ ਸੀਮਿਤ ਹੈ, ਪਰ ਬਾਣੀ 'ਲੋਕ' ਦੀਆਂ ਸੀਮਾਵਾਂ ਪਾਰ ਕਰਕੇ 'ਪਰਲੋਕ' ਵਿਚ ਵੀ ਨਾਦ ਪੂਰਦੀ ਹੈ। ਸੰਗੀਤ ਨਾਲ ਮਿਲ ਕੇ ਕਾਵਿ ਨਿਰਾ ਕਾਵਿ ਹੀ ਰਹਿੰਦਾ ਹੈ, ਪਰ ਸੰਗੀਤ ਬਾਣੀ ਨਾਲ ਮਿਲ ਕੇ ਕੀਰਤਨ ਬਣ ਜਾਂਦਾ ਹੈ। ਕੀਰਤਨ ਅਲੌਕਿਕ ਆਨੰਦ ਪ੍ਰਦਾਨ ਕਰਨ ਵਾਲਾ ਹੈ, ਜਦ ਕਿ ਕਾਵਿ ਦੀ ਪਹੁੰਚ ਕੇਵਲ ਰਸ-ਨਿਸ਼ਪੱਤੀ ਤਕ ਹੈ। ਵੇਖੋ 'ਕੀਰਤਨ', 'ਰਾਗ'।

**ਸੰਗੋ ਸ਼ਾਹ/ਸੰਗ੍ਰਾਮ ਸ਼ਾਹ** (ਮ. 1688 ਈ.): ਗੁਰੂ ਹਰਿਗੋਬਿੰਦ ਜੀ ਦੀ ਸੁਪੁੱਤਰੀ ਬੀਬੀ ਵੀਰੋ ਦਾ ਵਿਆਹ ਝਬਾਲ ਪਿੰਡ ਦੇ ਨਿਵਾਸੀ ਭਾਈ ਧਰਮੇ ਖੋਸਲੇ ਦੇ ਪੁੱਤਰ ਭਾਈ ਸਾਧੂ ਜਨ ਨਾਲ ਸੰਨ 1629 ਈ. (1686 ਬਿ.) ਵਿਚ ਹੋਇਆ। ਇਸ ਦੰਪਤੀ ਤੋਂ ਪੰਜ ਸੂਰਬੀਰ ਪੁੱਤਰ ਪੈਦਾ ਹੋਏ—ਭਾਈ ਸੰਗੋ ਸ਼ਾਹ (ਸੰਗ੍ਰਾਮ ਸ਼ਾਹ), ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਦੇ ਲੜਕੇ ਸਨ। 'ਬਚਿਤ੍ਰ ਨਾਟਕ' (ਅਧਿ. 8) ਅਨੁਸਾਰ ਇਹ ਪੰਜੇ ਭਰਾ ਭੰਗਾਣੀ ਦੇ ਯੁੱਧ ਵਿਚ (18 ਸਤੰਬਰ 1688 ਈ.) ਖ਼ੂਬ ਲੜੇ— *ਤਹਾ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ। ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ। ਹਠੀ ਜੀਤ ਮਲੰ ਸੁ ਗਾਜੀ ਗੁਲਾਬੰ। ਰਣੰ ਦੇਖੀਐ ਰੰਗ ਰੂਪੰ ਸਹਾਬੰ। ਹਠਿਯੋ ਮਾਹਰੀ ਚੰਦਯੰ ਗੰਗਰਾਮੰ। ਜਿਨੇ ਕਿਤੀਯੰ ਜਿਤੀਯੰ ਫ਼ੌਜ ਤਾਮੰ।*

ਉਕਤ ਪੰਜਾਂ ਭਰਾਵਾਂ ਨੇ ਖ਼ੂਬ ਡਟ ਕੇ ਯੁੱਧ ਕੀਤਾ। ਇਨ੍ਹਾਂ ਪੰਜਾਂ ਵਿਚ ਸੰਗੋ ਸ਼ਾਹ ਅਤੇ ਜੀਤ ਮੱਲ ਨੇ ਵੀਰ-ਗਤੀ ਪ੍ਰਾਪਤ ਕੀਤੀ।

**ਸੰਗ੍ਰਾਂਦ** : ਸੂਰਜੀ ਕੈਲੰਡਰ ਅਨੁਸਾਰ ਹਰ ਮਹੀਨੇ ਦੇ ਪਹਿਲੇ ਦਿਨ ਨੂੰ 'ਸੰਗ੍ਰਾਂਦ' (ਸੰਕ੍ਰਾਂਤਿ) ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਇਸ ਦਿਨ ਇਸ਼ਨਾਨ ਕਰਨਾ, ਵਰਤ ਰਖਣਾ, ਦਾਨ ਦੇਣਾ ਆਦਿ ਕਈ ਪ੍ਰਕਾਰ ਦੇ ਅਨੁਸ਼ਠਾਨ ਪ੍ਰਚਲਿਤ ਹਨ। ਗੁਰਮਤਿ ਵਿਚ ਇਸ ਪ੍ਰਕਾਰ ਦੇ ਕਿਸੇ ਅਨੁਸ਼ਠਾਨ ਦਾ ਕੋਈ ਮਹੱਤਵ ਨਹੀਂ ਦਸਿਆ ਗਿਆ। ਕਿਉਂਕਿ ਸਭ ਦਿਨ, ਵਾਰ, ਰੁਤਾਂ, ਥਿਤਾਂ ਦਾ ਪ੍ਰਭਾਵ ਇਕ-ਸਮਾਨ ਹੈ। ਤੁਖਾਰੀ ਰਾਗ ਦੇ 'ਬਾਰਹਮਾਹਾ' ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਬੇਦਸ ਮਾਹ ਰੁਤੀ ਥਿਤੀ ਵਾਰ ਭਲੇ। ਘੜੀ ਮੂਰਤ ਪਲ ਸਾਚੇ*

*ਆਏ ਸਹਜਿ ਮਿਲੇ।* (ਗੁ.ਗ੍ਰੰ.1109)। ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਾਲੇ 'ਬਾਰਹਮਾਹਾ' ਵਿਚ ਕਿਹਾ ਹੈ— *ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।* (ਗੁ.ਗ੍ਰੰ. 136)। ਗੁਰੂ ਅਮਰਦਾਸ ਜੀ ਨੇ ਬਿਲਾਵਲ ਰਾਗ ਦੇ 'ਵਾਰ 7' ਪ੍ਰਕਰਣ ਵਿਚ ਹੋਰ ਵੀ ਸਪੱਸ਼ਟ ਕੀਤਾ ਹੈ— *ਥਿਤੀ ਵਾਰ ਸਭਿ ਸਬਦਿ ਸੁਹਾਏ। ਸਤਿਗੁਰੁ ਸੇਵੇ ਤਾ ਫਲੁ ਪਾਏ। ਥਿਤੀ ਵਾਰ ਸਭਿ ਆਵਹਿ ਜਾਹਿ। ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ। ਥਿਤੀ ਵਾਰ ਤਾ ਜਾ ਸਚਿ ਰਾਤੇ। ਬਿਨੁ ਨਾਵੈ ਸਭਿ ਭਰਮਹਿ ਕਾਚੇ।* (ਗੁ.ਗ੍ਰੰ. 842)।

ਉਪਰੋਕਤ ਬਾਣੀ-ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਕਿਸੇ ਮਹੀਨੇ, ਵਾਰ ਜਾਂ ਰੁਤ ਨੂੰ ਸੁਖਦਾਈ ਮੰਨਣਾ ਅਤੇ ਕਿਸੇ ਨੂੰ ਦੁਖਦਾਈ ਕਹਿਣਾ ਅਨੁਚਿਤ ਹੈ। ਪਰ ਹਿੰਦੂ ਧਰਮ ਦੇ ਸੰਪਰਕ ਕਾਰਣ ਸਿੱਖ ਧਰਮ ਵਿਚ ਇਸ ਪ੍ਰਕਾਰ ਦੇ ਅਨੁਸ਼ਠਾਨਾਂ ਨੇ ਪ੍ਰਵੇਸ਼ ਕਰ ਲਿਆ ਹੈ। ਫਲਸਰੂਪ ਸੰਗ੍ਰਾਂਦ ਵਾਲੇ ਦਿਨ ਗੁਰੂ-ਧਾਮਾਂ ਉਤੇ ਉਚੇਚਾ ਇਕੱਠ ਹੁੰਦਾ ਹੈ। ਬਾਰਹਮਾਹਾ ਮ. ੫ ਦਾ ਪਾਠ ਹੁੰਦਾ ਹੈ। ਸਰੋਵਰਾਂ ਵਿਚ ਇਸ਼ਨਾਨ ਕੀਤਾ ਜਾਂਦਾ ਹੈ। ਇਹ ਸਭ ਕੁਝ ਕਰਨਾ ਗੁਰਮਤਿ ਸਿੱਧਾਂਤਾਂ ਦੇ ਵਿਪਰੀਤ ਹੈ।

**ਸੰਘੇੜੀ** (ਪਿੰਡ): ਪੰਜਾਬ ਦੇ ਮਾਨਸਾ ਜ਼ਿਲ੍ਹਾ ਦੇ ਬਰੇਟਾ ਕਸਬੇ ਤੋਂ ਪੱਛਮ ਵਾਲੇ ਪਾਸੇ ਤਿੰਨ ਕੁ ਕਿ.ਮੀ. ਦੀ ਵਿਥ ਉਤੇ ਸਥਿਤ ਇਕ ਪਿੰਡ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਮਾਲਵਾ ਖੇਤਰ ਵਿਚ ਧਰਮ-ਪ੍ਰਚਾਰ ਵੇਲੇ ਕੁਝ ਸਮੇਂ ਲਈ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਜੋਂ ਉਥੇ ਇਕ ਨਿੱਕਾ ਜਿਹਾ ਗੁਰੂ-ਧਾਮ ਬਣਿਆ ਹੋਇਆ ਹੈ ਜਿਸ ਨੂੰ ਆਮ ਲੋਕੀਂ 'ਗੁਰਦੁਆਰਾ ਪਾਤਿਸ਼ਾਹੀ ਨੌਵੀਂ' ਕਹਿੰਦੇ ਹਨ। ਇਸ ਦੀ ਸੇਵਾ-ਸੰਭਾਲ ਨਿਹੰਗ ਸਿੰਘ ਕਰਦੇ ਹਨ। ਇਸ ਦੀ ਨਵੀਂ ਇਮਾਰਤ ਦੀ ਉਸਾਰੀ ਵਿਚਾਰਾਧੀਨ ਹੈ।

**ਸੰਤ** : ਵਿਉਤਪੱਤੀ ਦੀ ਦ੍ਰਿਸ਼ਟੀ ਤੋਂ 'ਸੰਤ' ਸ਼ਬਦ ਸੰਸਕ੍ਰਿਤ ਦੇ 'ਸਤ੍' ਦੀ ਪ੍ਰਥਮਾ ਵਿਭਕ੍ਤਿ ਦਾ ਬਹੁਵਚਨਾਂਤ ਰੂਪ ਹੈ। ਇਸ ਦਾ ਸਾਧਾਰਣ ਅਰਥ ਹੁੰਦਾ ਹੈ ਸਜਨ ਜਾਂ ਧਾਰਮਿਕ ਵਿਅਕਤੀ। ਆਮ ਪ੍ਰਯੋਗ ਵਿਚ ਇਹ ਸ਼ਬਦ ਸਾਧਾਂ ਲਈ, ਜਾਂ ਸਾਧਾਂ ਵਰਗਾ ਆਚਰਣ ਕਰਨ ਵਾਲਿਆਂ ਲਈ ਵਰਤ ਲਿਆ ਜਾਂਦਾ ਹੈ। ਭਗਤੀ-ਸਾਹਿਤ ਵਿਚ ਇਸ ਦੀ ਵਰਤੋਂ ਪਰਉਪਕਾਰੀ ਵਿਅਕਤੀਆਂ ਜਾਂ ਸਾਧਕਾਂ ਲਈ ਕੀਤੀ ਜਾਂਦੀ ਸੀ। ਅਨੇਕ ਬਾਣੀਕਾਰਾਂ ਨੇ ਇਸ ਦੇ ਲੱਛਣ ਵੀ ਦਿੱਤੇ ਹਨ, ਜਿਵੇਂ ਸੰਤ ਕਬੀਰ ਅਨੁਸਾਰ *ਨਿਰਵੈਰੀ ਨਿਹਕਾਮਤਾ ਸਾਂਈ ਸੇਤੀ ਨੇਹ। ਵਿਸਿਯਾ ਸੂੰ ਨਿਆਰਾ ਰਹੈ ਸੰਤਨ ਕੋ ਅੰਗਿ ਏਹ।* ('ਕਬੀਰ ਗ੍ਰੰਥਾਵਲੀ')। ਗੋਸਵਾਮੀ ਤੁਲਸੀਦਾਸ ਨੇ ਉਸ ਨੂੰ ਸੰਤ ਕਿਹਾ ਹੈ ਜੋ ਸਾਰੇ ਸੰਸਾਰਿਕ ਸੰਬੰਧਾਂ ਪ੍ਰਤਿ ਮਮਤਾ ਰੂਪੀ ਸੂਤਰਾਂ ਨੂੰ ਇਕੱਠਾ ਕਰਕੇ, ਉਨ੍ਹਾਂ ਸਭ ਦੀ ਡੋਰੀ ਵਟ ਕੇ ਉਸ ਨਾਲ ਆਪਣੇ ਮਨ ਨੂੰ ਪ੍ਰਭੂ ਚਰਣਾਂ ਨਾਲ ਬੰਨ੍ਹ ਦਿੰਦਾ ਹੈ, ਜੋ ਸਮਦਰਸੀ ਹੈ, ਜਿਸ ਨੂੰ ਕੁਝ ਵੀ ਇੱਛਾ ਨਹੀਂ ਹੈ ਅਤੇ ਜਿਸ ਦੇ ਮਨ ਵਿਚ ਹਰਖ, ਸੋਗ ਅਤੇ ਭੈ ਨਹੀਂ ਹੈ।

ਆਧੁਨਿਕ ਯੁਗ ਵਿਚ ਇਸ ਸ਼ਬਦ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਨਿਰਗੁਣਵਾਦੀ ਧਰਮ-ਸਾਧਕਾਂ ਲਈ ਹੀ ਹੋਣ ਲਗੀ ਹੈ, ਜਿਵੇਂ ਪਰਸ਼ੁਰਾਮ ਚਤੁਰਵੇਦੀ ਨੇ 'ਉਤਰੀ ਭਾਰਤ ਕੀ ਸੰਤ-ਪਰੰਪਰਾ' ਵਿਚ ਕੀਤੀ ਹੈ। ਪਰ ਇਸ ਸ਼ਬਦ ਨਾਲ ਉਨ੍ਹਾਂ ਸਾਰਿਆਂ ਧਰਮੀ ਪੁਰਸ਼ਾਂ ਨੂੰ ਦਰਸਾਇਆ ਜਾ ਸਕਦਾ ਹੈ ਜੋ ਲੋਕਹਿਤਕਾਰੀ, ਮੰਗਲਕਾਰੀ ਜਾਂ ਕਲਿਆਣ- ਵਿਧਾਈ ਸਦਪੁਰਸ਼ ਹੋਵੇ। 'ਬਾਲਮੀਕਿ-ਰਾਮਾਇਣ' (ਉਤਰ- ਕਾਂਡ 3/33) ਅਤੇ ਬੌਧੀ ਜਾਤਕ ਸਾਹਿਤ ਵਿਚ ਦਸਿਆ ਗਿਆ ਹੈ ਕਿ ਸਹੀ ਸੰਤ ਉਹ ਹੈ ਜੋ ਧਰਮ ਦਾ ਵਿਖਿਆਨ ਕਰੇ ਅਤੇ ਰਾਗ, ਦ੍ਵੈਸ਼ (ਜਾਂ ਦੋਸ) ਪਾਪ ਅਤੇ ਮੋਹ ਤੋਂ ਉੱਚਾ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ 'ਸੰਤ' ਦੇ ਸਰੂਪ ਬਾਰੇ ਵਿਸਤਾਰ ਨਾਲ ਝਾਤ ਪਾਈ ਗਈ ਹੈ। ਗੁਰੂ ਰਾਮਦਾਸ ਜੀ ਦੀ ਸਥਾਪਨਾ ਹੈ— *ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ। ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।* (ਗੁ.ਗ੍ਰੰ.319)। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ — *ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ।* (ਗੁ.ਗ੍ਰੰ. 108)। 'ਸੁਖਮਨੀ' ਵਿਚ ਪੂਰੀ ਅਸ਼ਟਪਦੀ ਇਸ ਦੇ ਸਰੂਪ-ਵਿਸ਼ਲੇਸ਼ਣ ਨੂੰ ਅਰਪਿਤ ਹੈ।

ਸੰਤ ਅਤੇ ਪਰਮਾਤਮਾ ਵਿਚ ਏਕਤ੍ਵ ਦਾ ਭਾਵ ਵੀ ਗੁਰਬਾਣੀ ਵਿਚ ਸਥਾਪਿਤ ਕੀਤਾ ਗਿਆ ਹੈ—*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ।* (ਗੁ.ਗ੍ਰੰ.1135)। ਗੁਰੂ ਅਰਜਨ ਦੇਵ ਜੀ ਨੇ ਉਸ ਸਥਾਨ ਜਾਂ ਭਵਨ ਨੂੰ ਧੰਨ ਕਿਹਾ ਹੈ ਜਿਥੇ ਸੰਤ ਦਾ ਨਿਵਾਸ ਹੈ— *ਧੰਨਿ ਸੁਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾ ਰੇ।* (ਗੁ.ਗ੍ਰੰ.681)।

ਧਿਆਨ ਦੇਣ ਦੀ ਗੱਲ ਇਹ ਹੈ ਕਿ ਅਜਿਹੇ ਧਰਮ

-ਸਾਧਕ ਜ਼ਰੂਰੀ ਨਹੀਂ ਕਿ ਵਿਦਵਾਨ ਹੋਣ। ਉਸ ਦਾ ਸੰਤ-ਪਨ ਲੋਕ-ਹਿਤ ਉਤੇ ਨਿਰਭਰ ਕਰਦਾ ਹੈ, ਨ ਕਿ ਵਿਦਿਆ-ਗਿਆਨ 'ਤੇ। ਉਨ੍ਹਾਂ ਦੀ ਬਾਣੀ ਦਾ ਅਨੁਭੂਤੀ-ਪੱਖ ਅਤੇ ਸਰਲ ਅਭਿਵਿਅਕਤੀ ਮਹੱਤਵਪੂਰਣ ਹੈ। ਭਾਸ਼ਾ-ਸ਼ੈਲੀ ਦਾ ਕੋਈ ਮਹੱਤਵ ਨਹੀਂ। ਉਨ੍ਹਾਂ ਨੇ ਹਰ ਗੱਲ ਨੂੰ ਅੱਖਾਂ ਬੰਦ ਕਰਕੇ ਨਹੀਂ ਮੰਨਿਆ, ਅਨੁਭਵ ਦੇ ਆਧਾਰ 'ਤੇ ਪਰਖਿਆ ਹੈ। ਜੋ ਪੁਰਾਤਨ ਵਿਚ ਚੰਗਾ ਲਗਿਆ ਅਪਣਾ ਲਿਆ ਜਾਂ ਸੰਸ਼ੋਧਿਤ ਰੂਪ ਵਿਚ ਵਰਤ ਲਿਆ, ਜੋ ਨ ਜਚਿਆ, ਉਸ ਦਾ ਖੰਡਨ ਕਰ ਦਿੱਤਾ। ਇਸ ਤਰ੍ਹਾਂ ਮੱਧ-ਯੁਗ ਵਿਚ ਸੰਤਾਂ ਨੇ ਚਿੰਤਨ ਦੇ ਖੇਤਰ ਵਿਚ ਵੈਚਾਰਿਕ ਕ੍ਰਾਂਤੀ ਲਿਆ ਦਿੱਤੀ।

**ਸੰਤ ਸਿੰਘ, ਭਾਈ** (ਮ. 1705 ਈ.): ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਅਰੋੜਾ ਸਿੱਖ ਜੋ ਲਗਭਗ 20 ਸਾਲ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਆ ਗਿਆ ਸੀ। ਇਸ ਨੇ ਸ਼ਸਤ੍ਰ-ਪ੍ਰਯੋਗ ਵਿਚ ਪੂਰੀ ਤਰ੍ਹਾਂ ਪ੍ਰਬੀਨਤਾ ਹਾਸਲ ਕੀਤੀ ਅਤੇ ਕਈ ਯੁੱਧਾਂ ਵਿਚ ਭਾਗ ਲਿਆ। ਇਹ ਗੁਰੂ ਜੀ ਦੇ ਅੰਗ ਰਖਿਅਕਾਂ ਵਿਚ ਸ਼ਾਮਲ ਸੀ। ਆਨੰਦਪੁਰ ਕਿਲ੍ਹਾ ਛਡਣ ਉਪਰੰਤ ਇਹ ਗੁਰੂ ਜੀ ਦੇ ਅੰਗ-ਸੰਗ ਰਿਹਾ ਅਤੇ ਚਮਕੌਰ ਦੀ ਗੜ੍ਹੀ ਵਿਚ ਓਟ ਲੈਣ ਵੇਲੇ ਵੀ ਇਹ ਗੁਰੂ ਸਾਹਿਬ ਦੇ ਨਾਲ ਸੀ। ਜਦੋਂ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ 35 ਸਿੰਘ ਸ਼ਹੀਦ ਹੋ ਗਏ, ਤਾਂ ਬਾਕੀ ਬਚੇ ਪੰਜ ਸਿੰਘਾਂ— ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਸੰਗਤ ਸਿੰਘ— ਵਿਚ ਇਹ ਸ਼ਾਮਲ ਸੀ। ਜਦੋਂ 7/8 ਦਸੰਬਰ ਦੀ ਰਾਤ ਨੂੰ ਗੁਰੂ ਜੀ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਲੈ ਕੇ ਮਾਛੀਵਾੜੇ ਵਾਲੇ ਪਾਸੇ ਨਿਕਲ ਗਏ ਤਾਂ ਇਹ ਅਤੇ ਭਾਈ ਸੰਗਤ ਸਿੰਘ ਪਿਛੇ ਗੜ੍ਹੀ ਵਿਚ ਹੀ ਰਹੇ। ਭਾਈ ਸੰਗਤ ਸਿੰਘ ਨੂੰ ਗੁਰੂ ਜੀ ਆਪਣੇ ਬਸਤ੍ਰ ਅਤੇ ਕਲਗ਼ੀ ਸਜਾ ਗਏ ਸਨ। ਜਦੋਂ 8 ਦਸੰਬਰ 1705 ਈ. ਨੂੰ ਸਵੇਰੇ ਮੁਗ਼ਲ ਸੈਨਾ ਗੜ੍ਹੀ ਵਿਚ ਦਾਖ਼ਲ ਹੋਈ ਤਾਂ ਦੋਹਾਂ ਸਿੰਘਾਂ ਨੇ ਚੰਗੀ ਤਰ੍ਹਾਂ ਜੂਝ ਕੇ ਸ਼ਹੀਦੀ ਪ੍ਰਾਪਤ ਕੀਤੀ। ਕਈ ਇਤਿਹਾਸਕਾਰ ਭਾਈ ਸੰਗਤ ਸਿੰਘ ਦੇ ਨਾਂ ਨਾਲ ਇਸ ਦਾ ਨਾਂ ਰਲਗਡ ਕਰਕੇ ਗੁਰੂ ਜੀ ਦੁਆਰਾ ਕਲਗ਼ੀ ਸਜਾਉਣ ਦਾ ਪ੍ਰਸੰਗ ਇਸ ਨਾਲ ਜੋੜ ਦਿੰਦੇ ਹਨ, ਪਰ ਇਹ ਸਹੀ ਨਹੀਂ ਹੈ।

**ਸੰਤ ਸਿੰਘ, ਗਿਆਨੀ** (1768-1832 ਈ.): ਪੱਛਮੀ ਪੰਜਾਬ ਦੇ ਝੰਗ ਜ਼ਿਲ੍ਹੇ ਦੇ ਸੁਪ੍ਰਸਿੱਧ ਨਗਰ ਚਿਨਿਓਟ ਦੇ ਇਕ ਧਰਮ ਅਨੁਪ੍ਰਾਣਿਤ ਪਰਿਵਾਰ ਨਾਲ ਸੰਬੰਧਿਤ ਭਾਈ ਸੂਰਤ ਸਿੰਘ ਦੇ ਘਰ ਸੰਨ 1768 ਈ. ਵਿਚ ਪੈਦਾ ਹੋਏ ਗਿਆਨੀ ਸੰਤ ਸਿੰਘ ਦਾ ਸਿੱਖ-ਜਗਤ ਵਿਚ ਇਕ ਵਿਦਵਾਨ ਵਜੋਂ ਬਹੁਤ ਸਤਿਕਾਰ ਹੈ। ਭਾਈ ਸੂਰਤ ਸਿੰਘ ਦੇ ਪਿਤਾ ਭਾਈ ਰਾਮ ਸਿੰਘ ਨੇ ਪੱਛਮੀ ਪੰਜਾਬ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਪਿਤਾ ਦੇ ਚਲਾਣੇ ਤੋਂ ਬਾਦ ਭਾਈ ਸੂਰਤ ਸਿੰਘ ਸੰਨ 1750 ਈ. ਵਿਚ ਚਿਨਿਓਟ ਤੋਂ ਅੰਮ੍ਰਿਤਸਰ ਆ ਗਿਆ। ਸਿੱਖ ਮਿਸਲਾਂ ਦੇ ਬਲ ਧਾਰਣ ਕਰਨ 'ਤੇ ਭਾਈ ਸੂਰਤ ਸਿੰਘ ਨੂੰ ਦਰਬਾਰ ਸਾਹਿਬ ਅਤੇ ਉਸ ਨਾਲ ਸੰਬੰਧਿਤ ਜਾਗੀਰ ਦਾ ਪ੍ਰਬੰਧਕ ਥਾਪਿਆ ਗਿਆ। ਉਸ ਨੂੰ ਆਪਣੇ ਲਈ ਜਲੰਧਰ ਨੇੜੇ ਜਾਗੀਰ ਪ੍ਰਦਾਨ ਕੀਤੀ ਗਈ। ਪੰਜਾਬੀ ਅਤੇ ਫ਼ਾਰਸੀ ਦੇ ਵਿਦਵਾਨ ਭਾਈ ਸੂਰਤ ਸਿੰਘ ਦੀ ਵਿਦਵੱਤਾ ਕਾਰਣ 'ਗਿਆਨੀ' ਕਿਹਾ ਜਾਣ ਲਗਿਆ। ਭਾਈ ਮਨੀ ਸਿੰਘ ਦੇ ਪ੍ਰਵਚਨਾਂ ਨੂੰ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਵਿਚ ਸੰਕਲਿਤ ਕਰਨ ਦਾ ਉਦਮ ਆਪ ਨੇ ਹੀ ਕੀਤਾ।

ਗਿਆਨੀ ਸੂਰਤ ਸਿੰਘ ਨੇ ਆਪਣੇ ਸੁਪੁੱਤਰ ਗਿਆਨੀ ਸੰਤ ਸਿੰਘ ਨੂੰ ਖ਼ੁਦ ਧਾਰਮਿਕ ਵਿਦਿਆ ਪ੍ਰਦਾਨ ਕੀਤੀ ਅਤੇ ਬ੍ਰਜ ਭਾਸ਼ਾ ਅਤੇ ਸੰਸਕ੍ਰਿਤ ਦਾ ਅਧਿਐਨ ਰਾਵਲਪਿੰਡੀ ਦੇ ਥੋਹਾ ਕਸਬੇ ਦੇ ਪੰਡਿਤ ਨਿਹਾਲ ਸਿੰਘ ਦੀ ਦੇਖ-ਰੇਖ ਵਿਚ ਕਰਵਾਇਆ। ਆਪਣੇ ਪਿਤਾ ਤੋਂ ਬਾਦ ਆਪ ਨੂੰ ਦਰਬਾਰ ਸਾਹਿਬ ਦੀ ਸਾਂਭ-ਸੰਭਾਲ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਵਲੋਂ ਸੌਂਪਿਆ ਗਿਆ। ਇਸ ਤੋਂ ਇਲਾਵ ਗੁੰਬਦ ਅੰਦਰ ਚਿਤਰਕਾਰੀ, ਮੀਨਾਕਾਰੀ ਅਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਵੀ ਆਪ ਨੂੰ ਸੌਂਪੀ ਗਈ। ਕੁਝ ਸਮਾਂ ਇਹ ਲਾਹੌਰ ਦਰਬਾਰ ਵਿਚ ਵੀ ਜਾਂਦੇ ਰਹੇ। ਪਰ ਆਪਣੇ ਛੋਟੇ ਭਾਈ ਗੁਰਦਾਸ ਸਿੰਘ ਦੇ ਦੇਹਾਂਤ ਤੋਂ ਬਾਦ ਆਪ ਨੇ ਲਾਹੌਰ ਦਰਬਾਰ ਜਾਣਾ ਛਡ ਦਿੱਤਾ ਅਤੇ ਦਰਬਾਰੀ ਜ਼ਿੰਮੇਵਾਰੀ ਆਪਣੇ ਪੁੱਤਰ ਗੁਰਮੁਖ ਸਿੰਘ ਉਤੇ ਪਾ ਦਿੱਤੀ। ਆਪ ਨੇ ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਬਾਣੀ ਦੀ ਵਿਆਖਿਆ ਵਿਚ ਲਗਾ ਦਿੱਤਾ। ਆਪ ਨੇ ਤੁਲਸੀ ਰਾਮਾਇਣ ਦਾ ਵਾਰਤਕ ਵਿਚ ਰੂਪਾਂਤਰ ਤਿਆਰ ਕੀਤਾ ਅਤੇ 'ਸ੍ਰੀ ਗੁਰੂ ਚਰਿਤ੍ਰ ਪ੍ਰਭਾਕਰ' ਦੁਆਰਾ ਗੁਰੂ ਸਾਹਿਬਾਨ ਦੀਆਂ

ਜੀਵਨੀਆਂ ਉਤੇ ਝਾਤ ਪਾਈ। ਆਪ ਦਾ ਦੇਹਾਂਤ ਸੰਨ 1832 ਈ. ਵਿਚ ਅੰਮ੍ਰਿਤਸਰ ਵਿਚ ਹੋਇਆ।

ਗਿਆਨੀ ਸੰਤ ਸਿੰਘ ਦੀ ਸਭ ਤੋਂ ਵੱਡੀ ਕਮਾਈ ਹੈ ਮਹਾਕਵੀ ਭਾਈ ਸੰਤੋਖ ਸਿੰਘ ਨੂੰ ਆਪਣੇ ਘਰ ਰਖ ਕੇ ਵਿਦਿਆ ਦਾ ਦਾਨ ਦੇਣਾ। ਆਪ ਦੀ ਪ੍ਰੇਰਣਾ ਦੇ ਫਲਸਰੂਪ ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ', 'ਗੁਰੂ ਨਾਨਕ ਪ੍ਰਕਾਸ਼' ਵਰਗੀਆਂ ਮਹੱਤਵਪੂਰਣ ਰਚਨਾਵਾਂ ਸਿੱਖ-ਜਗਤ ਦੀ ਝੋਲੀ ਪਾਈਆਂ ਅਤੇ ਸਿੱਖ ਇਤਿਹਾਸ ਨੂੰ ਪੱਕੇ ਪੈਰਾਂ ਉਤੇ ਖੜਾ ਕੀਤਾ।

**ਸੰਤ-ਸਿਪਾਹੀ** : ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ-ਜੁਟ ਵੀਹਵੀਂ ਸਦੀ ਵਿਚ 'ਸਿੰਘ' (ਖ਼ਾਲਸਾ) ਲਈ ਵਰਤਿਆ ਜਾਣਾ ਸ਼ੁਰੂ ਹੋਇਆ। ਖ਼ਾਲਸਾ-ਸਿਰਜਨ ਤੋਂ ਪਹਿਲਾਂ ਗੁਰੂ ਨਾਨਕ ਨਾਮ-ਲੇਵਾ ਨੂੰ 'ਸਿੱਖ' ਪਦ ਨਾਲ ਵਿਸ਼ਿਸ਼ਟ ਕੀਤਾ ਜਾਂਦਾ ਸੀ। ਜਿਸ ਦੇ ਚਿੱਤ ਵਿਚ ਗੁਰੂ ਦੇ ਉਪਦੇਸ਼ ਦਾ ਅਸਰ ਹੈ ਅਤੇ ਜਿਸ ਦੀ ਸੁਰਤ ਗੁਰੂ ਸ਼ਬਦ ਵਿਚ ਲੀਨ ਹੈ, ਉਹੀ 'ਸਿੱਖ' ਹੈ। ਸਿੱਖ ਦੇ ਸਰੂਪ ਸੰਬੰਧੀ ਅਧਿਕ ਵਿਸਤਾਰ ਸਹਿਤ ਗੱਲ 'ਸਿੱਖ' (ਵੇਖੋ) ਇੰਦਰਾਜ ਵਿਚ ਕੀਤੀ ਗਈ ਹੈ। ਕੁਲ ਮਿਲਾ ਕੇ ਸਿੱਖ 'ਸੰਤ' ਸਰੂਪੀ ਹੈ।

ਪ੍ਰਸਤੁਤ ਸੰਦਰਭ ਵਿਚ ਇਸ ਦਾ ਪ੍ਰਯੋਗ 'ਸਿਪਾਹੀ' ਸ਼ਬਦ ਨਾਲ ਹੋਇਆ ਹੈ। 'ਸਿਪਾਹੀ' ਦਾ ਆਚਾਰ ਹਿੰਸਕ ਹੈ, ਸੰਤ ਦਾ ਅਹਿੰਸਕ। ਗੁਰੂ ਨਾਨਕ ਦੇਵ ਜੀ ਨੇ 'ਮਾਝ ਦੀ ਵਾਰ' ਵਿਚ ਸੰਤ ਨੂੰ ਹਿੰਸਾ ਤੋਂ ਵਰਜਦਿਆਂ ਕਿਹਾ ਹੈ— *ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ। ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।* (ਗੁ.ਗ੍ਰੰ.147)। ਫਿਰ 'ਸੰਤ' ਨਾਲ 'ਸਿਪਾਹੀ' ਸ਼ਬਦ ਦਾ ਸੰਯੋਗ ਕਿਵੇਂ ਬੈਠਦਾ ਹੈ ? ਇਸ ਦਾ ਮੂਲ ਕਾਰਣ ਮੁਗ਼ਲ ਸਰਕਾਰ ਦੇ ਜਬਰ ਅਤੇ ਧਾਰਮਿਕ ਅੰਧਤਾ ਤੋਂ ਪੈਦਾ ਹੋਈਆਂ ਪਰਿਸਥਿਤੀਆਂ ਸਨ, ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸਤ੍ਰ ਧਾਰਣ ਕਰਨ ਲਈ ਮਜਬੂਰ ਕੀਤਾ ਅਤੇ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਾਲਸਾ ਸਿਰਜਨ ਲਈ ਪ੍ਰੇਰਿਤ ਕੀਤਾ। 'ਖ਼ਾਲਸਾ' ਸ਼ਸਤ੍ਰਧਾਰੀ ਹੋਣ ਕਰਕੇ ਸਿਪਾਹੀ ਹੈ, ਪਰ ਪਹਿਲਾਂ ਸੰਤ ਹੈ। ਸੰਤ ਹੋਣਾ ਖ਼ਾਲਸੇ ਦੀ ਬੁਨਿਆਦੀ ਲੋੜ ਹੈ। ਉਸ ਤੋਂ ਬਾਦ ਸਿਪਾਹੀ ਦੀ ਸਥਿਤੀ ਹੈ। ਅਜਿਹੇ ਸਿਪਾਹੀ ਦਾ ਕਰਮਾਚਾਰ ਹਿੰਸਕ ਨਹੀਂ, ਨ ਹੀ ਨਰ-ਸੰਘਾਰ ਕਰਨਾ ਉਸ ਦਾ ਉਦੇਸ਼ ਹੈ। ਸ਼ਸਤ੍ਰ ਵਰਤਣ ਸੰਬੰਧੀ ਦਸਮ ਗੁਰੂ ਜੀ ਦੀ ਸਪੱਸ਼ਟ ਸਥਾਪਨਾ ਹੈ ਕਿ ਜਦੋਂ ਕਿਸੇ ਸਮਸਿਆ-ਸਮਾਧਾਨ ਲਈ ਸਾਰੇ ਸਾਧਨ ਵਿਅਰਥ ਸਿੱਧ ਹੋ ਜਾਣ ਤਾਂ ਉਦੋਂ ਤਲਵਾਰ ਨੂੰ ਹੱਥ ਵਿਚ ਲੈਣਾ ਜਾਇਜ਼ ਹੈ— *ਚੂ ਕਾਰ ਅਜ਼ ਹਮਾ ਹੀਲਤ ਦਰ ਗੁਜ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।*

ਸਪੱਸ਼ਟ ਹੈ ਕਿ ਸੰਤ-ਸਿਪਾਹੀ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ। ਇਸ ਦਾ ਮੂਲਾਧਾਰ ਭਗਤੀ (ਸੰਤ) ਹੈ ਅਤੇ ਪਰਿਸਥਿਤੀ ਅਨੁਸਾਰ ਉਸ ਦੀ ਸੁਰਖਿਆ ਲਈ ਸ਼ਕਤੀ (ਸਿਪਾਹੀ) ਹੈ। ਭਗਤੀ ਸ਼ਕਤੀ ਨੂੰ ਲੋੜ ਅਨੁਸਾਰ ਸਿਰਜਦੀ ਹੈ। ਸਮਸਿਆ ਦੇ ਸਮਾਧਾਨ ਤੋਂ ਬਾਦ ਉਹ ਫਿਰ ਭਗਤੀ ਵਿਚ ਹੀ ਸਮਾ ਜਾਂਦੀ ਹੈ। ਇਸ ਤਰ੍ਹਾਂ ਸ਼ਕਤੀ ਭਗਤੀ ਦੀ ਇਕ ਵਿਸਤ੍ਰਿਤੀ ਹੈ। ਇਸ ਦਾ ਵਿਸਤਾਰ ਸਥਾਈ ਨਹੀਂ, ਸਮੇਂ ਦੀ ਲੋੜ ਤਕ ਸੀਮਿਤ ਹੈ। ਉਸ ਤੋਂ ਬਾਦ 'ਭਗਤੀ' ਦੀ ਪ੍ਰਭੁਤਾ ਹੈ। ਇਹ ਵਿਰੋਧਾਭਾਸੀ ਸ਼ਬਦ-ਜੁਟ ਮੂਲ ਰੂਪ ਵਿਚ ਸੰਤ (ਭਗਤੀ) ਦਾ ਲਖਾਇਕ ਹੈ। ਸਿਪਾਹੀ (ਸ਼ਕਤੀ) ਲੋੜ ਅਨੁਸਾਰ ਇਸ ਵਿਚੋਂ ਪੈਦਾ ਹੋ ਕੇ ਫਿਰ ਇਸੇ ਵਿਚ ਸਮਾ ਜਾਂਦਾ ਹੈ। ਸੰਖੇਪ ਵਿਚ ਇਹ ਸ਼ਬਦ-ਜੁਟ ਸੰਤ ਦਾ ਹੀ ਵਾਚਕ ਹੈ। ਹਾਂ, ਸੰਤ ਦਾ ਸਰੂਪ ਪਰੰਪਰਾ ਨੂੰ ਨ ਅਪਣਾ ਕੇ ਯੁਗੀਨ ਪਰਿਸਥਿਤੀਆਂ ਅਨੁਸਾਰ ਆਪਣੇ ਵਿਚ ਕੁਝ ਪਰਿਵਰਤਨ ਲਿਆਉਂਦਾ ਹੈ। ਉਸੇ ਕਰਕੇ 'ਸੰਤ-ਸਿਪਾਹੀ' ਦੀ ਭੂਮਿਕਾ ਨਿਭਾਉਂਦਾ ਹੈ।

**ਸੰਤ-ਖ਼ਾਲਸਾ** : ਇਹ ਸ਼ਬਦ-ਜੁਟ ਨਾਮਧਾਰੀ ਸੰਪ੍ਰਦਾਇ ਦੀ ਟਕਸਾਲ ਦਾ ਢਲਿਆ ਸਿੱਕਾ ਹੈ। ਜਦੋਂ ਅਪ੍ਰੈਲ 1857 ਈ. ਵਿਚ ਵਿਸਾਖੀ ਦੇ ਅਵਸਰ 'ਤੇ ਬਾਬਾ ਰਾਮ ਸਿੰਘ ਨਾਮਧਾਰੀ ਨੇ ਸਿੱਖਾਂ ਵਿਚ ਅੰਮ੍ਰਿਤ ਛਕਾਉਣ ਦੀ ਪੁਨਰ-ਵਿਵਸਥਾ ਕੀਤੀ, ਤਾਂ ਅਜਿਹੇ ਅੰਮ੍ਰਿਤਧਾਰੀਆਂ ਨੂੰ 'ਸੰਤ ਖ਼ਾਲਸਾ' ਨਾਂ ਦਿੱਤਾ। ਲਿਖਿਤ ਸਾਹਿਤ ਵਿਚ ਇਸ ਦੀ ਸਰਬ ਪ੍ਰਥਮ ਵਰਤੋਂ 'ਪ੍ਰੇਮ ਸੁਮਾਰਗ' ਗ੍ਰੰਥ ਦੇ ਪਹਿਲੇ ਅਧਿਆਇ ਵਿਚ ਹੋਈ ਹੈ। ਪਰ ਇਸ ਸ਼ਬਦ-ਜੁਟ ਦੀ ਵਰਤੋਂ 'ਸੰਤ ਸਿਪਾਹੀ' ਦੇ ਮੁਕਾਬਲੇ ਬਹੁਤ ਘਟ ਹੋਈ ਹੈ। ਵੇਖੋ 'ਸੰਤ ਸਿਪਾਹੀ'।

**ਸੰਤ-ਮਾਲ** (ਰਚਨਾ) : ਭਾਈ ਸੋਭਾ ਰਾਮ ਦੀ 'ਸੰਤ ਮਾਲ' ਨਾਂ ਦੀ ਇਕੋ-ਇਕ ਰਚਨਾ ਹੁਣ ਉਪਲਬਧ ਹੈ। ਇਹ ਅਸਲ

ਵਿਚ ਸੇਵਾਪੰਥੀ ਸੰਪ੍ਰਦਾਇ ਦਾ ਛੰਦ-ਬਧ ਇਤਿਹਾਸ ਹੈ ਜਿਸ ਦੀ ਰਚਨਾ ਸੰਮਤ 1923 ਬਿ. (ਸੰਨ 1866 ਈ.) ਵਿਚ ਹੋਈ ਸੀ ਅਤੇ ਜੋ ਅਜੇ ਤਕ ਹੱਥ-ਲਿਖਿਤ ਰੂਪ ਵਿਚ ਮਿਲਦਾ ਹੈ। ਇਸ ਦੀ ਇਕ ਨਕਲ ਹੁਣ ਭਾਈ ਰਾਮ ਕਿਸ਼ਨ ਦੇ ਡੇਰੇ (ਸ਼ੇਰਾਂ ਵਾਲਾ ਗੇਟ, ਪਟਿਆਲਾ) ਵਿਚ ਸੁਰਖਿਅਤ ਹੈ।

ਇਸ ਰਚਨਾ ਵਿਚ ਭਾਈ ਸੋਭਾ ਰਾਮ ਵਲੋਂ ਆਪਣੇ ਲਈ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਉਹ ਭਾਈ ਦਰਬਾਰੀ ਦੇ ਘਰ ਮਾਈ ਲੱਛਮੀ ਦੀ ਕੁਖੋਂ ਪੈਦਾ ਹੋਇਆ ਸੀ। ਉਸ ਦਾ ਦੀਖਿਆ ਗੁਰੂ ਭਾਈ ਗੁਰਦਿੱਤਾ ਨਾਂ ਦਾ ਸੇਵਾਪੰਥੀ ਸਾਧ ਸੀ ਜਿਸ ਦੀ ਸ਼ਰਣ ਵਿਚ ਉਹ ਕਿਸੇ ਭੁਖਮਰੀ ਤੋਂ ਪੈਦਾ ਹੋਏ ਸੰਕਟ ਵੇਲੇ ਆਇਆ ਸੀ। ਇਸ ਪ੍ਰਕਾਰ ਦੀ ਰਚਨਾ ਦੀ ਪ੍ਰੇਰਣਾ ਕਵੀ ਅਨੁਸਾਰ ਸੁਪਨੇ ਵਿਚ ਦਰਸ਼ਨ ਦੇਣ ਵਾਲੇ ਸੰਤਾਂ ਤੋਂ ਪ੍ਰਾਪਤ ਹੋਈ — *ਸੁਨਿ ਸੰਤਨ ਨੇ ਕਿਰਪਾ ਧਾਰੀ। ਕਥੋ ਕਥਾ ਤੁਮ ਪ੍ਰੀਤੀ ਧਾਰੀ। ਰਸਨਾ ਤੁਮਰੀ ਬੈਸ ਕਹਾਵੈ। ਛੰਦ ਪ੍ਰਬੰਧ ਸੁ ਬਨਤੇ ਜਾਵੈ।*

ਇਸ ਇਤਿਹਾਸ-ਗ੍ਰੰਥ ਵਿਚ ਸਮੋਈ ਸਾਮਗ੍ਰੀ ਦੇ ਸਰੋਤ ਪੂਰਵ-ਰਚਿਤ ਸੇਵਾਪੰਥੀ ਪਰਚੀ-ਸਾਹਿਤ, ਭਾਈ ਲਾਲ ਚੰਦ ਕ੍ਰਿਤ 'ਸ੍ਰੀ ਸੰਤ ਰਤਨ ਮਾਲਾਂ', ਲੋਕ-ਵਾਰਤਾਵਾਂ ਅਤੇ ਅੱਖੀਂ ਡਿਠੀਆਂ ਘਟਨਾਵਾਂ ਹਨ। ਇਸ ਰਚਨਾ ਵਿਚ ਭਾਈ ਕਨ੍ਹੀਆ, ਭਾਈ ਸੇਵਾ ਰਾਮ, ਭਾਈ ਅੱਡਣਸ਼ਾਹ, ਭਾਈ ਸਹਿਜ ਰਾਮ, ਭਾਈ ਰੰਗ, ਭਾਈ ਦੁਖ ਭੰਜਨ ਆਦਿ ਸਾਧਕਾਂ ਬਾਰੇ ਵਿਸਤਾਰ ਨਾਲ ਬ੍ਰਿੱਤਾਂਤ ਦਿੱਤਾ ਗਿਆ ਹੈ, ਪਰ ਭਾਈ ਧੰਨੂ, ਭਾਈ ਸੋਮਾ, ਭਾਈ ਮੰਗੂ, ਭਾਈ ਗਾੜੂ, ਭਾਈ ਸਦਾਨੰਦ, ਭਾਈ ਭਲਾ ਰਾਮ ਆਦਿ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਕਿਤੇ ਕਿਤੇ ਯੁਗ-ਚਿਤ੍ਰਣ ਅਤੇ ਇਤਿਹਾਸਿਕ ਘਟਨਾਵਾਂ ਦਾ ਵਰਣਨ ਵੀ ਹੋ ਗਿਆ ਹੈ। ਅਜਿਹੇ ਪ੍ਰਸੰਗਾਂ ਵਿਚ ਮਹਾਰਾਜਾ ਰਣਜੀਤ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਵਡਭਾਗ ਸਿੰਘ ਆਦਿ ਨਾਲ ਸੰਬੰਧਿਤ ਬ੍ਰਿੱਤਾਂਤ ਮਿਲ ਜਾਂਦੇ ਹਨ। ਪਰ ਇਥੇ ਇਹ ਨਹੀਂ ਭੁਲਣਾ ਚਾਹੀਦਾ ਹੈ ਕਿ ਇਹ ਗ੍ਰੰਥ ਇਤਿਹਾਸ ਅਤੇ ਮਿਥਿਹਾਸ ਦਾ ਮਿਲਗੋਭਾ ਹੈ। ਘਟਨਾਵਾਂ ਦੇ ਸੰਨਾਂ/ਸੰਮਤਾਂ ਅਤੇ ਵਿਅਕਤੀਆਂ ਦੇ ਪਿਛੋਕੜ ਬਾਰੇ ਵੀ ਕੋਈ ਵਿਸ਼ਵਸਤ ਜਾਣਕਾਰੀ ਨਹੀਂ ਮਿਲਦੀ।

ਚੂੰਕਿ ਇਸ ਰਚਨਾ ਦਾ ਸੰਬੰਧ ਸੇਵਾਪੰਥੀ ਸੰਪ੍ਰਦਾਇ ਦੇ ਸਾਧਕਾਂ ਨਾਲ ਹੈ ਅਤੇ ਅਧਿਕਤਰ ਉਨ੍ਹਾਂ ਦੇ ਜੀਵਨ ਦੇ ਅਧਿਆਤਮਿਕ ਪੱਖ ਦਾ ਚਿਤ੍ਰਣ ਕੀਤਾ ਗਿਆ ਹੈ, ਇਸ ਲਈ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਦੇ ਪ੍ਰਕਰਣ ਵਿਚ ਗੁਰਮਤਿ ਅਤੇ ਸਿੱਖ ਧਰਮ-ਮਾਰਗ ਦੀ ਵੀ ਵਿਆਖਿਆ ਹੁੰਦੀ ਗਈ ਹੈ। ਜਿਵੇਂ ਬ੍ਰਹਮ ਅਤੇ ਜੜ-ਚੇਤਨ ਦੀ ਅਭੇਦਤਾ ਨੂੰ ਸਪੱਸ਼ਟ ਕਰਦਿਆਂ ਕਵੀ ਨੇ ਲਿਖਿਆ ਹੈ— *ਆਂਬ ਤਰੂ ਸਮ ਬ੍ਰਹਮੁ ਪਛਾਨੋ। ਆਂਬ ਪਾਤ ਸਮ ਜੀ ਸਭ ਮਾਨੋ।994। ਪ੍ਰੀਤਿਵਾਨ ਤੁਮ ਬੂਰ ਪਛਾਨ। ਗਯਾਨੁਵਾਨੁ ਮੀਠਾ ਫਲੁ ਮਾਨ। ਫਲ ਤਰਵਰ ਮਧੁ ਭੇਦ ਨਾ ਕੋਈ। ਏਕ ਬ੍ਰਹਮ ਜੜ ਚੇਤਨ ਸੋਈ ।995।*

ਇਸ ਪ੍ਰਕਾਰ ਦੇ ਹੋਰ ਵੀ ਉਦਗਾਰ ਮਿਲ ਜਾਂਦੇ ਹਨ। ਕਿਰਤ ਕਰਨ, ਨਾਮ ਜਪਣ, ਸੇਵਾ ਕਰਨ ਅਤੇ ਕਥਾ-ਕੀਰਤਨ ਕਰਨ ਉਤੇ ਥਾਂ ਥਾਂ 'ਤੇ ਬਲ ਦਿੱਤਾ ਗਿਆ ਹੈ।

ਦੋਹਰਾ-ਚੌਪਈ ਕਾਵਿ ਪੱਧਤੀ ਵਿਚ ਲਿਖੀ ਇਸ ਰਚਨਾ ਵਿਚ ਕਾਵਿ ਗੁਣ ਪ੍ਰਦਰਸ਼ਨ ਘਟ ਹੋਇਆ ਹੈ, ਫਿਰ ਵੀ ਕਿਤੇ ਕਿਤੇ ਕੋਈ ਅਲੰਕਾਰ ਅਥਵਾ ਬਿੰਬ ਸਿਰਜਨਾ ਦਾ ਹੋ ਜਾਣਾ ਸੁਭਾਵਿਕ ਹੈ। ਪੰਜਾਬੀ ਸਾਧ ਭਾਸ਼ਾ ਵਿਚ ਲਿਖੀ ਇਸ ਰਚਨਾ ਵਿਚ ਭਾਵ-ਸੰਚਾਰ ਬੜੇ ਸਹਿਜ ਢੰਗ ਨਾਲ ਹੋਇਆ ਹੈ। ਅਰਬੀ ਫ਼ਾਰਸੀ ਦੀ ਉਹੀ ਸ਼ਬਦਾਵਲੀ ਵਰਤੀ ਗਈ ਹੈ ਜੋ ਉਦੋਂ ਤਕ ਆਮ ਜਨ-ਜੀਵਨ ਵਿਚ ਸਮਾ ਚੁਕੀ ਸੀ ਅਤੇ ਸੰਸਕ੍ਰਿਤ ਆਦਿ ਪ੍ਰਾਚੀਨ ਭਾਸ਼ਾਵਾਂ ਦੀ ਸ਼ਬਦਾਵਲੀ ਵੀ ਪਰੰਪਰਾਗਤ ਸਾਧ ਭਾਸ਼ਾਈ ਸਵੀਕ੍ਰਿਤੀ ਪ੍ਰਾਪਤ ਕਰਕੇ ਹੀ ਸ਼ਾਮਲ ਹੋਈ ਹੈ। ਸੇਵਾ ਪੰਥੀ ਸਾਧਾਂ ਬਾਰੇ ਜਾਣਕਾਰੀ ਦੇਣ ਵਾਲੇ ਸਰੋਤਾਂ ਵਿਚ ਇਸ ਰਚਨਾ ਦਾ ਵਿਸ਼ੇਸ਼ ਮਹੱਤਵ ਅਤੇ ਸਥਾਨ ਹੈ।

**ਸੰਤ ਰੇਣ** : ਵੇਖੋ 'ਰੇਣ ਸੰਤ'।

**ਸੰਤਾ ਸਿੰਘ, ਬਾਬੂ** (1887-1926 ਈ.): ਇਕ ਬੱਬਰ ਅਕਾਲੀ ਜਿਸ ਦਾ ਜਨਮ ਲੁਧਿਆਣਾ ਜ਼ਿਲ੍ਹਾ ਦੇ ਵਸਨੀਕ ਸ. ਸੂਬਾ ਸਿੰਘ ਦੇ ਘਰ ਸੰਨ 1887 ਈ. ਵਿਚ ਹੋਇਆ। ਇਸ ਨੇ ਮਾਲਵਾ ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਦਸਵੀਂ ਜਮਾਤ ਪਾਸ ਕੀਤੀ ਅਤੇ ਉਥੇ ਹੀ ਕੁਝ ਸਮੇਂ ਲਈ ਕਲਰਕ ਦੀ ਨੌਕਰੀ ਕੀਤੀ। ਫਰਵਰੀ 1920 ਈ. ਵਿਚ ਇਹ ਫ਼ੌਜ ਵਿਚ ਭਰਤੀ ਹੋ ਗਿਆ, ਪਰ ਉਥੇ ਵੀ ਇਸ ਨੂੰ ਕਲਰਕ ਦਾ ਕੰਮ ਕਰਨ ਨੂੰ ਸੌਂਪਿਆ ਗਿਆ। ਉਦੋਂ ਤੋਂ ਹੀ

'ਬਾਬੂ' ਸ਼ਬਦ ਇਸ ਦੇ ਨਾਂ ਨਾਲ ਜੁੜ ਗਿਆ।

ਨਨਕਾਣਾ ਸਾਹਿਬ ਦੇ ਸਾਕੇ ਨੇ ਇਸ ਨੂੰ ਮਾਨਸਿਕ ਤੌਰ 'ਤੇ ਹਿਲਾ ਦਿੱਤਾ। ਇਸ ਦੇ ਮਨ ਵਿਚ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਅੱਗ ਭੜਕ ਪਈ ਅਤੇ ਚੁਪ-ਚਪਾਤੇ ਕਿਸ਼ਨ ਸਿੰਘ ਗੜਗਜ ਦੀਆਂ ਕਈ ਬੈਠਕਾਂ ਵਿਚ ਹਿੱਸਾ ਲੈਣ ਲਗ ਗਿਆ। ਹੌਲੀ ਹੌਲੀ ਉਸ ਦਾ ਪ੍ਰਸ਼ੰਸਕ ਬਣ ਗਿਆ। ਅਕਤੂਬਰ 1921 ਈ. ਵਿਚ ਕਿਸ਼ਨ ਸਿੰਘ ਦੁਆਰਾ ਬਣਾਏ ਚਕਰਵਰਤੀ ਜੱਥੇ ਦੀ ਪਲਾਹੀ ਪਿੰਡ ਵਿਚ ਹੋਈ ਮੀਟਿੰਗ ਵਿਚ ਹਿੱਸਾ ਲੈਣ ਤੋਂ ਬਾਦ ਇਸ ਨੇ ਫ਼ੌਜ ਤੋਂ ਮੁਕਤ ਹੋਣ ਦਾ ਮਨ ਬਣਾ ਲਿਆ। ਜਨਵਰੀ 1922 ਈ. ਵਿਚ ਇਸ ਨੇ ਫ਼ੌਜ ਦੀ ਨੌਕਰੀ ਛਡ ਦਿੱਤੀ ਅਤੇ ਚਕਰਵਰਤੀ ਜੱਥੇ ਦਾ ਸਰਗਰਮ ਕਾਰਕੁੰਨ ਬਣ ਗਿਆ। ਇਸ ਨੇ ਪਿੰਡਾਂ ਵਿਚ ਦੀਵਾਨ ਲਗਾ ਕੇ ਲੋਕਾਂ ਨੂੰ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਅਤੇ ਸਰਕਾਰ-ਪੱਖੀ ਅਤੇ ਮੁਖ਼ਬਰੀ ਦਾ ਕੰਮ ਕਰਨ ਵਾਲੇ ਕਈ ਲੋਕਾਂ ਨੂੰ ਖ਼ਤਮ ਕਰਨ ਲਈ ਵਧ ਚੜ੍ਹ ਕੇ ਹਿੱਸਾ ਲਿਆ। ਚਕਰਵਰਤੀ ਜੱਥੇ ਦੇ ਇਕ ਮੈਂਬਰ ਸੰਤ ਕਰਤਾਰ ਸਿੰਘ ਦੀ ਸੂਚਨਾ 'ਤੇ ਇਸ ਨੂੰ 20 ਜੂਨ 1923 ਈ. ਨੂੰ ਤਪਾ ਰੇਲਵੇ ਸਟੇਸ਼ਨ ਤੋਂ ਗੱਡੀ ਵਿਚ ਸਫ਼ਰ ਕਰਦੇ ਨੂੰ ਪਕੜ ਲਿਆ ਗਿਆ। ਮੁਕੱਦਮਾ ਚਲਣ ਤੋਂ ਬਾਦ ਇਸ ਨੂੰ ਫ਼ਾਂਸੀ ਦੀ ਸਜ਼ਾ ਮਿਲੀ ਅਤੇ 27 ਫਰਵਰੀ 1926 ਈ. ਨੂੰ ਇਸ ਨੂੰ ਫ਼ਾਂਸੀ ਦੇ ਤਖ਼ਤੇ ਉਤੇ ਚੜ੍ਹਾ ਦਿੱਤਾ ਗਿਆ। ਇਹ ਬਹੁਤ ਸਾਹਸੀ ਅਤੇ ਨਿਡਰ ਪੰਥ-ਸੇਵਕ ਸੀ। ਇਸ ਨੇ ਅੰਗ੍ਰੇਜ਼ ਸਰਕਾਰ ਵਿਰੁੱਧ ਕਈ ਟ੍ਰੈਕਟ ਵੀ ਛਾਪ ਕੇ ਵੰਡੇ ਸਨ।

**ਸੰਤੋਖ** : ਗੁਰਬਾਣੀ ਵਿਚ ਮਨੁੱਖ ਨੂੰ 'ਸੰਤੋਖ' ਧਾਰਣ ਕਰਨ ਲਈ ਥਾਂ ਥਾਂ 'ਤੇ ਪ੍ਰੇਰਨਾ ਦਿੱਤੀ ਗਈ ਹੈ। ਇਥੋਂ ਤਕ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਉਪਰੰਤ ਅਖ਼ੀਰ ਉਤੇ ਮੁੰਦਾਵਣੀ ਅੰਕਿਤ ਕਰਨ ਵੇਲੇ 'ਸੰਤੋਖ' ਸ਼ਬਦ ਨੂੰ ਵੀ ਸ਼ਾਮਲ ਕੀਤਾ ਹੈ— *ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ। ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ। ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ। ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ।*(ਗੁ.ਗ੍ਰੰ.1429)।

ਇਥੇ ਥਾਲ ਕਿਹੜਾ ਹੈ ? ਉੱਤਰ ਹੈ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਤਿੰਨ ਵਸਤੂਆਂ ਪਈਆਂ ਹਨ— ਸਤੁ, ਸੰਤੋਖ ਅਤੇ ਵਿਚਾਰ। 'ਸਤੁ' ਤੋਂ ਭਾਵ ਹੈ ਸਦਾਚਰਣ, 'ਸੰਤੋਖ' ਤੋਂ ਭਾਵ ਹੈ ਸੁਖ-ਦੁਖ ਨੂੰ ਸਮਾਨ ਜਾਣ ਕੇ ਉਸ ਵਿਚ ਸਬਰ ਕਰਨ ਦੀ ਅਵਸਥਾ, ਅਤੇ 'ਵਿਚਾਰ' ਤੋਂ ਭਾਵ ਹੈ ਵਿਵੇਕ। ਇਨ੍ਹਾਂ ਤਿੰਨ ਵਸਤੂਆਂ ਨੂੰ ਮਿਲਾ ਕੇ ਤਿਆਰ ਕੀਤੇ ਗਏ ਭੋਜਨ ਵਿਚ ਚੌਥੀ ਵਸਤੂ ਨਾਮ ਰੂਪੀ ਅੰਮ੍ਰਿਤ ਹੈ। ਇਸ ਪ੍ਰਕਾਰ ਦੀ ਤਿਆਰ ਕੀਤੀ ਖ਼ੁਰਾਕ ਦਾ ਜੋ ਸੇਵਨ ਕਰਦਾ ਹੈ, ਨਿਸਚੇ ਹੀ ਉਸ ਦਾ ਜਗਤ ਤੋਂ ਉੱਧਾਰ ਹੋ ਜਾਂਦਾ ਹੈ। ਅਜਿਹੀ ਵਸਤੂ ਨੂੰ ਛਡਣਾ ਨਹੀਂ ਚਾਹੀਦਾ, ਇਸ ਨੂੰ ਸਦਾ ਹਿਰਦੇ ਵਿਚ ਵਸਾਉਣਾ ਹੀ ਕਲਿਆਣਕਾਰੀ ਹੈ। ਇਨ੍ਹਾਂ ਚਾਰ ਪਦਾਰਥਾਂ ਵਿਚੋਂ ਪਹਿਲੇ ਤਿੰਨ ਮਨੁੱਖ ਦੀਆਂ ਸਦ-ਬਿਰਤੀਆਂ ਹਨ ਅਤੇ ਇਨ੍ਹਾਂ ਤਿੰਨਾਂ ਨੂੰ ਧਾਰਣ ਕਰਨ ਵਾਲੇ ਸਦਾਚਾਰੀ ਵਿਅਕਤੀ ਦੀ ਮਨੋ-ਭੂਮੀ ਹਰਿ-ਨਾਮ ਰੂਪੀ ਅੰਮ੍ਰਿਤ ਨੂੰ ਗ੍ਰਹਿਣ ਕਰਨ ਦੇ ਯੋਗ ਹੈ। ਇਸ ਤੋਂ ਸਾਫ਼ ਹੈ ਕਿ ਗੁਰਮਤਿ ਧਰਮ-ਸਾਧਨਾ ਵਿਚ ਸੰਤੋਖ ਦਾ ਵਿਸ਼ੇਸ਼ ਸਥਾਨ ਹੈ।

'ਸੰਤੋਖ' ਸ਼ਬਦ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਇਹ ਸੰਸਕ੍ਰਿਤ ਦੇ 'ਸੰਤੋਸ਼' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ— ਮਨ ਦੀ ਉਹ ਬਿਰਤੀ ਜਾਂ ਅਵਸਥਾ ਜਿਸ ਵਿਚ ਮਨੁੱਖ ਆਪਣੀ ਵਰਤਮਾਨ ਦਸ਼ਾ ਵਿਚ ਹੀ ਪੂਰਣ ਸੁਖ ਅਨੁਭਵ ਕਰਦਾ ਹੋਇਆ ਤ੍ਰਿਪਤ ਰਹਿੰਦਾ ਹੈ। ਭਾਰਤੀ ਦਰਸ਼ਨ ਅਤੇ ਸੰਸਕ੍ਰਿਤੀ ਵਿਚ ਸੰਤੋਖ ਨੂੰ ਸਦਾ ਮਹੱਤਵ ਦਿੱਤਾ ਜਾਂਦਾ ਰਿਹਾ ਹੈ। 'ਪਾਤੰਜਲ ਯੋਗਸੂਤ੍ਰ' ਅਨੁਸਾਰ ਅਸ਼ਟਾਂਗ ਮਾਰਗ ਦੇ ਨਿਯਮਾਂ ਵਿਚ ਸੰਤੋਖ ਨੂੰ ਦੂਜਾ ਸਥਾਨ ਪ੍ਰਾਪਤ ਹੈ। ਉਥੇ ਇਸ ਤੋਂ ਭਾਵ ਹੈ ਕਰਤੱਵ ਕਰਮ ਦੀ ਪਾਲਨਾ ਕਰਦੇ ਹੋਇਆਂ, ਉਸ ਦਾ ਜੋ ਕੁਝ ਵੀ ਸਿੱਟਾ ਨਿਕਲੇ ਅਤੇ ਪ੍ਰਾਲਬਧ ਅਨੁਸਾਰ ਆਪਣੇ ਆਪ ਨੂੰ ਜੋ ਕੁਝ ਵੀ ਪ੍ਰਾਪਤ ਹੋਵੇ, ਉਸੇ ਵਿਚ ਤ੍ਰਿਪਤ ਰਹਿਣਾ ਅਤੇ ਕਿਸੇ ਪ੍ਰਕਾਰ ਦੀ ਕਾਮਨਾ, ਇੱਛਾ ਜਾਂ ਤ੍ਰਿਸ਼ਨਾ ਨ ਕਰਨਾ 'ਸੰਤੋਸ਼' ਹੈ।

ਧਿਆਨ ਰਹੇ ਕਿ ਗੁਰਮਤਿ ਵਿਚ ਸੰਤੋਸ਼ ਤੋਂ ਭਾਵ ਕਰਮਹੀਨਤਾ ਜਾਂ ਨਿਸ਼ਕਰਮਣਤਾ ਨਹੀਂ, ਸਗੋਂ ਉਹ ਅਵਸਥਾ ਹੈ ਜਦੋਂ ਭੌਤਿਕ ਪਦਾਰਥਾਂ ਨੂੰ ਚਾਹੁੰਣ ਦੀ ਕ੍ਰਿਆਸ਼ੀਲਤਾ ਆਪਣਾ ਰੁਖ ਅਧਿਆਤਮ-ਪਦਾਰਥਾਂ ਵਲ ਮੋੜ ਲੈਂਦੀ ਹੈ, ਜਿਸ ਦੇ ਫਲਸਰੂਪ ਸਾਧਕ ਨੂੰ ਸ੍ਰੇਸ਼ਠ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸੂਫ਼ੀ-ਮਤ ਵਿਚ ਵੀ ਸੰਤੋਖ ਦੇ ਸਮਾਨਾਂਤਰ 'ਸਬਰ' ਦੀ ਬਿਰਤੀ ਦਾ ਸੂਫ਼ੀ-ਸਾਧਕ ਦੇ ਜੀਵਨ ਵਿਚ ਮਹੱਤਵ ਦਸਿਆ ਗਿਆ ਹੈ। ਇਸ ਨੂੰ ਸੂਫ਼ੀ-ਸਾਧਨਾ ਦਾ ਇਕ ਪੜਾ ਮੰਨਿਆ ਗਿਆ ਹੈ। ਇਸ ਬਿਰਤੀ ਦੇ ਫਲਸਰੂਪ ਸਾਧਕ ਦੁਨਿਆਵੀ ਸੁਖਾਂ ਸੁਵਿਧਾਵਾਂ ਦਾ ਤਿਆਗ ਕਰਕੇ ਫ਼ਕਰ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ, ਉਹ ਦੁਨਿਆਵੀ ਸੁਖਾਂ ਦੇ ਮੁਕਾਬਲੇ ਈਸ਼ਵਰ-ਪ੍ਰਾਪਤੀ ਨੂੰ ਉਚੇਰਾ ਸਮਝਣ ਲਗ ਜਾਂਦਾ ਹੈ। ਇਹ ਅਵਸਥਾ ਸਾਰੀਆਂ ਦੁਨਿਆਵੀ ਇੱਛਾਵਾਂ ਉਤੇ ਪ੍ਰਾਪਤ ਕੀਤੀ ਜਿਤ ਹੈ। ਸ਼ੇਖ਼ ਫ਼ਰੀਦ ਨੇ ਸਬਰ ਦੇ ਸਰਬਾਂਗੀ ਰੂਪ ਨੂੰ ਪੇਸ਼ ਕਰਦਿਆਂ ਕਿਹਾ ਹੈ ਕਿ ਜੇ ਮਨ ਸਬਰ ਦੀ ਕਮਾਣ ਹੋਵੇ ਅਤੇ ਸਬਰ ਦਾ ਹੀ ਚਿਲਾ ਹੋਵੇ ਅਤੇ ਸਬਰ ਦਾ ਬਾਣ ਇਸ ਕਮਾਣ ਉਤੇ ਚੜ੍ਹਾਇਆ ਗਿਆ ਹੋਵੇ ਤਾਂ ਪਰਮਾਤਮਾ ਉਸ ਤੀਰ ਨੂੰ ਨਿਸ਼ਾਨਿਓਂ ਚੁਕਣ ਨਹੀਂ ਦਿੰਦਾ, ਪਰਮ-ਪਦ ਦੀ ਪ੍ਰਾਪਤੀ ਅਵੱਸ਼ ਹੁੰਦੀ ਹੈ— *ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ। ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ।* (ਗੁ.ਗ੍ਰੰ.1384)। ਇਸ ਬਿਰਤੀ ਨੂੰ ਜੀਵਨ ਵਿਚ ਢਾਲਦੇ ਹੋਇਆਂ ਫ਼ਰੀਦ ਜੀ ਨੇ ਦਸਿਆ ਹੈ— *ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ। ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।* (ਗੁ.ਗ੍ਰੰ.1379)।

ਸੰਤੋਖ ਦੇ ਇਸ ਭਾਰਤੀ ਅਤੇ ਸਾਮੀ ਸੰਦਰਭ ਤੋਂ ਮਨੁੱਖੀ ਜੀਵਨ ਵਿਚ ਇਸ ਦੇ ਮਹੱਤਵ ਦੀ ਗੱਲ ਸਪੱਸ਼ਟ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਢੰਗ ਨਾਲ ਮਾਨਵ ਜੀਵਨ ਵਿਚ ਇਸ ਦੇ ਮਹੱਤਵ ਉਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਹੈ। 'ਸੁਖਮਨੀ' ਵਿਚ ਗੁਰੂ ਅਰਜਨ ਦੇਵ ਜੀ ਨੇ ਦਸਿਆ ਹੈ ਕਿ ਜਦ ਵਿਅਕਤੀ ਹਜ਼ਾਰ ਰੁਪਏ ਕਮਾ ਲੈਂਦਾ ਹੈ ਤਾਂ ਲਖ ਖਟਣ ਲਈ ਉਤਾਵਲਾ ਹੋ ਜਾਂਦਾ ਹੈ, ਉਹ ਮਾਇਆ ਨੂੰ ਇਕੱਠੀ ਕਰਨੋ ਤ੍ਰਿਪਤ ਨਹੀਂ ਹੁੰਦਾ, ਅਨੇਕ ਪ੍ਰਕਾਰ ਦੇ ਵਿਸ਼ੇ-ਭੋਗ ਕਰਨ 'ਤੇ ਵੀ ਨਹੀਂ ਰਜਦਾ ਅਤੇ ਖ਼ੁਆਰ ਹੋ ਕੇ ਮਰਦਾ ਹੈ। ਅਸਲ ਵਿਚ, ਸੰਤੋਖ ਧਾਰਣ ਕੀਤੇ ਬਿਨਾ ਕੋਈ ਵਿਅਕਤੀ ਤ੍ਰਿਪਤ ਨਹੀਂ ਹੋ ਸਕਦਾ ਅਤੇ ਉਸ ਦੇ ਸਾਰੇ ਕੰਮ-ਕਾਰ ਸੁਪਨੇ ਦੇ ਮਨੋਰਥ ਵਾਂਗ ਨਿਸਫਲ ਜਾਂਦੇ ਹਨ— *ਸਹਸ ਖਟੇ ਲਖ ਕਉ ਉਠਿ ਧਾਵੈ। ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ। ਅਨਿਕ ਭੋਗ ਬਿਖਿਆ ਕੇ ਕਰੈ। ਨਹ ਤ੍ਰਿਪਤਾਵੈ ਖਪਿ ਖਪਿ ਮਰੈ। ਬਿਨਾ ਸੰਤੋਖ ਨਹੀ ਕੋਊ ਰਾਜੈ। ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।* (ਗੁ.ਗ੍ਰੰ.278-79)।

ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿਚ ਸੰਤੋਖ ਧਾਰਣ ਕਰਨ ਵਾਲੇ ਜਿਗਿਆਸੂ ਦੇ ਵਿਅਕਤਿਤਵ ਨੂੰ ਸਪੱਸ਼ਟ ਕਰਦਿਆਂ ਕਹਿੰਦੇ ਹਨ ਕਿ ਪਰਮਾਤਮਾ ਦੀ ਅਰਾਧਨਾ ਕਰਨ ਵਾਲੇ ਸੰਤੋਖੀ ਸਾਧਕ ਹੀ ਸੇਵਾ ਵਿਚ ਸਫਲਤਾ ਪ੍ਰਾਪਤ ਕਰਦੇ ਹਨ, ਉਹ ਕਦੇ ਮੰਦੇ ਕੰਮਾਂ ਵਲ ਆਪਣੇ ਕਦਮ ਨਹੀਂ ਰਖਦੇ, ਸਦਾ ਚੰਗੇ ਕੰਮ ਕਰਦੇ ਹਨ, ਧਰਮ ਅਨੁਸਾਰੀ ਜੀਵਨ ਜੀਉਂਦੇ ਹਨ। ਉਨ੍ਹਾਂ ਨੇ ਦੁਨੀਆ ਦੇ ਮਾਇਕ ਪ੍ਰਪੰਚ ਅਤੇ ਬੰਧਨ ਤੋੜ ਦਿੱਤੇ ਹਨ ਅਤੇ ਸਦਾ ਅਲਪਾਹਾਰ ਕਰਦੇ ਹਨ। ਸਭ ਉਤੇ ਮਿਹਰਾਂ ਅਤੇ ਬਖ਼ਸ਼ਿਸ਼ਾਂ ਕਰਨ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੰਤੋਖੀ ਮਨੁੱਖ ਹੀ ਪ੍ਰਭੂ-ਉਸਤਤ ਰਾਹੀਂ ਸਫਲ ਹੁੰਦੇ ਹਨ— *ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ। ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ। ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ। ਵਡਿਆਈ ਵਡਾ ਪਾਇਆ।* (ਗੁ.ਗ੍ਰੰ.466-67)। ਗੁਰਬਾਣੀ ਵਿਚ ਸੰਤੋਖ ਨੂੰ ਸ੍ਰੇਸ਼ਠ ਕਰਨੀਆਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ— *ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।* (ਗੁ.ਗ੍ਰੰ.51)।

ਬਿਰਤੀਆਂ ਦੇ ਪਰਿਵਾਰ ਦੀ ਕਲਪਨਾ ਕਰਦਿਆਂ ਗੁਰਬਾਣੀ ਵਿਚ ਗੁਰੂ ਦੀ ਮਤਿ ਨੂੰ ਮਾਤਾ, ਸੰਤੋਖ ਨੂੰ ਪਿਤਾ ਅਤੇ ਸਦਾਚਰਣ ਨੂੰ ਭਰਾ ਮੰਨਿਆ ਗਿਆ ਹੈ— *ਮਾਤਾ ਮਤਿ ਪਿਤਾ ਸੰਤੋਖੁ। ਸਤੁ ਭਾਈ ਕਰਿ ਏਹੁ ਵਿਸੇਖੁ।* (ਗੁ.ਗ੍ਰੰ.151)। ਵਾਸਤਵਿਕ ਜਨੇਊ ਦਾ ਪਰਿਚਯ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਸੰਤੋਖ ਨੂੰ ਉਸ ਵਿਚਲਾ ਸੂਤਰ ਦਸਿਆ ਹੈ— *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।* (ਗੁ.ਗ੍ਰੰ. 471) ਅਤੇ ਜੋਗ ਦੇ ਸਹੀ ਰੂਪ ਨੂੰ ਪੇਸ਼ ਕਰਦਿਆਂ ਸੰਤੋਖ ਦੀਆਂ ਮੁੰਦਰਾਂ ਧਾਰਣ ਕਰਨ ਦਾ ਉਪਦੇਸ਼ ਦਿੱਤਾ ਹੈ— *ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।* (ਗੁ. ਗ੍ਰੰ.6)। ਹੋਰ ਵੀ ਕਈਆਂ ਪ੍ਰਸੰਗਾਂ ਵਿਚ ਰੂਪਾਤਮਕ ਵਿਧਾਨ ਰਾਹੀਂ ਸੰਤੋਖ ਦੇ ਮਹੱਤਵ ਦਾ ਪ੍ਰਤਿਪਾਦਨ ਹੋਇਆ ਹੈ। ਕਿਤੇ ਕਿਤੇ ਗੁਰੂ ਨੂੰ ਸੰਤੋਖ ਦਾ ਸਰੋਵਰ ਕਹਿ ਕੇ ਉਸ ਵਿਚ ਇਸ਼ਨਾਨ ਕਰਨ ਵਾਲਿਆਂ ਨੂੰ ਵਡਭਾਗੀ ਦਸਿਆ ਗਿਆ ਹੈ— *ਜਿਨ ਕਉ ਲਿਖਿਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ।* (ਗੁ.ਗ੍ਰੰ.169)। ਇਕ ਥਾਂ ਗੁਰੂ ਨੂੰ ਸੰਤੋਖ ਦਾ

ਬ੍ਰਿਛ ਦਸ ਕੇ ਧਰਮ ਅਤੇ ਗਿਆਨ ਨੂੰ ਇਸ ਦੇ ਫੂਲ ਫਲ ਮੰਨਿਆ ਗਿਆ ਹੈ — *ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ।* (ਗੁ.ਗ੍ਰੰ.147)।

ਗੁਰਬਾਣੀ ਵਿਚ ਸੰਤੋਖ ਦੀ ਪ੍ਰਾਪਤੀ ਲਈ ਸ਼੍ਰਵਣ, ਸਤਿਸੰਗਤ, ਪ੍ਰੇਮ-ਭਾਵ, ਗੁਰੂ ਸੇਵਾ ਆਦਿ ਉਪਾ ਵੀ ਦਸੇ ਗਏ ਹਨ। ਸਦਾਚਰਣ ਅਤੇ ਸੰਤੋਖ ਦੀਆਂ ਬਿਰਤੀਆਂ ਧਾਰਣ ਕਰਕੇ ਕੀਤੀ ਅਰਦਾਸ ਅਵੱਸ਼ ਸੁਣੀ ਜਾਂਦੀ ਹੈ। ਸੰਤੋਖ ਦੀ ਅਵਸਥਾ ਵਿਚ ਪਹੁੰਚਿਆ ਪ੍ਰਾਣੀ ਦੁਬਿਧਾ ਤੋਂ ਮੁਕਤ ਹੋ ਕੇ ਇਕ ਪਰਮਾਤਮਾ ਦੀ ਟੇਕ ਰਖਦਾ ਹੋਇਆ ਇਹ ਸੰਸਾਰਿਕ ਯਾਤ੍ਰਾ ਸੰਪੰਨ ਕਰਦਾ ਹੈ— *ਜੇਤਾ ਦੇਹਿ ਤੇਤਾ ਹਉ ਖਾਉ। ਬਿਆ ਦਰੁ ਨਾਹੀ ਕੈ ਦਰਿ ਜਾਉ।* (ਗੁ.ਗ੍ਰੰ.25)।

ਗੁਰਬਾਣੀ ਦੇ ਵਿਆਖਿਆ-ਮੁਖੀ ਸਾਹਿਤ ਵਿਚ ਵੀ 'ਸੰਤੋਖ' ਦੇ ਮਹੱਤਵ ਦੀ ਸਥਾਪਨਾ ਹੋਈ ਹੈ। ਗੁਰਬਾਣੀ ਦੇ ਸੁਪ੍ਰਸਿੱਧ ਵਿਆਖਿਆਕਾਰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਸਿੱਖ ਦੇ ਆਚਰਣ ਦੇ ਪ੍ਰਸੰਗ ਵਿਚ ਸੰਤੋਖ ਦੀ ਆਵੱਸ਼ਕਤਾ ਉਤੇ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਇਹ ਸ੍ਰੇਸ਼ਠ ਪਦਾਰਥ ਹਰ ਗੁਰਸਿੱਖ ਨੂੰ ਧਾਰਣ ਕਰਨਾ ਚਾਹੀਦਾ ਹੈ, ਕਿਉਂਕਿ ਇਹ ਪਰਮ-ਪਦ ਦੀ ਪ੍ਰਾਪਤੀ ਦੇ ਸਮਰਥ ਵਿਧਾਨਾਂ ਵਿਚੋਂ ਇਕ ਹੈ— *ਸਤ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ।* (30/15)।

ਜਨਮਸਾਖੀ ਜਾਂ ਸਾਖੀ-ਸਾਹਿਤ ਦੇ ਅਨੇਕ ਪ੍ਰਸੰਗਾਂ ਵਿਚ ਜਿਗਿਆਸੂ ਨੂੰ ਗੁਰੂ ਨਾਨਕ ਦੇਵ ਨੇ ਸੰਤੋਖ ਨੂੰ ਧਾਰਣ ਕਰਨ ਲਈ ਉਪਦੇਸ਼ ਦਿੱਤੇ ਹਨ ਕਿਉਂਕਿ ਗੁਰਮੁਖਤਾ ਦੀ ਅਵਸਥਾ ਜਾਂ ਸਹਿਜ ਬਿਰਤੀ ਨੂੰ ਪ੍ਰਾਪਤ ਕਰਨ ਦਾ ਇਹ ਇਕ ਮਹੱਤਵਪੂਰਣ ਅਤੇ ਅਚੁਕ ਸਾਧਨ ਹੈ।

ਸਪੱਸ਼ਟ ਹੈ ਕਿ ਗੁਰਬਾਣੀ ਵਿਚ 'ਸੰਤੋਖ' ਨੂੰ ਧਾਰਣ ਕਰਨ ਉਤੇ ਇਸ ਲਈ ਬਲ ਦਿੱਤਾ ਗਿਆ ਹੈ, ਕਿਉਂਕਿ ਇਸ ਨਾਲ ਜਿਗਿਆਸੂ ਸਰਵ-ਉਚ ਅਧਿਆਤਮਿਕ ਅਵਸਥਾ ਜਾਂ ਮੋਖ-ਪਦ ਨੂੰ ਪ੍ਰਾਪਤ ਕਰਦਾ ਹੈ। ਇਸ ਅਧਿਆਤਮਿਕ ਪ੍ਰਾਪਤੀ ਤੋਂ ਇਲਾਵਾ ਸੰਤੋਖ ਬਿਰਤੀ ਦੇ ਵਿਕਸਣ ਨਾਲ ਅਤ੍ਰਿਪਤੀ ਤੋਂ ਪੈਦਾ ਹੋਣ ਵਾਲੇ ਸਾਰੇ ਸਮਾਜਿਕ ਦੁਰਾਚਾਰ ਅਤੇ ਵਿਕਾਰ ਵੀ ਖ਼ਤਮ ਹੋ ਜਾਂਦੇ ਹਨ। ਇਸ ਤਰ੍ਹਾਂ 'ਸੰਤੋਖ' ਦੀ ਦੋਹਰੀ ਉਪਯੋਗਤਾ ਹੈ— ਅਧਿਆਤਮਿਕ ਵੀ ਅਤੇ ਸਮਾਜਿਕ ਵੀ। ਸੰਤੁਸ਼ਟ ਵਿਅਕਤੀਆਂ ਨਾਲ ਸ੍ਰੇਸ਼ਠ ਸਮਾਜ ਦਾ ਵਿਧਾਨ ਹੁੰਦਾ ਹੈ ਅਤੇ ਸ੍ਰੇਸ਼ਠ ਸਮਾਜ ਹੀ ਕਿਸੇ ਦੇਸ਼, ਰਾਸ਼ਟਰ ਜਾਂ ਜਾਤਿ ਦੀ ਸਦਾ ਮਹੱਤਵ-ਆਕਾਂਖਿਆ ਰਹੀ ਹੈ।

**ਸੰਤੋਖ ਸਿੰਘ, ਭਾਈ** (1893-1927 ਈ.): ਇਕ ਗ਼ਦਰੀ ਬਾਬਾ ਜਿਸ ਦਾ ਜਨਮ ਸੰਨ 1893 ਈ. ਵਿਚ ਸਿੰਗਾਪੁਰ ਵਿਚ ਹੋਇਆ ਜਿਥੇ ਅੰਮ੍ਰਿਤਸਰ ਜ਼ਿਲ੍ਹੇ ਦੇ ਦਦਹੇੜ ਪਿੰਡ ਤੋਂ ਗਿਆ। ਇਸ ਦਾ ਪਿਤਾ ਸ. ਜਵਾਲਾ ਸਿੰਘ ਫ਼ੌਜ ਦੇ ਤੋਪਖ਼ਾਨੇ ਵਿਚ ਨੌਕਰੀ ਕਰਦਾ ਸੀ। ਇਸ ਨੇ ਮੁੱਢਲੀ ਵਿਦਿਆ ਸਿੰਗਾਪੁਰ ਵਿਚ ਪ੍ਰਾਪਤ ਕੀਤੀ ਅਤੇ ਬਾਦ ਵਿਚ ਉਚੇਰੀ ਪੜ੍ਹਾਈ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲ ਹੋਇਆ। ਪਰ ਪੜ੍ਹਾਈ ਵਿਚੇ ਛਡ ਕੇ ਸੰਨ 1912 ਈ. ਵਿਚ ਅਮਰੀਕਾ ਚਲਾ ਗਿਆ। ਅਮਰੀਕਾ ਪਹੁੰਚਣ 'ਤੇ ਇਹ ਸੰਤ ਵਸਾਖਾ ਸਿੰਘ ਦੇ ਸੰਪਰਕ ਵਿਚ ਆਇਆ ਜੋ ਭਾਈ ਜਵਾਲਾ ਸਿੰਘ ਨਾਲ ਮਿਲ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਜਦੋ-ਜਹਿਦ ਕਰ ਰਹੇ ਸਨ।

ਸੰਤੋਖ ਸਿੰਘ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਿਆ ਅਤੇ ਜਲਦੀ ਹੀ ਉਸ ਦਾ ਜਨਰਲ ਸਕੱਤਰ ਬਣ ਗਿਆ। ਉਥੋਂ ਇਹ ਸ਼ਿਆਮ, ਬਰਮਾ ਅਤੇ ਸ਼ਿੰਘਾਈ ਵਲ ਗਿਆ ਤਾਂ ਜੋ ਹਿੰਦੁਸਤਾਨ ਵਿਚ ਅੰਗ੍ਰੇਜ਼ ਸਰਕਾਰ ਵਿਰੁੱਧ ਸਸ਼ਸਤ੍ਰ ਕ੍ਰਾਂਤੀ ਕਰਨ ਲਈ ਸ਼ਸਤ੍ਰ ਅਤੇ ਧਨ ਇਕੱਠਾ ਕੀਤਾ ਜਾ ਸਕੇ। ਪਰ ਕਈ ਹੋਰਨਾਂ ਗ਼ਦਰੀ ਬਾਬਿਆਂ ਸਹਿਤ ਸਾਂਫਰਾਂਸਿਸਕੋ ਸਾਜ਼ਿਸ਼ ਕੇਸ ਵਿਚ ਪਕੜਿਆ ਗਿਆ ਅਤੇ ਅਪ੍ਰੈਲ 1918 ਈ. ਵਿਚ 21 ਮਹੀਨਿਆਂ ਦੀ ਕੈਦ ਦੀ ਸਜ਼ਾ ਮਿਲੀ। ਗ਼ਦਰ ਪਾਰਟੀ ਦੇ ਸਰਕਾਰ ਵਲੋਂ ਦਬਾ ਦਿੱਤੇ ਜਾਣ ਤੋਂ ਬਾਦ ਸੰਨ 1922 ਈ. ਵਿਚ ਇਹ ਰੂਸ ਵਲ ਖਿਸਕ ਗਿਆ। ਆਪਣੇ ਇਕ ਸਾਥੀ ਭਾਈ ਰਤਨ ਸਿੰਘ ਸਹਿਤ ਇਹ ਉਥੋਂ ਦੇ ਕਈ ਲੀਡਰਾਂ ਨੂੰ ਮਿਲਿਆ ਅਤੇ ਆਪਣੇ ਆਸ਼ੇ ਤੋਂ ਉਨ੍ਹਾਂ ਨੂੰ ਜਾਣਕਾਰ ਕੀਤਾ। ਮਈ 1923 ਈ. ਵਿਚ ਇਹ ਹਿੰਦੁਸਤਾਨ ਪਰਤ ਆਇਆ ਤਾਂ ਜੋ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਤੇਜ਼ ਕਰਨ ਲਈ ਕਿਸੇ ਪਤ੍ਰਿਕਾ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਜਾ ਸਕੇ। ਦੇਸ਼ ਪਹੁੰਚਣ ਤੋਂ ਪਹਿਲਾਂ ਹੀ ਇਹ ਪਕੜ ਲਿਆ ਗਿਆ। ਇਕ ਸਾਲ ਮੁਕੱਦਮਾ ਚਲਣ ਤੋਂ ਬਾਦ ਆਪਣਾ ਆਚਰਣ ਸੁਧਾਰਨ ਲਈ ਇਸ ਨੂੰ ਇਕ ਸਾਲ ਲਈ ਆਪਣੇ ਪਿੰਡ ਵਿਚ ਠਹਿਰਨ ਦਾ ਹੁਕਮ ਦਿੱਤਾ ਗਿਆ। ਸੰਨ 1926 ਈ. ਵਿਚ ਇਸ ਨੇ ਅੰਮ੍ਰਿਤਸਰ ਤੋਂ 'ਕਿਰਤੀ' ਨਾਂ ਦੀ ਪਤ੍ਰਿਕਾ ਪ੍ਰਕਾਸ਼ਿਤ ਕਰਨੀ

ਸ਼ੁਰੂ ਕੀਤੀ ਤਾਂ ਜੋ ਕਿਸਾਨਾਂ ਅਤੇ ਕਾਮਿਆਂ ਦੇ ਹੱਕਾਂ ਸੰਬੰਧੀ ਆਵਾਜ਼ ਉਠਾਈ ਜਾ ਸਕੇ। ਬਹੁਤ ਕਰੜੀ ਜ਼ਿੰਦਗੀ ਜੀਣ ਕਾਰਣ ਇਸ ਦੀ ਸਿਹਤ ਵਿਚ ਵਿਗਾੜ ਪੈਦਾ ਹੋ ਗਿਆ। ਫਲਸਰੂਪ ਸੰਨ 1927 ਈ. ਵਿਚ ਇਸ ਦੀ ਮੌਤ ਹੋ ਗਈ।

**ਸੰਤੋਖ ਸਿੰਘ ਭਾਈ, ਮਹਾਕਵੀ** (1787-1843 ਈ.): 'ਨਿਰਮਲੇ ਸੰਤਾਂ ਦੇ ਸੰਪਰਕ ਵਿਚ ਰਹਿਣ ਵਾਲੇ ਸਤਿਸੰਗੀ ਪੁਰਸ਼ ਭਾਈ ਦੇਵਾ ਸਿੰਘ ਦੇ ਘਰ, ਮਾਤਾ ਰਜੀ (ਰਾਜ ਦੇਈ) ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ 'ਨੂਰ ਦੀ ਸਰਾਂ' ਪਿੰਡ ਵਿਚ 7 ਸਾਵਣ, 1844 ਬਿ. (ਸੰਨ 1787 ਈ.) ਵਿਚ ਭਾਈ ਸੰਤੋਖ ਸਿੰਘ ਦਾ ਜਨਮ ਹੋਇਆ। ਧਾਰਮਿਕ ਵਿਦਿਆ ਵਿਚ ਰੁਚੀ ਕਵੀ ਨੂੰ ਵਿਰਸੇ ਵਿਚ ਮਿਲੀ ਸੀ ਜਿਸ ਦਾ ਵਿਵਸਥਿਤ ਵਿਕਾਸ ਪ੍ਰਸਿੱਧ ਵਿਦਵਾਨ ਭਾਈ ਸੰਤ ਸਿੰਘ ਦੀ ਨਿਗਰਾਨੀ ਵਿਚ ਹੋਇਆ। ਉਥੇ ਹੀ ਆਪ ਨੇ ਕਾਵਿ-ਰਚਨਾ ਦਾ ਅਭਿਆਸ ਸ਼ੁਰੂ ਕੀਤਾ। ਪਹਿਲਾਂ 'ਅਮਰਕੋਸ਼' ਦਾ 'ਨਾਮ ਕੋਸ਼' ਦੇ ਰੂਪ ਵਿਚ ਕਾਵਿ ਅਨੁਵਾਦ ਕਰਕੇ ਆਪਣੀ ਸ਼ਾਬਦਿਕ ਸਮਰਥਾ ਨੂੰ ਵਧਾਇਆ। ਫਿਰ 'ਗੁਰੂ ਨਾਨਕ ਪ੍ਰਕਾਸ਼' (ਵੇਖੋ) ਦੀ ਰਚਨਾ ਸ਼ੁਰੂ ਕੀਤੀ। 1880 ਬਿ. (1823 ਈ.) ਵਿਚ ਜਗਾਧਰੀ ਦੇ ਨੇੜੇ ਬੁੜੀਆ ਪਿੰਡ ਚਲਿਆ ਗਿਆ, ਉਥੇ ਹੀ ਆਪ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਤਿੰਨ ਚਾਰ ਸਾਲ ਵਿਚ ਹੀ ਕਵੀ ਦੀ ਵਿਦਵੱਤਾ ਦੀ ਧਾਕ ਜੰਮਣ ਲਗ ਗਈ। ਸੰ. 1884 ਬਿ. (ਸੰਨ 1827 ਈ.) ਵਿਚ ਕੈਥਲ ਦੇ ਪ੍ਰਸ਼ਾਸਕ ਭਾਈ ਉਦੈ ਸਿੰਘ ਨੇ ਆਪ ਨੂੰ ਆਪਣੇ ਦਰਬਾਰ ਵਿਚ ਰਾਜ-ਕਵੀ ਦੇ ਰੂਪ ਵਿਚ ਰਖ ਲਿਆ। ਉਥੇ ਹੀ ਆਪ ਨੇ ਪਹਿਲਾਂ 'ਗਰਬ ਗੰਜਨੀ ਟੀਕਾ' (ਵੇਖੋ) 'ਬਾਲਮੀਕੀ ਰਾਮਾਇਣ ਭਾਸ਼ਾ' ਅਤੇ 'ਆਤਮ ਪੁਰਾਣ' ਦੀ ਰਚਨਾ ਕੀਤੀ ਅਤੇ ਫਿਰ 'ਗੁਰੂ ਪ੍ਰਤਾਪ ਸੂਰਜ' (ਵੇਖੋ) ਲਿਖਣਾ ਸ਼ੁਰੂ ਕੀਤਾ ਜੋ ਸੱਤ ਸਾਲ ਦੀ ਲਗਾਤਾਰ ਸਾਧਨਾ ਉਪਰੰਤ ਸੰ. 1900 ਬਿ. (ਸੰਨ 1843 ਈ.) ਵਿਚ ਮੁਕੰਮਲ ਹੋਇਆ। ਇਸ ਪਿਛੋਂ ਆਪ ਤਿੰਨ ਮਹੀਨੇ ਜੀਵਿਤ ਰਹੇ ਅਤੇ ਕਤਕ ਦੇ ਮਹੀਨੇ ਵਿਚ ਪ੍ਰਾਣ ਤਿਆਗ ਦਿੱਤੇ।

ਭਾਈ ਸੰਤੋਖ ਸਿੰਘ ਇਕ ਮਹਾਨ ਸ਼ਖ਼ਸੀਅਤ ਵਾਲੇ ਦੂਰਦਰਸ਼ੀ ਵਿਦਵਾਨ ਸਨ। ਭਾਰਤੀ ਦਰਸ਼ਨ, ਜੋਤਿਸ਼ ਸ਼ਾਸਤ੍ਰ, ਕਾਵਿ-ਸ਼ਾਸਤ੍ਰ ਅਤੇ ਧਰਮ ਸਾਧਨਾ ਦਾ ਆਪ ਨੇ ਡੂੰਘਾਈ ਤਕ ਅਧਿਐਨ ਕੀਤਾ ਸੀ। ਪੁਰਾਤਨ ਭਾਰਤੀ ਗ੍ਰੰਥਾਂ ਦੀ ਵੀ ਆਪ ਨੂੰ ਗੰਭੀਰ ਜਾਣਕਾਰੀ ਸੀ। ਸ਼ਸਤ੍ਰ ਅਤੇ ਯੁੱਧ-ਵਿਦਿਆ ਵਿਚ ਵੀ ਨਿਪੁਣ ਸਨ। ਅਨੇਕ ਭਾਸ਼ਾਵਾਂ ਉਤੇ ਆਪ ਦਾ ਅਸਾਧਰਣ ਅਧਿਕਾਰ ਸੀ। ਕਵਿਤਾ ਆਪ ਨੂੰ ਆਵੇਸ਼ਿਤ ਹੁੰਦੀ ਸੀ। ਇਤਨੇ ਮਹਾਨ ਹੋਣ ਦੇ ਬਾਵਜੂਦ ਆਪ ਨਿਮਰਤਾਵਾਨ, ਉਦਾਰ ਅਤੇ ਕੋਮਲ ਸੁਭਾ ਵਾਲੇ ਤਿਆਗੀ ਗੁਰਮੁਖ ਸਨ।

**ਸੰਤੋਖਣਾ** : ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਦ ਕਰਕੇ ਅਤੇ ਉਸ ਨੂੰ ਰੁਮਾਲਿਆਂ ਵਿਚ ਲਪੇਟ ਕੇ ਸੁਖਾਸਣ ਕਰਨਾ ਹੀ ਬੀੜ ਦਾ ਸੰਤੋਖਣਾ ਹੈ। ਆਮ ਤੌਰ 'ਤੇ ਸ਼ਾਮ ਦੇ ਦੀਵਾਨ ਤੋਂ ਬਾਦ ਬੀੜ ਨੂੰ ਸੁਖਾਸਣ ਉਤੇ ਬਿਰਾਜਮਾਨ ਕਰਨ ਦੀ ਕਾਰਵਾਈ ਨੂੰ 'ਸੰਤੋਖਣਾ' ਕਿਹਾ ਜਾਂਦਾ ਹੈ।

**ਸੰਤੋਖ ਦਾਸ** : ਉਦਾਸੀ ਸੰਪ੍ਰਦਾਇ ਦੇ ਸੰਗਤ ਸਾਹਿਬ (ਭਾਈ ਫੇਰੂ ਸੁੱਚੀ ਦਾੜ੍ਹੀ) ਦੀ ਸ਼ਾਖਾ ਦੇ ਇਕ ਕਰਨੀ ਵਾਲੇ ਸਾਧ ਜਿਨ੍ਹਾਂ ਨੇ ਮਹੰਤ ਪ੍ਰੀਤਮ ਦਾਸ ਨਿਰਬਾਣ ਨਾਲ ਮਿਲ ਕੇ ਸੰਨ 1781-84 ਈ. ਦੌਰਾਨ ਦਰਬਾਰ ਸਾਹਿਬ ਦੇ ਸਰੋਵਰ ਵਿਚ ਜਲ ਪਾਣ ਲਈ ਸਰਕਾਰੀ (ਸ਼ਾਹੀ) ਨਹਿਰ ਤੋਂ 'ਹਸਲੀ' ਲਿਆਉਂਦੀ ਤਾਂ ਜੋ ਪਾਣੀ ਦੀ ਵਿਵਸਥਾ ਨਿਰੰਤਰ ਬਣੀ ਰਹੇ। ਇਸ ਨੇ ਸੰਨ 1781 ਈ. ਵਿਚ ਸਰੋਵਰ ਦੇ ਉਤਰ-ਪੂਰਬ ਕੋਨੇ ਵਲ ਅਖਾੜਾ ਕਾਇਮ ਕੀਤਾ ਅਤੇ ਬੋਹੜ ਦਾ ਇਕ ਬ੍ਰਿਛ ਲਗਾਇਆ। ਮਹੰਤ ਸੰਤੋਖਦਾਸ ਦੇ ਚੇਲੇ ਬ੍ਰਹਮ ਸਾਹਿਬ ਨੇ ਉਸ ਬੋਹੜ ਹੇਠਾਂ ਬੈਠ ਕੇ ਬਹੁਤ ਤਪਸਿਆ ਕੀਤੀ, ਜਿਸ ਕਰਕੇ ਉਸ ਬ੍ਰਿਛ ਦਾ ਨਾਂ 'ਬ੍ਰਹਮ-ਬੂਟਾ' ਪ੍ਰਚਲਿਤ ਹੋ ਗਿਆ ਅਤੇ ਉਸੇ ਦੇ ਨਾਂ 'ਤੇ ਅਖਾੜੇ ਦਾ ਨਾਂ ਵੀ 'ਬ੍ਰਹਮ ਬੂਟਾ' ਪੈ ਗਿਆ।

ਸੰਤੋਖ ਦਾਸ ਅਤੇ ਉਸ ਦੇ ਹਮ-ਖ਼ਿਆਲ ਉਦਾਸੀ ਸੰਤਾਂ ਦਾ ਪੰਚਾਇਤੀ ਅਖਾੜੇ ਵਾਲਿਆਂ ਨਾਲ ਵਿਰੋਧ ਹੋ ਜਾਣ ਕਰਕੇ ਉਨ੍ਹਾਂ ਨੇ ਆਪਣਾ ਵਖਰਾ ਅਖਾੜਾ 'ਸ੍ਰੀ ਗੁਰ ਨਇਆ ਅਖਾੜਾ ਉਦਾਸੀ' ਸਥਾਪਿਤ ਕਰ ਲਿਆ, ਜੋ ਬਾਦ ਵਿਚ ਉਦਾਸੀਆਂ ਦਾ ਛੋਟਾ ਅਖਾੜਾ ਵਜੋਂ ਪ੍ਰਸਿੱਧ ਹੋਇਆ।

**ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ** : ਟੀਕਾਕਾਰੀ ਦੇ ਖੇਤਰ ਵਿਚ ਭਾਈ ਵੀਰ ਸਿੰਘ (ਵੇਖੋ) ਦੀ ਮਹੱਤਵਪੂਰਣ ਦੇਣ 'ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਪ੍ਰਾਜੈਕਟ ਉਤੇ

ਭਾਵੇਂ ਉਨ੍ਹਾਂ ਨੇ ਸੰਨ 1939 ਤੋਂ ਕੰਮ ਸ਼ੁਰੂ ਕਰ ਦਿੱਤਾ ਸੀ, ਪਰ ਸੰਨ 1958 ਈ. ਵਿਚ ਆਪ ਦਾ ਦੇਹਾਂਤ ਹੋ ਗਿਆ। ਉਦੋਂ ਤਕ ਕੇਵਲ ਸੱਤ ਸੈਂਚੀਆਂ ਤਿਆਰ ਹੋਈਆਂ ਸਨ, ਜਿਨ੍ਹਾਂ ਦੇ ਸੰਪਾਦਨ ਅਤੇ ਪ੍ਰਕਾਸ਼ਨ ਦਾ ਕੰਮ ਡਾ. ਬਲਬੀਰ ਸਿੰਘ ਨੇ ਸੰਨ 1958 ਈ. ਵਿਚ ਸ਼ੁਰੂ ਕੀਤਾ ਅਤੇ ਸੱਤੇ ਸੈਂਚੀਆਂ ਸੰਨ 1962 ਈ. ਤਕ (3661 ਪੰਨਿਆਂ ਵਿਚ) ਛਪ ਕੇ ਸਾਹਮਣੇ ਆਈਆਂ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ 607 ਪੰਨੇ ਤਕ ਦੀ ਬਾਣੀ ਦੇ ਅਰਥ ਸਮੇਟੇ ਗਏ। ਇਸ ਤੋਂ ਅਗਲੇ ਹਿੱਸੇ ਵਿਚੋਂ ਭਾਈ ਸਾਹਿਬ ਦੁਆਰਾ ਕੀਤੇ ਕਿਸੇ ਕਿਸੇ ਬਾਣੀ ਦੇ ਟੀਕਿਆਂ ਨੂੰ ਅੱਠਵੀਂ ਸੈਂਚੀ ਦੇ ਰੂਪ ਵਿਚ ਸੰਕਲਿਤ ਕਰ ਦਿੱਤਾ ਗਿਆ।

ਇਸ ਟੀਕੇ ਨੂੰ ਤਿਆਰ ਕਰਨ ਲਈ ਭਾਈ ਸਾਹਿਬ ਨੇ ਪੂਰੀ ਗਹਿਨਤਾ ਨਾਲ ਕੰਮ ਕੀਤਾ। ਇਹ ਟੀਕਾ-ਵਿਧੀ ਚਾਰ ਭਾਗਾਂ ਵਿਚ ਸੰਪੰਨ ਹੁੰਦੀ ਹੈ— ਟੀਕਾ (ਸ਼ਬਦ-ਪ੍ਰਕਰਣ), ਅਰਥ, ਵਿਆਖਿਆ ਅਤੇ ਨਿਰੁਕਤ। ਇਸ ਟੀਕੇ ਦੇ ਨਾਮਕਰਣ ਬਾਰੇ ਸ਼ੁਰੂ ਵਿਚ ਭਾਈ ਸਾਹਿਬ ਨੇ ਦਸਿਆ ਹੈ ਕਿ *ਇਸ ਪੁਸਤਕ ਦਾ ਨਾਮ 'ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਉਂ ਹੈ ? ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਹੈ। ਇਸ ਵਿਚ ਜੋ ਮੂਲ ਹੈ ਉਹ ਤਾਂ ਵੱਡੇ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ ਇਕ ਅਲਪਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ ਤੇ ਜਿਥੋਂ ਤਕ ਇਸ ਬਾਣੀ ਦੀ ਸਹਾਇਤਾ ਨਾਲ ਇਸ ਦੀ ਵਧ ਤੋਂ ਵਧ ਸਮਝ ਆ ਸਕੇ ਉਹ ਇਸ ਦੇ ਚਰਨਾਂ ਵਿਚ ਬੈਠ ਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਇਕ ਤਰ੍ਹਾਂ 'ਸੰਥ੍ਯਾ' ਹੈ, ਜੋ ਬਾਣੀ ਦੀ ਸ਼ਰਣ ਲਿਆਂ ਵਿਦਿਆਰਥੀ ਵਾਙੂੰ ਮਿਲੀ ਹੈ, ਇਹ ਮੁਤਾਲਿਆ ਹੈ ਗੁਰਬਾਣੀ ਦੀ ਤੇ ਕਰਨ ਵਾਲੇ ਦੀ ਅਲਪੱਗਤਾ ਦੇ ਕਾਰਣ ਕੋਈ ਅਭੁੱਲਤਾ ਦਾ ਦਾਵਾ ਨਹੀਂ।*

ਇਸ ਭਾਵ-ਅਰਥ ਪ੍ਰਕਾਸ਼ਨੀ ਟੀਕੇ ਵਿਚ ਭਾਈ ਸਾਹਿਬ ਦੀ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ ਜੋ ਮੂਲ ਰੂਪ ਵਿਚ ਕਵੀ ਵਾਲੀ ਹੈ। ਇਸ ਲਈ ਅਰਥ ਕਰਦਿਆਂ ਰਹੱਸਵਾਦੀ ਛੋਹਾਂ ਦੀ ਭਰਮਾਰ ਪਾਠਕ ਨੂੰ ਮੂਲ ਅਰਥ ਤੋਂ ਲਾਂਭੇ ਲੈ ਜਾਂਦੀ ਹੈ ਅਤੇ ਅਰਥ-ਪ੍ਰਕਾਸ਼ਨ ਦੀ ਥਾਂ ਅੱਧ-ਮੀਟੇ ਨੈਣਾਂ ਵਾਲਾ ਅਸਪੱਸ਼ਟ ਝਲਕਾਰਾ ਰਹਿ ਜਾਂਦਾ ਹੈ। ਫਿਰ ਵੀ ਗੁਰਬਾਣੀ ਦੀ ਟੀਕਾਕਾਰੀ ਵਿਚ ਭਾਈ ਸਾਹਿਬ ਦਾ ਸਥਾਨ ਮਹੱਤਵ-ਪੂਰਣ ਹੈ।

**ਸੰਧਵਾਂ** (ਪਿੰਡ): ਇਹ ਪਿੰਡ ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਸਥਿਤ ਹੈ। ਗੁਰੂ ਹਰਿ ਰਾਇ ਸਾਹਿਬ ਕਰਤਾਰਪੁਰ ਤੋਂ ਕੀਰਤਪੁਰ ਜਾਂਦਿਆਂ ਇਸ ਪਿੰਡ ਤੋਂ ਬਾਹਰ ਥੋੜੇ ਸਮੇਂ ਲਈ ਰੁਕੇ ਸਨ ਅਤੇ ਸੰਗਤਾਂ ਨੂੰ ਉਪਦੇਸ਼ ਕੀਤਾ ਸੀ। ਕਹਿੰਦੇ ਹਨ ਕਿ ਗੁਰੂ ਜੀ ਨੇ ਉਥੇ ਆਪਣੇ ਹੱਥ ਨਾਲ ਇਕ ਡੰਡਾ ਧਰਤੀ ਵਿਚ ਗਡ ਦਿੱਤਾ ਜੋ ਬਾਦ ਵਿਚ ਇਕ ਦਰਖ਼ਤ ਦੇ ਰੂਪ ਵਿਚ ਵਿਕਸਿਤ ਹੋ ਗਿਆ। ਉਹ ਹੁਣ ਸੁਕੇ ਹੋਏ ਬ੍ਰਿਛ ਦੇ ਰੂਪ ਵਿਚ ਗੁਰਦੁਆਰੇ ਦੇ ਪਰਿਸਰ ਵਿਚ ਮੌਜੂਦ ਹੈ। ਪਹਿਲਾਂ ਇਸ ਸਥਾਨ ਉਤੇ ਇਕ ਛੋਟਾ ਜਿਹਾ ਸਮਾਰਕ ਬਣਾਇਆ ਗਿਆ ਜੋ 'ਮੰਜੀ ਸਾਹਿਬ' ਕਰਕੇ ਜਾਣਿਆ ਜਾਂਦਾ ਸੀ। ਸੰਨ 1960 ਈ. ਵਿਚ ਉਸ ਥਾਂ 'ਤੇ ਨਵੀਂ ਇਮਾਰਤ ਬਣਾਈ ਗਈ ਜੋ 'ਗੁਰਦੁਆਰਾ ਡੰਡਾ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਪਾਤਿਸ਼ਾਹੀ ਸਤਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਗੁਰਦੁਆਰੇ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਸੰਪੁਟ-ਪਾਠ** : ਗੁਰੂ ਗ੍ਰੰਥ ਸਾਹਿਬ ਦਾ ਇਹ ਪਾਠ 'ਅਖੰਡ-ਪਾਠ' ਨਾਲ ਮਿਲਦਾ ਜੁਲਦਾ ਹੈ। ਇਸ ਵਿਚ ਪਾਠੀ ਗੁਰੂ ਗ੍ਰੰਥ ਸਾਹਿਬ ਦਾ ਜਦੋਂ ਇਕ ਪੂਰਾ ਸ਼ਬਦ ਪੜ੍ਹ ਚੁਕਦਾ ਹੈ ਤਾਂ ਬਾਣੀ ਵਿਚੋਂ ਪਹਿਲਾਂ ਨਿਰਧਾਰਿਤ ਇਕ ਸ਼ਬਦ ਜਾਂ ਸ਼ਲੋਕ ਪੜ੍ਹਿਆ ਜਾਂਦਾ ਹੈ ਅਤੇ ਹਰ ਸ਼ਬਦ ਤੋਂ ਬਾਦ ਉਸੇ ਹੀ ਸ਼ਬਦ ਨੂੰ ਪੜ੍ਹਨ ਦੀ ਪ੍ਰਕ੍ਰਿਆ ਆਦਿ ਤੋਂ ਅੰਤ ਤਕ ਚਲਦੀ ਰਹਿੰਦੀ ਹੈ। ਇਹ ਪਾਠ ਅਖੰਡ ਪਾਠ ਤੋਂ ਲਗਭਗ ਦੁਗਣਾ ਸਮਾਂ ਲੈਂਦਾ ਹੈ।

'ਸੰਪੁਟ' ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਕਟੋਰਾ, ਕਸੋਰਾ ਜਾਂ ਅੰਜਲੀ। ਪੁਰਾਤਨ ਸਨਾਤਨ-ਧਰਮੀ ਪਰੰਪਰਾ ਵਿਚ ਕਿਸੇ ਮੰਤ੍ਰ ਦੇ ਆਦਿ-ਅੰਤ ਵਿਚ ਕਿਸੇ ਹੋਰ ਪਦ ਦੇ ਜੋੜਨ ਦੀ ਪ੍ਰਕ੍ਰਿਆ ਨੂੰ 'ਸੰਪੁਟ ਪਾਠ' ਕਹਿੰਦੇ ਸਨ। ਇਸ ਤੋਂ ਭਾਵ ਹੈ ਮੰਤ੍ਰ ਨੂੰ ਕਿਸੇ ਹੋਰ ਪਦ ਰਾਹੀਂ ਲਪੇਟਣਾ।

ਕਈ ਵਿਦਵਾਨਾਂ ਦਾ ਮਤ ਹੈ ਕਿ ਇਸ ਨੂੰ ਸੰਪੁਟ ਪਾਠ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਨੂੰ ਤੰਬੂ ਵਿਚ ਜਾਂ ਪਰਦੇ ਪਿਛੇ ਕੀਤਾ ਜਾਂਦਾ ਹੈ। ਪਾਠ ਭਾਵੇਂ ਤੰਬੂ ਤੋਂ ਬਾਹਰ

ਸੁਣਿਆ ਜਾ ਸਕਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਅਤੇ ਪਾਠੀ ਨਜ਼ਰ ਨਹੀਂ ਆਉਂਦੇ। ਪਰ ਸਿੱਖ ਪਰੰਪਰਾਵਾਂ ਨਾਲ ਮੇਲ ਨ ਖਾਣ ਕਾਰਣ ਇਸ ਤਰ੍ਹਾਂ ਦੇ ਪਾਠ ਦਾ ਬਹੁਤਾ ਪ੍ਰਚਲਨ ਨਹੀਂ ਹੋ ਸਕਿਆ।

**ਸੰਪੂਰਨ ਸਿੰਘ ਰਾਮਾਂ, ਜੱਥੇਦਾਰ** (1895-1970 ਈ.): ਮਾਲਵੇ ਦੇ ਪ੍ਰਸਿੱਧ ਅਕਾਲੀ ਨੇਤਾ ਸੰਪੂਰਨ ਸਿੰਘ ਦਾ ਜਨਮ ਸੰਨ 1895 ਈ. ਵਿਚ ਸ. ਹਰੀ ਸਿੰਘ ਮਾਨ ਦੇ ਘਰ ਮਾਈ ਭਾਗ ਕੌਰ ਦੀ ਕੁੱਖੋਂ ਬਠਿੰਡਾ ਜ਼ਿਲ੍ਹੇ ਦੇ 'ਮੌੜ ਢਿਲਵਾਂ' ਕਸਬੇ ਵਿਚ ਹੋਇਆ। ਬਾਦ ਵਿਚ ਇਸ ਦਾ ਪਰਿਵਾਰ ਰਾਮਾਂ ਪਿੰਡ ਵਿਚ ਜਾ ਆਬਾਦ ਹੋਇਆ। ਇਸ ਨੇ ਛੋਟੀ ਉਮਰ ਤੋਂ ਹੀ ਧਾਰਮਿਕ ਦੀਵਾਨਾਂ ਅਤੇ ਮੇਲਿਆਂ ਵਿਚ ਕਵੀਸ਼ਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ 1941 ਈ. ਵਿਚ ਇਸ ਨੇ ਆਨੰਦਪੁਰ ਸਾਹਿਬ ਵਿਚ ਅੰਮ੍ਰਿਤ ਛਕਿਆ। ਇਸ ਤੋਂ ਬਾਦ ਇਸ ਨੇ ਕਵੀਸ਼ਰੀ ਕਰਨੀ ਛਡ ਦਿੱਤੀ ਅਤੇ ਤਨੋ-ਮਨੋ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਕੁਝ ਸਮੇਂ ਬਾਦ ਇਹ ਬਠਿੰਡਾ ਜ਼ਿਲ੍ਹੇ ਦੇ ਅਕਾਲੀ ਦਲ ਦਾ ਜੱਥੇਦਾਰ ਥਾਪਿਆ ਗਿਆ, ਫਿਰ ਪਟਿਆਲਾ ਰਿਆਸਤ ਦੇ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ। ਰਿਆਸਤੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਪ੍ਰੀਤਮ ਸਿੰਘ ਗੋਜਰਾਂ ਨਾਲ ਇਸ ਨੇ ਮਿਲ ਕੇ ਕੰਮ ਕੀਤਾ, ਪਰ 1952 ਈ. ਦੀਆਂ ਚੋਣਾਂ ਵੇਲੇ ਇਹ ਦੋਵੇਂ ਵਖ ਵਖ ਹੋ ਗਏ ਅਤੇ ਇਸ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਤੋੜ-ਵਿਛੋੜ ਕਰਕੇ 'ਮਾਲਵਾ ਰਿਆਸਤੀ ਅਕਾਲੀ ਦਲ' ਕਾਇਮ ਕੀਤਾ।

ਸੰਨ 1952 ਈ. ਤੋਂ ਇਸ ਨੇ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੁਤੰਤਰ ਸੂਬੇ ਦੀ ਸਥਾਪਨਾ ਦਾ ਵਿਚਾਰ ਪੇਸ਼ ਕੀਤਾ ਅਤੇ ਇਸ ਪਰਥਾਇ 24 ਅਪ੍ਰੈਲ 1953 ਈ. ਨੂੰ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਪੱਤਰ ਵੀ ਲਿਖਿਆ। ਕੋਈ ਤਸੱਲੀਬਖ਼ਸ਼ ਉੱਤਰ ਨ ਮਿਲਣ 'ਤੇ ਇਸ ਨੇ ਦਮਦਮਾ ਸਾਹਿਬ ਵਿਚ ਅਰਦਾਸ ਕੀਤੀ ਅਤੇ ਆਪਣੇ ਸਿਰ ਨਾਲ ਕਫ਼ਨ ਬੰਨ੍ਹ ਕੇ ਚਾਰ ਸਾਥੀਆਂ ਸਮੇਤ ਪ੍ਰਧਾਨ ਮੰਤਰੀ ਦੀ ਕੋਠੀ ਦੇ ਬਾਹਰ ਮਰਨ ਬਰਤ ਰਖਣ ਲਈ ਦਿੱਲੀ ਨੂੰ ਚਲ ਪਿਆ। 1 ਨਵੰਬਰ 1953 ਈ. ਨੂੰ ਇਸ ਨੂੰ ਨਰੇਲਾ ਰੇਲਵੇ ਸਟੇਸ਼ਨ ਤੋਂ ਪਕੜ ਕੇ ਤਿਹਾੜ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਥੇ ਇਸ ਨੇ ਮਰਨ ਬਰਤ ਸ਼ੁਰੂ ਕਰ ਦਿੱਤਾ। ਉਥੋਂ ਇਸ ਨੂੰ ਰਾਮਾਂ ਪਿੰਡ ਵਿਚ ਭੇਜ ਦਿੱਤਾ ਗਿਆ। ਇਸ ਨੇ ਕਈ ਵਾਰ ਮਰਨ ਬਰਤ ਰਖਣ ਦੇ ਯਤਨ ਕੀਤੇ, ਪਰ ਕੋਈ ਕਾਮਯਾਬੀ ਹਾਸਲ ਨ ਹੋਈ। ਫਲਸਰੂਪ ਇਸ ਨੇ ਰਾਜਨੀਤੀ ਤੋਂ ਕਿਨਾਰਾਕਸ਼ੀ ਕਰ ਲਈ। 15 ਨਵੰਬਰ 1970 ਈ. ਨੂੰ ਇਸ ਦਾ ਬਠਿੰਡਾ ਵਿਚ ਦੇਹਾਂਤ ਹੋ ਗਿਆ। ਇਹ ਹਠੀ ਸੁਭਾ ਦਾ ਇਕ ਨਿਸ਼ਕਾਮ ਅਕਾਲੀ ਨੇਤਾ ਸੀ।

**ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ** : ਇਹ ਟੀਕਾ ਸੰਤ ਅਮੀਰ ਸਿੰਘ (ਬਾਜ਼ਾਰ ਸਤੋ ਵਾਲਾ) ਦੇ ਪਰਮ ਸ਼ਿਸ਼ ਕ੍ਰਿਪਾਲ ਸਿੰਘ (ਗਿਆਨੀ) ਨੇ ਦਸ ਸੈਂਚੀਆਂ (ਲਗਭਗ 8 ਹਜ਼ਾਰ ਪੰਨੇ) ਵਿਚ ਮੁਕੰਮਲ ਕੀਤਾ ਅਤੇ ਭਾ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਇਸ ਦਾ ਸੈਂਚੀਵਾਰ ਪ੍ਰਕਾਸ਼ਨ 3 ਜਨਵਰੀ 1961 ਤੋਂ ਸ਼ੁਰੂ ਹੋ ਗਿਆ ਸੀ ਅਤੇ ਹੁਣ ਵਖ ਵਖ ਸੈਂਚੀਆਂ ਦੇ ਕਈ ਸੰਸਕਰਣ ਪ੍ਰਕਾਸ਼ਿਤ ਹੋ ਚੁਕੇ ਹਨ।

ਇਸ ਦੇ ਸ਼ੁਰੂ ਵਿਚ ਪਹਿਲਾਂ ਬਾਬਾ ਉਤਮ ਸਿੰਘ ਦਾ ਸੰਖੇਪ ਜੀਵਨ-ਚਰਿਤ੍ਰ ਹੈ। ਫਿਰ ਸੰਤ ਅਮੀਰ ਸਿੰਘ ਦੇ ਜੀਵਨ-ਚਰਿਤ੍ਰ ਉਤੇ ਝਾਤ ਪਾਈ ਗਈ ਹੈ। ਤਦ ਉਪਰੰਤ ਸੰਤ ਕ੍ਰਿਪਾਲ ਸਿੰਘ ਦੇ ਜੀਵਨ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ।

ਫਿਰ 'ਜਪੁਜੀ' ਦੀਆਂ ਦੋ ਉਥਾਨਿਕਾਵਾਂ ਤੋਂ ਬਾਦ ਮੰਤ੍ਰ-ਨਿਰਣਯ ਲਿਖ ਕੇ 'ਜਪੁਜੀ' ਦਾ ਟੀਕਾ ਸ਼ੁਰੂ ਕੀਤਾ ਗਿਆ ਹੈ। ਸਾਰਾ ਟੀਕਾ ਉਥਾਨਿਕਾਵਾਂ ਅਤੇ ਸਾਖੀ-ਪ੍ਰਮਾਣਾਂ ਨਾਲ ਪੁਸ਼ਟ ਹੈ। ਇਨ੍ਹਾਂ ਸਾਖੀ-ਪ੍ਰਮਾਣਾਂ ਨਾਲ ਇਕ ਪਾਸੇ ਅਰਥਾਂ ਦਾ ਕੁਦਰਤੀ ਵਿਕਾਸ ਰੁਕਿਆ ਹੈ, ਦੂਜਾ ਵਿਅਰਥ ਦੇ ਪੌਰਾਣਿਕ ਪ੍ਰਸੰਗਾਂ ਅਤੇ ਲੋਕ-ਵਾਰਤਾਵਾਂ ਨਾਲ ਗੁਰਬਾਣੀ ਦੇ ਆਸ਼ੇ ਨੂੰ ਧੁੰਧਲਾ ਕਰ ਦਿੱਤਾ ਗਿਆ ਹੈ। ਅਰਥ ਵੀ ਚਲੰਤ ਰੀਤੀ ਵਾਲੇ ਹਨ, ਕਿਉਂਕਿ ਕਿਸੇ ਪ੍ਰਕਾਰ ਦੀ ਗੰਭੀਰ ਸੋਚ ਅਤੇ ਗੁਰਬਾਣੀ ਦੀ ਭਾਵ-ਗੰਭੀਰਤਾ ਨੂੰ ਪੇਸ਼ ਕਰਨ ਦਾ ਯਤਨ ਨਹੀਂ ਕੀਤਾ ਗਿਆ। ਦਸਵੀਂ ਸੈਂਚੀ ਵਿਚ ਗਿਆਨੀ ਕ੍ਰਿਪਾਲ ਸਿੰਘ ਨੇ ਆਪਣੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਹੈ।

**ਸੰਮਨ ਬੁਰਜ** : ਲਾਹੌਰ ਕਿਲ੍ਹੇ ਦੇ ਅੰਦਰ ਬਣਿਆ ਇਕ ਬੁਰਜ ਜਿਸ ਦਾ ਮੂਲ ਨਾਂ 'ਮੁਸੰਮਨ ਬੁਰਜ' ਹੈ ਕਿਉਂਕਿ ਇਸ ਦੀਆਂ ਅੱਠ ਭੁਜਾਵਾਂ ਹਨ। ਜਦੋਂ ਅਕਬਰ ਬਾਦਸ਼ਾਹ ਕੁਝ ਸਮੇਂ ਲਈ ਲਾਹੌਰ ਦੇ ਕਿਲ੍ਹੇ ਵਿਚ ਠਹਿਰਿਆ ਤਾਂ ਉਸ ਨੇ

ਇਸ ਬੁਰਜ ਦੀ ਉਸਾਰੀ ਕਰਵਾਈ ਸੀ। ਲਾਹੌਰ ਦੇ ਮੁਗ਼ਲ ਹੁਕਮਰਾਨ ਇਸ ਵਿਚ ਬੈਠ ਕੇ ਰਾਜ-ਪ੍ਰਬੰਧ ਕਰਦੇ ਸਨ ਅਤੇ ਦਰਬਾਰ ਲਗਾਉਂਦੇ ਸਨ। ਅਹਿਮਦ ਸ਼ਾਹ ਦੁਰਾਨੀ ਨੇ ਵੀ ਲਾਹੌਰ ਨੂੰ ਫ਼ਤਹ ਕਰਕੇ ਇਥੇ ਦਰਬਾਰ ਲਗਾਇਆ ਸੀ।

ਸੋਹਨ ਲਾਲ ਸੂਰੀ ਅਤੇ ਬੂਟੇ ਸ਼ਾਹ ਨੇ ਆਪਣੇ ਇਤਿਹਾਸਾਂ ਵਿਚ ਅੰਕਿਤ ਕੀਤਾ ਹੈ ਕਿ 27 ਨਵੰਬਰ 1798 ਈ. ਨੂੰ ਅਹਿਮਦਸ਼ਾਹ ਦੁਰਾਨੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਉਹ ਸੰਮਨ ਬੁਰਜ ਵਿਚ ਠਹਿਰਿਆ ਹੋਇਆ ਸੀ। ਰਣਜੀਤ ਸਿੰਘ ਨੇ ਤਿੰਨ ਵਾਰ ਬੁਰਜ ਉਤੇ ਹਮਲਾ ਕੀਤਾ ਅਤੇ ਸ਼ਾਹ ਨੂੰ ਲਲਕਾਰਿਆ ਕਿ ਅਹਿਮਦ ਸ਼ਾਹ ਦੇ ਪੋਤਰੇ ਬਾਹਰ ਆ ਅਤੇ ਚੜ੍ਹਤ ਸਿੰਘ ਦੇ ਪੋਤਰ ਨਾਲ ਜ਼ੋਰ ਆਜ਼ਮਾ। ਪਰ ਸ਼ਾਹ ਕਿਲਿਓਂ ਬਾਹਰ ਨ ਨਿਕਲਿਆ। 7 ਜੁਲਾਈ 1799 ਈ. ਨੂੰ ਲਾਹੌਰ ਉਤੇ ਆਪਣਾ ਅਧਿਕਾਰ ਕਰ ਚੁਕਣ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਨੇ ਇਸ ਬੁਰਜ ਦੀ ਮੁਰੰਮਤ ਕਰਾ ਕੇ ਸੁੰਦਰ ਰੂਪ ਪ੍ਰਦਾਨ ਕੀਤਾ ਅਤੇ ਆਪਣੀ ਪ੍ਰਸ਼ਾਸਕੀ ਪ੍ਰਕ੍ਰਿਆ ਇਥੋਂ ਹੀ ਕੀਤੀ।

**ਸੰਮਨ, ਭਾਈ** : 'ਚਉਬੋਲੇ' ਬਾਣੀ ਵਿਚ ਉਲਿਖਿਤ ਸੰਮਨ ਭਾਈ, ਮੂਸਨ ਦਾ ਪਿਤਾ ਅਤੇ ਇਕ ਲੋਕ-ਕਥਾ ਦਾ ਪਤਾਰ ਸੀ। ਵੇਖੋ 'ਮੂਸਨ'।

**ਸ਼੍ਰਵਣ** (ਭਗਤੀ ਭੇਦ): 'ਸ਼੍ਰਵਣ' ਦਾ ਅਰਥ ਹੈ ਸੁਣਨਾ। ਪਰਿਭਾਸ਼ਿਕ ਸ਼ਬਦਾਵਲੀ ਵਿਚ ਹਰਿ-ਨਾਮ ਦੀ ਉਸਤਤ ਨੂੰ ਕੰਨਾਂ ਨਾਲ ਸੁਣਨਾ 'ਸ਼੍ਰਵਣ' (ਭਗਤੀ) ਹੈ। ਇਸ਼ਟ-ਦੇਵ ਦੇ ਯਸ਼ ਨੂੰ ਸੁਣਨ ਉਤੇ ਪ੍ਰਾਚੀਨ ਕਾਲ ਤੋਂ ਹੀ ਬਲ ਦਿੱਤਾ ਗਿਆ ਮਿਲਦਾ ਹੈ। 'ਨਾਰਦ-ਭਕ੍ਤਿ-ਸੂਤ੍ਰ' (82) ਵਿਚ ਗੁਣ-ਮਹਾਤਮ-ਆਸਕਤੀ ਦੁਆਰਾ ਭਗਵਾਨ ਦੇ ਗੁਣਾਂ ਦੇ ਸ਼੍ਰਵਣ ਵਿਚ ਰੁਚੀ ਦੀ ਸਥਾਪਨਾ ਹੋਈ ਹੈ। 'ਭਾਗਵਤ-ਪੁਰਾਣ' (7/5/23-24) ਵਿਚ ਨਵਧਾ ਭਗਤੀ ਵਿਚ ਸ਼੍ਰਵਣ ਨੂੰ ਪਹਿਲਾ ਸਥਾਨ ਦਿੱਤਾ ਗਿਆ ਹੈ।

'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਚਾਰ ਪਉੜੀਆਂ (8-11) ਵਿਚ ਇਸ ਭਗਤੀ ਭਾਵਨਾ ਉਤੇ ਵਿਸਤਾਰ ਨਾਲ ਪ੍ਰਕਾਸ਼ ਪਾਇਆ ਹੈ। ਸ਼੍ਰਵਣ ਦੁਆਰਾ ਸਾਧਾਰਣ ਸਾਧਕ ਵੀ ਸਿੱਧ, ਪੀਰ, ਸੁਰ, ਨਾਥ ਦੇ ਗੌਰਵ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਕਾਲ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। 'ਜਪੁਜੀ' ਦੇ ਹੋਰ ਪ੍ਰਸੰਗਾਂ ਵਿਚ ਵੀ ਸ਼੍ਰਵਣ ਦੇ ਮਹੱਤਵ ਦੀ ਸਥਾਪਨਾ ਕੀਤੀ ਗਈ ਹੈ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਵੈਧੀ ਭਗਤੀ ਵਾਲੇ ਸ਼੍ਰਵਣ ਦੀ 'ਜਪੁਜੀ' ਵਿਚ ਪ੍ਰਤਿਪਾਦਿਤ 'ਸੁਣਿਐ' ਤੋਂ ਭਿੰਨ ਸਥਿਤੀ ਹੈ। ਇਥੇ ਤਾਂ ਪ੍ਰੇਮ-ਤੱਤ੍ਵ ਪ੍ਰਧਾਨ ਹੈ, ਨਿਰਾ ਅਨੁਸ਼ਠਾਨਾਂ ਦਾ ਪ੍ਰਦਰਸ਼ਨ ਨਹੀਂ ਹੋਇਆ— *ਗਾਵੀਐ ਸੁਣੀਐ ਮਨਿ ਰਖੀਐ ਭਾਉ; ਸੁਣਿਆ ਮੰਨਿਆ ਮਨਿ ਕੀਤਾ ਭਾਉ।* ਇਥੇ ਸ਼੍ਰਵਣ, ਮਨਨ ਅਤੇ ਕੀਰਤਨ ਨੂੰ 'ਭਾਉ' ਨਾਲ ਸਮਾਨ ਕਤਾਰ ਵਿਚ ਖੜਾ ਕੀਤਾ ਗਿਆ ਹੈ ਅਤੇ ਇਹ ਸਭ ਕੁਝ ਪ੍ਰੇਮ-ਪਰਾਇਣ ਹੈ, ਪ੍ਰੇਮ ਤੋਂ ਬਿਨਾ ਕੁਝ ਵੀ ਨਹੀਂ। ਗੁਰੂ ਅਰਜਨ ਦੇਵ ਜੀ ਸ਼੍ਰਵਣ (ਭਗਤੀ) ਵਿਚ ਮਗਨ ਸਾਧਕਾਂ ਉਤੇ ਆਪਣੇ ਆਪ ਨੂੰ ਨਿਛਾਵਰ ਕਰਦੇ ਹਨ— *ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ।*(ਗੁ.ਗ੍ਰੰ.577)। ਵਿਸਤਾਰ ਲਈ ਵੇਖੋ 'ਸੁਣਿਐ', 'ਮਨਨ' (ਭਗਤੀ)।

**ਸ੍ਰਿਸ਼ਟੀ** : ਭਾਰਤੀ ਦਰਸ਼ਨ ਦਾ ਮੂਲਾਧਾਰ ਮੁੱਖ ਰੂਪ ਵਿਚ ਚਾਰ ਵਿਸ਼ਿਆਂ ਉਤੇ ਨਿਰਭਰ ਕਰਦਾ ਹੈ— ਬ੍ਰਹਮ, ਜੀਵ, ਸ੍ਰਿਸ਼ਟੀ ਅਤੇ ਮੁਕਤੀ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਂਵਾਂ 'ਤੇ ਬਾਣੀਕਾਰਾਂ ਨੇ, ਖ਼ਾਸ ਕਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਮਾਨਤਾਵਾਂ ਨੂੰ ਪ੍ਰਗਟ ਕਰਨ ਲਈ ਸ੍ਰਿਸ਼ਟੀ ਦੀ ਰਚਨਾ ਬਾਰੇ ਜੋ ਕਥਨ ਕੀਤੇ ਹਨ, ਜੇ ਉਨ੍ਹਾਂ ਨੂੰ ਇਕਤਰ ਕਰੀਏ ਤਾਂ ਗੁਰਮਤਿ ਦਰਸ਼ਨ ਦੀ ਸ੍ਰਿਸ਼ਟੀ ਸੰਬੰਧੀ ਧਾਰਣਾ ਸਪੱਸ਼ਟ ਹੋ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਸ੍ਰਿਸ਼ਟੀ ਸੰਬੰਧੀ ਭਾਰਤੀ ਚਿੰਤਨ ਦੀ ਇਕ ਲੰਬੀ ਪਰੰਪਰਾ ਹੈ। ਵੇਦਾਂ ਵਿਚ ਕਿਤੇ ਅਗਨੀ, ਕਿਤੇ ਇੰਦ੍ਰ, ਕਿਤੇ ਵਿਸ਼ਵਕਰਮਾ ਅਤੇ ਕਿਤੇ ਵਰੁਣ ਦੁਆਰਾ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਗਈ ਹੈ। ਉਪਨਿਸ਼ਦਾਂ ਵਿਚ ਸ੍ਰਿਸ਼ਟੀ ਦੀ ਉਤਪੱਤੀ ਅਵਿਨਾਸ਼ੀ ਬ੍ਰਹਮ ਤੋਂ ਮੰਨੀ ਗਈ ਹੈ। ਜਿਵੇਂ ਅਗਨੀ ਤੋਂ ਅਸੰਖ ਚਿੰਗਾਰੀਆਂ ਨਿਕਲ ਕੇ ਫਿਰ ਖ਼ਤਮ ਹੋ ਜਾਂਦੀਆਂ ਹਨ, ਉਸੇ ਤਰ੍ਹਾਂ ਹੀ ਅਵਿਨਾਸ਼ੀ ਤੋਂ ਸਾਰਾ ਪਸਾਰਾ ਹੁੰਦਾ ਹੈ ਅਤੇ ਫਿਰ ਉਸੇ ਵਿਚ ਵਿਲੀਨ ਹੋ ਜਾਂਦਾ ਹੈ। ('ਮੁੰਡਕ-ਉਪਨਿਸ਼ਦ'-2/1/1)। 'ਪ੍ਰਸ਼ਨ-ਉਪਨਿਸ਼ਦ' (6/4) ਵਿਚ ਸ੍ਰਿਸ਼ਟੀ-ਕ੍ਰਮ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ।

ਜੈਨ-ਮਤ ਅਨੁਸਾਰ ਦ੍ਰਵ੍ਯ-ਸੰਯੋਗ ਤੋਂ ਸੰਸਾਰ

ਦੀ ਉਤਪੱਤੀ ਹੁੰਦੀ ਹੈ। ਇਹ ਨਿੱਤ ਅਤੇ ਅਨਿੱਤ ਦੋਹਾਂ ਤਰ੍ਹਾਂ ਦੀ ਹੁੰਦੀ ਹੈ। ਬੋਧ-ਮਤ ਵਾਲੇ ਜਗਤ ਨੂੰ ਸੁਤੰਤਰ ਸੱਤਾ ਸਮਝਦੇ ਹੋਇਆਂ ਵੀ ਇਸ ਨੂੰ ਪਰਿਵਰਤਨਸ਼ੀਲ ਮੰਨਦੇ ਹਨ। ਪਰਮਾਤਮਾ ਵਿਚ ਵਿਸ਼ਵਾਸ ਨ ਰਖਣ ਕਾਰਣ ਇਨ੍ਹਾਂ ਦੋਹਾਂ ਮਤਾਂ ਅਨੁਸਾਰ ਪਰਮਾਤਮਾ ਤੋਂ ਸ੍ਰਿਸ਼ਟੀ ਦੀ ਉਤਪੱਤੀ ਮੰਨਣ ਦਾ ਪ੍ਰਸ਼ਨ ਹੀ ਨਹੀਂ ਉਠਦਾ।

ਨਿਆਇ-ਸ਼ਾਸਤ੍ਰ ਵਾਲੇ ਈਸ਼ਵਰ ਨੂੰ ਸੰਸਾਰ ਦਾ ਸਿਰਜਕ, ਪੋਸ਼ਕ ਅਤੇ ਸੰਹਾਰਕ ਮੰਨਦੇ ਹਨ। ਈਸ਼ਵਰ ਨੇ ਵਿਸ਼ਵ ਦਾ ਨਿਰਮਾਣ ਸੁੰਨ ਤੋਂ ਨਹੀਂ ਕੀਤਾ, ਸਗੋਂ ਪਰਮਾਣੂ, ਦਿਕ, ਕਾਲ, ਆਕਾਸ਼, ਮਨ ਅਤੇ ਆਤਮਾ ਆਦਿ ਉਪਾਦਾਨਾਂ ਤੋਂ ਕੀਤਾ ਹੈ। ਸਾਂਖ੍ਯ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਸੰਸਾਰ ਦਾ ਆਦਿ ਕਾਰਣ ਹੈ, ਜੋ ਨਿੱਤ, ਜੜ ਅਤੇ ਪਰਿਵਰਤਨਸ਼ੀਲ ਹੈ। ਇਸ ਦਾ ਲਕ੍ਸ਼ 'ਪੁਰਸ਼' ਦੀ ਉਦੇਸ਼ਪੂਰਤੀ ਤੋਂ ਭਿੰਨ ਹੋਰ ਕੁਝ ਵੀ ਨਹੀਂ ਹੈ। ਯੋਗ-ਸ਼ਾਸਤ੍ਰ ਦਾ ਦ੍ਰਿਸ਼ਟੀਕੋਣ ਵੀ ਸਾਂਖ੍ਯ-ਮਤ ਅਨੁਸਾਰੀ ਹੈ। ਉਸ ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ ਨਾਲ ਸੰਸਾਰ ਦੀ ਰਚਨਾ ਦਾ ਆਰੰਭ ਹੁੰਦਾ ਹੈ। ਸੰਯੋਗ ਦਾ ਅੰਤ ਹੋਣ ਤੇ ਪ੍ਰਲਯ ਹੁੰਦੀ ਹੈ।

ਅਦ੍ਵੈਤ-ਵੇਦਾਂਤ ਅਨੁਸਾਰ ਬ੍ਰਹਮ, ਚੈਤਨ੍ਯ, ਸਤਿ, ਨਿਰਗੁਣ, ਨਿਰਾਕਾਰ, ਸੱਚਿਦਾਨੰਦ ਹੈ। ਮਾਇਆ ਨਾਲ ਸੰਬੰਧਿਤ ਬ੍ਰਹਮ ਈਸ਼ਰ ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਵਿਚ ਕੋਈ ਤਾਤ੍ਵਿਕ ਅੰਤਰ ਨਹੀਂ ਹੈ। ਈਸ਼ਵਰ ਕੇਵਲ ਲੀਲਾ ਲਈ ਹੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਇਸ ਲਈ ਇਹ ਸ੍ਰਿਸ਼ਟੀ ਦਾ ਉਪਾਦਾਨ ਕਾਰਣ ਹੈ। ਗੁਣਾਂ ਦੀ ਅਸਮਾਨ ਅਵਸਥਾ ਕਰਕੇ ਮਾਇਆ ਵਿਚ ਕੁਝ ਕ੍ਰਿਆ ਹੁੰਦੀ ਹੈ। ਤਮੋ ਗੁਣ ਦੀ ਪ੍ਰਧਾਨਤਾ ਕਾਰਣ ਪੰਜ ਸੂਖਮ ਭੂਤਾਂ ਦੀ ਉਤਪੱਤੀ ਹੁੰਦੀ ਹੈ। ਪਹਿਲਾਂ ਆਕਾਸ਼, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ, ਅਤੇ ਜਲ ਤੋਂ ਪ੍ਰਿਥਵੀ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਪੰਜਾਂ ਦਾ ਫਿਰ ਪੰਜ ਤਰ੍ਹਾਂ ਦਾ ਸੰਯੋਗ ਹੁੰਦਾ ਹੈ, ਜਿਸ ਤੋਂ ਪੰਜ ਸਥੂਲ ਭੂਤਾਂ ਦੀ ਉਤਪੱਤੀ ਹੁੰਦੀ ਹੈ। ਇਸ ਕ੍ਰਿਆ ਨੂੰ 'ਪੰਚੀਕਰਣ' ਕਹਿੰਦੇ ਹਨ। ਇਹ ਕ੍ਰਿਆ 'ਵਿਵਰਤ' ਜਾਂ 'ਅਧਿਆਸ' ਅਖਵਾਉਂਦੀ ਹੈ। ਰਾਮਾਨੁਜਾਚਾਰਯ ਅਨੁਸਾਰ ਸ੍ਰਿਸ਼ਟੀ ਵਾਸਤਵਿਕ ਹੈ ਅਤੇ ਜਗਤ ਉਤਨਾ ਹੀ ਸਚ ਹੈ, ਜਿਤਨਾ ਬ੍ਰਹਮ। ਵੇਦਾਂਤ ਦੀਆਂ ਹੋਰ ਸ਼ਾਖਾਵਾਂ ਨੇ ਵੀ ਕੁਲ ਮਿਲਾ ਕੇ ਸਾਂਖ੍ਯ-ਮਤ ਜਾਂ ਵੇਦਾਂਤ-ਦਰਸ਼ਨ ਦੇ ਆਧਾਰ 'ਤੇ ਹੀ ਆਪਣੇ ਦ੍ਰਿਸ਼ਟੀਕੋਣ ਪ੍ਰਗਟ ਕੀਤੇ ਹਨ।

ਇਸਲਾਮ ਅਨੁਸਾਰ ਅੱਲ੍ਹਾ ਦੇ ਕੇਵਲ 'ਕੁੰਨ' (ਹੋ ਜਾ) ਕਹਿਣ ਨਾਲ ਅਭਾਵ ਤੋਂ ਸ੍ਰਿਸ਼ਟੀ ਦੀ ਉਤਪੱਤੀ ਹੋਈ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਸ੍ਰਿਸ਼ਟੀ ਰਚਨਾ ਬਾਰੇ ਬੁਨਿਆਦੀ ਗੱਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੀ ਪ੍ਰਗਟ ਹੋਈਆਂ ਹਨ। ਗੁਰੂ ਨਾਨਕ ਦੇਵ ਜੀ ਦਰਸ਼ਨ ਅਤੇ ਸ਼ਾਸਤ੍ਰ ਦੀ ਉਲਝਨ ਵਿਚ ਨਹੀਂ ਫਸੇ। ਰਹੱਸਵਾਦੀ ਸਾਧਕ ਹੋਣ ਨਾਤੇ ਉਹ ਵਾਸਤਵਿਕਤਾ ਨੂੰ ਬਹੁਤ ਨੇੜਿਓਂ ਵੇਖ ਚੁਕੇ ਸਨ। ਇਸ ਲਈ ਉਨ੍ਹਾਂ ਨੇ ਪਰਮਾਤਮਾ ਦੀ ਲੀਲਾਮਈ ਸ੍ਰਿਸ਼ਟੀ ਬਾਰੇ ਕਿਹਾ ਹੈ ਕਿ ਇਸ ਲੀਲਾ ਬਾਰੇ ਸਿਵਾਇ ਪਰਮਾਤਮਾ ਦੇ ਹੋਰ ਕੋਈ ਦਸਣ ਦੇ ਸਮਰਥ ਨਹੀਂ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਦਾ ਆਪ ਹੀ ਰਚੈਤਾ ਅਤੇ ਉਸ ਨੂੰ ਨਿਯੰਤ੍ਰਣ ਵਿਚ ਰਖਣ ਵਾਲਾ ਹੈ— *ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ।*(ਗੁ.ਗ੍ਰੰ.764)। ਉਸ ਨੇ ਆਪ ਸਾਰੇ ਜਗਤ ਦੀ ਰਚਨਾ ਕਰਕੇ ਫਿਰ ਆਪ ਹੀ ਕੰਮ ਉਤੇ ਲਗਾਇਆ ਹੋਇਆ ਹੈ— *ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ।*(ਗੁ.ਗ੍ਰੰ.138)। ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਦੇ ਕਰਮਾਂ ਦਾ ਲੇਖਾ ਰਖਣ ਲਈ ਪਰਮਾਤਮਾ ਨੇ ਧਰਮ-ਰਾਜ ਦੀ ਨਿਯੁਕਤੀ ਕੀਤੀ ਹੋਈ ਹੈ— *ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਇਆ।*(ਗੁ.ਗ੍ਰੰ.463)।

ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਦਾ ਕਾਰਣ ਅਤੇ ਕਰਤਾ ਦੋਵੇਂ ਹੈ। ਇਥੇ ਉਹ ਸਾਂਖ੍ਯਵਾਦੀਆਂ ਨਾਲ ਸਹਿਮਤ ਨਹੀਂ ਹਨ। ਸਾਂਖ੍ਯਮਤ ਵਾਲੇ ਸ੍ਰਿਸ਼ਟੀ ਦਾ ਮੂਲ ਕਾਰਣ ਪੁਰਸ਼ ਅਤੇ ਪ੍ਰਕ੍ਰਿਤੀ ਦੋਵੇਂ ਮੰਨਦੇ ਹਨ, ਪਰ ਗੁਰੂ ਨਾਨਕ ਅਨੁਸਾਰ ਪ੍ਰਕ੍ਰਿਤੀ (ਕੁਦਰਤ) ਜਾਂ ਮਾਇਆ ਸਭ ਪਰਮਾਤਮਾ ਦੇ ਅਧੀਨ ਹਨ। 'ਪੱਟੀ' ਨਾਂ ਦੀ ਬਾਣੀ ਵਿਚ ਗੁਰੂ ਜੀ ਨੇ ਕਿਹਾ ਹੈ ਕਿ ਪਰਮਾਤਮਾ ਨੇ ਆਪਣੀ ਲੀਲਾ ਨੂੰ ਵੇਖਣ ਲਈ ਪੰਜ ਤੱਤ੍ਹਾਂ ਤੋਂ ਜਗਤ ਦਾ ਨਿਰਮਾਣ ਕੀਤਾ ਹੈ, ਜਾਂ ਉਨ੍ਹਾਂ ਰਾਹੀਂ ਆਪਣਾ ਨਵਾਂ ਵੇਸ਼ ਧਾਰਣ ਕੀਤਾ ਹੈ। ਉਹ ਪਰਮਾਤਮਾ ਸਭ ਕੁਝ ਵੇਖਦਾ ਹੈ, ਸਮਝਦਾ ਹੈ ਅਤੇ ਜਾਣਦਾ ਹੈ। ਉਹੀ ਜੜ-ਚੇਤਨ ਦੇ ਅੰਦਰ-ਬਾਹਰ ਰਮਣ ਕਰ ਰਿਹਾ ਹੈ— *ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ। ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।*(ਗੁ.ਗ੍ਰੰ. 433)। ਇਸ ਤਰ੍ਹਾਂ

ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਨੂੰ ਈਸ਼ਵਰੀ ਇੱਛਾ ਦਾ ਸਿੱਟਾ ਮੰਨਦੇ ਹਨ।

ਜਿਗਿਆਸੂ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ ? ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਸ਼ਨ ਨੂੰ ਕਠਿਨ ਦਸਦੇ ਹੋਇਆਂ ਕਿਹਾ ਹੈ ਕਿ ਉਹ ਕਿਹੜੀ ਘੜੀ, ਰੁਤ ਜਾਂ ਮਹੂਰਤ ਸੀ ? ਇਸ ਨੂੰ ਸਪੱਸ਼ਟ ਕਰਨ ਦੇ ਕੋਈ ਵੀ ਸਮਰਥ ਨਹੀਂ ਹੈ। ਜੇ ਕਿਸੇ ਵੀ ਧਰਮ ਵਾਲੇ ਨੂੰ ਪਤਾ ਹੁੰਦਾ ਤਾਂ ਉਹ ਆਪਣੀਆਂ ਧਰਮ ਪੁਸਤਕਾਂ ਵਿਚ ਸਹੀ ਤੱਥ ਉਤੇ ਚਾਨਣਾ ਪਾ ਦਿੰਦੇ। ਜੇ ਇਸ ਸ੍ਰਿਸ਼ਟੀ ਦੀ ਉਤਪੱਤੀ ਦਾ ਕਿਸੇ ਨੂੰ ਸਹੀ ਗਿਆਨ ਹੋ ਸਕਦਾ ਹੈ ਤਾਂ ਉਹ ਕੇਵਲ ਇਸ ਦੇ ਕਰਤਾ ਨੂੰ ਹੀ ਹੈ— *ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ*।(ਗੁ.ਗ੍ਰੰ.4)।

ਸ੍ਰਿਸ਼ਟੀ ਤੋਂ ਪੂਰਵਾਸਥਾ ਬਾਰੇ ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸਟਿ' ਵਿਚ ਸਿੱਧਾਂ ਦੇ ਪੁਛਣ 'ਤੇ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਕੀ ਅਵਸਥਾ ਸੀ ਅਤੇ ਸੁੰਨ ਕਿਥੇ ਵਸਦਾ ਸੀ ? ਦਸਿਆ ਕਿ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਬਾਰੇ ਕਲਪਨਾ ਕਰਨਾ ਬਹੁਤ ਵਿਸਮਾਦੀ ਹੈ। ਉਸ ਵੇਲੇ ਸੁੰਨ ਆਪਣੇ ਆਪ ਵਿਚ ਨਿਵਾਸ ਕਰਦਾ ਸੀ। ਕਹਿਣ ਤੋਂ ਭਾਵ ਕਿ ਪਰਮਾਤਮਾ ਆਪਣੀ ਮਹਿਮਾ ਵਿਚ ਹੀ ਪ੍ਰਤਿਸ਼ਠਿਤ ਸੀ— *ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ*।(ਗੁ.ਗ੍ਰੰ.940)। ਮਾਰੂ ਸੋਲਹਿਆਂ ਵਿਚ ਵੀ ਗੁਰੂ ਜੀ ਨੇ ਪੂਰਵਾਵਸਥਾ ਦਾ ਚਿਤ੍ਰਣ ਕੀਤਾ ਹੈ ਕਿ ਉਦੋਂ ਅਨੰਤ ਯੁਗਾਂ ਤਕ ਘੁਪ ਹਨੇਰਾ ਸੀ। ਨ ਉਦੋਂ ਪ੍ਰਿਥਵੀ ਸੀ, ਨ ਹੀ ਆਕਾਸ਼। ਉਦੋਂ ਨ ਦਿਨ ਸੀ ਨ ਰਾਤ, ਨ ਚੰਦ੍ਰਮਾ ਸੀ ਅਤੇ ਨ ਸੂਰਜ, ਆਦਿ—*ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ। ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ*।(ਗੁ.ਗ੍ਰੰ.1035)।

ਸਪੱਸ਼ਟ ਹੈ ਕਿ ਸ੍ਰਿਸ਼ਟੀ ਤੋਂ ਪਹਿਲਾਂ 'ਸੁੰਨ' ਹੀ ਵਿਆਪਤ ਸੀ। ਸੁੰਨ ਤੋਂ ਹੀ ਪਵਣ, ਪਾਣੀ, ਅਗਨੀ, ਤ੍ਰਿਦੇਵ ਆਦਿ ਸ੍ਰਿਸ਼ਟੀ ਦੀ ਉਤਪੱਤੀ ਹੋਈ— *ਸੁੰਨ ਕਲਾ ਅਪਰੰਪਰਿ ਧਾਰੀ। ਆਪਿ ਨਿਰਾਲਮੁ ਅਪਰ ਅਪਾਰੀ। ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ। ਪਉਣ ਪਾਣੀ ਸੁੰਨੈ ਤੇ ਸਾਜੇ। ਸ੍ਰਿਸਟਿ ਉਪਾਇ ਕਾਇਆ ਗੜ ਰਾਜੇ। ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ*।(ਗੁ. ਗ੍ਰੰ.1037)। ਇਥੇ ਸੁੰਨ ਤੋਂ ਭਾਵ ਉਸ ਸਥਿਤੀ ਤੋਂ ਹੈ ਜਦੋਂ ਸੰਸਾਰ ਦੀ ਸਿਰਜਨਾ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਇਕ-ਮਾਤ੍ਰ ਪਰਮਾਤਮਾ ਵਿਚ ਸਮਾਹਿਤ ਸਨ। ਉਦੋਂ ਰੂਪ, ਰੰਗ, ਰੇਖਾ, ਆਕਾਰ, ਪ੍ਰਕਾਰ ਕੁਝ ਵੀ ਨਹੀਂ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਦੀ ਉਤਪੱਤੀ ਦੇ ਤਿੰਨ ਸਿੱਧਾਂਤ ਸਾਹਮਣੇ ਆਉਂਦੇ ਹਨ :

(1) ਹੁਕਮ ਦੁਆਰਾ ਸ੍ਰਿਸ਼ਟੀ ਦੀ ਰਚਨਾ।

(2) ਓਅੰਕਾਰ ਦੁਆਰਾ ਸ੍ਰਿਸ਼ਟੀ ਦੀ ਰਚਨਾ।

(3) ਹਉਮੈ ਦੁਆਰਾ ਸ੍ਰਿਸ਼ਟੀ ਦੀ ਰਚਨਾ।

ਪਹਿਲੇ ਸਿੱਧਾਂਤ ਅਨੁਸਾਰ ਅਕਥਨੀਯ ਹੁਕਮ ਰਾਹੀਂ ਹੀ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਅਤੇ ਵਿਸਤਾਰ ਹੋਇਆ ਹੈ— *ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ। ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ*।(ਗੁ.ਗ੍ਰੰ.1)।

ਦੂਜੇ ਸਿੱਧਾਂਤ ਅਨੁਸਾਰ ਓਅੰਕਾਰ ਤੋਂ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ। 'ਓਅੰਕਾਰ' ਨਾਂ ਦੀ ਬਾਣੀ ਦੀ ਪਹਿਲੀ ਪਉੜੀ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਓਅੰਕਾਰ ਤੋਂ ਬ੍ਰਹਮਾ ਦੀ ਉਤਪੱਤੀ ਹੋਈ, ਓਅੰਕਾਰ ਤੋਂ ਹੀ ਪਰਬਤਾਂ ਅਤੇ ਵੇਦਾਂ ਦਾ ਨਿਰਮਾਣ ਹੋਇਆ ਅਤੇ ਓਅੰਕਾਰ ਦੁਆਰਾ ਹੀ ਲੋਕਾਂ ਦਾ ਉੱਧਾਰ ਹੋਇਆ। ਅਸਲ ਵਿਚ 'ਓਨਮ' ਅੱਖਰ ਹੀ ਤਿੰਨਾਂ ਲੋਕਾਂ ਦਾ ਸਾਰ-ਤੱਤ੍ਵ ਹੈ— *ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ। ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ।... ਓਨਮ ਅਖਰੁ ਤ੍ਰਿਭਵਣ ਸਾਰੁ*।(ਗੁ.ਗ੍ਰੰ. 929-30)।

ਤੀਜੇ ਸਿੱਧਾਂਤ ਅਨੁਸਾਰ 'ਹਉਮੈ' ਦੁਆਰਾ ਸ੍ਰਿਸ਼ਟੀ ਦੀ ਸਿਰਜਨਾ ਹੋਈ ਹੈ। 'ਸਿਧ ਗੋਸਟਿ' ਵਿਚ ਯੋਗੀਆਂ ਦੇ ਪ੍ਰਸ਼ਨ ਕਰਨ 'ਤੇ ਕਿ ਜਗਤ ਦੀ ਉਤਪੱਤੀ ਕਿਸ ਕਿਸ ਢੰਗ ਨਾਲ ਹੋਈ ਹੈ ਅਤੇ ਕਿਸ ਕਿਸ ਢੰਗ ਨਾਲ ਇਸ ਦਾ ਵਿਨਾਸ਼ ਹੁੰਦਾ ਹੈ ? ਗੁਰੂ ਜੀ ਨੇ ਉੱਤਰ ਦਿੱਤਾ ਕਿ ਹਉਮੈ ਦੁਆਰਾ ਜਗਤ ਪੈਦਾ ਹੁੰਦਾ ਹੈ ਅਤੇ ਨਾਮ ਨੂੰ ਭੁਲਾ ਦੇਣ ਨਾਲ ਦੁਖ ਸਹਿਣਾ ਪੈਂਦਾ ਹੈ। ਕੋਈ ਗੁਰਮੁਖ ਵਿਅਕਤੀ ਹੀ ਬ੍ਰਹਮ-ਗਿਆਨ ਦੇ ਤੱਤ੍ਵ ਨੂੰ ਵਿਚਾਰ ਕੇ ਸ਼ਬਦ ਜਾਂ ਨਾਮ ਰਾਹੀਂ ਹਉਮੈ ਨੂੰ ਨਸ਼ਟ ਕਰ ਸਕਦਾ ਹੈ— *ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ। ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ*।(ਗੁ. ਗ੍ਰੰ.946)।

ਸ੍ਰਿਸ਼ਟੀ ਦੀ ਰਚਨਾ-ਪ੍ਰਕ੍ਰਿਆ ਬਾਰੇ ਵੀ ਕਿਤੇ ਕਿਤੇ ਗੁਰੂ ਨਾਨਕ ਦੇਵ ਜੀ ਨੇ ਉੱਲੇਖ ਕੀਤਾ ਹੈ। ਕੁਲ ਮਿਲਾ ਕੇ

ਗੁਰੂ ਜੀ ਦੀ ਧਾਰਣਾ ਹੈ ਕਿ ਅਵਿਅਕਤ ਨਿਰਲਿਪਤ ਨਿਰਗੁਣ ਅਵਸਥਾ ਤੋਂ ਹੀ ਸਗੁਣ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ— *ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ।*(ਗੁ.ਗ੍ਰੰ. 940)।

ਸ੍ਰਿਸ਼ਟੀ ਨੇ ਹੋਂਦ ਕਿਵੇਂ ਧਾਰਣ ਕੀਤੀ ? ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਦਸਿਆ ਹੈ ਕਿ ਸਭ ਤੋਂ ਪਹਿਲਾਂ ਸਤਿ ਸਰੂਪ ਪਰਮਾਤਮਾ ਤੋਂ ਪਵਨ ਉਤਪੰਨ ਹੋਇਆ, ਪਵਨ ਤੋਂ ਜਲ ਦੀ ਉਤਪੱਤੀ ਹੋਈ। ਜਲ ਤੋਂ ਤਿੰਨ ਲੋਕਾਂ— ਆਕਾਸ਼, ਪਾਤਾਲ ਅਤੇ ਮ੍ਰਿਤ ਲੋਕ— ਦਾ ਨਿਰਮਾਣ ਹੋਇਆ— *ਸਾਚੈ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ। ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।* (ਗੁ.ਗ੍ਰੰ.19)। ਪ੍ਰਭਾਤੀ ਰਾਗ ਵਿਚ ਵੀ ਦਸਿਆ ਗਿਆ ਹੈ ਕਿ ਪਰਮਾਤਮਾ ਨੇ ਤਰੰਗ-ਯੁਕਤ ਜਲ, ਅਗਨੀ ਅਤੇ ਪਵਨ ਨਾਮ ਦੇ ਤਿੰਨ ਤੱਤ੍ਵਾਂ ਨੂੰ ਉਤਪੰਨ ਕਰਕੇ ਫਿਰ ਉਨ੍ਹਾਂ ਦੇ ਸੰਯੋਗ ਨਾਲ ਪੰਜ-ਭੌਤਿਕ ਜਗਤ ਦੀ ਰਚਨਾ ਕੀਤੀ। ਇਨ੍ਹਾਂ ਭੌਤਿਕ-ਤੱਤ੍ਵਾਂ ਨੂੰ ਸੰਸਾਰ-ਨਿਰਮਾਣ ਦੀ ਸ਼ਕਤੀ ਦੇ ਕੇ ਪਰਮਾਤਮਾ ਨੇ ਇਨ੍ਹਾਂ ਨੂੰ ਇਕ ਸੀਮਾ ਦੇ ਅੰਦਰ ਹੀ ਰਖਿਆ ਹੈ— *ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ। ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ।*(ਗੁ.ਗ੍ਰੰ.1345)।

ਗੁਰੂ ਨਾਨਕ ਦੇਵ ਜੀ ਨੇ ਇਕ ਥਾਂ (ਬਿਲਾਵਲ, ਥਿਤੀ 3-5) ਉਤੇ ਜਗਤ ਦੀ ਉਤਪੱਤੀ ਤੋਂ ਪਹਿਲਾਂ ਦੀ ਅਵਸਥਾ ਨੂੰ ਅੰਡੇ ਦੇ ਉਪਮਾਨ ਦੁਆਰਾ ਚਿਤ੍ਰਿਤ ਕੀਤਾ ਹੈ। ਉਨ੍ਹਾਂ ਦਾ ਮਤ ਹੈ ਕਿ ਪਰਮਾਤਮਾ ਨੇ ਆਪਣੇ ਹੱਥਾਂ ਨਾਲ ਸ੍ਰਿਸ਼ਟੀ ਦੀ ਰਚਨਾ ਕੀਤੀ। ਜਗਤ ਰੂਪੀ ਅੰਡੇ ਨੂੰ ਤੋੜ ਕੇ, ਉਸ ਦੇ ਦੋ ਭਾਗਾਂ ਨੂੰ ਵਖ ਵਖ ਕਰ ਦਿੱਤਾ ਅਤੇ ਇਸ ਤਰ੍ਹਾਂ ਧਰਤੀ ਅਤੇ ਆਕਾਸ਼ ਨੂੰ ਆਪਣਾ ਨਿਵਾਸ-ਸਥਾਨ ਬਣਾਇਆ। ਫਿਰ ਉਨ੍ਹਾਂ ਤੋਂ ਰਾਤ ਅਤੇ ਦਿਨ, ਭੈ ਅਤੇ ਪ੍ਰੇਮ ਅਤੇ ਤ੍ਰਿਦੇਵ ਆਦਿ ਦੇਵੀ-ਦੇਵਤਾ ਪੈਦਾ ਕੀਤੇ। ਫਿਰ ਵੇਦਾਂ, ਬਾਣੀਆਂ, ਖਾਣੀਆਂ, ਪੁਰਾਣਾਂ, ਸ਼ਾਸਤ੍ਰਾਂ ਅਤੇ ਤਿੰਨ ਗੁਣਾਂ ਨੂੰ ਪੈਦਾ ਕੀਤਾ।

ਉਪਰੋਕਤ ਤੱਥਾਂ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਸ੍ਰਿਸ਼ਟੀ ਦੇ ਕ੍ਰਮ ਸੰਬੰਧੀ ਕੋਈ ਮਤ-ਏਕਤਾ ਨਹੀਂ ਅਤੇ ਨ ਹੀ ਅਜਿਹੀ ਕੋਈ ਮਤ-ਏਕਤਾ ਉਪ-ਨਿਸ਼ਦਾਂ ਜਾਂ ਪੁਰਾਣਾਂ ਵਿਚ ਵੇਖਣ ਨੂੰ ਮਿਲਦੀ ਹੈ। ਇਸ ਨਾਲ ਕਿਸੇ ਸਿੱਧਾਂਤ ਦੀ ਸਥਾਪਨਾ ਨਹੀਂ ਹੁੰਦੀ। ਹਾਂ, ਇਤਨਾ ਕਿਹਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਪੰਚ ਭੂਤਾਂ ਤੋਂ ਹੋਈ ਹੈ।

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਨੂੰ ਅਨੰਤ ਦਸਿਆ ਹੈ। ਉਨ੍ਹਾਂ ਦਾ ਮਤ ਹੈ ਕਿ ਕੁਦਰਤ ਦੇ ਕਿਤਨੇ ਹੀ ਰੂਪ ਹਨ, ਕਿਤਨੀਆਂ ਹੀ ਉਸ ਦੀਆਂ ਦਿੱਤੀਆਂ ਵਸਤੂਆਂ ਹਨ। ਕਿਤਨੇ ਹੀ ਉਸ ਦੇ ਜੀਵ ਹਨ ਅਤੇ ਕਿਤਨੇ ਹੀ ਰੂਪ-ਰੰਗ ਹਨ, ਕਿਤਨੀਆਂ ਹੀ ਜਾਤੀਆਂ ਅਤੇ ਉਪ-ਜਾਤੀਆਂ ਹਨ। ਜੀਵਾਂ ਦਾ ਵੀ ਕੋਈ ਅੰਤ ਨਹੀਂ ਹੈ। ਇਨ੍ਹਾਂ ਦੇ ਅਨੇਕ ਵਰਗ ਹਨ। ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' (ਪਉੜੀ 17-19) ਵਿਚ ਵੀ ਸ੍ਰਿਸ਼ਟੀ ਦੀ ਅਨੰਤਤਾ ਉਤੇ ਝਾਤ ਪਾਈ ਹੈ। ਪਰਮਾਤਮਾ ਦੁਆਰਾ ਨਿਰਮਿਤ ਵਸਤੂਆਂ ਦੇ ਅਸੰਖ ਨਾਂ ਹਨ ਅਤੇ ਅਸੰਖ ਹੀ ਸਥਾਨ ਹਨ। ਮਨ, ਬਾਣੀ ਅਤੇ ਬੁੱਧੀ ਤੋਂ ਪਰੇ ਵੀ ਅਨੰਤ ਲੋਕ ਹਨ। ਉਨ੍ਹਾਂ ਵਸਤੂਆਂ ਅਤੇ ਉਨ੍ਹਾਂ ਦੇ ਨਾਂਵਾਂ ਲਈ ਗੁਰੂ ਜੀ ਨੂੰ ਕਈ ਵਾਰ 'ਅਸੰਖ' ਪਦ ਦੀ ਵਰਤੋਂ ਕਾਫ਼ੀ ਪ੍ਰਤੀਤ ਨਹੀਂ ਹੁੰਦੀ। ਸਗੋਂ 'ਅਸੰਖ' ਕਹਿ ਕੇ ਵੀ ਵਿਅਰਥ ਵਿਚ ਉਚਿਤ ਅਨੁਚਿਤ ਕਥਨ ਦਾ ਭਾਰ ਚੜ੍ਹਾਉਣਾ ਹੈ। ਅਸਲ ਵਿਚ, ਪਰਮਾਤਮਾ ਦੀ ਸ੍ਰਿਸ਼ਟੀ ਇਤਨੀ ਅਨੰਤ ਹੈ ਕਿ ਉਸ ਨੂੰ ਅਸੰਖ ਸ਼ਬਦ ਨਾਲ ਅਭਿਵਿਅਕਤ ਹੀ ਨਹੀਂ ਕੀਤਾ ਜਾ ਸਕਦਾ— *ਅਸੰਖ ਨਾਵ ਅਸੰਖ ਥਾਵ। ਅਗੰਮ ਅਗੰਮ ਅਸੰਖ ਲੋਅ। ਅਸੰਖ ਕਹਹਿ ਸਿਰਿ ਭਾਰੁ ਹੋਇ।* (ਗੁ.ਗ੍ਰੰ.4)। 'ਜਪੁਜੀ' ਦੀਆਂ ਹੋਰ ਵੀ ਕਈ ਪਉੜੀਆਂ ਅਨੰਤਤਾ ਦੀ ਸਥਿਤੀ ਦਾ ਪ੍ਰਗਟਾਵਾ ਕਰਦੀਆਂ ਹਨ, ਜਿਵੇਂ — *ਪਾਤਾਲਾ ਪਾਤਾਲ ਲਖ ਆਗਾਸਾ ਆਗਾਸ। ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।*(ਗੁ.ਗ੍ਰੰ. 5)।

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਦੀ ਉਤਪੱਤੀ ਅਤੇ ਸੰਚਾਲਨ ਹੀ ਪਰਮਾਤਮਾ ਦੁਆਰਾ ਨਹੀਂ ਮੰਨਿਆ, ਸਗੋਂ ਉਸ ਦਾ ਅੰਤ ਵੀ ਪਰਮਾਤਮਾ ਦੁਆਰਾ ਅਤੇ ਪਰਮਾਤਮਾ ਵਿਚ ਹੀ ਵਿਲੀਨ ਹੋਣ ਦੀ ਗੱਲ ਕਹੀ ਹੈ— *ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ।* (ਗੁ.ਗ੍ਰੰ.355) ਅਤੇ *ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।*(ਗੁ.ਗ੍ਰੰ.1035)। ਉਸ ਨੂੰ ਕਿਸੇ ਤੋਂ ਪੁਛਣ ਦੀ ਲੋੜ ਨਹੀਂ, ਉਹ ਸਰਵ-ਗੁਣ ਸੰਪੰਨ ਹੈ। ਇਸ ਦਾ ਅੰਤ ਕਦੋਂ ਹੋਵੇਗਾ ? ਇਸ ਬਾਰੇ ਵੀ ਗੁਰੂ ਜੀ ਚੁਪ ਹਨ। ਬਸ ਇਤਨਾ ਹੀ ਕਿਹਾ ਹੈ— *ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।*(ਗੁ.ਗ੍ਰੰ.4)।

ਗੁਰੂ ਗ੍ਰੰਥ ਸਾਹਿਬ ਵਿਚ ਜਗਤ ਦੇ ਸਰੂਪ ਸੰਬੰਧੀ ਵੀ ਬਹੁਤ ਉਕਤੀਆਂ ਮਿਲ ਜਾਂਦੀਆਂ ਹਨ। ਮੁੱਖ ਤੌਰ 'ਤੇ ਇਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ— (1) ਜਗਤ ਅਸਤਿ ਹੈ ਅਤੇ (2) ਜਗਤ ਸਤਿ ਹੈ। ਇਹ ਦੋਵੇਂ ਪਰਸਪਰ ਵਿਰੋਧੀ ਮਾਨਤਾਵਾਂ ਹਨ। ਇਨ੍ਹਾਂ ਬਾਰੇ 'ਜਗਤ ਦਾ ਸਰੂਪ' ਇੰਦਰਾਜ ਵਿਚ ਵਿਸਤਾਰ ਸਹਿਤ ਲਿਖਿਆ ਹੈ।

**ਸ੍ਰੀ ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ** : ਬੀਬੀ ਰੂਪ ਕੌਰ ਦੇ ਨਾਂ ਨਾਲ ਸੰਬੰਧਿਤ ਇਕ ਸਾਖੀ-ਸੰਗ੍ਰਹਿ। ਇਨ੍ਹਾਂ ਸਾਖੀਆਂ ਦਾ ਸੰਨ 1978 ਈ. ਵਿਚ ਡਾ. ਨਰਿੰਦਰ ਕੌਰ ਭਾਟੀਆ ਦੁਆਰਾ ਤਿਆਰ ਕੀਤਾ ਗਿਆ ਸੰਪਾਦਿਤ ਰੂਪ ਉਪਲਬਧ ਹੈ। ਇਸ ਸੰਗ੍ਰਹਿ ਵਿਚ ਕੁਲ 38 ਸਾਖੀਆਂ ਹਨ ਜਿਨ੍ਹਾਂ ਵਿਚੋਂ ਪਹਿਲੀਆਂ 33 ਦਾ ਸਰੋਤ ਬੀਬੀ ਰੂਪ ਕੌਰ ਵਾਲੀ ਪੋਥੀ ਹੈ ਅਤੇ ਬਾਕੀ ਪੰਜ ਸਾਖੀਆਂ ਵਿਚੋਂ ਚਾਰ ਭਾਈ ਪੈਂਦੇ ਵਾਲੀ ਬੀੜ ਵਿਚੋਂ ਲਈਆਂ ਗਈਆਂ ਹਨ ਅਤੇ ਇਕ ਸਿੱਖ ਰੈਫ਼੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਹੱਥ-ਲਿਖਿਤ 5660 ਵਿਚੋਂ ਉਤਾਰੀ ਗਈ ਹੈ। ਇਸ ਸੰਗ੍ਰਹਿ ਦੀ ਮੂਲ-ਆਧਾਰ ਬੀਬੀ ਰੂਪ ਕੌਰ ਵਾਲੀ ਪੋਥੀ ਕੀਰਤਪੁਰ ਦੇ ਗੁਰਦੁਆਰਾ ਮੰਜੀ ਸਾਹਿਬ ਦੇ ਗ੍ਰੰਥੀ ਭਾਈ ਬਾਬੂ ਸਿੰਘ ਪਾਸ ਸੁਰਖਿਅਤ ਹੈ। ਇਸ ਦੀ ਇਕ ਨਕਲ ਭਾਈ ਰਣਧੀਰ ਸਿੰਘ, ਜੋ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਇੰਸਪੈਕਟਰ ਰਹਿ ਚੁਕੇ ਸਨ, ਨੇ ਤਿਆਰ ਕੀਤੀ ਜੋ ਡਾ. ਪਿਆਰ ਸਿੰਘ ਦੀ ਤੁਫ਼ੈਲ ਸੰਪਾਦਿਕਾ ਤਕ ਪਹੁੰਚੀ। ਇਹ ਪੋਥੀ ਗੁਰੂ ਹਰਿ ਰਾਇ ਸਾਹਿਬ ਦੀ ਪਾਲਿਤ ਪੁੱਤਰੀ ਦੀ ਨਿਜੀ ਵਰਤੋਂ ਲਈ ਤਿਆਰ ਕੀਤੀ ਗਈ ਸੀ। ਇਸ ਪੋਥੀ ਦੇ 492 ਤੋਂ 524 ਪਤਰੇ ਤਕ 27 ਸਾਖੀਆਂ ਲਿਖੀਆਂ ਹਨ ਅਤੇ 529 ਤੋਂ 532 ਪਤਰੇ ਤਕ ਛੇ ਹੋਰ ਸਾਖੀਆਂ ਅੰਕਿਤ ਹਨ। ਇਸ ਤਰ੍ਹਾਂ ਇਸ ਪੋਥੀ ਵਿਚ ਕੁਲ 33 ਸਾਖੀਆਂਹਨ।

ਇਨ੍ਹਾਂ ਸਾਖੀਆਂ ਦਾ ਕਰਤ੍ਰਿਤਵ ਅਤੇ ਰਚਨਾ-ਕਾਲ ਸੰਦਿਗਧ ਹੈ। ਇਸ ਸੰਗ੍ਰਹਿ ਦੇ ਸਿਰਲੇਖ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਸਾਖੀਆਂ ਸਿੱਖਾਂ ਨੂੰ ਰਹਿਤ-ਮਰਯਾਦਾ ਸੰਬੰਧੀ ਸਤਿਗੁਰੂਆਂ ਵਲੋਂ ਸਮੇਂ ਸਮੇਂ ਦਿੱਤੇ ਉਪਦੇਸ਼ਾਂ/ ਆਦੇਸ਼ਾਂ ਦਾ ਪ੍ਰੇਮੀ ਸੱਜਣਾਂ ਵਲੋਂ ਲਿਪੀ-ਬੱਧ ਕੀਤਾ ਰੂਪਾਕਾਰ ਹੈ। ਇਹ ਸਿਧ ਕਰ ਸਕਣਾ ਕਿ ਕਿਹੜੀ ਸਾਖੀ ਕਿਸ ਪ੍ਰੇਮੀ ਸੱਜਣ ਨੇ ਲਿਖੀ ਹੈ, ਹੁਣ ਬਹੁਤ ਕਠਿਨ ਹੈ। ਇਨ੍ਹਾਂ ਸਾਖੀਆਂ ਦਾ ਰਚਨਾ-ਕਾਲ ਵੀ ਅਨਿਸਚਿਤ ਹੈ। ਕੁਝ ਸਾਖੀਆਂ (3, 24,26) ਦਾ ਸੰਬੰਧ ਗੁਰੂ ਅਮਰਦਾਸ ਜੀ ਨਾਲ ਜੋੜਿਆ ਜਾਂਦਾ ਹੈ, ਬਾਕੀ ਹੋਰ ਪਰਵਰਤੀ ਗੁਰੂ ਸਾਹਿਬਾਨ ਨਾਲ ਸੰਬੰਧਤ ਹਨ। ਇਹ ਵੀ ਜ਼ਰੂਰੀ ਨਹੀਂ ਕਿ ਇਹ ਉਪਦੇਸ਼ ਸਚਮੁਚ ਗੁਰੂ ਸਾਹਿਬਾਨ ਨੇ ਹੀ ਦਿੱਤੇ ਹੋਣ। ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਸਿੱਖ ਸਾਧਕਾਂ ਦੇ ਵੀ ਦਿੱਤੇ ਹੋਣ, ਕੁਝ ਪਾਖੰਡੀ ਧਰਮ-ਆਗੂਆਂ ਜਾਂ ਮਸੰਦਾਂ ਦੀ ਕੁਰੁਚੀ ਦਾ ਫਲ ਹੋਣ, ਜਿਵੇਂ ਕਿ ਸਾਖੀ ਨੰ. 9 ਦੇ ਵਰਣਿਤ ਵਿਸ਼ੇ ਤੋਂ ਸਪੱਸ਼ਟ ਹੈ। ਇਸ ਰਚਨਾ ਦੇ ਗੰਭੀਰ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਵਖ ਵਖ ਸਮੇਂ ਉਚਰੇ ਗਏ ਅਤੇ ਪ੍ਰਚਲਿਤ ਹੋਏ ਗੁਰੂ-ਉਪਦੇਸ਼ਾਂ ਨੂੰ ਹੀ ਕਦੀ ਕਦੀ ਲਿਖਿਤ ਰੂਪ ਦਿੱਤਾ ਜਾਂਦਾ ਰਿਹਾ ਜੋ ਬਾਦ ਵਿਚ ਜਿਗਿਆਸੂਆਂ ਦੇ ਭਲੇ ਲਈ ਸੰਕਲਿਤ ਕੀਤੇ ਜਾਣ ਲਗੇ।

ਬੀਬੀ ਰੂਪ ਕੌਰ ਦੇ ਨਾਂ ਨਾਲ ਸੰਬੰਧਿਤ ਪੋਥੀ ਲਿਖਾਵਟ ਦੇ ਸਰੂਪ ਅਤੇ ਕਾਗ਼ਜ਼ ਦੀ ਪ੍ਰਾਚੀਨਤਾ ਦੇ ਪੱਖ ਤੋਂ ਮੇਰੀ ਜਾਚੇ ਗੁਰੂ ਗੋਬਿੰਦ ਸਿੰਘ ਜੀ (ਜਨਮ 1666 ਈ.) ਤੋਂ ਪਹਿਲਾਂ ਦੀ ਲਿਖੀ ਹੈ। ਬੀਬੀ ਰੂਪ ਕੌਰ ਦੇ ਪਾਲਕ ਪਿਤਾ ਗੁਰੂ ਹਰਿ ਰਾਇ ਜੀ ਸੰਨ 1661 ਈ. ਵਿਚ ਜੋਤੀ ਜੋਤਿ ਸਮਾਏ ਸਨ। ਇਸ ਪੋਥੀ ਦੇ ਉਨ੍ਹਾਂ ਦੇ ਜੀਵਨ-ਕਾਲ ਵਿਚ ਹੀ ਲਿਖੇ ਜਾਣ ਦੀ ਸੰਭਾਵਨਾ ਹੈ। ਵਰਣਿਤ ਵਿਸ਼ੇ ਦੀ ਦ੍ਰਿਸ਼ਟੀ ਤੋਂ ਜੋ ਨੈਤਿਕ ਆਚਾਰ ਜਾਂ ਰਹਿਤ-ਮਰਯਾਦਾ ਇਸ ਵਿਚ ਚਿਤਰੀ ਗਈ ਹੈ, ਉਹ ਅੰਮ੍ਰਿਤ-ਸੰਚਾਰ ਤੋਂ ਪਹਿਲਾਂ ਦੀਆਂ ਮਾਨਤਾਵਾਂ ਅਤੇ ਕੀਮਤਾਂ ਨੂੰ ਪ੍ਰਗਟ ਕਰਦੀ ਹੈ ਅਤੇ ਅੰਮ੍ਰਿਤ-ਸੰਚਾਰ ਤੋਂ ਬਾਦ ਹੋਂਦ ਵਿਚ ਆਏ ਰਹਿਤ-ਨਾਮਿਆਂ ਦੀ ਭੂਮਿਕਾ ਨਿਭਾਉਂਦੀ ਹੈ। ਇਸ ਤਰ੍ਹਾਂ ਸਥੂਲ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਪੋਥੀ ਦਾ ਲਿਖਣ-ਕਾਲ 17ਵੀਂ ਸਦੀ ਦੀ ਤੀਜੀ ਚੌਥਾਈ ਹੈ।

ਇਨ੍ਹਾਂ ਸਾਖੀਆਂ ਦੀ ਪ੍ਰਤਿਪਾਦਿਤ ਵਸਤੂ ਕ੍ਰਮ ਅਤੇ ਵਿਵਸਥਾ ਤੋਂ ਹੀਣ ਹੈ। ਇਨ੍ਹਾਂ ਸਾਰੀਆਂ ਸਾਖੀਆਂ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਸ਼ੇਸ਼ ਕ੍ਰਮ ਜਾਂ ਸੰਬੰਧ ਨਹੀਂ ਹੈ। ਇਨ੍ਹਾਂ ਵਿਚਲੀ ਵਸਤੂ ਵੀ ਇਕ ਸਮਾਨ ਨਹੀਂ। ਅਧਿਕਤਰ ਸਾਖੀਆਂ ਵਿਚ ਗੁਰੂ ਦਾ ਮਹੱਤਵ, ਗੁਰੂ ਅਤੇ ਪਰਮਾਤਮਾ ਦੀ ਅਭੇਦਤਾ, ਗੁਰੂ ਅਤੇ ਸਿੱਖ ਦਾ ਸੰਬੰਧ, ਗੁਰੂ ਦੀ ਸਮਰਥਤਾ, ਗੁਰੂ ਪ੍ਰਤਿ ਸਿੱਖ ਦਾ ਕਰਤੱਵ, ਗੁਰੂ ਸੰਪਰਕ ਵਿਚ ਆਉਣ ਵੇਲੇ ਸਿੱਖ ਦਾ ਵਿਵਹਾਰ ਆਦਿ ਵਿਸ਼ਿਆਂ ਨੂੰ ਆਧਾਰ

ਬਣਾਇਆ ਗਿਆ ਹੈ ਅਤੇ ਇਨ੍ਹਾਂ ਵਿਚ ਕੁਝ ਨ ਕੁਝ ਕਥਾ-ਸੂਤਰ ਵੀ ਮਿਲ ਜਾਂਦੇ ਹਨ। ਇਸ ਲਈ ਇਹ ਸਾਖੀ-ਵਿਧਾ ਦੇ ਨੇੜੇ ਹੋ ਕੇ ਵਿਚਰਣ ਵਾਲੇ ਪ੍ਰਸੰਗ ਹਨ। ਕੁਝ ਸਾਖੀਆਂ ਕਿਸੇ ਨ ਕਿਸੇ ਅਧਿਆਤਮਿਕ ਸਮਸਿਆ ਜਾਂ ਸਿੱਧਾਂਤ ਉਤੇ ਪ੍ਰਕਾਸ਼ ਪਾਂਦੀਆਂ ਹਨ ਜਿਨ੍ਹਾਂ ਵਿਚ ਕਥਾ-ਅੰਸ਼ ਦਾ ਅਭਾਵ ਹੈ। ਕੁਝ ਸਾਖੀਆਂ ਨੈਤਿਕਤਾ ਪ੍ਰਧਾਨ ਹਨ। ਇਹ ਸਾਖੀਆਂ ਨਾਲੋਂ ਵਚਨ/ਸੁਖਨ ਵਿਧਾ ਦੇ ਅਧਿਕ ਨੇੜੇ ਪਹੁੰਚ ਜਾਂਦੀਆਂ ਹਨ। ਉਦਾਹਰਣ ਵਜੋਂ :

*ਸ੍ਰੀ ਸਤਿਗੁਰੂ ਬੋਲਿਆ ਜੁ ਪੰਜਿ ਕੰਮ ਨ ਕਰੈ ਅਤੇ ਪੰਜਿ ਕੰਮ ਕਰੈ ਜੇ ਗੁਰੂ ਕਰਾਵੈ। ਨ ਕਰੈ ਪੰਜਿ ਕੰਮ।੧। ਪਰ ਦਰਬੁ ਨ ਹਿਰੈ।੧। ਪਰ ਇਸਤਰੀ ਨ ਕਰੈ।੧। ਪਰ ਨਿੰਦਾ ਨ ਕਰੈ।੧। ਜੂਐ ਨ ਖੇਲੈ।੧। ਮਦੁ ਮਾਸੁ ਨ ਖਾਇ।੧। ਪੰਜਿ ਕੰਮ ਕਰੈ ਸੁ ਜੀਵਨ ਮੁਕਤੁ ਹੈ। ਸੰਗਤਿ ਨਿਤ ਜਾਇ ਕਿਛੁ ਮੁਹਿ ਪਾਵਣੇ ਨੋ ਲੈ ਜਾਇ। ਅਤੇ ਆਰਤੀ ਕੀਰਤਨੁ ਸੁਣ ਸਵੈ।੧। ਅਰਥੀਲੇ ਦੁਖੀਐ ਨਿਮਾਣੇ ਨੋ ਮਾਣੁ ਦੇਇ ਪਰਉਪਕਾਰ ਕਰੈ ਕਰਾਵੈ ਲੋਚੇ। ਜਿਸ ਨੇ ਕੁੜਮਾਈ ਕੋਈ ਨ ਕਰੈ ਤਿਸ ਕੋ ਪੁੰਨ ਅਰਥ ਲੋਚਿ ਕਰਿ ਕਰਾਵੈ। ਅਕੈ ਆਪਿ ਕਰੈ। ਮਨਮੁਖਿ ਤੇ ਜਿਉ ਸਿਖੁ ਹੋਵੇ ਤਿਉ ਲੋਚਿ ਕਰਿ ਸਿਖੁ ਨ ਕਰੈ ਜੀਉ। ਸਭਨਾ ਜੀਆ ਕਾ ਭਲਾ ਮਨਾਵੈ ਕੋਈ ਦੁਖੈ ਨਾਹੀ। ਆਤਮ ਬ੍ਰਹਮ ਪਛਾਣੈ। ਵਡੀ ਪੂਜਾ ਏਹਾ ਹੈ।— (ਸਾਖੀ 37)*

ਇਨ੍ਹਾਂ ਸਾਖੀਆਂ ਦਾ ਆਕਾਰ-ਪ੍ਰਕਾਰ ਵੀ ਇਕ ਸਮਾਨ ਨਹੀਂ ਹੈ। ਚੌਥੀ ਸਾਖੀ ਦੋ ਪੰਕਤੀਆਂ ਦੀ, ਨੌਵੀਂ ਢਾਈ ਪੰਕਤੀਆਂ ਦੀ ਅਤੇ ਦਸਵੀਂ ਤਿੰਨ ਪੰਕਤੀਆਂ ਦੀ ਹੈ। ਕੁਝ ਸਾਖੀਆਂ—16,17,19,20,25 ਆਦਿ— ਵਿਸ਼ੇਸ਼ ਰੂਪ ਵਿਚ ਲੰਮੀਆਂ ਹਨ। 20ਵੀਂ ਸਾਖੀ ਸਭ ਤੋਂ ਅਧਿਕ ਲੰਮੀ ਲਗਭਗ 55 ਪੰਕਤੀਆਂ ਦੀ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਇਨ੍ਹਾਂ ਸਾਖੀਆਂ ਦਾ ਵਿਧਾਨ ਕਿਸੇ ਵਿਸ਼ੇਸ਼ ਵਿਵਸਥਾ ਜਾਂ ਯੋਜਨਾ ਨੂੰ ਅਪਨਾ ਕੇ ਨਹੀਂ ਕੀਤਾ ਗਿਆ। ਇਸ ਤੋਂ ਸਿਧ ਹੈ ਕਿ ਇਹ ਸਾਖੀਆਂ ਵਖ ਵਖ ਸਮੇਂ ਭਿੰਨ ਭਿੰਨ ਮਹਾਪੁਰਸ਼ਾਂ ਦੁਆਰਾ ਅਭਿਵਿਅਕਤ ਨੈਤਿਕ ਅਤੇ ਅਧਿਆਤਮਿਕ ਵਸਤੂ ਨੂੰ ਪ੍ਰਤਿਪਾਦਿਤ ਕਰਨ ਦਾ ਇਕ ਲਿਖਿਤ ਉਪਰਾਲਾ ਹੈ।

ਇਨ੍ਹਾਂ ਸਾਖੀਆਂ ਦੀ ਭਾਸ਼ਾ ਮੰਜੀ ਸੰਵਾਰੀ ਸਾਹਿਤਿਕ ਪੱਧਰ ਦੀ ਨਹੀਂ। ਇਨ੍ਹਾਂ ਵਿਚ ਆਮ ਬੋਲ-ਚਾਲ ਦੇ ਬਹੁਤ ਨੇੜੇ ਰਹਿ ਕੇ ਮਹਾਪੁਰਸ਼ਾਂ ਦੇ ਬੋਲਾਂ ਨੂੰ ਲਿਪੀਬੱਧ ਕੀਤਾ ਗਿਆ ਹੈ। ਵਚਨ/ਪ੍ਰਵਚਨ ਹੋਣ ਕਰਕੇ ਇਨ੍ਹਾਂ ਦਾ ਅਜਿਹੀ ਬੋਲ-ਚਾਲ ਦੀ ਭਾਸ਼ਾ ਵਿਚ ਲਿਖਿਆ ਜਾਣਾ ਸੁਭਾਵਿਕ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਕੋਈ ਕਲਿਸ਼ਟਤਾ, ਅਸੁਭਾਵਿਕਤਾ ਜਾਂ ਅਸਪੱਸ਼ਟਤਾ ਨਹੀਂ ਮਿਲਦੀ, ਹਿਰਦੇ ਤੋਂ ਨਿਕਲੀ ਗੱਲ ਦੀ ਸਹਿਜ ਸੁਭਾਵਿਕ ਅਭਿਵਿਅਕਤੀ ਹੈ। ਤਤਸਮ ਸ਼ਬਦਾਂ ਦੀ ਵਰਤੋਂ ਬਹੁਤ ਘਟ ਹੋਈ ਹੈ। ਅਰਬੀ ਫ਼ਾਰਸੀ ਸ਼ਬਦਾਵਲੀ ਵੀ ਨਾਂ ਮਾਤ੍ਰ ਹੈ। ਇਸ ਵਿਚ ਲਹਿੰਦੀ ਪੰਜਾਬੀ ਦਾ ਵਿਆਕਰਣਗਤ ਪ੍ਰਭਾਵ ਅਧਿਕ ਹੈ। ਵਿਭਕਤੀਆਂ ਅਤੇ ਵਾਧੂ ਲਗਾਂ ਮਾਤ੍ਰਾਵਾਂ ਦੀ ਵਰਤੋਂ 'ਪੁਰਾਤਨ ਜਨਮਸਾਖੀ' ਦੀ ਪਰੰਪਰਾ ਵਿਚ ਉਪਲਬਧ ਹੈ। ਇਸ ਦੇ ਵਾਕ ਨਿੱਕੇ ਨਿੱਕੇ ਅਤੇ ਕਈ ਵਾਰ ਨਿਰੇ ਸੰਕੇਤ ਜਿਹੇ ਹਨ ਕਿਉਂਕਿ ਉਨ੍ਹਾਂ ਵਿਚ ਗੱਲ ਪੂਰੀ ਨਹੀਂ ਕੀਤੀ ਹੁੰਦੀ, ਕੇਵਲ ਛੋਹੀ ਹੁੰਦੀ ਹੈ, ਬਾਕੀ ਸਰੋਤਾ ਖ਼ੁਦ ਸਮਝ ਸਕਣ ਦੇ ਸਮਰਥ ਹੁੰਦਾ ਹੈ ਜਾਂ ਉਸ ਤੋਂ ਸਮਰਥ ਹੋਣ ਦੀ ਆਸ ਕੀਤੀ ਜਾਂਦੀ ਹੈ।

**ਸ੍ਰੀ ਸੰਤ ਰਤਨ ਮਾਲ੍** (ਪੁਸਤਕ) : ਇਹ ਪੁਸਤਕ ਭਾਈ (ਸੰਤ) ਲਾਲ ਚੰਦ ਦੀ ਲਿਖੀ ਹੋਈ ਹੈ। ਲਾਲ ਚੰਦ ਕੌਣ ਸੀ? ਇਸ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ। ਇਸ ਰਚਨਾ ਦੇ ਅੰਤ ਉਤੇ ਇਤਨਾ ਲਿਖਿਆ ਹੈ :

ਚੌਪਈ

*ਜਬ ਗੁਰ ਬਿਕਰਮ ਸਿੰਘ ਸਮਾਏ।*
*ਅੰਮ੍ਰਿਤਸਰ ਭਾਦਵ ਹਮ ਆਏ।*
*ਧੰਨ ਅਮੀਰ ਹਰੀ ਉਮਗਾਹੀ।*
*ਕੀਨ ਉਦਮ ਕਥ ਸੰਤਨ ਪ੍ਰਾਹੀ।੧੦।*

ਸੋਰਠਾ

*ਉਦਮ ਕੁਆਰੰ ਮਾਸ ਸੰਮਤ ਗ੍ਰਹਿ ਸਸਿ ਨਾਥ ਚਿੰਦ।*
*ਮੋਖਦ ਪੁਰ ਰਮਦਾਸ ਫਾਗ ਪੰਚਮੀ ਇਤਿ ਸਿਰੀ।*

ਅਰਥਾਤ : ਜਦੋਂ ਬਾਬਾ ਬਿਕਰਮ ਸਿੰਘ ਬੇਦੀ (ਊਨੇ ਵਾਲੇ) ਨੇ ਚਲਾਣਾ ਕੀਤਾ, ਤਦੋਂ ਮੈਂ ਅੰਮ੍ਰਿਤਸਰ ਨਗਰ ਵਿਚ ਆਇਆ। ਭਾਈ ਅਮੀਰ ਸਿੰਘ ਦੀ ਪ੍ਰੇਰਣਾ ਨਾਲ ਕਰਨੀ ਵਾਲੇ ਸੰਤਾਂ ਦੀਆਂ ਕਥਾਵਾਂ ਨੂੰ ਇਕੱਠਾ ਕਰਨ ਦਾ ਉਦਮ ਕੀਤਾ। ਇਹ ਉਦਮ ਅਸੂ ਦੇ ਮਹੀਨੇ ਸੰਮਤ 1919 ਬਿ. ਵਿਚ ਸ਼ੁਰੂ ਕੀਤਾ ਅਤੇ ਫਗਣ ਦੀ ਪੰਚਮੀ ਨੂੰ ਸਮਾਪਤ ਹੋਇਆ।

ਸਪੱਸ਼ਟ ਹੈ ਕਿ ਭਾਈ ਲਾਲ ਚੰਦ ਨੇ ਸੰਮਤ 1919

ਬਿ. (ਸੰਨ 1862 ਈ.) ਵਿਚ ਇਹ ਪੁਸਤਕ ਛੇ ਮਹੀਨਿਆਂ ਦੀ ਮਿਹਨਤ ਨਾਲ ਪੂਰੀ ਕੀਤੀ। ਭਾਈ ਲਾਲ ਚੰਦ ਨੂੰ ਭਾਈ ਹਜਾਰੀ ਰਾਮ ਦਾ ਸੇਵਕ ਦਸਿਆ ਜਾਂਦਾ ਹੈ। ਇਹ ਸੇਵਾਪੰਥੀ ਸੰਤ ਸੀ।

ਇਹ ਪੁਸਤਕ ਪਹਿਲੀ ਵਾਰ ਸੰਮਤ 1981 ਬਿ. (ਸੰਨ 1924 ਈ.) ਵਿਚ ਛਪੀ। ਫਿਰ ਮਹੰਤ ਹੀਰਾ ਸਿੰਘ, ਟਿਕਾਣਾ ਸ੍ਰੀ ਭਾਈ ਰਾਮ ਕਿਸ਼ਨ ਜੀ, ਸ਼ੇਰਾਂ ਵਾਲਾ ਗੇਟ, ਪਟਿਆਲਾ ਨੇ 1954 ਈ. ਵਿਚ ਇਸ ਨੂੰ ਵਿਵਸਥਿਤ ਰੂਪ ਦੇ ਕੇ ਸੰਪਾਦਿਤ ਕੀਤਾ, ਜਿਸ ਦੇ ਹੁਣ ਕਈ ਸੰਸਕਰਣ ਛਪ ਚੁਕੇ ਹਨ।

ਇਸ ਪੁਸਤਕ ਦੀ ਸਾਮਗ੍ਰੀ ਭਾਈ ਸਹਿਜ ਰਾਮ ਦੀ ਰਚੀ 'ਪਰਚੀ ਭਾਈ ਕਨ੍ਹਈਆ ਜੀ' ਅਤੇ 'ਸੂਰਜ ਪ੍ਰਕਾਸ਼' ਤੋਂ ਇਲਾਵਾ ਲੋਕ-ਕਥਾਵਾਂ, ਸੰਤਾਂ ਦੇ ਪਰਉਪਕਾਰਾਂ ਦੀਆਂ ਵਾਰਤਾਵਾਂ ਤੋਂ ਲਈ ਗਈ ਹੈ ਅਤੇ ਪੈਟਰਨ 'ਭਗਤਮਾਲ' ਵਾਲਾ ਅਪਣਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਸੰਤਾਂ ਦੀਆਂ ਕਥਾ-ਕਹਾਣੀਆਂ ਪੜ੍ਹਨ ਨਾਲ ਜਿਗਿਆਸੂਆਂ ਦਾ ਕਲਿਆਣ ਹੋ ਸਕੇ।

ਇਸ ਪੁਸਤਕ ਵਿਚ 39 ਸੇਵਾਪੰਥੀ ਸੰਤਾਂ ਦੇ ਜੀਵਨ ਦੇ ਅਧਿਆਤਮਿਕ ਅਤੇ ਸਾਧਨਾਤਮਕ ਪੱਖਾਂ ਉਤੇ ਝਾਤ ਪਾਈ ਗਈ ਹੈ। ਸਭ ਤੋਂ ਅਧਿਕ ਚਿਤ੍ਰਣ ਭਾਈ ਅੱਡਣਸ਼ਾਹ ਦਾ ਹੋਇਆ ਹੈ। ਉਨ੍ਹਾਂ ਦੇ ਜੀਵਨ ਦੀਆਂ ਪ੍ਰਮੁਖ ਘਟਨਾਵਾਂ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਜਿਗਿਆਸੂਆਂ/ਸੇਵਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਕਥਾਵਾਂ ਵਿਚੋਂ ਸ਼ੁੱਧ ਇਤਿਹਾਸਿਕ ਤੱਥ ਲਭਣੇ ਉਚਿਤ ਨਹੀਂ ਕਿਉਂਕਿ ਇਨ੍ਹਾਂ ਦੀ ਸਿਰਜਨਾ ਮਿਥਿਕ ਆਧਾਰ 'ਤੇ ਹੋਈ ਹੈ। ਪਰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਇਨ੍ਹਾਂ ਕਥਾਵਾਂ ਤੋਂ ਸੇਵਾ-ਪੰਥੀ ਸਾਧਕਾਂ ਬਾਰੇ ਜੋ ਪ੍ਰਭਾਵ ਪੈਂਦੇ ਹਨ, ਉਨ੍ਹਾਂ ਤੋਂ ਸੇਵਾ-ਪੰਥ ਦੇ ਵਿਕਾਸ, ਮਾਨਤਾਵਾਂ ਅਤੇ ਲੋਕ-ਕਲਿਆਣ ਲਈ ਕੀਤੇ ਉਦਮਾਂ ਬਾਰੇ ਸਹੀ ਜਾਣਕਾਰੀ ਮਿਲਦੀ ਹੈ ਅਤੇ ਇਹ ਵੀ ਪਤਾ ਚਲਦਾ ਹੈ ਕਿ ਧਾਰਮਿਕ ਵਿਦਿਆ ਦੇ ਸੰਚਾਰ ਅਤੇ ਪੋਥੀਆਂ ਲਿਖ ਕੇ ਗਿਆਨ ਵਿਸਤਾਰ ਵਿਚ ਸੇਵਾ-ਪੰਥੀ ਸਾਧਕਾਂ ਨੇ ਕਿਤਨਾ ਯੋਗਦਾਨ ਪਾਇਆ ਹੈ।

ਇਨ੍ਹਾਂ ਕਥਾਵਾਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਬੜਾ ਯਥਾਰਥ ਯੁਗ-ਚਿਤ੍ਰਣ ਹੋਇਆ ਹੈ। ਰਾਜਨੈਤਿਕ ਗਤਿ-ਵਿਧੀ ਅਤੇ ਅਤਿਆਚਾਰ, ਧਾਰਮਿਕ ਤੰਗਨਜ਼ਰੀ, ਸਮਾਜਿਕ ਵਿਥਾਂ ਅਤੇ ਆਰਥਿਕ ਮੰਦੀ ਦੀ ਸੁੰਦਰ ਤਸਵੀਰ-ਕਸ਼ੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸਿੱਖਾਂ ਉਤੇ ਹੁੰਦੇ ਜ਼ੁਲਮਾਂ ਅਤੇ ਉਨ੍ਹਾਂ ਦੇ ਖੁਰਾ ਖੋਜ ਨੂੰ ਖ਼ਤਮ ਕਰਨ ਦੇ ਉਪਰਾਲਿਆਂ ਬਾਰੇ ਵੀ ਸਹੀ ਜਾਣਕਾਰੀ ਮਿਲਦੀ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ, ਬਾਬਾ ਸਾਹਿਬ ਸਿੰਘ ਬੇਦੀ ਅਤੇ ਬਾਬਾ ਵਡਭਾਗ ਸਿੰਘ ਬਾਰੇ ਵੀ ਕੁਝ ਸੂਚਨਾ ਮਿਲਦੀ ਹੈ।

ਇਸ ਵਿਚ ਲੇਖਕ ਨੇ ਲੋਕਾਂ ਨੂੰ ਮਹਾਪੁਰਸ਼ਾਂ ਦੇ ਪਾਏ ਪੂਰਨਿਆਂ ਉਪਰ ਚਲਣ ਲਈ ਪ੍ਰੇਰਣਾ ਦੇ ਕੇ ਧਰਮ-ਮਾਰਗ ਉਪਰ ਤੋਰਿਆ ਹੈ। ਇਨ੍ਹਾਂ ਸਾਖੀਆਂ ਲਈ ਬ੍ਰਿੱਤਾਂਤਿਕ ਅਤੇ ਕਿਤੇ ਕਿਤੇ ਵਿਆਖਿਆਤਮਕ ਸ਼ੈਲੀ ਅਪਣਾਈ ਗਈ ਹੈ। ਇਨ੍ਹਾਂ ਵਿਚ ਕਥਾ-ਰਸ ਦੇ ਨਾਲ ਨਾਲ ਵਿਸ਼ਲੇਸ਼ਣ ਜੁਗਤ ਦੇ ਵੀ ਦਰਸ਼ਨ ਹੁੰਦੇ ਹਨ। ਜਿਥੇ ਕਿਥੇ ਬ੍ਰਿੱਤਾਂਤ ਬਹੁਤ ਲੰਬਾ ਹੋ ਗਿਆ ਹੈ, ਉਥੇ ਕਾਵਿ ਅੰਸ਼ ਰਾਹੀਂ ਨੀਰਸਤਾ ਨੂੰ ਖ਼ਤਮ ਕੀਤਾ ਗਿਆ ਹੈ। ਕਿਤੇ ਕਿਤੇ ਗੁਰਬਾਣੀ ਜਾਂ ਹੋਰ ਮਹਾਪੁਰਸ਼ਾਂ ਦੀ ਬਾਣੀ ਦੀਆਂ ਟੂਕਾਂ ਦੇ ਕੇ ਅਤੇ ਲੋਕ-ਕਥਾਵਾਂ ਤੋਂ ਅੰਸ਼ ਲੈ ਕੇ ਆਪਣੇ ਕਥਨ ਨੂੰ ਪ੍ਰਮਾਣ ਪੁਸ਼ਟ ਕੀਤਾ ਗਿਆ ਹੈ। ਭਾਸ਼ਾ ਦਾ ਪਾਤਰ ਅਤੇ ਪ੍ਰਸੰਗ ਅਨੁਕੂਲ ਹੋਣਾ ਇਸ ਦੀ ਇਕ ਹੋਰ ਸ਼ੈਲੀਗਤ ਵਿਸ਼ੇਸ਼ਤਾ ਹੈ। ਭਾਸ਼ਾ ਦਾ ਸਰੂਪ ਪੰਜਾਬੀ ਪ੍ਰਧਾਨ ਸਧੁੱਕੜੀ ਵਾਲਾ ਹੈ। ਸਾਧਾਰਣ ਜਨਤਾ ਨੂੰ ਧਰਮ ਸੰਬੰਧੀ ਤੱਥਾਂ ਬਾਰੇ ਜਾਣਕਾਰੀ ਦੇਣ ਲਈ ਸਰਲ ਭਾਸ਼ਾ ਵਰਤੀ ਗਈ ਹੈ। ਇਸ ਵਿਚ ਗੂੜ੍ਹ ਕਥਨਾਂ ਦਾ ਅਭਾਵ ਹੈ।

ਇਸ ਦੇ ਅੱਧ ਵਿਚ 'ਬਬੇਕ-ਸਾਰ' ਨਾਂ ਦਾ ਇਕ ਸੰਵਾਦ (ਗੋਸਟਿ) ਵੀ ਦਰਜ ਹੋਇਆ ਹੈ ਜਿਸ ਬਾਰੇ ਵਖਰਾ ਇੰਦਰਾਜ ਵੇਖੋ।

**ਸ੍ਰੀ ਹਰਿਗੋਬਿੰਦਪੁਰ** (ਕਸਬਾ) : ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਿਆਸ ਨਦੀ ਦੇ ਕੰਢੇ ਉਤੇ ਵਸਿਆ ਇਕ ਕਸਬਾ, ਜਿਸ ਦੇ ਦੋ ਨਾਂ ਪ੍ਰਚਲਿਤ ਹਨ—ਇਕ 'ਸ੍ਰੀ ਗੋਬਿੰਦਪੁਰ' ਅਤੇ ਦੂਜਾ 'ਸ੍ਰੀ ਹਰਿਗੋਬਿੰਦਪੁਰ'। ਸਿੱਖ ਇਤਿਹਾਸ ਅਨੁਸਰ 'ਰੁਹੇਲਾ' ਪਿੰਡ ਦੇ ਥੇਹ ਉਤੇ ਗੁਰੂ ਅਰਜਨ ਦੇਵ ਜੀ ਨੇ ਸੰਨ 1587 ਈ. ਵਿਚ ਜੋ ਪਿੰਡ ਵਸਾਇਆ ਸੀ, ਉਸ ਦਾ ਨਾਂ 'ਸ੍ਰੀ ਗੋਬਿੰਦਪੁਰ' ਰਖਿਆ। ਬਾਦ ਵਿਚ ਚੰਦੂ ਸ਼ਾਹ ਦੀ ਸਹਾਇਤਾ ਨਾਲ ਭਗਵਾਨ ਦਾਸ ਘੇਰੜ ਨੇ ਇਸ ਉਤੇ ਕਬਜ਼ਾ ਕਰ ਲਿਆ। ਸੰਨ 1630 ਈ. ਵਿਚ ਜਦੋਂ ਗਰਨਾ ਸਾਹਿਬ ਤੋਂ

ਗੁਰੂ ਹਰਿਗੋਬਿੰਦ ਸਾਹਿਬ ਇਸ ਪਿੰਡ ਵਿਚ ਆਏ ਤਾਂ ਭਗਵਾਨ ਦਾਸ ਨੇ ਬਹੁਤ ਵਿਰੋਧ ਕੀਤਾ। ਗੁਰੂ ਜੀ ਦੇ ਸੈਨਿਕਾਂ ਨਾਲ ਹੋਈ ਮੁਠ-ਭੇੜ ਵਿਚ ਉਹ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਨੇ ਚੰਦੂ ਸ਼ਾਹ ਦੇ ਪੁੱਤਰ ਕਰਮ ਚੰਦ ਦੇ ਸਹਿਯੋਗ ਨਾਲ ਜਲੰਧਰ ਦੇ ਮੁਗ਼ਲ ਫ਼ੌਜਦਾਰ ਤੋਂ ਸੈਨਿਕ ਮਦਦ ਮੰਗੀ। ਜਲੰਧਰ ਦੀ ਸੈਨਿਕ ਟੁਕੜੀ ਦੀ ਗੁਰੂ ਸਾਹਿਬ ਦੇ ਸੈਨਿਕ ਦਲ ਨਾਲ ਹੋਈ ਲੜਾਈ ਵਿਚ ਰਤਨ ਚੰਦ ਅਤੇ ਕਰਮ ਚੰਦ ਮਾਰੇ ਗਏ ਅਤੇ ਮੁਗ਼ਲ ਸੈਨਿਕ ਟੁਕੜੀ ਹਾਰ ਕੇ ਭਜ ਗਈ। ਕਾਲਾਂਤਰ ਵਿਚ ਛੇਵੇਂ ਗੁਰੂ ਦੇ ਨਾਂ ਨਾਲ ਸੰਬੰਧਿਤ ਹੋਣ ਕਰਕੇ ਲੋਕਾਂ ਨੇ ਇਸ ਦਾ ਨਾਂ 'ਸ੍ਰੀ ਹਰਿਗੋਬਿੰਦਪੁਰ' ਪ੍ਰਚਲਿਤ ਕਰ ਦਿੱਤਾ।

ਇਸ ਕਸਬੇ ਵਿਚ ਹੁਣ ਦੋ ਇਤਿਹਾਸਿਕ ਸਥਾਨ ਹਨ। ਇਕ ਹੈ 'ਗੁਰੂ ਕੀ ਹਵੇਲੀ', ਜਿਥੇ ਗੁਰੂ ਜੀ ਦੇ ਰਿਹਾਇਸ਼ੀ ਮਕਾਨ ਸਨ। ਖੰਡਰ ਬਣੀ ਇਸ ਹਵੇਲੀ ਦੀ ਮਾਲਕੀਅਤ ਕਰਤਾਰਪੁਰ ਦੇ ਸੋਢੀ-ਪਰਿਵਾਰ ਕੋਲ ਹੈ। ਦੂਜਾ ਹੈ 'ਗੁਰੂ ਕੀ ਮਸੀਤ' ਜੋ ਗੁਰੂ ਹਰਿਗੋਬਿੰਦ ਸਾਹਿਬ ਨੇ ਪਿੰਡ ਦੇ ਮੁਸਲਮਾਨ ਨਿਵਾਸੀਆਂ ਲਈ ਬਣਵਾਈ ਸੀ। ਇਸ ਵਿਚ ਹੁਣ ਨਿਹੰਗ ਸਿੰਘਾਂ ਨੇ ਗੁਰਦੁਆਰਾ ਬਣਾਇਆ ਹੋਇਆ ਹੈ।

ਕਸਬੇ ਤੋਂ ਬਾਹਰ ਪੱਛਮ ਵਲ ਇਕ ਗੁਰਦੁਆਰਾ ਦਮਦਮਾ ਸਾਹਿਬ ਵੀ ਹੈ, ਜਿਥੇ ਗੁਰੂ ਹਰਿਗੋਬਿੰਦ ਜੀ ਨੇ ਯੁੱਧ ਉਪਰੰਤ ਦੀਵਾਨ ਸਜਾਇਆ ਸੀ। ਇਹ ਗੁਰੂ-ਧਾਮ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ ਅਤੇ ਸੇਵਾ-ਸੰਭਾਲ ਨਿਹੰਗ ਸਿੰਘ ਕਰਦੇ ਹਨ।

**ਸ੍ਰੀ ਗੁਰ ਸ਼ੋਭਾ** (ਕਾਵਿ): ਕਵੀ ਸੈਨਾਪਤਿ (ਵੇਖੋ) ਦੀ ਲਿਖੀ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚਰਿਤ-ਕਾਵਿ ਹੈ। ਕਵੀ ਗੁਰੂ ਜੀ ਦਾ ਦਰਬਾਰੀ ਕਵੀ ਸੀ। ਇਹ ਰਚਨਾ ਚੂੰਕਿ ਅਜਿਹੇ ਕਵੀ ਦੁਆਰਾ ਲਿਖੀ ਗਈ ਹੈ ਜੋ ਗੁਰੂ-ਦਰਬਾਰ ਦੇ ਅਤਿ ਨਿਕਟ ਹੋ ਕੇ ਵਿਚਰਿਆ ਸੀ, ਇਸ ਲਈ ਇਸ ਵਿਚ ਦਿੱਤੇ ਤੱਥ ਇਤਿਹਾਸਿਕ ਦ੍ਰਿਸ਼ਟੀ ਤੋਂ ਮਹੱਤਵ-ਪੂਰਣ ਕਹੇ ਜਾ ਸਕਦੇ ਹਨ। ਜੋ ਘਟਨਾਵਾਂ ਉਸ ਦੇ ਗੁਰੂ-ਦਰਬਾਰ ਵਿਚ ਆਉਣ ਤੋਂ ਪਹਿਲਾਂ ਹੋਈਆਂ (ਜਿਵੇਂ ਗੁਰੂ ਸਾਹਿਬ ਦਾ ਪਾਂਵਟਾ ਜਾਣਾ ਅਤੇ ਉਥੋਂ ਦਾ ਬ੍ਰਿੱਤਾਂਤ), ਉਨ੍ਹਾਂ ਬਾਰੇ ਗੁਰੂ ਸਾਹਿਬ ਤੋਂ ਹੀ ਜਾਣਕਾਰੀ ਪ੍ਰਾਪਤ ਕੀਤੀ— *ਅਗਮ ਪੁਰਖ ਕੀ ਅਗਮ ਕਹਾਨੀ। ਗੁਰੁ ਕ੍ਰਿਪਾ ਤੇ ਕਛੁਕ ਜਾਨੀ।44।*

ਕਵੀ ਦੇ ਆਪਣੇ ਕਥਨ ਅਨੁਸਾਰ ਇਹ ਰਚਨਾ ਉਸ ਨੇ ਸੰਮਤ 1758 ਬਿ. (ਸੰਨ 1701 ਈ.) ਵਿਚ ਸ਼ੁਰੂ ਕੀਤੀ — *ਸੰਮਤ ਸਤ੍ਰਹ ਸੈ ਭਏ ਬਰਖ ਅਠਾਵਨ ਬੀਤ। ਭਾਦਵ ਸੁਦਿ ਪੰਦ੍ਰਸ ਭਈ, ਰਚੀ ਕਥਾ ਕਰਿ ਪ੍ਰੀਤ।6।*

ਇਹ ਕਦ ਖ਼ਤਮ ਹੋਈ, ਇਸ ਬਾਰੇ ਕੋਈ ਸੰਕੇਤ ਰਚਨਾ ਵਿਚ ਉਪਲਬਧ ਨਹੀਂ, ਪਰ ਬਾਬਾ ਸੁਮੇਰ ਸਿੰਘ ਨੇ ਇਸ ਦੀ ਸਮਾਪਤੀ ਸੰ. 1768 ਬਿ. (ਸੰਨ 1711 ਈ.) ਵਿਚ ਹੋਈ ਮੰਨੀ ਹੈ— *ਸੈਨਾ ਸਿੰਘ ਕਹੀ ਗੁਰ ਸੋਭਾ। ਸਤ੍ਰਹ ਸਤ ਅਠਸਠ ਨਿਜਓਭਾ।* ਇਤਨਾ ਅੰਤਰਾਲ ਕਿਉਂ? ਇਸ ਦਾ ਕੋਈ ਉੱਤਰ ਨਹੀਂ ਦਿੱਤਾ ਗਿਆ।

ਇਸ ਰਚਨਾ ਵਿਚ ਕੁਨ 20 ਅਧਿਆਇ ਹਨ, ਜਿਵੇਂ—(1) ਪੰਥ ਪ੍ਰਗਾਸ, (2) ਪਾਂਵਟਾ-ਨਿਵਾਸ ਅਤੇ ਭੰਗਾਣੀ ਦਾ ਯੁੱਧ, (3) ਨਾਦੌਣ ਦਾ ਯੁੱਧ, (4) ਖ਼ਾਨਜ਼ਾਦੇ ਦੀ ਚੜ੍ਹਾਈ ਅਤੇ ਹੁਸੈਨੀ ਦਾ ਯੁੱਧ, (5) ਖ਼ਾਲਸਾ-ਪੰਥ ਦੀ ਸਾਜਨਾ, (6) ਬਚਨ-ਬਿਚਾਰ, (7) ਰਹਿਤ-ਪ੍ਰਗਾਸ, (8) ਆਨੰਦਪੁਰ ਦਾ ਪਹਿਲਾ ਯੁੱਧ ਰਾਜਾ ਕਹਿਲੂਰ ਨਾਲ, (9) ਨਿਰਮੋਹ ਦਾ ਯੁੱਧ, (10) ਬਿਸਾਲੀ ਅਤੇ ਕਲਮੋਟ ਦਾ ਯੁੱਧ, (11) ਆਨੰਦਗੜ੍ਹ ਦਾ ਦੂਜਾ ਯੁੱਧ, (12) ਆਨੰਦਪੁਰ ਤਿਆਗ, ਚਮਕੌਰ ਦਾ ਯੁੱਧ, (13) ਮਾਲਵੇ ਵਲ ਗਮਨ, ਮੁਕਤਸਰ ਦਾ ਯੁੱਧ ਅਤੇ ਜ਼ਫ਼ਰਨਾਮਾ ਭੇਜਣਾ, (14) ਦੱਖਣ ਵਲ ਯਾਤ੍ਰਾ ਅਤੇ ਬਾਘੌਰ ਦਾ ਯੁੱਧ, (15) ਔਰੰਗਜ਼ੇਬ ਦੇ ਪੁੱਤਰਾਂ ਵਿਚ ਲੜਾਈ, ਬਹਾਦਰਸ਼ਾਹ ਦੀ ਜਿਤ, (16) ਬਹਾਦਰਸ਼ਾਹ ਨਾਲ ਮੁਲਾਕਾਤ, (17) ਸਾਹਿਬਜ਼ਾਦੇ ਦਾ ਯੁੱਧ, (18) ਜੋਤੀ ਜੋਤਿ ਸਮਾਵਨ ਕਾ ਚਰਿਤ੍ਰ, (19) ਆਗਮ ਪ੍ਰਗਾਸ ਸੋਭਾ, ਅਤੇ (20) ਸਰਬ ਉਸਤਤ।

ਇਹ ਰਚਨਾ ਸੰਨ 1921 ਈ. ਤਕ ਹੱਥ-ਲਿਖਿਤਾਂ ਦੇ ਰੂਪ ਵਿਚ ਕਈ ਲਾਇਬ੍ਰੇਰੀਆਂ ਵਿਚ ਸੁਰਖਿਅਤ ਰਹੀ। ਅਕਾਲੀ ਕੌਰ ਸਿੰਘ ਨਿਹੰਗ ਨੇ ਸੰਨ 1921 ਈ. ਵਿਚ ਅਤੇ ਫਿਰ ਸੰਨ 1935 ਈ. ਵਿਚ ਇਸ ਦੇ ਦੋ ਸੰਸਕਰਣ ਪ੍ਰਕਾਸ਼ਿਤ ਕੀਤੇ। ਉਸ ਤੋਂ ਬਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ. ਸ਼ਮਸ਼ੇਰ ਸਿੰਘ ਅਸ਼ੋਕ ਤੋਂ ਇਸ ਦਾ ਵਿਧੀ-ਵਤ ਸੰਪਾਦਨ ਕਰਵਾ ਕੇ ਸੰਨ 1967 ਈ. ਵਿਚ ਪਹਿਲੀ ਵਾਰ ਪ੍ਰਕਾਸ਼ਨ ਕੀਤਾ। ਅਸ਼ੋਕ ਹੋਰਾਂ ਨੇ ਆਪਣੇ ਸੰਸਕਰਣ ਦਾ ਆਧਾਰ ਸਿੱਖ ਰੈਫ਼੍ਰੈਂਸ ਲਾਇਬ੍ਰੇਰੀ ਵਿਚ ਸੁਰਖਿਅਤ ਹੱਥ-

ਲਿਖਿਤ ਅੰਕ 3915 ਅਤੇ 4466 ਨੂੰ ਆਧਾਰ ਬਣਾਇਆ। ਇਹ ਦੋਵੇਂ ਹੱਥ-ਲਿਖਿਤਾਂ ਬਲੂ-ਸਟਾਰ ਓਪਰੇਸ਼ਨ ਦੀ ਭੇਂਟ ਹੋ ਚੁਕੀਆਂ ਦਸੀਆਂ ਜਾਂਦੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਨੂੰ ਚਿਤ੍ਰਣ ਕਾਰਣ ਇਹ ਇਕ ਪ੍ਰਕਾਰ ਦਾ ਚਰਿਤ-ਕਾਵਿ ਹੈ। ਸਿੱਖ ਧਰਮ ਅੰਦੋਲਨ ਨੂੰ ਮਹੱਤਵਪੂਰਣ ਇਤਿਹਾਸਿਕ ਮੋੜ ਦੇਣ ਵਿਚ ਪਹਿਲੇ ਅਤੇ ਦਸਵੇਂ ਗੁਰੂ ਸਾਹਿਬਾਨ ਦੇ ਪਰਾਕ੍ਰਮ ਵਿਸ਼ੇਸ਼ ਉਲੇਖਯੋਗ ਹਨ। ਇਹੀ ਕਾਰਣ ਹੈ ਕਿ ਸਾਹਿਤਕਾਰਾਂ ਨੇ ਅਧਿਕਤਰ ਇਨ੍ਹਾਂ ਦੇ ਜੀਵਨ-ਪ੍ਰਸੰਗਾਂ ਅਤੇ ਉਪਕਾਰਾਂ ਨੂੰ ਵਾਰਤਕ ਜਾਂ ਕਵਿਤਾ ਵਿਚ ਲਿਪੀਬੱਧ ਕੀਤਾ ਹੈ। ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖੀਆਂ ਕਈ ਜਨਮਸਾਖੀਆਂ ਇਸੇ ਬਿਰਤੀ ਦਾ ਫਲ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਕਾਰਨਾਮਿਆਂ ਅਤੇ ਉਪਕਾਰਾਂ ਨੇ ਲੋਕ-ਮਨ ਨੂੰ ਹਲੂਣਿਆਂ, ਸਾਧਾਰਣ ਜਨਤਾ ਉਨ੍ਹਾਂ ਦੁਆਰਾ ਚਲਾਈ ਸਸ਼ਸਤ੍ਰ ਕ੍ਰਾਂਤੀ ਵਿਚ ਭਾਗ ਲੈਣ ਲਈ ਤਿਆਰ ਹੋ ਗਈ। ਗੁਰੂ ਸਾਹਿਬ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੇ ਸਾਹਿਤਕਾਰਾਂ ਨੂੰ ਪ੍ਰੇਰਿਆ ਅਤੇ ਉਨ੍ਹਾਂ ਨੇ ਗੁਰੂ-ਚਰਿਤ ਬਾਰੇ ਆਪਣੇ ਉਦਗਾਰ ਕਾਵਿ-ਕ੍ਰਿਤੀਆਂ ਦੇ ਰੂਪ ਵਿਚ ਪੇਸ਼ ਕੀਤੇ। ਧਿਆਨ ਦੇਣ ਦੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਸੰਬੰਧੀ ਰਚਨਾਵਾਂ ਵਾਰਤਕ ਵਿਚ ਸਨ ਅਤੇ ਜਨਮਸਾਖੀਆਂ ਦੇ ਰੂਪ ਵਿਚ ਪ੍ਰਸਿੱਧ ਹੋਈਆਂ, ਪਰ ਦਸਮ ਗੁਰੂ ਸੰਬੰਧੀ ਰਚਨਾਵਾਂ ਕਵਿਤਾ ਵਿਚ ਸਨ ਅਤੇ 'ਗੁਰ-ਬਿਲਾਸ' ਦੇ ਨਾਂ ਨਾਲ ਪ੍ਰਚਲਿਤ ਹੋਈਆਂ। ਇਸ ਕਾਵਿ-ਪਰੰਪਰਾ ਦਾ ਉਦਘਾਟਨ ਕਵੀ ਸੈਨਾਪਤਿ ਨੇ 'ਸ੍ਰੀ ਗੁਰ ਸ਼ੋਭਾ' ਦੀ ਰਚਨਾ ਦੁਆਰਾ ਕੀਤਾ। ਬਾਦ ਵਿਚ ਗੁਰ-ਬਿਲਾਸ ਪਾ. ੧੦ (ਸੁਖਾ ਸਿੰਘ), ਗੁਰਬਿਲਾਸ ਪਾ.੧੦ (ਕੁਇਰ ਸਿੰਘ, ਗੁਰ-ਪ੍ਰਤਾਪ ਸੂਰਜ (ਸੰਤੋਖ ਸਿੰਘ), ਸਿੰਘ-ਸਾਗਰ (ਵੀਰ ਸਿੰਘ ਬਲ) ਆਦਿ ਅਨੇਕ ਰਚਨਾਵਾਂ ਇਸ ਕਾਵਿ-ਧਾਰਾ ਦੇ ਵਿਕਾਸ ਵਿਚ ਸ਼ਾਮਲ ਹੁੰਦੀਆਂ ਰਹੀਆਂ।

ਗੁਰੂ ਦਰਬਾਰ ਦਾ ਕਵੀ ਹੋਣ ਨਾਤੇ 'ਸ੍ਰੀ ਗੁਰੂ ਸ਼ੋਭਾ' ਵਿਚ ਗੁਰੂ ਜੀ ਦੀ ਭਾਵੇਂ ਉਸਤਤ ਕੀਤੀ ਗਈ ਹੈ, ਪਰ ਇਹ ਉਸਤਤ ਆਮ ਦਰਬਾਰੀ ਕਵੀਆਂ ਵਾਂਗ ਆਸਰਾ-ਦਾਤੇ ਤੋਂ ਅਧਿਕ ਦਾਨ ਪ੍ਰਾਪਤ ਕਰਨ ਦੀ ਨਹੀਂ, ਸਗੋਂ ਸੈਨਾਪਤਿ ਨੇ ਬੜੇ ਸੰਜਮ ਨਾਲ ਪ੍ਰਬੰਧ-ਕਾਵਿ ਦੇ ਰੂਪ ਵਿਚ ਗੁਰੂ-ਚਰਿਤ ਨੂੰ ਚਿਤਰਿਤ ਕਰਨਾ ਉਚਿਤ ਸਮਝਿਆ ਹੈ। ਇਸ ਚਿਤ੍ਰਣ ਨਾਲ ਦਸਮ ਗੁਰੂ ਦੇ ਵਿਅਕਤਿਤਵ ਦਾ ਬੜਾ ਉਜਲਾ ਸਰੂਪ ਉਘੜ ਕੇ ਸਾਹਮਣੇ ਆਇਆ ਹੈ, ਜਿਵੇਂ :

*ਗੋਬਿੰਦ ਸਿੰਘ ਮਹਾ ਬਲ ਧਾਰ,*
*ਬਿਦਾਰ ਦਏ ਦਲ ਤੁਰਕਨ ਕੇਰੇ।*
*ਐਸੀ ਭਈ ਪ੍ਰਭੁ ਕੀ ਰਚਨਾ,*
*ਸਭਿ ਭਾਜਿ ਗਏ ਫਿਰਿ ਆਏ ਨ ਨੇਰੇ।*
*ਰਾਵ ਬਿਸਾਲੀ ਕੋ ਆਨਿ ਮਿਲਯੋ,*
*ਕਰ ਜੋਰਿ ਕਹ੍ਯੋ ਹਮ ਸੇਵਕ ਤੇਰੇ।377।*

ਕਵੀ ਨੇ ਗੁਰੂ ਜੀ ਨੂੰ 'ਚੰਡੀ, ਵਿਸ਼ਣੂ, ਬ੍ਰਹਮਾ, ਮਹਾਦੇਵ ਦੀ ਪੱਧਰ ਦਾ ਅਵਤਾਰ ਸਮਝ ਕੇ ਵਾਧੂ ਪ੍ਰਸ਼ੰਸਾ ਤੋਂ ਸੰਕੋਚ ਕੀਤਾ ਹੈ। ਸਾਰੀ ਰਚਨਾ ਵਿਚ ਭਗਤ-ਕਵੀ ਵਾਲੀ ਗੰਭੀਰਤਾ ਕਾਇਮ ਰਹੀ ਹੈ। ਉਸ ਨੇ ਗੁਰੂ ਸਾਹਿਬ ਦੀ ਉਸਤਤ ਉਨ੍ਹਾਂ ਦੁਆਰਾ ਕੀਤੇ ਯੁੱਧਾਂ ਦੇ ਵਰਣਨ ਦੇ ਸੰਦਰਭ ਵਿਚ ਕੀਤੀ ਹੈ। ਯੁੱਧ-ਵਰਣਨ ਇਸ ਰਚਨਾ ਦਾ ਮੁੱਖ ਵਰਣਿਤ ਵਿਸ਼ਾ ਹੈ। ਕੁਲ 20 ਅਧਿਆਵਾਂ ਵਿਚੋਂ ਨੌਂ ਵਿਚ ਤਾਂ ਪੂਰੀ ਤਰ੍ਹਾਂ ਯੁੱਧ ਦਾ ਹੀ ਵਰਣਨ ਹੈ, ਬਾਕੀਆਂ ਵਿਚ ਵੀ ਯੁੱਧ ਦੇ ਦ੍ਰਿਸ਼ਾਂ ਦੀ ਘਾਟ ਨਹੀਂ ਹੈ।

ਸੈਨਾਪਤਿ ਨੇ ਯੁੱਧ-ਵਰਣਨ ਲਈ 'ਦਸਮ ਗ੍ਰੰਥ' ਦੀ ਰਚਨਾ-ਸ਼ੈਲੀ ਨੂੰ ਆਧਾਰ ਬਣਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਦੇਸ਼/ਧਰਮ ਦੀ ਸੁਤੰਤਰਤਾ ਦੇ ਮਹਾਨ ਉਦੇਸ਼ ਲਈ ਲੜੇ ਜਾ ਰਹੇ ਯੁੱਧ ਪ੍ਰਤਿ ਸਿਰ-ਲਥ ਸੈਨਾਨੀਆਂ ਦੇ ਮਨ ਵਿਚ ਅਨੁਰਾਗ ਦੀ ਭਾਵਨਾ ਹੈ। ਇਸ ਵਿਚ ਕਿਸੇ ਪ੍ਰਕਾਰ ਦੀ ਮਜਬੂਰੀ ਜਾਂ ਪਰਵਸ਼ਤਾ ਨਹੀਂ, ਸਗੋਂ ਕਿਸੇ ਮਹਾਨ ਉਦੇਸ਼ ਦੀ ਸਿੱਧੀ ਲਈ ਮਰਨ-ਮਾਰਨ ਦੀ ਚਾਹ ਹੈ। ਯੁੱਧ ਨੂੰ ਵਰਖਾ, ਫਾਗ, ਰਾਸ-ਲੀਲਾ ਅਤੇ ਇਸ ਪ੍ਰਕਾਰ ਦੇ ਹੋਰ ਸੁਖਦ ਸਮਾਨਾਂਤਰ ਦ੍ਰਿਸ਼ਾਂ ਨਾਲ ਤੁਲਨਾ ਕੇ ਉਸ ਬਾਰੇ ਭਿਆਨਕ ਅਤੇ ਦਰਦੀਲੀਆਂ ਮਾਨਤਾਵਾਂ ਦਾ ਖੰਡਨ ਕੀਤਾ ਹੈ।

ਇਸ ਤੋਂ ਇਲਾਵਾ ਕਵੀ ਨੇ ਨੀਵੀਆਂ ਸਮਝੇ ਜਾਣ ਵਾਲੀਆਂ ਜਾਤੀਆਂ ਦੇ ਕਰਮਾਚਾਰ ਤੋਂ ਉਪਮਾਨ ਲੈ ਕੇ ਉਨ੍ਹਾਂ ਜਾਤੀਆਂ ਵਿਚ ਯੁੱਧ ਪ੍ਰਤਿ ਮੋਹ ਦੀ ਭਾਵਨਾ ਦਾ ਵਿਕਾਸ ਕੀਤਾ ਹੈ। ਅਜਿਹਾ ਕਰਨਾ ਇਸ ਲਈ ਜ਼ਰੂਰੀ ਸੀ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਸ਼ਾਸਨ ਪ੍ਰਤਿ ਜੋ ਬਗਾਵਤ ਦੀ ਲਹਿਰ ਚਲਾਈ, ਉਸ ਵਿਚ ਭਾਗ ਲੈਣ ਲਈ ਨਿਤਰਨ ਵਾਲੇ ਲੋਗ ਤਥਾਕਥਿਤ ਨੀਵੀਆਂ ਜਾਤੀਆਂ ਵਿਚੋਂ ਸਨ। ਇਸ ਲਈ ਉਦੋਂ ਉਹੀ ਕਾਵਿ ਉਪਯੋਗੀ ਸੀ ਜੋ ਇਸ ਵਰਗ ਦੀ ਸੂਝ ਅਨੁਕੂਲ ਹੋਵੇ ਅਤੇ ਇਨ੍ਹਾਂ ਦੀ ਸਮਝ ਉਤੇ ਕਿਸੇ

ਪ੍ਰਕਾਰ ਭਾਰੂ ਨ ਹੋਵੇ।

ਇਸ ਕਾਵਿ-ਕ੍ਰਿਤੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਕਵੀ ਨੇ ਵੀਰਤਾ ਦਾ ਪਰਾਕ੍ਰਮ ਕਰਨ ਵਾਲੇ ਹਰ ਸੂਰਵੀਰ ਦੀ ਪ੍ਰਸ਼ੰਸਾ ਕੀਤੀ ਹੈ, ਉਹ ਭਾਵੇਂ ਕਿਸੇ ਵੀ ਦਲ ਨਾਲ ਸੰਬੰਧਿਤ ਕਿਉਂ ਨ ਹੋਵੇ। ਕਵੀ ਨੇ ਵੈਰੀ-ਦਲ ਦੇ ਸੈਨਾਨੀਆਂ ਦੀ ਨਿੰਦਿਆ ਨਹੀਂ ਕੀਤੀ ਸਗੋਂ ਕਾਵਿ-ਨਿਆਂ ਅਨੁਸਾਰ ਸਵਸਥ ਦ੍ਰਿਸ਼ਟੀ ਨਾਲ ਹਰ ਇਕ ਦੇ ਯੁੱਧ-ਕਰਮ ਨੂੰ ਨੀਝ ਨਾਲ ਵੇਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਪਹਾੜੀ ਰਾਜਿਆਂ ਅਤੇ ਮੁਗ਼ਲ ਸੈਨਾ ਨਾਲ ਹੁੰਦੇ ਸਨ, ਪਰ ਕਈਆਂ ਥਾਂਵਾਂ 'ਤੇ ਲੋੜ ਅਨੁਸਾਰ ਸਿੱਖ ਸੈਨਾਨੀਆਂ ਦੁਆਰਾ ਲੁਟ-ਮਾਰ ਲਈ ਵੀ ਛੋਟਾ ਮੋਟਾ ਯੁੱਧ ਜਾਂ ਭੇੜ ਹੋ ਜਾਂਦਾ ਰਿਹਾ ਹੈ।

ਕਵੀ ਸੈਨਾਪਤਿ ਦੁਆਰਾ ਇਤਿਹਾਸਿਕ ਕ੍ਰਮ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਨਹੀਂ ਰਖਿਆ ਗਿਆ। ਕਿਉਂਕਿ ਉਸ ਨੇ ਕਥਾ ਦਾ ਵਿਕਾਸ ਕਰਨ ਵੇਲੇ ਅਤੇ ਘਟਨਾਵਾਂ ਦਾ ਉਦਘਾਟਨ ਕਰਨ ਵੇਲੇ ਨ ਤਾਂ ਆਵੱਸ਼ਕ ਤੱਥਾਂ ਦਾ ਕ੍ਰਮ ਠੀਕ ਢੰਗ ਨਾਲ ਨਿਭਾਇਆ ਹੈ ਅਤੇ ਨ ਹੀ ਗ਼ੈਰ-ਜ਼ਰੂਰੀ ਤੱਥਾਂ ਨੂੰ ਤਿਆਗਿਆ ਹੈ। ਉਸ ਨੇ ਆਪਣੀ ਬਲਵਾਨ ਕਲਪਨਾ ਸ਼ਕਤੀ ਨੂੰ ਵੀ ਕੇਵਲ ਯੁੱਧ-ਵਰਣਨ ਲਈ ਹੀ ਵਰਤਿਆ ਹੈ। ਇਸ ਦੇ ਨਾਲ ਹੀ ਉਹ ਗੁਰੂ ਸਾਹਿਬ ਪ੍ਰਤਿ ਪੂਰੀ ਆਸਥਾ ਰਖਣ ਕਾਰਣ ਉਨ੍ਹਾਂ ਨੂੰ ਇਕ ਇਤਿਹਾਸਿਕ ਪੁਰਸ਼ ਦੀ ਥਾਂ ਪੁਰਾਣ-ਪੁਰਸ਼ ਵਜੋਂ ਚਿਤਰਿਤ ਕਰਦਾ ਹੈ। ਫਲਸਰੂਪ ਗੁਰੂ ਜੀ ਪ੍ਰਬੰਧ-ਕਾਵਿ ਦੇ ਨਾਇਕ ਪੁਰਸ਼ ਦੀ ਥਾਂ ਇਕ ਮਹਾਤਮਾ ਪੁਰਸ਼ ਵਰਗੇ ਉਘੜਦੇ ਹਨ ਜਿਨ੍ਹਾਂ ਦੀ ਇਤਿਹਾਸਿਕ ਪਰਿਸਥਿਤੀਆਂ ਨੂੰ ਬਦਲਣ ਵਾਲੀ ਦੈਵੀ ਸ਼ਕਤੀ ਅਧਿਕ ਸਪੱਸ਼ਟ ਹੈ, ਮਾਨਵੀ-ਸ਼ਕਤੀ ਕੁਝ ਦਬ ਜਿਹੀ ਗਈ ਹੈ।

ਇਸ ਰਚਨਾ ਵਿਚ ਕਈ ਮਹੱਤਵਪੂਰਣ ਤੱਥ ਸ਼ਾਮਲ ਹੋਏ ਹਨ, ਜਿਸ ਕਰਕੇ ਇਹ ਇਕ ਇਤਿਹਾਸਿਕ ਦਸਤਾਵੇਜ਼ ਦੇ ਰੂਪ ਵਿਚ ਵੀ ਆਪਣਾ ਮਹੱਤਵ ਰਖਦੀ ਹੈ। ਖ਼ਾਲਸਾ ਪੰਥ ਦੀ ਸਿਰਜਨਾ ਅਤੇ ਉਸ ਦੇ ਫਲਸਰੂਪ ਸਿੱਖ ਅਨੁਯਾਈਆਂ ਨੂੰ ਪੇਸ਼ ਆਉਣ ਵਾਲੀਆਂ ਸਮਾਜਿਕ ਔਕੜਾਂ ਨੂੰ ਪੰਜਵੇਂ ਅਤੇ ਛੇਵੇਂ ਅਧਿਆਵਾਂ ਵਿਚ ਸਪੱਸ਼ਟ ਕੀਤਾ ਗਿਆ ਹੈ। 'ਖ਼ਾਲਸਾ' ਸ਼ਬਦ ਨੂੰ ਪਰਿਭਾਸ਼ਿਤ ਕਰਦਿਆਂ ਕਵੀ ਨੇ ਦਸਿਆ ਹੈ ਕਿ ਉਹ ਸਿੱਖ 'ਖ਼ਾਲਸਾ' ਹਨ ਜਿਨ੍ਹਾਂ ਦਾ ਸੰਬੰਧ ਸਿਧਾ ਗੁਰੂ ਸਾਹਿਬ ਨਾਲ ਹੈ ਅਤੇ ਜੋ ਮਸੰਦਾਂ ਦੇ ਅਧੀਨ ਹਨ, ਉਹ 'ਖ਼ਾਲਸਾ' ਨਹੀਂ ਹਨ। ਉਨ੍ਹਾਂ ਲਈ 'ਸਹਿਲੰਗ' ਸ਼ਬਦ ਵਰਤਿਆ ਜਾਂਦਾ ਸੀ। ਉਸ ਵਕਤ ਗੁਰੂ ਜੀ ਵਲੋਂ ਦਸੀ ਰਹਿਤ-ਮਰਯਾਦਾ ਦਾ ਵੀ ਵਰਣਨ ਹੋਇਆ ਹੈ।

ਕੁਲ 935 ਬੰਦਾਂ ਦੀ ਇਸ ਰਚਨਾ ਵਿਚ 19 ਪ੍ਰਕਾਰ ਦੇ ਛੰਦ ਵਰਤੇ ਗਏ ਹਨ—ਅਨਤੁਕਾ ਰਸਾਵਲ, ਅੜਿਲ, ਸਵੈਯਾ, ਸੋਰਠਾ, ਕਬਿੱਤ, ਛਪੈ, ਚੌਪਈ, ਚੌਲੋਟਨ, ਝੂਲਨਾ ਸਵੈਯਾ, ਤ੍ਰਿਭੰਗੀ, ਤੋਟਕ, ਦੋਹਰਾ, ਨਾਰਾਜ, ਪਉੜੀ, ਭੁਜੰਗ ਪ੍ਰਯਾਤ, ਮਧੁਭਾਰ, ਰਸਾਵਲ, ਰੁਆਮਲ, ਲੋਟਨ। ਮੁੱਖ ਤੌਰ 'ਤੇ ਦੋਹਰਾ, ਸਵੈਯਾ ਅਤੇ ਚੌਪਈ ਦੀ ਵਰਤੋਂ ਹੋਈ ਹੈ।

ਇਸ ਦੀ ਭਾਸ਼ਾ ਬ੍ਰਜ ਅਤੇ ਪੰਜਾਬੀ ਦੇ ਮਿਸ਼ਰਿਤ ਰੂਪ ਵਾਲੀ ਕਹੀ ਜਾ ਸਕਦੀ ਹੈ। ਕਵੀ ਨੇ ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਬਹੁਤ ਘਟ ਵਰਤੀ ਹੈ ਅਤੇ ਜੋ ਵਰਤੀ ਹੈ, ਉਹ ਮੁਸਲਮਾਨ ਪਾਤਰਾਂ ਨਾਲ ਸੰਬੰਧਿਤ ਸੰਵਾਦਾਂ ਵਿਚ ਵਰਤੀ ਹੈ। ਇਸ ਨਾਲ ਪਾਤਰਾਂ ਦੇ ਅਨੁਕੂਲ ਵਾਤਾਵਰਣ ਸਿਰਜਿਆ ਜਾ ਸਕਿਆ ਹੈ। ਇਸ ਉਤੇ 'ਦਸਮ-ਗ੍ਰੰਥ' ਦੀਆਂ ਰਚਨਾਵਾਂ ਦੀ ਭਾਸ਼ਾ-ਸ਼ੈਲੀ ਦਾ ਕਾਫ਼ੀ ਪ੍ਰਭਾਵ ਹੈ।

**ਸ੍ਰੀ ਗੁਰ ਕਥਾ** (ਕਾਵਿ): ਇਸ ਚਰਿਤ-ਕਾਵਿ ਦੇ ਕਰਤ੍ਰਿਤਵ ਦਾ ਸੰਬੰਧ ਭਾਈ ਜੀਵਨ ਸਿੰਘ ਉਰਫ਼ ਭਾਈ ਜੈਤਾ (ਵੇਖੋ) ਨਾਲ ਜੋੜਿਆ ਜਾਂਦਾ ਹੈ, ਜਿਸ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਗੁਪਤ ਢੰਗ ਨਾਲ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਪਹੁੰਚਾਇਆ ਸੀ। ਭਾਈ ਜੈਤਾ ਕਵਿਤਾ ਵੀ ਕਰਦਾ ਹੁੰਦਾ ਸੀ। ਹੁਣ ਉਸ ਦੀ ਇਕੋ ਇਕ ਰਚਨਾ 'ਸ੍ਰੀ ਗੁਰ ਕਥਾ' ਉਪਲਬਧ ਹੈ ਜਿਸ ਵਿਚ ਕੁਲ 124 ਬੰਦ ਹਨ— ਸਵੈਯਾ (69), ਦੋਹਰਾ (24), ਸਿਰਖੰਡੀ (3), ਕੁੰਡਲੀਆਂ (1), ਕਬਿਤ (13), ਸ਼ਬਦ (6), ਰੋਲਾ (1), ਚੌਪਈ (3), ਸੋਰਠਾ (2), ਅੜਿਲ (2)। ਇਸ ਰਚਨਾ ਦੀ ਹੋਂਦ ਦੀ ਸੂਚਨਾ ਡਾ. ਗੁਰਮੁਖ ਸਿੰਘ ਨੂੰ ਗਿਆਨੀ ਗਰਜਾ ਸਿੰਘ ਤੋਂ ਪ੍ਰਾਪਤ ਹੋਈ ਸੀ ਅਤੇ ਗਿਆਨੀ ਹੋਰਾਂ ਦੀ ਮ੍ਰਿਤੂ ਤੋਂ ਬਾਦ ਉਸ ਦੀ ਪਤਨੀ ਬੀਬੀ ਗਿਆਨ ਕੌਰ ਦੁਆਰਾ ਹੀ ਉਸ ਦੇ ਕਾਗਜ਼ਾਂ ਵਿਚੋਂ ਇਸ ਰਚਨਾ ਦਾ ਖਰੜਾ ਮਿਲਿਆ ਸੀ। ਇਸ ਖਰੜੇ ਦੇ ਆਰੰਭ ਵਿਚ ਲਿਖਿਆ ਹੈ— 'ਸ੍ਰੀ ਗੁਰ ਕਥਾ ਕ੍ਰਿਤ ਕਵੀ ਬਾਬਾ ਜੀਵਨ ਸਿੰਘ (ਭਾਈ ਜਯਤਾ)'। ਇਹ ਉਕਤੀ ਨਿਸ਼ਚੇ ਹੀ ਉਤਾਰਾ-ਕਰਤਾ ਦੀ ਦਿੱਤੀ ਹੈ। ਇਸ ਤੋਂ ਕੇਵਲ ਇਸ ਰਚਨਾ

ਦਾ ਨਾਂ ਅਤੇ ਰਚੈਤਾ ਦਾ ਬੋਧ ਹੁੰਦਾ ਹੈ। ਉਂਜ ਕਈਆਂ ਬੰਦਾਂ (92, 98, 103 ਆਦਿ) ਵਿਚ ਵੀ 'ਜੀਵਨ ਸਿੰਘ' ਨਾਂ ਦੀ ਵਰਤੋਂ ਹੋਈ ਹੈ। ਇਸ ਦੇ ਅੰਤ ਉਤੇ 'ਇਤੀ' ਸ਼ਬਦ ਤੋਂ ਬਾਦ ਅੰਕਿਤ ਹੈ— 'ਉਤਾਰਾ ਵਸਾਖੀ 1950 ਈ. ਨੂੰ ਪਿੰਡ ਖਰਾਜਪੁਰ (ਪਟਿਆਲਾ) ਵਿਖੇ ਸੰਪੂਰਨ ਹੋਇਆ।— ਗਰਜਾ ਸਿੰਘ (ਗਯਾਨੀ)'। ਸਪੱਸ਼ਟ ਹੈ ਕਿ ਗਿਆਨੀ ਗਰਜਾ ਸਿੰਘ ਨੇ ਕਿਸੇ ਹੱਥ-ਲਿਖਿਤ ਤੋਂ ਇਸ ਰਚਨਾ ਦਾ ਆਪਣੇ ਲਈ ਉਤਾਰਾ ਕੀਤਾ ਸੀ। ਮੂਲ ਰਚਨਾ ਕਿਥੋਂ ਪ੍ਰਾਪਤ ਹੋਈ ਸੀ, ਉਹ ਕਿਤਨੀ ਪੁਰਾਣੀ ਸੀ ਅਤੇ ਹੁਣ ਉਹ ਕਿਥੇ ਹੈ ? ਇਸ ਬਾਰੇ ਗਿਆਨੀ ਜੀ ਨੇ ਕੋਈ ਜਾਣਕਾਰੀ ਨਹੀਂ ਦਿੱਤੀ।

ਵਿਚਾਰਾਧੀਨ ਰਚਨਾ ਦੀ ਇਕ ਪ੍ਰਤਿ ਸ. ਨਰੰਜਨ ਸਿੰਘ (ਨਰੰਜਨ ਆਰਿਫ਼ੀ) ਜ਼ਿਲ੍ਹਾ ਮਾਲ ਅਫ਼ਸਰ, ਫ਼ਰੀਦਕੋਟ ਕੋਲ ਸੁਰਖਿਅਤ ਦਸੀ ਗਈ ਹੈ ਜਿਸ ਨੂੰ ਉਸ ਨੇ 'ਰੰਘਰੇਟਿਆਂ ਦਾ ਇਤਿਹਾਸ' ਵਿਚ ਵੀ ਛਾਪਿਆ ਹੋਇਆ ਹੈ। ਡਾ. ਗੁਰਮੁਖ ਸਿੰਘ ਨੇ ਆਪਣੇ ਪੁਸਤਕ ਵਿਚ ਦਿੱਤੇ ਇਸ ਰਚਨਾ ਦੇ ਮੂਲ-ਪਾਠ ਦੀ ਤੁਲਨਾ ਫ਼ਰੀਦਕੋਟ ਵਾਲੀ ਪ੍ਰਤਿ ਨਾਲ ਕੀਤੀ ਮੰਨੀ ਹੈ, ਪਰ ਇਸ ਪ੍ਰਤਿ ਦੇ ਸਰੂਪ, ਪ੍ਰਾਪਤੀ-ਸਰੋਤ ਆਦਿ ਅਨੇਕ ਜ਼ਰੂਰੀ ਪੱਖਾਂ ਉਤੇ ਕੋਈ ਪ੍ਰਕਾਸ਼ ਨਹੀਂ ਪਾਇਆ। ਇਸ ਲਈ ਇਸ ਰਚਨਾ ਦੀ ਪ੍ਰਮਾਣਿਕਤਾ ਉਦੋਂ ਤਕ ਸੰਦਿਗਧ ਬਣੀ ਰਹੇਗੀ ਜਦੋਂ ਤਕ ਇਸ ਦਾ ਕੋਈ ਪ੍ਰਮਾਣਿਕ ਖਰੜਾ ਪ੍ਰਾਪਤ ਨਹੀਂ ਹੋ ਜਾਂਦਾ। ਉਂਜ ਇਸ ਰਚਨਾ ਵਿਚ ਖ਼ਾਲਸਾ-ਸਾਜਨਾ, ਸਿੱਖ ਰਹਿਤ-ਮਰਯਾਦਾ ਅਤੇ ਪਹਾੜੀ ਰਾਜਿਆਂ ਨਾਲ ਸਿੱਖਾਂ ਦੇ ਯੁੱਧਾਂ ਦਾ ਅੱਖੀਂ ਡਿੱਠਾ ਵਰਣਨ ਹੋਇਆ ਹੈ, ਇਸ ਲਈ ਇਸ ਦਾ ਇਤਿਹਾਸਿਕ ਮਹੱਤਵ ਨਿਰਵਿਵਾਦ ਹੈ। ਚੂੰਕਿ ਇਸ ਰਚਨਾ ਦੀ ਪ੍ਰਮਾਣਿਕਤਾ ਨੂੰ ਸਥਾਪਿਤ ਕਰਨ ਦਾ ਹੋਰ ਕੋਈ ਵਸੀਲਾ ਨਹੀਂ, ਇਸ ਲਈ ਇਸ ਨੂੰ ਅਨੁਮਾਨਿਕ ਤੌਰ 'ਤੇ ਭਾਈ ਜੈਤੇ ਦੀ ਰਚਨਾ ਮੰਨ ਲੈਣਾ ਉਚਿਤ ਹੋਵੇਗਾ।

ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤਿਤਵ ਅਤੇ ਉਨ੍ਹਾਂ ਦੁਆਰਾ ਵੀਰ-ਭਾਵਨਾ ਅਤੇ ਯੁੱਧ-ਕਲਾ ਦਾ ਪ੍ਰਦਰਸ਼ਨ ਵਿਸ਼ੇਸ਼ ਉਲੇਖਯੋਗ ਹੈ। ਕਵੀ ਅਨੁਸਾਰ ਗੁਰੂ ਜੀ ਮ੍ਰਿਤਕਾਂ ਵਿਚ ਜੀਵਨ ਸੰਚਾਰਿਤ ਕਰਨ ਵਾਲੇ, ਗਿਦੜਾਂ ਨੂੰ ਸ਼ੇਰ ਬਣਾਉਣ ਵਾਲੇ ਅਤੇ ਵੀਰ-ਰਸ ਦਾ ਸੁਆਦਨ ਕਰਾਉਣ ਵਾਲੇ ਇਕ ਮਹਾਨ ਲੋਕ-ਨਾਇਕ ਸਨ— *ਮ੍ਰਿਤਕ ਸੁਰਜੀਤ ਕੀਏ ਜਿਸ ਨੇ, ਅਸਕਤ ਭੁਜਹਿੰ ਜਿਨ ਸਕਤੀ ਪਾਈ। ਜਿਨ ਸਿੰਘ ਕੀਏ ਸ੍ਰਿਗਾਨ ਜਿਤੇ, ਅਰ ਜੈ ਤੇਗੰ ਜੈ ਤੇਗੰ ਗਾਈ। ਰਸ ਬੀਰ ਦੀਆ ਜਿਨ ਚਟਕਨ ਕਉ, ਰਣ ਚਟਕਨ ਬਾਜਹਿ ਸਿਉਂ ਫਕਰਾਈ। ਜੈ ਜੈ ਜੈ ਗੋਬਿੰਦ ਸਿੰਘ ਗੁਰੂ, ਜੈ ਜੈ ਜੈ ਗੋਬਿੰਦ ਗੁਰ ਰਘੁਰਾਈ।22।*

ਗੁਰੂ ਗੋਬਿੰਦ ਸਿੰਘ ਜੀ ਦੇ ਚਰਿਤ੍ਰ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪਣੇ ਸਿੱਖਾਂ ਵਿਚ ਓਜਸਵਤਾ ਦੀ ਭਾਵਨਾ ਭਰਨ ਲਈ ਖ਼ੁਦ ਯੁੱਧ-ਭੂਮੀ ਵਿਚ ਸ਼ਾਮਲ ਹੁੰਦੇ ਸਨ ਅਤੇ ਆਪਣੀ ਸ਼ਰੀਰਿਕ ਸ਼ਕਤੀ ਅਤੇ ਸ਼ਸਤ੍ਰ ਚਲਾਉਣ ਦੀ ਨਿਪੁਣਤਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦੇ ਸਨ। ਭੰਗਾਣੀ ਦੇ ਯੁੱਧ ਵਿਚ ਭਾਗ ਲੈਂਦਿਆਂ ਗੁਰੂ ਜੀ ਨੇ ਤੀਰਾਂ ਦੀ ਜੋ ਝੜੀ ਲਾਈ, ਉਸ ਦਾ ਕਵੀ ਨੇ ਸੁੰਦਰ ਚਿਤ੍ਰਣ ਕੀਤਾ ਹੈ।

ਇਸ ਯੁੱਧ ਵਿਚ ਅਨੇਕ ਪਹਾੜੀ ਰਾਜੇ ਮਾਰੇ ਗਏ। ਗੁਰੂ-ਪੱਖ ਵਲੋਂ ਭਾਈ ਸੰਗੋ ਸ਼ਾਹ ਅਤੇ ਜੀਤ ਮਲ ਨੇ ਵੀ ਯੁੱਧ ਵਿਚ ਵੀਰ-ਗਤੀ ਪ੍ਰਾਪਤ ਕੀਤੀ। ਰਤ-ਵਿਰਤੀ ਧਰਤੀ ਨੂੰ ਕਵੀ ਨੇ ਸੂਹੇ ਬਸਤ੍ਰ ਧਾਰੀ ਮੁਟਿਆਰ ਨਾਲ ਤੁਲਨਾ ਕੇ ਯੁੱਧ ਦੇ ਭਿਆਨਕ ਦ੍ਰਿਸ਼ ਨੂੰ ਸੁਖਦ ਦ੍ਰਿਸ਼ ਵਿਚ ਬਦਲਿਆ ਹੈ। ਕਵੀ ਇਸ ਵਿਚ ਖ਼ੁਦ ਸ਼ਾਮਲ ਸੀ, ਉਸ ਨੇ ਗੁਰੂ ਜੀ ਦੀ ਬਾਣ-ਬਰਖਾ ਨੂੰ ਅੱਖੀਂ ਵੇਖਿਆ ਸੀ। ਇਸ ਲਈ ਉਸ ਦਾ ਬਿਆਨ ਸੱਚਾ ਹੈ, ਅੱਖੀਂ ਡਿਠਾ ਹੈ, ਵਾਸਤਵਿਕ ਹੈ— *'ਗੁਰ ਤੀਰਨ ਕੈ ਪ੍ਰਹਾਰ ਕਰਹਿੰ ਜਨ ਖੇਤ ਕਿਸਾਨ ਧਰੇ ਕਟਵਾਰੇ।'* ਇਥੇ ਕਵੀ ਨੇ ਪ੍ਰਕ੍ਰਿਤੀ ਤੋਂ ਉਪਮਾਨ ਲੈ ਕੇ ਯੁੱਧ ਦੀ ਭਿਆਨਕਤਾ ਨੂੰ ਘਟਾਇਆ ਹੈ।

ਕਵੀ ਨੇ ਬੜੀ ਨੀਝ ਨਾਲ ਯੁੱਧ-ਕਰਮ ਨੂੰ ਵੇਖਿਆ ਅਤੇ ਉਸ ਨੂੰ ਆਪਣੀ ਰਚਨਾ ਵਿਚ ਵਰਣਿਤ ਕੀਤਾ ਹੈ। ਰਚਨਾ ਦਾ ਆਕਾਰ ਛੋਟਾ ਹੋਣ ਕਾਰਣ ਯੁੱਧ-ਵਰਣਨ ਵਿਸਤ੍ਰਿਤ ਨਹੀਂ, ਪਰ ਵੀਰ-ਰਸੀ ਵਾਤਾਵਰਣ ਚਿਤ੍ਰਣ ਵਿਚ ਕਵੀ ਬਹੁਤ ਸਫਲ ਹੋਇਆ ਹੈ। ਕਵੀ ਦੀ ਭਾਸ਼ਾ-ਸ਼ੈਲੀ ਉਤੇ ਦੋ ਪ੍ਰਭਾਵ ਸਾਫ਼ ਦਿਖਦੇ ਹਨ। ਇਕ ਪ੍ਰਭਾਵ 'ਦਸਮ-ਗ੍ਰੰਥ' ਦੇ ਯੁੱਧ-ਵਰਣਨ ਦੀ ਸ਼ੈਲੀ ਦਾ ਹੈ। ਅਧਿਕਤਰ ਕਵੀ ਨੇ ਅਪ੍ਰਕ੍ਰਿਤ ਸ਼ੈਲੀ ਨੂੰ ਅਪਣਾਇਆ ਹੈ ਜਿਸ ਦੁਆਰਾ ਉਸ ਨੇ ਅਲੰਕਾਰਾਂ ਰਾਹੀਂ ਯੁੱਧ ਦਾ ਵਰਣਨ ਕੀਤਾ ਹੈ। ਦੂਜਾ ਪ੍ਰਭਾਵ ਗੁਰਬਾਣੀ ਦਾ ਹੈ। ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਕਵੀ ਗੁਰੂ-ਦਰਬਾਰ ਵਿਚ ਹੀ ਆਪਣਾ ਜੀਵਨ ਗੁਜ਼ਾਰਦਾ ਹੈ; ਗੁਰਮਤਿ ਸਭਿਆਚਾਰ ਉਸ ਦੇ ਜੀਵਨ ਦਾ ਅੰਗ ਬਣ ਚੁਕਿਆ ਹੈ। 'ਦਸਮ ਗ੍ਰੰਥ' ਦੀ ਵੀਰ-ਬਾਣੀ ਰਾਹੀਂ ਪੈਦਾ ਹੋਈ ਉਤਸਾਹ ਦੀ ਭਾਵਨਾ ਨੂੰ ਇਹ ਰਚਨਾ ਅਗੇ ਤੋਰਦੀ

ਹੈ। ਇਸ ਰਚਨਾ ਦੀ ਭਾਸ਼ਾ ਬ੍ਰਜ ਹੈ, ਕਿਤੇ ਕਿਤੇ ਪੰਜਾਬੀ ਦਾ ਪ੍ਰਭਾਵ ਵੀ ਹੈ।

**ਸ੍ਰੀ ਗੁਰੂ ਉਪਕਾਰ ਪ੍ਰਚਾਰਨੀ ਸਭਾ** : ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਮ੍ਰਿਤਸਰ ਦੇ ਸਿੱਖ ਨੌਜਵਾਨਾਂ ਦੁਆਰਾ ਸਥਾਪਿਤ ਕੀਤੀ ਗਈ ਇਸ ਸਭਾ ਦਾ ਮੂਲ ਉਦੇਸ਼ ਭਾਵੇਂ ਗੁਰਮਤਿ ਦਾ ਪ੍ਰਚਾਰ ਕਰਨਾ ਸੀ, ਪਰ ਉਸ ਵਕਤ ਅੰਮ੍ਰਿਤਸਰ ਵਿਚ ਸਥਾਪਿਤ ਹੋਈ ਆਰਯ ਕੁਮਾਰ ਸਭਾ ਦੇ ਸਿੱਖ ਧਰਮ ਵਿਰੋਧੀ ਪ੍ਰਚਾਰ ਨੂੰ ਠਲ੍ਹ ਪਾਉਣੀ ਵੀ ਸੀ। ਇਸ ਸਭਾ ਦਾ ਪ੍ਰਧਾਨ ਭਾਈ ਗੰਡਾ ਸਿੰਘ ਪੰਡਿਤ ਨੂੰ ਬਣਾਇਆ ਗਿਆ। ਲਾਹੌਰ ਖ਼ਾਲਸਾ ਦੀਵਾਨ ਦੇ ਪ੍ਰਚਾਰਕਾਂ ਦੇ ਉਤਰੋਤਰ ਦੇਹਾਂਤ ਕਾਰਣ ਪੈਦਾ ਹੋਏ ਸਿੱਖ ਪ੍ਰਚਾਰ ਦੇ ਖ਼ਲਾ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਇਸ ਸਭਾ ਨੇ ਆਪਣੇ ਸਿਰ ਲੈ ਕੇ, ਆਰਯ ਕੁਮਾਰ ਸਭਾ ਨਾਲ ਧਾਰਮਿਕ ਬਹਿਸ ਅਤੇ ਸੰਵਾਦ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਭਾ ਦੇ ਦੋ ਕਾਰਜ-ਖੇਤਰ ਸਨ। ਇਕ ਸੰਵਾਦ ਕਰਨਾ ਅਤੇ ਦੂਜਾ ਧਰਮ ਪ੍ਰਚਾਰ ਕਰਨਾ। ਸੰਨ 1902 ਈ. ਵਿਚ ਇਸ ਸਭਾ ਨੇ 'ਉਪਕਾਰੀ' ਨਾਂ ਦੀ ਮਾਸਿਕ ਪਤ੍ਰਿਕਾ ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਇਸ ਦਾ ਸੰਪਾਦਕ ਭਾਈ ਗੰਡਾ ਸਿੰਘ ਖ਼ੁਦ ਸੀ। ਇਸ ਨੇ ਲਾਲਾ ਸਾਹਿਬ ਦਿਆਲ ਦੁਆਰਾ ਉਰਦੂ ਵਿਚ ਲਿਖੇ ਲੇਖ 'ਇਲਾਜ-ਏ-ਵੈਹਮਾਤ-ਏ-ਦਿੱਤ-ਸਿੰਘੀਆਂ' ਦੇ ਉੱਤਰ ਵਿਚ 256 ਪੰਨਿਆਂ ਦਾ ਇਕ ਟ੍ਰੈਕਟ 'ਨੁਸਖਾ-ਏ-ਖ਼ਬਤ-ਏ-ਦਇਆਨੰਦੀਆਂ' ਉਰਦੂ ਵਿਚ ਪ੍ਰਕਾਸ਼ਿਤ ਕੀਤਾ। 11 ਫਰਵਰੀ 1010 ਈ. ਨੂੰ ਭਾਈ ਗੰਡਾ ਸਿੰਘ ਦੇ ਦੇਹਾਂਤ ਨਾਲ ਇਸ ਸਭਾ ਦੀ ਰੂਹ ਉਡ ਗਈ ਅਤੇ ਅਗੋਂ ਕਾਰਵਾਈ ਬੰਦ ਹੋ ਗਈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** : ਇਹ ਟੀਕਾ ਪ੍ਰੋ. ਸਾਹਿਬ ਸਿੰਘ ਦੇ ਜੀਵਨ ਦੇ ਆਖ਼ਰੀ ਪੜਾ ਦੀ ਗੁਰਮਤਿ ਸਾਹਿਤ ਨੂੰ ਅਭੁਲ ਦੇਣ ਹੈ। ਪ੍ਰੋ. ਸਾਹਿਬ ਸਿੰਘ ਨੇ ਸੰਨ 1939 ਈ. ਵਿਚ 'ਗੁਰਬਾਣੀ ਵਿਆਕਰਣ' (ਵੇਖੋ) ਨਾਂ ਦੀ ਪੁਸਤਕ ਪ੍ਰਕਾਸ਼ਿਤ ਕਰਕੇ ਇਹ ਸਥਾਪਿਤ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਾਰੀ ਬਾਣੀ ਇਕ ਖ਼ਾਸ ਵਿਆਕਰਣਿਕ ਅਨੁਸ਼ਾਸਨ ਅਧੀਨ ਅੰਕਿਤ ਹੈ। ਉਦੋਂ ਇਸ ਵਿਆਕਰਣ ਦਾ ਵਿਰੋਧ ਵੀ ਹੋਇਆ ਅਤੇ ਸਵੀਕਰਣ ਵੀ ਉਦਾਰਤਾ ਪੂਰਵਕ ਮਿਲਿਆ। ਇਸੇ ਵਿਆਕਰਣ ਦੇ ਆਧਾਰ 'ਤੇ ਪ੍ਰੋਫ਼ੈਸਰ ਹੋਰਾਂ ਨੇ ਕਈ ਨਿੱਕੀਆਂ ਵੱਡੀਆਂ ਬਾਣੀਆਂ ਦੇ ਟੀਕੇ ਤਿਆਰ ਕੀਤੇ ਜਿਨ੍ਹਾਂ ਦਾ ਮੁੱਖ ਪ੍ਰਯੋਜਨ ਗੁਰਬਾਣੀ ਅਧਿਐਨ ਦੀਆਂ ਇਮਤਿਹਾਨੀ ਲੋੜਾਂ ਨੂੰ ਪੂਰਾ ਕਰਦਨ ਦੇ ਨਾਲ ਨਾਲ ਗੁਰਮਤਿ-ਪ੍ਰੇਮੀਆਂ ਨੂੰ ਗੁਰਬਾਣੀ ਦੇ ਅਰਥ ਸਮਝਾਉਣੇ ਸਨ।

ਟੀਕਾਕਾਰ ਨੂੰ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕਰਨ ਦੀ ਪ੍ਰੇਰਣਾ ਦਿੱਲੀ ਨਿਵਾਸੀ ਸ. ਦਲੀਪ ਸਿੰਘ ਨੇ ਜੂਨ 1956 ਈ. ਵਿਚ ਦਿੱਤੀ, ਪਰ ਪ੍ਰੋਫ਼ੈਸਰ ਹੋਰਾਂ ਨੇ ਇਹ ਕੰਮ ਪਹਿਲੀ ਜਨਵਰੀ 1957 ਈ. ਤੋਂ ਆਰੰਭ ਕੀਤਾ ਅਤੇ 17 ਜੂਨ 1961 ਈ. ਨੂੰ ਸਮਾਪਤ ਹੋਇਆ। ਇਸ ਦੀ ਪਹਿਲੀ ਜਿਲਦ ਸੰਨ 1962 ਈ. ਵਿਚ ਅਤੇ ਦਸਵੀਂ (ਅੰਤਿਮ) 1964 ਈ. ਵਿਚ ਪ੍ਰਕਾਸ਼ਿਤ ਹੋਈ। ਹਰ ਪੋਥੀ ਦੇ ਮੁੱਖ ਪੰਨੇ ਉਤੇ ਟੀਕਾਕਾਰ ਨੇ ਟੀਕਾ ਕਰਨ ਦੀ ਪੂਰਵ-ਨਿਰਧਾਰਿਤ ਪਹੁੰਚ-ਵਿਧੀ ਬਾਰੇ ਸਪੱਸ਼ਟ ਕਰ ਦਿੱਤਾ— *ਗੁਰਬਾਣੀ ਵਿਆਕਰਣ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਅਰਥ ਅਤੇ ਲੋੜੀਂਦੀ ਟੀਕਾ-ਟਿੱਪਣੀ ਸਮੇਤ ਅਰਥ ਦਿੱਤੇ ਗਏ ਹਨ।* ਟੀਕਾਦਾਰ ਦੀ ਇਹ ਸਥਾਪਨਾ ਹੈ ਕਿ ਸਾਰੇ ਸ਼ਬਦ ਦਾ ਕੇਂਦਰੀ ਨੁਕਤਾ 'ਰਹਾਉ' ਦੀਆਂ ਤੁਕਾਂ ਵਿਚ ਹੈ। ਇਸ ਲਈ ਉਹ ਸ਼ਬਦ ਦੀ ਵਿਆਖਿਆ 'ਰਹਾਉ' ਦੀਆਂ ਤੁਕਾਂ ਤੋਂ ਕਰਦਾ ਹੈ ਅਤੇ ਫਿਰ ਉਸ ਦੁਆਲੇ ਸਾਰੇ ਸ਼ਬਦ ਦੇ ਅਰਥ ਨੂੰ ਘੁੰਮਾਉਂਦਾ ਹੈ। ਉਸ ਅਨੁਸਾਰ ਸਾਰੇ ਸ਼ਬਦ ਵਿਚ ਇਕ-ਸੂਤ੍ਰਤਾ ਹੈ। ਗੁਰਬਾਣੀ ਅਤੇ ਭਗਤਬਾਣੀ ਵਿਚ ਵੀ ਪਰਸਪਰ ਅਟੁਟ ਸਾਂਝ ਹੈ।

ਇਸ ਟੀਕੇ ਵਿਚ ਟੀਕਾਕਾਰ ਨੇ ਜਿਸ ਜੁਗਤ ਨੂੰ ਵਰਤਿਆ, ਉਹ ਮੁੱਖ ਤੌਰ 'ਤੇ ਤਿੰਨ ਅੰਗਾਂ ਵਾਲੀ ਹੈ। ਪਹਿਲਾਂ ਔਖੇ ਸ਼ਬਦਾਂ ਦੇ ਅਰਥ, ਫਿਰ ਤੁਕਵਾਰ ਅਰਥ ਅਤੇ ਅੰਤ ਵਿਚ ਭਾਵ-ਅਰਥ। ਇਸ ਤੋਂ ਇਲਾਵਾ ਆਰੰਭ ਵਿਚ ਬਾਣੀ ਦਾ ਭਾਵ ਅਤੇ ਫਿਰ ਸਮੁੱਚਾ ਭਾਵ ਦਿੱਤਾ ਹੈ ਅਤੇ ਕਈ ਵਾਰ ਪੂਰਵ-ਪਰ ਵਿਚਾਰ-ਸੰਗਲੀ ਨੂੰ ਜੋੜਨ ਦਾ ਉਦਮ ਵੀ ਕੀਤਾ ਹੈ। ਕਈਆਂ ਸ਼ਬਦਾਂ ਦੀ ਭਾਵ, ਪ੍ਰਸੰਗ ਅਤੇ ਘਟਨਾ ਸੂਚਕ ਜਾਣਕਾਰੀ ਵੀ ਦਿੱਤੀ ਹੈ। ਪਰ ਇਤਿਹਾਸਿਕ ਪਰਿਪੇਖ ਨੂੰ ਸ਼ਬਦ ਦੇ ਅਰਥ ਵਿਚ ਕੋਈ ਮਹੱਤਵ ਨਹੀਂ ਦਿੰਦਾ। ਇਸ ਤਰ੍ਹਾਂ ਟੀਕਾਕਾਰ ਨੇ ਬਾਣੀ ਨੂੰ ਸਮਝਾਉਣ ਦਾ ਆਪਣਾ ਪੂਰਾ ਵਾਹ ਲਾਇਆ ਹੈ। ਬਾਕੀਆਂ ਟੀਕਿਆਂ ਨਾਲੋਂ ਹੁਣ ਤਕ ਇਸ ਨੂੰ ਅਧਿਕ ਮਾਨਤਾ ਮਿਲਦੀ ਰਹੀ ਹੈ।

ਇਸ ਟੀਕੇ ਵਿਚ ਟੀਕਾਕਾਰ ਦੀ ਸ਼ਬਦਾਵਲੀ

ਸੀਮਿਤ ਹੋਣ ਕਰਕੇ ਦੋਹਰਾਉ ਦਾ ਸ਼ਿਕਾਰ ਹੋਈ ਹੈ। ਕਈ ਬੇਲੋੜੇ ਸ਼ਬਦਾਂ ਦੇ ਅਰਥ ਕੀਤੇ ਗਏ ਹਨ ਅਤੇ ਕਈ ਲੋੜੀਂਦੇ ਸ਼ਬਦਾਂ ਦੇ ਅਰਥ ਕਰਨ ਵੇਲੇ ਟੀਕਾਕਾਰ ਦਾ ਹਠ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਆਪਣੇ ਮਤ ਨੂੰ ਸਹੀ ਸਿੱਧ ਕਰਨ ਲਈ ਉਹ ਵਾਧੂ ਜ਼ੋਰ ਲਗਾਉਂਦਾ ਹੈ। ਪਹਿਲਾਂ ਕੀਤੇ ਫੁਟਕਲ ਬਾਣੀਆਂ ਦੇ ਟੀਕੇ, ਉਨ੍ਹਾਂ ਦੀਆਂ ਭੂਮਿਕਾਵਾਂ ਸਮੇਤ ਸ਼ਾਮਲ ਕਰ ਲਏ ਗਏ ਹਨ। ਇਹ ਭੂਮਿਕਾਵਾਂ ਉਦੋਂ ਵਿਦਿਆਰਥੀਆਂ ਦੀਆਂ ਇਮਤਿਹਾਨੀਆਂ ਲੋੜਾਂ ਲਈ ਲਿਖੀਆਂ ਗਈਆਂ ਸਨ। ਕਈ ਥਾਂਵਾਂ 'ਤੇ ਬਾਣੀਆਂ ਜਾਂ ਬਾਣੀਕਾਰਾਂ ਸੰਬੰਧੀ ਲੰਬੀ ਚੌੜੀ ਖੋਜ ਨੂੰ ਵੀ ਸਮੇਟ ਲਿਆ ਗਿਆ ਹੈ ਅਤੇ ਕਈ ਨਿਜੀ ਪ੍ਰਸੰਗ ਵੀ ਸ਼ਾਮਲ ਕਰ ਲਏ ਗਏ ਹਨ। ਇਨ੍ਹਾਂ ਸਭ ਨਾਲ ਟੀਕੇ ਦਾ ਕੁਦਰਤੀ ਪ੍ਰਵਾਹ ਰੁਕਿਆ ਹੈ।

**ਸ੍ਰੀ ਗੁਰ ਪੰਥ ਪ੍ਰਕਾਸ਼** (ਕਾਵਿ): ਸਿੱਖ ਇਤਿਹਾਸ ਸੰਬੰਧੀ ਗਿਆਨੀ ਗਿਆਨ ਸਿੰਘ ਦਾ ਲਿਖਿਆ ਇਕ ਵਡੇ ਆਕਾਰ ਦਾ ਗ੍ਰੰਥ ਜੋ ਆਮ ਕਰਕੇ 'ਪੰਥ ਪ੍ਰਕਾਸ਼' ਵਜੋਂ ਪ੍ਰਸਿੱਧ ਹੈ। ਵੇਖੋ 'ਪੰਥ ਪ੍ਰਕਾਸ਼'।

**ਸ੍ਰੀ ਗੋਬਿੰਦਪੁਰ** (ਕਸਬਾ): ਸ੍ਰੀ ਹਰਗੋਬਿੰਦਪੁਰ ਦਾ ਇਕ ਨਾਮਾਂਤਰ। ਵੇਖੋ 'ਸ੍ਰੀ ਹਰਗੋਬਿੰਦਪੁਰ'।

**ਸ੍ਰੀਚੰਦ, ਬਾਬਾ** (1494-1643 ਈ.): ਗੁਰਬਾਣੀ ਅਨੁਰੂਪ ਧਰਮ-ਪ੍ਰਚਾਰ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਜਿਨ੍ਹਾਂ ਦਾ ਜਨਮ ਸੰਨ 1494 ਈ. (ਭਾਦੋਂ ਸੁਦੀ 9, ਸੰਮਤ 1551 ਬਿ.) ਵਿਚ ਮਾਤਾ ਸੁਲੱਖਣੀ ਦੀ ਕੁੱਖੋਂ ਸੁਲਤਾਨਪੁਰ ਲੋਧੀ ਵਿਚ ਹੋਇਆ। ਇਨ੍ਹਾਂ ਦਾ ਬਚਪਨ ਆਪਣੀ ਭੂਆ ਬੇਬੇ ਨਾਨਕੀ ਦੀ ਦੇਖ-ਰੇਖ ਵਿਚ ਬੀਤਿਆ। ਅਸਲ ਵਿਚ, ਬੇਬੇ ਨਾਨਕੀ ਨੇ ਆਪਣੀ ਸੰਤਾਨ ਨ ਹੋਣ ਕਾਰਣ ਇਨ੍ਹਾਂ ਨੂੰ ਹੀ ਪੁੱਤਰ-ਤੁਲ ਪਾਲਿਆ। ਇਨ੍ਹਾਂ ਨੇ ਵਿਆਹ ਨ ਕਰਕੇ ਵੈਰਾਗੀ ਜੀਵਨ ਬਤੀਤ ਕੀਤਾ। ਭਾਈ ਗੁਰਦਾਸ ਨੇ ਲਿਖਿਆ ਹੈ— *ਬਾਲ ਜਤੀ ਹੈ ਸਿਰੀ ਚੰਦੁ ਬਾਬਾਣਾ ਦੇਹੁਰਾ ਬਣਾਇਆ।* (26/33)। ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਵੇਲੇ ਪਿਛੋਂ ਉਨ੍ਹਾਂ ਦੇ ਮਾਤਾ-ਪਿਤਾ, ਭੈਣ ਨਾਨਕੀ ਅਤੇ ਭਣੋਈਆ ਜੈ-ਰਾਮ ਗੁਜ਼ਰ ਗਏ ਸਨ ਅਤੇ ਸ੍ਰੀਚੰਦ ਵੀ ਸੁਲਤਾਨਪੁਰ ਤੋਂ ਆਪਣੇ ਨਾਨਕੇ ਪਿੰਡ ਪੱਖੋਕੇ-ਰੰਧਾਵੇ ਚਲੇ ਗਏ ਸਨ।

ਚੌਥੀ ਉਦਾਸੀ ਤੋਂ ਪਰਤਣ 'ਤੇ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਆਪਣਾ ਸਥਾਈ ਨਿਵਾਸ ਕੀਤਾ। 17 ਵਰ੍ਹਿਆਂ ਉਪਰੰਤ ਸੰਨ 1539 ਈ. ਵਿਚ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਦ, ਕੁਝ ਸਮਾਂ ਤਾਂ ਇਹ ਕਰਤਾਰਪੁਰ ਹੀ ਰਹੇ, ਪਰ ਸਭ ਕੁਝ ਆਪਣੇ ਛੋਟੇ ਭਰਾ ਲਖਮੀ ਦਾਸ ਦੇ ਹਵਾਲੇ ਕਰਕੇ ਆਪ ਪਠਾਨਕੋਟ ਦੇ ਨੇੜੇ ਬਾਰਠ ਪਿੰਡ ਵਿਚ ਰਹਿਣ ਲਗ ਗਏ। ਉਥੇ ਇਨ੍ਹਾਂ ਦੇ ਨਾਲ ਬਚਪਨ ਦਾ ਸਾਥੀ ਭਾਈ ਕਮਲੀਆ ਵੀ ਰਹਿਣ ਲਗ ਗਿਆ। ਉਥੇ ਰਹਿ ਕੇ ਇਨ੍ਹਾਂ ਨੇ ਉਦਾਸੀ ਭੇਖ ਨੂੰ ਵਿਕਸਿਤ ਕੀਤਾ। ਉਥੇ ਹੀ ਇਨ੍ਹਾਂ ਨੂੰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਮਿਲਣ ਆਏ।

ਧਰਮ-ਪ੍ਰਚਾਰ ਲਈ ਆਪ ਅੰਮ੍ਰਿਤਸਰ, ਸ੍ਰੀਨਗਰ, ਪੋਠੋਹਾਰ, ਕਾਬੁਲ, ਕੰਧਾਰ, ਸਿੰਧ ਅਤੇ ਪੰਜਾਬ ਨਾਲ ਲਗਦੀਆਂ ਪਹਾੜੀ ਰਿਆਸਤਾਂ ਵਿਚ ਗਏ। ਉਨ੍ਹਾਂ ਦੀ ਇਹ ਪ੍ਰਚਾਰ-ਯਾਤ੍ਰਾ ਬਿਰਧ ਅਵਸਥਾ ਤਕ ਚਲਦੀ ਰਹੀ। ਸੰਨ 1624 ਈ. ਵਿਚ ਆਪ ਜੀ ਨੂੰ ਮਿਲਣ ਲਈ ਗੁਰੂ ਹਰਿਗੋਬਿੰਦ ਜੀ ਆਏ ਅਤੇ ਆਪ ਦੇ ਪ੍ਰਚਾਰ ਨੂੰ ਜਾਰੀ ਰਖਣ ਲਈ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਨੂੰ ਪੇਸ਼ ਕੀਤਾ। ਲਗਭਗ 150 ਸਾਲ ਦੀ ਲੰਬੀ ਉਮਰ ਬਤੀਤ ਕਰਨ ਤੋਂ ਬਾਦ 1643 ਈ. (ਸੰਮਤ 1700 ਬਿ.) ਵਿਚ ਚੰਬੇ ਦੇ ਸਥਾਨ ਉਤੇ ਆਪ ਦਾ ਦੇਹਾਂਤ ਹੋਇਆ। ਸਥਾਨਕ ਰਵਾਇਤ ਅਨੁਸਾਰ ਆਪ ਜਿਸ ਸ਼ਿਲਾ ਉਤੇ ਬੈਠ ਕੇ ਰਾਵੀ ਨਦੀ ਪਾਰ ਕਰਦੇ ਸਨ ਜਾਂ ਸਮਾਧੀ ਲਗਾਉਂਦੇ ਹੁੰਦੇ ਸਨ, ਉਹ ਹੁਣ 'ਸਿਲਾ ਸ੍ਰੀਚੰਦ ਜੀ ਕੀ' ਦੇ ਨਾਂ ਨਾਲ ਪ੍ਰਸਿੱਧ ਹੈ। ਭੱਟ-ਵਹੀਆਂ ਅਨੁਸਾਰ ਆਪ ਦਾ ਦੇਹਾਂਤ ਮਾਘ ਸੁਦੀ ੧, 1685 ਬਿ./13 ਜਨਵਰੀ 1629 ਈ. ਵਿਚ ਹੋਇਆ। ਆਪ ਦੇ ਨਾਂ ਨਾਲ ਸੰਬੰਧਿਤ 'ਮਾਤ੍ਰਾ' ਨਾਂ ਦੀ ਰਚਨਾ ਉਦਾਸੀ ਸੰਪ੍ਰਦਾਇ ਦੀ ਸਿੱਧਾਂਤਿਕ ਆਧਾਰ-ਭੂਮੀ ਹੈ। ਵੇਖੋ 'ਮਾਤ੍ਰਾ ਬਾਬੇ ਸ੍ਰੀਚੰਦ ਕੀ'।

ਬਾਬਾ ਗੁਰਦਿੱਤਾ ਨੇ 'ਉਦਾਸੀ ਸੰਪ੍ਰਦਾਇ' (ਵੇਖੋ) ਦਾ ਪ੍ਰਚਾਰ ਜਾਰੀ ਰਖਿਆ ਅਤੇ ਧਰਮ-ਪ੍ਰਚਾਰ ਲਈ ਚਾਰ ਕੇਂਦਰ (ਧੂਏਂ) ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਦੇਹਰਾਦੂਨ ਵਿਚ ਬਾਲੂ ਹਸਨਾ, ਨਾਨਕ-ਮਤਾ ਵਿਚ ਅਲਮਸਤ, ਹੈਦਰਾਬਾਦ (ਦੱਖਣ) ਵਿਚ ਗੋਇੰਦਾ ਅਤੇ ਬਹਾਦਰਗੜ੍ਹ (ਜ਼ਿਲ੍ਹਾ

ਹੁਸ਼ਿਆਰਪੁਰ) ਵਿਚ ਫੂਲ ਨੂੰ ਮੁੱਖੀਆਂ ਵਜੋਂ ਸਥਾਪਿਤ ਕੀਤਾ। ਉਦਾਸੀ-ਸੰਪ੍ਰਦਾਇ ਦੀ ਇਸ਼ਟ-ਭਾਵਨਾ ਬਾਬਾ ਗੁਰਦਿੱਤਾ ਤਕ ਤਾਂ ਗੁਰੂ-ਘਰ ਦੇ ਬਹੁਤ ਨੇੜੇ ਹੋ ਕੇ ਚਲੀ ਸਿਵਾਏ ਗ੍ਰਿਹਸਥ ਤਿਆਗਣ ਦੇ, ਪਰ ਬਾਦ ਵਿਚ ਬ੍ਰਾਹਮਣਵਾਦ ਦੇ ਪ੍ਰਭਾਵ ਕਾਰਣ ਉਸ ਵਿਚ ਪੰਚ-ਦੇਵ-ਉਪਾਸਨਾ ਦੀ ਬਿਰਤੀ ਦੇ ਵਿਕਸਿਤ ਹੋ ਜਾਣ 'ਤੇ ਉਦਾਸੀ ਲੋਕ ਸਿੱਖ-ਧਰਮ ਨਾਲੋਂ ਦੂਰ ਹੋ ਗਏ।

**ਸ੍ਰੀਨਗਰ** (ਸ਼ਹਿਰ): ਭਾਰਤ ਦੇ ਜੰਮੂ-ਕਸ਼ਮੀਰ ਪ੍ਰਦੇਸ਼ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਇਸ ਸ਼ਹਿਰ ਦਾ ਬਹੁਤ ਪੁਰਾਣਾ ਇਤਿਹਾਸ ਹੈ। ਕਹਿੰਦੇ ਹਨ ਕਿ ਇਹ ਨਗਰ ਈਸਵੀਂ ਪੂਰਵ ਤੀਜੀ ਸਦੀ ਵਿਚ ਅਸ਼ੋਕ ਨੇ ਵਸਾਇਆ ਸੀ। ਇਸ ਦੇ ਵਰਤਮਾਨ ਸਥਾਨ ਉਪਰ ਛੇਵੀਂ ਸਦੀ ਵਿਚ ਰਾਜਾ ਪਰਵਰ ਸੇਨ ਦੂਜੇ ਦਾ ਨਗਰ ਕਾਇਮ ਸੀ। ਕਲਹਣ ਨੇ 'ਰਾਜ ਤ੍ਰੰਗਣੀ' ਵਿਚ ਲਿਖਿਆ ਹੈ ਕਿ ਇਥੇ ਬਹੁਤ ਆਲੀਸ਼ਾਨ ਸ਼ਾਹੀ ਮਹਲ ਬਣੇ ਹੋਏ ਸਨ। ਇਹ ਨਗਰ ਸਮੇਂ ਸਮੇਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਅੰਗ੍ਰੇਜ਼ਾਂ ਅਧੀਨ ਰਿਹਾ ਹੈ, ਇਸ ਲਈ ਉਨ੍ਹਾਂ ਦੇ ਰਾਜਾਂ ਨਾਲ ਸੰਬੰਧਿਤ ਅਨੇਕ ਇਤਿਹਾਸਿਕ ਸਥਾਨ ਹੁਣ ਵੀ ਮਿਲਦੇ ਹਨ। ਇਹ ਨਗਰ ਜੇਹਲਮ ਦਰਿਆ ਦੇ ਦੋਹਾਂ ਪਾਸਿਆਂ ਉਤੇ ਉਸਰਿਆ ਹੋਇਆ ਹੈ ਅਤੇ ਦੋਹਾਂ ਪਾਸਿਆਂ ਦੇ ਵਾਸੀਆਂ ਦੇ ਆਦਾਨ-ਪ੍ਰਦਾਨ ਲਈ ਨੌਂ ਪੁਲਾਂ ਬਣੀਆਂ ਹੋਈਆਂ ਹਨ। ਸੈਲਾਨੀ ਲੋਗ ਸ਼ੌਕ ਨਾਲ ਇਥੇ ਆਉਂਦੇ ਹਨ ਅਤੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ।

ਇਸ ਨਗਰ ਵਿਚ ਆਪਣੀ ਕਸ਼ਮੀਰ ਯਾਤ੍ਰਾ ਵੇਲੇ ਗੁਰੂ ਹਰਿਗੋਬਿੰਦ ਜੀ ਵੀ ਪਧਾਰੇ ਸਨ। ਸਿੱਖ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਵਰਸਾਈ ਭਾਗ ਭਰੀ (ਵੇਖੋ) ਨਾਂ ਦੀ ਇਕ ਮਾਈ ਇਥੇ ਰਹਿੰਦੀ ਸੀ, ਜਿਸ ਨੇ ਬੜੀ ਸ਼ਰਧਾ ਨਾਲ ਆਪਣੇ ਹੱਥੀਂ ਸੂਤਰ ਕਤ ਕੇ ਛੇਵੇਂ ਗੁਰੂ ਜੀ ਲਈ ਇਕ ਚੋਲਾ ਬਣਾਇਆ ਸੀ ਪਰ ਅਤਿ ਬਿਰਧ ਹੋਣ ਕਾਰਣ (ਲਗਭਗ ਸੌ ਸਾਲ) ਉਹ ਖ਼ੁਦ ਅੰਮ੍ਰਿਤਸਰ ਨਹੀਂ ਪਹੁੰਚ ਸਕਦੀ ਸੀ। ਗੁਰੂ ਜੀ ਇਸ ਨਗਰ ਦੀ ਫੇਰੀ ਵੇਲੇ ਖ਼ੁਦ ਕਾਠੀ ਦਰਵਾਜ਼ੇ ਵਿਚ ਸਥਿਤ ਉਸ ਦੇ ਘਰ ਗਏ ਅਤੇ ਚੋਲਾ ਗ੍ਰਹਿਣ ਕੀਤਾ। ਉਸ ਮਾਈ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਪ੍ਰਾਣ ਤਿਆਗੇ ਅਤੇ ਗੁਰੂ ਜੀ ਨੇ ਉਸ ਦਾ ਖ਼ੁਦ ਦਾਹ-ਸੰਸਕਾਰ ਕਰਵਾਇਆ। ਉਸ ਦੇ ਪੁੱਤਰ ਸੇਵਾ ਰਾਮ ਨੂੰ ਪਗੜੀ ਬਖ਼ਸ਼ੀ। ਗੁਰੂ ਜੀ ਨੇ ਉਥੇ ਕੁਝ ਸਮਾਂ ਠਹਿਰ ਕੇ ਲੋਕਾਂ ਨੂੰ ਧਰਮ-ਉਪਦੇਸ਼ ਕੀਤਾ। ਬਾਦ ਵਿਚ ਭਾਈ ਸੇਵਾ ਰਾਮ ਨੇ ਸਿੱਖੀ ਦਾ ਪ੍ਰਚਾਰ ਜਾਰੀ ਰਖਿਆ ਅਤੇ ਆਪਣੇ ਘਰ ਨੂੰ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਧਰਮ-ਧਾਮ ਬਣਾ ਦਿੱਤਾ। ਉਸ ਸਥਾਨ ਉਤੇ ਸ. ਹਰੀ ਸਿੰਘ ਨਲਵਾ ਨੇ ਨਵੀਂ ਇਮਾਰਤ ਬਣਵਾਈ। ਹੁਣ ਉਥੇ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵਲੋਂ ਸੁੰਦਰ ਗੁਰੂ-ਧਾਮ ਉਸਾਰਿਆ ਜਾ ਚੁਕਾ ਹੈ ਜੋ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਹੈ।

**ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵ ਤਰੂ** (ਗ੍ਰੰਥ): ਭਾਈ ਸ਼ੇਰ ਸਿੰਘ ਦਾ ਲਿਖਿਆ ਇਕ ਵਡਾਕਾਰਾ ਗ੍ਰੰਥ। ਇਸ ਦਾ ਪ੍ਰਚਲਿਤ ਨਾਂ 'ਬੀਰ ਮ੍ਰਿਗੇਸ਼' ਹੈ। ਵੇਖੋ 'ਬੀਰ ਮ੍ਰਿਗੇਸ਼'।

**ਸ੍ਰੀ ਮੁਖ ਬਾਕ/ਸ੍ਰੀ ਮੁਖ ਵਾਕ** : ਇਹ ਉਕਤੀ ਸ਼ੋਭਾਸ਼ਾਲੀ ਮੁਖ ਤੋਂ ਉਚਰੀ ਬਾਣੀ ਜਾਂ ਬੋਲਾਂ ਲਈ ਵਰਤੀ ਜਾਂਦੀ ਹੈ। ਸਿੱਖ ਧਰਮ ਵਿਚ ਇਸ ਉਕਤੀ ਦਾ ਪ੍ਰਯੋਗ ਗੁਰੂ ਸਾਹਿਬਾਨ ਦੇ ਮੁਖ ਵਿਚੋਂ ਉਚਰੇ ਸ਼ਬਦਾਂ ਅਥਵਾ ਬਾਣੀ ਲਈ ਹੋਇਆ ਹੈ। ਮੁੱਖ ਤੌਰ 'ਤੇ ਇਸ ਦਾ ਅੰਕਨ 'ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਿਤ ਗੁਰੂ ਅਰਜਨ ਦੇਵ ਜੀ ਦੇ ਰਚੇ ਸਵੈਯਾਂ ਨਾਲ (ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ੫) ਅਤੇ 'ਦਸਮ ਗ੍ਰੰਥ' ਵਿਚ ਸੰਕਲਿਤ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਬਾਣੀ ਜਾਂ ਉਨ੍ਹਾਂ ਦੇ ਨਾਂ ਉਤੇ ਪ੍ਰਚਲਿਤ ਰਚਨਾਵਾਂ ਨਾਲ ਹੋਇਆ ਹੈ।

**ਸ਼੍ਰੋਮਣੀ ਅਕਾਲੀ ਦਲ** : ਗੁਰਦੁਆਰਾ ਸੁਧਾਰ ਲਹਿਰ ਦੇ ਜ਼ੋਰ ਪਕੜਨ ਨਾਲ 12 ਦਸੰਬਰ 1920 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਇਸ ਤੋਂ ਦੋ ਦਿਨ ਬਾਦ 14 ਦਸੰਬਰ 1920 ਈ. ਨੂੰ 'ਅਕਾਲੀ ਦਲ' ਦੀ ਸਥਾਪਨਾ ਕੀਤੀ ਗਈ ਅਤੇ 29 ਮਾਰਚ 1922 ਈ. ਨੂੰ ਇਕ ਮਤੇ ਰਾਹੀਂ ਇਸ ਤੋਂ ਪਹਿਲਾਂ 'ਸ਼੍ਰੋਮਣੀ' ਵਿਸ਼ੇਸ਼ਣ ਵੀ ਜੋੜ ਦਿੱਤਾ ਗਿਆ। ਇਸ ਦਲ ਨੂੰ ਬਣਾਉਣ ਪਿਛੇ ਵਖ ਵਖ ਅਕਾਲੀ ਜੱਥਿਆਂ ਵਿਚ ਤਾਲ-ਮੇਲ ਕਾਇਮ ਕਰਨ ਅਤੇ ਗੁਰਦੁਆਰਿਆਂ ਦੇ ਸੁਧਾਰ ਲਈ ਹਰ ਵਕਤ ਤਿਆਰ ਰਹਿਣ ਵਾਲੇ ਇਕ ਜੱਥੇ ਦੀ ਵਿਵਸਥਾ ਕਰਨ ਦੀ ਲੋੜ ਕੰਮ ਕਰ ਰਹੀ ਸੀ। ਇਸ ਦਲ ਦਾ ਪਹਿਲਾ ਪ੍ਰਧਾਨ ਸ. ਸਰਮੁਖ ਸਿੰਘ ਝਬਾਲ ਨੂੰ ਬਣਾਇਆ ਗਿਆ। ਇਸ ਦਲ ਨੇ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਨੂੰ ਗ੍ਰਹਿਣ ਕਰਦਿਆਂ ਹਰ ਮੋਰਚੇ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਸਫਲਤਾ ਪ੍ਰਾਪਤ ਕੀਤੀ। ਸਰਕਾਰ ਨੇ 12 ਅਕਤੂਬਰ 1923 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰਕੇ ਇਨ੍ਹਾਂ ਦੇ ਲੀਡਰਾਂ ਅਤੇ ਸੈਂਕੜੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਸੰਨ 1925 ਈ. ਵਿਚ ਗੁਰਦੁਆਰਾ ਐਕਟ ਬਣਾ ਕੇ ਸਰਕਾਰ ਨੇ ਸਿੱਖਾਂ ਨੂੰ ਗੁਰਦੁਆਰਿਆਂ ਦੀ ਵਿਵਸਥਾ ਖ਼ੁਦ ਕਰਨ ਦਾ ਅਧਿਕਾਰ ਦੇ ਦਿੱਤਾ। ਪੰਜਾਬ ਦੇ ਸਾਰਿਆਂ ਅਨੁਸੂਚਿਤ ਗੁਰਦੁਆਰਿਆਂ ਨੂੰ ਇਸ ਐਕਟ ਅਧੀਨ ਲਿਆਉਂਦਾ ਗਿਆ। ਜੇਲ੍ਹਾਂ ਵਿਚ ਕੈਦ ਅਕਾਲੀਆਂ ਨੂੰ ਮੁਕਤ ਕਰਨ ਲਈ ਸਰਕਾਰ ਨੇ ਗੁਰਦੁਆਰਾ ਐਕਟ ਦੀ ਪਾਲਨਾ ਕਰਨ ਦੀ ਸ਼ਰਤ ਰਖੀ। ਨਰਮ ਦਲ ਦੇ ਲੀਡਰ ਅਤੇ ਕਾਰਕੁੰਨ ਸ਼ਰਤ ਮੰਨ ਕੇ ਜੇਲ੍ਹਾਂ ਤੋਂ ਬਾਹਰ ਆ ਗਏ। ਪਰ ਗਰਮ-ਦਲੀਆਂ ਨੇ ਸ਼ਰਤ ਨ ਮੰਨੀ ਅਤੇ ਜੇਲ੍ਹਾਂ ਵਿਚ ਕੈਦ ਰਹੇ। ਇਸ ਮੁੱਦੇ ਨੂੰ ਲੈ ਕੇ ਅਕਾਲੀ ਦੋ-ਫਾੜ ਹੋ ਗਏ। ਗੁਰਦੁਆਰਾ ਐਕਟ ਦੇ ਅਧੀਨ 18 ਜੂਨ 1926 ਈ. ਨੂੰ ਪਹਿਲੀ ਚੋਣ ਹੋਈ। ਉਸ ਵੇਲੇ ਗਰਮ-ਦਲੀਏ ਜੇਲ੍ਹਾਂ ਵਿਚ ਹੋਣ ਦੇ ਬਾਵਜੂਦ ਬਹੁਤ ਅਧਿਕ ਸੀਟਾਂ 'ਤੇ ਜਿਤ ਪ੍ਰਾਪਤ ਕਰ ਗਏ। ਸਿੱਟੇ ਵਜੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਭੁਤਾ ਵਧ ਗਈ। ਇਸ ਤੋਂ ਬਾਦ ਹੌਲੀ ਹੌਲੀ ਅਕਾਲੀ ਦਲ ਸੁਤੰਤਰ ਰਾਜਨੈਤਿਕ ਪਾਰਟੀ ਵਜੋਂ ਉਭਰ ਕੇ ਸਾਹਮਣੇ ਆ ਗਿਆ। ਇਸ ਨੇ ਆਪਣੀ ਗਤਿਵਿਧੀ ਨੂੰ ਰਾਸ਼ਟਰੀ ਪੱਧਰ ਤੇ ਵਧਾਇਆ। ਗੁਰਦੁਆਰਾ ਐਕਟ ਅਨੁਸਾਰ ਹੋਈ ਚੋਣ ਤੋਂ ਬਾਦ ਬਾਬਾ ਖੜਕ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਵਖ ਹੋ ਕੇ ਸੈਂਟ੍ਰਲ ਅਕਾਲੀ ਦਲ ਬਣਾ ਲਿਆ, ਪਰ ਉਸ ਨੂੰ ਕੋਈ ਕਾਮਯਾਬੀ ਨਸੀਬ ਨ ਹੋਈ। ਦੋਹਾਂ ਦਲਾਂ ਦਾ ਆਪਸ ਵਿਚ ਸਮਝੌਤਾ ਕਰਾਉਣ ਦਾ ਉਦਮ ਵੀ ਕੀਤਾ ਗਿਆ। 8 ਅਪ੍ਰੈਲ 1931 ਈ. ਨੂੰ ਸੈਂਟ੍ਰਲ ਸਿੱਖ ਲੀਗ ਦੇ ਸਾਲਾਨਾ ਇਜਲਾਸ ਵਿਚ ਮਾਸਟਰ ਤਾਰਾ ਸਿੰਘ ਤੋਂ ਪ੍ਰਧਾਨਗੀ ਕਰਵਾਈ ਗਈ ਅਤੇ ਸਿੱਖ ਹਿਤਾਂ ਨਾਲ ਸੰਬੰਧਿਤ 17 ਮੰਗਾਂ ਰਖੀਆਂ ਗਈਆਂ। ਪਰ ਬਾਬਾ ਖੜਕ ਸਿੰਘ ਦਾ ਸੈਂਟ੍ਰਲ ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੀ ਪ੍ਰਤਿਨਿਧਤਾ ਕਰਨ ਵਾਲਾ ਸਿੱਧ ਨ ਕਰ ਸਕਿਆ। ਫਲਸਰੂਪ ਆਜ਼ਾਦੀ ਮਿਲਣ ਤੋਂ ਬਾਦ ਖ਼ਤਮ ਹੋ ਗਿਆ ਅਤੇ ਬਾਬਾ ਖੜਕ ਸਿੰਘ ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ।

ਸ਼੍ਰੋਮਣੀ ਅਕਾਲੀ ਦਲ ਨੇ ਕਾਂਗ੍ਰਸ ਨਾਲ ਰਲ ਕੇ 4 ਜਨਵਰੀ 1937 ਈ. ਨੂੰ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀਆਂ ਚੋਣਾਂ ਲੜੀਆਂ ਅਤੇ 29 ਸਿੱਖ ਸੀਟਾਂ ਵਿਚੋਂ 15 (10+5) ਉਤੇ ਜਿਤ ਪ੍ਰਾਪਤ ਕੀਤੀ। ਪਰ ਸਤੰਬਰ 1939 ਈ. ਵਿਚ ਛਿੜੀ ਦੂਜੀ ਵਡੀ ਜੰਗ ਸੰਬੰਧੀ ਕਾਂਗ੍ਰਸ ਪਾਰਟੀ ਦੀ ਪਾਲਸੀ ਨਾਲ ਮੁਤਫ਼ਿਕ ਨ ਹੋਣ ਕਾਰਣ ਸ਼੍ਰੋਮਣੀ ਅਕਾਲੀ ਦਲ ਵਖ ਹੋ ਗਿਆ ਅਤੇ 'ਸਿਕੰਦਰ-ਬਲਦੇਵ ਸਿੰਘ ਪੈਕਟ' ਅਧੀਨ ਸ. ਬਲਦੇਵ ਸਿੰਘ ਯੂਨੀਅਨਿਸਟ ਮੰਤ੍ਰੀ-ਮੰਡਲ ਵਿਚ ਸ਼ਾਮਲ ਹੋ ਗਿਆ। ਸੰਨ 1940 ਈ. ਵਿਚ ਲਾਹੌਰ ਵਿਚ ਮੁਸਲਿਮ ਲੀਗ ਨੇ ਮੁਸਲਿਮ ਬਹੁ-ਸੰਖਿਆ ਵਾਲੇ ਸੁਤੰਤਰ ਦੇਸ਼ ਦੀ ਸਥਾਪਤੀ ਲਈ ਮਤਾ ਪਾਸ ਕੀਤਾ। ਇਸ ਹਾਨੀਕਾਰਕ ਮਤੇ ਦੇ ਵਿਰੋਧ ਵਿਚ ਸ਼੍ਰੋਮਣੀ ਅਕਾਲੀ ਦਲ ਨੇ 'ਆਜ਼ਾਦ ਪੰਜਾਬ' ਦਾ ਸੁਝਾਉ ਪੇਸ਼ ਕੀਤਾ ਜਿਸ ਵਿਚ ਦਰਿਆਏ ਚਨਾਬ ਤੋਂ ਲੈ ਕੇ ਦਿੱਲੀ ਤਕ ਦੇ ਇਲਾਕੇ ਨੂੰ ਸ਼ਾਮਲ ਕੀਤੇ ਜਾਣ ਦੀ ਤਜਵੀਜ਼ ਰਖੀ ਗਈ। ਪਰ ਇਸ ਨੂੰ ਭਰਵਾਂ ਹੁੰਗਾਰਾ ਨ ਮਿਲਿਆ। ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਵਾਲੇ ਸੈਂਟ੍ਰਲ ਅਕਾਲੀ ਦਲ ਨੇ ਵੀ ਇਸ ਦਾ ਵਿਰੋਧ ਕੀਤਾ। ਅੰਤ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੇ ਰਾਜਨੈਤਿਕ ਹਿੱਤਾਂ ਨੂੰ ਕਾਂਗ੍ਰਸ ਨਾਲ ਜੋੜ ਦਿੱਤਾ।

ਆਜ਼ਾਦੀ ਮਿਲਣ ਤੋਂ ਬਾਦ ਕਾਂਗ੍ਰਸ ਵਲੋਂ ਸਿੱਖਾਂ ਦੇ ਹੱਕਾਂ ਦੀ ਸਹੀ ਢੰਗ ਨਾਲ ਰਾਖੀ ਨ ਕੀਤੀ ਗਈ। ਨ ਪੰਜਾਬੀ ਭਾਸ਼ਾ ਨੂੰ ਪੰਜਾਬ ਦੀ ਰਾਜ-ਭਾਸ਼ਾ ਬਣਾਇਆ ਗਿਆ ਅਤੇ ਨ ਹੀ ਨੌਕਰੀਆਂ ਵਿਚ ਸਿੱਖਾਂ ਨਾਲ ਵਿਤਕਰਾ ਖ਼ਤਮ ਕੀਤਾ ਗਿਆ। ਇਥੋਂ ਹੀ ਅਕਾਲੀ ਦਲ ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਬੋਲੀ ਦੇ ਆਧਾਰ 'ਤੇ ਸੂਬੇ ਦੀ ਮੰਗ ਸ਼ੁਰੂ ਹੋ ਗਈ। ਇਸ ਦੌਰਾਨ ਮਾਝੇ ਦੇ ਅਨੇਕ ਅਕਾਲੀ ਲੀਡਰ ਕਾਂਗ੍ਰਸ ਵਿਚ ਸ਼ਾਮਲ ਹੋ ਗਏ। ਇਸੇ ਦੌਰਾਨ ਸੱਚਰ ਫਾਰਮੂਲਾ ਅਤੇ ਰਿਜਨਲ ਫਾਰਮੂਲਾ ਹੋਂਦ ਵਿਚ ਆਏ, ਪਰ ਇਨ੍ਹਾਂ ਨਾਲ ਭਾਸ਼ਾ ਅਤੇ ਰਾਜਨੈਤਿਕ ਮਸਲੇ ਹਲ ਨ ਹੋ ਸਕੇ।

ਅਕਤੂਬਰ 1958 ਈ. ਵਿਚ ਪੰਜਾਬੀ ਸੂਬੇ ਦੀ ਮੰਗ ਤੇਜ਼ ਹੋ ਗਈ। ਸਮਝੌਤੇ ਦੇ ਯਤਨ ਵਜੋਂ ਅਪ੍ਰੈਲ 1959 ਈ. ਵਿਚ ਨਹਿਰੂ-ਤਾਰਾ ਸਿੰਘ ਪੈਕਟ ਬਣਾਇਆ ਗਿਆ, ਪਰ ਸੁਲਹ ਦੀ ਗੱਲ ਸਿਰੇ ਨ ਚੜ੍ਹ ਸਕੀ ਅਤੇ 22 ਮਈ 1960 ਈ. ਨੂੰ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਗਾ

ਦਿੱਤਾ। ਲਗਭਗ ਪੰਜਾਹ ਹਜ਼ਾਰ ਅਕਾਲੀ ਕਾਰਕੁੰਨ ਜੇਲ੍ਹਾਂ ਵਿਚ ਬੰਦ ਹੋ ਗਏ। ਲੀਡਰਾਂ ਨੇ ਮਰਨ-ਬਰਤ ਵੀ ਰਖੇ। ਪਰ ਸਫਲਤਾ ਨ ਮਿਲੀ। ਸ਼੍ਰੋਮਣੀ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਗਿਆ। ਇਕ ਦਾ ਨੇਤਾ ਮਾਸਟਰ ਤਾਰਾ ਸਿੰਘ ਸੀ ਅਤੇ ਦੂਜੇ ਦਾ ਸੰਤ ਫਤਹਿ ਸਿੰਘ। 17 ਜ਼ਨਵਰੀ 1965 ਈ. ਨੂੰ ਹੋਈਆਂ ਗੁਰਦੁਆਰਾ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਦਾ ਧੜਾ ਹਾਰ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸੰਤ ਫਤਹਿ ਸਿੰਘ ਦੇ ਧੜੇ ਦਾ ਕਬਜ਼ਾ ਹੋ ਗਿਆ।

ਕੇਂਦਰ ਸਰਕਾਰ ਨੇ ਅਕਾਲੀ ਦਲ ਦੀ ਮੰਗ ਨੂੰ ਮੰਨਦੇ ਹੋਇਆਂ 1 ਨਵੰਬਰ 1966 ਈ. ਨੂੰ ਪੰਜਾਬੀ ਸੂਬੇ ਦੀ ਸਥਾਪਨਾ ਕਰ ਦਿੱਤੀ। ਪਰ ਚੰਡੀਗੜ੍ਹ ਨੂੰ ਪੰਜਾਬੀ ਸੂਬੇ ਵਿਚ ਸ਼ਾਮਲ ਨ ਕਰਨਾ, ਕਈ ਪੰਜਾਬੀ ਬੋਲਦੇ ਪਿੰਡਾਂ ਨੂੰ ਪੰਜਾਬੀ ਸੂਬੇ ਤੋਂ ਬਾਹਰ ਰਖਣਾ ਅਤੇ ਦਰਿਆਈ ਪਾਣੀਆਂ ਦੀ ਅਨੁਚਿਤ ਵੰਡ ਨੇ ਰਾਜਨੈਤਿਕ ਸਥਿਤੀ ਨੂੰ ਸੰਤੁਲਿਤ ਨ ਹੋਣ ਦਿੱਤਾ। ਮਾਰਚ 1967 ਈ. ਅਤੇ ਮਾਰਚ 1972 ਈ. ਵਿਚ ਚੋਣਾਂ ਹੋਣੀਆਂ। ਅਕਾਲੀਆਂ ਨੂੰ ਸੰਨ 1967 ਈ. ਵਾਲੀ ਚੋਣ ਵਿਚ ਕੁਲ 104 ਸੀਟਾਂ ਵਿਚੋਂ ਕੇਵਲ 26 ਪ੍ਰਾਪਤ ਹੋਈਆਂ। ਅਕਾਲੀਆਂ ਨੇ ਹੋਰਨਾਂ ਪਾਰਟੀਆਂ ਦੀ ਮਦਦ ਨਾਲ ਦੋ ਵਾਰ ਹਕੂਮਤ ਬਣਾਈ ਪਰ ਥੋੜੀ ਥੋੜੀ ਦੇਰ ਬਾਦ ਟੁਟ ਗਈ। ਸੰਨ 1972 ਈ. ਵਾਲੀਆਂ ਚੋਣਾਂ ਵਿਚ 117 ਸੀਟਾਂ ਵਿਚੋਂ ਅਕਾਲੀਆਂ ਨੂੰ ਕੇਵਲ 24 ਸੀਟਾਂ ਪ੍ਰਾਪਤ ਹੋਈਆਂ। ਕਾਂਗ੍ਰਸ ਨੇ ਬਹੁਮਤ ਮਿਲਣ ਕਾਰਣ ਆਪਣੀ ਹਕੂਮਤ ਬਣਾਈ। ਅਕਾਲੀਆਂ ਨੇ ਸਾਰੀ ਸਥਿਤੀ ਨੂੰ ਵੇਖ ਕੇ 16-17 ਅਕਤੂਬਰ 1973 ਈ. ਨੂੰ ਆਨੰਦਪੁਰ ਸਾਹਿਬ ਵਿਚ ਕਾਰਜ ਸਾਧਕ ਕਮੇਟੀ ਵਿਚ ਆਪਣੇ ਰਾਜਨੈਤਿਕ ਮਨੋਰਥ ਸੰਬੰਧੀ ਮਤਾ ਪਾਸ ਕੀਤਾ ਜੋ 'ਆਨੰਦਪੁਰ ਸਾਹਿਬ ਵਾਲਾ ਮਤਾ' ਨਾਂ ਨਾਲ ਜਾਣਿਆ ਜਾਂਦਾ ਹੈ।

25 ਜੁਲਾਈ 1985 ਈ. ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਅਕਾਲੀਆਂ ਨੂੰ ਅਗਾਮੀ ਚੋਣਾਂ ਵਿਚ ਬਹੁਮਤ ਪ੍ਰਾਪਤ ਹੋ ਗਿਆ ਅਤੇ ਸੁਰਜੀਤ ਸਿੰਘ ਬਰਨਾਲਾ ਨੇ ਮੁੱਖ ਮੰਤਰੀ ਵਜੋਂ ਹਕੂਮਤ ਸਥਾਪਿਤ ਕੀਤੀ। ਪਰ ਸ਼੍ਰੋਮਣੀ ਅਕਾਲੀ ਦਲ ਦੇ ਅੰਦਰਲੇ ਝਗੜਿਆਂ ਅਤੇ ਰਾਜੀਵ-ਲੌਂਗੋਵਾਲ ਪੈਕਟ ਨੂੰ ਕੇਂਦਰ-ਸਰਕਾਰ ਵਲੋਂ ਅਮਲ ਵਿਚ ਨ ਲਿਆਉਣ ਕਾਰਣ ਇਹ ਸਰਕਾਰ ਵੀ ਟੁਟ ਗਈ। ਇਸ ਤੋਂ ਪੈਦਾ ਹੋਈ ਨਿਰਾਸ਼ਾ ਕਾਰਣ ਕਈ ਅਕਾਲੀ ਦਲ ਕਾਇਮ ਹੋ ਗਏ। ਸੰਨ 1992 ਈ. ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਸ਼ਾਮਲ ਨ ਹੋਇਆ ਅਤੇ ਕਾਂਗ੍ਰਸ ਚੋਣਾਂ ਜਿਤ ਗਈ। ਸੰਨ 1997 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਮਤ ਪ੍ਰਾਪਤ ਹੋ ਗਿਆ ਅਤੇ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰ ਬਣਾਈ। ਪਰ 1998 ਈ. ਦੇ ਅੰਤ ਵਿਚ ਟੋਹੜਾ ਧੜਾ ਵਖ ਹੋ ਗਿਆ ਅਤੇ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਬਣਾਇਆ। ਪਰੰਤੂ ਇਸ ਦੇ ਬਾਵਜੂਦ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਪੰਜ ਸਾਲ ਹਕੂਮਤ ਨੂੰ ਚਲਾਉਣ ਵਿਚ ਕਾਮਯਾਬ ਹੋਇਆ। ਸੰਨ 2002 ਈ. ਦੀਆਂ ਚੋਣਾਂ ਵਿਚ ਅਕਾਲੀ ਬਹੁਮਤ ਪ੍ਰਾਪਤ ਨ ਕਰ ਸਕੇ ਅਤੇ ਕਾਂਗ੍ਰਸ ਨੇ ਕੈਪਟਨ ਅਮਰੇਂਦਰ ਸਿੰਘ ਨੂੰ ਮੁੱਖ ਮੰਤਰੀ ਬਣਾ ਕੇ ਹਕੂਮਤ ਦੀ ਵਾਗਡੋਰ ਸੰਭਾਲੀ। ਸੰਨ 2004 ਵਿਚ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ (ਟੋਹੜਾ) ਵਿਚ ਫਿਰ ਸਮਝੌਤਾ ਹੋ ਗਿਆ। ਪਰੰਤੂ 1 ਅਪ੍ਰੈਲ 2004 ਨੂੰ ਗੁਰਚਰਨ ਸਿੰਘ ਟੋਹੜਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਸਨ, ਦਾ ਦਿਲ ਦੀ ਬੀਮਾਰੀ ਕਾਰਨ ਦਿੱਲੀ ਵਿਖੇ ਦੇਹਾਂਤ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਦਿ ਆਪਸ ਵਿਚ ਜ਼ੋਰ-ਆਜ਼ਮਾਈ ਕਰਦੇ ਰਹਿੰਦੇ ਹਨ ਅਤੇ ਅਨੇਕ ਢੰਗਾਂ ਨਾਲ ਵੈਰ ਦੀ ਅੱਗ ਗਰਮ ਕਰੀ ਰਖਦੇ ਹਨ। ਇਨ੍ਹਾਂ ਆਪਸੀ ਝਗੜਿਆਂ ਅਤੇ ਹੈਂਕੜਾਂ ਕਾਰਣ ਸਿੱਖਾਂ ਦਾ ਸਦਾ ਅਹਿਤ ਹੁੰਦਾ ਰਹਿੰਦਾ ਹੈ।

**ਸ਼੍ਰੋਮਣੀ ਖ਼ਾਲਸਾ ਦੀਵਾਨ** (ਸਰਹੱਦੀ ਸੂਬਾ) ਭਾਰਤ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਸਥਾਪਿਤ ਹੋਇਆ ਇਹ ਦੀਵਾਨ ਮੂਲ ਰੂਪ ਵਿਚ ਇਕ ਸਮਾਜਿਕ ਅਤੇ ਰਾਜਨੈਤਿਕ ਸੰਸਥਾ ਸੀ, ਜਿਸ ਦੀ ਸਥਾਪਨਾ ਪਿਸ਼ਾਵਰ ਨਿਵਾਸੀ ਇਕ ਵਪਾਰੀ ਸ. ਜਗਤ ਸਿੰਘ ਨੇ ਸੰਨ 1920 ਈ. ਵਿਚ ਕੀਤੀ। ਇਸ ਵਿਚ ਕੋਈ ਸ਼ਕ ਨਹੀਂ ਕਿ ਉਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਗੁਰੂ-ਕਾਲ ਵਿਚ ਹੀ ਹੋਣ ਲਗ ਗਿਆ ਸੀ, ਪਰ ਸੰਨ 1834 ਈ. ਵਿਚ ਪਿਸ਼ਾਵਰ ਨੂੰ ਸਿੱਖ-ਰਾਜ ਵਿਚ ਮਿਲਾਉਣ ਉਪਰੰਤ ਹੀ ਸਿੱਖ ਲੋਗ ਉਥੇ ਵਸਣ ਲਗੇ ਸਨ।

ਉਨ੍ਹਾਂ ਵਿਚ ਕੁਝ ਵਪਾਰੀ ਸਨ, ਕੁਝ ਖੇਤੀ ਕਰਦੇ ਸਨ। ਜਿਹੜੇ ਸਿੱਖ ਫ਼ੌਜੀ ਉਸ ਖੇਤਰ ਵਿਚ ਸਥਾਈ ਤੌਰ 'ਤੇ ਤਾਇਨਾਤ ਸਨ, ਉਨ੍ਹਾਂ ਨੇ ਵੀ ਉਥੇ ਹੀ ਵਸਣਾ ਸ਼ੁਰੂ ਕਰ ਦਿੱਤਾ। ਨਿਰਮਲ ਸੰਤਾਂ ਅਤੇ ਬੇਦੀ ਬਾਬਿਆਂ ਦੇ ਪ੍ਰਚਾਰ ਨਾਲ ਸਰਹੱਦੀ ਸੂਬੇ ਵਿਚ ਸਿੱਖੀ ਦਾ ਕਾਫ਼ੀ ਵਿਸਤਾਰ ਹੋਇਆ। ਉਥੋਂ ਦਾ ਸਿੱਖ ਭਾਈਚਾਰਾ ਸਹਿਜਧਾਰੀ ਅਤੇ ਕੇਸਧਾਰੀ ਦੋਹਾਂ ਰੂਪਾਂ ਵਿਚ ਮਿਲਦਾ ਹੈ। ਸਿੰਘ ਸਭਾ ਲਹਿਰ ਦਾ ਪ੍ਰਭਾਵ ਵੀ ਉਸ ਇਲਾਕੇ ਵਿਚ ਕਾਫ਼ੀ ਰਿਹਾ। ਸੰਨ 1905 ਈ. ਤੋਂ ਪਹਿਲਾਂ ਕਈ ਵੱਡੇ ਵੱਡੇ ਨਗਰਾਂ ਵਿਚ ਸਿੰਘ ਸਭਾਵਾਂ ਕਾਇਮ ਹੋ ਚੁਕੀਆਂ ਸਨ। ਇਨ੍ਹਾਂ ਸਾਰੀਆਂ ਸਿੰਘ ਸਭਾਵਾਂ ਨੂੰ ਸ਼੍ਰੋਮਣੀ ਖ਼ਾਲਸਾ ਦੀਵਾਨ ਨਾਲ ਸੰਬੰਧਿਤ ਕਰ ਦਿੱਤਾ ਗਿਆ। ਇਸ ਦੀਵਾਨ ਨੂੰ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਸਰਪ੍ਰਸਤੀ ਹਾਸਲ ਸੀ।

ਰਾਜਨੈਤਿਕ ਖੇਤਰ ਵਿਚ ਸਿੱਖਾਂ ਦੇ ਹੱਕਾਂ ਦੀ ਰਖਿਆ ਲਈ ਇਸ ਦੀਵਾਨ ਨੇ ਮੁੱਖ ਭੂਮਿਕਾ ਨਿਭਾਈ। ਸੰਨ 1937 ਈ. ਵਿਚ ਹੋਈਆਂ ਚੋਣਾਂ ਵੇਲੇ 50 ਮੈਂਬਰਾਂ ਦੀ ਅਸੈਂਬਲੀ ਵਿਚ ਸਿੱਖਾਂ ਨੂੰ ਤਿੰਨ ਸੀਟਾਂ ਦਿੱਤੀਆਂ ਗਈਆਂ। ਇਨ੍ਹਾਂ ਤਿੰਨਾਂ ਸੀਟਾਂ ਉਤੇ ਦੀਵਾਨ ਦੇ ਉਮੀਦਵਾਰ ਕਾਮਯਾਬ ਹੋਏ। ਇਨ੍ਹਾਂ ਨੇ ਵਿਧਾਨ ਸਭਾ ਵਿਚ ਨੌਂ ਹਿੰਦੂ ਮੈਂਬਰਾਂ ਨਾਲ ਰਲ ਕੇ ਹਿੰਦੂ-ਸਿੱਖ ਲੈਜਿਸਲੇਟਿਵ ਪਾਰਟੀ ਬਣਾਈ। ਜਦੋਂ ਸੰਨ 1940 ਈ. ਵਿਚ ਮੁਸਲਿਮ ਲੀਗ ਨੇ ਪਾਕਿਸਤਾਨ ਬਣਾਉਣ ਦਾ ਮਤਾ ਪਾਸ ਕੀਤਾ, ਤਾਂ ਇਸ ਦੀਵਾਨ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ 'ਆਜ਼ਾਦ ਪੰਜਾਬ' ਦੀ ਸਥਾਪਨਾ ਦੇ ਵਿਚਾਰ ਨੂੰ ਪੁਸ਼ਟ ਕੀਤਾ। ਉਸ ਤੋਂ ਬਾਦ ਇਹ ਦੀਵਾਨ ਸ਼੍ਰੋਮਣੀ ਅਕਾਲੀ ਦਲ ਦਾ ਅੰਗ ਬਣ ਗਿਆ ਅਤੇ ਸੰਨ 1946 ਈ. ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਤਲੇ ਲੜੀਆਂ। ਦੇਸ਼ ਵੰਡ ਤੋਂ ਬਾਦ ਇਸ ਦੀਵਾਨ ਦੀ ਸਮਾਪਤੀ ਹੋ ਗਈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ** : ਸਿੱਖਾਂ ਦੀ ਇਕ ਧਾਰਮਿਕ ਸੰਸਥਾ ਜਿਸ ਦਾ ਮੁੱਖ ਉਦੇਸ਼ ਗੁਰੂ-ਧਾਮਾਂ ਦੀ ਵਿਵਸਥਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ। ਇਸ ਦੀ ਸਥਾਪਨਾ ਦਾ ਮੂਲ ਕਾਰਣ ਸੰਨ 1920 ਈ. ਵਿਚ ਗੁਰਦੁਆਰਿਆਂ ਦੇ ਸੁਧਾਰ ਲਈ ਸ਼ੁਰੂ ਕੀਤਾ ਅੰਦੋਲਨ ਸੀ। ਸਿੱਖ ਰਾਜ ਦੀ ਸਮਾਪਤੀ ਤੋਂ ਬਾਦ ਹਰ ਤਰ੍ਹਾਂ ਦੀ ਨਿਰਾਸ਼ਾ ਨੇ ਪੰਥ ਨੂੰ ਘੇਰ ਲਿਆ। ਗੁਰੂ-ਧਾਮਾਂ ਦੇ ਪੁਜਾਰੀ ਜਾਂ ਮਹੰਤ ਗੁਰਦੁਆਰਿਆਂ ਨੂੰ ਆਪਣੀ ਵਿਰਾਸਤ ਸਮਝਣ ਲਗ ਗਏ ਅਤੇ ਵਿਲਾਸਤਾ ਵਿਚ ਪੂਰੀ ਤਰ੍ਹਾਂ ਮਗਨ ਹੋ ਗਏ। ਅੰਗ੍ਰੇਜ਼ ਸਰਕਾਰ ਇਨ੍ਹਾਂ ਦੀ ਪਿਠ ਠੋਕ ਰਹੀ ਸੀ। ਕਿਉਂਕਿ ਅਜਿਹਾ ਕਰਨ ਨਾਲ ਸਿੱਖ ਜੱਥੇਬੰਦੀ ਕਮਜ਼ੋਰ ਹੁੰਦੀ ਸੀ। ਇਹ ਗੱਲ ਸਰਕਾਰ ਦੇ ਹੱਕ ਵਿਚ ਜਾਂਦੀ ਸੀ, ਕਿਉਂਕਿ ਸਿੱਖ ਸਮਾਜ ਨੂੰ ਗੁੰਮਰਾਹ ਕਰਨ ਲਈ ਸਰਕਾਰ ਆਪਣੀ ਮਨ-ਮਰਜ਼ੀ ਦੇ ਹੁਕਮਨਾਮੇ ਆਦਿ ਜਾਰੀ ਕਰਵਾ ਸਕਦੀ ਸੀ ਅਤੇ ਸਰਕਾਰ-ਵਿਰੋਧੀਆ ਨੂੰ ਤਨਖ਼ਾਹ ਲਗਵਾ ਸਕਦੀ ਸੀ। ਮਹਾਰਾਜਾ ਦਲੀਪ ਸਿੰਘ ਨੂੰ ਅੰਗ੍ਰੇਜ਼ ਸਰਕਾਰ ਦੀ ਵਫ਼ਾਦਾਰੀ ਲਈ ਹੁਕਮਨਾਮੇ ਭੇਜੇ ਗਏ ਸਨ। ਗਿਆਨੀ ਦਿਤ ਸਿੰਘ, ਭਾਈ (ਪ੍ਰੋ.) ਗੁਰਮੁਖ ਸਿੰਘ ਵਰਗੇ ਸੁਤੰਤਰ ਚੇਤਨਾ ਵਾਲੇ ਸਿੱਖਾਂ ਨੂੰ ਤਨਖ਼ਾਹੀਏ ਕਰਾਰ ਦਿੱਤਾ ਗਿਆ ਸੀ। ਬੱਬਰ ਅਕਾਲੀਆਂ ਅਤੇ ਗ਼ਦਰੀ ਸਿੱਖਾਂ ਪ੍ਰਤਿ ਵੀ ਅਜਿਹੀਆਂ ਨਕਾਰਾਤਮਕ ਕਾਰਵਾਈਆਂ ਕੀਤੀਆਂ ਗਈਆਂ ਸਨ।

ਸੰਨ 1849 ਈ. ਤੋਂ ਬਾਦ ਦਰਬਾਰ ਸਾਹਿਬ ਦੀ ਵਿਵਸਥਾ ਅੰਗ੍ਰੇਜ਼ ਸਰਕਾਰ ਨੇ ਆਪਣੇ ਹੱਥ ਵਿਚ ਲੈ ਕੇ ਸਿੱਖ ਰਈਸਾਂ ਦੀ ਇਕ ਕਮੇਟੀ ਬਣਾ ਦਿੱਤੀ। ਦਰਬਾਰ ਸਾਹਿਬ ਦੇ ਪ੍ਰਬੰਧ ਲਈ ਇਕ 'ਸਰਬਰਾਹ' (ਮੈਨੇਜਰ) ਰਖਿਆ ਗਿਆ, ਜਿਸ ਦੀ ਨਿਯੁਕਤੀ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਕਰਦਾ ਸੀ। 13 ਅਪ੍ਰੈਲ 1919 ਈ. ਨੂੰ ਹੋਏ ਜਲਿਆਂ ਵਾਲੇ ਬਾਗ਼ ਦੇ ਖ਼ੂਨੀ ਕਾਂਡ ਤੋਂ ਬਾਦ ਬ੍ਰਿਗੇਡੀਅਰ ਜਨਰਲ ਡਾਇਰ ਨੂੰ ਉਸ ਵਕਤ ਦੇ ਸਰਬਰਾਹ ਰਸਾਲਦਾਰ ਮੇਜਰ ਅਰੂੜ ਸਿੰਘ ਤੋਂ ਸਿਰੋਪਾ ਅਤੇ ਸੋਨੇ ਦਾ ਕੜਾ ਦਿਵਾਉਣਾ ਅਤੇ ਲੈਫ਼-ਗਵਰਨਰ ਸਰ ਮਾਈਕਲ ਓ ਡਵਾਇਰ ਨੂੰ ਸਨਮਾਨਿਤ ਕਰਾਉਣਾ ਬਹੁਤ ਘਿਨੌਣਾ ਕਰਮ ਸੀ ਜਿਸ ਕਰਕੇ ਸਿੱਖ ਸਮਾਜ ਵਿਚ ਬਹੁਤ ਰੋਹ ਛਾ ਗਿਆ। ਇਸ ਤੋਂ ਇਲਾਵਾ, 12 ਅਕਤੂਬਰ 1920 ਈ. ਨੂੰ 'ਖ਼ਾਲਸਾ ਬਰਾਦਰੀ' ਨੇ ਜਲਿਆਂ ਵਾਲੇ ਬਾਗ਼ ਵਿਚ ਦੀਵਾਨ ਸਜਾ ਕੇ ਪਛੜੀਆਂ ਹੋਈਆਂ ਜਾਤਾਂ ਦੇ ਅਨੇਕ ਸਿੱਖਾਂ ਨੂੰ ਅੰਮ੍ਰਿਤ ਪਾਨ ਕਰਾਇਆ। ਦੀਵਾਨ ਦੀ ਸਮਾਪਤੀ ਤੋਂ ਬਾਦ ਸਾਰੀ ਸੰਗਤ ਜਿਨ੍ਹਾਂ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕਈ ਪ੍ਰੋਫੈਸਰ ਅਤੇ ਵਿਦਿਆਰਥੀ ਵੀ ਸ਼ਾਮਲ ਸਨ, ਦਰਬਾਰ ਸਾਹਿਬ ਗਈ ਤਾਂ ਜੁ ਅਰਦਾਸ ਕਰਕੇ ਕੜਾਹ ਪ੍ਰਸਾਦ ਚੜ੍ਹਾਇਆ ਜਾਏ। ਪੁਜਾਰੀਆਂ ਦੁਆਰਾ ਅਰਦਾਸ ਨ ਕਰਨ 'ਤੇ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ ਨਿਰਣਾ ਕਰਨ ਦਾ ਸੁਝਾਉ ਦਿੱਤਾ। ਵਾਕ ਇਸ ਤਰ੍ਹਾਂ ਦਾ ਆਇਆ— *ਨਿਗੁਣਿਆ ਨੋ*

*ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ। ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।* (ਗੁ. ਗ੍ਰੰ.638)। ਪੁਜਾਰੀਆਂ ਦਾ ਭਰਮ ਮਿਟ ਗਿਆ ਅਤੇ ਅਰਦਾਸ ਕਰ ਦਿੱਤੀ ਗਈ। ਉਸ ਉਪਰੰਤ ਸੰਗਤ 'ਅਕਾਲ ਤਖ਼ਤ' ਉਪਰ ਗਈ। ਉਥੋਂ ਦੇ ਪੁਜਾਰੀ ਸੰਗਤ ਨੂੰ ਵੇਖ ਕੇ ਭਜ ਗਏ। ਸੁਧਾਰਵਾਦੀਆਂ ਨੇ ਖ਼ੁਦ ਅਰਦਾਸ ਕਰਕੇ ਪ੍ਰਸਾਦ ਵੰਡਿਆ ਅਤੇ ਤਖ਼ਤ ਸਾਹਿਬ ਦੇ ਪ੍ਰਬੰਧ ਅਤੇ ਸੁਰਖਿਆ ਲਈ 25 ਸਿੰਘ ਉਥੇ ਠਹਿਰਾ ਦਿੱਤੇ, ਜਿਨ੍ਹਾਂ ਦਾ ਜੱਥੇਦਾਰ ਸ. ਤੇਜਾ ਸਿੰਘ ਭੁੱਚਰ ਨੂੰ ਥਾਪਿਆ ਗਿਆ।

13 ਅਕਤੂਬਰ 1920 ਈ. ਨੂੰ ਡਿਪਟੀ ਕਮਿਸ਼ਨਰ ਨੇ ਨਵੇਂ ਬਣਾਏ ਸਰਬਰਾਹ (ਸ. ਸੁੰਦਰ ਸਿੰਘ ਰਾਮਗੜ੍ਹੀਆ) ਅਧੀਨ 9 ਮੈਂਬਰਾਂ ਦੀ ਆਰਜ਼ੀ ਕਮੇਟੀ ਬਣਾ ਦਿੱਤੀ। ਉਧਰ ਸੁਧਾਰਕਾਂ ਨੇ 15 ਨਵੰਬਰ 1920 ਈ. ਨੂੰ ਇਸ ਮਸਲੇ ਨੂੰ ਨਜਿਠਣ ਲਈ ਅਕਾਲ ਤਖ਼ਤ ਦੇ ਸਾਹਮਣੇ ਸਿੱਖ ਸੰਗਤਾਂ ਦੀ ਇਕਤਰਤਾ ਰਖ ਦਿੱਤੀ। ਪਰ ਇਸ ਤੋਂ ਦੋ ਦਿਨ ਪਹਿਲਾਂ ਮਹਾਰਾਜਾ ਪਟਿਆਲਾ ਨਾਲ ਸਲਾਹ ਕਰਕੇ 13 ਨਵੰਬਰ 1920 ਈ. ਨੂੰ 36 ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ ਜਿਸ ਦਾ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਨੂੰ ਬਣਾਇਆ ਗਿਆ। 15 ਅਤੇ 16 ਨਵੰਬਰ ਨੂੰ ਅਕਾਲ ਤਖ਼ਤ ਦੇ ਸਾਹਮਣੇ ਬਹੁਤ ਵੱਡੀ ਗਿਣਤੀ ਵਿਚ ਸੰਗਤ ਜੁੜੀ ਅਤੇ ਕਾਫ਼ੀ ਵਿਚਾਰ-ਵਟਾਂਦਰੇ ਤੋਂ ਬਾਦ ਇਕ ਕਮੇਟੀ ਬਣਾਈ ਗਈ, ਜਿਸ ਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰਖਿਆ ਗਿਆ। ਇਸ ਵਿਚ ਕੁਲ 175 ਮੈਂਬਰ ਲਏ ਗਏ। ਇਨ੍ਹਾਂ ਮੈਂਬਰਾਂ ਵਿਚ ਪੰਜਾਬ ਦੇ ਸਾਰਿਆਂ ਜ਼ਿਲ੍ਹਿਆਂ, ਸਿੱਖ ਰਿਆਸਤਾਂ, ਦੇਸ਼ ਦੇ ਹੋਰਨਾਂ ਸੂਬਿਆਂ ਅਤੇ ਵਿਦੇਸ਼ਾਂ ਤੋਂ ਇਲਾਵਾ, ਸਰਕਾਰ ਦੁਆਰਾ ਸਥਾਪਿਤ ਕਮੇਟੀ ਦੇ 36 ਮੈਂਬਰਾਂ ਨੂੰ ਲੈ ਲਿਆ ਗਿਆ। ਇਸ ਕਮੇਟੀ ਦੀ ਉਦਘਾਟਨੀ ਮੀਟਿੰਗ 12 ਦਸੰਬਰ 1920 ਈ. ਨੂੰ ਅਕਾਲ ਤਖ਼ਤ ਉਪਰ ਰਖੀ ਗਈ। ਸ. ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਨੂੰ ਮੀਤ-ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆਂ ਨੂੰ ਸਕੱਤਰ ਬਣਾਇਆ ਗਿਆ। ਅਗਲੇ ਸਾਲ ਦੇ ਸ਼ੁਰੂ ਵਿਚ 23 ਜਨਵਰੀ ਨੂੰ ਸ. ਸੁੰਦਰ ਸਿੰਘ ਮਜੀਠੀਆ ਨੇ ਪੰਜਾਬ ਦੇ ਗਵਰਨਰ ਦੀ ਐਗਜ਼ਕਟਿਵ ਕੌਂਸਲ ਦਾ ਮੈਂਬਰ ਹੋ ਜਾਣ ਕਾਰਣ ਅਸਤੀਫ਼ਾ ਦੇ ਦਿੱਤਾ ਅਤੇ ਬਾਬਾ ਖੜਕ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। 30 ਅਪ੍ਰੈਲ 1921 ਈ. ਵਿਚ ਇਸ ਕਮੇਟੀ ਨੂੰ ਰਜਿਸਟਰ ਕਰਵਾ ਦਿੱਤਾ ਗਿਆ। ਜੁਲਾਈ 1921 ਈ. ਵਿਚ ਨਵੀਂ ਕਮੇਟੀ ਲਈ ਚੋਣ ਹੋਈ। ਸਿੱਟੇ ਵਜੋਂ ਬਾਬਾ ਖੜਕ ਸਿੰਘ ਨੂੰ ਪ੍ਰਧਾਨ, ਕਪਤਾਨ ਰਾਮ ਸਿੰਘ ਨੂੰ ਮੀਤ ਪ੍ਰਧਾਨ ਅਤੇ ਸ. ਬਹਾਦੁਰ ਮਹਿਤਾਬ ਸਿੰਘ ਨੂੰ ਸਕੱਤਰ ਚੁਣ ਲਿਆ ਗਿਆ। ਇਸ ਕਮੇਟੀ ਦਾ ਮੁੱਖ ਉਦੇਸ਼ ਸੀ ਗੁਰਦੁਆਰਿਆਂ ਦਾ ਪ੍ਰਬੰਧ ਕਰਨਾ, ਉਨ੍ਹਾਂ ਨੂੰ ਸਿੱਖ ਮਰਯਾਦਾ ਦਾ ਪਾਲਨ ਨ ਕਰਨ ਵਾਲੇ ਪੁਜਾਰੀਆਂ ਤੋਂ ਆਜ਼ਾਦ ਕਰਾਉਣਾ, ਆਮਦਨ ਨੂੰ ਵਿਵਸਥਿਤ ਰੂਪ ਦੇ ਉਸ ਨੂੰ ਗੁਰਦੁਆਰਿਆਂ ਦੀ ਦੇਖ-ਭਾਲ, ਵਿਦਿਆ ਪ੍ਰਸਾਰ ਅਤੇ ਲੰਗਰ ਉਤੇ ਖ਼ਰਚ ਕਰਨਾ ਆਦਿ। ਉਦਘਾਟਨੀ ਮੀਟਿੰਗ ਤੋਂ ਦੋ ਦਿਨ ਬਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਜਨੈਤਿਕ ਸ਼ਾਖਾ ਦੀ ਸਥਾਪਨਾ ਕੀਤੀ ਗਈ ਅਤੇ ਉਸ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰਖਿਆ ਗਿਆ।

ਇਸ ਦੌਰਾਨ ਗੱਲਬਾਤ ਜਾਂ ਸੁਲਹ-ਸਫ਼ਾਈ ਨਾਲ ਕੁਝ ਗੁਰਦੁਆਰੇ/ਗੁਰੂ-ਧਾਮ ਪੁਜਾਰੀਆਂ ਜਾਂ ਮਹੰਤਾਂ ਤੋਂ ਮੁਕਤ ਹੋ ਗਏ। ਆਪਣੀਆਂ ਗੱਦੀਆਂ ਖੁਸਦੀਆਂ ਵੇਖ ਕੇ ਕਈ ਮਹੰਤ ਸਰਕਾਰ ਕੋਲੋਂ ਮਦਦ ਲੈਣ ਲਈ ਵੀ ਗਏ ਅਤੇ ਸਰਕਾਰ ਵਲੋਂ ਅਜਿਹਾ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਪਰ ਕਈ ਸਥਾਨਾਂ ਦੇ ਮਹੰਤ ਹਿੰਸਕ ਕਾਰਵਾਈਆਂ ਕਰਨ ਤੋਂ ਸੰਕੋਚ ਨ ਕਰਕੇ ਹਥਿਆਰ ਅਤੇ ਗੁੰਡੇ ਇਕੱਠੇ ਕਰਦੇ ਰਹੇ। ਹਿੰਸਕ ਕਾਰਵਾਈ ਦੀ ਪਹਿਲੀ ਘਟਨਾ 26 ਜਨਵਰੀ 1921 ਈ. ਨੂੰ ਤਰਨਤਾਰਨ ਗੁਰੂ-ਧਾਮ ਵਿਚ ਵਾਪਰੀ, ਜਦੋਂ ਸਮਝੌਤੇ ਲਈ ਗਏ ਅਕਾਲੀ ਕਾਰਕੁੰਨਾਂ ਉਤੇ ਗੁਰੂ-ਧਾਮ ਦੇ ਅੰਦਰੋਂ ਹਮਲਾ ਕੀਤਾ ਗਿਆ, ਜਿਸ ਦੇ ਸਿੱਟੇ ਵਜੋਂ ਦੋ ਸਿੰਘ— ਹਜ਼ਾਰਾ ਸਿੰਘ ਅਤੇ ਹੁਕਮ ਸਿੰਘ— ਸ਼ਹੀਦ ਹੋ ਗਏ ਅਤੇ ਕਈ ਜ਼ਖ਼ਮੀ ਹੋ ਗਏ। ਉਧਰ 20 ਫਰਵਰੀ 1921 ਈ. ਨੂੰ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਗਿਆ। ਇਨ੍ਹਾਂ ਸਾਕਿਆਂ ਨੇ ਸਿਧ ਕਰ ਦਿੱਤਾ ਕਿ ਮਹੰਤਾਂ ਨੂੰ ਸਰਕਾਰ ਦੀ ਮਦਦ ਹਾਸਲ ਸੀ। ਫਲਸਰੂਪ ਮੋਰਚਿਆਂ ਦੀ ਲੜੀ ਚਲ ਪਈ। ਸਿੱਖਾਂ ਵਿਚ ਬਹੁਤ ਜੋਸ਼ ਪੈਦਾ ਹੋ ਗਿਆ। 12 ਅਕਤੂਬਰ 1923 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਨੂੰ ਗ਼ੈਰ-ਕਾਨੂੰਨੀ ਠਹਿਰਾ ਕੇ ਵੱਡੇ ਵੱਡੇ ਲੀਡਰਾਂ ਅਤੇ ਸੈਂਕੜੇ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਸੁਟ ਦਿੱਤਾ ਗਿਆ। ਆਖ਼ਿਰ ਸਿੱਖਾਂ ਦੀਆਂ ਸ਼ਹਾਦਤਾਂ, ਕੁਰਬਾਨੀਆਂ ਅਤੇ ਜੋਸ਼ ਸਾਹਮਣੇ ਸਰਕਾਰ ਝੁਕ

ਗਈ ਅਤੇ ਸਿੱਖ ਗੁਰਦੁਆਰਾ ਐਕਟ 1925 ਪਾਸ ਕਰਕੇ ਸਿੱਖਾਂ ਨੂੰ ਆਪਣੇ ਗੁਰਦੁਆਰਿਆਂ ਦੀ ਵਿਵਸਥਾ ਖ਼ੁਦ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ।

ਪੰਜਾਬ ਦੇ ਸਾਰੇ ਅਨੁਸੂਚਿਤ ਗੁਰਦੁਆਰੇ ਇਸ ਐਕਟ ਅਧੀਨ ਹੋ ਗਏ। ਬਾਦ ਵਿਚ ਪੈਪਸੂ ਦੇ ਗੁਰੂ-ਧਾਮ ਵੀ ਇਸੇ ਐਕਟ ਅਧੀਨ ਕਰ ਦਿੱਤੇ ਗਏ। ਪਰ ਪਾਕਿਸਤਾਨ ਬਣਨ ਨਾਲ ਉਸ ਦੀ ਸੀਮਾ ਵਿਚ ਪੈਂਦੇ ਧਰਮ-ਧਾਮ ਹਮੇਸ਼ਾਂ ਲਈ ਖੁਸ ਗਏ।

ਇਸ ਕਮੇਟੀ ਵਿਚ ਪਹਿਲਾਂ 132 ਨਿਰਵਾਚਿਤ ਮੈਂਬਰ ਸਨ, ਅਤੇ ਦਰਬਾਰ ਸਾਹਿਬ ਅਤੇ 4 ਤਖ਼ਤਾਂ ਦੇ ਜੱਥੇਦਾਰ/ਮੁੱਖ ਗ੍ਰੰਥੀ ਵੀ ਸ਼ਾਮਲ ਕੀਤੇ ਗਏ ਸਨ। ਇਸ ਤੋਂ ਇਲਾਵਾ ਪੰਜਾਬ ਤੋਂ ਬਾਹਰਲੇ ਸਿੱਖਾਂ ਦੇ 25 ਨਾਮਜ਼ਦ ਮੈਂਬਰ ਵੀ ਲਏ ਗਏ ਸਨ। ਇਸ ਤੋਂ ਬਾਦ ਕੁਝ ਵਾਧ ਘਾਟ ਹੁੰਦੀ ਰਹੀ ਅਤੇ ਹੁਣ ਇਸਤਰੀ-ਪ੍ਰਤਿਨਿਧੀਆਂ ਲਈ ਰਾਖਵੀਆਂ ਸੀਟਾਂ ਨੂੰ ਛਡ ਕੇ ਇਸ ਕਮੇਟੀ ਵਿਚ 140 ਨਿਰਵਾਚਿਤ ਮੈਂਬਰ, ਪੰਜ ਤਖ਼ਤਾਂ ਦੇ ਜੱਥੇਦਾਰ, 15 ਨਾਮਜ਼ਦ ਮੈਂਬਰ ਸ਼ਾਮਲ ਹਨ। ਨਿਰਵਾਚਿਤ ਮੈਂਬਰਾਂ ਵਿਚ 20 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ। ਪਹਿਲਾਂ ਤਿੰਨ ਸਾਲ ਬਾਦ ਚੋਣਾਂ ਹੁੰਦੀਆਂ ਸਨ, ਪਰ ਬਾਦ ਵਿਚ ਪੰਜ ਸਾਲ ਬਾਦ ਕਰ ਦਿੱਤੀਆਂ ਗਈਆਂ। ਕਾਰਜ ਸਾਧਕ ਕਮੇਟੀ ਦੀ ਮਿਆਦ ਕੇਵਲ ਇਕ ਵਰ੍ਹਾ ਰਖੀ ਗਈ। 21 ਸਾਲ ਦਾ ਹਰ ਸਾਬਤ ਸਰੂਪ ਸਿੱਖ (ਪੁਰਸ਼ ਜਾਂ ਇਸਤਰੀ) ਵੋਟਰ ਬਣਨ ਦਾ ਅਧਿਕਾਰੀ ਮੰਨਿਆ ਗਿਆ। ਇਸ ਕਮੇਟੀ ਜਾਂ ਗੁਰਦੁਆਰਿਆਂ ਸੰਬੰਧੀ ਪੈਦਾ ਹੋਣ ਵਾਲੇ ਝਗੜਿਆਂ ਜਾਂ ਝਮੇਲਿਆਂ ਦਾ ਨਿਪਟਾਰਾ ਕਰਨ ਲਈ ਇਕ ਜੁਡੀਸ਼ੀਅਲ ਕਮਿਸ਼ਨ ਦੀ ਵਿਵਸਥਾ ਕੀਤੀ ਗਈ।

ਸ਼ੁਰੂ ਵਿਚ ਇਸ ਕਮੇਟੀ ਦੀ ਸਥਾਪਨਾ ਦਾ ਉਦੇਸ਼ ਭਾਵੇਂ ਸੀਮਿਤ ਸੀ, ਪਰ ਆਮਦਨ ਦੇ ਸਾਧਨ ਅਧਿਕ ਹੋਣ ਕਾਰਣ ਸਕੂਲ, ਕਾਲਜ, ਹਸਪਤਾਲ ਆਦਿ ਖੋਲ ਕੇ ਸਮਾਜ ਭਲਾਈ ਵਲ ਉਚੇਚਾ ਧਿਆਨ ਦਿੱਤਾ ਜਾਣ ਲਗਿਆ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਿੱਖ ਧਰਮ ਨਾਲ ਸੰਬੰਧਿਤ ਸਾਹਿਤ ਅਤੇ ਇਤਿਹਾਸ ਦੀਆਂ ਰਚਨਾਵਾਂ ਦੇ ਪ੍ਰਕਾਸ਼ਨ ਅਤੇ ਧਰਮ-ਪ੍ਰਚਾਰ ਲਈ ਮਾਸਿਕ ਪੱਤਰਾਂ ਦੇ ਸੰਪਦਾਨ ਨੂੰ ਵੀ ਮੁੱਖ ਗਿਆ। ਸਿੱਖ ਮੋਰਚਿਆਂ ਵਿਚ ਸ਼ਹੀਦ ਹੋਏ ਸਿੰਘਾਂ ਦੇ ਪਰਿਵਾਰਾਂ ਅਤੇ ਦੰਗਿਆਂ ਜਾਂ ਹੋਰ ਕਿਸੇ ਪ੍ਰਕਾਰ ਦੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਤਿਆਚਾਰਾਂ ਤੋਂ ਪੀੜਿਤ ਸਿੰਘਾਂ ਦੀ ਸਹਾਇਤਾ ਆਦਿ ਅਨੇਕ ਕੰਮ ਇਸ ਕਮੇਟੀ ਨੇ ਆਪਣੇ ਜ਼ਿੰਮੇ ਲਏ ਹੋਏ ਹਨ। ਸਿੱਖ ਗੁਰੂ-ਧਾਮਾਂ ਨਾਲ ਲਗੀਆਂ ਜ਼ਮੀਨਾਂ ਜਾਂ ਜਾਗੀਰਾਂ ਦੀ ਵਿਵਸਥਾ ਵੀ ਇਸੇ ਕਮੇਟੀ ਰਾਹੀਂ ਕੀਤੀ ਜਾਂਦੀ ਹੈ।

ਇਥੇ ਇਕ ਗੱਲ ਧਿਆਨ ਦੇਣ ਵਾਲੀ ਇਹ ਹੈ ਕਿ 14 ਦਸੰਬਰ 1920 ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਮੇਟੀ ਦੀ ਰਾਜਨੈਤਿਕ ਸ਼ਾਖਾ ਵਜੋਂ ਕੀਤੀ ਗਈ ਸੀ। ਪਰ ਸਿੱਖ ਗੁਰਦੁਆਰਾ ਐਕਟ 1925 ਦੇ ਪਾਸ ਹੋ ਜਾਣ ਤੋਂ ਬਾਦ ਜੇਲ੍ਹਾਂ ਤੋਂ ਅਕਾਲੀਆਂ ਨੂੰ ਮੁਕਤ ਕਰਨ ਲਈ ਸਰਕਾਰ ਨੇ ਗੁਰਦੁਆਰਾ ਐਕਟ ਦੀ ਪਾਲਨਾ ਕਰਨ ਦੀ ਸ਼ਰਤ ਰਖੀ। ਨਰਮ-ਦਲੀਆਂ ਨੇ ਸ਼ਰਤ ਮੰਨ ਕੇ ਰਿਹਾਈ ਹਾਸਲ ਕਰ ਲਈ ਪਰ ਗਰਮ-ਦਲੀਆਂ ਨੇ ਜੇਲ੍ਹਾਂ ਅੰਦਰ ਰਹਿਣ ਨੂੰ ਤਰਜੀਹ ਦਿੱਤੀ। ਇਸ ਮੁੱਦੇ ਨੂੰ ਲੈ ਕੇ ਅਕਾਲੀ ਦਲ ਦੋ-ਫਾੜ ਹੋ ਗਿਆ। ਗੁਰਦੁਆਰਾ ਐਕਟ ਅਧੀਨ 18 ਜੂਨ 1926 ਈ. ਨੂੰ ਜਦੋਂ ਪਹਿਲੀ ਚੋਣ ਹੋਈ ਤਾਂ ਜੇਲ੍ਹਾਂ ਵਿਚ ਬੰਦ ਹੋਣ ਦੇ ਬਾਵਜੂਦ ਗਰਮ ਦਲ ਵਾਲੇ ਅਕਾਲੀਆਂ ਨੇ ਨਰਮ-ਦਲੀਆਂ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ। ਇਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਭੁਤਾ ਵਧ ਗਈ ਅਤੇ ਹੌਲੀ ਹੌਲੀ ਰਾਜਨੈਤਿਕ ਸ਼ਕਤੀ ਕਾਰਣ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਰੀ ਵਿਵਸਥਾ ਅਤੇ ਗਤਿਵਿਧੀ ਨੂੰ ਆਪਣੇ ਅਨੁਸਾਰ ਚਲਾਉਣ ਲਗ ਗਿਆ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਗ਼ਲਬੇ ਤੋਂ ਬਾਹਰ ਕਢਣ ਲਈ ਕਈ ਸੰਸਥਾਵਾਂ ਵਲੋਂ ਯਤਨ ਕੀਤੇ ਜਾਂਦੇ ਰਹੇ ਅਤੇ ਅਜਿਹੇ ਯਤਨਾਂ ਦੇ ਕਈ ਵਾਰ ਬੜੇ ਗੰਭੀਰ ਸਿੱਟੇ ਨਿਕਲੇ। ਨਵੰਬਰ 2002 ਵਿਚ ਹੋਈ ਕਾਰਜ- ਸਾਧਕ ਕਮੇਟੀ ਦੀ ਚੋਣ ਵੇਲੇ ਕਾਫ਼ੀ ਤਨਾਉ ਬਣਿਆ, ਪਰ ਸ਼੍ਰੋਮਣੀ ਅਕਾਲੀ ਦਲ ਦਾ ਗਲਬਾ ਕਮੇਟੀ ਉਤੇ ਬਣਿਆ ਰਿਹਾ।

# ਹ

**ਹਉਮੈ** : 'ਹਉਮੈ' ਸੰਸਕ੍ਰਿਤ ਦੇ 'ਅਹੰਕਾਰ' ਸ਼ਬਦ ਦੇ ਭਾਵ ਦਾ ਸੂਚਕ ਪੰਜਾਬੀ ਰੂਪਾਂਤਰ ਹੈ। ਇਸ ਨੂੰ ਸੰਸਕ੍ਰਿਤ ਦੇ

'ਅਹੰਮਤਿ' ਦਾ ਤਦਭਵ ਰੂਪ ਵੀ ਮੰਨਿਆ ਜਾਂਦਾ ਹੈ। ਇਹ 'ਹਉ' ਅਤੇ 'ਮੈ' ਦਾ ਸੰਯੁਕਤ ਜਾਂ ਸਮਸਤ ਸ਼ਬਦ ਹੈ। ਇਸ ਗੱਲ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਹੀ ਹੋ ਜਾਂਦੀ ਹੈ— *ਹਉ ਹਉ ਮੈ ਮੈ ਵਿਚਹੁ ਖੋਵੈ। ਦੂਜਾ ਮੇਟੈ ਏਕੋ ਹੋਵੈ।* (ਗੁ.ਗ੍ਰੰ.943)। ਇਥੇ 'ਹਉ' ਅਤੇ 'ਮੈ' ਦੋਹਾਂ ਸ਼ਬਦਾਂ ਨੂੰ ਦੋ ਵਾਰ ਦੋਹਰਾਇਆ ਗਿਆ ਹੈ। ਇਹ ਦੋਵੇਂ ਸ਼ਬਦ ਕ੍ਰਮਵਾਰ ਸੰਸਕ੍ਰਿਤ ਦੇ 'ਅਹੰ' ਅਤੇ 'ਮਮ' ਦੇ ਤਦਭਵ ਰੂਪ ਹਨ ਅਤੇ ਦੋਹਾਂ ਦਾ ਅਰਥ ਹੈ— ਮੈਂ, ਮੇਰਾ। ਇਹ ਦੋਵੇਂ ਸ਼ਬਦ ਵਿਆਕਰਣ ਅਨੁਸਾਰ ਪ੍ਰਥਮ ਪੁਰਸ਼ ਇਕ-ਵਚਨ ਪੜਨਾਉਂ ਹਨ। ਪਰ ਸੰਯੁਕਤ ਰੂਪ ਵਿਚ ਵਰਤੇ ਜਾਣ 'ਤੇ 'ਹਉਮੈ' ਸ਼ਬਦ ਸੰਗਿਆ ਰੂਪ ਵਿਚ ਗੁਰਬਾਣੀ ਦਾ ਇਕ ਵਿਸ਼ੇਸ਼ ਭਾਵ-ਬੋਧਕ ਪਰਿਭਾਸ਼ਿਕ ਸ਼ਬਦ ਬਣਦਾ ਹੈ, ਜਿਸ ਦਾ ਭਾਵਾਰਥ ਹੈ— ਹੰਕਾਰ, ਖ਼ੁਦੀ, ਅਭਿਮਾਨ, ਆਦਿ।

ਗੁਰਬਾਣੀ ਵਿਚ 'ਹਉਮੈ' ਨੂੰ ਮਾਰਨ ਜਾਂ ਤਿਆਗਣ ਉਤੇ ਬਹੁਤ ਬਲ ਦਿੱਤਾ ਗਿਆ ਹੈ। 'ਸਿਧ ਗੋਸਟਿ' (ਪਉੜੀ 68) ਵਿਚ ਯੋਗੀਆਂ ਦੇ ਸੁਆਲ ਕਰਨ 'ਤੇ, ਕਿ ਜਗਤ ਦੀ ਉਤਪੱਤੀ ਕਿਸ ਕਿਸ ਢੰਗ ਨਾਲ ਹੁੰਦੀ ਹੈ ਅਤੇ ਕਿਹੜੇ ਕਿਹੜੇ ਦੁਖ ਕਾਰਣ ਇਹ ਨਸ਼ਟ ਹੁੰਦਾ ਹੈ, ਗੁਰੂ ਨਾਨਕ ਦੇਵ ਜੀ ਨੇ ਉਤਰ ਦਿੱਤਾ ਕਿ ਹਉਮੈ ਨਾਲ ਜਗਤ ਦੀ ਉਤਪੱਤੀ ਹੁੰਦੀ ਹੈ ਅਤੇ ਨਾਮ ਦੇ ਵਿਸਰਨ ਨਾਲ ਦੁਖ ਸਹਿਣਾ ਪੈਂਦਾ ਹੈ। ਗੁਰਮੁਖ ਵਿਅਕਤੀ ਬ੍ਰਹਮ-ਗਿਆਨ ਦੇ ਤੱਤ੍ਵ ਨੂੰ ਵਿਚਾਰ ਕੇ ਸ਼ਬਦ ਜਾਂ ਨਾਮ ਦੁਆਰਾ ਹਉਮੈ ਨੂੰ ਨਸ਼ਟ ਕਰਨ ਦੇ ਸਮਰਥ ਹੁੰਦਾ ਹੈ— *ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ। ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ।* (ਗੁ.ਗ੍ਰੰ.946)।

ਹਉਮੈ ਜਾਂ ਹੰਕਾਰ ਤੋਂ ਜਗਤ ਦੀ ਉਤਪੱਤੀ ਮੰਨਣ ਵਾਲੀ ਗੱਲ ਪੁਰਾਤਨ ਭਾਰਤੀ ਸਿੱਧਾਂਤ ਉਤੇ ਆਧਾਰਿਤ ਹੈ। ਸਾਂਖ੍ਯ-ਮਤ ਵਾਲੇ ਜਗਤ ਦੇ ਉਤਪੱਤੀ-ਕ੍ਰਮ ਵਿਚ ਪ੍ਰਕ੍ਰਿਤੀ ਤੋਂ ਮਹਤ ਅਤੇ ਮਹਤ ਤੋਂ ਹੰਕਾਰ ਅਤੇ ਫਿਰ ਇਸ ਤੋਂ ਪੰਜ ਗਿਆਨ-ਇੰਦ੍ਰੀਆਂ, ਪੰਜ ਕਰਮ-ਇੰਦ੍ਰੀਆਂ ਅਤੇ ਮਨ ਦੀ ਉਤਪੱਤੀ ਮੰਨਦੇ ਹਨ। ਵੇਦਾਂਤ ਵਾਲੇ ਵੀ ਇਸ ਗੱਲ ਨੂੰ ਸਵੀਕਾਰ ਕਰਕੇ ਚਲਦੇ ਹਨ। ਜਗਤ ਦੀ ਉਤਪੱਤੀ ਸੰਬੰਧੀ 'ਯੋਗ-ਵਾਸਿਸ਼ਠ' ਵੀ ਹੰਕਾਰ ਨੂੰ ਮਹੱਤਵ ਦਿੰਦਾ ਹੈ। ਪਰ ਗੁਰਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਨ ਤਾਂ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਤੱਤ੍ਵ ਮੰਨਿਆ ਗਿਆ ਹੈ ਅਤੇ ਨ ਹੀ ਮਹਤ ਨੂੰ ਕੋਈ ਵਖਰਾ ਸਥਾਨ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਨਾਮ ਦੇ ਵਿਸਰਨ ਨਾਲ ਹਉਮੈ ਦੀ ਉਤਪੱਤੀ ਹੁੰਦੀ ਹੈ। ਗੁਰੂ ਅਮਰਦਾਸ ਜੀ ਨੇ ਨਾਮ ਅਤੇ ਹਉਮੈ ਨੂੰ ਪਰਸਪਰ ਵਿਰੋਧੀ ਮੰਨਿਆ ਹੈ। ਇਨ੍ਹਾਂ ਦਾ ਇਕ ਥਾਂ ਸਮ-ਭਾਵ ਨਾਲ ਟਿਕਣਾ ਸੰਭਵ ਨਹੀਂ ਹੈ— *ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।* (ਗੁ.ਗ੍ਰੰ.560)। ਹਉਮੈ ਕਰਨ ਵਾਲੇ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ, ਪਰ ਜਦੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤਾਂ ਹਉਮੈ ਦੀ ਹੋਂਦ ਮਿਟ ਜਾਂਦੀ ਹੈ— *ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ।* (ਗੁ.ਗ੍ਰੰ.1092)। ਸਪੱਸ਼ਟ ਹੈ ਕਿ ਹਉਮੈ ਦੇ ਮਿਟਣ ਨਾਲ ਹੀ ਵਿਅਕਤੀ ਸੰਸਾਰਿਕ ਪ੍ਰਪੰਚ ਤੋਂ ਛੁਟਕਾਰਾ ਪ੍ਰਾਪਤ ਕਰਕੇ ਪਰਮਾਤਮਾ ਨਾਲ ਅਭੇਦ ਹੁੰਦਾ ਹੈ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਦੀ ਉਤਪੱਤੀ ਹਉਮੈ ਤੋਂ ਇਸ ਲਈ ਮੰਨੀ ਹੈ ਕਿ ਸੰਸਾਰਿਕ ਮਨੁੱਖਾਂ ਦੇ ਸਾਰੇ ਕਾਰਜ ਹਉਮੈ ਨਾਲ ਗ੍ਰਸੇ ਹੋਏ ਹਨ ਜਾਂ ਹਉਮੈ ਤੋਂ ਉਤਪੰਨ ਹੁੰਦੇ ਹਨ। 'ਆਸਾ ਕੀ ਵਾਰ' ਵਿਚ ਉਨ੍ਹਾਂ ਨੇ ਦਸਿਆ ਹੈ ਕਿ ਹਉ ਵਿਚ ਮਨੁੱਖ ਸੰਸਾਰ ਵਿਚ ਜਨਮ ਲੈਂਦਾ ਹੈ, ਉਸੇ ਵਿਚ ਮਰਦਾ ਹੈ, ਉਸ ਵਿਚ ਹੀ ਸੰਸਾਰਿਕ ਕਾਰ-ਵਿਹਾਰ ਚਲਦਾ ਹੈ। ਇਸੇ ਕਰਕੇ ਉਹ ਨਰਕ ਜਾਂ ਸੁਅਰਗ ਦਾ ਭਾਗੀ ਬਣਦਾ ਹੈ। ਇਹੀ ਉਸ ਦੇ ਸੁਖ-ਦੁਖ ਦਾ ਕਾਰਣ ਹੈ, ਜਿਸ ਕਰਕੇ ਉਹ ਮੋਖ ਜਾਂ ਮੁਕਤੀ ਦੀ ਸਾਰ ਤਕ ਜਾਣਨ ਵਿਚ ਅਸਮਰਥ ਹੈ। ਫਲਸਰੂਪ ਮਨੁੱਖ ਜਨਮ ਮਰਨ ਦੇ ਚੱਕਰ ਵਿਚ ਪੈਂਦਾ ਹੈ। ਇਨ੍ਹਾਂ ਚੱਕਰਾਂ ਵਿਚ ਪੈਣ ਜਾਂ ਆਵਾਗਵਣ ਦੀ ਮਾਨਤਾ ਦੇ ਮੂਲ ਵਿਚ ਇਹ ਹਉਮੈ ਹੀ ਮੁੱਖ ਆਧਾਰ ਹੈ। ਜਦ ਤਕ ਇਸ ਹਉਮੈ ਦੇ ਵਾਸਤਵਿਕ ਸਰੂਪ ਨੂੰ ਸਮਝ ਕੇ ਇਸ ਦਾ ਤਿਆਗ ਨਹੀਂ ਕੀਤਾ ਜਾਂਦਾ, ਤਦ ਤਕ ਪਰਮਾਤਮਾ ਦੇ ਦੁਆਰ ਦਾ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ— *ਹਉਮੈ ਬੂਝੈ ਤਾ ਦਰੁ ਸੂਝੈ। ਗਿਆਨ ਵਿਹੂਣਾ ਕਥਿ ਕਥਿ ਲੂਝੈ।* (ਗੁ.ਗ੍ਰੰ.466)।

ਸਪੱਸ਼ਟ ਹੈ ਕਿ 'ਹਉਮੈ' ਹੀ ਸੰਸਾਰ ਦੀ ਉਤਪੱਤੀ ਦਾ ਕਾਰਣ ਹੈ, ਕਿਉਂਕਿ ਕਰਮ-ਫਲਾਂ ਦਾ ਭੋਗ ਕਰਾਉਣ ਲਈ ਹੀ ਆਵਾਗਵਣ ਦਾ ਚੱਕਰ ਚਲਦਾ ਹੈ ਅਤੇ ਇਕ ਤੋਂ ਬਾਦ ਦੂਜੇ ਜਨਮ ਦੀ ਸੰਗਲੀ ਤੁਰੀ ਚਲੀ ਜਾਂਦੀ ਹੈ। ਡਾ. ਸ਼ੇਰ ਸਿੰਘ ('ਗੁਰਮਤਿ ਦਰਸ਼ਨ') ਦਾ ਵੀ ਮਤ ਹੈ ਕਿ —

"ਹਉਮੈ ਜੀਵਾਤਮਾ ਦੀ ਸੰਸਾਰੀ ਯਾਤ੍ਰਾ ਦਾ ਨਿਰੋਲ ਕਾਰਣ ਹੈ। ਰਜੋ, ਤਮੋ, ਸਤੋ ਦੇ ਬੇਅੰਤ ਪ੍ਰਕਾਰ ਦੇ ਮੇਲ ਕਰਕੇ ਅਨੇਕ ਤਰ੍ਹਾਂ ਦੀ ਰਚਨਾ ਬਣਦੀ ਰਹਿੰਦੀ ਹੈ। ਅਨੇਕ ਤਰ੍ਹਾਂ ਦੇ ਜੀਵ ਹੋਂਦ ਵਿਚ ਆਉਂਦੇ ਰਹਿੰਦੇ ਹਨ। ਅਨੇਕ ਤਰ੍ਹਾਂ ਦੇ ਕਰਮ ਹਉਮੈ ਦੇ ਅਸਰ ਹੇਠ ਕਮਾਉਂਦੇ ਹਨ। ਇਨ੍ਹਾਂ ਕਰਮਾਂ ਦੇ ਅਸਰ ਅਤੇ ਸੰਸਕਾਰ ਜੀਵਾਤਮਾ ਨੂੰ ਸੂਖਮ ਸ਼ਰੀਰ ਦੇ ਰੂਪ ਵਿਚ ਸਦਾ ਹੀ ਚੰਬੜੇ ਰਹਿੰਦੇ ਹਨ। ਇਸ ਤਰ੍ਹਾਂ ਭਿੰਨ ਭਿੰਨ ਜੂਨੀਆਂ ਵਿਚ ਇਕੋ ਆਤਮਾ ਜਨਮ ਲੈਂਦੀ ਰਹਿੰਦੀ ਹੈ, ਉਹੋ ਆਪਾ ਸਦਾ ਜਾਰੀ ਰਹਿੰਦਾ ਹੈ।"

ਫ਼ਲਸਫ਼ੇ ਦੀ ਭਾਸ਼ਾ ਵਿਚ ਹਉਮੈ ਇਕ ਮਨੋ-ਵ੍ਰਿਤੀ ਜਾਂ ਮਨੋ-ਵਿਕਾਰ ਹੈ, ਜੋ ਕਾਮ, ਕ੍ਰੋਧ, ਲੋਭ, ਮੋਹ ਦੇ ਨਾਲ ਮਿਲ ਕੇ ਆਉਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਨੂੰ 'ਪੰਜ-ਚੋਰ' ਤਕ ਕਿਹਾ ਗਿਆ ਹੈ, ਕਿਉਂਕਿ ਇਹ ਮਨੁੱਖ ਦੀਆਂ ਚੰਗੀਆਂ ਵ੍ਰਿਤੀਆਂ ਨੂੰ ਬਦਲ ਕੇ ਉਸ ਨੂੰ ਦੁਰ-ਵ੍ਰਿਤੀਆਂ ਵਲ ਪ੍ਰੇਰਿਤ ਕਰ ਦਿੰਦੇ ਹਨ। ਇਨ੍ਹਾਂ ਮਨੋ-ਵਿਕਾਰਾਂ ਵਿਚੋਂ ਵੀ ਹਉਮੈ ਦਾ ਪ੍ਰਭਾਵ-ਖੇਤਰ ਬਹੁਤ ਵਿਆਪਕ ਹੈ। ਇਹ ਇਤਨਾ ਸੂਖਮ ਹੈ ਕਿ ਜੇ ਕੋਈ ਹਉਮੈ ਦਾ ਤਿਆਗ ਕਰਕੇ ਇਸ ਦਾ ਇਹਸਾਸ ਵੀ ਕਰੇ ਤਾਂ ਹਉਮੈ ਪ੍ਰਗਟ ਹੋ ਜਾਂਦੀ ਹੈ। ਹਉਮੈ ਵਿਚ ਕੀਤੇ ਕਰਮ ਹੀ ਜਨਮ-ਮਰਨ ਦੀ ਗਤੀ ਨੂੰ ਚਲਾਈ ਰਖਦੇ ਹਨ। ਇਸ ਲਈ ਜਗਤ ਦੀ ਉਤਪੱਤੀ ਅਤੇ ਜਗਤ ਦੀ ਹੋਂਦ ਨੂੰ ਬਣਾਈ ਰਖਣ ਵਿਚ ਹਉਮੈ ਅਤੇ ਉਸ ਦੇ ਪ੍ਰਭਾਵ ਅਧੀਨ ਕੀਤੇ ਕਰਮ ਮੂਲ ਕਾਰਣ ਹਨ।

ਉਪਰਕੋਤ ਵਿਚਾਰ ਤੋਂ ਇਹ ਗੱਲ ਉਘੜਦੀ ਹੈ ਕਿ ਹਉਮੈ ਬਹੁਤ ਭਿਆਨਕ ਅਤੇ ਭੈੜਾ ਰੋਗ ਹੈ, ਇਸ ਨੂੰ 'ਦੀਰਘ-ਰੋਗ' ਵੀ ਕਿਹਾ ਗਿਆ ਹੈ—*ਹਉਮੈ ਦੀਰਘ ਰੋਗੁ ਹੈ*। ਇਸ ਤੋਂ ਪੈਦਾ ਹੋਣ ਵਾਲੇ ਦੁਖ ਦਾ ਹਰ ਪਾਸੇ ਪਸਾਰਾ ਹੈ। ਇਸ ਦੇ ਅਗੋਂ ਕਈ ਭੇਦ-ਉਪਭੇਦ ਹਨ, ਜਿਨ੍ਹਾਂ ਬਾਰੇ ਨਿਸਚੇ ਨਾਲ ਕੁਝ ਕਹਿ ਸਕਣਾ ਭਾਵੇਂ ਸੰਭਵ ਨਹੀਂ, ਪਰ ਇਤਨਾ ਸਾਫ਼ ਹੈ ਕਿ ਮਨੁੱਖ ਦੀਆਂ ਸਾਰੀਆਂ ਵਾਸਨਾਵਾਂ ਹਉਮੈ ਹੀ ਪ੍ਰੇਰਿਤ ਹੁੰਦੀਆਂ ਹਨ, ਇਸ ਲਈ ਵਾਸਨਾਵਾਂ ਦੀ ਅਨੰਤਤਾ ਵਾਂਗ ਹੀ ਹਉਮੈ ਦੇ ਭੇਦ ਵੀ ਅਨੰਤ ਹਨ।

ਹਉਮੈ ਦੇ ਸਿੱਟੇ ਅਤੇ ਪ੍ਰਭਾਵ ਵੀ ਬਹੁਤ ਭੈੜੇ ਹਨ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਹਉਮੈ ਤੋਂ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਮਨਮਤ ਜਾਂ ਹਉਮੈ ਝੂਠੀ ਅਤੇ ਮਿਥਿਆ ਹੈ। ਵਾਸਤਵਿਕ ਸਤਿ ਕੇਵਲ ਪਰਮਾਤਮਾ ਹੈ। ਜੋ ਵਿਅਕਤੀ ਹਉਮੈ ਕਾਰਣ ਆਪਣੀ ਸੁਤੰਤਰ ਸੱਤਾ ਮੰਨਣ ਲਗਦੇ ਹਨ, ਉਹ ਦ੍ਵੈਤ ਭਾਵ ਕਰਕੇ ਨਸ਼ਟ ਹੁੰਦੇ ਹਨ। ਇਸ ਸੰਸਾਰ ਵਿਚ ਹਉਮੈ ਤੋਂ ਮੁਕਤ ਹੋ ਕੇ ਵਾਸਤਵਿਕ ਸਾਧਨਾ ਉਹੀ ਕਰ ਸਕਦਾ ਹੈ, ਜਿਸ ਦੇ ਭਾਗਾਂ ਵਿਚ ਅਜਿਹਾ ਲਿਖਿਆ ਗਿਆ ਹੈ— *ਹਉਮੈ ਕਰਤਿਆ ਨਹ ਸੁਖੁ ਹੋਇ। ਮਨਮਤਿ ਝੂਠੀ ਸਚਾ ਸੋਇ। ਸਗਲ ਬਿਗੂਤੇ ਭਾਵੈ ਦੋਇ। ਸੋ ਕਮਾਵੈ ਧੁਰਿ ਲਿਖਿਆ ਹੋਇ।* (ਗੁ.ਗ੍ਰੰ.222)।

ਹਉਮੈ ਦਾ ਸਿੱਟਾ ਬੰਧਨ ਹੈ— *ਹਉਮੈ ਬੰਧਨ ਬੰਧਿ ਭਵਾਵੈ।* (ਗੁ.ਗ੍ਰੰ.227)। ਇਸ ਲਈ ਹਉਮੈ ਨੂੰ ਨਸ਼ਟ ਕਰਨਾ ਮਨੁੱਖ ਲਈ ਬੜਾ ਜ਼ਰੂਰੀ ਹੈ। ਇਹ ਇਕ ਅਸਾਧ ਰੋਗ ਹੈ, ਪਰ ਅਧਿਆਤਮਿਕ ਸਾਧਕ ਜਾਂ ਸੱਚੇ ਸਰੂਪ ਵਾਲੇ ਮਨੁੱਖ ਲਈ ਹਉਮੈ ਦੀ ਬਿਰਤੀ ਨੂੰ ਮਾਰਨਾ, ਇਸ ਨੂੰ ਪ੍ਰਕਾਸ਼ਮਈ ਮਨ ਦੇ ਅਧੀਨ ਕਰਨਾ ਬੜਾ ਜ਼ਰੂਰੀ ਹੈ, ਕਿਉਂਕਿ ਅਜਿਹਾ ਕੀਤੇ ਬਿਨਾ ਵਾਸਤਵਿਕ ਗਿਆਨ ਜਾਂ ਬ੍ਰਹਮ-ਗਿਆਨ ਦੀ ਪ੍ਰਾਪਤੀ ਸੰਭਵ ਨਹੀਂ। ਗੁਰੂ ਨਾਨਕ ਦੇਵ ਜੀ ਨੇ ਹਉਮੈ ਨੂੰ ਮਾਰਨ ਦੇ ਉਪਾਵਾਂ ਵਿਚੋਂ ਸਭ ਤੋਂ ਪਹਿਲਾ ਸਥਾਨ ਪਰਮਾਤਮਾ ਦੀ ਕਿਰਪਾ ਨੂੰ ਦਿੱਤਾ ਹੈ— *ਜਾ ਹਰਿ ਪ੍ਰਭਿ ਕਿਰਪਾ ਧਾਰੀ। ਤਾ ਹਉਮੈ ਵਿਚਹੁ ਮਾਰੀ।* (ਗੁ.ਗ੍ਰੰ.879)। ਈਸ਼ਵਰੀ ਕਿਰਪਾ ਨਾਲ ਹੀ ਗੁਰੂ ਦਾ ਮੇਲ ਹੁੰਦਾ ਹੈ, ਜੋ ਹਉਮੈ ਨੂੰ ਨਸ਼ਟ ਕਰਨ ਵਿਚ ਸਹਾਇਕ ਦਾ ਰੋਲ ਅਦਾ ਕਰਦਾ ਹੈ। ਹਉਮੈ ਦੇ ਵਿਨਾਸ਼ ਵਿਚ ਗੁਰੂ-ਸ਼ਬਦ (ਗੁਰੂ-ਉਪਦੇਸ਼) ਦੀ ਵੀ ਬਹੁਤ ਦੇਣ ਹੈ— *ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ।* (ਗੁ.ਗ੍ਰੰ. 1009-10)।

ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਜੋ ਮਾਰ ਲੈਂਦਾ ਹੈ, ਉਹ ਫਿਰ ਦੂਜੀ ਵਾਰ ਨਹੀਂ ਮਰਦਾ। ਕਿਉਂਕਿ ਗੁਰੂ ਦੀ ਮਤ ਦੁਆਰਾ ਪਰਮਾਤਮਾ ਮਨ ਵਿਚ ਆ ਵਸਦਾ ਹੈ, ਜਿਸ ਕਰਕੇ ਪ੍ਰਾਣੀ ਆਪਣੀ ਸੰਪੂਰਣ ਕੁਲ ਦਾ ਉੱਧਾਰ ਕਰਨ ਦੇ ਯੋਗ ਹੋ ਜਾਂਦਾ ਹੈ— *ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ। ਗੁਰ ਕੈ ਸਬਦੇ ਜੋ ਮਰੈ ਫਿਰਿ ਮਰੈ ਨ ਦੂਜੀ ਵਾਰ। ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ।* (ਗੁ.ਗ੍ਰੰ.1009)। ਜੋ ਲੋਗ ਮਨ ਵਿਚ ਹਉਮੈ ਨੂੰ ਰਖਦੇ ਹੋਇਆਂ ਹਰਿ-ਭਗਤੀ ਕਰਦੇ ਹਨ, ਉਹ ਹਰਿ-ਭਗਤੀ ਵਿਚ ਭਿਜ ਨਹੀਂ ਸਕਦੇ, ਉਨ੍ਹਾਂ ਨੂੰ ਅਧਿਆਤਮਿਕ ਆਨੰਦ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਹਉਮੈ ਵਿਚ ਕੀਤੀ ਹੋਈ ਭਗਤੀ ਵਿਅਰਥ ਹੈ— *ਹਉਮੈ ਭਗਤਿ ਕਰੇ ਸਭੁ ਕੋਇ। ਨਾ ਮਨੁ*

*ਭੀਜੈ ਨਾ ਸੁਖੁ ਹੋਇ। ਕਹਿ ਕਹਿ ਕਹਣੁ ਆਪੁ ਜਾਣਾਏ । ਬਿਰਥੀ ਭਗਤਿ ਸਭੁ ਜਨਮੁ ਗਵਾਏ।* (ਗੁ.ਗ੍ਰੰ.1278)

'ਸਹਸਕ੍ਰਿਤੀ ਸਲੋਕ' ਪ੍ਰਕਰਣ ਵਿਚ ਅਹੰਕਾਰ ਨੂੰ ਸੰਬੋਧਨ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਹੇ ਜਨਮ-ਮਰਨ ਦੇ ਚੱਕਰ ਦੇ ਮੂਲ ਕਾਰਣ ਸਰੂਪ ਪਾਪਾਤਮਾ ! ਤੂੰ ਮਿਤਰਾਂ ਤੋਂ ਨਿਖੇੜਦਾ ਹੈਂ ਅਤੇ ਵੈਰੀਆਂ ਨੂੰ ਹੋਰ ਪੱਕਾ ਕਰਦਾ ਹੈਂ ਅਤੇ ਮਾਇਆ-ਜਾਲ ਵਿਚ ਉਲਝਾ ਦਿੰਦਾ ਹੈ। ਇਨ੍ਹਾਂ ਅਸਾਧ ਰੋਗਾਂ ਤੋਂ ਕੇਵਲ ਪਾਰਬ੍ਰਹਮ ਹੀ ਮੁਕਤ ਕਰਾ ਸਕਦਾ ਹੈ— *ਹੇ ਜਨਮ ਮਰਣੰ ਮੂਲੰ ਅਹੰਕਾਰੰ ਪਾਪਾਤਮਾ।....* (ਗੁ.ਗ੍ਰੰ.1358)

ਸਾਰਾਂਸ ਇਹ ਕਿ ਮਨੁੱਖ ਨੂੰ ਮਾਇਕ ਪ੍ਰਪੰਚ ਵਿਚ ਉਲਝਾਉਣ ਵਾਲੀ ਸਰਬ ਪ੍ਰਮੁਖ ਬਿਰਤੀ ਹਉਮੈ ਹੈ। ਇਸ ਦਾ ਦਮਨ ਬਹੁਤ ਜ਼ਰੂਰੀ ਹੈ। ਹਉਮੈ ਨੂੰ ਤਿਆਗਣ ਨਾਲ ਜਿਥੇ ਮਨੁੱਖ ਆਪਣਾ ਅਧਿਆਤਮਿਕ ਭਵਿਖ ਉਜਲਾ ਕਰਦਾ ਹੈ, ਉਥੇ ਨਾਲ ਹੀ ਇਕ ਚੰਗਾ ਮਨੁੱਖ ਵੀ ਬਣਦਾ ਹੈ। ਇਕ ਚੰਗਾ ਮਨੁੱਖ ਵਾਤਾਵਰਣ ਉਤੇ ਚੰਗਾ ਅਸਰ ਪਾਉਂਦਾ ਹੈ। ਉਹ ਹੋਰਨਾਂ ਨੂੰ ਚੰਗਾ ਬਣਨ ਦੀ ਪ੍ਰੇਰਣਾ ਦਿੰਦਾ ਹੈ ਅਤੇ ਇਸ ਤਰ੍ਹਾਂ ਇਕ ਚੰਗੇ ਸਮਾਜ ਦਾ ਵਿਕਾਸ ਹੁੰਦਾ ਹੈ। ਇਹੀ ਮਨੁੱਖ ਦੀ ਵਿਵਹਾਰਿਕ ਸ੍ਰੇਸ਼ਠਤਾ ਹੈ, ਜਿਸ ਨੂੰ ਗ੍ਰਹਿਣ ਕਰਨ ਨਾਲ ਹੀ ਸੱਚਾ ਮਨੁੱਖ ਬਣਿਆ ਜਾ ਸਕਦਾ ਹੈ।

**ਹਸਨ ਅਬਦਾਲ** (ਕਸਬਾ): ਵੇਖੋ 'ਪੰਜਾ ਸਾਹਿਬ'।

**ਹਸਨਪੁਰ-ਕਬੂਲਪੁਰ** (ਪਿੰਡ): ਇਹ ਅਸਲ ਵਿਚ ਦੋਹਾਂ ਪਿੰਡਾਂ ਦਾ ਜੁੜਵਾਂ ਨਾਂ ਹੈ। ਇਹ ਪਿੰਡ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਨਗਰ ਤੋਂ ਦੱਖਣ-ਪੂਰਬ ਦਿਸ਼ਾ ਵਲ ਲਗਭਗ 15 ਕਿ.ਮੀ. ਦੇ ਵਿਥ ਉਤੇ ਹਨ। ਇਨ੍ਹਾਂ ਪਿੰਡਾਂ ਨੂੰ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੀ ਚਰਣ-ਛੋਹ ਪ੍ਰਾਪਤ ਹੋਈ ਸੀ। ਗੁਰੂ ਸਾਹਿਬ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕਰਦਿਆਂ ਇਥੇ ਤਿੰਨ ਦਿਨ ਠਹਿਰੇ ਸਨ। ਇਥੋਂ ਦੇ ਦੋ ਸ਼ੇਖਾਂ—ਅਜ਼ਮਤ ਅਤੇ ਬਾਹਰਾ—ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮਨਾਮਾ ਬਖ਼ਸ਼ਿਆ।

ਸੰਨ 1670 ਈ. ਵਿਚ ਬਾਲਕ (ਗੁਰੂ) ਗੋਬਿੰਦ ਸਿੰਘ ਜੀ ਵੀ ਲਖਨੌਰ ਤੋਂ ਆ ਕੇ ਕੁਝ ਸਮੇਂ ਲਈ ਇਥੇ ਰੁਕੇ ਸਨ। ਦੋਹਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਸੰਨ 1918 ਈ. ਵਿਚ ਇਥੇ 'ਗੁਰਦੁਆਰਾ ਪਾਤਿਸ਼ਾਹੀ ਨੌਵੀਂ ਅਤੇ ਦਸਮੀ' ਬਣਾਇਆ ਗਿਆ ਸੀ। ਬਾਦ ਵਿਚ ਉਸ ਨੂੰ ਹੋਰ ਵਿਕਸਿਤ ਵੀ ਕੀਤਾ ਗਿਆ ਹੈ। ਇਸ ਦੀ ਵਿਵਸਥਾ ਦੋਹਾਂ ਪਿੰਡਾਂ ਦੀ ਸਾਂਝੀ ਕਮੇਟੀ ਕਰਦੀ ਹੈ।

**ਹਸੂ ਲੁਹਾਰ** : ਗੁਰੂ ਨਾਨਕ ਦੇਵ ਜੀ ਦਾ ਇਕ ਸਾਥੀ ਜੋ ਉਦਾਸੀਆਂ ਵੇਲੇ ਕਈ ਵਾਰ ਨਾਲ ਜਾਂਦਾ ਹੁੰਦਾ ਸੀ। ਇਹ ਜਾਤਿ ਦਾ ਲੁਹਾਰ ਸੀ ਅਤੇ ਗੁਰੂ ਜੀ ਦੀ ਬਾਣੀ ਨੂੰ ਨਾਲ ਨਾਲ ਲਿਖਦਾ ਜਾਂਦਾ ਸੀ। 'ਪੁਰਾਤਨ ਜਨਮਸਾਖੀ' ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਉੱਤਰ-ਖੰਡ ਦੀ ਉਦਾਸੀ ਉਤੇ ਗਏ ਤਾਂ ਕਸ਼ਮੀਰ ਦੀ ਯਾਤ੍ਰਾ ਵੇਲੇ ਪੰਡਿਤ ਬ੍ਰਹਮਦਾਸ ਪ੍ਰਤਿ ਜੋ ਬਾਣੀ ਉਚਾਰੀ ਉਸ ਨੂੰ ਸੀਹੇ ਛੀਬੇ ਨਾਲ ਰਲ ਕੇ ਹਸੂ ਲੁਹਾਰ ਨੇ ਲਿਖੀ—*ਤਤੁ ਬਾਣੀ ਹਸੂ ਲੁਹਾਰ ਅਤੇ ਸੀਹੇ ਛੀਬੈ ਲਿਖੀ।*

**ਹਕੀਕਤ ਰਾਇ, ਸ਼ਹੀਦ** (1716-1744 ਈ.) : ਆਪਣੇ ਧਰਮ ਨੂੰ ਨ ਛਡਣ ਕਾਰਣ ਸ਼ਹੀਦ ਹੋਣ ਵਾਲੇ ਹਕੀਕਤ ਰਾਇ ਦਾ ਜਨਮ ਸਿਆਲਕੋਟ ਵਿਚ ਸੰਨ 1716 ਈ. (ਕਤਕ ਵਦੀ 2, ਸੰ. 1773 ਬਿ.) ਵਿਚ ਹੋਇਆ। ਇਸ ਦੇ ਬਜ਼ੁਰਗ ਕਸੂਰ ਦੇ ਪੁਰੀ ਖਤ੍ਰੀ ਸਨ ਜੋ ਉਥੋਂ ਸਿਆਲਕੋਟ ਜਾ ਵਸੇ ਸਨ। ਇਸ ਦਾ ਦਾਦਾ ਨੰਦ ਲਾਲ ਸੱਤਵੇਂ ਗੁਰੂ ਹਰਿ ਰਾਇ ਜੀ ਦਾ ਸਿੱਖ ਸੀ। ਉਸ ਦੇ ਘਰ ਦੋ ਪੁੱਤਰ ਪੈਦਾ ਹੋਏ ਜਿਨ੍ਹਾਂ ਦੇ ਨਾਂ ਭਾਗ ਮੱਲ ਅਤੇ ਬਾਘ (ਬਾਗ਼) ਮੱਲ ਸਨ। ਕੁਝ ਇਤਿਹਾਸਕਾਰਾਂ ਨੇ ਤੀਜੇ ਪੁੱਤਰ—ਮੰਗਲ ਸੈਨ—ਦਾ ਨਾਂ ਵੀ ਗਿਣਾਇਆ ਹੈ। ਇਨ੍ਹਾਂ ਦੋਹਾਂ ਦਾ ਵਿਆਹ ਭਾਈ ਕਨ੍ਹੀਆ ਦੀਆਂ ਦੋ ਪੋਤਰੀਆਂ ਅਤੇ ਭਾਈ ਲੱਛੀ ਰਾਮ ਸਿੰਘ ਦੀਆਂ ਪੁੱਤਰੀਆਂ, ਕ੍ਰਮਵਾਰ ਗੌਰਾਂ ਅਤੇ ਕੌਰਾਂ, ਨਾਲ ਹੋਇਆ। ਹਕੀਕਤ ਰਾਇ ਦਾ ਜਨਮ ਬਾਘ ਮੱਲ ਦੇ ਘਰ ਬੀਬੀ ਕੌਰਾਂ ਦੀ ਕੁੱਖੋਂ ਹੋਇਆ। ਦਸ ਸਾਲ ਦੀ ਉਮਰ ਵਿਚ ਇਸ ਦਾ ਵਿਆਹ ਬਟਾਲੇ ਦੇ ਨਿਵਾਸੀ ਭਾਈ ਕ੍ਰਿਸ਼ਨ ਸਿੰਘ ਉਪਲ ਦੀ ਪੁੱਤਰੀ ਬੀਬੀ ਨੰਦੀ ਜਾਂ ਨੰਦ ਕੌਰ ਨਾਲ ਹੋਇਆ। ਉਸ ਨੂੰ ਹਕੀਕਤ ਰਾਇ ਦੀ ਸ਼ਹਾਦਤ ਤੋਂ ਬਾਦ ਦੁਰਗਾ ਦਾ ਅਵਤਾਰ ਸਮਝਿਆ ਜਾਣ ਲਗਿਆ। ਇਸ ਕਰਕੇ ਉਸ ਦਾ ਇਕ ਨਾਮਾਂਤਰ 'ਦੁਰਗਾ ਦੇਵੀ' ਵੀ ਪ੍ਰਸਿੱਧ ਹੋਇਆ।

ਹਕੀਕਤ ਰਾਇ ਸਿਆਲਕੋਟ ਦੀ ਇਕ ਮਸੀਤ ਵਿਚ ਪੜ੍ਹਿਆ ਕਰਦਾ ਸੀ। ਇਕ ਵਾਰ ਕਿਸੇ ਮੁਸਲਮਾਨ

ਬਾਲਕ ਦੁਆਰਾ ਦੁਰਗਾ ਦੇਵੀ ਪ੍ਰਤਿ ਅਪਮਾਨਜਨਕ ਸ਼ਬਦ ਕਹਿਣ ਤੇ ਹਕੀਕਤ ਰਾਇ ਨੇ ਵਿਰੋਧ ਕੀਤਾ ਅਤੇ ਕਿਹਾ ਕਿ ਜੇ ਅਜਿਹੇ ਸ਼ਬਦ ਬੀਬੀ ਫ਼ਾਤਿਮਾ (ਹਜ਼ਰਤ ਮੁਹੰਮਦ ਦੀ ਪੁੱਤਰੀ) ਪ੍ਰਤਿ ਕਹੇ ਜਾਣ ਤਾਂ ਉਦੋਂ ਮੁਸਲਮਾਨ ਬਾਲਕਾਂ ਨੂੰ ਕਿਹੋ ਜਿਹਾ ਲਗੇਗਾ। ਆਪਸ ਵਿਚ ਗਰਮਾ-ਗਰਮੀ ਹੋਣ ਕਾਰਣ ਮਾਮਲਾ ਕਾਜ਼ੀ ਪਾਸ ਪੇਸ਼ ਹੋਇਆ। ਉਸ ਨੇ ਹਕੀਕਤ ਰਾਇ ਦੇ ਬੋਲਾਂ ਨੂੰ ਇਸਲਾਮ ਦਾ ਅਪਮਾਨ ਮੰਨ ਕੇ ਸਾਰਾ ਮਾਮਲਾ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਂ ਸਾਹਮਣੇ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਜ਼ਕਰੀਆ ਖ਼ਾਂ ਨੇ ਹਕੀਕਤ ਰਾਇ ਨੂੰ ਮੌਤ ਦੀ ਸਜ਼ਾ ਪ੍ਰਵਾਨ ਕਰਨ ਅਥਵਾ ਮੁਸਲਮਾਨ ਬਣਨ ਲਈ ਕਿਹਾ। ਹਕੀਕਤ ਰਾਇ ਨੇ ਸਜ਼ਾਏ-ਮੌਤ ਨੂੰ ਸਵੀਕਾਰ ਕੀਤਾ। ਸਿੱਟੇ ਵਜੋਂ ਇਸ ਨੂੰ ਲਾਹੌਰ ਦੇ ਨਖ਼ਾਸ ਬਾਜ਼ਾਰ ਵਿਚ ਕਤਲ ਕੀਤਾ ਗਿਆ। ਇਸ ਦਾ ਦਾਹ-ਸੰਸਕਾਰ ਕੋਟ ਖ਼੍ਵਾਜਾ ਸੱਯਦ ਦੇ ਪੂਰਵ ਵਲ ਬਾਗ਼-ਬਾਨਪੁਰਾ ਤੋਂ ਲਗਭਗ ਦੋ ਕਿ.ਮੀ. ਦੀ ਦੂਰੀ ਉਤੇ ਕੀਤਾ ਗਿਆ। ਇਹ ਘਟਨਾ ਮਹਾਨ ਕੋਸ਼ਕਾਰ ਅਨੁਸਾਰ ਸੰਨ 1841 ਈ. (ਮਾਘ ਸੁਦੀ 5, 1798 ਬਿ.) ਨੂੰ ਹੋਈ ਅਤੇ ਗਿਆਨੀ ਗਰਜਾ ਸਿੰਘ ਅਨੁਸਾਰ ਸੰਮਤ 1801 ਬਿ. (1744 ਈ.) ਵਿਚ ਹੋਈ। ਸਸਕਾਰ ਵਾਲੀ ਥਾਂ 'ਤੇ ਬਾਦ ਵਿਚ ਸਮਾਧ ਉਸਾਰੀ ਗਈ।

ਹਕੀਕਤ ਰਾਇ ਦੀ ਸ਼ਹਾਦਤ ਤੋਂ ਬਾਦ ਇਸ ਦੀ ਮਾਤਾ ਚਿਤਾ ਵਿਚੋਂ ਕੁਝ ਸੁਆਹ ਕਢ ਕੇ ਆਪਣੇ ਨਾਲ ਸਿਆਲਕੋਟ ਲੈ ਗਈ ਅਤੇ ਉਥੇ ਪੁੱਤਰ ਦੀ ਯਾਦ ਵਿਚ ਇਕ ਸਮਾਧ ਬਣਵਾਈ। ਪਾਕਿਸਤਾਨ ਬਣਨ ਤੋਂ ਪਹਿਲਾਂ ਲਾਹੌਰ ਅਤੇ ਸਿਆਲਕੋਟ ਵਾਲੀਆਂ ਸਮਾਧਾਂ 'ਤੇ ਹਰ ਬਸੰਤ-ਪੰਚਮੀ ਨੂੰ ਹਕੀਕਤ ਰਾਇ ਦੀ ਯਾਦ ਵਿਚ ਭਾਰੀ ਇਕੱਠ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਹਕੀਕਤ ਰਾਇ ਦੀ ਸਮਾਧ ਪ੍ਰਤਿ ਬਹੁਤ ਸ਼ਰਧਾ-ਭਾਵ ਰਖਦਾ ਸੀ ਅਤੇ ਕਈ ਵਾਰ ਉਸ ਪਾਸ ਦਰਬਾਰ ਲਗਾਉਂਦਾ ਸੀ।

ਪੰਜਾਬੀ ਵਿਚ ਇਸ ਸਾਕੇ ਸੰਬੰਧੀ ਅਗਰਾ (ਅਗਰਾ ਸਿੰਘ/ਅਗਰਾ ਦਾਸ ?) ਦੀ ਲਿਖੀ ਵਾਰ ਬਹੁਤ ਪ੍ਰਸਿੱਧ ਹੈ। ਇਸ ਵਾਰ ਨੂੰ ਚੌ-ਤੁਕੇ ਬੰਦਾਂ ਅਤੇ ਦਵਈਏ ਛੰਦ ਵਿਚ ਲਿਖਿਆ ਗਿਆ ਹੈ। ਕਾਵਿ-ਪੱਧਰ ਭਾਵੇਂ ਬਹੁਤ ਉੱਚਾ ਨਹੀਂ, ਪਰ ਹਕੀਕਤ ਰਾਇ ਦੀ ਸ਼ਹਾਦਤ ਬਾਰੇ ਮਹੱਤਵਪੂਰਣ ਦਸਤਾਵੇਜ਼ ਹੈ। ਸ਼ਹਾਦਤ ਦੀ ਘਟਨਾ 1744 ਈ. ਵਿਚ ਹੋਈ ਅਤੇ ਇਹ ਵਾਰ ਸੰਨ 1790 ਈ. (1847 ਬਿ.) ਵਿਚ ਲਗਭਗ 56 ਵਰ੍ਹੇ ਬਾਦ ਵਿਚ ਲਿਖੀ ਗਈ। ਇੰਜ ਪ੍ਰਤੀਤ ਹੁੰਦਾ ਹੈ ਕਿ ਸ਼ਹਾਦਤ ਦੀ ਘਟਨਾ ਕਵੀ ਅਗਰਾ ਦੇ ਬਚਪਨ ਵੇਲੇ ਵਾਪਰੀ ਹੋਵੇਗੀ ਅਤੇ ਉਸ ਨੇ ਵੱਡੀ ਉਮਰ ਵਿਚ ਇਸ ਵਾਰ ਦੀ ਰਚਨਾ ਕਰਕੇ ਆਪਣੇ ਸ਼ਰਧਾ ਦੇ ਫੁਲ ਮਹਾ-ਬਲਿਦਾਨੀ ਨੂੰ ਅਰਪੇ ਹੋਣਗੇ। ਮਾਲਵੇ ਦੇ ਕਵੀਸ਼ਰਾਂ ਨੇ ਵੀ ਇਸ ਘਟਨਾ ਬਾਰੇ ਕਈ ਪ੍ਰਸੰਗ ਲਿਖੇ ਹਨ।

**ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ** (ਰਚਨਾ): ਗੁਰੂ ਗ੍ਰੰਥ ਸਾਹਿਬ ਦੀ ਭਾਈ ਬੰਨੋ ਵਾਲੀ ਬੀੜ ਵਿਚ ਦਰਜ ਇਹ ਰਚਨਾ ਗੁਰਬਾਣੀ ਨਹੀਂ ਹੈ। ਪੰਜਾਬੀ ਸਾਧ-ਭਾਖਾ ਵਿਚ ਲਿਖੀ ਲਗਭਗ 200 ਸ਼ਬਦਾਂ ਦੀ ਇਸ ਰਚਨਾ ਵਿਚ ਕਿਸੇ ਨੇ ਰਾਜਾ ਸ਼ਿਵਨਾਭ ਦੇ ਠਿਕਾਣੇ ਉਤੇ ਜਾਣ ਲਈ ਮਾਰਗ-ਦਰਸ਼ਨ ਕੀਤਾ ਹੈ ਕਿ ਜਹਾਜ਼ ਰਾਹੀਂ ਭਾਰਤ ਤੋਂ ਸਿੰਗਲਾਦੀਪ ਕਿਵੇਂ ਜਾਇਆ ਜਾਏ ਅਤੇ ਉਥੇ ਪਹੁੰਚ ਕੇ ਰਾਜੇ ਦਾ ਸਥਾਨ ਕਿਵੇਂ ਲਭਿਆ ਜਾਏ? ਲੇਖਕ ਨੇ ਇਹ ਸਾਰੀ ਜਾਣਕਾਰੀ ਖ਼ੁਦ-ਹੰਡਾਈ ਦਸੀ ਹੈ।

ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ' ਵਿਚ ਇਸ ਰਚਨਾ ਦਾ ਸੰਬੰਧ ਭਾਈ ਪੈੜੇ ਨਾਲ ਜੋੜਦਿਆਂ ਦਸਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੁਆਰਾ 'ਪ੍ਰਾਣਸੰਗਲੀ' ਲਿਆਉਣ ਲਈ ਸਿੰਗਲਾਦੀਪ ਵਲ ਭੇਜੇ ਭਾਈ ਪੈੜੇ ਨੇ ਪਰਤਣ 'ਤੇ ਜੋ ਸਫ਼ਰ ਦਾ ਹਾਲ ਗੁਰੂ ਅਰਜਨ ਦੇਵ ਜੀ ਨੂੰ ਸੁਣਾਇਆ, ਉਸੇ ਨੂੰ ਭਾਈ ਬੰਨੋ ਨੇ ਬੀੜ ਵਿਚ ਲਿਖ ਦਿੱਤਾ।

**ਹਕੀਮਪੁਰ** (ਪਿੰਡ) : ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਬੰਗਾ ਨਗਰ ਦੇ ਦੱਖਣ-ਪੂਰਬ ਵਲ 8 ਕਿ.ਮੀ. ਦੀ ਵਿਥ ਉਤੇ ਸਥਿਤ ਇਕ ਪਿੰਡ ਜਿਸ ਬਾਰੇ ਰਵਾਇਤ ਹੈ ਕਿ ਇਥੇ ਕਿਸੇ ਉਦਾਸੀ ਵੇਲੇ ਗੁਰੂ ਨਾਨਕ ਦੇਵ ਜੀ ਨੇ ਚਰਣ ਪਾਏ ਸਨ। ਉਸ ਤੋਂ ਬਾਦ ਗੁਰੂ ਹਰਿ ਰਾਇ ਸਾਹਿਬ ਵੀ ਕਰਤਾਰਪੁਰ ਤੋਂ ਕੀਰਤਪੁਰ ਜਾਂਦਿਆਂ ਇਸ ਪਿੰਡ ਤੋਂ ਉੱਤਰ ਵਾਲੇ ਪਾਸੇ ਕੁਝ ਦਿਨਾਂ ਲਈ ਰੁਕੇ ਸਨ। ਦੋਹਾਂ ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ-ਧਾਮ ਬਣਵਾਇਆ। ਇਸ ਦੀ ਵਰਤਮਾਨ ਇਮਾਰਤ ਬਾਬਾ ਨਿਹਾਲ ਸਿੰਘ ਹਰੀਆਂਵੇਲਾਂ ਵਾਲੇ ਨੇ ਸੰਨ 1974 ਈ. ਵਿਚ ਬਣਵਾਈ। ਇਸ ਦੇ ਨਾਲ ਸੁੰਦਰ ਸਰੋਵਰ ਵੀ ਬਣਿਆ ਹੋਇਆ ਹੈ। ਇਸ ਵਿਚ ਵਿਸਾਖੀ 'ਤੇ ਕਾਫ਼ੀ ਸੰਗਤ

ਜੁੜਦੀ ਹੈ। ਸਾਲਾਨਾ ਮੇਲਾ ਸਤੰਬਰ ਵਿਚ ਲਗਦਾ ਹੈ। ਇਹ ਗੁਰੂ-ਧਾਮ ਭਾਵੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਹਰੀਆਂਵੇਲਾ ਵਾਲੇ ਨਿਹੰਗ ਸਿੰਘ ਕਰਦੇ ਹਨ।

**ਹਜ਼ਾਰਾ ਸਿੰਘ, ਕਾਮਰੇਡ** (ਮ. 1938 ਈ.) : ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ 'ਭਾਲਰੀ' ਵਿਚ ਸ. ਰਾਜਾ ਸਿੰਘ ਦੇ ਘਰ ਪੈਦਾ ਹੋਇਆ ਹਜ਼ਾਰਾ ਸਿੰਘ ਸ਼ੁਰੂ ਤੋਂ ਹੀ ਅਗਾਂਹਵਧੂ ਵਿਚਾਰਾਂ ਦਾ ਸੀ। ਇਸ ਨੇ ਦੇਸ਼ ਦੀ ਸੁਤੰਤਰਤਾ ਲਈ ਜਦੋ-ਜਹਿਦ ਕਰ ਰਹੀਆਂ ਪਾਰਟੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸੰਨ 1931 ਈ. ਵਿਚ ਇਸ ਨੂੰ ਸਰਕਾਰ ਵਿਰੁੱਧ ਇਕ ਸਾਜ਼ਿਸ਼ ਵਿਚ ਸ਼ਾਮਲ ਹੋਣ ਕਾਰਣ ਅੰਮ੍ਰਿਤਸਰ ਤੋਂ ਪਕੜ ਕੇ ਲਾਹੌਰ ਲਿਆਉਂਦਾ ਗਿਆ। ਕੁਝ ਦਿਨ ਕਿਲ੍ਹੇ ਵਿਚ ਰਖਿਆ ਗਿਆ ਪਰ ਬਾਦ ਵਿਚ ਜੇਲ੍ਹ ਭੇਜ ਦਿੱਤਾ ਗਿਆ। ਉਥੋਂ ਇਹ ਚਾਲਾਕੀ ਨਾਲ ਖਿਸਕ ਆਇਆ ਅਤੇ ਸੁਤੰਤਰਤਾ ਲਈ ਸੰਘਰਸ਼ ਵਿਚ ਪੂਰੀ ਤਰ੍ਹਾਂ ਜੁਟ ਗਿਆ। ਫਿਰ ਇਸ ਨੂੰ ਮਦਰਾਸ-ਊਟੀ ਬੈਂਕ ਦੀ ਸਾਜ਼ਿਸ਼ ਦੇ ਮਾਮਲੇ ਵਿਚ ਪਕੜਿਆ ਗਿਆ। ਮੁਕੱਦਮਾ ਚਲਣ 'ਤੇ ਦਸ ਵਰ੍ਹਿਆਂ ਦੀ ਕੈਦ ਦੀ ਸਜ਼ਾ ਮਿਲੀ ਅਤੇ ਰਾਜਮੁੰਦਰੀ ਜੇਲ੍ਹ ਵਿਚ ਡਕ ਦਿੱਤਾ ਗਿਆ। ਉਥੋਂ ਵੀ ਇਹ ਦੌੜ ਗਿਆ। ਪਰ ਜਲਦੀ ਹੀ ਪਕੜ ਕੇ ਅੰਡੇਮਾਨ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਸੰਨ 1938 ਈ. ਵਿਚ ਕੈਦ ਦੀ ਸਜ਼ਾ ਮੁਕਣ 'ਤੇ ਇਹ ਪੰਜਾਬ ਪਰਤਿਆ। ਇਸ ਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਲੜਨ ਵਾਸਤੇ ਪ੍ਰੇਰਿਆ ਅਤੇ ਹੜਤਾਲਾਂ ਵੀ ਕਰਵਾਈਆਂ। ਇਕ ਦਿਨ ਮਜ਼ਦੂਰਾਂ ਨੂੰ ਕੰਮ ਕਰਨੋਂ ਰੋਕਦਾ ਹੋਇਆ ਇਹ ਪੁਲਿਸ ਦੀ ਕੁਟ-ਮਾਰ ਦਾ ਸ਼ਿਕਾਰ ਹੋਇਆ। ਨਿਰਦਈ ਢੰਗ ਨਾਲ ਕੀਤੀ ਗਈ ਕੁਟ-ਮਾਰ ਨੂੰ ਇਹ ਸਹਾਰ ਨ ਸਕਿਆ ਅਤੇ ਪ੍ਰਾਣ ਤਿਆਗ ਗਿਆ।

**ਹਜ਼ਾਰਾ ਸਿੰਘ, ਗਿਆਨੀ** (1828-1908 ਈ.): ਸਿੰਘ ਸਭਾ ਦੇ ਮੁੱਖ ਸੰਚਾਲਕ ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਦਾ ਜਨਮ ਭਾਈ ਸਾਵਣ ਸਿੰਘ ਦੇ ਘਰ ਸੰਨ 1828 ਈ. ਵਿਚ ਅੰਮ੍ਰਿਸਤਰ ਵਿਚ ਹੋਇਆ। ਇਨ੍ਹਾਂ ਦੇ ਪੂਰਵਜ ਹੜੱਪਾ ਤੋਂ ਅੰਮ੍ਰਿਤਸਰ ਆ ਕੇ ਵਸੇ ਸਨ। ਇਨ੍ਹਾਂ ਦੇ ਪਿਤਾ ਭਾਈ ਸਾਵਣ ਸਿੰਘ ਦਰਬਾਰ ਸਾਹਿਬ ਦੇ ਤੋਸ਼ਾਖ਼ਾਨੇ ਦੀ ਸੇਵਾ ਵਿਚ ਨਿਯੁਕਤ ਸਨ ਅਤੇ ਭਾਈ ਵੀਰ ਸਿੰਘ ਦੇ ਦਾਦਾ ਭਾਈ ਕਾਹਨ ਸਿੰਘ ਨਾਲ ਨਿਕਟੀ ਸੰਬੰਧ ਰਖਦੇ ਸਨ। ਇਹੀ ਸੰਬੰਧ ਸੰਨ 1869 ਈ. ਵਿਚ ਕੁੜਮਾਚਾਰੀ ਵਿਚ ਵਟ ਗਏ, ਕਿਉਂਕਿ ਗਿਆਨੀ ਜੀ ਨੇ ਆਪਣੀ ਪੁੱਤਰੀ ਬੀਬੀ ਉੱਤਮ ਕੌਰ ਦਾ ਵਿਆਹ ਭਾਈ ਕਾਹਨ ਸਿੰਘ ਦੇ ਲੜਕੇ ਡਾ. ਚਰਨ ਸਿੰਘ ਨਾਲ ਕਰ ਦਿੱਤਾ।

ਗਿਆਨੀ ਹਜ਼ਾਰਾ ਸਿੰਘ ਸ਼ੁਰੂ ਤੋਂ ਹੀ ਗੰਭੀਰ ਵਿਚਾਰਵਾਨ ਸਨ। ਗਿਆਨੀ ਸੰਪ੍ਰਦਾਇ ਦੇ ਸੰਤ ਚੰਦਾ ਸਿੰਘ ਦੇ ਸੰਪਰਕ ਵਿਚ ਆਉਣ ਨਾਲ ਇਨ੍ਹਾਂ ਦੀ ਰੁਚੀ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਅਧਿਐਨ ਵਲ ਵਧੀ। ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾਵਾਂ ਦਾ ਇਨ੍ਹਾਂ ਨੇ ਨਿਠ ਕੇ ਅਧਿਐਨ ਕੀਤਾ ਅਤੇ ਬੜੇ ਪ੍ਰਮਾਣਿਕ ਢੰਗ ਨਾਲ ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ ਤਿਆਰ ਕੀਤਾ। ਇਸ ਤੋਂ ਇਲਾਵਾ 'ਗੁਰੂ ਗ੍ਰੰਥ ਕੋਸ਼' ਤਿਆਰ ਕਰਨਾ ਵੀ ਆਰੰਭ ਕੀਤਾ, ਪਰ ਉਸ ਨੂੰ ਅੰਤਿਮ ਰੂਪੀ ਭਾਈ ਵੀਰ ਸਿੰਘ ਹੀ ਦੇ ਸਕੇ। ਆਪ ਦੀ ਵਿਦਵੱਤਾ ਕਰਕੇ ਲੋਕੀਂ ਆਪ ਨੂੰ 'ਪੰਡਿਤ' ਸ਼ਬਦ ਨਾਲ ਸੰਬੋਧਨ ਕਰਦੇ ਸਨ। ਆਪ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਸਰਗਰਮ ਮੈਂਬਰ ਰਹੇ।

ਪੰਡਿਤ ਹਜ਼ਾਰਾ ਸਿੰਘ ਨੇ ਸਕੂਲਾਂ ਵਿਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਪੜ੍ਹਾਉਣ ਲਈ ਨੌਕਰੀ ਵੀ ਕੀਤੀ ਅਤੇ ਬਹੁਤ ਸਾਰੀਆਂ ਪਾਠ-ਪੁਸਤਕਾਂ ਲਿਖ ਕੇ ਵਿਦਿਆਰਥੀਆਂ ਨੂੰ ਗੁਰਮੁਖੀ ਮਾਧਿਅਮ ਰਾਹੀਂ ਤਾਲੀਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਨੇ ਪੰਜਾਬੀ ਵਿਚ ਪੰਜਾਬ ਭੂਗੋਲ, ਭੂਗੋਲ ਦਰਪਣ, ਹਿੰਦੂ ਭੂਗੋਲ ਮੰਜਰੀ, ਪ੍ਰਿਥਮ ਗਣਿਤ, ਹਿੰਦ ਦਾ ਸੁਗਮ ਇਤਿਹਾਸ, ਇਤਿਹਾਸ ਪ੍ਰਸ਼ਨੋਤਰੀ, ਗੁਰਮੁਖੀ ਪ੍ਰਕਾਸ਼ ਆਦਿ ਪੁਸਤਕਾਂ ਲਿਖੀਆਂ। ਲਾਹੌਰ, ਰਾਵਲਪਿੰਡੀ ਅਤੇ ਗੁਜਰਾਂਵਾਲਾ ਜ਼ਿਲ੍ਹਿਆਂ ਦੇ ਭੂਗੋਲ ਵੀ ਲਿਖੇ। ਸ਼ੈਖ਼ ਸਾਅਦੀ ਦੀਆਂ ਰਚਨਾਵਾਂ—ਗੁਲਿਸਤਾਨ ਅਤੇ ਬੋਸਤਾਨ—ਦਾ ਬ੍ਰਜ ਭਾਸ਼ਾ ਵਿਚ ਕਾਵਿ-ਅਨੁਵਾਦ ਕੀਤਾ। ਮਹਾਕਵੀ ਸੰਤੋਖ ਸਿੰਘ ਦੇ ਲਿਖੇ 'ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਸੰਖਿਪਤ ਰੂਪ 'ਸੂਰਜ ਪ੍ਰਕਾਸ਼ ਚਰਵਣਿਕਾ' ਦੇ ਨਾਂ ਅਧੀਨ ਪ੍ਰਕਾਸ਼ਿਤ ਕੀਤਾ। ਇਹ ਇਸਤਰੀ ਵਿਦਿਆ ਦੇ ਵੀ ਬਹੁਤ ਮੁੱਦਈ ਸਨ। ਇਸ ਲਈ ਇਨ੍ਹਾਂ ਨੇ ਨਜ਼ੀਰ ਅਹਿਮਦ ਦੇ ਉਰਦੂ ਵਿਚ ਲਿਖੇ ਨਾਵਲ 'ਮਿਰਾਤੁਲ ਅਰੂਸ' ਦਾ ਪੰਜਾਬੀ ਵਿਚ 'ਦੁਲਹਨ ਦਰਪਨ' ਨਾਂ ਅਧੀਨ ਖੁਲ੍ਹਾ ਅਨੁਵਾਦ ਕੀਤਾ।

ਅੱਸੀ ਵਰ੍ਹਿਆਂ ਦੀ ਲੰਬੀ ਆਯੂ ਭੋਗ ਕੇ ਗਿਆਨੀ ਹਜ਼ਾਰਾ ਸਿੰਘ ਦਾ 27 ਸਤੰਬਰ 1908 ਈ. ਵਿਚ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ।

**ਹਜ਼ੂਰ-ਸਾਹਿਬ** : ਦੱਖਣ ਭਾਰਤ ਦੇ ਆਂਧਰ ਪ੍ਰਦੇਸ਼ ਵਿਚ ਨਾਂਦੇੜ ਸਥਿਤ ਸਿੱਖਾਂ ਦਾ ਚੌਥਾ ਤਖ਼ਤ ਜੋ ਗੋਦਾਵਰੀ ਨਦੀ ਦੇ ਕੰਢੇ ਉਤੇ ਬਣਿਆ ਹੋਇਆ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ 7 ਅਕਤੂਬਰ, 1708 ਈ. (ਕਤਕ ਸੁਦੀ 5, 1765 ਬਿ.) ਨੂੰ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕਰਕੇ ਮਹਾ-ਪ੍ਰਸਥਾਨ ਕੀਤਾ ਸੀ। ਜਿਸ ਥਾਂ ਉਤੇ ਗੁਰੂ ਸਾਹਿਬ ਦਾ ਅੰਗੀਠਾ ਤਿਆਰ ਕੀਤਾ ਗਿਆ, ਉਥੇ ਹੁਣ ਮੁੱਖ ਗੁਰੂ-ਧਾਮ ਬਣਿਆ ਹੋਇਆ ਹੈ, ਉਸ ਨੂੰ 'ਤਖ਼ਤ ਸਾਹਿਬ' ਵੀ ਕਿਹਾ ਜਾਂਦਾ ਹੈ। ਅੰਗੀਠੇ ਵਾਲੀ ਥਾਂ ਉਤੇ ਬਣੇ ਅੰਦਰਲੇ ਕਮਰੇ ਵਿਚ ਕਈ ਇਤਿਹਾਸਿਕ ਸ਼ਸਤ੍ਰ ਪਏ ਹੋਏ ਹਨ ਜਿਨ੍ਹਾਂ ਦੇ ਦਰਸ਼ਨ ਹਰ ਰੋਜ਼ 'ਰਹਿਰਾਸ' ਤੋਂ ਬਾਦ ਕਰਵਾਏ ਜਾਂਦੇ ਹਨ।

ਪ੍ਰੇਮੀ ਸ਼ਰਧਾਲੂਆਂ ਨੇ ਰਾਗ ਸੂਹੀ ਛੰਦ ਮਹਲਾ ੫ ਦੀ ਇਕ ਤੁਕ (*ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ*) ਵਿਚ 'ਅਬਿਚਲ ਨਗਰੁ' ਦੇ ਅਨੁਕਰਣ 'ਤੇ ਇਸ ਗੁਰੂ-ਧਾਮ ਦਾ ਨਾਂ 'ਅਬਿਚਲ ਨਗਰ' ਪ੍ਰਸਿੱਧ ਕੀਤਾ ਹੈ, ਪਰ ਆਮ ਤੌਰ 'ਤੇ ਇਸ ਨੂੰ 'ਹਜ਼ੂਰ ਸਾਹਿਬ' ਕਿਹਾ ਜਾਂਦਾ ਹੈ। ਕਈ ਪ੍ਰੇਮੀ ਇਸ ਤੋਂ ਪਹਿਲਾਂ 'ਸਚਖੰਡ' ਪਦ ਵੀ ਜੋੜ ਦਿੰਦੇ ਹਨ— *ਸਚਖੰਡ ਹਜ਼ੂਰ ਸਾਹਿਬ।*

ਨਾਂਦੇੜ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਦਸ ਗੁਰਦੁਆਰੇ ਹਨ, ਜਿਵੇਂ ਸ਼ਿਕਾਰ-ਘਾਟ, ਸੰਗਤ-ਸਾਹਿਬ, ਹੀਰਾ-ਘਾਟ, ਨਗੀਨਾ-ਘਾਟ, ਬੰਦਾ-ਸਥਾਨ, ਮਾਲਟੇਕਰੀ ਅਤੇ ਮਾਤਾ ਸਾਹਿਬ ਦੇਵਾਂ ਦਾ ਸਥਾਨ, ਆਦਿ। ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਲੰਗਰ ਸਾਹਿਬ ਦੀ ਵੀ ਬਹੁਤ ਮਾਨਤਾ ਹੈ। ਤਖ਼ਤ-ਸਾਹਿਬ ਦੇ ਪਰਿਸਰ ਵਿਚ ਮਾਈ ਭਾਗੋ ਦਾ ਬੁੰਗਾ ਅਤੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦਾ ਅੰਗੀਠਾ ਵੀ ਹੈ। ਤਖ਼ਤ-ਸਾਹਿਬ ਉਤੇ ਵਿਸਾਖੀ, ਦੀਵਾਲੀ, ਹੋਲਾ-ਮਹੱਲਾ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਤੇ ਜੋਤੀ-ਜੋਤਿ ਸਮਾਉਣ ਦੇ ਦਿਨ, ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਗੁਰਿਆਈ-ਦਿਨ ਬੜੀ ਸ਼ਰਧਾ ਅਤੇ ਰੁਚੀ ਨਾਲ ਮਨਾਏ ਜਾਂਦੇ ਹਨ। ਹਰ ਸਾਲ ਲੱਖਾਂ ਸ਼ਰਧਾਲੂ ਇਸ ਧਰਮ-ਧਾਮ ਦੀ ਯਾਤ੍ਰਾ ਕਰਦੇ ਹਨ। ਵਿਸਤਾਰ ਲਈ ਵੇਖੋ 'ਨਾਂਦੇੜ (ਨਗਰ)'।

**ਹਠ-ਯੋਗ ਬਨਾਮ ਸਿੱਖ-ਸਾਧਨਾ** : ਨਾਥ-ਮਤ ਦੀ ਸਾਧਨਾ ਦਾ ਨਾਂ 'ਹਠ-ਯੋਗ' ਹੈ ਜਿਸ ਵਿਚ ਪ੍ਰਾਣਾਯਾਮ ਰਾਹੀਂ ਵਾਯੂ ਨੂੰ ਰੋਕਿਆ ਜਾਂਦਾ ਹੈ। ਇਸ ਨੂੰ ਨਾੜੀ-ਸਾਧਨਾ ਦਾ ਯੋਗ ਵੀ ਕਿਹਾ ਜਾਂਦਾ ਹੈ ਕਿਉਂਕਿ ਵਾਯੂ-ਸਾਧਨਾ ਨਾੜੀਆਂ ਦੁਆਰਾ ਸੰਪੰਨ ਹੁੰਦੀ ਹੈ। ਹਠ-ਯੋਗ ਪਤੰਜਲਿ ਪ੍ਰਤਿਪਾਦਿਤ ਯੋਗ ਸਾਧਨਾ ਦੀ ਹੀ ਮੱਧ-ਯੁਗ ਵਿਚ ਹੋਈ ਵਿਸਤ੍ਰਿਤੀ ਹੈ। ਮਾਰਕੰਡੇਯ ਰਿਸ਼ੀ ਨੂੰ ਇਸ ਦਾ ਆਦਿ ਆਚਾਰਯ ਮੰਨਿਆ ਜਾਂਦਾ ਹੈ, ਪਰ ਇਸ ਯੋਗ ਦੀ ਵਾਸਤਵਿਕ ਸਥਾਪਨਾ ਮੱਧ-ਯੁਗ ਵਿਚ ਮਛੰਦ੍ਰ-ਨਾਥ ਅਤੇ ਗੋਰਖ-ਨਾਥ ਨੇ ਕੀਤੀ ਸੀ। ਇਹ ਅਸਲ ਵਿਚ ਨਾਥ-ਮਤ ਦੀ ਸਾਧਨਾ-ਪੱਧਤੀ ਹੈ। 'ਸਿੱਧ-ਸਿੱਧਾਂਤ-ਪੱਧਤਿ' ਅਨੁਸਾਰ 'ਹਠ' ਦਾ ਪਰਿਭਾਸ਼ਿਕ ਅਰਥ ਹੈ ਸੂਰਜ ਅਤੇ ਚੰਦ੍ਰਮਾ ਦਾ ਮੇਲ, ਕਿਉਂਕਿ 'ਹ' ਸੂਰਜ ਦਾ ਅਤੇ 'ਠ' ਚੰਦ੍ਰ ਦਾ ਪ੍ਰਤੀਕ ਹੈ। ਇਸ ਦ੍ਰਿਸ਼ਟੀ ਤੋਂ ਹਠ-ਯੋਗ ਉਸ ਸਾਧਨਾ ਦਾ ਨਾਂ ਹੈ ਜਿਸ ਵਿਚ ਸੂਰਜ ਅਤੇ ਚੰਦ੍ਰ ਦਾ ਮੇਲ ਜਾਂ ਸੰਯੋਗ ਕੀਤਾ ਜਾਂਦਾ ਹੈ। ਹਠ-ਯੋਗ ਦੇ ਸਾਧਕਾਂ ਨੇ ਸੂਰਜ ਨੂੰ 'ਪ੍ਰਾਣ' ਅਤੇ ਚੰਦ੍ਰ ਨੂੰ 'ਅਪਾਨ' ਵਾਚਕ ਦਸਿਆ ਹੈ। ਇਹੀ 'ਪਿੰਗਲਾ' ਅਤੇ 'ਇੜਾ' ਨਾੜੀਆਂ ਦੇ ਵੀ ਲਖਾਇਕ ਹਨ। ਇਸ ਤਰ੍ਹਾਂ ਹਠ-ਯੋਗ ਉਸ ਸਾਧਨਾ ਦਾ ਨਾਂ ਹੈ ਜਿਸ ਵਿਚ ਇਨ੍ਹਾਂ ਦੋਹਾਂ ਨਾੜੀਆਂ ਨੂੰ ਰੋਕ ਕੇ ਸੁਖਮਨਾ ਨਾੜੀ ਦੇ ਮਾਰਗ ਰਾਹੀਂ ਪ੍ਰਾਣ-ਵਾਯੂ ਨੂੰ ਸੰਚਾਰਿਤ ਕੀਤਾ ਜਾਏ। ਸਪੱਸ਼ਟ ਹੈ ਕਿ ਹਠ-ਯੋਗ ਦਾ ਮੁੱਖ ਵਿਸ਼ਾ ਸੂਰਜ ਅਤੇ ਚੰਦ੍ਰ ਦੀ ਸਾਧਨਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਭਗਤੀ ਅੰਦੋਲਨ ਦਾ ਮੁੱਖ ਰੂਪ ਵਿਚ ਟਾਕਰਾ ਨਾਥ-ਮਤ ਨਾਲ ਸੀ ਕਿਉਂਕਿ ਸਿੱਖ ਧਰਮ ਜਾਂ ਗੁਰਬਾਣੀ ਵਿਚ ਹਠ-ਪੂਰਵਕ ਜਾਂ ਨਿਗ੍ਰਹ ਰਾਹੀਂ ਚਿੱਤ-ਵ੍ਰਿਤੀ ਦੇ ਨਿਰੋਧ ਨੂੰ ਕਿਸੇ ਪ੍ਰਕਾਰ ਦੀ ਕੋਈ ਮਾਨਤਾ ਨਹੀਂ ਦਿੱਤੀ ਗਈ— *ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ। ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ।* (ਗੁ. ਗ੍ਰੰ.436); *ਹਠੁ ਨਿਗ੍ਰਹੁ ਕਰਿ ਕਾਇਆ ਛੀਜੈ। ਵਰਤੁ ਤਪਨੁ ਕਰਿ ਮਨੁ ਨਹੀ ਭੀਜੈ। ਰਾਮ ਨਾਮ ਸਰਿ ਅਵਰੁ ਨ ਪੂਜੈ।* (ਗੁ.ਗ੍ਰੰ.905)। ਸਾਧਨਾ-ਮਾਰਗ ਦੇ ਇਸ ਟਾਕਰੇ ਨੂੰ ਸਮਝਣ

ਲਈ ਹਠ-ਯੋਗ ਦੇ ਤੱਤ੍ਵਾਂ ਨੂੰ ਵਿਚਾਰਨਾ ਹੋਵੇਗਾ, ਜੋ ਮੁੱਖ ਤੌਰ 'ਤੇ ਅਗੇ ਦਸੇ ਅਨੁਸਾਰ ਹਨ।

*ਅੰਗ :* ਸੂਰਜ ਅਤੇ ਚੰਦ੍ਰ ਦੀ ਸਾਧਨਾ ਨਾਲ ਸੰਬੰਧਿਤ ਤੱਤ੍ਵ ਹੀ ਹਠ-ਯੋਗ ਦੇ ਪ੍ਰਮੁਖ ਅੰਗ ਮੰਨੇ ਜਾਂਦੇ ਹਨ। ਪਰ ਉਹ ਅੰਗ ਕਿਹੜੇ ਕਿਹੜੇ ਹਨ, ਇਸ ਸੰਬੰਧੀ ਵਿਦਵਾਨਾਂ ਵਿਚ ਮਤ-ਭੇਦ ਹੈ। ਇਕ ਮਤ ਵਾਲਿਆਂ ਅਨੁਸਾਰ ਆਸਨ, ਪ੍ਰਾਣਾਯਾਮ, ਮੁਦ੍ਰਾ ਅਤੇ ਨਾਦਾਨੁਸੰਧਾਨ ਹਠ-ਯੋਗ ਦੇ ਸਾਧਨ ਹਨ। ਦੂਜੇ ਮਤ ਵਾਲੇ ਹਠ-ਯੋਗ ਦੇ ਸੱਤ ਅੰਗ ਮੰਨਦੇ ਹਨ, ਜਿਵੇਂ ਖਟ-ਕਰਮ, ਆਸਨ, ਮੁਦ੍ਰਾ, ਪ੍ਰਤ੍ਯਾਹਾਰ, ਪ੍ਰਾਣਾਯਾਮ, ਧਿਆਨ ਅਤੇ ਸਮਾਧੀ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ (ਨਾਥ ਸੰਪ੍ਰਦਾਯ, ਪੰਨਾ 138) ਨੇ ਹਠ-ਯੋਗ ਸੰਬੰਧੀ ਗ੍ਰੰਥਾਂ ਦੇ ਆਧਾਰ 'ਤੇ ਇਸ ਦੀਆਂ ਦੋ ਵਿਧੀਆਂ ਮੰਨੀਆਂ ਹਨ। ਇਕ ਉਹ ਜਿਸ ਦਾ ਉਪਦੇਸ਼ ਮਾਰਕੰਡੇਯ ਰਿਸ਼ੀ ਆਦਿ ਨੇ ਕੀਤਾ ਅਤੇ ਦੂਜੀ ਉਹ ਜੋ ਗੋਰਖ ਨਾਥ ਆਦਿ ਦੁਆਰਾ ਦਰਸਾਈ ਗਈ। ਪਹਿਲੀ ਵਿਚ 'ਪਾਤੰਜਲ-ਯੋਗ' ਦੇ ਅਸ਼ਟਾਂਗਾਂ ਦੀ ਸਵੀਕ੍ਰਿਤੀ ਹੈ ਅਤੇ ਦੂਜੀ ਕੇਵਲ ਛੇ ਅੰਗਾਂ ਨੂੰ ਸਵੀਕਾਰ ਕਰਦੀ ਹੈ। ਪਰ ਇਹ ਅੰਤਰ ਬਹੁਤ ਦੂਰ ਤਕ ਨਹੀਂ ਚਲਦਾ। ਅਸਲ ਵਿਚ, ਸੂਰਜ ਅਤੇ ਚੰਦ੍ਰ ਨੂੰ ਹਠ-ਪੂਰਵਕ ਮਿਲਾਉਣ ਵਾਲੀਆਂ ਸਾਰੀਆਂ ਸਾਧਨਾਵਾਂ ਹਠ-ਯੋਗ ਦੇ ਅੰਤਰਗਤ ਆ ਜਾਂਦੀਆਂ ਹਨ। ਆਮ ਤੌਰ 'ਤੇ ਹਠ-ਯੋਗ ਨੂੰ ਰਾਜਯੋਗ ਦੀ ਪੌੜੀ ਮੰਨਿਆ ਜਾਂਦਾ ਹੈ। ਜਿਥੇ ਹਠ-ਯੋਗ ਦੀ ਸਾਧਨਾ ਸਮਾਪਤ ਹੁੰਦੀ ਹੈ, ਉਥੇ ਰਾਜਯੋਗ ਦੀ ਸਾਧਨਾ ਦਾ ਆਰੰਭ ਹੁੰਦਾ ਹੈ। 'ਹਠਯੋਗ ਪ੍ਰਦੀਪਿਕਾ' (2/76) ਵਿਚ ਲਿਖਿਆ ਹੈ ਕਿ ਹਠ-ਯੋਗ ਤੋਂ ਬਿਨਾ ਰਾਜਯੋਗ ਸਿੱਧ ਨਹੀਂ ਹੁੰਦਾ ਅਤੇ ਰਾਜਯੋਗ ਤੋਂ ਬਿਨਾ ਹਠਯੋਗ ਦੀ ਸਿੱਧੀ ਨਹੀਂ ਹੁੰਦੀ। ਇਸ ਲਈ ਇਨ੍ਹਾਂ ਦੇ ਪਰਸਪਰ ਤਾਲ-ਮੇਲ ਅਤੇ ਸਹਾਇਤਾ ਨਾਲ ਹੀ ਸਿੱਧੀ ਸੰਭਵ ਹੈ। ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ।

*ਵਾਯੂ :* ਸ਼ਰੀਰ ਵਿਚ ਦਸ ਪ੍ਰਕਾਰ ਦੀਆਂ ਵਾਯੂਆਂ ਮੰਨੀਆਂ ਗਈਆਂ ਹਨ, ਜਿਵੇਂ ਪ੍ਰਾਣ, ਅਪਾਨ, ਸਮਾਨ, ਉਦਾਨ, ਵਿਆਨ੍ਹ, ਨਾਸ, ਕੂਰਮ, ਕ੍ਰਿਕਰ, ਦੇਵਦੱਤ ਅਤੇ ਧਨੰਜਯ। ਇਹ ਵਾਯੂਆਂ ਨਾੜੀਆਂ ਰਾਹੀਂ ਸੰਚਾਰ ਕਰਕੇ ਸ਼ਰੀਰ ਵਿਚ ਸ਼ਕਤੀ ਨੂੰ ਸੰਚਾਲਿਤ ਕਰਦੀਆਂ ਹਨ। ਇਨ੍ਹਾਂ ਵਿਚੋਂ ਹਠ-ਯੋਗ ਵਿਚ ਦੋ—ਪ੍ਰਾਣ ਅਤੇ ਅਪਾਨ—ਦਾ ਵਿਸ਼ੇਸ਼ ਮਹੱਤਵ ਹੈ। ਇਨ੍ਹਾਂ ਨੂੰ ਹੀ ਕ੍ਰਮਵਾਰ 'ਸੂਰਜ' ਅਤੇ 'ਚੰਦ੍ਰ' ਕਿਹਾ ਜਾਂਦਾ ਹੈ। ਸ਼ਰੀਰ ਵਿਚ 'ਪ੍ਰਾਣ-ਵਾਯੂ' ਦਾ ਮੁੱਖ ਸਥਾਨ ਹਿਰਦਾ ਮੰਨਿਆ ਗਿਆ ਹੈ, ਪਰ ਉਂਜ ਇਹ ਅਧਿਕਤਰ ਸ਼ਰੀਰ ਦੇ ਉਪਰਲੇ ਭਾਗ ਨਾਭੀ, ਮੁਖ, ਨਕ, ਕੰਨ, ਕੰਠ ਆਦਿ ਵਿਚ ਟਿਕੀ ਮੰਨੀ ਜਾਂਦੀ ਹੈ।

'ਅਪਾਨ-ਵਾਯੂ' ਸ਼ਰੀਰ ਦੇ ਹੇਠਲੇ ਭਾਗ ਵਿਚ ਸਥਿਤ ਰਹਿੰਦੀ ਹੈ। ਇਸ ਦਾ ਮੁੱਖ ਸਥਾਨ ਗੁਪਤ ਅੰਗਾਂ ਵਾਲਾ ਖੇਤਰ ਮੰਨਿਆ ਜਾਂਦਾ ਹੈ, ਪਰ ਇਸ ਤੋਂ ਇਲਾਵਾ ਇਹ ਪੇਟ ਦੇ ਹੇਠਲੇ ਭਾਗ, ਲਿੰਗ, ਪੱਟਾਂ, ਗੋਡਿਆਂ, ਪਿੰਨੀਆਂ ਆਦਿ ਦੇ ਖੇਤਰ ਵਿਚ ਵੀ ਰਹਿੰਦੀ ਹੈ।

ਹਠ-ਯੋਗੀਆਂ ਅਨੁਸਾਰ ਪ੍ਰਾਣ ਅਤੇ ਅਪਾਨ ਦਾ ਮੇਲ ਨਾਭੀ ਕੋਲ ਹੁੰਦਾ ਹੈ। ਇਹ ਦੋਵੇਂ ਇਕ ਦੂਜੀ ਨੂੰ ਦਿਨ-ਰਾਤ ਦੇ 24 ਘੰਟਿਆਂ ਵਿਚ 216000 ਵਾਰ ਆਕਰਸ਼ਿਕ ਅਤੇ ਵਿਕਰਸ਼ਿਤ ਕਰਦੀਆਂ ਹਨ। ਆਕਰਸ਼ਣ ਵੇਲੇ 'ਹੰਸ ਮੰਤ੍ਰ' ਦਾ ਉਚਾਰਣ ਆਪਣੇ ਆਪ ਹੁੰਦਾ ਰਹਿੰਦਾ ਹੈ। ਯੋਗੀ ਦੁਆਰਾ ਇਸ ਸੁਭਾਵਿਕ ਪ੍ਰਕ੍ਰਿਆ ਨੂੰ ਮੰਤ੍ਰ ਰੂਪ ਵਿਚ ਗ੍ਰਹਿਣ ਕਰਨਾ ਹਠਯੋਗ ਦਾ 'ਅਜਪਾ-ਜਾਪ' ਹੈ। ਯੋਗੀ ਸਾਧਕ ਪ੍ਰਾਣ-ਵਾਯੂ ਰਾਹੀਂ ਅਪਾਨ-ਵਾਯੂ ਨੂੰ ਅਤੇ ਅਪਾਨ-ਵਾਯੂ ਰਾਹੀਂ ਪ੍ਰਾਣ-ਵਾਯੂ ਨੂੰ ਆਕਰਸ਼ਿਤ ਕਰਕੇ ਨਾਭੀ ਵਿਚ ਦੋਹਾਂ ਨੂੰ ਮਿਲਾ ਦਿੰਦਾ ਹੈ।

*ਨਾੜੀ-ਸਾਧਨਾ :* ਕੁੰਡਲਿਨੀ ਨੂੰ ਜਗਾਉਣ ਵਿਚ ਨਾੜੀ-ਸਾਧਨਾ ਦਾ ਬਹੁਤ ਜ਼ਿਆਦਾ ਮਹੱਤਵ ਹੈ। ਵਾਯੂਆਂ ਦਾ ਸੰਚਾਰ ਨਾੜੀਆਂ ਰਾਹੀਂ ਹੁੰਦਾ ਹੈ। 'ਗੋਰਖ ਸ਼ਤਕ' (25) ਅਨੁਸਾਰ ਯੋਗੀਆਂ ਦੀ ਧਾਰਣਾ ਹੈ ਕਿ ਵਾਯੂ ਦੇ ਦੋ ਉਂਗਲ ਉਪਰ ਅਤੇ ਉਪਸਥ (ਜਨਨੇਂਦ੍ਰੀ) ਤੋਂ ਦੋ ਉਂਗਲ ਹੇਠਾਂ ਚਾਰ ਉਂਗਲ ਜਿੰਨੀਆਂ ਪਸਰੀਆਂ ਸਾਰੀਆਂ ਨਾੜੀਆਂ ਦਾ ਮੂਲ-ਸਰੂਪ ਪੰਛੀ ਦੇ ਅੰਡੇ ਵਰਗੀ ਇਕ ਕੰਦ (ਗਠ) ਮੌਜੂਦ ਹੈ। ਉਥੋਂ ਹੀ ਨਿਕਲ ਕੇ ਇਹ ਸਾਰੇ ਸ਼ਰੀਰ ਵਿਚ ਵਿਆਪਤ ਹੁੰਦੀਆਂ ਹਨ। ਇਨ੍ਹਾਂ ਦੀ ਗਿਣਤੀ 'ਹਠਯੋਗ-ਪ੍ਰਦੀਪਿਕਾ' (4/18) ਵਿਚ 72000 ਲਿਖੀ ਹੈ ਅਤੇ 'ਸ਼ਿਵ-ਸੰਹਿਤਾ' (2/13) ਵਿਚ 350000 ਦਸੀ ਗਈ ਹੈ। ਯੋਗ-ਸਾਧਨਾ ਵਿਚ ਇਨ੍ਹਾਂ ਵਿਚੋਂ ਤਿੰਨਾਂ—ਇੜਾ, ਪਿੰਗਲਾ ਅਤੇ ਸੁਖਮਨਾ —ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ ਕਿਉਂਕਿ ਕੁੰਡਲਿਨੀ ਦੇ ਜਗਾਉਣ ਵਿਚ ਇਨ੍ਹਾਂ ਦਾ ਹੀ ਜ਼ਿਆਦਾ ਯੋਗਦਾਨ ਹੈ। ਇਨ੍ਹਾਂ ਦੇ ਕਈ ਨਾਮਾਂਤਰ ਵੀ ਹਨ, ਜਿਵੇਂ ਸੂਰਜ, ਚੰਦ੍ਰ ਅਤੇ ਅਗਨੀ, ਜਾਂ ਗੰਗਾ, ਯਮੁਨਾ ਅਤੇ ਸਰਸਵਤੀ।

ਸੁਖਮਨਾ ਨੂੰ ਬ੍ਰਹਮ-ਨਾੜੀ ਵੀ ਕਿਹਾ ਜਾਂਦਾ ਹੈ।

ਇਹੀ ਸ਼ਿਵ-ਸ਼ਕਤੀ ਦਾ ਮੇਲ ਕਰਾਉਂਦੀ ਹੈ। ਕੁੰਡਲਿਨੀ ਇਸੇ ਦੇ ਮਾਰਗ ਰਾਹੀਂ ਉਪਰ ਨੂੰ ਚੜ੍ਹਦੀ ਹੈ। ਇਹ ਮੂਲਾਧਾਰ ਤੋਂ ਲੈ ਕੇ ਬ੍ਰਹਮ-ਰੰਧ੍ਰ ਤਕ ਪਸਰੀ ਹੋਈ ਹੈ। 'ਇੜਾ' ਇਸ ਦੇ ਖਬੇ ਪਾਸੇ ਮੂਲਾਧਾਰ ਤੋਂ ਖਬੀ ਨਾਸ ਤਕ ਫੈਲੀ ਹੋਈ ਹੈ। 'ਪਿੰਗਲਾ' ਇਸ ਦੇ ਸੱਜੇ ਪਾਸੇ ਹੁੰਦੀ ਹੈ ਅਤੇ ਉਸ ਦਾ ਵਿਸਤਾਰ ਮੂਲਾਧਾਰ ਤੋਂ ਸੱਜੀ ਨਾਸ ਤਕ ਹੁੰਦਾ ਹੈ। ਇਹ ਨਾੜੀਆਂ ਅਸ਼ੁੱਧ ਹੁੰਦੀਆਂ ਹਨ। ਕੁੰਡਲਿਨੀ ਦੇ ਜਗਾਉਣ ਤੋਂ ਪਹਿਲਾਂ ਇਨ੍ਹਾਂ ਦੀ ਸ਼ੁੱਧੀ ਜ਼ਰੂਰੀ ਹੈ। ਇਨ੍ਹਾਂ ਨੂੰ ਸ਼ੁੱਧ ਕਰਨ ਲਈ ਅਨੇਕ ਮੁਦ੍ਰਾਵਾਂ ਦੀ ਵਿਵਸਥਾ ਕੀਤੀ ਗਈ ਹੈ।

*ਮੁਦ੍ਰਾਵਾਂ :* ਹਠਯੋਗੀ ਨੂੰ ਮੁਦ੍ਰਾਵਾਂ ਦੀ ਸਾਧਨਾ ਕਰਨੀ ਪੈਂਦੀ ਹੈ। ਇਨ੍ਹਾਂ ਨੂੰ 'ਬੰਧ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਮੁਦ੍ਰਾਵਾਂ ਦਾ ਸੰਬੰਧ 'ਪ੍ਰਾਣਾਯਾਮ' ਨਾਲ ਹੈ। ਅਨੇਕ ਪ੍ਰਕਾਰ ਦੀਆਂ ਮੁਦ੍ਰਾਵਾਂ ਵਿਚੋਂ ਅਧਿਕ ਮਹੱਤਵ ਕੇਵਲ ਦਸ ਦਾ ਹੈ— ਮਹਾਮੁਦ੍ਰਾ, ਮਹਾਬੇਧ, ਮਹਾਬੰਧ, ਉਡ੍ਰਯਾਨ, ਮੂਲਬੰਧ, ਜਾਲੰਧਰ ਬੰਧ, ਵਿਪਰੀਤਕਰਣੀ, ਬਜ੍ਰੋਲੀ, ਸ਼ਕਤੀ-ਚਾਲਨ ਅਤੇ ਖੇਚਰੀ ('ਹਠਯੋਗ-ਪ੍ਰਦੀਪਿਕਾ'— 3/6-7)। ਇਨ੍ਹਾਂ ਦਸਾਂ ਵਿਚੋਂ ਖੇਚਰੀ ਸਭ ਤੋਂ ਉਤਮ ਮੰਨੀ ਜਾਂਦੀ ਹੈ। ਇਸ ਦੀ ਸਿੱਧੀ ਲਈ ਯੋਗੀ ਨੂੰ ਸਭ ਤੋਂ ਪਹਿਲਾਂ ਸਿੱਧਾਸਨ ਵਿਚ ਬੈਠਣਾ ਪੈਂਦਾ ਹੈ, ਫਿਰ ਪ੍ਰਾਣਾਯਾਮ ਦੇ ਨਾਲ ਨਾਲ ਉਹ ਜੀਭ ਨੂੰ ਉਲਟ ਕੇ ਤਾਲੂ ਤੋਂ ਪਿਛੇ ਅਤੇ ਹਲਕ ਤੋਂ ਉਪਰ ਕਪਾਲ-ਖੁਡ ਵਿਚ ਦਾਖ਼ਲ ਕਰਦਾ ਹੈ ਅਤੇ ਆਪਣੀ ਨਜ਼ਰ ਦੋਹਾਂ ਭਰਵੱਟਿਆਂ ਦੇ ਮੱਧ ਵਿਚ ਸਥਿਤ ਰਖਦਾ ਹੈ ਅਤੇ ਧਿਆਨ ਨੂੰ ਵੀ ਉਥੇ ਹੀ ਕੇਂਦ੍ਰਿਤ ਕਰਦਾ ਹੈ। ਇਸ ਮੁਦ੍ਰਾ ਰਾਹੀਂ ਸਹਸ੍ਰ-ਕਮਲ ਵਿਚ ਸਥਿਤ ਚੰਦ੍ਰਮਾ ਤੋਂ ਝਰੇ ਅੰਮ੍ਰਿਤ ਨੂੰ ਪਾਨ ਕਰਕੇ ਯੋਗੀ ਅਮਰ ਹੋ ਜਾਂਦਾ ਹੈ। ਸੰਤ ਕਬੀਰ ਨੇ ਇਸ ਨੂੰ 'ਉਨਮਨਿ' ਕਿਹਾ ਹੈ— *ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ। ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ।* (ਗੁ.ਗ੍ਰੰ.333)।

*ਖਟ-ਕਰਮ :* ਇਹ ਛੇ ਕਰਮ ਇਸ ਪ੍ਰਕਾਰ ਹਨ— ਧੋਤਿ, ਵਸ੍ਤਿ, ਨੇਤਿ, ਤ੍ਰਾਟਕ, ਨੌਲਿਕ (ਨੌਲੀ) ਅਤੇ ਕਪਾਲਭਾਤਿ ('ਹਠਯੋਗ-ਪ੍ਰਦੀਪਿਕਾ'-2/22)। ਇਨ੍ਹਾਂ ਰਾਹੀਂ ਕਾਇਆ ਦੀ ਸ਼ੁੱਧੀ ਕੀਤੀ ਜਾਂਦੀ ਹੈ। ਇਨ੍ਹਾਂ ਦੀ ਲੋੜ ਉਸ ਸਾਧਕ ਨੂੰ ਪੈਂਦੀ ਹੈ ਜਿਸ ਦੇ ਸ਼ਰੀਰ ਵਿਚ ਕਫ਼ ਆਦਿ ਅਧਿਕ ਹੁੰਦੀ ਹੈ। ਇਨ੍ਹਾਂ ਦੀ ਸਾਧਨਾ ਕੀਤੇ ਬਿਨਾ ਪ੍ਰਾਣਾਯਾਮ ਅਤੇ ਮੁਦ੍ਰਾ ਵਿਚ ਸਾਧਕ ਸਫਲ ਨਹੀਂ ਹੋ ਸਕਦਾ। ਧੋਤਿ ਮੁਦ੍ਰਾ ਨਾਲ ਕੰਠ, ਅੰਨ ਦੀ ਨਾੜੀ, ਆਂਦਰਾਂ ਅਤੇ ਪੇਟ ਨੂੰ ਸ਼ੁੱਧ ਕੀਤਾ ਜਾਂਦਾ ਹੈ। ਨੇਤਿ ਨਾਲ ਨਾਸਾਂ ਨੂੰ ਸਾਫ਼ ਕੀਤਾ ਜਾਂਦਾ ਹੈ। ਵਸ੍ਤਿ ਨਾਲ ਮਲ-ਦੁਆਰ ਦੀ ਸਫ਼ਾਈ ਕੀਤੀ ਜਾਂਦੀ ਹੈ। ਨੌਲਿ ਰਾਹੀਂ ਪੇਟ ਨੂੰ ਸੱਜੇ ਅਤੇ ਖੱਬੇ ਪਾਸਿਆਂ ਵਲ ਘੁੰਮਾ ਕੇ ਉਸ ਦੇ ਦੋਸ਼ ਦੂਰ ਕੀਤੇ ਜਾਂਦੇ ਹਨ। ਤ੍ਰਾਟਕ ਵਿਚ ਸਾਧਕ ਨੂੰ ਨਿਸਚਲ ਦ੍ਰਿਸ਼ਟੀ ਨਾਲ ਕਿਸੇ ਸੂਖਮ ਨਿਸ਼ਾਣੇ ਉਤੇ ਨਜ਼ਰ ਟਿਕਾਉਣੀ ਪੈਂਦੀ ਹੈ। ਕਪਾਲਭਾਤਿ ਦਾ ਸੰਬੰਧ ਪ੍ਰਾਣਾਯਾਮ ਨਾਲ ਹੈ। ਇਸ ਨਾਲ ਕਫ਼-ਦੋਸ਼ ਦੂਰ ਹੋ ਜਾਂਦਾ ਹੈ।

*ਕੁੰਡਲਿਨੀ ਸਾਧਨਾ :* ਮਨੁੱਖ ਦੇ ਸ਼ਰੀਰ ਵਿਚ ਕੁੰਡਲਿਨੀ ਸ਼ਕਤੀ ਰੀੜ੍ਹ ਦੀ ਹੱਡੀ ਦੇ ਹੇਠਾਂ ਸੁਖਮਨਾ ਨਾੜੀ ਦੀ ਹੇਠਲੀ ਮੋਰੀ ਦੇ ਨੇੜੇ ਸੱਪ ਵਾਂਗ ਸਾਢੇ ਤਿੰਨ ਕੁੰਡਲ ਮਾਰੇ ਹੋਇਆਂ ਨਿਵਾਸ ਕਰਦੀ ਹੈ। ਇਹ ਆਪਣੀ ਪੂਛਲ ਨੂੰ ਆਪਣੇ ਮੂੰਹ ਵਿਚ ਦਬਾਈ ਰਖਦੀ ਹੈ। ਇਸ ਦਾ ਮੁਖ ਹੇਠਾਂ ਵਲ ਹੁੰਦਾ ਹੈ ਜਿਸ ਦੇ ਫਲਸਰੂਪ ਮਨੁੱਖ ਵਿਸ਼ੇ ਵਾਸਨਾਵਾਂ ਦਾ ਦਾਸ ਬਣਿਆ ਰਹਿੰਦਾ ਹੈ। ਸਾਧਕ ਅਨੇਕ ਪ੍ਰਕਾਰ ਦੀਆਂ ਸਾਧਨਾਵਾਂ ਰਾਹੀਂ ਕੁੰਡਲਿਨੀ ਸ਼ਕਤੀ ਨੂੰ ਉਪਰ ਵਲ ਜਗਾਉਂਦਾ ਹੈ। ਜਗਾਏ ਜਾਣ ਤੇ ਕੁੰਡਲਿਨੀ ਸੂਖਮ ਸ਼ਰੀਰ ਦੇ ਛੇ ਚਕ੍ਰਾਂ ਨੂੰ ਵਿੰਨ੍ਹਦੀ ਹੈ। ਇਸ ਕ੍ਰਿਆ ਨੂੰ 'ਖਟ- ਚਕ੍ਰ-ਭੇਦਨ' ਕਹਿੰਦੇ ਹਨ।

ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ('ਕਬੀਰ', ਪੰਨਾ 46) ਦੇ ਵਿਚਾਰ ਅਨੁਸਾਰ ਕੁੰਡਲਿਨੀ ਜਦ ਜਾਗ ਕੇ ਉਪਰ ਵਲ ਉਠਦੀ ਹੈ ਤਾਂ ਉਸ ਵਿਚ ਵਿਸਫੋਟ ਹੁੰਦਾ ਹੈ, ਜਿਸ ਨੂੰ 'ਨਾਦ' ਕਹਿੰਦੇ ਹਨ। ਨਾਦ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਪ੍ਰਕਾਸ਼ ਦਾ ਹੀ ਵਿਅਕਤ ਰੂਪ ਮਹਾਬਿੰਦੂ ਹੈ। ਇਹ ਬਿੰਦੂ ਤਿੰਨ ਤਰ੍ਹਾਂ ਦਾ ਹੁੰਦਾ ਹੈ— ਇੱਛਾ, ਗਿਆਨ ਅਤੇ ਕ੍ਰਿਆ। ਪਰਿਭਾਸ਼ਿਕ ਤੌਰ 'ਤੇ ਯੋਗੀ ਲੋਕ ਇਨ੍ਹਾਂ ਨੂੰ ਕਦੇ ਸੂਰਜ, ਚੰਦ੍ਰ ਅਤੇ ਅਗਨੀ ਆਖਦੇ ਹਨ ਅਤੇ ਕਦੇ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਵੀ ਕਹਿੰਦੇ ਹਨ। ਹੁਣ ਇਹ ਜੋ ਨਾਦ ਅਤੇ ਬਿੰਦੂ ਹੈ, ਇਹ ਅਸਲ ਵਿਚ ਅਖਿਲ ਬ੍ਰਹਮਾਂਡ ਵਿਚ ਵਿਆਪਤ ਅਨਾਹਤ ਨਾਦ ਅਥਵਾ ਅਨਹਦ-ਨਾਦ ਦਾ ਵਿਅਕਤੀ ਵਿਚ ਵਿਅਕਤ ਰੂਪ ਹੈ। ਅਰਥਾਤ ਜੋ ਨਾਦ ਅਨਾਹਤ ਭਾਵ ਨਾਲ ਸਾਰੇ ਵਿਸ਼ਵ ਵਿਚ ਵਿਆਪਤ ਹੈ, ਉਸੇ ਦਾ ਪ੍ਰਕਾਸ਼ ਜਦ ਵਿਅਕਤੀ ਵਿਚ ਹੁੰਦਾ ਹੈ ਤਾਂ ਉਸ ਨੂੰ ਨਾਦ ਅਤੇ ਬਿੰਦੂ ਕਹਿੰਦੇ ਹਨ।

 ਹਠ-ਯੋਗ ਬਨਾਮ ਸਿੱਖ-ਸਾਧਨਾ

*ਖਟ-ਚਕ੍ਰ :* ਕਈ ਪ੍ਰਕਾਰ ਦੀਆਂ ਵਾਯੂਆਂ ਦੇ ਕੇਂਦਰ-ਸਥਾਨਾਂ ਨੂੰ ਚਕ੍ਰ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਚਕ੍ਰਾਂ ਦੀ ਗਿਣਤੀ ਸਿੱਧ-ਸਾਹਿਤ ਵਿਚ ਨੌਂ, ਤੰਤ੍ਰਾਂ ਵਿਚ ਨੌਂ ਅਤੇ ਬੌਧ-ਤੰਤ੍ਰਾਂ ਵਿਚ ਚਾਰ ਮੰਨੀ ਗਈ ਹੈ। ਪਰ ਹਠ-ਯੋਗ ਵਿਚ ਇਨ੍ਹਾਂ ਦੀ ਗਿਣਤੀ ਛੇ ਸਵੀਕਾਰੀ ਗਈ ਹੈ। ਇਨ੍ਹਾਂ ਚਕ੍ਰਾਂ ਨੂੰ ਸ਼ਕਤੀ ਦਾ ਸਥਾਨ ਮੰਨਿਆ ਗਿਆ ਹੈ। ਇਨ੍ਹਾਂ ਬਾਰੇ ਆਵੱਸ਼ਕ ਜਾਣਕਾਰੀ ਇਸ ਪ੍ਰਕਾਰ ਹੈ :

| ਕ੍ਰਮ | ਕਮਲ-ਦਲ | ਨਾਂ | ਸਥਿਤੀ |
|---|---|---|---|
| (1) | 4 | ਮੂਲਾਧਾਰ | ਗੁਦਾ ਅਤੇ ਲਿੰਗ ਦੇ ਵਿਚਾਲੇ, ਰੀੜ੍ਹ ਦੀ ਹੱਡੀ ਦੇ ਹੇਠਾਂ, ਸੁਖਮਨਾ ਦੇ ਮੁਖ ਨਾਲ ਜੁੜਿਆ ਹੋਇਆ |
| (2) | 6 | ਸ੍ਵਾਧਿਸ਼ਠਾਨ | ਲਿੰਗ-ਮੂਲ |
| (3) | 10 | ਮਣਿਪੂਰਕ | ਨਾਭੀ |
| (4) | 12 | ਅਨਾਹਤ | ਹਿਰਦਾ |
| (5) | 16 | ਵਿਸ਼ੁੱਧ | ਕੰਠ |
| (6) | 2 | ਆਗਿਆ | ਭਰਵਟਿਆਂ ਦੇ ਵਿਚਾਲੇ |

ਉਪਰੋਕਤ ਛੇ ਚਕ੍ਰਾਂ ਤੋਂ ਇਲਾਵਾ, ਆਗਿਆ-ਚਕ੍ਰ ਤੋਂ ਉਤੇ 'ਸਹਸ੍ਰਦਲ-ਕਮਲ' ਹੈ ਜੋ ਸੁਖਮਨਾ ਨਾੜੀ ਦੇ ਉਪਰਲੇ ਭਾਗ ਅਤੇ ਤਾਲੂ ਦੇ ਮੂਲ ਵਿਚ ਸਥਿਤ ਹੈ। ਇਸ ਵਿਚ 20 ਮੋਰੀਆਂ ਹਨ ਅਤੇ ਫਿਰ ਹਰ ਇਕ ਮੋਰੀ ਵਿਚ ਪੰਜਾਹ ਪੰਜਾਹ ਮਾਤ੍ਰਿਕਾਵਾਂ ਹਨ। ਇਨ੍ਹਾਂ ਸਾਰੀਆਂ ਦੀ ਕੁਲ ਗਿਣਤੀ ਇਕ ਹਜ਼ਾਰ ਹੋਣ ਕਰਕੇ ਇਸ ਨੂੰ 'ਸਹਸ੍ਰਦਲ' ਕਿਹਾ ਜਾਂਦਾ ਹੈ। ਇਸ ਨੂੰ ਸ਼ੂਨ੍ਯ-ਚਕ੍ਰ ਕੈਲਾਸ਼, ਗਗਨ-ਮੰਡਲ, ਦਸ਼ਮ-ਦੁਆਰ ਆਦਿ ਨਾਂ ਵੀ ਦਿੱਤੇ ਜਾਂਦੇ ਹਨ। ਸਾਧਕ ਦੁਆਰਾ ਕੁੰਡਲਿਨੀ ਨੂੰ ਜਾਗ੍ਰਿਤ ਕਰਨ 'ਤੇ ਜੋ ਵਿਸਫੋਟ ਹੁੰਦਾ ਹੈ ਅਤੇ ਜਿਸ ਨੂੰ ਨਾਦ ਕਿਹਾ ਜਾਂਦਾ ਹੈ, ਮੂਲਾਧਾਰ ਤੋਂ ਉਠਿਆ ਉਹ ਨਾਦ ਸਹਸ੍ਰਾਰ ਵਿਚ ਜਾ ਕੇ ਲੀਨ ਹੋ ਜਾਂਦਾ ਹੈ। ਜਾਗੀ ਹੋਈ ਕੁੰਡਲਿਨੀ ਸੁਖਮਨਾ ਨਾੜੀ ਦੇ ਮਾਰਗ ਤੋਂ ਚਲਦੀ ਹੋਈ ਅਤੇ ਖਟ-ਚਕ੍ਰਾਂ ਨੂੰ ਵਿੰਨ੍ਹਦੀ ਹੋਈ ਸਹਸ੍ਰਾਰ ਵਿਚ ਜਾ ਪਹੁੰਚਦੀ ਹੈ। ਉਥੇ ਸ਼ੂਨ੍ਯਾਕਾਰ ਬ੍ਰਹਮਰੰਧ੍ਰ ਹੈ। ਉਸ ਵਿਚ ਬ੍ਰਹਮ ਦੀ ਸਥਿਤੀ ਮੰਨੀ ਜਾਂਦੀ ਹੈ।

ਹਠਯੋਗ ਸਾਧਨਾ ਕਰਨ ਵਾਲੇ ਯੋਗੀ ਨੂੰ ਭੇਸ ਤੋਂ ਹੀ ਸਰਲਤਾ ਪੂਰਵਕ ਪਛਾਣਿਆ ਜਾ ਸਕਦਾ ਹੈ ਕਿਉਂਕਿ ਇਹ ਮੁੰਦਰਾਂ, ਮੇਖਲਾ, ਸਿੰਗੀ, ਸੇਲੀ, ਕਿੰਗਰੀ, ਧਾਂਧਰੀ, ਅਧਾਰੀ, ਗੁਦੜੀ, ਡੰਡਾ, ਖੱਪਰ, ਬਾਘ ਦੀ ਖਲ੍ਹ, ਝੋਲਾ ਆਦਿ ਚੀਜ਼ਾਂ ਧਾਰਣ ਕਰਦੇ ਹਨ। ਇਹ ਕੰਨਾਂ ਨੂੰ ਪਾੜ ਕੇ ਵਿਚ ਮੁੰਦਰਾਂ ਪਾਉਂਦੇ ਹਨ, ਇਸ ਲਈ ਇਨ੍ਹਾਂ ਨੂੰ 'ਕੰਨਫਟਾ' ਜਾਂ 'ਕੰਨਪਾਟਾ' ਕਿਹਾ ਜਾਂਦਾ ਹੈ। ਅਸਲ ਵਿਚ, ਇਨ੍ਹਾਂ ਵਸਤੂਆਂ ਨੂੰ ਪਛਾਣ ਚਿੰਨ੍ਹ ਵਜੋਂ ਧਾਰਣ ਕੀਤਾ ਜਾਂਦਾ ਹੈ। ਉਂਜ ਸਮਾਂ ਬੀਤਣ ਨਾਲ ਇਨ੍ਹਾਂ ਦੇ ਪਿਛੋਕੜ ਵੀ ਲਭੇ ਗਏ ਹਨ ਅਤੇ ਕਈਆਂ ਅਤਿਮਾਨਵੀ ਘਟਨਾਵਾਂ ਦਾ ਸੰਬੰਧ ਵੀ ਇਨ੍ਹਾਂ ਨਾਲ ਜੋੜ ਦਿੱਤਾ ਗਿਆ ਹੈ।

ਕੰਨਾਂ ਦੀਆਂ 'ਮੁੰਦਰਾਂ' ਸ਼ੁਰੂ ਵਿਚ ਮਿੱਟੀ ਦੀਆਂ ਹੁੰਦੀਆਂ ਸਨ, ਪਰ ਕਾਲਾਂਤਰ ਵਿਚ ਇਨ੍ਹਾਂ ਨੂੰ ਟੁਟਣ ਤੋਂ ਬਚਾਉਣ ਲਈ ਧਾਤ ਜਾਂ ਹਿਰਨ ਦੇ ਸਿੰਘਾਂ ਤੋਂ ਬਣਾਇਆ ਜਾਣ ਲਗਿਆ। ਕਿਸੇ ਸ਼ੁਭ ਦਿਨ, ਖ਼ਾਸ ਕਰਕੇ ਬਸੰਤ ਪੰਚਮੀ ਵਾਲੇ ਦਿਨ, ਯੋਗੀ ਕੰਨਾਂ ਨੂੰ ਚਿਰਵਾ ਕੇ ਮੰਤ੍ਰਾਂ ਦੇ ਜਾਪ ਨਾਲ ਮੁੰਦਰਾਂ ਨੂੰ ਧਾਰਣ ਕਰਦੇ ਹਨ। 'ਮੇਖਲਾ' ਮੁੰਜ ਦੀ ਰੱਸੀ ਦਾ ਜਾਂ ਕਾਲੀ ਉਨ ਦਾ ਬਣਿਆ ਕਮਰਕੱਸਾ ਹੈ। 'ਸਿੰਗੀ' ਹਿਰਨ ਦੇ ਸਿੰਗ ਦਾ ਬਣਿਆ ਇਕ ਪ੍ਰਕਾਰ ਦਾ ਵਾਜਾ ਹੈ ਜੋ ਆਮ ਤੌਰ 'ਤੇ ਮੂੰਹ ਨਾਲ ਵਜਾਇਆ ਜਾਂਦਾ ਹੈ। ਭੇਡਾਂ ਦੀ ਕਾਲੀ ਉਨ ਦੀ ਬਣੀ 'ਸੇਲੀ' ਵੀ ਸਾਰੇ ਯੋਗੀ ਧਾਰਣ ਕਰਦੇ ਹਨ। ਇਸ ਨਾਲ ਇਕ ਗੋਲਾਕਾਰ ਪ੍ਵਿਤ੍ਰੀ ਵੀ ਬੰਨ੍ਹੀ ਰਹਿੰਦੀ ਹੈ। ਗੀਤ ਗਾਉਣ ਲਈ ਯੋਗੀ 'ਕਿੰਗਰੀ' ਨੂੰ ਵਰਤਦੇ ਹਨ। ਕਿੰਗਰੀ ਇਕ ਪਕਾਰ ਦੀ ਸਾਰੰਗੀ ਹੈ। ਇਸ ਨੂੰ 'ਚਿਕਾਰਾ' ਵੀ ਕਹਿੰਦੇ ਹਨ । ਭਵਸਾਗਰ ਤੋਂ ਪਾਰ ਉਤਰਨ ਦੇ ਸਮਰਥ ਬਣਾਉਣ ਲਈ ਯੋਗੀ ਲੋਕ 'ਧਾਂਧਰੀ' ਦੀ ਵਰਤੋਂ ਕਰਦੇ ਹਨ। ਇਸ ਦਾ ਇਕ ਨਾਮਾਂਤਰ 'ਗੋਰਖਧੰਧਾ' ਵੀ ਹੈ। ਯੋਗੀ ਆਮ ਤੌਰ 'ਤੇ ਰੁਦ੍ਰਾਕਸ਼ ਦੀ ਮਾਲਾ ਧਾਰਣ ਕਰਦੇ ਹਨ। 'ਅਧਾਰੀ' ਇਕ ਪ੍ਰਕਾਰ ਦੀ ਇਕ-ਟੰਗੀ ਪੀੜ੍ਹੀ ਹੈ ਜਿਸ ਨੂੰ ਕਿਤੇ ਵੀ ਰਖ ਕੇ ਯੋਗੀ ਉਪਰ ਬੈਠ ਜਾਂਦਾ ਹੈ, ਪਰ ਇਸ ਲਈ ਬੜੇ ਅਭਿਆਸ ਦੀ ਲੋੜ ਹੈ। ਯੋਗੀ ਆਪਣੇ ਅੰਗਾਂ ਨੂੰ ਢਕਣ ਲਈ ਫਟੇ ਪੁਰਾਣੇ ਕਪੜਿਆਂ ਨੂੰ ਸੀ ਕੇ ਚੋਲਾ ਧਾਰਣ ਕਰਦਾ ਹੈ, ਉਸ ਨੂੰ 'ਗੁਦੜੀ' ਕਹਿੰਦੇ ਹਨ। ਇਹ ਹਰ ਯੋਗੀ ਲਈ ਜ਼ਰੂਰੀ ਨਹੀਂ, ਕਈ ਲੰਗੋਟ ਨਾਲ ਹੀ ਅੰਗ ਢਕਣ ਦਾ ਕੰਮ ਚਲਾ ਲੈਂਦੇ ਹਨ। ਯੋਗੀ ਹੱਥ ਵਿਚ ਹੱਥ ਡੇਢ-ਹੱਥ ਦਾ ਇਕ ਕਾਲਾ 'ਡੰਡਾ' ਵੀ ਧਾਰਣ ਕਰਦਾ ਹੈ ਜਿਸ ਤੋਂ ਝਾੜਨ ਦਾ ਕੰਮ ਲਿਆ ਜਾਂਦਾ ਹੈ। ਇਸ ਦਾ

ਸੰਬੰਧ ਭੈਰਵ ਅਤੇ ਗੋਰਖਨਾਥ ਨਾਲ ਜੋੜਿਆ ਜਾਂਦਾ ਹੈ। 'ਖੱਪਰ' ਮਿੱਟੀ ਦੇ ਘੜੇ ਦਾ ਟੁਟਿਆ ਅੱਧਾ ਹਿੱਸਾ ਹੁੰਦਾ ਹੈ। ਇਸ ਨੂੰ 'ਠੂਠਾ' ਵੀ ਕਹਿੰਦੇ ਹਨ। ਇਹ ਹੁਣ ਦਰਿਆਈ ਨਾਰੀਅਲ ਜਾਂ ਕਾਂਸੀ ਦਾ ਵੀ ਬਣਾ ਲਿਆ ਜਾਂਦਾ ਹੈ। ਇਸ ਪ੍ਰਕਾਰ ਦੇ ਚਿੰਨ੍ਹਾਂ ਨੂੰ ਧਾਰਣ ਕਰਨ ਦੀਆਂ ਵਿਧੀਆਂ ਵੀ ਨਾਥ-ਸਾਹਿਤ ਵਿਚ ਦਸੀਆਂ ਮਿਲਦੀਆਂ ਹਨ।

ਉਪਰੋਕਤ ਚਿੰਨ੍ਹਾਂ ਤੋਂ ਇਲਾਵਾ, ਹਠਯੋਗ ਵਿਚ ਪਰਿਭਾਸ਼ਿਕ ਸ਼ਬਦ ਵੀ ਵਰਤੇ ਮਿਲਦੇ ਹਨ ਜਿਨ੍ਹਾਂ ਵਿਚੋਂ ਭਾਵੇਂ ਕੁਝ ਪਰੰਪਰਾਗਤ ਹੋਣ, ਪਰ ਉਨ੍ਹਾਂ ਦੇ ਅਰਥਾਂ ਵਿਚ ਪਰਿਵਰਤਨ ਆ ਚੁਕਿਆ ਹੈ। ਇਨ੍ਹਾਂ ਵਿਚੋਂ ਮੁੱਖ ਸ਼ਬਦ ਸੁੰਨ, ਸਬਦ, ਨਾਦ, ਅਨਹਦ-ਨਾਦ, ਨਿਰੰਜਨ, ਨਾਦ-ਬਿੰਦੂ ਆਦਿ ਹਨ। ਇਨ੍ਹਾਂ ਤੋਂ ਇਲਾਵਾ ਸਹਿਜ ਪਰਮ-ਗਿਆਨ, ਸਹਿਜ ਸਮਾਧੀ ਆਦਿ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। 'ਉਨਮਨ' ਮਨ ਦੀ ਉੱਚੀ ਅਵਸਥਾ ਲਈ ਵਰਤਿਆ ਗਿਆ ਹੈ। ਯੋਗ-ਮਤ ਵਿਚ ਸੂਰਜ ਦੀਆਂ 12 ਅਤੇ ਚੰਦ੍ਰਮਾ ਦੀਆਂ 16 ਕਲਾਵਾਂ ਦਾ ਵਰਣਨ ਅਨੇਕ ਥਾਂਵਾਂ ਉਤੇ ਹੋਇਆ ਹੈ। 'ਅਸ਼ਟ-ਧਾਤੂ' ਸ਼ਬਦ ਵੀ ਨਾਥ-ਸਾਹਿਤ ਵਿਚ ਵਰਤਿਆ ਗਿਆ। ਮੂਲ ਰੂਪ ਵਿਚ ਇਹ ਸੰਯੁਕਤ ਸ਼ਬਦ ਅੱਠ ਧਾਤਾਂ— ਸੋਨਾ, ਚਾਂਦੀ, ਪਾਰਾ, ਤਾਂਬਾ, ਜਿਸਤ, ਸਿੱਕਾ, ਕਲੀ ਅਤੇ ਲੋਹਾ— ਲਈ ਵਰਤਿਆ ਜਾਂਦਾ ਹੈ, ਪਰ ਯੋਗਮਤ ਵਾਲੇ ਇਸ ਨੂੰ ਸ਼ਰੀਰ ਦੀਆਂ ਧਾਤਾਂ ਦਾ ਵਾਚਕ ਮੰਨਦੇ ਹਨ ਜਿਵੇਂ— ਤ੍ਵੱਚਾ, ਰੋਮ, ਲਹੂ, ਨਾੜੀਆਂ, ਹੱਡੀਆਂ, ਪਿੰਜਰ, ਚਰਬੀ ਅਤੇ ਵੀਰਜ। ਕਈ ਵਾਰ ਪੰਜ ਤੱਤ੍ਵਾਂ ਅਤੇ ਤਿੰਨ ਗੁਣਾਂ ਨੂੰ ਅਸ਼ਟ-ਧਾਤੂ ਕਹਿ ਦਿੱਤਾ ਜਾਂਦਾ ਹੈ।

ਮੱਧ-ਯੁਗ ਵਿਚ ਹਠ-ਸਾਧਨਾ ਦਾ ਵਿਸਤਾਰ ਸਾਰੇ ਉਤਰ ਭਾਰਤ ਵਿਚ ਬਹੁਤ ਵਿਆਪਕ ਸੀ। ਸੰਤ-ਕਾਵਿ ਵਿਚ ਇਸ ਸਾਧਨਾ ਦੀ ਪ੍ਰਤਿਕ੍ਰਿਆ ਅਥਵਾ ਇਸ ਦੀ ਅਨੁਪਯੋਗਤਾ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਇਸ ਦੇ ਕਈਆਂ ਅੰਗਾਂ ਦਾ ਭਾਵੀਕਰਣ ਵੀ ਹੋਇਆ ਹੈ। ਸੰਤ ਕਬੀਰ ਦੀ ਬਾਣੀ ਵਿਚ ਇਸ ਦਾ ਸਾਂਗੋਪਾਂਗ ਚਿਤ੍ਰਣ ਮਿਲਦਾ ਹੈ ਕਿਉਂਕਿ ਉਨ੍ਹਾਂ ਦਾ ਪਰਿਵਾਰਿਕ ਸੰਬੰਧ ਯੋਗੀ ਸਭਿਆਚਾਰ ਨਾਲ ਬਹੁਤ ਨਿਕਟ ਸੀ, ਪਰ ਉਂਜ ਇਸ ਸਾਧਨਾ ਪ੍ਰਤਿ ਉਨ੍ਹਾਂ ਦਾ ਵਿਸ਼ਵਾਸ ਟੁਟਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦਾ ਸੰਬੰਧ ਭਾਵੇਂ ਯੋਗੀ-ਸਭਿਆਚਾਰ ਨਾਲ ਨਹੀਂ ਸੀ, ਪਰ ਉਨ੍ਹਾਂ ਨੇ ਹਠਯੋਗੀਆਂ ਦੇ ਵਿਕ੍ਰਿਤ ਆਚਰਣ ਵੇਖੇ ਸਨ ਜੋ ਸਮੇਂ ਦੀ ਲੋੜ ਨੂੰ ਪੂਰਾ ਕਰਨ ਦੇ ਅਸਮਰਥ ਸਨ। ਉਨ੍ਹਾਂ ਦੀ ਸਮੁੱਚੀ ਬਾਣੀ 'ਸਿਧ-ਗੋਸਟਿ' ਅਤੇ ਹੋਰ ਅਨੇਕਾਂ ਸ਼ਬਦਾਂ ਵਿਚ ਅਤੇ 'ਜਨਮਸਾਖੀ-ਸਾਹਿਤ' ਤੋਂ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਹਠਯੋਗ ਸਾਧਨਾ ਨਾਲ ਉਨ੍ਹਾਂ ਦਾ ਸਿੱਧਾ ਵਿਰੋਧ ਸੀ ਕਿਉਂਕਿ ਯੋਗੀ ਮਾਨਵਤਾ ਦੇ ਵਾਸਤਵਿਕ ਕਲਿਆਣ ਦੇ ਰਸਤੇ ਵਿਚ ਰੁਕਾਵਟ ਸਨ। ਗ੍ਰਿਹਸਥ ਧਰਮ ਵਿਚ ਯੋਗੀਆਂ ਦਾ ਵਿਸ਼ਵਾਸ ਨਹੀਂ ਸੀ। ਇਸਤਰੀ ਜਾਤਿ ਪ੍ਰਤਿ ਯੋਗੀਆਂ ਦੇ ਮਨ ਵਿਚ ਅਨਾਦਰ ਦੀ ਭਾਵਨਾ ਸੀ ਕਿਉਂਕਿ ਉਹ ਉਨ੍ਹਾਂ ਦੀ ਸਾਧਨਾ ਵਿਚ ਬੁਨਿਆਦੀ ਰੁਕਾਵਟ ਸੀ। ਯੋਗੀ ਬਿੰਦੂ ਦੀ ਰਖਿਆ ਉਤੇ ਅਧਿਕ ਬਲ ਦਿੰਦੇ ਸਨ। ਇਸ ਲਈ ਗੁਰੂ ਨਾਨਕ ਬਾਣੀ ਵਿਚ ਹਠਯੋਗ ਪ੍ਰਤਿ ਵਿਰੋਧੀ ਸੁਰ ਬੜੀ ਸ਼ਿਦਤ ਨਾਲ ਗੂੰਜਿਆ ਹੈ। ਯੋਗ-ਮਤ ਦੇ ਵਿਸ਼ਵਾਸਾਂ ਦੀ ਸਪੱਸ਼ਟ ਅਸ੍ਵੀਕ੍ਰਿਤੀ ਗੁਰੂ ਨਾਨਕ ਬਾਣੀ ਵਿਚ ਉਘੜ ਕੇ ਸਾਹਮਣੇ ਆਈ ਹੈ।

ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਚਿੱਤ-ਵ੍ਰਿਤੀਆਂ ਦੇ ਨਿਰੋਧ ਨਾਲ ਸ਼ਰੀਰ ਨਿਰਬਲ ਹੁੰਦਾ ਹੈ। ਪ੍ਰਾਣਾਯਾਮ ਦੁਆਰਾ ਵਾਯੂ ਨੂੰ ਦਸਮ-ਦੁਆਰ ਵਿਚ ਚੜ੍ਹਾਉਣ ਅਤੇ ਨੌਲੀ ਆਦਿ ਖਟ-ਕਰਮ ਕਰਨ ਨਾਲ ਮਨ ਭਿਜ ਨਹੀਂ ਸਕਦਾ— *ਚਾੜਸਿ ਪਵਨੁ ਸਿੰਘਾਸਨੁ ਭੀਜੈ। ਨਿਉਲੀ ਕਰਮ ਖਟੁ ਕਰਮ ਕਰੀਜੈ। ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ।* (ਗੁ.ਗ੍ਰੰ.905)। ਯੋਗ ਦੇ ਸਾਰੇ ਅੰਗ ਪਾਖੰਡ-ਕਰਮ ਹਨ। ਨੌਲੀ ਕਰਮ ਕਰਨਾ, ਕੁੰਡਲਿਨੀ ਨੂੰ ਜਗਾ ਕੇ ਦਸਮ-ਦੁਆਰ ਰੂਪੀ ਭਠੀ ਤਕ ਪਹੁੰਚਾਉਣਾ, ਰੇਚਕ, ਪੂਰਕ, ਕੁੰਭਕ ਆਦਿ ਪ੍ਰਾਣਾਯਾਮ ਕਰਨਾ ਅਤੇ ਮਨ ਦਾ ਹਠ-ਪੂਰਵਕ ਨਿਗ੍ਰਹ ਕਰਨਾ ਸਭ ਪਾਖੰਡ ਹਨ। ਅਜਿਹੇ ਕਰਮਾਂ ਦੁਆਰਾ ਪਰਮਾਤਮਾ ਨਾਲ ਪ੍ਰੇਮ-ਸੰਬੰਧ ਦੀ ਸਥਾਪਨਾ ਨਹੀਂ ਹੁੰਦੀ— *ਨਿਉਲੀ ਕਰਮ ਭੁਇਅੰਗਮ ਭਾਠੀ। ਰੇਚਕ ਕੁੰਭਕ ਪੂਰਕ ਮਨ ਹਾਠੀ। ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ।* (ਗੁ.ਗ੍ਰੰ.1043)।

ਗੁਰੂ ਨਾਨਕ ਦੇਵ ਜੀ ਨੇ ਯੋਗ-ਆਸਨਾਂ ਪ੍ਰਤਿ ਵੀ ਕੋਈ ਵਿਸ਼ਵਾਸ ਪ੍ਰਗਟ ਨਹੀਂ ਕੀਤਾ। ਉਨ੍ਹਾਂ ਨੂੰ ਲੋਕਾਂ ਦੇ ਠਗਣ ਦਾ ਸਾਧਨ ਮੰਨਿਆ ਹੈ। ਇਸ ਤੋਂ ਇਲਾਵਾ ਅਨਹਦ-ਨਾਦ, ਦਸਮ-ਦੁਆਰ, ਅੰਮ੍ਰਿਤ-ਰਸ, ਅਜਪਾਜਾਪ ਆਦਿ ਯੌਗਿਕ ਸ਼ਬਦਾਵਲੀ ਨੂੰ ਆਪਣੀ ਬਾਣੀ ਵਿਚ ਬੜੀ ਭਾਵਨਾਮਈ ਸ਼ੈਲੀ ਵਿਚ ਵਰਤਿਆ ਹੈ। ਪਰ ਇਹ ਵਰਤੋਂ

ਇਨ੍ਹਾਂ ਪਰਿਭਾਸ਼ਿਕ ਸ਼ਬਦਾਂ ਦੇ ਯੌਗਿਕ ਪਿਛੋਕੜ ਅਤੇ ਸਿੱਧਾਂਤਿਕ ਮਾਨਤਾ ਤੋਂ ਪ੍ਰੇਰਿਤ ਅਥਵਾ ਪ੍ਰਭਾਵਿਤ ਨਹੀਂ ਹੈ। ਅਸਲ ਵਿਚ, ਗੁਰੂ ਨਾਨਕ ਦੇਵ ਜੀ ਦੀ ਦ੍ਰਿੜ੍ਹ ਧਾਰਣਾ ਸੀ ਕਿ ਹਠ-ਯੋਗ ਦੇ ਰੂੜ੍ਹ ਵਿਧੀ-ਵਿਧਾਨਾਂ ਅਤੇ ਕਠੋਰ ਸ਼ਰੀਰਿਕ ਕ੍ਰਿਆਵਾਂ ਨਾਲ ਵਾਸਤਵਿਕ ਯੋਗ ਦੀ ਪ੍ਰਾਪਤੀ ਨਹੀਂ ਹੋ ਸਕਦੀ—*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ।... ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।*(ਗੁ.ਗ੍ਰੰ.730)। ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਹਠ-ਯੋਗ ਦੀਆਂ ਸ਼ਰੀਰਿਕ ਕ੍ਰਿਆਵਾਂ ਦਾ ਖੰਡਨ ਕਰਕੇ ਨਵੀਨ ਜੀਵਨ-ਮੁੱਲਾਂ ਦੀ ਸਥਾਪਨਾ ਕਰਦੀ ਹੈ।

**ਹਠੀ ਸਿੰਘ** (ਮ. 1783 ਈ.) : ਮਾਤਾ ਸੁੰਦਰੀ ਦੇ ਪਾਲਿਤ ਪੁੱਤਰ ਅਜੀਤ ਸਿੰਘ (ਵੇਖੋ) ਦਾ ਪੁੱਤਰ, ਜੋ ਬੁਰਹਾਨਪੁਰ ਦੇ ਭਾਈ ਸੇਵਾ ਸਿੰਘ ਦੀ ਪੁੱਤਰੀ ਤਾਰਾ ਬਾਈ ਦੀ ਕੁੱਖੋਂ ਪੈਦਾ ਹੋਇਆ ਸੀ। ਅਜੀਤ ਸਿੰਘ ਦੀਆਂ ਗੁਸਤਾਖ਼ੀਆਂ ਕਰਕੇ ਜਦੋਂ ਮਾਤਾ ਜੀ ਦਿੱਲੀ ਤੋਂ ਮਥੁਰਾ ਚਲੇ ਗਏ ਤਾਂ ਹਠੀ ਸਿੰਘ ਨੂੰ ਵੀ, ਉਸ ਦੀ ਮਾਤਾ ਤਾਰਾ ਬਾਈ ਸਹਿਤ ਨਾਲ ਲੈ ਗਏ। ਜਦੋਂ ਹਠੀ ਸਿੰਘ ਜਵਾਨ ਹੋਇਆ ਤਾਂ ਉਹ ਵੀ ਆਪਣੇ ਪਿਤਾ ਅਜੀਤ ਸਿੰਘ ਵਾਂਗ ਗੁਰੂ-ਪਦ ਦਾ ਦਾਅਵਾ ਕਰਨ ਲਗ ਗਿਆ। ਮਾਤਾ ਸੁੰਦਰੀ ਜੀ ਉਸ ਤੋਂ ਬਹੁਤ ਨਿਰਾਸ਼ ਹੋਏ ਅਤੇ ਉਸ ਨੂੰ ਛਡ ਕੇ ਦਿੱਲੀ ਪਰਤ ਆਏ।

ਸੰਨ 1757 ਈ. ਵਿਚ ਅਹਿਮਦ ਸ਼ਾਹ ਦੁਰਾਨੀ ਦੁਆਰਾ ਮਥੁਰਾ ਨਗਰ ਦੇ ਲੁਟੇ ਜਾਣ 'ਤੇ ਹਠੀ ਸਿੰਘ ਆਪਣੇ ਨਾਨਕੇ ਨਗਰ ਬੁਰਹਾਨਪੁਰ (ਮੱਧ ਪ੍ਰਦੇਸ਼) ਚਲਾ ਗਿਆ। ਉਥੇ ਉਸ ਨੇ ਆਪਣੀ ਸੰਗਤ ਕਾਇਮ ਕੀਤੀ ਜੋ 'ਅਜੀਤ ਸਿੰਘ ਸੰਗਤ' ਦੇ ਨਾਂ ਨਾਲ ਪ੍ਰਸਿੱਧ ਹੋਈ। ਸੰਨ 1783 ਈ. ਵਿਚ ਉਸ ਦੀ ਮ੍ਰਿਤੂ ਹੋ ਗਈ। ਉਸ ਦੀ ਕੋਈ ਸੰਤਾਨ ਨਹੀਂ ਸੀ। ਬੁਰਹਾਨਪੁਰ (ਵੇਖੋ) ਵਿਚ ਹੀ ਉਸ ਦੀ ਸਮਾਧ ਬਣਾਈ ਗਈ।

**ਹਠੂਰ** (ਪਿੰਡ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਪਿੰਡ ਜੋ ਜਗਰਾਉਂ ਤੋਂ ਲਗਭਗ 20 ਕਿ.ਮੀ. ਦੱਖਣ ਵਲ ਹੈ। ਇਥੋਂ ਦੇ ਇਕ ਖੂਹ ਵਿਚ ਲਗੇ ਪੱਥਰ ਉਤੇ ਸ. ਜੀ. ਬੀ. ਸਿੰਘ ਨੇ ਗੁਰਮੁਖੀ ਦੇ ਕੁਝ ਅੱਖਰਾਂ ਦੇ ਪੁਰਾਤਨ ਰੂਪਾਂ ਨੂੰ ਖੁਦਿਆ ਹੋਇਆ ਦਸਿਆ ਹੈ।

ਇਸ ਪਿੰਡ ਵਿਚ ਸੰਨ 1634 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਬਣਿਆ ਹੋਇਆ ਹੈ। ਸੰਨ 1980 ਈ. ਵਿਚ ਪੁਰਾਣੀ ਇਮਾਰਤ ਦੀ ਥਾਂ ਨਵਾਂ ਗੁਰੂ-ਧਾਮ ਉਸਾਰਿਆ ਗਿਆ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਹਡੀਆਬਾਦ** (ਪਿੰਡ): ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦਾ ਫਗਵਾੜੇ ਨੇੜੇ ਇਕ ਪਿੰਡ ਜਿਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਸੰਨ 1635 ਈ. ਵਿਚ ਆਏ ਸਨ। ਰਵਾਇਤ ਹੈ ਕਿ ਸੱਤਵੇਂ ਗੁਰੂ ਸਾਹਿਬ ਵੀ ਇਸ ਪਿੰਡ ਵਿਚ ਕੁਝ ਸਮੇਂ ਲਈ ਠਹਿਰੇ ਸਨ। ਦੋਹਾਂ ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਹੁਣ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਮੌਜੂਦ ਹੈ। ਇਸ ਦੀ ਵਰਤਮਾਨ ਇਮਾਰਤ 20ਵੀਂ ਸਦੀ ਦੇ ਮੱਧ ਵਿਚ ਮੁਕੰਮਲ ਹੋਈ ਸੀ। ਗੁਰੂ-ਧਾਮ ਦੇ ਪਰਿਸਰ ਵਿਚ ਸਰੋਵਰ ਵੀ ਬਣਿਆ ਹੋਇਆ ਹੈ। ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਹਢਿਆਇਆ/ਹੰਢਿਆਇਆ** (ਪਿੰਡ): ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿਚ ਬਰਨਾਲਾ-ਮਾਨਸਾ ਸੜਕ ਉਤੇ ਸਥਿਤ ਅਤੇ ਬਰਨਾਲੇ ਤੋਂ ਲਗਭਗ 4 ਕਿ.ਮੀ. ਦੱਖਣ-ਪੱਛਮ ਵਿਚ ਬਾਬਾ ਆਲਾ ਸਿੰਘ ਦੇ ਭਰਾ ਬਾਬਾ ਸੁਭਾ ਦਾ ਵਸਾਇਆ ਇਕ ਪਿੰਡ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਦੇ ਚਰਣਾਂ ਦੀ ਛੋਹ ਪ੍ਰਾਪਤ ਹੋਈ ਸੀ। ਕਹਿੰਦੇ ਹਨ ਕਿ ਸੰਨ 1665 ਈ. ਵਿਚ ਇਥੋਂ ਲੰਘਦੇ ਹੋਏ ਨੌਵੇਂ ਗੁਰੂ ਜੀ ਟੋਭੇ ਦੇ ਕੰਢੇ ਇਕ ਝੰਗੀ ਵਿਚ ਕੁਝ ਸਮੇਂ ਲਈ ਠਹਿਰੇ ਸਨ। ਇਸ ਟੋਭੇ ਵਿਚ ਚਮੜਾ ਰੰਗਣ ਵਾਲੇ ਡੰਗਰਾਂ ਦੀਆਂ ਹੱਡੀਆਂ ਅਤੇ ਚਮੜੀ ਸੁਟਦੇ ਸਨ। ਉਥੇ ਬੈਠਿਆਂ ਗੁਰੂ ਜੀ ਕੋਲ ਇਕ ਤਾਪ-ਗ੍ਰਸਤ ਬੰਦਾ ਆਇਆ। ਰੋਗ ਦੂਰ ਕਰਨ ਲਈ ਗੁਰੂ ਜੀ ਨੇ ਉਸ ਨੂੰ ਟੋਭੇ ਵਿਚ ਇਸ਼ਨਾਨ ਕਰਨ ਲਈ ਕਿਹਾ। ਇਸ਼ਨਾਨ ਕਰਨ 'ਤੇ ਉਹ ਠੀਕ ਹੋ ਗਿਆ। ਇਸ ਚਮਤਕਾਰ ਨੂੰ ਵੇਖ ਕੇ ਪਿੰਡ ਦੀ ਲੁਕਾਈ ਉਥੇ ਇਕੱਠੀ ਹੋ ਗਈ ਅਤੇ ਟੋਭੇ ਵਿਚ ਇਸ਼ਨਾਨ ਕਰਕੇ ਆਪਣੇ ਰੋਗ ਦੂਰ ਕਰਨ ਲਗੀ। ਗੁਰੂ ਜੀ ਦੀ ਉਨ੍ਹਾਂ ਨੇ ਬਹੁਤ ਸੇਵਾ ਕੀਤੀ।

ਪਟਿਆਲਾ ਰਿਆਸਤ ਦੇ ਮਹਾਰਾਜਾ ਕਰਮ ਸਿੰਘ

(1798-1845 ਈ.) ਨੇ ਉਥੇ ਗੁਰੂ-ਧਾਮ ਅਤੇ ਸਰੋਵਰ ਬਣਵਾਇਆ ਅਤੇ ਨਾਲ 90 ਕਿੱਲੇ ਜ਼ਮੀਨ ਵੀ ਲਗਵਾਈ। ਇਸ ਗੁਰੂ-ਧਾਮ ਦਾ ਨਾਂ 'ਗੁਰਦੁਆਰਾ ਸਾਹਿਬ ਗੁਰੂਸਰ ਪਾਤਿਸ਼ਾਹ ਨੌਵੀਂ' ਹੈ। ਹੁਣ ਵੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਰੋਗ ਦੂਰ ਹੋ ਜਾਂਦੇ ਹਨ। ਮਸਿਆ ਵਾਲੇ ਦਿਨ ਇਥੇ ਬਹੁਤ ਭਾਰੀ ਇਕੱਠ ਹੁੰਦਾ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਥੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

**ਹਨੂਮਾਨ ਨਾਟਕ** (ਰਚਨਾ): ਪੰਜਾਬ ਵਿਚ ਰਾਮ-ਕਾਵਿ ਨਾਲ ਸੰਬੰਧਿਤ ਇਕ ਮਹੱਤਵਪੂਰਣ ਰਚਨਾ ਜਿਸ ਨੂੰ ਹਿਰਦੇ ਰਾਮ ਭੱਲਾ ਨੇ ਸੰਨ 1623 ਈ. (ਸੰਮਤ 1680 ਬਿ.) ਵਿਚ ਬ੍ਰਜ ਭਾਸ਼ਾ ਵਿਚ ਮੁਕੰਮਲ ਕੀਤਾ ਸੀ। ਇਸ ਦਾ ਰਚੈਤਾ ਹਿਰਦੇ ਰਾਮ ਭੱਲਾ ਨੂੰ ਮੰਨਣ ਲਈ ਭਾਵੇਂ ਸਾਰੇ ਵਿਦਵਾਨ ਸਹਿਮਤ ਹਨ, ਪਰ ਇਸ ਦੇ ਪਹਿਲੇ ਅਧਿਆਇ ਅਥਵਾ ਅੰਕ ਦੇ ਅੱਠ-ਦਸ ਬੰਦਾਂ ਵਿਚ ਕਵੀ ਕਾਸ਼ੀ ਰਾਮ ਦੇ ਨਾਂ ਦਾ ਉਲੇਖ ਹੋਇਆ ਹੈ ਜਿਸ ਕਰਕੇ ਇਸ ਦਾ ਕਰਤ੍ਰਿਤਵ ਸੰਦਿਗਧ ਹੋ ਜਾਂਦਾ ਹੈ। ਇਸ ਸਮਸਿਆ ਦਾ ਸਮਾਧਾਨ ਕਰਦਿਆਂ ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਨੇ ਦਸਿਆ ਹੈ ਕਿ "ਬਹੁਤ ਕਵੀ ਆਖਦੇ ਹਨ ਕਿ ਬਹਾਦੁਰਸ਼ਾਹ ਨੇ ਹ੍ਰਿਦਯਰਾਮ ਦੀ ਲਿਖੀ ਅਸਲ ਕਾਪੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਭੇਟਾ ਕੀਤੀ ਸੀ ਅਤੇ ਗੁਰੂ ਸਾਹਿਬ ਨੇ ਪਰਸੁਰਾਮ ਦੇ ਸੰਬਾਦ ਦੇ ਕੁਝ ਛੰਦ ਕਵੀ ਕਾਸ਼ੀ ਰਾਮ ਤੋਂ ਲਿਖਵਾ ਕੇ ਦਰਜ ਕਰਵਾਏ।"

ਇਸ ਦੀਆਂ ਬਹੁਤ ਸਾਰੀਆਂ ਹੱਥ-ਲਿਖਿਤ ਪੋਥੀਆਂ ਅਤੇ ਛਪੇ ਹੋਏ ਸੰਸਕਰਣ ਮਿਲਦੇ ਹਨ। ਕਿਤੇ ਕਿਤੇ ਬੰਦਾਂ ਦੀ ਗਿਣਤੀ ਵਿਚ ਕੁਝ ਫ਼ਰਕ ਵੀ ਹੈ। ਇਹ ਕਾਵਿ 14 ਵਖ ਵਖ ਅੰਕਾਂ (ਅਧਿਆਵਾਂ) ਵਿਚ ਵੰਡਿਆ ਹੋਇਆ ਹੈ ਅਤੇ ਇਸ ਵਿਚ ਲਗਭਗ 1462 ਬੰਦ ਹਨ, ਕੁਝ ਸੰਸਕਰਣਾਂ ਵਿਚ 1440 ਬੰਦ ਦਰਜ ਹਨ। ਇਸ ਨੂੰ ਕਵੀ ਨੇ ਖ਼ੁਦ 'ਰਾਮ-ਗੀਤ' ਅਥਵਾ 'ਰਾਮਚੰਦ-ਗੀਤ' ਨਾਂ ਦਿੱਤੇ ਹਨ। ਇਹ ਰਚਨਾ ਸੰਸਕ੍ਰਿਤ ਦੇ 'ਹਨੁਮਾਨ-ਨਾਟਕ' ਉਤੇ ਆਧਾਰਿਤ ਹੈ— *ਨਈ ਨ ਕਥਾ ਵਿਚਾਰ ਸੁਕਵੀ ਰਾਮ ਹਿਰਦੇ ਕਹੀ।*

'ਹਨੁਮਾਨ-ਨਾਟਕ' ਦਾ ਸੰਸਕ੍ਰਿਤ ਸਾਹਿਤ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਮੁੱਖ ਰੂਪ ਵਿਚ ਪਦ-ਰਚਨਾ ਹੈ, ਪਰ ਕੁਝ ਕੁ ਅੰਸ਼ ਗੱਦ ਵਿਚ ਵੀ ਹੈ। ਇਸ ਦਾ ਆਧਾਰ ਕਈ ਗਿਆਤ-ਅਗਿਆਤ ਰਾਮ-ਚਰਿਤ੍ਰ ਹਨ। ਸੰਵਾਦ ਬਹੁਤ ਘਟ ਅਤੇ ਉਪਦੇਸ਼ ਰੂਪ ਵਿਚ ਆਏ ਹਨ। ਨਾਟਕ-ਵਿਧਾ ਦੇ ਤੱਤ੍ਵ ਇਸ ਵਿਚ ਨਾਂ-ਮਾਤ੍ਰ ਹਨ। ਇਸ ਲਈ ਇਸ ਨੂੰ ਨਾਟਕ ਕਹਿ ਸਕਣਾ ਸਰਲ ਨਹੀਂ। ਸੰਸਕ੍ਰਿਤ ਦੇ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਇਸ ਨੂੰ ਨਾਟਕ ਦੀ ਥਾਂ ਕਾਵਿ ਅਤੇ ਪਦਾਂ ਦੀ ਸੰਗ੍ਰਹਿ ਮੰਨਿਆ ਹੈ। ਇਸ ਦੇ ਦੋ ਰੂਪ ਪ੍ਰਚਲਿਤ ਹਨ— ਇਕ, ਪੱਛਮੀ ਭਾਰਤੀ ਪਾਠ ਜੋ ਦਮੋਦਰ ਮਿਸ਼ਰ ਨੇ ਸੰਕਲਿਤ ਕੀਤਾ ਸੀ ਅਤੇ ਜਿਸ ਨੂੰ 'ਹਨੁਮਾਨ-ਨਾਟਕ' ਕਹਿੰਦੇ ਹਨ। ਦੂਜਾ, ਪੂਰਵੀ ਭਾਰਤੀ ਜਾਂ ਬੰਗਾਲੀ ਪਾਠ, ਜਿਸ ਨੂੰ ਮਧੁਸੂਦਨ ਮਿਸ਼ਰ ਨੇ 'ਮਹਾਨਾਟਕ' ਰੂਪ ਵਿਚ ਸੰਗ੍ਰਹਿਤ ਕੀਤਾ ਸੀ। ਇਨ੍ਹਾਂ ਦੋਹਾਂ ਪਾਠਾਂ ਦਾ ਰਚੈਤਾ ਹਨੁਮਾਨ (*ਰਚਿਤਮਨਿਲ ਪੁਤ੍ਰੇਣਾਥ*) ਨੂੰ ਮੰਨਿਆ ਜਾਂਦਾ ਹੈ। ਅਧਿਕਾਂਸ਼ ਵਿਦਵਾਨ ਪੱਛਮੀ ਭਾਰਤੀ ਪਾਠ ਨੂੰ ਪੁਰਾਤਨ ਮੰਨਦੇ ਹਨ। ਇਸ ਦੀ ਰਚਨਾ ਦਾ ਉਦੇਸ਼ ਯਾਤ੍ਰਾਵਾਂ ਵੇਲੇ ਪਿੜ ਬਣਾ ਕੇ ਰਾਮਚੰਦ੍ਰ ਦਾ ਇਤਿਹਾਸ ਖੇਡ ਕੇ ਵਿਖਾਉਣਾ ਸੀ ਤਾਂ ਜੋ ਲੋਕਾਂ ਦਾ ਮਨੋਰੰਜਨ ਹੋ ਸਕੇ। ਅਸਲ ਵਿਚ, ਇਹ ਨਾਟਕ ਰਾਮਲੀਲਾ ਦਾ ਮੁੱਢਲਾ ਰੂਪ ਸੀ।

ਇਸ ਨਾਟਕ ਵਿਚ ਕਵੀ ਨੇ ਮਾਰਮਿਕ ਪ੍ਰਸੰਗਾਂ— ਬਨ-ਗਮਨ, ਬਿਰਹੋਂ-ਵਰਣਨ, ਪ੍ਰਕ੍ਰਿਤੀ-ਚਿਤ੍ਰਣ—ਨੂੰ ਬੜੀ ਰੁਚੀ ਨਾਲ ਚਿਤਰਿਆ ਹੈ। ਵਸਤੂ-ਵਰਣਨ ਵੀ ਪ੍ਰਭਾਵਸ਼ਾਲੀ ਹੈ, ਪਰ ਇਸ ਵਿਚੋਂ ਵੀ ਉਸ ਨੇ ਯੁੱਧ-ਵਰਣਨ ਅਤੇ ਯੁੱਧ-ਭੂਮੀ ਦੇ ਦ੍ਰਿਸ਼ਾਂ ਦੇ ਚਿਤ੍ਰਣ ਵਿਚ ਉਚੇਚੀ ਦਿਲਚਸਪੀ ਲਈ ਹੈ। ਕਵੀ ਨੇ ਸਦ੍ਰਿਸ਼ ਉਪਮਾਨਾਂ ਰਾਹੀਂ ਯੁੱਧ-ਭੂਮੀ ਦੇ ਸਜੀਵ ਚਿਤਰ ਅੰਕਿਤ ਕਰਕੇ ਪਾਠਕਾਂ ਦੇ ਮਨ ਵਿਚ ਯੁੱਧ ਪ੍ਰਤਿ ਉਤਸਾਹ ਦੀ ਭਾਵਨਾ ਅਤੇ ਯੁੱਧ ਵਿਚ ਜੂਝਣ ਦੀ ਇੱਛਾ ਪੈਦਾ ਕੀਤੀ ਹੈ। ਇਹੀ ਕਾਰਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ 'ਹਨੁਮਾਨ-ਨਾਟਕ' ਦੀ ਇਕ ਪੋਥੀ ਸਦਾ ਆਪਣੇ ਗਾਤਰੇ ਵਿਚ ਰਖਦੇ ਸਨ। 'ਦਸਮ-ਗ੍ਰੰਥ' ਦੀ ਵੀਰ-ਬਾਣੀ ਉਤੇ ਇਸ ਦਾ ਕਾਫ਼ੀ ਪ੍ਰਭਾਵ ਹੈ। ਇਸ ਦੇ ਯੁੱਧ-ਵਰਣਨ ਦੇ ਅਨੁਰੂਪ ਗੁਰੂ ਸਾਹਿਬ ਪਾਉਂਟਾ ਸਾਹਿਬ ਅਤੇ ਆਨੰਦਪੁਰ ਸਾਹਿਬ ਵਿਚ ਯੁੱਧ ਦੀਆਂ ਮਸ਼ਕਾਂ ਕਰਵਾਉਂਦੇ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿਚ ਜਿਸ ਨਵੇਂ ਸਭਿਆਚਾਰ ਦਾ ਵਿਕਾਸ ਹੋ ਰਿਹਾ

ਸੀ, ਉਸ ਦੀ ਓਜਸਵੀ ਬਣਤਰ ਵਿਚ ਇਸ ਨਾਟਕ ਦਾ ਮਹੱਤਵਪੂਰਣ ਯੋਗਦਾਨ ਹੈ।

**ਹਮੀਰ ਸਿੰਘ, ਰਾਜਾ** : ਨਾਭਾ ਰਿਆਸਤ ਦਾ ਸੰਸਥਾਪਕ। ਵੇਖੋ 'ਨਾਭਾ ਰਿਆਸਤ'।

**ਹਰਕਿਸ਼ਨ ਸਿੰਘ, ਬਾਵਾ** (1892-1978 ਈ.): ਬਿਨਾ ਕਿਸੇ ਔਹਦੇ ਦੀ ਝਾਕ ਰਖੇ ਬਾਵਾ ਹਰਕਿਸ਼ਨ ਸਿੰਘ ਵੀਹਵੀਂ ਸਦੀ ਦੇ ਇਕ ਪ੍ਰਮੁਖ ਸਿੱਖ ਸ਼ਿਕਸ਼ਾ ਸ਼ਾਸਤ੍ਰੀ ਅਤੇ ਬੁੱਧੀਜੀਵੀ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ। 26 ਜੁਲਾਈ 1892 ਈ. ਨੂੰ ਬਾਵਾ ਦਸੌਂਧਾ ਸਿੰਘ ਦੇ ਘਰ ਡੇਰਾ ਇਸਮਾਇਲ ਖ਼ਾਨ ਵਿਚ ਪੈਦਾ ਹੋਏ ਹਰਕਿਸ਼ਨ ਸਿੰਘ ਨੇ ਸੰਨ 1912 ਈ. ਵਿਚ ਫਾਰਮਨ ਕ੍ਰਿਸ਼ਚੀਅਨ ਕਾਲਜ, ਲਾਹੌਰ ਤੋਂ ਐਮ.ਏ. (ਅੰਗ੍ਰੇਜ਼ੀ) ਦੀ ਪਰੀਖਿਆ ਪਾਸ ਕੀਤੀ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਅੰਗ੍ਰੇਜ਼ੀ ਦਾ ਪ੍ਰੋਫੈਸਰ ਲਗ ਗਿਆ। ਫਿਰ ਇਹ ਗੁਰੂ ਨਾਨਕ ਖ਼ਾਲਸਾ ਕਾਲਜ, ਗੁਜਰਾਂਵਾਲਾ ਚਲਿਆ ਗਿਆ। ਉਥੇ ਇਸ ਨੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਬੜੇ ਸੁਚੱਜੇ ਢੰਗ ਨਾਲ ਨਿਭਾਈ।

ਕਾਲਜਾਂ ਦੀ ਨੌਕਰੀ ਕਰਨ ਦੇ ਨਾਲ ਨਾਲ ਇਸ ਨੇ ਸਿੱਖ ਧਰਮ ਦੇ ਵਿਕਾਸ ਵਿਚ ਵਿਸ਼ੇਸ਼ ਰੁਚੀ ਵਿਖਾਈ, ਪਰ ਬਿਨਾ ਕਿਸੇ ਔਹਦੇ ਜਾਂ ਚੌਧਰ ਦੀ ਇੱਛਾ ਦੇ। ਗੁਰਦੁਆਰਾ ਸੁਧਾਰ ਲਹਿਰ ਦੇ ਬਾਨੀਆਂ ਵਿਚ ਇਸ ਨੇ ਆਪਣੀ ਉਸਾਰੂ ਭੂਮਿਕਾ ਨਿਭਾਈ ਅਤੇ ਹਰ ਅਵਸਰ 'ਤੇ ਆਪਣੀ ਸੂਝ ਭਰਪੂਰ ਰਾਏ ਦਿੱਤੀ। ਸੰਨ 1922 ਈ. ਵਿਚ 'ਗੁਰੂ ਕਾ ਬਾਗ਼' ਦੇ ਮੋਰਚੇ ਵਿਚ ਹਿੱਸਾ ਲਿਆ। ਸ਼੍ਰੋਮਣੀ ਅਕਾਲੀ ਦਲ ਵਲੋਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਗੱਦੀ ਬਹਾਲ ਕਰਨ ਲਈ ਕੀਤੀ ਗਈ ਜਦੋ-ਜਹਿਦ ਵਿਚ ਸ਼ਾਮਲ ਹੋਇਆ। ਇਸ ਸੰਬੰਧ ਵਿਚ ਇਸ ਨੂੰ 13 ਅਕਤੂਬਰ 1923 ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਨ 1927 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਰਹਿਤ -ਮਰਯਾਦਾ ਨਿਸਚਿਤ ਕਰਨ ਲਈ ਬਣਾਈ ਗਈ ਕਮੇਟੀ ਦਾ ਇਸ ਨੂੰ ਮੈਂਬਰ ਥਾਪਿਆ ਗਿਆ।

ਸਿੱਖ ਗੁਰਦੁਆਰਾ ਐਕਟ 1925 ਨੂੰ ਲਾਗੂ ਕਰਨ ਵੇਲੇ ਸਿੱਖ ਨੇਤਾ ਜਦੋਂ ਦੋ ਧੜਿਆਂ ਵਿਚ ਵੰਡੇ ਗਏ, ਤਾਂ ਇਹ ਉਨ੍ਹਾਂ ਤੋਂ ਬੇਲਾਗ ਰਿਹਾ, ਸਗੋਂ ਇਸ ਨੇ ਦੋਹਾਂ ਵਿਚ ਸਮਝੌਤਾ ਕਰਾਉਣ ਦਾ ਉਦਮ ਵੀ ਕੀਤਾ। ਇਸ ਉਦੇਸ਼ ਦੀ ਪੂਰਤੀ ਲਈ ਇਸ ਨੇ ਹੋਰ ਸਿੱਖ ਨੇਤਾਵਾਂ ਨਾਲ ਰਲ ਕੇ ਦਸੰਬਰ 1933 ਵਿਚ 'ਗੁਰ ਸੇਵਕ ਸਭਾ' ਵੀ ਬਣਾਈ। ਸੰਨ 1955 ਈ. ਵਿਚ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 10 ਮਈ 1955 ਨੂੰ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਦ ਇਸ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਦੀ ਰਿਹਾਈ ਤੋਂ ਬਾਦ ਇਸ ਨੇ ਇਹ ਔਹਦਾ ਛਡ ਕੇ ਸਿੱਖ ਬੁੱਧੀਜੀਵੀ ਵਾਲੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਦ ਵੀ ਇਸ ਨੂੰ ਕਈ ਕਮੇਟੀਆਂ ਜਾਂ ਕਮਿਸ਼ਨਾਂ ਵਿਚ ਮੈਂਬਰ ਵਜੋਂ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ, ਪਰ ਇਸ ਨੇ ਸਦਾ ਪਰਦੇ ਦੇ ਪਿਛੇ ਰਹਿ ਕੇ ਹੀ ਸਿੱਖ ਨੇਤਾਵਾਂ ਨੂੰ ਆਪਣੀ ਰਾਏ ਦਿੱਤੀ ਅਤੇ ਪੰਥ ਦੀ ਉਨਤੀ ਲਈ ਅਦ੍ਰਿਸ਼ ਰੂਪ ਵਿਚ ਆਪਣਾ ਯੋਗਦਾਨ ਪਾਇਆ।

'ਗੁਰ ਸੇਵਕ ਸਭਾ' ਵਲੋਂ ਸੰਨ 1936 ਈ. ਵਿਚ ਗੁਰੂ ਗ੍ਰੰਥ ਸਾਹਿਬ ਦਾ ਚਾਰ ਜਿਲਦਾਂ ਵਿਚ ਸ਼ਬਦਾਰਥ ਤਿਆਰ ਕਰਨ ਲਈ ਜਿਨ੍ਹਾਂ ਤਿੰਨ ਵਿਦਵਾਨਾਂ ਨੇ ਬੀੜਾ ਚੁਕਿਆ ਸੀ, ਉਸ ਵਿਚ ਬਾਵਾ ਹਰਕਿਸ਼ਨ ਸਿੰਘ ਵੀ ਸ਼ਾਮਲ ਸੀ। ਦੋ ਹੋਰ ਵਿਦਵਾਨ ਸਨ— ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਨਾਰਾਇਣ ਸਿੰਘ। ਇਹ ਕੰਮ 1941 ਈ. ਵਿਚ ਮੁਕੰਮਲ ਹੋਇਆ ਅਤੇ ਇਸ ਨੂੰ ਹੁਣ ਵੀ ਪ੍ਰਮਾਣਿਕ ਸਮਝਿਆ ਜਾਂਦਾ ਹੈ।

20 ਅਗਸਤ 1978 ਈ. ਨੂੰ 86 ਵਰ੍ਹਿਆਂ ਦੀ ਆਯੂ ਭੋਗਣ ਤੇ ਇਸ ਦਾ ਦੇਹਾਂਤ ਮਿਲਟਰੀ ਹਸਪਤਾਲ, ਦਿੱਲੀ ਛਾਵਨੀ ਵਿਚ ਹੋਇਆ।

**ਹਰਗਣਾ** (ਪਿੰਡ): ਪੰਜਾਬ ਦੇ ਫਤਹਿਗੜ੍ਹ ਜ਼ਿਲ੍ਹੇ ਦੇ ਬੱਸੀ ਪਠਾਣਾਂ ਨਗਰ ਤੋਂ ਅੱਠ-ਦਸ ਕਿ.ਮੀ. ਦੀ ਦੂਰੀ ਉਤੇ ਵਸਿਆ ਇਕ ਪਿੰਡ, ਜਿਥੇ ਗੁਰੂ ਗੋਬਿੰਦ ਸਿੰਘ ਜੀ ਕੁਰੁਕ੍ਸ਼ੇਤ੍ਰ ਨੂੰ ਜਾਂਦਿਆਂ ਰਾਣਵਾਂ ਤੋਂ ਪਹਿਲਾਂ ਸੰਨ 1702 ਈ. ਵਿਚ ਕੁਝ ਸਮੇਂ ਲਈ ਠਹਿਰੇ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਮੰਜੀ ਸਾਹਿਬ' ਬਣਾਇਆ ਗਿਆ ਸੀ। ਪਹਿਲਾਂ ਤਾਂ ਗੁਰਦੁਆਰੇ ਦੀ ਇਮਾਰਤ ਬਹੁਤ ਮਾਮੂਲੀ ਜਿਹੀ ਸੀ, ਪਰ ਸੰਤ ਇੰਦਰ ਸਿੰਘ ਨੇ ਦੇਸ਼ ਵੰਡ ਤੋਂ ਪਹਿਲਾਂ ਲਗਭਗ 40 ਵਰ੍ਹੇ ਇਸ ਗੁਰਦੁਆਰੇ ਦੀ ਸੇਵਾ ਕੀਤੀ ਅਤੇ ਨਵੇਂ ਢੰਗ ਦਾ ਗੁਰਦੁਆਰਾ ਬਣਵਾਇਆ। ਹੁਣ ਇਸ ਗੁਰੂ-

ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿਚ ਸਥਾਨਕ ਕਮੇਟੀ ਕਰਦੀ ਹੈ।

**ਹਰਚੰਦ ਸਿੰਘ** (1887-1954 ਈ.): ਇਕ ਸੁਧਾਰਵਾਦੀ ਸਿੱਖ ਜਿਸ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਰ ਸਿੰਘ ਪਿੰਡ ਵਿਚ ਸ. ਅਰਜਨ ਸਿੰਘ, ਥਾਣੇਦਾਰ ਦੇ ਘਰ ਸੰਨ 1887 ਈ. ਵਿਚ ਹੋਇਆ। ਸ. ਅਰਜਨ ਸਿੰਘ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਲਾਇਲਪੁਰ ਵਿਚ ਜ਼ਮੀਨ ਮਿਲਣ ਕਾਰਣ ਉਹ ਆਪਣੇ ਪਰਿਵਾਰ ਸਹਿਤ ਉਥੇ ਚਲਾ ਗਿਆ। ਉਥੇ ਹਰਚੰਦ ਸਿੰਘ ਨੇ ਘਰ ਵਿਚ ਹੀ ਉਰਦੂ ਅਤੇ ਪੰਜਾਬੀ ਪੜ੍ਹੀ। ਕਿਸੇ ਸਕੂਲ ਵਿਚ ਪੜ੍ਹਾਈ ਕਰਨ ਦਾ ਅਵਸਰ ਨ ਮਿਲਣ ਕਰਕੇ ਇਹ ਹੋਰ ਸਿਖਿਆ ਪ੍ਰਾਪਤ ਨ ਕਰ ਸਕਿਆ। ਖੇਤੀ ਦੇ ਕੰਮ ਵਿਚ ਅਧਿਕ ਰੁਚੀ ਲੈਣ ਕਾਰਣ ਇਹ ਇਕ ਤਕੜਾ ਜ਼ਮੀਨਦਾਰ ਬਣ ਗਿਆ। ਹੌਲੀ ਹੌਲੀ ਇਸ ਨੇ ਧਾਰਮਿਕ ਅਤੇ ਸਮਾਜਿਕ ਮਾਮਲਿਆਂ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਗੁਰਦੁਆਰਾ ਰਕਾਬ ਗੰਜ, ਦਿੱਲੀ ਸੰਬੰਧੀ ਲਗੇ ਮੋਰਚੇ ਵਿਚ ਇਸ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਪ੍ਰਚਾਰ -ਮੁਹਿੰਮ ਨੂੰ ਤੇਜ਼ ਕਰਨ ਲਈ ਉਰਦੂ ਵਿਚ 'ਖ਼ਾਲਸਾ ਅਖ਼ਬਾਰ' ਨਾਂ ਦਾ ਸਪਤਾਹਿਕ ਪੱਤਰ ਛਾਪਣਾ ਸ਼ੁਰੂ ਕੀਤਾ। ਇਸ ਦੇ ਉਦੋਂ ਦੇ ਹਮਜੋਲੀਆਂ ਵਿਚ ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ। ਇਸ ਗੁੱਟ ਨੇ ਬੜੀ ਰੁਚੀ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲਿਆ।

ਮਾਸਟਰ ਸੁੰਦਰ ਸਿੰਘ ਦੁਆਰਾ ਪੰਜਾਬੀ ਵਿਚ ਜਾਰੀ ਕੀਤੇ 'ਅਕਾਲੀ' ਨਾਂ ਦੇ ਪੱਤਰ ਵਿਚ ਵੀ ਹਰਚੰਦ ਸਿੰਘ ਨੇ ਯੋਗਦਾਨ ਪਾਇਆ। ਸੰਨ 1921 ਈ. ਵਿਚ ਜਦੋਂ ਬਾਬਾ ਖੜਕ ਸਿੰਘ ਜੇਲ੍ਹ ਚਲੇ ਗਏ, ਤਾਂ ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਕੀਤੀ। ਸੰਨ 1923 ਤੋਂ 1926 ਈ. ਤਕ ਇਹ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਰਿਹਾ। ਇਹ ਬੜਾ ਸੂਝਵਾਨ ਸਿੱਖ ਨੇਤਾ ਸੀ। ਪੜ੍ਹੇ ਲਿਖੇ ਨ ਹੋਣ ਦੇ ਬਾਵਜੂਦ ਵੀ ਇਸ ਦੀ ਬੜੀ ਪ੍ਰਤਿਸ਼ਠਿਤ ਸ਼ਖ਼ਸੀਅਤ ਸੀ। ਸਿੱਖ-ਹਿੱਤਾਂ ਲਈ ਇਹ ਸਭ ਕੁਝ ਨਿਛਾਵਰ ਕਰਨੋਂ ਸੰਕੋਚ ਨਹੀਂ ਕਰਦਾ ਸੀ। ਰਾਜਸਥਾਨ ਦੇ ਕੋਟਾ ਨਗਰ ਵਿਚ 20 ਫਰਵਰੀ 1954 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਹਰਚੰਦ ਸਿੰਘ ਲੌਂਗੋਵਾਲ, ਸੰਤ** (1932-1985 ਈ.): ਵੀਹਵੀਂ ਸਦੀ ਦੇ ਉਤਰਾਰਧ ਵਿਚ ਹੋਏ ਅਕਾਲੀ ਨੇਤਾ ਸੰਤ ਹਰਚੰਦ ਸਿੰਘ ਦਾ ਜਨਮ 2 ਜਨਵਰੀ 1932 ਈ. ਨੂੰ ਭਾਈ ਮਨਸ਼ਾ ਸਿੰਘ ਦੇ ਘਰ ਬੀਬੀ ਕਰਮ ਕੌਰ (ਨਾਮਾਂਤਰ ਮਾਨ ਕੌਰ) ਦੀ ਕੁੱਖੋਂ ਪਟਿਆਲਾ ਰਿਆਸਤ ਦੇ ਪਿੰਡ ਗੱਦੜਿਆਣੀ (ਗਿਦਿਆਣੀ) (ਹੁਣ ਜ਼ਿਲ੍ਹਾ ਸੰਗਰੂਰ) ਵਿਚ ਹੋਇਆ। ਬਚਪਨ ਵਿਚ ਆਪ ਨੂੰ ਪਿੰਡ ਦੇ ਗੁਰਦੁਆਰੇ ਦੇ ਸਕੂਲ ਵਿਚ ਪੜ੍ਹਨੇ ਪਾਇਆ ਗਿਆ ਪਰ ਜਲਦੀ ਪਿੰਡ ਮੌਜੋ ਦੇ ਗੁਰਦੁਆਰੇ ਦੇ ਸੰਤ ਜੋਧ ਸਿੰਘ ਕੋਲ ਚਲੇ ਗਏ ਅਤੇ ਲਗਭਗ ਦਸ ਸਾਲ ਸੰਤ ਜੀ ਦੀ ਸੇਵਾ ਵਿਚ ਰਹਿ ਕੇ ਸਿੱਖ-ਧਰਮ ਅਤੇ ਗੁਰਮਤਿ ਬਾਰੇ ਡੂੰਘੀ ਘੋਖ ਕੀਤੀ ਅਤੇ ਕੀਰਤਨ ਕਰਨ ਵਲ ਵਿਸ਼ੇਸ਼ ਰੁਝਾਨ ਰਖਿਆ। ਆਪਣੀ ਸੁਰੀਲੀ ਆਵਾਜ਼ ਕਰਕੇ ਆਸ-ਪਾਸ ਪਿੰਡਾਂ ਦੇ ਲੋਕੀਂ ਆਪ ਨੂੰ ਪੁੰਨਿਆ, ਮਸਿਆ ਅਤੇ ਸੰਗ੍ਰਾਂਦ ਦੇ ਸਮਾਗਮਾਂ ਵਿਚ ਲੈ ਜਾਣ ਲਗੇ। ਸ਼ੁਰੂ ਵਿਚ ਆਪ ਪੂਰੀ ਤਰ੍ਹਾਂ ਧਾਰਮਿਕ ਵਿਅਕਤੀ ਸਨ, ਪਰ ਸਹਿਜੇ ਸਹਿਜੇ ਆਪਣੇ ਤਾਏ ਜੱਥੇਦਾਰ ਇੰਦਰ ਸਿੰਘ ਅਤੇ ਮਾਮੇ ਸੁਰਜਨ ਸਿੰਘ ਦੇ ਪ੍ਰਭਾਵ ਕਾਰਣ ਰਾਜਨੀਤੀ ਵਿਚ ਵੀ ਕੁਝ ਕੁਝ ਰੁਚੀ ਲੈਣ ਲਗੇ। ਸੰਤ ਜੋਧ ਸਿੰਘ ਵੀ ਅਕਾਲੀ ਦਲ ਦੇ ਮੈਂਬਰ ਸਨ। ਫਲਸਰੂਪ, ਆਪ ਵੀ ਅਕਾਲੀ ਦਲ ਦੇ ਮੈਂਬਰ ਬਣ ਗਏ।

ਦਸ ਸਾਲ ਪਿੰਡ ਮੌਜੋ ਰਹਿ ਕੇ ਆਪ ਆਪਣੇ ਪਿੰਡ ਪਰਤੇ। ਸੰਨ 1948 ਈ. ਵਿਚ ਗਿਆਨੀ ਹਰਨਾਮ ਸਿੰਘ ਆਪ ਨੂੰ ਆਪਣੇ ਪਿੰਡ ਹੀਰੋ ਕਲਾਂ ਦੇ ਗੁਰਦੁਆਰੇ ਦੀ ਸੇਵਾ ਲਈ ਲੈ ਗਿਆ। ਉਨ੍ਹਾਂ ਹੀ ਦਿਨਾਂ ਵਿਚ ਕੇਂਦਰੀ ਸਰਕਾਰ ਨੇ ਪੈਪਸੂ ਵਿਚ ਸ. ਗਿਆਨ ਸਿੰਘ ਰਾੜੇਵਾਲੇ ਦੀ ਸਰਕਾਰ ਤੋੜ ਦਿੱਤੀ। ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਲਗਾਏ ਗਏ ਮੋਰਚੇ ਵਿਚ ਆਪ ਨੇ ਇਕ ਜੱਥੇ ਦੀ ਅਗਵਾਈ ਕਰਕੇ ਗ੍ਰਿਫ਼ਤਾਰੀ ਦਿੱਤੀ। ਉਸ ਤੋਂ ਬਾਦ ਆਪ ਲੌਂਗੋਵਾਲ ਚਲੇ ਗਏ ਅਤੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿਚ ਗੁਰਦੁਆਰਾ ਬਣਾਇਆ। ਲੌਂਗੋਵਾਲ ਵਿਚ ਰਹਿਣ ਕਾਰਣ ਇਹ ਸ਼ਬਦ ਆਪ ਦੇ ਨਾਂ ਦਾ ਸਥਾਈ ਪਿਛੇਤਰ ਬਣ ਗਿਆ। ਸੰਨ 1962 ਈ. ਵਿਚ ਆਪ ਦਮਦਮਾ ਸਾਹਿਬ (ਤਲਵੰਡੀ ਸਾਬੋ) ਗੁਰੂ-ਧਾਮ ਦੇ ਜੱਥੇਦਾਰ ਥਾਪੇ ਗਏ। ਜੂਨ 1964 ਈ. ਵਿਚ ਆਪ ਨੇ ਪਾਉਂਟਾ ਸਾਹਿਬ ਵਲ ਜਾਣ ਵਾਲੇ ਅਕਾਲੀ ਕਾਰਕੁੰਨਾਂ ਦੇ ਇਕ ਜੱਥੇ ਦੀ ਅਗਵਾਈ ਕੀਤੀ। ਇਥੋਂ ਹੀ

ਆਪ ਦਾ ਰਾਜਨੈਤਿਕ ਜੀਵਨ ਆਰੰਭ ਹੋਇਆ।

ਸੰਨ 1965 ਈ. ਵਿਚ ਆਪ ਨੂੰ ਸੰਗਰੂਰ ਜ਼ਿਲ੍ਹੇ ਦੇ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਅਤੇ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਸੰਨ 1969 ਈ. ਦੀਆਂ ਜ਼ਿਮਨੀ ਚੋਣਾਂ ਵਿਚ ਆਪ ਲਹਿਰਾਗਾਗਾ ਚੋਣ ਹਲਕੇ ਤੋਂ ਬਾਬੂ ਬ੍ਰਿਸ਼ ਭਾਨ ਦੇ ਮੁਕਾਬਲੇ 'ਤੇ ਚੁਣੇ ਗਏ। ਸੰਨ 1975 ਈ. ਵਿਚ ਆਪ ਨੇ ਪ੍ਰਧਾਨਮੰਤਰੀ ਇੰਦਰਾ ਗਾਂਧੀ ਵਲੋਂ ਲਗਾਈ ਐਮਰਜੈਂਸੀ ਦਾ ਵਿਰੋਧ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਮੋਰਚਾ ਲਗਾਇਆ। ਪਰ ਜਦੋਂ ਸੰਨ 1977 ਈ. ਵਿਚ ਐਮਰਜੈਂਸੀ ਹਟਾਈ ਗਈ ਤਾਂ ਆਪ ਰਾਜਨੀਤੀ ਤੋਂ ਵਖ ਹੋ ਕੇ ਸਿੱਖ ਧਾਰਮਿਕਤਾ ਦੇ ਪ੍ਰਚਾਰ ਵਿਚ ਰੁਝ ਗਏ। ਸੰਨ 1980 ਈ. ਵਿਚ ਆਪ ਨੂੰ ਬੇਨਤੀ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ ਲਈ ਰਜ਼ਾਮੰਦ ਕੀਤਾ ਗਿਆ।

ਆਪ ਦੇ ਪ੍ਰਧਾਨਗੀ-ਕਾਲ ਵਿਚ ਸਿੱਖ ਧਰਮ ਨੂੰ ਬਹੁਤ ਭਿਆਨਕ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ। ਆਪ ਦੀ ਅਗਵਾਈ ਵਿਚ ਧਰਮ-ਯੁੱਧ ਮੋਰਚਾ 4 ਅਗਸਤ, 1982 ਈ. ਨੂੰ ਸ਼ੁਰੂ ਹੋਇਆ। ਉਨ੍ਹਾਂ ਦਿਨਾਂ ਵਿਚ ਖਾੜਕੂ ਲਹਿਰ ਇਕਦਮ ਸਾਰੇ ਪੰਜਾਬ ਵਿਚ ਪਸਰ ਗਈ। ਸਿੱਟੇ ਵਜੋਂ 5/6 ਜੂਨ 1984 ਈ. ਦੀ ਰਾਤ ਨੂੰ ਦਰਬਾਰ ਸਾਹਿਬ ਉਤੇ ਫ਼ੌਜੀ ਕਾਰਵਾਈ ਹੋਈ। ਅਕਾਲ ਤਖ਼ਤ ਦੇ ਇਮਾਰਤੀ ਨੁਕਸਾਨ ਤੋਂ ਇਲਾਵਾ ਹਰਿਮੰਦਿਰ ਸਾਹਿਬ ਦੀ ਘੋਰ ਬੇਅਦਬੀ ਹੋਈ। ਆਪ ਨੂੰ ਗੁਰੂ ਨਾਨਕ ਨਿਵਾਸ ਤੋਂ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਦਰਬਾਰ ਸਾਹਿਬ ਦੀ ਬੇਅਦਬੀ ਕਾਰਣ ਇੰਦਰਾ ਗਾਂਧੀ ਦੇ ਦੋ ਸਿੱਖ ਸੁਰਖਿਅਕਾਂ ਨੇ 31 ਅਕਤੂਬਰ 1984 ਨੂੰ ਉਸ ਦੀ ਹਤਿਆ ਕਰ ਦਿੱਤੀ। ਜਨਵਰੀ 1985 ਈ. ਵਿਚ ਆਮ ਚੋਣਾਂ ਹੋਈਆਂ ਅਤੇ ਅਕਾਲੀਆਂ ਨੂੰ ਬਹੁਮਤ ਪ੍ਰਾਪਤ ਹੋਇਆ। ਪੰਜਾਬ ਅਤੇ ਸਿੱਖਾਂ ਦੀਆਂ ਸਮਸਿਆਵਾਂ ਦੇ ਸਮਾਧਾਨ ਅਤੇ ਮੰਗਾਂ ਦੀ ਪੂਰਤੀ ਲਈ ਰਾਜੀਵ ਗਾਂਧੀ, ਪ੍ਰਧਾਨਮੰਤਰੀ ਅਤੇ ਸੰਤ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਵਿਚ ਸੰਵਾਦ ਸ਼ੁਰੂ ਹੋਇਆ, ਜਿਸ ਦੇ ਫਲਸਰੂਪ 24 ਜੁਲਾਈ, 1985 ਈ. ਨੂੰ ਰਾਜੀਵ-ਲੌਂਗੋਵਾਲ-ਸਮਝੌਤਾ' (ਵੇਖੋ) ਹੋਇਆ। ਪਰ ਅਜੇ ਸਮਝੌਤੇ ਦੀ ਸਿਆਹੀ ਸੁਕੀ ਵੀ ਨਹੀਂ ਸੀ ਅਤੇ ਉਸ ਦੀਆਂ ਸ਼ਰਤਾਂ ਲਾਗੂ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੀ ਨਹੀਂ ਹੋਈ ਸੀ ਕਿ ਸੰਤ ਲੌਂਗੋਵਾਲ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ 20 ਅਗਸਤ 1985 ਈ. ਨੂੰ ਗੁਰਦੁਆਰਾ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਗੋਲੀ ਮਾਰ ਦਿੱਤੀ। ਇਸ ਤਰ੍ਹਾਂ ਇਕ ਸੰਤ ਸਾਧਕ ਰਾਜਨੈਤਿਕ ਤੰਗਨਜ਼ਰੀ ਦਾ ਸ਼ਿਕਾਰ ਹੋ ਗਿਆ।

**ਹਰਦਿਆਲ, ਪੰਡਿਤ** : ਜਨਮਸਾਖੀ-ਸਾਹਿਤ ਅਨੁਸਾਰ ਬਾਬੇ ਕਾਲੂ ਦਾ ਕੁਲ ਪੁਰੋਹਿਤ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ ਜਨਮ-ਪੱਤਰੀ ਤਿਆਰ ਕਰਨ ਲਈ ਬੁਲਾਇਆ ਗਿਆ ਸੀ। ਪੰਡਿਤ ਨੇ ਦੌਲਤਾਂ ਨਾਂ ਦੀ ਦਾਈ ਨੂੰ ਬੁਲਾ ਕੇ ਬਾਲਕ ਦੇ ਜਨਮ ਵੇਲੇ ਦੇ ਸਰੂਪ ਅਤੇ ਸਥਿਤੀ ਬਾਰੇ ਪੁਛਿਆ ਤਾਂ ਉਸ ਨੇ ਦਸਿਆ ਕਿ ਜਨਮ ਵੇਲੇ ਬਾਲਕ ਦੀ ਨੂਰਾਨੀ ਦਿਖ ਸੀ। ਇਹ ਸੁਣ ਕੇ ਪੰਡਿਤ ਨੇ ਬਾਲਕ ਨੂੰ ਖ਼ੁਦ ਦੇਖਣ ਦੀ ਇੱਛਾ ਪ੍ਰਗਟ ਕੀਤੀ। ਬਾਲਕ ਦੇ ਬਾਹਰ ਲਿਆਉਣ 'ਤੇ ਪੰਡਿਤ ਨੇ ਦਰਸ਼ਨ ਕਰਕੇ ਪ੍ਰਣਾਮ ਕੀਤਾ ਅਤੇ ਬਾਬੇ ਕਾਲੂ ਨੂੰ ਦਸਿਆ ਕਿ ਇਹ ਬਾਲਕ ਛਤਰਧਾਰੀ ਹੋਵੇਗੀ। 13ਵੇਂ ਦਿਨ ਨਾਂ ਰਖਣ ਵੇਲੇ ਵੀ ਪੰਡਿਤ ਨੇ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਅਤੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਬਾਲਕ ਹਿੰਦੂਆਂ-ਮੁਸਲਮਾਨਾਂ ਦੁਆਰਾ ਸਮਾਨ ਰੂਪ ਵਿਚ ਸਮਾਦ੍ਰਿਤ ਹੋਵੇਗਾ ਅਤੇ ਹਰ ਪਾਸੇ ਇਸ ਦੀ ਮਹਾਨਤਾ ਦਾ ਡੰਕਾ ਵਜੇਗਾ।

ਕਹਿੰਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਯਾਰ੍ਹਾਂ ਵਰ੍ਹਿਆਂ ਦੇ ਹੋਏ ਤਾਂ ਇਹ ਪੰਡਿਤ ਜਨੇਊ ਪਾਉਣ ਦੀ ਰਸਮ ਨਿਭਾਉਣ ਲਈ ਆਇਆ। ਪਰ ਗੁਰੂ ਜੀ ਨੇ ਜਨੇਊ ਪਾਣੋਂ ਇਨਕਾਰ ਕਰ ਦਿੱਤਾ। ਇਸ ਪ੍ਰਕਾਰ ਦੀਆਂ ਘਟਨਾਵਾਂ ਨਾਲ ਸੰਬੰਧਿਤ ਪੰਡਿਤ ਹਰਦਿਆਲ ਗੁਰੂ ਸਾਹਿਬ ਦੀ ਅਜ਼ਮਤ ਬਾਰੇ ਲੋਕਾਂ ਨੂੰ ਦਸਦਾ ਰਿਹਾ। ਕੁਝ ਇਤਿਹਾਸਕਾਰਾਂ ਨੇ ਇਸ ਦਾ ਨਾਂ 'ਪੰਡਿ ਰਾਮ ਦਿਆਲ' ਵੀ ਲਿਖਿਆ ਹੈ।

**ਹਰਦਿਤ ਸਿੰਘ, ਮਲਿਕ** (1894-1985 ਈ.): ਸਿੱਖ-ਜਗਤ ਵਿਚ ਇਕ ਚੰਗੇ ਪ੍ਰਸ਼ਾਸਕ ਅਤੇ ਰਾਜਦੂਤ ਦੇ ਰੂਪ ਵਿਚ ਪ੍ਰਸਿੱਧ ਹੋਏ ਮਲਿਕ ਹਰਦਿਤ ਸਿੰਘ ਦਾ ਜਨਮ ਰਾਵਲਪਿੰਡੀ ਦੇ ਸਰਦਾਰ ਬਹਾਦਰ ਮੋਹਨ ਸਿੰਘ ਦੇ ਘਰ ਸਰਦਾਰਨੀ ਲਾਜਵੰਤੀ ਦੀ ਕੁੱਖੋਂ 23 ਨਵੰਬਰ 1894 ਈ. ਨੂੰ ਹੋਇਆ। 14 ਵਰ੍ਹਿਆਂ ਤਕ ਇਸ ਦੀ ਪੜ੍ਹਾਈ ਦੀ ਵਿਵਸਥਾ ਘਰ ਵਿਚ ਹੀ ਕੀਤੀ ਜਾਂਦੀ ਰਹੀ। ਫਿਰ ਇਸ ਨੂੰ ਇੰਗਲੈਂਡ

ਪੜ੍ਹਨ ਲਈ ਭੇਜਿਆ ਗਿਆ। ਸੰਨ 1915 ਈ. ਵਿਚ ਇਸ ਨੇ 'ਆਧੁਨਿਕ ਇਤਿਹਾਸ' ਵਿਸ਼ੇ ਨਾਲ ਸੰਬੰਧਿਤ ਬੀ.ਏ. ਆਨਰਜ਼ ਦੀ ਡਿਗਰੀ ਹਾਸਲ ਕੀਤੀ। ਇਹ ਸਕੂਲ ਅਤੇ ਕਾਲਜ ਦੀ ਪੜ੍ਹਾਈ ਦੌਰਾਨ ਕ੍ਰਿਕਟ ਟੀਮਾਂ ਦਾ ਕਪਤਾਨ ਵੀ ਰਿਹਾ।

ਸੰਨ 1917 ਈ. ਵਿਚ ਇਹ ਰਾਇਲ ਇਅਰ ਫੋਰਸ ਵਿਚ ਪਹਿਲਾ ਭਾਰਤੀ ਲੜਾਕੂ ਪਾਇਲਟ ਵਜੋਂ ਭਰਤੀ ਹੋਇਆ। ਸੰਨ 1919 ਈ. ਵਿਚ ਦੇਸ਼ ਪਰਤਣ 'ਤੇ ਇਸ ਦਾ ਵਿਆਹ ਭਗਤ ਈਸ਼ਵਰ ਦਾਸ ਦੀ ਪੁੱਤਰੀ ਪ੍ਰਕਾਸ਼ ਕੌਰ ਨਾਲ ਹੋਇਆ। ਜੁਲਾਈ ਦੇ ਮਹੀਨੇ ਵਿਚ ਇੰਗਲੈਂਡ ਨੂੰ ਪਰਤਣ 'ਤੇ ਇਹ ਇੰਡੀਅਨ ਸਿਵਲ ਸਰਵਿਸ ਦੇ ਇਮਤਿਹਾਨ ਵਿਚ ਬੈਠਾ ਅਤੇ ਚੰਗੇ ਗ੍ਰੇਡ ਵਿਚ ਪਾਸ ਹੋਇਆ। ਜਨਵਰੀ 1922 ਈ. ਵਿਚ ਭਾਰਤ ਮੁੜਨ 'ਤੇ ਇਸ ਨੂੰ ਸ਼ੇਖ਼ੂਪੁਰਾ ਜ਼ਿਲ੍ਹੇ ਵਿਚ ਸਹਾਇਕ ਕਮਿਸ਼ਨਰ ਲਗਾਇਆ ਗਿਆ ਅਤੇ ਫਿਰ ਤਰੱਕੀ ਕਰਕੇ ਡਿਪਟੀ ਕਮਿਸ਼ਨਰ ਬਣ ਗਿਆ। ਸੰਨ 1930 ਈ. ਵਿਚ ਲੰਡਨ ਅਤੇ ਸੰਨ 1933 ਈ. ਵਿਚ ਜਰਮਨੀ ਵਿਚ ਇਸ ਨੂੰ ਟ੍ਰੇਡ ਕਮਿਸ਼ਨਰ ਲਗਾਇਆ ਗਿਆ। ਸੰਨ 1934 ਈ. ਵਿਚ ਭਾਰਤ ਪਰਤਣ 'ਤੇ ਕਾਮਰਸ ਡਿਪਾਰਟਮੈਂਟ ਵਿਚ ਡਿਪਟੀ ਸੈਕ੍ਰੇਟਰੀ ਅਤੇ ਜਾਇੰਟ ਸੈਕ੍ਰੇਟਰੀ ਨਿਯੁਕਤ ਹੋਇਆ। ਇਸ ਤੋਂ ਬਾਦ ਇਹ ਕੈਨੇਡਾ ਅਤੇ ਅਮਰੀਕਾ ਵਿਚ ਭਾਰਤੀ ਟ੍ਰੇਡ ਕਮਿਸ਼ਨਰ ਵਜੋਂ ਤਾਇਨਾਤ ਰਿਹਾ। ਜਦੋਂ ਸੰਨ 1944 ਈ. ਵਿਚ ਭਾਰਤ ਪਰਤਿਆ ਤਾਂ ਇਸ ਨੂੰ ਮਹਾਰਾਜਾ ਪਟਿਆਲਾ ਨੇ ਚਾਰ ਸਾਲਾਂ ਲਈ ਆਪਣੇ ਪ੍ਰਧਾਨਮੰਤਰੀ ਵਜੋਂ ਭਾਰਤ ਸਰਕਾਰ ਤੋਂ ਮੰਗ ਲਿਆ। ਮਾਰਚ 1947 ਈ. ਵਿਚ ਪੋਠੋਹਾਰ ਵਿਚ ਹੋਏ ਦੰਗਿਆਂ ਤੋਂ ਪੀੜਿਤ ਸਿੱਖਾਂ ਅਤੇ ਹਿੰਦੂਆਂ ਨੂੰ ਆਪਣੀ ਰਿਆਸਤ ਵਿਚ ਸ਼ਰਣ ਦੇਣ ਲਈ ਨਿਮੰਤਰਿਤ ਕਰਕੇ ਮਹਾਰਾਜਾ ਯਾਦਵੇਂਦ੍ਰ ਸਿੰਘ ਨੂੰ ਪ੍ਰੇਰਿਤ ਕੀਤਾ ਅਤੇ ਇਕ ਮਾਨਵਤਾਵਾਦੀ ਕੰਮ ਦੀ ਸੁਚਜੀ ਭੂਮਿਕਾ ਨਿਭਾਈ।

ਸੁਤੰਤਰਤਾ ਪ੍ਰਾਪਤੀ ਤੋਂ ਬਾਦ ਇਸ ਨੂੰ ਕੈਨੇਡਾ ਵਿਚ ਪਹਿਲਾ ਭਾਰਤੀ ਹਾਈ ਕਮਿਸ਼ਨਰ ਲਗਾਇਆ ਗਿਆ ਜਿਥੇ ਦੋ ਸਾਲ ਰਹਿ ਕੇ ਇਸ ਨੇ ਭਾਰਤੀ ਆਬਾਦਕਾਰਾਂ ਨੂੰ ਉਥੋਂ ਦੀ ਨਾਗਰਿਕਤਾ ਦਾ ਅਧਿਕਾਰ ਦਿਵਾਇਆ। ਉਸ ਤੋਂ ਬਾਦ ਇਸ ਦੀ ਨਿਯੁਕਤੀ ਫਰਾਂਸ ਵਿਚ ਭਾਰਤੀ ਰਾਜਦੂਤ ਵਜੋਂ ਹੋਈ। ਸੰਨ 1957 ਈ. ਵਿਚ ਸੇਵਾ-ਮੁਕਤ ਹੋ ਕੇ ਇਹ ਨਵੀਂ ਦਿੱਲੀ ਰਹਿਣ ਲਗ ਗਿਆ। ਸਿੱਖ-ਮਰਯਾਦਾ ਅਨੁਸਾਰ ਪੂਰੀ ਤਰ੍ਹਾਂ ਢਾਲਣ ਵਾਲੇ ਗਿਣੇ ਚੁਣੇ ਅਫਸਰਾਂ ਵਿਚੋਂ ਇਹ ਇਕ ਸੀ। ਇਹ ਰਾਜਨੀਤੀ ਤੋਂ ਦੂਰ ਰਹਿ ਕੇ ਬੜੇ ਸੰਜਮ ਨਾਲ ਜੀਣ ਵਾਲਾ ਇਕ ਉਦਮੀ ਸਿੱਖ ਅਫ਼ਸਰ ਸੀ ਜੋ ਅਨੇਕ ਸੰਸਥਾਵਾਂ ਅਤੇ ਸਭਾਵਾਂ ਨਾਲ ਸੰਬੰਧਿਤ ਰਿਹਾ। ਖੇਡਾਂ ਵਿਚ ਇਸ ਦੀ ਖ਼ਾਸ ਰੁਚੀ ਸੀ। ਬਿਰਧ ਅਵਸਥਾ ਵਿਚ ਵੀ ਇਹ ਗੌਲਫ਼ ਦੀ ਖੇਡ ਰੁਚੀ ਪੂਰਵਕ ਖੇਡਦਾ ਰਿਹਾ।

ਇਕ ਸਾਲ ਦੀ ਲੰਬੀ ਬੀਮਾਰੀ ਤੋਂ ਬਾਦ 31 ਅਕਤੂਬਰ 1985 ਈ. ਨੂੰ ਇਸ ਦਾ ਨਵੀਂ ਦਿੱਲੀ ਵਿਚ ਦੇਹਾਂਤ ਹੋਇਆ।

**ਹਰਨਾਮ ਸਿੰਘ ਟੁੰਡੀਲਾਟ** (1882–1962 ਈ.): ਗ਼ਦਰ ਪਾਰਟੀ ਨਾਲ ਸੰਬੰਧਿਤ ਹਰਨਾਮ ਸਿੰਘ ਦਾ ਜਨਮ ਮਾਰਚ 1882 ਈ. ਵਿਚ ਸ. ਗੁਰਦਿਤ ਸਿੰਘ ਕਿਸਾਨ ਦੇ ਘਰ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਕਸਬੇ ਕੋਟਲਾ ਨੌਧ ਸਿੰਘ ਵਿਚ ਹੋਇਆ। ਇਸ ਨੇ ਮੁਢਲੀ ਸਿਖਿਆ ਪਿੰਡ ਦੀ ਧਰਮਸ਼ਾਲਾ ਵਿਚ ਪ੍ਰਾਪਤ ਕੀਤੀ। ਕੁਝ ਸਮਾਂ ਫ਼ੌਜ ਵਿਚ ਨੌਕਰੀ ਕਰਨ ਤੋਂ ਬਾਦ 12 ਜੁਲਾਈ 1906 ਈ. ਨੂੰ ਇਹ ਕੈਨੇਡਾ ਚਲਾ ਗਿਆ ਅਤੇ ਉਥੋਂ ਦਸੰਬਰ 1909 ਈ. ਵਿਚ ਅਮਰੀਕਾ ਦੇ ਕੈਲੇਫੋਰਨੀਆ ਨਗਰ ਵਿਚ ਪਹੁੰਚ ਗਿਆ। ਸੰਨ 1912 ਈ. ਦੇ ਸ਼ੁਰੂ ਵਿਚ ਇਸ ਨੇ ਪੋਰਟਲੈਂਡ ਵਿਚ ਭਾਰਤੀ ਪ੍ਰਵਾਸੀਆਂ ਦੀ ਇਕ ਮੀਟਿੰਗ ਵਿਚ ਸ਼ਰਕਤ ਕੀਤੀ ਜਿਸ ਵਿਚ ਗ਼ਦਰ ਪਾਰਟੀ ਦਾ ਮੁਢ ਬੰਨ੍ਹਿਆ ਗਿਆ। ਇਹ ਵੀ ਫ਼ੈਸਲਾ ਕੀਤਾ ਗਿਆ ਕਿ 'ਗ਼ਦਰ' ਨਾਂ ਦੇ ਸਪਤਾਹਿਕ ਪੱਤਰ ਉਰਦੂ, ਪੰਜਾਬੀ ਅਤੇ ਹਿੰਦੀ ਵਿਚ ਛਾਪਿਆ ਜਾਵੇ। ਲਾਲਾ ਹਰਦਿਆਲ ਨੂੰ ਇਸ ਦਾ ਸੰਪਾਦਕ ਬਣਾਇਆ ਗਿਆ। ਸੰਨ 1913 ਈ. ਦੇ ਨਵੰਬਰ ਮਹੀਨੇ ਵਿਚ ਉਰਦੂ ਵਿਚ 'ਗ਼ਦਰ' ਛਪਣਾ ਸ਼ੁਰੂ ਹੋਇਆ ਅਤੇ ਜਨਵਰੀ 1914 ਈ. ਵਿਚ ਪੰਜਾਬੀ ਵਿਚ ਵੀ ਛਪਣਾ ਆਰੰਭ ਹੋ ਗਿਆ। 'ਗ਼ਦਰ' ਅਖ਼ਬਾਰ ਦੇ ਸੰਪਾਦਕੀ ਬੋਰਡ ਨਾਲ ਹਰਨਾਮ ਸਿੰਘ ਵੀ ਸੰਬੰਧਿਤ ਰਿਹਾ। ਇਸ ਨੇ ਦੇਸ਼-ਭਗਤੀ ਦੇ ਜਜ਼ਬਿਆਂ ਨੂੰ ਉਭਾਰਨ ਵਾਲੀਆਂ ਕਵਿਤਾਵਾਂ ਲਿਖ ਕੇ 'ਗ਼ਦਰ' ਵਿਚ ਛਪਵਾਣੀਆਂ ਸ਼ੁਰੂ ਕੀਤੀਆਂ। ਲਾਲਾ ਹਰਦਿਆਲ ਨੂੰ ਅਪ੍ਰੈਲ 1914 ਵਿਚ ਅਮਰੀਕਾ ਤੋਂ ਨਿਸ਼ਕਾਸਿਤ ਕਰ ਦਿੱਤਾ ਗਿਆ। ਉਨ੍ਹਾਂ ਦੀ ਥਾਂ ਹਰਨਾਮ ਸਿੰਘ ਨੂੰ 'ਗ਼ਦਰ' ਦੇ ਸੰਪਾਦਕ ਦੀ

ਜ਼ਿੰਮੇਵਾਰੀ ਸੌਂਪੀ ਗਈ।

ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਦੀ ਸੰਭਾਵਨਾ ਨੂੰ ਵੇਖਦੇ ਹੋਇਆਂ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਵੀ ਆਪਣੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। 5 ਜੁਲਾਈ 1914 ਨੂੰ ਜਦੋਂ ਹਰਨਾਮ ਸਿੰਘ ਬੰਬ ਬਣਾਉਣ ਦਾ ਯਤਨ ਕਰ ਰਿਹਾ ਸੀ, ਤਾਂ ਬੰਬ ਦੇ ਫਟਣ ਨਾਲ ਇਸ ਦਾ ਖੱਬਾ ਹੱਥ ਉਡ ਗਿਆ, ਫਲਸਰੂਪ ਇਸ ਦੀ ਗੁੱਟੀ ਤੋਂ ਉਪਰੋਂ ਬਾਂਹ ਕਟਣੀ ਪਈ। ਉਸ ਤੋਂ ਬਾਦ ਇਸ ਦੇ ਨਾਂ ਨਾਲ 'ਟੁੰਡੀਲਾਟ' ਪਿਛੇਤਰ ਹਮੇਸ਼ਾਂ ਲਈ ਜੁੜ ਗਿਆ, ਜੋ ਅਸਲੋਂ ਹਿੰਦੁਸਤਾਨ ਦੇ ਗਵਰਨਰ-ਜਨਰਲ (1844-48 ਈ.) ਸਰ ਹੈਨਰੀ ਹਾਰਡਿੰਗ ਨਾਲ ਪੰਜਾਬੀਆਂ ਨੇ ਜੋੜਿਆ ਸੀ ਕਿਉਂਕਿ ਉਸ ਦੀ ਇਕ ਬਾਂਹ ਨਪੋਲੀਅਨ ਨਾਲ ਹੋਈ ਲੜਾਈ ਵਿਚ ਕਟੀ ਗਈ ਸੀ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਉਸ ਦੀ ਪ੍ਰਤਿਗਿਆ ਬਾਰੇ ਲਿਖਿਆ ਹੈ— *ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ, ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ। ਟੁੰਡੇ ਲਾਟ ਨੇ ਚੁਕਿਆ ਆਣ ਬੀੜਾ, ਹਮੀਂ ਜਾਇ ਕੇ ਸੀਖ ਸੋਂ ਅੜੇਗਾ ਜੀ। ਘੰਟੇ ਤੀਨ ਮੈਂ ਜਾ ਲਾਹੌਰ ਮਾਰਾਂ, ਐਸੀ ਬਾਤ ਮੇਂ ਫ਼ਰਕ ਨਾ ਪੜੇਗਾ ਜੀ।... 49।*

25 ਜੁਲਾਈ 1914 ਈ. ਨੂੰ ਪਹਿਲੇ ਵਿਸ਼ਵ ਯੁੱਧ ਦੇ ਛਿੜ ਪੈਣ ਨਾਲ ਗ਼ਦਰ ਪਾਰਟੀ ਨੇ ਆਪਣੇ ਕਾਰਕੁੰਨਾਂ ਨੂੰ ਭਾਰਤ ਪਰਤਣ ਲਈ ਆਦੇਸ਼ ਦਿੱਤੇ। ਹਰਨਾਮ ਸਿੰਘ 24 ਦਸੰਬਰ 1914 ਈ. ਨੂੰ ਪੰਜਾਬ ਪਹੁੰਚਿਆ ਅਤੇ ਸਾਧੂ ਦਾ ਰੂਪ ਧਾਰ ਕੇ ਦੁਆਬੇ ਦੇ ਪਿੰਡਾਂ ਵਿਚ ਗ਼ਦਰ ਪਾਰਟੀ ਦਾ ਸੰਦੇਸ਼ ਪ੍ਰਸਾਰਨ ਲਗਾ। ਇਸ ਤੋਂ ਇਲਾਵਾ, ਇਸ ਨੇ ਰਾਵਲਪਿੰਡੀ, ਨੌਸ਼ਹਿਰਾ, ਪਿਸ਼ਾਵਰ ਅਤੇ ਬੰਨੂ ਛਾਵਣੀਆਂ ਵਿਚ ਤਾਇਨਾਤ ਫ਼ੌਜੀਆਂ ਨਾਲ ਸੰਪਰਕ ਕਰਨਾ ਸ਼ੁਰੂ ਕੀਤਾ ਤਾਂ ਜੋ ਬਗ਼ਾਵਤ ਕਰਨ ਦਾ ਕੋਈ ਜੁਗਾੜ ਕੀਤਾ ਜਾ ਸਕੇ। ਪਰ ਭੇਦ ਖੁਲ੍ਹ ਗਿਆ ਅਤੇ ਹਰਨਾਮ ਸਿੰਘ ਅਫ਼ਗ਼ਾਨਿਸਤਾਨ ਵਲ ਖਿਸਕ ਗਿਆ। ਜਦੋਂ ਉਸ ਦੇਸ਼ ਤੋਂ ਮਦਦ ਦਾ ਕੋਈ ਹੁੰਗਾਰਾ ਨ ਮਿਲਿਆ ਤਾਂ 2 ਮਾਰਚ 1915 ਈ. ਨੂੰ ਸ਼ਾਹਪੁਰ (ਸਰਗੋਧੇ) ਦੇ ਚਕ ਨੰਬਰ 5 ਵਿਚ ਕਿਸੇ ਵਾਕਫ਼ਕਾਰ ਦੇ ਘਰ ਹੋਰ ਗ਼ਦਰੀਆਂ ਸਹਿਤ ਆ ਠਹਿਰਿਆ। ਪਰ ਮੁਖ਼ਬਰ ਦੀ ਸੂਚਨਾ 'ਤੇ ਸਭ ਪਕੜ ਲਏ ਗਏ ਅਤੇ 13 ਸਤੰਬਰ 1915 ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਇਸ ਨੂੰ ਉਮਰ ਕੈਦ ਦੀ ਸਜ਼ਾ ਮਿਲੀ। ਅੰਡੇਮਾਨ, ਮਦਰਾਸ, ਪੂਨਾ, ਬੰਬਈ ਅਤੇ ਮਿੰਟਗੁਮਰੀ ਆਦਿ ਨਗਰਾਂ ਦੀਆਂ ਜੇਲ੍ਹਾਂ ਵਿਚ ਰਹਿਣ ਉਪਰੰਤ ਸੰਨ 1945 ਈ. ਵਿਚ ਇਹ ਮੁਕਤ ਹੋਇਆ।

ਇਸ ਦੇ ਪੰਜਾਬੀ ਕਵਿਤਾ ਦੇ ਤਿੰਨ ਸੰਗ੍ਰਹਿ (ਹਰਨਾਮ ਲਹਿਰਾਂ, ਕੁਰੀਤੀ ਸੁਧਾਰ ਅਤੇ ਹਰਨਾਮ ਸੰਦੇਸ਼) ਪ੍ਰਕਾਸ਼ਿਤ ਹੋਏ। ਇਸ ਦੀਆਂ ਪੰਜਾਬੀ ਵਾਰਤਕ ਵਿਚ ਵੀ ਦੋ ਪੁਸਤਕਾਂ ('ਸੱਚਾ ਸੌਦਾ' ਅਤੇ 'ਇਖ਼ਲਾਕ ਤੇ ਮਜ਼੍ਹਬ') ਉਪਲਬਧ ਹਨ। ਇਸ ਨੇ ਇਕ ਪੁਸਤਕ 'ਮਜ਼੍ਹਬ ਔਰ ਇਨਸਾਨੀਅਤ' ਉਰਦੂ ਵਿਚ ਵੀ ਪ੍ਰਕਾਸ਼ਿਤ ਕੀਤੀ ਹੈ। 18 ਸੰਤਬਰ 1962 ਈ. ਨੂੰ ਇਸ ਦਾ ਦੇਹਾਂਤ ਹੋਇਆ।

**ਹਰਨਾਮ ਸਿੰਘ, ਬਾਬਾ** (1897-1983 ਈ.) : ਦੁਆਬੇ ਦੇ ਇਲਾਕੇ ਵਿਚ ਸਿੱਖੀ ਦਾ ਭਰਵਾਂ ਪ੍ਰਚਾਰ ਕਰਨ ਵਾਲੇ ਬਾਬਾ ਹਰਨਾਮ ਸਿੰਘ ਦਾ ਜਨਮ ਸੰਨ 1897 ਈ. ਵਿਚ ਭਾਈ ਅੱਛਰ ਸਿੰਘ ਦੇ ਘਰ ਮਾਤਾ ਨਰਾਇਣ ਕੌਰ ਦੀ ਕੁਖੋਂ ਪਿੰਡ ਧੁੱਗਾ ਕਲਾਂ (ਨੇੜੇ ਗੜ੍ਹਦੀ-ਵਾਲਾ), ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਭਾਵੇਂ ਆਪ ਦਾ ਜਨਮ ਖੇਤੀ ਕਰਨ ਵਾਲੇ ਪਰਿਵਾਰ ਵਿਚ ਹੋਇਆ ਸੀ ਪਰ ਆਪ ਦਾ ਮਨ ਸ਼ੁਰੂ ਤੋਂ ਹੀ ਧਾਰਮਿਕਤਾ ਵਲ ਬਹੁਤ ਰੁਚਿਤ ਸੀ। ਫਲਸਰੂਪ ਕਈ ਸਾਧਾਂ ਸੰਤਾਂ ਦੇ ਸੰਪਰਕ ਵਿਚ ਰਹੇ, ਪਰ ਮਨ ਸੰਤੁਸ਼ਟ ਨ ਹੋਇਆ। ਆਖ਼ਿਰ ਆਨੰਦਪੁਰ ਸਾਹਿਬ ਗਏ ਅਤੇ ਅੰਮ੍ਰਿਤਪਾਨ ਕਰਕੇ ਗੁਰਸਿੱਖੀ ਦੇ ਪ੍ਰਚਾਰ ਵਿਚ ਜੁਟ ਗਏ।

ਆਪ ਨੇ ਗੜ੍ਹਦੀ ਵਾਲਾ ਕਸਬੇ ਦੇ ਨੇੜੇ ਇਕ ਉਜੜੇ ਥੇਹ ਉਪਰ ਡੇਰਾ ਲਗਾ ਦਿੱਤਾ। ਜਿੰਨਾਂ-ਭੂਤਾਂ ਦਾ ਉਸ ਥੇਹ ਵਿਚ ਵਾਸਾ ਹੋਣ ਦੇ ਵਹਿਮ ਕਾਰਣ ਪਹਿਲਾਂ ਉਥੇ ਲੋਕ ਬਹੁਤ ਘਟ ਜਾਂਦੇ ਸਨ ਪਰ ਬਾਬਾ ਜੀ ਦੀ ਧਰਮ ਸਾਧਨਾ ਨਾਲ ਲੋਕ ਪ੍ਰਭਾਵਿਤ ਹੋਏ ਅਤੇ ਦਿਨ-ਬ-ਦਿਨ ਡੇਰੇ ਦੀ ਪ੍ਰਸਿੱਧੀ ਦੂਰ ਦੂਰ ਤਕ ਪਸਰਨ ਲਗੀ। ਲਗਭਗ 35 ਵਰ੍ਹੇ ਬਾਬਾ ਜੀ ਨੇ ਉਥੇ ਰਹਿ ਕੇ ਗੁਰਮਤਿ ਅਨੁਸਾਰ ਨਾਮ-ਸਿਮਰਨ ਦਾ ਪ੍ਰਚਾਰ ਕੀਤਾ ਅਤੇ ਇਸ ਡੇਰੇ ਦਾ ਨਾਂ 'ਰਾਮਪੁਰ ਖੇੜਾ' ਰਖਿਆ। ਇਥੋਂ ਹੀ ਆਪ ਵਿਦੇਸ਼ਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਜਾਂਦੇ ਰਹੇ ਅਤੇ ਉਥੋਂ ਦੇ ਭਟਕੇ ਸਿੱਖਾਂ ਨੂੰ ਗੁਰੂ-ਘਰ ਨਾਲ ਜੋੜਦੇ ਰਹੇ। ਦੇਸ਼ ਵਿਚ ਵੀ ਆਪ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਬਣਾਇਆ।

ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਆਪ ਲੋਕ-ਕਲਿਆਣ ਦੇ ਕੰਮਾਂ ਵਿਚ ਵੀ ਬਹੁਤ ਰੁਚੀ ਲੈਂਦੇ ਸਨ।

ਦੁਆਬੇ ਵਿਚ ਚਲਦੇ ਅਨੇਕਾਂ ਸਕੂਲਾਂ ਕਾਲਜਾਂ ਨੂੰ ਮਾਇਕ ਸਹਾਇਤਾ ਦਿੱਤੀ। ਸਿੱਖ ਇਤਿਹਾਸ ਅਤੇ ਧਰਮ ਸੰਬੰਧੀ ਕਈ ਪੁਸਤਕਾਂ ਲਿਖਵਾ ਕੇ ਸਕੂਲਾਂ ਵਿਚ ਬੱਚਿਆਂ ਨੂੰ ਆਪਣੇ ਧਰਮ ਨਾਲ ਪਰਿਚਿਤ ਕਰਨ ਲਈ ਵੰਡੀਆਂ। ਗ਼ਰੀਬ ਬੱਚਿਆਂ ਦੀ ਪੜ੍ਹਾਈ ਵਿਚ ਰੁਚੀ ਲਈ ਅਤੇ ਉਨ੍ਹਾਂ ਦੀ ਮਾਇਕ ਸਹਾਇਤਾ ਵੀ ਕੀਤੀ।

ਪੰਥਕ ਕਾਰਜਾਂ ਵਿਚ ਵੀ ਆਪ ਆਪਣਾ ਯੋਗਦਾਨ ਪਾਉਂਦੇ ਰਹੇ। 18 ਅਕਤੂਬਰ 1982 ਈ. ਨੂੰ ਆਪ ਧਰਮ-ਯੁੱਧ ਮੋਰਚੇ ਵਿਚ ਸ਼ਾਮਲ ਹੋਏ ਅਤੇ ਗ੍ਰਿਫ਼ਤਾਰੀ ਦਿੱਤੀ। ਉਸੇ ਦੌਰਾਨ 4 ਜਨਵਰੀ 1983 ਈ. ਆਪ ਦਾ ਦੇਹਾਂਤ ਹੋ ਗਿਆ। ਸਿੱਖੀ ਦੇ ਪ੍ਰਚਾਰ ਅਤੇ ਵਿਦਿਆ ਦੇ ਵਿਸਤਾਰ ਸੰਬੰਧੀ ਹੁਣ ਵੀ ਰਾਮਪੁਰਾ ਖੇੜਾ ਵਿਚ ਸੰਤ ਸੇਵਾ ਸਿੰਘ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ।

**ਹਰਨਾਮ ਕੌਰ, ਬੀਬੀ** (1882-1906 ਈ.): ਇਸਤਰੀਆਂ ਵਿਚ ਵਿਦਿਆ ਦੇ ਪ੍ਰਚਾਰ ਲਈ ਵਚਨ-ਬੱਧ ਬੀਬੀ ਹਰਨਾਮ ਕੌਰ ਦਾ ਜਨਮ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ ਚੰਦ-ਪੁਰਾਣਾ ਵਿਚ ਭਗਵਾਨ ਦਾਸ ਸਿੱਧੂ ਜੱਟ ਦੇ ਘਰ ਮਾਈ ਰਾਮ ਦੇਈ ਦੀ ਕੁੱਖੋਂ 10 ਅਪ੍ਰੈਲ 1882 ਈ. ਨੂੰ ਹੋਇਆ। ਭਗਵਾਨ ਦਾਸ ਧਾਰਮਿਕ ਰੁਚੀਆਂ ਵਾਲਾ ਹੋਣ ਕਾਰਣ ਇਕ ਉਦਾਸੀ ਸੰਤ ਰਾਮਦਾਸ ਦੇ ਸੰਪਰਕ ਵਿਚ ਆਇਆ ਅਤੇ ਉਸ ਦੇ ਡੇਰੇ ਵਿਚ ਹੀ ਰਹਿਣ ਲਗ ਗਿਆ। ਉਸ ਦੀ ਮ੍ਰਿਤੂ ਤੋਂ ਬਾਦ ਉਸ ਦੇ ਡੇਰੇ ਦਾ ਮਹੰਤ ਬਣਿਆ। ਬੀਬੀ ਹਰਨਾਮ ਕੌਰ ਦਾ ਪਹਿਲਾ ਨਾਂ ਜੀਉਣੀ ਸੀ। ਘਰ ਦੇ ਧਾਰਮਿਕ ਵਾਤਾਵਰਣ ਤੋਂ ਪ੍ਰੇਰਿਤ ਹੋ ਕੇ ਇਸ ਨੇ ਬਚਪਨ ਵਿਚ ਹੀ ਹਨੂਮਾਨ ਨਾਟਕ, ਪੰਜ ਗ੍ਰੰਥੀ ਆਦਿ ਨੂੰ ਪੜ੍ਹ ਲਿਆ। ਫਿਰ ਇਸ ਨੇ ਆਰਯ ਪਾਠਸ਼ਾਲਾ ਤੋਂ ਹਿੰਦੀ ਪੜ੍ਹੀ। ਅਗੋਂ ਪੜ੍ਹਨ ਲਈ ਇਸ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਦੌਧਰ ਪਿੰਡ ਵਿਚ ਭੇਜਿਆ ਗਿਆ ਜਿਥੇ ਭਾਈ ਦੂਲਾ ਸਿੰਘ ਪਾਸ ਕਈ ਵਰ੍ਹੇ ਰਹਿ ਕੇ ਇਸ ਨੇ ਪੜ੍ਹਾਈ ਕੀਤੀ।

ਸਥਾਨਕ ਸਿੰਘ ਸਭਾ ਫਿਰੋਜ਼ਪੁਰ ਵਲੋਂ ਭਾਈ ਤਖ਼ਤ ਸਿੰਘ (ਵੇਖੋ) ਦੇ ਸੁਝਾਓ ਨੂੰ ਪ੍ਰਵਾਨ ਕਰਦਿਆਂ ਜਦੋਂ ਉਸ ਨੂੰ ਲੜਕੀਆਂ ਦੀ ਪੜ੍ਹਾਈ ਲਈ ਕੰਨਿਆ ਪਾਠਸ਼ਾਲਾ ਖੋਲਣ ਦੀ ਪ੍ਰਵਾਨਗੀ ਮਿਲ ਗਈ, ਤਾਂ ਉਸ ਯੋਜਨਾ ਨੂੰ ਕ੍ਰਿਆਤਮਕ ਰੂਪ ਦੇਣ ਲਈ ਬੀਬੀ ਜੀ ਨੇ ਪੂਰਣ ਸਹਿਯੋਗ ਦਿੱਤਾ ਅਤੇ ਭਾਈ ਤਖ਼ਤ ਸਿੰਘ ਨਾਲ 8 ਮਈ 1894 ਈ. ਨੂੰ ਵਿਆਹ ਕਰ ਲਿਆ। 15 ਜੁਲਾਈ 1901 ਈ. ਵਿਚ ਅੰਮ੍ਰਿਤ ਛਕ ਕੇ ਇਸ ਦਾ ਨਾਂ ਜੀਉਣੀ ਤੋਂ ਬਦਲ ਕੇ ਹਰਨਾਮ ਕੌਰ ਹੋ ਗਿਆ। ਇਹ ਦੋਵੇਂ ਸਿੰਘ ਸਭਾ ਦੇ ਮੁਲਾਜ਼ਮਾਂ ਵਜੋਂ ਕੰਮ ਕਰਦੇ ਰਹੇ। ਪਰ ਸਿੰਘ ਸਭਾ ਦੇ ਪ੍ਰਬੰਧਕੀ ਢਾਂਚੇ ਦੀ ਫੁਟ ਕਾਰਣ ਇਨ੍ਹਾਂ ਦੋਹਾਂ ਨੇ ਨੌਕਰੀ ਛਡ ਦਿੱਤੀ ਅਤੇ ਵਿਅਕਤੀਗਤ ਤੌਰ 'ਤੇ ਲੜਕੀਆਂ ਨੂੰ ਪੜ੍ਹਾਉਂਦੇ ਰਹੇ। ਮਾਰਚ 1905 ਈ. ਵਿਚ ਇਨ੍ਹਾਂ ਨੇ 'ਸਿੱਖ ਕੰਨਿਆ ਮਹਾਵਿਦਿਆਲਾ' ਦੇ ਨਾਂ ਅਧੀਨ ਇਕ ਸਕੂਲ ਸ਼ੁਰੂ ਕੀਤਾ। ਬੀਬੀ ਹਰਨਾਮ ਕੌਰ ਨੇ ਸਕੂਲ ਦੀ ਕਾਮਯਾਬੀ ਲਈ ਅਣਥਕ ਯਤਨ ਕੀਤੇ। ਇਸਤਰੀ ਸਤਿਸੰਗ ਦੀ ਸਥਾਪਨਾ ਦੇ ਨਾਲ ਨਾਲ ਇਕ ਪ੍ਰਚਾਰਕ ਜੱਥਾ ਵੀ ਬਣਾਇਆ। ਇਨ੍ਹਾਂ ਦੋਹਾਂ ਸੰਸਥਾਵਾਂ ਦਾ ਮੂਲ ਉਦੇਸ਼ ਲੜਕੀਆਂ ਵਿਚ ਵਿਦਿਆ ਦਾ ਸੰਚਾਰ ਕਰਨਾ ਅਤੇ ਉਨ੍ਹਾਂ ਨੂੰ ਧਾਰਮਿਕਤਾ ਵਿਚ ਦ੍ਰਿੜ੍ਹ ਕਰਨਾ ਸੀ।

ਕੰਮ ਦੀ ਅਧਿਕਤਾ ਕਾਰਣ ਬੀਬੀ ਹਰਨਾਮ ਕੌਰ ਦਾ ਸੁਅਸਥ ਵਿਗੜ ਗਿਆ। 1 ਅਕਤੂਬਰ 1906 ਨੂੰ ਇਸ ਦਾ ਦੇਹਾਂਤ ਹੋ ਗਿਆ। ਇਹ ਸਹੀ ਹੈ ਕਿ ਇਹ ਸਾਰੀਆਂ ਯੋਜਨਾਵਾਂ ਨੂੰ ਸਿਰੇ ਨ ਚੜ੍ਹਾ ਸਕੀ, ਪਰ ਜੋ ਅੱਗ ਇਸ ਨੇ ਇਸਤਰੀ ਵਿਦਿਆ ਲਈ ਲੋਕਾਂ ਦੇ ਮਨ ਵਿਚ ਪ੍ਰਜਵਲਿਤ ਕੀਤੀ ਸੀ, ਉਹ ਸਮੇਂ ਦੇ ਬੀਤਣ ਨਾਲ ਭਾਂਬੜ ਦਾ ਰੂਪ ਧਾਰ ਗਈ। ਇਸਤਰੀ ਵਿਦਿਆ ਦੇ ਇਤਿਹਾਸ ਵਿਚ ਬੀਬੀ ਹਰਨਾਮ ਕੌਰ ਦਾ ਨਵੇਕਲਾ ਸਥਾਨ ਹੈ।

**ਹਰਪਾਲਪੁਰ** (ਪਿੰਡ): ਗੁਰੂ ਤੇਗ ਬਹਾਦਰ ਜੀ ਦੀ ਚਰਣ-ਛੋਹ ਦਾ ਗੌਰਵ ਪ੍ਰਾਪਤ ਕਰਨ ਵਾਲਾ ਇਹ ਪਿੰਡ ਪਟਿਆਲਾ ਜ਼ਿਲ੍ਹੇ ਵਿਚ ਕੌਲੀ ਰੇਲਵੇ ਸਟੇਸ਼ਨ ਤੋਂ 6 ਕਿ.ਮੀ. ਦੱਖਣ ਵਿਚ ਸਥਿਤ ਹੈ। ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਦਿੱਲੀ ਨੂੰ ਜਾਂਦਿਆਂ ਇਥੇ ਇਕ ਬੋਹੜ ਦੇ ਬ੍ਰਿਛ ਹੇਠਾਂ ਬੈਠੇ ਸਨ। ਇਹ ਬ੍ਰਿਛ ਭਾਵੇਂ ਹੁਣ ਨਹੀਂ ਰਿਹਾ, ਪਰ ਉਸ ਸਥਾਨ ਉਤੇ ਗੁਰੂ ਸਾਹਿਬ ਦੀ ਯਾਦ ਵਿਚ ਸਮਾਰਕ ਬਣਿਆ ਹੋਇਆ ਹੈ ਜੋ 'ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਿਸ਼ਾਹੀ ਨੌਵੀਂ' ਨਾਂ ਨਾਲ ਪ੍ਰਸਿੱਧ ਹੈ। ਇਸ ਗੁਰੂ-ਧਾਮ ਦੀ ਵਰਤਮਾਨ ਇਮਾਰਤ ਸੰਤ ਸੁੰਦਰ ਸਿੰਘ ਵਿਰਕਤ ਨੇ ਸੰਨ 1933 ਈ. ਵਿਚ ਬਣਵਾਉਣੀ ਸ਼ੁਰੂ ਕੀਤੀ ਸੀ। ਇਸ ਗੁਰਦੁਆਰੇ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਬੱਚਿਆਂ ਨੂੰ ਪਾਠ

ਅਤੇ ਕੀਰਤਨ ਕਰਨ ਦੀ ਸਿਖਲਾਈ ਵੀ ਕਰਾਈ ਜਾਂਦੀ ਹੈ।

**ਹਰਬੰਸ** : ਗੁਰੂ ਅਰਜਨ ਦੇਵ ਜੀ ਦੁਆਰਾ ਦੀਕਸ਼ਿਤ ਇਕ ਤਪਸਵੀ ਸਿੱਖ ਜੋ ਆਗਰਾ ਨਗਰ ਦੀ ਇਕ ਧਰਮਸ਼ਾਲਾ ਦਾ ਮੁਖੀ ਸੀ। ਆਏ ਗਏ ਯਾਤ੍ਰੀ ਦੇ ਖਾਣ-ਪੀਣ ਦੀ ਸੇਵਾ ਤੋਂ ਇਲਾਵਾ ਉਸ ਦੀ ਥਕਾਵਟ ਨੂੰ ਦੂਰ ਕਰਨ ਲਈ ਮੁੱਠੀ-ਚਾਪੀ ਤਕ ਕਰਦਾ ਸੀ ਅਤੇ ਗਰਮ ਜਲ ਨਾਲ ਪੈਰ ਧੋ ਕੇ ਬਿਸਰਾਮ ਕਰਾਉਂਦਾ ਸੀ। ਉਹ ਹਰ ਰੋਜ਼ ਸਵੇਰੇ ਉਠ ਕੇ ਗੁਰਬਾਣੀ ਦਾ ਪਾਠ ਕਰਦਾ ਸੀ ਅਤੇ ਸ਼ਾਮ ਨੂੰ ਭਾਈ ਗੁਰਦਾਸ ਦੀ ਬਾਣੀ, ਖ਼ਾਸ ਕਰਕੇ ਸਵੈਯੇ, ਬੜੀ ਰੁਚੀ ਨਾਲ ਉਚਾਰਦਾ ਸੀ। ਕਹਿੰਦੇ ਹਨ ਕਿ ਜਦ ਸਿੱਖਾਂ ਨੇ ਉਸ ਨੂੰ ਸ਼ਾਮ ਵੇਲੇ ਗੁਰਬਾਣੀ ਪੜ੍ਹਨ ਲਈ ਕਿਹਾ ਤਾਂ ਉਸ ਨੇ ਕਿਹਾ ਕਿ ਸਵੇਰ ਵੇਲੇ ਪੜ੍ਹੀ ਗੁਰਬਾਣੀ ਦੀ ਵਿਆਖਿਆ ਹੀ ਸਵੈਯਾਂ ਵਿਚ ਹੋਣ ਕਾਰਣ ਇਨ੍ਹਾਂ ਦਾ ਸ਼ਾਮ ਨੂੰ ਪੜ੍ਹਨਾ ਉਚਿਤ ਹੈ। ਸਿੱਖਾਂ ਦੀ ਤਸੱਲੀ ਨ ਹੋਣ ਕਾਰਣ ਮਾਮਲਾ ਗੁਰੂ ਅਰਜਨ ਦੇਵ ਜੀ ਅਗੇ ਰਖਿਆ ਗਿਆ। ਗੁਰੂ ਜੀ ਨੇ ਭਾਈ ਗੁਰਦਾਸ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਕਹਿ ਕੇ ਸਭ ਨੂੰ ਸੰਤੁਸ਼ਟ ਕਰ ਦਿੱਤਾ।

**ਹਰਬੰਸ ਸਿੰਘ ਅਟਾਰੀ** (1878-1936 ਈ.): ਸਿੱਖ-ਹਿਤਾਂ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਣ ਵਾਲੇ ਸ. ਹਰਬੰਸ ਸਿੰਘ ਅਟਾਰੀ ਦਾ ਜਨਮ ਸੁਪ੍ਰਸਿੱਧ ਜਰਨੈਲ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਪੁੱਤਰ ਸ. ਅਜੀਤ ਸਿੰਘ ਦੇ ਘਰ ਦਸੰਬਰ 1878 ਈ. ਵਿਚ ਹੋਇਆ। ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਪਾਸ ਕਰਕੇ ਸੰਨ 1900 ਈ. ਵਿਚ ਫਿਰੋਜ਼ਪੁਰ ਵਿਚ ਔਹਦੇਦਾਰ ਬਣਿਆ। ਉਥੋਂ ਦੀ ਠਹਿਰ ਦੌਰਾਨ ਇਸ ਨੇ ਫਾਜ਼ਿਲਕਾ ਵਿਚ ਗੁਰਦੁਆਰਾ ਬਣਵਾਇਆ ਅਤੇ ਸੰਨ 1906-07 ਈ. ਵਿਚ ਮਰੀ, ਮਸੂਰੀ ਅਤੇ ਡਲਹੌਜ਼ੀ ਵਿਚ ਵੀ ਗੁਰਦੁਆਰੇ ਸਥਾਪਿਤ ਕਰਨ ਦੀ ਸਿੱਖਾਂ ਨੂੰ ਪ੍ਰੇਰਣਾ ਦਿੱਤੀ। ਸੰਨ 1908 ਈ. ਵਿਚ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਇਹ ਸਿੱਖੀ ਦੇ ਪ੍ਰਚਾਰ ਵਿਚ ਰੁਝ ਗਿਆ। ਸਿੰਧ ਅਤੇ ਕਸ਼ਮੀਰ ਦੇ ਸੂਬਿਆਂ ਵਿਚ ਇਹ ਅਕਸਰ ਚੀਫ਼ ਖ਼ਾਲਸਾ ਦੀਵਾਨ ਦੇ ਜੱਥਿਆਂ ਨਾਲ ਸਿੱਖੀ ਦੇ ਪ੍ਰਚਾਰ ਲਈ ਜਾਂਦਾ ਰਹਿੰਦਾ ਸੀ। ਇਸ ਨੇ ਵਿਦੇਸ਼ਾਂ ਵਿਚ ਵੀ ਪ੍ਰਚਾਰ ਕਰਨ ਦਾ ਉਦਮ ਕੀਤਾ।

ਸੰਨ 1917 ਈ. ਵਿਚ ਹੋਈ ਦਸਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਇਸ ਨੂੰ ਪ੍ਰਧਾਨ ਬਣਾਇਆ ਗਿਆ। ਸੰਨ 1919 ਤੋਂ 1921 ਈ. ਤਕ ਇਹ ਚੀਫ਼ ਖ਼ਾਲਸਾ ਦੀਵਾਨ ਦਾ ਜਾਇੰਟ ਸਕੱਤਰ ਰਿਹਾ ਅਤੇ ਫਿਰ 1921 ਤੋਂ 1934 ਈ. ਤਕ ਸਕੱਤਰ ਰਿਹਾ। ਇਸ ਤੋਂ ਬਾਦ ਇਹ ਪ੍ਰਧਾਨ ਵੀ ਬਣਿਆ। ਚੀਫ਼ ਖ਼ਾਲਸਾ ਦੀਵਾਨ ਦੀ ਇਕ ਤਰ੍ਹਾਂ ਨਾਲ ਇਹ ਰੂਹ ਸੀ। ਇਸ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਹੋਰ ਸਿੱਖ ਵਿਦਿਅਕ ਸੰਸਥਾਵਾਂ ਦੇ ਵਿਕਾਸ ਲਈ ਬਹੁਤ ਮਿਹਨਤ ਕੀਤੀ। ਸੰਨ 1936 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਹਰਾਮ** : ਧਰਮ ਦੀ ਮਰਯਾਦਾ ਅਨੁਸਾਰ ਨ ਵਰਤੀ ਜਾ ਸਕਣ ਵਾਲੀ ਵਸਤੂ ਨੂੰ 'ਹਰਾਮ' ਕਿਹਾ ਜਾਂਦਾ ਹੈ। ਇਹ 'ਹਲਾਲ' ਦਾ ਵਿਪਰੀਤਾਰਥਕ ਸ਼ਬਦ ਹੈ। ਵੇਖੋ 'ਹਲਾਲ'।

**ਹਰਿਕ੍ਰਿਸ਼ਨ, ਗੁਰੂ** (1656-1664 ਈ.): ਆਪ ਗੁਰੂ ਹਰਿਰਾਇ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਸਿੱਖ-ਧਰਮ ਦੇ ਅੱਠਵੇਂ ਗੁਰੂ ਸਨ। ਆਪ ਦਾ ਜਨਮ 7 ਜੁਲਾਈ 1656 ਈ. (8 ਸਾਵਣ, 1713 ਬਿ.) ਨੂੰ ਮਾਤਾ ਕ੍ਰਿਸ਼ਨ ਕੌਰ (ਨਾਮਾਂਤਰ ਸੁਲੱਖਣੀ) ਦੀ ਕੁੱਖੋਂ ਕੀਰਤਪੁਰ ਵਿਚ ਹੋਇਆ। ਗੁਰੂ ਹਰਿਰਾਇ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਗੁਰਗੱਦੀ ਦੇ ਯੋਗ ਨ ਸਮਝ ਕੇ ਆਪ ਨੂੰ 7 ਅਕਤੂਬਰ 1661 ਈ. (8 ਕਤਕ, 1718 ਬਿ.) ਨੂੰ ਗੁਰ-ਗੱਦੀ ਪ੍ਰਦਾਨ ਕੀਤੀ। ਇਹ ਗੱਲ ਵੱਡੇ ਭਰਾ ਰਾਮਰਾਇ ਨੂੰ ਚੰਗੀ ਨ ਲਗੀ। ਉਸ ਨੇ ਗੁਰ-ਗੱਦੀ ਉਤੇ ਹੱਕ ਜਮਾਉਂਦਿਆਂ ਔਰੰਗਜ਼ੇਬ ਨੂੰ ਦਖ਼ਲ-ਅੰਦਾਜ਼ੀ ਲਈ ਬੇਨਤੀ ਕੀਤੀ। ਔਰੰਗਜ਼ੇਬ ਬਾਦਸ਼ਾਹ ਨੇ ਦੋਹਾਂ ਧਿਰਾਂ ਨੂੰ ਦਿੱਲੀ ਬੁਲਾਇਆ। ਗੁਰੂ ਜੀ ਨਾਲ ਉਨ੍ਹਾਂ ਦੀ ਦਾਦੀ ਅਤੇ ਮਾਤਾ ਦੋਵੇਂ ਗਈਆਂ। ਰਸਤੇ ਵਿਚ ਗੁਰੂ ਜੀ ਰੋਪੜ, ਬਨੂੜ, ਰਾਜਪੁਰਾ ਅਤੇ ਅੰਬਾਲਾ ਵਿਚ ਰੁਕੇ ਅਤੇ ਸਿੱਖਾਂ ਨੂੰ ਧਰਮ ਉਪਦੇਸ਼ ਕੀਤਾ। ਪੰਜੋਖਰਾ ਨਾਂ ਦੇ ਪਿੰਡ ਵਿਚ ਪਿਸ਼ਾਵਰ, ਕਾਬੁਲ ਅਤੇ ਕਸ਼ਮੀਰ ਤੋਂ ਆਏ ਸਿੱਖਾਂ ਨੂੰ ਉਪਦੇਸ਼ ਕਰਨ ਵੇਲੇ ਇਕ ਹੰਕਾਰੀ ਪੰਡਿਤ ਲਾਲ ਚੰਦ ਦਾ ਹੰਕਾਰ ਤੋੜਿਆ ਅਤੇ ਛੱਜੂ ਰਾਮ ਤੋਂ ਸ੍ਰੀਮਦ ਭਗਵਦ ਗੀਤਾ ਦੇ ਅਰਥ ਕਰਵਾਏ। ਉਥੇ ਗੁਰੂ ਜੀ ਦੀ ਯਾਦ ਵਿਚ ਬਹੁਤ ਸੁੰਦਰ ਇਮਾਰਤ ਬਣੀ ਹੋਈ ਹੈ।

ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਜੀ ਨੇ ਰਾਇਸੀਨਾ

ਵਿਚਲੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਉਤਾਰਾ ਕੀਤਾ, ਪਰ ਬਾਦਸ਼ਾਹ ਦੇ ਮੱਥੇ ਲਗਣੋਂ ਸੰਕੋਚ ਕੀਤਾ। ਔਰੰਗਜ਼ੇਬ ਨੇ ਆਪਣੇ ਸ਼ਹਿਜ਼ਾਦਿਆਂ ਨੂੰ ਗੁਰੂ ਸਾਹਿਬ ਨਾਲ ਗੱਲ ਕਰਨ ਲਈ ਉਨ੍ਹਾਂ ਕੋਲ ਬੰਗਲੇ ਵਿਚ ਭੇਜਿਆ। ਗੁਰੂ ਜੀ ਨੇ ਗੁਰ-ਗੱਦੀ ਬਾਰੇ ਸਥਿਤੀ ਸਪੱਸ਼ਟ ਕੀਤੀ। ਸ਼ਹਿਜ਼ਾਦਿਆਂ ਨੇ ਪਰਤ ਕੇ ਬਾਦਸ਼ਾਹ ਨੂੰ ਸਾਰੀ ਗੱਲ ਦਸੀ। ਬਾਦਸ਼ਾਹ ਨੇ ਰਾਮਰਾਇ ਦੇ ਗੁਰ-ਗੱਦੀ ਉਤੇ ਹੱਕ ਜਤਾਉਣ ਦੀ ਬੇਨਤੀ ਨੂੰ ਰੱਦ ਕਰ ਦਿੱਤਾ।

ਇਹ ਵੀ ਰਵਾਇਤ ਹੈ ਕਿ ਔਰੰਗਜ਼ੇਬ ਨੇ ਗੁਰੂ ਜੀ ਦੀ ਆਤਮਿਕ ਸ਼ਕਤੀ ਦਾ ਭੇਦ ਪਾਉਣ ਲਈ ਇਕੋ ਕਿਸਮ ਦੇ ਬਸਤ੍ਰ ਪਵਾ ਕੇ ਬਿਠਾਈਆਂ ਇਸਤਰੀਆਂ ਵਿਚੋਂ ਪਟਰਾਣੀ ਨੂੰ ਲਭਣ ਲਈ ਪ੍ਰਾਰਥਨਾ ਕਰ ਭੇਜੀ। ਗੁਰੂ ਜੀ ਨੇ ਪਟਰਾਣੀ ਨੂੰ ਸਹਿਜ ਵਿਚ ਹੀ ਪਛਾਣ ਲਿਆ।

ਦਿੱਲੀ ਰਹਿੰਦਿਆਂ ਗੁਰੂ ਜੀ ਨੂੰ ਚੇਚਕ ਨਿਕਲ ਆਈ। ਜਦੋਂ ਕੋਈ ਇਲਾਜ ਕਾਰਗਰ ਨ ਹੋਇਆ ਤਾਂ ਗੁਰੂ ਜੀ ਨੇ ਤਿੰਨ ਵਾਰ ਬਾਂਹ ਉਲਾਰ ਕੇ 'ਬਾਬਾ ਬਕਾਲੇ' ਕਹਿ ਕੇ 30 ਮਾਰਚ 1664 ਈ. (3 ਵਿਸਾਖ, 1721 ਬਿ.) ਨੂੰ ਭੌਤਿਕ ਸ਼ਰੀਰ ਤਿਆਗ ਦਿੱਤਾ। 'ਬਾਬਾ ਬਕਾਲੇ' ਤੋਂ ਆਪ ਦਾ ਭਾਵ ਸੀ (ਗੁਰੂ) ਤੇਗ ਬਹਾਦਰ ਜੋ ਬਾਬਾ ਗੁਰਦਿੱਤਾ ਦੇ ਛੋਟੇ ਭਰਾ ਹੋਣ ਕਾਰਣ ਰਿਸ਼ਤੇ ਵਜੋਂ ਗੁਰੂ ਜੀ ਦੇ ਬਾਬਾ (ਦਾਦਾ) ਲਗਦੇ ਸਨ। ਆਪ ਜੀ ਨੇ ਕੁਲ 2 ਵਰ੍ਹੇ 5 ਮਹੀਨੇ 26 ਦਿਨ ਗੁਰਿਆਈ ਕੀਤੀ।

ਆਪ ਜੀ ਦਾ ਸਸਕਾਰ ਯਮਨਾ ਨਦੀ ਦੇ ਕੰਢੇ ਉਸ ਸਥਾਨ ਉਤੇ ਕੀਤਾ ਗਿਆ, ਜਿਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਉਸਰਿਆ ਹੋਇਆ ਹੈ। ਆਪ ਦੇ ਨਿਵਾਸ-ਸਥਾਨ ਵਾਲੇ ਬੰਗਲੇ ਵਾਲੀ ਥਾਂ ਤੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ।

**ਹਰਿਗੋਬਿੰਦ, ਗੁਰੂ** (1595-1644 ਈ.): ਆਪ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰੂ-ਪਰੰਪਰਾ ਦੇ ਛੇਵੇਂ ਗੁਰੂ ਸਨ। ਆਪ ਦਾ ਜਨਮ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਦੀ ਕੁੱਖੋਂ 14 ਜੂਨ 1595 ਈ. (21 ਹਾੜ, 1652 ਬਿ.) ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਵਡਾਲੀ ਪਿੰਡ ਵਿਚ ਹੋਇਆ। ਆਪ ਦਾ ਬਚਪਨ ਪਰਿਵਾਰਿਕ ਕਲੇਸ਼ ਕਾਰਣ ਬੜੀ ਅਸੁਰਖਿਅਤ ਅਵਸਥਾ ਵਿਚ ਬੀਤਿਆ। ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਧਾਰਮਿਕ ਵਿਦਿਆ ਅਤੇ ਸੈਨਿਕ ਸਿਖਲਾਈ ਲਈ ਬਾਬੇ ਬੁੱਢੇ ਅਤੇ ਭਾਈ ਗੁਰਦਾਸ ਦੀ ਨਿਗਰਾਨੀ ਵਿਚ ਛਡਿਆ। ਫਲਸਰੂਪ ਗੁਰੂ ਜੀ ਸ਼ੁਰੂ ਤੋਂ ਹੀ ਬੜੇ ਚੁਸਤ ਅਤੇ ਨਿਡਰ ਯੋਧਾ ਬਣਨ ਵਲ ਰੁਚਿਤ ਹੋ ਗਏ। ਇਸੇ ਲਈ ਭਾਈ ਗੁਰਦਾਸ ਨੇ ਲਿਖਿਆ ਹੈ— *ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।* (1/48)।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ 25 ਮਈ 1606 ਈ. (29 ਜੇਠ, 1663 ਬਿ.) ਨੂੰ ਆਪ ਗੱਦੀ ਉਤੇ ਬੈਠੇ ਅਤੇ ਸੇਲੀ-ਟੋਪੀ ਦੀ ਥਾਂ ਸਿਰ ਉਤੇ ਦਸਤਾਰ ਅਤੇ ਕਲਗੀ ਸਜਾਈ ਅਤੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਣ ਕੀਤੀਆਂ ਕਿਉਂਕਿ ਆਪ ਨੂੰ ਅਹਿਸਾਸ ਹੋ ਗਿਆ ਸੀ ਕਿ ਭਗਤੀ ਦੇ ਨਾਲ ਆਤਮ-ਰਖਿਆ ਲਈ ਸ਼ਕਤੀ ਦੀ ਬਹੁਤ ਆਵੱਸ਼ਕਤਾ ਹੈ। ਗੁਰੂ ਜੀ ਦਾ ਪਰੰਪਰਾ ਤੋਂ ਹਟ ਕੇ ਭਗਤੀ ਦੇ ਨਾਲ ਸ਼ਕਤੀ ਦਾ ਸਾਮੰਜਸ ਕਰਨਾ ਕਈਆਂ ਸੇਵਕਾਂ ਜਾਂ ਜਨਤਾ ਲਈ ਅਜੀਬ ਜਿਹਾ ਸੀ। ਉਨ੍ਹਾਂ ਦੇ ਮਨ ਵਿਚ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਹੋ ਰਹੇ ਸਨ, ਪਰ ਭਾਈ ਗੁਰਦਾਸ ਨੇ ਬੜੇ ਸਹਜ ਨਾਲ ਵਾਸਤਵਿਕ ਸਥਿਤੀ ਦਾ ਲੋਕਾਂ ਨੂੰ ਬੋਧ ਕਰਾਉਂਦਿਆਂ ਲਿਖਿਆ ਹੈ : *ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ। ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ। ਉਮਤਿ ਮਹਲ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ। ਮੰਜੀ ਬਹਿ ਸੰਤੋਖਦਾ ਕੁਤੇ ਰਖ ਸਿਕਾਰੁ ਖਿਲਾਇਆ। ਬਾਣੀ ਕਹਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ। ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ। ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।* (ਵਾਰ 26/24)

ਆਪ ਜੀ ਨੇ ਤਿੰਨ ਵਿਆਹ ਕੀਤੇ। ਇਕ, ਡਲਾ ਨਿਵਾਸੀ ਭਾਈ ਨਾਰਾਇਣ ਦਾਸ ਦੀ ਸੁਪੁੱਤਰੀ ਦਮੋਦਰੀ ਜੀ ਨਾਲ 1604 ਈ. (1661 ਬਿ.) ਵਿਚ; ਦੂਜਾ, ਬਕਾਲਾ ਨਿਵਾਸੀ ਭਾਈ ਹਰੀ ਚੰਦ ਦੀ ਸੁਪੁੱਤਰੀ ਨਾਨਕੀ ਜੀ ਨਾਲ 1613 ਈ. (1670 ਬਿ.) ਵਿਚ ਅਤੇ ਤੀਜਾ, ਮੰਡਿਆਲੀ ਨਿਵਾਸੀ ਸ੍ਰੀ ਦਯਾਰਾਮ ਦੀ ਸੁਪੁੱਤਰੀ ਮਹਾਦੇਵੀ (ਮਰਵਾਹੀ) ਨਾਲ 1615 ਈ. (1672 ਬਿ.) ਵਿਚ। ਆਪ ਦੇ ਘਰ ਪੰਜ ਸੁਪੁੱਤਰ (ਬਾਬਾ ਗੁਰਦਿੱਤਾ, ਸੂਰਜ ਮਲ, ਅਣੀਰਾਇ, ਅਟਲ ਰਾਇ ਅਤੇ ਤੇਗ ਬਹਾਦਰ) ਅਤੇ ਇਕ ਸੁਪੁੱਤਰੀ (ਬੀਬੀ ਵੀਰੋ)

ਪੈਦਾ ਹੋਏ। ਬਾਬਾ ਗੁਰਦਿੱਤਾ ਅਤੇ ਅਟਲ ਰਾਇ ਆਪ ਦੇ ਜੀਵਨ-ਕਾਲ ਵਿਚ ਹੀ ਕਾਲ-ਵਸ ਹੋ ਗਏ।

ਗੁਰੂ ਜੀ ਨੇ ਪਹਿਲਾਂ ਅੰਮ੍ਰਿਤਸਰ ਦੀ ਸੁਰਖਿਆ ਲਈ ਲੋਹਗੜ੍ਹ ਨਾਂ ਦਾ ਕਿਲ੍ਹਾ ਬਣਵਾਇਆ। ਫਿਰ ਸੰਨ 1609 ਈ. ਵਿਚ ਹਰਿਮੰਦਿਰ ਸਾਹਿਬ ਦੇ ਸਾਹਮਣੇ ਰਾਜ-ਸਿੰਘਾਸਨ-ਨੁਮਾ ਥੜਾ (ਅਕਾਲ-ਤਖ਼ਤ) ਉਸਰਵਾਇਆ ਜਿਥੇ ਬੈਠ ਕੇ ਗੁਰੂ ਜੀ ਦੁਆਰਾ ਨੌਜਵਾਨਾਂ ਨੂੰ ਜੰਗੀ ਕਰਤਬ ਅਤੇ ਸ਼ਰੀਰਿਕ ਕਸਰਤ ਵਲ ਰੁਚਿਤ ਕੀਤਾ ਜਾਂਦਾ ਸੀ। ਆਪ ਨੇ ਪਹਿਲਾਂ 52 ਬਲਵਾਨ ਜਵਾਨਾਂ ਦੀ ਇਕ ਸੈਨਿਕ ਟੁਕੜੀ ਤਿਆਰ ਕੀਤੀ ਅਤੇ ਫਿਰ ਉਸ ਨੂੰ ਵਧਾ ਕੇ 500 ਯੁੱਧ-ਵੀਰਾਂ ਦਾ ਛੋਟਾ ਜਿਹਾ ਦਲ ਬਣਾ ਦਿੱਤਾ। ਯੋਧਿਆਂ ਨੂੰ ਉਤਸਾਹਿਤ ਕਰਨ ਲਈ ਆਪ ਨੇ ਅਬਦੁਲਾ ਅਤੇ ਨੱਥਾ ਨਾਂ ਦੇ ਢਾਢੀ ਆਪਣੇ ਪਾਸ ਰਖੇ ਜੋ ਵੀਰਤਾਮਈ ਵਾਰਾਂ ਗਾਉਂਦੇ ਸਨ।

ਸੈਨਿਕ ਗਤਿਵਿਧੀ ਨੂੰ ਵੇਖ ਕੇ ਜਹਾਂਗੀਰ ਨੇ ਆਪ ਨੂੰ ਦਿੱਲੀ ਬੁਲਵਾਇਆ ਅਤੇ ਬਾਰ੍ਹਾਂ ਵਰ੍ਹਿਆਂ ਦੀ ਕੈਦ ਦਾ ਹੁਕਮ ਦੇ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਉਦੋਂ ਉਸ ਕਿਲ੍ਹੇ ਵਿਚ ਬਹੁਤ ਸਾਰੇ ਹਿੰਦੂ ਰਾਜੇ ਵੀ ਕੈਦ ਸਨ ਜੋ ਗੁਰੂ ਸਾਹਿਬ ਦੇ ਆਤਮਿਕ ਬਲ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਪ੍ਰਤਿ ਲੋਕਾਂ ਦੀ ਅਪਾਰ ਸ਼ਰਧਾ ਵੇਖ ਕੇ ਅਤੇ ਸਾਈਂ ਮੀਆਂ ਮੀਰ (ਵੇਖੋ) ਵਰਗੇ ਸੂਫ਼ੀ ਦਰਵੇਸ਼ਾਂ ਦੇ ਕਹੇ 'ਤੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦੋ ਵਰ੍ਹਿਆਂ ਤੋਂ ਬਾਦ ਛਡ ਦਿੱਤਾ। ਆਪ ਨੇ 52 ਹਿੰਦੂ ਰਾਜਿਆਂ ਨੂੰ ਵੀ ਆਪਣੇ ਨਾਲ ਮੁਕਤ ਕਰਾਇਆ ਜੋ ਗੁਰੂ ਜੀ ਦੇ ਜਾਮੇ ਦੀਆਂ ਕਲੀਆਂ ਪਕੜ ਕੇ ਕਿਲ੍ਹਿਓਂ ਬਾਹਰ ਆਏ ਸਨ। ਇਸ ਘਟਨਾ ਕਾਰਣ ਗੁਰੂ ਜੀ ਦਾ ਇਕ ਨਾਮਾਂਤਰ 'ਬੰਦੀ-ਛੋੜ' ਪ੍ਰਚਲਿਤ ਹੋਇਆ। ਇਸ ਤੋਂ ਬਾਦ ਜਹਾਂਗੀਰ ਬਾਦਸ਼ਾਹ ਨਾਲ ਗੁਰੂ ਜੀ ਦੇ ਸੰਬੰਧ ਸੁਖਾਵੇਂ ਰਹੇ। ਬਾਦਸ਼ਾਹ ਨੇ ਚੰਦੂ ਸ਼ਾਹ ਨੂੰ, ਜਿਸ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ ਸੀ, ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਸ਼ਾਹ ਸਿੱਖਾਂ ਹੱਥੋਂ ਮਾਰਿਆ ਗਿਆ। ਉਸ ਦੇ ਜ਼ਬਤ ਕੀਤੇ ਇਲਾਕੇ ਵਿਚ ਗੁਰੂ ਜੀ ਨੇ ਸ੍ਰੀ ਹਰਿਗੋਬਿੰਦਪੁਰ ਕਸਬੇ ਨੂੰ ਵਿਕਸਿਤ ਕੀਤਾ।

ਸੰਨ 1614 ਈ. ਨੂੰ ਗਵਾਲੀਅਰ ਤੋਂ ਪਰਤਣ ਉਪਰੰਤ ਗੁਰੂ ਜੀ ਨੇ ਧਰਮ-ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਪੰਜਾਬ ਤੋਂ ਬਾਹਰ ਕਸ਼ਮੀਰ (ਸ੍ਰੀ ਨਗਰ, ਬਾਰਾਮੂਲਾ, ਉੜੀ ਅਤੇ ਪੁਣਛ), ਕਾਂਗੜਾ, ਉੱਤਰ ਪ੍ਰਦੇਸ਼ (ਨਾਨਕ ਮਤਾ, ਸ੍ਰੀਨਗਰ-ਗੜ੍ਹਵਾਲ) ਆਦਿ ਵਿਚ ਜਾ ਕੇ ਧਰਮ-ਪ੍ਰਚਾਰ ਕੀਤਾ। ਨਾਨਕਮਤੇ ਨੂੰ ਜਾਂਦਿਆਂ ਮਰਹਟਾ ਸੰਤ ਸਮਰਥ ਰਾਮਦਾਸ ਨੂੰ ਮਿਲੇ। ਮਾਲਵਾ ਖੇਤਰ ਵਿਚ ਵੀ ਆਪ ਗਏ। ਜਹਾਂਗੀਰ ਦੇ ਦੇਹਾਂਤ ਤੋਂ ਬਾਦ ਸੰਨ 1628 ਈ. ਵਿਚ ਜਦੋਂ ਸ਼ਾਹਜਹਾਂ ਬਾਦਸ਼ਾਹ ਬਣਿਆ ਅਤੇ ਉਸ ਨੇ ਗ਼ੈਰ-ਮੁਸਲਮਾਨਾਂ ਪ੍ਰਤਿ ਤੰਗ-ਨਜ਼ਰੀ ਦਾ ਰਵੈਯਾ ਅਪਣਾਇਆ, ਤਾਂ ਸਿੱਖਾਂ ਦੇ ਮਨ ਵਿਚ ਸਰਕਾਰ ਵਿਰੁਧ ਰੋਹ ਵਧਣ ਲਗਾ, ਜਿਸ ਕਰਕੇ ਕੁਝ ਕੁਝ ਸਮੇਂ ਬਾਦ ਗੁਰੂ ਜੀ ਦੀਆਂ ਮੁਗ਼ਲ ਸੈਨਾ ਨਾਲ ਚਾਰ ਲੜਾਈਆਂ ਹੋਈਆਂ। ਇਨ੍ਹਾਂ ਲੜਾਈਆਂ ਦੇ ਸਮਿਆਂ ਬਾਰੇ ਉਪਲਬਧ ਜਾਣਕਾਰੀ ਪਰਸਪਰ ਵਿਰੋਧੀ ਤੱਥਾਂ ਵਾਲੀ ਹੈ। ਫਿਰ ਵੀ ਜੇ ਸਾਰੀ ਸੂਚਨਾ ਦਾ ਸਮੀਕਰਣ ਕਰੀਏ ਤਾਂ ਇਤਨਾ ਸਪੱਸ਼ਟ ਹੁੰਦਾ ਹੈ ਕਿ ਪਹਿਲੀ ਲੜਾਈ ਸੰਨ 1628 ਈ. ਵਿਚ ਮੁਖ਼ਲਿਸ ਖ਼ਾਨ ਨਾਲ ਅੰਮ੍ਰਿਤਸਰ ਦੇ ਨੇੜੇ ਹੋਈ। ਦੂਜੀ ਲੜਾਈ 1630 ਈ. ਵਿਚ ਹਰਿ-ਗੋਬਿੰਦਪੁਰ ਵਿਚ ਅਬਦੁਲਾ ਖ਼ਾਨ ਨਾਲ ਹੋਈ। ਲਗਭਗ ਇਕ ਸਾਲ ਬਾਦ ਗੁਰੂ ਜੀ ਨੂੰ ਮੁਗ਼ਲ ਸੈਨਾ ਨਾਲ ਤੀਜੀ ਲੜਾਈ ਮਾਲਵੇ ਦੇ ਮੇਹਰਾਜ ਨਾਂ ਦੇ ਕਸਬੇ ਕੋਲ ਨਥਾਣੇ ਦੀ ਢਾਬ ਪਾਸ ਲੜਨੀ ਪਈ। ਮੁਗ਼ਲਾਂ ਵਲੋਂ ਲਲਾ ਬੇਗ ਅਤੇ ਕਮਰ ਬੇਗ ਫ਼ੌਜਦਾਰ ਸਨ। ਚੌਥੀ ਲੜਾਈ ਸੰਨ 1634 ਈ. ਵਿਚ ਕਰਤਾਰਪੁਰ ਦੇ ਨੇੜੇ ਲੜੀ ਗਈ। ਮੁਗ਼ਲ ਸੈਨਾ ਦੀ ਕਮਾਨ ਕਾਲੇ ਖ਼ਾਨ ਕਰ ਰਿਹਾ ਸੀ ਅਤੇ ਪੈਂਦਾ ਖ਼ਾਨ ਉਸ ਦਾ ਸਹਾਇਕ ਸੀ। ਇਨ੍ਹਾਂ ਚੌਹਾਂ ਲੜਾਈਆਂ ਵਿਚ ਗੁਰੂ ਸਾਹਿਬ ਦੀ ਜਿਤ ਹੋਈ ਅਤੇ ਹਰ ਇਕ ਲੜਾਈ ਵਿਚ ਮੁਗ਼ਲ ਸੈਨਾ ਦੇ ਫ਼ੌਜਦਾਰ ਮਾਰੇ ਗਏ।

ਕਰਤਾਰਪੁਰ ਦੇ ਯੁੱਧ ਤੋਂ ਬਾਦ ਗੁਰੂ ਜੀ ਕੀਰਤਪੁਰ ਦੇ ਪਹਾੜੀ ਖੇਤਰ ਵਿਚ ਨਿਵਾਸ ਕਰਨ ਚਲੇ ਗਏ। ਉਥੇ ਲਗਭਗ ਦਸ ਵਰ੍ਹੇ ਰਹਿ ਕੇ ਧਰਮ-ਪ੍ਰਚਾਰ ਕੀਤਾ ਅਤੇ ਇਸ ਕੰਮ ਵਿਚ ਆਪਣੇ ਵੱਡੇ ਸੁਪੁੱਤਰ ਬਾਬਾ ਗੁਰਦਿੱਤਾ ਨੂੰ ਵੀ ਲਗਾਇਆ। ਪਰ ਉਹ ਸੰਨ 1638 ਈ. ਵਿਚ ਭਰ-ਜਵਾਨੀ ਵਿਚ ਹੀ ਚਲਾਣਾ ਕਰ ਗਏ। 3 ਮਾਰਚ 1644 ਈ. (7 ਚੇਤਰ, 1701 ਬਿ.) ਨੂੰ ਗੁਰੂ ਜੀ ਨੇ ਕੀਰਤਪੁਰ ਵਿਚ ਆਪਣੇ ਪੋਤਰੇ ਹਰਿਰਾਇ ਨੂੰ ਗੁਰੂ-ਪਦ ਪ੍ਰਦਾਨ ਕਰਕੇ ਸੰਸਾਰ ਦਾ ਤਿਆਗ ਕੀਤਾ। ਆਪ ਦਾ ਦੇਹਰਾ ਕੀਰਤਪੁਰ ਵਿਚ 'ਪਾਤਾਲਪੁਰੀ' ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਨੇ ਕੁਲ 37 ਵਰ੍ਹੇ 10 ਮਹੀਨੇ ਅਤੇ 7 ਦਿਨ ਗੁਰਿਆਈ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਧਰਮ-ਪ੍ਰਚਾਰ ਦੌਰਾਨ

ਕਈ ਸਥਾਨ ਬਣਵਾਏ, ਜਿਵੇਂ ਕੌਲਸਰ, ਬਿਬੇਕਸਰ, ਗੁਰੂ ਅਰਜਨ ਦੇਵ ਦਾ ਦੇਹਰਾ ਆਦਿ। ਗੁਰੂ ਜੀ ਪ੍ਰਤਿ ਹਿੰਦੂ ਮੁਸਲਮਾਨ ਦੋਵੇਂ ਬਹੁਤ ਆਂਦਰ ਦੀ ਭਾਵਨਾ ਰਖਦੇ ਸਨ। ਆਪ ਜੀ ਦੇ ਸਮੇਂ ਦੌਰਾਨ ਸਿੱਖੀ ਦਾ ਬਹੁਤ ਵਿਸਤਾਰ ਹੋਇਆ। ਆਪ ਨੇ ਉਦਾਸੀ ਸਿੱਖਾਂ ਨੂੰ ਵੀ ਪ੍ਰੇਰਿਤ ਕਰਕੇ ਦੂਰ ਦੂਰ ਤਕ ਸਿੱਖੀ ਦੇ ਪ੍ਰਚਾਰ ਲਈ ਭੇਜਿਆ। ਆਪ ਨੇ ਸ੍ਰੀ ਹਰਿਗੋਬਿੰਦਪੁਰ ਵਿਚ ਮੁਸਲਮਾਨਾਂ ਲਈ ਇਕ ਮਸਜਿਦ ਵੀ ਬਣਵਾਈ ਜੋ ਹੁਣ ਵੀ ਮੌਜੂਦ ਹੈ।

**ਹਰਿਜਸ ਗ੍ਰੰਥ** : ਭਾਈ ਦਰਬਾਰੀ ਵਿਰਚਿਤ ਇਕ ਅਧਿਆਤਮਿਕ ਗ੍ਰੰਥ ਜੋ ਅਜੇ ਅਪ੍ਰਕਾਸ਼ਿਤ ਰੂਪ ਵਿਚ ਸੰਭਾਲਿਆ ਹੋਇਆ ਹੈ। ਵੇਖੋ 'ਦਰਬਾਰੀ ਭਾਈ'।

**ਹਰਿਜੀ ਸੋਢੀ** (ਮ. 1695 ਈ.): ਹਰਿਜੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਪੋਤਰਾ ਅਤੇ ਸੋਢੀ ਮਿਹਰਬਾਨ ਦਾ ਦੂਜਾ ਪੁੱਤਰ ਸੀ। ਇਨ੍ਹਾਂ ਸੋਢੀਆਂ ਵਲੋਂ ਸਥਾਪਿਤ ਕੀਤੀ ਆਪਣੀ ਸੁਤੰਤਰ ਸੰਪ੍ਰਦਾਇ ਨੂੰ ਸਿੱਖ-ਜਗਤ ਵਿਚ 'ਮੀਣਾ ਸੰਪ੍ਰਦਾਇ' ਦਾ ਨਾਂ ਦਿੱਤਾ ਜਾਂਦਾ ਹੈ। ਜਦੋਂ ਸੰਨ 1635 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕੀਰਤਪੁਰ ਚਲੇ ਗਏ ਤਾਂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਉਤੇ ਇਸ ਸੰਪ੍ਰਦਾਇ ਨੇ ਕਬਜ਼ਾ ਕਰ ਲਿਆ। ਸੋਢੀ ਮਿਹਰਬਾਨ ਦੀ ਮ੍ਰਿਤੂ ਤੋਂ ਬਾਦ ਹਰਿਜੀ ਸੰਨ 1639 ਤੋਂ 1695 ਈ. ਤਕ ਇਸ ਸੰਪ੍ਰਦਾਇ ਦਾ ਮੁਖੀ ਅਥਵਾ ਅੱਠਵਾਂ ਗੁਰੂ ਬਣਿਆ ਰਿਹਾ ਅਤੇ ਦਰਬਾਰ ਸਾਹਿਬ ਦੀ ਸਾਰੀ ਵਿਵਸਥਾ ਵੀ ਇਸੇ ਦੇ ਹੱਥ ਵਿਚ ਰਹੀ। ਇਥੋਂ ਤਕ ਕਿ ਸੰਨ 1664 ਈ. ਵਿਚ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਗੁਰੂ ਤੇਗ ਬਹਾਦਰ ਜੀ ਨੂੰ ਹਰਿਜੀ ਦੇ ਬੰਦਿਆਂ ਨੇ ਪਰਿਕ੍ਰਮਾ ਵਿਚ ਵੜਨ ਨ ਦਿੱਤਾ ਅਤੇ ਗੁਰੂ ਸਾਹਿਬ ਬਾਹਰ ਹੀ ਬੈਠ ਕੇ ਆ ਗਏ। ਉਸ ਸਥਾਨ ਉਤੇ ਹੁਣ 'ਗੁਰਦੁਆਰਾ ਥੜਾ ਸਾਹਿਬ' ਬਣਿਆ ਹੋਇਆ ਹੈ।

ਹਰਿਜੀ ਦਾ ਜਨਮ ਕਦ ਹੋਇਆ ? ਇਸ ਸੰਬੰਧੀ ਕੋਈ ਪ੍ਰਮਾਣਿਕ ਤੱਥ ਉਪਲਬਧ ਨਹੀਂ ਹੈ। ਇਤਨਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸੋਢੀ ਮਿਹਰਬਾਨ ਦਾ ਵਿਆਹ 14 ਸਾਲਾਂ ਦੀ ਉਮਰ ਵਿਚ ਸੰਨ 1594 ਈ. (1651 ਬਿ.) ਵਿਚ ਹੋਇਆ ਸੀ ਅਤੇ ਹਰਿਜੀ ਉਸ ਦਾ ਦੂਜਾ ਪੁੱਤਰ ਸੀ। ਇਸ ਲਈ ਇਸ ਦਾ ਜਨਮ ਮਿਹਰਬਾਨ ਦੇ ਜੀਵਨ-ਕਾਲ ਦੇ 25ਵੇਂ ਵਰ੍ਹੇ ਦੇ ਨੇੜੇ-ਤੇੜੇ ਹੋਇਆ ਹੋਵੇਗਾ। ਇਸ ਆਧਾਰ 'ਤੇ ਹਰਿਜੀ ਦਾ ਜਨਮ ਸੰਨ 1610-15 ਈ. ਦੇ ਵਿਚਾਲੇ ਹੋਇਆ ਮੰਨਿਆ ਜਾ ਸਕਦਾ ਹੈ। ਇਸ ਦਾ ਦੇਹਾਂਤ ਸੰਨ 1695 ਈ. ਵਿਚ ਹੋਇਆ ਸੀ। ਇਸ ਤਰ੍ਹਾਂ ਮਿਹਰਬਾਨ ਦੀ ਮ੍ਰਿਤੂ (ਸੰਨ 1639 ਈ.) ਤੋਂ ਬਾਦ ਲਗਭਗ 57 ਵਰ੍ਹੇ ਹਰਿਜੀ ਆਪਣੀ ਸੰਪ੍ਰਦਾਇ ਦੀ ਗੱਦੀ ਉਤੇ ਸਥਾਪਿਤ ਰਿਹਾ।

ਹਰਿਜੀ ਦੇ ਮੁੱਢਲੇ ਜੀਵਨ ਬਾਰੇ ਭਾਵੇਂ ਕੋਈ ਅਧਿਕਾਰੀ ਸੂਚਨਾ ਉਪਲਬਧ ਨਹੀਂ ਹੈ, ਪਰ 'ਗੋਸਟਾਂ ਮਿਹਰਬਾਨ ਜੀ ਕੀਆਂ' ਦੇ ਆਧਾਰ 'ਤੇ ਪਤਾ ਲਗਦਾ ਹੈ ਕਿ ਇਹ ਆਮ ਤੌਰ 'ਤੇ ਆਪਣੇ ਪਿਤਾ ਨਾਲ ਆਪਣੀ ਸੰਪ੍ਰਦਾਇ ਦੇ ਧਰਮ-ਪ੍ਰਚਾਰ ਲਈ ਇਧਰ-ਉਧਰ ਅਤੇ ਖ਼ਾਸ ਕਰਕੇ ਪਹਾੜੀ ਇਲਾਕਿਆਂ ਵਿਚ ਜਾਂਦਾ ਸੀ ਅਤੇ ਘਰ-ਬਾਰ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਸੰਭਾਲਦਾ ਸੀ। ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਧਰਮ-ਪ੍ਰਚਾਰ ਵਿਚ ਰੁਚੀ ਰਖਣ ਵਾਲਾ ਯੋਗ ਪ੍ਰਬੰਧਕ ਸੀ। ਧਰਮ-ਪ੍ਰਚਾਰ ਲਈ ਇਹ ਆਮ ਤੌਰ 'ਤੇ ਪੌਰਾਣਿਕ ਪ੍ਰਸੰਗਾਂ ਅਤੇ ਇਤਿਹਾਸਿਕ ਘਟਨਾਵਾਂ ਦਾ ਵਿਵਰਣ ਦਿੰਦਾ ਸੀ ਅਤੇ ਲੋੜ ਅਨੁਸਾਰ ਗੁਰਬਾਣੀ ਦੀ ਵੀ ਵਰਤੋਂ ਕਰਦਾ ਸੀ। ਇਸ ਲਈ ਚਿੰਤਨ ਦੇ ਪੱਖ ਤੋਂ ਇਹ ਕਿਸੇ ਨਵੀਂ ਵਿਚਾਰ-ਪ੍ਰਣਾਲੀ ਨੂੰ ਸਥਾਪਿਤ ਨ ਕਰ ਸਕਿਆ ਅਤੇ ਨ ਹੀ ਗੁਰਬਾਣੀ ਦੇ ਸਮਾਨਾਂਤਰ ਕੋਈ ਦ੍ਰਿੜ੍ਹ ਸਾਧਨਾਤਮਕ ਸੰਸਥਾ ਕਾਇਮ ਕਰ ਸਕਿਆ। ਸੰਗੀਤ ਅਤੇ ਧਾਰਮਿਕ ਪੁਸਤਕਾਂ ਦੇ ਅਧਿਐਨ ਵਿਚ ਵੀ ਇਸ ਦੀ ਰੁਚੀ ਸੀ। ਅਲੌਕਿਕ ਚਮਤਕਾਰ ਵੀ ਇਸ ਦੇ ਨਾਂ ਨਾਲ ਜੁੜੇ ਹੋਏ ਸਨ। ਉਸ ਕੋਲ ਸ਼ਰਧਾਲੂ ਆਪਣੀਆਂ ਮੁਰਾਦਾਂ ਪੂਰੀਆਂ ਕਰਵਾਉਣ ਲਈ ਆਉਂਦੇ ਸਨ। ਇਸੇ ਕਰਕੇ ਲੋਕਾਂ ਵਿਚ ਇਸ ਦੀ ਬਹੁਤ ਪ੍ਰਸਿੱਧੀ ਸੀ ਕਿਉਂਕਿ ਪ੍ਰਮਾਣਿਕ ਗੁਰੂ-ਪਰੰਪਰਾ ਵਿਚ ਇਸ ਪ੍ਰਕਾਰ ਦੇ ਅਲੌਕਿਕ ਆਚਾਰ ਅਤੇ ਕਰਾਮਾਤਾਂ ਵਰਜਿਤ ਸਨ। ਜਨ-ਸਾਧਾਰਣ ਵਿਚ ਇਸ ਦੀ ਮਾਨਤਾ ਹੇਠ ਲਿਖੇ ਗੀਤ ਤੋਂ ਭਲੀ-ਭਾਂਤ ਸਪੱਸ਼ਟ ਹੈ :

*ਬਾਜਾ ਹਰਿਆ, ਭਾਗੀ ਭਰਿਆ।*
*ਆਵੇ ਖ਼ਾਲੀ, ਜਾਵੇ ਭਰਿਆ।*

ਸੋਢੀ ਮਿਹਰਬਾਨ ਅਤੇ ਹਰਿਜੀ ਦੇ ਵਿਅਕਤਿਤਵਾਂ ਵਿਚ ਕੁਝ ਬੁਨਿਆਦੀ ਅੰਤਰ ਹੈ। ਸੋਢੀ ਮਿਹਰਬਾਨ ਨੇ

ਗੁਰਬਾਣੀ ਦੀ ਭਾਵ-ਧਾਰਾ ਦਾ ਅਨੁਕਰਣ ਕੀਤਾ ਹੈ ਅਤੇ ਪਹਿਲੇ ਪੰਜ ਗੁਰੂਆਂ ਪ੍ਰਤਿ ਪੂਰੇ ਆਦਰ ਦੀ ਭਾਵਨਾ ਪ੍ਰਗਟ ਕੀਤੀ ਹੈ। ਉਹ ਗੁਰਬਾਣੀ ਦਾ ਨਿਸ਼ਠਾਵਾਨ ਵਿਆਖਿਆਕਾਰ ਸੀ। ਕਿਤੇ ਵੀ ਉਸ ਦੀ ਬਾਣੀ ਵਿਚ ਮੂਲ-ਮੁੱਦਿਆਂ ਤੋਂ ਹਟਿਆ ਨਹੀਂ ਗਿਆ ਅਤੇ ਨ ਹੀ ਸਗੁਣ ਭਗਤੀ ਅਥਵਾ ਅਵਤਾਰਵਾਦ ਪ੍ਰਤਿ ਕਿਸੇ ਪ੍ਰਕਾਰ ਦਾ ਕੋਈ ਝੁਕਾਉ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰਿਵਾਰਿਕ ਵਿਰੋਧ ਦੇ ਬਾਵਜੂਦ ਉਹ ਆਪਣੇ ਧੁਰੇ ਨਾਲ ਜੁੜਿਆ ਰਿਹਾ। ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਉਹ ਸਿੱਖ-ਜਗਤ ਵਿਚ ਕੋਈ ਮਹੱਤਵਪੂਰਣ ਸਥਾਨ ਨ ਬਣਾ ਸਕਿਆ ਕਿਉਂਕਿ ਗੁਰੂ-ਗੱਦੀ ਦੀ ਪ੍ਰਭੁਤਾ ਉਸ ਪਾਸ ਨਹੀਂ ਸੀ। ਇਹ ਉਸ ਦੇ ਮਨ ਦਾ ਇਕ ਗੁੱਝਾ ਰੋਸ ਅਥਵਾ ਦੁਖ ਸੀ। ਉਸ ਅਨੁਸਾਰ— *ਜਿਨ੍ਹੀ ਕਮਾਈ ਬੰਦਗੀ ਸਚ ਦਰਗਹਿ ਸੇ ਪਰਵਾਣ। ਉਨ੍ਹਾ ਅੰਦਰ ਸਚ ਗਰੀਬੀ ਆਪ ਕਿਉ ਬੋਲਹਿ ਕਰ ਬਹੁ ਮਾਣ। ਕਰਣੀ ਪਿਛੋਂ ਛੁਟਸੀ ਕਉਣ ਹਿੰਦੂ ਮੁਸਲਮਾਣ। ਹਥ ਨਾਹੀ ਕਿਹੁ ਕਿਸੇ ਦੇ ਰਬ ਸਭ ਕਿਛੁ ਜਾਣੇ ਜਾਣ। ਇਕ ਸਦਾਇਨ ਸਿਧ ਪੀਰ ਇਕਨਾ ਗੁਰਿਆਈ ਦਾ ਮਾਣ। ਨਾਨਕ ਦਾਸ ਤੁਮਾਰਾ ਤ੍ਰਾਣ।੨੪।*

ਸੋਢੀ ਹਰਿਜੀ ਦੇ ਬੜੇ ਲੰਬੇ ਸਮੇਂ ਤਕ ਆਪਣੀ ਸੰਪ੍ਰਦਾਇ ਦੀ ਗੱਦੀ ਉਤੇ ਕਾਇਮ ਰਹਿਣ ਕਰਕੇ ਇਸ ਦੇ ਮਨ ਵਿਚ ਮਹੰਤੀ ਠਾਠ ਅਤੇ ਪੌਰਾਣਿਕ ਰੁਚੀਆਂ ਪੈਦਾ ਹੋ ਗਈਆਂ। ਫਲਸਰੂਪ ਇਹ ਆਪਣੇ ਪਿਤਾ ਮਿਹਰਬਾਨ ਦੀ ਨਿਰਗੁਣ ਭਗਤੀ ਭਾਵਨਾ ਤੋਂ ਹਟਦਾ ਹੋਇਆ ਅਵਤਾਰਵਾਦ ਵਲ ਝੁਕ ਗਿਆ। ਇਹੀ ਕਾਰਣ ਹੈ ਕਿ ਹਰਿਜੀ ਦੀਆਂ ਰਚਨਾਵਾਂ ਦੀ ਮੂਲ-ਭਾਵਨਾ ਸੋਢੀ ਮਿਹਰਬਾਨ ਦੀ ਮੂਲ-ਭਾਵਨਾ ਤੋਂ ਭਿੰਨ ਹੋ ਗਈ ਅਤੇ ਗੁਰਮਤਿ-ਵਿਰੋਧੀ ਭਾਵਨਾ ਦਾ ਵਿਸਤਾਰ ਕਰਨ ਲਗਾ। ਅਜਿਹਾ ਕਰਨ ਲਈ ਇਸ ਨੇ ਆਪਣੇ ਪਿਤਾ ਦੇ ਆਦੇਸ਼ਾਂ ਦੀ ਪਾਲਨਾ ਕਰਨ ਦੀ ਗੱਲ 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਦੇ ਆਰੰਭ ਵਿਚ ਕਹੀ ਹੈ ਅਤੇ 'ਗੋਸਟਾਂ ਮਿਹਰਬਾਨ ਜੀ ਕੀਆਂ' ਦੀ 44ਵੀਂ ਗੋਸਟਿ ਵਿਚ ਵੀ ਦਸਿਆ ਹੈ— *ਬਚਾ ਆਉ ਪੈਰੀ ਪਉ, ਤੁਧੁ ਉਤੇ ਮੇਰੀ ਖੁਸੀ ਹੈ। ਬਹੁਤੁ ਪ੍ਰੇਮ ਕੀ ਬਾਣੀ ਸਰਬੰਗੁ ਹੋਏਗੀ।... ਜਿ ਤੇਰੀ ਬਾਣੀ ਬਹੁਤੁ ਹੋਵੇਗੀ ਪਰੁ ਭੋਗੁ 'ਜਨ ਨਾਨਕ' ਕਾ ਪਾਵਣਾ। ਸੋ ਅਬ ਓਹ ਸਮਾ ਆਇਆ ਹੈ। ਅਰੁ ਪ੍ਰੇਮ ਤੇਰਾ ਦੇਖਿ ਕਰਿ ਮੇਰੇ ਬਹੁਤੁ ਆਨੰਦੁ ਭਇਆ ਹੈ।*

ਸਪੱਸ਼ਟ ਹੈ ਕਿ ਸੋਢੀ ਹਰਿਜੀ ਨੇ ਸੋਢੀ ਮਿਹਰਬਾਨ ਤੋਂ ਬਾਦ ਆਪਣੀ ਸੰਪ੍ਰਦਾਇ ਵਲੋਂ ਬਾਣੀ ਰਚਣੀ ਸ਼ੁਰੂ ਕੀਤੀ। ਅਪ੍ਰਮਾਣਿਕ ਗੁਰੂ-ਪਰੰਪਰਾ ਵਿਚ ਅੱਠਵੇਂ ਸਥਾਨ ਉਤੇ ਹੋਣ ਕਾਰਣ ਇਸ ਦੀ ਬਾਣੀ 'ਮਹਲਾ ੮' ਕਰਕੇ ਪ੍ਰਸਿੱਧ ਹੋਈ।

ਸੋਢੀ ਮਿਹਰਬਾਨ ਨਾਲੋਂ ਸੋਢੀ ਹਰਿਜੀ ਦੀਆਂ ਰਚਨਾਵਾਂ ਨੂੰ ਨਿਖੇੜਨ ਲਈ ਇਕੋ ਆਧਾਰ-ਭੂਤ ਸਾਧਨ ਹੈ ਕਵੀ-ਛਾਪਾਂ। ਇਸ ਲਈ ਸੋਢੀ ਮਿਹਰਬਾਨ ਦੁਆਰਾ ਵਰਤੀ ਕਵੀ-ਛਾਪ ਨਾਨਕ-ਦਾਸ, ਦਾਸ-ਨਾਨਕ ਤੋਂ ਹਟਵੀ ਕਵੀ-ਛਾਪ ਜਨ-ਨਾਨਕ, ਨਾਨਕ-ਜਨ ਵਾਲੀ ਬਾਣੀ ਅਥਵਾ ਰਚਨਾ ਸੋਢੀ ਹਰਿਜੀ ਦੀ ਮੰਨੀ ਜਾਏਗੀ। ਇਸ ਆਧਾਰ 'ਤੇ ਸੋਢੀ ਹਰਿਜੀ ਦੀਆਂ ਤਿੰਨ ਮੁੱਖ ਰਚਨਾਵਾਂ ਹਨ— 'ਸੁਖਮਨੀ ਸਹੰਸ੍ਰਨਾਮ ਪਰਮਾਰਥ', 'ਸਿੰਘਾਸਨ ਬਤੀਸੀ' ਅਤੇ 'ਗੋਸਟਾਂ ਮਿਹਰਬਾਨ ਜੀ ਕੀਆਂ'। 'ਮਿਹਰਬਾਨ ਜਨਮਸਾਖੀ' (ਵੇਖੋ) ਦੀ ਦੂਜੀ ਪੋਥੀ (ਹਰਿਜੀ ਪੋਥੀ) ਦੇ ਕਰਤ੍ਰਿਤਵ ਦਾ ਸੰਬੰਧ ਵੀ ਕਈ ਵਿਦਵਾਨ ਹਰਿਜੀ ਨਾਲ ਜੋੜਦੇ ਹਨ, ਪਰ ਗੰਭੀਰ ਅਧਿਐਨ ਤੋਂ ਪਤਾ ਲਗਦਾ ਹੈ ਕਿ ਹਰਿਜੀ ਨੇ ਉਹ ਪੋਥੀ ਖ਼ੁਦ ਨਹੀਂ ਰਚੀ ਸੀ, ਕੇਵਲ ਉਸ ਲਈ ਲਿਖਾਰੀ ਦੀ ਭੂਮਿਕਾ ਨਿਭਾਈ ਸੀ। ਅਸਲ ਕਰਤਾ ਸੋਢੀ ਮਿਹਰਬਾਨ ਆਪ ਸੀ।

**ਹਰਿਦਾਸ, ਵੈਦ** : ਜਨਮਸਾਖੀ-ਸਾਹਿਤ ਅਨੁਸਾਰ 'ਤਲਵੰਡੀ ਰਾਇ ਭੋਇ ਭੱਟੀ ਕੀ' (ਹੁਣ ਨਨਕਾਣਾ ਸਾਹਿਬ) ਨਾਂ ਵਾਲੇ ਕਸਬੇ ਦਾ ਇਕ ਵੈਦ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦਾ ਇਲਾਜ ਕਰਨ ਲਈ ਬਾਬੇ ਕਾਲੂ ਨੇ ਬੁਲਾਇਆ ਸੀ। ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿਚ ਨ ਪੜ੍ਹਨ ਵਿਚ ਰੁਚੀ ਵਿਖਾਈ ਅਤੇ ਨ ਹੀ ਘਰ ਦੇ ਹੋਰ ਕਿਸੇ ਕੰਮ ਵਲ ਉਨ੍ਹਾਂ ਦਾ ਰੁਝਾਨ ਸੀ। ਹਰ ਸਮੇਂ ਉਹ ਕਿਸੇ ਗੰਭੀਰ ਸੋਚ ਵਿਚ ਡੁਬੇ ਰਹਿੰਦੇ। ਇਕ ਵਾਰ ਉਹ ਕਾਫ਼ੀ ਸਮੇਂ ਲਈ ਘਰੋਂ ਬਾਹਰ ਨ ਨਿਕਲੇ ਅਤੇ ਬਹੁਤ ਘਟ ਭੋਜਨ ਕੀਤਾ। ਇਸ ਕਰਕੇ ਪਰਿਵਾਰ ਵਾਲੇ ਅਤੇ ਸਕੇ-ਸੰਬੰਧੀ ਬਹੁਤ ਪਰੇਸ਼ਾਨ ਰਹਿਣ ਲਗੇ। ਭਾਈਚਾਰੇ ਦੇ ਕਹੇ 'ਤੇ ਬਾਬੇ ਕਾਲੂ ਨੇ ਬਾਲਕ ਨਾਨਕ ਨੂੰ ਘਰ ਦੇ ਕੰਮਾਂ ਵਲ ਰੁਚਿਤ ਕਰਨ ਲਈ ਕਈ ਉਪਾ ਕੀਤੇ। ਪਰ ਜਦੋਂ ਕੁਝ ਨ ਸੰਵਰਿਆ ਤਾਂ ਹਰਿਦਾਸ ਨਾਂ ਦੇ ਵੈਦ ਨੂੰ ਬੁਲਾਇਆ। ਉਸ ਨੇ ਆ ਕੇ ਜਦੋਂ ਗੁਰੂ ਜੀ ਦੀ ਨਬਜ਼ ਵੇਖਣੀ ਚਾਹੀ ਤਾਂ ਗੁਰੂ ਜੀ ਨੇ ਆਪਣੀ ਬਾਂਹ ਖਿਚ ਲਈ ਅਤੇ ਇਕ ਸ਼ਲੋਕ ਉਚਾਰਿਆ— *ਵੈਦੁ ਬੁਲਾਇਆ*

*ਵੈਦਗੀ ਪਕੜਿ ਢੰਢੋਲੇ ਬਾਂਹ। ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।* (ਗੁ.ਗ੍ਰੰ. 1279)। ਪਾਪਾਂ ਵਿਚ ਗ੍ਰਸੀ ਅਤੇ ਭਰਮਾਂ ਵਿਚ ਫਸੀ ਮਨੁੱਖਤਾ ਦਾ ਇਲਾਜ ਕਰਨ ਦੀ ਸੋਚ ਵਿਚ ਡੁਬੇ ਗੁਰੂ ਨਾਨਕ ਦੇਵ ਜੀ ਦਾ ਇਲਾਜ ਨਬਜ਼ ਵੇਖ ਕੇ ਦਵਾਈ ਦੇਣ ਨਾਲ ਭਲਾ ਕਿਵੇਂ ਹੋ ਸਕਦਾ ਸੀ। ਇਸ ਲਈ ਗੁਰੂ ਜੀ ਨੇ ਨਬਜ਼ ਨ ਵਿਖਾਈ।

**ਹਰਿਦੁਆਰ** (ਤੀਰਥ): ਉੱਤਰ ਪ੍ਰਦੇਸ਼ (ਹੁਣ ਉਤਰਾਂਚਲ) ਦੇ ਸਹਾਰਨਪੁਰ ਜ਼ਿਲ੍ਹੇ ਦਾ ਇਹ ਇਕ ਮਹੱਤਵਪੂਰਣ ਤੀਰਥ ਹੈ। ਇਸ ਦੀ ਮਹਾਨਤਾ ਕਰਕੇ ਇਸ ਨੂੰ ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦਾ ਖੇਤਰ 'ਹਿਰ ਕੀ ਪੌੜੀ' ਤੋਂ ਲੈ ਕੇ ਕਨਖਲ ਤਕ ਹੈ। ਇਸ ਦਾ ਇਕ ਨਾਮਾਂਤਰ 'ਮਾਯਾਪੁਰੀ' ਹੈ।

ਚੂੰਕਿ ਇਸ ਵਿਚਲਾ 'ਹਰਿ' ਸ਼ਬਦ ਵਿਸ਼ਣੂ ਦਾ ਸੂਚਕ ਹੈ, ਇਸ ਲਈ ਇਸ ਨੂੰ ਵੈਸ਼ਣਵ ਧਰਮ-ਧਾਮ ਸਮਝਿਆ ਜਾਂਦਾ ਹੈ, ਪਰ ਇਥੇ ਹੋਰ ਹਿੰਦੂ ਸੰਪ੍ਰਦਾਵਾਂ ਜਾਂ ਭਾਵਨਾਵਾਂ ਵਾਲੇ ਲੋਕ ਵੀ ਬੜੀ ਸ਼ਰਧਾ ਨਾਲ ਆਉਂਦੇ ਹਨ। ਇਥੇ ਗੰਗਾ ਪਹਾੜ ਤੋਂ ਨਿਕਲ ਕੇ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ। ਇਥੇ ਬਾਰ੍ਹਾਂ ਵਰ੍ਹਿਆਂ ਤੋਂ ਬਾਦ ਜਦੋਂ ਸੂਰਜ ਅਤੇ ਚੰਦ੍ਰਮਾ ਮੇਖ ਰਾਸ਼ੀ ਉਤੇ ਅਤੇ ਬ੍ਰਿਹਸਪਤੀ ਕੁੰਭ ਰਾਸ਼ੀ ਵਿਚ ਸਥਿਤ ਹੁੰਦੇ ਹਨ, ਤਾਂ ਕੁੰਭ ਦਾ ਮੇਲਾ ਲਗਦਾ ਹੈ ਅਤੇ ਛੇ ਵਰ੍ਹਿਆਂ ਦੇ ਬੀਤਣ ਤੋਂ ਬਾਦ ਅਰਧਕੁੰਭੀ ਦਾ ਪਰਵ ਮਨਾਇਆ ਜਾਂਦਾ ਹੈ।

ਇਥੇ ਮੈਤ੍ਰੇਯ ਰਿਸ਼ੀ ਨੇ ਵਿਦੁਰ ਨੂੰ 'ਭਾਗਵਤ ਪੁਰਾਣ' ਦੀ ਕਥਾ ਸੁਣਾਈ ਸੀ ਅਤੇ ਇਥੇ ਹੀ ਸੱਤ ਰਿਸ਼ੀਆਂ ਤੋਂ ਨਾਰਦ ਨੇ ਇਸ ਪੁਰਾਣ ਦੀ ਸਪਤਾਹ-ਕਥਾ ਸੁਣੀ ਸੀ। ਇਸ ਤੋਂ ਇਲਾਵਾ ਹੋਰ ਵੀ ਕਈ ਰਿਸ਼ੀਆਂ ਮੁਨੀਆਂ ਦੀ ਤਪਸਿਆ ਦੇ ਪ੍ਰਸੰਗ ਜਾਂ ਆਖਿਆਨ ਇਸ ਪੁਰੀ ਨਾਲ ਜੁੜੇ ਹੋਏ ਹਨ।

ਜਨਮਸਾਖੀ-ਸਾਹਿਤ ਅੰਦਰ ਉੱਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਇਥੇ ਆਏ ਸਨ ਅਤੇ ਲੋਕਾਂ ਵਲੋਂ ਸੂਰਜ ਨੂੰ ਪਾਣੀ ਚੜ੍ਹਾਉਣ ਦੀ ਮਿਥ ਦਾ ਖੰਡਨ ਕੀਤਾ ਸੀ। ਇਸ ਘਟਨਾ ਨਾਲ ਸੰਬੰਧਿਤ ਇਕ ਗੁਰੂ-ਧਾਮ 'ਹਰਿ ਕੀ ਪੌੜੀ' ਦੇ ਨੇੜੇ ਕਾਇਮ ਹੈ, ਜਿਸ ਦੀ ਪ੍ਰਮਾਣਿਕਤਾ ਸੰਦੇਹਜਨਕ ਹੈ।

**ਹਰਿਨਾਮ ਸਿੰਘ, ਬਾਬਾ** (ਮ. 1927 ਈ.): ਇਕ ਸਿੱਖ ਸੰਤ ਜਿਸ ਦਾ ਜਨਮ ਭਾਈ ਬੀਰ ਸਿੰਘ ਦੇ ਘਰ ਮਾਈ ਪ੍ਰਧਾਨ ਕੌਰ ਦੀ ਕੁਖੋਂ ਕਪੂਰਥਲਾ ਜ਼ਿਲ੍ਹੇ ਦੇ ਮਨਸੂਰਵਾਲ ਪਿੰਡ ਵਿਚ ਹੋਇਆ। ਇਸ ਦਾ ਮੁੱਢਲਾ ਨਾਂ ਨਿਹਾਲ ਸਿੰਘ ਸੀ। ਪਰ ਹਰ ਰੋਜ਼ ਜਪੁਜੀ ਦੇ 101 ਪਾਠ ਕਰਨ ਕਰਕੇ ਸੰਤ ਰਾਮ ਸਿੰਘ ਨਿਰਮਲਾ ਨੇ ਇਸ ਦਾ ਨਾਂ 'ਹਰਿਨਾਮ ਸਿੰਘ' ਰਖ ਦਿੱਤਾ।

ਬਾਬਾ ਹਰਿਨਾਮ ਸਿੰਘ ਨੇ 13 ਸਾਲ ਦੀ ਉਮਰ ਵਿਚ ਘਰ ਛਡ ਕੇ ਮਾਨਸਿਕ ਸ਼ਾਂਤੀ ਲਈ ਗੁਰੂ-ਧਾਮਾਂ ਉਤੇ ਜਾਣਾ ਸ਼ੁਰੂ ਕਰ ਦਿੱਤਾ। ਆਖ਼ਿਰ ਇਹ ਸੰਤ ਰਾਮ ਸਿੰਘ ਦੇ ਸੰਪਰਕ ਵਿਚ ਆਇਆ ਜੋ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਸਨ ਅਤੇ ਆਪਣੇ ਵਕਤ ਦੇ ਸੰਸਕ੍ਰਿਤ ਅਤੇ ਗੁਰਬਾਣੀ ਦੇ ਮਹਾਨ ਪੰਡਿਤ ਸਨ। ਬਾਬਾ ਹਰਿਨਾਮ ਸਿੰਘ ਨੇ ਉਨ੍ਹਾਂ ਦੀ ਦੇਖ-ਰੇਖ ਵਿਚ ਸਿੱਖ ਧਰਮ ਪੁਸਤਕਾਂ ਅਤੇ ਸੰਸਕ੍ਰਿਤ ਦੇ ਦਾਰਸ਼ਨਿਕ ਗ੍ਰੰਥਾਂ ਦਾ ਅਧਿਐਨ ਕੀਤਾ। ਕਈ ਵਰ੍ਹੇ ਅੰਮ੍ਰਿਤਸਰ ਰਹਿਣ ਤੋਂ ਬਾਦ ਇਹ ਦੁਆਬੇ ਅਤੇ ਮਾਲਵੇ ਵਿਚ ਘੁੰਮਦਾ ਘੁੰਮਾਉਂਦਾ ਅੰਤ ਵਿਚ ਬਠਿੰਡਾ ਜ਼ਿਲ੍ਹੇ ਦੇ ਭੁੱਚੋ ਕਲਾਂ ਪਿੰਡ ਵਿਚ ਸੰਨ 1891 ਈ. ਵਿਚ ਪਹੁੰਚਿਆ ਅਤੇ ਉਥੇ ਹੀ ਆਪਣਾ ਸਥਾਈ ਠਿਕਾਣਾ ਬਣਾਇਆ।

ਆਪਣੇ ਪਵਿੱਤਰ ਆਚਾਰ, ਸਾਦਗੀ ਅਤੇ ਚਮਤਕਾਰੀ ਸ਼ਕਤੀ ਕਰਕੇ ਇਹ ਇਲਾਕੇ ਵਿਚ ਬਹੁਤ ਪ੍ਰਸਿੱਧ ਸੀ। ਲੋਕੀਂ ਦੂਰੋਂ ਦੂਰੋਂ ਅਸੀਸ ਅਤੇ ਵਰਦਾਨ ਲੈਣ ਲਈ ਆਉਂਦੇ ਸਨ ਅਤੇ ਬੜੇ ਆਦਰ ਨਾਲ ਉਪਦੇਸ਼ ਸੁਣਦੇ ਸਨ। ਸੰਤ ਬਾਬਾ ਨੰਦ ਸਿੰਘ ਕਲੇਰਾਂ ਵਾਲੇ ਕਾਫ਼ੀ ਸਮਾਂ ਇਸ ਦੇ ਸੰਪਰਕ ਵਿਚ ਰਹੇ। 18 ਦਸੰਬਰ 1927 ਈ. ਨੂੰ ਬਾਬਾ ਹਰਿਨਾਮ ਸਿੰਘ ਦਾ ਅਕਾਲ ਚਲਾਣਾ ਹੋਇਆ।

**ਹਰਿਬੰਸ** (ਭੱਟ) : ਇਕ ਭੱਟ ਕਵੀ ਜਿਸ ਦੇ ਗੁਰੂ ਗ੍ਰੰਥ ਸਾਹਿਬ ਵਿਚ ਦੋ ਸਵਈਏ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਚ ਸੰਕਲਿਤ ਹਨ। ਉਨ੍ਹਾਂ ਵਿਚ ਭੱਟ ਦਸਦਾ ਹੈ ਕਿ ਗੁਰੂ ਜੋਤਿ ਮਰਨ ਵਾਲੀ ਨਹੀਂ, ਇਹ ਗੰਗਾ ਦੇ ਪ੍ਰਵਾਹ ਵਾਂਗ ਸਦਾ ਗਤਿਸ਼ੀਲ ਹੈ। ਇਸ ਵਿਚ ਕੀਤਾ ਇਸ਼ਨਾਨ ਮਨ ਨੂੰ ਪਵਿੱਤਰ ਕਰਦਾ ਹੈ।

**ਹਰਿਭਜਨ ਸਿੰਘ, ਡਾ.** (1920-2002 ਈ.): ਵੀਹਵੀਂ ਸਦੀ ਵਿਚ ਹੋਇਆ ਇਕ ਮਹਾਨ ਸਿੱਖ ਚਿੰਤਕ, ਕਵੀ ਅਤੇ

ਆਲੋਚਕ ਡਾ. ਹਰਿਭਜਨ ਸਿੰਘ ਪੰਜਾਬੀ ਦਾ ਇਕ ਅਜਿਹਾ ਸਾਹਿਤਕਾਰ ਸੀ ਜਿਸ ਨੇ ਸਾਹਿਤ ਦੇ ਹਰ ਰੂਪਾਕਾਰ ਉਤੇ ਕਲਮ ਹੀ ਨਹੀਂ ਚਲਾਈ, ਸਗੋਂ ਆਪਣਾ ਸਿੱਕਾ ਵੀ ਜਮਾਇਆ। ਲਗਭਗ ਅੱਧੀ ਸਦੀ ਪੰਜਾਬੀ ਸਾਹਿਤ ਜਗਤ ਉਤੇ ਪੂਰੇ ਜਲੌਂ ਨਾਲ ਛਾਏ ਰਹੇ ਹਰਿਭਜਨ ਸਿੰਘ ਦਾ ਜਨਮ 18 ਅਗਸਤ 1920 ਈ. ਨੂੰ ਆਪਣੇ ਜੱਦੀ ਪਿੰਡ ਭੁੱਲਰ (ਜ਼ਿਲ੍ਹਾ ਅੰਮ੍ਰਿਤਸਰ) ਤੋਂ ਬਹੁਤ ਦੂਰ ਆਸਾਮ ਦੇ ਇਕ ਨਿੱਕੇ ਜਿਹੇ ਕਸਬੇ ਲਮਡਿੰਗ ਵਿਚ ਸ. ਗੰਡਾ ਸਿੰਘ ਦੇ ਘਰ ਹੋਇਆ ਜਿਥੇ ਉਹ ਰੇਲਵੇ ਵਿਚ ਨੌਕਰੀ ਕਰਦੇ ਸਨ। ਜਦੋਂ ਇਹ ਹਾਲੀ ਡੇਢ ਵਰ੍ਹਿਆਂ ਦਾ ਸੀ ਤਾਂ ਪਿਤਾ ਜੀ ਸਦੀਵੀ ਵਿਛੋੜਾ ਦੇ ਗਏ ਅਤੇ ਦੂਜੀ ਜਮਾਤ ਵਿਚ ਪੜ੍ਹਦੇ ਨੂੰ ਮਾਂ ਵੀ ਇਸ ਨੂੰ ਅਭਾਵਾਂ ਦੀ ਝੋਲੀ ਪਾ ਕੇ ਸੰਸਾਰ ਤੋਂ ਰੁਖ਼ਸਤ ਹੋ ਗਈ। ਮਾਸੀ ਦਿਆਲ ਕੌਰ ਇਸ ਨੂੰ ਜ਼ਿਲ੍ਹਾ ਲਾਹੌਰ ਵਿਚ ਆਪਣੇ ਪਿੰਡ ਇੱਛਰਾਂ ਲੈ ਆਈ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਦਸਵੀਂ ਡੀ.ਏ.ਵੀ. ਸਕੂਲ ਲਾਹੌਰ ਤੋਂ ਪਾਸ ਕੀਤੀ। ਇਸ ਤੋਂ ਬਾਦ ਪ੍ਰਭਾਕਰ, ਸਾਹਿਤ੍ਯ ਰਤਨ, ਗਿਆਨੀ, ਮੁਨਸ਼ੀ ਫ਼ਾਜ਼ਲ, ਬੀ.ਏ., ਐਮ.ਏ. (ਅੰਗ੍ਰੇਜ਼ੀ ਅਤੇ ਹਿੰਦੀ), ਪੀ.ਐਚ.-ਡੀ. ਦੇ ਸਾਰੇ ਇਮਤਿਹਾਨ ਪ੍ਰਾਈਵੇਟ ਤੌਰ 'ਤੇ ਪਾਸ ਕੀਤੇ। ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਮਾਨ ਅਰਥ ਡੀ.ਲਿਟ. ਦੀ ਉਪਾਧੀ ਵੀ ਪ੍ਰਦਾਨ ਕੀਤੀ।

ਬੀ.ਏ. ਪਾਸ ਕਰਨ ਤੋਂ ਬਾਦ ਖ਼ਾਲਸਾ ਸਕੂਲ ਦਿੱਲੀ ਵਿਚ ਅਧਿਆਪਕ ਲਗਿਆ। ਸੰਨ 1946 ਈ. ਵਿਚ ਇਸ ਦਾ ਵਿਆਹ ਬੀਬੀ ਕਿਰਪਾਲ ਕੌਰ ਨਾਲ ਹੋਇਆ ਜਿਸ ਨੇ ਬਿਨਾ ਮੱਥੇ ਉਤੇ ਵਟ ਪਾਏ ਦੁਖ-ਸੁਖ ਵਿਚ ਪੂਰੀ ਤਰ੍ਹਾਂ ਇਸ ਦਾ ਸਾਥ ਨਿਭਾਇਆ। ਸਕੂਲ ਵਿਚ ਪੜ੍ਹਾਉਂਦਿਆਂ ਇਸ ਨੇ ਦੋਵੇਂ ਐਮ.ਏ. ਪਾਸ ਕੀਤੇ ਅਤੇ ਖ਼ਾਲਸਾ ਕਾਲਜ ਵਿਚ ਹਿੰਦੀ ਦਾ ਲੈਕਚਰਾਰ ਲਗ ਗਿਆ। ਇਸੇ ਦੌਰਾਨ ਹਿੰਦੀ ਵਿਚ 'ਗੁਰਮੁਖੀ ਲਿਪਿ ਮੇਂ ਹਿੰਦੀ ਕਾਵ੍ਯ' ਵਿਸ਼ੇ ਉਤੇ ਦਿੱਲੀ ਯੂਨੀਵਰਸਿਟੀ ਤੋਂ ਪੀ.ਐਚ-ਡੀ. ਕਰਕੇ ਇਕ ਖੋਜਕਾਰ ਵਜੋਂ ਉਭਰਿਆ। ਅਠ-ਦਸ ਸਾਲਾਂ ਬਾਦ ਇਸ ਨੂੰ ਦਿੱਲੀ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਦੀ ਨੌਕਰੀ ਮਿਲ ਗਈ। ਸੇਵਾ-ਮੁਕਤ ਹੋਣ ਤੋਂ ਬਾਦ ਇਸ ਨੂੰ ਦਿੱਲੀ ਯੂਨੀਵਰਸਿਟੀ ਵਲੋਂ 'ਪ੍ਰੋਫ਼ੈਸਰ ਆਫ਼ ਅਮੈਰੀਟਸ' ਪਦਵੀ ਨਾਲ ਸਨਮਾਨਿਤ ਕੀਤਾ ਗਿਆ। ਨੌਕਰੀ ਦੌਰਾਨ ਅਤੇ ਉਸ ਤੋਂ ਬਾਦ ਵੀ ਇਸ ਨੂੰ ਕਈ ਯੂਨੀਵਰਸਿਟੀਆਂ ਵਿਚ ਵਿਜ਼ਟਿੰਗ ਪ੍ਰੋਫ਼ੈਸਰ ਵਜੋਂ ਨਿਮੰਤਰਿਤ ਕੀਤਾ ਗਿਆ ਅਤੇ ਵਿਦੇਸ਼ਾਂ—ਇੰਗਲੈਂਡ, ਕੈਨੇਡਾ, ਅਮਰੀਕਾ, ਰੂਸ, ਚੈਕੋਸਲੋਵਾਕੀਆ—ਵਿਚ ਅੰਤਰ-ਰਾਸ਼ਟਰੀ ਪੱਧਰ ਦੀਆਂ ਕਾਨਫ਼੍ਰੰਸਾਂ ਅਤੇ ਸੈਮੀਨਾਰਾਂ ਵਿਚ ਹਿੱਸਾ ਲੈ ਕੇ ਆਪਣੀ ਧਾਕ ਜਮਾਉਂਦਾ ਰਿਹਾ।

ਸਾਹਿਤ ਪੜ੍ਹਨ ਅਤੇ ਰਚਣ ਦੀ ਚੇਟਕ ਇਸ ਨੂੰ ਬਚਪਨ ਵਿਚ ਹੀ ਲਗ ਗਈ ਸੀ। ਕਿਉਂਕਿ ਇਸ ਨਾਲ ਮਾਪਿਆਂ ਤੋਂ ਵਿਛੁੰਨੇ-ਪਨ ਦੀ ਅਭਾਵ-ਪੂਰਤੀ ਹੁੰਦੀ ਸੀ ਅਤੇ ਗੁਰਦੁਆਰੇ ਤੋਂ ਪ੍ਰਾਪਤ ਵਿਰਸੇ ਦੀ ਜਾਗ ਪ੍ਰੇਰਦੀ ਸੀ। ਸਭ ਤੋਂ ਪਹਿਲਾਂ ਇਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਆਪਣੇ ਅੰਤ ਤਕ 'ਲਾਸਾਂ', 'ਤਾਰ ਤੁਪਕਾ' (ਕਾਵਿ ਨਾਟਕ), 'ਅਧਰੈਣੀ', 'ਨਾ ਧੁੱਪੇ ਨਾ ਛਾਵੇਂ', 'ਸੜਕ ਦੇ ਸਫ਼ੇ 'ਤੇ', 'ਮੈਂ ਜੋ ਬੀਤ ਗਿਆ', 'ਅਲਫ਼ ਦੁਪਹਿਰ', 'ਟੁੱਕੀਆਂ ਜੀਭਾਂ ਵਾਲੇ', 'ਮੱਥਾ ਦੀਵੇ ਵਾਲਾ', 'ਅਲਵਿਦਾ ਤੋਂ ਪਹਿਲਾਂ', 'ਮਾਵਾਂ ਧੀਆਂ', 'ਨਿੱਕ-ਸੁੱਕ', 'ਚੌਥੇ ਦੀ ਉਡੀਕ', 'ਰੁਖ ਤੇ ਰਿਸ਼ੀ', 'ਰੇਗਿਸਤਾਨ ਤੇ ਲੱਕੜਹਾਰਾ' ਆਦ ਅਨੇਕ ਕਾਵਿ-ਰਚਨਾਵਾਂ ਪੰਜਾਬੀ ਭਾਸ਼ਾ ਦੀ ਝੋਲੀ ਪਾਈਆਂ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਕਵੀ ਆਪਣੇ ਆਪ ਨੂੰ ਵਾਦ-ਵਿਵਾਦਾਂ ਅਤੇ ਰਾਜਨੈਤਿਕ ਲਹਿਰਾਂ ਤੋਂ ਅਭਿਜ ਰਖ ਕੇ ਪੰਜਾਹ ਵਰ੍ਹਿਆਂ ਦੀ ਲੰਬੀ ਯਾਤ੍ਰਾ ਕਰਨ ਵਿਚ ਸਫਲ ਹੋਇਆ।

ਕਵਿਤਾ ਦੇ ਨਾਲ ਨਾਲ ਆਲੋਚਨਾ ਜਾਂ ਸਮੀਖਿਆ ਇਸ ਦੀ ਸਾਹਿਤ-ਸਾਧਨਾ ਦਾ ਦੂਜਾ ਪਹਿਲੂ ਹੈ। ਇਸ ਵਿਧਾ ਨਾਲ ਸੰਬੰਧਿਤ 'ਅਧਿਐਨ ਤੇ ਅਧਿਆਪਨ', 'ਮੁੱਲ ਤੇ ਮੁਲਾਂਕਣ', 'ਸਾਹਿਤ ਸ਼ਾਸਤਰ', 'ਪਾਰਗਾਮੀ', 'ਰੂਪਕੀ', 'ਰਚਨਾ-ਸੰਰਚਨਾ', 'ਸਾਹਿਤ ਵਿਗਿਆਨ', 'ਸਾਹਿਤ ਅਧਿਐਨ', 'ਪੂਰਨ ਸਿੰਘ: ਰਚਨਾ ਸੰਰਚਨਾ', 'ਇਕ ਖ਼ਤ ਤੇਰੇ ਨਾਮ', 'ਖਮੋਸ਼ੀ ਦਾ ਜਜ਼ੀਰਾ', 'ਪਿਆਰ ਅਤੇ ਪਰਿਵਾਰ', 'ਮੇਰੀ ਪਸੰਦ', ਆਦਿ ਪੁਸਤਕਾਂ ਦੀ ਰਚਨਾ ਕੀਤੀ। ਇਸ ਨੇ ਸਮੀਖਿਆ ਦੇ ਖੇਤਰ ਵਿਚ ਆਲੋਚਨਾ ਦੇ ਆਧੁਨਿਕ ਮਾਨਦੰਡਾਂ ਦੀ ਵਰਤੋਂ ਨਾਲ ਆਪਣਾ ਨਵਾਂ-ਸਕੂਲ ਸਥਾਪਿਤ ਕੀਤਾ। ਇਸ ਨੇ ਬਹੁਤ ਸਾਰੀਆਂ ਪੁਸਤਕਾਂ (ਧਰਮ ਤੇ ਧਾਰਮਿਕ ਕਾਵਿ, ਕਥਾ ਪੰਜਾਬ, ਕਿੱਸਾ ਪੰਜਾਬ, ਤ੍ਰਾਸਦੀ, ਅਧਿਕਆਪਕੀ, ਸਿਸਟਮੀ, ਸਾਖੀ ਸੁਰਤਿ, ਸਨਮਾਨ ਤੇ ਸਮੀਖਿਆ) ਦਾ ਸੰਪਾਦਨ ਕਰਕੇ ਅਤੇ ਵਖ ਵਖ ਅਦਾਰਿਆਂ ਲਈ ਪਾਠ-ਪੁਸਤਕਾਂ (ਅਜ ਦੀ ਪੰਜਾਬੀ, ਕਾਵਿ-ਰੰਗ, ਕਥਾ ਦੇਸ਼,

ਜੀਉਂਦੇ ਜਾਗਦੇ, ਕਾਵਿ-ਕਮਾਈ, ਹਰਫ਼ ਹਮੇਸ਼ਾਂ, ਕਾਵਿ ਬਿਰਤੀ, ਕਥਾ ਕਹਾਣੀ) ਤਿਆਰ ਕਰਕੇ ਇਨ੍ਹਾਂ ਖੇਤਰਾਂ ਵਿਚ ਆਦਰਸ਼ ਮਾਡਲ ਸਥਾਪਿਤ ਕੀਤੇ। ਇਸ ਨੇ ਹੋਰਨਾਂ ਭਾਸ਼ਾਵਾਂ ਦੀਆਂ ਕਲਾਸੀਕਲ ਰਚਨਾਵਾਂ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਭਾਸ਼ਾ ਦੇ ਪਾਠਕਾਂ ਲਈ ਗਿਆਨ ਦੇ ਦੁਆਰਾ ਖੋਲੇ। ਆਖਰੀ ਦਮ ਤਕ ਇਹ 'ਅਕਸ' ਲਈ "ਪੜ੍ਹ ਅਖਰ ਏਹੋ ਬੁਝੀਐ" ਸਿਰਲੇਖ ਅਧੀਨ ਨਵ-ਪ੍ਰਕਾਸ਼ਿਤ ਸਾਹਿਤ ਬਾਰੇ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਰਿਹਾ।

ਡਾ. ਹਰਿਭਜਨ ਸਿੰਘ ਦੀ ਸਾਹਿਤ-ਸਾਧਨਾ ਨੂੰ ਮੁੱਖ ਰਖਦਿਆਂ ਇਸ ਨੂੰ ਪੰਜਾਬ ਸਰਕਾਰ ਦੇ ਸ਼ਿਰੋਮਣੀ ਸਾਹਿਤਕਾਰ ਦੇ ਸਨਮਾਨ ਤੋਂ ਇਲਾਵਾ ਕਬੀਰ ਪੁਰਸਕਾਰ, ਸਰਸਵਤੀ ਪੁਰਸਕਾਰ, ਸਾਹਿਤ ਅਕਾਦਮੀ ਪੁਰਸਕਾਰ, ਧਾਲੀਵਾਰ ਪੁਰਸਕਾਰ ਆਦਿ ਅਨੇਕ ਇਨਾਮ-ਸਨਮਾਨ ਪ੍ਰਦਾਨ ਕੀਤੇ ਗਏ ਅਤੇ ਕਈ ਅਕਾਦਮਿਕ ਅਤੇ ਵਿਦਿਅਕ ਸੰਸਥਾਵਾਂ ਵਲੋਂ ਫੈਲੋਸ਼ਿਪ ਦਿੱਤੀ ਗਈ।

ਲੰਬੀ ਬੀਮਾਰੀ ਤੋਂ ਬਾਦ ਡਾ. ਹਰਿਭਜਨ ਸਿੰਘ 21 ਅਕਤੂਬਰ 2002 ਨੂੰ ਸਦੀਵੀ ਵਿਛੋੜਾ ਦੇ ਗਿਆ ਹੈ।

**ਹਰਿਮੰਦਿਰ ਸਾਹਿਬ :** ਸਿੱਖਾਂ ਦਾ ਸਰਵੁਚ ਧਰਮ-ਧਾਮ ਜੋ 'ਅੰਮ੍ਰਿਤਸਰ' ਨਗਰ ਵਿਚ ਬਣਿਆ ਹੋਇਆ ਹੈ। ਇਸ ਦੇ ਇਰਦ-ਗਿਰਦ ਰਾਮਦਾਸ ਸਰੋਵਰ ਨਿਰਮਿਤ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਈ ਗੁਰਦਾਸ ਦੁਆਰਾ ਲਿਖੀ ਆਦਿ-ਬੀੜ ਦਾ ਪਹਿਲੀ ਵਾਰ ਪ੍ਰਕਾਸ਼ ਇਥੇ ਹੀ ਕੀਤਾ ਗਿਆ ਸੀ। ਪਾਵਨ ਬੀੜ ਦੀ ਸਥਾਪਨਾ ਤੋਂ ਹੀ ਹਰਿਮੰਦਿਰ ਸਾਹਿਬ ਦੀ ਸਫ਼ਾਈ ਬੜੀ ਸ਼ਰਧਾ ਅਤੇ ਲਗਨ ਨਾਲ ਕੀਤੀ ਜਾਣੀ ਸ਼ੁਰੂ ਹੋ ਗਈ। ਮੁਸਲਮਾਨ ਹਮਲਾਵਰਾਂ ਅਤੇ ਮੁਗ਼ਲ ਪ੍ਰਸ਼ਾਸਕਾਂ ਨੇ ਕਈ ਵਾਰ ਇਸ ਨੂੰ ਅਪਵਿੱਤਰ ਕਰਨ ਅਤੇ ਮਿੱਟੀ ਅਤੇ ਗੰਦਗੀ ਨਾਲ ਭਰਵਾਉਣ ਦੇ ਕੋਝੇ ਯਤਨ ਕੀਤੇ, ਪਰ ਖ਼ਾਲਸੇ ਨੇ ਇਸ ਧਰਮ-ਧਾਮ ਦੇ ਗੌਰਵ ਨੂੰ ਘਟਣ ਨ ਦਿੱਤਾ। ਇਸ ਦੀ ਪਵਿੱਤਰਤਾ ਦੇ ਮੱਦੇਨਜ਼ਰ ਅਜ ਕਲ ਸਵੇਰੇ ਦੋ ਵਜੇ ਤੋਂ ਸ਼ਾਮੀ 10 ਵਜੇ ਤਕ ਇਸ ਪਵਿੱਤਰ ਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ ਹੈ। 10 ਵਜੇ ਤੋਂ ਬਾਦ ਹਰਿਮੰਦਿਰ ਸਾਹਿਬ ਦੀ ਸਫ਼ਾਈ ਦੀ ਸੇਵਾ ਸ਼ੁਰੂ ਹੁੰਦੀ ਹੈ। ਇਸ ਨੂੰ ਪਰੰਪਰਾ ਤੋਂ 'ਤਿੰਨ ਪਹਿਰੇ ਦੀ ਸੇਵਾ' ਕਿਹਾ ਜਾਂਦਾ ਹੈ। ਇਸ ਸੇਵਾ ਦੇ ਦੋ ਰੂਪ ਹਨ, ਇਕ ਸੁਕੀ ਅਤੇ ਦੂਜੀ ਇਸ਼ਨਾਨ ਵਾਲੀ। ਪਹਿਲਾਂ ਸੁਕੀ ਸੇਵਾ ਹੁੰਦੀ ਹੈ ਅਤੇ ਫਿਰ ਇਸ਼ਨਾਨ ਵਾਲੀ ਸੇਵਾ ਕੀਤੀ ਜਾਂਦੀ ਹੈ। ਸਰੋਵਰ ਦੇ ਜਲ ਨਾਲ ਹਰਿਮੰਦਿਰ ਸਾਹਿਬ ਦੇ ਅੰਦਰ -ਬਾਹਰ ਦੇ ਫ਼ਰਸ਼ਾਂ ਨੂੰ ਧੋਇਆ ਜਾਂਦਾ ਹੈ। ਹਰਿਮੰਦਿਰ ਸਾਹਿਬ ਦੇ ਪ੍ਰਕਾਸ਼-ਸਥਾਨ ਦੀ ਜਲ ਅਤੇ ਦੁੱਧ ਨਾਲ ਇਸ਼ਨਾਨ-ਸੇਵਾ ਕੀਤੀ ਜਾਂਦੀ ਹੈ। ਉਸ ਤੋਂ ਬਾਦ ਫ਼ਰਸ਼ ਨੂੰ ਸੁਕਾ ਕੇ ਨਵੀਆਂ ਵਿਛਾਈਆਂ ਹੁੰਦੀਆਂ ਹਨ। ਇਸ ਤਰ੍ਹਾਂ ਹਰਿਮੰਦਿਰ ਸਾਹਿਬ ਦੀ ਪਵਿੱਤਰਤਾ ਦਾ ਪਾਲਨ ਕੀਤਾ ਜਾਂਦਾ ਹੈ। ਵੇਖੋ 'ਅੰਮ੍ਰਿਤਸਰ' (ਨਗਰ) ।

**ਹਰਿਰਾਇ, ਗੁਰੂ** (1630-1661 ਈ.): ਆਪ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰੂ-ਪਰੰਪਰਾ ਦੇ ਸੱਤਵੇਂ ਗੁਰੂ ਸਨ। ਆਪ ਦਾ ਜਨਮ ਗੁਰੂ ਹਰਿਗੋਬਿੰਦ ਦੇ ਸੁਪੁੱਤਰ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 26 ਫਰਵਰੀ 1630 ਈ. (20 ਮਾਘ, 1686 ਬਿ.) ਵਿਚ ਕੀਰਤਪੁਰ ਵਿਚ ਹੋਇਆ। ਆਪ ਦੀ ਧਾਰਮਿਕ ਸਿਖਿਆ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਖ-ਰੇਖ ਵਿਚ ਹੋਈ। ਆਪ ਨੂੰ ਸੈਨਿਕ ਸਿਖਲਾਈ ਵੀ ਕਰਵਾਈ ਗਈ। ਇਕ ਚੰਗੇ ਯੁੱਧ-ਵੀਰ ਹੁੰਦੇ ਹੋਏ ਵੀ ਆਪ ਬੜੇ ਕੋਮਲ ਦਿਲ ਵਾਲੇ ਉਦਾਰ ਮਹਾਪੁਰਸ਼ ਸਨ, ਇਸ ਲਈ ਆਪ ਦਿਲਾਂ ਨੂੰ ਤੋੜਨ ਦੀ ਥਾਂ, ਟੁਟੇ ਹੋਇਆਂ ਨੂੰ ਜੋੜਨ ਵਿਚ ਜ਼ਿਆਦਾ ਰੁਚੀ ਰਖਦੇ ਸਨ। ਆਪ ਦਇਆ, ਪ੍ਰੇਮ ਅਤੇ ਕੋਮਲਤਾ ਦੇ ਮੁਜਸਮੇ ਸਨ! ਕਹਿੰਦੇ ਹਨ ਇਕ ਵਾਰ ਆਪ ਜੀ ਦੇ ਅੰਗ-ਰਖੇ ਨਾਲ ਅੜ ਕੇ ਬਾਗ਼ ਵਿਚ ਕੁਝ ਫੁਲ ਡਾਲ ਨਾਲੋਂ ਟੁਟ ਕੇ ਹੇਠਾਂ ਡਿਗ ਪਏ। ਆਪ ਇਤਨੇ ਦ੍ਰਵਿਤ ਹੋਏ ਕਿ ਅੱਖਾਂ ਵਿਚ ਹੰਝੂ ਆ ਗਏ। ਗੁਰੂ ਹਰਿਗੋਬਿੰਦ ਜੀ ਨੇ ਆ ਕੇ ਦਿਲਾਸਾ ਦਿੱਤਾ, ਤਾਂ ਕਿਤੇ ਸ਼ਾਂਤ ਹੋਏ।

ਆਪ ਦਾ ਵਿਆਹ ਜ਼ਿਲ੍ਹਾ ਬੁਲੰਦ ਸ਼ਹਿਰ (ਉੱਤਰ ਪ੍ਰਦੇਸ਼) ਦੇ 'ਅਨੂਪ ਸ਼ਹਿਰ' ਦੇ ਨਿਵਾਸੀ ਦਯਾ ਰਾਮ ਦੀਆਂ ਦੋ ਸੁਪੁੱਤਰੀਆਂ ਨਾਲ ਸੰਨ 1640 ਈ. (1697 ਬਿ.) ਵਿਚ ਹੋਇਆ। ਮਾਤਾ ਕੋਟ-ਕਲਿਆਣੀ ਦੀ ਕੁੱਖੋਂ ਰਾਮਰਾਇ ਦਾ ਅਤੇ ਕ੍ਰਿਸ਼ਨ ਕੌਰ ਦੀ ਕੁੱਖੋਂ (ਗੁਰੂ) ਹਰਿਕ੍ਰਿਸ਼ਨ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਆਪ 8 ਮਾਰਚ 1644 ਈ. (12 ਚੇਤਰ, 1700 ਬਿ.) ਨੂੰ

ਗੁਰਗੱਦੀ ਉਤੇ ਬੈਠੇ। ਗ਼ਰੀਬਾਂ, ਬੀਮਾਰਾਂ ਅਤੇ ਨਿਆਸਰਿਆਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਨੂੰ ਦੁਖਾਂ-ਕਲੇਸ਼ਾਂ ਤੋਂ ਮੁਕਤ ਕਰਨਾ ਆਪ ਦੀ ਸ਼ਖ਼ਸੀਅਤ ਦੀ ਇਕ ਵਿਸ਼ਿਸ਼ਟਤਾ ਸੀ। ਆਪ ਨੇ ਇਕ ਵੱਡਾ ਦਵਾਖ਼ਾਨਾ ਵੀ ਖੋਲ ਰਖਿਆ ਸੀ ਜਿਸ ਵਿਚ ਬਹੁਤ ਕੀਮਤੀ ਅਤੇ ਜੀਵਨ-ਦਾਇਕ ਦਵਾਈਆਂ ਹਰ ਸਮੇਂ ਉਪਲਬਧ ਰਹਿੰਦੀਆਂ ਸਨ। ਆਪ ਸ਼ਿਕਾਰ ਦੇ ਵੀ ਬਹੁਤ ਸ਼ੌਕੀਨ ਸਨ ਪਰ ਇਹ ਸ਼ਿਕਾਰ ਪੰਛੀਆਂ ਅਤੇ ਪਸ਼ੂਆਂ ਨੂੰ ਮਾਰਨ ਲਈ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨੂੰ ਪਕੜ ਕੇ ਆਪਣੇ ਬਾਗ਼ ਵਿਚ ਪਾਲਦੇ ਪੋਸਦੇ ਸਨ। ਇਸ ਤਰ੍ਹਾਂ ਆਪ ਦਾ ਬਾਗ਼ ਇਕ ਚੰਗਾ ਚਿੜੀਆਘਰ ਸੀ।

ਆਪ ਨੂੰ ਦਾਦਾ ਗੁਰੂ ਹਰਿਗੋਬਿੰਦ ਜੀ ਵਲੋਂ ਇਕ ਤਕੜੀ ਸੈਨਿਕ ਟੁਕੜੀ ਰਖਣ ਦੀ ਉਚੇਚੀ ਆਗਿਆ ਸੀ। ਕੁਝ ਇਤਿਹਾਸਕਾਰਾਂ ਅਨੁਸਾਰ ਉਸ ਵਿਚ 2200 ਸੈਨਿਕ ਹੁੰਦੇ ਸਨ। ਪਰ ਆਪ ਨੂੰ ਜੀਵਨ ਭਰ ਇਸ ਸੈਨਾ ਨੂੰ ਕਿਸੇ ਜੰਗ ਲਈ ਵਰਤਣ ਦੀ ਲੋੜ ਨਹੀਂ ਪਈ, ਸਿਵਾਏ ਇਕ ਅਵਸਰ 'ਤੇ, ਜਦੋਂ ਦਾਰਾਸ਼ਕੋਹ ਦਾ ਪਿਛਾ ਕਰਦੀ ਆ ਰਹੀ ਔਰੰਗਜ਼ੇਬ ਦੀ ਸੈਨਾ ਨੂੰ ਗੋਇੰਦਵਾਲ ਦੇ ਪਤਣ ਉਤੇ ਉਦੋਂ ਤਕ ਰੋਕੀ ਰਖਣਾ ਜਦੋਂ ਤਕ ਦਾਰਾਸ਼ਕੋਹ ਕਿਸੇ ਸੁਰਖਿਅਤ ਥਾਂ 'ਤੇ ਨ ਪਹੁੰਚ ਜਾਏ। ਉਦੋਂ ਗੁਰੂ ਸਾਹਿਬ ਗੋਇੰਦਵਾਲ ਪਧਾਰੇ ਹੋਏ ਸਨ।

ਔਰੰਗਜ਼ੇਬ ਨੇ ਦਿੱਲੀ ਦੇ ਤਖ਼ਤ ਉਤੇ ਬੈਠਦਿਆਂ ਹੀ ਗੁਰੂ ਸਾਹਿਬ ਨੂੰ ਦਾਰਾਸ਼ਕੋਹ ਦੀ ਮਦਦ ਕਰਨ ਦੇ ਦੋਸ਼ ਵਿਚ ਦਿੱਲੀ ਬੁਲਾਇਆ। ਗੁਰੂ ਜੀ ਨੇ ਆਪਣੀ ਥਾਂ 'ਤੇ ਵੱਡੇ ਸਾਹਿਬਜ਼ਾਦੇ ਰਾਮਰਾਇ ਨੂੰ ਦੀਵਾਨ ਦੁਰਗਾ ਮੱਲ ਦੇ ਨਾਲ ਦਿੱਲੀ ਭੇਜ ਦਿੱਤਾ। ਕੁਝ ਹੋਰ ਪੁੱਛਾਂ ਤੋਂ ਇਲਾਵਾ, ਔਰੰਗਜ਼ੇਬ ਵਲੋਂ ਇਹ ਇਤਰਾਜ਼ ਕਰਨ ਉਤੇ ਕਿ ਗ੍ਰੰਥ ਸਾਹਿਬ ਵਿਚ *ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ* ਲਿਖ ਕੇ ਮੋਮਨਾ ਦੀ ਨਿੰਦਾ ਕੀਤੀ ਗਈ ਹੈ, ਰਾਮਰਾਇ ਨੇ *ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ* ਪਾਠਾਂਤਰ ਕਰਕੇ ਬਾਦਸ਼ਾਹ ਨੂੰ ਖ਼ੁਸ਼ ਕਰ ਲਿਆ ਅਤੇ ਬਾਦਸ਼ਾਹ ਨੇ ਉਸ ਨੂੰ ਦੂਨ ਦੀ ਵਾਦੀ ਵਿਚ ਜਾਗੀਰ ਦਿੱਤੀ। ਜਦੋਂ ਇਸ ਘਟਨਾ ਦਾ ਗੁਰੂ ਹਰਿਰਾਇ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਰਾਮਰਾਇ ਨੂੰ ਗੁਰਗੱਦੀ ਦੇ ਯੋਗ ਨ ਸਮਝ ਕੇ ਤਿਆਗ ਦਿੱਤਾ।

ਆਪ ਨੇ ਕੀਰਤਪੁਰ ਵਿਚ 6 ਅਕਤੂਬਰ 1661 ਈ. (7 ਕਤਕ, 1718 ਬਿ.) ਨੂੰ ਜੋਤੀ-ਜੋਤਿ ਸਮਾਉਣ ਵੇਲੇ ਆਪਣੇ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ। ਆਪ ਨੇ ਕੁਲ 17 ਵਰ੍ਹੇ, 5 ਮਹੀਨੇ ਅਤੇ 8 ਦਿਨ ਗੁਰਿਆਈ ਕੀਤੀ ਅਤੇ ਆਪਣੇ ਗੁਰ-ਗੱਦੀ ਕਾਲ ਵਿਚ ਬੜੇ ਵਿਵਸਥਿਤ ਢੰਗ ਨਾਲ ਧਰਮ-ਪ੍ਰਚਾਰ ਕੀਤਾ।

ਉਦਾਸੀ ਮਤ ਦੇ ਪ੍ਰਚਾਰ-ਯਾਨ ਨੂੰ ਹੋਰ ਵਿਆਪਕ ਕਰਨ ਲਈ ਤਿੰਨ ਬਖ਼ਸ਼ਿਸ਼ਾਂ ਪ੍ਰਦਾਨ ਕੀਤੀਆਂ। ਭਾਈ ਗੋਂਡਾ ਨੂੰ ਕਾਬੁਲ, ਭਾਈ ਨੱਥਾ ਨੂੰ ਢਾਕਾ ਅਤੇ ਭਾਈ ਜੋਧ ਨੂੰ ਮੁਲਤਾਨ ਵਲ ਧਰਮ-ਪ੍ਰਚਾਰ ਲਈ ਭੇਜਿਆ। ਬਾਗੜੀਆਂ ਅਤੇ ਕੈਥਲ ਦੇ ਰਈਸਾਂ ਦੇ ਪੂਰਵਜਾਂ ਨੂੰ ਮਾਲਵੇ ਵਿਚ ਧਰਮ ਪ੍ਰਚਾਰ ਲਈ ਨਿਯੁਕਤ ਕੀਤਾ। ਗੁਰੂ ਸਾਹਿਬ ਨੇ ਖ਼ੁਦ ਵੀ ਕਸ਼ਮੀਰ, ਜੰਮੂ, ਅਖਨੂਰ, ਸਿਆਲਕੋਟ, ਗੋਇੰਦਵਾਲ ਅਤੇ ਹੋਰ ਅਨੇਕ ਥਾਂਵਾਂ ਦੀ ਯਾਤ੍ਰਾ ਕਰਕੇ ਧਰਮ-ਕੇਂਦਰ ਸਥਾਪਿਤ ਕੀਤੇ ਅਤੇ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਆਦਿ ਪ੍ਰਮੁਖ ਸਿੱਖਾਂ ਨੂੰ ਮਸੰਦ ਥਾਪ ਕੇ ਧਰਮ-ਪ੍ਰਚਾਰ ਦੀ ਗਤੀ ਨੂੰ ਤੇਜ਼ ਅਤੇ ਵਿਸਤ੍ਰਿਤ ਕੀਤਾ।

**ਹਰਿਰਾਇ ਪੁਰ** (ਪਿੰਡ): ਬਠਿੰਡਾ ਜ਼ਿਲ੍ਹੇ ਦਾ ਇਕ ਪਿੰਡ ਜਿਸ ਦਾ ਪਹਿਲਾ ਨਾਂ 'ਭੋਖੜੀ' ਸੀ। ਸੰਨ 1960 ਈ. ਵਿਚ ਉਸ ਨੂੰ ਬਦਲ ਕੇ 'ਹਰਿਰਾਇਪੁਰ' ਨਾਂ ਕਰ ਦਿੱਤਾ ਗਿਆ। ਅਜਿਹਾ ਕਰਨ ਦਾ ਆਸ਼ਾ ਗੁਰੂ ਹਰਿਰਾਇ ਸਾਹਿਬ ਪ੍ਰਤਿ ਸਤਿਕਾਰ ਪ੍ਰਗਟ ਕਰਨਾ ਸੀ। ਕਹਿੰਦੇ ਹਨ ਕਿ ਗੁਰੂ ਹਰਿ ਰਾਇ ਸਾਹਿਬ ਮਾਲਵੇ ਦੇ ਪਿੰਡਾਂ ਵਿਚ ਧਰਮ-ਪ੍ਰਚਾਰ ਕਰਨ ਵੇਲੇ ਇਸ ਪਿੰਡ ਵਿਚ ਠਹਿਰੇ ਸਨ। ਗੁਰੂ ਗੋਬਿੰਦ ਸਿੰਘ ਜੀ ਵੀ ਦੱਖਣ ਨੂੰ ਜਾਣ ਵੇਲੇ ਇਸ ਪਿੰਡੋਂ ਲੰਘੇ ਸਨ।

ਦੋਹਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਬਣਿਆ ਇਹ 'ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ' ਪਿੰਡ ਦੇ ਉੱਤਰ-ਪੱਛਮ ਵਲ ਥੋੜੀ ਜਿਹੀ ਦੂਰੀ ਉਤੇ ਸਥਿਤ ਹੈ। ਗੁਨੀਆਣਾ ਮੰਡੀ ਤੋਂ ਇਹ ਸਥਾਨ ਲਗਭਗ ਪੰਜ ਕਿ.ਮੀ. ਪੂਰਬ ਵਲ ਹੈ। ਵਰਤਮਾਨ ਇਮਾਰਤ ਦੀ ਉਸਾਰੀ ਸੰਨ 1928 ਈ. ਵਿਚ ਕੀਤੀ ਗਈ ਸੀ। ਬਾਦ ਵਿਚ ਇਸ ਦਾ ਵਿਸਤਾਰ ਹੁੰਦਾ ਰਿਹਾ ਅਤੇ ਯਾਤ੍ਰੀਆਂ ਦੇ ਇਸ਼ਨਾਨ ਲਈ ਸਰੋਵਰ ਵੀ ਬਣਾ ਦਿੱਤਾ ਗਿਆ। ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਹਰੀਆ, ਬਾਬਾ** : ਸਤਾਰ੍ਹਵੀਂ ਸਦੀ ਦੇ ਅੰਤ ਵਿਚ ਹੋਇਆ ਬਾਬਾ ਹਰੀਆ ਇਕ ਅਧਿਆਤਮਿਕ ਸਾਧਕ ਹੀ ਨਹੀਂ, ਦਿਵਾਨਾ ਸੰਪ੍ਰਦਾਇ ਦਾ ਮੋਢੀ ਵੀ ਸੀ। ਉਸ ਬਾਰੇ ਮਹਾਨ ਕੋਸ਼-ਕਾਰ ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ— "ਹਰੀਆ ਅਤੇ ਬਾਲਾ ਜੱਟ, ਬਾਬਾ ਪ੍ਰਿਥੀਚੰਦ ਦੇ ਪੁਤ੍ਰ ਮਿਹਰਬਾਨ ਦੇ ਚੇਲੇ ਹੋਏ, ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉਪਰ ਮੋਰਪੰਖ ਮੁਕਟ ਪਹਿਰਦੇ ਸਨ। ਇਸ ਕਰਕੇ ਉਨ੍ਹਾਂ ਦੀ ਅਤੇ ਉਨ੍ਹਾਂ ਤੋਂ ਜੋ ਪੰਥ ਚਲਿਆ ਉਸ ਦੀ, ਦਿਵਾਨੇ ਸੰਗ੍ਯਾ ਹੋਈ। ਦਿਵਾਨਿਆਂ ਦੀ ਗੱਦੀ ਪਿੰਡ ਕੋਟ ਪੀਰ ਮਾਲਵੇ ਵਿਚ ਹੈ ਅਤੇ ਪਟਿਆਲੇ ਬਾਵਾ ਰਾਮਦਾਸ ਜੀ ਦਾ ਡੇਰਾ ਇਸੇ ਸੰਪ੍ਰਦਾਇ ਦਾ ਹੈ। ਦਿਵਾਨੇ ਸਾਧੂ ਉਦਾਸੀਆਂ ਵਿਚ ਹੀ ਗਿਣੇ ਜਾਂਦੇ ਹਨ। ਇਨ੍ਹਾਂ ਦਾ ਵੀ ਧਰਮ-ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।"

ਇਸ ਕਥਨ ਤੋਂ ਸਪੱਸ਼ਟ ਹੈ ਕਿ ਹਰੀਆ ਬਾਲੇ ਜੱਟ ਦਾ ਸਾਥੀ, ਦਿਵਾਨਾ ਸੰਪ੍ਰਦਾਇ ਦਾ ਸਹਿ-ਪ੍ਰਵਰਤਕ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰਖਣ ਵਾਲਾ ਸਾਧਕ ਸੀ।

ਹਰੀਆ ਦੇ ਗ੍ਰੰਥ ਜਾਂ ਉਸ ਦੀ ਰਚੀ ਬਾਣੀ ਦੇ ਕੁਝ ਕੁ ਅੰਦਰਲੇ ਸੰਕੇਤਾਂ ਤੋਂ ਪਤਾ ਚਲਦਾ ਹੈ ਕਿ ਉਹ ਬਾਲੇ ਪ੍ਰਤਿ ਸ਼ਰਧਾ ਪ੍ਰਗਟ ਕਰਦਾ ਹੋਇਆ ਉਸ ਨੂੰ 'ਸਤਿ' ਕਰ ਜਾਣਦਾ ਸੀ (*ਸਤਿ ਬਾਬਾ ਨਾਨਕ ਬਾਲਾ*-511), ਗੁਰੂ ਨਾਨਕ ਦੇ ਪੰਥ ਨਾਲ ਸੰਬੰਧਿਤ ਸੀ (*ਨਾਨਕ ਪੰਥੀ ਹਰੀਆ ਕਹੀਐ ਬਾਲੇ ਕੀ ਦਸਤਾਰੇ* —409) ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਸ ਉਤੇ ਅਤਿ ਅਧਿਕ ਪ੍ਰਭਾਵ ਸੀ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਹਰੀਆ ਗੁਰੂ ਨਾਨਕ ਦੇਵ ਜੀ ਪ੍ਰਤਿ ਸ਼ਰਧਾ ਰਖਣ ਵਾਲਾ ਸਾਧਕ ਸੀ। ਉਸ ਦਾ ਸੰਬੰਧ ਜੱਟਾਂ (*ਜੱਟ ਜੱਟਨੀ ਦਾ ਪੂਤਰਾ ਮੁਖ ਤੇ ਚਬੈ ਵਿਗ੍ਯਾਨ* — 657) ਦੀ ਸਿੱਧੂ ਗੋਤ ਨਾਲ ਸੀ। ਰਵਾਇਤ ਅਨੁਸਾਰ ਜੋ ਕੋਈ ਵੀ ਦਿਵਾਨਾ ਸੰਪ੍ਰਦਾਇ ਦੇ ਮੁੱਖ ਸਾਧਕ ਦਾ ਸੇਵਕ ਬਣਦਾ ਸੀ, ਉਹ ਵੀ, ਭਾਵੇਂ ਕਿਸੇ ਗੋਤ ਤੋਂ ਹੋਵੇ, 'ਸਿਧੂ' ਅਖਵਾਉਣ ਲਗ ਜਾਂਦਾ ਸੀ— *ਬਾਲੇ ਮੁਨਿਆ, ਸੋ ਸਿਧੂ।*

ਇਸ ਫ਼ਿਰਕੇ ਦੇ ਪਿਛਕੋੜ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਜਿਵੇਂ ਉਦਾਸੀ ਸਾਧਾਂ ਨੇ ਗੁਰੂ ਨਾਨਕ ਬਾਣੀ ਦੇ ਸੰਦੇਸ਼ ਦਾ ਦੂਰ ਦੂਰ ਤਕ ਪ੍ਰਚਾਰ ਕੀਤਾ, ਉਸੇ ਤਰ੍ਹਾਂ ਅਪ੍ਰਮਾਣਿਕ ਗੁਰੂ ਮਿਹਰਬਾਨ ਆਦਿ ਦੇ ਸੰਦੇਸ਼ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਦਿਵਾਨੇ ਸਾਧਾਂ ਨੇ ਨਿਭਾਈ। ਕਾਲਾਂਤਰ ਵਿਚ ਉਹ ਉਦਾਸੀ ਸੰਪ੍ਰਦਾਇ ਵਿਚ ਵਿਲੀਨ ਹੁੰਦੇ ਗਏ। ਉਨ੍ਹਾਂ ਦਾ ਪ੍ਰਚਾਰ ਖੇਤਰ ਅਧਿਕਤਰ ਮਾਲਵੇ ਦਾ ਇਲਾਕਾ ਸੀ। ਉਨ੍ਹਾਂ ਵਿਚੋਂ ਕਈ ਚੰਗੇ ਵਿਦਵਾਨਾਂ ਅਤੇ ਲੇਖਕਾਂ ਵਜੋਂ ਸਾਹਮਣੇ ਆਏ। ਉਨ੍ਹਾਂ ਦੇ ਡੇਰਿਆਂ ਉਤੇ ਮਿਹਰਬਾਨ ਸੰਪ੍ਰਦਾਇ ਦੀ ਰਚਨਾ ਦੀ ਵਿਆਖਿਆ ਅਥਵਾ ਕਥਾ-ਵਾਰਤਾ ਹੁੰਦੀ ਰਹਿੰਦੀ ਸੀ। ਹਰੀਆ ਦਿਵਾਨਾ ਸੰਪ੍ਰਦਾਇ ਦਾ ਮੋਢੀ ਹੋਣ ਦੇ ਨਾਲ ਨਾਲ ਚੰਗਾ ਬਾਣੀਕਾਰ ਵੀ ਸੀ। ਉਸ ਦੀ ਮਾਲਵੇ ਦੇ ਇਲਾਕੇ ਵਿਚ ਕਾਫ਼ੀ ਮਾਨਤਾ ਸੀ। 'ਸਾਖੀ ਪੋਥੀ' ਵਿਚ ਉਸ ਦੀ ਭੇਂਟ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਹੋਈ ਲਿਖੀ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਉਸ ਦੀ ਮਾਨਤਾ ਸਥਾਪਿਤ ਹੋ ਚੁਕੀ ਸੀ। ਸ਼ੁਰੂ ਵਿਚ ਦਿਵਾਨਿਆਂ ਦੇ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਉਪਲਬਧ ਸਨ, ਪਰ ਗੁਰਦੁਆਰਾ ਸੁਧਾਰ ਅੰਦੋਲਨ ਵੇਲੇ ਉਦਾਸੀ ਸਾਧਾਂ ਵਾਂਗ ਉਨ੍ਹਾਂ ਨੇ ਵੀ ਡੇਰਿਆਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹਟਾ ਦਿੱਤੀਆਂ ਅਤੇ ਹਰੀਆ ਦੀ ਬਾਣੀ ਦੇ ਸੰਕਲਨ ਨੂੰ ਆਪਣਾ ਧਰਮ-ਗ੍ਰੰਥ ਪ੍ਰਗਟ ਕੀਤਾ।

ਹਰੀਆ ਦੇ ਪੂਰੇ ਅਤੇ ਅਧੂਰੇ ਕਈ ਖਰੜੇ ਪ੍ਰੋ. ਪ੍ਰੀਤਮ ਸਿੰਘ ਦੀ ਨਿਜੀ ਲਾਇਬ੍ਰੇਰੀ ਵਿਚ ਸੁਰਖਿਅਤ ਹਨ (ਵੇਖੋ ਨੰਬਰ 366, 367, 368-ਏ, 368-ਬੀ ਅਤੇ 368 ਅਤੇ 401)। ਇਨ੍ਹਾਂ ਵਿਚੋਂ ਖਰੜਾ ਨੰਬਰ 368 ਸੰ. 1780 ਬਿ. (ਸੰਨ 1723 ਈ.) ਵਿਚ ਤਿਆਰ ਹੋਇਆ ਸੀ ਅਤੇ ਸਭ ਤੋਂ ਪੁਰਾਣਾ ਹੈ। ਗਿਆਨੀ ਗੁਰਦਿਤ ਸਿੰਘ ਪਾਸ ਵੀ ਹਰੀਆ ਦੀ ਬਾਣੀ ਦੀ ਇਕ ਪੋਥੀ ਸੁਰਖਿਅਤ ਹੈ। ਇਨ੍ਹਾਂ ਹੱਥ-ਲਿਖਿਤਾਂ ਵਿਚ ਸੰਕਲਿਤ ਬਾਣੀਆਂ ਦੀ ਤਰਤੀਬ ਅਤੇ ਗਿਣਤੀ ਨੂੰ ਪਰਸਪਰ ਮਿਲਾਇਆ ਸਪੱਸ਼ਟ ਹੁੰਦਾ ਹੈ ਕਿ ਹਰੀਆ ਦੀ ਬਾਣੀ ਦਾ ਕੋਈ ਵੀ ਪ੍ਰਮਾਣਿਕ ਸੰਗ੍ਰਹਿ ਉਪਲਬਧ ਨਹੀਂ ਹੈ। ਸੰਗ੍ਰਹਿ-ਕਰਤਿਆਂ ਨੇ ਮਨ-ਮਰਜ਼ੀ ਅਥਵਾ ਬਾਣੀ ਦੀ ਉਪਲਬਧੀ ਅਨੁਸਾਰ ਉਸ ਨੂੰ ਤਰਤੀਬ ਦੇ ਕੇ ਸੰਕਲਨ ਤਿਆਰ ਕੀਤੇ ਹਨ।

ਉਪਰੋਕਤ ਖਰੜਿਆਂ ਵਿਚੋਂ ਪ੍ਰੋ. ਪ੍ਰੀਤਮ ਸਿੰਘ ('ਆਲੋਚਨਾ'-1970, 'ਗੁਰੂ ਨਾਨਕ ਅੰਕ') ਦੇ ਦਸੇ ਅਨੁਸਾਰ ਖਰੜਾ ਨੰਬਰ 366 ਸਭ ਤੋਂ ਮਹੱਤਵਪੂਰਣ ਅਤੇ ਆਕਾਰ ਵਲੋਂ ਮੁਕੰਮਲ ਹੈ। ਇਸ ਵਿਚ 23 ਸ.ਮ. x 16 ਸ.ਮ. ਆਕਾਰ ਦੇ ਕੁਲ 696 (3+693) ਪਤਰੇ ਹਨ ਅਤੇ

ਹਰ ਪੰਨੇ ਉਤੇ 19 ਪੰਕਤੀਆਂ ਹਨ। ਇਸ ਦੇ ਤਤਕਰੇ ਦੇ ਅੰਤ ਉਤੇ ਇਸ ਦੀ ਲਿਖਿਤ ਦਾ ਸਮਾਂ ਸੰ. 1792 ਬਿ. (ਸੰਨ 1735 ਈ.) ਦਿੱਤਾ ਹੈ। ਇਸ ਵਿਚ ਦਰਜ ਬਾਣੀ 73 ਸਿਰਲੇਖਾਂ ਅਧੀਨ ਹੈ, ਜਿਵੇਂ :

*1. ਜਪੁ ਹਰੀਏ ਜੀ ਕਾ, 2. ਰਾਗੁ ਗਉੜੀ ਪੂਰਬੀ ਛਤੀਹ ਅਖਰੀ, 3. ਰਾਗੁ ਆਸਾ ਸਬਦ (10 ਸ਼ਬਦ), 4. ਰਾਗੁ ਆਸਾਵਰੀ ਸਬਦ (20), 5. ਰਾਗੁ ਆਸਾ ਨਿਰਬਾਣਿ ਸਬਦ (3) ...*

ਇਹ ਬਾਣੀ 33 ਰਾਗਾਂ ਅਧੀਨ ਰਚੀ ਗਈ ਹੈ। ਆਮ ਤੌਰ ਤੇ ਬਾਣੀ-ਪਾਠ ਦਾ ਆਰੰਭ '੧ਓਂਕਾਰ ਸਤਿ ਬਾਬਾ ਨਾਨਕ' ਤੋਂ ਸ਼ੁਰੂ ਹੁੰਦਾ ਹੈ। ਦਿਵਾਨੇ ਸਾਧਾਂ ਦਾ ਪ੍ਰਮੁਖ ਡੇਰਾ ਹੁਣ ਫਰੀਦਕੋਟ ਦੇ ਨੇੜੇ ਪੀਰਕੋਟ ਪਿੰਡ ਵਿਚ ਦਸਿਆ ਜਾਂਦਾ ਹੈ ਜਿਥੇ ਬਾਲੇ ਦੀ ਸਮਾਧੀ ਵੀ ਬਣੀ ਹੋਈ ਹੈ ਅਤੇ ਉਥੇ ਦਿਵਾਨਿਆਂ ਦੀ ਬਾਣੀ ਦਾ ਕੋਈ ਸੰਗ੍ਰਹਿ ਵੀ ਦਸਦੇ ਹਨ। ਹਰੀਆ ਦੀ ਬਾਣੀ ਦਾ ਪ੍ਰਕਾਸ਼ਨ ਅਜੇ ਨਹੀਂ ਹੋਇਆ।

ਹਰੀਆ ਦਾ ਸਮਾਂ ਕਿਹੜਾ ਸੀ ? ਇਸ ਬਾਰੇ ਉਸ ਦੇ ਗ੍ਰੰਥ ਵਿਚੋਂ ਜਾਂ ਬਾਹਰੋਂ ਕੋਈ ਸੰਕੇਤ ਅਥਵਾ ਤੱਥ ਉਪਲਬਧ ਨਹੀਂ ਹੈ। ਉਸ ਦੇ ਗ੍ਰੰਥ ਦੀ ਪਿਛੇ ਦਸੀ ਇਕ ਹੱਥ-ਲਿਖਿਤ ਨੰਬਰ 368 (ਸੰ. 1780 ਬਿ.—ਸੰਨ 1723 ਈ.) ਤੋਂ ਇਹ ਗੱਲ ਨਿਸਚਿਤ ਹੁੰਦੀ ਹੈ ਕਿ ਉਸ ਦੀ ਰਚਨਾ ਸੰਨ 1723 ਈ. ਤੋਂ ਪਹਿਲਾਂ ਹੋ ਚੁਕੀ ਸੀ।

ਸੋਢੀ ਮਿਹਰਬਾਨ (ਦੇਹਾਂਤ ਸੰਨ 1639 ਈ.) ਦਾ ਸੇਵਕ ਹੋਣ ਕਾਰਣ ਹਰੀਆ ਦਾ ਰਚਨਾ-ਕਾਲ ਸੋਢੀ ਮਿਹਰਬਾਨ ਦਾ ਸਮਾਂ ਜਾਂ ਉਸ ਤੋਂ ਬਾਦ ਦਾ ਪ੍ਰਤੀਤ ਹੁੰਦਾ ਹੈ।

ਡਾ. ਹਰਿਭਜਨ ਸਿੰਘ ('ਗੁਰਮੁਖੀ ਲਿਪਿ ਸੇਂ ਹਿੰਦੀ ਕਾਵ੍ਯ', ਪੰਨਾ 116) ਦੇ ਦਸੇ ਅਨੁਸਾਰ ਇਸ ਗ੍ਰੰਥ ਦੀ ਪ੍ਰਧਾਨ ਪ੍ਰਵ੍ਰਿਤੀ ਪੂਰਵ-ਵਰਤੀ ਪ੍ਰਸਿੱਧ ਅਤੇ ਸਥਾਪਿਤ ਰਚਨਾਵਾਂ ਦਾ ਅਨੁਕਰਣ ਕਰਨ ਦੀ ਰਹੀ ਹੈ। ਇਹ ਅਨੁਕਰਣ ਵਿਸ਼ੇਸ਼ ਰੂਪ ਵਿਚ ਗੁਰਬਾਣੀ ਦਾ ਕੀਤਾ ਗਿਆ ਹੈ। ਸ਼ਬਦਾਂ/ਤੁਕਾਂ, ਭਾਵਨਾ ਤੋਂ ਇਲਾਵਾ ਕੁਝ ਵੱਡਾਕਾਰੀ ਬਾਣੀਆਂ ਦੀ ਤਰਜ਼ 'ਤੇ ਕਈ ਨਵੀਆਂ ਬਾਣੀਆਂ ਦੀ ਰਚਨਾ ਵੀ ਹੋਈ ਹੈ, ਜਿਵੇਂ ਗੁਰੂ ਨਾਨਕ ਦੇਵ ਰਚਿਤ ਜਪੁ, ਆਸਾ ਕੀ ਵਾਰ, ਆਰਤੀ ਅਤੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ, ਸਲੋਕ ਡਖਣੇ ਅਤੇ ਸੁਖਮਨੀ ਦੇ ਸਮਾਨਾਂਤਰ ਹਰੀਆ ਨੇ ਬਾਣੀਆਂ ਰਚੀਆਂ ਹਨ। ਇਸ ਤੋਂ ਸਪੱਸ਼ਟ ਹੈ ਕਿ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਦ ਹਰੀਆ ਦਾ ਰਚਨਾ-ਕਾਲ ਸਿੱਧ ਹੁੰਦਾ ਹੈ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੇ ਹੋਰ ਸਮਕਾਲੀਨ ਕਵੀਆਂ — ਭਾਈ ਗੁਰਦਾਸ, ਸ਼ਾਹ ਹੁਸੈਨ, ਦਮੋਦਰ— ਦੀ ਰਚਨਾ-ਸ਼ੈਲੀਆਂ ਦਾ ਪ੍ਰਭਾਵ ਵੀ ਹਰੀਆ ਦੀਆਂ ਰਚਨਾਵਾਂ ਵਿਚ ਵੇਖਿਆ ਜਾ ਸਕਦਾ ਹੈ। ਹਿੰਦੀ ਦੇ ਕ੍ਰਿਸ਼ਣ-ਕਵੀ ਸੂਰਦਾਸ ਦੇ ਪਦਿਆਂ ਦਾ ਪ੍ਰਭਾਵ ਵੀ ਹਰੀਆ ਦੁਆਰਾ ਰਚੇ ਕ੍ਰਿਸ਼ਣ-ਕਾਵਿ ਵਿਚ ਸਹਿਜ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਹਰੀਆ ਨੇ ਆਦਿ-ਗ੍ਰੰਥ ਅਤੇ ਗੁਰੂ ਅਰਜਨ ਦੇਵ ਜੀ ਦੇ ਸਮਕਾਲੀਆਂ ਦਾ ਅਨੁਕਰਣ ਤਾਂ ਕੀਤਾ ਹੈ, ਪਰ 'ਦਸਮ ਗ੍ਰੰਥ' ਵਿਚਲੀਆਂ ਰਚਨਾਵਾਂ ਜਾਂ ਗੁਰੂ ਤੇਗ ਬ਼ਹਾਦਰ ਜੀ ਦੀ ਵੈਰਾਗਮਈ ਬਾਣੀ ਦਾ ਕਿਤੇ ਵੀ ਕੋਈ ਪ੍ਰਭਾਵ ਪ੍ਰਤੀਤ ਨਹੀਂ ਹੁੰਦਾ, ਨ ਹੀ ਗੁਰੂ ਗ੍ਰੰਥ ਸਾਹਿਬ ਤੋਂ ਬਾਦ ਵਿਕਸਿਤ ਹੋਈਆਂ ਭਾਸ਼ਾ-ਸ਼ੈਲੀਆਂ ਅਥਵਾ 'ਦਸਮ ਗ੍ਰੰਥ' ਦੀਆਂ ਰਚਨਾ-ਸ਼ੈਲੀਆਂ ਦਾ ਪ੍ਰਭਾਵ ਮਿਲਦਾ ਹੈ।

ਉਪਰੋਕਤ ਸੰਕੇਤਾਂ ਅਤੇ ਅਨੁਮਾਨਾਂ ਦੇ ਆਧਾਰ 'ਤੇ ਇਤਨਾ ਕਿਹਾ ਜਾ ਸਕਦਾ ਹੈ ਕਿ ਹਰੀਆ ਦਾ ਰਚਨਾ-ਕਾਲ 17ਵੀਂ ਸਦੀ ਦੇ ਮੱਧ ਦੇ ਨੇੜੇ-ਤੇੜੇ ਬੈਠਦਾ ਹੈ।

ਬਾਵਾ ਹਰੀਆ ਦੇ ਕਾਵਿ ਵਿਚ ਅਨੇਕ ਧਾਰਮਿਕ ਵਿਸ਼ਵਾਸਾਂ, ਪੌਰਾਣਿਕ ਆਖਿਆਨਾਂ/ਉਪਾਖਿਆਨਾਂ, ਨਾਥ -ਪਰੰਪਰਾ ਦੇ ਕਥਾ-ਪ੍ਰਸੰਗ ਅਤੇ ਚਰਿਤ-ਵਾਰਤਾਵਾਂ, ਸੰਤ -ਪਰੰਪਰਾ ਅਤੇ ਅਸ਼ਟਛਾਪ ਦੀ ਕ੍ਰਿਸ਼ਣ-ਕਾਵਿ ਪਰੰਪਰਾ ਦੇ ਸ਼ਬਦਾਂ/ਪਦਾਂ ਅਤੇ ਬਿਸਨ-ਪਦਿਆਂ ਦੀਆਂ ਭਾਵਨਾਵਾਂ ਅਤੇ ਰਚਨਾ-ਸ਼ੈਲੀਆਂ ਦਾ ਸਮਾਵੇਸ਼ ਹੋਇਆ ਹੈ। ਰਾਮ-ਭਗਤੀ ਕਾਵਿ ਦਾ ਅਨੁਸਰਣ ਵੀ ਮਿਲਦਾ ਹੈ। ਸੂਫ਼ੀ ਫ਼ਕੀਰਾਂ ਦੀ ਵਿਚਾਰ-ਸਾਮਗ੍ਰੀ ਅਤੇ ਬੋਧੀ ਦਾਰਸ਼ਨਿਕ ਨਾਗਾਰਜੁਨ ('ਨਾਗ ਅਰਜਨ ਕੀਰਤਨ ਮਾਲਾ') ਅਤੇ ਸ਼ੈਵ-ਮਤ ('ਮਹਾਂਦੇਵ ਦੀ ਗਰਭਾਵਲੀ') ਆਦਿ ਦੇ ਚਿੰਤਨ ਨੂੰ ਵੀ ਅਪਣਾਇਆ ਗਿਆ ਹੈ। ਫਲਸਰੂਪ, ਇਕ ਰਚੈਤਾ ਦੀ ਸਿਰਜੀ ਹੋਣ ਦੇ ਬਾਵਜੂਦ ਹਰੀਆ ਦੀ ਬਾਣੀ ਵਿਚ ਸਿੱਧਾਂਤਿਕ ਵਿਰੋਧਤਾ ਅਤੇ ਅਸੰਬਧਤਾ ਬਹੁਤ ਅਧਿਕ ਹੈ। ਉਹ ਜਿਥੇ ਨਿਰਗੁਣ ਦੇ ਨਾਲ ਸਗੁਣ ਭਗਤੀ ਦਾ ਮਿਸ਼ਰਿਤ ਪਾਨਕ ਤਿਆਰ ਕਰਦਾ ਹੈ, ਉਥੇ ਸੂਫ਼ੀ ਫ਼ਕੀਰਾਂ ਦੀਆਂ ਖ਼ਾਨਕਾਹਾਂ ਪ੍ਰਤਿ ਵੀ ਨਤ-ਮਸਤਕ ਹੈ (*ਹਰੀਆ ਬਿਨਵੇ ਰੇ ਖਨਕਾਈ ਤੇਰੀ ਹੈ ਸਰਣਾਈ* —411)।

ਭਾਸ਼ਾ ਦੀ ਦ੍ਰਿਸ਼ਟੀ ਤੋਂ ਹਰੀਆ ਦੀ ਰਚਨਾ ਦੇ ਕਈ ਰੰਗ ਹਨ। ਨਿਰਗੁਣ ਭਗਤੀ ਵਾਲਿਆਂ ਪਦਿਆਂ ਵਿਚ ਗੁਰਬਾਣੀ ਦੀ ਭਾਸ਼ਾ-ਸ਼ੈਲੀ ਦਾ ਅਨੁਕਰਣ ਹੈ। ਪੰਜਾਬੀ ਕਾਵਿ-ਰੂਪਾਂ ਦੀ ਵਰਤੋਂ ਵੇਲੇ ਭਾਸ਼ਾ ਠੇਠ ਪੰਜਾਬੀ ਹੈ। ਕ੍ਰਿਸ਼ਣ ਅਥਵਾ ਰਾਮ-ਕਾਵਿ ਦੀ ਸਿਰਜਨਾ ਵੇਲੇ ਸਧੁੱਕੜੀ ਅਤੇ ਬ੍ਰਜ ਦੀ ਪ੍ਰਧਾਨਤਾ ਹੈ। ਪਰ ਅਜਿਹੀ ਬਾਣੀ ਵਿਚ ਵੀ ਪੰਜਾਬੀ ਭਾਸ਼ਾ ਦੀ ਵਿਸ਼ਿਸ਼ਟਤਾ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੀ ਹੈ। ਅਸਲ ਵਿਚ, ਹਰੀਆ ਦੀ ਭਾਸ਼ਾ ਅਤੇ ਕਾਵਿ -ਸ਼ੈਲੀ ਦਾ ਮਾਡਲ ਗੁਰੂ ਗ੍ਰੰਥ ਸਾਹਿਬ ਵਾਲਾ ਹੈ। ਸਚ ਤਾਂ ਇਹ ਹੈ ਕਿ ਉਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਅਨੁਕਰਣਾਤਮਕ ਵਿਸਤ੍ਰਿਤੀ ਹੈ। ਉਸ ਵਿਚ ਸੂਫ਼ੀ ਅਤੇ ਕਿੱਸਾ ਕਾਵਿ-ਧਾਰਾਵਾਂ ਦਾ ਬਿੰਬ ਮੌਜੂਦ ਹੈ।

ਹਰੀਆ ਨੇ ਅਲੰਕਾਰਾਂ ਪ੍ਰਤਿ ਕੋਈ ਵਿਸ਼ੇਸ਼ ਮੋਹ ਨਹੀਂ ਵਿਖਾਇਆ, ਕੇਵਲ ਆਮ ਪ੍ਰਚਲਿਤ ਸਦ੍ਰਿਸ਼ਤਾ- ਮੂਲਕ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਪੰਜਾਬ ਦੀ ਪ੍ਰਕ੍ਰਿਤੀ, ਲੋਕ-ਸੰਸਕ੍ਰਿਤੀ ਅਤੇ ਘਰੋਗੀ ਮਾਨਤਾਵਾਂ ਨੂੰ ਇਸ ਨੇ ਗ੍ਰਹਿਣ ਕਰਕੇ ਪੰਜਾਬ ਤੋਂ ਬਾਹਰਲੇ ਵਿਸ਼ਿਆਂ ਵਿਚ ਵੀ ਪੰਜਾਬੀ ਸਭਿਆਚਾਰ ਦਾ ਰੰਗ ਭਰਿਆ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਭਾਵੇਂ ਹਰੀਆ ਨੇ ਗਉੜੀ ਰਾਗ ਵਿਚ ਦਸ ਅਵਤਾਰਾਂ ਦੀ ਵਾਰ ਅਤੇ ਮਲਾਇਰ ਰਾਗ ਵਿਚ ਭਗਵਾਨ ਰਾਮ ਸੰਬੰਧੀ ਵਾਰ ਲਿਖੀ ਹੈ ਪਰ ਵਿਸ਼ਣੂ ਦੇ ਅਵਤਾਰਾਂ ਦੀਆਂ ਲੀਲਾਵਾਂ ਦੇ ਵਰਣਨ ਵੇਲੇ ਉਸ ਨੇ ਕੇਵਲ ਲੋਕ-ਪ੍ਰਸਿੱਧ ਨਾਇਕ ਸ੍ਰੀ ਕ੍ਰਿਸ਼ਣ ਨੂੰ ਚੁਣਿਆ ਹੈ। ਇਹੀ ਨਾਇਕ ਉਸ ਦੀ ਸਗੁਣ-ਉਪਾਸਨਾ ਦਾ ਕੇਂਦਰ ਹੈ। ਇਸੇ ਕਾਰਣ ਉਸ ਦੀ ਸਗੁਣ ਭਗਤੀ ਵਾਲੀ ਕਵਿਤਾ ਵਿਚ ਕਲਾਤ੍ਮਕ ਪੱਖ ਤੋਂ ਕਈ ਸਿਖਰਾਂ ਛੋਹੀਆਂ ਗਈਆਂ ਹਨ ਅਤੇ ਕਾਵਿ-ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਵਿਚ ਸਫਲਤਾ ਮਿਲੀ ਹੈ।

**ਹਰੀਆਂ ਵੇਲਾਂ, ਗੁਰਦੁਆਰਾ** : ਪੰਜਾਬ ਪ੍ਰਾਂਤ ਦੇ ਹੁਸ਼ਿਆਰਪੁਰ ਨਗਰ ਤੋਂ 10 ਕਿ.ਮੀ. ਦੱਖਣ-ਪੂਰਬ ਵਲ ਪਿੰਡ ਬਜਰੌਰ ਦੇ ਨੇੜੇ ਇਕ ਗੁਰੂ-ਧਾਮ ਜਿਸ ਦਾ ਸੰਬੰਧ ਸੱਤਵੇਂ ਗੁਰੂ ਹਰਿਰਾਇ ਸਾਹਿਬ ਨਾਲ ਜੋੜਿਆ ਜਾਂਦਾ ਹੈ। ਰਵਾਇਤ ਅਨੁਸਾਰ ਸੰਨ 1651 ਈ. ਵਿਚ ਕੀਰਤਪੁਰ ਨੂੰ ਜਾਂਦਿਆਂ ਗੁਰੂ ਹਰਿਰਾਇ ਸਾਹਿਬ ਕੁਝ ਸਮੇਂ ਲਈ ਇਸ ਸਥਾਨ ਉਤੇ ਠਹਿਰੇ ਸਨ। ਇਸ ਇਲਾਕੇ ਦਾ ਇਕ ਭਗਤ ਬਾਬਾ ਪਰਜਾਪਤ ਗੁਰੂ ਜੀ ਦੇ ਘੋੜਿਆਂ ਦੇ ਖਾਣ ਲਈ ਸੁਕੀਆਂ ਹੋਈਆਂ ਵੇਲਾਂ ਲੈ ਆਇਆ। ਕਿਉਂਕਿ ਉਨ੍ਹਾਂ ਦਿਨਾਂ ਵਿਚ ਸੋਕਾ ਬਹੁਤ ਸੀ। ਗੁਰੂ ਜੀ ਦੇ ਬਚਨ ਨਾਲ ਉਹ ਸੁਕੀਆਂ ਹੋਈਆਂ ਬੇਲਾਂ ਹਰੀਆਂ ਹੋ ਗਈਆਂ। ਇਸ ਕਰਕੇ ਗੁਰੂ-ਧਾਮ ਦਾ ਨਾ 'ਹਰੀਆਂ ਵੇਲਾਂ' ਪ੍ਰਚਲਿਤ ਹੋ ਗਿਆ।

ਇਸ ਗੁਰਦੁਆਰੇ ਦਾ ਸੰਬੰਧ ਇਕ ਹੋਰ ਇਤਿਹਾਸਿਕ ਘਟਨਾ ਨਾਲ ਵੀ ਜੁੜਦਾ ਹੈ। 15 ਮਾਰਚ 1701 ਈ. ਨੂੰ ਸਿਆਲਕੋਟ ਦੇ ਇਲਾਕੇ ਦੀ ਆਨੰਦਪੁਰ ਸਾਹਿਬ ਨੂੰ ਜਾ ਰਹੀ ਸੰਗਤ ਨੂੰ ਬਜਰੌਰ ਦੇ ਰੰਘੜਾਂ ਅਤੇ ਗੁਜਰਾਂ ਨੇ ਲੁਟ ਲਿਆ। ਆਨੰਦਪੁਰ ਪਹੁੰਚ ਕੇ ਜਦ ਸੰਗਤ ਨੇ ਆਪਣੀ ਹੱਡ-ਬੀਤੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਸੀ ਤਾਂ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਭੇਜਿਆ ਕਿ ਅਪਰਾਧੀਆਂ ਨੂੰ ਯੋਗ ਦੰਡ ਦਿੱਤਾ ਜਾਵੇ। 18 ਮਾਰਚ 1701 ਈ. ਨੂੰ ਸਾਹਿਬਜ਼ਾਦੇ ਨੇ ਬਜਰੌਰ ਦੇ ਰੰਘੜਾਂ ਅਤੇ ਗੁਜਰਾਂ ਨਾਲ ਜੰਗ ਕਰਕੇ ਉਨ੍ਹਾਂ ਨੂੰ ਹਰਾਇਆ ਅਤੇ ਦੰਡ ਦਿੱਤਾ। ਉਸ ਮੁਠ-ਭੇੜ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਇਕ ਸਮਾਰਕ ਉਸਾਰਿਆ ਗਿਆ ਜੋ ਗੁਰਦੁਆਰੇ ਦੇ ਇਹਾਤੇ ਵਿਚ 'ਗੁਰਦੁਆਰਾ ਸ਼ਹੀਦਾਂ' ਕਰਕੇ ਪ੍ਰਸਿੱਧ ਹੈ।

ਇਸ ਪ੍ਰਸੰਗ ਵਿਚ ਮਹਾਨਕੋਸ਼ਕਾਰ ਨੇ ਬਜਰੌਰ ਪਿੰਡ ਦੀਆਂ ਦੋ ਲੜਕੀਆਂ—ਹਰੀਆਂ ਅਤੇ ਭਰੀਆਂ— ਦੇ ਬਸੀ ਕਲਾਂ ਦੇ ਪਠਾਣਾਂ ਦੁਆਰਾ ਖੋਹ ਲਏ ਜਾਣ ਦੀ ਘਟਨਾ ਦਾ ਉਲੇਖ ਕਰਦਿਆਂ ਦਸਿਆ ਹੈ ਕਿ ਉਨ੍ਹਾਂ ਲੜਕੀਆਂ ਦੇ ਸੰਬੰਧੀਆਂ ਦੀ ਬੇਨਤੀ ਕਰਨ 'ਤੇ ਦਸਮ ਗੁਰੂ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਲੜਕੀਆਂ ਨੂੰ ਛੁਡਵਾਉਣ ਅਤੇ ਅਪਰਾਧੀਆਂ ਨੂੰ ਦੰਡ ਦੇਣ ਲਈ ਭੇਜਿਆ ਸੀ। ਸਾਹਿਬਜ਼ਾਦੇ ਨੇ ਪਠਾਣਾਂ ਨਾਲ ਜੰਗ ਕੀਤੀ ਅਤੇ ਲੜਕੀਆਂ ਨੂੰ ਛਡਵਾਇਆ। ਉਨ੍ਹਾਂ ਲੜਕੀਆਂ ਨੇ ਬਾਦ ਵਿਚ ਸ਼ਰੀਰ ਤਿਆਗ ਦਿੱਤੇ। ਉਨ੍ਹਾਂ ਦੀ ਉਥੇ ਸਮਾਧ ਬਣਾਈ ਗਈ। ਉਸ ਮੁਠ-ਭੇੜ ਵਿਚ ਸ਼ਹੀਦ ਹੋਏ ਸਿੰਘਾਂ ਦਾ ਸ਼ਹੀਦਗੰਜ ਵੀ ਉਸਾਰਿਆ ਗਿਆ।

ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ ਪਰ ਇਸ ਦੀ ਵਿਵਸਥਾ ਤਰੁਣਾ ਦਲ ਦੇ ਨਿਹੰਗ ਸਿੰਘ ਕਰਦੇ ਹਨ। ਇਸ ਗੁਰਦੁਆਰੇ ਵਿਚ ਮਾਘੀ ਅਤੇ ਵਿਸਾਖੀ ਤੇ ਸੰਗਤਾਂ ਦਾ ਬਹੁਤ ਵੱਡਾ ਇਕੱਠ ਹੁੰਦਾ ਹੈ ਅਤੇ ਦੂਰ ਦੂਰ ਤੋਂ ਸਿੱਖ ਅਨੁਯਾਈ ਸ਼ਰਧਾ ਅਰਪਿਤ

ਕਰਨ ਆਉਂਦੇ ਹਨ। ਹਰ ਮਹੀਨੇ ਦੀ ਮਸਿਆ ਵਾਲੇ ਦਿਨ ਵੀ ਨੇੜੇ-ਤੇੜੇ ਦੇ ਪਿੰਡਾਂ ਤੋਂ ਕਾਫ਼ੀ ਸੰਗਤ ਜੁੜਦੀ ਹੈ।

**ਹਰੀ ਸਿੰਘ ਕਹਾਰਪੁਰੀ, ਸੰਤ** (1888-1973 ਈ.): ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਜਿਆਣ ਪਿੰਡ ਵਿਚ ਸ. ਅਵਤਾਰ ਸਿੰਘ ਦੇ ਘਰ ਮਾਈ ਆਸ ਕੌਰ (ਨਾਮਾਂਤਰ ਅਤਰ ਕੌਰ) ਦੀ ਕੁੱਖੋਂ ਸੰਨ 1888 ਈ. ਵਿਚ ਪੈਦਾ ਹੋਏ ਸੰਤ ਹਰੀ ਸਿੰਘ ਨੇ ਭੁਮੇਲੀ ਦੇ ਸੰਤ ਦਲੀਪ ਸਿੰਘ ਤੋਂ ਗੁਰਬਾਣੀ ਅਤੇ ਸਿੱਖ-ਇਤਿਹਾਸ ਬਾਰੇ ਸਿਖਿਆ ਪ੍ਰਾਪਤ ਕੀਤੀ। ਸੰਨ 1904 ਈ. ਵਿਚ 25ਵੀਂ ਪੰਜਾਬ ਬਟਾਲੀਅਨ ਵਿਚ ਸਿਪਾਹੀ ਭਰਤੀ ਹੋ ਕੇ ਇਹ ਸਰਹੱਦੀ ਸੂਬੇ ਵਲ ਚਲੇ ਗਏ। ਉਥੇ ਉਦੋਂ ਫ਼ੌਜ ਵਿਚ ਹੀ ਨੌਕਰੀ ਕਰਦੇ ਹੋਇਆਂ ਆਪ ਦੇ ਆਪਣੇ ਪਿੰਡ ਦੇ ਸੰਤ ਹਰਨਾਮ ਸਿੰਘ ਨੇ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ। ਫਲਸਰੂਪ ਇਹ ਗੁਰਬਾਣੀ ਦੇ ਪਾਠ ਅਤੇ ਕੀਰਤਨ ਵਲ ਬਹੁਤ ਰੁਚਿਤ ਹੋ ਗਏ ਅਤੇ ਨਾਮ-ਸਿਮਰਨ ਵਿਚ ਅਧਿਕ ਲੀਨ ਰਹਿਣ ਲਗ ਗਏ।

ਇਨ੍ਹਾਂ ਨੇ 31 ਮਾਰਚ 1909 ਈ. ਨੂੰ ਫ਼ੌਜ ਦੀ ਨੌਕਰੀ ਛਡ ਦਿੱਤੀ ਅਤੇ ਸੰਤ ਕਰਮ ਸਿੰਘ ਹੋਤੀ-ਮਰਦਾਨ ਦੇ ਡੇਰੇ ਵਿਚ ਆ ਕੇ ਲੰਗਰ ਦੀ ਸੇਵਾ ਵਿਚ ਜੁਟ ਗਏ। ਚਾਰ ਸਾਲ ਬਾਦ ਆਪ ਪੰਜਾਬ ਪਰਤ ਆਏ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਹਾਰਪੁਰ ਪਿੰਡ ਦੇ ਨੇੜੇ ਚੋਅ ਦੇ ਕੰਢੇ ਆਪਣਾ ਡੇਰਾ ਸਥਾਪਿਤ ਕੀਤਾ। ਇਸ ਤੋਂ ਬਾਦ 'ਕਹਾਰਪੁਰੀ' ਪਿਛੇਤਰ ਆਪ ਦੇ ਨਾਂ ਨਾਲ ਜੁੜ ਗਿਆ। ਆਪ ਨੇ ਨ ਕੇਵਲ ਸਿੱਖ-ਧਰਮ ਦਾ ਪ੍ਰਚਾਰ ਹੀ ਕੀਤਾ, ਸਗੋਂ ਆਧੁਨਿਕ ਢੰਗ ਦੀ ਸਿਖਿਆ ਪ੍ਰਾਪਤੀ ਲਈ ਲੋਕਾਂ ਨੂੰ ਸਚੇਤ ਕੀਤਾ ਅਤੇ ਨਸਰਾਲਾ, ਮਾਹਲਪੁਰ ਆਦਿ ਕਈਆਂ ਕਸਬਿਆਂ ਵਿਚ ਖ਼ਾਲਸਾ ਸਕੂਲਾਂ ਦੀ ਸਥਾਪਨਾ ਕੀਤੀ। ਮਾਹਲਪੁਰ ਵਾਲਾ ਸਕੂਲ ਹੁਣ ਕਾਲਜ ਦੇ ਰੂਪ ਵਿਚ ਵਿਕਸਿਤ ਹੋ ਚੁਕਿਆ ਹੈ।

ਆਪ ਨੇ ਸੰਨ 1936 ਈ. ਤੋਂ 1944 ਈ. ਤਕ ਆਨੰਦਪੁਰ ਸਾਹਿਬ ਦੇ ਗੁਰੂ-ਧਾਮਾਂ ਦੀ ਪੁਨਰ-ਉਸਾਰੀ ਵਿਚ ਯੋਗਦਾਨ ਪਾਇਆ ਅਤੇ ਆਪਣੇ ਪਿੰਡਾਂ ਦੇ ਨੇੜੇ-ਤੇੜੇ ਲੋਕਾਂ ਦੇ ਆਰਾਮ ਲਈ ਸਰਾਵਾਂ ਬਣਵਾਈਆਂ। ਇਸ ਤਰ੍ਹਾਂ ਆਪ ਨੇ ਧਰਮ-ਪ੍ਰਚਾਰ, ਇਮਾਰਤ-ਉਸਾਰੀ ਅਤੇ ਸਮਾਜ-ਕਲਿਆਣ ਦੇ ਕੰਮਾਂ ਵਿਚ ਉਚੇਚੀ ਰੁਚੀ ਵਿਖਾ ਕੇ 18 ਨਵੰਬਰ 1973 ਈ. ਨੂੰ ਸੰਸਾਰ ਨਾਲੋਂ ਨਾਤਾ ਤੋੜ ਲਿਆ।

**ਹਰੀ ਸਿੰਘ ਨਲਵਾ, ਸਰਦਾਰ** (1791-1837 ਈ.): ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਅਦੁੱਤੀ ਜਰਨੈਲ ਜਿਸ ਦਾ ਜਨਮ ਸੰਨ 1791 ਈ. ਵਿਚ ਗੁਜਰਾਂਵਾਲਾ ਨਿਵਾਸੀ ਸਰਦਾਰ ਗੁਰਦਿਆਲ ਸਿੰਘ, ਉਪਲ ਖਤ੍ਰੀ, ਦੇ ਘਰ ਬੀਬੀ ਧਰਮ ਕੌਰ ਦੀ ਕੁੱਖੋਂ ਹੋਇਆ। ਇਸ ਦਾ ਦਾਦਾ ਸ. ਹਰਦਾਸ ਸਿੰਘ ਅਹਿਮਦ ਸ਼ਾਹ ਦੁਰਾਨੀ ਨਾਲ ਲੜਦਾ ਹੋਇਆ ਸੰਨ 1762 ਈ. ਵਿਚ ਸ਼ਹੀਦ ਹੋਇਆ। ਇਸ ਦੇ ਪਿਤਾ ਗੁਰਦਿਆਲ ਸਿੰਘ ਨੇ ਸੁਕਰਚਕੀਆ ਮਿਸਲ ਦੀਆਂ ਕਈ ਮੁਹਿੰਮਾਂ ਵਿਚ ਭਾਗ ਲਿਆ। ਇਸ ਤਰ੍ਹਾਂ ਇਹ ਕੁਲ ਪਰੰਪਰਾ ਤੋਂ ਹੀ ਯੋਧਾ ਪਰਿਵਾਰ ਨਾਲ ਸੰਬੰਧਿਤ ਸੀ। ਸੱਤ ਸਾਲ ਦੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਅਤੇ ਮਾਮੇ ਕੋਲ ਰਹਿ ਕੇ ਆਪਣਾ ਬਚਪਨ ਬਿਤਾਇਆ। ਇਸ ਨੂੰ ਘੋੜ-ਸਵਾਰੀ ਅਤੇ ਸ਼ਸਤ੍ਰ-ਵਿਦਿਆ ਹਾਸਲ ਕਰਨ ਦਾ ਬਹੁਤ ਸ਼ੌਕ ਸੀ, ਇਸ ਲਈ ਬਿਨਾ ਕਿਸੇ ਤੋਂ ਸਿੱਖੇ ਇਹ ਆਪਣੇ ਆਪ ਹੀ 15 ਸਾਲਾਂ ਦੀ ਉਮਰ ਤਕ ਯੁੱਧ-ਕਰਮ ਵਿਚ ਪੂਰੀ ਤਰ੍ਹਾਂ ਨਿਪੁਣ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਹਰ ਸਾਲ ਬਸੰਤ ਵਾਲੇ ਦਿਨ ਇਕ ਵਿਸ਼ੇਸ਼ ਦਰਬਾਰ ਲਗਾ ਕੇ ਨੌਜਵਾਨਾਂ ਨੂੰ ਆਪਣੀ ਸੂਰਬੀਰਤਾ ਅਤੇ ਸ਼ਸਤ੍ਰ-ਪ੍ਰਬੀਨਤਾ ਦਾ ਪ੍ਰਦਰਸ਼ਨ ਕਰਨ ਦਾ ਅਵਸਰ ਪ੍ਰਦਾਨ ਕਰਦਾ ਸੀ। ਸੰਨ 1805 ਈ. ਵਿਚ ਲਾਹੌਰ ਵਿਚ ਹੋਏ ਅਜਿਹੇ ਇਕ ਦਰਬਾਰ ਵਿਚ ਹਰੀ ਸਿੰਘ ਨੂੰ ਆਪਣੇ ਕਰਤਬ ਵਿਖਾਉਣ ਦਾ ਮੌਕਾ ਮਿਲਿਆ। ਇਸ ਨੇ ਇਤਨੀ ਸੁਘੜਤਾ ਨਾਲ ਆਪਣਾ ਜੌਹਰ ਵਿਖਾਇਆ ਕਿ ਮਹਾਰਾਜਾ ਸਾਹਿਬ ਨੇ ਇਸ ਨੂੰ ਗਲ਼ ਲਾ ਲਿਆ ਅਤੇ ਕੀਮਤੀ ਕੈਂਠਾ ਪ੍ਰਦਾਨ ਕੀਤਾ। ਨਾਲ ਹੀ ਇਸ ਨੂੰ ਆਪਣੀ ਖ਼ਾਸ ਫ਼ੌਜ ਵਿਚ ਸ਼ਾਮਲ ਕਰ ਲਿਆ।

ਇਕ ਵਾਰ ਹਰੀ ਸਿੰਘ ਮਹਾਰਾਜੇ ਨਾਲ ਸ਼ੇਰ ਦੇ ਸ਼ਿਕਾਰ ਨੂੰ ਗਿਆ। ਉਥੇ ਬੜੀ ਫੁਰਤੀ ਨਾਲ ਇਸ ਨੇ ਇਕ ਸ਼ੇਰ ਨੂੰ ਮਾਰ ਦਿੱਤਾ। ਇਸ ਬਹਾਦਰੀ ਨੂੰ ਵੇਖ ਕੇ ਮਹਾਰਾਜੇ ਨੇ ਇਸ ਨੂੰ 'ਨਲ' ਦਾ ਖ਼ਿਤਾਬ ਦਿੱਤਾ ਕਿਉਂਕਿ ਰਾਜਾ ਨਲ ਜਿਸ ਨਿਡਰਤਾ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਸੇ ਤਰ੍ਹਾਂ ਹਰੀ ਸਿੰਘ ਨੇ ਵੀ ਕੀਤਾ। ਬਾਦ ਵਿਚ 'ਨਲ' ਸ਼ਬਦ 'ਨਲਵਾ' ਰੂਪ ਵਿਚ ਬਦਲ ਗਿਆ। ਇਸ ਨੂੰ 'ਬਾਘ ਮਾਰ' ਵੀ ਕਿਹਾ ਜਾਣ ਲਗਿਆ।

ਕਾਲਾਂਤਰ ਵਿਚ ਹਰੀ ਸਿੰਘ ਨੇ ਅਨੇਕ ਯੁੱਧਾਂ ਵਿਚ

ਹਿੱਸਾ ਲੈ ਕੇ ਆਪਣੀ ਬਹਾਦਰੀ ਦਾ ਜਲਵਾ ਵਿਖਾਇਆ। ਸੰਨ 1807 ਈ. ਵਿਚ ਕਸੂਰ ਦੀ ਲੜਾਈ ਵਿਚ ਅਤੇ ਸੰਨ 1810 ਈ. ਵਿਚ ਸਿਆਲਕੋਟ ਦੀ ਲੜਾਈ ਵਿਚ ਸ਼ਾਮਲ ਹੋਇਆ। ਇਸੇ ਸਾਲ ਮੁਲਤਾਨ ਉਤੇ ਕੀਤੀ ਚੜ੍ਹਾਈ ਵਿਚ ਇਹ ਜ਼ਖ਼ਮੀ ਵੀ ਹੋਇਆ। ਸੰਨ 1813 ਈ. ਵਿਚ ਹਜ਼ਰੋ ਵਿਚ ਪਠਾਣਾਂ ਨਾਲ ਯੁੱਧ ਕੀਤਾ। ਸੰਨ 1815 ਈ. ਵਿਚ ਕਸ਼ਮੀਰ ਦੇ ਅਰਧ ਪਹਾੜੀ ਇਲਾਕਿਆਂ ਨੂੰ ਜਿਤਿਆ ਅਤੇ ਇਕ ਸਾਲ ਬਾਦ ਕਸ਼ਮੀਰ ਉਤੇ ਜਿਤ ਪ੍ਰਾਪਤ ਕੀਤੀ ਅਤੇ ਉਥੋਂ ਦੀ ਗਵਰਨਰੀ ਦਾ ਕਾਰਜ-ਭਾਰ ਸੰਭਾਲਿਆ।

ਸੰਨ 1821 ਈ. ਵਿਚ ਹਜ਼ਰਾ ਖੇਤਰ ਦੇ ਅਫ਼ਗ਼ਾਨਾਂ ਨੂੰ ਸਥਾਈ ਤੌਰ 'ਤੇ ਮਿਧ ਕੇ ਉਥੋਂ ਦੀ ਗਵਰਨਰੀ ਸੰਭਾਲੀ ਅਤੇ ਆਪਣੇ ਨਾਂ ਤੇ 'ਹਰੀਪੁਰ' ਨਗਰ ਵਸਾਇਆ। ਫਿਰ ਅਟਕ ਦਰਿਆ ਤੋਂ ਪਾਰ ਦੇ ਇਲਾਕੇ ਉਤੇ ਕੀਤੀਆਂ ਗਈਆਂ ਮੁਹਿੰਮਾਂ ਵਿਚ ਸ਼ਾਮਲ ਹੋਇਆ ਅਤੇ ਆਪਣੀ ਬਹਾਦਰੀ ਨਾਲ ਇਨ੍ਹਾਂ ਇਲਾਕਿਆਂ ਵਿਚ ਜਿਤਾਂ ਪ੍ਰਾਪਤ ਕੀਤੀਆਂ। ਸੰਨ 1834 ਈ. ਵਿਚ ਪਿਸ਼ਾਵਰ ਨੂੰ ਜਿਤ ਕੇ ਉਥੇ ਸਥਾਈ ਸਿੱਖ-ਰਾਜ ਕਾਇਮ ਕੀਤਾ। ਉਥੇ ਬਾਦ ਵਿਚ ਗਵਰਨਰ ਦੀ ਜ਼ਿੰਮੇਵਾਰੀ ਵੀ ਨਿਭਾਈ। ਪਿਸ਼ਾਵਰ ਦੇ ਇਰਦ -ਗਿਰਦ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਸੋਧ ਕੇ ਉਥੋਂ ਦੇ ਅੜਬ ਪਠਾਣਾਂ ਨੂੰ ਈਨ ਮੰਨਣ ਲਈ ਮਜਬੂਰ ਕੀਤਾ। ਫਲਸਰੂਪ ਇਸ ਦਾ ਨਾਂ ਸੁਣ ਕੇ ਹੀ ਪਠਾਣ ਲੋਕ ਭਜ ਜਾਂਦੇ ਸਨ। ਇਸ ਦੀ ਸ਼ਕਤੀ ਬਾਰੇ ਲੋਕ ਗੀਤਾਂ ਨੇ ਵੀ ਆਪਣੀ ਨੁਹਾਰ ਸੰਵਾਰੀ ਹੈ — *ਤੰਬੇ ਕਸ ਕੇ ਕਾਬਲੀ ਨਸਦੇ, ਨਲੂਏ ਦਾ ਨਾਂ ਸੁਣਦੇ।* ਇਸ ਦੀ ਬਹਾਦਰੀ ਦਾ ਇਤਨਾ ਆਤੰਕ ਛਾ ਗਿਆ ਕਿ ਪਠਾਣੀਆਂ ਆਪਣੇ ਬੱਚਿਆਂ ਨੂੰ ਡਰਾਉਣ ਲਈ 'ਨਲਵਾ ਆ ਗਿਆ' ('ਨਲਵਾ ਰਾਗਲੇ') ਉਕਤੀ ਬੋਲਦੀਆਂ ਸਨ।

ਸੰਨ 1837 ਈ. ਵਿਚ ਦੋਸਤ ਮੁਹੰਮਦ ਖ਼ਾਨ ਨੇ ਸਿੱਖਾਂ ਵਿਰੁੱਧ ਜਿਹਾਦ ਖੜਾ ਕਰ ਦਿੱਤਾ ਅਤੇ ਜਮਰੋਧ ਦੇ ਕਿਲ੍ਹੇ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਦੀ ਅਗਵਾਈ ਉਸ ਦਾ ਲੜਕਾ ਅਕਬਰ ਖ਼ਾਨ ਕਰ ਰਿਹਾ ਸੀ। ਸਿੱਖ ਫ਼ੌਜਾਂ ਦੀ ਕਮਾਨ ਨਲਵੇ ਸਰਦਾਰ ਪਾਸ ਸੀ। ਇਸ ਲੜਾਈ ਵਿਚ ਸ. ਹਰੀ ਸਿੰਘ ਨੇ ਲਾਸਾਨੀ ਯੁੱਧ-ਕ੍ਰਿਆ ਰਾਹੀਂ ਅਫ਼ਗ਼ਾਨਾਂ ਨੂੰ ਹਾਰ ਦਿੱਤੀ ਅਤੇ ਉਨ੍ਹਾਂ ਤੋਂ 14 ਵੱਡੀਆਂ ਤੋਪਾਂ ਤਕ ਖੋਹ ਲਈਆਂ। ਉਨ੍ਹਾਂ ਦਾ ਪਿਛਾ ਕਰਦਿਆਂ ਇਕ ਗੁਫ਼ਾ ਵਿਚ ਲੁਕੇ ਕੁਝ ਪਠਾਣਾਂ ਨੇ ਇਸ ਉਤੇ ਗੋਲੀਆਂ ਦਾਗ਼ੀਆਂ ਜਿਨ੍ਹਾਂ ਵਿਚੋਂ ਇਕ ਇਸ ਦੀ ਛਾਤੀ ਅਤੇ ਦੂਜੀ ਵਖੀ ਵਿਚ ਲਗੀ। ਆਪਣੇ ਆਪ ਨੂੰ ਸੰਭਾਲ ਕੇ ਹਰੀ ਸਿੰਘ ਨੇ ਜਮਰੋਧ ਦੇ ਕਿਲ੍ਹੇ ਵਲ ਘੋੜਾ ਮੋੜ ਲਿਆ। ਉਥੇ ਪਹੁੰਚ ਕੇ ਕੁਝ ਸਮੇਂ ਬਾਦ ਸਰਦਾਰ ਦੀ ਮ੍ਰਿਤੂ ਹੋ ਗਈ।

ਅੰਤ ਸਮਾਂ ਨੇੜੇ ਆਇਆ ਵੇਖ ਕੇ ਇਸ ਨੇ ਆਪਣੇ ਕਿਲ੍ਹਾਦਾਰ ਸ. ਮਹਾਂ ਸਿੰਘ ਨੂੰ ਸਾਵਧਾਨ ਕੀਤਾ ਕਿ ਲਾਹੌਰ ਤੁਰਤ ਇਤਲਾ ਕਰੇ ਅਤੇ ਜਦ ਤਕ ਮਹਾਰਾਜਾ ਸਾਹਿਬ ਫ਼ੌਜ ਸਮੇਤ ਨਹੀਂ ਪਹੁੰਚ ਜਾਂਦੇ, ਤਦ ਤਕ ਮ੍ਰਿਤੂ ਬਾਰੇ ਬਾਹਰ ਕਿਸੇ ਨੂੰ ਪਤਾ ਨ ਲਗੇ। ਇਸ ਤਰ੍ਹਾਂ ਸਿੱਖ-ਰਾਜ ਦੀ ਸਥਾਪਨਾ ਕਰਦਿਆਂ 30 ਅਪ੍ਰੈਲ 1837 ਈ. ਨੂੰ ਸ. ਹਰੀ ਸਿੰਘ ਨਲਵਾ ਨੇ ਵੀਰਗਤੀ ਪ੍ਰਾਪਤ ਕੀਤੀ। ਜਦੋਂ ਇਸ ਦੀ ਮ੍ਰਿਤੂ ਹੋਈ ਤਾਂ ਮਹਾਰਾਜੇ ਨੇ ਅਥਰੂ ਕੇਰੇ ਅਤੇ ਸਿੱਖ-ਰਾਜ ਦੇ ਇਕ ਥੰਮ ਦੇ ਡਿਗਣ ਦਾ ਅਹਿਸਾਸ ਕਰਾਇਆ। ਮ੍ਰਿਤੂ ਵੇਲੇ ਹਰੀ ਸਿੰਘ ਨਲਵਾ 3,67,000 ਸਾਲਾਨਾ ਆਮਦਨ ਵਾਲੀ ਜਾਗੀਰ ਦਾ ਮਾਲਕ ਸੀ। ਸਿੱਖ-ਇਤਿਹਾਸ ਵਿਚ ਇਸ ਦਾ ਨਾਂ ਅਦੁੱਤੀ ਵੀਰਤਾ ਕਾਰਣ ਬੜੇ ਆਦਰ ਨਾਲ ਲਿਆ ਜਾਂਦਾ ਹੈ। ਅਨੇਕ ਕਵੀਆਂ ਨੇ ਸਰਦਾਰ ਪ੍ਰਤਿ ਸ਼ਰਧਾਂਜਲੀ ਵਜੋਂ ਆਪਣੀਆਂ ਸਾਹਿਤਿਕ ਕਿਰਤਾਂ ਦੀ ਸਿਰਜਨਾ ਕੀਤੀ ਹੈ।

**ਹਰੀ ਸਿੰਘ, ਬਾਬਾ** (1819-1906 ਈ.): ਨਾਮਧਾਰੀ ਸੰਪ੍ਰਦਾਇ ਦੇ ਇਕ ਸੰਚਾਲਕ, ਜੋ ਬਾਬਾ ਰਾਮ ਸਿੰਘ ਤੋਂ ਬਾਦ ਗੱਦੀ ਉਤੇ ਬੈਠੇ ਸਨ। ਆਪ ਦਾ ਮੂਲ ਨਾਂ ਬੁੱਧ ਸਿੰਘ ਸੀ। ਵੇਖੋ 'ਬੁੱਧ ਸਿੰਘ, ਬਾਬਾ'।

**ਹਰੀ ਸਿੰਘ ਭੰਗੀ** : ਭੰਗੀ ਮਿਸਲ ਦਾ ਮੋਢੀ। ਵੇਖੋ 'ਭੰਗੀਆਂ ਦੀ ਮਿਸਲ'।

**ਹਰੀ ਚੰਦ, ਭਾਈ** : ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਬਕਾਲਾ ਕਸਬੇ ਦਾ ਇਕ ਖਤ੍ਰੀ। ਕਹਿੰਦੇ ਹਨ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਇਆਂ (ਗੁਰੂ) ਹਰਿਗੋਬਿੰਦ ਜੀ ਲਈ ਚੰਦੂ ਸ਼ਾਹ ਦੀ ਪੁੱਤਰੀ ਦਾ ਰਿਸ਼ਤਾ ਅਸਵੀਕਾਰ ਕਰ ਦਿੱਤਾ, ਤਾਂ ਉਦੋਂ ਹੀ ਸੰਗਤ ਵਿਚੋਂ ਦੋ ਸਿੱਖ ਖੜੇ ਹੋ ਕੇ ਆਪਣੀਆਂ ਪੁੱਤਰੀਆਂ ਦਾ ਸਾਕ ਬਾਲਕ ਹਰਿਗੋਬਿੰਦ ਨਾਲ ਕਰਨ ਲਈ ਅਰਜ਼ੋਈ ਕਰਨ ਲਗੇ। ਉਨ੍ਹਾਂ ਵਿਚੋਂ ਇਕ ਸੀ ਭਾਈ ਹਰੀ ਚੰਦ। ਗੁਰੂ

ਜੀ ਨੇ ਉਸ ਦੀ ਪੁੱਤਰੀ ਬੀਬੀ ਨਾਨਕੀ ਦਾ ਰਿਸ਼ਤਾ ਪ੍ਰਵਾਨ ਕਰ ਲਿਆ, ਪਰ ਬੱਚਿਆਂ ਦੀ ਅਲਪ ਆਯੂ ਹੋਣ ਕਾਰਣ ਵਿਆਹ ਅਗੇ ਪਾ ਦਿੱਤਾ, ਜੋ 4 ਅਪ੍ਰੈਲ 1613 (8 ਵਿਸਾਖ, 1670 ਬਿ.) ਵਿਚ ਸੰਪੰਨ ਹੋਇਆ। ਮਾਤਾ ਨਾਨਕੀ ਦੀ ਕੁੱਖ ਤੋਂ ਗੁਰੂ ਤੇਗ ਬਹਾਦਰ ਜੀ ਨੇ ਜਨਮ ਲਿਆ। ਗੁਰੂ ਹਰਿਗੋਬਿੰਦ ਜੀ ਦੇ ਮਹਾਪ੍ਰਸਥਾਨ ਤੋਂ ਬਾਦ (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ ਨਾਲ ਆਪਣੇ ਨਾਨਕੇ ਘਰ, ਬਕਾਲੇ ਵਿਚ ਆ ਵਸੇ ਅਤੇ ਹਰਿ-ਭਗਤੀ ਵਿਚ ਲੀਨ ਹੋ ਗਏ। ਮਾਤਾ ਨਾਨਕੀ ਜੀ ਦੀ ਸਰਪ੍ਰਸਤੀ ਵਿਚ ਵੱਡੇ ਹੋਏ (ਗੁਰੂ) ਤੇਗ ਬਹਾਦਰ ਜੀ ਨੇ 'ਹਿੰਦ ਦੀ ਚਾਦਰ' ਬਣ ਕੇ ਆਪਣੀ ਅਧਿਆਤਮਿਕ ਭੂਮਿਕਾ ਨਿਭਾਈ।

**ਹਰੀਪੁਰ** (ਨਗਰ): ਪਾਕਿਸਤਾਨ ਦੇ ਹਜ਼ਾਰਾ ਜ਼ਿਲ੍ਹੇ ਦਾ ਇਕ ਨਗਰ ਜੋ ਸ. ਹਰੀ ਸਿੰਘ ਨਲਵਾ ਨੇ ਉਥੋਂ ਦੇ ਪਠਾਣਾਂ ਨੂੰ ਦਬਾਉਣ ਤੋਂ ਬਾਦ ਸੰਨ 1822 ਈ. ਵਿਚ ਵਸਾਇਆ ਸੀ। ਸਿੱਖ ਰਾਜ ਤਕ ਇਸ ਨਗਰ ਦਾ ਕਾਫ਼ੀ ਵਿਕਾਸ ਹੋਇਆ, ਪਰ ਬਾਦ ਵਿਚ ਇਸ ਦਾ ਮਹੱਤਵ ਕੁਝ ਘਟ ਗਿਆ। ਸੰਨ 1867 ਈ. ਵਿਚ ਇਥੇ ਮਿਊਂਸਿਪਲ ਕਮੇਟੀ ਦੀ ਸਥਾਪਨਾ ਹੋਈ ਸੀ। ਇਸ ਦੀ ਪਠਾਣੀ ਇਲਾਕੇ ਵਿਚ ਹੋਂਦ ਸਿੱਖ-ਰਾਜ ਦੀ ਚੜ੍ਹਦੀ ਕਲਾ ਦੀ ਸਦਾ ਯਾਦ ਦਿਵਾਉਂਦੀ ਹੈ।

**ਹਰੀਪੁਰਾ** (ਪਿੰਡ): ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦਾ ਇਕ ਪਿੰਡ ਜੋ ਅਬੋਹਰ ਤੋਂ ਲਗਭਗ 14 ਕਿ.ਮੀ. ਪੱਛਮ ਦਿਸ਼ਾ ਵਲ ਹੈ। ਇਥੇ ਪੁਰਾਤਨ ਕਾਲ ਤੋਂ 'ਬਟ ਤੀਰਥ' ਨਾਂ ਦਾ ਇਕ ਤਾਲ ਹੈ ਜਿਥੇ ਲੋਕੀਂ ਦੂਰੋਂ ਦੂਰੋਂ ਇਸ਼ਨਾਨ ਕਰਨ ਆਉਂਦੇ ਸਨ। ਗੁਰੂ ਨਾਨਕ ਦੇਵ ਜੀ ਵੀ ਇਸ ਖੇਤਰ ਦੀ ਉਦਾਸੀ ਵੇਲੇ ਇਥੇ ਬਿਰਾਜੇ ਸਨ। ਗੁਰੂ ਜੀ ਦੀ ਯਾਦ ਵਿਚ ਤਾਲ ਦੇ ਕੰਢੇ ਇਕ ਸਮਾਰਕ ਬਣਿਆ ਹੋਇਆ ਹੈ ਜਿਸ ਨੂੰ 'ਗੁਰਦੁਆਰਾ ਚਰਨ ਪਾਕ ਪਾਤਿਸ਼ਾਹੀ ਪਹਿਲੀ' ਕਿਹਾ ਜਾਂਦਾ ਹੈ। ਮੁਕਤਸਰ ਦੀ ਜੰਗ ਤੋਂ ਬਾਦ ਦੱਖਣ ਨੂੰ ਜਾਂਦੇ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਥੇ ਬਿਸਰਾਮ ਕੀਤਾ ਸੀ।

ਇਸ ਗੁਰਦੁਆਰੇ ਦੀ ਨਿਸ਼ਾਨਦੇਹੀ ਸੰਨ 1876 ਈ. ਵਿਚ ਹੋਈ ਸੀ। ਗੁਰਦੁਆਰੇ ਦੀ ਇਮਾਰਤ ਚੰਗੀ ਬਣੀ ਹੋਈ ਹੈ ਅਤੇ ਸਰੋਵਰ ਦੇ ਕੰਢੇ ਵੀ ਪੱਕੇ ਹਨ। ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਹਰ ਸਾਲ ਕਤਕ ਦੀ ਪੂਰਣਮਾਸੀ ਵਾਲੇ ਦਿਨ ਇਥੇ ਬਹੁਤ ਵੱਡਾ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਚਾਨਣੇ ਪੱਖ ਦੀ ਹਰ ਏਕਮ, ਖ਼ਾਸ ਕਰਕੇ ਫਗਣ ਦੀ ਏਕਮ, ਨੂੰ ਵੀ ਇਥੇ ਦੀਵਾਨ ਸਜਦੇ ਹਨ।

**ਹਲਾਲ** : ਮੁਸਲਮਾਨੀ ਮਰਯਾਦਾ ਅਨੁਸਾਰ ਜ਼ਿਬਹ ਕੀਤੇ (ਮਾਰੇ ਹੋਏ) ਪਸ਼ੂ ਦਾ ਮਾਸ 'ਹਲਾਲ' ਕਿਹਾ ਜਾਂਦਾ ਹੈ। ਸੰਤ ਕਬੀਰ ਨੇ ਕਿਹਾ ਹੈ— *ਕਬੀਰ ਜੀਆ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ। ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ।* (ਗੁ.ਗ੍ਰੰ.1375)। ਸਿੱਖ ਧਰਮ ਵਿਚ ਹਲਾਲ ਕੀਤੇ ਪਸ਼ੂ (ਬਕਰੇ ਆਦਿ) ਦਾ ਮਾਸ ਖਾਣਾ ਵਰਜਿਤ ਹੈ। ਇਸ ਦੇ ਮੁਕਾਬਲੇ ਤੇ ਝਟਕਾ (ਵੇਖੋ) ਪ੍ਰਵਾਨ ਹੈ।

ਧਰਮ ਦੀ ਮਰਯਾਦਾ ਅਨੁਸਾਰ ਵਰਤਣ ਲਈ ਸਵੀਕ੍ਰਿਤ ਵਸਤੂ 'ਹਲਾਲ' ਹੈ; ਜੋ ਸਵੀਕ੍ਰਿਤ ਨਹੀਂ, ਉਹ 'ਹਰਾਮ' ਹੈ। ਗੁਰੂ ਨਾਨਕ ਦੇਵ ਨੇ 'ਮਾਝ ਕੀ ਵਾਰ' ਵਿਚ ਕਿਹਾ ਹੈ—*ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।* (ਗੁ.ਗ੍ਰੰ.141)।

**ਹੜੱਪਾ** (ਨਗਰ): ਪੱਛਮੀ ਪੰਜਾਬ (ਪਾਕਿਸਤਾਨ) ਦੇ ਮਿੰਟਗੁਮਰੀ (ਹੁਣ ਸਾਹੀਵਾਲ) ਜ਼ਿਲ੍ਹੇ ਦਾ ਇਕ ਪ੍ਰਸਿੱਧ ਨਗਰ ਜਿਥੋਂ ਦੇ ਇਕ ਥੇਹ ਤੋਂ ਬਹੁਤ ਪੁਰਾਤਨ ਵਸਤੂਆਂ ਦੇ ਬਰਾਮਦ ਹੋਣ ਕਾਰਣ ਇਹ ਨਗਰ ਪ੍ਰਸਿੱਧੀ ਵਿਚ ਆਇਆ ਹੈ। ਵਿਦਵਾਨਾਂ ਦਾ ਅਨੁਮਾਨ ਹੈ ਕਿ ਇਸ ਥੇਹ ਤੋਂ ਪ੍ਰਾਪਤ ਹੋਈਆਂ ਵਸਤੂਆਂ ਲਗਭਗ ਪੰਜ ਹਜ਼ਾਰ ਵਰ੍ਹੇ ਪੁਰਾਣੀਆਂ ਹਨ।

ਆਪਣੀ ਇਕ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਮੁਲਤਾਨ ਨੂੰ ਜਾਂਦਿਆਂ ਇਥੇ ਠਹਿਰੇ ਸਨ। ਇਹ ਸਥਾਨ ਨਗਰ ਤੋਂ ਦੱਖਣ ਵਾਲੇ ਪਾਸੇ ਲਗਭਗ ਇਕ ਕਿ.ਮੀ. ਦੀ ਵਿਥ ਉਤੇ ਹੈ। ਪਹਿਲਾਂ ਇਹ ਗੁਰੂ-ਧਾਮ ਗੁੰਮਨਾਮੀ ਦੀ ਹਾਲਤ ਵਿਚ ਸੀ, ਪਰ ਗੰਜੀਬਾਰ ਵਿਚ ਨਹਿਰੀ ਪਾਣੀ ਲਗਣ ਨਾਲ ਜਦੋਂ ਵਿਕਾਸ ਹੋਇਆ ਤਾਂ ਇਸ ਗੁਰਦੁਆਰੇ ਵਲ ਵੀ ਸ਼ਰਧਾਲੂਆਂ ਦਾ ਧਿਆਨ ਗਿਆ। ਫਲਸਰੂਪ ਉਥੇ ਗੁਰਦੁਆਰਾ ਅਤੇ ਸਰੋਵਰ ਬਣਾਏ ਗਏ। ਗੁਰਦੁਆਰੇ ਦਾ ਨਾਂ 'ਨਾਨਕਸਰ' ਪ੍ਰਚਲਿਤ ਹੋਇਆ। ਦੇਸ਼ ਦੀ ਵੰਡ ਤੋਂ ਪਹਿਲਾਂ ਉਥੇ ਹਰ ਸੰਗ੍ਰਾਂਦ ਨੂੰ ਚੰਗੀ ਸੰਗਤ ਜੁੜਦੀ ਸੀ ਅਤੇ ਚੇਤਰ ਮਹੀਨੇ ਦੇ ਪਹਿਲੇ ਤਿੰਨ ਦਿਨ ਸਾਲਾਨਾ ਸਮਾਗਮ ਹੁੰਦਾ ਸੀ।

**ਹਾਂਡੀ ਸਾਹਿਬ, ਗੁਰਦੁਆਰਾ** : ਤਖ਼ਤ ਹਰਿਮੰਦਿਰ ਸਾਹਿਬ, ਪਟਨਾ ਤੋਂ ਲਗਭਗ 20 ਕਿ.ਮੀ. ਦੀ ਵਿਥ ਉਤੇ ਵਸੇ ਦਾਨਾਪੁਰ ਕਸਬੇ ਵਿਚ ਬਣਿਆ ਇਕ ਗੁਰੂ-ਧਾਮ ਜਿਥੇ ਪਹਿਲਾਂ ਮਾਈ ਜਮਨਾ (ਨਾਮਾਂਤਰ ਪਰਧਾਨੀ) ਰਹਿੰਦੀ ਸੀ। ਸਥਾਨਕ ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਇਥੇ ਚਰਣ ਪਾਏ ਸਨ। ਫਿਰ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਆਨੰਦਪੁਰ ਵਾਪਸ ਬੁਲਾਇਆ, ਤਾਂ ਗੁਰੂ-ਪਰਿਵਾਰ ਨੇ ਪਟਨਾ ਨਗਰ ਤੋਂ ਚਲ ਕੇ ਪਹਿਲਾ ਪੜਾ ਇਸ ਮਾਈ ਦੇ ਪਾਸ ਹੀ ਕੀਤਾ। ਉਸ ਨੇ ਗੁਰੂ-ਪਰਿਵਾਰ ਲਈ ਸ਼ਾਮ ਦੇ ਭੋਜਨ ਲਈ ਇਕ ਹਾਂਡੀ ਵਿਚ ਖਿਚੜੀ ਪਕਾਈ। ਖਿਚੜੀ ਭਾਵੇਂ ਥੋੜੀ ਸੀ ਅਤੇ ਬਾਲਕ ਗੁਰੂ ਨਾਲ ਸੰਗਤ ਅਧਿਕ ਸੀ, ਪਰ ਸਤਿਗੁਰੂ ਦੀ ਮਿਹਰ ਨਾਲ ਖਿਚੜੀ ਖ਼ਤਮ ਹੋਣ ਵਿਚ ਹੀ ਨ ਆਈ। ਉਸ ਸਥਾਨ ਉਤੇ ਬਾਦ ਵਿਚ 'ਹਾਂਡੀ ਵਾਲੀ ਸੰਗਤ' ਸਥਾਪਿਤ ਕੀਤੀ ਗਈ। ਪਹਿਲਾਂ ਇਸ ਦੀ ਸਾਂਭ-ਸੰਭਾਲ ਉਦਾਸੀ ਸੰਤ ਕਰਦੇ ਸਨ। ਫਿਰ ਤਖ਼ਤ ਹਰਿਮੰਦਿਰ ਸਾਹਿਬ ਪਟਨਾ ਦੀ ਕਮੇਟੀ ਨਾਲ ਇਸ ਨੂੰ ਸੰਬੰਧਿਤ ਕਰ ਦਿੱਤਾ ਗਿਆ ਅਤੇ ਇਸ ਦੀ ਪੁਰਾਣੀ ਇਮਾਰਤ ਦੀ ਥਾਂ ਨਵੀਂ ਬਣਾ ਦਿੱਤੀ ਗਈ। ਹੁਣ ਇਸ ਦਾ ਨਾਂ 'ਗੁਰਦੁਆਰਾ ਹਾਂਡੀ ਸਾਹਿਬ' ਪ੍ਰਚਲਿਤ ਹੈ।

**ਹਿੰਸਾ** : ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਸਾਧਾਰਣ ਅਰਥ ਹੈ ਸਿਰੋਂ ਮਾਰਨ ਦੀ ਕ੍ਰਿਆ, ਬਧ, ਘਾਤ ਆਦਿ। ਭਾਰਤੀ ਸੰਸਕ੍ਰਿਤੀ ਵਿਚ ਹਿੰਸਾ ਦਾ ਕੋਈ ਸਥਾਨ ਨਹੀਂ ਹੈ। ਜੈਨ ਅਤੇ ਬੌਧ ਧਰਮਾਂ ਵਿਚ ਇਸ ਦੇ ਵਿਰੋਧ ਪ੍ਰਤਿ ਉਚੇਚਾ ਉਲਾਰ ਹੈ। ਈਸਾਈ ਮਤ ਵਿਚ ਵੀ ਹਿੰਸਾ ਪ੍ਰਤਿ ਸਪੱਸ਼ਟ ਰੂਪ ਵਿਚ ਤਿਰਸਕਾਰ ਦੀ ਭਾਵਨਾ ਵਿਅਕਤ ਕੀਤੀ ਗਈ ਹੈ।

ਗੁਰਮਤਿ ਵਿਚ 'ਹਿੰਸਾ' ਦੀ ਬਿਰਤੀ ਨੂੰ ਤਿਆਗਣ ਉਤੇ ਬਲ ਦਿੱਤਾ ਗਿਆ ਹੈ ਕਿਉਂਕਿ ਜਿਸ ਦੇ ਮਨ ਵਿਚ ਪਰਮਾਤਮਾ ਵਸ ਜਾਂਦਾ ਹੈ ਫਿਰ ਉਸ ਵਿਚ ਹਿੰਸਾ, ਅਭਿਮਾਨ ਅਤੇ ਲੋਭ ਦਾ ਕੋਈ ਸਥਾਨ ਨਹੀਂ ਰਹਿੰਦਾ— *ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ।*(ਗੁ.ਗ੍ਰੰ. 1198)। ਸਪੱਸ਼ਟ ਹੈ ਕਿ ਹਰਿ-ਭਗਤੀ ਵਿਚ ਹਿੰਸਾ ਦਾ ਕੋਈ ਸਥਾਨ ਨਹੀਂ ਹੈ। ਭਗਤ ਪਰਮਾਨੰਦ ਨੇ ਵੀ ਸਾਰੰਗ ਰਾਗ ਵਿਚ ਦਸਿਆ ਹੈ ਕਿ ਹਿੰਸਾ ਦਾ ਤਿਆਗ ਕਰਕੇ ਜੀਵਾਂ ਪ੍ਰਤਿ ਦਯਾ/ਦਇਆ (ਵੇਖੋ) ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ— *ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ। ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।*(ਗੁ.ਗ੍ਰੰ.1253)।

ਇਕ ਗੱਲ ਸਾਫ਼ ਹੈ ਕਿ ਗੁਰਮਤਿ ਵਿਚ ਅਕਾਰਣ ਹਿੰਸਾ ਅਥਵਾ ਦੁਖ ਨ ਦੇਣ ਵਾਲੇ ਪ੍ਰਤਿ ਹਿੰਸਾ ਵਰਜਿਤ ਹੈ, ਪਰ ਧਰਮ, ਸਮਾਜ ਜਾਂ ਮਨੁੱਖਤਾ ਦੇ ਸਹਿਜ ਧਰਾਤਲ ਨੂੰ ਝੰਝੋੜਨ ਵਾਲੇ ਤੱਤ੍ਵ ਪ੍ਰਤਿ ਦਇਆ ਦੀ ਭਾਵਨਾ ਪਾਲਣਾ ਅਨੁਚਿਤ ਹੈ। ਖ਼ਾਲਸੇ ਦਾ ਜਨਮ-ਮਨੋਰਥ ਇਸੇ ਭਾਵ ਦਾ ਬੋਧਕ ਹੈ।

**ਹਿਕਾਇਤਾਂ** (ਰਚਨਾ): ਜ਼ਫ਼ਰਨਾਮੇ ਤੋਂ ਬਾਦ 'ਦਸਮ-ਗ੍ਰੰਥ' ਵਿਚ 11 ਹਿਕਾਇਤਾਂ ਵੀ ਦਰਜ ਹਨ। ਇਹ ਫ਼ਾਰਸੀ ਭਾਸ਼ਾ ਵਿਚ ਲਿਖੀਆਂ ਹਨ ਅਤੇ ਇਨ੍ਹਾਂ ਲਈ 752 ਬੈਂਤ ਲਿਖੇ ਗਏ ਹਨ। ਹਿਕਾਇਤ ਫ਼ਾਰਸੀ ਦੇ 'ਹਕਾਇਤ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਕਹਾਣੀ ਜਾਂ ਕਿੱਸਾ। ਲਿਖਾਰੀਆਂ ਨੇ ਇਸ ਨੂੰ 'ਦਸਮ-ਗ੍ਰੰਥ' ਵਿਚ ਚੜ੍ਹਾਉਣ ਅਤੇ ਜ਼ਫ਼ਰਨਾਮੇ ਨੂੰ ਇਕ ਅੰਕ ਦੇ ਕੇ ਫਿਰ ਹਿਕਾਇਤਾਂ ਦੇ ਅੰਕ ਸ਼ੁਰੂ ਕੀਤੇ ਹਨ। ਇਸ ਲਈ ਹਿਕਾਇਤਾਂ ਦੇ ਅੰਤ 'ਤੇ ਇਨ੍ਹਾਂ ਦੀ ਸਮੁੱਚੀ ਗਿਣਤੀ 12 ਲਿਖੀ ਹੈ। ਪਰ ਅਸਲ ਵਿਚ ਇਹ ਜ਼ਫ਼ਰਨਾਮੇ ਤੋਂ ਸੁਤੰਤਰ ਰਚਨਾ ਹੈ।

ਕੁਝ ਵਿਦਵਾਨ ਇਨ੍ਹਾਂ ਹਿਕਾਇਤਾਂ ਨੂੰ ਜ਼ਫ਼ਰਨਾਮੇ ਦੀ ਅੰਤਿਕਾ ਮੰਨਦੇ ਹਨ। ਪਰ ਨ ਵਸਤੂ ਵਜੋਂ ਅਤੇ ਨ ਭਾਵਨਾ ਵਜੋਂ ਇਨ੍ਹਾਂ ਦੋਹਾਂ ਵਿਚ ਕੋਈ ਸਮਾਨਤਾ ਜਾਂ ਸੰਬੰਧਤਾ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਦੋਹਾਂ ਦੀ ਰਚਨਾ ਫ਼ਾਰਸੀ ਭਾਸ਼ਾ ਵਿਚ ਹੋਣ ਕਾਰਣ ਇਨ੍ਹਾਂ ਨੂੰ ਅੰਤ ਵਿਚ ਇਕਠਿਆਂ ਦਰਜ ਕਰ ਦਿੱਤਾ ਗਿਆ। ਇਹ ਅਸਲੋਂ ਚਰਿਤ੍ਰੋਪਾਖਿਆਨ ਦੀਆਂ ਕਹਾਣੀਆਂ ਦੀ ਪਰੰਪਰਾ ਵਿਚ ਫ਼ਾਰਸੀ ਵਿਚ ਲਿਖੀਆਂ ਗਈਆਂ ਹਨ। ਇਨ੍ਹਾਂ ਹਿਕਾਇਤਾਂ ਦਾ ਆਰੰਭ ਪਰਮਾਤਮਾ ਦੇ ਮੰਗਲਾਚਰਣ ਨਾਲ ਹੁੰਦਾ ਹੈ ਅਤੇ ਹਰ ਹਿਕਾਇਤ ਦੇ ਅੰਤ ਵਿਚ ਵਰ ਕਾਮਨਾ ਕੀਤੀ ਗਈ ਹੈ। ਬੈਂਤ ਛੰਦ ਵਿਚ ਲਿਖੀਆਂ ਇਨ੍ਹਾਂ ਦੀ ਭਾਸ਼ਾ ਫ਼ਾਰਸੀ ਹੈ, ਪਰ ਕਿਤੇ ਕਿਤੇ ਬ੍ਰਜ ਭਾਸ਼ਾ ਦਾ ਅਸਰ ਵੀ ਹੈ।

**ਹਿੰਦੁਸਤਾਨ** : ਇਸ ਤੋਂ ਭਾਵ ਹੈ ਹਿੰਦੂਆਂ ਦੇ ਰਹਿਣ ਦਾ ਦੇਸ਼ ਜਾਂ ਜਿਸ ਵਿਚ ਹਿੰਦੂ ਰਹਿੰਦੇ ਹੋਣ। ਇਸ ਦਾ ਭਾਵ

ਹਿੰਦੂਆਂ ਦੀ ਬਹੁਗਿਣਤੀ ਵਾਲਾ ਦੇਸ਼ ਵੀ ਹੋ ਸਕਦਾ ਹੈ। (ਵੇਖੋ 'ਹਿੰਦੂ')। ਇਹ ਉੱਤਰ ਵਿਚ ਹਿਮਾਲਯ ਅਤੇ ਦੱਖਣ ਵਿਚ ਸਮੁੰਦਰ ਨਾਲ ਘਿਰਿਆਂ ਇਕ ਵਿਸ਼ਾਲ ਦੇਸ਼ ਹੈ ਜਿਸ ਦੀਆਂ ਭੂਗੋਲਿਕ ਸੀਮਾਵਾਂ ਸਮੇਂ ਸਮੇਂ ਖਿਲਰਦੀਆਂ ਅਤੇ ਸੁੰਗੜਦੀਆਂ ਰਹੀਆਂ ਹਨ। ਇਹ ਬਹੁ-ਭਾਸ਼ੀ, ਬਹੁ-ਨਸਲੀ ਅਤੇ ਬਹੁ-ਧਰਮੀ ਦੇਸ਼ ਹੈ।

'ਹਿੰਦੁਸਤਾਨ' ਨੂੰ ਇਹ ਨਾਂ ਫ਼ਾਰਸੀ ਵਾਲਿਆਂ ਨੇ ਦਿੱਤਾ ਹੈ। ਇਸ ਦਾ ਪ੍ਰਾਚੀਨ ਨਾਂ ਭਾਰਤ ਜਾਂ ਆਰਯਾਵਰਤ ਹੈ। ਇਸ ਦਾ 'ਭਾਰਤ' ਨਾਂ ਕਿਵੇਂ ਪਿਆ, ਇਸ ਬਾਰੇ ਕਈ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਰਾਜਾ ਦੁਸ਼੍ਯੰਤ ਦੇ ਪੁੱਤਰ ਰਾਜਾ ਭਰਤ ਦੇ ਨਾਂ 'ਤੇ ਇਸ ਦਾ ਨਾਂ ਭਾਰਤ ਪਿਆ। ਦੂਜਾ ਮਤ 'ਭਾਗਵਤ-ਪੁਰਾਣ' ਅਤੇ ਜੈਨ ਪੁਸਤਕਾਂ ਵਿਚ ਵਰਣਿਤ ਹੈ। ਇਸ ਮਤ ਅਨੁਸਾਰ ਰਿਸ਼ਭਦੇਵ ਦੇ ਪੁੱਤਰ ਮਹਾਰਾਜ ਭਰਤ ਦੇ ਨਾਂ 'ਤੇ ਇਹ ਦੇਸ਼ ਭਾਰਤ ਅਖਵਾਇਆ। ਤੀਜੇ ਮਤ ਅਨੁਸਾਰ ਇਸ ਦਾ ਭਾਰਤ ਨਾਂ ਭਰਤ ਕਬੀਲੇ ਦੇ ਆਧਾਰ 'ਤੇ ਪਿਆ ਕਿਉਂਕਿ ਇਹ ਕਬੀਲਾ ਬਾਕੀਆਂ ਨਾਲੋਂ ਜ਼ਿਆਦਾ ਬਲਸ਼ਾਲੀ ਸੀ। ਇਸ ਦੇਸ਼ ਦਾ ਸਭਿਆਚਾਰ ਬਹੁਤ ਪ੍ਰਾਚੀਨ ਹੈ। ਇਥੋਂ ਦੇ ਦੇਵੀ-ਦੇਵਤੇ, ਧਾਰਮਿਕ ਅਨੁਸ਼ਠਾਨ, ਵਰਣਾਸ਼੍ਰਮ-ਵਿਧਾਨ, ਅਠਸਠ-ਤੀਰਥ ਆਦਿ ਆਪਣੀ ਵਖਰੀ ਪਛਾਣ ਰਖਦੇ ਹਨ।

ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਨੂੰ ਚਿਤਰਦਿਆਂ ਇਸ ਸ਼ਬਦ ਦੀ ਦੋ ਵਾਰ ਵਰਤੋਂ ਕੀਤੀ ਹੈ— (1) *ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ। ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।*(ਗੁ.ਗ੍ਰੰ.360)। (2) *ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।*(ਗੁ.ਗ੍ਰੰ.723)।

**ਹਿੰਦੂ :** ਭਾਰਤ ਉਤੇ ਮੁਸਲਮਾਨ ਹਮਲਾਵਰਾਂ ਤੋਂ ਬਾਦ ਇਥੋਂ ਦੇ ਲੋਕਾਂ ਨੂੰ ਮੁਸਲਮਾਨਾਂ ਨਾਲੋਂ ਨਿਖੇੜਨ ਲਈ 'ਹਿੰਦੂ' ਕਿਹਾ ਜਾਣ ਲਗ ਪਿਆ ਅਤੇ ਬਾਦ ਵਿਚ ਇਹੀ ਰੂੜ੍ਹ ਹੋ ਗਿਆ।

'ਹਿੰਦੂ' ਸ਼ਬਦ ਭਾਰਤੀ ਭਾਸ਼ਾਵਾਂ ਦਾ ਨ ਹੋ ਕੇ ਵਿਦੇਸ਼ੀ ਹੈ। ਇਸ ਨਾਂ ਦੀ ਵਰਤੋਂ ਪ੍ਰਾਚੀਨ ਭਾਰਤੀ-ਸਾਹਿਤ ਅਤੇ ਇਤਿਹਾਸ ਵਿਚ ਨਹੀਂ ਹੋਈ। ਹਾਂ, 'ਮੇਰੁ ਤੰਤ੍ਰ' ਦੇ 33ਵੇਂ ਪ੍ਰਕਰਣ ਵਿਚ ਇਸ ਦੀ ਵਿਉਤਪੱਤੀ ਇਸ ਪ੍ਰਕਾਰ ਦਿੱਤੀ ਗਈ ਹੈ— *ਹੀਨੰ ਦੂਸ਼ਯਤਿ ਸ ਹਿੰਦੂ।* ਅਰਥਾਤ 'ਜੋ ਹੀਨ ਨੂੰ ਮਾੜਾ ਸਮਝਦਾ ਹੈ, ਉਹ ਹਿੰਦੂ ਹੈ।' ਇਸ ਤੋਂ ਭਾਵ ਹੈ ਵਿਦੇਸ਼ੀ ਹਮਲਾਵਰਾਂ ਨੂੰ ਨੀਚ ਸਮਝਣ ਵਾਲਾ ਹੀ 'ਹਿੰਦੂ' ਹੈ। ਇਹ ਵਿਉਤਪੱਤੀ ਪੁਰਾਤਨ ਨ ਹੋਣ ਕਾਰਣ ਮੰਨਣਯੋਗ ਨਹੀਂ ਹੈ।

'ਹਿੰਦੂ' ਸ਼ਬਦ ਦੇ ਮੂਲ ਨੂੰ ਖੋਜਣ ਲਈ ਕੇਵਲ ਫ਼ਾਰਸੀ ਭਾਸ਼ਾ ਹੀ ਸਹਾਇਕ ਹੋ ਸਕਦੀ ਹੈ। ਡਾ. ਰਾਜਬਲੀ ਪਾਂਡੇਯ ('ਹਿੰਦੂ ਧਰਮ-ਕੋਸ਼') ਅਨੁਸਾਰ ਪੁਰਾਤਨ ਕਾਲ ਵਿਚ ਸਿੰਧੂ ਨਦੀ ਅਤੇ ਉਸ ਵਿਚ ਸਿਧੀਆਂ ਸ਼ਾਮਲ ਹੋਣ ਵਾਲੀਆਂ ਛੇ ਨਦੀਆਂ (ਪੂਰਵ ਤੋਂ ਜੇਹਲਮ, ਰਾਵੀ ਅਤੇ ਸਤਲੁਜ ਅਤੇ ਪੱਛਮ ਤੋਂ ਸਵਾਤ, ਕਾਬੁਲ ਅਤੇ ਗੋਮਲ) ਦੁਆਰਾ ਸਿੰਚਿਤ ਖੇਤਰ ਫ਼ਾਰਸੀ ਭਾਸ਼ੀ ਦੇਸ਼ ਫ਼ਾਰਸ ਅਥਵਾ ਈਰਾਨ ਦੀ ਸਰਹਦ ਨਾਲ ਜਾ ਲਗਦਾ ਸੀ। ਇਸ ਖੇਤਰ ਨੂੰ 'ਸਪਤਸਿੰਧੁ' ਕਿਹਾ ਜਾਂਦਾ ਸੀ। ਚੂੰਕਿ ਫ਼ਾਰਸੀ ਦੇ ਵਿਆਕਰਣ ਅਨੁਸਾਰ ਸੰਸਕ੍ਰਿਤ ਦਾ 'ਸ' 'ਹ' ਵਿਚ ਬਦਲ ਜਾਂਦਾ ਹੈ, ਇਸ ਲਈ ਇਸ ਖੇਤਰ ਨੂੰ 'ਹਫ਼ਤਹਿੰਦੂ' ਕਿਹਾ ਜਾਣ ਲਗਿਆ ਅਤੇ ਇਸ ਖੇਤਰ ਦੇ ਵਸਨੀਕਾਂ ਨੂੰ 'ਹਿੰਦੂ' (ਹੇਂਦੂ) ਨਾਂ ਨਾਲ ਯਾਦ ਕੀਤਾ ਜਾਣ ਲਗਿਆ। ਕਾਲਾਂਤਰ ਵਿਚ ਸਾਰੇ ਭਾਰਤ ਦੇ ਨਿਵਾਸੀਆਂ ਲਈ ਵੀ 'ਹਿੰਦੂ' ਸ਼ਬਦ ਵਰਤਿਆ ਜਾਣ ਲਗਾ। ਇਸ ਤਰ੍ਹਾਂ 'ਹਿੰਦੂ' ਸ਼ਬਦ ਭਾਰਤੀ ਨ ਹੋ ਕੇ, ਭਾਰਤੀ ਸ਼ਬਦ 'ਸਿੰਧੁ' ਦਾ ਫ਼ਾਰਸੀ ਵਿਆਕਰਣ ਅਨੁਸਾਰ ਬਦਲਿਆ ਹੋਇਆ ਗ਼ੈਰ-ਭਾਰਤੀ ਜਾਂ ਅਭਾਰਤੀ ਸ਼ਬਦ ਹੈ।

ਹੁਣ 'ਹਿੰਦੂ' ਕੌਣ ਹੈ ? ਅਤੇ 'ਹਿੰਦੂ-ਧਰਮ' ਕਿਹੜਾ ਹੈ ? ਇਸ ਵਿਸ਼ੇ ਉਤੇ ਵਿਚਾਰ ਪ੍ਰਗਟ ਕਰਦਿਆਂ ਡਾ. ਰਾਜਬਲੀ ਪਾਂਡੇਯ ('ਹਿੰਦੂ ਧਰਮ-ਕੋਸ਼') ਨੇ ਦਸਿਆ ਹੈ ਕਿ ਜੇ ਇਸ ਦਾ ਮੂਲ ਅਰਥ ਭੂਗੋਲਿਕ ਲਿਆ ਜਾਏ ਤਾਂ ਇਹ ਮੰਨਣਾ ਹੋਵੇਗਾ ਕਿ ਭਾਰਤ (ਹਿੰਦ) ਦਾ ਰਹਿਣ ਵਾਲਾ 'ਹਿੰਦੂ' ਹੈ ਅਤੇ ਉਸ ਦਾ ਧਰਮ 'ਹਿੰਦੁਤ੍ਵ' ਹੈ। ਮੁਸਲਮਾਨ ਹਮਲਾਵਰਾਂ ਤੋਂ ਪਹਿਲਾਂ ਭਾਰਤ ਵਿਚ ਇਸੇ ਅਰਥ ਦੀ ਪਰੰਪਰਾ ਚਲਦੀ ਸੀ। ਜਿਤਨੀਆਂ ਜਾਤੀਆਂ ਬਾਹਰੋਂ ਆਈਆਂ ਉਹ ਹਿੰਦੁਤ੍ਵ ਵਿਚ ਹੀ ਜਜ਼ਬ ਹੋ ਗਈਆਂ। ਅਨੇਕ ਪਰੰਪਰਾਵਾਦੀ ਅਤੇ ਪਰੰਪਰਾ-ਵਿਰੋਧੀ ਅੰਦੋਲਨ ਚਲੇ, ਪਰ ਸਭ ਦੀ ਸਮਾਈ ਹਿੰਦੁਤ੍ਵ ਵਿਚ ਹੀ ਹੋ ਗਈ। ਵੈਦਿਕ ਧਰਮ ਹੀ ਇਥੋਂ ਦਾ ਪ੍ਰਾਚੀਨਤਮ ਅਤੇ ਸੁਵਿਵਸਥਿਤ ਧਰਮ ਸੀ ਜਿਸ ਨੇ ਹੋਰਨਾਂ ਧਰਮਾਂ ਨੂੰ ਪ੍ਰਭਾਵਿਤ ਕੀਤਾ ਅਤੇ ਪ੍ਰਭਾਵਿਤ ਹੋਇਆ ਵੀ। ਜੈਨ ਅਤੇ ਬੋਧ ਧਰਮ ਵੀ ਕੁਝ ਸਦੀਆਂ ਬਾਦ ਹਿੰਦੁਤ੍ਵ ਵਿਚ ਸਮਾ ਗਏ।

ਇਸ ਲਈ ਹਿੰਦੁਤ੍ਵ ਨ ਤਾਂ ਮੂਲ ਵੈਦਿਕ ਧਰਮ ਹੈ ਅਤੇ ਨ ਹੀ ਵੈਦਿਕ ਧਰਮ ਤੋਂ ਭਿੰਨ ਧਰਮ ਹੈ। ਇਹ ਸਭ ਦਾ ਮਿਲਿਆ-ਜੁਲਿਆ ਇਕ ਸਾਂਝਾ ਜਿਹਾ ਧਰਮ ਹੈ। ਕਾਲਾਂਤਰ ਵਿਚ ਇਸ ਵਿਚ ਪੌਰਾਣਿਕ ਅਤੇ ਤਾਂਤ੍ਰਿਕ ਭਾਵਨਾਵਾਂ ਵੀ ਸ਼ਾਮਲ ਹੁੰਦੀਆਂ ਗਈਆਂ ਅਤੇ ਦੱਖਣ ਦੇ ਸੰਤਾਂ ਅਤੇ ਆਚਾਰਯਾਂ ਦੇ ਪ੍ਰਭਾਵ ਤੋਂ ਇਲਾਵਾ ਮੱਧ-ਯੁਗ ਵਿਚ ਉਤਰੀ ਭਾਰਤੀ ਵਿਚ ਚਲੇ ਭਗਤੀ-ਅੰਦੋਲਨ ਨੇ ਇਸ ਧਰਮ ਦਾ ਅਨੇਕ ਪੱਖਾਂ ਤੋਂ ਸੁਧਾਰ ਅਤੇ ਵਿਸਤਾਰ ਕੀਤਾ। ਇਸ ਤਰ੍ਹਾਂ 'ਹਿੰਦੁਤ੍ਵ' ਭਾਰਤ ਵਾਸੀਆਂ ਦੀ ਸਰਬ-ਸਾਂਝੀ ਧਾਰਮਿਕ ਭਾਵਨਾ ਦਾ ਸ਼ਬਦ-ਪ੍ਰਤੀਕ ਹੈ।

ਮੁਸਲਮਾਨ ਹਮਲਾਵਰਾਂ ਦੀ ਆਪਣੀ ਸੁਵਿਵਸਥਿਤ ਸੰਸਕ੍ਰਿਤੀ ਅਤੇ ਧਰਮ ਸਨ। ਉਨ੍ਹਾਂ ਦਾ ਹਿੰਦੁਤ੍ਵ ਨਾਲ ਸਮਝੌਤਾ ਨ ਹੋ ਸਕਿਆ, ਨ ਹੀ ਹਿੰਦੁਤ੍ਵ ਉਨ੍ਹਾਂ ਦੀ ਧਾਰਮਿਕਤਾ ਨੂੰ ਕੋਈ ਝਟਕਾ ਦੇ ਸਕਿਆ। ਹਾਂ, ਕੁਝ ਡਰ ਕਰਕੇ ਅਤੇ ਕੁਝ ਰਾਜਨੈਤਿਕ ਹਿੱਤਾਂ ਕਰਕੇ ਬਹੁਤ ਸਾਰੇ ਹਿੰਦੂ ਮੁਸਲਮਾਨ ਹੋ ਗਏ। ਇਸ ਤਰ੍ਹਾਂ ਦੋਹਾਂ ਧਰਮਾਂ ਦੀ ਵਖਰੀ ਵਖਰੀ ਪਛਾਣ ਬਣੀ ਰਹੀ। ਪਰਸਪਰ ਵੈਰ-ਵਿਰੋਧ ਕਾਰਣ ਇਹ ਦੋਵੇਂ ਧਰਮ ਆਪਣੇ ਮੂਲ ਮੁੱਦਿਆਂ ਨੂੰ ਭੁਲ ਕੇ ਧਾਰਮਿਕ ਕਟਰਤਾ ਦਾ ਪ੍ਰਦਰਸ਼ਨ ਕਰਨ ਲਗੇ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਨ੍ਹਾਂ ਦੋਹਾਂ ਧਰਮਾਂ ਦੇ ਅੰਧਵਿਸ਼ਵਾਸੀਆਂ ਨੂੰ ਗਿਆਨ ਦੀ ਅੱਖ ਤੋਂ ਵਾਂਝਿਆ ਮੰਨਿਆ। ਭਗਤ ਨਾਮਦੇਵ ਦੀ ਸਥਾਪਨਾ ਹੈ— *ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਣਾ।* (ਗੁ.ਗ੍ਰੰ.875)। ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਆਪਣੇ ਆਪ ਨੂੰ ਇਨ੍ਹਾਂ ਦੋਹਾਂ ਧਰਮਾਂ ਦੀਆਂ ਪਾਬੰਦੀਆਂ ਤੋਂ ਬੇਲਾਗ ਦਸਦੇ ਹੋਇਆਂ ਕਿਹਾ ਹੈ ਕਿ ਨ ਅਸੀਂ ਹਿੰਦੂ ਹਾਂ, ਨ ਹੀ ਮੁਸਲਮਾਨ। ਸਾਡੀ ਦੇਹ ਅਤੇ ਪ੍ਰਾਣ ਅੱਲ੍ਹਾ-ਰਾਮ ਦੇ ਦਿੱਤੇ ਹੋਏ ਹਨ— *ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡੁ ਪਰਾਨ।* (ਗੁ.ਗ੍ਰੰ.1136)। 'ਪੁਰਾਤਨ-ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਜੀ ਜਦੋਂ ਤਿੰਨ ਦਿਨਾਂ ਬਾਦ ਵੇਈਂ ਨਦੀ ਵਿਚੋਂ ਪ੍ਰਗਟ ਹੋਏ ਤਾਂ ਉਨ੍ਹਾਂ ਨੇ ਬਾਰ ਬਾਰ 'ਨ ਕੋਈ ਹਿੰਦੂ ਨ ਕੋਈ ਮੁਸਲਮਾਨ' ਕਹਿ ਕੇ ਸਭ ਨੂੰ ਧਾਰਮਿਕ ਤੰਗਨਜ਼ਰੀ ਤੋਂ ਉੱਚਾ ਉਠ ਕੇ ਸੱਚਾ ਮਨੁੱਖ ਬਣਨ ਦੀ ਤਾਕੀਦ ਕੀਤੀ ਸੀ।

ਜਿਵੇਂ ਕਿ ਸਪੱਸ਼ਟ ਕੀਤਾ ਜਾ ਚੁਕਿਆ ਹੈ ਕਿ ਹਿੰਦੂਆਂ ਦਾ ਧਰਮ ਹਿੰਦੂਤ੍ਵ ਹੈ ਜਿਸ ਵਿਚ ਅਨੇਕ ਧਾਰਮਿਕ ਮਤ ਸ਼ਾਮਲ ਹਨ। ਪਰ ਜੇ ਇਸ ਧਰਮ ਦੀ ਕੋਈ ਸੰਕੀਰਣ ਸੀਮਾ ਨਿਸਚਿਤ ਕਰਨੀ ਹੋਵੇ ਤਾਂ ਵੈਸ਼ਣਵ-ਧਰਮ (ਭਾਗਵਤ ਅਤੇ ਸਮਾਰਤ) ਹੀ ਹਿੰਦੂਆਂ ਦਾ ਵਿਵਹਾਰਿਕ ਜਾਂ ਅਨੁਸ਼ਠਾਨਿਕ ਧਰਮ ਹੈ। ਇਸ ਸੰਦਰਭ ਵਿਚ ਹਿੰਦੂ ਦੇ ਲੱਛਣ ਇਸ ਪ੍ਰਕਾਰ ਵਿਚਾਰੇ ਜਾ ਸਕਦੇ ਹਨ— (1) ਵਰਣਾਸ਼੍ਰਮ ਦੀ ਮਰਯਾਦਾ ਦਾ ਪਾਲਨ ਕਰਨ ਵਾਲੇ, (2) ਵੇਦਾਂ ਨੂੰ ਪ੍ਰਮਾਣਿਕ (ਆਪ੍ਰਤ) ਮੰਨਣ ਵਾਲੇ, (3) ਗਊ ਮਾਸ ਨ ਖਾਣ ਵਾਲੇ, (4) ਕਰਮਵਾਦ ਨੂੰ ਸਵੀਕਾਰਨ ਵਾਲੇ ਅਤੇ ਮੁਰਦੇ ਨੂੰ ਸਾੜਨ ਵਾਲੇ। ਇਸ ਧਰਮ ਦੇ ਸਾਰੇ ਪੱਖਾਂ (ਵੇਦਾਂ, ਉਪਨਿਸ਼ਦਾਂ, ਸ਼ਾਸਤ੍ਰਾਂ, ਦੇਵਤਿਆਂ, ਇਸ਼ਟ-ਪਰੰਪਰਾਵਾਂ ਆਦਿ) ਬਾਰੇ ਸੁਤੰਤਰ ਇੰਦਰਾਜ ਸ਼ਾਮਲ ਕੀਤੇ ਗਏ ਹਨ।

**ਹਿੰਦੂ-ਧਰਮ** : ਵੇਖੋ 'ਹਿੰਦੂ'।

**ਹਿੰਮਤ ਸਿੰਘ ਜਲੇਵਾਲੀਆ** (ਮ. 1829 ਈ.): ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਲਪੁਰ ਕਸਬੇ ਵਿਚ ਪੈਦਾ ਹੋਇਆ ਹਿੰਮਤ ਸਿੰਘ, ਚੌਧਰੀ ਗੁਲਾਬ ਰਾਇ, ਬੈਂਸ ਜੱਟ ਦਾ ਪੁੱਤਰ ਸੀ। ਸਿੱਖ ਮਿਸਲਾਂ ਦੇ ਉੱਥਾਨ ਵੇਲੇ ਇਹ ਸੂਬਾ ਸਰਹਿੰਦ ਉਤੇ ਫ਼ੌਜੀ ਕਾਰਵਾਈ ਕਰਨ ਵਿਚ ਸ਼ਾਮਲ ਹੋਇਆ। ਇਸ ਦੇ ਇਨਾਮ ਵਜੋਂ ਇਸ ਨੂੰ 'ਜੱਲਾ' ਪਿੰਡ ਦੀ ਜਾਗੀਰ ਮਿਲੀ। ਉਸ ਦਿਨ ਤੋਂ 'ਜਲੇਵਾਲੀਆ' ਇਸ ਦੇ ਨਾਂ ਨਾਲ ਪਿਛੇਤਰ ਵਜੋਂ ਜੁੜ ਗਿਆ। ਬਾਦ ਵਿਚ ਇਹ ਨਾਭਾ ਰਿਆਸਤ ਦੀ ਸੇਵਾ ਵਿਚ ਆ ਗਿਆ। ਸੰਨ 1809 ਈ. ਵਿਚ ਇਹ ਨਾਭਾ ਨਰੇਸ਼ ਦੇ ਪ੍ਰਤਿਨਿਧ ਵਜੋਂ ਸਤਲੁਜ ਪਾਰ ਦੀਆਂ ਰਿਆਸਤਾਂ ਨੂੰ ਅੰਗ੍ਰੇਜ਼ ਸਰਕਾਰ ਤੋਂ ਸਰਪ੍ਰਸਤੀ ਪ੍ਰਾਪਤੀ ਕਰਨ ਦੀ ਗੱਲਬਾਤ ਵਿਚ ਸ਼ਾਮਲ ਹੋਇਆ।

ਸੰਨ 1812 ਈ. ਵਿਚ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੇਵਾ ਵਿਚ ਲੈ ਲਿਆ ਅਤੇ ਵਜ਼ੀਰੀ ਪ੍ਰਦਾਨ ਕੀਤੀ। ਆਪਣੀ ਮ੍ਰਿਤੂ ਤਕ ਇਹ ਮਹਾਰਾਜੇ ਦੀ ਸੇਵਾ ਵਿਚ ਰਿਹਾ। ਇਸ ਨੂੰ ਜਲੰਧਰ ਜ਼ਿਲ੍ਹੇ ਦਾ ਅਲਾਵਾਲਪੁਰ ਪਿੰਡ ਜਾਗੀਰ ਵਜੋਂ ਮਿਲਿਆ ਹੋਇਆ ਸੀ। ਅੰਮ੍ਰਿਤਸਰ ਦਾ ਪ੍ਰਸਿੱਧ ਜਲਿਆਂਵਾਲਾ ਬਾਗ਼ ਇਸੇ ਦਾ ਲਗਵਾਇਆ ਹੋਇਆ ਹੈ। ਸੰਨ 1825 ਵਿਚ ਇਸ ਦਾ ਲੜਕਾ ਅਲਬੇਲ ਸਿੰਘ ਜੇਹਲਮ ਨਦੀ ਦੇ ਕੰਢੇ ਯੁੱਧ ਵਿਚ ਮਾਰਿਆ ਗਿਆ, ਜਿਸ ਦੇ ਫਲਸਰੂਪ ਇਹ ਉਦਾਸ ਰਹਿਣ ਲਗ ਗਿਆ। ਸੰਨ 1829 ਈ. ਵਿਚ

ਇਸ ਦਾ ਦੇਹਾਂਤ ਹੋ ਗਿਆ।

**ਹਿੰਮਤ ਸਿੰਘ, ਭਾਈ** (1661-1705 ਈ.): ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਪੰਜ ਪਿਆਰਿਆਂ (ਵੇਖੋ) ਵਿਚੋਂ ਇਕ, ਜਿਨ੍ਹਾਂ ਦਾ ਜਨਮ ਇਕ ਸਰੋਤ ਅਨੁਸਾਰ ਸੰਨ 1661 ਈ. ਵਿਚ ਜਗਨ-ਨਾਥ ਪੁਰੀ ਦੇ ਝਿਊਰ ਪਰਿਵਾਰ ਵਿਚ ਹੋਇਆ ਅਤੇ ਦੂਜੇ ਸਰੋਤ ਅਨੁਸਾਰ ਇਹ ਸੰਗਤਪੁਰਾ (ਰਿਆਸਤ ਪਟਿਆਲਾ-ਹੁਣ ਜ਼ਿਲ੍ਹਾ ਸੰਗਰੂਰ) ਵਿਚ ਜੋਤੀਰਾਮ ਝਿਊਰ ਦੇ ਘਰ ਮਾਈ ਰਾਮੋ ਦੀ ਕੁੱਖੋਂ 5 ਮਾਘ ਸੰਮਤ 1718 (1661 ਈ.) ਵਿਚ ਪੈਦਾ ਹੋਏ। 17 ਵਰ੍ਹਿਆਂ ਦੀ ਉਮਰ ਵਿਚ ਹੀ ਇਹ ਆਨੰਦਪੁਰ ਆ ਗਏ ਅਤੇ ਗੁਰੂ ਜੀ ਦੀ ਸੇਵਾ ਵਿਚ ਮਗਨ ਰਹਿਣ ਲਗੇ।

ਜਦੋਂ 30 ਮਾਰਚ 1699 ਈ. ਵਿਚ ਗੁਰੂ ਜੀ ਨੇ ਸੰਗਤ ਵਿਚੋਂ ਪੰਜ ਸਿਰਾਂ ਦੀ ਮੰਗ ਕੀਤੀ, ਤਾਂ ਉਨ੍ਹਾਂ ਪੰਜ ਆਤਮ-ਉਤਸਰਗੀਆਂ ਵਿਚ ਭਾਈ ਹਿੰਮਤ ਸਿੰਘ ਵੀ ਸ਼ਾਮਲ ਸੀ। ਆਪ ਨੇ ਗੁਰੂ ਸਾਹਿਬ ਵਲੋਂ ਲੜੀਆਂ ਗਈਆਂ ਸਾਰੀਆਂ ਜੰਗਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਚਮਕੌਰ ਦੀ ਜੰਗ ਵਿਚ 7 ਦਸੰਬਰ 1705 ਈ. ਨੂੰ ਸ਼ਹਾਦਤ ਪ੍ਰਾਪਤ ਕੀਤੀ।

**ਹਿਰਦੇ ਰਾਮ ਭੱਲਾ** (ਕਵੀ) : ਦੱਖਣੀ ਪੰਜਾਬ ਵਿਚ ਜਹਾਂਗੀਰ ਬਾਦਸ਼ਾਹ ਦੇ ਸਮੇਂ ਹੋਏ ਕਵੀ ਹਿਰਦੇ ਰਾਮ ਭੱਲਾ ਨੇ ਪਹਿਲੀ ਵਾਰ ਪੰਜਾਬ ਦੀ ਧਰਤੀ ਉਤੇ ਸੰਮਤ 1680 ਬਿ. (ਸੰਨ 1623 ਈ.) ਵਿਚ ਸ੍ਰੀ ਰਾਮ ਦੇ ਚਰਿਤ੍ਰੰ ਦੀ ਰਚਨਾ ਕੀਤੀ। ਇਹ ਭਾਵੇਂ ਪੰਜਾਬੀ ਭਾਸ਼ਾ ਵਿਚ ਲਿਖੀ ਹੋਈ ਨਹੀਂ ਪਰ ਪੰਜਾਬ ਦੀ ਰਾਮ-ਕਾਵਿ ਪਰੰਪਰਾ ਵਿਚ ਇਸ ਦਾ ਮਹੱਤਵ-ਪੂਰਣ ਸਥਾਨ ਹੈ ਕਿਉਂਕਿ ਇਸ ਦੀ ਲੋਕ-ਪ੍ਰਿਯਤਾ ਹੋਰ ਰਾਮ-ਕਾਵਿ ਨਾਲੋਂ ਅਧਿਕ ਹੈ।

ਹਨੂਮਾਨ-ਨਾਟਕ ਦਾ ਰਚੈਤਾ ਹਿਰਦੇ ਰਾਮ ਨੂੰ ਮੰਨਣ ਲਈ ਸਾਰੇ ਵਿਦਵਾਨ ਭਾਵੇਂ ਇਕ-ਮਤ ਹਨ, ਪਰ ਇਸ ਦੇ ਪਹਿਲੇ ਅਧਿਆਇ/ਅੰਕ ਦੇ ਅੱਠ/ਦਸ ਬੰਦਾਂ ਵਿਚ ਕਵੀ ਕਾਸ਼ੀ ਰਾਮ ਦਾ ਨਾਂ ਵੀ ਲਿਖਿਆ ਮਿਲਦਾ ਹੈ ਜਿਸ ਕਾਰਣ ਇਸ ਦਾ ਕਰਤ੍ਰਿਤਵ ਸੰਦਿਗਧ ਹੋ ਜਾਂਦਾ ਹੈ। ਇਸ ਦਾ ਸਮਾਧਾਨ ਕਰਦਿਆਂ ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਨੇ ਦਸਿਆ ਹੈ ਕਿ 'ਬਹੁਤ ਕਵੀ ਆਖਦੇ ਹਨ ਕਿ ਬਹਾਦੁਰ-ਸ਼ਾਹ ਨੇ ਹ੍ਰਿਦਯਰਾਮ ਦੀ ਲਿਖੀ ਅਸੱਲ ਕਾਪੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਭੇਟਾ ਕੀਤੀ ਸੀ ਅਤੇ ਗੁਰੂ ਸਾਹਿਬ ਨੇ ਪਰਸ਼ੁਰਾਮ ਦੇ ਸੰਬਾਦ ਦੇ ਕੁਝ ਛੰਦ ਕਾਵਿ ਕਾਸ਼ੀ ਰਾਮ ਤੋਂ ਲਿਖਵਾ ਕੇ ਦਰਜ ਕਰਵਾਏ।' 'ਹਨੂਮਾਨ-ਨਾਟਕ' ਦਾ ਸੰਸਕ੍ਰਿਤ ਸਾਹਿਤ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਮੁੱਖ ਰੂਪ ਵਿਚ ਪਦ-ਰਚਨਾ ਹੈ, ਕੁਝ ਕੁ ਅੰਸ਼ ਗੱਦ ਵਿਚ ਵੀ ਹੈ। ਇਸ ਦਾ ਆਧਾਰ ਕਈ ਗਿਆਤ-ਅਗਿਆਤ ਰਾਮ-ਚਰਿਤ੍ਰ ਹਨ। ਸੰਵਾਦ ਬਹੁਤ ਘਟ ਅਤੇ ਉਪਦੇਸ਼ ਰੂਪ ਵਿਚ ਆਏ ਹਨ। ਨਾਟਕ-ਵਿਧਾ ਦੇ ਤੱਤ੍ਵ ਇਸ ਵਿਚ ਨਾਂ-ਮਾਤ੍ਰ ਹਨ।

ਕਵੀ ਹਿਰਦੇ ਰਾਮ ਨੇ ਆਪਣੀ ਰਚਨਾ ਵਿਚ ਮੂਲ 'ਹਨੂਮਾਨ-ਨਾਟਕ' ਤੋਂ ਹਟ ਕੇ ਕਈ ਧਾਰਮਿਕ ਪ੍ਰਸੰਗਾਂ—ਬਨ-ਸਮਨ, ਬਿਰਹੋਂ-ਵਰਣਨ, ਪ੍ਰਕ੍ਰਿਤੀ-ਚਿਤ੍ਰਣ—ਬੜੀ ਰੁਚੀ ਨਾਲ ਪ੍ਰਗਟਾਇਆ ਹੈ। ਵਸਤੂ-ਵਰਣਨ ਵੀ ਪ੍ਰਭਾਵਸ਼ਾਲੀ ਹੈ, ਪਰ ਇਸ ਵਿਚੋਂ ਵੀ ਉਸ ਨੇ ਯੁੱਧ-ਵਰਣਨ ਅਤੇ ਯੁੱਧ-ਭੂਮੀ ਦੇ ਦ੍ਰਿਸ਼ਾਂ ਦੇ ਚਿਤ੍ਰਣ ਵਿਚ ਉਚੇਚੀ ਦਿਲਚਸਪੀ ਲਈ ਹੈ। ਕਵੀ ਨੇ ਸਦ੍ਰਿਸ਼ ਉਪਮਾਨਾਂ ਰਾਹੀਂ ਯੁੱਧ-ਭੂਮੀ ਦੇ ਸਜੀਵ ਚਿਤਰ ਅੰਕਿਤ ਕਰਕੇ ਪਾਠਕਾਂ ਦੇ ਮਨ ਵਿਚ ਯੁੱਧ ਪ੍ਰਤਿ ਉਤਸਾਹ ਦੀ ਭਾਵਨਾ ਅਤੇ ਯੁੱਧ ਵਿਚ ਜੂਝਣ ਦੀ ਇੱਛਾ ਪੈਦਾ ਕੀਤੀ ਹੈ। ਇਹੀ ਕਾਰਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ 'ਹਨੂਮਾਨ-ਨਾਟਕ' ਦੀ ਇਕ ਪੋਥੀ ਸਦਾ ਆਪਣੇ ਗਾਤਰੇ ਵਿਚ ਰਖਦੇ ਸਨ। 'ਦਸਮ-ਗ੍ਰੰਥ' ਦੀ ਵੀਰ-ਬਾਣੀ ਉਤੇ ਇਸ ਦਾ ਕਾਫ਼ੀ ਪ੍ਰਭਾਵ ਹੈ। ਇਸ ਦੇ ਯੁੱਧ-ਵਰਣਨ ਦੇ ਅਨੁਰੂਪ ਗੁਰੂ ਸਾਹਿਬ ਪਾਉਂਟਾ ਸਾਹਿਬ ਅਤੇ ਆਨੰਦਪੁਰ ਸਾਹਿਬ ਵਿਚ ਯੁੱਧ ਦੀਆਂ ਮਸ਼ਕਾਂ ਕਰਵਾਉਂਦੇ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿਚ ਜਿਸ ਨਵੇਂ ਸਭਿਆਚਾਰ ਦਾ ਵਿਕਾਸ ਹੋ ਰਿਹਾ ਸੀ, ਉਸ ਦੀ ਬਣਤਰ ਵਿਚ ਇਸ ਨਾਟਕ ਦਾ ਮਹੱਤਵਪੂਰਣ ਯੋਗਦਾਨ ਹੈ।

ਪੰਜਾਬ ਵਿਚ ਵੈਸ਼ਣਵ ਭਗਤੀ, ਵਿਸ਼ੇਸ਼ ਤੌਰ 'ਤੇ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਣ ਦੀ ਭਗਤੀ ਬਾਰੇ ਸੰਕੇਤ, ਕਥਾ-ਅੰਸ਼ ਭਾਵੇਂ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲ ਜਾਂਦੇ ਹਨ, ਪਰ ਸਗੁਣ ਭਗਤੀ ਦਾ ਵਿਕਾਸ ਪੰਜਾਬ ਵਿਚ ਉਦੋਂ ਤਕ ਨਹੀਂ ਹੋਇਆ ਸੀ। ਹਿਰਦੇ ਰਾਮ ਦੀ ਇਸ ਪ੍ਰਬੰਧਾਤਮਕ ਰਚਨਾ ਨਾਲ ਪਹਿਲੀ ਵਾਰ ਸਗੁਣ ਭਗਤੀ ਪੰਜਾਬ ਵਿਚ ਪੈਰ ਜਮਾਉਂਦੀ ਪ੍ਰਤੀਤ ਹੁੰਦੀ ਹੈ। ਇਸ ਲਈ ਪੰਜਾਬ ਵਿਚ ਸਗੁਣ ਭਗਤੀ ਦੇ ਵਿਕਾਸ

ਵਿਚ 'ਹਨੂਮਾਨ-ਨਾਟਕ' ਦਾ ਇਤਿਹਾਸਿਕ ਸਥਾਨ ਹੈ। ਕਵੀ ਸ੍ਰੀ ਰਾਮ ਚੰਦ੍ਰ ਪ੍ਰਤਿ ਭਗਤੀ ਭਾਵਨਾ ਦੇ ਉਦਗਾਰ ਹੀ ਨਹੀਂ ਪ੍ਰਗਟ ਕਰਦਾ, ਸਗੋਂ ਰਾਮ ਚੰਦ੍ਰ ਦੀ ਕਥਾ ਸੁਣਨ ਦੇ ਮਹਾਤਮ ਨੂੰ ਵੀ ਸਪੱਸ਼ਟ ਕਰਦਾ ਹੈ।

**ਹੀਰਾ ਸਿੰਘ, ਗ਼ਦਰੀ ਬਾਬਾ** (1875-1929 ਈ.): ਇਹ ਲਾਹੌਰ ਜ਼ਿਲ੍ਹੇ ਦੇ ਭਾਈ ਮਾਹਣਾ ਸਿੰਘ ਦੇ ਘਰ ਸੰਨ 1875 ਈ. ਵਿਚ ਪੈਦਾ ਹੋਇਆ। ਇਹ ਭਾਵੇਂ ਅਮਰੀਕਾ ਵਿਚ ਸਥਾਪਿਤ ਹੋਈ ਗ਼ਦਰ ਪਾਰਟੀ ਵਿਚ ਉਦੋਂ ਸ਼ਾਮਲ ਨਹੀਂ ਸੀ, ਪਰ ਪਹਿਲੇ ਵਿਸ਼ਵ ਯੁੱਧ ਦੇ ਛਿੜਨ 'ਤੇ ਜਦੋਂ ਗ਼ਦਰ ਪਾਰਟੀ ਦੇ ਕਾਰਕੁੰਨ ਹਿੰਦੁਸਤਾਨ ਵਿਚ ਸੁਤੰਤਰਤਾ ਸੰਗ੍ਰਾਮ ਚਲਾਉਣ ਲਈ ਆ ਗਏ, ਤਾਂ ਇਸ ਨੇ ਉਨ੍ਹਾਂ ਨੂੰ ਬਹੁਤ ਸਹਿਯੋਗ ਦਿੱਤਾ।

ਜਵਾਨ ਹੁੰਦਿਆਂ ਹੀ ਚੰਗੇ ਭਵਿਸ਼ ਦੀ ਕਲਪਨਾ ਕਰਦਾ ਹੋਇਆ ਇਹ ਚੀਨ ਦੇਸ਼ ਨੂੰ ਚਲਾ ਗਿਆ। ਉਥੇ ਇਸ ਨੇ ਕਾਫ਼ੀ ਧਨ ਕਮਾਇਆ, ਪਰ ਇਹ ਗਰਮ-ਦਲੀਏ ਲੋਕਾਂ ਦੇ ਸੰਪਰਕ ਵਿਚ ਆ ਗਿਆ। ਦਸੰਬਰ 1914 ਈ. ਵਿਚ ਇਸ ਨੂੰ ਸਰਕਾਰ ਨੇ ਦੇਸ਼ੋਂ ਕਢ ਦਿੱਤਾ। ਕੁਝ ਸਮਾਂ ਬੈਂਗਕਾਕ ਵਿਚ ਰਹਿ ਕੇ ਹਿੰਦੁਸਤਾਨ ਪਰਤ ਆਇਆ। ਇਥੇ ਪਹੁੰਚ ਕੇ ਇਸ ਨੇ ਅਮਰੀਕਾ ਤੋਂ ਆਏ ਗ਼ਦਰੀਆਂ ਨਾਲ ਸੰਪਰਕ ਕਾਇਮ ਕੀਤਾ ਅਤੇ ਪਸ਼ੂਆਂ ਦੇ ਵਪਾਰ ਦੇ ਪਜ ਸਿੰਧ ਅਤੇ ਬਲੋਚਿਸਤਾਨ ਵਿਚ ਲੋਕਾਂ ਨੂੰ ਬਗ਼ਾਵਤ ਦਾ ਮਾਰਗ ਅਖ਼ਤਿਆਰ ਕਰਨ ਲਈ ਪ੍ਰੇਰਿਆ। ਇਸੇ ਤਰ੍ਹਾਂ ਲਾਹੌਰ ਵਿਚ ਵੀ ਕੁਝ ਫ਼ੌਜੀਆਂ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਕਾਰਵਾਈ ਕਰਨ ਲਈ ਉਕਸਾਇਆ। 9 ਜੂਨ 1915 ਈ. ਨੂੰ ਇਸ ਨੂੰ ਪਕੜ ਲਿਆ ਗਿਆ। ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਇਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਅਜੇ ਜੇਲ੍ਹ ਵਿਚ 13 ਵਰ੍ਹੇ ਹੀ ਬਿਤਾਏ ਸਨ ਕਿ ਇਹ ਬੀਮਾਰ ਹੋ ਗਿਆ ਅਤੇ 6 ਫ਼ਰਵਰੀ 1929 ਈ. ਨੂੰ ਬੈਲਗਾਮ (ਹੁਣ ਕਰਨਾਟਕ ਪ੍ਰਦੇਸ਼) ਦੀ ਜੇਲ੍ਹ ਵਿਚ ਪੂਰਾ ਹੋ ਗਿਆ। ਇਸ ਨੇ ਚੀਨ ਵਿਚ ਜੋ ਕਮਾਈ ਕੀਤੀ ਸੀ, ਉਸ ਨੂੰ ਗ਼ਦਰੀਆਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਵਿਚ ਖ਼ਰਚ ਕਰ ਦਿੱਤਾ।

**ਹੀਰਾ ਸਿੰਘ ਡੋਗਰਾ** (1816-1844 ਈ.): ਸਿੱਖ-ਰਾਜ ਨੂੰ ਬਰਬਾਦੀ ਦੇ ਮਾਰਗ ਉਤੇ ਲੈ ਜਾਣ ਵਾਲੇ ਡੋਗਰਿਆਂ ਵਿਚੋਂ ਇਕ, ਜਿਸ ਦਾ ਜਨਮ ਰਾਜਾ ਧਿਆਨ ਸਿੰਘ ਦੇ ਘਰ ਸੰਨ 1816 ਈ. ਵਿਚ ਜੰਮੂ ਰਿਆਸਤ ਦੇ ਇਕ ਕਸਬੇ ਰਾਮਗੜ੍ਹ ਵਿਚ ਹੋਇਆ। ਮਹਾਰਾਜਾ ਰਣਜੀਤ ਸਿੰਘ ਇਸ ਪ੍ਰਤਿ ਵਿਸ਼ੇਸ਼ ਉਦਾਰ ਸੀ। ਪਹਿਲਾਂ ਇਸ ਨੂੰ ਆਪਣੀ ਬੱਚਾ ਪਲਟਨ ਵਿਚ ਰਖਿਆ। ਫਿਰ ਸੰਨ 1828 ਈ. ਵਿਚ ਇਸ ਨੂੰ 'ਫ਼ਰਜ਼ੰਦੇ-ਖ਼ਾਸ' (ਵਿਸ਼ੇਸ਼ ਸੁਪੁੱਤਰ) ਕਹਿ ਕੇ 'ਰਾਜਾ' ਪਦ ਪ੍ਰਦਾਨ ਕੀਤਾ ਅਤੇ ਜਸਰੋਟੇ ਵਿਚ ਜਾਗੀਰ ਦਿੱਤੀ। ਮਹਾਰਾਜਾ ਸਾਹਿਬ ਇਸ ਨੇ 'ਬਚੜੀ' ਕਹਿ ਕੇ ਬੁਲਾਉਂਦੇ ਸਨ ਅਤੇ ਦਰਬਾਰ ਵਿਚ ਆਪਣੇ ਕੋਲ ਕੁਰਸੀ ਉਤੇ ਬਿਠਾਉਂਦੇ ਸਨ। ਸੰਨ 1829 ਈ. ਵਿਚ ਇਸ ਦਾ ਲਾਹੌਰ ਵਿਚ ਧੂਮ-ਧਾਮ ਨਾਲ ਵਿਆਹ ਕੀਤਾ ਗਿਆ। ਹੌਲੀ ਹੌਲੀ ਇਹ ਸਿੱਖ ਸੈਨਾ ਵਿਚ ਆਦਰ ਪ੍ਰਾਪਤ ਕਰਨ ਲਗ ਗਿਆ।

ਸੰਧਾਵਾਲੀਆਂ ਦੇ ਹੱਥੋਂ ਰਾਜਾ ਧਿਆਨ ਸਿੰਘ ਦੇ ਮਾਰੇ ਜਾਣ ਅਤੇ ਦਲੀਪ ਸਿੰਘ ਦੇ ਮਹਾਰਾਜਾ ਬਣਨ 'ਤੇ 17 ਸਤੰਬਰ 1843 ਈ. ਨੂੰ ਇਹ ਪ੍ਰਧਾਨ ਮੰਤਰੀ ਬਣਿਆ। ਇਸ ਨੇ ਜਲ੍ਹੇ ਪੰਡਿਤ ਨੂੰ ਜੋ ਇਸ ਦਾ ਬਚਪਨ ਦਾ ਉਸਤਾਦ ਸੀ, ਆਪਣਾ ਸਲਾਹਕਾਰ ਬਣਾ ਲਿਆ। ਇਸ ਨੇ ਸੰਧਾਵਾਲੀਏ ਸਰਦਾਰਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਅਤੇ ਆਪਣੇ ਵਿਰੋਧੀ ਧੜੇ ਦੇ ਮੁੱਖ ਮੁੱਖ ਅਧਿਕਾਰੀਆਂ ਨੂੰ ਮਰਵਾ ਦਿੱਤਾ। ਰਾਣੀ ਜਿੰਦਾ ਦੇ ਭਰਾ ਜਵਾਹਰ ਸਿੰਘ ਨੂੰ ਕੈਦ ਕਰ ਦਿੱਤਾ ਅਤੇ ਆਪਣੇ ਚਾਚੇ ਸੁਚੇਤ ਸਿੰਘ ਨੂੰ ਲਾਹੌਰੋਂ ਕਢ ਦਿੱਤਾ। ਆਪਣੇ ਤਾਏ ਰਾਜਾ ਗੁਲਾਬ ਸਿੰਘ ਦੀ ਮਿਲੀ-ਭੁਗਤ ਨਾਲ ਕੁੰਵਰ ਕਸ਼ਮੀਰਾ ਸਿੰਘ ਅਤੇ ਕੁੰਵਰ ਪਿਸ਼ੌਰਾ ਸਿੰਘ ਦੀਆਂ ਜਾਗੀਰਾਂ ਖੋਹ ਲਈਆਂ। ਦੋਹਾਂ ਕੁੰਵਰਾਂ ਨੇ ਨੌਰੰਗਾਬਾਦ ਵਾਲੇ ਬਾਬਾ ਬੀਰ ਸਿੰਘ ਦੇ ਡੇਰੇ ਵਿਚ ਸ਼ਰਣ ਲੈ ਲਈ। ਉਥੇ ਹਮਲਾ ਕਰਕੇ ਕੁੰਵਰ ਕਸ਼ਮੀਰਾ ਸਿੰਘ ਸਮੇਤ ਬਾਬਾ ਬੀਰ ਸਿੰਘ ਨੂੰ ਮਾਰ ਦਿੱਤਾ।

ਪੰਡਿਤ ਜਲ੍ਹੇ ਨੇ ਮਹਾਰਾਣੀ ਜਿੰਦਾਂ ਨੂੰ ਵੀ ਜ਼ਹਿਰ ਦੇਣ ਦਾ ਯਤਨ ਕੀਤਾ। ਫਲਸਰੂਪ ਸਿੱਖ ਸੈਨਾ ਵਿਚ ਗੁੱਸੇ ਦੀ ਅੱਗ ਭੜਕ ਉਠੀ। ਹੀਰਾ ਸਿੰਘ ਲਈ ਲਾਹੌਰ ਟਿਕਣਾ ਮੁਸ਼ਕਲ ਹੋ ਗਿਆ। ਅੰਤ ਵਿਚ ਪੰਡਿਤ ਜਲ੍ਹੇ ਸਮੇਤ, ਆਪਣੇ ਚਾਰ ਹਜ਼ਾਰ ਫ਼ੌਜੀਆਂ ਨੂੰ ਨਾਲ ਲੈ ਕੇ ਅਤੇ ਖ਼ਜ਼ਾਨੇ ਵਿਚੋਂ ਸੋਨੇ ਚਾਂਦੀ ਨੂੰ ਕਢਵਾ ਕੇ ਅਤੇ ਗਡਿਆਂ ਵਿਚ ਲਦਵਾ ਕੇ ਜੰਮੂ ਨੂੰ ਭਜ ਚਲਿਆ। ਸਿੱਖ-ਫ਼ੌਜ ਨੂੰ ਪਤਾ ਲਗਣ 'ਤੇ ਸ.

ਜਵਾਹਰ ਸਿੰਘ ਅਤੇ ਸ. ਸ਼ਾਮ ਸਿੰਘ ਅਟਾਰੀਵਾਲੇ ਨੇ ਆਪਣੇ ਸੈਨਿਕ ਦਸਤਿਆਂ ਨਾਲ ਇਸ ਨੂੰ ਲਾਹੌਰ ਤੋਂ ਲਗਭਗ 20 ਕਿ.ਮੀ. ਦੇ ਫ਼ਾਸਲੇ ਉਤੇ ਨੇਕੋਵਾਲ ਪਿੰਡ ਦੇ ਨੇੜੇ ਘੇਰ ਲਿਆ ਅਤੇ ਪੰਡਿਤ ਜਲ੍ਹੇ ਸਮੇਤ 21 ਦਸੰਬਰ 1844 ਈ. ਨੂੰ ਮਾਰ ਦਿੱਤਾ। ਇਹ ਭਾਵੇਂ ਇਕ ਚੰਗਾ ਪ੍ਰਬੰਧਕ ਅਤੇ ਯੁੱਧਵੀਰ ਸੀ, ਪਰ ਇਸ ਦੀ ਪਹੁੰਚ ਧੋਖੇਬਾਜ਼ੀ ਵਾਲੀ ਸੀ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ — *ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ ਹੌਦੇ ਸੋਨੇ ਦੇ ਚਾਇ ਕਸਾਂਵਦੇ ਨੀ। ਤਰਫ ਜੰਮੂ ਦੀ ਮੂੰਹ ਮੋੜ ਚਲੇ, ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ। ਘੇਰੇ ਅਜਲ ਦੇ ਅਕਲ ਨਾ ਮੂਲ ਆਈ ਬੁਰਾ ਆਪਣਾ ਆਪ ਕਰਾਂਵਦੇ ਨੀ। ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ, ਅਗੋਂ ਗੋਲਿਆਂ ਨਾਲ ਉਡਾਂਵਦੇ ਨੀ।38।*

**ਹੀਰਾ ਸਿੰਘ ਦਰਦ, ਗਿਆਨੀ** (1887-1965 ਈ.): ਪੰਜਾਬੀ ਦੇ ਲੇਖਕ ਅਤੇ ਪੱਤਰਕਾਰ ਵਜੋਂ ਸੁਪ੍ਰਸਿੱਧ ਗਿਆਨੀ ਹੀਰਾ ਸਿੰਘ ਦਾ ਜਨਮ 11 ਫ਼ਰਵਰੀ 1887 ਈ. ਨੂੰ ਸ. ਹਰੀ ਸਿੰਘ ਦੇ ਘਰ ਬੀਬੀ ਕਰਤਾਰ ਕੌਰ ਦੀ ਕੁੱਖੋਂ ਜ਼ਿਲ੍ਹਾ ਰਾਵਲਪਿੰਡੀ ਦੇ ਇਕ ਪਿੰਡ ਘਘਰੋਟ ਵਿਚ ਹੋਇਆ। ਇਸ ਦਾ ਪਿਤਾ ਪਿਛੋਂ ਪੁਣਛ (ਕਸ਼ਮੀਰ) ਦੇ ਇਕ ਬ੍ਰਾਹਮਣ ਪਰਿਵਾਰ ਵਿਚੋਂ ਸੀ, ਪਰ ਬਾਦ ਵਿਚ ਉਸ ਨੇ ਰਾਵਲਪਿੰਡੀ ਆਪਣਾ ਨਿਵਾਸ ਬਣਾ ਲਿਆ ਅਤੇ ਸਿੰਘ ਸਜ ਗਿਆ।

ਹੀਰਾ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੋਂ ਦਸਵੀਂ ਪਾਸ ਕੀਤੀ। ਕੁਝ ਸਮਾਂ ਮਸੂਲ ਚੁੰਗੀ ਦੀ ਨੌਕਰੀ ਕਰਕੇ ਸੰਨ 1908 ਈ. ਤੋਂ ਸੰਨ 1919 ਈ. ਤਕ ਵਖ ਵਖ ਸਕੂਲਾਂ ਵਿਚ ਪੜ੍ਹਾਉਂਦਾ ਰਿਹਾ। ਇਸੇ ਦੌਰਾਨ ਇਸ ਨੇ ਗਿਆਨੀ ਦੀ ਪਰੀਖਿਆ ਪੰਜਾਬ ਯੂਨੀਵਰਸਿਟੀ ਤੋਂ ਪਾਸ ਕਰ ਲਈ। ਇਸ ਨੇ ਸਿੱਖ-ਧਰਮ ਨਾਲ ਸੰਬੰਧਿਤ ਇਤਿਹਾਸਿਕ ਘਟਨਾਵਾਂ ਅਤੇ ਵਿਅਕਤੀਆਂ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਜੋ 'ਉਪਕਾਰਾਂ ਦੀ ਵੰਨਗੀ' ਅਤੇ 'ਸਿੱਖ ਬਚਿਓ, ਜਾਗੋ' ਨਾਂ ਅਧੀਨ ਕ੍ਰਮਵਾਰ ਸੰਨ 1912 ਈ. ਅਤੇ 1913 ਈ. ਵਿਚ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਈਆਂ। ਉਦੋਂ ਇਹ ਆਪਣੀਆਂ ਕਵਿਤਾਵਾਂ 'ਦਰਦ' ਉਪਨਾਮ ਅਧੀਨ ਪ੍ਰਕਾਸ਼ਿਤ ਕਰਦਾ ਸੀ, ਜਿਸ ਕਰਕੇ 'ਦਰਦ' ਸ਼ਬਦ ਇਸ ਦੇ ਨਾਂ ਨਾਲ ਸਥਾਈ ਤੌਰ 'ਤੇ ਜੁੜ ਗਿਆ।

ਇਸ ਨੇ ਗੁਰਦੁਆਰਾ ਰਕਾਬਗੰਜ ਨਵੀਂ ਦਿੱਲੀ ਦੀ ਕੰਧ ਉਸਾਰਨ ਦੇ ਅੰਦੋਲਨ ਵਿਚ ਭਾਗ ਲਿਆ ਅਤੇ ਸੰਨ 1915 ਈ. ਵਿਚ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਦੀ ਯਾਦ ਵਿਚ ਆਪਣੇ ਸਕੂਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾਇਆ ਅਤੇ ਅਰਦਾਸ ਕੀਤੀ। ਜਦੋਂ ਸੰਨ 1920 ਈ. ਵਿਚ ਮਾਸਟਰ ਸੁੰਦਰ ਸਿੰਘ ਨੇ 'ਅਕਾਲੀ' ਦੈਨਿਕ ਅਖ਼ਬਾਰ ਸ਼ੁਰੂ ਕੀਤੀ ਤਾਂ ਇਸ ਨੂੰ ਸਹਾਇਕ ਸੰਪਾਦਕ ਨਿਯੁਕਤ ਕੀਤਾ ਗਿਆ। ਸਰਕਾਰ-ਵਿਰੋਧੀ ਟਿੱਪਣੀਆਂ ਕਾਰਣ ਇਸ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਜੇਲ੍ਹੋਂ ਮੁਕਤ ਹੋਣ 'ਤੇ ਇਸ ਨੇ ਸੰਨ 1924 ਈ. ਵਿਚ 'ਫੁਲਵਾੜੀ' ਨਾਂ ਦਾ ਮਾਸਿਕ ਪੱਤਰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਸੰਨ 1930 ਈ. ਵਿਚ ਇਸ ਨੇ ਆਪਣੇ ਪੱਤਰ ਦਾ ਦਫ਼ਤਰ ਲਾਹੌਰ ਬਦਲ ਲਿਆ। ਕਾਂਗ੍ਰਸ ਵਲੋਂ ਚਲਾਏ 'ਭਾਰਤ ਛੋੜੋ ਅੰਦੋਲਨ' ਵਿਚ ਗ੍ਰਿਫ਼ਤਾਰ ਹੋ ਜਾਣ ਕਾਰਣ ਸੰਨ 1942 ਈ. ਵਿਚ 'ਫੁਲਵਾੜੀ' ਪੱਤਰ ਛਪਣਾ ਬੰਦ ਹੋ ਗਿਆ। ਇਹ ਸਿੱਖ ਲੀਗ ਦਾ ਸਕੱਤਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਰਿਹਾ ਅਤੇ ਉਧਰ ਕਾਂਗ੍ਰਸ ਪਾਰਟੀ ਦਾ ਵੀ ਮੈਂਬਰ ਰਿਹਾ। ਇਸ ਨੇ ਹੋਰ ਹਮ-ਖ਼ਿਆਲੀਆਂ ਜਿਵੇਂ ਕਿ ਧਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਸ਼ਹਾਬੁੱਦੀਨ ਆਦਿ ਨਾਲ ਰਲ ਕੇ ਸੰਨ 1925 ਈ. ਵਿਚ 'ਪੰਜਾਬੀ ਸਭਾ' ਦੀ ਸਥਾਪਨਾ ਕੀਤੀ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਦ ਇਹ ਜਲੰਧਰ ਵਿਚ ਆ ਵਸਿਆ ਅਤੇ 'ਫੁਲਵਾੜੀ' ਪੱਤਰ ਨੂੰ ਫਿਰ ਤੋਂ ਸ਼ੁਰੂ ਕਰ ਦਿੱਤਾ ਜੋ ਕਾਫ਼ੀ ਸਮੇਂ ਤਕ ਚਲਦਾ ਰਿਹਾ। ਸੰਨ 1947 ਈ. ਤੋਂ ਬਾਦ ਇਸ ਦਾ ਝੁਕਾ ਸਮਾਜਵਾਦ ਵਲ ਹੋ ਗਿਆ ਜੋ ਇਸ ਦੀਆਂ ਲਿਖਤਾਂ ਤੋਂ ਸਾਫ਼ ਜ਼ਾਹਿਰ ਹੈ। ਇਸ ਤਰ੍ਹਾਂ ਇਸ ਦੀਆਂ ਲਿਖਤਾਂ ਵਿਚ ਸਿੱਖੀ, ਪੰਜਾਬੀਅਤ ਅਤੇ ਸਮਾਜਵਾਦ ਦੀ ਤ੍ਰਿਲੜੀ ਵਿਚਾਰਧਾਰਾ ਦਾ ਪ੍ਰਗਟਾਵਾ ਹੋਇਆ ਹੈ। ਇਸ ਦੀਆਂ ਕੁਝ ਕੁ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ— ਦਰਦ ਸੁਨੇਹੇ (ਕਾਵਿ-ਸੰਗ੍ਰਹਿ), ਹੋਰ ਅਗੇਰੇ (1950 ਈ.), ਚੋਣਵੇਂ ਦਰਦ ਸੁਨੇਹੇ (1954), ਕਿਸਾਨ ਦੀਆਂ ਆਹੀਂ (ਕਵਿਤਾ-ਕਹਾਣੀ ਸੰਗ੍ਰਹਿ), ਆਸ ਦੀ ਤੰਦ ਤੇ ਹੋਰ ਕਹਾਣੀਆਂ (1953), ਨਵੀਨ ਭਾਰਤ ਦੇ ਰਾਜਸੀ ਆਗੂ (1952), ਪੰਜਾਬੀ ਸਾਹਿਤ ਦਾ ਇਤਿਹਾਸ (1953), ਸੋਸ਼ਲਿਜ਼ਮ ਕੀ ਹੈ ? (ਸਿੱਧਾਂਤ), ਪੰਥ, ਧਰਮ ਤੇ ਰਾਜਨੀਤੀ (1950), ਮੇਰੀਆਂ ਕੁਝ ਇਤਿਹਾਸਕ ਯਾਦਾਂ (1955), ਬ੍ਰਜ

ਭੂਮੀ ਤੇ ਮਲਾਇਆ ਦੀ ਯਾਤ੍ਰਾ (1958) ਆਦਿ। ਇਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸਥਾਪਿਤ ਕਰਨ ਵਿਚ ਉੱਘਾ ਹਿੱਸਾ ਪਾਇਆ ਅਤੇ ਪੰਜਾਬੀ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਵੀ ਰਿਹਾ। ਸਾਹਿਤਿਕ ਸੇਵਾਵਾਂ ਕਰਕੇ ਪੰਜਾਬ ਸਰਕਾਰ ਨੇ ਸੰਨ 1961 ਈ. ਵਿਚ ਇਸ ਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਨਿਵਾਜਿਆ।

ਲੰਬੀ ਬੀਮਾਰੀ ਤੋਂ ਬਾਦ 22 ਜੂਨ 1965 ਈ. ਵਿਚ ਇਸ ਦਾ ਜਲੰਧਰ ਵਿਚ ਦੇਹਾਂਤ ਹੋ ਗਿਆ।

**ਹੀਰਾ ਸਿੰਘ ਨਕੈਈ** (1706-67 ਈ.) : ਨਕੈਈ ਮਿਸਲ ਜਾਂ ਨਕੈਯਾਂ ਦੀ ਮਿਸਲ ਦਾ ਸੰਸਥਾਪਕ ਸ. ਹੀਰਾ ਸਿੰਘ ਚੌਧਰੀ ਹੇਮ ਰਾਜ, ਸੰਧੂ ਜੱਟ ਦੇ ਘਰ ਚੂਹਣੀਆਂ ਕਸਬੇ ਦੇ ਨੇੜੇ ਪਿੰਡ ਬਹਿੜਵਾਲ (ਪੱਛਮੀ ਪੰਜਾਬ) ਵਿਚ ਸੰਨ 1706 ਈ. (1763 ਬਿ.) ਵਿਚ ਜਨਮਿਆ। ਇਸ ਨੇ ਸੰਨ 1731 ਈ. ਵਿਚ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਸੂਰਬੀਰਤਾ ਵਾਲਾ ਜੀਵਨ-ਪੰਧ ਅਖ਼ਤਿਆਰ ਕਰ ਲਿਆ। ਇਸ ਦੀ ਸਰਦਾਰੀ ਹੇਠ ਨਾਲ ਲਗਦੇ ਪਿੰਡਾਂ ਦੇ ਅਨੇਕਾਂ ਨੌਜਵਾਨ ਸ਼ਾਮਲ ਹੋ ਗਏ। ਇਸ ਪਾਸ ਲਗਭਗ ਛੇ ਹਜ਼ਾਰ ਘੋੜ-ਸਵਾਰ ਜਵਾਨ ਹਰ ਵਕਤ ਮੌਜੂਦ ਰਹਿੰਦੇ ਸਨ। ਜਦੋਂ ਸੰਨ 1763 ਈ. ਵਿਚ ਸਿੱਖ ਜੰਗਬਾਜ਼ਾਂ ਨੇ ਕਸੂਰ ਨੂੰ ਜਿਤਿਆ, ਤਾਂ ਇਸ ਨੇ ਵੀ ਹਿੰਮਤ ਕਰਕੇ ਬਹਿੜਵਾਲ, ਚੂਹਣੀਆਂ, ਦੀਪਾਲਪੁਰ, ਜੇਠੂਪੁਰ ਆਦਿ ਪਿੰਡਾਂ ਨੂੰ ਜਿਤ ਕੇ ਬਹਿੜਵਾਲ ਦੀ ਥਾਂ 'ਤੇ ਚੂਹਣੀਆਂ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਆਪਣੀ ਮਿਸਲ ਦੀ ਸਥਾਪਨਾ ਕੀਤੀ। ਨੱਕੇ ਦੇ ਇਲਾਕੇ ਦਾ ਹੋਣ ਕਾਰਣ ਇਸ ਦੀ ਮਿਸਲ 'ਨਕੈਈ ਮਿਸਲ' ਦੇ ਨਾਂ ਨਾਲ ਪ੍ਰਸਿੱਧ ਹੋਈ। ਸੰਨ 1767 ਈ. ਵਿਚ ਇਸ ਦਾ ਪਾਕਪਟਨ ਦੀ ਲੜਾਈ ਵੇਲੇ ਦੇਹਾਂਤ ਹੋਇਆ। ਇਸੇ ਮਿਸਲ ਦੇ ਸ. ਭਗਵਾਨ ਸਿੰਘ ਦੀ ਭੈਣ ਦਾਤਾਰ ਕੌਰ ਮਹਾਰਾਜਾ ਰਣਜੀਤ ਸਿੰਘ ਨਾਲ ਵਿਆਹੀ ਜਿਸ ਦੀ ਕੁਖ ਤੋਂ ਰਾਜਕੁਮਾਰ ਖੜਗ ਸਿੰਘ ਪੈਦਾ ਹੋਇਆ। ਵੇਖੋ 'ਨਕੈਈ ਮਿਸਲ'।

**ਹੀਰਾ ਸਿੰਘ ਭੱਠਲ, ਬਾਬਾ** (ਮ. 1989 ਈ.): ਇਕ ਦੇਸ਼ ਭਗਤ ਜਿਸ ਨੇ ਪੂਰੇ ਕੌਮੀ ਜਜ਼ਬੇ ਸਹਿਤ ਅੰਗ੍ਰੇਜ਼ ਸਰਕਾਰ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਦੇ ਨਾਲ ਨਾਲ ਰਿਆਸਤੀ ਰਜਵਾੜਾਸ਼ਾਹੀ ਦੀ ਦਮਨਕਾਰੀ ਨੀਤੀ ਦਾ ਵੀ ਵਿਰੋਧ ਕੀਤਾ। ਇਸ ਦਾ ਜਨਮ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਭੱਠਲ ਪਿੰਡ ਵਿਚ ਇਕ ਸਾਧਾਰਣ ਕਿਸਾਨ ਸ. ਚੰਨਣ ਸਿੰਘ ਦੇ ਘਰ ਹੋਇਆ। ਜਵਾਨ ਹੁੰਦਿਆਂ ਹੀ ਇਹ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਪਹਿਲੀ ਵੱਡੀ ਜੰਗ ਵੇਲੇ ਸਮੁੰਦਰੋਂ ਪਾਰ ਦੇ ਬਰਤਾਨਵੀ ਮੋਰਚਿਆਂ ਉਤੇ ਲੜਦਾ ਰਿਹਾ। ਪਰ ਇਸ ਦੇ ਅੰਦਰ ਦੇਸ਼ ਭਗਤੀ ਦਾ ਅਹਿਸਾਸ ਕੁਟ ਕੁਟ ਕੇ ਭਰਿਆ ਹੋਇਆ ਸੀ। ਇਸ ਲਈ ਭਾਰਤੀ ਜਨਤਾ ਦਾ ਅੰਗ੍ਰੇਜ਼ ਹਕੂਮਤ ਵਲੋਂ ਕੀਤਾ ਜਾ ਰਿਹਾ ਸ਼ੋਸ਼ਣ ਇਸ ਤੋਂ ਅਸਹਿ ਸੀ। ਬਸ, ਫਿਰ ਫ਼ੌਜ ਦੀ ਨੌਕਰੀ ਛਡ ਦਿੱਤੀ ਅਤੇ ਸੁਤੰਤਰਤਾ ਦੇ ਸੰਗ੍ਰਾਮ ਵਿਚ ਕੁਦ ਪਿਆ।

ਇਸ ਦਾ ਨਾਭਾ ਰਿਆਸਤ (ਜਿਸ ਵਿਚ ਉਦੋਂ ਭੱਠਲ ਪਿੰਡ ਪੈਂਦਾ ਸੀ) ਦੇ ਮਹਾਰਾਜਾ ਰਿਪੁਦਮਨ ਸਿੰਘ ਨਾਲ ਸੰਪਰਕ ਸੀ ਕਿਉਂਕਿ ਦੋਹਾਂ ਦੀਆਂ ਭਾਵਨਾਵਾਂ ਬੁਨਿਆਦੀ ਤੌਰ 'ਤੇ ਮੇਲ ਖਾਂਦੀਆਂ ਸਨ। ਫਲਸਰੂਪ ਮਹਾਰਾਜੇ ਨੂੰ ਗਦੀਓਂ ਉਤਾਰਿਆ ਗਿਆ ਅਤੇ ਬਾਬਾ ਹੀਰਾ ਸਿੰਘ ਨੂੰ ਵਖ ਵਖ ਜੇਲ੍ਹਾਂ ਦੀ ਕੈਦ ਕਟਣੀ ਪਈ। ਇਸ ਨੇ ਲਗਭਗ 18 ਸਾਲ ਲਾਹੌਰ, ਮੁਲਤਾਨ, ਅੰਮ੍ਰਿਤਸਰ, ਗੁਰਦਾਸਪੁਰ, ਨਾਭਾ, ਪਟਿਆਲਾ, ਅੰਬਾਲਾ ਅਤੇ ਦਿੱਲੀ ਦੀਆਂ ਜੇਲ੍ਹਾਂ ਵਿਚ ਗੁਜ਼ਾਰੇ। ਜਾਇਦਾਦ ਜ਼ਬਤ ਹੋ ਗਈ ਅਤੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੀ ਪਤਨੀ ਬੀਬੀ ਹਰਨਾਮ ਕੌਰ ਨੇ ਭੱਠਲ ਦੀਆਂ ਦੇਸ਼- ਭਗਤੀ ਪੂਰਣ ਸਰਗਰਮੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਉਹ ਰੂਪੋਸ਼ ਵੀ ਹੋਈ ਅਤੇ ਜੇਲ੍ਹ ਵੀ ਗਈ। ਗ੍ਰਿਫ਼ਤਾਰ ਕੀਤੇ ਜਾਣ ਵੇਲੇ ਉਸ ਦੀ ਧੀ ਬੀਬੀ ਸ਼ਮਸ਼ੇਰ ਕੌਰ ਕੁਛੜ ਸੀ ਅਤੇ ਬੀਬੀ ਰਾਜਿੰਦਰ ਕੌਰ ਜੇਲ੍ਹ ਵਿਚ ਹੀ ਪੈਦਾ ਹੋਈ। ਦੇਸ਼ ਦੀ ਆਜ਼ਾਦੀ ਵੇਲੇ ਇਹ ਪਰਿਵਾਰ ਲਾਹੌਰ ਦੀ ਜੇਲ੍ਹ ਵਿਚ ਕੈਦ ਸੀ।

ਸੰਨ 1952 ਈ. ਵਿਚ ਇਹ ਭਾਰੀ ਬਹੁਮਤ ਨਾਲ ਪੈਪਸੂ ਦਾ ਵਿਧਾਇਕ ਚੁਣਿਆ ਗਿਆ। ਇਸ ਦੇ ਬੱਚੇ ਵੀ ਰਾਜਨੀਤੀ ਅਤੇ ਸਮਾਜ ਸੇਵਾ ਵਿਚ ਮੋਹਰੀ ਹਨ। ਬੀਬੀ ਰਾਜਿੰਦਰ ਕੌਰ ਤਾਂ ਪੰਜਾਬ ਦੀ ਮੁੱਖ ਮੰਤਰੀ ਵੀ ਰਹਿ ਚੁਕੀ ਹੈ ਅਤੇ ਮੰਤਰੀ ਪਦ ਉਤੇ ਹੁਣ ਵੀ ਕੰਮ ਕਰ ਰਹੀ ਹੈ। ਬਾਬਾ ਹੀਰਾ ਸਿੰਘ ਦੀ ਮ੍ਰਿਤੂ ਸੰਨ 1989 ਈ. ਵਿਚ ਹੋਈ। ਇਸ ਤੋਂ ਕੁਝ ਸਾਲ ਬਾਦ 1992 ਈ. ਵਿਚ ਬੀਬੀ ਹਰਨਾਮ ਕੌਰ ਦਾ ਵੀ ਦੇਹਾਂਤ ਹੋ ਗਿਆ।

**ਹੀਰਾ ਸਿੰਘ, ਭਾਈ, ਰਾਗੀ** (1879-1926 ਈ.): ਗੁਰਮਤਿ-ਕੀਰਤਨ ਦਾ ਇਕ ਪ੍ਰਮੁਖ ਰਾਗੀ ਜਿਸ ਦਾ ਜਨਮ ਸੰਨ 1879 ਈ. ਵਿਚ ਪਿੰਡ ਫ਼ਰੂਕਾ, ਜ਼ਿਲ੍ਹਾ ਸ਼ਾਹਪੁਰ-ਸਰਗੋਧਾ (ਪੱਛਮੀ ਪੰਜਾਬ) ਵਿਚ ਭਾਈ ਭਾਗ ਸਿੰਘ ਦੇ ਘਰ ਬੀਬੀ ਸਤਭਰਾਈ ਦੀ ਕੁੱਖੋਂ ਹੋਇਆ। ਕਹਿੰਦੇ ਹਨ ਕਿ ਵਿਆਹ ਹੋਇਆਂ 18 ਵਰ੍ਹੇ ਬੀਤਣ 'ਤੇ ਵੀ ਜਦੋਂ ਭਾਈ ਭਾਗ ਸਿੰਘ ਦੇ ਘਰ ਕੋਈ ਔਲਾਦ ਨ ਹੋਈ ਤਾਂ ਸੰਤ ਰਾਮ-ਕਿਸ਼ਨ ਦੀ ਅਸੀਸ ਨਾਲ ਭਾਈ ਹੀਰਾ ਸਿੰਘ ਦਾ ਜਨਮ ਹੋਇਆ। ਇਸ ਨੇ ਮੁੱਢਲੀ ਗੁਰਮੁਖੀ ਵਿਦਿਆ ਆਪਣੇ ਪਿੰਡ ਦੀ ਧਰਮਸ਼ਾਲਾ ਤੋਂ ਪ੍ਰਾਪਤ ਕੀਤੀ ਅਤੇ ਪ੍ਰਾਇਮਰੀ ਤਕ ਪੜ੍ਹਾਈ ਉਥੋਂ ਦੇ ਸਕੂਲ ਵਿਚ ਕੀਤੀ। ਅੱਠਵੀਂ ਤਕ ਪੜ੍ਹਨ ਲਈ ਸਾਹੀਵਾਲ ਭੇਜਿਆ ਗਿਆ, ਪਰ ਪੜ੍ਹਾਈ ਵਿਚੇ ਛਡ ਕੇ ਪਿੰਡ ਪਰਤ ਆਇਆ ਅਤੇ ਭਾਈ ਮਾਹਣਾ ਸਿੰਘ ਤੋਂ ਗੁਰਬਾਣੀ ਅਤੇ ਸਿੱਖ-ਇਤਿਹਾਸ ਪੜ੍ਹਨ ਲਗ ਗਿਆ।

ਭਾਈ ਹੀਰਾ ਸਿੰਘ ਨੇ ਗੁਰਮਤਿ-ਕੀਰਤਨ ਦੀ ਸਿਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ ਜੋ ਪਿੰਡ ਦੇ ਗੁਰਦੁਆਰੇ ਵਿਚ ਕੀਰਤਨ ਕਰਦੇ ਹੁੰਦੇ ਸਨ ਅਤੇ ਸਾਰੰਗੀ ਅਤੇ ਤਾਊਸ ਵਜਾਉਣ ਵਿਚ ਮਾਹਿਰ ਸਨ। ਇਸ ਤੋਂ ਬਾਦ ਇਹ ਨਿਰੰਕਾਰੀ ਦਰਬਾਰ, ਰਾਵਲਪਿੰਡੀ ਅਤੇ ਨਾਮਧਾਰੀ ਦਰਬਾਰ, ਭੈਣੀ ਸਾਹਿਬ ਵਿਚ ਵੀ ਕੀਰਤਨ ਕਰਨ ਦੀ ਸਿਖਿਆ ਪ੍ਰਾਪਤ ਕਰਦਾ ਰਿਹਾ। ਫਿਰ ਇਹ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੀ ਸ਼ਰਣ ਵਿਚ ਗਿਆ ਅਤੇ ਉਨ੍ਹਾਂ ਦੇ ਜੱਥੇ ਨਾਲ ਹਜ਼ੂਰ ਸਾਹਿਬ ਦੀ ਯਾਤ੍ਰਾ ਵੀ ਕੀਤੀ। ਸੰਨ 1897 ਈ. ਵਿਚ ਇਹ ਪਰਿਵਾਰ ਸਹਿਤ ਅੰਮ੍ਰਿਤਸਰ ਜਾ ਵਸਿਆ ਅਤੇ ਹਜ਼ੂਰੀ ਰਾਗੀ ਭਾਈ ਤਖ਼ਤ ਸਿੰਘ ਤੋਂ ਕੀਰਤਨ ਦੀ ਸਿਖਿਆ ਪ੍ਰਾਪਤ ਕੀਤੀ। ਫਿਰ ਭਾਈ ਵੀਰ ਸਿੰਘ ਦੀ ਸੰਗਤ ਕਰਕੇ ਇਹ ਗੁਰੂਬਾਣੀ ਦੇ ਗੰਭੀਰ ਅਧਿਐਨ ਵਲ ਰੁਚਿਤ ਹੋ ਗਿਆ। ਨਾਲ ਨਾਲ ਖ਼ਾਲਸਾ ਟ੍ਰੈਕਟ ਸੋਸਾਇਟੀ ਵਿਚ ਵੀ ਕੰਮ ਕਰਨ ਲਗ ਗਿਆ ਅਤੇ ਚੀਫ਼ ਖ਼ਾਲਸਾ ਦੀਵਾਨ ਦਾ ਵੀ ਕਾਰਕੁੰਨ ਬਣ ਗਿਆ।

ਸੰਨ 1908 ਈ. ਵਿਚ ਹੋਈ ਸਿੱਖ ਵਿਦਿਅਕ ਕਾਨਫ਼੍ਰੰਸ ਦੀ ਸਫਲਤਾ ਲਈ ਇਸ ਨੇ ਅਨੇਕ ਥਾਂਵਾਂ 'ਤੇ ਘੁੰਮ ਫਿਰ ਕੇ ਸਿੱਖਾਂ ਵਿਚ ਵਿਦਿਆ ਦੇ ਵਿਕਾਸ ਉਤੇ ਉਚੇਚਾ ਬਲ ਦਿੱਤਾ। ਇਸ ਤਰ੍ਹਾਂ ਸਿੱਖਾਂ ਵਿਚ ਵਿਦਿਆ ਪ੍ਰਸਾਰ ਦਾ ਜੋ ਬੀੜਾ ਚੀਫ਼-ਖ਼ਾਲਸਾ ਦੀਵਾਨ ਨੇ ਚੁਕਿਆ ਸੀ, ਉਸ ਨੂੰ ਕ੍ਰਿਆਸ਼ੀਲ ਕਰਨ ਵਿਚ ਭਾਈ ਹੀਰਾ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ।

ਆਪਣੇ ਪਿਤਾ ਨਾਲ ਮਿਲ ਕੇ ਇਸ ਨੇ ਜੋ ਕੀਰਤਨੀ -ਜੱਥਾ ਬਣਾਇਆ, ਉਸ ਦੀ ਵਿਸਮਾਦੀ ਸੁਰ ਨੇ ਲੱਖਾਂ ਸਰੋਤਿਆਂ ਨੂੰ ਕੀਲਿਆ ਅਤੇ ਗੁਰਬਾਣੀ ਨਾਲ ਜੋੜਿਆ। ਕਹਿੰਦੇ ਹਨ ਕਿ ਸੰਨ 1925 ਈ. ਵਿਚ ਗਵਾਲੀਅਰ ਵਿਚ ਭਾਈ ਹੀਰਾ ਸਿੰਘ ਦੇ ਕੀਤੇ ਕੀਰਤਨ ਤੋਂ ਹਾਜੀ ਮੁਹੰਮਦ ਮਿਸਕੀਨ ਇਤਨਾ ਪ੍ਰਭਾਵਿਤ ਹੋਇਆ ਕਿ ਭਾਈ ਜੀ ਨਾਲ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਆਇਆ ਅਤੇ 1,45,000 ਸੰਦਲੀ ਤਾਰਾਂ ਦੀ ਆਪਣੇ ਹੱਥ ਨਾਲ ਬਣਾਈ ਹੋਈ ਚੌਰ ਦਰਬਾਰ ਸਾਹਿਬ ਵਿਚ ਭੇਂਟ ਕੀਤੀ ਜੋ ਹੁਣ ਵੀ ਉਥੇ ਸੁਰਖਿਅਤ ਹੈ।

ਕੈਂਸਰ ਦੀ ਨਾਮੁਰਾਦ ਬੀਮਾਰੀ ਨੇ 2 ਸਤੰਬਰ 1926 ਈ. ਨੂੰ ਭਾਈ ਹੀਰਾ ਸਿੰਘ ਦਾ ਨਾਤਾ ਸੰਸਾਰ ਨਾਲੋਂ ਤੋੜ ਦਿੱਤਾ। ਉਨ੍ਹਾਂ ਦਿਨਾਂ ਵਿਚ ਭਾਈ ਜੀ ਦਾ ਦੇਹਰਾਦੂਨ ਇਲਾਜ ਚਲ ਰਿਹਾ ਸੀ। ਉਸ ਵਕਤ ਦੀਆਂ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਆਪ ਦੇ ਅਕਾਲ ਚਲਾਣੇ 'ਤੇ ਸਿੱਖ-ਧਰਮ ਦੀਆਂ ਸੰਸਥਾਵਾਂ ਵਲੋਂ ਭਾਵ-ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ।

**ਹੀਰਾ ਸਿੰਘ, ਮਹਾਰਾਜਾ** : ਨਾਭਾ ਰਿਆਸਤ ਦਾ ਇਕ ਸਸ਼ਕਤ ਪ੍ਰਸ਼ਾਸਕ। ਵੇਖੋ 'ਨਾਭਾ ਰਿਆਸਤ'।

**ਹੀਰਾ ਘਾਟ, ਗੁਰਦੁਆਰਾ** : ਸਚਖੰਡ ਹਜ਼ੂਰ ਸਾਹਿਬ ਵਿਚ ਇਕ ਇਤਿਹਾਸਿਕ ਗੁਰੂ-ਧਾਮ। ਵੇਖੋ 'ਹਜ਼ੂਰ ਸਾਹਿਬ', 'ਨਾਂਦੇੜ (ਨਗਰ)'।

**ਹੁਕਮ** : 'ਹੁਕਮ' ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਕੋਸ਼ਗਤ ਅਰਥ ਹੈ— ਆਗਿਆ, ਫ਼ੁਰਮਾਨ, ਆਦੇਸ਼। ਅਰਬ ਅਤੇ ਉਸ ਦੇ ਨੇੜੇ ਲਗਦੇ ਦੇਸ਼ਾਂ ਵਿਚ ਇਸ ਸ਼ਬਦ ਦੀ ਵਰਤੋਂ ਸ਼ਾਹੀ ਅਤੇ ਇਲਾਹੀ ਫ਼ੁਰਮਾਨ ਲਈ ਪੁਰਾਤਨ ਸਮੇਂ ਤੋਂ ਹੁੰਦੀ ਆਈ ਹੈ। ਕੁਰਾਨਿਕ ਸਾਹਿਤ ਵਿਚ ਵੀ ਇਹ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਗਿਆ ਹੈ। ਯਾਰ੍ਹਵੀਂ ਸਦੀ ਵਿਚ ਰਚੀ ਗਈ ਸੂਫ਼ੀਮਤ ਦੀ ਸਿੱਧਾਂਤਿਕ ਪੁਸਤਕ 'ਕਸ਼ਫੁਲ ਮਹਜੂਬ' ਵਿਚ 'ਹੁਕਮ' ਦੇ ਸਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ ਕਿ ਹੁਕਮ ਤੇਜਸ਼ਵੀ ਅੱਲ੍ਹਾ ਨੇ

ਕਰਨੇ ਹਨ, ਹਰ ਕਿਸੇ ਉਤੇ ਉਸ ਦਾ ਹੁਕਮ ਵਖ ਵਖ ਢੰਗਾਂ ਨਾਲ ਲਾਗੂ ਹੁੰਦਾ ਹੈ।

ਗੁਰਬਾਣੀ ਵਿਚ ਥਾਂ-ਪਰ-ਥਾਂ 'ਹੁਕਮ' ਨੂੰ ਮੰਨਣ ਦੀ ਤਾਕੀਦ ਕੀਤੀ ਗਈ ਹੈ। ਇਸ ਨੂੰ ਮੰਨਣ ਨਾਲ ਹੀ ਅਧਿਆਤਮਿਕ ਸੁਖ ਦੀ ਪ੍ਰਾਪਤੀ ਜਾਂ ਪਰਮਾਤਮਾ ਦੀ ਸੰਜੋਗ -ਅਵਸਥਾ ਦਾ ਅਨੁਭਵ ਹੋ ਸਕਦਾ ਹੈ (*ਹੁਕਮੁ ਮੰਨੇ ਸੋਈ ਸੁਖੁ ਪਾਏ, ਹੁਕਮੇ ਲਏ ਮਿਲਾਇ*)। ਗੁਰਬਾਣੀ ਤੋਂ ਪਹਿਲਾਂ ਦੇ ਨਿਰਗੁਣ ਜਾਂ ਸਗੁਣ ਕਾਵਿ ਵਿਚ ਇਸ ਸ਼ਬਦ ਦੀ ਵਰਤੋਂ, ਵਿਚਾਰ ਅਧੀਨ ਵਿਸ਼ੇਸ਼ ਭਾਵ ਨਾਲ, ਕਿਤੇ ਨਹੀਂ ਹੋਈ। ਇਸ ਲਈ ਗੁਰਬਾਣੀ ਦਾ ਇਹ ਇਕ ਵਿਸ਼ੇਸ਼ ਪਰਿਭਾਸ਼ਿਕ ਸ਼ਬਦ ਕਿਹਾ ਜਾ ਸਕਦਾ ਹੈ।

ਗੁਰਮਤਿ ਵਿਚ 'ਹੁਕਮ' ਤੋਂ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਗਈ ਹੈ— *ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ*। ਇਸਲਾਮ ਵਿਚ ਵੀ ਸ੍ਰਿਸ਼ਟੀ ਦੀ ਉਤਪੱਤੀ ਹੁਕਮ ਤੋਂ ਹੀ ਮੰਨੀ ਗਈ ਹੈ। 'ਕੁਨ' (ਹੋ ਜਾ) ਅਤੇ 'ਫ਼ੀ-ਕੁਨ' (ਹੋ ਗਈ) ਸ਼ਬਦਾਂ ਦੀ ਵਰਤੋਂ ਨਾਲ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ। ਇਸ ਸਿੱਧਾਂਤ ਦੇ ਸਮਾਨਾਂਤਰ ਗੁਰੂ ਨਾਨਕ ਦੇਵ ਜੀ ਨੇ ਵੀ 'ਜਪੁਜੀ' ਵਿਚ *ਕੀਤਾ ਪਸਾਉ ਏਕੋ ਕਵਾਉ* ਦੀ ਸਥਾਪਨਾ ਕੀਤੀ ਹੈ। ਪਰ, ਡਾ. ਸ਼ੇਰ ਸਿੰਘ ('ਗੁਰਮਤਿ ਦਰਸ਼ਨ') ਅਨੁਸਾਰ, 'ਕੁਨ' ਅਤੇ ਗੁਰੂ ਨਾਨਕ ਦੇਵ ਜੀ ਦੇ 'ਕਵਾਉ' ਵਿਚ ਅੰਤਰ ਹੈ। ਇਸਲਾਮ ਦੇ 'ਕੁਨ' ਦੁਆਰਾ ਤੁਰੰਤ ਸ੍ਰਿਸ਼ਟੀ ਦੀ ਰਚਨਾ ਸਿਧ ਹੁੰਦੀ ਹੈ, ਪਰ ਗੁਰੂ ਨਾਨਕ ਦੇਵ ਜੀ ਦੇ 'ਕਵਾਉ' ਰਾਹੀਂ ਸ੍ਰਿਸ਼ਟੀ ਦਾ ਹੌਲੀ ਹੌਲੀ ਪ੍ਰਸਾਰ ਹੁੰਦਾ ਹੈ, ਸਿਲਸਿਲੇਵਾਰ ਵਿਕਾਸ ਹੁੰਦਾ ਹੈ।

'ਹੁਕਮ' ਸ਼ਬਦ ਦੇ ਮੁੱਢਲੇ ਇਸਲਾਮਿਕ ਸਾਹਿਤ ਵਿਚ ਹੋਏ ਪ੍ਰਯੋਗ ਤੋਂ ਬਾਦ ਖ਼ਲੀਫ਼ਿਆਂ ਦੇ ਯੁਗ ਵਿਚ ਇਸ ਸ਼ਬਦ ਦੇ ਸਰੂਪ ਅਤੇ ਸਮਰਥਾ ਵਿਚ ਕਾਫ਼ੀ ਵਿਕਾਸ ਹੋਇਆ ਅਤੇ ਇਸ ਨੂੰ ਭੌਤਿਕ ਸ਼ਕਤੀ ਦੀ ਪ੍ਰਭੁਤਾ ਅਤੇ ਪ੍ਰਸਾਰ ਦਾ ਪ੍ਰਤੀਕ ਜਿਹਾ ਸਮਝਿਆ ਜਾਣ ਲਗਾ। ਇਹ ਸ਼ਬਦ ਆਪਣੀ ਅਧਿਆਤਮਿਕ ਅਤੇ ਭੌਤਿਕ ਪਿਛੋਕੜ ਸਹਿਤ ਮੁਸਲਮਾਨ ਹਮਲਾਵਰਾਂ ਦੇ ਨਾਲ ਭਾਰਤ ਵਿਚ ਆਇਆ ਅਤੇ ਇਸ ਨੇ ਜਨ-ਭਾਸ਼ਾ ਵਿਚ ਆਪਣਾ ਸਥਾਨ ਬਣਾ ਲਿਆ— *ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ*। (ਗੁ.ਗ੍ਰੰ. 471)। ਦਿੱਲੀ ਦੇ ਸੁਲਤਾਨਾਂ ਦੇ ਹੁਕਮਾਂ ਨੇ ਭਾਰਤੀ ਧਰਮ, ਸਭਿਅਤਾ ਅਤੇ ਸੰਸਕ੍ਰਿਤੀ ਦੀਆਂ ਬੁਨਿਆਦਾਂ ਨੂੰ ਝੰਜੋੜ ਦਿੱਤਾ। ਸਾਰਾ ਜਨ-ਜੀਵਨ ਸੁਲਤਾਨਾਂ ਦੇ ਹੁਕਮਾਂ ਦੇ ਵਸ ਵਿਚ ਹੋ ਗਿਆ ਅਤੇ ਭਾਰਤੀ ਗੌਰਵ ਖ਼ੁਰਨ ਲਗ ਗਿਆ।

ਇਸ ਸ਼ਬਦ ਦੁਆਰਾ ਸੰਚਾਰਿਤ ਸਮਰਥਾ ਅਤੇ ਜਨ-ਜੀਵਨ ਉਤੇ ਪਏ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਗੁਰੂ ਨਾਨਕ ਦੇਵ ਜੀ ਦਾ ਕਵੀ ਹਿਰਦਾ ਦ੍ਰਵਿਤ ਹੋ ਗਿਆ ਅਤੇ ਉਨ੍ਹਾਂ ਨੇ ਇਸ ਸ਼ਬਦ ਦੀ ਵਰਤੋਂ ਅਧਿਆਤਮਿਕ ਚਿੰਤਨ ਅਤੇ ਭਗਤੀ -ਭਾਵਨਾ ਦੇ ਖੇਤਰ ਵਿਚ ਸ਼ੁਰੂ ਕੀਤੀ। ਗੁਰੂ ਜੀ ਨੇ ਭਾਵਨਾ ਅਤੇ ਸ਼ਰਧਾ ਦੀ ਅੰਮ੍ਰਿਤਧਾਰਾ ਨਾਲ ਸਿੰਜ ਕੇ ਇਸ ਸ਼ਬਦ ਨੂੰ ਆਪਣੇ ਨਵੇਂ ਅਤੇ ਮੌਲਿਕ ਰੂਪ ਵਿਚ ਗੁਰਬਾਣੀ ਵਿਚ ਸ਼ੁਰੂ ਕੀਤਾ। ਪਰਮਾਤਮਾ ਕਰਤਾ-ਪੁਰਖ ਹੈ, ਇਸ ਲਈ ਉਸ ਦਾ ਆਦੇਸ਼ ਜਾਂ ਆਗਿਆ ਹੀ 'ਹੁਕਮ' ਹੈ ਅਤੇ ਹੁਕਮ ਕਰਨ ਵਾਲਾ ਪਰਮਾਤਮਾ 'ਹੁਕਮੀ' ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਇਕ ਨਵਾਂ ਪਰਿਭਾਸ਼ਿਕ ਰੂਪ ਸਾਹਮਣੇ ਆਇਆ।

ਭਿੰਨ ਭਿੰਨ ਵਿਦਵਾਨਾਂ ਨੇ ਇਸ ਸ਼ਬਦ ਦੇ ਨਵੇਂ ਪ੍ਰਯੋਗ ਕਾਰਣ ਇਸ ਦੇ ਵਖ ਵਖ ਅਰਥ ਕੀਤੇ ਹਨ। ਕਿਸੇ ਨੇ ਇਸ ਨੂੰ ਈਸ਼ਵਰੀ ਇੱਛਾ ਜਾਂ ਇਰਾਦਾ ਕਿਹਾ ਹੈ, ਕਿਸੇ ਨੇ ਸ੍ਰਿਸ਼ਟੀ-ਵਿਧਾਨ, ਦੈਵੀ-ਵਿਧਾਨ, ਪਰਮਾਤਮਾ ਦਾ ਸਮੁੱਚਾ ਵਿਧਾਨ, ਪਰਮਾਤਮਾ ਦੇ ਨਿਯਮਾਂ ਦਾ ਸਮੁੱਚ, ਨਿਰਦੇਸ਼ਕ ਸਿੱਧਾਂਤ, ਵਿਸ਼ਵ ਦਾ ਨਿਯੰਤ੍ਰਕ ਨਿਯਮ ਆਦਿ ਅਰਥ ਕੀਤੇ ਹਨ। ਗੁਰੂ ਨਾਨਕ ਦੇਵ ਜੀ ਨੇ ਹੁਕਮ ਦੁਆਰਾ ਹੀ ਸ੍ਰਿਸ਼ਟੀ ਦੀ ਰਚਨਾ ਮੰਨ ਕੇ ਇਸ ਨੂੰ ਵਿਸ਼ਵ-ਵਿਆਪੀ ਨਿਯਮ ਸਿਧ ਕੀਤਾ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਪਹਿਲਾਂ ਵੀ ਹੁਕਮ ਮੌਜੂਦ ਸੀ (*ਧਰਣਿ ਨ ਗਗਨਾ ਹੁਕਮੁ ਅਪਾਰਾ*—ਗੁ.ਗ੍ਰੰ.1035)। 'ਜਪੁਜੀ' ਅਨੁਸਾਰ ਹੁਕਮ ਤੋਂ ਹੀ ਸ੍ਰਿਸ਼ਟੀ ਦੇ ਸਾਰੇ ਆਕਾਰ ਹੋਂਦ ਵਿਚ ਆਉਂਦੇ ਹਨ। ਹੁਕਮ ਰਾਹੀਂ ਹੀ ਜੀਵਾਂ ਦੀ ਉਤਪੱਤੀ ਹੁੰਦੀ ਹੈ, ਉਨ੍ਹਾਂ ਨੂੰ ਵਡਿਆਈ ਮਿਲਦੀ ਹੈ, ਹੁਕਮ ਨਾਲ ਹੀ ਉਹ ਮਾੜੇ ਚੰਗੇ ਬਣਦੇ ਹਨ ਅਤੇ ਦੁਖ-ਸੁਖ ਪ੍ਰਾਪਤ ਕਰਦੇ ਹਨ। ਹੁਕਮ ਨਾਲ ਹੀ ਉਹ ਬਖ਼ਸ਼ੇ ਜਾਂਦੇ ਹਨ, ਜਾਂ ਆਵਾਗਵਣ ਵਿਚ ਪੈਂਦੇ ਹਨ। ਸਾਰਾ ਸੰਸਾਰ ਹੁਕਮ-ਵਸ ਹੈ। ਸਚ ਤਾਂ ਇਹ ਹੈ ਕਿ ਸਾਰੀ ਸ੍ਰਿਸ਼ਟੀ ਹੁਕਮ ਦੇ ਪ੍ਰਭਾਵ ਵਿਚ ਹੈ, ਇਸ ਤੋਂ ਬਾਹਰ ਕੁਝ ਵੀ ਨਹੀਂ— *ਹੁਕਮੇ ਆਵੈ ਹੁਕਮੇ ਜਾਇ। ਆਗੈ ਪਾਛੈ ਹੁਕਮ ਸਮਾਇ।* (ਗੁ.ਗ੍ਰੰ.151)।

ਉਪਰੋਕਤ ਤੱਥਾਂ ਦੇ ਪ੍ਰਕਾਸ਼ ਵਿਚ ਹੁਕਮ ਦੇ ਸਰੂਪ ਅਤੇ ਸਮਰਥਾ ਨੂੰ ਕੁਝ ਵਿਸਥਾਰ ਨਾਲ ਵਿਚਾਰਨਾ ਉਚਿਤ ਹੋਵੇਗਾ। ਨਿਰਗੁਣ ਭਗਤੀ ਵਿਚ ਪਰਮਾਤਮਾ ਦਾ ਸਰੂਪ

ਅਕਥਨੀਯ ਜਾਂ ਵਰਣਨ ਤੋਂ ਪਰੇ ਹੈ। ਉਸ ਵਰਣਨ ਤੋਂ ਪਰੇ ਪਰਮਾਤਮਾ ਦਾ ਹੁਕਮ ਵੀ ਗੁਰੂ ਨਾਨਕ ਦੇਵ ਜੀ ਅਨੁਸਾਰ ਵਰਣਨ ਤੋਂ ਪਰੇ ਹੈ। 'ਜਪੁਜੀ' ਵਿਚ *ਹੁਕਮ ਨ ਕਹਿਆ ਜਾਈ* ਦੀ ਸਥਾਪਨਾ ਹੋਈ ਹੈ। 'ਸਿਧ ਗੋਸਟਿ' ਵਿਚ ਹੁਕਮ ਦੀ ਅਕਥਨੀਅਤਾ ਲਈ ਗੁਰੂ ਜੀ ਨੇ 'ਬਿਸਮਾਦ' ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਨੂੰ ਨਾਮ ਦਾ ਸਮਾਨ-ਅਰਥਕ ਮੰਨਿਆ ਗਿਆ ਹੈ— *ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।* (ਗੁ.ਗ੍ਰੰ.72)। ਗੁਰਬਾਣੀ ਅਨੁਸਾਰ ਨਾਮ ਪਰਮਾਤਮਾ ਦਾ ਵਾਚਕ ਸ਼ਬਦ ਹੈ। ਨਾਮ ਪਰਮਾਤਮਾ ਦੀਆਂ ਸਾਰੀਆਂ ਸਮਰਥਤਾਵਾਂ ਦਾ ਤੱਤੂ ਹੈ— *ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ।*(ਗੁ.ਗ੍ਰੰ.4)।ਅਤੇ, ਬਾਕੀ ਸਾਰੀਆਂ ਸ਼ਕਤੀਆਂ ਇਸ ਦੇ ਅਧੀਨ ਹਨ (*ਸਰਬ ਜੋਤਿ ਨਾਮੈ ਕੀ ਚੇਰਿ*— ਗੁ.ਗ੍ਰੰ.1187)। ਇਸ ਤਰ੍ਹਾਂ ਨਾਮ ਅਤੇ ਨਾਮੀ ਵਿਚ ਕੋਈ ਅੰਤਰ ਨਹੀਂ, ਦੋਵੇਂ ਪਰਸਪਰ ਅਭਿੰਨ ਹਨ। ਚੂੰਕਿ 'ਨਾਮ' 'ਹੁਕਮ' ਦਾ ਭਾਵ-ਬੋਧਕ ਹੈ, ਇਸ ਲਈ 'ਹੁਕਮ' ਅਤੇ 'ਹੁਕਮੀ' ਵਿਚ ਵੀ ਕੋਈ ਅੰਤਰ ਨਹੀਂ, ਦੋਵੇਂ ਪਰਸਪਰ ਅਭਿੰਨ ਹਨ।

ਜਿਵੇਂ ਪਰਮਾਤਮਾ ਅਸੀਮ ਅਤੇ ਅਨੰਤ ਹੈ, ਉਸੇ ਤਰ੍ਹਾਂ ਉਸ ਦੇ ਹੁਕਮ ਦਾ ਸਰੂਪ ਵੀ ਹੈ। ਉਹ ਕਿਤਨਾ ਅਨੰਤ ਹੈ, ਕਿਤਨਾ ਵਿਸ਼ਾਲ ਹੈ ? ਇਸ ਦਾ ਅਨੁਮਾਨ ਕਰਨਾ ਵੀ ਸਰਲ ਨਹੀਂ। ਉਸ ਨੂੰ ਨ ਲਿਖਿਆ ਜਾ ਸਕਦਾ ਹੈ ਅਤੇ ਨ ਹੀ ਉਸ ਦਾ ਵਿਖਿਆਨ ਕੀਤਾ ਜਾ ਸਕਦਾ ਹੈ, ਭਾਵੇਂ ਸੈਂਕੜੇ ਕਵੀ ਇਕੱਠੇ ਕਰ ਲਏ ਜਾਣ, ਉਨ੍ਹਾਂ ਲਈ ਉਸ ਦਾ ਤਿਲ-ਮਾਤ੍ਰ ਵਰਣਨ ਕਰ ਸਕਣਾ ਵੀ ਮੁਸ਼ਕਿਲ ਹੈ— *ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ। ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ। ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ।*(ਗੁ.ਗ੍ਰੰ.53)। ਅਸਲ ਵਿਚ, ਸਭ ਦਿਨ-ਰਾਤ, ਵਾਰ-ਥਿਤ, ਰੁਤ-ਮਾਸ, ਜਲ-ਧਰਤੀ, ਵਾਯੂ-ਅਗਨੀ, ਲੋਕ-ਪਰਲੋਕ, ਸਭ ਉਤੇ ਪਰਮਾਤਮਾ ਦਾ ਹੁਕਮ ਚਲਦਾ ਹੈ। ਸਾਰੀ ਸ੍ਰਿਸ਼ਟੀ, ਉਸ ਦੀ ਸਾਰੀ ਗਤਿ-ਵਿਧੀ, ਸਾਰੀਆਂ ਭੌਤਿਕ, ਅਭੌਤਿਕ ਸ਼ਕਤੀਆਂ ਹੁਕਮ ਅਧੀਨ ਹਨ। ਸਾਰੀ ਸ੍ਰਿਸ਼ਟੀ ਦਾ ਕਾਰਜ-ਵਿਧਾਨ ਵੀ ਹੁਕਮ ਦੁਆਰਾ ਸਿਰੇ ਚੜ੍ਹਦਾ ਹੈ ਅਤੇ ਉਸ ਸਭ ਵਿਚ ਪਰਮਾਤਮਾ ਵਿਆਪਤ ਹੈ।

ਹੁਕਮ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ ? ਇਸ ਪ੍ਰਸ਼ਨ ਦਾ ਉਤਰ ਦਿੰਦਿਆਂ ਗੁਰੂ ਜੀ ਨੇ ਦਸਿਆ ਹੈ ਕਿ ਹੁਕਮ ਦਾ ਭੇਦ ਚਤੁਰਤਾ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ— *ਹਿਕਮਤਿ ਹੁਕਮਿ ਨ ਪਾਇਆ ਜਾਇ।*(ਗੁ. ਗ੍ਰੰ.661)। ਇਸ ਦੀ ਪਛਾਣ ਸੱਚੇ ਗੁਰੂ ਦੁਆਰਾ ਹੁੰਦੀ ਹੈ— *ਸਾਚੇ ਗੁਰ ਤੇ ਹੁਕਮੁ ਪਛਾਨੁ।* (ਗੁ.ਗ੍ਰੰ.414)। ਗੁਰੂ ਦੀ ਕਿਰਪਾ ਇਸ ਦੀ ਪਛਾਣ ਲਈ ਅਤਿ ਜ਼ਰੂਰੀ ਹੈ। 'ਮੂਲ-ਮੰਤ੍ਰ' ਵਿਚ ਪਰਮਾਤਮਾ ਦਾ ਜੋ ਸਰੂਪ ਚਿਤਰਿਆ ਗਿਆ ਹੈ, ਉਸ ਦੀ ਪ੍ਰਾਪਤੀ ਦਾ ਸਾਧਨ 'ਗੁਰ-ਪ੍ਰਸਾਦਿ' ਦਸਿਆ ਗਿਆ ਹੈ। ਇਥੇ ਦੋ ਗੱਲਾਂ ਸਪੱਸ਼ਟ ਹਨ। ਇਕ ਇਹ ਕਿ ਪਰਮਾਤਮਾ (ਹੁਕਮੀ) ਅਤੇ ਹੁਕਮ ਵਿਚ ਕੋਈ ਅੰਤਰ ਨਹੀਂ, ਜਿਵੇਂ ਕਿਸੇ ਵਸਤੂ ਅਤੇ ਉਸ ਵਸਤੂ ਦੇ ਨਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਦੂਜਾ ਇਹ ਕਿ ਪਰਮਾਤਮਾ ਨੂੰ ਪਛਾਣਨ ਜਾਂ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਵਾਂਗ ਹੁਕਮ ਦੀ ਪਛਾਣ ਜਾਂ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੈ।

ਜੋ ਵਿਅਕਤੀ ਹੁਕਮ ਦੀ ਪਛਾਣ ਕਰ ਲੈਂਦਾ ਹੈ, ਉਹ ਹੰਕਾਰ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ (*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ*—ਗੁ.ਗ੍ਰੰ.1) ਅਤੇ ਉਹ ਸਤਿ-ਸਰੂਪ ਪਰਮਾਤਮਾ ਵਿਚ ਹੀ ਸਮਾ ਜਾਂਦਾ ਹੈ (*ਬੂਝੈ ਹੁਕਮੁ ਸੋ ਸਾਚਿ ਸਮਾਵੈ*— ਗੁ.ਗ੍ਰੰ.1025)। ਮਨੁੱਖ ਦੇ ਜੀਵਨ ਦਾ ਸਰਬੋਤਮ ਮਨੋਰਥ ਪਰਮਾਤਮਾ ਵਿਚ ਸਮਾਉਣਾ ਹੈ, ਇਕਮਿਕ ਹੋਣਾ ਹੈ, ਅਦ੍ਵੈਤ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਜਿਗਿਆਸੂ ਲਈ ਲਾਜ਼ਮੀ ਹੈ— *ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੇ।*(ਗੁ.ਗ੍ਰੰ.421)। 'ਜਪੁਜੀ' ਵਿਚੋਂ ਵੀ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ। 'ਜਪੁਜੀ' ਦੀ ਮੂਲ ਸਮਸਿਆ ਹੈ ਕਿ ਮਨੁੱਖ ਕਿਵੇਂ ਸਚਿਆਰ ਹੋ ਸਕਦਾ ਹੈ ਅਤੇ ਉਸ ਦੇ ਇਰਦ-ਗਿਰਦ ਉਸਰੀ ਮਾਇਕ ਪ੍ਰਪੰਚ ਦੀ ਦੀਵਾਰ ਕਿਵੇਂ ਢਹਿ ਸਕਦੀ ਹੈ?—*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ*। ਇਸ ਸਮਸਿਆ ਦਾ ਹਲ ਹੁਕਮ ਦੀ ਪਾਲਨਾ ਵਿਚ ਦਸਿਆ ਗਿਆ ਹੈ—*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ*।

ਸਾਰਾਂਸ਼ ਇਹ ਕਿ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਪਰਮਾਤਮਾ ਨੂੰ ਹੀ ਮੰਨਣਾ ਹੈ। ਜੋ ਉਸ ਦੇ ਹੁਕਮ ਨੂੰ ਮੰਨ ਲੈਂਦੇ ਹਨ ਉਹ ਉਸ ਦੇ ਦੁਆਰ ਉਤੇ ਸ਼ੋਭਾਸ਼ਾਲੀ ਹੁੰਦੇ ਹਨ। ਜੋ ਅਭਿਮਾਨ-ਵਸ ਈਸ਼ਵਰੀ ਹੁਕਮ ਦੀ ਪਾਲਨਾ ਨਹੀਂ

ਕਰਦੇ, ਉਹ ਖੁਆਰ ਹੁੰਦੇ ਹਨ— *ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ।* (ਗੁ.ਗ੍ਰੰ.992)।

**ਹੁਕਮ ਸਿੰਘ, ਸਰਦਾਰ** (1895-1983 ਈ.): ਵੀਹਵੀਂ ਸਦੀ ਵਿਚ ਹੋਏ ਇਕ ਪ੍ਰਮੁਖ ਸਿੱਖ ਨੇਤਾ ਅਤੇ ਲੋਕ-ਸਭਾ ਦੇ ਸਪੀਕਰ ਸ. ਹੁਕਮ ਸਿੰਘ ਦਾ ਜਨਮ 30 ਅਗਸਤ 1895 ਈ. ਨੂੰ ਸ. ਸ਼ਾਮ ਸਿੰਘ ਦੇ ਘਰ ਪੱਛਮੀ ਪੰਜਾਬ ਦੇ ਮਿੰਟਗੁਮਰੀ (ਸਾਹੀਵਾਲ) ਨਗਰ ਵਿਚ ਹੋਇਆ। ਇਸ ਨੇ ਸੰਨ 1913 ਈ. ਵਿਚ ਸਰਕਾਰੀ ਹਾਈ ਸਕੂਲ, ਮੰਟਗੁਮਰੀ ਤੋਂ ਦਸਵੀਂ ਪਾਸ ਕੀਤੀ ਅਤੇ ਉਥੋਂ ਦੇ ਹੈਡ ਮਾਸਟਰ ਸ. ਦਸੌਂਧਾ ਸਿੰਘ ਦੇ ਪ੍ਰਭਾਵ ਵਿਚ ਆ ਕੇ ਅਕਾਲੀ ਪਾਰਟੀ ਵਲ ਝੁਕਿਆ। ਇਸ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਸੰਨ 1917 ਈ. ਵਿਚ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਸੰਨ 1914-16 ਈ. ਵਿਚ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਮੈਂਬਰ ਰਿਹਾ। ਬੀ.ਏ. ਪਾਸ ਕਰਨ ਤੋਂ ਬਾਦ ਇਸ ਨੇ ਕੁਝ ਸਮੇਂ ਲਈ ਕੋਆਪਰੇਟਿਵ ਮਹਿਕਮੇ ਵਿਚ ਇੰਸਪੈਕਟਰ ਦੀ ਨੌਕਰੀ ਕੀਤੀ, ਪਰ ਜਲਦੀ ਛਡ ਕੇ ਲਾਅ ਕਾਲਜ, ਲਾਹੌਰ ਵਿਚ ਦਾਖ਼ਲਾ ਲੈ ਲਿਆ ਅਤੇ ਸੰਨ 1921 ਈ. ਵਿਚ ਐਲ-ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਨੇ ਆਪਣੇ ਸ਼ਹਿਰ ਵਿਚ ਹੀ ਵਕਾਲਤ ਕਰਨੀ ਸ਼ੁਰੂ ਕੀਤੀ ਅਤੇ ਸੰਨ 1947 ਈ. ਤਕ ਇਕ ਪ੍ਰਤਿਸ਼ਠਿਤ ਵਕੀਲ ਵਜੋਂ ਕੰਮ ਕਰਦਾ ਰਿਹਾ।

ਵਕਾਲਤ ਦੇ ਨਾਲ ਇਸ ਨੇ ਪੰਥਕ ਮਾਮਲਿਆਂ ਵਿਚ ਵੀ ਖ਼ੂਬ ਰੁਚੀ ਲਈ। ਗੁਰਦੁਆਰਾ ਸੁਧਾਰ ਲਹਿਰ ਵਿਚ ਭਾਗ ਲੈਣ ਕਾਰਣ 7 ਜਨਵਰੀ 1924 ਈ. ਨੂੰ ਪਕੜਿਆ ਗਿਆ ਅਤੇ ਦੋ ਸਾਲ ਦੀ ਕੈਦ ਭੁਗਤਣੀ ਪਈ। ਸੰਨ 1925 ਈ. ਵਿਚ ਪਾਸ ਹੋਏ ਸਿੱਖ ਗੁਰਦੁਆਰਾ ਐਕਟ ਅਧੀਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲਿਆ ਅਤੇ ਕਈ ਸਾਲਾਂ ਤਕ ਮੈਂਬਰ ਚੁਣਿਆ ਜਾਂਦਾ ਰਿਹਾ। ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਦੇ ਮਾਮਲੇ ਵਿਚ ਪਕੜਿਆ ਗਿਆ। 15 ਅਗਸਤ 1947 ਈ. ਨੂੰ ਦੇਸ਼-ਵੰਡ ਦੀ ਘੋਸ਼ਣਾ ਤੋਂ ਬਾਦ ਹੋਏ ਫ਼ਸਾਦਾਂ ਵਿਚ ਇਸ ਨੇ ਮਿੰਟਗੁਮਰੀ ਦੇ ਨਿਵਾਸੀ ਹਿੰਦੂਆਂ-ਸਿੱਖਾਂ ਦੀ ਬਹੁਤ ਮਦਦ ਕੀਤੀ ਅਤੇ ਉਨ੍ਹਾਂ ਨੂੰ ਸੁਰਖਿਅਤ ਤੌਰ 'ਤੇ ਪੂਰਬੀ ਪੰਜਾਬ ਵਿਚ ਲਿਆਉਣ ਦੀ ਸਫਲ ਭੂਮਿਕਾ ਨਿਭਾਈ।

ਆਜ਼ਾਦੀ ਤੋਂ ਬਾਦ ਗਿਆਨੀ ਕਰਤਾਰ ਸਿੰਘ ਦੀ ਸਹਾਇਤਾ ਨਾਲ ਇਸ ਨੂੰ ਕਪੂਰਥਲਾ ਰਿਆਸਤ ਵਿਚ ਹਾਈਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ। ਪਾਕਿਸਤਾਨ ਬਣਨ ਕਰਕੇ ਕਾਨਸਟੀਚਿਊਂਟ ਅਸੈਂਬਲੀ ਵਿਚ ਖ਼ਾਲੀ ਹੋਈਆਂ ਥਾਂਵਾਂ ਵਿਚੋਂ ਇਕ ਲਈ ਗਿਆਨੀ ਕਰਤਾਰ ਸਿੰਘ ਦੀ ਮਦਦ ਨਾਲ ਇਸ ਨੂੰ ਅਪ੍ਰੈਲ 1948 ਈ. ਵਿਚ ਚੁਣਿਆ ਗਿਆ ਅਤੇ ਮਾਰਚ 1952 ਈ. ਤਕ ਮੈਂਬਰ ਕਾਇਮ ਰਿਹਾ। ਸੰਨ 1952, 1957 ਅਤੇ 1962 ਈ. ਦੀਆਂ ਚੋਣਾਂ ਵਿਚ ਇਹ ਅਕਾਲੀ ਦਲ ਦੇ ਟਿਕਟ ਉਤੇ ਲੋਕ ਸਭਾ ਲਈ ਚੁਣਿਆ ਜਾਂਦਾ ਰਿਹਾ। ਸੰਨ 1956 ਈ. ਵਿਚ ਇਸ ਨੂੰ ਲੋਕ ਸਭਾ ਦੇ ਡਿਪਟੀ ਸਪੀਕਰ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਸੰਨ 1962 ਈ. ਦੀਆਂ ਚੋਣਾਂ ਵਿਚ ਜਿਤ ਕੇ ਆਉਣ 'ਤੇ ਇਸ ਨੂੰ ਲੋਕ ਸਭਾ ਦਾ ਸਪੀਕਰ ਬਣਾਇਆ ਗਿਆ। ਸੰਨ 1967 ਈ. ਦੀਆਂ ਚੋਣਾਂ ਵਿਚ ਇਸ ਨੇ ਹਿੱਸਾ ਨ ਲਿਆ ਅਤੇ ਇਸ ਨੂੰ ਰਾਜਸਥਾਨ ਦਾ ਗਵਰਨਰ ਬਣਾ ਦਿੱਤਾ ਗਿਆ ਜਿਥੇ ਇਸ ਨੇ ਜੂਨ 1972 ਈ. ਤਕ ਕੰਮ ਕੀਤਾ।

ਇਸ ਨੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਬਹੁਤ ਅਹਿਮ ਭੂਮਿਕਾ ਨਿਭਾਈ। ਇਹ ਵਖਰੇ ਸੂਬੇ ਦੀ ਹੋਂਦ ਧਰਮ ਦੀ ਬਜਾਏ ਭਾਸ਼ਾ ਦੇ ਆਧਾਰ 'ਤੇ ਕਾਇਮ ਕਰਨ ਦੇ ਹੱਕ ਵਿਚ ਸੀ। ਪਹਿਲਾਂ ਇਸ ਨੇ ਰਿਜਨਲ ਫਾਰਮੂਲਾ ਤਿਆਰ ਕਰਵਾਇਆ ਜੋ ਬਹੁਤ ਦੇਰ ਤਕ ਨ ਚਲ ਸਕਿਆ। ਪੰਜਾਬੀ ਸੂਬੇ ਲਈ ਕੀਤੀ ਜਦੋ-ਜਹਿਦ ਵੀ ਕਾਮਯਾਬ ਨਹੀਂ ਹੋ ਰਹੀ ਸੀ। ਪਰ ਜਦੋਂ ਸੰਨ 1965 ਈ. ਵਿਚ ਭਾਰਤ-ਪਾਕ ਲੜਾਈ ਵੇਲੇ ਸੰਤ ਫਤਹਿ ਸਿੰਘ ਨੇ ਆਪਣੇ ਅਨਿਸਚਿਤ ਕਾਲ ਦੇ ਬ੍ਰਤ ਨੂੰ ਸਥਗਿਤ ਕਰ ਦਿੱਤਾ ਅਤੇ ਦੇਸ਼ ਦੀ ਰਖਿਆ ਲਈ ਸੰਕਟ ਦੀ ਘੜੀ ਵਿਚ ਸਿੱਖਾਂ ਨੂੰ ਪੂਰਣ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਇਸ ਦਾ ਮੁਲਕ ਦੇ ਲੋਕਾਂ ਉਤੇ ਚੰਗਾ ਅਸਰ ਪਿਆ। ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤ੍ਰੀ ਨੇ ਪੰਜਾਬੀ ਸੂਬੇ ਦੇ ਮਸਲੇ ਨੂੰ ਵਿਚਾਰਨ ਲਈ ਸ. ਹੁਕਮ ਸਿੰਘ ਦੀ ਪ੍ਰਧਾਨਗੀ ਵਿਚ ਪਾਰਲੀਮੈਂਟਰੀ ਕਮੇਟੀ ਬਣਾਈ ਜਿਸ ਨੇ ਸਰਬ ਸੰਮਤੀ ਨਾਲ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਸਿਫ਼ਾਰਸ਼ ਕੀਤੀ। ਸਿੱਖ-ਹੱਕਾਂ ਅਤੇ ਸਿੱਖਾਂ ਦੇ ਭਖਦੇ ਮਸਲਿਆਂ ਨੂੰ ਸਹੀ ਪਰਿਪੇਖ ਵਿਚ ਲੋਕਾਂ ਦੇ ਸਾਹਮਣੇ ਰਖਣ ਲਈ ਇਸ ਨੇ ਸੰਨ 1951 ਈ. ਵਿਚ ਦਿੱਲੀ ਤੋਂ ਅੰਗ੍ਰੇਜ਼ੀ ਦਾ ਹਫ਼ਤਾਵਾਰ 'ਸਪੋਕਸਮੈਨ' ਜਾਰੀ ਕੀਤਾ ਜੋ ਹੁਣ

ਤਕ ਚਲ ਰਿਹਾ ਹੈ।

ਸੰਨ 1972 ਈ. ਵਿਚ ਰਾਜਸਥਾਨ ਦੇ ਗਵਰਨਰ ਦੇ ਔਹਦੇ ਤੋਂ ਮੁਕਤ ਹੋਣ ਤੋਂ ਬਾਦ ਮਾਰਚ 1973 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਭਾ ਸ਼ਤਾਬਦੀ ਮਨਾਉਣ ਲਈ ਬਣਾਈ ਕਮੇਟੀ ਦਾ ਇਸ ਨੂੰ ਪ੍ਰਧਾਨ ਬਣਾਇਆ ਅਤੇ ਗਿਆਨੀ ਗੁਰਦਿਤ ਸਿੰਘ ਨੂੰ ਸਕੱਤਰ। ਸ਼ਤਾਬਦੀ ਤੋਂ ਬਾਦ ਕੇਂਦਰੀ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ ਜਿਸ ਦਾ ਮੁੱਖ ਉਦੇਸ਼ ਸਿੱਖ ਧਰਮ ਬਾਰੇ ਖੋਜ ਅਤੇ ਪ੍ਰਚਾਰ ਮਿਥਿਆ ਗਿਆ। ਉਸ ਸਭਾ ਦਾ ਇਹ ਅੰਤ ਤਕ ਪ੍ਰਧਾਨ ਬਣਿਆ ਰਿਹਾ। ਇਸ ਤੋਂ ਇਲਾਵਾ ਸ਼ੁਰੂ ਤੋਂ ਹੀ ਇਹ ਸਿੱਖਾਂ ਵਿਚ ਵਿਦਿਆ ਦੇ ਪ੍ਰਸਾਰ ਲਈ ਰੁਚੀ ਲੈਣ ਲਗ ਗਿਆ। ਸਿੱਖ ਐਜੂਕੇਸ਼ਨਲ ਕਾਨਫ਼੍ਰੰਸ ਦੇ 40ਵੇਂ ਅਤੇ 46ਵੇਂ ਸ਼ੈਸਨਾਂ ਦੀ ਇਸ ਨੇ ਪ੍ਰਧਾਨਗੀ ਕੀਤੀ। ਮਿੰਟਗੁਮਰੀ ਐਜੂਕੇਸ਼ਨਲ ਟ੍ਰਸਟ ਦਾ ਵੀ ਸਰਪ੍ਰਸਤ ਰਿਹਾ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਬਣਾਏ ਗਏ ਕਮਿਸ਼ਨ ਦਾ ਮੈਂਬਰ ਰਿਹਾ। ਪੰਜਾਬੀ ਯੂਨੀਵਰਸਿਟੀ ਨੇ ਸੰਨ 1967 ਈ. ਵਿਚ ਇਸ ਨੂੰ ਡਾਕਟਰ ਆਫ਼ ਲਾਅ ਦੀ ਮਾਨ-ਅਰਥ ਡਿਗਰੀ ਨਾਲ ਵਰਸਾਇਆ। ਸਿੱਖ ਮੁੱਦਿਆਂ ਨਾਲ ਸੰਬੰਧਿਤ ਇਸ ਦੀਆਂ ਦੋ ਪੁਸਤਕਾਂ—' ਦਾ ਸਿੱਖ ਕਾਜ' ਅਤੇ 'ਦਾ ਪ੍ਰੋਬਲਮ ਆਫ਼ ਦਾ ਸਿੱਖਸ' ਉਪਲਬਧ ਹਨ।

ਰਾਜਸਥਾਨ ਦੇ ਗਵਰਨਰ-ਪਦ ਤੋਂ ਮੁਕਤ ਹੋਣ 'ਤੇ ਇਹ ਦਿੱਲੀ ਵਿਚ ਰਹਿਣ ਲਗ ਗਿਆ। ਉਥੇ ਹੀ 27 ਮਈ 1983 ਈ. ਨੂੰ ਇਸ ਦਾ ਦੇਹਾਂਤ ਹੋਇਆ।

**ਹੁਕਮਨਾਮਾ** : ਭਾਸ਼ਾਈ ਦ੍ਰਿਸ਼ਟੀ ਤੋਂ 'ਹੁਕਮਨਾਮਾ' ਸ਼ਬਦ ਅਰਬੀ 'ਹੁਕਮ' ਅਤੇ ਫ਼ਾਰਸ਼ੀ 'ਨਾਮਹ' ਸ਼ਬਦ ਦਾ ਸੰਯੁਕਤ ਰੂਪ ਹੈ ਅਤੇ ਇਸ ਦਾ ਸਾਧਾਰਣ ਅਰਥ ਹੈ 'ਫ਼ਰਮਾਇਸ਼ ਵਾਲਾ ਪੱਤਰ'। ਸਿੱਖ ਗੁਰੂਆਂ ਜਾਂ ਧਾਰਮਿਕ ਆਗੂਆਂ ਦੁਆਰਾ ਆਪਣੇ ਸ਼ਰਧਾਲੂਆਂ ਜਾਂ ਸੇਵਕਾਂ ਵਲ ਲਿਖੇ ਗਏ ਪੱਤਰਾਂ ਨੂੰ ਵੀ 'ਹੁਕਮਨਾਮਾ' ਕਿਹਾ ਜਾਂਦਾ ਹੈ। ਇਨ੍ਹਾਂ ਹੁਕਮਨਾਮਿਆਂ ਦਾ ਇਕ ਸੰਗ੍ਰਹਿ 'ਨੀਸਾਣ ਤੇ ਹੁਕਮਨਾਮੇ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਅਤੇ ਦੂਜਾ 'ਹੁਕਮਨਾਮੇ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਹੋ ਚੁਕਿਆ ਹੈ। ਕਦੇ ਕਦੇ ਪਤ੍ਰ-ਪਤ੍ਰਿਕਾਵਾਂ ਵਿਚ ਇਨ੍ਹਾਂ ਦੀਆਂ ਛਪੀਆਂ ਤਸਵੀਰਾਂ ਵੀ ਵੇਖੀਆਂ ਜਾਂਦੀਆਂ ਹਨ।

ਮੂਲ ਹੁਕਮਨਾਮੇ ਗੁਰੂਧਾਮਾਂ, ਸ਼ਰਧਾਲੂਆਂ ਦੇ ਘਰਾਂ ਅਤੇ ਪੁਸਤਕਾਲਿਆਂ ਵਿਚ ਸੁਰਖਿਅਤ ਹਨ। ਕਈ ਥਾਂਵਾਂ 'ਤੇ ਜਾਅਲੀ ਹੁਕਮਨਾਮੇ ਵੀ ਮਿਲ ਜਾਂਦੇ ਹਨ ਜੋ ਧਨ ਕਮਾਉਣ ਦੀ ਰੁਚੀ ਅਧੀਨ ਲਿਖੇ ਗਏ ਪ੍ਰਤੀਤ ਹੁੰਦੇ ਹਨ। ਹੁਕਮਨਾਮੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਲਿਖੇ ਜਾਣੇ ਸ਼ੁਰੂ ਹੋਏ ਸਨ ਅਤੇ ਦਸਮ ਗੁਰੂ ਤੋਂ ਬਾਦ ਬਾਬਾ ਬੰਦਾ ਬਹਾਦਰ ਅਤੇ ਗੁਰੂ-ਪਤਨੀਆਂ ਤੋਂ ਇਲਾਵਾ ਪ੍ਰਮੁਖ ਤਖ਼ਤਾਂ ਤੋਂ ਵੀ ਹੁਣ ਤਕ ਜਾਰੀ ਕੀਤੇ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਪਹਿਲਾਂ ਹੁਕਮਨਾਮੇ ਆਮ ਤੌਰ 'ਤੇ ਗੁਰੂ ਸਾਹਿਬ ਆਪ ਹੀ ਲਿਖਦੇ ਸਨ ਪਰ ਦਸਮ ਗੁਰੂ ਵੇਲੇ ਹੁਕਮਨਾਮੇ ਲਿਖਾਰੀ ਲਿਖਦੇ ਸਨ ਅਤੇ ਗੁਰੂ ਸਾਹਿਬ ਉਨ੍ਹਾਂ ਉਤੇ ਆਪਣੇ 'ਨੀਸਾਣ' ਪਾਂਦੇ ਸਨ ਜਿਨ੍ਹਾਂ ਦੀ ਲਿਖਾਵਟ ਦਾ ਸਰੂਪ ਵਖਰਾ ਜਿਹਾ ਜਾਂ ਵਿਲੱਖਣ ਹੁੰਦਾ ਸੀ।

'ਨੀਸਾਣ' ਸ਼ਬਦ ਫ਼ਾਰਸੀ ਦੇ 'ਨਿਸ਼ਾਨ' ਸ਼ਬਦ ਦਾ ਤਦਭਵ ਰੂਪ ਹੈ। ਪਰੰਪਰਾਗਤ ਵਿਧੀ ਅਨੁਸਾਰ ਸ਼ਾਹੀ ਫ਼ਰਮਾਨਾਂ ਉਤੇ ਬਾਦਸ਼ਾਹ ਦੀ ਮੋਹਰ ਲਗਾ ਕੇ ਜਾਂ ਬਾਦ ਵਿਚ ਫ਼ਾਰਸੀ ਲਿਪੀ ਦੇ ਅੱਧੇ 'ਸੁਆਦ' ਅੱਖਰ ਦਾ ਅਧਿਕਾਰੀ ਵਿਸ਼ੇਸ਼ ਦੁਆਰਾ ਚਿੰਨ੍ਹ ਪਾ ਕੇ ਫ਼ਰਮਾਨਾਂ ਦੀ ਪ੍ਰਮਾਣਿਕਤਾ ਸਥਿਰ ਕੀਤੀ ਜਾਂਦੀ ਸੀ। ਇਸੇ ਪਰੰਪਰਾ ਵਿਚ ਲਿਖਾਰੀਆਂ ਵਲੋਂ ਲਿਖੇ ਹੁਕਮਨਾਮਿਆਂ ਉਤੇ ਦਸਮ ਗੁਰੂ ਵਲੋਂ ਲਿਖੇ ਅੱਖਰ 'ਨੀਸਾਣ' ਅਖਵਾਉਂਦੇ ਹਨ। ਕਈ ਵਾਰ ਕਿਸੇ ਪੋਥੀ ਜਾਂ ਗ੍ਰੰਥ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਲਿਖ ਚੁਕਣ ਤੋਂ ਬਾਦ ਕਿਸੇ ਗੁਰੂ ਸਾਹਿਬ ਤੋਂ ਉਸ ਉਤੇ ਕੁਝ ਲਿਖਵਾ ਲਿਆ ਜਾਂਦਾ ਸੀ। ਉਹ ਪਵਿੱਤਰ ਲਿਖਿਤ ਸਿੱਖ ਸ਼ਬਦਾਵਲੀ ਵਿਚ 'ਨੀਸਾਣ' ਅਖਵਾਉਂਦੀ ਹੈ। ਇਹ 'ਨੀਸਾਣ' ਗੁਰੂ ਸਾਹਿਬ ਦੇ ਨਾਂ ਸੂਚਕ ਦਸਤਖ਼ਤ ਨਹੀਂ ਹੁੰਦੇ, ਸਗੋਂ 'ੴ ਸਤਿਗੁਰੂ ਪ੍ਰਸਾਦਿ' ਜਾਂ ਕੋਈ ਹੋਰ ਅਸੀਸ ਸੂਚਕ ਵਾਕ ਜਾਂ ਗੁਰਬਾਣੀ ਦੀ ਕੋਈ ਤੁਕ ਲਿਖ ਦਿੱਤੀ ਜਾਂਦੀ ਸੀ। ਬਹੁਤਿਆਂ ਹੁਕਮ-ਨਾਮਿਆਂ ਉਤੇ 'ਨੀਸਾਣ' ਗੁਰਮੁਖੀ ਦੀ ਚਪਰੇਲਾ ਜਾਂ ਸ਼ਿਕਸਤਾ ਲਿਖਿਤ ਵਿਚ ਹੁੰਦੇ ਸਨ।

ਇਨ੍ਹਾਂ ਹੁਕਮਨਾਮਿਆਂ ਦਾ ਪਾਠ ਅਤੇ ਬਣਤਰ ਸ਼ਾਹੀ ਫ਼ਰਮਾਨ ਵਾਂਗ ਹੁੰਦੀ ਹੈ। 'ੴ ਸਤਿਗੁਰੂ ਪ੍ਰਸਾਦਿ' ਆਦਿ ਮਾਂਗਲਿਕ ਉਕਤੀਆਂ ਤੋਂ ਬਾਦ ਹੁਕਮਨਾਮਾ ਲਿਖਣ ਵਾਲੇ ਗੁਰੂ ਸਾਹਿਬ ਜਾਂ ਆਗੂ ਤੋਂ ਸਮੁੱਚੀ ਸੰਗਤ ਨੂੰ ਸੰਬੋਧਨ ਕੀਤਾ ਜਾਂਦਾ ਸੀ ਜਿਸ ਵਲ ਉਹ ਹੁਕਮਨਾਮਾ ਭੇਜਿਆ ਜਾ

ਰਿਹਾ ਹੋਵੇ। ਇਸ ਤੋਂ ਪਿਛੋਂ ਜਾਂ ਪਹਿਲੋਂ ਕਈ ਵਾਰ ਉਸ ਸੰਗਤ ਵਿਚਲੇ ਇਲਾਕੇ ਦੇ ਮੁਖੀ ਦੇ ਨਾਂ ਵੀ ਦਿੱਤੇ ਹੁੰਦੇ ਸਨ। ਫਿਰ ਅਸੀਸ ਲਿਖ ਕੇ ਫ਼ਰਮਾਇਸ਼ ਜਾਂ ਸੇਵਾ ਦਾ ਉਲੇਖ ਹੁੰਦਾ ਸੀ। ਕਈ ਵਾਰ ਜੇ ਫ਼ਰਮਾਇਸ਼ ਇਕ ਤੋਂ ਵਧ ਵਸਤੂ ਦੀ ਹੋਵੇ ਤਾਂ ਪਾਠ-ਪ੍ਰਵਾਹ ਤੋਂ ਹਟ ਕੇ ਖੱਬੇ ਪਾਸੇ ਹਾਸ਼ੀਏ ਵਿਚ ਵਸਤੂਆਂ ਦਾ ਵੇਰਵਾ ਦਿੱਤਾ ਜਾਂਦਾ ਸੀ। ਕਿਤੇ ਕਿਤੇ ਇਸ ਵਿਧੀ ਤੋਂ ਹਟਿਆ ਵੀ ਗਿਆ ਹੈ। ਜੇ ਮੇਵੜੇ (ਹੁਕਮਨਾਮਾ ਲਿਜਾਣ ਵਾਲੇ ਵਿਅਕਤੀ) ਨੂੰ ਕੁਝ ਭੇਟਾ ਕਰਨਾ ਹੋਵੇ ਤਾਂ ਉਹ ਵੀ ਅੰਤ ਉਤੇ ਲਿਖ ਦਿੱਤਾ ਜਾਂਦਾ ਸੀ। ਫ਼ਰਮਾਇਸ਼ਾਂ ਤੋਂ ਇਲਾਵਾ ਹੋਰ ਕੋਈ ਜ਼ਰੂਰੀ ਸੰਦੇਸ਼ ਭੇਜਣ ਲਈ ਵੀ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਇਨ੍ਹਾਂ ਹੁਕਮਨਾਮਿਆਂ ਦਾ ਆਕਾਰ ਵੱਡਾ ਹੁੰਦਾ ਗਿਆ।

ਇਤਿਹਾਸਿਕ ਮਹੱਤਵ ਦੇ ਪੱਖ ਤੋਂ ਇਨ੍ਹਾਂ ਹੁਕਮ-ਨਾਮਿਆਂ ਤੋਂ ਗੁਰੂ-ਘਰ ਦੀ ਮਾਇਕ ਅਵਸਥਾ, ਲੰਗਰ ਆਦਿ ਲਈ ਸਾਮਗ੍ਰੀ ਪ੍ਰਾਪਤ ਕਰਨ ਦੀ ਵਿਧੀ ਅਤੇ ਆਰਥਿਕ ਪ੍ਰਬੰਧ ਦਾ ਪਤਾ ਲਗਦਾ ਹੈ। ਡਾ. ਗੰਡਾ ਸਿੰਘ ਅਨੁਸਾਰ 'ਇਨ੍ਹਾਂ ਹੁਕਮਨਾਮਿਆਂ ਦਾ ਆਮ ਉਦੇਸ਼, ਪ੍ਰਚਾਰ ਲਈ ਹਦਾਇਤਾਂ, ਗੁਰੂ-ਘਰ ਦੇ ਲੰਗਰ ਲਈ ਕਾਰ-ਭੇਟ, ਗੁਰੂ ਜੀ ਦੇ ਮੁੱਖ ਅਸਥਾਨ ਪਰ ਪਹੁੰਚਣ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖ਼ੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰਖਣ, ਸਿੱਖਾਂ ਨੂੰ ਆਪਸ ਵਿਚ ਮੇਲ ਰਖਣ ਦਾ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫ਼ਰਮਾਇਸ਼ਾਂ, ਬਾਹਰ ਗੁਰ-ਪੁਰਬਾਂ ਲਈ ਸੰਗਤਾਂ ਨੂੰ ਉਤਸਾਹ, ਖ਼ਾਸ ਖ਼ਾਸ ਮੌਕਿਆਂ ਤੇ ਸੰਗਤਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਆਉਣ ਦਾ ਸੱਦਾ, ਸੰਗਤਾਂ ਨੂੰ 'ਖ਼ਾਲਸਾ' ਕਰਣ ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਨੂੰ ਬੰਦ ਕਰ ਦਿਤੇ ਜਾਣ ਅਤੇ ਉਨ੍ਹਾਂ ਦੀ ਵਿਚੋਲਗੀ ਹਟਾ ਦੇਣ ਬਾਬਤ, ਬਾਹਰ ਦੀਆਂ ਸੰਗਤਾਂ ਨੂੰ ਖ਼ਬਰਾਂ ਪਹੁੰਚਾਉਣਾ ਆਦਿ ਸੀ। ਇਨ੍ਹਾਂ ਹੁਕਮਨਾਮਿਆਂ ਤੋਂ ਹੁੰਡੀਆਂ ਰਾਹੀਂ ਦਸਵੰਦ ਇਕੱਠਾ ਕਰਨ ਆਦਿ ਦਾ ਬੋਧ ਵੀ ਹੁੰਦਾ ਸੀ। ਦਸਮ ਗੁਰੂ ਤੋਂ ਬਾਦ ਹੁੰਡੀਆਂ ਜਾਂ ਫ਼ਰਮਾਇਸ਼ਾਂ ਵਾਲੀਆਂ ਵਸਤੂਆਂ ਦੀ ਪ੍ਰਾਪਤੀ ਦੀ ਰਸੀਦ ਵੀ ਭੇਜੀ ਜਾਂਦੀ ਸੀ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਦੋਂ ਸੰਦੇਸ਼ ਲੈ ਜਾਣ ਵਾਲੇ ਹੇਰਾ-ਫੇਰੀ ਕਰਨ ਲਗ ਪਏ ਸਨ। ਕੁਝ ਕੁ ਹੁਕਮਨਾਮਿਆਂ ਤੋਂ ਬਿਨਾ ਹੋਰ ਕਿਸੇ ਵਿਚ ਵੀ ਇਤਿਹਾਸਿਕ ਘਟਨਾਵਾਂ ਦਾ ਕੋਈ ਸਿਧਾ ਉਲੇਖ ਨਹੀਂ ਹੋਇਆ, ਪਰ ਫਿਰ ਵੀ ਇਨ੍ਹਾਂ ਹੁਕਮਨਾਮਿਆਂ ਵਿਚ ਲਿਖੀਆਂ ਫ਼ਰਮਾਇਸ਼ਾਂ ਤੋਂ ਇਤਿਹਾਸਿਕ ਤੱਥਾਂ ਦੇ ਸੰਕੇਤ ਜ਼ਰੂਰ ਮਿਲ ਸਕਦੇ ਹਨ। ਇਨ੍ਹਾਂ ਹਵਾਲਿਆਂ ਨਾਲ ਸਿੱਖ ਅੰਦੋਲਨਾਂ ਦੀ ਧਾਰਮਿਕ, ਭਾਈਚਾਰਿਕ ਅਤੇ ਰਾਜਨੈਤਿਕ ਗਤਿਵਿਧੀ ਦਾ ਬੋਧ ਹੁੰਦਾ ਸੀ।

ਇਹ ਹੁਕਮਨਾਮਾ ਪਰੰਪਰਾ ਹੁਣ ਵੀ ਜਾਰੀ ਹੈ। 'ਅਕਾਲ ਤਖ਼ਤ' ਤੋਂ ਸਮੇਂ ਸਮੇਂ ਹੁਕਮਨਾਮੇ ਜਾਰੀ ਹੁੰਦੇ ਰਹਿੰਦੇ ਹਨ। ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਬਾਰੇ ਵਿਵਾਦ ਨੇ ਵੀ ਸਿਰ ਉਠਾਇਆ ਹੈ, ਕਿਉਂਕਿ ਇਨ੍ਹਾਂ ਦ ਜਾਰੀ ਹੋਣ ਵਿਚ ਰਾਜਨੀਤੀ ਜਾਂ ਧੜੇਬੰਦੀ ਨੇ ਪ੍ਰਵੇਸ਼ ਕਰ ਲਿਆ ਹੈ।

ਸਾਹਿਤਿਕ ਦ੍ਰਿਸ਼ਟੀ ਤੋਂ ਹੁਕਮਨਾਮਿਆਂ ਦਾ ਵਿਸ਼ੇਸ਼ ਮਹੱਤਵ ਹੈ। ਇਹ ਪੁਰਾਣੀ ਵਾਰਤਕ ਦੇ ਚਿੱਠੀ-ਪੱਤਰ ਵਾਲੇ ਨਮੂਨੇ ਦੇ ਪ੍ਰਤਿਨਿਧ ਹਨ। ਪਹਿਲੇ ਗੁਰੂਆਂ ਦੇ ਹੁਕਮਨਾਮਿਆਂ ਵਿਚ ਕਿਸੇ ਪ੍ਰਕਾਰ ਦੀ ਤਾਰੀਖ਼ ਨਹੀਂ ਦਿੱਤੀ ਜਾਂਦੀ ਸੀ, ਪਰ ਦਸਮ ਗੁਰੂ ਵੇਲੇ ਇਨ੍ਹਾਂ ਨੂੰ ਪੂਰੀ ਦਫ਼ਤਰੀ ਸ਼ਕਲ ਦੇ ਕੇ ਤਾਰੀਖ਼ ਅੰਕਿਤ ਕੀਤੀ ਜਾਣ ਲਗੀ। ਤਿਥੀ ਅਤੇ ਨਾਂ/ਥਾਂ ਦਾ ਵੇਰਵਾ ਦਿੱਤੇ ਹੋਣ ਕਾਰਣ ਇਹ ਹੁਕਮਨਾਮੇ ਸਾਹਿਤਿਕ ਪੱਖ ਤੋਂ ਪ੍ਰਮਾਣਿਕ ਕਹੇ ਜਾ ਸਕਦੇ ਹਨ। ਇਨ੍ਹਾਂ ਵਿਚ ਕਿਸੇ ਕਿਸਮ ਦੇ ਰਲੇ ਦੀ ਗੁੰਜਾਇਸ਼ ਨਹੀਂ ਕਿਉਂਕਿ ਅੰਤ 'ਤੇ ਪੰਗਤੀਆਂ ਦੀ ਗਿਣਤੀ ਦੇ ਦਿੱਤੀ ਜਾਂਦੀ ਸੀ। ਅਸਲ ਲਿਖਿਤ ਦੇ ਰੂਪ ਵਿਚ ਉਪਲਬਧ ਹੋਣ ਕਰਕੇ ਇਹ ਕਿਸੇ ਪ੍ਰਕਾਰ ਦੇ ਸ਼ਕ/ਸੰਦੇਹ ਤੋਂ ਮੁਕਤ ਹਨ। ਮੁਗ਼ਲ ਬਾਦਸ਼ਾਹਾਂ ਦੇ ਹੁਕਮਨਾਮਿਆਂ ਦੀ ਪਰੰਪਰਾ ਵਿਚ ਇਨ੍ਹਾਂ ਹੁਕਮਨਾਮਿਆਂ ਵਿਚ ਵੀ ਵਾਰਤਕ ਵੰਨਗੀ ਦੀ ਲਗਭਗ ਘਾਟ ਹੈ। ਸਾਰੀ ਵਾਰਤਕ ਘੜੀ ਘੜਾਈ ਸ਼ਬਦਾਵਲੀ ਅਤੇ ਇਕ ਨਿਸਚਿਤ ਸੀਮਾ ਵਿਚ ਬੰਨ੍ਹੀ ਹੋਈ ਹੈ। ਉਂਜ ਪੰਜਾਬੀ ਸਾਹਿਤ ਵਿਚ ਚਿੱਠੀ-ਪੱਤਰ ਲਿਖਣ ਦੀ ਕਲਾ ਵਿਚ ਇਨ੍ਹਾਂ ਨੇ ਵਿਕਾਸ ਜ਼ਰੂਰ ਲਿਆਉਂਦਾ ਹੈ।

ਇਨ੍ਹਾਂ ਦੀ ਭਾਸ਼ਾ ਦਾ ਸਰੂਪ ਬ੍ਰਜ ਪ੍ਰਭਾਵਿਤ ਸਰਲ ਅਤੇ ਸੁਬੋਧ ਪੰਜਾਬੀ ਵਾਲਾ ਹੈ। ਇਨ੍ਹਾਂ ਹੁਕਮਨਾਮਿਆਂ ਤੋਂ ਗੁਰਮੁਖੀ ਲਿਪੀ ਦੇ ਸਰੂਪ ਦੇ ਕ੍ਰਮਿਕ ਵਿਕਾਸ ਦਾ ਗਿਆਨ ਵੀ ਹੁੰਦਾ ਹੈ। ਕਿਉਂਕਿ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਬਾਦ ਬਾਬਾ ਬੰਦਾ ਬਹਾਦਰ ਦੇ ਵੇਲੇ ਤਕ ਗੁਰਮੁਖੀ ਅੱਖਰਾਂ ਅਤੇ ਮਾਤ੍ਰਾਵਾਂ ਦੇ ਸਰੂਪ ਵਿਚ ਕਾਫ਼ੀ ਪਰਿਵਰਤਨ ਅਤੇ ਨਿਖਾਰ ਆ ਚੁਕਿਆ ਹੈ। ਇਸ ਤਰ੍ਹਾਂ ਇਹ ਹੁਕਮਨਾਮੇ ਇਤਿਹਾਸਿਕ

ਅਤੇ ਸਾਹਿਤਿਕ ਮਹੱਤਵ ਤੋਂ ਇਲਾਵਾ ਸਿੱਖ-ਧਰਮ ਦੇ ਵਿਕਾਸ ਅਤੇ ਮਰਯਾਦਾ ਸੰਬੰਧੀ ਵੀ ਪ੍ਰਕਾਸ਼ ਪਾਉਂਦੇ ਹਨ ਅਤੇ ਗੁਰੂ ਸਾਹਿਬਾਨ ਦੁਆਰਾ ਲਿਖਿਤ ਅਤੇ ਚਿੰਨ੍ਹਤ ਹੋਣ ਕਰਕੇ ਸਿੱਖ-ਜਗਤ ਵਿਚ ਭਰਪੂਰ ਸ਼ਰਧਾ ਅਤੇ ਸਤਿਕਾਰ ਰਖਦੇ ਹਨ।

ਇਥੇ ਨਮੂਨੇ ਵਜੋਂ ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਅਤੇ ਫੂਲਵੰਸ਼ੀ ਤਿਲੋਕੇ ਅਤੇ ਰਾਮੇ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਿਖੇ ਇਤਿਹਾਸਿਕ ਹੁਕਮਨਾਮਿਆਂ ਦੇ ਨਮੂਨੇ ਵੇਖੋ :

ਹੁਕਮਨਾਮਾ ਪਾ. ੬
(ਹਰਿਮੰਦਿਰ ਸਾਹਿਬ ਪਟਨਾ ਦੇ ਸੰਗ੍ਰਹਿ ਵਿਚੋਂ)

*... ਭਾਈ ਜਾਪੂ ਭਾਈ ਗੁਰਦਾਸੁ ਮੁਰਾਰਿ ਭਾਈ ਜਾਤੀ ਭਾਈ ਦਿਆਲਾ ਗੁਰੂ ਗੁਰੂ ਜਪਣਾ ਜਨਮ ਸਵਰੁ ਸੰਗਤ ਦੀ ਕਾਮਨਾ ਪੂਰੀ ਹੋਗੁ ਸੰਗਤੀ ਦਾ ਰੁਜਗਾਰੁ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ ਆਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ ਮਛੀ ਦੇ ਨੇੜੇ ਨਾਹੀ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖ਼ਾਲਸਾ ਹਇ ਉਪਰੰਤਿ ਗੁਰੂ ਦੀ ਆਗਿਆ ਹਇ ਭਾਈ ਜਾਪੂ ਭਾਈ ਗਰਦਾਸੁ ਤੁਸਾਂ ਸਭਨਾ ਰਲਕੇ ਸਾਰੇ ਪੂਰਬ ਦੀ ਕਾਰ ਕਰਣੀ ...।*

ਹੁਕਮਨਾਮਾ ਪਾ. ੯
(ਭਾਈ ਉਗਰ ਸੈਣ, ਲਾਲ ਚੰਦ ਆਦਿ ਦੇ ਨਾਮ)

*ਸ੍ਰੀ ਗੁਰੂ ਤੇਗ ਬਹਾਦਰ ਜੀਉ ਦੀ ਆਗਿਆ ਹੈ ਭਾਈ ਉਗਰ ਸੈਣੁ ਸ੍ਰਬਤਿ ਸੰਗਤਿ ਗੁਰੂ ਤੁਸਾਡੀ ਰਖੈਗਾ ਸੰਗਤਿ ਦੇ ਮਨੋਰਥ ਗੁਰੂ ਪੂਰੇ ਕਰੈਗਾ ਰਮਦਾਸ ਜਗਦੇਉ ਦਾ ਘਰੁ ਹੈ ਸੋ ਗੁਰੂ ਦਾ ਹੈ ਤੂ ਗੁਰੂ ਦਾ ਪੁਤੁ ਹੈ ਸਭਨਾ ਮਸੰਦਾ ਕਾ ਮੁਹਰੀ ਹੈ ਏਸੁ ਥਾਓ ਦੀ ਸਭ ਮਦਾਰ ਤੁਸਾ ਉਪਰਿ ਹੈ ਰਮਦਾਸ ਗੁਰ ਦਿਤੈ ਭਾਈ ਗੁਰੀਏ ਭਾਈ ਕਲਿਆਣ ਦਾਸ ਨੇ ਆਦਮੀ ਸਦਣਿ ਭੇਜੇ ਹਨਿ ਜਿਤੁਣੇ ਲਾਇਕ ਹੋਨਿਗੇ ਸਭੁ ਹਕੀਕਤਿ ਲਿਖਿ ਭੇਜਹਗੇ ਰਾਮਦਾਸ ਜੀ ਜੇਹੀ ਤੁਸਾ ਸੇਵਾ ਕੀਤੀ ਹੈ ਤੁਸੀ ਏਦੂ ਵਡਾ ਭਰੋਸਾ ਰਖਦੇ ਅਸਹੁ ਗੁਰੂ ਤੁਸਾਡੀ ਰਖੈਗਾ ਖੁਸੀ ਹੈ।*

ਹੁਕਮਨਾਮਾ ਪਾ. ੧੦ (ਨੀਸਾਣ ਪਾ. ੧੦)
*੧ਓ ਸਤਿਗੁਰੂ*

*ਭਾਈ ਤਿਲੋਕਾ ਭਾਈ ਰਾਮਾ ਸੰਗਤ ਗੁਰੂ ਰਖੈਗਾ ਤੁਸਾ ਅਸਵਾਰ ਲੈ ਕੇ ਆਵਦਾ ਜਰੂਰ ਆਵਣਾ ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੁਸਾ ਆਵਣਾ ੧ ਜੋੜਾ ਰਖਵਾਣਾ।*

(ਹੁਕਮਨਾਮੇ ਦਾ ਪਾਠ)
*੧ਓ ਸਤਿਗੁਰੂ ਜੀ*

*ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਿਲੋਕਾ ਰਾਮਾ ਸਰਬੱਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਧੁ ਹੁਕਮ ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਹੁਕਮੁ ਦੇਖਦਿਆ ਹੀ ਆਵਣਾ। ਤੁਸਾ ਅਸਵਾਰ ਲੈ ਕੇ ਆਵਣਾ ਜਰੂਰ ਆਵਣਾ ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੈ ਆਵਣਾ ਇਕ ੧ ਜੋੜਾ ਭੇਜਾ ਹੈ ਰਖਾਵਣਾ ਭਾਦੋਂ 2 ਸੰਮਤ 53*

**ਹੁਕਮ-ਰਜ਼ਾ-ਭਾਣਾ** : ਗੁਰਬਾਣੀ ਵਿਚ 'ਹੁਕਮ' ਸ਼ਬਦ ਦੇ ਨਾਲ ਨਾਲ 'ਰਜ਼ਾ' ਸ਼ਬਦ ਦੀ ਵਰਤੋਂ ਵੀ ਹੋਈ ਹੈ। ਇਹ ਵੀ ਅਰਬੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਪ੍ਰਸੰਨਤਾ, ਰਜ਼ਾਮੰਦੀ। ਸੂਫ਼ੀਆਂ ਦੀ ਸ਼ਬਦਾਵਲੀ ਵਿਚ ਈਸ਼ਵਰੀ ਹੁਕਮ ਨਾਲ ਮਨੁੱਖ ਉਪਰ ਤੰਗੀ ਜਾਂ ਉਦਾਰਤਾ ਸਹਿਤ ਜੋ ਵਾਰਿਦ ਹੋਵੇ (ਉਤਰੇ) ਜਾਂ ਪਰਮਾਤਮਾ ਵਲੋਂ ਜੋ ਪ੍ਰਾਪਤ ਹੋਵੇ ਉਸ ਉਤੇ ਰਾਜ਼ੀ ਹੋਣਾ ਅਤੇ ਉਸ ਵਿਚ ਪ੍ਰਸੰਨ ਰਹਿਣਾ 'ਰਜ਼ਾ' ਹੈ। 'ਕਸ਼ਫ਼ੁੱਲ ਮਹਿਜੂਬ' ਵਿਚ ਸੂਫ਼ੀ ਦੇ ਦੋ ਵਿਸ਼ੇਸ਼ ਗੁਣ ਦਸੇ ਗਏ ਹਨ— 'ਰਜ਼ਾ' ਅਤੇ 'ਸਬਰ'। ਉਥੇ 'ਰਜ਼ਾ' ਨੂੰ 'ਤਪਸਿਆ' ਤੋਂ ਉਤਮ ਸਿਧ ਕੀਤਾ ਗਿਆ ਹੈ ਕਿਉਂਕਿ 'ਤਪਸਿਆ' ਸਕਾਮ (ਕਾਮਨਾ ਸਹਿਤ) ਹੁੰਦੀ ਹੈ, ਪਰ 'ਰਜ਼ਾ' ਨੂੰ ਮੰਨਣ ਨਾਲ ਸਾਰੀਆਂ ਇੱਛਾਵਾਂ ਆਪਣੇ ਆਪ ਪੂਰੀਆਂ ਹੋ ਜਾਂਦੀਆਂ ਹਨ। ਅਨੇਕ ਸੂਫ਼ੀ ਗ੍ਰੰਥਾਂ ਵਿਚ 'ਰਜ਼ਾ' ਦੇ ਮਹੱਤਵ ਦੀ ਸਥਾਪਨਾ

ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਭਾਵ-ਗੰਭੀਰਤਾ ਤੋਂ ਪ੍ਰਭਾਵਿਤ ਹੋ ਕੇ ਪਹਿਲੀ ਵਾਰ ਇਸ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ ਹੈ।

'ਭਾਣਾ' ਸ਼ਬਦ ਵੀ ਗੁਰਬਾਣੀ ਵਿਚ ਆਮ ਵਰਤਿਆ ਗਿਆ ਹੈ, ਇਸ ਦਾ ਅਰਥ ਵੀ ਈਸ਼ਵਰੀ ਹੁਕਮ, ਪਰਮਾਤਮਾ ਦੀ ਇੱਛਾ ਜਾਂ ਮਰਜ਼ੀ ਕੀਤੀ ਜਾਂਦੀ ਹੈ। ਕੁਝ ਲੋਕ ਇਸ ਦੀ ਵਿਉਤਪੱਤੀ ਸੰਸਕ੍ਰਿਤ ਦੀ 'ਭਣ੍' ਧਾਤੂ ਤੋਂ ਮੰਨਦੇ ਹਨ ਜਿਸ ਦਾ ਅਰਥ ਹੁੰਦਾ ਹੈ ਕਹਿਣਾ, ਵਰਣਨ ਕਰਨਾ, ਪਰ 'ਭਣ੍' ਨਾਲੋਂ ਇਸ ਸ਼ਬਦ ਦੀ ਵਿਉਤਪੱਤੀ ਸੰਸਕ੍ਰਿਤ ਦੇ ਭਾਵਨਾ (ਅਰਥਾਤ ਇੱਛਾ) ਸ਼ਬਦ ਤੋਂ ਜ਼ਿਆਦਾ ਸੰਭਾਵਿਤ ਹੈ। ਸਿੱਖ-ਧਰਮ ਗ੍ਰੰਥਾਂ ਅਤੇ ਗੁਰਬਾਣੀ ਦੇ ਵਿਆਖਿਆਤਮਕ ਸਾਹਿਤ ਵਿਚ 'ਰਜ਼ਾ' ਅਤੇ 'ਭਾਣਾ' ਨੂੰ ਸਮਾਨਾਰਥਕ ਰੂਪ ਵਿਚ ਵਰਤਿਆ ਗਿਆ ਹੈ। ਪ੍ਰੋ. ਗੁਰਬਚਨ ਸਿੰਘ ਤਾਲਿਬ ਦੀ ਸਥਾਪਨਾ ਹੈ ਕਿ 'ਹੁਕਮ' ਅਤੇ 'ਭਾਣਾ' ਦੋਵੇਂ ਗੁਰਬਾਣੀ ਵਿਚ ਸਮਾਨਾਰਥਕ ਰੂਪ ਵਿਚ ਵਰਤੇ ਗਏ ਹਨ। ਇਨ੍ਹਾਂ ਵਿਚ ਕੋਈ ਸਪੱਸ਼ਟ ਅਰਥਗਤ ਭੇਦ ਨਿਸਚਿਤ ਨਹੀਂ ਕੀਤਾ ਜਾ ਸਕਦਾ।

ਅਸਲ ਵਿਚ 'ਹੁਕਮ', 'ਰਜ਼ਾ' ਅਤੇ 'ਭਾਣਾ'— ਇਹ ਤਿੰਨੋਂ ਪਰਮ-ਸੱਤਾ ਨਾਲ ਸੰਬੰਧਿਤ ਹਨ ਅਤੇ ਇਨ੍ਹਾਂ ਤਿੰਨਾਂ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ। ਹੁਕਮ ਦੇ ਪਿਛੇ ਈਸ਼ਵਰੀ ਇੱਛਾ ਮੌਜੂਦ ਹੈ। ਜੇ ਇੱਛਾ ਨ ਹੋਵੇ ਤਾਂ 'ਹੁਕਮ' ਦਾ ਉਪਾਦਾਨ ਕਾਰਣ ਹੀ ਖ਼ਤਮ ਹੋ ਜਾਂਦਾ ਹੈ। ਜੇ ਇਨ੍ਹਾਂ ਤਿੰਨਾਂ ਵਿਚ ਕੋਈ ਅੰਤਰ ਹੈ ਤਾਂ ਕੇਵਲ ਪ੍ਰਕ੍ਰਿਆ (process) ਦਾ ਹੈ। 'ਰਜ਼ਾ' ਅਤੇ 'ਭਾਣਾ' ਪਰਮਾਤਮਾ ਦੀ ਸਹਿਜ ਵ੍ਰਿੱਤੀ ਹੈ। ਜਦ ਇਹ ਵ੍ਰਿੱਤੀ ਆਪਣੀ ਸਹਿਜ ਅਵਸਥਾ ਤੋਂ ਹਟ ਕੇ ਜਾਂ ਇਸ ਦੀ ਸੀਮਾ ਦਾ ਉਲੰਘਣ ਕਰਕੇ ਕੋਈ ਕ੍ਰਿਆਤਮਕ ਰੂਪ ਧਾਰਣ ਕਰਦੀ ਹੈ ਤਾਂ ਉਹ 'ਹੁਕਮ' ਬਣ ਜਾਂਦੀ ਹੈ। ਫਲਸਰੂਪ, 'ਰਜ਼ਾ' ਅਥਵਾ 'ਭਾਣਾ' ਦਾ ਦਾਰਸ਼ਨਿਕ ਸ਼ੈਲੀ ਵਿਚ 'ਹੁਕਮ' ਦੇ ਨਾਲ ਕਾਰਣ-ਕਾਰਜ ਸੰਬੰਧ ਹੈ। ਜਿਵੇਂ ਜਲ (ਕਾਰਣ) ਅਤੇ ਜਲਤਰੰਗ (ਕਾਰਜ) ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ, ਉਸੇ ਤਰ੍ਹਾਂ 'ਰਜ਼ਾ' ਜਾਂ 'ਭਾਣਾ' (ਕਾਰਣ) ਅਤੇ 'ਹੁਕਮ' (ਕਾਰਜ) ਵਿਚ ਕੋਈ ਅੰਤਰ ਨਹੀਂ ਹੈ। ਪਰ ਜਿਵੇਂ ਜਲ ਅਤੇ ਜਲ-ਤਰੰਗ ਵਿਚ ਵਿਵਹਾਰਿਕ ਰੂਪ ਵਿਚ ਅੰਤਰ ਹੈ ਉਸੇ ਤਰ੍ਹਾਂ 'ਹੁਕਮ' ਅਤੇ 'ਰਜ਼ਾ' ਜਾਂ 'ਭਾਣਾ' ਵਿਚ ਵਿਵਹਾਰਿਕ ਅੰਤਰ ਅਵੱਸ਼ ਹੈ। ਇਸ ਲਈ ਹੁਕਮ ਈਸ਼ਵਰੀ ਭਾਣਾ ਜਾਂ ਰਜ਼ਾ ਨੂੰ ਕ੍ਰਿਆਤਮਕ ਰੂਪ ਪ੍ਰਦਾਨ ਕਰਨ ਵਾਲਾ ਇਕ ਅਨੁਸ਼ਾਸਨਿਕ ਵਿਧਾਨ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਅਨੁਸਾਰ ਹੁਕਮ, ਭਾਣਾ ਅਤੇ ਰਜ਼ਾ ਦੇ ਅਨੁਰੂਪ ਜੀਵਨ ਬਿਤਾਉਣ ਦਾ ਵਿਸ਼ੇਸ਼ ਮਹੱਤਵ ਹੈ। ਇਸ ਲਈ ਨਿਰਮਲ ਭਉ (ਭੈ) ਦਾ ਵਿਕਾਸ ਹੁੰਦਾ ਹੈ, ਹੰਕਾਰ ਦੀ ਭਾਵਨਾ ਨਸ਼ਟ ਹੁੰਦੀ ਹੈ। ਸਾਧਕ ਦੇ ਵਿਅਕਤਿਤਵ ਵਿਚ ਹਲੀਮੀ, ਨਿਮਰਤਾ ਆਦਿ ਵ੍ਰਿਤੀਆਂ ਦਾ ਸੰਚਾਰ ਹੁੰਦਾ ਹੈ ਅਤੇ ਉਹ ਪਰਮਾਤਮਾ ਦੀ ਸ਼ਰਣ ਵਿਚ ਜਾ ਕੇ ਪੂਰੀ ਤਰ੍ਹਾਂ ਆਤਮ-ਸਮਪਰਣ ਕਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੋਈ ਹੈ ਜਿਵੇਂ— *ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ। ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ।* (ਗੁ.ਗ੍ਰੰ.938)। ਹੁਕਮ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਗਈ ਹੈ। (*ਹੁਕਮੀ ਹੋਵਨਿ ਆਕਾਰ*— 'ਜਪੁਜੀ')। ਬਾਕੀ ਗੁਰੂਆਂ ਨੇ ਵੀ ਇਸ ਸ਼ਬਦ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦੀ ਸਾਰੀ ਗਤਿਵਿਧੀ 'ਹੁਕਮ' ਜਾਂ 'ਭਾਣੇ' ਦੇ ਅਧੀਨ ਦਸੀ ਹੈ, ਇਥੋਂ ਤਕ ਕਿ ਪਰਮਾਤਮਾ ਦਾ ਗੁਣਗਾਨ, ਜਪੁ, ਧਿਆਨ, ਬ੍ਰਹਮ-ਗਿਆਨ ਆਦਿ ਸਭ ਦੀ ਪ੍ਰਾਪਤੀ ਇਸੇ ਦੁਆਰਾ ਅਨੁਸ਼ਾਸਤਿ ਹੈ। ਉਨ੍ਹਾਂ ਨੇ ਹੋਰ ਵੀ ਕਿਹਾ ਹੈ— *ਜੋ ਕਿਛੁ ਵਰਤੈ ਸਭ ਤੇਰਾ ਭਾਣਾ। ਹੁਕਮੁ ਬੂਝੈ ਸੋ ਸਚਿ ਸਮਾਣਾ।* (ਗੁ.ਗ੍ਰੰ. 193)। ਇਸ ਲਈ ਗੁਰਬਾਣੀ ਵਿਚ ਬਾਰ ਬਾਰ 'ਹੁਕਮ', 'ਰਜ਼ਾ' ਜਾਂ 'ਭਾਣਾ' ਨੂੰ ਮੰਨਣ ਲਈ ਬਲ ਦਿੱਤਾ ਗਿਆ ਹੈ ਅਤੇ ਸਪੱਸ਼ਟ ਕਿਹਾ ਗਿਆ ਹੈ ਕਿ ਉਸੇ ਵਿਅਕਤੀ ਨੂੰ ਪਰਮਾਤਮਾ ਦੀ ਦਰਗਾਹ ਵਿਚ ਪ੍ਰਮਾਣਿਕਤਾ ਦਾ ਚਿੰਨ੍ਹ ਪ੍ਰਾਪਤ ਹੋ ਸਕਦਾ ਹੈ ਜੋ ਹੁਕਮ ਜਾਂ ਭਾਣੇ ਅਨੁਸਾਰ ਚਲਦਾ ਹੈ— *ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ।* (ਗੁ.ਗ੍ਰੰ.1129)।

**ਹੁਕਮ ਲੈਣਾ** : ਵੇਖੋ 'ਵਾਕ ਲੈਣਾ'।

**ਹੁਕਮਾ ਸਿੰਘ ਚਿਮਨੀ** (ਮ. 1823 ਈ.) : ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਜਰਨੈਲ ਅਤੇ ਰਾਜ-ਅਧਿਕਾਰੀ, ਜੋ ਪੱਛਮੀ ਪੰਜਾਬ ਦੇ ਸ਼ਾਹਪੁਰ ਜ਼ਿਲ੍ਹੇ ਦੇ ਭੇਰਾ

ਨਗਰ-ਨਿਵਾਸੀ, ਸ. ਰਾਮ ਸਿੰਘ ਦੇ ਘਰ ਜਨਮਿਆ। ਇਸ ਦਾ ਪਿਤਾ ਸੁਕਰਚਕੀਆ ਮਿਸਲ ਵਿਚ ਸ. ਚੜ੍ਹਤ ਸਿੰਘ ਦਾ ਅੰਗ-ਰਖਿਅਕ ਸੀ। ਆਪਣੇ ਪਿਤਾ ਦੀ ਮ੍ਰਿਤੂ ਤੋਂ ਬਾਦ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ। ਇਸ ਨੇ ਸੰਨ 1807 ਈ. ਦੀ ਕਸੂਰ ਉਤੇ ਚੜ੍ਹਾਈ ਵਿਚ ਭਾਗ ਲਿਆ ਅਤੇ ਅਗਲੇ ਸਾਲ ਪਠਾਨਕੋਟ ਵਿਚ ਕਨ੍ਹੀਆ ਮਿਸਲ ਦਾ ਗੜ੍ਹ ਤੋੜਿਆ। ਇਸ ਦਾ ਸ਼ਰੀਰਿਕ ਆਕਾਰ-ਪ੍ਰਕਾਰ ਭਾਵੇਂ ਛੋਟਾ ਸੀ, ਪਰ ਫੁਰਤੀਲਾ ਬਹੁਤ ਸੀ। ਇਸ ਵਾਸਤੇ ਮਹਾਰਾਜਾ ਸਾਹਿਬ ਨੇ ਇਸ ਨੂੰ 'ਚਿਮਨੀ' ਨਾਂ ਨਾਲ ਵਿਸ਼ਿਸ਼ਟ ਕੀਤਾ।

ਇਸ ਨੇ ਸੰਨ 1813 ਈ. ਵਿਚ ਅਟਕ ਦੇ ਨੇੜੇ ਹੈਦਰੂ ਦੀ ਲੜਾਈ ਵਿਚ ਵੀ ਹਿੱਸਾ ਲਿਆ। ਅਟਕ ਦੀ ਕਿਲ੍ਹੇਦਾਰੀ ਦੌਰਾਨ ਇਸ ਨੇ ਪਿਸ਼ਾਵਰ ਦੇ ਅਫ਼ਗਾਨ ਸੂਬੇਦਾਰ ਯਾਰ ਮੁਹੰਮਦ ਖ਼ਾਨ ਦੇ ਅਟਕ ਕਿਲ੍ਹੇ ਉਤੇ ਕਬਜ਼ਾ ਕਰਨ ਦੇ ਮਨਸੂਬੇ ਨੂੰ ਭੰਗ ਕੀਤਾ, ਸਗੋਂ ਉਸ ਪਾਸੋਂ ਬਹੁਤ ਸਾਰਾ ਫ਼ੌਜੀ ਸਾਮਾਨ ਵੀ ਖੋਹ ਲਿਆ। ਸੰਨ 1818 ਈ. ਵਿਚ ਇਸ ਨੂੰ ਅਟਕ ਅਤੇ ਹਜ਼ਾਰਾ ਦਾ ਗਵਰਨਰ ਨਿਯੁਕਤ ਕੀਤਾ ਗਿਆ। ਇਹ ਆਪਣੇ ਸਮੇਂ ਦਾ ਇਕ ਬਹੁਤ ਕਾਬਲ ਯੋਧਾ ਮੰਨਿਆ ਜਾਂਦਾ ਸੀ। ਜੋ ਵੀ ਫ਼ੌਜੀ ਮੁਹਿੰਮ ਹੁੰਦੀ, ਇਹ ਉਤਸਾਹ ਨਾਲ ਸ਼ਾਮਲ ਹੋਣੋਂ ਸੰਕੋਚ ਨ ਕਰਦਾ ਅਤੇ ਹਮੇਸ਼ਾਂ ਜਿਤਦਾ ਰਹਿੰਦਾ। ਇਸ ਦੀ ਬਹਾਦਰੀ ਲਾਹੌਰ ਦਰਬਾਰ ਦੀ ਇਕ ਸੁਖਾਵੀਂ ਗਾਥਾ ਸੀ। ਇਸ ਦੀ ਫ਼ੌਜੀ ਸੇਵਾ ਤੋਂ ਪ੍ਰਸੰਨ ਹੋ ਕੇ ਮਹਾਰਾਜਾ ਸਾਹਿਬ ਨੇ ਇਸ ਨੂੰ ਲੱਖਾਂ ਦੀ ਜਾਗੀਰ ਦੇ ਰਖੀ ਸੀ। ਦਸਿਆ ਜਾਂਦਾ ਹੈ ਕਿ ਇਸ ਨੇ 14 ਮਾਰਚ, 1823 ਈ. ਨੂੰ ਨੌਸ਼ਹਿਰੇ ਦੀ ਲੜਾਈ ਵਿਚ ਵੀਰਗਤੀ ਪ੍ਰਾਪਤ ਕੀਤੀ।

**ਹੁਕਮੀ** : ਹੁਕਮ ਕਰਨ ਵਾਲਾ ਹਾਕਮ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਬ੍ਰਹਮ-ਵਾਚਕ ਹੈ— *ਹੁਕਮੀ ਹੁਕਮੁ ਚਲਾਏ ਰਾਹੁ। ਨਾਨਕ ਵਿਗਸੈ ਵੇਪਰਵਾਹੁ।* —(ਗੁ.ਗ੍ਰੰ.2)। ਵੇਖੋ 'ਹੁਕਮ'।

**ਹੁਡਿਆਰਾ** (ਪਿੰਡ): ਲਾਹੌਰ ਜ਼ਿਲ੍ਹੇ ਦਾ ਇਕ ਪਿੰਡ, ਜੋ ਲਾਹੌਰ ਤੋਂ 20 ਕਿ.ਮੀ. ਦੱਖਣ-ਪੂਰਬ ਦਿਸ਼ਾ ਵਲ ਸਥਿਤ ਹੈ। ਸਿੱਖ-ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਜੀ ਲਾਹੌਰ ਤੋਂ ਅੰਮ੍ਰਿਤਸਰ ਆਉਂਦਿਆਂ ਕੁਝ ਸਮੇਂ ਲਈ ਇਥੇ ਠਹਿਰੇ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਦੀ ਵਿਵਸਥਾ ਨੂੰ ਚਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਜ਼ਮੀਨ ਵੀ ਦਿੱਤੀ ਹੋਈ ਸੀ। ਇਥੇ ਮਾਘੀ ਉਤੇ ਬਹੁਤ ਵੱਡਾ ਮੇਲਾ ਲਗਦਾ ਸੀ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸੀ। ਦੇਸ਼-ਵੰਡ ਤੋਂ ਬਾਦ ਇਹ ਗੁਰੂ-ਧਾਮ ਪਾਕਿਸਤਾਨ ਵਿਚ ਰਹਿ ਗਿਆ ਹੈ।

**ਹੁਮਾਯੂੰ, ਨਸੀਰੁੱਦੀਨ ਮੁਹੰਮਦ** (1508-1556 ਈ.): ਭਾਰਤ ਦੇ ਪਹਿਲੇ ਮੁਗ਼ਲ ਬਾਦਸ਼ਾਹ ਬਾਬਰ ਦੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਵੱਡੇ ਹੁਮਾਯੂੰ ਦਾ ਜਨਮ 6 ਮਾਰਚ 1508 ਈ. ਨੂੰ ਮਾਹਮ ਬੇਗਮ ਦੀ ਕੁੱਖੋਂ ਕਾਬੁਲ ਵਿਚ ਹੋਇਆ। ਇਸ ਨੂੰ ਸ਼ੁਰੂ ਤੋਂ ਹੀ ਅਰਬੀ, ਫ਼ਾਰਸੀ ਅਤੇ ਤੁਰਕੀ ਭਾਸ਼ਾਵਾਂ ਦਾ ਚੰਗਾ ਬੋਧ ਕਰਵਾਇਆ ਗਿਆ। 15 ਵਰ੍ਹਿਆਂ ਦੀ ਉਮਰ ਵਿਚ ਇਸ ਨੂੰ ਬਦਖ਼ਸ਼ਾਂ ਦਾ ਸ਼ਾਸਕ ਨਿਯੁਕਤ ਕੀਤਾ ਗਿਆ, ਜਿਸ ਪਦਵੀ ਉਤੇ ਇਹ ਸੰਨ 1529 ਈ. ਤਕ ਰਿਹਾ। ਸੰਨ 1526 ਈ. ਵਿਚ ਬਾਬਰ ਵਲੋਂ ਭਾਰਤ ਉਤੇ ਕੀਤੇ ਹਮਲੇ ਦੌਰਾਨ ਇਸ ਨੇ ਆਪਣੀ ਯੁੱਧ-ਵੀਰਤਾ ਦਾ ਪਰਿਚਯ ਦਿੱਤਾ। ਸੰਨ 1527 ਈ. ਵਿਚ ਇਹ ਬਦਖ਼ਸ਼ਾਂ ਵਾਪਸ ਚਲਾ ਗਿਆ।

26 ਦਸੰਬਰ 1530 ਈ. ਨੂੰ ਬਾਬਰ ਦੀ ਮ੍ਰਿਤੂ ਤੋਂ ਬਾਦ 23 ਵਰ੍ਹਿਆਂ ਦੀ ਉਮਰ ਵਿਚ ਇਹ ਦਿੱਲੀ ਦੀ ਰਾਜ-ਗੱਦੀ ਉਤੇ ਬੈਠਾ। ਪਰ ਆਲਸ, ਵਿਲਾਸਤਾ ਅਤੇ ਮਹੱਤਵ-ਪੂਰਣ ਨਿਰਣੇ ਲੈਣ ਵਿਚ ਢਿਲ ਆਦਿ ਨਿਜੀ ਕਮਜ਼ੋਰੀਆਂ ਕਰਕੇ ਇਹ ਆਪਣੇ ਰਾਜ ਦੇ ਪ੍ਰਬੰਧ ਨੂੰ ਵਿਵਸਥਿਤ ਰੂਪ ਪ੍ਰਦਾਨ ਨ ਕਰ ਸਕਿਆ। ਆਪਣੇ ਤਿੰਨ ਭਰਾਵਾਂ ਵਲੋਂ ਪੈਦਾ ਕੀਤੇ ਬਖੇੜਿਆਂ ਤੋਂ ਵੀ ਇਹ ਬਹੁਤ ਪਰੇਸ਼ਾਨ ਰਿਹਾ। ਇਸ ਦੌਰਾਨ ਸ਼ੇਰ ਸ਼ਾਹ ਸੂਰੀ ਨੇ ਬਿਹਾਰ ਪ੍ਰਦੇਸ਼ ਵਿਚ ਆਪਣੀ ਸ਼ਕਤੀ ਮਜ਼ਬੂਤ ਕਰ ਲਈ। ਉਸ ਨੇ ਪਹਿਲਾਂ ਸੰਨ 1539 ਈ. ਵਿਚ ਚੌਸਾ ਦੀ ਲੜਾਈ ਵਿਚ ਹੁਮਾਯੂੰ ਨੂੰ ਹਰਾਇਆ ਅਤੇ ਫਿਰ ਸੰਨ 1540 ਈ. ਵਿਚ ਕਨੌਜ ਵਿਚ ਹੋਏ ਯੁੱਧ ਵਿਚ ਤਕੜੀ ਹਾਰ ਦੇ ਕੇ ਇਸ ਨੂੰ ਲਾਹੌਰ ਵਲ ਖਦੇੜ ਦਿੱਤਾ। ਫਿਰ ਸਿੰਧ ਅਤੇ ਰਾਜਪੂਤਾਨੇ ਵਿਚ ਚੱਕਰ ਕਟਦਾ ਅਮਰਕੋਟ ਵਿਚ ਪਹੁੰਚਿਆ। ਉਥੇ ਸੰਨ 1542 ਈ. ਵਿਚ ਅਕਬਰ (ਵੇਖੋ) ਦਾ ਜਨਮ ਹੋਇਆ।

ਹਿੰਦੁਸਤਾਨ ਵਿਚ ਆਪਣੀ ਸਥਿਤੀ ਸਹੀ ਨ

ਸਮਝਦਾ ਹੋਇਆ ਇਹ ਈਰਾਨ ਚਲਾ ਗਿਆ। ਉਥੋਂ ਦੇ ਹੁਕਮਰਾਨ ਸ਼ਾਹ ਤਹਮਾਸਪ ਨੇ ਇਸ ਨੂੰ ਸ਼ਰਣ ਦਿੱਤੀ। ਉਸ ਤੋਂ ਫ਼ੌਜੀ ਮਦਦ ਲੈ ਕੇ ਇਸ ਨੇ ਕੰਧਾਰ ਅਤੇ ਕਾਬੁਲ ਨੂੰ ਆਪਣੇ ਅਧਿਕਾਰ ਵਿਚ ਕੀਤਾ। ਉਧਰ ਭਾਰਤ ਵਿਚ ਸ਼ੇਰਸ਼ਾਹ ਸੂਰੀ ਦੀ ਮੌਤ ਤੋਂ ਬਾਦ ਉਸ ਦੇ ਵਾਰਸਾਂ ਵਿਚ ਰਾਜ -ਅਧਿਕਾਰ ਪ੍ਰਾਪਤ ਕਰਨ ਲਈ ਸੰਘਰਸ਼ ਚਲ ਪਿਆ। ਮੌਕੇ ਦੀ ਨਜ਼ਾਕਤ ਦਾ ਲਾਭ ਉਠਾ ਕੇ ਹੁਮਾਯੂੰ ਨੇ ਪੰਜਾਬ ਉਤੇ ਹਮਲਾ ਕੀਤਾ ਅਤੇ ਸਰਹਿੰਦ ਦੀ ਲੜਾਈ ਵਿਚ ਅਫ਼ਗ਼ਾਨਾਂ ਨੂੰ ਹਰਾ ਕੇ ਜੁਲਾਈ 1555 ਈ. ਵਿਚ ਦਿੱਲੀ ਅਤੇ ਆਗਰੇ ਉਤੇ ਕਾਬਜ਼ ਹੋ ਗਿਆ। ਪਰ ਅਜੇ ਛੇ ਕੁ ਮਹੀਨੇ ਹੀ ਬਾਦਸ਼ਾਹੀ ਕੀਤੀ ਸੀ ਕਿ ਦਿੱਲੀ ਵਿਚ ਆਪਣੀ ਲਾਇਬ੍ਰੇਰੀ ਦੀਆਂ ਪੌੜੀਆਂ ਤੋਂ ਡਿਗ ਕੇ 26 ਜਨਵਰੀ 1556 ਈ. ਨੂੰ ਮਰ ਗਿਆ।

ਸਿੱਖ ਇਤਿਹਾਸ ਅਨੁਸਾਰ ਲਾਹੌਰ ਤੋਂ ਰਾਜਪੂਤਾਨੇ ਵਲ ਭਜਦਿਆਂ ਜਦੋਂ ਇਹ ਖਡੂਰ ਸਾਹਿਬ ਤੋਂ ਲੰਘਣ ਲਗਾ ਤਾਂ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਗਿਆ। ਗੁਰੂ ਸਾਹਿਬ ਦੇ ਸਮਾਧੀ ਦੀ ਅਵਸਥਾ ਵਿਚ ਹੋਣ ਕਾਰਣ ਇਸ ਨੂੰ ਰੁਕਣਾ ਪੈ ਗਿਆ। ਉਡੀਕ ਤੋਂ ਖਿਝ ਕੇ ਇਸ ਨੇ ਗੁਰੂ ਸਾਹਿਬ ਨੂੰ ਮਾਰਨ ਲਈ ਤਲਵਾਰ ਖਿਚ ਲਈ। ਜਦੋਂ ਗੁਰੂ ਸਾਹਿਬ ਦੀ ਸਮਾਧੀ ਖੁਲ੍ਹੀ ਅਤੇ ਉਹ ਬਾਹਰ ਆਏ ਤਾਂ ਇਸ ਨੂੰ ਕਿਹਾ ਕਿ ਫ਼ਕੀਰਾਂ ਉਤੇ ਤਲਵਾਰ ਖਿਚਣ ਦਾ ਕੀ ਲਾਭ, ਇਸ ਨੂੰ ਵੈਰੀ ਨੂੰ ਮਾਰਨ ਲਈ ਖਿਚਣਾ ਚਾਹੀਦਾ ਸੀ। ਇਹ ਸੁਣ ਕੇ ਹੁਮਾਯੂੰ ਬਹੁਤ ਸ਼ਰਮਿੰਦਾ ਹੋਇਆ ਅਤੇ ਮਾਫ਼ੀ ਮੰਗ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

**ਹਹੇਰਾਂ** (ਪਿੰਡ): ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ ਜੋ ਰਾਏਕੋਟ ਤੋਂ ਉਤਰ ਦਿਸ਼ਾ ਵਲ ਲਗਭਗ 10 ਕਿ.ਮੀ. ਦੀ ਵਿਥ ਉਤੇ ਸਥਿਤ ਹੈ। ਪ੍ਰਸਿੱਧ ਉਦਾਸੀ ਮਹੰਤ ਕ੍ਰਿਪਾਲਦਾਸ ਇਸੇ ਪਿੰਡ ਦਾ ਵਸਨੀਕ ਸੀ ਜਿਸ ਨੇ ਭੰਗਾਣੀ ਦੇ ਯੁੱਧ ਵਿਚ ਹਯਾਤ ਖ਼ਾਨ ਨੂੰ ਕੁਤਕੇ ਦੇ ਪ੍ਰਹਾਰ ਨਾਲ ਮਾਰਿਆ ਸੀ—*ਕ੍ਰਿਪਾਲੰ ਕੁਪਿਓ ਹੈ ਕੁਤਕੋ ਸੰਭਾਰੀ। ਹਠੀ ਖ਼ਾਨ ਹਯਾਤ ਕੇ ਸੀਸ ਝਾਰੀ।*(ਬਚਿਤ੍ਰ ਨਾਟਕ))।

ਗੁਰੂ ਹਰਿਗੋਬਿੰਦ ਜੀ ਦੀ ਮਾਲਵਾ ਪ੍ਰਦੇਸ ਦੀ ਪ੍ਰਚਾਰ-ਫੇਰੀ ਵੇਲੇ ਭਾਈ ਹਮੀਰਾ ਨੇ ਗੁਰੂ ਜੀ ਨੂੰ ਪਿੰਡ ਵਿਚ ਪਧਾਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਪਿੰਡ ਵਿਚ ਪਧਾਰੇ। ਜਿਸ ਪਲੰਘ ਉਤੇ ਗੁਰੂ ਸਾਹਿਬ ਬੈਠੇ ਸਨ, ਉਹ ਹੁਣ ਵੀ ਸੁਰਖਿਅਤ ਹੈ। ਉਹ ਚੁਲ੍ਹਾ ਵੀ ਮੌਜੂਦ ਹੈ ਜਿਸ ਉਤੇ ਗੁਰੂ ਜੀ ਲਈ ਭੋਜਨ ਤਿਆਰ ਕੀਤਾ ਗਿਆ ਸੀ।

ਮਾਛੀਵਾੜੇ ਤੋਂ ਮੁਗ਼ਲ ਸੈਨਾ ਦੇ ਘੇਰੇ ਤੋਂ 'ਉਚ ਕਾ ਪੀਰ' ਬਣ ਕੇ ਬਾਹਰ ਨਿਕਲੇ ਗੁਰੂ ਗੋਬਿੰਦ ਸਿੰਘ ਜੀ ਮਹੰਤ ਕ੍ਰਿਪਾਲਦਾਸ ਪਾਸ ਆ ਕੇ ਇਸ ਪਿੰਡ ਵਿਚ ਠਹਿਰੇ। ਕ੍ਰਿਪਾਲਦਾਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਕ੍ਰਿਪਾਲ-ਦਾਸ ਦੇ ਵੇਲੇ ਇਹ ਡੇਰਾ ਬਹੁਤ ਪ੍ਰਸਿੱਧ ਰਿਹਾ। ਬਾਦ ਵਿਚ ਵੀ ਇਸ ਦੀ ਮਾਨਤਾ ਬਣੀ ਰਹੀ। ਸੰਨ 1925 ਈ. ਵਿਚ ਗੁਰਦੁਆਰਾ ਪ੍ਰਬੰਧਕ ਐਕਟ ਦੇ ਪਾਸ ਹੋਣ ਨਾਲ ਇਹ ਡੇਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ। 15 ਜੂਨ 1951 ਈ. ਨੂੰ ਪੁਰਾਣੀ ਇਮਾਰਤ ਦੀ ਥਾਂ ਨਵੀਂ ਉਸਾਰੀ ਸ਼ੁਰੂ ਕਰਵਾਈ ਗਈ। ਹੁਣ ਉਥੇ ਬੜਾ ਸੁੰਦਰ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ' ਉਸਰਿਆ ਹੋਇਆ ਹੈ। ਹਰ ਮਹੀਨੇ ਦੀ ਸੰਗ੍ਰਾਂਦ ਵਾਲੇ ਦਿਨ ਉਸ ਗੁਰੂ-ਧਾਮ ਉਤੇ ਬਹੁਤ ਇਕੱਠ ਹੁੰਦਾ ਹੈ। ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ ਬੜੇ ਉਤਸਾਹ ਨਾਲ ਮਨਾਏ ਜਾਂਦੇ ਹਨ ਅਤੇ ਦੂਰੋਂ ਦੂਰੋਂ ਸੰਗਤਾਂ ਆ ਕੇ ਦਰਸ਼ਨ ਕਰਦੀਆਂ ਹਨ।

**ਹੇਮਕੁੰਟ** (ਪਰਬਤ): ਹਿਮਾਲਾ ਪਰਬਤ ਮਾਲਾ ਵਿਚ 'ਸਪਤ -ਸ੍ਰਿੰਗ' (ਵੇਖੋ) ਦੀਆਂ ਸੱਤ ਪਹਾੜੀ ਚੋਟੀਆਂ ਦੇ ਨੇੜੇ ਇਕ ਪਰਬਤ ਜਿਸ ਦਾ ਉੱਲੇਖ 'ਬਚਿਤ੍ਰ-ਨਾਟਕ' ਵਿਚ ਹੋਇਆ ਹੈ। ਉਥੇ ਇਹ ਦਸਿਆ ਗਿਆ ਹੈ ਕਿ ਪਿਛਲੇ ਜਨਮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹੇਮਕੁੰਟ (ਹੇਮਕੂਟ) ਵਾਲੇ ਸਥਾਨ ਉਤੇ ਤਪਸਿਆ ਕੀਤੀ ਸੀ— *ਹੇਮਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ।*

'ਮਹਾਭਾਰਤ' (ਆਦਿ-ਪਰਵ) ਵਿਚ ਇਸ ਦਾ ਉੱਲੇਖ ਪਾਂਡਵਾਂ ਦੀ ਤਪੋ-ਭੂਮੀ ਵਜੋਂ ਹੋਇਆ ਹੈ। ਇਹ ਉਤਰ ਪ੍ਰਦੇਸ਼ (ਹੁਣ ਉਤਰਾਂਚਲ ਪ੍ਰਦੇਸ਼) ਦੇ ਚਮੋਲੀ ਜ਼ਿਲ੍ਹੇ ਵਿਚ ਬਦਰੀਨਾਥ ਦੇ ਨੇੜੇ ਅਤੇ ਸਮੁੰਦਰ ਤੋਂ 15,200 ਫੁਟ ਦੀ ਉਚਾਈ ਉਤੇ ਸਥਿਤ ਹੈ। ਇਹ ਥਾਂ ਬੜੀ ਰਮਣੀਕ ਅਤੇ ਏਕਾਂਤ ਹੈ। ਇਸ ਨੂੰ ਰਿਸ਼ੀਆਂ ਮੁਨੀਆਂ ਦਾ ਤਪੋ-ਸਥਾਨ ਵੀ ਦਸਿਆ ਜਾਂਦਾ ਹੈ। ਇਥੇ ਸੱਤ ਵਰਗ ਕਿ.ਮੀ. ਦੀ ਇਕ

ਵੱਡੀ ਝੀਲ ਹੈ ਜਿਸ ਵਿਚ ਆਲੇ-ਦੁਆਲੇ ਦੀਆਂ ਬਰਫ਼ਾਂ ਨਾਲ ਲੱਦੀਆਂ ਪਹਾੜੀਆਂ ਦੇ ਪਾਣੀ ਦੇ ਝਰਨੇ ਡਿਗਦੇ ਹਨ। ਇਸ ਵਿਚਲਾ ਜਲ ਹੇਮ-ਗੰਗਾ ਜਲਧਾਰਾ ਬਣਾ ਕੇ ਬਾਹਰ ਨਿਕਲਦਾ ਹੈ। ਇਸ ਦੇ ਨਿਰਮਲ ਜਲ ਵਿਚ ਸਪਤ-ਸ਼੍ਰਿੰਗ ਸੁੰਦਰ ਢੰਗ ਨਾਲ ਪ੍ਰਤਿਬਿੰਬਿਤ ਹੁੰਦਾ ਹੈ। ਇਹ ਇਲਾਕਾ ਸਾਲ ਵਿਚ ਲਗਭਗ 10 ਮਹੀਨੇ ਬਰਫ਼ ਨਾਲ ਢਕਿਆ ਰਹਿੰਦਾ ਹੈ। ਜੂਨ-ਜੁਲਾਈ ਵਿਚ ਜਦੋਂ ਬਰਫ਼ ਪੰਘਰਦੀ ਹੈ ਤਾਂ ਯਾਤ੍ਰੀਆਂ ਦੀ ਦੋ ਮਹੀਨਿਆਂ ਤਕ ਆਵਾਜਾਈ ਰਹਿੰਦੀ ਹੈ।

'ਬਚਿਤ੍ਰ-ਨਾਟਕ' ਵਿਚ ਲਿਖੇ ਸੰਕੇਤਾਂ ਦੇ ਆਧਾਰ 'ਤੇ ਵੀਹਵੀਂ ਸਦੀ ਦੇ ਸ਼ਰਧਾਲੂ ਖੋਜੀਆਂ ਨੇ ਇਸ ਸਥਾਨ ਨੂੰ ਲਭਣ ਦਾ ਉਦਮ ਕੀਤਾ। ਪੰਡਿਤ ਤਾਰਾ ਸਿੰਘ ਨਰੋਤਮ ਵਲੋਂ ਕੀਤੀ ਨਿਸ਼ਾਨਦੇਹੀ ਦੇ ਆਧਾਰ 'ਤੇ ਸਭ ਤੋਂ ਪਹਿਲਾਂ ਟੀਹਰੀ ਗੜ੍ਹਵਾਲ ਦੇ ਸੰਤ ਸੋਹਣ ਸਿੰਘ ਅਤੇ ਸ. ਮੋਦਨ ਸਿੰਘ ਨੇ ਹਿੰਮਤ ਕਰਕੇ ਸੰਨ 1934 ਈ. ਵਿਚ ਇਸ ਸਥਾਨ ਦਾ ਸਰਵੇਖਣ ਕੀਤਾ ਅਤੇ ਭਾਈ ਵੀਰ ਸਿੰਘ ਵਲੋਂ ਦਿੱਤੀ ਮਾਇਕ ਸਹਾਇਤਾ ਅਤੇ ਪ੍ਰੇਰਣਾ ਨਾਲ ਇਕ ਨਿੱਕਾ ਜਿਹਾ ਗੁਰਦੁਆਰਾ ਉਸਾਰਿਆ। ਫ਼ੌਜੀ ਸੇਵਾ ਤੋਂ ਮੁਕਤ ਹੋਣ ਤੇ ਹਵਲਦਾਰ ਮੋਦਨ ਸਿੰਘ ਨੇ 21 ਵਰ੍ਹੇ ਇਸ ਗੁਰੂ-ਧਾਮ ਦੇ ਵਿਕਾਸ ਲਈ ਸੇਵਾ ਕੀਤੀ ਅਤੇ ਯਾਤ੍ਰੀਆਂ ਦੇ ਠਹਿਰਨ ਲਈ ਪਹਾੜੀ ਮਾਰਗ ਵਿਚ ਗੁਰਦੁਆਰਾ ਗੋਬਿੰਦ ਘਾਟ ਅਤੇ ਗੁਰਦੁਆਰਾ ਗੋਬਿੰਦ ਧਾਮ ਉਸਰਵਾਏ। ਸੰਨ 1960 ਈ. ਵਿਚ ਮੋਦਨ ਸਿੰਘ ਦੇ ਦੇਹਾਂਤ ਤੋਂ ਬਾਦ 'ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟ੍ਰਸਟ' ਬਣਾਇਆ ਗਿਆ ਜਿਸ ਦਾ ਮੁੱਖ ਦਫ਼ਤਰ ਕਾਨਪੁਰ ਵਿਚ ਰਖਿਆ ਗਿਆ। ਬਾਦ ਵਿਚ ਸ਼ਰਧਾਲੂਆਂ ਨੇ ਉਦਮ ਕਰਕੇ ਇਥੇ ਬਹੁਤ ਆਲੀਸ਼ਾਨ ਗੁਰਦੁਆਰਾ ਬਣਾਇਆ ਹੈ। ਹੇਮਕੁੰਟ ਨੂੰ ਹਰ ਸਾਲ ਹਜ਼ਾਰਾਂ ਸਿੱਖ ਸ਼ਰਧਾਲੂ ਯਾਤ੍ਰਾ ਲਈ ਜਾਂਦੇ ਹਨ। ਇਹ ਲੋਕ ਰਿਸ਼ੀਕੇਸ਼ ਤੋਂ 275 ਕਿ. ਮੀ. ਦੂਰੀ 'ਤੇ ਸਥਿਤ ਗੁਰਦੁਆਰਾ ਗੋਬਿੰਦ ਘਾਟ ਤਕ ਬੱਸਾਂ ਰਾਹੀਂ ਜਾਂਦੇ ਹਨ। ਉਥੋਂ ਅਲਕਨੰਦਾ ਨਦੀ ਤੋਂ ਪੁਲ ਰਾਹੀਂ ਪਾਰ ਹੋ ਕੇ 13 ਕਿ.ਮੀ. ਦੀ ਦੂਰੀ ਤੇ ਸਥਿਤ ਗੁਰਦੁਆਰਾ ਗੋਬਿੰਦ ਧਾਮ ਪਹੁੰਚਿਆ ਜਾਂਦਾ ਹੈ। ਉਥੋਂ 6 ਕਿ.ਮੀ. ਦੀ ਸਿੱਧੀ ਚੜ੍ਹਾਈ ਚੜ੍ਹ ਕੇ ਹੇਮਕੁੰਟ ਤਕ ਪਹੁੰਚਿਆ ਜਾਂਦਾ ਹੈ।

**ਹੇਠੀਆਂ** (ਪਿੰਡ): ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਟਾਲਾ ਨਗਰ ਦੇ ਨੇੜੇ ਇਕ ਪਿੰਡ, ਜਿਸ ਨੂੰ ਗੁਰੂ ਅਰਜਨ ਦੇਵ ਜੀ ਦੀ ਚਰਣ-ਛੋਹ ਪ੍ਰਾਪਤ ਹੋਈ ਸੀ। ਕਹਿੰਦੇ ਹਨ ਕਿ ਗੁਰੂ ਜੀ ਬਾਰਠ ਪਿੰਡ ਤੋਂ ਘੁੱਕੇਵਾਲੀ ਪਿੰਡ ਵਿਚ ਸਥਿਤ 'ਗੁਰੂ ਕਾ ਬਾਗ਼' ਨੂੰ ਜਾਂਦੇ ਹੋਏ ਕੁਝ ਸਮੇਂ ਲਈ ਇਥੇ ਠਹਿਰੇ ਸਨ। ਇਸ ਗੁਰਦੁਆਰੇ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਕਾਫ਼ੀ ਜ਼ਮੀਨ ਲਗਵਾਈ ਹੋਈ ਸੀ। ਇਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲਾ ਦਿਨ ਬੜੇ ਉਤਸਾਹ ਨਾਲ ਮਨਾਇਆ ਜਾਂਦਾ ਹੈ।

**ਹੋਲਗੜ੍ਹ (ਕਿਲ੍ਹਾ)**: ਆਨੰਦਪੁਰ ਸਾਹਿਬ ਦਾ ਇਕ ਕਿਲ੍ਹਾ ਜਿਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਖੇਡਣ ਦੀ ਪਰੰਪਰਾ ਦਾ ਆਰੰਭ ਕੀਤਾ ਸੀ। ਵੇਖੋ 'ਆਨੰਦਪੁਰ', 'ਹੋਲਾ-ਮਹੱਲਾ'।

**ਹੋਲਾ-ਮਹੱਲਾ** : ਹੋਲੀ ਦੇ ਪਰੰਪਰਾਗਤ ਤਿਉਹਾਰ ਦੇ ਸਮਾਨਾਂਤਰ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ-ਵਿਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਯੁੱਧ-ਪ੍ਰਕ੍ਰਿਆ ਨਾਲ ਜੋੜਿਆ। ਸਿੱਖ-ਇਤਿਹਾਸ ਅਨੁਸਾਰ ਆਨੰਦਪੁਰ ਸਾਹਿਬ ਸਥਿਤ ਹੋਲ-ਗੜ੍ਹ ਕਿਲ੍ਹੇ ਵਾਲੀ ਥਾਂ 'ਤੇ ਸੰਨ 1700 ਈ. (1757 ਬਿ. ਚੇਤ ਵਦੀ ੧) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਦਾ ਉਦਘਾਟਨ ਕੀਤਾ। ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ ਆਦਿ ਵਿਦਵਾਨਾਂ ਨੇ ਇਸ ਦੇ ਅਰਥ 'ਹੱਲਾ' ਅਤੇ 'ਹੱਲੇ ਵਾਲੀ ਥਾਂ' ਜਾਂ 'ਬਨਾਵਟੀ ਹਮਲਾ' ਕੀਤੇ ਹਨ। ਪ੍ਰਸਤੁਤ ਲੇਖਕ ਦੇ ਵਿਚਾਰ ਅਨੁਸਾਰ ਹੋਲੀ ਤੋਂ ਹੋਲਾ (ਪੁਲਿੰਗ ਸ਼ਬਦ) ਬਣਾ ਕੇ ਉਸ ਦਿਨ ਮਹਾ-ਹੱਲਾ ਕਰਨ ਦੀ ਗੱਲ ਨੂੰ ਇਸ ਸ਼ਬਦ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਕਵੀ ਸੁਮੇਰ ਸਿੰਘ ਨੇ ਇਸ ਪਰਥਾਇ ਗੁਰੂ ਜੀ ਦੇ ਆਦੇਸ਼ ਦਾ ਇਸ ਤਰ੍ਹਾਂ ਕਥਨ ਕੀਤਾ ਹੈ— *ਔਰਨ ਕੀ ਹੋਲੀ ਮਮ ਹੋਲਾ। ਕਹ੍ਯੋ ਕ੍ਰਿਪਾਨਿਧ ਬਚਨ ਅਮੋਲਾ।*

ਇਹ, ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਨਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤ੍ਰ ਪਾਉਣ ਲਈ ਕਿਹਾ ਜਾਂਦਾ ਸੀ। ਬਨਾਵਟੀ

ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਨੂੰ 'ਵੈਰੀ' ਸਮਝ ਕੇ ਉਸ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿਤਣ ਵਾਲੇ ਦਲ ਨੂੰ ਖ਼ੂਬ ਇਨਾਮ ਦਿੱਤੇ ਜਾਂਦੇ। ਇਸ ਮੌਕੇ ਸੱਤ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸਾਹ ਵਧਾਉਂਦੇ।

ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਦ (ਫਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ 'ਤੇ ਆਨੰਦਪੁਰ ਸਾਹਿਬ ਵਿਚ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਪਹੁੰਚਦੇ ਹਨ। ਇਸ ਮੌਕੇ 'ਤੇ ਨਿਹੰਗ ਸਿੰਘਾਂ ਦਾ ਜਲਾਲ ਵੇਖਣ ਨੂੰ ਬਣਦਾ ਹੈ। ਧਰਮ-ਪ੍ਰਚਾਰ ਤੋਂ ਇਲਾਵਾ ਰਾਜਨੈਤਿਕ ਪਾਰਟੀਆਂ ਦੇ ਜਲਸੇ ਵੀ ਹੁੰਦੇ ਹਨ। ਤੀਜੇ ਦਿਨ ਆਨੰਦਗੜ੍ਹ ਤੋਂ ਹੋਲੇ ਮਹੱਲੇ ਦਾ ਜਲੂਸ ਨਿਕਲਦਾ ਹੈ ਜਿਸ ਨੂੰ 'ਮਹੱਲਾ ਚੜ੍ਹਨਾ' ਕਹਿੰਦੇ ਹਨ। ਇਹ ਜਲੂਸ ਮਾਤਾ ਜੀਤੋ ਜੀ ਦੇ ਦੇਹੁਰੇ, ਹੋਲਗੜ੍ਹ, ਚਰਨ-ਗੰਗਾ ਆਦਿ ਸਥਾਨਾਂ ਤੋਂ ਹੁੰਦਾ ਹੋਇਆ ਖੁਲ੍ਹੇ ਮੈਦਾਨ ਵਿਚ ਪਹੁੰਚਦਾ ਹੈ। ਉਥੇ ਜੰਗੀ ਕਰਤੱਬ ਦਿਖਾਏ ਜਾਂਦੇ ਹਨ। ਪਿਛਲੇ ਪਹਿਰ ਜਲੂਸ ਕੇਸਗੜ੍ਹ ਨੂੰ ਵਾਪਸ ਆਉਂਦਾ ਹੈ ਅਤੇ ਇਸ ਉਤਸਵ ਦੀ ਸਮਾਪਤੀ ਘੋਸ਼ਿਤ ਕੀਤੀ ਜਾਂਦੀ ਹੈ।

**ਹੋਲੀ :** ਇਹ ਭਾਰਤ ਦਾ ਇਕ ਮੌਸਮੀ ਤਿਉਹਾਰ ਹੈ ਜਿਹੜਾ ਚੇਤਰ ਦੀ ਪੂਰਣਮਾਸੀ (ਫਗਣ ਸੁਦੀ 15) ਨੂੰ ਮਨਾਇਆ ਜਾਂਦਾ ਹੈ। ਉਦੋਂ ਬਸੰਤ ਰੁਤ ਆਪਣੇ ਜੋਬਨ ਉਤੇ ਹੁੰਦੀ ਹੈ, ਸਰਦੀ ਖ਼ਤਮ ਹੋ ਰਹੀ ਹੁੰਦੀ ਹੈ ਅਤੇ ਗਰਮੀ ਦੇ ਆਗਮਨ ਦਾ ਅਹਿਸਾਸ ਹੋਣ ਲਗਦਾ ਹੈ। ਸਰਦੀ ਨਾਲ ਠਰ੍ਹੀ ਸਾਰੀ ਪ੍ਰਕ੍ਰਿਤੀ ਅੰਗੜਾਈ ਲੈ ਕੇ ਸਾਵਧਾਨ ਹੋ ਰਹੀ ਹੁੰਦੀ ਹੈ। ਹਰ ਪਾਸੇ ਫ਼ਸਲਾਂ ਲਹਿ-ਲਹਾਉਂਦੀਆਂ ਦਿਸ ਪੈਂਦੀਆਂ ਹਨ। ਰੰਗਾ-ਰੰਗ ਦੇ ਫੁਲ ਖਿੜੇ ਹੁੰਦੇ ਹਨ ਅਤੇ ਸਾਰਾ ਵਾਯੂਮੰਡਲ ਇਕ ਸੁਖਾਵੀਂ ਮਹਿਕ ਨਾਲ ਭਰਪੂਰ ਹੁੰਦਾ ਹੈ। ਹਰ ਇਕ ਵਿਅਕਤੀ ਦੇ ਮਨ ਵਿਚ ਖੇੜੇ ਦੀ ਅਵਸਥਾ ਪੈਦਾ ਹੋ ਜਾਂਦੀ ਹੈ, ਉਮੰਗਾਂ ਉਛਲ ਪੈਂਦੀਆਂ ਹਨ। ਇਸ ਮਾਨਸਿਕ ਅਵਸਥਾ ਨੂੰ ਪ੍ਰਗਟਾਉਣ ਲਈ, ਕੁਦਰਤੀ ਰੰਗ-ਸੁਰੰਗਤਾ ਦੇ ਸੰਦਰਭ ਵਿਚ, ਇਕ ਦੂਜੇ ਉਤੇ ਗੁਲਾਲ ਸੁਟਿਆ ਜਾਂਦਾ ਹੈ। ਗੁਲਾਲ ਤੋਂ ਇਲਾਵਾ ਰੰਗ-ਬਰੰਗੇ ਪਾਣੀ ਦੀਆਂ ਪਿਚਕਾਰੀਆਂ ਵੀ ਚਲਾਈਆਂ ਜਾਂਦੀਆਂ ਹਨ। ਕੁਝ ਅਸਭ੍ਯ ਲੋਕ ਇਕ ਦੂਜੇ ਉਤੇ ਗੰਦ-ਮੰਦ ਸੁਟ ਕੇ ਜਾਂ ਛੇੜਖਾਨੀ ਕਰਕੇ ਖ਼ੁਸ਼ੀ ਨੂੰ ਖ਼ਰੂਦ ਵਿਚ ਬਦਲਣ ਦਾ ਯਤਨ ਵੀ ਕਰਦੇ ਹਨ। ਖਾਣ-ਪੀਣ ਦੇ ਪਦਾਰਥਾਂ ਵਿਚ ਭੰਗ ਮਿਲਾ ਕੇ ਜਾਂ ਗੁਲਾਲ ਵਿਚ ਬਿਛੂ-ਬੂਟੀ ਰਲਾ ਕੇ ਕਈ ਵਾਰ ਵਿਅਰਥ ਦੀ ਪਰੇਸ਼ਾਨੀ ਪੈਦਾ ਕੀਤੀ ਜਾਂਦੀ ਹੈ। ਪੁਰਾਣੇ ਵਕਤਾਂ ਵਿਚ ਰਾਜੇ ਮਹਾਰਾਜੇ ਸੁਗੰਧਿਤ ਪਦਾਰਥਾਂ ਨਾਲ ਹੋਲੀ ਖੇਡਦੇ ਸਨ। ਅਸਲ ਵਿਚ, ਇਹ ਇਕ ਖ਼ੁਸ਼ੀ ਦਾ ਮੌਸਮੀ ਤਿਉਹਾਰ ਹੈ ਜੋ ਕਿਸੇ ਨ ਕਿਸੇ ਰੂਪ ਵਿਚ ਅਨੇਕ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ।

ਇਸ ਦਾ ਸੰਬੰਧ ਇਕ ਪੌਰਾਣਿਕ ਆਖਿਆਨ ਨਾਲ ਵੀ ਜੋੜਿਆ ਜਾਂਦਾ ਹੈ। ਸ਼ਿਵ ਤੋਂ 'ਕਿਸੇ ਦੁਆਰਾ ਨ ਮਾਰੇ ਜਾਣ' ਦਾ ਵਰ ਪ੍ਰਾਪਤ ਕਰਕੇ ਹਰਨਾਖਸ਼ (ਹਿਰਣ੍ਯਕਸ਼ਿਪੁ) ਨਾਂ ਦਾ ਰਾਖਸ਼ ਰਾਜਾ ਸਭ ਨੂੰ ਆਪਣਾ ਨਾਮ ਜਪਾਉਣ ਲਈ ਮਜਬੂਰ ਕਰਨ ਲਗਾ, ਪਰ ਉਸ ਦੇ ਪੁੱਤਰ ਪ੍ਰਹਿਲਾਦ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਹਰਨਾਖਸ਼ ਨੇ ਗੁੱਸੇ ਵਿਚ ਆ ਕੇ ਆਪਣੇ ਪੁੱਤਰ ਨੂੰ ਮਾਰਨ ਦਾ ਕੰਮ ਆਪਣੀ ਭੈਣ 'ਹੋਲਿਕਾ' (ਨਾਮਾਂਤਰ ਢੁੰਡਾ) ਨੂੰ ਸੌਂਪਿਆ। ਹੋਲਿਕਾ ਨੇ ਵੀ ਸ਼ਿਵ ਤੋਂ ਅੱਗ ਵਿਚ ਨ ਸੜਨ ਦਾ ਵਰਦਾਨ ਪ੍ਰਾਪਤ ਕੀਤਾ ਹੋਇਆ ਸੀ, ਬਸ਼ਰਤੇ ਕਿ ਉਹ ਸ਼ਿਵ ਵਲੋਂ ਬਖ਼ਸ਼ੀ ਹੋਈ ਫੁਲਕਾਰੀ ਨੂੰ ਆਪਣੇ ਉਪਰ ਓੜ੍ਹੀ ਰਖੇ। ਭਰਾ ਦੇ ਆਦੇਸ਼ ਨੂੰ ਮੰਨ ਕੇ ਹੋਲਿਕਾ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅਗਨੀ ਵਿਚ ਬੈਠ ਗਈ ਪਰ ਦੈਵ-ਵਸ ਉਸ ਦੀ ਫੁਲਕਾਰੀ ਉਸ ਦੇ ਸ਼ਰੀਰ ਤੋਂ ਉਡ ਕੇ ਪ੍ਰਹਿਲਾਦ ਦੇ ਸ਼ਰੀਰ ਉਤੇ ਪਸਰ ਗਈ। ਪ੍ਰਹਿਲਾਦ ਅੱਗ ਵਿਚ ਸੜਨ ਤੋਂ ਬਿਲਕੁਲ ਬਚ ਗਿਆ ਅਤੇ ਹੋਲਿਕਾ ਸੜ ਕੇ ਸੁਆਹ ਹੋ ਗਈ।

ਪੌਰਾਣਿਕ ਵਿਆਖਿਆਕਾਰਾਂ ਨੇ ਇਸ ਆਖਿਆਨ ਨੂੰ ਪ੍ਰਤੀਕਾਤਮਕ ਅਰਥ ਪ੍ਰਦਾਨ ਕੀਤੇ ਹਨ ਅਤੇ ਇਸ ਘਟਨਾ ਨੂੰ ਬਦੀ ਉਤੇ ਨੇਕੀ ਦੀ ਜਿਤ ਦਸਿਆ ਹੈ। ਫਲਸਰੂਪ

ਹੋਲੀ ਤੋਂ ਇਕ ਦਿਨ ਪਹਿਲਾਂ ਫਗਣ ਸੁਦੀ 14 ਦੀ ਰਾਤ ਨੂੰ ਚੌਰਾਹਿਆਂ ਜਾਂ ਵੇਹੜਿਆਂ ਵਿਚ ਲਕੜੀ ਦੇ ਢੇਰ ਲਗਾ ਕੇ ਹੋਲਿਕਾ ਨੂੰ ਸਾੜਿਆ ਜਾਂਦਾ ਹੈ। ਇਸ ਦਿਨ ਕੱਚੇ ਛੋਲੀਏ ਨੂੰ ਵੀ ਅੱਗ ਵਿਚ ਭੁੰਨ ਕੇ ਖਾਇਆ ਜਾਂਦਾ ਹੈ। ਹੋਲਿਕਾ ਦੀ ਅਗਨੀ ਵਿਚ ਸਾੜੇ ਜਾਣ ਕਾਰਣ ਇਨ੍ਹਾਂ ਨੂੰ 'ਹੋਲਾ' ਵੀ ਕਿਹਾ ਜਾਂਦਾ ਹੈ। ਨੇਕੀ ਦੀ ਜਿਤ ਦੀ ਖ਼ੁਸ਼ੀ ਵਿਚ ਦੂਜੇ ਦਿਨ ਖ਼ੂਬ ਮੌਜ ਮੇਲਾ ਮਨਾਇਆ ਜਾਂਦਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਇਸ ਮੌਜ ਮੇਲੇ ਦਾ ਰੂਪਾਂਤਰਣ ਹੋਲੀ ਦੇ ਰੂਪ ਵਿਚ ਹੋਇਆ ਪ੍ਰਤੀਤ ਹੁੰਦਾ ਹੈ।

ਫਲਗੁ (ਅਰਥਾਤ ਬਸੰਤ ਰੁਤ ਜਾਂ ਗੁਲਾਲ) ਨਾਲ ਸੰਬੰਧਿਤ ਹੋਣ ਕਾਰਣ ਇਸ ਨੂੰ 'ਫਾਗ' ਵੀ ਕਿਹਾ ਜਾਂਦਾ ਹੈ। ਸਮੁੱਚੇ ਤੌਰ 'ਤੇ ਮੌਸਮ ਦੀ ਬਦਲੀ ਨਾਲ ਪੈਦਾ ਹੋਈ ਖ਼ੁਸ਼ੀ ਨੂੰ ਪ੍ਰਗਟ ਕਰਨ ਵਾਲਾ, ਇਹ ਇਕ ਆਨੰਦਦਾਇਕ ਤਿਉਹਾਰ ਹੈ। ਬਸੰਤ ਰਾਗ ਵਿਚ ਗੁਰੂ ਅਰਜਨ ਦੇਵ ਨੇ ਪਰਮਾਤਮਾ ਨਾਲ ਹੋਏ ਮਹਾਮਿਲਨ ਦੀ ਦਸ਼ਾ ਨੂੰ ਫਾਗ ਜਾਂ ਹੋਲੀ ਦੀ ਮੰਗਲਮਈ ਅਵਸਥਾ ਦੁਆਰਾ ਰੂਪਾਇਤ ਕੀਤਾ ਹੈ— *ਆਜੁ ਹਮਾਰੈ ਬਨੈ ਫਾਗ। ਪ੍ਰਭ ਸੰਗੀ ਮਿਲਿ ਖੇਲਨ ਲਾਗ। ਹੋਲੀ ਕੀਨੀ ਸੰਤ ਸੇਵ। ਰੰਗੁ ਲਾਗਾ ਅਤਿ ਲਾਲ ਦੇਵ।* (ਗੁ.ਗ੍ਰੰ. 1180)।

**ਹੰਕਾਰ** : ਵੇਖੋ 'ਹਉਮੈ'।

**ਹੰਦਾਲ, ਬਾਬਾ** (1573-1648 ਈ.): ਪੰਜਾਬ ਵਿਚ ਨਿਰੰਜਨੀ ਸੰਪ੍ਰਦਾਇ ਦੇ ਸੰਚਾਲਕ ਬਾਬਾ ਹੰਦਾਲ ਦਾ ਜਨਮ ਮਹਾਨ ਕੋਸ਼ਕਾਰ ਅਨੁਸਾਰ ਸੰਨ 1573 ਈ. (ਸੰਮਤ 1630 ਬਿ.) ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਨਾਂ ਦੇ ਕਸਬੇ ਵਿਚ ਹੋਇਆ ਅਤੇ 75 ਵਰ੍ਹਿਆਂ ਦੀ ਆਯੂ ਬਤੀਤ ਕਰਕੇ ਇਸ ਨੇ ਸੰਨ 1648 ਈ. (ਸੰਨ 1705 ਬਿ.) ਵਿਚ ਦੇਹ ਤਿਆਗੀ। ਇਹ ਇਕ ਸੁਲਤਾਨੀਏ ਸੇਵਕ ਗ਼ਾਜ਼ੀ ਮਿਰਜ਼ਾ ਦੇ ਘਰ ਸੁਖੀ ਦੀ ਕੁੱਖੋਂ ਪੈਦਾ ਹੋਇਆ। ਇਸ ਦਾ ਵਿਆਹ ਹਮਜ਼ੇ ਚਾਹਲ ਦੀ ਪੁੱਤਰੀ ਉਤਮੀ ਨਾਲ ਹੋਇਆ ਜਿਸ ਤੋਂ ਬਿਧੀ ਚੰਦ ਨਾਂ ਦਾ ਪੁੱਤਰ ਪੈਦਾ ਹੋਇਆ। ਰਤਨ ਸਿੰਘ ਭੰਗੂ ਅਨੁਸਾਰ ਇਹ ਜਾਤਿ ਦਾ ਘਣਗਸ ਜੱਟ ਸੀ। ਪਹਿਲਾਂ ਆਪਣੇ ਪਿਤਾ ਵਾਂਗ ਇਹ ਵੀ ਸੁਲਤਾਨ ਸਖੀਸਰਵਰ ਦਾ ਉਪਾਸਕ ਸੀ ਪਰ ਗ਼ਰੀਬੀ ਦਾ ਮਾਰਿਆ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਆਇਆ ਅਤੇ ਲੰਗਰ ਵਿਚ ਕੰਮ ਕਰਨ ਲਗਾ। ਬਾਲੇ ਵਾਲੀ ਜਨਮਸਾਖੀ ਵਿਚ ਇਸ ਦਾ ਉਲੇਖ ਚਾਰ/ਪੰਜ ਵਾਰ ਹੋਇਆ ਹੈ ਅਤੇ ਇਸ ਦੇ ਉਜਲੇ ਭਵਿਸ਼ ਵਲ ਸੰਕੇਤ ਕੀਤਾ ਗਿਆ ਹੈ। ਇਸ ਦੇ ਹਰ ਵੇਲੇ 'ਨਿਰੰਜਨ' ਸ਼ਬਦ ਦਾ ਪਾਠ ਕਰਨ ਕਰਕੇ ਇਸ ਦੀ ਸੰਪ੍ਰਦਾਇ ਦੇ ਸੇਵਕ 'ਨਿਰੰਜਨੀਏ' ਨਾਂ ਨਾਲ ਪ੍ਰਸਿੱਧ ਹੋਏ।

ਹੰਦਾਲ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਬਿਧੀਚੰਦ ਉਤਰਾਧਿਕਾਰੀ ਬਣਿਆ। ਗੁਰੂ-ਘਰ ਵਿਚ ਉਸ ਦਾ ਬਹੁਤ ਮਾਣ-ਸਤਿਕਾਰ ਸੀ। ਪਰ ਕਾਲਾਂਤਰ ਵਿਚ ਆਚਰਣਿਕ ਗਿਰਾਵਟ ਕਾਰਣ ਉਸ ਪ੍ਰਤਿ ਸ਼ਰਧਾ ਘਟਣ ਲਗੀ। ਉਸ ਨੇ ਭਾਈ ਬਾਲੇ ਵਾਲੀ ਮੂਲ ਜਨਮਸਾਖੀ ਵਿਚ ਰਲੇ ਪਾ ਕੇ ਆਪਣੇ ਪਿਤਾ ਹੰਦਾਲ ਦਾ ਚਰਿਤ੍ਰ ਉਭਾਰਿਆ। ਉਸ ਦੁਆਰਾ ਵਿਗਾੜੀ ਹੋਈ ਜਨਮਸਾਖੀ ਨੂੰ ਹੁਣ 'ਹੰਦਾਲਿਆ ਵਾਲੀ ਜਨਮਸਾਖੀ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਸ ਨੇ 'ਜਨਮਸਾਖੀ ਬਾਬੇ ਹੰਦਾਲ ਕੀ' ਦੀ ਵੀ ਰਚਨਾ ਕੀਤੀ। ਇਨ੍ਹਾਂ ਤੋਂ ਇਲਾਵਾ ਉਸ ਨੇ ਕਵਿਤਾ ਵਿਚ ਇਕ 'ਪਰਚੀ ਬਾਬਾ ਹੰਦਾਲ ਕੀ' ਸੰਨ 1655 ਈ. (ਸੰ. 1712 ਬਿ.) ਵਿਚ 15 ਅਧਿਆਵਾਂ ਵਿਚ ਲਿਖੀ ਹੈ ਜਿਸ ਦੀ ਹੱਥ-ਲਿਖਿਤ ਪੋਥੀ ਡਾ. ਗੰਡਾ ਸਿੰਘ ਦੇ ਸੰਗ੍ਰਹਿ ਵਿਚ ਸੁਰਖਿਅਤ ਸੀ। ਇਸ ਵਿਚ ਹੰਦਾਲ ਦੇ ਜੀਵਨ-ਬ੍ਰਿੱਤਾਂਤ ਦੇ ਪ੍ਰਸੰਗ ਵਿਚ 'ਬਾਲਚੰਦ' ਨੂੰ ਹੰਦਾਲ ਦਾ ਪੁੱਤਰ ਦਸਿਆ ਗਿਆ ਹੈ ਜੋ ਬਿਧੀ ਚੰਦ ਤੋਂ ਤਿੰਨ ਸਾਲ ਵੱਡਾ ਸੀ। ਸੰਭਵ ਹੈ ਕਿ ਇਹ ਬਾਲ-ਚੰਦ ਹੀ ਭਾਈ ਬਾਲਾ ਰਿਹਾ ਹੋਵੇ, ਪਰ ਫਿਰ ਇਹ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸਿੱਧ ਨਹੀਂ ਹੁੰਦਾ। ਵਿਸਤਾਰ ਲਈ ਵੇਖੋ 'ਬਾਲਾ, ਭਾਈ'।

ਬਿਧੀ ਚੰਦ ਵਿਰਚਿਤ 'ਪਰਚੀ ਬਾਬਾ ਹੰਦਾਲ ਕੀ' ਵਿਚ ਸੰਤ-ਕਾਵਿ ਵਾਲੀਆਂ ਕੁਝ ਭਾਵਨਾਵਾਂ ਵੀ ਪ੍ਰਗਟਾਈਆਂ ਗਈਆਂ ਮਿਲਦੀਆਂ ਹਨ। ਇਸ ਦੀਆਂ ਅੰਤਿਮ ਤੁਕਾਂ ਇਸ ਪ੍ਰਕਾਰ ਹਨ— *ਪਰ ਧਨੁ ਪਰ ਦਾਰਾ ਪਰ ਨਿੰਦਾ। ਐਸੇ ਕਰਮ ਤਿਆਗੇ ਬੰਦਾ। ਹਰਿ ਹਰਿ ਨਾਮ ਜਪੈ ਮੁਖ ਭਾਈ। ਹਰਿ ਕਾ ਸੇਵਕ ਸੋਊ ਸਦਾਈ।78।*

ਹੰਦਾਲ ਦੇ ਨਾਂ 'ਤੇ ਹੱਥ-ਲਿਖਿਤਾਂ ਵਿਚ ਖਿੰਡੀ-ਪੁੰਡੀ ਕੁਝ ਬਾਣੀ ਵੀ ਮਿਲ ਜਾਂਦੀ ਹੈ ਜਿਸ ਦੇ ਕਰਤ੍ਰਿਤਵ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਉਪਲਬਧ ਨਹੀਂ ਹੈ। ਅਜਿਹੀ ਬਾਣੀ ਵਿਚ 'ਕਹੈ ਹੰਦਾਲ' ਅਤੇ 'ਜਨ ਹੰਦਾਲ'

ਕਵੀ-ਛਾਪਾਂ ਵਰਤੀਆਂ ਮਿਲਦੀਆਂ ਹਨ ਜਿਨ੍ਹਾਂ ਬਾਰੇ ਇਹ ਧਾਰਣਾ ਪ੍ਰਚਲਿਤ ਹੈ ਕਿ 'ਕਹੈ-ਹੰਦਾਲ' ਕਵੀ-ਛਾਪ ਵਾਲੀ ਰਚਨਾ ਖ਼ੁਦ ਹੰਦਾਲ ਦੀ ਹੈ ਅਤੇ 'ਜਨ-ਹੰਦਾਲ' ਕਵੀ-ਛਾਪ ਵਾਲੀ ਰਚਨਾ ਬਿਧੀ ਚੰਦ ਦੀ ਹੈ। ਹੰਦਾਲ ਨੇ ਪੰਜਵੇਂ ਗੁਰੂ ਦੇ ਰਚੇ ਬਾਰਹਮਾਹਾ ਦੇ ਅਨੁਕਰਣ 'ਤੇ ਇਕ ਬਾਰਹਮਾਹ ਦੀ ਰਚਨਾ ਵੀ ਕੀਤੀ ਸੀ ਜਿਸ ਵਿਚ ਚੇਤਰ ਦੇ ਮਹੀਨੇ ਦਾ ਵਰਣਨ ਇਸ ਪ੍ਰਕਾਰ ਹੈ :

*ਚੇਤਰ ਤਾਹਿ ਭਲਾ ਜਾਂ ਚਿਤੁ ਅਸਥਿਰੁ ਰਾਖੇ।*
*ਸਚੁ ਸਚੁ ਵਰਤਦਾ ਅਸਤਿ ਨ ਭਾਖੇ।*
*ਅਸਤਿ ਨ ਭਾਖੇ ਅੰਮ੍ਰਿਤੁ ਚਾਖੇ ਗੁਰੂ ਮੂਰਤਿ ਲਿਉ ਲਾਗੀ।*
*ਭੈਇਆ ਉਜਾਲਾ ਮਿਟੇ ਅੰਧੇਰਾ ਬ੍ਰਹਮੁ ਜੋਤਿ ਜਬ ਲਾਗੀ।*
*ਚਰਨ ਕਉਲ ਹਿਰਦੇ ਪ੍ਰਗਾਸੇ ਗੁਰ ਸਾਖੀ ਸਚੁ ਆਖੈ।*
*ਕਹੈ ਹੰਦਾਲੁ ਚੇਤੁ ਸੁਹਾਵੈ ਜਾ ਚਿਤੁ ਅਸਥਿਰ ਰਾਖੈ।*

ਬਿਧੀਚੰਦ ਦੀ ਰਚੀ ਕਵਿਤਾ ਵਿਚ ਸਤਿਗੁਰੂ ਦੇ ਭਾਣੇ ਵਿਚ ਚਲਣਾ, ਪ੍ਰੇਮ-ਰਸ ਵਿਚ ਰੰਗੀਜ਼ ਕੇ ਨਾਮ ਦੀ ਆਰਾਧਨਾ ਕਰਨਾ, ਦ੍ਵੈਤ ਭਾਵ ਨੂੰ ਖ਼ਤਮ ਕਰਨਾ ਆਦਿ ਭਗਤੀ-ਭਾਵ ਪ੍ਰਗਟ ਕੀਤੇ ਗਏ ਹਨ। ਅਧਿਆਤਮਿਕ ਸੁਹਾਗਣ ਦਾ ਸਰੂਪ-ਚਿਤ੍ਰਣ ਇਸ ਪ੍ਰਕਾਰ ਕੀਤਾ ਗਿਆ ਹੈ:

*ਅਚਰਜ ਹਰਿ ਜੀ ਪ੍ਰਭ ਲਖਿਆ ਨ ਜਾਈ।*
*ਦੇਖ ਦੇਖ ਬਿਸਮਾਦ ਭਈ ਮੇਰੀ ਸਾਈ।*
*ਹਰਿ ਜੀ ਬਾਝਹੁ ਸੁੰਞੀ ਸੇਜ ਨ ਕਾਈ।*
*ਸਾਇ ਸੁਹਾਗਣਿ ਜਿਸ ਨੂੰ ਹਰਿ ਜੀ*
*ਪ੍ਰੀਤਮ ਸਹਿਜ ਮਿਲੇ।*

ਉਪਰੋਕਤ ਟੂਕਾਂ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਹੰਦਾਲੀਆਂ ਵਲੋਂ ਗੁਰਬਾਣੀ ਦੇ ਅਨੁਕਰਣ ਉਤੇ ਕਾਵਿ-ਰਚਨਾ ਕੀਤੀ ਜਾਂਦੀ ਰਹੀ ਹੈ। ਇਹ ਅਨੁਕਰਣ ਭਾਵ, ਕਾਵਿ-ਰੂਪ, ਭਾਸ਼ਾ-ਸ਼ੈਲੀ ਆਦਿ ਅਨੇਕ ਪੱਖਾਂ ਤੋਂ ਕੀਤਾ ਗਿਆ ਹੈ। ਅਧਿਆਤਮਿਕ ਸਾਧਨਾ ਵਿਚ ਨਿਰੰਜਨੀਆਂ ਦੀ ਬਾਣੀ ਗੁਰਬਾਣੀ ਦੀ ਭਾਵ-ਸਾਮਗ੍ਰੀ ਦਾ ਹੀ ਆਪਣੇ ਢੰਗ ਨਾਲ ਵਿਸਤਰਣ ਕਰਦੀ ਹੈ ਪਰ ਇਸ ਬਾਣੀ ਨੂੰ ਕੋਈ ਮਾਨਤਾ ਨਹੀਂ ਮਿਲ ਸਕੀ, ਕਿਉਂਕਿ ਨਿਰੰਜਨੀਆਂ ਵਲੋਂ ਸਿੱਖ ਜਗਤ ਦਾ ਰਾਜਨੈਤਿਕ ਅਤੇ ਧਾਰਮਿਕ ਪੱਧਰ 'ਤੇ ਸਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

# ਕ

**ਕਸ਼ਮੀਰ :** ਧਰਤੀ ਉਤੇ ਜੰਨਤ ਜਾਂ ਸਵਰਗ ਹੋਣ ਦਾ ਗੌਰਵ ਪ੍ਰਾਪਤ ਕਰਨ ਵਾਲਾ ਕਸ਼ਮੀਰ ਪ੍ਰਦੇਸ਼ ਭਾਰਤ ਦੇ ਉੱਤਰ ਵਿਚ ਇਕ ਰਮਣੀਕ ਪਹਾੜੀ ਖੇਤਰ ਹੈ। ਭਾਰਤ ਨੂੰ ਆਜ਼ਾਦੀ ਪ੍ਰਾਪਤ ਹੋਣ ਤਕ ਇਹ ਮਹਾਰਾਜਾ ਹਰੀ ਸਿੰਘ ਡੋਗਰੇ ਅਧੀਨ ਸੀ, ਪਰ ਕਬਾਇਲੀਆਂ ਦੇ ਹਮਲੇ ਕਾਰਣ ਉਸ ਕੋਲੋਂ ਇਸ ਨੂੰ ਸੁਤੰਤਰ ਰਿਆਸਤ ਵਜੋਂ ਕਾਇਮ ਰਖਣਾ ਔਖਾ ਹੋ ਗਿਆ। ਜਦੋਂ ਪੰਜਾਹ ਹਜ਼ਾਰ ਵਰਗਮੀਲ ਤਕ ਦਾ ਇਲਾਕਾ ਹਮਲਾਵਰਾਂ ਨੇ ਕਬਜ਼ੇ ਵਿਚ ਲੈ ਲਿਆ ਤਾਂ ਰਾਜੇ ਨੇ ਭਾਰਤ ਸਰਕਾਰ ਦੀ ਮਦਦ ਮੰਗੀ। ਭਾਰਤੀ ਫ਼ੌਜਾਂ ਨੇ ਕਬਾਇਲੀਆਂ ਦੀ ਪੇਸ਼ਕਦਮੀ ਰੋਕ ਦਿੱਤੀ ਅਤੇ ਬਾਦ ਵਿਚ ਹੋਈ ਲਾਮ-ਬੰਦੀ ਕਾਰਣ ਅਜੇ ਤਕ ਮਾਮਲਾ ਲਟਕ ਰਿਹਾ ਹੈ।

ਸੰਨ 1952 ਈ. ਵਿਚ ਕਸ਼ਮੀਰ ਰਿਆਸਤ ਦੀ ਸੁਤੰਤਰ ਰਾਜ-ਸੱਤਾ ਖ਼ਤਮ ਕਰ ਦਿੱਤੀ ਗਈ ਅਤੇ ਸੰਨ 1957 ਈ. ਵਿਚ ਇਸ ਨੂੰ ਭਾਰਤੀ ਸੰਵਿਧਾਨ ਅਧੀਨ ਲਿਆ ਕੇ ਇਸ ਰਿਆਸਤ ਦਾ ਨਾਂ 'ਜੰਮੂ ਅਤੇ ਕਸ਼ਮੀਰ' ਰਖਿਆ ਗਿਆ ਅਤੇ ਇਸ ਨੂੰ ਹੋਰਨਾਂ ਪ੍ਰਾਂਤਾਂ ਨਾਲੋਂ ਵਖਰਾ ਦਰਜਾ ਦਿੱਤਾ ਗਿਆ।

'ਕਸ਼ਮੀਰ' ਨਾਂ ਦਾ ਸੰਬੰਧ ਕਸ਼੍ਯਪ ਪ੍ਰਜਾਪਤਿ ਨਾਲ ਜੋੜਿਆ ਜਾਂਦਾ ਹੈ। ਪੁਰਾਤਨ ਕਾਲ ਤੋਂ ਇਸ ਖੇਤਰ ਵਿਚ ਭਾਰਤੀ ਸੰਸਕ੍ਰਿਤੀ ਦਾ ਗੌਰਵ ਬਣਿਆ ਆ ਰਿਹਾ ਹੈ। ਸੰਨ 740 ਈ. ਤਕ ਇਥੇ ਕਨੌਜ ਦੇ ਰਾਜੇ ਯਸ਼ੋਵਰਧਨ ਦਾ ਰਾਜ ਸੀ ਜਿਸ ਨੇ ਮਾਰਤੰਡ ਦਾ ਸੂਰਜ-ਮੰਦਿਰ ਬਣਵਾਇਆ। ਕਾਲਾਂਤਰ ਵਿਚ ਯਸ਼ੋਵਰਧਨ ਨਾਲ ਭਿਆਨਕ ਯੁੱਧ ਕਰਕੇ ਲਲਿਤਾਦਿਤ੍ਯ ਨੇ ਕਸ਼ਮੀਰ ਨੂੰ ਜਿਤ ਲਿਆ। ਇਸ ਦੇ ਰਾਜ-ਕਾਲ ਵਿਚ ਕਸ਼ਮੀਰ ਵਿਚ ਬਹੁਤ ਵਿਕਾਸ ਹੋਇਆ। ਤੇਰ੍ਹਵੀਂ ਸਦੀ ਤੋਂ ਇਸ ਖੇਤਰ ਵਿਚ ਮੁਸਲਮਾਨਾਂ ਦਾ ਦਾਬਾ ਬਹੁਤ ਵਧ ਗਿਆ। ਅਕਬਰ ਬਾਦਸ਼ਾਹ ਨੇ ਸੰਨ 1587 ਈ. ਵਿਚ ਇਸ ਨੂੰ ਜਿਤ ਕੇ ਮੁਗ਼ਲ ਹਕੂਮਤ ਵਿਚ ਸ਼ਾਮਲ ਕਰ ਲਿਆ। ਜਹਾਂਗੀਰ ਇਸ ਦੀ ਸੁੰਦਰਤਾ ਅਤੇ ਰਮਣੀਕਤਾ ਉਤੇ ਮੋਹਿਤ ਸੀ। ਔਰੰਗਜ਼ੇਬ ਤਕ ਇਹ ਇਲਾਕਾ ਮੁਗ਼ਲ ਹਕੂਮਤ ਦੇ ਅਧੀਨ ਰਿਹਾ ਪਰ ਬਾਦ ਵਿਚ ਕੇਂਦਰੀ ਸੱਤਾ ਦੇ ਕਮਜ਼ੋਰ ਹੋ ਜਾਣ ਨਾਲ ਇਥੇ ਅਧਿਕਤਰ ਅਸ਼ਾਂਤੀ ਹੀ ਰਹੀ। ਸੰਨ

1819 ਈ. ਵਿਚ ਇਸ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਕਬਜ਼ਾ ਕਰਕੇ ਲਾਹੌਰ ਦਰਬਾਰ ਦੇ ਅਧੀਨ ਕੀਤਾ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ ਤੱਥ ਵਲ ਸੰਕੇਤ ਕੀਤਾ ਹੈ— *ਮੁਲਤਾਨ ਕਸ਼ਮੀਰ ਪਸ਼ੌਰ ਚੰਬਾ ਜੰਮੂ ਕਾਂਗੜਾ ਕੋਟ ਨਿਵਾ ਗਿਆ।*

ਅੰਗ੍ਰੇਜ਼ਾਂ ਨਾਲ ਹੋਈ ਲੜਾਈ ਵਿਚ ਜਦੋਂ ਸਿੱਖ ਫ਼ੌਜਾਂ ਹਾਰ ਗਈਆਂ ਤਾਂ ਰਾਜਾ ਗੁਲਾਬ ਸਿੰਘ ਨੇ, ਜੋ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਧਾਨ ਮੰਤਰੀ ਧਿਆਨ ਸਿੰਘ ਦਾ ਵੱਡਾ ਭਰਾ ਸੀ ਅਤੇ ਖ਼ੁਦ ਵੀ ਲਾਹੌਰ ਦਰਬਾਰ ਵਿਚ ਚੰਗੀ ਪਦਵੀ ਉਤੇ ਸੀ, ਅੰਗ੍ਰੇਜ਼ ਸਰਕਾਰ ਲਈ ਕੀਤੀ ਸੇਵਾ ਦੇ ਸ਼ੁਕਰਾਨੇ ਵਜੋਂ ਕੇਵਲ 75 ਲੱਖ ਰੁਪਏ ਬਦਲੇ ਕਸ਼ਮੀਰ ਨੂੰ ਖ਼ਰੀਦ ਲਿਆ। ਉਦੋਂ ਤੋਂ ਲੈ ਕੇ ਦੇਸ਼ ਦੀ ਵੰਡ ਤੋਂ ਕੁਝ ਬਾਦ ਤਕ ਇਸ ਉਤੇ ਡੋਗਰਾ ਪਰਿਵਾਰ ਦਾ ਅਧਿਕਾਰ ਰਿਹਾ। ਇਸ ਦਾ ਆਖ਼ਰੀ ਮਹਾਰਾਜਾ ਡਾ. ਕਰਨ ਸਿੰਘ ਸੀ। ਇਸ ਖੇਤਰ ਵਿਚ ਪੁਰਾਣੀ ਸੰਸਕ੍ਰਿਤੀ ਦੇ ਅਵਸ਼ੇਸ਼ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਣ ਸਥਾਨ ਹਨ।

ਸ੍ਰੀਨਗਰ ਇਸ ਦੀ ਗਰਮੀਆਂ ਦੀ ਰਾਜਧਾਨੀ ਹੈ। ਇਹ ਨਗਰ ਜੇਹਲਮ ਨਦੀ ਦੇ ਦੋਹਾਂ ਪਾਸੇ ਵਸਿਆ ਹੈ। ਇਥੇ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਤੋਂ ਲੋਕ ਸੈਰ ਕਰਨ ਅਤੇ ਕੁਦਰਤੀ ਨਜ਼ਾਰੇ ਦੇਖਣ ਲਈ ਆਉਂਦੇ ਹਨ। ਲਕੜੀ ਅਤੇ ਉੱਨ ਤੋਂ ਬਣਾਈਆਂ ਜਾਣ ਵਾਲੀਆਂ ਵਸਤੂਆਂ ਇਥੋਂ ਅਨੇਕ ਦੇਸ਼ਾਂ ਨੂੰ ਭੇਜੀਆਂ ਜਾਂਦੀਆਂ ਹਨ।

'ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ' (ਕ੍ਰਿਤ ਜਸਬੀਰ ਸਿੰਘ ਸਰਨਾ) ਅਨੁਸਾਰ ਜੰਮੂ ਅਤੇ ਕਸ਼ਮੀਰ ਪ੍ਰਦੇਸ਼ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਚਰਣ ਪਾਏ ਸਨ। ਉਨ੍ਹਾਂ ਦੇ ਆਗਮਨ ਨਾਲ ਸੰਬੰਧਿਤ ਇਸ ਪ੍ਰਦੇਸ਼ ਵਿਚ ਹੇਠ ਲਿਖੇ ਦਸ ਗੁਰੂ-ਧਾਮ ਹਨ, ਜਿਨ੍ਹਾਂ ਦੀ ਵਿਵਸਥਾ ਸਰਕਾਰੀ ਸਰਪ੍ਰਸਤੀ ਅਧੀਨ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਕਰਦੀਆਂ ਹਨ :

(1) ਗੁਰਦੁਆਰਾ ਪੱਥਰ ਸਾਹਿਬ, ਲੇਹ-ਲੱਦਾਖ;
(2) ਗੁਰਦੁਆਰਾ ਨਾਨਕਸਰ, ਮਟਨ;
(3) ਗੁਰਦੁਆਰਾ ਨਾਨਕ ਅਸਥਾਨ, ਅਨੰਤਨਾਗ;
(4) ਗੁਰਦੁਆਰਾ ਸ਼ਾਹ ਜੀ ਮਰਗ, ਪੁਲਵਾਮਾ;
(5) ਗੁਰਦੁਆਰਾ ਛੇਵੀਂ ਪਾਤਸ਼ਾਹੀ, ਕਾਠੀ ਦਰਵਾਜ਼ਾ, ਸ੍ਰੀਨਗਰ;
(6) ਗੁਰਦੁਆਰਾ ਛੇਵੀਂ ਪਾਤਸ਼ਾਹੀ, ਬਾਰਾਮੂਲਾ;
(7) ਗੁਰਦੁਆਰਾ ਥੜ੍ਹਾ ਸਾਹਿਬ, ਕਲਮਪੁਰਾ;
(8) ਗੁਰਦੁਆਰਾ ਪਰਮਪੀਲਾਂ, ਉੜੀ;
(9) ਗੁਰਦੁਆਰਾ ਛੇਵੀਂ ਪਾਤਸ਼ਾਹੀ, ਕਠਾਈ; ਅਤੇ
(10) ਗੁਰਦੁਆਰਾ ਛੇਵੀਂ ਪਾਤਸ਼ਾਹੀ, ਨਲੂਛੀ।

ਇਨ੍ਹਾਂ ਗੁਰਦੁਆਰਿਆਂ ਸੰਬੰਧੀ ਅਧਿਕ ਵਿਸਤਾਰ ਇਨ੍ਹਾਂ ਦੇ ਨਗਰਾਂ ਵਾਲੇ ਇੰਦਰਾਜਾਂ ਵਿਚ ਵੇਖੋ।

**ਕਸ਼ਮੀਰਾ ਸਿੰਘ, ਕੰਵਰ** (1819-1844 ਈ.): ਮਹਾਰਾਜਾ ਰਣਜੀਤ ਸਿੰਘ ਦਾ ਇਕ ਰਾਜਕੁਮਾਰ ਜੋ ਰਾਣੀ ਦਇਆ ਕੌਰ ਦੀ ਕੁੱਖੋਂ ਸੰਨ 1819 ਈ. ਵਿਚ ਉਨ੍ਹਾਂ ਦਿਨਾਂ ਵਿਚ ਪੈਦਾ ਹੋਇਆ ਸੀ ਜਿਨ੍ਹਾਂ ਦਿਨਾਂ ਵਿਚ ਕਸ਼ਮੀਰ ਉਤੇ ਮਹਾਰਾਜੇ ਨੇ ਜਿਤ ਪ੍ਰਾਪਤ ਕੀਤੀ ਸੀ। ਇਸੇ ਕਰਕੇ ਕੰਵਰ ਦਾ ਨਾਂ ਕਸ਼ਮੀਰਾ ਸਿੰਘ ਰਖਿਆ ਗਿਆ। ਇਸ ਨੂੰ ਲਾਹੌਰ ਦਰਬਾਰ ਵਲੋਂ ਸਿਆਲਕੋਟ ਸਮੇਤ ਕਈ ਜਾਗੀਰਾਂ ਮਿਲੀਆਂ ਹੋਈਆਂ ਸਨ। ਮਹਾਰਾਜਾ ਸ਼ੇਰ ਸਿੰਘ ਅਤੇ ਕੰਵਲ ਪ੍ਰਤਾਪ ਸਿੰਘ ਦੇ ਕਤਲ ਹੋਣ ਤਕ ਇਹ ਗੁੰਮਨਾਮੀ ਦੀ ਹਾਲਤ ਵਿਚ ਰਿਹਾ। ਪਰ 1843 ਈ. ਵਿਚ ਇਸ ਨੇ ਆਪਣੇ ਛੋਟੇ ਭਰਾ ਕੰਵਰ ਪਿਸ਼ੌਰਾ ਸਿੰਘ (ਵੇਖੋ) ਨਾਲ ਰਲ ਕੇ ਦਲੀਪ ਸਿੰਘ ਦੀ ਥਾਂ ਰਾਜ-ਗੱਦੀ ਉਤੇ ਆਪਣਾ ਹੱਕ ਜਮਾਉਣ ਦਾ ਯਤਨ ਕੀਤਾ, ਪਰ ਰਾਜਨੀਤੀ ਦੇ ਕੁਚੱਕਰਾਂ ਤੋਂ ਨਾਵਾਕਫ਼ ਕੰਵਰ ਸਫਲ ਨ ਹੋ ਸਕੇ। ਫਲਸਰੂਪ ਇਹ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ ਜਾ ਲੁਕੇ।

ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਹੀਰਾ ਸਿੰਘ ਡੋਗਰਾ ਨੇ ਇਨ੍ਹਾਂ ਨੂੰ ਗ਼ਦਾਰ ਕਹਿ ਕੇ ਕਾਬੂ ਕਰਨ ਦੇ ਯਤਨ ਕੀਤੇ, ਪਰ ਨਾਕਾਮਯਾਬੀ ਦੀ ਸੂਰਤ ਵਿਚ ਉਸ ਨੇ ਫ਼ੌਜ-ਕਸ਼ੀ ਕਰਕੇ 7 ਮਈ 1844 ਈ. ਨੂੰ ਡੇਰੇ ਨੂੰ ਤੋਪਾਂ ਨਾਲ ਉਡਾ ਦਿੱਤਾ। ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ, ਅੱਤਰ ਸਿੰਘ ਸੰਧਾਵਾਲੀਆ ਆਦਿ ਸਮੇਤ ਸੈਂਕੜੇ ਬੰਦੇ ਮਾਰੇ ਗਏ। ਕੰਵਰ ਪਿਸ਼ੌਰਾ ਸਿੰਘ ਉਥੋਂ ਬਚ ਕੇ ਨਿਕਲ ਗਿਆ।

**ਕਕਾਰ** : ਸਿੰਘ ਜਾਂ ਖ਼ਾਲਸੇ ਦੇ ਉਹ ਪੰਜ ਚਿੰਨ੍ਹ ਜਿਨ੍ਹਾਂ ਦੇ ਨਾਂਵਾਂ ਦੇ ਆਰੰਭ ਵਿਚ 'ਕ' ਅੱਖਰ ਹੋਵੇ, ਜਿਵੇਂ ਕੇਸ, ਕੜਾ, ਕ੍ਰਿਪਾਨ, ਕੱਛ ਅਤੇ ਕੰਘਾ। ਵੇਖੋ 'ਪੰਜ ਕਕਾਰ'।

**ਕੱਚੀ-ਬਾਣੀ** (ਪਰੰਪਰਾ ਅਤੇ ਸਰੂਪ): ਕੱਚੀ-ਬਾਣੀ ਤੋਂ ਭਾਵ ਹੈ ਉਹ ਬਾਣੀ ਜੋ ਗੁਰਬਾਣੀ ਦੇ ਅਨੁਕਰਣ 'ਤੇ ਲਿਖੀ ਗਈ ਹੋਵੇ। ਗੁਰੂ ਨਾਨਕ ਦੇਵ ਜੀ ਦੀ ਮਹਾਨ ਪ੍ਰਤਿਭਾ ਤੋਂ ਉਸ ਸਮੇਂ ਅਤੇ ਉਸ ਤੋਂ ਬਾਦ ਵੀ ਬੇਅੰਤ ਲੋਕ ਪ੍ਰਭਾਵਿਤ ਹੋਏ। ਗੁਰੂ ਜੀ ਨੇ ਵਿਅਕਤੀਗਤ ਗੁਰੂ ਦੇ ਨਾਲ ਨਾਲ ਸ਼ਬਦ-ਗੁਰੂ ਉਤੇ ਵੀ ਬਲ ਦਿੱਤਾ ਕਿਉਂਕਿ ਉਹ ਕਿਸੇ ਸਮੇਂ ਪੈਦਾ ਹੋਣ ਵਾਲੀਆਂ ਵਿਅਕਤੀ-ਗੁਰੂ ਦੀਆਂ ਕਮਜ਼ੋਰੀਆਂ ਤੋਂ, ਸਿੱਖ-ਜਗਤ ਨੂੰ ਬਚਾਈ ਰਖਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਸੇਧ ਦਿੱਤੀ ਕਿ — *ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।* (ਗੁ.ਗ੍ਰੰ.635)।

ਗੁਰਬਾਣੀ ਦੇ ਮਹੱਤਵ ਨੂੰ ਵੇਖਦਿਆਂ ਗੁਰੂ ਸਾਹਿਬ ਤੋਂ ਭਿੰਨ ਵਿਅਕਤੀਆਂ ਨੇ ਵੀ ਗੁਰੂ ਜੀ ਦੇ ਨਾਂ ਤੇ ਬਾਣੀ ਰਚਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚੋਂ ਇਕ ਉਹ ਲੋਕ ਸਨ ਜੋ ਸ਼ਰਧਾ ਭਾਵਨਾ ਨਾਲ ਆਪ ਸ਼ਲੋਕ ਰਚ ਕੇ ਉਸ ਵਿਚ 'ਨਾਨਕ' ਕਵੀ-ਛਾਪ ਦੀ ਵਰਤੋਂ ਕਰ ਦਿੰਦੇ ਸਨ। ਕੁਝ ਉਹ ਲੋਕ ਸਨ ਜੋ ਕਿਸੇ ਮੰਦ-ਭਾਵਨਾ ਨਾਲ ਆਪਣੇ ਵਿਚਾਰਾਂ ਨੂੰ 'ਨਾਨਕ' ਕਵੀ-ਛਾਪ ਵਰਤ ਕੇ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਪ੍ਰਚਲਿਤ ਅਥਵਾ ਪ੍ਰਸਿੱਧ ਕਰਦੇ ਸਨ ਅਤੇ ਤੀਜੇ ਪ੍ਰਕਾਰ ਦੇ ਉਹ ਲੋਕ ਸਨ ਜੋ ਕਿਸੇ ਹੋਰ ਸਾਧਕ ਦੀ ਰਚੀ ਬਾਣੀ ਵਿਚ ਉਸ ਦੀ ਕਵੀ-ਛਾਪ ਹਟਾ ਕੇ 'ਨਾਨਕ' ਕਵੀ-ਛਾਪ ਰਖ ਦਿੰਦੇ ਸਨ।

ਇਸ ਪ੍ਰਕਾਰ ਦੀ ਬਾਣੀ ਦੀ ਰਚਨਾ-ਪ੍ਰਕ੍ਰਿਆ ਗੁਰੂ ਨਾਨਕ ਦੇਵ ਜੀ ਦੇ ਵੇਲੇ ਹੀ ਸ਼ੁਰੂ ਹੋ ਗਈ ਸੀ, ਪਰੰਤੂ ਬਾਦ ਵਿਚ ਇਸ ਬਿਰਤੀ ਪ੍ਰਤਿ ਰੁਚੀ ਵਧ ਜਾਣ ਕਾਰਣ ਗੁਰਬਾਣੀ ਨੂੰ ਰਲਿਆਂ ਤੋਂ ਬਚਾਉਣ ਅਤੇ ਭਾਵਾਤਮਕ ਵਿਕਾਸ ਨੂੰ ਵਿਰੋਧੀ ਤੱਤ੍ਵਾਂ ਤੋਂ ਮੁਕਤ ਕਰਨ ਲਈ ਤੀਜੇ ਗੁਰੂ ਅਮਰਦਾਸ ਨੇ ਸੱਚੀ-ਬਾਣੀ ਅਤੇ ਕੱਚੀ-ਬਾਣੀ ਦਾ ਨਿਖੇੜਾ ਕੀਤਾ ਅਤੇ ਸੱਚੀ-ਬਾਣੀ ਅਥਵਾ ਗੁਰਬਾਣੀ ਦੀਆਂ ਪੋਥੀਆਂ ਲਿਖਵਾਉਣ ਦਾ ਉਦਮ ਵੀ ਕੀਤਾ। ਗੁਰੂ ਜੀ ਨੇ ਆਪਣੇ ਬੋਲਾਂ ਰਾਹੀਂ ਵੀ ਕੱਚੀ-ਬਾਣੀ ਪ੍ਰਤਿ ਅਨੁਯਾਈਆਂ ਨੂੰ ਸਚੇਤ ਕੀਤਾ ਸੀ— *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ। ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ। .... ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ। ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ। ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।* (ਗੁ.ਗ੍ਰੰ.920)।

ਜ਼ਾਹਿਰ ਹੈ ਕਿ ਉਸ ਸਮੇਂ ਤਕ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਕਾਫ਼ੀ ਅਪ੍ਰਮਾਣਿਕ ਬਾਣੀ ਪ੍ਰਚਲਿਤ ਹੋ ਚੁਕੀ ਸੀ। ਇਸ ਪ੍ਰਕਾਰ ਦੀ ਅਪ੍ਰਮਾਣਿਕ ਬਾਣੀ ਵਿਚ ਪ੍ਰਾਣਸੰਗਲੀ, ਖਾਰੀ ਬੀੜ ਵਿਚਲੀ ਵਾਧੂ ਬਾਣੀ ਅਤੇ ਨਾਮਾ-ਸਾਹਿਤ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜਨਮਸਾਖੀਆਂ, ਗੋਸਟਾਂ, ਸ਼ਬਦ-ਸ਼ਲੋਕਾਂ ਦੇ ਸੰਕਲਨਾਂ ਆਦਿ ਵਿਚ ਵੀ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਰਚੇ ਅਨੇਕ ਸ਼ਬਦ/ਸ਼ਲੋਕ ਮਿਲ ਜਾਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਦੁਆਰਾ ਇਨ੍ਹਾਂ ਨੂੰ ਅਪ੍ਰਮਾਣਿਕ ਸਮਝ ਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨ ਕੀਤਾ ਗਿਆ। ਇਸ ਲਈ ਇਨ੍ਹਾਂ ਦਾ ਅਪ੍ਰਮਾਣਿਕ ਹੋਣਾ ਬਿਲਕੁਲ ਸਿਧ ਹੈ।

ਇਹ ਕੱਚੀ-ਬਾਣੀ ਦਾ ਮੁੱਢਲਾ ਰੂਪ ਹੈ, ਪਰ ਗੁਰੂ ਅਰਜਨ ਦੇਵ ਜੀ ਤੋਂ ਬਾਦ ਗੁਰੂ-ਗੱਦੀ ਦੇ ਸਮਾਨਾਂਤਰ ਪ੍ਰਿਥੀਚੰਦ ਅਤੇ ਉਸ ਦੀ ਸੰਤਾਨ ਨੇ ਗੁਰੂ-ਗੱਦੀ ਕਾਇਮ ਕੀਤੀ, ਜਿਸ ਦੀ ਪ੍ਰਤਿਸ਼ਠਾ ਲਈ ਬਾਣੀ ਰਚਣਾ ਵੀ ਜ਼ਰੂਰੀ ਸਮਝਿਆ ਗਿਆ। ਇਸ ਪਰਥਾਇ ਸੋਢੀ ਮਿਹਰਬਾਨ, ਸੋਢੀ ਹਰਿਜੀ ਅਤੇ ਉਨ੍ਹਾਂ ਦੇ ਸੇਵਕਾਂ ਨੇ ਬੜੇ ਵਿਵਸਥਿਤ ਢੰਗ ਨਾਲ ਯਤਨ ਕੀਤਾ ਅਤੇ 'ਨਾਨਕ' ਕਵੀ-ਛਾਪ (ਨਾਨਕ ਦਾਸ, ਦਾਸ ਨਾਨਕ; ਜਨ ਨਾਨਕ, ਨਾਨਕ ਜਨ) ਦੀ ਖੁਲ੍ਹ ਕੇ ਵਰਤੋਂ ਕੀਤੀ। ਫਲਸਰੂਪ ਅਨੇਕ ਪ੍ਰਕਾਰ ਦੀਆਂ ਸ੍ਵ-ਵਿਰੋਧੀ ਭਾਵਨਾਵਾਂ ਸਿੱਖ-ਜਗਤ ਵਿਚ ਪਸਰਨ ਲਗੀਆਂ। ਗੁਰੂ ਸਾਹਿਬਾਨ ਚੂੰਕਿ ਇਸ ਕੁਰੁਚੀ ਪ੍ਰਤਿ ਖ਼ੁਦ ਸਚੇਤ ਹੋ ਗਏ ਸਨ, ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਦੀ ਸਪੱਸ਼ਟ ਵਰਜਨਾ ਕੀਤੀ। ਪ੍ਰਚਾਰਕਾਂ ਵਲੋਂ ਵੀ ਤਕੜੀ ਨਿਖੇਧੀ ਹੋਈ। ਫਲਸਰੂਪ, ਇਹ ਪ੍ਰਵ੍ਰਿਤੀ ਦਬ ਗਈ।

ਇਸ ਤਰ੍ਹਾਂ ਸੱਚੀ-ਬਾਣੀ ਦੇ ਮੁਕਾਬਲੇ 'ਤੇ ਕੱਚੀ-ਬਾਣੀ ਦੋ ਰੂਪਾਂ ਵਿਚ ਸਾਹਮਣੇ ਆਈ। ਇਕ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਸੰਬੰਧਿਤ ਕੱਚੀ-ਬਾਣੀ ਅਤੇ ਦੂਜੀ ਮਿਹਰਬਾਨ ਸੰਪ੍ਰਦਾਇ ਦੁਆਰਾ ਗੁਰਬਾਣੀ ਦੇ ਸਮਾਨਾਂਤਰ ਰਚੀ ਗਈ ਕੱਚੀ-ਬਾਣੀ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਪਹਿਲਾਂ ਦੀ ਕੱਚੀ-ਬਾਣੀ ਉਤੇ ਗੁਰੂ ਅਰਜਨ ਦੇਵ ਜੀ ਦੁਆਰਾ ਅਸਵੀਕਾਰ ਦੀ ਮੋਹਰ ਲਗਾ ਦਿੱਤੀ ਗਈ ਸੀ। ਇਹ ਬਾਣੀ ਸਪੱਸ਼ਟ ਤੌਰ 'ਤੇ ਮਿਹਰਬਾਨ ਸੰਪ੍ਰਦਾਇ ਦੇ ਅਪ੍ਰਮਾਣਿਕ ਗੁਰੂਆਂ ਦੀ ਰਚਨਾ

ਨ ਹੋਣ ਕਾਰਣ ਸੰਦਿਗਧ ਕਰਤ੍ਰਿਤਵ ਵਾਲੀ ਹੈ।

ਮਿਹਰਬਾਨ ਸੰਪ੍ਰਦਾਇ ਵਲੋਂ ਸਿਰਜੀ ਗਈ ਕੱਚੀ-ਬਾਣੀ ਦੇ ਮੁੱਖ ਤੌਰ 'ਤੇ ਦੋ ਰੂਪ ਹਨ। ਇਕ ਹੈ ਪ੍ਰਮਾਣਿਕ ਬਾਣੀ ਵਿਚ ਰਲੇ ਪਾਣਾ ਅਤੇ ਦੂਜਾ ਹੈ 'ਨਾਨਕ' ਕਵੀ ਛਾਪ ਸਹਿਤ ਸਮਾਨਾਂਤਰ ਬਾਣੀ ਸਿਰਜਨਾ।

ਪ੍ਰਮਾਣਿਕ ਬਾਣੀ ਦੇ ਪਾਠਾਂ ਵਿਚ ਮਿਹਰਬਾਨ ਸੰਪ੍ਰਦਾਇ ਵਲੋਂ ਕਿਸ ਤਰ੍ਹਾਂ ਰਲੇ ਪਾਏ ਗਏ, ਜਾਂ ਉਨ੍ਹਾਂ ਵਿਚ ਵਾਧਾ-ਘਾਟਾ ਕੀਤਾ ਗਿਆ, ਇਸ ਸੰਬੰਧ ਵਿਚ ਕੁਝ ਕੁ ਨਮੂਨੇ ਦੇ ਦੇਣਾ ਅਸੰਗਤ ਨਹੀਂ ਹੋਵੇਗਾ। ਪਹਿਲਾ ਨਮੂਨਾ ਹੈ 'ਆਸਾ ਕੀ ਵਾਰ' (ਮ. ੧) ਦਾ। ਇਸ ਵਾਰ ਵਿਚ ਸੋਢੀ ਹਰਿਜੀ ਵਲੋਂ ਵਾਧਾ ਕੀਤਾ ਗਿਆ ਜਾਂ ਵਾਧਾ ਕਰਕੇ ਪੁਨਰ-ਸੰਪਾਦਿਤ ਕੀਤਾ ਗਿਆ। ਇਹ ਪੋਥੀ ਬਲੂ ਸਟਾਰ ਓਪਰੇਸ਼ਨ ਤੋਂ ਪਹਿਲਾਂ ਸਿੱਖ ਰੈਫ਼੍ਰੰਸ ਲਾਇਬ੍ਰੇਰੀ, ਅੰਮ੍ਰਿਤਸਰ (ਨੰ.3512) ਵਿਚ ਸੁਰਖਿਅਤ ਸੀ। ਇਸ ਵਿਚਲੇ ਰਲੇ ਨੂੰ ਪਰਖਣ ਦਾ ਹੁਣ ਕੋਈ ਆਧਾਰ ਨਹੀਂ ਕਿਉਂਕਿ ਇਹ ਪੋਥੀ ਨਸ਼ਟ ਹੋ ਚੁਕੀ ਦਸੀ ਜਾਂਦੀ ਹੈ। ਪਰ ਇਸ ਲਾਇਬ੍ਰੇਰੀ ਦੀਆਂ ਹੱਥ-ਲਿਖਿਤਾਂ ਦੀ ਪ੍ਰਕਾਸ਼ਿਤ ਸੂਚੀ (ਪੰਨਾ 246) ਇਸ ਸੰਬੰਧ ਵਿਚ ਸਹਾਇਕ ਹੋ ਸਕਦੀ ਹੈ। ਸ਼ਮਸ਼ੇਰ ਸਿੰਘ ਅਸ਼ੋਕ ਦੀ ਟਿੱਪਣੀ ਅਨੁਸਾਰ — 'ਇਸ ਵਾਰ ਵਿਚ ਜੋ ਸ੍ਰੀ ਆਦਿ ਗ੍ਰੰਥ ਜੀ ਵਿਚੋਂ ਲਈ ਗਈ ਹੈ, ਸੋਢੀ ਮਿਹਰਵਾਨ ਨੇ 24 ਦੀ ਥਾਵੇਂ 27 ਪਉੜੀਆਂ ਬਣਾ ਕੇ ਕਈ ਥਾਵੇਂ ਨਵੇਂ ਵਾਧੇ ਕੀਤੇ ਹਨ ਤੇ ਆਪਣੀ ਕੱਚੀ ਬਾਣੀ ਦਰਜ ਕਰਕੇ ਇਸ ਨੂੰ ਵਿਗਾੜਿਆ ਹੈ।'

ਦੂਜਾ ਨਮੂਨਾ 'ਬਸੰਤ ਕੀ ਵਾਰ' ਦਾ ਹੈ। ਇਹ ਵਾਰ ਗੁਰੂ ਅਰਜਨ ਦੇਵ ਦੀ ਲਿਖੀ ਹੋਈ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਇਸ ਵਿਚ ਕੁਲ ਤਿੰਨ ਪਉੜੀਆਂ ਹਨ, ਜਿਨ੍ਹਾਂ ਨਾਲ ਕੋਈ ਵੀ ਸ਼ਲੋਕ ਲਿਖਿਆ ਹੋਇਆ ਨਹੀਂ ਹੈ। ਰਵਾਇਤ ਅਨੁਸਾਰ ਪੰਜਵੇਂ ਗੁਰੂ ਨੂੰ ਅਜੇ ਤਿੰਨ ਪਉੜੀਆਂ ਹੀ ਫੁਰੀਆਂ ਸਨ ਕਿ ਲੰਗਰ ਵਿਚ ਸ਼ਾਮਲ ਹੋਣ ਦਾ ਸੱਦਾ ਆ ਗਿਆ। ਫਲਸਰੂਪ ਇਹ ਵਾਰ ਪੂਰੀ ਨ ਕੀਤੀ ਜਾ ਸਕੀ। ਇਸ ਵਾਰ ਨੂੰ ਹਰਿਜੀ ਵਲੋਂ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਵਾਰ ਦੇ ਸੰਬੰਧ ਵਿਚ ਡਾ. ਕੁਲਵੰਤ ਸਿੰਘ ('ਆਲੋਚਨਾ', 1970, ਪੰਨੇ 364-70) ਦਾ ਕਥਨ ਹੈ ਕਿ ਇਹ ਵਾਰ ਇਕ ਵਾਰੀ ਗਿਆਨੀ ਲਾਲ ਸਿੰਘ (ਸੰਗਰੂਰ) ਵਲੋਂ 'ਪੁਸਤਕ ਦਸਮ ਗੁਰਬਾਣੀ ਸੰਗ੍ਰਹਿ' ਵਿਚ ਅਖ਼ੀਰ ਉਤੇ (ਵਿਸ਼ੇਸ਼ ਰਚਨਾ ਜਾਣ ਕੇ) ਛਾਪੀ ਜਾ ਚੁਕੀ ਹੈ। ਇਸ ਰਚਨਾ (ਵਾਰ) ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਦਿੱਤੀ, ਕੇਵਲ ਬਾਬੂ ਤੇਜਾ ਸਿੰਘ ਨੂੰ ਹਜ਼ੂਰ ਸਾਹਿਬ ਤੋਂ ਪ੍ਰਾਪਤ ਹੋਏ ਹੱਥ-ਲਿਖਿਤੀ ਗੁਟਕੇ ਦੇ ਅਖ਼ੀਰ ਉਤੇ ਲਿਖੇ ਹੋਣ ਦੀ ਸੂਚਨਾ ਦਿੱਤੀ ਗਈ ਹੈ। ਇਸ ਰਚਨਾ ਵਿਚ ਵਾਧੂ ਸ਼ਲੋਕ ਅਤੇ ਪਉੜੀਆਂ ਮਹਲਾ 6,7,8 (ਕ੍ਰਮਵਾਰ ਪ੍ਰਿਥੀਚੰਦ, ਮਿਹਰਬਾਨ ਅਤੇ ਹਰਿਜੀ) ਦੇ ਸ਼ੀਰਸ਼ਕ ਹੇਠਾਂ ਆਉਂਦੀਆਂ ਹਨ।

ਮਿਹਰਬਾਨ ਸੰਪ੍ਰਦਾਇ ਦੇ ਤਥਾ-ਕਥਿਤ ਗੁਰੂਆਂ (ਮਨੋਹਰ ਦਾਸ ਮਿਹਰਬਾਨ ਅਤੇ ਹਰਿਜੀ) ਵਲੋਂ 'ਨਾਨਕ' (ਜਨ ਨਾਨਕ, ਦਾਸ ਨਾਨਕ) ਕਵੀ-ਛਾਪ ਸਹਿਤ ਸਮਾਨਾਂਤਰ ਜੋ ਬਾਣੀ ਸਿਰਜੀ ਗਈ, ਉਹ ਮੁੱਖ ਰੂਪ ਵਿਚ ਉਨ੍ਹਾਂ ਦੀਆਂ ਵਾਰਤਕ ਰਚਨਾਵਾਂ ਵਿਚ ਸ਼ਾਮਲ ਹੋਈ ਮਿਲਦੀ ਹੈ। ਇਸ ਪ੍ਰਕਾਰ ਦੀ ਵਾਰਤਕ ਵਿਚੋਂ ਪ੍ਰਮੁਖ ਰਚਨਾ ਹੈ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ'। ਇਸ ਦੇ ਤਿੰਨ ਭਾਗ ਹਨ— ਸਚਖੰਡ ਪੋਥੀ, ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ।

'ਸਚਖੰਡ ਪੋਥੀ' ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਕਰਤਾਰਪੁਰ ਦੇ ਨਿਵਾਸ ਤੋਂ ਪਹਿਲਾਂ ਦੀਆਂ ਘਟਨਾਵਾਂ ਚਿਤਰੀਆਂ ਗਈਆਂ ਹਨ। ਇਸ ਵਿਚ ਗੁਰੂ ਜੀ ਦੀ ਜੀਵਨ-ਗਾਥਾ ਸਾਖੀਆਂ ਦੀ ਥਾਂ ਗੋਸ਼ਟਾਂ ਵਿਚ ਲਿਖੀ ਹੈ ਅਤੇ ਗੁਰਬਾਣੀ ਦੇ ਪਰਮਾਰਥ ਦਸਣ ਦਾ ਉਚੇਚਾ ਯਤਨ ਕੀਤਾ ਗਿਆ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੀਆਂ ਜੀਵਨ ਸੰਬੰਧੀ ਘਟਨਾਵਾਂ ਦਾ ਸੰਯੋਜਨ ਪ੍ਰਵਚਨਾਂ ਦੀਆਂ ਉਥਾਨਿਕਾਵਾਂ ਵਜੋਂ ਕੀਤਾ ਗਿਆ ਹੈ। ਮੁੱਖ ਰੂਪ ਵਿਚ ਇਹ ਪੋਥੀ ਗੱਦ ਰਚਨਾ ਹੈ, ਪਰ ਇਸ ਦੇ ਰਚਨਾ-ਪੈਟਰਨ ਅਨੁਸਾਰ ਹਰ ਗੋਸਟਿ ਦੇ ਅੰਤ ਉਤੇ ਇਕ ਸ਼ਲੋਕ ਵੀ ਲਿਖਿਆ ਗਿਆ ਹੈ। ਇਨ੍ਹਾਂ ਸ਼ਲੋਕਾਂ ਦੀ ਗਿਣਤੀ ਗੋਸ਼ਟਾਂ ਦੀ ਗਿਣਤੀ (153) ਦੇ ਲਗਭਗ ਬਰਾਬਰ ਹੀ ਹੈ। ਇਨ੍ਹਾਂ ਵਿਚ ਦੋ ਤੋਂ ਲੈ ਕੇ ਅੱਠ ਤਕ ਤੁਕਾਂ ਹਨ। ਹਰ ਸ਼ਲੋਕ ਵਿਚ 'ਦਾਸ ਨਾਨਕ', 'ਨਾਨਕ ਦਾਸ' ਸ਼ਬਦ ਕਵੀ-ਛਾਪ ਵਜੋਂ ਵਰਤੇ ਗਏ ਹਨ। ਕਵੀ ਨੇ ਗੁਰੂ ਨਾਨਕ ਦੇਵ ਜੀ ਪ੍ਰਤਿ ਸਰਵਤ੍ਰ ਸਤਿਕਾਰ ਪੂਰਣ ਸ਼ਬਦਾਵਲੀ ਵਰਤ ਕੇ ਆਪਣੇ ਆਪ ਨੂੰ ਉਨ੍ਹਾਂ ਦੀ ਸੇਵਕੀ ਤੋਂ ਬਾਹਰ ਨਹੀਂ ਹੋਣ ਦਿੱਤਾ। ਨਮੂਨੇ ਵਜੋਂ ਕੁਝ ਸ਼ਲੋਕਾਂ ਦਾ ਪਾਠ ਵੇਖਣਯੋਗ ਹੈ— (1) *ਬਾਬਾ ਨਾਨਕ ਸਤਿਗੁਰੂ ਦੀਨ ਦੁਨੀਆ ਕੀ ਗਤਿ। ਗੁਰੂ ਬਾਬਾ ਰਾਖਗੁ ਪਤਿ ਫਿਰਿ ਜਨਮਿ*

*ਨ ਆਵੈ ਵਤਿ।*(ਪੰਨਾ 413); (2) *ਗੁਰੂ ਨਾਨਕ ਦਰਗਾਹ ਤੇ ਪਾਈ ਬਕਸ ਸਾਲਾਹਿ। ਜੈਸਾ ਮੈ ਤੈਸਾ ਤੁਹੀ ਕਹਿ ਆਵੈ ਪਰਵਾਹਿ। ਰਵਿ ਸੁਤ ਤਿਆਸ ਨ ਵਿਆਪਈ ਜੋ ਗੁਰ ਨਾਨਕ ਸਰਨੀ ਪਾਹਿ।*(ਪੰਨਾ 445); *ਗੁਰ ਬਾਬਾ ਨਾਨਕ ਕਰਣਹਾਰੁ ਸਚਾ ਪਰਵਦਗਾਰੁ। ਕਰਿ ਕਰਿ ਕੁਦਰਤਿ ਵੇਖਦਾ ਅੰਤੁ ਨ ਪਾਰਾਵਾਰ।*(ਪੰਨਾ 516)।

ਇਨ੍ਹਾਂ ਸ਼ਲੋਕਾਂ ਵਿਚ ਸੋਢੀ ਮਿਹਰਬਾਨ ਨੇ ਸੰਬੰਧਿਤ ਗੋਸ਼ਟਾਂ ਦੇ ਵਿਸ਼ੇ, ਘਟਨਾ ਜਾਂ ਭਾਵਨਾ ਵਲ ਸੰਕੇਤ ਕੀਤਾ ਹੈ। ਅਜਿਹੀ ਅਭਿਵਿਅਕਤੀ ਵੇਲੇ ਕਵੀ ਦੇ ਆਪਣੇ ਵਿਚਾਰ ਉਘੜ ਕੇ ਸਾਹਮਣੇ ਆਏ ਹਨ।

ਵਿਚਾਰਾਧੀਨ ਜਨਮਸਾਖੀ ਦੇ ਦੂਜੇ ਭਾਗ 'ਹਰਿਜੀ ਪੋਥੀ' ਵਿਚ ਕੁਲ 61 ਗੋਸ਼ਟਾਂ ਹਨ। ਹਰ ਇਕ ਗੋਸ਼ਟ ਦੇ ਅੰਤ ਉਤੇ ਇਕ ਇਕ ਸਮਾਪਨ-ਸ਼ਲੋਕ ਲਿਖਿਆ ਹੈ, ਪਰ ਦੋ ਗੋਸ਼ਟਾਂ (37 ਅਤੇ 49) ਨਾਲ ਦੋ ਦੋ ਸ਼ਲੋਕ ਹਨ ਅਤੇ ਹੋਰ ਵੀ ਕੁਝ ਗੋਸ਼ਟਾਂ ਵਿਚ ਵਾਧੂ ਸ਼ਲੋਕ ਹਨ। ਇਸ ਤਰ੍ਹਾਂ ਕੁਲ 65 ਸ਼ਲੋਕ ਇਸ ਜਨਮਸਾਖੀ-ਭਾਗ ਵਿਚ ਸ਼ਾਮਲ ਹੋਏ ਹਨ। 'ਸਿਧ ਗੋਸਟਿ' ਦਾ ਪਰਮਾਰਥ ਦਸਣ ਵੇਲੇ ਵੀ ਬਹੁਤ ਸਾਰੀਆਂ ਤੁਕਾਂ ਅਥਵਾ ਸਿੱਧਾਂ ਦੇ ਪ੍ਰਸ਼ਨਾਂ/ਜਿਗਿਆਸਾਵਾਂ ਵਜੋਂ ਕੁਝ ਸ਼ਲੋਕ ਜਾਂ ਤੁਕਾਂ ਵੀ ਸ਼ਾਮਲ ਕਰ ਲਈਆਂ ਗਈਆਂ ਹਨ।

ਇਸ ਜਨਮਸਾਖੀ ਦੇ ਤੀਜੇ ਭਾਗ ਨੂੰ 'ਚਤੁਰਭੁਜ ਪੋਥੀ' ਕਿਹਾ ਜਾਂਦਾ ਹੈ ਅਤੇ ਉਸ ਵਿਚ ਕੁਲ 74 ਗੋਸ਼ਟਾਂ ਸੰਕਲਿਤ ਹਨ। ਹਰ ਇਕ ਗੋਸ਼ਟਿ ਦੇ ਅੰਤ ਉਤੇ ਇਕ ਇਕ ਸ਼ਲੋਕ ਅੰਕਿਤ ਹੈ। ਗੋਸ਼ਟਾਂ ਅਨੁਰੂਪ ਸ਼ਲੋਕਾਂ ਦੀ ਗਿਣਤੀ ਵੀ 74 ਹੈ। ਇਨ੍ਹਾਂ ਵਿਚ ਦੋ ਤੋਂ ਸੱਤ ਤਕ ਤੁਕਾਂ ਹਨ। ਇਨ੍ਹਾਂ ਵਿਚਲੀ ਅਧਿਆਤਮਿਕ ਵਿਚਾਰਧਾਰਾ ਸੰਤ-ਬਾਣੀ ਨਾਲ ਦੂਰ ਤਕ ਸਮਾਨਤਾ ਰਖਦੀ ਹੈ।

ਇਨ੍ਹਾਂ ਤਿੰਨਾਂ ਪੋਥੀਆਂ ਵਿਚ ਲਗਭਗ 300 ਸ਼ਲੋਕਾਂ ਤੋਂ ਇਲਾਵਾ ਇਸ ਜਨਮਸਾਖੀ ਦੇ ਉਨ੍ਹਾਂ ਤਿੰਨਾਂ ਭਾਗਾਂ ਵਿਚ ਵੀ ਇਕ ਇਕ ਸ਼ਲੋਕ ਗੋਸ਼ਟਿ-ਵਾਰ ਸ਼ਾਮਲ ਹੈ, ਜੋ ਹੁਣ ਅਣਉਪਲਬਧ ਹਨ। 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੀ 'ਸਚਖੰਡ ਪੋਥੀ' ਦੇ ਅੰਤ ਉਤੇ ਪੋਥੀਆਂ ਦੀ ਗਿਣਤੀ ਅਤੇ ਗੋਸ਼ਟਾਂ ਦੀ ਸੰਖਿਆ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਗਿਆ ਹੈ— *ਏਹ ਪੋਥੀ ਸਚਖੰਡ ਇਕ ਸਉ ਤਿਵੰਜਹ ।153 । ਗੋਸਟਿ ਹੈਨਿ। ਇਕੁ ਸਉ ਸਤਾਹਟਿ ਗੋਸਟੀ ਚੌਦਹਿ ਗੋਸਟੀ ਘਾਟੈ ਹੈਨਿ। ਇਸ ਤੇ ਆਗੇ ਹਰਜੀ ਕੀ ਪੋਥੀ ਹੈ ।61। ਇਕਾਹਠਿ ਗੋਸਟੀ ਹੈਨਿ। ਤਿਸੁ ਤੇ ਆਗੇ ਚਤੁਭੋਜ ਪੋਥੀ ਹੈ ।74। ਚਉਹਤਰਿ ਗੋਸਟਾ। ਤਿਸੁ ਤੇ (ਆਗੇ) ਕੇਸੋ ਰਾਇ ਪੋਥੀ ਹੈ। ਤਿਸੁ ਤੇ ਆਗੇ ਅਭੈਪਦ ਪੋਥੀ ਹੈ। ਤਿਸੁ ਤੇ ਆਗੇ ਪ੍ਰੇਮਪਦ ਪੋਥੀ ਹੈ। ਏਹਿ ਛਿ ਪੋਥੀਆ ਹੈਨਿ। ਤਿਨਾ ਦਾ ਜੋੜੁ ਪੰਜ ਸੈ ਪਜਹਤਰਿ ।575। ਗੋਸਟੀ ਬਾਬੇ ਨਾਨਕ ਦੀ ਜਨਮਸਾਖੀ ਦੀਆ ਹੈਨ। ਛਿਆਂ ਪੋਥੀਆਂ ਉਤੇ।*

ਉਪਰੋਕਤ ਟੂਕ ਤੋਂ ਸਪੱਸ਼ਟ ਹੈ ਕਿ ਮਿਹਰਬਾਨ ਵਲੋਂ ਗੁਰੂ ਨਾਨਕ ਦੇਵ ਦੀ ਜਨਮਸਾਖੀ ਲਿਖਣ/ ਲਿਖਵਾਉਣ ਲਈ ਛੇ ਪੋਥੀਆਂ ਦਾ ਆਯੋਜਨ ਹੋਇਆ ਸੀ, ਜਿਨ੍ਹਾਂ ਦੀ ਗੋਸਟਿ ਸੰਖਿਆ ਇਸ ਪ੍ਰਕਾਰ ਹੈ :

(1) ਸਚਖੰਡ ਪੋਥੀ = 167 (ਕੇਵਲ 153 ਉਪਲਬਧ)
(2) ਹਰਿਜੀ ਪੋਥੀ = 61
(3) ਚਤੁਰਭੁਜ ਪੋਥੀ = 74
(4) ਕੇਸੋਰਾਇ ਪੋਥੀ
(5) ਅਭੈਪਦ ਪੋਥੀ } 273 ਅਣਉਪਲਬਧ
(6) ਪ੍ਰੇਮਪਦ ਪੋਥੀ

ਕੁਲ = 575 ਗੋਸਟਾਂ

ਜੇਕਰ ਪ੍ਰਤਿ ਗੋਸਟਿ ਇਕ ਸ਼ਲੋਕ ਨਿਸਚਿਤ ਕਰੀਏ ਅਤੇ ਕੁਝ ਵਾਧੂ ਸ਼ਲੋਕ ਵੀ ਸ਼ਾਮਲ ਕਰੀਏ ਤਾਂ ਇਸ ਜਨਮਸਾਖੀ ਨਾਲ ਘਟੋ-ਘਟ 600 ਸ਼ਲੋਕ ਲਿਖੇ ਹੋਣੇ ਚਾਹੀਦੇ ਹਨ। ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਪੋਥੀਆਂ ਦੇ ਸ਼ਲੋਕਾਂ ਬਾਰੇ ਪਿਛੇ ਝਾਤ ਪਾ ਆਏ ਹਾਂ, ਬਾਕੀਆਂ ਦੀ ਉਪਲਬਧੀ ਨ ਹੋ ਕਾਰਣ ਉਨ੍ਹਾਂ ਬਾਰੇ ਜਾਣਕਾਰੀ ਦੇ ਸਕਣਾ ਸੰਭਵ ਨਹੀਂ ਹੈ।

ਸੋਢੀ ਮਿਹਰਬਾਨ ਦੀ ਸੰਪ੍ਰਦਾਇ ਨਾਲ 'ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ' ਦਾ ਸੰਬੰਧ ਵੀ ਜੋੜਿਆ ਜਾਂਦਾ ਹੈ। ਇਨ੍ਹਾਂ ਗੋਸ਼ਟਾਂ ਦੀ ਕੋਈ ਪੂਰੀ ਪੋਥੀ ਅਜੇ ਤਕ ਉਪਲਬਧ ਨਹੀਂ ਹੋਈ। ਇਨ੍ਹਾਂ ਵਿਚੋਂ ਤਿੰਨ ਗੋਸ਼ਟਾਂ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਦੀ ਇਕ ਹੱਥ-ਲਿਖਿਤ (ਨੰ.678) ਵਿਚ ਸੰਕਲਿਤ ਹਨ ਅਤੇ 25 ਗੋਸ਼ਟਾਂ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ ਪਾਸ ਸੁਰਖਿਅਤ ਇਕ ਅਪੂਰਣ ਪੋਥੀ ਵਿਚ ਚੜ੍ਹੀਆਂ ਹਨ। ਇਸ ਤਰ੍ਹਾਂ ਹੁਣ ਤਕ ਕੁਲ 28 ਗੋਸ਼ਟਾਂ ਉਪਲਬਧ ਹਨ ਜਿਨ੍ਹਾਂ ਵਿਚੋਂ ਆਖੀਰਲੀ ਅਧੂਰੀ ਪ੍ਰਤੀਤ ਹੁੰਦੀ ਹੈ। ਇਨ੍ਹਾਂ 28 ਗੋਸ਼ਟਾਂ ਨੂੰ ਡਾ. ਰਾਏ ਜਸਬੀਰ ਸਿੰਘ ਨੇ 'ਗੁਰੂ ਅਮਰਦਾਸ: ਸ੍ਰੋਤ ਪੁਸਤਕ' ਵਿਚ ਸੰਕਲਿਤ ਕੀਤਾ ਹੈ

ਅਤੇ ਇਹ ਪੁਸਤਕ ਸੰਨ 1986 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਹੋ ਚੁਕੀ ਹੈ।

ਇਨ੍ਹਾਂ ਗੋਸ਼ਟਾਂ ਦੇ ਅੰਤ ਉਤੇ ਮਿਹਰਬਾਨੀ ਗੋਸ਼ਟਿ-ਸ਼ੈਲੀ ਵਿਚ ਇਕ ਇਕ ਸ਼ਲੋਕ ਲਿਖਿਆ ਹੈ। ਆਖੀਰਲੀ ਗੋਸਟਿ ਦੇ ਅਪੂਰਣ ਹੋਣ ਕਾਰਣ ਸ਼ਲੋਕਾਂ ਦੀ ਕੁਲ ਗਿਣਤੀ 27 ਬੈਠਦੀ ਹੈ। ਇਨ੍ਹਾਂ ਸ਼ਲੋਕਾਂ ਵਿਚ ਕਵੀ-ਛਾਪ 'ਨਾਨਕ-ਦਾਸ' ਅਥਵਾ 'ਦਾਸ-ਨਾਨਕ' ਲਿਖੀ ਹੈ, ਇਸ ਲਈ ਇਹ ਗੋਸ਼ਟਾਂ ਸੋਢੀ ਮਿਹਰਬਾਨ ਦੀਆਂ ਰਚੀਆਂ ਸਿੱਧ ਹੁੰਦੀਆਂ ਹਨ। ਇਨ੍ਹਾਂ ਦੀ ਭਾਵਨਾ, ਭਾਸ਼ਾ-ਸ਼ੈਲੀ ਅਤੇ ਹੋਰ ਕਾਵਿ-ਗੁਣ ਮਿਹਰਬਾਨ ਦੀਆਂ ਰਚਨਾਵਾਂ ਨਾਲ ਮੇਲ ਖਾਂਦੇ ਹਨ।

*ਅਨਿਸ਼ਚਿਤ ਕਰਤ੍ਰਿਤਵ ਵਾਲੀਆਂ ਰਚਨਾਵਾਂ :* ਸੋਢੀ ਮਿਹਰਬਾਨ ਦੇ ਨਾਂ ਨਾਲ ਸੰਬੰਧਿਤ ਕੁਝ ਵਾਰਾਂ ਵੀ ਮਿਲਦੀਆਂ ਹਨ, ਜਿਵੇਂ ਰਾਗ ਬਿਲਾਵਲ ਕੀ ਵਾਰ, ਰਾਗ ਗਉੜੀ ਵਾਰ ਦਸਾਂ ਪੀਰਾਂ ਕੀ, ਰਾਗ ਮਾਲਕੌਂਸ ਕੀ ਵਾਰ (ਇਹ ਪ੍ਰੋ. ਪ੍ਰੀਤਮ ਸਿੰਘ ਦੀ ਲਾਇਬ੍ਰੇਰੀ ਵਿਚ ਸੁਰਖਿਅਤ ਹਨ), ਰਾਮਕਲੀ ਓਅੰਕਾਰ ਵਡਾ (87 ਪਉੜੀਆਂ), (ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਨੰ. 682) ਆਦਿ। ਇਨ੍ਹਾਂ ਦੇ ਕਰਤ੍ਰਿਤਵ ਦਾ ਨਿਰਣਾ ਕਵੀ-ਛਾਪ ਦੀ ਵਰਤੋਂ ਨੂੰ ਵੇਖ ਕੇ ਸਹਿਜੇ ਹੀ ਕੀਤਾ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਕੁਝ ਫੁਟਕਲ ਪਦ ਵੀ ਸੋਢੀ ਮਿਹਰਬਾਨ ਦੇ ਨਾਂ ਉਤੇ ਮਿਲ ਜਾਂਦੇ ਹਨ, ਜਿਵੇਂ —*ਸ੍ਰੀ ਰਾਗ ਮਹਲਾ ੭: ਮਨ ਰੇ ਸਭਿ ਸੁਖ ਸਤਿਗੁਰ ਪਾਸਿ। ਹੋਵੈ ਜਨਮ ਸਕਾਰਥਾ ਕਾਰਜ ਆਵਹਿ ਰਾਸਿ। ਰਹਾਉ। ਬਿਨੁ ਤੁਧੁ ਹਮਰਾ ਕੋ ਨਹੀ ਤਾ ਕੀ ਤਉ ਸਰਨਾਇ। ਰਾਖਹੁ ਨਾਨਕ ਦਾਸ ਕਉ ਅਪਨਾ ਨਾਮ ਜਪਾਇ।* ਇਸੇ ਤਰ੍ਹਾਂ ਮਿਹਰਬਾਨ ਵਲੋਂ ਆਪਣੇ ਅੰਤ-ਸਮੇਂ ਇਕੱਠੇ ਹੋਏ ਭਗਤਾਂ/ਧਰਮ-ਸਾਧਕਾਂ ਦੇ ਸਨਮੁਖ ਜੋ ਬੋਲ ਉਚਾਰੇ ਗਏ, ਉਨ੍ਹਾਂ ਦਾ ਨਮੂਨਾ 'ਗੋਸਟਾਂ ਮਿਹਰਬਾਨ ਜੀ ਕੀਆਂ' (ਗੋਸਟਿ 45) ਵਿਚ ਮਿਲਦਾ ਹੈ।

ਇਸ ਪ੍ਰਕਾਰ ਦੇ ਖਿੰਡੇ-ਪੁੰਡੇ ਅਨੇਕ ਕਾਵਿ-ਅੰਸ਼ ਪੁਰਾਤਨ ਹੱਥ-ਲਿਖਿਤਾਂ ਵਿਚ ਮਿਲ ਜਾਂਦੇ ਹਨ। ਸੋਢੀ ਹਰਿਜੀ ਵਿਰਚਿਤ 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਵਿਚ ਸੋਢੀ ਮਿਹਰਬਾਨ ਦੀਆਂ ਰਚੀਆਂ ਚਾਰ ਲਾਵਾਂ ਦਾ ਪਾਠ ਵੀ ਵੇਖਣਯੋਗ ਹੈ।

ਇਨ੍ਹਾਂ ਕਾਵਿ ਰਚਨਾਵਾਂ ਤੋਂ ਇਲਾਵਾ ਸੋਢੀ ਮਿਹਰਬਾਨ ਦੇ ਨਾਂ ਨਾਲ ਪ੍ਰਚਲਿਤ ਕਈ ਹੋਰ ਭਗਤਾਂ, ਨਾਥਯੋਗੀਆਂ ਅਤੇ ਪੀਰਾਂ-ਫ਼ਕੀਰਾਂ ਦੀਆਂ ਗੋਸ਼ਟਾਂ ਵਿਚ ਵੀ ਕੁਝ ਸ਼ਲੋਕਾਂ ਦੀ ਰਚਨਾ ਹੋਈ ਹੈ ਜਿਨ੍ਹਾਂ ਦਾ ਸੰਕਲਨ ਭਾਸ਼ਾ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰਖਿਅਤ 'ਪੁਰਾਤਨ ਗੋਸ਼ਟਿ ਸੰਗ੍ਰਹਿ' (ਨੰ.359) ਵਿਚ ਹੋਇਆ ਹੈ। ਕੁਝ ਸ਼ਲੋਕ 'ਮਸਲੇ ਹਜ਼ਰਤ ਰਸੂਲ ਕੇ' ਹੱਥ-ਲਿਖਿਤ ਵਿਚ ਵੀ ਮਿਲ ਜਾਂਦੇ ਹਨ। ਧਿਆਨ ਰਖਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਸ਼ਲੋਕਾਂ ਵਿਚ 'ਨਾਨਕ ਦਾਸ' ਜਾਂ 'ਦਾਸ ਨਾਨਕ' ਕਵੀ-ਛਾਪ ਵਰਤੀ ਗਈ ਹੈ, ਉਹ ਸੋਢੀ ਮਿਹਰਬਾਨ ਦੀ ਰਚਨਾ ਹਨ ਅਤੇ ਜੋ ਸ਼ਲੋਕ 'ਜਨ ਨਾਨਕ', 'ਨਾਨਕ ਜਨ' ਕਵੀ-ਛਾਪ ਵਾਲੇ ਹਨ, ਉਹ ਹਰਿਜੀ ਦੀ ਰਚਨਾ ਹੈ। ਇਨ੍ਹਾਂ ਵਿਚੋਂ ਕੁਝ ਅੰਸ਼ ਸੋਢੀ ਮਿਹਰਬਾਨ ਦੇ ਸੇਵਕਾਂ ਦੀ ਰਚਨਾ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਮਿਹਰਬਾਨ ਦੇ ਪੁੱਤਰ ਸੋਢੀ ਹਰਿਜੀ ਦੇ ਕਰਤ੍ਰਿਤਵ ਨਾਲ ਤਿੰਨ ਰਚਨਾਵਾਂ ਸੰਬੰਧਤ ਹਨ, ਜਿਵੇਂ 'ਸੁਖਮਨੀ ਸਹੰਸ੍ਰਨਾਮ ਪਰਮਾਰਥ', 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਅਤੇ 'ਸਿੰਘਾਸਨ ਬਤੀਸੀ'। ਇਨ੍ਹਾਂ ਵਿਚ 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਵਿਚ ਕੁਲ 30 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਦੇ ਪਾਠ-ਅੰਤ ਉਤੇ ਇਕ ਇਕ ਸ਼ਲੋਕ ਦਰਜ ਹੈ। ਇਸ ਰਚਨਾ ਦੀਆਂ 'ਰਾਮਾਵਤਾਰ' ਅਤੇ 'ਕ੍ਰਿਸ਼ਨਾਵਤਾਰ' ਦੇ ਚਰਿਤ-ਕਥਨਾਂ ਵਾਲੀਆਂ ਅਸ਼ਟਪਦੀਆਂ ਵਿਚ ਕ੍ਰਮਵਾਰ 18 ਅਤੇ 21 ਕਥਾਵਾਂ ਲਿਖੀਆਂ ਹਨ ਅਤੇ ਹਰ ਕਥਾ-ਪ੍ਰਸੰਗ ਦੇ ਅੰਤ ਉਤੇ ਵੀ ਇਕ ਇਕ ਸ਼ਲੋਕ ਦਿੱਤਾ ਹੈ। ਇਹ ਸ਼ਲੋਕ ਤਿੰਨ ਤਿੰਨ ਤੁਕਾਂ ਦੇ ਹਨ। ਕ੍ਰਿਸ਼ਨਾਵਤਾਰ ਦੀ ਅਸ਼ਟਪਦੀ ਦੇ ਅੰਤ ਉਤੇ ਲਿਖਿਆ ਸ਼ਲੋਕ ਸੱਤ ਤੁਕਾਂ ਦਾ ਹੈ ਅਤੇ ਭਗਤਾਂ ਵਾਲੀ ਅਸ਼ਟਪਦੀ ਦੇ ਅੰਤ ਉਤੇ ਪੰਜ ਅਤੇ ਛੇ ਤੁਕਾਂ ਦੇ ਦੋ ਸ਼ਲੋਕ ਹਨ। ਇਸੇ ਤਰ੍ਹਾਂ 'ਨਾਮ-ਮਹਾਤਮ' ਦੀ ਅੰਤਿਮ ਅਸ਼ਟਪਦੀ ਵਿਚ ਆਖੀਰਲਾ ਸ਼ਲੋਕ ਨਹੀਂ ਹੈ, ਪਰ ਉਸ ਦੀ ਥਾਂ ਚਾਰ ਤੁਕਾਂ ਜ਼ਿਆਦਾ ਹਨ। ਸਮਾਪਤੀ ਉਪਰੰਤ ਅਵਤਾਰਾਂ ਦੇ ਪਰਾਕ੍ਰਮਾਂ ਦੀ ਸੂਚੀ ਦੋ ਸ਼ਲੋਕਾਂ ਵਿਚ ਦਿੱਤੀ ਹੈ ਜਿਨ੍ਹਾਂ ਦੀਆਂ ਕ੍ਰਮਵਾਰ 30 ਅਤੇ 8 ਤੁਕਾਂ ਹਨ। ਕਈਆਂ ਹੱਥ-ਲਿਖਿਤਾਂ ਵਿਚ ਇਹ ਦੋਵੇਂ ਸ਼ਲੋਕ ਨਹੀਂ ਲਿਖੇ ਗਏ। ਇਸ ਤਰ੍ਹਾਂ ਇਸ ਰਚਨਾ ਵਿਚ ਅਸ਼ਟਪਦੀਆਂ ਦੇ ਪਾਠ ਸਹਿਤ ਹਰਿਜੀ ਦੇ ਰਚੇ ਲਗਭਗ 70 ਸ਼ਲੋਕ ਹਨ। ਇਨ੍ਹਾਂ ਵਿਚ 'ਜਨ ਨਾਨਕ' ਕਵੀ-ਛਾਪ ਵਰਤੀ ਗਈ ਹੈ।

'ਸਿੰਘਾਸਨ ਬਤੀਸੀ' ਦੀਆਂ ਕੁਲ 32 ਕਥਾਵਾਂ

ਨਾਲ 32 ਸ਼ਲੋਕ ਦਰਜ ਹੋਏ ਹਨ ਜਿਨ੍ਹਾਂ ਦੀ ਭਾਵ-ਭੂਮੀ ਹਰਿਜੀ ਦੀਆਂ ਹੋਰ ਰਚਨਾਵਾਂ ਨਾਲ ਮੇਲ ਖਾਂਦੀ ਹੈ।

'ਗੋਸ਼ਟਾਂ ਮਿਹਰਬਾਨ ਜੀ ਕੀਆਂ' ਹਰਿਜੀ ਦੀ ਤੀਜੀ ਰਚਨਾ ਹੈ। ਇਸ ਸੰਕਲਨ ਵਿਚ ਕੁਲ 45 ਗੋਸ਼ਟਾਂ ਹਨ। ਹਰ ਗੋਸ਼ਟਿ ਦੇ ਅੰਤ ਉਤੇ ਦੋ ਤੋਂ 12 ਤੁਕਾਂ ਦਾ ਕਾਵਿ-ਅੰਸ਼ ਦਿੱਤਾ ਗਿਆ ਹੈ। ਪਰ ਗੋਸਟਿ 7, 29 ਅਤੇ 45 ਨਾਲ ਦੋ ਦੋ ਸ਼ਲੋਕ ਦਿੱਤੇ ਗਏ ਹਨ। ਇਸ ਤਰ੍ਹਾਂ ਸ਼ਲੋਕਾਂ ਦੀ ਕੁਲ ਗਿਣਤੀ 48 ਹੈ। ਇਨ੍ਹਾਂ ਵਿਚ ਆਮ ਤੌਰ 'ਤੇ ਗੋਸ਼ਟਿ ਦੇ ਵਰਣਿਤ ਵਿਸ਼ੇ ਦਾ ਸੰਕੇਤਿਕ ਉੱਲੇਖ, ਸਾਰਾਂਸ਼, ਫਲਿਤ-ਅਰਥ ਆਦਿ ਹੁੰਦਾ ਹੈ।

ਕੱਚੀ-ਬਾਣੀ 'ਸੱਚੀ-ਬਾਣੀ' (ਗੁਰਬਾਣੀ) ਦੇ ਸਮਾਨਾਂਤਰ ਆਪਣਾ ਭਿੰਨ ਸਵਰ ਰਖਦੀ ਹੈ ਜਿਸ ਨਾਲ ਪੰਜਾਬ ਵਿਚ ਹਿੰਦੂ-ਧਰਮ ਦੇ ਪੌਰਾਣਿਕ ਤੱਤ੍ਵਾਂ ਅਤੇ ਅਵਤਾਰਵਾਦ ਦੀ ਪੁਨਰ-ਸੰਸਥਾਪਨਾ ਹੁੰਦੀ ਹੈ। ਇਸ ਨਾਲ, ਪੰਜਾਬ ਦੇ ਸਭਿਆਚਾਰ ਵਿਚ ਗੁਰੂ ਸਾਹਿਬਾਨ ਨੇ ਜੋ ਤਰਕ-ਸੰਮਤਾ ਲਿਆਉਂਦੀ ਸੀ, ਉਸ ਨੂੰ ਮੁੜ ਅੰਧ-ਵਿਸ਼ਵਾਸ ਵਿਚ ਬਦਲਣ ਦਾ ਯਤਨ ਕੀਤਾ ਗਿਆ ਹੈ। ਫਲਸਰੂਪ ਸਗੁਣਵਾਦੀ ਭਗਤੀ ਦੀ ਸਮਾਨਾਂਤਰ ਪਰੰਪਰਾ ਦਾ ਵਿਕਾਸ ਹੋਣ ਲਗਿਆ। ਇਹ ਵਖਰੀ ਗੱਲ ਹੈ ਕਿ ਇਸ ਨੂੰ ਗੁਰਬਾਣੀ ਜਿਤਨਾ ਹੁੰਗਾਰਾ ਨ ਮਿਲ ਸਕਿਆ।

ਕੱਚੀ-ਬਾਣੀ ਵਿਚ ਗੁਰਬਾਣੀ ਦੇ ਅਨੁਕਰਣ ਦੀ ਪ੍ਰਧਾਨਤਾ ਹੈ। ਇਹ ਅਨੁਕਰਣ ਭਾਵ, ਭਾਸ਼ਾ-ਸ਼ੈਲੀ ਅਤੇ ਕਾਵਿ-ਰੂਪਾਂ ਦੀ ਵਰਤੋਂ ਤਕ ਵੇਖਿਆ ਜਾ ਸਕਦਾ ਹੈ। ਇਸ ਦਾ ਕਾਰਣ ਇਹ ਸੀ ਕਿ ਜਨ-ਸਾਧਾਰਣ ਵਿਚ ਘਰ ਕਰ ਚੁਕੀ ਗੁਰਬਾਣੀ ਦੇ ਮੁਕਾਬਲੇ ਵਿਚ ਸਥਾਪਿਤ ਹੋਣ ਲਈ ਕਾਵਿ ਦੇ ਕਿਸੇ ਨਵੇਂ ਮੁਹਾਂਦਰੇ ਨੂੰ ਪ੍ਰਚਲਿਤ ਕਰ ਸਕਣਾ ਸੰਭਵ ਨਹੀਂ ਸੀ। ਸਿੱਖ-ਜਗਤ ਵਿਚ ਮੀਣਾ-ਸੰਪ੍ਰਦਾਇ ਪ੍ਰਤਿ ਆਦਰ ਦੀ ਭਾਵਨਾ ਦੇ ਅਭਾਵ ਕਾਰਣ ਕੱਚੀ-ਬਾਣੀ ਭਾਵੇਂ ਅਣਗੌਲੀ ਰਹੀ ਪਰ ਉਸ ਦੇ ਸਾਹਿਤਿਕ ਮਹੱਤਵ ਨੂੰ ਨਕਾਰਿਆ ਨਹੀਂ ਜਾ ਸਕਦਾ। ਕੱਚੀ-ਬਾਣੀ ਦੀ ਅੰਤਰ-ਦ੍ਰਿਸ਼ਟੀ ਮੱਧ-ਯੁਗ ਦੇ ਭਗਤੀ ਕਾਵਿ ਨਾਲ ਦੂਰ ਤਕ ਬਰ ਮੇਚਦੀ ਨਿਰਗੁਣ-ਸਗੁਣ ਭਗਤੀ ਦੀ ਮਿਸ਼ਰਿਤ ਬਿਰਤੀ ਨੂੰ ਵਿਕਸਿਤ ਕਰਦੀ ਹੈ।

**ਕੱਛ/ਕਛਹਿਰਾ** : ਸਿੰਘਾਂ ਦੇ ਪੰਜ ਕਕਾਰਾਂ ਵਿਚੋਂ ਇਕ, ਜਿਸ ਦਾ ਮੁੱਖ ਪ੍ਰਯੋਜਨ ਮਨੁੱਖ ਦਾ ਪਰਦਾ ਢਕਣਾ ਹੈ। ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਵਾਸਤੇ ਇਸ ਨੂੰ ਲਾਜ਼ਮੀ ਕਰਾਰ ਦੇਣ ਲਈ ਪੰਜ ਕਕਾਰਾਂ ਵਿਚ ਸ਼ਾਮਲ ਕੀਤਾ ਹੈ। ਇਸ ਤੋਂ ਬਿਨਾ ਰਹਿਣਾ ਖ਼ਾਲਸੇ ਲਈ ਵਰਜਿਤ ਹੈ। ਰਹਿਤਨਾਮਿਆਂ ਵਿਚ ਇਸ ਨੂੰ ਧਾਰਣ ਕਰਨ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। 'ਗੁਰ ਪ੍ਰਤਾਪ ਸੂਰਜ' (ਰੁੱਤ 3/ਅ. 50) ਵਿਚ ਲਿਖਿਆ ਹੈ— *ਕੱਛ ਬਿਨ ਚਿਰ ਕਾਲ ਨ ਰਹੈ। ਇਕ ਤਜਿ ਦੁਤਿਯ ਤੁਰਤ ਹੀ ਗਹੈ।*

ਮਨੁੱਖ ਦਾ ਪਰਦਾ ਢਕਣ ਲਈ ਜਾਂਘੀਏ ਜਾਂ ਇਸ ਪ੍ਰਕਾਰ ਦੇ ਬਸਤ੍ਰ ਦੇ ਪਹਿਨਣ ਦਾ ਰਿਵਾਜ ਭਾਵੇਂ ਹਰ ਕਾਲ ਵਿਚ ਹਰ ਦੇਸ਼ ਵਿਚ ਰਿਹਾ ਹੈ ਅਤੇ ਦੇਸ਼-ਭੇਦ ਕਰਕੇ ਇਸ ਦੇ ਰੂਪ ਅਤੇ ਆਕਾਰ ਵਿਚ ਵੀ ਅੰਤਰ ਰਹਿੰਦੇ ਰਹੇ ਹਨ, ਪਰ ਸਿੰਘ ਦਾ ਕਛਹਿਰਾ ਮੁਹਰੀ ਅਤੇ ਨੇਫੇ ਵਾਲਾ ਸਾਧਾਰਣ ਘੇਰੇਦਾਰ ਬਸਤ੍ਰ ਹੈ ਜੋ ਸ਼ਰੀਰ ਨੂੰ ਚੁਸਤ ਰਖਦਾ ਹੈ ਅਤੇ ਕਿਸੇ ਪ੍ਰਕਾਰ ਦੀ ਸ਼ਰੀਰਿਕ ਹਰਕਤ ਵਿਚ ਵਿਘਨ ਨਹੀਂ ਬਣਦਾ। ਇਸ ਦੀ ਮੁਹਰੀ ਗੋਡੇ ਤੋਂ ਉੱਚੀ ਹੋਣੀ ਦਸੀ ਗਈ ਹੈ। ਗੋਡੇ ਢਕਣ ਵਾਲੀ ਕੱਛ ਪਹਿਨਣ ਦੀ ਪ੍ਰਵਾਨਗੀ ਨਹੀਂ, ਇਸ ਪ੍ਰਕਾਰ ਦੀ ਕੱਛ ਪਹਿਨਣ ਦਾ ਰਿਵਾਜ ਨਾਂਦੇੜ ਵਿਚ ਵਸਣ ਵਾਲੇ ਦੱਖਣੀ ਸਿੰਘਾਂ ਵਿਚ ਹੈ। ਇਸ ਤੋਂ ਇਲਾਵਾ ਬੁੱਢਾ ਦਲ ਵਿਚ ਵੀ ਘੋੜ-ਸਵਾਰੀ ਵੇਲੇ ਆਮ ਕਛਹਿਰੇ ਉਪਰ ਗੋਡਿਆਂ ਦੀ ਰਖਿਆ ਲਈ ਗੋਡੇ ਵਾਲੀ ਕੱਛ ਪਹਿਨਣ ਦਾ ਵਿਧਾਨ ਹੈ। ਪਰ ਇਹ ਖ਼ਾਲਸੇ ਦੀ ਕੱਛ ਦਾ ਦਸਤੂਰੀ ਰੂਪ ਨਹੀਂ ਹੈ।

**ਕਟਕ** (ਨਗਰ): ਉੜੀਸਾ ਪ੍ਰਾਂਤ ਦਾ ਇਕ ਪ੍ਰਮੁਖ ਨਗਰ ਜਿਥੇ ਗੁਰੂ ਨਾਨਕ ਦੇਵ ਜੀ ਆਪਣੀ ਇਕ ਉਦਾਸੀ ਦੌਰਾਨ ਗਏ ਸਨ। ਇਥੋਂ ਹੀ ਉਹ ਜਗਨਨਾਥ ਪੁਰੀ ਵਲ ਗਏ ਸਨ। ਇਸ ਨਗਰ ਵਿਚ ਆਪਣੀ ਠਹਿਰ ਦੌਰਾਨ ਗੁਰੂ ਜੀ ਨੇ ਰਾਜਾ ਪ੍ਰਤਾਪ ਸਿੰਘ ਰੁਦ੍ਰਦੇਵ ਅਤੇ ਉਥੋਂ ਦੇ ਨਿਵਾਸੀਆਂ ਨੂੰ ਉਪਦੇਸ਼ ਦਿੱਤਾ ਸੀ। ਬਾਦ ਵਿਚ ਉਦਾਸੀ ਸਾਧਾਂ ਨੇ ਗੁਰੂ ਜੀ ਦੀ ਆਮਦ ਵਿਚ ਇਥੇ ਇਕ ਧਰਮ-ਧਾਮ ਬਣਾਇਆ, ਜੋ ਮਹਾਂਨਦੀ ਨਦੀ ਦੇ ਕੰਢੇ ਕਿਸ਼ਟੀ ਘਾਟ ਕੋਲ ਸਥਿਤ ਹੈ। ਇਸ ਦੀ ਵਿਵਸਥਾ ਉਦਾਸੀ ਪਰੰਪਰਾ ਦੇ ਉੜੀਸਾ ਨਿਵਾਸੀ ਹੀ ਕਰਦੇ ਹਨ।

**ਕਟਾਣਾ ਸਾਹਿਬ** (ਗੁਰੂ-ਧਾਮ): ਵੇਖੋ 'ਕਟਾਣੀ ਕਲਾਂ'।

**ਕਟਾਣੀ ਕਲਾਂ** (ਪਿੰਡ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਪਿੰਡ ਜੋ ਦੋਰਾਹੇ ਤੋਂ 5 ਕਿ.ਮੀ. ਦੀ ਵਿਥ ਉਤੇ ਨਹਿਰ ਸਰਹਿੰਦ ਦੇ ਕੰਢੇ ਨਾਲ ਵਸਿਆ ਹੋਇਆ ਹੈ। ਇਥੇ ਦੋ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰੂ-ਧਾਮ ਹਨ। ਕਹਿੰਦੇ ਹਨ ਕਿ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1618 ਈ. (20 ਫਗਣ, 1675 ਬਿ.) ਵਿਚ ਗਵਾਲੀਅਰ ਤੋਂ ਪਰਤਦੇ ਸਮੇਂ ਇਥੇ ਇਕ ਰਾਤ ਬਿਸਰਾਮ ਕੀਤਾ ਸੀ, ਜਿਸ ਬੇਰੀ ਦੇ ਬ੍ਰਿਛ ਨਾਲ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ, ਉਹ ਹੁਣ ਵੀ ਮੌਜੂਦ ਹੈ। ਕਈ ਵਿਦਵਾਨ ਇਸ ਥਾਂ ਉਤੇ ਗੁਰੂ ਸਾਹਿਬ ਦਾ ਬਿਰਾਜਣਾ ਮਾਲਵਾ ਖੇਤਰ ਵਿਚ ਸੰਨ 1631 ਈ. ਤੋਂ ਕੀਤੇ ਧਰਮ-ਪ੍ਰਚਾਰ ਵੇਲੇ ਨਾਲ ਜੋੜਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਸੰਨ 1705 ਈ. (11 ਪੋਹ, 1761 ਬਿ.) ਵਿਚ ਜਦੋਂ ਮਾਛੀਵਾੜੇ ਤੋਂ 'ਉਚ ਕਾ ਪੀਰ' ਬਣ ਕੇ ਆਲਮਗੀਰ ਨੂੰ ਜਾ ਰਹੇ ਸਨ, ਤਾਂ ਕੁਝ ਦੇਰ ਲਈ ਇਥੇ ਰੁਕੇ ਸਨ ਅਤੇ ਦੇਗ ਤਿਆਰ ਕਰਵਾ ਕੇ ਵਰਤਾਈ ਸੀ। ਇਸ ਕਰਕੇ ਇਸ ਸਥਾਨ ਦਾ ਨਾਂ 'ਗੁਰਦੁਆਰਾ ਦੇਗਸਰ' ਰਖਿਆ ਗਿਆ। ਸੰਨ 1854 ਈ. ਵਿਚ ਨਹਿਰ ਸਰਹਿੰਦ ਦੀ ਖੁਦਾਈ ਕਰਵਾਉਣ ਵੇਲੇ ਕੀਤੀ ਗਈ ਸਰਵੇ ਅਨੁਸਾਰ ਨਹਿਰ ਗੁਰੂ-ਧਾਮ ਵਿਚੋਂ ਲੰਘਣੀ ਸੀ। ਪਰ ਬਾਦ ਵਿਚ ਅੰਗ੍ਰੇਜ਼ ਇੰਜੀਨੀਅਰ ਮਿਸਟਰ ਸਮਿਥ ਨੇ ਨਹਿਰ ਨੂੰ ਪੂਰਬ ਵਾਲੇ ਪਾਸੇ ਵਲੋਂ ਲੰਘਾ ਲਿਆ। ਹੁਣ ਗੁਰੂ ਸਾਹਿਬਾਨ ਦੀ ਆਮਦ ਦੇ ਸਮਾਰਕ ਵਜੋਂ ਸਰਹਿੰਦ ਨਹਿਰ ਦੇ ਕੰਢੇ ਉਤੇ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ' ਸੁਸ਼ੋਭਿਤ ਹੈ। ਇਸ ਨੂੰ 'ਗੁਰਦੁਆਰਾ ਕਟਾਣਾ ਸਾਹਿਬ' ਵੀ ਕਹਿੰਦੇ ਹਨ। ਇਸ ਦੀ ਨਵੀਂ ਵਿਸ਼ਾਲ ਇਮਾਰਤ ਉਸਰ ਚੁਕੀ ਹੈ। ਲੰਗਰ ਅਤੇ ਰਿਹਾਇਸ਼ ਦਾ ਉਤਮ ਪ੍ਰਬੰਧ ਹੈ। ਉਂਜ ਤਾਂ ਯਾਤ੍ਰੀਆਂ ਦੀ ਆਵਾਜਾਈ ਰੋਜ਼ ਬਣੀ ਰਹਿੰਦੀ ਹੈ, ਪਰ ਹਰ ਸੰਗ੍ਰਾਂਦ ਦੇ ਮੌਕੇ ਇਥੇ ਕਾਫ਼ੀ ਸੰਗਤ ਜੁੜਦੀ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਕਟੂ** (ਪਿੰਡ): ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿਚ, ਬਰਨਾਲਾ ਨਗਰ ਤੋਂ 12 ਕਿ.ਮੀ. ਦੱਖਣ-ਪੂਰਬ ਵਲ ਸਥਿਤ ਇਕ ਪਿੰਡ ਜਿਥੇ ਗੁਰੂ ਤੇਗ ਬਹਾਦਰ ਜੀ ਮਾਲਵਾ ਖੇਤਰ ਵਿਚ ਧਰਮ-ਪ੍ਰਚਾਰ ਦੌਰਾਨ ਪਧਾਰੇ ਸਨ ਅਤੇ ਧਿਆਨ ਦਾਸ ਨਾਂ ਦੇ ਸਾਧ ਨਾਲ ਸੰਵਾਦ ਕਰਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਕੀਤੀ ਸੀ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਉਥੇ 'ਗੁਰਦੁਆਰਾ ਸਾਹਿਬ ਗੁਰੂਸਰ ਪਾਤਿਸ਼ਾਹੀ ਨੌਵੀਂ' ਬਣਾਇਆ ਗਿਆ। ਇਸ ਦੀ ਨਵੀਂ ਇਮਾਰਤ ਸੰਨ 1977 ਈ. ਵਿਚ ਉਸਾਰੀ ਜਾ ਚੁਕੀ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ-ਦਿਵਸ ਉਤੇ ਇਥੇ ਕਾਫ਼ੀ ਸੰਗਤ ਜੁੜਦੀ ਹੈ।

**ਕਠਾਈ** (ਪਿੰਡ): ਕਸ਼ਮੀਰ ਰਿਆਸਤ ਦੇ ਇਸ ਪਿੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੁਲੰਜਾਂ ਪਿੰਡ ਤੋਂ ਬਾਦ ਆਏ। ਇਹ ਪਿੰਡ ਚਕੋਠੀ ਨਾਂ ਦੇ ਕਸਬੇ ਤੋਂ ਤਿੰਨ-ਚਾਰ ਕਿ.ਮੀ. ਦੀ ਵਿਥ ਉਤੇ ਜੇਹਲਮ ਦਰਿਆ ਦੇ ਕੰਢੇ ਉਤੇ ਵਸਿਆ ਹੋਇਆ ਹੈ। ਇਸ ਗੁਰਦੁਆਰੇ ਦੀ ਇਮਾਰਤ ਸੰਨ 1936 ਈ. ਵਿਚ ਉਸਾਰੀ ਗਈ ਸੀ। ਪਹਿਲਾਂ ਇਥੇ ਇਕ ਦੇਹੁਰਾ ਜਿਹਾ ਹੀ ਸੀ। ਇਸ ਸਥਾਨ ਉਤੇ ਵਿਸਾਖੀ ਤੋਂ ਇਲਾਵਾ ਗੁਰਪੁਰਬਾਂ ਉਤੇ ਚੋਖੀ ਸੰਗਤ ਜੁੜਦੀ ਸੀ। ਸੰਨ 1947 ਈ. ਦੇ ਕਬਾਇਲੀਆਂ ਦੇ ਹਮਲੇ ਤੋਂ ਬਾਦ ਇਹ ਗੁਰੂ-ਧਾਮ ਭਾਰਤ ਤੋਂ ਖੁਸ ਗਿਆ ਹੈ। ਹੁਣ ਇਸ ਦੀ ਸਥਿਤੀ ਬਾਰੇ ਜਾਣਕਾਰੀ ਉਪਲਬਧ ਨਹੀਂ ਹੈ।

**ਕਣਕਵਾਲ ਕਲਾਂ (ਪਿੰਡ)**: ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ ਜੋ ਸੁਨਾਮ ਤੋਂ ਦੱਖਣ-ਪੱਛਮ ਵਲ ਲਗਭਗ 25 ਕਿ.ਮੀ. ਦੀ ਵਿਥ ਉਤੇ ਸਥਿਤ ਹੈ। ਮਾਲਵਾ ਖੇਤਰ ਦੀ ਧਰਮ-ਪ੍ਰਚਾਰ ਯਾਤ੍ਰਾ ਦੌਰਾਨ ਗੁਰੂ ਤੇਗ ਬਹਾਦਰ ਨੇ ਇਥੇ ਚਰਣ ਪਾਏ ਸਨ। ਸੰਨ 1921 ਈ. ਵਿਚ ਇਥੇ ਗੁਰਦੁਆਰਾ ਬਣਵਾਇਆ ਗਿਆ ਸੀ ਜੋ ਪਿੰਡ ਤੋਂ ਉੱਤਰ-ਪੱਛਮ ਵਲ ਸਥਿਤ ਹੈ ਅਤੇ 'ਗੁਰਦੁਆਰਾ ਸਾਹਿਬ ਨੌਵੀਂ ਪਾਤਿਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਕਥਨੀ-ਕਰਨੀ** : ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦੀ ਕਥਨੀ ਅਤੇ ਕਰਨੀ ਵਿਚ ਅਭੇਦਤਾ ਸਥਾਪਿਤ ਕੀਤੀ ਗਈ ਹੈ। ਇਹ 'ਗੁਰਮੁਖ' ਵਿਅਕਤੀ ਦੀ

ਚਾਰਿਤ੍ਰਿਕ ਵਿਸ਼ਿਸ਼ਟਤਾ ਹੈ। ਮਨੁੱਖ ਜੋ ਕਹਿੰਦਾ ਹੈ, ਉਸ ਨੂੰ ਉਹੀ ਕੁਝ ਕਰਨਾ ਚਾਹੀਦਾ ਹੈ। ਇਹੀ ਦੋਹਾਂ ਦੀ ਅਭੇਦਤਾ ਹੈ। ਜੋ ਵਿਅਕਤੀ ਕਹਿੰਦਾ ਕੁਝ ਹੈ ਅਤੇ ਕਰਦਾ ਕੁਝ ਹੈ, ਉਹ ਕਦੇ ਵਿਸ਼ਵਾਸ ਦਾ ਪਾਤਰ ਨਹੀਂ ਬਣ ਸਕਦਾ। ਉਹ ਨ ਆਪਣੇ ਆਪ ਪ੍ਰਤਿ ਸੱਚਾ ਹੋ ਸਕਦਾ ਹੈ ਅਤੇ ਨ ਹੀ ਉਹ ਪਰਮਾਤਮਾ ਪ੍ਰਤਿ ਸੱਚਾ ਹੋਣ ਦਾ ਦਾਵਾ ਕਰ ਸਕਦਾਹੈ। ਜੇ ਕਰਨੀ ਨਹੀਂ, ਤਾਂ ਕਥਨੀ ਦਾ ਕੋਈ ਅਰਥ ਹੀ ਨਹੀਂ, ਸਭ ਕੁਝ ਪਾਖੰਡ ਦਾ ਪ੍ਰਦਰਸ਼ਨ ਹੀ ਸਮਝਣਾ ਚਾਹੀਦਾ ਹੈ— *ਹਿਰਦੈ ਸਚੁ ਏਹ ਕਰਣੀ ਸਾਰੁ। ਹੋਰੁ ਸਭੁ ਪਾਖੰਡੁ ਪੂਜ ਖੁਆਰੁ।* (ਗੁ.ਗ੍ਰੰ.1343)।

ਗੁਰਮਤਿ ਕਰਨੀ ਵਿਹੂਣੀ ਕਥਨੀ ਨੂੰ ਕੇਵਲ ਪਾਖੰਡ ਸਮਝਦੀ ਹੈ ਕਿਉਂਕਿ ਇਹ ਵਾਸਤਵਿਕਤਾ ਤੋਂ ਸੁੰਨੀ ਹੈ। ਇਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਭੇਖਾਂ, ਬਾਹਰਲੇ ਦਿਖਾਵਿਆਂ ਅਤੇ ਪਾਖੰਡਾਂ ਦਾ ਬਹੁਤ ਨਿਖੇਧ ਹੋਇਆ ਹੈ। ਅਜਿਹਾ ਕਰਨ ਵਾਲੇ ਵਿਅਰਥ ਵਿਚ ਆਪਣੀ ਮਰਯਾਦਾ ਖ਼ਤਮ ਕਰ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਗੂਜਰੀ ਰਾਗ ਵਿਚ ਕਿਹਾ ਹੈ— *ਬਹੁ ਭੇਖ ਕੀਆ ਦੇਹੀ ਦੁਖੁ ਦੀਆ। ਸਹੁ ਵੇ ਜੀਆ ਅਪਣਾ ਕੀਆ। ਅੰਨੁ ਨ ਖਾਇਆ ਸਾਦੁ ਗਵਾਇਆ। ਬਹੁ ਦੁਖੁ ਪਾਇਆ ਦੂਜਾ ਭਾਇਆ। ਬਸਤ੍ਰ ਨ ਪਹਿਰੈ। ਅਹਿਨਿਸਿ ਕਹਰੈ। ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ। ਪਗ ਉਪੇਤਾਣਾ। ਅਪਣਾ ਕੀਆ ਕਮਾਣਾ। ਅਲੁ ਮਲੁ ਖਾਈ ਸਿਰਿ ਛਾਈ ਪਾਈ। ਮੂਰਖਿ ਅੰਧੈ ਪਤਿ ਗਵਾਈ।*(ਗੁ.ਗ੍ਰੰ.467)।

ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਵੀ ਸਪੱਸ਼ਟ ਕੀਤਾ ਹੈ ਕਿ 'ਕਥਨੀ' ਝੂਠੀ ਹੈ; ਇਹ ਸੰਸਾਰਿਕ ਆਵਾਗਵਣ ਦਾ ਕਾਰਣ ਬਣਦੀ ਹੈ— *ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ।*(ਗੁ.ਗ੍ਰੰ.56)।

'ਕਰਨੀ' ਵਿਚ ਵਿਸ਼ਵਾਸ ਰਖਣ ਵਾਲਾ ਵਿਅਕਤੀ ਗੁਰਮਤਿ ਅਨੁਸਾਰ 'ਗੁਰਮੁਖ' ਹੈ ਅਤੇ 'ਕਥਨੀ' ਵਿਚ ਵਿਸ਼ਵਾਸ ਰਖਣ ਵਾਲਾ 'ਮਨਮੁਖ'। ਇਹ ਦੋਵੇਂ, ਮਨੁੱਖ-ਚਰਿਤ੍ਰ ਵਿਚ, ਵਿਰੋਧੀ ਪ੍ਰਵਿੱਤੀਆਂ ਦੀਆਂ ਲਖਾਇਕ ਹਨ; ਇਨ੍ਹਾਂ ਦੇ ਸਾਮੰਜਸ ਦੁਆਰਾ ਸਹਿਜ ਸਥਿਤੀ ਪੈਦਾ ਹੋ ਸਕਦੀ ਹੈ। ਇਸ ਤੋਂ ਬਿਨਾ ਘਾਟਾ ਹੀ ਘਾਟਾ ਹੈ—*ਜਹ ਕਰਣੀ ਤਹ ਪੂਰੀ ਮਤਿ। ਕਰਣੀ ਬਾਝਹੁ ਘਟੇ ਘਟਿ।*(ਗੁ.ਗ੍ਰੰ. 25)। ਸਚ ਤਾਂ ਇਹ ਹੈ ਕਿ ਪਰਮਾਤਮਾ ਦੇ ਦੁਆਰ ਉਤੇ ਸਾਰਿਆਂ ਕਰਮਾਂ ਦਾ ਲੇਖਾ ਹੁੰਦਾ ਹੈ, ਕਰਨੀ ਤੋਂ ਬਿਨਾ ਅਧਿਆਤਮਿਕਤਾ ਵਿਚ ਕੋਈ ਵੀ ਸਫਲ-ਮਨੋਰਥ ਨਹੀਂ ਹੋ ਸਕਦਾ— *ਸਭਨਾ ਕਾ ਦਰਿ ਲੇਖਾ ਹੋਇ। ਕਰਣੀ ਬਾਝਹੁ ਤਰੈ ਨ ਕੋਇ। ਸਚੋ ਸਚੁ ਵਖਾਣੈ ਕੋਇ। ਨਾਨਕ ਅਗੈ ਪੁਛ ਨ ਹੋਇ।*(ਗੁ.ਗ੍ਰੰ.952)।

ਗੁਰੂ ਗ੍ਰੰਥ ਸਾਹਿਬ ਵਿਚ ਕਥਨੀ ਨੂੰ ਮਹੱਤਵ ਨ ਦੇ ਕੇ ਕਰਨੀ ਨੂੰ ਹੀ ਜੀਵਨ ਦਾ ਮੁੱਖ ਆਧਾਰ ਦਸਿਆ ਗਿਆ ਹੈ।

**ਕਥਾ** : ਸੰਸਕ੍ਰਿਤ ਭਾਸ਼ਾ ਦੇ ਕਥ੍ ਧਾਤੂ ਤੋਂ ਬਣੇ ਇਸ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ ਵਿਆਖਿਆ ਜਾਂ ਪ੍ਰਸੰਗ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ, ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿਚ ਹੁੰਦੇ ਹਨ, ਸਪੱਸ਼ਟ ਕਰਨ ਲਈ ਜੋ ਬ੍ਰਿੱਤਾਂਤ ਦਿੱਤਾ ਜਾਂਦਾ ਹੈ, ਉਸ ਨੂੰ ਵੀ 'ਕਥਾ' ਕਿਹਾ ਜਾਂਦਾ ਹੈ। ਇਸ ਲਈ 'ਵਾਰਤਾ' ਸ਼ਬਦ ਵੀ ਵਰਤਿਆ ਜਾਂਦਾ ਹੈ। ਮਹਾਭਾਰਤ, ਪੁਰਾਣ ਸਾਹਿਤ ਆਦਿ ਨੂੰ ਕਥਾਵਾਂ ਦੇ ਸੰਗ੍ਰਹਿ ਹੀ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਪ੍ਰਮਾਣ ਮਿਲਦੇ ਹਨ ਕਿ ਗੁਰਬਾਣੀ ਦੀ ਵਿਆਖਿਆ ਨਾਲੋਂ ਨਾਲ ਸਿੱਖ ਧਰਮਸ਼ਾਲਾਵਾਂ ਵਿਚ ਸ਼ੁਰੂ ਹੋ ਗਈ ਸੀ। ਮਾਝ ਰਾਗ ਵਿਚ ਆਪ ਜੀ ਨੇ ਉਚਾਰਿਆ ਹੈ ਕਿ ਪਰਮਾਤਮਾ ਦੇ ਗੁਣ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ ਅਤੇ ਕਥਾ ਸੁਣਨ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ। ਸਦਾ ਸਾਧ-ਸੰਗਤ ਵਿਚ ਜਾ ਕੇ ਪਰਮਾਤਮਾ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ— *ਗੁਣ ਗਾਵਤ ਮਨੁ ਹਰਿਆ ਹੋਵੈ। ਕਥਾ ਸੁਣਤ ਮਲੁ ਸਗਲੀ ਖੋਵੈ। ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ।*(ਗੁ.ਗ੍ਰੰ.104)।

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਦ ਤਾਂ ਬਾਣੀ ਦੀ ਕਥਾ ਕਰਨ ਦੀ ਇਕ ਪਰੰਪਰਾ ਹੀ ਚਲ ਪਈ। ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਕੋਈ ਸ਼ਬਦ ਲੈ ਕੇ ਕੋਈ ਕਥਾਕਾਰ ਉਸ ਦੀ ਵਿਆਖਿਆ ਕਰਦਾ ਹੈ। ਅਜਿਹਾ ਕਰਨ ਵੇਲੇ ਉਹ ਉਸ ਸ਼ਬਦ ਵਿਚ ਆਏ ਮੁੱਖ ਸਰੋਕਾਰਾਂ ਨੂੰ ਸਪੱਸ਼ਟ ਕਰਨ ਲਈ ਅਨੇਕ ਪ੍ਰਕਾਰ ਦੇ ਉਦਾਹਰਣ, ਸਾਖੀਆਂ ਆਦਿ ਦਾ ਬ੍ਰਿੱਤਾਂਤ ਦਿੰਦਾ ਹੈ ਅਤੇ ਗੁਰਬਾਣੀ ਜਾਂ ਭਾਈ ਗੁਰਦਾਸ ਬਾਣੀ ਜਾਂ ਦਸਮ-ਗ੍ਰੰਥ ਤੋਂ ਟੂਕਾਂ ਜਾਂ ਹਵਾਲੇ ਦੇ ਕੇ ਸਿੱਧਾਂਤਾਂ ਨੂੰ ਸਪੱਸ਼ਟ ਅਤੇ ਸੰਪੁਸ਼ਟ ਕਰਦਾ ਹੈ। ਸਿੱਖ-ਇਤਿਹਾਸ ਤੋਂ

ਵੀ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਕਥਾ ਆਮ ਕਰਕੇ ਜ਼ਬਾਨੀ ਹੁੰਦੀ ਹੈ ਅਤੇ ਹਵਾਲੇ ਵੀ ਕਥਾਕਾਰ ਜ਼ਬਾਨੀ ਹੀ ਦਿੰਦਾ ਹੈ। ਟੀਕੇ, ਸ਼ਬਦਾਰਥ, ਭਾਸ਼੍ਯ ਇਸ ਲੋੜ ਦੀਆਂ ਲਿਖਿਤ ਵਿਸਤ੍ਰਿਤੀਆਂ ਹਨ।

**ਕਨਖਲ** (ਤੀਰਥ): ਪ੍ਰਸਿੱਧ ਹਿੰਦੂ ਤੀਰਥ ਹਰਿਦੁਆਰ ਤੋਂ ਲਗਭਗ ਤਿੰਨ ਕਿ.ਮੀ. ਪੱਛਮ ਵਾਲੇ ਪਾਸੇ ਗੰਗਾ ਨਦੀ ਦੇ ਕੰਢੇ ਉਤੇ ਵਸਿਆ ਇਕ ਨਗਰ ਜਿਸ ਦਾ ਪਿਛੋਕੜ ਪੁਰਾਣਾਂ ਅਨੁਸਾਰ ਦਕ੍ਸ਼ ਪ੍ਰਜਾਪਤੀ ਦੇ ਯੱਗ-ਸਥਾਨ ਨਾਲ ਜਾ ਜੁੜਦਾ ਹੈ। ਇਥੇ ਦਕ੍ਸ਼ੇਸ਼੍ਵਰ ਮਹਾਦੇਵ ਦਾ ਪੁਰਾਤਨ ਮੰਦਿਰ ਹੈ।

ਸਿੱਖ-ਧਰਮ ਨਾਲ ਇਸ ਨਗਰ ਦਾ ਵਿਸ਼ੇਸ਼ ਸੰਬੰਧ ਹੈ। ਗੁਰੂ ਅੰਗਦ ਦੇਵ ਦੀ ਸ਼ਰਣ ਵਿਚ ਜਾਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਕਈ ਵਾਰ ਤੀਰਥ ਯਾਤ੍ਰਾ ਲਈ ਇਥੇ ਆਏ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਸਤੀ ਘਾਟ ਉਤੇ ਗੁਰਦੁਆਰਾ ਵੀ ਬਣਿਆ ਹੋਇਆ ਹੈ।

ਭਾਈ ਮਨੀ ਸਿੰਘ ਦੇ ਵੱਡੇ ਭਰਾ ਭਾਈ ਨਗੀਨਾ ਸਿੰਘ ਦਾ ਸੁਪੁੱਤਰ ਭਾਈ ਦਰਗਾਹ ਸਿੰਘ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਸਿੱਖ-ਧਰਮ-ਦਰਸ਼ਨ ਦੇ ਅਧਿਐਨ ਵਲ ਰੁਚਿਤ ਹੋ ਗਿਆ। ਅੰਮ੍ਰਿਤਸਰ ਤੋਂ ਉਹ ਕੁਰੁਕਸ਼ੇਤ੍ਰ ਗਿਆ ਅਤੇ ਪੰਡਿਤ ਮਾਨ ਸਿੰਘ ਨਿਰਮਲਾ ਦਾ ਚੇਲਾ ਬਣਿਆ। ਉਥੋਂ ਉਹ ਹਰਿਦੁਆਰ ਚਲਾ ਗਿਆ। ਜੁਆਲਾਪੁਰ ਦੇ ਮੁਸਲਮਾਨ ਅਧਿਕਾਰੀ ਵਲੋਂ ਦਿੱਤੀ ਧਰਤੀ ਉਤੇ ਉਸ ਨੇ ਆਪਣਾ ਡੇਰਾ ਬਣਾਇਆ। ਪਟਿਆਲਾ ਰਿਆਸਤ ਦੇ ਰਾਜਾ ਸਾਹਿਬ ਸਿੰਘ ਅਤੇ ਮਹਾਰਾਜਾ ਕਰਮ ਸਿੰਘ ਨੇ ਆਪਣੀ ਸਰਪ੍ਰਸਤੀ ਪ੍ਰਦਾਨ ਕਰਕੇ ਉਸ ਡੇਰੇ ਨੂੰ ਨਿਰਮਲ ਸੰਪ੍ਰਦਾਇ ਦਾ ਪ੍ਰਮੁਖ ਕੇਂਦਰ ਬਣਾਇਆ, ਜੋ ਹੁਣ ਤਕ 'ਨਿਰਮਲ ਪੰਚਾਇਤੀ ਅਖਾੜਾ' ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਨਿਰਮਲ ਸੰਪ੍ਰਦਾਇ ਦੇ ਸ੍ਰੀਮਹੰਤ ਉਥੇ ਹੀ ਨਿਵਾਸ ਕਰਦੇ ਹਨ।

**ਕਨੇਚ** (ਪਿੰਡ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਨਗਰ ਤੋਂ ਲਗਭਗ ਦੋ ਕਿ.ਮੀ. ਦੀ ਵਿਥ ਤੇ ਸਥਿਤ ਇਕ ਪਿੰਡ ਜਿਥੇ ਮਾਛੀਵਾੜੇ ਤੋਂ 'ਉਚ ਕਾ ਪੀਰ' ਬਣ ਕੇ ਨਿਕਲੇ ਗੁਰੂ ਗੋਬਿੰਦ ਸਿੰਘ ਸਾਹਿਬ ਕੁਝ ਚਿਰ ਲਈ ਠਹਿਰੇ ਸਨ। ਇਥੋਂ ਦੇ ਫੱਤਾ ਨਾਂ ਦੇ ਇਕ ਜ਼ਿਮੀਂਦਾਰ ਨੂੰ ਗੁਰੂ ਜੀ ਨੇ ਆਪਣਾ ਘੋੜਾ ਦੇਣ ਲਈ ਕਿਹਾ ਪਰ ਫੱਤਾ ਬਹਾਨਾ ਬਣਾ ਕੇ ਘੋੜਾ ਦੇਣੋਂ ਟਲ ਗਿਆ। ਗੁਰੂ ਜੀ ਪਲੰਘ ਉਤੇ ਬੈਠੇ ਅਗੇ ਨੂੰ ਨਿਕਲ ਗਏ। ਪਰ ਜਦ ਫੱਤਾ ਘਰ ਪਰਤਿਆ ਤਾਂ ਵੇਖਿਆ ਕਿ ਉਸ ਦਾ ਘੋੜਾ ਸੱਪ ਲੜਨ ਨਾਲ ਮਰ ਗਿਆ ਹੈ। ਉਹ ਬਹੁਤ ਪਛਤਾਇਆ ਕਿਉਂਕਿ ਸੇਵਾ ਕਰਨ ਦਾ ਮੌਕਾ ਖੁੰਝਾ ਬੈਠਾ ਸੀ। ਗੁਰੂ ਜੀ ਦੀ ਆਮਦ-ਦੀ ਯਾਦ ਵਿਚ ਉਥੇ ਇਕ ਥੇਹ ਉਤੇ ਸਮਾਰਕ ਬਣਾਇਆ ਗਿਆ। ਹੁਣ ਉਸੇ ਥਾਂ ਇਕ ਸੁੰਦਰ ਇਮਾਰਤ ਸ਼ੋਭ ਰਹੀ ਹੈ। ਗੁਰਦੁਆਰੇ ਦਾ ਪ੍ਰਬੰਧ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਲਾ ਰਹੀ ਹੈ।

**ਕਨ੍ਹੀਆ, ਭਾਈ** : ਵੇਖੋ 'ਘਨਈਆ, ਭਾਈ'।

**ਕਨ੍ਹੀਆ ਮਿਸਲ** : ਸਿੱਖਾਂ ਦੀਆਂ 12 ਮਿਸਲਾਂ ਵਿਚੋਂ ਇਕ, ਜਿਸ ਦੀ ਸਥਾਪਨਾ ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਕਾਨ੍ਹਾ ਪਿੰਡ ਦੇ ਵਸਨੀਕ ਖ਼ੁਸ਼ਹਾਲ ਸਿੰਘ ਸੰਧੂ ਦੇ ਪੁੱਤਰ ਸ. ਜੈ ਸਿੰਘ ਨੇ ਕੀਤੀ ਸੀ। ਜੈ ਸਿੰਘ ਨੇ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਆਪਣਾ ਸੁਤੰਤਰ ਜੱਥਾ ਕਾਇਮ ਕੀਤਾ। ਇਸ ਦੇ ਜੱਥੇ ਦਾ ਨਾਂ ਇਸ ਦੇ ਪਿੰਡ ਦੇ ਨਾਂ ਉਤੇ ਪਿਆ। ਇਸ ਨੇ ਗੁਰਦਾਸਪੁਰ, ਬਟਾਲਾ, ਮੁਕੇਰੀਆਂ ਦੇ ਇਲਾਕੇ ਨੂੰ ਆਪਣੇ ਅਧੀਨ ਕੀਤਾ ਅਤੇ ਜੰਮੂ ਤਕ ਆਪਣੀ ਰਿਆਸਤ ਦਾ ਵਿਸਤਾਰ ਕੀਤਾ। ਸੰਨ 1748 ਈ. ਵਿਚ ਜਦੋਂ ਦਲ-ਖ਼ਾਲਸਾ ਦੀ ਸਥਾਪਨਾ ਹੋਈ ਤਾਂ ਇਸ ਦੇ ਜੱਥੇ ਨੂੰ ਮਿਸਲ ਬਣਾ ਕੇ ਤਰੁਣਾ ਦਲ ਦੇ ਅਧੀਨ ਰਖਿਆ ਗਿਆ। ਸੰਨ 1778 ਈ. ਵਿਚ ਇਸ ਨੇ ਸੁਕਰਚਕੀਆ ਮਿਸਲ ਦੇ ਸ. ਮਹਾਂ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ ਜੱਸਾ ਸਿੰਘ ਰਾਮਗੜ੍ਹੀਆਂ ਨੂੰ ਹਾਂਸੀ ਹਿਸਾਰ ਵਲ ਖਦੇੜਿਆ। ਪਰ ਸੰਨ 1785 ਈ. ਵਿਚ ਸ. ਮਹਾਂ ਸਿੰਘ ਨੇ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਪਹਾੜੀ ਰਾਜੇ ਸੰਸਾਰ ਚੰਦ ਕਟੋਚ ਦੀ ਸਹਾਇਤਾ ਨਾਲ ਜੈ ਸਿੰਘ ਦੀ ਰਾਜਧਾਨੀ ਅਚਲ ਬਟਾਲਾ ਉਤੇ ਹਮਲਾ ਕੀਤਾ। ਇਸ ਲੜਾਈ ਵਿਚ ਜੈ ਸਿੰਘ ਨੂੰ ਹਾਰ ਹੋਈ ਅਤੇ ਉਸ ਦਾ ਲੜਕਾ ਸ. ਗੁਰਬਖ਼ਸ਼ ਸਿੰਘ ਮਾਰਿਆ ਗਿਆ।

ਗੁਰਬਖ਼ਸ਼ ਸਿੰਘ ਦੀ ਵਿਧਵਾ ਸਰਦਾਰਨੀ ਸਦਾ ਕੌਰ (ਵੇਖੋ) ਨੇ ਆਪਣੀ ਮਿਸਲ ਦੀ ਸਰਦਾਰੀ ਸੰਭਾਲੀ ਅਤੇ ਆਪਣੇ ਸਹੁਰੇ ਨਾਲ ਸਲਾਹ ਕਰਕੇ ਆਪਣੀ ਇਕਲੌਤੀ

ਪੁੱਤਰੀ ਮਤਾਬ ਕੌਰ ਦਾ ਵਿਆਹ ਸ. ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਦਿੱਤਾ। ਨਾਬਾਲਗ ਰਣਜੀਤ ਸਿੰਘ ਨੂੰ ਸਦਾ ਕੌਰ ਨੇ ਪੂਰੀ ਸਰਪ੍ਰਸਤੀ ਪ੍ਰਦਾਨ ਕੀਤੀ ਅਤੇ 7 ਜੁਲਾਈ 1799 ਈ. ਨੂੰ ਲਾਹੌਰ ਉਤੇ ਰਣਜੀਤ ਸਿੰਘ ਦਾ ਕਬਜ਼ਾ ਕਰਵਾਇਆ। 11 ਅਪ੍ਰੈਲ 1801 ਈ. ਨੂੰ ਰਣਜੀਤ ਸਿੰਘ ਨੂੰ ਮਹਾਰਾਜਾ ਬਣਾਉਣ ਵਿਚ ਆਪਣਾ ਪੂਰਾ ਸਹਿਯੋਗ ਦਿੱਤਾ। ਉਸ ਤੋਂ ਬਾਦ ਅੰਮ੍ਰਿਤਸਰ, ਚਿਨਿਓਟ, ਕਸੂਰ, ਕਾਂਗੜਾ, ਹਜ਼ਾਰਾ, ਅਟਕ ਆਦਿ ਉਤੇ ਕੀਤੀਆਂ ਮੁਹਿੰਮਾਂ ਵੇਲੇ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਵਿਚ ਭਾਗ ਲਿਆ। ਪਰ ਕਈ ਕਾਰਣਾਂ ਕਰਕੇ ਦੋਹਾਂ ਵਿਚ ਨ ਨਿਭ ਸਕੀ। ਦੋਹਾਂ ਵਿਚ ਵਿਥ ਪੈਣ ਦਾ ਮੁਖ ਕਾਰਣ ਸੀ ਮਹਾਰਾਜੇ ਦਾ ਦੂਜੀ ਰਾਣੀ ਤੋਂ ਪੈਦਾ ਹੋਏ ਖੜਕ ਸਿੰਘ ਨੂੰ ਆਪਣਾ ਜਾਨਸ਼ੀਨ ਬਣਾਉਣਾ। ਆਪਣੇ ਆਪ ਨੂੰ ਸੁਤੰਤਰ ਰੂਪ ਵਿਚ ਰਾਣੀ ਪ੍ਰਤਿਸ਼ਠਿਤ ਕਰਵਾਉਣ ਲਈ ਸਦਾ ਕੌਰ ਨੇ ਅੰਗ੍ਰੇਜ਼ ਅਧਿਕਾਰੀ ਸਰ ਚਾਰਲੈਸ ਮੈਟਕਾਫ਼ ਨਾਲ ਸੰਪਰਕ ਕੀਤਾ। ਮਹਾਰਾਜੇ ਨੇ ਸਦਾ ਕੌਰ ਨੂੰ ਕੈਦ ਕਰਕੇ ਉਸ ਦੀ ਰਿਆਸਤ ਉਤੇ ਕਬਜ਼ਾ ਕਰ ਲਿਆ ਅਤੇ ਖ਼ਜ਼ਾਨਾ ਜ਼ਬਤ ਕਰ ਲਿਆ। ਬਟਾਲਾ ਕੰਵਰ ਸ਼ੇਰ ਸਿੰਘ ਨੂੰ ਜਾਗੀਰ ਵਜੋਂ ਦੇ ਦਿੱਤਾ ਅਤੇ ਬਾਕੀ ਰਿਆਸਤ ਦਾ ਪ੍ਰਬੰਧਕ ਸ. ਦੇਸਾ ਸਿੰਘ ਮਜੀਠੀਆ ਨੂੰ ਥਾਪਿਆ। ਸਦਾ ਕੌਰ ਦੀ ਨਜ਼ਰਬੰਦੀ ਦੀ ਅਵਸਥਾ ਵਿਚ ਸੰਨ 1832 ਈ. ਵਿਚ ਮ੍ਰਿਤੂ ਹੋ ਗਈ।

ਕਨ੍ਹੀਆ ਮਿਸਲ ਦੀ ਦੂਜੀ ਸ਼ਾਖ਼ਾ ਦਾ ਸਰਦਾਰ ਹਕੀਕਤ ਸਿੰਘ ਸਿਧੂ ਸੀ ਜੋ ਕਾਨ੍ਹਾ ਪਿੰਡ ਦੇ ਨੇੜੇ ਝੁਲਕਾ ਪਿੰਡ ਦਾ ਜੰਮ-ਪਲ ਸੀ ਅਤੇ ਜੈ ਸਿੰਘ ਦਾ ਹਰ ਮੁਹਿੰਮ ਵਿਚ ਸਾਥੀ ਰਿਹਾ ਸੀ। ਉਸ ਨੇ ਕਲਾਨੌਰ, ਅਦਾਲਤਗੜ੍ਹ, ਪਠਾਨਕੋਟ ਆਦਿ ਕਸਬਿਆਂ ਉਤੇ ਕਬਜ਼ਾ ਕਰ ਲਿਆ। ਹਕੀਕਤ ਸਿੰਘ ਦੀ ਸੰਨ 1782 ਈ. ਵਿਚ ਮੌਤ ਹੋ ਗਈ। ਉਸ ਦੇ ਨਾਬਾਲਗ ਲੜਕੇ ਜੈਮਲ ਸਿੰਘ ਨੇ ਮਿਸਲ ਦੇ ਆਪਣੇ ਹਿੱਸੇ ਦੀ ਸਰਦਾਰੀ ਸੰਭਾਲੀ ਅਤੇ ਫਤਹਿਗੜ੍ਹ ਵਿਚ ਕਿਲ੍ਹੇ ਦੀ ਉਸਾਰੀ ਕਰਵਾਈ। ਉਸ ਦੀ ਲੜਕੀ ਚੰਦ ਕੌਰ ਦੀ ਸ਼ਾਦੀ ਕੁੰਵਰ ਖੜਕ ਸਿੰਘ ਨਾਲ ਹੋਈ। ਸੰਨ 1812 ਈ. ਵਿਚ ਜੈਮਲ ਸਿੰਘ ਦੀ ਮ੍ਰਿਤੂ ਹੋ ਗਈ। ਉਸ ਦੀ ਨਰੀਨਾ ਔਲਾਦ ਨ ਹੋਣ ਕਾਰਣ ਉਸ ਦੀ ਸਾਰੀ ਰਿਆਸਤ ਅਤੇ ਖ਼ਜ਼ਾਨੇ ਨੂੰ ਰਣਜੀਤ ਸਿੰਘ ਨੇ ਆਪਣੇ ਅਧੀਨ ਕਰ ਲਿਆ ਅਤੇ ਕੁੰਵਰ ਖੜਕ ਸਿੰਘ ਨੂੰ ਉਸ ਦਾ ਪ੍ਰਸ਼ਾਸਕ ਬਣਾਇਆ।

**ਕਪਟ** : ਸੰਸਕ੍ਰਿਤ ਮੂਲ ਦੇ 'ਕਪਟ' ਸ਼ਬਦ ਤੋਂ ਭਾਵ ਹੈ ਛਲ, ਫ਼ਰੇਬ ਜਾਂ ਧੋਖਾ ; ਵਾਸਤਵਿਕਤਾਂ ਨੂੰ ਲੁਕਾਉਣ ਦੀ ਮਨੋਸਥਿਤੀ। ਗੁਰਬਾਣੀ ਵਿਚ ਕਪਟ ਕਰਨਾ ਮਾੜਾ ਸਮਝਿਆ ਗਿਆ ਹੈ। ਜੋ ਲੋਕ ਹਿਰਦੇ ਵਿਚ ਕਪਟ ਨੂੰ ਵਸਾਉਂਦੇ ਹਨ, ਜਾਂ ਕਪਟ ਕਰਨ ਵਿਚ ਰੁਚੀ ਰਖਦੇ ਹਨ, ਉਨ੍ਹਾਂ ਬਾਰੇ ਗੁਰੂ ਅਮਰਦਾਸ ਜੀ ਨੇ ਗੂਜਰੀ ਰਾਗ ਵਿਚ ਕਿਹਾ ਹੈ— *ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ। ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ।*(ਗੁ.ਗ੍ਰੰ.491)।

ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਕਿਹਾ ਹੈ ਕਿ ਜਿਨ੍ਹਾਂ ਦਾ ਹਿਰਦਾ, ਸ਼ੁੱਧ ਨਹੀਂ ਹੈ ਉਹ ਉਪਰੋਂ ਹਰਿ ਹਰਿ ਦਾ ਨਾਮ ਲੈ ਕੇ ਕਪਟ ਕਮਾਉਂਦੇ ਹਨ। ਉਨ੍ਹਾਂ ਨੂੰ ਸੁਪਨੇ ਵਿਚ ਵੀ ਸੁਖ ਪ੍ਰਾਪਤ ਨਹੀਂ ਹੋ ਸਕਦਾ—*ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ। ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ।*(ਗੁ.ਗ੍ਰੰ.732)। 'ਸਾਰੰਗ ਕੀ ਵਾਰ' ਵਿਚ ਵੀ ਗੁਰੂ ਰਾਮਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਮਨ ਵਿਚ ਕਪਟ ਨੂੰ ਪਾਲਣ ਵਾਲੇ ਅਤੇ ਬਾਹਰੋਂ ਸਜਨਤਾ ਦਾ ਵਿਖਾਵਾ ਕਰਨ ਵਾਲੇ ਅੰਤ ਵਿਚ ਆਪਣਾ ਪਾਜ ਉਘਾੜ ਲੈਂਦੇ ਹਨ— *ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ। ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ। ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ।* (ਗੁ.ਗ੍ਰੰ.1243)। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਜਿਗਿਆਸੂ ਨੂੰ ਚੇਤਾਵਨੀ ਕੀਤੀ ਹੈ— *ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ।*(ਗੁ.ਗ੍ਰੰ.1220)।

**ਕਪਟੀ** : ਜੋ ਕਪਟ ਕਮਾਉਂਦਾ ਹੈ,ਉਹ 'ਕਪਟੀ' ਅਖਵਾਉਂਦਾ ਹੈ। ਵੇਖੋ 'ਕਪਟ'।

**ਕਪਾਲ ਮੋਚਨ** (ਤੀਰਥ): ਕਾਸ਼ੀ (ਬਨਾਰਸ) ਵਿਚ ਸਥਿਤ ਇਕ ਸਰੋਵਰ। 'ਕਪਾਲ' ਦਾ ਅਰਥ ਹੈ ਮੁੰਡ ਜਾਂ ਖੋਪਰੀ। ਮੋਚਨ ਦਾ ਅਰਥ ਹੈ ਮੁਕਤ ਕਰਨਾ, ਛੁੜਵਾਉਣਾ। ਇਸ ਤੋਂ ਭਾਵ ਹੈ ਉਹ ਤੀਰਥ ਜਿਥੇ ਮੁੰਡ ਨੂੰ ਛੁੜਵਾਇਆ ਗਿਆ ਸੀ। ਇਸ ਸੰਬੰਧ ਵਿਚ 'ਪਦਮ ਪੁਰਾਣ' ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਅਭਿਮਾਨੀ ਹੋ ਜਾਣ ਕਾਰਣ ਸ਼ਿਵ ਨੇ ਭੈਰਵ ਰੂਪ ਵਿਚ, ਉਸ ਦੇ ਸਿਰ ਨੂੰ ਖੱਬੇ ਹੱਥ ਦੀ ਉਂਗਲ ਦੇ ਨਾਖੁਨ ਨਾਲ ਕਟ ਦਿੱਤਾ। ਪਰ ਸਿਰ ਡਿਗਣ ਦੀ ਥਾਂ ਭੈਰਵ ਦੇ ਹੱਥ

ਨਾਲ ਚਿਪਕ ਗਿਆ। ਅਨੇਕ ਯਤਨ ਕਰਨ ਦੇ ਬਾਵਜੂਦ ਵੀ ਉਹ ਹੱਥ ਤੋਂ ਵਖ ਨ ਹੋਇਆ। ਆਖ਼ਿਰ ਕਾਸ਼ੀ ਵਿਚ ਆ ਕੇ ਇਕ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਿਰ ਹੱਥ ਨਾਲੋਂ ਵਖਰਾ ਹੋਇਆ। ਇਸ ਘਟਨਾ ਤੋਂ ਬਾਦ ਉਸ ਸਰੋਵਰ ਦਾ ਨਾਂ 'ਕਪਾਲ ਮੋਚਨ' ਪ੍ਰਚਲਿਤ ਹੋਇਆ।

'ਮਹਾਭਾਰਤ' ਦੀ ਇਕ ਕਥਾ ਅਨੁਸਾਰ ਸ੍ਰੀ ਰਾਮ ਚੰਦਰ ਦੁਆਰਾ ਵਢਿਆ ਇਕ ਦੈਂਤ ਦਾ ਸਿਰ ਮਹੋਦਰ ਨਾਂ ਦੇ ਰਿਸ਼ੀ ਦੀ ਟੰਗ ਨਾਲ ਚਿਮਟ ਗਿਆ। ਰਿਸ਼ੀ ਨੇ ਬਹੁਤ ਯਤਨ ਕੀਤੇ ਪਰ ਸਿਰ ਟੰਗ ਨਾਲੋਂ ਵਖ ਨ ਹੋਇਆ। ਅੰਤ ਵਿਚ ਉਸ ਨੇ ਸਰਸਵਤੀ ਨਦੀ ਵਿਚ ਇਸ਼ਨਾਨ ਕੀਤਾ, ਤਾਂ ਸਿਰ ਟੰਗ ਨਾਲੋਂ ਵਖ ਹੋਇਆ। ਉਹ ਸਥਾਨ ਹਰਿਆਣਾ ਪ੍ਰਾਂਤ ਦੇ ਜਗਾਧਰੀ ਨਗਰ ਕੋਲੋਂ ਲਗਭਗ 22 ਕਿ.ਮੀ. ਸਢੌਰੇ ਵਾਲੇ ਪਾਸੇ ਹੈ ਅਤੇ ਹੁਣ 'ਕਪਾਲ ਮੋਚਨ' ਨਾਂ ਦੇ ਤੀਰਥ ਨਾਲ ਪ੍ਰਸਿੱਧ ਹੈ। ਇਸ ਤੀਰਥ ਉਤੇ ਸੰਨ 1688 ਈ. (ਮਹਾਨ ਕੋਸ਼ਕਾਰ ਅਨੁਸਾਰ ਸੰ. 1742 ਬਿ.) ਵਿਚ ਪਾਉਂਟਾ ਸਾਹਿਬ ਤੋਂ ਆਨੰਦਪੁਰ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ 42 ਦਿਨਾਂ ਲਈ ਰੁਕੇ ਸਨ ਅਤੇ ਲੋਕਾਂ ਨੂੰ ਧਰਮ ਉਪਦੇਸ਼ ਕੀਤਾ ਸੀ। ਪਹਿਲਾਂ ਇਸ ਥਾਂ 'ਤੇ ਇਕ ਛੋਟਾ ਜਿਹਾ ਗੁਰੂ-ਧਾਮ ਸੀ, ਪਰ ਸੰਨ 1951 ਈ. ਵਿਚ ਉਥੇ ਸੁੰਦਰ ਇਮਾਰਤ ਬਣਾ ਦਿੱਤੀ ਗਈ ਹੈ। ਹਰ ਸਾਲ ਕਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉਤੇ ਇਥੇ ਬਹੁਤ ਵੱਡਾ ਇਕੱਠ ਹੁੰਦਾ ਹੈ। ਲੋਕੀਂ ਦੂਰੋਂ-ਦੂਰੋਂ ਹਾਜ਼ਰੀ ਭਰਨ ਆਉਂਦੇ ਹਨ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਵਿਚ ਹੈ।

**ਕਪੂਰ ਸਿੰਘ, ਨਵਾਬ** (1697-1753 ਈ.): ਅਠਾਰ੍ਹਵੀਂ ਸਦੀ ਦੇ ਪੂਰਬਾਧ ਵਿਚ ਹੋਇਆ ਇਕ ਤੇਜਸਵੀ ਸਿੱਖ ਨਾਇਕ ਜਿਸ ਨੇ ਦਲ-ਖ਼ਾਲਸਾ ਦੀ ਸਥਾਪਨਾ ਕੀਤੀ ਸੀ। ਇਸ ਦਾ ਜਨਮ ਸੰਨ 1697 ਈ. ਵਿਚ ਪੱਛਮੀ ਪੰਜਾਬ ਦੇ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਪਿੰਡ ਕਾਲੋਕੇ ਦੇ ਸ. ਦਲੀਪ ਸਿੰਘ ਵਿਰਕ ਜੱਟ ਦੇ ਘਰ ਹੋਇਆ। ਜਵਾਨ ਹੋਣ 'ਤੇ ਇਸ ਨੇ ਅੰਮ੍ਰਿਤਸਰ ਦੇ ਨੇੜੇ ਫ਼ੈਜ਼ੁਲਾਪੁਰ ਕਸਬੇ ਨੂੰ ਆਪਣੇ ਅਧਿਕਾਰ ਵਿਚ ਕਰਕੇ ਉਸ ਦਾ ਨਾਂ 'ਸਿੰਘਪੁਰਾ' ਰਖਿਆ ਅਤੇ ਉਥੇ ਰਹਿਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਨਾਂ 'ਤੇ ਹੀ ਇਸੇ ਵਲੋਂ ਸੰਯੋਜਿਤ ਮਿਸਲ ਦਾ ਨਾਂ ਫ਼ੈਜ਼ੁਲਾਪੁਰੀਆ ਜਾਂ ਸਿੰਘਪੁਰੀਆ ਪ੍ਰਸਿੱਧ ਹੋਇਆ।

ਸੰਨ 1721 ਈ. ਵਿਚ ਕਪੂਰ ਸਿੰਘ ਨੇ ਦਿਵਾਲੀ ਦੇ ਅਵਸਰ 'ਤੇ ਭਾਈ ਮਨੀ ਸਿੰਘ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ। ਆਪਣੀ ਦਲੇਰੀ ਅਤੇ ਧਾਰਮਿਕ ਰੁਚੀ ਕਾਰਣ ਇਸ ਦੀ ਸਿੱਖ-ਜਗਤ ਵਿਚ ਬਹੁਤ ਮਾਨਤਾ ਸਥਾਪਿਤ ਹੋ ਗਈ। ਇਸ ਦੀਆਂ ਸੈਨਿਕ ਕਾਰਵਾਈਆਂ ਤੋਂ ਪਰੇਸ਼ਾਨ ਹੋ ਕੇ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੇ ਸੰਨ 1733 ਈ. ਵਿਚ ਸਿੱਖਾਂ ਨਾਲ ਸਮਝੌਤਾ ਕਰਨ ਦਾ ਉਦਮ ਕੀਤਾ। ਉਸ ਨੇ ਸ. ਸਬੇਗ ਸਿੰਘ ਨੂੰ ਵਕੀਲ ਬਣਾ ਕੇ ਉਸ ਹੱਥੀ ਸਿੰਘਾਂ ਲਈ ਇਕ ਲੱਖ ਦੀ ਜਾਗੀਰ ਦਾ ਪਟਾ ਅਤੇ ਨਵਾਬੀ ਦਾ ਖ਼ਿਤਾਬ ਵਿਸਾਖੀ ਦੇ ਅਵਸਰ ਤੇ ਅੰਮ੍ਰਿਤਸਰ ਵਿਚ ਜੁੜੇ ਸਿੰਘਾਂ ਪਾਸ ਭੇਜਿਆ। ਸਿੰਘਾਂ ਨੇ ਜਾਗੀਰ ਦਾ ਪੱਟਾ ਤਾਂ ਪ੍ਰਵਾਨ ਕਰ ਲਿਆ, ਪਰ ਨਵਾਬੀ ਦਾ ਖ਼ਿਤਾਬ ਪ੍ਰਵਾਨ ਕਰਨ ਲਈ ਕੋਈ ਤਿਆਰ ਨ ਹੋਇਆ। ਕਪੂਰ ਸਿੰਘ ਉਸ ਵਕਤ ਸੰਗਤ ਵਿਚ ਪੱਖਾ ਝਲ ਰਿਹਾ ਸੀ। ਸਰਬ-ਸੰਮਤੀ ਨਾਲ ਉਹ ਖ਼ਿਤਾਬ ਸ. ਕਪੂਰ ਸਿੰਘ ਨੂੰ ਦੇ ਦਿੱਤਾ ਗਿਆ ਜਿਸ ਵਿਚ ਇਕ ਸ਼ਾਲ, ਇਕ ਪਗੜੀ, ਇਕ ਜੜ੍ਹਾਊ ਕਲਗੀ, ਇਕ ਜੋੜਾ ਸੋਨੇ ਦੇ ਕੜਿਆਂ ਦਾ ਇਕ ਹਾਰ, ਇਕ ਮੋਤੀਆਂ ਦੀ ਮਾਲਾ, ਇਕ ਜ਼ਰੀਦਾਰ ਚੋਗਾ ਅਤੇ ਇਕ ਤਲਵਾਰ ਸ਼ਾਮਲ ਸਨ। ਉਸ ਦਿਨ ਤੋਂ ਕਪੂਰ ਸਿੰਘ ਦੇ ਨਾਂ ਨਾਲ 'ਨਵਾਬ' ਪਦ ਜੁੜ ਗਿਆ।

ਕੁਝ ਸਮੇਂ ਲਈ ਟਿਕ ਕੇ ਸੋਚਣ ਤੋਂ ਬਾਦ ਸਿੰਘਾਂ ਦੀ ਵਧਦੀ ਸ਼ਕਤੀ ਨੂੰ ਅਨੁਸ਼ਾਸਿਤ ਕਰਨ ਲਈ ਸ. ਕਪੂਰ ਸਿੰਘ ਨੇ ਦੋ ਦਲ ਬਣਾ ਦਿੱਤੇ—ਇਕ ਬੁੱਢਾ ਦਲ ਅਤੇ ਦੂਜਾ ਤਰੁਣਾ ਦਲ। ਬੁੱਢਾ ਦਲ ਦੀ ਜੱਥੇਦਾਰੀ ਕਪੂਰ ਸਿੰਘ ਨੇ ਆਪਣੇ ਆਪ ਰਖੀ। ਇਸ ਦਲ ਦੇ ਮੁੱਖ ਕਾਰਜ ਸਨ— ਗੁਰੂ-ਧਾਮਾਂ ਦੀ ਦੇਖ-ਭਾਲ, ਗੁਰਬਾਣੀ ਦਾ ਪ੍ਰਚਾਰ ਅਤੇ ਖ਼ਾਲਸੇ ਦੇ ਕਰਤੱਵਾਂ ਦੀ ਪਾਲਨਾ। ਤਰੁਣਾ ਦਲ ਦੀ ਜ਼ਿੰਮੇਵਾਰੀ ਸੀ ਕਿ ਲੋੜ ਪੈਣ ਤੇ ਸੈਨਿਕ ਕਾਰਵਾਈ ਲਈ ਤਿਆਰ ਰਹਿਣਾ। ਸੰਨ 1735 ਈ. ਵਿਚ ਜ਼ਕਰੀਆ ਖ਼ਾਨ ਨੇ ਫ਼ੌਜ ਭੇਜ ਕੇ ਨਵਾਬ ਕਪੂਰ ਸਿੰਘ ਦੀ ਜਾਗੀਰ ਉਤੇ ਕਬਜ਼ਾ ਕਰ ਲਿਆ ਅਤੇ ਬੁੱਢਾ ਦਲ ਨੂੰ ਮਾਲਵੇ ਵਲ ਖਦੇੜ ਦਿੱਤਾ। ਕਪੂਰ ਸਿੰਘ ਨੇ ਦਿੱਲੀ ਤਕ ਆਪਣੀ ਸੈਨਿਕ ਧਾਕ ਜਮਾਈ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

ਖ਼ਾਲਸੇ ਦੇ ਬਹੁਤ ਸਾਰੇ ਜੱਥਿਆਂ ਵਿਚ ਵੰਡੇ ਹੋਣ ਕਾਰਣ ਇਨ੍ਹਾਂ ਵਿਚ ਪੈਦਾ ਹੁੰਦੇ ਨਿੱਤ ਦੇ ਵੈਰ-ਵਿਰੋਧ ਨੂੰ ਖ਼ਤਮ ਕਰਨ ਲਈ ਅਤੇ ਇਕ ਮੁੱਖ ਜੱਥੇਦਾਰ ਦੀ ਆਗਿਆ

ਵਿਚ ਸਭ ਨੂੰ ਚਲਾਉਣ ਲਈ ਸ. ਕਪੂਰ ਸਿੰਘ ਨੇ 29 ਮਾਰਚ 1748 ਈ. ਨੂੰ ਅੰਮ੍ਰਿਤਸਰ ਵਿਸਾਖੀ ਦੇ ਮੌਕੇ ਉਤੇ ਇਕੱਠੇ ਹੋਏ ਸਰਬੱਤ ਖ਼ਾਲਸਾ ਤੋਂ ਪ੍ਰਵਾਨਗੀ ਲੈ ਕੇ 'ਦਲ-ਖ਼ਾਲਸਾ' ਦੀ ਸਥਾਪਨਾ ਕੀਤੀ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਲ ਦਾ ਮੁੱਖ ਜੱਥੇਦਾਰ ਥਾਪਿਆ ਅਤੇ ਨਿੱਕੇ ਵੱਡੇ 65 ਜੱਥਿਆਂ ਨੂੰ ਗਿਆਰਾਂ ਮਿਸਲਾਂ ਵਿਚ ਅਨੁਸ਼ਾਸਿਤ ਕਰ ਦਿੱਤਾ।

ਨਵਾਬ ਕਪੂਰ ਸਿੰਘ ਦਾ ਦੇਹਾਂਤ 7 ਅਕਤੂਬਰ 1753 ਈ. ਨੂੰ ਹੋਇਆ ਅਤੇ ਇਸ ਦਾ ਸਸਕਾਰ ਬਾਬਾ ਅਟਲ ਦੇ ਦੇਹਰੇ ਪਾਸ ਅੰਮ੍ਰਿਤਸਰ ਵਿਚ ਕੀਤਾ ਗਿਆ। ਇਸ ਨੇ ਹਜ਼ਾਰਾਂ ਜਿਗਿਆਸੂਆਂ ਨੂੰ ਅੰਮ੍ਰਿਤ ਪਾਨ ਕਰਾਇਆ ਅਤੇ ਸਾਰੀ ਉਮਰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦਾ ਵਿਸਤਾਰ ਕਰਦਾ ਰਿਹਾ। ਇਸ ਪਾਸੋਂ ਅੰਮ੍ਰਿਤ ਛਕਣਾ ਇਕ ਮਾਣ ਦੀ ਗੱਲ ਸਮਝੀ ਜਾਂਦੀ ਸੀ। ਪਟਿਆਲਾ ਰਿਆਸਤ ਦੇ ਸੰਸਥਾਪਕ ਬਾਬਾ ਆਲਾ ਸਿੰਘ ਨੇ ਵੀ ਇਸ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਇਹ ਤਲਵਾਰ ਦਾ ਵੀ ਧਨੀ ਸੀ। ਇਸ ਨੇ ਵਖ ਵਖ ਯੁੱਧਾਂ ਵਿਚ ਲਗਭਗ ਪੰਜ ਸੌ ਵੈਰੀਆਂ ਨੂੰ ਇਕੱਲੇ ਨੇ ਮਾਰਿਆ ਸੀ। ਇਸ ਦੇ ਸਾਰੇ ਸ਼ਰੀਰ ਉਤੇ ਫਟਾਂ ਦੇ ਨਿਸ਼ਾਨ ਪਏ ਹੋਏ ਸਨ।

**ਕਪੂਰ ਸਿੰਘ, ਭਾਈ ਸਾਹਿਬ** (1909-1986 ਈ.): ਵੀਹਵੀਂ ਸਦੀ ਦਾ ਇਕ ਪ੍ਰਸਿੱਧ ਪ੍ਰਸ਼ਾਸਕ, ਸੰਸਦੀ ਅਤੇ ਬੁੱਧੀਜੀਵੀ ਸ. ਕਪੂਰ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹਾ ਦੇ ਮੰਨਣ ਚੱਕ ਪਿੰਡ (ਜਗਰਾਉਂ) ਵਿਚ 2 ਮਾਰਚ, 1909 ਈ. ਵਿਚ ਸ. ਦੀਦਾਰ ਸਿੰਘ ਧਾਲੀਵਾਲ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ। ਇਸ ਦਾ ਪਰਿਵਾਰ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰ. 531 ਵਿਚ ਜਾ ਵਸਿਆ। ਇਸ ਨੇ ਦਸਵੀਂ ਤਕ ਦੀ ਪੜ੍ਹਾਈ ਲਾਇਲਪੁਰ ਖ਼ਾਲਸਾ ਹਾਈ ਸਕੂਲ ਵਿਚ ਕੀਤੀ ਅਤੇ ਫਿਰ ਅਗੋਂ ਪੜ੍ਹਨ ਲਈ ਲਾਹੌਰ ਆ ਗਿਆ।

ਇਸ ਨੇ ਸੰਨ 1931 ਈ. ਵਿਚ ਗੌਰਮਿੰਟ ਕਾਲਜ, ਲਾਹੌਰ ਤੋਂ ਫਿਲਾਸਫ਼ੀ ਵਿਸ਼ੇ ਦੀ ਐਮ.ਏ. ਪਰੀਖਿਆ ਪਾਸ ਕੀਤੀ ਅਤੇ ਯੂਨੀਵਰਸਿਟੀ ਵਿਚ ਪ੍ਰਥਮ ਸਥਾਨ ਪ੍ਰਾਪਤ ਕੀਤਾ। ਉਚੇਰੀ ਵਿਦਿਆ ਦੀ ਪ੍ਰਾਪਤੀ ਲਈ ਇਹ ਕੈਂਬਰਿਜ ਯੂਨੀਵਰਸਿਟੀ ਲੰਡਨ ਵਿਚ ਦਾਖ਼ਲ ਹੋਇਆ ਅਤੇ ਉਥੋਂ 'ਮਾਰਲ ਸਾਇੰਸਜ਼' ਵਿਚ ਡਿਗਰੀ ਹਾਸਲ ਕੀਤੀ। ਇਸ ਦੇ ਨਾਲ ਹੀ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਤੋਂ ਇਲਾਵਾ ਕਈ ਹੋਰ ਭਾਸ਼ਾਵਾਂ ਦਾ ਵੀ ਗੰਭੀਰ ਗਿਆਨ ਪ੍ਰਾਪਤ ਕੀਤਾ। ਸੰਨ 1933 ਈ. ਵਿਚ ਆਈ.ਸੀ.ਐਸ. ਦੀ ਪਰੀਖਿਆ ਪਾਸ ਕਰਕੇ ਇਹ ਦੇਸ਼ ਪਰਤਿਆ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਰਿਹਾ। ਸੰਨ 1947 ਈ. ਵਿਚ ਦੇਸ਼ ਦੀ ਵੰਡ ਵੇਲੇ ਇਹ ਕਾਂਗੜਾ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਲਗਾਇਆ ਗਿਆ।

ਸਿੱਖਾਂ ਪ੍ਰਤਿ ਹਿੰਦ ਸਰਕਾਰ ਦੇ ਪੱਖਪਾਤੀ ਰਵੱਈਏ ਕਾਰਣ ਇਹ ਬਹੁਤ ਵਿਚਲਿਤ ਰਹਿੰਦਾ। ਪੰਜਾਬ ਦੇ ਗਵਰਨਰ ਸ੍ਰੀ ਚੰਦੂ ਲਾਲ ਤ੍ਰਿਵੇਦੀ ਦੁਆਰਾ 10 ਅਕਤੂਬਰ 1947 ਈ. ਨੂੰ ਜਾਰੀ ਕੀਤੇ ਇਕ ਗਸ਼ਤੀ ਪੱਤਰ ਨੇ ਇਸ ਦੇ ਮਨ ਵਿਚ ਵਿਦਰੋਹ ਦੀ ਭਾਵਨਾ ਪੈਦਾ ਕੀਤੀ ਕਿਉਂਕਿ ਉਸ ਵਿਚ ਜ਼ਿਲ੍ਹਾ ਅਧਿਕਾਰੀਆਂ ਨੂੰ ਸਿੱਖਾਂ ਦੀਆਂ ਮੁਜਰਮਾਨਾਂ ਬਿਰਤੀਆਂ ਬਾਰੇ ਸਾਵਧਾਨ ਕੀਤਾ ਗਿਆ ਸੀ। ਇਸ ਵਲੋਂ ਪ੍ਰਗਟ ਕੀਤੇ ਰੋਸ ਕਰਕੇ ਅਨੁਸ਼ਾਸਕੀ ਕਾਰਵਾਈ ਸ਼ੁਰੂ ਹੋਈ ਅਤੇ ਕਈ ਹੋਰ ਬੇਜ਼ਾਬਤੀਆਂ ਕਾਰਣ ਮੁਕੱਦਮਾ ਚਲਾਇਆ ਗਿਆ। ਫਲਸਰੂਪ ਚਾਰ ਸਾਲ ਬਾਦ ਇਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ।

ਬਰਖ਼ਾਸਤਗੀ ਤੋਂ ਬਾਦ ਸਿੱਖ ਧਰਮ ਦੇ ਸੁਧਾਰ ਅਤੇ ਉਸ ਪ੍ਰਤਿ ਹੋ ਰਹੀ ਬੇਇਨਸਾਫ਼ੀ ਨੂੰ ਖ਼ਤਮ ਕਰਨ ਵਲ ਰੁਚਿਤ ਹੋ ਗਿਆ। ਸੰਨ 1973 ਈ. ਵਿਚ ਇਸ ਨੂੰ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਪਦਵੀ ਨਾਲ ਨਿਵਾਜਿਆ ਗਿਆ। ਹੌਲੀ ਹੌਲੀ ਇਹ ਰਾਜਨੀਤੀ ਵਲ ਝੁਕ ਗਿਆ। ਸੰਨ 1962 ਈ. ਦੀਆਂ ਚੋਣਾਂ ਵੇਲੇ ਲੁਧਿਆਣੇ ਤੋਂ ਇਹ ਅਕਾਲੀ ਟਿਕਟ ਉਤੇ ਲੋਕ ਸਭਾ ਲਈ ਚੁਣਿਆ ਗਿਆ ਅਤੇ ਸੰਨ 1964 ਈ. ਵਿਚ ਪੰਜਾਬ ਵਧਾਨ ਸਭਾ ਦਾ ਮੈਂਬਰ ਬਣਿਆ। ਇਸ ਨੇ ਸਿੱਖਾਂ ਦੇ ਹੱਕ ਵਿਚ ਅਤੇ ਸਰਕਾਰ ਦੇ ਵਿਰੁੱਧ ਡਟ ਕੇ ਆਪਣੇ ਵਿਚਾਰ ਪ੍ਰਗਟ ਕੀਤੇ। ਸੰਨ 1973 ਈ. ਵਿਚ ਪਾਸ ਕੀਤੇ ਗਏ ਆਨੰਦਪੁਰ ਸਾਹਿਬ ਰੈਜ਼ੋਲੂਸ਼ਨ ਪਿਛੇ ਇਸੇ ਦੀ ਸੋਚ ਕੰਮ ਕਰ ਰਹੀ ਸੀ।

ਸਰਦਾਰ ਕਪੂਰ ਸਿੰਘ ਇਕ ਸਪੱਸ਼ਟ ਅਤੇ ਸਸ਼ਕਤ ਲੇਖਕ ਸੀ। ਪੰਜਾਬੀ ਵਿਚ ਇਸ ਨੇ ਸੰਨ 1952 ਈ. ਵਿਚ 'ਬਹੁ-ਵਿਸਤਾਰ' ਅਤੇ 'ਪੁੰਦਰੀਕ' ਨਾਂ ਦੇ ਨਿਬੰਧ ਸੰਗ੍ਰਹਿ ਪ੍ਰਕਾਸ਼ਿਤ ਕੀਤੇ। 'ਸਪਤ ਸ੍ਰਿੰਗ' (ਸੰਨ 1952 ਈ.) ਵਿਚ

ਸੱਤ ਸ੍ਰੇਸ਼ਠ ਹਸਤੀਆਂ ਦੀਆਂ ਸੰਖਿਪਤ ਜੀਵਨੀਆਂ ਸੰਕਲਿਤ ਹਨ। ਇਨ੍ਹਾਂ ਤੋਂ ਇਸ ਦੀ ਪ੍ਰੌੜ੍ਹ ਸ਼ੈਲੀ ਅਤੇ ਵਿਆਪਕ ਗਿਆਨ ਦਾ ਬੋਧ ਹੁੰਦਾ ਹੈ। 'ਸਾਚੀ ਸਾਖੀ' (ਸੰਨ 1972 ਈ.) ਵਿਚ ਇਸ ਨੇ ਰਾਜਨੈਤਿਕ ਗਤਿ-ਵਿਧੀ ਬਾਰੇ ਆਪਣੀ ਜਾਣਕਾਰੀ ਦਿੱਤੀ ਹੈ। ਅੰਗ੍ਰੇਜ਼ੀ ਵਿਚ ਲਿਖੀ ਇਸ ਦੀ ਪੁਸਤਕ 'ਪਰਾਸਰਪ੍ਰਸ਼ਨਾ' (Prasara Prasna: Baisakhi of Guru Gobind Singh) ਸਿੱਖ ਦਰਸ਼ਨ ਸੰਬੰਧੀ ਇਕ ਮਹੱਤਵਪੂਰਣ ਰਚਨਾ ਹੈ, ਜੋ ਮੂਲ ਰੂਪ ਵਿਚ ਸੰਨ 1959 ਈ. ਵਿਚ ਛਪੀ ਸੀ। ਇਨ੍ਹਾਂ ਤੋਂ ਇਲਾਵਾ ਵੀ ਇਸ ਦੀਆਂ ਕੁਝ ਸੰਖਿਪਤ ਰਚਨਾਵਾਂ, ਲੇਖ, ਅਨੁਵਾਦ ਆਦਿ ਮਿਲਦੇ ਹਨ ਜੋ ਅਖ਼ਬਾਰਾਂ, ਰਸਾਲਿਆਂ ਜਾਂ ਸੰਗ੍ਰਹਿਆਂ ਵਿਚ ਛਪਦੇ ਰਹੇ। ਡਾ. ਪਿਆਰ ਸਿੰਘ ਅਤੇ ਡਾ. ਮਦਨਜੀਤ ਕੌਰ ਨੇ ਉਦਮ ਕਰਕੇ ਸੰਨ 1992 ਈ..ਵਿਚ ਇਸ ਦੀਆਂ ਅੰਗ੍ਰੇਜ਼ੀ ਰਚਨਾਵਾਂ ਦੇ ਤਿੰਨ ਸੰਕਲਨ ਸੰਪਾਦਿਤ ਕੀਤੇ ਹਨ— *Guru Nanak's Life and thought; Sikhism for the Modern Man; Guru Arjun: Life and His Sukhmani.*

ਕਾਫ਼ੀ ਲੰਬੀ ਬੀਮਾਰੀ ਤੋਂ ਬਾਦ 13 ਅਗਸਤ 1986 ਨੂੰ ਸ. ਕਪੂਰ ਸਿੰਘ ਦਾ ਲੋਪੋ ਕਾ ਅਗਵਾੜ, ਜਗਰਾਉਂ ਵਿਚ ਦੇਹਾਂਤ ਹੋ ਗਿਆ। ਸਿੱਖ-ਜਗਤ ਦਾ ਇਕ ਮਹਾਨ ਵਿਦਵਾਨ ਹਮੇਸ਼ਾਂ ਲਈ ਖੁਸ ਗਿਆ।

**ਕਪੂਰਥਲਾ** (ਨਗਰ) : ਪੰਜਾਬ ਦਾ ਇਕ ਪੁਰਾਣਾ ਨਗਰ ਜੋ ਕਦੇ ਕਪੂਰਥਲਾ ਰਿਆਸਤ ਦੀ ਰਾਜਧਾਨੀ ਸੀ, ਅਤੇ ਹੁਣ ਕਪੂਰਥਲਾ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਰਵਾਇਤ ਹੈ ਕਿ ਇਸ ਨਗਰ ਦੀ ਨੀਂਹ ਜੈਸਲਮੇਰ ਨਾਲ ਸੰਬੰਧਿਤ ਕਿਸੇ ਰਾਣਾ ਕਪੂਰ ਨਾਂ ਦੇ ਰਾਜੇ ਨੇ 12ਵੀਂ ਸਦੀ ਵਿਚ ਰਖੀ ਸੀ। ਇਸ ਨਗਰ ਦਾ ਮੁਸਲਮਾਨ ਸ਼ਾਸਨ-ਕਾਲ ਵਿਚ ਕੋਈ ਖ਼ਾਸ ਮਹੱਤਵ ਨਹੀਂ ਸੀ, ਪਰ ਜਲੰਧਰ ਦੁਆਬ ਦੇ ਮੁਗ਼ਲ ਸ਼ਾਸਕ ਨਵਾਬ ਅਦੀਨਾ ਬੇਗ ਦੀ ਮ੍ਰਿਤੂ ਤੋਂ ਬਾਦ ਰਾਇ ਇਬਰਾਹੀਮ ਖ਼ਾਨ ਨੇ ਬਗਾਵਤ ਕਰ ਦਿੱਤੀ ਅਤੇ ਕਪੂਰਥਲਾ ਨਗਰ ਨੂੰ ਆਪਣੀ ਜਾਗੀਰ ਦੀ ਰਾਜਧਾਨੀ ਬਣਾ ਲਿਆ। ਪਰ ਸੰਨ 1774 ਈ. ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਨਗਰ ਨੂੰ ਜਿਤ ਲਿਆ ਅਤੇ ਆਪਣੀ ਰਿਆਸਤ ਦੀ ਰਾਜਧਾਨੀ ਬਣਾ ਲਿਆ। ਮਹਾਰਾਜਾ ਜਗਤਜੀਤ ਸਿੰਘ (ਜਨਮ 24 ਨਵੰਬਰ 1872 ਈ.) ਪੰਜ ਸਾਲ ਦੀ ਉਮਰ ਵਿਚ ਰਾਜ-ਗੱਦੀ ਉਤੇ ਬੈਠਾ। ਨਾਬਾਲਗ ਹੋਣ ਕਾਰਣ ਰਾਜ ਦੀ ਵਿਵਸਥਾ ਕੌਂਸਲ ਦੁਆਰਾ ਕੀਤੀ ਜਾਂਦੀ ਸੀ। ਸੰਨ 1890 ਈ. ਵਿਚ ਬਾਲਗ ਹੋਣ ਤੇ ਰਿਆਸਤ ਦੇ ਪੂਰੇ ਅਧਿਕਾਰ ਜਗਤਜੀਤ ਸਿੰਘ ਨੂੰ ਮਿਲ ਗਏ। ਉਸ ਨੇ ਅਨੇਕ ਨਵੀਆਂ ਇਮਾਰਤਾਂ ਬਣਵਾਈਆਂ, ਕਾਲਜ ਖੁਲ੍ਹਵਾਇਆ ਅਤੇ ਸ਼ਹਿਰ ਦਾ ਮੁਹਾਂਦਰਾ ਬਦਲਿਆ। ਇਸ ਤਰ੍ਹਾਂ ਇਸ ਨਗਰ ਦੇ ਵਿਕਾਸ ਵਿਚ ਮਹਾਰਾਜਾ ਜਗਤਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ।

**ਕਪੂਰਥਲਾ ਰਿਆਸਤ** : ਪੰਜਾਬ ਦੀ ਇਕ ਸਿੱਖ ਰਿਆਸਤ ਜਿਸ ਦੀ ਰਾਜਧਾਨੀ ਕਪੂਰਥਲਾ ਨਗਰ ਸੀ ਅਤੇ ਰਾਜਧਾਨੀ ਦੇ ਨਾਂ 'ਤੇ ਹੀ ਰਿਆਸਤ ਦਾ ਨਾਂ ਪ੍ਰਚਲਿਤ ਹੋਇਆ। ਇਸ ਰਿਆਸਤ ਉਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਹਕੂਮਤ ਕਾਇਮ ਕੀਤੀ ਅਤੇ ਉਸ ਤੋਂ ਬਾਦ ਉਸੇ ਦੇ ਖ਼ਾਨਦਾਨ ਦਾ ਰਾਜ ਚਲਿਆ ਆਇਆ। ਇਸ ਰਿਆਸਤ ਦਾ ਕੁਲ ਰਕਬਾ ਲਗਭਗ 650 ਮੁਰਬਾ ਮੀਲ ਸੀ। ਸੰਨ 1921 ਈ. ਦੀ ਮਰਦਮ ਸ਼ੁਮਾਰੀ ਵੇਲੇ ਇਸ ਦੀ ਆਬਾਦੀ 284070 ਸੀ, ਪਰ ਸੰਨ 1931 ਈ. ਵਿਚ ਵਧ ਕੇ 316757 ਹੋ ਗਈ। ਇਸ ਦੀਆ ਕੁਲ ਪੰਜ ਤਹਿਸੀਲਾਂ ਸਨ, ਜਿਵੇਂ ਕਪੂਰਥਲਾ, ਢਿਲਵਾਂ, ਭੁਲਥ, ਫਗਵਾੜਾ ਅਤੇ ਸੁਲਤਾਨਪੁਰ ਲੋਧੀ। ਇਸ ਵਿਚ ਅਧਿਕ ਵਸੋਂ ਮੁਸਲਮਾਨਾਂ ਦੀ ਸੀ, ਜੋ ਦੇਸ਼ ਵੰਡ ਵੇਲੇ ਪਾਕਿਸਤਾਨ ਨੂੰ ਚਲੇ ਗਏ।

ਸ. ਜੱਸਾ ਸਿੰਘ ਆਹਲੂਵਾਲੀਆ ਦੀ ਸੰਨ 1783 ਈ. ਵਿਚ ਮ੍ਰਿਤੂ ਹੋ ਗਈ। ਉਸ ਦੀ ਕੋਈ ਔਲਾਦ ਨ ਹੋਣ ਕਾਰਣ ਰਿਆਸਤ ਦੀ ਵਾਗਡੋਰ ਸ. ਭਾਗ ਸਿੰਘ ਨੇ ਸੰਭਾਲੀ ਜੋ ਉਦੋਂ 38 ਵਰ੍ਹਿਆਂ ਦਾ ਸੀ। ਭਾਗ ਸਿੰਘ ਦਾ ਦੇਹਾਂਤ 1801 ਈ. ਵਿਚ ਕਪੂਰਥਲਾ ਨਗਰ ਵਿਚ ਹੋਇਆ। ਉਸ ਤੋਂ ਬਾਦ ਉਸ ਦਾ ਲੜਕਾ ਰਾਜਾ ਫਤੇ ਸਿੰਘ ਗੱਦੀ ਉਤੇ ਬੈਠਾ। ਉਹ ਮਹਾਰਾਜਾ ਰਣਜੀਤ ਸਿੰਘ ਦਾ ਪਗ-ਵਟ ਮਿੱਤਰ ਸੀ। ਉਸ ਨੇ ਸੰਨ 1826 ਈ. ਵਿਚ ਅੰਗ੍ਰੇਜ਼ ਸਰਕਾਰ ਦੀ ਸਰਪ੍ਰਸਤੀ ਹਾਸਲ ਕੀਤੀ। ਸੰਨ 1836 ਈ. ਵਿਚ ਉਸ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਨਿਹਾਲ ਸਿੰਘ ਰਾਜਾ ਬਣਿਆ। ਅੰਗ੍ਰੇਜ਼ਾਂ ਨਾਲ ਸਿੱਖਾਂ ਦੀ ਹੋਈ ਪਹਿਲੀ ਲੜਾਈ ਵੇਲੇ ਉਸ ਨੇ ਲਾਹੌਰ ਦਰਬਾਰ ਦਾ ਪੱਖ ਲਿਆ ਜਿਸ ਦੇ

ਫਲਸਰੂਪ ਅੰਗ੍ਰੇਜ਼ਾਂ ਨੇ ਸਤਲੁਜ ਦਰਿਆ ਦੇ ਦੱਖਣ ਵਾਲੇ ਪਾਸੇ ਦਾ ਇਲਾਕਾ ਜ਼ਬਤ ਕਰ ਲਿਆ ਅਤੇ ਬਾਕੀ ਬਚਦੇ ਇਲਾਕੇ ਲਈ 131000 ਰੁ. ਦਾ ਸਾਲਾਨਾ ਖ਼ਿਰਾਜ ਲਗਾ ਦਿੱਤਾ। ਸੰਨ 1852 ਈ. ਵਿਚ ਰਾਜਾ ਨਿਹਾਲ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦਾ ਲੜਕਾ ਰਣਧੀਰ ਸਿੰਘ 22 ਵਰ੍ਹੇ ਦੀ ਉਮਰ ਵਿਚ ਰਾਜਾ ਬਣਿਆ। ਉਸ ਨੇ ਸੰਨ 1857 ਈ. ਦੇ ਗ਼ਦਰ ਵੇਲੇ ਅੰਗ੍ਰੇਜ਼ਾਂ ਦੀ ਪੂਰੀ ਮਦਦ ਕੀਤੀ, ਜਿਸ ਦੇ ਫਲਸਰੂਪ ਅੰਗ੍ਰੇਜ਼ ਸਰਕਾਰ ਦੀ ਨਜ਼ਰ ਉਸ ਪ੍ਰਤਿ ਸਵਲੀ ਹੋ ਗਈ। ਉਸ ਨੂੰ ਅਵਧ ਦੇ ਇਲਾਕੇ ਵਿਚ ਬਹੁਤ ਜਾਗੀਰ ਦਿੱਤੀ ਗਈ ਅਤੇ 'ਰਾਜਾ' ਪਦ ਦਾ ਸਨਮਾਨ ਦਿੱਤਾ ਗਿਆ। ਰਣਧੀਰ ਸਿੰਘ ਦੀ ਮ੍ਰਿਤੂ ਸੰਨ 1870 ਈ. ਵਿਚ ਜਹਾਜ਼ ਵਿਚ ਯਾਤ੍ਰਾ ਕਰਨ ਦੌਰਾਨ ਹੋਈ। ਉਸ ਤੋਂ ਬਾਦ ਉਸ ਦਾ ਲੜਕਾ ਖੜਕ ਸਿੰਘ ਗੱਦੀ ਉਤੇ ਬੈਠਾ। ਦਿਮਾਗੀ ਬੀਮਾਰੀ ਕਾਰਣ ਉਸ ਦੀ 1877 ਈ. ਵਿਚ ਮ੍ਰਿਤੂ ਹੋ ਜਾਣ ਤੋਂ ਬਾਦ ਉਸ ਦਾ ਪੰਜ ਸਾਲਾਂ ਦਾ ਲੜਕਾ ਜਗਤਜੀਤ ਸਿੰਘ ਰਾਜ-ਗੱਦੀ ਉਤੇ ਬੈਠਾ। ਹਕੂਮਤ ਦਾ ਕੰਮ ਕੌਂਸਲ ਦੁਆਰਾ ਚਲਦਾ ਸੀ। ਸੰਨ 1890 ਈ. ਵਿਚ ਬਾਲਗ ਹੋਣ ਤੇ ਜਗਤਜੀਤ ਸਿੰਘ ਨੇ ਪੂਰੇ ਰਾਜ-ਅਧਿਕਾਰ ਪ੍ਰਾਪਤ ਕਰ ਲਏ। ਇਸ ਦੇ ਰਾਜ-ਕਾਲ ਦੌਰਾਨ ਕਪੂਰਥਲਾ ਰਿਆਸਤ ਦਾ ਕਾਫ਼ੀ ਵਿਕਾਸ ਹੋਇਆ। ਇਸ ਨੇ ਅਨੇਕ ਤਰ੍ਹਾਂ ਦੀਆਂ ਇਮਾਰਤਾਂ ਅਤੇ ਧਰਮ-ਧਾਮ ਬਣਵਾਏ। ਕਈ ਭਾਸ਼ਾਵਾਂ ਦੇ ਵਿਦਵਾਨ ਹੋਣ ਨਾਤੇ ਉਹ ਵਿਦਵੱਤਾ ਦੀ ਬਹੁਤ ਕਦਰ ਕਰਦਾ ਸੀ। ਉਸ ਨੇ ਬਾਹਰਲੇ ਮੁਲਕਾਂ ਵਿਚ ਘੁੰਮ ਫਿਰ ਕੇ ਉਥੋਂ ਦੇ ਸਭਿਆਚਾਰਾਂ ਨੂੰ ਜਾਣਨ ਦਾ ਯਤਨ ਕੀਤਾ। ਅੰਗ੍ਰੇਜ਼ ਸਰਕਾਰ ਦੀ ਖ਼ੁਸ਼ਨੂਦੀ ਦੇ ਫਲਸਰੂਪ ਰਿਆਸਤ ਦਾ ਸਾਲਾਨਾ ਖ਼ਿਰਾਜ (131000 ਰੁ.) ਮਾਫ਼ ਕਰ ਦਿੱਤਾ ਗਿਆ।

ਸੰਨ 1948 ਈ. ਵਿਚ ਇਸ ਰਿਆਸਤ ਨੂੰ ਪੈਪਸੂ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਮਹਾਰਾਜਾ ਜਗਤਜੀਤ ਸਿੰਘ ਨੂੰ ਉਪ-ਰਾਜਪ੍ਰਮੁਖ ਬਣਾਇਆ ਗਿਆ। ਸੰਨ 1949 ਈ. ਵਿਚ ਮਹਾਰਾਜਾ ਜਗਤਜੀਤ ਸਿੰਘ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਪਰਮਜੀਤ ਸਿੰਘ ਰਾਜ-ਸੱਤਾ ਦਾ ਅਧਿਕਾਰੀ ਬਣਿਆ। ਸੰਨ 1955 ਈ. ਵਿਚ ਉਸ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਸੁਖਜੀਤ ਸਿੰਘ ਰਾਜ- ਪਰਿਵਾਰ ਦਾ ਮੁਖੀ ਬਣਿਆ।

**ਕਪੂਰ ਦੇਵ, ਭਾਈ :** ਸਿੱਖ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਇਕ ਮਸੰਦ ਜਿਸ ਨੇ ਇਕ ਵਾਰ ਗੁਰੂ ਜੀ ਨੂੰ ਕਿਸੇ ਆਦਰਸ਼ ਸਿੱਖ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਸ਼ਾਹਬਾਜ਼ਪੁਰ ਦੇ ਵਾਸੀ ਭਾਈ ਸੰਮਨ ਪਾਸ ਭੇਜਿਆ। ਉਥੇ ਪਹੁੰਚਣ ਤੇ ਕਪੂਰ ਦੇਵ ਨੇ ਵੇਖਿਆ ਕਿ ਭਾਈ ਸੰਮਨ ਘਰ ਵਿਚ ਬਾਲਣ ਲਈ ਲਿਆਈਆਂ ਲਕੜਾਂ ਨੂੰ ਉਤਾਰ ਰਿਹਾ ਹੈ ਅਤੇ ਫਿਰ ਇਕ ਫਟੀ ਹੋਈ ਚਿਟਾਈ ਦੀ ਮੁਰੰਮਤ ਕਰਨ ਲਗ ਗਿਆ ਹੈ। ਜਦੋਂ ਕਪੂਰਦੇਵ ਨੇ ਵੇਖਿਆ ਕਿ ਭਾਈ ਸੰਮਨ ਉਸ ਵਲ ਧਿਆਨ ਨਹੀਂ ਦੇ ਰਿਹਾ, ਤਾਂ ਉਸ ਨੇ ਆਪਣੇ ਆਉਣ ਦਾ ਮੰਤਵ ਦਸਿਆ। ਸੰਮਨ ਨੇ ਸ਼ਾਮ ਨੂੰ ਮਿਲ ਬੈਠਣ ਲਈ ਵਿਸ਼ਵਾਸ ਦਿਵਾਇਆ।

ਸੰਮਨ ਨੇ ਆਪਣੇ ਪੁੱਤਰ ਮੂਸਨ ਸਮੇਤ ਸ਼ਾਮ ਦਾ ਪਾਠ ਕੀਤਾ ਅਤੇ ਰਾਤ ਨੂੰ ਸਭ ਟਿਕ ਗਏ। ਦੂਜੇ ਦਿਨ ਸਵੇਰੇ ਕੁਝ ਡਾਕੂ ਪਿੰਡ ਦੇ ਡੰਗਰ ਖੋਹ ਕੇ ਲੈ ਚਲੇ। ਉਨ੍ਹਾਂ ਦਾ ਪਿਛਾ ਕਰਨ ਵਾਲਿਆਂ ਵਿਚ ਮੂਸਨ ਵੀ ਸ਼ਾਮਲ ਸੀ। ਥੋੜੀ ਦੇਰ ਬਾਦ ਪਤਾ ਲਗਾ ਕਿ ਮੂਸਨ ਡਾਕੂਆਂ ਹੱਥੋਂ ਮਾਰਿਆ ਗਿਆ ਹੈ। ਸੰਮਨ ਨੇ ਇਹ ਦੁਖ ਸਹਿਜ ਅਵਸਥਾ ਵਿਚ ਲਿਆ। ਪਹਿਲੇ ਦਿਨ ਲਿਆਉਂਦੀਆਂ ਲਕੜੀਆਂ ਨਾਲ ਚਿਖਾ ਬਣਾਈ। ਅਫ਼ਸੋਸ ਲਈ ਆਇਆਂ ਨੂੰ ਬੈਠਣ ਲਈ ਉਹੀ ਪੁਰਾਣੀ ਚਿਟਾਈ ਦਿੱਤੀ। ਕਪੂਰ ਦੇਵ ਹੈਰਾਨ ਹੋਇਆ। ਉਸ ਨੇ ਸੰਮਨ ਨੂੰ ਕਿਹਾ ਕਿ ਉਸ ਨੇ ਪੁੱਤਰ ਦੀ ਦੀਰਘ ਆਯੂ ਲਈ ਗੁਰੂ ਜੀ ਅਗੇ ਪ੍ਰਾਰਥਨਾ ਕਿਉਂ ਨਹੀਂ ਕੀਤੀ ? ਉੱਤਰ ਵਿਚ ਸੰਮਨ ਨੇ ਕਿਹਾ ਕਿ ਸ਼ਰੀਰ ਨਾਸ਼ਵਾਨ ਹੈ। ਇਸ ਦੇ ਨਸ਼ਟ ਹੋਣ ਤੇ ਵਿਚਲਿਤ ਨਹੀਂ ਹੋਣਾ ਚਾਹੀਦਾ। ਨਾਮ-ਸਿਮਰਨ ਸਭ ਤੋਂ ਸ੍ਰੇਸ਼ਠ ਕਰਮ ਹੈ, ਮਨੁੱਖ ਨੂੰ ਉਸ ਵਲ ਧਿਆਨ ਦੇਣਾ ਚਾਹੀਦਾ ਹੈ। ਕਪੂਰ ਦੇਵ ਹੈਰਾਨ ਹੋਇਆ, ਉਸ ਨੂੰ ਪ੍ਰਣਾਮ ਕਰਦਾ ਪਰਤ ਆਇਆ।

**ਕਪੂਰਾ ਬਰਾੜ, ਚੌਧਰੀ** (1628-1708 ਈ.): ਫ਼ਰੀਦਕੋਟ ਰਿਆਸਤ ਦੇ ਰਾਜ-ਪਰਿਵਾਰ ਦਾ ਪੂਰਵਜ ਜੋ ਸੰਨ 1628 ਈ. ਵਿਚ ਲਾਲਾ ਬਰਾੜ ਦੇ ਘਰ ਪੈਦਾ ਹੋਇਆ। ਸੰਨ 1643 ਈ. ਵਿਚ ਇਹ ਆਪਣੇ ਬਰਾੜ ਕਬੀਲੇ ਦਾ ਚੌਧਰੀ ਬਣਿਆ। ਇਸ ਨੇ ਆਪਣੀ ਹਿੰਮਤ ਅਤੇ ਬਹਾਦਰੀ ਨਾਲ ਇਰਦ-ਗਿਰਦ ਦਾ ਇਲਾਕਾ ਜਿਤ ਕੇ ਆਪਣੀ ਰਿਆਸਤ ਦਾ

ਵਿਸਤਾਰ ਕੀਤਾ। ਪਹਿਲਾਂ ਇਹ 'ਪੰਜ ਗਰਾਈਆਂ' ਨਾਂ ਦੇ ਪਿੰਡ ਵਿਚ ਰਹਿੰਦਾ ਸੀ, ਪਰ ਬਾਦ ਵਿਚ ਭਾਈ ਭਗਤੂ ਦੇ ਸੁਝਾਓ 'ਤੇ ਸੰਨ 1661 ਈ. ਵਿਚ ਕੋਟ-ਕਪੂਰਾ ਨਾਂ ਦਾ ਨਗਰ ਵਸਾਇਆ। ਇਸ ਦੀ ਨਿਆਇਸ਼ੀਲਤਾ ਅਤੇ ਸਖਾਵਤ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕੀਂ ਇਸ ਨਗਰ ਵਿਚ ਆ ਵਸੇ ਜਿਸ ਕਰਕੇ ਇਸ ਦਾ ਮਹੱਤਵ ਵਧਦਾ ਗਿਆ।

ਇਸ ਨੂੰ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਉਦੋਂ ਪ੍ਰਾਪਤ ਹੋਇਆ, ਜਦੋਂ ਉਹ ਮਾਲਵਾ ਖੇਤਰ ਵਿਚ ਅਨੁਯਾਈਆਂ ਨੂੰ ਧਰਮ-ਉਪਦੇਸ਼ ਕਰ ਰਹੇ ਸਨ। ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਚਰਣ-ਛੋਹ ਇਸ ਦੇ ਨਗਰ ਨੂੰ ਪ੍ਰਾਪਤ ਹੋਈ। ਮਾਛੀਵਾੜੇ ਤੋਂ ਨਿਕਲਣ ਤੋਂ ਬਾਦ ਸੂਬਾ ਸਰਹਿੰਦ ਦੀ ਫ਼ੌਜ ਗੁਰੂ ਸਾਹਿਬ ਦਾ ਪਿਛਾ ਕਰ ਰਹੀ ਸੀ। ਗੁਰੂ ਜੀ ਨੇ ਇਸ ਤੋਂ ਯੁੱਧ ਕਰਨ ਲਈ ਕਿਲ੍ਹਾ ਮੰਗਿਆ, ਪਰ ਮੁਗ਼ਲਾਂ ਦੇ ਅਧੀਨ ਹੋਣ ਕਰਕੇ ਇਹ ਕਿਲ੍ਹਾ ਨ ਦੇ ਸਕਿਆ ਅਤੇ ਗੁਰੂ ਜੀ ਨੂੰ ਮੁਕਤਸਰ ਵਾਲੇ ਸੁਰਖਿਅਤ ਪਾਸੇ ਵਲ ਤੋਰ ਦਿੱਤਾ। ਜਦੋਂ ਸੂਬਾ ਸਰਹਿੰਦ ਦੀ ਫ਼ੌਜ ਮੁਕਤਸਰ ਪਹੁੰਚੀ ਤਾਂ ਇਹ ਉਸ ਦੇ ਨਾਲ ਸੀ। ਉਥੇ ਖਿਦਰਾਣੇ ਦੀ ਢਾਬ ਉਤੇ ਹੋਈ ਲੜਾਈ ਤੋਂ ਬਾਦ ਕਪੂਰੇ ਨੇ ਸੂਬੇ ਨੂੰ ਅਗੇ ਜਾਣੋਂ ਵਰਜਿਆ ਕਿਉਂਕਿ ਅਗੇ ਪਾਣੀ ਦੀ ਘਾਟ ਸੀ ਅਤੇ ਫ਼ੌਜ ਦੇ ਪਿਆਸੇ ਮਰ ਜਾਣ ਦੀ ਸੰਭਾਵਨਾ ਸੀ। ਸੂਬੇ ਦੇ ਪਰਤਾਉਣ ਤੋਂ ਬਾਦ ਕਪੂਰੇ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਕਪੂਰ ਸਿੰਘ ਬਣਿਆ। ਗੁਰੂ ਸਾਹਿਬ ਨੇ ਜਾਣ ਵੇਲੇ ਇਸ ਨੂੰ ਇਕ ਤਲਵਾਰ ਅਤੇ ਇਕ ਢਾਲ ਬਖ਼ਸ਼ੀ, ਜੋ ਦੋਵੇਂ ਹੁਣ ਵੀ ਫ਼ਰੀਦਕੋਟ ਰਿਆਸਤ ਦੇ ਰਾਜ-ਪਰਿਵਾਰ ਪਾਸ ਸੁਰਖਿਅਤ ਹਨ।

ਇਸ ਦਾ ਆਪਣੇ ਇਲਾਕੇ ਵਿਚ ਕਾਫ਼ੀ ਦਬਦਬਾ ਸੀ। ਇਸ ਦੇ ਇਕ ਵੈਰੀ ਪੜੋਸੀ ਜਾਗੀਰਦਾਰ ਈਸਾ ਖ਼ਾਨ ਮੰਝ ਰਾਜਪੂਤ ਨੇ ਇਸ ਨੂੰ ਧੋਖੇ ਨਾਲ ਸੰਨ 1708 ਈ. ਵਿਚ ਮਾਰ ਦਿੱਤਾ। ਬਾਦ ਵਿਚ ਕਪੂਰ ਸਿੰਘ ਦੇ ਪੁੱਤਰਾਂ ਨੇ ਈਸਾ ਖ਼ਾਨ ਨੂੰ ਪਾਰ ਬੁਲਾਇਆ। ਇਹ ਇਕ ਚੰਗਾ ਪ੍ਰਸ਼ਾਸਕ ਅਤੇ ਨਿਡਰ ਯੋਧਾ ਸੀ।

**ਕਬਿੱਤ-ਸਵੈਯੇ ਭਾਈ ਗੁਰਦਾਸ** : ਵੇਖੋ 'ਗੁਰਦਾਸ, ਭਾਈ'।

**ਕਬੀਰ, ਸੰਤ** (ਜ. 1398 ਈ.): ਆਪ ਉੱਤਰੀ ਭਾਰਤ ਵਿਚ ਨਿਰਗੁਣਵਾਦੀ ਭਗਤੀ-ਲਹਿਰ ਦੇ ਸੰਚਾਲਕਾਂ ਵਿਚ ਪ੍ਰਮੁਖ ਸਥਾਨ ਰਖਦੇ ਸਨ। ਆਪ ਦਾ ਜਨਮ ਸੰਨ 1398 ਈ. (ਜੇਠ ਸੁਦੀ 15, 1455 ਬਿ.) ਵਿਚ ਹੋਇਆ। ਲੋਕ-ਮਾਨਤਾ ਅਨੁਸਾਰ ਕਿਸੇ ਵਿਧਵਾ ਬ੍ਰਾਹਮਣੀ ਨੇ ਆਪ ਨੂੰ ਜਨਮ ਦੇ ਕੇ, ਸਮਾਜ ਦੀ ਕਰੋਪੀ ਤੋਂ ਬਚਣ ਲਈ, ਬਨਾਰਸ ਦੇ ਨੇੜੇ ਲਹਿਰ ਤਾਰਾ (ਤਾਲਾਬ) ਕੇ ਕੰਢੇ ਛਡ ਦਿੱਤਾ ਜਿਥੋਂ ਨੀਰੂ (ਨਾਮਾਂਤਰ ਅਲੀ) ਨਾਂ ਦੇ ਨਿਰਸੰਤਾਨ ਮੁਸਲਮਾਨ ਜੁਲਾਹੇ ਨੇ ਨਵ-ਜਨਮੇ ਬੱਚੇ ਨੂੰ ਘਰ ਚੁਕ ਲਿਆਉਂਦਾ ਅਤੇ ਉਸ ਦੀ ਪਤਨੀ ਨੀਮਾ ਨੇ ਪੁੱਤਰ ਵਾਂਗ ਪਾਲਿਆ ਅਤੇ ਵੱਡਾ ਹੋਣ ਉਤੇ 'ਕਬੀਰ' ਨਾਂ ਰਖਿਆ। ਇਸ ਤਰ੍ਹਾਂ ਬ੍ਰਾਹਮਣ ਘਰ ਵਿਚ ਜਨਮ ਲੈ ਕੇ ਆਪ ਦਾ ਪਾਲਣ-ਪੋਸ਼ਣ ਇਸਲਾਮਿਕ ਪਿਛੋਕੜ ਵਾਲੀ ਤਥਾਕਥਿਤ ਪੱਛੜੀ ਜਾਤਿ ਵਿਚ ਹੋਇਆ। ਪਰ ਹਿੰਦੂ ਅਥਵਾ ਬ੍ਰਾਹਮਣੀ ਸੰਸਕਾਰਾਂ ਕਰਕੇ ਆਪ ਦੀ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਵਿਸਤਾਰ ਸਹਿਤ ਚਿਤ੍ਰਣ ਹੋਇਆ ਹੈ।

ਆਪ ਦੇ ਵਿਆਹ ਅਤੇ ਸੰਤਾਨ ਬਾਰੇ ਕੋਈ ਪ੍ਰਮਾਣਿਕ ਤੱਥ ਨਹੀਂ ਮਿਲਦੇ, ਫਿਰ ਵੀ ਇਤਨਾ ਸਿਧ ਹੈ ਕਿ ਆਪ ਗ੍ਰਿਹਸਥੀ ਸਨ ਅਤੇ ਆਪ ਦੇ ਘਰ ਸੰਤਾਨ ਵੀ ਪੈਦਾ ਹੋਈ ਸੀ। ਪਤਨੀ ਦਾ ਨਾਂ ਕੋਈ 'ਲੋਈ' ਦਸਦਾ ਹੈ ਅਤੇ ਕੋਈ 'ਧਨੀਆ'। 'ਧਨੀਆ' ਨਾਲ 'ਬਹੁਰੀਆ' ਸ਼ਬਦ ਦੇ ਵਰਤੇ ਜਾਣ ਕਾਰਣ ਟੀਕਾਕਾਰਾਂ ਨੇ ਇਸ ਨੂੰ ਕਬੀਰ ਦੀ ਨੂੰਹ ਦਾ ਨਾਂ ਮੰਨਿਆ ਹੈ (*ਮੇਰੀ ਬਹੁਰੀਆ ਕੋ ਧਨੀਆ ਨਾਉ। ਲੇ ਰਾਖਿਓ ਰਾਮ ਜਨੀਆ ਨਾਉ।*— ਗੁ.ਗ੍ਰੰ.484)। ਗੌਂਡ ਰਾਗ ਵਿਚਲੇ ਇਕ ਸ਼ਬਦ ਵਿਚ ਉਸ ਦਾ ਨਾਂ 'ਲੋਈ' ਲਿਖਿਆ ਹੈ (*ਸੁਨਿ ਅੰਧਲੀ ਲੋਈ ਬੇਪੀਰਿ। ਇਨ੍ ਮੁੰਡੀਅਨ ਭਜਿ ਸਰਨਿ ਕਬੀਰ।*— ਗੁ.ਗ੍ਰੰ.871)। ਇਕ ਸ਼ਲੋਕ ਵਿਚ ਆਪ ਦੇ ਪੁੱਤਰ ਦਾ ਨਾਂ 'ਕਮਾਲ' ਹੋਣਾ ਪ੍ਰਤੀਤ ਹੁੰਦਾ ਹੈ— *ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ।* (ਗੁ.ਗ੍ਰੰ. 1370)। ਆਪ ਦੇ ਘਰ ਸਦਾ ਸੰਤ/ਭਗਤ ਲੋਕ ਆਉਂਦੇ ਰਹਿੰਦੇ ਸਨ ਕਿਉਂਕਿ ਆਪ ਉਨ੍ਹਾਂ ਨਾਲ ਅਧਿਆਤਮਿਕ ਸੰਵਾਦ ਕਰਨ ਵਿਚ ਬਹੁਤ ਰੁਚੀ ਰਖਦੇ ਸਨ (*ਸੰਤੁ ਮਿਲੈ ਕਿਛੁ ਸੁਨੀਐ ਕਹੀਐ। ਮਿਲੈ ਅਸੰਤੁ ਮਸਟਿ ਕਰਿ ਰਹੀਐ।*— ਗੁ.ਗ੍ਰੰ.870)।

ਗੌਂਡ ਰਾਗ ਵਿਚਲੇ ਛੇਵੇਂ ਸ਼ਬਦ (*ਤੂਟੇ ਤਾਗੇ ਨਿਖੁਟੀ ਪਾਨਿ*) ਵਿਚ ਆਪਣੀ ਪਤਨੀ ਦੀ ਮਨੋਸਥਿਤੀ ਨੂੰ ਆਪ ਨੇ ਬੜੀ ਗੰਭੀਰਤਾ ਨਾਲ ਚਿਤਰਿਆ ਹੈ। ਪਤਨੀ

ਕਹਿੰਦੀ ਹੈ ਕਿ ਮੇਰਾ ਪਤੀ ਸਾਰਾ ਧਨ ਸਾਧਾਂ ਉਤੇ ਖ਼ਰਚ ਕਰੀ ਜਾਂਦਾ ਹੈ, ਆਪਣੇ ਘਰ ਦੇ ਕੰਮ-ਕਾਰ ਵਲ ਉਸ ਦਾ ਕੋਈ ਧਿਆਨ ਹੀ ਨਹੀਂ, ਆਪਣੇ ਧੰਦੇ ਦੀਆਂ ਲੋੜਾਂ ਬਾਰੇ ਵੀ ਅਵੇਸਲਾ ਹੈ। ਸਾਧਾਂ ਦੇ ਆਉਣ 'ਤੇ ਸਾਨੂੰ ਭੁੱਜੇ ਸੌਣਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਰੋਟੀਆਂ ਖਵਾ ਕੇ ਆਪ ਭੁੰਨੇ ਹੋਏ ਦਾਣੇ ਚਬਣੇ ਪੈਂਦੇ ਹਨ। ਪਰ ਕਬੀਰ ਜੀ ਲਈ ਇਹ ਸਤਿਸੰਗ ਹੀ ਭਵਸਾਗਰ ਵਿਚੋਂ ਤਰਨ ਦਾ ਸਹਾਰਾ ਹੈ। ਇਸ ਲਈ ਪਤਨੀ ਨੂੰ ਤਾਕੀਦ ਕਰਦੇ ਹਨ ਕਿ ਉਹ ਵੀ ਸਾਧਾਂ ਦੀ ਸ਼ਰਣ ਗ੍ਰਹਿਣ ਕਰੇ।

ਸੰਤ ਕਬੀਰ ਜੀ ਦੇ ਸਮੇਂ ਇਤਿਹਾਸਿਕ ਪਰਿ-ਸਥਿਤੀਆਂ ਬੜੀਆਂ ਵਿਕਟ ਅਤੇ ਅਸਥਿਰ ਸਨ, ਕਿਸੇ ਸਮੇਂ ਵੀ ਕੋਈ ਰਾਜ-ਪਰਿਵਰਤਨ ਹੋ ਸਕਦਾ ਸੀ। ਅਜਿਹੀ ਹਾਲਤ ਵਿਚ ਸੰਤ ਕਬੀਰ ਜੀ ਨੇ ਰਾਮਾਨੰਦ ਤੋਂ ਰਾਮ-ਨਾਮ ਦਾ ਉਪਦੇਸ਼ ਲੈ ਕੇ, ਹਿੰਦੂਆਂ-ਮੁਸਲਮਾਨਾਂ ਦੀਆਂ ਸਥਾਪਿਤ ਅਤੇ ਰੂੜ੍ਹ ਧਾਰਮਿਕ ਅਤੇ ਸਮਾਜਿਕ ਪ੍ਰਥਾਵਾਂ ਅਤੇ ਪਰੰਪਰਾਵਾਂ ਦਾ ਤਿਆਗ ਕੀਤਾ ਅਤੇ ਸਰਬ-ਸਾਂਝੇ ਤੇ ਸਰਬ-ਵਿਆਪਕ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ। ਪੜ੍ਹੇ ਲਿਖੇ ਨ ਹੋਣ ਦੇ ਬਾਵਜੂਦ ਆਪ ਬਹੁਤ ਗਿਆਨਵਾਨ ਅਤੇ ਅਨੁਭਵੀ ਮਹਾਤਮਾ ਸਨ। ਆਪ ਦੀ ਗਿਆਨ-ਪ੍ਰਾਪਤੀ ਦਾ ਮੂਲ ਸਰੋਤ ਸਤਿ-ਸੰਗਤ ਸੀ। ਅਦ੍ਵੈਤਵਾਦ ਵਿਚ ਵਿਸ਼ਵਾਸ ਰਖਦਿਆਂ ਆਪ ਨੇ ਉਚ-ਨੀਚ ਦੀ ਭਾਵਨਾ ਦਾ ਵਿਰੋਧ ਕੀਤਾ। ਆਪ ਨੇ ਆਪਣਾ ਜੀਵਨ-ਕਾਲ ਅਧਿਕਤਰ ਬਨਾਰਸ ਵਿਚ ਬਿਤਾਇਆ ਪਰ ਧਰਮ-ਪ੍ਰਚਾਰ ਲਈ ਕਈ ਵਾਰ ਯਾਤ੍ਰਾਵਾਂ ਵੀ ਕੀਤੀਆਂ। ਆਪ ਦੀਆਂ ਸੱਚੀਆਂ ਅਤੇ ਸਪੱਸ਼ਟ ਸਥਾਪਨਾਵਾਂ ਤੋਂ ਉਦੋਂ ਦੇ ਧਾਰਮਿਕ ਆਗੂ ਬਹੁਤ ਪ੍ਰਭਾਵਿਤ ਹੋਏ। ਬਨਾਰਸ ਦੇ ਵਿਦਵਾਨ ਅਕਸਰ ਆਪ ਨਾਲ ਸ਼ਾਸਤ੍ਰਾਰਥ ਕਰਨੋਂ ਘਬਰਾਉਂਦੇ ਸਨ। ਪਰਵਰਤੀ ਨਿਰਗੁਣ-ਵਾਦੀ ਸੰਤਾਂ 'ਤੇ ਆਪ ਦੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ। ਆਪ ਦੀ ਸ਼ਿਸ਼-ਪਰੰਪਰਾ ਵਿਚ ਦਾਦੂਦਿਆਲ, ਸੁੰਦਰਦਾਸ, ਗ਼ਰੀਬਦਾਸ, ਚਰਨਦਾਸ ਆਦਿ ਦੇ ਨਾਂ ਸ਼ਾਮਲ ਕੀਤੇ ਜਾਂਦੇ ਹਨ।

ਕਹਿੰਦੇ ਹਨ ਕਿ ਸਿਕੰਦਰ ਲੋਦੀ ਹਿੰਦੂਆਂ ਨੂੰ ਕਾਫ਼ਰ ਸਮਝ ਕੇ ਉਨ੍ਹਾਂ ਉਤੇ ਬਹੁਤ ਜ਼ੁਲਮ ਕਰਦਾ ਹੁੰਦਾ ਸੀ। ਧਰਮ-ਪਰਿਵਰਤਨ ਤੋਂ ਇਲਾਵਾ, ਉਹ ਹਿੰਦੂਆਂ ਦੇ ਧਰਮ-ਧਾਮਾਂ ਨੂੰ ਢਵਾ ਕੇ ਮਸਜਿਦਾਂ ਦੀ ਉਸਾਰੀ ਕਰਵਾਉਂਦਾ ਸੀ। ਉਸ ਨੇ ਸੰਨ 1490 ਈ. (ਸੰ. 1547 ਬਿ.) ਵਿਚ ਬਨਾਰਸ ਉਤੇ ਹਮਲਾ ਕੀਤਾ ਅਤੇ ਸੰਤ ਕਬੀਰ ਨੂੰ, ਹਿੰਦੂ-ਰੰਗ ਵਾਲਾ ਕਲਾਮ ਰਚਣ ਕਰਕੇ ਬਹੁਤ ਦੁਖ ਦਿੱਤਾ। ਆਪ ਨੇ ਇਸ ਘਟਨਾ ਵਲ ਸੰਕੇਤ ਕਰਦਿਆਂ ਦਸਿਆ ਹੈ ਕਿ ਕਿਵੇਂ ਆਪ ਨੂੰ ਹਾਥੀ ਅਗੇ ਸੁਟਿਆ ਗਿਆ ਅਤੇ ਕਿਵੇਂ ਪਰਮਾਤਮਾ ਦੀ ਕ੍ਰਿਪਾ ਦੁਆਰਾ ਹਾਥੀ ਆਪੇ ਭਜ ਗਿਆ— *ਭੁਜਾ ਬਾਂਧਿ ਭਿਲਾ ਕਰਿ ਡਾਰਿਓ। ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ। ਹਸਤੀ ਭਾਗਿ ਕੈ ਚੀਸਾ ਮਾਰੈ। ਇਆ ਮੂਰਤਿ ਕੈ ਹਉ ਬਲਿਹਾਰੈ। ਆਹਿ ਮੇਰੇ ਠਾਕੁਰ ਤੁਮਰਾ ਜੋਰੁ। ਕਾਜੀ ਬਕਿਬੋ ਹਸਤੀ ਤੋਰ। ... ਕਿਆ ਅਪਰਾਧੁ ਸੰਤ ਹੈ ਕੀਨ੍ਹਾ। ਬਾਂਧਿ ਪੋਟ ਕੁੰਚਰ ਕਉ ਦੀਨ੍ਹਾ।... ਤੀਨਿ ਬਾਰ ਪਤੀਆ ਭਰਿ ਲੀਨਾ। ਮਨ ਕਠੋਰੁ ਅਜਹੂ ਨ ਪਤੀਨਾ। ਕਹਿ ਕਬੀਰ ਹਮਰਾ ਗੋਬਿੰਦੁ। ਚਉਥੈ ਪਦ ਮਹਿ ਜਨ ਕੀ ਜਿੰਦੁ।*(ਗੁ.ਗ੍ਰੰ.870-71)। ਇਸ ਘਟਨਾ ਤੋਂ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਵਿਚ ਕਿਸੇ ਅਗੰਮੀ ਨੂਰ ਦੀ ਕਲਪਨਾ ਕਰਕੇ ਛਡ ਦਿੱਤਾ।

ਲੋਕ-ਮਾਨਤਾ ਨੂੰ ਕਿ ਜੋ ਬਨਾਰਸ ਵਿਚ ਮਰੇਗਾ ਉਸ ਨੂੰ ਪਰਮਗਤਿ ਪ੍ਰਾਪਤ ਹੋਵੇਗੀ ਅਤੇ ਜੋ ਮਗਹਰ ਵਿਚ ਮਰੇਗਾ ਉਸ ਨੂੰ ਖੋਤੇ ਦੀ ਜੂਨ ਮਿਲੇਗੀ, ਖੰਡਿਤ ਕਰਨ ਲਈ ਆਪ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਗੋਰਖਪੁਰ ਨਗਰ ਤੋਂ ਪੱਛਮ ਵਲ, ਲਗਭਗ 24 ਕਿ.ਮੀ. ਦੀ ਵਿਥ ਉਤੇ ਆਬਾਦ ਮਗਹਰ ਕਸਬੇ ਵਿਚ ਚਲੇ ਗਏ। ਉਥੇ ਇਕ ਮਤ ਅਨੁਸਾਰ 120 ਵਰ੍ਹਿਆਂ ਦੀ ਆਯੂ ਵਿਚ ਸੰਨ 1518 ਈ. (ਸੰ. 1575 ਬਿ.) ਵਿਚ ਆਪ ਦਾ ਦੇਹਾਂਤ ਹੋਇਆ ਅਤੇ ਦੂਜੇ ਮਤ ਅਨੁਸਾਰ ਆਪ ਦਾ ਦੇਹਾਂਤ 96/97 ਸਾਲ ਦੀ ਉਮਰ ਵਿਚ ਸੰਨ 1495 ਈ. (ਸੰ. 1552 ਬਿ.) ਵਿਚ ਹੋਇਆ। ਪਰ ਇਸ ਸੰਬੰਧ ਵਿਚ ਪ੍ਰਮਾਣਿਕ ਤੱਥਾਂ ਦਾ ਅਭਾਵ ਹੈ। ਉਂਜ ਆਪ ਲੰਮੀ ਉਮਰ ਜੀਵੇ ਦਸੇ ਜਾਂਦੇ ਹਨ।

*ਵਿਅਕਤਿਤਵ :* ਸੰਤ ਕਬੀਰ ਅਦਭੁਤ ਅਤੇ ਵਿਲੱਖਣ ਵਿਅਕਤਿਤਵ ਦੇ ਸੁਆਮੀ ਸਨ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ 'ਕਬੀਰ' ਪੁਸਤਕ ਵਿਚ ਉਨ੍ਹਾਂ ਦੇ ਵਿਅਕਤਿਤਵ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਉਹ ਸੁਭਾ ਦੇ ਫੱਕੜ ਸਨ, ਕੋਈ ਮੋਹ-ਮਮਤਾ ਉਨ੍ਹਾਂ ਨੂੰ ਆਪਣੇ ਮਾਰਗ ਤੋਂ ਥਿੜਕਾ ਨਹੀਂ ਸਕਦੀ ਸੀ। ਉਹ ਸਿਰ ਤੋਂ ਪੈਰ ਤਕ ਮਸਤ ਮੌਲਾ ਸਨ। ਉਨ੍ਹਾਂ ਦੀ ਅਖੰਡ ਆਤਮ-ਨਿਸ਼ਠਾ ਵਿਚ ਇਕ ਛਿਣ ਲਈ ਵੀ ਕੋਈ ਕਮਜ਼ੋਰੀ ਦਿਸ

ਨਹੀਂ ਪਈ। ਉਹ ਵੀਰ ਸਾਧਕ ਸਨ ਅਤੇ ਉਨ੍ਹਾਂ ਦੀ ਵੀਰਤਾ ਆਤਮ-ਵਿਸ਼ਵਾਸ ਦੇ ਆਸਰੇ ਵਿਚ ਪਲੀ ਸੀ। ਉਹ 'ਗਿਆਨ ਦੇ ਹਾਥੀ' ਉਤੇ ਚੜ੍ਹੇ ਸਨ, ਪਰ 'ਸਹਿਜ ਦਾ ਦੁਲੀਚਾ' ਪਾਏ ਬਿਨਾ ਨਹੀਂ; ਭਗਤੀ ਦੇ ਮੰਦਿਰ ਵਿਚ ਦਾਖ਼ਲ ਹੋਏ ਸਨ, ਪਰ 'ਖਾਲਾ ਕਾ ਘਰ' ਸਮਝ ਕੇ ਨਹੀਂ; ਬਾਹਰਲੇ ਆਡੰਬਰਾਂ ਦਾ ਖੰਡਨ ਕੀਤਾ ਸੀ ਪਰ ਨਿਰਉਦੇਸ਼ ਆਕ੍ਰਮਣ ਦੀ ਮਨਸ਼ਾ ਨਾਲ ਨਹੀਂ; ਭਗਵਾਨ ਦੇ ਵਿਯੋਗ ਦੀ ਅੱਗ ਵਿਚ ਤਪੇ ਸਨ, ਪਰ ਅੱਖਾਂ ਵਿਚ ਹੰਝੂ ਭਰ ਕੇ ਨਹੀਂ; ਸਰਬੱਤ੍ਰ ਉਨ੍ਹਾਂ ਨੇ ਇਕ ਸੰਤੁਲਨ ਬਣਾਈ ਰਖਿਆ ਹੈ।

ਸੰਤ ਕਬੀਰ ਜੀ ਧਰਮ ਅਤੇ ਸਮਾਜ ਦੀ ਤੰਗ ਹੱਦਬੰਦੀਆਂ ਅਤੇ ਰੂੜ੍ਹ ਰੀਤਾਂ ਨਾਲ ਸਮਝੌਤਾ ਨਹੀਂ ਕਰ ਸਕੇ। ਅਸਲ ਵਿਚ, ਉਹ ਸਮਝੌਤਾਵਾਦੀ ਨਹੀਂ ਸਨ। ਉਨ੍ਹਾਂ ਨੂੰ ਜੋ ਠੀਕ ਲਗਿਆ, ਆਪਣਾ ਲਿਆ। ਕਿਸੇ ਇਕ ਸਿੱਧਾਂਤ ਅਥਵਾ ਰੀਤ ਨਾਲ ਉਹ ਚਿਮਟੇ ਨਹੀਂ ਰਹੇ। ਉਨ੍ਹਾਂ ਨੂੰ ਉਹ ਸਭ ਕੁਝ ਪ੍ਰਵਾਨ ਸੀ ਜੋ ਮਨੁੱਖ ਲਈ ਕਲਿਆਣਕਾਰੀ ਸੀ ਅਤੇ ਭਗਤੀ -ਸਾਧਨਾ ਵਿਚ ਉਸ ਨੂੰ ਅਗੇ ਲੈ ਜਾ ਸਕਦਾ ਸੀ। ਪਰ ਉਨ੍ਹਾਂ ਨੂੰ ਉਹ ਸਭ ਕੁਝ ਅਪ੍ਰਵਾਨ ਸੀ ਜੋ ਆਤਮੀਅਤਾ ਤੋਂ ਸਖਣਾ, ਪਾਖੰਡਾਂ ਅਤੇ ਬਾਹਰਲੇ ਕਰਮ-ਕਾਂਡਾਂ ਨਾਲ ਯੁਕਤ ਆਚਾਰ ਸੀ। ਉਨ੍ਹਾਂ ਨੇ ਬਾਣੀ ਰਚੀ, ਪਰ ਕਵਿਤਾ ਕਰਨਾ ਉਨ੍ਹਾਂ ਦਾ ਕਿੱਤਾ ਨਹੀਂ ਸੀ। ਉਨ੍ਹਾਂ ਨੂੰ ਸਮਾਜ ਅਥਵਾ ਧਰਮ ਵਿਚ ਜਿਥੇ ਵੀ ਮਾੜਾ ਦਿਸਿਆ ਜਾਂ ਕਿਸੇ ਸਮਾਜਿਕ ਅਥਵਾ ਧਾਰਮਿਕ ਮੁਖੀਏ ਨੇ ਸਵਾਰਥ ਲਈ ਲੋਕਾਂ ਨੂੰ ਸਨਮਾਰਗ ਉਤੇ ਜਾਣ ਲਈ ਰੋਕਿਆ, ਉਹ ਪੂਰੀ ਸ਼ਕਤੀ ਨਾਲ ਉਸ ਉਤੇ ਵਰ੍ਹੇ। ਇਸ ਲਈ ਉਨ੍ਹਾਂ ਦੀ ਭਾਸ਼ਾ ਸ਼ੈਲੀ ਪਾਖੰਡ-ਖੰਡਨੀ ਹੋ ਗਈ। ਇਹੀ ਕਾਰਣ ਹੈ ਕਿ ਵੱਡੇ ਤੋਂ ਵੱਡੇ ਪੰਡਿਤ ਵੀ ਉਨ੍ਹਾਂ ਸਾਹਮਣੇ ਖੜੋ ਨਹੀਂ ਸਕਦੇ ਸਨ। ਸਚਮੁਚ ਭਗਤੀ-ਯੁਗ ਦੇ ਉਹ ਇਕ ਸਮਰਥ ਲੋਕ-ਨਾਇਕ ਸਨ।

*ਬਾਣੀ-ਰਚਨਾ :* ਸੰਤ ਕਬੀਰ ਜੀ ਦੀ ਰਚਨਾ ਦੇ ਮੁੱਖ ਤੌਰ 'ਤੇ ਦੋ ਸੰਕਲਨ ਹਨ। ਇਕ ਸੰਕਲਨ ਹੈ 'ਬੀਜਕ'। ਇਸ ਦੀ ਬਾਣੀ ਪ੍ਰਮਾਣਿਕ ਮੰਨੀ ਜਾਂਦੀ ਹੈ। ਰਵਾਇਤ ਹੈ ਕਿ ਇਸ ਦਾ ਸੰਕਲਨ ਧਰਮ ਦਾਸ ਨੇ ਕਬੀਰ ਜੀ ਦੇ ਜੀਉਂਦੇ ਜੀ ਸੰਨ 1464 ਈ. (1521 ਬਿ.) ਵਿਚ ਕੀਤਾ ਸੀ, ਪਰ ਇਸ ਤੱਥ ਬਾਰੇ ਵਿਵਾਦ ਹੈ। ਇਸ ਸੰਕਲਨ ਦੇ ਅਨੇਕ ਸੰਸਕਰਣ ਸੰਪਾਦਿਤ ਅਤੇ ਪ੍ਰਕਾਸ਼ਿਤ ਹੋ ਚੁਕੇ ਹਨ। ਕੁਝ ਸੰਸਕਰਣ ਸਾਹਿਤਿਕ ਵਿਦਵਾਨਾਂ ਦੁਆਰਾ ਵੀ ਕੀਤੇ ਗਏ ਹਨ, ਪਰ ਅਧਿਕਾਂਸ਼ ਕਬੀਰ-ਪੰਥੀਆਂ ਅਤੇ ਡੇਰੇਦਾਰਾਂ ਦੁਆਰਾ ਹੋਏ ਹਨ। ਕੁਝ ਕੁ ਨਾਂ-ਮਾਤ੍ਰ ਅੰਤਰ ਨਾਲ ਬੀਜਕ ਦੇ ਸਾਰੇ ਸੰਸਕਰਣਾਂ ਵਿਚ 84 ਰਮੈਨੀਆਂ, 115 ਸ਼ਬਦ, ਇਕ ਗਿਆਨ ਚੌਂਤੀਸੀ, ਇਕ ਵਿਪਰ-ਮਤੀਤੀ, ਇਕ ਕਹਿਰਾ, 12 ਬਸੰਤ, 2 ਚਾਂਚਰ, ਦੋ ਬੇਲਿ, ਇਕ ਬਿਰੁਹਲੀ, ਤਿੰਨ ਹਿੰਡੋਲਾ ਅਤੇ 353 ਸਾਖੀਆਂ ਸੰਕਲਿਤ ਹੋਈਆਂ ਹਨ। ਇਸ ਤਰ੍ਹਾਂ 'ਬੀਜਕ' ਦੀ ਕੁਲ ਛੰਦ-ਸੰਖਿਆ 619 ਹੈ। ਇਸੇ ਗ੍ਰੰਥ ਦੀ ਸਾਮਗ੍ਰੀ ਦੇ ਆਧਾਰ 'ਤੇ ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ ਅਤੇ ਅਨੇਕ ਹੋਰ ਵਿਦਵਾਨਾਂ (ਬਾਬੂ ਸ਼ਿਆਮ ਸੁੰਦਰ ਦਾਸ, ਡਾ. ਮਾਤਾ ਪ੍ਰਸਾਦ ਗੁਪਤ, ਡਾ. ਪਾਰਸ ਨਾਥ ਤਿਵਾਰੀ, ਡਾ. ਜਯਦੇਵ ਸਿੰਘ, ਡਾ. ਵਾਸੁਦੇਵ ਸਿੰਘ) ਨੇ 'ਕਬੀਰ ਗ੍ਰੰਥਾਵਲੀ' ਅਥਵਾ ਕਬੀਰ ਜੀ ਦੀ ਰਚਨਾ ਦੇ ਸੰਕਲਨ ਤਿਆਰ ਕੀਤੇ। ਪਰ ਸਚ ਤਾਂ ਇਹ ਹੈ ਕਿ ਜਦ ਤਕ ਇਸ ਸਾਰੀ ਬਾਣੀ ਦੀ ਵਿਗਿਆਨਿਕ ਢੰਗ ਨਾਲ ਸੰਪਾਦਨਾ ਨਹੀਂ ਹੁੰਦੀ, ਸੰਦੇਹ ਦੀਆਂ ਕਈਆਂ ਤੰਦਾਂ ਉਲਝੀਆਂ ਰਹਿ ਜਾਂਦੀਆਂ ਹਨ।

ਸੰਤ ਕਬੀਰ ਜੀ ਦੀ ਬਾਣੀ ਦਾ ਸਭ ਤੋਂ ਮਹੱਤਵ-ਪੂਰਣ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸ ਗ੍ਰੰਥ ਦੇ ਸੰਪਾਦਨ (ਸੰਨ 1604 ਈ.) ਤੋਂ ਹੁਣ ਤਕ ਆਪ ਦੀ ਬਾਣੀ ਹਰ ਪ੍ਰਕਾਰ ਦੇ ਰਲਿਆਂ ਤੋਂ ਮੁਕਤ ਚਲੀ ਆ ਰਹੀ ਹੈ। ਇਹ ਬਾਣੀ ਸੰਤ-ਕਵੀ ਦੇ ਦੇਹਾਂਤ ਤੋਂ ਲਗਭਗ ਇਕ ਸੌ ਵਰ੍ਹੇ ਦੇ ਅੰਤਰਾਲ ਉਪਰੰਤ ਸੰਕਲਿਤ ਕੀਤੀ ਗਈ ਸੀ ਅਤੇ ਇਸ ਨੂੰ ਕਾਫ਼ੀ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੁਆਰਾ ਇਕਤਰ ਕਰ ਲਿਆ ਗਿਆ ਹੋਵੇਗਾ। ਕਿਉਂਕਿ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਇਹ ਦਰਜ ਹੈ, ਇਸ ਲਈ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਣ ਤੋਂ ਪਹਿਲਾਂ ਵੀ ਇਸ ਦਾ ਸਰੂਪ ਸ਼ੁੱਧ ਹੀ ਰਿਹਾ ਹੋਵੇਗਾ। ਇਸ ਬਾਣੀ ਦਾ ਰਾਗ-ਕ੍ਰਮ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ :

(1) ਸਿਰੀ ਰਾਗ : ਸ਼ਬਦ - 2 = 2
(2) ਗਉੜੀ : ਸ਼ਬਦ-74 (1 ਅਸ਼ਟਪਦੀ ਸਹਿਤ), ਬਾਵਨ ਅਖਰੀ- 45, ਥਿਤੀ-16, ਵਾਰ-ਸਤ- 8 = 143
(3) ਆਸਾ : ਸ਼ਬਦ - 37 = 37
(4) ਗੂਜਰੀ : ਸ਼ਬਦ - 2 = 2
(5) ਸੋਰਠ : ਸ਼ਬਦ - 11 = 11

| | | |
|---|---|---|
| (6) | ਧਨਾਸਰੀ | : ਸ਼ਬਦ – 5 = 5 |
| (7) | ਤਿਲੰਗ | : ਸ਼ਬਦ – 1 = 1 |
| (8) | ਸੂਹੀ | : ਸ਼ਬਦ – 5 = 5 |
| (9) | ਬਿਲਾਵਲ | : ਸ਼ਬਦ–12 = 12 |
| (10) | ਗੌਂਡ | : ਸ਼ਬਦ–11 = 11 |
| (11) | ਰਾਮਕਲੀ | : ਸ਼ਬਦ – 12 = 12 |
| (12) | ਮਾਰੂ | : ਸ਼ਬਦ– 12 (10+2 ਨਾਮਦੇਵ ਅਤੇ ਜੈਦੇਵ ਦੇ ਪ੍ਰਕਰਣ ਵਿਚ) = 12 |
| (13) | ਕੇਦਾਰਾ | : ਸ਼ਬਦ – 6 = 6 |
| (14) | ਭੈਰਉ | : ਸ਼ਬਦ – 19 (17 ਚਉਪਦੇ + 2 ਅਸ਼ਟਪਦੀਆਂ) = 19 |
| (15) | ਬਸੰਤ | : ਸ਼ਬਦ – 8 = 8 |
| (16) | ਸਾਰੰਗ | : ਸ਼ਬਦ – 3 = 3 |
| (17) | ਪ੍ਰਭਾਤੀ | : ਸ਼ਬਦ – 5 = 5 |
| | ਕੁਲ | : 294 |
| | ਸ਼ਲੋਕ | : 238 |
| | ਕੁਲ ਜੋੜ | : 532 |

ਸੰਤ ਕਬੀਰ ਦੇ ਸ਼ਲੋਕਾਂ ਦੇ ਅੰਤ ਉਤੇ ਕੁਲ ਗਿਣਤੀ 243 ਦਿੱਤੀ ਗਈ ਹੈ, ਪਰ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਲੋਕ (ਅੰਕ 220) ਅਤੇ ਗੁਰੂ ਅਰਜਨ ਦੇਵ ਜੀ ਦੇ ਪੰਜ ਸ਼ਲੋਕ (ਕ੍ਰਮਾਂਕ 209-11, 214 ਅਤੇ 221) ਹਨ, ਜਿਨ੍ਹਾਂ ਨੂੰ ਇਸ ਗਿਣਤੀ ਵਿਚੋਂ ਕਢ ਦਿੱਤਾ ਹੈ। ਪਰ 'ਥਿਤੀ' ਬਾਣੀ ਵਿਚ ਆਇਆ ਇਕ ਸ਼ਲੋਕ ਇਥੇ ਵਧਾਇਆ ਗਿਆ ਹੈ। ਇਸ ਲਈ ਕਬੀਰ ਜੀ ਦੇ ਕੁਲ 238 ਸ਼ਲੋਕ ਹਨ। ਧਿਆਨ ਰਹੇ 'ਗੂਜਰੀ ਕੀ ਵਾਰ ਮ. ੩' ਨਾਲ ਇਕ ਸ਼ਲੋਕ, 'ਬਿਹਾਗੜਾ ਕੀ ਵਾਰ ਮ. ੪' ਨਾਲ ਇਕ ਸ਼ਲੋਕ ਅਤੇ 'ਰਾਮਕਲੀ ਕੀ ਵਾਰ ਮ. ੩' ਨਾਲ ਆਏ ਦੋ ਸ਼ਲੋਕ ਕਬੀਰ ਜੀ ਦੇ ਸ਼ਲੋਕ-ਪ੍ਰਕਰਣ ਵਿਚ ਕ੍ਰਮਵਾਰ ਅੰਕ 29, 33, 58 ਅਤੇ 65 ਉਤੇ ਆਏ ਹਨ। ਇਸ ਲਈ ਉਨ੍ਹਾਂ ਦੀ ਰਾਗਾਂ ਵਿਚ ਗਿਣਤੀ ਨਹੀਂ ਕੀਤੀ। ਆਪ ਦੀਆਂ ਸੁਤੰਤਰ ਬਾਣੀਆਂ ਤਿੰਨ ਹਨ—ਬਾਵਨ-ਅਖਰੀ, ਥਿਤੀ ਅਤੇ ਵਾਰ-ਸਤ। ਇਨ੍ਹਾਂ ਬਾਰੇ ਸੁਤੰਤਰ ਇੰਦਰਾਜ ਦਿੱਤੇ ਹਨ।

*ਵਿਚਾਰਧਾਰਾ :* ਕਬੀਰ ਜੀ ਦੀ ਸਮੁੱਚੀ ਬਾਣੀ ਦਾ ਅਧਿਐਨ ਕੀਤਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਇਕ ਗੰਭੀਰ ਅਧਿਆਤਮਿਕ ਸਾਧਕ ਸਨ। ਉਨ੍ਹਾਂ ਨੇ ਉਸ ਯੁਗ ਦੀਆਂ ਸਾਧਨਾ ਪ੍ਰਣਾਲੀਆਂ ਤੋਂ ਪ੍ਰਭਾਵ ਗ੍ਰਹਿਣ ਕੀਤਾ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ। ਆਪ ਪੁਰਾਤਨ ਭਾਰਤੀ ਚਿੰਤਨ ਅਤੇ ਮੱਧ-ਯੁਗ ਦੇ ਭਗਤੀ ਅੰਦੋਲਨ ਦੇ ਵਿਚਕਾਰ ਖੜੇ ਹਨ। ਉਹ ਇਕ ਪਾਸੇ ਪੁਰਾਤਨਤਾ ਦੀਆਂ ਰੂੜ੍ਹ ਪਰੰਪਰਾਵਾਂ ਅਤੇ ਮਾਨਤਾਵਾਂ ਦਾ ਨਿਸ਼ੇਧ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਵਿਚਲੇ ਨਰੋਏ ਤੱਤ੍ਵਾਂ ਦਾ ਭਾਵੀਕਰਣ ਕਰਕੇ ਯੁਗ ਦੇ ਬੋਧ ਅਤੇ ਲੋੜ ਅਨੁਸਾਰ ਨਵਾਂ ਰੂਪ ਦਿੰਦੇ ਹਨ। ਇਸ ਤੋਂ ਇਲਾਵਾ ਇਕ ਅਨੁਭਵੀ ਅਤੇ ਸੰਵੇਦਨਸ਼ੀਲ ਸਾਧਕ ਹੋਣ ਕਾਰਣ ਆਪ ਨੇ ਆਪਣੇ ਅਨੁਭਵ ਦੇ ਆਧਾਰ 'ਤੇ ਕਈ ਸਥਾਪਨਾਵਾਂ ਕੀਤੀਆਂ ਜੋ ਪਰਵਰਤੀ ਸੰਤਾਂ ਲਈ ਦਿਸ਼ਾ-ਸੰਕੇਤ ਬਣੀਆਂ। ਉਤਰ-ਭਾਰਤ ਦੀ ਭਗਤੀ-ਲਹਿਰ ਅਤੇ ਉਸ ਵਿਚਲੀ ਚਿੰਤਨ-ਧਾਰਾ ਨੂੰ ਸਮਝਣ ਲਈ ਕਬੀਰ-ਬਾਣੀ ਨੂੰ ਸਮਝਣਾ ਅਤਿ ਜ਼ਰੂਰੀ ਹੈ। ਨਿਰਗੁਣ ਕਾਵਿ-ਧਾਰਾ ਦਾ ਵਿਵਸਥਿਤ ਆਰੰਭ ਆਪ ਦੀ ਬਾਣੀ ਨਾਲ ਹੁੰਦਾ ਹੈ। ਬ੍ਰਹਮ, ਜੀਵ, ਜਗਤ ਅਤੇ ਮੁਕਤੀ ਸੰਬੰਧੀ ਆਪ ਨੇ ਬੜੇ ਸਪੱਸ਼ਟ ਅਤੇ ਆਧਾਰ-ਭੂਤ ਵਿਚਾਰ ਪ੍ਰਗਟ ਕੀਤੇ ਹਨ। ਭਗਤੀ ਭਾਵਨਾ ਦੇ ਵਿਕਾਸ ਲਈ ਆਪ ਨੇ ਗੁਰੂ ਦੀ ਕ੍ਰਿਪਾ, ਸਤਿਸੰਗਤ, ਨਾਮ ਸਿਮਰਨ, ਹਰਿ ਜਸ ਕੀਰਤਨ ਉਤੇ ਬਹੁਤ ਬਲ ਦਿੱਤਾ।

ਕਬੀਰ ਜੀ ਨੇ ਧਾਰਮਿਕ ਅਸਹਿਨਸ਼ੀਲਤਾ ਅਤੇ ਸਮਾਜਿਕ ਭੇਦ-ਭਾਵ ਦੇ ਮਨੁੱਖਤਾ ਉਤੇ ਪਏ ਮਾੜੇ ਪ੍ਰਭਾਵ ਨੂੰ ਬੜੇ ਨੇੜਿਓਂ ਵੇਖਿਆ ਸੀ ਅਤੇ ਖ਼ੁਦ ਵੀ ਇਸ ਦੇ ਸ਼ਿਕਾਰ ਹੋਏ ਸਨ। ਉਨ੍ਹਾਂ ਨੇ ਮਨੁੱਖਤਾ ਦੇ ਭਲੇ ਲਈ ਇਨ੍ਹਾਂ ਮਾਨਤਾਵਾਂ ਦਾ ਖੰਡਨ ਅਤੇ ਸਰਬਸਾਂਝੇ, ਵਰਣਾਸ਼੍ਰਮ ਦੇ ਬਖੇੜਿਆਂ ਤੋਂ ਮੁਕਤ ਅਜਿਹੇ ਸਮਾਜ ਦੀ ਕਲਪਨਾ ਕੀਤੀ ਜਿਸ ਵਿਚ ਸਭ ਸਮਾਨ ਹਨ, ਕਿਸੇ ਪ੍ਰਕਾਰ ਦੀ ਧਾਰਮਿਕ ਅਥਵਾ ਸਮਾਜਿਕ ਵਿਥ ਨਹੀਂ। ਇਸ ਲਈ ਕਬੀਰ ਜੀ ਨੂੰ ਮੱਧ-ਯੁਗ ਦਾ ਪ੍ਰਮੁਖ ਸਮਾਜ ਸੁਧਾਰਕ ਮੰਨਿਆ ਜਾਂਦਾ ਹੈ। ਆਪ ਨੇ ਬੜੀ ਦ੍ਰਿੜ੍ਹਤਾ ਨਾਲ ਰੂੜ੍ਹੀਵਾਦੀਆਂ ਦਾ ਖੰਡਨ ਕੀਤਾ ਅਤੇ ਉਨ੍ਹਾਂ ਨੂੰ ਸਹੀ ਮਾਰਗ ਤੋਂ ਥਾਂਝਿਆ ਦਸਿਆ— *ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ। ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ।* (ਗੁ.ਗ੍ਰੰ.654)।

ਚੰਗੇ ਸਮਾਜਿਕ ਪ੍ਰਾਣੀ ਬਣਨ ਲਈ ਕਬੀਰ ਜੀ ਨੇ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਮਾੜੇ ਕਰਮਾਂ ਨੂੰ ਛਡ ਦੇਵੇ, ਮਾਇਆਵੀ ਪ੍ਰਪੰਚ ਦੀਆਂ ਉਲਝਣਾਂ ਅਤੇ

ਵਾਸਨਾਵਾਂ ਦੇ ਜਾਲ ਤੋਂ ਬਚਿਆ ਰਹੇ। ਇਸ ਲਈ ਆਪ ਨੇ ਸਦਾਚਰਣ ਉਤੇ ਬਲ ਦਿੱਤਾ। ਸਦਾਚਰਣ ਆਧਾਰਿਤ ਸਮਾਜ ਅਤੇ ਧਰਮ ਕਬੀਰ ਨੂੰ ਪ੍ਰਵਾਨ ਹੈ। ਇਸ ਪ੍ਰਕਾਰ ਦੀਆਂ ਸਥਾਪਨਾਵਾਂ ਨਾਲ ਆਪ ਇਕ ਨਵੇਂ ਸਮਾਜ ਨੂੰ ਜਨਮ ਦੇ ਰਹੇ ਸਨ ਜੋ ਨਵੀਆਂ ਸੰਸਕ੍ਰਿਤਿਕ ਕੀਮਤਾਂ ਉਤੇ ਟਿਕਿਆ ਹੋਇਆ ਸੀ। ਇਹੀ ਕਾਰਣ ਹੈ ਕਿ ਕਬੀਰ ਦੇ ਜਨਮ ਵੇਲੇ ਜੋ ਸਮਾਜਿਕ ਅਨਾਚਾਰ ਅਤੇ ਧਾਰਮਿਕ ਪਾਖੰਡ ਪਸਰੇ ਹੋਏ ਸਨ, ਉਨ੍ਹਾਂ ਵਿਚ ਕਾਫ਼ੀ ਸੁਧਾਰ ਹੋਇਆ। ਖ਼ਾਸ ਕਰਕੇ ਪਛੜੀਆਂ ਹੋਈਆਂ ਜਾਤੀਆਂ ਨੂੰ ਸਿਰ ਚੁਕਣ ਦਾ ਅਵਸਰ ਮਿਲਿਆ। ਗਗਨ-ਚੁੰਬੀ ਮੰਦਿਰਾਂ ਤੋਂ ਨਿਕਲ ਕੇ ਭਗਤੀ ਝੁਗੀਆਂ ਝੌਂਪੜੀਆਂ ਵਿਚ ਆ ਬਿਰਾਜੀ। ਕਬੀਰ ਜੀ ਨੇ ਕੇਵਲ ਸਮਕਾਲੀ ਵਾਤਾਵਰਣ ਨੂੰ ਹੀ ਨਹੀਂ ਸੁਧਾਰਿਆ, ਸਗੋਂ ਪਰਵਰਤੀ ਜੀਵਨ-ਵਿਧੀ ਦੇ ਪ੍ਰਤਿਮਾਨ ਵੀ ਸਥਾਪਿਤ ਕੀਤੇ ਅਤੇ ਖੋਖਲੇ ਹੋ ਚੁਕੇ ਜਨ-ਜੀਵਨ ਨੂੰ ਆਸ਼ਾਵਾਂ ਨਾਲ ਭਰਪੂਰ ਕੀਤਾ। ਇਸ ਲਈ ਸੰਤ ਕਬੀਰ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਅਜ ਤਕ ਬਣੀ ਹੋਈ ਹੈ।

*ਸਾਹਿਤਿਕਤਾ :* ਕਬੀਰ ਜੀ ਨੇ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਜਨ-ਭਾਸ਼ਾ-ਸ਼ੈਲੀ ਦੀ ਵਰਤੋਂ ਕੀਤੀ ਸੀ, ਇਸ ਲਈ ਉਨ੍ਹਾਂ ਦੀ ਬਾਣੀ ਨੂੰ ਸਾਹਿਤਿਕ ਮਾਪ-ਦੰਡਾਂ ਉਤੇ ਨਹੀਂ ਪਰਖਿਆ ਜਾ ਸਕਦਾ। ਉਨ੍ਹਾਂ ਦਾ ਆਪਣਾ ਹੀ ਕਾਵਿ-ਸ਼ਾਸਤ੍ਰ ਹੈ ਅਤੇ ਆਪਣਾ ਹੀ ਅੰਦਾਜ਼ ਹੈ। ਸ਼ਲੋਕਾਂ ਲਈ ਆਪ ਜੀ ਨੇ ਦੋਹਰਾ ਰੂਪਾਕਾਰਕ ਵਿਧੀ ਨੂੰ ਵਰਤਿਆ ਹੈ। ਇਨ੍ਹਾਂ ਨੂੰ ਹਿੰਦੀ ਵਾਲੇ 'ਸਾਖੀ' ਕਹਿੰਦੇ ਹਨ। ਆਪ ਨੇ ਦੂਜਾ ਕਾਵਿਗਤ ਛੰਦ-ਰੂਪ 'ਸ਼ਬਦ' ਵਰਤਿਆ ਹੈ। ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਚਉਪਦਿਆਂ ਅਤੇ ਅਸ਼ਟਪਦੀਆਂ ਅਧੀਨ ਰਖਿਆ ਗਿਆ ਹੈ। ਆਪ ਨੇ ਨਾਥ ਜੋਗੀਆਂ ਦੁਆਰਾ ਵਰਤਿਆ 'ਉਲਟਬਾਂਸੀ' (ਵੇਖੋ) ਰੂਪਕਾਰ ਵੀ ਅਪਣਾਇਆ ਹੈ। ਆਪ ਦੀ ਬਾਣੀ ਵਿਚ ਵਿਅੰਗਾਂ ਅਤੇ ਪ੍ਰਤੀਕਾਂ ਦੀ ਪ੍ਰਧਾਨਤਾ ਹੈ। ਆਪ ਨੇ ਜਨ-ਜੀਵਨ ਵਿਚੋਂ ਬਿੰਬ ਲੈ ਕੇ ਬਾਣੀ ਨੂੰ ਜਨ-ਸਾਧਾਰਣ ਦੇ ਸਮਝਣ ਲਈ ਢੁਕਵਾਂ ਬਣਾਇਆ ਹੈ। ਆਪ ਦੀ ਬਾਣੀ ਇਕ ਪ੍ਰਕਾਰ ਦਾ ਧਾਰਮਿਕ ਅਤੇ ਸਭਿਆਚਾਰਿਕ ਸੰਵਾਦ ਹੈ। ਇਸ ਸੰਵਾਦ ਕਾਰਣ ਆਪ ਦੀ ਭਾਸ਼ਾ ਦੀ ਮੁੱਖ ਨੁਹਾਰ ਸੰਚਾਰਾਤਮਕ ਹੋ ਗਈ ਹੈ। ਫਲਸਰੂਪ ਉਹ ਇਕ ਇਲਾਕੇ ਦੀ ਨ ਹੋ ਕੇ ਸਾਰੇ ਉਤਰੀ ਭਾਰਤ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਨੂੰ ਅਸੀਂ ਸਧੁੱਕੜੀ ਭਾਸ਼ਾ ਵੀ ਕਹਿ ਸਕਦੇ ਹਾਂ।

ਸਮੁੱਚੇ ਤੌਰ 'ਤੇ ਸੰਤ ਕਬੀਰ ਮੱਧ-ਯੁਗ ਦੇ ਇਕ ਸਸ਼ਕਤ ਧਰਮ ਸਾਧਕ ਸਨ। ਆਪ ਦੀ ਭਾਰਤੀ ਜਨਤਾ ਨੂੰ ਵਿਸ਼ੇਸ਼ ਦੇਣ ਹੈ ਚੇਤਨਾ-ਪ੍ਰਵਾਹ, ਜਿਸ ਕਰਕੇ ਉਤਰੀ ਭਾਰਤ ਵਿਚ ਭਗਤੀ ਲਹਿਰ ਦਾ ਸੁਚਾਰੂ ਵਿਕਾਸ ਹੋਇਆ।

**ਕਬੀਰ ਪੰਥੀ** : ਸੰਤ ਕਬੀਰ ਜੀ ਦੇ ਸਾਧਨਾ-ਮਾਰਗ ਨੂੰ ਅਪਣਾਉਣ ਵਾਲਿਆਂ ਨੂੰ ਆਮ ਤੌਰ 'ਤੇ 'ਕਬੀਰ-ਪੰਥੀ' ਕਿਹਾ ਜਾਂਦਾ ਹੈ। ਇਹ ਸਹੀ ਹੈ ਕਿ ਕਬੀਰ ਜੀ ਨੇ ਆਪਣੇ ਜੀਵਨ-ਕਾਲ ਵਿਚ ਕਿਸੇ ਪੰਥ ਜਾਂ ਸੰਪ੍ਰਦਾਇ ਦੀ ਸਥਾਪਨਾ ਨਹੀਂ ਕੀਤੀ ਸੀ, ਪਰ ਇਸ ਗੱਲ ਦੇ ਪ੍ਰਮਾਣ ਜ਼ਰੂਰ ਮਿਲਦੇ ਹਨ ਕਿ ਉਨ੍ਹਾਂ ਨੇ ਆਪਣੇ ਮਤ ਦੇ ਪ੍ਰਚਾਰ ਲਈ ਚੌਹਾਂ ਦਿਸ਼ਾਵਾਂ ਵਿਚ ਆਪਣੇ ਪ੍ਰਮੁਖ ਅਤੇ ਵਿਸ਼ਵਸਤ ਚਾਰ ਸੇਵਕਾਂ ਨੂੰ ਭੇਜਿਆ ਸੀ। ਇਨ੍ਹਾਂ ਚੌਹਾਂ ਦੇ ਨਾਂ ਹਨ— ਚਤ੍ਰਭੁਜ, ਵਕੇਜੀ, ਸਹਨੇਜੀ ਅਤੇ ਧਰਮਦਾਸ। ਇਨ੍ਹਾਂ ਵਿਚੋਂ ਪਹਿਲਿਆਂ ਤਿੰਨਾਂ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਉਪਲਬਧ ਨਹੀਂ ਹੈ। ਹਾਂ, ਧਰਮਦਾਸ ਨੇ ਮੱਧ ਪ੍ਰਦੇਸ਼ ਵਿਚ ਕਬੀਰ ਪੰਥ ਦਾ ਨਿਠ ਕੇ ਪ੍ਰਚਾਰ ਕੀਤਾ ਅਤੇ ਸ਼ੁਰੂ ਵਿਚ ਛੱਤੀਸਗੜ੍ਹ ਨੂੰ ਕੇਂਦਰ ਬਣਾਇਆ ਹੈ।

ਕਬੀਰ-ਪੰਥ ਦੇ ਗ੍ਰੰਥਾਂ ਵਿਚ ਕਬੀਰ ਜੀ ਦੇ ਨਾਂ 'ਤੇ ਪ੍ਰਚਲਿਤ 12 ਪੰਥਾਂ ਜਾਂ ਸੰਪ੍ਰਦਾਵਾਂ ਦਾ ਉਲੇਖ ਵੀ ਮਿਲਦਾ ਹੈ, ਪਰ ਸਚ ਇਹ ਹੈ ਕਿ ਕਬੀਰ ਜੀ ਨੇ ਕਿਸੇ ਵੀ ਪੰਥ ਦੀ ਸਥਾਪਨਾ ਨਹੀਂ ਕੀਤੀ ਸੀ। ਬਾਦ ਵਿਚ ਉਨ੍ਹਾਂ ਦੇ ਚੇਲਿਆਂ ਨੇ ਹੀ ਅਜਿਹੇ ਸੰਪ੍ਰਦਾਇ ਚਲਾਏ ਹਨ। ਇਨ੍ਹਾਂ ਸੰਪ੍ਰਦਾਵਾਂ ਦਾ ਉਲੇਖ ਅਠਾਰ੍ਹਵੀਂ ਸਦੀ ਵਿਚ ਰਚੇ ਗਏ 'ਅਨੁਰਾਗ-ਸਾਗਰ' ਗ੍ਰੰਥ ਵਿਚ ਮਿਲਦਾ ਹੈ, ਜਿਸ ਦੀ ਪ੍ਰਮਾਣਿਕਤਾ ਸੰਦਿਗਧ ਹੈ। ਫਿਰ ਵੀ ਕਬੀਰ-ਪੰਥ ਦੀਆਂ ਤਿੰਨ ਸ਼ਾਖਾਵਾਂ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ। ਇਕ ਹੈ ਕਾਸ਼ੀ ਸ਼ਾਖਾ ਜਿਸ ਦਾ ਸੰਸਥਾਪਕ ਸੁਰਤ ਗੋਪਾਲ ਦਸਿਆ ਜਾਂਦਾ ਹੈ। ਇਸ ਸ਼ਾਖਾ ਦੇ ਕਬੀਰ-ਚੌਰਾ ਮਠ ਦੇ ਅੰਤਰਗਤ ਲਹਿਰ ਤਾਰਾ ਦੇ ਮਠ ਅਤੇ ਮਗਹਰ ਦੇ ਮਠ ਵੀ ਸ਼ਾਮਲ ਹਨ। ਇਸ ਮਠ ਦੇ ਅਧੀਨ ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਵਾਲੇ ਮਠ ਅਤੇ ਉੜੀਸਾ ਦੇ ਪੁਰੀ ਵਾਲੇ ਮਠ ਵੀ ਆਉਂਦੇ ਹਨ। ਕਬੀਰ-ਪੰਥ ਦੀ ਦੂਜੀ ਸ਼ਾਖਾ ਹੈ 'ਛੱਤੀਸਗੜ੍ਹੀ ਸ਼ਾਖਾ'। ਇਸ ਨੂੰ 'ਧਰਮਦਾਸੀ ਸ਼ਾਖਾ' ਵੀ ਕਿਹਾ ਜਾਂਦਾ ਹੈ। ਇਸ ਨੂੰ ਧਰਮ ਦਾਸ ਨੇ

ਚਲਾਇਆ ਸੀ ਅਤੇ ਇਸ ਦਾ ਕੇਂਦਰੀ ਸਥਾਨ ਧਾਮ-ਖੇੜਾ ਹੈ। ਤੀਜੀ ਸ਼ਾਖਾ 'ਧਨੌਤੀ ਸਾਖਾ' ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਦਾ ਮੋਢੀ ਭਗਵਾਨ ਗੋਸਾਈ ਮੰਨਿਆ ਜਾਂਦਾ ਹੈ। ਇਸ ਦਾ ਇਕ ਨਾਮਾਂਤਰ 'ਭਗਤਾਹੀ ਸ਼ਾਖਾ' ਵੀ ਪ੍ਰਚਲਿਤ ਹੈ। ਇਸ ਦਾ ਪ੍ਰਮੁਖ ਕੇਂਦਰ ਪਹਿਲਾਂ ਬਿਹਾਰ ਦੇ ਦਾਨਾਪੁਰ ਵਿਚ ਸੀ, ਪਰ ਬਾਦ ਵਿਚ ਧਨੌਤੀ ਲੈ ਜਾਇਆ ਗਿਆ। ਕਹਿੰਦੇ ਹਨ ਇਸ ਸ਼ਾਖਾ ਦਾ ਪ੍ਰਵਰਤਕ ਆਮ ਤੌਰ 'ਤੇ ਕਬੀਰ ਜੀ ਦੇ ਨਾਲ ਹੀ ਰਹਿੰਦਾ ਸੀ ਅਤੇ ਸਮੇਂ ਸਮੇਂ ਉਨ੍ਹਾਂ ਦੁਆਰਾ ਉਚਰੀ ਬਾਣੀ ਨੂੰ ਇਕੱਠਾ ਕਰਦਾ ਜਾਂਦਾ ਸੀ, ਜਿਸ ਨੂੰ ਬਾਦ ਵਿਚ 'ਕਬੀਰ ਬੀਜਕ' ਦੇ ਰੂਪ ਵਿਚ ਸੰਕਲਿਤ ਕੀਤੀ ਗਈ।

ਉਪਰੋਕਤ ਤਿੰਨਾਂ ਸ਼ਾਖਾਵਾਂ ਦੀਆਂ ਅਗੋ ਕਈ ਹੋਰ ਉਪ-ਸ਼ਾਖਾਵਾਂ ਬਣ ਗਈਆਂ। ਸੰਪ੍ਰਦਾਇਕ ਰੁਚੀਆਂ ਅਧੀਨ ਇਨ੍ਹਾਂ ਸ਼ਾਖਾਵਾਂ ਵਾਲਿਆਂ ਨੇ ਸੰਤ ਕਬੀਰ ਜੀ ਦੇ ਸਿੱਧਾਂਤਾਂ ਦੀ ਆਪਣੇ ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ। ਵਿਆਖਿਆ ਦੀ ਦੌੜ ਵਿਚ ਕਈ ਗੱਲਾਂ ਕਬੀਰ-ਸਿੱਧਾਂਤਾਂ ਦੇ ਵਿਰੋਧੀ ਵੀ ਹੋ ਗਈਆਂ ਹਨ। ਇਸ ਤਰ੍ਹਾਂ ਸੰਤ ਕਬੀਰ ਦੇ ਮੂਲ ਸਿੱਧਾਂਤਾਂ ਤੋਂ ਕਬੀਰ-ਪੰਥੀ ਹਟ ਗਏ ਹਨ ਅਤੇ ਨਿਰਗੁਣ ਭਾਵਨਾ ਨੂੰ ਸਗੁਣ ਇਸ਼ਟ-ਬੁੱਧੀ ਵਿਚ ਬਦਲ ਦਿੱਤਾ ਹੈ।

**ਕਮਾਲਪੁਰ** (ਪਿੰਡ): ਇਸ ਨਾਂ ਦੇ ਦੋ ਪਿੰਡਾਂ ਦਾ ਸੰਬੰਧ ਸਿੱਖ ਇਤਿਹਾਸ ਨਾਲ ਹੈ। ਇਕ ਪਿੰਡ ਜ਼ਿਲ੍ਹਾ ਪਟਿਆਲਾ ਦੇ ਸਮਾਣਾ ਨਗਰ ਤੋਂ ਲਗਭਗ 20 ਕਿ.ਮੀ. ਦੱਖਣ-ਪੱਛਮ ਵਲ ਸਥਿਤ ਹੈ। ਇਸ ਪਿੰਡ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਨੇ ਚਰਣ ਪਾਏ ਸਨ। ਪਿੰਡ ਦੇ ਉਤਰ ਵਿਚ ਜਿਸ ਥੇਹ ਉਤੇ ਗੁਰੂ ਨਾਨਕ ਦੇਵ ਜੀ ਬੈਠੇ ਸਨ ਉਥੇ ਹੋਣ ਛੋਟਾ ਜਿਹਾ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਦੂਜਾ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਵੀ ਪਿੰਡ ਦੇ ਉਤਰ ਵਲ ਇਕ ਹਵੇਲੀ ਵਿਚ ਬਣਿਆ ਹੋਇਆ ਹੈ। ਇਸ ਦੀ ਇਮਾਰਤ ਪਹਿਲਾਂ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਬਣਵਾਈ ਸੀ। ਸੰਨ 1969 ਈ. ਵਿਚ ਇਸ ਇਮਾਰਤ ਨੂੰ ਵਧਾਇਆ ਅਤੇ ਸਜਾਇਆ ਗਿਆ ਹੈ। ਇਥੇ ਹਰ ਮਸਿਆ ਉਤੇ ਕਾਫ਼ੀ ਸੰਗਤ ਜੁੜਦੀ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਹੈ।

ਦੂਜਾ ਪਿੰਡ ਜ਼ਿਲ੍ਹਾ ਲੁਧਿਆਣਾ ਦੇ ਜਗਰਾਉਂ ਨਗਰ ਤੋਂ 10 ਕਿ.ਮੀ. ਦੀ ਵਿਥ ਉਤੇ ਦੱਖਣ-ਪੂਰਬ ਦਿਸ਼ਾ ਵਿਚ ਸਥਿਤ ਹੈ। ਆਨੰਦਪੁਰ ਨੂੰ ਤਿਆਗਣ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਹੇਹਰਾਂ ਕਸਬੇ ਤੋਂ ਇਥੇ ਆਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਪਹਿਲਾਂ ਛੋਟਾ ਜਿਹਾ ਮੰਜੀ ਸਾਹਿਬ ਗੁਰਦੁਆਰਾ ਬਣਿਆ ਹੋਇਆ ਸੀ ਜਿਸ ਨੂੰ ਡਿਗਵਾ ਕੇ ਹੁਣ ਨਵੀਂ ਇਮਾਰਤ ਬਣਵਾਈ ਗਈ ਹੈ। ਇਸ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਾਹਿਬ' ਹੈ ਅਤੇ ਇਹ ਪਿੰਡ ਦੇ ਪੂਰਬ ਵਿਚ ਲਗਭਗ ਇਕ ਕਿ.ਮੀ. ਉਤੇ ਸਥਿਤ ਹੈ। ਇਸ ਦੀ ਵਿਵਸਥਾ ਸਥਾਨਕ ਕਮੇਟੀ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿਚ ਹੁੰਦੀ ਹੈ।

**ਕਰਹਲੇ** (ਬਾਣੀ): ਗਉੜੀ ਰਾਗ ਵਿਚ 'ਕਰਹਲੇ' ਉਪ-ਸਿਰਲੇਖ ਅਧੀਨ ਗੁਰੂ ਰਾਮਦਾਸ ਜੀ ਨੇ ਦੋ ਅਸ਼ਟਪਦੀਆਂ ਦੀ ਰਚਨਾ ਕੀਤੀ ਹੈ। ਸਿੰਧੀ ਭਾਸ਼ਾ ਦੇ ਸ਼ਬਦ 'ਕਰਹਲੇ' ਤੋਂ ਭਾਵ ਹੈ 'ਊਠ'। ਬੇਮੁਹਾਰੇ ਊਠ ਦਾ ਜੰਗਲ ਜਾਂ ਮਾਰੂਥਲ ਵਿਚ ਭਟਕਿਆ ਫਿਰਨਾ ਲੋਕ-ਪ੍ਰਸਿੱਧ ਹੈ। ਇਥੇ ਗੁਰੂ ਜੀ ਨੇ ਬੇਮੁਹਾਰੇ ਊਠ ਦੇ ਪ੍ਰਤੀਕ ਦੁਆਰਾ ਬੇਮੁਹਾਰੇ ਮਨੁੱਖ (ਮਨਮੁਖ) ਦੀ ਸਥਿਤੀ ਸਪੱਸ਼ਟ ਕੀਤੀ ਹੈ। ਹਉਮੈ ਕਰਕੇ ਮਨੁੱਖ ਸੰਸਾਰਿਕ ਮੋਹ-ਮਾਇਆ ਵਿਚ ਫਸਿਆ ਹੋਇਆ ਦਰ ਦਰ ਠੋਕਰਾਂ ਖਾਂਦਾ ਹੈ। ਜਦੋਂ ਗੁਰੂ ਦੇ ਮੇਲ ਨਾਲ ਉਸ ਨੂੰ ਸੋਝੀ ਆਉਂਦੀ ਹੈ ਤਾਂ ਪ੍ਰਭੂ ਦੀ ਦਰਗਾਹ ਵਿਚ ਪ੍ਰਤਿਸ਼ਠਾ ਪ੍ਰਾਪਤ ਹੁੰਦੀ ਹੈ। ਗੁਰੂ-ਸ਼ਬਦ ਅਤੇ ਹਰਿ-ਨਾਮ ਦਾ ਸਿਮਰਨ ਹੀ ਮਨੁੱਖ ਦੇ ਪਾਰ-ਉਤਾਰੇ ਵਿਚ ਸਹਾਇਕ ਹੁੰਦੇ ਹਨ— *ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ। ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ।* (ਗੁ.ਗ੍ਰੰ.234)।

**ਕਰਹਾ ਸਾਹਿਬ** (ਪਿੰਡ): ਹਰਿਆਣਾ ਪ੍ਰਦੇਸ਼ ਦੇ ਕੁਰੁਕ੍ਸ਼ੇਤ੍ਰ ਜ਼ਿਲ੍ਹੇ ਦਾ ਇਕ ਪਿੰਡ ਜੋ ਪਹੋਵਾ ਤੋਂ 11 ਕਿ.ਮੀ. ਪੱਛਮ ਵਲ ਹੈ। ਇਸ ਪਿੰਡ ਨੂੰ ਚਾਰ ਗੁਰੂ ਸਾਹਿਬਾਨ ਦੇ ਚਰਣਾਂ ਦੀ ਛੋਹ ਪ੍ਰਾਪਤ ਹੋਈ ਸੀ। ਸਭ ਤੋਂ ਪਹਿਲਾਂ ਪੂਰਬ ਦੀ ਉਦਾਸੀ ਵੇਲੇ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ। ਇਥੋਂ ਦੇ ਕਾਲੂ ਚੌਧਰੀ ਨੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਬਾਉਲੀ ਦਾ ਨਿਰਮਾਣ ਕਰਵਾਇਆ ਸੀ।

ਗੁਰੂ ਨਾਨਕ ਦੇਵ ਜੀ ਤੋਂ ਬਾਦ ਗੁਰੂ ਹਰਿਗੋਬਿੰਦ

ਜੀ ਵੀ ਇਥੇ ਆਏ ਸਨ। ਮਾਲਵਾ ਖੇਤਰ ਦੇ ਪ੍ਰਚਾਰ-ਯਾਨ ਵੇਲੇ ਗੁਰੂ ਤੇਗ ਬਹਾਦਰ ਜੀ ਕੁਝ ਸਮੇਂ ਲਈ ਇਥੇ ਰੁਕੇ ਸਨ ਅਤੇ ਜਿਗਿਆਸੂਆਂ ਨੂੰ ਧਰਮ-ਉਪਦੇਸ਼ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸੰਨ 1702 ਈ. ਵਿਚ ਇਥੇ ਆ ਕੇ ਪਹਿਲੇ ਗੁਰੂ ਸਾਹਿਬਾਨ ਦੀ ਆਮਦ ਵਜੋਂ ਸਿਰਜੇ ਸਮਾਰਕਾਂ ਦਾ ਦਰਸ਼ਨ ਕੀਤਾ ਸੀ। ਕੈਥਲ ਨਰੇਸ਼ ਭਾਈ ਉਦੈ ਸਿੰਘ ਨੇ ਤਿੰਨ ਗੁਰੂ-ਸਾਹਿਬਾਨ ਦੇ ਸਮਾਰਕ ਇਕੋ ਇਹਾਤੇ ਵਿਚ ਬਣਵਾਏ ਸਨ ਅਤੇ ਆਮ ਤੌਰ 'ਤੇ 'ਤ੍ਰਿਵੇਣੀ ਸਾਹਿਬ' ਗੁਰੂ-ਧਾਮ ਦੇ ਨਾਂ ਨਾਲ ਯਾਦ ਕੀਤੇ ਜਾਂਦੇ ਸਨ। ਸੰਨ 1970 ਈ. ਤੋਂ ਸੰਤ ਜੀਵਨ ਸਿੰਘ ਪਹੋਵਾ ਵਾਲੇ ਨੇ ਤਿੰਨਾਂ ਗੁਰੂ ਸਾਹਿਬਾਂ ਦੀ ਯਾਦ ਵਿਚ ਨਵੀਆਂ ਇਮਾਰਤਾਂ ਬਣਵਾਈਆਂ ਹਨ। ਭਾਵੇਂ ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹਨ, ਪਰ ਅਜ ਕਲ ਸੰਤ ਜੀਵਨ ਸਿੰਘ ਸੇਵਾ-ਵਾਲਿਆਂ ਦੇ ਸੇਵਕ ਵਿਵਸਥਾ ਕਰ ਰਹੇ ਹਨ।

**ਕਰਹਾਲੀ** (ਪਿੰਡ): ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦਾ ਇਕ ਪਿੰਡ ਜੋ ਸਮਾਣਾ ਦੇ ਨੇੜੇ ਹੈ। ਇਸ ਪਿੰਡ ਵਿਚ ਮਾਲਵਾ ਖੇਤਰ ਦੀ ਪ੍ਰਚਾਰ-ਯਾਤ੍ਰਾ ਵੇਲੇ ਨੌਵੇਂ ਗੁਰੂ ਤੇਗ ਬਹਾਦਰ ਜੀ ਕੁਝ ਸਮੇਂ ਲਈ ਠਹਿਰੇ ਸਨ। ਉਨ੍ਹਾਂ ਦੀ ਯਾਦ ਵਿਚ ਜੋ ਸਮਾਰਕ ਬਣਵਾਇਆ ਗਿਆ ਸੀ ਉਹ 'ਗੁਰਦੁਆਰਾ ਕਰਹਾਲੀ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਗੁਰਦੁਆਰੇ ਨੂੰ ਨਵਾਂ ਸਰੂਪ ਦੇਣ ਦਾ ਸ਼ਲਾਘਾਯੋਗ ਉਦਮ ਕੀਤਾ। ਦੇਸ਼-ਵੰਡ ਤੋਂ ਬਾਦ ਗੁਰਦੁਆਰੇ ਦੀ ਇਮਾਰਤ ਨੂੰ ਵੱਡਾ ਕੀਤਾ ਗਿਆ ਅਤੇ ਰਿਹਾਇਸ਼ੀ ਕਮਰੇ ਅਤੇ ਗੁਰੂ ਕਾ ਲੰਗਰ ਲਈ ਹਾਲ ਵੀ ਬਣਵਾਇਆ ਗਿਆ। ਯਾਤ੍ਰੀਆਂ ਦੇ ਇਸ਼ਨਾਨ ਲਈ ਇਕ ਛੋਟਾ ਜਿਹਾ ਸਰੋਵਰ ਵੀ ਨਿਰਮਤ ਹੋ ਚੁਕਿਆ ਹੈ। ਕਹਿੰਦੇ ਹਨ ਕਿ ਕੁਰੁਕ੍ਸ਼ੇਤ੍ਰ ਨੂੰ ਜਾਂਦਿਆਂ ਗੁਰੂ ਹਰਿਗੋਬਿੰਦ ਜੀ ਵੀ ਇਸੇ ਸਥਾਨ ਉਤੇ ਬਿਰਾਜੇ ਸਨ। ਇਸ ਗੁਰੂ-ਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿਚ ਸਥਾਨਕ ਕਮੇਟੀ ਚਲਾ ਰਹੀ ਹੈ। ਹਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ ਨੂੰ ਇਥੇ ਖ਼ੂਬ ਸੰਗਤ ਜੁੜਦੀ ਹੈ।

**ਕਰਖੇ ਪਾਤਿਸ਼ਾਹ ਦਸਵੇਂ ਕੇ** (ਕਾਵਿ): 'ਕਰਖਾ' ਇਕ ਮਾਤ੍ਰਿਕ ਛੰਦ ਹੈ ਜਿਸ ਵਿਚ ਆਮ ਤੌਰ 'ਤੇ ਯੁੱਧ ਅਤੇ ਵੀਰ-ਰਸ ਦਾ ਵਰਣਨ ਹੁੰਦਾ ਹੈ। 'ਦਸਮ ਗ੍ਰੰਥ' ਵਿਚ ਸੰਕਲਿਤ 'ਚੰਡੀ ਚਰਿਤ੍ਰ-2' ਵਿਚ ਇਸ ਦੀ ਵਰਤੋਂ ਹੋਈ ਮਿਲਦੀ ਹੈ। ਇਸ ਦਾ ਲੱਛਣ ਇਸ ਪ੍ਰਕਾਰ ਹੈ— ਚਾਰ ਚਰਣ, ਪ੍ਰਤਿ ਚਰਣ 37 ਮਾਤ੍ਰਾਵਾਂ, ਅੱਠ, ਬਾਰ੍ਹਾਂ, ਅੱਠ ਅਤੇ ਨੌਂ ਉਤੇ ਬਿਸਰਾਮ ਅਤੇ ਅੰਤ ਯਗਣ (1SS)।

'ਕਰਖੇ ਪਾਤਿਸ਼ਾਹ ਦਸਵੇਂ ਕੇ' ਨਾਂ ਦੀ ਰਚਨਾ ਵਿਚ ਕਵੀ ਸੈਨ ਦੇ ਲਿਖੇ ਕੇਵਲ ਦੋ ਕਰਖੇ ਸ਼ਾਮਲ ਹਨ। ਇਨ੍ਹਾਂ ਵਿਚੋਂ ਪਹਿਲੇ ਵਿਚ ਭੰਗਾਣੀ ਦੇ ਯੁੱਧ ਦਾ ਵਰਣਨ ਹੈ ਅਤੇ ਦੂਜੇ ਵਿਚ ਫਤਹਿਗੜ੍ਹ (ਆਨੰਦਪੁਰ) ਦੇ ਯੁੱਧ ਦਾ ਸੰਖਿਪਤ ਬ੍ਰਿੱਤਾਂਤ ਲਿਖਿਆ ਹੋਇਆ ਹੈ। ਦੂਜੇ ਕਰਖੇ ਤੋਂ ਬਾਦ ਇਕ ਸਲੋਕ ਵੀ ਹੈ ਅਤੇ ਫਿਰ ਦੋ ਬੰਦਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬਰਛੇ ਦੀ ਮਹਿਮਾ ਗਾਈ ਗਈ ਹੈ। ਬ੍ਰਜ ਭਾਸ਼ਾ ਵਿਚ ਲਿਖੀ ਇਸ ਰਚਨਾ ਦੇ ਕਵੀ ਦਾ ਭਾਵੇਂ ਪੂਰਾ ਪਰਿਚਯ ਉਪਲਬਧ ਨਹੀਂ, ਪਰ ਵਿਦਵਾਨਾਂ ਨੇ ਇਸ ਦੇ ਕਰਤ੍ਰਿਤਵ ਦਾ ਸੰਬੰਧ 'ਸ੍ਰੀ ਗੁਰਸੋਭਾ' ਦੇ ਰਚੈਤਾ ਸੈਨਾਪਤਿ ਨਾਲ ਜੋੜਨ ਦਾ ਯਤਨ ਕੀਤਾ ਹੈ।

**ਕਰਤਾ-ਪੁਰਖ** : ਇਹ ਸ਼ਬਦ ਮੂਲ ਮੰਤ੍ਰ ਵਿਚ ਪਰਮ-ਸੱਤਾ ਲਈ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੀ ਸਿਰਜਨਾ ਕਰਨ ਵਾਲਾ 'ਕਰਤਾ-ਪੁਰਖ' ਰੂਪ ਹੈ। ਉਸ ਨੂੰ ਆਦਿ-ਪੁਰਖ, ਸੱਚਾ ਸਾਹਿਬ ਅਤੇ ਅਪਰੰਪਾਰ ਵੀ ਕਿਹਾ ਗਿਆ ਹੈ— *ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ। ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ।*(ਗੁ.ਗ੍ਰੰ.437)। ਉਸ ਨੂੰ 'ਸਤ-ਪੁਰਖ' ਵੀ ਆਖਿਆ ਗਿਆ ਹੈ— *ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ।*

ਪਰਮ-ਤੱਤ੍ਵ ਦੀ ਪੁਰਸ਼ ਰੂਪ ਵਿਚ ਕਲਪਨਾ ਸਭ ਤੋਂ ਪਹਿਲਾਂ 'ਰਿਗ ਵੇਦ' (10/90/1-3) ਵਿਚ ਹੋਈ ਹੈ, ਜਿਥੇ ਸੰਪੂਰਣ ਜਗਤ ਨੂੰ ਇਕ ਪੁਰਸ਼ ਦੇ ਰੂਪ ਵਿਚ ਚਿਤਰਿਆ ਗਿਆ ਹੈ। ਉਥੇ ਹਜ਼ਾਰਾਂ ਮਸਤਕਾਂ, ਹਜ਼ਾਰਾਂ ਨੇਤਰਾਂ, ਹਜ਼ਾਰਾਂ ਪੈਰਾਂ ਵਾਲੇ ਪੁਰਸ਼ ਸਾਰੀ ਸ੍ਰਿਸ਼ਟੀ ਨੂੰ ਲਪੇਟਣ ਵਾਲਾ ਅਤੇ ਇਸ ਤੋਂ ਦਸ ਅੰਗੁਲ ਪਰੇ ਵੀ ਹੈ। ਜੋ ਕੁਝ ਵਰਤਮਾਨ ਹੈ, ਜੋ ਕੁਝ ਹੋਇਆ ਹੈ ਅਤੇ ਜੋ ਕੁਝ ਹੋਵੇਗਾ, ਉਹ ਸਭ ਪੁਰਸ਼ ਹੀ ਹੈ। ਉਹ ਅਮਰਤਾ ਦਾ ਸੁਆਮੀ, ਅੰਨ ਤੋਂ ਪਲਣ ਵਾਲੇ ਸਾਰੇ ਜੀਵਾਂ ਵਿਚ ਵਿਆਪਤ ਹੈ। ਉਸ ਦੀ ਮਹਿਮਾ ਤੋਂ ਵੱਡਾ ਉਹੀ

ਪੁਰਸ਼ ਹੈ। ਸਾਰਾ ਵਿਸ਼ਵ ਉਸ ਦਾ ਚੌਥਾ ਹਿੱਸਾ ਹੈ। ਉਸ ਦੇ ਤਿੰਨ ਪਾਦ ਬਾਹਿਰ ਖਗੋਲ ਵਿਚ ਹਨ। ਉਹ ਸਭ ਪਾਸੇ, ਚਰ-ਅਚਰ ਵਿਸ਼ਵ ਵਿਚ ਵਿਆਪਤ ਹੈ। ਕਹਿਣ ਤੋਂ ਭਾਵ ਹੈ ਕਿ ਸਾਰੇ ਜੜ੍ਹ-ਚੇਤਨ ਪਦਾਰਥ, ਦੇਵੀ-ਦੇਵਤਾ, ਸੰਪੂਰਣ ਵਿਸ਼ਵ ਵਿਚ ਵਿਆਪਤ ਵਸਤੂਆਂ ਇਕ ਪੁਰਸ਼ ਦੇ ਹੀ ਅੰਗ ਹਨ। ਉਨਿਸ਼ਦਾਂ ਵਿਚ ਵੀ ਪੁਰਸ਼ ਸਿੱਧਾਂਤ ਦੀ ਸਥਾਪਨਾ ਹੋਈ ਹੈ। 'ਕਠ-ਉਪਨਿਸ਼ਦ' (1/3/11) ਅਤੇ ਗੀਤਾ (15/17) ਵਿਚ ਪੁਰਸ਼ ਨੂੰ ਸਭ ਤੋਂ ਪਰੇ ਮੰਨਿਆ ਗਿਆ ਹੈ। 'ਮੁੰਡਕ-ਉਪਨਿਸ਼ਦ' (3/1/3) ਵਿਚ ਪੁਰਸ਼ ਨੂੰ ਕਰਤਾ ਵੀ ਕਿਹਾ ਗਿਆ ਹੈ।

ਸਾਂਖ੍ਯਵਾਦੀਆਂ ਨੇ ਵੀ ਪੁਰਸ਼ ਅਤੇ ਪ੍ਰਕ੍ਰਿਤੀ ਦੀ ਕਲਪਨਾ ਕੀਤੀ ਹੈ, ਪਰ ਸਾਂਖ੍ਯਵਾਦੀ ਪੁਰਸ਼ ਅਤੇ ਪ੍ਰਕ੍ਰਿਤੀ ਦੇ ਸਿੱਧਾਂਤ ਦਾ ਗੁਰਮਤਿ ਵਿਚ ਖੰਡਨ ਹੋਇਆ ਹੈ। ਗੁਰਬਾਣੀ ਅਨੁਸਾਰ ਪ੍ਰਕ੍ਰਿਤੀ ਦਾ ਕੋਈ ਸੁਤੰਤਰ ਮਹੱਤਵ ਨਹੀਂ ਹੈ। ਉਸ ਦਾ ਕਰਤਾ ਜਾਂ ਨਿਰਮਾਤਾ ਪੁਰਸ਼ ਹੈ ਅਤੇ ਉਹ ਪੁਰਸ਼ ਅਧੀਨ ਹੈ। 'ਮਾਝ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ— *ਤੂ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ। ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ। ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।* (ਗੁ.ਗ੍ਰੰ.138)। ਪਰਮਾਤਮਾ ਸ੍ਰਿਸ਼ਟੀ ਦਾ ਕੇਵਲ ਕਰਤਾ ਹੀ ਨਹੀਂ, ਸੰਘਾਰਕ ਵੀ ਹੈ। ਉਹ ਜਿਥੇ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ, ਉਥੇ ਉਸ ਨੂੰ ਨਸ਼ਟ ਕਰਕੇ ਆਪਣੇ ਵਿਚ ਸਮੋ ਲੈਂਦਾ ਹੈ ਅਤੇ ਉਸ ਦਾ ਫਿਰ ਤੋਂ ਨਿਰਮਾਣ ਕਰਦਾ ਹੈ। ਉਸ ਤੋਂ ਭਿੰਨ ਸੰਸਾਰ ਵਿਚ ਕੋਈ ਦੂਜੀ ਸੱਤਾ ਨਹੀਂ ਹੈ— *ਜਿਨੀ ਸਿਰਿ ਸਾਜੀ ਤਿਨਿ ਫੁਨਿ ਗੋਈ। ਤਿਸੁ ਬਿਨੁ ਦੂਜਾ ਅਵਰੁ ਨ ਕੋਈ।* (ਗੁ.ਗ੍ਰੰ.355)।

ਧਿਆਨ ਦੇਣ ਦੀ ਗੱਲ ਇਹ ਹੈ ਕਿ ਸਾਂਖ੍ਯ-ਦਰਸ਼ਨ (1/49) ਵਿਚ ਪੁਰਸ਼ ਇਕ ਨਹੀਂ, ਅਨੇਕ ਕਲਪਿਤ ਕੀਤੇ ਗਏ ਹਨ, ਪਰ ਗੁਰਬਾਣੀ ਪਰਮ-ਸੱਤਾ ਨੂੰ ਕੇਵਲ ਇਕ ਪੁਰਸ਼ ਮੰਨਦੀ ਹੋਈ ਹੋਰ ਸਭ ਨੂੰ ਨਾਰੀਆਂ ਦਸਦੀ ਹੈ— *ਠਾਕੁਰੁ ਏਕੁ ਸਬਾਈ ਨਾਰਿ।* ਪਰ ਉੰਜ ਗੁਰਬਾਣੀ ਅਨੁਸਾਰ ਪਰਮਾਤਮਾ ਲਿੰਗ-ਅਤੀਤ ਹੈ। ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਸੁੰਨ-ਮੰਡਲ (ਨਿਰਵਿਕਲਪ ਅਵਸਥਾ) ਵਿਚ ਇਕ ਯੋਗੀ ਬਿਰਾਜਮਾਨ ਹੈ। ਉਹ ਨ ਇਸਤਰੀ ਹੈ ਅਤੇ ਨ ਹੀ ਪੁਰਸ਼। ਉਸ ਸੰਬੰਧੀ ਕੋਈ ਕੁਝ ਨਹੀਂ ਕਹਿ ਸਕਦਾ। ਤਿੰਨੋਂ ਲੋਕ ਉਸ ਦੀ ਜੋਤਿ ਵਿਚ ਧਿਆਨ ਲਗਾਈ ਰਖਦੇ ਹਨ। ਕੀ ਦੇਵਤਾ, ਕੀ ਮਨੁੱਖ ਅਤੇ ਕੀ ਨਾਥ, ਸਭ ਉਸ ਦੀ ਸ਼ਰਣ ਵਿਚ ਹਨ— *ਸੁੰਨ ਮੰਡਲ ਇਕੁ ਜੋਗੀ ਬੈਸੇ। ਨਾਰਿ ਨ ਪੁਰਖੁ ਕਹਹੁ ਕੋਊ ਕੈਸੇ। ਤ੍ਰਿਭਵਣ ਜੋਤਿ ਰਹੇ ਲਿਵ ਲਾਈ। ਸੁਰਿ ਨਰ ਨਾਥ ਸਚੇ ਸਰਣਾਈ।* (ਗੁ.ਗ੍ਰੰ.685)। ਪੁਰਸ਼ ਨੂੰ ਗੁਰਬਾਣੀ ਵਿਚ ਸਰਵ-ਵਿਆਪਕ ਮੰਨਿਆ ਗਿਆ ਹੈ— *ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ। ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ।* (ਗੁ.ਗ੍ਰੰ.1291)।

ਇਹ ਪੁਰਸ਼ ਕਰਤਾ ਹੀ ਨਹੀਂ, ਸੰਚਾਲਕ ਵੀ ਹੈ। ਸ੍ਰਿਸ਼ਟੀ ਨੂੰ ਪੈਦਾ ਕਰਕੇ ਉਸ ਨੂੰ ਆਪਣੇ ਆਪਣੇ ਧੰਧੇ ਲਗਾਣ ਵਾਲਾ ਵੀ ਹੈ। ਉਹ ਅਦਭੁਤ ਸ਼ਕਤੀ ਵਾਲਾ ਵੀ ਹੈ। ਉਹ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ। ਜੇ ਚਾਹੇ ਤਾਂ ਸ਼ੇਰਾਂ, ਬਾਜ਼ਾਂ, ਸ਼ਿਕਰਿਆਂ ਅਤੇ ਕੁਹੀਆਂ ਵਰਗੇ ਮਾਸਾਹਾਰੀ ਪਸ਼ੂ-ਪੰਛੀਆਂ ਨੂੰ ਘਾਹ ਖਵਾ ਸਕਦਾ ਹੈ। ਘਾਹ ਖਾਣ ਵਾਲਿਆਂ ਨੂੰ ਮਾਸਾਹਾਰੀ ਬਣਾ ਸਕਦਾ ਹੈ। ਨਦੀਆਂ ਵਿਚ ਟਿੱਬੇ ਵਿਖਾ ਸਕਦਾ ਹੈ ਅਤੇ ਥਲਾਂ ਨੂੰ ਅਸਗਾਹ ਸਾਗਰਾਂ ਵਿਚ ਬਦਲ ਸਕਦਾ ਹੈ। ਕੀੜੀਆਂ ਨੂੰ ਰਾਜ ਦਿਵਾ ਸਕਦਾ ਹੈ ਅਤੇ ਸੈਨਿਕ ਦਲਾਂ ਨੂੰ ਮਿੱਟੀ ਵਿਚ ਮਿਲਾ ਸਕਦਾ ਹੈ। ਸੁਆਸ ਲੈਣ ਵਾਲਿਆਂ ਨੂੰ ਬਿਨਾ ਸੁਆਸ ਦੇ ਜੀਉਂਦਾ ਰਖ ਸਕਦਾ ਹੈ। ਜਿਵੇਂ ਉਸ ਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਦੀ ਵਿਵਸਥਾ ਕਰਨ ਵਿਚ ਸਮਰਥ ਹੈ— *ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ। ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ। ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ। ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ। ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ। ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ।* (ਗੁ.ਗ੍ਰੰ.144)।

**ਕਰਤਾਰ** : ਇਸ ਪਦ ਤੋਂ ਭਾਵ ਹੈ — ਕਰਨ ਵਾਲੀ ਸੱਤਾ, ਸਿਰਜਨਹਾਰ। ਇਸ ਤਰ੍ਹਾਂ ਇਹ ਸ਼ਬਦ ਬ੍ਰਹਮ ਵਾਚਕ ਹੈ। ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਅੰਕਿਤ ਕੀਤਾ ਹੈ— *ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।* (ਗੁ.ਗ੍ਰੰ.15)। ਇਸ ਦੀ ਕਈ ਵਾਰ ਗੁਰੂ ਨਾਲ ਅਭੇਦਤਾ ਵੀ ਦਰਸਾਈ ਗਈ ਹੈ— *ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ।* (ਗੁ.ਗ੍ਰੰ.59)।

'ਬਾਬੇ ਮੋਹਨ ਵਾਲੀਆਂ ਪੋਥੀਆਂ' (ਵੇਖੋ) ਵਿਚ ਮੂਲ-ਮੰਤ੍ਰ ਦੇ ਪਾਠ ਵਿਚ 'ਕਰਤਾ ਪੁਰਖ' ਦੀ ਥਾਂ 'ਕਰਤਾਰ' ਸ਼ਬਦ ਵਰਤਿਆ ਮਿਲਦਾ ਹੈ। ਵੇਖੋ 'ਕਰਤਾ-ਪੁਰਖ'।

**ਕਰਤਾਰ ਸਿੰਘ ਸਰਾਭਾ** (1896-1915 ਈ.): ਭਾਰਤ ਦੀ ਆਜ਼ਾਦੀ ਲਈ ਲੜੀ ਗਈ ਜੰਗ ਵਿਚ ਪੰਜਾਬ ਦੇ ਅਨੇਕ ਲੋਕਾਂ ਨੇ ਸ਼ਹਾਦਤਾਂ ਦੇ ਕੇ ਆਪਣਾ ਕਰਤੱਵ ਪਾਲਿਆ। ਅਜਿਹੇ ਸ਼ਹੀਦਾਂ ਵਿਚ ਇਕ ਅਭੁਲ ਨਾਂ ਹੈ 'ਕਰਤਾਰ ਸਿੰਘ ਸਰਾਭਾ'। ਕਰਤਾਰ ਸਿੰਘ ਦਾ ਜਨਮ ਲੁਧਿਆਣੇ ਦੇ ਨੇੜੇ ਸਰਾਭਾ ਪਿੰਡ ਵਿਚ ਸ. ਮੰਗਲ ਸਿੰਘ ਦੇ ਘਰ ਮਾਈ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਈ. ਵਿਚ ਹੋਇਆ। ਬਚਪਨ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਹਟ ਗਿਆ ਅਤੇ ਬਾਬੇ ਬਦਨ ਸਿੰਘ ਨੇ ਇਸ ਨੂੰ ਰੀਝ ਨਾਲ ਪਾਲਿਆ। ਪ੍ਰਾਇਮਰੀ ਪਿੰਡ ਦੇ ਸਕੂਲ ਵਿਚ ਪਾਸ ਕਰਨ ਉਪਰੰਤ ਇਸ ਨੂੰ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿਚ ਪੜ੍ਹਨੇ ਪਾਇਆ ਗਿਆ। ਉਥੋਂ ਨੌਵੀਂ ਪਾਸ ਕਰਨ ਉਪਰੰਤ ਇਹ ਆਪਣੇ ਚਾਚੇ ਕੋਲ ਉੜੀਸਾ ਚਲਾ ਗਿਆ। ਉਥੋਂ ਦਸਵੀਂ ਪਾਸ ਕਰਨ ਤੋਂ ਬਾਦ ਇਸ ਨੂੰ ਅਗੋਂ ਪੜ੍ਹਨ ਲਈ ਅਮਰੀਕਾ ਭੇਜਿਆ ਗਿਆ ਜਿਥੇ ਜਾ ਕੇ ਜਨਵਰੀ 1912 ਈ. ਨੂੰ ਇਸ ਨੇ ਬਰਕਲੇ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ। ਉਥੇ ਹੀ ਸੰਨ 1913 ਈ. ਵਿਚ ਚਲੀ ਗ਼ਦਰ ਲਹਿਰ ਦੇ ਸੰਪਰਕ ਵਿਚ ਆਇਆ ਅਤੇ ਉਸ ਲਹਿਰ ਦੀ ਪ੍ਰੈਸ ਵਿਚ ਕੰਮ ਕਰਨ ਲਗਾ ਅਤੇ ਜੋਸ਼ੀਲੀਆਂ ਕਵਿਤਾਵਾਂ ਲਿਖ ਕੇ ਛਾਪਣ ਲਗਾ। ਵਿਸ਼ਵ ਯੁੱਧ ਦੇ ਛਿੜਨ ਨਾਲ ਇਹ 15 ਸਤੰਬਰ 1914 ਈ. ਨੂੰ ਜਿਵੇਂ ਕਿਵੇਂ ਹਿੰਦੁਸਤਾਨ ਪਰਤਿਆ ਅਤੇ ਲਾਹੌਰ ਵਿਚ ਗ਼ਦਰ-ਪਾਰਟੀ ਦਾ ਕੰਮ ਸ਼ੁਰੂ ਕਰ ਦਿੱਤਾ। ਪਾਰਟੀ ਦੇ ਉੱਦੇਸ਼ ਦੀ ਸਫਲਤਾ ਲਈ ਇਸ ਨੇ ਵਿਦਿਆਰਥੀਆਂ ਅਤੇ ਫ਼ੌਜੀਆਂ ਨੂੰ ਬਗ਼ਾਵਤ ਲਈ ਉਤਸਾਹਿਤ ਕੀਤਾ। ਲਾਹੌਰ ਵਿਚ ਗ਼ਦਰ ਪਾਰਟੀ ਨੂੰ ਸਰਗਰਮ ਕਰਨ ਲਈ ਹੋਰਨਾਂ ਪ੍ਰਾਂਤਾਂ ਤੋਂ ਵੀ ਕ੍ਰਾਂਤੀਕਾਰੀ ਆਉਂਦੇ ਅਤੇ ਯੋਜਨਾਵਾਂ ਬਣਾਉਂਦੇ ਰਹਿੰਦੇ। ਇਸ ਨੇ ਬਨਾਰਸ ਜਾ ਕੇ ਰਾਸ ਬਿਹਾਰੀ ਬੋਸ ਨਾਲ ਵੀ ਰਾਬਤਾ ਕਾਇਮ ਕੀਤਾ।

ਆਖ਼ਿਰ 19 ਫਰਵਰੀ 1915 ਈ. ਦੀ ਅੱਧ-ਰਾਤ ਨੂੰ ਬਗ਼ਾਵਤ ਦਾ ਸਮਾਂ ਨਿਸਚਿਤ ਕੀਤਾ ਗਿਆ। ਪਰ ਕਿਰਪਾਲ ਸਿੰਘ ਦੀ ਮੁਖ਼ਬਰੀ ਰਾਹੀਂ ਸਾਰਾ ਭੇਦ ਖੁਲ੍ਹ ਗਿਆ। ਆਪਣੀ ਮੂਲ ਯੋਜਨਾ ਅਨੁਸਾਰ ਕਰਤਾਰ ਸਿੰਘ ਉਸ ਰਾਤ ਫ਼ਿਰੋਜ਼ਪੁਰ ਪਹੁੰਚਿਆ ਹੋਇਆ ਸੀ। ਉਥੇ 19 ਫਰਵਰੀ ਦੀ ਰਾਤ ਨੂੰ ਭਾਈ ਰਣਧੀਰ ਸਿੰਘ ਦਾ ਜੱਥਾ ਵੀ ਪਹੁੰਚ ਚੁਕਿਆ ਸੀ। ਸਰਕਾਰੀ ਚੌਕਸੀ ਕਾਰਣ ਬਗ਼ਾਵਤ ਨ ਹੋ ਸਕੀ ਅਤੇ ਸਭ ਲੋਕ ਪਕੜੇ ਗਏ। ਪਰ ਸਰਾਭਾ ਉਥੋਂ ਬਚ ਕੇ ਲਾਹੌਰ ਪਹੁੰਚ ਗਿਆ। ਉਥੇ ਫਿਰ ਕ੍ਰਾਂਤੀਕਾਰੀ ਕਾਰਵਾਈਆਂ ਵਿਚ ਰੁਝ ਗਿਆ। 2 ਮਾਰਚ 1915 ਈ. ਨੂੰ ਇਸ ਨੂੰ ਚਕ ਨੰ. 5, ਸਰਗੋਧਾ ਵਿਚ ਹੋਰਨਾਂ ਬਾਗ਼ੀਆਂ ਸਮੇਤ ਪਕੜ ਲਿਆ ਗਿਆ। ਇਨ੍ਹਾਂ ਸਭ ਵਿਰੁੱਧ ਸਾਜਿਸ਼ ਦਾ ਮੁਕੱਦਮਾ ਚਲਿਆ। 13 ਸਤੰਬਰ 1915 ਈ. ਨੂੰ ਕਰਤਾਰ ਸਿੰਘ ਨੂੰ ਇਸ ਦੇ ਛੇ ਹੋਰ ਸਾਥੀਆਂ ਸਹਿਤ ਮੌਤ ਦੀ ਸਜ਼ਾ ਸੁਣਾਈ ਗਈ। ਫਲਸਰੂਪ 16 ਨਵੰਬਰ 1915 ਈ. ਨੂੰ ਸਵੇਰ ਵੇਲੇ ਲਾਹੌਰ ਦੀ ਸੈਂਟ੍ਰਲ ਜੇਲ੍ਹ ਵਿਚ ਇਸ ਨੂੰ ਹੋਰਨਾਂ ਸਾਥੀਆਂ ਸਹਿਤ ਫਾਂਸੀ ਲਗਾ ਦਿੱਤਾ ਗਿਆ।

ਕਹਿੰਦੇ ਹਨ ਕਿ ਫਾਂਸੀ ਦੇ ਤਖ਼ਤੇ ਉਪਰ ਚੜ੍ਹਨ ਵੇਲੇ ਇਸ ਨੇ ਦਰੋਗੇ ਨੂੰ ਕਿਹਾ ਸੀ ਕਿ ਮੇਰੇ ਮਰਨ ਤੋਂ ਬਾਦ ਮੇਰੇ ਲਹੂ ਦੀ ਹਰ ਇਕ ਬੂੰਦ ਤੋਂ ਅਨੇਕਾਂ ਕਰਤਾਰ ਸਿੰਘ ਪੈਦਾ ਹੋ ਕੇ ਆਜ਼ਾਦੀ ਦੀ ਪ੍ਰਾਪਤੀ ਦਾ ਸੰਘਰਸ਼ ਜਾਰੀ ਰਖਣਗੇ। ਕਰਤਾਰ ਸਿੰਘ ਨੇ ਵੀਹ ਸਾਲ ਤੋਂ ਥੋੜੀ ਘਟ ਉਮਰ ਵਿਚ ਅਜਿਹਾ ਮਹਾਨ ਸਾਕਾ ਕੀਤਾ ਕਿ ਕੌਮ ਇਸ ਨੂੰ ਹੁਣ ਤਕ ਯਾਦ ਕਰਦੀ ਹੈ। ਇਸ ਦੀ ਯਾਦ ਵਿਚ ਲੁਧਿਆਣਾ ਨਗਰ ਵਿਚ ਇਕ ਬੁੱਤ ਵੀ ਸਥਾਪਿਤ ਕੀਤਾ ਗਿਆ। ਆਪਣੇ ਦੇਸ਼-ਵਾਸੀਆਂ ਦੇ ਨਾਂ ਫਾਂਸੀ ਚੜ੍ਹਨ ਤੋਂ ਇਕ ਦਿਨ ਪਹਿਲਾਂ ਲਿਖੀ ਕਵਿਤਾ ਵਿਚ ਸਰਾਭਾ ਨੇ ਸੰਦੇਸ਼ ਦਿੱਤਾ ਸੀ— *ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ। ਖ਼ਾਤਰ ਵਤਨ ਲਈ ਹੀ ਲਗੇ ਹਾਂ ਚੜ੍ਹਨ ਫਾਂਸੀ ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

**ਕਰਤਾਰ ਸਿੰਘ, ਸੰਤ ਭਿੰਡਰਾਂਵਾਲੇ** (1932-1969 ਈ.): ਭਿੰਡਰਾਂਵਾਲੀ ਟਕਸਾਲ ਦੀ ਸੰਤ ਗੁਰਬਚਨ ਸਿੰਘ ਖ਼ਾਲਸਾ ਤੋਂ ਬਾਦ ਜ਼ਿੰਮੇਵਾਰੀ ਸੰਭਾਲਣ ਵਾਲੇ ਸੰਤ ਕਰਤਾਰ ਸਿੰਘ ਦਾ ਜਨਮ 4 ਅਕਤੂਬਰ 1932 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਪੱਟੀ ਦੇ ਪਿੰਡ ਪੁਰਾਣੇ ਭੂਰੇ ਵਿਚ ਜੱਥੇਦਾਰ ਝੰਡਾ ਸਿੰਘ ਦੇ ਘਰ ਮਾਈ ਲਾਭ ਕੌਰ ਦੀ ਕੁੱਖੋਂ ਹੋਇਆ। ਆਪ ਨੇ ਬਚਪਨ ਵਿਚ ਗੁਰਮਤਿ ਦੀ ਵਿਦਿਆ ਆਪਣੇ

ਪਿੰਡ ਦੇ ਬਾਬਾ ਬੱਗਾ ਸਿੰਘ ਪਾਸੋਂ ਪ੍ਰਾਪਤ ਕੀਤੀ। ਖੇਮਕਰਨ ਦੇ ਸਰਕਾਰੀ ਮਿਡਲ ਸਕੂਲ ਤੋਂ ਅੱਠਵੀਂ ਪਾਸ ਕਰਕੇ ਫਿਰ ਨੌਂਵੀਂ ਦਸਵੀਂ ਦੀ ਪੜ੍ਹਾਈ ਭਿਖੀਵਿੰਡ ਦੇ ਨੈਸ਼ਨਲ ਹਾਈ ਸਕੂਲ ਤੋਂ ਕੀਤੀ। ਉਸ ਤੋਂ ਬਾਦ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਦਾ ਇਮਤਿਹਾਨ ਪਾਸ ਕੀਤਾ। ਸੰਨ 1948 ਈ. ਵਿਚ ਆਪ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਆਪ ਨੂੰ ਸੰਤ ਗੁਰਬਚਨ ਸਿੰਘ ਖ਼ਾਲਸਾ ਪਾਸ ਲੈ ਆਇਆ ਅਤੇ ਅੰਮ੍ਰਿਤ ਪਾਨ ਕਰਵਾਇਆ।

ਸੰਨ 1950 ਈ. ਵਿਚ ਬੀਬੀ ਨਰਿੰਜਣ ਕੌਰ ਨਾਲ ਵਿਵਾਹ ਸੰਬੰਧ ਹੋਇਆ ਅਤੇ ਉਸ ਦੀ ਕੁੱਖੋਂ ਭਾਈ ਅਮਰੀਕ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਜਨਮ ਲਿਆ। ਭਾਈ ਅਮਰੀਕ ਸਿੰਘ ਦਾ ਦੇਹਾਂਤ ਬਲੂ ਸਟਾਰ ਓਪਰੇਸ਼ਨ ਵੇਲੇ ਹੋ ਗਿਆ।

ਸੰਨ 1957 ਈ. ਵਿਚ ਪਿਤਾ ਦੇ ਮਜਬੂਰ ਕਰਨ ’ਤੇ ਪਟਵਾਰੀ ਦੀ ਨੌਕਰੀ ਸ਼ੁਰੂ ਕੀਤੀ, ਪਰ ਛੇ ਮਹੀਨਿਆਂ ਬਾਦ ਹੀ ਅਸਤੀਫ਼ਾ ਦੇ ਕੇ ਖ਼ਾਲਸਾ ਜੀ ਦੇ ਜੱਥੇ ਵਿਚ ਪੱਕੇ ਤੌਰ ’ਤੇ ਸ਼ਾਮਲ ਹੋ ਗਿਆ ਅਤੇ ਇਤਨੀ ਸੇਵਾ ਕੀਤੀ ਕਿ ਸੰਤ ਗੁਰਬਚਨ ਸਿੰਘ ਨੇ ਇਸ ਨੂੰ ਆਪਣਾ ਉਤਰਾਧਿਕਾਰੀ ਘੋਸ਼ਿਤ ਕੀਤਾ।

28 ਜੂਨ 1969 ਈ. ਨੂੰ ਚੌਕ ਮਹਿਤਾ ਵਿਚ ਖ਼ਾਲਸਾ ਜੀ ਦੇ ਦੇਹਾਂਤ ਤੋਂ ਬਾਦ ਆਪ ਟਕਸਾਲ ਦੇ ਮੁਖੀ ਬਣੇ ਅਤੇ ਚੌਕ ਮਹਿਤਾ ਨੂੰ ਹੀ ਆਪਣਾ ਪ੍ਰਚਾਰ ਕੇਂਦਰ ਬਣਾ ਲਿਆ। ਖ਼ਾਲਸਾ ਜੀ ਦੀ ਯਾਦ ਵਿਚ ਆਪ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਬਣਵਾਇਆ ਅਤੇ ਫਿਰ ਕਈ ਹੋਰ ਸੁੰਦਰ ਗੁਰਦੁਆਰੇ ਵੀ ਉਸਰਵਾਏ। ਸਿੱਖੀ ਦੇ ਪ੍ਰਚਾਰ ਲਈ ਆਪ ਨੇ ਅਨੇਕਾਂ ਨਗਰ ਕੀਰਤਨ ਕਰਵਾਏ। ਅਖੰਡ ਪਾਠਾਂ ਦੇ ਸੈਂਕੜੇ ਭੋਗ ਪਵਾਏ। ਐਮਰਜੈਂਸੀ ਦੌਰਾਨ 37 ਜਲੂਸ ਕਢੇ। ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਬਣਾਵਇਆ। ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਵੇਲੇ ਕਈ ਕਾਲਜ, ਹਸਪਤਾਲ, ਗੁਰਦੁਆਰਿਆਂ ਦੀਆਂ ਇਮਾਰਤਾਂ ਬਣਵਾਈਆਂ ਅਤੇ 126 ਅਖੰਡ-ਪਾਠ ਸੰਪੂਰਣ ਕਰਵਾਏ।

3 ਅਗਸਤ 1977 ਈ. ਨੂੰ ਮਲਸੀਹਾਂ ਤੋਂ ਲੁਧਿਆਣੇ ਜਾਂਦੇ ਹੋਏ ਸੜਕੀ ਹਾਦਸੇ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। 16 ਅਗਸਤ 1977 ਈ. ਨੂੰ ਅਕਾਲ ਚਲਾਣਾ ਕਰਨ ਤੋਂ ਬਾਦ ਆਪ ਦਾ ਸ਼ਰੀਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਵਿਚ ਲਿਆ ਕੇ ਸਸਕਾਰ ਕੀਤਾ ਗਿਆ।

**ਕਰਤਾਰ ਸਿੰਘ ਕਲਾਸਵਾਲੀਆ** (1882-1952 ਈ.): ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੇ ਕਲਾਸਵਾਲਾ ਪਿੰਡ ਵਿਚ ਸ. ਜਗਤ ਸਿੰਘ ਪੈਨਸ਼ਨਰ ਦੇ ਘਰ ਸੰਨ 1882 ਈ. ਵਿਚ ਪੈਦਾ ਹੋਇਆ ਗਿਆਨੀ ਕਰਤਾਰ ਸਿੰਘ ਸਿੱਖ-ਇਤਿਹਾਸਕਾਰੀ ਦੀ ਪਰੰਪਰਾ ਨੂੰ ਅਗੇ ਤੋਰਨ ਵਾਲਾ ਉਹ ਕਵੀ ਹੈ ਜਿਸ ਨੇ ਬ੍ਰਜ ਭਾਸ਼ਾ ਦਾ ਜੂਲਾ ਉਤਾਰ ਕੇ ਆਧੁਨਿਕ ਪੰਜਾਬੀ ਨੂੰ ਆਪਣੀ ਭਾਵ-ਅਭਿਵਿਅਕਤੀ ਦਾ ਸਾਧਨ ਬਣਾਇਆ। ਜਦੋਂ ਇਹ ਅਜੇ ਦਸ ਵਰ੍ਹਿਆਂ ਦਾ ਸੀ, ਤਾਂ ਪਿਤਾ ਚਲਾਣਾ ਕਰ ਗਿਆ। ਇਸ ਦੀ ਪਾਲਣਾ ਆਪਣੇ ਤਾਏ ਦਸੌਂਧਾ ਸਿੰਘ ਨੇ ਕੀਤੀ। ਇਸ ਨੇ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਹੀ ਸਿੱਖ ਧਰਮ-ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਫਿਰ ਫ਼ੌਜ ਵਿਚ ਗ੍ਰੰਥੀ ਭਰਤੀ ਹੋ ਗਿਆ।

ਕੁਝ ਵਰ੍ਹਿਆਂ ਬਾਦ ਇਸ ਨੇ ਫ਼ੌਜ ਦੀ ਨੌਕਰੀ ਛਡ ਦਿੱਤੀ। ਪਹਿਲਾਂ ਕੁਝ ਸਮੇਂ ਲਈ ਮੁਫ਼ੀਦ ਆਮ ਪ੍ਰੈਸ, ਲਾਹੌਰ ਵਿਚ ਕੰਮ ਕੀਤਾ, ਫਿਰ ਪਸਰੂਰ ਦੇ ਇਕ ਹਾਈ ਸਕੂਲ ਵਿਚ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਧਾਰਮਿਕ ਅਧਿਆਪਕ ਦੀ ਨੌਕਰੀ ਕੀਤੀ। ਦਰਬਾਰ ਸਾਹਿਬ ਵਿਚ ਵੀ ਕਈ ਵਰ੍ਹੇ ਗ੍ਰੰਥੀ ਦੀ ਜ਼ਿੰਮੇਵਾਰੀ ਨਿਭਾ ਕੇ ਫਿਰ ਹੈੱਡ-ਗ੍ਰੰਥੀ ਬਣਿਆ। ਸ਼ੁਰੂ ਵਿਚ ਇਸ ਨੇ ‘ਬੁੱਢੇ ਦੀ ਨਾਰ’ ਅਤੇ ‘ਨੱਢੇ ਦੀ ਨਾਰ’ ਵਰਗੀਆਂ ਕਿੱਸਾ-ਨੁਮਾ ਰਚਨਾਵਾਂ ਲਿਖੀਆਂ, ਪਰ ਗਿਆਨੀ ਜੋਧ ਸਿੰਘ ਦੀ ਪ੍ਰੇਰਣਾ ਦੇ ਫਲਸਰੂਪ ਇਸ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਬ੍ਰਿੱਤਾਂਤਿਕ ਕਾਵਿ ਦੀ ਰਚਨਾ ਸ਼ੁਰੂ ਕੀਤੀ। ਇਸ ਨੇ 34 ਕਾਵਿ-ਰਚਨਾਵਾਂ ਸਿੱਖ ਇਤਿਹਾਸ ਨੂੰ ਪੁਨਰ-ਜੀਵਤ ਕਰਨ ਲਈ ਲਿਖੀਆਂ। ਉਸ ਦੇ ਕਥਨ ਅਨੁਸਾਰ — *ਮੇਰੇ ਦਿਲ ਦੇ ਵਿਚ ਹੈ ਚਾਉ ਇਹੋ, ਗੁਰੂ ਪੰਥ ਦੇ ਗ੍ਰੰਥ ਬਣਾਉਂਦਾ ਰਹਾਂ। ਮੈਥੋਂ ਹੋਰ ਸੇਵਾ ਕੋਈ ਪੁਜਦੀ ਨਹੀਂ, ਇਹੋ ਕਲਮ ਦੀ ਸੇਵਾ ਕਰਾਉਂਦਾ ਰਹਾਂ।* ਇਸ ਨੂੰ ਕਵਿਤਾ ਉਤਰਦੀ ਸੀ ਅਤੇ ਸਹਿਜ ਭਾਵ ਨਾਲ ਕਵਿਤਾ ਰਚਦਿਆਂ ਇਸ ਨੂੰ ਕਦੇ ਵੀ ਕੋਈ ਔਕੜ ਪੇਸ਼ ਨਹੀਂ ਆਉਂਦੀ ਸੀ। ਇਸ ਨੇ ਬੈਂਤ, ਸਵੈਯਾ, ਕਬਿੱਤ, ਦੋਹਰਾ, ਚੌਪਈ ਆਦਿ ਛੰਦਾਂ ਦੀ ਪੂਰੇ ਅਧਿਕਾਰ ਨਾਲ ਵਰਤੋਂ ਕੀਤੀ।

ਇਸ ਦੀਆਂ ਕਾਵਿ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ— ਨਿਰੰਕਾਰੀ ਜੋਤ (ਗੁਰੂ ਨਾਨਕ ਦੇਵ), ਹਿਤਕਾਰੀ ਜੋਤ (ਸ੍ਰੀ ਗੁਰੂ ਅੰਗਦ ਪ੍ਰਕਾਸ਼), ਦਾਤਾਰੀ ਜੋਤ (ਸ੍ਰੀ ਗੁਰੂ ਅਮਰ ਪ੍ਰਕਾਸ਼), ਉਜਿਆਰੀ ਜੋਤ (ਸ੍ਰੀ ਗੁਰੂ ਰਾਮਦਾਸ ਪ੍ਰਕਾਸ਼), ਜਾਗਦੀ ਜੋਤ (ਸ੍ਰੀ ਗੁਰੂ ਅਰਜਨ ਪ੍ਰਕਾਸ਼), ਦਲਭਜਨੀ ਜੋਤ (ਸ੍ਰੀ ਖੜਗੇਸ਼ ਪ੍ਰਕਾਸ਼), ਉਪਕਾਰੀ ਜੋਤ (ਸ੍ਰੀ ਗੁਰੂ ਹਰਿਰਾਇ ਪ੍ਰਕਾਸ਼), ਦੀਦਾਰੀ ਜੋਤ (ਸ੍ਰੀ ਗੁਰੂ ਹਰਿਕ੍ਰਿਸ਼ਨ ਪ੍ਰਕਾਸ਼), ਨਰੰਜਨੀ ਜੋਤ (ਪ੍ਰਸੰਗ ਸ੍ਰੀ ਗੁਰੂ ਤੇਗ ਬਹਾਦਰ ਜੀ), ਅਕਾਲੀ ਜੋਤ (ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼/ਸ੍ਰੀ ਦੁਸ਼ਟ ਦਮਨ ਪ੍ਰਕਾਸ਼), ਨਿਰਭੈ ਯੋਧਾ, ਅਜੀਤ ਖ਼ਾਲਸਾ, ਜੌਹਰ ਖ਼ਾਲਸਾ, ਪ੍ਰਕਾਸ਼ ਖ਼ਾਲਸਾ, ਸਰਕਾਰ ਖ਼ਾਲਸਾ, ਦਰਬਾਰ ਖ਼ਾਲਸਾ, ਬੇਤਾਜ ਖ਼ਾਲਸਾ, ਦਲੇਰ ਖ਼ਾਲਸਾ, ਸੁਧਾਰ ਖ਼ਾਲਸਾ, ਬੀਰ ਖ਼ਾਲਸਾ, ਸ੍ਰੀ ਕਲਗੀਧਰ ਦਰਸ਼ਨ, ਪ੍ਰਤਾਪ ਖ਼ਾਲਸਾ, ਦਸਮੇਸ ਦੁਲਾਰੇ, ਵਾਰਾਂ ਧਰਮ ਸ਼ਹੀਦਾਂ, ਸਿੰਘਨੀਆਂ ਦਾ ਸਿਦਕ, ਖ਼ੂਨ-ਏ-ਸ਼ਹੀਦਾਂ, ਬੇਬੇ ਦੀ ਬੇਰ, ਖ਼ੂਨੀ ਸਾਲ ਦੀਆਂ ਖ਼ੂਨੀ ਹੋਲੀਆਂ, ਗਿਆਨ ਪ੍ਰਕਾਸ਼ ਅਰਥਾਤ ਜ਼ਿੰਦਗੀ ਸੁਧਾਰ, ਰੂਪ ਬਸੰਤ, ਪ੍ਰਹਲਾਦ ਭਗਤ, ਸਰਦਾਰਨੀ ਸ਼ਾਲਾ ਕੌਰ, ਭਾਈ ਕਲਿਆਣਾ ਆਦਿ।

ਉਪਰਕੋਤ ਕਾਵਿ-ਰਚਨਾਵਾਂ ਤੋਂ ਇਲਾਵਾ, ਇਸ ਦੀਆਂ ਇਕ ਦਰਜਨ ਦੇ ਕਰੀਬ ਵਾਰਤਕ ਕਿਰਤਾਂ ਵੀ ਮਿਲਦੀਆਂ ਹਨ, ਜਿਵੇਂ— ਮਹਾਰਾਨੀ ਸ਼ਕੁੰਤਲਾ, ਜਮਰੋਧ, ਗਗਨ ਦਮਾਮਾ, ਯਾਰੜੇ ਦਾ ਸਥਰ, ਬਾਬਾ ਬੁਢਾ ਜੀ, ਦੁੱਖ ਭੰਜਨੀ, ਸਾਹਿਬ ਕੌਰ, ਮਹਾਰਾਣੀ ਜਿੰਦਾਂ, ਬਾਬਾ ਫੂਲਾ ਸਿੰਘ ਅਕਾਲੀ, ਕਾਲੇ ਪਾਣੀ, ਗੋਲੀ ਚਲਦੀ ਗਈ।

ਇਸ ਦੀਆਂ ਰਚਨਾਵਾਂ ਇਤਨੀਆਂ ਲੋਕ-ਪ੍ਰਿਯ ਸਨ ਕਿ ਹਰ ਰਚਨਾ ਦੇ ਕਈ ਕਈ ਸੰਸਕਰਣ ਪ੍ਰਕਾਸ਼ਿਤ ਹੋਏ। ਅੰਮ੍ਰਿਤਸਰ ਆਉਣ ਤੋਂ ਬਾਦ ਇਹ ਸਾਰੀ ਉਮਰ ਉਥੇ ਹੀ ਰਿਹਾ ਅਤੇ ਉਥੇ ਹੀ ਕੂਚਾ ਬਾਗ਼ਵਾਲਾ ਵਿਚ ਇਸ ਦਾ 22 ਫਰਵਰੀ 1952 ਈ. ਨੂੰ ਦੇਹਾਂਤ ਹੋਇਆ।

**ਕਰਤਾਰ ਸਿੰਘ, ਗਿਆਨੀ** (1902-1974 ਈ.): ਵੀਹਵੀਂ ਸਦੀ ਦੀ ਰਾਜਨੀਤੀ ਵਿਚ ਸਿੱਖ ਕੌਮ ਦਾ ਦਿਮਾਗ਼ ਸਮਝੇ ਜਾਂਦੇ ਗਿਆਨੀ ਕਰਤਾਰ ਸਿੰਘ ਦਾ ਜਨਮ 22 ਫਰਵਰੀ 1902 ਈ. ਨੂੰ ਲਾਇਲਪੁਰ ਜ਼ਿਲ੍ਹੇ ਦੇ ਚਕ ਨੰ. 40 (ਝੰਗ ਬ੍ਰਾਂਚ) ਵਿਚ ਸ. ਭਗਤ ਸਿੰਘ ਦੇ ਘਰ ਮਾਈ ਜੀਓ ਦੀ ਕੁੱਖੋਂ ਹੋਇਆ। ਖਹਿਰਾ ਜੱਟ ਪਿਛੋਕੜ ਵਾਲਾ ਆਪ ਦਾ ਪਰਿਵਾਰ ਮੂਲ ਰੂਪ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਨਾਗੋਕੇ ਪਿੰਡ ਦਾ ਰਹਿਣ ਵਾਲਾ ਸੀ, ਪਰ ਨਹਿਰ ਨਿਕਲਣ ਨਾਲ ਜਦੋਂ ਸਾਂਦਲ ਬਾਰ ਦਾ ਇਲਾਕਾ ਆਬਾਦ ਹੋਣ ਲਗਾ, ਤਾਂ ਉਨ੍ਹੀਵੀਂ ਸਦੀ ਦੇ ਅੰਤ ਵਿਚ ਆਪ ਦਾ ਪਰਿਵਾਰ ਲਾਇਲਪੁਰ ਚਲਾ ਗਿਆ।

ਗਿਆਨੀ ਜੀ ਨੇ ਆਪਣੀ ਪੜ੍ਹਾਈ ਆਪਣੇ ਚਕ ਦੇ ਗੁਰਦੁਆਰੇ ਵਿਚ ਸ਼ੁਰੂ ਕੀਤੀ ਅਤੇ ਫਿਰ ਚਕ ਨੰ. 41 ਦੇ ਖ਼ਾਲਸਾ ਸਕੂਲ ਵਿਚ ਦਾਖ਼ਲਾ ਲੈ ਕੇ ਸੰਨ 1921 ਈ. ਵਿਚ ਦਸਵੀਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ, ਅੰਮ੍ਰਿਤਸਰ ਦਾਖ਼ਲਾ ਲਿਆ, ਪਰ ਬੀਮਾਰ ਹੋ ਜਾਣ ਕਾਰਣ ਐਫ਼.ਏ. ਤੋਂ ਅਗੇ ਨ ਪੜ੍ਹ ਸਕੇ। ਧਾਰਮਿਕ ਰੁਚੀਆਂ ਵਾਲਾ ਹੋਣ ਕਾਰਣ ਅਤੇ ਕੀਰਤਨੀ ਜੱਥਿਆਂ ਵਿਚ ਵਿਸ਼ੇਸ਼ ਰੁਚੀ ਰਖਣ ਕਰਕੇ ਆਪ ਨੂੰ 'ਗਿਆਨੀ' ਕਿਹਾ ਜਾਣ ਲਗਾ, ਜੋ ਸ਼ਬਦ ਅੰਤ ਤਕ ਆਪ ਦੇ ਨਾਂ ਨਾਲ ਜੁੜਿਆ ਰਿਹਾ।

ਆਪ ਦੇ ਰਾਜਨੀਤੀ ਵਲ ਝੁਕਾ ਦਾ ਮੁਢ ਜਲਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਬੰਨ੍ਹਿਆ। ਦਸਵੀਂ ਜਮਾਤ ਵਿਚ ਪੜ੍ਹਨ ਵੇਲੇ ਤੋਂ ਹੀ ਆਪ ਵਿਦਿਆਰਥੀਆਂ ਦੀ ਬਿਰਤੀ ਰਾਜਨੀਤੀ ਵਲ ਮੋੜਨ ਲਗ ਗਏ। ਧਾਰੋਵਾਲ ਪਿੰਡ ਵਿਚ ਅਕਤੂਬਰ 1920 ਈ. ਦੇ ਆਰੰਭ ਵਿਚ ਹੋਈ ਸਿੱਖ ਕਾਨਫ਼੍ਰੰਸ ਵਿਚ 20 ਵਿਦਿਆਰਥੀਆਂ ਦੇ ਜੱਥੇ ਨੂੰ ਲੈ ਕੇ ਸ਼ਾਮਲ ਹੋਏ। ਸੰਨ 1924 ਈ. ਵਿਚ ਆਪ ਨੂੰ ਲਾਇਲਪੁਰ ਜ਼ਿਲ੍ਹੇ ਦੀ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਖਾ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਉਸੇ ਸਾਲ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਨੂੰ ਜਾ ਰਹੇ ਸ਼ਹੀਦੀ ਜੱਥੇ ਦਾ ਸੁਆਗਤ ਕਰਨ ਦੇ ਦੋਸ਼ ਵਿਚ ਆਪ ਨੂੰ ਪਕੜ ਲਿਆ ਗਿਆ ਅਤੇ ਛੇ ਮਹੀਨੇ ਕੈਦ ਦੀ ਸਜ਼ਾ ਕਟਣੀ ਪਈ।

ਸੰਨ 1926 ਈ. ਵਿਚ ਪਹਿਲਾਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਅਗਲੇ ਸਾਲ ਆਪ ਕਾਰਜ ਸਾਧਕ ਕਮੇਟੀ ਦੇ ਵੀ ਮੈਂਬਰ ਚੁਣ ਲਏ ਗਏ। 30 ਅਕਤੂਬਰ 1928 ਈ. ਨੂੰ ਆਪ ਨੇ ਸਾਈਮਨ ਕਮਿਸ਼ਨ ਪ੍ਰਤਿ ਲਾਹੌਰ ਦੇ ਰੇਲਵੇ ਸਟੇਸ਼ਨ ਉਤੇ ਰੋਸ ਪ੍ਰਗਟ ਕੀਤਾ ਅਤੇ ਸੰਨ 1930-31 ਈ. ਵਿਚ ਚਲੇ ਸਿਵਲ ਨਾਫ਼ਰਮਾਨੀ ਅੰਦੋਲਨ ਵਿਚ ਭਾਗ ਲੈਣ ਕਾਰਣ ਇਕ ਸਾਲ ਲਈ ਕੈਦ ਕਟੀ। ਸੰਨ 1937 ਈ. ਵਿਚ ਆਪ

ਸਮੁੰਦਰੀ-ਜੜ੍ਹਾਂਵਾਲਾ ਚੋਣ ਹਲਕੇ ਤੋਂ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਚੁਣੇ ਗਏ। ਸੰਨ 1943 ਈ. ਨੂੰ ਆਪ ਨੇ 'ਆਜ਼ਾਦ ਪੰਜਾਬ' ਬਣਾਉਣ ਦਾ ਵਿਚਾਰ ਪੇਸ਼ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਧਿਕ ਪ੍ਰਭਾਵੀ ਬਣਾਉਣ ਲਈ ਆਪ ਨੇ ਸਿੱਖ ਕੌਮ ਦਾ ਇਸ ਦੇ ਸੁਧਾਰ ਵਲ ਧਿਆਨ ਦਿਵਾਇਆ। ਫਲਸਰੂਪ 12 ਦਸੰਬਰ 1944 ਈ. ਨੂੰ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਵਾਈ ਜਿਸ ਨਾਲ ਤਥਾ-ਕਥਿਤ ਪਛੜੀਆਂ ਹੋਈਆਂ ਜਾਤੀਆਂ ਨੂੰ ਕਮੇਟੀ ਵਿਚ ਪ੍ਰਤਿਨਿਧਤਾ ਦਿੱਤੀ ਗਈ ਅਤੇ ਧਰਮ ਅਰਥ ਪ੍ਰਚਾਰ, ਵਿਦਿਆ ਵਿਸਤਾਰ ਅਤੇ ਸਮਾਜਿਕ ਸੁਧਾਰ ਲਈ ਖ਼ਰਚਾ ਕਰਨ ਦੀ ਖੁਲ੍ਹ ਦਿੱਤੀ ਗਈ।

ਦੇਸ਼-ਵੰਡ ਵੇਲੇ ਆਪ ਨੇ ਪੰਜਾਬ ਵਾਸੀਆਂ, ਖ਼ਾਸ ਕਰਕੇ ਸਿੱਖਾਂ, ਦੇ ਹਿੱਤਾਂ ਦਾ ਪੂਰਾ ਧਿਆਨ ਰਖਿਆ ਅਤੇ 15 ਅਗਸਤ 1947 ਈ. ਤੋਂ ਬਾਦ ਆਪਣੀ ਜਾਨ ਦੀ ਪਰਵਾਹ ਨ ਕਰਦੇ ਹੋਇਆਂ ਲਾਇਲਪੁਰ ਅਤੇ ਸ਼ੇਖ਼ੂਪੁਰਾ ਜ਼ਿਲ੍ਹਿਆਂ ਦੇ ਹਿੰਦੂਆਂ ਅਤੇ ਸਿੱਖਾਂ ਦੇ ਕਾਫ਼ਲਿਆਂ ਦੀ ਅਗਵਾਈ ਕੀਤੀ। ਪੂਰਬੀ ਪੰਜਾਬ ਦੀ ਵਿਧਾਨ ਸਭਾ ਵਿਚ ਇਨ੍ਹਾਂ ਨੇ ਕਾਂਗ੍ਰਸ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਗੋਪੀਚੰਦ ਭਾਰਗਵ ਅਤੇ ਭੀਮ ਸੈਨ ਸੱਚਰ ਦੇ ਮੰਤਰੀ-ਮੰਡਲਾਂ ਵਿਚ ਮਾਲ ਅਤੇ ਵਿਕਾਸ ਮੰਤਰੀ ਵਜੋਂ ਸ਼ਾਮਲ ਹੋਏ। ਇਨ੍ਹਾਂ ਨੇ ਸੱਚਰ ਫਾਰਮੂਲਾ ਅਧੀਨ ਪੰਜਾਬ ਦੇ ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਵਾਈ। ਇਸੇ ਨਿਸ਼ਾਨਦੇਹੀ ਦੇ ਆਧਾਰ 'ਤੇ ਕਾਲਾਂਤਰ ਵਚ ਪੰਜਾਬੀ ਸੂਬਾ ਬਣਾਉਣ ਦਾ ਅੰਦੋਲਨ ਚਲਿਆ ਅਤੇ ਇਸ ਫਾਰਮੂਲੇ ਦੇ ਆਧਾਰ 'ਤੇ ਹੀ ਪੰਜਾਬ ਅਤੇ ਹਰਿਆਣਾ ਦੀਆਂ ਸੀਮਾਵਾਂ ਨਿਸਚਿਤ ਹੋਈਆਂ।

ਸੰਨ 1952 ਈ. ਵਿਚ ਹੋਈ ਚੋਣ ਵਿਚ ਭਾਵੇਂ ਆਪ ਹਾਰ ਗਏ, ਪਰ ਆਪ ਨੂੰ ਪੰਜਾਬ ਵਿਧਾਨ ਕੌਂਸਲ ਦਾ ਮੈਂਬਰ ਬਣਾ ਦਿੱਤਾ ਗਿਆ। ਪੈਪਸੂ ਦੇ ਪੰਜਾਬ ਵਿਚ ਮਿਲ ਜਾਣ ਕਾਰਣ ਆਪ ਨੇ ਸੰਨ 1956 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਵਿਚ ਫਿਰ ਸੋਧ ਕਰਵਾਈ। ਸੰਨ 1957 ਈ. ਵਿਚ ਪੰਜਾਬ ਵਿਧਾਨ ਸਭਾ ਲਈ ਚੁਣੇ ਜਾਣ 'ਤੇ ਆਪ ਨੂੰ ਪ੍ਰਤਾਪ ਸਿੰਘ ਕੈਰੋਂ ਦੇ ਮੰਤਰੀ-ਮੰਡਲ ਵਿਚ ਮਾਲ ਅਤੇ ਖੇਤੀਬਾੜੀ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ। ਸੰਨ 1962 ਈ. ਵਿਚ ਆਪ ਫਿਰ ਚੋਣ ਜਿਤ ਕੇ ਵਿਧਾਨ ਸਭਾ ਵਿਚ ਆਏ। 16 ਅਪ੍ਰੈਲ 1967 ਈ. ਨੂੰ ਆਪ ਨੇ ਕਾਂਗ੍ਰਸ ਪਾਰਟੀ ਤੋਂ ਤਿਆਗ ਪੱਤਰ ਦੇ ਦਿੱਤਾ। ਪਰ ਸਿਹਤ ਵਿਚ ਵਿਗਾੜ ਹੋ ਜਾਣ ਕਾਰਣ ਆਪ ਰਾਜਨੀਤੀ ਵਿਚ ਸਰਗਰਮ ਨ ਰਹਿ ਸਕੇ। 10 ਜੂਨ 1974 ਈ. ਨੂੰ ਆਪ ਦਾ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਦੇਹਾਂਤ ਹੋ ਗਿਆ। ਆਪ ਦਾ ਸਸਕਾਰ ਟਾਂਡਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਕੀਤਾ ਗਿਆ। ਸਰਕਾਰੀ ਕਾਲਜ ਟਾਂਡਾ ਵਿਚ 17 ਜੂਨ 1974 ਈ. ਨੂੰ ਪਾਏ ਗਏ ਭੋਗ ਦੇ ਅਵਸਰ 'ਤੇ ਉਦੋਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਆਪ ਦੀ ਯਾਦ ਵਿਚ ਕਾਲਜ ਦਾ ਨਾਂ 'ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ' ਰਖਿਆ। ਸਰਕਾਰੀ ਕਾਲਜ ਟਾਂਡਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਵਿਚ ਆਪ ਨੇ ਮਹੱਤਵਪੂਰਣ ਭੂਮਿਕਾਵਾਂ ਨਿਭਾਈਆਂ ਹਨ।

ਆਪ ਸੱਚੇ ਅਰਥਾਂ ਵਿਚ ਇਕ ਦਰਵੇਸ਼ ਸਿਆਸਤ-ਦਾਨ ਸਨ। ਨ ਔਹਦੇ ਹਾਸਲ ਕਰਨ ਦੇ ਇੱਛੁਕ ਸਨ ਅਤੇ ਨ ਕਿਸੇ ਪ੍ਰਕਾਰ ਦੀ ਜਾਇਦਾਦ ਹੀ ਆਪ ਨੇ ਬਣਾਈ ਸੀ। ਆਪ ਨੇ ਸਾਰੀ ਉਮਰ ਸਿੱਖ ਕੌਮ ਦੇ ਹਿੱਤਾਂ ਦੀ ਰਖਿਆ ਲਈ ਅਰਪਿਤ ਕਰ ਦਿੱਤੀ। ਆਪ ਦੀ ਪ੍ਰੇਰਣਾ ਦੇ ਫਲਸਰੂਪ ਕਈ ਨਵੇਂ ਸਿੱਖ ਲੀਡਰ ਸਾਹਮਣੇ ਆਏ। ਮਾਸਟਰ ਤਾਰਾ ਸਿੰਘ ਵਾਂਗ ਆਪ ਦਾ ਸਿੱਖ ਕੌਮ ਵਿਚ ਆਦਰ-ਪੂਰਣ ਸਥਾਨ ਅਤੇ ਮਹੱਤਵ ਮੰਨਿਆ ਜਾਂਦਾ ਹੈ।

**ਕਰਤਾਰ ਸਿੰਘ ਝੱਬਰ** (1874-1962 ਈ.): ਗੁਰਦੁਆਰਾ ਸੁਧਾਰ ਲਹਿਰ ਵਿਚ ਉਤਸਾਹ-ਵਰਧਕ ਭੂਮਿਕਾ ਨਿਭਾਉਣ ਵਾਲੇ ਸ. ਕਰਤਾਰ ਸਿੰਘ ਦਾ ਜਨਮ ਸੰਨ 1874 ਈ. ਵਿਚ ਸ. ਤੇਜਾ ਸਿੰਘ ਦੇ ਘਰ ਪਿੰਡ ਝੱਬਰ (ਝੱਬੀਆਂ), ਜ਼ਿਲ੍ਹਾ ਸ਼ੇਖ਼ੂਪੁਰਾ (ਪੱਛਮੀ ਪੰਜਾਬ) ਵਿਚ ਹੋਇਆ। ਇਹ ਭਾਵੇਂ ਸ਼ੁਰੂ ਵਿਚ ਕਿਸੇ ਪ੍ਰਕਾਰ ਦੀ ਤਾਲੀਮ ਤੋਂ ਵਾਂਝਿਆ ਰਿਹਾ ਪਰ ਆਪਣੀ ਉਮਰ ਦੇ 30 ਵਰ੍ਹੇ ਬਿਤਾਉਣ ਤੋਂ ਬਾਦ ਇਸ ਦਾ ਰੁਝਾਨ ਸਿੱਖ ਧਰਮ ਦੇ ਪ੍ਰਚਾਰ ਵਲ ਹੋਇਆ ਅਤੇ ਪ੍ਰਚਾਰਕ ਬਣਨ ਲਈ ਇਸ ਨੇ ਖ਼ਾਲਸਾ ਉਪਦੇਸ਼ਕ ਮਹਾਂਵਿਦਿਆਲਾ, ਘਰਜਾਖ ਵਿਚ ਸੰਨ 1906 ਈ. ਵਿਚ ਦਾਖ਼ਲਾ ਲਿਆ ਅਤੇ ਕੋਰਸ ਕਰਨ ਉਪਰੰਤ ਧਰਮ-ਪ੍ਰਚਾਰ ਵਿਚ ਜੁਟ ਗਿਆ। ਸੰਨ 1912 ਈ. ਵਿਚ ਇਸ ਨੇ ਚੂੜਕਾਣਾ ਦੇ ਗੁਰਦੁਆਰਾ

ਸੱਚਾ ਸੌਦਾ ਵਿਚ 'ਖ਼ਾਲਸਾ ਦੀਵਾਨ ਖਰਾ ਸੌਦਾ ਬਾਰ' ਦੀ ਸਥਾਪਨਾ ਕੀਤੀ। ਵਿਦਿਆ ਪ੍ਰਸਾਰ ਲਈ ਇਸ ਨੇ ਪਿੰਡਾਂ ਵਿਚ ਸਕੂਲ ਖੋਲਣ ਦੇ ਉਦਮ ਨੂੰ ਉਤਸਾਹ ਦਿੱਤਾ।

ਜਲਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਦ ਇਸ ਨੇ ਸਰਕਾਰ ਵਿਰੋਧੀ ਕਾਰਵਾਈਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਪਕੜੇ ਜਾਣ 'ਤੇ ਮੁਕੱਦਮਾ ਚਲਿਆ ਅਤੇ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਜੋ 30 ਮਈ 1919 ਈ. ਨੂੰ ਜਲਾਵਤਨੀ ਵਿਚ ਬਦਲ ਦਿੱਤੀ ਗਈ। ਪਰ ਮਾਰਚ 1920 ਈ. ਵਿਚ ਇਸ ਨੂੰ ਸ਼ਾਹੀ ਮਾਫ਼ੀ ਅਧੀਨ ਅੰਡੇਮਾਨ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਉਸੇ ਸਾਲ ਦੇ ਅਕਤੂਬਰ ਮਹੀਨੇ ਵਿਚ ਇਸ ਨੇ ਸਿਆਲਕੋਟ ਸਥਿਤ 'ਗੁਰਦੁਆਰਾ ਬੇਬੇ ਦੀ ਬੇਰ' ਦੀ ਵਿਵਸਥਾ ਨੂੰ ਦੁਰਾਚਾਰੀ ਮਹੰਤ ਦੇ ਅਧਿਕਾਰ ਤੋਂ ਕਢਣ ਲਈ ਜੱਥੇ ਦੀ ਰਾਹਨੁਮਾਈ ਕਰਕੇ ਗੁਰਦੁਆਰਾ ਸੁਧਾਰ ਲਹਿਰ ਦਾ ਉਦਘਾਟਨ ਕੀਤਾ। 12 ਅਕਤੂਬਰ 1920 ਈ. ਨੂੰ ਇਸ ਨੇ ਸ. ਤੇਜਾ ਸਿੰਘ ਭੁੱਚਰ ਨਾਲ ਮਿਲ ਕੇ ਅਕਾਲ ਤਖ਼ਤ ਨੂੰ ਪੁਜਾਰੀਆਂ ਤੋਂ ਮੁਕਤ ਕਰਾਇਆ। ਉਸ ਤੋਂ ਬਾਦ ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਤਰਨਤਾਰਨ, ਗੁਰਦੁਆਰਾ ਗੁਰੂ ਕਾ ਬਾਗ਼, ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਆਦਿ ਨੂੰ ਆਜ਼ਾਦ ਕਰਾਉਣ ਲਈ ਇਸ ਨੇ ਆਪਣਾ ਮਹੱਤਵਪੂਰਣ ਯੋਗਦਾਨ ਪਾਇਆ। 11 ਮਾਰਚ 1921 ਈ. ਨੂੰ ਇਸ ਨੂੰ ਸਰਕਾਰ ਨੇ ਪਕੜ ਲਿਆ ਅਤੇ ਛੇ ਮਹੀਨਿਆਂ ਦੀ ਕੈਦ ਕਟਣੀ ਪਈ। ਫਿਰ ਜੂਨ 1924 ਈ. ਵਿਚ ਪਕੜਿਆ ਗਿਆ ਅਤੇ ਚਾਰ ਸਾਲ ਤਕ ਵਖ ਵਖ ਜੇਲ੍ਹਾਂ ਵਿਚ ਬੰਦ ਰਿਹਾ। ਦਸੰਬਰ 1928 ਈ. ਵਿਚ ਰਿਹਾ ਹੋਣ 'ਤੇ, ਕਿਉਂਕਿ ਗੁਰਦੁਆਰਾ ਸੁਧਾਰ ਲਹਿਰ ਦਾ ਕਾਰਜ ਪੂਰਾ ਹੋ ਚੁੱਕਾ ਸੀ, ਇਸ ਲਈ ਇਸ ਨੇ ਸ਼ਾਂਤੀ-ਪੂਰਵਕ ਆਪਣੇ ਪਿੰਡ ਵਿਚ ਰਹਿਣਾ ਸ਼ੁਰੂ ਕਰ ਦਿੱਤਾ, ਬਸ ਇਕ ਵਾਰ ਜ਼ਿਲ੍ਹਾ ਕੈਂਬਲਪੁਰ ਦੇ ਪਿੰਡ ਕੋਟ ਭਾਈ ਥਾਨ ਸਿੰਘ ਵਿਚ ਨਵਾਬ ਨਿਵਾਜ਼ ਖ਼ਾਨ ਦੁਆਰਾ ਸਿੱਖਾਂ ਦੇ ਪੀਣ ਦੇ ਪਾਣੀ ਉਤੇ ਰੋਕ ਲਗਾਉਣ ਦੇ ਵਿਰੋਧ ਵਿਚ ਦੀਵਾਨ ਸਜਾਇਆ।

ਦੇਸ਼ ਦੀ ਵੰਡ ਤੋਂ ਬਾਦ ਇਹ ਕਰਨਾਲ ਜ਼ਿਲ੍ਹੇ ਦੇ ਹਾਬੜੀ ਪਿੰਡ ਵਿਚ ਜਾ ਵਸਿਆ ਅਤੇ ਉਥੇ ਹੀ 20 ਨਵੰਬਰ 1962 ਈ. ਨੂੰ ਕਾਲ-ਵਸ ਹੋਇਆ।

**ਕਰਤਾਰ ਸਿੰਘ ਦਾਖਾ, ਪੰਡਿਤ** (1888-1958 ਈ.): ਪ੍ਰਸਿੱਧ ਨਿਰਮਲਾ ਵਿਦਵਾਨ ਅਤੇ ਵਿਆਕਰਣ ਆਚਾਰਯ ਵਜੋਂ ਜਾਣੇ ਜਾਂਦੇ ਪੰਡਿਤ ਕਰਤਾਰ ਸਿੰਘ ਦਾ ਜਨਮ 13 ਸਤੰਬਰ 1888 ਈ. ਵਿਚ ਸ. ਰਾਮ ਸਿੰਘ ਦੇ ਘਰ ਮਾਈ ਅਤਰ ਕੌਰ ਦੀ ਕੁੱਖੋਂ ਲੁਧਿਆਣਾ ਜ਼ਿਲ੍ਹੇ ਦੇ ਦਾਖਾ ਕਸਬੇ ਵਿਚ ਹੋਇਆ। ਮੁੱਢਲੀ ਤਾਲੀਮ ਆਪਣੇ ਪਿੰਡ ਵਿਚ ਪ੍ਰਾਪਤ ਕਰਨ ਉਪਰੰਤ ਇਸ ਨੂੰ ਖ਼ਾਲਸਾ ਕਾਲਜਿਏਟ ਸਕੂਲ ਅੰਮ੍ਰਿਤਸਰ ਵਿਚ ਦਾਖ਼ਲ ਕਰਵਾਇਆ ਗਿਆ, ਪਰ ਸੰਨ 1907 ਈ. ਵਿਚ ਪਿਤਾ ਦੀ ਮ੍ਰਿਤੂ ਤੋਂ ਬਾਦ ਪੜ੍ਹਾਈ ਵਿਚੇ ਛਡ ਕੇ ਪਿੰਡ ਪਰਤ ਆਇਆ। ਪੰਡਿਤ ਬਸੰਤ ਸਿੰਘ ਨਿਰਮਲਾ ਤੋਂ ਸੰਸਕ੍ਰਿਤ ਪੜ੍ਹਨ ਲਈ ਇਹ ਠੀਕਰੀਵਾਲਾ ਦੇ ਨਿਰਮਲ ਡੇਰੇ ਵਿਚ ਪਹੁੰਚ ਗਿਆ। ਉਥੇ ਇਸ ਨੇ ਸੰਸਕ੍ਰਿਤ ਦੇ ਨਾਲ ਨਾਲ ਸਿੱਖ ਧਰਮ-ਗ੍ਰੰਥਾਂ ਅਤੇ ਸਿੱਖ-ਇਤਿਹਾਸ ਦਾ ਨਿਠ ਕੇ ਅਧਿਐਨ ਕੀਤਾ ਅਤੇ ਧਾਰਮਿਕ ਗੋਸ਼ਠੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਠੀਕਰੀਵਾਲਾ ਤੋਂ ਕੁਝ ਸਮੇਂ ਲਈ ਇਹ ਤਰਨਤਾਰਨ ਦੇ ਖ਼ਾਲਸਾ ਪ੍ਰਚਾਰਕ ਵਿਦਿਆਲਾ ਵਿਚ ਅਧਿਆਪਕ ਜਾ ਲਗਾ ਅਤੇ ਫਿਰ ਸੰਨ 1923 ਈ. ਵਿਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਲੈਕਚਰਾਰ ਵਜੋਂ ਕੰਮ ਕਰਨ ਲਗ ਗਿਆ। ਪਰ ਜਲਦੀ ਹੀ ਇਹ ਪਿੰਡ ਪਰਤ ਆਇਆ ਅਤੇ ਧਰਮ-ਪ੍ਰਚਾਰ ਦੇ ਕੰਮ ਵਿਚ ਰੁਝ ਗਿਆ। ਸੰਨ 1933 ਈ. ਤੋਂ ਪੰਜ ਸਾਲਾਂ ਲਈ ਇਸ ਨੇ ਗੁਰਮਤਿ ਉਪਦੇਸ਼ਕ ਕਾਲਜ, ਤਲਵੰਡੀ ਸਾਬੋ ਵਿਚ ਕੰਮ ਕੀਤਾ ਅਤੇ ਉਥੇ ਹੀ ਸਿੱਖੀ ਦੇ ਪ੍ਰਚਾਰ ਲਈ 'ਗੁਰੂ ਕਾਸ਼ੀ ਪੱਤਰ' ਸ਼ੁਰੂ ਕੀਤਾ। ਤਲਵੰਡੀ ਸਾਬੋ ਤੋਂ ਵੇਹਲਾ ਹੋ ਕੇ ਧਰਮ-ਪ੍ਰਚਾਰ ਲਈ ਸਿੰਗਾਪੁਰ ਅਤੇ ਮਲਾਇਆ ਗਿਆ। ਉਥੋਂ ਪਰਤ ਕੇ ਇਸ ਨੇ ਕੁਝ ਸਮੇਂ ਲਈ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ, ਗੁਰੂਸਰ ਸਧਾਰ ਵਿਚ ਧਰਮ ਦੇ ਵਿਸ਼ੇ ਦੇ ਲੈਕਚਰਾਰ ਵਜੋਂ ਨੌਕਰੀ ਕੀਤੀ ਅਤੇ ਦੋ ਵਰ੍ਹੇ ਪਟਿਆਲੇ ਦੇ ਪੰਜਾਬੀ ਮਹਿਕਮੇ ਵਿਚ ਸੇਵਾ ਕੀਤੀ। 25 ਨਵੰਬਰ 1958 ਈ. ਵਿਚ ਇਸ ਦਾ ਕਿਲਾ ਰਾਇਪੁਰ ਵਿਚ ਦੇਹਾਂਤ ਹੋ ਗਿਆ।

ਧਰਮ-ਪ੍ਰਚਾਰ ਦੇ ਨਾਲ ਨਾਲ ਇਸ ਨੇ ਪੁਸਤਕਾਂ ਲਿਖ ਕੇ ਵੀ ਆਪਣੀ ਵਿਦਵੱਤਾ ਦੀ ਧਾਕ ਜਮਾਈ। ਇਸ ਨੇ ਸੰਨ 1913 ਈ. ਵਿਚ 'ਗੁਰੂ ਕਾਵ੍ਯ ਦਰਸ਼ਨ ਅਰਥਾਤ ਪਿੰਗਲ' ਨਾਂ ਦੀ ਪੁਸਤਕ ਦਾ ਪ੍ਰਕਾਸ਼ਨ ਕੀਤਾ ਅਤੇ ਫਿਰ

'ਅਲੰਕਾਰ ਨਿਰਣਯ' ਅਤੇ 'ਨਵੀਨ ਪੰਜਾਬੀ ਪਿੰਗਲ' ਦੀ ਵੀ ਰਚਨਾ ਕੀਤੀ। ਇਸ ਨੇ ਗੁਰਮੁਖੀ ਅਤੇ ਦੇਵਨਾਗਰੀ ਲਿਪੀ ਦਾ ਤੁਲਨਾਤਮਕ ਅਧਿਐਨ ਕਰਕੇ ਦੋ ਛੋਟੀਆਂ ਛੋਟੀਆਂ ਪੁਸਤਕਾਂ ਦਾ ਵੀ ਪ੍ਰਕਾਸ਼ਨ ਕੀਤਾ। ਇਸ ਨੇ ਗੁਰਬਾਣੀ ਵਿਆਕਰਣ, ਮਾਲਵੇ ਦਾ ਰਾਜਨੈਤਿਕ ਇਤਿਹਾਸ ਲਿਖਣ ਤੋਂ ਇਲਾਵਾ ਦਸਮ ਗ੍ਰੰਥ ਵਿਚ ਸੰਕਲਿਤ ਕਈ ਵਿਵਾਦਮਈ ਕਰਤ੍ਰਿਤਵ ਵਾਲੀਆਂ ਰਚਨਾਵਾਂ ਬਾਰੇ ਆਪਣੇ ਵਿਚਾਰ ਕਿਤਾਬਚਿਆਂ ਰਾਹੀਂ ਲੋਕਾਂ ਨਾਲ ਸਾਂਝੇ ਕੀਤੇ। ਰਿਗਵੇਦ ਦਾ ਵੀ ਪੰਜਾਬੀ ਵਿਚ ਅਨੁਵਾਦ ਕਰਕੇ 'ਗੁਰੂ ਕਾਸ਼ੀ ਪੱਤਰ' ਵਿਚ ਪ੍ਰਕਾਸ਼ਿਤ ਕੀਤਾ। ਸਮੇਂ ਸਮੇਂ ਸਿੱਖ ਧਰਮ ਦੇ ਭਖਦੇ ਮਸਲਿਆਂ ਬਾਰੇ ਇਸ ਨੇ ਕਈ ਟ੍ਰੈਕਟ ਪ੍ਰਕਾਸ਼ਿਤ ਕੀਤੇ। ਨਿਰਮਲ ਸੰਪ੍ਰਦਾਇ ਦੇ ਇਕ ਗਿਆਨਵਾਨ ਲੇਖਕ ਵਜੋਂ ਇਸ ਦਾ ਪੰਜਾਬੀ ਅਤੇ ਸਿੱਖ ਸਮਾਜ ਵਿਚ ਬਹੁਤ ਆਦਰ ਰਿਹਾ ਹੈ।

**ਕਰਤਾਰ ਸਿੰਘ, ਬਾਵਾ** (1886-1960 ਈ.): ਸ੍ਰੀ ਗੁਰੂ ਅਮਰਦਾਸ ਜੀ ਦੀ ਬੰਸ ਨਾਲ ਸੰਬੰਧਿਤ ਬਾਵਾ ਕਰਤਾਰ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਵੈਰੋਵਾਲ ਪਿੰਡ ਵਿਚ ਬਾਵਾ ਜੀਵਨ ਸਿੰਘ ਦੇ ਘਰ 17 ਅਪ੍ਰੈਲ 1886 ਈ. ਹੋਇਆ। ਇਸ ਨੇ ਮੁਢਲੀ ਤਾਲੀਮ ਡੀ.ਏ.ਵੀ. ਕਾਲਜ ਲਾਹੌਰ ਅਤੇ ਕਾਲਜਿਏਟ ਸਕੂਲ, ਰੰਗੂਨ ਤੋਂ ਹਾਸਲ ਕੀਤੀ ਜਿਥੇ ਇਸ ਦੇ ਪਿਤਾ ਇੰਡੀਅਨ ਮੈਡੀਕਲ ਸਰਵਿਸ ਵਿਚ ਸਨ। ਸੰਨ 1903 ਈ. ਵਿਚ ਕਲਕੱਤਾ ਯੂਨੀਵਰਸਿਟੀ ਤੋਂ ਦਸਵੀਂ ਦਾ ਇਮਤਿਹਾਨ ਪਾਸ ਕਰਕੇ ਇਹ ਇੰਗਲੈਂਡ ਚਲਾ ਗਿਆ। ਉਥੇ ਕੈਂਬਰਿਜ ਯੂਨੀਵਰਸਿਟੀ ਦੇ ਡਾਊਨਿੰਗ ਕਾਲਜ ਤੋਂ ਸੰਨ 1906 ਈ. ਵਿਚ ਨੈਚੁਰਲ ਸਾਇੰਸਿਜ਼ ਵਿਚ ਡਿਗਰੀ ਹਾਸਲ ਕੀਤੀ। ਉਸ ਤੋਂ ਬਾਦ ਇਸ ਨੇ ਕੈਂਬਰਿਜ ਅਤੇ ਡਬਲਿਨ ਯੂਨੀਵਰਸਿਟੀਆਂ ਤੋਂ ਸਾਇੰਸ ਵਿਚ ਉਚੇਰੀ ਸਿਖਿਆ ਪ੍ਰਾਪਤ ਕੀਤੀ।

ਭਾਰਤ ਪਰਤਣ 'ਤੇ ਇਸ ਨੂੰ ਗੌਰਮਿੰਟ ਕਾਲਜ, ਢਾਕਾ ਵਿਚ ਕੈਮਿਸਟਰੀ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਸੰਨ 1918 ਈ. ਵਿਚ ਇਹ ਢਾਕੇ ਤੋਂ ਲਾਹੌਰ ਆ ਗਿਆ ਅਤੇ ਗੌਰਮਿੰਟ ਕਾਲਜ ਵਿਚ ਕੈਮਿਸਟਰੀ ਵਿਭਾਗ ਦਾ ਮੁਖੀ ਬਣ ਗਿਆ। ਸੰਨ 1921 ਈ. ਵਿਚ ਇਸ ਨੂੰ ਡਬਲਿਨ ਯੂਨੀਵਰਸਿਟੀ ਵਲੋਂ ਸਟੈਰਿਓ-ਕੈਮਿਸਟਰੀ ਐਸ-ਸੀ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਉਸੇ ਸਾਲ ਇਹ ਇੰਡੀਅਨ ਐਜੂਕੇਸ਼ਨ ਸਰਵਿਸ ਵਿਚ ਚੁਣ ਲਿਆ ਗਿਆ ਅਤੇ ਗੌਰਮਿੰਟ ਕਾਲਜ ਪਟਨਾ ਵਿਚ ਨਿਯੁਕਤ ਹੋਇਆ। ਕੁਝ ਸਮੇਂ ਬਾਦ ਇਹ ਕਟਕ ਚਲਾ ਗਿਆ। ਉਥੋਂ ਦੀ ਠਹਿਰ ਦੌਰਾਨ ਇਸ ਨੇ ਵਿਦੇਸ਼ਾਂ ਵਿਚ ਚੱਕਰ ਲਗਾ ਕੇ ਆਪਣੇ ਵਿਸ਼ੇ ਬਾਰੇ ਗੰਭੀਰ ਖੋਜ ਕੀਤੀ ਜਿਸ ਦੀ ਮਾਨਤਾ ਵਜੋਂ ਸੰਨ 1941 ਈ. ਵਿਚ ਕੈਂਬਰਿਜ ਯੂਨੀਵਰਸਿਟੀ ਨੇ ਵੀ ਇਸ ਨੂੰ ਐਸ-ਸੀ.ਡੀ. ਦੀ ਡਿਗਰੀ ਪ੍ਰਦਾਨ ਕੀਤੀ। ਕਟਕ ਤੋਂ ਬਾਦ ਸੰਨ 1936 ਈ. ਵਿਚ ਇਹ ਪਟਨਾ ਯੂਨੀਵਰਸਿਟੀ ਵਿਚ ਆ ਗਿਆ। ਸੰਨ 1940 ਈ. ਵਿਚ ਗੌਰਮਿੰਟ ਕਾਲਜ ਸਰਵਿਸ ਤੋਂ ਸੇਵਾ ਮੁਕਤ ਹੋ ਕੇ ਇਹ ਅਲਾਹਾਬਾਦ ਯੂਨੀਵਰਸਿਟੀ ਵਿਚ ਕੈਮਿਸਟਰੀ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਹੋਇਆ ਅਤੇ ਇਥੋਂ ਸੰਨ 1946 ਈ. ਵਿਚ ਸੇਵਾਮੁਕਤ ਹੋਇਆ। ਉਥੋਂ ਇਹ ਪਹਿਲਾਂ ਲਾਹੌਰ ਆਇਆ, ਪਰ ਦੇਸ਼ ਵੰਡ ਤੋਂ ਬਾਦ ਇਹ ਹਿੰਦੂ ਯੂਨੀਵਰਸਿਟੀ ਬਨਾਰਸ ਚਲਾ ਗਿਆ। ਉਥੇ ਇਸ ਨੇ ਬਹੁਤ ਖੋਜ ਕੀਤੀ। ਸੰਨ 1960 ਈ. ਦੇ ਮਾਰਚ ਮਹੀਨੇ ਵਿਚ ਇਹ ਚੰਡੀਗੜ੍ਹ ਆ ਵਸਿਆ, ਪਰ 16 ਜੂਨ ਨੂੰ ਅਧਰੰਗ ਦੀ ਬੀਮਾਰੀ ਕਾਰਣ ਇਸ ਦਾ ਦੇਹਾਂਤ ਹੋ ਗਿਆ। ਇਸ ਦੀ ਖੋਜ ਨੂੰ ਦੇਸ਼-ਵਿਦੇਸ਼ ਵਿਚ ਬਹੁਤ ਮਾਨਤਾ ਮਿਲੀ। ਅਨੇਕ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਇਹ ਕਿਸੇ ਨ ਕਿਸੇ ਰੂਪ ਵਿਚ ਸੰਬੰਧਿਤ ਰਿਹਾ। ਇਸ ਨੂੰ ਭਾਰਤ ਵਿਚ ਸਟੈਰਿਓ ਕੈਮਿਸਟਰੀ ਦਾ ਜਨਮਦਾਤਾ ਸਮਝਿਆ ਜਾਂਦਾ ਹੈ।

ਇਹ ਜਿਥੇ ਵੀ ਰਿਹਾ, ਆਪਣੇ ਵਿਸ਼ੇ ਦੀ ਖੋਜ ਦੇ ਨਾਲ ਨਾਲ ਇਸ ਨੇ ਸਿੱਖ-ਧਰਮ ਦੇ ਵਿਕਾਸ ਵਲ ਵੀ ਧਿਆਨ ਦਿੱਤਾ। ਪਟਨਾ ਦੀ ਠਹਿਰ ਦੌਰਾਨ ਇਸ ਨੇ ਹਰਿਮੰਦਿਰ ਸਾਹਿਬ ਦੀ ਡਿਉਡੀ ਨੂੰ ਉਸਾਰਨ ਵਿਚ ਆਪਣਾ ਯੋਗਦਾਨ ਪਾਇਆ। ਕਟਕ ਵਿਚ ਰਹਿੰਦਿਆਂ ਇਸ ਨੇ ਗੁਰਦੁਆਰਾ ਦਾਤਨ ਸਾਹਿਬ ਦੀ ਪੁਨਰ-ਉਸਾਰੀ ਕਰਵਾ ਕੇ ਜਸ ਖਟਿਆ। ਇਸ ਦਾ ਜੀਵਨ ਇਕ ਆਦਰਸ਼ ਸਿੱਖ ਵਾਲਾ ਸੀ।

**ਕਰਤਾਰਪੁਰ-1** : ਸਿੱਖ ਇਤਿਹਾਸ ਦਾ ਇਕ ਪ੍ਰਸਿੱਧ ਨਗਰ ਜੋ ਗੁਰੂ ਨਾਨਕ ਦੇਵ ਜੀ ਦੀ ਪ੍ਰੇਰਣਾ ਅਤੇ ਅਸੀਸ ਨਾਲ ਭਾਈ ਦੋਦਾ ਅਤੇ ਭਾਈ ਦੁਨੀ ਚੰਦ (ਕਰੋੜੀ ਮੱਲ) ਨੇ ਸੰਨ 1504 ਈ. (1561 ਬਿ.) ਵਿਚ ਰਾਵੀ ਨਦੀ ਦੇ ਸੱਜੇ ਕੰਢੇ

'ਤੇ ਵਸਾਇਆ ਸੀ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਦ ਇਥੇ ਹੀ ਸੰਨ 1522 ਈ. ਤੋਂ ਪਰਿਵਾਰ ਸਹਿਤ ਪੱਕੀ ਰਿਹਾਇਸ਼ ਕੀਤੀ। ਇਸ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ— *ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ। ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।*(1/38)। ਇਥੇ ਉਨ੍ਹਾਂ ਨੇ ਆਪਣੇ ਹੱਥੀ ਖੇਤੀ ਕੀਤੀ, ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ ਅਤੇ ਕਈਆਂ ਬਾਣੀਆਂ ਦੀ ਰਚਨਾ ਕੀਤੀ। ਇਥੋਂ ਹੀ ਉਹ ਅਚਲ -ਬਟਾਲਾ ਅਤੇ ਹੋਰ ਕਈਆਂ ਸਥਾਨਾਂ 'ਤੇ ਧਰਮ-ਪ੍ਰਚਾਰ ਲਈ ਗਏ ਅਤੇ ਲੋਕਾਂ ਦਾ ਕਲਿਆਣ ਕੀਤਾ।

ਇਸ ਨਗਰ ਵਿਚ 18 ਵਰ੍ਹੇ ਨਿਵਾਸ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਗੁਰਿਆਈ ਬਖ਼ਸ਼ ਕੇ 7 ਸਤੰਬਰ ਸੰਨ 1539 ਈ. ਵਿਚ ਆਪਣੀ ਸੰਸਾਰਿਕ ਲੀਲਾ ਸਮਾਪਤ ਕੀਤੀ। ਇਹ ਨਗਰ ਬਾਦ ਵਿਚ ਹੜ੍ਹਾਂ ਨੇ ਰੋੜ੍ਹ ਲਿਆ। ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਨੇ ਉੱਦਮ ਕਰਕੇ ਗੁਰੂ ਨਾਨਕ ਦੇਵ ਜੀ ਦਾ ਨਵਾਂ ਦੇਹਰਾ ਰਾਵੀ ਨਦੀ ਦੇ ਖੱਬੇ ਕੰਢੇ ਉਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਣਵਾਇਆ। ਜਿਸ ਦੇ ਇਰਦ-ਗਿਰਦ ਵਸਿਆ ਨਗਰ ਹੁਣ ਡੇਰਾ ਬਾਬਾ ਨਾਨਕ ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ। ਕੁਝ ਪ੍ਰੇਮੀ ਅਤੇ ਉੱਦਮੀ ਸਿੱਖਾਂ ਨੇ ਰਾਵੀ ਨਦੀ ਦੇ ਪਰਲੇ ਕੰਢੇ ਪੁਰਾਤਨ ਕਰਤਾਰਪੁਰ ਨਗਰ ਦੀ ਨਿਸ਼ਾਨਦੇਹੀ ਕਰਕੇ ਫਿਰ ਤੋਂ ਕਰਤਾਰਪੁਰ ਨਗਰ ਵਸਾਇਆ ਅਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਥੇ ਗੁਰੂ-ਧਾਮ ਉਸਾਰਿਆ। ਇਹ ਨਗਰ ਹੁਣ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਵਿਚ ਹੈ ਅਤੇ ਡੇਰਾ ਬਾਬਾ ਨਾਨਕ ਤੋਂ ਇਸ ਗੁਰਦੁਆਰੇ ਦਾ ਕਲਸ ਸਾਫ਼ ਦਿਸਦਾ ਹੈ।

**ਕਰਤਾਰਪੁਰ**-2 : ਸਿੱਖ-ਇਤਿਹਾਸ ਵਿਚ ਕਰਤਾਰਪੁਰ ਨਾਂ ਦੇ ਦੋ ਨਗਰਾਂ ਦੀ ਸਥਾਪਨਾ ਹੋਈ ਹੈ। ਪਹਿਲਾ ਕਰਤਾਰਪੁਰ (ਵੇਖੋ) ਗੁਰੂ ਨਾਨਕ ਦੇਵ ਜੀ ਨੇ ਸੰਨ 1504 ਈ. (1561 ਬਿ.) ਵਿਚ ਰਾਵੀ ਦੇ ਕੰਢੇ ਵਸਾਇਆ ਸੀ। ਦੂਜਾ ਕਰਤਾਰਪੁਰ ਗੁਰੂ ਅਰਜਨ ਦੇਵ ਜੀ ਨੇ ਸੰਨ 1594 ਈ. (1651 ਬਿ.) ਵਿਚ ਵਸਾਇਆ ਜੋ ਹੁਣ ਜਲੰਧਰ ਤੋਂ ਅੰਮ੍ਰਿਤਸਰ ਜਾਣ ਵਾਲੀ ਜਰਨੈਲੀ ਸੜਕ ਉਤੇ ਲਗਭਗ 16 ਕਿ.ਮੀ. ਦੀ ਵਿੱਥ ਉਤੇ ਹੈ। ਇਹ ਨਗਰ ਲਕੜੀ ਦੀਆਂ ਬਣੀਆਂ ਵਸਤੂਆਂ ਲਈ ਬਹੁਤ ਪ੍ਰਸਿੱਧ ਹੈ।

ਕਹਿੰਦੇ ਹਨ ਕਿ ਇਥੇ ਇਕ ਵੱਡੇ ਸਾਰੇ ਬ੍ਰਿਛ ਉਤੇ ਇਕ ਰਾਖਸ਼ ਦਾ ਨਿਵਾਸ ਸੀ। ਉਹ ਜੰਗਲ ਵਿਚ ਲਕੜੀ ਕਟਣ ਲਈ ਆਏ ਲੋਕਾਂ ਨੂੰ ਪਰੇਸ਼ਾਨ ਕਰਦਾ ਸੀ। ਉਸ ਤੋਂ ਦੁਖੀ ਹੋਏ ਲੋਕਾਂ ਨੇ ਗੁਰੂ ਅਰਜਨ ਦੇਵ ਜੀ ਅਗੇ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਰਾਖਸ਼ ਨੂੰ ਸਮਝਾ ਬੁਝਾ ਕੇ ਸਿਧੇ ਮਾਰਗ ਉਤੇ ਪਾਇਆ। ਫਲਸਰੂਪ, ਲੋਕਾਂ ਨੇ ਬਿਨਾ ਕਿਸੇ ਡਰ-ਭੈ ਦੇ ਉਥੋਂ ਲਕੜੀਆਂ ਕਟਣੀਆਂ ਜਾਰੀ ਰਖੀਆਂ। ਸੰਨ 1598 ਈ. (1655 ਬਿ.) ਵਿਚ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਨੇ ਇਸ ਨਗਰ ਦੇ ਸਾਰੇ ਖੇਤਰ ਦੀ ਮੁਆਫ਼ੀ ਦਾ ਪੱਟਾ ਧਰਮਸ਼ਾਲਾ ਦੇ ਨਾਂ 'ਤੇ ਕਰ ਦਿੱਤਾ। ਗੁਰੂ ਹਰਿਗੋਬਿੰਦ ਜੀ ਨੇ ਇਸ ਨਗਰ ਦਾ ਕਾਫ਼ੀ ਵਿਕਾਸ ਕੀਤਾ। (ਗੁਰੂ) ਹਰਿ ਰਾਇ ਸਾਹਿਬ ਅਤੇ (ਗੁਰੂ) ਤੇਗ ਬਹਾਦਰ ਜੀ ਵੀ ਇਸ ਨਗਰ ਵਿਚ ਰਹੇ। ਨੌਵੇਂ ਗੁਰੂ ਜੀ ਦਾ ਵਿਆਹ ਇਸੇ ਨਗਰ ਵਿਚ ਹੋਇਆ ਸੀ। ਬਾਬਾ ਗੁਰਦਿੱਤਾ ਅਤੇ ਭਾਈ ਗੁਰਦਾਸ ਜੀ ਨੇ ਵੀ ਇਸ ਨਗਰ ਵਿਚ ਆਪਣੀ ਰਿਹਾਇਸ਼ ਕੀਤੀ ਸੀ।

ਸੰਨ 1756 ਈ. ਵਿਚ ਅਹਿਮਦਸ਼ਾਹ ਦੁਰਾਨੀ ਨੇ ਆਪਣੇ ਹਮਲੇ ਦੌਰਾਨ ਇਸ ਨਗਰ ਦਾ ਬਹੁਤ ਨੁਕਸਾਨ ਕੀਤਾ। ਸੰਨ 1833 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਗਰ ਵਿਚ ਇਕ ਸੁੰਦਰ ਧਰਮ-ਧਾਮ ਬਣਵਾਇਆ। ਹੁਣ ਇਸ ਨਗਰ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਕਈ ਗੁਰੂ-ਧਾਮ ਹਨ, ਜਿਵੇਂ ਸ਼ੀਸ਼ ਮਹੱਲ, ਗੁਰਦੁਆਰਾ ਥੰਮ ਸਾਹਿਬ, ਗੁਰਦੁਆਰਾ ਗੰਗਸਰ ਸਾਹਿਬ, ਗੁਰਦੁਆਰਾ ਵਿਆਹ ਅਸਥਾਨ ਗੁਰੂ ਤੇਗ ਬਹਾਦੁਰ ਤੇ ਮਾਤਾ ਗੁਜਰੀ ਜੀ, ਗੁਰਦੁਆਰਾ ਚੌਬਚਾ ਸਾਹਿਬ ਪਾਤਿਸ਼ਾਹੀ ਛੇਵੀਂ, ਗੁਰਦੁਆਰਾ ਟਾਹਲੀ ਸਾਹਿਬ ਪਾਤਿਸ਼ਾਹੀ ਸੱਤਵੀਂ ਅਤੇ ਗੁਰਦੁਆਰਾ ਬਾਬੇ ਦੀ ਬੇਰ। ਇਨ੍ਹਾਂ ਤੋਂ ਇਲਾਵਾ ਮਾਤਾ ਕੌਲਾਂ ਦੀ ਸਮਾਧ, ਨਾਨਕੀਆਣਾ ਸਾਹਿਬ, ਦਮਦਮਾ ਸਾਹਿਬ ਅਤੇ ਡੇਰਾ ਭਾਈ ਭਗਤੂ ਆਦਿ ਪੂਜ੍ਯ ਸਥਾਨ ਵੀ ਹਨ।

ਉਪਰੋਕਤ ਸਥਾਨਾਂ ਵਿਚੋਂ ਸ਼ੀਸ਼ ਮਹੱਲ ਬਹੁਤ ਪ੍ਰਸਿੱਧ ਹੈ। ਇਹ ਗੁਰੂ ਅਰਜਨ ਦੇਵ ਜੀ ਨੇ ਬਣਵਾਇਆ ਸੀ। ਇਥੇ ਗੁਰੂ ਹਰਿਗੋਬਿੰਦ ਸਿੰਘ ਜੀ ਵੀ ਰਿਹਾਇਸ਼ ਰਖਦੇ ਰਹੇ ਸਨ। ਇਹ ਹੁਣ ਧੀਰਮਲ ਸੋਢੀ ਦੀ ਸੰਤਾਨ ਦੇ ਅਧਿਕਾਰ ਵਿਚ ਹੈ। ਇਥੇ ਗੁਰੂ ਅਰਜਨ ਦੇਵ ਜੀ ਦੁਆਰਾ ਭਾਈ ਗੁਰਦਾਸ ਤੋਂ ਲਿਖਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ

ਆਦਿ ਬੀੜ ਸੁਰਖਿਅਤ ਹੈ। ਇਸ ਤੋਂ ਇਲਾਵਾ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਇ ਜੀ ਦੁਆਰਾ ਵਰਤੇ ਦੋ ਖੰਡੇ, ਬਾਣੀ ਦਾ ਇਕ ਗੁਟਕਾ ਅਤੇ ਬਾਬਾ ਸ੍ਰੀ ਚੰਦ ਦੁਆਰਾ ਬਾਬਾ ਗੁਰਦਿੱਤਾ ਨੂੰ ਦਿੱਤੀ ਸੇਲਹੀ ਤੇ ਟੋਪੀ ਆਦਿ ਇਤਿਹਾਸਿਕ ਮਹੱਤਵ ਵਾਲੀਆਂ ਵਸਤੂਆਂ ਸੰਭਾਲੀਆਂ ਹੋਈਆਂ ਪਈਆਂ ਹਨ।

ਗੁਰਦੁਆਰਾ ਥੰਮ੍ਹ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸੰਨ 1650 ਈ. ਵਿਚ ਨਗਰ ਦੀ ਨੀਂਹ ਰਖਣ ਵੇਲੇ ਬਣਵਾਇਆ ਸੀ। ਇਸ ਦੇ 'ਸਤਿਸੰਗਤ ਘਰ' ਦੀ ਛੱਤ ਦੇ ਸ਼ਤੀਰਾਂ ਨੂੰ ਟਿਕਾਉਣ ਲਈ ਇਕ ਪੁਰਾਣੀ ਵੱਡੀ ਸਾਰੀ ਟਾਹਲੀ ਦੇ ਦਰਖ਼ਤ ਦਾ ਥੰਮ੍ਹ ਬਣਾ ਕੇ ਕੇਂਦਰ ਵਿਚ ਸਥਿਤ ਕੀਤਾ ਗਿਆ। ਸੰਨ 1757 ਈ. ਵਿਚ ਅਹਿਮਦਸ਼ਾਹ ਦੁਰਾਨੀ ਨੇ ਆਪਣੇ ਫ਼ੌਜਦਾਰ ਨਾਸਰ ਅਲੀ ਤੋਂ ਇਸ ਇਮਾਰਤ ਨੂੰ ਢਵਾ ਦਿੱਤਾ ਅਤੇ ਥੰਮ੍ਹ ਨੂੰ ਅੱਗ ਲਗਾ ਕੇ ਸੜਵਾ ਦਿੱਤਾ। ਇਕ ਸਾਲ ਵਿਚ ਹੀ ਸਿੱਖਾਂ ਨੇ ਇਸ ਤਬਾਹੀ ਦਾ ਬਦਲਾ ਲੈਣ ਲਈ ਜਲੰਧਰ ਉਪਰ ਹਮਲਾ ਕਰਕੇ ਨਾਸਰ ਅਲੀ ਨੂੰ ਮਾਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਪੁਰਾਤਨ ਸਥਾਨ ਉਤੇ ਸੱਤ ਮੰਜ਼ਿਲਾ ਇਮਾਰਤ ਉਸਰਵਾਈ ਅਤੇ ਇਸ ਦਾ ਨਾਂ 'ਥੰਮ੍ਹ ਸਾਹਿਬ' ਰਖਿਆ। ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਕਰਤਾਰਪੁਰ' ਸ਼ਬਦ ਦਾ ਸ਼ਲਿਸ਼ਟ ਪ੍ਰਯੋਗ ਹੋਇਆ ਹੈ— *ਸਿਮਰਿ ਸਿਮਰਿ ਪੂਰਨ ਪ੍ਰਭੁ ਕਾਰਜ ਭਏ ਰਾਸਿ। ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ।* (ਗੁ.ਗ੍ਰੰ.816)। ਕੁਝ ਵਿਆਖਿਆਕਾਰ ਇਸ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਵਸਾਏ ਕਰਤਾਰਪੁਰ ਨਾਲ ਜੋੜਦੇ ਹਨ ਅਤੇ ਕੁਝ ਪ੍ਰਸਤੁਤ ਪ੍ਰਸੰਗ ਦੇ ਕਰਤਾਰਪੁਰ ਨਾਲ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦਾ ਅਰਥ 'ਸਤਿ-ਸੰਗਤ' ਕੀਤਾ ਹੈ।

**ਕਰਤਾਰਪੁਰੀ ਬੀੜ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਹੁ-ਚਰਚਿਤ ਆਦਿ-ਬੀੜ 'ਕਰਤਾਰਪੁਰੀ ਬੀੜ' ਦੇ ਨਾਂ ਨਾਲ ਪ੍ਰਸਿੱਧ ਹੈ ਕਿਉਂਕਿ ਇਹ ਧੀਰਮੱਲ ਦੀ ਸੰਤਾਨ ਪਾਸ ਕਰਤਾਰ-ਪੁਰ ਕਸਬੇ ਵਿਚ ਸੁਰਖਿਅਤ ਹੈ। ਅਜ ਕਲ ਇਸ ਦੀ ਸਾਂਭ-ਸੰਭਾਲ ਸੋਢੀ ਅਮਰਜੀਤ ਸਿੰਘ ਕਰ ਰਿਹਾ ਹੈ। ਇਸ ਬੀੜ ਬਾਰੇ ਆਮ ਪ੍ਰਸਿੱਧ ਹੈ ਕਿ ਇਹ ਉਹੀ ਬੀੜ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਲਿਖਵਾ ਕੇ ਸੰਮਤ 1661 ਬਿ. (1604 ਈ.) ਵਿਚ ਤਿਆਰ ਕੀਤਾ ਸੀ।

ਇਸ ਦੀ ਪ੍ਰਮਾਣਿਕਤਾ ਬਾਰੇ ਵਾਦ-ਵਿਵਾਦ ਸਰਦਾਰ ਜੀ.ਬੀ. ਸਿੰਘ (ਵੇਖੋ) ਦੀ ਪੁਸਤਕ 'ਪ੍ਰਾਚੀਨ ਬੀੜਾਂ' ਦੇ ਛਪਣ ਤੋਂ ਬਾਦ ਸ਼ੁਰੂ ਹੋਇਆ। ਭਾਵੇਂ ਇਸ ਤੋਂ ਪਹਿਲਾਂ 'ਰਾਗਮਾਲਾ' ਦੀ ਸਮਸਿਆ ਵੀ ਭੜਕ ਪਈ ਸੀ। 'ਰਾਗਮਾਲਾ' ਸੰਬੰਧੀ ਚਲੇ ਵਾਦ-ਵਿਵਾਦ ਨੂੰ ਠਲ੍ਹ ਪਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਵਿਦਵਾਨਾਂ ਦੀ ਇਕ ਚਾਰ ਮੈਂਬਰੀ ਕਮੇਟੀ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਨਿਸਚਿਤ ਕਰਨ ਲਈ ਭੇਜੀ। ਇਸ ਕਮੇਟੀ ਵਿਚ ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰਿੰਸੀਪਲ ਗੰਗਾ ਸਿੰਘ ਆਦਿ ਸ਼ਾਮਲ ਸਨ। ਇਨ੍ਹਾਂ ਨੇ ਆਪਣੀ 11 ਅਕਤੂਬਰ 1945 ਈ. ਦੀ ਰਿਪੋਰਟ ਵਿਚ ਤਸਦੀਕ ਕੀਤਾ ਕਿ 'ਰਾਗਮਾਲਾ' ਕਰਤਾਰਪੁਰੀ ਬੀੜ ਵਿਚ ਮੌਜੂਦ ਹੈ। ਇਸ ਤੋਂ ਬਾਦ ਅਗਸਤ 1946 ਈ. ਵਿਚ ਭਾਈ ਜੋਧ ਸਿੰਘ ਫਿਰ ਇਸ ਬੀੜ ਦੇ ਦਰਸ਼ਨਾਂ ਲਈ ਗਏ ਅਤੇ ਆਪਣੇ ਨਾਲ 'ਖ਼ਾਲਸਾ ਸਮਾਚਾਰ' ਦੇ ਸੰਪਾਦਕ ਗਿਆਨੀ ਮਹਾਂ ਸਿੰਘ ਨੂੰ ਵੀ ਲੈਂਦੇ ਗਏ ਜਿਨ੍ਹਾਂ ਨੇ ਬੜੇ ਵਿਸਤਾਰ ਨਾਲ ਇਸ ਬੀੜ ਤੋਂ ਨੋਟਸ ਅਤੇ ਉਤਾਰੇ (ਟ੍ਰੇਸਿੰਗ) ਲਏ ਜੋ ਬਾਦ ਵਿਚ 'ਕਰਤਾਰਪੁਰੀ ਬੀੜ ਦੇ ਦਰਸ਼ਨ' (ਵੇਖੋ) ਨਾਂ ਅਧੀਨ ਸੰਨ 1968 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਪੁਸਤਕ ਰੂਪ ਵਿਚ ਛਾਪ ਦਿੱਤੇ ਗਏ, ਇਹ ਸਿੱਧ ਕਰਨ ਲਈ ਕਿ ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕਰਵਾਈ ਇਹੀ ਅਸਲ ਬੀੜ ਹੈ। ਕਰਤਾਰਪੁਰੀ ਬੀੜ ਨੂੰ ਪ੍ਰਮਾਣਿਕ ਮੰਨਣ ਵਾਲੇ (ਪੂਰਵ ਪੱਖੀ) ਵਿਦਵਾਨ ਆਮ ਤੌਰ 'ਤੇ ਹੇਠ ਲਿਖੇ ਤੱਥਾਂ ਦੇ ਆਧਾਰ 'ਤੇ ਇਸ ਨੂੰ ਪ੍ਰਮਾਣਿਕ ਮੰਨਦੇ ਹਨ :

(1) ਗੁਰੂ ਅਰਜਨ ਸਾਹਿਬ ਦੇ ਨੀਸਾਣ,
(2) ਲਿਖੇ ਜਾਣ ਦੀ ਤਾਰੀਖ਼ ਸੰਮਤ 1661 ਬਿ.,
(3) ਗੁਰੂ ਰਾਮਦਾਸ ਦੇ ਦਸਖ਼ਤਾਂ ਦੀ ਸਿੱਧੀ ਨਕਲ,
(4) ਰਹਿਰਾਸ ਵਿਚ ਕੇਵਲ 'ਸੋਦਰ' ਜੁੱਟ ਦੇ ਪੰਜ ਸ਼ਬਦਾਂ ਦੀ ਹੋਂਦ,
(5) ਜੈਜਾਵੰਤੀ ਰਾਗ ਤੋਂ ਛੁਟ ਬਾਕੀ 30 ਰਾਗਾਂ ਵਿਚਲੀ ਬਾਣੀ ਅਤੇ ਅਜੋਕਾ ਬਾਣੀ ਕ੍ਰਮ,
(6) ਰਾਗਮਾਲਾ ਦਾ ਅੰਤ ਉਤੇ ਹੋਣਾ,
(7) ਬੰਨੋ ਵਾਲੀ ਬੀੜ ਵਿਚਲੀ ਵਾਧੂ ਬਾਣੀ ਦਾ ਅਭਾਵ।

ਇਸ ਬੀੜ ਨੂੰ ਪ੍ਰਮਾਣਿਕ ਨ ਮੰਨਣ ਵਾਲੇ ਆਮ ਤੌਰ 'ਤੇ ਉਹ ਵਿਦਵਾਨ ਹਨ ਜਿਨ੍ਹਾਂ ਨੂੰ ਇਹ ਬੀੜ ਵੇਖਣ ਦਾ ਅਵਸਰ ਨਹੀਂ ਮਿਲਿਆ, ਜਿਵੇਂ ਸਰਦਾਰ ਜੀ.ਬੀ.ਸਿੰਘ, ਡਾ. ਪਿਆਰ ਸਿੰਘ ਆਦਿ। ਬਸ ਸੁਣੀਆਂ-ਸੁਣਾਈਆਂ ਗੱਲਾਂ ਜਾਂ ਚਿੱਠੀਆਂ ਦੇ ਆਧਾਰ 'ਤੇ ਹੀ ਫ਼ੈਸਲੇ ਦੇ ਦਿੱਤੇ ਅਤੇ ਕਈ ਪ੍ਰਕਾਰ ਦੇ ਪਾਠਾਂਤਰਾਂ ਵਲ ਸੰਕੇਤ ਵੀ ਕਰ ਦਿੱਤਾ। ਡਾ. ਪਿਆਰ ਸਿੰਘ ਨੇ ਹੋਰਨਾਂ ਵਿਦਵਾਨਾਂ ਦੇ ਆਧਾਰ 'ਤੇ ਪੰਜ ਪ੍ਰਕਾਰ ਦੇ ਪਾਠਾਂਤਰਾਂ ਵਲ ਸੰਕੇਤ ਕੀਤਾ ਹੈ ਅਤੇ ਇਸੇ ਤਰ੍ਹਾਂ ਦੇ ਹੋਰ ਕਈ ਸ਼ੰਕੇ ਉਠਾਏ ਹਨ। ਪਰ ਹਨ ਤਾਂ ਇਹ ਸ਼ੰਕੇ ਹੀ, ਜਦ ਤਕ ਕੋਈ ਠੋਸ ਪ੍ਰਮਾਣ/ਤੱਥ ਸਾਹਮਣੇ ਨਹੀਂ ਆਉਂਦਾ, ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਨੂੰ ਵੰਗਾਰਨਾ ਸਰਲ ਨਹੀਂ ਹੈ।

ਇਸ ਬੀੜ ਸੰਬੰਧੀ ਅਧਿਐਨ ਵਿਚ ਮਹੱਤਵਪੂਰਣ ਪ੍ਰਾਪਤੀ ਡਾ. ਗੁਰਿੰਦਰ ਸਿੰਘ ਮਾਨ ਦਾ ਸੰਨ 1993 ਈ. ਵਿਚ ਲਿਖਿਆ ਸ਼ੋਧ-ਪ੍ਰਬੰਧ (The Making of Sikh Scripture) ਹੈ ਜਿਸ ਉਤੇ ਉਸ ਨੂੰ ਕੋਲੰਬੀਆ ਯੂਨੀਵਰਸਿਟੀ ਤੋਂ ਪੀ-ਐਚ.ਡੀ. ਦੀ ਡਿਗਰੀ ਮਿਲੀ ਸੀ। ਇਸ ਖੋਜ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਡਾ. ਮਾਨ ਨੇ ਖ਼ੁਦ ਇਸ ਬੀੜ ਦਾ ਬੜੀ ਨੀਝ ਨਾਲ ਅਧਿਐਨ ਕੀਤਾ ਅਤੇ ਹਰ ਤੱਥ ਨੂੰ ਪ੍ਰਮਾਣ-ਪੁਸ਼ਟ ਕਰਕੇ ਉਤਰ ਪੱਖੀਆਂ ਦੀਆਂ ਮਾਨਤਾਵਾਂ ਦਾ ਖੰਡਨ ਕੀਤਾ ਅਤੇ ਯੁਕਤੀ-ਪੂਰਵਕ ਬੀੜ ਦੀ ਪ੍ਰਮਾਣਿਕਤਾ ਸਥਾਪਿਤ ਕੀਤੀ। ਇਹ ਪੁਸਤਕ ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਨਿਊਯਾਰਕ ਵਲੋਂ ਛਪ ਗਈ ਹੈ। ਇਸ ਦੇ ਪੰਜਾਬੀ ਵਿਚ ਪ੍ਰਕਾਸ਼ਨ ਨਾਲ ਕਈ ਪ੍ਰਕਾਰ ਦੀਆਂ ਭ੍ਰਾਂਤੀਆਂ ਦੇ ਦੂਰ ਹੋਣ ਦੀ ਸੰਭਾਵਨਾ ਹੈ।

**ਕਰਤਾਰਪੁਰੀ ਬੀੜ ਦੇ ਦਰਸ਼ਨ** (ਪੁਸਤਕ): ਇਹ ਪੁਸਤਕ ਭਾਈ ਜੋਧ ਸਿੰਘ ਨੇ ਸੰਨ 1968 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕਰਵਾਈ ਹੈ। ਇਹ ਪੁਸਤਕ ਅਸਲ ਵਿਚ ਗਿਆਨੀ ਮਹਾਂ ਸਿੰਘ ਦੁਆਰਾ ਲਏ ਨੋਟਸ ਅਤੇ ਟ੍ਰੇਸਿੰਗ 'ਤੇ ਆਧਾਰਿਤ ਹੈ ਜੋ ਉਨ੍ਹਾਂ ਨੇ ਅਗਸਤ, 1946 ਈ. ਵਿਚ ਭਾਈ ਜੋਧ ਸਿੰਘ ਹੋਰਾਂ ਨਾਲ ਕਰਤਾਰਪੁਰ ਜਾ ਕੇ ਅਤੇ ਪੰਜ ਦਿਨ ਰਹਿ ਕੇ ਕਰਤਾਰਪੁਰੀ ਬੀੜ ਵੇਖਣ ਦੇ ਅਵਸਰ 'ਤੇ ਲਏ ਸਨ। ਇਸ ਦੇ 'ਮੁਖ ਬੰਧ' ਵਿਚ ਇਸ ਪੁਸਤਕ ਦੇ ਪ੍ਰਕਾਸ਼ਨ ਦਾ ਮਨੋਰਥ ਦਸਦਿਆਂ ਭਾਈ ਸਾਹਿਬ ਨੇ ਲਿਖਿਆ ਹੈ— *ਇਹ ਪੁਸਤਕ ਪ੍ਰਕਾਸ਼ਿਤ ਕਰਨ ਦਾ ਕਾਰਨ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਬਾਬਤ ਪਏ ਭੁਲੇਖਿਆਂ ਨੂੰ ਦੂਰ ਕਰਨ ਦਾ ਹੈ। ਇਹ ਭੁਲੇਖੇ ਭਾਈ ਕਾਹਨ ਸਿੰਘ ਜੀ ਨਾਭਾ ਦੀ ਇਕ ਚਿੱਠੀ ਤੋਂ ਪਏ ਜੋ ਉਨ੍ਹਾਂ 23 ਜਨਵਰੀ 1918 ਈ. ਦੇ 'ਪੰਥ ਸੇਵਕ' ਵਿਚ ਛਪਵਾਈ।*

ਇਸ ਪੁਸਤਕ ਦੀ ਸਾਰੀ ਸਾਮਗ੍ਰੀ ਨੂੰ ਇਸ ਪ੍ਰਕਾਰ ਸੰਜੋਇਆ ਗਿਆ ਹੈ ਕਿ ਸਾਰੀ ਬੀੜ ਦੇ ਅੰਦਰ ਜੋ ਕੁਝ ਦਰਜ ਹੈ, ਉਘੜ ਸਕੇ। ਭਾਈ ਸਾਹਿਬ ਇਸ ਬੀੜ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਭਾਈ ਗੁਰਦਾਸ ਤੋਂ ਲਿਖਵਾਈ ਮੰਨ ਕੇ ਚਲੇ ਹਨ। ਬਾਦ ਦੇ ਖੋਜੀਆਂ ਨੇ ਭਾਈ ਸਾਹਿਬ ਦੀਆਂ ਸਥਾਪਨਾਵਾਂ ਉਤੇ ਕਿੰਤੂ ਵੀ ਕੀਤਾ ਹੈ। ਪਰ ਇਤਨਾ ਸੰਤੋਸ਼ ਹੈ ਕਿ ਜੋ ਬੀੜ ਹੁਣ 'ਆਦਿ-ਗ੍ਰੰਥ' ਦੇ ਨਾਂ ਨਾਲ ਕਰਤਾਰਪੁਰ ਵਿਚ ਪਈ ਹੈ, ਉਸ ਦੀ ਅੰਦਰਲੀ ਸਾਰੀ ਸਾਮਗ੍ਰੀ ਦਾ ਦਿਗਦਰਸ਼ਨ ਇਸ ਪੁਸਤਕ ਤੋਂ ਸਹਿਜ ਹੀ ਹੋ ਜਾਂਦਾ ਹੈ।

**ਕਰਨਾਲ** (ਨਗਰ): ਹਰਿਆਣਾ ਪ੍ਰਦੇਸ਼ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ, ਜੋ ਅੰਬਾਲਾ ਤੋਂ ਦਿੱਲੀ ਨੂੰ ਜਾਂਦੀ ਜੀ.ਟੀ. ਰੋਡ ਉਤੇ ਸਥਿਤ ਹੈ। ਕਦੇ ਯਮੁਨਾ ਨਦੀ ਇਸ ਦੇ ਬਹੁਤ ਨੇੜਿਓਂ ਵਗਦੀ ਸੀ। ਕਹਿੰਦੇ ਹਨ ਕਿ ਇਸ ਨੂੰ ਮਹਾਭਾਰਤ ਕਾਲ ਦੇ ਸ਼ਿਰੋਮਣੀ ਯੋਧਾ ਕਰਣ (ਕਰਣਾਲਯ) ਨੇ ਆਪਣੇ ਨਾਂ 'ਤੇ ਵਸਾਇਆ ਸੀ। ਸੰਨ 1709 ਈ. ਵਿਚ ਬੰਦਾ ਬਹਾਦਰ ਨੇ ਇਸ ਉਤੇ ਆਪਣਾ ਅਧਿਕਾਰ ਜਮਾਇਆ। ਫਿਰ ਸੰਨ 1763 ਈ. ਵਿਚ ਜੀਂਦ ਦੇ ਰਾਜਾ ਗਜਪਤ ਸਿੰਘ ਨੇ ਇਸ ਉਤੇ ਕਬਜ਼ਾ ਕਰਕੇ ਇਕ ਕਿਲ੍ਹਾ ਅਤੇ ਸ਼ਹਿਰ ਦੇ ਇਰਦ-ਗਿਰਦ ਫਸੀਲ ਬਣਵਾਈ। ਸੰਨ 1805 ਈ. ਵਿਚ ਇਹ ਅੰਗ੍ਰੇਜ਼ਾਂ ਦੇ ਅਧੀਨ ਹੋ ਗਿਆ।

ਜਨਮਸਾਖੀ ਸਾਹਿਤ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਪੂਰਬ ਦੀ ਉਦਾਸੀ ਦੌਰਾਨ ਦਿੱਲੀ ਨੂੰ ਜਾਂਦਿਆਂ ਸੰਨ 1515 ਈ. ਵਿਚ ਇਥੇ ਰੁਕੇ ਸਨ ਅਤੇ ਸ਼ੇਖ਼ ਤਾਹਿਰ ਨਾਲ ਸੰਵਾਦ ਕੀਤਾ ਸੀ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਮਹੱਲਾ ਠਠੇਰਿਆਂ ਵਿਚ 'ਮੰਜੀ ਸਾਹਿਬ' ਸਮਾਰਕ ਬਣਾਇਆ ਗਿਆ। ਜੀਂਦ ਦੇ ਰਾਜੇ ਗਜਪਤ ਸਿੰਘ ਨੇ ਆਪਣੇ ਰਾਜ-ਕਾਲ ਵਿਚ ਇਸ ਗੁਰਦੁਆਰੇ ਦੀ ਨਵੀਂ ਇਮਾਰਤ ਬਣਵਾਈ। ਕਹਿੰਦੇ ਹਨ ਕਿ ਦਿੱਲੀ ਤੋਂ ਲਖਨੌਰ ਜਾਂਦਿਆਂ ਗੁਰੂ ਤੇਗ

ਬਹਾਦਰ ਜੀ ਵੀ ਇਥੇ ਰੁਕੇ ਸਨ। ਗੁਰਦੁਆਰਾ ਮੰਜੀ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਕਰਨੀਨਾਮਾ** (ਕਾਵਿ): ਗੁਰੂ ਨਾਨਕ ਦੇਵ ਜੀ ਦੇ ਕਰਤ੍ਰਿਤਵ ਨਾਲ ਸੰਬੰਧਿਤ ਇਕ ਕਾਵਿ-ਰਚਨਾ ਜਿਸ ਵਿਚ ਚੰਗੇ ਕੰਮ ਕਰਨ ਉਤੇ ਬਲ ਦਿੱਤਾ ਗਿਆ ਹੈ। ਕਾਜ਼ੀ ਰੁਕਨ ਦੀਨ ਨੂੰ ਮੁਖ਼ਾਤਬ ਹੁੰਦਿਆਂ ਗੁਰੂ ਜੀ ਨੇ 'ਖ਼ਾਲਸਾ' ਦੇ ਆਗਮਨ ਵਲ ਸੰਕੇਤ ਕੀਤਾ ਜੋ ਚੰਗੀ ਕਰਨੀ ਵਾਲਾ ਮਾਹੌਲ ਸਿਰਜਨ ਵਿਚ ਸਹਾਇਕ ਹੋਵੇਗਾ।

**ਕਰਨੈਲ ਸਿੰਘ ਸ਼ਹੀਦ, ਈਸੜੂ** (1930-1955 ਈ.): ਗੋਆ ਨੂੰ ਪੁਰਤਗਾਲ ਤੋਂ ਮੁਕਤ ਕਰਾਉਣ ਲਈ ਭਾਰਤੀਆਂ ਵਲੋਂ ਕੀਤੇ ਗਏ ਅੰਦੋਲਨ ਵਿਚ ਸ਼ਹਾਦਤ ਪ੍ਰਾਪਤ ਕਰਨ ਵਾਲੇ ਕਰਨੈਲ ਸਿੰਘ ਦਾ ਜਨਮ ਜ਼ਿਲ੍ਹਾ ਲਾਇਲਪੁਰ ਦੇ ਚਕ ਨੰ. 50 ਵਿਚ ਸ. ਸੁੰਦਰ ਸਿੰਘ ਦੇ ਘਰ ਬੀਬੀ ਹਰਨਾਮ ਕੌਰ ਦੀ ਕੁੱਖੋਂ ਸੰਨ 1930 ਈ. ਵਿਚ ਹੋਇਆ। ਮੁੱਢਲੀ ਵਿਦਿਆ ਖ਼ੁਸ਼ਪੁਰ ਪਿੰਡ ਦੇ ਮਿਸ਼ਨਰੀ ਸਕੂਲ ਤੋਂ ਪ੍ਰਾਪਤ ਕੀਤੀ। ਪੰਜਾਬ ਦੀ ਵੰਡ ਤੋਂ ਬਾਦ ਇਸ ਦਾ ਪਰਿਵਾਰ ਆਪਣੇ ਜੱਦੀ ਪਿੰਡ ਈਸੜੂ (ਜ਼ਿਲ੍ਹਾ ਲੁਧਿਆਣਾ) ਵਿਚ ਆ ਵਸਿਆ। ਇਸ ਨੇ ਖੰਨੇ ਦੇ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਫਿਰ ਐਫ਼.ਏ. ਦਾ ਇਮਤਿਹਾਨ ਪ੍ਰਾਈਵੇਟ ਤੌਰ 'ਤੇ ਦਿੱਤਾ ਅਤੇ ਜਗਰਾਓਂ ਦੇ ਟ੍ਰੇਨਿੰਗ ਸਕੂਲ ਵਿਚ ਦਾਖ਼ਲਾ ਲੈ ਕੇ ਬੇਸਿਕ ਟ੍ਰੇਨਿੰਗ ਦੀ ਪੜ੍ਹਾਈ ਕੀਤੀ। ਕੁਝ ਸਮੇਂ ਬਾਦ ਸਰਕਾਰੀ ਸਕੂਲ ਵਿਚ ਨੌਕਰੀ ਮਿਲ ਗਈ, ਪਰ ਇਸ ਦੀ ਰੁਚੀ ਸਿਆਸੀ ਪਾਰਟੀਆਂ ਦੇ ਪ੍ਰੋਗਰਾਮਾਂ ਵਲ ਵਧਦੀ ਗਈ।

ਭਾਰਤ ਦੀ ਸੋਸ਼ਲਿਸਟ ਪਾਰਟੀ ਨੇ ਸੰਨ 1955 ਈ. ਵਿਚ ਗੋਆ, ਦਮਨ ਅਤੇ ਦੇਵ ਨੂੰ ਪੁਰਤਗਾਲ ਤੋਂ ਸੁਤੰਤਰ ਕਰਾਉਣ ਲਈ 'ਆਲ ਪਾਰਟੀਜ਼ ਗੋਆ ਵਿਮੋਚਨ ਸੰਮਤੀ' ਬਣਾਈ ਅਤੇ ਨੌਜਵਾਨਾਂ ਨੂੰ ਸਤਿਆਗ੍ਰਹਿ ਵਿਚ ਸ਼ਾਮਲ ਹੋਣ ਲਈ ਅਪੀਲ ਕੀਤੀ। ਕਰਨੈਲ ਸਿੰਘ ਨੂੰ ਭਾਵੇਂ ਵਲੰਟੀਅਰ ਬਣਨ ਦੀ ਇਜਾਜ਼ਤ ਨ ਮਿਲੀ, ਪਰ ਇਹ ਘੜੀ ਅਤੇ ਸਾਈਕਲ ਵੇਚ ਕੇ ਅਤੇ ਕੁਝ ਪੈਸੇ ਮਿਤਰਾਂ ਤੋਂ ਫੜ ਕੇ ਬੰਬਈ ਪਹੁੰਚ ਗਿਆ। ਉਥੇ ਪਹੁੰਚ ਕੇ ਘਰ ਵਾਲਿਆਂ ਨੂੰ ਸਤਿਆਗ੍ਰਹਿ ਵਿਚ ਸ਼ਾਮਲ ਹੋਣ ਲਈ ਆਗਿਆ ਦੇਣ ਦੀ ਚਿੱਠੀ ਲਿਖੀ। 12 ਅਗਸਤ 1955 ਈ. ਇਹ ਬੰਬਈ ਰੇਲਵੇ ਸਟੇਸ਼ਨ ਉਤੇ ਪੰਜਾਬੀ ਸਤਿਆਗ੍ਰਹੀਆਂ ਦੀ ਟੋਲੀ ਵਿਚ ਸ਼ਾਮਲ ਹੋ ਗਿਆ। 13 ਅਗਸਤ ਨੂੰ ਇਹ ਟੋਲੀ ਪੂਨੇ ਜਾ ਪਹੁੰਚੀ ਅਤੇ ਉਥੇ ਮੁੱਖ ਧਾਰਾ ਵਿਚ ਸ਼ਾਮਲ ਹੋ ਗਈ। ਰਾਸ਼ਟਰੀ ਸਤਿਆਗ੍ਰਹੀ ਜੱਥੇ ਦੀ ਕਮਾਂਡ ਬੰਗਾਲੀ ਨੇਤਾ ਕਾਮਰੇਡ ਚੇਤਲੇ ਕਰ ਰਿਹਾ ਸੀ।

15 ਅਗਸਤ 1955 ਈ. ਨੂੰ ਸਾਰੇ ਵਲੰਟੀਅਰ ਗੋਆ ਦੀ ਸਰਹਦ ਤੋਂ ਅੱਧਾ ਕਿਲੋਮੀਟਰ ਦੀ ਦੂਰੀ ਉਤੇ ਇਕੱਠੇ ਹੋ ਗਏ ਅਤੇ ਕਾਮਰੇਡ ਚੇਤਲੇ ਦੀ ਅਗਵਾਈ ਅਧੀਨ ਚਾਰ ਚਾਰ ਦੀਆਂ ਕਤਾਰਾਂ ਬਣਾ ਕੇ ਗੋਆ ਦੀ ਹਦ ਵਿਚ ਦਾਖ਼ਲ ਹੋਣ ਲਗ ਗਏ। ਪੁਰਤਗਾਲੀ ਸਿਪਾਹੀਆਂ ਨੇ ਗੋਲੀਆਂ ਦਾਗੀਆਂ। ਕਾਮਰੇਡ ਚੇਤਲੇ ਨੂੰ ਗੋਲੀਆਂ ਲਗਣ ਕਾਰਣ ਉਸ ਦੇ ਹੱਥੋਂ ਕੌਮੀ ਝੰਡਾ ਡਿਗਣ ਹੀ ਲਗਾ ਸੀ ਕਿ ਕਰਨੈਲ ਸਿੰਘ ਅੱਠਵੀਂ ਕਤਾਰ ਵਿਚੋਂ ਅਗੇ ਵਧਿਆ ਅਤੇ ਝੰਡਾ ਫੜ ਲਿਆ। ਪਰ ਇਸ ਦੀ ਛਾਤੀ ਵਿਚ ਦੋ ਗੋਲੀਆਂ ਵਜੀਆਂ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਮਾਰਦਾ ਦੇਸ਼ ਦੇ ਉਸ ਖ਼ਿਤੇ ਦੀ ਆਜ਼ਾਦੀ ਲਈ ਸ਼ਹੀਦ ਹੋ ਗਿਆ। ਇਸ ਦਾ ਸਸਕਾਰ ਹੋਰਨਾਂ ਸ਼ਹੀਦਾਂ ਨਾਲ ਪੂਨੇ ਵਿਚ ਕੀਤਾ ਗਿਆ। ਉਦੋਂ ਤੋਂ ਹਰ ਸਾਲ 15 ਅਗਸਤ ਨੂੰ ਇਸ ਦਾ ਸ਼ਹੀਦੀ ਦਿਨ ਪਿੰਡ ਈਸੜੂ ਵਿਚ ਮਨਾਇਆ ਜਾਂਦਾ ਹੈ। ਸਾਰੀਆਂ ਪ੍ਰਮੁਖ ਰਾਜਨੈਤਿਕ ਪਾਰਟੀਆਂ ਇਸ ਦਿਨ ਨੂੰ ਬੜੀ ਸ਼ਰਧਾ ਨਾਲ ਇਕੱਠ ਕਰਦੀਆਂ ਹਨ ਅਤੇ ਸ਼ਹੀਦ ਨੂੰ ਸ਼ਰਧਾਂਜਲੀਆਂ ਅਰਪਿਤ ਕਰਦੀਆਂ ਹਨ।

**ਕਰਨੈਲ ਸਿੰਘ, ਸਰਦਾਰ ਬਹਾਦਰ** (1904-1976 ਈ.): ਭਾਰਤੀ ਰੇਲਵੇ ਦੇ ਵਿਕਾਸ ਵਿਚ ਉਘੀ ਭੂਮਿਕਾ ਨਿਭਾਉਣ ਵਾਲੇ ਇੰਜੀਨੀਅਰ ਸ. ਕਰਨੈਲ ਸਿੰਘ ਦਾ ਜਨਮ ਸ. ਨਥਾ ਸਿੰਘ ਦੇ ਘਰ 25 ਜੁਲਾਈ 1904 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਛਜਲਵਡੀ ਪਿੰਡ ਵਿਚ ਹੋਇਆ। ਪਿੰਡ ਦੇ ਸਕੂਲ ਵਿਚ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਇਸ ਨੇ ਪੰਜਾਬ ਯੂਨੀਵਰਸਿਟੀ ਤੋਂ ਤਾਲੀਮ ਹਾਸਲ ਕੀਤੀ ਅਤੇ ਫਿਰ ਥਾਮਸਨ ਇੰਜੀਨੀਅਰਿੰਗ ਕਾਲਜ ਰੁੜਕੀ ਤੋਂ ਡਿਗਰੀ ਲਈ। ਸੰਨ 1928 ਈ. ਵਿਚ ਉਤਰ-ਪੱਛਮੀ ਰੇਲਵੇ ਵਿਚ ਇੰਜੀਨੀਅਰ ਵਜੋਂ ਨਿਯੁਕਤ ਹੋਇਆ। ਇਸ ਨੇ ਅਧਿਕਤਰ ਵਿਸ਼ੇਸ਼ ਪ੍ਰਾਜੈਕਟਾਂ ਨੂੰ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਸੰਭਾਲੀ

ਅਤੇ ਪੁਲਾਂ ਦੀ ਉਸਾਰੀ ਵਿਚ ਉਚੇਚੀ ਦਿਲਚਸਪੀ ਲਈ। ਸੰਨ 1935 ਈ. ਵਿਚ ਕੋਇਟੇ ਵਿਚ ਆਏ ਭੂਚਾਲ ਕਾਰਣ ਰੇਲਵੇ ਲਾਈਨਾਂ ਨੂੰ ਫਿਰ ਤੋਂ ਸਥਾਪਿਤ ਕੀਤਾ ਅਤੇ ਬਲੋਚਿਸਤਾਨ ਤੇ ਬਹਾਵਲਪੁਰ ਵਿਚ ਨਵੀਆਂ ਰੇਲ ਲਾਈਨਾਂ ਵਿਛਾਈਆਂ।

ਦੂਜੇ ਵਿਸ਼ਵ-ਯੁੱਧ ਦੇ ਖ਼ਤਮ ਹੋਣ ਵੇਲੇ ਸੰਨ 1946 ਈ. ਵਿਚ ਇਸ ਨੂੰ ਉਤਰ-ਪੱਛਮੀ ਰੇਲਵੇ ਦਾ ਡਿਪਟੀ ਜਨਰਲ ਮੈਨੇਜਰ ਲਗਾਇਆ ਗਿਆ ਅਤੇ 'ਸਰਦਾਰ ਬਹਾਦਰ' ਦੇ ਖ਼ਿਤਾਬ ਨਾਲ ਵਰਸਾਇਆ ਗਿਆ। ਪੰਜਾਬ ਦੀ ਵੰਡ ਵੇਲੇ ਇਸ ਨੇ ਹਿੰਦੂ-ਸਿੱਖ ਸ਼ਰਣਾਰਥੀਆਂ ਨੂੰ ਹਿੰਦੁਸਤਾਨ ਵਿਚ ਲਿਆਉਣ ਲਈ ਰੇਲਾਂ ਦੀ ਉਪਲਬਧੀ ਵਲ ਉਚੇਚਾ ਧਿਆਨ ਦਿੱਤਾ। ਆਜ਼ਾਦੀ ਤੋਂ ਬਾਦ ਅਸਾਮ ਪ੍ਰਾਂਤ ਨੂੰ ਪੱਛਮੀ ਬੰਗਾਲ ਨਾਲ ਜੋੜਨ ਲਈ 250 ਕਿ.ਮੀ. ਲੰਬੀ ਰੇਲਵੇ ਲਾਈਨ ਨੂੰ ਤਿੰਨ ਸਾਲਾਂ ਦੇ ਸੀਮਿਤ ਸਮੇਂ ਵਿਚ ਤਿਆਰ ਕਰਕੇ ਇਸ ਨੇ ਆਪਣੀ ਯੋਗਤਾ ਦਾ ਲਾਸਾਨੀ ਪ੍ਰਮਾਣ ਦਿੱਤਾ। ਇਸ ਸੰਬੰਧ ਵਿਚ ਉਸ ਦੀ ਅੰਗ੍ਰੇਜ਼ੀ ਵਿਚ ਲਿਖੀ ਹੋਈ ਪੁਸਤਕ 'ਏ ਕੰਪਲੀਟ ਸਟੋਰੀ ਆਫ਼ ਆਸਾਮ ਰੇਲ ਲਿੰਕ ਪ੍ਰਾਜੈਕਟ' ਪੜ੍ਹਨ ਯੋਗ ਦਸਤਾਵੇਜ਼ ਹੈ। ਸੰਨ 1952 ਈ. ਵਿਚ ਇਸ ਨੂੰ ਉਤਰੀ ਰੇਲਵੇ ਦਾ ਜਨਰਲ ਮੈਨੇਜਰ ਲਗਾਇਆ ਗਿਆ। ਜਨਵਰੀ 1957 ਈ. ਵਿਚ ਇਸ ਨੇ ਰੇਲਵੇ ਬੋਰਡ ਦੇ ਮੈਂਬਰ ਇੰਜੀਨੀਅਰਿੰਗ ਦਾ ਕਾਰਜ -ਭਾਰ ਸੰਭਾਲਿਆ ਅਤੇ ਅਪ੍ਰੈਲ 1960 ਈ. ਵਿਚ ਰੇਲਵੇ ਬੋਰਡ ਦਾ ਚੇਅਰਮੈਨ ਸਥਾਪਿਤ ਹੋਇਆ।

ਸੰਨ 1962 ਈ. ਵਿਚ ਸੇਵਾ-ਮੁਕਤੀ ਤੋਂ ਬਾਦ ਇਸ ਨੇ ਅਵੈਤਨਿਕ ਤੌਰ 'ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਵਜੋਂ ਅਤੇ ਜੰਮੂ-ਕਸ਼ਮੀਰ ਰਾਜ ਦੇ ਸੰਨਤੀ ਮਹਿਕਮੇ ਦੇ ਵਾਈਸ-ਚੇਅਰਮੈਨ ਵਜੋਂ ਸੇਵਾ ਕੀਤੀ। ਇਸ ਦਾ ਦੇਹਾਂਤ 12 ਫਰਵਰੀ 1976 ਈ. ਵਿਚ ਹੋਇਆ ਅਤੇ ਇਸ ਦੀ ਯਾਦ ਵਿਚ, ਇਸ ਦੁਆਰਾ ਦਿੱਲੀ ਵਿਚ ਕਨਾਟ ਪਲੇਸ ਦੇ ਨੇੜੇ ਨਿਰਮਿਤ ਸਟੇਡੀਅਮ ਦਾ ਨਾਂ 'ਕਰਨੈਲ ਸਿੰਘ ਸਟੇਡੀਅਮ' ਰਖਿਆ ਗਿਆ।

ਇਕ ਪ੍ਰਤਿਸ਼ਠਿਤ ਇੰਜੀਨੀਅਰ ਤੋਂ ਇਲਾਵਾ ਇਹ ਇਕ ਚੰਗਾ ਖਿਡਾਰੀ ਵੀ ਸੀ। ਕ੍ਰਿਕਟ, ਹਾਕੀ ਅਤੇ ਗਾਲਫ਼ ਦੀਆਂ ਖੇਡਾਂ ਵਿਚ ਇਸ ਨੇ ਆਪਣੀ ਛਾਪ ਛਡੀ। ਰਾਜਧਾਨੀ ਦੀਆਂ ਬਹੁਤ ਸਾਰੀਆਂ ਖੇਡ-ਕਲਬਾਂ ਦਾ ਇਹ ਮੈਂਬਰ ਵੀ ਰਿਹਾ। ਇਸ ਦੀ ਸਾਰੀ ਕਾਮਯਾਬੀ ਪਿਛੇ ਇਸ ਦਾ ਨਿਰਛਲ ਵਿਅਕਤਿਤਵ ਕੰਮ ਕਰ ਰਿਹਾ ਹੈ। ਇਕ ਸੱਚੇ ਅਤੇ ਸੁੱਚੇ ਸਿੱਖ ਵਾਂਗ ਇਸ ਨੇ ਪੂਰੀ ਪ੍ਰਤਿਬੱਧਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਆਪਣੀ ਜੀਵਨ-ਜੁਗਤ ਨੂੰ ਗੁਰਮਤਿ ਅਨੁਸਾਰ ਢਾਲਣ ਤੋਂ ਇਲਾਵਾ ਇਸ ਨੇ ਅਨੇਕ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਨਿਰਮਾਣ ਅਤੇ ਵਿਕਾਸ ਵਿਚ ਆਪਣਾ ਅਭੁਲ ਯੋਗਦਾਨ ਪਾਇਆ ਹੈ।

**ਕਰਮ** (ਸਿੱਧਾਂਤ) : ਸਿੱਖ ਧਰਮ ਅਤੇ ਗੁਰਬਾਣੀ ਵਿਚ ਕਰਮ ਦੀ ਸਿੱਧਾਂਤ ਵਜੋਂ ਸਵੀਕ੍ਰਿਤੀ ਹੋਈ ਹੈ ਅਤੇ ਚੰਗੇ ਕਰਮ ਕਰਨ ਅਤੇ ਮਾੜੇ ਕਰਮ ਨ ਕਰਨ ਉਤੇ ਬਲ ਦਿੱਤਾ ਗਿਆ ਹੈ। 'ਕਰਮ' ਦਾ ਸਿੱਧਾਂਤ ਪਰੰਪਰਾਗਤ ਹੈ। ਪ੍ਰਾਣੀ ਇਸ ਸੰਸਾਰ ਵਿਚ ਵਿਚਰਣ ਵੇਲੇ ਕੁਝ ਨ ਕੁਝ ਕੰਮ, ਕ੍ਰਿਆ, ਯਤਨ ਜਾਂ ਚੇਸ਼ਟਾ ਕਰਦਾ ਹੈ। ਇਹ ਸਭ ਵਿਅਕਤੀ ਦੇ ਕਰਮ ਅਖਵਾਉਂਦੇ ਹਨ।

ਅਧਿਆਤਮਿਕ ਦ੍ਰਿਸ਼ਟੀ ਤੋਂ ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਸੇ ਅਨੁਸਾਰ ਉਸ ਨੂੰ ਫਲ ਭੋਗਣਾ ਪੈਂਦਾ ਹੈ। ਇਸ ਗੱਲ ਨੂੰ ਸਿੱਧਾਂਤ ਰੂਪ ਵਿਚ 'ਕਰਮਵਾਦ' ਦਾ ਨਾਂ ਦਿੱਤਾ ਜਾਂਦਾ ਹੈ। ਭਾਰਤੀ ਧਰਮ-ਸਾਧਨਾ ਵਿਚ ਨਰਕ ਅਤੇ ਸਵਰਗ ਦਾ ਨਿਬੇੜਾ ਕਿਰਤ-ਕਰਮਾਂ ਉਤੇ ਨਿਰਭਰ ਮੰਨਿਆ ਗਿਆ ਹੈ। ਇਸ ਲਈ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਪੂਜਾ-ਪਾਠ, ਯੱਗ, ਸੇਵਾ, ਉਪਾਸਨਾ ਆਦਿ ਨੂੰ ਸ਼ੁਭ ਕਰਮ ਕਿਹਾ ਗਿਆ ਹੈ। 'ਭਗਵਦ-ਗੀਤਾ' ਵਿਚ ਇਹ ਧਾਰਣਾ 'ਕਰਮਯੋਗ' ਦੇ ਰੂਪ ਵਿਚ ਉਭਰੀ ਹੈ। ਉਥੇ ਨਿਸ਼ਕਾਮ ਕਰਮਾਂ ਉਤੇ ਬਲ ਦਿੱਤਾ ਗਿਆ ਹੈ। ਕਰਮ ਅਵੱਸ਼ ਕਰਨੇ ਪੈਂਦੇ ਹਨ, ਕਰਮ ਨ ਕਰਨ ਨਾਲ ਕਰਮਾਂ ਤੋਂ ਕੋਈ ਮੁਕਤ ਨਹੀਂ ਹੋ ਸਕਦਾ। ਇਸ ਲਈ ਕਰਮ ਕਰਨਾ ਪ੍ਰਾਣੀ ਦੀ ਵਿਸ਼ੇਸ਼ਤਾ ਹੈ।

ਬੋਧ ਅਤੇ ਜੈਨ ਵਰਗੇ ਨਾਸਤਿਕ ਮਤਾਂ ਵਿਚ ਵੀ ਸੰਜਮ ਅਤੇ ਸਦਾਚਾਰ ਦੇ ਰੂਪ ਵਿਚ ਕਰਮਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਛੇ ਸ਼ਾਸਤ੍ਰਾਂ ਵਿਚ ਵੀ ਕਰਮ ਦੀ ਧਾਰਣਾ ਕਿਸੇ ਨ ਕਿਸੇ ਰੂਪ ਵਿਚ ਮੰਨ ਲਈ ਗਈ ਹੈ। ਸਾਂਖ੍ਯ ਸ਼ਾਸਤ੍ਰ ਵਾਲੇ ਵਿਵੇਕ ਪੂਰਣ ਕਰਮਾਂ ਨੂੰ ਬੰਧਨ ਰਹਿਤ ਮੰਨਦੇ ਹਨ। ਯੋਗ-ਮਤ ਵਿਚ ਚਿੱਤ ਦੀ ਸ਼ੁੱਧੀ ਲਈ ਕੀਤੇ ਉਪਾ ਕਰਮ ਹਨ। ਪੂਰਵ-ਮੀਮਾਂਸਾ ਵਿਚ ਯੱਗ, ਉਪਾਸਨਾ

ਆਦਿ ਨੂੰ ਸ਼ੁਭ ਕਰਮ ਦਸਿਆ ਗਿਆ ਹੈ। ਅਦ੍ਵੈਤ-ਵੇਦਾਂਤ ਵਿਚ ਗਿਆਨ ਅਤੇ ਵੈਰਾਗ ਆਧਾਰਿਤ ਕਰਮਾਂ ਨੂੰ ਸ੍ਰੇਸ਼ਠ ਕਰਮ ਵਜੋਂ ਪ੍ਰਵਾਨ ਕੀਤਾ ਗਿਆ ਹੈ। ਤਾਂਤ੍ਰਿਕ ਗ੍ਰੰਥਾਂ ਵਿਚ ਪੰਜ ਮਕਾਰਾਂ (ਮਦ, ਮਾਸ, ਮੈਥੁਨ, ਮੁਦ੍ਰਾ ਅਤੇ ਮਤ੍ਸ੍ਯ) ਦੀ ਪਾਲਨਾ ਨੂੰ ਕਰਮ ਨਾਂ ਦਿੱਤਾ ਗਿਆ ਹੈ। ਪੁਰਾਣਾਂ ਵਿਚ ਕਰਮ ਪੂਜਾ-ਵਿਧੀਆਂ, ਤੀਰਥ-ਯਾਤ੍ਰਾ ਦਾ ਰੂਪ ਧਾਰ ਕੇ ਆਏ ਹਨ। ਈਸਾਈ ਮਤ ਅਤੇ ਇਸਲਾਮ ਵਿਚ ਵੀ ਕਰਮ ਨੂੰ ਸਿੱਧਾਂਤ ਰੂਪ ਵਿਚ ਮੰਨ ਲਿਆ ਗਿਆ ਹੈ, ਅੰਤਰ ਕੇਵਲ ਵਿਆਖਿਆ ਅਤੇ ਪ੍ਰਕ੍ਰਿਆ ਦਾ ਹੈ।

ਭਾਰਤੀ ਚਿੰਤਨ ਅਨੁਸਾਰ ਪ੍ਰਾਣੀ ਨੂੰ ਕਰਮ-ਫਲ ਨੂੰ ਭੋਗਣ ਲਈ ਕਿਸੇ ਨ ਕਿਸੇ ਸ਼ਰੀਰ (ਭੋਗਾਯਤਨ) ਦਾ ਆਸਰਾ ਲੈਣਾ ਪੈਂਦਾ ਹੈ। ਸ਼ਰੀਰ ਦੇ ਤਿੰਨ ਪ੍ਰਕਾਰ ਕਲਪੇ ਗਏ ਹਨ—ਕਾਰਣ ਸ਼ਰੀਰ, ਲਿੰਗ ਸ਼ਰੀਰ (ਸੂਖਮ ਸ਼ਰੀਰ) ਅਤੇ ਸਥੂਲ ਸ਼ਰੀਰ। ਕਾਰਣ ਸ਼ਰੀਰ ਮਾਇਆ ਨੂੰ ਕਿਹਾ ਜਾਂਦਾ ਹੈ ਕਿਉਂਕਿ ਜੀਵ ਦੇ ਵਾਸਤਵਿਕ ਗਿਆਨ ਨੂੰ ਢਕਣ ਵਾਲੀ ਮਾਇਆ ਜਾਂ ਅਵਿਦਿਆ ਜੀਵ ਦੇ ਅਗਲੇ ਸ਼ਰੀਰ ਦਾ ਕਾਰਣ ਬਣਦੀ ਹੈ। ਕਾਰਣ ਸ਼ਰੀਰ ਤੋਂ ਲਿੰਗ ਜਾਂ ਸੂਖਮ ਸ਼ਰੀਰ ਪੈਦਾ ਹੁੰਦਾ ਹੈ। ਇਸ ਨਾਲ ਅਗਿਆਨੀ ਜੀਵ ਨੂੰ ਵਾਸਨਾ ਰੂਪੀ ਕਰਮ-ਫਲਾਂ ਦਾ ਅਨੁਭਵ ਹੁੰਦਾ ਹੈ। ਇਸ ਸ਼ਰੀਰ ਦੇ ਅਗੋਂ ਤਿੰਨ ਅੰਗ ਹਨ— ਅੰਤਹਕਰਣ (ਬੁੱਧੀ, ਅਹੰਕਾਰ, ਚਿੱਤ ਅਤੇ ਮਨ), ਪੰਜ ਗਿਆਨ-ਇੰਦ੍ਰੀਆਂ ਅਤੇ ਪੰਜ ਕਰਮ -ਇੰਦ੍ਰੀਆਂ। ਮਨ ਇੰਦ੍ਰੀਆਂ ਨਾਲ ਤਾਲ-ਮੇਲ ਕਾਇਮ ਕਰਕੇ, ਪ੍ਰਾਣੀ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਪ੍ਰਾਣ ਸੂਖਮ ਸ਼ਰੀਰ ਦੀ ਕ੍ਰਿਆ-ਸ਼ਕਤੀ ਦਾ ਪ੍ਰਧਾਨ ਅੰਸ਼ ਹੈ। ਸਥੂਲ ਸ਼ਰੀਰ ਪੰਜ ਤੱਤ੍ਵਾਂ ਦੇ ਸੰਯੋਗ ਨਾਲ ਬਣਦਾ ਹੈ; ਆਮ ਤੌਰ ਤੇ ਸ਼ਰੀਰ ਇਸੇ ਨੂੰ ਕਿਹਾ ਜਾਂਦਾ ਹੈ। ਵਖ ਵਖ ਪ੍ਰਾਣੀਆਂ ਦੇ ਸ਼ਰੀਰਾਂ ਦੀ ਉਤਪੱਤੀ ਮੁੱਖ ਤੌਰ 'ਤੇ ਚਾਰ ਢੰਗਾਂ ਦੀ ਮੰਨੀ ਗਈ ਹੈ— ਅੰਡਜ, ਜੇਰਜ, ਸ੍ਵੇਤਜ ਅਤੇ ਉਦਭਿਜ।

ਕਰਮ-ਸਿੱਧਾਂਤ ਦੀ ਪ੍ਰਕ੍ਰਿਆ ਵਿਚ ਉਕਤ ਤਿੰਨਾਂ ਸ਼ਰੀਰਾਂ ਦਾ ਆਪਣਾ ਆਪਣਾ ਮਹੱਤਵ ਹੈ। ਸੂਖਮ ਸ਼ਰੀਰ (ਲਿੰਗ ਸ਼ਰੀਰ) ਦਾ ਸੰਬੰਧ ਕਰਮ-ਫਲਾਂ ਨਾਲ ਹੈ। ਸੂਖਮ ਸ਼ਰੀਰ ਨੂੰ ਗੁਰਬਾਣੀ ਵਿਚ 'ਕਿਰਤ-ਕਰਮ' ਦਾ ਨਾਂ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ— *ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ। ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।*(ਗੁ.ਗ੍ਰੰ. 133)।

ਫਲਾਂ ਨੂੰ ਭੋਗਣ ਦੀ ਦ੍ਰਿਸ਼ਟੀ ਤੋਂ ਕਰਮ ਤਿੰਨ ਪ੍ਰਕਾਰ ਦੇ ਹਨ— ਸੰਚਿਤ, ਪ੍ਰਾਲਬਧ ਅਤੇ ਕ੍ਰਿਯਮਾਨ (ਵਰਤਮਾਨ)। ਪਹਿਲੇ ਜਨਮਾਂ ਵਿਚ ਕੀਤੇ ਕਰਮ 'ਸੰਚਿਤ ਕਰਮ' ਹਨ, ਉਨ੍ਹਾਂ ਵਿਚੋਂ ਜਿਨ੍ਹਾਂ ਕਰਮਾਂ ਦਾ ਫਲ ਭੋਗਿਆ ਜਾ ਰਿਹਾ ਹੈ, ਉਹ 'ਪ੍ਰਾਲਬਧ ਕਰਮ' ਹਨ ਅਤੇ ਜਿਹੜੇ ਕਰਮ ਵਰਤਮਾਨ ਜਨਮ ਵਿਚ ਇਕੱਠੇ ਹੋ ਰਹੇ ਹਨ, ਉਹ 'ਕ੍ਰਿਯਮਾਨ ਕਰਮ' ਹਨ। 'ਵਰਤਮਾਨ ਕਰਮ' ਅਗਲੇ ਜਨਮ ਵਿਚ 'ਸੰਚਿਤ ਕਰਮ' ਬਣਦੇ ਹਨ ਅਤੇ ਫਲ ਭੋਗਣ ਵੇਲੇ ਉਹੀ 'ਪ੍ਰਾਲਬਧ ਕਰਮ' ਬਣ ਜਾਂਦੇ ਹਨ। ਇਸ ਤਰ੍ਹਾਂ ਇਹ ਕਰਮ-ਚੱਕਰ ਚਲਦਾ ਰਹਿੰਦਾ ਹੈ ਅਤੇ ਕਰਮਾਂ ਅਨੁਸਾਰ ਪ੍ਰਾਣੀ ਜਨਮ ਲੈਂਦਾ ਰਹਿੰਦਾ ਹੈ। ਇਹੀ 'ਆਵਾਗਵਣ' (ਵੇਖੋ) ਹੈ। ਇਸ ਚੱਕਰ ਵਿਚੋਂ ਬਚ ਨਿਕਲਣਾ ਸਰਲ ਨਹੀਂ ਹੈ।

ਮੱਧ-ਯੁਗ ਦੇ ਧਰਮ-ਸਾਧਕਾਂ ਨੇ ਸ਼ੁਭ ਕਰਮਾਂ, ਜਾਂ 'ਅਧਿਆਤਮ-ਕਰਮਾਂ' (ਵੇਖੋ) ਉਤੇ ਬਲ ਦਿੱਤਾ ਹੈ ਕਿਉਂਕਿ ਇਹ ਜੀਵਨ-ਚੱਕਰ, ਅਸਲ ਵਿਚ, ਕਰਮਾਂ ਦਾ ਖੇਤ ਹੀ ਹੈ— *ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।* (ਗੁ.ਗ੍ਰੰ.134); *ਜੇਹੇ ਕਰਮ ਕਮਾਇ ਤੇਹਾ ਹੋਇਸੀ।*(ਗੁ.ਗ੍ਰੰ.730); *ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।*(ਗੁ.ਗ੍ਰੰ.468); *ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ। ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।* (ਗੁ.ਗ੍ਰੰ. 433)। ਹਰਿ-ਭਗਤੀ ਰਾਹੀਂ ਹੀ ਕਰਮਾਂ ਦਾ ਪ੍ਰਭਾਵ ਨਸ਼ਟ ਹੁੰਦਾ ਹੈ।

**ਕਰਮ** (ਕ੍ਰਿਪਾ): ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਕ੍ਰਿਪਾ, ਮਿਹਰਬਾਨੀ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਆਪਣੀ ਕ੍ਰਿਪਾ ਕਰਨ ਲਈ ਬੇਨਤੀ ਕੀਤੀ ਹੈ— *ਨਾਨਕ ਰਾਖਿ ਲੇਹੁ ਆਪਨ ਕਰਿ ਕਰਮ।*(ਗੁ.ਗ੍ਰੰ.268)। 'ਜਪੁਜੀ' ਵਿਚ ਚਰਚਿਤ 'ਕਰਮ ਖੰਡ' ਦਾ ਪਿਛੋਕੜ ਇਸੇ ਨਾਲ ਜੁੜਦਾ ਹੈ।

**ਕਰਮ ਸਿੰਘ, ਸੰਤ** (1826-1903 ਈ.): ਉਨ੍ਹੀਵੀਂ ਸਦੀ ਦਾ ਇਕ ਪ੍ਰਭਾਵਸ਼ਾਲੀ ਸੰਤ ਜਿਸ ਦਾ ਜਨਮ ਪੱਛਮੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਦੀ ਗੁਜਰਖ਼ਾਨ ਤਹਿਸੀਲ ਵਿਚ ਸ. ਕ੍ਰਿਪਾ ਸਿੰਘ ਦੇ ਘਰ ਮਾਈ ਸੁਥੀ ਦੀ ਕੁੱਖੋਂ ਸੰਨ 1826 ਈ. ਵਿਚ ਹੋਇਆ। ਇਸ ਨੂੰ ਧਰਮ ਵਿਚ ਰੁਚੀ ਲੈਣ ਦੀ ਭਾਵਨਾ ਪਰਿਵਾਰਿਕ ਪਿਛੋਕੜ ਤੋਂ ਪ੍ਰਾਪਤ ਹੋਈ ਸੀ। ਪਿੰਡ

ਦੇ ਗ੍ਰੰਥੀ ਪਾਸੋਂ ਗੁਰਮੁਖੀ ਸਿਖ ਕੇ ਇਸ ਨੇ ਬਾਣੀ ਨੂੰ ਪੜ੍ਹਨ ਵਿਚ ਆਪਣੀ ਲਗਨ ਦਾ ਪ੍ਰਗਟਾਵਾ ਕੀਤਾ। ਸੰਨ 1844 ਈ. ਵਿਚ ਸਿੱਖ ਸੈਨਾ ਵਿਚ ਭਰਤੀ ਹੋ ਕੇ ਇਸ ਨੇ ਭਾਈ ਰਾਮ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ। ਸੰਨ 1849 ਈ. ਵਿਚ ਸਿੱਖ ਫ਼ੌਜ ਨੂੰ ਖ਼ਤਮ ਕਰ ਦਿੱਤੇ ਜਾਣ ਤੋਂ ਬਾਦ ਇਹ ਅੰਗ੍ਰੇਜ਼ ਸਰਕਾਰ ਵਲੋਂ ਬਣਾਈ ਗਈ 12ਵੀਂ ਫਰੰਟੀਅਰ ਫੋਰਸ ਰੈਜਮੈਂਟ ਵਿਚ ਭਰਤੀ ਹੋ ਗਿਆ ਜਿਸ ਕਰਕੇ ਇਸ ਨੂੰ ਅਧਿਕਤਰ ਮਰਦਾਨ ਨਗਰ ਦੇ ਨੇੜੇ-ਤੇੜੇ ਰਹਿਣਾ ਪਿਆ। ਇਹ ਆਮ ਤੌਰ ’ਤੇ ਆਪਣੀ ਫ਼ੌਜੀ ਡਿਊਟੀ ਤੋਂ ਬਾਦ ਹਰਿ-ਭਗਤੀ ਵਿਚ ਲੀਨ ਰਹਿੰਦਾ। ਸੰਨ 1857 ਈ. ਦੇ ਗ਼ਦਰ ਵੇਲੇ ਇਸ ਦੇ ਸੈਨਿਕ ਦਲ ਨੂੰ ਦਿੱਲੀ ਤਾਇਨਾਤ ਕੀਤਾ ਗਿਆ। 20 ਸਤੰਬਰ 1857 ਈ. ਨੂੰ ਅੰਗ੍ਰੇਜ਼ਾਂ ਨੇ ਦਿੱਲੀ ਉਤੇ ਕਬਜ਼ਾ ਕਰ ਲਿਆ। ਫ਼ੌਜੀਆਂ ਨੇ ਰਜ ਕੇ ਮਾਲ ਧਨ ਲੁਟਿਆ ਅਤੇ ਲੋਕਾਂ ਨੂੰ ਮਾਰਿਆ। ਪਰ ਕਰਮ ਸਿੰਘ ਇਸ ਕਾਰਵਾਈ ਤੋਂ ਬੇਲਾਗ ਹੀ ਨ ਰਿਹਾ ਸਗੋਂ ਲੋਕਾਂ ਦੀਆਂ ਜਾਨਾਂ ਦੀ ਹਿਫ਼ਾਜ਼ਤ ਕੀਤੀ ਅਤੇ ਮਾਲ-ਧਨ ਨੂੰ ਲੁਟਣੋਂ ਬਚਾਉਣ ਲਈ ਪੂਰੀ ਵਾਹ ਲਾਈ।

ਦਿੱਲੀਓਂ ਮਰਦਾਨ ਪਰਤਣ ’ਤੇ ਇਸ ਨੇ ਫ਼ੌਜ ਵਿਚੋਂ ਤਿਆਗ-ਪੱਤਰ ਦੇ ਦਿੱਤਾ ਅਤੇ ਪੂਰੀ ਤਰ੍ਹਾਂ ਭਗਤੀ ਵਿਚ ਲੀਨ ਹੋ ਗਿਆ। ਇਸ ਦੇ ਨਾਂ ਨਾਲ ਕਈ ਕਰਾਮਾਤਾਂ ਜੁੜ ਗਈਆਂ। ਇਸ ਦੇ ਸ਼ਰਧਾਲੂਆਂ ਅਤੇ ਫ਼ੌਜੀ ਸਤਿ-ਸੰਗੀਆਂ ਨੇ ਹੋਤੀ ਵਿਚ ਇਸ ਦੇ ਨਿਵਾਸ ਕੋਲ ਗੁਰਦੁਆਰਾ ਬਣਾ ਕ ਯਾਤ੍ਰੀਆਂ ਦੇ ਰਹਿਣ ਅਤੇ ਲੰਗਰ ਲਈ ਕੁਝ ਕੱਚੇ ਕਮਰੇ ਉਸਾਰ ਦਿੱਤੇ ਪਰ ਇਹ ਸਭ ਕੁਝ ਸੰਤ ਜੀ ਨੂੰ ਪਸੰਦ ਨਹੀਂ ਸੀ। ਇਹ ਆਮ ਤੌਰ ’ਤੇ ਭੋਰੇ ਵਿਚ ਭਗਤੀ ਕਰਦਾ ਰਹਿੰਦਾ ਸੀ ਅਤੇ ਇਸੇ ਤਰ੍ਹਾਂ ਆਪਣਾ ਸਾਰਾ ਜੀਵਨ ਬਿਤਾ ਦਿੱਤਾ ਸੀ। ਸੰਨ 1903 ਈ. ਦੇ ਆਰੰਭ ਵਿਚ ਇਸ ਨੇ ਆਪਣੇ ਇਕ ਸੇਵਕ ਆਯਾ ਸਿੰਘ ਨੂੰ ਡੇਰੇ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਖ਼ੁਦ ਲਗਭਗ 25 ਕਿ.ਮੀ. ਦੀ ਦੂਰੀ ਤੇ ਸਥਿਤ ਪਿੰਡ ਸੈਦੂ ਨੂੰ ਚਲਾ ਗਿਆ। ਉਥੇ 21 ਜਨਵਰੀ 1903 ਈ. ਨੂੰ ਮਾਈ ਦੇਵਕੀ ਦੇ ਘਰ ਆਪਣੇ ਪ੍ਰਾਣ ਤਿਆਗ ਦਿੱਤੇ। ਉਥੇ ਇਸ ਦੀ ਯਾਦ ਵਿਚ ਸਮਾਰਕ ਬਣਿਆ ਹੋਇਆ ਹੈ।

**ਕਰਮ ਸਿੰਘ ਸੰਧੂ** (ਮ. 1784 ਈ.): ਸ਼ਹੀਦਾਂ ਦੀ ਮਿਸਲ ਨਾਲ ਸੰਬੰਧਿਤ ਕਰਮ ਸਿੰਘ ਜਾਤਿ ਦਾ ਸੰਧੂ ਜੱਟ ਅਤੇ ਬਾਬਾ ਦੀਪ ਸਿੰਘ ਸ਼ਹੀਦ ਦਾ ਪੋਤਾ ਸੀ। ਜਦੋਂ 1764 ਈ. ਵਿਚ ਸਰਹਿੰਦ ਨੂੰ ਸਿੰਘਾਂ ਨੇ ਜਿਤ ਲਿਆ, ਤਾਂ ਇਸ ਨੇ ਅੰਬਾਲਾ ਜ਼ਿਲ੍ਹੇ ਵਿਚ ਕੇਸਰੀ ਅਤੇ ਸ਼ਾਹਜ਼ਾਦਪੁਰ ਦੇ ਇਲਾਕਿਆਂ ਵਿਚ ਕਈ ਪਿੰਡਾਂ ਉਤੇ ਆਪਣਾ ਅਧਿਕਾਰ ਕਰ ਲਿਆ। ਇਸ ਨੇ ਸ਼ਾਹਜ਼ਾਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ, ਪਰ ਇਹ ਅਧਿਕ ਸਮਾਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਚ ਹੀ ਬਤੀਤ ਕਰਦਾ ਸੀ। ਸੰਨ 1773 ਈ. ਵਿਚ ਇਸ ਨੇ ਜ਼ਾਬਿਤਾ ਖ਼ਾਨ ਰੁਹੇਲਾ ਤੋਂ ਉਤਲੇ ਗੰਗਾ ਦੁਆਬ ਵਿਚ ਬਹੁਤ ਸਾਰਾ ਇਲਾਕਾ ਖੋਹ ਲਿਆ ਅਤੇ ਸਹਾਰਨਪੁਰ ਜ਼ਿਲ੍ਹੇ ਦੇ ਵੀ ਕਈ ਪਿੰਡਾਂ ਉਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਇਸ ਨੇ ਆਪਣੀ ਰਿਆਸਤ ਦਾ ਵਿਸਤਾਰ ਕੀਤਾ, ਪਰ ਇਸ ਦਾ ਇਲਾਕਾ ਵਖ ਵਖ ਖੇਤਰਾਂ ਵਿਚ ਖਿੰਡਿਆ ਹੋਇਆ ਸੀ। ਸੰਨ 1784 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਕਰਮ ਸਿੰਘ, ਹਿਸਟੋਰੀਅਨ** (1884-1930 ਈ.): ਵੀਹਵੀਂ ਸਦੀ ਦੇ ਪੂਰਬਾਧ ਵਿਚ ਹੋਇਆ ਇਕ ਸਿੱਖ ਇਤਿਹਾਸਕਾਰ ਜਿਸ ਨੇ ਸਿੱਖ ਇਤਿਹਾਸ ਬਾਰੇ ਵਿਗਿਆਨਿਕ ਪਹੁੰਚ ਅਪਣਾਉਣ ਦਾ ਉਦਘਾਟਨ ਕੀਤਾ ਸੀ। 18 ਮਾਰਚ 1884 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨਤਾਰਨ ਤਹਿਸੀਲ ਦੇ ਝਬਾਲ ਪਿੰਡ ਵਿਚ ਸ. ਝੰਡਾ ਸਿੰਘ ਢਿਲੋਂ ਦੇ ਘਰ ਮਾਈ ਬਿਸ਼ਨ ਕੌਰ ਦੀ ਕੁੱਖੋਂ ਪੈਦਾ ਹੋਏ ਕਰਮ ਸਿੰਘ ਦਾ ਪਰਿਵਾਰਿਕ ਪਿਛੋਕੜ ਗੁਰੂ ਅਰਜਨ ਦੇਵ ਜੀ ਦੇ ਸਿੱਖ ਭਾਈ ਲੰਗਾਹ ਨਾਲ ਜਾ ਜੁੜਦਾ ਹੈ। ਇਸ ਨੇ ਆਪਣੀ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਦਸਵੀਂ ਖ਼ਾਲਸਾ ਕਾਲਜਿਏਟ ਸਕੂਲ ਅੰਮ੍ਰਿਤਸਰ ਤੋਂ ਪਾਸ ਕੀਤੀ। ਇਸੇ ਦੌਰਾਨ ਇਸ ਦੇ ਪਿਤਾ ਨੂੰ ਫ਼ੌਜ ਤੋਂ ਸੇਵਾ-ਮੁਕਤ ਹੋਣ ’ਤੇ 50 ਕਿਲੇ ਜ਼ਮੀਨ ਸ਼ਾਹਪੁਰ (ਸਰਗਧਾ) ਦੇ ਚਕ ਨੰ. 29 ਜਨੂਬੀ ਵਿਚ ਮਿਲੀ ਅਤੇ ਸਾਰਾ ਪਰਿਵਾਰ ਉਥੇ ਚਲਾ ਗਿਆ। ਬੀ.ਏ. ਕਰਨ ਲਈ ਇਸ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲਾ ਲਿਆ, ਪਰ ਸੰਨ 1905 ਈ. ਵਿਚ ਡਿਗਰੀ ਦਾ ਇਮਤਿਹਾਨ ਦੇਣ ਤੋਂ ਕੁਝ ਮਹੀਨੇ ਪਹਿਲਾਂ ਹੀ ਪੜ੍ਹਾਈ ਨੂੰ ਵਿਚੇ ਛਡ ਕੇ ਇਹ ਸਿੱਖ ਇਤਿਹਾਸ ਦੀ ਖੋਜ ਵਿਚ ਜੁਟ ਗਿਆ। ਉਦੋਂ ਸਿੱਖ-ਰਾਜ ਦੇ ਕਈ ਸਮਕਾਲੀ ਜੀਉਂਦੇ ਸਨ। ਇਸ ਲਈ ਉਨ੍ਹਾਂ ਦੇ ਵਿਚਾਰਾਂ ਅਤੇ ਪ੍ਰਭਾਵਾਂ ਨੂੰ ਕਲਮ-ਬੰਦ

ਕਰਨ ਲਈ ਇਹ ਥਾਂ ਥਾਂ ਫਿਰਨ ਲਗ ਗਿਆ। ਸੰਨ 1907 ਈ. ਵਿਚ ਇਸ ਨੇ ਮੱਕੇ ਜਾਣ ਦਾ ਮਨ ਬਣਾਇਆ ਤਾਂ ਜੋ ਗੁਰੂ ਨਾਨਕ ਦੇਵ ਜੀ ਦੇ ਉਨ੍ਹਾਂ ਥਾਂਵਾਂ ਉਤੇ ਜਾਣ ਦੇ ਤੱਥਾਂ ਨੂੰ ਪ੍ਰਮਾਣੀਕ੍ਰਿਤ ਕਰ ਸਕੇ। ਇਹ ਹਾਜੀਆਂ ਦੇ ਇਕ ਟੋਲੇ ਨਾਲ ਰਲ ਕੇ ਗਿਆ, ਪਰ ਬਗਦਾਦੋਂ ਹੀ ਪਰਤਣਾ ਪਿਆ ਕਿਉਂਕਿ ਮੱਕੇ ਵਿਚ ਗ਼ੈਰ-ਮੁਸਲਮਾਨਾਂ ਦਾ ਪ੍ਰਵੇਸ਼ ਵਰਜਿਤ ਸੀ।

ਕਰਮ ਸਿੰਘ ਦਾ ਮੁੱਢਲਾ ਨਾਂ ਮਹਿਰਾਜ ਸਿੰਘ ਸੀ, ਪਰ ਸੰਤ ਅਤਰ ਸਿੰਘ ਤੋਂ ਅੰਮ੍ਰਿਤ ਛਕ ਕੇ 'ਕਰਮ ਸਿੰਘ' ਨਾਂ ਧਾਰਣ ਕੀਤਾ। ਇਸ ਉਤੇ ਸਿੰਘ ਸਭਾ ਦਾ ਬਹੁਤ ਪ੍ਰਭਾਵ ਸੀ। ਜਦੋਂ ਕਰਮ ਸਿੰਘ ਨੇ ਇਤਿਹਾਸ ਸੰਬੰਧੀ ਆਪਣੀ ਵਿਗਿਆਨਿਕ ਅਤੇ ਤੱਥ-ਆਧਾਰਿਤ ਖੋਜ ਨੂੰ ਪ੍ਰਕਾਸ਼ਿਤ ਕਰਨਾ ਆਰੰਭ ਕੀਤਾ ਤਾਂ ਪੁਰਾਣ-ਪੰਥੀਆਂ ਅਤੇ ਪਰੰਪਰਾ-ਵਾਦੀਆਂ ਨੇ ਬਹੁਤ ਮੁਖ਼ਾਲਫ਼ਤ ਕੀਤੀ। ਆਰਥਿਕ ਸੰਕਟ ਨੂੰ ਦੂਰ ਕਰਨ ਲਈ ਇਸ ਨੇ ਸਰਗੋਧੇ ਵਿਚ ਵੈਦਗੀ ਦਾ ਕੰਮ ਸ਼ੁਰੂ ਕੀਤਾ। ਪਰ ਉਹ ਕੰਮ ਇਸ ਨੂੰ ਰਾਸ ਨ ਆਇਆ। ਫਿਰ ਪੰਡਿਤ (ਸੰਤ) ਜਵਾਲਾ ਸਿੰਘ ਇਸ ਨੂੰ ਪਟਿਆਲੇ ਲੈ ਆਇਆ ਅਤੇ ਸਰ ਜੋਗਿੰਦਰ ਸਿੰਘ ਦੀ ਸਹਾਇਤਾ ਨਾਲ ਸਟੇਟ-ਹਿਸਟੋਰੀਅਨ ਨਿਯੁਕਤ ਹੋਇਆ। ਇਸੇ ਦੌਰਾਨ ਇਸ ਨੇ ਬਾਬਾ ਆਲਾ ਸਿੰਘ ਬਾਰੇ ਆਪਣੀ ਪੁਸਤਕ ਲਿਖੀ। ਇਸ ਨੇ ਨੈਨੀਤਾਲ ਜ਼ਿਲ੍ਹੇ ਦੇ ਨਯਾਗਾਓਂ ਪਿੰਡ ਵਿਚ ਠੇਕੇ ਉਤੇ ਜ਼ਮੀਨ ਲੈ ਕੇ ਮਸ਼ੀਨੀ ਵਿਧੀ ਨਾਲ ਖੇਤੀ ਕਰਵਾਈ ਅਤੇ ਨਾਲ ਨਾਲ ਸਿੱਖ ਇਤਿਹਾਸ ਦੀ ਖੋਜ ਵੀ ਜਾਰੀ ਰਖੀ। ਜਦ 22 ਦਸੰਬਰ 1929 ਈ. ਨੂੰ ਅੰਮ੍ਰਿਤਸਰ ਵਿਚ ਸਿੱਖ ਹਿਸਟੋਰੀਕਲ ਸੋਸਾਇਟੀ ਦੀ ਸਥਾਪਨਾ ਹੋਈ, ਤਾਂ ਇਸ ਨੂੰ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਹੀ ਦਿਨਾਂ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਇਤਿਹਾਸਿਕ ਖੋਜ ਦਾ ਇਕ ਵਿਭਾਗ ਕਾਇਮ ਕੀਤਾ ਅਤੇ ਕਰਮ ਸਿੰਘ ਨੂੰ ਉਸ ਦਾ ਵਿਵਸਥਾਪਕ ਲਗਾਇਆ। ਪਰ ਇਸ ਨੂੰ ਤਪੇਦਿਕ ਹੋ ਗਿਆ ਅਤੇ 10 ਸਤੰਬਰ 1930 ਈ. ਨੂੰ ਤਰਨਤਾਰਨ ਵਿਚ ਅਕਾਲ ਚਲਾਣਾ ਕਰ ਗਿਆ।

ਇਸ ਨੇ ਸੰਨ 1907 ਈ. ਵਿਚ 'ਜੀਵਨ ਬ੍ਰਿੱਤਾਂਤ ਬੰਦਾ ਬਹਾਦਰ', 'ਜੀਵਨ ਸ੍ਰੀਮਤੀ ਬੀਬੀ ਸਦਾ ਕੌਰ' ਅਤੇ 'ਬੀਬੀ ਹਰਨਾਮ ਕੌਰ ਜੀ' ਨਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਸ ਤੋਂ ਬਾਦ 'ਜੀਵਨ ਬ੍ਰਿੱਤਾਂਤ ਮਹਾਰਾਜਾ ਆਲਾ ਸਿੰਘ', 'ਕੇਸ ਅਤੇ ਸਿੱਖੀ', 'ਗੁਰਪੁਰਬ ਨਿਰਣਯ', 'ਚਿਠੀਆਂ ਤੇ ਪ੍ਰਸਤਾਵ', 'ਬੰਦਾ ਕੌਣ ਸੀ ?' ਆਦਿ ਪੁਸਤਕਾਂ ਛਪ ਕੇ ਸਾਹਮਣੇ ਆਈਆਂ। ਇਸ ਦੀ ਇਤਿਹਾਸਿਕ ਖੋਜ ਦਾ ਮਾਡਲ 'ਕਤਕ ਕਿ ਵਿਸਾਖ' (ਸੰਨ 1912 ਈ.) ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਦੇ ਖੋਜ ਆਧਾਰਿਤ ਨਿੱਕੇ ਨਿੱਕੇ ਨਿਬੰਧ ਜਾਂ ਨੋਟ ਅਕਸਰ 'ਫੁਲਵਾੜੀ' ਵਿਚ ਛਪਦੇ ਰਹਿੰਦੇ ਸਨ। ਇਸ ਮੈਗਜ਼ੀਨ ਦਾ 'ਸਿੱਖ ਇਤਿਹਾਸ ਨੰਬਰ' ਇਸ ਨੇ ਖ਼ੁਦ ਸੰਪਾਦਿਤ ਕੀਤਾ ਜੋ ਜਨਵਰੀ 1930 ਈ. ਵਿਚ ਛਪਿਆ। ਇਸ ਦੀਆਂ ਰਚਨਾਵਾਂ ਵਿਚ ਹਰ ਗੱਲ ਬੜੀ ਸਾਦੀ, ਤੱਥ-ਆਧਾਰਿਤ ਅਤੇ ਸਪੱਸ਼ਟ ਢੰਗ ਨਾਲ ਬਿਆਨ ਕੀਤੀ ਹੋਈ ਮਿਲਦੀ ਹੈ। ਇਤਿਹਾਸ ਦੀ ਖੋਜ ਵਿਚ ਅਧਿਕ ਰੁਚਿਤ ਹੋਣ ਕਾਰਣ 'ਹਿਸਟੋਰੀਅਨ' ਸ਼ਬਦ ਇਸ ਦੇ ਨਾਂ ਨਾਲ ਸਥਾਈ ਤੌਰ ਉਤੇ ਜੁੜ ਗਿਆ।

**ਕਰਮ ਸਿੰਘ, ਬਬਰ** (1880-1923 ਈ.) : ਬਬਰ ਅਕਾਲੀ ਲਹਿਰ ਨਾਲ ਸੰਬੰਧਿਤ ਇਕ ਕ੍ਰਾਂਤੀਕਾਰੀ ਜਿਸ ਦਾ ਮੂਲ ਨਾਂ ਨਰੈਣ ਸਿੰਘ ਸੀ। ਇਸ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਦੌਲਤਪੁਰ ਨਾਂ ਦੇ ਕਸਬੇ ਵਿਚ ਸ. ਨੱਥਾ ਸਿੰਘ ਦੇ ਘਰ ਮਾਈ ਦੁੱਲੀ ਦੀ ਕੁੱਖੋਂ ਹੋਇਆ। 18 ਵਰ੍ਹਿਆਂ ਦੀ ਉਮਰ ਵਿਚ ਇਹ ਅੰਗ੍ਰੇਜ਼ੀ ਫ਼ੌਜ ਵਿਚ ਭਰਤੀ ਹੋ ਗਿਆ, ਪਰ ਅੰਗ੍ਰੇਜ਼ ਅਧਿਕਾਰੀਆਂ ਦੇ ਭਾਰਤੀਆਂ ਸੰਬੰਧੀ ਵਤੀਰੇ ਤੋਂ ਖਿਝ ਕੇ ਇਸ ਨੇ ਜਲਦੀ ਹੀ ਫ਼ੌਜੀ ਨੌਕਰੀ ਛਡ ਦਿੱਤੀ। ਸੰਨ 1912 ਈ. ਵਿਚ ਆਪਣੀ ਕਿਸਮਤ ਆਜ਼ਮਾਈ ਲਈ ਆਪਣੇ ਚਾਚੇ ਵਰਿਆਮ ਸਿੰਘ ਦੇ ਸੱਦੇ ਉਤੇ ਇਹ ਕੈਨੇਡਾ ਗਿਆ ਅਤੇ ਉਥੇ ਗ਼ਦਰ ਪਾਰਟੀ ਦੇ ਸ. ਆਸਾ ਸਿੰਘ ਦੇ ਸੰਪਰਕ ਵਿਚ ਆਇਆ।

ਦੋ ਸਾਲ ਬਾਦ ਵਤਨ-ਪ੍ਰਸਤੀ ਦੇ ਲੋਰ ਵਿਚ ਇਹ ਭਾਰਤ ਪਰਤਿਆ ਅਤੇ ਅਕਾਲੀ ਲਹਿਰ ਦੇ ਪ੍ਰਭਾਵ ਕਾਰਣ ਨਨਕਾਣਾ ਸਾਹਿਬ ਵਿਚ ਅੰਮ੍ਰਿਤ ਛਕ ਕੇ ਕਰਮ ਸਿੰਘ ਨਾਂ ਧਾਰਣ ਕੀਤਾ। ਇਸ ਨੇ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਥਾਂ ਥਾਂ 'ਤੇ ਜਾ ਕੇ ਤਕਰੀਰਾਂ ਕੀਤੀਆਂ ਅਤੇ ਆਪਣੇ ਕੁਝ ਚੋਣਵੇਂ ਸਾਥੀਆਂ ਦਾ ਇਕ 'ਚਕਰਵਰਤੀ ਜੱਥਾ' ਬਣਾਇਆ। ਇਸ ਨੇ ਪਹਿਲਾਂ ਮਹਿਤਪੁਰ ਵਿਚ ਫਰਵਰੀ 1921 ਈ. ਵਿਚ ਇਕ ਕਾਨਫ਼ੰਸ ਕੀਤੀ ਅਤੇ ਸ਼ਸਤ੍ਰ ਕ੍ਰਾਂਤੀ ਲਈ ਮੁਹਿੰਮ ਸ਼ੁਰੂ ਕੀਤੀ। ਫਿਰ ਮਾਹਲਪੁਰ, ਕੋਟ ਫਤੂਹੀ, ਕੌਲਗੜ੍ਹ ਆਦਿ ਥਾਂਵਾਂ 'ਤੇ ਵੱਡੇ ਦੀਵਾਨ ਕਰਕੇ ਲੋਕਾਂ ਅੰਦਰ ਬਾਗ਼ੀਆਨਾ

ਰੁਚੀਆਂ ਵਿਕਸਿਤ ਕੀਤੀਆਂ। ਇਸ ਨੇ 20 ਅਗਸਤ 1922 ਈ. ਨੂੰ ਦੌਲਤਪੁਰ ਤੋਂ ਹੀ 'ਬਬਰ ਅਕਾਲੀ ਦੋਆਬਾ' ਨਾਂ ਦਾ ਇਕ ਪੱਤਰ ਵੀ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ, ਜਿਸ ਵਿਚ ਕ੍ਰਾਂਤੀਕਾਰੀ ਵਿਚਾਰਾਂ ਵਾਲੀ ਸਾਮਗ੍ਰੀ ਦਾ ਪ੍ਰਕਾਸ਼ਨ ਕੀਤਾ ਜਾਂਦਾ। ਪਹਿਲਾਂ ਉਸ ਦਾ ਸੰਪਾਦਕ ਖ਼ੁਦ ਬਣਿਆ। ਪਰ ਜਲਦੀ ਹੀ ਉਸ ਪਰਚੇ ਦਾ ਸੰਪਾਦਨ ਸ. ਕਿਸ਼ਨ ਸਿੰਘ ਗੜਗਜ ਕਰਨ ਲਗ ਗਿਆ। ਇਸ ਨੇ ਕਈ ਕ੍ਰਾਂਤੀਕਾਰੀ ਕਾਰਵਾਈਆਂ ਵਿਚ ਹਿੱਸਾ ਲਿਆ। ਸਰਕਾਰ ਨੇ ਇਸ ਦੇ ਸਿਰ ਉਤੇ 3000 ਰੁਪਏ ਦਾ ਇਨਾਮ ਘੋਸ਼ਿਤ ਕਰ ਦਿੱਤਾ। ਇਹ ਰੂਪੋਸ਼ ਹੋ ਗਿਆ। ਰੂਪੋਸ਼ੀ ਦੀ ਹਾਲਤ ਵਿਚ ਵੀ ਇਹ ਸਰਕਾਰ ਵਿਰੁੱਧ ਕਾਰਵਾਈਆਂ ਕਰਦਾ ਰਿਹਾ। ਕੁਝ ਸਮੇਂ ਬਾਦ ਇਨਾਮ ਦੇ ਲਾਲਚ ਕਰਕੇ ਅਨੂਪ ਸਿੰਘ ਨਾਂ ਦੇ ਪੁਲਿਸ ਦੇ ਮੁਖ਼ਬਰ ਅਤੇ ਉਸ ਦੇ ਚਾਚੇ ਬੋਗ ਸਿੰਘ ਨੇ ਕਰਮ ਸਿੰਘ, ਬਿਸ਼ਨ ਸਿੰਘ ਮਾਂਗਟ, ਉਦੇ ਸਿੰਘ ਰਾਮਗੜ੍ਹ, ਮਹਿੰਦਰ ਸਿੰਘ ਪੰਡੋਰੀ, ਗੰਗਾ ਸਿੰਘ ਨਾਂ ਦੇ ਬਬਰਾਂ ਨੂੰ ਇਕ ਪੁਲਿਸ ਮੁਕਾਬਲੇ ਵਿਚ 1 ਸਤੰਬਰ 1923 ਨੂੰ ਮਰਵਾ ਦਿੱਤਾ। ਇਸ ਤਰ੍ਹਾਂ ਦੇਸ਼ ਅਤੇ ਕੌਮ ਦੀ ਖ਼ਾਤਰ ਕੰਮ ਕਰਨ ਵਾਲੇ ਦਾ ਅੰਤ ਹੋ ਗਿਆ।

**ਕਰਮ ਸਿੰਘ, ਭਾਈ** (1885-1922 ਈ.): ਪੱਛਮੀ ਪੰਜਾਬ ਦੇ ਹਸਨ ਅਬਦਾਲ (ਪੰਜਾ ਸਾਹਿਬ) ਰੇਲਵੇ ਸਟੇਸ਼ਨ ਉਤੇ ਕੈਦੀ ਸਿੰਘਾਂ ਨਾਲ ਭਰੀ ਹੋਈ ਗੱਡੀ ਨੂੰ ਰੋਕਣ ਦੇ ਯਤਨ ਵਿਚ ਆਪਾ ਨਿਛਾਵਰ ਕਰਨ ਵਾਲੇ ਭਾਈ ਕਰਮ ਸਿੰਘ ਦਾ ਜਨਮ ਤਖ਼ਤ ਕੇਸਗੜ੍ਹ ਦੇ ਗ੍ਰੰਥੀ ਭਾਈ ਭਗਵਾਨ ਸਿੰਘ ਦੇ ਘਰ 14 ਨਵੰਬਰ 1885 ਈ. ਨੂੰ ਹੋਇਆ। ਇਸ ਦਾ ਪਰਿਵਾਰਿਕ ਨਾਂ ਸੰਤ ਸਿੰਘ ਸੀ। ਇਸ ਨੇ ਆਪਣੇ ਪਿਤਾ ਪਾਸੋਂ ਬਾਣੀ ਦਾ ਪਾਠ ਅਤੇ ਕੀਰਤਨ ਕਰਨ ਦੀ ਸਿਖਿਆ ਪ੍ਰਾਪਤ ਕੀਤੀ ਅਤੇ ਥੋੜੇ ਸਮੇਂ ਵਿਚ ਹੀ ਚੰਗੇ ਰਾਗੀਆਂ ਵਿਚ ਗਿਣਿਆ ਜਾਣ ਲਗਾ। ਸੰਨ 1922 ਈ. ਵਿਚ ਇਹ ਆਪਣੀ ਪਤਨੀ ਸਹਿਤ ਪੰਜਾ ਸਾਹਿਬ ਗੁਰੂ-ਧਾਮ ਦੀ ਯਾਤ੍ਰਾ 'ਤੇ ਗਿਆ ਅਤੇ ਉਥੇ ਹੀ ਕੀਰਤਨ ਕਰਨ ਦੀ ਸੇਵਾ ਨਿਭਾਉਣ ਲਗ ਗਿਆ। ਉਥੇ ਇਸ ਨੇ ਅੰਮ੍ਰਿਤ ਪਾਨ ਕੀਤਾ ਅਤੇ ਸੰਤ ਸਿੰਘ ਤੋਂ ਕਰਮ ਸਿੰਘ ਬਣਿਆ।

ਉਨ੍ਹਾਂ ਦਿਨਾਂ ਵਿਚ ਹੀ 8 ਅਗਸਤ 1922 ਈ. ਨੂੰ 'ਗੁਰੂ ਕਾ ਬਾਗ਼' ਦਾ ਮੋਰਚਾ (ਵੇਖੋ) ਸ਼ੁਰੂ ਹੋ ਗਿਆ। ਉਥੋਂ ਪਕੜੇ ਜਾਂਦੇ ਸਿੰਘਾਂ ਨੂੰ ਪਹਿਲਾਂ ਅੰਮ੍ਰਿਤਸਰ ਦੇ 'ਗੋਬਿੰਦਗੜ੍ਹ' ਵਿਚ ਕੈਦ ਰਖਿਆ ਜਾਂਦਾ ਅਤੇ ਜਦੋਂ ਉਨ੍ਹਾਂ ਦੀ ਸੰਖਿਆ ਇਕ ਗੱਡੀ ਵਿਚ ਸਵਾਰ ਕਰਨ ਜਿਤਨੀ ਹੋ ਜਾਂਦੀ ਤਾਂ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਜਾਂਦਾ। 29 ਅਕਤੂਬਰ 1922 ਈ. ਨੂੰ ਇਕ ਗੱਡੀ ਕੈਦੀ ਸਿੰਘਾਂ ਨਾਲ ਭਰੀ ਹੋਈ ਅੰਮ੍ਰਿਤਸਰ ਤੋਂ ਅਟਕ ਕਿਲ੍ਹੇ ਵਲ ਤੋਰੀ ਗਈ, ਜਿਸ ਨੇ ਹਸਨ ਅਬਦਾਲ ਦੇ ਸਟੇਸ਼ਨ ਤੋਂ ਲੰਘਣਾ ਸੀ। ਪੰਜਾ ਸਾਹਿਬ ਗੁਰੂ-ਧਾਮ ਦੀ ਸੰਗਤ ਨੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਗੱਡੀ ਰੋਕਣ ਵਾਸਤੇ ਬੇਨਤੀ ਕੀਤੀ, ਪਰ ਜੇਲ ਅਧਿਕਾਰੀਆਂ ਨੇ ਆਪਣੀ ਮਜਬੂਰੀ ਪ੍ਰਗਟ ਕੀਤੀ ਜਦੋਂ ਕੋਈ ਉਪਾ ਨਜ਼ਰ ਨ ਆਇਆ, ਤਾਂ ਗੁਰਦੁਆਰਾ ਕਮੇਟੀ ਦੇ ਖ਼ਜ਼ਾਨਚੀ ਭਾਈ ਪਰਤਾਪ ਸਿੰਘ (ਵੇਖੋ) ਅਤੇ ਭਾਈ ਕਰਮ ਸਿੰਘ ਨੇ ਰੇਲ ਦੀ ਲਾਈਨ ਉਤੇ ਚੌਂਕੜੇ ਮਾਰ ਦਿੱਤੇ ਅਤੇ ਹੋਰ ਵੀ ਬਹੁਤ ਸਾਰੀ ਸੰਗਤ ਉਨ੍ਹਾਂ ਦੇ ਪਿਛੇ ਬੈਠ ਗਈ। ਗੱਡੀ ਸੀਟੀਆਂ ਮਾਰਦੀ ਪਹੁੰਚੀ, ਪਰ ਸਿੰਘ ਜ਼ਰਾ ਵੀ ਨ ਥਿੜਕੇ। ਗੱਡੀ ਰੁਕੀ ਪਰ ਗਿਆਰਾਂ ਸਿੰਘਾਂ ਨੂੰ ਦਰੜ ਕੇ। ਉਨ੍ਹਾਂ ਵਿਚੋਂ ਭਾਈ ਪਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਬਹੁਤ ਜ਼ਿਆਦਾ ਘਾਇਲ ਹੋ ਗਏ। ਸਾਰੇ ਘਾਇਲਾਂ ਨੂੰ ਪੰਜਾ ਸਾਹਿਬ ਗੁਰੂ-ਧਾਮ ਵਿਚ ਇਲਾਜ ਲਈ ਲਿਆਉਂਦਾ ਗਿਆ ਪਰ ਭਾਈ ਕਰਮ ਸਿੰਘ ਅਤੇ ਭਾਈ ਪਰਤਾਪ ਸਿੰਘ ਦਾ 31 ਅਕਤੂਬਰ 1922 ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦਾ ਸਸਕਾਰ 1 ਨਵੰਬਰ 1922 ਨੂੰ ਰਾਵਲਪਿੰਡੀ ਵਿਚ ਲਈ ਨਦੀ ਦੇ ਕੰਢੇ ਕੀਤਾ ਗਿਆ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਪੰਜਾ ਸਾਹਿਬ ਵਿਚ ਦੇਸ਼-ਵੰਡ ਤੋਂ ਪਹਿਲਾਂ ਸ਼ਹੀਦੀ ਸਮਾਗਮ ਕੀਤੇ ਜਾਂਦੇ ਰਹੇ ਹਨ।

**ਕਰਮ ਸਿੰਘ, ਮਹਾਰਾਜਾ** : ਪਟਿਆਲਾ ਰਿਆਸਤ ਦਾ ਇਕ ਮਹਾਰਾਜਾ। ਵੇਖੋ 'ਪਟਿਆਲਾ ਰਿਆਸਤ'।

**ਕਰਮ-ਕਾਂਡ** : ਸਿੱਖ ਧਰਮ ਵਿਚ ਕਰਮ-ਕਾਂਡਾਂ ਬਾਰੇ ਵਿਰੋਧੀ ਸਵਰ ਮਿਲਦਾ ਹੈ। 'ਕਰਮ' ਦਾ ਅਰਥ ਹੈ ਕ੍ਰਿਆ ਅਤੇ 'ਕਾਂਡ' ਦਾ ਅਰਥ ਹੈ ਹਿੱਸਾ ਜਾਂ ਭਾਗ। ਕਰਮ-ਕਾਂਡ ਦਾ ਮੂਲ ਸਰੋਕਾਰ ਵੈਦਿਕ ਧਰਮ ਨਾਲ ਹੈ। ਇਸ ਨੂੰ ਸ਼ਾਸਤ੍ਰਕਾਰਾਂ ਨੇ ਤਿੰਨ ਕਾਂਡਾਂ (ਹਿੱਸਿਆਂ) ਵਿਚ ਵੰਡਿਆ ਹੈ— ਗਿਆਨ-ਕਾਂਡ, ਉਪਾਸਨਾ-ਕਾਂਡ ਅਤੇ ਕਰਮ-ਕਾਂਡ। ਕਰਮ-ਕਾਂਡ ਦਾ ਮੂਲ ਰੂਪ ਵਿਚ ਸੰਬੰਧ ਮਨੁੱਖ ਦੇ ਹਰ ਪ੍ਰਕਾਰ ਦੇ ਕਰਮਾਂ ਨਾਲ ਹੈ ਜਿਸ ਵਿਚ

ਧਾਰਮਿਕ ਕ੍ਰਿਆਵਾਂ ਵੀ ਸ਼ਾਮਲ ਹਨ। ਪਰ ਸਥੂਲ ਰੂਪ ਵਿਚ ਧਾਰਮਿਕ ਕ੍ਰਿਆਵਾਂ ਨੂੰ ਹੀ ਕਰਮ-ਕਾਂਡ ਕਿਹਾ ਜਾਂਦਾ ਹੈ। ਇਸ ਨਾਲ ਪੁਰੋਹਿਤ ਵਰਗ ਦਾ ਡੂੰਘਾ ਸੰਬੰਧ ਹੈ ਕਿਉਂਕਿ ਇਨ੍ਹਾਂ ਨੂੰ ਪੂਰਾ ਕਰਨ ਵਿਚ ਉਨ੍ਹਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਕਰਮ-ਕਾਂਡ ਵਿਚ ਵਿਸ਼ੇਸ਼ ਰੂਪ ਵਿਚ ਦਸਿਆ ਗਿਆ ਹੈ ਕਿ ਕਿਹੜੇ ਕਰਮ ਕਰਨੇ ਠੀਕ ਹਨ ਅਤੇ ਕਿਹੜੇ ਵਰਜਿਤ ਹਨ; ਇਨ੍ਹਾਂ ਕਰਮਾਂ ਨੂੰ ਕਰਨ ਲਈ ਕਿਹੜਾ ਕਿਹੜਾ ਸਮਾਂ ਉਚਿਤ ਹੈ।

ਮੱਧ-ਯੁਗ ਤਕ ਪਹੁੰਚਦਿਆਂ ਪਹੁੰਚਦਿਆਂ ਹੋਰ ਵੀ ਕਈਆਂ ਧਰਮਾਂ ਵਿਚ ਪ੍ਰਕਾਰਾਂਤਰ ਨਾਲ ਕਈ ਕਰਮ-ਕਾਂਡ ਪ੍ਰਚਲਿਤ ਹੋ ਗਏ। ਇਸ ਲਈ ਮੱਧ-ਯੁਗ ਦੇ ਕਾਵਿ-ਸਾਹਿਤ ਵਿਚ ਵਰਤੇ ਜਾਣ ਵਾਲੇ ਇਸ ਸ਼ਬਦ ਤੋਂ ਭਾਵ ਕਿਸੇ ਵਿਸ਼ੇਸ਼ ਧਰਮ ਦੀ ਕਰਮ-ਵਿਵਸਥਾ ਨਹੀਂ, ਸਗੋਂ ਸਾਧਨਾ ਸੰਬੰਧੀ ਉਨ੍ਹਾਂ ਬਾਹਰਲੀਆਂ ਕ੍ਰਿਆਵਾਂ ਤੋਂ ਹੈ ਜੋ ਹੌਲੀ ਹੌਲੀ ਧਰਮ ਦੇ ਵਾਸਤਵਿਕ ਸਰੂਪ ਨੂੰ ਪਰੇ ਹਟਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਇਨ੍ਹਾਂ ਕ੍ਰਿਆਵਾਂ ਦਾ ਰੂੜ੍ਹ ਰੂਪ ਹੀ ਕਰਮ-ਕਾਂਡ ਹੈ, ਚਾਹੇ ਇਹ ਕਿਸੇ ਵੀ ਧਰਮ ਨਾਲ ਸੰਬੰਧਿਤ ਕਿਉਂ ਨ ਹੋਣ ? ਇਨ੍ਹਾਂ ਨੂੰ ਪਰਿਣਾਮੀ-ਕਰਮ ਦੀ ਸ਼੍ਰੇਣੀ ਵਿਚ ਰਖਿਆ ਜਾ ਸਕਦਾ ਹੈ। ਫਲਸਰੂਪ, ਕਰਮ-ਕਾਂਡ ਤੋਂ ਭਾਵ ਹੈ ਹਰ ਧਰਮ ਦੇ ਉਹ ਕਰਮ ਜੋ ਸੱਚੀ ਅਤੇ ਨਿਸ਼ਕਾਮ ਪ੍ਰੇਮ-ਭਾਵਨਾ ਤੋਂ ਸਖਣੇ ਹੋਣ।

ਮੱਧ-ਯੁਗ ਦੇ ਭਗਤੀ ਅੰਦੋਲਨ ਦੇ ਵਿਕਸਿਤ ਹੋਣ ਵਿਚ ਕਰਮ-ਕਾਂਡਾਂ ਦੀ ਨਿਸਾਰਤਾ ਅਤੇ ਲੋਕਾਂ ਨੂੰ ਵਾਸਤਵਿਕ ਮਾਰਗ ਤੋਂ ਹਟਾ ਕੇ ਕੁਰਾਹੇ ਪਾਉਣ ਦੀ ਬਿਰਤੀ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਇਸੇ ਲਈ ਇਨ੍ਹਾਂ ਕਰਮ-ਕਾਂਡਾਂ ਤੋਂ ਜਨਤਾ ਨੂੰ ਬੇਮੁਖ ਕਰਨ ਦੀ ਭਾਵਨਾ ਨਾਲ ਸੰਤਾਂ ਦੀਆਂ ਬਾਣੀਆਂ ਵਿਚ ਇਨ੍ਹਾਂ ਦੇ ਨਿਖੇਧ ਦੀ ਗੱਲ ਡਟ ਕੇ ਕਹੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਾਖੰਡ ਪੂਰਣ ਕਰਮ-ਕਾਂਡਾਂ ਜਾਂ ਬਾਹਰਲੇ ਧਾਰਮਿਕ ਆਚਾਰਾਂ ਦੀ ਨਿਸਾਰਤਾ ਉਤੇ ਵਿਸਤਾਰ ਨਾਲ ਪ੍ਰਕਾਸ਼ ਪਾਇਆ ਗਿਆ ਹੈ। ਪਰ ਅਜਿਹਾ ਕਰਨ ਵੇਲੇ ਕਿਸੇ ਵਿਸ਼ੇਸ਼ ਧਰਮ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ, ਸਗੋਂ ਧਾਰਮਿਕ ਅਨੁਸ਼ਠਾਨਾਂ ਦੀ ਰੂੜ੍ਹੀਵਾਦਤਾ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਕਿਤੇ ਕਿਤੇ ਤਾਂ ਪਰੰਪਰਾਗਤ ਕਰਮ-ਕਾਂਡਾਂ ਦੇ ਭਾਵੀ-ਕ੍ਰਿਤ ਰੂਪ ਦਾ ਚਿਤ੍ਰਣ ਵੀ ਕੀਤਾ ਗਿਆ ਹੈ। ਪੁਰੋਹਿਤ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਕਿਹਾ ਹੈ— *ਸੁਣਿ ਪੰਡਿਤ ਕਰਮਾਕਾਰੀ। ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ। ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ। ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ।* (ਗੁ.ਗ੍ਰੰ.635)। ਅਸਲ ਵਿਚ, ਸੱਚੇ ਨਾਮ ਦੀ ਆਰਾਧਨਾ ਤੋਂ ਬਿਨਾ ਸਾਰੇ ਕਰਮ-ਕਾਂਡ ਹਉਮੈ ਦਾ ਪਸਾਰ ਮਾਤ੍ਰ ਹਨ— *ਕਰਮ ਕਾਂਡ ਬਹੁ ਕਰਹਿ ਅਚਾਰ। ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।*(ਗੁ.ਗ੍ਰੰ.162)।

**ਕਰਮੋ** : ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਪਤਨੀ ਅਤੇ ਸੋਢੀ ਮਨੋਹਰਦਾਸ ਮੇਹਰਬਾਨ ਦੀ ਮਾਤਾ ਜੋ ਸਦਾ ਇਹ ਸੋਚਦੀ ਰਹਿੰਦੀ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਕੋਈ ਨਰੀਨਾ ਔਲਾਦ ਨ ਹੋਣ ਕਾਰਣ ਗੁਰੂ-ਗੱਦੀ ਉਸ ਦੇ ਪੁੱਤਰ ਮੇਹਰਬਾਨ ਨੂੰ ਪ੍ਰਾਪਤ ਹੋਵੇਗੀ। (ਗੁਰੂ) ਹਰਿਗੋਬਿੰਦ ਜੀ ਦੇ ਪੈਦਾ ਹੋਣ ਨਾਲ ਇਸ ਦੀਆਂ ਸਾਰੀਆਂ ਉਮੀਦਾਂ ਮਿੱਟੀ ਵਿਚ ਮਿਲ ਗਈਆਂ ਪਰ ਇਹ ਹਾਲਾਤ ਨਾਲ ਸਮਝੌਤਾ ਕਰਨ ਵਾਲੀ ਨਹੀਂ ਸੀ, ਇਸ ਲਈ ਇਸ ਨੇ ਬਾਲਕ ਹਰਿਗੋਬਿੰਦ ਨੂੰ ਮਰਵਾਉਣ ਦੇ ਕਈ ਯਤਨ ਕੀਤੇ, ਪਰ ਸਫਲ ਨ ਹੋ ਸਕੀ। ਇਸ ਬਾਰੇ 'ਗੁਰਬਿਲਾਸ ਪਾਤਿਸ਼ਾਹੀ ੬' ਵਿਚ ਵਿਸਤਾਰ ਸਹਿਤ ਬ੍ਰਿੱਤਾਂਤ ਮਿਲ ਜਾਂਦਾ ਹੈ।

**ਕਰਾਮਾਤ** : ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਉਹ ਅਲੌਕਿਕ ਸ਼ਕਤੀ, ਜਿਸ ਰਾਹੀਂ ਕੋਈ ਅਸੰਭਵ ਗੱਲ ਸੰਭਵ ਹੋ ਸਕੇ। ਕਈ ਵਾਰ 'ਕਰਮ' (ਕ੍ਰਿਪਾ) ਨਾਲ ਸੰਬੰਧਿਤ ਈਸ਼ਵਰੀ ਕਾਰਵਾਈ ਨੂੰ ਵੀ 'ਕਰਾਮਾਤ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਰਾਮਾਤ ਪਰਮਾਤਮਾ ਦੀ ਉਹ ਵਿਸਮਾਦੀ ਕਾਰਵਾਈ ਹੈ ਜਿਸ ਰਾਹੀਂ ਸੰਤਾਂ/ਭਗਤਾਂ ਦੀ ਰਖਿਆ ਕੀਤੀ ਜਾਂਦੀ ਹੈ।

ਕਰਾਮਾਤ ਨੂੰ ਭਾਰਤੀ ਸੰਸਕ੍ਰਿਤੀ ਵਿਚ 'ਸਿੱਧੀ' ਜਾਂ 'ਚਮਤਕਾਰ' ਕਿਹਾ ਜਾਂਦਾ ਹੈ। ਮੁਸਲਮਾਨ ਪੀਰਾਂ ਫ਼ਕੀਰਾਂ ਨਾਲ ਅਨੇਕ ਪ੍ਰਕਾਰ ਦੀਆਂ ਕਰਾਮਾਤਾਂ ਜੁੜੀਆਂ ਹੋਈਆਂ ਮਿਲਦੀਆਂ ਹਨ। ਮੁਸਲਮਾਨਾਂ ਤੋਂ ਇਲਾਵਾ ਸਾਮੀ ਸੰਸਕ੍ਰਿਤੀ ਵਾਲੇ ਹੋਰ ਵੀ ਕਈ ਸਾਧਕਾਂ ਨਾਲ ਇਹ ਪ੍ਰਚਲਿਤ ਹਨ। ਜਨਮਸਾਖੀ ਸਾਹਿਤ ਅਤੇ ਗੁਰਬਿਲਾਸ-ਕਾਵਿ ਵਿਚ ਗੁਰੂ ਸਾਹਿਬਾਨ ਦੇ ਚਰਿਤ੍ਰਾਂ ਉਤੇ ਇਨ੍ਹਾਂ ਦਾ ਆਰੋਪਣ ਕੀਤਾ

ਮਿਲਦਾ ਹੈ। 'ਰਾਇ ਬਲਵੰਡ ਤਥਾ ਸਤੈ ਡੂਮਿ' ਦੀ ਵਾਰ ਵਿਚ ਗੁਰੂ ਰਾਮਦਾਸ ਜੀ ਦੀ ਸੇਵਾ-ਸਾਧਨਾ ਦੇ ਫਲਸਰੂਪ ਪ੍ਰਾਪਤ ਹੋਈ ਗੁਰਗੱਦੀ ਨੂੰ ਈਸ਼ਵਰੀ ਕਰਾਮਾਤ ਦਸਦਿਆਂ ਰਚੈਤਿਆਂ ਨੇ ਅੰਕਿਤ ਕੀਤਾ ਹੈ— *ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ। ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।* (ਗੁ.ਗ੍ਰੰ.968)।

**ਕਰੁਣਾ** : ਕੁਰਣਾ ਨੂੰ ਚਿੱਤ ਦੀ ਭਾਵਨਾ ਜਾਂ ਬਿਰਤੀ ਮੰਨਿਆ ਜਾਂਦਾ ਹੈ। ਇਸ ਦੇ ਮਨੁੱਖ-ਮਨ ਵਿਚ ਪ੍ਰਗਟ ਹੋਣ ਦੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਪ੍ਰਤਿ ਹਮਦਰਦੀ ਜਾਂ ਦਇਆ ਦੀ ਭਾਵਨਾ ਪ੍ਰਗਟ ਕਰਨੀ ਹੋਵੇ।

ਭਾਰਤੀ ਧਰਮ-ਸਾਧਨਾ ਵਿਚ ਇਸ ਬਿਰਤੀ ਨੂੰ ਵਿਕਸਿਤ ਕਰਨ ਉਤੇ ਬਹੁਤ ਬਲ ਦਿੱਤਾ ਗਿਆ ਹੈ। ਇਸ ਨਾਲ ਚਿੱਤ ਵਿਚ ਸ਼ਾਂਤੀ ਪੈਦਾ ਹੁੰਦੀ ਹੈ ਅਤੇ ਦੂਜਿਆਂ ਨਾਲ ਸਮਤਾ ਦੀ ਭਾਵਨਾ ਵੀ ਵਿਕਸਿਤ ਹੁੰਦੀ ਹੈ।

'ਪਾਤੰਜਲਿ ਯੋਗ-ਸੂਤ੍ਰ' ਵਿਚ ਕਰੁਣਾ ਦਾ ਮੈਤ੍ਰੀ, ਮੁਦਿਤਾ (ਪ੍ਰਸੰਨਤਾ) ਅਤੇ ਉਪੇਖਿਆ ਨਾਲ ਉੱਲੇਖ ਕੀਤਾ ਗਿਆ ਹੈ। ਜੈਨ-ਮਤ ਅਤੇ ਬੌਧ-ਧਰਮ ਵਿਚ ਇਨ੍ਹਾਂ ਧਰਮਾਂ ਦੀਆਂ ਅਹਿੰਸਾਵਾਦੀ ਪ੍ਰਵਿੱਰਤੀਆਂ ਕਾਰਣ ਮਨੁੱਖ ਮਨ ਵਿਚ ਇਸ ਦੇ ਉਪਜਾਣ 'ਤੇ ਬਹੁਤ ਬਲ ਦਿੱਤਾ ਗਿਆ ਹੈ। ਬੌਧ-ਦਰਸ਼ਨ ਵਿਚ ਬੋਧਿਸਤਵਾਂ ਦਾ ਹਿਰਦਾ ਕਰੁਣਾ ਨਾਲ ਭਰਪੂਰ ਦਸਿਆ ਗਿਆ ਹੈ।

ਮੱਧ-ਯੁਗ ਦੇ ਭਗਤੀ-ਸਾਹਿਤ ਵਿਚ ਇਸ ਬਿਰਤੀ ਨੂੰ ਵਿਸ਼ੇਸ਼ ਸਥਾਨ ਮਿਲਿਆ ਹੈ। ਭਗਤ ਸਦਾ ਪਰਮਾਤਮਾ ਦੀ ਅਪਾਰ ਕ੍ਰਿਪਾ, ਮਿਹਰ ਅਤੇ ਦਇਆ ਦੇ ਆਸਰੇ ਜੀਵਨ ਬਤੀਤ ਕਰਦਾ ਹੈ। ਇਸ ਲਈ ਭਗਤ-ਸਾਧਕਾਂ ਨੇ ਪਰਮਾਤਮਾ ਵਿਚ ਇਸ ਬਿਰਤੀ ਦੀ ਵਿਸ਼ੇਸ਼ ਹੋਂਦ ਦੀ ਕਲਪਨਾ ਕੀਤੀ ਹੈ। ਉਨ੍ਹਾਂ ਨੇ ਪਰਮਾਤਮਾ ਨੂੰ ਇਕ ਪ੍ਰਕਾਰ ਦਾ ਕਰੁਣਾ ਦਾ ਮੁੱਜਸਮਾ ਹੀ ਸਮਝਿਆ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਕਰੁਣਾਮਈ ਕਹਿੰਦਿਆਂ ਅੰਕਿਤ ਕੀਤਾ ਹੈ— *ਭ੍ਰੰਮਤਿ ਭ੍ਰੰਮਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾਮਯਹ।* (ਗੁ.ਗ੍ਰੰ.1359)। ਅਤੇ ਗੁਰੂ ਤੇਗ ਬਹਾਦਰ ਜੀ ਨੇ ਦਸਿਆ ਹੈ— *ਤਾ ਕੋ ਦੁਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ।* (ਗੁ.ਗ੍ਰੰ. 1008)।

ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ ਪਰਮਾਤਮਾ ਦਾ ਇਕ ਵਿਸ਼ੇਸ਼ਣ 'ਕਰੁਣਾਲਯ ਹੈ' (ਕਰੁਣਾ ਦਾ ਘਰ) ਵਰਤਿਆ ਹੈ।

**ਕਰੋੜਸਿੰਘੀਆ (ਕਰੋੜੀਆ) ਮਿਸਲ** : ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਇਕ, ਜਿਸ ਦੇ ਪੂਰਬ ਰੂਪ ਨੂੰ ਜੱਥੇ ਵਜੋਂ ਸਰਦਾਰ ਸ਼ਾਮ ਸਿੰਘ ਨਾਰਲੀ ਨੇ ਸਥਾਪਿਤ ਕੀਤਾ ਅਤੇ ਸੰਨ 1739 ਈ. ਵਿਚ ਨਾਦਰ ਸ਼ਾਹ ਦੀ ਸੈਨਾ ਨਾਲ ਲੋਹਾ ਲਿਆ। ਇਸ ਤੋਂ ਬਾਦ ਕਰਮ ਸਿੰਘ ਉਪਲ ਜੱਥੇਦਾਰ ਬਣਿਆ ਜੋ ਸੰਨ 1748 ਈ. ਵਿਚ ਅਹਿਮਦ ਸ਼ਾਹ ਦੁਰਾਨੀ ਨਾਲ ਲੜਦਿਆਂ ਮਾਰਿਆ ਗਿਆ। ਉਸ ਤੋਂ ਬਾਦ ਕਰੋੜਾ ਸਿੰਘ ਬਰਕੀ ਵਾਲਾ ਜੱਥੇਦਾਰ ਬਣਿਆ। ਉਸੇ ਸਾਲ ਦਲ ਖ਼ਾਲਸਾ ਦੀ ਸਥਾਪਨਾ ਨਾਲ ਇਸ ਦੇ ਜੱਥੇ ਨੂੰ ਇਸ ਦੇ ਨਾਂ 'ਤੇ ਹੀ ਕਰੋੜਸਿੰਘੀਆ ਮਿਸਲ ਕਿਹਾ ਜਾਣ ਲਗਾ। ਇਸ ਮਿਸਲ ਨੂੰ ਬੁੱਢਾ ਦਲ ਵਿਚ ਸ਼ਾਮਲ ਕੀਤਾ ਗਿਆ। ਇਸ ਮਿਸਲ ਦਾ ਅਧਿਕਾਰ ਖੇਤਰ ਅਧਿਕਤਰ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਰਿਹਾ।

ਸੰਨ 1761 ਈ. ਵਿਚ ਕਰੋੜਾ ਸਿੰਘ ਦੀ ਮ੍ਰਿਤੂ ਤੋਂ ਬਾਦ ਅੰਮ੍ਰਿਤਸਰ ਜ਼ਿਲ੍ਹੇ ਦੇ ਝਬਾਲ ਪਿੰਡ ਦਾ ਬਘੇਲ ਸਿੰਘ ਧਾਲੀਵਾਲ ਇਸ ਮਿਸਲ ਦਾ ਸਰਦਾਰ ਬਣਿਆ। ਇਸ ਨੇ ਸਤਲੁਜ ਪਾਰ ਦੇ ਇਲਾਕਿਆਂ ਵਿਚ ਆਪਣੀ ਪ੍ਰਭੁਤਾ ਸਥਾਪਿਤ ਕੀਤੀ। ਕਰਨਾਲ ਆਦਿ ਨਗਰਾਂ ਨੂੰ ਜਿਤ ਕੇ ਇਸ ਨੇ ਫਰਵਰੀ 1764 ਈ. ਵਿਚ ਆਪਣੇ ਨਾਲ ਅਨੇਕ ਬਹਾਦਰ ਸਰਦਾਰਾਂ ਨੂੰ ਰਲਾ ਕੇ ਚਾਲੀ ਹਜ਼ਾਰ ਘੋੜਸਵਾਰਾਂ ਸਹਿਤ ਯਮਨਾ ਦਰਿਆ ਪਾਰ ਕੀਤਾ। ਸਹਾਰਨਪੁਰ ਉਤੇ ਕਬਜ਼ਾ ਕੀਤਾ ਅਤੇ ਨਜੀਬਉੱਦੌਲਾ ਦੀ ਰਿਆਸਤ ਨੂੰ ਖ਼ੂਬ ਲੁਟਿਆ ਅਤੇ ਯਾਰ੍ਹਾਂ ਲਖ ਰੁਪਏ ਨਜ਼ਰਾਨੇ ਵਜੋਂ ਵਸੂਲ ਕੀਤੇ। ਅਪ੍ਰੈਲ 1775 ਈ. ਵਿਚ ਨਜੀਬਉੱਦੌਲਾ ਤੋਂ ਬਾਦ ਉਸ ਦੇ ਪੁੱਤਰ ਜ਼ਾਬਿਤਾ ਖ਼ਾਨ ਉਤੇ ਹਮਲਾ ਕੀਤਾ। ਮਾਰਚ 1783 ਈ. ਵਿਚ ਦਿੱਲੀ ਉਤੇ 30 ਹਜ਼ਾਰ ਘੋੜਸਵਾਰਾਂ ਸਹਿਤ ਹਮਲਾ ਕਰਕੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਨੂੰ ਜਿਤਿਆ ਅਤੇ ਲਾਲ ਕਿਲ੍ਹੇ ਵਿਚ ਦਾਖ਼ਲ ਹੋਇਆ। ਗੁਰੂ-ਧਾਮਾਂ ਦੀ ਨਿਸ਼ਾਨਦੇਹੀ ਅਤੇ ਉਸਾਰੀ ਦੀ ਸ਼ਰਤ 'ਤੇ ਮੁਗ਼ਲ ਬਾਦਸ਼ਾਹ ਨਾਲ ਅਹਿਦਨਾਮਾ ਹੋਇਆ ਅਤੇ ਗੁਰਦੁਆਰਿਆਂ ਦੀ ਉਸਾਰੀ ਤਕ ਬਘੇਲ ਸਿੰਘ 4000 ਘੋੜਸਵਾਰਾਂ ਸਹਿਤ ਦਿੱਲੀ ਵਿਚ ਟਿਕਿਆ ਰਿਹਾ।

ਕਰੋੜਸਿੰਘੀਆ ਮਿਸਲ ਦੇ ਹੋਰ ਸਰਦਾਰਾਂ, ਜਿਵੇਂ ਕਿ ਮਤਾਬ ਸਿੰਘ ਦੇ ਪੁੱਤਰ ਸ. ਰਾਇ ਸਿੰਘ, ਕਲਸੀਆ ਪਿੰਡ ਦੇ ਸ. ਗੁਰਬਖ਼ਸ਼ ਸਿੰਘ, ਦੁਲਚਾ ਸਿੰਘ ਆਦਿ ਨੇ ਆਪਣੇ ਬਾਹੂਬਲ 'ਤੇ ਬਹੁਤ ਸਾਰਾ ਇਲਾਕਾ ਜਿਤ ਕੇ ਆਪਣੀਆਂ ਆਪਣੀਆਂ ਸੁਤੰਤਰ ਰਿਆਸਤਾਂ ਬਣਾ ਲਈਆਂ। ਇਸ ਮਿਸਲ ਦਾ ਆਖ਼ਰੀ ਸ਼ਕਤੀਵਰ ਸਰਦਾਰ ਸ. ਗੁਰਬਖ਼ਸ਼ ਸਿੰਘ ਦਾ ਲੜਕਾ ਜੋਧ ਸਿੰਘ ਸੀ। ਉਸ ਨੇ ਅੰਬਾਲਾ ਜ਼ਿਲ੍ਹੇ ਵਲ ਆਪਣੀ ਰਿਆਸਤ ਦਾ ਵਿਸਤਾਰ ਕੀਤਾ ਅਤੇ ਛਛਰੌਲੀ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਨੇ ਨਰਾਇਣਗੜ੍ਹ ਉਤੇ ਹਮਲਾ ਕਰਨ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕੀਤੀ। ਮਹਾਰਾਜੇ ਨੇ ਇਸ ਨੂੰ ਕਈ ਜਾਗੀਰਾਂ ਦਿੱਤੀਆਂ। ਸੰਨ 1818 ਈ. ਵਿਚ ਇਹ ਮੁਲਤਾਨ ਦੀ ਲੜਾਈ ਵਿਚ ਮਾਰਿਆ ਗਿਆ। ਫਿਰ ਸੋਭਾ ਸਿੰਘ, ਲਹਿਣਾ ਸਿੰਘ, ਬਿਸ਼ਨ ਸਿੰਘ, ਜਗਜੀਤ ਸਿੰਘ, ਰਣਜੀਤ ਸਿੰਘ ਮਿਸਲਦਾਰ ਬਣੇ। ਸੰਨ 1948 ਈ. ਵਿਚ ਪੈਪਸੂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਤਕ ਇਸ ਦਾ ਰਾਜਾ ਰਵੀਸ਼ੁਰ ਸਿੰਘ ਸੀ।

**ਕਰੋੜੀਆ** (ਸਿੱਖ ਸਾਧਕ): ਇਸ ਦਾ ਮੂਲ ਨਾਂ ਦੁਨੀ ਚੰਦ ਸੀ। ਇਸ ਦੀ ਅਮੀਰੀ ਕਾਰਣ ਇਸ ਨੂੰ ਕਰੋੜੀ ਮੱਲ ਵੀ ਕਿਹਾ ਜਾਂਦਾ ਸੀ। 'ਪੁਰਾਤਨ ਜਨਮਸਾਖੀ' ਵਿਚ ਇਸ ਨੂੰ ਇਕ ਵੱਡੇ ਸਾਹੂਕਾਰ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਸ ਦੇ ਨਿਵਾਸ ਉਤੇ ਧਨ ਸੂਚਕ ਸੱਤ ਝੰਡੇ ਸਦਾ ਝੁਲਦੇ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਨੂੰ ਇਸ ਨੇ ਆਪਣੇ ਘਰ ਪਿਤਾ ਦੇ ਸ਼ਰਾਧ ਉਤੇ ਨਿਮੰਤਰਿਤ ਕੀਤਾ। ਸੰਵਾਦ ਦੌਰਾਨ ਗੁਰੂ ਜੀ ਨੇ ਇਸ ਨੂੰ ਸਪੱਸ਼ਟ ਕਰ ਦਿੱਤਾ ਕਿ ਇਸ ਸੰਸਾਰ ਦੀ ਕੋਈ ਵਸਤੂ ਵੀ ਨਾਲ ਨਹੀਂ ਜਾਂਦੀ। ਦੁਨੀ ਚੰਦ ਗੁਰੂ ਜੀ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਧਨ ਦਾ ਮੋਹ ਛਡ ਕੇ ਹਰਿ-ਭਗਤੀ ਨਾਲ ਜੁੜ ਗਿਆ। ਰਾਵੀ ਕੰਢੇ ਗੁਰੂ ਨਾਨਕ ਦੇਵ ਜੀ ਦਾ ਨਿਵਾਸ ਉਸਾਰਨ ਵਿਚ ਇਸ ਨੇ ਬਹੁਤ ਰੁਚੀ ਲਈ ਅਤੇ ਧਨ ਖ਼ਰਚ ਕੀਤਾ।

**ਕਲਸੀਆ ਰਿਆਸਤ** : ਪੰਜਾਬ ਪ੍ਰਾਂਤ ਦੀ ਇਕ ਰਿਆਸਤ ਜਿਸ ਨੂੰ 'ਕਲਸੀਆ' ਪਿੰਡ (ਜ਼ਿਲ੍ਹਾ ਲਾਹੌਰ) ਦੇ ਨਿਵਾਸੀ ਸ. ਗੁਰਬਖ਼ਸ਼ ਸਿੰਘ ਸੰਧੂ ਨੇ ਕਾਇਮ ਕੀਤਾ ਸੀ। ਇਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਅਤੇ ਕਰੋੜਸਿੰਘੀਆ ਮਿਸਲ ਵਿਚ ਸ਼ਾਮਲ ਹੋ ਗਿਆ। ਇਸ ਦਾ ਸ. ਕਰੋੜਾ ਸਿੰਘ ਅਤੇ ਸ. ਬਘੇਲ ਸਿੰਘ ਨਾਲ ਬੜਾ ਨਿਘਾ ਸੰਬੰਧ ਸੀ। ਇਸ ਨੇ ਦਲ ਖ਼ਾਲਸਾ ਦੀਆਂ ਅਨੇਕ ਮੁਹਿੰਮਾਂ ਵਿਚ ਹਿੱਸਾ ਲਿਆ। ਸੰਨ 1764 ਈ. ਵਿਚ ਸਰਹਿੰਦ ਦੀ ਜਿਤ ਤੋਂ ਬਾਦ ਇਸ ਨੇ ਛਛਰੌਲੀ (ਹੁਣ ਤਹਿਸੀਲ ਜਗਾਧਰੀ, ਜ਼ਿਲ੍ਹਾ ਯਮੁਨਾਨਗਰ, ਹਰਿਆਣਾ ਰਾਜ) ਦੇ ਪਰਗਨੇ ਵਿਚ 114 ਪਿੰਡਾਂ ਉਤੇ ਕਬਜ਼ਾ ਕਰਕੇ ਅਤੇ ਛਛਰੌਲੀ ਨੂੰ ਰਾਜਧਾਨੀ ਬਣਾ ਕੇ ਆਪਣੀ ਸੁਤੰਤਰ ਰਿਆਸਤ ਕਾਇਮ ਕਰ ਲਈ। ਉਸ ਦਾ ਨਾਂ ਗੁਰਬਖ਼ਸ਼ ਸਿੰਘ ਨੇ ਆਪਣੇ ਪਿੰਡ ਦੇ ਨਾਂ ਤੇ 'ਕਲਸੀਆ' ਰਖਿਆ। ਫਿਰ ਹੁਸ਼ਿਆਰਪੁਰ ਦਾ ਕੁਝ ਇਲਾਕਾ ਜਿਤ ਕੇ ਆਪਣੀ ਰਿਆਸਤ ਦਾ ਵਿਸਤਾਰ ਕੀਤਾ। ਸੰਨ 1785 ਈ. ਵਿਚ ਗੁਰਬਖ਼ਸ਼ ਸਿੰਘ ਦੇ ਦੇਹਾਂਤ ਤੋਂ ਬਾਦ ਉਸ ਦੇ ਪੁੱਤਰ ਜੋਧ ਸਿੰਘ ਨੇ ਆਪਣੀ ਰਿਆਸਤ ਦਾ ਹੋਰ ਵਿਸਤਾਰ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਕਈ ਸੈਨਿਕ ਮੁਹਿੰਮਾਂ ਵਿਚ ਇਸ ਵਲੋਂ ਪ੍ਰਾਪਤ ਹੋਏ ਸਹਿਯੋਗ ਕਾਰਣ ਇਸ ਨੂੰ ਕੁਝ ਹੋਰ ਇਲਾਕੇ, ਖ਼ਾਸ ਤੌਰ 'ਤੇ ਗੜ੍ਹਦੀਵਾਲਾ ਖੇਤਰ, ਪ੍ਰਦਾਨ ਕੀਤੇ। ਸੰਨ 1818 ਈ. ਵਿਚ ਮੁਲਤਾਨ ਦੀ ਲੜਾਈ ਵਿਚ ਜੋਧ ਸਿੰਘ ਦੇ ਮਾਰੇ ਜਾਣ ਤੋਂ ਬਾਦ ਸੋਭਾ ਸਿੰਘ ਰਿਆਸਤ ਦਾ ਸ਼ਾਸਕ ਬਣਿਆ। ਇਸ ਨੇ ਅੰਗ੍ਰੇਜ਼ ਸਰਕਾਰ ਨਾਲ ਕਾਫ਼ੀ ਬਣਾ ਕੇ ਰਖੀ ਹੋਈ ਸੀ ਅਤੇ ਸੰਨ 1857 ਈ. ਦੇ ਗ਼ਦਰ ਵਿਚ ਵੀ ਅੰਗ੍ਰੇਜ਼ਾਂ ਦੀ ਮਦਦ ਕੀਤੀ ਸੀ। ਸੰਨ 1858 ਈ. ਵਿਚ ਸੋਭਾ ਸਿੰਘ ਦੀ ਮ੍ਰਿਤੂ ਤੋਂ ਬਾਦ ਲਹਿਣਾ ਸਿੰਘ ਗੱਦੀ ਉਤੇ ਬੈਠਾ। ਸੰਨ 1869 ਈ. ਵਿਚ ਉਸ ਦੇ ਦੇਹਾਂਤ ਤੋਂ ਬਾਦ ਬਿਸ਼ਨ ਸਿੰਘ ਨੇ ਗੱਦੀ ਸੰਭਾਲੀ। ਬਿਸ਼ਨ ਸਿੰਘ ਸੰਨ 1883 ਈ. ਵਿਚ ਅਕਾਲ ਚਲਾਣਾ ਕਰ ਗਿਆ। ਉਸ ਤੋਂ ਬਾਦ ਉਸ ਦਾ ਚਾਰ ਸਾਲ ਦਾ ਪੁੱਤਰ ਗੱਦੀ ਉਤੇ ਬੈਠਾ, ਪਰ ਤਿੰਨ ਸਾਲਾਂ ਤੋਂ ਬਾਦ ਉਹ ਮਰ ਗਿਆ। ਉਸ ਤੋਂ ਬਾਦ ਉਸ ਦਾ ਛੋਟਾ ਭਾਈ ਰਣਜੀਤ ਸਿੰਘ ਪ੍ਰਸ਼ਾਸਕ ਬਣਿਆ। ਸੰਨ 1908 ਈ. ਵਿਚ ਉਸ ਦੇ ਦੇਹਾਂਤ ਤੋਂ ਬਾਦ ਉਸ ਦਾ ਲੜਕਾ ਰਵੀਸ਼ੁਰ ਸਿੰਘ ਰਿਆਸਤ ਦਾ ਸੁਆਮੀ ਬਣਿਆ। ਪਹਿਲੀ ਵੱਡੀ ਜੰਗ ਵੇਲੇ ਉਸ ਨੇ ਅੰਗ੍ਰੇਜ਼ਾਂ ਦੀ ਬਹੁਤ ਮਦਦ ਕੀਤੀ ਅਤੇ 'ਰਾਜਾ' ਦਾ ਖ਼ਿਤਾਬ ਪ੍ਰਾਪਤ ਕੀਤਾ। ਸੰਨ 1947 ਈ. ਵਿਚ ਰਾਜਾ ਰਵੀਸ਼ੁਰ ਸਿੰਘ ਗੁਜ਼ਰ ਗਿਆ। ਉਸ ਤੋਂ ਬਾਦ ਕਰਨੇਸ਼ੁਰ ਸਿੰਘ ਨੇ ਗੱਦੀ ਸੰਭਾਲੀ ਜੋ ਕਲਸੀਆ ਦਾ ਅੰਤਿਮ ਰਾਜਾ ਸੀ। ਸੰਨ 1948 ਈ. ਵਿਚ ਪੈਪਸੂ ਦੇ ਬਣਨ

ਨਾਲ ਇਹ ਰਿਆਸਤ ਉਸ ਵਿਚ ਸੰਮਿਲਿਤ ਕਰ ਲਈ ਗਈ। ਇਸ ਰਿਆਸਤ ਦੀ ਸਮਾਪਤੀ ਵੇਲੇ ਇਸ ਵਿਚ ਕੁਲ 181 ਪਿੰਡ ਸਨ ਅਤੇ ਕੁਲ ਖੇਤਰ 430 ਵਰਗ ਕਿ.ਮੀ. ਸੀ।

**ਕਲਕੱਤਾ** (ਕੋਲਕਾਤਾ): ਭਾਰਤ ਦਾ ਇਕ ਪ੍ਰਸਿੱਧ ਮਹਾ-ਨਗਰ ਜੋ ਇਸ ਵੇਲੇ ਪੱਛਮੀ ਬੰਗਾਲ ਦੀ ਰਾਜਧਾਨੀ ਅਤੇ ਮਹੱਤਵਪੂਰਣ ਬੰਦਰਗਾਹ ਹੈ। ਹੁਗਲੀ ਨਦੀ ਦੇ ਪੂਰਵੀ ਕੰਢੇ ਉਤੇ ਵਸੇ ਇਸ ਨਗਰ ਦੀ ਆਬਾਦੀ ਭਾਰਤ ਦੇ ਸਾਰੇ ਨਗਰਾਂ ਨਾਲੋਂ ਅਧਿਕ ਹੈ। ਸੰਨ 1500 ਈ. ਤੋਂ ਪਹਿਲਾਂ ਇਸ ਨਗਰ ਦਾ ਇਕ ਪਿੰਡ ਵਜੋਂ ਉੱਲੇਖ ਮਿਲਦਾ ਹੈ। ਹੌਲੀ ਹੌਲੀ ਜਦੋਂ ਵਿਦੇਸ਼ੀ ਵਪਾਰੀ ਹੁਗਲੀ ਨਦੀ ਦੇ ਖੇਤਰ ਵਿਚ ਵਪਾਰਕ ਮੰਡੀਆਂ ਬਣਾਉਣ ਦੇ ਉਦੇਸ਼ ਤੋਂ ਆਉਣ ਲਗੇ, ਉਦੋਂ ਤੋਂ ਇਸ ਖੇਤਰ ਦਾ ਮਹੱਤਵ ਵਧ ਗਿਆ। ਸੰਨ 1698 ਈ. ਵਿਚ ਅੰਗ੍ਰੇਜ਼ਾਂ ਨੇ ਕਲਕੱਤਾ, ਸੁਤਾਨਤੀ ਅਤੇ ਗੋਬਿੰਦਪੁਰ ਨਾਂ ਦੇ ਪਿੰਡ ਖ਼ਰੀਦ ਲਏ। ਇਨ੍ਹਾਂ ਪਿੰਡਾਂ ਦੀ ਥਾਂ 'ਤੇ ਇਕ ਕਸਬਾ ਵਸਾ ਕੇ ਉਸ ਦੀ ਰਖਿਆ ਲਈ ਸੰਨ 1702 ਈ. ਵਿਚ ਫ਼ੋਰਟ ਵਿਲੀਅਮ ਨਾਂ ਦਾ ਕਿਲ੍ਹਾ ਉਸਾਰਿਆ ਗਿਆ। ਇਸ ਕਸਬੇ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ। ਸੰਨ 1707 ਈ. ਵਿਚ ਈਸਟ ਇੰਡੀਆ ਕੰਪਨੀ ਨੇ ਇਸ ਨੂੰ ਵਖਰੀ ਪ੍ਰੈਜ਼ੀਡੈਂਸੀ ਬਣਾ ਦਿੱਤਾ। ਇਸ ਤੋਂ ਬਾਦ ਇਸ ਕਸਬੇ ਨੇ ਅਨੇਕ ਉਤਾਰ ਚੜ੍ਹਾ ਦੇਖੇ। ਪਰ ਸੰਨ 1772 ਈ. ਵਿਚ ਅੰਗ੍ਰੇਜ਼ ਗਵਰਨਰ-ਜਨਰਲ ਵਾਰਨ ਹੇਸਟਿੰਗ ਨੇ ਆਪਣੇ ਸਾਰੇ ਦਫ਼ਤਰ ਮੁਰਸ਼ਿਦਾਬਾਦ ਤੋਂ ਇਥੇ ਲਿਆ ਕੇ ਇਸ ਨੂੰ 'ਬ੍ਰਿਟਿਸ਼ ਇੰਡੀਆ' ਦੀ ਰਾਜਧਾਨੀ ਬਣਾ ਦਿੱਤਾ।

ਰਾਜਧਾਨੀ ਬਣਨ ਨਾਲ ਇਸ ਦਾ ਬਹੁਤ ਵਿਕਾਸ ਹੋਇਆ। ਸੰਨ 1822 ਈ. ਤਕ ਇਸ ਦੀ ਆਬਾਦੀ ਤਿੰਨ ਲੱਖ ਤਕ ਪਹੁੰਚ ਗਈ। ਹਰ ਪ੍ਰਕਾਰ ਦੇ ਵਪਾਰ, ਉਦਯੋਗ, ਸਭਿਆਚਾਰ ਆਦਿ ਦਾ ਇਹ ਨਗਰ ਕੇਂਦਰ ਬਣ ਗਿਆ। ਇਹ ਸਥਿਤੀ ਵੀਹਵੀਂ ਸਦੀ ਦੇ ਸ਼ੁਰੂ ਤਕ ਚਲਦੀ ਰਹੀ, ਪਰ ਸੰਨ 1912 ਈ. ਵਿਚ ਬ੍ਰਿਟਿਸ਼ ਇੰਡੀਆ ਦੀ ਰਾਜਧਾਨੀ ਕਲਕੱਤੇ ਦੀ ਥਾਂ 'ਤੇ ਦਿੱਲੀ ਨੂੰ ਬਣਾ ਦਿੱਤਾ ਗਿਆ। ਇਸ ਨਾਲ ਨਗਰ ਦਾ ਮਹੱਤਵ ਕੁਝ ਘਟਿਆ, ਪਰ ਸੰਨ 1947 ਈ. ਦੀ ਵੰਡ ਤੋਂ ਬਾਦ ਇਸ ਦੇ ਵਿਕਾਸ ਵਿਚ ਕਾਫ਼ੀ ਤੇਜ਼ੀ ਆ ਗਈ। ਪੂਰਵੀ ਬੰਗਾਲ ਤੋਂ ਲੱਖਾਂ ਸ਼ਰਣਾਰਥੀਆਂ ਦੇ ਆਉਣ ਨਾਲ ਇਸ ਦਾ ਸਮਾਜਿਕ ਅਤੇ ਸਭਿਆਚਾਰਿਕ ਰੂਪ ਵੀ ਕਾਫ਼ੀ ਬਦਲ ਗਿਆ। ਇਸ ਨਾਲ ਇਸ ਨਗਰ ਦੀ ਆਬਾਦੀ ਹੋਰ ਵੀ ਵਧ ਗਈ ਹੈ। ਇਸ ਨਗਰ ਵਿਚ ਜਿਥੇ ਅਨੇਕ ਇਤਿਹਾਸਿਕ ਅਤੇ ਸਭਿਅਚਾਰਿਕ ਕੇਂਦਰ ਹਨ, ਉਥੇ ਬਜਬਜ ਘਾਟ ਨਾਂ ਦਾ ਸਥਾਨ ਭਾਰਤ ਦੀ ਆਜ਼ਾਦੀ ਦੀ ਜੰਗ ਦੇ ਇਕ ਮਹੱਤਵਪੂਰਣ ਸਾਕੇ ਦੀ ਯਾਦ ਦਿਵਾਉਂਦਾ ਹੈ।

ਸ. ਬਚਨ ਸਿੰਘ 'ਸਰਲ' ਨੇ 'ਅਜੀਤ' (16 ਅਕਤੂਬਰ 1991 ਈ.) ਵਿਚ ਛਪੇ ਆਪਣੇ ਇਕ ਲੇਖ ਵਿਚ ਦਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਫਿਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਪੂਰਬੀ ਭਾਰਤ ਦੀ ਫੇਰੀ ਸਮੇਂ ਇਸ ਸ਼ਹਿਰ 'ਚੋਂ ਵਿਚਰੇ ਸਨ ਤੇ ਜਿਸ ਸਥਾਨ 'ਤੇ ਉਨ੍ਹਾਂ ਨੇ ਵਿਸ਼ਰਾਮ ਕੀਤਾ ਉਥੇ ਅਜ ਗੁਰਦੁਆਰਾ ਬੜਾ ਸਿੱਖ ਸੰਗਤ ਸਥਾਪਿਤ ਹੈ। ਗੁਰਦੁਆਰਾ ਬੜਾ ਸਿੱਖ ਸੰਗਤ, ਰਾਜਾ ਹਜ਼ੂਰੀ ਚੰਦ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਹਿਣ 'ਤੇ ਪਹਿਲੀ ਪਾਤਸ਼ਾਹੀ ਅਤੇ ਨੌਵੀਂ ਪਾਤਸ਼ਾਹੀ ਦੇ ਕਲਕੱਤਾ ਵਿਚ ਆਉਣ ਦੀ ਯਾਦਗਾਰ ਦੇ ਤੌਰ 'ਤੇ ਬਣਾਇਆ ਸੀ। ਇਸ ਗੁਰਦੁਆਰੇ ਦੀ ਸਥਾਪਨਾ 75,77,79,81 ਅਤੇ 83 ਕਰਾਸ ਸਟ੍ਰੀਟ ਵਿਖੇ ਕੀਤੀ ਗਈ ਸੀ ਜੋ ਕਿ ਹੁਣ ਕੇਵਲ 172 ਮਹਾਤਮਾ ਗਾਂਧੀ ਰੋਡ ਹੀ ਅਖਵਾਉਂਦਾ ਹੈ। ਇਸ ਨੌਮੰਜ਼ਲੇ ਗੁਰੂ-ਧਾਮ ਵਿਚ ਐਤਵਾਰ ਨੂੰ ਸਾਪਤਾਹਿਕ ਦੀਵਾਨ ਸਜਦੇ ਹਨ ਅਤੇ ਸੰਗ੍ਰਾਂਦ ਦੇ ਦਿਨਾਂ ਤੋਂ ਇਲਾਵਾ ਇਤਿਹਾਸਿਕ ਦਿਨਾਂ ਉਤੇ ਵਿਸ਼ੇਸ਼ ਸਮਾਗਮ ਹੁੰਦੇ ਹਨ। ਯਾਤ੍ਰੀਆਂ ਦੇ ਠਹਿਰਨ ਲਈ ਉਚਿਤ ਵਿਵਸਥਾ ਹੈ। ਇਸ ਗੁਰਦੁਆਰੇ ਦੇ ਨਾਲ ਭਾਈ ਨਿੱਕੂ ਸਿੰਘ ਸੰਗਤ (11 ਬਾਂਸਤਲਾ ਗਲੀ) ਗੁਰਦੁਆਰਾ ਨਰਕੁਲਡੰਗਾ, ਗੁਰਦੁਆਰਾ ਗੁਰੂ ਕਾ ਬਾਗ਼ ਬਾਘਮਾਰੀ, ਗੁਰਦੁਆਰਾ ਮੁਨੀ ਲਾਲ ਸਿੱਖ ਸੰਤ ਤੇ ਗੁਰਦੁਆਰਾ ਸਿੱਖ ਸੰਗਤ ਹਾਵੜਾ ਵੀ ਹਨ।

**ਕਲਕੀ ਅਵਤਾਰ** : ਵੇਖੋ 'ਚੌਬੀਸਾਵਤਾਰ' (ਨਿਹਕਲੰਕੀ ਅਵਤਾਰ)।

**ਕਲਗੀਧਰ ਦੀਵਾਨ ਮਲਾਇਆ** : ਇਹ ਦੀਵਾਨ 'ਖ਼ਾਲਸਾ ਦੀਵਾਨ ਮਲਾਇਆ' ਦੇ ਪ੍ਰਬੰਧਕਾਂ ਵਿਚ ਪੈਦਾ ਹੋਏ ਆਪਸੀ ਵਿਰੋਧ ਦੇ ਫਲਸਰੂਪ ਹੋਂਦ ਵਿਚ ਆਇਆ। ਪਰਸਪਰ ਵਿਰੋਧ ਦਾ ਕਾਰਣ ਸੀ ਮੂਲ 'ਖ਼ਾਲਸਾ ਦੀਵਾਨ ਮਲਾਇਆ' ਦਾ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਨਾਲ

ਸੰਬੰਧਿਤ ਹੋਣਾ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਸੰਤਾਪੀਆਂ ਪ੍ਰਤਿ ਬੇਰੁਖੀ ਦਾ ਪ੍ਰਗਟਾਵਾ ਕਰਨਾ। ਸੰਨ 1919 ਈ. ਵਿਚ ਇਹ ਵਿਰੋਧ ਹੋਰ ਵੀ ਉਭਰ ਕੇ ਸਾਹਮਣੇ ਆ ਗਿਆ ਜਦੋਂ ਪੂਰਬ ਪੱਖੀਆਂ ਨੇ ਖ਼ਾਲਸਾ ਦੀਵਾਨ ਦੇ ਵਾਧੂ ਧਨ ਨੂੰ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਲ ਭੇਜਣਾ ਚਾਹਿਆ, ਪਰ ਵਿਰੋਧੀ ਧਿਰ ਵਾਲਿਆਂ ਨੇ ਉਸ ਨੂੰ ਮਲਾਇਆ ਵਿਚ ਹੀ ਵਿਦਿਅਕ ਕੰਮਾਂ ਉਤੇ ਖ਼ਰਚ ਕਰਨ ਦੀ ਗੱਲ ਉਤੇ ਜ਼ੋਰ ਦਿੱਤਾ। ਫਲਸਰੂਪ ਵਿਰੋਧੀ ਧਿਰ ਨੇ 'ਕਲਗੀਧਰ ਦੀਵਾਨ ਮਲਾਇਆ' ਦੀ ਸਥਾਪਨਾ ਕੀਤੀ ਅਤੇ 1 ਫਰਵਰੀ 1920 ਈ. ਨੂੰ ਉਸ ਨੂੰ ਮਲਾਇਆ ਦੇ ਸਿੱਖਾਂ ਦੀ ਕੇਂਦਰੀ ਸੰਸਥਾ ਵਜੋਂ ਰਜਿਸਟਰ ਕਰਵਾਇਆ। ਇਸ ਦਾ ਉਦੇਸ਼ ਮੂਲ ਦੀਵਾਨ ਵਾਲਾ ਹੀ ਰਿਹਾ, ਜਿਵੇਂ ਸਿੱਖਾਂ ਦੀ ਧਾਰਮਿਕ, ਸਮਾਜਿਕ ਅਤੇ ਵਿਦਿਅਕ ਉਨਤੀ, ਧਾਰਮਿਕ ਰੀਤਾਂ ਦੀ ਪਾਲਣਾ ਆਦਿ। ਇਹ ਲੋਕ ਭਾਵੇਂ ਖ਼ਾਲਸਾ ਦੀਵਾਨ, ਮਲਾਇਆ ਦੇ ਅਨੁਰੂਪ ਹੀ ਕੰਮ ਕਰਦੇ ਸਨ, ਪਰ ਇਨ੍ਹਾਂ ਦੇ ਵਿਚਾਰ ਪੰਚ ਖ਼ਾਲਸਾ ਦੀਵਾਨ, ਭਸੌੜ ਤੋਂ ਜ਼ਿਆਦਾ ਪ੍ਰਭਾਵਿਤ ਸਨ।

ਇਸ ਦੀਵਾਨ ਨੇ ਸਿੱਖ ਲੜਕੀਆਂ ਨੂੰ ਗੁਰਦੁਆਰਿਆਂ ਵਿਚ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕੀਤੀ ਅਤੇ ਸੰਨ 1934 ਈ. ਵਿਚ ਗੁਰੂ ਕਲਗੀਧਰ ਸਕੂਲ ਲਈ ਭੂਮੀ ਦੀ ਖ਼ਰੀਦ ਕੀਤੀ। ਸੰਨ 1937 ਈ. ਤੋਂ ਸਕੂਲ ਦੀ ਇਮਾਰਤ ਵਿਚ ਪੜ੍ਹਾਈ ਦਾ ਕੰਮ ਸ਼ੁਰੂ ਕਰਾ ਦਿੱਤਾ। ਸੰਨ 1931 ਈ. ਵਿਚ ਇਸ ਦੀਵਾਨ ਦੀ ਸਰਪ੍ਰਸਤੀ ਅਧੀਨ ਸ. ਬਚਿਤਰ ਸਿੰਘ ਮੁਸਾਫ਼ਰ ਨੇ ਪੰਜਾਬੀ ਪ੍ਰੈਸ ਲਗਾ ਕੇ 'ਪਰਦੇਸੀ ਖ਼ਾਲਸਾ ਸੇਵਕ' ਨਾਂ ਦਾ ਦੈਨਿਕ ਸਮਾਚਾਰ ਪੱਤਰ ਕਢਣਾ ਸ਼ੁਰੂ ਕੀਤਾ। ਪਰ ਦੂਜੇ ਵਿਸ਼ਵ ਯੁੱਧ ਦੌਰਾਨ ਇਸ ਪ੍ਰੈਸ ਦਾ ਪ੍ਰਬੰਧ ਇੰਡੀਅਨ ਇੰਡੀਪੈਂਡੈਂਸ ਲੀਗ ਅਧੀਨ ਚਲਾ ਗਿਆ। ਸੰਨ 1947 ਈ. ਵਿਚ ਮੁਸਾਫ਼ਰ ਹੋਰੀਂ ਹਿੰਦੁਸਤਾਨ ਪਰਤ ਆਏ ਅਤੇ ਪ੍ਰੈਸ ਦਾ ਕੰਮ ਇਕ ਲਿਮਟਿਡ ਕੰਪਨੀ ਬਣਾ ਕੇ ਉਸ ਦੇ ਸਪੁਰਦ ਕਰ ਦਿੱਤਾ ਗਿਆ। 'ਪਰਦੇਸੀ ਖ਼ਾਲਸਾ ਸੇਵਕ' ਨਾਂ ਦੇ ਸਮਾਚਾਰ-ਪੱਤਰ ਨੂੰ 'ਮਲਾਇਆ ਸਮਾਚਾਰ' ਦੇ ਰੂਪ ਵਿਚ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਗਿਆ। ਸੰਨ 1948 ਈ. ਵਿਚ ਮਲਾਇਆ ਵਿਚ ਐਮਰਜੈਂਸੀ ਲਾਗੂ ਹੋ ਜਾਣ ਕਾਰਣ ਦੀਵਾਨ ਦੀ ਗਤਿਵਿਧੀ ਰੁਕ ਗਈ। ਸੰਨ 1962 ਈ. ਵਿਚ ਦੋਬਾਰਾ ਸ਼ੁਰੂ ਕਰਨ ਦਾ ਉਦਮ ਕੀਤਾ ਗਿਆ, ਪਰ ਇਸ ਦੇ ਬਹੁਤੇ ਕਰਣਧਾਰਾਂ ਦੇ ਅਕਾਲ ਚਲਾਣੇ ਕਾਰਣ ਮੁੜ ਕੇ ਇਸ ਨੂੰ ਚਾਲੂ ਨ ਕੀਤਾ ਜਾ ਸਕਿਆ।

**ਕਲਮਪੁਰਾ** (ਪਿੰਡ): ਕਸ਼ਮੀਰ ਰਿਆਸਤ ਦਾ ਇਕ ਪਿੰਡ ਜਿਸ ਦਾ ਮੂਲ ਨਾਂ 'ਕਰਨਪੁਰਾ' ਸੀ, ਜੋ ਇਥੋਂ ਦੇ ਰਜਵਾੜੇ ਨੇ ਆਪਣੀ ਛੋਟੀ ਰਾਣੀ 'ਕਰਨਾ ਦੇਵੀ' ਦੇ ਨਾਂ ਉਤੇ ਰਖਿਆ। ਗੁਰੂ ਹਰਿਗੋਬਿੰਦ ਸਾਹਿਬ ਆਪਣੀ ਕਸ਼ਮੀਰ ਫੇਰੀ ਵੇਲੇ ਬਾਰਾਮੂਲਾ ਤੋਂ ਇਥੇ ਸ਼ਿਕਾਰ ਖੇਡਣ ਆਉਂਦੇ ਸਨ। ਰਵਾਇਤ ਅਨੁਸਾਰ ਇਥੇ ਪਾਣੀ ਦੀ ਬਹੁਤ ਥੁੜ ਸੀ। ਗੁਰੂ ਜੀ ਨੇ ਬਰਛਾ ਮਾਰ ਕੇ ਪਾਣੀ ਦਾ ਝਰਨਾ ਪ੍ਰਵਾਹਿਤ ਕੀਤਾ ਜੋ ਖੂਹ ਦੇ ਰੂਪ ਵਿਚ ਹੁਣ ਵੀ ਮੌਜੂਦ ਦਸਿਆ ਜਾਂਦਾ ਹੈ।

ਕਹਿੰਦੇ ਹਨ ਕਿ ਇਥੇ ਬਲੋਲ ਨਾਂ ਦਾ ਇਕ ਮੁਸਲਮਾਨ ਦਰਵੇਸ਼ ਆਪਣੇ ਸਾਥੀਆਂ ਸਮੇਤ ਗੁਰੂ ਜੀ ਨੂੰ ਮਿਲਿਆ ਸੀ ਅਤੇ ਗੁਰੂ ਜੀ ਦੀ ਅਧਿਆਤਮਿਕ ਸਾਧਨਾ ਤੋਂ ਪ੍ਰਭਾਵਿਤ ਹੋਇਆ ਸੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਸ ਨੇ ਇਕ ਥੜ੍ਹਾ ਉਸਰਵਾਇਆ ਜਿਸ ਉਤੇ ਮੁਸਲਮਾਨ ਲੋਗ ਦੀਵੇ ਜਗਾਉਂਦੇ ਹੁੰਦੇ ਸਨ। ਸਿੱਖ ਰਾਜ-ਕਾਲ ਵਿਚ ਸਿੱਖ ਸੈਨਿਕਾਂ ਨੇ ਇਸ ਸਥਾਨ ਦੇ ਦਰਸ਼ਨ ਕੀਤੇ ਅਤੇ ਸ. ਹਰੀ ਸਿੰਘ ਨਲਵਾ ਨੇ ਇਥੇ ਇਕ ਸੁੰਦਰ ਥੜ੍ਹਾ ਬਣਵਾਇਆ। ਸੰਨ 1928 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਲੀਡਰਾਂ ਦਾ ਧਿਆਨ ਇਸ ਗੁਰੂ-ਸਥਾਨ ਵਲ ਗਿਆ। ਉਨ੍ਹਾਂ ਦੇ ਉਦਮ ਨਾਲ ਸੰਨ 1931 ਈ. ਤਕ ਇਸ ਦੀ ਇਮਾਰਤ ਪੂਰੀ ਤਰ੍ਹਾਂ ਤਿਆਰ ਹੋ ਗਈ।

ਸੰਨ 1947 ਈ. ਦੇ ਕਬਾਇਲੀ ਹਮਲੇ ਵੇਲੇ ਇਸ ਗੁਰੂ-ਧਾਮ ਦੀ ਇਮਾਰਤ ਨੂੰ ਕਾਫ਼ੀ ਨੁਕਸਾਨ ਪਹੁੰਚਿਆ। ਬਾਦ ਵਿਚ ਇਸ ਦੀ ਪੁਨਰ-ਉਸਾਰੀ ਹੁੰਦੀ ਰਹੀ। ਹੁਣ ਬਾਰਾਮੂਲਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਵਿਵਸਥਾ ਕਰਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ-ਦਿਨ ਅਤੇ ਵਿਸਾਖੀ ਵਾਲੇ ਦਿਨ ਨੂੰ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

**ਕਲਮੋਟ** (ਪਿੰਡ): ਪੰਜਾਬ ਦੇ ਜ਼ਿਲ੍ਹਾ ਰੋਪੜ ਦਾ ਇਕ ਪਿੰਡ ਜੋ ਆਨੰਦਪੁਰ ਤੋਂ ਲਗਭਗ 18 ਕਿ.ਮੀ. ਉਤਰ-ਪੱਛਮ ਵਿਚ ਹੈ। ਇਕ ਵਾਰ ਸੰਨ 1700 ਈ. ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਕਰਦੇ ਇਥੋਂ ਲੰਘੇ ਤਾਂ ਇਸ ਪਿੰਡ ਦੇ ਰੰਘੜਾਂ ਨੇ ਗੁਰੂ ਸਾਹਿਬ ਉਤੇ ਹਮਲਾ ਕਰ ਦਿੱਤਾ। ਗੁਰੂ ਜੀ

ਨੇ ਜਵਾਬੀ ਕਾਰਵਾਈ ਕਰਨ ਲਈ ਸਿੱਖਾਂ ਨੂੰ ਹੁਕਮ ਦਿੱਤਾ। ਲੜਾਈ ਵਿਚ ਰੰਘੜ ਹਾਰ ਗਏ। ਗੁਰੂ ਜੀ ਨੇ ਇਕ ਪਿੱਪਲ ਦੇ ਬ੍ਰਿਛ ਹੇਠਾਂ ਬੈਠ ਕੇ ਸਿੱਖਾਂ ਨੂੰ ਲੜਾਈ ਲਈ ਪ੍ਰੇਰਿਆ ਸੀ। ਬਾਦ ਵਿਚ ਉਸ ਥਾਂ 'ਤੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਸਮਾਰਕ ਬਣਾਇਆ ਗਿਆ। ਸੰਨ 1975 ਈ. ਗੁਰਦੁਆਰੇ ਦੀ ਨਵੀਂ ਇਮਾਰਤ ਉਸਾਰੀ ਗਈ ਜਿਸ ਦਾ ਨਾਂ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਵਜੋਂ ਪ੍ਰਸਿੱਧ ਹੋਇਆ। ਇਸ ਗੁਰਦੁਆਰੇ ਦਾ ਇੰਤਜ਼ਾਮ ਸਥਾਨਕ ਸੰਗਤ ਕਰਦੀ ਹੈ। ਇਸ ਪਿੰਡ ਦਾ ਇਕ ਨਾਮਾਂਤਰ 'ਖੇੜਾ ਕਲਮੋਟ' ਵੀ ਹੈ।

**ਕਲਿਆਣ ਚੰਦ, ਬਾਬਾ** (1440-1522 ਈ.): ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਪਿਤਾ ਬਾਬਾ ਕਲਿਆਣ ਚੰਦ (ਬਾਬਾ ਕਾਲੂ) ਦਾ ਜਨਮ ਤਲਵੰਡੀ ਰਾਇ ਭੋਇ ਭੱਟੀ ਵਿਚ ਸ਼ਿਵ ਨਾਰਾਇਣ (ਨਾਮਾਂਤਰ—ਸ਼ਿਵ ਰਾਮ) ਦੇ ਘਰ ਮਾਤਾ ਬਨਾਰਸੀ ਦੀ ਕੁੱਖੋਂ ਸੰਨ 1440 ਈ. (1497 ਬਿ.) ਵਿਚ ਹੋਇਆ। ਇਨ੍ਹਾਂ ਦਾ ਪਿਤਾ ਰਾਇ ਭੋਇ ਭੱਟੀ ਦੀ ਜਾਗੀਰ ਦਾ ਕਾਰਦਾਰ ਸੀ। ਰਾਇ ਭੋਇ ਦੀ ਮ੍ਰਿਤੂ ਤੋਂ ਬਾਦ ਉਸ ਦਾ ਲੜਕਾ ਰਾਇ ਬੁਲਾਰ ਜਾਗੀਰ ਦਾ ਸੁਆਮੀ ਬਣਿਆ। ਉਸ ਨੇ ਬਾਬੇ ਕਾਲੂ ਨੂੰ ਆਪਣੀ ਜਾਗੀਰ ਦਾ ਪਟਵਾਰੀ ਨਿਯੁਕਤ ਕਰ ਦਿੱਤਾ। ਬਾਬੇ ਕਾਲੂ ਦਾ ਇਕ ਹੋਰ ਭਰਾ ਲਾਲ ਚੰਦ ਸੀ। ਆਮ ਲੋਕੀਂ ਇਨ੍ਹਾਂ ਨੂੰ ਕਾਲੂ ਅਤੇ ਲਾਲੂ ਕਰਕੇ ਬੁਲਾਉਂਦੇ ਸਨ। 'ਬਚਿਤ੍ਰ ਨਾਟਕ' ਵਿਚ ਬੇਦੀ ਬੰਸ ਦਾ ਸੰਬੰਧੀ ਸ੍ਰੀ ਰਾਮ ਚੰਦਰ ਨਾਲ ਜੋੜਦਿਆਂ ਲਿਖਿਆ ਹੈ— *ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।*

ਬਾਬੇ ਕਾਲੂ ਦਾ ਵਿਆਹ ਮਾਤਾ ਤ੍ਰਿਪਤਾ ਨਾਲ ਹੋਇਆ ਜਿਨ੍ਹਾਂ ਦੀ ਕੁੱਖੋਂ ਸੰਨ 1469 ਈ. ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਇਨ੍ਹਾਂ ਤੋਂ ਕੁਝ ਵਰ੍ਹੇ ਪਹਿਲਾਂ ਸੰਨ 1464 ਈ. ਵਿਚ ਬਾਬੇ ਕਾਲੂ ਦੇ ਘਰ ਬੇਬੇ ਨਾਨਕੀ ਦਾ ਜਨਮ ਹੋ ਚੁਕਿਆ ਸੀ। ਬਾਬਾ ਕਾਲੂ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਕੁਲ-ਪਰੰਪਰਾ ਦੇ ਕਾਰ-ਵਪਾਰ ਨੂੰ ਸੰਭਾਲੇ, ਪਰ ਗੁਰੂਜੀ ਦੀ ਦੁਨਿਆਵੀ ਕੰਮਾਂ ਵਿਚ ਕੋਈ ਰੁਚੀ ਨਹੀਂ ਸੀ। ਬਾਬੇ ਕਾਲੂ ਦਾ ਖਿਝਣਾ ਕੁਦਰਤੀ ਸੀ, ਪਰ ਰਾਇ ਬੁਲਾਰ ਦੇ ਕਹੇ ਅਤੇ ਬੇਬੇ ਨਾਨਕੀ ਦੀ ਅਰਜ਼ੋਈ 'ਤੇ ਬਾਬਾ ਕਾਲੂ ਚੁਪ ਕਰ ਜਾਂਦੇ। ਆਖ਼ਿਰ ਨਿੱਤ ਦੇ ਪਰਿਵਾਰਿਕ ਤਨਾਓ ਨੂੰ ਖ਼ਤਮ ਕਰਨ ਲਈ ਬੇਬੇ ਨਾਨਕੀ ਅਤੇ ਉਸ ਦਾ ਪਤੀ ਭਾਈ ਜੈਰਾਮ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪਾਸ ਸੁਲਤਾਨਪੁਰ ਲੋਧੀ ਲੈ ਗਏ ਜਿਥੇ ਉਨ੍ਹਾਂ ਨੇ ਮੋਦੀ ਦਾ ਕੰਮ ਸੰਭਾਲਿਆ।

ਉਦਾਸੀਆਂ ਤੋਂ ਬਾਦ ਗੁਰੂ ਨਾਨਕ ਦੇਵ ਜੀ ਰਾਵੀ ਨਦੀ ਦੇ ਕੰਢੇ ਕਰਤਾਰਪੁਰ-1 (ਵੇਖੋ) ਵਿਚ ਸਥਾਈ ਤੌਰ 'ਤੇ ਵਸ ਗਏ ਅਤੇ ਆਪਣੇ ਮਾਤਾ-ਪਿਤਾ ਨੂੰ ਵੀ ਉਥੇ ਬੁਲਾ ਲਿਆ। ਉਥੇ ਹੀ ਬਾਬਾ ਕਾਲੂ ਨੇ ਸੰਨ 1522 ਈ. ਨੂੰ ਦੇਹ ਤਿਆਗੀ। ਉਸ ਤੋਂ ਤਿੰਨ ਵਰ੍ਹੇ ਪਹਿਲਾਂ ਮਾਤਾ ਤ੍ਰਿਪਤਾ ਦਾ ਵੀ ਦੇਹਾਂਤ ਹੋ ਚੁਕਿਆ ਸੀ। ਬਾਬੇ ਕਾਲੂ ਦੇ ਮਹਿਤਾ ਕਾਲੂ, ਕਲਿਆਣ ਰਾਇ, ਕਲਿਆਣ ਚੰਦ, ਕਾਲੂ ਚੰਦ, ਕਾਲੂ ਰਾਇ ਆਦਿ ਕਈ ਨਾਂ ਪ੍ਰਚਲਿਤ ਸਨ, ਪਰ ਮੁੱਖ ਤੌਂ 'ਤੇ ਬਾਬਾ ਕਾਲੂ ਹੀ ਪ੍ਰਸਿੱਧ ਹੈ।

**ਕਲਿਆਣ ਰਾਗ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 17 ਚਉਪਦੇ ਅਤੇ ਛੇ ਅਸ਼ਟਪਦੀਆਂ ਸ਼ਾਮਲ ਹਨ।

*ਚਉਪਦੇ* ਪ੍ਰਕਰਣ ਦੇ 17 ਚਉਪਦਿਆਂ ਵਿਚੋਂ ਸੱਤ ਗੁਰੂ ਰਾਮਦਾਸ ਜੀ ਦੇ ਹਨ। ਇਨ੍ਹਾਂ ਵਿਚੋਂ ਇਕ ਚਾਰ ਚਾਰ ਪਦਿਆਂ ਦਾ ਛੱਕਾ ਹੈ ਅਤੇ ਇਕ ਦੁਪਦਾ। ਗੁਰੂ ਜੀ ਨੇ ਦਸਿਆ ਹੈ ਕਿ ਉਸ ਅਗੰਮ ਅਤੇ ਬਿਅੰਤ ਪਰਮਾਤਮਾ ਦੀ ਪ੍ਰਾਪਤੀ ਗੁਰੂ ਰਾਹੀਂ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੇ 10 ਚਉਪਦਿਆਂ ਵਿਚੋਂ ਨੌਂ ਵਿਚ ਦੋ ਦੋ ਪਦੇ ਅਤੇ ਇਕ ਵਿਚ ਚਾਰ ਪਦੇ ਹਨ। ਗੁਰੂ ਜੀ ਨੇ ਦਸਿਆ ਹੈ ਕਿ ਨਾਮ-ਦਾਨ ਦੀ ਯਾਚਨਾ ਤਾਂ ਹਰ ਕੋਈ ਕਰਦਾ ਹੈ, ਪਰ ਕੇਵਲ ਭਾਗਾਂ ਵਾਲਿਆਂ ਨੂੰ ਗੁਰੂ ਦੀ ਕ੍ਰਿਪਾ ਰਾਹੀਂ ਇਹ ਦਾਤ ਪ੍ਰਾਪਤ ਹੁੰਦੀ ਹੇ।

*ਅਸ਼ਟਪਦੀਆਂ* ਦੇ ਇਕ ਛੱਕੇ ਵਿਚ ਗੁਰੂ ਰਾਮਦਾਸ ਜੀ ਨੇ ਹਰਿ-ਨਾਮ ਦੀ ਪ੍ਰਾਪਤੀ ਦੇ ਸਾਧਨ ਦਸੇ ਹਨ। ਸਭ ਤੋਂ ਮੁੱਖ ਸਾਧਨ ਗੁਰੂ ਹੈ। ਫਿਰ ਸਾਧ-ਸੰਗਤ ਵਿਚ ਜਾਣਾ ਅਤੇ ਸੇਵਾ ਦੀ ਬਿਰਤੀ ਨੂੰ ਵਿਕਸਿਤ ਕਰਨਾ ਹੈ।

**ਕਲਿਆਣਾ, ਭਾਈ** : ਗੁਰੂ ਅਰਜਨ ਦੇਵ ਜੀ ਦਾ ਇਕ ਸਿਦਕੀ ਸਿੱਖ, ਜਿਸ ਨੂੰ ਗੁਰੂ ਜੀ ਨੇ ਇਕ ਵਾਰ ਪਹਾੜੀ ਰਿਆਸਤ ਮੰਡੀ ਨੂੰ ਕੁਝ ਸੇਵਕਾਂ ਸਹਿਤ ਭੇਜਿਆ ਕਿ ਉਹ ਉਥੋਂ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਦੀ ਉਸਾਰੀ ਲਈ ਧਨ ਅਤੇ ਲਕੜ ਲੈ ਕੇ ਆਏ। ਉਥੇ ਠਹਿਰ ਦੌਰਾਨ ਸ੍ਰੀ

ਕ੍ਰਿਸ਼ਨ ਦੀ ਜਨਮ-ਅਸ਼ਟਮੀ ਆ ਗਈ। ਉਥੋਂ ਦੇ ਰਾਜਾ ਹਰੀ ਸੈਨ ਦਾ ਹੁਕਮ ਸੀ ਕਿ ਉਸ ਪੁਰਬ ਵਾਲੇ ਦਿਨ ਸਭ ਵਰਤ ਰਖਣ। ਭਾਈ ਕਲਿਆਣਾ ਅਤੇ ਉਸ ਦੇ ਸਿੱਖਾਂ ਨੇ ਇਸ ਵਰਤ ਨੂੰ ਵਿਅਰਥ ਅਤੇ ਸਿੱਖ ਸਿੱਧਾਂਤਾਂ ਦੇ ਵਿਪਰੀਤ ਸਮਝ ਕੇ ਨ ਰਖਿਆ। ਉਥੋਂ ਦੇ ਪੁਜਾਰੀਆਂ ਨੇ ਇਸ ਨੂੰ ਆਪਣੇ ਸਾਥੀਆਂ ਸਹਿਤ ਰਾਜੇ ਅਗੇ ਪੇਸ਼ ਕੀਤਾ। ਇਸ ਨੇ ਬੜੇ ਆਤਮ-ਵਿਸ਼ਵਾਸ ਨਾਲ ਵਰਤ ਦੀ ਨਿਸਾਰਤਾ ਦਸਦੇ ਹੋਇਆਂ ਆਪਣਾ ਮਤ ਸਪੱਸ਼ਟ ਕੀਤਾ। ਰਾਜਾ ਇਸ ਦੀ ਗੱਲਬਾਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਭਾਈ ਜੀ ਦੀ ਮਾਇਕ ਸਹਾਇਤਾ ਹੀ ਨ ਕੀਤੀ ਸਗੋਂ ਹਰਿਮੰਦਿਰ ਸਾਹਿਬ ਲਈ ਲਕੜੀ ਵੀ ਦਿੱਤੀ। ਇਸ ਤੋਂ ਇਲਾਵਾ ਉਸ ਨੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਭਾਈ ਕਲਿਆਣਾ ਰਾਜੇ ਨੂੰ ਅੰਮ੍ਰਿਤਸਰ ਨਾਲ ਲਿਆਇਆ ਅਤੇ ਗੁਰੂ ਜੀ ਦੀ ਚਰਨੀ ਲਾਇਆ। ਰਾਜਾ ਗੁਰੂ ਜੀ ਦਾ ਸਿੱਖ ਬਣਿਆ। ਭਾਈ ਕਲਿਆਣਾ ਦਾ ਉਦੋਂ ਸਿੱਖ ਜਗਤ ਵਿਚ ਬੜਾ ਆਦਰ ਕੀਤਾ ਜਾਂਦਾ ਸੀ ਅਤੇ ਗੁਰੂ-ਘਰ ਦੇ ਕਾਰਜਾਂ ਲਈ ਇਹ ਸਦਾ ਬੜੇ ਉਤਸਾਹ ਨਾਲ ਸੇਵਾ ਨਿਭਾਉਂਦਾ ਹੁੰਦਾ ਸੀ।

**ਕਲਿਯੁਗ** : ਭਾਰਤੀ ਸੰਸਕ੍ਰਿਤੀ, ਜਨ-ਜੀਵਨ ਅਤੇ ਸਾਹਿਤ ਵਿਚ 'ਕਲਿਯੁਗ' (ਕਲਿਕਾਲ) ਬਹੁ ਚਰਚਿਤ ਵਿਸ਼ਾ ਰਿਹਾ ਹੈ। ਪੁਰਾਣ-ਸਾਹਿਤ ਵਿਚ ਸ੍ਰਿਸ਼ਟੀ ਦੀ ਸੰਪੂਰਣ ਅਵਧੀ ਨੂੰ ਸੌਖ ਲਈ ਚਾਰ ਯੁਗਾਂ ਵਿਚ ਵੰਡਿਆ ਗਿਆ ਹੈ, ਜਿਵੇਂ ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਿਯੁਗ। ਗੁਪਤ -ਵੰਸ਼ ਦੇ ਰਾਜਿਆਂ ਦੇ ਇਤਿਹਾਸ ਤੋਂ ਬਾਦ ਦਾ ਸਮਾਂ ਆਮ ਤੌਰ 'ਤੇ ਕਲਿਯੁਗ ਮੰਨਿਆ ਜਾਂਦਾ ਹੈ। ਇਸ ਵਿਚ ਪਸਰੇ ਅਨੇਕ ਦੋਸ਼ਾਂ ਦਾ ਵਰਣਨ ਮਿਲਦਾ ਹੈ। ਇਸ ਵਿਚ ਮਾਨਵ ਸਮਾਜ ਦੀ ਅਵਸਥਾ ਬਹੁਤ ਡਿਗੀ ਹੋਈ ਦਸੀ ਜਾਂਦੀ ਹੈ। ਇਸ ਦੀ ਦਸ਼ਾ ਸੁਧਾਰਨ ਲਈ 'ਕਲਕੀ ਅਵਤਾਰ' ਦੇ ਪ੍ਰਗਟ ਹੋਣ ਦੀ ਭਵਿਸ਼ਬਾਣੀ ਵੀ ਪੁਰਾਣਾਂ ਵਿਚ ਮਿਲ ਜਾਂਦੀ ਹੈ।

ਯੁਗਾਂ ਦਾ ਸੰਬੰਧ ਜੋਤਿਸ਼-ਸ਼ਾਸਤ੍ਰ ਨਾਲ ਵੀ ਰਿਹਾ ਹੈ। ਆਰਯ ਭੱਟ ਨਾਂ ਦੇ ਹਿਸਾਬਦਾਨ (ਗਣਿੱਤਗ) ਨੇ ਮਹਾਭਾਰਤ ਦੇ ਯੁੱਧ ਦਾ ਸਮਾਂ ਅਤੇ ਕਲਿਯੁਗ ਦੇ ਆਰੰਭ ਦਾ ਸਮਾਂ 3102 ਈ.ਪੂ. ਨਿਸ਼ਚਿਤ ਕੀਤਾ ਹੈ, ਪਰ ਕੁਝ ਹੋਰ ਵਿਦਵਾਨਾਂ ਨੇ ਇਸ ਯੁਗ ਦਾ ਆਰੰਭ ਮਹਾਭਾਰਤ ਤੋਂ 635 ਵਰ੍ਹੇ ਪਹਿਲਾਂ ਦਸਿਆ ਹੈ। ਇਸ ਤਰ੍ਹਾਂ ਇਸ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ, ਪਰ ਆਮ ਵਿਸ਼ਵਾਸ ਅਨੁਸਾਰ ਕਲਿਯੁਗ ਦਾ ਆਰੰਭ ਮਹਾਭਾਰਤ ਦੇ ਯੁੱਧ ਤੋਂ ਬਾਦ ਉਦੋਂ ਹੋਇਆ ਜਦੋਂ ਸ਼੍ਰੀ ਕ੍ਰਿਸ਼ਣ ਦੀ ਮ੍ਰਿਤੂ ਹੋ ਚੁਕੀ ਸੀ, ਪਾਂਡਵ ਹਿਮਾਲਾ ਪਰਬਤ 'ਤੇ ਬਰਫ਼ ਵਿਚ ਗਲ ਗਏ ਸਨ ਅਤੇ ਪਰੀਕ੍ਸ਼ਿਤ ਰਾਜ-ਗੱਦੀ ਉਤੇ ਬੈਠਾ ਸੀ। ਇਸ ਤਰ੍ਹਾਂ ਪਰੀਕ੍ਸ਼ਿਤ ਕਲਿਯੁਗ ਦਾ ਪਹਿਲਾ ਰਾਜਾ ਸੀ। ਪਰ ਇਸ ਯੁਗ ਦੇ ਆਰੰਭ ਬਾਰੇ ਸਹੀ ਜਾਣਕਾਰੀ ਉਦੋਂ ਤਕ ਪ੍ਰਾਪਤ ਨਹੀਂ ਹੋ ਸਕਦੀ, ਜਦੋਂ ਤਕ ਮਹਾਭਾਰਤ ਦਾ ਯੁੱਧ-ਕਾਲ ਨਿਸ਼ਚਿਤ ਨਹੀਂ ਹੁੰਦਾ।

ਕਲਿਯੁਗ ਦੀ ਮਿਆਦ ਵਿਦਵਾਨਾਂ ਨੇ 4,32,000 ਵਰ੍ਹੇ ਦਸੀ ਹੈ। ਇਸ ਵਿਚ ਮਨੁੱਖ ਦੀ ਉਮਰ 100 ਵਰ੍ਹੇ ਅਨੁਮਾਨੀ ਗਈ ਹੈ ਅਤੇ ਧਰਮ ਤੇ ਨੇਕੀ ਦਾ ਕੇਵਲ ਚੌਥਾ ਭਾਗ ਬਾਕੀ ਬਚਿਆ ਦਸਿਆ ਗਿਆ ਹੈ। ਇਸ ਲਈ ਇਸ ਯੁਗ ਵਿਚ ਧਰਮ ਦੀ ਅਧਿਕ ਹਾਨੀ ਹੋਣ ਕਾਰਣ ਇਸ ਨੂੰ ਨੀਚ ਯੁਗ ਸਮਝਿਆ ਜਾਂਦਾ ਹੈ। ਮੱਧ-ਯੁਗ ਦੇ ਸੰਤਾਂ, ਭਗਤਾਂ ਨੇ ਇਸ ਯੁਗ ਦਾ ਆਪਣੀਆਂ ਰਚਨਾਵਾਂ ਵਿਚ ਅਧਿਕ ਵਰਣਨ ਕੀਤਾ ਹੈ। ਇਸ ਦੇ ਦੋ ਕਾਰਣ ਹਨ। ਇਕ ਇਹ ਕਿ ਸੰਤ ਅਤੇ ਭਗਤ ਲੋਕ ਖ਼ੁਦ ਇਸ ਯੁਗ ਵਿਚ ਹੋਏ ਸਨ। ਦੂਜਾ ਇਹ ਕਿ ਉਨ੍ਹਾਂ ਨੇ ਧਰਮ ਦੀ ਸਥਾਪਨਾ ਉਤੇ ਬਲ ਦੇਣ ਲਈ ਇਸ ਯੁਗ ਦੇ ਦੋਸ਼ਾਂ ਨੂੰ ਉਘਾੜਿਆ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਕਲਿਯੁਗ ਵਿਚ ਧਰਮ ਦੀ ਕੇਵਲ ਇਕ ਕਲਾ (ਸ਼ਕਤੀ) ਰਹਿ ਗਈ ਹੈ। ਇਸ ਯੁਗ ਵਿਚ ਪੂਰੇ ਗੁਰੂ ਤੋਂ ਬਿਨਾ ਪਰਮਾਤਮਾ ਦਾ ਸੰਯੋਗ ਪ੍ਰਾਪਤ ਕਰਨਾ ਸੰਭਵ ਨਹੀਂ— *ਕਲੀ ਕਾਲ ਮਹਿ ਇਕ ਕਲ ਰਾਖੀ। ਬਿਨੁ ਗੁਰ ਪੂਰੇ ਕਿਨੈ ਨ ਭਾਖੀ। ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ।* (ਗੁ.ਗ੍ਰੰ.1024)। ਗੁਰੂ ਨਾਨਕ ਦੇਵ ਜੀ ਦੀ ਕਲਿਯੁਗ ਬਾਰੇ ਇਹ ਵੀ ਧਾਰਣਾ ਹੈ ਕਿ ਇਹ ਕਿਤੇ ਨਹੀਂ ਸੁਣਿਆ ਗਿਆ ਕਿ ਕਲਿਯੁਗ ਫਲਾਣੀ ਥਾਂ ਜਾਂ ਦੇਸ਼ ਵਿਚ ਆਇਆ ਹੋਇਆ ਹੈ ਜਾਂ ਕਿਸੇ ਖ਼ਾਸ ਤੀਰਥ ਉਤੇ ਬੈਠਾ ਹੈ। ਅਸਲ ਵਿਚ, ਕਲਿਯੁਗ ਦੇ ਲੱਛਣ ਇਹ ਹਨ ਕਿ ਉਸ ਯੁਗ ਵਿਚ ਸੱਚੇ ਧਰਮ ਦੀ ਪਾਲਣਾ ਕਰਨ ਵਾਲਾ ਵਿਅਕਤੀ ਨਸ਼ਟ ਹੁੰਦਾ ਹੈ, ਤਪੋ-ਧਾਮਾਂ ਵਿਚ ਤਪਸਿਆ ਨਹੀਂ ਹੁੰਦੀ, ਹਰਿ-ਨਾਮ ਜਪਣ ਵਾਲੇ ਦਾ ਅਪਕਾਰ

ਹੁੰਦਾ ਹੈ– *ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ। ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ। ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ। ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ।...* (ਗੁ.ਗ੍ਰੰ. 902)। ਸਚ ਤਾਂ ਇਹ ਹੈ ਕਿ ਜਦੋਂ ਅਤੇ ਜਿਥੇ ਲੋਕ ਅਧਰਮ ਵਿਚ ਲੀਨ ਹੋਣ, ਉਥੇ ਉਦੋਂ ਕਲਿਯੁਗ ਦੀ ਅਵਸਥਾ ਸਮਝਣੀ ਚਾਹੀਦੀ ਹੈ। ਫਲਸਰੂਪ ਗੁਰੂ ਜੀ ਮਨੁੱਖ ਦੀ ਮਾਨਸਿਕਤਾ ਅਨੁਸਾਰ ਯੁਗ ਦਾ ਸਰੂਪ ਨਿਸ਼ਚਿਤ ਕਰਦੇ ਹਨ।

**ਕਲੌੜ** (ਪਿੰਡ) : ਪੰਜਾਬ ਦੇ ਫਤਹਿਗੜ੍ਹ ਜ਼ਿਲ੍ਹੇ ਦਾ ਇਕ ਪਿੰਡ ਜੋ ਬਸੀ ਪਠਾਣਾਂ ਤੋਂ 9 ਕਿ.ਮੀ. ਪੂਰਬ ਵਲ ਹੈ। ਇਸ ਦੇ ਨੇੜੇ ਇਕ ਹੋਰ ਪਿੰਡ ਅਨੰਦਪੁਰ/ਨੰਦਪੁਰ ਦੇ ਹੋਣ ਕਾਰਣ ਕਈ ਵਾਰ ਇਨ੍ਹਾਂ ਦੋਹਾਂ ਦਾ ਇਕੱਠਾ ਨਾਂ ਵੀ ਲਿਆ ਜਾਂਦਾ ਹੈ, ਜਿਵੇਂ 'ਅਨੰਦਪੁਰ ਕਲੌੜ'। ਦਸਦੇ ਹਨ ਕਿ ਕੀਰਤਪੁਰ ਤੋਂ ਮਾਲਵੇ ਦੇ ਇਲਾਕੇ ਵਿਚ ਧਰਮ-ਪ੍ਰਚਾਰ ਲਈ ਜਾਂਦਿਆਂ ਗੁਰੂ ਤੇਗ ਬਹਾਦਰ ਜੀ ਇਥੇ ਕੁਝ ਸਮੇਂ ਲਈ ਠਹਿਰੇ ਸਨ। ਪਹਿਲਾਂ ਇਥੇ ਇਕ ਉੱਚੇ ਥੇਹ 'ਤੇ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਗਿਆ ਸੀ, ਪਰ ਸੰਨ 1968 ਈ. ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਗੁਰਦੁਆਰੇ ਦਾ ਪ੍ਰਬੰਧ ਸਥਾਨਕ ਕਮੇਟੀ ਦੇ ਹੱਥ ਵਿਚ ਹੈ।

ਇਸ ਪਿੰਡ ਦਾ ਮਹੱਤਵ ਸਿੱਖ ਇਤਿਹਾਸ ਵਿਚ ਇਸ ਕਰਕੇ ਵੀ ਹੈ ਕਿ ਸਿੰਘ ਸਭਾ ਲਾਹੌਰ ਨਾਲ ਸੰਬੰਧਿਤ ਗਿਆਨੀ ਦਿੱਤ ਸਿੰਘ ਦਾ ਜਨਮ ਇਸ ਪਿੰਡ ਵਿਚ ਹੋਇਆ ਸੀ। ਗਿਆਨੀ ਦਿੱਤ ਸਿੰਘ (ਵੇਖੋ) ਨੇ ਆਪਣੇ ਭਾਸ਼ਣਾਂ ਅਤੇ ਲਿਖਤਾਂ ਰਾਹੀਂ ਰਸਾਤਲ ਵਿਚ ਧਸੀ ਜਾ ਰਹੀ ਸਿੱਖ ਕੌਮ ਦਾ ਪਥ-ਪ੍ਰਦਰਸ਼ਨ ਕੀਤਾ ਜਿਸ ਦੇ ਫਲਸਰੂਪ ਉਸ ਵਿਚ ਇਕ ਨਵੀਂ ਚੇਤਨਾ ਪੈਦਾ ਹੋਈ।

**ਕਲ੍ਹ ਸਹਾਰ** (ਭੱਟ): ਇਕ ਪ੍ਰਸਿੱਧ ਭੱਟ ਕਵੀ ਜਿਸ ਦੀ ਗੁਰ-ਉਸਤਤ ਵਿਚ ਉਚਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭੱਟਾਂ ਦੇ ਰਚੇ ਕੁਲ 123 ਸਵੈਯੇ ਹਨ ਜਿਨ੍ਹਾਂ ਵਿਚੋਂ 54 ਇਸ ਦੇ ਲਿਖੇ ਹਨ। ਇਸ ਨੇ ਹਰ ਇਕ ਗੁਰੂ ਬਾਰੇ ਸਵੈਯੇ ਲਿਖੇ ਹਨ। ਪਹਿਲੇ ਅਤੇ ਦੂਜੇ ਗੁਰੂ-ਸਾਹਿਬਾਨ ਬਾਰੇ ਕੇਵਲ ਇਸ ਦੇ ਹੀ ਲਿਖੇ ਦਸ ਦਸ ਸਵੈਯੇ ਉਪਲਬਧ ਹਨ।

**ਕਲ੍ਹਾ ਰਾਏ**: ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਕਸਬੇ ਦਾ ਇਕ ਜਾਗੀਰਦਾਰ ਜੋ ਭਾਵੇਂ ਹਿੰਦੂਓਂ ਮੁਸਲਮਾਨ ਬਣ ਚੁਕਿਆ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਸ਼ਰਧਾਲੂ ਸੀ। ਜਦੋਂ ਮਾਛੀਵਾੜੇ ਤੋਂ ਨਿਕਲ ਕੇ ਗੁਰੂ ਜੀ ਇਸ ਦੀ ਜਾਗੀਰ ਵਿਚ ਪਹੁੰਚੇ ਤਾਂ ਇਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਇਸ ਪਾਸ ਲਗਭਗ ਦੋ ਹਫ਼ਤੇ ਰਹੇ। ਇਸ ਨੇ ਆਪਣਾ ਨੂਰਾ (ਨਾਮਾਂਤਰ–ਮਾਹੀ) ਨਾਮਕ ਬੰਦਾ ਸਰਹਿੰਦ ਭੇਜ ਕੇ ਗੁਰੂ ਜੀ ਦੀ ਮਾਤਾ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਬਾਰੇ ਖ਼ਬਰ ਮੰਗਵਾਈ ਅਤੇ ਉਨ੍ਹਾਂ ਦੇ ਸ਼ਹੀਦ ਹੋ ਜਾਣ ਦੀ ਗੱਲ ਸੁਣ ਕੇ ਬਹੁਤ ਦੁਖੀ ਹੋਇਆ। ਗੁਰੂ ਜੀ ਨੇ ਇਸ ਨੂੰ ਤਸੱਲੀ ਦੇ ਕੇ ਸਹਿਜ ਕੀਤਾ ਅਤੇ ਉਥੋਂ ਜਾਣ ਵੇਲੇ ਇਸ ਨੂੰ ਤਿੰਨ ਯਾਦਗਾਰੀ ਵਸਤੂਆਂ ਪ੍ਰਦਾਨ ਕੀਤੀਆਂ। ਇਕ ਤਲਵਾਰ, ਇਕ ਗੰਗਾਸਾਗਰ ਅਤੇ ਪੋਥੀ ਨੂੰ ਖੋਲ ਕੇ ਪੜ੍ਹਨ ਲਈ ਇਕ ਰਹੇਲ।

ਰਾਏਕਲਾ ਦਾ ਪੋਤਾ ਇਕ ਵਾਰ ਗੁਰੂ ਜੀ ਦੀ ਬਖ਼ਸ਼ੀ ਤਲਵਾਰ ਨੂੰ ਧਾਰਣ ਕਰਕੇ ਸ਼ਿਕਾਰ ਚੜ੍ਹਿਆ, ਪਰ ਘੋੜੇ ਤੋਂ ਡਿਗ ਕੇ ਉਸੇ ਤਲਵਾਰ ਨਾਲ ਘਾਇਲ ਹੋਇਆ ਅਤੇ ਮਰ ਗਿਆ। ਉਹ ਤਲਵਾਰ ਇਸ ਦੇ ਵਾਰਸਾਂ ਵਿਚੋਂ ਕਿਸੇ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਭੇਂਟ ਕਰ ਦਿੱਤੀ ਜੋ ਉਸ ਨੇ ਅਗੋਂ ਇੰਗਲੈਂਡ ਭੇਜ ਦਿੱਤੀ। ਉਹ ਤਲਵਾਰ ਅਜ-ਕਲ ਬ੍ਰਿਟਿਸ਼ ਅਜਾਇਬ ਘਰ ਵਿਚ ਪਈ ਹੋਈ ਹੈ। ਬਾਕੀ ਦੀਆਂ ਦੋ ਯਾਦਗਾਰੀ ਵਸਤੂਆਂ ਪਾਕਿਸਤਾਨ ਬਣਨ ਤਕ ਇਸ ਦੇ ਪਰਿਵਾਰ ਪਾਸ ਮੌਜੂਦ ਰਹੀਆਂ। ਉਸ ਤੋਂ ਬਾਦ ਇਸ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ। ਹੁਣ ਰਾਏ ਅਜ਼ੀਜ਼ਉੱਲਾ ਖ਼ਾਨ, ਮੈਂਬਰ ਪਾਰਲੀਮੈਂਟ, ਲਾਹੌਰ ਕੋਲ ਸਾਂਭੀਆਂ ਹੋਈਆਂ ਹਨ।

**ਕਵੀਸ਼ਰੀ** : ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖ-ਸ਼ਖ਼ਸੀਅਤਾਂ ਪ੍ਰਤਿ ਆਦਰ ਅਤੇ ਆਸਥਾ ਪੈਦਾ ਕਰਨ ਵਿਚ ਮਾਲਵੇ ਦੀ 'ਕਵੀਸ਼ਰੀ' ਦਾ ਕਾਫ਼ੀ ਯੋਗਦਾਨ ਰਿਹਾ ਹੈ। ਕਵੀਸ਼ਰੀ ਪੰਜਾਬੀ ਬ੍ਰਿੱਤਾਂਤਿਕ ਕਾਵਿ ਦੀ ਇਕ ਮਹੱਤਵਪੂਰਣ ਧਾਰਾ ਹੈ। ਇਹ ਲੌਕਿਕ ਵੀ ਹੈ ਅਤੇ ਵਿਲੱਖਣ ਵੀ। ਇਸ ਧਾਰਾ ਦਾ ਉਦਭਵ ਪੰਜਾਬ ਦੇ ਮਾਲਵਾ ਖੇਤਰ ਵਿਚ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਹੋਇਆ ਮੰਨਿਆ ਜਾਂਦਾ ਹੈ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਅਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਇਹ ਕਾਵਿ-

ਧਾਰਾ ਆਪਣੇ ਜੋਬਨ 'ਤੇ ਰਹੀ ਹੈ। ਇਹ ਮਾਲਵਾ ਖੇਤਰ ਦੀ ਸਾਧਾਰਣ ਜਨਤਾ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਿਕ ਜੀਵਨ ਦੀ ਸਚਿੱਤਰ ਐਲਬਮ ਪੇਸ਼ ਕਰਦੀ ਹੈ। ਜਨ-ਸਾਧਾਰਣ ਵਿਚ ਇਹ ਬਹੁਤ ਲੋਕ-ਪ੍ਰਿਯ ਰਹੀ ਹੈ। ਪੰਜਾਬੀ ਦੇ ਹੋਰ ਕਿਸੇ ਵੀ ਸਾਹਿਤ-ਰੂਪ ਰਾਹੀਂ ਮਾਲਵੇ ਦੇ ਸੰਸਕ੍ਰਿਤਿਕ ਜੀਵਨ ਦਾ ਇਤਨਾ ਭਰਪੂਰ, ਬਹੁਪੱਖੀ ਅਤੇ ਯਥਾਰਥ ਪ੍ਰਗਟਾਵਾ ਨਹੀਂ ਹੋਇਆ, ਜਿਤਨਾ ਕਵੀਸ਼ਰੀ ਰਾਹੀਂ ਹੋਇਆ ਹੈ।

ਕਵੀਸ਼ਰੀ ਵਿਚ ਅਧਿਕਤਰ ਬ੍ਰਿੱਤਾਂਤਿਕ ਕਾਵਿ ਦੀ ਰਚਨਾ ਹੋਈ ਹੈ। ਇਸ ਨੂੰ ਕਿੱਸਾ-ਕਾਵਿ ਦਾ ਪੂਰਕ ਵੀ ਕਿਹਾ ਜਾ ਸਕਦਾ ਹੈ। ਕਿੱਸਾ-ਕਾਵਿ ਵਰਗੀਆਂ ਰਚਨਾਵਾਂ ਨੂੰ ਕਵੀਸ਼ਰੀ ਵਿਚ 'ਚਿੱਠਾ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਰਚਨਾਵਾਂ ਦੇ ਨਾਇਕ ਲੋਕ-ਪੱਧਰ ਦੇ ਹੁੰਦੇ ਹਨ ਜੋ ਸਾਧ-ਸੰਤ ਤੋਂ ਲੈ ਕੇ ਵੀਰ ਪਰਾਕ੍ਰਮੀ, ਪ੍ਰੇਮੀ ਜਾਂ ਦਿਆਲੂ ਕੋਈ ਵੀ ਹੋ ਸਕਦੇ ਹਨ।

ਅਧਿਕਾਂਸ਼ ਕਵੀਸ਼ਰੀ ਕਥਾ-ਕਾਵਿ ਰੂਪ ਵਿਚ ਮਿਲਦੀ ਹੈ। ਇਹ ਰਚਨਾਵਾਂ ਕਿੱਸਿਆਂ ਵਰਗੀਆਂ ਹੁੰਦੀਆਂ ਹਨ ਕਿਉਂਕਿ ਇਹ ਸਾਹਿਤਿਕ ਕਿੱਸਿਆਂ ਨਾਲੋਂ ਸੁਭਾ, ਸਰੂਪ, ਵਿਧਾਨ ਅਤੇ ਨਿਭਾ ਦੇ ਪੱਖ ਤੋਂ ਕਾਫ਼ੀ ਫ਼ਰਕ ਰਖਦੀਆਂ ਹਨ। ਕਵੀਸ਼ਰਾਂ ਨੇ ਜਿਥੇ ਪ੍ਰੇਮ-ਆਖਿਆਨਾਂ ਦੀ ਪੇਂਡੂ ਅੰਦਾਜ਼ ਨਾਲ ਮਲਵਈ ਉਪਭਾਸਖਾ ਵਿਚ ਸਿਰਜਨਾ ਕੀਤੀ ਹੈ, ਉਥੇ ਉਨ੍ਹਾਂ ਨੇ ਸਥਾਨਕ ਪ੍ਰੀਤ-ਕਥਾਵਾਂ ਨੂੰ ਵੀ ਕਾਵਿ-ਬੱਧ ਕੀਤਾ ਹੈ। ਇਥੇ ਧਿਆਨਯੋਗ ਗੱਲ ਇਹ ਹੈ ਕਿ ਕਵੀਸ਼ਰਾਂ ਨੇ ਅਖਾੜਿਆਂ ਵਿਚ ਲੋਕ-ਮਨੋਰੰਜਨ ਲਈ ਭਾਵੁਕ ਜਿਹੀ ਪੇਸ਼ਕਾਰੀ ਕਰਨੀ ਹੁੰਦੀ ਸੀ ਅਤੇ ਉਨ੍ਹਾਂ ਦੇ ਸਰੋਤੇ ਸਾਧਾਰਣ ਸੂਝ-ਬੂਝ ਵਾਲੇ ਬੰਦੇ ਹੁੰਦੇ ਸਨ, ਇਸ ਲਈ ਕਥਾਨਕ ਦੀ ਕਲਾਤਮਕਤਾ ਦੇ ਚੱਕਰ ਵਿਚ ਉਹ ਨਹੀਂ ਪਏ ਅਤੇ ਨ ਹੀ ਪਾਤਰਾਂ ਦੇ ਮਨੋ-ਵਿਸ਼ਲੇਸ਼ਣ ਦੀ ਉਨ੍ਹਾਂ ਨੇ ਲੋੜ ਮਹਿਸੂਸ ਕੀਤੀ।

ਕਵੀਸ਼ਰਾਂ ਨੇ ਲੋਕਾਂ ਦੀਆਂ ਵੀਰ-ਰਸੀ ਰੁਚੀਆਂ ਦੀ ਤ੍ਰਿਪਤੀ ਲਈ ਸਿਰਕਢ ਸਥਾਨਕ ਸੂਰਮਿਆਂ ਬਾਰੇ ਚਿੱਠੇ ਜਾਂ ਸਾਕੇ ਲਿਖੇ। ਜਿਵੇਂ ਦੁੱਲਾ ਭੱਟੀ, ਜੈਮਲ ਫੱਤਾ, ਸੁੱਚਾ ਸਿੰਘ ਸੂਰਮਾ, ਜੀਉਣਾ ਮੌੜ, ਜਾਨੀ ਚੋਰ ਆਦਿ। ਇਹ ਰਚਨਾਵਾਂ ਵੀ ਵਾਰਾਂ ਜਾਂ ਜੰਗਨਾਮਿਆਂ ਦੀ ਪੱਧਰ ਦੀਆਂ ਨ ਹੋ ਕੇ ਲੋਕ-ਪੱਧਰ ਦੀਆਂ ਹਨ, ਜਿਨ੍ਹਾਂ ਵਿਚ ਵੀਰ-ਭਾਵਨਾ ਨੂੰ ਛਿਣਕ ਰੂਪ ਵਿਚ ਉਜਾਗਰ ਕੀਤਾ ਹੁੰਦਾ ਹੈ।

ਪ੍ਰੇਮ ਅਤੇ ਵੀਰਤਾ ਦੀ ਭਾਵਨਾ ਤੋਂ ਇਲਾਵਾ ਕਵੀਸ਼ਰਾਂ ਨੇ ਕਈ ਧਾਰਮਿਕ ਪ੍ਰਸੰਗਾਂ ਨੂੰ ਵੀ ਚਿਤਰਿਆ ਹੈ ਜਿਨ੍ਹਾਂ ਦੇ ਮੁੱਖ ਤੌਰ 'ਤੇ ਦੋ ਰੂਪ ਹਨ। ਇਕ ਉਹ ਪ੍ਰਸੰਗ ਹਨ ਜਿਨ੍ਹਾਂ ਦਾ ਸੰਬੰਧ ਭਾਰਤੀ ਪੌਰਾਣਿਕ ਪਰੰਪਰਾਵਾਂ ਨਾਲ ਹੈ, ਜਿਵੇਂ ਧ੍ਰੂ ਭਗਤ, ਪ੍ਰਹਿਲਾਦ, ਸਤੀ ਸਲੋਚਨਾ, ਮੋਰਧ੍ਵਜ, ਨਲ-ਦਮਯੰਤੀ, ਲਵ-ਕੁਸ਼, ਸੀਤਾ-ਸੁਅੰਬਰ ਆਦਿ। ਦੂਜੇ ਉਹ ਪ੍ਰਸੰਗ ਹਨ ਜਿਨ੍ਹਾਂ ਵਿਚ ਸਿੱਖ ਧਰਮ ਨਾਲ ਸੰਬੰਧਿਤ ਘਟਨਾਵਾਂ, ਗੁਰੂ ਸਾਹਿਬਾਨ ਦੇ ਉਪਕਾਰਾਂ, ਸਾਹਿਬਜ਼ਾਦਿਆਂ ਅਤੇ ਸਿੱਖ-ਧਰਮੀਆਂ ਦੇ ਬਲਿਦਾਨਾਂ ਨੂੰ ਚਿਤਰਿਆ ਹੁੰਦਾ ਹੈ। ਸਿੱਖ-ਸ਼ਹੀਦਾਂ ਦੇ ਸਾਕਿਆਂ, ਸਾਹਿਬਜ਼ਾਦਿਆਂ ਦੇ ਬਲਿਦਾਨਾਂ ਅਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਜਿਸ ਤੀਬਰਤਾ ਨਾਲ ਲੋਕ-ਹਿਰਦੇ ਵਿਚ ਕਵੀਸ਼ਰਾਂ ਨੇ ਬਿਠਾਇਆ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਸਿੱਖਾਂ ਦੇ ਧਾਰਮਿਕ ਜਾਂ ਰਾਜਸੀ ਮੋਰਚਿਆਂ ਵੇਲੇ ਕਵੀਸ਼ਰਾਂ ਅਤੇ ਢਾਢੀਆਂ ਵਲੋਂ ਵਧਾਇਆ ਉਤਸਾਹ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਆ ਰਿਹਾ ਹੈ।

ਕਵੀਸ਼ਰੀ ਵਿਚ ਸਮਕਾਲੀ ਭਖਦੀਆਂ ਸਮਸਿਆਵਾਂ, ਰਾਜਸੀ ਮਾਮਲਿਆਂ, ਸਮਾਜਿਕ ਅਨਾਚਾਰਾਂ ਨੂੰ ਵੀ ਕਲਮਬੰਦ ਕੀਤਾ ਗਿਆ ਹੈ। ਕਵੀਸ਼ਰ ਇਨ੍ਹਾਂ ਸਮਸਿਆਵਾਂ ਬਾਰੇ ਆਪਣੇ ਪ੍ਰਤਿਕਰਮ ਨੂੰ ਦਰਸਾਉਂਦੇ ਹੋਇਆਂ ਲੋਕਾਂ ਦੀ ਜਾਣਕਾਰੀ ਵਿਚ ਵਾਧਾ ਕਰਦੇ ਹਨ।

**ਕੜਾ** (ਕਸਬਾ): ਉਤਰ ਪ੍ਰਦੇਸ਼ ਦੇ ਅਲਾਹਾਬਾਦ ਜ਼ਿਲ੍ਹੇ ਵਿਚ ਗੰਗਾ ਨਦੀ ਦੇ ਸੱਜੇ ਕੰਢੇ ਉਤੇ ਵਸਿਆ ਇਕ ਕਸਬਾ ਜੋ ਮੁਗ਼ਲ-ਕਾਲ ਵਿਚ ਵਪਾਰ ਦਾ ਕੇਂਦਰ ਸੀ। ਪਰ ਹੁਣ ਇਸ ਦਾ ਪੁਰਾਤਨ ਮਹੱਤਵ ਘਟ ਚੁਕਿਆ ਹੈ। ਇਸ ਦੇ ਨੇੜੇ ਦਰਿਆ ਦੇ ਦੂਜੇ ਪਾਸੇ ਮਾਨਕਪੁਰ ਨਾਂ ਦਾ ਕਸਬਾ ਵੀ ਹੈ ਜਿਸ ਨੂੰ ਇਸ ਦੇ ਨਾਂ ਨਾਲ ਜੋੜ ਦਿੱਤਾ ਜਾਂਦਾ ਹੈ। ਇਥੇ ਸੰਤ ਮਲੂਕ ਦਾਸ ਦਾ ਡੇਰਾ ਹੈ। ਪੂਰਬ ਦੀ ਯਾਤ੍ਰਾ ਵੇਲੇ ਗੁਰੂ ਤੇਗ ਬਹਾਦਰ ਜੀ ਇਥੇ ਬਿਰਾਜੇ ਸਨ। 'ਗੁਰ ਪ੍ਰਤਾਪ ਸੂਰਜ' ਅਨੁਸਾਰ ਗੁਰੂ ਜੀ ਨੇ ਇਥੋਂ ਦੀ ਠਹਿਰ ਦੌਰਾਨ ਆਪਣੀ ਸ਼ਾਹੀ ਰਹਿਤਲ ਅਤੇ ਸ਼ਿਕਾਰ ਖੇਡਣ ਸੰਬੰਧੀ ਸੰਤ ਮਲੂਕ ਦਾਸ ਦੇ ਭਰਮ ਦਾ ਨਿਵਾਰਣ ਕੀਤਾ ਸੀ। ਦਸਿਆ ਜਾਂਦਾ ਹੈ

ਕਿ ਉਥੇ ਗੁਰੂ ਜੀ ਆਮਦ ਦੀ ਯਾਦ ਵਿਚ ਇਕ ਸਿੱਖ-ਸੰਗਤ ਕਾਇਮ ਸੀ, ਪਰ ਹੁਣ ਉਥੇ ਕੋਈ ਗੁਰੂ-ਧਾਮ ਨਹੀਂ ਹੈ।

**ਕੜਾਹ-ਪ੍ਰਸਾਦਿ** : ਸਿੱਖ ਧਰਮ-ਮਰਯਾਦਾ ਅਨੁਸਾਰ ਉਹ ਕੜਾਹ ਜੋ ਤਿਆਰ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰਖਿਆ ਜਾਂਦਾ ਹੈ ਅਤੇ ਅਕਾਲ-ਪੁਰਖ ਨੂੰ ਅਰਪਿਤ ਕਰਕੇ ਉਸ ਦਾ 'ਸੀਤ-ਪ੍ਰਸਾਦ' ਸੰਗਤ ਵਿਚ ਵੰਡਿਆ ਜਾਂਦਾ ਹੈ। ਰਵਾਇਤ ਅਨੁਸਾਰ ਇਸ ਦਾ ਆਰੰਭ ਗੁਰੂ ਅਰਜਨ ਦੇਵ ਜੀ ਨੇ ਕੀਤਾ ਜੋ ਵਿਸ਼ੇਸ਼ ਅਵਸਰਾਂ ਉਤੇ ਹਰਿਮੰਦਿਰ ਸਾਹਿਬ ਵਿਚ ਕੜਾਹ ਪ੍ਰਸਾਦ ਤਿਆਰ ਕਰਕੇ ਵਰਤਾਉਂਦੇ ਸਨ। ਆਮ ਤੌਰ 'ਤੇ ਇਹ ਗੁਰਦੁਆਰਿਆਂ ਵਿਚ ਹੀ ਬਣਾਇਆ ਜਾਂਦਾ ਹੈ, ਪਰ ਕਈ ਵਾਰ ਸ਼ਰਧਾਲੂ ਘਰੋਂ ਵੀ ਬਣਾ ਕੇ ਲੈ ਆਉਂਦੇ ਹਨ ਜਾਂ ਕਿਸੇ ਹੋਰ ਥਾਂ 'ਤੇ ਵੀ ਤਿਆਰ ਕੀਤਾ ਜਾ ਸਕਦਾ ਹੈ। ਇਸ ਦੀ ਬਣਾਉਣ-ਵਿਧੀ ਬਾਰੇ ਕੁਝ ਕੁ ਪੁਰਾਤਨ ਗ੍ਰੰਥਾਂ ਵਿਚ ਉਲੇਖ ਮਿਲਦਾ ਹੈ, ਜਿਵੇਂ 'ਤਨਖਾਹਨਾਮਾ' ਵਿਚ ਲਿਖਿਆ ਹੈ— *ਕੜਾਹ ਕਰਨ ਕੀ ਬਿਧਿ ਸੁਨ ਲੀਜੈ। ਤੀਨ ਭਾਗ ਕੋ ਸਮਸਰ ਕੀਜੈ। ਲੇਪਨ ਆਗੈ ਬਹੁਕਰ ਦੀਜੈ। ਮਾਂਜਨ ਕਰ ਭਾਂਜਨ ਧੋਵੀਜੈ। ਕਰ ਸਨਾਨ ਪਵਿਤ੍ਰ ਹ੍ਵੈ ਹੈ। ਵਾਹਿਗੁਰੂ ਬਿਨ ਅਵਰ ਨ ਕਹੈ। ਕਰ ਤਿਆਰ ਚੌਕੀ ਪਰ ਧਰੈ। ਚਾਰ ਓਰ ਕੀਰਤਨ ਬਹਿ ਕਰੈ।* 'ਗੁਰਪ੍ਰਤਾਪ ਸੂਰਜ' ਵਿਚ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ— *ਪਾਵਨ ਤਨ ਪਾਵਨ ਕਰ ਥਾਨ, ਘ੍ਰਿਤ ਮੈਦਾ ਲੇ ਖੰਡ ਸਮਾਨ। ਕਰ ਕੜਾਹ ਜਪੁ ਪਾਠ ਸੁ ਠਾਨੈ। ਗੁਰਪ੍ਰਸਾਦਿ ਅਰਦਾਸ ਬਖਾਨੈ।*

ਕੜਾਹ ਨੂੰ 'ਪ੍ਰਸਾਦਿ' ਵਜੋਂ ਵੰਡਣ ਦੀ ਰੀਤ ਕਈ ਹੋਰ ਧਰਮਾਂ ਜਾਂ ਸੰਪ੍ਰਦਾਵਾਂ ਵਿਚ ਵੀ ਰਹੀ ਹੈ, ਪਰ ਸਿੱਖ ਧਰਮ ਲਈ ਇਹ ਰੂੜ੍ਹ ਹੋ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੇਵਲ ਇਹੀ ਪ੍ਰਸਾਦ ਵੰਡਣਾ ਉਚਿਤ ਮੰਨਿਆ ਗਿਆ ਹੈ। ਇਸ ਨੂੰ ਭਾਈ ਗੁਰਦਾਸ ਨੇ 'ਮਹਾਪ੍ਰਸਾਦ' (ਵੇਖੋ) ਵੀ ਕਿਹਾ ਹੈ।

**ਕਾਉਂਕੇ** (ਕਸਬਾ) : ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਜਗਰਾਉਂ ਨਗਰ ਤੋਂ 7 ਕਿ.ਮੀ. ਦੀ ਵਿਥ ਉਤੇ ਦੱਖਣ-ਪੱਛਮ ਵਲ ਇਕ ਕਸਬਾ ਜਿਸ ਦੇ ਨੇੜੇ ਹੀ 'ਗੁਰੂ-ਸਰ' ਨਾਂ ਦਾ ਗੁਰੂ-ਧਾਮ ਬਣਿਆ ਹੋਇਆ ਹੈ। ਮਾਲਵੇ ਦੀ ਫੇਰੀ ਵੇਲੇ ਸੰਨ 1613 ਈ. ਵਿਚ ਛੇਵੇਂ ਗੁਰੂ ਹਰਿਗੋਬਿੰਦ ਜੀ ਸਿਧਵਾਂ ਤੋਂ ਇਥੇ ਆਏ ਸਨ। ਇਥੇ ਸੰਨ 1912 ਈ. ਵਿਚ ਇਮਾਰਤ ਬਣਵਾਈ ਗਈ ਸੀ ਜਿਸ ਵਿਚ ਸਮੇਂ ਸਮੇਂ ਵਾਧਾ ਹੁੰਦਾ ਰਿਹਾ ਹੈ। ਸਰਵੋਰ ਵਿਚ ਇਸ਼ਨਾਨ ਕਰਨ ਸੰਬੰਧੀ ਕਈ ਮਹਾਤਮ ਪ੍ਰਚਲਿਤ ਹਨ।

ਪੰਜਵੇਂ ਗੁਰੂ ਜੀ ਦੀ ਸ਼ਹਾਦਤ ਵਾਲੇ ਦਿਨ ਤੋਂ ਇਲਾਵਾ ਇਥੇ ਹਰ ਸਾਲ ਦੀ ਵਿਸਾਖੀ ਅਤੇ ਮਾਘੀ ਉਤੇ ਕਾਫ਼ੀ ਸੰਗਤ ਜੁੜਦੀ ਹੈ। ਇਸ ਗੁਰੂ-ਧਾਮ ਦਾ ਪ੍ਰਬੰਧ ਪਹਿਲਾਂ ਨਿਹੰਗ ਸਿੰਘ ਕਰਦੇ ਸਨ, ਪਰ ਹੁਣ ਇਸ ਦੀ ਪ੍ਰਬੰਧਕੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਕਮੇਟੀ ਕਰਦੀ ਹੈ। ਯਾਤ੍ਰੀਆਂ ਦੇ ਠਹਿਰਨ ਅਤੇ ਲੰਗਰ ਦਾ ਚੰਗਾ ਇੰਤਜ਼ਾਮ ਹੈ।

**ਕਾਸ਼ੀ** (ਤੀਰਥ): ਹਿੰਦੂ ਧਰਮ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਪ੍ਰਮੁਖ ਅਤੇ ਅਤਿ-ਪ੍ਰਾਚੀਨ 'ਕਾਸ਼ੀ' ਨਗਰ ਦਾ ਇਤਿਹਾਸ ਤਿੰਨ ਹਜ਼ਾਰ ਵਰ੍ਹਿਆਂ ਤੋਂ ਵੀ ਅਧਿਕ ਪੁਰਾਣਾ ਹੈ। ਬੌਧ ਧਰਮ ਵਾਲਿਆਂ ਵਿਚ ਵੀ ਇਸ ਦਾ ਆਦਰਪੂਰਵਕ ਸਥਾਨ ਹੈ ਕਿਉਂਕਿ ਬੋਧ-ਗਯਾ ਵਿਚ ਨਿਰਵਾਣ ਪ੍ਰਾਪਤ ਹੋਣ 'ਤੇ ਮਹਾਤਮਾ ਬੁੱਧ ਨੇ ਆਪਣਾ ਸਭ ਤੋਂ ਪਹਿਲਾਂ ਵਿਖਿਆਨ ਇਸ ਨਗਰ ਵਿਚ ਦਿੱਤਾ ਸੀ। ਇਥੇ ਬੋਧੀ ਸਤੂਪ ਤੋਂ ਇਲਾਵਾ ਸਾਰਨਾਥ ਦਾ ਮੰਦਿਰ ਵੀ ਹੈ। ਜੈਨੀਆਂ ਵਿਚ ਵੀ ਇਸ ਨਗਰ ਦੀ ਮਾਨਤਾ ਹੈ ਕਿਉਂਕਿ ਤਿੰਨ ਤੀਰਥਾਂਕਰਾਂ ਦੀ ਇਹ ਜਨਮਭੂਮੀ ਹੈ।

ਪੁਰਾਣ-ਸਾਹਿਤ ਵਿਚ ਵਿਸਤਾਰ ਨਾਲ ਇਸ ਨਗਰ ਦੇ ਮਹਾਤਮ ਦਸੇ ਗਏ ਹਨ। ਇਸ ਦੀ ਮਹਾਨਤਾ ਸੰਬੰਧੀ ਬਹੁਤ ਸਾਰਾ ਸਾਹਿਤ ਵੀ ਰਚਿਆ ਗਿਆ ਹੈ। ਇਹ ਵਿਦਿਆ ਪ੍ਰਾਪਤੀ ਦਾ ਵੀ ਬਹੁਤ ਵੱਡਾ ਕੇਂਦਰ ਰਿਹਾ ਹੈ। ਉਪਨਿਸ਼ਦਾਂ ਅਨੁਸਾਰ ਅਜਾਤਸ਼ਤਰੂ ਨੇ ਇਥੇ ਬ੍ਰਹਮ-ਵਿਦਿਆ ਅਤੇ ਅਗਨੀ-ਵਿਦਿਆ ਦੇ ਕੇਂਦਰ ਸਥਾਪਿਤ ਕੀਤੇ ਸਨ। ਉਹ ਆਪ ਵੀ ਇਨ੍ਹਾਂ ਵਿਦਿਆਵਾਂ ਵਿਚ ਬਹੁਤ ਪ੍ਰਬੀਨ ਸੀ।

'ਸਕੰਦ ਪੁਰਾਣ' ਦੇ 'ਕਾਸ਼ੀ-ਖੰਡ' ਅਨੁਸਾਰ ਇਸ ਨਗਰੀ ਦੇ ਪੰਜ ਨਾਂ ਰਹੇ ਹਨ। ਇਕ 'ਵਾਰਾਣਸੀ', ਕਿਉਂਕਿ ਇਹ ਵਰਣਾ ਅਤੇ ਅਸੀ ਨਦੀਆਂ ਵਿਚਾਲੇ ਸਥਿਤ ਹੈ। ਦੂਜਾ 'ਕਾਸ਼ੀ', ਜੋ ਕਾਸ਼੍ ਧਾਤੂ ਤੋਂ ਬਣਿਆ ਹੈ ਅਤੇ ਜਿਸ ਦਾ ਅਰਥ ਹੈ ਪ੍ਰਕਾਸ਼ਿਤ ਹੋਣਾ ਜਾਂ ਕਰਨਾ, ਕਿਉਂਕਿ ਇਹ ਮਨੁੱਖ ਦੇ ਮੁਕਤੀ-ਮਾਰਗ ਨੂੰ ਪ੍ਰਕਾਸ਼ਿਤ ਕਰਦੀ ਹੈ ਜਾਂ ਇਥੇ ਸ਼ਿਵ

ਦੀ ਜੋਤਿ ਪ੍ਰਕਾਸ਼ਮਾਨ ਹੁੰਦੀ ਹੈ। ਤੀਜਾ 'ਅਵਿਮੁਕਤ', ਕਿਉਂਕਿ ਇਹ ਪਾਪਾਂ (ਅਵਿ) ਤੋਂ ਮੁਕਤ ਨਗਰੀ ਹੈ। ਚੌਥਾ 'ਆਨੰਦਕਾਨਨ', ਕਿਉਂਕਿ ਇਹ ਭਗਵਾਨ ਸ਼ਿਵ ਨੂੰ ਅਤਿ ਪ੍ਰਿਯ ਹੈ ਅਤੇ ਆਨੰਦ ਪ੍ਰਦਾਨ ਕਰਦੀ ਹੈ। ਪੰਜਵਾਂ 'ਸ਼ਮਸ਼ਾਨ' ਅਥਵਾ ਮਹਾਸ਼ਮਸ਼ਾਨ, ਕਿਉਂਕਿ ਇਹ ਮਰਣ ਉਪਰੰਤ ਮਨੁੱਖਾਂ ਨੂੰ ਮੁਕਤ ਕਰਨ ਵਾਲੀ ਨਗਰੀ ਹੈ। ਇਥੇ 'ਸ਼ਮਸ਼ਾਨ' ਪ੍ਰੇਤ-ਭੂਮੀ ਲਈ ਵੀ ਵਰਤਿਆ ਗਿਆ ਹੋ ਸਕਦਾ ਹੈ। ਪਰਲੌ ਹੋਣ 'ਤੇ ਮਹਾਨ ਆਤਮਾ ਇਥੇ ਸ਼ਵ ਜਾਂ ਪ੍ਰੇਤ ਰੂਪ ਵਿਚ ਨਿਵਾਸ ਕਰਦੀ ਹੈ। ਭਾਵੇਂ ਇਹ ਪੰਜੇ ਨਾਂ ਸਮਾਨਾਰਥਕ ਹਨ ਪਰ ਪੁਰਾਣਾਂ ਵਿਚ ਕਾਸ਼ੀ, ਵਾਰਾਣਸੀ ਅਤੇ ਅਵਿਮੁਕਤ ਦੇ ਵਿਸਤਾਰ-ਖੇਤਰ ਵਿਚ ਅੰਤਰ ਦਸਿਆ ਗਿਆ ਹੈ। ਸ਼ਿਵ ਦੀ ਉਪਾਸਨਾ ਨਾਲ ਸੰਬੰਧਿਤ ਹੋਣ ਕਾਰਣ ਇਸ ਨੂੰ 'ਸ਼ਿਵਪੁਰੀ' ਜਾਂ 'ਸ਼ੰਕਰਪੁਰੀ' ਵੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕਾਸ਼ੀ ਨੂੰ ਨਾਸ਼ਮਾਨ ਮੰਨਦੇ ਹੋਇਆਂ ਕਿਹਾ ਹੈ— *ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ। ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ।*(ਗੁ.ਗ੍ਰੰ.1100)।

ਧਾਰਮਿਕ ਦ੍ਰਿਸ਼ਟੀ ਤੋਂ ਇਸ ਦਾ ਬਹੁਤ ਅਧਿਕ ਮਹੱਤਵ ਹੈ। ਬ੍ਰਹਮ-ਹਤਿਆ ਦਾ ਅਪਰਾਧੀ ਵੀ ਭਗਵਾਨ ਵਿਸ਼ਵੇਸ਼ੁਰ ਦੀ ਮੂਰਤੀ ਦੇ ਕੇਵਲ ਦਰਸ਼ਨ ਕਰਨ ਨਾਲ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਕਹਿੰਦੇ ਹਨ ਕਿ ਪ੍ਰਾਚੀਨ ਕਾਲ ਵਿਚ ਇਥੇ ਇਕ ਸੌ ਮੰਦਿਰ ਸਨ। ਇਕ ਮੰਦਿਰ ਵਿਚ ਭਗਵਾਨ ਮਹੇਸ਼੍ਵਰ ਦੀ ਇਕ ਸੌ ਫੁਟ ਉੱਚੀ ਤਾਂਬੇ ਦੀ ਮੂਰਤੀ ਸੀ। ਬਾਦ ਵਿਚ ਇਥੇ ਮੰਦਿਰਾਂ ਦੀ ਗਿਣਤੀ ਵਧਦੀ ਗਈ।

ਔਰੰਗਜ਼ੇਬ ਨੇ ਇਥੋਂ ਦੇ ਅਨੇਕਾਂ ਮੰਦਿਰ ਤੁੜਵਾ ਕੇ ਮਸਜਿਦਾਂ ਬਣਵਾਈਆਂ ਅਤੇ ਇਸ ਨਗਰ ਦਾ ਨਾਂ 'ਮੁਹੰਮਦਾਬਾਦ' ਰਖਿਆ ਜੋ ਪ੍ਰਚਲਿਤ ਨ ਹੋ ਸਕਿਆ। ਇਥੋਂ ਸਰਵ ਪ੍ਰਮੁਖ ਵਿਸ਼੍ਵਨਾਥ ਮੰਦਿਰ ਦਾ ਸ਼ਿਵਲਿੰਗ, ਔਰੰਗਜ਼ੇਬ ਦੁਆਰਾ ਤੁੜਵਾਏ ਜਾਣ ਤੋਂ ਬਾਦ, ਲਗਭਗ ਇਕ ਸੌ ਵਰ੍ਹੇ ਤਕ ਯਾਤ੍ਰੀਆਂ ਦੇ ਦਰਸ਼ਨਾਂ ਲਈ ਇਕ ਥਾਂ ਤੋਂ ਦੂਜੀ ਥਾਂ ਤੇ ਲਿਆਇਆ ਜਾਂਦਾ ਰਿਹਾ। ਇਸ ਦਾ ਵਰਤਮਾਨ ਮੰਦਿਰ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਰਾਣੀ ਅਹਲਿਆ ਬਾਈ ਹੋਲਕਰ ਨੇ ਬਣਵਾਇਆ ਸੀ।

ਵਿਸ਼੍ਵਨਾਥ ਮੰਦਿਰ ਦੀ ਯਾਤ੍ਰਾ ਤੋਂ ਇਲਾਵਾ ਇਥੋਂ ਦੇ ਪੰਜ ਤੀਰਥਾਂ (ਦਸ਼ਾਸ਼੍ਵ-ਮੇਧ, ਲੋਕਾਰਕ, ਕੇਸ਼ਵ, ਬਿੰਦੂਮਾਧਵ ਅਤੇ ਮਣੀਕਰਣਿਕਾ) ਦੀ ਯਾਤ੍ਰਾ ਵੀ ਵਿਸ਼ੇਸ਼ ਮਹੱਤਵ ਰਖਦੀ ਹੈ। ਲਗਭਗ 80 ਕਿ.ਮੀ. ਲੰਬੀ ਯਾਤ੍ਰਾ ਨੂੰ ਕੋਈ ਯਾਤ੍ਰੀ ਮਣੀਕਰਣਿਕਾ ਕੇਂਦਰ ਤੋਂ ਸ਼ੁਰੂ ਕਰਕੇ ਕਾਸ਼ੀ ਦੀ ਅਰਧ-ਵ੍ਰਿਤ-ਆਕਾਰ ਵਿਚ ਪਰਿਕ੍ਰਮਾ ਕਰਦਾ ਹੋਇਆ ਫਿਰ ਮਣੀਕਰਣਿਕਾ ਪਹੁੰਚ ਜਾਂਦਾ ਹੈ। ਇਹ ਯਾਤ੍ਰਾ ਛੇ ਦਿਨਾਂ ਵਿਚ ਮੁਕਦੀ ਹੈ। ਇਸ ਦੌਰਾਨ ਸੈਂਕੜੇ ਮੰਦਿਰਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਮੱਧ-ਯੁਗ ਵਿਚ ਸੁਆਮੀ ਰਾਮਾਨੰਦ, ਸੰਤ ਕਬੀਰ, ਸੰਤ ਰਵਿਦਾਸ ਆਦਿ ਨੇ ਕਾਸ਼ੀ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਸਿੱਖ ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਸਨ। ਉਨ੍ਹਾਂ ਦੀ ਯਾਤ੍ਰਾ ਨਾਲ ਸੰਬੰਧਿਤ ਕਈ ਗੁਰੂ-ਧਾਮ ਇਥੇ ਮੌਜੂਦ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਇਥੇ ਸੰਸਕ੍ਰਿਤ ਵਿਚ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਸੀ। ਇਨ੍ਹਾਂ ਸਿੰਘਾਂ ਦੁਆਰਾ ਬਾਦ ਵਿਚ ਨਿਰਮਲ ਸੰਪ੍ਰਦਾਇ ਦਾ ਵਿਕਾਸ ਹੋਇਆ।

ਇਸ ਨਗਰ ਵਿਚ ਪ੍ਰਸਿੱਧ ਗੁਰੂ-ਧਾਮ ਇਸ ਪ੍ਰਕਾਰ ਹਨ :

*(1) ਗੁਰਦੁਆਰਾ ਬੜੀ ਸੰਗਤ, ਨੀਚੀ ਬਾਗ਼ :* ਗੁਰੂ ਤੇਗ ਬਹਾਦਰ ਜੀ ਦੇ ਨਾਂ ਨਾਲ ਸੰਬੰਧਿਤ ਇਹ ਗੁਰੂ-ਧਾਮ ਮਹੱਲਾ ਆਸ ਭੈਰੋ ਵਿਚ ਸਥਿਤ ਹੈ। ਸੰਨ 1666 ਈ. ਵਿਚ ਜਦੋਂ ਗੁਰੂ ਜੀ ਪੂਰਬ ਦੀ ਯਾਤ੍ਰਾ ਦੌਰਾਨ ਇਥੇ ਆਏ ਤਾਂ ਭਾਈ ਜਵੇਹਰੀ ਮੱਲ ਮਸੰਦ ਨੇ ਗੁਰੂ ਜੀ ਦਾ ਸਵਾਗਤ ਕੀਤਾ ਅਤੇ ਭਾਈ ਕਲਿਆਣ ਮੱਲ ਦੇ ਘਰ ਠਿਕਾਣਾ ਦਿੱਤਾ। ਗੁਰੂ ਜੀ ਇਥੇ 7 ਮਹੀਨੇ, 13 ਦਿਨ ਰਹੇ। ਗੁਰੂ ਜੀ ਦੀ ਠਹਿਰ ਦੌਰਾਨ ਦੂਰ ਦੂਰ ਤੋਂ ਸੰਗਤਾਂ ਦਰਸ਼ਨ ਕਰਨ ਅਤੇ ਪ੍ਰਵਚਨ ਸੁਣਨ ਲਈ ਆਈਆਂ। ਪਟਨਾ ਤੋਂ ਪੰਜਾਬ ਵਲ ਆਉਂਦੇ ਬਾਲਕ (ਗੁਰੂ) ਗੋਬਿੰਦ ਸਿੰਘ ਜੀ ਵੀ ਇਥੇ ਕੁਝ ਸਮੇਂ ਲਈ ਠਹਿਰੇ। ਇਸ ਗੁਰੂ-ਧਾਮ ਵਿਚ ਨੌਵੇਂ ਗੁਰੂ ਜੀ ਦੇ ਚੋਲੇ ਅਤੇ ਜੋੜੇ ਸਨਮਾਨ ਨਾਲ ਰਖੇ ਹੋਏ ਹਨ। ਬਾਲਕ (ਗੁਰੂ) ਗੋਬਿੰਦ ਸਿੰਘ ਦਾ ਵੀ ਜੋੜਾ ਇਥੇ ਸੰਭਾਲਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਮਹੱਤਵ-ਪੂਰਣ ਪੁਰਾਤਨ ਬੀੜਾਂ ਤੋਂ ਇਲਾਵਾ 17 ਹੁਕਮਨਾਮੇ ਵੀ ਸੰਭਾਲੇ ਹੋਏ ਹਨ ਜੋ ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਅਤੇ ਮਾਤਾ ਸਾਹਿਬ ਦੇਵਾਂ ਵਲੋਂ ਇਥੋਂ

ਦੀਆਂ ਸੰਗਤਾਂ ਅਤੇ ਸੇਵਕਾਂ ਨੂੰ ਭੇਜੇ ਗਏ ਸਨ।

(2) *ਗੁਰਦੁਆਰਾ ਛੋਟੀ ਸੰਗਤ :* ਜਗਤਗੰਜ ਮਹੱਲੇ ਵਿਚ ਸਥਿਤ ਇਸ ਗੁਰੂ-ਧਾਮ ਵਾਲੀ ਥਾਂ 'ਤੇ ਨੌਵੇਂ ਗੁਰੂ ਅਤੇ ਬਾਲਕ ਦਸਵੇਂ ਗੁਰੂ ਪਧਾਰੇ ਸਨ। ਉਦੋਂ ਇਹ ਸਥਾਨ ਕਿਸੇ ਸ਼ਰਧਾਲੂ ਦਾ ਨਿਵਾਸ-ਸਥਾਨ ਸੀ। ਬਾਦ ਵਿਚ ਇਥੇ ਸੰਗਤ ਕਾਇਮ ਕੀਤੀ ਗਈ। ਇਸ ਗੁਰੂ-ਧਾਮ ਦਾ ਮਹੱਤਵ ਵੱਡੀ ਸੰਗਤ ਨਾਲੋਂ ਘਟ ਸਮਝੇ ਜਾਣ ਕਾਰਣ ਇਸ ਨੂੰ 'ਛੋਟੀ ਸੰਗਤ' ਕਿਹਾ ਗਿਆ। ਇਥੋਂ ਦੀ ਸੇਵਾ-ਸੰਭਾਲ ਨਿਰਮਲਾ ਸੰਪ੍ਰਦਾਇ ਦੇ ਸਾਧ ਕਰਦੇ ਆ ਰਹੇ ਹਨ। ਇਕ ਪੁਰਾਤਨ ਬੀੜ ਤੋਂ ਇਲਾਵਾ ਇਥੇ ਬਹੁਤ ਸਾਰੇ ਪੁਰਾਣੇ ਚਿਤਰ ਵੀ ਸੰਭਾਲੇ ਪਏ ਹਨ।

(3) *ਗੁਰਦੁਆਰਾ ਗੁਰੂ ਬਾਗ਼ :* ਇਸ ਸਥਾਨ ਉਤੇ ਪਹਿਲਾਂ ਬਾਗ਼ ਹੁੰਦਾ ਸੀ ਜਿਸ ਵਿਚ ਗੁਰੂ ਨਾਨਕ ਦੇਵ ਜੀ ਸੰਨ 1507 ਈ. ਵਿਚ ਆਪਣੀ ਉਦਾਸੀ ਦੌਰਾਨ ਠਹਿਰੇ ਸਨ। ਗੁਰੂ ਜੀ ਦੀ ਵਿਚਿਤ੍ਰ ਵੇਸ਼-ਭੂਸ਼ਾ ਨੂੰ ਵੇਖ ਕੇ ਪੰਡਿਤ ਚਤੁਰ ਦਾਸ ਨੇ ਗੁਰੂ ਜੀ ਨਾਲ ਸੰਵਾਦ ਕੀਤਾ। ਉਸ ਸੰਵਾਦ ਦੇ ਫਲਸਰੂਪ ਪੰਡਿਤ ਗੁਰੂ ਜੀ ਦੀ ਅਜ਼ਮਤ ਦਾ ਕਾਇਲ ਹੋਇਆ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਕਿਸੇ ਉਦਾਸੀ ਸੰਤ ਨੇ ਸਭ ਤੋਂ ਪਹਿਲਾਂ ਇਥੇ ਇਕ ਸਥਾਨ ਬਣਾਇਆ। ਹੌਲੀ ਹੌਲੀ ਬਾਗ਼ ਖ਼ਤਮ ਹੋ ਗਿਆ ਅਤੇ ਉਥੇ ਇਕ ਬਸਤੀ ਬਣ ਗਈ। ਬਾਦ ਵਿਚ ਗੁਰੂ-ਧਾਮ ਦੀ ਇਮਾਰਤ ਬਣਾਈ ਗਈ। ਇਸ ਦੀ ਵਰਤਮਾਨ ਇਮਾਰਤ ਸੰਨ 1969 ਈ. ਵਿਚ ਸ਼ੁਰੂ ਕੀਤੀ ਗਈ। ਇਸ ਗੁਰੂ-ਧਾਮ ਦੇ ਨਾਲ 'ਗੁਰੂ ਨਾਨਕ ਖ਼ਾਲਸਾ ਬਾਲਿਕਾ ਇੰਟਰ ਕਾਲਜ' ਵੀ ਸਥਾਪਿਤ ਕੀਤਾ ਗਿਆ ਹੈ।

(4) *ਸੰਗਤ ਮੀਰ ਘਾਟ :* ਗੰਗਾ ਨਦੀ ਦੇ ਕੰਢੇ ਵਿਸ਼ਾਲਾ-ਕ੍ਸ਼ੀ ਮੰਦਿਰ ਕੋਲ ਸਥਿਤ ਇਸ ਸੰਗਤ ਵਾਲੀ ਥਾਂ ਉਤੇ ਨੌਵੇਂ ਗੁਰੂ ਜੀ ਅਤੇ ਬਾਲਕ (ਗੁਰੂ) ਗੋਬਿੰਦ ਸਿੰਘ ਜੀ ਆਏ ਸਨ। ਉਨ੍ਹਾਂ ਦੇ ਚਰਣਾਂ ਨਾਲ ਪਵਿੱਤਰ ਹੋਈ ਇਸ ਧਰਤੀ ਉਤੇ ਉਦਾਸੀ ਸਾਧਾਂ ਨੇ ਸੰਗਤ ਕਾਇਮ ਕੀਤੀ ਅਤੇ ਉਹੀ ਹੁਣ ਵੀ ਇਸ ਦੀ ਦੇਖ-ਭਾਲ ਕਰ ਰਹੇ ਹਨ। ਇਸ ਦੇ ਨੇੜੇ ਹੀ ਉਦਾਸੀਨ ਸੰਸਕ੍ਰਿਤ ਵਿਦਿਆਲਾ ਹੈ।

ਉਪਰੋਕਤ ਗੁਰੂ-ਧਾਮਾਂ ਤੋਂ ਇਲਾਵਾ ਉਥੇ ਛੋਟੇ ਵੱਡੇ ਕਈ ਨਿਰਮਲ ਆਸ਼੍ਰਮ (ਡੇਰੇ) ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਨਿਰਮਲੇ ਸਿੱਖ ਇਥੇ ਨਿਵਾਸ ਕਰਦੇ ਆ ਰਹੇ ਹਨ। ਇਨ੍ਹਾਂ ਆਸ਼੍ਰਮਾਂ ਵਿਚੋਂ ਦੋ ਪ੍ਰਮੁਖ ਹਨ। ਇਕ 'ਸ੍ਰੀ ਚੇਤਨ ਮਠ' ਜੋ ਬਿਸਵੇਸ਼੍ਵਰਗੰਜ ਵਿਚ ਸਥਿਤ ਹੈ ਅਤੇ ਜਿਥੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਸਕ੍ਰਿਤ ਪੜ੍ਹਨ ਲਈ ਭੇਜੇ ਗਏ ਪੰਜ ਸਿੰਘ ਠਹਿਰੇ ਸਨ। ਇਥੇ ਹੁਣ 'ਸ੍ਰੀ ਗੁਰੂ ਨਾਨਕ ਨਿਰਮਲ ਸੰਸਕ੍ਰਿਤ ਵਿਦਿਆਲਾ' ਬਣਿਆ ਹੋਇਆ ਹੈ। ਦੂਜਾ ਡੇਰਾ 'ਨਿਰਮਲ ਸੰਗਤ ਲਾਹੌਰੀ ਟੋਲਾ' ਹੈ। ਇਹ ਵੀ ਨਿਰਮਲ ਸੰਪ੍ਰਦਾਇ ਅਧੀਨ ਹੈ। ਇਥੇ ਅਜ-ਕਲ ਨਿਰਮਲ ਸੰਸਕ੍ਰਿਤ ਵਿਦਿਆਲਾ ਚਲਾਇਆ ਜਾ ਰਿਹਾ ਹੈ ਜੋ ਸੰਪੂਰਣਾਨੰਦ ਸੰਸਕ੍ਰਿਤ ਵਿਸ਼ਵ-ਵਿਦਿਆਲੇ ਨਾਲ ਸੰਬੰਧਿਤ ਹੈ।

**ਕਾਸ਼ੀ ਗੁਰੂ ਕੀ :** ਦਮਦਮਾ ਸਾਹਿਬ ਦਾ ਇਕ ਨਾਮਾਂਤਰ। ਵੇਖੋ 'ਦਮਦਮਾ ਸਾਹਿਬ'।

**ਕਾਹਨ ਸਿੰਘ, ਬਾਬਾ** (1788-1878 ਈ.) : ਸਿੰਘ ਸਭਾ ਲਹਿਰ ਦੇ ਆਗੂ ਅਤੇ ਆਧੁਨਿਕ ਪੰਜਾਬ ਸਾਹਿਤ ਦੇ ਜਨਕ ਭਾਈ ਵੀਰ ਸਿੰਘ ਦੇ ਦਾਦਾ ਬਾਬਾ ਕਾਹਨ ਸਿੰਘ ਦਾ ਜਨਮ ਮਹਾਰਾਜਾ ਕੌੜਾ ਮੱਲ ਦੀ ਬੰਸ ਵਿਚੋਂ ਚੌਧਰੀ ਰਾਮ ਚੰਦ ਦੇ ਘਰ ਗੜ੍ਹ ਮਹਾਰਾਜ ਵਿਚ ਸੰਨ 1788 ਈ. ਵਿਚ ਹੋਇਆ। ਬਚਪਨ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਾਰਣ ਇਹ ਬਹੁਤ ਉਦਾਸ ਰਹਿਣ ਲਗਾ, ਜਿਸ ਕਰਕੇ ਬੀਮਾਰ ਵੀ ਹੋ ਗਿਆ। ਇਲਾਜ ਕਰਾਉਣ ਲਈ 14/15 ਵਰ੍ਹਿਆਂ ਦੀ ਉਮਰ ਵਿਚ ਸੰਤ ਰਾਮ ਦਿਆਲ ਪਾਸ ਅੰਮ੍ਰਿਤਸਰ ਵਿਚ ਆ ਗਿਆ। ਨਿਰੋਗ ਹੋਣ ਤੋਂ ਬਾਦ ਇਸ ਨੇ ਗੜ੍ਹ ਮਹਾਰਾਜ ਪਰਤਣ ਦੀ ਥਾਂ ਅੰਮ੍ਰਿਤਸਰ ਵਿਚ ਰਹਿਣਾ ਪਸੰਦ ਕੀਤਾ। ਫਿਰ ਇਕ ਸਾਧਾਂ ਦੇ ਟੋਲੇ ਨਾਲ ਹਰਿਦੁਆਰ ਵਲ ਕੁੰਭ ਦੇ ਮੇਲੇ ਵਿਚ ਸ਼ਾਮਲ ਹੋਣ ਲਈ ਚਲਾ ਗਿਆ। ਉਥੋਂ ਵੇਹਲਾ ਹੋ ਕੇ 12 ਸਾਲ ਜੰਗਲਾਂ ਵਿਚ ਤਪਸਿਆ ਕਰਦਾ ਰਿਹਾ, ਅਧਿਕਤਰ ਬ੍ਰਿੰਦਾਬਨ ਦੇ ਚੌਗਿਰਦੇ ਵਿਚ ਹੀ ਰਿਹਾ। ਤਪਸਿਆ ਦੌਰਾਨ ਸਿਰ ਦੇ ਕੇਸ ਜਟਾਵਾਂ ਬਣ ਗਈਆਂ। ਇਸ ਤੋਂ ਬਾਦ ਇਹ ਅੰਮ੍ਰਿਤਸਰ ਵਿਚ ਸੰਤ ਰਾਮ ਦਿਆਲ ਦੇ ਡੇਰੇ ਮੁੜ ਆ ਗਿਆ। ਇਸ ਨੇ ਨਿਠ ਕੇ ਸੰਸਕ੍ਰਿਤ

ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਵੈਦਗੀ ਦਾ ਗਿਆਨ ਪ੍ਰਾਪਤ ਕੀਤਾ। ਫਿਰ ਡੇਰਾ ਭਾਈ ਰਤਨ ਸਿੰਘ ਵਿਚ ਆ ਟਿਕਿਆ ਅਤੇ ਲੋਕਾਂ ਨੂੰ ਦਵਾ-ਦਾਰੂ ਦੇਣਾ ਸ਼ੁਰੂ ਕੀਤਾ। ਇਸ ਦੀ ਵੈਦਗੀ ਦੀ ਸਾਖ ਦੂਰ ਦੂਰ ਤਕ ਪਸਰ ਗਈ। ਸੰਨ 1828 ਈ. ਵਿਚ ਇਸ ਦੀ ਮਾਤਾ ਆਪਣੇ ਦੋਹਾਂ ਛੋਟੇ ਪੁੱਤਰਾਂ ਸਹਿਤ ਉਥੇ ਆ ਗਈ। ਮਾਤਾ ਦੀ ਪ੍ਰੇਰਣਾ ਦੇ ਫਲਸਰੂਪ ਇਸ ਨੇ ਸੰਨ 1830 ਈ. ਵਿਚ ਬੀਬੀ ਰੂਪ ਕੌਰ ਨਾਲ ਵਿਆਹ ਕੀਤਾ ਜਿਸ ਦੀ ਕੁੱਖੋਂ ਬੀਬੀ ਚੰਦੋ ਅਤੇ ਚਰਨ ਸਿੰਘ ਦਾ ਜਨਮ ਹੋਇਆ।

ਬਾਬਾ ਕਾਹਨ ਸਿੰਘ ਦਾ ਵੈਦਗੀ ਤੋਂ ਜੋ ਸਮਾਂ ਬਚਦਾ, ਹਰਿ-ਭਗਤੀ ਅਤੇ ਪੁਸਤਕ ਅਧਿਐਨ ਵਿਚ ਲਗਾਉਂਦਾ। ਇਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਚਰਨ ਸਿੰਘ ਨੇ ਡਾਕਟਰੀ ਦਾ ਕਿੱਤਾ ਅਪਣਾਇਆ ਅਤੇ ਸਿੰਘ ਸਭਾ ਲਹਿਰ ਵਿਚ ਰੁਚੀ ਲੈ ਕੇ ਸਿੱਖ ਧਰਮ ਦੇ ਵਿਕਾਸ ਲਈ ਵਚਨ-ਬੱਧ ਹੋ ਗਿਆ। ਬਾਬਾ ਕਾਹਨ ਸਿੰਘ ਨੇ ਗਿਆਨੀ ਹਜ਼ਾਰਾ ਸਿੰਘ ਦੇ ਘਰ ਆਪਣੇ ਪੁੱਤਰ ਨੂੰ ਵਿਆਹਿਆ ਅਤੇ ਆਪਣੇ ਪੋਤੇ ਭਾਈ ਵੀਰ ਸਿੰਘ ਨੂੰ ਰੀਝ ਨਾਲ ਪਾਲਿਆ। 90 ਵਰ੍ਹਿਆਂ ਦੀ ਆਯੂ ਬਤੀਤ ਕਰਕੇ ਬਾਬਾ ਕਾਹਨ ਸਿੰਘ ਦਾ ਦੇਹਾਂਤ 4 ਮਈ 1878 ਈ. ਵਿਚ ਅੰਮ੍ਰਿਤਸਰ ਵਿਚ ਹੋਇਆ।

**ਕਾਂਗੜ** (ਪਿੰਡ):ਪੰਜਾਬ ਦਾ ਇਕ ਇਤਿਹਾਸਿਕ ਪਿੰਡ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਨਿਵਾਸ ਦੌਰਾਨ 'ਜ਼ਫ਼ਰਨਾਮਾ' ਨਾਂ ਦੀ ਇਤਿਹਾਸਿਕ ਚਿੱਠੀ ਲਿਖ ਕੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਹੱਥੀਂ ਔਰੰਗਜ਼ੇਬ ਨੂੰ ਦੱਖਣ ਵਲ ਭੇਜੀ ਸੀ। ਜ਼ਫ਼ਰਨਾਮੇ ਵਿਚ ਇਸ ਪਿੰਡ ਦਾ ਉਲੇਖ ਹੈ—*ਕਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ*। ਇਹ ਪਿੰਡ 'ਦੀਨਾ' ਪਿੰਡ ਦੇ ਨੇੜੇ ਹੋਣ ਕਾਰਣ ਅਕਸਰ ਦੀਨਾ-ਕਾਂਗੜ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਜ਼ਿਲ੍ਹਿਆਂ ਦੀ ਭੂਗੋਲਿਕ ਵੰਡ ਅਨੁਸਾਰ ਦੀਨਾ ਫ਼ਰੀਦਕੋਟ ਜ਼ਿਲ੍ਹੇ ਵਿਚ ਹੈ ਅਤੇ ਕਾਂਗੜ ਬਠਿੰਡਾ ਜ਼ਿਲ੍ਹੇ ਵਿਚ। ਇਹ ਦੋਵੇਂ ਪਿੰਡ ਨਿਹਾਲ ਸਿੰਘ ਵਾਲਾ ਤੋਂ ਦੱਖਣ ਵਾਲੇ ਪਾਸੇ ਲਗਭਗ 15 ਕਿ.ਮੀ. ਦੀ ਵਿਥ ਉਤੇ ਸਥਿਤ ਹਨ।

ਵਰਤਮਾਨ ਕਾਂਗੜ ਪਿੰਡ ਇਕ ਵੱਡੇ ਥੇਹ ਪਾਸ ਵਸਿਆ ਹੋਇਆ ਹੈ। ਰਵਾਇਤ ਹੈ ਕਿ ਇਸ ਨੂੰ ਕਿਸੇ ਸਮੇਂ ਰਾਜਾ ਕੰਗ ਨੇ ਵਸਾਇਆ ਸੀ ਅਤੇ ਇਸ ਦਾ ਨਾਂ ਕੰਗ-ਗੜ੍ਹ ਰਖਿਆ ਸੀ ਜੋ ਲੋਕ-ਮੁਖ ਵਿਚ 'ਕਾਂਗੜ' ਵਜੋਂ ਪ੍ਰਸਿੱਧ ਹੋ ਗਿਆ। ਵਰਤਮਾਨ 'ਕਾਂਗੜ' ਦੀ ਉਸਾਰੀ ਦਾ ਸੰਬੰਧ ਅਕਬਰ ਬਾਦਸ਼ਾਹ ਦੇ ਸਮਕਾਲੀ ਮਹਿਰ ਮਿੱਠਾ ਨਾਂ ਦੀ ਇਕ ਸ਼ਖ਼ਸੀਅਤ ਨਾਲ ਜੋੜਿਆ ਜਾਂਦਾ ਹੈ। ਉਸ ਦੀ ਸਮਾਧ ਹੁਣ ਵੀ ਉਥੇ ਮੌਜੂਦ ਹੈ। ਇਹ ਕਦੇ ਕਾਫ਼ੀ ਵੱਡਾ ਕਸਬਾ ਰਿਹਾ ਸੀ ਅਤੇ ਮਹਿਰ ਮਿੱਠਾ ਨੇ ਆਪਣੀ ਜਾਗੀਰ ਦਾ ਇਸ ਨੂੰ ਕੇਂਦਰੀ ਨਗਰ ਬਣਾਇਆ ਹੋਇਆ ਸੀ।

ਮਹਿਰ ਮਿੱਠਾ ਦਾ ਪਰਿਵਾਰ ਗੁਰੂ-ਘਰ ਦਾ ਬਹੁਤ ਸ਼ਰਧਾਲੂ ਸੀ। ਇਸ ਦੇ ਦੋ ਪੋਤਰਿਆਂ ਰਾਏ ਜੋਧ ਅਤੇ ਸਲੀਮ ਸ਼ਾਹ ਨੇ 'ਗੁਰੂ ਸਰ ਨਥਾਣਾ' (ਮੇਹਰਾਜ) ਦੀ ਲੜਾਈ ਵੇਲੇ ਗੁਰੂ ਹਰਿਗੋਬਿੰਦ ਜੀ ਦੀ ਇਕ ਹਜ਼ਾਰ ਘੋੜਸਵਾਰਾਂ ਸਮੇਤ ਭਰਵੀਂ ਮਦਦ ਕੀਤੀ ਸੀ। ਗੁਰੂ ਜੀ ਨੇ ਰਾਏ ਜੋਧ ਦੀ ਇਸ ਸੇਵਾ ਵਜੋਂ ਇਕ ਕਟਾਰ ਬਖ਼ਸ਼ੀ ਸੀ ਜੋ ਉਸ ਦੇ ਖ਼ਾਨਦਾਨ ਪਾਸ ਹੁਣ ਵੀ ਸੰਭਾਲੀ ਹੋਈ ਹੈ।

ਰਾਏ ਜੋਧ ਦੇ ਪੋਤਰੇ ਤਖ਼ਤ ਮੱਲ, ਲਖਮੀਰ ਅਤੇ ਸ਼ਮੀਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਧਾਰਨ 'ਤੇ ਬਹੁਤ ਸੇਵਾ ਕੀਤੀ। ਤਖ਼ਤ ਮਲ ਉਦੋਂ 'ਕਾਂਗੜ' ਦਾ ਸੁਆਮੀ ਸੀ ਅਤੇ ਨਵੇਂ ਬਣੇ ਪਿੰਡ 'ਦੀਨਾ' ਉਤੇ ਲਖਮੀਰ ਦਾ ਕਬਜ਼ਾ ਸੀ। ਪੁਰਾਣਾ ਹੋਣ ਕਾਰਣ ਅਧਿਕ ਪ੍ਰਸਿੱਧੀ ਕਾਂਗੜ ਪਿੰਡ ਦੀ ਸੀ। ਇਸੇ ਲਈ ਗੁਰੂ ਜੀ ਨੇ 'ਕਾਂਗੜ' ਕਸਬੇ ਦਾ ਉਲੇਖ ਕੀਤਾ ਹੈ। ਇਥੇ ਹੀ ਆਲੇ-ਦੁਆਲੇ ਦੇ ਪਿੰਡਾਂ ਤੋਂ ਕਈ ਸੌ ਯੋਧੇ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਸਨ। ਜਿਸ ਸਥਾਨ ਉਤੇ ਗੁਰੂ ਜੀ ਠਹਿਰੇ ਸਨ ਉਥੇ ਹੁਣ 'ਗੁਰਦੁਆਰਾ ਲੋਹਗੜ੍ਹ' ਬਣਿਆ ਹੋਇਆ ਹੈ। ਇਸ ਦੀ ਪੁਰਾਣੀ ਇਮਾਰਤ ਦੀ ਥਾਂ ਨਵੀਂ ਆਲੀਸ਼ਾਨ ਇਮਾਰਤ ਸੰਤ ਗੁਰਮੁਖ ਸਿੰਘ ਕਾਰਸੇਵਾ ਵਾਲੇ ਨੇ ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿਚ ਬਣਵਾਈ ਸੀ। ਇਸ ਗੁਰੂ-ਧਾਮ ਨਾਲ ਇਕ ਸਰੋਵਰ ਵੀ ਬਣਿਆ ਹੋਇਆ ਹੈ। ਇਸ ਗੁਰੂ-ਧਾਮ ਨੂੰ ਕਈ 'ਗੁਰਦੁਆਰਾ ਜ਼ਫ਼ਰਨਾਮਾ ਸਾਹਿਬ' ਵੀ ਕਹਿ ਦਿੰਦੇ ਹਨ। ਇਸ ਦੀ ਪ੍ਰਬੰਧਕੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਉਂਜ ਤਾਂ ਸਾਰਿਆਂ ਗੁਰਪੁਰਬਾਂ ਉਤੇ ਇਥੇ ਕਾਫ਼ੀ ਰੌਣਕ ਰਹਿੰਦੀ ਹੈ ਪਰ ਹਰ ਸਾਲ ਮਾਘੀ ਦੇ ਮੌਕੇ ਬਹੁਤ ਵੱਡਾ ਮੇਲਾ ਲਗਦਾ ਹੈ।

**ਕਾਂਝਲਾ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ ਜਿਸ ਨੂੰ ਤਿੰਨ ਗੁਰੂ ਸਾਹਿਬਾਨ— ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਤੇਗ ਬਹਾਦਰ ਜੀ— ਦੇ ਚਰਣਾਂ ਦੀ ਛੋਹ ਪ੍ਰਾਪਤ ਹੋਈ ਸੀ। ਇਸ ਪਿੰਡ ਦੇ ਨੇੜੇ ਇਕ ਬਹੁਤ ਵੱਡੀ ਝਿੜੀ ਸੀ, ਜਿਥੇ ਤਿੰਨੋਂ ਗੁਰੂ ਸਾਹਿਬਾਨ ਵਖ ਵਖ ਸਮੇਂ ਆ ਕੇ ਰੁਕੇ ਸਨ। ਤਿੰਨਾਂ ਗੁਰੂ-ਸਾਹਿਬਾਨ ਦੀ ਯਾਦ ਵਿਚ ਇਥੇ ਇਕ ਸਾਂਝਾ ਗੁਰੂ-ਧਾਮ ਝਿੜਾ ਸਾਹਿਬ ਬਣਿਆ ਹੋਇਆ ਹੈ ਜਿਸ ਦੀ ਉਸਾਰੀ ਸੰਤ ਅਤਰ ਸਿੰਘ ਦੇ ਇਕ ਸੇਵਕ ਸੰਤ ਬਿਸ਼ਨ ਸਿੰਘ ਨੇ ਕਰਵਾਈ ਹੈ। ਇਸ ਦੇ ਇਹਾਤੇ ਵਿਚ ਸਰੋਵਰ ਵੀ ਬਣਿਆ ਹੋਇਆ ਹੈ। ਇਥੇ ਸੰਤ ਅਤਰ ਸਿੰਘ ਅਤੇ ਸੰਤ ਬਿਸ਼ਨ ਸਿੰਘ ਦੇ ਚਲਾਣੇ ਵਾਲੇ ਦਿਨਾਂ ਉਤੇ ਬਹੁਤ ਸੰਗਤ ਇਕੱਠੀ ਹੁੰਦੀ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਕਮੇਟੀ ਕਰਦੀ ਹੈ।

**ਕਾਦਿਆਨੀ ਫ਼ਿਰਕਾ :** ਵੇਖੋ 'ਅਹਿਮਦੀਆ ਫ਼ਿਰਕਾ'।

**ਕਾਨਪੁਰ** (ਨਗਰ): ਉੱਤਰ ਪ੍ਰਦੇਸ਼ ਸੂਬੇ ਦਾ ਇਕ ਪ੍ਰਮੁਖ ਉਦਯੋਗਿਕ ਨਗਰ ਜਿਸ ਦਾ ਪਹਿਲਾਂ ਨਾਂ ਕਨ੍ਹੀਆਪੁਰ ਦਸਿਆ ਜਾਂਦਾ ਹੈ। ਸੰਨ 1666 ਈ. ਵਿਚ ਪੂਰਬ ਦਿਸ਼ਾ ਦੀ ਯਾਤ੍ਰਾ ਵੇਲੇ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਚ ਠਹਿਰੇ ਸਨ। ਇਥੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਕ ਨਿੱਕਾ ਜਿਹਾ ਗੁਰਦੁਆਰਾ ਬਣਾਇਆ ਗਿਆ ਸੀ। ਬਾਦ ਵਿਚ ਸੰਤ ਪ੍ਰਦੁਮਨ ਸਿੰਘ ਨੇ ਉਸ ਨੂੰ ਨਵਾਂ ਰੂਪ ਦਿੱਤਾ। ਸੰਨ 1971 ਈ. ਤਕ ਨਵੀਂ ਉਸਰੀ ਆਲੀਸ਼ਾਨ ਇਮਾਰਤ ਵੀ ਹੋਂਦ ਵਿਚ ਆ ਗਈ। ਹੁਣ ਇਹ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ' ਦੇ ਨਾਂ ਨਾਲ ਮਸ਼ਹੂਰ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਕਾਨੜਾ ਰਾਗ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 62 ਚਉਪਦੇ, ਛੇ ਅਸ਼ਟਪਦੀਆਂ, ਇਕ ਛੰਤ ਅਤੇ ਇਕ ਵਾਰ ਮ. ੪ ਦੀ ਹੈ। ਭਗਤ-ਬਾਣੀ ਪ੍ਰਕਰਣ ਵਿਚ ਨਾਮਦੇਵ ਜੀ ਦਾ ਇਕ ਸ਼ਬਦ ਹੈ।

*ਚਉਪਦੇ* ਪ੍ਰਕਰਣ ਦੇ ਕੁਲ 62 ਚਉਪਦਿਆਂ ਵਿਚੋਂ 12 ਗੁਰੂ ਰਾਮਦਾਸ ਜੀ ਦੇ ਹਨ ਜਿਨ੍ਹਾਂ ਵਿਚੋਂ ਛੇ ਵਿਚ ਦੋ ਦੋ ਅਤੇ ਛੇ ਵਿਚ ਚਾਰ ਚਾਰ ਪਦਿਆਂ ਦੇ ਜੁਟ ਸ਼ਾਮਲ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਸਾਧ-ਜਨਾਂ ਦੀ ਸੰਗਤ ਕਰਨ ਉਤੇ ਬਹੁਤ ਬਲ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਦੇ ਲਿਖੇ 50 ਚਉਪਦਿਆਂ ਵਿਚੋਂ 38 ਦੋ ਦੋ ਪਦਿਆਂ ਵਾਲੇ, ਦੋ ਤਿੰਨ ਤਿੰਨ ਪਦਿਆਂ ਵਾਲੇ ਅਤੇ 10 ਚਾਰ ਚਾਰ ਪਦਿਆਂ ਵਾਲੇ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਗੁਰਮਤਿ ਸਿੱਧਾਂਤਾਂ ਦੀ ਵਿਸਤਾਰ ਸਹਿਤ ਵਿਆਖਿਆ ਕੀਤੀ ਹੈ।

*ਅਸ਼ਟਪਦੀਆਂ* ਪ੍ਰਕਰਣ ਵਿਚ ਗੁਰੂ ਰਾਮਦਾਸ ਜੀ ਆਪਣੀਆਂ ਛੇ ਅਸ਼ਟਪਦੀਆਂ ਦੇ ਛਕੇ ਵਿਚ ਹਰਿ-ਨਾਮ ਜਪਣ ਲਈ ਪ੍ਰੇਰਣਾ ਦਿੰਦਿਆਂ ਦਸਦੇ ਹਨ ਕਿ ਨਾਮ ਦੇ ਸੁਆਦ ਨਾਲ ਹੋਰ ਸਾਰੇ ਸੁਆਦ ਭੁਲ ਜਾਂਦੇ ਹਨ।

ਇਸ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਲਿਖਿਆ ਕੇਵਲ ਇਕ *ਛੰਤ* ਸੰਕਲਿਤ ਹੋਇਆ ਹੈ। ਚਾਰ ਪਦਿਆਂ ਦੇ ਇਸ ਸਮੁੱਚ ਵਿਚ ਮੋਖ-ਅਵਸਥਾ ਦੀ ਪ੍ਰਾਪਤੀ ਨਾਮ ਰਾਹੀਂ ਸੰਭਵ ਦਸ ਕੇ ਗੁਰੂ ਦੀ ਸੰਗਤ ਵਿਚ ਜਾਣ ਦੀ ਤਾਕੀਦ ਕੀਤੀ ਗਈ ਹੈ।

ਇਸ ਤੋਂ ਬਾਦ 'ਕਾਨੜੇ ਰਾਗ ਕੀ ਵਾਰ ਮ. ੪' (ਵੇਖੋ) ਦਰਜ ਹੈ।

*ਭਗਤ-ਬਾਣੀ* ਦੇ ਪ੍ਰਕਰਣ ਦੇ ਇਕੋ ਇਕ ਸ਼ਬਦ ਵਿਚ ਨਾਮਦੇਵ ਜੀ ਨੇ ਦਸਿਆ ਹੈ ਕਿ ਪਰਮਾਤਮਾ ਸਭ ਦੇ ਦਿਲਾਂ ਵਿਚ ਵਸਦਾ ਹੈ— *ਬਸੈ ਘਟਾ ਘਟ ਲੀਪ ਨ ਛੀਪੈ।* (ਗੁ.ਗ੍ਰੰ.1318)।

**ਕਾਨੜੇ ਕੀ ਵਾਰ ਮਹਲਾ ੪ :** ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਕਾਨੜਾ ਰਾਗ ਵਿਚ ਸੰਕਲਿਤ ਹੈ। ਇਸ ਵਾਰ ਦੇ ਆਰੰਭ ਵਿਚ ਲਿਖਿਆ ਹੈ— 'ਮੂਸੇ ਕੀ ਵਾਰ ਕੀ ਧੁਨੀ'। ਇਸ ਤੋਂ ਸਾਫ਼ ਹੈ ਕਿ ਗੁਰੂ ਜੀ ਨੇ ਮੂਸੇ ਦੀ ਬਹਾਦਰੀ ਦਾ ਵਰਣਨ ਕਰਨ ਵਾਲੀ ਵਾਰ ਦੀ ਪ੍ਰਸਿੱਧੀ ਕਰਕੇ ਇਸ ਵਾਰ ਨੂੰ ਉਸ ਦੀ ਧੁਨੀ ਉਤੇ ਗਾਉਣ ਦਾ ਆਦੇਸ਼ ਦਿੱਤਾ ਹੈ। ਰਵਾਇਤ ਅਨੁਸਾਰ ਮੂਸਾ ਇਕ ਬਹਾਦਰ ਸੂਰਮਾ ਸੀ। ਉਸ ਦੀ ਮੰਗੇਤਰ ਦਾ ਕਿਸੇ ਹੋਰ ਰਾਜੇ ਨਾਲ ਵਿਆਹ ਹੋ ਗਿਆ। ਉਸ ਨੇ ਖਿਝ ਕੇ ਉਸ ਰਾਜੇ ਉਤੇ ਹਮਲਾ ਕਰਕੇ ਉਸ ਨੂੰ ਆਪਣੀ ਮੰਗੇਤਰ ਸਮੇਤ ਪਕੜ ਲਿਆਉਂਦਾ। ਜਦੋਂ ਉਸ ਇਸਤਰੀ ਤੋਂ ਮਨ ਦੀ ਇੱਛਾ ਪੁਛੀ ਗਈ ਤਾਂ ਉਸ ਨੇ ਨਿਸੰਗ ਹੋ ਕੇ ਕਿਹਾ ਕਿ ਮੇਰਾ ਜਿਸ ਨਾਲ ਵਿਆਹ ਹੋ ਚੁਕਿਆ ਹੈ,

ਉਸੇ ਨਾਲ ਰਹਿਣਾ ਚਾਹਾਂਗੀ। ਇਸ ਉੱਤਰ ਨੂੰ ਸੁਣ ਕੇ ਮੂਸੇ ਨੇ ਦੋਹਾਂ ਨੂੰ ਮਾਫ਼ ਕਰ ਦਿੱਤਾ ਅਤੇ ਬੜੇ ਮਾਣ-ਸਤਿਕਾਰ ਨਾਲ ਵਿਦਾ ਕੀਤਾ। ਇਸ ਸਾਕੇ ਨੂੰ ਲੈ ਕੇ ਢਾਢੀਆਂ ਨੇ ਇਕ ਵਾਰ ਬਣਾਈ ਸੀ।

ਪ੍ਰਸਤੁਤ ਵਾਰ ਵਿਚ ਪੰਜ ਪੰਜ ਤੁਕਾਂ ਦੀਆਂ 15 ਪਉੜੀਆਂ ਹਨ। ਹਰ ਪਉੜੀ ਵਿਚ ਦੋ ਦੋ ਸ਼ਲੋਕ ਦਰਜ ਹਨ। ਵਿਸ਼ੇਸ਼ਤਾ ਇਹ ਹੈ ਕਿ ਪਉੜੀਆਂ ਵਾਂਗ ਸਾਰੇ ਸ਼ਲੋਕ ਵੀ ਗੁਰੂ ਰਾਮਦਾਸ ਜੀ ਦੇ ਲਿਖੇ ਹਨ। ਸ਼ਲੋਕਾਂ ਦਾ ਆਕਾਰ ਦੋ ਤੁਕਾਂ ਤੋਂ ਲੈ ਕੇ ਸੱਤ ਤੁਕਾਂ ਤਕ ਹੈ। ਪਉੜੀਆਂ ਦੀ ਭਾਸ਼ਾ ਦਾ ਸਰੂਪ ਪੂਰਬੀ ਪੰਜਾਬੀ ਵਾਲਾ ਹੈ ਅਤੇ ਸਾਧ-ਭਾਖਾ ਦਾ ਪ੍ਰਭਾਵ ਵੀ ਸਪੱਸ਼ਟ ਮਿਲਦਾ ਹੈ, ਪਰ ਸ਼ਲੋਕ ਲਹਿੰਦੀ ਪੰਜਾਬੀ ਦੇ ਪ੍ਰਭਾਵ ਵਾਲੇ ਹਨ।

ਇਸ ਵਾਰ ਵਿਚ ਦਸਿਆ ਗਿਆ ਹੈ ਕਿ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ ਆਪ ਕੀਤੀ ਹੈ ਅਤੇ ਆਪ ਹੀ ਇਸ ਵਿਚ ਸਰਵ-ਵਿਆਪਕ ਹੈ, ਪਰ ਉਹ ਇਸ ਸਭ ਤੋਂ ਨਿਰਲਿਪਤ ਵੀ ਹੈ। ਉਸ ਦੀ ਭਗਤੀ ਕਰਨ ਵਾਲਾ ਅਤੇ ਗੁਰੂ ਜੀ ਸੰਗਤ ਵਿਚ ਰਹਿ ਕੇ ਨੈਤਿਕ ਮਾਰਗ ਉਤੇ ਚਲਣ ਵਾਲਾ ਵਿਅਕਤੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ। ਭਗਤੀ ਅਤੇ ਨਾਮ-ਸਿਮਰਨ ਨਾਲ ਜਨਮ-ਜਨਮਾਂਤਰਾਂ ਦੇ ਪਾਪ ਧੁਲ ਜਾਂਦੇ ਹਨ— *ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ। ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ।* (ਗੁ.ਗ੍ਰੰ.1318)।

**ਕਾਨ੍ਹ ਸਿੰਘ** (ਮ. 1716 ਈ.): ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਨ 1708 ਈ. ਵਿਚ ਨਾਂਦੇੜ ਤੋਂ ਬੰਦਾ ਬਹਾਦਰ ਨਾਲ ਤੋਰੇ ਪੰਜ ਸਿੰਘਾਂ ਵਿਚ ਇਕ, ਜੋ ਬਾਬਾ ਬਿਨੋਦ ਸਿੰਘ ਤ੍ਰੇਹਣ ਖਤ੍ਰੀ ਦਾ ਸੁਪੁੱਤਰ ਸੀ ਅਤੇ ਇਸ ਦਾ ਪਿਤਾ ਵੀ ਉਨ੍ਹਾਂ ਪੰਜ ਸਿੰਘਾਂ ਵਿਚ ਸ਼ਾਮਲ ਸੀ। ਸਰਹਿੰਦ ਦੇ ਜਿਤਣ ਤੋਂ ਬਾਦ ਬੰਦਾ ਬਹਾਦਰ ਨੇ ਇਸ ਨੂੰ ਆਪਣੇ ਪਿਤਾ ਬਿਨੋਦ ਸਿੰਘ ਦਾ ਨਾਇਬ ਬਣਾ ਕੇ ਕਰਨਾਲ ਤਾਇਨਾਤ ਕਰ ਦਿੱਤਾ ਤਾਂ ਜੋ ਬੰਦਾ ਬਹਾਦਰ ਨਾਲ ਯੁੱਧ ਕਰਨ ਲਈ ਦਿੱਲੀ ਵਲੋਂ ਪੰਜਾਬ ਨੂੰ ਆ ਰਹੀ ਫ਼ੀਰੋਜ਼ਖ਼ਾਨ ਮੇਵਾਤੀ ਦੀ ਸੈਨਾ ਨੂੰ ਅਗੇ ਨ ਵਧਣ ਦਿੱਤਾ ਜਾਏ। ਇਸ ਨੇ ਆਪਣੇ ਪਿਤਾ ਨਾਲ ਮਿਲ ਕੇ ਮੁਗ਼ਲ ਸੈਨਾ ਨੂੰ ਕਾਫ਼ੀ ਸਮਾਂ ਰੋਕੀ ਰਖਿਆ। ਜਦੋਂ ਬੰਦਾ ਬਹਾਦਰ ਫ਼ੌਜ ਸਮੇਤ ਗੁਰਦਾਸ-ਨੰਗਲ ਦੀ ਗੜ੍ਹੀ ਵਿਚ ਘਿਰ ਗਿਆ, ਤਾਂ ਇਸ ਦਾ ਬੰਦਾ ਬਹਾਦਰ ਨਾਲ ਮਤ-ਵਿਰੋਧ ਹੋ ਗਿਆ। ਫਲਸਰੂਪ ਇਹ ਗੜ੍ਹੀ ਤੋਂ ਨਿਕਲ ਆਇਆ, ਪਰ ਘੇਰਾ ਪਾਈ ਬੈਠੀ ਮੁਗ਼ਲ ਸੈਨਾ ਦੁਆਰਾ ਪਕੜ ਲਿਆ ਗਿਆ ਅਤੇ ਬੰਦੀ ਬਣਾ ਕੇ ਦਿੱਲੀ ਨੂੰ ਭੇਜੇ ਜਾ ਰਹੇ ਬਾਬਾ ਬੰਦਾ ਬਹਾਦਰ ਦੇ ਸੈਨਿਕਾਂ ਨਾਲ ਤੋਰ ਦਿੱਤਾ ਗਿਆ। ਆਖ਼ਿਰ ਇਸ ਨੇ ਦਿੱਲੀ ਵਿਚ ਸੰਨ 1716 ਈ. ਵਿਚ ਸ਼ਹਾਦਤ ਪ੍ਰਾਪਤ ਕੀਤੀ।

**ਕਾਨ੍ਹ ਸਿੰਘ ਘਰਜਾਖੀਆ** (ਮ. 1846 ਈ.): ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਦੇ ਘਰਜਾਖ ਪਿੰਡ ਵਿਚ ਸ. ਪੰਜਾਬ ਸਿੰਘ ਦੇ ਘਰ ਜਨਮਿਆ ਕਾਨ੍ਹ ਸਿੰਘ ਸ਼ੁਰੂ ਤੋਂ ਹੀ ਯੁੱਧ ਕ੍ਰਿਆ ਵਿਚ ਰੁਚੀ ਰਖਦਾ ਸੀ। ਇਸ ਦੇ ਸਿੱਖ ਫ਼ੌਜ ਵਿਚ ਭਰਤੀ ਹੋ ਜਾਣ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਦੇ ਸੈਨਿਕ ਗੁਣਾਂ ਦਾ ਪਤਾ ਲਗਿਆ। ਇਸ ਨੂੰ ਤਰੱਕੀ ਦੇ ਕੇ ਮਹਾਰਾਜਾ ਸਾਹਿਬ ਨੇ ਸੰਨ 1815 ਈ. ਦੇ ਨੇੜੇ-ਤੇੜੇ ਪੰਜ ਸੌ ਘੋੜਸਵਾਰਾਂ ਸਹਿਤ ਜ਼ਿਲ੍ਹਾ ਅਟਕ ਦੇ ਪਿੰਡੀਘੇਬ ਨਗਰ ਵਿਚ ਤਾਇਨਾਤ ਕੀਤਾ। ਉਥੇ ਨੌਂ ਸਾਲ ਰਹਿ ਕੇ ਇਸ ਨੇ ਚੰਗਾ ਪ੍ਰਬੰਧ ਕੀਤਾ ਅਤੇ ਕਿਸੇ ਦੰਗਈ ਨੂੰ ਸਿਰ ਨ ਚੁਕਣ ਦਿੱਤਾ। ਫਿਰ ਇਸ ਨੂੰ ਸ. ਹਰੀ ਸਿੰਘ ਨਲਵਾ ਦੀ ਸੈਨਾ ਨਾਲ ਜੋੜ ਦਿੱਤਾ ਗਿਆ। ਇਸ ਨੇ ਸ. ਨਲਵਾ ਦੀਆਂ ਕਈ ਫ਼ੌਜੀ ਮੁਹਿੰਮਾਂ ਵਿਚ ਹਿੱਸਾ ਲਿਆ ਅਤੇ ਯੂਸਫ਼ਜ਼ਈ ਕਬੀਲਿਆਂ ਦੇ ਪਠਾਣਾਂ ਨੂੰ ਚੰਗੀ ਤਰ੍ਹਾਂ ਦਬਾਇਆ। ਸੰਨ 1834 ਈ. ਵਿਚ ਇਸ ਨੂੰ ਕਸ਼ਮੀਰ ਭੇਜਿਆ ਗਿਆ। ਉਥੋਂ ਤਿੰਨ ਸਾਲ ਬਾਦ ਪਰਤਣ 'ਤੇ ਇਸ ਦੇ ਲੜਕੇ ਲਹਿਣਾ ਸਿੰਘ ਦਾ ਵਿਆਹ ਸ. ਹਰੀ ਸਿੰਘ ਨਲਵਾ ਦੀ ਪੁੱਤਰੀ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਮਹਾਰਾਜਾ ਖੜਕ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਰਾਜ-ਕਾਲਾਂ ਵਿਚ ਇਸ ਦਾ ਮਾਣ-ਸਤਿਕਾਰ ਕਾਇਮ ਰਿਹਾ। ਜਦੋਂ ਹੀਰਾ ਸਿੰਘ ਡੋਗਰਾ ਪ੍ਰਧਾਨ ਮੰਤਰੀ ਬਣਿਆ ਤਾਂ ਇਸ ਲਈ ਸੰਕਟ ਦੀ ਘੜੀ ਆ ਗਈ ਪਰ ਹੀਰਾ ਸਿੰਘ ਦੀ ਮ੍ਰਿਤੂ ਤੋਂ ਬਾਦ ਜਦੋਂ ਸ. ਜਵਾਹਰ ਸਿੰਘ ਪ੍ਰਧਾਨ ਮੰਤਰੀ ਬਣਿਆ, ਤਾਂ ਪਹਿਲਾਂ ਵਾਲਾ ਮਾਣ-ਸਤਿਕਾਰ ਫਿਰ ਪ੍ਰਾਪਤ ਹੋ ਗਿਆ। ਸੰਨ 1846 ਈ. ਵਿਚ ਸਿੱਖਾਂ ਦੀ ਅੰਗ੍ਰੇਜ਼ਾਂ ਨਾਲ ਹੋਈ ਪਹਿਲੀ ਲੜਾਈ ਵਿਚ ਇਹ ਮਾਰਿਆ ਗਿਆ।

**ਕਾਨ੍ਹ ਸਿੰਘ ਨਾਭਾ, ਭਾਈ** (1861-1938 ਈ.): ਵੀਹਵੀਂ ਸਦੀ ਦੇ ਪੂਰਵਾਰਧ ਦੇ ਇਕ ਪ੍ਰਮੁਖ ਸਿੱਖ ਵਿਦਵਾਨ ਜਿਨ੍ਹਾਂ ਨੇ ਸਿੱਖ ਧਰਮ-ਗ੍ਰੰਥਾਂ ਦਾ ਨਿਠ ਕੇ ਅਧਿਐਨ ਕੀਤਾ ਅਤੇ ਸਿੱਖ ਇਤਿਹਾਸ ਅਤੇ ਅਧਿਆਤਮਿਕ ਵਿਚਾਰਧਾਰਾ ਨੂੰ ਸਹੀ ਪਰਿਪੇਖ ਵਿਚ ਸਮਝਣ-ਸਮਝਾਉਣ ਦਾ ਸ਼ਲਾਘਾਯੋਗ ਉਦਮ ਕੀਤਾ।

ਆਪ ਦਾ ਜਨਮ 30 ਅਗਸਤ 1861 ਈ. (ਭਾਦੋਂ ਸੁਦੀ 10, 1918 ਬਿ.) ਵਿਚ ਪਟਿਆਲਾ ਰਿਆਸਤ ਦੇ 'ਸਬਜ ਬਨੇਰਾ' ਨਾਂ ਦੇ ਪਿੰਡ ਵਿਚ ਭਾਈ ਨਰੈਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਉਸ ਸਮੇਂ ਨਾਭੇ ਦੇ ਪ੍ਰਸਿੱਧ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਸ੍ਰੀ ਮਹੰਤ ਸਨ। ਸ਼ੁਰੂ ਵਿਚ ਆਪ ਨੇ ਭਾਈ ਰੂਪ ਸਿੰਘ ਤੋਂ ਗੁਰਮਤਿ ਅਤੇ ਫਿਰ ਬਾਵਾ ਕਲਿਆਣਦਾਸ ਤੋਂ ਸੰਸਕ੍ਰਿਤ ਪੜ੍ਹੀ। ਪਿਤਾ ਦੇ ਪ੍ਰਭਾਵ ਅਤੇ ਰਿਆਸਤ ਨਾਭਾ ਦੇ ਵਿਦਵਾਨਾਂ ਦੇ ਸੰਪਰਕ ਕਰਕੇ ਆਪ 15 ਵਰ੍ਹਿਆਂ ਦੀ ਉਮਰ ਤਕ ਚੰਗੇ ਵਿਦਵਾਨ ਬਣ ਗਏ। ਫ਼ਾਰਸੀ ਅਤੇ ਅੰਗ੍ਰੇਜ਼ੀ ਪੜ੍ਹਨ ਲਈ ਆਪ ਢਾਈ ਸਾਲ, ਦਿੱਲੀ, ਲਖਨਊ ਅਤੇ ਲਾਹੌਰ ਰਹੇ। ਇਸ ਤਰ੍ਹਾਂ ਛੇ ਭਾਸ਼ਾਵਾਂ—ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਅੰਗ੍ਰੇਜ਼ੀ— ਦੇ ਗਿਆਤਾ ਹੋ ਗਏ। ਸੰਨ 1883 ਈ. ਵਿਚ ਪ੍ਰੋ. ਗੁਰਮੁਖ ਸਿੰਘ ਦੇ ਸੰਪਰਕ ਵਿਚ ਆਉਣ ਕਾਰਣ ਆਪ ਨੇ ਸਿੰਘ ਸਭਾ ਦੇ ਆਸ਼ਿਆਂ ਨੂੰ ਆਪਣੀਆਂ ਰਚਨਾਵਾਂ ਦੁਆਰਾ ਪ੍ਰਗਟਾਇਆ।

ਸੰਨ 1884 ਈ. ਵਿਚ ਆਪ ਨਾਭਾ ਪਰਤ ਆਏ। ਮਹਾਰਾਜਾ ਨਾਭਾ ਨੂੰ ਆਪ ਦੀ ਯੋਗਤਾ ਨੇ ਪ੍ਰਭਾਵਿਤ ਕੀਤਾ ਅਤੇ ਆਪ ਨੂੰ ਰਾਜ-ਸਰਕਾਰ ਵਿਚ ਕਈ ਪਦਵੀਆਂ ਉਤੇ ਕੰਮ ਕਰਨ ਦਾ ਅਵਸਰ ਮਿਲਿਆ, ਜਿਵੇਂ ਜੱਜ, ਨਾਭਾ ਹਾਈਕੋਰਟ; ਮੈਂਬਰ, ਜੁਡਿਸ਼ੀਅਲ ਕੌਂਸਲ ਨਾਭਾ; ਵਕੀਲ, ਪੁਲੀਟੀਕਲ ਏਜੰਸੀ, ਪਟਿਆਲਾ ਆਦਿ। ਟਿਕਾ ਰਿਪੁਦਮਨ ਸਿੰਘ ਦੇ ਟਿਊਟਰ ਵੀ ਰਹੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਧਾਰਮਿਕ ਕਮੇਟੀ ਦੇ ਪ੍ਰਧਾਨ ਰਹੇ। ਇਸ ਦੌਰਾਨ ਆਪ ਕਈ ਵਾਰ ਵਿਲਾਇਤ ਗਏ। ਵਿਲਾਇਤ-ਯਾਤ੍ਰਾ ਵੇਲੇ ਆਪ ਨੇ ਮਿ. ਮਕਾਲਿਫ਼ ਦੀ 'ਸਿੱਖ ਰਿਲੀਜਨ' (ਛੇ ਭਾਗ) ਨਾਮਕ ਪੁਸਤਕ ਨੂੰ ਛਪਵਾਉਣ ਵਿਚ ਸਹਿਯੋਗ ਦਿੱਤਾ। 'ਹਮ ਹਿੰਦੂ ਨਹੀਂ' ਪੁਸਤਕ ਦੇ ਛਪਣ ਨਾਲ ਬਹੁਤ ਵਿਵਾਦ ਖੜਾ ਹੋਇਆ, ਪਰ ਆਪ ਨੇ ਡਟ ਕੇ ਸਾਹਮਣਾ ਕੀਤਾ। ਵਿਰੋਧੀਆਂ ਦੁਆਰਾ ਮਹਾਰਾਜਾ ਹੀਰਾ ਸਿੰਘ ਦੇ ਕੰਨ ਭਰੇ ਜਾਣ ਕਾਰਣ ਦੋਹਾਂ ਵਿਚ ਕੁਝ ਵਿਰੋਧ ਵੀ ਪੈਦਾ ਹੋਇਆ, ਪਰ ਸਥਿਤੀ ਫਿਰ ਬਹਾਲ ਹੋ ਗਈ। 25 ਦਸੰਬਰ 1911 ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਜਾਣ 'ਤੇ ਜਦੋਂ 1912 ਈ. ਵਿਚ ਮਹਾਰਾਜਾ ਰਿਪੁਦਮਨ ਸਿੰਘ ਗੱਦੀ ਉਪਰ ਬੈਠਾ, ਤਾਂ ਕੁਝ ਨਿਜੀ ਕਾਰਣਾਂ ਕਰਕੇ ਆਪ ਨਾਭਾ ਸਰਕਾਰ ਦੀ ਨੌਕਰੀ ਤੋਂ ਵਖ ਹੋ ਗਏ।

ਆਪ ਸੰਨ 1912 ਈ. ਵਿਚ ਸ੍ਰੀਨਗਰ ਗਏ ਅਤੇ ਉਥੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੀ ਯੋਜਨਾ ਬਣਾ ਕੇ 20 ਮਈ 1912 ਈ. ਨੂੰ ਵਿਧੀ-ਵਤ ਕੰਮ ਸ਼ੁਰੂ ਕਰ ਦਿੱਤਾ। ਇਸ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਿੱਖ ਧਰਮ ਦੇ ਹੋਰ ਗ੍ਰੰਥਾਂ, ਇਤਿਹਾਸਾਂ ਅਤੇ ਸਾਹਿਤਿਕ ਰਚਨਾਵਾਂ ਦੀ ਸ਼ਬਦਾਵਲੀ, ਪਰਿਭਾਸ਼ਿਕ ਅਤੇ ਸੰਬੋਧਾਤਮਕ ਸ਼ਬਦਾਂ ਅਤੇ ਇਤਿਹਾਸਿਕ-ਪੌਰਾਣਿਕ ਹਵਾਲਿਆਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਨੂੰ ਵਿਸ਼ਾ ਬਣਾਇਆ ਗਿਆ ਹੈ।

ਲਗਭਗ 14 ਸਾਲ ਦੀ ਅਣਥਕ ਮਿਹਨਤ ਤੋਂ ਬਾਦ 6 ਫ਼ਰਵਰੀ 1926 ਈ. ਨੂੰ ਇਹ ਕੰਮ ਸੰਪੰਨ ਹੋਇਆ। ਇਸ ਮਹਾਨ ਕਾਰਜ ਵਿਚ ਮਹੰਤ ਭਾਈ ਬਿਸ਼ਨ ਸਿੰਘ, ਪੰਡਿਤ ਕ੍ਰਿਸ਼ਨ ਦਾਸ ਉਦਾਸੀ, ਪ੍ਰੋ. ਤੇਜਾ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ, ਪ੍ਰਿੰ. ਧਰਮਾਨੰਤ ਸਿੰਘ, ਰਾਜਾ ਸਰ ਦਲਜੀਤ ਸਿੰਘ ਕਪੂਰਥਲਾ, ਸ. ਮੁਕੰਮ ਸਿੰਘ ਇੰਜੀਨੀਅਰ ਸ਼ਿਮਲਾ, ਭਾਈ ਮੋਹਨ ਸਿੰਘ ਵੈਦ ਤਰਨਤਾਰਨ, ਭਾਈ ਧਰਮ ਸਿੰਘ ਵੈਦ ਬੁਦਿਆਲਾ ਨਿਵਾਸੀ, ਸ. ਨੰਦ ਸਿੰਘ ਸ਼ਿਮਲਾ, ਧਨੌਲਾ ਨਿਵਾਸੀ ਮੌਲਵੀ ਹਕੀਮ ਮਿਰਜ਼ਾ ਮੁਹੰਮਦ ਨਜ਼ੀਰ, ਸ. ਕਰਮ ਸਿੰਘ ਹਿਸਟੋਰੀਅਨ, ਲਾਲਾ ਧਨੀ ਰਾਮ ਚਾਤ੍ਰਿਕ ਆਦਿ ਵਿਦਵਾਨਾਂ, ਮਹਾਪੁਰਸ਼ਾਂ ਨੇ ਆਪਣੀ ਆਪਣੀ ਵਿਸ਼ੇਸ਼ੱਗਤਾ ਅਨੁਸਾਰ ਮਨੋ-ਤਨੋ ਸਹਾਇਤਾ ਕੀਤੀ। ਕੋਸ਼ ਨੂੰ ਵਿਵਸਥਿਤ ਰੂਪ ਦੇਣ ਲਈ ਭਾਈ ਸਾਹਿਬ ਪਾਸ ਆਪਣਾ ਸਕਤਰੇਤ ਵੀ ਸੀ। ਇਸ ਤਰ੍ਹਾਂ ਬੜੀ ਮਿਹਨਤ, ਲਗਨ ਅਤੇ ਭਰਵੇਂ ਬਾਹਰਲੇ ਸਹਿਯੋਗ ਨਾਲ ਇਹ ਕਾਰਜ ਮੁਕੰਮਲ ਹੋਇਆ।

ਇਸ ਦੀ ਛਪਾਈ ਲਈ ਫ਼ਰੀਦਕੋਟ ਰਿਆਸਤ ਦੇ ਰਾਜਾ ਬ੍ਰਿਜਿੰਦ੍ਰ ਸਿੰਘ ਨੇ ਵਚਨ ਦਿੱਤਾ ਸੀ, ਪਰ ਉਹ ਇਸ ਦੇ ਸੰਪੂਰਣ ਹੋਣ ਤੋਂ ਪਹਿਲਾਂ ਹੀ ਸੰਸਾਰ ਛਡ ਗਏ। ਮਹਾਰਾਜਾ

ਰਿਪੁਦਮਨ ਸਿੰਘ ਦੇ ਸੰਨ 1923 ਈ. ਵਿਚ ਗੱਦੀਓਂ ਲਥ ਜਾਣ 'ਤੇ ਨਾਭਾ ਸਰਕਾਰ ਨੇ ਵੀ ਸਹਾਇਤਾ ਦੇਣੋਂ ਨਾਹ ਕਰ ਦਿੱਤੀ। ਫਿਰ ਪੰਜ ਸੌ ਗਾਹਕ ਬਣਾ ਕੇ ਉਨ੍ਹਾਂ ਤੋਂ ਅੱਧੀ ਕੀਮਤ (35 ਰੁ.) ਪੇਸ਼ਗੀ ਲੈ ਕੇ ਛਾਪਣ ਦਾ ਖ਼ੁਦ ਉਦਮ ਕੀਤਾ, ਪਰ ਦੋ ਸੌ ਤੋਂ ਉਪਰ ਗਾਹਕ ਨ ਬਣ ਸਕਣ ਕਾਰਣ ਯੋਜਨਾ ਸਿਰੇ ਨ ਚੜ੍ਹ ਸਕੀ। ਆਖ਼ਿਰ ਮਹਾਰਾਜਾ ਭੂਪਿੰਦ੍ਰ ਸਿੰਘ ਪਟਿਆਲਾ ਨੇ ਬੜੀ ਉਦਾਰਤਾ ਨਾਲ ਇਸ ਦੇ ਛਾਪਣ ਉਤੇ ਹੋਣ ਵਾਲਾ ਖ਼ਰਚਾ (51000 ਰੁਪਏ) ਦੇਣਾ ਪ੍ਰਵਾਨ ਕੀਤਾ। 26 ਅਕਤੂਬਰ 1927 ਈ. ਤੋਂ ਇਹ ਗ੍ਰੰਥ ਸੁਦਰਸ਼ਨ ਪ੍ਰੈਸ ਅੰਮ੍ਰਿਤਸਰ ਵਿਚ ਛਪਣਾ ਸ਼ੁਰੂ ਹੋਇਆ ਅਤੇ 13 ਅਪ੍ਰੈਲ 1930 ਈ. ਨੂੰ ਇਸ ਦੀ ਛਪਾਈ ਦਾ ਕੰਮ ਖ਼ਤਮ ਹੋਇਆ। ਉਸ ਤੋਂ ਬਾਦ ਜਲਦੀ ਹੀ 3335 ਪੰਨਿਆਂ ਦੇ ਇਸ ਕੋਸ਼ ਨੂੰ ਚਾਰ ਸੈਂਚੀਆਂ ਵਿਚ ਜਿਲਦਬੰਦੀ ਕਰਵਾ ਕੇ ਤਿਆਰ ਕਰ ਲਿਆ ਗਿਆ। ਉਦੋਂ ਇਸ ਦੀ ਕੀਮਤ 110 ਰੁ. ਰਖੀ ਗਈ।

ਸੰਨ 1960 ਈ. ਵਿਚ ਇਸ ਨੂੰ ਚਾਰ ਸੈਂਚੀਆਂ ਦੀ ਥਾਂ ਇਕ ਸੈਂਚੀ ਵਿਚ ਸਮੇਟਣ ਲਈ ਭਾਸ਼ਾ ਵਿਭਾਗ ਨੇ ਉਦਮ ਕੀਤਾ ਅਤੇ 3335 ਪੰਨਿਆਂ ਨੂੰ ਕੁਲ 835 ਪੰਨਿਆਂ ਵਿਚ ਸਮੋ ਦਿੱਤਾ। ਭਾਈ ਕਾਨ੍ਹ ਸਿੰਘ ਵਲੋਂ ਕੀਤੇ ਨਵੇਂ ਵਾਧਿਆਂ ਦੇ 99 ਪੰਨੇ ਵੀ ਅੰਤ ਉਤੇ ਜੋੜ ਦਿੱਤੇ ਗਏ। ਇਸ ਤੋਂ ਇਲਾਵਾ 21 ਪੰਨਿਆਂ ਦੀ ਆਰੰਭਿਕ ਸਾਮਗ੍ਰੀ ਵੀ ਛਾਪੀ ਗਈ। ਇਸ ਗ੍ਰੰਥ ਵਿਚ ਲਗਭਗ ਛੇ ਦਰਜਨ ਫ਼ੋਟੋ ਅਤੇ ਨਕਸ਼ੇ ਸ਼ਾਮਲ ਕੀਤੇ ਗਏ। ਇਸ ਦੀ ਕੁਲ ਕੀਮਤ 42 ਰੁ. ਰਖੀ ਗਈ। ਇਸ ਤੋਂ ਬਾਦ ਭਾਸ਼ਾ ਵਿਭਾਗ ਇਸ ਦੇ ਕਈ ਸੰਸਕਰਣ ਛਾਪ ਚੁਕਿਆ ਹੈ ਅਤੇ ਨੈਸ਼ਨਲ ਬੁਕ ਸ਼ਾਪ, ਦਿੱਲੀ ਵਾਲਿਆਂ ਨੇ ਵੀ ਇਕ ਸੰਸਕਰਣ ਪ੍ਰਕਾਸ਼ਿਤ ਕੀਤਾ ਹੈ।

ਹੁਣ ਤਕ ਸਿੱਖ ਧਰਮ, ਸਾਹਿਤ, ਇਤਿਹਾਸ ਅਤੇ ਪਰੰਪਰਾਵਾਂ ਸੰਬੰਧੀ ਇਸ ਕੋਸ਼ ਨੂੰ ਅਧਿਕਾਰੀ ਰਚਨਾ ਵਜੋਂ ਸਵੀਕ੍ਰਿਤੀ ਪ੍ਰਾਪਤ ਰਹੀ ਹੈ। ਪਰ ਇਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਵੱਸ਼ਕ ਵਾਧੇ ਕਰਨ ਦਾ ਕੋਈ ਉਦਮ ਨਹੀਂ ਹੋਇਆ। ਇਸ ਗ੍ਰੰਥ ਤੋਂ ਇਲਾਵਾ 'ਗੁਰਮਤਿ ਪ੍ਰਭਾਕਰ' (1898 ਈ.), 'ਗੁਰਮਤਿ ਸੁਧਾਕਰ' (1898 ਈ.), 'ਗੁਰਛੰਦ ਦਿਵਾਕਰ' (1924 ਈ.), 'ਗੁਰ ਸ਼ਬਦਾਲੰਕਾਰ' (1925 ਈ.), 'ਚੰਡੀ ਦੀ ਵਾਰ ਸਟੀਕ' (1935 ਈ.), 'ਗੁਰਮਤਿ ਮਾਰਤੰਡ' (1962 ਈ.) ਅਤੇ 'ਸ੍ਰੀ ਗੁਰੂ ਮਹਿਮਾ ਰਚਨਾਵਲੀ' (1984 ਈ.) ਨਾਮਕ ਪੁਸਤਕਾਂ ਵੀ ਗੁਰਮਤਿ ਵਿਸ਼ਿਆਂ ਨਾਲ ਸੰਬੰਧਿਤ ਭਾਈ ਕਾਨ੍ਹ ਸਿੰਘ ਦੀਆਂ ਮਹੱਤਵ-ਪੂਰਣ ਰਚਨਾਵਾਂ ਹਨ। ਡਾ. ਰਛਪਾਲ ਕੌਰ ਨੇ ਸੰਨ 1983 ਈ. ਵਿਚ 'ਭਾਈ ਕਾਨ੍ਹ ਸਿੰਘ ਦੇ ਅਪ੍ਰਕਾਸ਼ਿਤ ਸਫ਼ਰਨਾਮੇ' ਨਾਂ ਦੀ ਪੁਸਤਕ ਵੀ ਛਾਪੀ ਹੈ।

ਆਪ 21ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਪ੍ਰਧਾਨ ਬਣਾਏ ਗਏ ਅਤੇ ਸੰਨ 1932 ਈ. ਵਿਚ ਹਿੰਦ ਸਰਕਾਰ ਵਲੋਂ 'ਸਰਦਾਰ ਬਹਾਦਰ' ਦਾ ਖ਼ਿਤਾਬ ਹਾਸਲ ਕੀਤਾ। ਆਪ ਦਾ 23 ਨਵੰਬਰ 1938 ਈ. ਨੂੰ ਨਾਭਾ ਵਿਚ ਦੇਹਾਂਤ ਹੋਇਆ।

**ਕਾਫ਼ੀ** : 'ਕਾਫ਼ੀ' ਕੀ ਹੈ ? ਇਸ ਬਾਰੇ ਵਿਦਵਾਨਾਂ ਵਿਚ ਮਤ -ਏਕਤਾ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨਕੋਸ਼' ਵਿਚ ਇਸ ਬਾਰੇ ਦਸਦਿਆਂ ਦੋ ਮੁੱਖ ਸਥਾਪਨਾਵਾਂ ਕੀਤੀਆਂ ਹਨ। ਪਹਿਲੀ ਇਹ ਕਿ ਇਹ ਕਾਫ਼ੀ ਠਾਟ ਦੀ ਸੰਪੂਰਣ ਰਾਗਿਨੀ ਹੈ। ਇਸ ਨੂੰ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਲਗਦੇ ਹਨ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ। ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਕਈਆਂ ਨੇ ਕਾਫ਼ੀ ਨੂੰ ਧਮਾਰ ਨਾਉਂ ਦਿੱਤਾ ਹੈ।... ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਫ਼ੀ ਵਖਰੀ ਨਹੀਂ ਲਿਖੀ, ਕਿੰਤੂ ਆਸਾ, ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾ ਕੇ ਲਿਖੀ ਗਈ ਹੈ। ਦੂਜੀ ਇਹ ਕਿ ਇਹ ਗੀਤ ਦੀ ਇਕ ਧਾਰਣਾ ਹੈ। ਅਰਬੀ ਵਿਚ 'ਕਾਫ਼ੀ' ਦਾ ਅਰਥ ਹੈ ਪਿਛੇ ਚਲਣ ਵਾਲਾ, ਅਨੁਚਰ, ਅਨੁਗਾਮੀ। ਛੰਦ ਦਾ ਉਹ ਪਦ, ਜੋ ਸਥਾਈ (ਰਹਾਉ) ਹੋਵੇ, ਜਿਸ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ, ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮ ਪੁਰ ਆਵੇ, ਸੋ 'ਕਾਫ਼ੀ' ਹੈ। ਇਹ ਛੰਦ ਦੀ ਖ਼ਾਸ ਜਾਤਿ ਨਹੀ, ਸੂਫ਼ੀ ਫ਼ਕੀਰ ਜੋ ਪ੍ਰੇਮ-ਰਸ ਭਰੇ ਪਦ ਗਾਇਆ ਕਰਦੇ ਸਨ ਅਤੇ ਜਿਨ੍ਹਾਂ ਪਿਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ, ਉਹ 'ਕਾਫ਼ੀ' ਨਾਮ ਤੋਂ ਪ੍ਰਸਿੱਧ ਹਨ।

'ਕਾਫ਼ੀ' ਵਾਸਤੇ ਕੋਈ ਛੰਦ ਨਿਸਚਿਤ ਨਹੀਂ ਅਤੇ ਨ ਹੀ ਇਹ ਖ਼ੁਦ ਕੋਈ ਛੰਦ ਹੈ। ਇਸ ਨੂੰ ਚੌਪਈ, ਤਾਟੰਕ ਆਦਿ ਛੰਦਾਂ ਵਿਚ ਲਿਖਿਆ ਜਾ ਸਕਦਾ ਹੈ।

ਡਾ. ਮੋਹਨ ਸਿੰਘ ਨੇ 'ਸ਼ਾਹ ਹੁਸੈਨ' ਨਾਮਕ ਪੁਸਤਕ ਵਿਚ ਕਾਫ਼ੀ ਨੂੰ 'ਰਾਗਨੀ' ਮੰਨਿਆ ਹੈ ਅਤੇ ਗੁਰਬਾਣੀ ਦੇ ਚਉਪਦਿਆਂ ਨੂੰ ਵੀ ਕਾਫ਼ੀ ਕਹਿਣੋਂ ਸੰਕੋਚ ਨਹੀਂ ਕੀਤਾ।

ਪਰ ਪ੍ਰਿੰਸੀਪਲ ਤੇਜਾ ਸਿੰਘ ਨੇ 'ਸਾਹਿਤ ਦਰਸ਼ਨ' ਵਿਚ ਇਸ ਨੂੰ ਛੰਦ ਜਾਂ ਕਾਵਿ-ਰੂਪ ਕਿਹਾ ਹੈ।

ਸਪੱਸ਼ਟ ਹੈ ਕਿ ਅਜੇ ਤਕ 'ਕਾਫ਼ੀ' ਨੂੰ ਠੀਕ ਢੰਗ ਨਾਲ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਿਆ। ਅਸਲ ਵਿਚ 'ਕਾਫ਼ੀ' ਇਕ ਪ੍ਰਕਾਰ ਦਾ ਰੂਹਾਨੀ ਗੀਤ ਹੈ ਜੋ ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਵਿਚ ਇਸ ਤਰ੍ਹਾਂ ਗਾਇਆ ਜਾਂਦਾ ਹੈ ਜਿਸ ਤਰ੍ਹਾਂ ਸਿੱਖ ਧਰਮ ਦੇ ਦੀਵਾਨਾਂ ਵਿਚ ਚਉਪਦੇ ਅਥਵਾ ਸ਼ਬਦ ਅਤੇ ਵੈਸ਼ਣਵ ਜਾਂ ਸਗੁਣ ਭਗਤਾਂ ਦੀਆਂ ਮੰਡਲੀਆਂ ਵਿਚ ਬਿਸਨਪਦੇ ਗਾਏ ਜਾਂਦੇ ਹਨ। 'ਕਾਫ਼ੀ' ਨੂੰ ਵਿਕਾਸ ਦੀਆਂ ਅਨੇਕ ਮੰਜ਼ਲਾਂ ਵਿਚੋਂ ਲੰਘਣਾ ਪਿਆ ਹੈ। ਇਸ ਲਈ ਸ਼ੁਰੂ ਵਿਚ, ਸੰਭਵ ਹੈ, ਇਹ ਗਾਉਣ ਦੀ ਕੋਈ ਤਰਜ਼ ਰਹੀ ਹੋਵੇ ਅਤੇ ਜੋ ਕਾਲਾਂਤਰ ਵਿਚ ਵਿਸ਼ੇਸ਼ ਰਾਗਿਨੀ ਵਜੋਂ ਪ੍ਰਚਲਿਤ ਵੀ ਹੋ ਗਈ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ, ਤੀਜੇ, ਚੌਥੇ, ਪੰਜਵੇਂ ਅਤੇ ਨੌਵੇਂ ਗੁਰੂਆਂ ਦੀ ਲਿਖੀਆਂ ਕਾਫ਼ੀਆਂ ਮਿਲਦੀਆਂ ਹਨ। ਇਨ੍ਹਾਂ ਦਾ ਮੁੱਖ ਵਿਸ਼ਾ ਹੈ ਸੰਸਾਰਿਕਤਾ ਦਾ ਮੋਹ ਤਿਆਗਣਾ, ਹਉਮੈ ਤੋਂ ਬਚਣਾ ਆਦਿ।

**ਕਾਮ** (ਮਨੋ-ਵਿਕਾਰ): ਗੁਰੂ ਗ੍ਰੰਥ ਸਾਹਿਬ ਵਿਚ ਬਹੁ-ਚਰਚਿਤ ਪੰਜ ਵਿਕਾਰਾਂ ਵਿਚੋਂ ਕਾਮ ਉਸ ਰਾਗਾਤਮਕ ਬਿਰਤੀ ਨੂੰ ਕਹਿੰਦੇ ਹਨ ਜੋ ਹਰ ਇਕ ਪ੍ਰਾਣੀ ਵਿਚ ਮੌਜੂਦ ਹੈ। ਇਹ ਬੜੀ ਸ਼ਕਤੀਸ਼ਾਲੀ ਬਿਰਤੀ ਹੈ। ਇਸ ਨੂੰ ਦਬਾਣਾ ਬਹੁਤ ਕਠਿਨ ਹੈ। ਇਹੀ, ਵੈਦਿਕ ਦਰਸ਼ਨ ਅਨੁਸਾਰ ਸ੍ਰਿਸ਼ਟੀ ਦੀ ਉਤਪੱਤੀ ਦਾ ਮੂਲ ਕਾਰਣ ਹੈ। ਇਹ ਮਾਨਵ ਸ਼ਰੀਰ ਅਤੇ ਚੇਤਨਾ ਦਾ ਅਭਿੰਨ ਅੰਗ ਹੈ।

ਭਾਰਤੀ ਵਿਸ਼ਵਾਸ ਅਨੁਸਾਰ ਪ੍ਰਜਾਪਤੀ ਦੇ ਇਕਲਾਪੇ ਨੂੰ ਖ਼ਤਮ ਕਰਨ ਲਈ ਉਸ ਦੇ ਸ਼ਰੀਰ ਦੇ ਦੋ ਭਾਗ ਕੀਤੇ ਗਏ—ਇਕ ਇਸਤਰੀ ਅਤੇ ਇਕ ਪੁਰਸ਼। ਇਨ੍ਹਾਂ ਦਾ ਪਰਸਪਰ ਆਕਰਸ਼ਣ ਕਾਮ ਭਾਵ ਦਾ ਵਾਸਤਵਿਕ ਰੂਪ ਹੈ। ਪ੍ਰਕ੍ਰਿਤੀ ਦੇ ਇਸ ਤੱਥ ਨੂੰ ਆਧੁਨਿਕ ਮਨੋਵਿਗਿਆਨ ਨੇ ਬਿਲਕੁਲ ਸਥਾਪਿਤ ਕਰ ਦਿੱਤਾ ਹੈ ਕਿ ਹਰ ਪੁਰਸ਼ ਦੇ ਅੰਦਰ ਇਕ ਇਸਤਰੀ ਸਮਾਈ ਹੋਈ ਹੈ ਅਤੇ ਹਰ ਇਸਤਰੀ ਦੇ ਮਨ ਅੰਦਰ ਪੁਰਸ਼ ਦੀ ਸੱਤਾ ਹੈ। ਅਰਧਨਾਰੀਸ਼ੁਰ ਸਿੱਧਾਂਤ ਵੀ ਇਸੇ ਗੱਲ ਉਤੇ ਨਿਰਭਰ ਕਰਦਾ ਹੈ ਜਾਂ ਇਸ ਗੱਲ ਨੂੰ ਦ੍ਰਿੜ੍ਹ ਕਰਾਉਣ ਲਈ 'ਅਰਧਨਾਰੀਸ਼ੁਰ' ਸਰੂਪ ਦੀ ਕਲਪਨਾ ਕੀਤੀ ਗਈ ਹੈ।

ਭਾਰਤੀ ਵਿਚਾਰ ਪਰੰਪਰਾ ਕਾਮ ਨੂੰ ਪ੍ਰੇਮ ਦਾ ਦੇਵਤਾ ਮੰਨਦੀ ਹੈ। ਇਸ ਦੇ ਕਈ ਨਾਮਾਂਤਰ ਹਨ, ਜਿਵੇਂ ਮਾਰ, ਮਨੋਜ, ਅਨੰਗ, ਮਦਨ ਆਦਿ। ਇਸ ਨੂੰ ਪੱਛਮੀ ਵਿਦਵਾਨਾਂ ਨੇ ਇਰੋਸ, ਕਿਊਪਿਡ ਆਦਿ ਨਾਂਵਾਂ ਨਾਲ ਯਾਦ ਕੀਤਾ ਹੈ।

ਵੈਦਿਕ ਸਾਹਿਤ ਵਿਚ ਇਸ ਨੂੰ ਪਹਿਲਾਂ ਕਾਮਨਾ ਰੂਪ ਵਿਚ ਪ੍ਰਤੀਤ ਹੁੰਦਾ ਦਸਿਆ ਗਿਆ ਹੈ ਜੋ ਅਗੋਂ ਜਾ ਕੇ ਸ਼ਕਤੀ ਪੁੰਜ ਬਣ ਜਾਂਦਾ ਹੈ ਅਤੇ ਕਾਮਨਾ ਦੀ ਤ੍ਰਿਪਤੀ ਕਰਦਾ ਹੈ। 'ਅਥਰਵ-ਵੇਦ' ਵਿਚ ਕਾਮ ਨੂੰ ਇਸ ਸੰਸਾਰ ਵਿਚ ਸਭ ਤੋਂ ਪਹਿਲਾਂ ਪੈਦਾ ਹੋਇਆ ਲਿਖਿਆ ਹੈ। ਦੇਵਤਿਆਂ ਅਤੇ ਮਨੁੱਖਾਂ ਵਿਚ ਇਸ ਦੇ ਬਰਾਬਰ ਹੋਰ ਕੋਈ ਵੀ ਨਹੀਂ ਹੈ। ਇਹ ਉਨ੍ਹਾਂ ਸਭ ਨਾਲੋਂ ਉੱਚਾ ਅਤੇ ਸਦੀਵੀ ਤੌਰ 'ਤੇ ਮਹਾਨ ਹੈ। ਇਸ ਤਰ੍ਹਾਂ ਇਹ ਪਰਮ-ਸੱਤਾ ਦੇ ਤੁੱਲ ਹੈ।

ਕਾਮ ਦੇ ਜਨਕ ਅਤੇ ਜਨਨੀ ਬਾਰੇ ਵੀ ਵਖ ਵਖ ਮਤ ਪ੍ਰਚਲਿਤ ਹਨ। 'ਤੈਤਿਰੀਯ-ਬ੍ਰਾਹਮਣ' ਅਨੁਸਾਰ ਇਹ ਧਰਮ-ਰਾਜ ਦਾ ਪੁੱਤਰ ਹੈ ਜੋ ਸ਼ਰਧਾ ਦੇਵੀ ਦੀ ਕੁੱਖੋਂ ਪੈਦਾ ਹੋਇਆ। 'ਹਰਿਵੰਸ਼-ਪੁਰਾਣ' ਅਨੁਸਾਰ ਇਹ ਲੱਛਮੀ ਦਾ ਪੁੱਤਰ ਹੈ। ਇਸੇ ਤਰ੍ਹਾਂ ਕਿਸੇ ਨੇ ਇਸ ਨੂੰ ਬ੍ਰਹਮਾ ਦੇ ਹਿਰਦੇ ਤੋਂ, ਕਿਸੇ ਨੇ ਜਲ ਵਿਚੋਂ ਜੰਮਿਆ ਕਿਹਾ ਹੈ ਅਤੇ ਕਿਸੇ ਨੇ ਅਜਨਮਾ ਵੀ ਕਹਿ ਦਿੱਤਾ ਹੈ।

ਪੁਰਾਣ-ਸਾਹਿਤ ਵਿਚ ਇਸ ਦੀ ਪਤਨੀ ਦਾ ਨਾਂ 'ਰਤਿ' ਲਿਖਿਆ ਹੈ। ਜਦੋਂ ਸ਼ਿਵ ਤਪਸਿਆ ਵਿਚ ਲੀਨ ਸੀ ਤਾਂ ਕਾਮ ਨੇ ਉਸ ਨੂੰ ਪਾਰਬਤੀ ਲਈ ਉਕਸਾਇਆ। ਸ਼ਿਵ ਨੇ ਕ੍ਰੋਧਵਾਨ ਹੋ ਕੇ ਆਪਣੀ ਤੀਜੀ ਅੱਖ ਨਾਲ ਕਾਮ ਨੂੰ ਭਸਮ ਕਰ ਦਿੱਤਾ। ਬਾਦ ਵਿਚ ਸ਼ਿਵ ਨੇ ਦਯਾਵਾਨ ਹੋ ਕੇ ਇਸ ਨੂੰ ਕ੍ਰਿਸ਼ਣ ਅਤੇ ਰੁਕਮਿਣੀ ਦੇ ਘਰ ਪ੍ਰਦੁਮਨ ਦੇ ਰੂਪ ਵਿਚ ਜਨਮ ਲੈਣ ਦੀ ਆਗਿਆ ਦਿੱਤੀ। ਇਸ ਦਾ ਇਕ ਪੁੱਤਰ 'ਅਨਿਰੁੱਧ' ਅਤੇ ਇਕ ਪੁੱਤਰੀ 'ਤ੍ਰਿਸ਼ਾ' ਵੀ ਹਨ।

ਕਾਮ ਅਪੱਛਰਾਵਾਂ ਜਾਂ ਪਰੀਆਂ ਦਾ ਸੁਆਮੀ ਹੈ। ਇਸ ਦੇ ਹੱਥ ਵਿਚ ਗੰਨੇ ਦੀ ਬਣੀ ਹੋਈ ਕਮਾਨ ਹੈ ਜਿਸ ਦਾ ਚਿੱਲਾ ਸ਼ਹਿਦ ਦੀਆਂ ਮੱਖੀਆਂ ਦੀ ਤੰਦ ਦਾ ਹੁੰਦਾ ਹੈ। ਫੁਲ ਇਸ ਦੇ ਤੀਰ ਹਨ। ਇਹ ਬਹੁਤ ਸੁੰਦਰ ਜਵਾਨ ਹੈ ਅਤੇ ਤੋਤੇ ਦੀ ਸਵਾਰੀ ਕਰਦਾ ਹੈ। ਇਸ ਦੇ ਨਾਲ ਵਿਚਰਨ ਵਾਲੀਆਂ ਅਪੱਛਰਾਵਾਂ ਵਿਚੋਂ ਇਕ ਦੇ ਹੱਥ ਵਿਚ ਮਕਰ-ਧੁਜ ਹੈ।

ਭਾਰਤੀ ਚਿੰਤਕਾਂ ਨੇ ਕਾਮ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕਰਦਿਆਂ ਇਸ ਨੂੰ ਚਾਰ ਪੁਰਸ਼ਾਰਥਾਂ (ਧਰਮ, ਅਰਥ,

ਕਾਮ, ਮੋਕਸ਼) ਵਿਚ ਗਿਣਿਆ ਹੈ ਅਤੇ ਧਰਮ ਦੁਆਰਾ ਨਿਯੰਤ੍ਰਿਤ ਮੰਨਿਆ ਹੈ। 'ਛਾਂਦੋਗ੍ਯ-ਉਪਨਿਸ਼ਦ' (1/1/6) ਵਿਚ ਲਿਖਿਆ ਹੈ ਕਿ ਯੋਨੀ-ਲਿੰਗ-ਸੰਯੋਗ ਰਹੱਸਾਤਮਕ ਸ਼ਬਦ 'ਓਅੰ' ਦਾ ਸਮਾਨਾਰਥਕ ਹੈ। ਜਦ ਦੋਹਾਂ ਦਾ ਮੇਲ ਹੁੰਦਾ ਹੈ ਤਾਂ ਇਕ ਦੂਜੇ ਦੀ ਇੱਛਾ ਪੂਰੀ ਹੁੰਦੀ ਹੈ ਅਤੇ ਤ੍ਰਿਪਤੀ ਦੀ ਪ੍ਰਾਪਤੀ ਹੁੰਦੀ ਹੈ। ਫ਼੍ਰਾਇਡ, ਜੁੰਗ, ਐਡਲਰ ਆਦਿ ਮਨੋਵਿਗਿਆਨੀਆਂ ਨੇ ਆਪਣੇ ਆਪਣੇ ਢੰਗ ਨਾਲ ਕਾਮ ਦੇ ਮਹੱਤਵ ਉਤੇ ਪ੍ਰਕਾਸ਼ ਪਾਇਆ ਹੈ ਅਤੇ ਮਨੁੱਖ ਦੇ ਮਨੋਮਈ ਭੇਦ ਨੂੰ ਜਾਣਨ ਦਾ ਯਤਨ ਕੀਤਾ ਹੈ।

ਕਾਮ ਦੇ ਮੁੱਖ ਤੌਰ 'ਤੇ ਦੋ ਰੂਪ ਮੰਨੇ ਗਏ ਹਨ— ਇਕ ਵਾਸਨਾ ਅਤੇ ਦੂਜਾ ਪ੍ਰੇਮ। ਕਾਮ ਦੇ ਵਾਸਨਾ ਵਾਲੇ ਰੂਪ ਵਿਚ ਦੁਖ ਜਾਂ ਖੇਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਪ੍ਰੇਮ ਸਦਾ ਸੁਖ ਅਤੇ ਆਨੰਦ ਬਖ਼ਸ਼ਦਾ ਹੈ। ਮੱਧ-ਯੁਗ ਦੇ ਧਰਮ ਸਾਧਕਾਂ ਨੇ ਵਾਸਨਾ ਦੇ ਤਿਆਗ ਅਤੇ ਸੱਚੇ ਪ੍ਰੇਮ ਨੂੰ ਅਪਣਾਉਣ ਉਤੇ ਬਲ ਦਿੱਤਾ ਹੈ। ਪ੍ਰੇਮ ਤੋਂ ਸ਼ਕਤੀ ਪੈਦਾ ਹੁੰਦੀ ਹੈ ਅਤੇ ਵਾਸਨਾ ਨਾਲ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਕਾਮ ਦੇ ਪ੍ਰੇਮਮਈ ਰੂਪ ਦੀ ਮਹਾਨਤਾ ਨੂੰ ਸਾਹਮਣੇ ਰਖਦੇ ਹੋਇਆਂ ਧਰਮ-ਸਾਧਕਾਂ ਨੇ ਪ੍ਰੇਮ-ਭਗਤੀ ਦੀ ਪਿਰਤ ਪਾਈ ਹੈ। ਪਰ ਇਹ ਬੜੀ ਕਠਿਨ ਸਾਧਨਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸੱਚੇ ਪ੍ਰੇਮ ਲਈ ਪਹਿਲਾਂ ਸੀਸ ਭੇਟ ਕਰਨਾ ਪੈਂਦਾ ਹੈ— *ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।*(ਗੁ.ਗ੍ਰੰ.1412)।

ਗੁਰੂ ਜੀ ਨੇ ਕਾਮ ਦੇ ਵਾਸਨਾ ਵਾਲੇ ਰੂਪ ਦੀ ਮਨੋ-ਵਿਕਾਰ ਵਜੋਂ ਨਿਖੇਧੀ ਕੀਤੀ ਹੈ— *ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ। ਨਾਮ ਬਿਨਾ ਕੈਸੇ ਗੁਨ ਚਾਰੁ।*(ਗੁ.ਗ੍ਰੰ.1187)। ਇਸ ਦੀ ਪ੍ਰਬਲਤਾ ਨਾਲ ਸ਼ਰੀਰ ਰੁਗਣ ਹੋ ਜਾਂਦਾ ਹੈ ਅਤੇ ਇੰਜ ਗਲ ਜਾਂਦਾ ਹੈ ਜਿਵੇਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ— *ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।*(ਗੁ.ਗ੍ਰੰ.932)। ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸ਼ਲੋਕਾਂ ਵਿਚ ਕਾਮ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਨਰਕਾਂ ਵਿਚ ਨਿਵਾਸ ਦਿਵਾਉਣ ਵਾਲੇ ਕਾਮ ਦਾ ਡਰ ਕੇਵਲ ਸਾਧ-ਸੰਗਤ ਵਿਚ ਜਾਣ ਨਾਲ ਕਟਿਆ ਜਾ ਸਕਦਾ ਹੈ— *ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ। ਚਿਤ ਹਰਣੰ ਤ੍ਰੈਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ। ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ। ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ।* (ਗੁ. ਗ੍ਰੰ.1358)।

ਵਾਸਨਾਮਈ ਕਾਮ ਦੇ ਵਿਕਸਿਤ ਹੋਣ ਦੀ ਦਸ਼ਾ ਵਿਚ ਮਨੁੱਖ ਪਰ-ਇਸਤਰੀ ਵਲ ਝਾਕਦਾ ਹੈ। ਇਸ ਨਾਲ ਸਮਾਜਿਕ ਮਾਨਤਾਵਾਂ ਦਾ ਬਹੁਤ ਨਿਘਾਰ ਹੁੰਦਾ ਹੈ। ਕਾਮੀ ਪੁਰਸ਼ ਅਜਿਹਾ ਕਰਮ ਕਰਨ ਵੇਲੇ ਸੋਚਦਾ ਹੋਵੇ ਕਿ ਮੈਨੂੰ ਕੋਈ ਵੇਖ ਨਹੀਂ ਰਿਹਾ, ਪਰ ਰੱਬ ਦੀ ਅੱਖ ਤੋਂ ਕਿਵੇਂ ਬਚ ਸਕਦਾ ਹੈ ? ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ — *ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ। ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ।* (ਗੁ.ਗ੍ਰੰ.616)। ਕਾਮ ਦੇ ਵਾਸਨਾ ਪ੍ਰਧਾਨ ਪ੍ਰਭਾਵ ਤੋਂ ਬਚਣ ਲਈ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਨਾਮ ਦੀ ਆਰਾਧਨਾ ਉਤੇ ਬਲ ਦਿੱਤਾ ਹੈ— *ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ। ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਭਰੁ ਤੂ ਤਾਰੀ।*(ਗੁ.ਗ੍ਰੰ.1125)

**ਕਾਮਨਾ** : ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਇੱਛਾ, ਚਾਹ, ਅਭਿਲਾਸ਼ਾ। ਅਧਿਆਤਮਿਕਤਾ ਵਿਚ ਰੁਚੀ ਰਖਣ ਵਾਲੇ ਵਿਅਕਤੀ ਮੁਕਤੀ ਦੇ ਅਭਿਲਾਸ਼ੀ ਹੁੰਦੇ ਹਨ। ਇਸ ਲਈ ਉਨ੍ਹਾਂ ਦਾ ਇਕ ਉਦਮ ਤੀਰਥ-ਯਾਤ੍ਰਾ ਕਰਨਾ ਹੈ। ਉਹ ਤੀਰਥਾਂ ਉਤੇ ਪ੍ਰਾਣ ਵੀ ਤਿਆਗਦੇ ਹਨ, ਪਰ ਜਦ ਤਕ ਉਨ੍ਹਾਂ ਦੇ ਮਨ ਤੋਂ ਹਉਮੈ ਨਹੀਂ ਜਾਂਦੀ, ਸਭ ਕੁਝ ਕੀਤੇ ਦਾ ਕੋਈ ਲਾਭ ਨਹੀਂ। 'ਸੁਖਮਨੀ' ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਮਨ ਕਾਮਨਾ ਤੀਰਥ ਦੇਹ ਛੁਟੈ। ਗਰਬੁ ਗੁਮਾਨੁ ਨ ਮਨ ਤੇ ਹੁਟੈ।*(ਗੁ.ਗ੍ਰੰ.265)। ਸੋਰਠ ਰਾਗ ਵਿਚ ਵੀ ਗੁਰੂ ਜੀ ਨੇ ਕਿਹਾ ਹੈ ਕਿ ਤੀਰਥਾਂ ਉਤੇ ਜਾ ਕੇ ਵਸਣ ਅਤੇ ਕਾਸ਼ੀ ਵਿਚ ਜਾ ਕੇ ਕਲਵਤ੍ਰ ਨਾਲ ਆਪਣੇ ਆਪ ਨੂੰ ਚਿਰਵਾਉਣ ਦਾ ਕੋਈ ਲਾਭ ਨਹੀਂ ਕਿਉਂਕਿ ਅਜਿਹਾ ਕਰਨ ਨਾਲ ਮਨ ਦੀ ਮੈਲ ਨਹੀਂ ਉਤਰਦੀ ਅਤੇ ਜਦ ਤਕ ਮਨ ਦੀ ਮੈਲ ਨਹੀਂ ਉਤਰਦੀ ਤਦ ਤਕ ਅਧਿਆਤਮਿਕ ਕਲਿਆਣ ਸੰਭਵ ਨਹੀਂ— *ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ। ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ।*(ਗੁ.ਗ੍ਰੰ.642)। ਕਾਮਨਾ ਦੇ ਨਿਰਉਦੇਸ਼ ਜਾਂ ਦੁਰਭਾਵ ਨੂੰ 'ਵਾਸਨਾ' ਕਿਹਾ ਜਾਣ ਲਗਾ ਹੈ।

**ਕਾਮਾਗਾਟਾ ਮਾਰੂ** (ਜਹਾਜ਼) : ਬਾਬਾ ਗੁਰਦਿੱਤ ਸਿੰਘ ਦੁਆਰਾ ਭਾੜੇ ਤੇ ਲਿਆ ਇਕ ਜਹਾਜ਼, ਜਿਸ ਦਾ ਸੰਬੰਧ ਬਜਬਜ ਘਾਟ ਦੇ ਸਾਕੇ ਨਾਲ ਹੈ। ਵੇਖੋ 'ਗੁਰਦਿੱਤ ਸਿੰਘ, ਬਾਬਾ'।

**ਕਾਰ-ਸੇਵਾ** : ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਪਿਛੋਕੜ ਵਾਲੇ 'ਕਾਰ' ਸ਼ਬਦ ਦਾ ਅਰਥ ਹੈ— ਕੰਮ, ਕਾਰਜ, ਕ੍ਰਿਆ। ਪ੍ਰਯੋਗ ਵੇਲੇ ਸੰਦਰਭ ਅਨੁਸਾਰ ਇਸ ਸ਼ਬਦ ਦੇ ਅਰਥਾਂ ਦੇ ਘੇਰੇ ਵਿਚ ਕੁਝ ਵਿਸਤਾਰ ਵੀ ਕਰ ਲਿਆ ਜਾਂਦਾ ਰਿਹਾ ਹੈ। ਸਿੱਖ-ਜਗਤ ਵਿਚ ਇਹ ਸ਼ਬਦ 'ਸੇਵਾ' ਅਤੇ 'ਭੇਂਟ' ਨਾਲ ਮਿਲ ਕੇ ਦੋ ਸੰਯੁਕਤ ਰੂਪ ਧਾਰਣ ਕਰਦਾ ਹੈ, ਜਿਵੇਂ 'ਕਾਰ-ਸੇਵਾ' ਅਤੇ 'ਕਾਰ-ਭੇਟ' (ਵੇਖੋ)। ਇਨ੍ਹਾਂ ਵਿਚੋਂ ਕਾਰ- ਸੇਵਾ ਦਾ ਪਰਿਭਾਸ਼ਿਕ ਅਰਥ ਬਣਦਾ ਹੈ— ਸ਼ਰੀਰਿਕ ਉਦਮ ਰਾਹੀਂ ਸੇਵਾ ਕਰਨਾ। ਗੁਰੂ-ਧਾਮਾਂ ਦੀ ਉਸਾਰੀ, ਸਮਾਜਿਕ ਜਾਂ ਲੋਕ-ਭਲਾਈ ਦੇ ਕਾਰਜਾਂ ਆਦਿ ਵਿਚ ਵਿਅਕਤੀਗਤ ਜਾਂ ਸਮੂਹਿਕ ਤੌਰ 'ਤੇ ਸ਼ਾਮਲ ਹੋ ਕੇ ਸ਼ਰੀਰਿਕ ਉਦਮ ਨਾਲ ਹਿੱਸਾ ਪਾਉਣਾ ਆਦਿ ਇਸ ਸੇਵਾ ਦੇ ਅਨੇਕ ਰੂਪ ਹਨ।

ਇਸ ਪ੍ਰਕਾਰ ਦੀ ਸੇਵਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਸ਼ਰਧਾਲੂਆਂ ਤੋਂ ਲੋਕ-ਹਿਤ ਦੇ ਕਾਰਜਾਂ ਨੂੰ ਸੰਪੰਨ ਕਰਾਉਣ ਲਈ ਕੀਤਾ ਸੀ। ਗੁਰੂ ਜੀ ਨੇ ਅੰਤਿਮ ਸਮੇਂ ਕਰਤਾਰਪੁਰ ਵਿਚ ਰਹਿ ਕੇ ਇਸੇ ਪ੍ਰਕਾਰ ਦੀ ਸੇਵਾ ਦਾ ਜਜ਼ਬਾ ਆਪਣੇ ਅਨੁਯਾਈਆ ਦੇ ਮਨ ਵਿਚ ਭਰਿਆ। ਗੋਇੰਦਵਾਲ ਵਿਚ ਬਾਉਲੀ ਦੀ ਉਸਾਰੀ, ਗੁਰੂ ਰਾਮਦਾਸ ਸਰੋਵਰ ਅਤੇ ਹਰਿਮੰਦਿਰ ਸਾਹਿਬ ਦੀ ਉਸਾਰੀ ਲਈ ਕਾਰ-ਸੇਵਾ ਦੀ ਵਿਧੀ ਅਪਣਾਈ ਜਾਂਦੀ ਰਹੀ। ਉਸ ਤੋਂ ਬਾਦ ਸਿੱਖ-ਜਗਤ ਵਿਚ ਇਸ ਨੂੰ ਅਧਿਆਤ-ਮਿਕ ਕਾਰਜ ਵਜੋਂ ਮਾਨਤਾ ਦੇ ਦਿੱਤੀ ਗਈ।

ਹਰਿਮੰਦਿਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ-ਸੇਵਾ ਇਤਿਹਾਸਿਕ ਮਹੱਤਵ ਰਖਦੀ ਹੈ। ਮੁਸਲਮਾਨ ਪ੍ਰਸ਼ਾਸਕਾਂ ਅਤੇ ਹਮਲਾਵਰਾਂ ਦੁਆਰਾ ਇਸ ਧਰਮ-ਮੰਦਿਰ ਦੀ ਬੇਅਦਬੀ ਕੀਤੀ ਜਾਂਦੀ ਰਹੀ ਅਤੇ ਸਰੋਵਰ ਨੂੰ ਪੂਰਵਾ ਕੇ ਸਿੱਖਾਂ ਦੇ ਇਸ ਧਰਮ-ਕੇਂਦਰ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾਂਦੇ ਰਹੇ। ਪਰ ਜਨ-ਸਮੂਹ ਨੇ ਇਨ੍ਹਾਂ ਚੁਣੌਤੀਆਂ ਦਾ ਕਾਰ-ਸੇਵਾ ਰਾਹੀਂ ਸਾਹਮਣਾ ਕੀਤਾ ਅਤੇ ਸਰੋਵਰ ਦੀ ਸਫ਼ਾਈ ਕੀਤੀ। 20ਵੀਂ ਸਦੀ ਵਿਚ 17 ਜੂਨ 1923 ਈ. ਨੂੰ ਸਰੋਵਰ ਦੀ ਕਾਰ-ਸੇਵਾ ਰਾਹੀਂ ਸਫਾਈ ਕੀਤੀ ਗਈ। ਫਿਰ 50 ਵਰ੍ਹੇ ਬਾਦ 31 ਮਾਰਚ 1973 ਈ. ਨੂੰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਕੀਤੀ ਗਈ। ਕਹਿੰਦੇ ਹਨ ਕਿ ਉਸ ਦਿਨ 10 ਲੱਖ ਵਿਅਕਤੀ ਸ਼ਾਮਲ ਹੋਣ ਲਈ ਆਏ ਸਨ ਅਤੇ ਉਹ ਕੰਮ 10 ਦਿਨਾਂ ਵਿਚ ਸੰਪੰਨ ਹੋਇਆ ਸੀ। 25 ਮਾਰਚ 2004 ਈ. ਵਿਚ ਫਿਰ ਸਰੋਵਰ ਦੀ ਕਾਰ-ਸੇਵਾ ਕਰਵਾਈ ਗਈ ਹੈ।

ਹੁਣ ਗੁਰੂ-ਧਾਮਾਂ ਦੀ ਉਸਾਰੀ, ਸਰੋਵਰਾਂ ਦੀ ਸਫ਼ਾਈ, ਸਰਾਵਾਂ ਆਦਿ ਦਾ ਨਿਰਮਾਣ, ਜਨ-ਹਿਤ ਲਈ ਸੜਕਾਂ, ਸਰਾਵਾਂ ਆਦਿ ਦੀ ਸਿਰਜਨਾ ਵਿਚ ਇਸ ਸੇਵਾ ਦੇ ਵਖਰੇ ਵਖਰੇ ਰੂਪ ਵੇਖੇ ਜਾ ਸਕਦੇ ਹਨ। ਸਿੱਖ-ਜਗਤ ਦੀ ਇਹ ਬਿਰਤੀ ਇਤਨੀ ਸ਼ੋਭਾ-ਸ਼ਾਲੀ ਅਤੇ ਉਪਯੋਗੀ ਹੈ ਕਿ ਹੋਰਨਾਂ ਧਰਮਾਂ ਵਾਲੇ ਵੀ ਇਸ ਦਾ ਅਨੁਸਰਣ ਕਰਨ ਲਗ ਗਏ ਹਨ।

**ਕਾਰਣ-ਸ਼ਰੀਰ** : ਵੇਦਾਂਤ ਅਨੁਸਾਰ ਜੀਵ ਦੇ ਤਿੰਨ ਸ਼ਰੀਰ ਮੰਨੇ ਗਏ ਹਨ— ਸਥੂਲ, ਸੂਖਮ ਅਤੇ ਕਾਰਣ। ਅਵਿਦਿਆ ਨਾਲ ਯੁਕਤ ਆਤਮਾ ਨੂੰ 'ਜੀਵ' ਕਹਿੰਦੇ ਹਨ। ਜੀਵ ਦਾ ਸਥੂਲ ਸ਼ਰੀਰ ਭੌਤਿਕ ਤੱਤ੍ਵਾਂ ਨਾਲ ਰੂਪ ਧਾਰਦਾ ਹੈ। ਉਸ ਦਾ ਸੂਖਮ ਸ਼ਰੀਰ ਗਿਆਨ ਇੰਦ੍ਰੀਆਂ, ਕਰਮ ਇੰਦ੍ਰੀਆਂ, ਪ੍ਰਾਣ, ਮਨ ਅਤੇ ਬੁੱਧੀ ਨਾਲ ਬਣਦਾ ਹੈ।

ਜੀਵ ਦਾ ਕਾਰਣ ਸ਼ਰੀਰ ਅਵਿਦਿਆ ਹੈ। ਇਹ ਮੁਕਾਬਲਤਨ ਸਥਾਈ ਹੁੰਦਾ ਹੈ। ਸਥੂਲ ਸ਼ਰੀਰ ਦੇ ਨਸ਼ਟ ਹੋਣ 'ਤੇ ਇਸ ਦਾ ਵਿਨਾਸ਼ ਨਹੀਂ ਹੁੰਦਾ। ਕਾਰਣ ਸ਼ਰੀਰ ਵਿਭਿੰਨ ਜਨਮਾਂ ਵਿਚ ਜੀਵ ਦੇ ਨਾਲ ਲਗਿਆ ਰਹਿੰਦਾ ਹੈ। ਕਾਰਣ ਸ਼ਰੀਰ ਨਾਲ ਯੁਕਤ ਹੋਣ ਕਰਕੇ ਜੀਵ ਨੂੰ ਪ੍ਰਾਗ੍ਯ (ਜੀਵਾਤਮਾ) ਕਹਿੰਦੇ ਹਨ। ਕਾਰਣ ਸ਼ਰੀਰ ਇਸ ਲਈ ਅਖਵਾਉਂਦਾ ਹੈ ਕਿ ਪ੍ਰਕ੍ਰਿਤੀ ਦਾ ਇਕ ਵਿਸ਼ਿਸ਼ਟ ਰੂਪ ਹੋਣ ਕਰਕੇ ਇਹ ਸਥੂਲ ਅਤੇ ਸੂਖਮ ਸ਼ਰੀਰ ਦਾ ਕਾਰਣ ਹੈ ਕਿਉਂਕਿ ਇਹ ਪ੍ਰਕ੍ਰਿਤੀ ਤੋਂ ਹੀ ਪੈਦਾ ਹੁੰਦਾ ਹੈ। ਜੀਵ ਨੂੰ ਜਦ ਗਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਨੂੰ ਆਪਣੇ ਆਤਮ-ਸਰੂਪ ਦਾ ਬੋਧ ਹੋ ਜਾਂਦਾ ਹੈ, ਤਦ ਅਵਿਦਿਆ ਨਾਲ ਬਣਿਆ 'ਕਾਰਣ ਸ਼ਰੀਰ' ਵੀ ਨਸ਼ਟ ਹੋ ਜਾਂਦਾ ਹੈ। ਤਦ ਜੀਵ ਜਨਮ-ਮਰਣ ਦੇ ਬੰਧਨ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਕਾਰਣ ਸ਼ਰੀਰ ਅਰਥਾਤ ਅਵਿਦਿਆ ਨੂੰ ਕਟਣ ਉਤੇ ਬਲ ਦਿੱਤਾ ਗਿਆ ਹੈ। ਵੇਖੋ 'ਅਵਿਦਿਆ'।

**ਕਾਰ-ਭੇਟ** : ਸੰਸਕ੍ਰਿਤ ਅਤੇ ਫ਼ਾਰਸੀ ਦੋਹਾਂ ਭਾਸ਼ਾਵਾਂ ਵਿਚ ਵਰਤੇ ਜਾਣ ਵਾਲੇ 'ਕਾਰ' ਸ਼ਬਦ ਦਾ ਅਰਥ ਹੈ ਕੰਮ, ਕਾਰਜ, ਕ੍ਰਿਆ। ਪ੍ਰਯੋਗ ਵੇਲੇ ਸੰਦਰਭ ਅਨੁਸਾਰ ਇਸ ਸ਼ਬਦ ਦੇ ਅਰਥਾਂ ਦੇ ਘੇਰੇ ਵਿਚ ਕੁਝ ਵਿਸਤਾਰ ਵੀ ਹੋ ਜਾਂਦਾ ਹੈ। ਸਿੱਖ -ਜਗਤ ਵਿਚ ਇਹ ਸ਼ਬਦ 'ਭੇਟ' ਅਤੇ 'ਸੇਵਾ' ਨਾਲ ਮਿਲ ਕੇ ਦੋ ਸੰਯੁਕਤ ਰੂਪ ਧਾਰਣ ਕਰਦਾ ਹੈ, ਜਿਵੇਂ 'ਕਾਰ-ਭੇਟ' ਅਤੇ 'ਕਾਰ-ਸੇਵਾ' (ਵੇਖੋ)। ਇਨ੍ਹਾਂ ਵਿਚੋਂ 'ਕਾਰ-ਭੇਟ' ਦਾ ਪਰਿਭਾਸ਼ਿਕ ਅਰਥ ਬਣਦਾ ਹੈ — ਦਸ-ਨਹੁੰਆਂ ਦੀ ਕਮਾਈ ਵਿਚੋਂ ਗੁਰੂ ਅਗੇ ਅਰਪਿਤ ਕੀਤੀ ਜਾਣ ਵਾਲੀ ਨਗਦੀ, ਵਸਤੂ ਆਦਿ। ਬਾਣੀ ਵਿਚ ਸਪੱਸ਼ਟ ਕਿਹਾ ਗਿਆ ਹੈ— *ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।*(ਗੁ.ਗ੍ਰੰ.1245)। ਇਸ ਨੂੰ ਕਿਸੇ ਸੀਮਾ ਤਕ 'ਦਸਵੰਧ' ਵੀ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਦੀ ਭੇਟ ਨੂੰ ਆਮ ਤੌਰ 'ਤੇ ਧਰਮ-ਅਰਥ ਕਾਰਜਾਂ, ਗੁਰੂ-ਧਾਮਾਂ ਦੀ ਸੇਵਾ, ਲੰਗਰ ਦੀ ਰਸਦ ਆਦਿ ਖ਼ਰੀਦਣ ਉਤੇ ਖ਼ਰਚ ਕੀਤਾ ਜਾਂਦਾ ਹੈ।

ਉਂਜ ਤਾਂ ਇਸ ਪ੍ਰਕਾਰ ਦੀ ਭੇਟ ਦੀ ਪਰੰਪਰਾ ਭਾਰਤ ਵਿਚ ਕਿਸੇ ਨ ਕਿਸੇ ਰੂਪ ਵਿਚ ਆਦਿ-ਕਾਲ ਤੋਂ ਚਲੀ ਆ ਰਹੀ ਹੈ, ਪਰ ਸਿੱਖ ਜਗਤ ਵਿਚ ਇਹ ਇਕ ਨਿਖੜਵੇਂ ਰੂਪ ਵਿਚ ਸਾਹਮਣੇ ਆਈ ਹੈ। ਗੁਰੂ-ਕਾਲ ਵਿਚ ਇਹ ਭੇਟ ਸਿਧੀ ਗੁਰੂ ਜੀ ਨੂੰ ਪ੍ਰਸਤੁਤ ਕੀਤੀ ਜਾਂਦੀ ਸੀ, ਜਾਂ ਫਿਰ ਮਸੰਦਾਂ ਦੁਆਰਾ ਗੁਰੂ ਜੀ ਤਕ ਪਹੁੰਚਾਈ ਜਾਂਦੀ ਸੀ। ਪਰ ਮਸੰਦਾਂ ਵਿਚ ਪਸਰੀਆਂ ਦੁਰਾਚਾਰੀ ਬ੍ਰਿਤੀਆਂ ਕਾਰਣ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ-ਪ੍ਰਥਾ ਖ਼ਤਮ ਕਰ ਦਿੱਤੀ ਅਤੇ ਸਥਾਨਕ ਸੰਗਤਾਂ ਦੁਆਰਾ ਹੀ ਇਹ ਭੇਟਾ ਇਕੱਠੀ ਕੀਤੀ ਜਾਣ ਲਗੀ ਜੋ ਬਾਦ ਵਿਚ ਸੰਗਤ ਖ਼ੁਦ ਜਾ ਕੇ ਜਾਂ ਹੁੰਡੀ ਰਾਹੀਂ ਗੁਰੂ ਜੀ ਅਗੇ ਪੇਸ਼ ਕਰਦੀ ਸੀ। ਹੁਣ ਇਸ ਪ੍ਰਕਾਰ ਦੀ ਭੇਟ ਸ਼ਰਧਾਲੂ ਖ਼ੁਦ ਹੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰਖੀ ਗੋਲਕ ਵਿਚ ਪਾ ਦਿੰਦੇ ਹਨ, ਜਾਂ ਕਿਸੇ ਹੋਰ ਸਾਧਨ ਜਿਵੇਂ ਬੈਂਕ ਡਰਾਫਟ, ਮਨੀਆਰਡਰ ਰਾਹੀਂ ਭੇਜ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਗੁਰੂ-ਧਾਮਾਂ ਦਾ ਪ੍ਰਬੰਧ ਚਲਾਉਣ ਜਾਂ ਹੋਰ ਸਮਾਜਿਕ ਜਾਂ ਧਾਰਮਿਕ ਕਾਰਜਾਂ ਨੂੰ ਮੁਕੰਮਲ ਕਰਨ ਵਿਚ ਸੁਵਿਧਾ ਰਹਿੰਦੀ ਹੈ। ਇਸ ਦੇ ਖ਼ਰਚਣ ਦੀ ਵਿਵਸਥਾ ਸਥਾਨਕ ਸੰਗਤਾਂ, ਸਭਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਸੰਸਥਾਵਾਂ ਕਰਦੀਆਂ ਹਨ। ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੈਗ਼ਾਮਾਂ ਅਤੇ ਹੁਕਮਨਾਮਿਆਂ ਵਿਚ ਇਹ ਭੇਟ ਸ਼ਸਤ੍ਰਾਂ ਜਾਂ ਘੋੜਿਆਂ ਦੇ ਰੂਪ ਵਿਚ ਮੰਗੀ ਜਾਂਦੀ ਰਹੀ ਹੈ।

**ਕਾਲ** : ਸੰਸਕ੍ਰਿਤ ਦੀ 'ਕਲ੍' ਧਾਤੂ ਤੋਂ ਬਣੇ 'ਕਾਲ' ਸ਼ਬਦ ਦੇ ਅਰਥ ਮੁੱਖ ਰੂਪ ਵਿਚ ਸਮਾਂ, ਵੇਲਾ, ਮ੍ਰਿਤੂ, ਯਮ, ਦੁਰਭਿਖ, ਮਹਾਕਾਲ ਆਦਿ ਕੀਤੇ ਜਾਂਦੇ ਹਨ। ਇਸ ਦਾ ਅਰਥ 'ਸਮਾਂ' ਹੋਰ ਸਾਰਿਆਂ ਨੂੰ ਆਪਣੇ ਵਿਚ ਸਮੇਟਦਾ ਪ੍ਰਤੀਤ ਹੁੰਦਾ ਹੈ। ਕਿਉਂਕਿ ਸਮੇਂ ਦਾ ਅੰਤ ਮ੍ਰਿਤੂ ਹੈ ਅਤੇ ਮਾੜੇ ਸਮੇਂ ਦਾ ਅਰਥ ਵੀ ਦੁਰਭਿਖ ਹੈ। ਇਸ ਲਈ ਭਾਰਤੀ ਧਰਮ ਅਤੇ ਦਰਸ਼ਨ ਵਿਚ 'ਕਾਲ' ਦੀ ਬਹੁਤ ਮਹਿਮਾ ਕੀਤੀ ਗਈ ਹੈ। ਇਸ ਨੂੰ ਵਿਸ਼ਵ ਦਾ ਸਰਵ-ਸ੍ਰੇਸ਼ਠ ਮੂਲ ਤਤ੍ਵ ਮੰਨਿਆ ਜਾਂਦਾ ਹੈ, ਜਿਸ ਤੋਂ ਜਗਤ ਦੀ ਉਤਪੱਤੀ, ਸਥਿਤੀ ਅਤੇ ਲਯ ਸੰਪੰਨ ਹੁੰਦੀ ਹੈ।

ਕਾਲ ਦੀ ਸਰਵ-ਸ੍ਰੇਸ਼ਠ ਤੱਤ੍ਵ ਦੇ ਰੂਪ ਵਿਚ ਪ੍ਰਤਿਸ਼ਠਾ ਅਥਰਵ-ਵੇਦ (19/54,63) ਦੇ ਦੋ ਸੂਕ੍ਤਾਂ ਵਿਚ ਹੋਈ ਹੈ। ਸਾਂਖ੍ਯ-ਦਰਸ਼ਨ, ਨਿਆਇ-ਦਰਸ਼ਨ, ਜੈਨ- ਮਤ, ਯੋਗ-ਦਰਸ਼ਨ ਅਤੇ ਵੇਦਾਂਤ ਵਿਚ 'ਕਾਲ' ਦੀ ਭਿੰਨ ਭਿੰਨ ਢੰਗਾਂ ਨਾਲ ਵਿਆਖਿਆ ਹੋਈ ਹੈ। ਵੈਸ਼ੇਸ਼ਿਕ-ਦਰਸ਼ਨ ਵਿਚ ਮੰਨੇ ਜਾਂਦੇ ਕੁਲ ਨੌਂ ਦ੍ਰਵ੍ਯਾਂ ਵਿਚੋਂ ਇਸ ਨੂੰ ਛੇਵੇਂ ਕ੍ਰਮ ਉਤੇ ਰਖਿਆ ਗਿਆ ਹੈ। ਇਹ ਸਾਰੀ ਕ੍ਰਿਆ, ਗਤੀ ਅਤੇ ਪਰਿਵਰਤਨ ਨੂੰ ਪੈਦਾ ਕਰਨ ਵਾਲੀ ਸ਼ਕਤੀ ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਸੱਤਵਾਂ ਦ੍ਰਵ੍ਯ ਦਿਕ (ਦਿਸ਼ਾ) ਇਸ ਨੂੰ ਸੰਤੁਲਿਤ ਕਰਦਾ ਹੈ।

'ਵਿਸ਼ਣੂ-ਪੁਰਾਣ' (1/2/14) ਵਿਚ ਕਾਲ ਨੂੰ ਪਾਰਬ੍ਰਹਮ ਦਾ ਰੂਪ ਕਿਹਾ ਗਿਆ ਹੈ। 'ਹਾਰੀਤ' (ਪ੍ਰਥਮ ਸਥਾਨ, ਅ.4) ਵਿਚ ਕਾਲ ਬਾਰੇ ਵਿਸਤਾਰ ਨਾਲ ਝਾਤ ਪਾਈ ਗਈ ਹੈ। ਉਥੇ ਦਸਿਆ ਗਿਆ ਹੈ ਕਿ ਕਾਲ ਤਿੰਨ ਪ੍ਰਕਾਰ ਦਾ ਹੈ—ਅਤੀਤ (ਭੂਤ), ਅਨਾਗਤ (ਭਵਿਸ਼) ਅਤੇ ਵਰਤਮਾਨ। ਸਾਰੇ ਦੇਵਤੇ, ਰਿਸ਼ੀ, ਸਿੱਧ ਆਦਿ ਉਸ ਦੇ ਵਸ ਵਿਚ ਹਨ। ਕਾਲ ਖ਼ੁਦ ਹੀ ਭਗਵਾਨ ਹੈ, ਸਾਖਿਆਤ ਪਰਮੇਸ਼ੁਰ ਹੈ। ਇਹ ਸ੍ਰਿਸ਼ਟੀ ਦਾ ਪਾਲਨ ਅਤੇ ਸੰਘਾਰ ਕਰਨ ਵਾਲਾ ਹੈ। ਜਗਤ ਦੀ ਉਤਪੱਤੀ ਕਰਨ ਵਾਲਾ ਕਾਲ, ਉਸ ਦਾ ਅੰਤ ਕਰਨ ਵਾਲਾ ਵੀ ਹੈ। ਉਹ ਪ੍ਰਤਿਪਾਲਕ ਵੀ ਹੈ। 'ਭਾਗਵਤ-ਪੁਰਾਣ' (9/9/2) ਵਿਚ ਕਾਲ ਨੂੰ ਮ੍ਰਿਤੂ ਦਾ ਸਮਾਨ-ਅਰਥਕ ਸ਼ਬਦ ਦਸਿਆ ਗਿਆ ਹੈ।

ਗੁਰਬਾਣੀ ਵਿਚ ਇਹ ਸਮੇਂ ਦੇ ਅਰਥ ਵਿਚ ਵਰਤਿਆ ਗਿਆ ਹੈ— *ਹਰਿ ਸਿਮਰਤ ਕਾਟੈ ਸੋ ਕਾਲੁ।* (ਗੁ.ਗ੍ਰੰ.807)। ਗੁਰੂ ਅਰਜਨ ਦੇਵ ਜੀ ਨੇ ਵੀ ਆਸਾ ਰਾਗ ਵਿਚ ਇਸ ਨੂੰ ਮ੍ਰਿਤੂ ਦਾ ਵਾਚਕ ਮੰਨਦੇ ਹੋਇਆਂ ਲਿਖਿਆ ਹੈ— *ਕਾਲ ਕੈ ਫਾਂਸਿ ਸਕਲ ਸਗੁ ਸਾਂਧਿਆ।*(ਗੁ.ਗ੍ਰੰ.390)। ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਵਿਚ ਕਿਹਾ ਹੈ ਕਿ ਸੰਸਾਰ ਵਿਚ ਜੋ ਵੀ ਪੈਦਾ ਹੋਇਆ ਹੈ, ਉਸ ਦਾ ਕਾਲ ਨੇ ਸੰਘਾਰ ਕੀਤਾ ਹੈ। ਗੁਰੂ ਸ਼ਬਦ ਦੇ ਵਿਚਾਰ ਨਾਲ ਇਸ ਤੋਂ ਰਖਿਆ ਹੋ ਸਕਦੀ ਹੈ। ਦੇਵੀ ਦੇਵਤੇ ਮਾਇਆ ਦੇ ਪ੍ਰਭਾਵ ਅਧੀਨ ਹਨ। ਫਲਸਰੂਪ ਸਭ ਕਾਲ ਵਸ ਹਨ। ਗੁਰੂ ਦੀ ਸੇਵਾ ਤੋਂ ਬਿਨਾ ਕਾਲ ਤੋਂ ਬਚਿਆ ਨਹੀਂ ਜਾ ਸਕਦਾ— *ਜੋ ਉਪਜੈ ਸੋ ਕਾਲਿ ਸੰਘਾਰਿਆ। ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ। ਮਾਇਆ ਮੋਹੇ ਦੇਵੀ ਸਭਿ ਦੇਵਾ। ਕਾਲੁ ਨ ਛਾਡੈ ਬਿਨੁ ਗੁਰ ਕੀ ਸੇਵਾ।... ਹਿਰਦੈ ਸਾਚੁ ਵਸੈ ਹਰਿ ਨਾਇ। ਕਾਲੁ ਨ ਜੋਹਿ ਸਕੈ ਗੁਣ ਗਾਇ।*(ਗੁ.ਗ੍ਰੰ.227)। 'ਦਸਮ ਗ੍ਰੰਥ' ਵਿਚ ਵੀ ਇਸ ਦੀ ਮ੍ਰਿਤੂ ਦੇ ਅਰਥਾਂ ਵਿਚ ਵਰਤੋਂ ਹੋਈ ਹੈ। 'ਬਚਿਤ੍ਰ ਨਾਟਕ' (ਅਧਿ. 1) ਵਿਚ ਲਿਖਿਆ ਹੈ—*ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ। ਕਿਤੇ ਰਾਮ ਸੇ ਮੇਟਿ ਡਾਰੇ ਉਪਾਏ। ਮਹਾਦੀਨ ਕੇਤੇ ਪ੍ਰਿਥੀ ਮਾਝਿ ਹੂਏ। ਸਮੈ ਆਪਨੀ ਆਪਨੀ ਅੰਤਿ ਮੂਏ।੨੭। ਜਿਤੇ ਅਉਲੀਆ ਅੰਬੀਆ ਹੋਇ ਬੀਤੇ। ਤਿਤ੍ਯੋ ਕਾਲ ਜੀਤਾ ਨ ਤੇ ਕਾਲ ਜੀਤੇ। ਜਿਤ ਰਾਮ ਸੇ ਕ੍ਰਿਸਨ ਹੁਇ ਬਿਸਨੁ ਆਏ। ਤਿਤ੍ਯੋ ਕਾਲ ਖਾਪਿਓ ਨ ਤੇ ਕਾਲ ਘਾਏ।੨੮।*

**ਕਾਲ-ਝਰਾਣੀ** (ਪਿੰਡ): ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦਾ ਇਕ ਪਿੰਡ ਜੋ ਇਸ ਨਗਰ ਤੋਂ 35 ਕਿ.ਮੀ. ਦੱਖਣ-ਪੱਛਮ ਵਲ ਸਥਿਤ ਹੈ। ਰਵਾਇਤ ਅਨੁਸਾਰ ਆਨੰਦਪੁਰ ਦਾ ਕਿਲ੍ਹਾ ਛਡਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਂਦਿਆਂ ਸੰਨ 1706 ਈ. ਵਿਚ ਬੋਹੜੀ ਪਿੰਡ ਕੋਲੋਂ ਲੰਘਦੇ ਇਸ ਪਿੰਡ ਪਹੁੰਚੇ ਸਨ। ਗੁਰੂ ਜੀ ਦੀ ਯਾਦ ਵਿਚ ਇਥੇ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਬਣਾਇਆ ਗਿਆ ਜਿਸ ਦੀ ਨਵੀਂ ਇਮਾਰਤ 1971 ਈ. ਵਿਚ ਉਸਾਰੀ ਗਈ। ਇਸ ਗੁਰਦੁਆਰੇ ਦੀ ਵਿਵਸਥਾ ਪਿੰਡ ਦੀ ਸੰਗਤ ਹੀ ਕਰਦੀ ਹੈ।

**ਕਾਲੀ ਦੇਵੀ** : 'ਦੇਵੀ' ਅਤੇ 'ਸ਼ਾਕਤ-ਮਤ' ਦੇ ਪ੍ਰਸੰਗਾਂ/ਆਖਿਆਨਾਂ ਵਿਚ ਕਾਲੀ/ਕਾਲਿਕਾ ਦਾ ਵਿਸ਼ੇਸ਼ ਨਾਮ-ਉੱਲੇਖ ਹੁੰਦਾ ਹੈ। ਇਹ ਹਿੰਦੂ-ਮਤ ਅਤੇ ਖ਼ਾਸ ਕਰਕੇ ਦੇਵੀ ਉਪਾਸਕਾਂ ਦੀ ਇਕ ਪੂਜ੍ਯ ਦੇਵੀ (ਵੇਖੋ) ਹੈ ਜਿਸ ਦੀ ਉਤਪੱਤੀ ਬਾਰੇ 'ਮਾਰਕੰਡੇਯ-ਪੁਰਾਣ' (ਅ.81-82) ਵਿਚ ਲਿਖਿਆ ਹੈ ਕਿ ਸ਼ੁੰਭ ਅਤੇ ਨਿਸ਼ੁੰਭ ਨਾਂ ਦੇ ਦੋ ਦੈਂਤ ਭਰਾਵਾਂ ਨੇ ਦੇਵਤਿਆਂ ਨੂੰ ਹਰਾ ਕੇ ਉਨ੍ਹਾਂ ਦਾ ਸਭ ਕੁਝ ਲੁਟ ਲਿਆ। ਦੇਵਤਿਆਂ ਨੇ ਦੁਖੀ ਹੋ ਕੇ ਦੇਵੀ ਦੁਰਗਾ ਅਗੇ ਸਹਾਇਤਾ ਲਈ ਪ੍ਰਾਰਥਨਾ ਕੀਤੀ ਕਿਉਂਕਿ ਮਹਿਖਾਸੁਰ ਉਤੇ ਵਿਜੈ ਪ੍ਰਾਪਤ ਕਰਨ ਉਪਰੰਤ ਜਦ ਦੇਵੀ ਦੁਰਾਗ ਅਲੋਪ ਹੋਣ ਲਗੀ ਤਾਂ ਲੋੜ ਪੈਣ 'ਤੇ ਦੇਵਤਿਆਂ ਦੀ ਫਿਰ ਤੋਂ ਮਦਦ ਕਰਨ ਦਾ ਵਿਸ਼ਵਾਸ ਦੇ ਗਈ। ਜਦ ਦੇਵਤੇ ਸਹਾਇਤਾ ਲਈ ਲਈ ਦੇਵੀ ਦੀ ਉਸਤਤ ਕਰਨ ਲਗੇ ਤਾਂ ਗੰਗਾ ਇਸ਼ਨਾਨ ਕਰਨ ਲਈ 'ਪਾਰਬਤੀ' ਉਥੇ ਪਹੁੰਚੀ। ਪਾਰਬਤੀ ਵਲੋਂ ਉਸਤਤ ਦਾ ਕਾਰਣ ਪੁਛਣ 'ਤੇ ਉਸ ਦੇ ਸ਼ਰੀਰ ਵਿਚੋਂ 'ਸ਼ਿਵਾ' ਪ੍ਰਗਟ ਹੋਈ ਅਤੇ ਉਸ ਨੇ ਉਨ੍ਹਾਂ ਦੀ ਉਸਤਤ ਦਾ ਕਾਰਣ ਦਸਿਆ। ਪਾਰਬਤੀ ਦੇ ਸ਼ਰੀਰ-ਕੋਸ਼ ਵਿਚੋਂ ਪੈਦਾ ਹੋਣ ਕਾਰਣ ਉਸ ਦਾ ਨਾਂ 'ਕੌਸ਼ਿਕੀ' ਪਿਆ। ਕੌਸ਼ਿਕੀ ਦੇ ਪ੍ਰਗਟ ਹੋਣ ਕਾਰਣ ਪਾਰਬਤੀ ਦਾ ਸ਼ਰੀਰ ਕਾਲਾ ਹੋ ਗਿਆ। ਉਹ ਹਿਮਾਲੇ ਉਤੇ ਰਹਿਣ ਲਗੀ ਅਤੇ ਉਸ ਦਾ ਨਾਂ 'ਕਾਲਿਕਾ' ਪ੍ਰਸਿੱਧ ਹੋਇਆ। ਅਗੇ ਚਲ ਕੇ ਲਿਖਿਆ ਹੈ ਕਿ ਚੰਡ ਅਤੇ ਮੁੰਡ ਨਾਂ ਦੇ ਦੈਂਤਾਂ ਨਾਲ ਯੁੱਧ ਕਰਦਿਆਂ ਚੰਡੀ ਦੇਵੀ ਦਾ ਰੰਗ ਕਾਲਾ ਪੈ ਗਿਆ। ਉਸ ਦੇ ਮਸਤਕ ਵਿਚੋਂ ਤਲਵਾਰ, ਫੰਧੇ ਅਤੇ ਹੋਰ ਸ਼ਸਤ੍ਰਾਂ-ਅਸਤ੍ਰਾਂ ਸਹਿਤ ਭਿਆਨਕ ਰੂਪ-ਆਕਾਰ ਵਾਲੀ 'ਕਾਲੀ' ਦੀ ਉਤਪੱਤੀ ਹੋਈ।

ਤਾਂਤ੍ਰਿਕ ਸਾਹਿਤ ਵਿਚ ਲਿਖਿਆ ਹੈ ਕਿ ਦੈਂਤਾਂ ਤੋਂ ਹਾਰਨ ਉਪਰੰਤ ਸਹਾਇਤ ਲਈ ਦੇਵਤੇ ਵਿਸ਼ਣੂ, ਸ਼ਿਵ ਅਤੇ ਬ੍ਰਹਮਾ ਦੀ ਸ਼ਰਣ ਵਿਚ ਗਏ। ਉਨ੍ਹਾਂ ਤਿੰਨਾਂ ਨੇ ਇਸ ਕੰਮ ਲਈ ਮਹਾਕਾਲੀ ਨੂੰ ਬੇਨਤੀ ਕੀਤੀ। ਮਹਾਕਾਲੀ ਨੇ ਤਾਰਾ ਦੇਵੀ ਦੀ ਸਹਾਇਤਾ ਨਾਲ ਜਿਨ੍ਹਾਂ ਬਾਰ੍ਹਾਂ ਦੇਵੀਆਂ ਦੀ ਉਤਪੱਤੀ ਕੀਤੀ, ਉਨ੍ਹਾਂ ਵਿਚੋਂ ਕਾਲੀ ਦੇਵੀ ਦਾ ਨਾਂ ਪ੍ਰਮੁਖ ਹੈ। 'ਕਾਲੀਤੰਤ੍ਰ' ਅਨੁਸਾਰ ਕਾਲੀ ਦਾ ਮੁਖ ਭਿਆਨਕ ਹੈ, ਵਾਲ ਖਿਲਰੇ ਹੋਏ ਹਨ, ਉਹ ਕਪਾਲਾਂ ਦੀ ਮਾਲਾ ਨਾਲ ਸਜੀ ਹੋਈ ਹੈ ਅਤੇ ਹੱਥ ਵਿਚ ਨਰ-ਮੁੰਡ ਧਾਰਣ ਕੀਤਾ ਹੋਇਆ ਹੈ। ਉਸ ਦਾ ਰੰਗ ਕਾਲਾ ਹੈ ਅਤੇ ਬਸਤ੍ਰਾਂ ਤੋਂ ਬਿਨਾ

ਸ਼ਮਾਸ਼ਾਨ-ਭੂਮੀ ਵਿਚ ਵਿਚਰਦੀ ਹੈ।

ਪੁਰਾਣ-ਸਾਹਿਤ ਵਿਚ ਕਾਲੀ ਦੇਵੀ ਦੇ ਕਈ ਸਰੂਪ ਪ੍ਰਚਲਿਤ ਹੋਏ, ਜਿਵੇਂ ਮਹਾਕਾਲੀ, ਭਦ੍ਰਕਾਲੀ, ਰਕਸ਼ਾਕਾਲੀ, ਸ਼ਮਸ਼ਾਨਕਾਲੀ ਆਦਿ। ਪਰ, ਅਸਲ ਵਿਚ, ਉਪਾਸਕਾਂ ਨੇ ਕਾਲੀ ਨੂੰ ਹੀ ਵਖ ਵਖ ਰੂਪਾਂ ਵਿਚ ਕਲਪਿਤ ਕੀਤਾ ਹੈ।

ਡਾ. ਰਾਜਬਲੀ ਪਾਂਡੇਯ ('ਹਿੰਦੂ ਧਰਮ-ਕੋਸ਼') ਅਨੁਸਾਰ ਸ਼ਾਕਤਾਂ ਵਿਚ ਸ਼ਕਤੀ ਦੇ ਅੱਠ ਮਾਤ-ਰੂਪਾਂ ਤੋਂ ਇਲਾਵਾ ਕਾਲੀ ਦੀ ਪੂਜਾ ਦਾ ਨਿਰਦੇਸ਼ ਵੀ ਹੈ। ਪ੍ਰਾਚੀਨ ਕਾਲ ਵਿਚ ਸ਼ਕਤੀ ਦਾ ਕੋਈ ਵਿਸ਼ੇਸ਼ ਨਾਂ ਨ ਲੈ ਕੇ ਦੇਵੀ ਜਾਂ ਭਵਾਨੀ ਦੇ ਨਾਂ ਨਾਲ ਪੂਜਾ ਕੀਤੀ ਜਾਂਦੀ ਸੀ। ਭਵਾਨੀ ਤੋਂ ਹੀ ਸ਼ੀਤਲਾ ਦਾ ਬੋਧ ਹੁੰਦਾ ਹੈ। ਹੌਲੀ ਹੌਲੀ ਵਿਕਾਸ ਹੋਣ 'ਤੇ ਕਿਸੇ ਨ ਕਿਸੇ ਕਾਰਜ ਦਾ ਸੰਬੰਧ ਕਿਸੇ ਇਕ ਵਿਸ਼ੇਸ਼ ਦੇਵਤਾ/ਦੇਵੀ ਨਾਲ ਸਥਾਪਿਤ ਹੋਣ ਲਗਾ। ਕਾਲੀ ਦੀ ਪੂਜਾ ਵੀ ਇਸੇ ਵਿਕਾਸ-ਕ੍ਰਮ ਵਿਚ ਸ਼ੁਰੂ ਹੋਈ। ਬੰਗਾਲ, ਤ੍ਰਿਪੁਰਾ ਆਦਿ ਪ੍ਰਦੇਸ਼ਾਂ ਵਿਚ ਕਾਲੀ ਦੀ ਉਪਾਸਨਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਮੰਦਿਰਾਂ ਵਿਚ ਕਾਲੀ ਦੀ ਸਥਾਪਨਾ ਇਸਤਰੀ ਦੇਵੀ ਵਜੋਂ ਹੁੰਦੀ ਹੈ ਜਿਸ ਦੀਆਂ ਚਾਰ ਭੁਜਾਵਾਂ ਵਿਚੋਂ ਇਕ ਵਿਚ ਖੜਗ, ਦੂਜੀ ਵਿਚ ਦਾਨਵ ਦਾ ਸਿਰ ਹੁੰਦਾ ਹੈ ਅਤੇ ਤੀਜੀ ਵਰਦ ਮੁਦ੍ਰਾ ਅਤੇ ਚੌਥੀ ਅਭਯ ਮੁਦ੍ਰਾ ਵਿਚ ਪਸਰੀਆਂ ਹੁੰਦੀਆਂ ਹਨ। ਕੰਨਾਂ ਵਿਚ ਦੋ ਮ੍ਰਿਤਕਾਂ ਦੇ ਕੁੰਡਲ, ਗਲੇ ਵਿਚ ਨਰ-ਮੁੰਡਾਂ ਦੀ ਮਾਲਾ, ਜੀਭ ਠੋਡੀ ਤਕ ਬਾਹਰ ਨੂੰ ਨਿਕਲੀ ਹੋਈ, ਵਾਲ ਖਿਲਰੇ ਹੋਏ ਅਤੇ ਲਕ ਨਾਲ ਦਾਨਵ-ਕਰਾਂ ਦੀ ਕਰਘਨੀ ਬੰਨ੍ਹੀ ਹੋਈ ਕਾਲੀ ਜਿਤੇ ਹੋਏ ਰਾਖਸ਼ਾਂ ਦਾ ਲਹੂ ਪੀਂਦੀ ਹੋਈ ਵਿਖਾਈ ਜਾਂਦੀ ਹੈ। ਇਸ ਦੀ ਪੂਜਾ ਕੱਤਕ ਦੇ ਹਨੇਰੇ ਪੱਖ ਦੀਆਂ ਰਾਤਾਂ ਵਿਚ ਕੀਤੀ ਜਾਣੀ ਜ਼ਿਆਦਾ ਫਲਦਾਇਕ ਹੈ।

'ਦਸਮ-ਗ੍ਰੰਥ' ਵਿਚ ਚਿਤਰਿਤ ਕਾਲੀ/ਕਾਲਕਾ ਦਾ ਸਰੂਪ ਤਾਂਤ੍ਰਿਕਾਂ ਦੇ ਸਰੂਪ ਨਾਲ ਕਾਫ਼ੀ ਮੇਲ ਖਾਂਦਾ ਹੈ। 'ਸ਼ਿਵ-ਪੁਰਾਣ', ਵਿਚ ਇਸ ਨੂੰ 'ਮਹਾਕਾਲ' ਦੀ ਸ਼ਕਤੀ ਵਜੋਂ ਚਿਤਰਿਆ ਗਿਆ ਹੈ। 'ਬਚਿਤ੍ਰ-ਨਾਟਕ' ਵਿਚ ਚਰਿਤ -ਨਾਇਕ ਵਲੋਂ ਪੂਰਵ ਜਨਮ ਵਿਚ 'ਮਹਾਕਾਲ' ਦੇ ਨਾਲ ਇਸ ਦੀ ਵੀ ਆਰਾਧਨਾ ਕੀਤੀ ਦਸੀ ਗਈ ਹੈ— *ਤਹ ਹਮ ਅਧਿਕ ਤਪਸਿਆ ਸਾਧੀ। ਮਹਾਕਾਲ ਕਾਲਕਾ ਆਰਾਧੀ।* ਸਿੱਧਾਂਤਿਕ ਰੂਪ ਵਿਚ ਇਹ ਸਿੱਖ ਧਰਮ ਦੀ ਇਸ਼ਟ ਦੇਵੀ ਵਜੋਂ ਮਾਨ੍ਯ ਨਹੀਂ ਹੈ।

**ਕਾਲੂ ਨਾਥ** : ਪੰਜਾਬ ਦੇ ਮਾਲਵਾ ਖੇਤਰ ਦਾ ਇਕ ਧਾਲੀਵਾਲ ਜੱਟ ਜੋ ਵੈਸ਼ਣਵ ਸਾਧੂ ਬਣ ਕੇ ਸਾਰੇ ਦੇਸ਼ ਵਿਚ ਫਿਰਿਆ ਅਤੇ ਆਤਮ-ਕਲਿਆਣ ਲਈ ਬਠਿੰਡਾ ਜ਼ਿਲ੍ਹੇ ਦੇ ਨਿਥਾਣਾ ਕਸਬੇ ਦੇ ਨੇੜੇ ਇਕ ਜੰਡ ਦੇ ਬ੍ਰਿਛ ਹੇਠਾਂ ਸਮਾਧੀ ਲਗਾ ਦਿੱਤੀ। ਇਸ ਦੀ ਤਪਸਿਆ ਤੋਂ ਇਰਦ-ਗਿਰਦ ਦੇ ਇਲਾਕੇ ਦੇ ਲੋਕ ਬਹੁਤ ਪ੍ਰਭਾਵਿਤ ਹੋਏ। ਗੁਰੂਸਰ ਮੇਹਰਾਜ ਦੇ ਯੁੱਧ ਵੇਲੇ ਇਸ ਨੇ ਗੁਰੂ ਹਰਿਗੋਬਿੰਦ ਜੀ ਅਤੇ ਉਨ੍ਹਾਂ ਦੀ ਸੈਨਾ ਲਈ ਲੰਗਰ ਦੀ ਸੇਵਾ ਕੀਤੀ। ਗੁਰੂ ਜੀ ਇਸ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ। ਯੁੱਧ ਜਿਤਣ ਤੋਂ ਬਾਦ ਗੁਰੂ ਜੀ ਨਿਥਾਣੇ ਗਏ। ਇਸ ਨੇ ਗੁਰੂ ਜੀ ਤੋਂ ਸਿਖਿਆ ਲੈ ਕੇ ਸਿੱਖੀ ਧਾਰਣ ਕੀਤੀ। ਇਸ ਦੇ ਸ਼ਰਧਾਲੂਆਂ ਨੇ ਇਸ ਦੀ ਯਾਦ ਵਿਚ ਇਕ ਡੇਰਾ ਬਣਾਇਆ। ਹਰ ਸਾਲ ਉਸ ਡੇਰੇ ਤੇ ਕਾਲੂ ਨਾਥ ਦੀ ਯਾਦ ਮਨਾਉਣ ਲਈ ਮੇਲਾ ਲਗਦਾ ਹੈ। ਗੁਰੂ ਜੀ ਦੀ ਆਮਦ ਦੇ ਸਮਾਰਕ ਵਜੋਂ ਉਥੇ 'ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਵੇਖੋ 'ਨਿਥਾਣਾ'।

**ਕਾਲੂ, ਬਾਬਾ** : ਵੇਖੋ 'ਕਲਿਆਣ ਚੰਦ, ਬਾਬਾ'।

**ਕਾਲੇ ਖ਼ਾਨ** : ਇਕ ਪਠਾਣ ਸਰਦਾਰ ਜਿਸ ਨੂੰ ਮੁਗ਼ਲ ਸਰਕਾਰ ਵਲੋਂ ਫ਼ੌਜ ਵਿਚੋਂ ਕਢ ਦਿੱਤਾ ਗਿਆ ਸੀ। ਇਹ ਆਪਣੇ ਹੋਰ ਸਾਥੀਆਂ ਸਮੇਤ ਪੀਰ ਬੁੱਧੂਸ਼ਾਹ ਸਢੌਰੇ ਵਾਲੇ ਦੀ ਸ਼ਰਣ ਵਿਚ ਗਿਆ ਅਤੇ ਪੀਰ ਜੀ ਦੀ ਸਿਫ਼ਾਰਸ਼ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸੌ ਪਠਾਣ ਸੈਨਿਕਾਂ ਨੂੰ ਆਪਣੇ ਪਾਸ ਨੌਕਰ ਰਖ ਲਿਆ। ਇਸ ਅਧੀਨ ਸਵਾ ਸੌ ਸਵਾਰ ਸਨ। ਭੰਗਾਣੀ ਦੇ ਯੁੱਧ ਵੇਲੇ ਜਦੋਂ ਪਠਾਣ ਸਿਪਾਹੀ ਗੁਰੂ ਜੀ ਦਾ ਦਲ ਛਡ ਕੇ ਵੈਰੀ ਪਹਾੜੀ ਰਾਜਿਆਂ ਨਾਲ ਜਾ ਰਲੇ ਤਾਂ ਇਹ ਗੁਰੂ ਜੀ ਦੀ ਸੇਵਾ ਵਿਚ ਰਿਹਾ ਅਤੇ ਯੁੱਧ ਵਿਚ ਹਿੱਸਾ ਲਿਆ। ਵੇਖੋ 'ਬੁੱਧੂ ਸ਼ਾਹ, ਪੀਰ'।

**ਕਿਸ਼ਨ ਸਿੰਘ** (ਮ. 1951 ਈ.): ਸ਼ਹੀਦ ਭਗਤ ਸਿੰਘ ਦੇ ਪਿਤਾ ਸ੍ਰੀ ਕਿਸ਼ਨ ਸਿੰਘ ਦਾ ਜਨਮ ਸਰਦਾਰ ਅਰਜਨ ਸਿੰਘ ਦੇ ਘਰ ਖਟਕੜ ਕਲਾਂ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਇਸ ਦੇ ਪਿਤਾ ਰਾਸ਼ਟਰੀ ਚੇਤਨਾ ਵਾਲੇ ਇਕ ਉੱਘੇ ਵਿਅਕਤੀ ਸਨ ਜਿਸ ਕਰਕੇ ਕਿਸ਼ਨ ਸਿੰਘ ਅਤੇ ਉਸ ਦੇ ਦੂਜੇ ਦੋ ਭਰਾ—

ਅਜੀਤ ਸਿੰਘ ਅਤੇ ਸਵਰਨ ਸਿੰਘ—ਵੀ ਕ੍ਰਾਂਤੀਕਾਰੀ ਬਿਰਤੀ ਵਾਲੇ ਹੋ ਗਏ। ਕਿਸ਼ਨ ਸਿੰਘ ਦੇ ਮਨ ਵਿਚ ਸਮਾਜ ਸੇਵਾ ਦੀ ਬਹੁਤ ਭਾਵਨਾ ਸੀ। ਆਰਯ ਸਮਾਜ ਦਾ ਮੈਂਬਰ ਬਣ ਕੇ ਇਸ ਨੇ ਆਪਣੀ ਇਸ ਰੁਚੀ ਦੀ ਪੂਰਤੀ ਕਰਨ ਦਾ ਯਤਨ ਕੀਤਾ।

ਸੰਨ 1898 ਈ. ਦੇ ਕਾਲ ਵੇਲੇ ਅਤੇ ਸੰਨ 1904 ਈ. ਵਿਚ ਆਏ ਕਾਂਗੜੇ ਦੇ ਭੂਚਾਲ ਦੌਰਾਨ ਇਸ ਨੇ ਦੁਖਿਆਰਿਆਂ ਦੀ ਬਹੁਤ ਮਦਦ ਕੀਤੀ। ਸੰਨ 1906 ਈ. ਤੋਂ ਇਸ ਨੇ ਰਾਜਨੀਤੀ ਵਿਚ ਰੁਚੀ ਲੈਣੀ ਸ਼ੁਰੂ ਕੀਤੀ। ਸੰਨ 1907 ਈ. ਵਿਚ 'ਕੈਨਾਲ ਐਕਟ' ਦਾ ਵਿਰੋਧ ਕਰਨ ਕਰਕੇ ਇਸ ਨੂੰ ਦੋ ਸਾਲ ਦੀ ਕੈਦ ਭੋਗਣੀ ਪਈ। ਜੇਲ੍ਹ ਵਿਚ ਰਹਿਣ ਦੌਰਾਨ ਕੈਦੀਆਂ ਪ੍ਰਤਿ ਸਰਕਾਰ ਦੇ ਵਿਵਹਾਰ ਵਿਚ ਕਈ ਸੁਧਾਰ ਕਰਾਉਣ ਦਾ ਯਤਨ ਕੀਤਾ। ਸੰਨ 1930 ਈ. ਵਿਚ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲੈਣ ਕਾਰਣ ਸਰਕਾਰੀ ਜ਼ੁਲਮ ਨੂੰ ਸਹਿਨ ਕੀਤਾ। ਸੰਨ 1938 ਈ. ਵਿਚ ਪੰਜਾਬ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ।

ਇਸ ਨੂੰ ਆਪਣੇ ਭਰਾ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਦਾ ਵਿਸ਼ੇਸ਼ ਸੰਪਰਕ ਪ੍ਰਾਪਤ ਰਿਹਾ। ਇਸ ਦੇ ਬੋਲਣ ਅਤੇ ਭਾਸ਼ਣ ਕਰਨ ਵਿਚ ਬਹੁਤ ਜੋਸ਼ ਅਤੇ ਦਲੀਲ ਸੀ ਜੋ ਸਰੋਤਿਆਂ ਨੂੰ ਕੀਲ ਲੈਂਦੀ। ਇਹ ਵਿਸ਼ੇਸ਼ਤਾਵਾਂ ਭਗਤ ਸਿੰਘ ਨੂੰ ਵਿਰਸੇ ਵਿਚ ਮਿਲੀਆਂ ਸਨ। ਦੇਸ਼ ਵੰਡ ਤੋਂ ਪਹਿਲਾਂ ਆਜ਼ਾਦੀ ਲਈ ਅਤੇ ਆਜ਼ਾਦੀ ਮਿਲਣ ਉਪਰੰਤ ਉਸ ਦੀ ਕਾਇਮੀ ਲਈ ਪ੍ਰਯਤਨਸ਼ੀਲ ਕਿਸ਼ਨ ਸਿੰਘ ਦਾ ਦੇਹਾਂਤ ਸੰਨ 1951 ਈ. ਵਿਚ ਹੋਇਆ।

**ਕਿਸ਼ਨ ਸਿੰਘ ਗੜਗੱਜ** (1886-1926 ਈ.): ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਬੜਿੰਗ ਪਿੰਡ ਵਿਚ ਸ. ਫਤਹਿ ਸਿੰਘ ਦੇ ਘਰ ਸੰਨ 1886 ਈ. ਵਿਚ ਪੈਦਾ ਹੋਇਆ ਕਿਸ਼ਨ ਸਿੰਘ ਇਤਿਹਾਸ ਵਿਚ ਬਬਰ ਅਕਾਲੀ ਲਹਿਰ ਦੇ ਸੰਸਥਾਪਕ ਵਜੋਂ ਜਾਣਿਆ ਜਾਂਦਾ ਹੈ। ਸੰਨ 1906 ਈ. ਵਿਚ ਇਹ ਸਿਪਾਹੀ ਵਜੋਂ 35 ਸਿੱਖ ਬਟਾਲੀਅਨ ਵਿਚ ਭਰਤੀ ਹੋਇਆ ਅਤੇ ਤਰੱਕੀ ਕਰਕੇ ਹਵਲਦਾਰ-ਮੇਜਰ ਬਣਿਆ। ਉਸ ਵਕਤ ਦੀਆ ਇਤਿਹਾਸਿਕ ਘਟਨਾਵਾਂ, ਜਿਵੇਂ ਕਿ ਰਕਾਬਗੰਜ ਗੁਰਦੁਆਰੇ ਦਾ ਮੋਰਚਾ, ਬਜਬਜ ਘਾਟ ਨੇੜੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਉਤੇ ਗੋਲੀ ਚਲਾਉਣਾ, ਜਲਿਆਂ ਵਾਲਾ ਬਾਗ਼ ਦਾ ਖ਼ੂਨੀ ਸਾਕਾ ਆਦਿ ਤੋਂ ਇਹ ਬਹੁਤ ਪ੍ਰਭਾਵਿਤ ਹੋਇਆ। ਪੰਜਾਬ ਵਿਚ ਮਾਰਸ਼ਲ ਲਾਅ ਲਗਾਏ ਜਾਣ ਕਾਰਣ ਸਰਕਾਰ ਦੀ ਕੀਤੀ ਆਲੋਚਨਾ ਕਰਕੇ ਇਸ ਦਾ ਕੋਟ ਮਾਰਸ਼ਲ ਹੋਇਆ ਅਤੇ ਫ਼ੌਜੀ ਜੇਲ੍ਹ ਵਿਚ 28 ਦਿਨ ਬਾ-ਮੁਸ਼ਕਤ ਕੈਦ ਕਟਣੀ ਪਈ।

ਇਸ ਨੇ ਸੰਨ 1921 ਈ. ਤੋਂ ਫ਼ੌਜ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਤਨੋ-ਮਨੋ ਕੰਮ ਕਰਨ ਲਈ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਇਸ ਨੂੰ ਧੁਰ ਅੰਦਰੋਂ ਝੰਜੋੜ ਦਿੱਤਾ। 19 ਤੋਂ 21 ਮਾਰਚ 1921 ਈ. ਨੂੰ ਹੁਸ਼ਿਆਰ-ਪੁਰ ਵਿਚ ਹੋਈ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵੇਲੇ ਇਸ ਨੇ ਮਾਸਟਰ ਮੋਤਾ ਸਿੰਘ ਨਾਲ ਨਨਕਾਣਾ ਸਾਹਿਬ ਦੇ ਸਾਕੇ ਦੇ ਜ਼ਿੰਮੇਵਾਰ ਅਫਸਰਾਂ ਤੋਂ ਬਦਲਾ ਲੈਣ ਦੀ ਜੁਗਤ ਵਿਚਾਰੀ, ਪਰ ਸਫਲ ਨ ਹੋ ਸਕਿਆ। ਇਸ ਅਤੇ ਮਾਸਟਰ ਮੋਤਾ ਸਿੰਘ ਨੂੰ ਪਕੜਨ ਦੇ ਵਾਰੰਟ ਜਾਰੀ ਹੋ ਗਏ, ਪਰ ਇਹ ਜਿਵੇਂ ਕਿਵੇਂ ਗ੍ਰਿਫ਼ਤਾਰੀ ਤੋਂ ਬਚਦਾ ਰਿਹਾ। ਇਹ ਦੁਆਬੇ ਦੇ ਇਲਾਕੇ ਵਿਚ, ਜਦੋਂ ਵੀ ਮੌਕਾ ਲਗਦਾ, ਲੋਕਾਂ ਨੂੰ ਸਸ਼ਸਤ੍ਰ ਕ੍ਰਾਂਤੀ ਲਈ ਉਕਸਾਉਂਦਾ ਰਹਿੰਦਾ। ਇਸ ਦੇ ਭਾਸ਼ਣਾਂ ਵਿਚ ਬੇਹਦ ਜੋਸ਼ ਅਤੇ ਗੜਕ ਹੋਣ ਕਾਰਣ ਇਸ ਨੂੰ 'ਗੜਗੱਜ' ਸ਼ਬਦ ਨਾਲ ਵਿਸ਼ਿਸ਼ਟ ਕੀਤਾ ਜਾਣ ਲਗਿਆ। ਸੰਨ 1921 ਈ. ਦੇ ਅੰਤ ਵਿਚ ਇਸ ਨੇ ਇਕ ਚਕਰਵਰਤੀ ਜੱਥਾ ਬਣਾਇਆ, ਜਿਸ ਵਿਚ ਸ. ਦਲੀਪ ਸਿੰਘ ਗੋਸਲ, ਸ. ਸੁੰਦਰ ਸਿੰਘ ਬਬਰ, ਕਰਮ ਸਿੰਘ ਝਿੰਗੜ ਅਤੇ ਸੰਤ ਕਰਤਾਰ ਸਿੰਘ ਸ਼ਾਮਲ ਸਨ। ਇਨ੍ਹਾਂ ਨੇ ਦੁਆਬੇ ਦੇ ਅਨੇਕ ਪਿੰਡਾਂ ਵਿਚ ਦੀਵਾਨ ਕਰਕੇ ਲੋਕਾਂ ਅੰਦਰ ਆਜ਼ਾਦੀ ਲਈ ਪ੍ਰੇਰਣਾ ਪੈਦਾ ਕੀਤੀ।

ਕਿਸ਼ਨ ਸਿੰਘ ਦੇ ਸਮਾਨਾਂਤਰ ਸ. ਕਰਤਾਰ ਸਿੰਘ ਦੌਲਤਪੁਰ ਵੀ ਆਪਣੇ ਜੱਥੇ ਦੁਆਰਾ ਲੋਕਾਂ ਵਿਚ ਕ੍ਰਾਂਤੀਕਾਰੀ ਭਾਵਨਾਵਾਂ ਨੂੰ ਵਿਕਸਿਤ ਕਰ ਰਿਹਾ ਸੀ। ਸੰਨ 1922 ਈ. ਦੇ ਅਕਤੂਬਰ ਮਹੀਨੇ ਵਿਚ ਦੋਹਾਂ ਨੇ ਰਲ ਕੇ ਬਬਰ ਅਕਾਲੀ ਜੱਥੇ ਦੀ ਸਿਰਜਨਾ ਕੀਤੀ ਜਿਸ ਦਾ ਪ੍ਰਧਾਨ ਕ੍ਰਿਸ਼ਨ ਸਿੰਘ, ਸਕੱਤਰ ਦਲੀਪ ਸਿੰਘ ਗੋਸਲ ਅਤੇ ਖ਼ਜ਼ਾਨਚੀ ਕਰਮ ਸਿੰਘ ਝਿੰਗੜ ਨੂੰ ਬਣਾਇਆ ਗਿਆ। ਇਨ੍ਹਾਂ ਸਾਰਿਆਂ ਨੇ ਰਲ ਕੇ ਫ਼ੌਜੀ ਸਿੱਖਾਂ ਨੂੰ ਕ੍ਰਾਂਤੀ ਲਈ ਉਕਸਾਇਆ ਅਤੇ ਝੋਲੀਚੁਕਾਂ ਨੂੰ ਮਾਰ ਮੁਕਾਉਣ ਲਈ ਹਥਿਆਰ ਇਕੱਠੇ ਕਰਨੇ ਸ਼ੁਰੂ ਕੀਤੇ। ਕਿਸ਼ਨ ਸਿੰਘ ਆਪਣੀ ਪਤ੍ਰਿਕਾ 'ਬਬਰ ਅਕਾਲੀ ਦੁਆਬਾ' ਵਿਚ ਜੋਸ਼ੀਲੇ ਲੇਖਾਂ ਅਤੇ ਕਵਿਤਾਵਾਂ ਰਾਹੀਂ ਲੋਕਾਂ ਅੰਦਰ

ਉਤਸਾਹ ਪੈਦਾ ਕਰਦਾ ਰਹਿੰਦਾ।

ਪੰਜਾਬ ਸਰਕਾਰ ਨੇ ਬਬਰ ਅਕਾਲੀਆਂ ਨੂੰ ਮਿਧਣ ਦਾ ਪੂਰਾ ਯਤਨ ਕੀਤਾ। 26 ਫਰਵਰੀ 1923 ਈ. ਨੂੰ ਇਸ ਦੇ ਆਪਣੇ ਹੀ ਪਿੰਡ ਦੇ ਕਾਬਲ ਸਿੰਘ ਦੀ ਮੁਖ਼ਬਰੀ ਕਾਰਣ ਪੁਲਿਸ ਨੇ ਕਿਸ਼ਨ ਸਿੰਘ ਨੂੰ ਪਿੰਡੋਰੀ ਮਹਿਲ ਪਿੰਡ ਤੋਂ ਪਕੜ ਲਿਆ। ਲਗਭਗ ਦੋ ਸਾਲ ਮੁਕੱਦਮਾ ਚਲਣ ਉਪਰੰਤ ਇਸ ਨੂੰ ਮੌਤ ਦੀ ਸਜ਼ਾ ਹੋਈ ਅਤੇ 27 ਫਰਵਰੀ 1926 ਈ. ਨੂੰ ਸੈਂਟ੍ਰਲ ਜੇਲ੍ਹ ਲਾਹੌਰ ਵਿਚ ਇਸ ਨੂੰ ਫ਼ਾਂਸੀ ਦੇ ਦਿੱਤੀ ਗਈ। ਇਸ ਦਾ ਸਸਕਾਰ ਦਰਿਆਏ ਰਾਵੀ ਦੇ ਕੰਢੇ ਕੀਤਾ ਗਿਆ। ਇਸ ਦੇ ਨਾਲ ਪੰਜ ਹੋਰ ਬਬਰਾਂ ਨੂੰ ਵੀ ਫ਼ਾਂਸੀ ਦੇ ਤਖ਼ਤੇ ਉਤੇ ਚੜ੍ਹਾਇਆ ਗਿਆ। ਉਨ੍ਹਾਂ ਦੇ ਨਾਂ ਹਨ— ਦਲੀਪ ਸਿੰਘ ਧਾਮੀਆਂ, ਨੰਦ ਸਿੰਘ ਘੁੜਿਆਲ, ਧਰਮ ਸਿੰਘ ਹਯਾਤਪੁਰ, ਸੰਤਾ ਸਿੰਘ ਛੋਟੀ ਹਰਿਉਂ ਅਤੇ ਕਰਮ ਸਿੰਘ ਹਰੀਪੁਰ।

**ਕਿੱਕਰ ਸਿੰਘ, ਪਹਿਲਵਾਨ** (1857-1914 ਈ.): ਦੇਵ- ਏ-ਹਿੰਦ ਦੇ ਖ਼ਿਤਾਬ ਨਾਲ ਸਨਮਾਨਿਤ ਕਿੱਕਰ ਸਿੰਘ ਦਾ ਜਨਮ 13 ਜਨਵਰੀ 1957 ਈ. ਨੂੰ ਸ. ਜਵਾਲਾ ਸਿੰਘ ਸੰਧੂ ਦੇ ਘਰ ਬੀਬੀ ਸਾਹਿਬ ਕੌਰ ਦੀ ਕੁੱਖੋਂ ਲਾਹੌਰ ਜ਼ਿਲ੍ਹੇ ਦੇ ਪਿੰਡ ਘਣੀਏਕੇ ਵਿਚ ਹੋਇਆ। ਇਹ ਮਾਪਿਆਂ ਦਾ ਇਕਲੌਤਾ ਪੁੱਤਰ ਹੋਣ ਕਾਰਣ ਬਹੁਤ ਲਾਡ ਨਾਲ ਪਾਲਿਆ ਗਿਆ। ਇਸ ਦਾ ਪਿਤਾ ਖ਼ੁਦ ਪਹਿਲਵਾਨ ਸੀ ਅਤੇ ਆਪਣੇ ਪੁੱਤਰ ਨੂੰ ਵੀ ਇਕ ਨਾਮੀ ਪਹਿਲਵਾਨ ਬਣਾਉਣਾ ਲੋਚਦਾ ਸੀ। ਕਿੱਕਰ ਸਿੰਘ ਨੇ ਆਪਣਾ ਬਚਪਨ ਨਾਨਕੇ ਪਿੰਡ ਨੂਰਪੁਰ ਵਿਚ ਬਿਤਾਇਆ। ਜਦੋਂ ਕੁਝ ਵੱਡਾ ਹੋਇਆ ਤਾਂ ਜਵਾਲਾ ਸਿੰਘ ਨੇ ਗੁਲਾਮੀ ਘੁਮਾਰ ਨਾਂ ਦੇ ਪਹਿਲਵਾਨ ਤੋਂ ਇਸ ਨੂੰ ਘੁਲਣਾ ਸਿਖਵਾਉਣਾ ਸ਼ੁਰੂ ਕੀਤਾ। ਆਪਣੇ ਪਿੰਡ ਪਰਤਣ 'ਤੇ ਕੁਝ ਸਮੇਂ ਲਈ ਇਸ ਨੇ ਵਸਾਵਾ ਸਿੰਘ ਦੀ ਸ਼ਗਿਰਦੀ ਕੀਤੀ ਅਤੇ ਬਾਦ ਵਿਚ ਰੁਸਤਮ-ਏ-ਹਿੰਦ ਬੂਟਾ ਪਹਿਲਵਾਨ ਨੂੰ ਆਪਣਾ ਉਸਤਾਦ ਬਣਾਇਆ।

ਥੋੜੇ ਸਮੇਂ ਵਿਚ ਹੀ ਇਸ ਦੀ ਪ੍ਰਸਿੱਧੀ ਸਾਰੇ ਹਿੰਦੁਸਤਾਨ ਵਿਚ ਪਸਰ ਗਈ। ਇਸ ਨੂੰ ਜੋਧਪੁਰ, ਇੰਦੌਰ, ਟੌਂਕ, ਜੰਮੂ ਅਤੇ ਕਸ਼ਮੀਰ ਆਦਿ ਰਿਆਸਤਾਂ ਦੀ ਸਰਪ੍ਰਸਤੀ ਪ੍ਰਾਪਤ ਰਹੀ। ਇਸ ਦਾ ਮੂਲ ਨਾਂ ਪ੍ਰੇਮ ਸਿੰਘ ਸੀ, ਪਰ ਇਕ ਵਾਰ ਮਾਤਾ ਦੇ ਕਹੇ ਤੇ ਘਰ ਵਿਚ ਬਾਲਣ ਦੀ ਲੋੜ ਪੂਰੀ ਕਰਨ ਲਈ ਇਹ ਇਕ ਕਿੱਕਰ ਦਾ ਬ੍ਰਿਛ ਹੀ ਪੁਟ ਕੇ ਲੈ ਆਇਆ, ਜਿਸ ਕਰਕੇ ਇਸ ਦਾ ਨਾਂ ਕਿੱਕਰ ਸਿੰਘ ਪ੍ਰਚਲਿਤ ਹੋ ਗਿਆ। ਪਰ ਇਸ ਬਾਰੇ ਇਕ ਗੱਲ ਇਹ ਵੀ ਪ੍ਰਚਲਿਤ ਹੈ ਕਿ ਇਸ ਦੇ ਕਦ ਅਤੇ ਕਾਲੇ ਰੰਗ ਨੂੰ ਵੇਖ ਕੇ ਇਸ ਦੇ ਉਸਤਾਦ ਬੂਟੇ ਪਹਿਲਵਾਨ ਨੇ ਹੀ ਇਸ ਨੂੰ ਇਹ ਨਾਂ ਦਿੱਤਾ ਸੀ।

ਕਿੱਕਰ ਸਿੰਘ ਨੇ ਬਹੁਤ ਕੁਸ਼ਤੀਆਂ ਨਹੀਂ ਲੜੀਆਂ, ਕਿਉਂਕਿ ਇਸ ਦੀ ਟੱਕਰ ਦੇ ਬਹੁਤ ਘਟ ਪਹਿਲਵਾਨ ਸਨ, ਕੇਵਲ ਅੰਮ੍ਰਿਤਸਰ ਦੇ ਪਹਿਲਵਾਨ ਗ਼ੁਲਾਮ ਅਤੇ ਕੱਲੂ ਹੀ ਇਸ ਨਾਲ ਕੁਸ਼ਤੀ ਕਰਦੇ ਰਹੇ। ਲਾਹੌਰ, ਜੰਮੂ ਅਤੇ ਇੰਦੌਰ ਵਿਚ ਇਸ ਦੀਆਂ ਕੁਝ ਕੁਸ਼ਤੀਆਂ ਗੁਲਾਮ ਪਹਿਲਵਾਨ ਨਾਲ ਹੋਈਆਂ ਅਤੇ ਉਨ੍ਹਾਂ ਕੁਸ਼ਤੀਆਂ ਦਾ ਪ੍ਰਭਾਵ ਲੋਕਾਂ ਵਿਚ ਇਸ ਤਰ੍ਹਾਂ ਪ੍ਰਚਲਿਤ ਹੋਇਆ-- *ਕੱਲੂ ਨੂੰ ਗੁਲਾਮ ਕਹਿ ਗਿਆ ਜਟ ਦੇ ਜ਼ੋਰ ਦਾ ਪਤਾ ਨ ਹੱਥ ਆਇਆ।* ਗ਼ੁਲਾਮ ਤੋਂ ਬਾਦ ਕੱਲੂ ਨੇ ਕਿੱਕਰ ਸਿੰਘ ਨਾਲ ਕੁਸ਼ਤੀ ਕਰਨੀ ਸ਼ੁਰੂ ਕੀਤੀ। ਇਨ੍ਹਾਂ ਦੀਆਂ ਪ੍ਰਸਿੱਧ ਕੁਸ਼ਤੀਆਂ ਕਲਕੱਤੇ, ਅੰਮ੍ਰਿਤਸਰ, ਬਨਾਰਸ, ਬੰਬਈ, ਮਦਰਾਸ, ਲਾਹੌਰ ਅਤੇ ਦਿੱਲੀ ਵਿਚ ਹੋਈਆਂ। 13 ਸਤੰਬਰ 1911 ਈ. ਵਿਚ ਦਿੱਲੀ ਵਿਚ ਹੋਈ ਕੁਸ਼ਤੀ ਵੇਲੇ ਕਿੱਕਰ ਸਿੰਘ ਬੁੱਢਾ ਹੋ ਜਾਣ ਕਾਰਣ ਜਵਾਨ ਕੱਲੂ ਤੋਂ ਹਾਰ ਗਿਆ। ਪਰ ਉਦੋਂ ਇਹ ਗੱਲ ਵੀ ਬਹੁਤ ਸ਼ਿਦਤ ਨਾਲ ਕਹੀ ਜਾਣ ਲਗੀ ਕਿ ਕੁਸ਼ਤੀ ਪਿਛੇ ਕੋਈ ਮਿਲੀ ਭੁਗਤ ਹੋਣ ਕਰਕੇ ਇਸ ਦਾ ਸਿੱਟਾ ਸੰਦਿਗਧ ਹੈ। ਕਿੱਕਰ ਸਿੰਘ ਦੇ ਜ਼ੋਰ ਬਾਰੇ ਉਦੋਂ ਇਕ ਲੋਕ-ਗੀਤ ਪ੍ਰਚਲਿਤ ਸੀ— *ਐਸਾ ਕਿਹੜਾ ਜਹਾਨ ਤੇ ਜੰਮਿਆ ਹੈ, ਕਿੱਕਰ ਸਿੰਘ ਜਿਹਾ ਮੱਲ ਹੋਰ ਵੇਖੋ। ਧੌਲ ਮਾਰ ਕੇ ਕੱਲੂ ਨੂੰ ਸਿਖ ਨੇ ਜੀ, ਅਗੇ ਰਖਿਆ ਨਾਲ ਬਲਕਾਰ ਵਾਹਵਾ। ਅੱਛੀ ਤਰ੍ਹਾਂ ਅਖਾੜੇ ਵਿਚ ਨਿਸਲ ਕਰਕੇ, ਉਤੇ ਆ ਹੋ ਗਿਆ ਅਸਵਾਰ ਵਾਹਵਾ। ਹੇਠੋਂ ਜ਼ਰਾ ਵੀ ਕੱਲੂ ਨ ਨਜ਼ਰ ਆਵੇ, ਹੈਸੀ ਸਿਖ ਦਾ ਬੜਾ ਆਕਾਰ ਵਾਹਵਾ। ਕੱਲੂ ਦਿਲ ਦੇ ਵਿਚ ਇਹ ਆਖਦਾ ਸੀ, ਇੱਜ਼ਤ ਰਖੀਂ ਤੂੰ ਪਰਵਰ-ਦਗਾਰ ਵਾਹਵਾ।* ਸ. ਬਲਬੀਰ ਸਿੰਘ ਕੰਵਲ ਅਨੁਸਾਰ ਕਿੱਕਰ ਸਿੰਘ ਦਾ ਕੱਦ 7 ਫੁਟ, ਵਜ਼ਨ 2.8 ਕਵਿੰਟਲ ਅਤੇ ਛਾਤੀ 1.97 ਮੀ. ਸੀ।

ਕਿੱਕਰ ਸਿੰਘ ਦੀ ਬਹਾਦਰੀ, ਜ਼ੋਰ, ਫ਼ਰਜ਼-ਸਨਾਸੀ, ਸ਼ਖ਼ਾਵਤ ਆਦਿ ਸੰਬੰਧੀ ਕਈ ਲੋਕ-ਵਾਰਤਾਵਾਂ ਪ੍ਰਚਲਿਤ ਹੋ ਗਈਆਂ। ਇਸ ਦੀ ਖ਼ੁਰਾਕ ਆਮ ਪਹਿਲਵਾਨਾਂ ਤੋਂ ਕਿਤੇ ਅਧਿਕ ਸੀ। ਇਸ ਦੇ ਘਰ ਸਦਾ ਨਵੇਂ ਪਹਿਲਵਾਨ ਜ਼ੋਰ ਆਜ਼ਮਾਉਂਦੇ ਰਹਿੰਦੇ ਸਨ। ਇਸ ਦੇ 15 ਨਾਮੀ ਸ਼ਗਿਰਦ

ਹੋਏ ਦਸੇ ਜਾਂਦੇ ਹਨ। ਇਸ ਦਾ ਦੇਹਾਂਤ 18 ਫਰਵਰੀ 1914 ਈ. ਆਪਣੇ ਜੱਦੀ ਪਿੰਡ ਘਣੀਏਕੇ ਵਿਚ ਹੋਇਆ, ਜਿਥੇ ਇਸ ਦੀ ਸਮਾਧ ਬਣਾਈ ਗਈ।

**ਕਿਦਾਰਾ, ਭਾਈ** : ਸਿੱਖ ਇਤਿਹਾਸ ਅਨੁਸਾਰ ਪੱਛਮੀ ਪੰਜਾਬ ਦੇ ਸ਼ੇਖੂਪੁਰਾ ਜ਼ਿਲ੍ਹੇ ਦੇ ਮਦੂ ਪਿੰਡ ਦਾ ਇਕ ਵਸਨੀਕ ਜਿਸ ਨੂੰ ਹੰਜੀਰਾਂ ਦਾ ਰੋਗ ਸੀ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਜਦੋਂ ਉਹ ਆਇਆ ਤਾਂ ਗੁਰੂ ਜੀ ਸੁੱਤੇ ਹੋਏ ਸਨ। ਭਾਈ ਗੁਰਦਾਸ ਨੇ ਉਸ ਦਾ ਗੱਲਾ ਸੁਜਿਆ ਹੋਇਆ ਵੇਖਿਆ। ਕਾਰਣ ਪੁਛਣ 'ਤੇ ਉਸ ਨੇ ਦਸਿਆ ਕਿ ਇਸ ਰੋਗ ਨੂੰ ਠੀਕ ਕਰਾਉਣ ਦੇ ਬਹੁਤ ਯਤਨ ਕੀਤੇ ਪਰ ਠੀਕ ਨਹੀਂ ਹੋਇਆ। ਭਾਈ ਗੁਰਦਾਸ ਦੇ ਸੁਝਾਵ 'ਤੇ ਉਸ ਨੇ ਸੁੱਤੇ ਹੋਏ ਗੁਰੂ ਸਾਹਿਬ ਦੀਆਂ ਜੁੱਤੀਆਂ ਨੂੰ ਗਰਦਨ ਦੇ ਇਰਦ-ਗਿਰਦ ਰਗੜਨ ਲਈ ਕਿਹਾ। ਉਸ ਨੇ ਇਸੇ ਤਰ੍ਹਾਂ ਕੀਤਾ। ਉਸ ਦਾ ਰੋਗ ਦੂਰ ਹੋ ਗਿਆ। ਗੁਰੂ ਜੀ ਜਦ ਜਾਗੇ ਤਾਂ ਉਨ੍ਹਾਂ ਨੇ ਆਪਣੀ ਸੋਟੀ ਨਾਲ ਜੁੱਤੀਆਂ ਦਾ ਜੋੜਾ ਭਾਈ ਕਿਦਾਰਾ ਵਲ ਕਰ ਦਿੱਤਾ ਅਤੇ ਸੋਟੀ ਵੀ ਉਸ ਨੂੰ ਪ੍ਰਦਾਨ ਕਰ ਦਿੱਤੀ। ਇਹ ਯਾਦਗਾਰੀ ਵਸਤੂਆਂ ਉਸ ਦੇ ਖ਼ਾਨਦਾਨ ਪਾਸ ਸੰਭਾਲੀਆਂ ਹੋਈਆਂ ਦਸੀਆਂ ਜਾਂਦੀਆਂ ਹਨ। ਇਸ ਘਟਨਾ ਦੇ ਸੰਬੰਧ ਵਿਚ ਕਿਤੇ ਕਿਤੇ ਫ਼ਰਕ ਵੀ ਮਿਲਦਾ ਹੈ।

•

**ਕਿਰਤ-ਕਮਾਈ** : ਸਿੱਖ ਧਰਮ ਵਿਚ ਗ੍ਰਿਹਸਥ ਧਰਮ ਦੀ ਪਾਲਨਾ ਉਤੇ ਬਲ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਗ੍ਰਿਹਸਥੀ ਸਨ। ਗ੍ਰਿਹਸਥ ਧਰਮ ਨੂੰ ਠੀਕ ਢੰਗ ਨਾਲ ਚਲਾਉਣ ਲਈ ਉਦਮ ਕਰਨਾ ਬਹੁਤ ਜ਼ਰੂਰੀ ਹੈ। ਗੁਰਮਤਿ-ਭਗਤੀ ਦਾ ਉਦੇਸ਼ ਕਿਸੇ ਪ੍ਰਕਾਰ ਦੇ ਕਰਮਹੀਨ ਅਨੁਯਾਈਆਂ ਦਾ ਦਲ ਖੜਾ ਕਰਨਾ ਨਹੀਂ ਸੀ। ਇਹ ਭਗਤੀ ਸੰਸਾਰਿਕਤਾ ਤੋਂ ਭਜਣ ਵਾਲੀ ਨਹੀਂ, ਸਗੋਂ ਸੰਸਾਰਿਕ ਪ੍ਰਪੰਚ ਵਿਚ ਰਹਿ ਕੇ ਨਿਰਲਿਪਤ ਜਾਂ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿਣ ਵਾਲੀ ਭਗਤੀ ਸੀ। ਇਸ ਭਗਤੀ ਦੇ ਅਨੁਯਾਈ ਸਮਾਜ ਉਤੇ ਕਿਸੇ ਪ੍ਰਕਾਰ ਦਾ ਬੋਝ ਬਣਨਾ ਨਹੀਂ ਚਾਹੁੰਦੇ ਸਨ। ਗੁਰਮਤਿ-ਭਗਤੀ ਸਮਾਜ ਪ੍ਰਤਿ ਆਪਣੀ ਜ਼ਿੰਮੇਵਾਰੀ ਸਮਝਦੀ ਸੀ। ਇਸ ਲਈ ਗੁਰੂ ਸਾਹਿਬਾਨ ਨੇ ਸਮਾਜ ਤੋਂ ਪਲਾਇਣ ਕਰਨ ਦੀ ਬਿਰਤੀ ਨੂੰ ਖ਼ਤਮ ਕਰਕੇ ਕਿਰਤ ਕਰਨ ਦੇ ਸਿੱਧਾਂਤ ਦੀ ਸਥਾਪਨਾ ਕੀਤੀ। ਗੁਰਮਤਿ-ਭਗਤੀ, ਅਸਲ ਵਿਚ, ਜੀਵਨ-ਵਿਹੂਣੀ ਨ ਹੋ ਕੇ ਜੀਵਨਮਈ ਹੈ। ਇਸ ਭਗਤੀ ਦੀ ਅਧਿਆਤਮਿਕ ਪਹੁੰਚ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੁਆਰਾ ਕਾਰਜਸ਼ੀਲ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ—*ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।* (ਗੁ.ਗ੍ਰੰ. 1245)। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।* (ਗੁ.ਗ੍ਰੰ. 522)। ਸੰਤ ਕਬੀਰ ਜੀ ਨੇ ਵੀ ਭਗਤ ਨਾਮਦੇਵ ਅਤੇ ਤ੍ਰਿਲੋਚਨ ਦੇ ਸੰਵਾਦ ਦੁਆਰਾ ਸਪੱਸ਼ਟ ਕੀਤਾ ਹੈ— *ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮ੍ਹਾਲਿ। ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।* (ਗੁ.ਗ੍ਰੰ. 1376)।

ਉਪਰੋਕਤ ਸੰਦਰਭਾਂ ਤੋਂ ਸਾਫ਼ ਹੈ ਕਿ ਕਿਰਤ-ਕਮਾਈ ਅਤੇ ਨਾਮ-ਸਾਧਨਾ ਇਕ ਦੂਜੇ ਦੀਆਂ ਪੂਰਕ ਹਨ, ਪਰਸਪਰ ਸੰਬੰਧਿਤ ਹਨ। ਘਾਲਣਾ ਕਰਨ ਦੇ ਨਾਲ ਇਹ ਵੀ ਸ਼ਰਤ ਹੈ ਕਿ ਧਨ, ਸੰਪੱਤੀ ਆਦਿ ਦਾ ਇਕੱਠ ਨਹੀਂ ਕਰਨਾ ਚਾਹੀਦਾ, ਸਗੋਂ ਆਪਣੀ ਲੋੜ ਤੋਂ ਵਧ ਸਾਮਗ੍ਰੀ ਲੋੜਵੰਦਾਂ ਵਿਚ ਵੰਡ ਦੇਣੀ ਵਾਜਬ ਹੈ। ਅਜਿਹਾ ਕਰਨ ਨਾਲ ਹੀ ਮਨੁੱਖ ਵਾਸਤਵਿਕਤਾ ਦੇ ਭੇਦ ਨੂੰ ਪ੍ਰਾਪਤ ਕਰਕੇ ਪਰਮਾਤਮਾ ਦੇ ਦੁਆਰ ਉਤੇ ਪ੍ਰਤਿਸ਼ਠਾ ਪ੍ਰਾਪਤ ਕਰਦਾ ਹੈ। ਗੁਰਮਤਿ ਦੀ ਇਸ ਮਾਨਤਾ ਦਾ ਮਹੱਤਵ ਹਰ ਯੁਗ ਵਿਚ ਬਣਿਆ ਹੋਇਆ ਹੈ। ਘਾਲ ਕਰਨੀ ਅਧਿਆਤਮਿਕ ਦ੍ਰਿਸ਼ਟੀ ਤੋਂ ਇਸ ਲਈ ਵੀ ਮਹੱਤਵਪੂਰਣ ਹੈ ਕਿਉਂਕਿ ਪਰਲੋਕ ਵਿਚ ਉਹੀ ਵਸਤੂ ਪ੍ਰਾਪਤ ਹੋਣ ਦੀ ਸੰਭਾਵਨਾ ਹੈ, ਜੋ ਇਸ ਸੰਸਾਰ ਵਿਚ ਘਾਲਣਾ ਦੁਆਰਾ ਅਰਜਿਤ ਕੀਤੀ ਗਈ ਹੋਵੇ। ਘਾਲਣਾ ਤੋਂ ਬਿਨਾ ਅਰਜਿਤ ਵਸਤੂ ਪਰਲੋਕ ਵਿਚ ਅਪਮਾਨ ਦਾ ਕਾਰਣ ਬਣਦੀ ਹੈ। ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿਚ ਕਿਹਾ ਹੈ— *ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ। ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ। ... ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।* (ਗੁ.ਗ੍ਰੰ. 472)। ਸਪੱਸ਼ਟ ਹੈ ਕਿ ਗੁਰਮਤਿ-ਭਗਤੀ ਸੱਚੀ ਕਿਰਤ ਕਰ ਕੇ ਕੀਤੀ ਕਮਾਈ ਦੁਆਰਾ ਜੀਵਨ ਬਤੀਤ ਕਰਨ ਦੀ ਮਾਨਤਾ ਨੂੰ ਸਥਾਪਿਤ ਕਰਦੀ ਹੈ।

**ਕਿਰਪਾਨ ਦਾ ਮੋਰਚਾ** : ਹਿੰਦੁਸਤਾਨ ਦੇ ਅਸਲਾ ਐਕਟ (XI) 1878 ਅਨੁਸਾਰ ਬਿਨਾ ਲਾਇਸੈਂਸ ਜਾਂ ਛੋਟ ਦੇ ਕੋਈ

ਵੀ ਆਪਣੇ ਪਾਸ ਹਥਿਆਰ ਨਹੀਂ ਰਖ ਸਕਦਾ ਸੀ। ਹਥਿਆਰਾਂ ਵਿਚ ਤਲਵਾਰ ਵੀ ਸ਼ਾਮਲ ਸੀ ਅਤੇ ਕਿਰਪਾਨ ਨੂੰ ਤਲਵਾਰ ਦੇ ਬਰਾਬਰ ਰਖਿਆ ਗਿਆ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਕਈ ਸਿੱਖ ਸੰਸਥਾਵਾਂ ਨੇ ਕਿਰਪਾਨ ਰਖਣ ਉਤੇ ਕੋਈ ਪਾਬੰਦੀ ਨ ਲਗਾਉਣ ਲਈ ਕਈ ਆਵੇਦਨ ਪੱਤਰ ਲਿਖੇ ਕਿ ਇਹ ਸਿੱਖਾਂ ਦਾ ਇਕ ਧਾਰਮਿਕ ਚਿੰਨ੍ਹ ਹੈ। ਪਹਿਲਾਂ ਤਾਂ ਅੰਗ੍ਰੇਜ਼ ਸਰਕਾਰ ਨੇ ਇਸ ਗੱਲ ਵਲ ਕੋਈ ਧਿਆਨ ਨ ਦਿੱਤਾ, ਪਰ ਪਹਿਲੇ ਵੱਡੇ ਯੁੱਧ ਦੌਰਾਨ ਅੰਗ੍ਰੇਜ਼ਾਂ ਦੇ ਮਨ ਵਿਚ ਇਸ ਸੋਚ ਨੇ ਜਨਮ ਲਿਆ ਕਿ ਇਸ ਪਾਬੰਦੀ ਕਾਰਣ ਕਿਤੇ ਸਿੱਖਾਂ ਦੀ ਫ਼ੌਜੀ ਭਰਤੀ ਉਤੇ ਨਕਾਰਾਤਮਕ ਪ੍ਰਭਾਵ ਨ ਪਏ। ਫਲਸਰੂਪ ਯੁੱਧ ਦੌਰਾਨ ਸਰਕਾਰ ਵਲੋਂ ਦੋ ਘੋਸ਼ਣਾ-ਪੱਤਰਾਂ ਰਾਹੀਂ ਸਿੱਖਾਂ ਨੂੰ ਕਿਰਪਾਨ ਰਖਣ ਦੀ ਇਜਾਜ਼ਤ ਦੇ ਦਿੱਤੀ ਗਈ, ਪਰ ਕਿਰਪਾਨ ਦੇ ਆਕਾਰ ਅਤੇ ਸ਼ਕਲ ਬਾਰੇ ਕੋਈ ਗੱਲ ਸਪੱਸ਼ਟ ਨ ਕੀਤੀ ਗਈ ਅਤੇ ਕਿਰਪਾਨਧਾਰੀ ਸਿੱਖਾਂ ਉਤੇ ਮੁਕੱਦਮੇ ਬਣਦੇ ਰਹੇ।

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਅਕਾਲੀ ਦਲ ਨੇ ਕਿਰਪਾਨ ਰਖਣ ਦੀ ਆਜ਼ਾਦੀ ਨੂੰ ਇਕ ਵਿਸ਼ੇਸ਼ ਮੁੱਦਾ ਬਣਾਇਆ, ਪਰ ਅੰਗ੍ਰੇਜ਼ ਸਰਕਾਰ ਨੇ ਇਸ ਉਤੋਂ ਪਾਬੰਦੀ ਨ ਹਟਾਈ। ਫਲਸਰੂਪ ਕਿਰਪਾਨ ਦਾ ਮੋਰਚਾ ਸ਼ੁਰੂ ਹੋ ਗਿਆ। ਹਜ਼ਾਰਾਂ ਸਿੱਖਾਂ ਨੂੰ ਅਸਲਾ ਐਕਟ ਦੀ ਉਲੰਘਣਾ ਕਾਰਣ ਜੇਲ੍ਹ ਭੇਜਿਆ ਗਿਆ। ਕਿਰਪਾਨਾਂ ਬਣਾਉਣ ਵਾਲੀਆਂ ਫੈਕਟਰੀਆਂ ਉਤੇ ਛਾਪੇ ਮਾਰੇ ਗਏ। 9 ਇੰਚ ਤੋਂ ਵੱਡੀ ਕਿਰਪਾਨ ਬਣਾਉਣ ਵਾਲੀਆਂ ਫੈਕਟਰੀਆਂ ਦੇ ਸੰਚਾਲਕਾਂ ਨੂੰ ਪਕੜ ਲਿਆ ਗਿਆ। ਇਸ ਮੋਰਚੇ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਸੰਨ 1922 ਈ. ਵਿਚ 'ਕਿਰਪਾਨ ਬਹਾਦਰ' ਨਾਂ ਦੀ ਸਪਤਾਹਿਕ ਪਤ੍ਰਿਕਾ ਜਾਰੀ ਕੀਤੀ ਗਈ ਜਿਸ ਦੇ ਸੰਪਾਦਕ ਸ. ਸੇਵਾ ਸਿੰਘ ਨੇ ਆਪਣੇ ਲੇਖਾਂ ਰਾਹੀਂ ਲੋਕ ਰਾਏ ਕਾਇਮ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ। ਤਿੰਨ ਫੁਟੀ ਕਿਰਪਾਨ ਰਖਣ ਕਾਰਣ ਪਕੜੇ ਗਏ ਸਿੱਖਾਂ ਨੂੰ 'ਕਿਰਪਾਨ ਬਹਾਦਰ' ਦਾ ਖ਼ਿਤਾਬ ਦਿੱਤਾ ਜਾਣ ਲਗਿਆ।

ਸੰਨ 1922 ਈ. ਵਿਚ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਮਝੌਤਾ ਹੋ ਗਿਆ ਅਤੇ ਕਿਰਪਾਨ ਰਖਣ ਉਤੇ ਪਾਬੰਦੀ ਖ਼ਤਮ ਕਰ ਦਿੱਤੀ ਗਈ। ਬਸ ਸ਼ਰਤ ਇਹ ਸੀ ਕਿ ਕਿਸੇ ਧਾਰਮਿਕ ਅਨੁਸ਼ਠਾਨ ਦੀ ਕਾਰਵਾਈ ਵੇਲੇ ਜਾਂ ਅੰਮ੍ਰਿਤ ਛਕਾਉਣ ਵੇਲੇ ਜਾਂ ਪੰਜ ਪਿਆਰਿਆਂ ਦੁਆਰਾ ਨਗਰ ਕੀਰਤਨ ਦੀ ਅਗਵਾਈ ਕਰਨ ਵੇਲੇ ਕਿਰਪਾਨਾਂ ਨੂੰ ਨੰਗਿਆ ਕੀਤਾ ਜਾਏ, ਬਾਕੀ ਸਮੇਂ ਇਹ ਮਿਆਨਾਂ ਵਿਚ ਬੰਦ ਰਹਿਣ। ਇਸ ਨਾਲ ਕਿਰਪਾਨ ਦਾ ਮੋਰਚਾ ਖ਼ਤਮ ਹੋ ਗਿਆ।

**ਕਿਰਪਾਲ ਸਾਗਰ** (ਸੰਸਥਾ): ਮਾਨਵ-ਏਕਤਾ ('ਯੂਨਿਟੀ ਆਫ਼ ਮੈਨ') ਦੇ ਸੰਕਲਪ ਨੂੰ ਮੁਖ ਰਖਦਿਆਂ ਡਾ. ਹਰਭਜਨ ਸਿੰਘ ਨੇ ਇਸ ਦੀ ਸਥਾਪਨਾ ਕੀਤੀ। ਡਾ. ਹਰਭਜਨ ਸਿੰਘ ਦਾ ਜਨਮ 10 ਦਸੰਬਰ 1932 ਈ. ਨੂੰ ਲਾਇਲਪੁਰ ਵਿਚ ਹੋਇਆ। ਬਚਪਨ ਤੋਂ ਹੀ ਆਪ ਪ੍ਰਭੂ-ਭਗਤੀ ਵਲ ਰੁਚਿਤ ਸਨ। ਸਦਾ ਕਿਸੇ ਅਧਿਆਤਮਿਕ ਸਰਪ੍ਰਸਤ ਦੀ ਭਾਲ ਕਰਦਿਆਂ ਦਾ ਮੇਲ ਸੰਨ 1962 ਈ. ਵਿਚ ਲੁਧਿਆਣੇ ਵਿਚ ਸੰਤ ਕਿਰਪਾਲ ਸਿੰਘ ਨਾਲ ਹੋਇਆ ਜਿਨ੍ਹਾਂ ਦੇ ਅਧਿਆਤਮੀ ਵਿਅਕਤਿਤਵ ਤੋਂ ਆਪ ਬਹੁਤ ਪ੍ਰਭਾਵਿਤ ਹੋਏ। ਸੰਤ ਕਿਰਪਾਲ ਸਿੰਘ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਇਕ ਅਜਿਹੀ ਸੰਸਥਾ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਜਿਸ ਰਾਹੀਂ ਮਨੁੱਖ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਸਭ ਪ੍ਰਕਾਰ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ। ਸੰਤ ਹੋਰਾਂ ਦੀ ਇਸ ਇੱਛਾ ਦੀ ਪੂਰਤੀ ਨੂੰ ਡਾ. ਹਰਭਜਨ ਸਿੰਘ ਨੇ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਅਤੇ ਆਪਣੀ ਪਤਨੀ ਬੀਬੀ ਸੁਰਿੰਦਰ ਕੌਰ ਦੇ ਸਹਿਯੋਗ ਨਾਲ ਦੇਸ਼-ਵਿਦੇਸ਼ ਫਿਰ ਕੇ ਲੋਕਾਂ ਨੂੰ ਸਤਿਨਾਮ ਦੀ ਆਰਾਧਨਾ ਵਲ ਰੁਚਿਤ ਕੀਤਾ ਅਤੇ ਉੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਸਮਾਨ ਵਿਚਾਰਧਾਰਾ ਵਾਲੇ ਲੋਕਾਂ ਦੇ ਸਹਿਯੋਗ ਨਾਲ ਦੁਆਬੇ ਵਿਚ ਸਤਲੁਜ ਦਰਿਆ ਦੇ ਕੰਢੇ ਉਤੇ ਕਿਰਪਾਲ ਸਾਗਰ ਸੰਸਥਾ ਦੀ ਸਥਾਪਨਾ ਕੀਤੀ। 250 ਏਕੜ ਤੋਂ ਵਧ ਰਕਬੇ ਵਿਚ ਪਸਰੀ ਇਸ ਸੰਸਥਾ ਵਿਚ ਕਿਰਪਾਲ ਸਾਗਰ ਹਸਪਤਾਲ, ਕਿਰਪਾਲ ਸਾਗਰ ਅਕਾਦਮੀ, ਬਿਰਧ ਆਸ਼ਰਮ, ਸਰੋਵਰ, ਵਿਸ਼ਵਧਰਮ ਲਾਇਬ੍ਰੇਰੀ ਅਤੇ ਕਿਰਪਾਲ ਭਵਨ ਬਣੇ ਹੋਏ ਹਨ।

ਡਾ. ਹਰਭਜਨ ਸਿੰਘ ਨੇ ਇਸ ਸੰਸਥਾ ਦੇ ਮਹਾਨ ਆਸ਼ੇ ਨੂੰ ਦਰਸਾਉਣ ਲਈ ਸੰਨ 1993 ਈ. ਵਿਚ ਅਸਟਰੀਆ ਵਿਚ ਹੋਏ ਯੂ.ਐਨ.ਓ. ਦੇ ਸੈਸ਼ਨ ਨੂੰ ਸੰਬੋਧਨ ਕੀਤਾ ਜਿਸ ਦੀ ਉਥੇ ਇਕੱਠੇ ਹੋਏ ਵਿਸ਼ਵ ਆਗੂਆਂ ਦੁਆਰਾ ਬਹੁਤ ਸ਼ਲਾਘਾ ਕੀਤੀ ਗਈ। ਸੰਨ 1994 ਈ. ਵਿਚ ਇਸ

ਸੰਸਥਾ ਅੰਦਰ ਵਿਸ਼ਵ ਮਾਨਵ ਏਕਤਾ ਕਾਨਫ੍ਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿਚ 42 ਮੁਲਕਾਂ ਤੋਂ ਡੈਲੀਗੇਟ ਸ਼ਾਮਲ ਹੋਏ। ਡਾ. ਹਰਭਜਨ ਸਿੰਘ ਨੇ ਆਪਣੇ ਪ੍ਰਵਚਨਾਂ ਦੁਆਰਾ ਸਰੋਤਿਆਂ ਨੂੰ 'ਨਿਜ-ਘਰ' ਵਲ ਪ੍ਰੇਰਿਆ। 25 ਸਤੰਬਰ 1995 ਈ. ਵਿਚ ਡਾ. ਹਰਭਜਨ ਸਿੰਘ ਦੇ ਦੇਹਾਂਤ ਤੋਂ ਬਾਦ ਇਸ ਸੰਸਥਾ ਦੀ ਵਾਗਡੋਰ ਬੀਬੀ ਸੁਰਿੰਦਰ ਕੌਰ ਸਰਪ੍ਰਸਤ ਅਤੇ ਡਾ. ਕਰਮਜੀਤ ਸਿੰਘ ਚੇਅਰਮੈਨ ਦੇ ਸੁਯੋਗ ਹੱਥਾਂ ਵਿਚ ਹੈ ਜੋ ਇਸ ਸੰਸਥਾ ਦੇ ਮਿਸ਼ਨ ਨੂੰ ਦੇਸ਼-ਵਿਦੇਸ਼ ਵਿਚ ਫੈਲਾ ਰਹੇ ਹਨ।

**ਕਿਲ੍ਹਾ ਰਾਇਪੁਰ** (ਕਸਬਾ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਕਸਬਾ ਜੋ ਲੁਧਿਆਣੇ ਤੋਂ ਧੂਰੀ ਨੂੰ ਜਾਣ ਵਾਲੀ ਰੇਲਵੇ ਲਾਈਨ ਉਤੇ ਇਕ ਸਟੇਸ਼ਨ ਵੀ ਹੈ ਅਤੇ ਜਿਸ ਵਿਚ 'ਗੁਰਦੁਆਰਾ ਦਮਦਮਾ ਸਾਹਿਬ ਪਾਤਿਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਗੁਰਦੁਆਰੇ ਦੇ ਪੂਰਬਲੇ ਇਤਿਹਾਸ ਬਾਰੇ ਕੋਈ ਤੱਥ ਉਪਲਬਧ ਨਹੀਂ ਹੈ। ਪਰ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੀ ਧਾਰਣਾ ਹੈ ਕਿ ਸੰਨ 1631 ਈ. ਵਿਚ ਡੇਹਲੋਂ ਤੋਂ ਗੁਜਰਵਾਲ ਨੂੰ ਜਾਂਦਿਆਂ ਗੁਰੂ ਹਰਿਗੋਬਿੰਦ ਸਾਹਿਬ ਇਥੇ ਠਹਿਰੇ ਸਨ। ਇਸ ਦੀ ਵਿਵਸਥਾ ਬੁੱਢਾ ਦਲ ਦੇ ਨਿਹੰਗ ਸਿੰਘ ਹੀ ਕਰਦੇ ਹਨ। ਕਈ ਪੁਰਾਣੇ ਸ਼ਸਤ੍ਰ ਵੀ ਇਸ ਗੁਰੂ-ਧਾਮ ਵਿਚ ਸੰਭਾਲੇ ਹੋਏ ਪਏ ਹਨ।

**ਕਿਵ ਸਚਿਆਰਾ ਹੋਈਐ** : ਇਹ ਤੁਕਾਂਸ਼ 'ਜਪੁਜੀ' ਦੀ ਮੂਲ ਅਧਿਆਤਮਿਕ ਸਮਸਿਆ ਨਾਲ ਸੰਬੰਧਿਤ ਹੈ। ਮੱਧ-ਯੁਗ ਦੇ ਸਾਰੇ ਮਹਾਪੁਰਸ਼ਾਂ ਨੇ ਮਾਨਵ ਕਲਿਆਣ ਜਾਂ ਮਨੁੱਖ ਨੂੰ ਸਚਿਆਰਾ ਬਣਨ ਉਤੇ ਬਹੁਤ ਬਲ ਦਿੱਤਾ ਹੈ, ਕਿਉਂਕਿ ਉਸ ਯੁਗ ਵਿਚ ਮਨੁੱਖ ਆਪਣੇ ਵਾਸਤਵਿਕ ਮਾਰਗ ਤੋਂ ਖੁੰਝ ਕੇ ਸੰਸਾਰਿਕਤਾ ਵਿਚ ਲੀਨ ਹੋ ਗਿਆ ਸੀ ਅਤੇ ਵਿਸ਼ੇ-ਵਾਸਨਾਵਾਂ ਵਿਚ ਮਗਨ ਹੋ ਕੇ ਆਪਣਾ ਜਨਮ ਭ੍ਰਸ਼ਟ ਕਰ ਰਿਹਾ ਸੀ। ਵਾਸਤਵਿ ਵਿਚ ਮਾਨਵ ਜਨਮ ਦੁਰਲਭ ਹੈ, ਇਸ ਲਈ ਇਸ ਦਾ ਉਚਿਤ ਉਪਯੋਗ ਕਰਨਾ ਜ਼ਰੂਰੀ ਹੈ— *ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ। ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।* (ਗੁ. ਗ੍ਰੰ.1366)।

ਗੁਰਬਾਣੀ ਵਿਚ ਮਾਨਵ ਕਲਿਆਣ ਦੀ ਗੱਲ ਬਹੁਤ ਉਘੜ ਕੇ ਸਾਹਮਣੇ ਆਈ ਹੈ। ਸਚ ਤਾਂ ਇਹ ਹੈ ਕਿ ਗੁਰਬਾਣੀ ਵਿਚਲਾ ਉਪਦੇਸ਼ ਹੈ ਹੀ ਮਾਨਵਤਾ ਦੇ ਕਲਿਆਣ ਲਈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਾਰੀਆਂ ਜੂਨਾਂ ਵਿਚੋਂ ਸਰਬ-ਸ੍ਰੇਸ਼ਠ ਜੂਨ ਮਨੁੱਖ ਦੀ ਹੈ, ਇਸ ਧਰਤੀ ਉਤੇ ਉਸੇ ਦੀ ਪ੍ਰਭੁਤਾ ਹੈ। ਇਸ ਜਨਮ ਵਿਚ ਜੋ ਸਹੀ ਮਾਰਗ ਉਤੇ ਨਹੀਂ ਚਲਦਾ, ਉਹ ਆਵਾਗਵਣ ਦੇ ਚੱਕਰਾਂ ਵਿਚ ਪੈ ਕੇ ਦੁਖ ਸਹਿੰਦਾ ਹੈ— *ਲਖ ਚਉਰਾਸੀਹ ਜੋਨਿ ਸਬਾਈ। ਮਾਣਸ ਕਉ ਪ੍ਰਭਿ ਦੀਈ ਵਡਿਆਈ। ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ।* (ਗੁ.ਗ੍ਰੰ.1075)।

ਪਰਮਾਤਮਾ ਨੂੰ ਮਿਲਣ ਦਾ ਇਕੋ-ਇਕ ਅਵਸਰ ਮਾਨਵ ਜਨਮ ਹੈ, ਇਸ ਤੋਂ ਭਿੰਨ ਹੋਰ ਸਾਰੇ ਕਾਰਜ ਵਿਅਰਥ ਹਨ— *ਭਈ ਪਰਾਪਤਿ ਮਾਨੁਖ ਦੇਹੁਰੀਆ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ। ਅਵਰਿ ਕਾਜ ਤੇਰੈ ਕਿਤੈ ਨ ਕਾਮ। ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।* (ਗੁ.ਗ੍ਰੰ.12)।

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਧਰਮ ਅਤੇ ਸਮਾਜ ਵਿਚ ਸੱਚੀ ਮਾਨਵਤਾ ਦੀ ਥਾਂ 'ਤੇ ਪਾਪਾਂ ਦੀ ਪ੍ਰਧਾਨਤਾ ਹੋ ਗਈ ਸੀ, ਉਸ ਸਥਿਤੀ ਦਾ ਚਿਤ੍ਰਣ ਕਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ— *ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ।* (1/24)। ਅਸਲ ਵਿਚ, ਉਦੋਂ ਵਿਸ਼ੇ-ਵਾਸਨਾਵਾਂ ਦੀ ਅੱਗ ਵਿਚ ਸਾਰੀ ਸ੍ਰਿਸ਼ਟੀ ਸੜ ਰਹੀ ਸੀ। ਮਾਨਵ ਕਲਿਆਣ ਲਈ ਇਸ ਸਥਿਤੀ ਨੂੰ ਸੁਧਾਰਨਾ ਬੜਾ ਜ਼ਰੂਰੀ ਸੀ ਅਤੇ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਧਾਰਣ ਕਰਕੇ ਥਾਂ ਥਾਂ, ਸ਼ਹਿਰ ਸ਼ਹਿਰ, ਦੇਸ਼ ਦੇਸ਼ ਜਾ ਕੇ ਕੁਮਾਰਗ-ਗਾਮੀ ਧਰਮ ਆਗੂਆਂ ਨੂੰ ਸਮਝਾਇਆ, ਤਾਂ ਜੁ ਉਹ ਮਾਨਵਤਾ ਦੇ ਸਹੀ ਰੂਪ ਦਾ ਪ੍ਰਚਾਰ ਕਰ ਸਕਣ।

ਗੁਰੂ ਅਮਰਦਾਸ ਜੀ ਨੇ ਵੀ ਸਾਰਾ ਸੰਸਾਰ ਵਾਸਨਾਵਾਂ ਦੀ ਅੱਗ ਵਿਚ ਸੜਦਾ ਦਸਿਆ ਅਤੇ ਉਸ ਦੇ ਉੱਧਾਰ ਲਈ ਪਰਮਾਤਮਾ ਅਗੇ ਪ੍ਰਾਰਥਨਾ ਕੀਤੀ— *ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ। ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।* (ਗੁ.ਗ੍ਰੰ.853)।

'ਪੁਰਾਤਨ ਜਨਮਸਾਖੀ' ਵਿਚ ਉੱਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਉਦਾਸ ਰਹਿਣ ਅਤੇ ਕੁਝ ਨ ਖਾਣ ਪੀਣ ਕਰਕੇ ਉਨ੍ਹਾਂ ਦਾ ਇਲਾਜ ਕਰਾਉਣ ਲਈ ਵੈਦ ਨੂੰ ਬੁਲਾਇਆ ਗਿਆ। ਵੈਦ ਦੇ ਨਬਜ਼ ਵੇਖਣ 'ਤੇ ਗੁਰੂ ਜੀ ਨੇ

ਕਿਹਾ — *ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ। ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।* (ਗੁ.ਗ੍ਰੰ. 1279)। ਗੁਰੂ ਸਾਹਿਬ ਦੇ ਕਲੇਜੇ ਵਿਚ ਕਿਹੜੀ ਕਰਕ ਸੀ? ਕਿਹੜੀ ਪੀੜ ਸੀ ? ਜਿਸ ਨਾਲ ਬਾਰ ਬਾਰ ਚੀਸ ਪੈ ਰਹੀ ਸੀ? ਉਤਰ ਸਪੱਸ਼ਟ ਹੈ ਕਿ ਮਾਨਵਤਾ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਦੀ ਚਿੰਤਾ। ਇਹ ਗੱਲ ਉਨ੍ਹਾਂ ਨੇ ਇਕ ਸ਼ਲੋਕ ਤੋਂ ਭਲੀ-ਭਾਂਤ ਪ੍ਰਗਟ ਕੀਤੀ ਹੈ— *ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ। ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ। ਵਿਚਿ ਹਉਮੈ ਕਰਿ ਦੁਖੁ ਰੋਈ। ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।* (ਗੁ.ਗ੍ਰੰ.145)।

ਹਉਮੈ ਨੂੰ ਨਿਵਾਰਨ ਦਾ ਇਕੋ-ਇਕ ਉਪਾ ਹੈ— ਸਚ ਦੀ ਭਾਲ। ਸਾਰੀ ਗੁਰਬਾਣੀ ਸਚ ਦੀ ਭਾਲ ਉਤੇ ਜ਼ੋਰ ਦਿੰਦੀ ਹੈ। ਗੁਰਬਾਣੀ ਅਨੁਸਾਰ ਸਾਰਿਆਂ ਦੁਖਾਂ ਦਾ ਦਾਰੂ ਕੇਵਲ ਸਚ ਹੀ ਹੈ—*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।* (ਗੁ.ਗ੍ਰੰ. 468)। ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਮੁਖ ਬਾਣੀ 'ਜਪੁਜੀ' ਵਿਚ ਜਿਸ ਸਮਸਿਆ ਨੂੰ ਆਧਾਰ ਬਣਾਇਆ ਹੈ, ਉਹ ਹੈ— ਮਨੁੱਖ ਕਿਵੇਂ ਸਚ ਦੇ ਮਾਰਗ ਉਤੇ ਚਲਣ ਯੋਗ ਬਣੇ ਅਤੇ ਕਿਵੇਂ ਉਸ ਦੇ ਦੁਆਲੇ ਉਸਰੀ ਵਿਸ਼ੇ-ਵਾਸਨਾਵਾਂ ਦੀ ਦੀਵਾਰ ਨਸ਼ਟ ਹੋਏ—*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।* (ਗੁ.ਗ੍ਰੰ.1)। ਇਸ ਦਾ ਸੰਕੇਤਿਕ ਉਤਰ ਅਗਲੀ ਤੁਕ ਵਿਚ ਦੇ ਦਿੱਤਾ ਗਿਆ ਹੈ— *ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।* (ਗੁ. ਗ੍ਰੰ.1)। ਸਚਿਆਰ ਬਣਨ ਲਈ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਅਤਿ ਆਵੱਸ਼ਕ ਹੈ— *ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।* (ਗੁ.ਗ੍ਰੰ.8)।

ਸਚਿਆਰ ਬਣਨ ਲਈ ਕੀਰਤਨ, ਸ਼੍ਰਵਣ, ਮੰਨਨ, ਭਾਉ-ਭਗਤੀ, ਨਾਮ-ਸਿਮਰਨ ਆਦਿ ਸਾਧਨਾਂ ਉਤੇ ਬਹੁਤ ਬਲ ਦਿੱਤਾ ਗਿਆ ਹੈ ਅਤੇ ਇਨ੍ਹਾਂ ਗੱਲਾਂ ਦਾ ਜੋ ਜਿਗਿਆਸੂ ਸ਼ਰਧਾ-ਪੂਰਵਕ ਅਨੁਸਰਣ ਕਰਦਾ ਹੈ, ਉਹ ਇਸ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ ਅਤੇ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਪਾਰ-ਉਤਾਰਾ ਕਰ ਦਿੰਦਾ ਹੈ— *ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।* (ਗੁ.ਗ੍ਰੰ. 8)। ਇਸ ਤਰ੍ਹਾਂ ਸਚ ਦੀ ਪ੍ਰਾਪਤੀ ਹੀ ਮਾਨਵ ਕਲਿਆਣ ਲਈ ਅਧਿਆਤ-ਮਿਕ ਦ੍ਰਿਸ਼ਟੀ ਤੋਂ ਸਰਵ ਸ੍ਰੇਸ਼ਠ ਸਾਧਨ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਧਰਮ ਅਤੇ ਸਮਾਜ ਵਿਚ ਵੀ ਵੰਡੀਆਂ ਪਈਆਂ ਹੋਈਆਂ ਸਨ। ਗੁਰੂ ਜੀ ਲਈ ਇਹ ਅਵਸਥਾ ਅਸਹਿ ਸੀ। ਵੇਈਂ-ਪ੍ਰਵੇਸ਼ ਉਪਰੰਤ ਗੁਰੂ ਜੀ ਨੇ ਸਪੱਸ਼ਟ ਅਤੇ ਨਿਸੰਗ ਰੂਪ ਵਿਚ ਐਲਾਨ ਕੀਤਾ— ਨ ਕੋਈ (ਵਾਸਤਵਿਕ ਰੂਪ ਵਿਚ) ਹਿੰਦੂ ਹੈ, ਨ ਕੋਈ ਮੁਸਲਮਾਨ ਹੈ, ਕਿਉਂਕਿ ਇਨ੍ਹਾਂ ਵਿਥਾਂ ਕਰਕੇ ਮਨੁੱਖ ਮਨੁੱਖ ਨ ਰਹਿ ਕੇ ਹਿੰਦੂ ਜਾਂ ਮੁਸਲਮਾਨ ਬਣ ਗਿਆ ਹੈ, ਇਨਸਾਨ ਨਹੀਂ ਰਿਹਾ। ਇਸ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡੁ ਪਰਾਨ।* (ਗੁ.ਗ੍ਰੰ. 1136)।

ਇਸ ਵਿਥ ਨੂੰ ਖ਼ਤਮ ਕਰਕੇ ਸਾਰੇ ਮਨੁੱਖਾਂ ਵਿਚ ਸਮ-ਭਾਵ ਦੀ ਚੇਤਨਾ ਪੈਦਾ ਕਰਨ ਲਈ ਦਸਮ-ਗੁਰੂ ਨੇ 'ਅਕਾਲ ਉਸਤਤਿ' ਵਿਚ ਫ਼ੁਰਮਾਇਆ ਹੈ— *ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।... ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।* ਸਭ ਵਿਚ ਇਕੋ ਪਰਮਾਤਮਾ ਦੀ ਜੋਤਿ ਵਿਦਮਾਨ ਹੈ, ਸਭ ਦਾ ਸਰੂਪ ਇਕੋ ਜਿਹਾ ਹੈ, ਪਰ ਸਹੀ ਧਾਰਮਿਕ ਸੋਧ ਦੇ ਅਭਾਵ ਵਿਚ ਸਭ ਭਟਕ ਰਹੇ ਹਨ।

ਅਧਿਆਤਮਿਕ ਅਤੇ ਧਾਰਮਿਕ ਪੱਖਾਂ ਤੋਂ ਇਲਾਵਾ ਗੁਰਬਾਣੀ ਵਿਚ ਮਨੁੱਖ ਨੂੰ ਆਪਣਾ ਸਮਾਜਿਕ ਵਿਵਹਾਰ ਵੀ ਸੁਧਾਰਨ ਲਈ ਕਿਹਾ ਗਿਆ ਹੈ, ਕਿਉਂਕਿ ਅਜਿਹਾ ਕੀਤੇ ਬਿਨਾ ਮਾਨਵਤਾ ਦਾ ਕਲਿਆਣ ਸੰਭਵ ਨਹੀਂ। ਮਨੁੱਖ ਨੂੰ ਸ੍ਰੇਸ਼ਠ ਬਣਨ ਲਈ ਚੰਗੀਆਂ ਬਿਰਤੀਆਂ ਨੂੰ ਅਪਣਾਉਣਾ ਅਤੇ ਮਾੜੀਆਂ ਬਿਰਤੀਆਂ ਨੂੰ ਛਡਣਾ ਚਾਹੀਦਾ ਹੈ। ਕਰਨੀ ਅਤੇ ਕਥਨੀ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਰਖਣਾ ਚਾਹੀਦਾ। ਸੇਵਾ ਕਰਨਾ ਵੀ ਚੰਗੇ ਮਨੁੱਖ ਦੀ ਬੁਨਿਆਦੀ ਲੋੜ ਹੈ।

ਵਰਣ-ਵਿਵਸਥਾ ਕਰਕੇ ਵੀ ਮਨੁੱਖਾਂ ਵਿਚ ਵਿੱਥਾਂ ਵਧੀਆਂ ਹਨ, ਇਸ ਲਈ ਗੁਰਬਾਣੀ ਵਿਚ ਜਾਤਿ-ਪਾਤਿ ਦਾ ਖੰਡਨ ਕਰਕੇ ਗੁਰ-ਉਪਦੇਸ਼ ਸਭ ਲਈ ਸਾਂਝਾ ਦਸਿਆ ਗਿਆ ਹੈ— *ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।* (ਗੁ.ਗ੍ਰੰ. 747)। ਆਸ਼੍ਰਮ-ਵਿਵਸਥਾ ਪ੍ਰਤਿ ਵੀ ਗੁਰਬਾਣੀ ਵਿਚ ਆਸਥਾ ਨਹੀਂ ਵਿਖਾਈ ਗਈ, ਕਿਉਂਕਿ

ਇਸ ਨਾਲ ਮਨੁੱਖ ਆਪਣੇ ਕਰਤੱਵ ਤੋਂ ਹਟ ਕੇ ਸੰਨਿਆਸ ਵਲ ਰੁਚਿਤ ਹੁੰਦਾ ਹੈ, ਹੋਰਨਾਂ ਉਤੇ ਭਾਰ ਬਣਦਾ ਹੈ। ਮਿਹਨਤ ਨਾਲ ਕੀਤੀ ਕਮਾਈ ਨੂੰ ਵੰਡ ਕੇ ਛਕਣਾ ਹੀ ਸਹੀ ਮਾਨਵੀ ਗੁਣ ਹੈ-- *ਗੁਰ ਪੀਰੁ ਸਦਾਏ ਮੰਗਣ ਜਾਇਉਂ ਤਾ ਕੈ ਮੂਲਿ ਨ ਲਗੀਐ ਪਾਇ। ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।* (ਗੁ.ਗ੍ਰੰ. 1245)। ਗ੍ਰਿਹਸਥ-ਧਰਮ ਨੂੰ ਗੁਰਬਾਣੀ ਵਿਚ ਸ੍ਰੇਸ਼ਠ ਦਸਦੇ ਹੋਇਆਂ ਇਸਤਰੀ ਦੇ ਗੌਰਵ ਦੀ ਵੀ ਸਥਾਪਨਾ ਕੀਤੀ ਗਈ ਹੈ। ਪਤੀ-ਪਤਨੀ ਸੰਬੰਧ ਕਿਸੇ ਗ਼ਰਜ਼ ਉਤੇ ਨਿਰਭਰ ਨਹੀਂ ਹੋਣੇ ਚਾਹੀਦੇ, ਸਗੋਂ ਉਨ੍ਹਾਂ ਵਿਚ ਪਰਸਪਰ ਇਕਾਤਮਕਤਾ ਦੀ ਭਾਵਨਾ ਹੋਣੀ ਚਾਹੀਦੀ ਹੈ— *ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।* (ਗੁ.ਗ੍ਰੰ. 788)। ਪਰਾਇਆ ਹੱਕ ਮਾਰਨਾ ਵੀ ਚੰਗੇ ਮਨੁੱਖ ਲਈ ਅਨੁਚਿਤ ਹੈ, ਕਿਉਂਕਿ ਅਜਿਹਾ ਕਰਨ ਨਾਲ ਵੈਰ-ਵਿਰੋਧ ਦਾ ਵਿਸਤਾਰ ਹੁੰਦਾ ਹੈ ਅਤੇ ਮਨੁੱਖਾਂ ਵਿਚ ਭੈੜੀਆਂ ਰੁਚੀਆਂ ਦਾ ਵਿਕਾਸ ਹੁੰਦਾ ਹੈ— *ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ। ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।* (ਗੁ.ਗ੍ਰੰ. 141)

ਗੁਰਬਾਣੀ ਵਿਚ ਜਿਸ ਆਦਰਸ਼-ਮਨੁੱਖ ਦੀ ਕਲਪਨਾ ਕੀਤੀ ਗਈ ਹੈ, ਉਹ 'ਗੁਰਮੁਖ' ਹੈ। ਮਾਇਆ ਵਿਚ ਰਹਿੰਦਾ ਹੋਇਆ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਵਿਅਕਤੀ ਹੈ। ਉਹ ਕੇਵਲ ਆਪਣੀ ਮੁਕਤੀ ਅਥਵਾ ਉਨਤੀ ਤੋਂ ਸੰਤੁਸ਼ਟ ਨਹੀਂ, ਉਹ ਤਾਂ ਸਾਰੇ ਸਮਾਜ, ਸਾਰੇ ਭਾਈਚਾਰੇ, ਸਾਰੀ ਮਨੁੱਖਤਾ ਦੇ ਕਲਿਆਣ ਵਿਚ ਵਿਸ਼ਵਾਸ ਰਖਦਾ ਹੈ— *ਐਸੇ ਜਨ ਵਿਰਲੇ ਸੰਸਾਰੇ। ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ। ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ।* (ਗੁ.ਗ੍ਰੰ. 1039)।

ਸਮੁੱਚੇ ਤੌਰ 'ਤੇ ਗੁਰਬਾਣੀ ਵਿਚ ਮਾਨਵ-ਕਲਿਆਣ ਦੇ ਅਨੇਕ ਪੱਖਾਂ ਉਤੇ ਝਾਤ ਪਾ ਕੇ ਮਨੁੱਖ ਨੂੰ ਸਹੀ ਸੇਧ ਦਿੱਤੀ ਗਈ ਹੈ ਅਤੇ ਉਸ ਨੂੰ ਚੰਗਾ ਮਨੁੱਖ (ਸਚਿਆਰਾ) ਬਣਨ ਲਈ ਬਾਰ ਬਾਰ ਪ੍ਰੇਰਿਤ ਕੀਤਾ ਗਿਆ ਹੈ।

**ਕੀਰਤ** (ਭੱਟ): ਇਕ ਭੱਟ ਕਵੀ ਜਿਸ ਦੇ ਲਿਖੇ ਅੱਠ ਛੰਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ, ਇਨ੍ਹਾਂ ਵਿਚੋਂ 4 ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ 'ਤੇ 4 ਗੁਰੂ ਰਾਮਦਾਸ ਜੀ ਦੀ ਸਿਫ਼ਤ ਵਿਚ ਹਨ। ਭੱਟ ਅਨੁਸਾਰ ਗੁਰੂ ਅਮਰਦਾਸ ਜੀ ਦੀ ਜੋਤਿ ਪਰਮਜੋਤਿ ਦਾ ਰੂਪ ਹੈ ਜਿਸ ਨੇ ਸ਼ਬਦ ਦੀਪਕ ਰਾਹੀਂ ਜੀਵਨ ਨੂੰ ਨੂਰੋ ਨੂਰ ਕਰ ਦਿੱਤਾ ਹੈ। ਗੁਰੂ ਰਾਮਦਾਸ ਜੀ ਦੀ ਦੇ ਵਿਅਕਤਿਤਵ ਦੀ ਉਪਮਾ ਕਰਦਾ ਹੋਇਆ ਕੀਰਤਿ ਭੱਟ ਕਹਿੰਦਾ ਹੈ ਕਿ ਗੁਰੂ ਜੋਤਿ ਦਾ ਚੰਦਨ ਬਾਬੇ ਨਾਨਕ ਜੀ ਦੇ ਸਮੇਂ ਤੋਂ ਸੁਗੰਧੀ ਵੰਡਦਾ ਆਇਆ ਹੈ। ਅਸੀਂ ਇਸ ਮਾਰਗ ਦੀ ਸੋਝੀ ਗੁਰੂ ਸੰਗਤ ਤੋਂ ਪ੍ਰਾਪਤ ਕੀਤੀ ਹੈ।

**ਕੀਰਤਨ** : ਇਸ ਤੋਂ ਭਾਵ ਹੈ ਪਰਮਾਤਮਾ ਦੇ ਗੁਣਾਂ ਦਾ ਯਸ਼ ਗਾਉਣਾ। ਭਗਤੀ ਦੇ ਵਿਕਾਸ ਨੂੰ ਜੇ ਧਿਆਨ ਨਾਲ ਵਾਚੀਏ ਤਾਂ ਪਤਾ ਲਗਦਾ ਹੈ ਕਿ ਪੁਰਾਤਨ ਕਾਲ ਤੋਂ ਕੀਰਤਨ ਵਲ ਭਗਤਾਂ ਦੀ ਵਿਸ਼ੇਸ਼ ਰੁਚੀ ਰਹੀ ਹੈ। 'ਭਗਵਦ-ਗੀਤਾ', ਭਗਤੀ ਦੇ ਸ਼ਾਸਤ੍ਰੀ ਗ੍ਰੰਥਾਂ ਅਤੇ ਵੈਸ਼ਨਵ ਧਰਮ-ਗ੍ਰੰਥਾਂ ਵਿਚ ਸਭ ਥਾਂ ਕੀਰਤਨ ਦੀ ਮਹਿਮਾ ਗਾਈ ਮਿਲ ਜਾਂਦੀ ਹੈ। 'ਭਾਗਵਤ-ਪੁਰਾਣ' ਵਿਚ ਇਸ ਨੂੰ ਨਵਧਾ ਭਗਤੀ ਦਾ ਇਕ ਅੰਗ ਮੰਨਿਆ ਗਿਆ ਹੈ। ਉਥੇ ਇਹ ਵੀ ਦਸਿਆ ਗਿਆ ਹੈ ਕਿ ਸਤਿਯੁਗ ਵਿਚ ਭਗਵਾਨ ਦਾ ਧਿਆਨ ਕਰਨ ਨਾਲ, ਤ੍ਰੇਤਾ ਯੁਗ ਵਿਚ ਯੱਗ ਕਰਨ ਨਾਲ, ਦੁਆਪਰ ਯੁਗ ਵਿਚ ਸੇਵਾ-ਪੂਜਾ ਕਰਨ ਨਾਲ ਜੋ ਫਲ ਪ੍ਰਾਪਤ ਹੁੰਦਾ ਹੈ, ਉਹ ਕਲਿਯੁਗ ਵਿਚ ਭਗਵਾਨ ਦੇ ਨਾਮ ਦੇ ਕੀਰਤਨ ਤੋਂ ਪ੍ਰਾਪਤ ਹੋ ਜਾਂਦਾ ਹੈ।

ਗੁਰਬਾਣੀ ਨੂੰ ਸੰਗੀਤਬੱਧ ਕਰਨ ਦੀ ਕਿਉਂ ਲੋੜ ਪਈ ? ਇਸ ਦਾ ਉਤਰ ਬੜਾ ਸਰਲ ਹੈ ਕਿ ਬਾਣੀਕਾਰਾਂ ਦਾ ਬਾਣੀ ਰਚਣ ਦਾ ਮਨੋਰਥ ਕਾਵਿ-ਸਿਰਜਨਾ ਤਕ ਸੀਮਿਤ ਨਹੀਂ ਸੀ, ਸਗੋਂ ਆਪਣੇ ਰਹਸਾਨੁਭਵ ਨੂੰ ਸਰੋਤਿਆਂ ਤਕ ਪਹੁੰਚਾ ਕੇ ਸਾਧਾਰਣੀਕਰਣ ਦੀ ਅਵਸਥਾ ਵਿਚ ਲਿਆਉਣਾ ਸੀ। ਕਾਵਿ ਸ਼ਬਦਾਂ ਦਾ ਲੈਆਤਮਕ ਸੰਯੋਜਨ ਹੈ। ਪਰ ਇਹ ਉਸੇ ਵਿਅਕਤੀ ਨੂੰ ਅਧਿਕ ਆਨੰਦਿਤ ਕਰਦਾ ਹੈ ਜੋ ਉਸ ਭਾਸ਼ਾ ਤੋਂ ਜਾਣੂ ਹੁੰਦਾ ਹੈ। ਉਂਜ ਸੰਗੀਤ ਦੀ ਭਾਸ਼ਾ ਬ੍ਰਹਿਮੰਡੀ ਨਾਦ ਵਾਲੀ ਹੈ। ਇਸ ਤੋਂ ਮਨੁੱਖ ਤਾਂ ਕੀ ਪਸ਼ੂ, ਪੰਛੀ ਵੀ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦੇ। ਪੰਘੂੜੇ ਵਿਚ ਪਿਆ ਰੋਂਦਾ ਬੱਚਾ ਵੀ ਰੁਦਨ ਨੂੰ ਖ਼ੁਸ਼ੀ ਵਿਚ ਬਦਲ ਲੈਂਦਾ ਹੈ।

ਮੱਧ-ਯੁਗ ਦੇ ਭਗਤਾਂ ਨੇ ਵੀ ਕੀਰਤਨ ਉਤੇ ਬਹੁਤ ਬਲ ਦਿੱਤਾ ਹੈ, ਪਰ ਗੁਰਮਤਿ ਵਿਚ ਕੀਰਤਨ ਨੂੰ ਉਚੇਚਾ ਮਹੱਤਵ ਅਤੇ ਸਥਾਨ ਪ੍ਰਾਪਤ ਹੈ। ਇਸ ਨੂੰ ਮਨੁੱਖ ਦੀ

ਅਧਿਆਤਮਿਕ ਅਗਵਾਈ ਦਾ ਸਰਬੋਤਮ ਸਾਧਨ ਦਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਕੀਰਤਨ ਨੂੰ ਸ੍ਰਵਣ ਅਤੇ ਮਨਨ ਤੋਂ ਪਹਿਲਾਂ ਸਥਾਨ ਦਿੰਦੇ ਹੋਇਆਂ, ਇਸ ਦੁਆਰਾ ਪਰਮਾਰਥ ਦੀ ਪ੍ਰਾਪਤੀ ਸੰਭਵ ਹੋਣੀ ਦਸੀ ਹੈ— *ਹਰਿ ਗੁਣਿ ਗਾਵਹਿ ਮਿਲਿ ਪਰਮਾਰਥ*।(ਗੁ.ਗ੍ਰੰ.413)। ਕੀਰਤਨ ਕਰਨ ਵਾਲੇ ਉਤੇ, ਗੁਰੂ ਅਰਜਨ ਦੇਵ ਜੀ ਅਨੁਸਾਰ, ਜਮ-ਕਾਲ ਦਾ ਪ੍ਰਭਾਵ ਨਹੀਂ ਪੈ ਸਕਦਾ—*ਜੋ ਜਨੁ ਕਰੈ ਕੀਰਤਨੁ ਗੋਪਾਲ। ਤਿਸ ਕਉ ਪੋਹਿ ਨ ਸਕੈ ਜਮੁਕਾਲੁ*।(ਗੁ. ਗ੍ਰੰ.867)। ਗੁਰੂ ਅਰਜਨ ਦੇਵ ਜੀ ਨੇ ਇਹ ਵੀ ਦਸਿਆ ਹੈ ਕਿ ਆਵਾਗਵਣ ਤੋਂ ਬਚਣ ਦਾ ਸਾਧਨ ਦਿਨ-ਰਾਤ ਪਰਮਾਤਮਾ ਦਾ ਕੀਰਤਨ ਕਰਨਾ ਹੀ ਹੈ— *ਹਰਿ ਦਿਨੁ ਰੈਨਿ ਕੀਰਤਨੁ ਗਾਈਐ। ਬਹੁੜਿ ਨ ਜੋਨੀ ਪਾਈਐ*। (ਗੁ.ਗ੍ਰੰ. 624)। ਸਮੁੱਚੇ ਤੌਰ 'ਤੇ ਗੁਰੂ ਅਰਜਨ ਦੇਵ ਜੀ ਨੇ '*ਕਲਜੁਗ ਮਹਿ ਕੀਰਤਨੁ ਪਰਧਾਨਾ*' (ਗੁ.ਗ੍ਰੰ. 1075) ਕਹਿ ਕੇ ਇਸ ਨੂੰ ਨਿਰਮੋਲਕ ਹੀਰਾ ਅਤੇ ਸ੍ਰੇਸ਼ਠ ਗੁਣਾਂ ਦਾ ਸਮੁੱਚ ਦਸਿਆ ਹੈ— *ਕੀਰਤਨੁ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ*। (ਗੁ.ਗ੍ਰੰ.893) ਅਤੇ ਇਸ ਨੂੰ ਮਨੁੱਖਤਾ ਦੇ ਵਿਕਾਸ ਲਈ 'ਅਟਲ-ਧਰਮ' ਦਾ ਨਾਂ ਦਿੱਤਾ ਹੈ।

ਸਿੱਖ-ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਨ ਕੇਵਲ ਕੀਰਤਨ ਉਤੇ ਬਲ ਦਿੱਤਾ ਹੈ ਸਗੋਂ ਆਪ ਵੀ ਕੀਰਤਨਮਈ ਜੀਵਨ ਜੀਵਿਆ ਹੈ। ਉਨ੍ਹਾਂ ਦੀ ਆਪਣੀ ਅਤੇ ਹੋਰਨਾਂ ਗੁਰੂ ਸਾਹਿਬਾਂ ਦੀ ਬਾਣੀ ਰਾਗ-ਬਧ ਹੈ। ਕਵਿਤਾ ਵਿਚ ਤਾਂ ਹੋਰਨਾਂ ਵੀ ਕਈ ਧਰਮ-ਆਗੂਆਂ ਦੀ ਰਚਨਾ ਭਾਵੇਂ ਮਿਲ ਜਾਏ, ਪਰ ਉਸ ਨੂੰ ਕੀਰਤਨ ਵਿਚ ਢਾਲਣ ਦੀਆਂ ਉਦਾਹਰਣਾਂ ਘਟ ਹਨ। ਗੁਰੂ ਸਾਹਿਬਾਨ ਸਾਹਿਤਕਾਰ ਵੀ ਸਨ ਅਤੇ ਸੰਗੀਤਕਾਰ ਵੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸ਼ਾਇਰ (*ਨਾਨਕੁ ਸਾਇਰੁ ਏਵ ਕਹਤੁ ਹੈ*) ਅਤੇ ਸੰਗੀਤਕਾਰ (*ਹਉ ਢਾਢੀ ਦਰ ਪ੍ਰਭੁ ਖਸਮ ਕਾ ਨਿਤ ਗਾਵੈ ਹਰਿ ਗੁਣ ਛੰਦਾ*) ਦੋਵੇਂ ਕਿਹਾ ਹੈ। ਗੁਰਬਾਣੀ ਕਵਿਤਾ ਵਿਚ ਹੋਣ ਦੇ ਨਾਲ ਨਾਲ ਰਾਗ-ਬਧ ਇਸ ਲਈ ਹੈ ਕਿ ਕੀਰਤਨ ਕਰਨਾ ਇਸ ਦੀ ਬੁਨਿਆਦੀ ਲੋੜ ਹੈ। ਰਾਗ ਉਦਾਸ ਮਨਾਂ ਨੂੰ ਸੁਰਜੀਤ ਕਰ ਦਿੰਦਾ ਹੈ। ਕੀਰਤਨ ਪ੍ਰਭੂ-ਭਗਤੀ ਨੂੰ ਸਰਲ ਅਤੇ ਰਸ-ਯੁਕਤ ਬਣਾਉਂਦਾ ਹੈ। ਕੀਰਤਨ ਬੁਝੇ ਹੋਏ ਮਨ ਨੂੰ ਟੁੰਬ ਦਿੰਦਾ ਹੈ, ਉਸ ਅੰਦਰ ਅਧਿਆਤਮਿਕ ਕੰਬਣੀ ਛੇੜ ਦਿੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਕੀਰਤਨ ਲਈ ਸਦਾ ਆਪਣੇ ਨਾਲ ਰਖਿਆ ਹੈ। ਅਸਲ ਵਿਚ, ਉਹ ਆਪਣੀ ਬਾਣੀ ਨੂੰ 'ਰਬਾਬ' ਸਾਜ਼ ਨਾਲ ਇਕ-ਸੁਰ ਕਰਕੇ ਜਿਗਿਆਸੂਆਂ ਦੇ ਮਨ ਨੂੰ ਕੀਲ ਲੈਂਦੇ ਸਨ। ਉਨ੍ਹਾਂ ਦਾ ਅਗੰਮੀ ਕੀਰਤਨ ਸੁਣ ਕੇ ਕੋਈ ਵੀ ਜੀਵ ਅਧਿਆਤਮਿਕਤਾ ਤੋਂ ਸਖਣਾ ਨਹੀਂ ਰਹਿੰਦਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਬਾਦ ਸਿੱਖ-ਪਰੰਪਰਾ ਵਿਚ ਰਬਾਬੀਆਂ ਦੁਆਰਾ ਕੀਰਤਨ ਕਰਨ ਦੀ ਵਿਵਸਥਾ ਬਣੀ ਰਹੀ। ਗੁਰੂ ਅਰਜਨ ਦੇਵ ਜੀ ਨੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ (ਆਸਾ ਕੀ ਵਾਰ ਦੀ ਚੌਕੀ, ਚਰਨ ਕੰਵਲ ਦੀ ਚੌਕੀ, ਸੋਦਰ ਕੀ ਚੌਕੀ ਅਤੇ ਕਲ੍ਯਾਣ ਦੀ ਚੌਕੀ) ਦੀ ਮਰਯਾਦਾ ਕਾਇਮ ਕੀਤੀ ਅਤੇ ਸਿੱਖਾਂ ਨੂੰ ਖ਼ੁਦ ਕੀਰਤਨ ਕਰਨ ਲਈ ਉਤਸਾਹਿਤ ਕੀਤਾ। ਸਿੱਖ-ਧਰਮ ਵਿਚ ਕੀਰਤਨ ਦੀ ਮਹੱਤਵ-ਸਥਾਪਨਾ ਦਾ ਮੂਲ ਕਾਰਣ ਕੀਰਤਨ ਦੀ ਉਹ ਸ਼ਕਤੀ ਹੈ, ਜੋ ਮਨ ਨੂੰ ਇਕਾਗਰ ਕਰਨ ਵਿਚ ਬੜੀ ਸਫਲ ਹੈ।

ਕੀਰਤਨ ਦੇ ਮਹਾਤਮ ਨੂੰ ਭਾਈ ਗੁਰਦਾਸ ਦੀ ੧੧ਵੀਂ ਵਾਰ ਉਤੇ ਲਿਖੇ ਟੀਕੇ 'ਭਗਤ ਰਤਨਾਵਲੀ' (18ਵੀਂ ਪਉੜੀ) ਵਿਚ ਬੜੇ ਸੁੰਦਰ ਢੰਗ ਨਾਲ ਸਪੱਸ਼ਟ ਕੀਤਾ ਗਿਆ ਹੈ। ਉਥੇ ਲਿਖਿਆ ਹੈ ਕਿ ਝਾਝੂ, ਮੁਕੰਦੂ ਤੇ ਕਿਦਾਰਾ ਨਾਂ ਦੇ ਗੁਰਸਿਖ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦੇ ਹਨ ਅਤੇ ਆਪਣੇ ਸੰਸਾਰਿਕ ਉੱਧਾਰ ਦਾ ਸਾਧਨ ਪੁਛਦੇ ਹਨ :

*ਤਾਂ ਬਚਨ ਹੋਇਆ- ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।*

*ਤਾਂ ਉਨ੍ਹਾਂ ਅਰਦਾਸ ਕੀਤੀ— ਜੀ, ਬਾਣੀ ਦੇ ਪਾਠ ਦੀ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।*

*ਬਚਨ ਹੋਇਆ - ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਹੀ ਪੈਲੀ ਪਾਨੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੇ ਦੂਜੇ ਖੂਹ ਦੀ ਪੈਲੀ ਨਜੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੈ ਬਰਖਾ ਕਰਦਾ ਹੈ ਤਾਂ ਸਭੈ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ।*

ਇਸ ਟੂਕ ਤੋਂ ਸਪੱਸ਼ਟ ਹੈ ਕਿ ਕੀਰਤਨ ਦਾ ਪ੍ਰਭਾਵ ਬਹੁਤ ਵਿਸ਼ਾਲ ਅਤੇ ਗੰਭੀਰ ਹੈ। ਇਸ ਨਾਲ ਇਕ-ਦਮ

ਵਾਤਾਵਰਣ ਬਦਲ ਜਾਂਦਾ ਹੈ, ਅਧਿਆਤਮਿਕਤਾ ਨਾਲ ਸਾਰੇ ਸਰੋਤੇ ਸਰਸ਼ਾਰ ਹੋ ਜਾਂਦੇ ਹਨ। ਜਿਗਿਆਸੂ ਦਾ ਸੁੱਤਾ ਮਨ ਜਾਗ ਪੈਂਦਾ ਹੈ, ਦੁਖ ਅਤੇ ਕਲੇਸ਼ ਮਿਟ ਜਾਂਦੇ ਹਨ, ਪਾਪਾਂ ਦੀ ਮੈਲ ਕਟ ਜਾਂਦੀ ਹੈ, ਹਰਿ-ਨਾਮ ਵਿਚ ਲਿਵ ਲਗ ਜਾਂਦੀ ਹੈ, ਲੋਕ ਪਰਲੋਕ ਸਫਲ ਹੋ ਜਾਂਦੇ ਹਨ। ਸਵੱਛ ਮਨ ਵਾਲਾ ਵਿਅਕਤੀ ਜਿਥੇ ਅਧਿਆਤਮਿਕ ਜਗਤ ਵਿਚ ਵਿਕਾਸ ਕਰਦਾ ਹੈ, ਉਥੇ ਨਾਲ ਹੀ ਲੌਕਿਕ ਜੀਵਨ ਵਿਚ ਉਸ ਦਾ ਆਚਾਰ ਤੇ ਵਿਚਾਰ ਸ੍ਰੇਸ਼ਠ ਹੁੰਦੇ ਹਨ। ਉਹ ਇਕ ਚੰਗਾ ਸਮਾਜਿਕ ਜੀਵ ਬਣਦਾ ਹੈ।

ਕੀਰਤਨ ਦਾ ਸਿਮਰਨ ਤੋਂ ਵੀ ਅਧਿਕ ਮਹੱਤਵ ਦਸਦੇ ਹੋਇਆਂ ਭਾਈ ਅਰਦਮਨ ਸਿੰਘ ਬਾਗੜੀਆਂ ਨੇ ਆਪਣੇ ਇਕ ਖੋਜ ਪੱਤਰ ਰੂਪ ਭਾਸ਼ਣ ਵਿਚ ਦਸਿਆ ਸੀ ਕਿ ਸਿਮਰਨ ਜ਼ਾਤੀ ਅਭਿਆਸ ਨਾਲ ਹੁੰਦਾ ਹੈ। ਮਨ ਨੂੰ ਮੋੜ ਮੋੜ ਕੇ ਲਿਆ ਕੇ ਚਿੱਤ-ਵ੍ਰਿਤੀ ਇਕਾਗਰ ਕਰਨੀ ਪੈਂਦੀ ਹੈ, ਤਾਂ ਲਿਵ ਲਗਦੀ ਹੈ। ਇਹ ਪਹਿਲਾਂ ਅਲੂਣੀ ਸਿਲ ਚਟਣ ਵਾਂਗ ਹੁੰਦਾ ਹੈ। ਕਾਫ਼ੀ ਅਭਿਆਸ ਪਿਛੋਂ ਕਿਤੇ ਜਾ ਕੇ ਰਸ ਆਉਣ ਲਗਦਾ ਹੈ। ਉਧਰ ਕੀਰਤਨ ਨਾਲ ਸਿੱਧਾ ਹੀ ਗੁਰ-ਸੰਗੀਤ ਵਿਚ ਪਹੁੰਚ ਜਾਈਦਾ ਹੈ। ਅਲੂਣੀ ਸਿਲ ਚਟਣ ਦੀ ਬਜਾਇ ਇਸ ਵਿਚੋਂ ਨਾਮ-ਰਸ ਦਾ ਸੁਆਦ ਸਹਿਜੇ ਹੀ ਆਉਣ ਲਗ ਜਾਂਦਾ ਹੈ। ਕੀਰਤਨ ਦਾ ਅਸਰ ਮਨ ਉਪਰ ਸਿਧਾ ਹੁੰਦਾ ਹੈ। ਇਹ ਬੁੱਧੀ ਦੀ ਛਾਣ-ਬੀਣ ਵਿਚ ਨਹੀਂ ਫਸਦਾ, ਇਸ ਲਈ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ।

ਕੀਰਤਨ ਦੇ ਇਸ ਮਹੱਤਵ ਨੂੰ ਮੁਖ ਰਖਦਿਆਂ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਦੁਰਮਤਿ-ਨਾਸ਼ਕ ਅਤੇ ਸਗਲ ਮਨੋਰਥ ਸਾਧਕ ਦਸਿਆ ਹੈ— *ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ। ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ।*(ਗੁ.ਗ੍ਰੰ.1300)।

ਅੰਤ ਵਿਚ ਇਹ ਸਹਿਜੇ ਹੀ ਸਿੱਟਾ ਨਿਕਲਦਾ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਅਧਿਆਤਮਿਕ ਸਾਧਨਾ ਦੀ ਇਕ ਪ੍ਰਮੁਖ ਲੋੜ ਹੈ। ਇਸ ਨਾਲ ਜਿਥੇ ਵਿਅਕਤੀ ਸਤਿ-ਸੰਗਤ ਵਿਚ ਆ ਕੇ ਕੀਰਤਨ ਦਾ ਸੁਆਦ ਮਾਣਦਾ ਹੈ, ਉਥੇ ਉਸ ਦੇ ਚਰਿਤ੍ਰ ਵਿਚ ਬ੍ਰਹਮੀ ਅੰਸ਼ ਵਧਦਾ ਹੈ ਅਤੇ ਉਹ ਸ੍ਰੇਸ਼ਠ ਮਨੁੱਖ ਬਣ ਕੇ ਲੋਕਾਂ ਦਾ ਉੱਧਾਰ ਕਰਦਾ ਹੈ।

ਕੀਰਤਨ ਕਰਨ ਵਾਲੇ ਵਿਅਕਤੀ ਲਈ ਗੁਰੂ ਅਰਜਨ ਦੇਵ ਜੀ ਨੇ ਕੁਝ ਵਿਸ਼ੇਸ਼ ਹਦਾਇਤਾਂ ਕੀਤੀਆਂ ਹਨ। ਮੁੱਖ ਹਦਾਇਤ ਇਹ ਹੈ ਕਿ ਕੀਰਤਨ ਕਰਨ ਵਾਲੇ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਕਾਰ ਨਹੀਂ ਹੋਣਾ ਚਾਹੀਦਾ — *ਭਲੋ ਭਲੋ ਰੇ ਕੀਰਤਨੀਆ। ਰਾਮ ਰਮਾ ਰਾਮਾ ਗੁਨ ਗਾਉ। ਛੋਡਿ ਮਾਇਆ ਕੇ ਧੰਧ ਸੁਆਉ।*(ਗੁ.ਗ੍ਰੰ.885)। ਗੁਰੂ ਅਮਰਦਾਸ ਜੀ ਨੇ ਵਿਕਾਰ-ਗ੍ਰਸਤ ਅਵਸਥਾ ਵਿਚ ਕੀਤਾ ਕੀਰਤਨ ਵਿਅਰਥ ਦਸਿਆ ਹੈ ਕਿਉਂਕਿ ਵਿਕਾਰ ਕਾਰਣ ਉਸ ਨੂੰ ਕੀਰਤਨ ਦਾ ਆਨੰਦ ਪ੍ਰਾਪਤ ਨਹੀਂ ਹੋਇਆ ਅਤੇ ਨ ਹੀ ਸਰੋਤਾ ਨੂੰ ਆਨੰਦਿਤ ਕੀਤਾ ਜਾ ਸਕਿਆ— *ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ। ਹਉਮੈ ਵਿਚਿ ਗਾਵਹਿ ਬਿਰਥਾ ਜਾਇ।*(ਗੁ.ਗ੍ਰੰ.158)।

**ਕੀਰਤਨ-ਸੋਹਿਲਾ** (ਬਾਣੀ): ਇਸ ਨੂੰ 'ਕੀਰਤਿ ਸੋਹਿਲਾ' ਜਾਂ 'ਸੋਹਿਲਾ' (ਵੇਖੋ) ਵੀ ਕਿਹਾ ਜਾਂਦਾ ਹੈ। ਇਸ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਪੰਜ ਸ਼ਬਦ ਦਰਜ ਹਨ। ਇਨ੍ਹਾਂ ਪੰਜ ਸ਼ਬਦਾਂ ਨੂੰ ਇਹ ਸਿਰਲੇਖ ਗੁਰੂ ਅਰਜਨ ਦੇਵ ਜੀ ਨੇ ਗ੍ਰੰਥ-ਸੰਪਾਦਨ ਵੇਲੇ ਇਨ੍ਹਾਂ ਵਿਚਲੇ ਪਹਿਲੇ ਸ਼ਬਦ ਦੀਆਂ ਮੁੱਢਲੀਆਂ ਦੋ ਤੁਕਾਂ ਦੇ ਆਧਾਰ 'ਤੇ ਦਿੱਤਾ ਹੋਵੇਗਾ— *ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ। ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ।* ਇਸ ਵਿਚਲੇ ਪਹਿਲੇ ਤਿੰਨ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਲਏ ਗਏ ਹਨ, ਚੌਥਾ ਸ਼ਬਦ ਗੁਰੂ ਰਾਮਦਾਸ ਜੀ ਦਾ ਹੈ ਅਤੇ ਪੰਜਵਾਂ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ।

ਧਾਰਮਿਕ ਪ੍ਰਥਾ ਅਨੁਸਾਰ ਇਸ ਬਾਣੀ ਦਾ ਪਾਠ ਰਾਤ ਸੌਣ ਤੋਂ ਪਹਿਲਾਂ ਹਰ ਇਕ ਸਿੱਖ ਲਈ ਕਰਨਾ ਜ਼ਰੂਰੀ ਹੈ। ਇਸ ਪ੍ਰਥਾ ਦਾ ਪ੍ਰਚਲਨ ਗੁਰੂ ਅਰਜਨ ਦੇਵ ਜੀ ਤੋਂ ਹੋਇਆ ਪ੍ਰਤੀਤ ਹੁੰਦਾ ਹੈ। ਭਾਈ ਗੁਰਦਾਸ ਨੇ ਉਸ ਵਕਤ ਦੇ ਸਿੱਖਾਂ ਦੀ ਨਿੱਤ-ਨੇਮ ਵਿਚ ਇਸ ਬਾਣੀ ਦੇ ਸ਼ਾਮਲ ਹੋਣ ਵਲ ਸੰਕੇਤ ਕਰਦਿਆਂ ਲਿਖਿਆ ਹੈ— *ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵਰੰਦੇ।*(6/7)।

ਅਜ ਕਲ ਕਿਸੇ ਦੇ ਮਰਣ ਤੋਂ ਬਾਦ ਵੀ ਇਸ ਦਾ ਪਾਠ ਕੀਤਾ ਜਾਂਦਾ ਹੈ।

**ਕੀਰਤਪੁਰ** (ਕਸਬਾ): ਪੰਜਾਬ ਵਿਚ ਸਤਲੁਜ ਦਰਿਆ ਦੇ ਕੰਢੇ ਵਸਿਆ ਜ਼ਿਲ੍ਹਾ ਰੋਪੜ ਦਾ ਇਕ ਪ੍ਰਸਿੱਧ ਕਸਬਾ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ।

ਇਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1626 ਈ. (1683 ਬਿ.) ਵਿਚ ਕਹਲੂਰ ਦੇ ਰਾਜਾ ਤਾਰਾ ਚੰਦ ਤੋਂ ਧਰਤੀ ਖ਼ਰੀਦ ਕੇ ਕੀਤੀ ਸੀ। ਇਸ ਦੀ ਉਸਾਰੀ ਦਾ ਬਹੁਤਾ ਕੰਮ ਬਾਬਾ ਗੁਰਦਿੱਤਾ ਜੀ ਦੁਆਰਾ ਹੋਇਆ। ਭੱਟ ਵਹੀਆਂ ਵਿਚ ਇਸ ਦੀ ਸਥਾਪਨਾ ਬਾਬਾ ਸ੍ਰੀ ਚੰਦ ਦੁਆਰਾ ਹੋਈ ਮੰਨੀ ਗਈ ਹੈ।

ਰਵਾਇਤ ਅਨੁਸਾਰ ਜਦੋਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਇਥੇ ਆ ਕੇ ਸਾਈਂ ਬੁੱਢਣ ਸ਼ਾਹ ਨੂੰ ਬਨ ਵਿਚ ਮਿਲੇ ਤਾਂ ਉਨ੍ਹਾਂ ਨੇ ਇਥੇ ਭਵਿਸ਼ ਵਿਚ ਕਿਸੇ ਨਗਰ ਦੇ ਆਬਾਦ ਹੋਣ ਦਾ ਵਰਦਾਨ ਦਿੱਤਾ। ਇਸ ਕਸਬੇ ਦੇ ਆਬਾਦ ਹੋਣ ਤੋਂ ਬਾਦ ਗੁਰੂ ਹਰਿਗੋਬਿੰਦ ਸਾਹਿਬ ਸੰਨ 1634 ਈ. (1691 ਬਿ.) ਵਿਚ ਇਥੇ ਸਥਾਈ ਨਿਵਾਸ ਲਈ ਆ ਗਏ ਅਤੇ ਅੰਤ-ਕਾਲ ਤਕ ਇਥੇ ਹੀ ਰਹੇ। ਉਨ੍ਹਾਂ ਤੋਂ ਬਾਦ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਜੀ ਇਥੇ ਹੀ ਰਹੇ। ਪਰ ਗੁਰੂ ਤੇਗ ਬਹਾਦਰ ਜੀ ਨੇ ਸੰਨ 1665 ਈ. ਵਿਚ 8 ਕਿ.ਮੀ. ਉਤਰ ਵਲ 'ਚਕ ਨਾਨਕੀ' (ਹੁਣ ਆਨੰਦਪੁਰ) ਦੀ ਸਥਾਪਨਾ ਕਰਕੇ ਆਪਣੀ ਰਿਹਾਇਸ਼ ਉਥੇ ਕਰ ਲਈ।

ਕੀਰਤਪੁਰ ਵਿਚ ਗੁਰੂ-ਇਤਿਹਾਸ ਨਾਲ ਸੰਬੰਧਿਤ ਲਗਭਗ ਇਕ ਦਰਜਨ ਗੁਰੂ-ਧਾਮ ਹਨ, ਜਿਵੇਂ :

(1) *ਗੁਰਦੁਆਰਾ ਚਰਨ ਕਮਲ ਪਾਤਿਸ਼ਾਹੀ ਪਹਿਲੀ :* ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਕਿਸੇ ਉਦਾਸੀ ਦੌਰਾਨ ਇਥੇ ਪਧਾਰੇ ਸਨ ਅਤੇ ਪੀਰ ਬੁੱਢਣ ਸ਼ਾਹ ਨਾਲ ਸੰਵਾਦ ਕਰਕੇ ਉਸ ਦੀਆਂ ਬਕਰੀਆਂ ਦਾ ਦੁੱਧ ਪਾਨ ਕੀਤਾ ਸੀ। ਗੁਰੂ ਜੀ ਦੀ ਆਮਦ ਦੇ ਸਮਾਰਕ ਵਜੋਂ ਰੋਪੜ ਦੇ ਰਾਜਾ ਭੂਪ ਸਿੰਘ ਨੇ ਉਨ੍ਹੀਵੀਂ ਸਦੀ ਦੇ ਪੂਰਵਾਧ ਵਿਚ ਇਥੇ ਗੁਰੂ-ਧਾਮ ਬਣਵਾਇਆ ਸੀ। ਇਸ ਦੇ ਨੇੜੇ ਹੀ ਪੀਰ ਬੁੱਢਣ ਸ਼ਾਹ ਦਾ ਮਜ਼ਾਰ ਅਤੇ ਬਾਬਾ ਗੁਰਦਿੱਤਾ ਦਾ ਦੇਹੁਰਾ ਵੀ ਬਣਿਆ ਹੋਇਆ ਹੈ।

(2) *ਗੁਰਦੁਆਰਾ ਸ਼ੀਸ਼ ਮਹੱਲ :* ਗੁਰੂ ਹਰਿਗੋਬਿੰਦ ਜੀ ਦਾ ਨਿਵਾਸ ਜਿਥੇ ਉਹ ਸੰਨ 1634 ਈ. (1691 ਬਿ.) ਵਿਚ ਆ ਕੇ ਰਹਿਣ ਲਗੇ ਸਨ। ਇਥੇ ਹੀ ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ। ਇਸ ਗੁਰਦੁਆਰੇ ਦੇ ਵਿਆਪਕ ਪਰਿਸਰ ਵਿਚ ਪੰਜ ਹੋਰ ਛੋਟੇ ਛੋਟੇ ਸਮਾਰਕ ਵੀ ਹਨ, ਜਿਵੇਂ ਗੁਰਦੁਆਰਾ ਤਖ਼ਤ ਕੋਟ ਸਾਹਿਬ, ਜਿਥੇ ਗੁਰੂ ਹਰਿਗੋਬਿੰਦ ਜੀ ਦਰਬਾਰ ਲਗਾਉਂਦੇ ਸਨ। ਗੁਰਦੁਆਰਾ ਹਰਿਮੰਦਿਰ ਸਾਹਿਬ ਪਾਤਿਸ਼ਾਹੀ ਛੇਵੀਂ, ਜਿਥੇ ਗੁਰੂ ਸਾਹਿਬ ਨਾਮ-ਸਾਧਨਾ ਕਰਦੇ ਹੁੰਦੇ ਸਨ। ਗੁਰਦੁਆਰਾ ਦਮਦਮਾ ਸਾਹਿਬ, ਜਿਥੇ ਗੁਰੂ ਹਰਿ ਰਾਇ ਜੀ ਵੇਲੇ ਸੰਗਤ ਜੁੜਦੀ ਹੁੰਦੀ ਸੀ ਅਤੇ ਦੀਵਾਨ ਸਜਦਾ ਹੁੰਦਾ ਸੀ। ਗੁਰੂ ਕਾ ਖੂਹ, ਜੋ ਗੁਰੂ ਹਰਿਗੋਬਿੰਦ ਜੀ ਨੇ ਖੁਦਵਾਇਆ ਸੀ ਅਤੇ ਜਿਸ ਦਾ ਜਲ ਗੁਰੂ ਸਾਹਿਬਾਨ ਦੇ ਨਿਵਾਸ ਵਿਚ ਵਰਤਿਆ ਜਾਂਦਾ ਸੀ। ਗੁਰਦੁਆਰਾ ਚੌਬੱਚਾ ਸਾਹਿਬ, ਜਿਥੇ ਪਸ਼ੂਆਂ ਨੂੰ ਜਲ ਪਿਲਾਇਆ ਜਾਂਦਾ ਸੀ ਅਤੇ ਘੋੜਿਆਂ ਨੂੰ ਦਾਣਾ ਭਿਉਂ ਕੇ ਖਵਾਇਆ ਜਾਂਦਾ ਸੀ। ਕਈ ਵਾਰ ਗੁਰੂ ਹਰਿਰਾਇ ਸਾਹਿਬ ਖ਼ੁਦ ਆਪਣੇ ਹੱਥਾਂ ਨਾਲ ਦਾਣਾ ਘੋੜਿਆਂ ਨੂੰ ਖਵਾਉਂਦੇ ਹੁੰਦੇ ਸਨ।

(3) *ਗੁਰਦੁਆਰਾ ਮੰਜੀ ਸਾਹਿਬ :* ਗੁਰੂ ਹਰਿ ਰਾਇ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਦਾ ਨਿਵਾਸ ਸਥਾਨ, ਜਿਥੇ ਉਹ ਵਿਆਹ ਤੋਂ ਬਾਦ ਆਪਣੇ ਪਤੀ ਭਾਈ ਖੇਮਕਰਨ ਸਹਿਤ ਨਿਵਾਸ ਕਰਦੀ ਸੀ। ਇਸ ਗੁਰਦੁਆਰੇ ਵਿਚ ਬੀਬੀ ਰੂਪ ਕੌਰ ਦੀ ਇਕ ਪੋਥੀ, ਇਕ ਪੱਖਾ, ਇਕ ਕਢਾਈ ਵਾਲਾ ਰੁਮਾਲ ਆਦਿ ਯਾਦਗਾਰੀ ਵਸਤੂਆਂ ਸੁਰਖਿਅਤ ਹਨ। ਵੇਖੋ 'ਰੂਪ ਕੌਰ, ਬੀਬੀ'।

(4) *ਗੁਰਦੁਆਰਾ ਬਿਬਾਨਗੜ੍ਹ ਸਾਹਿਬ :* ਇਸ ਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਤੋਂ ਆ ਕੇ ਭਾਈ ਜੈਤੇ ਦੁਆਰਾ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਲਿਆਉਂਦਾ ਹੋਇਆ ਸੀਸ ਬਿਬਾਨ ਵਿਚ ਰਖ ਕੇ ਸਸਕਾਰ ਕਰਨ ਲਈ ਆਨੰਦਪੁਰ ਲੈ ਕੇ ਗਏ ਸਨ।

(5) *ਬਾਉਲੀ ਸਾਹਿਬ :* ਕੀਰਤਪੁਰ ਨਗਰ ਦੀ ਸਥਾਪਨਾ ਵੇਲੇ ਜਲ ਦੀ ਲੋੜ ਨੂੰ ਪੂਰਾ ਕਰਨ ਲਈ ਬਾਬਾ ਸ੍ਰੀ ਚੰਦ ਦੇ ਸੁਝਾਓ ਤੇ ਬਾਬਾ ਗੁਰਦਿੱਤਾ ਨੇ ਇਥੇ ਬਾਉਲੀ ਦੀ ਖੁਦਾਈ ਕਰਵਾਈ ਸੀ।

(6) *ਗੁਰਦੁਆਰਾ ਬਾਬਾ ਗੁਰਦਿੱਤਾ ਜੀ :* ਇਸ ਥਾਂ ਉਤੇ ਬਾਬਾ ਜੀ ਨੇ 15 ਮਾਰਚ 1638 ਈ. ਨੂੰ ਪ੍ਰਾਣ ਤਿਆਗੇ ਸਨ ਅਤੇ ਇਥੇ ਹੀ ਉਨ੍ਹਾਂ ਦਾ ਸਸਕਾਰ ਹੋਇਆ ਸੀ। ਡਲੇਵਾਲੀਆ ਮਿਸਲ ਨਾਲ ਸੰਬੰਧਿਤ ਰੋਪੜ ਦੇ ਰਾਜਾ ਭੂਪ ਸਿੰਘ ਨੇ ਬਾਬਾ ਜੀ ਦੀ ਯਾਦ ਵਿਚ ਇਥੇ ਗੜ੍ਹੀ ਵਰਗੀ ਬੜੀ ਸੁੰਦਰ ਇਮਾਰਤ ਬਣਵਾਈ ਸੀ।

(7) *ਗੁਰਦੁਆਰਾ ਤੀਰ ਸਾਹਿਬ :* ਬਾਬਾ ਗੁਰਦਿੱਤਾ ਜੀ ਦੇ ਦੇਹੁਰੇ ਦੇ ਨੇੜੇ ਉਹ ਸਥਾਨ ਜਿਥੇ ਗੁਰੂ ਹਰਿਗੋਬਿੰਦ ਜੀ ਬੈਠ ਕੇ ਤੀਰ ਚਲਾਉਣ ਦੀ ਮਸ਼ਕ ਕਰਵਾਉਂਦੇ ਸਨ।

(8) *ਗੁਰਦੁਆਰਾ ਪਾਤਾਲਪੁਰੀ :* ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਹਰਿਗੋਬਿੰਦ ਜੀ ਨੇ ਗੁਰ-ਗੱਦੀ ਆਪਣੇ ਪੋਤਰੇ ਗੁਰੂ ਹਰਿ ਰਾਇ ਨੂੰ ਸੌਂਪ ਕੇ ਇਥੇ ਇਕ ਝੌਂਪੜੀ ਵਿਚ ਆ ਟਿਕੇ ਸਨ ਅਤੇ ਹਰਿ-ਭਗਤੀ ਵਿਚ ਲੀਨ ਰਹਿੰਦੇ ਹੋਏ ਇਥੇ ਹੀ ਸਮਾਏ ਸਨ। ਗੁਰੂ ਜੀ ਦਾ ਸਸਕਾਰ ਵੀ ਇਸੇ ਸਥਾਨ ਉਤੇ 3 ਮਾਰਚ 1644 ਈ. ਨੂੰ ਕੀਤਾ ਗਿਆ ਸੀ। ਗੁਰੂ ਹਰਿਰਾਇ ਸਾਹਿਬ ਦਾ ਸਸਕਾਰ ਵੀ 6 ਅਕਤੂਬਰ 1661 ਈ. ਨੂੰ ਇਥੇ ਹੀ ਕੀਤਾ ਗਿਆ ਸੀ। ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਨੂੰ ਦਿੱਲੀਓਂ ਲਿਆ ਕੇ ਇਥੇ ਹੀ ਸਤਲੁਜ ਨਦੀ ਵਿਚ ਪ੍ਰਵਾਹਿਤ ਕੀਤਾ ਗਿਆ ਸੀ। ਸਿੱਖ ਜਗਤ ਵਿਚ ਮ੍ਰਿਤਕਾਂ ਦੇ ਫੁਲ ਤਾਰਨ ਲਈ ਹਰਿਦੁਆਰ ਦੀ ਥਾਂ ਇਸ ਸਥਾਨ ਨੂੰ ਉਚਿਤ ਸਮਝਿਆ ਜਾਣ ਲਗਿਆ ਹੈ।

ਉਪਰੋਕਤ ਸਮਾਰਕਾਂ ਵਿਚੋਂ ਅਧਿਕਾਂਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਸ੍ਰੀ ਚੰਦ ਦੀ ਆਮਦ ਦੀ ਯਾਦ ਵਿਚ ਇਥੇ 'ਸੰਤ ਨਿਵਾਸ ਉਦਾਸੀ ਆਸ਼੍ਰਮ' ਵੀ ਬਣਿਆ ਹੋਇਆ ਹੈ, ਜੋ ਬਾਉਲੀ ਸਾਹਿਬ ਦੇ ਨੇੜੇ ਸਥਿਤ ਹੈ।

ਪਾਕਿਸਤਾਨ ਬਣਨ ਤੋਂ ਬਾਦ ਅਤੇ ਪਾਤਾਲਪੁਰੀ ਵਿਚ ਮ੍ਰਿਤਕਾਂ ਦੀਆਂ ਅਸਥੀਆਂ ਪ੍ਰਵਾਹਿਤ ਕਰਨ ਦੀ ਰੁਚੀ ਦੇ ਵਿਕਸਿਤ ਹੋ ਜਾਣ ਕਰਕੇ ਹੁਣ ਇਥੋਂ ਦੀ ਰੌਣਕ ਵਧ ਗਈ ਹੈ। ਭਾਖੜਾ ਡੈਮ ਬਣਨ ਨਾਲ ਵੀ ਇਥੇ ਯਾਤਰੂਆਂ ਦੀ ਆਵਾਜਾਈ ਵਧੀ ਹੈ, ਕਿਉਂਕਿ ਇਹ ਰੋਪੜ ਤੋਂ ਨੰਗਲ ਜਾਣ ਵਾਲੀ ਸੜਕ ਉਤੇ ਵਸਿਆ ਹੋਇਆ ਹੈ।

**ਕੁਆਰਾ ਡੋਲਾ** : ਵੇਖੋ 'ਸਾਹਿਬ ਕੌਰ, ਮਾਤਾ'।

**ਕੁਸਲਦਾਸ, ਭਾਈ** : ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੁਆਰਾ ਸਥਾਪਿਤ ਅਪ੍ਰਮਾਣਿਕ ਗੁਰੂ ਪਰੰਪਰਾ (ਮੀਣਾ ਸੰਪ੍ਰਦਾਇ) ਨਾਲ ਸੰਬੰਧਿਤ ਇਕ ਕਵੀ ਜਿਸ ਨੇ ਮੀਣਾ ਸੰਪ੍ਰਦਾਇ ਦੇ ਗੁਰੂਆਂ ਦੀ ਪ੍ਰਸ਼ੰਸਾ ਵਿਚ 653 ਕਬਿੱਤੇ-ਸਵੈਯੇ ਲਿਖ ਕੇ ਆਪਣੀ ਸ਼ਰਧਾ ਅਰਪਿਤ ਕੀਤੀ। ਇਸ ਨੇ ਪ੍ਰਿਥੀ ਚੰਦ ਤੋਂ ਪਹਿਲਾਂ ਪੰਜ ਸਿੱਖ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤਕ) ਦੀ ਵੀ ਪ੍ਰਸ਼ੰਸਾ ਕੀਤੀ ਹੈ ਅਤੇ ਪ੍ਰਿਥੀ ਚੰਦ ਨੂੰ ਛੇਵਾਂ ਗੁਰੂ ਮੰਨਿਆ ਹੈ। ਇਹ ਕਾਵਿ-ਸੰਗ੍ਰਹਿ ਇਸ ਨੇ ਸੰਨ 1816 ਈ. ਵਿਚ ਮੁਕੰਮਲ ਕੀਤਾ ਸੀ। ਇਸ ਤੋਂ ਇਲਾਵਾ ਇਸ ਨੇ ਪੌਰਾਣਿਕ ਵਿਸ਼ਿਆਂ ਨਾਲ ਸੰਬੰਧਿਤ ਛੇ ਵਾਰਾਂ ਅਤੇ ਤਿੰਨ ਬਾਰਾਮਾਹ ਵੀ ਲਿਖੇ ਹਨ। ਇਸ ਦੀਆਂ ਰਚਨਾਵਾਂ ਦਾ ਸੰਕਲਨ ਹਰਿਮੰਦਿਰ ਸਾਹਿਬ ਪਟਨਾ ਦੇ ਤੋਸ਼ਾਖ਼ਾਨੇ ਵਿਚ ਪਿਆ ਦਸਿਆ ਜਾਂਦਾ ਹੈ।

**ਕੁਸੰਗਤਿ** : ਇਸ ਤੋਂ ਭਾਵ ਹੈ ਮਾੜੀ ਸੰਗਤ। ਗੁਰਬਾਣੀ ਵਿਚ ਜਿਥੇ ਸਾਧ-ਸੰਗਤਿ, ਸਤਿਸੰਗਤਿ ਉਤੇ ਬਹੁਤ ਬਲ ਦਿੱਤਾ ਗਿਆ ਹੈ, ਉਥੇ ਕੁਸੰਗਤਿ ਨੂੰ ਤਿਆਗਣ ਲਈ ਚੇਤਾਵਨੀ ਵੀ ਦਿੱਤੀ ਗਈ ਹੈ। ਕਿਉਂਕਿ ਕੁਸੰਗਤਿ ਨਾਲ ਬੁੱਧੀ ਵਿਕਾਰਾਂ ਵਲ ਰੁਚਿਤ ਹੁੰਦੀ ਹੈ ਅਤੇ ਜਿਗਿਆਸੂ ਸਹੀ ਮਾਰਗ ਤੋਂ ਪਛੜ ਜਾਂਦਾ ਹੈ।

ਸੰਤ ਕਬੀਰ ਜੀ ਨੇ ਕੁਸੰਗਤਿ ਦੇ ਪ੍ਰਭਾਵ ਨੂੰ ਕੇਲੇ ਦੇ ਪੇੜ ਨੇੜੇ ਜੰਮੀ ਬੇਰ ਦੇ ਬਿੰਬ ਦੁਆਰਾ ਸਪੱਸ਼ਟ ਕਰਦਿਆਂ ਕਿਹਾ ਹੈ— *ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ। ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।* (ਗੁ.ਗ੍ਰੰ.1369)। ਇਸ ਨੂੰ ਕਾਲਖ ਨਾਲ ਪੋਤੇ ਹੋਏ ਬਰਤਨ ਨਾਲ ਵੀ ਉਪਮਾ ਦਿੱਤੀ ਹੈ— *ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ। ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।*(ਗੁ.ਗ੍ਰੰ.1371)।

ਗੁਰੂ ਨਾਨਕ ਦੇਵ ਜੀ ਨੇ ਪ੍ਰਭਾਤੀ ਰਾਗ ਵਿਚ ਕੁਸੰਗਤੀਆਂ ਦੀਆਂ ਗੱਲਾਂ ਨੂੰ ਵਿਸ਼-ਵਤ ਕਿਹਾ ਹੈ — *ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।* (ਗੁ.ਗ੍ਰੰ. 1343)। ਗੁਰੂ ਅਰਜਨ ਦੇਵ ਜੀ ਨੇ ਖ਼ੁਦਗਰਜ਼ ਲੋਕਾਂ ਦੀ ਸੰਗਤ ਤੋਂ ਵੀ ਜਿਗਿਆਸੂਆਂ ਨੂੰ ਵਰਜਿਆ ਹੈ— *ਤਿੰਨ੍ਹ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ।* (ਗੁ.ਗ੍ਰੰ.520)।

**ਕੁਚਜੀ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਸੂਹੀ ਰਾਗ ਵਿਚ

ਗੁਰੂ ਨਾਨਕ ਦੇਵ ਜੀ ਰਚਿਤ 'ਕੁਚਜੀ' ਇਕ ਨਿੱਕੀ ਜਿਹੀ ਰਚਨਾ ਹੈ। ਕੁਲ 16 ਤੁਕਾਂ ਦੇ ਇਸ 'ਸ਼ਬਦ' ਬਾਰੇ 'ਪੁਰਾਤਨ ਜਨਮਸਾਖੀ' ਵਿਚ ਲਿਖਿਆ ਹੈ ਕਿ ਇਹ ਕਾਮਰੂਪ ਦੀ ਰਾਣੀ ਨੂਰਸ਼ਾਹ ਪ੍ਰਤਿ ਉਚਾਰਿਆ ਗਿਆ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਨੂੰ ਜਾਦੂ-ਟੂਣਿਆਂ ਰਾਹੀਂ ਵਸ ਵਿਚ ਕਰਨ ਦਾ ਯਤਨ ਕੀਤਾ ਸੀ। ਅਸਲ ਵਿਚ 'ਕੁਚਜੀ' ਸੰਸਕ੍ਰਿਤ ਦੇ 'ਕੁਚਰਯਾ' ਸ਼ਬਦ ਦਾ ਤਦਭਵ ਰੂਪ ਹੈ। ਇਸ ਰਾਹੀਂ ਮਾੜੇ ਆਚਰਣ ਵਾਲੀ ਇਸਤਰੀ (ਅਰਥਾਤ ਮਨਮੁਖ) ਦਾ ਸਰੂਪ ਚਿਤਰਿਆ ਗਿਆ ਹੈ। ਆਪਣੇ ਮਾੜੇ ਆਚਰਣ ਕਰਕੇ ਜੀਵਾਤਮਾ ਰੂਪੀ ਇਸਤਰੀ ਪਰਮਾਤਮਾ ਤੋਂ ਵਿਛੜ ਜਾਂਦੀ ਹੈ ਅਤੇ ਦ੍ਵੈਤ-ਭਾਵ ਤਥਾ ਹਉਮੈ ਕਾਰਣ ਅਨੇਕ ਪ੍ਰਕਾਰ ਦੇ ਕਸ਼ਟ ਅਤੇ ਦੁਖ ਸਹਿੰਦੀ ਹੈ। ਉਸ ਦੇ ਪਸ਼ਚਾਤਾਪ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਚਿਤਰਿਆ ਹੈ— *ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ। ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।*(ਗੁ.ਗ੍ਰੰ.762)।

**ਕੁਠਾ** (ਮਾਸ) : ਮੁਸਲਮਾਨੀ ਰੀਤ ਅਨੁਸਾਰ ਕਲਮਾ ਪੜ੍ਹ ਕੇ ਕਟਿਆ ਹੋਇਆ ਜੀਵ— *ਅਭਾਖਿਆ ਕਾ ਕੁਠਾ ਬਕਰਾ ਖਾਣਾ।* ਇਸ ਨੂੰ ਮੁਸਲਮਾਨਾਂ ਵਿਚ 'ਹਲਾਲ' ਕਿਹਾ ਜਾਂਦਾ ਹੈ। ਸਿੱਖ ਜਗਤ ਵਿਚ ਇਸ ਦਾ ਸੇਵਨ ਨਿਸ਼ਿਧ ਹੈ। ਸਿੱਖਾਂ ਵਿਚ ਖ਼ਾਲਸਾ ਰੀਤ ਅਨੁਸਾਰ 'ਸਤਿ ਸ੍ਰੀ ਅਕਾਲ' ਕਹਿ ਕੇ ਖਾਣ ਯੋਗ ਜੀਵ ਨੂੰ ਇਕੋ ਵਾਰ ਨਾਲ ਸਿਰੋਂ ਕਟਣ ਦੀ ਕ੍ਰਿਆ 'ਝਟਕਾ' ਅਖਵਾਉਂਦੀ ਹੈ। ਇਸ ਦਾ ਸੇਵਨ ਕੀਤਾ ਜਾਂਦਾ ਹੈ।

**ਕੁਦਰਤ** : ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਸ਼ਕਤੀ, ਸਮਰਥਾ, ਤਾਕਤ। ਤੁਰਕੀ (ਤੁਰਕਸ਼) ਭਾਸ਼ਾ ਵਿਚ ਇਸ ਨੂੰ ਪਰਮਾਤਮਾ ਦੀ ਸ਼ਕਤੀ ਅਥਵਾ ਸ੍ਰਿਸ਼ਟੀ ਲਈ ਵੀ ਵਰਤਿਆ ਗਿਆ ਹੈ। 'ਕੁਦਰਤ' ਦੇ ਸੁਆਮੀ ਲਈ 'ਕਾਦਿਰ' ਦੀ ਵਰਤੋਂ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵਿਚੋਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਵਰਤੋਂ ਦਾਰਸ਼ਨਿਕ ਆਧਾਰ 'ਤੇ ਕਰਕੇ ਇਸ ਨੂੰ ਮਾਇਆ ਦਾ ਵਾਚਕ ਮੰਨਿਆ ਹੈ—*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।*(ਗੁ.ਗ੍ਰੰ. 463)। ਇਥੇ ਸਾਂਖ੍ਯ-ਸ਼ਾਸਤ੍ਰ ਦੇ ਵਿਪਰੀਤ ਕੁਦਰਤ ('ਪ੍ਰਕ੍ਰਿਤੀ') ਨੂੰ ਪ੍ਰਭੂ ਆਸ਼ਰਿਤ ਮੰਨਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਵਰਤੋਂ ਸ੍ਰਿਸ਼ਟੀ ਲਈ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਫਿਰ ਉਸ ਵਿਚ ਆਪ ਹੀ ਵਸਿਆ ਹੋਇਆ ਹੈ— *ਬਲਿਹਾਰੀ ਕੁਦਰਤਿ ਵਸਿਆ। ਤੇਰਾ ਅੰਤੁ ਨ ਜਾਈ ਲਖਿਆ।*(ਗੁ.ਗ੍ਰੰ.469); *ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ।*(ਗੁ.ਗ੍ਰੰ.143)।

ਕੁਦਰਤ ਅਤਿਅੰਤ ਵਿਆਪਕ ਹੈ। ਇਸ ਦੇ ਕਲਾਵੇ ਵਿਚ 'ਕਾਦਿਰ' ਨੂੰ ਛਡ ਕੇ ਹੋਰ ਸਭ ਕੁਝ ਸਮਾ ਜਾਂਦਾ ਹੈ। ਜੋ ਕੁਝ ਦਿਖਦਾ ਹੈ, ਸੁਣੀਂਦਾ ਹੈ, ਸਭ ਕਾਦਿਰ ਦੀ ਕੁਦਰਤ ਹੈ। ਪਾਤਾਲ ਤੋਂ ਲੈ ਕੇ ਆਕਾਸ਼ ਤਕ, ਸਾਰੇ ਦ੍ਰਿਸ਼ਟਮਾਨ ਆਕਾਰ ਕੁਦਰਤ ਹੈ। ਵੇਦ, ਪੁਰਾਣ, ਸਾਮੀ-ਧਰਮ ਪੁਸਤਕਾਂ ਅਤੇ ਉਨ੍ਹਾਂ ਵਿਚ ਅੰਕਿਤ ਸਾਰੇ ਵਿਚਾਰ ਕੁਦਰਤ ਹੈ। ਖਾਣ, ਪੀਣ ਦੇ ਸਾਰੇ ਸਾਧਨ ਕੁਦਰਤ ਹੈ, ਜਗਤ ਦੇ ਸਾਰੇ ਪ੍ਰੇਮ ਕੁਦਰਤ 'ਤੇ ਆਧਾਰਿਤ ਹਨ। ਜਾਤਾਂ, ਵਸਤੂਆਂ, ਰੰਗ, ਜਗਤ ਦੇ ਜੀਵ ਸਭ ਪਰਮਾਤਮਾ ਦੀ ਕੁਦਰਤ ਦਾ ਹੀ ਸਿੱਟਾ ਹਨ। ਸੰਸਾਰ ਦੀਆਂ ਸਾਰੀਆਂ ਚੰਗਿਆਈਆਂ ਬੁਰਾਈਆਂ, ਮਾਨ ਅਪਮਾਨ ਸਭ ਕੁਦਰਤ ਦੀ ਸੀਮਾ ਵਿਚ ਹਨ। ਪੌਣ, ਪਾਣੀ, ਅਗਨੀ, ਧਰਤੀ ਅਤੇ ਮਿੱਟੀ ਆਦਿ ਸਭ ਕੁਦਰਤ ਦੇ ਹੀ ਪਰਿਣਾਮ ਹਨ— *ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ। ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ। ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ। ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ। ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ। ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ। ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ। ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।* (ਗੁ.ਗ੍ਰੰ.464)। ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿਚ ਕੁਦਰਤ ਨੂੰ ਸੱਚਾ ਕਿਹਾ ਹੈ— *ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।*

ਇਥੇ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਇਥੇ ਗੁਰੂ ਜੀ ਦਾ ਕੁਦਰਤ ਨੂੰ ਸੱਚਾ ਕਹਿਣਾ ਵਿਵਹਾਰਿਕ ਰੂਪ ਵਿਚ ਹੈ, ਉਂਜ ਇਹ ਕੋਈ ਸੁਤੰਤਰ ਸੱਤਾ ਨਹੀਂ ਹੈ, ਨ ਹੀ ਨਿੱਤ ਅਤੇ ਅਨਾਦਿ ਹੈ। ਪਰਮਾਰਥਿਕ ਸਚ ਕੇਵਲ ਪਰਮਾਤਮਾ ਹੈ। ਕੁਦਰਤ ਦਾ ਸਿਰਜਕ ਪਰਮਾਤਮਾ ਹੈ—

*ਕੁਦਰਤਿ ਕਰਿ ਕੈ ਵਸਿਆ ਸੋਇ*। ਇਸ ਲਈ ਕੁਦਰਤ ਵਿਵਹਾਰਿਕ ਰੂਪ ਵਿਚ ਸੱਚੀ ਹੈ, ਪਰਮਾਰਥਿਕ ਰੂਪ ਵਿਚ ਕੇਵਲ ਪਰਮਾਤਮਾ ਸੱਚਾ ਹੈ। ਉਸੇ ਦੇ ਭੈ ਵਿਚ ਕੁਦਰਤ ਦੇ ਸਾਰੇ ਅੰਸ਼ ਜਾਂ ਤੱਤ੍ਵ ਕਾਰਜ-ਸ਼ੀਲ ਹਨ। 'ਆਸਾ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਸਥਾਪਨਾ ਕੀਤੀ ਹੈ— *ਭੈ ਵਿਚਿ ਪਵਣੁ ਵਹੈ ਸਦ ਵਾਉ। ਭੈ ਵਿਚਿ ਚਲਹਿ ਲਖ ਦਰੀਆਉ। ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ। ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮੁ ਦੁਆਰੁ। ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ। ਭੈ ਵਿਚਿ ਸਿਧ ਬੁਧ ਸੁਰ ਨਾਥ। ਭੈ ਵਿਚਿ ਆਡਾਣੇ ਆਕਾਸ। ਭੈ ਵਿਚਿ ਜੋਧ ਮਹਾਬਲ ਸੂਰ। ਭੈ ਵਿਚਿ ਆਵਹਿ ਜਾਵਹਿ ਪੂਰ। ਸਗਲਿਆ ਭਉ ਲਿਖਿਆ ਸਿਰਿ ਲੇਖੁ। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।* (ਗੁ. ਗ੍ਰੰ.464)।

ਕੁਦਰਤ ਦਾ ਵਿਧਾਨ ਅਟਲ ਹੈ, ਇਸ ਵਿਚ ਕੋਈ ਪਰਿਵਰਤਨ ਨਹੀਂ ਕਰ ਸਕਦਾ, ਕੇਵਲ ਪਰਮਾਤਮਾ ਹੀ ਇਸ ਦੀ ਵਿਵਸਥਾ ਨੂੰ ਬਦਲ ਸਕਦਾ ਹੈ। ਉਹ ਮਾਸ ਖਾਣ ਵਾਲਿਆਂ ਨੂੰ ਘਾਹ ਖਵਾ ਸਕਦਾ ਹੈ ਅਤੇ ਘਾਹ ਖਾਣ ਵਾਲਿਆਂ ਨੂੰ ਮਾਸ ਖਵਾ ਸਕਦਾ ਹੈ। ਉਹ ਨਦੀਆਂ ਵਿਚ ਟਿੱਬੇ ਵਿਖਾ ਸਕਦਾ ਹੈ ਅਤੇ ਥਲਾਂ ਨੂੰ ਅਸਗਾਹ ਸਮੁੰਦਰਾਂ ਵਿਚ ਬਦਲ ਸਕਦਾ ਹੈ। ਉਹ ਕੀੜਿਆਂ ਨੂੰ ਰਾਜਸਿੰਘਾਸਨ ਉਤੇ ਬਿਠਾ ਸਕਦਾ ਹੈ ਅਤੇ ਲਸ਼ਕਰਾਂ ਨੂੰ ਸਾੜ ਕੇ ਸੁਆਹ ਕਰ ਸਕਦਾ ਹੈ— *ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ। ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ। ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ। ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।* (ਗੁ.ਗ੍ਰੰ.144)।

'ਜਪੁਜੀ' ਦੀ 22ਵੀਂ ਅਤੇ 35ਵੀਂ ਪਉੜੀਆਂ ਵਿਚ ਕੁਦਰਤ ਦੀ ਭੂਗੋਲਿਕ ਸੀਮਾ ਨੂੰ ਸਪੱਸ਼ਟ ਕਰਦਿਆਂ ਉਸ ਨੂੰ 'ਅਨੰਤ' ਕਿਹਾ ਗਿਆ ਹੈ। ਇਸ ਤਰ੍ਹਾਂ ਕੁਦਰਤ ਅਨੰਤ, ਵਿਸ਼ਾਲ ਅਤੇ ਅਸੀਮ ਹੈ। ਉਸ ਦੀ ਵਾਸਤਵਿਕ ਸਥਿਤੀ ਕੇਵਲ ਪਰਮਾਤਮਾ ਹੀ ਜਾਣਦਾ ਹੈ— *ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।* (ਗੁ.ਗ੍ਰੰ.467)।

ਸਿੱਧ ਹੈ ਕਿ ਗੁਰਬਾਣੀ ਵਿਚ ਕੁਦਰਤ ਨੂੰ ਅਨੰਤ ਮੰਨਦੇ ਹੋਇਆਂ ਉਸ ਨੂੰ ਪ੍ਰਭੂ ਦੁਆਰਾ ਸਿਰਜਿਤ ਅਤੇ ਅਨੁਸ਼ਾਸਿਤ ਮੰਨਿਆ ਗਿਆ ਹੈ। ਉਸ ਦੀ ਸੱਤਾ ਕੇਵਲ ਵਿਵਹਾਰਿਕ ਹੈ, ਪਰਮਾਰਥਿਕ ਨਹੀਂ।

**ਕੁਪ-ਰਹੀੜਾ** (ਪਿੰਡ): ਸੰਗਰੂਰ ਜ਼ਿਲ੍ਹੇ ਦੇ ਮਲੇਰਕੋਟਲਾ ਨਗਰ ਦੇ ਨੇੜੇ ਸਥਿਤ ਦੋ ਪਿੰਡ ਜੋ ਸਿੱਖ ਇਤਿਹਾਸ ਵਿਚ ਅਕਸਰ ਇਕੱਠੇ ਹੀ ਲਿਖੇ ਮਿਲਦੇ ਹਨ। ਇਨ੍ਹਾਂ ਦੋਹਾਂ ਦੀ ਆਪਸੀ ਵਿਥ ਲਗਭਗ 3 ਕਿ.ਮੀ. ਹੋਵੇਗੀ। ਇਨ੍ਹਾਂ ਪਿੰਡਾਂ ਵਿਚਾਲੇ ਠਹਿਰੀ ਹੋਈ ਸਿੱਖ-ਵਹੀਰ ਉਤੇ ਅਚਾਨਕ ਅਹਿਮਦ ਸ਼ਾਹ ਦੁਰਾਨੀ ਨੇ ਇਕ ਵੱਡੇ ਸੈਨਿਕ ਦਲ ਸਹਿਤ ਹਮਲਾ ਕਰ ਦਿੱਤਾ ਜਿਸ ਵਿਚ ਲਗਭਗ ਵੀਹ ਹਜ਼ਾਰ ਸਿੱਖ (ਬੱਚੇ, ਬਿਰਧ ਅਤੇ ਇਸਤਰੀਆਂ ਸਮੇਤ) ਸ਼ਹੀਦ ਹੋਏ। ਇਹ ਸਾਕਾ ਸਿੱਖ ਜਗਤ ਵਿਚ ਵੱਡੇ ਘੱਲੂਘਾਰੇ ਵਜੋਂ ਪ੍ਰਸਿੱਧ ਹੈ। ਵੇਖੋ 'ਘੱਲੂਘਾਰਾ ਵੱਡਾ'।

**ਕੁੰਭ** (ਮੇਲਾ ਜਾਂ ਪਰਵ) : 'ਕੁੰਭ' ਦਾ ਸ਼ਾਬਦਿਕ ਅਰਥ ਹੈ 'ਘੜਾ'। ਪਰ ਇਹ ਭਾਰਤ ਦੇ ਇਕ ਪ੍ਰਸਿੱਧ ਪਰਵ ਲਈ ਰੂੜ੍ਹ ਹੋ ਚੁਕਿਆ ਹੈ ਜੋ ਹਰ ਤਿੰਨ ਸਾਲਾਂ ਬਾਦ ਚਾਰ ਵਖ ਵਖ ਥਾਂਵਾਂ 'ਤੇ (ਬਾਰ੍ਹਾਂ ਵਰ੍ਹਿਆਂ ਪਿਛੋਂ) ਮਨਾਇਆ ਜਾਂਦਾ ਹੈ, ਜਿਵੇਂ ਪ੍ਰਯਾਗ, ਹਰਿਦੁਆਰ, ਨਾਸਿਕ ਅਤੇ ਅਵੰਤਿਕਾ (ਉਜੈਨ)। ਇਸ ਦੇ 'ਕੁੰਭ' ਨਾਂ ਦਾ ਪਿਛੋਕੜ ਸਮੁੰਦਰ ਰਿੜਕਣ ਵੇਲੇ ਪੈਦਾ ਹੋਏ ਚੌਦਾ ਰਤਨਾਂ ਵਿਚੋਂ ਅੰਮ੍ਰਿਤ ਨਾਲ ਭਰੇ ਕੁੰਭ ਨਾਲ ਜਾ ਜੁੜਦਾ ਹੈ।

ਪੁਰਾਣ-ਸਾਹਿਤ ਵਿਚ ਇਸ ਸੰਬੰਧੀ ਕਈ ਰੋਚਕ ਆਖਿਆਨ ਦਰਜ ਹਨ। ਇਕ ਮਾਨਤਾ ਅਨੁਸਾਰ ਅੰਮ੍ਰਿਤ ਨਾਲ ਭਰੇ ਹੋਏ ਕੁੰਭ ਨੂੰ ਸਮੁੰਦਰੋਂ ਨਿਕਲਦਿਆਂ ਹੀ ਦੈਂਤ ਚੁਕ ਕੇ ਲੈ ਗਏ। ਉਨ੍ਹਾਂ ਤੋਂ ਗਰੁੜ ਫਿਰ ਪ੍ਰਿਥਵੀ ਉਤੇ ਲੈ ਆਇਆ। ਧਰਤੀ ਉਤੇ ਜਿਥੇ ਜਿਥੇ ਅੰਮ੍ਰਿਤ-ਕੁੰਭ ਰਖਿਆ ਗਿਆ, ਉਥੇ ਉਥੇ ਅੰਮ੍ਰਿਤ ਦੀਆਂ ਕੁਝ ਬੂੰਦਾਂ ਡਿਗੀਆਂ ਜਿਸ ਕਰਕੇ ਉਹ ਸਾਰੇ ਸਥਲ ਪੂਜਣ-ਯੋਗ ਹੋ ਗਏ ਅਤੇ ਉਨ੍ਹਾਂ ਥਾਂਵਾਂ 'ਤੇ ਨਿਸ਼ਚਿਤ ਸਮੇਂ ਵਿਚ ਕੀਤਾ ਗਿਆ ਇਸ਼ਨਾਨ ਮੁਕਤੀ-ਦਾਇਕ ਮੰਨਿਆ ਗਿਆ।

ਭਾਈ ਕਾਨ੍ਹ ਸਿੰਘ ('ਮਹਾਨਕੋਸ਼') ਨੇ 'ਸਕੰਦ-ਪੁਰਾਣ' ਦੇ ਹਵਾਲੇ ਨਾਲ ਦਸਿਆ ਹੈ ਕਿ ਸਮੁੰਦਰ ਰਿੜਕਣ ਵੇਲੇ ਪ੍ਰਗਟ ਹੋਏ ਰਤਨਾਂ ਦੀ ਗਿਣਤੀ ਵਿਚ ਅੰਮ੍ਰਿਤ ਦਾ ਕੁੰਭ (ਘੜਾ) ਚੁਕੀ ਧਨਵੰਤਰੀ ਵੀ ਸ਼ਾਮਲ ਸੀ। ਧਨਵੰਤਰੀ

ਨੇ ਅੰਮ੍ਰਿਤ ਦਾ ਕੁੰਭ ਇੰਦ੍ਰ ਨੂੰ ਦਿੱਤਾ, ਇੰਦ੍ਰ ਨੇ ਅਗੋਂ ਆਪਣੇ ਪੁੱਤਰ ਜਯੰਤ ਨੂੰ ਦਿੱਤਾ ਕਿ ਉਹ ਕੁੰਭ ਨੂੰ ਸਵਰਗ ਵਿਚ ਲੈ ਜਾਏ। ਜਦੋਂ ਉਹ ਕੁੰਭ ਲੈ ਜਾ ਰਿਹਾ ਸੀ ਤਾਂ ਦੈਂਤਾਂ ਨੂੰ ਆਪਣੇ ਗੁਰੂ ਸ਼ੁਕਰ ਨੇ ਕਿਹਾ ਕਿ ਜਯੰਤ ਤੋਂ ਕੁੰਭ ਖੋਹ ਲਵੋ। ਦੈਂਤਾਂ ਅਤੇ ਦੇਵਤਿਆਂ ਦਾ 12 ਦਿਨ (ਮਨੁੱਖਾਂ ਦੇ 12 ਵਰ੍ਹੇ) ਯੁੱਧ ਹੁੰਦਾ ਰਿਹਾ। ਇਸ ਖਿਚ-ਧੂ ਵਿਚ ਚਾਰ ਥਾਂਵਾਂ— ਪ੍ਰਯਾਗ, ਹਰਿਦੁਆਰ, ਨਾਸਿਕ ਅਤੇ ਅਵੰਤਿਕਾ— ਉਤੇ ਕੁੰਭ ਵਿਚੋਂ ਅੰਮ੍ਰਿਤ ਡਿਗਿਆ ਜਿਥੇ ਹੁਣ ਹਰ ਬਾਰ੍ਹਵੇਂ ਵਰ੍ਹੇ ਕੁੰਭ ਦਾ ਪਰਵ ਮਨਾਇਆ ਜਾਂਦਾ ਹੈ। ਇਨ੍ਹਾਂ ਚੌਹਾਂ ਥਾਂਵਾਂ ਉਤੇ ਪਰਵ ਵੇਲੇ ਇਸ਼ਨਾਨ ਕਰਨ ਦਾ ਬਹੁਤ ਮਹਾਤਮ ਹੈ।

ਇਨ੍ਹਾਂ ਚੌਹਾਂ ਪਰਵਾਂ ਦਾ ਯੋਗ ਡਾ. ਰਾਜਬਲੀ ਪਾਂਡੇਯ ('ਹਿੰਦੂ ਧਰਮ-ਕੋਸ਼') ਅਨੁਸਾਰ ਇਸ ਪ੍ਰਕਾਰ ਹੈ। ਪ੍ਰਯਾਗ — ਜਦੋਂ ਸੂਰਜ ਅਤੇ ਚੰਦ੍ਰਮਾ ਮਕਰ ਰਾਸ਼ੀ 'ਤੇ ਹੋਣ, ਬ੍ਰਿਹਸਪਤੀ ਵ੍ਰਿਸ਼ਭ ਰਾਸ਼ੀ ਉਤੇ ਹੋਵੇ ਅਤੇ ਦਿਨ ਮਸਿਆ ਦਾ ਹੋਵੇ। ਹਰਿਦੁਆਰ—ਜਦੋਂ ਬ੍ਰਿਹਸਪਤੀ ਕੁੰਭ ਰਾਸ਼ੀ 'ਤੇ ਅਤੇ ਸੂਰਜ ਮੇਖ ਰਾਸ਼ੀ 'ਤੇ ਹੋਵੇ। ਨਾਸਿਕ— ਜਦੋਂ ਬ੍ਰਿਹਸਪਤੀ ਸਿੰਘ ਰਾਸ਼ੀ 'ਤੇ ਅਤੇ ਸੂਰਜ ਤੇ ਚੰਦ੍ਰਮਾ ਕਰਕ ਰਾਸ਼ੀ ਉਤੇ ਹੋਣ। ਉਜੈਨ (ਅਵੰਤਿਕਾ) — ਜਦੋਂ ਸੂਰਜ ਤੁਲਾ ਰਾਸ਼ੀ 'ਤੇ ਅਤੇ ਬ੍ਰਿਹਸਪਤੀ ਵ੍ਰਿਸ਼ਚਿਕ ਰਾਸ਼ੀ ਉਤੇ ਹੋਵੇ। ਇਨ੍ਹਾਂ ਚੌਹਾਂ ਅਵਸਰਾਂ ਉਤੇ ਕੀਤੇ ਗਏ ਗੰਗਾ-ਇਸ਼ਨਾਨ ਅਤੇ ਸੰਤ-ਸਮਾਗਮ ਦਾ ਭਾਰਤੀ ਅਧਿਆਤਮਵਾਦ ਵਿਚ ਵਿਸ਼ੇਸ਼ ਮਹਾਤਮ ਹੈ।

ਨਿਰਗੁਣਵਾਦੀ ਸੰਤਾਂ ਨੇ ਇਨ੍ਹਾਂ ਥਾਂਵਾਂ ਉਤੇ ਕੀਤੇ ਇਸ਼ਨਾਨ ਨੂੰ ਰਾਮ-ਨਾਮ ਦੇ ਮੁਕਾਬਲੇ ਤੁਛ ਸਮਝਿਆ ਹੈ। ਸੰਤ ਨਾਮਦੇਵ ਅਨੁਸਾਰ — *ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ। ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੈ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ।* (ਗੁ.ਗ੍ਰੰ.973)।

ਸਿੱਖ ਧਰਮ ਦੀ ਨਿਰਮਲ ਅਤੇ ਉਦਾਸੀ ਸੰਪ੍ਰਦਾਵਾਂ ਨੇ ਉਪਰੋਕਤ ਚਾਰ ਸਥਾਨਾਂ ਉਤੇ ਆਪਣੇ ਡੇਰੇ ਅਥਵਾ ਅਖਾੜੇ ਸਥਾਪਿਤ ਕੀਤੇ ਹੋਏ ਹਨ ਅਤੇ ਕੁੰਭ ਸੰਬੰਧੀ ਪਰਵਾਂ ਵਿਚ ਪੂਰੀ ਸਜ-ਧਜ ਨਾਲ ਸ਼ਾਮਲ ਹੁੰਦੇ ਅਤੇ ਇਸ਼ਨਾਨ ਕਰਦੇ ਹਨ। ਪਰ ਸਿੱਖ ਧਰਮ ਵਿਚ ਕੁੰਭ ਅਤੇ ਉਸ ਸੰਬੰਧੀ ਕੀਤੇ ਜਾਣ ਵਾਲੇ ਇਸ਼ਨਾਨ ਨੂੰ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਪ੍ਰਾਪਤ ਨਹੀਂ ਹੈ, ਕਿਉਂਕਿ ਸਿੱਖ ਲਈ ਬਾਣੀ ਵਿਚ ਆਦੇਸ਼ ਹੈ ਕਿ ਅੰਤਰਵਰਤੀ ਮਹਾਨ ਤੀਰਥ ਵਿਚ ਇਸ਼ਨਾਨ ਕਰਕੇ ਮਾਨਸਿਕ ਮੈਲ ਨੂੰ ਉਤਾਰਿਆ ਜਾ ਸਕਦਾ ਹੈ— *ਅੰਤਰਗਤਿ ਤੀਰਥਿ ਮਲਿ ਨਾਉ।*

**ਕੁਰਾਲੀ** (ਕਸਬਾ) : ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਇਕ ਕਸਬਾ ਜਿਥੇ ਗੁਰੂ ਹਰਿਗੋਬਿੰਦ ਜੀ ਸੰਨ 1638 ਈ. ਵਿਚ ਕੁਰੁਕਸ਼ੇਤ੍ਰ ਤੋਂ ਕੀਰਤਪੁਰ ਜਾਂਦਿਆਂ ਕੁਝ ਸਮੇਂ ਲਈ ਠਹਿਰੇ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਸ੍ਰੀ ਹਰਿਗੋਬਿੰਦਗੜ੍ਹ ਸਾਹਿਬ' ਬਣਿਆ ਹੋਇਆ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

ਭਾਈ ਕਾਨ੍ਹ ਸਿੰਘ ਨੇ 'ਮਹਾਨਕੋਸ਼' ਵਿਚ ਗੁਰੂ ਤੇਗ ਬਹਾਦਰ ਜੀ ਦੇ ਵੀ ਇਸ ਸਥਾਨ ਉਤੇ ਪਧਾਰਨ ਦਾ ਉਲੇਖ ਕੀਤਾ ਹੈ।

**ਕੁਰੁਕਸ਼ੇਤ੍ਰ** (ਤੀਰਥ) : ਹਿੰਦੂ-ਧਰਮ ਦੇ ਪ੍ਰਸਿੱਧ ਤੀਰਥਾਂ ਵਿਚੋਂ ਇਕ ਜੋ ਹਰਿਆਣਾ ਪ੍ਰਦੇਸ਼ ਦੇ ਅੰਬਾਲਾ ਨਗਰ ਤੋਂ ਲਗਭਗ 40 ਕਿ.ਮੀ. ਦੂਰ ਥਾਨੇਸਰ ਨਗਰ ਦੇ ਨੇੜੇ ਸਥਿਤ ਹੈ ਅਤੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਇਸ ਦਾ ਇਹ ਨਾਂ ਰਾਜਾ ਕੁਰੁ ਦੇ ਨਾਂ ਨਾਲ ਸੰਬੰਧਿਤ ਹੈ ਕਿਉਂਕਿ ਕੁਰੁ ਨੇ ਜਿਸ ਖੇਤਰ ਨੂੰ ਯੱਗ ਲਈ ਵਾਰ ਵਾਰ ਵਾਹਿਆ, ਉਸ ਦਾ ਨਾਂ 'ਕੁਰੁਕਸ਼ੇਤ੍ਰ' ਪੈ ਗਿਆ।

ਕਹਿੰਦੇ ਹਨ ਜਦੋਂ ਰਾਜਾ ਕੁਰੁ ਬੜੀ ਲੀਨਤਾ ਨਾਲ ਇਸ ਖੇਤਰ ਦੀ ਵਾਹੀ ਕਰ ਰਿਹਾ ਸੀ ਤਾਂ ਇੰਦ੍ਰ ਨੇ ਇਸ ਮਿਹਨਤ ਦਾ ਕਾਰਣ ਪੁਛਿਆ। ਉੱਤਰ ਵਿਚ ਕੁਰੁ ਨੇ ਦਸਿਆ ਕਿ ਜੋ ਵੀ ਇਥੇ ਮਾਰਿਆ ਜਾਵੇਗਾ ਉਹ ਸਵਰਗ ਲੋਕ ਵਿਚ ਜਾਏਗਾ। ਇੰਦ੍ਰ ਉਸ ਦੀ ਹਾਸੀ ਕਰਦਿਆਂ ਉਥੋਂ ਚਲਾ ਗਿਆ। ਪਰ ਬਾਦ ਵਿਚ ਹੋਰ ਦੇਵਤਿਆਂ ਨੇ ਰਲ ਕੇ ਇੰਦ੍ਰ ਨੂੰ ਸਲਾਹ ਦਿੱਤੀ ਕਿ ਜੇ ਉਸ ਨੇ ਰਾਜਾ ਕੁਰੁ ਨੂੰ ਆਪਣੇ ਅਨੁਸਾਰ ਨ ਕੀਤਾ ਤਾਂ ਲੋਕੀ ਇਸ ਖੇਤਰ ਵਿਚ ਯੱਗ ਕਰਕੇ ਬਿਨਾ ਸਾਡਾ ਭਾਗ ਦਿੱਤੇ ਸਵਰਗ ਚਲੇ ਜਾਇਆ ਕਰਨਗੇ। ਇੰਦ੍ਰ ਨੇ ਇਹ ਨੁਕਤਾ ਵਿਚਾਰ ਕੇ ਫਿਰ ਕੁਰੁ ਨਾਲ ਗੱਲ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਜੋ ਕੋਈ ਪਸ਼ੂ, ਪੰਛੀ ਜਾਂ ਮਨੁੱਖ ਬਿਨਾ ਕੁਝ ਖਾਏ ਪੀਏ ਜਾਂ ਯੁੱਧ ਕਰਕੇ ਇਥੇ ਮਾਰਿਆ ਜਾਏਗਾ, ਤਾਂ ਉਹ ਸਵਰਗ ਦਾ ਭਾਗੀ ਬਣੇਗਾ। ਕੁਰੁ ਨੇ ਇੰਦ੍ਰ ਦੀ ਗੱਲ ਮੰਨ ਲਈ। ਉਸ ਸਮੇਂ ਤੋਂ ਇਸ ਖੇਤਰ ਦਾ ਨਾਂ

ਕੁਰੁਕ੍ਸ਼ੇਤ੍ਰ (ਕੁਰੁਖੇਤਰ) ਪ੍ਰਸਿੱਧ ਹੋਇਆ ਪ੍ਰਤੀਤ ਹੁੰਦਾ ਹੈ।

ਰਾਜਾ ਕੁਰੁ ਤੋਂ ਪਹਿਲਾਂ ਵੀ ਇਹ ਖੇਤਰ ਬੜਾ ਪਵਿੱਤਰ ਮੰਨਿਆ ਜਾਂਦਾ ਰਿਹਾ ਹੈ। 'ਸ਼ਤਪਥ-ਬ੍ਰਾਹਮਣ' ਵਿਚ ਲਿਖਿਆ ਹੈ ਕਿ ਦੇਵਤਿਆਂ ਨੇ ਇਸ ਖੇਤਰ ਵਿਚ ਯੱਗ ਦੀ ਆਹੂਤੀ ਦਿੱਤੀ ਸੀ ਕਿਉਂਕਿ ਇਹ ਵੈਦਿਕ ਸੰਸਕ੍ਰਿਤੀ ਦਾ ਕੇਂਦਰ ਸੀ। ਇਸੇ ਲਈ ਇਸ ਨੂੰ 'ਧਰਮ-ਖੇਤਰ' ਵੀ ਕਿਹਾ ਜਾਂਦਾ ਸੀ।

'ਮਹਾਭਾਰਤ' (ਵਨ-ਪਰਵ/86) ਵਿਚ ਕੁਰੁਕ੍ਸ਼ੇਤ੍ਰ ਨੂੰ 'ਬ੍ਰਹਮਾਵਰਤ' ਕਿਹਾ ਗਿਆ ਹੈ ਜਿਸ ਦੀ ਸੀਮਾ ਦੱਖਣ ਵਿਚ ਸਰਸਵਤੀ ਨਦੀ ਅਤੇ ਉੱਤਰ ਵਿਚ ਦ੍ਰਿਸ਼ਦ੍ਵਤੀ ਨਦੀ ਤਕ ਸੀ। ਮੂਲ ਰੂਪ ਇਹ ਖੇਤਰ 'ਬ੍ਰਹਮਾ ਦੀ ਵੇਦੀ' ਅਖਵਾਉਂਦਾ ਸੀ। ਬਾਦ ਵਿਚ ਇਸ ਨੂੰ 'ਸਮੰਤਪੰਚਕ' ਕਿਹਾ ਗਿਆ ਜਦੋਂ ਪਰਸ਼ੁਰਾਮ ਨੇ ਆਪਣੇ ਪਿਤਾ ਦੀ ਹਤਿਆ ਦੇ ਬਦਲੇ ਛਤ੍ਰੀਆਂ ਦੇ ਲਹੂ ਨਾਲ ਪੰਜ ਸਰੋਵਰ ਭਰੇ। ਫਿਰ ਉਸ ਦੇ ਪਿਤਰਾਂ ਦੇ ਵਰਦਾਨ ਨਾਲ ਇਹ ਪਵਿੱਤਰ ਖੇਤਰ ਬਣਿਆ। ਕਾਲਾਂਤਰ ਵਿਚ ਰਾਜਾ ਕੁਰੁ ਦੇ ਨਾਂ 'ਤੇ ਇਸ ਦਾ 'ਕੁਰੁਕ੍ਸ਼ੇਤ੍ਰ' ਨਾਂ ਪਿਆ।

'ਮਹਾਭਾਰਤ' (ਵਨ-ਪਰਵ/83) ਵਿਚ ਕੁਰੁਕ੍ਸ਼ੇਤ੍ਰ ਦੇ ਗੁਣਾਂ ਅਤੇ ਮਹਾਨਤਾਵਾਂ ਉਤੇ ਝਾਤ ਪਾਈ ਗਈ ਹੈ। ਇਸ ਖੇਤਰ ਵਿਚ ਰਹਿਣ ਵਾਲੇ ਪਾਪਾਂ ਤੋਂ ਮੁਕਤ ਹੁੰਦੇ ਹਨ। ਇਸ ਤੋਂ ਇਲਾਵਾ ਉਹ ਲੋਕ ਵੀ ਪਵਿੱਤਰ ਅਤੇ ਪਾਪ-ਮੁਕਤ ਹਨ ਜੋ ਕੁਰੁਕ੍ਸ਼ੇਤ੍ਰ ਵਿਚ ਜਾ ਕੇ ਰਹਿਣ ਦਾ ਸੰਕਲਪ ਕਰਦੇ ਹਨ। ਸੰਸਾਰ ਵਿਚ ਇਸ ਤੋਂ ਵਧ ਹੋਰ ਕੋਈ ਥਾਂ ਪਵਿੱਤਰ ਨਹੀਂ ਹੈ। ਇਥੋਂ ਦੇ ਮਿੱਟੀ ਦੇ ਕਿਣਕੇ ਨੂੰ ਜੇ ਮਹਾ ਪਾਪੀ ਛੋਹ ਲਏ ਤਾਂ ਉਹ ਵੀ ਸਵਰਗ ਦਾ ਅਧਿਕਾਰੀ ਬਣਦਾ ਹੈ।

'ਨਾਰਦੀਯ-ਪੁਰਾਣ' (11/64) ਅਨੁਸਾਰ ਜੋ ਕੁਰੁਕ੍ਸ਼ੇਤ੍ਰ ਵਿਚ ਮਰਦਾ ਹੈ, ਉਹ ਫਿਰ ਇਸ ਸੰਸਾਰ ਵਿਚ ਜਨਮ ਨਹੀਂ ਲੈਂਦਾ। ਇਸ ਪੁਰਾਣ ਵਿਚ ਇਸ ਖੇਤਰ ਦੇ ਲਗਭਗ ਇਕ ਸੌ ਤੀਰਥਾਂ ਦਾ ਨਾਂ ਗਿਣਾਇਆ ਗਿਆ ਹੈ। ਹੁਣ ਇਸ ਖੇਤਰ ਵਿਚ ਲਗਭਗ 350 ਧਾਰਮਿਕ ਸਥਾਨ ਮੌਜੂਦ ਹਨ। ਇਸ ਖੇਤਰ ਦੇ ਪਵਿੱਤਰ ਹੋਣ ਸੰਬੰਧੀ ਇਹ ਧਾਰਣਾ ਵੀ ਪ੍ਰਚਲਿਤ ਹੈ ਕਿ ਜਦੋਂ ਵਿਸ਼ਣੂ ਨੇ ਮਧੁ ਅਤੇ ਕੈਟਭ ਦੈਂਤਾਂ ਨੂੰ ਮਾਰਿਆ ਤਾਂ ਉਨ੍ਹਾਂ ਦੀ ਮਿਝ ਸਭ ਪਾਸੇ ਪਸਰ ਗਈ, ਪਰ ਇਸ ਖੇਤਰ ਵਿਚ ਵਿਸ਼ਣੂ ਦੀ ਚੌਕੜੀ ਲਗੀ ਹੋਣ ਕਾਰਣ ਇਥੇ ਮਿਝ ਨ ਫੈਲ ਸਕੀ, ਜਿਸ ਕਰਕੇ ਇਹ ਖੇਤਰ ਪਵਿੱਤਰ ਹੀ ਬਣਿਆ ਰਿਹਾ।

ਧਾਰਮਿਕ ਦ੍ਰਿਸ਼ਟੀ ਤੋਂ ਇਸ ਖੇਤਰ ਵਿਚ ਸਰਸਵਤੀ ਨਦੀ ਦੇ ਕੰਢੇ ਹਜ਼ਾਰਾਂ ਸਾਲ ਪਹਿਲਾਂ ਰਿਸ਼ੀਆਂ ਨੇ ਵੇਦ-ਮੰਤ੍ਰਾਂ, ਉਪਨਿਸ਼ਦਾਂ ਅਤੇ ਹੋਰ ਕਈ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ ਸੀ। ਇਸੇ ਖੇਤਰ ਵਿਚ ਜੵਯੋਤਿਸਰ ਵਾਲੀ ਥਾਂ ਉਤੇ ਭਗਵਾਨ ਕ੍ਰਿਸ਼ਣ ਨੇ ਅਰਜੁਨ ਨੂੰ 'ਗੀਤਾ' ਦਾ ਸੰਦੇਸ਼ ਦਿੱਤਾ ਸੀ। ਇਤਿਹਾਸਿਕ ਦ੍ਰਿਸ਼ਟੀ ਤੋਂ ਅਜ ਤੋਂ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਇਥੇ ਪਾਂਡਵਾਂ ਅਤੇ ਕੌਰਵਾਂ ਵਿਚਕਾਰ 18 ਦਿਨ ਘੋਰ ਯੁੱਧ ਹੋਇਆ ਸੀ ਜਿਸ ਨੂੰ 'ਮਹਾਭਾਰਤ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਇਥੋਂ ਦਾ ਬ੍ਰਹਮ-ਸਰੋਵਰ ਵਿਸ਼ੇਸ਼ ਪ੍ਰਸਿੱਧ ਹੈ, ਜੋ 1080 ਮੀ. ਲੰਬਾ ਅਤੇ 360 ਮੀ. ਚੌੜਾ ਹੈ। ਇਸ ਵਿਚ ਪਾਣੀ ਦੀ ਡੂੰਘਾਈ ਘਟੋ ਘਟ 15 ਫੁਟ ਰਹਿੰਦੀ ਹੈ। ਸੂਰਜ ਗ੍ਰਹਿਣ ਦੇ ਮੌਕੇ ਇਥੇ ਲੱਖਾਂ ਜਿਗਿਆਸੂ ਇਸ਼ਨਾਨ ਕਰਦੇ ਹਨ। ਇਸੇ ਤਰ੍ਹਾਂ ਹੋਰਨਾਂ ਤੀਰਥਾਂ ਨਾਲ ਵੀ ਕੋਈ ਨ ਕੋਈ ਪਰਵ ਜਾਂ ਮਹਾਤਮ ਜੁੜਿਆ ਹੋਇਆ ਹੈ। ਇਸ ਖੇਤਰ ਵਿਚ ਹੋਰਨਾਂ ਧਰਮਾਂ ਦੇ ਆਗੂਆਂ ਨਾਲ ਸੰਬੰਧਿਤ ਵੀ ਕਈ ਧਰਮ-ਧਾਮ ਹਨ ਜਿਸ ਕਰਕੇ ਇਹ ਖੇਤਰ ਰਾਸ਼ਟਰੀ-ਏਕਤਾ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਸਾਧਾਂ-ਸੰਤਾਂ ਦੀ ਯਾਤ੍ਰਾ ਲਈ ਵੀ ਇਹ ਬਹੁਤ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਇਥੇ ਆਏ ਸਨ ਅਤੇ ਉਨ੍ਹਾਂ ਦੇ ਨਾਂ 'ਤੇ ਕਈ ਗੁਰੂ-ਧਾਮ ਮੌਜੂਦ ਹਨ। ਗੁਰੂ ਰਾਮਦਾਸ ਜੀ ਨੇ ਤੁਖਾਰੀ ਰਾਗ ਵਿਚ ਗੁਰੂ ਅਮਰਦਾਸ ਜੀ ਦੇ ਇਥੇ ਆਉਣ ਬਾਰੇ ਸੰਕੇਤ ਕੀਤਾ ਹੈ— *ਪ੍ਰਥਮ ਆਏ ਕੁਲਖੇਤ ਗੁਰ ਸਤਿਗੁਰ ਪੁਰਬੁ ਹੋਆ*।(ਗੁ.ਗ੍ਰੰ.1116)। ਇਥੋਂ ਦੇ ਗੁਰੂ-ਧਾਮਾਂ ਸੰਬੰਧੀ ਵੇਖੋ 'ਥਾਨੇਸਰ'।

**ਕੁਲਵੰਤ ਸਿੰਘ, ਜਨਰਲ** (1905-1966 ਈ.): ਕਸ਼ਮੀਰ ਨੂੰ ਕਬਾਇਲੀਆਂ ਅਤੇ ਪਾਕਿਸਤਾਨੀ ਧਾੜਵੀਆਂ ਤੋਂ ਬਚਾਉਣ ਵਾਲੇ ਜਨਰਲ ਕੁਲਵੰਤ ਸਿੰਘ ਦਾ ਜਨਮ 23 ਅਪ੍ਰੈਲ 1905 ਈ. ਵਿਚ ਰਾਵਲਪਿੰਡੀ ਵਿਚ ਸ. ਸੰਤ ਸਿੰਘ ਦੇ ਘਰ ਹੋਇਆ ਜੋ ਪੰਜਾਬ ਦੀ ਸਿਵਲ ਸਰਵਿਸ ਵਿਚ ਸਨ। ਆਪ ਦਾ ਜੱਦੀ ਪਿੰਡ ਸਿਆਲਕੋਟ ਜ਼ਿਲ੍ਹੇ ਦਾ ਜ਼ਫ਼ਰਵਾਲ ਪਿੰਡ ਸੀ।

ਪੜ੍ਹਾਈ ਦੌਰਾਨ ਸੰਨ 1923 ਈ. ਵਿਚ ਆਪ ਨੂੰ ਹਿੰਦ ਸਰਕਾਰ ਵਲੋਂ ਰਾਇਲ ਮਿਲਟਰੀ ਕਾਲਜ, ਸੈਂਡਹਰਸਟ ਲਈ ਚੁਣਿਆ ਗਿਆ ਅਤੇ ਸੰਨ 1925 ਈ. ਵਿਚ ਕਮਿਸ਼ਨ ਮਿਲਿਆ। ਆਪ ਦੀ ਪਹਿਲੀ ਤਾਇਨਾਤੀ ਸਿਕੰਦਰਾਬਾਦ ਵਿਚ ਹੋਈ। ਸੰਨ 1935 ਈ. ਵਿਚ ਆਪ ਸਟਾਫ਼ ਕਾਲਜ ਕੋਇਟਾ ਵਿਚ ਦਾਖ਼ਲੇ ਲਈ ਚੁਣੇ ਗਏ। ਸੰਨ 1938 ਈ. ਵਿਚ ਆਪ ਸਟਾਫ਼ ਕੈਪਟਨ ਬਣੇ ਅਤੇ ਸੰਨ 1940 ਈ. ਵਿਚ ਬ੍ਰਿਗੇਡ ਮੇਜਰ ਵਜੋਂ ਪਦ-ਉਨਤੀ ਹੋਈ। ਸੰਨ 1941 ਈ. ਵਿਚ ਸਟਾਫ਼ ਕਾਲਜ ਕੋਇਟਾ ਵਿਚ ਇਨਸਟ੍ਰਕਟਰ ਲਗੇ। ਇਹ ਜ਼ਿੰਮੇਵਾਰੀ ਪਹਿਲੀ ਵਾਰ ਕਿਸੇ ਹਿੰਦੁਸਤਾਨੀ ਨੂੰ ਸੌਂਪੀ ਗਈ ਸੀ। ਸਤੰਬਰ 1945 ਈ. ਵਿਚ ਆਫ਼ੀਸ਼ੇਟਿੰਗ ਬ੍ਰਿਗੇਡ ਕਮਾਂਡਰ ਬਣਾ ਕੇ ਆਪ ਨੂੰ ਸਿਆਮ ਭੇਜਿਆ ਗਿਆ। ਦਸੰਬਰ 1946 ਈ. ਵਿਚ ਆਪ ਆਪਣੀ ਬ੍ਰਿਗੇਡ ਸਹਿਤ ਜ਼ਿਲ੍ਹਾ ਹਜ਼ਾਰਾਂ ਦੇ ਓਗਹੀ ਪਿੰਡ ਵਿਚ ਗਏ ਅਤੇ ਪਹਾੜੀ ਕਬਾਇਲੀਆਂ ਨੂੰ ਕਾਬੂ ਕੀਤਾ। ਮਾਰਚ 1947 ਈ. ਵਿਚ ਮਾਨਕੀ ਸ਼ਰੀਫ਼ ਦੇ ਪੀਰ ਦੀਆਂ ਬਾਗੀਆਨਾ ਕਾਰਵਾਈਆਂ ਨੂੰ ਠਲ੍ਹ ਪਾਈ ਅਤੇ ਮਈ 1947 ਈ. ਵਿਚ ਨਾਰਦਰਨ ਕਮਾਂਡ, ਰਾਵਲਪਿੰਡੀ ਵਿਚ ਬ੍ਰਿਗੇਡੀਅਰ ਜਨਰਲ ਸਟਾਫ਼ ਬਣੇ।

ਅਕਤੂਬਰ 1947 ਈ. ਵਿਚ ਕਬਾਇਲੀ ਲੁਟੇਰਿਆਂ ਅਤੇ ਪਾਕਿਸਤਾਨੀ ਫ਼ੌਜਾਂ ਨੇ ਕਸ਼ਮੀਰ ਉਪਰ ਹਮਲਾ ਕਰ ਦਿੱਤਾ। 27 ਅਕਤੂਬਰ 1947 ਈ. ਨੂੰ ਮੇਜਰ ਜਨਰਲ ਕੁਲਵੰਤ ਸਿੰਘ ਨੂੰ ਫ਼ੌਜੀ ਕਾਰਵਾਈ ਕਰਨ ਦਾ ਹੁਕਮ ਹੋਇਆ। ਇਸ ਨੇ ਬੜੀ ਬਹਾਦਰੀ ਨਾਲ ਕਸ਼ਮੀਰ ਤੋਂ ਆਕ੍ਰਮਣ-ਕਾਰੀਆਂ ਨੂੰ ਖਦੇੜਨ ਦਾ ਬੇਮਿਸਾਲ ਉਦਮ ਕੀਤਾ। ਜੇ ਉਸ ਵਕਤ ਭਾਰਤ ਦੇ ਪ੍ਰਧਾਨ ਮੰਤਰੀ ਜੰਗ ਨ ਰੋਕਦੇ ਅਤੇ ਜਨਰਲ ਕੁਲਵੰਤ ਸਿੰਘ ਦੀ ਸਲਾਹ ਮੰਨਦੇ, ਤਾਂ ਕਸ਼ਮੀਰ ਦੀ ਸਮਸਿਆ ਦਾ ਉਦੋਂ ਹੀ ਨਿਪਟਾਰਾ ਹੋ ਗਿਆ ਹੁੰਦਾ।

ਸੰਨ 1950 ਈ. ਵਿਚ ਆਪ ਨੂੰ ਲੈਫ਼. ਜਨਰਲ ਬਣਾਇਆ ਗਿਆ ਅਤੇ 1955 ਈ. ਵਿਚ ਵੈਸਟ੍ਰਨ ਕਮਾਂਡ ਦੇ ਜਨਰਲ ਆਫ਼ਿਸਰ ਕਮਾਂਡਿੰਗ-ਇਨ-ਚੀਫ਼ ਨਿਯੁਕਤ ਕੀਤਾ ਗਿਆ। 2 ਜਨਵਰੀ 1966 ਈ. ਨੂੰ ਆਪ ਦਾ ਦਿੱਲੀ ਵਿਚ ਦੇਹਾਂਤ ਹੋਇਆ।

**ਕੁਲਾਯਤ/ਕੁਲੈਤ** (ਕਸਬਾ) : ਰਾਜਸਥਾਨ ਦਾ ਇਕ ਕਸਬਾ ਜੋ ਬਘੌਰ ਅਤੇ ਅਮਰੋਦ ਦੇ ਮੱਧ ਵਿਚ ਸਥਿਤ ਹੈ ਅਤੇ ਬੀਕਾਨੇਰ ਨਗਰ ਤੋਂ 52 ਕਿ.ਮੀ. ਦੱਖਣ-ਪੱਛਮ ਵਾਲੇ ਪਾਸੇ ਵਸਿਆ ਹੋਇਆ ਹੈ। ਇਥੇ ਸਾਂਖ੍ਯ ਸ਼ਾਸਤ੍ਰ ਦੇ ਪ੍ਰਵਰਤਕ ਕਪਿਲ ਮੁਨੀ ਦਾ ਪ੍ਰਸਿੱਧ ਮੰਦਿਰ ਹੈ। ਸਿੱਖ ਇਤਿਹਾਸ ਅਨੁਸਾਰ ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ ਪਧਾਰੇ ਸਨ। ਉਸ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਰਾਜਸਥਾਨ ਵਿਚੋਂ ਲੰਘਦਿਆਂ ਇਥੇ 12 ਦਿਨ ਰੁਕੇ ਸਨ। ਇਥੇ ਹੀ ਔਰੰਗਜ਼ੇਬ ਬਾਦਸ਼ਾਹ ਨੂੰ ਅਹਿਮਦਨਗਰ ਵਿਚ 'ਜ਼ਫ਼ਰਨਾਮਾ' ਦੇ ਕੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੁਰੂ ਜੀ ਨੂੰ ਆ ਮਿਲੇ ਸਨ ਅਤੇ ਸਾਰੀ ਸਥਿਤੀ ਤੋਂ ਜਾਣਕਾਰ ਕੀਤਾ ਸੀ।

ਪਹਿਲਾਂ ਇਥੇ ਕੋਈ ਗੁਰਦੁਆਰਾ ਬਣਿਆ ਹੋਇਆ ਨਹੀਂ ਸੀ। ਸੰਨ 1968 ਈ. ਵਿਚ ਪਾਕਿਸਤਾਨ ਤੋਂ ਉਜੜ ਕੇ ਇਸ ਇਲਾਕੇ ਵਿਚ ਆ ਵਸੇ ਸਿੱਖਾਂ ਨੇ ਮਿਲ ਕੇ ਇਕ ਗੁਰਦੁਆਰਾ ਉਸਾਰਿਆ, ਜਿਥੇ ਕਤਕ ਪੂਰਣਮਾਸੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉਤੇ ਹਰ ਸਾਲ ਕਾਫ਼ੀ ਸੰਗਤ ਜੁੜਦੀ ਹੈ।

**ਕੂਕੇ** : ਇਹ ਸ਼ਬਦ ਨਾਮਧਾਰੀ ਸਿੰਘਾਂ ਲਈ ਵਰਤਿਆ ਜਾਂਦਾ ਹੈ। ਇਸ ਸ਼ਬਦ-ਪ੍ਰਯੋਗ ਦਾ ਮੂਲ ਕਾਰਣ ਇਹ ਹੈ ਕਿ ਨਾਮਧਾਰੀ ਸਿੰਘ ਢੋਲਕੀ ਛੈਣਿਆਂ ਨਾਲ ਉੱਚੀ ਸੁਰ ਵਿਚ ਕੀਰਤਨ ਕਰਦੇ ਹਨ ਅਤੇ ਵਜਦ ਵਿਚ ਆ ਕੇ 'ਵਾਹਿਗੁਰੂ' ਸ਼ਬਦ ਦਾ ਉੱਚਾ ਆਲਾਪ ਕਰਦੇ ਹਨ। ਉੱਚੀ ਸੁਰ ਵਿਚ ਕੂਕਣ ਕਰਕੇ ਹੀ ਇਨ੍ਹਾਂ ਦੀ 'ਕੂਕਾ' ਸੰਗਿਆ ਪ੍ਰਚਲਿਤ ਹੋਈ।

**ਕੂੜ** : ਗੁਰਬਾਣੀ ਵਿਚ ਅਸਤਿ ਜਾਂ ਝੂਠ ਲਈ 'ਕੂੜ' ਸ਼ਬਦ ਵੀ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਯੁਗ ਵਿਚ ਹਰ ਪਾਸੇ ਕੂੜ ਦਾ ਹੀ ਪਸਾਰਾ ਮੰਨਿਆ ਹੈ— *ਸਰਮ ਧਰਮ ਦਾ ਡੇਰਾ ਦੂਰਿ। ਨਾਨਕ ਕੂੜੁ ਰਹਿਆ ਭਰਪੂਰਿ।* (ਗੁ.ਗ੍ਰੰ.471)। ਇਸ ਕੂੜ ਦੀ ਵਿਆਪਤੀ ਗੁਰੂ ਅਮਰਦਾਸ ਜੀ ਅਨੁਸਾਰ ਦ੍ਵੈਤਭਾਵ ਵਿਚ ਗ੍ਰਸਤ ਧਰਮ ਪੁਸਤਕਾਂ ਦੇ ਲਿਖਾਰੀਆਂ ਤਕ ਹੈ— *ਲਿਖਦਿਆ ਲਿਖਦਿਆ ਕਾਗਦ ਮਸੁ ਖੋਈ। ਦੂਜੈ ਭਾਇ ਸੁਖੁ ਪਾਇ ਨ ਕੋਈ। ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ।* (ਗੁ.ਗ੍ਰੰ. 123)।

ਗੁਰੂ ਰਾਮਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਦੇ ਹਿਰਦੇ ਵਿਚ ਕੂੜ ਅਤੇ ਕਪਟ ਹੈ, ਉਨ੍ਹਾਂ ਨੂੰ ਈਸ਼ਵਰੀ

ਦਰਗਾਹ ਤੋਂ ਵੰਚਿਤ ਹੋਣਾ ਪੈਂਦਾ ਹੈ— *ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ। ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ।*(ਗੁ.ਗ੍ਰੰ.302)। ਬਚਨ ਕਰਕੇ ਖਿਸਕ ਜਾਣ ਵਾਲੇ ਨੂੰ ਗੁਰੂ ਅਰਜਨ ਦੇਵ ਜੀ ਨੇ 'ਕੂੜਿਆਰੁ' ਕਿਹਾ ਹੈ— *ਬਚਨੁ ਕਰੇ ਤੈ ਖਿਸਕ ਜਾਇ ਬੋਲੇ ਸਭੁ ਕਚਾ। ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ।* (ਗੁ.ਗ੍ਰੰ. 1099)। ਕੂੜ ਦੇ ਮਾੜੇ ਪ੍ਰਭਾਵ ਕਾਰਣ ਹੀ ਗੁਰੂ ਨਾਨਕ ਦੇਵ ਜੀ ਨੇ ਜਿਗਿਆਸੂ ਨੂੰ ਕੂੜ ਛਡਣ ਲਈ ਮਾਰੂ ਰਾਗ ਵਿਚ ਕਿਹਾ ਹੈ— *ਛੋਡਹੁ ਪ੍ਰਾਣੀ ਕੂੜ ਕਬਾੜਾ। ਕੂੜੁ ਮਾਰੇ ਕਾਲੁ ਉਛਾਹਾੜਾ। ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ।*(ਗੁ.ਗ੍ਰੰ. 1025-26)।

**ਕੇਸਧਾਰੀ ਸਿੱਖ** : ਸੰਨ 1699 ਈ. ਵਿਚ ਖ਼ਾਲਸਾ ਸਿਰਜਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਵਿਚ ਵਿਸ਼ਵਾਸ ਰਖਣ ਵਾਲਾ ਅਤੇ ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਸਮਝਣ ਵਾਲਾ ਹਰ ਵਿਅਕਤੀ 'ਸਿੱਖ' ਅਖਵਾਉਂਦਾ ਸੀ। ਅੰਮ੍ਰਿਤ ਸੰਸਕਾਰ ਤੋਂ ਬਾਦ ਸਿੱਖਾਂ ਦੇ ਤਿੰਨ ਵਰਗ ਬਣ ਗਏ। ਇਕ 'ਸਿੰਘ' ਜਿਨ੍ਹਾਂ ਨੇ ਅੰਮ੍ਰਿਤ ਪਾਨ ਕਰ ਲਿਆ ਹੋਵੇ। ਦੂਜਾ 'ਕੇਸਧਾਰੀ' ਜਿਸ ਨੇ ਕੇਸ ਤਾਂ ਰਖ ਲਏ ਹੋਣ, ਪਰ ਅੰਮ੍ਰਿਤ ਨ ਛਕਿਆ ਹੋਵੇ। ਤੀਜਾ 'ਸਹਿਜਧਾਰੀ' ਜਿਸ ਨੇ ਨ ਅੰਮ੍ਰਿਤ ਛਕਿਆ ਹੋਵੇ ਅਤੇ ਨ ਹੀ ਕੇਸ ਰਖੇ ਹੋਣ।

ਇਸ ਤਰ੍ਹਾਂ ਕੇਸਧਾਰੀ ਸਿੱਖ ਉਹ ਹੈ ਜਿਸ ਨੇ ਅੰਮ੍ਰਿਤ ਨਹੀਂ ਛਕਿਆ ਹੁੰਦਾ, ਪਰ ਉਹ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਵਿਚ ਵਿਸ਼ਵਾਸ ਰਖਦਾ ਹੈ ਅਤੇ ਰਹਿਤ ਦੇ ਮੁੱਖ ਮੁੱਖ ਸਿੱਧਾਂਤਾਂ ਅਨੁਸਾਰ ਚਲਦਾ ਹੈ, ਖ਼ਾਸ ਤੌਰ 'ਤੇ ਕੇਸ ਨ ਕਟਾਉਣ ਦੇ ਮਾਮਲੇ ਵਿਚ। ਸਿੱਖ ਧਰਮ ਵਿਚ ਕੇਸਧਾਰੀ ਸਿੱਖਾਂ ਦੀ ਗਿਣਤੀ ਸਭ ਤੋਂ ਅਧਿਕ ਹੈ।

**ਕੇਸਰ ਸਿੰਘ** (1869-1935 ਈ.) : ਕੁਰਾਨ ਮਜੀਦ ਨੂੰ ਜ਼ਬਾਨੀ ਯਾਦ ਰਖਣ ਵਾਲਾ ਅਤੇ ਧਰਮ ਵਿਚ ਪੂਰੀ ਨਿਸ਼ਠਾ ਰਖਣ ਵਾਲਾ ਇਕ ਸਿੱਖ ਵਿਦਵਾਨ ਜਿਸ ਦਾ ਜਨਮ ਸ. ਥੰਮਣ ਸਿੰਘ ਦੇ ਘਰ ਪਟਿਆਲਾ ਜ਼ਿਲ੍ਹੇ ਦੇ ਡਾਂਗਰੀ ਪਿੰਡ ਵਿਚ ਹੋਇਆ। ਇਸ ਦਾ ਪਹਿਲਾ ਨਾਂ ਅਕਬਰ ਸਿੰਘ ਸੀ। ਇਸ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ, ਪਰ ਘਰ ਰਹਿੰਦੇ ਹੋਏ ਪੂਰਾ ਨ ਹੋ ਸਕਿਆ। 12 ਵਰ੍ਹਿਆਂ ਦੀ ਉਮਰ ਤਕ ਡੰਗਰ ਚਰਾ ਚਰਾ ਕੇ ਤੰਗ ਹੋਇਆ ਅਕਬਰ ਸਿੰਘ ਆਪਣੇ ਮਾਮੇ ਪਾਸ ਆ ਗਿਆ, ਉਸ ਨੇ ਇਸ ਨੂੰ ਪਿੰਡ ਤੋਂ ਅੱਠ ਕਿ.ਮੀ. ਦੂਰ ਦਹੇੜੂ ਕਸਬੇ ਦੇ ਗੌਰਮਿੰਟ ਮਿਡਲ ਸਕੂਲ ਵਿਚ ਦਾਖ਼ਲ ਕਰਾ ਦਿੱਤਾ। ਇਸ ਨੇ ਉਥੋਂ ਅਪ੍ਰੈਲ 1885 ਈ. ਵਿਚੋਂ ਮਿਡਲ ਦਾ ਇਮਤਿਹਾਨ ਪਾਸ ਕੀਤਾ। ਇਮਤਿਹਾਨ ਲੈਣ ਆਏ ਮਿਸਟਰ ਟ੍ਰੰਪ ਨਾਂ ਦੇ ਇੰਸਪੈਕਟਰ ਨੂੰ ਇਸ ਦਾ ਨਾਂ ਬੜਾ ਅਜੀਬ ਜਿਹਾ ਲਗਾ ਅਤੇ ਬਦਲ ਕੇ 'ਕੇਸਰ ਸਿੰਘ' ਕਰ ਦਿੱਤਾ। ਇਸ ਨੇ ਦਸਵੀਂ ਗੌਰਮਿੰਟ ਮਾਡਲ ਸਕੂਲ, ਪਟਿਆਲਾ ਤੋਂ ਪਾਸ ਕਰਕੇ ਮਹਿੰਦਰਾ ਕਾਲਜ ਵਿਚ ਦਾਖ਼ਲਾ ਲਿਆ। ਬੀ.ਏ. ਦੇ ਇਮਤਿਹਾਨ ਵਿਚ ਇਸ ਵਲੋਂ ਕੀਤੀ ਆਪਣੀ ਯੋਗਤਾ ਦੇ ਪ੍ਰਦਰਸ਼ਨ ਦੀ ਮਾਨਤਾ ਵਜੋਂ ਵਾਈਸਰਾਏ ਗੋਲਡ ਮੈਡਲ ਅਤੇ ਐਮ.ਏ. ਕਰਨ ਲਈ ਯੂਨੀਵਰਸਿਟੀ ਦਾ ਵਜ਼ੀਫ਼ਾ ਮਿਲਿਆ।

ਇਸ ਨੇ ਲਾਹੌਰ ਓਰੀਐਂਟਲ ਕਾਲਜ ਤੋਂ ਪ੍ਰਥਮ-ਰਹਿ ਕੇ ਐਮ.ਏ. ਦੀ ਪਰੀਖਿਆ ਪਾਸ ਕੀਤੀ ਅਤੇ ਹਰ ਜਮਾਤ ਵਿਚ ਅਰਬੀ ਨੂੰ ਵਿਸ਼ੇ ਵਜੋਂ ਅਪਣਾਇਆ। ਇਸ ਨੇ ਸਭ ਤੋਂ ਪਹਿਲਾਂ ਗੌਰਮਿੰਟ ਮਿਡਲ ਸਕੂਲ, ਭਵਾਨੀਗੜ੍ਹ ਵਿਚ ਸਾਇੰਸ ਮਾਸਟਰ ਵਜੋਂ ਨੌਕਰੀ ਸ਼ੁਰੂ ਕੀਤੀ। ਫਿਰ ਮਹਿੰਦਰਾ ਕਾਲਜ ਵਿਚ ਲੈਕਚਰਰ ਅਤੇ ਲਾਇਬ੍ਰੇਰੀਅਨ ਵਜੋਂ 15 ਸਾਲ ਨੌਕਰੀ ਕੀਤੀ। ਉਸ ਤੋਂ ਬਾਦ ਇਸ ਨੂੰ ਮੁਨਸ਼ੀਖ਼ਾਨੇ ਵਿਚ ਲਗਾ ਦਿੱਤਾ ਗਿਆ। ਨੌਕਰੀ ਦੇ ਅੰਤਿਮ ਚਰਣ ਵਿਚ ਇਸ ਨੂੰ ਰਾਜਸਥਾਨ ਵਿਚ ਪਟਿਆਲੇ ਦਾ ਵਕੀਲ ਬਣਾ ਕੇ ਭੇਜਿਆ ਗਿਆ। ਇਹ ਕੁਰਾਨ ਵਿਚੋਂ ਆਇਤਾਂ ਇਤਨੇ ਸੌਖ ਨਾਲ ਬੋਲਦਾ ਸੀ ਕਿ ਮੁਸਲਿਮ ਵਿਦਵਾਨ ਹੈਰਾਨ ਹੋ ਜਾਂਦੇ ਸਨ ਅਤੇ ਕਹਿਣ ਲਗ ਜਾਂਦੇ ਸਨ ਕਿ ਇਹ ਪਿਛਲੇ ਜਨਮ ਵਿਚ ਜ਼ਰੂਰ ਮੁਸਲਮਾਨ ਰਿਹਾ ਹੋਵੇਗਾ। ਇਹ ਆਪਣੇ ਪੁੱਤਰ ਡਾ. ਪ੍ਰਤਾਪ ਸਿੰਘ ਨੂੰ ਚਿੱਠੀਆਂ ਵਿਚ ਕੁਰਾਨ ਦੀਆਂ ਟੂਕਾਂ ਲਿਖ ਕੇ ਆਪਣਾ ਭਾਵ-ਸੰਚਾਰ ਕਰਦਾ ਸੀ। ਇਸ ਤੋਂ ਇਲਾਵਾ ਪੰਜਾਬ ਵਿਚ ਸੰਤ ਅਤਰ ਸਿੰਘ ਭਦੌੜੀਆ, ਸ. ਠਾਕੁਰ ਸਿੰਘ ਸੰਧਾਂਵਾਲੀਆ, ਕੰਵਰ ਬਿਕ੍ਰਮਾ ਸਿੰਘ ਕਪੂਰਥਲਾ ਆਦਿ ਵਿਦਵਾਨ ਅਰਬੀ ਪੜ੍ਹਨ ਲਿਖਣ ਵਿਚ ਬਹੁਤ ਕੁਸ਼ਲ ਮੰਨੇ ਜਾਂਦੇ ਸਨ। ਸ. ਦਿਆਲ ਸਿੰਘ ਮਜੀਠੀਆ ਇਸ ਦਾ ਨਿਕਟਵਰਤੀ ਰਿਸ਼ਤੇਦਾਰ ਸੀ। ਸੰਨ 1935 ਈ. ਵਿਚ ਇਸ ਦਾ ਪਟਿਆਲੇ ਵਿਚ ਦੇਹਾਂਤ ਹੋਇਆ।

**ਕੇਸਰ ਸਿੰਘ ਛਿੱਬਰ :** 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਲੇਖਕ ਭਾਈ ਕੇਸਰ ਸਿੰਘ ਛਿੱਬਰ ਦਾ ਜਨਮ ਕਦ ਅਤੇ ਕਿਥੇ ਹੋਇਆ ? ਇਸ ਬਾਰੇ ਇਤਿਹਾਸ ਚੁਪ ਹੈ। ਅੰਦਰਲੇ ਸੰਕੇਤ ਅਨੁਸਾਰ —*ਸਤਰ ਬਰਸ ਸੋਧ ਮੈ ਕੀਤੀ ਤਾ ਇਹੁ ਕਥਾ ਸੁਣਾਈ* (14/622)। ਇਸ ਦੀ ਆਯੂ ਬੰਸਾਵਲੀਨਾਮੇ ਦੀ ਸਮਾਪਤੀ (ਸੰ. 1826 ਬਿ.) ਵੇਲੇ 70 ਵਰ੍ਹਿਆਂ ਦੀ ਸੀ। ਇਸ ਹਿਸਾਬ ਅਨੁਸਾਰ ਇਸ ਦਾ ਜਨਮ ਸੰ. 1756 ਬਿ. ਦੇ ਨੇੜੇ-ਤੇੜੇ ਹੋਇਆ ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਸੰ. 1765 ਬਿ. ਵਿਚ ਜੋਤੀ ਜੋਤਿ ਸਮਾਏ, ਉਦੋਂ ਇਸ ਦੀ ਉਮਰ 8/9 ਵਰ੍ਹਿਆਂ ਦੀ ਹੋਵੇਗੀ। ਇਸ ਲਈ ਇਹ ਗੁਰੂ ਸਾਹਿਬ ਦਾ ਹਜ਼ੂਰੀ ਲੇਖਕ ਨਹੀਂ ਹੋ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੇ ਪਰਵਰਤੀ ਕਾਲ ਵਿਚ ਕੇਸਰ ਸਿੰਘ ਸਿੱਖ-ਸੰਗਠਨ ਅਤੇ ਉਘੇ ਸਿੱਖ ਆਗੂਆਂ ਦੇ ਸੰਪਰਕ ਵਿਚ ਰਿਹਾ ਸੀ। ਇਸ ਨੇ ਬਹੁਤ ਸਮਾਂ ਮਾਤਾ ਸੁੰਦਰੀ ਦੇ ਦਰਬਾਰ ਵਿਚ ਦਿੱਲੀ ਅਤੇ ਦਰਬਾਰ ਸਾਹਿਬ ਵਿਚ ਅੰਮ੍ਰਿਤਸਰ ਬਿਤਾਇਆ ਸੀ। ਇਹ ਅਵੱਸ਼ ਹੀ ਮਾਮਾ ਕ੍ਰਿਪਾਲ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਆਦਿ ਦੇ ਨੇੜੇ ਵਿਚਰਿਆ ਹੋਵੇਗਾ।

ਬੰਸਾਵਲੀਨਾਮੇ ਵਿਚ ਭਾਈ ਕੇਸਰ ਸਿੰਘ ਨੇ ਆਪਣੇ ਜਨਮ-ਸਥਾਨ ਦਾ ਕੋਈ ਉਲੇਖ ਨਹੀਂ ਕੀਤਾ, ਪਰ ਇਸ ਦੀ ਕੁਲ-ਪਰੰਪਰਾ ਜੰਮੂ ਦੇ ਛਿੱਬਰ ਖ਼ਾਨਦਾਨ ਨਾਲ ਜੁੜਦੀ ਹੈ। ਇਸ ਨੇ ਆਪਣੇ ਆਪ ਨੂੰ ਧਰਮਚੰਦ ਦਾ 'ਨਾਤੀ' ਕਿਹਾ ਹੈ। ਇਸ ਨੇ ਨੌਵੇਂ ਚਰਣ (33-34) ਵਿਚ ਦਸਿਆ ਹੈ ਕਿ ਬਕਾਲੇ ਵਿਚ 22 ਮੰਜੀਆਂ ਉਤੇ ਅਖੌਤੀ ਗੁਰੂਆਂ ਵਿਚੋਂ ਵਾਸਤਵਿਕ ਗੁਰੂ ਨੂੰ ਲਭਣ ਦਾ ਸਿਹਰਾ ਦੀਵਾਨ ਦੁਰਘਾ ਮੱਲ ਛਿੱਬਰ ਨੂੰ ਹੈ, ਜੋ ਗੁਰੂ ਹਰਿਕ੍ਰਿਸ਼ਨ ਜੀ ਨਾਲ ਦਿੱਲੀ ਗਿਆ ਸੀ ਅਤੇ ਗੁਰੂ-ਪਦ ਦਾ ਵਿਵਾਦ ਛਿੜ ਪੈਣ 'ਤੇ ਪੰਜਵੇਂ ਮਹੀਨੇ ਦਿਲੀਓਂ ਸੰਗਤ ਲੈ ਕੇ ਬਾਬੇ ਬਕਾਲੇ ਆਇਆ ਸੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਸਿਰੋਪਾਓ ਦਿੱਤਾ ਅਤੇ ਆਪਣੇ ਦਰਬਾਰ ਦੀ 'ਦੀਵਾਨੀ' ਦੀ ਜ਼ਿੰਮੇਵਾਰੀ ਵੀ ਸੌਂਪੀ। ਬਿਰਧ ਹੋਣ ਕਰਕੇ ਉਸ ਨੇ ਇਸ ਕੰਮ ਲਈ ਸਤੀਦਾਸ ਅਤੇ ਮਤੀਦਾਸ ਨਾਂ ਦੇ ਆਪਣੇ ਦੋ ਭਤੀਜਿਆਂ ਦਾ ਸਹਿਯੋਗ ਲਿਆ, ਕਿਉਂਕਿ ਧਰਮਚੰਦ ਨਾਂ ਦਾ ਉਸ ਦਾ ਪੁੱਤਰ ਉਦੋਂ ਉਮਰ ਵਿਚ ਛੋਟਾ ਸੀ ਅਤੇ 'ਦੀਵਾਨੀ' ਦਾ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਨਹੀਂ ਸੀ।

ਧਰਮਚੰਦ ਅਤੇ ਸਾਹਿਬ ਚੰਦ ਦੋਵੇਂ ਭਰਾ ਸਨ। ਇਨ੍ਹਾਂ ਦੋਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੱਦੀ ਉਤੇ ਬੈਠਣ ਵੇਲੇ 'ਦੀਵਾਨੀ' ਦਾ ਕੰਮ ਸੰਭਾਲਣ ਲਈ ਆਦੇਸ਼ ਦਿੱਤਾ। ਸਾਹਿਬ ਚੰਦ ਦੀ ਜ਼ਿੰਮੇਵਾਰੀ ਦਰਬਾਰ ਦੀ ਦੀਵਾਨੀ ਸੰਭਾਲਣਾ ਸੀ ਅਤੇ ਧਰਮਚੰਦ ਦੇ ਸਪੁਰਦ ਖ਼ਜ਼ਾਨੇ ਅਤੇ ਤੋਸ਼ਾਖ਼ਾਨੇ ਦਾ ਕੰਮ ਸੀ (10/26-27)। ਧਰਮਚੰਦ ਦੇ ਪੁੱਤਰ ਦਾ ਨਾਂ ਗੁਰਬਖ਼ਸ਼ ਸਿੰਘ ਸੀ ਅਤੇ ਗੁਰਬਖ਼ਸ਼ ਸਿੰਘ ਦਾ ਲੜਕਾ ਕੇਸਰ ਸਿੰਘ ਸੀ। ਇਸ ਤਰ੍ਹਾਂ ਕੇਸਰ ਸਿੰਘ ਦੁਰਘਾ ਮੱਲ ਦੇ ਖ਼ਾਨਦਾਨ ਵਿਚੋਂ ਸੀ ਅਤੇ ਦਸਮ ਗੁਰੂ ਜੀ ਦੇ ਖ਼ਜ਼ਾਨੇ ਅਤੇ ਤੋਸ਼ਾਖ਼ਾਨੇ ਤਕ ਉਸ ਦੀ ਸਿਧੀ ਪਹੁੰਚ ਸੀ।

ਕੇਸਰ ਸਿੰਘ ਛਿੱਬਰ ਦੇ ਨਾਂ ਨਾਲ ਇਕ 'ਬਾਰਾਮਾਹ' ਦੀ ਰਚਨਾ ਵੀ ਜੋੜੀ ਜਾਂਦੀ ਹੈ, ਪਰ ਉਸ ਬਾਰੇ ਅਧਿਕ ਜਾਣਕਾਰੀ ਦਾ ਅਭਾਵ ਹੈ। ਇਸ ਦੀ ਇਕੋ ਇਕ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' (ਵੇਖੋ) ਹੀ ਹੈ।

**ਕੇਸਰ ਸਿੰਘ, ਪਹਿਲਵਾਨ** (1922-1990 ਈ.) : 'ਰਸਤਮਿ-ਹਿੰਦ' ਦਾ ਖ਼ਿਤਾਬ ਹਾਸਲ ਕਰਨ ਵਾਲੇ ਕੇਸਰ ਸਿੰਘ ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਗੋਜਰਾ ਨਗਰ ਵਿਚ ਜਮਾਂਦਾਰ ਗੁਰਦਿੱਤ ਸਿੰਘ ਚੀਮਾ ਦੇ ਘਰ 15 ਮਾਰਚ, 1922 ਈ. ਵਿਚ ਹੋਇਆ। ਉਸ ਨੇ ਕੇਸਰ ਸਿੰਘ ਦੇ ਮਨ ਵਿਚ ਸ਼ੁਰੂ ਤੋਂ ਹੀ ਪਹਿਲਵਾਨੀ ਦੀ ਚੇਟਕ ਲਗਾ ਦਿੱਤੀ। ਫਲਸਰੂਪ ਇਸ ਨੇ ਸਕੂਲ ਦੀ ਥਾਂ ਅਖਾੜਿਆਂ ਵਿਚ ਸਮਾਂ ਬਿਤਾਉਣਾ ਆਰੰਭ ਕਰ ਦਿੱਤਾ। ਇਸ ਨੇ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਵਹੋੜੂ ਪਿੰਡ ਵਾਲੇ ਉਸਤਾਦ ਹਜ਼ਾਰਾ ਸਿੰਘ ਤੋਂ ਪਹਿਲਵਾਨੀ ਦੇ ਦਾਉ-ਪੇਚ ਸਿਖੇ ਅਤੇ ਛੋਟੀ ਉਮਰ ਵਿਚ ਹੀ ਕੁਸ਼ਤੀ ਕਰਨ ਲਗ ਗਿਆ। ਦੇਸ਼ ਵੰਡ ਤੋਂ ਬਾਦ ਇਹ ਪਟਿਆਲਾ ਨਰੇਸ਼ ਮਹਾਰਾਜਾ ਯਾਦਵਿੰਦਰ ਸਿੰਘ ਦੀ ਸ਼ਰਣ ਵਿਚ ਆ ਗਿਆ। ਸੰਨ 1948 ਈ ਵਿਚ ਇਸ ਨੇ ਲਖਨਊ ਵਿਚ ਪਹਿਲੀ ਵੱਡੀ ਕੁਸ਼ਤੀ ਜਿਤੀ, ਜਿਸ ਦੀ ਮਾਨਤਾ ਵਜੋਂ ਮਹਾਰਾਜਾ ਪਟਿਆਲਾ ਨੇ ਇਸ ਨੂੰ ਮਹਿੰਦਰਾ ਕਾਲਜ ਦੇ ਸਾਹਮਣੇ 17 ਏਕੜ ਜ਼ਮੀਨ ਇਨਾਮ ਦਿੱਤੀ।

ਸੰਨ 1950 ਈ. ਤੋਂ ਬਾਦ ਇਸ ਨੇ ਅਨੇਕ ਦੰਗਲਾਂ ਵਿਚ ਭਾਗ ਲਿਆ ਅਤੇ ਜਿਤਾਂ ਪ੍ਰਾਪਤ ਕੀਤੀਆਂ। ਸੰਨ 1952 ਈ. ਵਿਚ ਇਸ ਨੇ ਕਾਲਾ ਸਿੰਘ ਭਰਤਪੁਰੀਏ ਨੂੰ 17 ਮਿੰਟਾਂ ਵਿਚ ਪਰਾਜਿਤ ਕਰ ਕੇ 'ਰੁਸਤਮਿ-ਹਿੰਦ' ਦਾ

ਖ਼ਿਤਾਬ ਪ੍ਰਾਪਤ ਕੀਤਾ। ਰੁਸਤਮਿ-ਜ਼ਮਾਂ ਦਾਰਾ ਸਿੰਘ ਨਾਲ ਕਿਸ਼ਤੀ ਵਿਚ ਇਹ ਬਰਾਬਰ ਰਿਹਾ। ਇਸ ਨੇ ਆਪਣੇ ਛੋਟੇ ਪੁੱਤਰ ਸੁਖਚੈਨ ਸਿੰਘ ਨੂੰ ਨਾਮੀ ਪਹਿਲਵਾਨ ਬਣਾ ਕੇ ਖ਼ੁਦ ਕੁਸ਼ਤੀ ਕਰਨੀ ਸੰਨ 1968 ਈ. ਵਿਚ ਛਡ ਦਿੱਤੀ। ਸਰਕਾਰੀ ਮਹਿੰਦਰਾ ਕਾਲਜ ਵਿਚ ਇਹ ਪਹਿਲਵਾਨੀ ਸਿਖਾਉਣ ਲਈ 'ਕੋਚ' ਵਜੋਂ ਨੌਕਰੀ ਕਰਦਾ ਹੋਇਆ 1980 ਈ. ਵਿਚ ਸੇਵਾ-ਮੁਕਤ ਹੋਇਆ। ਉਸ ਤੋਂ ਬਾਦ ਇਹ ਅਧਿਕਤਰ ਆਪਣੀ ਖੇਤੀ ਦੇ ਕੰਮ ਵਿਚ ਰੁਝਿਆ ਰਿਹਾ। 19 ਅਗਸਤ 1990 ਈ. ਨੂੰ ਇਸ ਦਾ ਪਟਿਆਲੇ ਵਿਚ ਦੇਹਾਂਤ ਹੋਇਆ। 52 ਇੰਚ ਛਾਤੀ ਅਤੇ ਛੇ ਫੁਟ ਕਦ ਵਾਲੇ ਇਸ ਪਹਿਲਵਾਨ ਦਾ ਵਜ਼ਨ ਭਰ ਜਵਾਨੀ ਵਿਚ ਇਕ ਸੌ ਕਿਲੋ ਸੀ ਅਤੇ ਨਿੱਤ ਪੰਜ ਹਜ਼ਾਰ ਡੰਡ-ਬੈਠਕਾਂ ਕਢਦਾ ਸੀ।

**ਕੇਸਰ ਸਿੰਘ, ਬਾਬਾ** (ਜ. 1875 ਈ.): ਗ਼ਦਰ ਪਾਰਟੀ ਦਾ ਇਕ ਸੰਸਥਾਪਕ ਜਿਸ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਠਾਟਗੜ੍ਹ ਪਿੰਡ ਵਿਚ ਸ. ਭੂਪ ਸਿੰਘ ਦੇ ਘਰ ਸੰਨ 1875 ਈ. ਵਿਚ ਹੋਇਆ। ਪਹਿਲਾਂ ਇਸ ਨੇ ਦੋ ਸਾਲ ਫ਼ੌਜੀ ਰਸਾਲੇ ਵਿਚ ਨੌਕਰੀ ਕੀਤੀ ਪਰ ਸੰਨ 1902 ਈ. ਵਿਚ ਸ਼ਿੰਘਾਈ ਚਲਾ ਗਿਆ ਅਤੇ ਸੰਨ 1909 ਈ. ਤਕ ਉਥੇ ਇਕ ਚੌਕੀਦਾਰ ਵਜੋਂ ਨੌਕਰੀ ਕਰਦਾ ਰਿਹਾ। ਉਸ ਪਿਛੋਂ ਇਹ ਅਮਰੀਕਾ ਚਲਾ ਗਿਆ। ਉਥੇ ਪਹੁੰਚ ਕੇ ਇਸ ਨੇ ਅਸਟੋਰੀਆ ਦੀ 'ਲੰਬਰ ਮਿਲ' ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ 1912 ਈ. ਦੇ ਆਰੰਭ ਵਿਚ ਅਮਰੀਕਾ ਵਿਚ ਵਸਦੇ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਪੋਰਟਲੈਂਡ ਵਿਚ 'ਹਿੰਦੁਸਤਾਨੀ ਐਸੋਸੀਏਸ਼ਨ' ਨਾਂ ਦੀ ਇਕ ਸੰਸਥਾ ਬਣਾਈ ਗਈ ਜਿਸ ਦੀ ਅਸਟੋਰੀਆ ਸ਼ਾਖਾ ਦੀ ਪ੍ਰਧਾਨਗੀ ਕੇਸਰ ਸਿੰਘ ਨੂੰ ਸੌਂਪੀ ਗਈ। ਲਾਲਾ ਹਰਦਿਆਲ ਨੂੰ ਬੁਲਾ ਕੇ ਆਪਣੀ ਸੰਸਥਾ ਦੇ ਕਾਰਕੁੰਨਾਂ ਨਾਲ ਮਿਲਾਉਣ ਵੇਲੇ ਇਸ ਨੇ ਬੜੀ ਉਸਾਰੂ ਭੂਮਿਕਾ ਨਿਭਾਈ। ਬਾਦ ਵਿਚ ਲਾਲ ਹਰਦਿਆਲ ਦੇ ਸੁਝਾਓ 'ਤੇ 'ਹਿੰਦੁਸਤਾਨੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਦੀ ਸਥਾਪਨਾ ਕੀਤੀ ਗਈ ਜੋ ਪੰਜਾਬੀ ਜਗਤ ਵਿਚ 'ਗ਼ਦਰ ਪਾਰਟੀ' ਦੇ ਨਾਂ ਨਾਲ ਪ੍ਰਸਿੱਧ ਹੋਈ। ਫਿਰ ਇਸ ਨੇ ਸਾਂਫਰਾਂਸਿਸਕੋ ਜਾ ਕੇ 'ਯੁਗਾਂਤਰ ਆਸ਼੍ਰਮ' ਵਿਚ ਪ੍ਰੈਸ ਦੀ ਸਥਾਪਨਾ ਵਿਚ ਯੋਗਦਾਨ ਪਾਇਆ।

ਯੁਗਾਂਤਰ ਆਸ਼੍ਰਮ ਵਿਚ ਸੰਨ 1914 ਈ. ਦੇ ਅਗਸਤ ਮਹੀਨੇ ਵਿਚ ਹੋਈ ਉਸ ਇਤਿਹਾਸਿਕ ਮੀਟਿੰਗ ਵਿਚ ਇਹ ਸ਼ਾਮਲ ਹੋਇਆ ਜਿਸ ਵਿਚ ਭਾਰਤ ਵਾਸੀਆਂ ਨੂੰ ਦੇਸ਼ ਪਰਤ ਕੇ ਕ੍ਰਾਂਤੀ ਕਰਨ ਲਈ ਆਦੇਸ਼ ਸੂਚਕ ਅਪੀਲ ਕੀਤੀ ਗਈ। ਉਸੇ ਮਹੀਨੇ ਦੇ ਅੰਤ ਵਿਚ ਇਹ ਹਾਂਗਕਾਂਗ ਦੇ ਰਸਤੇ ਦੇਸ਼ ਪਹੁੰਚਿਆ। ਰਸਤੇ ਵਿਚ ਇਹ ਗ਼ਦਰੀਆਂ ਨੂੰ ਹੱਲਾਸ਼ੇਰੀ ਦਿੰਦਾ ਆਇਆ ਅਤੇ ਵਖ ਵਖ ਸਾਧਨਾਂ ਰਾਹੀਂ ਆਏ ਕਾਰਕੁੰਨਾਂ ਨੂੰ ਹਾਂਗਕਾਂਗ ਦੇ ਗੁਰਦੁਆਰੇ ਵਿਚ ਇਕੱਠਾ ਕਰਕੇ ਸੰਬੋਧਨ ਕੀਤਾ। ਜਦੋਂ ਇਹ ਭਾਰਤ ਪਹੁੰਚਿਆ ਤਾਂ 'ਖ਼ਤਰਨਾਕ' ਆਦਮੀ ਹੋਣ ਵਜੋਂ ਇਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁਟ ਦਿੱਤਾ ਗਿਆ। ਸੰਨ 1915 ਈ. ਦੇ ਲਾਹੌਰ ਸਾਜਿਸ਼ ਕੇਸ ਵਿਚ ਇਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਦ ਵਿਚ ਇਸ ਨੂੰ ਉਮਰ ਭਰ ਲਈ ਕਾਲੇ ਪਾਣੀ ਜਲਾਵਤਨ ਕਰ ਦਿੱਤਾ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਦ ਇਹ ਅੰਮ੍ਰਿਤਸਰ ਆਇਆ ਅਤੇ ਬੀਮਾਰ ਪੈ ਗਿਆ। ਕਹਿੰਦੇ ਹਨ ਕਿ ਇਹ ਹਸਪਤਾਲ ਤੋਂ ਗ਼ਾਇਬ ਹੋ ਗਿਆ ਅਤੇ ਫਿਰ ਕਦੇ ਕਿਸੇ ਨ ਵੇਖਿਆ।

**ਕੇਹਰ ਸਿੰਘ, ਗ਼ਦਰੀ ਬਾਬਾ** (ਜ. 1853 ਈ.) : ਅੰਮ੍ਰਿਤਸਰ ਜ਼ਿਲ੍ਹੇ ਦੇ ਮਰਹਾਣਾ ਪਿੰਡ ਵਿਚ ਸ. ਨਿਹਾਲ ਸਿੰਘ ਦੇ ਘਰ ਸੰਨ 1853 ਈ. ਵਿਚ ਪੈਦਾ ਹੋਇਆ ਕੇਹਰ ਸਿੰਘ, ਆਪਣੀ ਕਿਸਮਤ ਆਜ਼ਮਾਈ ਲਈ ਪਿਛਲੀ ਉਮਰੇ ਅਮਰੀਕਾ ਗਿਆ। ਉਦੋਂ ਇਹ ਸਠ ਸਾਲਾਂ ਦਾ ਹੋ ਚੁਕਿਆ ਸੀ। ਅਮਰੀਕਾ ਵਿਚ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਤੋਂ ਪ੍ਰੇਰਿਤ ਹੋ ਕੇ ਇਹ ਜਨਵਰੀ 1915 ਈ. ਵਿਚ ਭਾਰਤ ਪਰਤ ਆਇਆ। ਇਥੇ ਆ ਕੇ ਇਸ ਨੇ ਦੇਸ਼ ਦੀ ਸੁਤੰਤਰਤਾ ਲਈ ਕ੍ਰਾਂਤੀਕਾਰੀ ਕਾਰਵਾਈਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਅਸਲਾ ਇਕੱਠਾ ਕਰਨ ਅਤੇ ਵੰਡਣ ਵਿਚ ਰੁਝ ਗਿਆ। ਆਖ਼ਿਰ ਇਸ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਪਕੜ ਲਿਆ ਗਿਆ। ਮੁਕੱਦਮਾ ਚਲਣ 'ਤੇ ਉਮਰ ਭਰ ਲਈ ਜਲਾਵਤਨੀ ਦੀ ਸਜ਼ਾ ਹੋਈ ਅਤੇ ਜਾਇਦਾਦ ਜ਼ਬਤ ਕਰ ਲਈ ਗਈ। ਇਸ ਦੀ ਅੰਡੇਮਾਨ ਜੇਲ੍ਹ ਵਿਚ ਮ੍ਰਿਤੂ ਹੋ ਗਈ।

**ਕੇਦਾਰਾ ਰਾਗ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 17 ਚਉਪਦੇ (ਉਪ-ਸਿਰਲੇਖ ਨਹੀਂ ਦਿੱਤਾ ਹੋਇਆ) ਅਤੇ ਇਕ ਛੰਤ ਹੈ। ਭਗਤ-ਬਾਣੀ ਪ੍ਰਕਰਣ ਵਿਚ

ਕੁਲ ਸੱਤ ਸ਼ਬਦ ਹਨ, ਛੇ ਸੰਤ ਕਬੀਰ ਦੇ ਅਤੇ ਇਕ ਰਵਿਦਾਸ ਦਾ।

*ਚਉਪਦੇ* ਪ੍ਰਕਰਣ ਦੇ ਕੁਲ 17 ਚਉਪਦਿਆਂ ਵਿਚੋਂ ਦੋ ਗੁਰੂ ਰਾਮਦਾਸ ਜੀ ਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਵਿਚ ਚਾਰ ਅਤੇ ਦੂਜੇ ਵਿਚ ਦੋ ਪਦੇ ਸ਼ਾਮਲ ਹਨ। ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਹਰਿ-ਨਾਮ ਦੀ ਪ੍ਰਾਪਤੀ ਪਰਮਾਤਮਾ ਦੀ ਕ੍ਰਿਪਾ ਨਾਲ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ 15 ਚਉਪਦਿਆਂ ਵਿਚ ਪਰਮਾਤਮਾ ਵਿਚ ਪ੍ਰੇਮ ਸੰਬੰਧ ਦਰਸਾਉਂਦੇ ਹੋਇਆਂ ਸੰਸਾਰਿਕ ਮੋਹ ਨੂੰ ਛਡ ਕੇ ਹਰਿ-ਨਾਮ ਦੇ ਸਿਮਰਨ ਵਲ ਜਿਗਿਆਸੂ ਨੂੰ ਮੋੜਿਆ ਹੈ ਕਿਉਂਕਿ ਹਰਿ -ਨਾਮ ਦੇ ਤੁਲ ਹੋਰ ਕੋਈ ਵਸਤੂ ਨਹੀਂ।

*ਛੰਤ* ਪ੍ਰਕਰਣ ਵਿਚ ਗੁਰੂ ਅਰਜਨ ਦੇਵ ਜੀ ਦੇ ਲਿਖੇ ਇਸ ਛੰਤ ਵਿਚ ਚਾਰ ਪਦੇ ਹਨ। ਇਸ ਵਿਚ ਪ੍ਰਭੂ ਦੇ ਮਿਲਾਪ ਲਈ ਜਿਗਿਆਸੂ ਨੂੰ ਤਿਆਰ ਕੀਤਾ ਗਿਆ ਹੈ।

*ਭਗਤ-ਬਾਣੀ* ਦੇ ਛੇ ਸ਼ਬਦਾਂ ਵਿਚ ਕਬੀਰ ਜੀ ਨੇ ਜਿਗਿਆਸੂ ਨੂੰ ਸਾਰੇ ਕਰਮ ਛਡ ਕੇ ਨਾਮ-ਸਿਮਰਨ ਵਿਚ ਲੀਨ ਹੋਣ ਦੀ ਪ੍ਰੇਰਣਾ ਦਿੱਤੀ ਹੈ ਕਿਉਂਕਿ ਇਹ ਅਮੋਲਕ ਧਨ ਹੈ। ਰਵਿਦਾਸ ਜੀ ਨੇ ਆਪਣੇ ਇਕ ਸ਼ਬਦ ਵਿਚ ਪਰਮਾਤਮਾ ਦੀ ਦਰਗਾਹ ਵਿਚ ਜਾਤਿ-ਪਾਤਿ ਦਾ ਕੋਈ ਵਿਤਕਰਾ ਨਹੀਂ ਮੰਨਿਆ।

**ਕੇਰ ਸਾਹਿਬ, ਗੁਰਦੁਆਰਾ** : ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੀ ਫਾਲੀਆ ਤਹਿਸੀਲ ਦੇ ਜੈਸੁਖ ਪਿੰਡ ਤੋਂ ਪੂਰਬ ਵਾਲੇ ਪਾਸੇ ਇਕ ਗੁਰਦੁਆਰਾ ਜਿਥੇ ਆਪਣੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਠਹਿਰੇ ਸਨ ਅਤੇ ਲੋਕਾਂ ਨੂੰ ਧਰਮ-ਕਰਮ ਲਈ ਉਪਦੇਸ਼ ਦਿੱਤਾ ਸੀ। ਇਸ ਗੁਰੂ-ਧਾਮ ਦੀ ਨਿਸ਼ਾਨਦੇਹੀ ਕਿਸੇ ਉਦਾਸੀ ਸਾਧ ਨੇ ਕੀਤੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰੂ-ਧਾਮ ਨਾਲ ਗੁਜ਼ਾਰੇ ਲਈ ਪੰਜ ਹਜ਼ਾਰ ਰੁਪਏ ਸਾਲਾਨਾ ਆਮਦਨ ਵਾਲੀ ਜ਼ਮੀਨ ਲਗਵਾਈ। ਇਸ ਗੁਰਦੁਆਰੇ ਨਾਲ ਇਕ ਸਰੋਵਰ ਵੀ ਬਣਿਆ ਹੋਇਆ ਸੀ। ਇਥੇ ਭਾਦੋਂ ਦੀ ਮਸਿਆ ਅਤੇ ਚੇਤਰ ਚੌਦਸ ਨੂੰ ਸਾਲਾਨਾ ਧਾਰਮਿਕ ਮੇਲੇ ਲਗਦੇ ਸਨ। ਪਰ ਦੇਸ਼ ਦੀ ਆਜ਼ਾਦੀ ਤੋਂ ਬਾਦ ਇਹ ਗੁਰੂ-ਧਾਮ ਪਾਕਿਸਤਾਨ ਵਿਚ ਰਹਿ ਗਿਆ ਹੈ।

**ਕੇਵਲ** (ਪਿੰਡ): ਹਰਿਆਣਾ ਪ੍ਰਦੇਸ਼ ਦੇ ਸਿਰਸਾ ਜ਼ਿਲ੍ਹੇ ਦਾ ਇਕ ਪਿੰਡ ਜੋ ਗੁਰਦੁਆਰਾ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਲਗਭਗ 17 ਕਿ.ਮੀ. ਦੱਖਣ ਵਲ ਹੈ। ਸਿੱਖ ਇਤਿਹਾਸ ਅਨੁਸਾਰ ਸੰਨ 1706 ਈ. ਵਿਚ ਦੱਖਣ ਦੇਸ਼ ਨੂੰ ਜਾਣ ਲਗਿਆ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਤੋਂ ਚਲ ਕੇ ਪਹਿਲਾ ਮੁਕਾਮ 'ਕੇਵਲ' ਪਿੰਡ ਵਿਚ ਕੀਤਾ ਸੀ। ਰਾਤ ਕਾਫ਼ੀ ਦੇਰ ਤਕ ਸੰਗਤ ਉਥੇ ਜੁੜੀ ਰਹੀ ਅਤੇ ਗੁਰੂ ਜੀ ਦੇ ਪ੍ਰਵਚਨ ਸੁਣਦੀ ਰਹੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਥੇ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ' ਸਥਾਪਿਤ ਕੀਤਾ ਗਿਆ। ਇਸ ਗੁਰੂ-ਧਾਮ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਕੈਥਲ** (ਨਗਰ) : ਹਰਿਆਣਾ ਪ੍ਰਦੇਸ਼ ਦੇ ਇਕ ਜ਼ਿਲ੍ਹੇ ਦਾ ਸਦਰ ਮੁਕਾਮ ਜਿਸ ਦੇ ਵਸਾਏ ਜਾਣ ਦੀ ਘਟਨਾ ਮਹਾਭਾਰਤ ਕਾਲ ਦੇ ਯੁਧਿਸ਼ਠਰ ਨਾਲ ਜਾ ਜੁੜਦੀ ਹੈ। ਇਸ ਨਗਰ ਵਿਚ ਹਨੂੰਮਾਨ ਦੀ ਮਾਤਾ ਅੰਜਿਨਾ ਦਾ ਮੰਦਿਰ ਹੋਣ ਕਰਕੇ ਇਸ ਦਾ ਨਾਂ 'ਕਪਿ-ਸੑਥਲ' ਵਜੋਂ ਪ੍ਰਚਲਿਤ ਹੋਇਆ ਅਤੇ ਜੋ ਹੁਣ ਤਦਭਵ ਰੂਪ ਵਿਚ 'ਕੈਥਲ' ਕਰਕੇ ਜਾਣਿਆ ਜਾਂਦਾ ਹੈ। ਇਹ ਨਗਰ ਕੈਥਲ ਰਿਆਸਤ (ਵੇਖੋ) ਦਾ ਸਦਰ ਮੁਕਾਮ ਰਿਹਾ ਹੈ।

ਇਸ ਨਗਰ ਵਿਚ ਦੋ ਇਤਿਹਾਸਿਕ ਗੁਰਦੁਆਰੇ ਹਨ ਅਤੇ ਦੋਹਾਂ ਦਾ ਸੰਬੰਧ ਗੁਰੂ ਤੇਗ ਬਹਾਦਰ ਜੀ ਦੀ ਆਮਦ ਨਾਲ ਹੈ। ਇਨ੍ਹਾਂ ਵਿਚੋਂ ਇਕ ਦਾ ਨਾਂ ਹੈ 'ਗੁਰਦੁਆਰਾ ਨਿਮ ਸਾਹਿਬ ਪਾਤਿਸ਼ਾਹੀ ਨੌਵੀਂ'। ਇਹ ਗੁਰੂ- ਧਾਮ ਨਗਰ ਦੇ ਪੱਛਮ ਵਾਲੇ ਪਾਸੇ ਠਣਡਾਰ ਤੀਰਥ ਉਤੇ ਹੈ। ਇਥੇ ਗੁਰੂ ਜੀ ਇਕ ਨਿਮ ਦੇ ਬ੍ਰਿਛ ਹੇਠਾਂ ਬੈਠ ਕੇ ਉਪਦੇਸ਼ ਕਰਦੇ ਹੁੰਦੇ ਸਨ। ਕਹਿੰਦੇ ਹਨ ਕਿ ਗੁਰੂ ਜੀ ਨੇ ਰੋਗੀਆਂ ਨੂੰ ਉਸ ਨਿਮ ਬ੍ਰਿਛ ਦੇ ਪੱਤਰ ਖਵਾ ਕੇ ਨਿਰੋਗ ਕੀਤਾ ਸੀ। ਵੀਹਵੀਂ ਸਦੀ ਦੇ ਤੀਜੇ ਦਹਾਕੇ ਤਕ ਇਹ ਬ੍ਰਿਛ ਮੌਜੂਦ ਸੀ। ਹੁਣ ਇਸ ਸਥਾਨ 'ਤੇ ਇਕ ਸੁੰਦਰ ਇਮਾਰਤ ਬਣੀ ਹੋਈ ਹੈ ਅਤੇ ਕਾਫ਼ੀ ਸੰਗਤਾਂ ਦਰਸ਼ਨ ਨੂੰ ਆਉਂਦੀਆਂ ਹਨ।

ਦੂਜੇ ਗੁਰੂ-ਧਾਮ ਨੂੰ 'ਗੁਰਦੁਆਰਾ ਮੰਜੀ ਸਾਹਿਬ' ਕਰਕੇ ਜਾਣਿਆ ਜਾਂਦਾ ਹੈ। ਇਹ ਨਗਰ ਦੇ ਅੰਦਰ ਸਥਿਤ ਹੈ। ਅਸਲ ਵਿਚ, ਇਹ ਗੁਰੂ ਤੇਗ ਬਹਾਦਰ ਦੇ ਇਕ ਸਿੱਖ ਰੋਡਾ ਬਾਢੀ ਦਾ ਨਿਵਾਸ ਸੀ। ਜਦ ਉਸ ਨੂੰ ਪਤਾ ਲਗਾ ਕਿ

ਗੁਰੂ ਜੀ ਨਗਰ ਤੋਂ ਬਾਹਰ ਆ ਕੇ ਠਹਿਰੇ ਹੋਏ ਹਨ, ਤਾਂ ਉਹ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਆਪਣੇ ਘਰ ਵਿਚ ਪਧਾਰਨ ਲਈ ਬੇਨਤੀ ਕੀਤੀ। ਉਸ ਦੀ ਇੱਛਾ ਪੂਰੀ ਕਰਨ ਲਈ ਉਸ ਦੇ ਘਰ ਕੁਝ ਦਿਨਾਂ ਲਈ ਗੁਰੂ ਜੀ ਨੇ ਨਿਵਾਸ ਕੀਤਾ। ਕਾਲਾਂਤਰ ਵਿਚ ਉਸ ਦੇ ਘਰ ਸੰਗਤ ਜੁੜਨ ਲਗ ਗਈ। ਹੁਣ ਉਸ ਸਥਾਨ ਉਤੇ ਸੁੰਦਰ ਗੁਰਦੁਆਰਾ ਉਸਰਿਆ ਹੋਇਆ ਹੈ।

**ਕੈਥਲ ਰਿਆਸਤ** : ਇਸ ਦਾ ਸੰਬੰਧ ਸਿੱਖ ਇਤਿਹਾਸ ਨਾਲ ਜੁੜਦਾ ਹੈ। ਭਾਈ ਭਗਤੂ ਦੀ ਸੰਤਾਨ ਵਿਚੋਂ ਭਾਈ ਗੁਰਬਖ਼ਸ਼ ਸਿੰਘ ਦੇ ਲੜਕੇ ਭਾਈ ਦੇਸੂ ਸਿੰਘ ਨੇ ਸਤਲੁਜ ਪਾਰ ਦੇ ਇਸ ਇਲਾਕੇ ਨੂੰ ਆਪਣੇ ਅਧੀਨ ਕੀਤਾ ਅਤੇ ਸੰਨ 1767 ਈ. ਵਿਚ ਇਥੇ ਆਪਣੀ ਰਾਜਧਾਨੀ ਕਾਇਮ ਕੀਤੀ। ਉਸ ਦੇ ਸੰਨ 1780 ਈ. ਵਿਚ ਹੋਏ ਦੇਹਾਂਤ ਤੋਂ ਬਾਦ ਉਸ ਦੇ ਪੁੱਤਰ ਭਾਈ ਲਾਲ ਸਿੰਘ ਨੇ ਰਾਜ ਕੀਤਾ। ਲਾਲ ਸਿੰਘ ਨੇ ਸੰਨ 1809 ਈ. ਵਿਚ ਅੰਗ੍ਰੇਜ਼ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਕੀਤੀ। ਉਸ ਦੇ ਦੇਹਾਂਤ ਤੋਂ ਬਾਦ ਉਸ ਦਾ ਵੱਡਾ ਲੜਕਾ ਪ੍ਰਤਾਪ ਸਿੰਘ ਗੱਦੀ ਉਤੇ ਬੈਠਾ, ਪਰੰਤੂ ਜਲਦੀ ਹੀ ਉਹ ਗੁਜ਼ਰ ਗਿਆ। ਉਸ ਦੀ ਕੋਈ ਨਰੀਨਾ ਔਲਾਦ ਨ ਹੋਣ ਕਾਰਣ ਉਸ ਦਾ ਛੋਟਾ ਭਾਈ ਉਦੈ ਸਿੰਘ ਰਾਜਾ ਬਣਿਆ। ਉਦੈ ਸਿੰਘ ਨੇ ਬੜੇ ਸੁਚਜ ਨਾਲ ਆਪਣੀ ਹਕੂਮਤ ਚਲਾਈ ਪਰ ਉਸ ਦੀ ਕੋਈ ਔਲਾਦ ਨਹੀਂ ਸੀ। 15 ਮਾਰਚ, 1843 ਈ. ਨੂੰ ਉਸ ਦੀ ਮ੍ਰਿਤੂ ਹੋ ਜਾਣ ਕਾਰਣ ਅੰਗ੍ਰੇਜ਼ ਸਰਕਾਰ ਨੇ ਉਸ ਦੀ ਰਿਆਸਤ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਕੁਝ ਕੁ ਹਿੱਸਾ ਉਸੇ ਖ਼ਾਨਦਾਨ ਨਾਲ ਸੰਬੰਧਿਤ ਅਰਨੌਲੀ ਰਿਆਸਤ ਦੇ ਭਾਈ ਗੁਲਾਬ ਸਿੰਘ ਨੂੰ ਦੇ ਦਿੱਤਾ।

ਭਾਈ ਉਦੈ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕਈ ਉਦਮ ਕੀਤੇ, ਜਿਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਹੈ ਮਹਾਕਵੀ ਭਾਈ ਸੰਤੋਖ ਸਿੰਘ ਨੂੰ ਪਟਿਆਲਿਓਂ ਬੁਲਵਾ ਕੇ ਆਪਣੇ ਦਰਬਾਰ ਵਿਚ ਰਖਣਾ ਅਤੇ ਉਸ ਤੋਂ 'ਗੁਰ ਪ੍ਰਤਾਪ ਸੂਰਜ' ਗ੍ਰੰਥ ਦੀ ਰਚਨਾ ਕਰਵਾਉਣਾ। ਇਸ ਗ੍ਰੰਥ ਨੂੰ ਸਿੱਖ-ਇਤਿਹਾਸ ਵਿਚ ਮਹੱਤਵਪੂਰਣ ਸਥਾਨ ਪ੍ਰਾਪਤ ਹੈ ਅਤੇ ਮੁੱਖ ਗੁਰੂ-ਧਾਮਾਂ ਵਿਚ ਇਸ ਦੀ ਨਿੱਤ ਕਥਾ-ਵਾਰਤਾ ਹੁੰਦੀ ਹੈ। ਭਾਈ ਉਦੈ ਸਿੰਘ ਨੇ ਸੁਆਮੀ ਆਨੰਦਘਨ (ਵੇਖੋ) ਵਲੋਂ ਆਪਣੇ 'ਜਪੁਜੀ' ਦੇ ਟੀਕੇ ਵਿਚ ਕੀਤੇ ਵਿਅੰਗਾਂ ਦਾ ਸਮਾਧਾਨ ਕਰਨ ਲਈ ਮਹਾਕਵੀ ਤੋਂ ਜਪੁਜੀ ਦਾ 'ਗਰਬ ਗੰਜਨੀ' (ਵੇਖੋ) ਨਾਂ ਦਾ ਟੀਕਾ ਲਿਖਵਾਇਆ।

**ਕੈਂਬਾ ਸਾਹਿਬ, ਗੁਰਦੁਆਰਾ** : ਲੁਧਿਆਣਾ ਜ਼ਿਲ੍ਹੇ ਦੇ ਧਾਲੀਆਂ ਨਾਂ ਦੇ ਕਸਬੇ ਵਿਚ ਬਣਿਆ ਇਕ ਗੁਰੂ-ਧਾਮ ਜਿਥੇ ਗੁਰੂ ਹਰਿਗੋਬਿੰਦ ਜੀ ਆਪਣੇ ਤਿੰਨ ਹਜ਼ਾਰ ਘੋੜ-ਸਵਾਰਾਂ ਸਹਿਤ 25 ਦਿਨ ਠਹਿਰੇ ਸਨ। ਇਥੋਂ ਨੇੜੇ ਵਸਦੇ ਪਿੰਡ ਭੈਣੀ ਦਰੇਡਾ ਦੇ ਲੋਕਾਂ ਦੀ ਮਦਦ ਲਈ ਗੁਰੂ ਜੀ ਉਥੇ ਗਏ ਸਨ ਅਤੇ ਆਂਡਲੂ ਪਿੰਡ ਦੇ ਬੁਚੜ ਮੁਸਲਮਾਨਾਂ ਨੂੰ ਸੋਧਿਆ ਸੀ। 'ਅਜੀਤ' (29-11-91) ਵਿਚ ਛਪੇ ਇਕ ਨੋਟ ਵਿਚ ਅਵਤਾਰ ਸਿੰਘ ਮੁੱਲਾਂਪੁਰ ਨੇ ਦਸਿਆ ਹੈ ਕਿ ਇਸ ਗੁਰੂ-ਧਾਮ ਦਾ ਨਾਂ ਕੈਂਬਾ ਸਾਹਿਬ ਇਸ ਲਈ ਪਿਆ ਕਿਉਂਕਿ ਇਸ ਪਾਸ ਲਗੇ ਹੋਏ ਕੈਂਬਾ ਨਾਂ ਦੇ ਬ੍ਰਿਛ ਇਥੋਂ ਦੀ ਖ਼ਾਸ ਵਿਸ਼ੇਸ਼ਤਾ ਹੈ। ਇਹ ਬ੍ਰਿਛ ਹੋਰ ਕਿਤੇ ਨਹੀਂ ਮਿਲਦੇ। ਇਹ ਬਹੁਤ ਪੁਰਾਣੇ ਹਨ। ਇਨ੍ਹਾਂ ਨੂੰ ਕੋਈ ਫਲ ਨਹੀਂ ਲਗਦਾ, ਇਨ੍ਹਾਂ ਦੀ ਲਕੜੀ ਵਿਚ ਤੇਲ ਹੈ।

ਜਿਥੇ ਗੁਰੂ ਸਾਹਿਬ ਠਹਿਰੇ ਸਨ, ਉਥੇ ਪਹਿਲਾਂ ਇਕ ਛਪੜੀ ਹੁੰਦੀ ਸੀ। ਉਸ ਵਿਚ ਇਸ਼ਨਾਨ ਕੀਤਿਆਂ ਰੋਗ ਦੂਰ ਹੁੰਦੇ ਦਸੇ ਜਾਂਦੇ ਹਨ ਅਤੇ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਮੰਨੀਆਂ ਜਾਂਦੀਆਂ ਹਨ। ਸੰਤ ਫਤਹਿ ਸਿੰਘ ਨੇ ਇਥੇ ਪੱਕਾ ਸਰੋਵਰ ਬਣਵਾਇਆ। ਲੋਕੀਂ ਉਸ ਸਰੋਵਰ ਵਿਚ ਇਸ਼ਨਾਨ ਕਰਨਾ ਬੜਾ ਪਵਿੱਤਰ ਸਮਝਦੇ ਹਨ। ਗੁਰਦੁਆਰੇ ਦੀ ਇਮਾਰਤ ਹੁਣ ਬਹੁਤ ਸੁੰਦਰ ਬਣ ਚੁਕੀ ਹੈ। ਹਰ ਮਸਿਆ ਅਤੇ ਪੁੰਨਿਆ ਵਾਲੇ ਦਿਨਾਂ ਵਿਚ ਇਥੇ ਕਾਫ਼ੀ ਇਕੱਠ ਹੁੰਦਾ ਹੈ ਅਤੇ ਦੂਰੋਂ ਦੂਰੋਂ ਸ਼ਰਧਾਲੂ ਆਪਣੀਆਂ ਹਾਜ਼ਰੀਆਂ ਭਰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਦਿਨ ਬੜੇ ਉਚੇਚ ਨਾਲ ਮਨਾਇਆ ਜਾਂਦਾ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਕੈਰੋਂ** (ਪਿੰਡ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪ੍ਰਸਿੱਧ ਪਿੰਡ ਜਿਥੇ ਗੁਰੂ ਅਰਜਨ ਦੇਵ ਜੀ ਕੁਝ ਸਮੇਂ ਲਈ ਪਧਾਰੇ ਸਨ। ਕਹਿੰਦੇ ਹਨ ਕਿ ਕਰੀਰ ਦੇ ਜਿਸ ਬ੍ਰਿਛ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ, ਉਹ ਸੰਨ 1976 ਈ. ਤਕ ਕਾਇਮ ਸੀ, ਪਰ ਨਵੀਂ ਇਮਾਰਤ ਬਣਾਉਣ ਦੌਰਾਨ ਉਹ ਉਖੜ ਗਿਆ। ਪਿੰਡ ਦੇ ਪੱਛਮ ਵਲ ਸਥਿਤ ਇਹ

ਗੁਰੂ-ਧਾਮ 'ਗੁਰਦੁਆਰਾ ਝਾੜ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੇ ਨਾਲ ਛੋਟਾ ਜਿਹਾ ਸਰੋਵਰ ਵੀ ਬਣਿਆ ਹੋਇਆ ਹੈ। ਗੁਰਦੁਆਰੇ ਦੀ ਸੇਵਾ ਸਥਾਨਕ ਸੰਗਤ ਕਰਦੀ ਹੈ।

ਪੰਜਾਬ ਦੇ ਮੁੱਖ ਮੰਤਰੀ ਰਹੇ ਸ. ਪ੍ਰਤਾਪ ਸਿੰਘ ਕੈਰੋਂ, ਇਸੇ ਪਿੰਡ ਦੇ ਜੰਮ-ਪਲ ਸਨ।

**ਕੋਹੇ-ਨੂਰ** : ਇਕ ਜਗਤ ਪ੍ਰਸਿੱਧ ਹੀਰਾ ਜੋ ਅਜ-ਕਲ ਬਰਤਾਨੀਆ ਦੇ ਸ਼ਾਹੀ ਘਰਾਣੇ ਕੋਲ ਹੈ ਅਤੇ ਤਾਜ ਵਿਚ ਸਜਾਇਆ ਜਾਂਦਾ ਹੈ। ਇਹ ਕਦ ਅਤੇ ਕਿਥੋਂ ਪ੍ਰਾਪਤ ਹੋਇਆ? ਇਸ ਬਾਰੇ ਇਤਿਹਾਸ ਚੁਪ ਹੈ। ਲੋਕ-ਕਥਾਵਾਂ ਅਨੁਸਾਰ ਇਹ ਮਹਾਭਾਰਤ ਦੇ ਨਾਇਕ ਕਰਣ ਅਤੇ ਅਰਜਨ ਪਾਸ ਰਿਹਾ ਹੈ। ਉਨ੍ਹਾਂ ਤੋਂ ਬਾਦ ਇਹ ਬਿਕ੍ਰਮਾਦਿਤ੍ਯ ਦੇ ਕਬਜ਼ੇ ਵਿਚ ਆਇਆ। ਪਰ ਇਨ੍ਹਾਂ ਦੰਦ-ਕਥਾਵਾਂ ਦੀ ਕਿਤੋਂ ਪੁਸ਼ਟੀ ਨਹੀਂ ਹੁੰਦੀ।

ਇਸ ਬਾਰੇ ਸਭ ਤੋਂ ਪਹਿਲਾ ਇਤਿਹਾਸਿਕ ਸੰਕੇਤ ਬਾਦਸ਼ਾਹ ਬਾਬਰ ਨੇ 'ਤੁਜ਼ਕ' ਵਿਚ ਕਰਦਿਆਂ ਕਿਹਾ ਹੈ ਕਿ ਉਸ ਦੇ ਲੜਕੇ ਹੁਮਾਯੂੰ ਨੂੰ ਸੰਨ 1526 ਈ. ਵਿਚ ਇਹ ਹੀਰਾ ਗਵਾਲੀਅਰ ਦੇ ਇਕ ਹਿੰਦੂ ਰਾਜਾ ਦੇ ਪਰਿਵਾਰ ਪਾਸੋਂ ਮਿਲਿਆ ਜਿਸ ਨੇ ਪਾਣੀਪਤ ਦੀ ਲੜਾਈ ਵਿਚ ਇਬਰਾਹੀਮ ਲੋਦੀ ਦੀ ਮਦਦ ਕੀਤੀ ਸੀ। ਜਦੋਂ ਹੁਮਾਯੂੰ ਹਿੰਦੁਸਤਾਨ ਵਿਚ ਹਾਰ ਖਾ ਕੇ ਕਾਬੁਲ ਵਲ ਭਜਿਆ ਤਾਂ ਆਪਣੀ ਸੁਰਖਿਆ ਅਤੇ ਸਹਾਇਤਾ ਲਈ ਇਹ ਹੀਰਾ ਫ਼ਾਰਸ ਦੇ ਬਾਦਸ਼ਾਹ ਨੂੰ ਭੇਂਟ ਕੀਤਾ। ਉਥੋਂ ਇਹ ਹੀਰਾ ਦੱਖਣ ਭਾਰਤ ਵਿਚ ਕਿਸੇ ਤਰ੍ਹਾਂ ਪਹੁੰਚਿਆ ਅਤੇ ਮੀਰ ਜੁਮਲਾ ਨੇ, ਜੋ ਗੋਲਕੁੰਡਾ ਦੇ ਬਾਦਸ਼ਾਹ ਅਬਦੁੱਲਾ ਕੁਤਬਸ਼ਾਹ ਦਾ ਵਜ਼ੀਰ ਸੀ, ਬਾਦਸ਼ਾਹ ਸ਼ਾਹਜਹਾਂ ਨੂੰ ਸੰਨ 1628 ਈ. ਵਿਚ ਭੇਂਟ ਕੀਤਾ।

ਸੰਨ 1739 ਈ. ਵਿਚ ਦਿੱਲੀ ਦੀ ਲੁਟ ਵੇਲੇ ਇਹ ਹੀਰਾ ਨਾਦਰਸ਼ਾਹ ਦੇ ਹੱਥ ਲਗਾ। ਉਸ ਨੇ ਇਸ ਦੀ ਚਮਕ ਅਤੇ ਪ੍ਰਕਾਸ਼ ਨੂੰ ਵੇਖ ਕੇ ਇਸ ਦਾ ਨਾਂ 'ਕੋਹੇ-ਨੂਰ' (ਪ੍ਰਕਾਸ਼ ਦਾ ਪਰਬਤ) ਰਖਿਆ। ਫਿਰ ਨਾਦਰਸ਼ਾਹ ਦੇ ਪੋਤੇ ਸ਼ਾਹਰੁਖ ਮਿਰਜ਼ਾ ਤੋਂ ਇਹ ਹੀਰਾ ਅਹਿਮਦਸ਼ਾਹ ਦੁਰਾਨੀ ਕੋਲ ਆਇਆ ਅਤੇ ਬਾਦ ਵਿਚ ਕਾਬਲ ਦੇ ਅਮੀਰ ਸ਼ਾਹਸੁਜਾ ਪਾਸ ਪਹੁੰਚਿਆ। ਸ਼ਾਹਸੁਜਾ ਤੋਂ 1 ਜੂਨ 1813 ਈ. ਨੂੰ ਇਹ ਹੀਰਾ ਮਹਾਰਾਜਾ ਰਣਜੀਤ ਸਿੰਘ ਨੇ ਬਲ-ਪੂਰਵਕ ਪ੍ਰਾਪਤ ਕੀਤਾ। ਮਹਾਰਾਜਾ ਸਾਹਿਬ ਇਸ ਨੂੰ ਆਪਣੇ ਸੱਜੇ ਡੌਲੇ ਉਤੇ ਬੰਨ੍ਹਦੇ ਸਨ। ਲਾਹੌਰ ਦਰਬਾਰ ਦੀ ਹਾਰ ਤੋਂ ਬਾਦ 7 ਦਸੰਬਰ 1849 ਈ. ਨੂੰ ਇਹ ਹੀਰਾ ਲਾਰਡ ਡਲਹੌਜ਼ੀ ਨੇ ਮਹਾਰਾਜਾ ਦਲੀਪ ਸਿੰਘ ਦੇ ਖ਼ਜ਼ਾਨੇ ਤੋਂ ਪ੍ਰਾਪਤ ਕੀਤਾ ਅਤੇ ਆਪਣੇ ਇਤਬਾਰੀ ਅਫ਼ਸਰ ਕਰਨਲ ਮੈਕਸਨ ਹੱਥੀਂ ਮਲਕਾ ਵਿਕਟੋਰੀਆ ਨੂੰ ਭੇਜਿਆ। 3 ਜੁਲਾਈ 1850 ਈ. ਨੂੰ ਇਹ ਮਲਕਾ ਕੋਲ ਪਹੁੰਚ ਗਿਆ।

ਸੰਨ 1851 ਈ. ਤੋਂ ਪਹਿਲਾਂ ਇਸ ਦਾ ਵਜ਼ਨ ਲਗਭਗ 186 ਕੈਰਟ ਸੀ, ਪਰ ਹੁਣ ਤਰਾਸ਼ਣ ਕਾਰਣ ਇਸ ਦਾ ਭਾਰ 106 ਕੈਰਟ ਰਹਿ ਗਿਆ ਹੈ। ਇਸ ਹੀਰੇ ਬਾਰੇ ਇਹ ਵੀ ਮਾਨਤਾ ਹੈ ਕਿ ਇਸ ਨੂੰ ਧਾਰਣ ਕਰਨ ਵਾਲੇ ਹੁਕਮਰਾਨ ਦਾ ਵਿਨਾਸ਼ ਹੋ ਜਾਂਦਾ ਹੈ, ਇਸ ਲਈ ਇਹ ਅਸ਼ੁਭ ਹੈ।

**ਕੋਟ ਸ਼ਮੀਰ** (ਪਿੰਡ): ਪੰਜਾਬ ਦੇ ਬਠਿੰਡੇ ਜ਼ਿਲ੍ਹੇ ਦਾ ਇਕ ਪਿੰਡ ਜੋ ਬਠਿੰਡਾ ਨਗਰ ਤੋਂ ਦੱਖਣ-ਪੂਰਬ ਵਲ, ਤਲਵੰਡੀ ਸਾਬੋ ਵਾਲੀ ਸੜਕ ਉਤੇ ਸਥਿਤ ਹੈ। ਸਿੱਖ ਇਤਿਹਾਸ ਅਨੁਸਾਰ ਸੰਨ 1706 ਈ. ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਠਹਿਰ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਇਸ ਪਿੰਡ ਵਿਚ ਆਏ ਅਤੇ ਪਿੰਡ ਤੋਂ ਬਾਹਰ ਇਕ ਢਾਬ ਦੇ ਕੰਢੇ ਰੁਕੇ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਪਾਤਿਸ਼ਾਹੀ ਦਸਮੀ' ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਲ ਸਰੋਵਰ ਹੋਣ ਕਾਰਣ ਇਸ ਗੁਰੂ-ਧਾਮ ਨੂੰ 'ਗੁਰ-ਸਰ' ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਜੋ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਇਸ ਦੀ ਵਿਵਸਥਾ ਕਰਦੀ ਹੈ। ਲਗਭਗ ਸਾਰਿਆਂ ਪੁਰਬਾਂ 'ਤੇ ਗੁਰਦੁਆਰੇ ਵਿਚ ਕਾਫ਼ੀ ਰੌਣਕ ਰਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

**ਕੋਟ-ਕਪੂਰਾ** (ਨਗਰ) : ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦਾ ਇਕ ਨਗਰ, ਜਿਸ ਨੂੰ ਫ਼ਰੀਦਕੋਟ ਰਿਆਸਤ ਦੇ ਪੂਰਵਜ ਚੌਧਰੀ ਕਪੂਰਾ ਬਰਾੜ (ਵੇਖੋ) ਨੇ ਵਸਾਇਆ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਤਿਆਗਣ ਤੋਂ ਬਾਦ ਮੁਕਤਸਰ ਵਲ ਜਾ ਰਹੇ ਸਨ, ਤਾਂ ਕੁਝ ਸਮੇਂ ਲਈ ਇਥੇ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਸ਼ਹਿਰ ਦੇ ਅੰਦਰ 'ਗੁਰਦੁਆਰਾ ਸਾਹਿਬ ਪਾਤਿਸ਼ਾਹੀ ਦਸਵੀਂ' ਬਣਿਆ ਹੋਇਆ ਹੈ। ਨਵੀਂ ਇਮਾਰਤ ਦੀ ਉਸਾਰੀ ਸੰਨ 1937 ਈ. ਵਿਚ ਫ਼ਰੀਦਕੋਟ

ਰਿਆਸਤ ਦੇ ਰਾਜਾ ਹਰਿੰਦਰ ਸਿੰਘ ਨੇ ਕਰਵਾਈ ਸੀ। ਗੁਰੂ-ਧਾਮ ਦੇ ਪਿਛਲੇ ਪਾਸੇ ਸੁੰਦਰ ਸਰੋਵਰ ਵੀ ਬਣਿਆ ਹੋਇਆ ਹੈ। ਇਸ ਗੁਰਦੁਆਰੇ ਦੀ ਵਿਵਸਥਾ ਬੁੱਢਾ ਦਲ ਦੇ ਨਿਹੰਗ ਕਰਦੇ ਹਨ।

**ਕੋਟ ਧਰਮੂ** (ਪਿੰਡ): ਪੰਜਾਬ ਦੇ ਮਾਨਸਾ ਨਗਰ ਤੋਂ 13 ਕਿ.ਮੀ. ਦੱਖਣ ਵਾਲੇ ਪਾਸੇ ਇਕ ਪਿੰਡ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਆਮਦ ਨਾਲ ਸੰਬੰਧਿਤ 'ਗੁਰਦੁਆਰਾ ਸੂਲੀਸਰ ਸਾਹਿਬ ਪਾਤਿਸ਼ਾਹੀ ਨੌਵੀਂ' ਵਿਦਮਾਨ ਹੈ। ਰਵਾਇਤ ਅਨੁਸਾਰ ਗੁਰੂ ਜੀ ਤਲਵੰਡੀ ਸਾਬੋ ਤੋਂ ਪਰਤਦਿਆਂ ਇਥੇ ਇਕ ਛਪੜ ਕੰਢੇ ਰੁਕੇ ਸਨ। ਰਾਤ ਨੂੰ ਚੋਰਾਂ ਨੇ ਗੁਰੂ ਸਾਹਿਬ ਦਾ ਘੋੜਾ ਚੋਰੀ ਕਰ ਲਿਆ। ਪਰ ਦੂਜੇ ਦਿਨ ਗੁਰੂ ਜੀ ਦੇ ਸਿੱਖ ਉਨ੍ਹਾਂ ਨੂੰ ਪਕੜ ਲਿਆਏ। ਆਪਣੇ ਇਸ ਮਾੜੇ ਕੁਕਰਮ ਤੋਂ ਇਤਨੇ ਪਛਤਾਏ ਕਿ ਉਨ੍ਹਾਂ ਵਿਚੋਂ ਇਕ ਨੇ ਸਥਾਨਕ ਪ੍ਰਥਾ ਅਨੁਸਾਰ ਜੰਡ ਦੇ ਇਕ ਸੁਕੇ ਟਾਹਣ ਨਾਲ ਆਪਣਾ ਪੇਟ ਅੜਾ ਕੇ ਫਾੜ ਲਿਆ। ਕਾਲਾਂਤਰ ਵਿਚ ਉਸ ਥਾਂ ਨੂੰ 'ਸੂਲੀਸਰ' ਕਿਹਾ ਜਾਣ ਲਗਿਆ। ਹੁਣ ਉਥੇ ਬੜੀ ਸੁੰਦਰ ਇਮਾਰਤ ਉਸਾਰੀ ਜਾ ਚੁਕੀ ਹੈ। ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ। ਉਥੇ ਹਰ ਸੰਗ੍ਰਾਂਦ ਅਤੇ ਹਰ ਮਹੀਨੇ ਦੇ ਚਾਨਣੇ ਪੱਖ ਦੀ ਦਸਮੀ ਨੂੰ ਕਾਫ਼ੀ ਸੰਗਤ ਜੁੜਦੀ ਹੈ। ਪੋਹ ਮਹੀਨੇ ਦੇ ਆਖ਼ਰੀ ਦਿਨ ਸਾਲਾਨਾ ਜੋੜ-ਮੇਲਾ ਹੁੰਦਾ ਹੈ।

**ਕੋਟ ਭਾਈ** (ਪਿੰਡ): ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਗਿਦੜਬਾਹਾ ਨਗਰ ਤੋਂ 7 ਕਿ.ਮੀ. ਉਤਰ-ਪੂਰਬ ਵਲ ਸਥਿਤ ਇਕ ਪ੍ਰਸਿੱਧ ਪਿੰਡ ਜਿਸ ਦੀ ਸਥਾਪਨਾ ਭਾਈ ਭਗਤੂ ਨੇ ਕੀਤੀ। ਭਾਈ ਭਗਤੂ ਨੇ ਪੰਜਵੇਂ, ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਦੀ ਬਹੁਤ ਸੇਵਾ ਕੀਤੀ, ਜਿਸ ਦੇ ਫਲਸਰੂਪ ਉਸ ਨੇ ਗੁਰੂ ਸਾਹਿਬਾਨ ਤੋਂ ਵਰਦਾਨ ਪ੍ਰਾਪਤ ਕੀਤਾ।

ਕਹਿੰਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਛਡਣ ਤੋਂ ਬਾਦ ਦੱਖਣ ਵਲ ਜਾ ਰਹੇ ਸਨ ਤਾਂ ਇਸ ਪਿੰਡ ਦੇ ਬਾਹਰ ਰੁਕੇ ਸਨ। ਇਥੋਂ ਦੇ ਦੋ ਬਾਣੀਏ ਸ਼ਰਧਾਲੂਆਂ ਦੀ ਬੇਨਤੀ 'ਤੇ ਗੁਰੂ ਜੀ ਉਨ੍ਹਾਂ ਦੇ ਘਰ ਪਧਾਰੇ। ਉਨ੍ਹਾਂ ਵਲੋਂ ਪ੍ਰਾਰਥਨਾ ਕਰਨ 'ਤੇ ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਪਾਨ ਕਰਾਇਆ ਅਤੇ ਰੰਗੀ ਸਿੰਘ ਤੇ ਘੁੰਮੀ ਸਿੰਘ ਨਾਂ ਰਖੇ। ਬਾਦ ਵਿਚ ਉਨ੍ਹਾਂ ਦੇ ਨਿਵਾਸ-ਸਥਾਨ ਉਤੇ ਇਕ ਗੁਰੂ-ਧਾਮ ਬਣਾਇਆ ਗਿਆ ਅਤੇ ਇਕ ਸਮਾਰਕ ਪਿੰਡ ਤੋਂ ਬਾਹਰ ਉਸ ਸਥਾਨ ਉਤੇ ਵੀ ਬਣਾਇਆ ਗਿਆ ਜਿਥੇ ਗੁਰੂ ਜੀ ਆ ਕੇ ਰੁਕੇ ਸਨ। ਇਨ੍ਹਾਂ ਦੋਹਾਂ ਗੁਰੂ-ਧਾਮਾਂ ਦੀ ਪ੍ਰਬੰਧਕੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਸਥਾਨਕ ਕਮੇਟੀ ਕਰਦੀ ਹੈ।

**ਕੋਟਲਾ ਨਿਹੰਗ ਖ਼ਾਨ** (ਪਿੰਡ): ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਰੋਪੜ ਨਗਰ ਤੋਂ ਲਗਭਗ ਦੋ ਕਿ.ਮੀ. ਦੀ ਵਿੱਥ ਉਤੇ ਸਥਿਤ ਇਕ ਪਿੰਡ, ਜੋ ਇਕ ਅਫ਼ਗਾਨ ਨਿਹੰਗ ਖ਼ਾਨ ਨੇ ਵਸਾਇਆ ਸੀ ਅਤੇ ਜਿਥੇ ਗੁਰੂ ਗੋਬਿੰਦ ਸਿੰਘ ਜੀ ਤਿੰਨ ਵਾਰ ਪਧਾਰੇ ਸਨ। ਸਿੱਖ ਇਤਿਹਾਸ ਅਨੁਸਾਰ ਪਹਿਲੀ ਵਾਰ ਪਾਉਂਟਾ ਸਾਹਿਬ ਤੋਂ ਆਨੰਦਪੁਰ ਆਉਂਦਿਆਂ ਗੁਰੂ ਜੀ ਇਥੇ ਭੱਠਾ ਸਾਹਿਬ ਵਾਲੇ ਗੁਰਦੁਆਰੇ ਵਾਲੀ ਥਾਂ 'ਤੇ ਸੰਮਤ 1745 ਬਿ. ਵਿਚ ਮਘਰ ਮਹੀਨੇ ਦੀ ਮਸਿਆ ਵਾਲੇ ਦਿਨ ਰੁਕੇ ਸਨ। ਠਹਿਰਨ ਲਈ ਕੋਈ ਥਾਂ ਨਹੀਂ ਸੀ, ਬਸ ਨਿਹੰਗ ਖ਼ਾਨ ਦੇ ਚੂਨੇ ਦਾ ਭੱਠਾ ਬਲ ਰਿਹਾ ਸੀ। ਗੁਰੂ ਸਾਹਿਬ ਦੇ ਘੋੜੇ ਦੇ ਸੁਮ ਦੀ ਛੋਹ ਨਾਲ ਉਹ ਠੰਡਾ ਹੋ ਗਿਆ। ਨਿਹੰਗ ਖ਼ਾਨ ਗੁਰੂ ਜੀ ਦੀ ਅਜ਼ਮਤ ਤੋਂ ਪ੍ਰਭਾਵਿਤ ਹੋ ਕੇ ਚਰਣਾਂ ਉਤੇ ਡਿਗ ਪਿਆ ਅਤੇ ਪੂਰੇ ਅਦਬ ਨਾਲ ਆਪਣੀ ਹਵੇਲੀ ਵਿਚ ਲੈ ਗਿਆ। ਦੂਜੀ ਵਾਰ ਸੂਰਜ ਗ੍ਰਹਿਣ ਦੇ ਮੌਕੇ ਕੁਰੁਕ੍ਸ਼ੇਤ੍ਰ ਤੋਂ ਪਰਤਦਿਆਂ ਗੁਰੂ ਜੀ ਇਥੇ ਆਏ ਸਨ ਅਤੇ ਤੀਜੀ ਵਾਰ ਦਸੰਬਰ 1705 ਈ. ਵਿਚ ਆਨੰਦਪੁਰ ਦਾ ਕਿਲ੍ਹਾ ਛਡਣ ਵੇਲੇ ਸਰਸਾ ਨਦੀ ਤੋਂ ਪਾਰ ਹੋ ਕੇ ਮਾਛੀਵਾੜੇ ਨੂੰ ਜਾਂਦਿਆਂ ਕੁਝ ਸਮੇਂ ਲਈ ਇਥੇ ਰੁਕੇ ਸਨ ਅਤੇ ਘਾਇਲ ਹੋਏ ਭਾਈ ਬਚਿਤ੍ਰ ਸਿੰਘ ਦੇ ਇਲਾਜ ਦੀ ਜ਼ਿੰਮੇਵਾਰੀ ਨਿਹੰਗ ਖ਼ਾਨ ਨੂੰ ਸੌਂਪੀ ਸੀ, ਪਰ ਉਹ ਦੋ ਦਿਨਾਂ ਬਾਦ ਕਾਲ-ਵਸ ਹੋ ਗਿਆ। ਗੁਰੂ ਜੀ ਨੇ ਜਾਣ ਵੇਲੇ ਨਿਹੰਗ ਖ਼ਾਨ ਨੂੰ ਇਕ ਤਲਵਾਰ, ਇਕ ਕਟਾਰ ਅਤੇ ਇਕ ਢਾਲ ਪ੍ਰਦਾਨ ਕੀਤੀ ਸੀ। ਦੇਸ਼ ਵੰਡ ਵੇਲੇ ਨਿਹੰਗ ਖ਼ਾਨ ਦੀ ਸੰਤਾਨ ਪਾਕਿਸਤਾਨ ਨੂੰ ਜਾਣ ਲਗਿਆਂ ਤਲਵਾਰ ਅਤੇ ਕਟਾਰ ਗੁਰਦੁਆਰਾ ਸਾਹਿਬ ਵਿਚ ਭੇਂਟ ਕਰ ਗਏ, ਪਰ ਢਾਲ ਉਨ੍ਹਾਂ ਦੀ ਹਵੇਲੀ ਵਿਚ ਆ ਵਸੇ ਪਰਿਵਾਰ ਨੇ ਆਪਣੇ ਕੋਲ ਰਖ ਲਈ।

ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਪਹਿਲਾਂ ਕੋਈ ਸਮਾਰਕ ਬਣਿਆ ਹੋਇਆ ਨਹੀਂ ਸੀ। ਸੰਨ 1910

ਈ. ਵਿਚ ਬੁੱਢਾ ਭੇਰਾ ਵਾਲੇ ਬਾਬਾ ਜੀਵਨ ਸਿੰਘ ਨੇ ਭੱਠੇ ਵਾਲੀ ਥਾਂ 'ਤੇ ਗੁਰਦੁਆਰਾ ਉਸਾਰਨਾ ਸ਼ੁਰੂ ਕੀਤਾ, ਜਿਸ ਦੀ ਵਿਸ਼ਾਲ ਇਮਾਰਤ ਸੰਨ 1923 ਈ. ਵਿਚ ਮੁਕੰਮਲ ਹੋਈ ਅਤੇ 'ਗੁਰਦੁਆਰਾ ਭੱਠਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੋਈ। ਸੰਨ 1985 ਈ. ਵਿਚ ਇਸ ਗੁਰੂ-ਧਾਮ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਆਇਆ। ਕਮੇਟੀ ਨੇ ਇਮਾਰਤ ਵਿਚ ਕਾਫ਼ੀ ਸੁਧਾਰ ਕੀਤੇ। ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਭਾਈ ਬਚਿਤ੍ਰ ਸਿੰਘ ਦੀ ਯਾਦ ਵਿਚ ਨਿਹੰਗ ਸਿੰਘਾਂ ਨੇ ਪਿੰਡ ਦੇ ਅੰਦਰ ਇਕ ਛੋਟਾ ਜਿਹਾ ਸਮਾਰਕ ਬਣਾਇਆ ਹੋਇਆ ਹੈ। ਗੁਰਦੁਆਰਾ ਭੱਠਾ ਸਾਹਿਬ ਵਿਚ ਹਰ ਸੰਗ੍ਰਾਂਦ ਨੂੰ ਬਹੁਤ ਸੰਗਤ ਜੁੜਦੀ ਹੈ। ਇਸ ਤੋਂ ਇਲਾਵਾ ਹਰ ਸਾਲ 16,17 ਅਤੇ 18 ਦਸੰਬਰ ਨੂੰ ਵੱਡੀ ਸਭਾ ਲਗਦੀ ਹੈ।

**ਕੋਟਾਂ** (ਪਿੰਡ): ਜੀ.ਟੀ.ਰੋਡ ਨੇੜੇ ਦੋਰਾਹੇ ਤੋਂ 6 ਕਿ.ਮੀ. ਪਹਿਲਾਂ ਅਤੇ ਖੰਨੇ ਤੋਂ 14 ਕਿ.ਮੀ. ਦੀ ਦੂਰੀ ਉਤੇ ਵਸਿਆ ਇਕ ਪਿੰਡ ਜਿਸ ਕੋਲ ਮੁੱਖ ਸੜਕ ਉਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਨਾਲ ਸੰਬੰਧਿਤ ਇਕ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਨਾਂ 'ਮੰਜੀ ਸਾਹਿਬ ਪਾਤਿਸ਼ਾਹੀ ਛੇਵੀਂ' (ਵੇਖੋ) ਹੈ। ਪਹਿਲਾਂ ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਪਿੰਡ ਦੀ ਕਮੇਟੀ ਕਰਦੀ ਸੀ। ਹੁਣ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ।

**ਕੋਠਾ ਸਿੰਘ, ਭਾਈ** (ਮ. 1705 ਈ.): ਫਤਹਿਗੜ੍ਹ ਜ਼ਿਲ੍ਹੇ ਦੇ ਭਾਈ ਦਿਆਲੇ ਦਾ ਛੋਟਾ ਪੁੱਤਰ ਜਿਸ ਨੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ। ਇਸ ਦੇ ਵੱਡੇ ਭਰਾ ਦਾ ਨਾਂ ਮਦਨ ਸਿੰਘ ਸੀ। ਵੇਖੋ 'ਮਦਨ ਸਿੰਘ, ਭਾਈ'।

**ਕੋਠਾ ਗੁਰੂ** (ਪਿੰਡ): ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦਾ ਇਕ ਪ੍ਰਸਿੱਧ ਪਿੰਡ ਜੋ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸੋਢੀ ਪ੍ਰਿਥੀ ਚੰਦ ਨੇ, ਮੁਗ਼ਲ ਬਾਦਸ਼ਾਹ ਜਹਾਂਗੀਰ ਵਲੋਂ ਦਿੱਤੀ ਧਰਤੀ ਉਤੇ ਸੰਨ 1596 ਈ. (1653 ਬਿ.) ਵਿਚ ਵਸਾਇਆ ਸੀ। ਇਸ ਪਿੰਡ ਦਾ ਮੁੱਢਲਾ ਨਾਂ 'ਕੋਠੇ ਪ੍ਰਿਥੀ ਚੰਦ ਕੇ' ਹੌਲੀ ਹੌਲੀ ਬਦਲ ਕੇ 'ਕੋਠਾ ਗੁਰੂ' ਹੋ ਗਿਆ। ਸਿੱਖ ਇਤਿਹਾਸ ਅਨੁਸਾਰ ਮੁਗ਼ਲ ਹਾਕਮ ਸੁਲਹੀ ਖ਼ਾਨ (ਵੇਖੋ) ਇਸੇ ਪਿੰਡ ਦੇ ਭੱਠੇ ਵਿਚ ਸੜ ਕੇ ਮੋਇਆ ਸੀ।

ਸੋਢੀ ਪ੍ਰਿਥੀ ਚੰਦ ਦਾ ਲੜਕਾ ਮਨੋਹਰ ਦਾਸ ਮਿਹਰਬਾਨ ਵੀ ਕਾਫ਼ੀ ਸਮਾਂ ਇਥੇ ਟਿਕਿਆ ਦਸਿਆ ਜਾਂਦਾ ਹੈ। ਉਸ ਅਤੇ ਉਸ ਦੇ ਪੁੱਤਰ ਹਰਿਜੀ ਦੀਆਂ ਕੁਝ ਰਚਨਾਵਾਂ ਇਥੇ ਹੀ ਸੰਪੰਨ ਹੋਈਆਂ ਸਨ। ਸੋਢੀ ਕੰਵਲ ਨੈਨ (ਕੌਲ ਸਾਹਿਬ) ਦੇ ਸਮੇਂ ਇਸ ਪਿੰਡ ਵਿਚ ਕਾਫ਼ੀ ਰੌਣਕ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਂਦਿਆਂ ਇਥੇ ਰੁਕੇ ਸਨ ਅਤੇ ਕੰਵਲ ਨੈਨ ਦੇ ਪੁੱਤਰ ਅਭੈ ਰਾਮ ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਅਭੈ ਸਿੰਘ ਰਖਿਆ ਸੀ। ਇਸ ਪਿੰਡ ਦੇ ਨੇੜੇ ਇਕ ਪੁਰਾਣਾ ਥੇਹ ਵੀ ਹੈ।

**ਕੌਡਾ ਰਾਖਸ਼** : ਇਕ ਮਨੁੱਖ-ਭਖਸ਼ੀ ਆਦਿ-ਵਾਸੀ ਜੋ ਭੀਲਾਂ ਜਾਂ ਨਿਸ਼ਾਦਾਂ ਦਾ ਮੁਖੀਆ ਮੰਨਿਆ ਜਾਂਦਾ ਸੀ। ਇਹ ਵਿੰਧਿਆਚਲ ਵਿਚ ਡਾਕੇ ਮਾਰ ਕੇ ਆਪਣਾ ਜੀਵਨ ਬਤੀਤ ਕਰਦਾ ਸੀ। ਕੁਝ ਵਿਦਵਾਨ ਇਸ ਨੂੰ ਵਿੰਧਿਆਚਲ ਦੇ ਦੱਖਣੀ ਭਾਗ ਵਿਚ ਵਿਚਰਨ ਵਾਲਾ ਮੰਨਦੇ ਹਨ ਅਤੇ ਕੁਝ ਮੱਧਵਰਤੀ ਖੇਤਰ ਵਿਚ। ਕੁਝ ਵਿਦਵਾਨਾਂ ਦੀ ਇਹ ਸਥਾਪਨਾ ਹੈ ਕਿ ਇਸ ਦਾ ਮੂਲ-ਨਿਵਾਸ ਜਬਲਪੁਰ ਨਗਰ (ਮੱਧ ਪ੍ਰਦੇਸ਼) ਵਾਲੇ ਸਥਾਨ 'ਤੇ ਸੀ।

ਇਕ ਵਾਰ ਗੁਰੂ ਨਾਨਕ ਦੇਵ ਜੀ ਆਪਣੀ ਦੱਖਣ ਦੀ ਉਦਾਸੀ ਵੇਲੇ ਕੌਡੇ ਰਾਖਸ਼ ਦੇ ਸਥਾਨ ਉਤੇ ਜਾ ਪਹੁੰਚੇ। 'ਪੁਰਾਤਨ-ਜਨਮਸਾਖੀ' ਅਨੁਸਾਰ ਕੌਡੇ ਨੇ ਗੁਰੂ ਨਾਨਕ ਦੇਵ ਜੀ ਦੇ ਸ਼ਰੀਰ ਨੂੰ ਤਲਣ ਲਈ ਕੜਾਹੇ ਵਿਚ ਤੇਲ ਗਰਮ ਕੀਤਾ। ਪਰ ਜਦੋਂ ਗੁਰੂ ਜੀ ਨੂੰ ਕੜਾਹੇ ਵਿਚ ਬਿਠਾਇਆ ਤਾਂ ਉਹ ਠੰਡਾ ਹੋ ਗਿਆ। ਕੌਡੇ ਨੂੰ ਗੁਰੂ ਸਾਹਿਬ ਦੀ ਮਹਾਨਤਾ ਦਾ ਅਹਿਸਾਸ ਹੋਇਆ ਅਤੇ ਉਨ੍ਹਾਂ ਦਾ ਸੇਵਕ ਬਣ ਕੇ ਮਾੜੇ ਕਰਮਾਂ ਤੋਂ ਮੂੰਹ ਮੋੜ ਲਿਆ। ਕੁਝ ਜਨਮਸਾਖੀਆਂ ਵਿਚ ਲਿਖਿਆ ਹੈ ਕਿ ਕੌਡੇ ਨੇ ਭਾਈ ਮਰਦਾਨੇ ਨੂੰ ਤਲ ਕੇ ਖਾਣਾ ਚਾਹਿਆ, ਪਰ ਗੁਰੂ ਜੀ ਦੀ ਮਿਹਰ ਦੀ ਦ੍ਰਿਸ਼ਟੀ ਕਾਰਣ ਉਹ ਅਜਿਹਾ ਨ ਕਰ ਸਕਿਆ ਅਤੇ ਨਾਮ-ਧਰੀਕ ਸਿੱਖ ਹੋਇਆ।

ਕਈ ਵਿਦਵਾਨ ਇਸ ਨੂੰ ਕਾਪਾਲਿਕ ਅਘੋਰੀ ਦਸਦੇ ਹਨ। ਕੁਝ ਇਸ ਨੂੰ ਗੋਂਡ ਜਾਤਿ ਨਾਲ ਸੰਬੰਧਿਤ ਕਰਦੇ ਹਨ।

**ਕੌਰ :** ਇਸ ਸ਼ਬਦ ਨੂੰ ਸਿੱਖ ਇਸਤਰੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਪੁਰਸ਼ ਦੇ ਨਾਂ ਨਾਲ 'ਸਿੰਘ' ਪਦ ਸੰਯੁਕਤ ਕੀਤਾ ਜਾਂਦਾ ਹੈ। ਇਹ ਸ਼ਬਦ 'ਕੁੰਵਰਿ' ਦਾ ਤਦਭਵ ਰੂਪ ਹੈ ਅਤੇ ਸਿੱਖ ਇਸਤਰੀ ਦੇ ਨਾਂ ਨਾਲ ਜੁੜਨ 'ਤੇ ਨਾਮ-ਗਤ ਸਮਰੂਪਤਾ ਦਾ ਅਹਿਸਾਸ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨਕੋਸ਼' ਵਿਚ ਦਸਿਆ ਹੈ ਕਿ ਇਹ ਸ਼ਬਦ *ਉਸ ਸਿੰਘਣੀ ਦੀ ਉਪਾਧਿ, ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ*, ਪਰ ਇਹ ਸ਼ਬਦ ਰਾਜਪੂਤਾਂ ਵਿਚ 'ਕੁੰਵਰਿ' ਅਤੇ ਪੰਜਾਬ ਵਿਚ 'ਕੋਰ' ਜਾਂ 'ਕੌਰਿ' ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਵਰਤਿਆ ਜਾਂਦਾ ਰਿਹਾ ਹੈ, ਜਿਵੇਂ ਗੁਰੂ ਹਰਿਰਾਇ ਸਾਹਿਬ ਦੀ ਪੁੱਤਰੀ ਦਾ ਨਾਂ 'ਰੂਪ ਕੌਰ' ਸੀ। ਅਜ ਕਲ ਵੀ ਪਿੰਡਾਂ ਵਿਚ ਵਸਦੇ ਕਈ ਗ਼ੈਰ-ਸਿੱਖ ਪਰਿਵਾਰ ਵੀ ਆਪਣੀਆਂ ਬੱਚੀਆਂ ਦੇ ਨਾਂ ਨਾਲ 'ਕੌਰ' ਪਦ ਵਰਤ ਲੈਂਦੇ ਹਨ। ਪਰ ਖੇਦ ਹੈ ਕਿ ਸ਼ਹਿਰੀ ਸਿੱਖਾਂ ਅਤੇ ਪੱਛਮੀ ਸਭਿਅਤਾ ਤੋਂ ਪ੍ਰਭਾਵਿਤ ਪਰਿਵਾਰਾਂ ਦੀਆਂ ਬੱਚੀਆਂ ਦੇ ਨਾਂ ਇਕਹਿਰੇ ਹੁੰਦੇ ਜਾ ਰਹੇ ਹਨ ਅਤੇ 'ਕੌਰ' ਪਦ ਜੋੜਨੋ ਸੰਕੋਚ ਕਰਨ ਦੀ ਬਿਰਤੀ ਵਧ ਰਹੀ ਹੈ।

**ਕੌਰ ਸਿੰਘ ਨਿਹੰਗ, ਅਕਾਲੀ** (1886-1953 ਈ.): ਜੰਮੂ-ਕਸ਼ਮੀਰ ਦੇ ਮੁਜ਼ਫ਼ਰਾਬਾਦ ਜ਼ਿਲ੍ਹੇ ਦੇ ਚਕਾਰ ਕਸਬੇ ਕੋਲ ਪਧਾਰ (ਪੱਧਰ) ਪਿੰਡ ਵਿਚ ਭਾਈ ਮਹਾਂ ਸਿੰਘ ਦੇ ਘਰ ਮਾਈ ਕਰਮ ਕੌਰ ਦੀ ਕੁੱਖੋਂ 28 ਜੂਨ 1886 ਈ. ਵਿਚ ਪੈਦਾ ਹੋਏ ਕੌਰ ਸਿੰਘ ਦਾ ਮੂਲ ਨਾਂ ਪੂਰਨ ਸਿੰਘ ਸੀ। ਇਸ ਦੇ ਖ਼ਾਨਦਾਨ ਦਾ ਪਿੱਛਾ ਤ੍ਰਿਲੋਕੀ ਨਾਥ ਬ੍ਰਾਹਮਣ ਨਾਲ ਜਾ ਜੁੜਦਾ ਹੈ ਜੋ ਕਸ਼ਮੀਰ ਤੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿਚ ਆਏ ਬ੍ਰਾਹਮਣਾਂ ਦੇ ਟੋਲੇ ਵਿਚ ਸ਼ਾਮਲ ਸੀ। ਤ੍ਰਿਲੋਕੀ ਨਾਥ ਦਾ ਪੁੱਤਰ ਅਮੋਲਕ ਨਾਥ ਅੰਮ੍ਰਿਤ ਪਾਨ ਕਰਕੇ ਅਮੋਲਕ ਸਿੰਘ ਬਣਿਆ। ਉਹ ਪੂਰਨ ਸਿੰਘ ਦਾ ਪੜਦਾਦਾ ਸੀ। ਪਹਿਲਾਂ ਪੂਰਨ ਸਿੰਘ ਨੇ ਦੁਪੱਟਾ ਪਿੰਡ ਦੇ ਨਿਵਾਸੀ ਬਾਵਾ ਮਹਾਂ ਸਿੰਘ ਬੇਦੀ ਤੋਂ ਸਿੱਖ ਧਰਮ-ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਸੰਸਕ੍ਰਿਤ, ਬ੍ਰਜ ਆਦਿ ਭਾਰਤੀ ਭਾਸ਼ਾਵਾਂ ਪੜ੍ਹੀਆਂ। ਨਾਲ ਨਾਲ ਇਹ ਵੈਦਗੀ ਵੀ ਸਿਖਦਾ ਰਿਹਾ। ਫਿਰ ਇਸ ਨੇ ਪਿਸ਼ਾਵਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਬਾਗ਼ ਸਿੰਘ ਨੂੰ ਆਪਣਾ ਵਿਦਿਆ-ਗੁਰੂ ਧਾਰਣ ਕੀਤਾ। ਹੌਲੀ ਹੌਲੀ ਇਸ ਨੇ ਗੁਰਦੁਆਰਿਆਂ ਵਿਚ ਲੈਕਚਰ ਦੇਣੇ ਸ਼ੁਰੂ ਕੀਤੇ ਅਤੇ ਸਿੱਖ ਧਰਮ ਵਿਰੋਧੀ ਆਰਯ ਸਮਾਜ ਦੇ ਪ੍ਰਚਾਰ ਨੂੰ ਸੰਵਾਦਾਂ ਅਤੇ ਗੋਸ਼ਟੀਆਂ ਨਾਲ ਚੁਣੌਤੀ ਦੇਣ ਵਿਚ ਸਫਲ ਹੋਇਆ। ਸੰਨ 1906 ਈ. ਵਿਚ ਇਸ ਨੇ ਹਜ਼ੂਰ ਸਾਹਿਬ ਜਾ ਕੇ ਅੰਮ੍ਰਿਤ ਛਕਿਆ ਅਤੇ ਪੂਰਨ ਸਿੰਘ ਤੋਂ 'ਕੌਰ ਸਿੰਘ' ਨਿਹੰਗ (ਬੁੱਢਾ ਦਲ) ਬਣਿਆ। ਫਿਰ ਇਸ ਨੇ ਸਾਰੇ ਹਿੰਦੁਸਤਾਨ ਅਤੇ ਅਫ਼ਗ਼ਾਨਿਸਤਾਨ ਦਾ ਦੌਰਾ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ। ਸੰਨ 1907 ਈ. ਵਿਚ ਇਸ ਨੇ ਗੁਰੂ ਗ੍ਰੰਥ ਸਾਹਿਬ ਦਾ ਤੁਕ-ਤਤਕਰਾ ਬਣਾਉਣਾ ਸ਼ੁਰੂ ਕੀਤਾ ਜੋ ਸੰਨ 1920 ਈ. ਵਿਚ ਮੁਕੰਮਲ ਹੋਇਆ ਅਤੇ ਸੰਨ 1923 ਈ. ਵਿਚ 'ਗੁਰੂ ਸ਼ਬਦ ਰਤਨ ਪ੍ਰਕਾਸ਼' ਨਾਂ ਅਧੀਨ ਛਪ ਕੇ ਸਾਹਮਣੇ ਆਇਆ।

ਸੰਨ 1920 ਈ. ਵਿਚ ਇਹ ਆਪਣੇ ਪਿੰਡ ਪਰਤਿਆ ਅਤੇ ਉਸ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। ਸੰਨ 1928 ਈ. ਵਿਚ ਚਕਾਰ ਵਿਚ 'ਗੁਰੂ ਨਾਨਕ ਆਸ਼੍ਰਮ' ਦੀ ਸਥਾਪਨਾ ਕਰਕੇ ਬੱਚਿਆਂ ਵਿਚ ਸਿੱਖੀ ਦਾ ਪ੍ਰਚਾਰ ਆਰੰਭ ਕੀਤਾ ਅਤੇ ਵਿਦਿਆ ਦੇ ਪ੍ਰਸਾਰ ਲਈ ਪਿੰਡਾਂ ਵਿਚ ਸਕੂਲ ਖੋਲਣ ਤੋਂ ਇਲਾਵਾ ਬੱਚਿਆਂ ਲਈ ਚਕਾਰ ਵਿਚ ਬੋਰਡਿੰਗ ਹਾਊਸ ਬਣਾਇਆ। ਇਸ ਨੇ 'ਆਸ਼੍ਰਮ ਸਮਾਚਾਰ' ਨਾਂ ਦਾ ਇਕ ਸੂਚਨਾ ਪੱਤਰ ਛਾਪਣਾ ਵੀ ਸ਼ੁਰੂ ਕੀਤਾ ਅਤੇ ਕਾਲਾਂਤਰ ਵਿਚ ਉਸ ਦਾ ਨਾਂ ਬਦਲ ਕੇ 'ਕਸ਼ਮੀਰ ਸਿੱਖ ਸਮਾਚਾਰ' ਕਰ ਦਿੱਤਾ।

ਸੰਨ 1925 ਈ. ਵਿਚ ਇਸ ਨੇ ਕਵੀ ਸੈਨਾਪਤਿ ਰਚਿਤ 'ਸ੍ਰੀ ਗੁਰ ਸ਼ੋਭਾ' ਦਾ ਸੰਪਾਦਨ ਕੀਤਾ ਅਤੇ ਇਸਤਰੀ-ਸੁਧਾਰ ਲਈ 'ਇਸਤਰੀ ਸੰਕਟ ਮੋਚਨ' ਦਾ ਸੰਨ 1925 ਈ. ਵਿਚ ਪ੍ਰਕਾਸ਼ਨ ਕੀਤਾ। ਇਸ ਨੇ 'ਪੰਚ ਤੰਤ੍ਰ' ਨਾਂ ਦੀ ਸੰਸਕ੍ਰਿਤ ਰਚਨਾ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਅਤੇ ਆਯੁਰਵੈਦਿਕ ਇਲਾਜ ਨਾਲ ਸੰਬੰਧਿਤ 'ਸੁਖ ਸਾਗਰ' ਨਾਂ ਦੀ ਪੁਸਤਕ ਵੀ ਛਾਪੀ। ਫਿਰ ਸੰਨ 1929 ਈ. ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਤੁਕ-ਤਤਕਰਾ ਪ੍ਰਕਾਸ਼ਿਤ ਕੀਤਾ। ਕਸ਼ਮੀਰ ਉਤੇ ਹੋਏ ਕਬਾਇਲੀ ਹਮਲੇ ਵੇਲੇ ਇਹ ਪੰਜਾਬ ਆ ਗਿਆ ਅਤੇ ਦਿਨ-ਰਾਤ ਕਸ਼ਮੀਰੀ ਸ਼ਰਣਾਰਥੀਆਂ ਨੂੰ ਮੁੜ ਵਸਾਉਣ ਦੇ ਕਾਰਜ ਵਿਚ ਲਗ ਗਿਆ। ਇਸ ਉਦਮ ਵਿਚ ਲੀਨ ਹੋਏ ਨੂੰ 28 ਨਵੰਬਰ 1952 ਈ. ਨੂੰ ਬੀਮਾਰੀ ਨੇ ਆਣ ਘੇਰਿਆ ਅਤੇ 23 ਜਨਵਰੀ 1953 ਈ. ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਦੇਹਾਂਤ ਹੋ ਗਿਆ। ਨਿਸ਼ਕਾਮ ਧਰਮ-ਸਾਧਕ ਅਤੇ ਬੇਲਾਗ ਪ੍ਰਚਾਰਕ ਵਜੋਂ ਸਿੱਖ-ਜਗਤ ਵਿਚ

ਇਸ ਦਾ ਬਹੁਤ ਆਦਰ ਰਿਹਾ ਹੈ।

**ਕੌੜਾ ਮੱਲ, ਦੀਵਾਨ** (ਮ. 1752 ਈ.): ਸਿੱਖ ਧਰਮ ਪ੍ਰਤਿ ਸ਼ਰਧਾ ਦੀ ਭਾਵਨਾ ਰਖਣ ਵਾਲਾ ਅਠਾਰ੍ਹਵੀਂ ਸਦੀ ਵਿਚ ਹੋਇਆ ਇਕ ਮਹਾਨ ਪ੍ਰਸ਼ਾਸਕ ਦੀਵਾਨ ਕੌੜਾ ਮੱਲ ਭਾਈ ਵੀਰ ਸਿੰਘ ਦਾ ਪੂਰਵਜ ਸੀ। ਇਸ ਦਾ ਜਨਮ ਢੁੱਘ ਜਾਤਿ ਦੇ ਇਕ ਅਰੋੜਾ ਪਰਿਵਾਰ ਵਿਚ ਸ੍ਰੀ ਵੱਲੂ ਰਾਮ (ਵੱਲੂ ਮੱਲ) ਦੇ ਘਰ ਪੱਛਮੀ ਪੰਜਾਬ ਦੇ ਝੰਗ ਜ਼ਿਲ੍ਹੇ ਵਿਚ ਸ਼ੋਰਕੋਟ ਨਗਰ ਦੇ ਕਿਸੇ ਨੇੜਲੇ ਪਿੰਡ ਵਿਚ ਹੋਇਆ। ਇਸ ਦੇ ਮੁੱਢਲੇ ਜੀਵਨ ਬਾਰੇ ਭਾਵੇਂ ਤੱਥਾਂ ਦਾ ਅਭਾਵ ਹੈ, ਪਰ ਇਤਨਾ ਸੰਕੇਤ ਅਵੱਸ਼ ਮਿਲਦਾ ਹੈ ਕਿ ਇਸ ਦੇ ਪੁਰਖੇ ਮੁਲਤਾਨ ਸੂਬੇ ਵਿਚ ਕਾਨੂੰਨਗੋਈ ਦਾ ਕੰਮ ਕਰਦੇ ਸਨ। ਇਹ ਵੀ ਸ਼ੁਰੂ ਵਿਚ ਕਾਨੂੰਨਗੋ ਰਿਹਾ, ਪਰ ਬਾਦ ਵਿਚ ਲਾਹੌਰ ਆ ਗਿਆ ਅਤੇ ਆਪਣੀ ਯੋਗਤਾ ਨਾਲ ਸਹਿਜੇ ਸਹਿਜੇ ਤਰਕੀ ਕਰਦਾ ਸੈਨਿਕ ਅਧਿਕਾਰੀ ਅਤੇ ਪ੍ਰਤਿਸ਼ਠਿਤ ਦਰਬਾਰੀ ਬਣਿਆ। ਸੰਨ 1738 ਈ. ਲਾਹੌਰ ਅਤੇ ਮੁਲਤਾਨ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਪਨਾਹ ਭੱਟੀ ਨਾਂ ਦੇ ਸਿਰਕਸ਼ ਲੁਟੇਰੇ ਨੂੰ ਕਾਬੂ ਕਰਨ ਲਈ ਇਸ ਨੂੰ ਫ਼ੌਜ-ਕਸ਼ੀ ਲਈ ਹੁਕਮ ਦਿੱਤਾ। ਇਸ ਨੇ ਉਸ ਨੂੰ ਯੁੱਧ ਵਿਚ ਪਰਾਜਿਤ ਕਰਕੇ ਮਾਰ ਦਿੱਤਾ। ਇਸ ਅਹਿਮ ਕਾਰਜ ਤੋਂ ਖ਼ੁਸ਼ ਹੋ ਕੇ ਜ਼ਕਰੀਆ ਖ਼ਾਨ ਨੇ ਇਸ ਨੂੰ ਮੁਲਤਾਨ ਦਾ ਦੀਵਾਨ ਬਣਾ ਦਿੱਤਾ।

ਸੂਬੇਦਾਰ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਦ ਜਦੋਂ ਯਾਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ, ਤਾਂ ਦੀਵਾਨ ਲਖਪਤ ਰਾਇ ਅਤੇ ਉਸ ਦੇ ਭਰਾ ਜਸਪਤ ਰਾਇ ਨੇ ਸਿੱਖਾਂ ਨੂੰ ਮੂਲੋਂ ਖ਼ਤਮ ਕਰਨ ਲਈ ਬੀੜਾ ਚੁਕਿਆ। ਕਿਸੇ ਫ਼ੌਜੀ ਕਾਰਵਾਈ ਦੌਰਾਨ ਜਸਪਤ ਰਾਇ ਸਿੱਖਾਂ ਹੱਥੋਂ ਮਾਰਿਆ ਗਿਆ, ਜਿਸ ਦੇ ਫਲਸਰੂਪ ਲਖਪਤ ਰਾਇ ਦੇ ਮਨ ਵਿਚ ਬਦਲਾ ਲੈਣ ਦੀ ਅੱਗ ਮਚ ਪਈ। ਉਸ ਨੇ 10 ਮਾਰਚ 1746 ਈ. ਨੂੰ ਸੋਮਾਵਤੀ ਅਮਾਵਸ ਵਾਲੇ ਦਿਨ ਲਾਹੌਰ ਨਗਰ ਵਿਚ ਵਸਦੇ ਸਿੱਖਾਂ ਨੂੰ ਕਤਲ ਕਰਨ ਦਾ ਮਨ ਬਣਾਇਆ। ਦੀਵਾਨ ਕੌੜਾ ਮੱਲ ਨੇ ਨਗਰ ਦੇ ਪਤਵੰਤੇ ਹਿੰਦੂਆਂ ਨੂੰ ਨਾਲ ਲੈ ਕੇ ਲਖਪਤ ਰਾਇ ਨੂੰ ਅਜਿਹਾ ਘਿਨੌਣਾ ਕਾਰਜ ਕਰਨੋਂ ਸੰਕੋਚ ਕਰਨ ਲਈ ਬੇਨਤੀ ਕੀਤੀ, ਪਰ ਉਹ ਨ ਮੰਨਿਆ ਅਤੇ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਮਰਵਾ ਦਿੱਤਾ। ਇਸ ਤੋਂ ਇਲਾਵਾ ਫ਼ੌਜ-ਕਸ਼ੀ ਕਰਕੇ ਇਕ ਮਈ ਨੂੰ ਜੰਗਲਾਂ ਵਿਚ ਲੁਕੇ ਸਿੰਘਾਂ ਨਾਲ ਲੜਾਈ ਕਰਕੇ ਸੱਤ ਹਜ਼ਾਰ ਸਿੰਘਾਂ ਨੂੰ ਕਤਲ ਕੀਤਾ ਅਤੇ ਲਗਭਗ ਤਿੰਨ ਹਜ਼ਾਰ ਨੂੰ ਪਕੜ ਕੇ ਬਾਦ ਵਿਚ ਮਾਰ ਦਿੱਤਾ। ਇਸ ਘਟਨਾ ਨੂੰ ਸਿੱਖ-ਇਤਿਹਾਸ ਵਿਚ 'ਛੋਟਾ ਘੱਲੂਘਾਰਾ' (ਵੇਖੋ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਲਖਪਤ ਰਾਇ ਦੇ ਇਸ ਵਿਵਹਾਰ ਤੋਂ ਨਿਰਾਸ਼ ਹੋ ਕੇ ਦੀਵਾਨ ਕੌੜਾ ਮੱਲ ਮੁਲਤਾਨ ਚਲਾ ਗਿਆ, ਜਿਥੇ ਯਾਹੀਆ ਖ਼ਾਨ ਦਾ ਛੋਟਾ ਭਾਈ ਸ਼ਾਹ ਨਵਾਜ਼ ਖ਼ਾਨ ਸੂਬੇਦਾਰ ਸੀ। ਦੋਹਾਂ ਸੂਬੇਦਾਰ ਭਰਾਵਾਂ ਵਿਚ ਅੰਦਰੋਂ ਅੰਦਰੀ ਅਜਿਹਾ ਸੰਘਰਸ਼ ਚਲਿਆ ਕਿ ਯਾਹੀਆਂ ਖ਼ਾਨ ਮਾਤ ਖਾ ਗਿਆ ਅਤੇ ਕੌੜਾ ਮੱਲ ਦੀ ਮਦਦ ਨਾਲ ਸ਼ਾਹ ਨਵਾਜ਼ ਖ਼ਾਨ 21 ਮਾਰਚ 1747 ਈ. ਨੂੰ ਲਾਹੌਰ ਦਾ ਵੀ ਸੂਬੇਦਾਰ ਬਣ ਗਿਆ। ਉਸ ਨੇ ਕੌੜਾ ਮੱਲ ਨੂੰ ਲਾਹੌਰ ਵਿਚ ਦੀਵਾਨ ਨਿਯੁਕਤ ਕਰ ਦਿੱਤਾ। 11 ਜਨਵਰੀ 1748 ਈ. ਨੂੰ ਅਹਿਮਦ ਸ਼ਾਹ ਦੁਰਾਨੀ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ, ਪਰ ਜਲਦੀ ਹੀ 11 ਮਾਰਚ 1748 ਈ. ਨੂੰ ਸਰਹਿੰਦ ਨੇੜੇ ਹਾਰ ਖਾ ਕੇ ਆਪਣੇ ਮੁਲਕ ਨੂੰ ਪਰਤ ਗਿਆ। ਦਿੱਲੀ ਦੀ ਮੁਗ਼ਲ ਸਰਕਾਰ ਨੇ ਮੁਈਨ-ਉਲ-ਮੁਲਕ (ਮੀਰ ਮਨੂੰ) ਨੂੰ ਲਾਹੌਰ ਦਾ ਸੂਬੇਦਾਰ ਅਤੇ ਕੌੜਾ ਮੱਲ ਨੂੰ ਦੀਵਾਨ ਨਿਯੁਕਤ ਕਰ ਦਿੱਤਾ। ਲਖਪਤ ਰਾਇ ਪਕੜਿਆ ਗਿਆ ਅਤੇ ਜੁਰਮਾਨਾ ਨ ਭਰ ਸਕਣ ਕਾਰਣ ਦੀਵਾਨ ਕੌੜਾ ਮੱਲ ਦੇ ਸੁਝਾਓ 'ਤੇ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ।

ਇਸ ਨੇ ਜੰਮੂ ਵਿਚ ਡੋਗਰਿਆਂ ਵਲੋਂ ਕੀਤੀ ਬਗ਼ਾਵਤ ਨੂੰ ਦਬਾਉਣ ਲਈ ਫ਼ੌਜ-ਕਸ਼ੀ ਕੀਤੀ ਅਤੇ ਵੈਰੀਆਂ ਨੂੰ ਅਧੀਨ ਕੀਤਾ। ਫਿਰ ਮੁਲਤਾਨ ਵਿਚ ਸ਼ਾਹ ਨਵਾਜ਼ ਖ਼ਾਨ ਵਲੋਂ ਕੀਤੀ ਬਗ਼ਾਵਤ ਨੂੰ ਕੁਚਲਣ ਲਈ ਇਸ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਮਦਦ ਲਈ ਲਈ ਅਤੇ ਸ਼ਾਹ ਨਵਾਜ਼ ਖ਼ਾਨ ਨੂੰ ਮਾਰ ਕੇ ਮੁਲਤਾਨ ਉਤੇ ਕਬਜ਼ਾ ਕੀਤਾ। ਇਸ ਕਾਮਯਾਬੀ ਉਤੇ ਪ੍ਰਸੰਨ ਹੋ ਕੇ ਮੀਰ ਮਨੂੰ ਨੇ ਇਸ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਦਿੱਤਾ ਅਤੇ ਮੁਲਤਾਨ, ਥੱਟਾ, ਡੇਰਾਜਾਤ ਆਦਿ ਇਲਾਕਿਆਂ ਦਾ ਸੂਬੇਦਾਰ ਨਿਯੁਕਤ ਕੀਤਾ। ਇਸ ਨੇ ਸ. ਜੱਸਾ ਸਿੰਘ ਵਲੋਂ ਦਿੱਤੇ ਸੈਨਿਕ ਸਹਿਯੋਗ ਕਾਰਣ ਨਨਕਾਣਾ ਸਾਹਿਬ ਵਿਚ ਗੁਰਦੁਆਰਾ ਬਾਲ ਲੀਲਾ ਉਸਾਰਨ ਅਤੇ ਸਰੋਵਰ ਬਣਾਉਣ ਵਿਚ ਪੂਰੀ ਮਦਦ ਕੀਤੀ ਅਤੇ ਯਾਹੀਆ ਖ਼ਾਨ ਦੀ ਸੂਬੇਦਾਰੀ ਵੇਲੇ ਲਖਪਤ ਰਾਇ ਦੁਆਰਾ ਅਟਵਾਏ ਅੰਮ੍ਰਿਤਸਰ ਦੇ

ਸਰੋਵਰ ਨੂੰ ਮੁੜ ਸਾਫ਼ ਕਰਵਾਇਆ। ਇਸ ਨੇ ਸ਼ੇਰਕੋਟ ਨੇੜੇ ਆਪਣੇ ਪਿੰਡ ਵਿਚ 'ਗੜ੍ਹ ਮਹਾਰਾਜਾ' ਦੀ ਉਸਾਰੀ ਕਰਵਾਈ। ਇਨ੍ਹਾਂ ਕੰਮਾਂ ਕਰਕੇ ਸਿੱਖਾਂ ਵਿਚ ਇਹ 'ਕੌੜਾ ਮੱਲ' ਦੀ ਥਾਂ 'ਮਿੱਠਾ ਮੱਲ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਦੀਵਾਨ ਕੌੜਾ ਮੱਲ ਭਾਵੇਂ ਜਿਸ ਪਦਵੀ ਉਤੇ ਰਿਹਾ, ਆਪਣੀ ਜ਼ਿੰਮੇਵਾਰੀ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਅਤੇ ਸਹੀ ਮਾਰਗ ਉਤੇ ਚਲਣ ਵਾਲੀ ਜਨਤਾ ਦੀ ਮਦਦ ਕੀਤੀ। ਇਸ ਨੇ ਸਾਹੀਵਾਲ ਅਤੇ ਡੇਰਾ ਗ਼ਾਜ਼ੀ ਖ਼ਾਨ ਦੀਆਂ ਬਗ਼ਾਵਤਾਂ ਨੂੰ ਦਬਾਇਆ ਅਤੇ ਅਨੇਕ ਇਲਾਕਿਆਂ ਤੋਂ ਮਾਲੀਆ ਵਸੂਲ ਕਰਕੇ ਖ਼ਜ਼ਾਨੇ ਨੂੰ ਭਰਿਆ। ਅਹਿਮਦ ਸ਼ਾਹ ਦੁਰਾਨੀ ਦੇ ਤੀਜੇ ਹਮਲੇ ਵੇਲੇ ਮੀਰ ਮਨੂੰ ਨੇ ਇਸ ਨੂੰ ਮੁਲਤਾਨੋਂ ਲਾਹੌਰ ਬੁਲਾ ਕੇ ਯੁੱਧ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸ ਨੇ ਬੜੀ ਸੂਝ ਨਾਲ ਅਤੇ ਪੂਰੀ ਤਿਆਰੀ ਨਾਲ ਯੁੱਧ ਆਰੰਭਿਆ, ਪਰ ਮਹਮੂਦ ਬੂਟੀ ਦੇ ਯੁੱਧ ਵੇਲੇ 6 ਮਾਰਚ 1752 ਈ. ਨੂੰ ਜਲੰਧਰ ਦੇ ਫ਼ੌਜਦਾਰ ਆਦੀਨਾ ਬੇਗ ਨੇ ਆਪਣੀ ਪੁਰਾਣੀ ਕਿੜ ਕੱਢਣ ਲਈ ਕਸੂਰ ਦੇ ਬਾਜ਼ੀਦ ਖ਼ਾਨ ਤੋਂ ਗੋਲੀ ਚਲਵਾ ਕੇ ਮਰਵਾ ਦਿੱਤਾ। ਇਸ ਤਰ੍ਹਾਂ ਮੁਗ਼ਲ ਸਰਕਾਰ ਵਿਚਲੇ ਇਕ ਸਿੱਖ-ਹਿਤੈਸ਼ੀ ਦਾ ਅੰਤ ਹੋ ਗਿਆ।

**ਕੰਗਣਪੁਰ** (ਕਸਬਾ) : ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦਾ ਇਕ ਕਸਬਾ ਜਿਥੇ ਗੁਰੂ ਨਾਨਕ ਦੇਵ ਜੀ ਪਧਾਰੇ ਸਨ। 'ਪੁਰਾਤਨ ਜਨਮਸਾਖੀ' ਅਨੁਸਾਰ ਉਥੋਂ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਨ ਆਦਰ ਦਿੱਤਾ ਅਤੇ ਨ ਹੀ ਪਿੰਡ ਵਿਚ ਠਹਿਰਨ ਦੀ ਵਿਵਸਥਾ ਕੀਤੀ। ਗੁਰੂ ਜੀ ਉਨ੍ਹਾਂ ਨੂੰ 'ਵਸਦੇ ਰਹੋ' ਕਹਿ ਕੇ ਉਥੋਂ ਮਰਦਾਨੇ ਸਹਿਤ ਤਿੰਨ ਕਿ.ਮੀ. ਦੀ ਵਿਥ 'ਤੇ ਅਗਲੇ ਪਿੰਡ 'ਮਾਣਕ ਦੇਕੇ' ਜਾ ਟਿਕੇ। ਉਥੋਂ ਦੇ ਲੋਕਾਂ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਉਥੋਂ ਚਲਣ ਲਗਿਆਂ ਗੁਰੂ ਜੀ ਨੇ ਉਨ੍ਹਾਂ ਨੂੰ 'ਉਜੜ ਜਾਓ' ਸ਼ਬਦ ਕਹੇ। ਇਨ੍ਹਾਂ ਵਿਰੋਧਾਭਾਸੀ ਉਕਤੀਆਂ ਨੂੰ ਸੁਣ ਕੇ ਮਰਦਾਨੇ ਨੇ ਹੈਰਾਨ ਹੋ ਕੇ ਕਾਰਣ ਪੁਛਿਆ ਤਾਂ ਗੁਰੂ ਜੀ ਨੇ ਸਮਝਾਇਆ ਕਿ ਕੰਗਣਪੁਰ ਦੇ ਲੋਕਾਂ ਦਾ ਆਚਾਰ ਬਹੁਤ ਮਾੜਾ ਹੈ। ਜੇ ਇਹ ਕਿਤੇ ਹੋਰ ਜਾਣਗੇ ਤਾਂ ਉਥੇ ਵੀ ਆਪਣੇ ਇਸੇ ਆਚਾਰ ਦਾ ਵਿਸਤਾਰ ਕਰਨਗੇ। ਇਸ ਲਈ ਇਨ੍ਹਾਂ ਦਾ ਇਥੋਂ ਤਕ ਹੀ ਸੀਮਿਤ ਰਹਿਣਾ ਉਚਿਤ ਹੈ। 'ਮਾਣਕ ਦੇਕੇ' ਪਿੰਡ ਦੇ ਲੋਕ ਪਰਉਪਕਾਰੀ ਹਨ। ਇਹ ਜਿਥੇ ਜਾਣਗੇ ਪਰਉਪਕਾਰੀ ਰੁਚੀਆਂ ਦਾ ਵਿਸਤਾਰ ਕਰਨਗੇ। ਇਸ ਲਈ ਇਨ੍ਹਾਂ ਦਾ ਪਸਰਨਾ ਹੀ ਉਤਮ ਹੈ। ਮਰਦਾਨਾ ਗੁਰੂ ਜੀ ਦੀ ਮਾਨਸਿਕਤਾ ਦਾ ਭੇਦ ਪਾ ਕੇ ਸੰਤੁਸ਼ਟ ਹੋ ਗਿਆ।

ਸੰਨ 1947 ਈ. ਤੋਂ ਪਹਿਲਾਂ ਕੰਗਣਪੁਰ ਵਿਚ ਬਣੇ ਗੁਰਦੁਆਰੇ ਵਿਚ ਹਰ ਸੰਗ੍ਰਾਂਦ ਨੂੰ ਬਹੁਤ ਸੰਗਤ ਜੁੜਦੀ ਸੀ। ਚੇਤਰ ਮਹੀਨੇ ਦੀ ਸੰਗ੍ਰਾਂਦ ਵਾਲੇ ਦਿਨ ਉਥੇ ਸਾਲਾਨਾ ਜੋੜ ਮੇਲਾ ਹੁੰਦਾ ਸੀ। 'ਮਾਣਕ ਦੇਕੇ' ਪਿੰਡ ਵਿਚ ਵੀ ਗੁਰੂ ਜੀ ਦੀ ਯਾਦ ਵਿਚ 'ਮੰਜੀ ਸਾਹਿਬ' ਨਾਂ ਦਾ ਸਮਾਰਕ ਬਣਿਆ ਹੋਇਆ ਸੀ। ਇਹ ਦੋਵੇਂ ਪਿੰਡ ਪਾਕਿਸਤਾਨ ਵਿਚ ਰਹਿ ਗਏ ਹਨ।

**ਕੰਵਲ ਨੈਨ ਸੋਢੀ** (1638-1706 ਈ.): ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸੋਢੀ ਪ੍ਰਿਥੀ ਚੰਦ ਦੇ ਪੋਤੇ ਅਤੇ ਸੋਢੀ ਹਰਿਜੀ (ਵੇਖੋ) ਦੇ ਸਭ ਤੋਂ ਛੋਟੇ ਪੁੱਤਰ ਸੋਢੀ ਕੰਵਲ ਨੈਨ (ਨਾਮਾਂਤਰ ਸੋਢੀ ਕੌਲ) ਦਾ ਜਨਮ ਸੰਨ 1638 ਈ. ਵਿਚ ਲਾਹੌਰ ਜ਼ਿਲ੍ਹੇ ਦੇ ਮੁਹੰਮਦੀਪੁਰ ਵਿਚ ਹੋਇਆ। ਗੁਰੂ ਹਰਿਗੋਬਿੰਦ ਦੇ ਕੀਰਤਪੁਰ ਚਲੇ ਜਾਣ ਕਰਕੇ ਹਰਿ ਜੀ ਚੂੰਕਿ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਕਾਬਜ਼ ਸੀ, ਇਸ ਲਈ ਕੰਵਲ ਨੈਨ ਅਧਿਕਤਰ ਅੰਮ੍ਰਿਤਸਰ ਹੀ ਰਿਹਾ ਅਤੇ ਉਥੇ ਹੀ ਇਸ ਦੀ ਪੜ੍ਹਾਈ ਦੀ ਵਿਵਸਥਾ ਚੰਗੇ ਵਿਦਵਾਨਾਂ ਤੋਂ ਕਰਵਾਈ ਗਈ। ਇਤਿਹਾਸ, ਪੁਰਾਣ ਆਦਿ ਪੜ੍ਹਨ ਲਈ ਇਹ ਸੰਨ 1664 ਈ. ਵਿਚ ਲਾਹੌਰ ਵੀ ਗਿਆ।

ਸੰਨ 1696 ਈ. ਵਿਚ ਸੋਢੀ ਹਰਿ ਜੀ ਦੇ ਦੇਹਾਂਤ ਤੋਂ ਬਾਦ ਇਹ ਮੀਣਾ ਸੰਪ੍ਰਦਾਇ ਦਾ ਮੁੱਖੀ ਬਣਿਆ। ਸੰਨ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਨੰਦਪੁਰ ਤੋਂ ਭੇਜੇ ਗਏ ਭਾਈ ਮਨੀ ਸਿੰਘ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ। ਕੰਵਲ ਨੈਨ 'ਢਿਲਵਾਂ ਕਲਾਂ' ਪਿੰਡ ਵਿਚ ਚਲਾ ਗਿਆ ਜੋ ਚੌਧਰੀ ਕਪੂਰੇ ਨੇ ਇਸ ਨੂੰ ਭੇਂਟ ਕੀਤਾ ਸੀ। ਕਹਿੰਦੇ ਹਨ ਕਿ ਦੱਖਣ ਨੂੰ ਜਾਂਦਿਆਂ ਸੰਨ 1706 ਈ. ਵਿਚ ਗੁਰੂ ਜੀ ਇਸ ਪਿੰਡ ਰੁਕੇ ਸਨ। ਕੰਵਲ ਨੈਨ ਅਤੇ ਉਸ ਦੇ ਚਾਰ ਪੁੱਤਰਾਂ ਨੇ ਗੁਰੂ ਜੀ ਦਾ ਪੂਰੀ ਮਰਯਾਦਾ ਨਾਲ ਸਨਮਾਨ ਕੀਤਾ। ਇਸ ਦੇ ਕਹੇ ਤੇ ਗੁਰੂ ਜੀ ਨੇ ਮਾਛੀਵਾੜੇ ਤੋਂ ਪਾਏ ਨੀਲੇ ਬਸਤ੍ਰਾਂ ਦਾ ਤਿਆਗ ਕੀਤਾ। ਇਸ ਦੇ ਇਕ ਪੋਤੇ ਅਭੈ ਰਾਮ ਨੇ ਗੁਰੂਜੀ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ ਅਤੇ ਉਸ ਦਾ ਨਾਂ ਅਭੈ ਸਿੰਘ ਰਖਿਆ ਗਿਆ। ਜੀਵਨ ਦਾ

ਅੰਤ ਨੇੜੇ ਆਇਆ ਵੇਖ ਕੇ ਇਹ ਆਪਣੇ ਦਾਦੇ ਪ੍ਰਿਥੀ ਚੰਦ ਦੁਆਰਾ ਵਸਾਏ ਪਿੰਡ 'ਕੋਠਾ ਗੁਰੂ' ਵਿਚ ਰਹਿਣ ਲਗਿਆ। ਉਥੇ ਹੀ ਸੰਨ 1706 ਈ. ਵਿਚ ਇਸ ਦੀ ਮ੍ਰਿਤੂ ਹੋਈ ਅਤੇ ਇਸ ਦੀ ਯਾਦ ਵਿਚ ਸਮਾਧ ਬਣਾਈ ਗਈ।

**ਕ੍ਰਿਸ਼ਨ ਕੌਰ, ਮਾਤਾ** (ਮ. ਲਗਭਗ 1703 ਈ.): ਆਪ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਦੀ ਸੁਪਤਨੀ ਵਜੋਂ ਸਿੱਖ ਜਗਤ ਵਿਚ ਸਮਾਦਰਿਤ ਹਨ। ਆਪ ਦਾ ਜਨਮ ਕਦ ਹੋਇਆ ? ਇਸ ਬਾਰੇ ਇਤਿਹਾਸ ਚੁਪ ਹੈ। ਪਰ ਚੂੰਕਿ ਗੁਰੂ ਹਰਿ ਰਾਇ ਜੀ ਨਾਲ ਆਪ ਦਾ ਵਿਆਹ ਸੰਨ 1640 ਈ. (17 ਹਾੜ, 1697 ਬਿ.) ਵਿਚ ਹੋਇਆ ਸੀ ਅਤੇ ਉਸ ਵੇਲੇ ਗੁਰੂ ਜੀ ਦੀ ਆਯੂ ਦਸ ਸਾਲ ਦੀ ਸੀ, ਤਾਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਪ ਦਾ ਜਨਮ 1630 ਈ. ਦੇ ਨੇੜੇ-ਤੇੜੇ ਹੋਇਆ ਹੋ ਸਕਦਾ ਹੈ। ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦ ਸ਼ਹਿਰ) ਵਿਚ ਭਾਈ ਦਇਆ ਰਾਮ ਦੇ ਘਰ ਜਨਮੀ ਮਾਤਾ ਜੀ ਦੇ ਨਾਂ ਬਾਰੇ ਅਨੇਕ ਪ੍ਰਕਾਰ ਦੇ ਪਰਸਪਰ ਵਿਰੋਧੀ ਤੱਥ ਇਤਿਹਾਸ ਵਿਚ ਮਿਲਦੇ ਹਨ ਅਤੇ ਉਸ ਵੇਲੇ ਇਕ ਤੋਂ ਅਧਿਕ ਕੰਨਿਆਵਾਂ ਦਾ ਗੁਰੂ ਜੀ ਨਾਲ ਵਿਆਹ ਹੋਇਆ ਦਸਿਆ ਜਾਂਦਾ ਹੈ।

ਆਪ ਦੇ ਪੇਕੇ ਘਰ ਦਾ ਨਾਂ ਇਤਿਹਾਸਕਾਰਾਂ ਨੇ ਸੁਲੱਖਣੀ ਆਦਿ ਮੰਨਿਆ ਹੈ ਅਤੇ ਕ੍ਰਿਸ਼ਨ ਕੌਰ ਸਹੁਰੇ ਘਰ ਦਾ ਬਾਦ ਵਿਚ ਰਖਿਆ ਗਿਆ ਨਾਂ ਹੈ। ਆਪ ਦੇ ਪੇਕੇ ਕਸਬੇ ਦੇ ਸਥਾਨ ਬਾਰੇ ਵੀ ਅਨੇਕ ਮਤ ਪ੍ਰਚਲਿਤ ਹਨ। ਵਿਦਵਾਨਾਂ ਦਾ ਇਕ ਵਰਗ ਅਨੂਪ ਸ਼ਹਿਰ ਨੂੰ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿਚ ਮੰਨਦਾ ਹੈ ਅਤੇ ਦੂਜਾ ਧੜਾ ਪੰਜਾਬ ਵਿਚ ਗੁਜਰਾਂਵਾਲਾ ਜ਼ਿਲ੍ਹੇ ਵਿਚ ਇਸ ਦੀ ਹੋਂਦ ਦਸਦਾ ਹੈ। ਆਪ ਨੇ 7 ਜੁਲਾਈ 1656 ਈ. (8 ਸਾਵਨ, 1713 ਬਿ.) ਵਿਚ ਗੁਰੂ ਹਰਿਕ੍ਰਿਸ਼ਨ ਨੂੰ ਆਪਣੀ ਕੁੱਖੋਂ ਜਨਮ ਦਿੱਤਾ। ਬਾਬਾ ਰਾਮ ਰਾਇ ਦੀ ਸ਼ਿਕਾਇਤ ਉਤੇ ਗੁਰੂ ਜੀ ਨੂੰ ਰਾਜਾ ਜੈ ਸਿੰਘ ਨੇ ਜਦੋਂ ਦਿੱਲੀ ਨਿਮੰਤ੍ਰਿਤ ਕੀਤਾ ਤਾਂ ਆਪ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਗਏ। ਉਥੇ ਹੀ ਗੁਰੂ ਜੀ ਚੇਚਕ ਨਾਲ ਪੀੜਿਤ ਹੋਏ ਅਤੇ 30 ਮਾਰਚ 1664 ਈ. (3 ਵਿਸਾਖ, 1721 ਬਿ.) ਜੋਤੀ ਜੋਤਿ ਸਮਾ ਗਏ। ਮਾਤਾ ਜੀ ਦੀ ਮ੍ਰਿਤੂ 1760 ਬਿ. (ਸੰਨ 1703 ਈ.) ਦੇ ਨੇੜੇ-ਤੇੜੇ ਮੰਨੀ ਜਾਂਦੀ ਹੈ।

**ਕ੍ਰਿਸ਼ਨ ਲਾਲ, ਕਵੀ** : ਸਤਾਰ੍ਹਵੀਂ ਸਦੀ ਵਿਚ ਹੋਇਆ ਕ੍ਰਿਸ਼ਨ ਲਾਲ 'ਗੋਬਿੰਦ ਗੀਤਾ' ਦਾ ਰਚੈਤਾ ਹੈ। ਇਸ ਰਚਨਾ ਦੀਆਂ ਹੱਥ-ਲਿਖਤਾਂ ਪਟਿਆਲਾ ਦੀ ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਭਾਸ਼ਾ ਵਿਭਾਗ ਲਾਇਬ੍ਰੇਰੀ, ਪੰਜਾਬ ਆਰਕਾਈਵਜ਼ ਲਾਇਬ੍ਰੇਰੀ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ ਆਦਿ ਥਾਂਵਾਂ ਵਿਚ ਉਪਲਬਧ ਹਨ ਅਤੇ ਇਸ ਦੇ ਕਈ ਛਪੇ ਹੋਏ ਸੰਸਕਰਣ ਵੀ ਮਿਲਦੇ ਹਨ।

ਇਸ ਰਚਨਾ ਦੇ ਕਰਤ੍ਰਿਤਵ ਸੰਬੰਧੀ ਵਿਵਾਦ ਹੈ। ਪੂਰਵ-ਪੱਖ ਵਾਲੇ ਵਿਦਵਾਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਇਸ ਪੱਖ ਦਾ ਮੁੱਖ ਸੰਸਥਾਪਕ ਹੈ ਅਤੇ ਇਸ ਪੱਖ ਦੇ ਮੁੱਖ ਤਰਕ ਇਸ ਪ੍ਰਕਾਰ ਹਨ :

1. ਇਸ ਦਾ ਨਾਮ 'ਗੋਬਿੰਦ ਗੀਤਾ' ਹੋਣ ਕਾਰਣ ਇਸ ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਬੈਠਦਾ ਹੈ।
2. ਜਨਮ-ਸਥਾਨ, ਪਟਨਾ ਦੇ ਤੋਸ਼ਾਖ਼ਾਨੇ ਵਿਚ ਸੁਰਖਿਅਤ 'ਦਸਮ ਗ੍ਰੰਥ' ਦੀ ਪ੍ਰਾਚੀਨ ਬੀੜ ਵਿਚ ਇਹ ਰਚਨਾ 17ਵੇਂ ਨੰਬਰ 'ਤੇ ਦਰਜ ਹੈ ਅਤੇ ਇਸ ਦੇ ਸ਼ੁਰੂ ਵਿਚ ਲਿਖਿਆ ਹੈ :

*੧ੳ ਸਤਿਗੁਰ ਪ੍ਰਸਾਦ।*

*ਸ੍ਰੀ ਭਗਵੰਤ ਗੀਤਾ ਭਾਖਾ ਸਿਰੀ ਗੋਬਿੰਦ ਸਿੰਘ ਕ੍ਰਿਤ।*

3. ਪੰਜਾਬ ਆਰਕਾਈਵਜ਼ ਲਾਇਬ੍ਰੇਰੀ, ਪਟਿਆਲਾ ਵਿਚ ਇਸ ਦੀ ਸੁਰਖਿਅਤ ਹੱਥ-ਲਿਖਤ (ਨੰ.558) ਦੇ ਅੰਤ (ਪੱਤਰਾ 360) ਉਤੇ ਲਿਖਿਆ ਹੈ :
   *ਇਤਿ ਸ੍ਰੀ ਗੀਤਾ ਜੀ ਕਾ ਅਠਾਰਹਿ ਧਿਆਇ*
   *ਗੋਬਿੰਦ ਸਿੰਘ ਮੁਖ ਵਾਕ ਸੰਪੂਰਨੰ ਸੁਭੰ।*
4. ਕਈ ਉਤਾਰਿਆਂ ਦੇ ਸ਼ੁਰੂ ਵਿਚ *ਸ੍ਰੀ ਭਗਵਤ ਗੀਤਾ ਪਾਤਿਸ਼ਾਹੀ ੧੦* ਉਕਤੀ ਲਿਖੀ ਹੈ।

ਉਤਰ ਪੱਖ ਵਾਲੇ ਵਿਦਵਾਨਾਂ ਦਾ ਤਰਕ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ ਰਚਨਾ ਹੈ ਜੋ ਕਵੀ ਕ੍ਰਿਸ਼ਨ ਲਾਲ ਨੇ ਸ਼ਰਧਾ ਵਜੋਂ ਸਮਰਪਿਤ ਕੀਤੀ ਸੀ ਅਤੇ ਬਾਦ ਵਿਚ ਇਹ ਗੱਲ ਰੂੜ੍ਹ ਹੁੰਦੀ ਗਈ। ਇਸ ਰਚਨਾ ਤੋਂ ਇਲਾਵਾ ਹੋਰ ਵੀ ਕਈ ਅਜਿਹੀਆਂ ਰਚਨਾਵਾਂ 'ਸ੍ਰੀ ਪਰਮ ਮਾਰਗ', 'ਪ੍ਰੇਮ ਸੁਮਾਰਗ', 'ਸਰਬ ਲੋਹ', 'ਪਰਚੀਆਂ ਪ੍ਰੇਮ ਭਗਤਾਂ ਕੀਆਂ' (ਪ੍ਰੇਮ-ਬੋਧ) ਮਿਲਦੀਆਂ

ਹਨ ਜੋ ਨਿਸ਼ਚਿਤ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚੀਆਂ ਹੋਈਆਂ ਨਹੀਂ, ਪਰ ਉਨ੍ਹਾਂ ਦੇ ਆਰੰਭ ਵਿਚ ਕ੍ਰਮਵਾਰ 'ਪਾਤਸ਼ਾਹੀ ਦਸ ॥ ੧੦ ॥' ; 'ਪਾਤਿਸ਼ਾਹੀ ੧੦ ॥ ਤ੍ਵ ਪ੍ਰਸਾਦਿ॥' ; 'ਸ੍ਰੀ ਮੁਖ ਵਾਕ ॥ ਪਾਤਿਸਾਹੀ ੧੦ ॥' ; 'ਸ੍ਰੀ ਮੁਖਬਾਕ ਪਾਤਸਾਹੀ ਦਸਵੀਂ ॥੧੦॥' ਉਕਤੀਆਂ ਅੰਕਿਤ ਹਨ। 'ਦਸਮ-ਗ੍ਰੰਥ' ਵਿਚ ਦਰਜ ਅਤੇ 'ਸ੍ਰੀ ਮੁਖਬਾਕ ਪਾਤਿਸ਼ਾਹੀ ੧੦' ਅਥਵਾ 'ਪਾਤਿਸ਼ਾਹੀ ੧੦' ਨਾਲ ਸ਼ੁਰੂ ਹੋਣ ਵਾਲੀਆਂ ਕਈ ਬਾਣੀਆਂ ਦੇ ਕਰਤ੍ਰਿਤਵ ਵੀ ਸੰਦਿਗਧ ਹਨ ਅਤੇ ਇਸ ਸੰਬੰਧ ਵਿਚ ਮਤ-ਵਾਦ ਦਾ ਇਕ ਲੰਬਾ ਇਤਿਹਾਸ ਹੈ।

ਉਪਰੋਕਤ ਮਤ-ਵਿਰੋਧ ਤੋਂ ਇਲਾਵਾ ਇਸ ਗ੍ਰੰਥ ਦਾ ਅਧਿਐਨ ਅਤੇ ਅੰਦਰਲੀਆਂ ਗਵਾਹੀਆਂ ਪ੍ਰਮਾਣਿਤ ਕਰਦੀਆਂ ਹਨ ਕਿ ਇਹ ਰਚਨਾ ਕਵੀ ਕ੍ਰਿਸ਼ਨ ਲਾਲ ਦੀ ਹੈ। ਪੰਜਾਬ ਆਰਕਾਈਵਜ਼ ਲਾਇਬ੍ਰੇਰੀ ਦੀ ਹੱਥ-ਲਿਖਿਤ (ਨੰ.558) ਦੇ ਅੰਤ ਉਤੇ ਲਿਖਿਆ ਹੈ :

*ਗੀਤਾ ਸਰੂਪ ਕੀ ਭਾਖਾ, ਅਨੰਦਗੜ੍ਹ ਮੈ ਕੀਨ।*
*ਖ਼ਾਲਸੇ ਕੇ ਉਪਦੇਸ ਕੋ, ਕਹੀ ਕ੍ਰਿਸ਼ਨ ਪਰਬੀਨ।*

ਸਪੱਸ਼ਟ ਹੈ ਕਿ ਗੀਤਾ ਦਾ ਇਹ ਭਾਖਾ-ਸਰੂਪ ਆਨੰਦਗੜ੍ਹ ਵਿਚ ਤਿਆਰ ਕੀਤਾ ਗਿਆ ਹੈ ਅਤੇ 'ਕ੍ਰਿਸ਼ਨ' ਨਾਂ ਦੇ ਪ੍ਰਬੀਨ ਕਵੀ ਨੇ ਖ਼ਾਲਸੇ ਦੇ ਉਪਦੇਸ਼ ਲਈ ਇਸ ਦਾ ਉੱਚਾਰਣ ਕੀਤਾ ਹੈ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਦਰਬਾਰੀ ਕਵੀਆਂ ਕੋਲੋਂ ਤਿਆਰ ਕਰਵਾਏ 'ਮਹਾਭਾਰਤ' ਦੇ ਭਾਖਾ ਰੂਪਾਂਤਰ ਦੇ ਚੌਦਾਂ ਪਰਵਾਂ ਦਾ ਇਕ ਸੰਗ੍ਰਹਿ ਮੋਤੀ ਬਾਗ਼ ਲਾਇਬ੍ਰੇਰੀ ਹੱਥ-ਲਿਖਿਤ (ਨੰ.5) ਪਟਿਆਲਾ ਵਿਚ ਸੁਰਖਿਅਤ ਹੈ। ਇਨ੍ਹਾਂ ਪਰਵਾਂ ਵਿਚੋਂ 'ਭੀਖਮ ਪਰਵ' ਦਾ ਅਨੁਵਾਦ (ਪੱਤਰਾ 401 ਤੋਂ 503 ਤਕ) ਗੁਰੂ ਦਰਬਾਰ ਦੇ ਕਵੀ ਕ੍ਰਿਸ਼ਨ ਲਾਲ ਦਾ ਕੀਤਾ ਹੈ ਅਤੇ ਇਸ ਦੇ ਪੱਤਰਾ 403 ਤੋਂ 466 ਤਕ 'ਗੋਬਿੰਦ ਗੀਤਾ' ('ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ਗੀਤਾ ਗ੍ਰੰਥ ਅਠਾਰਹਿ ਅਧਿਆਇ') ਦਾ ਪਾਠ ਸੰਕਲਿਤ ਹੈ। ਇਸ ਤੱਥ ਤੋਂ ਸਪੱਸ਼ਟ ਹੈ ਕਿ 'ਗੋਬਿੰਦ ਗੀਤਾ' ਉਸੇ ਕਵੀ (ਕ੍ਰਿਸ਼ਨ ਲਾਲ) ਦੀ ਰਚਨਾ ਹੈ ਜਿਸ ਨੇ ਭੀਖਮ ਪਰਬ (ਭੀਸ਼ਮ ਪਰਵ) ਦਾ ਭਾਖਾ ਅਨੁਵਾਦ ਕੀਤਾ ਸੀ।

ਇਸ ਅਨੁਵਾਦ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਕਰਤ੍ਰਿਤਵ ਨਾਲ ਸੰਬੰਧਿਤ ਕਰਨ ਦਾ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਖ਼ਾਲਸੇ ਨੂੰ ਹਿਰਦੇ ਵਿਚ ਬਿਠਾਉਣ ਲਈ ਬਾਰ ਬਾਰ ਦਿੱਤਾ ਗਿਆ ਹੈ। ਇਸ ਲਈ ਇਹ ਰਚਨਾ ਪ੍ਰਸਿੱਧ ਭਗਵਦ-ਗੀਤਾ ਦਾ ਰੂਪਾਂਤਰਣ ਨ ਰਹਿ ਕੇ ਦਸਮ ਗੁਰੂ ਦੇ ਆਸ਼ੇ ਅਨੁਸਾਰ ਨਵ-ਸਿਰਜੀ ਗੀਤਾ ਹੈ। ਫਲਸਰੂਪ ਇਸ ਨੂੰ ਵਿਸ਼ਿਸ਼ਟ ਕਰਨ ਲਈ 'ਗੋਬਿੰਦ-ਗੀਤਾ' ਦਾ ਨਾਂ ਪ੍ਰਚਲਿਤ ਹੋ ਗਿਆ ਹੈ।

ਕਵੀ ਕ੍ਰਿਸ਼ਨ ਲਾਲ ਦੇ ਜੀਵਨ ਸੰਬੰਧੀ ਜਾਣਕਾਰੀ ਦਾ ਅਭਾਵ ਹੈ। ਡਾ. ਸਾਹਿਬ ਸਿੰਘ 'ਅਰਸ਼ੀ' ਨੇ ਆਪਣੇ ਸ਼ੋਧ-ਪ੍ਰਬੰਧ 'ਪੰਜਾਬੀ ਕ੍ਰਿਸ਼ਨ-ਕਾਵਿ ਦਾ ਮੁੱਲਾਂਕਣ' (ਪੰਨੇ 67-68) ਵਿਚ 'ਮਹਾਨਕੋਸ਼' ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਸੁਰਖਿਅਤ 'ਮਹਾਭਾਰਤ' ਦੀ ਇਕ ਹੱਥ-ਲਿਖਿਤ (ਨੰਬਰ 16) ਦੇ ਆਧਾਰ 'ਤੇ ਦਸਿਆ ਹੈ ਕਿ ਕ੍ਰਿਸ਼ਨ ਲਾਲ ਕਾਸ਼ੀ ਦੇ ਨਿਵਾਸੀ ਪੰਡਿਤ ਹਰਿ ਲਾਲ ਦਾ ਭਰਾ ਸੀ ਜੋ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ ਹੈ। ਇਹ ਸੱਤ ਭਰਾ ਸਨ ਅਤੇ ਇਨ੍ਹਾਂ ਦੇ ਪਿਤਾ ਦਾ ਨਾਂ ਗੁਲਾਬ ਰਾਇ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀਆਂ ਦੀ ਪ੍ਰੇਰਣਾ ਨਾਲ 'ਮਹਾਭਾਰਤ' ਦਾ ਅਨੁਵਾਦ ਕੀਤਾ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਪਿਛੋਂ ਵੀ ਕੁਝ ਸਾਲ ਜੀਵਿਤ ਰਿਹਾ।

ਇਹ ਰਚਨਾ 'ਭਗਵਦ-ਗੀਤਾ' ਦਾ ਭਾਵ-ਅਨੁਵਾਦ ਹੈ। ਗੀਤਾ ਦੀ ਨ ਅਧਿਆਇ-ਵੰਡ ਇਸ ਵਿਚ ਸਵੀਕਾਰੀ ਗਈ ਹੈ ਅਤੇ ਨ ਹੀ ਸ਼ਲੋਕ-ਵਾਰ ਅਨੁਵਾਦ ਕੀਤਾ ਗਿਆ ਹੈ। ਇਸ ਵਿਚ ਮੰਗਲਾਚਰਣ ਤੋਂ ਬਾਦ ਗੀਤਾ ਦੇ ਹਰ ਇਕ ਅਧਿਆਇ ਦੇ ਆਸ਼ੇ ਨੂੰ ਕਵੀ ਨੇ ਆਪਣੇ ਕਥਨ ਵਿਚ ਸਮੋਇਆ ਹੈ ਅਤੇ ਨਾਲ ਨਾਲ ਗੁਰਬਾਣੀ ਦੇ ਵਿਚਾਰਾਂ ਨੂੰ ਗੀਤਾ ਦੇ ਵਿਚਾਰਾਂ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਕਵੀ ਕੋਈ ਸਿੱਖ ਸ਼ਰਧਾਲੂ ਪ੍ਰਤੀਤ ਹੁੰਦਾ ਹੈ ਜਿਸ ਨੇ ਗੀਤਾ ਵਿਚਲੇ ਚਿੰਤਨ ਨੂੰ ਆਧਾਰ ਬਣਾ ਕੇ ਅਤੇ ਉਸ ਨੂੰ ਗੁਰਬਾਣੀ ਤੋਂ ਸੰਪੁਸ਼ਟ ਕਰਕੇ ਖ਼ਾਲਸੇ ਲਈ ਗ੍ਰਹਿਣ ਕਰਨ ਯੋਗ ਸਿਧ ਕੀਤਾ ਹੈ— *ਜੋ ਬਾਸਦੇਵ ਕਹਿਓ ਅਰਜਨ ਮਾਹਿ। ਸੋ ਉਪਦੇਸ਼ ਖ਼ਾਲਸੇ ਕੋ ਆਹਿ।* ਇਸ ਤੋਂ ਇਲਾਵਾ ਕਵੀ ਨੇ 'ਸਿੰਘ' ਅਤੇ 'ਖ਼ਾਲਸਾ' ਦੇ ਸਰੂਪ ਅਤੇ ਕਰਮਾਚਾਰ ਨੂੰ ਵੀ ਸਪੱਸ਼ਟ ਕੀਤਾ ਹੈ। ਇਸ ਵਿਚ ਖ਼ਾਲਸੇ ਦੀ ਰਹਿਤ-ਮਰਯਾਦਾ ਦੇ ਕਈ ਤੱਤ੍ਵ ਸਮੇਟੇ ਹੋਏ ਹਨ, ਜਿਵੇਂ 'ਸਿੰਘ' ਸ਼ਬਦ ਦੀ

ਵਰਤੋਂ ਦੇ ਕਾਰਣ ਅਤੇ ਉਸ ਦੇ ਪਿਛੋਕੜ ਦੀ ਵਿਆਖਿਆ ਕਰਦਿਆਂ ਦਸਮ ਗੁਰੂ ਵਲੋਂ ਲਿਖਿਆ ਹੈ:

*ਸਭੈ ਕਾ ਸਿੰਘ ਨਾਮ ਮੈਂ ਧਰਾ।*
*ਜੀਵ ਤੇ ਨਾਮ ਪਰਮਾਤਮ ਕਰਾ।*
*ਸਿੰਘ ਅਰਥ ਬੇਦੋਂ ਕੇ ਮਾਹਿ।*
*ਪਰਮ ਬ੍ਰਹਮ ਪਰਮਾਤਮ ਆਹਿ।*
*ਅਨੰਦ ਬਾਨੀ ਉਪਨਿਖਦ ਹੈ ਜੋਇ।*
*ਅਰਥ ਸਿੰਘ ਦਾ ਤਿਸ ਮੇਂ ਹੋਇ।*
*ਸਿੰਘ ਅਰਥ ਪਰਮਾਤਮ ਜਾਨੋ।*
*ਸਭ ਕੋ ਏਕ ਬ੍ਰਹਮ ਕਰਿ ਮਾਨੋ।*

ਇਸੇ ਤਰ੍ਹਾਂ ਖ਼ਾਲਸੇ ਦੇ ਵਿਅਕਤਿਤਵ ਉਤੇ ਝਾਤ ਪਾਂਦਿਆਂ ਦਸਿਆ ਹੈ :

*ਰਹੱਤ ਖ਼ਾਲਸੇ ਕੀ ਦੇਵ ਸਭਾਵ।*
*ਖ਼ਾਲਸਾ ਸੋਈ ਜੋ ਮਨ ਮੇ ਲਾਵ।*
*ਏਕ ਅਕਾਲ ਜਾਨੇ ਵਹੁ ਨੀਤ।*
*ਅਸੁਰ ਭਾਵ ਰਲਖੇ ਨਹੀ ਚੀਤ।*
*ਦੇਵ ਸੁਭਾਵ ਮੇਂ ਨਿਤ ਵਹੁ ਰਹੈ।*
*ਏਕ ਅਦ੍ਵੈਤ ਬ੍ਰਹਮ ਸਭ ਲਹੈ।*
*ਜਗਤ ਲੋਕ ਕਉ ਮੂਲ ਨ ਦੇਖੇ।*
*ਖ਼ਾਲਸਾ ਏਕੋ ਗੋਬਿੰਦ ਪੇਖੇ।*

ਕਈਆਂ ਥਾਂਵਾਂ 'ਤੇ ਉਪਦੇਸ਼ ਦੀ ਸਾਰਥਕਤਾ ਨੂੰ ਪ੍ਰਮਾਣਿਤ ਕਰਨ ਲਈ ਕਵੀ ਨੇ ਗੁਰਬਾਣੀ ਦੀਆਂ ਤੁਕਾਂ, ਕਾਵਿ-ਸਾਮਗ੍ਰੀ ਆਦਿ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਜਿਸ ਤੋਂ ਸਪੱਸ਼ਟ ਹੈ ਕਿ ਕਵੀ ਨੂੰ ਗੁਰਬਾਣੀ ਅਤੇ ਗੀਤਾ ਦੇ ਵਿਚਾਰਾਂ ਦਾ ਡੂੰਘਾ ਗਿਆਨ ਸੀ। ਕਵੀ ਨੇ ਵਿਚਾਰਧਾਰਕ ਮੋੜ-ਤੋੜ ਘਟ ਕੀਤੀ ਹੈ ਅਤੇ ਸਾਰੀ ਗੱਲ ਨੂੰ ਸਰਲ ਅਤੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਹੈ। ਸੰਖੇਪ ਵਿਚ ਕਵੀ ਦਾ ਇਹ ਯਤਨ ਰਿਹਾ ਪ੍ਰਤੀਤ ਹੁੰਦਾ ਹੈ ਕਿ ਗੁਰਬਾਣੀ ਅਤੇ ਗੀਤਾ ਦੀ ਵਿਚਾਰਧਾਰਾ ਵਿਚ ਦੂਰ ਤਕ ਸਮਾਨਤਾ ਹੈ। ਇਸ ਤਰ੍ਹਾਂ ਕਵੀ ਦਾ ਆਸ਼ਾ ਹੈ ਕਿ ਗੁਰਬਾਣੀ ਵਿਚ ਗੀਤਾ ਦੇ ਸਿੱਧਾਂਤਾਂ ਦੀ ਪੁਨਰ-ਸੰਸਥਾਪਨਾ ਹੋਈ ਹੈ। ਇਹ ਰਚਨਾ ਪ੍ਰਕਾਰਾਂਤਰ ਨਾਲ ਗੀਤਾ ਅਤੇ ਗੁਰਬਾਣੀ ਦਾ ਤੁਲਨਾਤਮਕ ਵਿਸ਼ਲੇਸ਼ਣ ਹੈ।

ਕਵੀ ਨੇ ਮੁੱਖ ਤੌਰ 'ਤੇ ਦੋਹਿਰਾ-ਚੌਪਈ ਕਾਵਿ-ਸ਼ੈਲੀ ਨੂੰ ਇਸ ਰਚਨਾ ਵਿਚ ਵਰਤਿਆ ਹੈ ਪਰ ਕਿਤੇ ਕਿਤੇ ਕਬਿੱਤ-ਸਵੈਯਾ ਸ਼ੈਲੀ ਵੀ ਅਪਣਾ ਲਈ ਗਈ ਹੈ। ਅੜਿਲ, ਸੋਰਠਾ ਆਦਿ ਛੰਦਾਂ ਦੀ ਵੀ ਵਰਤੋਂ ਹੋਈ ਹੈ। ਲਿਪੀਕਾਰਾਂ ਵਲੋਂ ਉਤਾਰਿਆਂ ਵੇਲੇ ਕੁਝ ਕੁ ਪਾਠਾਂਤਰ ਉਪਸਥਿਤ ਕਰ ਦੇਣ ਨਾਲ ਛੰਦਾਂ ਦੀ ਨਿਪੁਣਤਾ ਕਿਤੇ ਕਿਤੇ ਪ੍ਰਸ਼ਨ ਚਿੰਨ੍ਹਿਤ ਹੋਈ ਹੈ। ਉਕਤੀ-ਵਿਲਾਸ ਲਈ ਕਵੀ ਪਾਸ ਨ ਅਵਸਰ ਸੀ ਅਤੇ ਨ ਵਰਣਨ-ਵਿਸ਼ੇ ਤੋਂ ਹਟਣ ਦੀ ਕੋਈ ਲੋੜ ਸੀ। ਭਾਸ਼ਾ ਦੇ ਪੱਖੋਂ ਇਹ ਰਚਨਾ ਬ੍ਰਜ ਭਾਸ਼ਾ ਦੇ ਪ੍ਰਭਾਵ ਸਹਿਤ ਪੂਰਬੀ ਪੰਜਾਬੀ ਹੈ। ਬ੍ਰਜ ਭਾਸ਼ਾ ਦੀ ਵਰਤੋਂ ਨਾਲ ਭਾਸ਼ਾ ਬੋਝਲ ਨਹੀਂ ਹੋਈ, ਸਾਧਾਰਣ ਪੰਜਾਬੀ ਪਾਠਕ ਇਸ ਨੂੰ ਸੌਖ ਨਾਲ ਸਮਝ ਸਕਦਾ ਹੈ। ਇਸ ਦੀ ਭਾਸ਼ਾ ਤਦਭਵ-ਬਹੁਲਤਾ ਵਾਲੀ ਹੈ।

ਸਮੁੱਚੇ ਤੌਰ 'ਤੇ ਗੀਤਾ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਵਾਲੀ ਇਹ ਰਚਨਾ ਸ੍ਰੀ ਕ੍ਰਿਸ਼ਣ ਦੇ ਵਿਚਾਰਾਂ ਦਾ ਪ੍ਰਸਾਰ ਕਰਦੀ ਹੈ, ਉਨ੍ਹਾਂ ਪ੍ਰਤਿ ਭਗਤੀ-ਭਾਵਨਾ ਅਰਪਿਤ ਕਰਦੀ ਹੈ ਅਤੇ ਗੀਤਾ ਦੇ ਸਿੱਧਾਂਤਾਂ ਦੀ ਗੁਰਬਾਣੀ ਦੇ ਸੰਦਰਭ ਵਿਚ ਪ੍ਰਸੰਗਿਕਤਾ ਅਤੇ ਉਪਯੋਗਤਾ ਸਪੱਸ਼ਟ ਕਰਦੀ ਹੈ। ਕ੍ਰਿਸ਼ਣ-ਭਗਤੀ ਕਾਵਿ-ਧਾਰਾ ਵਿਚ ਇਸ ਦਾ ਮਹੱਤਵਪੂਰਣ ਸਥਾਨ ਇਸ ਕਰਕੇ ਵੀ ਹੈ ਕਿ ਇਸ ਨਾਲ ਨਵੇਂ ਸਿਰਜੇ ਜਾ ਰਹੇ ਖ਼ਾਲਸਾ ਭਾਈਚਾਰੇ ਦੇ ਸਭਿਆਚਾਰ ਵਿਚ ਅਧਿਆਤਮਿਕ ਸਮਨਵੈ ਦੀ ਰੁਚੀ ਪੈਦਾ ਕੀਤੀ ਗਈ ਹੈ।

**ਕ੍ਰਿਸ਼ਨਾਵਤਾਰ** (ਕਾਵਿ) : 'ਦਸਮ ਗ੍ਰੰਥ' ਵਿਚ ਸੰਕਲਿਤ 'ਚੌਬੀਸਾਵਤਾਰ' ਨਾਮਕ ਰਚਨਾ ਦਾ ਇਕ ਵੱਡਾਕਾਰੀ ਕਥਾ-ਪ੍ਰਸੰਗ, ਜਿਸ ਦਾ ਕ੍ਰਮਾਂਕ 21 ਹੈ। ਵੇਖੋ 'ਚੌਬੀਸਾਵਤਾਰ'।

**ਕ੍ਰਿਪਾਨ:** ਲੋਹੇ ਜਾਂ ਇਸਪਾਤ ਦਾ ਇਕ ਸ਼ਸਤ੍ਰ ਜੋ ਅੰਮ੍ਰਿਤ-ਧਾਰੀ ਸਿੰਘਾਂ ਦੇ ਪੰਜ ਕੱਕਾਰਾਂ ਵਿਚ ਸ਼ਾਮਲ ਹੈ। ਇਹ ਇਕ ਪਰੰਪਰਾਗਤ ਸ਼ਸਤ੍ਰ ਹੈ ਅਤੇ ਸਮੇਂ ਸਮੇਂ ਵਖ ਵਖ ਦੇਸ਼ਾਂ ਵਿਚ ਅਲਗ ਅਲਗ ਰੂਪਾਂ ਵਿਚ ਵਿਕਸਿਤ ਹੁੰਦਾ ਰਿਹਾ ਹੈ। ਮੱਧ-ਯੁਗ ਵਿਚ ਵਿਅਕਤੀਗਤ, ਦੁਅੰਦ ਜਾਂ ਤੁਮੁਲ ਯੁੱਧ ਵਿਚ ਇਹ ਬਹੁਤ ਉਪਯੋਗੀ ਸਿੱਧ ਹੋਇਆ ਸੀ, ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਕੱਕਾਰਾਂ ਵਿਚ ਸ਼ਾਮਲ ਕਰਕੇ ਸਿੰਘ ਨੂੰ ਹਰ ਵਕਤ ਸਸ਼ਸਤ੍ਰ ਰਹਿਣ ਲਈ ਆਦੇਸ਼ ਦਿੱਤਾ ਸੀ। ਸਿੱਖਾਂ ਵਿਚ ਇਸ ਦੇ ਮੁੱਖ ਤੌਰ 'ਤੇ ਦੋ ਰੂਪ ਪ੍ਰਚਲਿਤ ਹਨ। ਇਕ ਉਹ ਜਿਸ ਦੇ ਕੁਝ ਕੁਬੇ ਫਲ/ਫਲਕ ਦੀ ਲੰਬਾਈ ਦੋ ਤੋਂ ਤਿੰਨ ਫੁਟ ਤਕ ਦੀ ਹੁੰਦੀ ਹੈ। ਇਸ ਦਾ ਇਕ ਸਿਰਾ

ਨੋਕੀਲਾ ਅਤੇ ਦੂਜੇ ਸਿਰੇ ਉਤੇ ਮੁੱਠਾ ਹੁੰਦਾ ਹੈ ਜਿਸ ਨੂੰ ਹੱਥ ਨਾਲ ਫੜਿਆ ਜਾਂਦਾ ਹੈ ਅਤੇ ਹੱਥ ਦੀ ਸੁਰਖਿਆ ਲਈ ਉਪਰ ਪੱਖਾ ਲਗਿਆ ਹੁੰਦਾ ਹੈ। ਇਹ ਰੂਪ ਯੁੱਧ ਵੇਲੇ ਕੰਮ ਆਉਂਦਾ ਹੈ। ਦੂਜਾ ਰੂਪ ਹੈ ਮਾਮੂਲੀ ਜਿਹੇ ਕੁਬ ਸਹਿਤ ਨੌਂ ਇੰਚ ਤੋਂ ਇਕ ਫੁਟ ਫਲ/ਫਲਕ ਵਾਲਾ, ਜਿਸ ਦਾ ਇਕ ਸਿਰਾ ਨੋਕੀਲਾ ਹੁੰਦਾ ਹੈ ਅਤੇ ਦੂਜੇ ਸਿਰੇ ਉਤੇ ਮੁੱਠਾ ਹੁੰਦਾ ਹੈ। ਇਹ ਸਿੰਘਾਂ ਦੇ ਹਰ ਵਕਤ ਪਹਿਨਣ ਲਈ ਹੈ। ਸੰਕਟ ਦੀ ਘੜੀ ਵਿਚ ਇਸ ਦੀ ਵਰਤੋਂ ਛੁਰੇ ਦੇ ਰੂਪ ਵਿਚ ਕੀਤੀ ਜਾਂਦੀ ਹੈ।

ਸਮੇਂ ਦੇ ਬਦਲਣ ਨਾਲ ਕ੍ਰਿਪਾਨ ਦਾ ਛੋਟਾ ਰੂਪ ਘਟਦਾ ਗਿਆ ਅਤੇ ਇਥੋਂ ਤਕ ਘਟ ਗਿਆ ਕਿ ਕੰਘੇ ਵਿਚ ਹੀ ਜੜ ਦਿੱਤਾ ਗਿਆ। ਇਸ ਤਰ੍ਹਾਂ ਇਹ ਕੇਵਲ ਕੱਕਾਰ ਦਾ ਪ੍ਰਤੀਕ ਬਣ ਕੇ ਰਹਿ ਗਿਆ, ਮੂਲ ਭਾਵਨਾ ਉਪੇਖਿਅਤ ਹੋ ਗਈ।

**ਕ੍ਰਿਪਾ ਰਾਮ, ਪੰਡਿਤ** (ਮ. 1705 ਈ.) : ਕਸ਼ਮੀਰ ਦੇ 'ਮਟਨ' ਨਾਮਕ ਕਸਬੇ ਦੇ ਨਿਵਾਸੀ ਭਾਈ ਆੜੂ ਰਾਮ ਸਾਰਸਵਤ ਬ੍ਰਾਹਮਣ ਦੇ ਘਰ ਪੈਦਾ ਹੋਏ ਕ੍ਰਿਪਾ ਰਾਮ ਦਾ ਸਿੱਖ ਇਤਿਹਾਸ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਬੜਾ ਨਿਕਟ ਸੰਬੰਧ ਹੈ। ਰਵਾਇਤ ਅਨੁਸਾਰ ਜਦੋਂ ਗੁਰੂ ਹਰਿ ਰਾਇ ਸਾਹਿਬ ਸੰਨ 1660 ਈ. ਵਿਚ ਕਸ਼ਮੀਰ ਗਏ ਤਾਂ ਭਾਈ ਆੜੂ ਰਾਮ ਨੇ ਗੁਰੂ ਜੀ ਦੀ ਅਸੀਸ ਪ੍ਰਾਪਤ ਕੀਤੀ। ਉਦੋਂ ਤੋਂ ਇਸ ਪਰਿਵਾਰ ਦੀ ਸਿੱਖ-ਧਰਮ ਅਤੇ ਗੁਰੂ ਸਾਹਿਬਾਨ ਪ੍ਰਤਿ ਅਪਾਰ ਸ਼ਰਧਾ ਦੀ ਭਾਵਨਾ ਚਲੀ ਆ ਰਹੀ ਸੀ। ਜਦੋਂ ਔਰੰਗਜ਼ੇਬ ਬਾਦਸ਼ਾਹ ਦੁਆਰਾ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਬਲ-ਪੂਰਵਕ ਮੁਸਲਮਾਨ ਬਣਾਉਣ ਦਾ ਸੰਕਟ ਪੈਦਾ ਹੋਇਆ, ਤਾਂ ਕ੍ਰਿਪਾ ਰਾਮ ਨੇ ਇਸ ਮੁਸੀਬਤ ਤੋਂ ਨਿਜਾਤ ਪ੍ਰਾਪਤ ਕਰਨ ਲਈ ਕਸ਼ਮੀਰ ਦੇ ਬ੍ਰਾਹਮਣਾਂ ਦੀ ਇਕ ਟੋਲੀ ਸਹਿਤ ਮਈ 1675 ਈ. ਵਿਚ ਆਨੰਦਪੁਰ ਸਾਹਿਬ ਆਇਆ ਅਤੇ ਗੁਰੂ ਤੇਗ ਬਹਾਦਰ ਜੀ ਪਾਸ ਸਹਾਇਤਾ ਲਈ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਰਾਹੀਂ ਬਾਦਸ਼ਾਹ ਨੂੰ ਅਖਵਾ ਭੇਜਿਆ ਕਿ ਜੇ ਉਨ੍ਹਾਂ (ਗੁਰੂ ਸਾਹਿਬ) ਦੁਆਰਾ ਇਸਲਾਮ ਧਰਮ ਕਬੂਲ ਕਰ ਲਿਆ ਜਾਵੇ, ਤਾਂ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ। ਕ੍ਰਿਪਾ ਰਾਮ ਅਤੇ ਉਸ ਦੇ ਸਾਥੀਆਂ ਨੇ ਲਾਹੌਰ ਦੇ ਸੂਬੇ ਜ਼ਾਲਿਮ ਖ਼ਾਨ ਰਾਹੀਂ ਆਪਣੀ ਬੇਨਤੀ ਬਾਦਸ਼ਾਹ ਨੂੰ ਦਿੱਲੀ ਭਿਜਵਾਈ। ਫਲਸਰੂਪ, ਗੁਰੂ ਸਾਹਿਬ ਨੂੰ ਮੁਗਲ ਬਾਦਸ਼ਾਹ ਵਲੋਂ ਦਿੱਲੀ ਬੁਲਵਾਇਆ ਗਿਆ ਅਤੇ ਮੁਸਲਮਾਨ ਬਣਨੋਂ ਇਨਕਾਰ ਕਰਨ ਤੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਕ੍ਰਿਪਾ ਰਾਮ ਆਨੰਦਪੁਰ ਸਾਹਿਬ ਪਰਤ ਕੇ ਗੁਰੂ ਦਰਬਾਰ ਵਿਚ ਰਹਿਣ ਲਗਾ। ਕਹਿੰਦੇ ਹਨ ਕਿ ਇਸ ਨੇ ਸੰਨ 1699 ਈ. ਅੰਮ੍ਰਿਤ ਪਾਨ ਕੀਤਾ ਅਤੇ 7 ਦਸੰਬਰ 1705 ਈ. ਵਿਚ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਇਆ।

**ਕ੍ਰਿਪਾਲ ਸਿੰਘ, ਆਰਟਿਸਟ** (1923-1990 ਈ.): ਇਤਿਹਾਸਿਕ ਘਟਨਾਵਾਂ ਅਤੇ ਮਹਾਨ ਸ਼ਖ਼ਸੀਅਤਾਂ ਦੇ ਚਿੱਤਰਕਾਰ ਕ੍ਰਿਪਾਲ ਸਿੰਘ ਦਾ ਜਨਮ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਵਾੜਾ ਚੈਨ ਸਿੰਘ ਵਾਲਾ ਵਿਚ ਸ. ਭਗਤ ਸਿੰਘ ਦੇ ਘਰ ਮਾਈ ਹਰ ਕੌਰ ਦੀ ਕੁੱਖੋਂ 10 ਦਸੰਬਰ 1923 ਈ. ਨੂੰ ਹੋਇਆ। ਆਪਣੇ ਪਿੰਡ ਦੇ ਨੇੜਲੇ ਕਸਬੇ ਜ਼ੀਰਾ ਤੋਂ ਦਸਵੀਂ ਪਾਸ ਕਰਕੇ ਇਸ ਨੇ ਲਾਹੌਰ ਦੇ ਐਸ.ਡੀ. ਕਾਲਜ ਤੋਂ ਐਫ.ਐਸ-ਸੀ. (ਨਾਨ-ਮੈਡੀਕਲ) ਦੀ ਪਰੀਖਿਆ ਪਾਸ ਕੀਤੀ। ਪੜ੍ਹਾਈ ਵਿਚੇ ਛਡ ਕੇ ਸੰਨ 1942 ਈ. ਵਿਚ ਮਿਲਟਰੀ ਅਕਾਉਂਟਸ ਡਿਪਾਰਟਮੈਂਟ ਵਿਚ ਨੌਕਰੀ ਕਰ ਲਈ ਜੋ ਸੰਨ 1947 ਈ. ਤਕ ਜਾਰੀ ਰਖੀ। ਪੜ੍ਹਾਈ ਅਤੇ ਨੌਕਰੀ ਦੌਰਾਨ ਇਹ ਘਰ ਵਿਚ ਵਖ ਵਖ ਘਟਨਾਵਾਂ ਜਾਂ ਵਿਅਕਤੀਆਂ ਦੇ ਚਿੱਤਰ ਜਾਂ ਖ਼ਾਕੇ ਖਿਚਦਾ ਰਹਿੰਦਾ ਸੀ।

ਦੇਸ਼ ਵੰਡ ਵੇਲੇ ਸੰਨ 1947 ਈ. ਵਿਚ ਇਹ ਲਾਹੌਰੋਂ ਜਲੰਧਰ ਆ ਟਿਕਿਆ ਅਤੇ ਚਿੱਤਰਕਾਰੀ ਨੂੰ ਰੋਜ਼ੀ ਦੇ ਸਾਧਨ ਵਜੋਂ ਅਪਣਾ ਲਿਆ। ਸੰਨ 1952 ਈ. ਵਿਚ ਇਹ ਕਿਸਮਤ ਆਜ਼ਮਾਈ ਲਈ ਦਿੱਲੀ ਚਲਾ ਗਿਆ, ਪਰ ਜਲਦੀ ਕਰਨਾਲ ਜ਼ਿਲ੍ਹੇ ਦੇ ਇੰਦਰੀ ਨਾਮਕ ਕਸਬੇ ਵਿਚ ਰਹਿ ਕੇ ਚਿੱਤਰ ਬਣਾਉਣ ਲਗਿਆ। ਇਸ ਦੇ ਚਿੱਤਰਾਂ ਦੀਆਂ ਕੁਝ ਕਾਲਜਾਂ ਵਿਚ ਨੁਮਾਇਸ਼ਾਂ ਵੀ ਲਗੀਆਂ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਪਰਿਸਰ ਵਿਚ ਸੈਂਟ੍ਰਲ ਸਿੱਖ ਅਜਾਇਬ ਘਰ ਲਈ ਅੰਮ੍ਰਿਤਸਰ ਬੁਲਾ ਲਿਆ। ਪਰ ਸੰਨ 1962 ਈ. ਵਿਚ ਦਿੱਲੀ ਚਲਾ ਗਿਆ। ਉਥੇ ਇਸ ਨੇ ਬੰਗਲਾ ਸਾਹਿਬ ਗੁਰਦੁਆਰੇ ਲਈ ਅਨੇਕ ਚਿੱਤਰ ਬਣਾਏ ਅਤੇ ਸਿੱਖ ਰੈਜਮੈਂਟ ਸੈਂਟਰ ਲਈ ਵੀ ਕਈ ਚਿੱਤਰ ਤਿਆਰ ਕੀਤੇ। ਦਿੱਲੀ ਦੀ ਠਹਿਰ ਦੌਰਾਨ ਇਹ ਡਾ.

ਮਹਿੰਦਰ ਸਿੰਘ ਰੰਧਾਵਾ ਦੇ ਸੰਪਰਕ ਵਿਚ ਆਇਆ ਅਤੇ ਉਸ ਦੇ ਸੁਝਾਉ 'ਤੇ ਸੰਨ 1967 ਈ. ਵਿਚ ਚੰਡੀਗੜ੍ਹ ਸਥਾਈ ਤੌਰ 'ਤੇ ਜਾ ਵਸਿਆ। ਉਥੇ ਇਸ ਨੇ ਮਿਊਜ਼ੀਅਮ ਆਫ਼ ਸਾਇੰਸ ਤੋਂ ਇਲਾਵਾ ਕਈ ਸੈਨਿਕ ਲੜਾਈਆਂ ਦੇ ਚਿੱਤਰ ਬਣਾਏ ਅਤੇ ਫਿਰ ਐਂਗਲੋ-ਸਿੱਖ-ਵਾਰਜ਼-ਮੈਮੋਰੀਅਲ ਲਈ 20' x 10' ਆਕਾਰ ਵਾਲੇ ਚਿੱਤਰ ਬਣਾ ਕੇ ਵੱਡੇ ਚਿੱਤਰਾਂ ਦੀ ਪਰੰਪਰਾ ਦਾ ਵਿਕਾਸ ਕੀਤਾ। ਇਨ੍ਹਾਂ ਤੋਂ ਇਲਾਵਾ ਗੁਰੂ ਤੇਗ ਬਹਾਦਰ ਮਿਊਜ਼ੀਅਮ, ਆਨੰਦਪੁਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਮੈਮੋਰੀਅਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰਦੁਆਰਾ ਮੈਹਦੇਆਣਾ ਸਾਹਿਬ ਜਗਰਾਉਂ ਅਤੇ ਗ਼ਦਰ ਪਾਰਟੀ ਮੈਮੋਰੀਅਲ ਮਿਊਜ਼ੀਅਮ ਲਈ ਵੀ ਅਨੇਕ ਚਿੱਤਰ ਬਣਾਏ। ਇਸ ਤਰ੍ਹਾਂ ਇਸ ਦੇ ਬਣਾਏ ਚਿੱਤਰ ਦੇਸ਼ ਵਿਦੇਸ਼ ਵਿਚ ਲੋਕਾਂ ਦੇ ਘਰਾਂ, ਗੁਰਦੁਆਰਿਆਂ ਅਤੇ ਸੰਸਥਾਵਾਂ ਦੇ ਸ਼ਿੰਗਾਰ ਬਣੇ ਹੋਏ ਹਨ। ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਇਸ ਨੇ ਬੜੀ ਰੁਚੀ ਨਾਲ ਚਿਤਰਿਆ ਹੈ।

ਕਾਲੇ ਬਸਤ੍ਰਾਂ ਵਿਚ ਮਲਬੂਸ ਸ. ਕ੍ਰਿਪਾਲ ਸਿੰਘ ਨੂੰ ਸੰਨ 1981 ਈ. ਵਿਚ ਪੰਜਾਬ ਆਰਟਸ ਕੌਂਸਲ ਵਲੋਂ ਸ਼੍ਰੇਸ਼ਠ ਚਿੱਤਰਕਾਰ ਵਜੋਂ ਸਨਮਾਨਿਤ ਕੀਤਾ ਗਿਆ। 26 ਅਪ੍ਰੈਲ 1990 ਨੂੰ ਇਸ ਦਾ ਦੇਹਾਂਤ ਹੋ ਗਿਆ।

**ਕ੍ਰਿਪਾਲ ਸਿੰਘ, ਗਿਆਨੀ** (1918-1993 ਈ.): ਇਕ ਸਿੱਖ ਧਰਮ-ਸ਼ਾਸਤ੍ਰੀ ਅਤੇ ਪ੍ਰਚਾਰਕ ਜਿਸ ਦਾ ਜਨਮ 10 ਜੂਨ 1918 ਈ. ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਵੈਰੋਕੇ ਵਿਚ ਭਾਈ ਮੱਲ ਸਿੰਘ ਬਰਾੜ ਦੇ ਘਰ ਬੀਬੀ ਰਾਮ ਕੌਰ ਦੀ ਕੁੱਖੋਂ ਹੋਇਆ। ਇਸ ਨੇ ਅੱਠਵੀਂ ਜਮਾਤ ਤਕ ਪੜ੍ਹਾਈ ਕੀਤੀ ਅਤੇ ਅਧਿਕਤਰ ਸਮਾਂ ਗੁਰੂ ਗ੍ਰੰਥ ਸਾਹਿਬ ਦੇ ਪਾਠੀ ਵਜੋਂ ਬਿਤਾਇਆ। ਸੰਨ 1939 ਈ. ਵਿਚ ਇਸ ਨੇ ਸੰਤ ਗੁਰਬਚਨ ਸਿੰਘ ਖ਼ਾਲਸਾ ਦੇ ਜੱਥੇ ਵਿਚ ਪ੍ਰਵੇਸ਼ ਕੀਤਾ ਅਤੇ ਸਿੱਖ ਧਰਮ ਪੁਸਤਕਾਂ, ਇਤਿਹਾਸ ਅਤੇ ਦਰਸ਼ਨ ਦਾ ਅਧਿਐਨ ਕੀਤਾ। ਸੰਨ 1944 ਈ. ਤੋਂ ਇਸ ਨੇ ਗੁਰਮਤਿ ਪ੍ਰਚਾਰ ਲਈ ਆਪਣਾ ਸੁਤੰਤਰ ਜੱਥਾ ਬਣਾਇਆ ਅਤੇ ਨਾਲ ਨਾਲ ਅਕਾਲੀ ਦਲ ਦੀਆਂ ਕਾਰਵਾਈਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਸੰਨ 1954 ਈ. ਵਿਚ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਅਕਾਲੀ ਜੱਥੇ ਦਾ ਜਨਰਲ ਸਕੱਤਰ ਬਣਿਆ।

2 ਅਪ੍ਰੈਲ 1958 ਈ. ਵਿਚ ਇਸ ਨੂੰ ਹਰਿਮੰਦਿਰ ਸਾਹਿਬ ਦਾ ਗ੍ਰੰਥੀ ਥਾਪਿਆ ਗਿਆ। ਸੰਨ 1962 ਈ. ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਅਤੇ ਹੋਰ ਅਕਾਲੀ ਲੀਡਰਾਂ ਵਿਰੁੱਧ ਅਨੁਸ਼ਾਸਕੀ ਕਾਰਵਾਈ ਕਰਨ ਲਈ ਬਣਾਈ ਗਈ ਨਿਆਇਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਸੰਨ 1963 ਈ. ਵਿਚ ਇਸ ਨੂੰ ਲਗਭਗ ਦੋ ਸਾਲਾਂ ਲਈ ਅਕਾਲ ਤਖ਼ਤ ਦਾ ਕਾਰਜਕਾਰੀ ਜੱਥੇਦਾਰ ਬਣਾਇਆ ਗਿਆ। ਜੂਨ 1973 ਈ. ਤੋਂ ਇਹ ਦਸ ਸਾਲ ਹਰਿਮੰਦਿਰ ਸਾਹਿਬ ਦਾ ਮੁੱਖ ਗ੍ਰੰਥੀ ਰਿਹਾ। ਬਾਦ ਵਿਚ ਇਸ ਨੂੰ ਅਕਾਲ ਤਖ਼ਤ ਦਾ ਜੱਥੇਦਾਰ ਬਣਾਇਆ ਗਿਆ। ਸੰਨ 1986 ਈ. ਦੇ ਅੰਤ ਵਿਚ ਇਸ ਨੇ ਜੱਥੇਦਾਰੀ ਤੋਂ ਤਿਆਗ ਪੱਤਰ ਦੇ ਦਿੱਤਾ। ਨੀਲਾ ਤਾਰਾ ਸਾਕਾ ਇਸ ਦੇ ਜੱਥੇਦਾਰੀ-ਕਾਲ ਵਿਚ ਵਾਪਰਿਆ ਅਤੇ ਇਸ ਬਾਰੇ ਇਸ ਨੇ ਕਈ ਸੰਦਿਗਧ ਬਿਆਨ ਦਿੱਤੇ। ਇਸ ਨੇ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਦੀ ਛੇ ਸੈਂਚੀਆਂ ਵਿਚ ਵਿਆਖਿਆ ਕੀਤੀ ਅਤੇ ਪੰਜਾਬੀ ਪ੍ਰਯਾਯਾਂ ਦਾ 'ਸਮ ਅਰਥ ਕੋਸ਼' ਤਿਆਰ ਕੀਤਾ। ਸਿੱਖ ਇਤਿਹਾਸ ਅਤੇ ਧਰਮ ਬਾਰੇ ਇਸ ਨੂੰ ਕਾਫ਼ੀ ਗੰਭੀਰ ਜਾਣਕਾਰੀ ਸੀ। 26 ਜੁਲਾਈ 1993 ਈ. ਵਿਚ ਇਸ ਦੀ ਅੰਮ੍ਰਿਤਸਰ ਵਿਚ ਮ੍ਰਿਤੂ ਹੋ ਗਈ।

**ਕ੍ਰਿਪਾਲ ਸਿੰਘ, ਚੀਫ਼ੀਆ** (1917-2002 ਈ.): ਸਮਾਜਿਕ ਭਲਾਈ ਨੂੰ ਸਮਰਪਿਤ ਸ. ਕ੍ਰਿਪਾਲ ਸਿੰਘ ਦਾ ਜਨਮ 17 ਜਨਵਰੀ 1917 ਈ. ਨੂੰ ਸਿਆਲਕੋਟ ਜ਼ਿਲ੍ਹੇ ਦੀ ਨਾਰੋਵਾਲ ਤਹਿਸੀਲ ਦੇ ਪਿੰਡ ਸਨਖਤਰਾ ਵਿਚ ਸ. ਉਤਮ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਇਸ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਬਚਪਨ ਵਿਚ ਹੀ ਉਠ ਗਿਆ ਅਤੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦੀ ਜੈ ਕੌਰ ਨੇ ਨਿਭਾਈ। ਛੋਟੀ ਉਮਰ ਤੋਂ ਹੀ ਪੜ੍ਹਾਈ ਦੌਰਾਨ ਇਸ ਦੀ ਰੁਚੀ ਸਿਆਸੀ ਕੰਮਾਂ ਵਲ ਹੋਣ ਲਗ ਗਈ ਅਤੇ 18 ਵਰ੍ਹਿਆਂ ਨੂੰ ਅਪੜਦਿਆਂ ਇਹ ਕਾਂਗ੍ਰਸ ਪਾਰਟੀ ਦਾ ਮੈਂਬਰ ਬਣ ਗਿਆ। ਇਸ ਨੇ 'ਭਾਰਤ ਛਡੋ ਅੰਦੋਲਨ' ਦੌਰਾਨ ਗ੍ਰਿਫ਼ਤਾਰੀ ਦਿੱਤੀ ਅਤੇ 6 ਮਹੀਨੇ ਕੈਦ ਕਟੀ।

ਸੰਨ 1947 ਈ. ਵਿਚ ਪੰਜਾਬ ਦੀ ਵੰਡ ਤੋਂ ਬਾਦ ਇਹ ਪਰਿਵਾਰ ਸਹਿਤ ਅੰਮ੍ਰਿਤਸਰ ਆ ਟਿਕਿਆ ਅਤੇ ਪਾਕਿਸਤਾਨ ਤੋਂ ਆਉਂਦੇ ਲੁਟੇ-ਪੁਟੇ ਅਤੇ ਬੇਘਰ ਹੋਏ ਲੋਕਾਂ

ਨੂੰ ਮੁੜ ਵਸਾਉਣ ਵਿਚ ਇਸ ਨੇ ਦਿਨ-ਰਾਤ ਇਕ ਕਰ ਦਿੱਤੀ। ਫਿਰ ਇਹ ਸਥਾਈ ਤੌਰ 'ਤੇ ਅੰਮ੍ਰਿਤਸਰ ਵਿਚ ਹੀ ਵਸ ਗਿਆ ਅਤੇ ਲੋਕ-ਸੇਵਾ ਵਿਚ ਤਨੋ-ਮਨੋ ਜੁਟ ਗਿਆ। ਸ਼ਰਣਾਰਥੀਆਂ ਵਿਚ ਇਸ ਦੀ ਬਹੁਤ ਹੀ ਇਜ਼ਤ ਸੀ। ਇਸ ਲੋਕ-ਮਾਨਤਾ ਕਾਰਣ ਇਹ ਸੰਨ 1948 ਈ. ਤੋਂ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਦਾ ਬਿਨਾ ਮੁਕਾਬਲਾ ਮੈਂਬਰ ਨਿਰਵਾਚਿਤ ਹੁੰਦਾ ਰਿਹਾ ਅਤੇ ਸੰਨ 1972 ਈ. ਤੋਂ 1974 ਈ. ਤਕ ਪ੍ਰਧਾਨ ਵੀ ਰਿਹਾ।

ਸੰਨ 1952 ਈ. ਵਿਚ ਜਦੋਂ ਇਸ ਨੇ ਕਾਂਗ੍ਰਸ ਪਾਰਟੀ ਵਿਚ ਸਿੱਧਾਂਤਿਕ ਘੁਟਨ ਮਹਿਸੂਸ ਕੀਤੀ ਤਾਂ ਉਸ ਪਾਰਟੀ ਨੂੰ ਛਡ ਕੇ ਸੋਸ਼ਲਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ। ਸੰਨ 1975 ਈ. ਵਿਚ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦਾ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਵਿਰੋਧ ਕੀਤਾ ਅਤੇ 19 ਮਹੀਨੇ ਕੈਦ ਕਟੀ। ਸੰਨ 1969 ਈ. ਵਿਚ ਇਹ ਸੋਸ਼ਲਿਸਟ ਪਾਰਟੀ ਦੇ ਟਿਕਟ ਉਤੇ ਪੰਜਾਬ ਵਿਧਾਨ ਸਭਾ ਦਾ ਮੈਂਬਰ ਨਿਰਵਾਚਿਤ ਹੋਇਆ। ਸੰਨ 1977 ਅਤੇ 1985 ਈ. ਵਿਚ ਇਹ ਜਨਤਾ ਪਾਰਟੀ ਦੇ ਟਿਕਟ ਉਤੇ ਫਿਰ ਦੋ ਬਾਰ ਵਿਧਾਨ ਸਭਾ ਦਾ ਮੈਂਬਰ ਬਣਿਆ। ਸੰਨ 1989 ਈ. ਦੀਆਂ ਲੋਕ ਸਭਾ ਚੋਣਾਂ ਵਿਚ ਇਹ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ। ਵਿਧਾਨ ਸਭਾ ਅਤੇ ਲੋਕ ਸਭਾ ਵਿਚ ਇਸ ਨੇ ਦੇਸ਼ ਦੀਆਂ ਅਨੇਕ ਸਮਸਿਆਵਾਂ ਬਾਰੇ ਯਾਦਗਾਰੀ ਅਤੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ।

ਸਿੱਖ ਸਮਾਜ ਦੀ ਧਾਰਮਿਕ ਅਤੇ ਸਭਿਆਚਾਰਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਇਸ ਨੇ ਵਿਦਿਆ ਪ੍ਰਸਾਰ ਵਿਚ ਬਹੁਤ ਰੁਚੀ ਵਿਖਾਈ ਅਤੇ ਚੀਫ਼ ਖ਼ਾਲਸਾ ਦੀਵਾਨ ਦੇ 17 ਵਰ੍ਹੇ ਪ੍ਰਧਾਨ ਰਿਹਾ। ਜਿਸ ਕਰਕੇ ਇਸ ਨਾਲ 'ਚੀਫ਼ੀਆ' ਵਿਸ਼ੇਸ਼ਣ ਸਥਾਈ ਤੌਰ 'ਤੇ ਜੁੜ ਗਿਆ। ਇਸ ਨੇ ਪੂਰੀ ਰੁਚੀ ਲੈ ਕੇ ਚੀਫ਼ ਖ਼ਾਲਸਾ ਦੀਵਾਨ ਵਲੋਂ ਚਲਾਏ ਜਾਂਦੇ ਸਕੂਲਾਂ ਨੂੰ ਆਦਰਸ਼ ਰੂਪ ਪ੍ਰਦਾਨ ਕੀਤਾ। ਉਨ੍ਹਾਂ ਦੀ ਮਾਇਕ ਧਰਾਤਲ ਮਜ਼ਬੂਤ ਕੀਤਾ ਅਤੇ ਕਾਨਫ੍ਰੰਸਾਂ ਕਰਕੇ ਲੋਕਾਂ ਦੇ ਮਨ ਵਿਚ ਵਿਦਿਆ ਦੇ ਮਹੱਤਵ ਨੂੰ ਉਜਾਗਰ ਕੀਤਾ। 20 ਅਗਸਤ 2002 ਈ. ਵਿਚ ਉਸ ਦਾ ਜਲੰਧਰ ਵਿਚ ਦੇਹਾਂਤ ਹੋ ਗਿਆ। ਉਸ ਨੂੰ ਗ਼ਰੀਬਾਂ, ਨਿਆਸਰਿਆਂ ਅਤੇ ਲੋੜਵੰਦਾਂ ਦਾ ਮਸੀਹਾ ਸਮਝਿਆ ਜਾਂਦਾ ਸੀ ਕਿਉਂਕਿ ਉਹ ਹਰ ਇਕ ਦੇ ਗ਼ਮ ਵਿਚ ਸ਼ਰੀਕ ਹੁੰਦਾ ਅਤੇ ਬਿਨਾ ਮਜ਼ਬੋ-ਮਿਲਤ ਹਰ ਇਕ ਦੇ ਕੰਮ ਆਉਣ ਵਾਲਾ ਨਿਰਛਲ ਵਿਅਕਤੀ ਸੀ। ਲੋਕ-ਸੇਵਕ ਵਜੋਂ ਬਣਿਆ ਉਸ ਦਾ ਬਿੰਬ ਉਸ ਦੀ ਮ੍ਰਿਤੂ ਤੋਂ ਬਾਦ ਵੀ ਕਾਇਮ ਹੈ।

**ਕ੍ਰਿਪਾਲ ਚੰਦ** : ਗੁਰੂ ਹਰਿਰਾਇ ਜੀ ਦੀ ਸੈਨਾ ਵਿਚ ਇਕ ਅਦੁੱਤੀ ਯੋਧੇ ਵਜੋਂ ਸੇਵਾ ਕਰਨ ਵਾਲਾ ਭਾਈ ਕ੍ਰਿਪਾਲ ਚੰਦ ਸਿੱਖ ਇਤਿਹਾਸ ਵਿਚ ਮਾਮਾ ਕ੍ਰਿਪਾਲ ਚੰਦ ਵਜੋਂ ਪ੍ਰਸਿੱਧ ਹੋਇਆ ਕਿਉਂਕਿ ਇਹ ਮਾਤਾ ਗੁਜਰੀ ਦਾ ਭਰਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਮਾਮਾ ਸੀ। ਇਸ ਨੇ ਬਕਾਲੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਉਦੋਂ ਰਖਿਆ ਕੀਤੀ ਜਦੋਂ ਧੀਰ ਮੱਲ ਸੋਢੀ ਦੇ ਸੀਹਾਂ ਨਾਮਕ ਮਸੰਦ ਨੇ ਗੁਰੂ ਜੀ ਉਤੇ ਬੰਦੂਕ ਚਲਾ ਕੇ ਪ੍ਰਾਣ ਲੈਣੇ ਚਾਹੇ ਸਨ। ਗੁਰੂ ਤੇਗ ਬਹਾਦਰ ਜੀ ਦੀ ਪੂਰਬ ਦੀ ਯਾਤ੍ਰਾ ਵੇਲੇ ਇਹ ਨਾਲ ਸੀ ਅਤੇ ਜਦੋਂ ਗੁਰੂ ਜੀ ਬੰਗਾਲ ਅਤੇ ਆਸਾਮ ਨੂੰ ਗਏ ਤਾਂ ਇਸ ਨੇ ਪਟਨਾ ਨਗਰ ਵਿਚ ਰਹਿ ਕੇ ਗੁਰੂ-ਪਰਿਵਾਰ ਦੀ ਦੇਖ-ਭਾਲ ਕੀਤੀ। ਪਟਨੇ ਤੋਂ ਗੁਰੂ ਤੇਗ ਬਹਾਦਰ ਜੀ ਦੇ ਪਰਿਵਾਰ ਨੂੰ ਲੈ ਕੇ ਇਹ ਆਨੰਦਪੁਰ ਆਇਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਦ ਬਾਲਕ ਗੋਬਿੰਦ ਰਾਇ ਜੀ ਦੀ ਸਰਪ੍ਰਸਤੀ ਕੀਤੀ। ਇਸ ਨੇ ਆਪਣੀ ਯੁੱਧ-ਪ੍ਰਵੀਣਤਾ ਦਾ ਪਰਿਚਯ ਭੰਗਾਣੀ ਦੇ ਯੁੱਧ ਵਿਚ ਦਿੱਤਾ, ਜਿਸ ਬਾਰੇ 'ਬਚਿਤ੍ਰ ਨਾਟਕ', ਵਿਚ ਲਿਖਿਆ ਹੈ— *ਤਹਾ ਮਾਤੁਲੇਯੰ ਕ੍ਰਿਪਾਲੰ ਕ੍ਰੁਧੰ। ਛਕਿਯੋ ਛੋਭ ਛਤ੍ਰੀ ਕਰਿਯੋ ਜੁਧ ਸੁਧੰ। ਸਹੇ ਦੇਹ ਆਪੰ ਮਹਾਬੀਰ ਬਾਣੰ। ਕਰਿਯੋ ਖਾਨ ਬਾਨੀਨ ਖਾਲੀ ਪਲਾਣੰ।* (8/9

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਵੀ ਇਹ ਜੀਉਂਦਾ ਰਿਹਾ ਅਤੇ ਅੰਮ੍ਰਿਤਸਰ ਵਿਚ ਗੁਰੂ-ਧਾਮਾਂ ਦੀ ਸੇਵਾ ਕਰਦਾ ਰਿਹਾ। ਇਸ ਦੇ ਜਨਮ ਅਤੇ ਦੇਹਾਂਤ ਬਾਰੇ ਸਿੱਖ-ਇਤਿਹਾਸ ਵਿਚ ਤੱਥਾਂ ਦਾ ਅਭਾਵ ਹੈ।

**ਕ੍ਰਿਪਾਲ ਦਾਸ (ਸਿੰਘ) ਭੱਲਾ, ਬਾਵਾ** : ਸਾਰੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਵਾਰਤਕ ਵਿਚ ਲਿਖੇ ਸਾਖੀ ਸੰਗ੍ਰਹਿ ਦਾ ਰਚੈਤਾ। ਵੇਖੋ 'ਮਹਿਮਾ ਪ੍ਰਕਾਸ਼ (ਵਾਰਤਕ)'।

**ਕ੍ਰਿਪਾਲ ਦਾਸ, ਮਹੰਤ** : ਇਕ ਉਦਾਸੀ ਧਰਮ-ਸਾਧਕ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ ਵਿਚ ਸੰਨ 1688 ਈ.

ਵਿਚ ਪਾਉਂਟਾ ਸਾਹਿਬ ਆਇਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਭੰਗਾਣੀ ਦੇ ਯੁੱਧ ਦੀ ਸੰਭਾਵਨਾ ਬਣ ਗਈ। ਇਸ ਦੇ ਸਾਰੇ ਚੇਲੇ ਪਾਉਂਟਾ ਸਾਹਿਬ ਤੋਂ ਰਾਤ ਵੇਲੇ ਖਿਸਕ ਗਏ, ਪਰ ਇਹ ਉਥੇ ਹੀ ਰਿਹਾ। ਯੁੱਧ-ਕਲਾ ਵਿਚ ਪ੍ਰਵੀਣ ਨ ਹੋਣ ਤੇ ਵੀ ਇਸ ਨੇ ਭੰਗਾਣੀ ਦੇ ਯੁੱਧ ਵਿਚ ਭਾਗ ਲਿਆ। ਹਯਾਤ ਖ਼ਾਨ ਪਠਾਣ ਨਾਲ ਇਸ ਦਾ ਦੁਅੰਦ ਯੁੱਧ ਹੋਇਆ। ਉਸ ਨੇ ਇਸ ਉਤੇ ਤਲਵਾਰ ਦਾ ਵਾਰ ਕੀਤਾ ਜੋ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਉਪਰ ਸਹਾਰਿਆ। ਫਿਰ ਇਸ ਨੇ ਬੜੇ ਜੋਸ਼ ਵਿਚ ਆ ਕੇ ਆਪਣਾ ਕੁਤਕਾ ਹਯਾਤ ਖ਼ਾਨ ਦੇ ਸਿਰ ਵਿਚ ਇਤਨੇ ਜ਼ੋਰ ਨਾਲ ਮਾਰਿਆ ਕਿ ਉਸ ਦੀ ਖੋਪਰੀ ਚਕਨਾਚੂਰ ਹੋ ਗਈ। ਇਸ ਦਾ ਬਿਆਨ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਹੋਇਆ ਹੈ — *ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ ਹਯਾਤ ਕੇ ਸੀਸ ਝਾਰੀ। ਉਠੀ ਛਿਛ ਇਛੰ ਕਢਾ ਮੇਜ ਜੋਰੰ। ਮਨੋ ਮਖਨੰ ਮਟਕੀ ਕਾਨ੍ਹ ਫੋਰੰ।*(8/7)

ਭੰਗਾਣੀ ਦੇ ਯੁੱਧ ਤੋਂ ਬਾਦ ਇਹ ਆਪਣੇ ਪਿੰਡ ਹੇਹਰ ਦੀ ਗੱਦੀ ਉਤੇ ਆ ਟਿਕਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਉਚ ਦੇ ਪੀਰ ਰੂਪ ਵਿਚ ਮਾਛੀਵਾੜੇ ਤੋਂ ਨਿਕਲ ਕੇ ਹੇਹਰ ਪਹੁੰਚੇ, ਤਾਂ ਇਸ ਮਹੰਤ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਜਾਣ ਵੇਲੇ ਇਸ ਨੇ ਗੁਰੂ ਸਾਹਿਬ ਦੇ ਪਲੰਘ ਨੂੰ ਅਗਲੇ ਪੜਾਅ ਤਕ ਚੁਕੀ ਰਖਿਆ। ਇਸ ਦੇ ਜਨਮ ਮਰਨ ਬਾਰੇ ਤੱਥਾਂ ਦੀ ਘਾਟ ਹੈ।

**ਕ੍ਰੋਧ** : ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਤੋਂ ਬਚਣ ਦਾ ਬਾਰ ਬਾਰ ਜ਼ਿਕਰ ਆਇਆ ਹੈ, ਉਨ੍ਹਾਂ ਵਿਚ 'ਕ੍ਰੋਧ' ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਮਨ ਦੀ ਅਜਿਹੀ ਬਿਰਤੀ ਹੈ ਜਿਸ ਕਰਕੇ ਮਨੁੱਖ ਕਿਸੇ ਕਾਰਣ ਜਾਂ ਉਕਸਾਹਟ ਜਾਂ ਸੰਜਮ ਦੇ ਅਭਾਵ ਕਰਕੇ ਆਪਣਾ ਮਾਨਸਿਕ ਸੰਤੁਲਨ ਖੋਹ ਬਹਿੰਦਾ ਹੈ। ਉਸ ਅੰਦਰ ਵਿਨਾਸ਼ਕਾਰੀ ਰੁਚੀਆਂ ਸਿਰ ਚੁਕ ਲੈਂਦੀਆਂ ਹਨ, ਫਿਰ ਉਸ ਨੂੰ ਕੁਝ ਪਤਾ ਨਹੀਂ ਲਗਦਾ ਕਿ ਉਹ ਕੀ ਕਰ ਰਿਹਾ ਹੈ ਅਤੇ ਉਸ ਦਾ ਕੀ ਨਤੀਜਾ ਨਿਕਲੇਗਾ। ਇਕ ਕਿਸਮ ਦਾ ਪਾਗਲਪਨ ਉਸ ਉਤੇ ਸਵਾਰ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਗਉੜੀ ਰਾਗ ਵਿਚ ਸਪੱਸ਼ਟ ਕਿਹਾ ਹੈ ਕਿ ਕ੍ਰੋਧ ਨਾਲ ਗਿਆਨਹੀਨਤਾ ਦੀ ਅਵਸਥਾ ਪੈਦਾ ਹੋ ਜਾਂਦੀ ਹੈ, ਸੁੱਧ-ਬੁੱਧ ਵਿਸਰ ਜਾਂਦੀ ਹੈ ਅਤੇ ਉਸ ਨਾਲ ਕੁਝ ਵਸ ਨਹੀਂ ਚਲਦਾ— *ਕਠਿਨ ਕ੍ਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ। ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।*(ਗੁ.ਗ੍ਰੰ.219)। ਇਸ ਨੂੰ ਗੁਰਬਾਣੀ ਵਿਚ 'ਚੰਡਾਲ' ਤਕ ਕਿਹਾ ਗਿਆ ਹੈ ਅਤੇ ਕ੍ਰੋਧੀ ਵਿਅਕਤੀ ਦੇ ਸੰਪਰਕ ਨੂੰ ਤਿਆਗਣ ਉਤੇ ਬਲ ਦਿੱਤਾ ਗਿਆ ਹੈ— *ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲਾ।*(ਗੁ.ਗ੍ਰੰ. 40)।

ਪੰਜ ਵਿਕਾਰਾਂ ਤੋਂ ਕਈ ਪ੍ਰਕਾਰ ਦੇ ਮਾਨਸਿਕ ਅਤੇ ਸ਼ਰੀਰਿਕ ਰੋਗ ਲਗ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ 'ਓਅੰਕਾਰ' ਬਾਣੀ ਵਿਚ ਦਸਿਆ ਹੈ ਕਿ ਇਹ ਰੋਗ ਸ਼ਰੀਰ ਨੂੰ ਇਸ ਤਰ੍ਹਾਂ ਗਾਲ ਦਿੰਦੇ ਹਨ ਜਿਵੇਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ— *ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੁਹਾਗਾ ਢਾਲੈ।*(ਗੁ.ਗ੍ਰੰ. 932)। ਬਾਬਾ ਫ਼ਰੀਦ ਨੇ ਵੀ ਕਿਹਾ ਹੈ ਕਿ ਮਨ ਵਿਚ ਗੁੱਸਾ (ਕ੍ਰੋਧ) ਕਰਨ ਦੀ ਥਾਂ ਬੁਰੇ ਦਾ ਵੀ ਭਲਾ ਕਰਨਾ ਚਾਹੀਦਾ ਹੈ, ਕਿਉਂਕਿ ਇਸ ਨਾਲ ਨ ਕੇਵਲ ਸ਼ਰੀਰ ਹੀ ਨਿਰੋਗ ਰਹਿੰਦਾ ਹੈ, ਸਗੋਂ ਚੰਗੇ ਕਰਮ ਕਰਨ ਦੀ ਫਲ-ਪ੍ਰਾਪਤੀ ਵੀ ਹੁੰਦੀ ਹੈ— *ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ। ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।*(ਗੁ.ਗ੍ਰੰ. 1381-82)।

ਗੁਰਬਾਣੀ ਵਿਚ ਕ੍ਰੋਧ ਤੋਂ ਬਚਣ ਦੇ ਉਪਾ ਵੀ ਦਸੇ ਗਏ ਹਨ। ਇਨ੍ਹਾਂ ਵਿਚੋਂ ਪ੍ਰਮੁਖ ਸਚ ਅਤੇ ਸੰਜਮ ਹਨ। ਇਨ੍ਹਾਂ ਉਪਾਵਾਂ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੁਆਰਾ ਹੁੰਦੀ ਹੈ— *ਸਚੁ ਸੰਜਮੁ ਸਤਿਗੁਰੂ ਦੁਆਰੈ। ਹਉਮੈ ਕ੍ਰੋਧੁ ਸਬਦਿ ਨਿਵਾਰੈ।*(ਗੁ.ਗ੍ਰੰ. 1059)। ਸਤਿਗੁਰ ਦਾ ਸ਼ਬਦ ਕ੍ਰੋਧ ਨੂੰ ਭਸਮ ਕਰ ਦਿੰਦਾ ਹੈ— *ਸਤਿਗੁਰ ਸਬਦ ਕ੍ਰੋਧ ਜਲਾਵੈ।*

ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸ਼ਲੋਕਾਂ ਵਿਚ ਕ੍ਰੋਧ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਹੈ ਕਿ ਹੇ ਦਇਆ-ਹੀਨ ਕ੍ਰੋਧ! ਤੂੰ ਵਿਸ਼ਈ ਵਿਅਕਤੀਆਂ ਨੂੰ ਵਸ ਵਿਚ ਕਰਕੇ ਬੰਦਰ ਵਾਂਗ ਨਾਚ ਨਚਾਉਂਦਾ ਹੈਂ ਅਤੇ ਉਨ੍ਹਾਂ ਨੂੰ ਅਧਮ ਬਣਾਉਂਦਾ ਹੈਂ। ਦੀਨ ਦਿਆਲ ਪ੍ਰਭੂ ਹੀ ਸਾਰਿਆਂ ਦੀ ਤੇਰੇ ਤੋਂ ਰਖਿਆ ਕਰਦਾ ਹੈ— *ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ। ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ। ਅਨਿਕ ਸਾਸਨ ਤਾੜੰਤਿ ਜਮਦੂਤਹ। ਤਵ ਸੰਗੇ ਅਧਮੰ ਨਰਹ। ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ।*(ਗੁ.ਗ੍ਰੰ. 1358)।

# ਖ

**ਖਸਮ :** ਗੁਰੂ ਗ੍ਰੰਥ ਸਾਹਿਬ ਵਿਚ 'ਖਸਮ' ਸ਼ਬਦ ਦੀ ਵਰਤੋਂ ਪਰਮਾਤਮਾ ਦੇ ਵਾਚਕ ਰੂਪ ਵਿਚ ਹੋਈ ਹੈ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ('ਕਬੀਰ') ਅਨੁਸਾਰ ਇਸ ਦੀ ਸਭ ਤੋਂ ਪਹਿਲੀ ਵਰਤੋਂ ਸਿੱਧ-ਸਾਹਿਤ ਵਿਚ ਹੋਈ ਹੋਵੇਗੀ। ਉਥੇ ਇਸ ਦੀ ਸਿਰਜਨਾ 'ਖ' ਅਤੇ 'ਸਮ' ਦੇ ਮੇਲ ਨਾਲ ਹੋਈ ਦਸੀ ਗਈ ਹੈ। 'ਖ' ਦਾ ਅਰਥ ਹੈ ਆਕਾਸ਼ ਅਤੇ 'ਸਮ' ਦਾ ਅਰਥ ਹੈ ਸਮਾਨ। ਸਿੱਧ ਲੋਗ ਆਪਣੇ 'ਸ਼ੂਨ੍ਯ' (ਸੁੰਨ) ਨੂੰ ਆਕਾਸ਼ ਵਰਗਾ ਕਹਿੰਦੇ ਸਨ। ਇਸ ਲਈ ਉਨ੍ਹਾਂ ਨੇ 'ਖਸਮ' ਸ਼ਬਦ ਦੀ ਸਿਰਜਨਾ ਕੀਤੀ ਅਤੇ ਇਸ ਰਾਹੀਂ ਆਪਣੇ ਦ੍ਵੈਤਾਦ੍ਵੈਤ-ਵਿਲੱਖਣ ਸ਼ੂਨ੍ਯ ਦਾ ਵਰਣਨ ਕੀਤਾ। ਸੰਤ ਕਬੀਰ ਦੀ ਬਾਣੀ ਵਿਚ ਵੀ ਇਸ ਦੀ ਵਰਤੋਂ ਹੋਈ ਹੈ। ਕਬੀਰ ਜੀ ਨੇ ਇਹ ਸ਼ਬਦ ਨਿਕ੍ਰਿਸ਼ਟ ਪਤੀ ਲਈ ਵਰਤਿਆ ਹੈ।

ਪੰਡਿਤ ਚੰਦ੍ਰਬਲੀ ਪਾਂਡੇਯ ਨੇ ਦਸਿਆ ਹੈ ਕਿ ਸੰਤ ਕਬੀਰ ਨੇ ਇਸ ਦੀ ਪਤੀ ਜਾਂ ਸੁਆਮੀ ਦੇ ਅਰਥਾਂ ਵਿਚ ਵਰਤੋਂ ਕੀਤੀ ਹੈ। ਡਾ. ਗੋਵਿੰਦ ਤ੍ਰਿਗੁਣਾਯਤ ('ਕਬੀਰ ਕੀ ਵਿਚਾਰਧਾਰਾ') ਦੇ ਮਤ ਅਨੁਸਾਰ ਕਬੀਰ ਨੇ ਇਸ ਸ਼ਬਦ ਦੀ ਵਰਤੋਂ ਨਿਰਗੁਣ ਬ੍ਰਹਮ ਲਈ ਕੀਤੀ ਹੈ ਅਤੇ ਕਿਤੇ ਕਿਤੇ ਪਤੀ ਸੂਚਕ ਵੀ ਵਰਤਿਆ ਗਿਆ ਹੈ।

ਅਸਲ ਵਿਚ, ਜਦ ਇਹ ਸ਼ਬਦ ਸੰਤ ਕਬੀਰ ਜੀ ਤਕ ਪਹੁੰਚਿਆ, ਤਦ ਤਕ ਇਸ ਨਾਲ ਸਮਾਨਤਾ ਰਖਦਾ ਅਰਬੀ ਮੂਲ ਦਾ 'ਖ਼ਸਮ' ਸ਼ਬਦ ਵੀ ਭਾਰਤ ਦੇ ਭਾਸ਼ਾ-ਜਗਤ ਵਿਚ ਪ੍ਰਵੇਸ਼ ਕਰ ਚੁਕਿਆ ਸੀ, ਜਿਸ ਦਾ ਹੋਰਨਾਂ ਅਰਥਾਂ ਸਹਿਤ ਇਕ ਅਰਥ ਪਤੀ, ਜਾਂ ਸੁਆਮੀ ਵੀ ਸੀ। ਪਰੰਤੂ ਉਥੇ ਇਸ ਨੂੰ ਬ੍ਰਹਮ ਜਾਂ ਅੱਲ੍ਹਾ ਵਾਚਕ ਰੂਪ ਵਿਚ ਨਹੀਂ ਵਰਤਿਆ ਗਿਆ। ਇਸ ਤਰ੍ਹਾਂ ਸੰਤ ਕਬੀਰ ਜੀ ਨੂੰ ਇਹ ਸ਼ਬਦ ਦੋ ਸਰੋਤਾਂ ਤੋਂ ਪ੍ਰਾਪਤ ਹੋਇਆ ਹੈ। ਪਰ ਜੇ ਸੰਤ ਕਬੀਰ ਦੀ ਬਾਣੀ ਦੇ ਖ਼ਸਮ ਨਾਲ ਸੰਬੰਧਿਤ ਟੂਕਾਂ ਨੂੰ ਧਿਆਨ ਨਾਲ ਵਾਚੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਸੰਤ ਕਬੀਰ ਜੀ ਨੇ ਇਹ ਸ਼ਬਦ ਸਿੱਧਾਂ ਦੀ ਭਾਵ-ਭੂਮੀ ਅਨੁਰੂਪ ਵਰਤਿਆ ਹੈ।

ਗੁਰੂ ਨਾਨਕ ਦੇਵ ਜੀ ਸੰਤ ਕਬੀਰ ਦੇ ਨਿਕਟ ਉਤਰਵਰਤੀ ਸਨ। ਇਸ ਲਈ ਉਨ੍ਹਾਂ ਨੂੰ ਵੀ ਇਹ ਸ਼ਬਦ ਦੋ ਪਰੰਪਰਾਵਾਂ ਤੋਂ ਪ੍ਰਾਪਤ ਹੋਇਆ ਮੰਨਿਆ ਜਾ ਸਕਦਾ ਹੈ। ਪਰ ਗੁਰੂ ਨਾਨਕ ਦੇਵ ਜੀ ਦੁਆਰਾ ਇਹ ਸ਼ਬਦ ਸ਼ੂਨ੍ਯ (ਸੁੰਨ) ਅਰਥ ਵਿਚ ਵਰਤਿਆ ਨਹੀਂ ਮਿਲਦਾ। ਇਹ ਕੇਵਲ ਪਰਮਸੱਤਾ ਦਾ ਹੀ ਵਾਚਕ ਹੈ। ਬ੍ਰਹਮ ਲਈ ਗੁਰੂ ਜੀ ਨੇ ਇਸ ਸ਼ਬਦ ਦੀ ਵਰਤੋਂ ਤਿੰਨ ਰੂਪਾਂ ਵਿਚ ਕੀਤੀ ਹੈ। ਇਕ ਜਿਥੇ ਇਹ ਸ਼ਬਦ ਸਪੱਸ਼ਟ ਰੂਪ ਵਿਚ ਨਿਰਗੁਣ ਬ੍ਰਹਮ ਦਾ ਵਾਚਕ ਹੈ, ਜਿਵੇਂ *ਆਦਿ ਜੁਗਾਦੀ ਅਪਰ ਅਪਾਰੇ। ਆਦਿ ਨਿਰੰਜਨ ਖਸਮ ਹਮਾਰੇ। ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ।* (ਗੁ.ਗ੍ਰੰ. 1023)।

ਦੂਜੀ ਤਰ੍ਹਾਂ ਦੀ ਵਰਤੋਂ ਪਰਮਾਤਮਾ ਰੂਪੀ ਸੁਆਮੀ ਜਾਂ ਮਾਲਿਕ ਦੇ ਅਰਥ ਵਿਚ ਹੋਈ ਹੈ। ਸਾਧਕ ਨੂੰ ਉਸ ਮਹਾਨ ਸੁਆਮੀ ਦੀ ਸੇਵਾ ਵਿਚ ਲਗਣ ਨਾਲ ਤਦ ਹੀ ਮਾਣ, ਮਰਯਾਦਾ ਅਤੇ ਪ੍ਰਤਿਸ਼ਠਾ ਪ੍ਰਾਪਤ ਹੋ ਸਕਦੀ ਹੈ ਜੇ ਉਸ ਦੀ ਸੇਵਾ ਭਾਵਨਾ ਪੂਰਣ ਨਿਸ਼ਠਾ ਨਾਲ ਕੀਤੀ ਜਾਏ। ਇਸ ਤੋਂ ਬਿਨਾ ਸਾਧਕ ਸੁਆਮੀ ਦੀ ਹਮਦਰਦੀ ਖੋਹ ਬਹਿੰਦਾ ਹੈ ਅਤੇ ਅਪਮਾਨਿਤ ਹੁੰਦਾ ਹੈ। ਸਚ ਤਾਂ ਇਹ ਹੈ ਕਿ ਖਸਮ ਨਾਲ ਹੁਕਮ ਨਹੀਂ ਚਲਦਾ, ਕੇਵਲ ਅਰਦਾਸ ਹੀ ਚਲ ਸਕਦੀ ਹੈ— *ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ। ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ। ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ। ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ। ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ। ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।* (ਗੁ.ਗ੍ਰੰ.474)।

ਤੀਜੀ ਤਰ੍ਹਾਂ ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਰੂਪੀ ਪਤੀ ਲਈ ਕੀਤੀ ਹੈ। ਆਸਾ ਰਾਗ ਦੇ 26ਵੇਂ ਚਉਪਦੇ ਵਿਚ ਮਨੁੱਖ ਰੂਪੀ ਨਾਇਕਾ ਕਥਨ ਕਰਦੀ ਹੈ ਕਿ ਮੈਂ ਅਨੇਕ ਪਾਪਾਂ ਨਾਲ ਭਰਪੂਰ ਹਾਂ। ਮੇਰਾ ਪ੍ਰੀਤਮ ਜਾਗਦਾ ਰਹਿੰਦਾ ਹੈ ਅਤੇ ਮੈਂ ਆਯੂ ਰੂਪੀ ਰਾਤ ਵਿਚ ਅਗਿਆਨਤਾ ਦੀ ਨੀਂਦਰ ਵਿਚ ਸੁਤੀ ਰਹਿੰਦੀ ਹਾਂ। ਇਸ ਤਰ੍ਹਾਂ ਮੈਂ ਆਪਣੇ ਪਤੀ ਨੂੰ ਕਿਵੇਂ ਪਿਆਰੀ ਲਗ ਸਕਾਂਗੀ ? ਨ ਤਾਂ ਮੈਂ ਪ੍ਰੇਮ ਦਾ ਸੁਆਦ ਲਿਆ ਹੈ ਅਤੇ ਨ ਹੀ ਮੇਰੀ ਤ੍ਰਿਸ਼ਨਾ ਬੁਝੀ ਹੈ। ਵਿਅਰਥ ਵਿਚ ਜਵਾਨੀ ਚਲੀ ਗਈ ਹੈ ਅਤੇ ਕਿਤੋਂ ਵੀ ਕੋਈ ਸੰਤੋਸ਼ ਪ੍ਰਾਪਤ ਨਹੀਂ ਹੋਇਆ ਹੈ। ਇਸੇ ਕਰਕੇ ਉਦਾਸ ਹੋ ਗਈ ਹਾਂ। ਆਸਾ ਰਾਗ ਵਿਚ ਗੁਰੂ ਜੀ ਨੇ ਪਤੀ ਰੂਪ ਪਰਮਾਤਮਾ ਨੂੰ ਰੀਝਾਉਣ ਦੀ ਜੁਗਤ ਦਸਦਿਆਂ ਕਿਹਾ ਹੈ ਕਿ ਜਦੋਂ ਕੋਈ ਜੀਵ ਰੂਪ ਇਸਤਰੀ ਹਉਮੈ ਨੂੰ

ਤਿਆਗ ਕੇ ਗੁਣਾਂ ਦਾ ਸ਼ਿੰਗਾਰ ਕਰੇ ਤਦ ਉਹ ਪਤੀ ਦਾ ਸੰਜੋਗ ਪ੍ਰਾਪਤ ਕਰ ਸਕਦੀ ਹੈ ਅਤੇ ਪਤੀ ਨੂੰ ਪਿਆਰੀ ਲਗਦੀ ਹੈ— *ਹਉਮੈ ਖੋਇ ਕਰੇ ਸੀਗਾਰੁ । ਤਉ ਕਾਮਣਿ ਸੇਜੈ ਰਵੈ ਭਤਾਰੁ । ਤਉ ਨਾਨਕ ਕੰਤੈ ਭਾਵੈ । ਛੋਡਿ ਵਡਾਈ ਅਪਣੇ ਖਸਮ ਸਮਾਵੈ ।*(ਗੁ.ਗ੍ਰੰ.357)।

ਗੁਰੂ ਗ੍ਰੰਥ ਸਾਹਿਬ ਵਿਚ ਖਸਮ ਦੇ ਆਦੇਸ਼ ਦੀ ਪਾਲਨਾ ਲਈ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਅਜਿਹਾ ਕਰਨ ਨਾਲ ਹੀ ਪਰਮਾਤਮਾ ਦਾ ਮਹੱਲ ਪ੍ਰਾਪਤ ਹੁੰਦਾ ਹੈ। ਮਨ-ਭਾਉਂਦੇ ਫਲ ਅਤੇ ਪ੍ਰਤਿਸ਼ਠਾ ਪ੍ਰਾਪਤ ਹੁੰਦੀ ਹੈ — *ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ । ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ । ਤਾ ਦਰਗਹਿ ਪੈਧਾ ਜਾਇਸੀ ।* (ਗੁ.ਗ੍ਰੰ.471)। ਖਸਮ ਨੂੰ ਭੁਲਾਉਣ ਵਾਲਿਆਂ ਨੂੰ ਗੁਰਬਾਣੀ ਵਿਚ ਨੀਚ ਕਿਹਾ ਗਿਆ ਹੈ— *ਖਸਮੁ ਵਿਸਾਰਹਿ ਤੇ ਕਮਜਾਤਿ । ਨਾਨਕ ਨਾਵੈ ਬਾਝੁ ਸਨਾਤਿ ।*(ਗੁ.ਗ੍ਰੰ.349)।

ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੁੰਨ ਸੂਚਕ 'ਖਸਮ' ਸ਼ਬਦ ਨੂੰ ਨਹੀਂ ਅਪਣਾਇਆ ਗਿਆ। ਸਗੋਂ ਅਰਬੀ ਮੂਲ ਵਾਲੇ 'ਖ਼ਸਮ' ਸ਼ਬਦ ਦੇ ਸਾਧਾਰਣ ਅਰਥਾਂ ਨੂੰ ਗੌਰਵ ਅਤੇ ਗਰਿਮਾ ਪ੍ਰਦਾਨ ਕਰਕੇ ਇਸ ਦਾ ਅਰਥ-ਉਤਕਰਸ਼ ਕੀਤਾ ਗਿਆ ਹੈ ਅਤੇ ਇਸ ਨੂੰ ਨਿਰਗੁਣ ਬ੍ਰਹਮ ਵਰਗੇ ਪਰਮਾਤਮਾ ਰੂਪ ਪਤੀ ਦਾ ਵਾਚਕ ਦਰਸਾਇਆ ਗਿਆ ਹੈ। ਸਾਰਾਂਸ਼ ਇਹ ਕਿ ਸੰਤ ਕਬੀਰ ਦੇ ਉਲਟ ਗੁਰੂ ਨਾਨਕ ਦੇਵ ਜੀ ਦੇ 'ਖ਼ਸਮ' ਸ਼ਬਦ ਦਾ ਸਰੋਤ ਅਰਬੀ ਮੂਲ ਵਾਲਾ ਹੈ, ਨ ਕਿ ਸਿੱਧ-ਸਾਹਿਤ ਵਾਲਾ। ਉਨ੍ਹਾਂ ਨੇ ਅਰਬੀ ਦੇ ਇਸ ਸ਼ਬਦ ਦੀ ਹੀ ਵਰਤੋਂ ਨਹੀਂ ਕੀਤੀ, ਸਗੋਂ ਇਸ ਤੋਂ ਬਣਨ ਵਾਲੇ ਫ਼ਾਰਸੀ ਸ਼ਬਦ 'ਖ਼ਸਮਾਨਾ' ਦੀ ਵੀ ਵਰਤੋਂ ਕੀਤੀ ਹੈ। ਪਰਵਰਤੀ ਗੁਰੂਆਂ ਨੇ ਵੀ ਗੁਰੂ ਨਾਨਕ ਦੇਵ ਜੀ ਦਾ ਅਨੁਸਰਣ ਕੀਤਾ ਹੈ।

ਸਪੱਸ਼ਟ ਹੈ ਕਿ ਗੁਰੂ ਜੀ ਨੇ ਅਰਬੀ ਭਾਸ਼ਾ ਦੇ ਮੂਲ ਵਾਲੇ ਸ਼ਬਦ 'ਖ਼ਸਮ' ਅਤੇ ਫ਼ਾਰਸੀ ਮੂਲ ਵਾਲੇ ਸ਼ਬਦ 'ਖ਼ਸਮਾਨਾ' ਦੀ ਵਰਤੋਂ ਕਰਕੇ ਆਪਣੀ ਰਹੱਸ-ਅਨੁਭੂਤੀ ਦੀ ਬੜੀ ਸੁੰਦਰ ਅਭਿਵਿਅਕਤੀ ਕੀਤੀ ਹੈ।

**ਖਸਮ ਕੀ ਬਾਣੀ** : ਵੇਖੋ 'ਬਾਣੀ', 'ਧੁਰ ਕੀ ਬਾਣੀ'।

**ਖਹਿਰਾ** (ਪਿੰਡ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ ਜੋ ਸਤਲਾਣੀ ਤੋਂ ਲਗਭਗ 6 ਕਿ.ਮੀ. ਦੱਖਣ-ਪੱਛਮ ਵਲ ਸਥਿਤ ਹੈ। ਇਕ ਵਾਰ ਲਾਹੌਰ ਤੋਂ ਅੰਮ੍ਰਿਤਸਰ ਆਉਂਦਿਆਂ ਗੁਰੂ ਹਰਿਗੋਬਿੰਦ ਜੀ ਇਥੇ ਕੁਝ ਸਮੇਂ ਲਈ ਰੁਕੇ ਸਨ। ਇਥੋਂ ਦੀ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਇਕ ਬਾਉਲੀ ਬਣਵਾਉਣ ਲਈ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ। ਬਾਉਲੀ ਕਰਕੇ ਇਸ ਗੁਰੂ-ਧਾਮ ਦਾ ਨਾਂ 'ਗੁਰਦੁਆਰਾ ਬਾਉਲੀ ਸਾਹਿਬ ਪਾਤਿਸ਼ਾਹੀ ਛੇਵੀਂ' ਪ੍ਰਸਿੱਧ ਹੋ ਗਿਆ ਹੈ। ਇਸ ਦੀ ਇਮਾਰਤ ਸੰਨ 1920 ਈ. ਵਿਚ ਬਣੀ ਸੀ। ਇਥੇ ਹਰ ਸਾਲ 8 ਸਾਵਣ ਨੂੰ ਸਾਲਾਨਾ ਜੋੜ-ਮੇਲਾ ਹੁੰਦਾ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਕਰਦੀ ਹੈ।

**ਖਟਕੜ** (ਪਿੰਡ): ਹਰਿਆਣਾ ਪ੍ਰਾਂਤ ਦੇ ਜੀਂਦ ਜ਼ਿਲ੍ਹੇ ਦਾ ਇਕ ਪਿੰਡ ਜੋ ਜੀਂਦ ਨਗਰ ਤੋਂ 8 ਕਿ.ਮੀ. ਉੱਤਰ-ਪੱਛਮ ਵਲ ਵਸਿਆ ਹੈ। ਇਹ ਬਰਸੋਲਾ ਰੇਲਵੇ ਸਟੇਸ਼ਨ ਤੋਂ ਲਗਭਗ ਡੇਢ ਕਿਲੋਮੀਟਰ ਪੂਰਬ ਵਲ ਹੈ। ਰਵਾਇਤ ਹੈ ਕਿ ਗੁਰੂ ਜੀ ਧਮਤਾਨ ਤੋਂ ਜੀਂਦ ਜਾਂਦਿਆਂ ਇਥੇ ਰੁਕੇ ਸਨ। ਰਾਤ ਨੂੰ ਉਥੋਂ ਦੇ ਚੌਧਰੀ ਦਲ ਦੇ ਬੰਦੇ ਗੁਰੂ ਜੀ ਦੇ ਘੋੜੇ ਚੁਰਾਉਣ ਲਈ ਆ ਗਏ। ਜਿਉਂ ਹੀ ਉਨ੍ਹਾਂ ਨੇ ਘੋੜਿਆਂ ਨੂੰ ਖੋਲ੍ਹਿਆ, ਉਨ੍ਹਾਂ ਨੂੰ ਦਿਸਣਾ ਬੰਦ ਹੋ ਗਿਆ। ਉਨ੍ਹਾਂ ਨੂੰ ਗੁਰੂ ਸਾਹਿਬ ਦੀ ਅਜ਼ਮਤ ਦਾ ਅਹਿਸਾਸ ਹੋ ਗਿਆ। ਉਨ੍ਹਾਂ ਨੇ ਜਿਉਂ ਹੀ ਘੋੜਿਆਂ ਨੂੰ ਫਿਰ ਬੰਨ੍ਹਿਆ ਤਾਂ ਨਜ਼ਰ ਪਰਤ ਆਈ। ਸਵੇਰੇ ਉਨ੍ਹਾਂ ਨੇ ਸਾਰੀ ਵਿਥਿਆ ਚੌਧਰੀ ਨੂੰ ਸੁਣਾਈ। ਚੌਧਰੀ ਦਲ ਆਪਣੇ ਬੰਦਿਆਂ ਸਮੇਤ ਗੁਰੂ ਜੀ ਦੀ ਸ਼ਰਣ ਵਿਚ ਆਇਆ ਅਤੇ ਭੁਲ ਬਖ਼ਸ਼ਵਾਈ। ਗੁਰੂ ਸਾਹਿਬ ਦਾ ਸਿੱਖ ਹੋਇਆ ਅਤੇ ਅਗੋਂ ਲਈ ਮਾੜੇ ਕਰਮ ਕਰਨੇ ਛਡ ਦਿੱਤੇ। ਕਹਿੰਦੇ ਹਨ ਕਿ ਇਸ ਪਿੰਡ ਦਾ ਪਾਣੀ ਖਾਰਾ ਸੀ। ਗੁਰੂ ਜੀ ਦੇ ਅਸ਼ੀਰਵਾਦ ਨਾਲ ਨਵਾਂ ਖੂਹ ਪੁਟਵਾਇਆ ਗਿਆ, ਜਿਸ ਦਾ ਜਲ ਮਿੱਠਾ ਨਿਕਲਿਆ। ਪਿੰਡ-ਵਾਸੀ ਬਹੁਤ ਪ੍ਰਸੰਨ ਹੋਏ।

ਇਸ ਗੁਰੂ-ਧਾਮ ਦਾ ਪ੍ਰਚਲਿਤ ਨਾਂ 'ਗੁਰਦੁਆਰਾ ਨੌਂਵੀਂ ਪਾਤਿਸ਼ਾਹੀ' ਹੈ। ਇਹ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ, ਪਰ ਇਸ ਦੀ ਵਿਵਸਥਾ ਜੀਂਦ ਨਗਰ ਦੀ ਇਕ ਕਮੇਟੀ ਕਰਦੀ ਹੈ। ਇਸ ਖੇਤਰ ਵਿਚ ਸਿੱਖਾਂ ਦੀ ਵਸੋਂ ਨਾਂ-ਮਾਤ੍ਰ ਹੋਣ ਕਰਕੇ ਗੁਰਦੁਆਰੇ ਵਿਚ ਦਰਸ਼ਨ-ਅਭਿਲਾਸ਼ੀ ਸੰਗਤ ਘਟ ਹੀ ਜੁੜਦੀ ਹੈ।

**ਖਡੂਰ ਸਾਹਿਬ** (ਕਸਬਾ): ਗੁਰੂ-ਇਤਿਹਾਸ ਨਾਲ ਸੰਬੰਧਿਤ ਪੰਜਾਬ ਦਾ ਇਕ ਪ੍ਰਸਿੱਧ ਕਸਬਾ ਜਿਥੇ ਗੁਰੂ ਅੰਗਦ ਦੇਵ ਜੀ ਨਿਵਾਸ ਕਰਦੇ ਸਨ। ਇਥੋਂ ਹੀ ਗੁਰੂ ਅੰਗਦ ਦੇਵ ਜੀ ਭਾਈ ਲਹਿਣਾ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਜਾਂਦੇ ਸਨ। ਇਹ ਕਸਬਾ ਤਰਨਤਾਰਨ ਨਗਰ ਤੋਂ ਲਗਭਗ 16 ਕਿ.ਮੀ. ਦੀ ਵਿਥ ਉਤੇ ਹੈ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਦ ਜਦੋਂ ਗੁਰੂ ਅੰਗਦ ਦੇਵ ਜੀ ਗੁਰੂ-ਗੱਦੀ ਉਤੇ ਬੈਠੇ ਤਾਂ ਉਨ੍ਹਾਂ ਨੇ ਆਪਣਾ ਨਿਵਾਸ ਖਡੂਰ ਵਿਚ ਰਖਿਆ। ਭਾਈ ਗੁਰਦਾਸ ਅਨੁਸਾਰ *ਦਿਤਾ ਛੋਡਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ।* ਇਥੇ ਹੀ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਸੇਵਾ ਕਰਦੇ ਕਰਦੇ ਗੁਰੂ-ਪਦ ਦੇ ਅਧਿਕਾਰੀ ਬਣੇ। ਇਥੇ ਗੁਰੂ ਅੰਗਦ ਦੇਵ ਜੀ ਦਾ ਦੇਹਰਾ ਅਤੇ ਕਈ ਹੋਰ ਧਰਮ-ਧਾਮ ਹਨ। ਗੁਰੂ ਸਾਹਿਬਾਨ ਦੇ ਨਿਵਾਸ ਕਾਰਣ ਇਸ ਨਾਲ 'ਸਾਹਿਬ' ਸ਼ਬਦ ਆਦਰ ਵਾਚਕ ਹੈ। ਰਾਇ ਬਲਵੰਡ ਅਤੇ ਸਤਾ ਡੂਮ ਦੀ ਰਚੀ ਵਾਰ ਵਿਚ ਇਸ ਕਸਬੇ ਦਾ ਨਿਰਮਾਣ ਗੁਰੂ ਅੰਗਦ ਦੁਆਰਾ ਕਰਵਾਇਆ ਲਿਖਿਆ ਹੈ— *ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ। ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ।* (ਗੁ.ਗ੍ਰੰ. 967)। ਇਸ ਕਸਬੇ ਨੂੰ ਕਈ ਗੁਰੂ ਸਾਹਿਬਾਨ ਦੀ ਚਰਣ ਛੋਹ ਪ੍ਰਾਪਤ ਹੋਈ ਹੈ। ਕਈ ਇਤਿਹਾਸਿਕ ਮਹੱਤਵ ਵਾਲੀਆਂ ਸ਼ਖ਼ਸੀਅਤਾਂ ਇਸ ਕਸਬੇ ਨੇ ਪੈਦਾ ਕੀਤੀਆਂ ਹਨ। ਵੇਖੋ 'ਅੰਗਦ', ਗੁਰੂ'। ਇਸ ਕਸਬੇ ਵਿਚ ਹੇਠਾਂ ਲਿਖੇ ਅਨੁਸਾਰ ਪ੍ਰਮੁਖ ਗੁਰੂ-ਧਾਮ ਹਨ:

(1) *ਗੁਰਦੁਆਰਾ ਤਪ ਅਸਥਾਨ ਸ੍ਰੀ ਗੁਰੂ ਅੰਗਦ ਦੇਵ*, ਜਿਥੇ ਗੁਰੂ ਅੰਗਦ ਦੇਵ ਬੈਠ ਕੇ ਸਿਮਰਨ ਕਰਦੇ ਸਨ।

(2) *ਗੁਰਦੁਆਰਾ ਅੰਗੀਠਾ ਸਾਹਿਬ*, ਜਿਥੇ ਗੁਰੂ ਅੰਗਦ ਦੇਵ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਇਸ ਦੇ ਨੇੜੇ ਹੀ ਕਿੱਲਾ ਸਾਹਿਬ ਜਾਂ ਖਡੀ ਸਾਹਿਬ ਨਾਮਕ ਸਥਾਨ ਹੈ ਜਿਥੇ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਜਲ ਦੀ ਗਾਗਰ ਚੁਕੀ ਆ ਰਹੇ (ਗੁਰੂ) ਅਮਰਦਾਸ ਜੀ ਠੋਕਰ ਖਾ ਕੇ ਡਿਗੇ ਸਨ। ਇਸ ਪਾਸ ਬੀਬੀ ਅਮਰੋ ਦੇ ਨਾਂ ਨਾਲ ਪ੍ਰਸਿੱਧ ਇਕ ਖੂਹ ਵੀ ਹੈ।

(3) *ਗੁਰਦੁਆਰਾ ਮਾਈ ਭਰਾਈ*, ਜੋ ਗੁਰਦੁਆਰਾ ਅੰਗੀਠਾ ਸਾਹਿਬ ਦੇ ਨੇੜੇ ਹੈ ਅਤੇ ਜਿਥੇ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਵਲੋਂ ਗੁਰ-ਗੱਦੀ ਦੇ ਉਤਰਾਧਿਕਾਰੀ ਘੋਸ਼ਿਤ ਕਰਨ ਤੋਂ ਬਾਦ ਆ ਕੇ ਠਹਿਰੇ ਸਨ। ਇਥੇ ਹੀ ਬਾਬਾ ਬੁੱਢਾ ਜੀ ਸੰਗਤਾਂ ਸਹਿਤ ਦਰਸ਼ਨ ਲਈ ਪਹੁੰਚੇ ਸਨ।

(4) *ਗੁਰਦੁਆਰਾ ਮੱਲ ਅਖਾੜਾ*, ਜਿਥੇ ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਘੁਲਣ ਦੀ ਸਿਖਿਆ ਦਿੰਦੇ ਹਨ।

(5) *ਗੁਰਦੁਆਰਾ ਥੜਾ ਸਾਹਿਬ*, ਜਿਥੇ (ਗੁਰੂ) ਅਮਰਦਾਸ ਜੀ ਵੇਹਲ ਦੇ ਛਿਣਾਂ ਵਿਚ ਬੈਠ ਕੇ ਸਿਮਰਨ ਕਰਦੇ ਸਨ।

(6) *ਗੁਰਦੁਆਰਾ ਤਪਿਆਨਾ ਸਾਹਿਬ*, ਜਿਥੇ ਗੁਰੂ ਨਾਨਕ ਦੇਵ ਉਦਾਸੀਆਂ ਦੌਰਾਨ ਠਹਿਰੇ ਸਨ। ਇਥੇ ਨੇੜੇ ਹੀ ਭਾਈ ਬਾਲੇ ਦੀ ਸਮਾਧ ਬਣੀ ਹੋਈ ਹੈ। ਇਨ੍ਹਾਂ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲ ਰਿਹਾ ਹੈ।

ਉਕਤ ਗੁਰੂ-ਧਾਮਾਂ ਤੋਂ ਇਲਾਵਾ ਵੀ ਇਥੇ ਕਈ ਇਤਿਹਾਸਿਕ ਥੇਹ ਮੌਜੂਦ ਹਨ। ਇਹ ਵੀ ਪ੍ਰਸਿੱਧ ਹੈ ਕਿ ਇਸੇ ਕਸਬੇ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦਾ ਵਿਕਾਸ ਕੀਤਾ ਸੀ ਅਤੇ ਜਨਮਸਾਖੀ ਲਿਖਵਾਉਣ ਦਾ ਉੱਦਮ ਕੀਤਾ ਸੀ।

**ਖਣਡੂਰ** (ਪਿੰਡ): ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਦਾ ਇਕ ਪਿੰਡ ਜੋ ਇਸ ਨਗਰ ਤੋਂ ਲਗਭਗ 20 ਕਿ.ਮੀ. ਦੱਖਣ-ਪੱਛਮ ਵਲ ਸਥਿਤ ਹੈ। ਗੁਰੂ ਹਰਿਗੋਬਿੰਦ ਜੀ ਨੇ ਮਾਲਵਾ ਖੇਤਰ ਵਿਚ ਕੀਤੇ ਧਰਮ-ਪ੍ਰਚਾਰ ਵੇਲੇ ਇਥੇ ਚਰਣ ਪਾਏ ਸਨ। ਇਸ ਪਿੰਡ ਦੇ ਅੰਦਰ ਜਿਥੇ ਗੁਰੂ ਸਾਹਿਬ ਬੈਠੇ ਸਨ, ਉਥੇ ਹੁਣ 'ਗੁਰਦੁਆਰਾ ਮੰਜੀ ਸਾਹਿਬ' ਬਣਿਆ ਹੋਇਆ ਹੈ। ਇਥੇ ਹਰ ਸੰਗ੍ਰਾਂਦ ਨੂੰ ਕਾਫ਼ੀ ਸੰਗਤ ਜੁੜਦੀ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਜੋ ਇਸ ਦੀ ਵਿਵਸਥਾ ਸਥਾਨਕ ਕਮੇਟੀ ਰਾਹੀਂ ਕਰਦੀ ਹੈ।

**ਖਤ੍ਰੀ** : 'ਖਤ੍ਰੀ' ਸ਼ਬਦ ਸੰਸਕ੍ਰਿਤ ਦੇ 'ਕ੍ਸ਼ਤ੍ਰਿਯ' ਸ਼ਬਦ ਦਾ ਤਦਭਵ ਰੂਪ ਹੈ। ਇਹ ਸ਼ਬਦ ਹਿੰਦੂ-ਧਰਮ ਦੀ ਵਰਣ ਵਿਵਸਥਾ ਦੀ ਦੂਜੀ ਸ਼੍ਰੇਣੀ ਲਈ ਵਰਤਿਆ ਜਾਂਦਾ ਹੈ ਅਤੇ ਇਸੇ ਅਰਥ ਵਿਚ ਗੁਰਬਾਣੀ ਵਿਚ ਵਰਤਿਆ ਗਿਆ ਹੈ। ਗਉੜੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ

ਹਰਿ ਦੇ ਨਾਮ ਦੇ ਸਿਮਰਨ ਦੁਆਰਾ ਖਤ੍ਰੀਆਂ ਸਮੇਤ ਸਭ ਜਾਤਾਂ/ਧਰਮਾਂ/ਭਾਈਚਾਰਿਆਂ ਦੇ ਲੋਕ ਅਧਿਆਤਮਿਕ ਤੌਰ 'ਤੇ ਉੱਧਰ ਗਏ ਹਨ— *ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ।* (ਗੁ.ਗ੍ਰੰ.300)। 'ਖਤ੍ਰੀ' ਸ਼ਬਦ ਦੀ ਪਰਿਭਾਸ਼ਾ ਅਤੇ ਉਸ ਦੇ ਕਰਤੱਵ ਵਲ ਗੁਰੂ ਨਾਨਕ ਦੇਵ ਜੀ ਨੇ ਜੋ ਧਿਆਨ ਦਿਵਾਇਆ ਹੈ, ਉਸ ਤੋਂ ਵੀ 'ਖਤ੍ਰੀ' ਕਰਮਾਂ ਦਾ ਸੂਰਮਾ ਮੰਨਿਆ ਗਿਆ ਹੈ। ਇਥੇ ਯੁੱਧ-ਕਰਮ ਦੀ ਥਾਂ ਸਦਾਚਾਰਿਕ ਕਰਮ ਕਰਨ ਲਈ ਸੁਝਾਵ ਦਿੱਤਾ ਗਿਆ ਹੈ— *ਖਤ੍ਰੀ ਸੋ ਜੁ ਕਰਮਾ ਕਾ ਸੂਰੁ। ਪੁੰਨ ਦਾਨ ਕਾ ਕਰੈ ਸਰੀਰੁ। ਖੇਤੁ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਹ ਪਰਵਾਣੁ।* (ਗੁ. ਗ੍ਰੰ.1411)।

ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ 'ਕ੍ਸ਼ਤ੍ਰਿਯ' ਸ਼ਬਦ ਅਤੇ 'ਖਤ੍ਰੀ' ਸ਼ਬਦ ਵਿਚ ਅੰਤਰ ਹੈ। ਪਰ ਇਹ ਗੱਲ ਮੰਨਣ ਯੋਗ ਨਹੀਂ ਹੈ। ਖਤ੍ਰੀ ਅਸਲ ਵਿਚ ਕ੍ਸ਼ਤ੍ਰਿਯ ਦੀ ਹੀ ਇਕ 'ਉਪ-ਜਾਤਿ' ਹੈ ਜੋ ਮੱਧ-ਯੁਗ ਵਿਚ ਯੁੱਧ-ਕਰਮ ਅਤੇ ਵ੍ਰਿੱਤੀ ਤੋਂ ਹਟ ਗਏ ਅਤੇ ਸ਼ਹਿਰਾਂ ਵਿਚ ਵਸ ਕੇ ਵਪਾਰ ਵਲ ਰੁਚਿਤ ਹੋ ਗਏ।

ਮਹਾਨਕੋਸ਼ਕਾਰ ਨੇ ਖਤ੍ਰੀਆਂ ਵਿਚ ਚਲੀ ਆਈ ਇਕ ਕਥਾ ਦਾ ਉੱਲੇਖ ਕੀਤਾ ਹੈ ਕਿ ਦਿੱਲੀ-ਪਤਿ ਅਲਾਉੱਦੀਨ ਖ਼ਲਜੀ ਦੇ ਸਮੇਂ ਜਦ ਬਹੁਤ ਖਤ੍ਰੀ ਸਿਪਾਹੀ ਜੰਗ ਵਿਚ ਮਾਰੇ ਗਏ, ਤਦ ਉਨ੍ਹਾਂ ਦੀਆਂ ਵਿਧਵਾਵਾਂ ਦੇ ਪੁਨਰ-ਵਿਆਹ ਦੇ ਯਤਨ ਕੀਤੇ ਗਏ। ਇਸ ਯਤਨ ਨੂੰ ਪ੍ਰਵਾਨ ਕਰਨ ਵਾਲੇ 'ਸ਼ਰੀਨ' ('ਸ਼ਰਹ-ਆਈਨ') ਅਖਵਾਏ। ਨ ਪ੍ਰਵਾਨ ਕਰਨ ਵਾਲੇ ਖਤ੍ਰੀ ਅਪ੍ਰਵਾਨਗੀ ਦੀ ਅਪੀਲ ਕਰਨ ਲਈ ਬਾਦਸ਼ਾਹ ਕੋਲ ਗਏ।ਉਨ੍ਹਾਂ ਨਾਲ ਜਿੰਨੀ ਜਿੰਨੀ ਵਿਥ 'ਤੇ ਜੋ ਜੋ ਖਤ੍ਰੀ ਆ ਕੇ ਮਿਲਦੇ ਗਏ, ਉਨ੍ਹਾਂ ਦੀਆਂ ਕਈ ਜਾਤੀਆਂ ਬਣਦੀਆਂ ਗਈਆਂ।

ਪਰ, ਅਸਲ ਵਿਚ, ਲੜਾਈ ਵਿਚ ਅਧਿਕ ਮਾਰੇ ਜਾਣ ਕਾਰਣ ਇਹ ਲੋਕ ਯੁੱਧ-ਕਰਮ ਤੋਂ ਨਿਰਾਸ਼ ਹੋ ਗਏ ਅਤੇ ਇਨ੍ਹਾਂ ਨੇ ਆਪਣਾ ਪੇਸ਼ਾ ਬਦਲ ਲਿਆ। ਉਂਜ ਮੂਲ ਰੂਪ ਵਿਚ ਇਹ ਖਤ੍ਰੀ ਕ੍ਸ਼ਤ੍ਰਿਯ ਹੀ ਸਨ। ਸਿੰਘ ਸਭਾ ਦੇ ਪ੍ਰਚਾਰ ਦੇ ਫਲਸਰੂਪ ਸ਼ਹਿਰਾਂ ਵਿਚ ਰਹਿੰਦੇ ਬਹੁਤ ਸਾਰੇ ਖਤ੍ਰੀ ਅਤੇ ਅਰੋੜੇ ਸਿੱਖ ਬਣ ਗਏ।

**ਖਰਕ-ਭੂਰਾ** (ਪਿੰਡ): ਹਰਿਆਣਾ ਪ੍ਰਾਂਤ ਦੇ ਜੀਂਦ ਜ਼ਿਲ੍ਹੇ ਦਾ ਇਕ ਕਸਬਾ ਜੋ ਉਚਾਣਾ ਰੇਲਵੇ ਸਟੇਸ਼ਨ ਦੇ ਨੇੜੇ ਹੈ ਅਤੇ ਜਿਥੇ ਧਮਤਾਨ ਤੋਂ ਜੀਂਦ ਜਾਂਦਿਆਂ ਗੁਰੂ ਤੇਗ ਬਹਾਦਰ ਜੀ ਇਕ ਰਾਤ ਠਹਿਰੇ ਸਨ। ਪਹਿਲਾਂ ਇਥੇ ਪਿੰਡ ਦੇ ਪੂਰਬ ਵਲ ਕੇਵਲ ਇਕ ਛੋਟਾ ਜਿਹਾ 'ਮੰਜੀ ਸਾਹਿਬ' ਹੁੰਦਾ ਸੀ। ਹੁਣ ਸਮੀਪ ਹੀ ਨਵੀਂ ਇਮਾਰਤ ਬਣਾ ਦਿੱਤੀ ਗਈ ਹੈ। 'ਗੁਰਦੁਆਰਾ ਮੰਜੀ ਸਾਹਿਬ ਨੌਵੀਂ ਪਾਤਿਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ, ਪਰ ਇਸ ਦੀ ਵਿਵਸਥਾ ਜੀਂਦ ਨਗਰ ਦੀ ਇਕ ਕਮੇਟੀ ਕਰਦੀ ਹੈ। ਇਸ ਪਿੰਡ ਵਿਚ ਗੁਰੂ-ਘਰ ਪ੍ਰਤਿ ਸ਼ਰਧਾਲੂ ਤਾਂ ਬਹੁਤ ਰਹਿੰਦੇ ਹਨ, ਪਰ ਸਿੱਖ ਵਸੋਂ ਨਹੀਂ ਹੈ।

**ਖੜਕ ਸਿੰਘ** (ਦੇਸ਼-ਭਗਤ): ਪੰਜਾਬ ਦੀ ਆਜ਼ਾਦੀ ਲਈ ਕੀਤੀ ਗਈ ਦੂਜੀ ਜੰਗ (1848-49 ਈ.) ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਭਾਈ ਮਹਾਰਾਜ ਸਿੰਘ ਦਾ ਇਕ ਮਿੱਤਰ ਅਤੇ ਸੇਵਕ ਜਿਸ ਦੇ ਪੂਰਬ ਪਰਿਚਯ ਬਾਰੇ ਸਿੱਖ ਇਤਿਹਾਸ ਚੁਪ ਹੈ। ਇਹ ਸਦਾ ਭਾਈ ਮਹਾਰਾਜ ਸਿੰਘ ਦੇ ਅੰਗ-ਸੰਗ ਰਿਹਾ। ਜਦੋਂ 28-29 ਦਸੰਬਰ 1849 ਈ. ਵਾਲੀ ਰਾਤ ਨੂੰ ਭਾਈ ਮਹਾਰਾਜ ਸਿੰਘ ਨੂੰ ਹੁਸ਼ਿਆਰਪੁਰ ਦੇ ਸ਼ਾਮ ਚੌਰਾਸੀ ਕਸਬੇ ਤੋਂ ਪਕੜਿਆ ਗਿਆ, ਤਾਂ ਇਹ ਭਾਈ ਸਾਹਿਬ ਦੇ ਨਾਲ ਸੀ। ਜਦੋਂ ਅੰਗ੍ਰੇਜ਼ ਸਰਕਾਰ ਨੇ ਭਾਈ ਮਹਾਰਾਜ ਸਿੰਘ ਨੂੰ ਸਿੰਗਾਪੁਰ ਵਲ ਜਲਾਵਤਨ ਕਰਨ ਦਾ ਫ਼ੈਸਲਾ ਕੀਤਾ, ਤਾਂ ਇਸ ਨੇ ਭਾਈ ਸਾਹਿਬ ਦੇ ਨਾਲ ਜਾਣ ਦਾ ਮਨ ਬਣਾਇਆ। 15 ਮਈ 1850 ਈ. ਨੂੰ ਇਨ੍ਹਾਂ ਦੋਹਾਂ ਨੂੰ ਕਲਕੱਤੇ ਤੋਂ ਜਹਾਜ਼ ਵਿਚ ਚੜ੍ਹਾ ਦਿੱਤਾ ਗਿਆ। ਖੜਕ ਸਿੰਘ ਨੇ ਬੜੀ ਲਗਨ ਨਾਲ ਆਪਣੇ ਸੁਆਮੀ ਦੀ ਸੇਵਾ ਕੀਤੀ। 5 ਜੁਲਾਈ 1856 ਈ. ਵਿਚ ਭਾਈ ਮਹਾਰਾਜ ਸਿੰਘ ਦੇ ਦੇਹਾਂਤ ਤੋਂ ਬਾਦ ਇਸ ਨੂੰ ਮੁਕਤ ਕੀਤਾ ਗਿਆ, ਇਸ ਸ਼ਰਤ 'ਤੇ ਕਿ ਇਹ ਹਿੰਦੁਸਤਾਨ ਵਾਪਸ ਨਹੀਂ ਜਾਏਗਾ। ਇਸ ਤੋਂ ਬਾਦ ਇਸ ਨਾਲ ਕੀ ਵਾਪਰਿਆ, ਕੁਝ ਪਤਾ ਨਹੀਂ।

**ਖੜਕ ਸਿੰਘ, ਬਾਬਾ** (1868-1963 ਈ.): ਪੰਜਾਬ ਦੇ ਇਕ ਪ੍ਰਮੁਖ ਸਿੱਖ ਨੇਤਾ ਬਾਬਾ ਖੜਕ ਸਿੰਘ ਦਾ ਜਨਮ 6 ਜੂਨ 1868 ਈ. ਨੂੰ ਰਾਇ ਬਹਾਦੁਰ ਸ. ਹਰੀ ਸਿੰਘ ਦੇ ਘਰ ਸਿਆਲਕੋਟ ਵਿਚ ਹੋਇਆ। ਇਸ ਦੇ ਪਿਤਾ ਆਪਣੇ ਸਮੇਂ ਦੀ ਮੰਨੇ ਹੋਏ ਠੇਕੇਦਾਰ ਅਤੇ ਕਾਰਖ਼ਾਨੇਦਾਰ ਸਨ। ਇਸ ਨੇ

ਦਸਵੀਂ ਜਮਾਤ ਸਿਆਲਕੋਟ ਦੇ ਮਿਸ਼ਨ ਹਾਈ ਸਕੂਲ ਤੋਂ ਕੀਤੀ ਅਤੇ ਫਿਰ ਸਥਾਨਕ ਮਰੇ ਕਾਲਜ ਤੋਂ ਐਫ.ਏ. ਦਾ ਇਮਤਿਹਾਨ ਪਾਸ ਕੀਤਾ। ਫਿਰ ਗੌਰਮਿੰਟ ਕਾਲਜ ਲਾਹੌਰ ਤੋਂ ਸੰਨ 1889 ਈ. ਵਿਚ ਬੀ.ਏ. ਦੀ ਪਰੀਖਿਆ ਪਾਸ ਕੀਤੀ। ਉਸ ਤੋਂ ਬਾਦ ਇਹ ਅਲਾਹਾਬਾਦ ਦੇ ਲਾਅ ਕਾਲਜ ਵਿਚ ਦਾਖ਼ਲ ਹੋਇਆ, ਪਰ ਪਿਤਾ ਅਤੇ ਵੱਡੇ ਭਰਾ ਦੇ ਬੇਵਕਤ ਚਲਾਣੇ ਕਰਕੇ ਸਿਆਲਕੋਟ ਪਰਤ ਆਇਆ, ਕਿਉਂਕਿ ਇਸ ਤੋਂ ਬਿਨਾ ਕੰਮ-ਕਾਰ ਅਤੇ ਜਾਇਦਾਦ ਨੂੰ ਸੰਭਾਲਣ ਵਾਲਾ ਹੋਰ ਕੋਈ ਨਹੀਂ ਸੀ।

ਸੰਨ 1912 ਈ. ਵਿਚ ਇਸ ਨੇ ਜਨ-ਸੇਵਾ ਵਲ ਰੁਖ ਕੀਤਾ। ਸਭ ਤੋਂ ਪਹਿਲਾਂ ਸਿਆਲਕੋਟ ਵਿਚ ਹੋਈ ਪੰਜਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਸਵਾਗਤੀ ਕਮੇਟੀ ਦਾ ਪ੍ਰਧਾਨ ਬਣਿਆ। ਇਸ ਕਾਨਫ੍ਰੰਸ ਦੇ ਤਰਨਤਾਰਨ ਵਿਚ ਹੋਏ ਅੱਠਵੇਂ ਸੈਸ਼ਨ ਦੀ ਪ੍ਰਧਾਨਗੀ ਕੀਤੀ। ਇਸ ਨੇ ਕਾਨਫ੍ਰੰਸ ਦੇ ਪੰਡਾਲ ਵਿਚ ਛੇ ਘੋੜਿਆਂ ਵਾਲੀ ਫਿਟਨ ਵਿਚ ਬੈਠ ਕੇ ਪ੍ਰਵੇਸ਼ ਕਰਨ ਦੀ ਥਾਂ 'ਤੇ ਪੈਦਲ ਚਲ ਕੇ ਜਾਣ ਨੂੰ ਤਰਜੀਹ ਦਿੱਤੀ ਅਤੇ ਉਸ ਕਾਨਫ੍ਰੰਸ ਵਿਚ ਪਹਿਲੀ ਵੱਡੀ ਜੰਗ ਵਿਚ ਅੰਗ੍ਰੇਜ਼ ਸਰਕਾਰ ਦੀ ਜਿਤ ਦੀ ਕਾਮਨਾ ਕਰਨ ਵਾਲਾ ਮਤਾ ਪਾਸ ਨ ਹੋਣ ਦਿੱਤਾ।

ਜਲਿਆਂ ਵਾਲੇ ਬਾਗ਼ ਦੇ ਖ਼ੂਨ-ਖ਼ਰਾਬੇ ਤੋਂ ਬਾਦ ਇਹ ਸਿੱਖ ਰਾਜਨੀਤੀ ਵਿਚ ਸਰਗਰਮ ਹੋ ਗਿਆ। ਸੰਨ 1920 ਈ. ਵਿਚ ਸਥਾਪਿਤ ਹੋਈ ਸੈਂਟ੍ਰਲ ਸਿੱਖ ਲੀਗ ਦਾ ਇਹ ਪ੍ਰਧਾਨ ਬਣਿਆ ਅਤੇ ਕਾਂਗ੍ਰਸ ਵਿਚ ਸ਼ਾਮਲ ਹੋ ਕੇ ਮਹਾਤਮਾ ਗਾਂਧੀ ਵਲੋਂ ਚਲਾਈ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ। ਸੰਨ 1921 ਈ. ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ ਅਤੇ ਦਰਬਾਰ ਸਾਹਿਬ ਦੀਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਚਾਬੀਆਂ ਪ੍ਰਾਪਤ ਕਰਨ ਵਿਚ ਪ੍ਰਮੁਖ ਭੂਮਿਕਾ ਨਿਭਾਈ। 26 ਨਵੰਬਰ 1921 ਈ. ਨੂੰ ਸਰਕਾਰ ਵਿਰੋਧੀ ਭਾਸ਼ਣ ਦੇਣ ਕਾਰਣ ਇਸ ਨੂੰ ਪਕੜ ਲਿਆ ਗਿਆ ਅਤੇ ਛੇ ਮਹੀਨਿਆਂ ਦੀ ਕੈਦ ਦੀ ਸਜ਼ਾ ਹੋਈ, ਪਰ 17 ਜਨਵਰੀ 1922 ਈ. ਨੂੰ ਛਡ ਦਿੱਤਾ ਗਿਆ ਅਤੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਵੀ ਇਸ ਨੂੰ ਦੇ ਦਿੱਤੀਆਂ ਗਈਆਂ। (ਵੇਖੋ 'ਚਾਬੀਆਂ ਦਾ ਮੋਰਚਾ')

4 ਅਪ੍ਰੈਲ 1922 ਈ. ਨੂੰ ਇਸ ਨੂੰ ਕ੍ਰਿਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜੁਰਮ ਵਿਚ ਪਕੜ ਲਿਆ ਗਿਆ ਅਤੇ ਇਕ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਇਸ ਦੇ ਨਾਲ ਹੀ ਬਾਗ਼ੀਆਨਾ ਭਾਸ਼ਣਾਂ ਕਰਕੇ ਤਿੰਨ ਸਾਲ ਦੀ ਹੋਰ ਕੈਦ ਕਟਣ ਦੀ ਸਜ਼ਾ ਵੀ ਦਿੱਤੀ ਗਈ। ਡੇਰਾ ਗਾਜ਼ੀ ਖ਼ਾਨ ਦੀ ਜੇਲ੍ਹ ਵਿਚ ਜ਼ਬਰਦਸਤੀ ਕਾਲੀ ਪਗੜੀ ਅਤੇ ਗਾਂਧੀ ਟੋਪੀ ਉਤਾਰਨ ਦੇ ਵਿਰੋਧ ਵਿਚ ਇਸ ਨੇ ਸਿਵਾਏ ਕਛਹਿਰੇ ਦੇ ਸਾਰੇ ਬਸਤ੍ਰਾਂ ਦਾ ਤਿਆਗ ਕਰ ਦਿੱਤਾ ਅਤੇ ਸਾਰੀ ਕੈਦ ਨੰਗੇ ਪਿੰਡੇ ਹੀ ਕਟੀ। 4 ਜੂਨ 1927 ਈ. ਨੂੰ ਇਹ ਰਿਹਾ ਹੋਇਆ। ਇਸ ਨੂੰ ਸੰਨ 1925 ਈ. ਵਿਚ ਗੁਰਦੁਆਰਾ ਐਕਟ ਬਣਨ ਤੋਂ ਬਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗ਼ੈਰ-ਮੌਜੂਦਗੀ ਵਿਚ ਹੀ ਪ੍ਰਧਾਨ ਚੁਣਿਆ ਗਿਆ ਅਤੇ ਸੰਨ 1930 ਈ. ਵਿਚ ਹੋਈਆਂ ਚੋਣਾਂ ਵਿਚ ਇਹ ਫਿਰ ਪ੍ਰਧਾਨ ਚੁਣਿਆ ਗਿਆ। ਇਸ ਨੇ ਸੰਨ 1928-29 ਈ. ਵਿਚ ਨਹਿਰੂ ਕਮੇਟੀ ਰਿਪੋਰਟ ਦਾ ਵਿਰੋਧ ਕੀਤਾ ਅਤੇ ਕਾਂਗ੍ਰਸ ਪਾਰਟੀ ਨੂੰ ਅਹਿਸਾਸ ਕਰਾਇਆ ਕਿ ਸੰਵਿਧਾਨਿਕ ਪ੍ਰਸਤਾਵ ਪਾਸ ਕਰਨ ਵੇਲੇ ਸਿੱਖਾਂ ਦੀ ਸਹਿਮਤੀ ਲੈਣੀ ਜ਼ਰੂਰੀ ਹੈ। ਇਸ ਨੇ ਕਮਿਊਨਲ ਅਵਾਰਡ ਦਾ ਵੀ ਡਟ ਕੇ ਵਿਰੋਧ ਕੀਤਾ। ਸੰਨ 1934 ਈ. ਵਿਚ ਇਸ ਨੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਸੈਂਟ੍ਰਲ ਅਕਾਲੀ ਦਲ ਕਾਇਮ ਕੀਤਾ ਅਤੇ ਸ. ਅਮਰ ਸਿੰਘ ਸ਼ੇਰੇ ਪੰਜਾਬ ਦੇ ਸਹਿਯੋਗ ਨਾਲ ਆਪਣੇ ਨਵੇਂ ਦਲ ਨੂੰ ਚਲਾਇਆ ਪਰ ਹੌਲੀ ਹੌਲੀ ਇਸ ਦੀ ਮਾਨਤਾ ਘਟਦੀ ਗਈ। ਇਸ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ, ਪਰ ਇਹ ਸਦਾ ਰਾਸ਼ਟਰੀ ਹਿਤਾਂ ਅਤੇ ਏਕਤਾ ਲਈ ਡਟਿਆ ਰਿਹਾ। ਇਸ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੰਗ ਦਾ ਵਿਰੋਧ ਹੀ ਨਹੀਂ ਕੀਤਾ, ਸਗੋਂ ਅਕਾਲੀਆਂ ਦੀ 'ਆਜ਼ਾਦ ਪੰਜਾਬ' ਦੀ ਮੰਗ ਨੂੰ ਵੀ ਅਨੁਚਿਤ ਦਸਿਆ। ਸੰਨ 1946 ਈ. ਦੀਆਂ ਚੋਣਾਂ ਵਿਚ ਕਾਂਗ੍ਰਸ ਪੱਖੀ ਹੋ ਕੇ ਇਸ ਨੇ ਵਧ ਚੜ੍ਹ ਕੇ ਹਿੱਸਾ ਲਿਆ।

ਸੰਨ 1947 ਈ. ਵਿਚ ਦੇਸ਼ ਵੰਡ ਤੋਂ ਬਾਦ ਇਹ ਦਿੱਲੀ ਆ ਵਸਿਆ। ਉਨ੍ਹਾਂ ਦਿਨਾਂ ਵਿਚ ਹੀ ਇਸ ਦੇ ਇਕਲੌਤੇ ਲੜਕੇ ਸ. ਪ੍ਰਿਥੀ ਪਾਲ ਸਿੰਘ ਦੀ ਸੜਕ ਹਾਦਸੇ ਵਿਚ ਮ੍ਰਿਤੂ ਹੋ ਗਈ ਉਸ ਤੋਂ ਬਾਦ ਇਸ ਨੇ ਰਾਜਨੀਤੀ ਤੋਂ ਇਕ ਪ੍ਰਕਾਰ ਦਾ ਸਥਾਈ ਸੰਨਿਆਸ ਲੈ ਲਿਆ। 6 ਅਕਤੂਬਰ 1963 ਈ. ਨੂੰ 95 ਵਰ੍ਹਿਆਂ ਦੀ ਉਮਰ ਵਿਚ ਇਸ ਦਾ ਦਿੱਲੀ ਵਿਚ ਦੇਹਾਂਤ ਹੋਇਆ। ਇਸ ਦੀ ਯਾਦ ਵਿਚ ਕਨਾਟ

ਪਲੇਸ ਤੋਂ ਗੋਲ ਮਾਰਕੀਟ ਨੂੰ ਜਾਂਦੀ ਇਕ ਸੜਕ ਦਾ ਨਾਂ 'ਬਾਬਾ ਖੜਕ ਸਿੰਘ ਮਾਰਗ' ਰਖਿਆ ਗਿਆ ਹੈ। ਇਸ ਦੇ ਮਨ ਵਿਚ ਦੇਸ਼-ਪਿਆਰ ਦੀ ਭਾਵਨਾ ਬੜੇ ਪ੍ਰਬਲ ਰੂਪ ਵਿਚ ਉਜਾਗਰ ਹੋਈ ਸੀ।

**ਖੜਕ ਸਿੰਘ, ਬਾਬਾ, ਕਾਰ-ਸੇਵਾ ਵਾਲੇ** (1895-1986 ਈ.): ਕਾਰ-ਸੇਵਾ ਦੇ ਖੇਤਰ ਵਿਚ ਵਿਸ਼ੇਸ਼ ਨਾਮਣਾ ਖਟਣ ਵਾਲੇ ਬਾਬਾ ਖੜਕ ਸਿੰਘ ਦਾ ਜਨਮ ਲਾਹੌਰ ਜ਼ਿਲ੍ਹੇ ਦੇ ਬਰਕੀ ਪਿੰਡ ਵਿਚ ਸ. ਪਾਲਾ ਸਿੰਘ ਦੇ ਘਰ ਮਾਈ ਦਾਨ ਕੌਰ ਦੀ ਕੁੱਖੋਂ ਸੰਨ 1895 ਈ. ਵਿਚ ਹੋਇਆ। ਪਹਿਲਾਂ ਫ਼ੌਜ ਵਿਚ ਨੌਕਰੀ ਸ਼ੁਰੂ ਕੀਤੀ, ਫਿਰ ਨੌਕਰੀ ਛਡ ਕੇ ਬਾਬਾ ਨਿਧਾਨ ਸਿੰਘ ਵਲੋਂ ਚਲਾਈ ਜਾ ਰਹੀ ਕਾਰ-ਸੇਵਾ ਵਿਚ ਜੁਟ ਗਏ। ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋ ਕੇ ਮੋਰਚੇ ਦੇ ਫਤਹਿ ਹੋਣ ਤਕ ਕੈਦ ਕਟੀ ਅਤੇ ਮੁਕਤ ਹੋਣ 'ਤੇ ਫਿਰ ਕਾਰ-ਸੇਵਾ ਵਿਚ ਜੁਟ ਗਏ।

ਜਦੋਂ ਆਪ ਬਾਬਾ ਗੁਰਮੁਖ ਸਿੰਘ ਦੀ ਅਗਵਾਈ ਵਿਚ ਦੇਹਰਾ ਸਾਹਿਬ, ਲਾਹੌਰ ਵਿਚ ਸੇਵਾ ਕਰਵਾ ਰਹੇ ਸਨ, ਤਾਂ ਝਬਾਲ ਦੀ ਸੰਗਤ ਨੇ ਬੇਨਤੀ ਕੀਤੀ ਕਿ ਬੀੜ ਬਾਬਾ ਬੁੱਢਾ ਦੀ ਇਮਾਰਤ ਦਾ ਨਵ-ਨਿਰਮਾਣ ਕਰਵਾਉਣ ਦੀ ਵਿਵਸਥਾ ਕੀਤੀ ਜਾਏ। ਉਸੇ ਵੇਲੇ ਬਾਬਾ ਗੁਰਮੁਖ ਸਿੰਘ ਨੇ ਇਸ ਕਾਰ-ਸੇਵਾ ਦੀ ਜ਼ਿੰਮੇਵਾਰੀ ਬਾਬਾ ਖੜਕ ਸਿੰਘ ਨੂੰ ਸੌਂਪ ਦਿੱਤੀ। ਬਾਬਾ ਜੀ ਦੋ ਗਡਿਆਂ ਉਤੇ ਥੋੜਾ ਜਿੰਨਾ ਸਾਮਾਨ ਲਦ ਕੇ ਬੀੜ ਵਿਚ ਪਹੁੰਚ ਗਏ। ਪਹਿਲਾਂ ਸਰੋਵਰ ਦੀ ਕਾਰ-ਸੇਵਾ ਸ਼ੁਰੂ ਕੀਤੀ ਅਤੇ ਫਿਰ ਇਮਾਰਤ ਦੀ ਉਸਾਰੀ ਦਾ ਕੰਮ ਆਰੰਭ ਕਰਵਾਇਆ। ਕਾਰ-ਸੇਵਾ ਦੇ ਇਨ੍ਹਾਂ ਕੰਮਾਂ ਤੋਂ ਇਲਾਵਾ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਲੰਗਰ ਦੀ ਇਮਾਰਤ ਅਤੇ ਸਰੋਵਰ ਲਈ ਜਲ ਲਿਆਉਣ ਦੀ ਹਸਲੀ ਬਣਵਾਉਣ ਦਾ ਉੱਦਮ ਆਪ ਜੀ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਹਨ। ਗੋਇੰਦਵਾਲ ਨੇੜੇ ਬਿਆਸ ਦਰਿਆ ਉਪਰ ਪੁਲ ਉਸਾਰਨ ਵਿਚ ਵੀ ਆਪ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਕਾਰ-ਸੇਵਾ ਤੋਂ ਇਲਾਵਾ ਆਪ ਨੇ ਬੀੜ ਸਾਹਿਬ ਦੇ ਇਲਾਕੇ ਵਿਚ ਵਿਦਿਆ ਦੇ ਪ੍ਰਚਾਰ ਲਈ ਵੀ ਬਹੁਤ ਉੱਦਮ ਕੀਤਾ, ਕਿਉਂਕਿ ਆਪ ਵਲੋਂ ਬਾਬਾ ਬੁੱਢਾ ਜੀ ਕਾਲਜ, ਬਾਬਾ ਬੁੱਢਾ ਜੀ ਸੀਨੀਅਰ ਸੈਕੰਡਰੀ ਤੇ ਪਬਲਿਕ ਸਕੂਲ ਨਿਰਮਾਣ ਕਰਵਾਉਣੇ ਆਪ ਦੀ ਵਿਦਿਆ ਪ੍ਰਤਿ ਚੇਤਨਾ ਦਾ ਹੀ ਫਲ ਹੈ। ਆਪ ਨੇ ਲੋਕਾਂ ਨੂੰ ਸਦਾ ਮਿਲ ਕੇ ਰਹਿਣ ਲਈ ਪ੍ਰੇਰਿਤ ਕੀਤਾ ਹੈ ਅਤੇ ਸਮਾਜਿਕ ਝਗੜਿਆਂ ਨੂੰ ਘਰ ਵਿਚ ਨਿਪਟਾਉਣ ਦੀ ਸਲਾਹ ਦਿੱਤੀ ਹੈ। ਹਰਿਮੰਦਿਰ ਸਾਹਿਬ ਉਤੇ ਕੀਤੀ ਗਈ ਨੀਲਾ ਤਾਰਾ ਕਾਰਵਾਈ ਨੇ ਆਪ ਦੇ ਦਿਲ ਉਤੇ ਬਹੁਤ ਅਸਰ ਕੀਤਾ। ਕੁਝ ਸਮਾਂ ਬੀਮਾਰ ਰਹਿ ਕੇ 30 ਮਈ 1986 ਈ. ਨੂੰ ਸ਼ਰੀਰ ਦਾ ਤਿਆਗ ਕਰ ਦਿੱਤਾ ਅਤੇ ਆਪਣੇ ਕੰਮ ਦੀ ਜ਼ਿੰਮੇਵਾਰੀ ਬਾਬਾ ਦਰਸ਼ਨ ਸਿੰਘ ਦੇ ਹਵਾਲੇ ਕਰ ਦਿੱਤੀ। ਆਪ ਸ਼ੁੱਧ ਆਤਮਾ ਵਾਲੇ ਇਕ ਸ੍ਰੇਸ਼ਠ ਉਦਮੀ ਸਾਧਕ ਸਨ।

**ਖੜਕ ਸਿੰਘ, ਮਹਾਰਾਜਾ** (1801-1840 ਈ.): ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਵੱਡਾ ਸ਼ਹਿਜ਼ਾਦਾ ਜੋ ਮਹਾਰਾਣੀ ਦਾਤਾਰ ਕੌਰ ਦੀ ਕੁੱਖੋਂ 9 ਫਰਵਰੀ 1801 ਈ. ਨੂੰ ਪੈਦਾ ਹੋਇਆ। ਇਸ ਦਾ ਵਿਆਹ ਛੋਟੀ ਉਮਰੇ ਸੰਨ 1812 ਈ. ਵਿਚ ਸ. ਜੈਮਲ ਸਿੰਘ ਕਨ੍ਹੀਆ ਦੀ ਪੁੱਤਰੀ ਚੰਦ ਕੌਰ ਨਾਲ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਪੂਰਾ ਯਤਨ ਕੀਤਾ ਕਿ ਇਸ ਨੂੰ ਸੂਰਬੀਰ ਵਾਂਗ ਹਰ ਪ੍ਰਕਾਰ ਦੀ ਸਿਖਿਆ ਦਿੱਤੀ ਜਾਏ। ਇਸ ਲਈ ਬਚਪਨ ਵਿਚ ਹੀ ਇਸ ਨੂੰ ਕਈ ਜ਼ਿੰਮੇਵਾਰੀਆਂ ਸੌਂਪੀਆਂ ਜਾਣ ਲਗੀਆਂ। ਇਸ ਨੂੰ ਸੰਨ 1811 ਈ. ਵਿਚ ਕਨ੍ਹੀਆ ਮਿਸਲ ਦੀ ਰਿਆਸਤ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ ਅਤੇ ਸੰਨ 1812 ਈ. ਵਿਚ ਰਾਜੌਰੀ ਅਤੇ ਭਿੰਬਰ ਦੇ ਸਰਕਸ਼ ਮੁਖੀਆਂ ਨੂੰ ਸੋਧਣ ਲਈ ਭੇਜਿਆ ਗਿਆ। ਇਸ ਨੂੰ ਸੰਨ 1818 ਈ. ਵਿਚ ਮੁਲਤਾਨ ਅਤੇ ਸੰਨ 1819 ਈ. ਵਿਚ ਕਸ਼ਮੀਰ ਦੀਆਂ ਮੁਹਿੰਮਾਂ ਉਤੇ ਵੀ ਭੇਜਿਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅੰਤ-ਕਾਲ ਵੇਲੇ ਸਾਰੇ ਵੱਡੇ ਦਰਬਾਰੀਆਂ ਸਾਹਮਣੇ ਇਸ ਨੂੰ ਰਾਜ ਤਿਲਕ ਦਿੱਤਾ ਅਤੇ ਰਾਜਾ ਧਿਆਨ ਸਿੰਘ ਨੂੰ ਇਸ ਦਾ ਵਜ਼ੀਰ ਮੁਕਰਰ ਕੀਤਾ।

ਖੜਕ ਸਿੰਘ ਦਾ ਆਪਣੇ ਇਕ ਜਿਗਰੀ ਮਿੱਤਰ ਚੇਤ ਸਿੰਘ ਬਾਜਵਾ ਪ੍ਰਤਿ ਬਹੁਤ ਉਲਾਰ ਸੀ। ਉਸ ਨੂੰ ਸਦਾ ਆਪਣੇ ਕੋਲ ਰਖਦਾ ਸੀ। ਮੁੱਖ ਮੰਤਰੀ ਧਿਆਨ ਸਿੰਘ ਡੋਗਰਾ ਨੂੰ ਇਹ ਗੱਲ ਪਸੰਦ ਨਹੀਂ ਸੀ। ਜਦ ਜੂਨ 1939 ਈ. ਵਿਚ ਖੜਕ ਸਿੰਘ ਮਹਾਰਾਜਾ ਬਣਿਆ, ਤਾਂ ਧਿਆਨ ਸਿੰਘ ਨੂੰ

ਚੇਤ ਸਿੰਘ ਦਾ ਮਹਾਰਾਜੇ ਪਾਸ ਹਰ ਵਕਤ ਰਹਿਣਾ ਚੰਗਾ ਨ ਲਗਿਆ। ਉਸ ਨੇ ਮਹਾਰਾਜਾ ਖੜਕ ਸਿੰਘ ਵਿਰੁੱਧ ਗ਼ਲਤ ਅਫ਼ਵਾਹਾਂ ਪਸਾਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਆਪਣਾ ਰਾਜ ਅੰਗ੍ਰੇਜ਼ਾਂ ਹਵਾਲੇ ਕਰਨਾ ਚਾਹੁੰਦਾ ਹੈ। ਉਧਰ ਪਿਤਾ ਦੇ ਵਿਰੁੱਧ ਕੰਵਰ ਨੌਨਿਹਾਲ ਸਿੰਘ ਦੇ ਕੰਨ ਭਰਨੇ ਵੀ ਸ਼ੁਰੂ ਕਰ ਦਿੱਤੇ ਅਤੇ ਕੰਵਰ ਦੀ ਮਾਤਾ ਨੂੰ ਵੀ ਆਪਣੇ ਪਤੀ ਦੇ ਵਿਰੁੱਧ ਕਰ ਦਿੱਤਾ। 9 ਅਕਤੂਬਰ 1839 ਈ. ਨੂੰ ਸਵੇਰੇ ਵੇਲੇ ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਚੇਤ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਖੜਕ ਸਿੰਘ ਨੂੰ ਕਿਲ੍ਹੇ ਤੋਂ ਬਾਹਰ ਲੈ ਜਾ ਕੇ ਇਕ ਹਵੇਲੀ ਵਿਚ ਇਕ ਪ੍ਰਕਾਰ ਦਾ ਨਜ਼ਰਬੰਦ ਕਰ ਦਿੱਤਾ ਗਿਆ ਕਿ ਕਿਤੇ ਇਹ ਅੰਗ੍ਰੇਜ਼ਾਂ ਦੇ ਇਲਾਕੇ ਵਲ ਖਿਸਕ ਨ ਜਾਏ। ਰਾਜ ਦਾ ਪ੍ਰਬੰਧ ਧਿਆਨ ਸਿੰਘ ਦੀ ਮਦਦ ਨਾਲ ਕੰਵਰ ਨੌਨਿਹਾਲ ਸਿੰਘ ਕਰਨ ਲਗ ਗਿਆ। ਖੜਕ ਸਿੰਘ ਨੂੰ ਧਿਆਨ ਸਿੰਘ ਨੇ ਥੋੜੀ ਥੋੜੀ ਜ਼ਹਿਰ ਦੇਣੀ ਸ਼ੁਰੂ ਕਰਵਾ ਦਿੱਤੀ ਅਤੇ 5 ਨਵੰਬਰ 1840 ਈ. ਨੂੰ ਇਸ ਦੀ ਮ੍ਰਿਤੂ ਹੋ ਗਈ। ਇਹ ਇਕ ਸਾਧਾਰਣ ਸੂਝ ਵਾਲਾ ਕਮਜ਼ੋਰ ਰਾਜਾ ਸੀ।

**ਖ਼ਾਸ ਦਸਖ਼ਤੀ ਪੱਤਰੇ** : 'ਖ਼ਾਸ ਲਿਪੀ' (ਵੇਖੋ) ਵਿਚ ਲਿਖੇ ਇਹ ਪੱਤਰੇ ਭਾਈ ਮਨੀ ਸਿੰਘ ਵਾਲੀ ਬੀੜ (ਵੇਖੋ) ਅਤੇ ਗੁਰਦੁਆਰਾ ਮੋਤੀ ਬਾਗ਼ ਵਾਲੀ ਬੀੜ (ਵੇਖੋ) ਵਿਚ ਯਥਾ-ਕ੍ਰਮ ਸੰਕਲਿਤ ਹਨ। ਇਨ੍ਹਾਂ ਤੋਂ ਇਲਾਵਾ ਇਕ ਪੱਤਰਾ ਰਾਜਾ ਫ਼ਰੀਦਕੋਟ ਪਾਸ ਸੁਰਖਿਅਤ ਹੈ ਅਤੇ ਇਕ ਹੋਰ ਪੱਤਰੇ ਦਾ ਫ਼ੋਟੋ 'ਖ਼ਾਲਸਾ ਸਮਾਚਾਰ' ਵਿਚ ਛਪਿਆ ਹੈ। ਇਨ੍ਹਾਂ ਸੰਬੰਧੀ ਅਧਿਕ ਵਿਵਰਣ ਇਸ ਪ੍ਰਕਾਰ ਹੈ।

ਭਾਈ ਮਨੀ ਸਿੰਘ ਵਾਲੀ ਬੀੜ ਵਿਚ ਕੁਲ ਅੱਠ ਪੱਤਰੇ ਹਨ। ਹਰ ਇਕ ਪੱਤਰੇ ਦੀ ਨਕਲ ਜਾਂ ਉਤਾਰਾ ਵੀ ਯਥਾ-ਸਥਾਨ ਲਗਿਆ ਹੋਇਆ ਹੈ। ਮੂਲ ਰੂਪ ਵਿਚ ਇਸ ਬੀੜ ਅੰਦਰ ਨੌਂ 'ਖ਼ਾਸ ਪੱਤਰੇ' ਸਨ, ਪਰ ਚੌਥੇ ਖ਼ਾਸ ਪੱਤਰੇ ਤੋਂ ਬਾਦ ਦਾ ਇਕ ਖ਼ਾਸ-ਪੱਤਰਾ ਹੁਣ ਮੌਜੂਦ ਨਹੀਂ ਹੈ। ਹਾਂ, ਉਸ ਦਾ ਉਤਰਾ ਬੀੜ ਕੇ ਪੱਤਰਾ ਅੰਕ 741 'ਤੇ ਉਪਲਬਧ ਹੈ। ਇਹ ਪੱਤਰੇ 1, 5 ਅਤੇ ਤਿੰਨ ਦੀ ਗਿਣਤੀ ਵਿਚ ਤਿੰਨ ਵਖ ਵਖ ਥਾਂਵਾਂ ਉਤੇ ਲਗੇ ਹੋਏ ਹਨ। ਇਨ੍ਹਾਂ ਦੇ ਦੋਹਾਂ ਪਾਸੇ ਕਾਗ਼ਜ਼ ਦਾ ਬਾਰਡਰ ਬਾਦ ਵਿਚ ਲਗਾਇਆ ਗਿਆ ਹੈ। ਹਰ ਇਕ ਖ਼ਾਸ ਪੱਤਰੇ ਦੇ ਇਕ ਇਕ ਪਾਸੇ 24/25 ਪੰਕਤੀਆਂ ਹਨ ਅਤੇ ਹਰ ਪੰਨੇ ਦੀ ਪਹਿਲੀ ਪੰਕਤੀ ਵਿਚ ਅਸਿ, ਤੇਗ, ਸਾਂਗ ਆਦਿ ਸ਼ਸਤ੍ਰਾਂ ਦੇ ਮੰਗਲ ਦਿੱਤੇ ਹੋਏ ਹਨ, ਜਿਵੇਂ—*ਸ੍ਰੀ ਅਸਤੇਗ ਅਸਸਾਂਗ ਅਸਤੇਗ ਅਸਧਾਰਾਧਰਣੀ ਅਸਤੇਗ ਤਬਰ ਤਰਵਾਰ ਤੀਰ ਕਮਾਨ ਤਬਰ ਤਰਵਾਰ...।* ਇਨ੍ਹਾਂ ਉਕਤੀਆਂ ਵਿਚ ਅੰਤਰ ਉਥੇ ਹੈ ਜਿਥੇ ਸ਼ਸਤ੍ਰ ਦਾ ਨਾਂ ਬਦਲਦਾ ਹੈ। ਹਰ ਇਕ ਪੱਤਰੇ ਦੇ ਸੱਜੇ ਖੱਬੇ ਪੰਕਤੀ-ਸੰਖਿਆ ਵੀ ਲਿਖੀ ਹੋਈ ਹੈ। ਇਨ੍ਹਾਂ ਲਈ ਵਰਤਿਆ ਗਿਆ ਕਾਗ਼ਜ਼ ਪੁਰਾਣਾ ਅਤੇ ਪਤਲਾ ਹੈ, ਰੰਗ ਗਹਿਰਾ ਮਿਟੀਆਲਾ ਜਾਂ ਨਸਵਾਰੀ ਹੈ। ਇਹ ਸਾਰੇ ਪੱਤਰੇ ਬਾਣੀ-ਰਚਨਾ-ਕ੍ਰਮ ਅਨੁਸਾਰ ਹੀ ਸੰਕਲਿਤ ਹੋਏ ਹਨ। ਇਹ ਸਾਰੇ ਪੱਤਰੇ ਵਿਚਕਾਰੋਂ ਮੁੜੇ ਹੋਏ ਹਨ, ਸ਼ਾਇਦ ਸੰਭਾਲਣ ਲਈ ਦੋਹਰਾ ਕੀਤਾ ਗਿਆ ਹੋਵੇਗਾ। ਇਨ੍ਹਾਂ ਪੱਤਰਿਆਂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਗੁਰਦੁਆਰਾ ਮੋਤੀ ਬਾਗ਼ ਵਾਲੀ ਬੀੜ ਨਾਲ ਮੇਲ ਖਾਂਦੀਆਂ ਹਨ। ਇਨ੍ਹਾਂ ਪੱਤਰਿਆਂ ਦੀ ਸਥਿਤੀ ਨੂੰ ਵੇਖ ਕੇ ਪ੍ਰਤੀਤ ਹੁੰਦਾ ਹੈ ਕਿ ਮੂਲ ਬੀੜ ਦੇ ਲਿਖੇ ਜਾ ਚੁਕਣ ਤੋਂ ਬਾਦ ਇਨ੍ਹਾਂ ਨੂੰ ਸ਼ਾਮਲ ਕੀਤਾ ਗਿਆ ਸੀ।

ਗੁਰਦੁਆਰਾ ਮੋਤੀ ਬਾਗ਼ ਵਾਲੀ ਬੀੜ ਵਿਚ ਕੁਲ ਸੱਤ ਪੱਤਰੇ ਸੰਕਲਿਤ ਹਨ। ਇਨ੍ਹਾਂ ਪੱਤਰਿਆਂ ਨੂੰ ਵੀ ਮੂਲ ਬੀੜ ਲਿਖੇ ਜਾ ਚੁਕਣ ਤੋਂ ਬਾਦ ਹੀ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਭਾਈ ਮਨੀ ਸਿੰਘ ਵਾਲੀ ਬੀੜ ਵਿਚ ਸੰਕਲਿਤ ਪੱਤਰਿਆਂ ਨਾਲ ਮੇਲ ਖਾਂਦੀਆਂ ਹਨ। ਅੰਤਰ ਬਸ ਇਹ ਹੈ ਕਿ ਪੱਤਰਾ ਅੰਕ 5,6 ਅਤੇ 7 ਉਤੇ ਪਾਠ ਦੀ ਆਰੰਭਿਕ ਪੰਕਤੀ (ਦੂਜੀ ਪੰਕਤੀ) ਵਿਚ ਬਾਣੀ ਦਾ ਮੂਲ ਪਾਠ ਸ਼ੁਰੂ ਹੋਣ ਤੋਂ ਪਹਿਲਾਂ ਹੇਠਾਂ ਲਿਖੀਆਂ ਉਕਤੀਆਂ ਅੰਕਿਤ ਹਨ—

ਪੱਤਰਾ 5 : *ਮੈ ਗੂੰਗਾ ਕਹਤਾ ਹੋ ਤੇਰੈ ਬਲ ਕਰ ਕੇ।*

ਪੱਤਰਾ 6 : *ਛਪੈ ਛੰਦ। ਤਵ ਪ੍ਰਸਾਦ ਕਹ੍ਯਾ ਮੈ ਗੂੰਗਾ ਬਾਣੀ ਉਚਰਤਾ ਹੋ ਤੇਰੇ ਪ੍ਰਸਾਦ ਤੇ॥*

ਪੱਤਰਾ 7 : *ਰੁਆਲ॥ ਤਵ ਪ੍ਰਸਾਦ ਮੈ ਗੂੰਗਾ ਕਹ੍ਯਾ... ਤੇਰੈ ਬਲ੍ਯਾ॥*

ਇਨ੍ਹਾਂ ਪੱਤਰਿਆਂ ਦੇ ਬਾਣੀ-ਪਾਠ ਵਿਚ ਵੀ ਕੁਝ ਅਜਿਹੀਆਂ ਉਕਤੀਆਂ ਮਿਲ ਜਾਂਦੀਆਂ ਹਨ। ਪਰ ਪ੍ਰਕਾਸ਼ਿਤ ਬੀੜਾਂ ਵਿਚ ਅਜਿਹੀਆਂ ਉਕਤੀਆਂ ਦਾ ਲਗਭਗ ਅਭਾਵ ਹੈ।

ਰਾਜਾ ਫ਼ਰੀਦ ਕੋਟ ਪਾਸ ਸੁਰਖਿਅਤ ਖ਼ਾਸ ਪੱਤਰਾ ਹੁਣ ਮਸ਼ੋਬਰਾ ਰਾਜ-ਭਵਨ (ਸ਼ਿਮਲਾ ਹਿਲਜ਼) ਵਿਚ ਸੁਰਖਿਅਤ

ਦਸਿਆ ਜਾਂਦਾ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਉਕਤ ਬੀੜਾਂ ਵਿਚ ਸੰਕਲਿਤ ਖ਼ਾਸ ਪੱਤਰਿਆਂ ਨਾਲ ਮਿਲਦੀਆਂ ਹਨ। ਸਪੱਸ਼ਟ ਹੈ ਕਿ ਇਸ ਪੱਤਰੇ ਦਾ ਮੂਲ ਸਰੋਤ ਬੀੜਾਂ ਵਾਲੇ ਪੱਤਰਿਆਂ ਵਾਲਾ ਹੀ ਹੈ। ਇਸੇ ਤਰ੍ਹਾਂ 'ਖ਼ਾਲਸਾ ਸਮਾਚਾਰ' (ਅਰਧ ਸ਼ਤਾਬਦੀ ਅੰਕ 1950 ਈ.) ਵਿਚ ਛਪੇ ਇਕ ਖ਼ਾਸ ਪੱਤਰੇ ਦੇ ਚਿਤਰ ਤੋਂ ਵੀ ਇਹੀ ਜ਼ਾਹਿਰ ਹੁੰਦਾ ਹੈ ਕਿ ਬੀੜਾਂ ਵਾਲੇ ਪੱਤਰਿਆਂ ਦੇ ਸਰੋਤ ਤੋਂ ਹੀ ਉਪਲਬਧ ਹੋਇਆ ਹੈ।

ਆਮ ਧਾਰਣਾ ਹੈ ਕਿ ਇਹ ਪੱਤਰੇ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਲਿਖੇ ਹੋਏ ਹਨ। ਪਰ ਇਨ੍ਹਾਂ ਪੱਤਰਿਆਂ ਦੀਆਂ ਅੰਦਲੀਆਂ ਗਵਾਹੀਆਂ ਅਤੇ ਬਾਹਰਲੇ ਪ੍ਰਮਾਣ ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਸੰਦਿਗਧ ਬਣਾਉਂਦੇ ਹਨ। ਇਸ ਸੰਬੰਧ ਵਿਚ ਅਧਿਕ ਵਿਸਤਾਰ ਪ੍ਰਸਤੁਤ ਲੇਖਕ ਦੀ ਪੁਸਤਕ 'ਦਸਮ ਗ੍ਰੰਥ ਦਾ ਕਰਤ੍ਰਿਤਵ' ਦੇ ਪੰਜਵੇਂ ਪ੍ਰਕਾਸ਼ ਵਿਚ ਦਿੱਤਾ ਹੈ।

**ਖ਼ਾਸ ਲਿਪੀ** : ਇਹ ਲਿਪੀ ਗੁਰਮੁਖੀ ਅਤੇ ਦੇਵਨਾਗਰੀ ਲਿਪੀਆਂ ਦਾ ਮਿਲਗੋਭਾ ਹੈ। ਸਾਧਾਰਣ ਵਿਸ਼ਵਾਸ ਅਨੁਸਾਰ ਇਹ ਲਿਪੀ 'ਤੀਰ ਦੀ ਮੁਖੀ' ਨਾਲ ਲਿਖੀ ਜਾਂਦੀ ਸੀ, ਪਰ ਅਸਲੀਅਤ ਇਹ ਹੈ ਕਿ ਉਸ ਸਮੇਂ ਤਕ ਭਾਰਤ ਵਿਚ ਪੁਰਤਗਾਲੀ ਨਿਬ ਦੀ ਵਰਤੋਂ ਸ਼ੁਰੂ ਹੋ ਗਈ ਸੀ। ਖ਼ਾਸ ਲਿਪੀ ਵਿਚ ਲਿਖੀ ਸਾਮਗ੍ਰੀ ਉਸ ਨਿਬ ਜਾਂ ਉਸ ਪ੍ਰਕਾਰ ਦੀ ਕਿਸੇ ਹੋਰ ਨਿਬ ਨਾਲ ਲਿਖੀ ਗਈ ਪ੍ਰਤੀਤ ਹੁੰਦੀ ਹੈ। ਕਾਹੀ ਜਾਂ ਸਰਕੰਡੇ ਦੀ ਕਲਮ ਨਾਲ ਇਹ ਘਟ ਹੀ ਲਿਖੀ ਜਾਂਦੀ ਸੀ। ਇਸ ਦਾ ਲਿਖਣ-ਢੰਗ ਉਪਰੋਕਤ ਦੋਹਾਂ ਲਿਪੀਆਂ ਤੋਂ ਕੁਝ ਭਿੰਨ ਅਤੇ ਲੰਡਿਆਂ ਦੀ ਲਿਖਾਵਟ ਦੇ ਕੁਝ ਅਨੁਰੂਪ ਹੈ। ਇਸ ਲਿਪੀ ਵਿਚ ਲਿਖਣ ਤੋਂ ਪਹਿਲਾਂ ਦੋ ਸਿਧੀਆਂ ਸ਼ਿਰੋ-ਰੇਖਾਵਾਂ ਖਿਚ ਕੇ ਫਿਰ ਉਨ੍ਹਾਂ ਨਾਲ ਅੱਖਰਾਂ ਨੂੰ ਟਾਂਕਿਆ ਜਾਂਦਾ ਹੈ। ਕਿਤੇ ਕਿਤੇ ਕੇਵਲ ਇਕੋ ਹੀ ਸ਼ਿਰੋ-ਰੇਖਾ ਲਗੀ ਵੇਖਣ ਵਿਚ ਆਈ ਹੈ। ਇਸ ਵਿਚ 'ਆ' ਦੀ ਮਾਤ੍ਰਾ ਲਈ ਕੇਵਲ ਇਕ ਬਿੰਦੀ ਹੀ ਲਗਾਈ ਜਾਂਦੀ ਹੈ, ਕਿਤੇ ਇਹ ਬਿੰਦੀ ਅੱਖਰਾਂ ਦੇ ਵਿਚਕਾਰ 'ਆ' ਮਾਤ੍ਰਾ ਵਾਲੀ ਨਿਸਚਿਤ ਥਾਂ ਤੇ ਲਗੀ ਹੁੰਦੀ ਹੈ ਅਤੇ ਕਿਤੇ ਸ਼ਿਰੋ-ਰੇਖਾ ਉਤੇ। ਬਾਕੀ ਮਾਤ੍ਰਾਵਾਂ ਵੀ ਕੁਝ ਵਟੇ ਹੋਏ ਰੂਪ ਵਿਚ ਵਰਤੀਆਂ ਜਾਂਦੀਆਂ ਹਨ। ਲਿਖਣ ਵੇਲੇ ਹਰ ਇਕ ਅੱਖਰ ਨੂੰ ਅਤੇ ਖ਼ਾਸ ਕਰ ਉਸ ਦੀ ਦੁੰਮ ਨੂੰ ਖੱਬੇ ਪਾਸੇ ਵਲ ਕਾਫ਼ੀ ਖਿਚ ਦਿੱਤਾ ਜਾਂਦਾ ਹੈ। ਇਸ ਲਈ ਇਸ ਨੂੰ 'ਚਲੰਤ-ਲਿਪੀ' ਵੀ ਆਖਿਆ ਜਾਂਦਾ ਹੈ। ਇਕ ਨਿਜੀ ਭੇਂਟ ਵੇਲੇ ਸੋਢੀ ਮਨੋਹਰ ਸਿਘ (ਆਨੰਦਪੁਰ ਵਾਸੀ) ਨੇ ਇਸ ਲਿਪੀ ਦਾ ਨਾਂ 'ਕਰਪਲੀ' ਦਸਿਆ ਸੀ।

ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਅਨੁਸਾਰ ਇਸ ਲਿਪੀ ਦੀ ਕਾਢ ਦਸਮ ਗੁਰੂ ਨੇ ਕਢੀ ਸੀ, ਪਰ ਇਹ ਕਥਨ ਨਿਰਾਧਾਰ ਹੈ ਕਿਉਂਕਿ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਵੀ ਅਜਿਹੀ ਲਿਪੀ ਵਰਤੀ ਹੋਈ ਮਿਲਦੀ ਹੈ। ਇਸ ਤੋਂ ਛੁਟ, ਸੰਮਤ 1710 ਬਿ. ਵਿਚ ਲਿਖੀ 'ਗੁਰੂ ਗ੍ਰੰਥ ਸਾਹਿਬ' ਦੀ ਇਕ ਬੀੜ ਦੇ ਆਰੰਭ ਵਿਚ ਗੁਰੂ ਤੇਗ ਬਹਾਦਰ ਜੀ ਦਾ ਨੀਸਾਨ ਇਸੇ ਲਿਪੀ ਵਿਚ ਲਿਖਿਆ ਮਿਲਦਾ ਹੈ। ਇਸ ਨੀਸਾਨ ਦਾ ਬਲਾਕ-ਚਿਤਰ 'ਖ਼ਾਲਸਾ ਸਮਾਚਾਰ' (ਅਰਧ ਸ਼ਤਾਬਦੀ ਅੰਕ, 13 ਸੰਤਬਰ 1950) ਵਿਚ ਪ੍ਰਕਾਸ਼ਿਤ ਹੋ ਚੁਕਾ ਹੈ। ਅਜਿਹੀ ਹਾਲਤ ਵਿਚ ਵਧ ਤੋਂ ਵਧ ਇਹ ਮੰਨਿਆ ਜਾ ਸਕਦਾ ਹੈ ਕਿ ਦਸਮ ਗੁਰੂ ਨੇ ਇਸ ਲਿਪੀ ਨੂੰ ਸੰਵਾਰਿਆ ਸੀ ਜਾਂ ਇਸ ਵਿਚ ਗ੍ਰੰਥ ਲਿਖਣ ਦੀ ਪ੍ਰੇਰਣਾ ਦਿੱਤੀ ਸੀ ਜਾਂ ਆਪਣੇ ਨੀਸਾਣ ਗੁਰੂ ਪਰੰਪਰਾ ਅਨੁਸਾਰ ਇਸੇ ਲਿਪੀ ਵਿਚ ਦੇਣੇ ਜਾਰੀ ਰਖੇ ਸਨ। ਇਸ ਲਿਪੀ ਵਿਚ ਦਸਮ ਗੁਰੂ ਤੋਂ ਬਾਦ ਵੀ ਜਾਅਲੀ ਰੂਪ ਵਿਚ ਲਿਖਿਆ ਜਾਂਦਾ ਰਿਹਾ ਜਿਸ ਦਾ ਪ੍ਰਯੋਜਨ ਦਸਮ ਗੁਰੂ ਦੀ ਲਿਖਿਤ ਦਾ ਭਰਮ ਪਾਉਣਾ ਸੀ। ਉਦਾਹਰਣ ਵਜੋਂ :

(1) ਭਾਈ ਜੀਵਨ ਸਿੰਘ (ਮਹੱਲਾ ਡੋਗਰਿਆਂ, ਹਿਸਾਰ) ਪਾਸ ਸੰਮਤ 1777 ਬਿ. ਦਾ ਇਕ ਹੁਕਮਨਾਮਾ ਸੁਰਖਿਅਤ ਸੀ, ਜਿਸ ਉੱਤੇ ਇਸ ਲਿਪੀ ਵਿਚ 'ਨੀਸਾਣ' ਅੰਕਿਤ ਹੈ। ਇਹ ਤਿਥੀ ਦਸਵੇਂ ਗੁਰੂ ਤੋਂ 13 ਵਰ੍ਹੇ ਬਾਦ ਦੀ ਹੈ।

(2) ਅਨੇਕਾਂ ਜਾਅਲੀ ਹੁਕਮਨਾਮੇ ਅਤੇ ਹੋਰ ਅਪ੍ਰਮਾਣਿਕ ਸਾਮਗ੍ਰੀ।

ਅਸਲ ਵਿਚ, ਇਹ ਲਿਪੀ ਉਸ ਸਮੇਂ ਮੰਡੀ ਸੁਕੇਤ ਅਤੇ ਉਸ ਦੇ ਨਾਲ ਲਗਦੀਆਂ ਪਹਾੜੀ ਰਿਆਸਤਾਂ ਵਿਚ ਆਮ ਪ੍ਰਚਲਿਤ ਸੀ ਅਤੇ ਇਸ ਨੂੰ 'ਕਟੂ ਲਿਪੀ' ਕਿਹਾ ਜਾਂਦਾ ਸੀ।

*ਖ਼ਾਸ ਲਿਪੀ ਵਿਚ ਪ੍ਰਾਪਤ ਸਾਮਗ੍ਰੀ*

(1) ਭਾਈ ਮਨੀ ਸਿੰਘ ਵਾਲੀ ਬੀੜ ਵਿਚ ਸੁਰਖਿਅਤ ਅੱਠ ਪੱਤਰੇ,

(2) ਗੁਰਦੁਆਰਾ ਮੋਤੀ ਬਾਗ਼ ਵਾਲੀ ਬੀੜ ਵਿਚ ਸੁਰਖਿਅਤ ਸੱਤ ਪੱਤਰੇ,

(3) ਰਾਜਾ ਫ਼ਰੀਦਕੋਟ ਪਾਸ ਸੁਰਖਿਅਤ ਇਕ ਪੱਤਰਾ (ਰਾਜ

ਭਵਨ, ਮਸ਼ੋਬਰਾ),

(4) 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਇਕ ਪੱਤਰ (ਅਰਧ ਸ਼ਤਾਬਦੀ ਅੰਕ, 1950 ਈ.),

(5) 'ਆਦਿ ਗ੍ਰੰਥ' ਦੀ ਇਕ ਪੂਰੀ ਬੀੜ, (ਮਨੋਹਰ ਸਿੰਘ ਮਾਰਕੋ ਪਾਸ ਸੁਰਖਿਅਤ),

(6) ਸ਼ਸਤ੍ਰ ਨਾਮ ਮਾਲਾ (ਕ੍ਰਮਾਂਕ 5 ਵਾਲੀ ਬੀੜ ਨਾਲ),

(7) ਜਪੁ, ਜਾਪੁ, ਕਰਨੀ-ਨਾਮਾ ਅਤੇ ਰਾਜਾ ਹਰਿ ਚੰਦ ਦੀ ਕਥਾ ਆਦਿ (ਆਨੰਦਪੁਰ ਦੇ ਸੋਢੀਆਂ ਪਾਸ ਸੁਰਖਿਅਤ),

(8) 'ਚਰਿਤ੍ਰੋਪਾਖਿਆਨ' ਦੀ ਇਕ ਪੋਥੀ (ਨਾਭਾ ਰਿਆਸਤ ਦੇ ਤੋਸ਼ਾਖ਼ਾਨੇ ਵਿਚ ਸੁਰਖਿਅਤ) ਅਤੇ

(9) ਅਪ੍ਰਮਾਣਿਕ ਹੁਕਮਨਾਮਾ।

ਇਸ ਤੋਂ ਛੁਟ, ਗੁਰੂ ਤੇਗ ਬਹਾਦਰ ਜੀ ਅਤੇ ਦਸਮ ਗੁਰੂ ਜੀ ਦੇ ਹੁਕਮਨਾਮੇ ਜਾਂ ਉਨ੍ਹਾਂ ਦੇ ਪਾਏ 'ਨੀਸਾਣ' ਇਸ ਲਿਪੀ ਵਿਚ ਪ੍ਰਾਪਤ ਹੋਏ ਹਨ। 'ਖ਼ਾਸ-ਪੱਤਰਾਂ ਦੇ ਕੁਝ ਉਤਾਰੇ ਵੀ ਕਈ ਥਾਂਵਾਂ 'ਤੇ ਸੁਰਖਿਅਤ ਪ੍ਰਾਚੀਨ ਬੀੜਾਂ ਵਿਚ ਸਥਾਨ-ਕ੍ਰਮ ਅਨੁਸਾਰ ਸੰਗ੍ਰਹਿਤ ਹਨ।

**ਖ਼ਾਸ ਲਿਪੀ ਵਿਚ ਲਿਖੀਆਂ ਪੋਥੀਆਂ** : ਜਾਪੁ, ਜਪੁ, ਕਰਨੀਨਾਮਾ ਅਤੇ ਰਾਜਾ ਹਰਿਚੰਦ ਦੀ ਕਥਾ— ਇਹ ਚਾਰੇ ਪੋਥੀਆਂ (ਰਚਨਾਵਾਂ) ਆਨੰਦਪੁਰੀਏ ਸੋਢੀਆਂ ਪਾਸ ਸੁਰਖਿਅਤ ਹਨ। ਗੁਰੂ ਤੇਗ ਬਹਾਦਰ ਜੀ ਦੇ ਭਰਾ ਸੋਢੀ ਸੂਰਜ ਮੱਲ ਦੀ ਬੰਸ ਵਿਚੋਂ ਸੋਢੀ ਮਨੋਹਰ ਸਿੰਘ, ਬਾਸੀ ਭਰਪੂਰ ਸਿੰਘ, ਆਨੰਦਪੁਰ (ਜ਼ਿਲ੍ਹਾ ਰੋਪੜ) ਨੇ ਸੰਨ 1960 ਈ. ਕੀਤੀ ਇਕ ਭੇਂਟ ਵਿਚ ਦਸਿਆ ਸੀ ਕਿ ਆਨੰਦਪੁਰ ਦੇ ਘੋਰ ਸੰਗ੍ਰਾਮ ਤੋਂ ਪਹਿਲਾਂ ਸੋਢੀ ਬੰਸ ਦੇ ਸ਼ੁੱਧ ਅੰਸ਼ ਨੂੰ ਬਣਾਏ ਰਖਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਚੇ ਸੋਢੀ ਸੂਰਜ ਮੱਲ ਦੇ ਪੋਤਰਿਆਂ—ਗੁਲਾਬ ਸਿੰਘ ਅਤੇ ਸ਼ਾਮ ਸਿੰਘ— ਨੂੰ ਜੋ ਉਸ ਵੇਲੇ ਆਨੰਦਪੁਰ ਵਿਚ ਰਹਿੰਦੇ ਸਨ, ਸਰਮੌਰ ਰਿਆਸਤ ਵਿਚ ਚਲੇ ਜਾਣ ਦੀ ਆਗਿਆ ਦਿੱਤੀ ਅਤੇ ਸਰਮੌਰ-ਪਤੀ ਰਾਜਾ ਮੇਦਨੀ ਪ੍ਰਕਾਸ਼ ਦੇ ਨਾਂ ਤੇ ਇਕ ਪੱਤਰ ਵੀ ਦਿੱਤਾ। ਪਹਿਲਾਂ ਤਾਂ ਉਨ੍ਹਾਂ ਦੋਹਾਂ ਨੇ ਇਹ ਗੱਲ ਸਵੀਕਾਰ ਨ ਕੀਤੀ, ਪਰ ਅੰਤ ਵਿਚ ਉਨ੍ਹਾਂ ਨੂੰ ਗੁਰੂ ਜੀ ਦੀ ਆਗਿਆ ਮੰਨਣੀ ਪਈ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਗ੍ਰੰਥ ਵੀ ਦਿੱਤਾ ਕਿ ਜਦ ਉਨ੍ਹਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਹੋਵੇ ਤਾਂ ਇਸ ਗ੍ਰੰਥ ਨੂੰ ਵੇਖ ਲੈਣ। ਸੰਕਟ ਉਪਰੰਤ ਤੁਸੀਂ ਫਿਰ ਆਨੰਦਪੁਰ ਮੁੜ ਆਉਣਾ। ਬਾਦ ਵਿਚ ਇਹ ਗ੍ਰੰਥ ਸੋਢੀ ਪਰਿਵਾਰ ਪਾਸ ਹੀ ਰਿਹਾ ਪਰ ਭਰਾਵਾਂ ਦੇ ਬਟਵਾਰੇ ਵੇਲੇ ਇਹ ਗ੍ਰੰਥ ਵੀ ਵੰਡਿਆ ਗਿਆ। ਇਸ ਦਾ ਪੂਰਬ-ਭਾਗ ਟਿਕਾ ਜਗਤਾਰ ਸਿੰਘ (ਸੀ-੧੧, ਨਿਜ਼ਾਮਦੀਨ, ਨਵੀਂ ਦਿੱਲੀ) ਪਾਸ ਹੈ ਅਤੇ ਜਿਸ ਵਿਚ ਪਾਠ 'ਜਾਪੁ' ਅਤੇ 'ਜਪੁ' ਬਾਣੀਆਂ ਦਾ ਹੈ। ਇਸ ਦਾ ਉੱਤਰ-ਭਾਗ ਸੋਢੀ ਮਨੋਹਰ ਸਿੰਘ ਪਾਸ ਹੈ ਜਿਸ ਵਿਚ 'ਕਰਨੀਨਾਮ' ਅਤੇ 'ਰਾਜਾ ਹਰੀਚੰਦ ਦੀ ਕਥਾ' ਦਾ ਪਾਠ ਹੈ। ਇਸ ਖੰਡਿਤ ਪੋਥੀ ਦਾ ਆਕਾਰ ਬਹੁਤ ਛੋਟਾ ਹੈ। ਹਰ ਪੰਨੇ ਤੇ ੩ ਤੋਂ ਲੈ ਕੇ ੫ ਤਕ ਪੰਕਤੀਆਂ ਹਨ। ਇਸ ਦੀ ਲਿਖਿਤ ਗੁਰੂ ਗ੍ਰੰਥ ਸਾਹਿਬ ਦੀ ਖ਼ਾਸ ਬੀੜ ਵਰਗੀ ਹੈ :

ਗੁਰੂ ਜੀ ਵਲੋਂ ਰਾਜਾ ਮੇਦਨੀ ਪ੍ਰਕਾਸ਼ ਨੂੰ ਲਿਖਿਆ ਉਪਰੋਕਤ ਪੱਤਰ ਦਾ ਪਾਠ ਹੇਠ ਲਿਖੇ ਅਨੁਸਾਰ ਹੈ :

ਬਤਰਫ ਸਰਮੋਰ-ਪਤੀ

*ਸਤਿ ਗੁਰੁ ਸਹਾਯੇ ॥ ਸਰਮੋਰ ਰਾਯੰ ॥*
*ਮਿਦਨੀ ਪਰਕਾਸੰ ॥ ਸਦਾ ਸੁਖਿ ਵਾਸੰ ॥*
*ਗੁਲਾਬੰ ਮ੍ਰਿਗਿਦੰ ॥ ਅਨਜ ਸਾਮ ਸਿੰਘੰ ॥*
*ਪਠਯੋ ਰਾਵਰ ਓਰੰ ॥ ਪ੍ਰਥਮ ਸੰਘਰ ਘੋਰੰ ॥*
*ਯਥਾ ਸਕਤਿ ਸਹਾਇਤਾ ਕਰੋ ਭਰਾਤਾ ਦੋਨ ॥*
*ਭੇਜੋ ਸ੍ਰੀ ਆਨੰਦ ਪੁਰ ਬਸੈ ਜਾਇਮ ਮਮ ਭੌਨ ॥*
*ਰਹੈ ਬੀਜ ਹਰਿਬੰਸ ਕਾ ਸੁਧ ਗੁਰੂ ਕੀ ਅੰਸ ॥*
*ਸੋਢੀ ਕੁਲ ਜਗ ਮੇ ਬੜੈ ਪਰਮ ਪਵਿਤ੍ਰ ਵੰਸ ॥*
*ਸੇਵਾ ਇਨੈ ਸਹਾਇਤਾ ਕਰੈ ਸਿਖ ਜੋ ਮੋਰ ॥*
*ਲਹੈ ਜਗਤ ਮੇ ਸੁਖ ਸਭੈ ਅੰਤ ਗੁਰੂ ਦਿਗ ਠੌਰ ॥*
*ਦਸਖਤ ਸ੍ਰੀ ਹਜੂਰ ਪਾਤਿਸਾਹੀ ੧੦*

ਇਹ ਆਗਿਆ-ਪੱਤਰ ਕਵਿਤਾ ਵਿਚ ਹੋਣ ਦੇ ਕਾਰਣ ਗੁਰੂ ਜੀ ਦੇ ਹੋਰਨਾਂ ਆਗਿਆ ਪੱਤਰਾਂ ਜਾਂ ਹੁਕਮ-ਨਾਮਿਆਂ ਨਾਲ ਮੇਲ ਨਹੀਂ ਖਾਂਦਾ। ਸ਼ੁੱਧ ਸੋਢੀ ਬੰਸ ਨੂੰ ਬਚਾਉਣ ਦੀ ਯੁਕਤੀ ਵੀ ਅਜੀਬ ਜਿਹੀ ਹੈ। ਆਪਣੇ ਪੁੱਤਰਾਂ ਨੂੰ, ਜੇ ਗੁਰੂ ਜੀ ਚਾਹੁੰਦੇ ਤਾਂ ਸੁਰਖਿਅਤ ਥਾਂਵਾਂ 'ਤੇ ਘਲ ਸਕਦੇ ਹਨ, ਪਰ ਉਨ੍ਹਾਂ ਨੂੰ ਨ ਭੇਜਿਆ। ਫਿਰ ਭਤੀਜਿਆਂ ਪ੍ਰਤਿ ਇਤਨਾ ਮੋਹ ਕਿਉਂ ? ਇਤਿਹਾਸ ਵਿਚੋਂ ਵੀ ਇਨ੍ਹਾਂ ਗੱਲਾਂ ਦਾ ਸਮਰਥਨ ਨਹੀਂ ਹੁੰਦਾ। ਇਸ ਕਰਕੇ ਇਸ ਹੁਕਮਨਾਮੇ ਦੀ ਪ੍ਰਮਾਣਿਕਤਾ ਸ਼ੱਕੀ ਹੈ ਅਤੇ ਪ੍ਰਤੀਤ ਹੁੰਦਾ ਹੈ ਕਿ ਸੋਢੀਆਂ ਨੇ ਆਪਣੇ ਮਹੱਤਵ ਨੂੰ ਬਣਾਏ ਰਖਣ ਵਾਸਤੇ ਅਜਿਹੀਆਂ ਉਥਾਨਿਕਾਵਾਂ ਘੜੀਆਂ ਹਨ।

**ਖ਼ਾਸ ਲਿਪੀ ਵਿਚ ਲਿਖੀ ਬੀੜ** : ਇਹ ਗ੍ਰੰਥ ਪੰਡਿਤ ਓਮ ਪ੍ਰਕਾਸ਼ ਪੁੱਤਰ ਪੰਡਿਤ ਬੇਲੀਰਾਮ ਸਰਾਇ ਲਾ. ਤੇਲੂ ਸ਼ਾਹ, ਆਨੰਦਪੁਰ (ਜ਼ਿਲ੍ਹਾ ਹੋਸ਼ਿਆਰਪੁਰ) ਤੋਂ ਪ੍ਰਾਪਤ ਹੋਇਆ ਹੈ। ਸ੍ਰੀ ਦੀਨਾ ਨਾਥ ਮਲਹਨ, ਸਚਿਤ, ਨਗਰ-ਪਾਲਿਕਾ, ਆਨੰਦਪੁਰ ਨੇ ਸੰਨ 1960 ਈ. ਵਿਚ ਹੋਈ ਇਕ ਮੁਲਾਕਾਤ ਵਿਚ ਦਸਿਆ ਸੀ ਕਿ ਪੰ. ਗੋਬਿੰਦ ਰਾਮ ਨੂੰ ਦਸਵੇਂ ਗੁਰੂ ਦੇ ਕਿਸੇ ਡਾਕੂਮੈਂਟ (ਦਸਤਾਵੇਜ਼) ਤੋਂ ਪਤਾ ਲਗਿਆ ਕਿ ਉਨ੍ਹਾਂ ਦਾ ਇਕ ਗ੍ਰੰਥ ਕਾਂਗੜਾ ਦੇ ਕਨੈਤ ਰਾਜਪੂਤਾਂ ਪਾਸ ਪਿਆ ਹੈ ਅਤੇ ਜਿਸ ਨੂੰ 500 ਰੁਪਏ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਪੰਡਿਤ ਹੋਰਾਂ ਨੇ ਇਸ ਗ੍ਰੰਥ ਨੂੰ ਬੜੀ ਮਿਹਨਤ ਨਾਲ ਰੁਪਿਆ ਖ਼ਰਚ ਕੇ ਪ੍ਰਾਪਤ ਕੀਤਾ, ਪਰ ਕਿਸੇ ਵੇਲੇ ਮਕਾਨ ਦੇ ਡਿਗਣ ਨਾਲ ਇਸ ਗ੍ਰੰਥ ਦਾ ਪੂਰਬ-ਖੰਡ ਜੋ ਨੈਨਾਦੇਵੀ ਦਾ ਪ੍ਰਸੰਗ ਦਸਿਆ ਜਾਂਦਾ ਹੈ, ਨਸ਼ਟ ਹੋ ਗਿਆ। ਉਸ ਖੰਡ ਦੀ ਇਕ ਨਕਲ ਸਾਧਾਰਣ ਗੁਰਮੁਖੀ ਲਿਪੀ ਵਿਚ ਪੰਡਿਤ ਹੋਰਾਂ ਨੇ ਤਿਆਰ ਕਰ ਲਈ ਸੀ, ਜੋ ਹੁਣ ਨੈਨਾ ਦੇਵੀ ਦੇ ਪੁਜਾਰੀਆਂ ਪਾਸ ਪਈ ਦਸੀ ਜਾਂਦੀ ਹੈ।

ਇਸ ਗ੍ਰੰਥ ਦਾ ਉੱਤਰ-ਖੰਡ (ਗੁਰੂ ਗ੍ਰੰਥ ਸਾਹਿਬ) ਪੰਡਿਤ ਹੋਰਾਂ ਪਾਸ ਆਨੰਦਪੁਰ ਰਿਹਾ ਅਤੇ ਤਦ ਤੋਂ ਸੰਨ 1960 ਈ. ਤਕ ਉਨ੍ਹਾਂ ਦੀ ਸੰਤਾਨ ਪਾਸ ਹੀ ਸੁਰਖਿਅਤ ਚਲਿਆ ਆਇਆ। ਨਗਰ-ਪਾਲਿਕਾ ਦੇ ਰਿਕਾਰਡ ਅਨੁਸਾਰ ਪੰਡਿਤ ਹੋਰੀਂ 90 ਵਰ੍ਹਿਆਂ ਦੀ ਉਮਰ ਵਿਚ 12.8.1900 ਈ. ਨੂੰ ਪੂਰੇ ਹੋਏ। ਅਨੁਮਾਨ ਹੈ ਕਿ ਇਹ ਗ੍ਰੰਥ ਪੰਡਿਤ ਜੀ ਨੇ 40 ਵਰ੍ਹਿਆਂ ਦੀ ਉਮਰ (ਸ਼ਾਇਦ ਸੰਨ 1850 ਈ.) ਵੇਲੇ ਪ੍ਰਾਪਤ ਕੀਤਾ ਹੋਵੇਗਾ। ਉਨ੍ਹਾਂ ਤੋਂ ਬਾਦ ਇਹ ਗ੍ਰੰਥ ਉਨ੍ਹਾਂ ਦੇ ਪੁੱਤਰ ਪੰਡਿਤ ਬੇਲੀ ਰਾਮ ਦੇ ਪਾਸ ਰਿਹਾ, ਜਿਸ ਦੀ ਮ੍ਰਿਤੂ 72 ਵਰ੍ਹਿਆਂ ਦੀ ਉਮਰ ਵਿਚ (23.12.1947) ਹੋਈ। ਤਦੁਪਰੰਤ ਇਹ ਗ੍ਰੰਥ ਉਨ੍ਹਾਂ ਦੇ ਪੁੱਤਰ ਪੰਡਿਤ ਓਮ ਪ੍ਰਕਾਸ਼ ਪਾਸ ਆਇਆ, ਪਰ ਉਸ ਨੂੰ ਇਸ ਗ੍ਰੰਥ ਦੇ ਸੰਬੰਧ ਵਿਚ ਕੋਈ ਖ਼ਾਸ ਜਾਣਕਾਰੀ ਨਹੀਂ ਹੈ। ਇਸ ਗ੍ਰੰਥ ਨੂੰ ਟੁਟੀ-ਫੁਟੀ ਅਤੇ ਗਲੀ-ਸੜੀ ਅਵਸਥਾ ਵਿਚ ਵੇਖ ਕੇ ਪ੍ਰਸਤੁਤ ਲੇਖਕ ਨੇ ਇਸ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਅਤੇ ਸ. ਮਨੋਹਰ ਸਿੰਘ, ਮਾਰਕੋਜ਼ (ਆਰ 608, ਨਿਊ ਰਾਜਿੰਦਰ ਨਗਰ, ਨਵੀਂ ਦਿੱਲੀ) ਇਸ ਨੂੰ ਖ਼ਰੀਦ ਲਿਆਏ। ਹੁਣ ਇਹ ਉਨ੍ਹਾਂ ਪਾਸ ਸੁਰਖਿਅਤ ਅਵਸਥਾ ਵਿਚ ਪਿਆ ਹੈ। ਇਹ ਗ੍ਰੰਥ ਅਜੇ ਤਕ ਅਗਿਆਤ ਰਿਹਾ ਹੈ। ਇਸ ਗ੍ਰੰਥ ਨੂੰ ਵੀ ਦਸਵੇਂ ਗੁਰੂ ਜੀ ਦਾ ਸੁਹੱਥ-ਲਿਖਿਤ ਮੰਨਿਆ ਜਾਂਦਾ ਹੈ। ਇਸ ਦੀ ਪੁਸ਼ਟੀ ਹੇਠ ਲਿਖੀ ਇਕ ਟੂਕ ਤੋਂ ਹੁੰਦੀ ਹੈ :

*ਅਕਾਲ ਜੀ ਸਹਾਇ ਜੀ, ਪ੍ਰਥਮ ਹਮ ਇਸ ਗ੍ਰੰਥ ਕੌ*
*ਰਚਨੇ ਕੀ ਕਛੁਕ ਗਾਥਾ ਲਿਖਿਤੇ ਹੈਂ।*
*ਦਰਸ ਹੇਤ ਗੁਰ ਗ੍ਰੰਥ ਮੰਗਵਾਇਓ।*
*ਸਯਾਮ ਸਿੰਘ ਨਿਜ ਸਿਖ ਪਠਾਇਓ।*
*ਗਇਓ ਜਬ ਕਰਤਾਰਪੁਰ ਧੀਰ ਮਲ ਕੇ ਪਾਸ।*
*ਪਤਰ ਹਮਾਰਾ ਹਾਥ ਦੇ ਤਿਨ ਕਰ ਅਰਦਾਸ।....*
*ਨਿਜ ਸਿੰਘ ਕੀ ਬਾਤ ਸੁਨ ਹਮ ਭਏ ਉਦਾਸਾ।*
*ਅਕਾਲ ਪੁਰਖ ਤਬ ਆਗਿਆ ਕੀਨੀ।*
*ਲਿਖੋ ਗ੍ਰੰਥ ਨਵ ਗੁਰੁਅਨ ਕੀ ਬਾਨੀ।*
*ਲਿਖਨ ਪਤਰ ਮੰਗਵਾਏ ਕੇ ਕੀਐ ਗ੍ਰੰਥ ਕੋ ਰੰਭ।*
*ਆਠ ਮਾਸ ਫੁਨ ਆਠ ਦਿਨ ਆਠ ਮਹੂਰਤ ਫੁਨ ਮਾਨੋ।*
*ਲਿਖਿਐ ਲੇਖ ਸੁਜਾਨੋ।*
*ਅਕਾਲ ਪੁਰਖ ਭਾਖੀ ਗੁਰਬਾਣੀ।* ...
*ਨਿਜ ਕਰ ਲਿਖੋ ਅਕਾਲ ਲਿਖਾਏ।*
*ਅਖਰ ਆਠ ਫੁਨ ਔਰ ਬਢਾਏ।...*
*ਭਾਖਿਓ ਆਪ ਅਕਾਲ ਨੇ*
*ਲਿਖਿਓ ਹੈ ਗੋਬਿੰਦ*
*+ ੨ ਅਕਾਲ ਜੀ ਸਹਾਇ ਜੀ*

ਅੰਦਰਲੀ ਗਵਾਹੀ ਦੇ ਅਧਾਰ 'ਤੇ ਇਹ ਬੀੜ ਸੰ. 1744 ਬਿ. ਵਿਚ ਲਿਖੀ ਗਈ ਸੀ। ਇਸ ਗ੍ਰੰਥ ਦੇ ਪੱਤਰੇ ਦਸਮ ਗ੍ਰੰਥ ਵਾਲੇ ਖ਼ਾਸ-ਪੱਤਰਾਂ ਤੋਂ ਆਕਾਰ ਵਿਚ ਜ਼ਿਆਦਾ ਚੌੜੇ ਹਨ ਅਤੇ ਇਨ੍ਹਾਂ ਵਿਚ 24 ਦੀ ਥਾਂ 'ਤੇ ਕੇਵਲ 16 ਪੰਕਤੀਆਂ ਹਨ। ਇਸ ਦੀ ਲਿਪੀ ਦਾ ਸਰੂਪ, ਪੰਨਿਆਂ ਦਾ ਆਕਾਰ-ਪ੍ਰਕਾਰ, ਪੰਕਤੀਆਂ ਦੀ ਗਿਣਤੀ, ਕਾਗਜ਼ ਦੀ ਮੋਟਾਈ ਆਦਿ ਗੱਲਾਂ ਇਸ ਬੀੜ ਨੂੰ ਖ਼ਾਸ-ਪੱਤਰਾਂ ਤੋਂ ਬਿਲਕੁਲ ਭਿੰਨ ਸਿਧ ਕਰਦੀਆਂ ਹਨ।

**ਖ਼ਾਨ-ਛਾਪਰੀ**(ਪਿੰਡ): ਵੇਖੋ 'ਛਾਪਰੀ'।

**ਖਾਰਾ** (ਪਿੰਡ): ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਪਿੰਡ ਜੋ ਅੰਮ੍ਰਿਤਸਰ ਤੋਂ ਤਰਨਤਾਰ ਜਾਂਦਿਆਂ 5 ਕਿ.ਮੀ. ਪਹਿਲਾਂ ਆਉਂਦਾ ਹੈ। ਤਰਨਤਾਰਨ ਦੇ ਸਰੋਵਰ ਦੀ ਖੁਦਾਈ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਥੇ ਸਮੇਂ ਸਮੇਂ ਠਿਕਾਣਾ

ਕੀਤਾ ਸੀ। ਇਥੇ ਗੁਰੂ ਜੀ ਦੀ ਯਾਦ ਵਿਚ ਦੋ ਗੁਰਦੁਆਰੇ ਹਨ। ਇਕ 'ਗੁਰਦੁਆਰਾ ਮੰਜੀ ਸਾਹਿਬ' ਹੈ ਜਿਥੇ ਗੁਰੂ ਜੀ ਠਹਿਰਦੇ ਸਨ ਅਤੇ ਹਰਿ-ਭਗਤੀ ਵਿਚ ਲੀਨ ਹੁੰਦੇ ਸਨ। ਜਲ ਦੀ ਸੁਵਿਧਾ ਲਈ ਗੁਰੂ ਜੀ ਨੇ ਇਥੇ ਇਕ ਖੂਹ ਵੀ ਪੁਟਵਾਇਆ ਸੀ ਜੋ ਹੁਣ ਵੀ ਮੌਜੂਦ ਹੈ। ਇਸ ਗੁਰਦੁਆਰੇ ਦੀ ਇਮਾਰਤ ਬੜੀ ਚੰਗੀ ਬਣੀ ਹੋਈ ਹੈ।

ਦੂਜਾ ਹੈ 'ਗੁਰਦੁਆਰਾ ਦੂਖ ਨਿਵਾਰਨ ਸਾਹਿਬ'। ਇਹ ਪਿੰਡ ਦੇ ਪੂਰਬ ਵਲ ਸਥਿਤ ਹੈ। ਪਹਿਲਾਂ ਇਥੇ ਇਕ ਛਪੜੀ ਹੁੰਦੀ ਸੀ ਜਿਸ ਵਿਚ ਗੁਰੂ ਅਰਜਨ ਦੇਵ ਜੀ ਨੇ ਕਈ ਵਾਰ ਚਰਣ ਧੋਏ ਸਨ। ਉਸ ਤੋਂ ਬਾਦ ਇਸ ਛਪੜੀ ਦੇ ਜਲ ਨੂੰ ਦੁਖਾਂ ਦਾ ਨਿਵਾਰਕ ਸਮਝਿਆ ਜਾਣ ਲਗਾ। ਇਸ ਸੰਬੰਧੀ ਪ੍ਰਚਲਿਤ ਵਿਸ਼ਵਾਸ ਨੂੰ ਮੁਖ ਰਖਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਪੱਕਾ ਸਰੋਵਰ ਬਣਵਾ ਦਿੱਤਾ। ਇਸ ਸਰੋਵਰ ਵਿਚ ਇਸ਼ਨਾਨ ਕਰਨ ਲਈ ਦੂਰੋਂ ਦੂਰੋਂ ਸ਼ਰਧਾਲੂ ਆਉਂਦੇ ਹਨ।

ਇਨ੍ਹਾਂ ਦੋਹਾਂ ਗੁਰੂ-ਧਾਮਾਂ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾਂਦੀ ਹੈ। ਮੁੱਖ ਮੁੱਖ ਪੁਰਬਾਂ ਅਤੇ ਤਿਉਹਾਰਾਂ ਉਤੇ ਇਥੇ ਬਹੁਤ ਸੰਗਤ ਜੁੜਦੀ ਹੈ।

**ਖਾਰਾ ਸਾਹਿਬ, ਗੁਰਦੁਆਰਾ** : 'ਮੱਟੂ ਭਾਈ ਕੇ' ਨਾਂ ਦੇ ਪਿੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਇਕ ਗੁਰੂ-ਧਾਮ ਜੋ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਵੇਖੋ 'ਮੱਟੂ ਭਾਈ ਕੇ'।

**ਖਾਰੀ ਬੀੜ** : ਇਸ ਦਾ ਸੰਬੰਧ ਭਾਈ ਬੰਨੋ ਵਾਲੀ ਬੀੜ ਨਾਲ ਹੈ। ਸਿੱਖ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਤੋਂ ਆਗਿਆ ਪ੍ਰਾਪਤ ਕਰਕੇ ਜਦੋਂ ਭਾਈ ਬੰਨੋ ਮੂਲ ਬੀੜ ਦੀ ਜਿਲਦਬੰਦੀ ਲਈ ਲਾਹੌਰ ਗਿਆ, ਤਾਂ ਸਫ਼ਰ ਦੌਰਾਨ ਬਹੁਤ ਸਾਰੇ ਲਿਖਾਰੀ ਲਗਾ ਕੇ ਇਕ ਹੋਰ ਬੀੜ ਤਿਆਰ ਕਰਵਾ ਲਈ। ਇਸ ਵਿਚ ਮੂਲ ਬੀੜ ਨਾਲੋਂ ਕੁਝ ਵਾਧੂ ਬਾਣੀ ਵੀ ਲਿਖ ਲਈ ਗਈ। ਅਧਿਕਾਂਸ਼ ਉਤਾਰੇ ਇਸੇ ਬੀੜ ਤੋਂ ਹੋਏ ਸਨ ਕਿਉਂਕਿ ਇਹ ਬੀੜ ਉਤਾਰਾ ਕਰਨ ਲਈ ਸੌਖਿਆਂ ਉਪਲਬਧ ਹੋ ਜਾਂਦੀ ਸੀ।

'ਖਾਰੀ ਬੀੜ' ਇਸ ਨੂੰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਭਾਈ ਬੰਨੋ 'ਖਾਰਾ' ਪਿੰਡ (ਵਰਤਮਾਨ ਨਾਂ ਮਾਂਗਟ ਪਿੰਡ) ਦਾ ਵਸਨੀਕ ਸੀ ਅਤੇ ਇਹ ਬੀੜ ਉਸ ਪਾਸ ਖਾਰਾ ਪਿੰਡ ਵਿਚ ਹੀ ਸੰਭਾਲੀ ਹੋਈ ਹੋਣ ਕਾਰਣ ਇਸ ਦਾ ਨਾਂ 'ਖਾਰੀ ਬੀੜ' ਪ੍ਰਚਲਿਤ ਹੋ ਗਿਆ। ਭਾਈ ਕਾਨ੍ਹ ਸਿੰਘ ਦਾ ਮਤ ਹੈ ਕਿ ਜਦੋਂ ਭਾਈ ਬੰਨੋ ਨੇ ਇਹ ਬੀੜ ਗੁਰੂ ਅਰਜਨ ਦੇਵ ਜੀ ਦੇ ਪੇਸ਼ ਕੀਤੀ, ਤਦ ਸ੍ਰੀ ਗੁਰੂ ਜੀ ਨੇ ਇਸ ਦਾ ਨਾਉਂ ਵਾਧੂ ਬਾਣੀ ਮਿਲਾਉਣ ਕਾਰਣ 'ਖਾਰੀ ਬੀੜ' ਰਖਿਆ। ਇਹ ਧਾਰਣਾ ਉਪਰੋਕਤ ਤੱਥ ਦੇ ਆਧਾਰ 'ਤੇ ਮੰਨਣਯੋਗ ਨਹੀਂ ਹੈ।

**ਖ਼ਾਲਸਾਈ ਖੇਡਾਂ** : ਵੇਖੋ 'ਖੇਡਾਂ (ਪਰੰਪਰਿਕ)'।

**ਖ਼ਾਲਸਾ** : ਇਹ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਜੋ ਨਿਰੋਲ, ਸ਼ੁੱਧ ਜਾਂ ਮਿਲਾਵਟ ਤੋਂ ਉਪਰ ਹੋਵੇ। ਫ਼ਾਰਸੀ ਭਾਸ਼ਾ ਵਿਚ ਉਸ ਜ਼ਮੀਨ ਜਾਂ ਇਲਾਕੇ ਨੂੰ ਵੀ 'ਖ਼ਾਲਸਾ' ਕਿਹਾ ਜਾਂਦਾ ਹੈ ਜੋ ਸਿਧੀ ਬਾਦਸ਼ਾਹ ਦੀ ਹੋਵੇ, ਕਿਸੇ ਜਾਗੀਰਦਾਰ ਦੀ ਨ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਧਰਮ-ਸਾਧਕਾਂ ਲਈ, ਜੋ ਬ੍ਰਾਹਮਣਵਾਦ ਦੇ ਘੇਰੇ ਤੋਂ ਨਿਕਲ ਕੇ ਸਿਧੇ ਪਰਮਾਤਮਾ ਦੀ ਪ੍ਰੇਮ-ਪੂਰਵਕ ਆਰਾਧਨਾ ਕਰਦੇ ਹਨ ਜਾਂ ਆਪਣੀ ਸਾਧਨਾ ਦਾ ਸਿਧਾ ਸੰਪਰਕ ਪਰਮਾਤਮਾ ਨਾਲ ਸਥਾਪਿਤ ਕਰਦੇ ਹਨ, ਇਹ ਸ਼ਬਦ ਵਰਤਿਆ ਗਿਆ ਹੈ। ਸੰਤ ਕਬੀਰ ਨੇ ਕਿਹਾ ਹੈ— *ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ।* (ਗੁ.ਗ੍ਰੰ.654)।

ਇਸ ਸ਼ਬਦ ਦੀ ਵਰਤੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਇਕ ਹੁਕਮਨਾਮੇ ਵਿਚ ਪੂਰਬ ਦੀ ਸੰਗਤ (ਗੁਰੂ ਕਾ ਖ਼ਾਲਸਾ) ਲਈ ਕੀਤੀ ਹੈ। ਇਸੇ ਅਰਥ ਵਿਚ ਗੁਰੂ ਤੇਗ ਬਹਾਦਰ ਜੀ ਨੇ ਪਟਨੇ ਦੀ ਸੰਗਤ ਨੂੰ ਆਪਣੇ ਇਕ ਹੁਕਮਨਾਮੇ ਵਿਚ ਸੰਬੋਧਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ-ਸੰਚਾਰ ਦੀ ਰੀਤਿ ਰਾਹੀਂ ਆਪਣੇ ਅਨੁਯਾਈਆਂ ਨੂੰ 'ਖ਼ਾਲਸਾ' ਬਣਾਇਆ ਅਤੇ ਇਸ ਸ਼ਬਦ ਨੂੰ ਇਕ ਨਵਾਂ ਪਰਿਪੇਖ ਦਿੱਤਾ। ਇਸ ਤੋਂ ਭਾਵ ਉਹ ਸਿੱਖ ਹਨ ਜੋ ਸਿਧੇ ਗੁਰੂ ਜੀ ਦੇ ਸੰਪਰਕ ਵਿਚ ਹਨ ਅਤੇ ਜੋ ਮਸੰਦਾਂ ਦੀ ਮਧਿਅਸਥਤਾ ਤੋਂ ਮੁਕਤ ਹਨ। ਖ਼ਾਲਸੇ ਦੀ ਸਿਰਜਨਾ ਤੋਂ ਬਾਦ ਗੁਰੂ ਜੀ ਨੇ ਮਸੰਦ-ਪ੍ਰਥਾ ਖ਼ਤਮ ਕਰ ਦਿੱਤੀ। ਸਚ ਤਾਂ ਇਹ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਇਆ ਇਕ ਨਵਾਂ ਭਾਈਚਾਰਾ ਸੀ ਜੋ ਕਾਲਾਂਤਰ

ਵਿਚ ਸੁਤੰਤਰ ਪੰਥ ਦੇ ਰੂਪ ਵਿਚ ਵਿਕਸਿਤ ਹੋਇਆ। ਭਾਈ ਗੁਰਦਾਸ ਸਿੰਘ ਅਨੁਸਾਰ — *ਇਉਂ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ*।(16)। ਇਸ ਦੀ ਸਿਰਜਨਾ ਦਾ ਮੂਲ ਕਾਰਣ ਆਤਮ-ਰਖਿਆ ਸੀ। ਗੁਰੂ ਤੇਗ ਬਹਾਦਰ ਜੀ ਦੇ ਮਹਾ-ਬਲਿਦਾਨ ਤੋਂ ਬਾਦ ਆਤਮ-ਰਖਿਆ ਦੀ ਗੰਭੀਰ ਸਮਸਿਆ ਸਾਹਮਣੇ ਆਈ। ਇਸ ਦਾ ਸਮਾਧਾਨ ਗੁਰੂ ਜੀ ਨੇ ਇਸ ਨਵੇਂ ਭਾਈਚਾਰੇ ਦੀ ਸਥਾਪਨਾ ਰਾਹੀਂ ਕੀਤਾ।

ਸੰਨ 1699 ਈ. ਨੂੰ ਪਹਿਲੀ ਵਿਸਾਖ ਵਾਲੇ ਦਿਨ ਆਨੰਦਪੁਰ ਵਿਚ ਕੇਸਗੜ੍ਹ ਵਾਲੇ ਸਥਾਨ 'ਤੇ ਇਕ ਭਾਰੀ ਦੀਵਾਨ ਕੀਤਾ ਗਿਆ। ਪਾਠ, ਕਥਾ, ਕੀਰਤਨ ਤੋਂ ਬਾਦ ਗੁਰੂ ਜੀ ਇਕ ਨੇੜੇ ਗਡੇ ਤੰਬੂ ਵਿਚ ਗਏ ਅਤੇ ਕੁਝ ਚਿਰ ਪਿਛੋਂ ਨੰਗੀ ਕ੍ਰਿਪਾਨ ਸਹਿਤ ਪ੍ਰਚੰਡ ਵੀਰ ਰੂਪ ਵਿਚ ਮੰਚ ਉਤੇ ਆਏ ਅਤੇ ਸੰਗਤ ਨੂੰ ਸੰਬੋਧਨ ਕਰਕੇ ਇਕ ਸੀਸ ਦੀ ਭੇਟ ਮੰਗੀ।

ਇਸ ਨਿਰਾਲੀ ਪਰ ਭਿਆਨਕ ਮੰਗ ਨੂੰ ਸੁਣ ਕੇ ਸਾਰੀ ਸੰਗਤ ਵਿਚ ਖ਼ਾਮੋਸ਼ੀ ਛਾ ਗਈ। ਉਤਰ ਨ ਮਿਲਣ 'ਤੇ ਗੁਰੂ ਜੀ ਨੇ ਆਪਣੀ ਮੰਗ ਦੂਜੀ ਵਾਰ ਅਤੇ ਫਿਰ ਤੀਜੀ ਵਾਰ ਦੋਹਰਾਈ। ਆਖ਼ਿਰ ਲਾਹੌਰ ਦਾ ਇਕ ਖਤ੍ਰੀ ਸਿੱਖ ਭਾਈ ਦਯਾ ਰਾਮ ਹੱਥ ਜੋੜ ਕੇ ਸੀਸ ਭੇਟ ਕਰਨ ਲਈ ਉਠ ਖੜੋਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਕੁਝ ਦੇਰ ਬਾਦ ਲਹੂ ਸਿੰਮਦੀ ਕ੍ਰਿਪਾਨ ਨਾਲ ਫਿਰ ਸਟੇਜ ਉਤੇ ਉਪਸਥਿਤ ਹੋਏ। ਲੋਕਾਂ ਨੂੰ ਭਾਈ ਦਯਾ ਰਾਮ ਦੀ ਹਤਿਆ ਹੋ ਜਾਣ ਦਾ ਅਹਿਸਾਸ ਹੋ ਗਿਆ। ਹਰ ਪਾਸੇ ਸਹਿਮ ਛਾ ਗਿਆ। ਗੁਰੂ ਜੀ ਨੇ ਫਿਰ ਇਕ ਸੀਸ ਦੀ ਭੇਟ ਮੰਗੀ ਅਤੇ ਇਹ ਪ੍ਰਕ੍ਰਿਆ ਚਾਰ ਵਾਰ ਦੋਹਰਾਈ ਗਈ। ਇਸ ਤਰ੍ਹਾਂ ਭਾਈ ਦਯਾ ਰਾਮ ਜੀ ਤੋਂ ਬਾਦ ਕ੍ਰਮਵਾਰ ਦਿੱਲੀ ਨਿਵਾਸੀ ਇਕ ਜੱਟ ਸਿੱਖ ਭਾਈ ਧਰਮ ਦਾਸ, ਦੁਆਰਿਕਾ ਨਿਵਾਸੀ ਇਕ ਛੀਂਬਾ ਸਿੱਖ ਭਾਈ ਮੋਹਕਮ ਚੰਦ, ਬਿਦਰ ਨਿਵਾਸੀ ਇਕ ਨਾਈ ਸਿੱਖ ਭਾਈ ਸਾਹਿਬ ਚੰਦ ਅਤੇ ਜਗਨ-ਨਾਥ ਪੁਰੀ ਨਿਵਾਸੀ ਇਕ ਝੀਵਰ ਸਿੱਖ ਭਾਈ ਹਿੰਮਤ ਰਾਇ ਨੇ ਆਪਣੇ ਸੀਸ ਭੇਟ ਕੀਤੇ।

ਕੁਝ ਦੇਰ ਬਾਦ ਗੁਰੂ ਸਾਹਿਬ ਨੇ ਸੀਸ ਭੇਟ ਕਰਨ ਵਾਲੇ ਪੰਜ ਸਿੱਖਾਂ ਨੂੰ ਨਵੇਂ ਅਤੇ ਇਕ ਸਮਾਨ ਸੁੰਦਰ ਬਸਤ੍ਰ ਪਵਾ ਕੇ ਅਤੇ ਨਵੇਂ ਸ਼ਸਤ੍ਰ ਧਾਰਣ ਕਰਵਾ ਕੇ ਮੰਚ ਉਤੇ ਸੰਗਤ ਦੇ ਸਨਮੁਖ ਪੇਸ਼ ਕੀਤਾ। ਫਿਰ ਇਕ ਸਰਬਲੋਹ ਦੇ ਬਾਟੇ ਵਿਚ ਸਵੱਛ ਜਲ ਪਾਇਆ ਗਿਆ। ਉਸ ਵਿਚ ਸਰਬਲੋਹ ਦਾ ਖੰਡਾ ਫੇਰ ਕੇ ਅਤੇ ਨਾਲ ਨਾਲ ਪੰਜ ਬਾਣੀਆਂ ਦਾ ਪਾਠ ਕਰਕੇ ਉਸ ਜਲ ਵਿਚ ਸ਼ਕਤੀ ਅਤੇ ਅਧਿਆਤਮਿਕਤਾ ਦਾ ਸੰਚਾਰ ਕੀਤਾ ਗਿਆ ਅਤੇ ਫਿਰ ਪਤਾਸੇ ਪਾ ਕੇ ਪਰਸਪਰ ਪ੍ਰੇਮ-ਭਾਵ ਨੂੰ ਦ੍ਰਿੜ੍ਹ ਕੀਤਾ ਗਿਆ।

ਇਸ ਵਿਧੀ ਨਾਲ ਤਿਆਰ ਕੀਤਾ ਅੰਮ੍ਰਿਤ ਪਹਿਲਾਂ ਗੁਰੂ ਜੀ ਨੇ ਪੰਜ ਸਿੱਖਾਂ ਨੂੰ ਛਕਾ ਕੇ, ਫਿਰ ਉਨ੍ਹਾਂ ਤੋਂ ਆਪ ਛਕਿਆ। ਉਸ ਦਿਨ ਉਨ੍ਹਾਂ ਪੰਜ ਸਿੱਖਾਂ ਦੇ ਰੂਪ ਵਿਚ ਖ਼ਾਲਸੇ ਦਾ ਜਨਮ ਹੋਇਆ ਅਤੇ ਉਹ ਸਾਰੇ 'ਸਿੱਖ' ਦੀ ਥਾਂ 'ਸਿੰਘ' ਅਖਵਾਏ। ਸਿੱਖ-ਇਤਿਹਾਸ ਵਿਚ ਇਹ 'ਪੰਜ ਪਿਆਰੇ' (ਵੇਖੋ) ਨਾਂ ਨਾਲ ਪ੍ਰਸਿੱਧ ਹੋਏ। ਇਸ ਤਰ੍ਹਾਂ ਇਕ ਨਵੇਂ ਭਾਈਚਾਰੇ ਦਾ ਆਰੰਭ ਹੋਇਆ। ਗੁਰੂ ਗੋਬਿੰਦ ਸਿਘ ਜੀ ਨੇ, ਗੁਰੂ ਅਤੇ ਚੇਲਾ, ਦੋਹਾਂ ਰੂਪਾਂ ਵਿਚ ਸਾਹਮਣੇ ਆ ਕੇ ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਇਕ ਨਵਾਂ ਮੋੜ ਲਿਆਉਂਦਾ। ਕਵੀ ਗੁਰਦਾਸ ਸਿੰਘ ਅਨੁਸਾਰ— *ਗੁਰੁਬਰ ਅਕਾਲ ਕੇ ਹੁਕਮ ਸਿਉ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖ਼ਾਲਸਾ ਸਬਤ ਮਰਦਾਨਾ। ... ਇਉਂ ਤੀਸਰ ਪੰਥ ਚਲਾਇਅਨੁ ਵਡ ਸੂਰ ਗਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।* (16) ਗੁਰੂ ਜੀ ਨੇ ਖ਼ਾਲਸੇ ਦੇ ਮਹੱਤਵ ਨੂੰ ਦਸਦਿਆਂ ਇਸ ਨੂੰ ਆਪਣਾ ਅਭਿੰਨ ਅੰਗ ਮੰਨਿਆ— *ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮੇਂ ਹੌਂ ਕਰੋਂ ਨਿਵਾਸ।* ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਨੂੰ ਨਵੇਂ ਭਾਈਚਾਰੇ ਦਾ 'ਗੁਰੂ' ਸਥਾਪਿਤ ਕਰਕੇ ਸੰਸਾਰਿਕ ਲੀਲਾ ਸਮਾਪਤ ਕੀਤੀ।

ਖ਼ਾਲਸੇ ਦੀ ਸਾਜਨਾ ਦੇ ਇਸ ਇਤਿਹਾਸਿਕ ਮੌਕੇ 'ਤੇ ਗੁਰੂ ਜੀ ਨੇ ਇਕ ਨਿਰਾਕਾਰ ਇਸ਼ਟ ਵਿਚ ਯਕੀਨ ਰਖਣ, ਜਾਤਿ ਭੇਦ-ਭਾਵ ਮਿਟਾ ਕੇ ਸਾਰੀ ਮਨੁੱਖਤਾ ਨੂੰ ਇਕ ਸਮਾਨ ਸਮਝਣ, ਆਤਮ-ਗੌਰਵ ਦੀ ਭਾਵਨਾ ਨੂੰ ਸਦਾ ਕਾਇਮ ਰਖਣ ਅਤੇ ਧਰਮ-ਯੁੱਧ ਲਈ ਸਦਾ ਤਤਪਰ ਰਹਿਣ ਦਾ ਉਪਦੇਸ਼ ਦਿੱਤਾ। ਸਦਾਚਾਰ ਅਤੇ ਪ੍ਰੇਮ-ਭਾਵਨਾ ਨੂੰ ਵਿਕਸਿਤ ਕਰਨ ਤੋਂ ਇਲਾਵਾ ਪੰਜ ਕੱਕਾਰਾਂ—ਕ੍ਰਿਪਾਨ, ਕੇਸ, ਕੜਾ, ਕੰਘਾ ਅਤੇ ਕਛਹਿਰਾ— ਦੀ ਰਹਿਤ ਰਖਣ ਉਤੇ ਬਲ ਦਿੱਤਾ। ਮਾੜੇ ਕਰਮਾਂ, ਦੁਰਾਚਾਰਾਂ ਅਤੇ ਕੁਰਹਿਤਾਂ ਤੋਂ ਦੂਰ ਰਹਿਣ ਲਈ ਪਕਿਆਈ ਕੀਤੀ। ਇਸ ਤਰ੍ਹਾਂ ਅੰਮ੍ਰਿਤਪਾਨ ਕਰਵਾ ਕੇ 'ਖ਼ਾਲਸਾ' ਭਾਈਚਾਰੇ ਦੀ ਸਥਾਪਨਾ ਕੀਤੀ ਜੋ ਮੌਤ ਦੇ ਭੈ ਤੋਂ ਸਦਾ ਲਈ ਮੁਕਤ ਹੋ ਗਿਆ।

ਡਾ. ਗੋਕਲ ਚੰਦ ਨਾਰੰਗ ('ਟ੍ਰਾਂਸਫਾਰਮੇਸ਼ਨ ਆਫ਼

ਸਿਖਿਜ਼ਮ') ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਜਾਤਿ-ਭੇਦ-ਭਾਵ ਦੇ ਬੰਧਨ ਤੋੜ ਕੇ, ਇਕ ਦੂਜੇ ਨੂੰ ਬਰਾਬਰੀ ਦਾ ਹੱਕ ਦੇ ਕੇ ਸਾਂਝੀ ਭਗਤੀ, ਸਾਂਝੇ ਧਰਮ-ਧਾਮ, ਸਾਂਝੇ ਆਦਰਸ਼ ਅਤੇ ਇਕ-ਸਮਾਨ ਮਰਯਾਦਾ ਦੀ ਪਾਲਣਾ ਦੀ ਵਿਧੀ ਦਸ ਕੇ, ਸਿੱਖਾਂ ਅੰਦਰ ਇਕ ਅਜਿਹੀ ਏਕਤਾ ਦੀ ਭਾਵਨਾ ਭਰੀ ਕਿ ਉਨ੍ਹਾਂ ਨੇ ਇਕ-ਮੁਠ ਹੋ ਕੇ ਉਸ ਸਮੇਂ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਵੰਗਾਰ ਦਿੱਤਾ। ਇਹ ਦੇਸ਼ ਦੀ ਸੁਤੰਤਰਤਾ-ਪ੍ਰਾਪਤੀ ਲਈ ਚੁਕਿਆ ਗਿਆ ਪਹਿਲਾ ਵਿਵਸਥਿਤ ਕਦਮ ਸਿਧ ਹੋਇਆ।

**ਖ਼ਾਲਸਾ ਉਪਦੇਸ਼ਕ ਮਹਾਂਵਿਦਿਆਲਾ, ਘਰਜਾਖ** : ਸਿੱਖ ਧਰਮ ਦੇ ਪ੍ਰਚਾਰ ਲਈ ਗ੍ਰੰਥੀਆਂ, ਪਾਠੀਆਂ, ਕੀਰਤਨੀਆਂ ਅਤੇ ਪ੍ਰਚਾਰਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਖ਼ਾਲਸਾ ਦੀਵਾਨ ਲਾਹੌਰ ਨਾਲ ਸੰਬੰਧਿਤ ਸ੍ਰੀ ਗੁਰੂ ਸਿੰਘ ਸਭਾ ਗੁਜਰਾਂ-ਵਾਲਾ ਨੇ 5 ਅਪ੍ਰੈਲ 1901 ਈ. ਨੂੰ 'ਖ਼ਾਲਸਾ ਉਪਦੇਸ਼ਕ ਮਹਾਂਵਿਦਿਆਲਾ' ਦੀ ਸਥਾਪਨਾ ਕੀਤੀ। ਕੇਵਲ ਪੰਜ ਵਿਦਿਆਰਥੀਆਂ ਦੇ ਦਾਖ਼ਲੇ ਨਾਲ ਇਹ ਸਕੂਲ ਸ਼ੁਰੂ ਕੀਤਾ ਗਿਆ। ਥੋੜੇ ਸਮੇਂ ਵਿਚ ਹੀ ਇਸ ਨੇ ਸਿੱਖ ਧਰਮ ਦੇ ਹਿਤੈਸ਼ੀਆਂ ਦਾ ਧਿਆਨ ਆਪਣੇ ਵਲ ਖਿਚ ਲਿਆ। ਪਰ ਉਸ ਸਿੰਘ ਸਭਾ ਨੇ 1889 ਈ. ਵਿਚ ਇਕ ਖ਼ਾਲਸਾ ਹਾਈ ਸਕੂਲ ਖੋਲ ਰਖਿਆ ਸੀ। ਇਸ ਲਈ ਉਸ ਸਭਾ ਦੇ ਮੈਂਬਰਾਂ ਦਾ ਅਧਿਕ ਝੁਕਾਓ ਉਸ ਸਕੂਲ ਦੀ ਪ੍ਰਗਤੀ ਵਲ ਰਿਹਾ ਅਤੇ ਦਸੰਬਰ 1903 ਈ. ਤੋਂ ਇਸ ਪ੍ਰਤਿ ਅਣਗਹਿਲੀ ਕਰਨ ਲਗ ਗਏ। ਉਦੋਂ ਗੁਜਰਾਂਵਾਲੇ ਦੇ ਨੇੜਲੇ ਕਸਬੇ ਘਰਜਾਖ ਵਾਲੀ ਸਿੰਘ ਸਭਾ ਨੇ ਇਸ ਮਹਾਂਵਿਦਿਆਲੇ ਨੂੰ ਆਪਣੇ ਖ਼ਾਲਸਾ ਉਪਦੇਸ਼ਕ ਸਕੂਲ ਵਿਚ ਸੰਮਿਲਿਤ ਕਰ ਲਿਆ। ਕਾਲਾਂਤਰ ਵਿਚ ਇਸ ਨਾਲ ਯਤੀਮਖ਼ਾਨੇ ਦੀ ਵੀ ਵਿਵਸਥਾ ਕਰ ਦਿੱਤੀ। ਇਸ ਤਰ੍ਹਾਂ ਦੇ ਵਿਸਤਾਰ ਨਾਲ ਇਸ ਦਾ ਨਾਂ 'ਘਰਜਾਖ ਉਪਦੇਸ਼ਕ ਮਹਾਂਵਿਦਿਆਲਾ ਅਤੇ ਯਤੀਮਖ਼ਾਨਾ' ਰਖਿਆ ਗਿਆ।

ਇਸ ਸੰਸਥਾ ਦੇ ਤਿੰਨ ਮੰਤਵ ਸਨ। ਇਕ, ਪੰਜਵੀਂ ਜਮਾਤ ਤਕ ਪੰਜਾਬੀ ਮਾਧਿਅਮ ਦੁਆਰਾ ਪੜ੍ਹਾਈ ਕਰਾਉਣਾ ਅਤੇ ਗਿਆਨੀ ਤੇ ਬੁੱਧੀਮਾਨੀ ਦੇ ਇਮਤਿਹਾਨਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾ। ਦੂਜਾ, ਗੁਰਬਾਣੀ ਪਾਠ, ਕੀਰਤਨ, ਧਰਮ ਅਤੇ ਇਤਿਹਾਸ ਦੀ ਪੜ੍ਹਾਈ ਕਰਾ ਕੇ ਪ੍ਰਚਾਰਕ ਤਿਆਰ ਕਰਨਾ। ਤੀਜਾ, ਯਤੀਮ ਬੱਚਿਆਂ ਨੂੰ ਪਾਲਣਾ ਅਤੇ ਉਨ੍ਹਾਂ ਨੂੰ ਵਖਰੇ ਵਖਰੇ ਕਿੱਤਿਆਂ ਦੀ ਸਿਖਲਾਈ ਕਰਾਉਂਦਾ। ਸੰਨ 1947 ਈ. ਤਕ ਇਹ ਮਹਾਂਵਿਦਿਆਲਾ ਬੜੀ ਚੰਗੀ ਤਰ੍ਹਾਂ ਚਲਦਾ ਰਿਹਾ। ਪਰ ਦੇਸ਼ ਦੀ ਵੰਡ ਤੋਂ ਬਾਦ ਇਸ ਨੂੰ ਪੁਨਰਸਥਾਪਿਤ ਕਰਨ ਦਾ ਯਤਨ ਨ ਕੀਤਾ ਗਿਆ।

**ਖ਼ਾਲਸਾ ਸੈਂਟ੍ਰਲ ਕੌਂਸਲ** : ਅੰਗ੍ਰੇਜ਼ ਸਰਕਾਰ ਵਲੋਂ ਘੋਸ਼ਿਤ ਕਮਿਊਨਲ ਐਵਾਰਡ ਦਾ ਵਿਰੋਧ ਕਰਨ ਲਈ ਸਤੰਬਰ 1932 ਈ. ਵਿਚ ਸਥਾਪਿਤ ਹੋਏ 'ਖ਼ਾਲਸਾ ਦਰਬਾਰ' (ਵੇਖੋ) ਵਿਚ ਜਲਦੀ ਹੀ ਅੰਦਰਲੇ ਵਿਰੋਧ ਸਿਰ ਚੁਕਣ ਲਗ ਗਏ। ਉਸ ਵਕਤ ਦੇ ਪ੍ਰਮੁਖ ਸਿੱਖ ਨੇਤਾਵਾਂ ਗਿਆਨੀ ਸ਼ੇਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਵਿਚ ਕਿਸੇ ਪ੍ਰਕਾਰ ਦਾ ਸਮਝੌਤਾ ਨ ਹੋ ਸਕਿਆ ਅਤੇ ਦੋਵੇਂ ਵਖਰੀ ਵਖਰੀ ਧਿਰ ਵਜੋਂ ਇਕ ਦੂਜੇ ਦਾ ਵਿਰੋਧ ਕਰਨ ਲਗੇ। ਗਿਆਨੀ ਸ਼ੇਰ ਸਿੰਘ ਆਪਣੇ ਸਾਥੀਆਂ ਸਮੇਤ 'ਖ਼ਾਲਸਾ ਦਰਬਾਰ' ਨੂੰ ਛਡਦੇ ਹੋਇਆਂ ਉਸ ਵਰਗੇ ਉਦੇਸ਼ਾਂ ਵਾਲੀ ਸੰਸਥਾ 28 ਸਤੰਬਰ 1933 ਈ. ਨੂੰ ਲਾਹੌਰ ਵਿਚ ਸਥਾਪਿਤ ਕੀਤੀ ਅਤੇ ਉਸ ਦਾ ਨਾਂ 'ਖ਼ਾਲਸਾ ਸੈਂਟ੍ਰਲ ਕੌਂਸਲ' ਰਖਿਆ। ਇਸ ਕੌਂਸਲ ਦੀਆਂ ਅਗੋਂ ਤਿੰਨ ਉਪ-ਸੰਸਥਾਵਾਂ ਬਣਾਈਆਂ ਗਈਆਂ, ਜਿਵੇਂ (1) ਖ਼ਾਲਸਾ ਅਕਾਲੀ ਦਲ, (2) ਖ਼ਾਲਸਾ ਮਿਸ਼ਨਰੀ ਸੋਸਾਇਟੀ ਅਤੇ (3) ਖ਼ਾਲਸਾ ਨੈਸ਼ਨਲ ਲੀਗ। ਇਨ੍ਹਾਂ ਉਪ-ਸੰਸਥਾਵਾਂ ਦਾ ਮੂਲ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ, ਪੰਥ ਦੇ ਰਾਜਨੈਤਿਕ ਵਿਕਾਸ ਅਤੇ ਦੇਸ਼ ਦੀ ਆਜ਼ਾਦੀ ਲਈ ਜਦੋ-ਜਹਿਦ ਕਰਨੀ, ਅਤੇ ਕਮਿਊਨਲ ਐਵਾਰਡ ਦੀ ਮਨਸੂਖ਼ੀ ਲਈ ਉਦਮ ਕਰਨਾ। ਪਰ ਚੂੰਕਿ ਗਿਆਨੀ ਸ਼ੇਰ ਸਿੰਘ ਦੀ ਆਮ ਸਿੱਖ ਜਨਤਾ ਵਿਚ ਇਤਨੀ ਪ੍ਰਵਾਨਗੀ ਨਹੀਂ ਸੀ, ਜਿਤਨੀ ਕਿ ਮਾਸਟਰ ਤਾਰਾ ਸਿੰਘ ਦੀ ਸੀ। ਇਸ ਲਈ ਇਹ ਕੌਂਸਲ ਪੱਕੇ ਪੈਰਾਂ ਉਤੇ ਖੜੀ ਨ ਹੋ ਸਕੀ। ਇਸ ਦੇ ਮੁਕਾਬਲੇ ਮਾਸਟਰ ਤਾਰਾ ਸਿੰਘ ਸਿੱਖ ਰਾਜਨੀਤੀ ਉਤੇ ਛਾਇਆ ਰਿਹਾ।

**ਖ਼ਾਲਸਾ ਕਾਲਜ, ਅੰਮ੍ਰਿਤਸਰ** : ਇਹ ਕਾਲਜ ਸਿੱਖ ਜਗਤ ਦੇ ਵਿਦਿਅਕ ਗੌਰਵ ਦਾ ਚਿੰਨ੍ਹ ਹੈ। ਸ੍ਰੀ ਗੁਰੂ ਸਿੰਘ ਸਭਾ ਦੀ ਵਿਦਿਅਕ ਨੀਤੀ ਦੇ ਪ੍ਰਸੰਗ ਵਿਚ ਸਿੱਖ ਰਿਆਸਤਾਂ ਅਤੇ ਸਿੱਖ ਰਈਸਾਂ ਦੀ ਮਾਇਕ ਸਹਾਇਤਾ ਅਤੇ ਬ੍ਰਿਟਿਸ਼ ਸਰਕਾਰ ਦੀ ਸਰਪ੍ਰਸਤੀ ਨਾਲ ਇਸ ਕਾਲਜ ਦੀ ਸਥਾਪਨਾ ਦੀ ਯੋਜਨਾ ਬਣਾਈ ਗਈ। ਪਹਿਲਾਂ ਇਹ ਤਜਵੀਜ਼ ਸੀ ਕਿ ਇਹ ਲਾਹੌਰ

ਵਿਚ ਬਣਾਇਆ ਜਾਏ, ਪਰ ਬਾਦ ਵਿਚ ਫ਼ੈਸਲਾ ਕੀਤਾ ਗਿਆ ਕਿ ਇਹ ਅੰਮ੍ਰਿਤਸਰ ਵਿਚ ਸਥਾਪਿਤ ਕੀਤਾ ਜਾਏ। 5 ਮਾਰਚ 1892 ਈ. ਨੂੰ ਇਸ ਦਾ ਨੀਂਹ-ਪੱਥਰ ਸਰ ਜੇਮਜ਼ ਲਾਇਲ, ਲੈਫਟੀਨੈਂਟ ਗਵਰਨਰ ਪੰਜਾਬ ਨੇ ਰਖਿਆ। 14 ਅਪ੍ਰੈਲ 1892 ਈ. ਨੂੰ ਖ਼ਾਲਸਾ ਕਾਲਜ ਕੌਂਸਲ ਬਣੀ, ਜਿਸ ਦੇ ਪ੍ਰਧਾਨ ਪੰਜਾਬ ਦੇ ਚੀਫ਼ ਜਸਟਿਸ ਰੈਟੀਗਨ ਅਤੇ ਸਕੱਤਰ ਭਾਈ ਜਵਾਹਿਰ ਸਿੰਘ ਨੀਅਤ ਹੋਏ। 22 ਅਕਤੂਬਰ 1893 ਈ. ਨੂੰ ਇਸ ਦਾ ਆਰੰਭ ਮਿਡਲ ਸਕੂਲ ਦੇ ਰੂਪ ਵਿਚ ਹੋਇਆ। ਤਿੰਨ ਸਾਲ ਬਾਦ ਇਸ ਨੂੰ ਹਾਈ ਅਤੇ ਇੰਟਰ ਪੱਧਰ ਤਕ ਕਰ ਦਿੱਤਾ ਗਿਆ। ਸੰਨ 1899 ਈ. ਵਿਚ ਬੀ.ਏ. ਦੀਆਂ ਕਲਾਸਾਂ ਸ਼ੁਰੂ ਹੋਈਆਂ। ਸੰਨ 1905 ਈ. ਵਿਚ ਬੀ.ਐਸ-ਸੀ. ਦੀ ਪੜ੍ਹਾਈ ਸ਼ੁਰੂ ਹੋਈ। ਸੰਨ 1916 ਈ. ਵਿਚ ਐਮ.ਏ. ਦੀਆਂ ਜਮਾਤਾਂ ਲਗਣੀਆਂ ਆਰੰਭ ਹੋਈਆਂ।

ਸੰਨ 1908 ਈ. ਵਿਚ ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਦੀ ਪ੍ਰਧਾਨਗੀ ਹੇਠ ਕਾਲਜ ਵਿਚ ਸਿੱਖ ਮੁਖੀਆਂ ਤੇ ਰਾਜੇ ਰਈਸਾਂ ਦੀ ਕਾਨਫ੍ਰੰਸ ਹੋਈ। ਉਸ ਮੌਕੇ 15 ਲੱਖ ਰੁਪਏ ਕਾਲਜ ਲਈ ਇਕੱਠੇ ਹੋਏ ਅਤੇ ਇਮਾਰਤ ਲਈ ਸਵਾ ਤਿੰਨ ਲੱਖ ਰੁਪਏ ਜਮ੍ਹਾਂ ਹੋ ਗਏ। ਕਾਲਜ ਲਈ ਪੰਜਾਬ ਸਰਕਾਰ ਨੇ ਸਿੱਖ ਜ਼ਿਮੀਂਦਾਰਾਂ ਤੋਂ ਰੁਪਏ ਪਿਛੇ ਦੋ ਪੈਸੇ ਦੇ ਹਿਸਾਬ ਮਾਲੀਏ ਨਾਲ ਰਕਮ ਉਗਰਾਹ ਕੇ ਦਿੱਤੀ। ਇਸ ਕਾਲਜ ਦੀ ਉਸਾਰੀ ਵਿਚ ਪ੍ਰੋ. ਗੁਰਮੁਖ ਸਿੰਘ, ਸ. ਜਵਾਹਿਰ ਸਿੰਘ, ਸ. ਸੁੰਦਰ ਸਿੰਘ ਮਜੀਠੀਆ, ਸ. ਹਰਸੰਬ ਸਿੰਘ ਅਟਾਰੀ, ਭਾਈ ਵੀਰ ਸਿੰਘ, ਪ੍ਰੋ. ਜੋਧ ਸਿੰਘ ਆਦਿ ਦਾ ਭਰਵਾਂ ਸਹਿਯੋਗ ਰਿਹਾ। ਇਥੋਂ ਦੇ ਇਕ ਪ੍ਰਿੰਸੀਪਲ ਮਿਸਟਰ ਜੀ.ਏ.ਵ੍ਹਾਥਨ ਨੇ ਇਸ ਕਾਲਜ ਨੂੰ ਸਿੱਖ ਯੂਨੀਵਰਸਿਟੀ ਵਿਚ ਬਦਲਣ ਦਾ ਸੁਪਨਾ ਲਿਆ ਸੀ। ਅਸਲ ਵਿਚ ਉਨ੍ਹਾਂ ਦਾ ਮੂਲ ਨਿਸ਼ਾਨਾ ਯੂਨੀਵਰਸਿਟੀ ਹੀ ਸੀ।

ਇਸ ਕਾਲਜ ਦੀ ਇਮਾਰਤ ਹੀ ਲਾਸਾਨੀ ਨਹੀਂ, ਇਸ ਦਾ ਵਾਤਾਵਰਣ ਵੀ ਬਹੁਤ ਸੁੰਦਰ ਅਤੇ ਪ੍ਰਭਾਵਸ਼ਾਲੀ ਹੈ। ਇਸ ਦੇ ਪਰਿਸਰ ਵਿਚ ਹੁਣ ਕਾਲਜ ਆਫ਼ ਐਜੂਕੇਸ਼ਨ, ਵੁਮੈਨ ਕਾਲਜ, ਲੜਕੀਆਂ ਦਾ ਸੀਨੀਅਰ ਹਾਇਰ ਸੈਕੰਡਰੀ ਸਕੂਲ, ਲੜਕੀਆਂ ਦਾ ਹਾਈ ਸਕੂਲ ਅਤੇ ਪਬਲਿਕ ਸਕੂਲ ਹਨ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਇਥੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਗਈ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਧਰਮ ਅਧਿਐਨ ਦਾ ਵਿਭਾਗ ਕਾਇਮ ਕੀਤਾ ਗਿਆ। ਪ੍ਰੋ. ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਵਰਗੇ ਅਧਿਆਪਕ ਇਸ ਵਿਭਾਗ ਨੂੰ ਸੰਚਾਲਿਤ ਕਰਦੇ ਰਹੇ। ਸਿੱਖ ਇਤਿਹਾਸ ਨਾਲ ਸੰਬੰਧਿਤ ਲਾਇਬ੍ਰੇਰੀ ਇਸ ਕਾਲਜ ਦੀ ਦੁਰਲਭ ਪ੍ਰਾਪਤੀ ਹੈ। ਇਸ ਵਿਭਾਗ ਨੂੰ ਪੱਕੇ ਪੈਰਾਂ ਉਤੇ ਖੜਾ ਕਰਨ ਲਈ ਡਾ. ਗੰਡਾ ਸਿੰਘ ਦਾ ਯੋਗਦਾਨ ਅਭੁੱਲ ਹੈ। ਸਿੱਖ ਧਰਮ ਦੀਆਂ ਅਨੇਕ ਮੁੱਖ ਸ਼ਖ਼ਸੀਅਤਾਂ ਇਥੋਂ ਹੀ ਪੜ੍ਹੀਆਂ ਅਤੇ ਕਈ ਉੱਘੇ ਵਿਦਵਾਨਾਂ ਦਾ ਸੰਬੰਧ ਇਸ ਕਾਲਜ ਦੇ ਅਧਿਆਪਨ ਨਾਲ ਰਿਹਾ ਹੈ।

ਸਿੱਖ ਧਰਮ ਨਾਲ ਸੰਬੰਧਿਤ ਜਾਂ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ਾਂ ਵਿਚ ਇਸ ਕਾਲਜ ਦੇ ਵਿਦਿਆਰਥੀ ਸਦਾ ਅਗੇ ਹੀ ਰਹੇ। ਖੇਡਾਂ ਦੇ ਖੇਤਰ ਵਿਚ ਇਸ ਕਾਲਜ ਦੀਆਂ ਬੜੀਆਂ ਉਲੇਖਯੋਗ ਪ੍ਰਾਪਤੀਆਂ ਹਨ। ਧਾਰਮਿਕ ਸੰਕੀਰਣਤਾ ਤੋਂ ਇਹ ਕਾਲਜ ਸਦਾ ਬਚਿਆ ਰਿਹਾ ਹੈ। ਇਸ ਵਿਚ ਹਰ ਧਰਮ ਜਾਂ ਫ਼ਿਰਕੇ ਦੇ ਵਿਦਿਆਰਥੀਆਂ ਨੇ ਤਾਲੀਮ ਹਾਸਲ ਕੀਤੀ ਹੈ ਅਤੇ ਹਰ ਧਰਮ ਨਾਲ ਸੰਬੰਧਿਤ ਪ੍ਰੋਫ਼ੈਸਰਾਂ ਨੇ ਇਥੇ ਪੜ੍ਹਾਇਆ ਹੈ। ਸਿੱਖ ਧਰਮ ਦਾ ਕਾਲਜ ਹੁੰਦਾ ਹੋਇਆ ਵੀ ਇਸ ਦੀ ਨੀਤੀ ਸਦਾ ਧਰਮ-ਨਿਰਪੇਖ ਹੀ ਰਹੀ ਹੈ। ਪੰਜਾਬ ਦੇ ਮੁੱਖ ਕਾਲਜਾਂ ਵਿਚ ਇਸ ਦਾ ਸਥਾਨ ਬਣਿਆ ਹੋਇਆ ਹੈ।

**ਖ਼ਾਲਸਾ ਟ੍ਰੈਕਟ ਸੁਸਾਇਟੀ** : ਇਸ ਦੀ ਸਥਾਪਨਾ ਸ੍ਰੀ ਗੁਰੂ ਸਿੰਘ ਸਭਾ ਲਹਿਰ ਦੇ ਵਿਦਵਾਨ ਆਗੂਆਂ ਨੇ ਕੀਤੀ। ਇਹ ਅਸਲ ਵਿਚ ਉਸ ਪ੍ਰਤਿਕ੍ਰਿਆ ਤੋਂ ਜਨਮੀ ਜੋ ਸਿੱਖ ਵਿਦਵਾਨਾਂ ਦੇ ਮਨ ਵਿਚ ਅੰਗ੍ਰੇਜ਼ ਮਿਸ਼ਨਰੀਆਂ ਦੇ ਪ੍ਰਚਾਰ ਦੇ ਵਿਰੋਧ ਵਿਚ ਪੈਦਾ ਹੋਈ ਸੀ। ਸੰਨ 1849 ਈ. ਵਿਚ ਅੰਗ੍ਰੇਜ਼ਾਂ ਵਲੋਂ ਪੰਜਾਬ ਉਤੇ ਪੂਰੀ ਤਰ੍ਹਾਂ ਅਧਿਕਾਰ ਕਾਇਮ ਕਰ ਚੁਕਣ ਤੋਂ ਬਾਦ ਈਸਾਈ ਮਤ ਦੇ ਪ੍ਰਚਾਰ ਲਈ ਕਈ ਮਿਸ਼ਨਰੀ ਸੁਸਾਇਟੀਆਂ ਪੰਜਾਬ ਵਿਚ ਸਥਾਪਿਤ ਹੋ ਗਈਆਂ। ਇਹ ਸੰਸਥਾਵਾਂ ਈਸਾਈ ਮਤ ਦੇ ਪ੍ਰਚਾਰ ਲਈ ਛੋਟੇ ਛੋਟੇ ਟ੍ਰੈਕਟ ਛਾਪ ਕੇ ਲੋਕਾਂ ਵਿਚ ਵੰਡਦੀਆਂ ਸਨ। ਇਨ੍ਹਾਂ ਟ੍ਰੈਕਟਾਂ ਦੇ ਵਿਸ਼ੇ ਅਕਸਰ ਈਸਾ ਦੇ ਜੀਵਨ ਦੀਆਂ ਘਟਨਾਵਾਂ, ਬਾਈਬਲ ਦੀਆਂ ਕਹਾਣੀਆਂ, ਬਾਈਬਲ ਦੇ ਅਨੁਵਾਦਿਤ ਅੰਸ਼ ਆਦਿ ਹੁੰਦੇ ਸਨ। ਇਨ੍ਹਾਂ ਦੇ ਵਿਤਰਣ ਨਾਲ ਈਸਾਈ ਮਤ ਦੇ ਪ੍ਰਚਾਰ ਨੂੰ ਤਕੜਾ ਬੜ੍ਹਾਵਾ ਮਿਲਿਆ। ਇਨ੍ਹਾਂ ਟ੍ਰੈਕਟਾਂ ਦੇ ਪ੍ਰਕਾਸ਼ਨ ਤੋਂ ਪ੍ਰੇਰਿਤ ਹੋ ਕੇ ਸਿੰਘ ਸਭਾਈ

ਬਿਰਤੀ ਵਾਲੇ ਸਿੱਖ ਵਿਦਵਾਨਾਂ ਨੇ ਟ੍ਰੈਕਟ ਲਿਖ ਕੇ ਗੁਰਪੁਰਬਾਂ, ਧਾਰਮਿਕ ਤਿਉਹਾਰਾਂ, ਖ਼ੁਸ਼ੀ ਗ਼ਮੀ ਦੇ ਇਕੱਠਾਂ ਵਿਚ ਵੰਡਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੇ ਵਿਸ਼ੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਸਿੱਖ ਧਰਮ-ਧਾਮਾਂ ਅਤੇ ਗੁਰਬਾਣੀ ਦੇ ਸਿੱਧਾਂਤਾਂ ਨਾਲ ਸੰਬੰਧਿਤ ਹੁੰਦੇ। 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਅੰਮ੍ਰਿਤਸਰ ਨੇ ਵੀ ਕੁਝ ਟ੍ਰੈਕਟ ਛਾਪ ਕੇ ਵੰਡੇ।

ਇਨ੍ਹਾਂ ਟ੍ਰੈਕਟਾਂ ਨੂੰ ਵਿਵਸਥਿਤ ਰੂਪ ਪ੍ਰਦਾਨ ਕਰਨ ਲਈ 'ਅਮੈਰਿਕਨ ਟ੍ਰੈਕਟ ਸੁਸਾਇਟੀ' ਦੇ ਨਮੂਨੇ 'ਤੇ ਸ੍ਰੀ ਗੁਰੂ ਸਿੰਘ ਸਭਾ ਵਲੋਂ ਸੰਨ 1894 ਈ. ਵਿਚ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਗਈ। ਅਜਿਹਾ ਉਦਮ ਕਰਨ ਵਿਚ ਡਾ. ਚਰਨ ਸਿੰਘ, ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਆਦਿ ਪ੍ਰਮੁਖ ਸਨ। ਇਹ ਹਰ ਰਚਨਾ ਨੂੰ ਛਾਪਣ ਤੋਂ ਪਹਿਲਾਂ ਚੰਗੀ ਤਰ੍ਹਾਂ ਪਰਖਦੇ ਸਨ, ਤਾਂ ਜੋ ਕਿਤੇ ਗੁਰਮਤਿ ਆਸ਼ੇ ਦੇ ਉਲਟ ਕੋਈ ਗੱਲ ਨ ਛਪ ਜਾਏ। ਇਨ੍ਹਾਂ ਟ੍ਰੈਕਟਾਂ ਦੇ ਮੁੱਢਲੇ ਲੇਖਕਾਂ ਵਿਚ ਡਾ. ਚਰਨ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਹਜ਼ਾਰਾ ਸਿੰਘ, ਭਾਈ ਵੀਰ ਸਿੰਘ, ਭਾਈ ਸਰਦੂਲ ਸਿੰਘ ਆਦਿ ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚ ਸਿੱਖਾਂ ਦੇ ਸਮਾਜਿਕ ਅਤੇ ਵਿਦਿਅਕ ਸੁਧਾਰਾਂ ਬਾਰੇ ਵੀ ਗੱਲਾਂ ਸ਼ਾਮਲ ਹੋ ਜਾਂਦੀਆਂ। ਭਾਈ ਵੀਰ ਸਿੰਘ ਦੀਆਂ ਅਧਿਕਾਂਸ਼ ਰਚਨਾਵਾਂ ਪਹਿਲਾਂ ਟ੍ਰੈਕਟਾਂ ਦੇ ਰੂਪ ਵਿਚ ਹੀ ਛਪੀਆਂ ਸਨ। ਇਨ੍ਹਾਂ ਟ੍ਰੈਕਟਾਂ ਦੀ ਗਿਣਤੀ ਬਹੁਤ ਅਧਿਕ ਸੀ। ਇਨ੍ਹਾਂ ਵਿਚੋਂ ਬਹੁਤੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਅਤੇ ਭਾਈ ਵੀਰ ਸਿੰਘ ਸਦਨ, ਨਵੀਂ ਦਿੱਲੀ ਵਿਚ ਸੰਭਾਲੇ ਹੋਏ ਹਨ। ਸਿੰਘ ਸਭਾ ਦੇ ਸਿੱਧਾਂਤਾਂ ਦੇ ਪ੍ਰਚਾਰ ਵਿਚ ਇਨ੍ਹਾਂ ਟ੍ਰੈਕਟਾਂ ਦੀ ਇਕ ਉਸਾਰੂ ਭੂਮਿਕਾ ਰਹੀ ਹੈ।

**ਖ਼ਾਲਸਾ ਡਿਫੈਂਸ ਆਫ਼ ਇੰਡੀਆ ਲੀਗ** : ਦੂਜੇ ਵਿਸ਼ਵ ਯੁੱਧ ਵੇਲੇ ਫ਼ੌਜ ਵਿਚ ਸਿੱਖਾਂ ਦੀ ਘਟ ਭਰਤੀ ਹੋਣ ਕਾਰਣ ਅੰਗ੍ਰੇਜ਼ ਸਰਕਾਰ ਨੇ ਇਕ ਬ੍ਰਿਟਿਸ਼ ਜਨਰਲ ਅਧੀਨ ਬਣਾਈ ਕਮੇਟੀ ਨੂੰ ਸਾਰਾ ਮਾਮਲਾ ਵਿਚਾਰ ਕੇ ਰਿਪੋਰਟ ਕਰਨ ਲਈ ਕਿਹਾ। ਜਦੋਂ ਉਸ ਕਮੇਟੀ ਦੀ ਰਿਪੋਰਟ ਪੰਜਾਬ ਦੇ ਵਜ਼ੀਰੇ ਆਜ਼ਮ ਸਰ ਸਿਕੰਦਰ ਹਯਾਤ ਨੂੰ ਭੇਜੀ ਗਈ, ਤਾਂ ਉਸ ਨੇ ਸਾਰਾ ਮਾਮਲਾ ਦਬ ਦਿੱਤਾ ਅਤੇ ਰਿਪੋਰਟ ਉਤੇ ਕਾਰਵਾਈ ਕਰਨੋਂ ਸੰਕੋਚ ਕੀਤਾ। ਇਸ ਗੱਲ ਦੇ ਨਸ਼ਰ ਹੋਣ ਨਾਲ ਸਿੱਖ ਆਗੂ ਸਚੇਤ ਹੋ ਗਏ। ਉਨ੍ਹਾਂ ਨੇ 19 ਜਨਵਰੀ 1941 ਈ. ਨੂੰ ਲਾਹੌਰ ਵਿਚ ਇਕ ਲੀਗ ਦੀ ਸਥਾਪਨਾ ਕੀਤੀ ਤਾਂ ਜੋ ਸਿੱਖਾਂ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਪ੍ਰੇਰਿਆ ਜਾਏ ਅਤੇ ਫ਼ੌਜ ਵਿਚ ਉਨ੍ਹਾਂ ਦੀ ਸੂਰਵੀਰ ਜਾਤਿ ਵਜੋਂ ਸਥਿਤੀ ਬਣੀ ਰਹੇ। ਪਟਿਆਲਾ-ਪਤਿ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਇਸ ਲੀਗ ਦਾ ਪ੍ਰੈਜ਼ੀਡੈਂਟ-ਜਨਰਲ ਬਣਾਇਆ ਗਿਆ। ਇਸ ਲੀਗ ਵਿਚ ਕੁਲ 150 ਮੈਂਬਰ ਰਖੇ ਗਏ ਜਿਨ੍ਹਾਂ ਵਿਚੋਂ 118 ਪੰਜਾਬ ਦੇ ਅਤੇ 32 ਸਿੱਖ ਰਿਆਸਤਾਂ ਦੇ ਸਨ। ਸਿੱਖ ਧਰਮ ਦੇ ਵਿਕਾਸ ਲਈ ਪ੍ਰਤਿਬਧ ਲਗਭਗ ਸਾਰੇ ਸਿੱਖ ਆਗੂ ਸ਼ਾਮਲ ਕੀਤੇ ਗਏ ਅਤੇ ਨੌਜਵਾਨਾਂ ਨੂੰ ਪ੍ਰੇਰਣ ਲਈ ਇਸ ਲੀਗ ਦੇ 22 ਕੇਂਦਰ ਸਥਾਪਿਤ ਕੀਤੇ। ਬੜੀ ਸ਼ਿਦਤ ਨਾਲ ਇਕੱਠਾਂ ਨੂੰ ਸੰਬੋਧਿਤ ਕੀਤਾ ਗਿਆ ਜਿਸ ਦਾ ਅਸਰ ਬੜਾ ਉਤਸਾਹਜਨਕ ਰਿਹਾ। ਕੈਡਿਟ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਦੀਆਂ ਖ਼ਾਲਸਾ ਕਾਲਜ, ਅੰਮ੍ਰਿਤਸਰ ਅਤੇ ਮਹਿੰਦਰਾ ਕਾਲਜ, ਪਟਿਆਲਾ ਵਿਚ ਉਚੇਚੀਆਂ ਜਮਾਤਾਂ ਲਗਾਈਆਂ ਗਈਆਂ। ਦੂਜੇ ਵਿਸ਼ਵ ਯੁੱਧ ਤੋਂ ਬਾਦ ਇਸ ਦੀ ਹੋਂਦ ਦੀ ਲੋੜ ਨ ਰਹੀ।

**ਖ਼ਾਲਸਾ ਦਰਬਾਰ** : ਸੈਂਟ੍ਰਲ ਸਿੱਖ ਲੀਗ ਦੇ ਉੱਦਮ ਨਾਲ ਵਖ ਵਖ ਸਿੱਖ ਸੰਸਥਾਵਾਂ ਜਾਂ ਪਾਰਟੀਆਂ ਦੀ ਇਕ ਰਲੀ-ਮਿਲੀ ਮੀਟਿੰਗ ਅਥਵਾ ਕਾਨਫ੍ਰੰਸ 27 ਸਤੰਬਰ 1932 ਈ. ਨੂੰ ਲਾਹੌਰ ਵਿਚ ਕੀਤੀ ਗਈ ਜਿਸ ਦਾ ਮੁੱਖ ਉਦੇਸ਼ ਅੰਗ੍ਰੇਜ਼ ਸਰਕਾਰ ਵਲੋਂ 16 ਅਗਸਤ 1932 ਈ. ਨੂੰ ਪਾਸ ਕੀਤੇ ਕਮਿਊਨਲ ਐਵਾਰਡ ਦਾ ਵਿਰੋਧ ਕਰਨਾ ਸੀ। ਇਸ ਕਾਨਫ੍ਰੰਸ ਦੀ ਪ੍ਰਧਾਨਗੀ ਸ. ਅਮਰ ਸਿੰਘ ਸ਼ੇਰੇ-ਪੰਜਾਬ ਨੇ ਕੀਤੀ। ਇਸ ਵਿਚ ਪਾਸ ਹੋਇਆ ਕਿ 'ਖ਼ਾਲਸਾ ਦਰਬਾਰ' ਨਾਂ ਦੀ ਇਕ ਨਵੀਂ ਸੰਸਥਾ ਦੀ ਸਥਾਪਨਾ ਕੀਤੀ ਜਾਵੇ, ਜਿਸ ਦੇ ਕੁਲ 250 ਮੈਂਬਰ ਹੋਣ, ਦੋ ਸੌ ਪੰਜਾਬ ਵਿਚੋਂ ਅਤੇ ਬਾਕੀ ਪੰਜਾਹ ਸਾਰੇ ਹਿੰਦੁਸਤਾਨ ਵਿਚੋਂ ਚੁਣੇ ਜਾਣ। ਇਸ ਮੀਟਿੰਗ ਦੇ ਸੁਝਾਉ 'ਤੇ ਸ. ਉਜਲ ਸਿੰਘ ਅਤੇ ਸ. ਸੰਪੂਰਨ ਸਿੰਘ ਲਾਇਲਪੁਰੀ ਨੇ ਰਾਊਂਡ ਟੇਬਲ ਕਾਨਫ੍ਰੰਸ ਦੀ ਕਨਸਲਟੇਟਿਵ ਕਮੇਟੀ ਤੋਂ ਅਸਤੀਫ਼ੇ ਦਿੱਤੇ। ਇਹ ਵੀ ਪਾਸ ਹੋਇਆ ਕਿ ਸੈਂਟ੍ਰਲ ਅਤੇ ਪ੍ਰਾਂਤਿਕ ਲੈਜਿਸਲੇਟਰ ਆਪਣੇ ਅਸਤੀਫ਼ੇ 'ਖ਼ਾਲਸਾ ਦਰਬਾਰ' ਨੂੰ ਭੇਜ ਦੇਣ ਤਾਂ ਜੋ ਲੋੜ ਪੈਣ ਤੇ ਉਨ੍ਹਾਂ ਨੂੰ ਸਰਕਾਰ ਪਾਸ ਭੇਜਿਆ ਜਾ ਸਕੇ। ਪਰ ਚੂੰਕਿ ਇਹ ਸੰਸਥਾ ਵਖ ਵਖ ਵਿਚਾਰਾਂ ਵਾਲੇ ਲੋਕਾਂ ਦਾ ਮਿਲਗੋਭਾ ਸੀ, ਇਸ

ਵਾਸਤੇ ਅੰਦਰਲੇ ਵਿਰੋਧ ਸਿਰ ਚੁਕਣ ਲਗੇ। ਅੰਤ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਖ਼ਾਲਸਾ ਦਰਬਾਰ ਅਤੇ ਸੈਂਟ੍ਰਲ ਸਿੱਖ ਲੀਗ ਦੋਹਾਂ ਦੇ ਉਦੇਸ਼ ਚੂੰਕਿ ਸਮਾਨ ਹਨ, ਇਸ ਲਈ ਖ਼ਾਲਸਾ ਦਰਬਾਰ ਨੂੰ ਸੈਂਟ੍ਰਲ ਸਿੱਖ ਲੀਗ ਵਿਚ ਸਮੋ ਲਿਆ ਜਾਏ। ਪਰ ਹੋਰਨਾਂ ਸਿੱਖ ਸੰਸਥਾਵਾਂ ਨੇ ਇਸ ਦਾ ਵਿਰੋਧ ਕੀਤਾ। ਇਕ ਇਸ ਕਰਕੇ ਕਿ 'ਖ਼ਾਲਸਾ ਦਰਬਾਰ' ਦੀ ਸਥਾਪਨਾ ਦਾ ਉਦੇਸ਼ ਕੇਵਲ ਕਮਿਊਨਲ ਐਵਾਰਡ ਦਾ ਵਿਰੋਧ ਕਰਨਾ ਸੀ ਅਤੇ ਦੂਜਾ ਇਸ ਕਰਕੇ ਕਿ ਸੈਂਟ੍ਰਲ ਸਿੱਖ ਲੀਗ ਇਕ ਰਾਜਨੈਤਿਕ ਪਾਰਟੀ ਹੈ ਅਤੇ ਕਾਂਗ੍ਰਸ ਪਾਰਟੀ ਨਾਲ ਸੰਬੰਧਿਤ ਹੈ। ਅੰਤ ਵਿਚ ਬਹੁਤ ਸਾਰੀਆਂ ਸਿੱਖ ਪਾਰਟੀਆਂ ਦੀ ਸਾਂਝੀ ਕਾਨਫ੍ਰੰਸ ਬੁਲਾ ਕੇ ਇਹ ਫ਼ੈਸਲਾ ਲਿਆ ਗਿਆ ਕਿ 'ਖ਼ਾਲਸਾ ਦਰਬਾਰ' ਸਿੱਖਾਂ ਦੀ ਪ੍ਰਮੁਖ ਰਾਜਨੈਤਿਕ ਪਾਰਟੀ ਹੈ, ਇਸ ਲਈ ਕੋਈ ਵੀ ਰਾਜਨੈਤਿਕ ਪੱਧਰ ਦਾ ਫ਼ੈਸਲਾ 'ਖ਼ਾਲਸਾ ਦਰਬਾਰ' ਦੀ ਪ੍ਰਵਾਨਗੀ ਤੋਂ ਬਿਨਾ ਨਹੀਂ ਲਿਆ ਜਾ ਸਕੇਗਾ। ਇਸ ਨਾਲ 'ਖ਼ਾਲਸਾ ਦਰਬਾਰ' ਦੇ ਕਾਰਜ-ਖੇਤਰ ਦੀਆਂ ਸੀਮਾਵਾਂ ਦਾ ਵਿਸਤਾਰ ਹੋ ਗਿਆ, ਜਿਸ ਦੇ ਫਲਸਰੂਪ ਬਹੁਤ ਸਾਰੀਆਂ ਸਿੱਖ ਰਾਜਨੈਤਿਕ ਸੰਸਥਾਵਾਂ ਜਾਂ ਪਾਰਟੀਆਂ ਨੂੰ ਆਪਣੀ ਹੋਂਦ ਖ਼ਤਰੇ ਵਿਚ ਦਿਸਣ ਲਗੀ। ਇਸ ਕਰਕੇ ਉਨ੍ਹਾਂ ਦੀ ਰੁਚੀ ਇਸ ਵਲੋਂ ਘਟਦੀ ਗਈ। ਸੰਨ 1947 ਈ. ਤਕ ਇਸ ਦਰਬਾਰ ਦੀ ਗੱਲ ਕਦੀ ਕਦਾਈਂ ਅਖ਼ਬਾਰਾਂ ਵੀ ਛਪ ਜਾਂਦੀ ਰਹੀ ਹੈ, ਪਰ ਪੰਜਾਬ ਦੇ ਬਟਵਾਰੇ ਤੋਂ ਬਾਦ 'ਖ਼ਾਲਸਾ ਦਰਬਾਰ' ਦਾ ਭੋਗ ਪੈ ਗਿਆ।

**ਖ਼ਾਲਸਾ ਦੀਵਾਨ, ਅੰਮ੍ਰਿਤਸਰ** : ਸੰਨ 1873 ਈ. ਵਿਚ ਸ਼ੁਰੂ ਕੀਤੀ ਗਈ ਸਿੰਘ ਸਭਾ ਲਹਿਰ ਦੇ ਵਿਸਤਾਰ ਅਤੇ ਸਿੰਘ ਸਭਾ ਲਾਹੌਰ ਦੇ ਸੰਨ 1879 ਈ. ਵਿਚ ਹੋਂਦ ਵਿਚ ਆ ਜਾਣ ਨਾਲ ਪਰਸਪਰ ਤਾਲਮੇਲ ਦੀ ਘਾਟ ਮਹਿਸੂਸ ਹੋਣ ਲਗੀ। ਇਸ ਘਾਟ ਨੂੰ ਦੂਰ ਕਰਨ ਲਈ 11 ਅਪ੍ਰੈਲ 1880 ਈ. ਵਿਚ ਅੰਮ੍ਰਿਤਸਰ ਵਿਚ 'ਜਨਰਲ ਸਭਾ' ਦੀ ਸਥਾਪਨਾ ਕੀਤੀ ਗਈ। 11 ਅਪ੍ਰੈਲ 1883 ਈ. ਨੂੰ 'ਜਨਰਲ ਸਭਾ' ਨੂੰ 'ਖ਼ਾਲਸਾ ਦੀਵਾਨ' ਵਿਚ ਬਦਲ ਦਿੱਤਾ ਗਿਆ। ਇਸ ਦੀਵਾਨ ਨਾਲ ਸ਼ੁਰੂ ਵਿਚ 36 ਸਿੰਘ ਸਭਾਵਾਂ ਸੰਬੰਧਿਤ ਕੀਤੀਆਂ ਗਈਆਂ। ਪੰਜਾਬ ਦੇ ਲੈਫਟੀਨੈਂਟ ਗਵਰਨਰ ਅਤੇ ਫ਼ਰੀਦਕੋਟ ਦੇ ਰਾਜਾ ਬਿਕ੍ਰਮ ਸਿੰਘ ਨੂੰ ਇਸ ਦੇ ਸਰਪ੍ਰਸਤ, ਬਾਬਾ ਖੇਮ ਸਿੰਘ ਬੇਦੀ ਨੂੰ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਮੁੱਖ ਸਕੱਤਰ ਬਣਾਇਆ ਗਿਆ। ਇਸ ਦੀਵਾਨ ਦਾ ਪ੍ਰਮੁਖ ਕਰਤੱਵ ਸੀ ਸਿੱਖਾਂ ਦਾ ਧਾਰਮਿਕ ਅਤੇ ਸਮਾਜਿਕ ਸੁਧਾਰ ਕਰਨਾ ਅਤੇ ਉਨ੍ਹਾਂ ਵਿਚ ਵਿਦਿਆ ਦਾ ਪ੍ਰਸਾਰ ਕਰਨਾ। ਇਸ ਸੰਬੰਧ ਵਿਚ ਸਰਕਾਰ ਵਲੋਂ ਸਹਾਇਤਾ ਪ੍ਰਾਪਤ ਕਰਨ ਦਾ ਉੱਦਮ ਵੀ ਕੀਤਾ ਗਿਆ। ਪਰ ਕੁਝ ਵਰ੍ਹਿਆਂ ਤੋਂ ਬਾਦ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਿੰਘ ਸਭਾਵਾਂ ਵਿਚ ਤੀਬਰ ਮਤ-ਭੇਦ ਪੈਦਾ ਹੋ ਗਿਆ। ਇਸ ਮਤਭੇਦ ਦਾ ਇਕ ਕਾਰਣ ਸੀ ਬਾਬਾ ਖੇਮ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਦੇਲਾ ਲਗਾ ਕੇ ਬੈਠਣਾ ਅਤੇ ਦੂਜਾ ਸੀ ਬਾਬਾ ਖੇਮ ਸਿੰਘ ਦਾ ਸੁਝਾਉ ਕਿ ਗ਼ੈਰ-ਸਿੱਖਾਂ ਨੂੰ ਸਿੰਘ ਸਭਾ ਦੇ ਮੈਂਬਰ ਬਣਾ ਕੇ ਇਸ ਦਾ ਨਾਂ 'ਸਿੱਖ ਸਿੰਘ ਸਭਾ' ਰਖਣਾ। ਇਸ ਸੁਝਾਉ ਦਾ ਪ੍ਰੋ. ਗੁਰਮੁਖ ਸਿੰਘ ਵਲੋਂ ਬੜੀ ਸ਼ਿਦਤ ਨਾਲ ਵਿਰੋਧ ਕੀਤਾ ਗਿਆ। ਇਸ ਤੋਂ ਇਲਾਵਾ ਬਾਵਾ ਨਿਹਾਲ ਸਿੰਘ ਵਲੋਂ ਉਰਦੂ ਵਿਚ ਛਪੀ ਪੁਸਤਕ 'ਖ਼ੁਰਸ਼ੀਦ ਖ਼ਾਲਸਾ' ਨੇ ਵੀ ਦੋਹਾਂ ਧੜਿਆਂ ਵਿਚ ਹੋਰ ਵਿਥ ਪੈਦਾ ਕੀਤੀ ਕਿਉਂਕਿ ਉਸ ਵਿਚ ਖ਼ਾਲਸਾ ਦੀਵਾਨ ਦੀ ਨੀਤੀ ਦੇ ਵਿਰੁੱਧ ਕਥਨ ਸਨ ਅਤੇ ਸਿੰਘ ਸਭਾ ਅੰਮ੍ਰਿਤਸਰ ਦੁਆਰਾ ਸੰਪ੍ਰਸ਼ਟ ਸਨ।

ਜਦੋਂ ਪਰਸਪਰ ਵਿਰੋਧ ਸਿਖਰ ਉਤੇ ਪਹੁੰਚ ਗਿਆ, ਤਾਂ ਲਾਹੌਰ ਧੜੇ ਨੇ ਮੁੱਖ ਧਾਰਾ ਨਾਲੋਂ ਵਖ ਹੋ ਕੇ 11 ਅਪ੍ਰੈਲ 1886 ਈ. ਨੂੰ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਕਰ ਲਈ। 36 ਸਿੰਘ ਸਭਾਵਾਂ ਵਿਚੋਂ ਅੰਮ੍ਰਿਤਸਰ ਧੜੇ ਨਾਲ ਕੇਵਲ 10 ਸਿੰਘ ਸਭਾਵਾਂ ਸੰਬੰਧਿਤ ਰਹਿ ਗਈਆਂ, ਜਿਨ੍ਹਾਂ ਵਿਚੋਂ ਪ੍ਰਮੁਖ ਸਨ— ਅੰਮ੍ਰਿਤਸਰ, ਰਾਵਲਪਿੰਡੀ ਅਤੇ ਫ਼ਰੀਦਕੋਟ। ਬਹੁਤ ਯਤਨ ਕਰਨ ਦੇ ਬਾਵਜੂਦ ਅੰਮ੍ਰਿਤਸਰ ਦਾ ਦੀਵਾਨ ਆਪਣੀ ਸਾਖ ਬਣਾ ਨ ਸਕਿਆ। ਪ੍ਰਚਾਰ ਵਿਚ ਪ੍ਰਗਤੀ ਲਿਆਉਣ ਲਈ ਇਸ ਦੀਵਾਨ ਨੂੰ ਦੋ ਸਤਰਾਂ ਵਿਚ ਵੰਡ ਦਿੱਤਾ ਗਿਆ। ਇਕ 'ਮਹਾਂ ਖੰਡ' ਜਿਸ ਵਿਚ ਜਾਗੀਰ-ਦਾਰ ਜਾਂ ਰਈਸ ਸ਼ਾਮਲ ਸਨ ਅਤੇ ਦੂਜਾ 'ਸਮਾਨ ਖੰਡ' ਜਿਸ ਦੇ ਆਮ ਸਿੱਖ ਮੈਂਬਰ ਸਨ। ਪਹਿਲੇ ਦਾ ਪ੍ਰਧਾਨ ਬਾਬਾ ਖੇਮ ਸਿੰਘ ਸੀ ਅਤੇ ਦੂਜੇ ਦਾ ਸ. ਮਾਨ ਸਿੰਘ, ਮੈਨੇਜਰ ਦਰਬਾਰ ਸਾਹਿਬ, ਅੰਮ੍ਰਿਤਸਰ। ਦੂਜੇ ਧੜੇ ਦੀ ਸਰਪ੍ਰਸਤੀ ਰਾਜਾ ਬਿਕ੍ਰਮ ਸਿੰਘ ਕਰਦੇ ਸਨ। ਸੰਨ 1902 ਈ. ਵਿਚ ਜਦੋਂ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਹੋਈ, ਤਾਂ ਇਹ ਦੀਵਾਨ ਉਸ ਵਿਚ ਸਮੋ ਦਿੱਤਾ ਗਿਆ।

**ਖ਼ਾਲਸਾ ਦੀਵਾਨ ਸੋਸਾਇਟੀ, ਵੈਨਕੂਵਰ :** ਕੈਨੇਡਾ ਵਿਚ ਵਸਦੇ ਸਿੱਖਾਂ ਦੇ ਉੱਦਮ ਨਾਲ 13 ਮਾਰਚ 1909 ਈ. ਨੂੰ ਇਹ ਸੋਸਾਇਟੀ ਬਣਾਈ ਗਈ। ਇਸ ਦੇ ਪਹਿਲੇ ਪ੍ਰਧਾਨ ਸ. ਸੇਵਾ ਸਿੰਘ ਸਨ। 23 ਫਰਵਰੀ 1915 ਈ. ਨੂੰ ਇਸ ਨੂੰ ਸੋਸਾਇਟੀਜ਼ ਐਕਟ ਅਧੀਨ ਰਜਿਸਟਰ ਕਰਵਾਇਆ ਗਿਆ। ਇਸ ਦੇ ਮੁੱਖ ਉਦੇਸ਼ ਸਨ— ਸਿੱਖ ਧਰਮ ਦਾ ਪ੍ਰਚਾਰ ਕਰਨਾ, ਸਿੱਖ ਜੀਵਨ ਵਿਧੀ ਨੂੰ ਧਾਰਣ ਕਰਨਾ, ਸਿੱਖ ਗੁਰਦੁਆਰੇ ਕਾਇਮ ਕਰਨਾ ਅਤੇ ਉਨ੍ਹਾਂ ਦੀ ਵਿਵਸਥਾ ਕਰਨਾ, ਗ੍ਰੰਥੀ ਸਿੰਘ ਅਤੇ ਪ੍ਰਚਾਰਕ ਨਿਯੁਕਤ ਕਰਨਾ। ਸੰਨ 1960 ਈ. ਤੋਂ ਬਾਦ ਕੈਨੇਡਾ ਵਿਚ ਸਿੱਖਾਂ ਦੇ ਅਧਿਕ ਪਹੁੰਚ ਜਾਣ ਕਾਰਣ ਇਸ ਸੋਸਾਇਟੀ ਦੀ ਗਤਿਵਿਧੀ ਵਿਚ ਵਿਸਤਾਰ ਹੋਇਆ। ਉਸ ਵਕਤ ਇਸ ਸੋਸਾਇਟੀ ਸਾਹਮਣੇ ਸਭ ਤੋਂ ਜ਼ਰੂਰੀ ਕੰਮ ਸੀ ਸਿੱਖ ਆਵਾਸੀਆਂ ਨੂੰ ਉਥੋਂ ਦੇ ਵਾਸੀਆਂ ਦੇ ਬਰਾਬਰ ਅਧਿਕਾਰ ਦਿਵਾਉਣਾ। ਇਸ ਮੰਤਵ ਦੀ ਪੂਰਤੀ ਲਈ ਕੀਤੀ ਗਈ ਜਦੋ-ਜਹਿਦ ਦੇ ਫਲਸਰੂਪ ਸੰਨ 1970 ਈ. ਦੇ ਅੰਤ ਵਿਚ ਉਥੋਂ ਦੇ ਸੰਵਿਧਾਨ ਵਿਚ ਆਵੱਸ਼ਕ ਸੋਧ ਕਰ ਦਿੱਤੀ ਗਈ। ਇਸ ਸੋਸਾਇਟੀ ਨੇ ਉਥੋਂ ਦੇ ਸਿੱਖਾਂ ਨੂੰ ਆਪਣੇ ਸਭਿਆਚਾਰ ਅਤੇ ਧਰਮ ਨੂੰ ਵਿਕਸਿਤ ਕਰਨ ਦੀ ਆਧਾਰ-ਭੂਮਿਕਾ ਨਿਭਾਈ। ਅਨੇਕ ਨਗਰਾਂ ਵਿਚ ਗੁਰਦੁਆਰੇ ਸਥਾਪਿਤ ਕੀਤੇ ਗਏ। ਇਕ ਲਾਇਬ੍ਰੇਰੀ ਦੀ ਸਥਾਪਨਾ ਤੋਂ ਇਲਾਵਾ ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਦੇ ਪ੍ਰਕਾਸ਼ਨ ਦਾ ਵੀ ਉੱਦਮ ਕੀਤਾ ਗਿਆ। ਇਸ ਨਾਲ ਸੰਬੰਧਿਤ ਗੁਰਦੁਆਰਿਆਂ ਵਲੋਂ ਇਕ 'ਕੈਨੇਡੀਨ ਸਿੱਖ ਸਮਾਚਾਰ' ਨਾਂ ਦਾ ਰਸਾਲਾ ਹਫ਼ਤੇ ਵਿਚ ਦੋ ਵਾਰ ਕਢਣਾ ਸ਼ੁਰੂ ਕੀਤਾ ਗਿਆ। ਇਸ ਤੋਂ ਇਲਾਵਾ ਇਸ ਸੋਸਾਇਟੀ ਨੇ ਹੋਰਨਾਂ ਧਰਮਾਂ ਵਾਲੇ ਭਾਰਤੀ ਆਵਾਸੀਆਂ ਦੀ ਬਹਿਬੂਦੀ ਲਈ ਵੀ ਯਤਨ ਕੀਤੇ ਅਤੇ ਭਾਰਤੀ ਆਵਾਸੀਆਂ ਨੂੰ ਹੋਰਨਾਂ ਮੁਲਕਾਂ ਦੇ ਆਵਾਸੀਆਂ ਦੇ ਬਰਾਬਰ ਹੱਕ ਦਿਵਾਏ। ਇਸ ਸੋਸਾਇਟੀ ਦੀ ਪਹੁੰਚ ਉਦਾਰਵਾਦੀ ਹੋਣ ਕਰਕੇ ਸਭ ਪ੍ਰਕਾਰ ਦੇ ਭਾਰਤੀਆਂ ਵਲੋਂ ਸਾਂਝੀ ਸਮਝੀ ਜਾਂਦੀ ਹੈ।

**ਖ਼ਾਲਸਾ ਦੀਵਾਨ ਖਰਾ ਸੌਦਾ ਬਾਰ :** ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਮੁਖ ਨੇਤਾ ਸ. ਕਰਤਾਰ ਸਿੰਘ ਝੱਬਰ ਨੇ ਇਸ ਦੀਵਾਨ ਦੀ ਸਥਾਪਨਾ ਸੰਨ 1912 ਈ. ਵਿਚ ਕੀਤੀ। ਇਸ ਦੀਵਾਨ ਵਿਚ ਅਧਿਕਤਰ ਵਿਰਕ ਜੱਟ ਸ਼ਾਮਲ ਹੋਏ ਜੋ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਚੂੜ੍ਹਕਾਣਾ ਮੰਡੀ ਦੇ ਇਰਦ-ਗਿਰਦ ਰਹਿੰਦੇ ਸਨ। ਇਸ ਦੀਵਾਨ ਦਾ ਮੁੱਖ ਆਸ਼ਾ ਸਿੱਖ ਧਰਮ ਦੇ ਪ੍ਰਚਾਰ ਦੇ ਨਾਲ ਨਾਲ ਉਸ ਇਲਾਕੇ ਵਿਚ ਵਿਦਿਆ ਦਾ ਪ੍ਰਸਾਰ ਕਰਨਾ ਸੀ। ਪਰ ਜਲਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਦ ਇਸ ਦੀਵਾਨ ਦਾ ਝੁਕਾ ਰਾਜਨੀਤੀ ਵਲ ਹੋ ਗਿਆ ਅਤੇ ਇਸ ਦਾ ਨਾਂ ਬਦਲ ਕੇ 'ਅਕਾਲੀ ਦਲ ਖਰਾ ਸੌਦਾ ਬਾਰ' ਕਰ ਦਿੱਤਾ ਗਿਆ। ਪਰ ਗੁਰਦੁਆਰਾ ਸੁਧਾਰ ਲਹਿਰ ਨੂੰ ਅਧਿਕ ਕਾਰਜਸ਼ੀਲ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਨਾਲ ਇਸ ਨੂੰ ਉਸ ਵਿਚ ਹੀ ਸ਼ਾਮਲ ਕਰ ਦਿੱਤਾ ਗਿਆ।

**ਖ਼ਾਲਸਾ ਦੀਵਾਨ, ਨਾਭਾ :** 'ਵੇਖੋ 'ਸੈਂਟ੍ਰਲ ਮਾਲਵਾ ਖ਼ਾਲਸਾ ਪ੍ਰਤਿਨਿਧੀ ਦੀਵਾਨ'।

**ਖ਼ਾਲਸਾ ਦੀਵਾਨ, ਮਲਾਇਆ :** ਮਲਾਇਆ ਦੇ ਸਿੱਖਾਂ ਵਲੋਂ 27 ਦਸੰਬਰ 1903 ਈ. ਨੂੰ ਸਥਾਪਿਤ ਕੀਤੀ ਗਈ ਇਕ ਧਾਰਮਿਕ ਸੰਸਥਾ, ਜਿਸ ਦੇ ਪ੍ਰਮੁਖ ਉਦੇਸ਼ ਸਨ— ਸਿੱਖ ਧਰਮ ਦਾ ਪ੍ਰਚਾਰ, ਮਲਾਇਆ ਦੇ ਗੁਰਦੁਆਰਿਆਂ ਦਾ ਪ੍ਰਬੰਧ, ਸਿੱਖ ਨੌਜਵਾਨਾਂ ਵਿਚ ਵਿਦਿਆ ਦਾ ਪ੍ਰਚਾਰ ਅਤੇ ਪੰਜਾਬੀ ਪੜ੍ਹਾਉਣ ਦੀਆਂ ਸੁਵਿਧਾਵਾਂ ਦੀ ਉਪਲਬਧੀ। ਮਲਾਇਆ ਦੇ ਵਖ ਵਖ ਨਗਰਾਂ ਤੋਂ ਪ੍ਰਤਿਨਿਧ ਚੁਣ ਕੇ 21 ਮੈਂਬਰਾਂ ਦੀ ਕਾਰਜਕਾਰੀ ਕਮੇਟੀ ਬਣਾਈ ਗਈ। ਇਸ ਦੀਵਾਨ ਦੇ ਮੈਂਬਰਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਸੀ।

ਇਸ ਦੀਵਾਨ ਵਲੋਂ ਗ੍ਰੰਥੀ ਸਿੰਘਾਂ ਅਤੇ ਪਾਠੀਆਂ ਲਈ ਪ੍ਰਚਾਰ-ਫੰਡ ਕਾਇਮ ਕੀਤਾ ਗਿਆ। ਇਸ ਤੋਂ ਇਲਾਵਾ ਹਿੰਦੁਸਤਾਨ ਤੋਂ ਵਿਦਵਾਨਾਂ ਅਤੇ ਬੁਲਾਰਿਆਂ ਨੂੰ ਮੰਗਵਾ ਕੇ ਸਿੱਖ ਦੀਵਾਨਾਂ ਵਿਚ ਲੈਕਚਰ ਕਰਵਾਏ ਜਾਂਦੇ ਅਤੇ ਸਿੱਖ ਧਰਮ ਦੇ ਵਖ ਵਖ ਪੱਖਾਂ 'ਤੇ ਕਿਤਾਬਚੇ ਜਾਂ ਟ੍ਰੈਕਟ ਛਾਪ ਕੇ ਵੰਡੇ ਜਾਂਦੇ।

ਸੰਨ 1933 ਈ. ਵਿਚ ਇਸ ਦੀਵਾਨ ਵਲੋਂ 'ਮਲਾਇਆ ਇਸਤਰੀ ਸਤਿਸੰਗ' ਦੀ ਸਥਾਪਨਾ ਕੀਤੀ ਗਈ। 24 ਸਤੰਬਰ 1950 ਈ. ਵਿਚ 'ਗੁਰੂ ਨਾਨਕ ਇਨਸਟੀ-ਚਿਊਸ਼ਨ' ਨਾਂ ਦਾ ਸਕੂਲ ਸ਼ੁਰੂ ਕੀਤਾ ਗਿਆ ਜਿਸ ਦਾ ਦਾਖ਼ਲਾ ਹਰ ਇਕ ਧਰਮ ਅਤੇ ਦੇਸ਼ ਵਾਲਿਆਂ ਲਈ ਖੁਲ੍ਹਾ ਸੀ। ਇਸ ਦੀਵਾਨ ਨੂੰ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਿਤ

ਕੀਤਾ ਗਿਆ। ਪੰਜਾਬ ਦੀਆਂ ਰਾਜਨੈਤਿਕ ਅਤੇ ਧਾਰਮਿਕ ਸਰਗਰਮੀਆਂ ਨਾਲ ਇਹ ਦੀਵਾਨ ਸੰਬੰਧਿਤ ਰਿਹਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਅਨੁਰੂਪ ਉਦੇਸ਼ਾਂ ਦਾ ਪ੍ਰਚਾਰ-ਪ੍ਰਸਾਰ ਕਰਦਾ ਰਿਹਾ।

ਇਸ ਦੀਵਾਨ ਦੇ ਪ੍ਰਬੰਧਕਾਂ ਵਿਚ ਸੰਨ 1918 ਈ. ਤੋਂ ਪਰਸਪਰ ਵਿਰੋਧ ਸ਼ੁਰੂ ਹੋ ਗਿਆ। ਇਸ ਵਿਰੋਧ ਦੇ ਮੁੱਖ ਕਾਰਣ ਸਨ— ਚੀਫ਼ ਖ਼ਾਲਸਾ ਦੀਵਾਨ ਨੂੰ ਵਾਧੂ ਜਮ੍ਹਾ ਹੋਇਆ ਧਨ ਭੇਜਣਾ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਦੁਖਿਆਰਿਆਂ ਪ੍ਰਤਿ ਬੇਰੁਖੀ ਧਾਰਨ ਕਰਨਾ। ਵਿਰੋਧੀ ਧੜੇ ਨੇ ਆਪਣਾ ਵਖਰਾ 'ਕਲਗੀਧਰ ਦੀਵਾਨ ਮਲਾਇਆ' ਸਥਾਪਿਤ ਕਰ ਲਿਆ। ਸੰਨ 1927 ਈ. ਤਕ ਇਨ੍ਹਾਂ ਦੀਆਂ ਸਾਂਝੀਆਂ ਕਾਨਫ੍ਰੰਸਾਂ ਹੁੰਦੀਆਂ ਰਹੀਆਂ ਪਰ ਇਨ੍ਹਾਂ ਦਾ ਆਪਸ ਵਿਚ ਕਿਸੇ ਪ੍ਰਕਾਰ ਦਾ ਸਮਝੌਤਾ ਨ ਹੋ ਸਕਿਆ। ਨਵਾਂ ਬਣਿਆ 'ਕਲਗੀਧਰ ਦੀਵਾਨ ਮਲਾਇਆ' ਸੰਨ 1962 ਈ. ਤਕ ਕਿਸੇ ਨ ਕਿਸੇ ਰੂਪ ਵਿਚ ਚਲਦਾ ਰਿਹਾ, ਪਰ ਬਾਦ ਵਿਚ ਉਹ ਲਗਭਗ ਖ਼ਤਮ ਹੋ ਗਿਆ। ਪਰ ਮੂਲ ਖ਼ਾਲਸਾ ਦੀਵਾਨ ਦੀ ਗਤਿਵਿਧੀ ਚਲਦੀ ਆ ਰਹੀ ਹੈ।

**ਖ਼ਾਲਸਾ ਦੀਵਾਨ, ਮਾਝਾ :** ਮਾਝਾ ਖੇਤਰ ਦੇ ਤਿੰਨ ਜ਼ਿਲ੍ਹਿਆਂ ਲਾਹੌਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸੁਧਾਰਵਾਦੀ ਸਿੱਖਾਂ ਵਲੋਂ ਬਣਾਇਆ ਗਿਆ ਇਹ ਦੀਵਾਨ, ਅਸਲ ਵਿਚ, ਸਿੰਘ ਸਭਾ ਲਹਿਰ ਦੀਆਂ ਭਾਵਨਾਵਾਂ ਦਾ ਪ੍ਰਚਾਰ ਕਰਨ ਵਾਲਾ ਇਕ ਇਲਾਕਾਈ ਸੰਗਠਨ ਸੀ। ਇਸ ਦੀ ਸਥਾਪਨਾ ਦਾ ਮੂਲ ਕਾਰਣ ਨੌਸ਼ਹਿਰਾ ਪੰਨੂਆਂ ਦੇ ਰਿਸਾਲਦਾਰ ਬਸੰਤ ਸਿੰਘ ਦੁਆਰਾ ਉਸ ਦੀ ਲੜਕੀ ਦੇ ਵਿਆਹ 'ਤੇ ਕੀਤੇ ਗਏ ਬੇਹਿਸਾਬੇ ਖ਼ਰਚ ਅਤੇ ਦਿਖਾਵੇ ਨੂੰ ਉਸ ਦੇ ਸੁਧਾਰਵਾਦੀ ਮਿੱਤਰ ਅਤੇ ਕੈਰੋਂ ਪਿੰਡ ਦੇ ਨਿਵਾਸੀ ਜ਼ਿਲ੍ਹੇਦਾਰ ਸ਼ਾਮ ਸਿੰਘ ਵਲੋਂ ਪਸੰਦ ਨ ਕੀਤਾ ਗਿਆ। ਫਰਵਰੀ 1904 ਈ. ਵਿਚ ਪ੍ਰਤਿਨਿਧੀ ਸਿੱਖਾਂ ਦੀ ਇਕ ਮੀਟਿੰਗ ਦਰਬਾਰ ਸਾਹਿਬ, ਤਰਨਤਾਰਨ ਵਿਚ ਬੁਲਾਈ ਗਈ। ਉਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਧਰਮ-ਪ੍ਰਚਾਰ ਲਈ ਖ਼ਾਲਸਾ ਦੀਵਾਨ ਮਾਝਾ ਦੀ ਸਥਾਪਨਾ ਕੀਤੀ ਜਾਏ ਅਤੇ ਕੈਰੋਂ ਪਿੰਡ ਨੂੰ ਇਸ ਦਾ ਕੇਂਦਰੀ ਸਥਾਨ ਬਣਾਇਆ ਜਾਏ।

ਸ਼ੁਰੂ ਵਿਚ ਇਸ ਦੀਵਾਨ ਨੇ ਦੋ ਗੱਲਾਂ ਵਲ ਮੁੱਖ ਤੌਰ 'ਤੇ ਧਿਆਨ ਦਿੱਤਾ। ਇਕ ਸੀ ਕਿ ਪ੍ਰਚਾਰਕਾਂ ਨੂੰ ਪਿੰਡ ਪਿੰਡ ਭੇਜ ਕੇ ਸਿੱਖ ਕਿਸਾਨਾਂ ਨੂੰ ਸਮਝਾਇਆ ਜਾਏ ਕਿ ਵਿਆਹ ਸ਼ਾਦੀਆਂ ਉਤੇ ਵਿਅਰਥ ਦਾ ਖ਼ਰਚਾ ਨ ਕੀਤਾ ਜਾਏ ਅਤੇ ਹਰ ਪ੍ਰਕਾਰ ਦੇ ਵਿਖਾਵੇ ਤੋਂ ਸੰਕੋਚ ਕੀਤਾ ਜਾਏ ਅਤੇ ਨਸ਼ਿਆਂ ਜਾਂ ਸ਼ਰਾਬ ਦੀ ਬਿਲਕੁਲ ਵਰਤੋਂ ਨ ਕੀਤੀ ਜਾਏ। ਦੂਜੀ ਸੀ ਦਰਬਾਰ ਸਾਹਿਬ ਤਰਨਤਾਰਨ ਵਿਚ ਹੋਣ ਵਾਲੇ ਧਾਰਮਿਕ ਮੇਲਿਆਂ ਦਾ ਢੰਗ ਬਦਲਿਆ ਜਾਏ ਕਿਉਂਕਿ ਉਦੋਂ ਤਕ ਅਮਾਵਸ ਨੂੰ ਲਗਣ ਵਾਲੇ ਮੇਲਿਆਂ ਵਿਚ ਅਨੇਕ ਪ੍ਰਕਾਰ ਦਾ ਭ੍ਰਸ਼ਟਾਚਾਰ ਹੋਣ ਲਗ ਗਿਆ ਸੀ। ਵਿਵਸਥਿਤ ਧਰਮ-ਪ੍ਰਚਾਰ ਦੇ ਫਲਸਰੂਪ ਮੇਲਿਆਂ ਵਿਚ ਭ੍ਰਸ਼ਟਾਚਾਰ ਨੂੰ ਠਲ੍ਹ ਪਈ। ਇਸ ਤੋਂ ਇਲਾਵਾ ਦਰਬਾਰ ਸਾਹਿਬ ਤਰਨਤਾਰਨ ਦੀ ਪਰਿਕ੍ਰਮਾ ਵਿਚੋਂ ਮੂਰਤੀਆਂ ਨੂੰ ਹਟਾਉਣ ਦਾ ਕੰਮ ਵੀ ਇਸ ਦੀਵਾਨ ਦੇ ਏਜੰਡੇ 'ਤੇ ਸੀ, ਕਿਉਂਕਿ ਉਦੋਂ ਹੋਰਨਾਂ ਧਰਮਾਂ ਦੇ ਪ੍ਰਚਾਰਕਾਂ ਨੇ ਦਰਬਾਰ ਸਾਹਿਬ ਦੇ ਪਰਿਸਰ ਵਿਚ ਅਨੇਕ ਤਰ੍ਹਾਂ ਦੀਆਂ ਮੂਰਤੀਆਂ ਸਥਾਪਿਤ ਕਰ ਦਿੱਤੀਆਂ ਸਨ। ਭਾਈ ਮੋਹਨ ਸਿੰਘ ਵੈਦ ਅਤੇ ਉਥੋਂ ਦੇ ਹੋਰ ਪਤਵੰਤੇ ਸਜਣਾਂ ਨੇ ਇਸ ਸਮਸਿਆ ਨੂੰ ਬੜੇ ਸਹਿਜ ਅਤੇ ਸੁਖਾਵੇਂ ਢੰਗ ਨਾਲ ਹਲ ਕਰ ਲਿਆ।

ਇਸ ਦੀਵਾਨ ਦੀਆਂ ਵਾਰਸ਼ਿਕ ਸਭਾਵਾਂ ਵਿਚ ਸਮਾਜ-ਸੁਧਾਰ ਦੇ ਕਈ ਪਹਿਲੂਆਂ ਉਤੇ ਪ੍ਰਕਾਸ਼ ਪਾਇਆ ਜਾਂਦਾ ਅਤੇ ਸਭ ਨੂੰ ਠੀਕ ਕਰਨ ਦੀ ਅਪੀਲ ਕੀਤੀ ਜਾਂਦੀ। ਸਿੱਖਾਂ ਵਿਚ ਵਿਦਿਅਕ ਪ੍ਰਚਾਰ ਅਤੇ ਸਕੂਲਾਂ ਵਿਚ ਪੰਜਾਬੀ ਮਾਧਿਅਮ ਦੁਆਰਾ ਪੜ੍ਹਾਉਣ ਦੇ ਮਤੇ ਵੀ ਪਾਸ ਕੀਤੇ ਜਾਂਦੇ। ਜੱਟਾਂ ਦੀਆਂ ਵਖ ਵਖ ਗੋਤਾਂ ਵਿਚ ਚਲੇ ਆ ਰਹੇ ਭੇਦ-ਭਾਵ ਨੂੰ ਖ਼ਤਮ ਕਰਾ ਕੇ ਰੋਟੀ-ਬੇਟੀ ਦੀ ਸਾਂਝ ਕਰਵਾਈ ਗਈ ਅਤੇ ਪ੍ਰਚਾਰਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਕੈਰੋਂ ਪਿੰਡ ਵਿਚ 'ਖ਼ਾਲਸਾ ਪ੍ਰਚਾਰਕ ਵਿਦਿਆਲਾ' ਸਥਾਪਿਤ ਕੀਤਾ ਗਿਆ ਜੋ ਬਾਦ ਵਿਚ ਤਰਨਤਾਰਨ ਵਿਚ ਸਥਾਨਾਂਤਰਿਤ ਕਰ ਦਿੱਤਾ ਗਿਆ। 9-10 ਅਪ੍ਰੈਲ 1907 ਈ. ਨੂੰ ਹੋਏ ਸਾਲਾਨਾ ਸਮਾਗਮ ਵਿਚ ਮਾਝੇ ਦੇ ਕਿਸਾਨਾਂ ਲਈ ਵਧਾਏ ਗਏ ਮਾਲੀਏ ਤੋਂ ਛੋਟ ਦਿਵਾਉਣ, ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਸੁਧਾਰ ਕਰਨ ਅਤੇ ਨਨਕਾਣਾ ਸਾਹਿਬ ਗੁਰਦੁਆਰੇ ਦੀ ਜਾਇਦਾਦ ਨੂੰ ਮਹੰਤ ਦੇ ਨਾਂ ਦੀ ਥਾਂ ਗੁਰਦੁਆਰੇ ਦੇ ਨਾਂ ਕਰਨ ਸੰਬੰਧੀ ਮਤੇ ਪਾਸ ਕੀਤੇ ਗਏ।

ਉਨ੍ਹਾਂ ਦਿਨਾਂ ਵਿਚ ਮਾਝੇ, ਮਾਲਵੇ ਅਤੇ ਦੁਆਬੇ ਦੇ ਦੀਵਾਨਾਂ ਵਿਚ ਇਲਾਕਾਈ ਖਿਚੋਤਾਣ ਅਤੇ ਦੂਸ਼ਣਬਾਜ਼ੀ

ਵਧ ਗਈ ਸੀ, ਜਿਸ ਨੂੰ ਦੂਰ ਕਰਨ ਲਈ ਸ..ਹਰਬੰਸ ਸਿੰਘ ਅਟਾਰੀਵਾਲੇ ਅਤੇ ਭਾਈ ਜੋਧ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਗਈ। 8 ਫਰਵਰੀ 1908 ਈ. ਨੂੰ ਫ਼ੈਸਲਾ ਹੋਇਆ ਕਿ ਖ਼ਾਲਸਾ ਦੀਵਾਨ ਮਾਝਾ ਨੂੰ ਚੀਫ਼ ਖ਼ਾਲਸਾ ਦੀਵਾਨ ਵਿਚ ਸਮੋ ਦਿੱਤਾ ਜਾਏ। ਉਸ ਦੀਵਾਨ ਦੀ ਥਾਂ ਧਰਮ-ਪ੍ਰਚਾਰ ਲਈ ਮਾਝਾ ਪ੍ਰਚਾਰ ਸਬ-ਕਮੇਟੀ ਬਣਾ ਦਿੱਤੀ ਗਈ। ਇਸ ਕਮੇਟੀ ਦੇ ਉਦਮ ਨਾਲ ਕੈਰੋਂ ਵਿਚ ਕੁੜੀਆਂ ਦੀ ਪੜ੍ਹਾਈ ਲਈ ਸਕੂਲ ਖੋਲ੍ਹਿਆ ਗਿਆ। ਇਸ ਪ੍ਰਕਾਰ ਦੀਆਂ ਕਈ ਯਾਦਗਾਰੀ ਕਾਰਵਾਈਆਂ ਇਸ ਕਮੇਟੀ ਵਲੋਂ ਕੀਤੀਆਂ ਗਈਆਂ, ਪਰੰਤੂ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਭੁਤਾ ਕਾਰਣ ਇਸ ਦੀ ਗਤਿਵਿਧੀ ਸੰਨ 1910 ਈ. ਤਕ ਪਹੁੰਚ ਕੇ ਰੁਕ ਗਈ। ਇਹ ਦੀਵਾਨ ਸਿੱਖ ਸਮਾਜ ਵਿਚੋਂ ਕਈ ਭੈੜ ਕਢਣ ਵਿਚ ਕਾਮਯਾਬ ਹੋਇਆ। ਇਸ ਦੀ ਸਭ ਤੋਂ ਵੱਡੀ ਦੇਣ ਸੀ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਪਸਰੇ ਭ੍ਰਸ਼ਟਾਚਾਰ ਅਤੇ ਸਮੇਂ ਸਮੇਂ ਹੋਣ ਵਾਲੇ ਮੇਲਿਆਂ ਵਿਚ ਅਨੈਤਿਕ ਕਾਰਵਾਈ ਨੂੰ ਠੀਕ ਕਰਨ ਵਲ ਉਚੇਚਾ ਧਿਆਨ ਦੇਣਾ, ਜੋ ਕਾਲਾਂਤਰ ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਆਧਾਰ ਕਾਰਣ ਬਣਿਆ।

**ਖ਼ਾਲਸਾ ਦੀਵਾਨ, ਲਾਹੌਰ** : ਖ਼ਾਲਸਾ ਦੀਵਾਨ, ਅੰਮ੍ਰਿਤਸਰ ਨਾਲ ਪੈਦਾ ਹੋਏ ਮਤ-ਵਿਰੋਧ ਕਾਰਣ ਲਾਹੌਰ ਧੜਾ ਵਖ ਹੋ ਗਿਆ ਅਤੇ 11 ਅਪ੍ਰੈਲ 1886 ਈ. ਨੂੰ ਉਸ ਨੇ ਆਪਣਾ ਸੁਤੰਤਰ 'ਖ਼ਾਲਸਾ ਦੀਵਾਨ, ਲਾਹੌਰ' ਸਥਾਪਿਤ ਕਰ ਲਿਆ। ਇਸ ਨਵੇਂ ਦੀਵਾਨ ਦਾ ਪ੍ਰਧਾਨ ਸ. ਅਤਰ ਸਿੰਘ ਭਦੌੜ ਨੂੰ ਬਣਾਇਆ ਗਿਆ ਅਤੇ ਪ੍ਰੋ. ਗੁਰਮੁਖ ਸਿੰਘ ਨੇ ਮੁੱਖ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ। 19 ਫਰਵਰੀ 1892 ਈ. ਨੂੰ ਇਸ ਦੀਵਾਨ ਦੀ ਉਪਚਾਰਿਕ ਤੌਰ 'ਤੇ ਰਜਿਸਟਰੇਸ਼ਨ ਕਰਵਾਈ ਗਈ। ਇਸ ਦੀਵਾਨ ਦਾ ਉਦੇਸ਼ ਸੀ-- ਸਿੱਖ ਧਰਮ ਨੂੰ ਆਪਣੇ ਸ਼ੁੱਧ-ਸਰੂਪ ਵਿਚ ਪ੍ਰਗਟ ਕਰਨਾ, ਵਿਦਿਆ ਦਾ ਪ੍ਰਚਾਰ (ਖ਼ਾਸ ਕਰਕੇ ਇਸਤਰੀਆਂ ਵਿਚ) ਕਰਨਾ, ਪੰਜਾਬੀ ਭਾਸ਼ਾ ਦੇ ਵਿਕਾਸ ਵਲ ਧਿਆਨ ਦੇਣਾ ਅਤੇ ਸਿੱਖ ਧਰਮ ਅਤੇ ਇਤਿਹਾਸ ਬਾਰੇ ਪੁਸਤਕਾਂ ਦਾ ਪ੍ਰਕਾਸ਼ਨ ਕਰਨਾ। ਇਸ ਦੀਵਾਨ ਪਾਸ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਿਰ ਸਿੰਘ ਵਰਗੇ ਪ੍ਰਭਾਵਸ਼ਾਲੀ ਬੁਲਾਰੇ ਅਤੇ ਸਿਰੜੀ ਪ੍ਰਚਾਰਕ ਹੋਣ ਕਾਰਣ ਇਸ ਦਾ ਪ੍ਰਭਾਵ ਖੇਤਰ ਬਹੁਤ ਵਿਸਤਰਿਤ ਹੋਇਆ। ਲੋਕਾਂ ਅੰਦਰ ਇਨ੍ਹਾਂ ਨੂੰ ਸੁਧਾਰਵਾਦੀ ਅਤੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਾਲਿਆਂ ਨੂੰ ਪਰੰਪਰਾਵਾਦੀ ਸਮਝਿਆ ਜਾਣ ਲਗਿਆ।

ਇਸ ਦੀਵਾਨ ਵਲੋਂ ਅਪ੍ਰੈਲ 1886 ਈ. ਵਿਚ 'ਸੁਧਾਰਾਰਕ' ਨਾਂ ਦਾ ਮੈਗਜ਼ੀਨ ਸ਼ੁਰੂ ਕੀਤਾ ਗਿਆ ਅਤੇ 13 ਜੂਨ 1886 ਈ. ਨੂੰ ਇਕ ਸਪਤਾਹਿਕ 'ਖ਼ਾਲਸਾ ਅਖ਼ਬਾਰ' ਦਾ ਪ੍ਰਕਾਸ਼ਨ ਵੀ ਸ਼ੁਰੂ ਹੋ ਗਿਆ। ਇਹ ਅਖ਼ਬਾਰ ਗਿਆਨੀ ਦਿੱਤ ਸਿੰਘ ਨੇ ਆਪਣੇ ਦੀਵਾਨ ਦੇ ਪ੍ਰਚਾਰ ਲਈ ਬੜੇ ਸੁਚੱਜੇ ਢੰਗ ਨਾਲ ਸਾਧਨ ਵਜੋਂ ਵਰਤੀ। ਫਲਸਰੂਪ ਇਸ ਦੀਵਾਨ ਨਾਲ 125 ਸਿੰਘ ਸਭਾਵਾਂ ਸੰਬੰਧਿਤ ਹੋ ਗਈਆਂ। ਪਰ ਸਰ ਅਤਰ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੇ ਗੁਜ਼ਰਨ ਨਾਲ ਇਹ ਦੀਵਾਨ ਪ੍ਰਾਣਹੀਨ ਹੋ ਗਿਆ ਅਤੇ ਸੰਨ 1902 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਨਾਲ ਇਸ ਦੀ ਹੋਂਦ ਖ਼ਤਮ ਹੋ ਗਈ।

**ਖ਼ਾਲਸਾ ਧਰਮ ਸ਼ਾਸਤਰ** (ਪੁਸਤਕ): ਇਹ ਪੁਸਤਕ ਮੂਲ ਰੂਪ ਵਿਚ ਸ. ਅਵਤਾਰ ਸਿੰਘ ਵਹੀਰੀਆ ਨੇ ਤਿਆਰ ਕੀਤੀ ਸੀ ਅਤੇ ਉਸ ਨੂੰ ਆਨੰਦਪੁਰ ਦੇ ਸੋਢੀ ਰਾਮ ਨਰੈਣ ਸਿੰਘ ਦੀ ਸਰਪ੍ਰਸਤੀ ਪ੍ਰਾਪਤ ਸੀ। ਇਹ ਪੁਸਤਕ ਗੁਰਮਤਿ ਪ੍ਰੈੱਸ, ਅੰਮ੍ਰਿਤਸਰ ਵਲੋਂ ਸੰਨ 445 ਨਾਨਕਸ਼ਾਹੀ (1914 ਈ.) ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਦੇ ਲੇਖਕ ਨੇ ਇਸ ਦੀ ਰਚਨਾ ਦਾ ਉਦੇਸ਼ ਸਿੱਖ ਧਰਮ ਦੇ ਸ਼ੁੱਧ ਸਰੂਪ ਨੂੰ ਕਾਇਮ ਰਖਣਾ ਦਸਿਆ ਹੈ। ਜਦੋਂ ਇਸ ਪੁਸਤਕ ਦਾ ਖਰੜਾ ਤਿਆਰ ਹੋ ਗਿਆ ਤਾਂ ਇਸ ਦੇ ਉਤਾਰੇ ਸਿੱਖ ਵਿਦਵਾਨਾਂ ਅਤੇ ਧਰਮ ਸਾਧਕਾਂ ਨੂੰ ਰਾਏ ਦੇਣ ਲਈ ਭੇਜੇ ਗਏ ਅਤੇ ਉਨ੍ਹਾਂ ਵਲੋਂ ਆਏ ਸੁਝਾਵਾਂ ਨੂੰ ਆਪਣੀ ਸੀਮਾ ਅਨੁਸਾਰ ਪ੍ਰਵਾਨ ਕੀਤਾ ਗਿਆ। ਸਿੱਖ ਜੀਵਨ-ਵਿਧੀ ਨੂੰ ਦਰਸਾਉਣ ਲਈ ਲੇਖਕ ਨੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ, ਸਿੱਖ ਇਤਿਹਾਸ ਅਤੇ ਰਹਿਤਨਾਮਿਆਂ ਨੂੰ ਆਧਾਰ ਬਣਾਇਆ।

ਇਸ ਪੁਸਤਕ ਵਿਚ ਲੇਖਕ ਨੇ ਸਿਧ ਕਰਨ ਦਾ ਯਤਨ ਕੀਤਾ ਕਿ ਸਿੱਖ ਧਰਮ ਇਕ ਸੁਤੰਤਰ ਪਛਾਣ ਵਾਲਾ ਧਰਮ ਹੈ। ਇਸ ਦਾ ਧਰਮ-ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਹੈ। ਪਰ ਲੇਖਕ ਇਹ ਮੰਨਣੋਂ ਵੀ ਸੰਕੋਚ ਨਹੀਂ ਕਰਦਾ ਕਿ ਸਿੱਖ ਧਰਮ ਹਿੰਦੂ ਧਰਮ ਦਾ ਸ਼ੁੱਧੀਕ੍ਰਿਤ ਰੂਪ ਹੈ। ਇਸ ਪੁਸਤਕ ਦੇ ਨੌਂ ਖੰਡ

ਹਨ ਜਿਨ੍ਹਾਂ ਵਿਚ ਸਿੱਖ ਧਰਮ ਦੀ ਉਚਤਾ, ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਯਾਦਾ, ਖ਼ਾਲਸਾ ਸਾਜਣ ਦੀ ਇਤਿਹਾਸਿਕ ਘਟਨਾ, ਖ਼ਾਲਸਾ ਦੀ ਆਚਾਰ ਸੰਘਤਾ, ਸਿੱਖ ਸੰਸਥਾਵਾਂ ਅਤੇ ਗੁਰੂ-ਧਾਮ, ਧਾਰਮਿਕ ਮਰਯਾਦਾ ਦੀ ਪਾਲਣਾ ਨ ਕਰਨ 'ਤੇ ਲਗਣ ਵਾਲੀ ਸਜ਼ਾ, ਸਮਾਜਿਕ ਰੀਤਾਂ ਅਤੇ ਰਿਵਾਜ ਆਦਿ ਪੱਖਾਂ ਉਤੇ ਚਾਨਣਾ ਪਾਇਆ ਗਿਆ ਹੈ। ਇਸ ਦੇ ਗੰਭੀਰ ਅਧਿਐਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਲੇਖਕ ਉਨ੍ਹਾਂ ਪੁਰਾਤਨ ਮਾਨਤਾਵਾਂ ਨੂੰ ਸ਼ਾਮਲ ਨਹੀਂ ਕਰਦਾ, ਜਾਂ ਉਨ੍ਹਾਂ ਦਾ ਨਿਖੇਧ ਕਰਦਾ ਹੈ ਜੋ ਉਸ ਨੂੰ ਆਪਣੀ ਮਾਨਸਿਕਤਾ ਅਨੁਸਾਰ ਠੀਕ ਨਹੀਂ ਬੈਠਦੀਆਂ। ਉਸ ਨੇ ਗੁਰੂ-ਸੰਤਾਨਾਂ, ਜਿਵੇਂ ਬੇਦੀ, ਸੋਢੀ, ਭੱਲੇ ਆਦਿ, ਨੂੰ ਸਿੱਖ ਦੀਵਾਨਾਂ ਜਾਂ ਗੁਰੂ-ਧਾਮਾਂ ਵਿਚ ਵਿਸ਼ੇਸ਼ ਸਤਿਕਾਰ ਦਿੱਤੇ ਜਾਣ ਦੀ ਗੱਲ ਕਹੀ ਹੈ। ਉਸ ਦੀ ਇਹ ਵੀ ਧਾਰਣਾ ਹੈ ਕਿ ਸਿੱਖ ਇਸਤਰੀਆਂ ਦੀ ਦੀਖਿਆ ਵਿਧੀ ਮਰਦਾਂ ਤੋਂ ਭਿੰਨ ਹੋਣੀ ਚਾਹੀਦੀ ਸੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਲੇਖਕ ਨੇ ਬੜੀ ਮਿਹਨਤ ਕਰਕੇ ਇਹ ਪੁਸਤਕ ਤਿਆਰ ਕੀਤੀ ਸੀ, ਪਰ ਆਪਣੀਆਂ ਪਹਿਲਾਂ ਤੋਂ ਨਿਰਧਾਰਿਤ ਮਾਨਤਾਵਾਂ ਕਰਕੇ ਉਹ ਸੰਤੁਲਨ ਖੋਹ ਬੈਠਿਆ, ਇਸੇ ਲਈ ਇਸ ਪੁਸਤਕ ਨੂੰ ਪੰਥ ਵਿਚ ਆਸ਼ਾ ਅਨੁਸਾਰ ਪ੍ਰਵਾਨਗੀ ਪ੍ਰਾਪਤ ਨ ਹੋ ਸਕੀ।

**ਖ਼ਾਲਸਾ ਨੈਸ਼ਨਲ ਪਾਰਟੀ** : ਇਸ ਪਾਰਟੀ ਦੀ ਸਥਾਪਨਾ ਸੰਨ 1936 ਈ. ਵਿਚ ਹੋਈ ਅਤੇ ਇਸ ਦੇ ਮੁੱਖ ਕਰਣਧਾਰ ਦੋ ਸਿੱਖ ਰਈਸ ਸਨ— ਸਰ ਸੁੰਦਰ ਸਿੰਘ ਮਜੀਠੀਆ ਅਤੇ ਸਰ ਜੋਗਿੰਦਰ ਸਿੰਘ। ਇਸ ਦਾ ਮੁੱਖ ਉਦੇਸ਼ ਸੀ ਅੰਗ੍ਰੇਜ਼ ਸਰਕਾਰ ਦੁਆਰਾ ਸੰਨ 1935 ਈ. ਵਿਚ ਲੈਜਿਸਲੇਟਿਵ ਅਸੈਂਬਲੀ ਦੀਆਂ ਚੋਣਾਂ ਲਈ ਤਿਆਰ ਕੀਤੀ ਗਈ ਨਵੀਂ ਸਕੀਮ ਅਨੁਸਾਰ ਪੰਜਾਬ ਦੀਆਂ ਚੋਣਾਂ ਵਿਚ ਹਿੱਸਾ ਲੈਣਾ। ਇਸ ਪਾਰਟੀ ਦਾ ਮੈਂਬਰ ਹਰ ਉਹ ਸਿੱਖ ਬਣ ਸਕਦਾ ਸੀ, ਜਿਸ ਦੀ ਉਮਰ 21 ਸਾਲ ਤੋਂ ਘਟ ਨ ਹੋਵੇ ਅਤੇ ਜੋ ਪਾਰਟੀ ਦੇ ਸਿੱਧਾਂਤਾਂ ਨੂੰ ਸਵੀਕਾਰ ਕਰੇ। ਇਸ ਪਾਰਟੀ ਦਾ ਕੇਂਦਰ ਅੰਮ੍ਰਿਤਸਰ ਵਿਚ ਰਖਿਆ ਗਿਆ। ਇਸ ਪਾਰਟੀ ਦੀ ਮੁੱਖ ਅਤੇ ਜ਼ਿਲ੍ਹਾ ਕਮੇਟੀਆਂ ਨੂੰ ਸੇਧ ਦੇਣ ਲਈ 31 ਮੈਂਬਰਾਂ ਦੀ ਇਕ ਕਾਰਜਕਾਰੀ ਕਮੇਟੀ ਬਣਾਈ ਗਈ।

ਇਸ ਪਾਰਟੀ ਦੇ ਮੁੱਖ ਉਦੇਸ਼ਾਂ ਵਿਚ ਸ਼ਾਮਲ ਸਨ— ਸਿੱਖੀ ਦੇ ਸਿੱਧਾਂਤਾਂ ਅਨੁਸਾਰ ਜੀਵਨ ਜੀਉਣਾ, ਸਵਰਾਜ ਦੀ ਪ੍ਰਾਪਤੀ ਲਈ ਉਦਮ ਕਰਨਾ, ਕਮਿਊਨਲ ਐਵਾਰਡ ਨੂੰ ਖ਼ਤਮ ਕਰਾ ਕੇ ਨਿਆਇ ਸੰਗਤ ਵਿਧੀ ਅਪਣਾਉਣ ਲਈ ਸਰਕਾਰ ਨੂੰ ਮਜ਼ਬੂਰ ਕਰਨਾ, ਜਨਤਾ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਉੱਚਾ ਚੁਕਣਾ, ਵਖ ਵਖ ਧਰਮਾਂ ਵਾਲਿਆਂ ਵਿਚ ਸਦ-ਭਾਵਨਾ ਪੈਦਾ ਕਰਨਾ, ਵਿਚਾਰ ਪ੍ਰਗਟਾਉਣ ਵਿਚ ਪੂਰੀ ਆਜ਼ਾਦੀ ਹੋਣਾ, ਪਛੜੀਆਂ ਹੋਈਆਂ ਜਾਤੀਆਂ ਦੇ ਹੱਕਾਂ ਦੀ ਰਖਿਆ ਕਰਨਾ, ਟੈਕਸਾਂ ਦੇ ਭਾਰ ਨੂੰ ਘਟਾਉਣਾ, ਆਮਦਨ ਦੇ ਸਾਧਨਾਂ ਨੂੰ ਵਧਾਉਣਾ, ਜ਼ਰਾਇਤੀ ਵਸਤੂਆਂ ਲਈ ਮਾਰਕਿਟ ਦੀ ਉਚਿਤ ਵਿਵਸਥਾ ਕਰਨਾ, ਸੰਨਤ ਨੂੰ ਤਰੱਕੀ ਦੇਣਾ, ਆਮ ਵਿਦਿਆ ਅਤੇ ਤਕਨੀਕੀ ਸਿਖਿਆ ਵਿਚ ਵਿਕਾਸ ਕਰਨਾ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਉਨਤੀ ਲਈ ਯਤਨ ਕਰਨਾ, ਫ਼ੌਜ ਵਿਚ ਹਿੰਦੁਸਤਾਨੀਆਂ, ਖ਼ਾਸ ਕਰਕੇ ਸਿੱਖਾਂ, ਦੀ ਗਿਣਤੀ ਵਧਾਉਣਾ ਅਤੇ ਸਿੱਖਾਂ ਲਈ ਸਥਾਨਕ, ਪ੍ਰਾਂਤਿਕ ਅਤੇ ਕੌਮੀ ਪੱਧਰ ਉਤੇ ਪੂਰੀ ਤਰ੍ਹਾਂ ਪ੍ਰਤਿਨਿਧਤਾ ਦੀ ਵਿਵਸਥਾ ਕਰਨਾ ਆਦਿ।

ਖ਼ਾਲਸਾ ਨੈਸ਼ਨਲ ਪਾਰਟੀ ਹਰ ਉਸ ਪਾਰਟੀ ਨਾਲ ਚੋਣਾਂ ਸੰਬੰਧੀ ਤਾਲ-ਮੇਲ ਕਾਇਮ ਕਰ ਸਕਦੀ ਸੀ ਜੋ ਕਮਿਊਨਲ ਐਵਾਰਡ ਨੂੰ ਖ਼ਤਮ ਕਰਨ ਦਾ ਹੁੰਗਾਰਾ ਭਰਦੀ। ਸੰਨ 1937 ਈ. ਵਿਚ ਹੋਈਆਂ ਚੋਣਾਂ ਵਿਚ ਇਸ ਪਾਰਟੀ ਨੂੰ 33 ਸੀਟਾਂ ਵਿਚ 14 ਸੀਟਾਂ ਪ੍ਰਾਪਤ ਹੋਈਆਂ ਜਿਨ੍ਹਾਂ ਵਿਚ 12 ਪੇਂਡੂ ਹਲਕਿਆਂ ਦੀਆਂ ਸਨ। ਬਾਕੀ ਸੀਟਾਂ ਅਕਾਲੀ ਦਲ ਅਤੇ ਹੋਰ ਪਾਰਟੀਆਂ ਦੇ ਪੇਟੇ ਪਈਆਂ। ਇਸ ਪਾਰਟੀ ਨੇ ਯੂਨੀਅਨਿਸਟ ਪਾਰਟੀ ਨੂੰ ਆਪਣਾ ਸਹਿਯੋਗ ਪ੍ਰਦਾਨ ਕੀਤਾ। ਸਿੱਟੇ ਵਜੋਂ 1 ਅਪ੍ਰੈਲ 1937 ਈ. ਨੂੰ ਬਣਾਏ ਗਏ ਮੰਤਰੀ-ਮੰਡਲ ਵਿਚ ਸਰ ਸੁੰਦਰ ਸਿੰਘ ਮਜੀਠੀਆ ਨੂੰ ਮਾਲ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ। ਉਸ ਨੇ ਕਈ ਤਰ੍ਹਾਂ ਦੇ ਸੁਧਾਰ ਲਿਆਉਣ ਦੇ ਯਤਨ ਕੀਤੇ। ਸੰਨ 1941 ਈ. ਵਿਚ ਸਰ ਸੁੰਦਰ ਸਿੰਘ ਮਜੀਠੀਆ ਦੇ ਕਾਲ-ਵਸ ਹੋਣ ਤੋਂ ਬਾਦ ਇਸੇ ਪਾਰਟੀ ਦੇ ਮੈਂਬਰ ਸ. ਦਸੌਂਧਾ ਸਿੰਘ ਨੂੰ ਮੰਤਰੀ ਬਣਾਇਆ ਗਿਆ। ਮਾਰਚ 1942 ਈ. ਵਿਚ ਅਕਾਲੀ-ਯੂਨੀਅਨਿਸਟ ਸਮਝੌਤੇ ਕਾਰਣ ਦਸੌਂਧਾ ਸਿੰਘ ਦੀ ਥਾਂ ਸ. ਬਲਦੇਵ ਸਿੰਘ ਮੰਤਰੀ ਬਣਿਆ। ਯੂਨੀਅਨਿਸਟ ਪਾਰਟੀ ਵਿਚ ਧੜੇਬੰਦੀ ਹੋ ਜਾਣ ਕਾਰਣ ਸਮਝੌਤਾ ਟੁਟ ਗਿਆ। ਅਕਾਲੀ ਪਾਰਟੀ ਨੇ ਯੂਨੀਅਨਿਸਟ ਪਾਰਟੀ ਨਾਲ ਫਿਰ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੁਸਲਿਮ ਲੀਗ ਦੀ

ਚੜ੍ਹ ਮਚੀ ਅਤੇ ਜਨਵਰੀ 1946 ਈ. ਵਿਚ ਹੋਈਆਂ ਚੋਣਾਂ ਵਿਚ ਇਸ ਪਾਰਟੀ ਦਾ ਅੰਤ ਹੋ ਗਿਆ।

**ਖ਼ਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ :** ਨੌਸ਼ਹਿਰਾ ਪੰਨੂਆਂ ਪਿੰਡ ਦੇ ਰਿਸਾਲਦਾਰ ਬਸੰਤ ਸਿੰਘ ਅਤੇ ਕੈਰੋਂ ਪਿੰਡ ਦੇ ਜ਼ਿਲ੍ਹੇਦਾਰ ਸ਼ਾਮ ਸਿੰਘ ਦੇ ਉੱਦਮ ਨਾਲ ਸੰਨ 1904 ਈ. ਵਿਚ ਖ਼ਾਲਸਾ ਦੀਵਾਨ ਮਾਝਾ ਦੀ ਸਥਾਪਨਾ ਕੈਰੋਂ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਕੀਤੀ ਗਈ। ਉਸ ਦੀ ਸਥਾਪਨਾ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਪ੍ਰਚਾਰ ਲਈ ਪ੍ਰਚਾਰਕਾਂ, ਗ੍ਰੰਥੀਆਂ ਅਤੇ ਰਾਗੀਆਂ ਦੀ ਬਹੁਤ ਲੋੜ ਸੀ ਜੋ ਸਿੱਖ ਧਰਮ, ਇਤਿਹਾਸ ਅਤੇ ਕੀਰਤਨ ਕਰਨ ਵਿਚ ਪ੍ਰਬੀਨ ਹੋਣ। ਇਸ ਲਈ ਖ਼ਾਲਸਾ ਪ੍ਰਚਾਰਕ ਵਿਦਿਆਲਾ ਦੀ 6 ਨਵੰਬਰ 1906 ਈ. ਨੂੰ ਪਹਿਲਾਂ ਕੈਰੋਂ ਪਿੰਡ ਵਿਚ ਸਥਾਪਨਾ ਕੀਤੀ ਗਈ, ਸੰਨ 1907 ਈ. ਦੇ ਸ਼ੁਰੂ ਵਿਚ ਦਰਬਾਰ ਸਾਹਿਬ, ਤਰਨਤਾਰਨ (ਬੁੰਗਾ ਬਹੋੜੂ) ਵਿਚ ਇਸ ਨੂੰ ਸਥਾਨਾਂਤਰਿਤ ਕਰ ਦਿੱਤਾ ਗਿਆ। ਇਸ ਵਿਚ ਸ਼ੁਰੂ ਕੀਤਾ ਗਿਆ ਕੋਰਸ ਦੋ ਸਾਲਾਂ ਦੀ ਅਵਧੀ ਲਈ ਸੀ ਅਤੇ ਇਸ ਵਿਚ ਸਿੱਖ ਧਰਮ, ਪੰਜਾਬ ਅਤੇ ਸਿੱਖਾਂ ਦਾ ਇਤਿਹਾਸ, ਹਿਕਮਤ, ਕੀਰਤਨ, ਕਥਾ, ਬਾਣੀ ਦਾ ਸ਼ੁੱਧ ਪਾਠ ਆਦਿ ਵਿਸ਼ੇ ਵਜੋਂ ਪੜ੍ਹਾਏ ਜਾਂਦੇ ਸਨ।

ਇਕ ਸਾਲ ਬਾਦ ਇਸ ਵਿਦਿਆਲੇ ਨੂੰ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਿਤ ਕਰ ਦਿੱਤਾ ਗਿਆ। ਭਾਈ ਈਸ਼ਰ ਸਿੰਘ ਹੈਡਮਾਸਟਰ ਅਤੇ ਭਾਈ ਮੋਹਨ ਸਿੰਘ ਵੈਦ ਇਸ ਵਿਦਿਆਲੇ ਦੀ ਤਰੱਕੀ ਵਿਚ ਰੁਝੀਆਂ ਨਿਸ਼ਕਾਮ ਸ਼ਖ਼ਸੀਅਤਾਂ ਸਨ। ਕੁਝ ਸਮੇਂ ਬਾਦ ਤਰਨਤਾਰਨ ਨਗਰ ਤੋਂ ਬਾਹਰ ਵਿਦਿਆਲੇ ਲਈ ਨਵੀਂ ਇਮਾਰਤ ਬਣਾਈ ਗਈ। ਇਸ ਦੇ ਪ੍ਰਬੰਧਕਾਂ ਦੇ ਉੱਦਮ ਨਾਲ ਇਥੋਂ ਦੇ ਪੜ੍ਹੇ ਪ੍ਰਚਾਰਕਾਂ ਅਤੇ ਕੀਰਤਨੀਆਂ ਦੀ ਮੰਗ ਅਤੇ ਆਦਰ ਵਧ ਗਿਆ। ਕੁਝ ਸਮੇਂ ਬਾਦ ਇਸ ਨਾਲ ਗਿਆਨੀ ਅਤੇ ਬੁੱਧੀਮਾਨੀ ਦੀਆਂ ਜਮਾਤਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ। ਸੰਨ 1973 ਈ. ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੂੰ ਵੀ ਇਸ ਨਾਲ ਜੋੜ ਦਿੱਤਾ ਗਿਆ। ਇਸ ਤਰ੍ਹਾਂ ਧਾਰਮਿਕ ਤਾਲੀਮ ਦੇ ਨਾਲ ਨਾਲ ਆਧੁਨਿਕ ਸਿਖਿਆ ਪ੍ਰਣਾਲੀ ਦੀ ਲੋੜ ਵੀ ਪੂਰੀ ਕਰ ਦਿੱਤੀ ਗਈ।

**ਖ਼ਾਲਸਾ ਬਰਾਦਰੀ :** ਇਹ ਸਿੱਖਾਂ ਦੀ ਇਕ ਅਜਿਹੀ ਸੰਸਥਾ ਸੀ ਜਿਸ ਦਾ ਮੂਲ ਆਸ਼ਾ ਪਛੜੀਆਂ ਹੋਈਆਂ ਜਾਤੀਆਂ ਵਾਲੇ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨਾ ਸੀ। ਅਜਿਹੀ ਸੰਸਥਾ ਬਣਾਉਣ ਦਾ ਖ਼ਿਆਲ ਭਾਈ ਮਹਿਤਾਬ ਸਿੰਘ ਬੀਰ ਦੇ ਮਨ ਵਿਚ ਪੈਦਾ ਹੋਇਆ, ਕਿਉਂਕਿ ਉਹ ਖ਼ੁਦ ਮੁਸਲਮਾਨ ਤੋਂ ਸਿੱਖ ਬਣਿਆ ਸੀ ਅਤੇ ਉਸ ਨੂੰ ਕਈ ਪ੍ਰਕਾਰ ਦੀ ਤੰਗਨਜ਼ਰੀ ਦਾ ਸ਼ਿਕਾਰ ਹੋਣਾ ਪਿਆ ਸੀ। ਉਸ ਨੇ ਸੰਨ 1914 ਈ. ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਭਾਈ ਦਸੌਂਧਾ ਸਿੰਘ ਦੀ ਧਰਮਸ਼ਾਲਾ ਵਿਚ ਪਛੜੀਆਂ ਹੋਈਆਂ ਜਾਤੀਆਂ ਦੀ ਸਭਾ ਬੁਲਾਈ ਅਤੇ ਉਸ ਵਿਚ 'ਖ਼ਾਲਸਾ ਬਰਾਦਰੀ' ਦੀ ਸਥਾਪਨਾ ਕਰਨ ਦੀ ਘੋਸ਼ਣਾ ਕੀਤਾ। ਸਰਹਾਲਾ ਕਾਜ਼ੀਆਂ ਦੇ ਸ. ਈਸ਼ਰ ਸਿੰਘ ਨੂੰ ਇਸ ਸੰਸਥਾ ਦਾ ਪ੍ਰਧਾਨ ਅਤੇ ਭਾਈ ਮਹਿਤਾਬ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ।

ਇਸ ਸੰਸਥਾ ਦਾ ਮੁੱਖ ਉਦੇਸ਼ ਪਛੜੀਆਂ ਹੋਈਆਂ ਜਾਤੀਆਂ ਵਾਲਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ ਅਤੇ ਉਨ੍ਹਾਂ ਵਿਚ ਸਮਾਜਿਕ ਸੁਧਾਰ ਲਿਆਉਣਾ ਸੀ। ਇਸ ਦਾ ਕੇਂਦਰੀ ਦਫ਼ਤਰ ਅੰਮ੍ਰਿਤਸਰ ਵਿਚ ਬਣਾਇਆ ਗਿਆ ਅਤੇ ਕਈਆਂ ਜ਼ਿਲ੍ਹਿਆਂ ਵਿਚ ਇਸ ਦੀਆਂ ਸ਼ਾਖਾਵਾਂ ਖੋਲੀਆਂ ਗਈਆਂ। ਸੰਸਥਾ ਦੇ ਆਸ਼ੇ ਦੇ ਪ੍ਰਚਾਰ ਲਈ 'ਬੀਰ' ਨਾਂ ਦਾ ਹਫ਼ਤਾਵਰੀ ਮੈਗਜ਼ੀਨ ਵੀ ਸ਼ੁਰੂ ਕੀਤਾ ਗਿਆ। ਇਸ ਸੰਸਥਾ ਨੇ 11 ਅਤੇ 12 ਅਕਤੂਬਰ 1920 ਈ. ਨੂੰ ਜਲਿਆਂ ਵਾਲੇ ਬਾਗ਼ ਵਿਚ ਇਕ ਭਾਰੀ ਦੀਵਾਨ ਸਜਾਇਆ ਜਿਸ ਵਿਚ ਪੜ੍ਹੇ-ਲਿਖੇ ਅਤੇ ਅਗਾਂਹਵਧੂ ਵਿਚਾਰਧਾਰਾ ਵਾਲਿਆਂ ਨੇ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕੀਤੇ।

ਉਪਰੋਕਤ ਦੀਵਾਨ ਵਿਚ ਬਹੁਤ ਸਾਰੇ ਰਾਮਦਾਸੀਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਵਲੋਂ ਤਿਆਰ ਕੀਤੇ ਕੜਾਹ-ਪ੍ਰਸ਼ਾਦ ਨੂੰ ਦਰਬਾਰ ਸਾਹਿਬ ਵਿਚ ਚੜ੍ਹਾਉਣ ਲਈ ਨਵੇਂ ਬਣੇ ਸਿੰਘਾਂ ਦਾ ਜੱਥਾ ਲੈ ਕੇ ਗਿਆ। ਪਰ ਪੁਜਾਰੀਆਂ ਨੇ ਨ ਕੜਾਹ ਪ੍ਰਸ਼ਾਦ ਚੜ੍ਹਾਉਣ ਦਿੱਤਾ ਅਤੇ ਨ ਹੀ ਅਰਦਾਸ ਕੀਤੀ। ਆਖ਼ਿਰ ਇਸ ਸਮਸਿਆ ਦੇ ਸਮਾਧਾਨ ਸੰਬੰਧੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਗਿਆ, ਜੋ ਮਜ਼ਹਬੀ ਸਿੰਘਾਂ ਪ੍ਰਤਿ ਉਦਾਰ ਭਾਵਨਾ ਦਾ ਸੂਚਕ ਸੀ। ਦਰਬਾਰ ਸਾਹਿਬ ਤੋਂ ਬਾਦ ਉਹ ਜੱਥਾ ਅਕਾਲ ਤਖ਼ਤ ਉਤੇ ਅਰਦਾਸ ਲਈ ਗਿਆ। ਉਥੋਂ ਦੇ ਪੁਜਾਰੀ ਤਖ਼ਤ ਤੋਂ ਖਿਸਕ ਗਏ। ਤੇਜਾ ਸਿੰਘ ਭੁੱਚਰ ਅਤੇ ਕਰਤਾਰ ਸਿੰਘ ਝੱਬਰ ਵਰਗੇ ਸੁਧਾਰਵਾਦੀ

ਸਿੱਖਾਂ ਨੇ ਉਨ੍ਹਾਂ ਲਈ ਅਰਦਾਸ ਕੀਤੀ। ਉਦੋਂ ਹੀ ਇਕ 25 ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿਚ ਪਛੜੀਆਂ ਹੋਈਆਂ ਜਾਤਾਂ ਦੇ ਬੰਦੇ ਵੀ ਲਏ ਗਏ। ਇਸ ਦਾ ਉਦੇਸ਼ ਗੁਰਦੁਆਰਿਆਂ ਨੂੰ ਪੁਜਾਰੀਆਂ ਅਤੇ ਪਰੰਪਰਾ- ਵਾਦੀਆਂ ਤੋਂ ਆਜ਼ਾਦ ਕਰਾਉਣਾ ਸੀ ਅਤੇ ਪਛੜੀਆਂ ਹੋਈਆਂ ਜਾਤੀਆਂ ਵਾਲੇ ਸਿੱਖਾਂ ਪ੍ਰਤਿ ਬਰਾਬਰੀ ਦੀ ਭਾਵਨਾ ਦਾ ਵਿਕਾਸ ਕਰਨਾ ਸੀ। ਅਸਲ ਵਿਚ, ਇਹ ਇਕ ਪ੍ਰਕਾਰ ਦਾ ਗੁਰਦੁਆਰਾ ਸੁਧਾਰ ਲਹਿਰ ਦਾ ਉਦਘਾਟਨ ਸੀ।

ਸੰਨ 1939-41 ਈ. ਦੌਰਾਨ ਇਸ ਸੰਸਥਾ ਨੇ ਧਰਮ-ਪ੍ਰਚਾਰ ਅਤੇ ਸਮਾਜ-ਸੁਧਾਰ ਲਈ ਬਹੁਤ ਪ੍ਰਚਾਰ ਕੀਤਾ। ਇਸ ਨਾਲ ਬਹੁਤ ਸਾਰੀਆਂ ਪਛੜੀਆਂ ਹੋਈਆਂ ਜਾਤਾਂ ਦੇ ਲੋਕ ਸਿੱਖ ਧਰਮ ਵਿਚ ਸ਼ਾਮਲ ਹੋਏ। ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪ੍ਰਤਿਨਿਧਤਾ ਦਿੱਤੀ ਗਈ ਅਤੇ ਫ਼ੌਜ ਵਿਚ ਭਰਤੀ ਕਰਨ ਵਾਲੀ ਗੱਲ ਵੀ ਸਵੀਕਾਰੀ ਗਈ। ਇਸ ਤਰ੍ਹਾਂ ਸਿੱਖਾਂ ਵਿਚ ਉਦਾਰ-ਚੇਤਨਾ ਦਾ ਸੰਚਾਰ ਹੋਇਆ ਅਤੇ ਹੋਰਨਾਂ ਧਰਮਾਂ ਤੋਂ ਪਦ-ਦਲਿਤ ਲੋਕ ਸਿੱਖ ਬਣਨ ਲਈ ਸਰਗਰਮ ਹੋ ਗਏ। ਸੰਨ 1960 ਈ. ਵਿਚ ਭਾਈ ਮਹਿਤਾਬ ਸਿੰਘ ਦੇ ਦੇਹਾਂਤ ਅਤੇ ਇਸ ਸੰਸਥਾ ਦੇ ਬਹੁਤ ਸਾਰੇ ਉਦੇਸ਼ਾਂ ਦੀ ਪੂਰਤੀ ਹੋ ਜਾਣ ਕਾਰਣ ਇਸ ਦੀ ਆਪਣੇ ਆਪ ਸਮਾਪਤੀ ਹੋ ਗਈ।

**ਖ਼ਾਲਸਾ ਮਹਿਮਾ** : 'ਦਸਮ ਗ੍ਰੰਥ' ਵਿਚ ਸੰਕਲਿਤ ਇਸ ਪ੍ਰਸੰਗ ਅਧੀਨ ਕੁਲ 4 ਛੰਦ ਹਨ। ਇਸ ਵਿਚ ਇਕ ਬ੍ਰਾਹਮਣ ਨੂੰ ਧਨ-ਦੱਛਣਾ ਅਤੇ ਭੋਜਨ ਦਿੱਤੇ ਜਾਣ ਦਾ ਵਿਸ਼ਵਾਸ ਦਿੱਤਾ ਗਿਆ ਹੈ ਅਤੇ ਖ਼ਾਲਸੇ ਦੀ ਮਹਾਨਤਾ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਸੰਪ੍ਰਦਾਈ ਵਿਦਵਾਨਾਂ ਅਨੁਸਾਰ ਇਨ੍ਹਾਂ ਸਵੈਯਾਂ ਦੀ ਰਚਨਾ ਗੁਰੂ ਜੀ ਵਲੋਂ ਉਦੋਂ ਹੋਈ ਸੀ ਜਦੋਂ ਨੈਨਾ ਦੇਵੀ ਦੇ ਯੱਗ ਉਪਰੰਤ ਹਰ ਪ੍ਰਕਾਰ ਦਾ ਦਾਨ ਸਿੱਖਾਂ ਨੂੰ ਦਿੱਤਾ ਗਿਆ ਅਤੇ ਪੰਡਿਤ ਕੇਸੋ ਦੱਤ ਨੂੰ ਵਾਂਝਿਆ ਰਖਿਆ ਗਿਆ ਜਿਸ ਨੇ ਉਸ ਯੱਗ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਗੁਰੂਜੀ ਨੇ ਪੰਡਿਤ ਨੂੰ ਕਿਹਾ ਕਿ ਹੁਣ ਸੋਗ ਖ਼ਤਮ ਕਰੋ ਕਿਉਂਕਿ ਇਸ ਵਿਚ ਮੇਰਾ ਕੋਈ ਕਸੂਰ ਨਹੀਂ। ਤੁਹਾਨੂੰ ਦਿੱਤਾ ਜਾਣ ਵਾਲਾ ਦਾਨ ਅਤੇ ਸਾਮਾਨ ਅਜ ਹੀ ਭਿਜਵਾ ਦਿੱਤਾ ਜਾਏਗਾ। (੧)।

ਸਿੱਖਾਂ ਨੂੰ ਪਹਿਲ ਮੈਂ ਇਸ ਲਈ ਦਿੱਤੀ ਹੈ ਕਿਉਂਕਿ ਇਨ੍ਹਾਂ ਦੀ ਕ੍ਰਿਪਾ ਨਾਲ ਮੈਂ ਯੁੱਧ ਜਿਤੇ ਹਨ। ਇਨ੍ਹਾਂ ਦੀ ਕ੍ਰਿਪਾ ਕਰਕੇ ਦੁਖ-ਕਲੇਸ਼ ਖ਼ਤਮ ਹੋਏ ਹਨ ਅਤੇ ਹਰ ਪ੍ਰਕਾਰ ਦੀਆਂ ਵਸਤੂਆਂ ਨਾਲ ਘਰ ਭਰੇ ਪਏ ਹਨ। ਇਨ੍ਹਾਂ ਦੀ ਕ੍ਰਿਪਾ ਨਾਲ ਮੈਂ ਵਿਦਿਆ ਪ੍ਰਾਪਤ ਕੀਤੀ ਹੈ ਅਤੇ ਇਨ੍ਹਾਂ ਦੀ ਕ੍ਰਿਪਾ ਨਾਲ ਸਾਰੇ ਵੈਰੀ ਨਸ਼ਟ ਹੋ ਗਏ ਹਨ। ਇਨ੍ਹਾਂ ਦੀ ਕ੍ਰਿਪਾ ਕਰਕੇ ਮੈਂ ਸੁਸ਼ੋਭਿਤ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਗ਼ਰੀਬ ਰੁਲਦੇ ਪਏ ਹਨ। (੨)।

ਇਸ ਤੋਂ ਅਗੇ ਗੁਰੂ ਜੀ ਨੇ ਪੰਡਿਤ ਨੂੰ ਵਾਸਤਵਿਕਤਾ ਸਮਝਾਉਂਦੇ ਹੋਇਆਂ ਦਸਿਆ ਹੈ ਕਿ ਅਜਿਹੇ ਉਪਕਾਰੀ ਸਿੱਖਾਂ ਦੀ ਕੀਤੀ ਸੇਵਾ ਮੈਨੂੰ ਚੰਗੀ ਲਗਦੀ ਹੈ, ਇਨ੍ਹਾਂ ਨੂੰ ਦਿੱਤਾ ਦਾਨ ਹੀ ਉਤਮ ਹੈ ਕਿਉਂਕਿ ਅਜਿਹਾ ਦਾਨ ਹੀ ਅਗੇ ਫਲੀਭੂਤ ਹੁੰਦਾ ਹੈ। ਇਨ੍ਹਾਂ ਤੋਂ ਭਿੰਨ ਕਿਸੇ ਹੋਰ ਦੀ ਕੀਤੀ ਸੇਵਾ ਜਾਂ ਦਿੱਤਾ ਦਾਨ ਮੈਨੂੰ ਚੰਗਾ ਨਹੀਂ ਲਗਦਾ। ਇਸ ਲਈ ਤਨ, ਮਨ ਅਤੇ ਧਨ ਤੋਂ ਲੈ ਕੇ ਸਿਰ ਤਕ ਸਭ ਇਨ੍ਹਾਂ ਨੂੰ ਅਰਪਿਤ ਹੈ। (੩)। ਅਜਿਹਾ ਸੁਣ ਕੇ ਪੰਡਿਤ ਆਪਣੇ ਮਨ ਵਿਚ ਵਟ ਖਾਂਦਾ ਰਿਹਾ ਅਤੇ ਆਪਣੀ ਰੋਜ਼ੀ ਦੇ ਸਾਧਨ ਨੂੰ ਖੁਸਦਿਆਂ ਵੇਖ ਕੇ ਰੋ ਪਿਆ।(੪)।

ਬ੍ਰਜ ਭਾਸ਼ਾ ਵਿਚ ਲਿਖੇ ਇਨ੍ਹਾਂ ਤਿੰਨ ਸਵੈਯਾਂ ਅਤੇ ਇਕ ਦੋਹਰੇ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਸਾਰੀ ਭਾਰਤੀ ਅਧਿਆਤਮਿਕ ਪਰੰਪਰਾ ਵਿਚ ਕੇਵਲ ਇਹੀ ਕਥਨ ਅਜਿਹੇ ਹਨ ਜਿਨ੍ਹਾਂ ਵਿਚ ਕੋਈ ਧਰਮ-ਸੰਸਥਾਪਕ ਆਪਣੇ ਸ਼ਿਸ਼ਾਂ ਨੂੰ ਇਤਨਾ ਅਧਿਕ ਮਹੱਤਵ ਦਿੰਦਿਆਂ ਪੁਰਾਣੀਆਂ ਅਤੇ ਕੂੜ੍ਹ ਪਰੰਪਰਾਵਾਂ ਦੀ ਨਿਖੇਧੀ ਕਰਦਾ ਹੈ। ਅਸਲ ਵਿਚ, ਇਨ੍ਹਾਂ ਛੰਦਾਂ ਵਿਚ ਪੁਰਾਣੀਆਂ ਸਥਾਪਨਾਵਾਂ ਦੇ ਤਿਆਗ ਅਤੇ ਨਵੇਂ ਸਿਰਜੇ ਗਏ ਭਾਈਚਾਰੇ ਵਲ ਲੋਕਾਂ ਨੂੰ ਰੁਚਿਤ ਕੀਤਾ ਗਿਆ ਹੈ।

ਖ਼ਾਲਸੇ ਦੀ ਮਹਿਮਾ ਬਾਰੇ ਕਈ ਪਦ 'ਸਰਬਲੋਹ ਗ੍ਰੰਥ' ਅਤੇ ਰਹਿਤਨਾਮਿਆਂ ਵਿਚ ਵੀ ਦਰਜ ਹਨ। ਜਿਵੇਂ 'ਸਰਬਲੋਹ ਗ੍ਰੰਥ' ਵਿਚੋਂ :

*ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹਉ ਕਰਉ ਨਿਵਾਸ।*
*ਖ਼ਾਲਸਾ ਮੇਰੋ ਮੁਖ ਹੈ ਅੰਗ। ਖ਼ਾਲਸੇ ਕੇ ਹਉ ਬਸਤ ਸਦ ਸੰਗ।*
*ਖ਼ਾਲਸਾ ਮੇਰੋ ਇਸ਼ਟ ਸੁਹਿਰਦ। ਖ਼ਾਲਸਾ ਮੇਰੋ ਕਹੀਅਤ ਬਿਰਦ।*
*ਖ਼ਾਲਸਾ ਮੇਰੋ ਪਛ ਅਰੁ ਪਾਦ। ਖ਼ਾਲਸਾ ਮੇਰੋ ਸੁਖ ਅਹਿਲਾਦ।*
*ਖ਼ਾਲਸਾ ਮੇਰੋ ਮਿਤ੍ਰ ਸਖਾਈ। ਖ਼ਾਲਸਾ ਮਾਤ ਪਿਤਾ ਸੁਖਦਾਈ।*
*ਖ਼ਾਲਸਾ ਮੇਰੀ ਸੋਭਾ ਸੀਲ। ਖ਼ਾਲਸਾ ਬੰਧੁ ਸਖਾ ਸਦ ਡੀਲ।*

*ਖ਼ਾਲਸਾ ਮੇਰੀ ਜਤ ਅਰ ਪਤ। ਖ਼ਾਲਸਾ ਸੋ ਮਾ ਕੋ ਉਤਪਤ।*
*ਖ਼ਾਲਸਾ ਮੇਰੋ ਭਵਨ ਭੰਡਾਰ। ਖ਼ਾਲਸੇ ਕਰਿ ਮੇਰੋ ਸਦਕਾਰ।*
*ਖ਼ਾਲਸਾ ਮੇਰੋ ਸਜਨ ਪ੍ਵਾਰ। ਖ਼ਾਲਸਾ ਮੇਰੋ ਕਰਤ ਉਧਾਰ।*
*ਖ਼ਾਲਸਾ ਮੇਰੋ ਪਿੰਡ ਪ੍ਰਾਨ। ਖ਼ਾਲਸਾ ਮੇਰੀ ਜਾਨ ਕੀ ਜਾਨ।*
*ਮਾਨ ਮਹਤ ਮੇਰੀ ਖ਼ਾਲਸਾ ਸਹੀ। ਖ਼ਾਲਸਾ ਮੇਰੋ ਸ੍ਵਾਰਥ ਸਹੀ।*
*ਖ਼ਾਲਸਾ ਮੇਰੋ ਕਰੇ ਨਿਰਬਾਹ। ਖ਼ਾਲਸਾ ਮੇਰੋ ਦੇਹ ਅਰ ਸਾਹ।*
*ਖ਼ਾਲਸਾ ਮੇਰੋ ਧਰਮ ਅਰ ਕਰਮ। ਖ਼ਾਲਸਾ ਮੇਰੋ ਭੇਦ ਨਿਜ ਮਰਮ।*
*ਖ਼ਾਲਸਾ ਮੇਰੋ ਸਤਿਗੁਰ ਪੂਰਾ। ਖ਼ਾਲਸਾ ਮੇਰੋ ਸ੍ਵਜਨ ਸੂਰਾ।*
*ਖ਼ਾਲਸਾ ਮੇਰੋ ਬੁਧ ਅਰੁ ਗਿਆਨ। ਖ਼ਾਲਸੇ ਕਾ ਹਉਂ ਧਰਉਂ ਧਿਆਨ।*
*ਉਪਮਾ ਖ਼ਾਲਸੇ ਜਾਤ ਨ ਕਹੀ। ਜਿਹਵਾ ਏਕ ਪਾਰ ਨਹਿ ਲਹੀ।*
*ਸੇਸ ਰਸਨ ਸਾਰਦ ਸੀ ਬੁਧ। ਤਦਪਿ ਨ ਉਪਮਾ ਬਰਨਤ ਸੁਧ।*
*ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।*
*ਰੋਮ ਰੋਮ ਜੋ ਰਸਨਾ ਪਾਂਵਹੁ। ਤਦਪਿ ਨ ਖ਼ਾਲਸਾ ਜਸ ਤਹਿ ਗਾਵਹੁ।*
*ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ। ਓਤ ਪੋਤਿ ਸਾਗਰ ਬੂੰਦੇਰੋ।*
*ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।*
*ਜਬ ਲਗ ਖ਼ਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈ ਸਾਰਾ।*
*ਜਬ ਇਹ ਗਏ ਬਿਪਰਨ ਕੀ ਰੀਤ। ਮੈ ਨ ਕਰੋਂ ਇਨ ਕੀ ਪ੍ਰਤੀਤ।*

ਭਾਈ ਨੰਦ ਲਾਲ ਦੇ ਕਥਨ ਅਨੁਸਾਰ :

*ਖ਼ਾਲਸਾ ਸੋਇ ਜੋ ਨਿੰਦਾ ਤਿਆਗੈ।*
*ਖ਼ਾਲਸਾ ਸੋਇ ਲੜੇ ਹੋਇ ਆਗੈ।*
*ਖ਼ਾਲਸਾ ਸੋਇ ਜੋ ਪੰਚ ਕੋ ਮਾਰੈ।*
*ਖ਼ਾਲਸਾ ਸੋਇ ਭਰਮ ਕੋ ਸਾੜੈ।*
*ਖ਼ਾਲਸਾ ਸੋਇ ਮਾਨ ਜੋ ਤਿਆਗੈ।*
*ਖ਼ਾਲਸਾ ਸੋਇ ਜੋ ਪਰਤ੍ਰਿਆ ਤੇ ਭਾਗੈ॥*
*ਖ਼ਾਲਸਾ ਸੋਇ ਪਰਦ੍ਰਿਸ਼ਟਿ ਕੋ ਤਿਆਗੈ।*
*ਖ਼ਾਲਸਾ ਸੋਇ ਨਾਮ ਰਤ ਲਾਗੈ।*
*ਖ਼ਾਲਸਾ ਸੋਇ ਗੁਰਬਾਣੀ ਹਿਤ ਲਾਇ।*
*ਖ਼ਾਲਸਾ ਸੋਇ ਸਾਰ ਮੁੰਹਿ ਖਾਇ। ...*
*ਖ਼ਾਲਸਾ ਸੋਇ ਨਿਰਧਨ ਕੋ ਪਾਲੈ।*
*ਖ਼ਾਲਸਾ ਸੋਇ ਦੁਸ਼ਟ ਕੋ ਗਾਲੈ।*
*ਖ਼ਾਲਸਾ ਸੋਇ ਨਾਮ ਜਪ ਕਰੈ।*
*ਖ਼ਾਲਸਾ ਸੋਇ ਮਲੇਛ ਪਰ ਚੜ੍ਹੈ।*
*ਖ਼ਾਲਸਾ ਸੋਇ ਨਾਮ ਸਿਉਂ ਜੋੜੈ।*
*ਖ਼ਾਲਸਾ ਸੋਇ ਬੰਧਨ ਕੋ ਤੋੜੈ।*
*ਖ਼ਾਲਸਾ ਸੋਇ ਜੋ ਚੜ੍ਹੈ ਤੁਰੰਗ।*
*ਖ਼ਾਲਸਾ ਸੋਇ ਜੋ ਕਰੇ ਨਿਤ ਜੰਗ।*
*ਖ਼ਾਲਸਾ ਸੋਇ ਸ਼ਸਤ੍ਰ ਕੋ ਧਾਰੈ।*
*ਖ਼ਾਲਸਾ ਸੋਇ ਦੁਸ਼ਟ ਕੋ ਮਾਰ॥*

**ਖ਼ਾਲਸਾ ਰਾਜ ਦੇ ਵਲੈਤੀ ਕਰਮਚਾਰੀ** : ਖ਼ਾਲਸਾ ਰਾਜ ਜਾਂ ਲਾਹੌਰ ਦਰਬਾਰ ਵਿਚ ਬਹੁਤ ਸਾਰੇ ਵਲੈਤੀ (ਵਿਦੇਸ਼ੀ) ਅਫ਼ਸਰ ਜਾਂ ਕਰਮਚਾਰੀ ਵੀ ਕੰਮ ਕਰਦੇ ਸਨ। ਉਨ੍ਹਾਂ ਦੀ ਗਿਣਤੀ 72 ਤਕ ਦਸੀ ਜਾਂਦੀ ਹੈ। ਉਨ੍ਹਾਂ ਵਿਚ ਅਧਿਕਰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨਿਯੁਕਤ ਹੋਏ ਸਨ। ਉਨ੍ਹਾਂ ਵਿਚ ਕਈ ਦੇਸ਼ਾਂ, ਨਸਲਾਂ ਅਤੇ ਜਾਤੀਆਂ ਦੇ ਲੋਕ ਸ਼ਾਮਲ ਸਨ, ਜਿਵੇਂ ਇਟੈਲੀਅਨ, ਫਰਾਂਸੀਸੀ, ਅਸਟਰੀਅਨ, ਹੰਗਰੀਅਨ, ਅੰਗ੍ਰੇਜ਼, ਜਰਮਨ, ਆਇਰਸ਼, ਰੂਸੀ, ਸਪੇਨਿਸ਼, ਪੁਰਤਗਾਲੀ, ਅਮਰੀਕਨ, ਗ੍ਰੀਕ ਆਦਿ। ਉਨ੍ਹਾਂ ਨੂੰ ਰਖਣ ਤੋਂ ਪਹਿਲਾਂ ਮਹਾਰਾਜਾ ਚੰਗੀ ਤਰ੍ਹਾਂ ਪੁਛ-ਪੜਤਾਲ ਕਰ ਲੈਂਦਾ ਸੀ।

ਵਿਦੇਸ਼ੀ ਅਫ਼ਸਰਾਂ ਵਿਚੋਂ ਵੈਨਤੂਰਾ ਅਤੇ ਐਲਾਰਡ ਨਾਂ ਵਾਲੇ ਦੋ ਵਿਅਕਤੀ 10 ਮਾਰਚ 1822 ਈ. ਨੂੰ ਸਭ ਤੋਂ ਪਹਿਲਾਂ ਪਹੁੰਚੇ। ਇਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਲਾਹੌਰ ਦਰਬਾਰ ਆਪਣੀਆਂ ਮੁੱਖ ਮੁੱਖ ਜਿਤਾਂ ਪ੍ਰਾਪਤ ਕਰ ਚੁਕਿਆ ਸੀ। ਇਨ੍ਹਾਂ ਦੇ ਆਉਣ ਤੋਂ ਕਾਫ਼ੀ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੁਯੋਗ ਫ਼ੌਜੀਆਂ ਨੂੰ ਈਸਟ ਇੰਡੀਆ ਕੰਪਨੀ ਦੀ ਫ਼ੌਜ ਵਿਚ ਭਰਤੀ ਹੋਣ ਲਈ ਸਤਲੁਜ ਪਾਰ ਭੇਜਿਆ ਸੀ ਜੋ ਉਨ੍ਹਾਂ ਦੀਆਂ ਕਵਾਇਦਾਂ ਸਿਖ ਕੇ ਫਿਰ ਲਾਹੌਰ ਪਰਤ ਆਏ ਅਤੇ ਕਵਾਇਦ ਦੀਆਂ ਉਨ੍ਹਾਂ ਲੀਹਾਂ 'ਤੇ ਖ਼ਾਲਸਾ ਰਾਜ ਦੀ ਸੈਨਾ ਨੂੰ ਤਿਆਰ ਕਰਨ ਲਗ ਗਏ।

ਫ਼ਕੀਰ ਸੱਯਦ ਵਹੀਦਉੱਦੀਨ ਅਨੁਸਾਰ ਮਹਾਰਾਜਾ ਵਿਦੇਸ਼ੀ ਅਫ਼ਸਰਾਂ ਤੋਂ ਬਹੁਤਾ ਕੰਮ ਸਿਖਲਾਈ ਦਾ ਲੈਂਦਾ ਸੀ। ਉਨ੍ਹਾਂ ਨੂੰ ਕਈ ਵੱਡੀਆਂ ਜ਼ਿੰਮੇਵਾਰੀਆਂ ਵੀ ਸੌਂਪਦਾ ਸੀ, ਪਰ ਉਨ੍ਹਾਂ ਵਿਚੋਂ ਕਦੇ ਕਿਸੇ ਨੂੰ ਫ਼ੌਜੀ ਮੁਹਿੰਮ ਦਾ ਮੁੱਖ ਅਧਿਕਾਰੀ ਨਹੀਂ ਬਣਾਉਂਦਾ ਸੀ। ਕਾਰਣ ਦੋ ਸਨ। ਇਕ, ਕੁਝ ਵਿਸ਼ਵਾਸ ਦੀ ਘਾਟ ਅਤੇ ਦੂਜਾ, ਉਨ੍ਹਾਂ ਦੇ ਕਮਾਂਡ ਤੋਂ ਪਰੰਪਰਿਕ ਸੈਨਿਕਾਂ ਦਾ ਸੰਕੋਚ। ਹਾਂ, ਉਨ੍ਹਾਂ ਨੂੰ ਸਿਵਲ ਦੀਆਂ ਕਈ ਉਚ ਪਦਵੀਆਂ ਉਤੇ ਨਿਯੁਕਤ ਜ਼ਰੂਰ ਕਰਦਾ ਸੀ, ਕਿਉਂਕਿ ਅਜਿਹਾ ਕਰਨ ਨਾਲ ਪ੍ਰਬੰਧ ਵਿਚ ਬੇਲਾਗ ਪਹੁੰਚ

ਰਹਿੰਦੀ ਸੀ। ਮਹਾਰਾਜਾ ਚਾਹੁੰਦਾ ਸੀ ਕਿ ਉਹ ਪੰਜਾਬ ਵਿਚ ਸਥਾਈ ਤੌਰ 'ਤੇ ਵਸ ਜਾਣ, ਪਰ ਉਹ ਆਪਣੇ ਦੇਸ਼ਾਂ ਦੀ ਖਿਚ ਤੋਂ ਮੁਕਤ ਨਹੀਂ ਹੋ ਸਕਦੇ ਸਨ। ਉਨ੍ਹਾਂ ਨੂੰ ਮਹਾਰਾਜਾ ਨੇ ਬਹੁਤ ਮੋਟੀਆਂ ਤਨਖ਼ਾਹਾਂ ਹੀ ਨਹੀਂ ਦਿੱਤੀਆਂ, ਸਗੋਂ ਰਿਹਾਇਸ਼ ਲਈ ਵੀ ਉਤਮ ਹਵੇਲੀਆਂ ਦਿੱਤੀਆਂ। ਇਸ ਤੋਂ ਇਲਾਵਾ, ਇਨਾਮ, ਜਾਗੀਰਾਂ ਅਤੇ ਖ਼ਿਤਾਬ ਵੀ ਸਮੇਂ ਸਮੇਂ ਬਖ਼ਸ਼ਦਾ ਰਿਹਾ। ਪਰ ਖ਼ੁਫ਼ੀਆਂ ਵਸੀਲਿਆਂ ਤੋਂ ਮਹਾਰਾਜਾ ਗਿਆਤ ਹੋ ਚੁਕਿਆ ਸੀ ਕਿ ਜਦੋਂ ਕਦੇ ਵੀ ਕਿਸੇ ਵਿਦੇਸ਼ੀ ਸਰਕਾਰ ਨਾਲ ਠਣ ਗਈ ਤਾਂ ਇਹ ਅਫ਼ਸਰ ਧੋਖਾ ਦੇ ਸਕਦੇ ਹਨ। ਇਨ੍ਹਾਂ ਵਿਚ ਵੈਨਤੂਰਾ, ਐਲਾਰਡ ਜੀਨ ਫਰਾਂਸਿਸ ਅਤੇ ਆਬੂਤਬੇਲਾ ਬਾਰੇ ਸੁਤੰਤਰ ਇੰਦਰਾਜ ਦਿੱਤੇ ਹਨ।

**ਖ਼ਾਲਸਾ ਵਿਰਾਸਤ ਕੰਪਲੈਕਸ** (ਆਨੰਦਪੁਰ) : ਖ਼ਾਲਸੇ ਦੀ ਤੀਜੀ ਜਨਮ-ਸ਼ਤਾਬਦੀ ਦੇ ਅਵਸਰ 'ਤੇ ਸਥਾਪਿਤ ਕੀਤੇ ਜਾਣ ਵਾਲੇ ਸਮਾਰਕ ਨੂੰ 'ਖ਼ਾਲਸਾ ਵਿਰਾਸਤ ਕੰਪਲੈਕਸ' ਦਾ ਨਾਂ ਦਿੱਤਾ ਗਿਆ ਹੈ। ਖ਼ਾਲਸੇ ਦਾ ਇਤਿਹਾਸ ਦੀਰਘ ਸੰਘਰਸ਼ ਅਤੇ ਜਨ-ਮੁਕਤੀ ਅੰਦੋਲਨ ਦੀ ਇਕ ਲੰਬੀ ਅਤੇ ਚੜ੍ਹਦੀ ਕਲਾ ਨਾਲ ਭਰਪੂਰ ਗਾਥਾ ਹੈ। ਇਸ ਬਾਰੇ ਸ੍ਰੀ ਓ. ਐਨ.ਗਰਗ ਨੇ 20 ਅਪ੍ਰੈਲ 2003 ਈ. ਦੀ 'ਪੰਜਾਬੀ ਟ੍ਰਿਬਿਊਨ' ਵਿਚ ਲਿਖਿਆ ਸੀ ਕਿ ਇਸ ਗਾਥਾ ਨੂੰ ਆਵਾਜ਼, ਰੌਸ਼ਨੀ, ਕਲਾ ਤੇ ਸਪੇਸ ਦੇ ਮਲਟੀ-ਮੀਡੀਆ ਤੇ ਅਤਿ-ਆਧੁਨਿਕ ਇਲੈਕਟ੍ਰੋਨਿਕ ਤਕਨਾਲੋਜੀ ਦੀ ਵਰਤੋਂ ਦੁਆਰਾ ਸੁਚੱਜਾ ਤੇ ਸਾਰਥਕ ਸੁਮੇਲ ਪੈਦਾ ਕਰਕੇ ਮੁੜ ਸਜੀਵ ਤੇ ਸੁਰਜੀਤ ਕਰੇਗਾ 210 ਕਰੋੜ ਰੁਪਏ ਦੀ ਲਾਗਤ ਨਾਲ ਉਸਾਰਿਆ ਜਾਣ ਵਾਲਾ ਖ਼ਾਲਸਾ ਵਿਰਾਸਤ ਕੰਪਲੈਕਸ। ਅਤਿ-ਆਧੁਨਿਕ ਸੰਚਾਰ ਤੇ ਤਕਨਾਲੋਜੀ ਦੇ ਸਾਧਨਾਂ ਰਾਹੀਂ ਪੰਜਾਬ ਦੇ ਪਿਛਲੇ 500 ਸਾਲਾਂ ਦੇ ਇਤਿਹਾਸ ਨਾਲ ਜੁੜੀਆਂ ਦੁਰਲਭ ਕਲਾ-ਕਿਰਤਾਂ ਤੇ ਪਵਿੱਤਰ ਨਿਸ਼ਾਨੀਆਂ ਦੀ ਮਦਦ ਨਾਲ ਪੰਜਾਬ ਦੀ ਵਿਰਾਸਤ ਨੂੰ ਅਜਿਹੇ ਪ੍ਰਭਾਵਸ਼ਾਲੀ ਢੰਗ ਨਾਲ ਸਜੀਵ ਕੀਤਾ ਤੇ ਦਰਸਾਇਆ ਜਾਵੇਗਾ ਕਿ ਕੰਪਲੈਕਸ ਵਿਚ ਵਿਚਰਣ ਸਮੇਂ ਦੇਖਣ ਵਾਲਾ ਇੰਜ ਮਹਿਸੂਸ ਕਰੇਗਾ ਕਿ ਉਹ ਉਨ੍ਹਾਂ ਸਮਿਆਂ ਵਿਚ ਜੀਉ ਰਿਹਾ ਹੈ ਤੇ ਉਹ ਦੇਖੀਆਂ ਜਾ ਰਹੀਆਂ ਘਟਨਾਵਾਂ ਦੇ ਖ਼ੁਦ ਇਕ ਪਾਤਰ ਵਾਂਗ ਹੈ। ਕਿਉਂਕਿ ਹਰ ਘਟਨਾ ਅਸਲੋਂ ਵਾਪਰੀ ਘਟਨਾ ਵਾਂਗ ਹੀ ਜੀਵੰਤ ਦਿਖੇਗੀ। ਪੁਰਾਤਨ ਅਤੇ ਇਤਿਹਾਸਕ ਗੁਰਦੁਆਰਾ ਆਨੰਦਗੜ੍ਹ ਸਾਹਿਬ ਦੀ ਬਾਹੀ ਵਾਲੀ ਸ਼ਿਵਾਲਿਕ ਪਹਾੜੀਆਂ ਦੀ ਮਨਮੋਹਕ ਵਾਦੀ ਵਿਚ ਖ਼ਾਲਸਾ ਵਿਰਾਸਤ ਕੰਪਲੈਕਸ 100 ਏਕੜ ਵਿਚ ਫੈਲਿਆ ਹੋਵੇਗਾ। ਗੁਰਦੁਆਰਾ ਸਾਹਿਬ ਨਾਲ ਵਹਿੰਦੀ ਛੋਟੀ ਨਦੀ ਨੂੰ ਇਕ ਵੱਡੀ ਝੀਲ ਵਿਚ ਬਦਲ ਦਿੱਤਾ ਜਾਵੇਗਾ ਅਤੇ ਪੰਜ ਹੋਰ ਛੋਟੀਆਂ ਝੀਲਾਂ ਬਣਾਈਆਂ ਜਾਣਗੀਆਂ ਜਿਨ੍ਹਾਂ ਵਿਚੋਂ ਪਾਣੀ ਇਕ ਦੂਜੀ ਵਿਚ ਲਗਾਤਾਰ ਵਹਿੰਦਾ ਰਹੇਗਾ ਤੇ ਛੇ ਡੂੰਘੇ ਟਿਊਬਵੈੱਲ ਲੋੜੀਂਦਾ ਪਾਣੀ ਮੁਹੱਈਆ ਕਰਨ ਲਈ ਲਾਏ ਜਾਣਗੇ।

ਇਸ ਤੋਂ ਇਲਾਵ 6500 ਵਰਗ ਮੀਟਰ ਵਿਚ ਫੈਲਿਆ ਅਜਾਇਬਘਰ ਖ਼ਾਲਸਾ ਵਿਰਾਸਤ ਕੰਪਲੈਕਸ ਦਾ ਮੁੱਖ ਭਾਗ ਹੋਵੇਗਾ। ਇਕ ਰੈਪ ਢਲਦੇ ਰਾਹਾਂ ਰਾਹੀਂ ਵਿਰਾਸਤ ਇਮਾਰਤ ਵਿਚ 321 ਮੀਟਰ ਦੀ ਉਚਾਈ 'ਤੇ 327 ਮੀਟਰ ਦੀ ਉਚਾਈ ਤਕ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ ਜਿਥੇ ਵਿਰਾਸਤ ਦਾ ਅਦਭੁਤ ਦ੍ਰਿਸ਼ ਪੇਸ਼ ਕੀਤਾ ਜਾਣਾ ਹੈ। ਕੁਲ 7 ਮਿੰਟ ਦੇ ਇਸ ਚੱਕਰ ਵਿਚ ਅਜੋਕਾ ਇਨਸਾਨ 500 ਸਾਲ ਪਹਿਲੇ ਵਾਲੀ ਭੂਗੋਲਿਕ ਸਥਿਤੀ ਵਿਚ ਪੁਜਦਾ ਹੈ ਜਿਥੇ ਉਸ ਨੂੰ ਇਸ ਬਾਰੇ ਹੋਰ ਜਾਨਣ ਦੀ ਇੱਛਾ ਪੈਦਾ ਹੁੰਦੀ ਹੈ। ਸਭ ਤੋਂ ਵਿਲੱਖਣ ਤਸਵੀਰ ਪੇਸ਼ ਕਰੇਗਾ ਕੰਪਲੈਕਸ ਦਾ ਇਹ ਹਿੱਸਾ।

ਕੰਵਲ ਦੇ ਫੁਲ ਦੇ ਆਕਾਰ ਦੀਆਂ ਪੰਜ ਪੱਤੀਆਂ ਵਰਗਾ ਨੁਮਾਇਸ਼ ਭਵਨ ਜਿਹੜਾ ਕਿ ਨਾਲ ਲਗਦੀ ਇਮਾਰਤ ਨਾਲੋਂ 31 ਮੀਟਰ ਵਧੇਰੇ ਉੱਚਾ ਹੈ, ਵਿਚ ਗੁਰੂ ਨਾਨਕ ਕਾਲ ਦੇ ਸਮੇਂ ਦੇ ਦ੍ਰਿਸ਼ ਦਰਸਾਏ ਜਾਣਗੇ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਵਾਕ ਨਾਲ ਇਸ ਵਿਰਾਸਤ ਕੰਪਲੈਕਸ ਦਾ ਅੰਤਿਮ ਪੜਾ ਖ਼ਤਮ ਹੁੰਦਾ ਹੈ ਜਿਥੇ ਦਰਸ਼ਕ ਬੈਠ ਕੇ ਵੇਖਣ, ਸੋਚਣ ਅਤੇ ਮਹਿਸੂਸ ਕਰਨਗੇ, ਜਿਵੇਂ ਆਦਿ ਤੇ ਅੰਤ ਇਕੱਠੇ ਹੋ ਰਹੇ ਹੋਣ।

ਨਾਲ ਦੀਆਂ ਇਮਾਰਤਾਂ ਨਾਲੋਂ 36.2 ਮੀਟਰ ਵਧੇਰੇ ਉੱਚੀ ਛੱਤ ਵਾਲੀ ਚਾਰ-ਮੰਜ਼ਲਾ ਸਥਾਈ ਨੁਮਾਇਸ਼ ਗੈਲਰੀ ਦੀਆਂ ਦੋ ਮੰਜ਼ਲਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿੱਧਾਂਤ ਦੇ ਦ੍ਰਿਸ਼ ਅਤੇ ਖ਼ਾਲਸਾ ਸਾਜਨਾ ਦੀ ਕਲਾਤਮਕ ਪੇਸ਼ਕਾਰੀ ਤੇ 1947 ਈ. ਤਕ ਦੇ ਨਜ਼ਾਰੇ ਦਿਖਾਈ ਦੇਣਗੇ। ਕੰਪਲੈਕਸ ਦੇ ਦੂਜੇ ਹਿੱਸੇ ਵਿਚ ਪੈਦਲ ਚਲਣ ਵਾਲੇ 65 ਮੀਟਰ ਲੰਬੇ ਪੁਲ ਰਾਹੀਂ ਪਹੁੰਚਿਆ ਜਾ ਸਕੇਗਾ ਤੇ ਇਸ ਭਾਗ ਵਿਚ ਦੋ ਮੰਜ਼ਲਾ ਰੈਫਰੈਂਸ ਲਾਇਬ੍ਰੇਰੀ

ਹੋਵੇਗੀ ਜਿਹੜੀ ਖੋਜ ਪੁਸਤਕਾਂ, ਹਥ-ਲਿਖਿਤ ਖਰੜੇ, ਪੁਰਾਸਾਰੀ ਤੇ ਹਵਾਲਾ ਸਾਮਗ੍ਰੀ, ਫਿਲਮਾਂ ਵੀਡਿਓ ਰੀਕਾਰਡ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਰਾਗਾਂ ਵਿਚ ਰਿਕਾਰਡਿੰਗ ਕੀਤੀ ਸਾਮਗ੍ਰੀ ਨਾਲ ਲੈਸ ਹੋਵੇਗੀ। ਸਥਾਈ ਨੁਮਾਇਸ਼ਾਂ ਲਈ ਖ਼ਾਸ ਗੈਲਰੀ ਅਤੇ 400 ਸੀਟਾਂ ਵਾਲਾ ਆਡੀਟੋਰੀਅਮ ਵੀ ਹੋਵੇਗਾ। ਵਿਰਾਸਤ ਕੰਪਲੈਕਸ ਨੂੰ ਸੁੰਦਰਤਾ ਤੇ ਸ਼ੀਤਲਤਾ ਪ੍ਰਦਾਨ ਕਰੇਗਾ 24000 ਵਰਗ ਮੀਟਰ ਵਿਚ ਫੈਲਿਆ ਔਸਤ 2.5 ਫੁਟ ਡੂੰਘਾਈ ਵਾਲਾ ਤਲਾ ਤੇ ਸੁੰਦਰ ਨੀਲੇ ਪਾਣੀ ਦਾ ਵਹਿੰਦਾ ਝਰਨਾ।

ਖ਼ਾਲਸਾ ਪੰਥ ਦੀ ਸਿਰਜਨਹਾਰ ਧਰਤੀ ਆਨੰਦਪੁਰ ਸਾਹਿਬ ਵਿਖੇ ਬਣਾਏ ਜਾ ਰਹੇ ਇਸ ਖ਼ਾਲਸਾ ਵਿਰਾਸਤ ਕੰਪਲੈਕਸ ਦੇ ਹੋਂਦ ਵਿਚ ਆਉਣ ਦੇ ਪਿਛੋਕੜ ਦੀ ਵੀ ਆਪਣੇ ਆਪ ਵਿਚ ਇਕ ਰੋਚਕ ਕਹਾਣੀ ਹੈ, ਇਕ ਇਤਿਹਾਸਿਕ ਘਟਨਾ ਹੈ ਤੇ ਅਹਿਮ ਮੌਕਾ ਮੇਲ।

ਸ੍ਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਹ ਇਕ ਵੇਲੇ ਇਸਰਾਈਲ ਵਿਚ ਯੈਰੂਸ਼ਲਮ ਸਥਿਤ ਯਾਦ ਵਾਸ਼ੈਮ ਹੋਲੋਕਾਸਟ ਟਰਾਂਸਪੋਰਟ ਮੈਮੋਰੀਅਲ, ਜਿਹੜਾ ਕਿ ਯਹੂਦੀਆਂ ਦੇ ਨਰਸੰਘਾਰ, ਨਸਲਕੁਸ਼ੀ ਤੇ ਦੂਜੀ ਆਲਮੀ ਜੰਗ ਸਮੇਂ ਉਨ੍ਹਾਂ ਦੀ ਵਿਰਾਸਤ ਦਾ ਘਾਣ, ਯਹੂਦੀ ਕੌਮ ਦੀ ਸੰਸਕ੍ਰਿਤੀ ਨੂੰ ਮਲੀਆਮੇਟ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਮਰਪਿਤ ਹੈ, ਨੂੰ ਦੇਖਣ ਗਏ। ਸ੍ਰੀ ਬਾਦਲ ਇਸ ਮੈਮੋਰੀਅਲ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਮਹਿਸੂਸ ਕੀਤਾ ਕਿ ਖ਼ਾਲਸਾ ਪੰਥ, ਸਿੱਖ ਕੌਮ ਤੇ ਪੰਜਾਬੀਆਂ ਨੇ ਕਿਤੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਪਰ ਅਜਿਹੀਆਂ ਅਦੁੱਤੀ ਤੇ ਲਾਸਾਨੀ ਕੁਰਬਾਨੀਆਂ ਨੂੰ ਆਉਣ ਵਾਲੀਆਂ ਨਸਲਾਂ ਨੂੰ ਦਰਸਾਉਣ ਵਾਲਾ ਕੋਈ ਵੀ ਯਾਦਗਾਰੀ ਚਿੰਨ੍ਹ ਨਹੀਂ ਬਣਾਇਆ ਗਿਆ ਜਿਥੇ ਕਿ ਪੰਜਾਬ ਦੇ 500 ਸਾਲਾ ਲੰਬੇ ਘੋਲ ਨੂੰ ਦਰਸਾਇਆ ਗਿਆ ਹੋਵੇ। ਉਨ੍ਹਾਂ ਦੇ ਦਿਲ ਵਿਚ ਇੱਛਾ ਜਾਗੀ ਕਿ ਕੋਈ ਮੈਮੋਰੀਅਲ ਕੰਪਲੈਕਸ ਉਸਾਰਿਆ ਜਾਵੇ ਤੇ ਉਨ੍ਹਾਂ ਨੇ ਦ੍ਰਿੜ੍ਹ ਨਿਸ਼ਚਾ ਕੀਤਾ ਕਿ 1999 ਈ. ਵਿਚ ਮਨਾਏ ਜਾਣ ਵਾਲੇ ਖ਼ਾਲਸਾ ਸਾਜਨਾ ਦੇ 300 ਸਾਲਾ ਜਸ਼ਨਾਂ ਦੌਰਾਨ ਘਟੋ-ਘਟ ਅਜਿਹੇ ਮੈਮੋਰੀਅਲ ਦਾ ਨੀਂਹ ਪੱਥਰ ਰਖ ਕੇ ਉਸ ਦੀ ਉਸਾਰੀ ਜ਼ਰੂਰ ਸ਼ੁਰੂ ਕਰ ਦਿੱਤੀ ਜਾਵੇ।

ਇਸ ਸਮਾਰਕ ਦਾ ਡਿਜ਼ਾਇਨ ਮੋਸ਼ੇ ਸਫ਼ਦੀ ਤੋਂ ਤਿਆਰ ਕਰਵਾਇਆ ਗਿਆ ਜਿਸ ਨੇ ਯਹੂਦੀ ਮੈਮੋਰੀਅਲ ਦਾ ਡਿਜ਼ਾਇਨ ਤਿਆਰ ਕੀਤਾ ਸੀ। 22 ਨਵੰਬਰ 1998 ਈ. ਨੂੰ 'ਖ਼ਾਲਸਾ ਵਿਰਾਸਤ ਕੰਪਲੈਕਸ' ਦਾ ਨੀਂਹ-ਪੱਥਰ ਰਖਿਆ ਗਿਆ। ਬਾਦਲ ਸਰਕਾਰ ਦੇ ਅਵਧੀ-ਕਾਲ ਦੀ ਸਮਾਪਤੀ ਤੋਂ ਬਾਦ ਕਾਂਗ੍ਰਸ ਸਰਕਾਰ ਇਸ ਨੂੰ ਉਸਾਰਨ ਵਿਚ ਰੁਚੀ ਲੈ ਰਹੀ ਹੈ। ਜਦੋਂ ਤਿਆਰ ਹੋ ਗਿਆ ਤਾਂ ਭਾਰਤ ਵਿਚ ਹੀ ਨਹੀਂ, ਸਗੋਂ ਬਾਹਰ ਵੀ, ਸਾਰੀ ਦੁਨੀਆ ਵਿਚ ਇਹ ਆਪਣੇ ਆਪ ਵਿਚ ਇਕ ਵਿਲੱਖਣ ਸਮਾਰਕ ਹੋਵੇਗਾ। ਇਸ ਨਾਲ ਖ਼ਾਲਸੇ ਦਾ ਪੰਜ ਸੌ ਸਾਲਾਂ ਦਾ ਇਤਿਹਾਸ ਸਜੀਵ ਹੋ ਜਾਏਗਾ।

**ਖ਼ਾਲਸੇ ਦੀਆਂ ਖੇਡਾਂ** : ਵੇਖੋ 'ਖੇਡਾਂ (ਪਰੰਪਰਿਕ)'।

**ਖ਼ਾਲਸੇ ਦੀ ਮਾਤਾ** : ਵੇਖੋ 'ਸਾਹਿਬ ਕੌਰ, ਮਾਤਾ'।

**ਖ਼ਾਲਸੇ ਦੇ ਬੋਲੇ** : ਇਨ੍ਹਾਂ ਤੋਂ ਭਾਵ ਹੈ ਕਿ ਪ੍ਰਾਚੀਨ ਸਿੰਘਾਂ ਵਲੋਂ ਪਰਸਪਰ ਪ੍ਰਯੋਗ ਵਿਚ ਲਿਆਈ ਜਾਣ ਵਾਲੀ ਸੰਕੇਤਿਕ ਸ਼ਬਦਾਵਲੀ ਜੋ ਉਹੀ ਸਮਝ ਸਕਦੇ ਸਨ। ਅਠਾਰ੍ਹਵੀਂ ਸਦੀ ਵਿਚ ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੰਘਾਂ ਉਪਰ ਜ਼ੁਲਮ ਦੀਆਂ ਜੋ ਕਾਂਗਾਂ ਚੜ੍ਹੀਆਂ ਅਤੇ ਉਨ੍ਹਾਂ ਦੀ ਪ੍ਰਤਿਕ੍ਰਿਆ ਸਰੂਪ ਹੋਂਦ ਵਿਚ ਆਇਆ 'ਦਲ ਖ਼ਾਲਸਾ' ਹੀ ਮੂਲ ਰੂਪ ਵਿਚ ਇਸ ਪ੍ਰਕਾਰ ਦੀ ਸ਼ਬਦਾਵਲੀ ਨੂੰ ਜਨਮ ਦਿੰਦਾ ਹੈ। ਇਸ ਪ੍ਰਕਾਰ ਦੇ ਬੋਲ ਚੂੰਕਿ ਜੁਝਾਰੂ ਸਿੰਘਾਂ ਨੇ ਘੜੇ ਸਨ, ਇਸ ਲਈ ਇਨ੍ਹਾਂ ਦੀ ਨੁਹਾਰ ਗਰਜਵੀਂ ਰਹੀ ਸੀ। ਇਸ ਕਰਕੇ ਇਨ੍ਹਾਂ ਦਾ ਇਕ ਨਾਮਾਂਤਰ 'ਗੜਗਜ ਬੋਲੇ' ਵੀ ਪ੍ਰਚਲਿਤ ਹੋ ਗਿਆ। ਇਨ੍ਹਾਂ ਬੋਲਿਆਂ ਨੂੰ ਘੜਨ ਦੇ ਮੁੱਖ ਤੌਰ 'ਤੇ ਚਾਰ ਕਾਰਣ ਦਸੇ ਜਾਂਦੇ ਹਨ। ਇਕ ਇਹ ਕਿ ਇਨ੍ਹਾਂ ਗੁਪਤ ਸ਼ਬਦ-ਸੰਕੇਤਾਂ ਰਾਹੀਂ ਸਿੰਘ ਇਕ ਦੂਜੇ ਤਕ ਆਪਣੀ ਗੱਲ ਪਹੁੰਚਾਉਂਦੇ ਸਨ, ਤਾਂ ਜੋ ਦੁਸ਼ਮਣ ਨੂੰ ਕਿਸੇ ਪ੍ਰਕਾਰ ਦੇ ਭੇਦ ਦੀ ਕੋਈ ਭਿਣਕ ਨ ਪੈ ਸਕੇ। ਆਧੁਨਿਕ ਯੁਗ ਵਿਚ ਵੀ ਸੂਹੀਆ ਅਤੇ ਗੁਪਤਚਰ ਵਿਭਾਗ ਇਸ ਪ੍ਰਕਾਰ ਦੇ ਕੋਡ-ਸ਼ਬਦਾਂ ਦੀ ਵਰਤੋਂ ਕਰਦੇ ਹਨ। ਹਰਨ ਹੋਣਾ (ਭਜ ਜਾਣਾ), ਸਵਾ ਲੱਖ (ਇਕ) ਆਦਿ ਸ਼ਬਦ ਇਸੇ ਤਰ੍ਹਾਂ ਦੇ ਭਾਵ ਦੇ ਸੂਚਕ ਹਨ। ਦੂਜਾ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਤੁਛ ਵਸਤੂ ਨੂੰ ਉਤਮ ਵਸਤੂ ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ, ਜਿਵੇਂ ਚਣਿਆਂ ਲਈ 'ਬਾਦਾਮ',

ਹਰੇ ਛੋਲੂਏ ਲਈ 'ਸਾਊਗੀ', ਛਪੜ ਦੇ ਪਾਣੀ ਲਈ 'ਸਰਦਾਈ'। ਤੀਜਾ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਸੰਕਟ-ਕਾਲ ਵਿਚ ਨ ਪ੍ਰਾਪਤ ਹੋ ਸਕਣ ਵਾਲੀ ਉਤਮ ਵਸਤੂ ਪ੍ਰਤਿ ਨਕਾਰਾਤਮਕ ਬਿਰਤੀ ਨੂੰ ਅਪਣਾਇਆ ਜਾਂਦਾ ਸੀ, ਜਿਵੇਂ ਹਾਥੀ ਨੂੰ ਕੱਟਾ, ਮੁਰਗੇ ਨੂੰ ਕਾਜ਼ੀ, ਘੀ ਨੂੰ ਪੰਜਵਾਂ। ਚੌਥਾ ਇਹ ਕਿ ਇਨ੍ਹਾਂ ਸ਼ਬਦਾਂ ਦੁਆਰਾ ਅਸਾਧਾਰਣ ਪ੍ਰਭਾਵ ਪਾਇਆ ਜਾਂਦਾ ਸੀ, ਜਿਵੇਂ ਲਾਲ ਮਿਰਚ ਲਈ ਲੜਾਕੀ, ਸੁਚੇਤੇ ਜਾਣ ਲਈ ਮੈਦਾਨ ਜਾਣਾ ਆਦਿ।

ਅਜਿਹੀ ਸ਼ਬਦਾਵਲੀ ਵਿਚੋਂ ਕੁਝ ਸ਼ਬਦ ਤਾਂ ਆਮ ਬੋਲ-ਚਾਲ ਦੇ ਅੰਗ ਬਣ ਗਏ ਅਤੇ ਬਹੁਤੇ ਨਿਹੰਗ ਸਿੰਘਾਂ ਤਕ ਸੀਮਿਤ ਹੋ ਗਏ। ਸੀਨਾ ਬਸੀਨਾ ਚਲੇ ਆਉਣ ਕਾਰਣ ਇਨ੍ਹਾਂ ਵਿਚੋਂ ਕਈ ਲੁਪਤ ਹੋ ਗਏ। ਕੁਝ ਵਿਦਵਾਨਾਂ ਨੇ ਇਸ ਪ੍ਰਕਾਰ ਦੀ ਸ਼ਬਦਾਵਲੀ ਨੂੰ ਪੁਸਤਕਾਂ ਵਿਚ ਇਕੱਤਰ ਕਰਨ ਦਾ ਯਤਨ ਕੀਤਾ ਹੈ। ਨਮੂਨੇ ਵਜੋਂ ਕੁਝ ਸ਼ਬਦ ਇਸ ਪ੍ਰਕਾਰ ਹਨ—ਉਗਰਾਹੀ (ਭਿਖਿਆ), ਉਜਾਗਰ (ਦੀਵਾ), ਅਕਲਦਾਨ (ਸੋਟਾ), ਅਫ਼ਲਾਤੂਨ (ਲੇਫ਼), ਅਰਾਕੀ (ਘੋੜੀ), ਅੜੰਗ ਬੜੰਗ ਹੋਣਾ (ਸੌਣਾ), ਆਕੜ ਭੰਨ੍ਹ (ਬੁਖ਼ਾਰ), ਅੰਮ੍ਰਿਤੀ (ਕੜ੍ਹੀ), ਇੰਦ੍ਰਾਣੀ (ਠੰਡੀ ਹਵਾ), ਸ਼ਹੀਦੀ ਦੇਗ (ਘੋਟੀ ਹੋਈ ਭੰਗ), ਸਬਜ ਪੁਲਾਉ (ਸਾਗ), ਸ਼ੀਸ਼ ਮਹੱਲ (ਟੁਟੀ ਹੋਈ ਛੰਨ), ਸੁਚਾਲਾ (ਲੰਗਾ), ਸੁੰਦਰੀ (ਬਹੁਕਰ), ਹਰਨੀ (ਮੱਖੀ ਜਾਂ ਜੂੰ), ਕਰਾੜੀ (ਮੂਲੀ), ਕਲਗਾ (ਗੰਜਾ), ਖੋਤੀ (ਚਿਲਮ), ਗੁਪਾਲ ਲਡੂ (ਅੰਡੇ), ਚਰਨਦਾਸੀ (ਜੁਤੀ), ਚੋਬਾਰੇ ਚੜ੍ਹਿਆ (ਬੋਲਾ), ਜਲ ਤੋਰੀ (ਮੱਛੀ), ਜਲੇਬੀ (ਜੰਡ ਦੀ ਫਲੀ), ਜ੍ਵਾਲਾਵਮਣੀ (ਬੰਦੂਕ), ਤਨਖ਼ਾਹ (ਧਾਰਮਿਕ ਦੰਡ), ਤੁਰਕਣੀ (ਵੇਸਵਾ), ਥਾਣੇਦਾਰ (ਖੋਤਾ), ਧਰਮਰਾਜ ਦੀ ਧੀ (ਨੀਂਦਰ), ਨੜੀਮਾਰ (ਹੁੱਕਾ ਪੀਣ ਵਾਲਾ), ਪਰੀ (ਭੇਡ), ਪੰਮਾ (ਬ੍ਰਾਹਮਣ), ਫਿਰਨੀ (ਚੱਕੀ), ਬਟੇਰਾ (ਬਤਾਊਂ), ਮਸਤ (ਭੁਖਾ, ਖ਼ਾਲੀ), ਮਲਿਕਾ (ਬਿੱਲੀ), ਰੱਜੀ (ਕੜਛੀ), ਰੁਪਾ (ਗੰਢਾ), ਲਖਨੇਤ੍ਰਾ (ਕਾਣਾ), ਲਾਚੀਦਾਣਾ (ਬਾਜਰਾ) ਆਦਿ।

**ਖ਼ਾਲਸੇ ਨੂੰ ਗੁਰੁਤਾ** : ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਹਾਪ੍ਰਸਥਾਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ-ਰੂਪ ਗੁਰੂ ਮੰਨਣ ਲਈ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਸੀ। ਪਰ ਖ਼ਾਲਸੇ ਨੂੰ ਵੀ ਗੁਰੁਤਾ ਸੌਂਪਣ ਦਾ ਉਲੇਖ ਪੁਰਾਤਨ ਗ੍ਰੰਥਾਂ ਵਿਚ ਮਿਲਦਾ ਹੈ, ਜਿਵੇਂ ਗੁਰੁ ਪ੍ਰਤਾਪ ਸੂਰਜ (ਰੁਤ 6, ਅਧਿ. 41) ਵਿਚ ਅੰਕਿਤ ਹੈ— *ਦਯਾ ਸਿੰਘ ਅਰ ਧਰਮ ਸਿੰਘ ਜੀ, ਮਾਨ ਸਿੰਘ ਤੀਜੋ ਬਲਬੀਰ। ਸੰਗਤ ਸਿੰਘ ਸੰਤ ਸਿੰਘ ਪੰਚਮ ਤਿਨਹੂੰ ਥਿਠਾਯੋ ਦੇ ਕਰ ਧੀਰ। ਗੁਰੁਤਾ ਅਰਪਨ ਲਗੇ ਖ਼ਾਲਸੇ ਪੰਚ ਸਿੰਘ ਤਹਿ ਸੋਹਿ ਸਰੀਰ। ਪੰਚਹੁੰ ਮੈ ਨਿਤ ਵਰਤਤ ਹੌਂ ਪੰਚ ਮਿਲਹਿ ਸੇ ਪੀਰਨ ਪੀਰ।*

'ਸਰਬਲੋਹ ਗ੍ਰੰਥ' ਵਿਚ ਅੰਕਿਤ ਹੈ — *ਪਾਵਨ ਖ਼ਾਲਸਾ ਪ੍ਰਗਟ੍ਯੋ ਚਾਰ ਵਰਣ ਆਸ਼੍ਰਮ ਸੁਭ ਪੰਥ। ਇਨ ਕੋ ਦਰਸਨ ਗੁਰੁ ਕੋ ਦਰਸਨ ਬੋਲਨ ਗੁਰੂ ਸਬਦ ਗੁਰੁ ਗ੍ਰੰਥਾਂ।*

ਇਥੇ ਇਹ ਗੱਲ ਭਲੀ-ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ 'ਸ਼ਬਦ ਰੂਪ' ਗੁਰੂ ਸਰੂਪ ਹੈ। ਇਸ ਨੂੰ ਅਸੀਂ ਗੁਰੂ ਦੀ ਆਤਮਾ ਕਹਿ ਸਕਦੇ ਹਾਂ। ਪੰਚ ਖ਼ਾਲਸਾ ਗੁਰੂ ਦਾ ਦੇਹ-ਸਰੂਪ ਹੈ। ਅਰਥਾਤ ਜਦੋਂ ਕੋਈ ਪੰਥਕ ਕਾਰਜ ਕਰਨ ਲਈ ਸ਼ਬਦ ਤੋਂ ਹਟ ਕੇ ਦੇਹ ਦੀ ਕ੍ਰਿਆਤਮਕ ਲੋੜ ਹੋਵੇ, ਉਦੋਂ ਪੰਚ ਪ੍ਰਧਾਨੀ ਖ਼ਾਲਸਾ ਗੁਰੂ ਰੂਪ ਹੈ। ਧਿਆਨ ਰਹੇ ਕਿ ਆਤਮਾ ਤੋਂ ਬਿਨਾ ਦੇਹ ਨਿਸ਼-ਕ੍ਰਿਯ (ਕ੍ਰਿਆਹੀਨ) ਹੈ। ਇਸ ਲਈ ਬਾਣੀ ਤੋਂ ਬਿਨਾ ਪੰਚ ਖ਼ਾਲਸਾ ਦੀ ਕੋਈ ਸੁਤੰਤਰ ਸੱਤਾ ਨਹੀਂ।

**ਖਾਲੜਾ** (ਪਿੰਡ): ਅੰਮ੍ਰਿਤਸਰ ਜ਼ਿਲ੍ਹੇ ਦੇ ਪੱਟੀ ਨਗਰ ਤੋਂ 27 ਕਿ.ਮੀ. ਉੱਤਰ-ਪੱਛਮ ਵਲ ਸਥਿਤ ਇਕ ਪਿੰਡ ਜਿਥੇ ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਦੌਰਾਨ ਬਿਰਾਜੇ ਸਨ। ਇਸ ਸਥਾਨ ਉਤੇ ਜੋ ਗੁਰੂ-ਧਾਮ ਉਸਰਿਆ ਹੋਇਆ ਸੀ, ਉਹ ਸੰਨ 1965 ਈ. ਦੀ ਭਾਰਤ-ਪਾਕ ਲੜਾਈ ਵਿਚ ਨਸ਼ਟ ਹੋ ਗਿਆ। ਸੰਨ 1980 ਈ. ਵਿਚ ਉਥੋਂ ਦੀ ਸੰਗਤ ਨੇ ਉਦਮ ਕਰਕੇ ਨਵੀਂ ਇਮਾਰਤ ਉਸਾਰੀ ਹੈ। ਭਾਵੇਂ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਉਥੋਂ ਦੀ ਸਥਾਨਕ ਕਮੇਟੀ ਹੀ ਕਰਦੀ ਹੈ।

**ਖਿਆਲਾ ਕਲਾਂ** (ਕਸਬਾ) : ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਮਾਨਸਾ ਨਗਰ ਤੋਂ ਉੱਤਰ ਵਾਲੇ ਪਾਸੇ ਅੱਠ ਕਿ.ਮੀ. ਦੀ ਵਿਥ ਉਤੇ ਵਸਿਆ ਇਕ ਕਸਬਾ ਜਿਥੇ ਗੁਰ ਤੇਗ ਬਹਾਦੁਰ ਜੀ ਪਧਾਰੇ ਸਨ। ਕਹਿੰਦੇ ਹਨ ਕਿ ਗੁੱਜਰ ਰਾਮ ਨਾਂ ਦਾ ਇਕ ਬ੍ਰਾਹਮਣ ਕਿਸਾਨ ਆਪਣੇ ਖੇਤਾਂ ਤੋਂ ਪਰਤ ਕੇ ਜਦ ਪਿੰਡ ਵੜਿਆ ਤਾਂ ਉਸ ਨੂੰ ਗੁਰੂਜੀ ਦੀ ਆਮਦ ਦਾ ਪਤਾ ਚਲਿਆ।

ਉਹ ਗੁਰੂ ਸਾਹਿਬ ਦੀ ਸੇਵਾ ਵਿਚ ਦੁੱਧ ਦੀ ਗਾਗਰ ਭੇਂਟ ਕਰਨ ਲਈ ਹਾਜ਼ਰ ਹੋਇਆ। ਦੁੱਧ ਨੂੰ ਆਪਣੇ ਸਿੱਖਾਂ ਵਿਚ ਵੰਡਦਿਆਂ ਗੁਰੂ ਜੀ ਨੇ ਬ੍ਰਾਹਮਣ ਨੂੰ ਅਸੀਸ ਦਿੱਤੀ ਕਿ ਤੇਰੀ ਗਾਗਰ ਸਦਾ ਦੁੱਧ ਦੀ ਭਰੀ ਰਹੇਗੀ। ਗੁਰੂ ਜੀ ਨੇ ਉਸ ਨੂੰ ਇਕ ਕਟੋਰਾ ਵੀ ਬਖ਼ਸ਼ਿਆ ਜੋ ਹੁਣ ਵੀ ਉਸ ਦੇ ਪਰਿਵਾਰ ਪਾਸ ਮੌਜੂਦ ਹੈ। ਉਸ ਸਥਾਨ ਉਤੇ ਜੋ ਗੁਰੂ-ਧਾਮ ਉਸਾਰਿਆ ਗਿਆ, ਉਹ 'ਗੁਰਦੁਆਰਾ ਪਾਤਿਸ਼ਾਹੀ ਨੌਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਉਸ ਦਾ ਇਕ ਨਾਮਾਂਤਰ 'ਗੁਰਦੁਆਰਾ ਮਹੰਤਾਂ ਵਾਲਾ' ਵੀ ਹੈ। ਉਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਉਪਰੋਕਤ ਗੁਰਦੁਆਰੇ ਦੇ ਨੇੜੇ ਇਕ ਹੋਰ ਗੁਰਦੁਆਰਾ ਉਸ ਬੇਰ ਬ੍ਰਿਛ ਦੇ ਕੋਲ ਬਣਾਇਆ ਗਿਆ ਹੈ ਜਿਸ ਹੇਠਾਂ ਗੁਰੂ ਜੀ ਬੈਠੇ ਸਨ। ਇਸ ਦਾ ਪ੍ਰਬੰਧ ਸਥਾਨਕ ਸੰਗਤ ਕਰਦੀ ਹੈ।

ਇਸ ਕਸਬੇ ਵਿਚ ਤੀਜਾ ਗੁਰੂ-ਧਾਮ 'ਗੁਰਦੁਆਰਾ ਤੀਰਸਰ ਮਿੱਠਾ ਖੂਹ' ਦੇ ਨਾਂ ਨਾਲ ਪ੍ਰਸਿੱਧ ਹੈ। ਰਵਾਇਤ ਹੈ ਕਿ ਗੁਰੂ ਜੀ ਅਗੇ ਉਥੋਂ ਦੇ ਵਾਸੀਆਂ ਨੇ ਬੇਨਤੀ ਕੀਤੀ ਕਿ ਉਥੋਂ ਦਾ ਜਲ ਖਾਰਾ ਹੈ। ਗੁਰੂ ਜੀ ਨੇ ਇਕ ਤੀਰ ਛਡਿਆ ਅਤੇ ਕਿਹਾ ਕਿ ਜਿਥੇ ਇਹ ਤੀਰ ਡਿਗੇ, ਉਥੇ ਖੂਹ ਪੁਟੋ ਜਲ ਮਿੱਠਾ ਨਿਕਲੇਗਾ। ਉਥੇ ਬੋਹੜ ਦਾ ਇਕ ਬ੍ਰਿਛ ਵੀ ਲਗਾਇਆ ਗਿਆ। ਮਿੱਠੇ ਜਲ ਵਾਲਾ ਪੁਰਾਤਨ ਖੂਹ ਹੁਣ ਵੀ ਮੌਜੂਦ ਹੈ ਅਤੇ ਉਦਮ ਕਰਕੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਨੇ ਉਥੇ ਨਵਾਂ ਗੁਰੂ-ਧਾਮ ਉਸਾਰਿਆ ਹੈ ਜਿਸ ਦਾ ਪ੍ਰਬੰਧ ਉਹ ਆਪ ਕਰਦੇ ਹਨ।

**ਖਿਜ਼ਰਾਬਾਦ** (ਪਿੰਡ): ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਇਕ ਪਿੰਡ ਜਿਥੇ ਗੁਰੂ ਗੋਬਿੰਦ ਸਿੰਘ ਜੀ ਸੰਨ 1688 ਈ. ਵਿਚ ਪਾਉਂਟਾ ਸਾਹਿਬ ਤੋਂ ਆਨੰਦਪੁਰ ਨੂੰ ਪਰਤਦਿਆਂ ਇਕ ਪਿੱਪਲ ਦੇ ਬ੍ਰਿਛ ਹੇਠਾਂ ਠਹਿਰੇ ਸਨ। ਉਸ ਸਥਾਨ ਉਤੇ 'ਗੁਰਦੁਆਰਾ ਦਮਦਮਾ ਸਾਹਿਬ' ਉਸਰਿਆ ਹੋਇਆ ਹੈ, ਜਿਸ ਦੀ ਸੇਵਾ ਬਾਬਾ ਲੱਖਾ ਸਿੰਘ ਵਲੋਂ ਕਰਵਾਈ ਗਈ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ। ਹਰ ਮਸਿਆ ਨੂੰ ਇਥੇ ਦੀਵਾਨ ਸਜਾਏ ਜਾਂਦੇ ਹਨ।

ਇਥੇ ਇਕ 'ਡੇਰਾ ਬਾਬਾ ਜ਼ੋਰਾਵਰ ਸਿੰਘ' ਨਾਂ ਦੀ ਇਮਾਰਤ ਵੀ ਹੈ ਜਿਥੇ ਹਰ ਸਾਲ 21 ਤੋਂ 23 ਮਾਰਚ ਨੂੰ ਬਹੁਤ ਸੰਗਤ ਜੁੜਦੀ ਹੈ। ਇਸ ਡੇਰੇ ਦਾ ਸੰਬੰਧ ਬਸੀ ਪਠਾਣਾਂ ਦੇ ਇਕ ਤ੍ਰਿਖਾਣ ਭਾਈ ਨੱਥੂ ਰਾਮ ਲੌਟਾ ਦੇ ਛੋਟੇ ਪੁੱਤਰ ਜ਼ੋਰਾਵਰ ਸਿੰਘ ਨਾਲ ਹੈ ਜੋ ਗੁਰੂ-ਦਰਬਾਰ ਵਿਚ ਹੀ ਪਲਿਆ ਅਤੇ ਵੱਡਾ ਹੋਇਆ। ਇਸ ਦੀ ਸ਼ਕਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਾਲ ਮਿਲਦੀ ਸੀ। ਇਸ ਲਈ ਇਸ ਨੂੰ ਪਾਲਿਤ ਪੁੱਤਰ ਵਜੋਂ ਸਮਝਿਆ ਜਾਣ ਲਗਾ। ਆਨੰਦਪੁਰ ਦਾ ਕਿਲ੍ਹਾ ਛਡਣ ਵੇਲੇ ਇਹ ਗੁਰੂ ਜੀ ਦੇ ਨਾਲ ਰਿਹਾ ਅਤੇ ਚਮਕੌਰ ਦੀ ਲੜਾਈ ਤੋਂ ਪਹਿਲਾਂ ਮਲਿਕਪੁਰ ਰੰਘੜਾਂ ਵਿਚ ਹੋਈ ਇਕ ਭਿੜੰਤ ਵਿਚ ਘਾਇਲ ਹੋ ਗਿਆ। ਜ਼ਖ਼ਮਾਂ ਦੇ ਠੀਕ ਹੋਣ ਤੇ ਇਹ ਖਿਜ਼ਰਾਬਾਦ ਵਲ ਨਿਕਲ ਗਿਆ। ਬਾਦ ਵਿਚ ਇਹ ਰਾਜਸਥਾਨ ਵਿਚ ਗੁਰੂ ਜੀ ਨੂੰ ਜਾ ਮਿਲਿਆ ਅਤੇ ਚਤੌੜਗੜ੍ਹ ਨੇੜੇ ਹੋਈ ਇਕ ਲੜਾਈ ਵਿਚ 3 ਅਪ੍ਰੈਲ 1708 ਈ. (6 ਵਿਸਾਖ, 1765 ਬਿ.) ਨੂੰ ਮਾਰਿਆ ਗਿਆ। ਉਸ ਦੀ ਯਾਦ ਵਿਚ ਇਹ ਡੇਰਾ ਬਣਾਇਆ ਗਿਆ। ਵੇਖੋ 'ਜ਼ੋਰਾਵਰ ਸਿੰਘ (ਪਾਲਿਤ)'।

**ਖੀਵਾ ਕਲਾਂ** (ਪਿੰਡ): ਪੰਜਾਬ ਪ੍ਰਾਂਤ ਦੇ ਮਾਨਸਾ ਜ਼ਿਲ੍ਹੇ ਦੇ ਭੀਖੀ ਸ਼ਹਿਰ ਤੋਂ 6 ਕਿ.ਮੀ. ਉਤਰ ਵਲ ਵਸਿਆ ਇਕ ਪਿੰਡ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਮਾਲਵਾ ਖੇਤਰ ਦੇ ਪ੍ਰਚਾਰ-ਯਾਨ ਵੇਲੇ ਚਰਣ ਪਾਏ ਸਨ। ਇਸ ਪਿੰਡ ਦੇ ਕੇਵਲ ਇਕੋ ਵਿਅਕਤੀ ਭਾਈ ਸਿੰਘਾ ਨੇ ਗੁਰੂ ਜੀ ਦੀ ਸੇਵਾ ਕੀਤੀ। ਉਸ ਨੇ ਲੰਗਰ ਲਈ ਲਕੜੀਆਂ ਲਿਆਉਂਦੀਆਂ ਅਤੇ ਭੋਜਨ ਤਿਆਰ ਕਰਨ ਲਈ ਬਰਤਨਾਂ ਦੀ ਵਿਵਸਥਾ ਕੀਤੀ ਅਤੇ ਘੋੜਿਆਂ ਲਈ ਤੂੜੀ ਅਤੇ ਦਾਣੇ ਦਾ ਪ੍ਰਬੰਧ ਵੀ ਕੀਤਾ। ਜਿਥੇ ਗੁਰੂ ਜੀ ਨੇ ਉਤਾਰਾ ਕੀਤਾ, ਉਥੇ ਬਾਦ ਵਿਚ ਸਮਾਰਕ ਕਾਇਮ ਕੀਤਾ ਗਿਆ। ਹੁਣ ਉਥੇ ਨਵੀਂ ਇਮਾਰਤ ਬਣੀ ਹੋਈ ਹੈ ਜੋ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਿਸ਼ਾਹੀ ਨੌਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਗੁਰੂ-ਧਾਮ ਦਾ ਪ੍ਰਬੰਧ ਸਥਾਨਕ ਕਮੇਟੀ ਦੀ ਸਹਾਇਤਾ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਥੇ ਸਿੱਖ ਪੁਰਬਾਂ ਤੋਂ ਇਲਾਵਾ ਹਰ ਮਹੀਨੇ ਦੀ ਸੰਗ੍ਰਾਂਦ ਨੂੰ ਉਚੇਚੀ ਸੰਗਤ ਜੁੜਦੀ ਹੈ।

**ਖੀਵੀ, ਮਾਤਾ** (1507-1582 ਈ.): ਦੂਜੇ ਸਿੱਖ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਮਾਤਾ ਖੀਵੀ ਜੀ ਖਡੂਰ

ਕਸਬੇ ਦੇ ਨੇੜੇ ਸੰਗਰ ਪਿੰਡ ਦੇ ਨਿਵਾਸੀ ਭਾਈ ਦੇਵੀ ਚੰਦ ਮਰਵਾਹ ਖਤ੍ਰੀ ਦੀ ਸੁਪੁੱਤਰੀ ਸਨ। ਆਪ ਦਾ ਜਨਮ ਕਦ ਹੋਇਆ ? ਇਸ ਬਾਰੇ ਇਤਿਹਾਸ ਚੁਪ ਹੈ, ਪਰ ਤੱਥਾਂ ਬਾਰੇ ਕੁਝ ਕੁ ਸੰਬੰਧ-ਸੂਤਰਾਂ ਨੂੰ ਜੋੜਨ 'ਤੇ ਪਤਾ ਚਲਦਾ ਹੈ ਕਿ ਆਪ ਦਾ ਜਨਮ 1507 ਈ. ਦੇ ਨੇੜੇ-ਤੇੜੇ ਹੋਇਆ ਹੋਵੇਗਾ। ਗੁਰੂ ਅੰਗਦ ਦੇਵ ਜੀ ਨਾਲ ਆਪ ਦਾ ਵਿਆਹ 15 ਨਵੰਬਰ 1519 ਈ. (1576 ਬਿ.) ਵਿਚ ਹੋਇਆ ਅਤੇ ਦੇਹਾਂਤ ਗੁਰੂ ਅੰਗਦ ਦੇਵ ਜੀ ਦੇ ਮਹਾਪ੍ਰਸਥਾਨ ਤੋਂ ਲਗਭਗ 30 ਵਰ੍ਹੇ ਬਾਦ ਸੰਨ 1582 ਈ. (1639 ਬਿ.) ਵਿਚ ਹੋਇਆ। ਆਪ ਜੀ ਦੀ ਕੁਖੋਂ ਦੋ ਪੁੱਤਰਾਂ (ਦਾਸੂ ਅਤੇ ਦਾਤੂ) ਅਤੇ ਦੋ ਪੁੱਤਰੀਆਂ (ਬੀਬੀ ਅਮਰੋ ਅਤੇ ਬੀਬੀ ਅਣੋਖੀ) ਨੇ ਜਨਮ ਲਿਆ। ਸਭ ਤੋਂ ਵੱਡੇ ਪੁੱਤਰ ਦਾਸੂ ਦਾ ਜਨਮ ਸੰਨ 1522 ਈ. ਵਿਚ ਹੋਇਆ ਅਤੇ ਛੋਟੇ ਪੁੱਤਰ ਦਾਤੂ ਨੇ ਸੰਨ 1537 ਈ. ਵਿਚ ਜਨਮ ਲਿਆ। ਦੋਵੇਂ ਪੁੱਤਰੀਆਂ ਇਨ੍ਹਾਂ ਦੋਹਾਂ ਦੇ ਵਿਚਲੇ ਸਮੇਂ ਵਿਚ ਪੈਦਾ ਹੋਈਆਂ।

ਖੀਵੀ ਜੀ ਦੇ ਪਿਤਾ ਭਾਈ ਦੇਵੀ ਚੰਦ ਖਡੂਰ ਤੋਂ ਲਗਭਗ ਚਾਰ ਕਿ.ਮੀ. ਦੀ ਵਿਥ ਉਤੇ ਸੰਗਰ ਪਿੰਡ ਵਿਚ ਦੁਕਾਨਦਾਰੀ ਦੇ ਨਾਲ ਨਾਲ ਸ਼ਾਹੂਕਾਰਾ ਵੀ ਕਰਦੇ ਸਨ। ਉਨ੍ਹਾਂ ਨੇ ਖੀਵੀ ਜੀ ਦਾ ਵਿਆਹ 'ਮਤੇ ਦੀ ਸਰਾਂ' ਦੇ ਭਾਈ ਫੇਰੂ ਮੱਲ ਦੇ ਪੁੱਤਰ ਭਾਈ ਲਹਿਣਾ ਜੀ ਨਾਲ ਕੀਤਾ। ਕੁਝ ਸਮੇਂ ਬਾਦ ਭਾਈ ਫੇਰੂ ਮੱਲ ਪਰਿਵਾਰ ਸਹਿਤ ਖਡੂਰ ਕਸਬੇ ਵਿਚ ਆ ਵਸੇ ਅਤੇ ਆਪਣਾ ਚੰਗਾ ਕਾਰ-ਵਪਾਰ ਚਲਾ ਲਿਆ। ਸੰਨ 1526 ਈ. ਵਿਚ ਫੇਰੂ ਮੱਲ ਦੇ ਦੇਹਾਂਤ ਤੋਂ ਬਾਦ ਕੰਮ-ਕਾਰ ਦੀ ਸਾਰੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਉਤੇ ਆ ਪਈ। ਦੇਵੀ ਦੇ ਉਪਾਸਕ ਹੋਣ ਕਾਰਣ ਭਾਈ ਲਹਿਣਾ ਜੀ ਹਰ ਸਾਲ ਜਵਾਲਾਮੁਖੀ ਦੀ ਯਾਤ੍ਰਾ ਉਤੇ ਜਾਂਦੇ ਸਨ। ਆਖ਼ਰੀ ਵਾਰ ਉਹ ਯਾਤ੍ਰਾ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਰੁਕੇ ਅਤੇ ਗੁਰੂ ਨਾਨਕ ਦੇਵ ਜੀ ਦੇ ਹੀ ਹੋ ਗਏ। ਕੁਝ ਸਮੇਂ ਬਾਦ ਭਾਈ ਲਹਿਣਾ ਨੂੰ ਗੁਰੂ ਜੀ ਨੇ ਘਰ ਪਰਤਣ ਲਈ ਕਿਹਾ। ਘਰ ਪਰਤਣ ਉਪਰੰਤ ਗੁਰੂ ਨਾਨਕ ਦੇਵ ਜੀ ਖਡੂਰ ਸਾਹਿਬ ਗਏ। ਖੀਵੀ ਜੀ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਬੇਮਿਸਾਲ ਸੇਵਾ ਕੀਤੀ ਅਤੇ ਇਸ ਤਰ੍ਹਾਂ ਭਾਈ ਲਹਿਣਾ ਦੇ ਗੁਰੂ ਅੰਗਦ ਬਣਨ ਲਈ ਨਿਸ਼ਕਾਮ ਭੂਮਿਕਾ ਨਿਭਾਈ।

ਗੁਰੂ ਅੰਗਦ ਦੇਵ ਜੀ ਦੇ ਗੁਰੂ-ਕਾਲ ਵਿਚ ਆਪ ਨੇ ਸਾਧ-ਸੰਗਤ ਦੀ ਜਿਸ ਮਗਨਤਾ ਅਤੇ ਉਦਾਰਤਾ ਨਾਲ ਸੇਵਾ ਕੀਤੀ ਅਤੇ ਲੰਗਰ ਦੀ ਪ੍ਰਥਾ ਨੂੰ ਜੋ ਗੌਰਵ ਪ੍ਰਦਾਨ ਕੀਤਾ, ਉਸ ਬਾਰੇ ਰਾਮਕਲੀ ਦੀ ਵਾਰ ਵਿਚ ਬਲਵੰਡ ਕਵੀ ਨੇ ਦਸਿਆ ਹੈ — *ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ। ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।* (ਗੁ.ਗ੍ਰੰ.967)

ਸੰਨ 1552 ਈ. ਵਿਚ ਗੁਰੂ ਅੰਗਦ ਦੇਵ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਵੀ ਆਪ ਗੁਰੂ-ਗੱਦੀ ਨਾਲ ਜੁੜੇ ਰਹੇ। ਗੁਰੂ ਅੰਗਦ ਦੇਵ ਜੀ ਦੁਆਰਾ ਗੁਰੂ ਅਮਰਦਾਸ ਜੀ ਨੂੰ ਆਪਣਾ ਉਤਰਾਧਿਕਾਰੀ ਘੋਸ਼ਿਤ ਕਰਨ ਤੋਂ ਬਾਦ ਗੁਰੂ-ਗੱਦੀ ਸੰਬੰਧੀ ਜੋ ਕਲੇਸ਼ ਦਾਸੂ ਅਤੇ ਦਾਤੂ ਨੇ ਖੜਾ ਕੀਤਾ, ਉਸ ਨੂੰ ਖ਼ਤਮ ਕਰਨ ਵਿਚ ਮਾਤਾ ਖੀਵੀ ਦੀ ਉਚੇਚੀ ਦੇਣ ਹੈ। ਦਾਤੂ ਨੇ ਤਾਂ ਭਾਵੇਂ ਇਸ ਗੱਲ ਨੂੰ ਬਹੁਤ ਸ਼ਿਦਤ ਨਾਲ ਨ ਲਿਆ ਅਤੇ ਜਲਦੀ ਹੀ ਹਾਲਾਤ ਨਾਲ ਸਮਝੌਤਾ ਕਰ ਲਿਆ, ਪਰ ਦਾਸੂ ਨੇ ਖਡੂਰ ਸਾਹਿਬ ਵਿਚ ਆਪਣੀ ਸਮਾਨਾਂਤਰ ਗੱਦੀ ਕਾਇਮ ਕਰ ਲਈ। ਆਖ਼ਿਰ ਸਮਝਾ ਬੁਝਾ ਕੇ ਖੀਵੀ ਜੀ ਦਾਸੂ ਨੂੰ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਲੈ ਆਏ ਅਤੇ ਗੁਰੂ ਜੀ ਤੋਂ ਉਸ ਦੀ ਭੁਲ ਬਖ਼ਸ਼ਵਾਈ।

ਮਾਤਾ ਖੀਵੀ ਨੇ ਨ ਕੇਵਲ ਗੁਰੂ ਅੰਗਦ ਜੀ ਦੇ ਜੀਉਂਦੇ ਜੀ ਉਨ੍ਹਾਂ ਦੇ ਧਰਮ-ਪ੍ਰਚਾਰ ਵਿਚ ਆਪਣਾ ਅਦੁੱਤੀ ਯੋਗਦਾਨ ਪਾਇਆ ਸਗੋਂ ਉਨ੍ਹਾਂ ਤੋਂ ਬਾਦ ਪੈਦਾ ਹੋਣ ਵਾਲੀ ਵਿਰੋਧਾਭਾਸੀ ਸਥਿਤੀ ਨੂੰ ਵੀ ਸਹਿਜ ਕੀਤਾ ਅਤੇ ਗੁਰੂ-ਪਰੰਪਰਾ ਨੂੰ ਸਹੀ ਦਿਸ਼ਾ ਵਿਚ ਵਿਕਸਿਤ ਹੋਣ ਵਿਚ ਆਪਣੀ ਭੂਮਿਕਾ ਨਿਭਾਈ।

**ਖ਼ੁਸ਼ਹਾਲ ਸਿੰਘ, ਜਮਾਦਾਰ** (1790-1844 ਈ.): ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਇਕ ਉਚ-ਅਧਿਕਾਰੀ ਜਿਸ ਦਾ ਜਨਮ ਹਰਿਗੋਬਿੰਦ ਨਾਂ ਦੇ ਗੌੜ ਬ੍ਰਾਹਮਣ ਦੇ ਘਰ ਉਤਰ ਪ੍ਰਦੇਸ਼ ਦੇ ਮੇਰਠ ਜ਼ਿਲ੍ਹੇ ਦੇ ਇਕਰੀ ਨਾਂ ਦੇ ਪਿੰਡ ਵਿਚ ਸੰਨ 1790 ਈ. ਵਿਚ ਹੋਇਆ। ਇਹ ਸੰਨ 1807 ਈ. ਵਿਚ ਲਾਹੌਰ ਆਇਆ ਅਤੇ ਲਾਹੌਰ ਦਰਬਾਰ ਦੀ ਫ਼ੌਜ ਦੀ ਧੌਂਕਲ ਸਿੰਘ ਦੀ ਪਲਟਨ ਵਿਚ ਸਿਪਾਹੀ ਭਰਤੀ ਹੋਇਆ। ਇਸ ਦੀ ਡੀਲ-ਡੌਲ ਨੇ ਮਹਾਰਾਜਾ ਸਾਹਿਬ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਦਾ ਮੂਲ ਨਾਂ ਖ਼ੁਸ਼ਹਾਲ ਰਾਮ ਸੀ, ਪਰ ਸੰਨ 1812 ਈ. ਵਿਚ

ਅੰਮ੍ਰਿਤ ਪਾਨ ਕਰਕੇ ਖ਼ੁਸ਼ਹਾਲ ਸਿੰਘ ਬਣ ਗਿਆ। ਪਹਿਲਾਂ ਮਹਾਰਾਜਾ ਸਾਹਿਬ ਨੇ ਇਸ ਨੂੰ ਆਪਣਾ 'ਖ਼ਿਦਮਤਗਾਰ' ਨਿਯੁਕਤ ਕੀਤਾ ਅਤੇ ਹੌਲੀ ਹੌਲੀ ਤਰੱਕੀ ਕਰਦਿਆਂ ਡਿਉੜੀਦਾਰ ਬਣ ਗਿਆ। ਆਮ ਤੌਰ 'ਤੇ ਇਸ ਨੂੰ 'ਜਮਾਦਾਰ ਸਾਹਿਬ' ਕਿਹਾ ਜਾਂਦਾ ਸੀ। ਮਹੱਲ ਅਤੇ ਦਰਬਾਰ ਵਿਚ ਇਸ ਦੀ ਆਗਿਆ ਤੋਂ ਬਿਨਾ ਪ੍ਰਵੇਸ਼ ਕਰਨਾ ਜਾਂ ਮਹਾਰਾਜਾ ਸਾਹਿਬ ਨੂੰ ਮਿਲਣਾ ਸਰਲ ਨਹੀਂ ਸੀ। ਸੈਨਿਕ ਖੇਤਰ ਵਿਚ ਇਸ ਦਾ ਨਾਂ ਮਾਣ ਨਾਲ ਲਿਆ ਜਾਂਦਾ ਸੀ। ਮਹਾਰਾਜਾ ਸਾਹਿਬ ਨੇ ਇਸ ਨੂੰ ਕਸ਼ਮੀਰ, ਮੁਲਤਾਨ, ਮਨਕੇਰਾ, ਡੇਰਾਜਾਤ, ਪੇਸ਼ਾਵਰ, ਕਾਂਗੜਾ ਆਦਿ ਦੀਆਂ ਕਈ ਫ਼ੌਜੀ ਮੁਹਿੰਮਾਂ ਵਿਚ ਭਾਗ ਲੈਣ ਲਈ ਵੀ ਭੇਜਿਆ ਸੀ।

ਕੰਵਰ ਨੌਨਿਹਾਲ ਸਿੰਘ ਦਾ ਇਹ ਮਨਜ਼ੂਰੇ-ਨਜ਼ਰ ਸੀ, ਪਰ ਮਹਾਰਾਜਾ ਸ਼ੇਰ ਸਿੰਘ ਵੇਲੇ ਇਸ ਦੀ ਕਦਰ ਘਟ ਗਈ, ਕਿਉਂਕਿ ਇਸ ਨੇ ਮਹਾਰਾਣੀ ਚੰਦ ਕੌਰ ਦਾ ਪੱਖ ਲਿਆ ਸੀ। ਇਸੇ ਕਰਕੇ ਧਿਆਨ ਸਿੰਘ ਡੋਗਰਾ ਦੀ ਨਜ਼ਰ ਵੀ ਇਸ ਪ੍ਰਤਿ ਸਵਲੀ ਨਹੀਂ ਸੀ। ਹੀਰਾ ਸਿੰਘ ਦੇ ਵਜ਼ੀਰ ਬਣਨ 'ਤੇ ਇਸ ਦੀ ਜਾਗੀਰ ਦਾ ਕੁਝ ਹਿੱਸਾ ਜ਼ਬਤ ਕਰ ਲਿਆ ਗਿਆ। ਇਸ ਅਪਮਾਨ ਨੂੰ ਸਹਿਨ ਨ ਕਰਦਾ ਹੋਇਆ 18 ਜੂਨ 1844 ਈ. ਨੂੰ ਇਹ ਗੁਜ਼ਰ ਗਿਆ।

**ਖ਼ੁਸ਼ਦੇਵ ਸਿੰਘ, ਡਾਕਟਰ** (1902-1988 ਈ.): ਇਕ ਨਿਰਸੁਆਰਥ ਡਾਕਟਰ ਅਤੇ ਸਮਾਜ-ਸੇਵਕ ਡਾ. ਖ਼ੁਸ਼ਦੇਵ ਸਿੰਘ ਦਾ ਜਨਮ 30 ਮਈ 1902 ਈ. ਨੂੰ ਹੋਇਆ। ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਪੜ੍ਹਾਈ ਖ਼ਤਮ ਕਰਨ ਉਪਰੰਤ ਇਹ ਕਿੰਗ ਐਡਵਰਡ ਮੈਡੀਕਲ ਕਾਲਜ, ਲਾਹੌਰ ਵਿਚ ਦਾਖ਼ਲ ਹੋਇਆ ਅਤੇ ਉਥੋਂ ਸੰਨ 1925 ਈ. ਵਿਚ ਐਮ.ਬੀ.ਬੀ.ਐਸ. ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1926 ਈ. ਵਿਚ ਪਟਿਆਲੇ ਦੇ ਸਿਹਤ ਮਹਿਕਮੇ ਵਿਚ ਨੌਕਰੀ ਸ਼ੁਰੂ ਕੀਤੀ।

ਸੰਨ 1930 ਈ. ਵਿਚ ਇਸ ਨੂੰ ਪਟਿਆਲਾ- ਪਤਿ ਮਹਾਰਾਜਾ ਭੂਪਿੰਦਰ ਸਿੰਘ ਨੇ ਚੈਲ ਵਿਚਲੀ ਡਿਸਪੈਂਸਰੀ ਦਾ ਮੁਖੀ ਬਣਾ ਦਿੱਤਾ। ਇਸ ਨੇ ਤਪੇਦਿਕ (ਟੀ.ਬੀ.) ਦੀ ਬੀਮਾਰੀ ਸੰਬੰਧੀ ਵਿਸ਼ੇਸ਼ ਖੋਜ ਕਰਨੀ ਸ਼ੁਰੂ ਕੀਤੀ ਅਤੇ ਸੰਨ 1928 ਈ. ਵਿਚ ਬੰਬਈ ਮੈਡੀਕਲ ਯੂਨੀਅਨ ਨੇ ਡਾ. ਬੀ.ਐਸ. ਸ਼ਰਾਫ਼ ਦੀ ਯਾਦ ਵਿਚ ਤਪੇਦਿਕ ਦੀ ਬੀਮਾਰੀ ਦੀ ਰੋਕ ਸੰਬੰਧੀ ਖੋਜ ਕਰਨ ਦੇ ਉਪਲਕਸ਼ ਵਿਚ ਸੋਨੇ ਦਾ ਤਮਗ਼ਾ ਦਿੱਤਾ ਗਿਆ। ਸੰਨ 1939 ਈ. ਵਿਚ ਟੁਬਰਕੁਲੋਸਿਸ ਐਸੋਸੀਏਸ਼ਨ ਸਥਾਪਿਤ ਕੀਤੀ ਗਈ ਅਤੇ ਉਸ ਸੰਸਥਾ ਦਾ ਇਨ੍ਹਾਂ ਨੂੰ ਫਾਊਂਡਰ ਮੈਂਬਰ ਬਣਾਇਆ ਗਿਆ। ਇਹ ਉਸ ਸੰਸਥਾ ਨਾਲ ਜੀਵਨ ਦੇ ਅੰਤ ਤਕ ਜੁੜੇ ਰਹੇ। ਸੰਨ 1948 ਈ. ਵਿਚ ਸੰਗਰੂਰ ਦੇ ਨੇੜੇ 'ਹਰਮੀਟੇਜ' ਕੋਠੀ ਵਿਚ ਤਪੇਦਿਕ ਦੇ ਰੋਗੀਆਂ ਲਈ ਸੌ ਬਿਸਤਰੀਆਂ ਵਾਲਾ ਹਸਪਤਾਲ ਖੋਲ੍ਹਿਆ। ਸੰਨ 1953 ਈ. ਵਿਚ ਪਟਿਆਲੇ ਅੰਦਰ ਟੀ.ਬੀ. ਦਾ ਹਸਪਤਾਲ ਕਾਇਮ ਕਰਕੇ ਉਸ ਸਮੇਂ ਦੀ ਕੇਂਦਰ ਸਰਕਾਰ ਦੀ ਸਿਹਤ ਮੰਤਰੀ ਰਾਜਕੁਮਾਰੀ ਅੰਮ੍ਰਿਤ ਕੌਰ ਤੋਂ ਉਦਘਾਟਨ ਕਰਵਾਇਆ। ਇਸ ਤੋਂ ਇਲਾਵਾ ਤਪੇਦਿਕ ਬਾਰੇ ਕੌਮਾਂਤਰੀ ਕਾਨਫ਼੍ਰੰਸਾਂ ਵਿਚ ਸ਼ਾਮਲ ਹੋ ਕੇ ਆਪਣਾ ਯੋਗਦਾਨ ਪਾਇਆ। ਤਪੇਦਿਕ ਸੰਬੰਧੀ ਕੀਤੀਆਂ ਸੇਵਾਵਾਂ ਕਾਰਣ ਪੰਜਾਬ ਸਰਕਾਰ ਨੇ ਸੰਨ 1978 ਈ. ਵਿਚ ਆਪ ਨੂੰ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਸੰਨ 1957 ਈ. ਵਿਚ ਆਪ ਦੇ ਤਪੇਦਿਕ ਦੇ ਖੇਤਰ ਵਿਚ ਪਾਏ ਯੋਗਦਾਨ ਵਜੋਂ ਭਾਰਤ ਸਰਕਾਰ ਵਲੋਂ ਆਪ ਨੂੰ 'ਪਦਮ ਸ਼੍ਰੀ' ਦਾ ਸਨਮਾਨ ਪ੍ਰਦਾਨ ਕੀਤਾ ਗਿਆ ਸੀ।

ਤਪੇਦਿਕ ਤੋਂ ਇਲਾਵਾ ਆਪ ਨੇ ਰੈਡ-ਕ੍ਰਾਸ ਅਤੇ ਸੇਂਟ ਜਾਨ ਐਂਬੂਲੈਂਸ ਨਾਲ ਮਿਲ ਕੇ ਪਲੇਗ, ਹੈਜ਼ਾ ਵਰਗੀਆਂ ਨਾ-ਮੁਰਾਦ ਬੀਮਾਰੀਆਂ ਦੀ ਰੋਕ-ਥਾਮ ਲਈ ਉਦਮ ਕੀਤੇ ਜਿਸ ਲਈ ਸਰਕਾਰ ਵਲੋਂ ਆਪ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਬ੍ਰਿਟਿਸ਼ ਸਰਕਾਰ ਵਲੋਂ ਸੰਨ 1947 ਈ. ਵਿਚ 'ਆਰਡਰ ਆਫ਼ ਮੈਰਿਟ' ਵਿਚ ਸ਼ਾਮਲ ਕੀਤਾ ਗਿਆ।

ਆਪ ਨੇ ਕਈ ਸਕੂਲਾਂ ਦੇ ਵਿਕਾਸ ਵਿਚ ਆਪਣਾ ਮਿਲਵਰਤਨ ਦਿੱਤਾ ਅਤੇ ਬੱਚਿਆਂ ਦੀ ਸਿਹਤ ਵਲ ਲੋਕਾਂ ਦਾ ਉਚੇਚਾ ਧਿਆਨ ਦਿਵਾਇਆ। ਆਪ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੇ ਪੰਜ ਸਾਲ ਮੈਂਬਰ ਰਹੇ। ਸੰਨ 1960 ਈ. ਤੋਂ ਥਾਪਰ ਪਟਿਆਲਾ ਐਜੂਕੇਸ਼ਨ ਟ੍ਰਸਟ ਦੇ ਮੈਂਬਰ ਰਹੇ। ਇਸ ਤੋਂ ਇਲਾਵਾ ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਵੀਹ ਸਾਲ ਮੈਂਬਰ ਬਣੇ ਰਹੇ। ਸ. ਮੋਹਨ ਸਿੰਘ ਰਾਵਲਪਿੰਡੀ ਵਾਲੇ ਨਾਲ ਮਿਲ ਕੇ ਪਟਿਆਲੇ ਵਿਚ ਖ਼ਾਲਸਾ ਕਾਲਜ ਕਾਇਮ ਕਰਨ ਦਾ ਉਦਮ ਕੀਤਾ। ਆਪ ਕਈ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਜਾਂ ਕਮੇਟੀਆਂ ਦੇ ਮੈਂਬਰ ਰਹੇ।

ਆਪ ਨੇ ਤਪੇਦਿਕ ਦੀ ਬੀਮਾਰੀ ਦੀ ਰੋਕਥਾਮ ਲਈ

ਕਈ ਕਿਤਾਬਚੇ ਲਿਖੇ ਅਤੇ ਮੁਫ਼ਤ ਵੰਡੇ। ਸਿੱਖ ਧਰਮ, ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਆਪ ਨੇ ਸੰਖਿਪਤ ਪੁਸਤਕਾਂ ਲਿਖੀਆਂ ਅਤੇ ਲੋਕਾਂ ਵਿਚ ਕੇਵਲ ਪ੍ਰਚਾਰ ਨਿਮਿਤ ਬਿਨਾ ਕੀਮਤ ਵੰਡੀਆਂ। ਭਾਵੇਂ ਆਪ ਨੇ ਰਾਜਨੀਤੀ ਵਿਚ ਕਦੇ ਕੋਈ ਦਿਲਚਸਪੀ ਨਹੀਂ ਲਈ, ਪਰ ਪੰਜਾਬ ਦੀ ਭਾਸ਼ਾਈ ਸਮਸਿਆ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਥਿਤੀ ਬਾਰੇ ਆਪਣਾ ਦ੍ਰਿਸ਼ਟੀਕੋਣ ਕੁਝ ਕੁ ਕਿਤਾਬਚਿਆਂ ਵਿਚ ਪ੍ਰਗਟ ਕੀਤਾ ਜਿਸ ਦਾ ਆਧਾਰ ਆਪ ਦੀ ਸੰਤੁਲਿਤ ਸੋਚ ਸੀ। ਦਿਨ ਰਾਤ ਮਰੀਜ਼ਾਂ ਦੀ ਸੇਵਾ ਕਰਦਿਆਂ ਡਾ. ਖ਼ੁਸ਼ਦੇਵ ਸਿੰਘ ਨੇ 3 ਜੂਨ 1988 ਈ. ਨੂੰ ਪਟਿਆਲਾ ਵਿਖੇ ਪ੍ਰਾਣ ਤਿਆਗੇ।

**ਖੁਸਰੋ, ਸ਼ਹਿਜ਼ਾਦਾ** (1587-1622 ਈ.): ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਘਰ ਆਂਬੇਰ ਦੇ ਰਾਜਾ ਭਗਵਾਨ ਦਾਸ ਦੀ ਪੁੱਤਰੀ ਮਾਨ ਬਾਈ (ਪਿਛੋਂ ਸ਼ਾਹ ਬੇਗਮ) ਦੀ ਕੁੱਖੋਂ 6 ਅਗਸਤ 1587 ਈ. ਨੂੰ ਲਾਹੌਰ ਵਿਚ ਪੈਦਾ ਹੋਇਆ ਖੁਸਰੋ, ਸਭ ਤੋਂ ਵੱਡਾ ਸ਼ਹਿਜ਼ਾਦਾ ਸੀ। ਅਕਬਰ ਇਸ ਨੂੰ ਬਹੁਤ ਚਾਹੁੰਦਾ ਸੀ, ਇਸ ਲਈ ਉਸ ਦੇ ਜੀਉਂਦੇ ਜੀ ਰਾਜ ਸਿੰਘਾਸਨ ਹਾਸਲ ਕਰਨ ਲਈ ਸ਼ਹਿਜ਼ਾਦਾ ਸਲੀਮ (ਪਿਛੋਂ ਜਹਾਂਗੀਰ ਬਾਦਸ਼ਾਹ) ਅਤੇ ਉਸ ਦੇ ਪੁੱਤਰ ਖੁਸਰੋ ਵਿਚ ਤਨਾਓ ਸ਼ੁਰੂ ਹੋ ਗਿਆ ਸੀ। ਜਦੋਂ ਅਕਤੂਬਰ 1605 ਈ. ਵਿਚ ਸ਼ਲੀਮ ਬਾਦਸ਼ਾਹ ਬਣਿਆ, ਤਾਂ ਉਸ ਨੇ ਖੁਸਰੋ ਉਤੇ ਆਗਰੇ ਵਿਚ ਕੜੀ ਨਿਗਰਾਨੀ ਰਖਣੀ ਸ਼ੁਰੂ ਕਰ ਦਿੱਤੀ। 6 ਅਪ੍ਰੈਲ 1606 ਈ. ਵਿਚ ਇਹ ਆਪਣੇ ਸਾਥੀਆਂ ਸਮੇਤ ਲਾਹੌਰ ਵਲ ਭਜ ਗਿਆ। ਸਿੱਖ ਇਤਿਹਾਸ ਅਨੁਸਾਰ ਉਹ ਤਰਨਤਾਰਨ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਇਆ ਅਤੇ ਬਾਦਸ਼ਾਹਤ ਹਾਸਲ ਕਰਨ ਲਈ ਅਸੀਸ ਦੀ ਇੱਛਾ ਪ੍ਰਗਟ ਕੀਤੀ। ਫਿਰ ਇਹ ਲਾਹੌਰ ਵਲ ਚਲਾ ਗਿਆ ਪਰ ਉਸ ਵਕਤ ਦੇ ਸੂਬੇਦਾਰ ਨੇ ਇਸ ਨੂੰ ਲਾਹੌਰ ਵਿਚ ਦਾਖ਼ਲ ਨ ਹੋਣ ਦਿੱਤਾ। 27 ਅਪ੍ਰੈਲ 1606 ਈ. ਨੂੰ ਇਹ ਚਨਾਬ ਦਰਿਆ ਪਾਰ ਕਰਦਾ ਪਕੜ ਲਿਆ ਗਿਆ। ਇਸ ਦੇ ਸਾਥੀਆਂ ਨੂੰ ਕਤਲ ਕਰਵਾ ਦਿੱਤਾ ਗਿਆ ਅਤੇ ਇਸ ਦੀਆਂ ਅੱਖਾਂ ਸਿਲਵਾ ਦਿੱਤੀਆਂ ਗਈਆਂ। ਅਨੇਕ ਪ੍ਰਕਾਰ ਦੇ ਦੁਖ ਸਹਿੰਦਾ ਹੋਇਆ ਇਹ 29 ਜਨਵਰੀ 1622 ਈ. ਨੂੰ ਫ਼ੌਤ ਹੋ ਗਿਆ।

ਇਸ ਦੇ ਗੁਰੂ ਅਰਜਨ ਦੇਵ ਪਾਸ ਆਉਣ ਦੀ ਗੱਲ ਨੂੰ ਵਿਰੋਧੀਆਂ ਖ਼ਾਸ ਕਰਕੇ ਚੰਦੂ ਨੇ ਬਹੁਤ ਉਛਾਲਿਆ ਅਤੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਪਕੜਵਾ ਕੇ ਅਨੇਕ ਪ੍ਰਕਾਰ ਦੇ ਦੁਖ ਦਿੰਦਿਆਂ 30 ਮਈ 1606 ਈ. ਨੂੰ ਸ਼ਹੀਦ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਕਾਰਣਾਂ ਵਿਚੋਂ ਇਕ ਕਾਰਣ ਖੁਸਰੋ ਦਾ ਗੁਰੂ ਜੀ ਦੀ ਸ਼ਰਣ ਵਿਚ ਆਉਣਾ ਵੀ ਹੈ।

**ਖੁਡਾਲ ਅਕਬਰਵਾਲੀ** (ਪਿੰਡ): ਜ਼ਿਲ੍ਹਾ ਮਾਨਸਾ ਦਾ ਇਕ ਪਿੰਡ ਜਿਥੇ ਸੰਨ 1706 ਈ. ਵਿਚ ਗੁਰੂ ਗੋਬਿੰਦ ਸਿੰਘ ਪਧਾਰੇ ਸਨ। ਕਹਿੰਦੇ ਹਨ ਕਿ ਇਸ ਪਿੰਡ ਦੇ ਹਾਕਮ ਨੱਥੀ ਬਖ਼ਸ਼ ਨੇ ਇਕ ਬੇਗੁਨਾਹ ਸੁਨਿਆਰੇ ਸਿੱਖ ਗੁਲਾਬ ਸਿੰਘ ਨੂੰ ਭੋਰੇ ਵਿਚ ਬੰਦ ਕਰ ਰਖਿਆ ਸੀ। ਗੁਰੂ ਗੋਬਿੰਦ ਸਿੰਘ ਜੀ ਉਦੋਂ ਦੱਖਣ ਨੂੰ ਜਾਂਦੇ ਹੋਏ ਸਿਰਸਾ ਨਗਰ ਵਿਚ ਠਹਿਰੇ ਹੋਏ ਸਨ। ਜਦ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲਗਿਆ ਤਾਂ ਪੰਜ ਸਿੱਖ ਨਾਲ ਲੈ ਕੇ ਉਥੇ ਪੁਜੇ ਅਤੇ ਗੁਲਾਬ ਸਿੰਘ ਨੂੰ ਭੋਰੇ ਤੋਂ ਮੁਕਤ ਕਰਾਇਆ। ਨੱਥੀ ਬਖ਼ਸ਼ ਨੂੰ ਧਰਮ-ਕਰਮ ਦਾ ਉਪਦੇਸ਼ ਦੇ ਕੇ ਗੁਰੂ ਜੀ ਉਥੋਂ ਸਿਰਸੇ ਪਰਤ ਗਏ।

ਬਾਦ ਵਿਚ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਥੇ ਇਕ ਮੰਜੀ ਸਾਹਿਬ ਗੁਰੂ-ਧਾਮ ਬਣਾਇਆ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਦ ਉਥੋਂ ਦੇ ਇਕ ਜਾਗੀਰਦਾਰ ਨੇ 'ਗੁਰਦੁਆਰਾ ਭੋਰਾ ਸਾਹਿਬ ਪਾਤਿਸ਼ਾਹੀ ੧੦' ਬਣਵਾਇਆ। ਸੰਨ 1977 ਈ. ਤੋਂ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆ ਗਿਆ ਹੈ।

**ਖੁਦਾ ਸਿੰਘ, ਬਾਬਾ** (1777-1861 ਈ.): ਇਸ ਦਾ ਜਨਮ ਪਿੰਡ ਸ਼ਿਆਮਗੜ੍ਹ (ਕੁਰੁਕ੍ਸ਼ੇਤ੍ਰ ਦੇ ਨੇੜੇ) ਵਿਚ ਭਾਈ ਨੱਥਾ ਸਿੰਘ ਦੇ ਘਰ ਮਾਈ ਸੁਖਦੇਈ ਦੀ ਕੁੱਖੋਂ ਅਗਸਤ 1977 ਈ. (ਮਹਾਨਕੋਸ਼ ਅਨੁਸਾਰ ਭਾਦੋਂ ਸੰਮਤ 1843) ਵਿਚ ਹੋਇਆ। ਬਚਪਨ ਤੋਂ ਹੀ ਇਸ ਨੂੰ ਸਿੱਖ ਧਰਮ ਦੀ ਮਰਯਾਦਾ ਨਾਲ ਪਾਲਿਆ ਗਿਆ। ਛੇ ਵਰ੍ਹਿਆਂ ਦੀ ਉਮਰ ਵਿਚ ਇਸ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ ਅਤੇ ਨਾਂ ਜਸਵੰਤ ਸਿੰਘ ਰਖਿਆ ਗਿਆ। ਇਹ ਚੰਗੀ ਡੀਲ ਡੌਲ ਵਾਲਾ ਸੁੰਦਰ ਜਵਾਨ ਸੀ। 17 ਵਰ੍ਹਿਆਂ ਦੀ ਉਮਰ ਵਿਚ ਇਸ ਦਾ ਵਿਆਹ ਬੀਬੀ ਚੰਦ ਕੌਰ ਨਾਲ ਹੋਇਆ।

ਇਸ ਨੇ ਪੁਲਿਸ ਵਿਚ ਥਾਣੇਦਾਰ ਵਜੋਂ ਨੌਕਰੀ

ਸ਼ੁਰੂ ਕੀਤੀ ਅਤੇ ਆਪਣੀ ਹਿੰਮਤ ਅਤੇ ਸਾਹਸ ਨਾਲ ਕੁਰੜੀ ਦੇ ਇਲਾਕੇ ਦੇ ਚੋਰਾਂ ਅਤੇ ਡਾਕੂਆਂ ਨੂੰ ਕਾਬੂ ਕੀਤਾ ਅਤੇ ਹਰ ਪਾਸੇ ਸੁਰਖਿਆ ਦਾ ਵਾਤਾਵਰਣ ਸਿਰਜਿਆ। ਇਕ ਵਾਰ ਡਾਕੂਆਂ ਨਾਲ ਮੁਕਾਬਲਾ ਕਰਦਾ ਇਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਦੋਂ ਇਸ ਦਾ ਮਨ ਅਧਿਆਤਮਿਕਤਾ ਵਲ ਮੁੜਿਆ। ਕੁਰੀ ਵਾਲੇ ਬਾਬਾ ਭਾਗ ਸਿੰਘ, ਊਨਾ ਵਾਲੇ ਬਾਬਾ ਸਾਹਿਬ ਸਿੰਘ ਬੇਦੀ ਅਤੇ ਨੌਰੰਗਾਬਾਦ ਵਾਲੇ ਬਾਬਾ ਬੀਰ ਸਿੰਘ ਦੇ ਪ੍ਰਭਾਵ ਕਾਰਣ ਇਸ ਨੇ ਪੂਰਣ ਗੁਰਸਿੱਖ ਵਾਲਾ ਜੀਵਨ ਜੀਣਾ ਸ਼ੁਰੂ ਕੀਤਾ। ਸਿੱਖ ਧਰਮ ਦੇ ਪ੍ਰਚਾਰ ਲਈ ਇਸ ਨੇ ਪਿਸ਼ਾਵਰ, ਕਾਬੁਲ, ਜਲਾਲਾਬਾਦ, ਖ਼ੈਰਾਬਾਦ, ਬੁਖਾਰਾ, ਪੰਜਾ ਸਾਹਿਬ, ਹਜ਼ਰੋ ਆਦਿ ਨਗਰਾਂ ਦਾ ਦੌਰਾ ਕੀਤਾ। ਮੁਲਤਾਨ ਨਗਰ ਵਿਚ ਅੱਠ ਸਾਲ ਰਹਿ ਕੇ ਇਸ ਨੇ ਬੜੀ ਰੁਚੀ ਨਾਲ ਲੋਕਾਂ ਨੂੰ ਸਿੱਖ ਧਰਮ ਵਲ ਆਕਰਸ਼ਿਤ ਕੀਤਾ।

ਇਸ ਦੇ ਸੇਵਕਾਂ ਵਿਚੋਂ ਭਾਈ ਟਹਿਲ ਸਿੰਘ ਅਤੇ ਭਾਈ ਗੁਲਾਬ ਸਿੰਘ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ। ਕਾਬੁਲ ਵਿਚ ਠਹਿਰ ਦੌਰਾਨ ਭਾਈ ਟਹਿਲ ਸਿੰਘ ਆਪਣੇ ਆਪ ਨੂੰ 'ਅਲੀ', ਆਪਣੇ ਗੁਰਭਾਈ ਗੁਲਾਬ ਸਿੰਘ ਨੂੰ 'ਮੁਹੰਮਦ' ਅਤੇ ਇਸ ਨੂੰ 'ਖੁਦਾ' ਕਹਿੰਦਾ ਹੁੰਦਾ ਸੀ। ਇਸੇ ਕਰਕੇ ਇਸ ਦਾ ਨਾਂ 'ਖ਼ੁਦਾ ਸਿੰਘ' ਪ੍ਰਚਲਿਤ ਹੋ ਗਿਆ।

ਅੰਗ੍ਰੇਜ਼ਾਂ ਨਾਲ ਹੋਈ ਸਿੱਖਾਂ ਦੀ ਦੂਜੀ ਲੜਾਈ ਵੇਲੇ ਇਸ ਨੂੰ ਸ਼ਕ ਦੀ ਹਾਲਤ ਵਿਚ ਕੈਦ ਕਰ ਲਿਆ ਗਿਆ, ਪਰ ਕੁਝ ਸਮੇਂ ਬਾਦ ਸਾਧ ਸਮਝ ਕੇ ਛਡ ਦਿੱਤਾ ਗਿਆ। ਆਪਣੀ ਜ਼ਿੰਦਗੀ ਦੇ ਆਖ਼ਰੀ 12 ਵਰ੍ਹੇ ਇਸ ਨੇ ਲਾਹੌਰ ਵਿਚ ਗੁਰੂ ਰਾਮਦਾਸ ਜੀ ਦੇ ਸਥਾਨ ਕੋਲ ਇਕ ਧਰਮਸ਼ਾਲਾ ਵਿਚ ਬਤੀਤ ਕੀਤੇ। ਉਹ ਸਥਾਨ ਬਾਦ ਵਿਚ 'ਧਰਮਸ਼ਾਲਾ ਬਾਬਾ ਖ਼ੁਦਾ ਸਿੰਘ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਉਥੇ ਹੀ ਸਤੰਬਰ 1861 ਈ. (ਅਸੂ ਵਦੀ 10, ਸੰਮਤ 1918) ਵਿਚ ਇਸ ਦਾ ਦੇਹਾਂਤ ਹੋਇਆ। ਇਸ ਦਾ ਨਾਂ ਉਦੋਂ ਕਰਨੀ ਵਾਲੇ ਸਿੱਖਾਂ ਵਿਚ ਗਿਣਿਆ ਜਾਂਦਾ ਸੀ। ਇਹ ਗੁਰਬਾਣੀ ਦਾ ਪਾਠ ਬੜੀ ਮਧੁਰ ਸੁਰ ਵਿਚ ਕਰਦਾ ਸੀ ਜਿਸ ਤੋਂ ਗ਼ੈਰ-ਸਿੱਖ ਵੀ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦੇ ਸਨ।

**ਖ਼ੁਰਾਸਾਨ** (ਦੇਸ਼): ਈਰਾਨ ਦੇਸ਼ ਦਾ ਇਕ ਪ੍ਰਾਂਤ ਜਿਸ ਦੇ ਪੂਰਵ ਵਿਚ ਅਫ਼ਗਾਨਿਸਤਾਨ, ਉੱਤਰ ਵਿਚ ਤੁਰਕੀ ਅਤੇ ਰੂਸ ਅਤੇ ਦੱਖਣ ਵਿਚ ਹਿੰਦੂਕੁਸ਼ ਪਰਬਤ ਹੈ। ਇਸ ਦਾ ਵਿਸਤਾਰ ਉੱਤਰ-ਦੱਖਣ ਵਲ 800 ਕਿ.ਮੀ. ਅਤੇ ਪੂਰਵ-ਪੱਛਮ ਵਲ 480 ਕਿ.ਮੀ. ਹੈ। ਇਸ ਦਾ ਬਹੁਤਾ ਹਿੱਸਾ ਪਹਾੜੀ, ਰੇਤੀਲਾ ਜਾਂ ਕਲਰਾ ਹੈ। ਪਹਾੜੀਆਂ ਦੀ ਉਚਾਈ 13000 ਫੁਟ ਤਕ ਹੈ। ਇਸ ਵਿਚ ਕਿਤੇ ਕਿਤੇ ਨਖ਼ਲਿਸਤਾਨ ਵੀ ਮਿਲਦੇ ਹਨ। ਮੇਸ਼ੇਦ, ਹਿਰਾਤ, ਮਸ਼ਹਦ ਆਦਿ ਇਸ ਦੇ ਪ੍ਰਸਿੱਧ ਨਗਰ ਹਨ।

ਬਾਬਰ ਨੇ ਹਿੰਦੁਸਤਾਨ ਉਤੇ ਹਮਲਾ ਕਰਨ ਵੇਲੇ ਪਹਿਲਾਂ ਖ਼ੁਰਾਸਾਨ ਦੇ ਇਲਾਕੇ ਨੂੰ ਜਿੱਤਿਆ ਅਤੇ ਫਿਰ ਹਿੰਦੁਸਤਾਨ ਉਤੇ ਹਮਲਾ ਕੀਤਾ। ਸੰਨ 1521 ਈ. ਵਿਚ ਉਸ ਵਲੋਂ ਕੀਤੇ ਹਮਲੇ ਨਾਲ ਸੈਦਪੁਰ (ਏਮਨਾਬਾਦ) ਵਿਚ ਜੋ ਜ਼ੁਲਮ ਅਤੇ ਬਰਬਾਦੀ ਹੋਈ, ਉਸ ਦਾ ਅੱਖੀਂ ਡਿੱਠਾ ਚਿਤ੍ਰਣ ਗੁਰੂ ਨਾਨਕ ਦੇਵ ਜੀ ਨੇ ਬੜੀ ਤਲੀਨਤਾ ਨਾਲ ਕੀਤਾ ਹੈ।

ਭਾਈ ਕਾਨ੍ਹ ਸਿੰਘ ਅਨੁਸਾਰ ਬਾਬਰ ਬਾਦਸ਼ਾਹ ਲਿਖਦਾ ਹੈ ਕਿ ਹਿੰਦੁਸਤਾਨ ਦੇ ਲੋਕ ਸਿੰਧੂ ਤੋਂ ਪੱਛਮ ਵਲ ਦੇ ਦੇਸ਼ਾਂ ਨੂੰ 'ਖ਼ੁਰਾਸਾਨ' ਹੀ ਆਖਦੇ ਹਨ। ਸੰਭਵ ਹੈ 'ਖੁਰਾਸਾਨ ਖਸਮਾਨਾ ਕੀਆ' ਤੁਕ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਕੇਤ ਕਿਸੇ ਖ਼ਾਸ ਇਲਾਕੇ ਦੀ ਥਾਂ, ਖੁਲ੍ਹੇ ਅਰਥਾਂ ਦਾ ਲਖਾਇਕ ਹੋਵੇ।

**ਖੁਰਾਣਾ** (ਪਿੰਡ): ਪੰਜਾਬ ਪ੍ਰਦੇਸ਼ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ, ਜੋ ਸੰਗਰੂਰ ਨਗਰ ਤੋਂ 7 ਕਿ.ਮੀ. ਪੂਰਬ ਵਲ ਸਥਿਤ ਹੈ। ਮਾਲਵਾ ਖੇਤਰ ਦੀ ਧਰਮ-ਪ੍ਰਚਾਰ ਯਾਤ੍ਰਾ ਵੇਲੇ ਗੁਰੂ ਹਰਿਗੋਬਿੰਦ ਜੀ ਇਸ ਪਿੰਡ ਵਿਚ ਕੁਝ ਸਮੇਂ ਲਈ ਸੰਨ 1616 ਈ. ਵਿਚ ਠਹਿਰੇ ਸਨ। ਉਸ ਸਥਾਨ ਉਤੇ ਹੁਣ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਇਸ ਦਾ ਪ੍ਰਬੰਧ ਗੁਰਦੁਆਰਾ ਨਾਨਕਿਆਣਾ ਸਾਹਿਬ ਦੀ ਕਮੇਟੀ ਅਧੀਨ ਹੈ।

**ਖੁਲ੍ਹਾ-ਪਾਠ** : ਗੁਰੂ ਗ੍ਰੰਥ ਸਾਹਿਬ ਦੇ ਕਦੇ ਕਦਾਈਂ ਸੁਵਿਧਾ ਅਨੁਸਾਰ ਕਿਸੇ ਸਮੇਂ ਕੀਤੇ ਪਾਠ ਨੂੰ 'ਖੁਲ੍ਹਾ-ਪਾਠ' ਕਿਹਾ ਜਾਂਦਾ ਹੈ ਕਿਉਂਕਿ ਇਸ ਉਪਰ ਸਮੇਂ ਦੀ ਮਰਯਾਦਾ ਦਾ ਕੋਈ ਬੰਧਨ ਨਹੀਂ ਹੁੰਦਾ ਅਤੇ ਨ ਹੀ ਇਸ ਲਈ ਕੋਈ ਵਿਸ਼ੇਸ਼ ਸਥਾਨ ਨਿਸਚਿਤ ਹੁੰਦਾ ਹੈ। ਵੇਖੋ 'ਸਾਧਾਰਣ ਪਾਠ'।

**ਖੇਡਾਂ** (ਪਰੰਪਰਿਕ): ਖੇਡਾਂ ਦਾ ਸੰਬੰਧ ਸ਼ਰੀਰ ਨਾਲ ਹੈ। ਸ਼ਰੀਰ ਚੁਸਤ ਅਤੇ ਨਿਰੋਗ ਹੋਵੇਗਾ, ਤਾਂ ਵਿਅਕਤੀ ਸੁਖ ਅਤੇ ਸਹਿਜ ਨਾਲ ਜੀਵਨ ਬਤੀਤ ਕਰੇਗਾ। ਸਿੱਖ ਗੁਰੂ ਸਾਹਿਬਾਨ ਨੇ ਜਿਥੇ ਸਿੱਖਾਂ ਨੂੰ ਅਧਿਆਤਮਿਕ ਪੱਖ ਤੋਂ ਉੱਚਾ ਕੀਤਾ, ਉਥੇ ਉਨ੍ਹਾਂ ਦੇ ਸ਼ਰੀਰਾਂ ਵਿਚ ਵੀ ਚੁਸਤੀ ਲਿਆਉਣ ਲਈ ਖੇਡਾਂ ਵਲ ਰੁਚਿਤ ਕੀਤਾ। ਇਸ ਨਾਲ ਸਿੱਖ ਸ਼ਰੀਰਿਕ ਅਤੇ ਆਤਮਿਕ ਤੌਰ 'ਤੇ ਸੁਅਸਥ ਅਤੇ ਚੁਸਤ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮ-ਪ੍ਰਚਾਰ ਲਈ ਬਹੁਤ ਪੈਦਲ ਸਫ਼ਰ ਕੀਤਾ ਅਤੇ ਆਪਣੇ ਹੱਥੀਂ ਖੇਤੀ ਕਰਕੇ ਸ਼ਰੀਰ ਨੂੰ ਸੋਹਲ ਨਹੀਂ ਹੋਣ ਦਿੱਤਾ।

ਗੁਰੂ ਅੰਗਦ ਦੇਵ ਜੀ ਨੇ ਮਾਨਸਿਕ ਅਤੇ ਸ਼ਰੀਰਿਕ ਵਿਕਾਸ ਨੂੰ ਹਮਜੋਲੀ ਬਣਾਇਆ। ਉਨ੍ਹਾਂ ਨੇ ਸੰਨ 1540 ਈ. ਵਿਚ ਖਡੂਰ ਸਾਹਿਬ ਵਿਚ ਬੱਚਿਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਸ਼ੁਰੂ ਕੀਤੀ ਅਤੇ ਸ਼ਰੀਰਿਕ ਵਿਕਾਸ ਲਈ 'ਮੱਲ ਅਖਾੜਾ' ਵੀ ਕਾਇਮ ਕੀਤਾ। ਪਾਠਸ਼ਾਲਾ ਵਿਚ ਬੱਚਿਆਂ ਨੂੰ ਆਪ ਗੁਰਮੁਖੀ ਪੜ੍ਹਾਉਂਦੇ ਸਨ ਅਤੇ ਗੁਰਬਾਣੀ ਦਾ ਅਰਥ -ਬੋਧ ਕਰਾਉਂਦੇ ਸਨ। ਗਭਰੂਆਂ ਨੂੰ ਆਪਣੀ ਦੇਖ-ਰੇਖ ਵਿਚ ਕਸਰਤ, ਵਿਯਾਮ ਅਤੇ ਕੁਸ਼ਤੀਆਂ ਕਰਵਾਉਂਦੇ ਸਨ। ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਇਸ਼ਨਾਨ ਦੀ ਸੇਵਾ ਸੰਭਾਲੀ ਸੀ ਅਤੇ ਖਡੂਰ ਸਾਹਿਬ ਤੋਂ ਨਿੱਤ ਬਿਆਸ ਨਦੀ ਦਾ ਜਲ ਲਿਆ ਕੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਗੋਇੰਦਵਾਲ ਵਿਚ ਗੁਰੂ ਅਮਰਦਾਸ ਜੀ ਦੁਆਰਾ ਸ਼ੁਰੂ ਕੀਤੀ ਬਾਉਲੀ ਦੀ ਖੁਦਾਈ ਵੇਲੇ ਭਾਈ ਜੇਠਾ (ਗੁਰੂ ਰਾਮ ਦਾਸ) ਨੇ ਅਦੁੱਤੀ ਕਾਰ-ਸੇਵਾ ਕੀਤੀ। ਗੁਰੂ ਅਰਜਨ ਦੇਵ ਜੀ ਚੰਗੇ ਘੋੜ ਸਵਾਰ ਅਤੇ ਨੇਜ਼ਾਬਾਜ਼ ਸਨ। ਜਦੋਂ ਵਿਆਹ ਕਰਾਉਣ ਲਈ ਮੌ (ਮਉ) ਪਿੰਡ ਗਏ ਤਾਂ ਪ੍ਰਚਲਿਤ ਰਸਮ ਅਨੁਸਾਰ ਜੰਡ ਦੇ ਬ੍ਰਿਛ ਨੂੰ ਵਿੰਨ੍ਹਣਾ ਸੀ। ਲੜਕੀ ਵਾਲਿਆਂ ਨੇ ਜੰਡ ਦਾ ਇਕ ਛੋਟਾ ਜਿਹਾ ਬ੍ਰਿਛ ਉਪਰੋਂ ਵਢ ਛਡਿਆ ਸੀ। ਗੁਰੂ ਜੀ ਤੋਂ ਉਹ ਮੁਢ (ਕੁਝ ਇਤਿਹਾਸਕਾਰਾਂ ਅਨੁਸਾਰ ਕਿਲਾ) ਵਿੰਨ੍ਹਵਾਇਆ ਜਾਣਾ ਸੀ। ਗੁਰੂ ਜੀ ਨੇ ਇਤਨੀ ਫੁਰਤੀ ਨਾਲ ਘੋੜਾ ਦੌੜਾਇਆ ਅਤੇ ਇਤਨੇ ਸ਼ਕਤੀ ਪੂਰਣ ਢੰਗ ਨਾਲ ਨੇਜ਼ਾ ਮਾਰਿਆ ਕਿ ਜੰਡ ਦੀਆਂ ਜੜ੍ਹਾਂ ਉਖੜ ਗਈਆਂ। ਗੁਰੂ ਜੀ ਦੇ ਇਸ ਕੌਤਕ ਦੀ ਯਾਦ ਵਿਚ ਉਥੇ ਗੁਰਦੁਆਰਾ ਬਣਿਆ ਹੋਇਆ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦੇ ਨਾਲ ਮੀਰੀ ਨੂੰ ਵੀ ਮਹੱਤਵ ਦੇ ਕੇ ਸਿੱਖਾਂ ਨੂੰ ਯੁੱਧ-ਵੀਰ ਸੈਨਿਕ ਬਣਾਉਣ ਲਈ ਉਸ ਸਮੇਂ ਦੀ ਲੋੜ ਅਨੁਸਾਰ ਅਕਾਲ ਤਖ਼ਤ ਦੇ ਸਾਹਮਣੇ ਵਾਲੇ ਮੈਦਾਨ ਵਿਚ 'ਮੱਲ ਅਤੇ ਗਤਕਾ ਅਖਾੜਾ' ਰਚਿਆ ਅਤੇ ਸਿੱਖਾਂ ਨੂੰ ਘੋੜ-ਸਵਾਰੀ, ਤੀਰ-ਅੰਦਾਜ਼ੀ, ਤੇਗ਼-ਜ਼ਨੀ ਵਿਚ ਮਾਹਰ ਕੀਤਾ ਅਤੇ ਸ਼ਿਕਾਰ ਕਰਨ ਵਲ ਰੁਚਿਤ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਯੁੱਧ-ਕਲਾ ਵਿਚ ਇਤਨੀ ਪ੍ਰਬੀਨਤਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਦੇ ਯੁੱਧ-ਕੌਤਕ ਕਰਕੇ ਤੇਗ ਮੱਲ ਤੋਂ 'ਤੇਗ ਬਹਾਦਰ' ਕਹਿਣਾ ਸ਼ੁਰੂ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਸਰਬ-ਪੱਖੀ ਵਿਕਾਸ ਵਲ ਬਹੁਤ ਧਿਆਨ ਦਿੱਤਾ। ਉਸ ਵਕਤ ਪ੍ਰਚਲਿਤ ਹਰ ਪ੍ਰਕਾਰ ਦੀਆਂ ਖੇਡਾਂ ਅਤੇ ਯੁੱਧ-ਕ੍ਰਿਆਵਾਂ ਵਿਚ ਨਿਪੁਣ ਕੀਤਾ। ਉਦੋਂ ਖੇਡਾਂ ਅਤੇ ਯੁੱਧ-ਕ੍ਰਿਆਵਾਂ ਪਰਸਪਰ ਸੰਬੰਧਿਤ ਸਨ। ਭਗਵਾਨ ਰਾਮ ਚੰਦਰ ਅਤੇ ਮਹਾਬਲੀ ਅਰਜੁਨ ਤੋਂ ਬਾਦ ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗਾ ਕੋਈ ਤੀਰ-ਅੰਦਾਜ਼ ਪੈਦਾ ਨਹੀਂ ਹੋਇਆ। ਤੀਰਾਂ ਦੀਆਂ ਮੁਖੀਆਂ ਨਾਲ ਚਿੱਠੀਆਂ ਬੰਨ੍ਹ ਕੇ ਵੈਰੀਆਂ ਦੇ ਪਲੰਘਾਂ ਦੇ ਪਾਵਿਆਂ ਵਿਚ ਮਾਰਨਾ ਗੁਰੂ ਜੀ ਦੀ ਤੀਰ-ਅੰਦਾਜ਼ੀ ਦਾ ਕਮਾਲ ਸੀ। ਆਨੰਦਪੁਰ ਵਿਚ ਹੋਲੇ ਮਹੱਲੇ ਦਾ ਸਮਾਗਮ ਅਸਲੋਂ ਯੁੱਧ-ਖੇਡਾਂ ਦਾ ਪ੍ਰਦਰਸ਼ਨ ਹੀ ਹੁੰਦਾ ਸੀ। ਗੁਰੂ ਸਾਹਿਬ ਦੇ ਵੱਡੇ ਦੋ ਸਾਹਿਬਜ਼ਾਦੇ ਵੀ ਯੁੱਧ-ਕਲਾ ਦੇ ਨਿਪੁਣ ਖਿਡਾਰੀ ਸਨ। ਬਾਬਾ ਦੀਪ ਸਿੰਘ ਦਾ ਸਿਰ ਤਲੀ ਉਤੇ ਧਰ ਕੇ ਯੁੱਧ ਕਰਨਾ, ਭਾਈ ਬਚਿਤ੍ਰ ਸਿੰਘ ਦਾ ਮਸਤ ਹਾਥੀ ਦੇ ਮੱਥੇ ਨੂੰ ਨਿਸ਼ਾਣਾ ਬਣਾਉਣਾ ਉਨ੍ਹਾਂ ਦੀ ਯੁੱਧ-ਕਲਾ ਦੇ ਯਾਦਗਾਰੀ ਨਮੂਨੇ ਹਨ।

ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਪੈਦਾ ਹੋਈ ਸਥਿਤੀ ਵਿਚ ਪੰਜਾਬ ਦੇ ਸਾਰੇ ਸਿੱਖ ਯੁੱਧ ਸੰਬੰਧੀ ਖੇਡਾਂ ਵਲ ਰੁਚਿਤ ਹੋ ਗਏ ਅਤੇ ਆਪਣੀ ਨਿਪੁਣਤਾ ਦੇ ਆਧਾਰ 'ਤੇ ਵੈਰੀ ਨੂੰ ਭੈ-ਭੀਤ ਕੀਤਾ ਅਤੇ ਪੰਜਾਬ ਦੇ ਮਾਲਕ ਖ਼ੁਦ ਬਣੇ। ਮਹਾਰਾਜਾ ਰਣਜੀਤ ਸਿੰਘ ਨੇ ਹਰ ਪ੍ਰਕਾਰ ਦੀਆਂ ਫ਼ੌਜੀ ਖੇਡਾਂ ਨੂੰ ਵਿਸ਼ੇਸ਼ ਉਤਸਾਹਿਤ ਕੀਤਾ। ਸੈਨਿਕ ਸਿਖਲਾਈ ਵਿਚ ਲਾਹੌਰ ਦਰਬਾਰ ਦੀ ਸੈਨਾ ਬੇਮਿਸਾਲ ਸੀ।

ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕਾਬਜ਼ ਹੋਣ ਤੋਂ ਬਾਦ ਪਰੰਪਰਾਗਤ ਖੇਡਾਂ ਅਧਿਕਤਰ ਨਿਹੰਗ ਸਿੰਘਾਂ ਤਕ ਸੀਮਿਤ ਹੋ ਗਈਆਂ ਜਿਨ੍ਹਾਂ ਦੇ ਪ੍ਰਦਰਸ਼ਨ ਅਕਸਰ ਉਨ੍ਹਾਂ ਦੀਆਂ

ਛਾਵਣੀਆਂ ਵਿਚ ਹੁੰਦੇ ਰਹਿੰਦੇ ਹਨ। ਹੌਲੇ ਮਹੱਲੇ ਦੇ ਜਲੂਸ ਵੇਲੇ ਰਵਾਇਤੀ ਖੇਡਾਂ ਦਾ ਇਕ ਦਿਲਕਸ਼ ਨਜ਼ਾਰਾ ਹੁੰਦਾ ਹੈ ਜਿਸ ਨੂੰ ਵੇਖਣ ਲਈ ਦੂਰੋਂ ਦੂਰੋਂ ਦਰਸ਼ਕ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਅੰਗ੍ਰੇਜ਼ਾਂ ਦੇ ਸਭਿਅਚਾਰਿਕ ਪ੍ਰਭਾਵ ਵਿਚ ਉਨ੍ਹਾਂ ਦੀਆਂ ਖੇਡਾਂ ਦੇ ਪ੍ਰਭਾਵ ਵੀ ਸ਼ਾਮਲ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦੇਸ਼ੀ ਖੇਡਾਂ ਜਿਵੇਂ ਹਾਕੀ, ਬੈਡਮਿੰਟਨ, ਕ੍ਰਿਕਟ, ਫੁਟਬਾਲ, ਵਾਲੀਬਾਲ, ਬਾਸਕਿਟਬਾਲ, ਟੈਨਿਸ ਆਦਿ ਖੇਡਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕੁਝ ਕੁ ਦੇਸੀ ਖੇਡਾਂ ਕਬੱਡੀ, ਕੁਸ਼ਤੀ, ਰੱਸਾ-ਕਸ਼ੀ ਆਦਿ ਨੂੰ ਵੀ ਪ੍ਰਚਲਿਤ ਰਖਿਆ ਗਿਆ ਹੈ। ਪੇਂਡੂ ਖੇਡਾਂ ਵਿਚ ਵੀ ਦਿਲਚਸਪੀ ਵਧਦੀ ਜਾ ਰਹੀ ਹੈ। ਕਿਲ੍ਹਾ ਰਾਏਪੁਰ ਦੀਆਂ ਖੇਡਾਂ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਚੁਕੀਆਂ ਹਨ। ਖੇਡਾਂ ਦੇ ਹਰ ਖੇਤਰ ਵਿਚ ਸਿੱਖਾਂ ਨੇ ਆਪਣੀ ਪਛਾਣ ਕਰਾਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਫ਼ੈਸਲੇ ਅਨੁਸਾਰ ਸੰਨ 2002 ਈ. ਤੋਂ ਖ਼ਾਲਸਾ ਕਾਲਜਾਂ ਵਲੋਂ ਖ਼ਾਲਸਾਈ ਖੇਡ-ਮੇਲੇ ਆਯੋਜਿਤ ਕਰਨ ਦਾ ਕਦਮ ਚੁਕਿਆ ਹੈ। ਇਸ ਫ਼ੈਸਲੇ ਅਨੁਸਾਰ ਪਹਿਲਾ ਖੇਡ-ਮੇਲਾ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਵਿਚ 18,19 ਅਤੇ 20 ਅਕਤੂਬਰ 2002 ਈ. ਨੂੰ ਕਰਵਾਇਆ ਗਿਆ ਜਿਸ ਵਿਚ 16 ਕਾਲਜਾਂ ਦੇ 1031 ਖਿਡਾਰੀਆਂ ਨੇ ਹਿੱਸਾ ਲਿਆ। ਦੂਜਾ ਮੇਲਾ 9,10 ਅਤੇ 11 ਅਕਤੂਬਰ 2003 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਆਨੰਦਪੁਰ ਸਾਹਿਬ ਵਿਚ ਆਯੋਜਿਤ ਕੀਤਾ ਗਿਆ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੰਚਾਲਿਤ 18 ਕਾਲਜਾਂ ਦੇ ਲਗਭਗ 1600 ਖਿਡਾਰੀਆਂ ਨੇ ਹਿੱਸਾ ਲੈ ਕੇ ਸਿੱਖਾਂ ਦੇ ਮਨਾਂ ਅੰਦਰ ਖੇਡਾਂ ਦੀ ਬਿਰਤੀ ਨੂੰ ਉਜਾਗਰ ਕੀਤਾ। ਇਸ ਤੋਂ ਇਲਾਵਾ ਸਿੱਖ ਨੌਜਵਾਨਾਂ ਵਿਚ ਪਤਿਤਪੁਣੇ ਨੂੰ ਰੋਕਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਭਾਵਨਾ ਵੀ ਵਿਕਸਿਤ ਕੀਤੀ ਗਈ। ਇਸ ਮੇਲੇ ਵਿਚ ਮੁੱਖ ਤੌਰ 'ਤੇ ਵਾਲੀਬਾਲ (ਲੜਕੇ-ਲੜਕੀਆਂ), ਬੈਡਮਿੰਟਨ (ਲੜਕੇ-ਲੜਕੀਆਂ), ਅਥਲੈਟਿਕਸ (ਲੜਕੇ-ਲੜਕੀਆਂ), ਬਾਸਕਿਟਬਾਲ (ਲੜਕੇ), ਕਬੱਡੀ ਨੈਸ਼ਨਲ ਅਤੇ ਪੰਜਾਬ ਸਟਾਈਲ (ਲੜਕੇ), ਫੁਟਬਾਲ (ਲੜਕੀ), ਹਾਕੀ (ਲੜਕੇ), ਵੇਟ ਲਿਫਟਿੰਗ (ਲੜਕੇ) ਅਤੇ ਖੋ-ਖੋ (ਲੜਕੀਆਂ) ਨੂੰ ਸ਼ਾਮਲ ਕੀਤਾ ਗਿਆ ਹੈ। ਖੇਡਾਂ ਲਈ ਆਨੰਦਪੁਰ ਸਾਹਿਬ ਵਿਚ ਪੰਜਾਹ ਲੱਖ ਰੁਪਏ ਦੀ ਲਾਗਤ ਨਾਲ ਇਕ ਸਟੇਡੀਅਮ ਵੀ ਉਸਾਰਿਆ ਜਾ ਰਿਹਾ ਹੈ। ਇਨ੍ਹਾਂ ਮੇਲਿਆਂ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਜਿਤਾਂ ਪ੍ਰਾਪਤ ਕਰਨ ਵਾਲੇ ਖਿਡਾਰੀਆਂ/ਖਿਡਾਰਨਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

**ਖੇਡਾਂ** (ਆਧੁਨਿਕ): ਅੰਗ੍ਰੇਜ਼ਾਂ ਦੇ ਪੰਜਾਬ ਉਤੇ ਕਬਜ਼ਾ ਕਰ ਚੁਕਣ ਤੋਂ ਬਾਦ ਉਨ੍ਹਾਂ ਦੀ ਸਭਿਅਤਾ ਦਾ ਹਰ ਖੇਤਰ ਵਿਚ ਅਸਰ ਪੈਣਾ ਕੁਦਰਤੀ ਸੀ। ਖੇਡਾਂ ਦੇ ਖੇਤਰ ਵਿਚ ਵੀ ਇਹ ਪ੍ਰਭਾਵ ਆਪਣੇ ਭਰਪੂਰ ਰੂਪ ਵਿਚ ਪ੍ਰਗਟ ਹੋਇਆ ਕਿਉਂਕਿ ਸਿੱਖ ਸਮਾਜ ਦੀ ਬਿਰਤੀ ਨਾਲ ਖੇਡਾਂ ਦਾ ਨਿੱਘਾ ਸੰਬੰਧ ਹੈ। ਗੁਰੂ-ਕਾਲ ਤੋਂ ਹੀ ਇਹ ਖੇਡਾਂ ਵਿਚ ਹਿੱਸਾ ਲੈਂਦੇ ਆਏ ਹਨ। ਇਨ੍ਹਾਂ ਨੂੰ ਪਰੰਪਰਿਕ ਖੇਡਾਂ (ਵੇਖੋ 'ਖੇਡਾਂ' ਪਰੰਪਰਿਕ) ਦੇ ਨਾਲ ਨਾਲ ਪੱਛਮੀ ਖੇਡਾਂ ਨੂੰ ਵੀ ਆਪਣਾ ਲਿਆ ਹੈ ਅਤੇ ਇਸ ਪਾਸੇ ਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਵਿਦਿਅਕ ਸੰਸਥਾਵਾਂ ਉਚੇਚਾ ਧਿਆਨ ਦੇਣ ਲਗ ਗਈਆਂ ਹਨ।

ਪਰੰਪਰਿਕ ਖੇਡਾਂ ਦੇ ਨਾਲ ਨਾਲ ਸਿੱਖ ਖਿਡਾਰੀਆਂ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਆਯੋਜਿਤ ਸਮਾਗਮਾਂ, ਮੇਲਿਆਂ ਅਤੇ ਮੁਕਾਬਲਿਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਸੰਬੰਧ ਵਿਚ ਸ. ਹਰਬੰਸ ਸਿੰਘ ਵਿਰਦੀ ਨੇ ਆਪਣੀ ਪੁਸਤਕ 'Sikh Sportstars-Past & Present' ਵਿਚ ਵਿਸਤਾਰ ਸਹਿਤ ਵਿਵਰਣ ਦੇਣ ਦਾ ਯਤਨ ਕੀਤਾ ਹੈ।

ਆਧੁਨਿਕ ਓਲੰਪਿਕਸ ਦਾ ਆਰੰਭ ਸੰਨ 1896 ਈ. ਵਿਚ ਯੂਨਾਨ ਦੇ ਏਥਨਜ਼ ਨਗਰ ਵਿਚ ਹੋਇਆ। ਸੰਨ 1924 ਈ. ਵਿਚ ਪੈਰਿਸ ਵਿਚ ਹੋਈਆਂ ਓਲੰਪਿਕਸ ਖੇਡਾਂ ਵਿਚ ਪਹਿਲੀ ਵਾਰ ਸਿੱਖਾਂ ਨੇ ਹਿੱਸਾ ਲਿਆ ਅਤੇ ਬ੍ਰਿਗੇਡੀਅਰ ਦਲੀਪ ਸਿੰਘ ਨੇ ਭਾਰਤ ਦੀ ਨੁਮਾਇੰਦਗੀ ਕੀਤੀ। ਉਸ ਤੋਂ ਬਾਦ ਹੋਣ ਵਾਲੀਆਂ ਸਾਰੀਆਂ ਓਲੰਪਿਕਸ ਖੇਡਾਂ ਵਿਚ ਸਿੱਖਾਂ ਨੇ ਭਾਗ ਲਿਆ। ਇਨ੍ਹਾਂ ਵਿਚ ਮੁੱਖ ਤੌਰ 'ਤੇ ਭਾਰਤੀ ਸਿੱਖ ਸਨ। ਪਰ ਕਈ ਵਾਰ ਭਾਰਤ ਤੋਂ ਬਾਹਰ ਵਸਦੇ ਸਿੱਖਾਂ ਨੇ ਵੀ ਹਿੱਸਾ ਲੈ ਕੇ ਸਿੱਖੀ ਦੀ ਸ਼ਾਨ ਵਧਾਈ ਹੈ।

ਭਾਰਤ ਲਈ ਸਿੱਖਾਂ ਨੇ ਓਲੰਪਿਕਸ ਖੇਡਾਂ ਵਿਚ, ਖ਼ਾਸ ਕਰਕੇ ਹਾਕੀ, ਅਥਲੈਟਿਕਸ ਅਤੇ ਬਾਕਸਿੰਗ ਵਿਚ, ਵਿਸ਼ੇਸ਼ ਭੂਮਿਕਾ ਨਿਭਾਈ ਹੈ। ਹਾਕੀ ਅਤੇ ਅਥਲੈਟਿਕਸ ਵਿਚ

ਭਾਰਤ ਦੁਆਰਾ ਪ੍ਰਾਪਤ ਕੀਤੀਆਂ ਜਿਤਾਂ ਦਾ ਸਿਹਰਾ ਸਿੱਖਾਂ ਦੇ ਸਿਰ ਹੈ। ਇਕ ਓਲੰਪਿਕਸ ਖੇਡ-ਮੇਲੇ ਵੇਲੇ ਤਾਂ ਹਾਕੀ ਦੀ ਸਾਰੀ ਟੀਮ ਹੀ ਸਿੱਖਾਂ ਦੀ ਸੀ।

ਹਾਕੀ ਲਈ ਸਿੱਖਾਂ ਦਾ ਮੋਹ ਇਕ ਕਹਾਵਤ ਹੀ ਬਣ ਗਈ ਹੈ। ਸਭ ਤੋਂ ਵਧੀਆ ਹਾਕੀ ਖਿਡਾਰੀ ਜਲੰਧਰ ਛਾਵਣੀ ਦੇ ਨੇੜੇ ਪਿੰਡ ਸੰਸਾਰਪੁਰ ਨੇ ਪੈਦਾ ਕੀਤੇ। ਕਾਰਣ ਇਹ ਹੈ ਕਿ ਅੰਗ੍ਰੇਜ਼ ਰਾਜ ਵੇਲੇ 19ਵੀਂ ਸਦੀ ਦੇ ਅੰਤਲੇ ਅਤੇ 20ਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇਸ ਪਿੰਡ ਦੀ ਸਾਰੀ ਜ਼ਰਾਇਤੀ ਭੂਮੀ ਛਾਵਣੀ ਦੇ ਵਿਕਾਸ ਲਈ ਪ੍ਰਾਪਤ ਕਰ ਲਈ ਗਈ। ਹੁਣ ਇਸ ਪਿੰਡ ਵਿਚ 4200 ਵਸਨੀਕ ਹਨ ਅਤੇ ਕੇਵਲ 134 ਹੈਕਟਰ ਰਕਬਾ ਹੈ। ਇਥੋਂ ਦੀ ਭੂਮੀ ਤੋਂ ਵਾਂਝੇ ਹੋਏ ਲੋਕਾਂ ਨੂੰ ਅੰਗ੍ਰੇਜ਼ ਹੁਕਮਰਾਨਾਂ ਨੇ ਹਾਕੀ ਖੇਡਣ ਦਾ ਰੁਝੇਵਾਂ ਉਪਲਬਧ ਕੀਤਾ ਅਤੇ ਸੈਨਾ ਅਤੇ ਪੁਲਿਸ ਵਿਚ ਭਰਤੀ ਹੋਣ ਲਈ ਪ੍ਰੇਰਿਆ। ਇਸ ਪਿੰਡ ਨੇ ਅੰਤਰ-ਰਾਸ਼ਟਰੀ ਹਾਕੀ ਦੇ ਪਿੜ ਵਿਚ ਪੰਜ ਮਹਾਦੀਪਾਂ ਵਿਚ ਚਾਰ ਦੀ ਨੁਮਾਇੰਦਗੀ ਕੀਤੀ ਅਤੇ 14 ਓਲੰਪੀਅਨ ਪੈਦਾ ਕੀਤੇ।

ਆਜ਼ਾਦੀ ਤੋਂ ਬਾਦ ਭਾਰਤ ਨੇ ਹਾਕੀ ਦੀ ਖੇਡ ਵਿਚ ਜੋ ਨਾਮਣਾ ਖਟਿਆ, ਉਹ ਬਹੁਤ ਸ਼ਲਾਘਾਯੋਗ ਹੈ। ਇਸ ਸਮੇਂ ਦੌਰਾਨ ਊਧਮ ਸਿੰਘ, ਜਸਵੰਤ ਸਿੰਘ, ਦਰਸ਼ਨ ਸਿੰਘ, ਬਲਬੀਰ ਸਿੰਘ, ਗੁਰਬਖ਼ਸ਼ ਸਿੰਘ, ਪ੍ਰਿਥੀਪਾਲ ਸਿੰਘ, ਹਰਬਿੰਦਰ ਸਿੰਘ, ਜਗਜੀਤ ਸਿੰਘ ਵਰਗੇ ਸਿਰਕਢ ਹਾਕੀ-ਖਿਡਾਰੀ ਸਾਹਮਣੇ ਆਏ। ਪਰ ਵੀਹਵੀਂ ਸਦੀ ਦੀ 7ਵੀਂ ਦਸ਼ਾਬਦੀ ਤੋਂ ਬਾਦ ਹਾਕੀ ਦੀਆਂ ਟੀਮਾਂ ਵਿਚ ਸਿੱਖਾਂ ਦੀ ਗਿਣਤੀ ਘਟਣ ਲਗੀ ਅਤੇ ਜਿਤਾਂ ਵੀ ਮਧਮ ਪੈ ਗਈਆਂ। ਫਿਰ ਵੀ ਅਜੀਤ ਪਾਲ ਸਿੰਘ, ਹਰਮੀਕ ਸਿੰਘ, ਸੁਰਜੀਤ ਸਿੰਘ, ਬਲਦੇਵ ਸਿੰਘ, ਸੁਰਿੰਦਰ ਸਿੰਘ ਸੋਢੀ, ਮੁਖਬੈਨ ਸਿੰਘ, ਪ੍ਰਗਟ ਸਿੰਘ ਆਦਿ ਵਰਗੇ ਚੰਗੀ ਹਾਕੀ ਖਿਡਾਰੀ ਸਿੱਖ ਸਮਾਜ ਨੇ ਪੈਦਾ ਕੀਤੇ। ਸੰਨ 2002 ਅਤੇ 2003 ਈ. ਵਿਚ ਹਾਕੀ ਦੀਆਂ ਜਿਤਾਂ ਵਿਚ ਵੀ ਸਿੱਖਾਂ ਦਾ ਬਹੁਤ ਯੋਗਦਾਨ ਹੈ, ਪਰ ਪ੍ਰਚਾਰ ਦੀ ਘਾਟ ਕਾਰਣ ਬਹੁਤ ਸਾਰੇ ਖਿਡਾਰੀ ਕੇਸਾਂ ਵਾਲਾ ਸਰੂਪ ਤਿਆਗਦੇ ਜਾ ਰਹੇ ਹਨ।

ਅਥਲੈਟਿਕਸ ਵਿਚ ਮਿਲਖਾ ਸਿੰਘ ਨੇ ਰੋਮ ਓਲੰਪਿਕਸ ਵਿਚ ਜੋ ਜਸ ਖਟਿਆ, ਉਹ ਭਾਰਤ ਲਈ ਮਾਣ ਦੀ ਗੱਲ ਹੈ। ਆਪਣੀ ਇਸ ਯੋਗਤਾ ਕਾਰਣ ਮਿਲਖਾ ਸਿੰਘ ਨੂੰ 'ਫਲਾਈਇੰਗ ਸਿੱਖ' ਦੇ ਵਿਸ਼ੇਸ਼ਣ ਨਾਲ ਸਨਮਾਨਿਆ ਜਾਣ ਲਗਾ। ਮਿਲਖਾ ਸਿੰਘ ਤੋਂ ਬਾਦ ਟੋਕਿਓ ਓਲੰਪਿਕਸ ਵਿਚ ਗੁਰਬਚਨ ਸਿੰਘ ਨੇ 110 ਮੀਟਰ ਦੀ ਦੌੜ ਵਿਚ ਆਪਣਾ ਸਥਾਨ ਬਣਾਇਆ। ਇਨ੍ਹਾਂ ਤੋਂ ਇਲਾਵਾ, ਮੱਖਣ ਸਿੰਘ, ਸੋਹਣ ਸਿੰਘ, ਜਗਰਾਜ ਸਿੰਘ, ਬਹਾਦਰ ਸਿੰਘ ਦੇ ਨਾਂ ਵੀ ਅਥਲੈਟਿਕਸ ਵਿਚ ਜ਼ਿਕਰਯੋਗ ਹਨ। ਕੁਸ਼ਤੀ ਵਿਚ ਜਗਮਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਦੇ ਨਾਂ ਉਘੜੇ ਹਨ।

ਖੇਡਾਂ ਦੇ ਖੇਤਰ ਵਿਚ ਏਸ਼ੀਆਡ (ASIAD) ਦਾ ਜਨਮ ਸੰਨ 1913 ਈ. ਵਿਚ ਮਨੀਲਾ ਵਿਚ ਹੋਇਆ। ਦਿੱਲੀ ਵਿਚ ਏਸ਼ੀਅਨ ਖੇਡਾਂ ਦਾ ਪਹਿਲਾਂ ਮੇਲਾ 4 ਤੋਂ 11 ਮਾਰਚ 1951 ਈ. ਨੂੰ ਲਗਿਆ ਜਿਸ ਵਿਚ ਸਿੱਖਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਭਾਰਤ ਦੁਆਰਾ ਜਿਤੇ 15 ਸੋਨ-ਤਗ਼ਮਿਆਂ ਵਿਚ ਪੰਜ ਸਿੱਖਾਂ ਦੁਆਰਾ ਪ੍ਰਾਪਤ ਹੋਏ। ਇਨ੍ਹਾਂ ਤੋਂ ਇਲਾਵਾ ਸਿੱਖਾਂ ਨੇ 5 ਚਾਂਦੀ ਦੇ ਅਤੇ ਚਾਰ ਕਾਂਸੀ ਦੇ ਤਗ਼ਮੇ ਵੀ ਹਾਸਲ ਕੀਤੇ। ਜੇਤੂ ਖਿਡਾਰੀਆਂ ਵਿਚੋਂ ਰਣਜੀਤ ਸਿੰਘ, ਨਿੱਕਾ ਸਿੰਘ, ਬਖ਼ਤਾਵਰ ਸਿੰਘ, ਛੋਟਾ ਸਿੰਘ, ਮੱਖਨ ਸਿੰਘ, ਕੁਲਵੰਤ ਸਿੰਘ ਆਦਿ ਦੇ ਨਾਂ ਖ਼ਾਸ ਉਲੇਖਯੋਗ ਹਨ। ਉਸ ਤੋਂ ਬਾਦ ਮਈ 1954 ਈ. ਵਿਚ ਮਨੀਲਾ ਵਿਚ ਹੋਈਆਂ ਏਸ਼ਿਆਈ ਖੇਡਾਂ ਵਿਚ ਭਾਰਤ ਦੇ ਹਿੱਸੇ ਚਾਰ ਸੋਨ-ਤਗ਼ਮੇ ਆਏ ਅਤੇ ਉਹ ਸਾਰੇ ਸਿੱਖ ਖਿਡਾਰੀਆਂ ਨੇ ਜਿਤੇ।

ਸੰਨ 1958 ਈ. ਵਿਚ ਟੋਕਿਓ ਵਿਚ ਹੋਈਆਂ ਏਸ਼ੀਆਈ ਖੇਡਾਂ ਵਿਚ ਮਿਲਖਾ ਸਿੰਘ ਨੂੰ ਚਮਕਣ ਦਾ ਮੌਕਾ ਮਿਲਿਆ। ਉਸ ਤੋਂ ਇਲਾਵਾ ਪ੍ਰਦੁਮਨ ਸਿੰਘ, ਬਲਕਾਰ ਸਿੰਘ ਅਤੇ ਮਹਿੰਦਰ ਸਿੰਘ ਨੇ ਰਿਕਾਰਡ ਤੋੜਵੀਆਂ ਜਿਤਾਂ ਪ੍ਰਾਪਤ ਕੀਤੀਆਂ। ਉਸ ਤੋਂ ਬਾਦ ਜਕਾਰਤਾ, ਬੈਂਗਕਾਕ, ਤਹਿਰਾਨ ਆਦਿ ਨਗਰਾਂ ਵਿਚ ਹੋਈ ਏਸ਼ੀਆਈ ਖੇਡਾਂ ਵਿਚ ਗੁਰਨਾਮ ਸਿੰਘ, ਤਰਲੋਕ ਸਿੰਘ, ਮਹਿੰਦਰ ਸਿੰਘ, ਮੱਖਨ ਸਿੰਘ, ਜੋਗਿੰਦਰ ਸਿੰਘ, ਮਨਜੀਤ ਕੌਰ ਵਾਲੀਆ, ਲਾਭ ਸਿੰਘ, ਅਜਮੇਰ ਸਿੰਘ, ਕਮਲਜੀਤ ਕੌਰ ਸੰਧੂ, ਸੁੱਚਾ ਸਿੰਘ, ਗੁਰਮੇਜ ਸਿੰਘ, ਮੁਖ਼ਤਿਆਰ ਸਿੰਘ, ਨਿਰਮਲ ਸਿੰਘ, ਸੁਖਚੈਨ ਸਿੰਘ, ਹਾਕਮ ਸਿੰਘ, ਬਹਾਦਰ ਸਿੰਘ, ਕਰਤਾਰ ਸਿੰਘ ਪਹਿਲਵਾਨ, ਰਤਨ ਸਿੰਘ, ਸਤਬੀਰ ਸਿੰਘ ਨੇ ਭਾਰਤ ਦਾ ਨਾਂ ਰੌਸ਼ਨ ਕੀਤਾ।

ਸੰਨ 1982 ਈ. ਵਿਚ ਏਸ਼ੀਆਈ ਖੇਡਾਂ 19 ਨਵੰਬਰ ਤੋਂ 4 ਦਸੰਬਰ ਤਕ ਦਿੱਲੀ ਵਿਚ ਹੋਈਆਂ। ਇਸ ਵਿਚ 33 ਮੁਲਕਾਂ ਦੇ 4595 ਖਿਡਾਰੀਆਂ ਨੇ ਹਿੱਸਾ ਲਿਆ। ਭਾਰਤੀ ਹਾਕੀ ਦੀ ਟੀਮ ਦੂਜੇ ਨੰਬਰ 'ਤੇ ਆਈ। ਬਹਾਦਰ

ਸਿੰਘ, ਕੌਰ ਸਿੰਘ, ਰਘੁਬਰ ਸਿੰਘ, ਮਿਲਖਾ ਸਿੰਘ, ਪ੍ਰਹਿਲਾਦ ਸਿੰਘ, ਕਰਤਾਰ ਸਿੰਘ, ਤਾਰਾ ਸਿੰਘ, ਗਿਆਨ ਸਿੰਘ, ਬਲਜੀਤ ਸਿੰਘ, ਪਵਿਤਰ ਸਿੰਘ, ਸਰੂਪ ਸਿੰਘ, ਸੁਖਵੰਤ ਸਿੰਘ, ਗੁਰਮੁਖ ਸਿੰਘ ਨੇ ਆਪਣੀਆਂ ਖੇਡਾਂ ਰਾਹੀਂ ਭਾਰਤ ਦਾ ਨਾਂ ਉੱਚਾ ਕੀਤਾ।

ਸੰਨ 1986 ਈ. ਵਿਚ ਕਰਤਾਰ ਸਿੰਘ ਨੇ ਕੁਸ਼ਤੀ ਵਿਚ ਸੋਨੇ ਦਾ ਤਗ਼ਮਾ ਜਿਤਿਆ ਅਤੇ ਗੁਰਮੁਖ ਸਿੰਘ ਨੇ ਕਾਂਸੀ ਦਾ। ਇਸ ਤੋਂ ਇਲਾਵਾ ਦਲਜੀਤ ਸਿੰਘ, ਜੈਪਾਲ ਸਿੰਘ, ਮਨਜੀਤ ਸਿੰਘ, ਬਗੀਚਾ ਸਿੰਘ, ਰਘੁਬੀਰ ਸਿੰਘ, ਰਣਧੀਰ ਸਿੰਘ ਅਤੇ ਮਨੋਹਰ ਸਿੰਘ ਨੇ ਆਪਣੀਆਂ ਵਿਅਕਤੀਗਤ ਖੇਡਾਂ ਵਿਚ ਨਾਮਣਾ ਖਟਿਆ। ਇਸੇ ਤਰ੍ਹਾਂ ਹੋਰ ਵੀ ਕਈ ਸਿੱਖ ਖਿਡਾਰੀਆਂ ਨੇ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ।

ਸੰਨ 1990 ਈ. ਵਿਚ ਹੋਏ ਓਲੰਪਿਕਸ ਖੇਡ ਮੇਲੇ ਵਿਚ ਭਾਰਤ ਦੀ ਕੋਈ ਖ਼ਾਸ ਵਰਣਨ ਯੋਗ ਪ੍ਰਾਪਤੀ ਨਹੀਂ ਹੈ। ਫਿਰ ਵੀ ਕੁਝ ਸਿੱਖ ਖਿਡਾਰੀਆਂ ਨੇ ਕਾਂਸੀ ਦੇ ਤਗ਼ਮੇ ਆਪਣੇ ਪੇਟੇ ਪਾਏ। ਸੰਨ 1994 ਈ. ਦੀਆਂ ਖੇਡਾਂ ਵਿਚ ਵੀ ਸਿੱਖਾਂ ਨੂੰ ਬਹੁਤ ਘਟ ਪ੍ਰਾਪਤੀਆਂ ਹੋਈਆਂ। ਸੰਨ 1998 ਈ. ਵਿਚ ਬੈਂਗਕਾਕ ਵਿਚ ਹੋਏ ਖੇਡ ਮੇਲੇ ਵਿਚ ਹਰਿੰਦਰਪਾਲ ਸਿੰਘ, ਗੁਰਚਰਨ ਸਿੰਘ, ਬਲਜੀਤ ਸਿੰਘ, ਪਲਵਿੰਦਰ ਸਿੰਘ, ਪਰਮਜੀਤ ਸਿੰਘ, ਗੁਰਮੀਤ ਕੌਰ ਨੇ ਆਪਣੀ ਖੇਡ-ਯੋਗਤਾ ਨੂੰ ਪ੍ਰਦਰਸ਼ਿਤ ਕੀਤਾ। ਸੰਨ 2002 ਈ. ਵਿਚ ਜਰਮਨੀ ਅੰਦਰ ਹੋਈਆਂ ਏਸ਼ੀਆਈ ਖੇਡਾਂ ਵਿਚ ਸਿੱਖਾਂ ਨੇ ਆਪਣੇ ਬਿੰਬ ਨੂੰ ਉਘਾੜਿਆ। ਹਾਕੀ ਦੀ ਟੀਮ ਵਿਚ ਦਲਜੀਤ ਸਿੰਘ ਢਿਲੋਂ, ਕੰਵਲਪ੍ਰੀਤ ਸਿੰਘ ਚਾਹਲ, ਸੁਖਬੀਰ ਸਿੰਘ ਗਿੱਲ, ਪ੍ਰਭਜੋਤ ਸਿੰਘ, ਜੁਗਰਾਜ ਸਿੰਘ ਅਤੇ ਗਗਨ ਅਜੀਤ ਸਿੰਘ ਅਤੇ ਕੈਪਟਨ ਬਲਜੀਤ ਸਿੰਘ ਸਾਰੇ ਸਿੱਖ ਹਨ। ਪਰ ਇਨ੍ਹਾਂ ਵਿਚੋਂ ਕਈ ਮੋਨੇ ਹੋ ਚੁਕੇ ਸਨ। ਇਸ ਤਰ੍ਹਾਂ ਏਸ਼ੀਆਈ ਖੇਡਾਂ ਵਿਚ ਸਿੱਖ ਖਿਡਾਰੀ ਭਾਰਤ ਦਾ ਨਾਂ ਉੱਚਾ ਕਰਦੇ ਰਹੇ ਹਨ। ਆਜ਼ਾਦੀ ਤੋਂ ਬਾਦ ਸਰਬ ਭਾਰਤੀ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਪਹਿਲਾਂ ਪੰਜਾਬ ਯੂਨੀਵਰਸਿਟੀ ਪ੍ਰਾਪਤ ਕਰਦੀ ਆਈ ਸੀ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਤੋਂ ਬਾਦ ਪਿਛਲੇ 17 ਵਰ੍ਹਿਆਂ ਤੋਂ ਇਹ ਚੈਂਪੀਅਨਸ਼ਿਪ ਉਹੀ ਯੂਨੀਵਰਸਿਟੀ ਪ੍ਰਾਪਤ ਕਰਦੀ ਆ ਰਹੀ। ਇਸ ਵਿਚ ਭਾਗ ਲੈਣ ਵਾਲੇ ਖਿਡਾਰੀ ਅਧਿਕਤਰ ਸਿੱਖ ਹੁੰਦੇ ਹਨ।

ਕ੍ਰਿਕਟ ਦੀ ਖੇਡ ਵਿਚ ਬਿਸ਼ਨ ਸਿੰਘ ਬੇਦੀ, ਨਵਜੋਤ ਸਿੰਘ ਸਿੱਧੂ, ਹਰਭਜਨ ਸਿੰਘ, ਰੀਤਿੰਦਰ ਸਿੰਘ ਸੋਢੀ ਆਦਿ ਨੇ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ।

ਉਕਤ ਸਿੱਖ ਖਿਡਾਰੀ ਅਧਿਕਰਤ ਫ਼ੌਜ ਅਤੇ ਪੁਲਿਸ ਦੇ ਮੁਲਾਜ਼ਮ ਹੁੰਦੇ ਹਨ ਜਾਂ ਫਿਰ ਇਹ ਸਕੂਲਾਂ, ਕਾਲਜਾਂ ਅਥਵਾ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ। ਇਨ੍ਹਾਂ ਵਿਚੋਂ ਅਧਿਕਤਰ ਖ਼ਾਲਸਾ ਕਾਲਜਾਂ ਨਾਲ ਸੰਬੰਧਿਤ ਹੁੰਦੇ ਹਨ। ਪੰਜਾਬ ਅਤੇ ਸਿੰਧ ਬੈਂਕ ਨੇ ਵੀ ਖੇਡਾਂ ਨੂੰ ਉਤਸਾਹਿਤ ਕਰਨ ਵਲ ਧਿਆਨ ਦਿੱਤਾ ਹੈ। ਇਸ ਬੈਂਕ ਦਾ ਵਿਸ਼ੇਸ਼ ਝੁਕਾ ਹਾਕੀ ਦੀ ਖੇਡ ਪ੍ਰਤਿ ਹੈ। ਇਸ ਬੈਂਕ ਵਲੋਂ ਜਲੰਧਰ ਵਿਚ ਹਾਕੀ ਅਕੈਡਮੀ ਦੀ ਸਥਾਪਨਾ ਕੀਤੀ ਗਈ ਹੈ। ਇਸ ਬੈਂਕ ਦੀ ਹਾਕੀ ਟੀਮ ਦੇਸ਼ ਦੀਆਂ ਪੰਜ ਪ੍ਰਮੁਖ ਟੀਮਾਂ ਵਿਚ ਗਿਣੀ ਜਾਂਦੀ ਹੈ।

ਸਿੱਖਾਂ ਦੀ ਨਾਮਧਾਰੀ ਸੰਪ੍ਰਦਾਈ ਨੇ ਵੀ ਖੇਡਾਂ ਦੇ ਵਿਕਾਸ ਵਿਚ ਵਿਸ਼ੇਸ਼ ਰੁਚੀ ਵਿਖਾਈ ਹੈ। ਇਸ ਸੰਪ੍ਰਦਾਇ ਵਲੋਂ ਸੰਨ 1977 ਈ. ਵਿਚ ਜੀਵਨ ਨਗਰ, ਸਿਰਸਾ ਵਿਚ 20 ਬੱਚਿਆਂ ਦੀ ਇਕ ਹਾਕੀ ਟੀਮ ਬਣਾਈ ਗਈ ਸੀ ਜੋ ਬਾਦ ਵਿਚ ਭੈਣੀ ਸਾਹਿਬ ਰਖੀ ਗਈ। ਇਸ ਟੀਮ ਨੇ ਕਈ ਖੇਡ-ਮੁਕਾਬਲਿਆਂ ਵਿਚ ਹਿੱਸਾ ਲੈ ਕੇ ਜਿਤਾਂ ਪ੍ਰਾਪਤ ਕੀਤੀਆਂ ਅਤੇ ਨਾਮਧਾਰੀ ਸੰਪ੍ਰਦਾਇ ਦੀ ਖੇਡ ਪ੍ਰਤਿ ਰੁਚੀ ਦਾ ਪ੍ਰਦਰਸ਼ਨ ਕੀਤਾ।

**ਖੇਮ ਸਿੰਘ ਬੇਦੀ, ਬਾਬਾ** (1832-1905 ਈ.): ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚ ਤੇਰ੍ਹਵੀਂ ਥਾਂ 'ਤੇ ਹੋਣ ਦਾ ਗੌਰਵ ਪ੍ਰਾਪਤ ਕਰਨ ਵਾਲੇ ਬਾਬਾ ਖੇਮ ਸਿੰਘ ਦਾ ਜਨਮ ਬਾਬਾ ਅਤਰ ਸਿੰਘ ਬੇਦੀ ਦੇ ਘਰ 21 ਫਰਵਰੀ 1832 ਈ. ਨੂੰ ਕੱਲਰ ਪਿੰਡ (ਜ਼ਿਲ੍ਹਾ ਰਾਵਲਪਿੰਡੀ, ਪੱਛਮੀ ਪੰਜਾਬ) ਵਿਚ ਹੋਇਆ। ਸੰਨ 1839 ਈ. ਵਿਚ ਆਪਣੇ ਪਿਤਾ ਦੇ ਮਰਨ ਤੋਂ ਬਾਦ ਇਸ ਦੇ ਵੱਡੇ ਭਰਾ ਸੰਪੂਰਨ ਸਿੰਘ ਅਤੇ ਇਸ ਨੂੰ ਜਲੰਧਰ ਦੁਆਬ ਦੀ ਜਾਗੀਰ ਮਿਲੀ ਅਤੇ 41 ਪਿੰਡਾਂ ਦੀ ਮਾਲਕੀ ਮੰਟਗੁਮਰੀ ਜ਼ਿਲ੍ਹੇ ਵਿਚ ਵੀ ਪ੍ਰਾਪਤ ਹੋਈ। ਭਾਵੇਂ ਸੰਨ 1849 ਈ. ਵਿਚ ਇਨ੍ਹਾਂ ਦੇ 14 ਪਿੰਡ ਅੰਗ੍ਰੇਜ਼ ਸਰਕਾਰ ਨੇ ਆਪਣੇ ਪੇਟੇ ਪਾ ਲਏ, ਪਰ ਸੰਨ 1857 ਈ. ਦੇ ਗ਼ਦਰ ਵੇਲੇ ਇਸ ਨੇ ਅੰਗ੍ਰੇਜ਼ ਸਰਕਾਰ ਦੀ ਬਹੁਤ ਮਦਦ ਕੀਤੀ,

ਜਿਸ ਦੇ ਸਿੱਟੇ ਵਜੋਂ ਨ ਕੇਵਲ ਇਸ ਦੀ ਜਾਗੀਰ ਵਿਚ ਸਮੇਂ ਸਮੇਂ ਵਾਧਾ ਕੀਤਾ ਗਿਆ, ਸਗੋਂ ਇਸ ਨੂੰ ਮੁਨਸਫ਼, ਮੈਜਿਸਟ੍ਰੇਟ ਆਦਿ ਔਹਦੇ ਵੀ ਬਖ਼ਸ਼ੇ ਗਏ। ਸੰਨ 1879 ਈ. ਵਿਚ ਇਸ ਨੂੰ ਸੀ.ਆਈ.ਈ. ਅਤੇ ਸੰਨ 1898 ਈ. ਵਿਚ ਕੇ.ਸੀ. ਆਈ.ਈ. ਦੇ ਸਨਮਾਨਾਂ ਨਾਲ ਵਰਸਾਇਆ ਗਿਆ। ਸੰਨ 1893 ਈ. ਵਿਚ ਵਾਇਸਰਾਏ ਦੀ ਲੈਜਿਸਲੇਟਿਵ ਕੌਂਸਲ ਦਾ ਅਤੇ ਸੰਨ 1898 ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇਹ ਉਸ ਵੇਲੇ ਪੰਜਾਬ ਦਾ ਇਕ ਵੱਡਾ ਜਾਗੀਰਦਾਰ ਅਤੇ ਪ੍ਰਤਿਸ਼ਠਿਤ ਰਈਸ ਸੀ। ਇਸ ਨੇ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ।

ਸਿੱਖ ਸਮਾਜ ਨੂੰ ਇਸ ਦੀ ਦੋ ਪੱਖਾਂ ਤੋਂ ਅਭੁਲ ਦੇਣ ਮੰਨੀ ਜਾਂਦੀ ਹੈ। ਪਹਿਲੀ ਦੇਣ ਹੈ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ। ਸੰਨ 1873 ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਬੱਚਿਆਂ ਵਲੋਂ ਈਸਾਈ ਬਣਨ ਦੀ ਘੋਸ਼ਣਾ ਨਾਲ ਸਿੱਖ-ਸਮਾਜ ਨੂੰ ਬੜਾ ਤਕੜਾ ਝਟਕਾ ਲਗਾ। 30 ਜੁਲਾਈ 1873 ਈ. ਨੂੰ ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕੁਰ ਸਿੰਘ ਸੰਧਾਂਵਾਲੀਆ ਅਤੇ ਕੰਵਰ ਬਿਕ੍ਰਮਾ ਸਿੰਘ ਨੇ ਉਦਮ ਕਰਕੇ ਅੰਮ੍ਰਿਤਸਰ ਵਿਚ ਮੀਟਿੰਗ ਬੁਲਾਈ ਅਤੇ ਧਰਮ-ਪਰਿਵਰਤਨ ਦੇ ਮਸਲੇ ਉਤੇ ਗੰਭੀਰਤਾ ਨਾਲ ਵਿਚਾਰ ਕੀਤਾ। ਸਿੱਟੇ ਵਜੋਂ 1 ਅਕਤੂਬਰ 1873 ਈ. ਨੂੰ ਦੁਸਹਿਰੇ ਵਾਲੇ ਦਿਨ ਅੰਮ੍ਰਿਸਤਰ ਵਿਚ ਇਕ ਵੱਡਾ ਇਕੱਠ ਕਰਕੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਕਈ ਹੋਰ ਥਾਂਵਾਂ 'ਤੇ ਵੀ ਸਿੰਘ ਸਭਾਵਾਂ ਬਣ ਗਈਆਂ। ਸੰਨ 1879 ਈ. ਵਿਚ ਪ੍ਰੋ. ਗੁਰਮੁਖ ਸਿੰਘ ਅਤੇ ਦੀਵਾਨ ਬੂਟਾ ਸਿੰਘ ਹੋਰਾਂ ਦੇ ਉਦਮ ਨਾਲ ਲਾਹੌਰ ਵਿਚ ਵੀ ਸਿੰਘ ਸਭਾ ਦੀ ਸਥਾਪਨਾ ਹੋਈ ਜੋ ਅੰਮ੍ਰਿਤਸਰ ਦੇ ਪਰੰਪਰਾਵਾਦੀਆਂ ਤੋਂ ਸੁਤੰਤਰ ਅਤੇ ਉਦਾਰਵਾਦੀ ਸੀ।

ਉਕਤ ਸਿੰਘ ਸਭਾਵਾਂ ਵਿਚ ਤਾਲਮੇਲ ਕਾਇਮ ਕਰਨ ਲਈ 12 ਅਪ੍ਰੈਲ 1883 ਈ. ਨੂੰ ਅੰਮ੍ਰਿਤਸਰ ਵਿਚ ਖ਼ਾਲਸਾ ਦੀਵਾਨ ਦੀ ਸਥਾਪਨਾ ਹੋਈ। ਬਾਬਾ ਖੇਮ ਸਿੰਘ ਨੂੰ ਇਸ ਦੀਵਾਨ ਦਾ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਲਾਹੌਰ ਵਾਲੇ ਨੂੰ ਸਕੱਤਰ ਬਣਾਇਆ ਗਿਆ। ਪਰ ਬਾਬਾ ਖੇਮ ਸਿੰਘ ਹੋਰਾਂ ਦੇ ਧੜੇ ਦੀਆਂ ਪਰੰਪਰਾਈ ਅਤੇ ਪੁਜਾਰੀ ਰੁਚੀਆਂ ਕਾਰਣ ਪ੍ਰੋ. ਗੁਰਮੁਖ ਸਿੰਘ ਇਸ ਦੀਵਾਨ ਤੋਂ ਵਖ ਹੋ ਗਿਆ ਅਤੇ ਅਪ੍ਰੈਲ 1888 ਈ. ਵਿਚ ਆਪਣਾ ਵਖਰਾ ਖ਼ਾਲਸਾ ਦੀਵਾਨ ਲਾਹੌਰ ਵਿਚ ਸਥਾਪਿਤ ਕੀਤਾ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗੇ ਧੜਲੇਦਾਰ ਪ੍ਰਚਾਰਕਾਂ ਕਰਕੇ ਬਾਬਾ ਖੇਮ ਸਿੰਘ ਦਾ ਪ੍ਰਭਾਵ ਕੇਂਦਰੀ ਪੰਜਾਬ ਵਿਚ ਘਟਣ ਲਗ ਗਿਆ। ਪਰ ਪੋਠੋਹਾਰ, ਪੱਛਮੀ ਪੰਜਾਬ ਅਤੇ ਸਰਹਦੀ ਸੂਬੇ ਵਲ ਇਸ ਦਾ ਪ੍ਰਚਾਰ ਕਾਫ਼ੀ ਰਿਹਾ। ਇਨ੍ਹਾਂ ਇਲਾਕਿਆਂ ਵਿਚ ਬਾਬਾ ਖੇਮ ਸਿੰਘ ਨੇ ਹਜ਼ਾਰਾਂ ਸਹਿਜ-ਧਾਰੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਬਾਬਾ ਖੇਮ ਸਿੰਘ ਦੀ ਦੂਜੀ ਮਹਾਨ ਦੇਣ ਸਿੱਖਾਂ ਅਤੇ ਖ਼ਾਸ ਕਰਕੇ ਇਸਤਰੀਆਂ ਵਿਚ ਵਿਦਿਆ ਦਾ ਪ੍ਰਸਾਰ ਕਰਨਾ ਹੈ। ਇਸ ਨੇ ਪੰਜਾਬ ਸਰਕਾਰ ਵਲੋਂ ਪੜ੍ਹਾਈ ਦੀ ਨਵੀਂ ਯੋਜਨਾ ਦੇ ਪ੍ਰਸਾਰ ਵਿਚ ਬਹੁਤ ਸਹਿਯੋਗ ਦਿੱਤਾ। ਇਸ ਨੇ ਆਪਣੇ ਵਲੋਂ ਮਾਇਕ ਸਹਾਇਤਾ ਦੇ ਕੇ ਪੰਜਾਬ ਵਿਚ ਪੰਜਾਹ ਤੋਂ ਵਧ ਸਕੂਲ ਲੜਕਿਆਂ ਦੇ ਖੋਲੇ। ਸੰਨ 1893 ਈ. ਵਿਚ ਆਪਣੀ ਪੁੱਤਰੀ ਦੀ ਸ਼ਾਦੀ ਵੇਲੇ ਇਸ ਨੇ ਤਿੰਨ ਲੱਖ ਰੁਪਏ ਧਰਮ-ਅਰਥ ਕਾਰਜਾਂ ਲਈ ਕਢੇ ਜਿਨ੍ਹਾਂ ਵਿਚ ਅੱਧੀ ਕੁ ਰਕਮ ਰਾਵਲਪਿੰਡੀ ਵਿਚ ਕਾਲਜ ਸਥਾਪਿਤ ਕਰਨ ਉਤੇ ਖ਼ਰਚ ਕੀਤੀ। ਇਸ ਤੋਂ ਇਲਾਵਾ ਗ਼ਰੀਬ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਆਪਣੇ ਸਿਰ ਲਿਆ।

ਸਾਰੀ ਉਮਰ ਰਈਸੀ ਠਾਠ ਨਾਲ ਰਹਿਣ ਵਾਲੇ ਬਾਬਾ ਖੇਮ ਸਿੰਘ ਦੀ ਪੋਠੋਹਾਰ ਅਤੇ ਪੱਛਮੀ ਪੰਜਾਬ ਵਿਚ ਸਿੱਖੀ ਸੇਵਕੀ ਉਨ੍ਹਾਂ ਦੀ ਸੰਤਾਨ ਤਕ ਵੀ ਚਲਦੀ ਰਹੀ। 10 ਅਪ੍ਰੈਲ 1905 ਈ. ਵਿਚ ਬਾਬਾ ਖੇਮ ਸਿੰਘ ਦਾ ਮੰਟਗੁਮਰੀ ਵਿਚ ਦੇਹਾਂਤ ਹੋਇਆ। ਇਸ ਤੋਂ ਬਾਦ ਬਾਬਾ (ਸਰ) ਗੁਰਬਖ਼ਸ਼ ਸਿੰਘ ਉਤਰਾਧਿਕਾਰੀ ਬਣਿਆ।

**ਖੇਮਕਰਨ** (ਕਸਬਾ): ਪੰਜਾਬ ਪ੍ਰਾਂਤ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਸੀਮਾਵਰਤੀ ਕਸਬਾ ਜਿਸ ਵਿਚ ਦੋ ਗੁਰੂ-ਧਾਮ ਹਨ। ਇਕ ਦਾ ਨਾਂ 'ਗੁਰਦੁਆਰਾ ਥੰਮ ਸਾਹਿਬ' ਹੈ, ਜੋ ਕਸੂਰ ਦਰਵਾਜ਼ੇ ਦੇ ਨੇੜੇ ਸਥਿਤ ਹੈ। ਰਵਾਇਤ ਹੈ ਕਿ ਇਸ ਕਸਬੇ ਦਾ ਖੇੜਾ ਨਾਂ ਦਾ ਇਕ ਦੇਵੀ ਉਪਾਸਕ ਬ੍ਰਾਹਮਣ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਗੋਇੰਦਵਾਲ ਗਿਆ, ਪਰ ਉਥੋਂ ਦੀ ਪ੍ਰਥਾ ਅਨੁਸਾਰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣੋਂ ਸੰਕੋਚ ਕੀਤਾ। ਫਲਸਰੂਪ ਬਿਨਾ ਗੁਰੂ ਜੀ ਦੇ ਦਰਸ਼ਨ ਕੀਤੇ ਪਰਤ ਗਿਆ। ਰਸਤੇ ਵਿਚ ਉਸ ਨੂੰ ਦੇਵੀ ਨੇ ਦਰਸ਼ਨ

ਦਿੱਤੇ ਅਤੇ ਬਿਨਾ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਪਰਤਣ ਕਰਕੇ ਫਿਟਕਾਰਿਆ। ਖੇੜਾ ਤੁਰੰਤ ਮੁੜਿਆ ਅਤੇ ਗੁਰੂ ਜੀ ਤੋਂ ਭੁਲ ਬਖ਼ਸ਼ਵਾ ਕੇ ਸਿੱਖ ਬਣਿਆ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਉਸ ਨੂੰ ਇਕ ਮੰਜੀ ਸੌਂਪੀ ਜਿਸ ਦਾ ਉਸ ਨੇ ਖੇਮਕਰਨ ਨੂੰ ਕੇਂਦਰ ਬਣਾਇਆ। ਇਸ ਤੋਂ ਇਲਾਵਾ ਇਕ ਲੱਕੜ ਦਾ ਥੰਮ ਵੀ ਬਖ਼ਸ਼ਿਆ। ਭਾਈ ਖੇੜਾ ਨੇ ਖੇਮਕਰਨ ਆ ਕੇ ਥੰਮ ਗਡ ਦਿੱਤਾ ਅਤੇ ਉਥੇ ਜੋ ਗੁਰੂ-ਧਾਮ ਬਣਾਇਆ, ਉਸ ਦਾ ਨਾਂ 'ਗੁਰਦੁਆਰਾ ਥੰਮ ਸਾਹਿਬ' ਪ੍ਰਚਲਿਤ ਹੋਇਆ। ਉਹ ਗੁਰੂ-ਧਾਮ ਅਤੇ ਥੰਮ ਸਾਹਿਬ ਸੰਨ 1965 ਈ. ਦੀ ਭਾਰਤ-ਪਾਕਿ ਲੜਾਈ ਵਿਚ ਨਸ਼ਟ ਹੋ ਗਏ। ਉਥੋਂ ਦੀ ਸਥਾਨਕ ਸੰਗਤ ਨੇ ਸੰਨ 1966 ਈ. ਵਿਚ ਗੋਇੰਦਵਾਲ ਤੋਂ ਇਕ ਹੋਰ ਥੰਮ ਲਿਆ ਕੇ ਗੁਰੂ-ਧਾਮ ਦਾ ਨਿਰਮਾਣ ਕੀਤਾ। ਇਸ ਗੁਰੂ-ਧਾਮ ਦੇ ਇਹਾਤੇ ਵਿਚ ਭਾਈ ਖੇੜੇ ਦੇ ਸਮੇਂ ਦਾ ਖੂਹ ਵੀ ਦਸਿਆ ਜਾਂਦਾ ਹੈ। ਇਸ ਗੁਰਦੁਆਰੇ ਦੀ ਵਿਵਸਥਾ ਸਥਾਨਕ ਸੰਗਤ ਦੁਆਰਾ ਕੀਤੀ ਜਾਂਦੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਦੇ ਪੁਰਬ ਉਤੇ ਇਥੇ ਕਾਫ਼ੀ ਸੰਗਤ ਆ ਕੇ ਆਪਣੀ ਸ਼ਰਧਾ ਅਰਪਿਤ ਕਰਦੀ ਹੈ।

ਦੂਜੇ ਗੁਰੂ-ਧਾਮ ਦਾ ਨਾਂ 'ਗੁਰਦੁਆਰਾ ਗੁਰੂਸਰ ਸਾਹਿਬ' ਹੈ, ਜੋ ਖੇਮਕਰਨ ਦੀ ਦੱਖਣ ਦਿਸ਼ਾ ਵਲ ਹੈ। ਇਥੇ ਗੁਰੂ ਤੇਗ ਬਹਾਦਰ ਜੀ ਇਕ ਵਾਰ ਰੁਕੇ ਸਨ। ਪਹਿਲਾਂ ਇਥੇ ਸਾਧਾਰਣ ਜਿਹਾ ਗੁਰਦੁਆਰਾ ਹੁੰਦਾ ਸੀ, ਪਰ ਸੰਨ 1903 ਈ. (ਸੰ. 1960 ਬਿ.) ਵਿਚ ਫ਼ਿਰੋਜ਼ਪੁਰ ਦੇ ਇਕ ਰਈਸ ਲਾਲਾ ਕਾਸ਼ੀ ਰਾਮ ਨੇ ਨਵੀਂ ਇਮਾਰਤ ਬਣਵਾਈ ਸੀ। ਇਹ ਇਮਾਰਤ ਸੰਨ 1965 ਈ. ਦੇ ਭਾਰਤ-ਪਾਕ ਯੁੱਧ ਵੇਲੇ ਨਸ਼ਟ ਹੋ ਗਈ। ਸੰਨ 1966-67 ਈ. ਵਿਚ ਸੰਗਤ ਨੇ ਫਿਰ ਇਮਾਰਤ ਉਸਾਰ ਲਈ ਹੈ। ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ। ਹਰ ਪੂਰਣਮਾਸੀ ਅਤੇ ਪੁਰਬਾਂ ਵਾਲੇ ਦਿਨ ਇਥੇ ਕਾਫ਼ੀ ਇਕੱਠ ਹੁੰਦਾ ਹੈ।

**ਖ਼ੈਬਰ ਦੱਰਾ** : ਇਕ ਪਹਾੜੀ ਦੱਰਾ ਜਾਂ ਘਾਟੀ ਜੋ ਪਾਕਿਸਤਾਨ ਦੇ ਪੱਛਮੋਤਰੀ ਪ੍ਰਾਂਤ ਦੇ ਪਿਸ਼ਾਵਰ ਜ਼ਿਲ੍ਹੇ ਅਤੇ ਅਫ਼ਗਾਨਿ-ਸਤਾਨ ਦੇ ਵਿਚਾਲੇ ਸਥਿਤ ਹੈ। ਇਹ ਘਾਟੀ ਪਿਸ਼ਾਵਰ ਨਗਰ ਤੋਂ ਪੱਛਮ ਵਾਲੇ ਪਾਸੇ ਲਗਭਗ 16 ਕਿ.ਮੀ. ਤੋਂ ਆਰੰਭ ਹੁੰਦੀ ਹੈ। ਹਿੰਦੁਸਤਾਨ ਉਤੇ ਬਾਹਰਲੇ ਆਕ੍ਰਮਣਕਾਰੀ ਪਹਿਲਾਂ ਸਿੰਧ ਪ੍ਰਾਂਤ ਵਲੋਂ ਹਮਲੇ ਕਰਦੇ ਸਨ, ਪਰ ਦਸਵੀਂ ਸਦੀ ਤੋਂ ਇਸ ਘਾਟੀ ਵਿਚੋਂ ਲੰਘ ਕੇ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਦੱਰੇ ਦੇ ਖੁਲ੍ਹਣ ਨਾਲ ਮੁਸਲਮਾਨ ਹਮਲਾਵਰਾਂ ਨੂੰ ਬਹੁਤ ਲੰਬਾ ਪੰਧ ਮਾਰਨ ਦੀ ਥਾਂ, ਗ਼ਜ਼ਨੀ ਤੋਂ ਪਿਸ਼ਾਵਰ ਪਹੁੰਚਣਾ ਸਰਲ ਹੋ ਗਿਆ।

ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਨਾਲ ਬਾਹਰਲੇ ਹਮਲਿਆਂ ਦੀ ਸਥਿਤੀ ਬਿਲਕੁਲ ਬਦਲ ਗਈ। ਸ. ਹਰੀ ਸਿੰਘ ਨਲਵਾ ਨੇ ਪਿਸ਼ਾਵਰ ਨੂੰ ਸਿੱਖ ਰਾਜ ਵਿਚ ਸ਼ਾਮਲ ਕਰਕੇ ਦੱਰਾ ਖ਼ੈਬਰ ਦੇ ਸਿਰੇ ਉਤੇ ਜਮਰੌਦ ਨਾਂ ਦਾ ਕਿਲ੍ਹਾ ਉਸਾਰਿਆ ਅਤੇ ਖ਼ੈਬਰ ਦੇ ਦੱਰੇ ਤੋਂ ਆਉਣ ਵਾਲਿਆਂ ਹਮਲਾਵਰਾਂ ਨੂੰ ਠਲ੍ਹ ਪਾ ਦਿੱਤੀ। ਕਾਬੁਲ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਤੋਂ ਸਿੱਖਾਂ ਦੀ ਇਹ ਚੜ੍ਹਤ ਸਹਿਨ ਨ ਕੀਤੀ ਜਾ ਸਕੀ। ਉਸ ਨੇ ਸਿੱਖਾਂ ਦੇ ਵਿਰੁੱਧ ਜਿਹਾਦ ਖੜਾ ਕਰ ਦਿੱਤਾ ਅਤੇ ਦੱਰਾ ਖ਼ੈਬਰ ਤਕ ਫ਼ੌਜ ਨੂੰ ਲੈ ਆਇਆ। ਸ. ਹਰੀ ਸਿੰਘ ਨਲਵਾ ਉਦੋਂ ਪਿਸ਼ਾਵਰ ਵਿਚ ਟਿਕਿਆ ਹੋਇਆ ਸੀ। ਉਸ ਨੇ ਅਫ਼ਗ਼ਾਨਾਂ ਦੀ ਫ਼ੌਜ ਦੀ ਆਮਦ ਸੁਣ ਕੇ ਤੁਰਤ ਜਮਰੌਦ ਦੇ ਕਿਲ੍ਹੇ ਵਿਚ ਪਹੁੰਚ ਗਿਆ ਅਤੇ ਅਫ਼ਗ਼ਾਨਾਂ ਨੂੰ ਖ਼ੈਬਰ ਦੱਰੇ ਤਕ ਖਦੇੜ ਦਿੱਤਾ। ਪਰ ਖ਼ੈਬਰ ਦੱਰੇ ਤਕ ਪਿੱਛਾ ਕਰਦਿਆਂ ਸ. ਹਰੀ ਸਿੰਘ ਨਲਵਾ ਨੇ ਸੰਨ 1837 ਈ. ਵਿਚ ਅਫ਼ਗ਼ਾਨਾਂ ਹੱਥੋਂ ਵੀਰ-ਗਤੀ ਪ੍ਰਾਪਤ ਕੀਤੀ ਸੀ। ਉਸ ਦੀ ਸਮਾਧ ਜਮਰੌਦ ਦੇ ਕਿਲ੍ਹੇ ਵਿਚ ਕਾਇਮ ਹੈ। ਖ਼ੈਬਰ ਦੇ ਦੱਰੇ ਉਤੇ ਹਮਲਾਵਰਾਂ ਨੂੰ ਰੋਕਣਾ ਸਿੱਖਾਂ ਲਈ ਇਕ ਗੌਰਵ-ਚਿੰਨ੍ਹ ਬਣ ਗਿਆ ਹੈ।

**ਖ਼ੈਰਾਬਾਦ** (ਪਿੰਡ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ ਜੋ ਇਸ ਨਗਰ ਤੋਂ 5 ਕਿ.ਮੀ. ਉਤਰ-ਪੱਛਮ ਵਲ ਸਥਿਤ ਹੈ। ਗੁਰੂ ਹਰਿਗੋਬਿੰਦ ਜੀ ਜਦੋਂ ਕਦੇ ਸ਼ਿਕਾਰ ਖੇਡਣ ਲਈ ਇਸ ਪਾਸੇ ਆਉਂਦੇ ਸਨ ਤਾਂ ਇਕ ਪਲਾਹ (ਪਲਾਸ) ਬ੍ਰਿਛ ਹੇਠਾਂ ਬਿਰਾਜਦੇ ਸਨ। ਗੁਰੂ ਸਾਹਿਬ ਦੀ ਆਮਦ ਦੇ ਸਮਾਰਕ ਵਜੋਂ ਹੁਣ ਇਸ ਸਥਾਨ ਉਤੇ ਜੋ ਗੁਰਦੁਆਰਾ ਬਣਿਆ ਹੋਇਆ ਹੈ, ਉਹ 'ਗੁਰਦੁਆਰਾ ਗੁਰਪਲਾਹ ਪਾਤਿਸ਼ਾਹੀ ਛੇਵੀਂ' ਜਾਂ 'ਗੁਰਦੁਆਰਾ ਪਲਾਹ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਵਰਤਮਾਨ ਇਮਾਰਤ ਸੰਨ 1980 ਈ. ਵਿਚ ਬਣਾਈ ਗਈ। ਇਸ ਨਾਲ ਇਕ ਛੋਟਾ ਜਿਹਾ ਸਰੋਵਰ ਵੀ ਬਣਾਇਆ ਗਿਆ ਹੈ। 6 ਅਸੂ ਨੂੰ ਹਰ

ਸਾਲ ਇਥੇ ਵੱਡਾ ਜੋੜ-ਮੇਲਾ ਹੁੰਦਾ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਜੋ ਇਕ ਸਥਾਨਕ ਕਮੇਟੀ ਰਾਹੀਂ ਇਸ ਦੀ ਵਿਵਸਥਾ ਕਰਦੀ ਹੈ।

ਮਹਾਨਕੋਸ਼ਕਾਰ ਨੇ ਇਸ ਪਿੰਡ ਵਿਚ 'ਕਲਪ-ਬਿਰਛ' ਨਾਂ ਦੇ ਇਕ ਸਥਾਨ ਦਾ ਸੰਬੰਧ ਵੀ ਗੁਰੂ ਹਰਿਗੋਬਿੰਦ ਜੀ ਨਾਲ ਜੋੜਦਿਆਂ ਦਸਿਆ ਹੈ ਕਿ 'ਇਥੇ ਕਾਬੁਲ ਦੀ ਸੰਗਤ ਡਾਕੂਆਂ ਨੇ ਲੁਟ ਲਈ ਸੀ। ਗੁਰੂ ਸਾਹਿਬ ਨੇ ਪਹੁੰਚ ਕੇ ਕੁਕਰਮੀਆਂ ਨੂੰ ਦੰਡ ਦਿੱਤਾ ਅਤੇ ਅਗੇ ਨੂੰ ਸਿੱਖ ਬਣਾ ਕੇ ਸੁਮਾਰਗ ਪਾਏ।'

**ਖੋਸਾ ਕੋਟਲਾ** (ਪਿੰਡ):ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਮੋਗਾ ਨਗਰ ਤੋਂ 10 ਕਿ.ਮੀ. ਉਤਰ-ਪੱਛਮ ਵਲ ਵਸਿਆ ਇਕ ਪਿੰਡ, ਜਿਥੇ ਗੁਰੂ ਹਰਿਗੋਬਿੰਦ ਜੀ ਮਾਲਵਾ ਖੇਤਰ ਵਿਚ ਕੀਤੇ ਧਰਮ-ਪ੍ਰਚਾਰ ਦੌਰਾਨ ਠਹਿਰੇ ਸਨ। ਪਹਿਲਾਂ ਇਥੇ ਕੇਵਲ ਇਕ ਮੰਜੀ ਸਾਹਿਬ ਸੀ, ਪਰ ਸੰਨ 1908 ਈ. ਵਿਚ ਇਕ ਛੋਟੀ ਜਿਹੀ ਇਮਾਰਤ ਬਣਾਈ ਗਈ। ਸੰਨ 1939-40 ਈ. ਵਿਚ ਕਾਰ-ਸੇਵਾ ਵਾਲੇ ਸੰਤ ਇੰਦਰ ਸਿੰਘ ਨੇ ਨਵੀਂ ਇਮਾਰਤ ਉਸਰਵਾਈ। ਹੁਣ ਇਹ ਗੁਰੂ-ਧਾਮ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਖੰਡਾ** : ਕ੍ਰਿਪਾਨ ਵਰਗ ਦਾ ਇਕ ਸ਼ਸਤ੍ਰ ਜਿਸ ਦੇ ਦੋਵੇਂ ਪਾਸੇ ਤੇਜ਼ ਹੁੰਦੇ ਹਨ ਅਤੇ ਆਕਾਰ ਅਤੇ ਭਾਰ ਵਜੋਂ ਕ੍ਰਿਪਾਨ ਤੋਂ ਵੱਡਾ ਹੁੰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਾਸ ਬਹੁਤ ਭਾਰੀ ਖੰਡਾ ਰਖਦੇ ਸਨ। ਸਿੱਖ ਸਮਾਜ ਵਿਚ ਇਸ ਸ਼ਸਤ੍ਰ ਦਾ ਮਹੱਤਵ ਉਦੋਂ ਵਧਿਆ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਇਸ ਦੀ ਵਰਤੋਂ ਕੀਤੀ। ਉਸ ਖੰਡੇ ਦਾ ਆਕਾਰ ਪ੍ਰਕਾਰ ਕਿਤਨਾ ਸੀ ? ਇਸ ਬਾਰੇ ਇਤਿਹਾਸ ਤੋਂ ਕੁਝ ਵੀ ਪਤਾ ਨਹੀਂ ਲਗਦਾ। ਅਜ-ਕਲ ਲਗਭਗ ਇਕ ਫੁਟ ਲੰਬਾ ਖੰਡਾ ਅੰਮ੍ਰਿਤ ਤਿਆਰ ਕਰਨ ਵੇਲੇ ਵਰਤਿਆ ਜਾਂਦਾ ਹੈ।

ਕਾਲਾਂਤਰ ਵਿਚ ਇਸ ਨੂੰ ਸਿੱਖ-ਚਿੰਨ੍ਹ ਵਜੋਂ ਵਰਤਿਆ ਜਾਣ ਲਗਾ। ਸਿੰਘ ਸਭਾ ਵੇਲੇ ਕਿਸੇ ਕਲਾਕਾਰ ਨੇ ਇਸ ਚਿੰਨ੍ਹ ਨੂੰ ਚਕ੍ਰ ਅਤੇ ਦੋ ਕ੍ਰਿਪਾਨਾਂ ਨਾਲ ਸੰਯੁਕਤ ਕਰ ਦਿੱਤਾ। ਇਹ ਸਾਰਾ ਚਿੰਨ੍ਹ ਸ਼ਸਤ੍ਰਮਈ ਹੈ। ਸ਼ਸਤ੍ਰ-ਸੂਚਕ ਧਾਰਮਿਕ ਚਿੰਨ੍ਹ ਬਣਾਉਣ ਦੀ ਭਾਰਤੀ ਸੰਸਕ੍ਰਿਤੀ ਵਿਚ ਇਕ ਪਰੰਪਰਾ ਰਹੀ ਹੈ। ਇਸ ਪ੍ਰਕਾਰ ਦੇ ਚਿੰਨ੍ਹਾਂ ਦਾ ਇਕ ਰੂਪ ਸ਼ਿਵ ਜੀ ਦੇ ਤ੍ਰਿਸ਼ੂਲ ਵਿਚ ਵੇਖਿਆ ਜਾ ਸਕਦਾ ਹੈ। ਉਜੈਨ ਸਥਿਤ ਮਹਾਕਾਲ ਦੇ ਮੰਦਿਰ ਵਿਚ ਵੀ ਸ਼ਸਤ੍ਰ-ਚਿੰਨ੍ਹ ਦਾ ਪ੍ਰਦਰਸ਼ਨ ਮਿਲਦਾ ਹੈ। ਸਿੱਖ-ਚਿੰਨ੍ਹ ਦੀ ਆਪਣੀ ਹੀ ਦਾਰਸ਼ਨਿਕਤਾ ਅਤੇ ਪ੍ਰਤੀਕਾਤਮਕਤਾ ਹੈ। ਇਸ ਵਿਚਲਾ ਖੰਡਾ ਈਸ਼ਵਰੀ ਸ਼ਕਤੀ ਦਾ ਪ੍ਰਤੀਕ ਹੈ (*ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ*— 'ਚੰਡੀ ਦੀ ਵਾਰ')। ਚਕ੍ਰ 'ਧਰਮ' ਦੇ ਚਿੰਨ੍ਹ ਵਜੋਂ ਰਖਿਆ ਗਿਆ ਹੈ ਅਤੇ ਦੋ ਕ੍ਰਿਪਾਨਾਂ ਮੀਰੀ ਅਤੇ ਪੀਰੀ ਦੀਆਂ ਸੂਚਕ ਹਨ। ਇਸ ਤਰ੍ਹਾਂ ਇਹ ਚਿੰਨ੍ਹ ਸਿੱਖ ਧਰਮ ਦੀ ਮਾਨਸਿਕਤਾ ਨੂੰ ਰੂਪਾਇਤ ਕਰਨ ਵਾਲਾ ਹੋ ਨਿਬੜਿਆ ਹੈ।

**ਖੰਡੇ ਦਾ ਅੰਮ੍ਰਿਤ** : ਖ਼ਾਲਸਾ ਸਜਾਉਣ ਵੇਲੇ ਮਰਯਾਦਾ ਅਨੁਸਾਰ ਤਿਆਰ ਕੀਤਾ ਅੰਮ੍ਰਿਤ 'ਖੰਡੇ ਦਾ ਅੰਮ੍ਰਿਤ' ਕਿਹਾ ਜਾਂਦਾ ਹੈ। ਵੇਖੋ 'ਖ਼ਾਲਸਾ'।

# ਗ

**ਗਉੜੀ ਕੀ ਵਾਰ ਮਹਲਾ ੪** : ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੁਲ 33 ਪਉੜੀਆਂ ਵਾਲੀ ਇਸ ਵਾਰ ਵਿਚ 28 ਪਉੜੀਆਂ (1 ਤੋਂ 26 ਅਤੇ 32-33) ਚੌਥੇ ਗੁਰੂ ਜੀ ਦੀਆਂ ਰਚੀਆਂ ਹਨ ਅਤੇ ਪੰਜ (27 ਤੋਂ 31) ਪੰਜਵੇਂ ਗੁਰੂ ਜੀ ਦੀਆਂ ਲਿਖੀਆਂ ਹਨ ਜੋ ਸੰਪਾਦਨ ਵੇਲੇ ਸ਼ਾਮਲ ਕੀਤੀਆਂ ਗਈਆਂ ਸਨ। ਇਸ ਤਰ੍ਹਾਂ ਮੂਲ ਰੂਪ ਵਿਚ ਇਸ ਵਾਰ ਦੀਆਂ 28 ਪਉੜੀਆਂ ਸਨ।

ਆਮ ਤੌਰ 'ਤੇ ਇਸ ਵਿਚਲੀਆਂ ਪਉੜੀਆਂ ਦੀਆਂ ਪੰਜ ਪੰਜ ਤੁਕਾਂ ਹਨ, ਪਰ ਕਿਤੇ ਕਿਤੇ ਅੰਤਰ ਵੀ ਹੈ, ਜਿਵੇਂ 11ਵੀਂ ਵਿਚ ਛੇ ਅਤੇ 12ਵੀਂ ਅਤੇ 31ਵੀਂ ਵਿਚ ਦਸ ਦਸ। ਇਸ ਵਿਚ ਪਉੜੀਆਂ ਦੇ ਨਾਲ ਦੋ ਦੋ ਸ਼ਲੋਕ ਵੀ ਦਰਜ ਹਨ, ਪਰ 15ਵੀਂ ਅਤੇ 20ਵੀਂ ਪਉੜੀਆਂ ਨਾਲ ਤਿੰਨ ਤਿੰਨ ਸ਼ਲੋਕ ਹੋਣ ਕਾਰਣ ਇਨ੍ਹਾਂ ਦੀ ਕੁਲ ਗਿਣਤੀ 68 ਹੋ ਗਈ ਹੈ। ਇਨ੍ਹਾਂ ਵਿਚੋਂ ਸੱਤ ਸ਼ਲੋਕ ਗੁਰੂ ਅਮਰਦਾਸ

ਜੀ ਦੇ, 53 ਗੁਰੂ ਰਾਮਦਾਸ ਜੀ ਦੇ ਅਤੇ ਅੱਠ ਗੁਰੂ ਅਰਜਨ ਦੇਵ ਜੀ ਦੇ ਹਨ। ਸ਼ਲੋਕਾਂ ਦੀਆਂ ਤੁਕਾਂ ਦੀ ਗਿਣਤੀ ਇਕ-ਸਮਾਨ ਨਹੀਂ, ਦੋ ਤੋਂ 14 ਤੁਕਾਂ ਦੇ ਸ਼ਲੋਕ ਮਿਲਦੇ ਹਨ।

ਪਉੜੀਆਂ ਅਤੇ ਸ਼ਲੋਕ ਵਿਚ ਭਾਵਾਂ ਦੀ ਏਕਤਾ ਸਰਬੱਤ੍ਰ ਹੈ। ਗੁਰਮਤਿ ਦੇ ਅਨੇਕ ਪੱਖਾਂ ਉਤੇ ਪ੍ਰਕਾਸ਼ ਪਾਉਂਦਿਆਂ ਗੁਰੂ ਜੀ ਨੇ ਦਸਿਆ ਹੈ ਕਿ ਮਾਇਕ ਪ੍ਰਪੰਚ ਵਾਲੇ ਇਸ ਸੰਸਾਰ ਵਿਚ ਅਨੇਕ ਔਕੜਾਂ ਹਨ, ਪਰ ਜਿਗਿਆਸੂ ਗੁਰੂ ਦੀ ਸ਼ਰਣ ਵਿਚ ਜਾਣ ਨਾਲ ਭਵ-ਸਾਗਰ ਨੂੰ ਤਰਨ ਵਿਚ ਸਮਰਥ ਹੋ ਜਾਂਦਾ ਹੈ ਅਤੇ ਯਾਤ੍ਰਾ-ਮਾਰਗ ਉਤੇ ਨਿਰਭੈ ਹੋ ਕੇ ਵਿਚਰਦਾ ਹੈ। ਅਧਿਆਤਮਿਕ ਯਾਤ੍ਰਾ ਉਤੇ ਤੁਰਨ ਵੇਲੇ ਸਾਧਕ ਨੂੰ ਹਰਿ-ਨਾਮ ਰੂਪੀ ਖ਼ਰਚੀ ਪਲੇ ਬੰਨ੍ਹ ਲੈਣੀ ਚਾਹੀਦੀ ਹੈ। ਇਸ ਨਾਲ ਵਿਥਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਸਾਧਕ ਦਾ ਪਰਮਾਤਮਾ ਨਾਲ ਏਕਾਕਾਰ ਹੋ ਜਾਂਦਾ ਹੈ। ਇਸ ਵਾਰ ਵਿਚ ਸੱਚੇ ਗੁਰਸਿਖ ਦੀ ਨਿੱਤ ਦੀ ਜੀਵਨ-ਵਿਧੀ ਨੂੰ ਵੀ ਸਪੱਸ਼ਟ ਕੀਤਾ ਗਿਆ ਹੈ, ਜਿਵੇਂ —*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ। ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।*(ਗੁ.ਗ੍ਰੰ. 305)।

**ਗਉੜੀ ਕੀ ਵਾਰ ਮਹਲਾ ੫** : ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਸ ਵਾਰ ਦੇ ਆਰੰਭ ਵਿਚ ਲਿਖਿਆ ਹੈ— *ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ।* ਇਸ ਉਕਤੀ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਨੂੰ ਗਾਉਣ ਦੀ ਧੁਨਿ ਨਿਰਦਿਸ਼ਟ ਕਰ ਦਿੱਤੀ ਹੈ। ਰਵਾਇਤ ਅਨੁਸਾਰ ਬਾਰ ਦੇ ਇਲਾਕੇ ਵਿਚ ਦੋ ਜਾਗੀਰਦਾਰ ਭਰਾ— ਕਮਾਲੁੱਦੀਨ ਅਤੇ ਸਾਰੰਗ— ਰਹਿੰਦੇ ਸਨ। ਵੈਰ ਕਾਰਣ ਕਮਾਲੁੱਦੀਨ ਨੇ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਸਾਰੰਗ ਦੀ ਵਿਧਵਾ ਆਪਣੇ ਬਾਲਕ ਮੁਅਜ਼ੁੱਦੀਨ ਨੂੰ ਨਾਨਕੇ ਲੈ ਆਈ। ਜਦੋਂ ਉਹ ਜਵਾਨ ਹੋਇਆ ਤਾਂ ਆਪਣੇ ਪਿਤਾ ਦਾ ਬਦਲਾ ਲੈਣ ਲਈ ਨਾਨਕੀ ਫ਼ੌਜ ਦੀ ਸਹਾਇਤਾ ਨਾਲ ਉਸ ਨੇ ਕਮਾਲੁੱਦੀਨ ਉਤੇ ਹਮਲਾ ਕੀਤਾ। ਘੋਰ ਯੁੱਧ ਵਿਚ ਕਮਾਲੁੱਦੀਨ ਮਾਰਿਆ ਗਿਆ। ਦੋਹਾਂ ਦੀ ਅਦੁੱਤੀ ਵੀਰਤਾ ਨੂੰ ਚਿਤ੍ਰਣ ਲਈ ਢਾਢੀਆਂ ਨੇ ਜੋ ਵਾਰ ਰਚੀ, ਉਹ ਬਹੁਤ ਪ੍ਰਸਿੱਧ ਹੋਈ। ਉਸ ਦੀ ਹਰਮਨ ਪਿਆਰੀ ਧੁਨਿ ਦੇ ਆਧਾਰ 'ਤੇ ਇਸ ਵਾਰ ਨੂੰ ਗਾਉਣ ਦੇ ਆਦੇਸ਼ ਨਾਲ ਗੁਰੂ ਅਰਜਨ ਦੇਵ ਜੀ ਗੁਰਬਾਣੀ ਦਾ ਜਨ-ਜੀਵਨ ਨਾਲ ਸੰਬੰਧ ਜੋੜਦੇ ਪ੍ਰਤੀਤ ਹੁੰਦੇ ਹਨ।

ਇਸ ਵਾਰ ਵਿਚ ਪੰਜ ਪੰਜ ਤੁਕਾਂ ਦੀਆਂ ਕੁਲ 21 ਪਉੜੀਆਂ ਹਨ ਅਤੇ ਹਰ ਇਕ ਪਉੜੀ ਨਾਲ ਦੋ ਦੋ ਸ਼ਲੋਕ ਵੀ ਗੁਰੂ ਅਰਜਨ ਦੇਵ ਜੀ ਦੇ ਹੀ ਲਿਖੇ ਹਨ। ਇਸ ਤਰ੍ਹਾਂ ਇਸ ਨਾਲ 42 ਸ਼ਲੋਕ ਸ਼ਾਮਲ ਹੋਏ ਹਨ। ਸ਼ਲੋਕ ਆਮ ਤੌਰ 'ਤੇ ਦੋਹਰਾ-ਸੋਰਠਾ ਤੋਲ ਦੇ ਹਨ, ਪਰ ਕਈ ਸ਼ਲੋਕਾਂ ਦੀਆਂ ਤੁਕਾਂ ਜ਼ਿਆਦਾ ਵੀ ਹਨ। ਕੁਲ ਮਿਲਾ ਕੇ ਇਸ ਵਾਰ ਵਿਚ 36 ਸ਼ਲੋਕ ਦੋ-ਤੁਕੇ, ਤਿੰਨ ਚਉਤੁਕੇ, ਦੋ ਪੰਜ-ਤੁਕੇ ਅਤੇ ਇਕ ਅੱਠ-ਤੁਕਾ ਹੈ। 19ਵੀਂ ਪਉੜੀ ਨਾਲ ਦਰਜ ਪਹਿਲੇ ਸ਼ਲੋਕ ਦੇ ਆਰੰਭ ਵਿਚ 'ਡਖਣਾ' ਸ਼ਬਦ ਲਿਖਿਆ ਹੈ। ਇਸ ਪਉੜੀ ਦੇ ਦੋਵੇਂ ਸ਼ਲੋਕ ਅਤੇ 20ਵੀਂ ਪਉੜੀ ਦਾ ਪਹਿਲਾ ਸ਼ਲੋਕ ਲਹਿੰਦੀ ਭਾਸ਼ਾ ਵਿਚ ਹਨ। ਬਾਕੀ ਦੇ ਸ਼ਲੋਕ ਅਤੇ ਪਉੜੀਆਂ ਸਾਧ-ਭਾਖਾ ਪ੍ਰਭਾਵਿਤ ਪੂਰਵੀ ਪੰਜਾਬੀ ਵਿਚ ਲਿਖੀਆਂ ਹਨ। ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਬਹੁਤ ਘਟ ਵਰਤੀ ਗਈ ਹੈ।

ਇਸ ਵਾਰ ਦੀਆਂ ਪਉੜੀਆਂ ਅਤੇ ਸ਼ਲੋਕਾਂ ਵਿਚ ਭਾਵਾਂ ਦੀ ਸਮਾਨਤਾ ਸਰਬੱਤ੍ਰ ਹੈ। ਗੁਰੂ ਜੀ ਨੇ ਗੁਰਮਤਿ ਦੇ ਮੁੱਖ ਸਿੱਧਾਂਤਾਂ ਉਤੇ ਪ੍ਰਕਾਸ਼ ਪਾਉਂਦਿਆਂ ਦਸਿਆ ਹੈ ਕਿ ਪਰਮਾਤਮਾ ਸਰਵ-ਸ਼ਕਤੀਮਾਨ ਹੈ। ਮਨੁੱਖ ਦਾ ਸ੍ਰੇਸ਼ਠ ਬਣਨ ਲਈ ਸਾਧ-ਸੰਗਤਿ ਦੀ ਸ਼ਰਣ ਵਿਚ ਜਾਣਾ ਜ਼ਰੂਰੀ ਹੈ, ਕਿਉਂਕਿ ਉਥੋਂ ਨਾਮ-ਸਿਮਰਨ ਦੀ ਜੁਗਤ ਪ੍ਰਾਪਤ ਹੁੰਦੀ ਹੈ। ਨਾਮ-ਸਿਮਰਨ ਨਾਲ ਸਾਧਕ ਦੀ ਸ਼ਖ਼ਸੀਅਤ ਇਕ-ਦਮ ਬਦਲ ਜਾਂਦੀ ਹੈ। ਉਸ ਦਾ ਸੁਭਾ ਪਵਿੱਤਰ ਅਤੇ ਸੁਖ-ਦੁਖ ਤੋਂ ਉੱਚਾ ਹੋ ਜਾਂਦਾ ਹੈ। ਇਸੇ ਲਈ ਗੁਰੂ ਜੀ ਨੇ ਅੰਤ ਉਤੇ ਕਿਹਾ ਹੈ— *ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ। ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ।*(ਗੁ.ਗ੍ਰੰ.323)।

**ਗਉੜੀ ਰਾਗ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ 251 ਚਉਪਦੇ, 44 ਅਸ਼ਟਪਦੀਆਂ, 11 ਛੰਤ, ਇਕ ਬਾਵਨ-ਅਖਰੀ, ਇਕ ਸੁਖਮਨੀ, ਇਕ ਥਿਤੀ, ਇਕ ਵਾਰ ਮ. ੪ ਅਤੇ ਇਕ ਵਾਰ ਮ. ੫ ਦਰਜ ਹਨ। ਭਗਤ-ਬਾਣੀ ਪ੍ਰਕਰਣ ਵਿਚ ਕਬੀਰ ਜੀ ਦੇ 74 ਪਦੇ, ਇਕ ਬਾਵਨ-ਅਖਰੀ, ਇਕ ਥਿਤੀ, ਇਕ ਵਾਰ (ਸਤ); ਨਾਮਦੇਵ ਜੀ ਦਾ

ਇਕ ਪਦਾ ਅਤੇ ਰਵਿਦਾਸ ਜੀ ਦੇ 5 ਪਦੇ ਹਨ।

*ਚਉਪਦੇ* ਪ੍ਰਕਰਣ ਵਿਚ ਆਏ ਕੁਲ 251 ਚਉਪਦਿਆਂ ਵਿਚੋਂ 20 ਗੁਰੂ ਨਾਨਕ ਦੇਵ ਦੇ ਰਚੇ ਹਨ, ਜਿਨ੍ਹਾਂ ਵਿਚੋਂ 15 ਚਾਰ ਚਾਰ ਪਦਿਆਂ ਦੇ ਸਮੁੱਚ ਹਨ ਅਤੇ ਬਾਕੀ ਪੰਜਾਂ ਵਿਚੋਂ ਦੋ ਤ੍ਰਿਪਦੇ, ਇਕ ਪੰਚ-ਪਦਾ ਅਤੇ ਦੋ ਛਿ-ਪਦੇ ਹਨ। ਇਨ੍ਹਾਂ ਵਿਚੋਂ ਆਖ਼ੀਰਲਾ ਸ਼ਬਦ ('ਜੈ ਘਰਿ ਕੀਰਤਿ...') 'ਸੋਹਿਲਾ' ਪ੍ਰਕਰਣ ਵਿਚ ਵੀ ਆਇਆ ਹੈ। ਇਸ ਪ੍ਰਕਰਣ ਵਿਚ 18 ਚਉਪਦੇ ਗੁਰੂ ਅਮਰਦਾਸ ਜੀ ਦੇ ਹਨ ਜਿਨ੍ਹਾਂ ਵਿਚੋਂ ਅਧਿਕਾਂਸ਼ ਚਉਤੁਕੇ ਹਨ। ਗੁਰੂ ਰਾਮਦਾਸ ਜੀ ਦੇ ਰਚੇ 32 ਚਉਪਦਿਆਂ ਵਿਚੋਂ ਬਹੁਤੇ ਚਾਰ ਚਾਰ ਪਦਿਆਂ ਦੇ ਜੁੱਟ ਹਨ। ਇਨ੍ਹਾਂ ਵਿਚੋਂ 22ਵਾਂ ਸ਼ਬਦ 'ਕਾਮਿ ਕਰੋਧਿ...' 'ਸੋਹਿਲਾ' ਪ੍ਰਕਰਣ ਵਿਚ ਹੀ ਦਰਜ ਹੈ। ਗੁਰੂ ਅਰਜਨ ਦੇਵ ਜੀ ਦੇ 172 ਚਉਪਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਚਾਰ ਚਾਰ ਪਦਿਆਂ ਦੇ ਸਮੁੱਚ ਹਨ। ਇਨ੍ਹਾਂ ਵਿਚੋਂ 124ਵੇਂ ਸ਼ਬਦ ('ਅਉਧ ਘਟੈ...') ਦਾ ਉੱਲੇਖ 'ਸੋਹਿਲਾ' ਪ੍ਰਸੰਗ ਵਿਚ ਕੀਤਾ ਜਾ ਚੁਕਿਆ ਹੈ। ਗੁਰੂ ਤੇਗ ਬਹਾਦਰ ਜੀ ਦੇ ਨੌਂ ਚਉਪਦਿਆਂ ਵਿਚ ਸੱਤ ਦੁਪਦੇ ਅਤੇ ਇਕ ਤ੍ਰਿਪਦਾ ਸ਼ਾਮਲ ਹੈ।

*ਅਸ਼ਟਪਦੀਆਂ* ਪ੍ਰਕਰਣ ਵਿਚ ਦਰਜ 44 ਅਸ਼ਟਪਦੀਆਂ ਵਿਚੋਂ 18 ਗੁਰੂ ਨਾਨਕ ਦੇਵ ਜੀ ਦੀਆਂ ਹਨ। ਇਨ੍ਹਾਂ ਵਿਚੋਂ 14 ਵਿਚ ਅੱਠ ਅੱਠ ਪਦੀਆਂ, ਪੰਜ ਵਿਚ ਨੌਂ ਪਦੀਆਂ ਅਤੇ ਇਕ ਵਿਚ 12 ਪਦੀਆਂ ਹਨ। ਇਨ੍ਹਾਂ ਵਿਚ ਭਗਤੀ ਦੇ ਸਰੂਪ ਨੂੰ ਉਘਾੜਦੇ ਹੋਇਆਂ ਹਰਿ-ਸਿਮਰਨ ਉਤੇ ਬਲ ਦਿੱਤਾ ਗਿਆ ਹੈ। ਗੁਰੂ ਅਮਰਦਾਸ ਜੀ ਦੀਆਂ ਲਿਖੀਆਂ ਨੌਂ ਅਸ਼ਟਪਦੀਆਂ ਵਿਚ ਪਾਖੰਡਾਂ ਦਾ ਖੰਡਨ ਕਰਕੇ ਸੱਚੇ ਦਿਲੋਂ ਹਰਿ-ਭਗਤੀ ਕਰਨ ਲਈ ਪ੍ਰੇਰਿਆ ਗਿਆ ਹੈ। ਚੌਥੇ ਗੁਰੂ ਜੀ ਦੀਆਂ ਦੋ ਅਸ਼ਟਪਦੀਆਂ ਨੂੰ 'ਕਰਹਲੇ' ਉਪ-ਸਿਰਲੇਖ ਦਿੱਤਾ ਗਿਆ ਹੈ। ਇਨ੍ਹਾਂ ਵਿਚ ਦਸ ਦਸ ਪਦੀਆਂ ਸ਼ਾਮਲ ਹੋਈਆਂ ਹਨ। 'ਕਰਹਲੇ' ਤੋਂ ਭਾਵ ਹੈ ਊਠ। ਬੇਮੁਹਾਰੇ ਊਠ ਦਾ ਭਟਕਿਆ ਫਿਰਨਾ ਲੋਕ-ਪ੍ਰਸਿੱਧ ਹੈ। ਇਥੇ ਗੁਰੂ ਜੀ ਨੇ ਬੇਮੁਹਾਰੇ ਜੀਵਨ ਦੀ ਸਥਿਤੀ ਸਪੱਸ਼ਟ ਕਰਨ ਲਈ 'ਕਰਹਲੇ' (ਊਠ) ਪ੍ਰਤੀਕ ਦੀ ਵਰਤੋਂ ਕੀਤੀ ਹੈ। ਬਾਕੀ ਦੀਆਂ 15 ਅਸ਼ਟਪਦੀਆਂ ਗੁਰੂ ਅਰਜਨ ਦੇਵ ਜੀ ਦੀਆਂ ਹਨ। ਇਨ੍ਹਾਂ ਵਿਚ ਨਾਮ-ਸਿਮਰਨ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ।

*ਛੰਤ* ਪ੍ਰਕਰਣ ਵਿਚ ਦਰਜ ਚਾਰ ਚਾਰ ਪਦਿਆਂ ਦੇ ਕੁਲ 11 ਛੰਤਾਂ ਵਿਚੋਂ ਦੋ ਗੁਰੂ ਨਾਨਕ ਦੇਵ ਜੀ ਦੇ ਹਨ। ਗੁਰੂ ਅਮਰਦਾਸ ਜੀ ਦੇ ਲਿਖੇ ਪੰਜ ਛੰਤ ਹਨ ਅਤੇ ਪੰਜਵੇਂ ਗੁਰੂ ਜੀ ਦੇ ਚਾਰ ਹਨ। ਇਨ੍ਹਾਂ ਵਿਚ ਗੁਰੂ-ਕਵੀਆਂ ਨੇ ਆਪਣੇ ਆਪ ਨੂੰ ਪਤਨੀ (ਨਾਇਕਾ) ਦੇ ਰੂਪ ਵਿਚ ਪੇਸ਼ ਕਰਕੇ ਪਰਮਾਤਮਾ ਨਾਲ ਦੰਪਤਿਕ ਸੰਬੰਧ ਸਥਾਪਿਤ ਕੀਤਾ ਹੈ ਅਤੇ ਸੰਯੋਗ ਸੁਖ ਦੀ ਉਡੀਕ ਅਤੇ ਮਹਾ-ਮਿਲਨ ਦੀ ਦਸ਼ਾ ਦਾ ਚਿਤ੍ਰਣ ਕੀਤਾ ਹੈ।

ਇਸ ਉਪਰੰਤ 'ਬਾਵਨ-ਅਖਰੀ ਮ. ੫', 'ਸੁਖਮਨੀ', 'ਥਿਤੀ ਮ.੫', 'ਗਉੜੀ ਕੀ ਵਾਰ ਮ. ੪', 'ਗਉੜੀ ਕੀ ਵਾਰ ਮ. ੫' ਦਰਜ ਹਨ, ਜਿਨ੍ਹਾਂ ਬਾਰੇ ਸੁਤੰਤਰ ਇੰਦਰਾਜ ਲਿਖੇ ਹਨ।

*ਭਗਤ-ਬਾਣੀ* ਪ੍ਰਕਰਣ ਵਿਚ ਸਭ ਤੋਂ ਪਹਿਲਾਂ ਕਬੀਰ ਜੀ ਦੇ 74 ਸ਼ਬਦ ਹਨ। ਸ਼ੁਰੂ ਵਿਚ ਇਨ੍ਹਾਂ ਨੂੰ 'ਚਉਪਦੇ' ਉਪ-ਸਿਰਲੇਖ ਦਿੱਤਾ ਹੋਇਆ ਹੈ ਜਿਨ੍ਹਾਂ ਵਿਚ ਕੁਝ ਤ੍ਰਿਪਦੇ, ਕੁਝ ਚਉਪਦੇ ਅਤੇ ਕੁਝ ਪੰਜ-ਪਦੇ ਹਨ। 25ਵੇਂ ਚਉਪਦੇ ਤੋਂ ਬਾਦ 'ਅਸ਼ਟਪਦੀ' ਉਪ-ਸਿਰਲੇਖ ਦਿੱਤਾ ਹੈ, ਪਰ ਅਸ਼ਟਪਦੀ ਦੀਆਂ ਸੀਮਾਵਾਂ ਤੋਂ ਇਹ ਸ਼ਬਦ ਸੁਤੰਤਰ ਹਨ। ਫਲਸਰੂਪ ਇਨ੍ਹਾਂ ਨੂੰ 'ਸ਼ਬਦ' ਕਹਿਣਾ ਹੀ ਉਚਿਤ ਹੋਵੇਗਾ। ਇਨ੍ਹਾਂ ਵਿਚ ਨ ਪਦਿਆਂ ਦੀ ਗਿਣਤੀ ਸੰਬੰਧੀ ਅਤੇ ਨ ਹੀ ਉਨ੍ਹਾਂ ਵਿਚਲੀਆਂ ਤੁਕਾਂ ਵਿਚ ਕਿਸੇ ਪ੍ਰਕਾਰ ਦੀ ਸਮਾਨਤਾ ਹੈ। ਮਸਤ ਮੌਲਾ ਸੰਤ ਕਬੀਰ ਦੀ ਆਪਣੀ ਹੀ ਚਾਲ ਹੈ ਅਤੇ ਆਪਣੇ ਹੀ ਢੰਗ ਦੀ ਨਿਰਛਲ ਅਤੇ ਨਿਡਰ ਅਭਿ-ਵ੍ਯਿਅਕਤੀ ਹੈ। ਇਨ੍ਹਾਂ ਸ਼ਬਦਾਂ ਵਿਚ ਅਧਿਕਤਰ ਉਹ ਅਧਿਆਤਮਿਕ ਨੁਕਤੇ ਲਏ ਗਏ ਹਨ ਜਿਨ੍ਹਾਂ ਦਾ ਸੰਬੰਧ ਹਰਿ-ਭਗਤੀ ਦੇ ਪਾਲਨ ਵਿਚ ਵਿਘਨ ਪਾਉਣ ਵਾਲੇ ਤੱਤ੍ਵਾਂ ਨਾਲ ਹੈ। ਸੰਤ ਕਬੀਰ ਜੀ ਦੀਆਂ ਤਿੰਨ ਰਚਨਾਵਾਂ— ਬਾਵਨ-ਅਖਰੀ, ਥਿਤੀ, ਵਾਰ-ਸਤ—ਬਾਰੇ ਸੁਤੰਤਰ ਇੰਦਰਾਜ ਦਿੱਤੇ ਹਨ।

ਭਗਤ ਨਾਮਦੇਵ ਜੀ ਨੇ ਇਸ ਪ੍ਰਕਰਣ ਵਿਚਲੇ ਆਪਣੇ ਇਕ ਸ਼ਬਦ ਵਿਚ ਭਵ-ਸਾਗਰ ਤੋਂ ਤਾਰੇ ਜਾ ਚੁਕੇ ਪੌਰਾਣਿਕ ਪਾਤਰਾਂ ਦੀ ਪਰੰਪਰਾ ਵਿਚ ਆਪਣੇ ਉੱਧਾਰ ਲਈ ਪਰਮਾਤਮਾ ਅਗੇ ਅਰਜ਼ੋਈ ਕੀਤੀ ਹੈ। ਭਗਤ ਰਵਿਦਾਸ ਜੀ ਦੇ ਪੰਜ ਸ਼ਬਦ ਇਸ ਪ੍ਰਕਰਣ ਦੇ ਅੰਤ ਉਤੇ ਦਰਜ ਹਨ। ਉਨ੍ਹਾਂ ਨੇ ਪਰਮਾਤਮਾ ਅਗੇ ਆਪਣੇ ਅਧਿਆਤਮਿਕ ਭਵਿਖ ਨੂੰ ਉਜਲਾ ਕਰਨ ਲਈ ਪ੍ਰਾਰਥਨਾ ਕੀਤੀ ਹੈ।

**ਗਹਲ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ

ਜੋ ਬਰਨਾਲੇ ਤੋਂ 30 ਕਿ.ਮੀ. ਉਤਰ ਵਲ ਹੈ। ਸਿੱਖ ਇਤਿਹਾਸ ਵਿਚ ਇਸ ਪਿੰਡ ਦਾ ਮਹੱਤਵ ਦੋ ਕਾਰਣਾਂ ਕਰਕੇ ਹੈ। ਪਹਿਲਾ ਇਹ ਕਿ ਗੁਰੂ ਹਰਿਰਾਇ ਜੀ ਮਾਲਵੇ ਵਿਚ ਧਰਮ-ਪ੍ਰਚਾਰ ਯਾਤ੍ਰਾ ਵੇਲੇ ਮੇਹਰਾਜ ਵਲ ਜਾਂਦੇ ਹੋਏ ਇਥੇ ਰੁਕੇ ਸਨ। ਉਸ ਸਥਾਨ ਉਤੇ ਹੁਣ 'ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਪਾਤਿਸ਼ਾਹੀ ਸੱਤਵੀਂ' ਬਣਿਆ ਹੋਇਆ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

ਦੂਜਾ ਇਹ ਕਿ ਵੱਡੇ ਘੱਲੂਘਾਰੇ ਵੇਲੇ ਅਹਿਮਦ ਸ਼ਾਹ ਦੁਰਾਨੀ ਦੀਆਂ ਫ਼ੌਜਾਂ ਨਾਲ ਲੋਹਾ ਲੈਂਦੇ ਹੋਏ ਜਦੋਂ ਸਿੰਘ ਮਾਲਵੇ ਦੇ ਬਰਨਾਲਾ ਨਗਰ ਵਲ ਵਧ ਰਹੇ ਸਨ, ਤਾਂ ਇਸ ਪਿੰਡ ਪਾਸੋਂ ਲੰਘੇ ਸਨ। ਉਨ੍ਹਾਂ ਦੀ ਯਾਦ ਵਿਚ ਸੰਨ 1967 ਈ. ਵਿਚ ਇਕ ਸਮਾਰਕ ਦਾ ਨਿਰਮਾਣ ਸ਼ੁਰੂ ਕੀਤਾ ਗਿਆ, ਜੋ ਸੰਨ 1971 ਈ. ਵਿਚ ਪੂਰਾ ਹੋਇਆ।

**ਗਹਿਰ ਗੰਭੀਰੀਏ** (ਉਪ ਸੰਪ੍ਰਦਾਇ): ਉਦਾਸੀ ਮਤ ਦੇ ਇਕ ਬਿਸ਼ਨਦਾਸ ਨਾਂ ਦੇ ਸਾਧ ਨੇ ਇਸ ਉਪ-ਸੰਪ੍ਰਦਾਇ ਦਾ ਵਿਕਾਸ ਕੀਤਾ। ਇਸ ਬਾਰੇ ਹੁਣ ਕੋਈ ਤੱਥਕ ਸਾਮਗ੍ਰੀ ਉਪਲਬਧ ਨਹੀਂ ਹੈ। ਇਤਨਾ ਹੀ ਪਤਾ ਚਲਦਾ ਹੈ ਕਿ ਬਿਸ਼ਨਦਾਸ ਕਾਨ੍ਹ ਚੰਦ ਤਰਖਾਣ ਦੇ ਘਰ ਬੀਬੀ ਸੁਖੀ ਦੀ ਕੁੱਖੋਂ ਸੰਨ 1863 ਈ. (ਚੇਤ ਵਦੀ 9, ਸੰਮਤ 1920 ਬਿ.) ਲੁਧਿਆਣਾ ਜ਼ਿਲ੍ਹੇ ਦੇ ਪਿੰਡ 'ਠਾਣਾ' ਵਿਚ ਪੈਦਾ ਹੋਇਆ। ਮਤਾਬਦਾਸ ਉਦਾਸੀ ਦਾ ਚੇਲਾ ਬਣ ਕੇ ਉਦਾਸੀ ਮਤ ਦੇ ਵੱਡੇ ਅਖਾੜੇ ਨਾਲ ਸੰਬੰਧਿਤ ਰਿਹਾ। ਮਹਾਨਕੋਸ਼ਕਾਰ ਭਾਈ ਕਾਨ੍ਹ ਸਿੰਘ ਅਨੁਸਾਰ ਸੰਮਤ 1844 ਬਿ. ਵਿਚ ਰੋਪੜ ਵਿਚ ਡੇਰਾ ਜਮਾ ਕੇ ਉਸ ਨੇ ਉਪਦੇਸ਼ ਕਰਨਾ ਸ਼ੁਰੂ ਕੀਤਾ। ਉਸ ਦੀ ਧਾਰਣਾ ਸੀ ਕਿ ਪਰਮਾਤਮਾ ਦਾ ਸਭ ਤੋਂ ਉਤਮ ਨਾਂ 'ਗਹਿਰ ਗੰਭੀਰ' ਹੈ। ਇਸ ਦੀ ਪੁਸ਼ਟੀ ਵਜੋਂ ਉਹ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਤੁਕਾਂ ਪੜ੍ਹਦਾ ਹੁੰਦਾ ਸੀ, ਜਿਵੇਂ—*ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ* (ਗੁ.ਗ੍ਰੰ. 1079), *ਗਹਿਰ ਗੰਭੀਰ ਅਥਾਹੁ ਹਾਥ ਨ ਲਭਈ* (ਗੁ.ਗ੍ਰੰ. 1288) ਆਦਿ। ਬਿਸ਼ਨਦਾਸ ਦੇ ਚੇਲੇ 'ਗਹਿਰ ਗੰਭੀਰੀਏ' ਨਾਂ ਨਾਲ ਪ੍ਰਸਿੱਧ ਹੋਏ। ਉਨ੍ਹਾਂ ਦਾ ਧਰਮ-ਗ੍ਰੰਥ ਗੁਰੂ ਗ੍ਰੰਥ ਸਾਹਿਬ ਹੀ ਹੈ।

**ਗੱਗੋਬੂਹਾ** (ਪਿੰਡ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ ਜੋ ਖੇਮਕਰਨ ਨੂੰ ਜਾਂਦੀ ਸੜਕ 'ਤੇ ਵਸਿਆ ਹੋਇਆ ਹੈ। ਰਵਾਇਤ ਅਨੁਸਾਰ ਇਕ ਵਾਰ ਗੁਰੂ ਹਰਿਗੋਬਿੰਦ ਜੀ ਸ਼ਿਕਾਰ ਖੇਡਦਿਆਂ ਇਥੇ ਕੁਝ ਸਮੇਂ ਲਈ ਪਿੱਪਲ ਦੇ ਇਕ ਬ੍ਰਿਛ ਹੇਠਾਂ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਉਥੇ ਇਕ ਸਮਾਰਕ ਬਣਾਇਆ ਗਿਆ, ਜਿਸ ਦੀ ਪੁਨਰ-ਉਸਾਰੀ ਬਾਦ ਵਿਚ ਹੋਈ। ਹੁਣ ਇਹ 'ਗੁਰਦੁਆਰਾ ਮੰਜੀ ਸਾਹਿਬ ਛੇਵੀਂ ਪਾਤਿਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ। ਬਾਬਾ ਬੀਰ ਸਿੰਘ ਨੌਰੰਗਾਬਾਦੀ (ਵੇਖੋ) ਦਾ ਜਨਮ ਇਸੇ ਪਿੰਡ ਵਿਚ ਹੋਇਆ ਦਸਿਆ ਜਾਂਦਾ ਹੈ।

**ਗਜਪਤ/ਗਜਪਤਿ ਸਿੰਘ, ਰਾਜਾ** (1738-1789 ਈ.): ਪੰਜਾਬ ਦੀ ਜੀਂਦ ਰਿਆਸਤ ਦਾ ਸੰਸਥਾਪਕ ਰਾਜਾ ਗਜਪਤ ਸਿੰਘ, ਬਾਬਾ ਫੂਲ ਦੇ ਵੱਡੇ ਪੁੱਤਰ ਚੌਧਰੀ ਤਿਲੋਕ ਸਿੰਘ ਦੇ ਛੋਟੇ ਲੜਕੇ ਸੁਖਚੈਨ ਸਿੰਘ ਦੇ ਘਰ ਮਾਈ ਆਗਾਂ ਦੀ ਕੁੱਖੋਂ ਸੰਨ 1738 ਈ. ਵਿਚ ਪੈਦਾ ਹੋਇਆ। ਸੰਨ 1751 ਈ. ਵਿਚ ਆਪਣੇ ਪਿਤਾ ਦੇ ਦੇਹਾਂਤ ਤੋਂ ਬਾਦ ਆਪਣੀ ਜਾਗੀਰ ਦੀ ਜ਼ਿੰਮੇਵਾਰੀ ਇਸ ਦੇ ਸਿਰ ਉਤੇ ਆ ਪਈ। 17 ਵਰ੍ਹਿਆਂ ਦੀ ਉਮਰ ਵਿਚ ਇਸ ਨੇ ਜੀਂਦ ਅਤੇ ਸਫ਼ੀਦੋਂ ਸਮੇਤ ਬਹੁਤ ਸਾਰਾ ਇਲਾਕਾ ਜਿਤ ਲਿਆ। ਸੰਨ 1764 ਈ. ਵਿਚ ਇਹ ਦਲ ਖ਼ਾਲਸਾ ਵਿਚ ਸ਼ਾਮਲ ਹੋ ਗਿਆ ਅਤੇ ਸ. ਜੱਸਾ ਸਿੰਘ ਦੀ ਕਮਾਨ ਹੇਠ ਸਰਹਿੰਦ ਨੂੰ ਜਿਤਣ ਵਿਚ ਕਾਮਯਾਬ ਹੋਇਆ। ਇਸ ਤੋਂ ਬਾਦ ਇਸ ਨੇ ਕਰਨਾਲ ਅਤੇ ਪਾਨੀਪਤ ਨੂੰ ਲਤਾੜਿਆ। ਇਸ ਤਰ੍ਹਾਂ ਕਈ ਹੋਰ ਇਲਾਕੇ ਵੀ ਜਿਤ ਕੇ ਇਸ ਨੇ ਜੀਂਦ ਨੂੰ ਆਪਣੀ ਰਾਜਧਾਨੀ ਬਣਾਇਆ। ਫਿਰ ਸੰਗਰੂਰ ਦਾ ਇਲਾਕਾ ਨਾਭਾਪਤਿ ਤੋਂ ਖੋਹ ਕੇ ਉਥੇ ਇਸ ਨੇ ਆਪਣੀ ਰਾਜਧਾਨੀ ਨੂੰ ਬਦਲ ਲਿਆ, ਪਰ ਰਿਆਸਤ ਦਾ ਨਾਂ 'ਜੀਂਦ' ਹੀ ਪ੍ਰਚਲਿਤ ਰਿਹਾ।

ਇਸ ਨੇ ਦਿੱਲੀ ਦੀ ਮੁਗ਼ਲ ਸਰਕਾਰ ਪ੍ਰਤਿ ਆਪਣੀ ਅਧੀਨਗੀ ਬਰਕਰਾਰ ਰਖੀ ਅਤੇ ਖ਼ਿਰਾਜ ਵੀ ਦਿੰਦਾ ਰਿਹਾ। ਸੰਨ 1774 ਈ. ਵਿਚ ਇਸ ਨੇ ਆਪਣੀ ਪੁੱਤਰੀ ਰਾਜ ਕੌਰ ਦਾ ਵਿਆਹ ਸੁਕਰਚਕੀਆ ਮਿਸਲ ਦੇ ਸ. ਮਹਾਂ ਸਿੰਘ ਨਾਲ ਕੀਤਾ। ਕਾਲਾਂਤਰ ਵਿਚ ਇਸ ਦੰਪਤੀ ਤੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ। ਇਸ ਦੇ

ਪਟਿਆਲਾ-ਪਤਿ ਰਾਜਾ ਅਮਰ ਸਿੰਘ ਨਾਲ ਮਿਤਰਾਨਾ ਸੰਬੰਧ ਸਨ ਅਤੇ ਉਸ ਦੇ ਪੁੱਤਰ ਰਾਜਾ ਸਾਹਿਬ ਸਿੰਘ ਨੂੰ ਵੀ ਹਰ ਔਕੜ ਸਮੇਂ ਸਹਾਇਤਾ ਦਿੰਦਾ ਰਿਹਾ। ਸੰਨ 1789 ਈ. ਵਿਚ ਅੰਬਾਲਾ ਨੇੜੇ ਇਕ ਸੈਨਿਕ ਮੁਹਿੰਮ ਵੇਲੇ ਇਹ ਬੀਮਾਰ ਹੋ ਗਿਆ ਅਤੇ ਸਫ਼ੀਦੋਂ ਵਿਚ 11 ਨਵੰਬਰ 1789 ਈ. ਨੂੰ ਚਲਾਣਾ ਕਰ ਗਿਆ।

**ਗੱਜਾ ਸਿੰਘ, ਮਹੰਤ** (ਮ. 1914 ਈ.): ਪਟਿਆਲਾ ਸੰਗੀਤ ਘਰਾਨੇ ਦਾ ਇਕ ਸੁਪ੍ਰਸਿੱਧ ਸੰਗੀਤ ਆਚਾਰਯ ਜਿਸ ਦਾ ਜਨਮ ਸੰਨ 1850 ਈ. ਦੇ ਨੇੜੇ-ਤੇੜੇ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਇਕ ਜੱਟ ਪਰਿਵਾਰ ਵਿਚ ਹੋਇਆ। ਬਚਪਨ ਤੋਂ ਹੀ ਇਹ ਸੰਗੀਤ ਵਲ ਬਹੁਤ ਰੁਚਿਤ ਸੀ। ਇਸ ਦੀ ਬਿਰਤੀ ਨੂੰ ਵੇਖ ਕੇ ਇਸ ਦੇ ਪਿਤਾ ਨੇ ਮੇਹਰਾਜ ਦੇ ਨੇੜਲੇ ਡੇਰੇ ਗੁਰੂਸਰ ਦੇ ਮਹੰਤ ਪਾਸ ਧਰਮ ਗ੍ਰੰਥਾਂ ਦੇ ਅਧਿਐਨ ਅਤੇ ਰਾਗ ਵਿਦਿਆ ਵਿਚ ਸਿਖਿਆ ਹਾਸਲ ਕਰਨ ਲਈ ਭੇਜ ਦਿੱਤਾ। ਸੰਗੀਤ ਪ੍ਰਤਿ ਇਸ ਦੀ ਰੁਚੀ ਅਤੇ ਯੋਗਤਾ ਨੂੰ ਵੇਖਦੇ ਹੋਇਆਂ ਡੇਰੇ ਦੇ ਮਹੰਤ ਨੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਦੇ ਮਹੰਤ ਰਾਹੀਂ ਇਸ ਨੂੰ ਕਪੂਰਥਲਾ ਰਿਆਸਤ ਦੇ ਸੁਪ੍ਰਸਿੱਧ ਸੰਗੀਤਕਾਰ ਮੀਰ ਰਹਿਮਤ ਅਲੀ ਪਾਸ ਭੇਜ ਦਿੱਤਾ। ਉਥੇ ਭਾਈ ਫਿਰੰਦੇ ਦਾ ਇਕ ਵੰਸ਼ਜ ਭਾਈ ਬੂਬਾ ਰਬਾਬੀ ਇਸ ਦਾ ਸਹਿਪਾਠੀ ਬਣਿਆ। ਇਸ ਨੇ ਗੁਰਮਤਿ ਸੰਗੀਤ ਨੂੰ ਸਿਖਣ ਲਈ ਵਿਸ਼ੇਸ਼ ਉਦਮ ਕੀਤਾ। ਸਿਖਿਆ ਪ੍ਰਾਪਤ ਕਰਨ ਉਪਰੰਤ ਭਾਈ ਬੂਬਾ ਬਹਾਵਲਪੁਰ ਰਿਆਸਤ ਵਿਚ ਸੰਗੀਤਕਾਰ ਜਾ ਲਗਿਆ ਅਤੇ ਇਹ ਗੁਰੂਸਰ ਪਰਤ ਆਇਆ। ਉਥੋਂ ਦੇ ਮਹੰਤ ਦੇ ਦੇਹਾਂਤ ਤੋਂ ਬਾਦ ਇਹ ਗੁਰਦੁਆਰੇ ਦਾ ਮਹੰਤ ਬਣਿਆ। ਸੰਨ 1861 ਈ. ਵਿਚ ਪਟਿਆਲੇ ਵਿਚ ਨਿਰਮਲ ਅਖਾੜਾ ਕਾਇਮ ਹੋਣ ਤੋਂ ਬਾਦ ਇਹ ਅਕਸਰ ਪਟਿਆਲੇ ਆਉਂਦਾ ਅਤੇ ਤਾਊਸ ਉਤੇ ਆਪਣੇ ਆਲਾਪ ਨਾਲ ਸਰੋਤਿਆਂ ਨੂੰ ਮੋਹ ਲੈਂਦਾ। ਇਸ ਨੂੰ ਸਦਾ ਪਟਿਆਲਾ-ਪਤਿ ਮਹਾਰਾਜਾ ਭੂਪਿੰਦ੍ਰ ਸਿੰਘ ਦੀ ਸਰਪ੍ਰਸਤੀ ਪ੍ਰਾਪਤ ਰਹੀ।

ਸੰਨ 1911 ਈ. ਵਿਚ ਹੋਏ ਦਿੱਲੀ-ਦਰਬਾਰ ਵਿਚ ਮਹੰਤ ਗੱਜਾ ਸਿੰਘ ਨੇ ਪਟਿਆਲਾ ਸੰਗੀਤ ਘਰਾਣੇ ਦਾ ਸੁੰਦਰ ਪ੍ਰਦਰਸ਼ਨ ਕੀਤਾ, ਜਿਸ ਦੇ ਫਲਸਰੂਪ ਇਸ ਨੂੰ ਜੀਵਨ ਭਰ ਲਈ ਰੇਲ ਵਿਚ ਮੁਫ਼ਤ ਸਫ਼ਰ ਕਰਨ ਦਾ ਪਾਸ ਦਿੱਤਾ ਗਿਆ। ਮਹਾਰਾਜਾ ਭੂਪਿੰਦਰ ਸਿੰਘ ਦੀ ਪ੍ਰੇਰਣਾ ਨਾਲ ਇਸ ਨੇ ਗੁਰਬਾਣੀ ਦੀਆਂ ਰਾਗ-ਰੀਤਾਂ ਨੂੰ ਰਿਕਾਰਡ ਕਰਨ ਦੀ ਪ੍ਰਾਜੈਕਟ ਸ਼ੁਰੂ ਕੀਤੀ। ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਲਈ ਇਸ ਨੇ ਮਹੰਤ ਕਪੂਰ ਸਿੰਘ (ਡੇਰਾ ਬਾਬਾ ਮਿਸ਼ਰਾ ਸਿੰਘ, ਅੰਮ੍ਰਿਤਸਰ), ਮਹੰਤ ਮੇਲਾ ਸਿੰਘ ਅਤੇ ਬਾਬਾ ਦਿਆਲ ਸਿੰਘ ਨੂੰ ਆਪਣੇ ਨਾਲ ਸ਼ਾਮਲ ਕੀਤਾ ਅਤੇ ਭਾਈ ਬੂਬੇ ਨੂੰ ਵੀ ਬਹਾਵਲਪੁਰ ਰਿਆਸਤ ਤੋਂ ਪਟਿਆਲਾ ਦਰਬਾਰ ਵਿਚ ਰਖਵਾ ਲਿਆ। ਇਸ ਤਰ੍ਹਾਂ ਰਿਕਾਰਡਿੰਗ ਦਾ ਕੰਮ ਬੜੇ ਵਿਵਸਥਿਤ ਢੰਗ ਨਾਲ ਸ਼ੁਰੂ ਕੀਤਾ ਗਿਆ। ਪਰ 12 ਜੂਨ 1914 ਈ. ਨੂੰ ਮਹੰਤ ਗੱਜਾ ਸਿੰਘ ਦੇ ਦੇਹਾਂਤ ਨਾਲ ਇਹ ਪ੍ਰਾਜੈਕਟ ਵਿਚੇ ਰਹਿ ਗਈ।

**ਗਣ** (ਗੌਣ ਦੇਵਤੇ): ਮੂਲ ਰੂਪ ਵਿਚ ਇਹ ਵੈਦਿਕ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਸਮੂਹ, ਜਿਵੇਂ ਦੇਵਗਣ, ਪਿਤਰਗਣ, ਰਿਸ਼ੀਗਣ ਆਦਿ। ਪਰ 'ਪੁਰਾਣ-ਸਾਹਿਤ' ਵਿਚ 'ਗੁਣ' ਸ਼ਬਦ ਰੁਦ੍ਰ ਦੇ ਸੇਵਕਾਂ ਲਈ ਰੂੜ੍ਹ ਹੋ ਗਿਆ ਹੈ। ਇਨ੍ਹਾਂ ਨੂੰ ਉਪ-ਦੇਵਤਾ ਜਾਂ ਅਧੀਨ-ਦੇਵਤਾ ਵੀ ਕਿਹਾ ਜਾਂਦਾ ਹੈ। ਗਣੇਸ਼ ਇਨ੍ਹਾਂ ਦਾ ਸੁਆਮੀ ਜਾਂ ਨਾਇਕ ਹੈ।

ਇਨ੍ਹਾਂ ਗਣਾਂ ਨੂੰ ਆਮ ਤੌਰ 'ਤੇ ਨੌਂ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਵਰਗ ਅਨੁਸਾਰ ਗਣਾਂ ਦੀ ਗਿਣਤੀ ਇਸ ਪ੍ਰਕਾਰ ਹੈ— ਮਰੁਤ/ਅਨਿਲ (49), ਆਦਿਤ੍ਯ/ਸੂਰਜ (12), ਆਭਾਸ੍ਵਰ (64), ਸਾਧ੍ਯ (12), ਤੁਸ਼ਿਤ (36), ਮਹਾਰਾਜਿਕ (220), ਰੁਦ੍ਰ (11), ਵਸੁ (8), ਵਿਸ਼੍ਵਦੇਵ (10)। ਮਰੁਤ ਵਰਗ ਦੇ ਗਣ ਇੰਦ੍ਰ ਅਤੇ ਰੁਦ੍ਰ ਦੋਹਾਂ ਦੇ ਸੈਨਿਕ ਹਨ। 'ਜੋਤਿਸ਼-ਰਤਨਮਾਲਾ' ਵਿਚ ਅਸ਼੍ਵਿਨੀ ਆਦਿ ਜਨਮ-ਨੱਛਤ੍ਰਾਂ ਅਨੁਸਾਰ ਦੇਵ, ਮਨੁੱਖ ਅਤੇ ਰਾਖਸ਼ ਤਿੰਨ ਗਣ ਮੰਨੇ ਗਏ ਹਨ। ਸਿੱਖ-ਧਰਮ ਵਿਚ ਦੇਵੀ-ਦੇਵਤਿਆਂ ਵਾਂਗ ਉਨ੍ਹਾਂ ਦੇ ਸੇਵਕਾਂ (ਗਣਾਂ) ਨੂੰ ਵੀ ਕੋਈ ਮਹੱਤਵ ਪ੍ਰਦਾਨ ਨਹੀਂ ਕੀਤਾ ਗਿਆ, ਸਗੋਂ ਗੁਰੂ ਅਮਰਦਾਸ ਜੀ ਨੇ ਗਣਾਂ ਦਾ ਉੱਧਾਰ ਨਾਮ-ਸਿਮਰਨ ਰਾਹੀਂ ਸੰਭਵ ਮੰਨਿਆ ਹੈ— *ਗਣ ਗੰਧਰਬ ਨਾਮੇ ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ* ।(ਗੁ.ਗ੍ਰੰ.1259)।

**ਗਣਢੂਆਂ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪੁਰਾਤਨ ਪਿੰਡ ਜੋ ਸੁਨਾਮ ਨਗਰ ਤੋਂ 20 ਕਿ.ਮੀ. ਦੱਖਣ-ਪੱਛਮ ਵਾਲੇ ਪਾਸੇ ਸਥਿਤ ਹੈ। ਸਿੱਖ ਇਤਿਹਾਸ ਅਨੁਸਾਰ

ਸੰਨ 1634 ਈ. ਵਿਚ ਇਥੋਂ ਦੇ ਇਕ ਸਿੱਖ ਭਾਈ ਮੁਗਲੂ ਨੇ ਮੇਹਰਾਜ ਦੇ ਯੁੱਧ ਵਿਚ ਬਹੁਤ ਵੀਰਤਾ ਵਿਖਾਈ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਸੰਨ ਹੋ ਕੇ ਉਸ ਨੂੰ ਵਰ ਮੰਗਣ ਲਈ ਕਿਹਾ। ਉਸ ਨੇ ਇੱਛਾ ਜ਼ਾਹਿਰ ਕੀਤੀ ਕਿ ਜਦੋਂ ਮੈਂ ਮਰਨ ਲਗਾਂ ਤਾਂ ਗੁਰੂ ਜੀ ਦੇ ਦਰਸ਼ਨ ਜ਼ਰੂਰ ਹੋਣ। ਗੁਰੂ ਜੀ ਸੋਚਣ ਲਗ ਗਏ, ਕਿਉਂਕਿ ਉਸ ਨੇ ਤਾਂ ਗੁਰੂ ਸਾਹਿਬ ਤੋਂ ਬਾਦ ਵੀ ਜੀਉਂਦੇ ਰਹਿਣਾ ਸੀ। ਪਰ ਗੁਰੂ ਜੀ ਨੇ ਉਸ ਦੀ ਇੱਛਾ ਪੂਰੀ ਕਰਨ ਦਾ ਵਰ ਦੇ ਦਿੱਤਾ। ਜਦੋਂ ਭਾਈ ਮੁਗਲੂ ਬਹੁਤ ਬਿਰਧ ਹੋ ਗਿਆ ਤਾਂ ਮਰਨ ਤੋਂ ਪਹਿਲਾਂ ਗੁਰੂ-ਦਰਸ਼ਨ ਦੀ ਉਡੀਕ ਕਰਨ ਲਗਾ। ਉਸ ਵੇਲੇ ਨੌਵੇਂ ਗੁਰੂ ਤੇਗ ਬਹਾਦਰ ਜੀ ਗਣਢੂਆਂ ਪਿੰਡ ਤੋਂ 20 ਕਿ.ਮੀ. ਪੱਛਮ ਵਾਲੇ ਪਾਸੇ ਭਿੱਖੀ ਪਿੰਡ ਵਿਚ ਸੇਵਕਾਂ ਪਾਸ ਬਿਰਾਜਮਾਨ ਸਨ। ਉਹ ਉਸੇ ਵਕਤ ਕੁਝ ਛਿਣਾਂ ਲਈ ਅੰਤਰ ਧਿਆਨ ਹੋਏ ਅਤੇ ਫਿਰ ਘੋੜਾ ਮੰਗਵਾ ਕੇ 'ਕਣਕਵਾਲ' ਪਿੰਡ ਤੋਂ ਹੁੰਦੇ ਹੋਏ ਭਾਈ ਮੁਗਲੂ ਦੇ ਘਰ ਪਹੁੰਚੇ। ਗੁਰੂ ਜੀ ਦੇ ਦਰਸ਼ਨ ਕਰਦਿਆਂ ਭਾਈ ਮੁਗਲੂ ਦਾ ਦੇਹਾਂਤ ਹੋ ਗਿਆ। ਗੁਰੂ ਸਾਹਿਬ ਉਸ ਦਾ ਸਸਕਾਰ ਕਰਕੇ ਭਿੱਖੀ ਪਿੰਡ ਨੂੰ ਪਰਤੇ।

ਜਿਸ ਸਥਾਨ ਉਤੇ ਖੜੇ ਹੋ ਕੇ ਗੁਰੂ ਜੀ ਨੇ ਭਾਈ ਮੁਗਲੂ ਦਾ ਸਸਕਾਰ ਹੁੰਦਾ ਵੇਖਿਆ ਸੀ, ਉਥੇ ਸੰਨ 1937 ਈ. ਵਿਚ ਮੰਜੀ ਸਾਹਿਬ ਗੁਰੂ-ਧਾਮ ਬਣਵਾਇਆ ਗਿਆ ਅਤੇ ਸਮੇਂ ਸਮੇਂ ਇਮਾਰਤ ਵਿਚ ਵਾਧਾ ਹੁੰਦਾ ਰਿਹਾ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਜਿਸ ਦੀ ਨਿਗਰਾਨੀ ਵਿਚ ਸਥਾਨਕ ਸੰਗਤ ਗੁਰੂ-ਧਾਮ ਦੀ ਵਿਵਸਥਾ ਕਰਦੀ ਹੈ। ਹਰ ਸਾਲ ਨੌਵੇਂ ਗੁਰੂ ਜੀ ਦੀ ਸ਼ਹਾਦਤ ਵਾਲੇ ਦਿਨ ਇਥੇ ਬਹੁਤ ਸੰਗਤ ਜੁੜਦੀ ਹੈ।

**ਗ਼ਦਰ ਬਨਾਮ ਸਿੱਖ :** ਗ਼ਦਰ ਦੀ ਘਟਨਾ ਸੰਨ 1857 ਈ. ਵਿਚ ਉਦੋਂ ਹੋਈ ਜਦੋਂ ਹਿੰਦੁਸਤਾਨ ਵਿਚ ਲਾਰਡ ਕੈਨਿੰਗ ਗਵਰਨਰ ਜਨਰਲ ਸੀ। ਇਸ ਨੂੰ 'ਸਿਪਾਹੀਆਂ ਦੀ ਬਗ਼ਾਵਤ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਮੁੱਖ ਤੌਰ 'ਤੇ ਅਸੰਤੁਸ਼ਟ ਸਿਪਾਹੀਆਂ ਨੇ ਹੀ ਭਾਗ ਲਿਆ ਸੀ।

ਗ਼ਦਰ ਦੇ ਸ਼ੁਰੂ ਹੋਣ ਦੇ ਕਈ ਕਾਰਣ ਸਨ। ਪਹਿਲਾ ਇਹ ਕਿ ਹਿੰਦੁਸਤਾਨੀ ਅਤੇ ਬਰਤਾਨਵੀ ਸੈਨਿਕਾਂ ਵਿਚ ਤਨਖ਼ਾਹ, ਭੱਤਿਆਂ ਅਤੇ ਤਰੱਕੀਆਂ ਸੰਬੰਧੀ ਬਹੁਤ ਵਿਤਕਰਾ ਸੀ। ਦੂਜਾ, ਜਦੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਬਰਤਾਨਵੀ ਸਰਕਾਰ ਦੀ ਸੇਵਾ ਕਰਨ ਲਈ ਹਿੰਦੁਸਤਾਨ ਤੋਂ ਬਾਹਰ ਭੇਜਿਆ ਜਾਂਦਾ ਤਾਂ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਦੀ ਮਰਯਾਦਾ ਦੇ ਖੰਡਿਤ ਹੋਣ ਦਾ ਸੰਦੇਹ ਬਣਿਆ ਰਹਿੰਦਾ। ਤੀਜਾ, ਪਸ਼ੂਆਂ ਦੀ ਚਰਬੀ ਲਗੇ ਕਾਰਤੂਸਾਂ ਨੂੰ ਦੰਦਾਂ ਨਾਲ ਕਟਣ ਵੇਲੇ ਧਰਮ ਦੀ ਹਾਨੀ ਦਾ ਡਰ ਪੈਦਾ ਹੋ ਜਾਂਦਾ। ਚੌਥਾ, ਈਸਾਈ ਧਰਮ ਦੇ ਪ੍ਰਚਾਰ ਨੇ ਲੋਕਾਂ ਨੂੰ ਆਪਣੇ ਧਰਮਾਂ ਦੀ ਰਖਿਆ ਲਈ ਸਚੇਤ ਕਰ ਦਿੱਤਾ। ਪੰਜਵਾਂ, ਫ਼ੌਜਾਂ ਵਿਚ ਪੱਛਮੀ ਢੰਗ ਦੀ ਸਿਖਲਾਈ ਅਤੇ ਨਿਸ਼ਚਿਤ ਅਨੁਸ਼ਾਸਨ ਦੀ ਪਾਬੰਦੀ ਨੂੰ ਦੇਸੀ ਸਿਪਾਹੀਆਂ ਦੁਆਰਾ ਸਵੀਕਾਰ ਕਰਨਾ ਔਖਾ ਹੋ ਗਿਆ।

ਉਪਰੋਕਤ ਕਾਰਣਾਂ ਤੋਂ ਇਲਾਵਾ ਕੁਝ ਰਾਜਨੈਤਿਕ ਕਾਰਣ ਵੀ ਸਨ। ਇਕ ਇਹ ਕਿ ਕੰਪਨੀ ਦੇ ਰਾਜ ਦੀ ਵਿਵਸਥਾ ਵਿਚ ਕੁਝ ਤੰਗ-ਨਜ਼ਰੀ ਆਉਣ ਨਾਲ ਪ੍ਰਜਾ ਅਸੰਤੁਸ਼ਟ ਹੋਣ ਲਗੀ। ਦੂਜਾ, ਬਹੁਤ ਸਾਰੀਆਂ ਦੇਸੀ ਰਿਆਸਤਾਂ ਨੂੰ ਅਨੁਚਿਤ ਢੰਗ ਨਾਲ ਅਧੀਨ ਕਰਨ ਅਤੇ ਉਨ੍ਹਾਂ ਦੇ ਰਜਵਾੜਿਆਂ ਜਾਂ ਨਵਾਬਾਂ ਦੀ ਸੁਤੰਤਰਤਾ ਖ਼ਤਮ ਕਰਨ ਨਾਲ, ਉਨ੍ਹਾਂ ਦੇ ਮਨ ਵਿਚ ਫਿਰ ਤੋਂ ਸੱਤਾ ਪ੍ਰਾਪਤ ਕਰਨ ਦੀ ਰੁਚੀ ਦਾ ਵਿਕਾਸ ਹੋਣ ਲਗਾ। ਤੀਜਾ, ਪੱਛਮੀ ਢੰਗ ਦੀ ਤਾਲੀਮ ਦਿੱਤੇ ਜਾਣ ਦਾ ਵੀ ਵਿਰੋਧ ਹੋਇਆ। ਫਲਸਰੂਪ ਚਿਰਾਂ ਤੋਂ ਅਸੰਤੋਸ਼ ਦੀ ਸੁਲਗਦੀ ਅੱਗ ਗ਼ਦਰ ਦੇ ਭਾਂਬੜ ਵਜੋਂ ਸਾਹਮਣੇ ਆਈ।

ਇਸ ਵਿਦਰੋਹ ਦੀ ਅਗਵਾਈ ਗੱਦੀਓਂ ਲੱਥੇ ਰਜਵਾੜਿਆਂ, ਨਵਾਬਾਂ ਜਾਂ ਅਸੰਤੁਸ਼ਟ ਜਾਗੀਰਦਾਰਾਂ ਨੇ ਕੀਤੀ। ਸਭ ਤੋਂ ਪਹਿਲਾਂ ਫਰਵਰੀ ਅਤੇ ਮਾਰਚ 1857 ਈ. ਵਿਚ ਬੰਗਾਲ ਅਤੇ ਬੰਬਈ ਦੀਆਂ ਛਾਵਣੀਆਂ ਵਿਚ ਕੁਝ ਗੜਬੜ ਹੋਈ, ਪਰ ਇਸ ਦਾ ਸਹੀ ਆਰੰਭ 10 ਮਈ 1857 ਈ. ਨੂੰ ਮੇਰਠ ਵਿਚ ਹੋਇਆ। ਉਥੇ ਬਾਗ਼ੀ ਸਿਪਾਹੀਆਂ ਨੇ ਆਪਣੇ ਅੰਗ੍ਰੇਜ਼ ਅਫ਼ਸਰਾਂ ਨੂੰ ਮਾਰ ਦਿੱਤਾ ਅਤੇ ਦੂਜੇ ਦਿਨ ਦਿੱਲੀ ਵਿਚ ਅੰਗ੍ਰੇਜ਼ ਅਫ਼ਸਰਾਂ ਨੂੰ ਮਾਰ ਕੇ ਬਹਾਦਰ ਸ਼ਾਹ ਜ਼ਫ਼ਰ ਨੂੰ ਹਿੰਦੁਸਤਾਨ ਦਾ ਸਮਰਾਟ ਘੋਸ਼ਿਤ ਕੀਤਾ। ਜੂਨ ਮਹੀਨੇ ਦੇ ਅੰਤ ਤਕ ਇਹ ਵਿਦਰੋਹ ਉਨ੍ਹਾਂ ਸਾਰੀਆਂ ਛਾਵਣੀਆਂ ਵਿਚ ਪਸਰ ਗਿਆ ਜਿਥੇ ਅੰਗ੍ਰੇਜ਼ ਸੈਨਿਕ ਨਹੀਂ ਸਨ। ਇਸ ਵਿਦਰੋਹ ਦਾ ਮੁੱਖ ਖੇਤਰ ਦੱਖਣ ਵਿਚ ਨਰਮਦਾ ਨਦੀ ਤਕ, ਉੱਤਰ ਵਿਚ ਨੇਪਾਲ ਦੀ ਤਰਾਈ ਤਕ, ਪੂਰਵ ਵਿਚ ਦਿੱਲੀ ਤੋਂ ਪੱਛਮੀ ਬਿਹਾਰ ਤਕ ਪਸਰਿਆ ਹੋਇਆ ਸੀ। ਇਸ ਖੇਤਰ ਦੇ ਵਿਦਰੋਹ ਦਾ ਸੰਚਾਲਨ ਸੱਤਾ ਤੋਂ ਵਾਂਝੇ

ਰਜਵਾੜਿਆਂ ਅਤੇ ਨਵਾਬਾਂ ਦੇ ਸੰਗਠਨ ਦੁਆਰਾ ਹੋ ਰਿਹਾ ਸੀ। ਪਰ ਇਸ ਖੇਤਰ ਤੋਂ ਬਾਹਰਲੇ ਸੂਬਿਆਂ ਵਿਚ ਵੀ ਬਾਗ਼ੀ ਸਿਪਾਹੀਆਂ ਨੇ ਕਿਤੇ ਕਿਤੇ ਵਿਦਰੋਹ ਕੀਤੇ ਸਨ। ਹਾਂ, ਮਦਰਾਸ ਵਿਚ ਇਹ ਵਿਦਰੋਹ ਨ ਹੋ ਸਕਿਆ ਕਿਉਂਕਿ ਭਾਸ਼ਾਈ ਸੀਮਾਵਾਂ ਕਾਰਣ ਲੋਕਾਂ ਵਿਚ ਜਾਗ੍ਰਿਤੀ ਪੈਦਾ ਨ ਕੀਤੀ ਜਾ ਸਕੀ।

ਅੰਗ੍ਰੇਜ਼ ਅਧਿਕਾਰੀਆਂ ਨੇ ਬੜੀ ਸੂਝ ਨਾਲ ਆਪਣੇ ਵਫ਼ਾਦਾਰ ਰਾਜਿਆਂ, ਜ਼ਮੀਨਦਾਰਾਂ, ਨਵਾਬਾਂ ਦੀ ਮਦਦ ਨਾਲ ਇਸ ਵਿਦਰੋਹ ਨੂੰ ਦਬਾਣਾ ਸ਼ੁਰੂ ਕੀਤਾ ਅਤੇ ਹੌਲੀ ਹੌਲੀ ਬਹੁਤ ਸਾਰੀਆਂ ਛਾਵਣੀਆਂ ਉਤੇ ਕਾਬੂ ਪਾ ਲਿਆ। ਬਹਾਦੁਰ ਸ਼ਾਹ ਨੂੰ ਪਕੜ ਲਿਆ ਅਤੇ ਉਸ ਦੇ ਪੁੱਤਰਾਂ ਨੂੰ ਮਾਰ ਦਿੱਤਾ। ਇਸੇ ਤਰ੍ਹਾਂ ਕਈ ਰਾਜੇ ਜਾਂ ਨਵਾਬ ਇਧਰ-ਉਧਰ ਲੁਕ ਗਏ, ਕੁਝ ਮਾਰੇ ਗਏ ਅਤੇ ਕੁਝ ਨੇ ਪ੍ਰਾਣ ਬਚਾਉਣ ਲਈ ਬਾਹਰਲੇ ਮੁਲਕਾਂ ਵਿਚ ਸ਼ਰਣ ਲਈ। ਬਹੁਤ ਸਾਰੇ ਸੈਨਿਕ ਪਕੜ ਲਏ ਗਏ। ਜੇਲ੍ਹਾਂ ਕੈਦੀਆਂ ਨਾਲ ਭਰ ਗਈਆਂ। ਅਨੇਕ ਸੈਨਿਕਾਂ ਨੂੰ ਦਰਖ਼ਤਾਂ ਨਾਲ ਫ਼ਾਂਸੀਆਂ ਦਿੱਤੀ ਗਈਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਉਥੇ ਹੀ ਟੰਗੀਆਂ ਰਹਿਣ ਦਿੱਤੀਆਂ ਗਈਆਂ। ਇਸ ਤਰ੍ਹਾਂ ਲੱਖਾਂ ਸੈਨਿਕ ਅਤੇ ਸ਼ਹਿਰੀ ਇਸ ਗ਼ਦਰ ਵਿਚ ਮਾਰੇ ਗਏ।

ਆਖ਼ਿਰ 10 ਨਵੰਬਰ 1858 ਈ. ਨੂੰ ਗ਼ਦਰ ਦੀ ਸਮਾਪਤੀ ਹੋਈ। ਇਸ ਤੋਂ ਬਾਦ ਹਿੰਦੁਸਤਾਨ ਵਿਚ ਈਸਟ ਇੰਡੀਆ ਕੰਪਨੀ ਦਾ ਸ਼ਾਸਨ ਖ਼ਤਮ ਕਰ ਦਿੱਤਾ ਗਿਆ ਅਤੇ ਸਾਰਾ ਪ੍ਰਸ਼ਾਸਨਿਕ ਪ੍ਰਬੰਧ ਸਿਧਾ ਮਲਿਕਾ ਵਿਕਟੋਰੀਆ ਅਧੀਨ ਹੋ ਗਿਆ। ਅਗੇ ਤੋਂ ਵਿਦਰੋਹ ਦੀਆਂ ਸੰਭਾਵਨਾ ਖ਼ਤਮ ਕਰਨ ਲਈ ਬ੍ਰਿਟਿਸ਼ ਸਰਕਾਰ ਨੇ ਕਈ ਨਵੇਂ ਕਾਨੂੰਨ ਬਣਾਏ, ਜਿਸ ਨਾਲ ਅਸੰਤੋਸ਼ ਹੋਰ ਵਧਿਆ। ਇਸੇ ਅਸੰਤੋਸ਼ ਨੇ ਹੌਲੀ ਹੌਲੀ ਰਾਸ਼ਟਰੀ ਭਾਵਨਾ ਦਾ ਵਿਕਾਸ ਕੀਤਾ। ਇਸ ਵਿਦਰੋਹ ਦੀ ਅਸਫਲਤਾ ਦੇ ਮੁੱਖ ਕਾਰਣ ਸਨ—ਯੋਗ ਅਗਵਾਈ ਦੀ ਘਾਟ, ਰਾਸ਼ਟਰੀ ਚੇਤਨਾ ਦਾ ਅਭਾਵ ਅਤੇ ਆਰਥਿਕ ਤੇ ਸੈਨਿਕ ਸਾਧਨਾਂ ਦੀ ਥੁੜ੍ਹ।

ਸਿੱਖਾਂ ਨੇ ਇਸ ਗ਼ਦਰ ਵਿਚ ਗ਼ਦਰੀਆਂ ਦੀ ਮਦਦ ਨ ਕੀਤੀ। ਇਸ ਦਾ ਇਕ ਕਾਰਣ ਇਹ ਸੀ ਕਿ ਗ਼ਦਰੀ ਲੀਡਰਾਂ ਨੇ ਪੰਜਾਬ ਦੇ ਸਿੱਖਾਂ ਨੂੰ ਇਸ ਸੰਘਰਸ਼ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਨਹੀਂ ਕੀਤਾ। ਦੂਜਾ, ਸਮੁੱਚੇ ਸਿੱਖ ਜਗਤ ਵਿਚ ਪੰਜਾਬ ਦੀ ਆਜ਼ਾਦੀ ਨੂੰ ਖ਼ਤਮ ਕਰਨ ਵਿਚ ਭਾਗ ਲੈਣ ਵਾਲੇ ਪੂਰਬੀਆਂ ਪ੍ਰਤਿ ਬਹੁਤ ਰੋਸ ਸੀ। ਇਨ੍ਹਾਂ ਨੇ ਆਪਣੇ ਅੰਗ੍ਰੇਜ਼ ਮਾਲਿਕ ਨੂੰ ਖ਼ੁਸ਼ ਕਰਨ ਲਈ ਕਈ ਥਾਂਵਾਂ 'ਤੇ ਸਿੱਖਾਂ ਦੀ ਬੇਪਤੀ ਵੀ ਕੀਤੀ ਸੀ। ਤੀਜਾ, ਮੁਗ਼ਲ ਬਾਦਸ਼ਾਹ ਨੂੰ ਉਹ ਫਿਰ ਤਾਕਤ ਵਿਚ ਵੇਖਣਾ ਨਹੀਂ ਚਾਹੁੰਦੇ ਸਨ, ਜਿਸ ਦੇ ਪੂਰਵਜਾਂ ਨੇ ਸਿੱਖ-ਗੁਰੂ ਸਾਹਿਬਾਨ, ਚਾਰ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੱਖਾਂ ਨੂੰ ਸ਼ਹੀਦ ਕੀਤਾ ਸੀ।

ਸਤਲੁਜ ਉਰਾਰ ਦੀਆਂ ਸਿੱਖ ਰਿਆਸਤਾਂ ਅਤੇ ਪੰਜਾਬ ਦੇ ਕੁਝ ਰਈਸ ਸਿੱਖਾਂ ਨੇ ਅੰਗ੍ਰੇਜ਼ਾਂ ਦੀ ਮਦਦ ਜ਼ਰੂਰ ਕੀਤੀ। ਇਸ ਗ਼ਦਰ ਵਿਚ ਹਿੱਸਾ ਨ ਲੈਣ ਕਾਰਣ ਸਿੱਖਾਂ ਨੂੰ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਲਾਹੌਰ ਦਰਬਾਰ ਨਾਲ ਹੋਈਆਂ ਦੋ ਲੜਾਈਆਂ ਤੋਂ ਬਾਦ ਅੰਗ੍ਰੇਜ਼ ਸਰਕਾਰ ਨੇ ਸਿੱਖ ਸੈਨਿਕਾਂ ਨੂੰ ਸ਼ਸਤ੍ਰਹੀਨ ਕਰਕੇ ਘਰਾਂ ਨੂੰ ਭੇਜ ਦਿੱਤਾ। ਪਰ ਗ਼ਦਰ ਤੋਂ ਬਾਦ ਸਿੱਖਾਂ ਪ੍ਰਤਿ ਅੰਗ੍ਰੇਜ਼ ਸਰਕਾਰ ਦੀ ਬੇਪ੍ਰਤੀਤੀ ਘਟੀ ਅਤੇ ਘਰਾਂ ਵਿਚ ਬੇਕਾਰ ਬੈਠੇ ਸੈਨਿਕਾਂ ਨੂੰ ਫਿਰ ਤੋਂ ਫ਼ੌਜ ਵਿਚ ਭਰਤੀ ਕੀਤਾ ਜਾਣ ਲਗਿਆ।

**ਗ਼ਦਰ ਲਹਿਰ :** ਇਸ ਲਹਿਰ ਦਾ ਪਿਛੋਕੜ ਅਤੇ ਨਾਂ 'ਗ਼ਦਰ' ਨਾਂ ਦੀ ਪਤ੍ਰਿਕਾ ਨਾਲ ਜਾ ਜੁੜਦਾ ਹੈ ਜੋ ਅਮਰੀਕਾ ਦੇ ਪੋਰਟਲੈਂਡ ਸ਼ਹਿਰ ਵਿਚ ਪੈਸਿਫ਼ਿਕ ਕੋਸਟ ਦੀ 'ਹਿੰਦੁਸਤਾਨੀ ਐਸੋਸੀਏਸ਼ਨ' ਲਈ ਛਾਪੀ ਜਾਂਦੀ ਸੀ। ਪੰਜਾਬ ਵਿਚ ਜ਼ਮੀਨਾਂ ਦੀ ਨਿੱਤ ਵਧਦੀ ਥੁੜ ਨੂੰ ਵੇਖਦੇ ਹੋਇਆਂ ਪੰਜਾਬ ਦੇ ਕਿਸਾਨਾਂ ਨੇ ਪੂਰਬੀ ਏਸ਼ੀਆਂ ਦੇ ਮੁਲਕਾਂ ਵਲ ਕਿਸਮਤ ਅਜ਼ਮਾਈ ਲਈ ਚਾਲੇ ਪਾਏ ਅਤੇ ਉਥੇ ਖੇਤੀ ਦੇ ਕੰਮਾਂ ਵਿਚ ਰੁਝਾਨ ਭਾਲਿਆ।

ਸੰਨ 1897 ਈ. ਵਿਚ ਮਲਕਾ ਵਿਕਟੋਰੀਆ ਦੀ ਸਿਲਵਰ ਜੁਬਲੀ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਸਿੱਖ ਫ਼ੌਜੀਆਂ ਦਾ ਇਕ ਦਸਤਾ ਲੰਡਨ ਗਿਆ। ਵਾਪਸੀ 'ਤੇ ਉਹ ਫ਼ੌਜੀ ਕੈਨੇਡਾ ਦੇ ਪ੍ਰਸਿੱਧ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਤੋਂ ਹੁੰਦੇ ਆਏ। ਉਹ ਕੈਨੇਡਾ ਦੀ ਉਪਜਾਊ ਧਰਤੀ, ਉਥੋਂ ਦੇ ਪੰਜਾਬ ਵਰਗੇ ਪੌਣ-ਪਾਣੀ ਅਤੇ ਰੋਜ਼ਗਾਰ ਜਾਂ ਕੰਮ ਦੇ ਬੇਸ਼ੁਮਾਰ ਸਾਧਨਾਂ ਤੋਂ ਬਹੁਤ ਪ੍ਰਭਾਵਿਤ ਹੋਏ। ਪੰਜਾਬ ਪਰਤ ਕੇ ਉਨ੍ਹਾਂ ਨੇ ਉਥੋਂ ਦੀਆਂ ਗੱਲਾਂ ਲੋਕਾਂ ਵਿਚ ਕਰਨੀਆਂ ਸ਼ੁਰੂ ਕੀਤੀਆਂ ਜਿਸ ਤੋਂ ਪੰਜਾਬੀ ਲੋਗ ਬਹੁਤ ਪ੍ਰੇਰਿਤ ਹੋਏ। ਕੁਝ ਹਿੰਮਤੀ ਪੰਜਾਬੀਆਂ ਨੇ ਕਿਸਮਤ ਆਜ਼ਮਾਈ ਲਈ ਕੈਨੇਡਾ ਜਾਣ ਦੀ ਤਿਆਰੀ ਕਰ ਲਈ ਅਤੇ ਹਾਂਗਕਾਂਗ ਦੇ ਰਸਤੇ ਸੰਨ

1904 ਈ. ਵਿਚ ਵੈਨਕੂਵਰ ਜਾ ਪਹੁੰਚੇ। ਇਹ ਲੋਗ ਦੁਆਬੇ ਅਤੇ ਮਾਲਵੇ ਦੇ ਅਨਪੜ੍ਹ ਕਿਸਾਨ ਸਨ। ਉਨ੍ਹਾਂ ਦੀ ਰੀਸੇ ਸੰਨ 1905 ਈ. ਤੋਂ 1908 ਈ. ਤਕ ਲਗਭਗ ਪੰਜ ਹਜ਼ਾਰ ਪੰਜਾਬੀ, ਵਿਸ਼ੇਸ਼ ਕਰਕੇ ਸਿੱਖ, ਕੈਨੇਡਾ ਪਹੁੰਚ ਗਏ ਅਤੇ ਕੁਝ ਹੋਰ ਸਾਲਾਂ ਬਾਦ ਉਨ੍ਹਾਂ ਦੀ ਗਿਣਤੀ ਅੱਠ ਹਜ਼ਾਰ ਹੋ ਗਈ।

ਪੰਜਾਬ ਤੋਂ ਗਏ ਕਿਸਾਨਾਂ ਦੀ ਦਿਨੋ-ਦਿਨ ਵਧਦੀ ਗਿਣਤੀ ਨੂੰ ਵੇਖ ਕੇ ਅਤੇ ਪੱਛਮੀ ਖੇਤੀ-ਮਜ਼ਦੂਰਾਂ ਦੀ ਈਰਖਾ ਕਰਕੇ ਕੈਨੇਡਾ ਸਰਕਾਰ ਨੇ ਸੰਨ 1914 ਈ. ਵਿਚ ਕਾਨੂੰਨ ਬਣਾ ਕੇ ਪੰਜਾਬੀਆਂ ਦੇ ਕੈਨੇਡਾ ਵਿਚ ਪ੍ਰਵਾਸ ਉਤੇ ਰੋਕ ਲਗਾ ਦਿੱਤੀ। ਇਸ ਰੋਕ ਪਿਛੇ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਵੀ ਇਕ ਤਕੜੀ ਭੂਮਿਕਾ ਨਿਭਾ ਰਹੀ ਸੀ। ਪਰ ਇਸ ਕਾਨੂੰਨ ਦੇ ਬਣਨ ਤੋਂ ਪਹਿਲਾਂ ਪੰਜਾਬੀਆਂ ਨੇ ਉਥੇ ਆਪਣੇ ਪੈਰ ਜਮਾ ਲਏ ਸਨ। ਕਈਆਂ ਨੇ ਆਪਣੇ ਮਕਾਨ ਅਤੇ ਜਾਇਦਾਦਾਂ ਬਣਾ ਲਈਆਂ ਸਨ। ਕੁਝ ਗੁਰਦੁਆਰੇ ਵੀ ਸਥਾਪਿਤ ਕਰ ਲਏ ਸਨ। ਉਨ੍ਹਾਂ ਨੇ ਕਾਮਾਗਾਟਾਮਾਰੂ ਜਹਾਜ਼ ਦੇ ਸੰਕਟਗ੍ਰਸਤ ਯਾਤ੍ਰੀਆਂ ਨੂੰ ਲੁਕ-ਛਿਪ ਕੇ ਮਦਦ ਦਿੱਤੀ ਸੀ ਅਤੇ ਜਹਾਜ਼ ਲਈ ਵਾਪਸੀ ਸਫ਼ਰ ਵਾਸਤੇ ਰਾਸ਼ਨ -ਪਾਣੀ ਦੀ ਵਿਵਸਥਾ ਵੀ ਕੀਤੀ ਸੀ।

ਉੱਤਰੀ ਅਮਰੀਕਾ ਦੇ ਪੱਛਮੀ ਕੰਢੇ ਦੇ ਵਿਕਾਸ ਲਈ ਵੀ ਮਜ਼ਦੂਰਾਂ ਦੀ ਲੋੜ ਸੀ। ਹੋਰਨਾਂ ਦੇਸ਼ਾਂ ਨਾਲੋਂ ਪੰਜਾਬੀ ਮਿਹਨਤ ਕਰਨ ਵਿਚ ਅਗੇ ਸਨ। ਇਸ ਲਈ ਇਨ੍ਹਾਂ ਨੂੰ ਮਜ਼ਦੂਰਾਂ ਵਿਚ ਭਰਤੀ ਕੀਤਾ ਗਿਆ। ਭਾਰਤੀ ਮਜ਼ਦੂਰਾਂ ਦੀ ਸ਼ਿਕਾਗੋ ਅਤੇ ਨਿਊਯਾਰਕ ਵਿਚ ਮਦਦ ਕਰਨ ਲਈ ਭਾਰਤੀ ਅਮਰੀਕੀਆਂ ਨੇ 'ਇੰਡੋ ਅਮਰੀਕਨ ਸੋਸਾਇਟੀ' ਕਾਇਮ ਕੀਤੀ। ਇਸ ਤੋਂ ਇਲਾਵਾ 'ਇੰਡੀਆ ਹਾਊਸ' ਸਥਾਪਿਤ ਕਰਕੇ ਭਾਰਤ ਤੋਂ ਅਗੋਂ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਦੀ ਵਿਵਸਥਾ ਵੀ ਕੀਤੀ। ਇਸ ਉੱਦਮ ਨਾਲ ਲਾਲਾ ਹਰਦਿਆਲ, ਸੰਤ ਤੇਜਾ ਸਿੰਘ, ਭਾਈ ਪਰਮਾਨੰਦ ਤੋਂ ਇਲਾਵਾ ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਅਤੇ ਸੰਤ ਵਸਾਖਾ ਸਿੰਘ ਨੇ ਬਹੁਤ ਸਹਿਯੋਗ ਦਿੱਤਾ। ਉਨ੍ਹਾਂ ਭਾਰਤੀਆਂ ਦੇ ਨਾਲ ਕਈ ਬਾਗ਼ੀ ਰੁਚੀਆਂ ਵਾਲੇ ਲੋਕ ਵੀ ਉਥੇ ਪਹੁੰਚ ਗਏ।

ਏਸ਼ੀਆਂ ਤੋਂ ਗਏ ਮਜ਼ਦੂਰਾਂ ਅਤੇ ਪੱਛਮੀ ਦੇਸ਼ਾਂ ਦੇ ਮਜ਼ਦੂਰਾਂ ਵਿਚ ਕਿਸੇ ਨ ਕਿਸੇ ਗੱਲ ਨੂੰ ਲੈ ਕੇ ਤਨਾਓ ਬਣਿਆ ਰਹਿੰਦਾ। ਭਾਰਤੀਆਂ ਨੂੰ ਕਿਸੇ ਪ੍ਰਕਾਰ ਦੀ ਰਹਿਣ-ਸਹਿਣ ਦੀ ਸੁਵਿਧਾ ਨ ਦਿੱਤੀ ਜਾਂਦੀ। ਆਪਣੇ ਹੱਕਾਂ ਦੀ ਰਾਖੀ ਲਈ ਭਾਈ ਭਾਗ ਸਿੰਘ ਦੀ ਪ੍ਰਧਾਨਗੀ ਹੇਠ ਇਕ 'ਹਿੰਦੁਸਤਾਨੀ ਐਸੋਸੀਏਸ਼ਨ' ਸਥਾਪਿਤ ਕੀਤੀ ਗਈ। ਉਸ ਵਲੋਂ ਪੰਜਾਬੀ ਵਿਚ 'ਪ੍ਰਦੇਸੀ ਖ਼ਾਲਸਾ' ਅਤੇ ਉਰਦੂ ਵਿਚ 'ਸਵਦੇਸ਼ ਸੇਵਕ' ਨਾਂ ਦੀਆਂ ਦੋ ਪਤ੍ਰਿਕਾਵਾਂ ਛਾਪਣੀਆਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਵਿਚ ਛਪੀਆਂ ਖ਼ਬਰਾਂ ਅਤੇ ਲੇਖਾਂ ਨੇ ਹਿੰਦੁਸਤਾਨੀਆਂ ਨੂੰ ਆਪਣੇ ਹੱਕਾਂ ਬਾਰੇ ਸਚੇਤ ਕੀਤਾ। ਫਲਸਰੂਪ 15 ਦਸੰਬਰ 1911 ਈ. ਨੂੰ 'ਯੂਨਾਈਟਿਡ ਇੰਡੀਅਨ ਲੀਗ' ਕਾਇਮ ਕੀਤੀ ਗਈ।

ਸੰਨ 1912 ਈ. ਵਿਚ ਪੋਰਟਲੈਂਡ ਅੰਦਰ 'ਹਿੰਦੁਸਤਾਨੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਸਥਾਪਿਤ ਕੀਤੀ ਗਈ ਅਤੇ ਬਾਬਾ ਸੋਹਨ ਸਿੰਘ ਭਕਨਾ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਉਸ ਦਾ ਪਹਿਲਾਂ ਸ੍ਰੀ ਕੁਮਾਰ ਨੂੰ ਅਤੇ ਫਿਰ ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਮਈ 1913 ਈ. ਵਿਚ ਇਕ ਵੱਡਾ ਸਮਾਗਮ ਕਰਕੇ 'ਗ਼ਦਰ ਆਸ਼੍ਰਮ' (ਨਾਮਾਂਤਰ 'ਯੁਗਾਂਤਰ ਆਸ਼੍ਰਮ') ਖੋਲਣ ਦਾ ਫ਼ੈਸਲਾ ਕੀਤਾ ਗਿਆ ਅਤੇ 'ਗ਼ਦਰ ਪਾਰਟੀ' ਬਣਾਉਣ ਲਈ ਵੀ ਨਿਰਣਾ ਲਿਆ ਗਿਆ ਜਿਸ ਦਾ ਮੁੱਖ ਦਫ਼ਤਰ ਸਾਂਫਰਾਂਸਿਸਕੋ ਵਿਚ ਹੋਵੇਗਾ ਅਤੇ ਅਮਰੀਕਾ ਅਤੇ ਕੈਨੇਡਾ ਵਿਚ ਉਸ ਦੀਆਂ ਸ਼ਾਖਾਵਾਂ ਹੋਣਗੀਆਂ। ਇਸ ਪਾਰਟੀ ਦਾ ਉਦੇਸ਼ ਸੀ ਕਿ ਭਾਰਤ ਵਿਚ ਸਸ਼ਸਤ੍ਰ ਕ੍ਰਾਂਤੀ ਰਾਹੀਂ ਅੰਗ੍ਰੇਜ਼ ਰਾਜ ਨੂੰ ਖ਼ਤਮ ਕੀਤਾ ਜਾਏ। ਗ਼ਦਰ ਪਾਰਟੀ ਨੇ 'ਗ਼ਦਰ' ਨਾਂ ਦੀ ਸਪਤਾਹਿਕ ਪਤ੍ਰਿਕਾ ਛਾਪਣ ਦਾ ਵੀ ਫ਼ੈਸਲਾ ਕੀਤਾ। ਨਵੰਬਰ 1913 ਈ. ਵਿਚ 'ਗ਼ਦਰ' ਉਰਦੂ ਭਾਸ਼ਾ ਵਿਚ ਛਪਣਾ ਸ਼ੁਰੂ ਹੋਇਆ ਅਤੇ ਕੁਝ ਹਫ਼ਤਿਆਂ ਬਾਦ ਪੰਜਾਬੀ ਵਿਚ ਵੀ ਛਪਣ ਲਗ ਗਿਆ। ਇਨ੍ਹਾਂ ਪਤ੍ਰਿਕਾਵਾਂ ਨੂੰ ਅਮਰੀਕਾ ਅਤੇ ਕੈਨੇਡਾ ਤੋਂ ਇਲਾਵਾ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਵੰਡਿਆ ਜਾਂਦਾ। ਕਾਲਾਂਤਰ ਵਿਚ ਹਿੰਦੀ, ਗੁਜਰਾਤੀ, ਪਸ਼ਤੋ, ਬੰਗਾਲੀ ਅਤੇ ਨੇਪਾਲੀ ਭਾਸ਼ਾਵਾਂ ਵਿਚ ਵੀ ਇਹ ਪਤ੍ਰਿਕਾ ਛਪਣ ਲਗ ਗਈ। ਭਾਰਤੀ ਸੈਨਿਕਾਂ ਨੂੰ ਉਤੇਜਿਤ ਕਰਨ ਲਈ 'ਹਿੰਦੁਸਤਾਨੀ ਸਿਪਾਹੀ' ਨਾਂ ਦੀ ਪਤ੍ਰਿਕਾ ਛਾਪੀ ਜਾਣ ਲਗੀ।

ਲਾਲਾ ਹਰਦਿਆਲ ਦੇ ਸਵਿਟਜ਼ਰਲੈਂਡ ਨੂੰ ਚਲੇ ਜਾਣ ਤੋਂ ਬਾਦ ਬਾਬਾ ਸੋਹਣ ਸਿੰਘ ਭਕਨਾ ਨੇ ਪਾਰਟੀ ਦੇ

ਦਫ਼ਤਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਭਾਈ ਸੰਤੋਖ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ। ਪਤ੍ਰਿਕਾ ਦੇ ਸੰਪਾਦਨ ਅਤੇ ਪ੍ਰਕਾਸ਼ਨ ਦਾ ਕੰਮ ਕੋਟਲਾ ਨੌਧ ਸਿੰਘ ਦੇ ਭਾਈ ਹਰਨਾਮ ਸਿੰਘ ਨੂੰ ਸੌਂਪਿਆ ਗਿਆ। ਪਾਰਟੀ ਨੇ ਆਪਣੇ ਬੰਦਿਆਂ ਨੂੰ ਹਥਿਆਰ ਅਤੇ ਬੰਬ ਚਲਾਉਣ ਦੀ ਸਿਖਲਾਈ ਦੇਣੀ ਵੀ ਸ਼ੁਰੂ ਕਰ ਦਿੱਤੀ ਗਈ। ਇਸੇ ਸਿਖਲਾਈ ਦੌਰਾਨ ਬੰਬ ਫਟਣ ਨਾਲ ਹਰਨਾਮ ਸਿੰਘ ਦੀ ਬਾਂਹ ਉਡ ਗਈ। ਇਸੇ ਕਰਕੇ ਇਸ ਦਾ ਨਾਂ 'ਟੁੰਡੀਲਾਟ' ਪ੍ਰਚਲਿਤ ਹੋਇਆ। ਪੂਰਬੀ ਏਸ਼ੀਆਈ ਦੇਸ਼ਾਂ ਵਿਚ ਵੀ ਗ਼ਦਰ ਪਾਰਟੀ ਨੇ ਖ਼ੂਬ ਪ੍ਰਚਾਰ ਕੀਤਾ। ਗੁਰਦੁਆਰੇ ਪਾਰਟੀ ਦੇ ਪ੍ਰਚਾਰ ਕੇਂਦਰ ਬਣ ਗਏ।

ਸੰਨ 1914 ਈ. ਵਿਚ ਪਹਿਲੇ ਵਿਸ਼ਵ ਯੁੱਧ ਦੇ ਆਰੰਭ ਹੋ ਜਾਣ ਨਾਲ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼੍ਰਮ ਵਿਚ ਇਕ ਮੀਟਿੰਗ ਕੀਤੀ ਗਈ ਅਤੇ ਮੌਕੇ ਦੀ ਨਜ਼ਾਕਤ ਦਾ ਫ਼ਾਇਦਾ ਉਠਾ ਕੇ ਹਿੰਦੁਸਤਾਨ ਵਿਚ ਅੰਗ੍ਰੇਜ਼ ਸਰਕਾਰ ਵਿਰੁੱਧ ਕ੍ਰਾਂਤੀ ਮਚਾਉਣ ਦਾ ਫ਼ੈਸਲਾ ਲਿਆ ਗਿਆ। 22 ਅਗਸਤ 1914 ਈ. ਨੂੰ ਬਾਬਾ ਸੋਹਨ ਸਿੰਘ ਭਕਨਾ ਆਪਣੇ 26 ਹੋਰ ਸਾਥੀਆਂ ਸਮੇਤ ਵੈਨਕੂਵਰ ਤੋਂ ਹਿੰਦੁਸਤਾਨ ਚਲ ਪਿਆ। ਉਸ ਦੇ ਪਿਛੋਂ ਹੋਰ ਵੀ ਕਈ ਗ਼ਦਰੀ ਹਿੰਦੁਸਤਾਨ ਵਲ ਤੁਰ ਪਏ। 15 ਫਰਵਰੀ 1915 ਈ. ਤਕ ਵਖ ਵਖ ਦੇਸ਼ਾਂ ਤੋਂ 2312 ਗ਼ਦਰੀ ਸੈਨਿਕ ਹਿੰਦੁਸਤਾਨ ਪਹੁੰਚ ਗਏ। ਬਾਦ ਵਿਚ ਇਹ ਗਿਣਤੀ ਅੱਠ ਹਜ਼ਾਰ ਤਕ ਵਧ ਗਈ। ਇਨ੍ਹਾਂ ਦੀਆਂ ਕਾਰਵਾਈਆਂ ਬਾਰੇ ਪਤਾ ਲਗਣ 'ਤੇ ਹਿੰਦ ਸਰਕਾਰ ਹਰਕਤ ਵਿਚ ਆਈ ਅਤੇ ਇਨ੍ਹਾਂ ਦੀ ਆਮਦ ਉਤੇ ਅੱਖ ਰਖਣੀ ਸ਼ੁਰੂ ਕੀਤੀ। ਇਨ੍ਹਾਂ ਵਿਚੋਂ ਪੰਜ ਹਜ਼ਾਰ ਨੂੰ ਤਾਂ ਛਡ ਦਿੱਤਾ ਗਿਆ, ਪਰ ਲਗਭਗ 2500 ਨੂੰ ਆਪਣੇ ਪਿੰਡਾਂ ਵਿਚ ਹੀ ਨਜ਼ਰਬੰਦ ਰਖਿਆ ਗਿਆ ਅਤੇ ਲਗਭਗ 400 ਨੂੰ ਜ਼ਿਆਦਾ ਖ਼ਤਰਨਾਕ ਸਮਝ ਕੇ ਕੈਦ ਕਰ ਲਿਆ ਗਿਆ। ਇਸ ਨਾਲ ਪਾਰਟੀ ਦੀ ਕਾਰਵਾਈ ਨੂੰ ਧੱਕਾ ਲਗਾ, ਪਰ ਨਵੇਂ ਲੀਡਰਾਂ ਨੇ ਸਥਿਤੀ ਨੂੰ ਜਲਦੀ ਸੰਭਾਲਣ ਦਾ ਯਤਨ ਕੀਤਾ। ਛੋਟੇ ਕਿਤਾਬਚੇ ਜਾਂ ਚੁਪੱਤਰੀਆਂ/ਦੁਪੱਤਰੀਆਂ ਛਾਪ ਕੇ ਲੋਕਾਂ ਵਿਚ ਵੰਡੀਆ।

ਕ੍ਰਾਂਤੀ ਲਈ ਤਿਆਰੀਆਂ ਸ਼ੁਰੂ ਹੋ ਗਈਆਂ। ਪਾਰਟੀ ਦਾ ਦਫ਼ਤਰ ਅੰਮ੍ਰਿਤਸਰ ਤੋਂ ਲਾਹੌਰ ਅੰਦਰ ਬਦਲ ਦਿੱਤਾ ਗਿਆ। ਸਿਵਾਏ ਜਰਮਨੀ ਤੋਂ ਹੋਰ ਕਿਸੇ ਮੁਲਕ ਵਲੋਂ ਕੋਈ ਮਾਲੀ ਸਹਾਇਤਾ ਪ੍ਰਾਪਤ ਨ ਹੋਈ। ਜੋ ਸ਼ਸਤ੍ਰ ਬਾਹਰੋਂ ਭੇਜੇ ਜਾਂਦੇ ਉਹ ਰਸਤੇ ਵਿਚ ਹੀ ਜ਼ਬਤ ਕਰ ਲਏ ਜਾਂਦੇ। 12 ਫਰਵਰੀ 1915 ਈ. ਨੂੰ ਪਾਰਟੀ ਦੀ ਕਾਰਜਕਾਰਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ 21 ਫਰਵਰੀ ਨੂੰ ਬਗ਼ਾਵਤ ਆਰੰਭ ਕਰ ਦਿੱਤੀ ਜਾਏ। ਮੁਖ਼ਬਰ ਕ੍ਰਿਪਾਲ ਸਿੰਘ ਰਾਹੀਂ ਗੱਲ ਸਰਕਾਰ ਤਕ ਪਹੁੰਚ ਗਈ। ਫਲਸਰੂਪ ਗ਼ਦਰੀਆਂ ਨੇ 21 ਫਰਵਰੀ ਦੀ ਥਾਂ 19 ਫਰਵਰੀ ਤਾਰੀਖ਼ ਨਿਸਚਿਤ ਕਰ ਦਿੱਤੀ। ਪਰ ਸਰਕਾਰ ਨੇ ਲਾਹੌਰ ਵਿਚ ਕਈ ਥਾਂਵਾਂ ਉਤੇ ਛਾਪੇ ਮਾਰ ਕੇ 13 ਖ਼ਤਰਨਾਕ ਬੰਦੇ ਪਕੜ ਲਏ ਅਤੇ ਛਾਵਣੀਆਂ ਵਿਚ ਸੈਨਾ ਨੂੰ ਸਾਵਧਾਨ ਕਰ ਦਿੱਤਾ ਗਿਆ। ਪਕੜੇ ਗਏ ਸਾਰੇ ਕੈਦੀਆਂ ਨੂੰ ਲਾਹੌਰ ਸੈਂਟ੍ਰਲ ਜੇਲ੍ਹ ਵਿਚ ਇਕੱਠਾ ਕਰ ਲਿਆ ਗਿਆ। ਸਪੈਸ਼ਨ ਟ੍ਰਿਬਿਊਨਲ ਰਾਹੀਂ ਲਾਹੌਰ ਸਾਜ਼ਿਸ ਦੇ ਕੇਸਾਂ ਦੀ ਸੁਣਵਾਈ ਸ਼ੁਰੂ ਕੀਤੀ ਗਈ। ਕੁਲ 291 ਬੰਦਿਆਂ ਦੇ ਵਿਰੁੱਧ ਕੇਸ ਚਲੇ ਜਿਨ੍ਹਾਂ ਵਿਚੋਂ 42 ਵਿਅਕਤੀਆਂ ਨੂੰ ਫ਼ਾਂਸੀ, 114 ਨੂੰ ਉਮਰ ਭਰ ਜਲਾਵਤਨੀ ਅਤੇ 93 ਨੂੰ ਹੋਰ ਸਜ਼ਾਵਾਂ ਦਿੱਤੀਆਂ ਗਈਆਂ। 42 ਵਿਅਕਤੀਆਂ ਨੂੰ ਬੇਕਸੂਰ ਸਮਝ ਕੇ ਛਡ ਦਿੱਤਾ ਗਿਆ। ਜਿਨ੍ਹਾਂ ਫ਼ੌਜੀ ਟੁਕੜੀਆਂ ਜਾਂ ਯੂਨਿਟਾਂ ਵਿਚ ਬਗ਼ਾਵਤ ਹੋਈ, ਉਨ੍ਹਾਂ ਨੂੰ ਵੀ ਕਠੋਰ ਸਜ਼ਾ ਦਿੱਤੀ ਗਈ। ਉਨ੍ਹਾਂ ਵਿਚ 21 ਨੂੰ ਫ਼ਾਂਸੀ ਅਤੇ 65 ਨੂੰ ਉਮਰ ਭਰ ਜਲਾਵਤਨੀ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਸਿੰਗਾਪੁਰ ਵਿਚ ਸਥਿਤ 5 ਲਾਇਟ ਇਨਫੈਂਟਰੀ ਦੇ ਸੱਤ ਸੌ ਬੰਦਿਆਂ ਨੇ 15 ਫਰਵਰੀ ਨੂੰ ਬਗ਼ਾਵਤ ਕੀਤੀ ਅਤੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ। ਪਰ ਅੰਗ੍ਰੇਜ਼ ਫ਼ੌਜਾਂ ਨੇ ਉਨ੍ਹਾਂ ਦੀ ਕਾਰਵਾਈ ਨੂੰ ਦਬਾ ਦਿੱਤਾ। ਕੁਲ 126 ਫ਼ੌਜੀਆਂ ਦਾ ਕੋਰਟ ਮਾਰਸ਼ਲ ਹੋਇਆ ਜਿਨ੍ਹਾਂ ਵਿਚ 37 ਨੂੰ ਫ਼ਾਂਸੀ, ਅਤੇ 41 ਨੂੰ ਉਮਰ ਭਰ ਦੀ ਜਲਾਵਤਨੀ ਦੀ ਸਜ਼ਾ ਮਿਲੀ। ਬਾਕੀਆਂ ਨੂੰ ਵੀ ਵਖ ਵਖ ਤਰ੍ਹਾਂ ਦੀ ਸਜ਼ਾ ਹੋਈ। ਇਸ ਤਰ੍ਹਾਂ ਬ੍ਰਿਟਿਸ਼ ਸਰਕਾਰ ਦੁਆਰਾ ਇਸ ਲਹਿਰ ਨੂੰ ਮਿਧ ਦਿੱਤਾ ਗਿਆ।

**ਗ਼ਨੀ ਖ਼ਾਂ, ਨੱਬੀ ਖ਼ਾਂ** : ਮਾਛੀਵਾੜਾ ਨਗਰੀ (ਵੇਖੋ) ਦੇ ਵਸਨੀਕ ਦੋ ਰੁਹੇਲੇ ਪਠਾਣ ਭਰਾ ਜਿਨ੍ਹਾਂ ਵਿਚੋਂ ਨੱਬੀ ਖ਼ਾਂ ਵੱਡਾ ਸੀ ਅਤੇ ਛੋਟੇ ਦਾ ਨਾਂ ਗ਼ਨੀ ਖ਼ਾਂ ਸੀ। ਪਹਿਲਾਂ ਇਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਨੌਕਰੀ ਵਿਚ ਆਨੰਦਪੁਰ ਸਾਹਿਬ ਰਹੇ, ਪਰ ਬਾਦ ਵਿਚ ਨੌਕਰੀ ਛਡ ਕੇ ਇਨ੍ਹਾਂ ਨੇ ਘੋੜਿਆਂ ਦਾ ਵਪਾਰ ਸ਼ੁਰੂ ਕਰ ਦਿੱਤਾ। ਅਕਸਰ ਇਹ ਗੁਰੂ

ਜੀ ਨੂੰ ਘੋੜੇ ਲਿਆ ਕੇ ਦਿੰਦੇ।

ਚਮਕੌਰ ਦੀ ਗੜ੍ਹੀ ਛਡਣ ਤੋਂ ਬਾਦ ਗੁਰੂ ਜੀ ਮਾਛੀਵਾੜੇ ਗੁਲਾਬ ਚੰਦ ਮਸੰਦ ਦੇ ਘਰ ਪਹੁੰਚੇ ਅਤੇ ਉਸ ਕੋਲ ਕੁਝ ਸਮਾਂ ਟਿਕੇ, ਪਰ/ਮੁਗ਼ਲ ਫ਼ੌਜ ਨੇ ਮਾਛੀਵਾੜੇ ਦੇ ਜੰਗਲ ਨੂੰ ਘੇਰ ਲਿਆ। ਉਦੋਂ ਆਪਣੀ ਪੁਰਾਣੀ ਵਫ਼ਾਦਾਰੀ ਨਿਭਾਉਣ ਲਈ ਇਹ ਦੋਵੇਂ ਪਠਾਣ ਭਰਾ ਗੁਰੂ ਜੀ ਦੀ ਸਹਾਇਤਾ ਲਈ ਪਹੁੰਚੇ। ਇਨ੍ਹਾਂ ਨੇ ਗੁਰੂ ਜੀ ਦੇ ਤਿੰਨ ਸਿੱਖਾਂ —ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ—ਨਾਲ ਸਲਾਹ ਕਰਕੇ ਗੁਰੂ ਜੀ ਨੂੰ ਫ਼ੌਜੀ ਘੇਰੇ ਵਿਚੋਂ ਬਾਹਰ ਕਢਣ ਦੀ ਯੋਜਨਾ ਬਣਾਈ। ਗੁਰੂ ਜੀ ਅਤੇ ਸਿੱਖਾਂ ਨੂੰ ਉੱਚ ਦੇ ਪੀਰਾਂ ਵਾਲਾ ਬਾਣਾ ਪਵਾਇਆ ਅਤੇ ਬੜੀ ਸਾਵਧਾਨੀ ਨਾਲ ਗੁਰੂ ਜੀ ਨੂੰ 'ਉਚ ਕਾ ਪੀਰ' (ਵੇਖੋ) ਦਸ ਕੇ ਘੇਰੇ ਤੋਂ ਬਾਹਰ ਕਢ ਲੈ ਗਏ।

ਗੁਰੂ ਜੀ ਨੇ ਸ਼ੁਕਰਾਨੇ ਵਜੋਂ ਇਨ੍ਹਾਂ ਨੂੰ ਇਕ ਜੋੜੀ ਸੋਨੇ ਦੇ ਕੜਿਆਂ ਦੀ ਬਖ਼ਸ਼ੀ ਅਤੇ ਇਕ 'ਹੁਕਮਨਾਮਾ' ਵੀ ਦਿੱਤਾ ਜਿਸ ਵਿਚ ਇਨ੍ਹਾਂ ਦੋਹਾਂ ਭਰਾਵਾਂ ਨੂੰ ਪੁੱਤਰਾਂ ਤੁਲ ਮੰਨਿਆ ਗਿਆ। ਇਸੇ ਕਰਕੇ ਸਿੱਖ ਧਰਮ ਦੇ ਅਨੁਯਾਈਆਂ ਵਿਚ ਇਨ੍ਹਾਂ ਭਰਾਵਾਂ ਅਤੇ ਫਿਰ ਇਨ੍ਹਾਂ ਦੀ ਸੰਤਾਨ ਦਾ ਬਹੁਤ ਆਦਰ ਰਿਹਾ ਹੈ। ਸਿੱਖ ਰਿਆਸਤਾਂ ਵਲੋਂ ਵੀ ਇਨ੍ਹਾਂ ਨੂੰ ਬੰਧਾਨ ਮਿਲਦਾ ਰਿਹਾ ਹੈ। ਪਾਕਿਸਤਾਨ ਬਣਨ ਤੋਂ ਬਾਦ ਇਹ ਖ਼ਾਨਦਾਨ ਭਾਵੇਂ ਮਾਛੀਵਾੜੇ ਤੋਂ ਚਲਾ ਗਿਆ, ਪਰ ਇਨ੍ਹਾਂ ਦੇ ਘਰ ਵਿਚ ਹੁਣ ਵੀ ਗੁਰਦੁਆਰਾ ਕਾਇਮ ਹੈ। ਇਨ੍ਹਾਂ ਦੀ ਯਾਦ ਵਿਚ ਇਕ ਗੇਟ ਵੀ ਬਣਿਆ ਹੋਇਆ ਹੈ।

**ਗਯਾ** (ਤੀਰਥ): ਹਿੰਦੂ ਧਰਮ ਦੇ ਪ੍ਰਭਾਵ ਕਾਰਣ ਕਈ ਸਿੱਖ ਇਸ ਤੀਰਥ ਨੂੰ ਮਹੱਤਵ ਦਿੰਦੇ ਹੋਇਆਂ ਆਪਣੇ ਬਜ਼ੁਰਗਾਂ ਦੇ ਸਰਾਧ ਕਰਨ ਲਈ ਇਥੇ ਆਉਂਦੇ ਹਨ। ਇਹ ਅਸਲ ਵਿਚ, ਹਿੰਦੂਆਂ ਦੇ ਪਿਤਰਾਂ ਦੇ ਪਿੰਡ-ਦਾਨ ਕਰਨ ਦਾ ਇਕ ਤੀਰਥ ਹੈ, ਜੋ ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ ਵਸਿਆ ਹੋਇਆ ਹੈ। ਇਸ ਦਾ 'ਮਹਾਭਾਰਤ' ਆਦਿ ਪੁਰਾਤਨ ਗ੍ਰੰਥਾਂ ਵਿਚ ਉੱਲੇਖ ਮਿਲਣ ਕਾਰਣ ਇਸ ਦਾ ਇਤਿਹਾਸਿਕ ਮਹੱਤਵ ਸਪੱਸ਼ਟ ਹੈ। ਇਸ ਦਾ ਇਹ ਨਾਂ ਕਿਉਂ ਪਿਆ ? ਇਸ ਬਾਰੇ 'ਭਾਗਵਤ ਪੁਰਾਣ' ਵਿਚ ਲਿਖਿਆ ਹੈ ਕਿ ਤ੍ਰੇਤਾ ਯੁਗ ਵਿਚ 'ਗਯਾ' ਨਾਂ ਦੇ ਰਾਜੇ ਕਰਕੇ ਇਸ ਦਾ ਨਾਂ 'ਗਯਾ' ਪ੍ਰਚਲਿਤ ਹੋਇਆ।

'ਵਾਯੁ ਪੁਰਾਣ' ਅਨੁਸਾਰ ਗਯ ਅਸੁਰ (ਗਯਾਸੁਰ) ਦੇ ਨਾਂ 'ਤੇ ਇਹ ਨਗਰ ਵਸਿਆ ਹੈ। ਕਾਰਣ ਇਹ ਹੈ ਕਿ ਉਸ ਨੇ ਆਪਣੀ ਤਪਸਿਆ ਦੇ ਬਲ 'ਤੇ ਸਿੱਧੀ ਪ੍ਰਾਪਤ ਕੀਤੀ। ਉਸ ਦੇ ਦਰਸ਼ਨ ਕਰਨ ਜਾਂ ਉਸ ਦੀ ਛੋਹ ਪ੍ਰਾਪਤ ਕਰਨ ਨਾਲ ਹੀ ਲੋਕੀਂ ਸਵਰਗ ਜਾਣ ਲਗੇ। ਫਲਸਰੂਪ ਦੇਵਤੇ ਅਤੇ ਯਮਰਾਜ ਚਿੰਤਾਗ੍ਰਸਤ ਹੋ ਗਏ। ਵਿਸ਼ਣੂ ਦੇ ਸਮਝਾਉਣ 'ਤੇ ਅਸੁਰ ਨੇ ਪ੍ਰਾਚੀਨ ਗਯਾ ਨਗਰ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ। ਇਸ 'ਤੇ ਵਿਸ਼ਣੂ ਨੇ ਵਰ ਦਿੱਤਾ ਕਿ ਇਹ ਸਥਾਨ ਸੰਸਾਰ ਭਰ ਵਿਚ ਪਰਮ ਪਵਿੱਤਰ ਹੋਵੇਗਾ ਅਤੇ ਦੇਵਤੇ ਇਥੇ ਬਿਸ੍ਰਾਮ ਕਰਨਗੇ। ਇਥੇ ਜੋ ਵੀ ਦਾਹ ਸੰਸਕਾਰ ਜਾਂ ਪਿੰਡ-ਦਾਨ ਕਰੇਗਾ ਉਹ ਆਪਣੇ ਪੂਰਵਜਾਂ ਸਹਿਤ ਬ੍ਰਹਮ-ਲੋਕ ਵਿਚ ਜਾਏਗਾ। ਇਸੇ ਲਈ ਹਰ ਸਾਲ ਹਜ਼ਾਰਾਂ ਹਿੰਦੂ ਮੁਕਤੀ ਦੀ ਪ੍ਰਾਪਤੀ ਲਈ ਆਪਣੇ ਪਿਤਰਾਂ ਦਾ ਸਰਾਧ ਕਰਨ ਲਈ ਇਥੋਂ ਦੇ ਵਿਸ਼ਣੂਪਾਦ ਮੰਦਿਰ ਵਿਚ ਆਉਂਦੇ ਹਨ।

ਪਿਤਰਾਂ ਦੇ ਦਾਨ ਸੰਬੰਧੀ ਅਤੇ ਗਯਾ ਦੇ ਧਾਰਮਿਕ ਮਹੱਤਵ ਬਾਰੇ ਪੁਰਾਣਾਂ ਵਿਚ ਕਾਫ਼ੀ ਬ੍ਰਿੱਤਾਂਤ ਅਤੇ ਆਖਿਆਨ ਦਰਜ ਹਨ। ਮੱਧ-ਯੁਗ ਦੇ ਸੰਤਾਂ ਨੇ ਗਯਾ ਆਦਿ ਤੀਰਥਾਂ ਉਤੇ ਪਿੰਡ ਭਰਨ ਦੀ ਗੱਲ ਨੂੰ ਵਿਅਰਥ ਦਸ ਕੇ ਪਰਮਾਤਮਾ ਦੇ ਨਾਮ-ਸਿਮਰਨ ਉਤੇ ਬਲ ਦਿੱਤਾ ਹੈ। ਨਾਮਦੇਵ ਜੀ ਅਨੁਸਾਰ — *ਗਇਆ ਪਿੰਡੁ ਭਰਤਾ। ਬਨਾਰਸਿ ਅਸਿ ਬਸਤਾ।ਮੁਖਿ ਬੇਦ ਚਤੁਰ ਪੜਤਾ।... ਮਨ ਛੋਡਿ ਛੋਡਿ ਸਗਲ ਭੇਦੰ। ਸਿਮਰਿ ਸਿਮਰਿ ਗੋਬਿੰਦੰ। ਭਜੁ ਨਾਮਾ ਤਰਸਿ ਭਵ ਸਿੰਧੰ।* (ਗੁ.ਗ੍ਰੰ.873)

ਸਿੱਖ ਧਰਮ ਵਿਚ ਇਸ ਤੀਰਥ ਸੰਬੰਧੀ ਕੋਈ ਮਾਨਤਾ ਨਹੀਂ ਹੈ।

**ਗਯੰਦ** (ਭੱਟ) : ਵੇਖੋ 'ਪਰਮਾਨੰਦ (ਭੱਟ)'।

**ਗਰਨਾ ਸਾਹਿਬ, ਗੁਰਦੁਆਰਾ** : ਬੋਦਲ ਪਿੰਡ ਵਿਚ ਸਥਿਤ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਗੁਰੂ-ਧਾਮ। ਵੇਖੋ 'ਬੋਦਲ'।

**ਗਰਬ** : ਇਸ ਦਾ ਅਰਥ ਹੈ ਅਹੰਕਾਰ, ਹਉਮੈ। ਗੁਰੂ ਤੇਗ ਬਹਾਦਰ ਜੀ ਨੇ ਗਰਬ ਕਰਨ ਦੀ ਪ੍ਰਵ੍ਰਿਤੀ ਨੂੰ ਨਕਾਰਦਿਆਂ ਕਿਹਾ ਹੈ— *ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ।*

(ਗੁ.ਗ੍ਰੰ.428)। ਗੁਰੂ ਅਮਰਦਾਸ ਜੀ ਨੇ ਗਰਬ ਵਿਚ ਫਸੇ ਵਿਅਕਤੀ ਨੂੰ ਆਵਾਗਵਣ ਵਿਚ ਉਲਝਿਆ ਦਸਿਆ ਹੈ— *ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ। ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ।*(ਗੁ.ਗ੍ਰੰ.441)। ਗੁਰਮਤਿ ਅਨੁਯਾਈਆਂ ਨੂੰ ਇਸ ਤੋਂ ਸੰਕੋਚ ਕਰਨਾ ਚਾਹੀਦਾ ਹੈ। ਵੇਖੋ 'ਹਉਮੈ'।

**ਗਰਬ ਗੰਜਨੀ ਟੀਕਾ** : 'ਜਪੁਜੀ' ਬਾਣੀ ਦਾ ਇਸ ਨਾਂ ਅਧੀਨ ਕੀਤਾ ਟੀਕਾ ਭਾਈ ਸੰਤੋਖ ਸਿੰਘ ਦੀ ਇਕ ਮਹੱਤਵ-ਪੂਰਣ ਪ੍ਰਾਪਤੀ ਹੈ। ਇਸ ਵਿਚ ਮਹਾਕਵੀ ਨੇ ਸਿੱਖ-ਇਤਿਹਾਸ ਦੀ ਥਾਂ 'ਤੇ ਸਿੱਖ-ਅਧਿਆਤਮਵਾਦ ਦੀ ਸਰਬ ਪ੍ਰਮੁਖ ਰਚਨਾ 'ਜਪੁਜੀ' ਦਾ ਟੀਕਾ ਹੀ ਨਹੀਂ ਕੀਤਾ, ਸਗੋਂ ਇਸ ਰਚਨਾ ਦਾ ਭਾਰਤੀ ਸਾਹਿਤਿਕ ਮਾਨ-ਦੰਡਾਂ ਦੇ ਆਧਾਰ 'ਤੇ ਪਹਿਲੀ ਵਾਰ ਵਿਸ਼ਲੇਸ਼ਣ ਕੀਤਾ ਹੈ ਅਤੇ ਇਸ ਦੀਆਂ ਅਨੇਕ ਤੁਕਾਂ ਦੇ ਅਰਥਾਂ ਸੰਬੰਧੀ ਪਾਈਆਂ ਗਈਆਂ ਭ੍ਰਾਂਤੀਆਂ ਨੂੰ ਦੂਰ ਕੀਤਾ ਹੈ। ਇਸ ਟੀਕੇ ਦੀ ਰਚਨਾ-ਪ੍ਰੇਰਨਾ ਕੈਥਲ ਨਰੇਸ਼ ਭਾਈ ਉਦੈ ਸਿੰਘ ਤੋਂ ਪ੍ਰਾਪਤ ਹੋਈ ਜੋ ਸੰ. 1852 ਬਿ. (1795 ਈ.) ਵਿਚ ਰਚੇ ਗਏ ਸੁਆਮੀ ਆਨੰਦਘਨ ਦੇ ਜਪੁਜੀ ਦੇ ਟੀਕੇ ਦੇ ਅਰਥ-ਸੰਚਾਰ ਤੋਂ ਕਾਫ਼ੀ ਅਸੰਤੁਸ਼ਟ ਅਤੇ ਕੁਝ ਹਦ ਤਕ ਉਦਾਸ ਸਨ। ਸੰਤੋਖ ਸਿੰਘ ਨੂੰ ਆਪਣਾ ਰਾਜ-ਕਵੀ ਨਿਯੁਕਤ ਕਰਨ ਉਪਰੰਤ ਭਾਈ ਉਦੈ ਸਿੰਘ ਦੀ ਪਹਿਲੀ ਇੱਛਾ ਇਹੀ ਸੀ ਕਿ ਆਨੰਦਘਨ ਦੇ ਟੀਕੇ ਵਿਚਲੇ ਦੋਸ਼-ਆਰੋਪਣ ਦਾ ਸਾਹਿਤਿਕ ਦ੍ਰਿਸ਼ਟੀ ਤੋਂ ਸਹੀ ਢੰਗ ਨਾਲ ਜਵਾਬ ਦਿੱਤਾ ਜਾਏ। ਫਲਸਰੂਪ 1829 ਈ. (1886 ਬਿ.) ਵਿਚ 'ਗਰਬ ਗੰਜਨੀ' ਟੀਕੇ ਦੀ ਰਚਨਾ ਸੰਪੂਰਣ ਹੋਈ। ਇਨ੍ਹਾਂ ਤੱਥਾਂ ਬਾਰੇ ਭਾਈ ਸਾਹਿਬ ਨੇ ਟੀਕੇ ਵਿਚ ਕਈਆਂ ਥਾਂਵਾਂ ਉਤੇ ਸੰਕੇਤ ਕੀਤਾ ਹੈ।

ਸਪੱਸ਼ਟ ਹੈ ਕਿ ਆਨੰਦਨ ਦੁਆਰਾ ਆਪਣੀ ਵਿਦਵੱਤਾ ਦਾ ਹੰਕਾਰ ਅਤੇ ਇਸ਼ਟ-ਬੁੱਧੀ ਦੇ ਵਿਖੰਡਨ ਦਾ ਪ੍ਰਤਿਕਰਮ ਹੀ ਗਰਬਗੰਜਨੀ ਟੀਕਾ ਦੀ ਰਚਨਾ-ਪ੍ਰੇਰਣਾ ਦਾ ਮੂਲ ਕਾਰਣ ਹੈ। ਇਸ ਗੱਲ ਦੀ ਪੁਸ਼ਟੀ ਇਸ ਟੀਕੇ ਦੇ ਨਾਂ ਤੋਂ ਵੀ ਭਲੀ-ਭਾਂਤ ਹੋ ਜਾਂਦੀ ਹੈ। ਮਹਾਕਵੀ ਨੇ ਲਿਖਿਆ ਹੈ— *ਇਕ ਟੀਕਾ ਸ੍ਰੀ ਜਪੁਜੀ ਕੋ ਅਨੰਦਘਨ ਨੇ ਕਰਯੋ ਹੈ। ਗੁਰ ਨਿਸਚੇ ਤੇ ਜੋ ਹੀਨ ਹੈਂ ਨਰ ਅਲਪ ਬੁਧੀ ਤਿਨ ਕੋ ਪ੍ਰਚਾ.... ਐਸੋ ਅਰਥ ਕਰਨ ਤੇ ਤੂਸਨਿ ਹੀ ਭਲੀ ਹੈ। ਐਸੇ ਰੀਤ ਭਏ ਜੋ ਅੰਧ ਅਰਥ ਕਰਤ ਹੈ। ... ਜੇ ਕੋਈ ਪਖਵਾਦੀ ਇਸ ਬਾਤ ਕੋ ਨਹੀ ਮਾਨਤੇ ਸੋ ਉਲੂ ਕੀ ਨਿਆਈਂ ਜਗਤ ਕੋ ਦੁਖ ਰੂਪੀ ਅੰਧੇਰ ਮੋ ਪਰੇ ਭ੍ਰਮਤੇ ਹੈਂ। ਐਸੀ ਖੋਟੀ ਬਾਤੈਂ ਅਨੰਦ-ਘਨ ਕੀ ਜਾਨ ਕਰ ਟੀਕਾ ਕਰਯੋ ਹੈ।*

ਇਹ ਟੀਕਾ ਨਿਰਾ-ਪੁਰਾ ਟੀਕਾ ਨਹੀਂ, ਸਗੋਂ ਇਕ ਪ੍ਰਕਾਰ ਦਾ ਭਾਸ਼ ਹੈ ਜਿਸ ਵਿਚ ਜਪੁਜੀ ਦੀਆਂ ਅਨੇਕ ਪਉੜੀਆਂ ਅਤੇ ਤੁਕਾਂ ਦੀ ਦਾਰਸ਼ਨਿਕ ਵਿਆਖਿਆ ਕੀਤੀ ਗਈ ਹੈ। ਅਜਿਹੇ ਦਾਰਸ਼ਨਿਕ ਵਿਸ਼ਲੇਸ਼ਣ ਵੇਲੇ ਬ੍ਰਹਮ ਜੀਵ, ਜਗਤ, ਮੁਕਤੀ ਆਦਿ ਵਿਸ਼ਿਆਂ ਉਤੇ ਯਥਾ-ਪ੍ਰਸੰਗ ਪ੍ਰਕਾਸ਼ ਪਾਇਆ ਗਿਆ ਹੈ ਅਤੇ ਗੁਰਬਾਣੀ ਦੀ ਪਵਿੱਤਰਤਾ ਵੇਦ-ਤੁਲ ਦਰਸਾਈ ਗਈ ਹੈ। ਗੁਰਬਾਣੀ ਹੀ ਭਵਸਾਗਰ ਤੋਂ ਤਰਨ ਦਾ ਇਕ-ਮਾਤ੍ਰ ਸਾਧਨ ਹੈ। 'ਓਅੰਕਾਰ' ਸ਼ਬਦ ਦੀ ਵਿਆਖਿਆ ਕਰਦਿਆਂ ਉਨ੍ਹਾਂ ਨੇ ਉਪਨਿਸ਼ਦਾਂ, ਪੁਰਾਣਾਂ, ਸ਼ਾਸਤ੍ਰਾਂ ਵਿਚ ਦਸੇ ਗਏ ਇਸ ਦੇ ਲਗਭਗ 63 ਨਿਰਗੁਣ ਅਤੇ ਸਗੁਣ ਰੂਪਾਂ ਦਾ ਉਲੇਖ ਕੀਤਾ ਹੈ। ਪ੍ਰਸਿੱਧ ਭਾਰਤੀ ਛੇ ਦਰਸ਼ਨਾਂ ਦਾ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਨੇ ਸਿੱਖ ਦਰਸ਼ਨ ਨੂੰ ਵੇਦਾਂਤ ਦੇ ਅਨੁਰੂਪ ਮੰਨਿਆ ਹੈ ਅਤੇ ਹੋਰਨਾਂ ਮਤਾਂ ਦੇ ਸਮਾਨਾਂਤਰ ਉਸ ਦਾ ਮਹੱਤਵ ਸਥਾਪਿਤ ਕੀਤਾ ਹੈ। ਇਸ ਪ੍ਰਕਾਰ ਦੇ ਹੋਰ ਵੀ ਅਨੇਕ ਕਥਨ ਮਿਲ ਜਾਂਦੇ ਹਨ। ਅਸਲ ਵਿਚ, ਕਵੀ ਨੇ ਦਰਸ਼ਨ ਵਰਗੇ ਗੰਭੀਰ ਵਿਸ਼ੇ ਨੂੰ ਬੜੇ ਸਰਲ ਢੰਗ ਨਾਲ ਸਮਝਾਉਣ ਦਾ ਉਦਮ ਕੀਤਾ ਹੈ ਅਤੇ ਕਥਨ ਵਿਚ ਸਪੱਸ਼ਟਤਾ ਲਿਆਉਣ ਲਈ ਰਾਮਾਇਣ, ਮਹਾਭਾਰਤ, ਪੁਰਾਣ ਸਾਹਿਤ ਆਦਿ ਤੋਂ ਅਨੇਕ ਪ੍ਰਸੰਗਾਂ ਦੀ ਵਰਤੋਂ ਕੀਤੀ ਹੈ। ਸ਼ੰਕਿਆਂ ਦੀ ਨਿਵ੍ਰਿਤੀ ਲਈ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਪਰ-ਪੱਖ ਦੇ ਖੰਡਨ ਅਤੇ ਸਵ-ਪੱਖ ਦੇ ਮੰਡਨ ਦਾ ਉਦਮ ਕੀਤਾ ਹੈ।

ਇਸ ਟੀਕੇ ਵਿਚ ਭਾਈ ਸਾਹਿਬ ਨੇ ਜਪੁਜੀ ਦੀ ਸਾਹਿਤਿਕਤਾ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਸਾਹਿਤਿਕ ਵਿਸ਼ਲੇਸ਼ਣ ਦੀ ਵਿਧੀ ਇਹ ਹੈ ਕਿ ਹਰ ਇਕ ਤੁਕ ਵਿਚ ਜੋ ਵੀ ਕੋਈ ਅਲੰਕਾਰ, ਸ਼ਬਦ-ਸ਼ਕਤੀ, ਆਦਿ ਵਰਤੀ ਗਈ ਹੈ, ਉਸ ਦਾ ਭਾਰਤੀ ਕਾਵਿ ਸ਼ਾਸਤ੍ਰ 'ਤੇ ਆਧਾਰਿਤ ਵਿਸ਼ਲੇਸ਼ਣ ਕੀਤਾ ਹੈ। ਪਰ ਮੁੱਖ ਤੌਰ 'ਤੇ ਇਹ ਟੀਕਾ ਅਲੰਕਾਰਾਂ ਦੇ ਸੰਦਰਭ ਵਿਚ ਕੀਤਾ ਗਿਆ ਹੈ। ਜਪੁਜੀ ਵਿਚ 50 ਤੋਂ ਵਧ ਅਲੰਕਾਰਾਂ ਦੇ ਵਰਤੇ ਜਾਣ ਦੀ ਸਥਾਪਨਾ ਕਰਦੇ ਹੋਇਆਂ ਉਨ੍ਹਾਂ ਦੇ ਲੱਛਣ ਵੀ ਦਸੇ ਗਏ ਹਨ। ਕਿਤੇ ਕਿਤੇ ਤਾਂ ਇਕੋ ਤੁਕ ਵਿਚ ਕਈ ਕਈ ਅਲੰਕਾਰਾਂ ਦੇ ਪਰੁਚੇ ਹੋਣ ਦੀ ਗੱਲ ਕਹੀ ਗਈ

ਹੈ। ਅਜਿਹੇ ਪ੍ਰਸੰਗਾਂ ਵਿਚ ਕਵੀ ਦੀ ਵਿਦਵੱਤਾ ਦਾ ਅਹਿਸਾਸ ਹੁੰਦਾ ਹੈ। ਅਜਿਹੇ ਵਿਸ਼ਲੇਸ਼ਣ ਵਿਚ ਪੈਣ ਵੇਲੇ ਵੀ ਭਾਈ ਸਾਹਿਬ ਗੁਰਬਾਣੀ ਨੂੰ ਸਾਧਾਰਣ ਕਾਵਿ ਤੋਂ ਵਿਸ਼ਿਸ਼ਟ ਅਤੇ ਸ੍ਰੇਸ਼ਠ ਸਮਝਦੇ ਹਨ। ਇਸ ਰਚਨਾ ਦਾ ਟੀਕਾ-ਭਾਗ ਗੱਦ ਵਿਚ ਅਤੇ ਬੰਦਨਾ-ਭਾਗ ਜਾਂ ਲੱਛਣ ਪਦ ਵਿਚ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਕਵੀ ਨੂੰ ਜੋ ਅਧਿਕਾਰ ਪਦ ਵਿਚ ਪ੍ਰਾਪਤ ਹੈ, ਉਹ ਗੱਦ ਵਿਚ ਨਹੀਂ। ਗੱਦ ਦੀ ਰਚਨਾ ਕਰਨਾ ਉਨ੍ਹਾਂ ਦੀ ਮਨੋਵ੍ਰਿਤੀ ਅਨੁਰੂਪ ਨਹੀਂ ਸੀ, ਉਹ ਬੁਨਿਆਦੀ ਤੌਰ 'ਤੇ ਕਵੀ ਸਨ। ਫਿਰ ਵੀ ਇਹ ਨਿਸੰਗ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਇਸ ਰਚਨਾ ਵਿਚ ਪ੍ਰੌੜ੍ਹ ਗੱਦ ਦੇ ਸਾਰੇ ਗੁਣ ਮਿਲ ਜਾਂਦੇ ਹਨ।

**ਗਲੋਟੀਆਂ ਖ਼ੁਰਦ** (ਪਿੰਡ): ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦਾ ਇਕ ਪਿੰਡ, ਜੋ ਡਸਕਾ ਤਹਿਸੀਲ ਵਿਚ ਹੈ। ਸਭ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਸੰਨ 1620 ਈ. ਵਿਚ ਕਸ਼ਮੀਰ ਤੋਂ ਪਰਤਦਿਆਂ ਇਸ ਪਿੰਡ ਵਿਚ ਕੁਝ ਸਮੇਂ ਲਈ ਠਹਿਰੇ ਸਨ। ਫਿਰ ਕਿਸੇ ਸਿੱਖ ਦੇ ਗੁਰੂ ਹਰਿ ਰਾਇ ਸਾਹਿਬ ਨੂੰ ਯਾਦ ਕਰਨ 'ਤੇ ਸੱਤਵੇਂ ਗੁਰੂ ਜੀ ਇਥੇ ਪਧਾਰੇ ਸਨ। ਦਸਦੇ ਹਨ ਕਿ ਜਿਸ ਬੋਹੜ ਦੇ ਬ੍ਰਿਛ ਹੇਠਾਂ ਦੋਵੇਂ ਗੁਰੂ ਸਾਹਿਬਾਨ ਬੈਠੇ ਸਨ, ਉਹ ਦੇਸ਼ ਵੰਡ ਤਕ ਮੌਜੂਦ ਸੀ। ਗੁਰੂ ਸਾਹਿਬਾਨ ਦੀ ਆਮਦ ਵਿਚ ਉਥੇ ਬਣਿਆ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਸੀ, ਪਰ ਹੁਣ ਉਹ ਪਾਕਿਸਤਾਨ ਵਿਚ ਚਲੇ ਜਾਣ ਕਾਰਣ ਸ਼ਰਧਾਲੂਆਂ ਦੀ ਪਹੁੰਚ ਤੋਂ ਪਰੇ ਹੋ ਗਿਆ ਹੈ।

**ਗਲੌਰਾ, ਭਾਈ :** ਹਰਿਆਣਾ ਪ੍ਰਦੇਸ਼ ਦੇ ਇਕ ਪੁਰਾਣੇ ਪਿੰਡ ਚੀਕਾ (ਹੁਣ ਮੰਡੀ) ਦਾ ਵਸਨੀਕ ਇਕ ਮਸੰਦ, ਜਿਸ ਦੇ ਘਰ ਗੁਰੂ ਤੇਗ ਬਹਾਦਰ ਜੀ ਸਮਾਣਾ ਤੋਂ ਦਿੱਲੀ ਜਾਂਦੇ ਹੋਇਆਂ ਦੋ ਦਿਨ ਰੁਕੇ ਸਨ ਅਤੇ ਜਿਸ ਦੀ ਸੇਵਾ ਭਾਵਨਾ ਨੂੰ ਮੁੱਖ ਰਖ ਕੇ ਬਾਂਗਰ ਦੇ ਇਲਾਕੇ (ਹਾਂਸੀ-ਹਿਸਾਰ) ਦੇ ਪ੍ਰਚਾਰ ਦਾ ਕੰਮ ਸੌਂਪਿਆ ਸੀ। ਇਸ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਰੁਚੀ ਦਰਸਾਈ ਸੀ। ਕਹਿੰਦੇ ਹਨ ਗੁਰੂ ਜੀ ਨੇ ਇਸ ਨੂੰ ਤੀਰਾਂ ਦਾ ਭਰਿਆ ਹੋਇਆ ਇਕ ਤਰਕਸ਼ ਵੀ ਪ੍ਰਦਾਨ ਕੀਤਾ ਸੀ।

**ਗਵਾਲੀਅਰ** (ਨਗਰ): ਗੁਰੂ ਹਰਿਗੋਬਿੰਦ ਜੀ ਨੂੰ ਜਹਾਂਗੀਰ ਬਾਦਸ਼ਾਹ ਦੁਆਰਾ ਕੈਦ ਕੀਤੇ ਜਾਣ ਦੀ ਘਟਨਾ ਨਾਲ ਸੰਬੰਧਿਤ ਇਕ ਨਗਰ। ਮੱਧ ਭਾਰਤ ਦੀ ਇਕ ਪ੍ਰਸਿੱਧ ਰਿਆਸਤ ਗਵਾਲੀਅਰ ਦੀ ਰਾਜਧਾਨੀ ਦਾ ਨਾਂ ਵੀ 'ਗਵਾਲੀਅਰ' ਹੀ ਸੀ। ਪ੍ਰਾਚੀਨ ਗਵਾਲੀਅਰ ਨਗਰ ਕਿਲ੍ਹੇ ਦੇ ਹੇਠਲੇ ਪਾਸੇ ਵਸਿਆ ਹੋਇਆ ਹੈ। ਇਸ ਨਗਰ ਦੀ ਸਥਾਪਨਾ ਕਦ ਹੋਈ ਅਤੇ ਇਸ ਦੇ ਨਾਂ ਦਾ ਕੀ ਪਿਛੋਕੜ ਹੈ ? ਇਸ ਬਾਰੇ ਕੋਈ ਪ੍ਰਮਾਣਿਕ ਸਾਮਗ੍ਰੀ ਭਾਵੇਂ ਨਹੀਂ ਮਿਲਦੀ, ਪਰ 'ਮਹਾਭਾਰਤ' ਵਿਚ ਇਸ ਦਾ ਉੱਲੇਖ 'ਗੋਪਰਾਸ਼ਟਰ' ਵਜੋਂ ਹੋਇਆ ਹੈ। ਇਸ ਨੂੰ ਕਿਸੇ 'ਗ੍ਵਲਿਯ' ਨਾਂ ਦੇ ਸਾਧੂ ਦੇ ਵਰਦਾਨ ਨਾਲ ਵੀ ਸੰਬੰਧਿਤ ਕੀਤਾ ਜਾਂਦਾ ਹੈ।

ਇਸ ਨਗਰ ਦੀ ਇਤਿਹਾਸਿਕ ਜਾਣਕਾਰੀ ਮੌਰੀਆ ਕਾਲ ਤੋਂ ਸ਼ੁਰੂ ਹੁੰਦੀ ਹੈ। ਅਨੇਕ ਹਿੰਦੂ ਰਾਜਿਆਂ ਦੇ ਅਧਿਕਾਰ ਵਿਚ ਰਹਿਣ ਉਪਰੰਤ ਸੰਨ 1232 ਈ. ਵਿਚ ਇਹ ਮੁਸਲਮਾਨ ਸ਼ਾਸਕਾਂ ਅਧੀਨ ਹੋ ਗਿਆ। ਸੰਨ 1398 ਈ. ਵਿਚ ਇਸ ਉਤੇ ਤੋਮਰ ਵੰਸ਼ ਦੇ ਰਾਜਪੂਤਾਂ ਦਾ ਕਬਜ਼ਾ ਹੋ ਗਿਆ। ਸੰਨ 1525 ਈ. ਵਿਚ ਇਸ ਉਤੇ ਇਬ੍ਰਾਹੀਮ ਲੋਦੀ ਨੇ ਅਧਿਕਾਰ ਜਮਾ ਲਿਆ। ਸੰਨ 1559 ਈ. ਤੋਂ ਲਗਭਗ ਦੋ ਸਦੀਆਂ ਤਕ ਮੁਗ਼ਲ ਬਾਦਸ਼ਾਹਾਂ ਦੇ ਕਬਜ਼ੇ ਵਿਚ ਰਿਹਾ। ਸੰਨ 1754 ਈ. ਵਿਚ ਇਸ ਉਤੇ ਮਰਾਠਿਆਂ ਨੇ ਕਬਜ਼ਾ ਕਰ ਲਿਆ। ਸੰਨ 1777 ਈ. ਦੇ ਨੇੜੇ-ਤੇੜੇ ਪੇਸ਼ਵਾ ਨੇ ਗਵਾਲੀਅਰ ਨੂੰ ਸਿੰਧੀਆ ਵੰਸ਼ ਵਾਲੇ ਰਜਵਾੜਿਆਂ ਨੂੰ ਸੌਂਪ ਦਿੱਤਾ। ਉਦੋਂ ਤੋਂ ਲੈ ਕੇ ਸੰਨ 1947 ਈ. ਤਕ ਇਹ ਕਿਸੇ ਨ ਕਿਸੇ ਰੂਪ ਵਿਚ ਸਿੰਧੀਆ ਵੰਸ਼ ਅਧੀਨ ਹੀ ਰਿਹਾ।

ਇਸ ਨਗਰ ਦੇ ਨਾਲ ਲਗਦੀ ਲਗਭਗ 300 ਫ਼ੁਟ ਉੱਚੀ ਖ਼ੁਸ਼ਕ ਪਹਾੜੀ ਉਤੇ ਇਕ ਇਤਿਹਾਸ-ਪ੍ਰਸਿੱਧ ਕਿਲ੍ਹਾ ਹੈ ਜਿਸ ਦੀ ਹੋਂਦ ਛੇਵੀਂ ਸਦੀ ਤੋਂ ਮੰਨੀ ਜਾਂਦੀ ਹੈ। ਇਸ ਕਿਲ੍ਹੇ ਦੀਆਂ ਕੰਧਾਂ 30 ਫ਼ੁਟ ਉੱਚੀਆਂ ਹਨ ਅਤੇ ਲੰਬਾਈ ਅਤੇ ਚੌੜਾਈ ਕ੍ਰਮਵਾਰ 2 ਕਿ.ਮੀ. ਅਤੇ 2800 ਫ਼ੁਟ ਹੈ। ਇਸ ਵਿਚਲੇ ਕੁਝ ਮਹੱਲ ਅਤੇ ਮੰਦਿਰ ਆਪਣੇ ਯੁਗ ਦੀ ਕਲਾ ਦੇ ਸੁੰਦਰ ਨਮੂਨੇ ਪੇਸ਼ ਕਰਦੇ ਹਨ।

ਮੁਗ਼ਲ-ਕਾਲ ਵਿਚ ਇਸ ਕਿਲ੍ਹੇ ਨੂੰ ਰਾਜਸੀ ਕੈਦੀਆਂ ਨੂੰ ਨਜ਼ਰਬੰਦ ਕਰਨ ਲਈ ਵਰਤਿਆ ਜਾਂਦਾ ਸੀ। ਜਹਾਂਗੀਰ ਬਾਦਸ਼ਾਹ ਨੇ ਕੁਝ ਵਿਰੋਧੀਆਂ ਦੁਆਰਾ ਕੰਨ ਭਰੇ ਜਾਣ 'ਤੇ ਗੁਰੂ ਹਰਿਗੋਬਿੰਦ ਜੀ ਨੂੰ ਇਸ ਕਿਲ੍ਹੇ ਵਿਚ ਕੈਦ ਰਖਿਆ ਸੀ। ਕੈਦ ਦਾ ਸਮਾਂ ਨਿਸਚਿਤ ਰੂਪ ਵਿਚ ਪਤਾ

ਨਹੀਂ ਚਲਦਾ, ਪਰ ਅਨੁਮਾਨ ਹੈ ਕਿ ਇਹ 1617 ਈ. ਤੋਂ 1619 ਈ. ਦੇ ਵਿਚ ਹੋਵੇਗਾ। ਇਸ ਘਟਨਾ ਵਲ ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ— *ਪਾਸਿਤਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।* ਇਥੇ 'ਗੜ' ਗਵਾਲੀਅਰ ਕਿਲ੍ਹੇ ਲਈ ਵਰਤਿਆ ਗਿਆ ਹੈ। ਇਥੋਂ ਮੁਕਤ ਹੋਣ ਸਮੇਂ ਉਸ ਕਿਲ੍ਹੇ ਵਿਚ ਕੈਦ ਹੋਰ ਅਨੇਕ ਰਾਜਸੀ ਬੰਦਿਆਂ ਨੂੰ ਗੁਰੂ ਜੀ ਨੇ ਆਪਣੇ ਨਾਲ ਕਿਲ੍ਹੇ ਤੋਂ ਬਾਹਰ ਲਿਆਉਂਦਾ। ਕੁਝ ਇਤਿਹਾਸਕਾਰ ਇਨ੍ਹਾਂ ਰਾਜਸੀ ਕੈਦੀਆਂ ਦੀ ਗਿਣਤੀ 52 ਦਸਦੇ ਹਨ। ਉਸ ਦਿਨ ਤੋਂ ਗੁਰੂ ਹਰਿਗੋਬਿੰਦ ਜੀ ਦਾ ਇਕ ਨਾਂ 'ਬੰਦੀਛੋੜ' ਵੀ ਪ੍ਰਚਲਿਤ ਹੋਇਆ। ਉਥੇ ਗੁਰੂ ਜੀ ਦੀ ਯਾਦ ਵਿਚ ਇਕ ਧਰਮ-ਧਾਮ ਮੌਜੂਦ ਹੈ, ਜਿਸ ਦਾ ਨਾਂ 'ਗੁਰਦੁਆਰਾ ਦਾਤਾ ਬੰਦੀਛੋੜ ਪਾਤਿਸ਼ਾਹੀ ਛੇਵੀਂ' ਪ੍ਰਚਲਿਤ ਹੈ। ਪੁਰਾਤਨ ਇਮਾਰਤ ਦੀ ਥਾਂ ਨਵੀਂ ਇਮਾਰਤ 6 ਜਨਵਰੀ 1968 ਈ. ਨੂੰ ਬਣਾਉਣੀ ਸ਼ੁਰੂ ਕੀਤੀ ਗਈ ਸੀ ਜਿਸ ਦੀ ਨਿਗਰਾਨੀ ਖਡੂਰ ਸਾਹਿਬ ਦੇ ਸੰਤ ਝੰਡਾ ਸਿੰਘ ਅਤੇ ਸੰਤ ਉਤਮ ਸਿੰਘ ਨੇ ਕੀਤੀ। ਹੁਣ ਬਹੁਤ ਸੁੰਦਰ ਇਮਾਰਤ ਉਸਰੀ ਹੋਈ ਹੈ। ਗਵਾਲੀਅਰ ਅਤੇ ਲਸ਼ਕਰ ਵਿਚ ਵਸਦੇ ਗੁਰੂ ਸਾਹਿਬ ਦੇ ਕੁਝ ਕੁ ਮੁੱਖੀ ਸਿੱਖਾਂ ਵਲ ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ— *ਲਸਕਰਿ ਭਾਈ ਤੀਰਥ ਗੁਆਲੀਏਰ ਸੁਇਨੀ ਹਰਿਦਾਸ* (11/30)।

**ਗੜਗੱਜ ਅਕਾਲੀ ਜੱਥਾ** : ਕੁਝ ਪ੍ਰਭਾਵਸ਼ਾਲੀ ਅਕਾਲੀ ਕਾਰਕੁੰਨਾਂ ਨੇ 19 ਅਪ੍ਰੈਲ 1921 ਈ. ਨੂੰ ਸੈਂਟ੍ਰਲ ਮਾਝਾ ਖ਼ਾਲਸਾ ਦੀਵਾਨ (ਵੇਖੋ) ਤੋਂ ਵਖ ਹੋ ਕੇ ਤਰਨਤਾਰਨ ਵਿਚ ਇਕ ਵਖਰੇ ਜੱਥੇ ਦੀ ਸਥਾਪਨਾ ਕਰਕੇ ਉਸ ਦਾ ਨਾਂ 'ਗੜਗੱਜ ਅਕਾਲੀ ਜੱਥਾ' ਰਖਿਆ ਅਤੇ ਉਦੋਂ ਜੇਲ੍ਹ ਵਿਚ ਕੈਦ ਜੱਥੇਦਾਰ ਤੇਜਾ ਸਿੰਘ ਭੁੱਚਰ ਨੂੰ ਇਸ ਦਾ ਪ੍ਰਧਾਨ ਬਣਾਇਆ। ਭਾਈ ਸਰਨ ਸਿੰਘ ਨੂੰ ਮੀਤ ਪ੍ਰਧਾਨ, ਭਾਈ ਨਿਰੰਜਨ ਸਿੰਘ ਨੂੰ ਸਕੱਤਰ, ਭਾਈ ਕਾਹਨ ਸਿੰਘ (ਚੱਕ ਨੰ. 46) ਨੂੰ ਸਹਾਇਕ ਸਕੱਤਰ ਅਤੇ ਭਾਈ ਤੇਜਾ ਸਿੰਘ ਪਵਾਣਾ ਨੂੰ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ। 6 ਜੂਨ 1921 ਈ. ਨੂੰ ਇਸ ਦੇ ਵਿਧਾਨ ਨੂੰ ਪ੍ਰਵਾਨਗੀ ਦੇਣ ਵੇਲੇ ਇਸ ਦਾ ਨਾਂ ਬਦਲ ਕੇ 'ਗੜਗੱਜ ਅਕਾਲੀ ਦੀਵਾਨ' ਕਰ ਦਿੱਤਾ ਗਿਆ, ਪਰ ਅਧਿਕਤਰ ਪਹਿਲੇ ਵਾਲਾ ਨਾਂ ਹੀ ਪ੍ਰਚਲਿਤ ਰਿਹਾ। ਇਸ ਜੱਥੇ ਵਾਲਿਆਂ ਦਾ ਮੁੱਖ ਕਾਰਜ ਸ਼੍ਰੋਮਣੀ ਅਕਾਲੀ ਦਲ ਦਾ ਵਿਰੋਧ ਕਰਨਾ ਹੀ ਰਿਹਾ।

ਜੱਥੇਦਾਰ ਤੇਜਾ ਸਿੰਘ ਭੁੱਚਰ ਨੂੰ ਮਹਾਰਾਜਾ ਪਟਿਆਲਾ ਦੀ ਮਦਦ ਨਾਲ ਸਤੰਬਰ 1921 ਈ. ਵਿਚ ਮੁਕਤ ਕੀਤਾ ਗਿਆ ਤਾਂ ਜੋ ਇਹ 12-13 ਦਸੰਬਰ 1921 ਈ. ਨੂੰ ਪਟਿਆਲੇ ਵਿਚ ਹੋਣ ਵਾਲੀ ਇਕ ਵਖਰੀ ਅਕਾਲੀ ਕਾਨਫ੍ਰੰਸ ਵਿਚ ਪਟਿਆਲਾ-ਪਤਿ ਮਹਾਰਾਜਾ ਭੂਪਿੰਦਰ ਸਿੰਘ ਨੂੰ ਸਿੱਖਾਂ ਦਾ ਨੇਤਾ ਸਥਾਪਿਤ ਕਰਨ ਵਿਚ ਆਪਣੀ ਭੂਮਿਕਾ ਨਿਭਾ ਸਕੇ। ਪਰ 'ਚਾਬੀਆਂ ਦਾ ਮੋਰਚਾ' ਸ਼ੁਰੂ ਹੋ ਜਾਣ ਕਾਰਣ ਇਹ ਕਾਨਫ੍ਰੰਸ ਸਿਰੇ ਨ ਚੜ੍ਹ ਸਕੀ। ਉਨ੍ਹਾਂ ਦਿਨਾਂ ਵਿਚ ਪਟਿਆਲਾ ਰਿਆਸਤ ਦੀ ਆਰਥਿਕ ਸਹਾਇਤਾ ਨਾਲ ਜੱਥੇਦਾਰ ਭੁੱਚਰ ਨੇ 'ਗੜਗੱਜ ਅਕਾਲੀ' ਨਾਂ ਦੀ ਪਤ੍ਰਿਕਾ ਵੀ ਛਾਪਣੀ ਸ਼ੁਰੂ ਕੀਤੀ। ਇਸ ਨੇ 'ਗੁਰੂ ਕਾ ਬਾਗ਼' ਵਾਲੇ ਮੋਰਚੇ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕੀਤਾ, ਪਰ ਜਲਦੀ ਹੀ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਹਰਿਮੰਦਿਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਵਿਚ ਵਿਘਨ ਬਣਿਆ। ਫਲਸਰੂਪ, ਇਸ ਨੂੰ ਤਨਖ਼ਾਹੀਆ ਘੋਸ਼ਿਤ ਕੀਤਾ ਗਿਆ। ਇਸ ਨੇ ਹੋਰ ਵੀ ਮਾਮਲਿਆਂ ਵਿਚ ਸ਼੍ਰੋਮਣੀ ਕਮੇਟੀ ਦਾ ਵਿਰੋਧ ਕੀਤਾ ਅਤੇ ਬੁਰਜ ਬਾਬਾ ਫੂਲਾ ਸਿੰਘ, ਅੰਮ੍ਰਿਤਸਰ ਦਾ ਜ਼ਬਰਦਸਤੀ ਕਬਜ਼ਾ ਲੈਣ ਵਿਚ ਬੁੱਢਾ ਦਲ ਦੀ ਸਹਾਇਤਾ ਕੀਤੀ। ਪਰ ਇਸ ਜੱਥੇ ਦਾ ਸਹਿਜੇ ਸਹਿਜੇ ਮਹੱਤਵ ਘਟਦਾ ਗਿਆ ਅਤੇ ਸੰਨ 1939 ਈ. ਵਿਚ ਜੱਥੇਦਾਰ ਤੇਜਾ ਸਿੰਘ ਭੁੱਚਰ ਦੀ ਮ੍ਰਿਤੂ ਨਾਲ ਇਸ ਜੱਥੇ ਦੀ ਹੋਂਦ ਖ਼ਤਮ ਹੋ ਗਈ।

**ਗੜਗੱਜ ਬੋਲੇ** : ਵੇਖੋ 'ਖ਼ਾਲਸੇ ਦੇ ਬੋਲੇ'

**ਗੜ੍ਹੀਆ, ਭਾਈ** : ਗੁਰੂ ਹਰਿਗੋਬਿੰਦ ਜੀ ਦਾ ਇਕ ਸਿਦਕੀ ਸਿੱਖ, ਜਿਸ ਨੂੰ ਗੁਰੂ ਜੀ ਨੇ ਕਸ਼ਮੀਰ ਵਿਚ ਸਿੱਖ-ਧਰਮ ਦੇ ਪ੍ਰਚਾਰ ਲਈ ਉਚੇਚੇ ਤੌਰ 'ਤੇ ਭੇਜਿਆ। ਜਾਂਦੇ ਹੋਇਆ ਰਸਤੇ ਵਿਚ ਇਸ ਦੀ ਭੇਂਟ ਗੁਜਰਾਤ ਦੇ ਇਕ ਮੁਸਲਮਾਨ ਦਰਵੇਸ਼ ਸ਼ਾਹ ਦੌਲਾ ਨਾਲ ਹੋਈ। ਇਸ ਤੋਂ 'ਸੁਖਮਨੀ' ਬਾਣੀ ਦਾ ਪਾਠ ਸੁਣ ਕੇ ਸ਼ਾਹ ਦੌਲਾ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ।

ਕਸ਼ਮੀਰ ਪਹੁੰਚ ਕੇ ਭਾਈ ਗੜ੍ਹੀਏ ਨੇ ਬੜੀ ਨਿਸ਼ਠਾ ਨਾਲ ਧਰਮ-ਪ੍ਰਚਾਰ ਕੀਤਾ। ਲੋਕਾਂ ਦੇ ਮਨ ਵਿਚ ਇਸ ਦੇ

ਧਰਮਾਚਾਰ ਪ੍ਰਤਿ ਅਪਾਰ ਸ਼ਰਧਾ ਪੈਦਾ ਹੋ ਗਈ। ਕਸ਼ਮੀਰ ਤੋਂ ਪਰਤਣ ਉਪਰੰਤ ਇਹ ਗੋਇੰਦਵਾਲ ਵਿਚ ਰਹਿਣ ਲਗਾ। ਉਥੋਂ ਇਹ ਗੁਰੂ ਅਮਰਦਾਸ ਜੀ ਦੇ ਇਕ ਵੰਸ਼ਜ ਬਾਬਾ ਦਵਾਰਕਾ ਦਾਸ ਨਾਲ ਬਕਾਲਾ ਗਿਆ ਅਤੇ ਗੁਰੂ ਤੇਗ ਬਹਾਦਰ ਜੀ ਵਲੋਂ ਗੁਰੂ-ਗੱਦੀ ਧਾਰਣ ਕਰਨ ਦੇ ਸਮਾਗਮ ਵਿਚ ਸ਼ਾਮਲ ਹੋਇਆ। ਕੁਝ ਦਿਨਾਂ ਬਾਦ ਬਾਬਾ ਦਵਾਰਕਾ ਦਾਸ ਗੋਇੰਦਵਾਲ ਪਰਤ ਆਇਆ, ਪਰ ਇਹ ਉਥੇ ਹੀ ਗੁਰੂ ਜੀ ਦੀ ਸੇਵਾ ਵਿਚ ਰਿਹਾ। ਜਦੋਂ ਗੁਰੂ ਜੀ ਨੇ ਬਕਾਲਾ ਤੋਂ ਪ੍ਰਸਥਾਨ ਕੀਤਾ ਤਾਂ ਜੀਵਨ-ਪ੍ਰਯੰਤ ਇਹ ਗੁਰੂਜੀ ਦੇ ਨਾਲ ਨਾਲ ਰਿਹਾ।

**ਗੜ੍ਹੀ ਨਜ਼ੀਰ** (ਪਿੰਡ): ਪਟਿਆਲਾ ਜ਼ਿਲ੍ਹੇ ਦੇ ਸਮਾਣਾ ਨਗਰ ਤੋਂ ਦੱਖਣ-ਪੂਰਬ ਵਲ ਤਿੰਨ ਕੁ ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਸ ਵਿਚ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਪਾਤਿਸ਼ਾਹੀ ਨੌਵੀਂ' ਮੌਜੂਦ ਹੈ। ਇਸ ਦਾ ਇਕ ਨਾਮਾਂਤਰ 'ਗੁਰਦੁਆਰਾ ਗੜ੍ਹੀ ਸਾਹਿਬ' ਵੀ ਹੈ। ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਜਦੋਂ ਸੈਫ਼ਾਬਾਦ (ਬਹਾਦੁਰਗੜ੍ਹ) ਤੋਂ ਸਮਾਣੇ ਪਹੁੰਚੇ ਤਾਂ ਮੁਗ਼ਲ ਸੈਨਾ ਉਨ੍ਹਾਂ ਦਾ ਪਿਛਾ ਕਰਦੀ ਆ ਰਹੀ ਸੀ। ਇਥੋਂ ਦੇ ਇਕ ਫ਼ਕੀਰੀ ਰੁਚੀਆਂ ਵਾਲੇ ਮੁਸਲਮਾਨ ਮੁਹੰਮਦ ਬਖ਼ਸ਼ (ਕੁਝ ਇਤਿਹਾਸਕਾਰਾਂ ਅਨੁਸਾਰ ਭੀਖਮ ਸ਼ਾਂ) ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਤਾਂ ਉਹ ਗੁਰੂ ਜੀ ਨੂੰ ਤੁਰਤ ਆਪਣੇ ਘਰ ਲੈ ਆਇਆ ਕਿਉਂਕਿ ਉਹ ਗੁਰੂ ਜੀ ਦੇ ਦਰਸ਼ਨ ਸੈਫ਼ਾਬਾਦ ਵਿਚ ਪਹਿਲਾਂ ਕਰ ਚੁਕਿਆ ਸੀ। ਉਸ ਨੇ ਗੁਰੂ ਜੀ ਨੂੰ ਸੁਰਖਿਆ ਪ੍ਰਦਾਨ ਕਰਕੇ ਖ਼ੂਬ ਸੇਵਾ ਕੀਤੀ। ਗੁਰੂ ਜੀ ਦੀ ਠਹਿਰ ਵਾਲੀ ਥਾਂ 'ਤੇ ਕੈਥਲ ਨਰੇਸ਼ ਅਤੇ ਪਟਿਆਲਾ-ਪਤਿ ਨੇ ਗੁਰੂ-ਧਾਮ ਉਸਾਰਿਆ ਅਤੇ ਨਿੱਤ ਦੀ ਵਿਵਸਥਾ ਲਈ ਜਾਗੀਰ ਲਗਾਈ। ਵਰਤਮਾਨ ਇਮਾਰਤ ਦੀ ਉਸਾਰੀ ਪਹੋਵਾ ਵਾਲੇ ਸੰਤਾਂ ਨੇ ਕੀਤੀ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਗਾਇਤ੍ਰੀ/ਗਾਯਤ੍ਰੀ ਮੰਤ੍ਰ** : ਇਹ ਵੈਦਿਕ ਮੰਤ੍ਰ ਮੂਲ ਰੂਪ ਵਿਚ ਇਕ ਛੰਦ ਦਾ ਨਾਂ ਹੈ ਜਿਸ ਦੀ ਵਰਤੋਂ 'ਰਿਗ-ਵੇਦ' ਵਿਚ ਹੋਈ ਹੈ। ਇਸ ਵਿਚ ਅੱਠ ਅੱਠ ਅੱਖਰਾਂ ਦੇ ਤਿੰਨ ਚਰਣ ਹਨ। 'ਰਿਗ-ਵੇਦ' ਵਿਚ ਇਸ ਛੰਦ ਦੀ ਸਭ ਤੋਂ ਵਧ ਵਰਤੋਂ ਹੋਈ ਹੈ। ਇਸ ਦਾ ਅਰਥ ਹੈ—ਗਾਉਣ ਵਾਲੇ ਦੀ ਰਖਿਆ ਕਰਨ ਵਾਲੀ (*ਗਾਯੰਤੰ ਤ੍ਰਾਯਤੇ ਇਤਿ*)।

ਜਦ ਛੰਦ ਜਾਂ ਵਾਕ ਦੇ ਰੂਪ ਵਿਚ ਸ੍ਰਿਸ਼ਟੀ ਦੇ ਪ੍ਰਤੀਕ ਦੀ ਕਲਪਨਾ ਕੀਤੀ ਜਾਣ ਲਗੀ ਤਾਂ ਇਸ 'ਵਿਸ਼ਵ' ਨੂੰ ਤ੍ਰਿਪਦਾ ਗਾਯਤ੍ਰੀ ਦਾ ਸਰੂਪ ਮੰਨਿਆ ਗਿਆ। ਜਦ ਗਾਯਤ੍ਰੀ ਦੇ ਰੂਪ ਵਿਚ ਜੀਵਨ ਦੀ ਪ੍ਰਤੀਕਾਤ੍ਮਕ ਵਿਆਖਿਆ ਹੋਣ ਲਗੀ ਤਦ ਗਾਯਤ੍ਰੀ ਛੰਤ ਦੀ ਵਧਦੀ ਹੋਈ ਮਹਿਮਾ ਦੇ ਅਨੁਰੂਪ ਇਕ ਵਿਸ਼ੇਸ਼ ਛੰਦ (ਮੰਤ੍ਰ) ਦੀ ਰਚਨਾ ਹੋਈ ਜਿਸ ਦਾ ਪਾਠ ਇਸ ਪ੍ਰਕਾਰ ਹੈ— *ਤਤ੍ ਸ ਵਿਤੁਰ੍ ਵਰੇਣ੍ਯੰ, ਭਰ੍ਗੋ ਦੇਵਸ੍ਯ ਧੀਮਹਿ, ਧਿਯੋ ਯੋ ਨ: ਪ੍ਰਚੋਦਯਾਤ* (ਰਿਗ-ਵੇਦ' 4.62.10)। ਮਹਾਨਕੋਸ਼ਕਾਰ ਨੇ ਇਸ ਦਾ ਅਰਥ ਇਸ ਪ੍ਰਕਾਰ ਕੀਤਾ ਹੈ— "ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁਖਾਂ ਤੋਂ ਛੁੜਵਾਉਂਦਾ ਹੈ, ਪ੍ਰਕਾਸ਼ ਰੂਪ ਹੈ, ਵੇਨਤੀ ਕਰਨ ਯੋਗ੍ਯ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧ੍ਯਾਨ ਕਰਦੇ ਹਾਂ।" ਡਾ. ਰਾਜਬਲੀ ਪਾਂਡੇਯ ('ਹਿੰਦੂ ਧਰਮ-ਕੋਸ਼') ਅਨੁਸਾਰ ਇਸ ਦਾ ਅਰਥ ਇੰਜ ਹੈ— 'ਅਸੀਂ ਸਵਿਤਾ ਦੇਵ ਦੇ ਪ੍ਰਾਰਥਨਾ ਕਰਨ ਯੋਗ ਪ੍ਰਕਾਸ਼ ਨੂੰ ਧਾਰਣ ਕਰਦੇ ਹਾਂ। ਉਹ ਸਾਡੀ ਬੁੱਧੀ ਨੂੰ ਪ੍ਰੇਰਿਤ ਕਰਦਾ ਹੈ।"

ਉਪਰੋਕਤ ਮੰਤ੍ਰ ਡਾ. ਵਾਸੁਦੇਵ ਸ਼ਰਣ ਅਗ੍ਰਵਾਲ ਅਨੁਸਾਰ ਚਹੁੰਆਂ ਵੇਦਾਂ ਵਿਚ ਮਿਲਦਾ ਹੈ। ਇਸ ਦਾ ਰਿਸ਼ੀ ਵਿਸ਼ਵਾਮਿਤ੍ਰ ਹੈ ਅਤੇ ਦੇਵਤਾ ਸਵਿਤਾ (ਸੂਰਜ) ਹੈ। ਉਂਜ ਤਾਂ ਇਹ ਮੰਤ੍ਰ ਵਿਸ਼ਵਾਮਿਤ੍ਰ ਦੇ ਇਸ ਸੂਕ੍ਤ ਦੇ 18 ਮੰਤ੍ਰਾਂ ਵਿਚ ਕੇਵਲ ਇਕ ਹੈ, ਪਰ ਅਰਥ ਦੀ ਦ੍ਰਿਸ਼ਟੀ ਤੋਂ ਇਸ ਦੀ ਮਹਿਮਾ ਦਾ ਅਨੁਭਵ ਆਰੰਭ ਵਿਚ ਹੀ ਰਿਸ਼ੀਆਂ ਨੇ ਕਰ ਲਿਆ ਸੀ ਅਤੇ ਸੰਪੂਰਣ 'ਰਿਗ-ਵੇਦ' ਦੇ 10 ਹਜ਼ਾਰ ਮੰਤ੍ਰਾਂ ਵਿਚ ਇਸ ਮੰਤ੍ਰ ਦੇ ਅਰਥ ਦੀ ਗੰਭੀਰ ਅਭਿਵਿਅਕਤੀ ਸਭ ਨਾਲੋਂ ਅਧਿਕ ਕੀਤੀ ਹੈ। ਇਸ ਮੰਤ੍ਰ ਵਿਚ 24 ਅੱਖਰ ਹਨ। ਅੱਠ ਅੱਠ ਅੱਖਰਾਂ ਦੇ ਇਸ ਵਿਚ ਤਿੰਨ ਚਰਣ ਹਨ ਪਰ ਬ੍ਰਾਹਮਣ ਗ੍ਰੰਥਾਂ ਵਿਚ ਅਤੇ ਬਾਦ ਦੇ ਸਾਰੇ ਸਾਹਿਤ ਵਿਚ ਇਨ੍ਹਾਂ ਅੱਖਰਾਂ ਤੋਂ ਪਹਿਲਾਂ ਤਿੰਨ ਉਕਤੀਆਂ (ਵਿਵਾਹ੍ਰਿਤੀਆਂ) ਅਤੇ ਉਨ੍ਹਾਂ ਤੋਂ ਪਹਿਲਾਂ ਓਅੰਕਾਰ ਨੂੰ ਜੋੜ ਦਿੱਤਾ ਗਿਆ ਹੈ— "ਓਂ ਭੂ: ਭੁਵ: ਸ੍ਵ:"। ਹੁਣ ਇਹੀ ਗਾਯਤ੍ਰੀ ਜਪ ਦਾ ਪਾਠ ਹੈ।

ਇਸ ਦਾ ਇਕ ਨਾਂ 'ਸਾਵਿਤ੍ਰੀ' ਵੀ ਹੈ। ਇਸ ਨਾਂ ਬਾਰੇ 'ਪਦਮ-ਪੁਰਾਣ' ਵਿਚ ਲਿਖਿਆ ਹੈ ਕਿ ਇਕ ਵਾਰ ਯੱਗ ਕਰਨ ਵਾਲੇ ਬ੍ਰਹਮਾ ਨੇ ਆਪਣੀ ਅਰਧਾਂਗਿਨੀ ਨੂੰ ਬੁਲਾਉਣ ਲਈ ਇੰਦ੍ਰ ਨੂੰ ਭੇਜਿਆ। ਪਰ ਆਪਣੀਆਂ

ਸਹੇਲੀਆਂ ਤੋਂ ਬਿਨਾ ਆਉਣ ਤੋਂ ਸਾਵਿਤ੍ਰੀ ਨੇ ਨਾਂਹ ਕਰ ਦਿੱਤੀ। ਤਾਂ ਇੰਦ੍ਰ ਨੇ ਬ੍ਰਹਮਾ ਦੇ ਆਦੇਸ਼ ਅਨੁਸਾਰ ਮਾਤ-ਲੋਕ ਤੋਂ ਗਾਯਤ੍ਰੀ ਨਾਂ ਦੀ ਇਕ ਗਵਾਲਨ ਲਿਆਉਂਦੀ ਜਿਸ ਨਾਲ ਬ੍ਰਹਮਾ ਨੇ ਗੰਧਰਵ ਵਿਆਹ ਕਰਕੇ ਯੱਗ ਦੀ ਮਰਯਾਦਾ ਪੂਰੀ ਕੀਤੀ। ਇਸ ਤਰ੍ਹਾਂ ਗਾਯਤ੍ਰੀ 'ਸਾਵਿਤ੍ਰੀ' ਨਾਂ ਨਾਲ ਵੀ ਜਾਣੀ ਜਾਣ ਲਗੀ।

ਗਾਯਤ੍ਰੀ-ਮੰਤ੍ਰ ਦੇ ਤਿੰਨ ਚਰਣ ਕਿਉਂ ਹਨ? ਇਸ ਬਾਰੇ ਰਵਾਇਤ ਹੈ ਕਿ ਵਿਸ਼ਵਾਮਿਤ੍ਰ ਵਸਿਸ਼ਠ ਮੁਨੀ ਦੇ ਪੁੱਤਰਾਂ ਨੂੰ ਮਾਰਨ ਦਾ ਪਾਪ ਗਾਯਤ੍ਰੀ-ਮੰਤ੍ਰ ਦੇ ਜਪ ਨਾਲ ਦੂਰ ਕਰ ਲੈਂਦਾ ਸੀ। ਇਸ ਦੀ ਪ੍ਰਤਿਕ੍ਰਿਆ ਵਜੋਂ ਵਸਿਸ਼ਠ ਨੇ ਇਸ ਮੰਤ੍ਰ ਦਾ ਇਕ ਚਰਣ ਛੂੰਛਾ ਕਰ ਦਿੱਤਾ ਜਿਸ ਕਰਕੇ ਇਸ ਦੀ ਸ਼ਕਤੀ ਘਟ ਗਈ।

ਗਾਯਤ੍ਰੀ ਬਾਰੇ ਇਹ ਕਥਾ ਵੀ ਪ੍ਰਚਲਿਤ ਹੈ ਕਿ ਬ੍ਰਹਮਾ ਦੀ ਪਤਨੀ ਹੋਣ ਨਾਤੇ ਜਦੋਂ ਗਾਯਤ੍ਰੀ ਨੂੰ ਹੰਕਾਰ ਹੋ ਗਿਆ ਤਾਂ ਇਹ ਗਊ ਦੀ ਜੂਨ ਵਿਚ ਪੈ ਗਈ ਅਤੇ ਜਦੋਂ ਇਕ ਵਾਰ ਉਹ ਲੋਧੇ ਜੱਟ ਦੇ ਖੇਤ ਵਿਚ ਚਰ ਰਹੀ ਸੀ ਤਾਂ ਜੱਟ ਨੇ ਉਸ ਦੀ ਡਾਂਗ ਨਾਲ ਲੱਤ ਭੰਨ ਦਿੱਤੀ। ਇਸ ਬਾਰੇ ਭਗਤ ਨਾਮਦੇਵ ਨੇ ਕਿਹਾ ਹੈ— *ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ। ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।*(ਗੁ.ਗ੍ਰੰ.874-75)।

ਸਿੱਖ ਧਰਮ ਵਿਚ ਗਾਇਤ੍ਰੀ ਜਪ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। ਗੁਰੂ ਅਮਰਦਾਸ ਜੀ ਨੇ ਸਤਿ-ਸਰੂਪ ਪਰਮਾਤਮਾ ਦੀ ਵਾਸਤਵਿਕਤਾ ਤੋਂ ਬਿਨਾ ਸੰਧਿਆ, ਤਰਪਣ ਅਤੇ ਗਾਇਤ੍ਰੀ ਜਪ ਵਿਅਰਥ ਦਸੇ ਸਨ— *ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ।*(ਗੁ.ਗ੍ਰੰ.603)।

**ਗਾਗਾ** (ਪਿੰਡ): ਪੰਜਾਬ ਰਾਜ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪਿੰਡ ਜੋ 'ਲਹਿਰਾ' ਨਾਮਕ ਕਸਬੇ ਤੋਂ ਪੱਛਮ ਵਾਲੇ ਪਾਸੇ 2 ਕਿ.ਮੀ. ਦੀ ਵਿਥ ਉਤੇ ਵਸਿਆ ਹੋਇਆ ਹੈ। ਅਕਸਰ ਇਸ ਦਾ ਨਾਂ 'ਲਹਿਰਾ' ਨਾਲ ਰਲਾ ਕੇ 'ਲਹਿਰਾ-ਗਾਗਾ' ਉਚਾਰਿਆ ਜਾਂਦਾ ਹੈ। ਸਿੱਖ ਇਤਿਹਾਸ ਅਨੁਸਾਰ ਗੁਰੂ ਤੇਗ ਬਹਾਦਰ ਜੀ ਮਾਲਵੇ ਦੀ ਇਕ ਧਰਮ-ਪ੍ਰਚਾਰ ਯਾਤ੍ਰਾ ਦੌਰਾਨ ਰਾਤ ਭਰ ਲਈ ਇਕ ਢਾਬ ਦੇ ਕੰਢੇ ਉਤੇ ਰੁਕੇ ਸਨ। ਕਹਿੰਦੇ ਹਨ ਕਿ ਇਥੋਂ ਦੇ ਜ਼ਮੀਨਦਾਰਾਂ ਨੇ ਗੁਰੂ ਜੀ ਦੇ ਸੇਵਕਾਂ ਨੂੰ ਘੋੜਿਆਂ ਵਾਸਤੇ ਘਾਹ ਇਕੱਠਾ ਕਰਨੋਂ ਰੋਕ ਦਿੱਤਾ। ਫਲਸਰੂਪ, ਗੁਰੂ ਜੀ ਇਥੋਂ ਤੁਰਤ 'ਗੁਰਨੇ ਕਲਾਂ' ਪਿੰਡ ਵਲ ਚਲੇ ਗਏ। ਜਦੋਂ ਜ਼ਮੀਨਦਾਰਾਂ ਨੂੰ ਗੁਰੂ ਸਾਹਿਬ ਦੀ ਅਹਿਮੀਅਤ ਬਾਰੇ ਗਿਆਨ ਹੋਇਆ ਤਾਂ ਗੁਰੂ ਜੀ ਦੇ ਪਿਛੇ ਗੁਰਨੇ ਕਲਾਂ ਪਿੰਡ ਗਏ ਅਤੇ ਆਪਣੀ ਭੁਲ ਬਖ਼ਸ਼ਵਾਈ। ਉਥੋਂ ਪਰਤ ਕੇ ਉਨ੍ਹਾਂ ਨੇ ਉਸ ਥਾਂ 'ਤੇ 'ਮੰਜੀ ਸਾਹਿਬ' ਸਮਾਰਕ ਬਣਵਾਇਆ, ਜਿਥੇ ਗੁਰੂ ਜੀ ਬੈਠੇ ਸਨ। ਉਥੇ ਹੀ ਸੰਨ 1848 ਈ. ਵਿਚ ਭਾਈ ਜਵਾਹਰ ਸਿੰਘ ਨੇ ਇਕ ਛੋਟਾ ਜਿਹਾ ਗੁਰਦੁਆਰਾ ਉਸਰਵਾਇਆ ਜਿਸ ਦੀ ਇਮਾਰਤ ਨੂੰ ਨਾਭਾ ਰਿਆਸਤ ਦੇ ਮੰਤਰੀ ਸ. ਸੇਵਾ ਸਿੰਘ ਨੇ ਸੰਨ 1876 ਈ. ਵਿਚ ਨਵਾਂ ਰੂਪ ਦਿੱਤਾ। ਸੰਨ 1975 ਈ. ਵਿਚ ਇਸ ਦੀ ਇਮਾਰਤ ਵਿਚ ਹੋਰ ਵਾਧਾ ਕੀਤਾ ਗਿਆ ਅਤੇ ਸਰੋਵਰ ਵੀ ਪੱਕਾ ਬਣਵਾ ਦਿੱਤਾ ਗਿਆ। ਹੁਣ ਇਹ ਗੁਰੂ-ਧਾਮ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਨੌਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਦੁਸਹਿਰੇ ਵਾਲੇ ਦਿਨ ਇਥੇ ਬਹੁਤ ਵੱਡਾ ਜੋੜ-ਮੇਲਾ ਹੁੰਦਾ ਹੈ।

**ਗਾਥਾ ਮਹਲਾ ੫** (ਬਾਣੀ) : ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਹ ਇਕ ਰਾਗ-ਮੁਕਤ ਬਾਣੀ ਹੈ। 'ਗਾਥਾ' ਦਾ ਇਥੇ ਭਾਵ ਹੈ ਉਹ ਭਾਸ਼ਾ ਜੋ ਸੰਸਕ੍ਰਿਤ ਦੇ ਸਮਾਨਾਂਤਰ ਪਾਲੀ ਅਤੇ ਪ੍ਰਾਕ੍ਰਿਤ ਦੇ ਸੰਯੋਗ ਨਾਲ ਬਣੀ ਸੀ ਅਤੇ ਜਿਸ ਵਿਚ ਮੁੱਢਲੇ ਸਿੱਧਾਂ, ਨਾਥਾਂ ਨੇ ਆਪਣੇ ਭਾਵ ਪ੍ਰਗਟਾਏ ਸਨ। ਵੈਰਾਗ -ਭਾਵ ਨਾਲ ਭਰਪੂਰ ਥੇਰ-ਗਾਥਾ ਅਤੇ ਸੁੰਦਰਤਾ ਦਾ ਚਿਤ੍ਰਣ ਕਰਨ ਵਾਲੀਆਂ ਥੇਰੀ-ਗਾਥਾਵਾਂ ਇਸੇ ਭਾਸ਼ਾ-ਸ਼ੈਲੀ ਵਿਚ ਰਚੀਆਂ ਗਈਆਂ ਸਨ। ਪ੍ਰਾਕ੍ਰਿਤ ਭਾਸ਼ਾ ਵਿਚ ਗਾਥਾਵਾਂ (ਕਥਾ-ਪ੍ਰਸੰਗ) ਲਿਖਣ ਦਾ ਬਹੁਤ ਰਿਵਾਜ ਸੀ। ਫਲਸਰੂਪ ਗਾਥਾ 'ਪ੍ਰਾਕ੍ਰਿਤ' ਦਾ ਸਮਾਨਾਰਥਕ ਸ਼ਬਦ ਬਣ ਗਿਆ ਅਤੇ ਇਸ ਨੂੰ ਇਤਿਹਾਸਿਕ ਕਥਾ-ਪ੍ਰਸੰਗ ਤੋਂ ਇਲਾਵਾ ਪ੍ਰਾਕ੍ਰਿਤ ਭਾਸ਼ਾ ਲਈ ਵੀ ਵਰਤਿਆ ਜਾਣ ਲਗਿਆ। ਬਾਦ ਵਿਚ ਜਿਸ ਛੰਦ ਵਿਚ ਗਾਥਾਵਾਂ ਦੀ ਰਚਨਾ ਹੁੰਦੀ ਸੀ, ਉਸ ਨੂੰ ਵੀ 'ਗਾਥਾ' ਕਿਹਾ ਜਾਣ ਲਗਿਆ। ਇਸ ਛੰਦ ਦੇ ਹੋਰ ਪ੍ਰਯਾਯਵਾਚੀ ਹਨ— ਆਰ੍ਯਾ, ਗਾਹਾ। ਇਸ ਸਿਰਲੇਖ ਵਿਚ ਵਰਤਿਆ ਗਿਆ 'ਗਾਥਾ' ਸ਼ਬਦ ਭਾਸ਼ਾ-ਵਾਚਕ ਹੈ ਜਿਸ ਦਾ ਇਕ ਨਾਮਾਂਤਰ 'ਸਹਸਕ੍ਰਿਤੀ' ਹੈ।

ਇਸ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਦੇ 24

ਪਦੇ ਹਨ ਜਿਨ੍ਹਾਂ ਵਿਚ ਦਸਿਆ ਗਿਆ ਹੈ ਕਿ ਮਨੁੱਖ-ਸ਼ਰੀਰ ਦੀ ਸਫਲਤਾ ਸਾਧ-ਸੰਗਤਿ ਵਿਚ ਜਾ ਕੇ ਹਰਿ-ਨਾਮ ਦੇ ਸਿਮਰਨ ਵਿਚ ਹੈ। ਨਾਮ-ਸਿਮਰਨ ਨਾਲ ਵਿਕਾਰਾਂ ਤੋਂ ਬਿਰਤੀ ਹਟਦੀ ਹੈ ਅਤੇ ਜੀਵਨ ਸੁਖੀ ਬਣਦਾ ਹੈ। ਪਰਮਾਤਮਾ ਪ੍ਰਤਿ ਸ਼ਰਧਾ ਦੀ ਭਾਵਨਾ ਦਾ ਵਿਕਾਸ ਸਾਧ-ਸੰਗਤਿ ਦੀ ਸਭ ਤੋਂ ਵੱਡੀ ਦੇਣ ਹੈ। ਸਾਧ-ਸੰਗਤਿ ਦੁਆਰਾ ਸੁਧਰੇ ਹੋਏ ਸਾਧਕ ਕੇਵਲ ਆਪਣਾ ਅਧਿਆਤਮਿਕ ਭਵਿਸ਼ ਹੀ ਉਜਲਾ ਨਹੀਂ ਕਰਦੇ, ਸਗੋਂ ਆਪਣੇ ਸੰਪਰਕ ਵਿਚ ਆਉਣ ਵਾਲੇ ਹੋਰ ਅਨੇਕਾਂ ਦਾ ਵੀ ਬੇੜਾ ਪਾਰ ਕਰਦੇ ਹਨ। ਗੁਰੂਜੀ ਅਨੁਸਾਰ ਅਜਿਹੇ ਸਾਧਕ ਫਿਰ ਆਵਾਗਵਣ ਦੇ ਚੱਕਰ ਵਿਚ ਨਹੀਂ ਪੈਂਦੇ— *ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ। ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਯਤੇ।* (ਗੁ. ਗ੍ਰੰ.1361)।

ਇਨ੍ਹਾਂ ਪਦਿਆਂ ਵਿਚ ਦੋ ਤੋਂ ਚਾਰ ਤੁਕ ਤੁਕਾਂ ਹਨ। ਤੁਕਾਂ ਵਿਚ ਆਕਾਰ-ਪ੍ਰਕਾਰ ਦੀ ਸਮਾਨਤਾ ਨਹੀਂ ਹੈ। ਨ ਹੀ ਕਿਸੇ ਵਿਸ਼ੇਸ਼ ਛੰਦ ਦੇ ਲੱਛਣ ਇਨ੍ਹਾਂ ਉਤੇ ਲਾਗੂ ਹੁੰਦੇ ਹਨ। ਇਹ ਗਾਥਾ ਛੰਦ ਦੀਆਂ ਸੀਮਾਵਾਂ ਤੋਂ ਵੀ ਸੁਤੰਤਰ ਹਨ।

**ਗਿਆਨ** : 'ਗਿਆਨ' ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਵਿਦਵੱਤਾ, ਇਲਮ, ਸਮਝ, ਬੋਧ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਇਸ ਸਾਧਾਰਣ ਅਰਥ ਤੋਂ ਭਿੰਨ ਵਿਸ਼ੇਸ਼ ਅਰਥਾਂ ਵਿਚ ਵੀ ਪ੍ਰਯੁਕਤ ਹੋਇਆ ਹੈ ਅਤੇ ਇਸ ਵਿਸ਼ੇਸ਼ ਅਰਥ ਕਾਰਣ ਇਹ ਅਧਿਆਤਮਿਕ ਗਿਆਨ ਜਾਂ ਭੀਤਰੀ ਗਿਆਨ ਦਾ ਵਾਚਕ ਬਣ ਗਿਆ ਹੈ। ਇਹ ਗਿਆਨ ਗੱਲਾਂ ਨਾਲ ਪ੍ਰਾਪਤ ਨਹੀਂ ਹੋ ਸਕਦਾ। ਇਸ ਦਾ ਕਥਨ ਕਰਨਾ ਬਹੁਤ ਔਖਾ ਹੈ। ਇਹ ਕੇਵਲ ਈਸ਼ਵਰ ਜਾਂ ਗੁਰੂ ਦੀ ਕ੍ਰਿਪਾ ਰਾਹੀਂ ਪ੍ਰਾਪਤ ਹੁੰਦਾ ਹੈ, ਬਾਕੀ ਸਾਰੇ ਯਤਨ ਬੇਕਾਰ ਹਨ— *ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ। ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।* (ਗੁ. ਗ੍ਰੰ.465)।

ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਕਿਹਾ ਹੈ ਕਿ ਇਹ ਗਿਆਨ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦਾ —*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ। ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।* (ਗੁ.ਗ੍ਰੰ. 469)। ਅਸਲ ਵਿਚ, ਇਹ ਗਿਆਨ ਗੁਰੂ ਦੁਆਰਾ ਪ੍ਰਦੱਤ ਅਜਿਹਾ ਖੜਗ ਹੈ ਜਿਸ ਰਾਹੀਂ ਮਨ ਨਾਲ ਜੂਝਿਆ ਜਾ ਸਕਦਾ ਹੈ (*ਗਿਆਨ ਖੜਗੁ ਲੈ ਮਨ ਸਿਉ ਲੂਝੈ*— 1022), ਜਮ ਅਤੇ ਕਾਲ ਦੇ ਪ੍ਰਭਾਵ ਨੂੰ ਖ਼ਤਮ ਕੀਤਾ ਜਾ ਸਕਦਾ ਹੈ (*ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮ ਕਾਲਿ*— 235; *ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ*— 574)।

ਇਹ ਗਿਆਨ ਗੁਰੂ ਦੁਆਰਾ ਦਿੱਤਾ ਅਜਿਹਾ ਸੁਰਮਾ ਹੈ ਜਿਸ ਨੂੰ ਪਾਉਣ ਨਾਲ ਅਗਿਆਨ ਰੂਪ ਹਨੇਰਾ ਮਿਟ ਜਾਂਦਾ ਹੈ ਅਤੇ ਮਨ ਪ੍ਰਕਾਸ਼ਿਤ ਹੋ ਜਾਂਦਾ ਹੈ, ਅਰਥਾਤ ਜਿਗਿਆਸੂ ਨੂੰ ਵਾਸਤਵਿਕਤਾ ਦੀ ਸਮਝ ਆ ਜਾਂਦੀ ਹੈ— *ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ। ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।* (ਗੁ. ਗ੍ਰੰ.293)। ਇਸ ਨੂੰ ਸੰਤ ਕਬੀਰ ਜੀ ਨੇ 'ਬ੍ਰਹਮ ਗਿਆਨ' ਦਾ ਨਾਂ ਵੀ ਦਿੱਤਾ ਹੈ ਜਿਸ ਦੀ ਪ੍ਰਾਪਤੀ ਨਾਲ ਮਨ ਸ਼ਾਂਤ ਹੋ ਜਾਂਦਾ ਹੈ— *ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ।*—(ਗੁ.ਗ੍ਰੰ.1373)। ਜਦੋਂ ਇਸ ਪ੍ਰਕਾਰ ਦੇ ਗਿਆਨ ਦਾ ਆਵੇਸ਼ ਹੋ ਜਾਂਦਾ ਹੈ ਤਾਂ ਨ ਭਰਮ ਟਿਕ ਸਕਦੇ ਹਨ ਅਤੇ ਨ ਹੀ ਵਿਚਾਰੀ ਮਾਇਆ— *ਦੇਖੌ ਭਾਈ ਗਯਾਨ ਕੀ ਆਈ ਆਂਧੀ। ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।* (ਗੁ.ਗ੍ਰੰ.331)। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਸੰਬੋਧਿਤ ਕਰਕੇ ਅਜਿਹੇ ਗਿਆਨ ਨੂੰ ਅਰਜਿਤ ਕਰਨ ਲਈ ਪ੍ਰੇਰਿਆ ਹੈ ਕਿਉਂਕਿ ਇਸ ਨਾਲ ਪਰਮ-ਸੱਤਾ ਦੀ ਸੇਵਾ ਕਰਨ ਦਾ ਅਵਸਰ ਮਿਲਦਾ ਹੈ— *ਐਸਾ ਗਿਆਨੁ ਜਪਹੁ ਮਨ ਮੇਰੇ। ਹੋਵਹੁ ਚਾਕਰ ਸਾਚੇ ਕੇਰੇ।* (ਗੁ.ਗ੍ਰੰ.728)।

**ਗਿਆਨ ਸਿੰਘ, ਗਿਆਨੀ** (1822-1921 ਈ.): ਨਿਰਮਲ ਸੰਪ੍ਰਦਾਇ ਦੇ ਵਿਦਵਾਨ ਅਤੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦਾ ਜਨਮ ਸ. ਭਾਗ ਸਿੰਘ ਦੁਲਟ ਜੱਟ ਦੇ ਘਰ ਮਾਈ ਦੇਸਾਂ ਦੀ ਕੁੱਖੋਂ 15 ਅਪ੍ਰੈਲ 1822 ਈ. (ਦੂਜਾ ਸਰੋਤ 24 ਅਪ੍ਰੈਲ 1822 ਈ.) ਨੂੰ ਸੰਗਰੂਰ ਜ਼ਿਲ੍ਹੇ ਦੇ ਸੁਪ੍ਰਸਿੱਧ ਕਸਬੇ ਲੌਂਗੋਵਾਲ ਵਿਚ ਹੋਇਆ। ਇਹ ਆਪਣਾ ਪਿਛੋਕੜ ਭਾਈ ਮਨੀ ਸਿੰਘ ਸ਼ਹੀਦ ਦੇ ਭਰਾ ਨਗਾਹੀਆ ਸਿੰਘ ਦੀ ਵੰਸ਼ ਨਾਲ ਜੋੜਦਾ ਹੈ। ਇਸ ਨੇ ਭਾਈ ਭੋਲਾ ਸਿੰਘ ਗ੍ਰੰਥੀ ਤੋਂ ਸਿਖਿਆ ਲੈ ਕੇ ਸਿੱਖ ਧਰਮ ਗ੍ਰੰਥਾਂ ਦਾ ਪਾਠ ਬੜੀ ਛੋਟੀ ਉਮਰ ਵਿਚ ਹੀ ਸ਼ੁਰੂ ਕਰ ਦਿੱਤਾ। ਸੰਸਕ੍ਰਿਤ ਦੇ

ਅਧਿਐਨ ਕਰਨ ਲਈ ਇਹ ਪੰਡਿਤ ਆਤਮਾ ਰਾਮ ਦਾ ਵਿਦਿਆਰਥੀ ਬਣਿਆ।

13 ਸਾਲ ਦੀ ਉਮਰ ਵਿਚ ਇਸ ਦਾ ਮਾਮਾ ਕਰਮ ਸਿੰਘ ਜੋ ਲਾਹੌਰ ਦਰਬਾਰ ਦੀ ਫ਼ੌਜ ਵਿਚ ਸੂਬੇਦਾਰ ਸੀ, ਇਸ ਨੂੰ ਲਾਹੌਰ ਲੈ ਗਿਆ ਅਤੇ ਧੰਨਾ ਸਿੰਘ ਮਲਵਈ ਦੀ ਸਹਾਇਤਾ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਨਿੱਤ 'ਸੁਖਮਨੀ' ਬਾਣੀ ਸੁਣਾਉਣ 'ਤੇ ਨਿਯੁਕਤ ਕਰਵਾ ਦਿੱਤਾ। ਲਾਹੌਰ ਦੀ ਠਹਿਰ ਦੌਰਾਨ ਇਸ ਨੇ ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਵੀ ਪੜ੍ਹੀਆਂ। ਇਸ ਨੇ ਲਾਹੌਰ ਵਿਚ ਚਾਰ ਸਾਲ ਨੌਕਰੀ ਕੀਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਆਪਣੇ ਪਿੰਡ ਪਰਤ ਆਇਆ।

ਸੰਨ 1841 ਈ. ਵਿਚ ਇਹ ਪਟਿਆਲਾ ਫ਼ੌਜ ਵਿਚ ਭਰਤੀ ਹੋ ਗਿਆ। ਸੰਨ 1849 ਈ. ਵਿਚ ਜੀਂਦ-ਪਤਿ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵਲੋਂ ਕੀਤੀ ਬਗ਼ਾਵਤ ਨੂੰ ਕੁਚਲਣ ਲਈ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਵਲੋਂ ਜੋ ਸੈਨਿਕ ਟੁਕੜੀ ਭੇਜੀ ਗਈ, ਉਸ ਵਿਚ ਗਿਆਨੀ ਗਿਆਨ ਸਿੰਘ ਵੀ ਸ਼ਾਮਲ ਸੀ। ਉਸ ਲੜਾਈ ਵਿਚ ਇਹ ਜ਼ਖ਼ਮੀ ਹੋ ਗਿਆ, ਜਿਸ ਕਰਕੇ ਇਸ ਦੀ ਇਕ ਲਤ ਨਾਕਾਰਾ ਹੋ ਗਈ। ਫ਼ੌਜ ਦੀ ਨੌਕਰੀ ਛੁਟ ਜਾਣ ਕਾਰਣ ਆਰਥਿਕ ਹਾਲਤ ਕਮਜ਼ੋਰ ਹੋ ਗਈ। ਇਸ ਦਾ ਤਾਇਆ ਪ੍ਰੇਮ ਸਿੰਘ ਇਸ ਨੂੰ ਪਟਿਆਲੇ ਲੈ ਆਇਆ ਅਤੇ ਗ੍ਰੰਥੀ ਲਗਵਾ ਦਿੱਤਾ। ਪਰ ਇਸ ਨੇ ਜਲਦੀ ਹੀ ਨੌਕਰੀ ਛਡ ਦਿੱਤੀ ਅਤੇ ਵਿਹੰਗਮ ਸਾਧੂ ਹੋ ਕੇ ਯਾਤ੍ਰਾ ਉਤੇ ਨਿਕਲ ਪਿਆ ਅਤੇ ਸਿੱਖ ਇਤਿਹਾਸ ਲਿਖਣ ਲਈ ਸਾਮਗ੍ਰੀ ਇਕੱਠੀ ਕਰਨ ਲਗ ਗਿਆ। ਇਸ ਨੇ 'ਗੁਰੂ ਧਾਮ ਸੰਗ੍ਰਹ' ਵਿਚ ਲਿਖਿਆ ਹੈ— *ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗ੍ਰਾਮ। ਲਾਤ ਨਿਕਾਰੀ ਹੋਨ 'ਤੇ ਛੁੱਟ ਗਏ ਦੋਨੋ ਕਾਮ।... ਭੋ ਗਯਾਨ ਹਰਿ ਤੇਗ ਹਲ ਛੁਟੇ ਤੇ ਨ ਕਰ ਸ਼ੋਕ। ਹਲ ਤਲਵਾਰੋਂ ਬਲੀ ਹੈ ਤੁੱਛ ਕਲਮ ਕੀ ਨੋਕ। ਕਲਮ ਪਕੜ ਕਰ ਦਾਹਨੇ ਵੇਸ ਫਕੀਰੀ ਧਾਰ। ਦੇਸ਼ ਰਟਨ ਕਰ ਪੰਥ ਕੀ ਸੇਵਾ ਕਰ ਦਿਲ ਠਾਰ।*

ਸੰਨ 1857 ਈ. ਦੇ ਗ਼ਦਰ ਵੇਲੇ ਇਹ ਪੰਜਾਬ ਪਰਤ ਆਇਆ ਅਤੇ ਬਰਨਾਲੇ ਦੇ ਨੇੜੇ ਡੇਰਾ ਬਾਬਾ ਗਾਂਧਾ ਸਿੰਘ ਦੇ ਮਹੰਤ ਬਾਬਾ ਬੀਰ ਸਿੰਘ ਤੋਂ ਨਿਰਮਲ ਭੇਖ ਧਾਰਣ ਕੀਤਾ। ਉਸ ਤੋਂ ਬਾਦ ਪੰਡਿਤ ਤਾਰਾ ਸਿੰਘ ਨਰੋਤਮ ਦੇ ਸੰਪਰਕ ਵਿਚ ਆਇਆ। ਉਸ ਦੇ ਪ੍ਰਭਾਵ ਅਤੇ ਪ੍ਰੇਰਣਾ ਕਾਰਣ ਇਸ ਨੇ ਸਿੱਖ ਇਤਿਹਾਸ ਬਾਰੇ ਹੋਰ ਖੋਜ ਕਰਨੀ ਸ਼ੁਰੂ ਕੀਤੀ ਅਤੇ ਸੰਨ 1880 ਈ. ਵਿਚ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਰਚਨਾ ਪ੍ਰਕਾਸ਼ਿਤ ਕਰਵਾਈ। ਸੰਨ 1891-92 ਈ. ਵਿਚ 'ਤਵਾਰੀਖ਼ ਗੁਰੂ ਖ਼ਾਲਸਾ' ਦੇ ਪਹਿਲੇ ਤਿੰਨ ਭਾਗ, ਪਹਿਲਾਂ ਪੰਜਾਬੀ ਵਿਚ ਅਤੇ ਫਿਰ ਉਰਦੂ ਵਿਚ, ਛਪਵਾਏ। ਪਰ ਗੰਭੀਰ ਰੂਪ ਵਿਚ ਬੀਮਾਰ ਹੋ ਜਾਣ ਕਾਰਣ ਆਪਣੀਆਂ ਛਪੀਆਂ ਅਣ-ਛਪੀਆਂ ਰਚਨਾਵਾਂ ਦੇ ਖਰੜੇ ਅਤੇ ਛਾਪਣ ਦੇ ਹਕੂਕ ਖ਼ਾਲਸਾ ਟ੍ਰੈਕਟ ਸੁਸਾਇਟੀ ਨੂੰ ਲਿਖ ਦਿੱਤੇ ਅਤੇ ਇਸ ਦੇ ਬਦਲੇ ਵਿਚ 12 ਰੁਪਏ ਮਹੀਨਾ ਹਾਸਲ ਕੀਤੇ। ਪਰ ਸੁਸਾਇਟੀ ਨੇ ਇਸ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ ਨ ਕੀਤਾ।

ਨਿਰੋਗ ਹੋਣ ਤੋਂ ਬਾਦ ਇਹ ਮਹਾਰਾਜਾ ਪਟਿਆਲਾ ਦੀ ਸਰਪ੍ਰਸਤੀ ਵਿਚ ਪਟਿਆਲੇ ਆ ਗਿਆ। 9 ਮਾਰਚ 1908 ਈ. ਨੂੰ ਇਸ ਨੇ ਮਹਾਰਾਜਾ ਭੂਪਿੰਦਰ ਸਿੰਘ ਦਾ ਆਨੰਦ ਕਾਰਜ ਕਰਵਾਇਆ। ਰਿਆਸਤ ਵਲੋਂ ਇਸ ਦੀਆਂ ਰਚਨਾਵਾਂ ਦੇ ਪ੍ਰਕਾਸ਼ਨ ਲਈ ਇਕ ਸੁਸਾਇਟੀ ਬਣਾਉਣ ਦੀ ਪ੍ਰਵਾਨਗੀ 15 ਅਗਸਤ 1916 ਈ. ਨੂੰ ਦਿੱਤੀ ਗਈ ਅਤੇ 1,35,000 ਰੁਪਏ ਮਾਇਕ ਸਹਾਇਤਾ ਵਜੋਂ ਸੁਸਾਇਟੀ ਨੂੰ ਸੌਂਪੇ ਗਏ। ਪਰ ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਆਪਣੇ ਵੈਰ-ਵਿਰੋਧ ਕਾਰਣ ਪ੍ਰਕਾਸ਼ਨ ਦਾ ਕੰਮ ਅਗੇ ਨ ਚਲ ਸਕਿਆ ਕਿਉਂਕਿ ਦੋਹਾਂ ਰਿਆਸਤਾਂ ਦੇ ਮਹਾਰਾਜੇ ਗਿਆਨ ਸਿੰਘ ਉਤੇ ਆਪਣਾ ਆਪਣਾ ਹੱਕ ਜਮਾਉਂਦੇ ਸਨ। ਇਕ ਰਾਤ ਨੂੰ ਨਾਭੇ ਵਾਲਿਆਂ ਨੇ ਇਸ ਨੂੰ ਪਟਿਆਲੇ ਤੋਂ ਕਾਰ ਰਾਹੀਂ ਖਿਸਕਾ ਲਿਆਉਂਦਾ। 24 ਸਤੰਬਰ 1921 ਈ. ਨੂੰ ਇਸ ਦਾ ਨਾਭੇ ਵਿਚ ਦੇਹਾਂਤ ਹੋ ਗਿਆ।

ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਤਵਾਰੀਖ਼ ਗੁਰੂ ਖ਼ਾਲਸਾ' ਤੋਂ ਇਲਾਵਾ ਹੋਰ ਵੀ ਕਈ ਰਚਨਾਵਾਂ ਦੀ ਸਿਰਜਨਾ ਕੀਤੀ ਹੈ, ਜਿਵੇਂ 'ਨਿਰਮਲ ਪੰਥ ਪ੍ਰਦੀਪਕਾ', 'ਖ਼ਾਲਸਾ ਧਰਮ ਪਤਿਤ ਪਾਵਨ', 'ਗੁਰੂਧਾਮ ਸੰਗ੍ਰਹਿ', 'ਤਵਾਰੀਖ਼ ਅੰਮ੍ਰਿਤਸਰ', 'ਤਵਾਰੀਖ਼ ਲਾਹੌਰ', 'ਰਿਪੁਦਮਨ ਪ੍ਰਕਾਸ਼', 'ਭੂਪਿੰਦਰਾਨੰਦ', 'ਇਤਿਹਾਸ ਰਿਆਸਤ ਬਾਗੜੀਆਂ', 'ਸੂਰਜ ਪ੍ਰਕਾਸ਼ ਵਾਰਤਕ' ਆਦਿ। ਇਨ੍ਹਾਂ ਵਿਚੋਂ ਅਜੇ ਕੁਝ ਅਪ੍ਰਕਾਸ਼ਿਤ ਹਨ।

**ਗਿਆਨ ਸਿੰਘ ਨਕਾਸ਼** (1883-1953 ਈ.): ਇਕ

ਪ੍ਰਸਿੱਧ ਸਿੱਖ ਨਕਾਸ਼ ਜਿਸ ਦਾ ਜਨਮ ਸੰਨ 1883 ਈ. ਵਿਚ ਭਾਈ ਤਾਬਾ ਸਿੰਘ ਰਾਮਗੜ੍ਹੀਏ ਦੇ ਘਰ ਅੰਮ੍ਰਿਤਸਰ ਦੇ ਬਾਜ਼ਾਰ ਕਸੇਰਿਆਂ ਮਹੱਲੇ ਵਿਚ ਹੋਇਆ। ਪੰਜ ਜਮਾਤਾਂ ਤਕ ਪੜ੍ਹਾਈ ਕਰਨ ਉਪਰੰਤ ਇਹ ਨਕਾਸ਼ੀ ਵਲ ਰੁਚਿਤ ਹੋ ਗਿਆ। ਪਹਿਲਾਂ ਭਾਈ ਨਿਹਾਲ ਸਿੰਘ ਅਤੇ ਫਿਰ ਉਸ ਦੇ ਛੋਟੇ ਭਾਈ ਜਵਾਹਰ ਸਿੰਘ ਤੋਂ ਨਕਾਸ਼ੀ ਦਾ ਹੁਨਰ ਸਿਖਿਆ। ਦਰਬਾਰ ਸਾਹਿਬ ਵਿਚ ਨਕਾਸ਼ੀ ਕਰਦਿਆਂ ਇਸ ਦਾ ਰੁਝਾਨ ਗੁਰਬਾਣੀ ਵਲ ਹੋ ਗਿਆ। ਫਲਸਰੂਪ ਇਸ ਨੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਪੜ੍ਹਿਆ ਅਤੇ ਗੁਰਬਾਣੀ ਦੀ ਭਾਵ-ਸਾਮਗ੍ਰੀ ਨੂੰ ਆਪਣੇ ਚਿਤਰਾਂ ਰਾਹੀਂ ਬੜੀ ਸਫਲਤਾ ਨਾਲ ਰੂਪਾਇਤ ਕੀਤਾ।

ਭਾਈ ਗਿਆਨ ਸਿੰਘ ਦਾ ਨਕਾਸ਼ੀ ਘਰਾਣਾ ਮਹਾਰਾਜਾ ਰਣਜੀਤ ਸਿੰਘ ਦੇ ਵਲੇ ਤੋਂ ਚਲਿਆ। ਇਸ ਘਰਾਣੇ ਨੇ ਨ ਮੁਗ਼ਲਈ ਅਤੇ ਨ ਹੀ ਪਹਾੜੀ ਕਲਾ ਨੂੰ ਅਪਣਾਇਆ, ਸਗੋਂ ਪੰਜਾਬੀਆਂ ਦੇ ਰੂਪਾਕਾਰ ਅਨੁਸਾਰ ਸਿੱਖ ਸਕੂਲ ਨੂੰ ਜਨਮ ਦਿੱਤਾ, ਜਿਸ ਨਾਲ ਪੰਜਾਬੀ ਪਹਿਰਾਵੇ ਅਤੇ ਠਾਠ ਨੂੰ ਯਥਾਰਥ ਰੂਪ ਵਿਚ ਚਿਤਰਿਆ ਜਾ ਸਕਿਆ। ਇਸ ਘਰਾਣੇ ਦੇ ਭਾਈ ਗਿਆਨ ਸਿੰਘ ਨੂੰ ਅੰਤਿਮ ਪੜਾ ਦਾ ਉਸਤਾਦ ਕਿਹਾ ਜਾ ਸਕਦਾ ਹੈ। ਇਸ ਦੀ ਕਲਾ ਦਾ ਕਮਾਲ ਗੱਚ, ਟੁਕੜੀ, ਜੜਤਕਾਰੀ, ਪਕੜਾਂ ਅਤੇ ਮੋਹਰਾਕਸ਼ੀ ਵਿਚ ਉਘੜਦਾ ਹੈ। ਸ੍ਰੀ ਹਰਿਮੰਦਿਰ ਸਾਹਿਬ ਦੀ ਮੋਹਰਾਕਸ਼ੀ ਬੇਜੋੜ ਹੈ। ਇਸ ਵਿਚ ਭਾਵੇਂ ਇਕ ਪੁਰਾਣੇ ਨਕਾਸ਼ ਜੈ ਸਿੰਘ ਨੇ ਵੀ ਹਿੱਸਾ ਪਾਇਆ ਪਰ ਜ਼ਿਆਦਾ ਅਤੇ ਸਹੀ ਕੰਮ ਭਾਈ ਗਿਆਨ ਸਿੰਘ ਨੇ ਹੀ ਕੀਤਾ। ਇਸ ਦੀ ਕਲਮ ਇਤਨੀ ਬਾਰੀਕ ਸੀ ਕਿ ਫੁਲ ਦੀ ਪੱਤੀ-ਪੱਤੀ ਨੂੰ ਖੋਲ੍ਹਿਆ ਗਿਆ ਅਤੇ ਹਰ ਪੱਤੀ ਦਾ ਰੇਸ਼ਾ-ਰੇਸ਼ਾ ਸਪੱਸ਼ਟ ਦ੍ਰਿਸ਼ਟੀਗੋਚਰ ਕਰ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ 65 ਵਰ੍ਹਿਆਂ ਦੀ ਉਮਰ ਤਕ ਇਸ ਨੇ ਬਿਨਾ ਐਨਕ ਦੇ ਚਿਤਰ ਬਣਾਏ।

ਪੰਜਾਬ ਵਿਚ ਸ੍ਰੀ ਦਰਬਾਰ ਸਾਹਿਬ ਧਾਰਮਿਕ ਮਾਨਤਾ ਤੋਂ ਇਲਾਵਾ ਕਲਾ-ਪ੍ਰੇਮੀਆਂ ਲਈ ਇਕ ਅਨੂਠਾ ਅਤੇ ਅਦੁੱਤੀ ਸਥਾਨ ਹੈ। ਭਾਈ ਗਿਆਨ ਸਿੰਘ ਦੇ ਸੁਪੁੱਤਰ ਜੀ.ਐਸ.ਸੋਹਨ ਸਿੰਘ ਨੇ ਆਪਣੇ ਪਿਤਾ ਦੀ ਮੋਹਰਾਕਸ਼ੀ ਦੇ ਨਮੂਨੇ 'ਗਿਆਨ ਚਿਤਰਾਵਲੀ' ਵਿਚ ਸੰਕਲਿਤ ਕੀਤੇ ਹਨ। ਇਸ ਵਿਚ ਗੁਰਬਾਣੀ ਦੀਆਂ ਤੁਕਾਂ ਅਨੁਸਾਰ ਕਈ ਤਸਵੀਰਾਂ ਚਿਤਰੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਕੁਝ ਦਾ ਸੰਬੰਧ ਬਾਬਾ ਫ਼ਰੀਦ ਦੀ ਬਾਣੀ ਨਾਲ ਹੈ। ਇਸ ਵਿਚ ਦਹਿਨ, ਜੜ੍ਹਤਕਾਰੀ, ਪੱਠੇ, ਬਾਰਡਰ ਅਤੇ ਹੋਰ ਕਈ ਨਕਾਸ਼ੀ ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਭਾਈ ਗਿਆਨ ਸਿੰਘ ਦਾ ਕਲਾ ਨਾਲ ਇਤਨਾ ਪਿਆਰ ਸੀ ਕਿ ਜਦ ਸੰਨ 1930-31 ਈ. ਵਿਚ ਦਰਬਾਰ ਸਾਹਿਬ ਦੀ ਦਰਸ਼ਨੀ-ਡਿਉਢੀ ਦੇ ਅੰਦਰੋਂ ਮਹੰਤ ਈਸ਼ਰ ਦਾਸ ਨਕਾਸ਼ ਦੀਆਂ ਬਣਾਈਆਂ ਹੋਈਆਂ ਝਾੜੀਆਂ, ਜੋ ਕਲਾ ਦਾ ਉਤਮ ਨਮੂਨਾ ਸਨ, ਨੂੰ ਮਿਟਾ ਕੇ ਚਿੱਟਾ ਪੱਥਰ ਲਗਾਣਾ ਸ਼ੁਰੂ ਹੋ ਗਿਆ ਤਾਂ ਇਸ ਤੋਂ ਕਲਾ ਦਾ ਇਹ ਅਪਮਾਨ ਜਰਿਆ ਨ ਗਿਆ ਅਤੇ ਇਸ ਨੇ ਤਿਆਗ ਪੱਤਰ ਦੇ ਕੇ ਬਾਜ਼ਾਰ ਸੋਢੀਆਂ ਵਿਚ ਦੁਕਾਨ ਖੋਲ ਲਈ। ਉਥੇ ਬੈਠ ਕੇ ਇਸ ਨੇ ਮੋਹਰਾਕਸ਼ੀ ਦੇ ਨਮੂਨੇ ਕਾਗਜ਼ਾਂ ਉਤੇ ਉਲੀਕਣੇ ਸ਼ੁਰੂ ਕੀਤੇ। ਆਪਣੇ ਕਲਾ ਗਿਆਨ ਨੂੰ ਇਸ ਨੇ 'ਨੱਕਾਸ਼ੀ ਦਰਪਣ', 'ਵਿਸ਼ਕਰਮਾ ਆਰਟ ਬੁੱਕ' ਆਦਿ ਪੁਸਤਕਾਂ ਰਾਹੀਂ ਪ੍ਰਗਟ ਕੀਤਾ। ਇਸ ਦੀ ਕਲਾ -ਕ੍ਰਿਤੀਆਂ ਨੂੰ ਵਡਿਆਉਂਦੇ ਹੋਇਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ 1949 ਈ. ਵਿਚ ਇਸ ਨੂੰ ਸਰੋਪਾ ਪ੍ਰਦਾਨ ਕੀਤਾ। ਇਸ ਨੇ ਦਸ ਗੁਰੂ ਸਾਹਿਬਾਨ ਦੇ ਵੀ ਚਿੱਤਰ ਤਿਆਰ ਕੀਤੇ ਜੋ ਜਰਮਨੀ ਵਿਚ ਛਪੇ ਅਤੇ ਸਿੱਖ ਜਗਤ ਵਲੋਂ ਬਹੁਤ ਸਲਾਹੇ ਗਏ। ਸੰਨ 1953 ਈ. ਵਿਚ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋ ਗਿਆ।

**ਗਿਆਨ ਸਿੰਘ ਰਾੜੇਵਾਲਾ** (1901-1979 ਈ.): ਪੰਜਾਬ ਦੀ ਰਾਜਨੀਤੀ ਦਾ ਇਕ ਮੁੱਖ ਸਿੱਖ ਨੇਤਾ ਜਿਸ ਦਾ ਜਨਮ 16 ਦਸੰਬਰ 1901 ਈ. ਨੂੰ ਸ. ਰਤਨ ਸਿੰਘ ਬਿਸਵੇਦਾਰ ਦੇ ਘਰ ਆਪਣੇ ਨਾਨਕੇ ਪਿੰਡ ਭੜੀ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਇਸ ਨੇ ਮੁੱਢਲੀ ਪੜ੍ਹਾਈ ਪਿੰਡ ਭੜੀ ਅਤੇ ਸਮਰਾਲੇ ਵਿਚ ਪ੍ਰਾਪਤ ਕੀਤੀ ਅਤੇ ਮਾਡਲ ਹਾਈ ਸਕੂਲ, ਪਟਿਆਲਾ ਤੋਂ ਦਸਵੀਂ ਪਾਸ ਕਰਕੇ ਸੰਨ 1925 ਈ. ਵਿਚ ਮਹਿੰਦਰਾ ਕਾਲਜ, ਪਟਿਆਲਾ ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। ਉਸ ਤੋਂ ਬਾਦ ਪਟਿਆਲਾ ਦੀ ਸਿਵਲ ਸਰਵਿਸ ਵਿਚ ਨਿਯੁਕਤ ਹੋ ਗਿਆ। ਨਾਇਬ ਨਾਜ਼ਿਮ ਤੋਂ ਡਿਊਟੀ ਸ਼ੁਰੂ ਕਰਕੇ ਆਬਕਾਰੀ ਮਹਿਕਮੇ ਦੇ ਕਮਿਸ਼ਨਰ ਦੇ ਅਹੁਦੇ ਤਕ ਪਹੁੰਚਿਆ, ਫਿਰ ਪਟਿਆਲਾ ਰਿਆਸਤ ਦੀ ਹਾਈਕੋਰਟ ਦਾ ਜੱਜ ਲਗਿਆ ਅਤੇ ਮਾਲ ਤੇ ਖੇਤੀਬਾੜੀ ਮਹਿਕਮਿਆ ਦਾ ਮੰਤਰੀ ਵੀ ਰਿਹਾ। ਸੰਨ 1948

ਈ. ਵਿਚ ਪੈਪਸੂ ਬਣਨ 'ਤੇ ਇਹ ਮੁੱਖ ਮੰਤਰੀ ਬਣਿਆ ਅਤੇ ਸੰਨ 1952 ਈ. ਦੀਆਂ ਆਮ ਚੋਣਾਂ ਤੋਂ ਬਾਦ 20 ਅਪ੍ਰੈਲ ਨੂੰ ਨਵੀਂ ਚੁਣੀ ਹੋਈ ਸਰਕਾਰ ਦਾ ਮੁੱਖ ਮੰਤਰੀ ਬਣਿਆ। ਪਰ ਇਸ ਦੀ ਚੋਣ ਦੇ ਰੱਦ ਹੋ ਜਾਣ 'ਤੇ 5 ਮਾਰਚ 1953 ਈ. ਨੂੰ ਪੈਪਸੂ ਵਿਚ ਰਾਸ਼ਟਰਪਤੀ ਰੂਲ ਲਾਗੂ ਕਰ ਦਿੱਤਾ ਗਿਆ।

ਇਸ ਨੇ ਹਿੰਦੂ-ਸਿੱਖ ਸ਼ਰਣਾਰਥੀਆਂ ਨੂੰ ਵਸਾਉਣ ਵਿਚ ਬੜੀ ਉਸਾਰੂ ਭੂਮਿਕਾ ਨਿਭਾਈ। ਪੈਪਸੂ ਸਰਕਾਰ ਅਧੀਨ ਪੰਜਾਬੀ ਮਹਿਕਮੇ ਦੀ ਸਥਾਪਨਾ ਕੀਤੀ ਅਤੇ ਸਰਕਾਰੀ ਨੌਕਰੀ ਲਈ ਪੰਜਾਬੀ ਦਾ ਗਿਆਨ ਆਵੱਸ਼ਕ ਠਹਿਰਾਇਆ। ਸੰਨ 1955 ਈ. ਵਿਚ ਇਸ ਨੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਹਮਾਇਤ ਕੀਤੀ। 1 ਨਵੰਬਰ 1956 ਈ. ਨੂੰ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰ ਦਿੱਤੇ ਜਾਣ ਤੋਂ ਬਾਦ ਹੋਰ ਕਈ ਅਕਾਲੀ ਨੇਤਾਵਾਂ ਸਹਿਤ ਕਾਂਗ੍ਰਸ ਵਿਚ ਸ਼ਾਮਲ ਹੋ ਗਿਆ। ਦੂਜੀ ਆਮ ਚੋਣ ਤੋਂ ਬਾਦ 3 ਅਪ੍ਰੈਲ 1957 ਈ. ਨੂੰ ਇਹ ਕੈਰੋਂ ਮੰਤਰੀ-ਮੰਡਲ ਵਿਚ ਸਿੰਚਾਈ ਅਤੇ ਬਿਜਲੀ ਮਹਿਕਮਿਆਂ ਦੇ ਮੰਤਰੀ ਵਜੋਂ ਸ਼ਾਮਲ ਹੋਇਆ। ਸੰਨ 1962 ਅਤੇ 1967 ਈ. ਦੀਆਂ ਆਮ ਚੋਣਾਂ ਵਿਚ ਵੀ ਇਹ ਕਾਂਗ੍ਰਸ ਦੀ ਟਿਕਟ ਉਤੇ ਵਿਧਾਨ ਸਭਾ ਦਾ ਮੈਂਬਰ ਨਿਰਵਾਚਿਤ ਹੋਇਆ। 17 ਅਗਸਤ 1965 ਈ. ਨੂੰ ਇਸ ਨੇ ਪੰਜਾਬ ਦੇ ਸਾਰੇ ਸਿੱਖ ਮੈਂਬਰਾਂ ਦੀ ਇਕ ਮੀਟਿੰਗ ਬੁਲਾਈ ਅਤੇ ਹਿੰਦ ਸਰਕਾਰ ਨੂੰ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਪੇਸ਼ ਕੀਤੀ। ਫਲਸਰੂਪ 1 ਨਵੰਬਰ 1966 ਈ. ਨੂੰ ਪੰਜਾਬ ਅਤੇ ਹਰਿਆਣਾ ਨੂੰ ਭਾਸ਼ਾਈ ਆਧਾਰ 'ਤੇ ਵਖ ਵਖ ਸੂਬਾ ਬਣਾ ਦਿੱਤਾ ਗਿਆ। ਪਰ ਹਾਲਾਤ ਨਾਲ ਸਮਝੌਤਾ ਨ ਕਰ ਸਕਣ ਕਾਰਣ ਸੰਨ 1969 ਈ. ਵਿਚ ਇਹ ਸਰਗਰਮ ਰਾਜਨੀਤੀ ਤੋਂ ਵਖ ਹੋ ਗਿਆ। 31 ਦਸੰਬਰ 1979 ਈ. ਨੂੰ ਇਸ ਦਾ ਦਿੱਲੀ ਵਿਚ ਦੇਹਾਂਤ ਹੋਇਆ ਅਤੇ ਦੋ ਦਿਨਾਂ ਬਾਦ ਇਸ ਦੇ ਜੱਦੀ ਪਿੰਡ ਰਾੜਾ, ਜ਼ਿਲ੍ਹਾ ਲੁਧਿਆਣਾ ਵਿਚ ਸਸਕਾਰ ਹੋਇਆ।

**ਗਿਆਨ-ਖੰਡ** : 'ਜਪੁਜੀ' ਵਿਚ ਵਰਣਿਤ ਪੰਜ ਖੰਡਾਂ ਵਿਚੋਂ ਦੂਜਾ। ਵੇਖੋ 'ਜਪੁਜੀ'।

**ਗਿਆਨ ਪ੍ਰਬੋਧ** (ਕਾਵਿ): 'ਦਸਮ ਗ੍ਰੰਥ' ਵਿਚ ਸੰਕਲਿਤ ਇਸ ਨਾਂ ਦੀ ਰਚਨਾ ਵਿਚ ਕੁਲ 336 ਛੰਦ ਹਨ। ਇਹ ਇਕ ਵਖਰੀ ਪੋਥੀ ਦੇ ਰੂਪ ਵਿਚ ਇਕ ਸੁਤੰਤਰ ਰਚਨਾ ਰਹੀ ਹੈ। ਇਸ ਦੇ ਅੰਤ ਉਤੇ ਸਮਾਪਤੀ ਸੂਚਕ ਕੋਈ ਪ੍ਰਸ਼ਪਿਕਾ ਨਹੀਂ ਦਿੱਤੀ ਹੋਈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਰਚਨਾ ਪੂਰੀ ਨਹੀਂ ਹੈ। ਇਸ ਦਾ ਬਾਕੀ ਭਾਗ ਜਾਂ ਉਦੋਂ ਉਪਲਬਧ ਨਹੀਂ ਸੀ ਹੋ ਸਕਿਆ ਜਾਂ ਲਿਖਿਆ ਹੀ ਨਹੀਂ ਸੀ ਗਿਆ। ਇਸ ਰਚਨਾ ਦੇ ਵਰਣਿਤ ਵਿਸ਼ੇ ਦੇ ਆਧਾਰ 'ਤੇ ਮੁੱਖ ਰੂਪ ਵਿਚ ਦੋ ਭਾਗ ਬਣਦੇ ਹਨ। ਇਕ ਦਾ ਅੰਤ 125 ਛੰਦਾਂ ਉਤੇ ਹੁੰਦਾ ਹੈ। ਇਸ ਪਿਛੋਂ ਪਾਧੜੀ ਛੰਦ ਨਾਲ ਦੂਜਾ ਭਾਗ ਸ਼ੁਰੂ ਹੁੰਦਾ ਹੈ। ਕਿਤੇ ਕੋਈ ਪ੍ਰਸ਼ਪਿਕਾ ਜਾਂ ਆਰੰਭ-ਸੂਚਕ ਉਕਤੀ ਲਿਖੀ ਨਹੀਂ ਮਿਲਦੀ।

ਪਹਿਲੇ ਹਿੱਸੇ ਵਿਚ ਇਸ਼ਟ-ਦੇਵ ਪਰਮਾਤਮਾ ਅਥਵਾ ਕਾਲ ਪੁਰਖ ਦੇ ਸਰੂਪ ਦਾ ਚਿਤ੍ਰਣ ਕੀਤਾ ਗਿਆ ਹੈ। ਉਹ ਪਰਮ-ਸੱਤਾ ਅਨੰਤ, ਅਦ੍ਰਿਸ਼, ਅਦ੍ਵੈਤ, ਨਿਰਪੇਖ ਅਤੇ ਵਰਣਨਾਤੀਤ ਹੈ। ਉਹ ਸਰਬ-ਸ਼ਕਤੀਮਾਨ, ਆਨੰਦ ਰੂਪ ਅਤੇ ਸਰਬ-ਵਿਆਪਕ ਹੈ। ਉਹ ਅਨਾਥਾਂ ਦਾ ਨਾਥ, ਪਤਿਤਾਂ ਦਾ ਉਧਾਰਕ, ਦੁਖਾਂ ਨੂੰ ਦੂਰ ਕਰਨ ਵਾਲਾ, ਕਾਲ ਅਤੇ ਕਰਮ ਆਦਿ ਤੋਂ ਪਰੇ ਹੈ। ਉਹ ਰੂਪ-ਰੇਖ ਤੋਂ ਪਰੇ, ਜਨਮਾਂ ਦੇ ਚੱਕਰਾਂ ਤੋਂ ਮੁਕਤ ਅਤੇ ਦੁਸ਼ਟਾਂ ਦਾ ਵਿਨਾਸ਼ ਕਰਨ ਵਾਲਾ ਹੈ (32)। ਕਈਆਂ ਥਾਂਵਾਂ 'ਤੇ ਰਚੈਤਾ ਨੇ ਪਰਮਾਤਮਾ ਦੇ ਗੁਣ ਵਾਚਕ ਨਾਂਵਾਂ ਦੀ ਵਿਆਖਿਆ ਵੀ ਕੀਤੀ ਹੈ, ਜਿਵੇਂ ਅਜਾਤ, ਅਪਾਤ, ਅਛੇਦ, ਅਭੇਦ ਆਦਿ ਸ਼ਬਦਾਂ ਨੂੰ ਸਪੱਸ਼ਟ ਕੀਤਾ ਹੈ (41)।

ਛੰਦ ਅੰਕ 125 ਉਤੇ ਪਰਮਸੱਤਾ ਦੀ ਉਸਤਤਿ ਦਾ ਪ੍ਰਸੰਗ ਸਮਾਪਤ ਹੋ ਜਾਂਦਾ ਹੈ। ਉਸ ਉਪਰੰਤ ਦੂਜਾ ਖੰਡ ਸ਼ੁਰੂ ਹੁੰਦਾ ਹੈ। ਇਸ ਦੇ ਸ਼ੁਰੂ ਵਿਚ ਆਤਮਾ ਪਰਮਾਤਮਾ ਤੋਂ ਪ੍ਰਸ਼ਨ ਪੁਛਦੀ ਹੈ ਕਿ ਉਹ ਸੱਤਾ ਕਿਹੜੀ ਹੈ ਜਿਸ ਦਾ ਤੇਜ ਅਮਿਤ ਹੈ ? ਅਤੇ ਜੋ ਅਦਭੁਤ ਸਰੂਪੀ ਹੈ ? ਇਸ ਦੇ ਉੱਤਰ ਵਿਚ ਪਰਮਾਤਮਾ ਨੇ ਕਿਹਾ ਕਿ ਉਹ ਬ੍ਰਹਮ ਹੈ ਜਿਸ ਦਾ ਤੇਜ ਅਮਿਤ ਹੈ, ਜੋ ਗਤਿ-ਰਹਿਤ, ਕਾਮਨਾ-ਰਹਿਤ ਹੈ। ਉਹ ਭੇਦ, ਭਰਮ, ਕਾਲ ਅਤੇ ਕਰਮ ਦੀਆਂ ਸੀਮਾਵਾਂ ਤੋਂ ਉੱਚਾ ਹੈ। ਉਸ ਲਈ ਵੈਰੀ ਮਿਤਰ ਇਕ-ਸਮਾਨ ਹਨ। ਨ ਉਹ ਹਵਾ ਨਾਲ ਸੁਕਾਇਆ ਜਾ ਸਕਦਾ ਹੈ, ਨ ਪਾਣੀ ਵਿਚ ਡੁਬਦਾ ਹੈ, ਨ ਅਗਨੀ ਵਿਚ ਸੜਦਾ ਹੈ, ਨ ਕਟਣ ਨਾਲ ਕਟਿਆ ਜਾ ਸਕਦਾ ਹੈ, ਨ ਸ਼ਸਤ੍ਰਾਂ ਅਸਤ੍ਰਾਂ ਨਾਲ ਵਢਿਆ ਜਾ ਸਕਦਾ ਹੈ।

ਆਤਮਾ ਨੇ ਫਿਰ ਸੰਸਾਰ ਦੇ ਚਾਰ ਧਰਮਾਂ (ਵਰਗਾਂ) ਦੀ ਵਿਆਖਿਆ ਲਈ ਕਿਹਾ। ਪਰਮਾਤਮਾ ਨੇ ਉੱਤਰ ਵਿਚ ਰਾਜ ਧਰਮ, ਦਾਨ ਧਰਮ, ਭੋਗ ਧਰਮ ਅਤੇ ਮੋਖ ਧਰਮ ਨੂੰ ਗਿਣਾਇਆ। ਆਤਮਾ ਨੇ ਫਿਰ ਪ੍ਰਸ਼ਨ ਕੀਤਾ ਕਿ ਇਨ੍ਹਾਂ ਚਾਰ ਧਰਮਾਂ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਜਾਏ ਅਤੇ ਪਹਿਲਾਂ ਦਾਨ ਧਰਮ ਦਾ ਵਿਵਰਣ ਦਿੱਤਾ ਜਾਏ ਕਿ ਕਿਵੇਂ ਰਾਜਿਆਂ ਨੇ ਇਸ ਧਰਮ ਦੀ ਪਾਲਣਾ ਕੀਤੀ ਸੀ।

ਪਰਮਾਤਮਾ ਨੇ ਉੱਤਰ ਵਿਚ ਦਸਿਆ ਕਿ ਪਹਿਲੇ ਤਿੰਨ ਯੁਗਾਂ ਦੇ ਰਾਜਿਆਂ ਦਾ ਵਰਣਨ ਕਰਨਾ ਬਹੁਤ ਕਠਿਨ ਹੈ ਕਿਉਂਕਿ ਉਨ੍ਹਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਦਾਨ-ਧਰਮ ਦਾ ਵਿਵਰਣ, ਕਲਿਯੁਗ ਦੇ ਆਰੰਭ ਵਿਚ ਹੋਏ ਰਾਜਿਆਂ ਤੋਂ ਸ਼ੁਰੂ ਹੁੰਦਾ ਹੈ। ਸਭ ਤੋਂ ਪਹਿਲਾਂ ਮਹਾਭਾਰਤ ਵਿਚ ਵਿਜਈ ਹੋਏ ਯੁਧਿਸ਼ਠਰ ਦੇ ਦਾਨ-ਧਰਮ ਦਾ ਵਰਣਨ ਹੋਇਆ ਹੈ। ਉਸ ਪ੍ਰਤਾਪੀ ਰਾਜੇ ਨੇ ਪਹਿਲਾਂ ਰਾਜਸੂਯ ਯੱਗ ਕੀਤਾ ਅਤੇ ਫਿਰ ਅਸ਼੍ਵਮੇਧ ਯੱਗ ਕੀਤਾ। ਤਦ-ਉਪਰੰਤ ਪਰੀਕਸ਼ਿਤ, ਜਨਮੇਜਾ, ਅਜੈ ਸਿੰਘ, ਮੁਨੀ ਰਾਜਾ ਆਦਿ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ।

ਇਸ ਤੋਂ ਅਗੇ ਕਥਾ ਨਹੀਂ ਚਲੀ, ਹਾਲਾਂਕਿ ਚਾਰ ਧਰਮਾਂ ਵਿਚੋਂ ਅਜੇ ਕੇਵਲ ਰਾਜ ਧਰਮ ਦੀ ਹੀ ਗੱਲ ਕੀਤੀ ਗਈ ਹੈ ਅਤੇ ਭੂਮਿਕਾ ਨਿਰਵਾਹ ਲਈ ਪਰਮਾਤਮਾ ਦੀ ਉਸਤਤਿ ਹੋਈ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਰਚਨਾ ਅਪੂਰਣ ਹੈ ਜਿਸ ਦਾ ਕਾਰਣ ਗਿਆਤ ਨਹੀਂ। ਇਸ ਵਿਚ ਰਾਜਿਆਂ ਦੇ ਕਥਾ-ਪ੍ਰਸੰਗ ਵਿਚ ਪੌਰਾਣਿਕ ਪਿਛੋਕੜ ਨਾਲ ਯੱਗਾਂ ਦੇ ਵਿਧਾਨ, ਦੈਂਤਾਂ ਅਤੇ ਦੇਵਤਿਆਂ ਦੀ ਯੁੱਧ-ਕਥਾ, ਸੁਰਾਪਾਨ, ਜੂਆ ਖੇਡਣ ਅਤੇ ਪਰ-ਇਸਤਰੀ ਨਾਲ ਸੰਬੰਧ ਰਖਣ ਦੇ ਮਾੜੇ ਸਿਟਿਆਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਪੌਰਾਣਿਕ ਪਿਛੋਕੜ ਵਾਲੇ ਪ੍ਰਸੰਗ ਮਹਾਭਾਰਤ ਅਤੇ ਭਾਗਵਤ ਪੁਰਾਣ ਦੇ ਇਨ੍ਹਾਂ ਹੀ ਪ੍ਰਸੰਗਾਂ ਨਾਲ ਕੁਝ ਕੁਝ ਮੇਲ ਖਾਂਦੇ ਹਨ। ਪਰ ਰਚੈਤਾ ਦਾ ਮਨੋਰਥ ਪੌਰਾਣਿਕ ਪ੍ਰਸੰਗਾਂ ਦਾ ਅਨੁਵਾਦ ਕਰਨਾ ਨਹੀਂ, ਉਨ੍ਹਾਂ ਦੇ ਆਧਾਰ ਤੇ ਨਵੀਆਂ ਕੀਮਤਾਂ ਦੀ ਸਥਾਪਨਾ ਕਰਨ, ਯੁੱਧ ਵਿਚ ਰੁਚੀ ਲੈਣ ਅਤੇ ਚੰਗੇ ਮਾਰਗ ਉਤੇ ਚਲਣ ਦੀ ਪ੍ਰੇਰਨਾ ਦੇਣਾ ਹੈ।

ਇਸ ਵਿਚ 16 ਪ੍ਰਕਾਰ ਦੇ ਛੰਦਾਂ ਦੀ ਵਰਤੋਂ ਹੋਈ ਹੈ। ਛੰਦ-ਪਰਿਵਰਤਨ ਦੇ ਨਾਲ ਨਾਲ ਸਾਰੇ ਛੰਦਾਂ ਦੇ ਸੰਖਿਆ-ਅੰਕ ਵੀ ਬਦਲਦੇ ਗਏ ਹਨ ਅਤੇ ਮੁੱਖ ਸੰਖਿਆ ਅੰਕ ਵੀ ਨਾਲ ਨਾਲ ਚਲਿਆ ਹੈ। ਇਸ ਦੀ ਮੁੱਖ ਜਾਂ ਪ੍ਰਧਾਨ ਭਾਸ਼ਾ ਬ੍ਰਜ ਹੈ। ਅਵਧੀ ਅਤੇ ਪੰਜਾਬੀ ਦਾ ਵੀ ਪ੍ਰਭਾਵ ਹੈ। ਕੁਝ ਕੁ ਫ਼ਾਰਸੀ ਸ਼ਬਦਾਵਲੀ ਵੀ ਮਿਲਦੀ ਹੈ। ਸਤੋਤ੍ਰ ਸ਼ੈਲੀ ਤੋਂ ਇਲਾਵਾ ਯੁੱਧ-ਪਰਕ ਸ਼ੈਲੀ ਅਤੇ ਯੁੱਧ ਦਾ ਵਾਤਾਵਰਣ ਪੈਦਾ ਕਰਨ ਲਈ ਮਹਾਪ੍ਰਾਣ ਧੁਨੀਆਂ ਵਾਲੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਗਈ ਹੈ।

**ਗਿਆਨ ਰਤਨਾਵਲੀ** (ਰਚਨਾ) : ਵੇਖੋ 'ਜਨਮਸਾਖੀ ਭਾਈ ਮਨੀ ਸਿੰਘ ਵਾਲੀ'।

**ਗਿਆਨੀ** : ਸੰਸਕ੍ਰਿਤ ਦੇ ਪਿਛੋਕੜ ਵਾਲੇ ਇਸ ਸ਼ਬਦ ਦਾ ਅਰਥ ਹੈ ਜਾਣਨ ਵਾਲਾ, ਵਿਦਵਾਨ, ਆਲਿਮ, ਪੰਡਿਤ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਸਾਧਾਰਣ ਵਿਦਵਾਨ ਤੋਂ ਇਲਾਵਾ ਅਧਿਆਤਮਿਕ ਗਿਆਨ-ਸੰਪੰਨ ਵਿਅਕਤੀ ਲਈ ਵਿਸ਼ੇਸ਼ ਤੌਰ 'ਤੇ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਦਾ ਸਰੂਪ ਸਪੱਸ਼ਟ ਕਰਦਿਆਂ ਸਿਰੀ ਰਾਗ ਵਿਚ ਕਿਹਾ ਹੈ ਕਿ ਗਿਆਨੀ ਉਹ ਹੈ ਜੋ ਆਪਣੇ ਆਤਮ-ਸਰੂਪ ਨੂੰ ਪਛਾਣਦਾ ਹੋਵੇ ਅਤੇ ਗੁਰੂ ਦੀ ਕ੍ਰਿਪਾ ਨਾਲ ਬ੍ਰਹਮ ਗਿਆਨ ਸੰਬੰਧੀ ਵਿਚਾਰ ਕਰਦਾ ਹੋਵੇ। ਅਜਿਹਾ ਗਿਆਨੀ ਹੀ ਸੱਚੀ ਦਰਗਾਹ ਵਿਚ ਸਵੀਕ੍ਰਿਤੀ ਪ੍ਰਾਪਤ ਕਰਨ ਦਾ ਅਧਿਕਾਰੀ ਬਣਦਾ ਹੈ— *ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ। ਆਪੁ ਪਛਾਣੈ ਬੂਝੈ ਸੋਇ। ਗੁਰ ਪਰਸਾਦਿ ਕਰੇ ਬੀਚਾਰੁ। ਸੋ ਗਿਆਨੀ ਦਰਗਹ ਪਰਵਾਣੁ।* (ਗੁ.ਗ੍ਰੰ. 25)।

ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ 'ਗਿਆਨੀ' ਕਿਹਾ ਹੈ ਜਿਸ ਉਤੇ ਸੁਖ-ਦੁਖ ਕਿਸੇ ਪ੍ਰਕਾਰ ਦਾ ਕੋਈ ਪ੍ਰਭਾਵ ਨਹੀਂ ਪਾ ਸਕਦੇ— *ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ।* (ਗੁ.ਗ੍ਰੰ. 220)। 16ਵੇਂ ਸ਼ਲੋਕ ਵਿਚ ਗਿਆਨੀ ਦੇ ਲੱਛਣ ਦਸਦਿਆਂ ਨੌਵੇਂ ਗੁਰੂ ਨੇ ਸਥਾਪਿਤ ਕੀਤਾ ਹੈ— *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ। ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।* (ਗੁ.ਗ੍ਰੰ. 1427)।

ਗੁਰੂ ਅਮਰਦਾਸ ਜੀ ਨੇ ਗਿਆਨੀ ਦੇ ਵਿਅਕਤਿਤਵ ਉਤੇ ਪ੍ਰਕਾਸ਼ ਪਾਉਂਦਿਆਂ ਦਸਿਆ ਹੈ ਕਿ ਉਸ ਨੂੰ ਸਚ (ਸਤਿ-ਸਰੂਪ ਬ੍ਰਹਮ) ਦੀ ਪੂਰੀ ਸੋਝੀ ਹੁੰਦੀ ਹੈ ਅਤੇ ਉਹ ਕਿਸੇ ਦਾ ਭੁਲਾਇਆ ਭੁਲ ਨਹੀਂ ਸਕਦਾ— *ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ। ਓਇ ਭੁਲਾਏ*

*ਕਿਸੈ ਦੇ ਨ ਭੂਲਨ੍ਹੀ ਸਚੁ ਜਾਣਨਿ ਸੋਈ।*(ਗੁ.ਗ੍ਰੰ. 425)।

ਗਿਆਨੀ ਦੇ ਮਨ ਅੰਦਰ ਹਰਿ-ਲਿਵ ਲਗੀ ਹੋਈ ਹੈ ਅਤੇ ਉਹ ਸਦਾ ਖੇੜੇ ਦੀ ਅਵਸਥਾ ਵਿਚ ਰਹਿੰਦੇ ਹਨ— *ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ।* (ਗੁ.ਗ੍ਰੰ. 1415)। ਗੁਰੂ ਨਾਨਕ ਦੇਵ ਜੀ ਨੇ ਗਿਆਨੀ ਨੂੰ ਸਦੀਵੀ ਜੀਵਨ ਵਾਲਾ ਕਿਹਾ ਹੈ ਅਤੇ ਪਰਮਾਤਮਾ ਵਿਚ ਲਗੀ ਸੁਰਤਿ ਕਾਰਣ ਉਹ ਸਮਾਦ੍ਰਿਤ ਹੈ— *ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ। ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ।*(ਗੁ.ਗ੍ਰੰ. 1412)।

ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦਾ ਗਿਆਨ ਰਖਣ ਵਾਲੇ ਸਾਧਕ ਨੂੰ ਨਿਰਾ 'ਗਿਆਨੀ' ਨ ਕਹਿ ਕੇ 'ਬ੍ਰਹਮ-ਗਿਆਨੀ' ਕਿਹਾ ਹੈ ਅਤੇ ਉਸ ਦੇ ਲੱਛਣ ਇਸ ਪ੍ਰਕਾਰ ਦਸੇ ਹਨ— *ਮਨਿ ਸਾਚਾ ਮੁਖਿ ਸਾਚਾ ਸੋਇ। ਅਵਰੁ ਨ ਪੇਖੈ ਏਕਸੁ ਬਿਨੁ ਕੋਇ। ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।*(ਗੁ.ਗ੍ਰੰ. 272)।'ਸੁਖਮਨੀ' ਨਾਂ ਦੀ ਰਚਨਾ ਦੀ ਅੱਠਵੀਂ ਅਸ਼ਟਪਦੀ ਵਿਚ 'ਬ੍ਰਹਮ-ਗਿਆਨੀ' ਦੇ ਸਰੂਪ ਨੂੰ ਬੜੇ ਵਿਸਤਾਰ ਨਾਲ ਚਿਤਰਿਆ ਗਿਆ ਹੈ। ਉਸ ਨੂੰ ਨਿਰਲੇਪ, ਨਿਰਦੋਖ, ਸਮਾਨ ਦ੍ਰਿਸ਼ਟੀ ਵਾਲਾ, ਸਹਿਜ-ਸੁਭਾ ਵਾਲਾ, ਨਿਰਮਲਾ, ਵੈਰੀ-ਮਿਤਰ ਨੂੰ ਸਮਾਨ ਸਮਝਣ ਵਾਲਾ, ਅਭਿਮਾਨ-ਰਹਿਤ, ਊਚ ਤੇ ਊਚਾ, ਸਭ ਤੇ ਨੀਚਾ, ਸਮਦਰਸੀ, ਪਰਉਪਕਾਰੀ, ਅਹੰ-ਬੁਧਿ ਤਿਆਗਣ ਵਾਲਾ, ਆਦਿ ਕਿਹਾ ਹੈ। ਸਮੁੱਚੇ ਤੌਰ 'ਤੇ ਉਸ ਵਿਚ ਬ੍ਰਹਮ ਵਾਲੇ ਸਾਰੇ ਗੁਣ ਪ੍ਰਵੇਸ਼ਿਤ ਹੁੰਦੇ ਹਨ— *ਬ੍ਰਹਮ ਗਿਆਨੀ ਕਾ ਸਗਲ ਅਕਾਰੁ। ਬ੍ਰਹਮ ਗਿਆਨੀ ਆਪਿ ਨਿਰੰਕਾਰੁ। ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ। ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ।*(ਗੁ.ਗ੍ਰੰ. 273-74)।

**ਗਿਰਧਾਰੀ, ਭਾਈ** : ਗੁਰੂ ਅਮਰਦਾਸ ਜੀ ਦਾ ਇਕ ਸਿਦਕੀ ਬਾਣੀਆ ਸਿੱਖ, ਜਿਸ ਦੀ ਕੋਈ ਔਲਾਦ ਨਹੀਂ ਸੀ। ਇਸ ਨੇ ਸੁਣਿਆ ਕਿ ਕਿਸੇ ਸੁਨਿਆਰੇ ਨੂੰ ਗੁਰੂ ਅਮਰਦਾਸ ਜੀ ਦੇ ਆਸ਼ੀਰਵਾਦ ਨਾਲ ਔਲਾਦ ਪ੍ਰਾਪਤ ਹੋਈ ਹੈ। ਇਹ ਵੀ ਗੁਰੂ ਜੀ ਦੀ ਸ਼ਰਣ ਵਿਚ ਗੋਇੰਦਵਾਲ ਪਹੁੰਚ ਗਿਆ। ਸਿੱਖ ਇਤਿਹਾਸ ਅਨੁਸਾਰ ਇਸ ਨੂੰ ਦਰਬਾਰ ਵਿਚ ਆਇਆ ਵੇਖ ਕੇ ਗੁਰੂ ਜੀ ਨੇ ਇਕ ਸ਼ਲੋਕ ਉਚਾਰਿਆ ਅਤੇ ਪਰਮਾਤਮਾ ਦੇ ਭਾਣੇ ਨੂੰ ਮੰਨ ਕੇ ਨਾਮ-ਸਿਮਰਨ ਅਤੇ ਸ਼ੁਭ ਕਰਮ ਕਰਨ ਲਈ ਤਾਕੀਦ ਕੀਤੀ। ਗੁਰੂ ਦਰਬਾਰ ਤੋਂ ਬਾਹਰ ਆਉਣ 'ਤੇ ਭਾਈ ਪਾਰੋ ਨੇ ਇਸ ਨੂੰ ਗੁਰੂ ਵਿਚ ਯਕੀਨ ਰਖਣ ਲਈ ਕਿਹਾ ਅਤੇ ਸਹਿਜ ਸੁਭਾ ਇਕ ਦੀ ਥਾਂ ਪੰਜ ਪੁੱਤਰਾਂ ਦੇ ਜਨਮ ਲੈਣ ਦੀ ਸੰਭਾਵਨਾ ਨੂੰ ਦਰਸਾਇਆ। ਕਾਲਾਂਤਰ ਵਿਚ ਇਸ ਦੇ ਪੰਜ ਪੁੱਤਰ ਪੈਦਾ ਹੋਏ। ਆਪਣੇ ਪੰਜ ਪੁੱਤਰਾਂ ਸਹਿਤ ਇਹ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਬਖ਼ਸ਼ਿਸ਼ ਲਈ ਧੰਨਵਾਦ ਕੀਤਾ। ਭਾਈ ਪਾਰੋ ਨੇ ਵੀ ਸੁਭਾਵਿਕ ਪੰਜ ਪੁੱਤਰ ਪੈਦਾ ਹੋਣ ਦੀ ਗੱਲ ਕਹੇ ਜਾਣ ਦੀ ਖਿਮਾ ਯਾਚਨਾ ਕੀਤੀ। ਗੁਰੂ ਜੀ ਨੇ ਦੋਹਾਂ ਦੀ ਸਾਦਗੀ ਅਤੇ ਨਾਮ-ਬਾਣੀ ਵਿਚ ਅਦੁੱਤੀ ਪ੍ਰੇਮ ਕਾਰਣ ਆਸ਼ੀਰਵਾਦ ਦਿੱਤਾ।

**ਗਿਲ ਕਲਾਂ** (ਪਿੰਡ): ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦਾ ਇਕ ਪੁਰਾਣਾ ਪਿੰਡ ਜੋ ਰਾਮਪੁਰਾ ਫੂਲ ਨਗਰ ਤੋਂ 3 ਕਿ.ਮੀ. ਪੂਰਬ ਵਲ ਸਥਿਤ ਹੈ। ਰਵਾਇਤ ਅਨੁਸਾਰ ਸੰਨ 1631 ਈ. ਵਿਚ ਹੋਈ ਮੇਹਰਾਜ ਦੀ ਜੰਗ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਖਾਧ-ਖ਼ੁਰਾਕ ਦਾ ਭੰਡਾਰ ਇਸ ਪਿੰਡ ਵਿਚ ਕੀਤਾ ਹੋਇਆ ਸੀ। ਗੁਰੂ ਸਾਹਿਬ ਦੇ ਬੈਠਣ ਵਾਲੇ ਸਥਾਨ ਉਤੇ ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਨੇ ਜੋ ਗੁਰੂ-ਧਾਮ ਬਣਵਾਇਆ, ਉਹ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਦੀ ਨਵੀਂ ਇਮਾਰਤ ਦੀ ਉਸਾਰੀ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਹੋਈ ਹੈ। ਇਹ ਧਰਮ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਅਤੇ ਮਾਘੀ ਨੂੰ ਇਥੇ ਬਹੁਤ ਵੱਡੀ ਸੰਗਤ ਜੁੜਦੀ ਹੈ।

**ਗੁਜਰ ਸਿੰਘ, ਗ਼ਦਰੀ ਬਾਬਾ** (1879-1975 ਈ.): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਭਕਨਾ ਕਲਾਂ ਪਿੰਡ ਵਿਚ ਸੰਨ 1879 ਈ. ਵਿਚ ਸ. ਸ਼ਾਮ ਸਿੰਘ ਦੇ ਘਰ ਪੈਦਾ ਹੋਇਆ ਗੁੱਜਰ ਸਿੰਘ ਪਹਿਲਾਂ ਫ਼ੌਜ ਦੇ ਘੋੜਸਾਵਰ ਰਸਾਲੇ ਵਿਚ ਭਰਤੀ ਹੋਇਆ, ਪਰ 1909 ਈ. ਵਿਚ ਨੌਕਰੀ ਛਡ ਕੇ ਸ਼ਿੰਘਾਈ ਚਲਾ ਗਿਆ ਅਤੇ ਉਥੋਂ ਦੀ ਪੁਲਿਸ ਵਿਚ ਭਰਤੀ ਹੋ ਗਿਆ। ਇਕ ਵਾਰ ਗ਼ਦਰ ਪਾਰਟੀ ਦੀ ਅਖ਼ਬਾਰ 'ਗ਼ਦਰ' ਦੀ ਇਕ ਪ੍ਰਤਿ ਇਸ ਦੇ ਹੱਥ ਲਗ ਗਈ। ਇਸ ਨੇ ਉਸ ਨੂੰ ਆਪ ਪੜ੍ਹਿਆ ਅਤੇ ਕਈ ਦੋਸਤਾਂ ਨੂੰ ਵੀ ਪੜ੍ਹਾਇਆ। ਫਲਸਰੂਪ ਇਸ ਦੇ ਮਨ ਵਿਚ ਦੇਸ਼ ਦੀ ਆਜ਼ਾਦੀ ਲਈ ਕੰਮ

ਕਰਨ ਦੀ ਤਰੰਗ ਪੈਦਾ ਹੋਈ। ਇਸ ਨੇ ਤੁਰਤ ਸਾਂਫ੍ਰਾਂਸਿਸਕੋ ਵਿਚ 'ਯੁਗਾਂਤਰ ਆਸ਼੍ਰਮ' ਨੂੰ ਅਖ਼ਬਾਰ ਲਈ ਚੰਦਾ ਭੇਜਿਆ। ਅਖ਼ਬਾਰਾਂ ਦਾ ਬੰਡਲ ਆਉਣ 'ਤੇ ਇਹ ਰਾਤੀ ਸਾਰੇ ਮਿੱਤਰਾਂ ਦੇ ਘਰੋਂ-ਘਰੀਂ ਵੰਡ ਦਿੰਦਾ। ਇਸ ਦੇ ਯਤਨਾਂ ਨੂੰ ਬੜ੍ਹਾਵਾ ਦੇਣ ਲਈ ਭਾਈ ਸੁੰਦਰ ਸਿੰਘ ਅਤੇ ਡਾ. ਮਥੁਰਾ ਸਿੰਘ ਸ਼ਿੰਘਾਈ ਗਏ। ਇਸ ਨੇ ਬਾਬਾ ਵਸਾਖਾ ਸਿਘ ਨਾਲ ਰਲ ਕੇ ਗ਼ਦਰ ਪਾਰਟੀ ਦਾ ਖ਼ੂਬ ਪ੍ਰਚਾਰ ਕੀਤਾ। ਪਰ ਇਸ ਦੀ ਕ੍ਰਾਂਤੀ-ਕਾਰੀ ਰੁਚੀ ਨੂੰ ਸਾਹਮਣੇ ਰਖਦੇ ਹੋਇਆਂ ਇਸ ਨੂੰ ਨੌਕਰੀਓਂ ਕਢ ਦਿੱਤਾ ਗਿਆ।

ਪਹਿਲੀ ਵੱਡੀ ਜੰਗ ਦੇ ਛਿੜ ਪੈਣ ਨਾਲ ਗ਼ਦਰ ਪਾਰਟੀ ਨੇ ਆਪਣੀ ਕਾਰਵਾਈ ਬੜੀ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਅਤੇ ਸਾਰੇ ਭਾਰਤੀਆਂ ਨੂੰ ਹਿੰਦੁਸਤਾਨ ਵਲ ਪਰਤਣ ਲਈ ਅਪੀਲ ਕੀਤੀ। ਗੁੱਜਰ ਸਿੰਘ ਕੁਝ ਪਿਸਤੌਲਾਂ ਸਮੇਤ ਅਕਤੂਬਰ 1914 ਈ. ਨੂੰ ਭਾਰਤ ਪਰਤ ਆਇਆ ਅਤੇ ਗ਼ਦਰ ਪਾਰਟੀ ਦੇ ਮੁੱਖ ਕਾਰਕੁੰਨਾਂ ਦੇ ਪਹੁੰਚਣ ਤਕ ਮਾਝੇ ਦੇ ਇਲਾਕੇ ਵਿਚ ਮੁਢਲੀ ਕਾਰਵਾਈ ਕਰਨ ਲਗ ਗਿਆ। ਮਾਝਾ ਖੇਤਰ ਵਿਚ 13 ਅਕਤੂਬਰ 1914 ਈ. ਨੂੰ ਹੋਈ ਮੀਟਿੰਗ ਵਿਚ ਇਸ ਨੂੰ ਗ਼ਦਰ ਪਾਰਟੀ ਦੀ ਸੈਂਟ੍ਰਲ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਨੇ ਕਰਤਾਰ ਸਿੰਘ ਸਰਾਭਾ ਅਤੇ ਹਰਨਾਮ ਸਿੰਘ ਸਿਆਲਕੋਟੀ ਸਹਿਤ ਮਹਾਤਮਾ ਗਾਂਧੀ ਨਾਲ ਮੁਲਾਕਾਤ ਕੀਤੀ ਅਤੇ ਮਦਦ ਲਈ ਕਿਹਾ, ਪਰ ਮਹਾਤਮਾ ਨੇ ਨਾਂਹ ਕਰ ਦਿੱਤੀ। 18 ਨਵੰਬਰ 1914 ਈ. ਨੂੰ ਇਸ ਨੂੰ ਛੇਹਰਟਾ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਸ਼ਿੰਘਾਈ ਵਿਚ ਗ਼ਦਰ ਪਾਰਟੀ ਦੀ ਕਾਰ-ਗੁਜ਼ਾਰੀ ਬਾਰੇ ਪੁਛਿਆ ਗਿਆ। ਇਸ ਉਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ਼ ਸੰਬੰਧੀ ਮੁਕੱਦਮਾ ਚਲਾਇਆ ਗਿਆ, ਪਰ ਬਰੀ ਹੋ ਗਿਆ। ਫਿਰ ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਮੁਕੱਦਮੇ ਵਿਚ ਫਸਾਇਆ ਗਿਆ ਅਤੇ ਉਮਰ ਕੈਦ ਦੇ ਨਾਲ ਜਾਇਦਾਦ ਜ਼ਬਤ ਕਰਨ ਦੀ ਵੀ ਸਜ਼ਾ ਦਿੱਤੀ ਗਈ। ਇਸ ਨੇ ਹਜ਼ਾਰੀ ਬਾਗ਼, ਮਦਰਾਸ ਅਤੇ ਪੂਨੇ ਦੀਆਂ ਜੇਲ੍ਹਾਂ ਵਿਚ ਕੈਦ ਕਟੀ, ਉਥੋਂ ਭਜਣ ਦਾ ਯਤਨ ਵੀ ਕੀਤਾ, ਪਰ ਸਫਲ ਨ ਹੋ ਸਕਿਆ।

ਸੰਨ 1930 ਈ. ਵਿਚ ਸਜ਼ਾ ਦੀ ਅਵਧੀ ਮੁਕਣ 'ਤੇ ਇਸ ਨੂੰ ਪੂਨੇ ਤੋਂ ਲਾਹੌਰ ਲਿਆ ਕੇ ਮੁਕਤ ਕਰ ਦਿੱਤਾ ਗਿਆ। ਜੇਲ੍ਹੋਂ ਮੁਕਤ ਹੋ ਕੇ ਇਹ ਆਪਣੇ ਪਿੰਡ ਭਕਨੇ ਵਿਚ ਆ ਗਿਆ ਅਤੇ ਕਿਸੇ ਨ ਕਿਸੇ ਰੂਪ ਵਿਚ ਸਮਾਜਿਕ ਅਤੇ ਰਾਜਨੈਤਿਕ ਗਤਿਵਿਧੀ ਵਿਚ ਹਿੱਸਾ ਲੈਂਦਾ ਰਿਹਾ। 6 ਸਤੰਬਰ 1975 ਈ. ਨੂੰ ਇਸ ਦਾ ਦੇਹਾਂਤ ਹੋਇਆ।

**ਗੁਜਰਵਾਲ** (ਕਸਬਾ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਪੁਰਾਣਾ ਕਸਬਾ ਜੋ ਕਿਲ੍ਹਾ ਰਾਇਪੁਰ ਸਟੇਸ਼ਨ ਤੋਂ ਪੱਛਮ ਦਿਸ਼ਾ ਵਲ 5 ਕਿ.ਮੀ. ਦੀ ਵਿਥ ਉਤੇ ਸਥਿਤ ਹੈ। ਸਿੱਖ ਇਤਿਹਾਸ ਅਤੇ ਸਥਾਨਕ ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਮਾਲਵਾ ਖੇਤਰ ਦੀ ਪ੍ਰਚਾਰ ਯਾਤ੍ਰਾ ਵੇਲੇ ਸੰਨ 1631 ਈ. ਵਿਚ ਇਸ ਕਸਬੇ ਤੋਂ ਬਾਹਰ ਇਕ ਟੋਭੇ ਦੇ ਕੰਢੇ ਠਹਿਰੇ ਸਨ। ਇਥੋਂ ਦੇ ਫਤੂਹੀ ਨਾਮਕ ਚੌਧਰੀ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ, ਪਰ ਹਉਮੈ ਦਾ ਦਬਲਿਆ ਰਈਸੀ ਠਾਠ ਨਾਲ ਗੁਰੂ ਜੀ ਦੇ ਸਾਹਮਣੇ ਆਇਆ ਅਤੇ ਕਿਹਾ ਕਿ ਆਪ ਜੀ ਦੀ ਕੀ ਸੇਵਾ ਕਰਾਂ ? ਗੁਰੂ ਜੀ ਨੇ ਉਸ ਪਾਸੋਂ ਹੱਥ ਉਤੇ ਬਿਠਾਇਆ ਬਾਜ਼ ਮੰਗ ਲਿਆ। ਪਰ ਉਹ ਇਤਨਾ ਕੀਮਤੀ ਬਾਜ਼ ਦੇਣ ਲਈ ਟਾਲ ਮਟੋਲ ਕਰਨ ਲਗਾ। ਗੁਰੂ ਜੀ ਨੇ ਉਸ ਨੂੰ ਆਸ਼ਵਸਤ ਕੀਤਾ ਕਿ ਬਾਜ਼ ਨੂੰ ਉਹ ਆਪਣੇ ਪਾਸ ਹੀ ਰਖੇ। ਚੌਧਰੀ ਆਪਣੇ ਬਾਜ਼ ਸਹਿਤ ਉਥੋਂ ਚਲਾ ਗਿਆ, ਪਰ ਦੈਵ-ਨੇਤ ਉਸ ਬਾਜ਼ ਨੇ ਚਮੜੇ ਦਾ ਤਸਮਾ ਨਿਗਲ ਲਿਆ ਅਤੇ ਬੀਮਾਰ ਹੋ ਗਿਆ। ਉਸ ਨੂੰ ਠੀਕ ਹੁੰਦਾ ਨ ਵੇਖ ਕੇ ਫਤੂਹੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਅਤੇ ਗੁਰੂ ਜੀ ਤੋਂ ਭੁਲ ਬਖ਼ਸ਼ਾਉਣ ਲਈ ਹਾਜ਼ਰ ਹੋਇਆ। ਗੁਰੂ ਜੀ ਨੇ ਬਾਜ਼ ਉਤੇ ਹੱਥ ਫੇਰਿਆ, ਤਾਂ ਉਸ ਨੇ ਤੁਰਤ ਤਸਮਾ ਉਗਲ ਦਿੱਤਾ। ਗੁਰੂ ਜੀ ਦੀ ਕ੍ਰਿਪਾ ਨਾਲ ਬਾਜ਼ ਠੀਕ ਹੋ ਗਿਆ। ਫਤੂਹੀ ਨੇ ਬਾਜ਼ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ, ਪਰ ਗੁਰੂ ਜੀ ਨੇ ਤਾਂ ਉਸ ਦਾ ਹੰਕਾਰ ਦੂਰ ਕਰਨਾ ਸੀ। ਗੁਰੂ ਜੀ ਨੇ ਉਸ ਨੂੰ ਇਕ ਪਗੜੀ ਪ੍ਰਦਾਨ ਕੀਤੀ ਜੋ ਉਸ ਦੇ ਵੰਸ਼ਜਾਂ ਕੋਲ ਹੁਣ ਵੀ ਸੰਭਾਲੀ ਹੋਈ ਹੈ।

ਜਿਸ ਸਥਾਨ ਉਤੇ ਗੁਰੂ ਜੀ ਠਹਿਰੇ ਸਨ, ਉਥੇ 'ਗੁਰਦੁਆਰਾ ਗੁਰੂਸਰ ਮੰਜੀ ਸਾਹਿਬ ਛੇਵੀਂ ਪਾਤਿਸ਼ਾਹੀ' ਬਣਿਆ ਹੋਇਆ ਹੈ। ਇਸ ਦੀ ਨਵੀਂ ਇਮਾਰਤ ਸੰਨ 1935 ਈ. ਵਿਚ ਉਸਾਰੀ ਗਈ ਸੀ। ਸਰੋਵਰ ਵੀ ਬਹੁਤ ਸੁੰਦਰ ਬਣਿਆ ਹੋਇਆ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਚੇਤਰ ਦੀ ਚੌਦਸ ਨੂੰ ਇਥੇ ਮੇਲਾ ਵੀ ਲਗਦਾ ਹੈ।

**ਗੁਜਰਾਤ** (ਨਗਰ): ਪੱਛਮੀ ਪੰਜਾਬ ਦਾ ਇਕ ਪ੍ਰਸਿੱਧ ਨਗਰ ਜੋ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਵੀ ਹੈ। ਸੰਨ 1620 ਈ. ਵਿਚ ਕਸ਼ਮੀਰ ਤੋਂ ਪਰਤਦਿਆਂ ਗੁਰੂ ਹਰਿਗੋਬਿੰਦ ਸਾਹਿਬ ਇਸ ਨਗਰ ਵਿਚ ਕੁਝ ਸਮੇਂ ਲਈ ਭਾਈ ਗੜ੍ਹੀਆ ਪਾਸ ਠਹਿਰੇ ਸਨ। ਭਾਈ ਗੜ੍ਹੀਆ (ਵੇਖੋ) ਨੇ ਉਦਮ ਕਰਕੇ ਪ੍ਰਸਿੱਧ ਮੁਸਲਮਾਨ ਫ਼ਕੀਰ ਸ਼ਾਹ ਦੌਲਾ ਦੀ ਭੇਂਟ ਗੁਰੂ ਜੀ ਨਾਲ ਕਰਾਈ ਸੀ। ਇਸ ਨਗਰ ਦੇ ਕਾਬਲੀ ਦਰਵਾਜ਼ੇ ਦੇ ਨੇੜੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਬਣਿਆ ਹੋਇਆ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਸੀ। ਪਰ ਦੇਸ਼ ਦੀ ਵੰਡ ਤੋਂ ਬਾਦ ਉਹ ਪਾਕਿਸਤਾਨ ਵਿਚ ਰਹਿ ਗਿਆ ਹੈ।

ਸੰਨ 1797 ਈ. ਵਿਚ ਭੰਗੀ ਮਿਸਲ ਕੇ ਸ. ਸਾਹਿਬ ਸਿੰਘ ਨੇ ਇਸ ਨਗਰ ਨੂੰ ਅਹਿਮਦ ਸ਼ਾਹ ਦੁਰਾਨੀ ਦੇ ਜਰਨੈਲ ਨੂੰ ਹਰਾ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਸੰਨ 1801 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ। ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਅੰਤਿਮ ਫ਼ੈਸਲਾਕੁੰਨ ਲੜਾਈ ਇਸੇ ਨਗਰ ਪਾਸ 21 ਫਰਵਰੀ 1849 ਈ. ਵਿਚ ਹੋਈ ਸੀ।

**ਗੁਜਰੀ, ਮਾਤਾ** (1627-1705 ਈ.) : ਮਾਤਾ ਗੁਜਰੀ ਉਹ ਮਹਾਨ ਇਸਤਰੀ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਲੋਕ-ਨਾਇਕ ਨੂੰ ਜਨਮ ਦੇ ਕੇ ਭਾਰਤ ਦੀ ਤਕਦੀਰ ਬਦਲਣ ਵਿਚ ਮਹਾਨ ਯੋਗਦਾਨ ਪਾਇਆ।

ਮਾਤਾ ਗੁਜਰੀ ਦਾ ਜਨਮ ਸੰਨ 1627 ਈ. ਵਿਚ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਸੁਭਿਖੀਏ ਖਤ੍ਰੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖ ਵਿਚੋਂ ਹੋਇਆ। ਬਚਪਨ ਵਿਚ ਹੀ ਇਨ੍ਹਾਂ ਦੀ ਰੁਚੀ ਅਧਿਆਤਮਿਕਤਾ ਵਲ ਸੀ। ਬੜੇ ਧਿਆਨ ਅਤੇ ਸਤਿਕਾਰ ਨਾਲ ਘਰ ਵਿਚ ਹੁੰਦੇ ਪਾਠ ਨੂੰ ਸੁਣਦੇ ਅਤੇ ਮਾਤਾ-ਪਿਤਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਵੀ ਜਾਂਦੇ ਸਨ। ਸੰਨ 1632 ਈ. ਵਿਚ, ਜਦੋਂ ਉਹ ਮਸਾਂ ਪੰਜ ਸਾਲਾਂ ਦੇ ਸਨ, ਤਾਂ ਉਨ੍ਹਾਂ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਨਾਲ ਕਰ ਦਿੱਤਾ ਗਿਆ। ਉਦੋਂ ਗੁਰੂ ਜੀ ਦੀ ਉਮਰ ਗਿਆਰ੍ਹਾਂ ਵਰ੍ਹਿਆਂ ਦਾ ਸੀ। ਉਸ ਸਮੇਂ ਦੀ ਸੋਚ ਅਨੁਸਾਰ ਉਨ੍ਹਾਂ ਦਾ ਵਿਆਹ ਬਚਪਨ ਵਿਚ ਹੀ ਕਰ ਦਿੱਤਾ ਗਿਆ ਸੀ।

ਜਦੋਂ ਸੰਨ 1644 ਈ. ਵਿਚ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਵਿਚ ਜੋਤੀ ਜੋਤਿ ਸਮਾਏ ਤਾਂ ਉਨ੍ਹਾਂ ਨੇ ਆਪਣੀ ਗੁਰ-ਗੱਦੀ ਬਾਬਾ ਗੁਰਦਿੱਤਾ ਜੀ ਦੇ ਸੁਪੁੱਤਰ (ਗੁਰੂ) ਹਰਿ ਰਾਇ ਜੀ ਨੂੰ ਸੌਂਪੀ ਅਤੇ (ਗੁਰੂ) ਤੇਗ ਬਹਾਦਰ ਦੀ ਮਾਤਾ ਨਾਨਕੀ ਜੀ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਪੁੱਤਰ ਅਤੇ ਨੂੰਹ (ਮਾਤਾ ਗੁਜਰੀ) ਸਮੇਤ ਆਪਣੇ ਪੇਕੇ ਬਕਾਲੇ ਚਲੇ ਜਾਣ। ਉਨ੍ਹਾਂ ਨੇ ਗੁਰੂ ਜੀ ਦੇ ਆਦੇਸ਼ ਦੀ ਪਾਲਣਾ ਕੀਤੀ। ਉਦੋਂ (ਗੁਰੂ) ਤੇਗ ਬਹਾਦਰ ਜੀ ਦੀ ਉਮਰ 23 ਵਰ੍ਹਿਆਂ ਦੀ ਸੀ ਅਤੇ (ਮਾਤਾ) ਗੁਜਰੀ ਜੀ 17/18 ਵਰ੍ਹਿਆਂ ਦੇ ਨੇੜੇ-ਤੇੜੇ ਸਨ।

ਬਕਾਲੇ ਵਿਚ (ਗੁਰੂ) ਤੇਗ ਬਹਾਦਰ ਜੀ ਨੇ ਭਗਤੀ ਕਰਨ ਲਈ ਇਕ ਭੋਰਾ ਬਣਵਾਇਆ ਅਤੇ ਅਲਪ ਆਹਾਰ ਕਰਕੇ ਭਗਤੀ ਵਿਚ ਲੀਨ ਰਹਿਣ ਲਗ ਗਏ। ਉਹ ਭੋਜਨ ਵੀ ਭੋਰੇ ਵਿਚ ਕਰਦੇ ਅਤੇ ਕੇਵਲ ਮਾਤਾ ਨਾਨਕੀ ਜੀ ਹੀ ਭੋਜਨ ਕਰਾਉਣ ਲਈ ਭੋਰੇ ਵਿਚ ਜਾਂਦੇ। (ਮਾਤਾ) ਗੁਜਰੀ ਜੀ ਭੋਰੇ ਤੋਂ ਬਾਹਰ ਹੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੰਭਾਲਦੇ। ਆਤਮ-ਸਾਧਨਾ ਦੀ ਇਹ ਸਥਿਤੀ ਲਗਭਗ 22 ਸਾਲ, 9 ਮਹੀਨੇ ਚਲਦੀ ਰਹੀ। ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੇ ਪਰਲੋਕ ਗਮਨ ਕਰਨ ਵੇਲੇ ਗੁਰਿਆਈ ਸੰਬੰਧੀ 'ਬਾਬੇ ਬਕਾਲੇ' ਸ਼ਬਦ ਕਹੇ। ਉਨ੍ਹਾਂ ਦਾ ਸੰਕੇਤ (ਗੁਰੂ) ਤੇਗ ਬਹਾਦਰ ਜੀ ਵਲ ਸੀ।

'ਬਾਬਾ ਬਕਾਲੇ' ਸ਼ਬਦਾਂ ਦੇ ਉਚਾਰਨ ਦੀ ਅਰਥ-ਸੀਮਾ ਦਾ ਲਾਭ ਉਠਾ ਕੇ ਬਹੁਤ ਸਾਰੇ ਬੇਦੀ ਅਤੇ ਸੋਢੀ ਬਕਾਲੇ ਵਿਚ ਗੱਦੀਆਂ ਲਗਾ ਕੇ ਬੈਠ ਗਏ। ਪਰ ਮੱਖਣ ਸ਼ਾਹ ਲੁਬਾਣੇ ਨੇ ਆਪਣੀ ਮੰਨਤ ਪੁਗਾਉਣ ਲਈ ਉਨ੍ਹਾਂ ਗੱਦੀਦਾਰਾਂ ਵਿਚੋਂ ਸਚੇ ਗੁਰੂ ਨੂੰ ਲਭ ਕੇ 'ਗੁਰੂ ਲਾਧੋ ਰੇ ਗੁਰੂ ਲਾਧੋ ਰੇ' ਦੀ ਘੋਸ਼ਣਾ ਕਰ ਦਿੱਤੀ। ਗੁਰੂ ਸਾਹਿਬ ਨੂੰ ਗੁਰੂ-ਗੱਦੀ ਦਾ ਤਿਲਕ ਦਿੱਤਾ ਗਿਆ। ਪਰ ਗੱਦੀ ਦੇ ਦਾਵੇਦਾਰਾਂ ਦੀ ਈਰਖਾ ਤੋਂ ਗੁਰੂ ਜੀ ਇਕ ਪਾਸੇ ਹਟ ਕੇ ਕੀਰਤਪੁਰ ਸਾਹਿਬ ਆ ਗਏ ਅਤੇ ਮਾਤਾ ਨਾਨਕੀ ਜੀ ਦੀ ਆਗਿਆ ਮੰਨ ਕੇ ਧਰਮ ਪ੍ਰਚਾਰ ਲਈ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਆਸਾਮ ਦੇ ਪ੍ਰਾਂਤਾਂ ਵਲ ਚਲੇ ਗਏ। ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਅਤੇ ਬਹੁਤ ਸਾਰੇ ਪਰਿਵਾਰਕ ਸਾਥੀ ਅਤੇ ਸਿੱਖ-ਸੇਵਕ ਉਦੋਂ ਗੁਰੂ ਜੀ ਨਾਲ ਸਨ। (ਪਤਨੀ) ਗੁਜਰੀ ਦਾ ਪ੍ਰਸੂਤ ਕਾਲ ਨੇੜੇ ਆਇਆ ਵੇਖ ਕੇ ਉਨ੍ਹਾਂ ਨੂੰ

ਪਟਨੇ ਨਗਰ ਵਿਚ ਠਹਿਰਾਇਆ ਅਤੇ ਆਪ ਆਸਾਮ ਪ੍ਰਾਂਤ ਵਲ ਧਰਮ-ਪ੍ਰਚਾਰ ਲਈ ਚਲੇ ਗਏ।

ਪਟਨਾ ਦੇ ਨਿਵਾਸ ਸਮੇਂ ਪੋਹ ਸੁਦੀ ਸਤਵੀਂ, ਸੰਮਤ 1723 ਬਿ. (ਸੰਨ 1666 ਈ.) ਵਿਚ (ਮਾਤਾ) ਗੁਜਰੀ ਨੇ ਮਹਾਨ ਤੇਜਸਵੀ ਬਾਲਕ ਨੂੰ ਜਨਮ ਦਿੱਤਾ। ਗੁਰੂ ਤੇਗ ਬਹਾਦਰ ਜੀ ਆਸਾਮ ਦੀ ਯਾਤ੍ਰਾ ਉਪਰੰਤ ਪਟਨੇ ਵਿਚ ਆ ਕੇ ਟਿਕੇ। ਕੁਝ ਸਮੇਂ ਬਾਦ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਨੂੰ ਉਥੇ ਛਡ ਕੇ ਕੀਰਤਪੁਰ ਆ ਗਏ ਅਤੇ ਫਿਰ ਆਨੰਦਪੁਰ ਵਸਾ ਕੇ ਉਥੇ ਆਪਣੇ ਪਰਿਵਾਰ ਨੂੰ ਬੁਲਾ ਲਿਆ। ਉਥੋਂ ਹੀ ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਰਖਿਆ ਲਈ ਦਿੱਲੀ ਨੂੰ ਚਲੇ ਗਏ, ਜਿਥੇ ਜਾ ਕੇ ਉਨ੍ਹਾਂ ਨੇ ਧਰਮ ਦੀ ਰਖਿਆ ਲਈ ਆਪਾ ਨਿਛਾਵਰ ਕਰ ਦਿੱਤਾ। ਗੁਰੂ-ਪਤੀ ਦੇ ਬਲਿਦਾਨ ਤੋਂ ਬਾਦ ਮਾਤਾ ਗੁਜਰੀ ਦੀ ਜ਼ਿੰਮੇਵਾਰੀ ਵਧ ਗਈ। ਉਨ੍ਹਾਂ ਨੇ (ਬਾਲਕ) ਗੋਬਿੰਦ ਰਾਏ ਜੀ ਨੂੰ ਅਧਿਆਤਮਿਕ ਉਨਤੀ ਦੇ ਨਾਲ ਨਾਲ ਸੈਨਿਕ ਸਿਖਿਆ ਵੀ ਦਿਵਾਈ ਅਤੇ ਪੜ੍ਹਨ ਲਿਖਣ ਦੀ ਉਚਿਤ ਵਿਵਸਥਾ ਕੀਤੀ। ਜਦੋਂ ਗੁਰੂ ਜੀ ਲਗਭਗ ਅਠਾਰ੍ਹਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਨੇ ਸੰਮਤ 1741 ਬਿ. ਵਿਚ ਰਣਜੀਤ ਨਗਾਰਾ ਬਣਵਾਇਆ ਜਿਸ ਦੀ ਧੁੰਨੀ ਨੇ ਪਹਾੜੀ ਰਾਜਿਆਂ ਨੂੰ ਭੈ-ਭੀਤ ਕਰ ਦਿੱਤਾ। ਮਾਤਾ ਗੁਜਰੀ ਦੇ ਸੁਝਾ 'ਤੇ ਗੁਰੂ ਜੀ ਕੁਝ ਵਰ੍ਹਿਆਂ ਲਈ ਪਾਉਂਟਾ ਸਾਹਿਬ ਆ ਗਏ ਅਤੇ ਬਹੁਤ ਸਾਰਾ ਕਾਵਿ ਖ਼ੁਦ ਰਚ ਕੇ ਅਤੇ ਕਵੀਆਂ ਤੋਂ ਰਚਵਾ ਕੇ ਅਤੇ ਭੰਗਾਣੀ ਦਾ ਯੁੱਧ ਜਿਤ ਕੇ ਆਨੰਦਪੁਰ ਸਾਹਿਬ ਪਰਤੇ।

ਸੰਨ 1705 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਵਲੋਂ ਕੁਰਾਨ ਦੀ ਕਸਮ ਚੁਕਣ 'ਤੇ ਆਨੰਦਪੁਰ ਨੂੰ ਛਡਿਆ ਤਾਂ ਮੁਗ਼ਲ ਸੈਨਾ ਨੇ ਕਸਮ ਤੋੜ ਕੇ ਗੁਰੂ ਸਾਹਿਬ ਦੇ ਸਾਰੇ ਕਾਫ਼ਲੇ ਉਤੇ ਹਮਲਾ ਕਰ ਦਿੱਤਾ। ਅਗੋਂ ਸਰਸਾ ਨਦੀ ਵਿਚ ਵੀ ਹੜ੍ਹ ਆਇਆ ਹੋਇਆ ਸੀ। ਜਿਥੇ ਗੁਰੂ ਸਾਹਿਬ ਦਾ ਸਾਰਾ ਖ਼ਜ਼ਾਨਾ, ਬੇਸ਼ੁਮਾਰ ਕੀਮਤੀ ਵਸਤੂਆਂ ਅਤੇ ਕਾਵਿ-ਰਚਨਾਵਾਂ ਨਦੀ ਦੀ ਭੇਂਟ ਹੋ ਗਈਆਂ ਅਤੇ ਗੁਰੂ-ਪਰਿਵਾਰ ਦੇ ਮੈਂਬਰ ਵਿਛੜ ਗਏ। ਮਾਤਾ ਗੁਜਰੀ ਜੀ ਆਪਣੇ ਦੋ ਛੋਟੇ ਪੋਤਰਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਨਾਲ ਲੈ ਕੇ ਗੰਗੂ ਰਸੋਈਏ ਦੇ ਪਿੰਡ ਖੇੜੀ (ਸਹੇੜੀ) ਜਾ ਪਹੁੰਚੇ। ਗੰਗੂ ਨੇ ਲਾਲਚ ਵਸ ਮਾਤਾ ਗੁਜਰੀ ਤੋਂ ਧਨ-ਦੌਲਤ ਬਹਾਨੇ ਨਾਲ ਲੈ ਲਈ ਅਤੇ ਸਰਹਿੰਦ ਦੇ ਸੂਬੇਦਾਰ ਨੂੰ ਮਾਤਾ ਜੀ ਅਤੇ ਦੋ ਸਾਹਿਬਜ਼ਾਦਿਆਂ ਦੇ ਉਸ ਪਾਸ ਹੋਣ ਦੀ ਸੂਚਨਾ ਦੇ ਕੇ ਇਨਾਮ ਪ੍ਰਾਪਤ ਕੀਤਾ।

ਮਾਤਾ ਗੁਜਰੀ ਜੀ ਨੂੰ ਪੋਤਰਿਆਂ ਸਮੇਤ ਕੈਦ ਕਰਕੇ ਸਰਹਿੰਦ ਦੇ ਕਿਲ੍ਹੇ ਦੇ ਬੁਰਜ ਵਿਚ ਠਹਿਰਾਇਆ ਗਿਆ। ਉਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਆਉਣ ਵਾਲੇ ਸੰਕਟ ਤੋਂ ਜਾਣੂ ਕਰਕੇ ਧਰਮ ਵਿਚ ਪ੍ਰਪਕ ਰਹਿਣ ਲਈ ਸਿਖਿਆ ਦਿੱਤੀ ਅਤੇ ਹਰ ਮੁਸੀਬਤ ਨੂੰ ਚੜ੍ਹਦੀ ਕਲਾ ਵਿਚ ਸਹਿਨ ਕਰਨ ਦੀ ਹੱਲਾ-ਸ਼ੇਰੀ ਦਿੱਤੀ। ਉਥੋਂ ਸਾਹਿਬਜ਼ਾਦਿਆਂ ਨੂੰ ਲੈ ਜਾ ਕੇ ਸਰਹਿੰਦ ਦੇ ਸੂਬੇਦਾਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਜਦੋਂ ਮਾਤਾ ਗੁਜਰੀ ਜੀ ਨੂੰ ਇਹ ਖ਼ਬਰ ਮਿਲੀ, ਤਾਂ ਸਾਹਿਬਜ਼ਾਦਿਆਂ ਦਾ ਵਿਛੋੜਾ ਸਹਿਨ ਨ ਕਰ ਸਕਣ ਕਾਰਣ ਪਰਲੋਕ ਸਿਧਾਰ ਗਏ। ਅਜਿਹੇ ਸਨ ਮਾਤਾ ਗੁਜਰੀ ਜੀ ਜਿਨ੍ਹਾਂ ਨੇ ਮਹਾਨ ਲੋਕ-ਨਾਇਕ ਗੁਰੂ ਗੋਬਿੰਦ ਸਿੰਘ ਜੀ ਨੂੰ ਜਨਮ ਦਿੱਤਾ ਅਤੇ ਕਦਮ ਕਦਮ ਉਤੇ ਉਨ੍ਹਾਂ ਨੂੰ ਗੌਰਵਸ਼ਾਲੀ ਅਗਵਾਈ ਦੇ ਕੇ ਦੇਸ਼ ਅਤੇ ਕੌਮ ਉਤੇ ਮਹਾਨ ਉਪਕਾਰ ਕੀਤਾ।

**ਗੁਟਕਾ** : ਇਹ ਸ਼ਬਦ ਗੁਰਬਾਣੀ ਦੀ ਛੋਟੇ ਆਕਾਰ ਦੀ ਪੋਥੀ ਲਈ ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਸੰਸਕ੍ਰਿਤ ਵਿਚ 'ਗੁਟਿਕਾ' ਗੋਲੀ ਜਾਂ ਵਟੀ ਨੂੰ ਕਹਿੰਦੇ ਹਨ। ਸਿੱਧਾਂ ਵਿਚ ਸ਼ਕਤੀ ਅਰਜਿਤ ਕਰਨ ਲਈ ਮੂੰਹ ਵਿਚ ਇਕ ਵਿਸ਼ੇਸ਼ ਗੋਲੀ ਰਖਣ ਦੀ ਪਰੰਪਰਾ ਰਹੀ ਹੈ। ਇਸ ਗੋਲੀ ਨੂੰ 'ਮੰਤ੍ਰਵਟੀ' ਕਿਹਾ ਜਾਂਦਾ ਸੀ। ਇਸੇ ਸਰਣੀ ਉਤੇ ਗੁਰਬਾਣੀ ਦੀ ਵੱਡੀ ਪੋਥੀ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਹਰ ਸਮੇਂ ਨਾਲ ਨ ਰਖ ਸਕਣ ਦੇ ਉਪਾ ਵਜੋਂ ਕੁਝ ਚੋਣਵੀਂ ਬਾਣੀ ਦੀਆਂ ਸੰਖਿਪਤ ਪੋਥੀਆਂ ਤਿਆਰ ਕਰ ਲਈਆਂ ਜਾਂਦੀਆਂ ਸਨ, ਜੋ ਉਦਾਸੀ, ਸੇਵਾ-ਪੰਥੀ ਜਾਂ ਨਿਰਮਲੇ ਸਾਧਕ ਆਪਣੇ ਨਾਲ ਹਰ ਵਕਤ ਗਾਤਰੇ ਵਿਚ ਪਾਈ ਰਖਦੇ ਸਨ। ਉਨ੍ਹਾਂ ਨੂੰ 'ਗੁਟਕਾ' ਕਿਹਾ ਜਾਣ ਲਗਿਆ। 18ਵੀਂ ਸਦੀ ਦੇ ਸੰਘਰਸ਼ ਕਾਲ ਵਿਚ ਸੂਰਵੀਰ ਸਿੱਖ ਵੀ ਇਸ ਪ੍ਰਕਾਰ ਦੀਆਂ ਪੋਥੀਆਂ ਨੂੰ ਆਪਣੇ ਪਾਸ ਰਖਦੇ ਸਨ, ਤਾਂ ਜੋ ਜਦੋਂ ਸਮਾਂ ਮਿਲੇ, ਪਾਠ ਕਰ ਲਿਆ ਜਾਵੇ।

ਸਿੱਖ ਸੁਧਾਰਵਾਦੀ ਲਹਿਰਾਂ, ਖ਼ਾਸ ਕਰਕੇ ਸਿੰਘ ਸਭਾ ਲਹਿਰ ਦੇ ਚਲਣ ਨਾਲ ਜਿਗਿਆਸੂਆਂ ਦੀ ਰੁਚੀ

ਪਾਠ ਕਰਨ ਵਿਚ ਵਧੀ। ਫਲਸਰੂਪ, ਸੰਖਿਪਤ ਪੋਥੀਆਂ, ਕਤਾਬਚਿਆਂ ਆਦਿ ਦੀ ਲੋੜ ਮਹਿਸੂਸ ਹੋਣ ਲਗੀ। ਛਪਾਈ ਦਾ ਕੰਮ ਸ਼ੁਰੂ ਹੋ ਜਾਣ ਨਾਲ ਹੱਥ ਨਾਲ ਲਿਖਣ ਦੀ ਸਮਸਿਆ ਦਾ ਕਾਫ਼ੀ ਸਮਾਧਾਨ ਹੋ ਗਿਆ। ਜਿਉਂ ਜਿਉਂ ਛਪਾਈ ਵਿਚ ਵਿਕਾਸ ਹੁੰਦਾ ਗਿਆ, ਗੁਟਕਿਆਂ ਦੀ ਛਪਾਈ ਵੀ ਵਧਦੀ ਗਈ ਅਤੇ ਇਨ੍ਹਾਂ ਦਾ ਸਰੂਪ ਵੀ ਨਿਖਰਦਾ ਗਿਆ। ਸ਼ੁਰੂ ਵਿਚ ਇਨ੍ਹਾਂ ਗੁਟਕਿਆਂ ਵਿਚ ਪੰਜ ਅੰਮ੍ਰਿਤ ਬਾਣੀਆਂ ਦੇ ਨਾਲ 'ਰਹਿਰਾਸ' ਅਤੇ 'ਕੀਰਤਨ ਸੋਹਿਲਾ' ਨਾਂ ਦੀਆਂ ਬਾਣੀਆਂ ਸ਼ਾਮਲ ਕੀਤੀਆਂ ਜਾਂਦੀਆਂ ਸਨ। ਬਾਦ ਵਿਚ 'ਸੁਖਮਨੀ', 'ਆਸਾ ਦੀ ਵਾਰ' ਆਦਿ ਬਾਣੀਆਂ ਦੇ ਸੁਤੰਤਰ ਗੁਟਕੇ ਛਾਪਣ ਲਗ ਗਏ। ਕਈਆਂ ਵਿਚ ਜਪੁ ਜੀ ਤੋਂ ਬਾਦ 'ਸ਼ਬਦ ਹਜ਼ਾਰੇ' ਵੀ ਜੋੜ ਦਿੱਤੇ ਗਏ। ਇਨ੍ਹਾਂ ਗੁਟਕਿਆਂ ਦਾ ਆਕਾਰ ਛੋਟੇ ਤੋਂ ਵੱਡਾ ਹੁੰਦਾ ਗਿਆ। ਨਿੱਤ ਪੜ੍ਹੇ ਜਾਣ ਵਾਲੀਆਂ ਬਾਣੀਆਂ ਤੋਂ ਇਲਾਵਾ ਵਖ ਵਖ ਅਵਸਰਾਂ ਲਈ ਕੀਰਤਨ ਕਰਨ ਯੋਗ ਢੁਕਵੇਂ ਸ਼ਬਦ ਵੀ ਸ਼ਾਮਲ ਕੀਤੇ ਜਾਣ ਲਗੇ। ਇਨ੍ਹਾਂ ਗੁਟਕਿਆਂ ਵਿਚ ਕਿਤਨੀਆਂ ਅਤੇ ਕਿਹੜੀਆਂ ਕਿਹੜੀਆਂ ਬਾਣੀਆਂ ਹੋਣ? ਇਸ ਬਾਰੇ ਕੋਈ ਅਨੁਸ਼ਾਸਤ ਸੀਮਾ ਨਹੀਂ ਹੈ। ਵਖਰੀਆਂ ਵਖਰੀਆਂ ਸੰਪ੍ਰਦਾਵਾਂ ਜਾਂ ਜੱਥਿਆਂ ਵਾਲੇ ਆਪਣੇ ਆਸ਼ੇ ਅਨੁਸਾਰ ਇਨ੍ਹਾਂ ਦਾ ਪ੍ਰਕਾਸ਼ਨ ਕਰਦੇ ਆ ਰਹੇ। ਨਾਮਧਾਰੀ ਦਰਬਾਰ, ਭੈਣੀ ਸਾਹਿਬ ਵਾਲਿਆਂ ਨੇ 'ਨਾਮਧਾਰੀ ਨਿਤਨੇਮ' ਨਾਂ ਅਧੀਨ ਆਪਣਾ ਗੁਟਕਾ ਛਾਪਿਆ ਹੋਇਆ ਹੈ। ਅਸਲ ਵਿਚ ਗੁਰਬਾਣੀ ਦੇ ਪਾਠਕਾਂ ਦੀ ਸੁਵਿਧਾ ਲਈ ਇਹ ਗੁਟਕੇ ਬੜੀ ਉਤਮ ਭੂਮਿਕਾ ਨਿਭਾਉਂਦੇ ਚਲੇ ਆ ਰਹੇ ਹਨ।

**ਗੁਣਵੰਤੀ ਮਹਲਾ ੫** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਸੂਹੀ ਰਾਗ ਵਿਚ ਉਚਾਰੀ ਗਈ ਤੇਰ੍ਹਾਂ ਤੁਕਾਂ ਦੀ ਇਕ ਨਿੱਕੀ ਜਿਹੀ ਰਚਨਾ ਜਿਸ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਰਚਿਤ 'ਸੁਚਜੀ' ਦੀ ਪਰੰਪਰਾ ਵਿਚ ਗੁਰਮੁਖ ਵਿਅਕਤੀ ਦੇ ਗੁਣਾਂ ਦਾ ਵਿਖਿਆਨ ਕੀਤਾ ਹੈ। ਇਸ ਦੇ ਪੂਰਬਾਰਧ ਵਿਚ ਜਿਗਿਆਸਾ ਨੂੰ ਪ੍ਰਗਟਾਇਆ ਗਿਆ ਹੈ ਅਤੇ ਉੱਤਰਾਰਧ ਵਿਚ ਉਸ ਦਾ ਸਮਾਧਾਨ ਪੇਸ਼ ਕੀਤਾ ਗਿਆ ਹੈ। ਆਜਿਜ਼ੀ ਦੀ ਭਾਵਨਾ ਤੋਂ ਇਸ ਦਾ ਆਰੰਭ ਕਰਕੇ ਉਸ 'ਤੇ ਹੀ ਅੰਤ ਕੀਤਾ ਗਿਆ ਹੈ—*ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।* (ਗੁ.ਗ੍ਰੰ.763)।

**ਗੁਣੀਕੇ** (ਪਿੰਡ): ਪੰਜਾਬ ਦੇ ਨਾਭਾ ਨਗਰ ਤੋਂ 10 ਕਿ.ਮੀ. ਦੱਖਣ ਵਾਲੇ ਪਾਸੇ ਵਸਿਆ ਇਕ ਪੁਰਾਤਨ ਪਿੰਡ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਨ ਚਰਣ ਪਾਏ ਸਨ। ਇਸ ਪਿੰਡ ਤੋਂ ਬਾਹਰ ਦੱਖਣ-ਪੂਰਵ ਵਾਲੀ ਦਿਸ਼ਾ ਵਿਚ 'ਸਿੱਧਾਂ ਵਾਲੀ ਢਾਬ' ਦੇ ਕੰਢੇ ਗੁਰੂ ਜੀ ਇਕ ਵਾਰ ਠਹਿਰੇ ਸਨ। ਉਸ ਸਥਾਨ ਉਪਰ ਨਾਭਾ-ਪਤਿ ਰਾਜਾ ਭਰਪੂਰ ਸਿੰਘ ਨੇ ਸੰਨ 1860 ਈ. ਵਿਚ ਗੁਰਦੁਆਰਾ ਬਣਵਾਇਆ ਸੀ। ਫਿਰ ਸੰਨ 1975 ਈ. ਵਿਚ ਪਿੰਡ ਦੀ ਸੰਗਤ ਨੇ ਉਦਮ ਕਰਕੇ ਨਵਾਂ ਪ੍ਰਕਾਸ਼-ਸਥਾਨ ਉਸਾਰਿਆ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਪਿੰਡ ਦੀ ਸੰਗਤ ਹੀ ਕਰਦੀ ਹੈ।

**ਗੁਪਾਲਾ, ਭਾਈ** : ਗੁਰੂ ਅਰਜਨ ਦੇਵ ਜੀ ਦਾ ਇਕ ਗਿਆਨਵਾਨ ਸਿਦਕੀ ਸਿੱਖ, ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਵੀ ਬਹੁਤ ਸੇਵਾ ਕੀਤੀ ਅਤੇ ਅੰਮ੍ਰਿਤਸਰ ਵਿਚ ਹੋਏ ਯੁੱਧ ਵਿਚ ਆਪਣੀ ਵੀਰਤਾ ਦਾ ਪ੍ਰਦਰਸ਼ਨ ਕੀਤਾ। ਸਿੱਖ ਇਤਿਹਾਸ ਅਨੁਸਾਰ ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਹਰਗੋਬਿੰਦਪੁਰਾ ਵਿਚ ਠਹਿਰੇ ਹੋਏ ਸਨ ਕਿ ਇਕ ਸਿੱਖ ਭਾਈ ਸਭਾਗਾ ਨੇ ਗੁਰੂ ਜੀ ਨੂੰ ਪੰਜ ਸੁੰਦਰ ਘੋੜੇ ਭੇਂਟ ਕੀਤੇ। ਗੁਰੂ ਜੀ ਨੇ ਦੋ ਘੋੜੇ ਆਪਣੇ ਤਬੇਲੇ ਵਿਚ ਰਖ ਕੇ ਬਾਕੀ ਦੇ ਤਿੰਨ ਬਾਬਾ ਗੁਰਦਿੱਤਾ, ਭਾਈ ਬਿਧੀ ਚੰਦ ਅਤੇ ਪੈਂਦੇ ਖ਼ਾਨ ਨੂੰ ਦੇ ਦਿੱਤੇ। ਸੰਗਤ ਵਿਚ ਬੈਠਿਆਂ ਗੁਰੂ ਜੀ ਨੇ ਗੁਰਬਾਣੀ ਦੇ ਸ਼ੁੱਧ ਪਾਠ ਉਤੇ ਬਲ ਦਿੱਤਾ ਅਤੇ ਕਿਹਾ ਕਿ ਜੋ ਵੀ ਸਿੱਖ ਸ਼ੁੱਧ ਪਾਠ ਕਰੇਗਾ, ਉਹ ਮਨ ਇਛਿਆ ਵਰ ਪ੍ਰਾਪਤ ਕਰੇਗਾ। ਭਾਈ ਗੁਪਾਲਾ ਨੇ 'ਜਪੁਜੀ' ਬਾਣੀ ਦਾ ਪਾਠ ਕਰਨ ਦੀ ਆਗਿਆ ਲਈ। ਉਸ ਨੇ ਇਤਨੇ ਸ਼ੁੱਧ ਢੰਗ ਨਾਲ ਮਨ ਟਿਕਾ ਕੇ ਪਾਠ ਕੀਤਾ ਕਿ ਗੁਰੂ ਜੀ ਆਪਣੇ ਮਨ ਵਿਚ ਉਸ ਨੂੰ ਗੁਰੂ-ਗੱਦੀ ਤਕ ਪ੍ਰਦਾਨ ਕਰਨ ਲਈ ਸੋਚਣ ਲਗ ਗਏ। ਪਰ ਆਖ਼ਰੀ ਪਉੜੀ ਉਤੇ ਪਹੁੰਚ ਕੇ ਭਾਈ ਗੁਪਾਲਾ ਦਾ ਮਨ ਉਨ੍ਹਾਂ ਦੋ ਘੋੜਿਆਂ ਦੀ ਪ੍ਰਾਪਤੀ ਵਲ ਖਿੰਡ ਗਿਆ। ਪਾਠ ਦੀ ਸਮਾਪਤੀ ਤੋਂ ਬਾਦ ਉਸ ਨੂੰ ਦੋਵੇਂ ਘੋੜੇ ਸੁਸਜਿਤ ਰੂਪ ਵਿਚ ਪ੍ਰਦਾਨ ਕਰਦਿਆਂ ਹੋਇਆਂ ਗੁਰੂ ਜੀ ਨੇ ਆਪਣੇ ਮਨ ਵਿਚ ਫੁਰੀ ਸੋਚ ਵੀ ਦਸ ਦਿੱਤੀ। ਅੰਤ ਵਿਚ ਗੁਰੂ ਜੀ ਨੇ ਗੁਰਬਾਣੀ ਦੇ ਸ਼ੁੱਧ ਪਾਠ ਦੀ ਮਹੱਤਵ-ਸਥਾਪਨਾ ਕੀਤੀ।

**ਗੁਰ-ਸ਼ਤਾਬਦੀਆਂ** : ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣ ਦੀ ਪਰੰਪਰਾ ਦਾ ਉਦਘਾਟਨ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਹੋਇਆ ਪ੍ਰਤੀਤ ਹੁੰਦਾ ਹੈ, ਜਦੋਂ 1966 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ ਮਨਾਈ ਗਈ ਸੀ। ਉਸ ਤੋਂ ਬਾਦ ਸੰਨ 1969 ਈ. ਵਿਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ, ਸੰਨ 1975 ਈ. ਵਿਚ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹਾਦਤ-ਸ਼ਤਾਬਦੀ, 1979 ਈ. ਵਿਚ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਅਤੇ 1999 ਈ. ਵਿਚ ਖ਼ਾਲਸੇ ਦੀ ਤੀਜੀ ਸਿਰਜਨਾ-ਸ਼ਤਾਬਦੀ ਆਦਿ ਮਨਾਈਆਂ ਗਈਆਂ। ਇਨ੍ਹਾਂ ਮੌਕਿਆਂ 'ਤੇ ਰਸਮੀ ਪ੍ਰੋਗਰਾਮਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਨ-ਚੇਤਨਾ ਪੈਦਾ ਕਰਨ ਦੇ ਸ਼ਲਾਘਾਯੋਗ ਯਤਨ ਹੋਏ। ਅਨੇਕ ਪ੍ਰਕਾਰ ਦੇ ਸੈਮੀਨਾਰ, ਕਾਨਫ੍ਰੰਸਾਂ, ਗੋਸ਼ਟੀਆਂ ਦੇ ਆਯੋਜਨ ਤੋਂ ਇਲਾਵਾ ਸਾਹਿਤਿਕ ਅਤੇ ਧਾਰਮਿਕ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ।

ਗੁਰ-ਸ਼ਤਾਬਦੀਆਂ ਦੇ ਅਨੁਕਰਣ ਤੇ ਸਿੱਖ ਧਰਮ ਨਾਲ ਸੰਬੰਧਿਤ ਕਈ ਹੋਰ ਸ਼ਤਾਬਦੀਆਂ ਵੀ ਮਨਾਉਣ ਵਲ ਸਿੱਖ ਅਨੁਯਾਈ ਰੁਚਿਤ ਹੋਏ। ਇਸ ਪ੍ਰਕਾਰ ਦੀਆਂ ਸ਼ਤਾਬਦੀਆਂ ਵਿਚੋਂ ਸਭ ਤੋਂ ਪਹਿਲੀ ਸੰਨ 1973 ਈ. ਵਿਚ ਸਿੰਘ ਸਭਾ ਦੀ ਪ੍ਰਥਮ ਸ਼ਤਾਬਦੀ ਸੀ। ਸੰਨ 1977 ਈ. ਵਿਚ ਅੰਮ੍ਰਿਤਸਰ ਦੀ ਨੀਂਹ ਰਖਣ ਦੀ ਚੌਥੀ ਸ਼ਤਾਬਦੀ, ਸੰਨ 1980 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ-ਸ਼ਤਾਬਦੀ, ਸੰਨ 2001 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਤਾਜਪੋਸ਼ੀ-ਸ਼ਤਾਬਦੀ ਆਦਿ। ਸੰਨ 2004 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦੇ ਮੁਕੰਮਲ ਹੋਣ ਦੀ ਚੌਥੀ ਸ਼ਤਾਬਦੀ ਅਤੇ ਸੰਨ 2008 ਈ. ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਮਿਲਣ ਦੀ ਤੀਜੀ ਸ਼ਤਾਬਦੀ ਮਨਾਏ ਜਾਣ ਵਲ ਸ਼ਰਧਾਲੂ ਰੁਚਿਤ ਹੋ ਰਹੇ ਹਨ। ਗੁਰੂ ਅੰਗਦ ਦੇਵ ਅਤੇ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਤਾਬਦੀਆਂ ਨੂੰ ਮਨਾਉਣ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

**ਗੁਰ ਸੇਵਕ ਸਭਾ** : ਵੀਹਵੀਂ ਸਦੀ ਦੇ ਤੀਜੇ ਅਤੇ ਚੌਥੇ ਦਹਾਕਿਆਂ ਵਿਚ ਸਿੱਖ ਆਗੂਆਂ ਦੀ ਧੜੇਬੰਦੀ ਕਾਰਣ ਪੰਥ ਵਿਚ ਪੈਦਾ ਹੋਈ ਫੁਟ ਨੂੰ ਦੂਰ ਕਰਨ ਲਈ ਕੁਝ ਕੁ ਸਿੱਖ ਬੁੱਧੀਜੀਵੀਆਂ, ਜਿਵੇਂ ਕਿ ਬਾਵਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਨ ਸਿੰਘ, ਪ੍ਰੋ. ਨਰੈਣ ਸਿੰਘ ਆਦਿ ਨੇ ਮਿਲ ਕੇ 29 ਦਸੰਬਰ 1933 ਈ. ਨੂੰ ਅੰਮ੍ਰਿਤਸਰ ਵਿਚ 'ਗੁਰ ਸੇਵਕ ਸਭਾ' ਦੀ ਸਥਾਪਨਾ ਕੀਤੀ। ਇਸ ਸਭਾ ਦਾ ਮੁੱਖ ਉਦੇਸ਼ ਸੀ ਕਿ ਪੰਥ ਵਿਚ ਸਿੱਖ ਮਰਯਾਦਾ ਅਤੇ ਧਾਰਮਿਕ ਮਾਨਤਾਵਾਂ ਨੂੰ ਸਹੀ ਢੰਗ ਨਾਲ ਚਲਾਇਆ ਜਾਏ ਅਤੇ ਰਾਜਨੈਤਿਕ ਪੱਧਰ ਤੇ ਸਿੱਖ ਜਥੇਬੰਦੀਆਂ ਨੂੰ ਇਕ ਹੋ ਕੇ ਸਿੱਖ-ਹੱਕਾਂ ਦੀ ਰਾਖੀ ਕਰਨ ਲਈ ਪ੍ਰੇਰਿਤ ਕੀਤਾ ਜਾਏ। ਇਸ ਸਭਾ ਵਲੋਂ ਸਥਾਨਕ ਸਿੰਘ ਸਭਾਵਾਂ ਦੇ ਸਹਿਯੋਗ ਨਾਲ ਵਿਚਾਰ-ਸੰਗਤਾਂ ਦਾ ਆਯੋਜਨ ਕੀਤਾ ਗਿਆ। ਸੰਨ 1935 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵੇਲੇ ਇਸ ਸਭਾ ਨੇ ਪਰਸਪਰ ਵਿਰੋਧੀ ਧੜਿਆਂ ਵਿਚ ਏਕਤਾ ਕਾਇਮ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ। ਸੰਨ 1936 ਈ. ਦੀ ਵਿਸਾਖੀ ਦੇ ਮੌਕੇ ਡਾ. ਬੀ.ਆਰ.ਅੰਬੇਦਕਰ ਦੇ ਅੰਮ੍ਰਿਤਸਰ ਆਉਣ 'ਤੇ ਕੀਤੇ ਗਏ ਸਿੱਖ ਸੰਮੇਲਨ ਨੂੰ ਕਾਮਯਾਬ ਕਰਨ ਵਿਚ ਇਸ ਸਭਾ ਨੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ ਅਤੇ ਡਾ. ਅੰਬੇਦਕਰ ਦੇ ਅਨੇਕ ਸੇਵਕਾਂ ਨੂੰ ਸਿੱਖ ਧਰਮ ਗ੍ਰਹਿਣ ਕਰਵਾਇਆ। ਉਸ ਅਵਸਰ 'ਤੇ ਪ੍ਰੋ. ਤੇਜਾ ਸਿੰਘ ਨੇ ਅਕਾਲ ਤਖ਼ਤ ਉਤੇ ਪਹਿਲੀ ਵਾਰ ਅੰਗ੍ਰੇਜ਼ੀ ਵਿਚ ਅਰਦਾਸ ਕੀਤੀ।

ਇਸ ਸਭਾ ਦੀ ਮਹੱਤਵਪੂਰਣ ਦੇਣ ਗੁਰੂ ਗ੍ਰੰਥ ਸਾਹਿਬ ਦਾ 'ਸ਼ਬਦਾਰਥ' ਤਿਆਰ ਕਰਨ ਵਿਚ ਵੇਖੀ ਜਾ ਸਕਦੀ ਹੈ। ਇਹ ਕੰਮ 28 ਮਈ 1936 ਈ. ਨੂੰ ਸ਼ੁਰੂ ਕਰਕੇ 15 ਸਤੰਬਰ 1941 ਈ. ਨੂੰ ਖ਼ਤਮ ਕੀਤਾ ਗਿਆ। ਇਸ ਨੂੰ ਗੁਰਬਾਣੀ ਦੇ ਅਰਥ ਕਰਨ ਦਾ ਅਕਾਦਮਿਕ ਉਦਮ ਮੰਨਿਆ ਜਾਂਦਾ ਹੈ। ਇਸ ਤੋਂ ਬਾਦ ਇਸ ਸਭਾ ਦੀ ਹੋਂਦ ਜਲਦੀ ਖ਼ਤਮ ਹੋ ਗਈ। ਵੇਖੋ 'ਸ਼ਬਦਾਰਥ' (ਪੰਜਾਬੀ)।

**ਗੁਰ ਸ਼ੋਭਾ** (ਕਾਵਿ) : ਵੇਖੋ 'ਸ੍ਰੀ ਗੁਰ ਸ਼ੋਭਾ'।

**ਗੁਰ ਕੀਰਤ ਪ੍ਰਕਾਸ਼** (ਕਾਵਿ) : ਕਵੀ ਵੀਰ ਸਿੰਘ ਬਲ ਦੀ ਲਿਖੀ ਇਸ ਕਾਵਿ-ਰਚਨਾ ਵਿਚ ਪਹਿਲੇ ਤੋਂ ਨੌਵੇਂ ਗੁਰੂ ਸਾਹਿਬ ਤਕ ਦੇ ਜੀਵਨ-ਚਰਿਤ੍ਰਾਂ ਬਾਰੇ ਕਵੀ ਨੇ ਆਪਣੇ ਮਨ ਦੀ ਭਾਵਨਾ ਨੂੰ ਅਭਿਵਿਅਕਤ ਕੀਤਾ ਹੈ। ਅੰਮ੍ਰਿਤਸਰ ਦੇ ਸਠਿਆਲਾ ਕਸਬੇ ਵਿਚ ਪੈਦਾ ਹੋਇਆ ਕਵੀ ਅਧਿਕਤਰ

ਪਟਿਆਲੇ ਹੀ ਰਿਹਾ ਅਤੇ ਮਹਾਰਾਜਾ ਕਰਮ ਸਿੰਘ ਦੀ ਸਰਪ੍ਰਸਤੀ ਮਾਣਦਾ ਰਿਹਾ। ਪਟਿਆਲਾ ਨਗਰ ਵਿਚ ਸੰਨ 1834 ਈ. ਵਿਚ ਮੁਕੰਮਲ ਹੋਏ ਇਸ ਕਾਵਿ ਦਾ ਪ੍ਰਕਾਸ਼ਨ ਸੰਨ 1986 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਕੀਤਾ ਗਿਆ ਹੈ। ਇਸ ਵਿਚ ਕੁਲ ਦਸ ਹੁਲਾਸ (ਕਾਂਡ) ਹਨ ਜਿਨ੍ਹਾਂ ਵਿਚੋਂ ਦਸਵੇਂ ਵਿਚ ਕਵੀ ਨੇ ਆਪਣਾ ਜੀਵਨ ਪਰਿਚਯ ਦਿੱਤਾ ਹੈ ਅਤੇ ਬਾਕੀਆਂ ਵਿਚ ਇਕ ਇਕ ਗੁਰੂ ਸਾਹਿਬ ਬਾਰੇ ਬ੍ਰਿੱਤਾਂਤ ਅੰਕਿਤ ਕੀਤਾ ਹੈ। ਇਨ੍ਹਾਂ ਹੁਲਾਸਾਂ ਵਿਚ ਛੰਦ-ਸੰਖਿਆ ਇਕ-ਸਮਾਨ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਛੇਵਾਂ ਹੁਲਾਸ ਸਭ ਤੋਂ ਲੰਬਾ ਹੈ ਅਤੇ ਉਸ ਵਿਚ 593 ਛੰਦ ਸਮੋਏ ਗਏ ਹਨ। ਦਸਵਾਂ ਹੁਲਾਸ ਸਭ ਤੋਂ ਛੋਟਾ ਹੈ ਅਤੇ ਉਸ ਵਿਚ ਕੇਵਲ 45 ਛੰਦ ਹਨ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਸ਼ਾਮਲ ਇਸ ਲਈ ਨਹੀਂ ਕੀਤਾ ਗਿਆ ਕਿਉਂਕਿ ਕਵੀ ਨੇ ਇਸ ਬਾਰੇ 'ਸਿੰਘ ਸਾਗਰ' (ਵੇਖੋ) ਨਾਂ ਦੀ ਸੁਤੰਤਰ ਰਚਨਾ ਕੀਤੀ ਹੈ। ਬ੍ਰਜ-ਭਾਸ਼ਾ ਵਿਚ ਰਚੇ ਇਸ ਕਾਵਿ ਦਾ ਅੰਕਨ ਗੁਰਮੁਖੀ ਲਿਪੀ ਵਿਚ ਹੋਇਆ ਹੈ।

**ਗੁਰਚਰਨ ਸਿੰਘ ਟੌਹੜਾ, ਜੱਥੇਦਾਰ** (1924-2004 ਈ.): ਵੀਹਵੀਂ ਸਦੀ ਦੇ ਉਤਰਾਰਧ ਵਿਚ ਸਿੱਖ ਧਰਮ, ਸਮਾਜ ਅਤੇ ਰਾਜਨੀਤੀ ਵਿਚ ਮਹੱਤਵਪੂਰਣ ਸਥਾਨ ਰਖਣ ਵਾਲੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ 24 ਸਤੰਬਰ 1924 ਈ. ਨੂੰ ਇਕ ਟਿਵਾਣਾ ਜੱਟ ਪਰਿਵਾਰ ਦੇ ਸ. ਦਲੀਪ ਸਿੰਘ ਦੇ ਘਰ ਮਾਤਾ ਬਚਿੰਤ ਕੌਰ ਦੀ ਦੁੱਖੋਂ ਪਟਿਆਲਾ ਜ਼ਿਲ੍ਹੇ ਦੇ ਟੌਹੜਾ ਪਿੰਡ ਵਿਚ ਹੋਇਆ। ਆਪ ਨੇ ਗੁਰਬਾਣੀ ਸੰਬੰਧੀ ਮੁਢਲੀ ਜਾਣਕਾਰੀ ਘਰੋਂ ਅਤੇ ਪਿੰਡ ਦੇ ਗ੍ਰੰਥੀ ਤੋਂ ਹਾਸਲ ਕੀਤੀ ਅਤੇ ਮੁਢਲੀ ਤਾਲੀਮ ਪਟਿਆਲੇ ਦੇ ਇਕ ਸਕੂਲ ਵਿਚੋਂ ਪ੍ਰਾਪਤ ਕੀਤੀ। ਆਪ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਅਤੇ ਖੇਤੀ-ਬਾੜੀ ਦੇ ਪਿਦਰੀ ਕਿੱਤੇ ਵਿਚ ਰੁਚੀ ਲੈਣੀ ਸ਼ੁਰੂ ਕੀਤੀ। ਸੰਨ 1937 ਈ. ਵਿਚ ਅੰਮ੍ਰਿਤ ਪਾਨ ਕਰਕੇ ਆਪ ਸੰਨ 1938 ਈ. ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਣ ਗਏ।

17 ਵਰ੍ਹਿਆਂ ਦੀ ਉਮਰ ਵਿਚ ਇਨ੍ਹਾਂ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਆਪ ਦੀ ਪ੍ਰਤਿਸ਼ਠਾ ਸਿੱਖ ਸਮਾਜ ਵਿਚ ਵਧਣ ਲਗੀ ਅਤੇ ਹੌਲੀ ਹੌਲੀ ਆਪ ਨੇ ਰਾਜਨੀਤੀ ਵਿਚ ਵੀ ਪ੍ਰਵੇਸ਼ ਕੀਤਾ। ਬਾਣੀ ਦੇ ਕੀਰਤਨ ਅਤੇ ਪਾਠ ਕਰਨ ਵਲ ਅਧਿਕ ਰੁਚਿਤ ਹੋਣ ਕਾਰਣ ਆਪ ਇਕ ਚੰਗੇ ਵਕਤਾ ਵੀ ਬਣ ਗਏ। ਜਦੋਂ ਸੰਨ 1944 ਈ. ਵਿਚ ਮਾਸਟਰ ਤਾਰਾ ਸਿੰਘ ਨੇ ਅੰਗ੍ਰੇਜ਼ ਸਰਕਾਰ ਤੋਂ ਸਿੱਖਾਂ ਨੂੰ ਹੱਕ ਦਿਵਾਉਣ ਲਈ ਅਕਾਲ ਰੈਜਮੈਂਟ ਦੀ ਸਥਾਪਨਾ ਕੀਤੀ, ਤਾਂ ਇਹ ਉਸ ਵਿਚ ਸ਼ਾਮਲ ਹੋਏ ਅਤੇ ਜੇਲ੍ਹ ਵੀ ਜਾਣਾ ਪਿਆ।

ਪੰਜਾਬ ਦੀ ਵੰਡ ਤੋਂ ਬਾਦ ਇਹ ਪਹਿਲੀ ਵਾਰ ਸਰਕਲ ਅਕਾਲੀ ਜੱਥਾ ਨਾਭਾ ਦੇ ਪ੍ਰਧਾਨ ਬਣੇ ਅਤੇ ਸਰਗਰਮ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਫਿਰ ਇਹ ਜ਼ਿਲ੍ਹਾ ਅਕਾਲੀ ਜੱਥਾ ਪਟਿਆਲਾ ਦੇ ਪ੍ਰਧਾਨ ਬਣੇ। ਇਸ ਦੇ ਨਾਲ ਹੀ ਆਪ ਨੇ ਰਿਆਸਤੀ ਅਕਾਲੀ ਦਲ ਦੇ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ। ਸੰਨ 1957 ਈ. ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਬਣੇ ਅਤੇ ਇਕ ਸਾਲ ਬਾਦ ਮੀਤ ਪ੍ਰਧਾਨ ਹੋ ਗਏ। ਸੰਨ 1960 ਈ. ਵਿਚ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨ ਲਈ ਨਾਮਜ਼ਦ ਕੀਤਾ ਗਿਆ ਅਤੇ ਬੜੀ ਸੁਖਾਵੀਂ ਜਿਤ ਪ੍ਰਾਪਤ ਕੀਤੀ।

ਸੰਨ 1960 ਈ. ਵਿਚ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਹੋਣ 'ਤੇ ਆਪ ਨੇ ਬੜੀ ਗਰਮ-ਜੋਸ਼ੀ ਨਾਲ ਭੂਮਿਕਾ ਨਿਭਾਈ। ਜਦੋਂ ਸੰਨ 1962 ਈ. ਵਿਚ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਵਿਚ ਵਿਰੋਧ ਪੈਦਾ ਹੋ ਗਿਆ, ਤਾਂ ਇਹ ਸੰਤ ਫਤਹਿ ਸਿੰਘ ਦੇ ਧੜੇ ਵਿਚ ਸ਼ਾਮਲ ਹੋ ਗਏ। ਨਵੰਬਰ 1967 ਈ. ਵਿਚ ਮਾਸਟਰ ਤਾਰਾ ਸਿੰਘ ਦੇ ਦੇਹਾਂਤ ਤੋਂ ਬਾਦ ਫਿਰ ਦੋਹਾਂ ਧੜਿਆਂ ਦਾ ਸਮਝੌਤਾ ਹੋ ਜਾਣ ਤੇ ਇਨ੍ਹਾਂ ਨੂੰ ਪਾਰਲੀਮਾਨੀ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਅਤੇ ਰਾਜ ਸਭਾ ਦਾ ਮੈਂਬਰ ਵੀ ਚੁਣਿਆ ਗਿਆ। ਰਾਜ ਸਭਾ ਦਾ ਮੈਂਬਰ ਬਣਨ ਦਾ ਗੌਰਵ ਆਪ ਨੂੰ ਛੇ ਵਾਰ ਪ੍ਰਾਪਤ ਹੋਇਆ ਅਤੇ ਇਕ ਵਾਰ ਲੋਕ ਸਭਾ ਦੇ ਮੈਂਬਰ ਵੀ ਨਿਰਵਾਚਿਤ ਹੋ ਗਏ।

ਸੰਨ 1972 ਈ. ਵਿਚ ਸੰਤ ਚੰਨਣ ਸਿੰਘ ਦੀ ਮ੍ਰਿਤੂ ਤੋਂ ਬਾਦ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ। ਪ੍ਰਧਾਨ ਬਣਨ ਤੋਂ ਬਾਦ ਇਨ੍ਹਾਂ ਨੇ ਸੰਨ 1973 ਈ. ਵਿਚ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕਾਰ-ਸੇਵਾ ਕਰਵਾਈ ਅਤੇ ਫਿਰ

ਤਿੰਨ ਦਹਾਕਿਆਂ ਤੋਂ ਬਾਦ 25 ਮਾਰਚ 2004 ਈ. ਨੂੰ ਇਸ ਮਹਾਨ ਕੰਮ ਦੀ ਸ਼ੁਰੂਆਤ ਕੀਤੀ ਪਰ ਸ਼ਰੀਰ ਦੇ ਕਮਜ਼ੋਰ ਹੋਣ ਕਾਰਣ ਇਤਨੀ ਖੇਚਲ ਬਰਦਾਸ਼ਤ ਨ ਹੋ ਸਕੀ ਅਤੇ ਦਿਲ ਦਾ ਦੌਰਾ ਪੈਣ ਕਾਰਣ ਸੰਸਾਰ ਨਾਲੋਂ ਨਾਤਾ ਤੋੜ ਲਿਆ।

ਸੰਨ 1973 ਈ. ਵਿਚ ਆਪ ਨੇ ਆਨੰਦਪੁਰ ਮਤਾ ਪਾਸ ਕਰਾਉਣ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਜਿਸ ਵਿਚ ਰਾਜਾਂ ਲਈ ਵਧ ਅਧਿਕਾਰਾਂ ਦੀ ਗੱਲ ਕੀਤੀ ਗਈ ਸੀ। ਸੰਨ 1975 ਈ ਵਿਚ ਐਮਰਜੈਂਸੀ ਵਿਰੁੱਧ ਲਗਾਏ ਮੋਰਚੇ ਕਾਰਣ ਆਪ ਨੂੰ 19 ਮਹੀਨੇ ਫਿਰੋਜ਼ਪੁਰ ਦੀ ਜੇਲ੍ਹ ਵਿਚ ਕੈਦ ਕਟਣੀ ਪਈ। ਸੰਨ 1977 ਈ. ਵਿਚ ਆਪ ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉਤੇ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ 'ਤੇ ਚੋਣ ਲੜ ਕੇ ਇਕ ਲੱਖ ਦੇ ਅਧਿਕ ਫ਼ਰਕ ਨਾਲ ਜੇਤੂ ਰਹੇ।

ਸੰਨ 1980 ਈ. ਵਿਚ ਕੇਂਦਰ ਵਿਚ ਕਾਂਗ੍ਰਸ ਦੀ ਹਕੂਮਤ ਬਣ ਜਾਣ ਕਾਰਣ ਪੰਜਾਬ ਵਿਚ ਅਕਾਲੀ ਸਰਕਾਰ ਤੋੜ ਦਿੱਤੀ ਗਈ ਅਤੇ ਇਸ ਨਾਲ ਅਕਾਲੀ ਮੋਰਚਿਆਂ ਦਾ ਦੌਰ ਸ਼ੁਰੂ ਹੋ ਗਿਆ। ਸੰਨ 1982 ਈ. ਵਿਚ ਧਰਮ-ਯੁੱਧ ਮੋਰਚਾ ਸ਼ੁਰੂ ਹੋਇਆ ਅਤੇ ਆਪ ਨੂੰ ਕੈਦ ਕਰ ਦਿੱਤਾ ਗਿਆ। ਸੰਨ 1984 ਈ. ਦੇ ਨੀਲਾ ਤਾਰਾ ਫ਼ੌਜੀ ਕਾਰਵਾਈ ਵੇਲੇ ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਸੰਨ 1985 ਈ. ਵਿਚ ਜੋਧਪੁਰ ਜੇਲ੍ਹ ਤੋਂ ਛਡਿਆ ਗਿਆ, ਪਰ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਆਪ ਨੇ ਨ ਸਵੀਕਾਰਿਆ, ਕਿਉਂਕਿ ਉਹ ਸਮਝੌਤਾ ਕੁਰਬਾਨੀ ਦੇਣ ਵਾਲਿਆਂ ਨਾਲ ਇਕ ਪ੍ਰਕਾਰ ਦਾ ਵਿਸ਼ਵਾਸਘਾਤ ਸੀ। ਸੰਨ 1986 ਈ. ਵਿਚ ਪੰਜਾਬ ਵਿਚ ਬਰਨਾਲਾ ਸਰਕਾਰ ਵੇਲੇ ਦਰਬਾਰ ਸਾਹਿਬ ਵਿਚ ਫਿਰ ਪੁਲਿਸ ਅਤੇ ਫ਼ੌਜ ਭੇਜਣ ਦੇ ਵਿਰੁੱਧ ਆਵਾਜ਼ ਉਠਾਈ। ਫਲਸਰੂਪ ਆਪ ਨੂੰ ਪਕੜ ਲਿਆ ਗਿਆ ਅਤੇ 1989 ਈ. ਤਕ ਕੈਦ ਰਹੇ। ਜੇਲ੍ਹੋਂ ਪਰਤਣ 'ਤੇ ਆਪ ਉਤੇ ਲੁਧਿਆਣੇ ਦੇ ਨੇੜੇ ਖਾੜਕੂਆਂ ਨੇ ਹਮਲਾ ਕੀਤਾ ਜਿਸ ਵਿਚ ਇਹ ਜ਼ਖ਼ਮੀ ਹੋਏ ਅਤੇ ਆਪ ਦਾ ਇਕ ਸਾਥੀ ਹਰਦਿਆਲ ਸਿੰਘ ਰਾਜਲਾ ਮਾਰਿਆ ਗਿਆ।

ਜੱਥੇਦਾਰ ਟੌਹੜਾ ਦਾ ਵਿਅਕਤਿਤਵ ਇਕ ਨੇਕ ਅਤੇ ਬੇਦਾਗ਼ ਅਕਾਲੀ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ। ਨੇਮ-ਕਰਮ ਵਿਚ ਦ੍ਰਿੜ੍ਹ ਹੋਣ ਦੇ ਨਾਲ ਨਾਲ ਆਪ ਨੇ ਬੜੀ ਸਾਦਗੀ ਨਾਲ ਆਪਣਾ ਜੀਵਨ ਬਤੀਤ ਕੀਤਾ। ਰਾਜਨੈਤਿਕ ਸਮਸਿਆਵਾਂ ਨੂੰ ਸੁਲਝਾਉਣ ਜਾਂ ਉਨ੍ਹਾਂ ਵਿਚੋਂ ਆਪਣੇ ਆਪ ਨੂੰ ਖ਼ਲਾਸ ਕਰਨ ਦੀ ਆਪ ਵਿਚ ਅਦਭੁਤ ਸੂਝ ਅਤੇ ਸਪੱਸ਼ਟ ਅੰਤਰ-ਦ੍ਰਿਸ਼ਟੀ ਸੀ। ਇਨ੍ਹਾਂ ਨੇ ਆਪਣਾ ਨਿਵਾਸ ਆਪਣੇ ਪਿੰਡ ਵਿਚ ਰਖਿਆ, ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੇ ਦੁਖ-ਸੁਖ ਵਿਚ ਸ਼ਾਮਲ ਹੋਏ। ਇਹੀ ਕਾਰਣ ਹੈ ਕਿ ਆਪਣੇ ਇਲਾਕੇ ਵਿਚ ਆਪ ਨੂੰ ਬੜਾ ਆਦਰ ਪ੍ਰਾਪਤ ਹੁੰਦਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 27 ਵਾਰ ਪ੍ਰਧਾਨਗੀ ਕਰਨ ਵਾਲੇ ਜੱਥੇਦਾਰ ਟੌਹੜਾ ਨੇ ਸਿੱਖ ਸਮਾਜ ਵਿਚ ਵਿਦਿਆ ਦੇ ਪ੍ਰਸਾਰ ਲਈ ਉਚੇਚੇ ਉਦਮ ਕੀਤੇ ਅਤੇ ਸਕੂਲ, ਕਾਲਜ ਖੋਲ੍ਹਣ ਵਿਚ ਵਿਸ਼ੇਸ਼ ਰੁਚੀ ਲਈ। ਇਸ ਤੋਂ ਇਨਾਵਾ ਕੇਂਦਰੀ ਸਿੰਘ ਸਭਾ, ਸਿੱਖ ਐਜੂਕੇਸ਼ਨਲ ਸੋਸਾਇਟੀ ਚੰਡੀਗੜ੍ਹ, ਨਨਕਾਣਾ ਸਾਹਿਬ ਐਜੂਕੇਸ਼ਨ ਸੁਸਾਇਟੀ, ਤਖ਼ਤ ਹਜ਼ੂਰ ਸਾਹਿਬ, ਗੁਰਦੁਆਰਾ ਪਾਉਂਟਾ ਸਾਹਿਬ ਆਦਿ ਅਨੇਕ ਸੰਸਥਾਵਾਂ ਦੀ ਪ੍ਰਧਾਨਗੀ ਨੂੰ ਚੰਗੇ ਢੰਗ ਨਾਲ ਨਿਭਾਇਆ। ਗੁਰੂ ਸਾਹਿਬਾਨ ਦੀਆਂ ਕਈ ਸ਼ਤਾਬਦੀਆਂ ਨੂੰ ਬੜੇ ਗੌਰਵਸ਼ਾਲੀ ਢੰਗ ਨਾਲ ਮਨਾਇਆ। ਇਸ ਤੋਂ ਛੁਟ ਅੰਮ੍ਰਿਤਸਰ ਸਥਾਪਨਾ ਦੀ ਚੌਥੀ ਸ਼ਤਾਬਦੀ, ਵਿਸ਼ਵ ਸਿੱਖ ਸੰਮੇਲਨ, ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਦੂਜੀ ਸ਼ਤਾਬਦੀ ਅਤੇ ਖ਼ਾਲਸਾ ਸਿਰਜਨਾ ਦੀ ਤੀਜੀ ਸ਼ਤਾਬਦੀ ਨੂੰ ਵਿਵਸਥਿਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ।

50 ਸਾਲ ਸਿੱਖ ਧਰਮ ਅਤੇ ਪੰਜਾਬ ਦੀ ਸਿਆਸਤ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣ ਵਾਲੇ ਜੱਥੇਦਾਰ ਟੌਹੜਾ ਦਾ 1 ਅਪ੍ਰੈਲ 2004 ਈ. ਨੂੰ ਦਿੱਲੀ ਵਿਚ ਦੇਹਾਂਤ ਹੋਇਆ ਅਤੇ ਆਪ ਦੀ ਦੇਹ ਦਾ ਸਸਕਾਰ 2 ਅਪ੍ਰੈਲ ਨੂੰ ਜੱਦੀ ਪਿੰਡ ਟੌਹੜਾ ਵਿਚ ਕੀਤਾ ਗਿਆ। 11 ਅਪ੍ਰੈਲ ਨੂੰ ਭੋਗ ਦੇ ਅਵਸਰ 'ਤੇ ਆਪ ਨੂੰ ਅਕਾਲ ਤਖ਼ਤ ਵਲੋਂ 'ਪੰਥ-ਰਤਨ' ਦੀ ਮਰਣ ਉਪਰੰਤ ਉਪਾਧੀ ਨਾਲ ਸਨਮਾਨਿਆ ਗਿਆ।

**ਗੁਰਦਾਸ, ਭਾਈ** (ਮ. 1637 ਈ.) : ਗੁਰੂ-ਕਾਲ ਦੇ ਸਿੱਖਾਂ ਵਿਚ ਭਾਈ ਗੁਰਦਾਸ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ। ਆਪ ਗੁਰਮਤਿ ਅਤੇ ਸਿੱਖ-ਧਰਮ ਦੇ ਪ੍ਰਮੁਖ ਪ੍ਰਚਾਰਕ ਅਤੇ ਪ੍ਰਵਕਤਾ ਵਜੋਂ ਸਿੱਖ-ਇਤਿਹਾਸ ਵਿਚ ਉਭਰੇ ਸਨ।

ਆਪ ਨੇ ਗੁਰੂ ਅਰਜਨ ਦੇਵ ਜੀ ਦੀ ਸਰਪ੍ਰਸਤੀ ਅਧੀਨ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਸੰਨ 1604 ਈ. ਵਿਚ ਤਿਆਰ ਕੀਤੀ। ਗੁਰਮਤਿ ਜਾਂ ਗੁਰਬਾਣੀ ਦੀ ਸਹੀ ਵਿਆਖਿਆ ਕਰਨ ਕਰਕੇ, ਰਵਾਇਤ ਅਨੁਸਾਰ, ਗੁਰੂ ਅਰਜਨ ਦੇਵ ਜੀ ਨੇ ਆਪ ਦੀਆਂ ਕਾਵਿ-ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' (ਵੇਖੋ) ਹੋਣ ਦਾ ਮਾਣ ਬਖ਼ਸ਼ਿਆ।

ਆਪ ਦੀ ਜਨਮ-ਤਿਥੀ ਅਤੇ ਜਨਮ-ਸੰਮਤ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਸਥੂਲ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਆਪ ਦਾ ਜਨਮ ਸੰਨ 1543-1553 ਈ. (1600-1610 ਬਿ.) ਦੇ ਵਿਚਾਲੇ ਹੋਇਆ ਹੋਵੇਗਾ। ਕੁਝ ਵਿਦਵਾਨ ਸੰਨ 1551 ਈ. (1608 ਬਿ.) ਵਿਚ ਉਨ੍ਹਾਂ ਦੇ ਪੈਦਾ ਹੋਣ ਬਾਰੇ ਕਈ ਤਰਕ ਪੇਸ਼ ਕਰਦੇ ਹਨ। ਕੇਸਰ ਸਿੰਘ ਛਿੱਬਰ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆ ਕਾ' (ਚਰਣ 5/100) ਵਿਚ ਆਪ ਦਾ ਜਨਮ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ, ਈਸ਼ਰ ਦਾਸ, ਦੇ ਘਰ ਗਿਲਵਾਲੀ ਪਿੰਡ ਵਿਚ ਹੋਇਆ ਸੀ। ਆਪ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਸਨ। ਜਦੋਂ ਅਜੇ ਆਪ ਕੇਵਲ ਤਿੰਨ ਵਰ੍ਹਿਆਂ ਦੇ ਸਨ ਤਾਂ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਜਦੋਂ 12 ਵਰ੍ਹਿਆਂ ਦੇ ਹੋਏ ਤਾਂ ਮਾਤਾ ਵੀ ਸਦੀਵੀ ਵਿਛੋੜਾ ਦੇ ਗਈ। ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਵਸਾਉਣ 'ਤੇ ਸਾਰਾ ਭੱਲਾ ਖ਼ਾਨਦਾਨ ਉਥੇ ਹੀ ਆ ਵਸਿਆ। ਉਥੇ ਆ ਕੇ ਆਪ ਨੇ ਮੁੱਢਲੀ ਵਿਦਿਆ ਪ੍ਰਾਪਤ ਕੀਤੀ ਅਤੇ ਫਿਰ ਅਨੇਕ ਭਾਸ਼ਾਵਾਂ ਅਤੇ ਧਰਮ-ਗ੍ਰੰਥਾਂ ਦਾ ਗੰਭੀਰਤਾ ਨਾਲ ਅਧਿਐਨ ਕੀਤਾ। ਕਾਵਿ-ਸ਼ਾਸਤ੍ਰੀ ਗ੍ਰੰਥਾਂ ਦੀ ਵੀ ਆਪ ਨੂੰ ਅਧਿਕ ਜਾਣਕਾਰੀ ਪ੍ਰਾਪਤ ਸੀ। ਆਪ ਦੇ ਵਿਆਹ, ਸੰਤਾਨ ਆਦਿ ਬਾਰੇ ਇਤਿਹਾਸ ਤੋਂ ਕੋਈ ਸੰਕੇਤ ਨਹੀਂ ਮਿਲਦਾ। ਆਪ ਜੀਵਨ-ਭਰ ਗੁਰੂ-ਦਰਬਾਰ ਨਾਲ ਜੁੜੇ ਰਹੇ।

ਆਪ ਨੂੰ ਧਰਮ-ਪ੍ਰਚਾਰ ਲਈ ਗੁਰੂ ਰਾਮਦਾਸ ਜੀ ਨੇ ਆਗਰਾ ਅਤੇ ਬਨਾਰਸ ਭੇਜਿਆ ਅਤੇ ਕੁਝ ਸਮਾਂ ਆਪ ਲਖਨਊ ਅਤੇ ਬੁਰਹਾਨਪੁਰ ਵੀ ਰਹੇ। ਜਦੋਂ ਸੰਨ 1581 ਈ. (1638 ਬਿ.) ਵਿਚ ਗੁਰੂ ਰਾਮਦਾਸ ਜੀ ਬ੍ਰਹਮਲੀਨ ਹੋਏ ਤਾਂ ਆਪ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਅੰਮ੍ਰਿਤਸਰ (ਰਾਮਦਾਸ ਪੁਰ) ਵਿਚ ਆ ਕੇ ਟਿਕ ਗਏ। ਉਥੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਦੁਆਰਾ ਖੜੇ ਕੀਤੇ ਬਖੇੜਿਆਂ ਨੂੰ ਆਪ ਨੇ ਬਾਬਾ ਬੁੱਢਾ ਜੀ ਨਾਲ ਮਿਲ ਕੇ ਖ਼ਤਮ ਕੀਤਾ ਅਤੇ ਗੁਰੂ-ਦਰਬਾਰ ਦੇ ਆਰਥਿਕ ਸੰਕਟ ਨੂੰ ਦੂਰ ਕਰਨ ਲਈ ਦਸਵੰਧ ਦੀ ਪਰੰਪਰਾ ਚਲਾਈ।

ਜਦੋਂ ਗੁਰੂ ਅਰਜਨ ਦੇਵ ਜੀ ਨੇ ਬਾਣੀ-ਸੰਕਲਨ ਦਾ ਉੱਦਮ ਸ਼ੁਰੂ ਕੀਤਾ ਤਾਂ ਆਪ ਨੇ ਲਿਖਾਰੀ ਵਜੋਂ ਪੂਰਾ ਯੋਗਦਾਨ ਦਿੱਤਾ ਅਤੇ ਸੰਨ 1604 ਈ. (1661 ਬਿ.) ਨੂੰ ਗੁਰੂ ਗ੍ਰੰਥ ਸਾਹਿਬ ਦੀ ਮੂਲ ਬੀੜ ਲਿਖ ਕੇ ਤਿਆਰ ਕੀਤੀ। ਸੰਨ 1606 ਈ. ਵਿਚ ਪੰਚਮ ਗੁਰੂ ਦੀ ਸ਼ਹਾਦਤ ਤੋਂ ਬਾਦ ਆਪ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਰਹੇ ਅਤੇ ਅਕਾਲ ਬੁੰਗੇ ਦੀ ਉਸਾਰੀ ਦੀ ਜ਼ਿੰਮੇਵਾਰੀ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤੇ ਗਏ ਤਾਂ ਆਪ ਨੇ ਪਿਛੋਂ ਗੁਰੂ-ਦਰਬਾਰ ਦੀ ਵਿਵਸਥਾ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਧਰਮ-ਪ੍ਰਚਾਰ ਜਾਰੀ ਰਖਣ ਤੋਂ ਇਲਾਵਾ ਸਿੱਖ ਸ਼ਰਧਾਲੂਆਂ ਨੂੰ ਗੁਰੂ-ਦਰਸ਼ਨਾਂ ਲਈ ਗਵਾਲੀਅਰ ਵੀ ਲੈ ਕੇ ਗਏ। ਜਦੋਂ ਗੁਰੂ ਜੀ ਗਵਾਲੀਅਰ ਤੋਂ ਪਰਤ ਕੇ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਦੀ ਆਮਦ ਦੀ ਖ਼ੁਸ਼ੀ ਵਿਚ ਬਾਬਾ ਬੁੱਢਾ ਜੀ ਨਾਲ ਮਿਲ ਕੇ ਦੀਪਮਾਲਾ ਦਾ ਆਯੋਜਨ ਕੀਤਾ। ਜਦੋਂ ਗੁਰੂ ਜੀ ਨੇ ਕਰਤਾਰਪੁਰ ਵਿਚ ਨਿਵਾਸ ਕਰਨਾ ਸ਼ੁਰੂ ਕੀਤਾ ਤਾਂ ਆਪ ਨੇ ਅੰਮ੍ਰਿਤਸਰ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ। ਬਾਬਾ ਬੁੱਢਾ ਜੀ ਦੇ ਦੇਹਾਂਤ (ਸੰਨ 1631 ਈ.) ਤੋਂ ਬਾਦ ਆਪ ਨੂੰ ਗੁਰੂ-ਗੱਦੀ ਦਾ ਪ੍ਰਮੁਖ ਵਿਵਸਥਾਪਕ ਬਣਾਇਆ ਗਿਆ।

ਆਪ ਦੇ ਦੇਹਾਂਤ ਬਾਰੇ ਅਨੇਕ ਤੱਥ ਪ੍ਰਚਲਿਤ ਹਨ, ਪਰ ਅਧਿਕ ਵਿਸ਼ਵਾਸਯੋਗ ਤੱਥ ਅਨੁਸਾਰ ਸੰਨ 1637 ਈ. (1694 ਬਿ.) ਵਿਚ ਗੋਇੰਦਵਾਲ ਵਿਚ ਹੋਇਆ। ਆਪ ਬਹੁਪੱਖੀ ਵਿਦਵਾਨ, ਤੀਖਣ ਸੋਚਵਾਨ, ਤਰਕਸ਼ੀਲ ਪ੍ਰਚਾਰਕ ਅਤੇ ਸੁਹਿਰਦ ਕਵੀ ਸਨ।

*ਬਾਣੀ ਰਚਨਾ :* ਭਾਈ ਗੁਰਦਾਸ ਸੰਬੰਧੀ ਹੁਣ ਤਕ ਹੋਈ ਖੋਜ ਦੇ ਆਧਾਰ 'ਤੇ ਉਨ੍ਹਾਂ ਦੀ ਤਿੰਨ ਪ੍ਰਕਾਰ ਦੀ ਰਚਨਾ ਮਿਲਦੀ ਹੈ— ਸੰਸਕ੍ਰਿਤ ਸ਼ਲੋਕ, ਪੰਜਾਬੀ ਵਿਚ ਲਿਖੀਆਂ ਵਾਰਾਂ ਅਤੇ ਬ੍ਰਜ-ਭਾਸ਼ਾ ਵਿਚ ਲਿਖੇ ਕਬਿੱਤ- ਸਵੈਯੇ।

*ਸੰਸਕ੍ਰਿਤ ਸ਼ਲੋਕਾਂ* ਦੀ ਕੁਲ ਗਿਣਤੀ ਛੇ ਹੈ ਜੋ ਅਨੁਸ਼ਟੁਪ ਛੰਦ-ਜਾਤਿ ਵਿਚ ਲਿਖੇ ਹਨ। ਇਨ੍ਹਾਂ ਦਾ ਪ੍ਰਾਪਤੀ-ਸਰੋਤ ਮਹਾਕਵੀ ਸੰਤੋਖ ਸਿੰਘ ਰਚਿਤ 'ਗੁਰਪ੍ਰਤਾਪ ਸੂਰਜ' ਦੀ 7ਵੀਂ ਰਾਸ (ਅੰਸੂ 4,51) ਹੈ ਜਿਥੇ ਮਹਾਕਵੀ ਨੇ ਦਸਿਆ ਹੈ ਕਿ ਕੁਝ ਪੰਡਿਤਾਂ ਨੇ ਭਾਈ ਗੁਰਦਾਸ ਤੋਂ ਪਰਮਾਤਮਾ ਦੇ

ਪੁਰਾਤਨ ਨਾਂਵਾਂ ਦੇ ਮੁਕਾਬਲੇ ਉਤੇ 'ਵਾਹਿਗੁਰੂ' ਸ਼ਬਦ ਦੀ ਮਹਾਨਤਾ ਅਤੇ ਵਿਲੱਖਣਤਾ ਬਾਰੇ ਪੁਛਿਆ ਤਾਂ ਭਾਈ ਗੁਰਦਾਸ ਨੇ ਉੱਤਰ ਵਜੋਂ ਇਨ੍ਹਾਂ ਸ਼ਲੋਕਾਂ ਦੀ ਰਚਨਾ ਕੀਤੀ। ਇਨ੍ਹਾਂ ਵਿਚ 'ਵਾਹਿਗੁਰੂ' ਸ਼ਬਦ ਦੀ ਅੱਖਰ -ਕ੍ਰਮ ਅਨੁਸਾਰ ਪੌਰਾਣਿਕ ਸੰਦਰਭ ਵਿਚ ਅਧਿਆਤਮਿਕ ਵਿਆਖਿਆ ਕੀਤੀ ਗਈ। ਆਪ ਨੇ ਪਹਿਲੀ ਵਾਰ ਦੀ ਅੰਤਿਮ ਪਉੜੀ ਵਿਚ ਵੀ 'ਵਾਹਿਗੁਰੂ' ਸ਼ਬਦ ਦਾ ਵਿਸ਼ਲੇਸ਼ਣ ਕੀਤਾ ਹੈ।

*ਵਾਰਾਂ :* ਆਪ ਨੇ ਪੰਜਾਬੀ ਵਿਚ ਕਿੰਨੀਆਂ ਵਾਰਾਂ ਲਿਖੀਆਂ, ਇਸ ਬਾਰੇ ਵਿਦਵਾਨ ਇਕ-ਮਤ ਨਹੀਂ ਹਨ। ਬਹੁਤੀਆਂ ਪੁਰਾਤਨ ਹੱਥ-ਲਿਖਿਤਾਂ ਵਿਚ ਇਨ੍ਹਾਂ ਦੀ ਗਿਣਤੀ 39 ਹੈ। ਪਰ ਪਰਵਰਤੀ ਹੱਥ-ਲਿਖਿਤਾਂ ਵਿਚ 40ਵੀਂ ਵਾਰ ਵੀ ਆਖ਼ੀਰ ਉਤੇ ਲਿਖੀ ਮਿਲਦੀ ਹੈ। ਇਸ ਵਾਰ ਬਾਰੇ ਅਧਿਕਾਂਸ਼ ਵਿਦਵਾਨਾਂ ਜਿਵੇਂ ਮੈਕਾਲਿਫ਼, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਹਜ਼ਾਰਾ ਸਿੰਘ, ਪੰਡਿਤ ਨਰੈਣ ਸਿੰਘ ਦਾ ਮਤ ਹੈ ਕਿ ਇਹ ਭਾਈ ਗੁਰਦਾਸ ਦੀ ਪ੍ਰਮਾਣਿਕ ਵਾਰ ਹੈ, ਕਿਉਂਕਿ ਇਸ ਦੇ ਭਾਵ, ਭਾਸ਼ਾ-ਸ਼ੈਲੀ, ਛੰਦ- ਪ੍ਰਬੰਧ ਆਦਿ ਤੱਥ 39 ਵਾਰਾਂ ਨਾਲ ਨਿਕਟ ਸਮੀਪਤਾ ਰਖਦੇ ਹਨ। ਇਸ ਤੱਥ ਦੀ ਪੁਸ਼ਟੀ ਲਈ 'ਗੁਰਬਿਲਾਸ ਪਾਤਿਸ਼ਾਹੀ ੬' ਦੀ ਇਕ ਟੂਕ ਵੀ ਪੇਸ਼ ਕੀਤੀ ਜਾਂਦੀ ਹੈ— *ਗੁਰ ਅਰਜਨ ਮਮ ਆਗਿਆ ਕਰੀ। ਵਾਰ ਚਾਲੀਸ ਰਚੋ ਸੁਖ ਕਰੀ।* ਇਨ੍ਹਾਂ 40 ਵਾਰਾਂ ਦਾ ਡਾ. ਗੁਰਸ਼ਰਨ ਕੌਰ ਜੱਗੀ ਦੁਆਰਾ ਸੰਪਾਦਿਤ ਪ੍ਰਮਾਣਿਕ ਸੰਸਕਰਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਹੋ ਚੁਕਿਆ ਹੈ।

ਭਾਈ ਗੁਰਦਾਸ ਨੇ ਇਨ੍ਹਾਂ ਵਾਰਾਂ ਦੀ ਰਚਨਾ ਕਦ ਅਤੇ ਕਿਥੇ ਕੀਤੀ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਹੁਣ ਇਤਿਹਾਸ ਤੋਂ ਨਹੀਂ ਮਿਲਦਾ। ਫਿਰ ਵੀ ਕੁਝ ਅੰਦਰਲੇ ਅਤੇ ਬਾਹਰਲੇ ਪ੍ਰਮਾਣਾਂ ਦੇ ਆਧਾਰ 'ਤੇ ਇਨ੍ਹਾਂ ਤੱਥਾਂ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਪਹਿਲੀ ਵਾਰ ਦਾ ਰਚਨਾ-ਕਾਲ ਵਿਚਾਰਨਾ ਉਚਿਤ ਹੋਵੇਗਾ ਕਿਉਂਕਿ ਇਸ ਦਾ ਮਹੱਤਵ ਬਾਕੀਆਂ ਨਾਲੋਂ ਅਧਿਕ ਹੈ। ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਜਨਮਸਾਖੀ ਦੀ ਪ੍ਰਸਤਾਵਨਾ ਅਨੁਸਾਰ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਦੀ ਰਚਨਾ ਗ੍ਰੰਥ ਸਾਹਿਬ ਦੇ ਸੰਪਾਦਨ (ਸੰਨ 1604 ਈ.) ਤੋਂ ਬਾਦ ਜਨਮਸਾਖੀ ਜਾਂ ਗੋਸਟਿ ਦੀ ਸਹੀ ਮਰਯਾਦਾ ਨੂੰ ਕਾਇਮ ਰਖਣ ਲਈ ਕੀਤੀ ਸੀ ਅਤੇ ਇਸ ਦਾ ਇਕ ਨਾਂ 'ਗਿਆਨ ਰਤਨਾਵਲੀ' ਵੀ ਪ੍ਰਚਲਿਤ ਸੀ। ਛੇਵੇਂ ਗੁਰੂ ਹਰਿਗੋਬਿੰਦ ਬਾਰੇ ਇਸ ਵਾਰ ਦੀ 48ਵੀਂ ਪਉੜੀ ਵਿਚਲੇ ਇਕ ਉੱਲੇਖ (*ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ*) ਦੇ ਆਧਾਰ 'ਤੇ ਇਸ ਦਾ ਰਚਨਾ-ਕਾਲ ਛੇਵੇਂ ਗੁਰੂ ਦੀ ਮੁਗ਼ਲ ਫ਼ੌਜ ਨਾਲ ਹੋਈ ਪਹਿਲੀ ਲੜਾਈ (ਸੰਨ 1628 ਈ.) ਤੋਂ ਬਾਦ ਪ੍ਰਤੀਤ ਹੁੰਦਾ ਹੈ। ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਵਿਚਾਰਾਧੀਨ ਪਉੜੀ ਗੁਰੂ ਸਾਹਿਬ ਦੇ ਯੁੱਧ-ਉਪਰੰਤ ਲਿਖ ਕੇ ਆਖ਼ੀਰ ਤੇ ਸ਼ਾਮਲ ਕੀਤੀ ਗਈ ਹੋਵੇ।

ਇਸ ਵਾਰ ਤੋਂ ਇਲਾਵਾ ਛੇ ਹੋਰ ਵਾਰਾਂ (ਅੰਕ 3,13,24,26,38,39) ਵੀ ਹਨ ਜਿਨ੍ਹਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਉੱਲੇਖ ਮਿਲਦਾ ਹੈ। ਇਹ ਵਾਰਾਂ ਛੇਵੇਂ ਗੁਰੂ ਦੇ ਗੱਦੀ ਉਤੇ ਬੈਠਣ (ਸੰਨ 1606 ਈ.) ਤੋਂ ਬਾਦ ਲਿਖੀਆਂ ਗਈਆਂ ਹੋਣਗੀਆਂ। ਯਾਰ੍ਹਵੀਂ ਵਾਰ ਵਿਚ ਛੇਵੇਂ ਗੁਰੂ ਦੇ ਪ੍ਰਮੁਖ ਸਿੱਖਾਂ ਦੀ ਸੂਚੀ ਦਿੱਤੀ ਵੀ ਮਿਲਦੀ ਹੈ। ਇਹ ਵਾਰ ਵੀ ਸੰਨ 1628 ਈ. ਜਾਂ ਉਸ ਤੋਂ ਬਾਦ ਦੀ ਰਚਨਾ ਪ੍ਰਤੀਤ ਹੁੰਦੀ ਹੈ ਜਦੋਂ ਗੁਰੂ ਸਾਹਿਬ ਦੇ ਸਿੱਖਾਂ ਵਿਚੋਂ ਕੁਝ ਨੇ ਆਪਣੀ ਸੇਵਾ-ਸਾਧਨਾ ਰਾਹੀਂ ਵਿਸ਼ੇਸ਼ ਜਸ ਖਟ ਲਿਆ ਹੋਵੇਗਾ। ਮੀਣਿਆਂ ਸੰਬੰਧੀ ਲਿਖੀਆਂ ਦੋ ਵਾਰਾਂ (26 ਅਤੇ 36), ਹੋ ਸਕਦਾ ਹੈ, ਗੁਰੂ ਗ੍ਰੰਥ ਸੰਪਾਦਨ ਤੋਂ ਪਹਿਲਾਂ ਲਿਖੀਆਂ ਗਈਆਂ ਹੋਣ।

ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਕੁਝ ਕੁ ਵਾਰਾਂ ਨੂੰ ਛਡ ਕੇ ਅਧਿਕਾਂਸ਼ ਵਾਰਾਂ ਦੀ ਰਚਨਾ ਗ੍ਰੰਥ-ਸੰਪਾਦਨ (ਸੰਨ 1604 ਈ.) ਤੋਂ ਬਾਦ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਾਕ੍ਰਮਾਂ ਦੌਰਾਨ ਹੋਈ ਹੋਵੇਗੀ। ਸੰਭਵ ਹੈ ਭਾਈ ਗੁਰਦਾਸ ਆਪਣੇ ਜੀਵਨ ਦੇ ਅੰਤ-ਕਾਲ (1637 ਈ.) ਤਕ ਰਚਨਾ-ਪ੍ਰਕ੍ਰਿਆ ਵਿਚ ਰੁਝੇ ਰਹੇ ਹੋਣ, ਪਰ ਉਨ੍ਹਾਂ ਦੀ ਰਚਨਾ ਦਾ ਸਰਗਰਮ ਸਮਾਂ ਦੇਹਾਂਤ ਤੋਂ ਕੁਝ ਵਰ੍ਹੇ ਪਹਿਲਾਂ ਮੁਕ ਚੁਕਿਆ ਸਮਝ ਲੈਣਾ ਚਾਹੀਦਾ ਹੈ। ਇਨ੍ਹਾਂ ਤੱਥਾਂ ਦੇ ਪ੍ਰਕਾਸ਼ ਵਿਚ ਇਸ ਸੰਪ੍ਰਦਾਈ ਰਵਾਇਤ ਦਾ ਖੰਡਨ ਹੋ ਜਾਂਦਾ ਹੈ ਜਿਸ ਅਨੁਸਾਰ ਭਾਈ ਗੁਰਦਾਸ ਦੀ ਬਾਣੀ ਨੂੰ ਖ਼ੁਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਵਿਚ ਸ਼ਾਮਲ ਕਰਨ ਦੀ ਥਾਂ ਇਸ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਗੌਰਵ ਬਖ਼ਸ਼ਿਆ ਸੀ।

ਇਨ੍ਹਾਂ ਵਾਰਾਂ ਦੀ ਪ੍ਰਚਾਰਾਤਮਕ ਬਿਰਤੀ ਨੂੰ ਵੇਖਦੇ ਹੋਇਆਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਭਿੰਨ ਭਿੰਨ ਅਵਸਰਾਂ ਉਤੇ ਤਦ-ਵਕਤੀ ਘਟਨਾਵਾਂ

ਅਤੇ ਅਵਸਥਾਵਾਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਗਈਆਂ ਹੋਣਗੀਆਂ ਜਾਂ ਜਿਗਿਆਸੂਆਂ ਨੂੰ ਉਪਦੇਸ਼ ਦੇਣ ਲਈ ਰਚੀਆਂ ਗਈਆਂ ਹੋਣਗੀਆਂ। ਬਾਦ ਵਿਚ ਕਵੀ ਨੇ ਇਨ੍ਹਾਂ ਨੂੰ ਵਿਸ਼ੇਸ਼ ਕ੍ਰਮ ਪ੍ਰਦਾਨ ਕੀਤਾ ਹੋਵੇਗਾ।

ਜੇ ਭਾਸ਼ਾ ਨੂੰ ਆਧਾਰ ਬਣਾਈਏ ਤਾਂ ਪੂਰਵਾਰਧ ਦੀਆਂ ਵਾਰਾਂ ਦੀ ਭਾਸ਼ਾ ਬ੍ਰਜ ਭਾਸ਼ਾ ਤੋਂ ਜ਼ਿਆਦਾ ਪ੍ਰਭਾਵਿਤ ਹੈ ਅਤੇ ਉਤਰਾਰਧ ਵਿਚ ਭਾਸ਼ਾ ਪੰਜਾਬੀ ਮੁਹਾਂਦਰੇ ਦੇ ਜ਼ਿਆਦਾ ਅਨੁਰੂਪ ਹੁੰਦੀ ਗਈ ਹੈ। ਸੰਭਵ ਹੈ ਪਹਿਲਾਂ ਬ੍ਰਜ-ਭਾਸ਼ਾ ਵਿਚ ਕਬਿੱਤ-ਸਵੈਯੇ ਲਿਖਣ ਕਾਰਣ ਵਾਰਾਂ ਦੀ ਰਚਨਾ ਵਿਚ ਪ੍ਰਵ੍ਰਿਤ ਹੋਣ ਵੇਲੇ ਪਹਿਲੀਆਂ ਵਾਰਾਂ ਵਿਚ ਬ੍ਰਜ-ਭਾਸ਼ਾ ਦਾ ਕੁਝ ਪ੍ਰਭਾਵ ਰਿਹਾ ਹੋਵੇਗਾ ਅਤੇ ਬਾਦ ਵਿਚ ਉਹ ਘਟਦਾ ਗਿਆ ਹੋਵੇਗਾ।

*ਕਬਿੱਤ-ਸਵੈਯੇ :* ਭਾਈ ਗੁਰਦਾਸ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਪੰਜਾਬੀ ਤੋਂ ਇਲਾਵਾ ਬ੍ਰਜ-ਭਾਸ਼ਾ ਵਿਚ ਕਬਿੱਤ-ਸਵੈਯੇ ਵੀ ਲਿਖੇ ਹਨ। ਉਨ੍ਹਾਂ ਨੇ ਕੁਲ ਕਿਤਨੇ ਕਬਿੱਤ-ਸਵੈਯੇ ਲਿਖੇ ? ਇਹ ਤੱਥ ਅਜੇ ਅਨਿਸਚਿਤ ਹੈ। ਸੰਨ 1940 ਈ. ਤੋਂ ਪਹਿਲਾਂ ਤਕ ਉਨ੍ਹਾਂ ਦੇ ਨਾਂ 'ਤੇ ਕੁਲ 556 ਕਬਿੱਤ-ਸਵੈਯੇ ਛਪੇ ਹੋਏ ਮਿਲਦੇ ਸਨ। ਪੁਰਾਤਨ ਹੱਥ-ਲਿਖਿਤਾਂ ਵਿਚ ਕੁਝ ਕੁ ਅਧਿਕ ਵੀ ਲਿਖੇ ਹਨ। ਪਰ 'ਗੁਰ ਪ੍ਰਤਾਪ ਸੂਰਜ' ਦਾ ਸੰਪਾਦਨ ਕਰਦਿਆਂ ਭਾਈ ਵੀਰ ਸਿੰਘ ਨੂੰ 556 ਤੋਂ ਅਧਿਕ ਕਬਿੱਤ ਹੋਣ ਦੀ ਸੰਭਾਵਨਾ ਦਾ ਸੰਕੇਤ ਮਿਲਿਆ ਕਿਉਂਕਿ ਭਾਈ ਸੰਤੋਖ ਸਿੰਘ ਨੇ ਭਾਈ ਗੁਰਦਾਸ ਦੇ ਬ੍ਰਿੱਤਾਂਤ ਵਿਚ ਜਿਨ੍ਹਾਂ ਚਾਰ ਕਬਿੱਤਾਂ ਦਾ ਭਾਵ-ਅਨੁਵਾਦ ਰਾਸ 7 (ਅੰਸੂ 4, 61-62 ਅਤੇ ਅੰਸੂ 5,39-40) ਵਿਚ ਦਿੱਤਾ ਹੈ, ਉਨ੍ਹਾਂ ਵਿਚੋਂ ਪਹਿਲੇ, ਤੀਜੇ ਅਤੇ ਚੌਥੇ ਦਾ ਮੂਲ ਰੂਪ ਪਹਿਲਾਂ ਛਪੇ ਕਬਿੱਤਾਂ ਦੇ 520, 527 ਅਤੇ 528 ਤੋਂ ਮਿਲ ਜਾਂਦਾ ਹੈ ਪਰ ਦੂਜੇ ਦਾ ਕਿਤੇ ਨਹੀਂ ਮਿਲਦਾ। ਭਾਵੇਂ ਇਸ ਕਬਿੱਤ ਦਾ ਮੂਲ ਰੂਪ ਅਜੇ ਵੀ ਉਪਲਬਧ ਨਹੀਂ ਹੋਇਆ, ਪਰ ਇਸ ਨੇ ਕਬਿੱਤਾਂ ਦੀ ਸੰਖਿਆ ਅਧਿਕ ਹੋਣ ਦੀ ਸੰਭਾਵਨਾ ਵਲ ਜ਼ਰੂਰ ਸੰਕੇਤ ਕਰ ਦਿੱਤਾ।

ਭਾਈ ਵੀਰ ਸਿੰਘ ਨੇ ਯਤਨ ਕਰਕੇ 119 ਕਬਿੱਤ ਹੋਰ ਲਭ ਕੇ ਪਹਿਲਾਂ ਪ੍ਰਾਪਤ 556 ਕਬਿੱਤਾਂ ਤੋਂ ਅਗੇ ਦੂਜੇ ਸਕੰਧ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਇਸ ਤਰ੍ਹਾਂ ਇਨ੍ਹਾਂ ਦੀ ਕੁਲ ਗਿਣਤੀ 675 ਹੋ ਗਈ। ਇਨ੍ਹਾਂ ਵਿਚੋਂ ਕੁਝ ਕੁ ਕਬਿੱਤਾਂ ਦੇ ਪਾਠਾਂ ਵਿਚ ਨਿਟਕ-ਸਮਾਨਤਾ ਵੀ ਮਿਲਦੀ ਹੈ। ਇਨ੍ਹਾਂ 675 ਛੰਦਾਂ ਵਿਚੋਂ 648 ਕਬਿੱਛ ਹਨ, ਬਾਕੀਆਂ ਵਿਚੋਂ ਤਿੰਨ ਸਵੈਯੇ, ਅੱਠ ਦੋਹਰੇ, ਅੱਠ ਸੋਰਠੇ ਅਤੇ ਅੱਠ ਛੰਤ ਹਨ। ਇਸ ਤਰ੍ਹਾਂ ਭਾਈ ਗੁਰਦਾਸ ਨੇ ਮੁੱਖ ਰੂਪ ਵਿਚ ਕੇਵਲ ਕਬਿੱਤ ਲਿਖੇ ਹਨ। ਇਨ੍ਹਾਂ ਦੇ ਸੰਗ੍ਰਹਿ ਨੂੰ 'ਕਬਿੱਤ ਭਾਈ ਗੁਰਦਾਸ' ਦਾ ਨਾਂ ਦੇਣਾ ਹੀ ਉਚਿਤ ਹੋਵੇਗਾ।

ਇਹ ਕਬਿੱਤ ਕਦ ਅਤੇ ਕਿਥੇ ਲਿਖੇ ਗਏ ? ਇਸ ਬਾਰੇ ਸਿੱਖ ਵਿਦਵਾਨਾਂ ਵਿਚ ਦੋ ਮਤ ਪ੍ਰਚਲਤ ਹਨ। ਪਹਿਲੇ ਮਤ ਅਨੁਸਾਰ ਕਬਿੱਤਾਂ ਦੀ ਰਚਨਾ ਉਦੋਂ ਹੋਈ, ਜਦੋਂ ਭਾਈ ਗੁਰਦਾਸ ਆਗਰਾ, ਬਨਾਰਸ ਆਦਿ ਹਿੰਦੀ ਭਾਸ਼ੀ ਖੇਤਰਾਂ ਵਿਚ ਗੁਰਮਤਿ ਦੇ ਪ੍ਰਚਾਰ ਲਈ ਗਏ ਹੋਏ ਸਨ। ਕਿਉਂਕਿ ਉਨ੍ਹਾਂ ਖੇਤਰਾਂ ਦੇ ਜਿਗਿਆਸੂਆਂ ਨੂੰ ਗੁਰੂ ਸਾਹਿਬਾਨ ਦੁਆਰਾ ਚਲਾਈ ਭਾਉ-ਭਗਤੀ ਦਾ ਸਹੀ ਰਸਾਸੁਆਦਨ ਉਨ੍ਹਾਂ ਦੀ ਹੀ ਭਾਸ਼ਾ ਰਾਹੀਂ ਕਰਾਉਣਾ ਉਚਿਤ ਸੀ।

ਦੂਜੇ ਮਤ ਅਨੁਸਾਰ ਇਹ ਕਬਿੱਤ ਭਾਈ ਸਾਹਿਬ ਦੇ ਮੁੱਢਲੇ ਸਮੇਂ ਦੀ ਰਚਨਾ ਹਨ ਅਤੇ ਵਾਰਾਂ ਪ੍ਰੌੜ੍ਹ ਅਵਸਥਾ ਵਿਚ ਲਿਖੀਆਂ ਗਈਆਂ ਸਨ। ਪਰ ਕਬਿੱਤਾਂ ਵਿਚ ਪ੍ਰਗਟ ਕੀਤੇ ਭਾਵ ਅਤੇ ਵਿਯੋਗ ਦੇ ਸਲ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਇਹ ਕਬਿੱਤ ਉਸ ਸਮੇਂ ਦੀ ਰਚਨਾ ਹਨ ਜਦੋਂ ਭਾਈ ਗੁਰਦਾਸ ਗੁਰੂ-ਚਰਣਾਂ ਦੀ ਛੋਹ ਤੋਂ ਦੂਰ ਸਨ ਅਤੇ ਚੂੰਕਿ ਪ੍ਰਚਾਰ ਲਈ ਭਾਈ ਸਾਹਿਬ ਆਗਰਾ, ਬਨਾਰਸ ਆਦਿ ਥਾਂਵਾਂ ਉਤੇ ਗਏ ਸਨ, ਇਸ ਲਈ ਕੀਹ ਵਿਯੋਗ ਦੀ ਭਾਵਨਾ ਤੋਂ ਅਤੇ ਕੀਹ ਭਾਸ਼ਾ ਦੀ ਦ੍ਰਿਸ਼ਟੀ ਤੋਂ ਕਬਿੱਤ ਪੰਜਾਬ ਤੋਂ ਬਾਹਰ ਰਹਿਣ ਦੇ ਸਮੇਂ ਵਿਚ ਰਚੇ ਗਏ ਸਨ।

ਇਹ ਸਾਰੇ ਕਬਿੱਤ ਇਕ ਸਮੇਂ ਜਾਂ ਇਕੋ ਥਾਂ ਉਤੇ ਇਕ ਨਿਸ਼ਚਿਤ ਲੜੀ ਵਿਚ ਲਿਖੇ ਗਏ ਪ੍ਰਤੀਤ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਵਿਚ ਭਾਵਨਾਵਾਂ ਦੀਆਂ ਵਖ ਵਖ ਲਹਿਰਾਂ ਹਨ ਜੋ ਮਹਾਕਵੀ ਦੇ ਮਨ ਵਿਚ ਭਿੰਨ ਭਿੰਨ ਅਵਸਥਾਵਾਂ ਵਿਚ ਉਠੀਆਂ ਭਾਵ-ਤਰੰਗਾਂ ਵਲ ਸੰਕੇਤ ਕਰਦੀਆਂ ਹਨ। ਸਥੂਲ ਰੂਪ ਵਿਚ ਇਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ— ਵਿਆਖਿਆ-ਪ੍ਰਧਾਨ ਅਤੇ ਅਨੁਭਵ-ਪ੍ਰਧਾਨ। ਵਿਆਖਿਆ-ਪ੍ਰਧਾਨ ਉਹ ਕਬਿੱਤ ਹਨ ਜਿਨ੍ਹਾਂ ਵਿਚ ਆਪ ਨੇ ਪ੍ਰਚਾਰਕ ਦ੍ਰਿਸ਼ਟੀ ਤੋਂ ਗੁਰਮਤਿ ਸਿੱਧਾਂਤਾਂ ਨੂੰ ਸਪੱਸ਼ਟ ਕੀਤਾ ਹੈ। ਅਨੁਭਵ-ਪ੍ਰਧਾਨ ਵਰਗ ਵਿਚ ਉਹ ਕਬਿੱਤ ਰਖੇ ਜਾ ਸਕਦੇ ਹਨ ਜਿਨ੍ਹਾਂ ਵਿਚ ਆਪ ਨੇ ਨਿਜੀ ਅਨੁਭਵ ਨੂੰ

ਕਿਸੇ ਨ ਕਿਸੇ ਢੰਗ ਨਾਲ ਪ੍ਰਗਟਾਇਆ ਹੈ। ਆਤਮ-ਸਮਰਪਣ ਦੀ ਭਾਵਨਾ ਤੋਂ ਲੈ ਕੇ ਬਿਰਹ ਦੀ ਤੜਪ ਤਕ ਦੇ ਅਨੁਭਵ ਇਸ ਵਰਗ ਵਿਚ ਰਖੇ ਜਾ ਸਕਦੇ ਹਨ।

ਕਬਿੱਤ ਇਤਨੇ ਪ੍ਰਸਿੱਧ ਅਤੇ ਹਰਮਨ ਪਿਆਰੇ ਕਿਉਂ ਨ ਹੋ ਸਕੇ, ਜਿਤਨੀਆਂ ਵਾਰਾਂ ਪ੍ਰਸਿੱਧ ਹੋਈਆਂ ਹਨ? ਇਸ ਦਾ ਪ੍ਰਮੁਖ ਕਾਰਣ ਭਾਸ਼ਾ ਦਾ ਬੰਧਨ ਪ੍ਰਤੀਤ ਹੁੰਦਾ ਹੈ। ਬ੍ਰਜ-ਭਾਸ਼ਾ ਤੋਂ ਅਨਜਾਣ ਪੰਜਾਬੀ ਪਾਠਕ ਇਨ੍ਹਾਂ ਦੀ ਉਸ ਰੁਚੀ ਅਤੇ ਬੋਧ ਨਾਲ ਪੜ੍ਹ ਅਤੇ ਸਮਝ ਨਹੀਂ ਸਕਦੇ ਜਿਸ ਨਾਲ ਉਹ ਵਾਰਾਂ ਨੂੰ ਪੜ੍ਹਦੇ ਅਤੇ ਸਮਝਦੇ ਹਨ। ਪਰ ਚੂੰਕਿ ਇਨ੍ਹਾਂ ਵਿਚ ਗੁਰਮਤਿ-ਸਭਿਆਚਾਰ, ਰਹਿਤ-ਮਰਯਾਦਾ ਅਤੇ ਭਗਤੀ-ਭਾਵਨਾ ਦਾ ਪ੍ਰਗਟਾਵਾ ਹੋਇਆ ਹੈ, ਇਸ ਲਈ ਜਿਗਿਆਸੂਆਂ, ਸਿੱਖ-ਸਾਧਕਾਂ ਅਤੇ ਧਰਮ-ਪ੍ਰਚਾਰਕਾਂ ਲਈ ਇਨ੍ਹਾਂ ਦਾ ਕਾਫ਼ੀ ਮਹੱਤਵ ਹੈ। ਇਸ ਤੋਂ ਇਲਾਵਾ, ਖੋਜ ਕਰਨ ਵਾਲਿਆਂ ਲਈ ਭਾਈ ਗੁਰਦਾਸ ਦੀ ਅੰਤਰਾਤਮਾ ਦੇ ਸੰਵੇਦਨਾਤਮਕ ਪੱਖ ਦਾ ਦਰਸ਼ਨ ਕਰਨਾ ਇਨ੍ਹਾਂ ਕਬਿੱਤਾਂ ਤੋਂ ਹੀ ਸੰਭਵ ਹੈ। ਬਿਰਹੋਂ ਦੀ ਭਾਵਨਾ ਦਾ ਸਫਲ ਪ੍ਰਗਟਾਵਾ ਵੀ ਇਨ੍ਹਾਂ ਕਬਿੱਤਾਂ ਰਾਹੀਂ ਸਹੀ ਢੰਗ ਨਾਲ ਹੋ ਸਕਿਆ ਹੈ।

**ਗੁਰਦਾਸ, ਭਾਈ** (ਦੂਜਾ) : ਇਹ ਕਵੀ ਸਿੱਖ ਧਰਮ ਦੇ ਪ੍ਰਮੁਖ ਪ੍ਰਚਾਰਕ ਅਤੇ ਪ੍ਰਵਕਤਾ ਭਾਈ ਗੁਰਦਾਸ ਤੋਂ ਭਿੰਨ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਅਤੇ ਸਮਕਾਲੀ ਪ੍ਰਤੀਤ ਹੁੰਦਾ ਹੈ। ਇਸ ਦੀ ਕੇਵਲ ਇਕੋ ਇਕ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ ਦਸਵੀ ਕੀ' ਮਿਲਦੀ ਹੈ। ਇਹ ਵਾਰ ਆਮ ਤੌਰ 'ਤੇ ਪਹਿਲੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਅੰਤ ਉਤੇ 41ਵੀਂ ਵਾਰ ਦੇ ਰੂਪ ਵਿਚ ਸੰਕਲਿਤ ਕੀਤੀ ਮਿਲਦੀ ਹੈ। ਇਸ ਵਿਚ ਭਾਈ ਗੁਰਦਾਸ ਦੇ ਜੀਵਨ ਬਾਰੇ ਕੋਈ ਤੱਥ ਉਪਲਬਧ ਨਹੀਂ ਹੈ। ਕੁਝ ਵਿਦਵਾਨ ਇਸ ਨੂੰ 'ਗੁਰਦਾਸ ਸਿੰਘ' ਕਹਿੰਦੇ ਹਨ।

ਇਸ ਵਾਰ ਵਿਚ ਕੁਲ 28 ਪਉੜੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ 20 ਪਉੜੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਅਤੇ ਵਿਲੱਖਣਤਾ ਨੂੰ ਰੂਪਾਇਤ ਕੀਤਾ ਗਿਆ ਹੈ ਅਤੇ ਇਨ੍ਹਾਂ ਸਾਰੀਆਂ ਪਉੜੀਆਂ ਦੀ ਅੰਤਿਮ ਪੰਕਤੀ ਇਕ-ਸਮਾਨ ਹੈ— *ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*

ਕਵੀ ਨੇ ਇਸ ਵਾਰ ਵਿਚ ਸਪੱਸ਼ਟ ਕੀਤਾ ਹੈ ਕਿ ਗੁਰੂ ਜੀ ਨੇ ਸੰਗਤ ਨੂੰ 'ਖ਼ਾਲਸਾ' ਵਿਚ ਪਰਿਵਰਤਿਤ ਕਰ ਦਿੱਤਾ ਹੈ। ਸਾਰੀ ਰਚਨਾ ਗੁਰੂ ਸਾਹਿਬ ਦੀ ਉਸਤਤ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਮਹਾਨਾਇਕ ਦੇ ਰੂਪ ਵਿਚ ਪੇਸ਼ ਕਰਦੀ ਹੋਈ, ਬਦੀ ਨੂੰ ਖ਼ਤਮ ਕਰਾ ਕੇ ਨੇਕੀ ਨੂੰ ਸਥਾਪਿਤ ਕਰਾਉਂਦੀ ਹੈ ਅਤੇ ਕ੍ਰਿਪਾਨ ਨੂੰ ਕਾਲਿਕਾ ਦੁਆਰਾ ਚਿੰਨ੍ਹਿਤ ਕਰਕੇ ਉਸ ਦੀ ਪ੍ਰਚੰਡ ਸ਼ਕਤੀ ਨੂੰ ਉਜਾਗਰ ਕਰਦੀ ਹੈ।

ਇਸ ਵਾਰ ਦੀ 22ਵੀਂ ਪਉੜੀ ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਬਾਰੇ ਲਿਖੀ ਗਈ ਹੈ ਅਤੇ 23ਵੀਂ ਵਿਚ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੀ ਸ਼ਹਾਦਿਤ ਉਤੇ ਝਾਤ ਪਾਈ ਗਈ ਹੈ। ਅੰਤਿਮ ਪਉੜੀਆਂ ਵਿਚ ਖ਼ਾਲਸੇ ਦੀ ਮਹਿਮਾ ਗਾਈ ਗਈ ਹੈ।

**ਗੁਰਦਿਆਲ ਸਿੰਘ, ਜੱਥੇਦਾਰ** (1886-1958 ਈ.): ਗੁਰਬਾਣੀ ਦੀ ਵਿਆਖਿਆ ਵਿਚ ਰੁਚੀ ਲੈਣ ਵਾਲੇ ਜੱਥੇਦਾਰ ਗੁਰਦਿਆਲ ਸਿੰਘ ਦਾ ਜਨਮ ਸੰਨ 1886 ਈ. ਵਿਚ ਪੰਜਾਬ ਦੇ ਮੋਗਾ ਨਗਰ ਦੇ ਨੇੜਲੇ ਕਸਬੇ ਆਦਮਪੁਰ ਵਿਚ ਹੋਇਆ ਦਸਿਆ ਜਾਂਦਾ ਹੈ। ਇਸ ਨੂੰ ਨਾਭਾ-ਪਤਿ ਮਹਾਰਾਜਾ ਰਿਪੁਦਮਨ ਸਿੰਘ ਦੀ ਸਰਪ੍ਰਸਤੀ ਪ੍ਰਾਪਤ ਸੀ। ਉਸ ਨਾਲ ਇਹ ਸੰਨ 1910 ਈ. ਵਿਚ ਇੰਗਲੈਂਡ ਵੀ ਗਿਆ ਸੀ। ਉਥੋਂ ਪਰਤ ਕੇ ਇਹ ਭਿੰਡਰ ਕਲਾਂ ਵਿਚ ਸੰਤ ਸੁਦਰ ਸਿੰਘ ਦੀ ਟਕਸਾਲ ਵਿਚ ਦਾਖ਼ਲ ਹੋਇਆ ਅਤੇ ਸਿੱਖ ਧਰਮ-ਗ੍ਰੰਥਾਂ ਅਤੇ ਇਤਿਹਾਸਿਕ ਰਚਨਾਵਾਂ ਦਾ ਨਿਠ ਕੇ ਅਧਿਐਨ ਕੀਤਾ। ਗੁਰਮਤਿ ਵਿਦਵਾਨ ਵਜੋਂ ਇਸ ਦੀ ਸ਼ੋਹਰਤ ਫੈਲਣ 'ਤੇ ਸੰਨ 1920 ਈ. ਵਿਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ। ਜੈਤੋ ਦੇ ਮੋਰਚੇ ਕਾਰਣ ਜਦੋਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਗ਼ੈਰ-ਕਾਨੂੰਨੀ ਘੋਸ਼ਿਤ ਕੀਤੇ ਗਏ, ਤਾਂ ਇਸ ਨੂੰ 7 ਜਨਵਰੀ 1924 ਈ. ਨੂੰ ਪਕੜ ਕੇ ਮੁਲਤਾਨ ਜ਼ੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਕੈਦ ਦੌਰਾਨ ਇਹ ਕੈਦੀਆਂ ਨੂੰ ਗੁਰਬਾਣੀ ਸੰਬੰਧੀ ਪ੍ਰਵਚਨ ਦਿਆ ਕਰਦਾ ਸੀ। ਕੈਦੋਂ ਮੁਕਤ ਹੋਣ 'ਤੇ ਸੰਤ ਸੁੰਦਰ ਸਿੰਘ ਨੇ ਇਸ ਨੂੰ ਭੋਪਾਰਾਇ ਪਿੰਡ ਵਿਚ ਬਣੇ ਨਵੇਂ ਗੁਰਦੁਆਰੇ ਦਾ ਜੱਥੇਦਾਰ ਥਾਪ ਦਿੱਤਾ। ਸੰਨ 1945 ਈ. ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਨੇ ਗੁਰਮਤਿ ਪ੍ਰਚਾਰ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ

ਵਿਆਖਿਆ ਲੜੀ ਦਾ ਆਰੰਭ ਵੀ ਕੀਤਾ ਅਤੇ ਹਰ ਸਾਲ ਪੂਰੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਦਾ ਭੋਗ ਪਾਇਆ। ਇਸ ਨੇ 28 ਮਾਰਚ 1958 ਈ. ਵਿਚ ਆਪਣੀ ਮ੍ਰਿਤੂ ਤੋਂ ਪਹਿਲਾਂ ਅਜਿਹੀਆਂ 23 ਵਿਆਖਿਆਵਾਂ ਸੰਪੰਨ ਕੀਤੀਆਂ।

**ਗੁਰਦਿਆਲ ਸਿੰਘ ਢਿਲੋਂ** (1915-1992 ਈ.): ਪੰਜਾਬ ਦੇ ਪ੍ਰਸਿੱਧ ਸਿਆਸਤਦਾਨ ਅਤੇ ਸਫ਼ੀਰ ਸ. ਗੁਰਦਿਆਲ ਸਿੰਘ ਢਿਲੋਂ ਦਾ ਜਨਮ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਸਰਹਾਲੀ ਪਿੰਡ ਵਿਚ 6 ਅਗਸਤ 1915 ਈ. ਨੂੰ ਹੋਇਆ ਜੋ ਇਸ ਦਾ ਨਾਨਕਾ ਪਿੰਡ ਸੀ। ਇਸ ਦੇ ਪਿਤਾ ਸ. ਹਰਦਿੱਤ ਸਿੰਘ ਭੰਗੀ ਮਿਸਲ ਦੇ ਮਿਸਲਦਾਰਾਂ ਦੀ ਵੰਸ਼-ਪਰੰਪਰਾ ਵਿਚ ਪੰਜਵਾੜ, ਜ਼ਿਲ੍ਹਾ ਅੰਮ੍ਰਿਤਸਰ ਦੇ ਰਈਸ ਸਨ। ਇਸ ਨੇ ਦਸਵੀਂ ਤਕ ਪੜ੍ਹਾਈ ਖ਼ਾਲਸਾ ਕਾਲਜਿਏਟ ਸਕੂਲ, ਅੰਮ੍ਰਿਤਸਰ ਵਿਚ ਕੀਤੀ ਅਤੇ ਬੀ.ਏ. ਦੀ ਡਿਗਰੀ ਗੌਰਮਿੰਟ ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀ। ਇਸ ਤੋਂ ਪਿਛੋਂ ਇਹ ਲਾਅ ਕਾਲਜ ਲਾਹੌਰ ਵਿਚ ਦਾਖ਼ਲ ਹੋਇਆ ਅਤੇ ਸੰਨ 1937 ਈ. ਵਿਚ ਲਾਅ ਦੀ ਡਿਗਰੀ ਹਾਸਲ ਕੀਤੀ। ਇਸ ਨੇ ਡਾ. ਸੈਫ਼ੁੱਦੀਨ ਕਿਚਲੂ ਦੀ ਦੇਖ-ਰੇਖ ਵਿਚ ਵਕਾਲਤ ਦਾ ਕੰਮ ਸ਼ੁਰੂ ਕੀਤਾ, ਪਰ ਮਨ ਨ ਲਗਿਆ। ਫਿਰ ਫ਼ੌਜ ਵਿਚ ਕਮਿਸ਼ਨ ਮਿਲ ਗਿਆ, ਪਰ ਸਿਖਲਾਈ ਖ਼ਤਮ ਕਰਨ ਤੋਂ ਬਾਦ ਛਡ ਕੇ ਘਰ ਆ ਗਿਆ। ਉਦੋਂ ਵਿਦਿਆਰਥੀ ਜੱਥੇਬੰਦੀਆਂ ਨੇ ਪੰਜਾਬ ਦਾ ਮਾਹੌਲ ਚੰਗੀ ਤਰ੍ਹਾਂ ਭਖਾਇਆ ਹੋਇਆ ਸੀ। ਇਸ ਨੂੰ ਆਪਣੀ ਗਤਿਵਿਧੀ ਲਈ ਉਹ ਮਾਹੌਲ ਠੀਕ ਬੈਠਿਆ। ਇਸ ਨੇ 'ਹਰਸਾ ਛੀਨਾ' ਮੋਰਚੇ ਵਿਚ ਭਾਗ ਲੈ ਕੇ ਇਕ ਸਾਲ ਕੈਦ ਕਟੀ। ਇਸ ਨਾਲ ਇਹ ਯੁਵਕ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ।

ਜੇਲ੍ਹ ਤੋਂ ਮੁਕਤ ਹੋਣ ਤੋਂ ਬਾਦ ਇਸ ਨੇ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਆਪਣੀਆਂ ਸਰਗਰਮੀਆਂ ਨੂੰ ਤੇਜ਼ ਕਰਨ ਲਈ ਪੱਤਰਕਾਰੀ ਵਲ ਰੁਚਿਤ ਹੋਇਆ। ਇਸ ਨੇ ਪੰਜਾਬੀ ਵਿਚ 'ਵਰਤਮਾਨ' ਦਾ ਸੰਪਾਦਨ ਕੀਤਾ ਅਤੇ ਉਰਦੂ ਵਿਚ 'ਸ਼ੇਰੇ-ਭਾਰਤ' ਰਾਹੀਂ ਆਪਣੇ ਵਿਚਾਰ ਪ੍ਰਗਟਾਏ। ਪੱਤਰਕਾਰੀ ਦੁਆਰਾ ਇਹ ਰਾਜਨੈਤਿਕ ਲੀਡਰਾਂ ਦੇ ਸੰਪਰਕ ਵਿਚ ਆਇਆ। ਸੰਨ 1952 ਈ. ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿਤ ਪ੍ਰਾਪਤ ਕਰਕੇ ਪਹਿਲਾਂ ਡਿਪਟੀ ਸਪੀਕਰ ਬਣਿਆ ਅਤੇ ਬਾਦ ਵਿਚ ਸਪੀਕਰ ਦੀ ਪਦਵੀ ਤਕ ਪਹੁੰਚਿਆ। ਸੰਨ 1965 ਈ. ਵਿਚ ਇਸ ਨੂੰ ਪੰਜਾਬ ਮੰਤਰੀ-ਮੰਡਲ ਵਿਚ ਟ੍ਰਾਂਸਪੋਰਟ ਅਤੇ ਸਿੰਚਾਈ ਦੇ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ। ਅਗਲੀਆਂ ਚੋਣਾਂ ਵਿਚ ਇਹ ਲੋਕ ਸਭਾ ਦਾ ਮੈਂਬਰ ਬਣਿਆ ਅਤੇ ਸਪੀਕਰ ਦਾ ਕਾਰਜ-ਭਾਰ ਸੰਭਾਲਿਆ। ਫਿਰ ਇਸ ਨੂੰ ਟ੍ਰਾਂਸਪੋਰਟ ਅਤੇ ਜਹਾਜ਼ਰਾਨੀ ਦਾ ਮੰਤਰੀ ਬਣਾਇਆ ਗਿਆ। ਤਦ ਉਪਰੰਤ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਵਜੋਂ ਭੇਜਿਆ ਗਿਆ। ਜਿਸ ਔਹਦੇ 'ਤੇ ਵੀ ਇਹ ਰਿਹਾ, ਬੜੇ ਸੁਲਝੇ ਹੋਏ ਢੰਗ ਨਾਲ ਇਸ ਨੇ ਆਪਣੀ ਜ਼ਿੰਮੇਵਾਰੀ ਨਿਭਾਈ ਅਤੇ ਇਕ ਨੇਕ ਤੇ ਦਿਆਨਤਦਾਰ ਸ਼ਖ਼ਸੀਅਤ ਦਾ ਪ੍ਰਭਾਵ ਛਡਿਆ। 23 ਮਾਰਚ 1992 ਈ. ਨੂੰ ਦਿਲ ਦਾ ਦੌਰਾ ਪੈਣ ਕਾਰਣ ਇਸ ਦਾ ਨਵੀਂ ਦਿੱਲੀ ਵਿਚ ਦੇਹਾਂਤ ਹੋਇਆ।

ਸ. ਗੁਰਦਿਆਲ ਸਿੰਘ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉਤੇ ਪ੍ਰਾਪਤ ਹੋਏ ਸਨਮਾਨਾਂ ਦੀ ਇਕ ਲੰਬੀ ਸੂਚੀ ਹੈ। ਇਸ ਨੇ ਭਾਰਤ ਦੀਆਂ ਅਨੇਕ ਵਿਧਾਨ ਸਭਾਵਾਂ ਦੇ ਮੁਖੀਆਂ ਦੀਆਂ ਕਾਨਫ਼੍ਰੰਸਾਂ ਵਿਚ ਭਾਗ ਲਿਆ ਅਤੇ ਸੱਤ ਵਾਰ ਪ੍ਰਧਾਨਗੀ ਵੀ ਕੀਤੀ। ਇਸ ਨੇ ਅੰਤਰ- ਰਾਸ਼ਟਰੀ ਪੱਧਰ 'ਤੇ ਵੀ ਪਾਰਲੀਮਾਨੀ ਕਾਨਫ਼੍ਰੰਸਾਂ ਵਿਚ ਮੈਂਬਰ ਅਤੇ ਪ੍ਰਧਾਨ ਦੀ ਹੈਸੀਅਤ ਵਿਚ ਹਿੱਸਾ ਲਿਆ। ਪਰ ਇਸ ਦੀ ਅਧਿਕ ਰੁਚੀ ਅਕਾਦਮਿਕ ਸੰਸਥਾਵਾਂ ਨਾਲ ਜੁੜੇ ਰਹਿਣ ਵਿਚ ਸੀ। ਪੰਜਾਬ ਯੂਨੀਵਰਸਿਟੀ ਦੇ ਸਿੰਡੀਕੇਟ ਅਤੇ ਸੈਨੇਟ ਨਾਲ ਇਹ ਲਗਭਗ ਤੀਹ ਵਰ੍ਹਿਆਂ ਤਕ ਸੰਬੰਧਿਤ ਰਿਹਾ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸੈਨੇਟ ਅਤੇ ਸਿੰਡੀਕੇਟ ਦਾ ਵੀ ਮੈਂਬਰ ਰਿਹਾ। ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਕੁਰੁਕ੍ਸ਼ੇਤ੍ਰ ਯੂਨੀਵਰਸਿਟੀ ਵਲੋਂ ਮਾਨ-ਅਰਥ ਡਿਗਰੀਆਂ ਹਾਸਲ ਕਰਨ ਦਾ ਮਾਣ ਪ੍ਰਾਪਤ ਕੀਤਾ। ਅੰਤਰ-ਰਾਸ਼ਟਰੀ ਪੱਧਰ 'ਤੇ ਕੋਰੀਆ ਅਤੇ ਜਰਮਨੀ ਤੋਂ ਵੀ ਮਾਨ-ਅਰਥ ਡਿਗਰੀਆਂ ਨਾਲ ਵਰਸਾਇਆ ਗਿਆ। ਇਸ ਤੋਂ ਇਲਾਵਾ ਤਰਨਤਾਰਨ ਦੀਆਂ ਤਿੰਨ ਅਕਾਦਮਿਕ ਸੰਸਥਾਵਾਂ ਅਤੇ ਬੀੜ ਬਾਬਾ ਬੁੱਢਾ ਕਾਲਜ, ਸ਼ਹੀਦ ਫੇਰੂਮਾਨ ਕਾਲਜ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ, ਪੰਜਾਬ ਪਬਲਿਕ ਸਕੂਲ ਨਾਭਾ ਦੀਆਂ ਪ੍ਰਬੰਧਕੀ ਕਮੇਟੀਆਂ ਅਤੇ ਟ੍ਰਸਟਾਂ ਦਾ ਮੈਂਬਰ ਰਿਹਾ। ਜਲਿਆਂ ਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟ੍ਰਸਟ ਦੀ ਟ੍ਰਸਟ ਸਬ-

ਕਮੇਟੀ ਅਤੇ ਪ੍ਰਬੰਧਕੀ ਕਮੇਟੀ ਦਾ ਅੱਠ ਸਾਲ ਚੇਅਰਮੈਨ ਰਿਹਾ। ਇਸ ਤਰ੍ਹਾਂ ਸ. ਗੁਰਦਿਆਲ ਸਿੰਘ ਢਿਲੋਂ ਇਕ ਪ੍ਰਤਿਸ਼ਠਿਤ, ਬੇਦਾਗ਼ ਅਤੇ ਉਤਸਾਹੀ ਰਾਸ਼ਟਰੀ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ।

**ਗੁਰਦਿਤ ਸਿੰਘ, ਬਾਬਾ** (1861-1954 ਈ.): ਕਾਮਾਗਾਟਾ ਮਾਰੂ ਵਾਲੀ ਦੁਖਦਾਇਕ ਘਟਨਾ ਦੇ ਨਾਇਕ ਵਜੋਂ ਉਭਰੇ ਬਾਬਾ ਗੁਰਦਿਤ ਸਿੰਘ ਦਾ ਜਨਮ ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੰਨ 1861 ਈ. ਵਿਚ ਸ. ਹੁਕਮ ਸਿੰਘ ਸੰਧੂ ਦੇ ਘਰ ਹੋਇਆ। ਖੇਤੀ ਬਾੜੀ ਤੋਂ ਜਦ ਮਨ ਉਚਕ ਗਿਆ ਤਾਂ ਵਪਾਰ ਕਰਨ ਦੀ ਧੁਨ ਸਵਾਰ ਹੋਈ। ਪਹਿਲਾਂ ਇਹ ਮਲਾਇਆ ਗਿਆ ਅਤੇ ਉਥੋਂ ਹਾਂਗ-ਕਾਂਗ ਪਹੁੰਚਿਆ। ਕੁਝ ਸਮਾਂ ਠੇਕੇਦਾਰੀ ਕੀਤੀ। ਫਿਰ 'ਕਾਮਾਗਾਟਾ ਮਾਰੂ' ਨਾਂ ਦਾ ਇਕ ਜਾਪਾਨੀ ਸਮੁੰਦਰੀ ਜਹਾਜ਼ ਕਿਰਾਏ ਉਤੇ ਲਿਆ ਅਤੇ 376 ਮੁਸਾਫ਼ਰਾਂ, ਜਿਨ੍ਹਾਂ ਵਿਚੋਂ ਕੇਵਲ 30 ਗ਼ੈਰ-ਸਿੱਖ ਸਨ, ਕੈਨੇਡਾ ਜਾਣ ਲਈ ਤਿਆਰ ਹੋਇਆ। ਅੰਗ੍ਰੇਜ਼ ਸਰਕਾਰ ਵਲੋਂ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਪਾਈਆਂ ਗਈਆਂ। ਉਨ੍ਹਾਂ ਸਭ ਨੂੰ ਝੇਲਦਿਆਂ 4 ਅਪ੍ਰੈਲ 1914 ਈ. ਨੂੰ ਇਹ ਜਹਾਜ਼ ਹਾਂਗ-ਕਾਂਗ ਤੋਂ ਵੈਨਕੂਵਰ ਨੂੰ ਰਵਾਨਾ ਹੋਇਆ। 22 ਮਈ 1914 ਈ. ਨੂੰ ਜਹਾਜ਼ ਵੈਨਕੂਵਰ ਪਹੁੰਚਿਆ, ਪਰ ਉਸ ਨੂੰ ਕੰਢੇ ਨ ਲਗਣ ਦਿੱਤਾ ਗਿਆ। ਮੁਸਾਫ਼ਰਾਂ ਵਿਚੋਂ ਕੇਵਲ ਉਨ੍ਹਾਂ ਨੂੰ ਹੀ ਉਥੇ ਉਤਰਨ ਦਿੱਤਾ ਗਿਆ ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿਧ ਕਰ ਸਕੇ। ਬਾਕੀ ਸਾਰੇ 23 ਜੁਲਾਈ ਤਕ ਸਖ਼ਤ ਪਹਿਰੇ ਵਿਚ ਰਖੇ ਗਏ। ਆਖ਼ਰ ਜਹਾਜ਼ ਨੂੰ ਹਾਂਗ-ਕਾਂਗ ਪਰਤਣਾ ਪਿਆ। ਪਰ ਉਥੇ ਵੀ ਜਹਾਜ਼ ਨੂੰ ਕੰਢੇ ਨ ਲਗਣ ਦਿੱਤਾ ਗਿਆ।

ਬੇਹਦ ਕਠਿਨਾਈਆਂ ਦਾ ਸਾਹਮਣਾ ਕਰਦਾ ਹੋਇਆ ਉਹ ਜਹਾਜ਼ 29 ਸਤੰਬਰ 1914 ਈ. ਨੂੰ ਹੁਗਲੀ ਨਦੀ ਦੇ ਮੁਹਾਨੇ 'ਤੇ ਪਹੁੰਚਿਆ ਅਤੇ 'ਬਜਬਜ ਘਾਟ' ਨਾਂ ਦੀ ਬੰਦਰਗਾਹ ਉਤੇ ਲਗਾ। ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ ਅਤੇ ਮੁਸਾਫ਼ਰਾਂ ਨੂੰ ਗੱਡੀ ਰਾਹੀਂ ਪੰਜਾਬ ਜਾਣ ਦੇ ਆਦੇਸ਼ ਦਿੱਤੇ ਗਏ। 17 ਮੁਸਲਮਾਨ ਮੁਸਾਫ਼ਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿਚ ਸਵਾਰ ਹੋ ਗਏ। ਪਰ ਜੁਝਾਰੂ ਸਿੱਖ ਬਾਬੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਹਿਤ ਜਲੂਸ ਦੇ ਰੂਪ ਵਿਚ ਪੈਦਲ ਚਲ ਪਏ। ਪੁਲਿਸ ਅਤੇ ਫ਼ੌਜ ਦੀਆਂ ਟੁਕੜੀਆਂ ਨੇ ਉਨ੍ਹਾਂ ਉਤੇ ਗੋਲੀ ਚਲਾਈ। ਫਲਸਰੂਪ 18 ਮੁਸਾਫ਼ਰ ਮਾਰੇ ਗਏ, 25 ਜ਼ਖ਼ਮੀ ਹੋਏ, ਬਾਕੀ ਫੜ ਲਏ ਗਏ। ਇਨ੍ਹਾਂ ਸ਼ਹੀਦਾਂ ਨੇ ਦੇਸ਼ ਅੰਦਰ ਇਕ ਨਵੀਂ ਚੇਤਨਾ ਪੈਦਾ ਕਰ ਦਿੱਤੀ।

ਬਾਬਾ ਗੁਰਦਿਤ ਸਿੰਘ ਆਪਣੇ 28 ਸਾਥੀਆਂ ਸਮੇਤ ਉਥੋਂ ਬਚ ਕੇ ਨਿਕਲ ਗਿਆ। ਛੇ ਸਾਲ ਤਕ ਗੁਪਤ ਰਹਿਣ ਮਗਰੋਂ ਉਹ ਫਿਰ ਸਾਹਮਣੇ ਆਇਆ, ਕਈ ਵਾਰ ਕੈਦ ਕਟੀ ਅਤੇ ਰਾਸ਼ਟਰੀ ਅੰਦੋਲਨ ਵਿਚ ਜੁਟ ਗਿਆ। ਸੰਨ 1926 ਈ. ਵਿਚ ਸ. ਸਰਮੁਖ ਸਿੰਘ ਝਬਾਲ ਦੇ ਜੇਲ੍ਹ ਚਲੇ ਜਾਣ ਕਾਰਣ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਿਆ। ਸੰਨ 1926 ਈ. ਵਿਚ ਇੰਡੀਅਨ ਨੈਸ਼ਨਲ ਕਾਂਗ੍ਰਸ ਦੇ ਗੁਹਾਟੀ ਸੈਸ਼ਨ ਵਿਚੋਂ 50 ਸਿੱਖ ਡੈਲੀਗੇਟਾਂ ਸਹਿਤ ਰੋਸ ਵਜੋਂ ਸਭਾ-ਤਿਆਗ ਕੀਤਾ, ਕਿਉਂਕਿ ਸਬਜੈਕਟ ਕਮੇਟੀ ਨੇ ਆਪਣੇ ਮਤਿਆਂ ਵਿਚ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀਓਂ ਉਤਾਰਨ ਦੇ ਅਨਿਆਇ ਬਾਰੇ ਉਲੇਖ ਕਰਨ ਦਾ ਸੁਝਾਓ ਨਹੀਂ ਮੰਨਿਆ ਸੀ। ਸੰਨ 1931 ਤੋਂ 1933 ਈ. ਤਕ ਇਹ ਆਪਣੀ ਰਾਜਨੈਤਿਕ ਗਤਿਵਿਧੀਆਂ ਕਾਰਣ ਤਿੰਨ ਵਾਰ ਜੇਲ੍ਹ ਗਿਆ। ਸੰਨ 1937 ਈ. ਵਿਚ ਇਸ ਨੇ ਕਾਂਗ੍ਰਸ ਦੇ ਟਿਕਟ ਉਤੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀ ਚੋਣ ਲੜੀ, ਪਰ ਹਾਰ ਗਿਆ। 24 ਜੁਲਾਈ, 1954 ਈ. ਨੂੰ 94 ਵਰ੍ਹਿਆਂ ਦੀ ਉਮਰ ਭੋਗ ਕੇ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ।

ਬਜਬਜ ਘਾਟ ਦਾ ਗੋਲੀਕਾਂਡ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਦੀ ਇਕ ਅਹਿਮ ਘਟਨਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸੁਤੰਤਰਤਾ-ਸੰਗ੍ਰਾਮ ਭਖ ਪਿਆ। ਦੇਸ਼ ਲਈ ਹੋਏ ਕੁਰਬਾਨੀ ਦੇ ਸਾਕਿਆਂ ਵਿਚ ਬਜਬਜ -ਘਾਟ ਦਾ ਉੱਲੇਖ ਵੀ ਆਦਰ ਨਾਲ ਕੀਤਾ ਜਾਂਦਾ ਹੈ।

**ਗੁਰਦਿੱਤਾ, ਬਾਬਾ** (1613-1638 ਈ.): ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਜਿਨ੍ਹਾਂ ਦਾ ਜਨਮ 15 ਨਵੰਬਰ 1613 ਈ. ਨੂੰ ਮਾਤਾ ਦਮੋਦਰੀ ਦੀ ਕੁੱਖੋਂ ਆਪਣੇ ਨਾਨਕੇ ਪਿੰਡ ਡਰੌਲੀ ਭਾਈ, ਜ਼ਿਲ੍ਹਾ ਫ਼ਰੀਦਕੋਟ ਵਿਚ ਹੋਇਆ। ਆਪ ਨੇ ਗੁਰਮਤਿ ਗਿਆਨ ਅਤੇ ਸ਼ਸਤ੍ਰ-ਵਿਦਿਆ ਆਪਣੇ ਪਿਤਾ-ਗੁਰੂ ਪਾਸੋਂ ਪ੍ਰਾਪਤ ਕੀਤੀ। 17 ਅਪ੍ਰੈਲ 1621 ਈ. ਨੂੰ ਆਪ ਦਾ ਵਿਆਹ ਬਟਾਲੇ ਦੇ ਭਾਈ

ਰਾਮੇ ਖਤ੍ਰੀ ਦੀ ਸੁਪੁੱਤਰੀ ਬੀਬੀ ਅਨੰਤੀ ਨਾਲ ਹੋਇਆ। ਸੰਨ 1626-27 ਈ. ਵਿਚ ਬਾਬਾ ਗੁਰਦਿੱਤਾ ਜੀ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਨਗਰ ਵਿਚ ਰਹੇ। ਇਸੇ ਦੌਰਾਨ ਪਿਤਾ-ਗੁਰੂ ਨੇ ਪਹਾੜੀ ਖੇਤਰ ਵਿਚ ਨਿਵਾਸ-ਸਥਾਨ ਬਣਾਉਣ ਲਈ ਆਗਿਆ ਦਿੱਤੀ ਅਤੇ ਬਾਬਾ ਜੀ ਨੇ ਕੀਰਤਪੁਰ ਨਗਰ ਵਸਾਇਆ। ਆਪ ਨੇ ਮੁਗ਼ਲ ਸੈਨਾ ਨਾਲ ਹੋਏ ਕਰਤਾਰਪੁਰ ਦੇ ਯੁੱਧ ਵਿਚ ਭਾਗ ਲਿਆ ਅਤੇ ਆਪਣੀ ਸੂਰਬੀਰਤਾ ਦਾ ਪਰਿਚਯ ਦਿੱਤਾ।

ਬਾਬਾ ਸ੍ਰੀ ਚੰਦ ਦੀ ਮੰਗ 'ਤੇ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਨੂੰ ਉਦਾਸੀ ਮਤ ਦੇ ਵਿਕਾਸ ਲਈ ਅਰਪਿਤ ਕਰ ਦਿੱਤਾ। ਆਪ ਨੇ ਚਾਰ ਧੂਇਆਂ (ਧੂਣਿਆਂ) ਦੀ ਸਥਾਪਨਾ ਕਰਕੇ ਉਨ੍ਹਾਂ ਉਤੇ ਆਪਣੇ ਚਾਰ ਵਿਸ਼ਵਸਤ ਚੇਲਿਆਂ—ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਇੰਦਾ— ਨੂੰ ਧਰਮ-ਪ੍ਰਚਾਰ ਲਈ ਨਿਯੁਕਤ ਕੀਤਾ। ਬਾਬਾ ਜੀ ਨੇ ਬੜੀ ਛੋਟੀ ਆਯੂ ਵਿਚ 15 ਮਾਰਚ 1638 ਈ. ਨੂੰ ਪ੍ਰਾਣ ਤਿਆਗ ਦਿੱਤੇ। ਆਪ ਦਾ ਦੇਹਰਾ ਕੀਰਤਪੁਰ ਵਿਚ ਬਣਿਆ ਹੋਇਆ ਹੈ। ਆਪ ਦੇ ਦੋ ਸੁਪੁੱਤਰ ਸਨ— ਧੀਰ ਮੱਲ ਅਤੇ ਹਰਿ ਰਾਇ। ਹਰਿ ਰਾਇ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1644 ਈ. ਵਿਚ ਗੁਰੂ-ਗੱਦੀ ਦਾ ਅਧਿਕਾਰੀ ਸਥਾਪਿਤ ਕਰਕੇ ਮਹਾਪ੍ਰਸਥਾਨ ਕੀਤਾ।

**ਗੁਰਦਿੱਤਾ, ਭਾਈ** (1625-1675 ਈ.): ਬਾਬਾ ਬੁੱਢਾ ਜੀ ਦੀ ਵੰਸ਼ ਵਿਚ ਭਾਈ ਝੰਡਾ ਦੇ ਘਰ ਪੈਦਾ ਹੋਇਆ ਭਾਈ ਗੁਰਦਿੱਤਾ ਸਿੱਖ ਜਗਤ ਵਿਚ ਬਹੁਤ ਸਮਾਦਰਿਤ ਸੀ। ਇਸ ਨੂੰ ਸੰਨ 1664 ਈ. ਵਿਚ ਬਕਾਲਾ ਕਸਬੇ ਵਿਚ ਉਚੇਚਾ ਨਿਮੰਤਰਿਤ ਕੀਤਾ ਗਿਆ, ਤਾਂ ਜੋ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ-ਗੱਦੀ ਦਾ ਤਿਲਕ ਦੇਣ ਵਾਲਿਆਂ ਵਿਚ ਸ਼ਾਮਲ ਕੀਤਾ ਜਾਏ, ਕਿਉਂਕਿ ਪਰੰਪਰਾ ਤੋਂ ਬਾਬਾ ਬੁੱਢਾ ਦੀ ਵੰਸ਼ ਵਿਚੋਂ ਹੀ ਗੁਰੂ-ਗੱਦੀ ਦਾ ਤਿਲਕ ਦੇਣ ਦੀ ਰਸਮ ਪੂਰੀ ਕੀਤੀ ਜਾਂਦੀ ਸੀ। ਫਲਸਰੂਪ ਇਸ ਨੇ 11 ਅਗਸਤ 1664 ਈ. ਨੂੰ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ-ਗੱਦੀ ਦਾ ਤਿਲਕ ਲਗਾਇਆ। ਇਸ ਨੇ 19 ਜੂਨ 1665 ਈ. ਨੂੰ ਮਾਖੋਵਾਲ (ਬਾਦ ਵਿਚ ਆਨੰਦਪੁਰ) ਦੇ ਟਿੱਬੇ ਉਤੇ ਬ੍ਰਿਛ ਲਗਾਇਆ। ਸਿੱਖ ਇਤਿਹਾਸ ਅਨੁਸਾਰ ਮਾਲਵੇ ਦੇ ਸਫ਼ਰ ਵੇਲੇ ਇਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਰਿਹਾ। ਜਦੋਂ ਗੁਰੂ ਤੇਗ ਬਹਾਦਰ ਜੀ ਸ਼ਹਾਦਤ ਦੇਣ ਲਈ ਦਿੱਲੀ ਨੂੰ ਜਾਣ ਲਗੇ, ਤਾਂ ਉਨ੍ਹਾਂ ਨੇ 11 ਨਵੰਬਰ 1675 ਈ. ਨੂੰ ਭਾਈ ਗੁਰਦਿੱਤਾ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ-ਗੱਦੀ ਦਾ ਤਿਲਕ ਲਗਵਾਇਆ। ਗੁਰੂ ਤੇਗ ਬਹਾਦਰ ਜੀ ਦੇ ਦਿੱਲੀ ਨੂੰ ਕੀਤੇ ਪ੍ਰਸਥਾਨ ਤੋਂ ਕੁਝ ਦਿਨ ਬਾਦ ਇਹ ਵੀ ਦਿੱਲੀ ਚਲਾ ਗਿਆ ਅਤੇ ਗੁਰੂ ਜੀ ਦੀ ਸ਼ਹਾਦਤ ਆਪਣੀ ਅੱਖੀਂ ਵੇਖੀ। ਅਗਲੇ ਦਿਨ 12 ਨਵੰਬਰ 1675 ਈ. ਨੂੰ ਇਸ ਨੇ ਵੀ ਸਵੈ-ਇੱਛਾ ਨਾਲ ਪ੍ਰਾਣ ਤਿਆਗ ਦਿੱਤੇ ਅਤੇ ਦਿੱਲੀ ਦੇ ਸਿੱਖਾਂ ਵਲੋਂ ਇਸ ਦਾ ਸਸਕਾਰ ਭੋਗਲ ਨੇੜੇ ਜਮਨਾ ਨਦੀ ਦੇ ਕੰਢੇ ਉਤੇ ਕੀਤਾ ਗਿਆ।

**ਗੁਰਦੁਆਰਾ** : ਇਸ ਦਾ ਸ਼ਾਬਦਿਕ ਅਰਥ ਹੈ 'ਗੁਰੂ ਦਾ ਘਰ'। ਜਿਸ ਸਰਬ-ਸਾਂਝੇ ਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੋਵੇ, ਉਸ ਨੂੰ ਸਿੱਖ-ਸ਼ਬਦਾਵਲੀ ਵਿਚ 'ਗੁਰਦੁਆਰਾ' ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤਕ ਸਿੱਖ-ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਬਣਾਏ ਗਏ ਸਥਾਨ ਨੂੰ ਧਰਮਸਾਲ/ਧਰਮਸਾਲਾ (ਵੇਖੋ) ਕਿਹਾ ਜਾਂਦਾ ਸੀ। ਇਸ ਪ੍ਰਕਾਰ ਦੇ ਉੱਲੇਖ ਜਨਮਸਾਖੀ ਸਾਹਿਤ ਵਿਚ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਸਿਰੀ ਰਾਗ ਵਿਚ ਅਜਿਹੇ ਧਰਮ-ਧਾਮ ਦੇ ਬੰਨ੍ਹਣ ਦਾ ਸੰਕੇਤ ਕੀਤਾ ਹੈ— *ਮੈ ਬਧੀ ਸਚੁ ਧਰਮਸਾਲ ਹੈ। ਗੁਰਸਿਖਾ ਲਹਦਾ ਭਾਲਿ ਕੈ। ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।*(ਗੁ.ਗ੍ਰੰ. 73)।

ਚੂੰਕਿ ਉਦੋਂ ਤਕ ਗ੍ਰੰਥ ਸਾਹਿਬ ਦਾ ਸੰਪਾਦਨ ਨਹੀਂ ਹੋਇਆ ਸੀ, ਇਸ ਲਈ ਧਰਮਸਾਲ ਵਿਚ ਕੇਵਲ ਉਸ ਖੇਤਰ ਦੇ ਮੁਖੀਏ ਸਿੱਖ ਜਾਂ ਮਸੰਦ ਹੀ 'ਸੰਗਤ' ਆਯੋਜਿਤ ਕਰਦੇ ਸਨ ਅਤੇ ਸਿੱਖਾਂ ਨੂੰ ਆਤਮ-ਜਿਗਿਆਸਾ ਲਈ ਗੁਰ-ਉਪਦੇਸ਼ ਦਿੰਦੇ ਸਨ। 'ਸੰਗਤ' ਦੇ ਆਯੋਜਨ ਕਰਕੇ 'ਧਰਮਸਾਲ' ਨੂੰ 'ਸੰਗਤ' ਵੀ ਕਿਹਾ ਜਾਣ ਲਗਾ। ਹੁਣ ਵੀ ਉੱਤਰ ਪ੍ਰਦੇਸ਼ ਜਾਂ ਬਿਹਾਰ ਪ੍ਰਾਂਤ ਵਿਚ ਕਈ ਗੁਰੂ-ਧਾਮ ਵੱਡੀ ਸੰਗਤ, ਛੋਟੀ ਸੰਗਤ, ਆਦਿ ਨਾਂਵਾਂ ਨਾਲ ਪ੍ਰਸਿੱਧ ਹਨ।

ਗੁਰੂ ਹਰਿਗੋਬਿੰਦ ਸਾਹਿਬ ਤੋਂ 'ਧਰਮਸਾਲਾ' ਜਾਂ 'ਸੰਗਤ' ਸ਼ਬਦਾਂ ਦਾ 'ਗੁਰਦੁਆਰਾ' ਸ਼ਬਦ ਨਾਲ ਨਾਮਾਂਤਰ ਹੁੰਦਾ ਗਿਆ। ਹੌਲੀ ਹੌਲੀ ਗੁਰਦੁਆਰਿਆਂ ਵਿਚ ਧਰਮ-ਉਪਦੇਸ਼, ਨਾਮ-ਸਿਮਰਨ, ਕੀਰਤਨ, ਸੇਵਾ ਆਦਿ ਬਿਰਤੀਆ

ਦਾ ਵਿਕਾਸ ਹੋਣ ਲਗਾ। ਇਸ ਦੇ ਨਾਲ ਹੀ ਅਨੇਕ ਪ੍ਰਕਾਰ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੈਤਿਕ ਸਮਸਿਆਵਾਂ ਦੇ ਸਮਾਧਾਨ ਲਈ ਵੀ ਉਦਮ ਕੀਤੇ ਜਾਣ ਲਗੇ। ਵਿਦਿਆਰਥੀਆਂ ਨੂੰ ਗੁਰਮਤਿ ਗਿਆਨ ਦੇਣ ਲਈ ਟਕਸਾਲਾਂ ਜਾਂ ਵਿਦਿਆਲੇ ਬਣਾਏ ਜਾਣ ਲਗੇ। ਇਹੀ ਵਿਦਿਆਲੇ ਕਈਆਂ ਗੁਰਦੁਆਰਿਆਂ ਨਾਲ ਸਕੂਲਾਂ ਦੇ ਰੂਪ ਵਿਚ ਸਾਹਮਣੇ ਆਏ। ਮੁਸਾਫ਼ਰਾਂ ਲਈ ਨਿਵਾਸ ਵੀ ਤਿਆਰ ਕਰਵਾਏ ਜਾਣ ਲਗੇ। ਹੁਣ 'ਗੁਰਦੁਆਰਾ' ਸ਼ਬਦ ਸਿੱਖ-ਧਰਮ ਦੀ ਉਸ ਟਕਸਾਲ ਲਈ ਪਰਿਭਾਸ਼ਿਤ ਹੋ ਗਿਆ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਵਿਚ ਸਿੱਖ-ਜਿਗਿਆਸੂ ਦੇ ਵਿਅਕਤਿਤਵ ਨੂੰ ਗੁਰੂ ਆਸ਼ੇ ਅਨੁਸਾਰ ਢਾਲਿਆ ਜਾਂਦਾ ਹੈ ਅਤੇ ਅਨੇਕ ਪ੍ਰਕਾਰ ਦੀਆਂ ਧਾਰਮਿਕ ਅਤੇ ਸਮਾਜਿਕ ਕਾਰਵਾਈਆਂ ਸੰਪੰਨ ਕੀਤੀਆਂ ਜਾਂਦੀਆਂ ਹਨ।

**ਗੁਰਦੁਆਰਾ 'ਸਿੱਖਾਂ ਕੀ ਬਗੀਚੀ'** : ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਚ ਸਥਿਤ ਇਕ ਪੁਰਾਤਨ ਗੁਰੂ-ਧਾਮ ਜਿਸ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਜਾਂਦਾ ਹੈ। ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਜੀ ਉਦਾਸੀ ਵੇਲੇ ਅੰਬੇਰ (ਆਮੇਰ) ਨਗਰ ਤੋਂ 6 ਕਿ.ਮੀ. ਦੀ ਵਿਥ ਉਤੇ ਬ੍ਰਿਛਾਂ ਦੀ ਇਕ ਝਿੜੀ ਜਾਂ ਕੁੰਜ ਵਿਚ ਕੁਝ ਸਮੇਂ ਲਈ ਬਿਸਰਾਮ ਕੀਤਾ ਸੀ। ਇਹ ਇਕ ਅਤਿ ਰਮਣੀਕ ਥਾਂ ਹੋਣ ਕਾਰਣ ਇਕ ਬਾਗ਼ੀਚੀ ਵਰਗੀ ਲਗਦੀ ਸੀ। ਇਸ ਦੀ ਨਿਸ਼ਾਨਦੇਹੀ ਉਦਾਸੀ ਸਾਧਾਂ ਨੇ ਕੀਤੀ ਅਤੇ ਉਥੇ ਨਾਨਕਪੰਥੀਆਂ ਦਾ ਡੇਰਾ ਕਾਇਮ ਕੀਤਾ। ਕਾਲਾਂਤਰ ਵਿਚ ਇਹ 'ਸਿੱਖਾਂ ਕੀ ਬਗੀਚੀ' ਵਜੋਂ ਪ੍ਰਸਿੱਧ ਹੋਇਆ।

ਜੈਪੁਰ ਨਗਰ ਦੀ ਸਥਾਪਨਾ ਵੇਲੇ ਇਹ ਗੁਰੂ-ਧਾਮ ਸੰਘਣੀ ਆਬਾਦੀ ਵਿਚ ਘਿਰ ਗਿਆ। ਇਸ ਦੇ ਨੇੜੇ 'ਅਟਲ ਜੀ ਕੀ ਹਵੇਲੀ' ਉਸਾਰੀ ਗਈ। ਹੁਣ ਵੀ ਗੁਰੂ-ਧਾਮ ਨੂੰ ਜਾਣ ਲਈ ਹਵੇਲੀ ਵਿਚੋਂ ਲੰਘਣਾ ਪੈਂਦਾ ਹੈ। ਇਸ ਗੁਰੂ-ਧਾਮ ਵਿਚ ਉਦਾਸੀ ਸਾਧੂ ਪਹਿਲਾਂ ਇਕ ਗੁਟਕੇ ਦਾ ਅਤੇ ਬਾਦ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ, ਪਰ ਨਾਲ ਹੀ ਸ਼ਿਵ-ਮੰਦਿਰ ਵੀ ਬਣਾਇਆ ਹੋਇਆ ਸੀ ਕਿਉਂਕਿ ਇਹ ਲੋਗ ਬਾਬਾ ਸ੍ਰੀ ਚੰਦ ਨੂੰ ਸ਼ਿਵ ਜੀ ਦਾ ਅਵਤਾਰ ਮੰਨਦੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਦ ਇਥੇ ਸਿੱਖਾਂ ਅਤੇ ਸਿੰਧੀ ਸਹਿਜਧਾਰੀ ਸਿੱਖਾਂ ਦੀ ਆਬਾਦੀ ਵਧ ਗਈ ਅਤੇ ਇਸ ਗੁਰੂ-ਧਾਮ ਦੀ ਮਾਨਤਾ ਵੀ ਹੋਣ ਲਗ ਗਈ। ਉਦਾਸੀ ਸਾਧਾਂ ਤੋਂ ਇਹ ਗੁਰੂ-ਧਾਮ ਲੈ ਲਿਆ ਗਿਆ ਅਤੇ ਇਸ ਦੀ ਉਚਿਤ ਵਿਵਸਥਾ ਕੀਤੀ ਜਾਣ ਲਗੀ। ਪਰ ਹੁਣ ਜੈਪੁਰ ਵਿਚ ਦੋ ਦਰਜਨ ਤੋਂ ਵਧ ਗੁਰਦੁਆਰੇ ਬਣ ਜਾਣ ਕਾਰਣ ਇਸ ਦੀ ਰੌਣਕ ਵਿਚ ਫ਼ਰਕ ਪੈਂਦਾ ਜਾ ਰਿਹਾ ਹੈ।

**ਗੁਰਦੁਆਰਾ ਸੀਸ ਗੰਜ** : ਦਿੱਲੀ ਵਿਚ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੇ ਸਥਾਨ ਉਤੇ ਉਸਰਿਆ ਗੁਰੂ-ਧਾਮ। ਵੇਖੋ 'ਦਿੱਲੀ ਦੇ ਗੁਰੂ-ਧਾਮ'।

**ਗੁਰਦੁਆਰਾ ਸੁਧਾਰ ਲਹਿਰ** : ਇਹ ਲਹਿਰ ਅਸਲੋਂ ਅਕਾਲੀ ਲਹਿਰ ਦਾ ਹੀ ਮੁਢਲਾ ਰੂਪ ਹੈ। ਸ਼ੁਰੂ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ-ਕੇਂਦਰਾਂ ਜਾਂ ਗੁਰੂ-ਧਾਮਾਂ ਦੀ ਸੇਵਾ-ਸੰਭਾਲ ਦਾ ਕੰਮ ਉਦਾਸੀ, ਨਿਰਮਲੇ ਤੇ ਸੇਵਾ ਪੰਥੀ ਸਾਧਕ ਅਤੇ ਨਿਹੰਗ ਸਿੰਘ ਕਰਦੇ ਆਏ ਸਨ। ਸਿੱਖ ਰਾਜ ਵੇਲੇ ਰਾਜਿਆਂ, ਮਹਾਰਾਜਿਆਂ ਅਤੇ ਜਾਗੀਰਦਾਰਾਂ ਨੇ ਗੁਰੂ-ਧਾਮਾਂ ਦੇ ਨਿੱਤ ਦੇ ਖ਼ਰਚਿਆਂ ਅਤੇ ਲੰਗਰ ਦੀ ਸੇਵਾ ਲਈ ਜ਼ਮੀਨਾਂ, ਜਾਇਦਾਦਾਂ ਜਾਂ ਜਾਗੀਰਾਂ ਪ੍ਰਦਾਨ ਕੀਤੀਆਂ ਸਨ। ਪਰ ਕਾਲਾਂਤਰ ਵਿਚ ਇਸ ਪ੍ਰਕਾਰ ਦੀ ਆਮਦਨ ਨੇ ਗੁਰੂ- ਸਥਾਨਾਂ ਦੇ ਸੇਵਕਾਂ ਨੂੰ ਵਿਲਾਸਤਾ ਵਲ ਝੁਕਾ ਦਿੱਤਾ। ਸਿੱਖ ਰਾਜ ਦੀ ਸਮਾਪਤੀ ਨਾਲ ਧਰਮ-ਪ੍ਰਚਾਰ ਦਾ ਕੰਮ ਰੁਕ ਗਿਆ। ਪੁਜਾਰੀ, ਸੰਤ, ਮਹੰਤ ਗੁਰੂ-ਮਰਯਾਦਾ ਤੋਂ ਲਾਪਰਵਾਹ ਹੋ ਗਏ ਅਤੇ ਗੁਰੂ-ਧਾਮਾਂ ਦੀਆਂ ਜਾਇਦਾਦਾਂ ਨੂੰ ਨਿਜੀ ਜਾਇਦਾਦਾਂ ਸਮਝਣ ਲਗ ਗਏ। ਉਹ ਆਪਣੇ ਫ਼ਰਜ਼ਾਂ ਨੂੰ ਭੁਲ ਗਏ।

ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਲਹਿਰ ਨੇ ਸਿੱਖ ਧਰਮ ਵਿਚ ਆ ਰਹੀ ਗਿਰਾਵਟ ਅਤੇ ਭ੍ਰਸ਼ਟਾਚਾਰ ਨੂੰ ਦੂਰ ਕਰਨ ਦੇ ਯਤਨ ਕੀਤੇ ਅਤੇ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਾਂ ਦੀ ਵਿਦਿਅਕ ਉਨਤੀ ਵਲ ਧਿਆਨ ਦਿੱਤਾ। ਪਰ ਇਨ੍ਹਾਂ ਸਭ ਨੇ ਧਰਮ-ਧਾਮਾਂ ਨੂੰ ਆਪਣੇ ਹੱਥ ਵਿਚ ਲੈ ਕੇ ਉਨ੍ਹਾਂ ਵਿਚ ਸੁਧਾਰ ਲਿਆਉਣ ਦਾ ਕੋਈ ਤਕੜਾ ਉੱਦਮ ਨ ਕੀਤਾ। ਅਜਿਹਾ ਉੱਦਮ ਨ ਕਰਨ ਦਾ ਮੁੱਖ ਕਾਰਣ ਇਹ ਸੀ ਕਿ ਸਰਕਾਰ ਇਨ੍ਹਾਂ ਪੁਜਾਰੀਆਂ, ਸੰਤਾਂ, ਮਹੰਤਾਂ ਦੀ ਪਿਠ ਠੋਕ ਰਹੀ ਸੀ ਕਿਉਂਕਿ ਅਜਿਹਾ ਕਰਨ ਨਾਲ ਉਹ ਗੁਰੂ-ਧਾਮਾਂ ਨੂੰ ਆਪਣੀ ਇੱਛਾ ਅਨੁਸਾਰ ਵਰਤ ਸਕਦੀ ਸੀ ਅਤੇ ਉਨ੍ਹਾਂ ਵਿਚ ਆਧੁਨਿਕ ਚੇਤਨਾ ਦੀ ਥਾਂ

ਪਰੰਪਰਾ ਨੂੰ ਜਾਰੀ ਰਖ ਸਕਦੀ ਸੀ। ਅੰਗ੍ਰੇਜ਼ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਜੇ ਗੁਰੂ-ਧਾਮਾਂ ਵਿਚ ਨਵੀਂ ਚੇਤਨਾ ਪ੍ਰਚਾਰੀ ਗਈ ਤਾਂ ਸਿੱਖ ਕੌਮ ਨੇ ਜਾਗ੍ਰਿਤ ਹੋ ਜਾਣਾ ਹੈ ਅਤੇ ਕਈ ਪ੍ਰਕਾਰ ਦੀਆਂ ਨਵੀਆਂ ਸਮਸਿਆਵਾਂ ਖੜੀਆਂ ਹੋ ਜਾਣੀਆਂ ਹਨ। ਉਹ ਸਿੱਖਾਂ ਤੋਂ ਰਾਜਨੈਤਿਕ ਤੌਰ 'ਤੇ ਗ਼ੁਲਾਮ ਬਣਾ ਹੀ ਚੁਕੀ ਸੀ, ਹੁਣ ਧਾਰਮਿਕ ਤੌਰ 'ਤੇ ਵੀ ਆਪਣਾ ਗ਼ੁਲਾਮ ਬਣਾਈ ਰਖਣਾ ਚਾਹੁੰਦੀ ਸੀ।

ਸਿੱਖਾਂ ਅੰਦਰ ਨਵੀਂ ਚੇਤਨਾ ਦੇ ਪੈਦਾ ਹੋਣ ਨੂੰ ਅੰਗ੍ਰੇਜ਼ ਸਰਕਾਰ ਕਦ ਤਕ ਦਬਾ ਕੇ ਰਖ ਸਕਦੀ ? ਆਖ਼ਿਰ ਇਸ ਨੇ ਕਿਸੇ ਨ ਕਿਸੇ ਰੂਪ ਵਿਚ ਪ੍ਰਗਟ ਹੋਣਾ ਸੀ। ਪਹਿਲਾਂ ਗ਼ਦਰ ਲਹਿਰ ਉਠੀ, ਸਰਕਾਰ ਨਾਲ ਟਕਰਾਈ। ਉਸ ਨੂੰ ਭਾਵੇਂ ਦਬਾ ਦਿੱਤਾ ਗਿਆ, ਪਰ ਉਸ ਨੇ ਕੌਮ ਨੂੰ ਹਲੂਣ ਕੇ ਜਗਾ ਦਿੱਤਾ। ਇਸੇ ਦੌਰਾਨ ਸਰਕਾਰ ਨੇ ਇਕ ਨਵਾਂ ਕਾਨੂੰਨ ਬਣਾ ਦਿੱਤਾ ਕਿ 12 ਸਾਲਾਂ ਤੋਂ ਜੋ ਜਾਇਦਾਦ ਜਿਸ ਦੇ ਕਬਜ਼ੇ ਵਿਚ ਚਲੀ ਆ ਰਹੀ ਹੋਵੇ, ਉਹ ਉਸੇ ਦੀ ਮਲਕੀਅਤ ਰਹੇਗੀ। ਇਸ ਨਾਲ ਪੁਜਾਰੀ ਅਤੇ ਮਹੰਤ ਗੁਰੂ-ਧਾਮਾਂ ਦੀਆਂ ਜਾਇਦਾਦਾਂ ਦੇ ਮਾਲਕ ਬਣ ਗਏ। ਉਨ੍ਹਾਂ ਨੇ ਗੁਰੂ-ਧਾਮਾਂ ਨੂੰ ਐਸ਼-ਪ੍ਰਸਤੀ ਦੇ ਅੱਡੇ ਬਣਾ ਦਿੱਤੇ ਅਤੇ ਜਾਇਦਾਦਾਂ ਵੇਚਣੀਆਂ ਅਤੇ ਖ਼ੁਰਦ-ਬੁਰਦ ਕਰਨੀਆਂ ਆਰੰਭ ਦਿੱਤੀਆਂ। ਸਿੱਖ ਧਰਮੀਆਂ ਤੋਂ ਇਹ ਸਹਿਨ ਨ ਹੋ ਸਕਿਆ। ਉਹ ਗੁਰਦੁਆਰਿਆਂ ਨੂੰ ਪੁਜਾਰੀਆਂ ਅਤੇ ਮਹੰਤਾਂ ਤੋਂ ਆਜ਼ਾਦ ਕਰਾਉਣ ਦੀਆਂ ਸੋਚਾਂ ਵਲ ਰੁਚਿਤ ਹੋਣ ਲਗੇ। ਇਨ੍ਹਾਂ ਸੋਚਾਂ ਨੇ ਹੀ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ ਅਤੇ ਇਸ ਲਹਿਰ ਨੂੰ ਜੱਥੇਬੰਧਕ ਢੰਗ ਨਾਲ ਚਲਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ। ਸੰਨ 1920 ਈ. ਤੋਂ 1925 ਈ. ਤਕ ਦਾ ਸਮਾਂ ਗੁਰਦੁਆਰਾ ਸੁਧਾਰ ਲਹਿਰ ਦਾ ਸੰਘਰਸ਼ਸ਼ੀਲ ਸਮਾਂ ਸੀ। ਇਸ ਕਾਲ ਵਿਚ ਸਿੰਘਾਂ ਨੇ ਬੇਮਿਸਾਲ ਕੁਰਬਾਨੀਆਂ ਦੁਆਰਾ ਆਪਣੇ ਗੁਰਦੁਆਰੇ ਆਜ਼ਾਦ ਕਰਾ ਲਏ। ਉਨ੍ਹਾਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਅਤੇ ਸਿੱਖ ਗੁਰਦੁਆਰਾ ਐਕਟ, 1925 ਈ. (ਵੇਖੋ) ਪਾਸ ਹੋਇਆ।

**ਗੁਰਦੁਆਰਾ ਸੰਗਤ ਸਾਹਿਬ** : ਵੇਖੋ 'ਭਾਈ ਫੇਰੂ, ਗੁਰਦੁਆਰਾ'।

**ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ** : ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਨਗਰ ਤੋਂ ਪੂਰਬ ਵਾਲੇ ਪਾਸੇ 3 ਕਿ.ਮੀ. ਦੀ ਵਿਥ ਉਤੇ ਸਥਾਪਿਤ ਇਸ ਗੁਰਦੁਆਰੇ ਵਾਲੀ ਥਾਂ ਉਤੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਬਿਰਾਜੇ ਸਨ। ਦੋਵੇਂ ਗੁਰੂ ਸਾਹਿਬਾਨ ਕਰਤਾਰਪੁਰ ਤੋਂ ਕੀਰਤਪੁਰ ਨੂੰ ਆਉਂਦਿਆਂ ਜਾਂਦਿਆਂ ਇਥੇ ਬਿਰਾਜੇ ਸਨ। ਇਸ ਦੀ ਵਰਤਮਾਨ ਇਮਾਰਤ ਸੰਨ 1950 ਈ. ਵਿਚ ਸ਼ੁਰੂ ਕੀਤੀ ਗਈ ਸੀ। ਹੁਣ ਗੁਰਦੁਆਰੇ ਦੇ ਪਰਿਸਰ ਵਿਚ ਗੁਰੂ ਕਾ ਲੰਗਰ ਅਤੇ ਸਰੋਵਰ ਤੋਂ ਇਲਾਵਾ ਖ਼ਾਲਸਾ ਕਾਲਜ ਵੀ ਬਣਿਆ ਹੋਇਆ ਹੈ। ਇਸ ਦੀ ਵਿਵਸਥਾ 'ਗੁਰਦੁਆਰਾ ਛੇਵੀਂ ਪਾਤਿਸ਼ਾਹੀ' ਫਗਵਾੜਾ ਵਾਲੀ ਕਮੇਟੀ ਹੀ ਕਰਦੀ ਹੈ। ਵਿਸਾਖੀ ਦੇ ਮੌਕੇ ਇਥੇ ਵੱਡਾ ਧਾਰਮਿਕ ਮੇਲਾ ਲਗਦਾ ਹੈ।

**ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ** : ਕਰਨਾਟਕ ਪ੍ਰਦੇਸ਼ ਦੇ ਬਿਦਰ ਨਗਰ ਵਿਚ ਸਥਿਤ ਇਕ ਗੁਰੂ-ਧਾਮ। ਵੇਖੋ 'ਬਿਦਰ'।

**ਗੁਰਦੁਆਰਾ ਡੇਰਾ ਸਾਹਿਬ** : ਇਹ ਗੁਰਦੁਆਰਾ ਲਾਹੌਰ ਦੇ ਕਿਲ੍ਹੇ ਦੇ ਨੇੜੇ ਉਸ ਸਥਾਨ ਉਤੇ ਬਣਿਆ ਹੋਇਆ ਹੈ ਜਿਥੇ ਗੁਰੂ ਅਰਜਨ ਦੇਵ ਜੀ ਨੇ ਆਪਣਾ ਮਹਾ ਬਲਿਦਾਨ ਦਿੱਤਾ ਸੀ। ਉਦੋਂ ਰਾਵੀ ਨਦੀ ਕਿਲ੍ਹੇ ਦੇ ਨੇੜੇ ਵਗਦੀ ਸੀ। ਗੁਰੂ ਜੀ ਨੂੰ ਬਹੁਤ ਤਸੀਹੇ ਦੇ ਇਥੇ ਲਿਆਉਂਦਾ ਗਿਆ ਅਤੇ ਇਥੇ ਹੀ 30 ਮਈ 1606 ਈ. ਨੂੰ ਗੁਰੂ ਜੀ ਨੇ ਮਹਾ ਪ੍ਰਸਥਾਨ ਕੀਤਾ। ਸ਼ਹਾਦਤ ਦੇ ਸਾਕੇ ਨੂੰ ਸਜੀਵ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਇਥੇ ਸਮਾਰਕ ਬਣਵਾਇਆ। ਇਸ ਦੀ ਵਰਤਮਾਨ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਵਿਚ ਬਣਵਾਈ ਸੀ। ਪਹਿਲਾਂ ਇਥੇ ਹਰ ਸਾਲ ਗੁਰੂ ਜੀ ਦੀ ਸ਼ਹੀਦੀ ਵਾਲੇ ਦਿਨ ਬਹੁਤ ਵੱਡਾ ਧਾਰਮਿਕ ਇਕੱਠ ਹੁੰਦਾ ਸੀ। ਪੰਜਾਬ ਦੇ ਬਟਵਾਰੇ ਤੋਂ ਬਾਦ ਵੀ ਹਰ ਸਾਲ ਸ਼ਹੀਦੀ ਦਿਨ ਮਨਾਉਣ ਲਈ ਪੰਜਾਬ ਤੋਂ ਇਲਾਵਾ ਸਾਰੇ ਭਾਰਤ ਤੋਂ ਅਤੇ ਬਾਹਰਲੇ ਮੁਲਕਾਂ ਤੋਂ ਸਿੱਖ ਸ਼ਰਧਾਲੂ ਇਸ ਗੁਰੂ-ਧਾਮ 'ਤੇ ਇਕੱਤਰ ਹੁੰਦੇ ਹਨ।

**ਗੁਰਦੁਆਰਾ ਬੁਰਜ ਸਾਹਿਬ** : ਗੁਰਦਾਸਪੁਰ ਜ਼ਿਲ੍ਹੇ ਦੇ

ਪਿੰਡ ਫੱਤੇਨੰਗਲ ਵਿਚ ਇਕ ਗੁਰੂ-ਧਾਮ ਜਿਸ ਦਾ ਸੰਬੰਧ ਗੁਰੂ ਅਰਜਨ ਦੇਵ ਜੀ ਨਾਲ ਹੈ। ਵੇਖੋ 'ਫੱਤੇਨੰਗਲ'।

**ਗੁਰਦੁਆਰਾ ਬੰਗਲਾ ਸਾਹਿਬ** : ਨਵੀਂ ਦਿੱਲੀ ਦੇ ਗੋਲ -ਡਾਕਖ਼ਾਨੇ ਪਾਸ ਉਸ ਸਥਾਨ ਉਤੇ ਬਣਿਆ ਗੁਰੂ-ਧਾਮ ਜਿਥੇ ਰਾਜਾ ਜੈ ਸਿੰਘ ਦੀ ਹਵੇਲੀ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ ਸਨ। ਵੇਖੋ 'ਦਿੱਲੀ ਦੇ ਗੁਰੂ-ਧਾਮ'।

**ਗੁਰਦੁਆਰਾ ਮੈਂਹਦੇਆਣਾ ਸਾਹਿਬ** : ਵੇਖੋ 'ਮੈਂਹਦੇਆਣਾ ਸਾਹਿਬ ਗੁਰਦੁਆਰਾ'।

**ਗੁਰਦੁਆਰਾ ਰਕਾਬ-ਗੰਜ** : ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਦੇ ਨੇੜੇ ਉਸ ਸਥਾਨ ਉਤੇ ਬਣਿਆ ਗੁਰੂ-ਧਾਮ ਜਿਥੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਵਿਚ ਕੀਤਾ ਸੀ। ਵੇਖੋ 'ਦਿੱਲੀ ਦੇ ਗੁਰੂ-ਧਾਮ'।

**ਗੁਰ ਨਾਨਕ ਵਿਜੈ** (ਗ੍ਰੰਥ): ਵੇਖੋ 'ਰੇਣ, ਸੰਤ'।

**ਗੁਰਨੇ ਕਲਾਂ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਲਹਿਰਾ ਕਸਬੇ ਤੋਂ ਦੱਖਣ ਦਿਸ਼ਾ ਵਲ 8 ਕਿ.ਮੀ. ਦੇ ਫ਼ਾਸਲੇ 'ਤੇ ਵਸਿਆ ਇਕ ਪੁਰਾਣਾ ਪਿੰਡ, ਜਿਸ ਵਿਚ ਤਲਵੰਡੀ ਸਾਬੋ ਤੋਂ ਧਮਤਾਨ ਜਾਂਦੇ ਹੋਇਆਂ ਗੁਰੂ ਤੇਗ ਬਹਾਦਰ ਜੀ ਤਿੰਨ ਦਿਨ ਰੁਕੇ ਸਨ। ਗੁਰੂ ਜੀ ਦੀ ਠਹਿਰ ਵਾਲੀ ਥਾਂ 'ਤੇ ਇਕ ਨਿੱਕਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦੀ ਸੇਵਾ ਇਕ ਮਹੰਤ ਕਰਦਾ ਹੈ।

**ਗੁਰਪਦ ਪ੍ਰੇਮ ਪ੍ਰਕਾਸ਼** (ਕਾਵਿ) : ਬਾਬਾ ਸੁਮੇਰ ਸਿੰਘ ਦੀ ਇਕ ਮਹੱਤਵਪੂਰਣ ਰਚਨਾ। ਵੇਖੋ 'ਸੁਮੇਰ ਸਿੰਘ, ਬਾਵਾ'।

**ਗੁਰਪੁਰ ਪ੍ਰਕਾਸ਼** (ਕਾਵਿ): ਮਹਾਕਵੀ ਭਾਈ ਸੰਤੋਖ ਸਿੰਘ ਕ੍ਰਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਅਨੁਕਰਣ 'ਤੇ ਚਾਰ ਸੈਂਚੀਆਂ ਵਿਚ ਲਿਖਿਆ ਇਹ ਗ੍ਰੰਥ ਸੰਤ ਰੇਣ ਪ੍ਰੇਮ ਸਿੰਘ ਦੀ ਰਚਨਾ ਹੈ। ਕਵੀ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਦਾਸੂ ਦੀ ਵੰਸ਼-ਪਰੰਪਰਾ ਵਿਚ ਮੰਨਦਾ ਹੈ। ਵੇਖੋ 'ਪ੍ਰੇਮ ਸਿੰਘ ਸੰਤ ਰੇਣ'।

**ਗੁਰਪੁਰਬ** : 'ਗੁਰ' ਅਤੇ 'ਪੁਰਬ' ਦੋ ਸ਼ਬਦਾਂ ਦੇ ਇਸ ਸੰਯੁਕਤ ਸ਼ਬਦ ਦਾ ਪਿਛੋਕੜ ਸੰਸਕ੍ਰਿਤ ਦੇ 'ਗੁਰੁ' ਅਤੇ 'ਪਰ੍ਵ' ਸ਼ਬਦਾਂ ਨਾਲ ਜਾ ਜੁੜਦਾ ਹੈ। ਇਸ ਤੋਂ ਭਾਵ ਹੈ ਗੁਰੂ ਨਾਲ ਸੰਬੰਧਿਤ ਤਿਉਹਾਰ ਅਥਵਾ ਮੰਗਲ-ਦਿਨ। ਗੁਰੂ ਨਾਨਕ ਦੇਵ ਜੀ ਤੋਂ ਬਾਦ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਗੁਰੂ ਜੀ ਦਾ ਪਰਵ ਮਨਾਉਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਅਨੁਯਾਈਆਂ ਵਲੋਂ ਅਜਿਹੇ ਪਰਵਾਂ ਵਿਚ ਹੁਮ-ਹੁਮਾ ਕੇ ਸ਼ਾਮਲ ਹੋਣ ਦੀ ਆਸ ਕੀਤੀ ਜਾਣ ਲਗੀ। ਭਾਉ-ਭਗਤੀ ਵਿਚ ਮਗਨ ਹੋ ਕੇ ਗੁਰਪੁਰਬ ਕਰਨ ਵਾਲੇ ਸਿੱਖਾਂ ਉਤੋਂ ਭਾਈ ਗੁਰਦਾਸ ਨੇ ਕੁਰਬਾਨ ਹੋਣਾ ਮੰਨਿਆ ਹੈ— *ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ* (12/2)।

ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਦੇ ਸ਼ੁਰੂ ਜਾਂ ਅੰਤ ਉਤੇ 'ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ' (ਵੇਖੋ) ਇਹ ਉਕਤੀ ਲਿਖ ਕੇ ਗੁਰੂ ਸਾਹਿਬਾਨ ਦੇ ਮਹਾਪ੍ਰਸਥਾਨ ਦੀਆਂ ਤਿਥੀਆਂ ਅੰਕਿਤ ਕੀਤੀਆਂ ਜਾਂਦੀਆਂ ਸਨ, ਪਰ ਜਨਮ-ਤਿਥੀਆਂ ਦਾ ਕਿਸੇ ਵੀ ਬੀੜ ਵਿਚ ਅੰਕਨ ਹੋਇਆ ਨਹੀਂ ਮਿਲਿਆ। ਇਸ ਤੋਂ ਸੰਕੇਤ ਮਿਲਦਾ ਹੈ ਕਿ ਪਹਿਲਾਂ ਗੁਰੂ-ਸਾਹਿਬਾਨ ਦੇ ਸਮਾਉਣ ਦੇ ਦਿਨ ਹੀ ਮਨਾਏ ਜਾਂਦੇ ਸਨ। ਜਨਮ-ਦਿਨ ਮਨਾਉਣ ਦੀ ਪ੍ਰਵ੍ਰਿਤੀ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਵਿਕਸਿਤ ਹੋਈ ਪ੍ਰਤੀਤ ਹੁੰਦੀ ਹੈ। ਸ਼ਾਇਦ ਇਸ ਉਤੇ ਕਿਸੇ ਸੀਮਾ ਤਕ ਪੱਛਮੀ ਪ੍ਰਭਾਵ ਰਿਹਾ ਹੋਵੇ।

ਉਂਜ ਤਾਂ ਹਰ ਗੁਰੂ ਸਾਹਿਬ ਦੇ ਜਨਮ, ਗੱਦੀ-ਨਸ਼ੀਨੀ ਅਤੇ ਸਮਾਉਣ ਦੇ ਦਿਨ ਨੂੰ ਗੁਰਪੁਰਬ ਵਜੋਂ ਮਨਾਇਆ ਜਾ ਸਕਦਾ ਹੈ, ਪਰ ਕੌਮੀ-ਪੱਧਰ 'ਤੇ ਕੁਝ ਕੁ ਪੁਰਬ ਵਿਸ਼ੇਸ਼ ਰੁਚੀ ਨਾਲ ਮਨਾਏ ਜਾਂਦੇ ਹਨ, ਜਿਵੇਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਨ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਵਸ ਅਤੇ ਖ਼ਾਲਸੇ ਦਾ ਸਿਰਜਨਾ-ਦਿਵਸ (ਵਿਸਾਖੀ) ਆਦਿ। ਇਨ੍ਹਾਂ ਗੁਰਪੁਰਬਾਂ 'ਤੇ ਗੁਰਦੁਆਰਿਆਂ ਵਿਚ ਅਖੰਡ-ਪਾਠ ਰਖਣ, ਨਗਰ ਕੀਰਤਨ ਕਢਣ, ਵਿਸ਼ਾਲ ਦੀਵਾਨ ਸਜਾਉਣ,

ਅੰਮ੍ਰਿਤ ਸੰਚਾਰ ਕਰਨ ਅਤੇ ਗੁਰੂ ਕਾ ਲੰਗਰ ਵਰਤਾਉਣ ਦੇ ਉਚੇਚੇ ਉੱਦਮ ਕੀਤੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਗੁਰੂ-ਧਾਮਾਂ ਦੇ ਨੇੜੇ ਮੇਲਿਆਂ ਵਾਲੀ ਰੌਣਕ ਹੋ ਜਾਂਦੀ ਹੈ। ਸ਼ਰਧਾਲੂਆਂ ਵਲੋਂ ਸੰਬੰਧੀਆਂ/ਮਿੱਤਰਾਂ ਨੂੰ ਗੁਰੂ ਸਾਹਿਬਾਨ ਦੇ ਜਨਮ ਦਿਨਾਂ ਦੀਆਂ ਵਧਾਈਆਂ ਦੇ ਕਾਰਡ ਵੀ ਭੇਜੇ ਜਾਂਦੇ ਹਨ।

**ਗੁਰਪ੍ਰਸਾਦਿ** : ਗੁਰਮਤਿ-ਭਗਤੀ ਦਾ ਇਕ ਪਰਿਭਾਸ਼ਿਕ ਸ਼ਬਦ। ਇਸ ਸ਼ਬਦ-ਯੁਗਲ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੁਆਰਾ ਮੂਲ-ਮੰਤ੍ਰ ਦੇ ਅੰਤ ਵਿਚ ਕੀਤੀ ਗਈ ਹੈ। ਇਸ ਤੋਂ ਆਸ਼ਾ ਇਹ ਹੈ ਕਿ ਮੂਲ-ਮੰਤ੍ਰ ਵਿਚ ਨਿਰਗੁਣ ਬ੍ਰਹਮ ਦੇ ਜੋ ਪ੍ਰੀਤਕਾਤਮਕ ਅਥਵਾ ਸੂਚਕ ਸ਼ਬਦ ਦਸੇ ਗਏ ਹਨ, ਉਨ੍ਹਾਂ ਪ੍ਰਤੀਕਾਂ ਵਾਲੀ ਪਰਮ-ਸੱਤਾ ਨੂੰ ਪ੍ਰਾਪਤ ਕਰਨ ਦੀ ਇੱਛਾ ਹਰ ਕਿਸੇ ਜਿਗਿਆਸੂ ਦੇ ਮਨ ਵਿਚ ਪੈਦਾ ਹੋ ਸਕਦੀ ਹੈ। ਪ੍ਰਸ਼ਨ ਉਠਦਾ ਹੈ ਕਿ ਉਹ ਪ੍ਰਾਪਤੀ ਕਿਵੇਂ ਜਾਂ ਕਿਸ ਸਾਧਨ ਦੁਆਰਾ ਹੋਵੇ ?

ਗੁਰੂ ਨਾਨਕ ਦੇਵ ਨੇ ਇਸ ਜਿਗਿਆਸਾ ਦਾ ਸਮਾਧਾਨ ਕਰਦੇ ਹੋਇਆਂ 'ਗੁਰ-ਪ੍ਰਸਾਦਿ' ਉਕਤੀ ਦੀ ਵਰਤੋਂ ਕੀਤੀ ਹੈ। ਇਸ ਦਾ ਅਰਥ ਹੈ ਗੁਰੂ ਦੀ ਕ੍ਰਿਪਾ ਜਾਂ ਮਿਹਰ ਦੁਆਰਾ। ਇਹ ਗੱਲ ਕੇਵਲ ਮੂਲ-ਮੰਤ੍ਰ ਵਿਚ ਹੀ ਨਹੀਂ ਕਹੀ ਗਈ, ਸਗੋਂ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਭਾਵਨਾ ਕਿਸੇ ਨ ਕਿਸੇ ਰੂਪ ਵਿਚ ਪ੍ਰਗਟਾਈ ਹੋਈ ਮਿਲ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਮਾਨਤਾ ਦੀ ਸਥਾਪਨਾ ਆਪਣੀ ਬਾਣੀ ਵਿਚ ਕਈ ਥਾਂਵਾਂ ਉਤੇ ਕੀਤੀ ਹੈ, ਜਿਵੇਂ —*ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ।*(ਗੁ.ਗ੍ਰੰ.936); *ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜਿਆਰਾ।*(ਗੁ.ਗ੍ਰੰ.353)।

ਪਰਮਾਤਮਾ ਨਾਲ ਮਿਲਾ ਦੇਣ ਵਾਲੇ ਜਾਂ ਮਨੁੱਖ ਦੇ ਜੀਵਨ ਦੇ ਪਰਮ-ਮਨੋਰਥ ਨੂੰ ਪ੍ਰਾਪਤ ਕਰਾ ਦੇਣ ਵਾਲੇ ਗੁਰੂ ਦੇ ਸਰੂਪ ਦਾ ਚਿਤ੍ਰਣ ਵੀ ਗੁਰੂ ਗ੍ਰੰਥ ਸਾਹਿਬ ਵਿਚ ਬੜੀ ਸ਼ਿਦਤ ਅਤੇ ਵਿਸਤਾਰ ਨਾਲ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪ ਵੀ ਸਪੱਸ਼ਟ ਕੀਤਾ ਹੈ ਕਿ ਗੁਰੂ ਤੋਂ ਬਿਨਾ ਪਰਮਾਤਮਾ ਨੂੰ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ ਹੈ। ਸਤਿਗੁਰੂ ਦੇ ਮਿਲਣ ਨਾਲ ਮਨੁੱਖ ਦੇ ਅੰਦਰੋਂ ਮੋਹ-ਪਾਸ਼ ਖ਼ਤਮ ਹੋ ਜਾਂਦਾ ਹੈ, ਕਿਉਂਕਿ ਗੁਰੂ ਵਿਚ ਪਰਮਾਤਮਾ ਖ਼ੁਦ ਵਸਦਾ ਹੈ— *ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ। ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ। ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ।* (ਗੁ.ਗ੍ਰੰ.466)। ਗੁਰੂ ਦੀ ਪ੍ਰਾਪਤੀ ਪਰਮਾਤਮਾ ਦੀ ਕ੍ਰਿਪਾ ਉਤੇ ਆਧਾਰਿਤ ਹੈ— *ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ।* (ਗੁ.ਗ੍ਰੰ.465)।

ਸਾਫ਼ ਹੈ ਕਿ ਬ੍ਰਹਮ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਰਾਹੀਂ ਅਤੇ ਗੁਰੂ ਦੀ ਪ੍ਰਾਪਤੀ ਬ੍ਰਹਮ ਦੀ ਕ੍ਰਿਪਾ ਨਾਲ ਹੁੰਦੀ ਹੈ। ਇਸ ਤਰ੍ਹਾਂ ਬ੍ਰਹਮ ਅਤੇ ਗੁਰੂ ਇਕੋ ਸੱਤਾ ਦੇ ਭਿੰਨ ਭਿੰਨ ਰੂਪ ਹਨ। ਪਰਮਾਤਮਾ ਦਾ ਸੰਸਾਰ ਵਿਚ ਵਿਚਰਦਾ ਸਥੂਲ (ਸ਼ਰੀਰਧਾਰੀ) ਰੂਪ ਗੁਰੂ ਹੈ ਅਤੇ ਗੁਰੂ ਦਾ ਸੂਖਮ (ਨਿਰਗੁਣ) ਰੂਪ ਪਰਮਾਤਮਾ ਹੈ। ਵੇਖੋ 'ਗੁਰੂ'।

**ਗੁਰਪ੍ਰਣਾਲੀ** : ਇਸ ਤੋਂ ਭਾਵ ਹੈ ਗੁਰੂ ਦੇ ਜੀਵਨ ਅਤੇ ਵੰਸ਼ ਦਾ ਵਿਵਰਣ ਦੇਣ ਵਾਲੀ ਰਚਨਾ। ਪੰਜਾਬੀ ਵਿਚ ਲਿਖੀਆਂ ਇਤਿਹਾਸ-ਨੁਮਾ ਰਚਨਾਵਾਂ ਦਾ ਇਹ ਉਹ ਸਾਹਿਤਿਕ ਰੂਪਾਕਾਰ ਹੈ, ਜਿਸ ਵਿਚ ਸਿੱਖ ਗੁਰੂ ਸਾਹਿਬਾਨ ਦੇ ਜਨਮ, ਵਿਆਹ, ਮਹਾਪ੍ਰਸਥਾਨ ਦੀਆਂ ਤਾਰੀਖਾਂ ਦਰਜ ਹੁੰਦੀਆਂ ਹਨ। ਇਨ੍ਹਾਂ ਵਿਚ ਕਈ ਵਾਰ ਮਹੱਤਵਪੂਰਣ ਘਟਨਾਵਾਂ ਦੀਆਂ ਤਿਥੀਆਂ ਵੀ ਲਿਖ ਦਿੱਤੀਆਂ ਜਾਂਦੀਆਂ ਹਨ। ਇਹ ਕਵਿਤਾ ਜਾਂ ਵਾਰਤਕ ਦੋਹਾਂ ਵਿਚ ਮਿਲਦੀਆਂ ਹਨ। ਸਭ ਤੋਂ ਪੁਰਾਤਨ ਗੁਰਪ੍ਰਣਾਲੀ ਕੇਸਰ ਸਿੰਘ ਛਿੱਬਰ ਦੀ ਰਚੀ ਹੋਈ ਹੈ ਜੋ ਅਨੁਮਾਨਿਕ ਤੌਰ 'ਤੇ 18ਵੀਂ ਸਦੀ ਦੇ ਦੂਜੇ ਅੱਧ ਵਿਚ ਲਿਖੀ ਗਈ ਹੋਵੇਗੀ। ਉਸ ਤੋਂ ਬਾਦ 19ਵੀਂ ਸਦੀ ਵਿਚ ਗੁਰਪ੍ਰਣਾਲੀਆਂ ਲਿਖਣ ਦੀ ਇਕ ਪਰੰਪਰਾ ਹੀ ਚਲ ਪਈ ਅਤੇ ਇਹ ਵੀਹਵੀਂ ਸਦੀ ਦੇ ਪਹਿਲੇ ਕੁਝ ਦਹਾਕਿਆਂ ਤਕ ਚਲਦੀ ਰਹੀ ਹੈ। ਇਸ ਤਰ੍ਹਾਂ ਪੰਜਾਬੀ ਵਿਚ ਅਨੇਕ ਗੁਰਪ੍ਰਣਾਲੀਆਂ ਦੀ ਰਚਨਾ ਹੋ ਗਈ ਹੈ।

ਇਨ੍ਹਾਂ ਗੁਰਪ੍ਰਣਾਲੀਆਂ ਵਿਚ ਅਧਿਕਾਂਸ਼ ਅਪ੍ਰਕਾਸ਼ਿਤ ਹੀ ਸਨ, ਪਰ ਭਾਈ ਰਣਧੀਰ ਸਿੰਘ ਨੇ ਕੁਝ ਕੁ ਉਪਲਬਧ ਗੁਰਪ੍ਰਣਾਲੀਆਂ ਦਾ ਸੰਪਾਦਨ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਨ 1951 ਈ ਵਿਚ 'ਗੁਰਪ੍ਰਣਾਲੀਆਂ' ਨਾਂ ਅਧੀਨ ਪ੍ਰਕਾਸ਼ਿਤ ਕੀਤਾ। ਉਸ ਤੋਂ ਬਾਦ ਮਿਲੀਆਂ ਹੋਰ ਗੁਰਪ੍ਰਣਾਲੀਆਂ ਨੂੰ ਪਹਿਲੇ

ਸੰਕਲਨ ਵਿਚ ਸ਼ਾਮਲ ਕਰਕੇ ਸੰਨ 1964 ਈ. ਵਿਚ ਦੂਜਾ ਸੰਸਕਰਣ ਪ੍ਰਕਾਸ਼ਿਤ ਕੀਤਾ ਗਿਆ ਜਿਸ ਵਿਚ ਕੁਲ 14 ਗੁਰਪ੍ਰਣਾਲੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਕਵੀ ਸੌਂਧਾ, ਭਾਈ ਕੇਸਰ ਸਿੰਘ ਛਿੱਬਰ, ਸੇਵਾਦਾਸ ਉਦਾਸੀ, ਸੰਤ ਗੁਲਾਬ ਸਿੰਘ ਨਿਰਮਲਾ, ਸੰਤ ਨਰੈਣ ਸਿੰਘ, ਗਿਆਨੀ ਗਿਆਨ ਸਿੰਘ ਅਤੇ ਗਿਆਨੀ ਸਰਦੂਲ ਸਿੰਘ ਦੀਆਂ ਲਿਖੀਆਂ ਗੁਰਪ੍ਰਣਾਲੀਆਂ ਵਿਸ਼ੇਸ਼ ਉਲੇਖਯੋਗ ਹਨ। ਇਸ ਸੰਕਲਨ ਵਿਚ ਭਾਈ ਰਣਧੀਰ ਸਿੰਘ ਨੇ ਆਪਣੀ ਤਿਆਰ ਕੀਤੀ ਗੁਰਪ੍ਰਣਾਲੀ ਵੀ ਜੋੜ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਹੱਥਲਿਖਿਤ ਪੋਥੀਆਂ ਦੇ ਰੂਪ ਵਿਚ ਵੀ ਕੁਝ ਗੁਰਪ੍ਰਣਾਲੀਆਂ ਪੁਸਤਕਾਲਿਆਂ ਵਿਚ ਸੁਰਖਿਅਤ ਹਨ। ਚੀਫ਼ ਖ਼ਾਲਸਾ ਦੀਵਾਨ ਨੇ ਸੰਨ 1934 ਈ. ਵਿਚ 'ਗੁਰਵੰਸ਼ ਦਰਪਣ ਪੱਤਰ' ਨਾਂ ਅਧੀਨ ਇਕ ਗੁਰਪ੍ਰਣਾਲੀ ਛਾਪੀ ਸੀ।

ਇਨ੍ਹਾਂ ਗੁਰਪ੍ਰਣਾਲੀਆਂ ਵਿਚ ਦਿੱਤੇ ਤੱਥ ਜਾਂ ਤਿਥੀਆਂ ਆਪਸ ਵਿਚ ਘਟ ਹੀ ਮੇਲ ਖਾਂਦੀਆਂ ਹਨ। ਇਸ ਲਈ ਇਨ੍ਹਾਂ ਵਿਚ ਦਿੱਤੇ ਤੱਥਾਂ ਨੂੰ ਸਾਵਧਾਨੀ ਨਾਲ ਵਰਤਣਾ ਉਚਿਤ ਹੈ, ਪਰ ਇਨ੍ਹਾਂ ਤੋਂ ਬਿਨਾ ਗੁਰੂ ਸਾਹਿਬਾਨ ਦੀਆਂ ਤਿਥੀਆਂ ਬਾਰੇ ਹੋਰ ਕੋਈ ਵਿਸ਼ੇਸ਼ ਸਰੋਤ ਉਪਲਬਧ ਵੀ ਨਹੀਂ ਹੈ।

**ਗੁਰਬਖਸ਼ ਸਿੰਘ** (ਰਾਮਕੁੰਵਰ): ਬਾਬੇ ਬੁੱਢੇ ਦੀ ਵੰਸ਼ ਵਿਚੋਂ ਇਕ ਵਿਦਵਾਨ ਸਿੱਖ ਜਿਸ ਦਾ ਪਹਿਲਾਂ ਨਾਂ 'ਰਾਮ ਕੁੰਵਰ' ਸੀ। ਵੇਖੋ 'ਰਾਮ ਕੁੰਵਰ, ਭਾਈ'।

**ਗੁਰਬਖ਼ਸ਼ ਸਿੰਘ, ਸੰਤ** (1871–1939 ਈ.): ਇਕ ਸੰਤ ਜਿਸ ਦਾ ਜਨਮ ਸੰਨ 1871 ਈ. ਵਿਚ ਭਾਈ ਸ਼ਾਮ ਸਿੰਘ ਦੇ ਘਰ ਪਟਿਆਲਾ ਦੇ ਪਿੰਡ ਚੂਨੀਆਂ ਵਿਚ ਹੋਇਆ। ਬਾਦ ਵਿਚ ਪਰਿਵਾਰ ਨੇ ਆਪਣਾ ਨਿਵਾਸ ਨਵਾਂਸ਼ਹਿਰ ਜ਼ਿਲ੍ਹਾ ਜਲੰਧਰ ਵਿਚ ਬਦਲ ਲਿਆ। ਇਸ ਨੇ ਸਿੱਖ ਧਰਮ ਸੰਬੰਧੀ ਮੁਢਲੀ ਸਿਖਿਆ ਆਪਣੇ ਘਰ ਅਤੇ ਗੁਰਦੁਆਰੇ ਦੇ ਗ੍ਰੰਥੀ ਤੋਂ ਪ੍ਰਾਪਤ ਕੀਤੀ। ਫਿਰ ਇਹ ਖਡੂਰ ਸਾਹਿਬ ਦੇ ਨੇੜੇ ਫ਼ਤਹਾਬਾਦ ਦੇ ਡੇਰੇ ਵਿਚ ਚਲਾ ਗਿਆ ਅਤੇ ਉਥੇ ਸਿੱਖ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ। ਉਥੇ ਰਹਿੰਦਿਆਂ ਇਹ ਨਿਰਮਲੇ ਸੰਤਾਂ ਦੇ ਸੰਪਰਕ ਵਿਚ ਆਇਆ ਅਤੇ ਉਨ੍ਹਾਂ ਦੀ ਟੋਲੀ ਨਾਲ ਨਿਰਮਲਿਆਂ ਦੇ ਬਨਾਰਸ ਸਥਿਤ ਡੇਰਿਆਂ ਦੀ ਯਾਤ੍ਰਾ ਕੀਤੀ। ਬਨਾਰਸ ਰਹਿ ਕੇ ਇਸ ਨੇ ਸੰਸਕ੍ਰਿਤ ਭਾਸ਼ਾ ਦੇ ਅਧਿਐਨ ਤੋਂ ਇਲਾਵਾ ਵੇਦਾਂਤ, ਨਿਆਇ ਅਤੇ ਮੀਮਾਂਸਾ ਸ਼ਾਸਤ੍ਰਾਂ ਦਾ ਅਧਿਐਨ ਕੀਤਾ। ਸ਼ਾਸਤ੍ਰਾਰਥ ਵਿਚ ਇਸ ਨੂੰ ਬਹੁਤ ਯੋਗਤਾ ਪ੍ਰਾਪਤ ਹੋ ਗਈ। ਇਸ ਨੂੰ ਨਿਰਮਲਿਆਂ ਦੇ ਅੰਮ੍ਰਿਤਸਰ, ਪਟਿਆਲਾ, ਹਰਿਦੁਆਰ ਅਤੇ ਪ੍ਰਯਾਗ ਦੇ ਡੇਰਿਆਂ ਵਿਚ ਦਾਰਸ਼ਨਿਕ ਅਤੇ ਧਾਰਮਿਕ ਗੋਸ਼ਟਾਂ ਵਿਚ ਭਾਗ ਲੈਣ ਲਈ ਭੇਜਿਆ ਜਾਂਦਾ ਰਿਹਾ। ਇਸ ਨੂੰ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਇਹ ਉਸ ਦੇ ਪ੍ਰਚਾਰ-ਪ੍ਰਸਾਰ ਵਿਚ ਰੁਝ ਗਿਆ। ਇਸ ਨੇ ਆਰਯ ਸਮਾਜੀ ਪ੍ਰਚਾਰਕਾਂ ਨੂੰ ਸ਼ਾਸਤ੍ਰਾਰਥਾਂ ਵਿਚ ਅਵਾਕ ਕਰ ਦਿੱਤਾ, ਜਿਸ ਦੇ ਫਲਸਰੂਪ ਇਸ ਨੂੰ 'ਸਭਾਜਿਤ ਪੰਡਿਤ' ਹੋਣ ਵਜੋਂ ਸਨਮਾਨਿਤ ਕੀਤਾ ਗਿਆ ਅਤੇ ਚੀਫ਼ ਖ਼ਾਲਸਾ ਦੀਵਾਨ ਦਾ ਧਾਰਮਿਕ ਸਲਾਹਕਾਰ ਨਿਯੁਕਤ ਹੋਇਆ। ਸੰਨ 1908 ਈ. ਵਿਚ 'ਪਟਿਆਲਾ ਸਟੇਟ ਗ਼ਜ਼ਟ' ਦਾ ਸੰਪਾਦਕ ਲਗਣ ਨਾਲ ਇਸ ਦਾ ਸਿੰਘ ਸਭਾ ਪਟਿਆਲਾ ਨਾਲ ਨਿਕਟ ਸੰਬੰਧ ਹੋ ਗਿਆ। ਜਦੋਂ ਚੀਫ਼ ਖ਼ਾਲਸਾ ਦੀਵਾਨ ਨੇ 20 ਅਕਤੂਬਰ 1910 ਈ. ਨੂੰ 'ਸਿੱਖ ਰਹਿਤ ਮਰਯਾਦਾ' ਦਾ ਖਰੜਾ ਤਿਆਰ ਕਰਨ ਲਈ ਕਮੇਟੀ ਬਣਾਈ ਤਾਂ ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਅਤੇ ਬਾਬੂ ਤੇਜਾ ਸਿੰਘ ਭਸੌੜ ਸਹਿਤ ਇਸ ਨੂੰ ਵੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਇਸ ਕਮੇਟੀ ਦਾ ਬਣਾਇਆ ਹੋਇਆ ਧਾਰਮਿਕ ਮਰਯਾਦਾ ਦਾ ਖਰੜਾ 'ਗੁਰਮਤਿ ਪ੍ਰਕਾਸ਼: ਭਾਗ ਸੰਸਕਾਰ' ਨਾਂ ਅਧੀਨ ਪ੍ਰਕਾਸ਼ਿਤ ਹੋਇਆ। ਉਸ ਤੋਂ ਬਾਦ ਬਹੁਤਾ ਸਮਾਂ ਇਹ ਪਟਿਆਲੇ ਹੀ ਰਿਹਾ ਅਤੇ ਉਥੇ ਹੀ ਸੰਨ 1939 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ** (1895–1977 ਈ.): ਸਿੱਖ ਧਰਮ ਅਤੇ ਭਾਰਤੀ ਸਭਿਆਚਾਰ ਬਾਰੇ ਆਧੁਨਿਕ ਪਰਿਪੇਖ ਵਿਚ ਉਦਾਰਤਾ ਨਾਲ ਸੋਚਣ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚ ਨਿਖਾਰ ਲਿਆਉਣ ਵਾਲੇ ਸ. ਗੁਰਬਖ਼ਸ਼ ਸਿੰਘ ਦਾ ਜਨਮ 26 ਅਪ੍ਰੈਲ 1895 ਈ. ਨੂੰ ਸ. ਪਿਸ਼ੌਰਾ ਸਿੰਘ ਆਹਲੂਵਾਲੀਆ ਦੇ ਘਰ ਮਾਤਾ ਮਾਲਣੀ ਦੀ ਕੁੱਖੋਂ ਸਿਆਲਕੋਟ ਨਗਰ ਵਿਚ ਹੋਇਆ। ਜਦੋਂ ਸੱਤ ਸਾਲਾਂ ਦਾ ਹੋਇਆ, ਤਾਂ ਪਿਤਾ ਦਾ ਸਾਇਆ ਸਿਰੋਂ ਉਠ ਗਿਆ। ਦਾਦੀ, ਮਾਤਾ ਅਤੇ ਵੱਡੀ ਭੈਣ ਨੇ ਬੜੇ ਸਨੇਹ ਨਾਲ ਪਾਲਿਆ। ਪਰ

ਪਿਤਾ ਦੇ ਪਿਆਰ ਦੀ ਘਾਟ ਪਿਆਰ ਦੇ ਅਜਿਹੇ ਸਰਵ-ਵਿਆਪੀ ਰੂਪ ਵਿਚ ਵਿਕਸਿਤ ਹੋਈ ਕਿ ਇਸ ਦਾ ਸਾਰਾ ਸਾਹਿਤ ਪ੍ਰੇਮਮਈ ਹੋ ਗਿਆ। ਸਿਰ ਉਤੇ ਪਰਿਵਾਰਿਕ ਜ਼ਿੰਮੇਵਾਰੀਆਂ ਦੇ ਆ ਪੈਣ ਨਾਲ ਇਸ ਨੇ ਬਚਪਨ ਤੋਂ ਹੀ ਮਿਹਨਤ ਵਿਚ ਰੁਚੀ ਰਖਣ ਦੀ ਬਿਰਤੀ ਨੂੰ ਆਪਣੇ ਵਿਅਕਤਿਤਵ ਦਾ ਅੰਗ ਬਣਾ ਲਿਆ।

ਸਿਆਲਕੋਟ ਤੋਂ ਦਸਵੀਂ ਪਾਸ ਕਰਕੇ ਇਹ ਐਫ.ਸੀ. ਕਾਲਜ ਲਾਹੌਰ ਵਿਚ ਦਾਖ਼ਲ ਹੋਇਆ, ਪਰ ਆਰਥਿਕ ਤੰਗੀ ਕਾਰਣ ਪੜ੍ਹਾਈ ਵਿਚੇ ਛਡ ਕੇ 15 ਰੁਪਏ ਮਹੀਨੇ 'ਤੇ ਕਲਰਕ ਜਾ ਲਗਿਆ ਅਤੇ ਮੌਕਾ ਮਿਲਣ 'ਤੇ ਆਪਣੀ ਵਿਦਿਆ ਪ੍ਰਾਪਤੀ ਦੀ ਤਾਂਘ ਦਾ ਪੋਲਿਆ ਥਾਮਸਨ ਸਿਵਲ ਇੰਜੀਨੀਅਰਿੰਗ ਕਾਲਜ, ਰੁੜਕੀ ਪਹੁੰਚ ਗਿਆ। ਸੰਨ 1913 ਈ. ਵਿਚ ਸਿਵਲ ਇੰਜੀਨੀਅਰਿੰਗ ਵਿਚ ਡਿਪਲੋਮਾ ਹਾਸਲ ਕੀਤਾ। ਸੰਨ 1914 ਈ. ਵਿਚ ਪਹਿਲੀ ਵਿਸ਼ਵ ਜੰਗ ਛਿੜਨ 'ਤੇ ਫ਼ੌਜ ਵਿਚ ਇੰਜੀਨੀਅਰ ਭਰਤੀ ਹੋ ਕੇ ਈਰਾਨ ਅਤੇ ਇਰਾਕ ਆਦਿ ਮੁਲਕਾਂ ਵਿਚ ਕੰਮ ਕਰਨ ਲਈ ਜਾਣਾ ਪਿਆ। ਉਥੇ ਇਹ ਇਕ ਈਸਾਈ ਮਿਸ਼ਨਰੀ ਰੈਵਰੈਂਡ ਮਿਸਟਰ ਸਟੈਂਡ ਦੇ ਸੰਪਰਕ ਵਿਚ ਆਇਆ ਅਤੇ ਜੰਗ ਦੇ ਮੁਕਣ ਤੋਂ ਬਾਦ ਸੰਨ 1919 ਈ. ਵਿਚ ਉਸ ਦੀ ਸਿਫ਼ਾਰਿਸ਼ ਨਾਲ ਇਸ ਨੂੰ ਅਗੋਂ ਪੜ੍ਹਨ ਲਈ ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਵਿਚ ਦਾਖ਼ਲਾ ਮਿਲ ਗਿਆ।

ਅਮਰੀਕਾ ਵਿਚ ਇਹ ਇਕ ਗਿਆਨ-ਜਿਗਿਆਸੂ ਵਜੋਂ ਗਿਆ। ਉਥੋਂ ਦੇ ਵਾਤਾਵਰਣ, ਖ਼ੁਸ਼ਹਾਲ ਜੀਵਨ ਅਤੇ ਉਦਾਰ ਸਮਾਜਿਕ ਅਤੇ ਸਭਿਆਚਾਰਿਕ ਪਰੰਪਰਾਵਾਂ ਨੇ ਇਸ ਨੂੰ ਮੋਹ ਲਿਆ। ਸੰਨ 1922 ਈ. ਵਿਚ ਇਸ ਨੇ ਬੀ. ਐਸ-ਸੀ. (ਇੰਜੀਨੀਅਰਿੰਗ) ਦੀ ਡਿਗਰੀ ਹਾਸਲ ਕੀਤੀ ਅਤੇ ਕੁਝ ਸਮੇਂ ਲਈ ਥੌਮਸਟੋਨ (ਓਹਾਇਓ) ਵਿਚ ਨੌਕਰੀ ਕੀਤੀ, ਪਰ ਜਲਦੀ ਹੀ ਦੇਸ਼ ਪਰਤ ਆਇਆ। ਦੇਸ਼ ਆ ਕੇ ਇਸ ਨੂੰ ਨੌਕਰੀ ਨ ਮਿਲੀ। ਬੇਰੋਜ਼ਗਾਰੀ ਕਾਰਣ ਇਹ ਫਿਰ ਅਮਰੀਕਾ ਜਾਣ ਲਈ ਸੋਚਣ ਲਗ ਗਿਆ, ਪਰ ਇਕ ਅੰਗ੍ਰੇਜ਼ ਅਫ਼ਸਰ ਮਿਸਟਰ ਐਲਮ ਦੀ ਮਦਦ ਨਾਲ ਸੰਨ 1924 ਈ. ਵਿਚ ਇਹ ਰੇਲਵੇ ਵਿਚ ਸਹਾਇਕ ਇੰਜੀਨੀਅਰ ਲਗ ਗਿਆ। ਉਥੋਂ ਦਾ ਰਿਸ਼ਵਤਖ਼ੋਰੀ ਭਰਿਆ ਮਾਹੌਲ ਇਸ ਨੂੰ ਪਸੰਦ ਨ ਆਇਆ। ਫਲਸਰੂਪ ਇਸ ਨੇ ਸੰਨ 1932 ਈ. ਵਿਚ ਨੌਕਰੀ ਛਡ ਦਿੱਤੀ। ਫਿਰ ਇਸ ਨੇ ਨੌਸ਼ਹਿਰੇ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਨਾਲ ਲਗਦੀ ਜ਼ਮੀਨ ਨੂੰ ਪੱਟੇ ਉਤੇ ਲੈ ਕੇ ਉਥੇ ਆਧੁਨਿਕ ਲੀਹਾਂ 'ਤੇ ਮਸ਼ੀਨੀ ਢੰਗ ਨਾਲ ਵਾਹੀ ਕਰਨ ਦਾ ਉਦਘਾਟਨ ਕੀਤਾ। ਇਹ ਯਤਨ ਭਾਵੇਂ ਇਤਿਹਾਸਿਕ ਮਹੱਤਵ ਰਖਦਾ ਹੈ, ਪਰ ਇਸ ਉਦਮ ਵਿਚ ਇਹ ਸਫਲ ਨ ਹੋ ਸਕਿਆ।

ਸਤੰਬਰ 1933 ਈ. ਵਿਚ 'ਪ੍ਰੀਤਲੜੀ' ਨਾਂ ਦੀ ਪਤ੍ਰਿਕਾ ਦਾ ਪ੍ਰਕਾਸ਼ਨ ਆਰੰਭ ਕੀਤਾ। ਇਸ ਪਤ੍ਰਿਕਾ ਦੁਆਰਾ ਇਸ ਨੇ ਧਾਰਮਿਕ ਤੰਗਨਜ਼ਰੀ ਤੋਂ ਮੁਕਤ ਅਤੇ ਪੁਰਾਣੇ ਰੀਤਾਂ-ਰਿਵਾਜਾਂ ਅਤੇ ਵਹਿਮਾਂ-ਭਰਮਾਂ ਤੋਂ ਰਹਿਤ ਇਕ ਨਵੇਂ ਜੀਵਨ ਦਾ ਸੁਪਨਾ ਲੋਕਾਂ ਸਾਹਮਣੇ ਰਖਿਆ। ਇਸ ਦੀ ਨਵੀਂ ਵਿਚਾਰਧਾਰਾ ਤੋਂ ਲੋਕ ਕੀਲੇ ਗਏ ਅਤੇ ਪੰਜਾਬੀ ਪਾਠਕਾਂ ਵਿਚ ਇਕ ਨਵੀਂ ਸੋਹਜ ਬਿਰਤੀ ਦਾ ਵਿਕਾਸ ਹੋਇਆ। ਨੌਸ਼ਹਿਰੇ ਵਿਚ ਪੰਜਾਬੀ ਸਭਿਆਚਾਰ ਤੋਂ ਦੂਰ ਬੈਠਿਆਂ ਇਹ ਆਪਣੇ ਵਿਚਾਰਾਂ ਨੂੰ ਠੀਕ ਢੰਗ ਨਾਲ ਪ੍ਰਚਲਿਤ ਨ ਕਰ ਸਕਿਆ। ਸੰਨ 1936 ਈ. ਵਿਚ ਨੌਸ਼ਹਿਰੇ ਨੂੰ ਛਡ ਕੇ ਮਾਡਲ ਟਾਊਨ ਲਾਹੌਰ ਆ ਵਸਿਆ। ਆਪਣੇ ਪ੍ਰੀਤ ਸਿੱਧਾਂਤ ਨੂੰ ਇਸ ਨੇ ਆਪਣੇ ਸੰਪਰਕ ਵਿਚ ਆਉਣ ਵਾਲੇ ਮਿੱਤਰਾਂ ਸਾਹਮਣੇ ਖੁਲ੍ਹ ਕੇ ਰਖਣਾ ਸ਼ੁਰੂ ਕੀਤਾ। ਇਸ ਨੇ ਲਾਹੌਰ ਅਤੇ ਅੰਮ੍ਰਿਤਸਰ ਵਿਚਾਲੇ ਲੋਪੋਕੇ ਪਿੰਡ ਨੇੜੇ 15 ਏਕੜ ਜ਼ਮੀਨ ਖ਼ਰੀਦ ਕੇ ਸੰਨ 1938 ਈ. ਵਿਚ ਪ੍ਰੀਤ ਨਗਰ ਦੀ ਸਥਾਪਨਾ ਕੀਤੀ। ਉਸ ਵਕਤ ਦੇ ਬਹੁਤੇ ਪੰਜਾਬੀ ਸਾਹਿਤਕਾਰ ਪ੍ਰੀਤਨਗਰ ਦੇ ਹੀ ਢਲੇ ਹੋਏ ਸਿੱਕੇ ਹਨ। ਹੌਲੀ ਹੌਲੀ ਪ੍ਰੀਤ ਦੇ ਬੁਨਿਆਦੀ ਧੁਰੇ ਉਤੇ ਟਿਕੀਆਂ ਅਨੇਕ ਸੰਸਥਾਵਾਂ ਹੋਂਦ ਵਿਚ ਆਉਣ ਲਗੀਆਂ, ਜਿਨ੍ਹਾਂ ਵਿਚ ਪ੍ਰੀਤ ਨਗਰ, ਪ੍ਰੀਤ ਕਲਬ, ਪ੍ਰੀਤ ਸੈਨਾ, ਪ੍ਰੀਤ ਸੈਨਿਕ ਸਕੂਲ ਆਦਿ ਵਿਸ਼ੇਸ਼ ਉਲੇਖਯੋਗ ਹਨ। ਇਸ ਤਰ੍ਹਾਂ ਪ੍ਰੀਤ ਨਗਰ ਸਾਹਿਤਿਕ ਅਤੇ ਸਭਿਆਚਾਰਿਕ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਸੰਨ 1947 ਈ. ਵਿਚ ਦੇਸ਼ ਵੰਡਿਆ ਗਿਆ। ਪ੍ਰੀਤ ਨਗਰ ਹਿੰਦ-ਪਾਕ-ਸਰਹਦ ਉਤੇ ਆ ਗਿਆ। ਸੰਪ੍ਰਦਾਇਕ ਦੰਗਿਆਂ ਤੋਂ ਡਰਦਿਆਂ ਪ੍ਰੀਤ-ਸੈਨਿਕਾਂ ਨੇ ਵਖਰੀਆਂ ਵਖਰੀਆਂ ਥਾਂਵਾਂ ਉਤੇ ਜਾ ਠਿਕਾਣੇ ਬਣਾਏ। ਪ੍ਰੀਤ-ਸੈਨਾ ਅਧਿਨਾਇਕ ਗੁਰਬਖ਼ਸ਼ ਸਿੰਘ ਖ਼ੁਦ ਦਿੱਲੀ ਜਾ ਟਿਕਿਆ। ਪਰ ਤਿੰਨ ਸਾਲ ਬਾਦ ਇਸ ਨੇ ਉਜੜਿਆ ਪ੍ਰੀਤ ਨਗਰ

ਫਿਰ ਵਸਾਉਣ ਦਾ ਯਤਨ ਕੀਤਾ।

ਸੰਨ 1912 ਈ. ਵਿਚ ਸ਼ਿਵਦੇਈ (ਜਗਜੀਤ ਕੌਰ) ਨਾਲ ਹੋਏ ਵਿਆਹ ਤੋਂ ਬਾਦ ਇਸ ਦੀ ਪਤਨੀ (ਜੀਤੀ /ਜੀਤਾਂ) ਨੇ ਗੁਰਬਖ਼ਸ਼ ਸਿੰਘ ਨਾਲ ਅੰਗ-ਸੰਗ ਹੋ ਕੇ ਕੰਮ ਕੀਤਾ। ਇਸ ਦੰਪਤੀ ਦੇ ਦੋ ਲੜਕਿਆਂ ਅਤੇ ਚਾਰ ਲੜਕੀਆਂ ਵਿਚ ਨਵਤੇਜ ਸਿੰਘ ਸਭ ਤੋਂ ਵੱਡਾ ਸੀ। ਇਸ ਦੀ ਪਤਨੀ ਨੇ ਸਮਾਜਿਕ ਤੌਰ 'ਤੇ ਵਿਵਰਜਿਤ ਵਿਸ਼ਿਆਂ ਉਪਰ ਲਿਖਣ ਲਈ ਗੁਰਬਖ਼ਸ਼ ਸਿੰਘ ਨੂੰ ਹੱਲਾ-ਸ਼ੇਰੀ ਦਿੱਤੀ। ਪ੍ਰੀਤ ਲੜੀ ਸ਼ੁਰੂ ਕਰਨ ਤੋਂ ਬਾਦ ਇਸ ਨੂੰ ਕਈ ਦੇਸ਼ਾਂ ਵਿਚ ਜਾਣਾ ਪਿਆ, ਜਿਵੇਂ ਅਮਰੀਕਾ, ਕੈਨੇਡਾ, ਫਰਾਂਸ, ਇੰਗਲੈਂਡ, ਇਟਲੀ, ਆਸਟਰੀਆ, ਜਰਮਨੀ, ਚੀਨ, ਹੰਗਰੀ, ਰੁਮਾਨੀਆ, ਅਫ਼ਗਾਨਿਸਤਾਨ, ਸੋਵੀਅਤ ਯੂਨੀਅਨ ਆਦਿ।

ਗੁਰਬਖ਼ਸ਼ ਸਿੰਘ ਨੂੰ ਉਸ ਦੀ ਅਦੁੱਤੀ ਸਾਹਿਤਿਕ ਦੇਣ ਕਾਰਣ ਪੰਜਾਬੀ ਜਗਤ ਵਿਚ ਬਹੁਤ ਸਤਿਕਾਰ ਮਿਲਿਆ। ਲੋਕੀਂ ਉਸ ਦੇ ਲੇਖਾਂ ਨੂੰ ਪੜ੍ਹਨ ਲਈ 'ਪ੍ਰੀਤਲੜੀ' ਦੀ ਉਡੀਕ ਕਰਦੇ ਸਨ। ਉਸ ਦਾ ਲਿਖਿਆ ਸਾਰਾ ਸਾਹਿਤ ਪੁਸਤਕ ਰੂਪ ਧਾਰਣ ਕਰਨ ਤੋਂ ਪਹਿਲਾਂ 'ਪ੍ਰੀਤਲੜੀ' ਰਾਹੀਂ ਛਾਪਿਆ ਗਿਆ। ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਇਸ ਨੂੰ ਸਨਮਾਨਿਤ ਕੀਤਾ ਅਤੇ ਅਨੇਕ ਸਾਹਿਤਿਕ ਅਤੇ ਸਮਾਜਿਕ ਸੰਸਥਾਵਾਂ ਨਾਲ ਇਹ ਸੰਬੰਧਿਤ ਰਿਹਾ। ਇਸ ਪ੍ਰਤਿਭਾਵਾਨ ਸਾਹਿਤਕਾਰ ਦਾ ਅੰਤ 20 ਅਗਸਤ 1977 ਈ. ਨੂੰ ਪੀ.ਜੀ. ਆਈ. ਚੰਡੀਗੜ੍ਹ ਵਿਚ ਹੋਇਆ।

ਸਾਹਿਤਿਕ ਖੇਤਰ ਵਿਚ 'ਪ੍ਰੀਤਲੜੀ' ਪਤ੍ਰਿਕਾ ਇਸ ਦੀ ਮਹੱਤਵਪੂਰਣ ਅਤੇ ਅਭੁਲ ਦੇਣ ਹੈ ਜੋ ਇਸ ਤੋਂ ਬਾਦ ਵੀ ਚਲ ਰਹੀ ਹੈ। ਇਸ ਦਾ ਸਾਰਾ ਸਾਹਿਤ 'ਪ੍ਰੀਤਲੜੀ' ਦੀ ਗੋਦ ਵਿਚੋਂ ਜਨਮਿਆ ਹੈ। ਇਸ ਦੇ ਜੀਵਨ-ਕਾਲ ਤਕ 29 ਲੇਖ-ਸੰਗ੍ਰਹਿ ਛਪ ਚੁਕੇ ਸਨ ਅਤੇ ਦੋ ਬਾਦ ਵਿਚ ਸੰਕਲਿਤ ਕੀਤੇ ਗਏ। ਇਨ੍ਹਾਂ ਲੇਖਾਂ ਦੇ ਵਿਭਿੰਨ ਵਿਸ਼ੇ ਹਨ। ਲੇਖਾਂ ਤੋਂ ਇਲਾਵਾ ਇਸ ਨੇ ਕਈ ਹੋਰ ਸਾਹਿਤ-ਰੂਪਾਂ ਉਤੇ ਵੀ ਹੱਥ ਅਜ਼ਮਾਇਆ ਹੈ। ਸੰਨ 1935 ਈ. ਵਿਚ ਇਸ ਦਾ ਪਹਿਲਾ ਨਾਟਕ 'ਰਾਜ ਕੁਮਾਰੀ ਲਤਿਕਾ' ਛਪਿਆ ਸੀ। ਇਸ ਤੋਂ ਇਲਾਵਾ ਦੋ ਪੂਰੇ ਨਾਟਕ ਅਤੇ ਤਿੰਨ ਇਕਾਂਗੀ ਸੰਗ੍ਰਹਿ ਬਾਦ ਵਿਚ ਪ੍ਰਕਾਸ਼ਿਤ ਹੋਏ। ਇਸ ਨੇ 'ਅਣਵਿਆਹੀ ਮਾਂ', 'ਰੁੱਖਾਂ ਦੀ ਜੀਰਾਂਦ' ਅਤੇ 'ਗੁਲਾਬੋ' ਨਾਂ ਦੇ ਤਿੰਨ ਨਾਵਲ ਲਿਖੇ ਅਤੇ 11 ਕਹਾਣੀ-ਸੰਗ੍ਰਹਿ ਛਾਪਣ ਦਾ ਉਦਮ ਕੀਤਾ ਅਤੇ ਬੱਚਿਆਂ ਲਈ ਵੀ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ। ਇਸ ਨੇ ਆਪਣੀ ਜੀਵਨੀ ਤਿੰਨ ਭਾਗਾਂ ਵਿਚ ਛਾਪ ਕੇ ਆਪਣੇ ਜੀਵਨ ਸੰਘਰਸ਼ ਤੋਂ ਪਾਠਕਾਂ ਨੂੰ ਜਾਣੂ ਕਰਵਾਇਆ । ਇਸ ਨੇ ਆਪਣਾ ਸਫ਼ਰਨਾਮਾ ਲਿਖਣ ਤੋਂ ਇਲਾਵਾ ਕੁਝ ਮਹੱਤਵਪੂਰਣ ਰਚਨਾਵਾਂ ਦਾ ਅਨੁਵਾਦ ਵੀ ਕੀਤਾ, ਜਿਵੇਂ 'ਏਸ਼ੀਆ ਦਾ ਚਾਨਣ'। ਇਸ ਦਾ ਸਾਰਾ ਸਾਹਿਤ ਸੰਨ 1996-97 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਛਾਪਿਆ ਜਾ ਚੁਕਾ ਹੈ। ਇਨ੍ਹਾਂ ਰਚਨਾਵਾਂ ਵਿਚ ਇਸ ਨੇ ਲਕੀਰ ਤੋਂ ਹਟ ਕੇ ਗੱਲ ਕੀਤੀ ਹੈ। ਇਸ ਦੀ ਵਿਚਾਰਧਾਰਾ ਖੜੋਤ ਨੂੰ ਤੋੜਦੀ ਹੈ ਅਤੇ ਆਦਰਸ਼ਵਾਦ ਤੋਂ ਸਮਾਜਵਾਦ ਵਲ ਯਾਤ੍ਰਾ ਕਰਦੀ ਹੈ। ਪਰ ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਦਾ ਮੂਲਾਧਾਰ ਵਿਦੇਸ਼ੀ ਹੋਣ ਕਾਰਣ ਮਾਂਗਵਾ ਹੈ। ਫਲਸਰੂਪ ਇਹ ਇਕ ਗੰਭੀਰ ਦਾਰਸ਼ਨਿਕ ਨਹੀਂ ਬਣ ਸਕਿਆ, ਬਸ ਸਤੱਈ ਜਿਹਾ ਪ੍ਰਚਾਰਕ ਹੀ ਰਿਹਾ ਹੈ।

**ਗੁਰਬਖ਼ਸ਼ ਸਿੰਘ, ਭਾਈ** (1688-1764 ਈ.): ਸਿੱਖ ਜਗਤ ਵਿਚ 'ਸ਼ਹੀਦ' ਵਜੋਂ ਜਾਣੇ ਜਾਂਦੇ ਭਾਈ ਗੁਰਬਖ਼ਸ ਸਿੰਘ ਦਾ ਜਨਮ 10 ਅਪ੍ਰੈਲ 1688 ਈ. ਵਿਚ ਭਾਈ ਦਸੌਂਧਾ ਦੇ ਘਰ ਮਾਈ ਲੱਛਮੀ ਦੀ ਕੁੱਖੋਂ ਅੰਮ੍ਰਿਤਸਰ ਜ਼ਿਲ੍ਹੇ ਦੇ 'ਲੀਲ' ਪਿੰਡ ਵਿਚ ਹੋਇਆ। ਇਸ ਦਾ ਪਰਿਵਾਰ ਸੰਨ 1693 ਈ. ਵਿਚ ਆਨੰਦਪੁਰ ਚਲਾ ਗਿਆ। ਇਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਗੁਰਮਤਿ ਦਾ ਅਧਿਐਨ ਕੀਤਾ। ਫਿਰ ਇਹ ਬਾਬਾ ਦੀਪ ਸਿੰਘ ਸ਼ਹੀਦ ਦੀ ਮਿਸਲ ਵਿਚ ਸ਼ਾਮਲ ਹੋ ਗਿਆ। ਸੰਨ 1757 ਈ. ਵਿਚ ਬਾਬਾ ਜੀ ਦੀ ਸ਼ਹਾਦਤ ਤੋਂ ਬਾਦ ਇਸ ਨੇ ਆਪਣਾ ਸੁਤੰਤਰ ਜੱਥਾ ਕਾਇਮ ਕਰ ਲਿਆ। ਇਸ ਦਾ ਜੱਥਾ ਅਕਸਰ ਅੰਮ੍ਰਿਤਸਰ ਦੀ ਰਖਿਆ ਲਈ ਉਥੇ ਹੀ ਰਹਿੰਦਾ ਸੀ ਅਤੇ ਸੈਨਿਕ ਮੁਹਿੰਮਾਂ ਵੇਲੇ ਸਿੰਘਾਂ ਦੇ ਦਲਾਂ ਦੀ ਅਗਵਾਈ ਕਰਦਾ ਸੀ।

ਸਿੱਖ ਇਤਿਹਾਸ ਅਨੁਸਾਰ ਨਵੰਬਰ 1764 ਈ. ਵਿਚ ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ਹਿੰਦੁਸਤਾਨ ਉਪਰ ਆਪਣੇ ਤੀਹ ਹਜ਼ਾਰ ਸੈਨਿਕਾਂ ਸਹਿਤ ਸੱਤਵਾਂ ਹਮਲਾ ਕੀਤਾ ਤਾਂ ਉਸ ਵੇਲੇ ਅੰਮ੍ਰਿਤਸਰ ਦੀ ਰਖਿਆ ਕਰ ਰਹੇ ਭਾਈ ਗੁਰਬਖ਼ਸ਼ ਸਿੰਘ ਪਾਸ ਕੇਵਲ 30 ਯੋਧੇ ਸਨ। ਅਹਿਮਦ ਸ਼ਾਹ ਦੁਰਾਨੀ ਬਿਨਾ ਰੋਕ-ਟੋਕ ਅੰਮ੍ਰਿਤਸਰ ਨਗਰ ਤਕ ਪਹੁੰਚ ਗਿਆ ਅਤੇ ਉਸ ਦੀ ਸੈਨਾ 1 ਦਸੰਬਰ 1764 ਈ.

ਨੂੰ ਹਰਿਮੰਦਿਰ ਸਾਹਿਬ ਨੂੰ ਨਸ਼ਟ ਕਰਨ ਲਈ ਅਗੇ ਵਧੀ। ਕਹਿੰਦੇ ਹਨ ਕਿ ਭਾਈ ਗੁਰਬਖ਼ਸ਼ ਸਿੰਘ ਨੇ ਆਪਣੇ ਸਾਥੀਆਂ ਸਮੇਤ ਫੁਲਾਂ ਦੇ ਸੇਹਰੇ ਬੰਨ੍ਹ ਕੇ ਮੌਤ ਲਾੜੀ ਨੂੰ ਪਰਨਾਉਣ ਲਈ ਅਗੇ ਵਧੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਭਾਈ ਜੀ ਦਾ ਸਸਕਾਰ ਅਕਾਲ ਬੁੰਗਾ (ਤਖ਼ਤ) ਦੇ ਪਿਛਲੇ ਪਾਸੇ ਕੀਤਾ ਗਿਆ। ਉਥੇ ਬਾਦ ਵਿਚ ਜੋ ਸਮਾਰਕ ਬਣਾਇਆ ਗਿਆ, ਉਹ 'ਸ਼ਹੀਦ ਗੰਜ' ਦੇ ਨਾਂ ਨਾਲ ਪ੍ਰਸਿੱਧ ਹੋਇਆ।

**ਗੁਰਬਖ਼ਸ਼ ਦਾਸ, ਉਦਾਸੀ** : ਆਨੰਦਪੁਰ ਵਿਚ ਗੁਰੂ-ਦਰਬਾਰ ਵਿਚ ਰਹਿਣ ਵਾਲਾ ਇਕ ਉਦਾਸੀ ਸਾਧ ਜੋ ਉਦਾਸੀ ਸੰਤ ਮਹਾਦੇਵ ਦਾ ਚੇਲਾ ਸੀ ਅਤੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲ੍ਹਾ ਤਿਆਗਣ ਵੇਲੇ ਗੁਰੂ-ਧਾਮਾਂ ਦਾ ਸੇਵਾਦਾਰ ਥਾਪਿਆ ਸੀ। ਕੁਝ ਸਮੇਂ ਬਾਦ ਗੁਰੂ ਹਰਿਗੋਬਿੰਦ ਜੀ ਦੇ ਸਾਹਿਬਜ਼ਾਦੇ ਬਾਬਾ ਸੂਰਜ ਮੱਲ ਦੇ ਪੋਤਰੇ ਸੋਢੀ ਗੁਲਾਬ ਰਾਏ (ਸਿੰਘ) ਨੇ ਗੁਰੂ-ਗੱਦੀ ਉਤੇ ਬੈਠ ਕੇ ਸਿੱਖਾਂ ਤੋਂ ਚੜ੍ਹਾਵੇ ਸਵੀਕਾਰਨ ਲਗ ਗਿਆ। ਗੁਰਬਖ਼ਸ਼ ਦਾਸ ਨੇ ਉਸ ਨੂੰ ਅਜਿਹਾ ਕਰਨ ਤੋਂ ਵਰਜਿਆ। ਉਸ ਦੇ ਨ ਮੰਨਣ 'ਤੇ ਉਸ ਨੂੰ ਜਲਦੀ ਹੀ ਨਿਰਸੰਤਾਨ ਮਰ ਜਾਣ ਦਾ ਸਰਾਪ ਦਿੱਤਾ। ਸਚਮੁਚ ਉਹ ਜਲਦੀ ਹੀ ਮਰ ਗਿਆ। ਉਸ ਤੋਂ ਬਾਦ ਉਸ ਦੇ ਭਰਾ ਸੋਢੀ ਸ਼ਿਆਮ ਸਿੰਘ ਤੋਂ ਸੋਢੀ ਵੰਸ਼ ਅਗੇ ਚਲਿਆ।

**ਗੁਰਬਖ਼ਸ਼, ਭਾਈ** : ਦਿੱਲੀ ਦਾ ਇਕ ਮਸੰਦ, ਜਿਸ ਨੇ ਮਾਰਚ 1664 ਈ. ਵਿਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਬੁਲਾਵੇ 'ਤੇ ਉਥੇ ਗਏ ਗੁਰੂ ਹਰਿਕ੍ਰਿਸ਼ਨ ਜੀ ਦੀ ਤਨੋ-ਮਨੋ ਬਹੁਤ ਸੇਵਾ ਕੀਤਾ। ਉਥੇ ਗੁਰੂ ਜੀ ਉਤੇ ਚੀਚਕ ਦਾ ਜਾਨ-ਲੇਵਾ ਹਮਲਾ ਹੋਇਆ। ਗੁਰੂ ਜੀ ਦੇ ਮਹਾਪ੍ਰਸਥਾਨ ਦਾ ਸਮਾਂ ਨੇੜੇ ਆਇਆ ਵੇਖ ਕੇ ਭਾਈ ਗੁਰਬਖ਼ਸ਼ ਨੇ ਗੁਰੂ ਜੀ ਨੂੰ ਆਪਣਾ ਉਤਰਾਧਿਕਾਰੀ ਨਾਮਜ਼ਦ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਦੇ ਮੁਖ ਤੋਂ 'ਬਾਬਾ ਬਕਾਲੇ' ਬਸ ਇਹੀ ਸ਼ਬਦ ਨਿਕਲ ਸਕੇ ਜਿਨ੍ਹਾਂ ਤੋਂ ਸੰਕੇਤ ਸੀ ਬਕਾਲੇ ਵਿਚ ਸਥਿਤ ਬਾਬਾ (ਦਾਦਾ ਤੇਗ ਬਹਾਦਰ)। ਸਿੱਖ ਇਤਿਹਾਸ ਅਨੁਸਾਰ ਬਾਦ ਵਿਚ ਭਾਈ ਗੁਰਬਖ਼ਸ਼ ਬਕਾਲੇ ਗਿਆ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੇ ਅੰਤਿਮ ਛਿਣਾਂ ਦੀ ਦਾਸਤਾਨ ਸੁਣਾਈ।

**ਗੁਰਬਚਨ ਸਿੰਘ ਖ਼ਾਲਸਾ, ਭਿੰਡਰਾਂਵਾਲੇ** (1903-1969 ਈ.): ਗੁਰਬਾਣੀ-ਵਿਆਖਿਆ ਦੀ ਦਮਦਮੀ ਟਕਸਾਲ ਨਾਲ ਸੰਬੰਧਿਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਦਾ ਜਨਮ 12 ਫਰਵਰੀ 1903 ਈ. ਨੂੰ ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਨਗਰ ਤੋਂ 4 ਕਿ.ਮੀ. ਦੱਖਣ ਵਿਚ ਸਥਿਤ ਪਿੰਡ 'ਅਖਾੜਾ' ਵਿਚ ਭਾਈ ਕੂੜ ਸਿੰਘ ਦੇ ਘਰ ਮਾਈ ਅਨੰਦ ਕੌਰ ਦੀ ਕੁੱਖੋਂ ਹੋਇਆ। ਜਦੋਂ ਆਪ 13 ਮਹੀਨਿਆਂ ਦੇ ਸਨ ਤਾਂ ਮਾਤਾ ਦਾ ਸਾਇਆ ਸਿਰ ਤੋਂ ਉਠ ਗਿਆ। ਆਪ ਦੇ ਪਿਤਾ ਦੇ ਬਰਮਾ ਵਿਚ ਰਹਿਣ ਕਾਰਣ ਆਪ ਦੀ ਸਰਪ੍ਰਸਤੀ ਦਾਦੀ ਰਾਜ ਕੌਰ ਨੇ ਕੀਤੀ। ਮੁੱਢਲੀ ਵਿਦਿਆ ਆਪਣੇ ਤਾਏ ਬਾਬਾ ਕਾਹਨ ਤੋਂ ਅਤੇ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਤੋਂ ਪ੍ਰਾਪਤ ਕੀਤੀ। 13 ਵਰ੍ਹਿਆਂ ਦੀ ਉਮਰ ਵਿਚ ਹਿੰਦੂ ਮਤ ਅਤੇ ਭਾਰਤੀ ਦਰਸ਼ਨ ਦਾ ਅਧਿਐਨ ਪਿੰਡ ਕਿਸ਼ਨਪੁਰੇ ਦੇ ਨੇੜੇ ਇਕ ਉਦਾਸੀ ਸਾਧੂ ਲਾਲ ਦਾਸ ਦੇ ਡੇਰੇ ਵਿਚ ਰਹਿ ਕੇ ਕੀਤਾ। 17 ਵਰ੍ਹਿਆਂ ਦੀ ਉਮਰ ਵਿਚ ਪਿੰਡ ਪਰਤੇ ਅਤੇ 18 ਸਾਲਾਂ ਦੇ ਹੋਣ 'ਤੇ ਬੀਬੀ ਕਿਸ਼ਨ ਕੌਰ ਨਾਲ ਵਿਆਹੇ ਗਏ। ਪਰ ਆਪ ਦਾ ਮਨ ਭਜਨ-ਬੰਦਗੀ ਵਲ ਵਿਸ਼ੇਸ਼ ਰੂਪ ਵਿਚ ਰੁਚਿਤ ਸੀ।

ਸੰਨ 1920 ਈ. ਵਿਚ ਆਪ ਸੰਤ ਸੁੰਦਰ ਸਿੰਘ ਦੇ ਪਾਸ ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼, ਪਿੰਡ ਭਿੰਡਰ ਕਲਾਂ (ਮੋਗਾ) ਵਿਚ ਆ ਗਏ। ਗੁਰਬਾਣੀ ਦੀ ਵਿਆਖਿਆ ਵਿਚ ਪ੍ਰਬੀਨਤਾ ਹਾਸਲ ਕਰਨ ਅਤੇ ਗੁਰਮਤਿ ਰਹਿਣੀ ਨੂੰ ਸਹੀ ਰੂਪ ਵਿਚ ਅਪਣਾਉਣ 'ਤੇ ਆਪ ਦਮਦਮੀ ਟਕਸਾਲ ਦੇ ਪ੍ਰਮੁਖ ਵਿਦਿਆਰਥੀ ਬਣ ਗਏ ਅਤੇ ਖ਼ਾਲਸਾ ਪੰਥ ਦੀ ਸੇਵਾ ਕਾਰਣ 'ਖ਼ਾਲਸਾ' ਅਖਵਾਉਣ ਲਗ ਗਏ। 15 ਫਰਵਰੀ 1930 ਈ. ਨੂੰ ਸੰਤ ਸੁੰਦਰ ਸਿੰਘ ਦੇ ਚਲਾਣੇ ਤੋਂ ਬਾਦ ਆਪ ਨੂੰ ਸੰਗਤ ਵਲੋਂ ਟਕਸਾਲ ਦੀ ਜ਼ਿੰਮੇਵਾਰੀ ਸੌਂਪੀ ਗਈ। ਪਿੰਡ ਭਿੰਡਰਾ ਕਲਾਂ ਵਿਚ ਰਹਿਣ ਕਾਰਣ ਆਪ ਦੇ ਨਾਂ ਨਾਲ 'ਭਿੰਡਰਾਂਵਾਲਾ' ਪਰਿਚਯਾਤਮਕ ਸ਼ਬਦ ਜੁੜ ਗਿਆ।

ਆਪ ਨੇ ਸੰਤ ਸੁੰਦਰ ਸਿੰਘ ਦੇ ਪਾਏ ਪੂਰਨੇ 'ਤੇ ਚਲ ਕੇ ਗੁਰਬਾਣੀ ਦੀ ਵਿਆਖਿਆ ਦਾ ਪ੍ਰਵਾਹ ਚਲਾਇਆ ਅਤੇ 26 ਵਾਰ ਪੂਰੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕੀਤੀ। ਆਪਣੇ ਜੀਵਨ-ਕਾਲ ਵਿਚ 1313 ਅਖੰਡ ਪਾਠ ਕਰਵਾਏ। ਗੁਰਸਿਖੀ ਦੇ ਪ੍ਰਚਾਰ ਲਈ ਦੇਸ਼-ਵਿਦੇਸ਼ ਗਏ। ਪਿੰਡਾਂ ਵਿਚ ਪ੍ਰਚਾਰ ਕਰਨ ਲਈ ਪੈਦਲ ਜਾਂਦੇ ਰਹੇ। ਲੱਖਾਂ

ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾਇਆ। ਆਪ ਪਾਸੋਂ ਅੰਮ੍ਰਿਤ ਪਾਨ ਕਰਨਾ ਗੌਰਵ ਵਾਲੀ ਗੱਲ ਸਮਝੀ ਜਾਂਦੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਜਿਗਿਆਸੂਆਂ ਨੇ ਸ਼ੁੱਧ ਪਾਠ ਕਰਨ ਦੀ ਸੇਧ ਹਾਸਲ ਕੀਤੀ। ਆਪ ਨੇ ਨਾਭਾ, ਮਨਾਵਾਂ (ਜ਼ਿਲ੍ਹਾ ਫ਼ਿਰੋਜ਼ਪੁਰ), ਪੰਜੋਖਰਾ (ਜ਼ਿਲ੍ਹਾ ਅੰਬਾਲਾ) ਆਦਿ ਅਨੇਕ ਥਾਂਵਾਂ ਦੇ ਗੁਰ-ਧਾਮਾਂ ਦੀ ਉਸਾਰੀ ਦੀ ਸੇਵਾ ਕਰਾਈ। 28 ਜੂਨ 1969 ਈ. ਨੂੰ ਜਦੋਂ ਆਪ ਮਹਿਤਾ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਦੀ 27ਵੀਂ ਵਿਆਖਿਆ ਲੜੀ ਚਲਾ ਰਹੇ ਸਨ, ਤਾਂ ਚਲਾਣਾ ਕਰ ਗਏ। ਆਪ ਨੇ 40 ਸਾਲਾਂ ਤੋਂ ਵਧ ਬੜੀ ਟਿਕੀ ਹੋਈ ਅਵਸਥਾ ਵਿਚ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪ ਇਕ ਸੁਲਝੇ ਹੋਏ ਕਵੀ ਵੀ ਸਨ। 'ਸ੍ਰੀ ਗੁਰਮੁਖ ਪ੍ਰਕਾਸ਼' ਨਾਂ ਦੇ ਪ੍ਰਬੰਧ-ਕਾਵਿ ਵਿਚ ਆਪ ਨੇ ਆਪਣੇ ਸਰਪ੍ਰਸਤ ਸੰਤ ਸੁੰਦਰ ਸਿੰਘ ਦੇ ਜੀਵਨ ਉਤੇ ਝਾਤ ਪਾਈ ਹੈ। 'ਗੁਰਬਾਣੀ ਪਾਠ ਦਰਸ਼ਨ' ਨਾਂ ਦੀ ਪੁਸਤਕ ਵਿਚ ਕਠਿਨ ਪਾਠਾਂ ਦਾ ਨਿਰਣਾ ਕੀਤਾ ਹੈ ਅਤੇ ਗੁਰੂ-ਸਾਹਿਬਾਨ ਦੇ ਜੀਵਨ ਦੇ ਹਾਲ ਦਰਸਾਏ ਹਨ। ਦੋਹਾਂ ਪੁਸਤਕਾਂ ਵਿਚ ਗੁਰਮਤਿ ਮਰਯਾਦਾ ਦੀ ਗੱਲ ਚੰਗੀ ਤਰ੍ਹਾਂ ਉਘਾੜੀ ਗਈ ਹੈ।

ਆਪ ਤੋਂ ਬਾਦ ਆਪ ਦੇ ਸੇਵਕ ਸੰਤ ਕਰਤਾਰ ਸਿੰਘ ਨੇ ਟਕਸਾਲ ਦੀ ਸੇਵਾ ਸੰਭਾਲੀ। ਉਨ੍ਹਾਂ ਨੇ ਆਪ ਦੀ ਸਮ੍ਰਿਤੀ ਵਿਚ ਮਹਿਤਾ ਪਿੰਡ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਕਰਵਾਈ ਜੋ ਹੁਣ ਦਮਦਮੀ ਟਕਸਾਲ ਅਤੇ ਭਿੰਡਰਾਂਵਾਲੇ ਜੱਥੇ ਦਾ ਕੇਂਦਰ ਹੈ। ਆਪ ਦੀ ਯਾਦ ਵਿਚ ਹਰ ਸਾਲ 23 ਤੋਂ 25 ਅਕਤੂਬਰ ਤਕ ਭਾਰੀ ਧਾਰਮਿਕ ਸਮਾਗਮ ਹੁੰਦਾ ਹੈ।

**ਗੁਰਬਚਨ ਸਿੰਘ ਤਾਲਿਬ, ਪ੍ਰੋਫ਼ੈਸਰ** (1911-1986 ਈ.) : ਗੁਰਮਤਿ ਅਤੇ ਪੰਜਾਬੀ ਸਾਹਿਤ ਦਾ ਇਕ ਸਿੱਖ ਵਿਦਵਾਨ, ਜਿਸ ਨੇ ਸੰਪੂਰਣ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਕੇ ਗੁਰਮਤਿ ਦੇ ਪ੍ਰਚਾਰ ਨੂੰ ਅੰਤਰ-ਰਾਸ਼ਟਰੀ ਪੱਧਰ ਪ੍ਰਦਾਨ ਕੀਤਾ। ਜੀਂਦ ਰਿਆਸਤ ਦੇ ਮੂਣਕ ਕਸਬੇ ਵਿਚ ਸ. ਕਰਤਾਰ ਸਿੰਘ ਦੇ ਘਰ ਮਾਈ ਜੈ ਕੌਰ ਦੀ ਕੁੱਖੋਂ 7 ਅਪ੍ਰੈਲ 1911 ਈ. (ਦੂਜਾ ਸਰੋਤ 16 ਅਪ੍ਰੈਲ 1911 ਈ.) ਨੂੰ ਪੈਦਾ ਹੋਏ ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਸੰਨ 1927 ਈ. ਵਿਚ ਰਾਜ ਹਾਈ ਸਕੂਲ, ਸੰਗਰੂਰ ਵਿਚੋਂ ਵਜ਼ੀਫ਼ੇ ਸਹਿਤ ਦਸਵੀਂ ਪਾਸ ਕੀਤੀ ਜਿਥੇ ਇਸ ਦੇ ਪਿਤਾ ਰਿਆਸਤ ਦੀ ਮੁਲਾਜ਼ਮਤ ਵਿਚ ਸਨ। ਉਸ ਉਪਰੰਤ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲਾ ਲਿਆ ਅਤੇ ਸੰਨ 1933 ਈ. ਵਿਚ ਪੰਜਾਬ ਯੂਨੀਵਰਸਿਟੀ ਤੋਂ ਪ੍ਰਥਮ ਰਹਿ ਕੇ ਐਮ.ਏ. ਅੰਗ੍ਰੇਜ਼ੀ ਦੀ ਪਰੀਖਿਆ ਪਾਸ ਕੀਤੀ ਅਤੇ ਉਸੇ ਹੀ ਕਾਲਜ ਵਿਚ ਅੰਗ੍ਰੇਜ਼ੀ ਦਾ ਲੈਕਚਰਾਰ ਨਿਯੁਕਤ ਹੋਇਆ ਅਤੇ ਆਪਣੀ ਵਿਦਵੱਤਾ ਦੀ ਧਾਕ ਜਮਾਈ।

ਸੰਨ 1940 ਈ. ਵਿਚ ਤਾਲਿਬ ਨੇ ਖ਼ਾਲਸਾ ਕਾਲਜ ਛਡ ਕੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਅੰਗ੍ਰੇਜ਼ੀ ਦੇ ਲੈਕਚਰਾਰ ਵਜੋਂ ਪੜ੍ਹਾਉਣਾ ਸ਼ੁਰੂ ਕੀਤਾ। ਸੰਨ 1949 ਤੋਂ 1962 ਈ. ਤਕ ਇਸ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦਿੱਲੀ, ਖ਼ਾਲਸਾ ਕਾਲਜ ਬੰਬਈ, ਗੁਰੂ ਗੋਬਿੰਦ ਸਿੰਘ ਕਾਲਜ ਪਟਨਾ ਅਤੇ ਨੈਸ਼ਨਲ ਕਾਲਜ ਸਿਰਸਾ ਵਿਚ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾਈ। ਫਿਰ ਸੰਨ 1962 ਈ. ਤੋਂ 1969 ਈ. ਤਕ ਕੁਰੁਕ੍ਸ਼ੇਤ੍ਰ ਯੂਨੀਵਰਸਿਟੀ ਦੇ ਅੰਗ੍ਰੇਜ਼ੀ ਵਿਭਾਗ ਵਿਚ ਰੀਡਰ ਰਿਹਾ ਅਤੇ ਸੰਨ 1969 ਈ. ਤੋਂ 1973 ਈ. ਤਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਗੁਰੂ ਨਾਨਕ ਚੇਅਰ ਉਤੇ ਸਿੱਖ ਅਧਿਐਨ ਦਾ ਪ੍ਰੋਫ਼ੈਸਰ ਰਿਹਾ। ਕੁਝ ਸਮੇਂ ਲਈ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਗੁਰੂ ਨਾਨਕ ਚਿਅਰ ਉਤੇ ਕੰਮ ਕੀਤਾ, ਪਰ ਸਿਹਤ ਦੀ ਖ਼ਰਾਬੀ ਕਰਕੇ ਜਲਦੀ ਹੀ ਛਡ ਕੇ ਪਟਿਆਲੇ ਆ ਗਿਆ ਅਤੇ ਪੰਜਾਬੀ ਯੂਨੀਵਰਸਿਟੀ ਦਾ ਫ਼ੈਲੋ ਬਣਾ ਦਿੱਤਾ ਗਿਆ। ਸੰਨ 1976 ਈ. ਵਿਚ ਇਸ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦਾ ਕੰਮ ਸ਼ੁਰੂ ਕੀਤਾ। ਸੰਨ 1985 ਈ. ਵਿਚ ਇਸ ਨੂੰ ਭਾਰਤ ਸਰਕਾਰ ਵਲੋਂ ਪਦਮ-ਭੂਸ਼ਣ ਦਾ ਸਨਮਾਨ ਪ੍ਰਦਾਨ ਕੀਤਾ ਗਿਆ ਅਤੇ ਨਾਲ ਹੀ ਇੰਡੀਅਨ ਕੌਂਸਲ ਆਫ਼ ਹਿਸਟੋਰੀਕਲ ਰਿਸਰਚ, ਨਵੀਂ ਦਿੱਲੀ ਵਲੋਂ ਰਾਸ਼ਟਰੀ ਫ਼ੈਲੋਸ਼ਿਪ ਵੀ ਪ੍ਰਾਪਤ ਹੋਈ। 9 ਅਪ੍ਰੈਲ 1986 ਈ. ਨੂੰ ਪਟਿਆਲੇ ਵਿਚ ਦਿਲ ਦਾ ਦੌਰਾ ਪੈਣ ਨਾਲ ਇਸ ਦਾ ਦੇਹਾਂਤ ਹੋ ਗਿਆ।

ਪ੍ਰੋ. ਤਾਲਿਬ ਨੂੰ ਅੰਗ੍ਰੇਜ਼ੀ ਅਤੇ ਪੰਜਾਬੀ ਤੋਂ ਇਲਾਵਾ ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਦਾ ਵੀ ਚੰਗਾ ਗਿਆਨ ਪ੍ਰਾਪਤ ਸੀ। ਇਸ ਨੇ ਅੰਗ੍ਰੇਜ਼ੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ (ਚਾਰ ਭਾਗ) ਤੋਂ ਇਲਾਵਾ *Muslim League attack on the Sikhs and Hindus*

*in Punjab, 1947 (1950), The impact of Guru Gobind Singh's on Indian Society (1966), Guru Nanak : His Personality and Vision (1969), Bhai Vir Singh : Life, Times and Works (1973), Baba Shaikh Farid (1974), Perspectives on Sheikh Farid (1975), Guru Tegh Bahadur: Background and Supreme Sacrifice (1976), Japuji : The Immortal Prayer-chant (1977),* ਆਦਿ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚੋਂ ਕੁਝ ਸੰਪਾਦਿਤ ਹਨ। ਪੰਜਾਬੀ ਵਿਚ ਇਸ ਨੇ *ਅਣਪਛਾਤੇ ਰਾਹ* (1952), *ਆਧੁਨਿਕ ਪੰਜਾਬੀ ਸਾਹਿਤ (ਪੰਜਾਬੀ ਕਾਵਿ)* (1955), *ਆਧੁਨਿਕ ਵਾਰਤਕ ਲਿਖਾਰੀ* (1957), *ਪਵਿੱਤਰ ਜੀਵਨ ਕਥਾਵਾਂ* (1971), *ਬਾਬਾ ਸ਼ੇਖ਼ ਫਰੀਦ— ਜੀਵਨ, ਵਾਰਤਾ ਅਤੇ ਸਿਖਿਆ* (1973), *ਬਾਬਾ ਸ਼ੇਖ਼ ਫ਼ਰੀਦ* (1975) ਆਦਿ ਪੁਸਤਕਾਂ ਦੀ ਰਚਨਾ ਕੀਤੀ। ਇਸ ਨੇ ਦੋਹਾਂ ਭਾਸ਼ਾਵਾਂ ਵਿਚ ਅਨੇਕ ਖੋਜ-ਪੱਤਰ ਅਤੇ ਲੇਖ ਵੀ ਪ੍ਰਕਾਸ਼ਿਤ ਕੀਤੇ। ਇਸ ਦੀ ਵਿਦਵੱਤਾ ਨੂੰ ਮੁੱਖ ਰਖਦੇ ਹੋਇਆਂ ਅਨੇਕ ਸੰਸਥਾਵਾਂ ਨੇ ਸਨਮਾਨਿਤ ਕੀਤਾ ਅਤੇ ਅਨੇਕ ਅਦਾਰਿਆਂ ਤੇ ਕਮੇਟੀਆਂ ਦਾ ਮੈਂਬਰ ਵੀ ਬਣਾਇਆ ਜਾਂਦਾ ਰਿਹਾ।

**ਗੁਰਬਾਣੀ-ਉੱਚਾਰਣ** : ਗੁਰਬਾਣੀ ਦਾ ਸ਼ੁੱਧ ਉੱਚਾਰਣ ਕਿਸ ਤਰ੍ਹਾਂ ਹੋਵੇ ? ਇਸ ਸੰਬੰਧੀ ਕੁਝ ਵਿਵਾਦ ਸੰਨ 1975 ਈ. ਤੋਂ ਬਾਦ ਚਲਿਆ ਸੀ। ਇਸ ਦਾ ਆਰੰਭ ਅੰਮ੍ਰਿਤਸਰ ਵਿਚ ਹੋਏ ਇਕ ਪਾਠ-ਬੋਧ ਸਮਾਗਮ ਵਿਚ ਗਿਆਨੀ ਗੁਰਦਿਤ ਸਿੰਘ ਦੇ ਆਰੰਭਿਕ ਭਾਸ਼ਣ ਨਾਲ ਹੋਇਆ ਸੀ। ਉਹ ਭਾਸ਼ਣ ਬਾਦ ਵਿਚ 'ਸਿੰਘ ਸਭਾ ਪਤ੍ਰਿਕਾ' ਸਤੰਬਰ 1979 ਈ. ਵਿਚ ਛਪਿਆ ਸੀ। ਲੇਖਕ ਨੇ ਗੁਰਬਾਣੀ-ਉੱਚਾਰਣ ਨੂੰ ਪੰਜਾਬੀ ਭਾਸ਼ਾ ਦੇ ਵਰਤਮਾਨ ਉੱਚਾਰਣ ਅਨੁਸਾਰ ਢਾਲਣ ਦਾ ਸੁਝਾ ਦਿੱਤਾ ਸੀ। ਪ੍ਰਿੰਸੀਪਲ ਹਰਭਜਨ ਸਿੰਘ ਨੇ ਆਪਣੀ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ' ਵਿਚ ਇਸੇ ਵਿਚਾਰ ਨੂੰ ਆਪਣੇ ਢੰਗ ਨਾਲ ਪੁਸ਼ਟ ਕੀਤਾ ਸੀ। ਇਸ ਧਾਰਣਾ ਦੇ ਵਿਰੋਧ ਵਿਚ ਸ. ਇੰਦਰ ਸਿੰਘ, ਪ੍ਰਚਾਰ ਸਕੱਤਰ, ਸਥਾਨਕ ਕਮੇਟੀ ਚੀਫ਼ ਖ਼ਾਲਸਾ ਦੀਵਾਨ, ਦਿੱਲੀ ਅਤੇ ਡਾ. ਹਰਕੀਰਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲੇ ਨੇ ਆਪਣੀ ਸਾਂਝੀ ਪੁਸਤਕ (ਗੁਰਬਾਣੀ ਦਾ ਸ਼ੁੱਧ ਉਚਾਰਨ) ਸੰਨ 1985 ਈ. ਵਿਚ ਪ੍ਰਕਾਸ਼ਿਤ ਕੀਤੀ। ਕੁਝ ਸਮੇਂ ਤੋਂ ਬਾਦ ਇਹ ਵਿਵਾਦ ਦਬ ਜਿਹਾ ਗਿਆ।

ਗੁਰਬਾਣੀ ਦੇ ਉੱਚਾਰਣ ਬਾਰੇ ਕੁਝ ਸਿੱਧਾਂਤਿਕ ਨੁਕਤੇ ਸਮਝਣ ਦੀ ਲੋੜ ਹੈ। ਪਹਿਲੀ ਗੱਲ ਇਹ ਹੈ ਕਿ ਕਿਸੇ ਭਾਸ਼ਾ ਦਾ ਕਦੇ ਕੋਈ ਸਥਾਈ ਰੂਪ ਨਹੀਂ ਰਿਹਾ। ਇਹ ਸਦਾ ਤੋਂ ਪਰਿਵਰਤਨਸ਼ੀਲ ਰਹੀ ਹੈ। ਆਧੁਨਿਕ ਸਹੂਲਤਾਂ ਨਾਲ ਇਸ ਦੀ ਪਰਿਵਰਤਨਸ਼ੀਲਤਾ ਵਿਚ ਤੇਜ਼ੀ ਆਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਬਾ ਫ਼ਰੀਦ (ਜਨਮ ਸੰਨ 1173 ਈ.) ਤੋਂ ਗੁਰੂ ਤੇਗ ਬਹਾਦਰ (ਮ੍ਰਿਤੂ ਸੰਨ 1675 ਈ.) ਤਕ ਲਗਭਗ ਪੰਜ ਸੌ ਸਾਲ ਦੇ ਅੰਤਰਾਲ ਵਿਚ ਪਸਰੀ ਹੋਈ ਹੈ। ਪੰਜਾਬੀ ਭਾਸ਼ਾ ਦੇ ਅਜੋਕੇ ਅਤੇ ਪੁਰਾਤਨ ਉੱਚਾਰਣ ਵਿਚ ਅੰਤਰ ਹੋਣਾ ਸੁਭਾਵਿਕ ਹੈ। ਭਾਸ਼ਾ ਵਿਗਿਆਨਿਕ ਦ੍ਰਿਸ਼ਟੀ ਤੋਂ ਇਸ ਪ੍ਰਕਾਰ ਦੇ ਅੰਤਰ ਭਾਸ਼ਾ ਦੇ ਸਾਰੇ ਅੰਗਾਂ—ਧੁਨਿ, ਵਿਆਕਰਣ, ਸ਼ਬਦਾਵਲੀ, ਰੂਪ ਅਤੇ ਅਰਥ— ਵਿਚ ਰੂਪਮਾਨ ਹੁੰਦੇ ਹਨ।

ਉੱਚਾਰਣ ਸੰਬੰਧੀ ਮੁੱਖ ਸਮਸਿਆਵਾਂ ਤਿੰਨ ਹਨ। ਇਕ ਹੈ ਧੁਨਿ ਸੰਬੰਧੀ। ਪੁਰਾਤਨ ਪੰਜਾਬੀ ਦੀ ਧੁਨਿ-ਵਿਉਂਤ ਅਜ ਨਾਲੋਂ ਵਖਰੀ ਸੀ। ਗੁਰਬਾਣੀ ਨੂੰ ਸਹੀ ਅਤੇ ਸ਼ੁੱਧ ਰੂਪ ਵਿਚ ਲਿਖਣ ਲਈ ਜਿਸ ਲਿਪੀ ਨੂੰ ਸੰਸ਼ੋਧਿਤ ਕੀਤਾ ਗਿਆ ਅਤੇ ਜੋ 'ਗੁਰਮੁਖੀ' (ਵੇਖੋ) ਅਖਵਾਈ, ਉਹ ਬਾਣੀ ਦੀਆਂ ਧੁਨੀਆਂ ਨੂੰ ਅੰਕਿਤ ਕਰਨ ਵਿਚ ਪੂਰੀ ਤਰ੍ਹਾਂ ਸਮਰਥ ਸੀ। ਧਰਮਾਂ ਦੇ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਇਕੋ-ਇਕ ਅਜਿਹਾ ਗ੍ਰੰਥ ਹੈ ਜਿਸ ਨੂੰ ਉਸ ਦੇ ਰਚੈਤਿਆਂ ਵਿਚੋਂ ਇਕ (ਗੁਰੂ ਅਰਜਨ ਦੇਵ ਜੀ) ਨੇ ਸਹੀ ਵਿਧੀ ਅਤੇ ਵਿਵਸਥਿਤ ਜੁਗਤ ਨਾਲ ਸੰਪਾਦਿਤ ਕੀਤਾ। ਜੇ ਉਨ੍ਹਾਂ ਨੂੰ ਧੁਨਿ-ਵਿਉਂਤ ਸੰਬੰਧੀ ਲਿਪੀ ਵਿਚ ਕਿਸੇ ਪ੍ਰਕਾਰ ਦੀ ਸੋਧ ਕਰਨ ਦੀ ਲੋੜ ਹੁੰਦੀ, ਤਾਂ ਗੁਰੂ ਜੀ ਜ਼ਰੂਰ ਕਰ ਲੈਂਦੇ। ਉਨ੍ਹਾਂ ਦਾ ਸੰਪਾਦਨ ਕਾਰਜ ਸਾਹਿਤ-ਸੰਸਾਰ ਦੀ ਇਕ ਬੇਮਿਸਾਲ ਅਤੇ ਅਭੁੱਲ ਪ੍ਰਾਪਤੀ ਹੈ। ਗੁਰੂ-ਕਾਲ ਵਿਚ 'ਸ' ਅਤੇ 'ਜ' ਅੱਖਰਾਂ ਹੇਠਾਂ ਨੁਕਤੇ ਲਗਾ ਕੇ ਅਰਬੀ, ਫ਼ਾਰਸੀ ਭਾਸ਼ਾਵਾਂ ਦੀ ਉੱਚਾਰਣ-ਵਿਧੀ ਨੂੰ ਨਹੀਂ ਅਪਣਾਇਆ ਜਾਂਦਾ ਸੀ। ਇਸੇ ਤਰ੍ਹਾਂ ਦੇਵਨਾਗਰੀ ਦਾ 'ਸ਼' ਵੀ ਪੰਜਾਬੀ ਵਿਚ ਪ੍ਰਵਾਨ ਨਹੀਂ ਚੜ੍ਹਿਆ ਸੀ। ਸਗੋਂ ਹਿੰਦੀ ਦੇ ਮੱਧ-ਯੁਗੀਨ ਕਵੀਆਂ ਨੇ ਵੀ 'ਸ਼' ਦੀ ਥਾਂ 'ਸ' ਹੀ ਵਰਤਿਆ ਸੀ। ਪੁਰਾਣੇ ਸ਼ਬਦ-ਕੋਸ਼ਾਂ

ਵਿਚ ਵੀ 'ਸ' ਅਤੇ 'ਜ' ਹੇਠਾ ਨੁਕਤੇ ਲਗੇ ਹੋਏ ਨਹੀਂ ਮਿਲਦੇ। ਜਾਰਜ ਗ੍ਰੀਅਰਸਨ ਦੁਆਰਾ ਤਿਆਰ ਕੀਤੀ 'ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਦੀ ਨੌਵੀਂ ਜਿਲਦ ਵਿਚ 'ਸ', 'ਜ' ਬਿਨਾ ਨੁਕਤਿਆਂ ਦੇ ਲਿਖੇ ਮਿਲਦੇ ਹਨ। ਦੇਵਨਾਗਰੀ ਦੇ ਪੇਟ-ਚੀਰੇ 'ਸ਼' ਲਈ 'ਖ' ਦੀ ਵਰਤੋਂ ਕੀਤੀ ਜਾਂਦੀ ਸੀ। ਫਲਸਰੂਪ ਗੁਰਬਾਣੀ ਵਿਚ ਵਰਤੇ 'ਸ' ਅਤੇ 'ਜ' ਦਾ ਉੱਚਾਰਣ ਪੁਰਾਤਨ ਰੀਤ ਅਨੁਸਾਰ ਬਿਨਾ ਨੁਕਤਿਆਂ ਦੇ ਹੀ ਹੋਣਾ ਚਾਹੀਦਾ ਹੈ। ਉਸ ਸਮੇਂ ਦੀ ਪੰਜਾਬੀ ਵਿਚ ਅਰਬੀ ਫ਼ਾਰਸੀ ਦੀ ਕੇਵਲ ਸ਼ਬਦਾਵਲੀ ਅਪਨਾਈ ਗਈ ਸੀ ਨ ਕਿ ਧੁਨੀਆਂ। ਇਸ ਲਈ ਵਿਦੇਸ਼ੀ ਸ਼ਬਦਾਵਲੀ ਦੀਆਂ ਧੁਨੀਆਂ ਨੂੰ ਪੰਜਾਬੀ ਵਿਚ ਮਿਲਦੀਆਂ-ਜੁਲਦੀਆਂ ਧੁਨੀਆਂ ਅਨੁਰੂਪ ਬਦਲ ਲਿਆ ਗਿਆ।

ਉੱਚਾਰਣ ਸੰਬੰਧੀ ਦੂਜੀ ਸਮਸਿਆ ਹੈ ਨਾਸਿਕਤਾ ਦੀ। ਪੁਰਾਤਨ ਪੰਜਾਬੀ ਵਿਚ ਨਾਸਿਕਤਾ ਦੀ ਬਿਰਤੀ ਘਟ ਸੀ। ਬਿੰਦੀ-ਟਿੱਪੀ ਤੋਂ ਬਿਨਾ ਕੰਮ ਚਲਾਇਆ ਜਾਂਦਾ ਸੀ। ਹਾਂ ਜਿਥੇ ਲੋੜ ਹੁੰਦੀ, ਉਥੇ ਇਨ੍ਹਾਂ ਨੂੰ ਬਹੁਤ ਵਿਰਲੇ ਢੰਗ ਨਾਲ ਵਰਤ ਲਿਆ ਜਾਂਦਾ। ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਿਚੋਂ ਲਹਿੰਦੀ ਉਪ-ਭਾਸ਼ਾ ਦਾ ਪ੍ਰਭਾਵ ਗੁਰਬਾਣੀ ਉਤੇ ਅਧਿਕ ਹੈ। ਲਹਿੰਦੀ ਉਪ-ਭਾਸ਼ਾ ਵਿਚ ਨਾਸਿਕਤਾ ਬਹੁਤ ਘਟ ਹੈ। ਇਸ ਲਈ ਗੁਰਬਾਣੀ ਵਿਚ ਨਾਸਿਕਤਾ ਦੀ ਘਟ ਵਰਤੋਂ ਹੋਣਾ ਕੁਦਰਤੀ ਹੈ। ਪਰ ਜਿਉਂ ਜਿਉਂ ਪੰਜਾਬੀ ਲਹਿੰਦੀ ਉਪਭਾਸ਼ਾ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਕੇਂਦਰੀ ਪੰਜਾਬੀ ਦੇ ਅਧਿਕ ਨੇੜੇ ਆਉਂਦੀ ਗਈ, ਤਿਉਂ ਤਿਉਂ ਇਸ ਵਿਚ ਨਾਸਿਕਤਾ ਦੀ ਮਿਕਦਾਰ ਵਧਦੀ ਗਈ। ਇਸ ਲਈ ਗੁਰਬਾਣੀ ਨੂੰ ਨਾਸਕਿਤਾ ਤੋਂ ਬਿਨਾ ਪੜ੍ਹਨਾ ਹੀ ਵਾਜਬ ਹੈ।

ਤੀਜੀ ਸਮਸਿਆ ਹੈ ਸ਼ਬਦਾਂਤਿਕ ਸਿਹਾਰੀ ਅਤੇ ਔਂਕੜ ਦਾ ਉੱਚਾਰਣ ਕਰਨ ਸੰਬੰਧੀ। ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੇ ਅੰਤ ਉਤੇ 'ਹ੍ਰਸੁ ਸ੍ਵਰ'— ਸਿਹਾਰੀ ਅਤੇ ਔਂਕੜ— ਅੰਕਿਤ ਮਿਲਦੇ ਹਨ। ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਕਿ ਸ਼ਬਦਾਂਤਿਕ ਸਿਹਾਰੀ ਅਤੇ ਔਂਕੜ ਦੀ ਵਰਤੋਂ ਵਿਆਕਰਣ ਦੇ ਨਿਯਮਾਂ ਅਨੁਸਾਰ ਹੋਈ ਹੈ। ਸੰਸਕ੍ਰਿਤ ਦੀ ਵਿਭਕਤੀ (ਕਾਰਕ ਚਿੰਨ੍ਹ) ਪਰੰਪਰਾ ਨਾਲ ਜੋੜਦੇ ਹੋਇਆਂ ਇਨ੍ਹਾਂ ਦੀ ਵਰਤੋਂ ਅਰਥ ਦੀ ਸਪੱਸ਼ਟਤਾ ਲਈ ਹੋਈ ਦਸੀ ਗਈ ਹੈ। ਪਰ ਸਹੀ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਤੋਂ ਹੋਇਆ ਹੈ। ਇਨ੍ਹਾਂ ਭਾਸ਼ਾਵਾਂ ਵਿਚ ਸ਼ਬਦਾਂਤਿਕ ਮਾਤ੍ਰਾਵਾਂ ਲਿਖਣ ਦੀ ਪਰੰਪਰਾ ਮੌਜੂਦ ਸੀ ਅਤੇ ਲਿਖਿਆ ਉਹੀ ਕੁਝ ਜਾਂਦਾ ਹੈ ਜੋ ਉੱਚਾਰਣ ਵਿਚ ਪ੍ਰਵਾਨਿਤ ਹੁੰਦਾ। ਉੱਚਾਰਣ ਵਿਚ ਜਿਸ ਅੰਸ਼ ਦਾ ਅਭਾਵ ਹੋਵੇ, ਉਸ ਨੂੰ ਲਿਖਿਤ ਵਿਚ ਨਹੀਂ ਲਿਆਇਆ ਜਾ ਸਕਦਾ। ਗੁਰਬਾਣੀ ਵਿਚ ਵਰਤੀਆਂ ਗਈਆਂ ਸ਼ਬਦਾਂਤਿਕ ਮਾਤ੍ਰਾਵਾਂ ਵੀ ਉਸ ਵੇਲੇ ਦੇ ਲੋਕਾਂ ਦੇ ਉੱਚਾਰਣ ਅਨੁਰੂਪ ਹਨ। ਲਹਿੰਦੀ ਭਾਸ਼ੀ ਲੋਕ ਹੁਣ ਵੀ ਕਈ ਸ਼ਬਦਾਂ ਦੇ ਅੰਤ ਉਤੇ ਭਾਰ ਪਾਉਂਦੇ ਹਨ। ਗੁਰੂ-ਕਾਲ ਵੇਲੇ ਇਹ ਬਿਰਤੀ ਹੋਰ ਵੀ ਅਧਿਕ ਸੀ। ਲਹਿੰਦੀ ਉਪ-ਭਾਸ਼ਾ ਤੋਂ ਪ੍ਰਭਾਵਿਤ ਹੋਣ ਕਾਰਣ ਗੁਰਬਾਣੀ ਦੀ ਭਾਸ਼ਾ ਵਿਚ ਇਨ੍ਹਾਂ ਸ਼ਬਦਾਂਤਿਕ ਮਾਤ੍ਰਾਵਾਂ ਦਾ ਵਰਤਿਆ ਜਾਣਾ ਉਸ ਵਕਤ ਦੇ ਉੱਚਾਰਣ ਮੁਤਾਬਕ ਸੀ।

ਸਪੱਸ਼ਟ ਹੈ ਕਿ ਗੁਰਬਾਣੀ ਦਾ ਸਹੀ ਉੱਚਾਰਣ ਲਿਖਿਤ ਬਾਣੀ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਕਿਸੇ ਤਰ੍ਹਾਂ ਦੀ ਛੋਟ ਲੈਣਾ ਭਾਸ਼ਾਈ ਵਿਕਾਸ ਦੇ ਪੜਾਵਾਂ ਪ੍ਰਤਿ ਬੇਰੁਖੀ ਅਤੇ ਭਾਸ਼ਾਈ ਨਿਯਮਾਂ ਦਾ ਉਲੰਘਣ ਸਾਬਤ ਹੁੰਦਾ ਹੈ।

**ਗੁਰਬਾਣੀ ਦੀ ਕੁੰਜੀ** : ਰਵਾਇਤ ਅਨੁਸਾਰ ਭਾਵੇਂ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨ ਕੀਤਾ, ਪਰ ਉਸ ਦੇ ਗੁਰਮਤਿ ਅਨੁਰੂਪੀ ਆਸ਼ੇ ਨੂੰ ਸਾਹਮਣੇ ਰਖਦਿਆਂ ਉਸ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਗੌਰਵ ਬਖ਼ਸ਼ਿਆ। ਇਥੇ ਕੁੰਜੀ ਤੋਂ ਭਾਵ ਹੈ ਗੁਰਮਤਿ ਸਿੱਧਾਂਤਾਂ ਦੀ ਅਧਿਕਾਰੀ ਢੰਗ ਨਾਲ ਵਿਆਖਿਆ ਕਰਨ ਦੀ ਸਮਰਥ ਰਚਨਾ। 'ਕੁੰਜੀ' ਸ਼ਬਦ ਗੁਰਦਾਸ-ਬਾਣੀ ਨੂੰ ਪ੍ਰਦਾਨ ਕੀਤਾ ਪ੍ਰਮਾਣਿਕਤਾ ਦਾ ਚਿੰਨ੍ਹ ਹੈ। ਇਸ ਉਕਤੀ ਦਾ ਵਿਸ਼ਲੇਸ਼ਣ ਕੁਝ ਵਿਸਤਾਰ ਨਾਲ ਕਰਨਾ ਉਚਿਤ ਹੋਵੇਗਾ।

ਭਾਈ ਗੁਰਦਾਸ ਦੀਆਂ ਵਾਰਾਂ ਚੂੰਕਿ ਗੁਰਬਾਣੀ ਦੀ ਵਿਚਾਰਧਾਰਾ ਦੇ ਵਿਸ਼ਲੇਸ਼ਣ ਨਿਮਿਤ ਲਿਖੀਆਂ ਗਈਆਂ ਸਨ, ਇਸ ਲਈ ਕਵੀ ਦਾ ਚਿੰਤਨ ਗੁਰਬਾਣੀ ਅਨੁਸਾਰੀ ਸੀ ਅਤੇ ਉਸ ਦਾ ਵਿਸਤਾਰਕ ਵੀ ਸੀ। ਬ੍ਰਹਮ ਦੇ ਅਲਖ, ਬੇਅੰਤ, ਅਸਗਾਹ, ਨਿਰੰਜਨ, ਅਗੰਮ, ਅਗੋਚਰ, ਕਰਤਾ-ਰੂਪ, ਓਅੰਕਾਰ ਆਦਿ ਦਾ ਉੱਲੇਖ ਕਰਕੇ ਉਨ੍ਹਾਂ

ਦੇ ਨਿਰਗੁਣਵਾਦੀ ਰੂਪ ਨੂੰ ਸਪੱਸ਼ਟ ਕੀਤਾ ਹੈ। ਨਿਰਗੁਣ ਭਗਤੀ ਵਿਚ ਭਾਈ ਗੁਰਦਾਸ ਨੇ ਗੁਰਬਾਣੀ ਵਾਂਗ, ਦੇਵੀ-ਦੇਵਤਿਆਂ ਨੂੰ ਇਸ਼ਟ ਵਜੋਂ ਕੋਈ ਮਹੱਤਵ ਨਹੀਂ ਦਿੱਤਾ ਅਤੇ ਇਸ ਗੱਲ 'ਤੇ ਬਲ ਦਿੱਤਾ ਹੈ ਕਿ ਇਹ ਸਭ ਪਰਮਾਤਮਾ ਦੁਆਰਾ ਪੈਦਾ ਕੀਤੇ ਹੋਏ ਹਨ ਅਤੇ ਉਸੇ ਦੀ ਆਰਾਧਨਾ ਵਿਚ ਮਗਨ ਹਨ। ਉਹ ਸਭ ਪਰਮਾਤਮਾ ਦੇ ਮੁਕਾਬਲੇ ਤੁਛ ਅਤੇ ਮਹੱਤਵਹੀਨ ਹਨ— *ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸੰਘਾਰੇ। ਮਛ ਕਛ ਵੈਰਾਹ ਰੂਪ ਹੋਇ ਨਰ ਸਿੰਘ ਬਾਵਨ ਬਉਧਾਰੇ। ਪਰਸਰਾਮ ਰਾਮੁ ਕਿਸਨੁ ਹੋਇ ਕਿਲਕਿ ਕਲੰਕੀ ਅਤਿ ਅਹੰਕਾਰੇ। ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰਿ ਭਾਰਥ ਭਾਰੇ। ਕਾਮ ਕਰੋਧ ਨ ਸਾਧਿਓ ਲੋਭੁ ਮੋਹ ਅਹੰਕਾਰ ਨ ਮਾਰੇ। ਸਤਿਗੁਰ ਪੁਰਖੁ ਨ ਭੇਟਿਆ ਸਾਧ ਸੰਗਤਿ ਸਹਲੰਗ ਨ ਸਾਰੇ। ਹਉਮੈ ਅੰਦਰਿ ਕਾਰਿ ਵਿਕਾਰੈ।* (ਵਾਰ 12/8)। ਇਥੇ ਇਕ ਪਾਸੇ ਅਵਤਾਰਵਾਦ ਦਾ ਖੰਡਨ ਹੋਇਆ ਹੈ ਅਤੇ ਦੂਜੇ ਪਾਸੇ ਗੁਰੂ ਅਤੇ ਸਾਧ -ਸੰਗਤਿ ਦੇ ਸ਼ਰਣ ਵਿਚ ਆਉਣ ਦੀ ਗੱਲ ਉਤੇ ਬਲ ਦਿੱਤਾ ਗਿਆ ਹੈ।

ਸ੍ਰਿਸ਼ਟੀ ਦੀ ਉਤਪੱਤੀ ਵੀ ਗੁਰਮਤਿ (*ਕੀਤਾ ਪਸਾਉ ਏਕੋ ਕਵਾਉ*) ਅਨੁਸਾਰ ਹੀ ਦਸੀ ਗਈ ਹੈ— *ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ...* (ਵਾਰ 1/4)।

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵਿਆਪੇ ਘੁਪ ਹਨੇਰੇ ਦੀ ਅਵਸਥਾ ਦਾ ਉੱਲੇਖ ਵੀ ਗੁਰਬਾਣੀ ਅਨੁਸਾਰ ਹੈ। ਇਸ ਸੰਬੰਧ ਵਿਚ ਪਹਿਲੀ ਵਾਰ ਦੀਆਂ ਮੁੱਢਲੀਆਂ ਪਉੜੀਆਂ ਵਿਸ਼ੇਸ਼ ਰੂਪ ਵਿਚ ਵਿਚਾਰਨ-ਯੋਗ ਹਨ। ਕਵੀ ਨੇ ਮਨੁੱਖ ਦੇਹੀ ਨੂੰ ਦੁਰਲਭ ਮੰਨ ਕੇ ਜਿਗਿਆਸੂ ਨੂੰ ਹਰਿ-ਭਗਤੀ ਵਿਚ ਰੁਚੀ ਰਖਣ ਲਈ ਪ੍ਰੇਰਿਆ ਹੈ ਅਤੇ ਕਿਤੇ ਕਿਤੇ ਮੁਕਤੀ ਅਤੇ ਉਸ ਦੇ ਪ੍ਰਾਪਤੀ-ਸਾਧਨਾਂ ਵਲ ਵੀ ਸੰਕੇਤ ਕੀਤਾ ਹੈ। ਅਸਲ ਵਿਚ, ਇਹ ਸਾਰਾ ਅਧਿਆਤਮਿਕ ਚਿੰਤਨ ਭਾਈ ਗੁਰਦਾਸ ਦਾ ਮੌਲਿਕ ਨਹੀਂ, ਗੁਰਮਤਿ ਦੇ ਸਿੱਧਾਂਤਾਂ ਦੀ ਪੁਨਰ-ਸਥਾਪਨਾ ਹੈ।

ਸਿੱਖੀ ਦਾ ਮਾਰਗ ਅਧਿਆਤਮਿਕ ਹੁੰਦਾ ਹੋਇਆ ਵੀ ਇਕ ਵਿਵਹਾਰਿਕ ਮਾਰਗ ਹੈ। ਇਹ ਜੀਵਨ ਅਤੇ ਧਰਤੀ ਨਾਲ ਜੁੜਿਆ ਹੋਇਆ ਇਕ ਅਜਿਹਾ ਮਾਰਗ ਹੈ ਜੋ ਨਿਰਾ-ਪੁਰਾ ਸਿੱਧਾਂਤਾਂ ਉਤੇ ਟਿਕਿਆ ਹੋਇਆ ਨਹੀਂ, ਸਗੋਂ ਇਹ ਇਕ ਜੀਵਨ-ਜਾਚ ਹੈ ਜਿਸ ਵਿਚ ਭੇਦ-ਬੁੱਧੀ ਦੀ ਥਾਂ ਨਿਮਰਤਾ, ਸੇਵਾ, ਪਰਉਪਕਾਰ, ਪ੍ਰੇਮ-ਭਗਤੀ ਦੀ ਭਾਵਨਾ ਨੂੰ ਵਿਕਸਿਤ ਕਰਨ ਉਤੇ ਬਲ ਦਿੱਤਾ ਗਿਆ ਹੈ। ਇਸ ਜੀਵਨ-ਜਾਚ ਅਥਵਾ ਗੁਰਸਿਖੀ ਦੀ ਪਾਲਨਾ ਅਲੂਣੀ ਸਿਲ ਚਟਣ ਵਾਂਗ ਔਖੀ, ਖੰਡੇ ਦੀ ਤਿਖੀ ਧਾਰ ਉਤੇ ਚਲਣ ਵਾਂਗ ਕਠਿਨ, ਵਾਲ ਨਾਲੋਂ ਵੀ ਸੂਖਮ ਪਰ ਤਿੰਨ ਕਾਲਾਂ ਵਿਚ ਅਤੁੱਲ ਹੈ। ਇਹ ਦ੍ਵੈਤ-ਭਾਵ ਦੀ ਨਾਸ਼ਕ, ਅਨੇਕਤਾ ਤੋਂ ਏਕਤਾ ਵਲ ਲੈ ਜਾਣ ਵਾਲੀ ਅਤੇ ਅਤਿਅੰਤ ਸੁਖਦਾਇਕ ਹੈ। 12ਵੀਂ ਅਤੇ 28ਵੀਂ ਵਾਰਾਂ ਵਿਚ ਗੁਰ-ਸਿੱਖੀ ਦੇ ਮਾਰਗ ਉਤੇ ਵਿਸਤਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ।

ਗੁਰੂ/ਸਤਿਗੁਰੂ ਇਸ ਜੀਵਨ-ਜਾਚ ਦਾ ਚਾਨਣ ਮੁਨਾਰਾ ਹੈ। ਬਿਨਾ ਚਾਨਣ ਮੁਨਾਰੇ ਦੇ ਜਿਵੇਂ ਕੋਈ ਯਾਤ੍ਰੀ ਭਟਕ ਸਕਦਾ ਹੈ, ਤਿਵੇਂ ਗੁਰੂ ਦੀ ਅਗਵਾਈ ਤੋਂ ਬਿਨਾ ਸਾਧਕ ਵੀ ਵਾਸਤਵਿਕ ਮਾਰਗ ਤੋਂ ਖੁੰਝ ਸਕਦਾ ਹੈ। ਇਹੀ ਕਾਰਣ ਹੈ ਕਿ ਭਾਈ ਗਰਦਾਸ ਨੇ ਗੁਰੂ ਦੇ ਸਰੂਪ ਅਤੇ ਮਹੱਤਵ ਨੂੰ ਬੜੇ ਵਿਸਤਾਰ ਅਤੇ ਰੁਚੀ ਪੂਰਣ ਢੰਗ ਨਾਲ ਚਿਤਰਿਆ ਹੈ। ਸ਼ਾਇਦ ਹੀ ਕੋਈ ਐਸੀ ਪਉੜੀ ਹੋਵੇ ਜਿਸ ਵਿਚ ਗੁਰੂ ਦੀ ਮਹਿਮਾ ਨ ਗਾਈ ਗਈ ਹੋਵੇ। ਕਵੀ ਨੇ ਇਸ ਜੀਵਨ-ਜਾਚ ਵਿਚ ਗੁਰੂ-ਸ਼ਬਦ ਨੂੰ ਵੀ ਬਹੁਤ ਮਹੱਤਵਪੂਰਣ ਮੰਨਿਆ ਹੈ। ਗੁਰੂ-ਸ਼ਬਦ ਤੋਂ ਭਾਵ ਹੈ ਗੁਰੂ ਦੀ ਬਾਣੀ, ਗੁਰੂ ਦੀ ਮਤਿ ਜਾਂ ਗੁਰੂ ਦੀ ਸਿਖਿਆ। ਇਸ ਦਾ ਮਹੱਤਵ ਗੁਰੂ ਜਿਤਨਾ ਹੀ ਮੰਨਿਆ ਜਾਂਦਾ ਹੈ ਕਿਉਂਕਿ ਗੁਰੂ ਆਪਣੇ ਸ਼ਬਦ ਵਿਚ ਵੀ ਵਿਆਪਕ ਹੈ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪਦ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਗੁਰੂ ਸ਼ਬਦ-ਰੂਪ ਹੋ ਕੇ ਇਸ ਵਿਚ ਵਿਦਮਾਨ ਹੈ। ਇਸ ਦਾ ਪਠਨ-ਪਾਠਨ ਗੁਰੂ ਦੇ ਉਪਦੇਸ਼ ਦੇ ਸੁਣਨ ਵਾਂਗ ਹੈ। ਕਵੀ ਨੇ ਗੁਰੂ-ਸ਼ਬਦ ਨੂੰ ਗੁਰੂ ਦੀ ਮੂਰਤ ਜਾਂ ਸਰੂਪ ਮੰਨ ਕੇ ਇਸ ਨੂੰ ਸਾਧ-ਸੰਗਤਿ ਵਿਚ ਪ੍ਰਗਟ ਦਸਿਆ ਹੈ— *ਗੁਰ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤ ਵਿਚ ਪਰਗਟੀ ਆਇਆ।* (ਵਾਰ 24/25)। ਗੁਰੂ-ਸੇਵਾ ਉਤੇ ਵੀ ਬਲ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗੁਰੂ-ਸਿੱਖ ਦੇ ਪਰਸਪਰ ਰਿਸ਼ਤੇ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ ਅਤੇ ਗੁਰੂ-ਨਿੰਦਕਾਂ ਦੀ ਨਿਖੇਧੀ ਕੀਤੀ ਗਈ ਹੈ। ਨਿਗੁਰੇ ਵਿਅਕਤੀ ਨੂੰ ਭਾਈ ਗੁਰਦਾਸ ਨੇ ਨੀਚ ਅਤੇ ਬੁਰਾ ਕਿਹਾ ਹੈ।

ਸਿੱਖੀ-ਮਾਰਗ ਦੀ ਰੀੜ੍ਹ ਦੀ ਹੱਡੀ ਹੈ 'ਭਾਉ-ਭਗਤੀ'। ਇਨ੍ਹਾਂ ਵਾਰਾਂ ਵਿਚ ਇਸ ਤੱਥ ਨੂੰ ਚੰਗੀ ਤਰ੍ਹਾਂ ਦ੍ਰਿੜ

ਕਰਵਾਇਆ ਗਿਆ ਹੈ। 'ਭਾਉ' ਸ਼ਬਦ ਪ੍ਰੇਮ ਦੇ ਪਰਿਆਇ ਰੂਪ ਵਿਚ ਵਰਤਿਆ ਗਿਆ ਹੈ। ਇਹ ਪ੍ਰੇਮ ਪਰਮਾਤਮਾ ਅਤੇ ਗੁਰੂ ਦੋਹਾਂ ਪ੍ਰਤਿ ਹੈ। 27ਵੀਂ ਵਾਰ ਵਿਚ 'ਪੀਰ ਮੁਰੀਦਾਂ ਪਿਰਹੜੀ' ਦੀ ਗੱਲ ਨੂੰ ਬੜੀ ਦ੍ਰਿੜ੍ਹਤਾ ਨਾਲ ਸਪੱਸ਼ਟ ਕੀਤਾ ਗਿਆ ਹੈ। ਪ੍ਰੇਮ ਦੀ ਭਾਵਨਾ ਨੂੰ ਬਲਵਾਨ ਕਰਨ ਲਈ ਸਾਧ-ਸੰਗਤ ਵਿਚ ਜਾਣਾ ਅਤਿ ਆਵੱਸ਼ਕ ਹੈ। ਪਰ ਉਥੇ ਜਾਣਾ ਸਾਤਵਿਕ ਰੁਚੀਆਂ ਵਾਲਿਆਂ ਲਈ ਹੀ ਲਾਭਕਾਰੀ ਹੈ, ਕਪਟੀ ਪੁਰਸ਼ਾਂ ਲਈ ਇਹ ਪ੍ਰਤਿਕੂਲ ਵਾਤਾਵਰਣ ਹੈ। ਭਾਉ-ਭਗਤੀ ਦੀ ਪ੍ਰਕਾਰਜ-ਵਿਧੀ ਨਾਮ-ਸਿਮਰਨ ਹੈ। ਭਾਈ ਗੁਰਦਾਸ ਨੇ ਉਕਤੀਆਂ-ਯੁਕਤੀਆਂ, ਪ੍ਰਮਾਣਾਂ-ਦ੍ਰਿਸ਼ਟਾਂਤਾਂ ਨਾਲ ਇਸ ਵਿਧੀ ਨੂੰ ਅਪਣਾਉਣ ਲਈ ਜਿਗਿਆਸੂ ਨੂੰ ਤਿਆਰ ਕੀਤਾ ਹੈ ਕਿਉਂਕਿ ਪ੍ਰਭੂ-ਪ੍ਰਾਪਤੀ ਲਈ ਇਹੀ ਸਹੀ ਸਾਧਨ ਹੈ ਅਤੇ ਇਸੇ ਦੁਆਰਾ ਆਤਮ- ਸ਼ੁੱਧੀ ਸੰਭਵ ਹੈ-- *ਪਰਤਨ ਪਰਧਨ ਪਰਨਿੰਦ ਮੇਟਿ ਨਾਮੁ ਦਾਨੁ ਇਸ਼ਨਾਨੁ ਦ੍ਰਿੜਾਇਆ।* (ਵਾਰ 29/2)।

ਭਾਈ ਗੁਰਦਾਸ ਨੇ ਇਨ੍ਹਾਂ ਵਾਰਾਂ ਵਿਚ ਗੁਰਬਾਣੀ ਅਤੇ ਖ਼ਾਸ ਕਰ ਗੁਰੂ ਨਾਨਕ ਬਾਣੀ ਦੇ ਸਮਾਜਿਕ ਦ੍ਰਿਸ਼ਟੀਕੋਣ ਦੀ ਪੁਨਰ-ਸੰਸਥਾਪਨਾ ਕੀਤੀ ਹੈ। ਕਵੀ ਨੇ ਵਰਣ-ਵਿਵਸਥਾ ਨੂੰ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ। ਮਨੁੱਖਤਾ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਲੀ ਇਸ ਵਿਵਸਥਾ ਨੂੰ ਮੱਧ-ਯੁਗ ਵਿਚ ਬੜਾ ਨਕਾਰਾਤਮਕ ਮੰਨਿਆ ਗਿਆ। ਭਾਈ ਜੀ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ ਨੂੰ ਚਿਤਰਦਿਆਂ ਇਸ ਵਿਵਸਥਾ ਦੇ ਮਾੜੇ ਪ੍ਰਭਾਵ ਨੂੰ ਸਪੱਸ਼ਟ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਜੀਵਨ-ਉਦੇਸ਼ ਭੇਦ-ਬੁੱਧੀ ਨੂੰ ਖ਼ਤਮ ਕਰਨਾ ਸੀ ਅਤੇ ਇਸ ਗੱਲ ਨੂੰ ਕਵੀ ਨੇ ਗੁਰੂ ਨਾਨਕ- ਚਰਿਤ ਨਾਲ ਸੰਬੰਧਿਤ ਪਹਿਲੀ ਵਾਰ ਵਿਚ ਪ੍ਰਗਟ ਕੀਤਾ ਹੈ।

ਇਸ ਤੋਂ ਇਲਾਵਾ ਆਸ਼੍ਰਮ-ਵਿਵਸਥਾ ਸੰਬੰਧੀ ਵੀ ਭਾਈ ਗੁਰਦਾਸ ਨੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਪ੍ਰਸਾਰਿਤ ਕੀਤਾ ਹੈ। ਗ੍ਰਿਹਸਥ ਧਰਮ ਨੂੰ ਗੁਰਬਾਣੀ ਵਿਚ ਮਾਨਤਾ ਮਿਲੀ ਹੈ ਅਤੇ ਸਮਾਜ ਵਿਚ ਇਸਤਰੀ ਨੂੰ ਗੌਰਵਮਈ ਸਥਾਨ ਦਿੱਤਾ ਗਿਆ ਹੈ। ਭਾਈ ਸਾਹਿਬ ਨੇ ਵੀ ਇਸ ਧਾਰਨਾ ਨੂੰ ਆਪਣੀ ਰਚਨਾ ਵਿਚ ਉਘਾੜਿਆ ਹੈ— *ਲੋਕ ਵੇਦ ਗੁਣ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ। ਗੁਰਮੁਖਿ ਸੁਖ ਫਲ ਨਿਹਚਉ ਨਾਰੀ।* (ਵਾਰ 5/16)। ਇਸ ਤੋਂ ਛੁਟ, ਗੁਰਸਿੱਖ ਲਈ ਪੁਰਖ-ਨਾਰੀ-ਸੰਬੰਧ ਬਾਰੇ ਮਰਯਾਦਾ ਵੀ ਨਿਸ਼ਚਿਤ ਕੀਤੀ ਗਈ ਹੈ। ਭਾਈ ਗੁਰਦਾਸ ਦੁਆਰਾ ਸਥਾਪਿਤ ਮਰਯਾਦਾਵਾਦ ਅਨੁਸਾਰ ਜੀਵਨ-ਜੀਉਣ ਵਾਲੇ ਮਨੁੱਖ 'ਗੁਰਮੁਖ' ਹਨ ਅਤੇ ਇਸ ਮਰਯਾਦਾਵਾਦ ਦਾ ਉਲੰਘਨ ਕਰਨ ਵਾਲਿਆਂ ਨੂੰ 'ਮਨਮੁਖ' ਕਿਹਾ ਗਿਆ ਹੈ। ਇਸ ਲਈ ਮੀਣਾ, ਬੇਮੁਖ, ਦੋਬਾਜਰਾ ਆਦਿ ਸ਼ਬਦ ਵੀ ਵਰਤੇ ਗਏ ਹਨ।

ਸਪੱਸ਼ਟ ਹੈ ਕਿ ਭਾਈ ਗੁਰਦਾਸ ਨੇ ਵਿਚਾਰਧਾਰਿਕ ਤੌਰ 'ਤੇ ਗੁਰਬਾਣੀ ਦੀ ਸਰਣੀ ਅਪਣਾਈ ਹੈ। ਇਸ ਵਿਚ ਸੰਦੇਹ ਨਹੀਂ ਕਿ ਇਸ ਪੱਖੋਂ ਉਨ੍ਹਾਂ ਦੀਆਂ ਵਾਰਾਂ ਵਿਚ ਮੌਲਿਕਤਾ ਦੀ ਘਾਟ ਹੈ, ਪਰ ਉਨ੍ਹਾਂ ਦੀ ਮੌਲਿਕਤਾ ਗੁਰਮਤਿ ਚਿੰਤਨ ਨੂੰ ਸਰਲ ਅਤੇ ਸਰਬ-ਗ੍ਰਾਹੀ ਢੰਗ ਨਾਲ ਪੁਨਰ-ਸਥਾਪਿਤ ਕਰਨ ਵਿਚ ਸਹਿਜ ਹੀ ਵੇਖੀ ਜਾ ਸਕਦੀ ਹੈ। ਇਸ ਲਈ ਇਨ੍ਹਾਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਗਿਆ ਹੈ।

ਭਾਈ ਜੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਹਿਣ ਦਾ ਦੂਜਾ ਪੱਖ ਇਹ ਹੈ ਕਿ ਆਪ ਨੇ ਗੁਰਬਾਣੀ ਦੇ ਕਈ ਸੰਦਰਭਾਂ/ਤੁਕਾਂ ਦੀ ਬੜੇ ਸਰਲ ਢੰਗ ਨਾਲ ਵਿਆਖਿਆ ਕਰਕੇ ਉਸ ਵਿਚਲੇ ਤੱਥ ਨੂੰ ਜਿਗਿਆਸੂ ਦੇ ਮਨ ਵਿਚ ਬਿਠਾਉਣ ਦਾ ਉਦਮ ਕੀਤਾ ਹੈ। ਗੁਰਬਾਣੀ ਦੇ ਹੁਣ ਤਕ ਕਈ ਟੀਕੇ, ਅਨੁਵਾਦ, ਵਿਆਖਿਆਵਾਂ ਹੋ ਚੁਕੀਆਂ ਹਨ, ਪਰ ਕਿਸੇ ਨੂੰ ਵੀ ਅਜਿਹਾ ਗੌਰਵ ਨਹੀਂ ਮਿਲਿਆ ਜਿਸ ਪ੍ਰਕਾਰ ਦਾ ਭਾਈ ਗੁਰਦਾਸ ਦੀ ਰਚਨਾ ਨੂੰ ਮਿਲਿਆ ਹੈ। ਇਨ੍ਹਾਂ ਵਾਰਾਂ ਦੀ ਰਚਨਾ ਨਾਲ ਪੰਜਾਬੀ ਵਿਚ ਗੁਰਬਾਣੀ ਦੀ ਵਿਆਖਿਆ ਦਾ ਆਰੰਭ ਹੁੰਦਾ ਹੈ।

ਇਤਿਹਾਸ ਗਵਾਹ ਹੈ ਕਿ ਹਰ ਧਾਰਮਿਕ ਸੰਸਥਾ ਆਪਣੇ ਸਿੱਧਾਂਤਾਂ ਨੂੰ ਸਪੱਸ਼ਟ ਕਰਕੇ ਲੋਕ-ਸਵੀਕਰਣ ਲਈ ਤਿਆਰ ਕਰਦੀ ਆਈ ਹੈ। ਹਰ ਨਵਾਂ ਸਿੱਧਾਂਤ ਵਿਆਖਿਆ ਚਾਹੁੰਦਾ ਹੈ ਅਤੇ ਉਸ ਪ੍ਰਤਿ ਵਿਸ਼ਵਾਸ ਦੀ ਭਾਵਨਾ ਨੂੰ ਦ੍ਰਿੜ੍ਹ ਕਰਨ ਦੀ ਲੋੜ ਪੈਂਦੀ ਹੈ। ਭਾਈ ਗੁਰਦਾਸ ਦੀ ਬਾਣੀ ਸਿੱਖ ਧਰਮ ਦੇ ਪ੍ਰਚਾਰ-ਪ੍ਰਕਾਰਜ ਨੂੰ ਨਿਭਾਉਂਦੀ ਹੈ। ਇਸ ਉਦੇਸ਼-ਸਿੱਧੀ ਲਈ ਇਕ ਪਾਸੇ ਗੁਰਮਤਿ ਦੀ ਵਿਆਖਿਆ ਕਰਨਾ ਹੈ ਅਤੇ ਦੂਜੇ ਪਾਸੇ ਇਸ ਵਿਆਖਿਆ ਰਾਹੀਂ ਸਿੱਖ ਧਰਮ ਪ੍ਰਤਿ ਵਿਸ਼ਵਾਸ ਨੂੰ ਦ੍ਰਿੜ੍ਹ ਕਰਨਾ ਹੈ। ਇਸ ਲਈ ਭਾਈ ਗੁਰਦਾਸ ਨੇ ਗੁਰਮਤਿ ਪ੍ਰਤਿਪਾਦਿਤ ਮੁੱਖ ਜੀਵਨ- ਮੁੱਲਾਂ ਨੂੰ ਚੁਣ ਕੇ ਉਨ੍ਹਾਂ ਦੀ ਸਚੇਤ ਤੌਰ 'ਤੇ ਮਾਨਤਾ ਸਥਾਪਿਤ ਕੀਤੀ

ਹੈ। ਸਪੱਸ਼ਟ ਹੈ ਕਿ ਭਾਈ ਗੁਰਦਾਸ ਦੀ ਵਿਆਖਿਆ-ਵਿਧੀ ਗੁਰਬਾਣੀ ਦੇ ਇਕ ਇਕ ਸ਼ਬਦ ਨੂੰ ਕ੍ਰਮਵਾਰ ਲੈ ਕੇ ਉਨ੍ਹਾਂ ਦੇ ਅਰਥ ਸਪੱਸ਼ਟ ਕਰਨ ਵਾਲੀ ਨਹੀਂ, ਸਗੋਂ ਗੁਰਬਾਣੀ ਵਿਚਲੇ ਵਿਚਾਰਾਂ ਜਾਂ ਭਾਵਾਂ ਨੂੰ ਲੈ ਕੇ ਉਨ੍ਹਾਂ ਦਾ ਸਰਲ ਅਤੇ ਸੁਬੋਧ ਬੋਲੀ ਵਿਚ ਕਾਵਿਮਈ ਪ੍ਰਗਟਾਵਾ ਕਰਨਾ ਹੈ। ਅਜਿਹਾ ਕਰਨ ਨਾਲ ਉਨ੍ਹਾਂ ਦੀ ਰਚਨਾ ਦਾ ਕਵਿਤ੍ਵ ਕਾਇਮ ਰਹਿ ਸਕਿਆ ਹੈ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ 'ਗੁਰਮੁਖ' ਅਤੇ 'ਮਨਮੁਖ' ਦੀ ਕ੍ਰਮਵਾਰ ਕਮਲ ਅਤੇ ਡੱਡੂ ਨਾਲ ਉਪਮਾ ਦਿੰਦਿਆਂ ਕਿਹਾ ਹੈ ਕਿ ਦੋਵੇਂ ਸੰਸਾਰ ਸਾਗਰ ਦੇ ਨਿਰਮਲ ਜਲ ਵਿਚ ਰਹਿੰਦੇ ਹਨ। ਇਸ ਜਲ ਵਿਚ ਵਿਸ਼ੇ-ਵਾਸਨਾਵਾਂ ਰੂਪੀ ਕਾਈ ਵੀ ਹੈ। ਕਮਲ ਸਦਾ ਕਾਈ ਨਾਲ ਘਿਰੇ ਰਹਿਣ ਦੇ ਬਾਵਜੂਦ ਉਸ ਦੀ ਸੰਗਤ ਦੇ ਦੋਸ਼ ਤੋਂ ਅਪ੍ਰਭਾਵਿਤ ਅਤੇ ਸਦਾ ਨਿਰਮਲ ਅਵਸਥਾ ਵਿਚ ਰਹਿੰਦਾ ਹੈ। ਇਸ ਦੇ ਉਲਟ ਡੱਡੂ ਸਦਾ ਕਾਈ ਨੂੰ ਭਖਦਾ ਹੋਇਆ ਨਿਰਮਲ ਜਲ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਨੂੰ ਨਹੀਂ ਸਮਝਦਾ, ਉਸ ਦੀ ਬਿਰਤੀ ਤਮੋਮਈ ਹੈ-- *ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ। ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ। ਦਾਦਰ ਤੂ ਕਬਹਿ ਨ ਜਾਨਸਿ ਰੇ। ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ।* (ਗੁ.ਗ੍ਰੰ. 990)।

ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਭਾਵ ਨੂੰ ਆਪਣੀ ਭਾਸ਼ਾ ਵਿਚ ਇਸ ਤਰ੍ਹਾਂ ਪ੍ਰਗਟਾਇਆ ਹੈ-- *ਨਿਰਮਲ ਨੀਰੁ ਸੁਹਾਵਣਾ ਸੁਭਰ ਸਰਵਰਿ ਕਵਲ ਫੁਲੰਦੇ। ਰੂਪ ਅਨੂਪ ਸਰੂਪ ਅਤਿ ਗੰਧ ਸੁਗੰਧ ਮਹਿਕੰਦੇ। ਭਵਰਾ ਵਾਸਾ ਵੰਝ ਵਣਿ ਖੋਜਹਿ ਏਕੋ ਖੋਜਿ ਲਹੰਦੇ। ਲੋਭ ਲੁਭਤਿ ਮਕਰੰਦ ਰਸਿ ਦੂਰਿ ਦਿਸੰਤਰਿ ਆਇ ਮਿਲੰਦੇ। ਸੂਰਜਿ ਗਗਨਿ ਉਦੋਤ ਹੋਇ ਸਰਵਰ ਕਵਲ ਧਿਆਨੁ ਧਰੰਦੇ। ਡਡੂ ਚਿਕੜਿ ਵਾਸੁ ਹੈ ਕਵਲ ਸਿਞਾਣਿ ਨ ਮਾਣਿ ਸੁਕੰਦੇ। ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ ਰਹਤ ਨ ਰਹੰਦੇ। ਮਸਤਕਿ ਭਾਗ ਜਿਨ੍ਹਾਂ ਦੇ ਮੰਦੇ।* (ਵਾਰ 17/2)।

ਗੁਰਬਾਣੀ ਵਿਚ ਸਥਾਪਨਾ ਕੀਤੀ ਗਈ ਹੈ ਕਿ ਸਭ ਕੁਝ ਪਰਮਾਤਮਾ ਹੀ ਹੈ, ਉਸ ਤੋਂ ਭਿੰਨ ਕੁਝ ਵੀ ਨਹੀਂ ਕਿਉਂਕਿ ਸਭ ਕੁਝ ਉਸੇ ਦਾ ਰੂਪਾਂਤਰਣ ਅਥਵਾ ਵਟਿਆ ਹੋਇਆ ਰੂਪ ਹੀ ਹੈ, ਜਿਵੇਂ--(1) *ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ। ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।* (ਗੁ.ਗ੍ਰੰ.1291); (2) *ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ। ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ।* (ਗੁ. ਗ੍ਰੰ.23)। ਉਕਤ ਭਾਵ ਨੂੰ ਦ੍ਰਿੜ੍ਹ ਕਰਨ ਲਈ ਸਰਲ ਸ਼ੈਲੀ ਵਿਚ ਭਾਈ ਗੁਰਦਾਸ ਨੇ ਅੰਕਿਤ ਕੀਤਾ ਹੈ ਕਿ ਉਹ ਪਰਮਾਤਮਾ ਆਪ ਹੀ ਭੁਖਾ ਹੋ ਕੇ ਰਸੋਈ ਵਿਚ ਜਾਂਦਾ ਹੈ। ਆਪ ਹੀ ਰਸਦਾਇਕ ਭੋਜਨ ਬਣਾਉਂਦਾ ਹੈ, ਖਾਂਦਾ ਅਤੇ ਸਲਾਹੁੰਦਾ ਹੈ। ਉਹ ਆਪ ਹੀ ਰਸ, ਰਸੀਆ ਅਤੇ ਰਸਨਾ ਹੈ, ਉਹ ਆਪ ਹੀ ਦਾਤਾ ਭੁਗਤਾ ਅਤੇ ਭੋਗਾਯਤਨ ਹੈ। ਆਪ ਹੀ ਪਲੰਘ ਅਤੇ ਆਪ ਹੀ ਉਪਰ ਸੌਣ ਵਾਲਾ ਹੈ। ਸੁਪਨਿਆਂ ਵਿਚ ਆਪ ਹੀ ਘੁੰਮਦਾ ਹੈ, ਰਾਉ ਤੋਂ ਰੰਕ ਹੁੰਦਾ ਹੈ, ਤੱਤਾ ਠੰਡਾ ਰੂਪ ਧਾਰਦਾ ਹੈ, ਹਰਖ ਅਤੇ ਸੋਗ ਨੂੰ ਮਾਣਦਾ ਹੈ। ਗੱਲ ਕੀ ਉਹ ਸਰਬਤ੍ਰ, ਸਭ ਰੂਪਾਂ ਵਿਚ ਵਰਤ ਰਿਹਾ ਹੈ। ਉਸ ਦਾ ਭੇਦ ਕੋਈ ਗੁਰਮੁਖ ਵਿਅਕਤੀ ਹੀ ਸਮਝ ਕੇ ਆਨੰਦਿਤ ਹੋ ਸਕਦਾ ਹੈ— *ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ। ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ। ਆਪੇ ਖਾਇ ਸਲਾਹਿ ਕੈ ਹੋਇ ਤ੍ਰਿਪਤ ਸਮੋਈ। ਆਪੈ ਰਸੀਆ ਆਪਿ ਰਸੁ ਰਸੁ ਰਸਨਾ ਭੋਈ। ਦਾਤਾ ਭੁਗਤਾ ਆਪਿ ਹੈ ਸਰਬੰਗ ਸਮੋਈ। ਆਪੇ ਆਪ ਵਰਤਦਾ ਗੁਰਮੁਖਿ ਸੁਖ ਹੋਈ।3। ਆਪੇ ਪਲੰਘੁ ਵਿਛਾਇਕੈ ਆਪਿ ਅੰਦਰਿ ਸਉਂਦਾ। ਸੁਹਣੇ ਅੰਦਰਿ ਜਾਇਕੈ ਦਸੰਤਰ ਭਉਂਦਾ। ਰੰਕ ਰਾਉ ਰਾਉ ਰੰਕੁ ਹੋਇ ਦੁਖ ਸੁਖ ਵਿਚਿ ਪਉਂਦਾ। ਤਤਾ ਸੀਅਰਾ ਹੋਇ ਜਲ ਆਵਟਣੁ ਖਉਂਦਾ। ਹਰਖ ਸੋਗ ਵਿਚਿ ਧਾਵਦਾ ਚਾਵਾਏ ਚਾਉਂਦਾ।4।* (ਵਾਰ 2)।

'ਆਸਾ ਕੀ ਵਾਰ' ਵਿਚ ਪਰਮਾਤਮਾ ਦੇ ਭੈ ਵਿਚ ਸਾਰੀ ਸ੍ਰਿਸ਼ਟੀ ਦੇ ਸੰਚਾਲਿਤ ਹੋਣ ਦੀ ਸਥਾਪਨਾ ਨੂੰ ਭਾਈ ਗੁਰਦਾਸ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ— *ਭੈ ਵਿਚਿ ਧਰਤਿ ਆਗਾਸੁ ਹੈ ਨਿਰਾਧਾਰ ਭੈ ਭਾਰ ਧਰਾਇਆ। ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਖੇ ਮੇਲਿ ਮਿਲਾਇਆ। ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਹਾਂ ਆਗਾਸ ਠਹਰਾਇਆ। ਕਾਠੈ ਅੰਦਰਿ ਅਗਨਿ ਧਰਿ ਕਰ ਪਰਫੁਲਤੁ ਸੁਫਲ ਫਲਾਇਆ। ਨਵੀ ਦੁਆਰੀ ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ। ਨਿਰਭਉ ਆਪਿ ਨਿਰੰਜਨੁ ਰਾਇਆ।5।* (ਵਾਰ 15)।

ਇਸ ਤਰ੍ਹਾਂ ਦੀਆਂ ਅਨੇਕ ਤੁਕਾਂ ਨਮੂਨੇ ਵਜੋਂ ਪੇਸ਼

ਕੀਤੀਆਂ ਜਾ ਸਕਦੀਆਂ ਹਨ। ਸਪੱਸ਼ਟ ਹੈ ਕਿ ਗੁਰਬਾਣੀ ਦੇ ਗੂੜ੍ਹ ਭਾਵਾਂ ਨੂੰ ਸਰਲ ਰੂਪ ਵਿਚ ਢੁਕਵੀਂ ਭਾਸ਼ਾ ਰਾਹੀਂ ਦ੍ਰਿੜ੍ਹ ਕਰਾਉਣ ਦਾ ਮਾਣ ਭਾਈ ਗੁਰਦਾਸ ਨੂੰ ਪ੍ਰਾਪਤ ਹੈ। ਇਸ ਲਈ ਇਹ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਭਾਈ ਗੁਰਦਾਸ ਪੰਜਾਬੀ ਭਾਸ਼ਾ ਦੇ ਪਹਿਲੇ ਅਜਿਹੇ ਕਵੀ ਹਨ ਜਿਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਕਰਨ ਦੀ ਪਿਰਤ ਪਾਈ। ਇਹ ਪਿਰਤ ਅਗੇ ਚਲ ਕੇ ਪੰਜਾਬੀ ਸਾਹਿਤ ਦੀ ਬੜੀ ਮਹੱਤਵਪੂਰਣ ਵਿਧਾ ਬਣੀ ਅਤੇ ਕਈ ਵਿਆਖਿਆ/ ਟੀਕਾ ਪੱਧਤੀਆਂ ਪ੍ਰਚਲਿਤ ਹੋਈਆਂ।

ਭਾਈ ਜੀ ਦੇ ਰਚੇ ਕਬਿੱਤਾਂ ਸਵੈਯਾਂ ਵਿਚ ਅਧਿਕਤਰ ਗੁਰੂ ਭਗਤੀ, ਗੁਰੂ ਦੇ ਲੱਛਣ, ਸਿੱਖ ਦੇ ਲੱਛਣ, ਪ੍ਰੇਮ-ਭਗਤੀ ਅਤੇ ਦਾਸ-ਭਗਤੀ, ਗੁਰੂ ਅਤੇ ਸਿੱਖ ਦਾ ਨਾਤਾ, ਗੁਰੂ ਗਿਆਨ ਦਾ ਮਹੱਤਵ, ਗੁਰੂ-ਉਪਦੇਸ਼ ਦੀ ਸ਼ਕਤੀ, ਗੁਰੂ-ਭਗਤੀ ਰਾਹੀਂ ਮੁਕਤੀ ਦੀ ਪ੍ਰਾਪਤੀ ਆਦਿ ਵਿਸ਼ਿਆਂ ਬਾਰੇ ਭਾਵ ਪ੍ਰਗਟ ਕੀਤੇ ਗਏ ਹਨ। ਪਰ ਇਨ੍ਹਾਂ ਦਾ ਮੁੱਖ ਵਿਸ਼ਾ ਹੈ ਗੁਰੂ-ਭਗਤੀ। ਗੁਰਬਾਣੀ ਵਿਚ ਪਰਮਾਤਮਾ ਅਤੇ ਗੁਰੂ ਦੀ ਅਭੇਦਤਾ ਸਥਾਪਿਤ ਹੋਈ ਹੈ— *ਗੁਰੂ ਗੋਵਿੰਦ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।* ਅਸਲ ਵਿਚ, ਇਸ ਸੰਸਾਰ ਵਿਚ ਗੁਰੂ ਪਰਮਾਤਮਾ ਦਾ ਸਥੂਲ ਰੂਪ ਹੈ, ਉਸ ਦਾ ਪ੍ਰਤਿਨਿਧ ਹੈ। ਭਾਈ ਗੁਰਦਾਸ ਨੇ ਵੀ ਇਸੇ ਭਾਵ-ਧਾਰਾ ਦਾ ਵਿਕਾਸ ਕਰਦਿਆਂ ਪਰਮਾਤਮਾ ਦੇ ਸਾਰੇ ਲੱਛਣਾਂ ਅਥਵਾ ਗੁਣਾਂ ਨੂੰ ਗੁਰੂ ਉਤੇ ਆਰੋਪਿਤ ਕੀਤਾ ਹੈ।

**ਗੁਰਬਾਣੀ ਦੇ ਵਾਰਤਕ ਟੀਕੇ/ਪਰਮਾਰਥ** : ਗੁਰਬਾਣੀ ਦੀ ਵਾਰਤਕ ਟੀਕਾਕਾਰੀ ਦਾ ਆਰੰਭ 'ਪੁਰਾਤਨ ਜਨਮ-ਸਾਖੀ' (ਰਚਨਾ-ਕਾਲ 1588 ਈ.) ਤੋਂ ਹੁੰਦਾ ਹੈ। ਇਹ ਠੀਕ ਹੈ ਕਿ ਇਸ ਜਨਮਸਾਖੀ ਵਿਚ ਕਿਸੇ ਬਾਣੀ ਦਾ ਵਿਵਸਥਿਤ ਟੀਕਾ ਨਹੀਂ ਮਿਲਦਾ, ਪਰ ਗੁਰਬਾਣੀ ਦੇ ਕੁਝ ਕੁ ਸ਼ਬਦਾਂ ਦੇ ਟੀਕੇ/ਪਰਮਾਰਥ ਲਿਖਣ ਦੀ ਸ਼ੁਰੂਆਤ ਇਸ ਜਨਮਸਾਖੀ ਤੋਂ ਹੀ ਹੋਈ ਹੈ। ਇਸ ਸੰਬੰਧ ਵਿਚ ਤੁਰਤ ਜਾਣਕਾਰੀ ਲਈ 'ਪਟੀ-ਪਾਂਧਾ' ਵਾਲੀ ਸਾਖੀ ਵਿਸ਼ੇਸ਼ ਉਲੇਖਯੋਗ ਹੈ। ਉਥੇ ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਪੜ੍ਹਾਈ ਨੂੰ ਵਿਅਰਥ ਦਸਦੇ ਹੋਇਆ ਕਿਹਾ ਹੈ :

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰ।*
*ਲਿਖੁ ਨਾਮੁ ਸਾਲਾਹ ਲਿਖੁ ਅੰਤੁ ਨ ਪਰਾਵਾਰੁ।੧।*
*ਬਾਬਾ ਏਹੁ ਲੇਖਾ ਲਿਖਿ ਜਾਣੁ। ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।੧। ਰਹਾਉ।* (ਗੁ.ਗ੍ਰੰ.16)

*... ਤਬਿ ਗੁਰੂ ਨਾਨਕ ਕਹਿਆ— ਸੁਣਿ ਹੋ ਸੁਆਮੀ, ਏਹੁ ਜੋ ਸੰਸਾਰ ਕਾ ਪੜਣਾ ਹੈ ਸੋ ਐਸਾ ਹੈ, ਜੋ ਮਸੁ ਦੀਵੇ ਕੀ ਅਰੁ ਕਾਗਦੁ ਸੁਣ ਕਾ ਅਰੁ ਕਲਮ ਕਾਨੇ ਕੀ। ਅਰੁ ਮਨ ਲਿਖਣਹਾਰੁ ਹੈ। ਅਰੁ ਲਿਖਿਆ ਸੋ ਕਿਆ ਲਿਖਿਆ। ਮਾਇਆ ਕਾ ਜੰਜਾਲ ਲਿਖਿਆ, ਜਿਤੁ ਲਿਖੈ ਸਭੁ ਵਿਕਾਰ ਹੋਇ। ਅਰ ਉਹੁ ਜੋ ਲਿਖਣਾ ਹੈ ਸੋ ਸਚ ਕਾ ਹੈ। ਸੋ ਐਸਾ ਹੈ— ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰੁ ਤਪਸਿਆ ਕਾ ਕਾਗਦੁ ਕਰੀਐ। ਅਰੁ ਜੋ ਕਿਛੁ ਇਛਿਆ ਅੰਤਰਿ ਕਿਛੁ ਭਾਓ ਹੈ ਤਿਸ ਕੀ ਕਲਮ ਕਰੀਐ ਅਰੁ ਚਿਤ ਲਿਖਣਿਹਾਰੁ ਕਰਹੁ ਅਰੁ ਲਿਖੀਐ ਸੋ ਕਿਆ ਲਿਖੀਐ। ਪਰਮੇਸਰ ਕਾ ਨਾਉ ਲਿਖੀਐ, ਸਲਾਹ ਲਿਖੀਐ, ਜਿਤੁ ਲਿਖੇ ਸਭਿ ਵਿਕਾਰੁ ਮਿਟਿ ਜਾਹਿ। ਬੇਅੰਤ ਸੋਭਾ ਲਿਖੇ ਜਿਤੁ ਲਿਖੇ ਤਨੁ ਸੁਖੀ ਹੋਇ। ਤਿਸ ਕਾ ਅੰਤੁ ਪਾਰਵਾਰੁ ਕੁਛੁ ਪਾਇਆ ਨਾਹੀ ਜਾਤਾ। ਹੋ ਪੰਡਿਤ, ਜੇ ਏਹੁ ਲੇਖਾ ਪੜਿਆ ਹੈ ਤਾਂ ਪੜੁ ਅਰੁ ਮੁਝ ਕਉ ਭੀ ਪੜਾਇ, ਨਾਹੀ ਤਾ ਨਾ ਪੜਾਇ। ਸੁਣਿ ਹੋ ਪੰਡਿਤ, ਜਹਾ ਏਹੁ ਤੇਰਾ ਜੀਉ ਜਾਵੇਗਾ ਤਹਾ ਤੇਰੇ ਹਥਿ ਏਹੁ ਪੜਣਾ ਨੀਸਾਣੁ ਹੋਵੈਗਾ, ਤਹਾ ਤੇਰੈ ਨਜੀਕਿ ਜਮ ਕਾਲ ਨ ਆਵੈਗਾ।...*

*ਇਕ ਆਵਹਿ ਇਕ ਜਾਹਿ ਉਠਿ ਰਖੀਅਹਿ ਨਾਵ ਸਲਾਰ।*
*ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।*
*ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ।* (ਗੁ.ਗ੍ਰੰ.16)

*ਤਬਿ ਗੁਰੂ ਬਾਬੇ ਨਾਨਕ ਕਹਿਆ— ਸੁਣ ਹੋ ਪੰਡਿਤ, ਇਕ ਆਵਤੇ ਹੈ ਇਕ ਜਾਤੇ ਹੈ, ਇਕ ਸਾਹ ਹੈ ਇਕ ਪਾਤਸਾਹ ਹੈ। ਇਕ ਉਨਾ ਕੈ ਆਗੈ ਭਿਖਿਆ ਮੰਗਿ ਮੰਗਿ ਖਾਤੇ ਹੈ। ਪਰ ਸੁਣਿ ਹੋ ਪੰਡਿਤ, ਜੋ ਉਹਾ ਆਗੈ ਜਾਵਹਿਗੇ ਜੋ ਈਹਾ ਸੁਖੁ ਕਰਤੇ ਹੈ ਅਰੁ ਪਰਮੇਸਰੁ ਨਾਹੀ ਸਿਮਰਤੇ ਹੈ ਤਿਨ ਕਉ ਐਸੀ ਸਜਾਇ ਮਿਲੈਗੀ ਜੈਸੇ ਕਪੜੇ ਕਉ ਧੋਬੀ ਦੇਤਾ ਹੈ ਅਰੁ ਤਿਲਾ ਕਉ ਤੇਲੀ ਦੇਤਾ ਹੈ ਅਰੁ ਚਕੀ ਦਾਣਿਆ ਕਉ ਦੇਤੀ ਹੈ। ਐਸੀ ਸਜਾਇ ਪਾਵਹਿਗੇ। ਅਰੁ ਨਰਕ ਕੁੰਡੇ ਮਿਲਹਿਗੇ। ਅਰੁ ਜੋ ਪਰਮੇਸਰ ਕਉ ਸਿਮਰਤੇ ਹੈ ਅਰੁ ਭਿਖਿਆ ਮੰਗਿ ਮੰਗਿ ਖਾਤੇ ਹੈ, ਉਨ ਕਉ ਦਰਗਹ ਵਡਿਆਈਆ ਮਿਲਹਿ ਗੀਆ।...*

*ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ।*
*ਨਾਵ ਜਿਨਾ ਸੁਲਤਾਨਖਾਨ ਹੋਦੇ ਡਿਠੇ ਖੇਹ।*
*ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।੪।੬।*
*(ਗੁ.ਗ੍ਰੰ.16)*

*ਤਿਸ ਕਾ ਪਰਮਾਰਥੁ। ਗੁਰੂ ਬਾਬੇ ਨਾਨਕ ਕਹਿਆ — ਸੁਣ ਪੰਡਿਤ, ਉਸ ਸਾਹਿਬ ਕਾ ਐਸਾ ਡਰੁ ਹੈ ਜੋ ਮੇਰੀ ਦੇਹ ਭੈਮਾਨ ਹੋਇ ਗਈ। ਜੋ ਈਹਾ ਖਾਨ ਸੁਲਤਾਨ ਕਹਾਇਦੇ ਥੇ ਸੋ ਸਭ ਮਰਿ ਖਾਕੁ ਹੋਇ ਗਏ। ਜਿਨ ਕਾ ਅਮਰੁ ਮੰਨੀਦਾ ਥਾ, ਜਿਨ ਕੈ ਡਰ ਪ੍ਰਿਥਮੀ ਭੈਮਾਨੁ ਹੋਤੀ ਥੀ, ਸੋ ਭੀ ਉਠਿ ਗਏ। ਸੁਣਿ ਹੋ ਪੰਡਿਤਾ, ਮੈ ਕੂੜਾ ਸਨੇਹੁ ਕਿਸ ਕਿਉ ਕਰਉ। ਹਮ ਭੀ ਉਠਿ ਜਾਹਿਗੇ, ਖਾਕ ਦਰਿ ਖਾਕ ਹੋਇ ਜਾਹਿਗੇ। ਹਮ ਤਿਸੁ ਕੀ ਬੰਦਗੀ ਕਰਹਿਗੇ ਜੋ ਕੋਈ ਜੀਅ ਲੈਇਗਾ। ਫਿਰਿ ਸੰਸਾਰ ਸਿਉ ਕੂੜਾ ਨੇਹੁ ਕਿਆ ਕਰਹੁ।*

ਉਪਰੋਕਤ ਵਿਵਰਣ ਤੋਂ ਸਪੱਸ਼ਟ ਹੈ ਕਿ 'ਪੁਰਾਤਨ ਜਨਮਸਾਖੀ' ਵਿਚ ਕਿਸੇ ਵਿਸ਼ੇਸ਼ ਸਾਖੀ ਦੇ ਸੰਦਰਭ ਵਿਚ ਆਈਆਂ ਗੁਰੂਬਾਣੀ ਦੀਆਂ ਟੂਕਾਂ ਦੀ ਸਾਖੀਕਾਰ ਨੇ ਕਥਾ-ਪ੍ਰਸੰਗ ਵਿਚ ਪਰੋਂਦੇ ਹੋਇਆਂ ਕਿਤੇ ਕਿਤੇ ਵਿਆਖਿਆ ਕੀਤੀ ਹੈ। ਇਹ ਵਿਆਖਿਆ ਟੀਕਾ/ਪਰਮਾਰਥ ਦੀ ਹੀ ਮੁੱਢਲੀ ਅਵਸਥਾ ਹੈ। ਇਸ ਵਿਚ ਲੇਖਕ ਨੇ ਅਧਿਕ ਤੋਂ ਅਧਿਕ ਸਪੱਸ਼ਟਤਾ ਲਿਆਉਣ ਦਾ ਯਤਨ ਕੀਤਾ ਹੈ। ਗੁਰਬਾਣੀ ਦੀ ਟੂਕ ਦੇ ਮੂਲ ਆਸ਼ੇ ਤੋਂ ਬਹੁਤ ਹਟਿਆ ਨਹੀਂ ਹੈ।

ਇਸ ਤੋਂ ਉਪਰੰਤ ਗੁਰਬਾਣੀ ਦੀ ਵਾਰਤਕ ਟੀਕਾਕਾਰੀ ਦਾ ਵਿਕਾਸ ਭਿੰਨ ਭਿੰਨ ਸਿੱਖ ਸੰਪ੍ਰਦਾਵਾਂ ਦੇ ਵਿਦਵਾਨਾਂ ਦੁਆਰਾ ਆਪਣੀ ਆਪਣੀ ਵਿਸ਼ੇਸ਼ ਰੁਚੀ ਅਤੇ ਭਾਵਨਾ ਅਨੁਸਾਰ ਹੋਇਆ, ਜਿਸ ਨੂੰ ਅਧਿਐਨ ਦੀ ਸੁਵਿਧਾ ਲਈ ਪੰਜ ਸੰਪ੍ਰਦਾਈ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ— (1) ਮਿਹਰਬਾਨ ਸ਼ਾਖਾ, (2) ਗਿਆਨੀ ਸ਼ਾਖਾ, (3) ਸੇਵਾ-ਪੰਥੀ ਸ਼ਾਖਾ, (4) ਉਦਾਸੀ ਸ਼ਾਖਾ ਅਤੇ (5) ਨਿਰਮਲਾ ਸ਼ਾਖਾ। ਇਨ੍ਹਾਂ ਸ਼ਾਖਾਵਾਂ ਦੀ ਟੀਕਾਕਾਰੀ ਬਾਰੇ ਸੁਤੰਤਰ ਇੰਦਰਾਜ ਵੇਖੋ।

**ਗੁਰਬਾਣੀ ਬਨਾਮ ਕਾਵਿ** : ਇਸ ਵਿਚ ਸੰਦੇਹ ਨਹੀਂ ਕਿ ਗੁਰਬਾਣੀ ਕਾਵਿ-ਸ਼ੈਲੀ ਅਥਵਾ ਵਿਧੀ ਵਿਚ ਲਿਖੀ ਗਈ ਹੈ, ਪਰ ਇਹ ਕਾਵਿ ਨਹੀਂ ਹੈ। ਦੋਹਾਂ ਵਿਚ ਕਈਆਂ ਪੱਖਾਂ ਤੋਂ ਬੁਨਿਆਦੀ ਅੰਤਰ ਹਨ। ਪਹਿਲਾ ਅੰਤਰ ਹੈ ਰਚੈਤਿਆਂ ਸੰਬੰਧੀ। ਭਾਵੇਂ ਦੋਹਾਂ ਦੇ ਰਚੈਤਾ ਮਨੁੱਖ ਹਨ, ਪਰ ਬਾਣੀਕਾਰ ਕੋਈ ਮਹਾਪੁਰਸ਼, ਸੰਤ, ਭਗਤ ਅਥਵਾ ਸਾਧਕ ਹੁੰਦਾ ਹੈ, ਜਦਕਿ ਕਵੀ ਇਕ ਸਾਧਾਰਣ ਸੰਵੇਦਨਸ਼ੀਲ ਮਨੁੱਖ ਹੁੰਦਾ ਹੈ। ਬਾਣੀਕਾਰ ਇਸ ਭੌਤਿਕ ਜਗਤ ਵਿਚ ਰਹਿੰਦਾ ਹੋਇਆ ਵੀ ਜਾਗਤਿਕ ਪ੍ਰਪੰਚ ਤੋਂ ਮੁਕਤ ਹੁੰਦਾ ਹੈ ਜਦਕਿ ਕਵੀ ਜਗਤ ਦਾ ਭੌਤਿਕ ਸੁਖ-ਦੁਖ ਹੰਢਾਉਂਦਾ ਹੋਇਆ ਜੀਵਨ ਬਤੀਤ ਕਰਦਾ ਹੈ। ਕਵੀ ਦਾ ਸੰਬੰਧ ਦਿਸਦੇ ਸੰਸਾਰ ਨਾਲ ਹੈ ਜਦਕਿ ਬਾਣੀਕਾਰ ਦਿਸਦੇ ਜਗਤ ਤੋਂ ਨਿਰਲਿਪਤ ਗੂੜ੍ਹ ਰਹੱਸਾਂ ਨੂੰ ਆਪਣੀ ਬਾਣੀ ਰਾਹੀਂ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਕਵੀ ਦੀ ਦ੍ਰਿਸ਼ਟੀ ਸੀਮਿਤ ਹੈ ਅਤੇ ਬਾਣੀਕਾਰ ਦੀ ਬਿਰਤੀ ਪਾਰਗਾਮੀ ਹੈ। ਕਵੀ ਤਿੰਨ ਗੁਣਾਂ—ਰਜੋ, ਸਤੋ ਅਤੇ ਤਮੋ—ਤੋਂ ਪ੍ਰਭਾਵਿਤ ਹੈ। ਪਰ ਬਾਣੀਕਾਰ ਸਾਤਵਿਕ ਰੁਚੀਆਂ ਨੂੰ ਪ੍ਰਸਾਰਨ ਵਾਲਾ ਸਹਿਜ ਮਨੁੱਖ ਹੈ। ਬਾਣੀਕਾਰ ਆਪਣੇ ਭੀਤਰੀ ਅਨੁਭਵ (ਰਹੱਸ-ਅਨੁਭਵ) ਨੂੰ ਬਾਣੀ ਰਾਹੀਂ ਜਿਗਿਆਸੂਆਂ ਨਾਲ ਸਾਂਝਾ ਕਰਦਾ ਹੈ, ਜਦਕਿ ਕਵੀ ਆਪਣੇ ਭਾਵਾਂ ਨੂੰ ਕਵਿਤਾ ਰਾਹੀਂ ਰੂਪਾਇਤ ਕਰਦਾ ਹੈ। ਸਪੱਸ਼ਟ ਹੈ ਕਿ ਬਾਣੀ ਅਤੇ ਕਾਵਿ ਦੇ ਰਚੈਤੇ ਭਿੰਨ ਭਿੰਨ ਸ਼ਖ਼ਸੀਅਤਾਂ ਵਾਲੇ ਮਨੁੱਖ ਹਨ।

ਦੋਹਾਂ ਦੇ ਅੰਤਰ ਦਾ ਦੂਜਾ ਕਾਰਣ ਹੈ ਉਨ੍ਹਾਂ ਦੇ ਪ੍ਰੇਰਣਾ-ਸਰੋਤ। ਬਾਣੀਕਾਰ ਵਿਸਮਾਦੀ ਅਵਸਥਾ ਨੂੰ ਮਾਣਦਾ ਹੋਇਆ ਆਪਣਾ ਅਨੁਭਵ ਪ੍ਰਗਟਾਉਂਦਾ ਹੈ ਅਤੇ ਕਵੀ ਕਲਪਨਾ ਦੇ ਬਲ 'ਤੇ ਕਵੀ-ਕਰਮ ਨੂੰ ਨਿਭਾਉਂਦਾ ਹੈ। ਕਵੀ ਵਸਤੂ ਤੋਂ ਪ੍ਰੇਰਿਤ ਹੁੰਦਾ ਹੈ, ਬਾਣੀਕਾਰ ਧਰਮ ਤੋਂ। ਕਵੀ ਪ੍ਰਭੂ ਸਿਰਜਿਤ ਪ੍ਰਕ੍ਰਿਤੀ ਉਤੇ ਕੇਂਦਰਿਤ ਰਹਿੰਦਾ ਹੈ, ਜਦ ਕਿ ਬਾਣੀਕਾਰ ਬ੍ਰਹਮ-ਨਿਸ਼ਠ ਅਵਸਥਾ ਵਿਚ ਵਿਚਰਦਾ ਹੈ। ਕਵੀ ਮਾਇਆ ਦੇ ਜਾਲ ਵਿਚ ਉਲਝਿਆ ਹੋਇਆ ਹੈ, ਜਦਕਿ ਬਾਣੀਕਾਰ ਆਪਣੇ ਅਧਿਆਤਮੀ ਗਿਆਨ ਰਾਹੀਂ ਮਾਇਆਵੀ ਪ੍ਰਪੰਚ ਤੋਂ ਬਾਹਰ ਨਿਕਲ ਕੇ ਅਦ੍ਰਿਸ਼ਟ ਪਰਮ-ਸੱਤਾ ਨਾਲ ਸੰਬੰਧ ਸਥਾਪਿਤ ਕਰਦਾ ਹੈ। ਕਵੀ ਲੌਕਿਕਤਾ ਤੋਂ ਪ੍ਰੇਰਿਤ ਹੈ ਅਤੇ ਬਾਣੀਕਾਰ ਪਰਾ-ਲੌਕਿਕਤਾ ਤੋਂ ਅਨੁਪ੍ਰਾਣਿਤ ਹੈ।

ਕਵੀ ਦਾ ਮਾਨਸਿਕ ਤਣਾਉ ਭਾਵੁਕਤਾ ਨੂੰ ਰੂਪਾਇਤ ਕਰਨ ਨਾਲ ਖ਼ਤਮ ਹੋ ਜਾਂਦਾ ਹੈ, ਜਦਕਿ ਬਾਣੀਕਾਰ ਸਤਿ ਦੀ ਭਾਲ ਕਰਦਾ ਹੋਇਆ ਉਸ ਵਿਚ ਸਮਾਉਣ ਦਾ ਯਤਨ ਕਰਦਾ ਹੈ। ਕਵੀ ਕਾਵਿ ਰਾਹੀਂ ਮਨੁੱਖੀ ਭਾਵਾਂ ਨੂੰ

ਝੰਝੋੜਦਾ ਹੈ, ਪਰ ਬਾਣੀ ਮਨੁੱਖ ਦੀ ਸੋਚ ਨੂੰ ਪੂਰੀ ਤਰ੍ਹਾਂ ਬਦਲ ਦਿੰਦੀ ਹੈ। ਕਾਵਿ ਦੀ ਪ੍ਰਕ੍ਰਿਤੀ ਸਾਹਿਤਿਕ ਹੈ, ਬਾਣੀ ਦੀ ਪ੍ਰਕ੍ਰਿਤੀ ਅਧਿਆਤਮਿਕ। ਬਾਣੀ ਦੀ ਪ੍ਰਕ੍ਰਿਤੀ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਉੱਚੀ ਉਠ ਕੇ ਪੂਰੀ ਮਨੁੱਖਤਾ ਦੀ ਸਮਸਿਆ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ, ਜਦਕਿ ਕਵਿਤਾ ਦੇਸ਼-ਕਾਲ ਦੀਆਂ ਸੀਮਾਵਾਂ ਨੂੰ ਉਲੰਘਣ ਦੇ ਸਮਰਥ ਨਹੀਂ ਹੁੰਦੀ।

ਕਵੀ ਦੀ ਉਡਾਰੀ ਦਿਸਦੇ ਜਗਤ ਤੋਂ ਕਲਪਨਾ ਲੋਕ ਵਲ ਹੈ, ਪਰ ਬਾਣੀਕਾਰ ਦ੍ਰਿਸ਼ਟਮਾਨ ਜਗਤ ਤੋਂ ਬ੍ਰਹਮ-ਲੋਕ ਵਲ ਯਾਤ੍ਰਾ ਕਰਦਾ ਹੈ। ਕਵੀ ਦਾ ਸਚ ਸਥਾਈ ਨਹੀਂ ਹੁੰਦਾ, ਪਰ ਬਾਣੀਕਾਰ ਦਾ ਸਤਿ ਪਰਮ-ਸਤਿ ਹੈ ਜੋ ਅਪਰਿਵਰਤਨਸ਼ੀਲ ਅਤੇ ਕਾਲਾਤੀਤ ਹੈ।

ਕਵੀ ਦਾ ਉਦੇਸ਼ ਕਾਵਿ-ਰਸ ਜਾਂ ਸਾਹਿਤਿਕ ਆਨੰਦ ਦੇਣਾ ਹੈ, ਪਰ ਬਾਣੀਕਾਰ ਜਿਗਿਆਸੂ ਨੂੰ ਬ੍ਰਹਮਾਨੰਦ ਦਾ ਅਨੁਭਵ ਕਰਾਉਂਦਾ ਹੈ। ਕਵੀ ਦਾ ਕਥਨ ਅਨੁਭਵ-ਸਿੱਧ ਨਹੀਂ ਹੁੰਦਾ, ਪਰ ਬਾਣੀਕਾਰ ਦਾ ਸਭ ਕੁਝ ਆਵੇਸ਼ਿਤ ਹੁੰਦਾ ਹੈ। ਉਸ ਦੇ ਬੋਲ ਆਪਣੇ ਨਹੀਂ ਹੁੰਦੇ। ਉਸ ਦੀ ਬਾਣੀ 'ਧੁਰ ਕੀ ਬਾਣੀ', 'ਖਸਮ ਕੀ ਬਾਣੀ', 'ਸਚ ਕੀ ਬਾਣੀ' ਹੁੰਦੀ ਹੈ ਜੋ ਜਿਗਿਆਸੂਆਂ ਅੰਦਰ ਕਥਨੀ ਅਤੇ ਕਰਨੀ ਦਾ ਭੇਦ ਮਿਟਾ ਦਿੰਦੀ ਹੈ।

ਕਵੀ ਅਤੇ ਬਾਣੀਕਾਰ ਦੇ ਕਾਵਿ-ਸਾਧਨ ਭਾਵੇਂ ਇਕੋ ਜਿਹੇ ਹੁੰਦੇ ਹਨ ਜਿਵੇਂ ਬਿੰਬ, ਅਲੰਕਾਰ, ਛੰਦ, ਕਾਵਿ-ਰੂਪ, ਪ੍ਰਤੀਕ, ਭਾਸ਼ਾ ਆਦਿ ਪਰ ਦੋਹਾਂ ਦੀ ਚੋਣ ਵਖ ਵਖ ਹੁੰਦੀ ਹੈ। ਇਹ ਚੋਣ ਵਿਸ਼ੇ ਦੇ ਸਰੂਪ ਕਰਕੇ ਬਦਲਦੀ ਹੈ। ਦੋਹਾਂ ਦੀ ਪਹੁੰਚ ਵਖਰੀ ਵਖਰੀ ਹੈ ਅਤੇ ਨਿਭਾ ਵੀ ਭਿੰਨ ਭਿੰਨ ਹੈ, ਭਾਵੇਂ ਅਭਿਵਿਅਕਤੀ ਦੀ ਪ੍ਰਕ੍ਰਿਆ ਕਾਫ਼ੀ ਸਮਾਨ -ਧਰਮੀ ਹੈ, ਪਰ ਵਖਰਤਾ ਪਹੁੰਚ ਮਾਰਗਾਂ ਕਰਕੇ ਹੈ। ਸਚ ਤਾਂ ਇਹ ਹੈ ਕਿ ਜਿਥੇ ਕਵੀ ਦਾ ਕਰਮ-ਖੇਤਰ ਖ਼ਤਮ ਹੁੰਦਾ ਹੈ, ਉਥੇ ਬਾਣੀਕਾਰ ਦੇ ਧਿਆਨ ਮਾਰਗ ਦਾ ਆਰੰਭ ਹੁੰਦਾ ਹੈ। ਕਵੀ ਦੀ ਭਾਸ਼ਾ ਕਲਪਨਾ ਦੇ ਪਰਾਂ ਨਾਲ ਉਡ ਕੇ ਪਾਠਕ /ਸਰੋਤਾਂ ਦੀ ਸੂਝ ਤੋਂ ਪਰੇ ਹੋ ਜਾਂਦੀ ਹੈ, ਜਦਕਿ ਬਾਣੀਕਾਰ ਲੋਕਾਂ ਨੂੰ ਲੋਕਾਂ ਦੀ ਭਾਸ਼ਾ ਵਿਚ ਸੰਦੇਸ਼ ਦੇ ਕੇ ਉਸ ਨੂੰ ਅਧਿਕ ਗ੍ਰਹਿਣ ਕਰਨ ਯੋਗ ਬਣਾਉਂਦਾ ਹੈ। ਕੁਲ ਮਿਲਾ ਕੇ ਦੋਹਾਂ ਦੀ ਆਧਾਰ-ਭੂਮੀ ਇਕ ਹੈ, ਪਰ ਦਿਸ਼ਾਵਾਂ ਵਖਰੀਆਂ ਵਖਰੀਆਂ ਹਨ।

**ਗੁਰਬਿਲਾਸ** (ਕਾਵਿ-ਵਿਧਾ): ਇਹ ਦੋ ਸ਼ਬਦਾਂ ਦਾ ਸੰਯੁਕਤ ਰੂਪ ਹੈ— 'ਗੁਰ' ਅਤੇ 'ਬਿਲਾਸ'। 'ਗੁਰ' ਸ਼ਬਦ ਤੋਂ ਇਥੇ ਭਾਵ ਹੈ 'ਗੁਰੂ' ਜੋ ਵਿਸ਼ੇਸ਼ ਰੂਪ ਵਿਚ ਸਿੱਖ ਗੁਰੂ ਸਾਹਿਬਾਂ ਨਾਲ ਸੰਬੰਧਿਤ ਹੈ ਜਾਂ ਉਨ੍ਹਾਂ ਦਾ ਵਾਚਕ ਹੈ। 'ਬਿਲਾਸ' ਸ਼ਬਦ ਸੰਸਕ੍ਰਿਤ ਦੇ 'ਵਿਲਾਸ' ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ— ਕ੍ਰੀੜਾ, ਖੇਡ, ਲੀਲਾ। ਭਾਰਤੀ ਦਰਸ਼ਨ ਅਤੇ ਧਰਮ-ਸਾਧਨਾ ਵਿਚ ਸੰਸਾਰ ਨੂੰ ਛਿਣ-ਭੰਗੁਰ ਸਮਝ ਕੇ ਇਸ ਵਿਚ ਵਿਚਰਨ ਕਰ ਰਹੇ ਪ੍ਰਾਣੀਆਂ ਨੂੰ ਵੀ ਸਥਾਈ ਨਹੀਂ ਮੰਨਿਆ ਗਿਆ। ਸਭ ਜਗ ਚਲਣਹਾਰ ਹੈ ਅਤੇ ਇਸ ਵਿਚ ਮੌਜੂਦ ਜੀਵਾਂ ਨੂੰ ਵੀ ਸਮਾਂ ਆਉਣ 'ਤੇ ਇਸ ਸੰਸਾਰ ਨੂੰ ਛਡਣਾ ਹੈ। ਮਨੁੱਖ ਦੇ ਪ੍ਰਸੰਗ ਵਿਚ ਇਹ ਸਥਾਪਨਾ ਵਿਸ਼ੇਸ਼ ਰੂਪ ਵਿਚ ਹੋਈ ਹੈ। ਇਸ ਲਈ ਇਹ ਸੰਸਾਰ ਮਨੁੱਖ ਲਈ ਇਕ ਕ੍ਰੀੜਾ-ਸਥਲੀ ਹੈ, ਖੇਡ ਦਾ ਮੈਦਾਨ ਹੈ ਜਿਥੇ ਖੇਡ ਦੇ ਖ਼ਤਮ ਹੋਣ 'ਤੇ ਸਭ ਨੇ ਆਪਣੇ ਆਪਣੇ ਰਾਹ ਤੁਰ ਜਾਣਾ ਹੈ। ਇਸ ਤਰ੍ਹਾਂ ਇਹ ਸਾਰਾ ਜਗਤ ਖੇਡ-ਤਮਾਸ਼ਾ ਹੈ ਅਤੇ ਇਸ ਖੇਡ ਵਿਚ ਹਿੱਸਾ ਲੈਣ ਵਾਲੇ ਆਉਂਦੇ ਜਾਂਦੇ ਰਹਿੰਦੇ ਹਨ। ਮਹਾਪੁਰਸ਼ ਵੀ ਇਸ ਸੰਸਾਰ ਵਿਚ ਆ ਕੇ ਜਗਤ-ਤਮਾਸ਼ਾ ਵੇਖਣ ਉਪਰੰਤ ਪ੍ਰਸਥਾਨ ਕਰ ਜਾਂਦੇ ਹਨ। ਉਨ੍ਹਾਂ ਦੇ ਚਰਿਤ ਜਾਂ ਜੀਵਨ ਲੀਲਾ ਨੂੰ 'ਬਿਲਾਸ' ਪਦ ਨਾਲ ਨਿਰਦਿਸ਼ਟ ਕੀਤਾ ਗਿਆ ਹੈ। ਕਵੀ ਸੁਖਾ ਸਿੰਘ ਨੇ ਖ਼ੁਦ ਲਿਖਿਆ ਹੈ:

*ਤਿਨੈ ਦੇਖ ਪੋਥੀ ਕਹ੍ਯੋ ਯੌ ਪ੍ਰਕਾਸੰ।*
*ਕ੍ਰਿਪਾਸਿੰਧ ਜੁ ਜੀ ਕਰੈ ਏ ਬਿਲਾਸੰ।*
*ਧਰੋ ਨਾਮ ਤਾ ਕੋ ਇਹੈ ਗੁਰ ਬਿਲਾਸੰ।*
*ਪੜੈ ਜੋ ਸੁਨੈ ਕੋ ਪੁਰੈ ਤਾਹਿ ਆਸੰ।*

(ਅਧਿ. 30/104)

ਚਰਿਤ-ਕਾਵਿ ਦੀ ਪਰੰਪਰਾ ਦਾ ਆਰੰਭ ਅਪਭ੍ਰੰਸ਼ ਸਾਹਿਤ ਤੋਂ ਹੋਇਆ ਪ੍ਰਤੀਤ ਹੁੰਦਾ ਹੈ ਅਤੇ ਇਸ ਦੇ ਪ੍ਰਭਾਵ ਦੇ ਫਲਸਰੂਪ ਹਿੰਦੀ ਸਾਹਿਤ ਵਿਚ ਵੀ ਚਰਿਤ-ਕਾਵਿ ਦੀ ਪਰੰਪਰਾ ਚਲੀ ਹੈ। ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਬੜੀ ਜ਼ਬਰਦਸਤ ਤਬਦੀਲੀ ਵਿਆਪਕ ਹੋਈ ਅਤੇ ਕਾਲਾਂਤਰ ਵਿਚ ਇਸ ਤਬਦੀਲੀ ਨੇ ਪੰਜਾਬ ਦੀ ਰਾਜਨੈਤਿਕ ਸਥਿਤੀ ਨੂੰ ਵੀ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਜੀ, ਅਸਲ ਵਿਚ, ਉਸ ਵੇਲੇ ਮਿਧੀ ਜਾ ਰਹੀ ਭਾਰਤੀ ਜਨਤਾ ਲਈ

ਮਸੀਹਾ ਬਣ ਕੇ ਆਏ। ਉਨ੍ਹਾਂ ਨੇ ਇਥੋਂ ਦੇ ਲੋਕਾਂ ਨੂੰ ਸਵੈ-ਭਰੋਸੇ ਲਈ ਪ੍ਰੇਰਿਆ, ਇਥੋਂ ਦੇ ਲੋਕਾਂ ਦੇ ਮਨ ਵਿਚ ਆਤਮ-ਗੌਰਵ ਦੀ ਭਾਵਨਾ ਭਰੀ। ਉਨ੍ਹਾਂ ਨੂੰ ਇਕ ਧਰਮ ਦਿੱਤਾ, ਇਕ ਇਸ਼ਟਦੇਵ ਪ੍ਰਤਿ ਰੁਚਿਤ ਕੀਤਾ, ਸਾਂਝੀ ਕੌਮੀਅਤ ਦਿੱਤੀ, ਇਕ ਭਾਸ਼ਾ ਦਿੱਤੀ, ਇਕ ਲਿਪੀ ਦਿੱਤੀ, ਸੁਤੰਤਰਤਾ ਪੂਰਵਕ ਜੀਵਨ ਜੀਣ ਲਈ ਸਚੇਤ ਕੀਤਾ। ਗੱਲ ਕੀ ਸਾਰੇ ਪੰਜਾਬ ਦਾ, ਸਾਰੇ ਪੰਜਾਬੀਆਂ ਦਾ ਕਾਇਆ ਕਲਪ ਹੋ ਗਿਆ, ਉਨ੍ਹਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਹੋਣ ਲਗਾ। ਇਨ੍ਹਾਂ ਉਪਕਾਰਾਂ ਦੇ ਫਲਸਰੂਪ ਲੋਕੀਂ ਗੁਰੂ ਨਾਨਕ ਦੇਵ ਦੇ ਮਹਾਨ ਚਰਿਤ ਵਲ ਆਕਰਸ਼ਿਤ ਹੋਏ, ਉਨ੍ਹਾਂ ਦੀ ਵਿਚਾਰ-ਧਾਰਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਰਧਾਲੂ ਬਣੇ, ਅਨੁਯਾਈ ਬਣ ਕੇ ਉਨ੍ਹਾਂ ਦਾ ਜਸ ਗਾਉਣ ਲਗੇ। ਸਮਾਂ ਬੀਤਣ ਨਾਲ ਗੁਰੂ ਨਾਨਕ ਦੇਵ ਦੇ ਚਰਿਤ ਵਿਚ ਅਲੌਕਿਕ ਤੱਤ੍ਵਾਂ ਦੀ ਹੋਂਦ ਦੀ ਗੱਲ ਤੁਰ ਪਈ। ਉਹ ਨਰ ਤੋਂ ਨਾਰਾਇਣ ਸਮਝੇ ਜਾਣ ਲਗੇ। ਸਾਹਿਤਿਕ ਰੁਚੀਆਂ ਵਾਲੇ ਅਨੁਯਾਈਆਂ ਨੇ ਉਨ੍ਹਾਂ ਦੇ ਚਰਿਤ ਬਾਰੇ ਆਪਣੀ ਭਾਵ-ਅਭਿਵਿਅਕਤੀ ਸ਼ੁਰੂ ਕੀਤੀ ਜੋ ਜਨਮ-ਸਾਖੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਈ। ਜਨਮ-ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤਕ ਦੀਆਂ ਘਟਨਾਵਾਂ ਦਾ ਸਾਖੀਆਂ ਜਾਂ ਗੋਸ਼ਟਾਂ ਵਿਚ ਵਿਵਰਣ ਦਿੱਤਾ ਗਿਆ ਹੈ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਦ ਧਰਮ-ਸਾਧਨਾ ਦੇ ਸਰੂਪ ਵਿਚ ਮਹੱਤਵਪੂਰਣ ਪਰਿਵਰਤਨ ਲਿਆਉਣ ਵਾਲੇ ਦਸਮ ਗੁਰੂ ਸਨ। ਉਨ੍ਹਾਂ ਦੇ ਚਰਿਤ ਵਿਚ ਵਿਲੱਖਣ ਤੱਤ੍ਵ ਬਹੁਤ ਅਧਿਕ ਸਨ। ਉਨ੍ਹਾਂ ਦੇ ਕਾਰਨਾਮਿਆਂ ਅਤੇ ਉਪਕਾਰਾਂ ਨੇ ਲੋਕਾਂ/ਅਨੁਯਾਈਆਂ ਦੀ ਸੋਚਣੀ ਹੀ ਇਕਦਮ ਬਦਲ ਦਿੱਤੀ। ਲੋਕ-ਚੇਤਨਾ ਅਤੇ ਕਵੀ-ਮਨ ਨੂੰ ਹਲੂਣਾ ਦੇਣ ਵਾਲੀ ਇਕ ਸ਼ਖ਼ਸੀਅਤ ਸਾਹਮਣੇ ਆਈ। ਇਸ ਲਈ ਉਨ੍ਹਾਂ ਦੇ ਚਰਿਤਾਂ, ਕੌਤਕਾਂ ਅਤੇ ਉਪਕਾਰਾਂ ਨੂੰ ਸੰਭਾਲਣ ਲਈ ਸਾਹਿਤਕਾਰਾਂ ਦੇ ਮਨ ਵਿਚ ਉਮੰਗ ਪੈਦਾ ਹੋਈ। ਉਹੀ ਉਮੰਗ ਉਨ੍ਹਾਂ ਰਚਨਾਵਾਂ ਦੇ ਰੂਪ ਵਿਚ ਸਾਹਮਣੇ ਪਾਈ ਜਿਨ੍ਹਾਂ ਨੂੰ 'ਗੁਰਬਿਲਾਸ' ਜਾਂ ਇਸ ਪ੍ਰਕਾਰ ਦਾ ਕੋਈ ਹੋਰ ਨਾਂ ਦਿੱਤਾ ਗਿਆ, ਜਿਵੇਂ :

(1) ਗੁਰ ਸੋਭਾ (ਕਵੀ ਸੈਨਾਪਤ)— 1758 ਬਿ.,
(2) ਗੁਰਬਿਲਾਸ ਪਾ. ੧੦ (ਸੁਖਾ ਸਿੰਘ)— 1854 ਬਿ.,
(3) ਗੁਰਬਿਲਾਸ ਪਾ. ੧੦ (ਕੁਇਰ ਸਿੰਘ)— 1808 ਬਿ. (ਸੰਦਿਗਧ),
(4) ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ)— 1900 ਬਿ.
(5) ਸਿੰਘ ਸਾਗਰ (ਵੀਰ ਸਿੰਘ ਬਲ)— 1884 ਬਿ. ਆਦਿ।

**ਗੁਰਬਿਲਾਸ ਪਾਤਿਸਾਹੀ ੬** (ਕਾਵਿ) : ਕਵੀ ਸੋਹਨ ਨਾਲ ਸੰਬੰਧਿਤ ਕੀਤੀ ਜਾਂਦੀ ਇਹ ਕ੍ਰਿਤੀ ਆਪਣੀ ਅੰਦਰਲੀ ਗਵਾਹੀ ਅਨੁਸਾਰ ਸੰਨ 1718 ਈ. (1775 ਬਿ.) ਦੀ ਰਚਨਾ ਹੈ, ਪਰ ਭਾਈ ਕਾਨ੍ਹ ਸਿੰਘ ਨੇ 'ਗੁਰਮਤਿ ਮਾਰਤੰਡ' ਵਿਚ ਇਸ ਨੂੰ ਸੰ. 1890 ਬਿ. ਤੋਂ ਆਰੰਭ ਹੋ ਕੇ ਸੰ. 1900 ਬਿ. ਵਿਚ ਸਮਾਪਤ ਹੋਈ ਭਾਈ ਗੁਰਮੁਖ ਸਿੰਘ ਅਤੇ ਭਾਈ ਦਰਬਾਰਾ ਸਿੰਘ ਚੌਂਕੀ ਵਾਲੇ ਦੀ ਰਚਨਾ ਦਰਸਾਇਆ ਹੈ।

ਇਸ ਦੇ ਛੰਦਾਂਕ 141 ਵਿਚ ਅਕਾਲ-ਤਖ਼ਤ ਉਤੇ ਸੋਨਾ ਚੜ੍ਹਾਉਣ ਦਾ ਬ੍ਰਿੱਤਾਂਤ ਦਰਜ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੀ ਘਟਨਾ ਹੈ। ਛੰਦਾਂਕ 300 ਵਿਚ ਬੀਬੀ ਵੀਰੋ ਦੇ ਝਬਾਲ ਵਿਚ ਹੋਏ ਵਿਆਹ ਵਾਲੇ ਸਥਾਨ (ਜੋ ਹੁਣ 'ਗੁਰਦੁਆਰਾ ਮਾਣਕ ਚੌਂਕ' ਕਰਕੇ ਪ੍ਰਸਿੱਧ ਹੈ) ਬਾਰੇ ਭਵਿਖ-ਬਾਣੀ ਦਰਜ ਹੈ ਕਿ ਇਥੇ 1891 ਬਿ. (1834 ਈ. ) ਤੋਂ ਮੇਲਾ ਲਗਿਆ ਕਰੇਗਾ। ਛੰਦਾਂਕ 410 ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ 'ਨੂਰਦੀ ਦੀ ਸਰਾਇ' ਢੁਹਾ ਕੇ ਉਨ੍ਹਾਂ ਇਟਾਂ ਨਾਲ ਤਰਨਤਾਰਨ ਦੇ ਗੁਰੂ-ਧਾਮ ਦੇ ਉਸਾਰਨ ਦਾ ਬ੍ਰਿੱਤਾਂਤ ਹੈ। ਇਸ ਦੀ ਇਕ ਨਕਲ ਜੋ 1901 ਬਿ. (1844 ਈ.) ਦੀ ਲਿਖੀ ਹੈ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ 'ਸਿੱਖ ਇਤਿਹਾਸ ਖੋਜ ਵਿਭਾਗ' (ਨੰ.651) ਵਿਚ ਉਪਲਬਧ ਹੈ। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਇਸ ਦੀ ਰਚਨਾ 1891 ਬਿ. (1834 ਈ.) ਅਤੇ 1901 ਬਿ. (1844 ਈ.) ਦੇ ਵਿਚਾਲੇ ਹੋਈ ਹੋਵੇਗੀ।

ਇਸ ਦੇ ਦੋ ਪ੍ਰਕਾਸ਼ਿਤ ਸੰਸਕਰਣ ਉਪਲਬਧ ਹਨ। ਪਹਿਲਾ ਸੰਸਕਰਣ ਗਿਆਨੀ ਇੰਦਰ ਸਿੰਘ ਗਿਲ ਨੇ ਸੰਨ 1968 ਈ. ਵਿਚ ਪ੍ਰਕਾਸ਼ਿਤ ਕੀਤਾ। ਉਸ ਵਿਚ ਕੁਲ 21 ਅਧਿਆਇ ਹਨ ਅਤੇ ਛੰਦਾਂ ਦੀ ਗਿਣਤੀ 8131 ਹੈ। ਦੂਜਾ ਸੰਸਕਰਣ ਭਾਸ਼ਾ ਵਿਭਾਗ ਨੇ ਸੰਨ 1970 ਈ. ਵਿਚ ਪ੍ਰਕਾਸ਼ਿਤ ਕੀਤਾ। ਅਧਿਆਇ ਤਾਂ ਇਸ ਵਿਚ ਹੀ ਭਾਵੇਂ 21 ਹੀ ਸਨ, ਪਰ ਪਹਿਲੇ ਨਾਲੋਂ ਇਸ ਵਿਚ 338 ਛੰਦ

ਘਟ ਹਨ। ਇਸ ਦੇ ਲਿਖੇ ਜਾਣ ਦੀ ਪ੍ਰੇਰਣਾ ਜਾਂ ਸਰੋਤ ਦਸਣ ਦੀ ਵਿਧੀ 'ਜਨਮਸਾਖੀ ਭਾਈ ਮਨੀ ਸਿੰਘ ਵਾਲੀ' ਜਾਂ 'ਸਿੱਖਾਂ ਦੀ ਭਗਤਮਾਲਾ' ਨਾਲ ਦੂਰ ਤਕ ਸਮਾਨਤਾ ਰਖਦੀ ਹੈ ਅਤੇ ਬ੍ਰਿਤਾਂਤ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਨ ਲਈ ਭਾਈ ਦਯਾ ਸਿੰਘ ਅਤੇ ਭਾਈ ਮਨੀ ਸਿੰਘ ਦੀ ਸਾਖੀ ਭਰੀ ਗਈ ਹੈ।

ਇਸ ਦੇ ਪਹਿਲੇ ਤਿੰਨ ਅਧਿਆਵਾਂ ਵਿਚ ਗੁਰੂ ਹਰਿਗੋਬਿੰਦ ਜੀ ਦੇ ਜਨਮ ਬਚਪਨ ਅਤੇ ਮੁੱਢਲੀ ਸਿਖਿਆ ਪ੍ਰਾਪਤੀ ਦਾ ਵਰਣਨ ਹੈ। ਚੌਥੇ ਵਿਚ ਗੁਰੂ ਅਰਜਨ ਦੇਵ ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੀ ਪ੍ਰਕ੍ਰਿਆ ਦਾ ਬ੍ਰਿੱਤਾਂਤ ਅੰਕਿਤ ਹੈ। ਪੰਜਵੇਂ ਵਿਚ ਗੁਰੂ ਜੀ ਦਾ ਵਿਵਾਹ ਦਸ ਕੇ ਅਗਲੇ ਕਾਂਡਾਂ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ, ਅਕਾਲ ਤਖ਼ਤ ਦੀ ਉਸਾਰੀ, ਬਬੇਕਸਰ ਦੀ ਖੁਦਾਈ, ਅੰਮ੍ਰਿਤਸਰ ਦੀ ਲੜਾਈ, ਬੀਬੀ ਵੀਰੋ ਦਾ ਵਿਆਹ, ਬਾਬਾ ਸੂਰਜਮੱਲ ਦਾ ਵਿਆਹ, ਕੌਲਾਂ ਦਾ ਨਿਸਤਾਰਾ, ਬਾਬੇ ਬੁੱਢੇ, ਭਾਈ ਗੁਰਦਾਸ ਅਤੇ ਮਾਤਾ ਦਮੋਦਰੀ ਦੇ ਦੇਹਾਂਤ, ਪੈਂਦੇ ਖ਼ਾਨ ਦੀ ਹਾਰ ਅਤੇ ਮ੍ਰਿਤੂ ਆਦਿ ਦਾ ਵਿਵਰਣ ਦਿੱਤਾ ਗਿਆ ਹੈ। ਬਾਲਕ (ਗੁਰੂ) ਹਰਿਗੋਬਿੰਦ ਜੀ ਦੇ ਜਨਮ ਉਤੇ ਪ੍ਰਿਥੀ ਚੰਦ ਦੇ ਪਰਿਵਾਰ ਵਿਚ ਪਸਰੀ ਨਿਰਾਸ਼ਾ, ਉਸ ਨਿਰਾਸ਼ਾ ਨੂੰ ਦੂਰ ਕਰਨ ਲਈ ਬਾਲਕ ਹਰਿਗੋਬਿੰਦ ਨੂੰ ਮਾਰਨ ਦੇ ਯਤਨਾਂ ਵਲ ਕਵੀ ਨੇ ਵਿਸਤਾਰ ਨਾਲ ਝਾਤ ਪਾਈ ਹੈ। ਇਸ ਵਿਚ ਦਿੱਤੇ ਅਨੇਕ ਤੱਥ (ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਨਾਲ ਧੁਨੀਆਂ ਦਾ ਲਿਖਿਆ ਜਾਣਾ) ਅਤੇ ਤਿਥੀਆਂ (ਜਿਵੇਂ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਾਪ੍ਰਸਥਾਨ ਦੀ ਤਾਰੀਖ਼) ਪ੍ਰਮਾਣਿਕ ਨਹੀਂ ਮੰਨੀਆਂ ਜਾ ਸਕਦੀਆਂ।

ਕਵੀ ਨੇ ਇਸ ਰਚਨਾ ਵਿਚ ਦੋਹਰਾ-ਚੌਪਈ ਸ਼ੈਲੀ ਦੀ ਵਰਤੋਂ ਕੀਤੀ ਹੈ ਅਤੇ ਇਸ ਦੀ ਭਾਸ਼ਾ ਬ੍ਰਜ ਹੈ। ਇਸ ਵਿਚ ਪ੍ਰਬੰਧ-ਕਾਵਿ ਦੀਆਂ ਵਿਸ਼ੇਸ਼ਤਾਵਾਂ ਦੀ ਥਾਂ ਧਾਰਾ-ਵਾਹਕ ਬ੍ਰਿਤਾਂਤ ਦਿੱਤਾ ਗਿਆ ਹੈ ਅਤੇ ਅਧਿਆਵਾਂ ਵਿਚ ਛੰਦਾਂ ਦੀ ਗਿਣਤੀ ਇਕ-ਸਮਾਨ ਨਹੀਂ ਹੈ। ਕਾਵਿ ਦਾ ਪੱਧਰ ਵੀ ਸਾਧਾਰਣ ਹੈ।

ਇਸ ਦੇ ਚੌਥੇ ਅਧਿਆਇ ਵਿਚ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਬਾਰੇ ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਵਿਚਾਰ ਪੈਦਾ ਹੋਇਆ। ਨਾਲੇ ਕਿਸੇ ਸਿੱਖ ਦੀ ਬੇਨਤੀ, ਕਿ ਗੁਰਬਾਣੀ ਨੂੰ ਕੱਚੀ ਬਾਣੀ ਤੋਂ ਨਿਖੇੜਿਆ ਜਾਏ, ਨੇ ਵੀ ਭੂਮਿਕਾ ਨਿਭਾਈ। ਗੁਰੂ ਜੀ ਨੇ ਭਾਈ ਗੁਰਦਾਸ ਨੂੰ ਬਾਣੀ ਇਕੱਤਰ ਕਰਨ ਲਈ ਆਦੇਸ਼ ਦਿੱਤਾ। ਗੋਇੰਦਵਾਲ ਤੋਂ ਬਾਣੀ ਦੀਆਂ ਪੋਥੀਆਂ ਲਿਆਉਣ ਲਈ ਪਹਿਲਾਂ ਭਾਈ ਗੁਰਦਾਸ, ਫਿਰ ਬਾਬੇ ਬੁੱਢੇ ਨੂੰ ਭੇਜਣ 'ਤੇ ਜਦੋਂ ਪੋਥੀਆਂ ਨ ਮਿਲੀਆਂ, ਤਾਂ ਗੁਰੂ ਸਾਹਿਬ ਆਪ ਗੋਇੰਦਵਾਲ ਗਏ ਅਤੇ ਮੋਹਨ ਦੇ ਚੌਬਾਰੇ ਹੇਠਾਂ ਗਲੀ ਵਿਚ ਬੈਠ ਕੇ *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ* ਵਾਲਾ ਸ਼ਬਦ ਗਾਇਆ। ਮੋਹਨ ਪਸੀਜ ਗਿਆ ਅਤੇ ਬਾਣੀ ਦੀਆਂ ਪੋਥੀਆਂ ਦੇ ਦਿੱਤੀਆਂ। ਇਨ੍ਹਾਂ ਪੋਥੀਆਂ ਵਿਚ ਚਾਰ ਪਹਿਲੇ ਗੁਰੂਆਂ ਦੀ ਬਾਣੀ ਵਲ ਸਪੱਸ਼ਟ ਸੰਕੇਤ ਹੈ (*ਚਾਰ ਗੁਰੂ ਜੋ ਆਦਿ ਪੋਥੀਆਂ ਤਿਹ ਨਿਕਟਾਰੇ*)। ਗੁਰੂ ਸਾਹਿਬ ਨੇ ਰਾਮਸਰ (ਅੰਮ੍ਰਿਤਸਰ) ਵਿਚ ਬੈਠ ਕੇ ਬਾਣੀ ਭਾਈ ਗੁਰਦਾਸ ਤੋਂ ਸੰਕਲਿਤ ਕਰਵਾਉਣੀ ਸ਼ੁਰੂ ਕੀਤੀ।

ਭਗਤਾਂ ਦੀਆਂ ਬਾਣੀਆਂ ਸੰਕਲਿਤ ਕਰਵਾਉਣ ਸੰਬੰਧੀ ਭਾਈ ਗੁਰਦਾਸ ਦੇ 'ਮਹਿਮਾ-ਪ੍ਰਕਾਸ਼' ਵਾਲੇ ਸ਼ੰਕੇ ਦਾ ਨਿਵਾਰਨ ਕੀਤਾ। ਭਗਤ ਕਾਨਾ, ਛੱਜੂ, ਸ਼ਾਹ ਹੁਸੈਨ ਅਤੇ ਪੀਲੂ ਦੀਆਂ ਬਾਣੀਆਂ ਨੂੰ ਗ੍ਰੰਥ ਸਾਹਿਬ ਵਿਚ ਦਰਜ ਕਰਨੋਂ ਅਸਵੀਕਾਰ ਕਰ ਦਿੱਤਾ। ਭਾਈ ਗੁਰਦਾਸ ਦੀ ਬਾਣੀ ਨੂੰ ਗ੍ਰੰਥ ਸਾਹਿਬ ਦਾ ਟੀਕਾ ਹੋਣ ਦਾ ਗੌਰਵ ਬਖ਼ਸ਼ਿਆ। (ਸ਼ਾਇਦ ਇਸ ਘਟਨਾ ਤੋਂ ਬਾਦ ਹੀ ਭਾਈ ਗੁਰਦਾਸ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਣ ਲਗਿਆ)। ਫਿਰ ਭਾਈ ਬੰਨੋ ਦੀ ਬੀੜ ਤਿਆਰ ਕਰਨ ਅਤੇ ਗੁਰੂ ਸਾਹਿਬ ਦੇ ਨੀਸਾਣ ਪਵਾਉਣ ਦਾ ਬ੍ਰਿਤਾਂਤ ਹੈ ਅਤੇ ਪੈੜੇ ਦੁਆਰਾ ਸਿੰਗਲਾਦੀਪ ਤੋਂ 'ਪ੍ਰਾਣਸੰਗਲੀ' ਮੰਗਵਾਉਣ ਅਤੇ ਅਪ੍ਰਵਾਨ ਕੀਤੇ ਜਾਣ ਦਾ ਪ੍ਰਸੰਗ ਦਰਜ ਹੈ।

ਇਸ ਵਿਚ ਬਾਣੀ ਇਕੱਤਰ ਕਰਨ ਦੇ ਦੋ ਕਾਰਣਾਂ ਤੋਂ ਇਲਾਵਾ ਬਾਣੀ ਦੀਆਂ ਪੋਥੀਆਂ ਲਈ ਗੋਇੰਦਵਾਲ ਭਾਈ ਗੁਰਦਾਸ, ਬਾਬਾ ਬੁੱਢਾ ਅਤੇ ਗੁਰੂ ਅਰਜਨ ਦੇਵ ਜੀ ਦੇ ਜਾਣ ਦਾ ਬ੍ਰਿਤਾਂਤ ਹੈ। ਭਗਤ-ਬਾਣੀ ਨੂੰ ਦਰਜ ਕਰਨ, ਚਾਰ ਸਮਕਾਲੀ ਭਗਤਾਂ ਦੀ ਬਾਣੀ ਨੂੰ ਅਪ੍ਰਵਾਨ ਕਰਨ ਅਤੇ ਭਾਈ ਗੁਰਦਾਸ ਦੀ ਬਾਣੀ ਨੂੰ ਗ੍ਰੰਥ ਸਾਹਿਬ ਦਾ ਟੀਕਾ ਮੰਨਣ ਦੀ ਗੱਲ ਵੀ ਹੋਈ ਹੈ। ਪ੍ਰਾਣਸੰਗਲੀ ਨੂੰ ਅਸਵੀਕਾਰਨ ਦਾ ਉੱਲੇਖ ਵੀ ਹੋਇਆ ਹੈ। ਇਸ ਤਰ੍ਹਾਂ ਇਸ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੀ ਪ੍ਰਕ੍ਰਿਆ ਸੰਬੰਧੀ ਪੂਰਵ-

ਵਰਤੀ ਇਤਿਹਾਸਾਂ ਵਿਚ ਆਏ ਬ੍ਰਿੱਤਾਂਤਾਂ ਦਾ ਸਮੀਕਰਣ ਕੀਤਾ ਗਿਆ ਹੈ।

**ਗੁਰਬਿਲਾਸ ਪਾਤਿਸ਼ਾਹੀ ੧੦** (ਕਵੀ ਸੁਖਾ ਸਿੰਘ): ਇਹ ਪ੍ਰਬੰਧ-ਕਾਵਿ ਆਨੰਦਪੁਰ ਵਾਸੀ ਭਾਈ ਸੁਖਾ ਸਿੰਘ ਦੀ ਰਚਨਾ ਹੈ। ਵੇਖੋ 'ਸੁਖਾ ਸਿੰਘ, ਕਵੀ'।

**ਗੁਰਬਿਲਾਸ ਪਾਤਿਸ਼ਾਹੀ ੧੦** (ਕਵੀ ਕੋਇਰ ਸਿੰਘ) : ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿਤ ਨੂੰ ਪੇਸ਼ ਕਰਨ ਵਾਲਾ ਇਕ ਬ੍ਰਿੱਤਾਂਤਿਕ ਕਾਵਿ ਜਿਸ ਦੀ ਰਚਨਾ ਸੰਨ 1751 ਈ. ਵਿਚ ਮੁਕੰਮਲ ਹੋਈ ਸੀ। ਇਹ ਪਹਿਲਾਂ ਹੱਥ-ਲਿਖਿਤ ਪੋਥੀਆਂ ਦੇ ਰੂਪ ਵਿਚ ਉਪਲਬਧ ਸੀ, ਪਰ ਸੰਨ 1968 ਈ. ਵਿਚ ਇਸ ਦੇ ਪ੍ਰਕਾਸ਼ਨ ਨਾਲ ਇਹ ਸ਼ਰਧਾਲੂਆਂ ਦੇ ਅਵਲੋਕਨ ਲਈ ਉਪਲਬਧ ਹੋ ਸਕਿਆ। ਕਵੀ ਨੇ ਆਪਣਾ ਨਾਂ 'ਕੋਇਰ ਸਿੰਘ' ਲਿਖਿਆ ਹੈ ਜੋ ਕਿਸੇ ਸ਼ਹਿਰ ਦੇ ਕੰਬੋਆਂ ਵਾਲੇ ਮਹੱਲੇ ਵਿਚ ਰਹਿੰਦਾ ਸੀ। ਵਿਦਵਾਨਾਂ ਦਾ ਅਨੁਮਾਨ ਹੈ ਕਿ ਇਹ ਸ਼ਹਿਰ ਲਾਹੌਰ ਹੋਵੇਗਾ। ਕਵੀ ਨੇ ਇਸ ਕਾਵਿ ਵਿਚ ਆਪਣੇ ਨਾਂ ਦੇ ਦੋ ਪਰਿਆਇਵਾਚੀ ਨਾਂ— ਬਿਸਨ ਹਰਿ ਅਤੇ ਸ੍ਰੀਕਾਂਤ ਹਰਿ— ਵਰਤੇ ਹਨ। ਇਹ ਦੋਵੇਂ ਨਾਂ 'ਕੋਇਰ ਸਿੰਘ' ਦੇ ਸਮਾਨਾਰਥਕ ਸਿੱਧ ਨਹੀਂ ਹੁੰਦੇ। ਸੰਭਵ ਹੈ ਕਵੀ ਦਾ ਨਾਂ ਭਾਈ ਮਨੀ ਸਿੰਘ ਨੇ ਅੰਮ੍ਰਿਤ ਪਾਨ ਕਰਨ ਵੇਲੇ ਬਿਸ਼ਨ ਸਿੰਘ ਰਖ ਦਿੱਤਾ ਹੋਵੇ।

ਇਸ ਕਾਵਿ ਵਿਚ ਕੁਲ 2938 ਛੰਦ ਹਨ ਜਿਨ੍ਹਾਂ ਵਿਚੋਂ 2901 ਬ੍ਰਜ ਭਾਸ਼ਾ ਵਿਚ ਹਨ ਅਤੇ 37 ਪੰਜਾਬੀ ਵਿਚ ਹਨ। ਕਵੀ ਨੇ ਅਧਿਕਤਰ ਦੋਹਿਰਾ-ਚੌਪਈ ਪੱਧਤੀ ਨੂੰ ਵਰਤਿਆ ਹੈ, ਉਂਜ ਸਲੋਕ, ਸੋਰਠਾ, ਅੜਿਲ, ਸਵੈਯਾ, ਝੂਲਨਾ, ਤ੍ਰਿਭੰਗੀ, ਭੁਜੰਗ, ਰਸਾਵਲ ਆਦਿ ਛੰਦਾਂ ਨੂੰ ਵੀ ਵਰਤ ਲਿਆ ਗਿਆ ਹੈ। ਕਵੀ ਨੇ 'ਬਚਿਤ੍ਰ ਨਾਟਕ' ਅਤੇ 'ਸ੍ਰੀ ਗੁਰ ਸੋਭਾ' ਤੋਂ ਇਲਾਵਾ ਭਾਈ ਮਨੀ ਸਿੰਘ ਦੇ ਸੰਪਰਕ ਤੋਂ ਪ੍ਰਾਪਤ ਹੋਈ ਜਾਣਕਾਰੀ ਨੂੰ ਇਸ ਰਚਨਾ ਦੇ ਬ੍ਰਿੱਤਾਂਤ ਦਾ ਆਧਾਰ ਬਣਾਇਆ ਹੈ। ਇਸ ਨੇ ਯਤਨ ਕੀਤਾ ਹੈ ਕਿ ਗੁਰੂ ਜੀ ਦੇ ਜੀਵਨ ਬਾਰੇ ਆਦਿ ਤੋਂ ਅੰਤ ਤਕ ਪੂਰਾ ਵਿਵਰਣ ਦਿੱਤਾ ਜਾਏ। ਫਲਸਰੂਪ 'ਸੀਸ ਭੇਟ' ਦਾ ਪ੍ਰਸੰਗ, ਚਮਕੌਰ ਤੋਂ ਤਲਵੰਡੀ ਸਾਬੋ ਤਕ ਦਾ ਸਫ਼ਰ, ਗੁਰੂ ਗ੍ਰੰਥ ਨੂੰ ਗੁਰੂ-ਗੱਦੀ ਪ੍ਰਦਾਨ ਕਰਨ ਦੀ ਘਟਨਾ ਆਦਿ ਨੂੰ ਵਿਸਤਾਰ ਨਾਲ ਚਿਤਰਿਆ ਗਿਆ ਹੈ। ਕਵੀ ਨੇ ਗੁਰੂ ਜੀ ਨੂੰ ਅਵਤਾਰ ਪੁਰਸ਼, ਮਹਾਨ ਯੋਧਾ ਅਤੇ ਖ਼ਾਲਸਾ-ਰਾਜ ਦੇ ਸੰਸਥਾਪਕ ਰੂਪ ਵਿਚ ਪ੍ਰਸਤੁਤ ਕੀਤਾ ਹੈ। ਪਰ ਕਵੀ ਦੁਆਰਾ ਲਿਖੀਆਂ ਤਾਰੀਖ਼ਾਂ ਅਤੇ ਕਈ ਘਟਨਾਵਾਂ ਸਥਾਪਿਤ ਇਤਿਹਾਸਿਕ ਤੱਥਾਂ ਨਾਲ ਮੇਲ ਨਹੀਂ ਖਾਂਦੀਆਂ ਜਿਸ ਕਰਕੇ ਇਨ੍ਹਾਂ ਦੀ ਪ੍ਰਮਾਣਿਕਤਾ ਸ਼ੱਕੀ ਹੋ ਜਾਂਦੀ ਹੈ। ਹਾਂ, ਇਸ ਨੇ ਸੰਨ 1734 ਈ. ਵਿਚ ਹੋਈ ਭਾਈ ਮਨੀ ਸਿੰਘ ਦੀ ਸ਼ਹਾਦਤ ਦਾ ਵਿਵਰਣ ਬੜੇ ਵਿਸਤਾਰ ਨਾਲ ਦਿੱਤਾ ਹੈ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਹੋਰ ਸਿੰਘਾਂ ਦੇ ਨਾਂ ਵੀ ਦਿੱਤੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਕਵੀ ਇਸ ਘਟਨਾ ਬਾਰੇ ਨਿਜੀ ਜਾਣਕਾਰੀ ਰਖਦਾ ਸੀ।

**ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ** (ਕਾਵਿ): ਇਹ ਪ੍ਰਸਿੱਧ ਸੇਵਾਪੰਥੀ ਕਵੀ ਭਾਈ ਸੋਭਾ ਰਾਮ ਦੀ ਰਚਨਾ ਹੈ। ਮਾਤਾ ਲੱਛਮੀ ਦੀ ਕੁੱਖੋਂ ਭਾਈ ਦਰਬਾਰੀ ਦੇ ਘਰ ਪੈਦਾ ਹੋਇਆ ਭਾਈ ਸੋਭਾ ਰਾਮ ਬਚਪਨ ਤੋਂ ਹੀ ਅੱਡਣਸ਼ਾਹੀ ਸ਼ਾਖਾ ਦੇ ਪ੍ਰਸਿੱਧ ਸਾਧਕ ਭਾਈ ਗੁਰਦਿੱਤਾ ਦੀ ਸ਼ਰਣ ਵਿਚ ਆਇਆ ਅਤੇ ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਗੁਰਮਤਿ ਦੇ ਪ੍ਰਚਾਰ-ਕਾਰਜ ਵਿਚ ਰੁਝ ਗਿਆ। ਉਹ ਬਹੁਤ ਲੰਬੇ ਸਮੇਂ ਤਕ ਬਾਬਾ ਸਾਹਿਬ ਸਿੰਘ ਬੇਦੀ ਦੇ ਡੇਰੇ, ਊਨੇ ਵਿਚ ਰਿਹਾ। ਬਾਬਾ ਜੀ ਦੇ ਦੇਹਾਂਤ ਤੋਂ ਬਾਦ ਇਹ ਅੰਮ੍ਰਿਤਸਰ ਆ ਗਿਆ ਅਤੇ ਜੀਵਨ ਦਾ ਬਾਕੀ ਸਮਾਂ ਉਥੇ ਹੀ ਬਤੀਤ ਕੀਤਾ। ਉਸ ਦੀਆਂ ਦੋ ਮਹੱਤਵਪੂਰਣ ਰਚਨਾਵਾਂ ਹਨ— (1) ਸੰਤਮਾਲ (ਵੇਖੋ) ਅਤੇ (2) ਗੁਰ-ਬਿਲਾਸ ਬਾਬਾ ਸਾਹਿਬ ਸਿੰਘ ਬੇਦੀ। ਗੁਰਬਿਲਾਸ ਦੀ ਰਚਨਾ ਉਸ ਨੇ ਆਪਣੇ ਵੱਡੇ ਗੁਰਭਾਈ ਭਾਈ ਗੁਰਦਿੱਤਾ ਦੀ ਪ੍ਰੇਰਣਾ ਦੇ ਫਲਸਰੂਪ ਕੀਤੀ।

ਇਸ ਕਾਵਿ ਵਿਚ ਬਾਬਾ ਸਾਹਿਬ ਸਿੰਘ ਬੇਦੀ ਦਾ ਜੀਵਨ-ਚਰਿਤ ਬੜੀ ਰੁਚੀ ਅਤੇ ਸ਼ਰਧਾ ਨਾਲ ਚਿਤਰਿਆ ਗਿਆ ਹੈ। ਬਾਬਾ ਜੀ ਦਾ ਜਨਮ ਬਾਬਾ ਕਲਾਧਾਰੀ ਦੀ ਬੰਸ ਵਿਚ ਬਾਬਾ ਅਜੀਤ ਸਿੰਘ ਦੇ ਘਰ ਮਾਤਾ ਸਰੂਪ ਦੇਵੀ ਦੀ ਕੁੱਖੋਂ ਸੰਨ 1756 ਈ. (1813 ਬਿ.) ਵਿਚ ਹੋਇਆ। ਬਾਬਾ ਜੀ ਆਪਣੇ ਯੁਗ ਦੇ ਇਕ ਮਹੱਤਵਪੂਰਣ ਸੰਤ-ਸਿਪਾਹੀ ਸਨ। ਉਹ ਜਿਤਨੇ ਭਗਤੀ ਅਤੇ ਤਪਸਿਆ ਵਿਚ ਅਦੁੱਤੀ ਸਨ, ਉਤਨੇ ਹੀ ਯੁੱਧ-ਭੂਮੀ ਵਿਚ ਆਪਣਾ ਪਰਾਕ੍ਰਮ ਦਿਖਾਉਣ ਵਿਚ ਸਮਰਥ ਸਨ। ਉਨ੍ਹਾਂ ਨੇ ਆਪਣੀ ਜਾਗੀਰ

ਦਾ ਰਿਆਸਤ ਦੇ ਰੂਪ ਵਿਚ ਵਿਸਤਾਰ ਕੀਤਾ ਅਤੇ 'ਊਨਾ' ਨਗਰ ਨੂੰ ਆਪਣੀ ਰਾਜਧਾਨੀ ਬਣਾਇਆ। ਉਹ ਆਪਣੇ ਵਕਤ ਦੀ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਸਨ। ਉਨ੍ਹਾਂ ਦਾ ਆਦਰ ਅਮੀਰ ਤੋਂ ਗ਼ਰੀਬ, ਰਾਜਿਆਂ ਤੋਂ ਲੈ ਕੇ ਪੇਂਡੂ ਜੀਵਨ ਵਿਚ ਖਚਿਤ ਕਿਸਾਨਾਂ ਤਕ ਕਰਦੇ ਸਨ। ਉਨ੍ਹਾਂ ਪ੍ਰਤਿ ਲੋਕਾਂ ਦੇ ਅਪਾਰ ਆਦਰ ਕਾਰਣ ਕਈ ਚਮਤਕਾਰ ਪੂਰਣ ਘਟਨਾਵਾਂ ਉਨ੍ਹਾਂ ਦੇ ਚਰਿਤ੍ਰ ਨਾਲ ਜੁੜ ਗਈਆਂ ਸਨ ਅਤੇ ਪ੍ਰਸਤੁਤ ਕਾਵਿ ਵਿਚ ਉਨ੍ਹਾਂ ਦਾ ਕਿਸੇ ਨ ਕਿਸੇ ਰੂਪ ਵਿਚ ਸਮਾਵੇਸ਼ ਹੋ ਗਿਆ ਹੈ। ਇਸ ਵਾਸਤੇ ਇਸ ਕਾਵਿ ਦੀ ਪਹੁੰਚ-ਵਿਧੀ ਪੌਰਾਣਿਕ ਹੋ ਗਈ ਹੈ। ਇਸ ਦੇ ਕੁਲ ਸੱਤ ਅਧਿਆਇ ਹਨ ਅਤੇ ਹਰ ਅਧਿਆਇ ਮੰਗਲਾਚਰਣ ਨਾਲ ਸ਼ੁਰੂ ਕੀਤਾ ਗਿਆ ਹੈ। ਸਾਰੀ ਵਸਤੂ ਕਥਾਤਮਕ ਢੰਗ ਨਾਲ ਦੋਹਰਾ -ਚੌਪਈ ਕਾਵਿ ਪੱਧਤੀ ਵਿਚ ਲਿਖੀ ਗਈ ਹੈ। ਰੂਪਾਕਾਰਿਕ ਦ੍ਰਿਸ਼ਟੀ ਤੋਂ ਇਹ ਚਰਿਤ-ਕਾਵਿ ਹੈ। ਇਸ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਈ ਗੁਰੂ-ਬਿਲਾਸ ਲਿਖੇ ਜਾ ਚੁਕੇ ਸਨ। ਉਸੇ ਪਰੰਪਰਾ ਵਿਚ ਕਵੀ ਸੋਭਾ ਰਾਮ ਦੀ ਰਚਨਾ ਆਪਣਾ ਇਤਿਹਾਸਿਕ ਕ੍ਰਮ ਪੂਰਦੀ ਹੈ। ਇਸ ਰਚਨਾ ਵਿਚ ਇਤਿਹਾਸ, ਮਿਥਿਹਾਸ ਅਤੇ ਕਾਵਿ ਦਾ ਸੁੰਦਰ ਸੁਮੇਲ ਹੋਇਆ ਹੈ। ਕਵੀ ਨੇ ਵਸਤੂ-ਵਰਣਨ ਰਾਹੀਂ ਪੰਜਾਬ ਦਾ ਸਭਿਆਚਾਰਿਕ ਚਿਤ੍ਰਣ ਕੀਤਾ ਹੈ ਅਤੇ ਯੁਗ-ਚਿਤ੍ਰਣ ਰਾਹੀਂ ਤਤਕਾਲੀਨ ਪਰਿ- ਸਥਿਤੀਆ ਨਾਲ ਜਾਣਕਾਰੀ ਕਰਾਈ ਹੈ। ਪੰਜਾਬੀ ਪ੍ਰਭਾਵਿਤ ਬ੍ਰਜ ਭਾਸ਼ਾ ਵਿਚ ਲਿਖੀ ਇਹ ਰਚਨਾ ਬੇਦੀ ਬਾਬਿਆਂ ਦੇ ਪ੍ਰਤਿ ਅਪਾਰ ਸ਼ਰਧਾ ਪੈਦਾ ਕਰਦੀ ਹੈ।

**ਗੁਰਮਤ/ਗੁਰੁਮਤਿ** : ਇਸ ਸ਼ਬਦ ਦੇ ਦੋ ਅਰਥ ਵਿਵਹਾਰ ਵਿਚ ਆਉਂਦੇ ਹਨ। ਪਹਿਲਾ ਅਰਥ ਹੈ-- ਗੁਰੂ ਦੀ ਮਤ, ਗੁਰੂ ਦੀ ਰਾਏ, ਗੁਰੂ ਦੀ ਨਸੀਹਤ, ਗੁਰੂ ਦੀ ਸੰਮਤੀ। ਜਿਗਿਆਸੂ ਨੂੰ ਆਪਣਾ ਜੀਵਨ ਚੰਗੀ ਤਰ੍ਹਾਂ ਬਤੀਤ ਕਰਨ ਲਈ ਗੁਰੂ ਤੋਂ ਉਪਦੇਸ਼ ਗ੍ਰਹਿਣ ਕਰਨਾ ਚਾਹੀਦਾ ਹੈ। ਗੁਰੂ ਚੂੰਕਿ ਅਧਿਆਤਮਿਕਤਾ ਵਿਚ ਪੁਗੀ ਹੋਈ ਸ਼ਖ਼ਸੀਅਤ ਦਾ ਸੁਆਮੀ ਹੁੰਦਾ ਹੈ, ਇਸ ਲਈ ਉਸ ਦੀ ਰਾਏ ਸਿੱਖ ਲਈ ਸਭ ਤੋਂ ਅਧਿਕ ਮਹੱਤਵ ਰਖਦੀ ਹੈ। ਗੁਰਬਾਣੀ ਵਿਚ ਗੁਰੂ ਦੀ ਮਤ ਪ੍ਰਾਪਤ ਕਰਨ ਲਈ ਬਹੁਤ ਤਾਕੀਦ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਕਿਹਾ ਹੈ-- *ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ।* (ਗੁ.ਗ੍ਰੰ.1041)। ਗੁਰੂ ਰਾਮਦਾਸ ਜੀ ਨੇ ਬਿਹਾਗੜਾ ਰਾਗ ਵਿਚ ਕਿਹਾ ਹੈ ਕਿ ਗੁਰੂ ਦੀ ਮਤ ਅਨੁਸਾਰ ਚਲਣ ਵਾਲਾ ਵਿਅਕਤੀ ਕਦੇ ਡੋਲਦਾ ਨਹੀਂ ਹੈ—*ਗੁਰਮਤਿ ਮਨੁ ਠਹਿਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ।* (ਗੁ.ਗ੍ਰੰ.538)। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਨਾਂ ਦੀ ਬਾਣੀ ਵਿਚ ਸਪੱਸ਼ਟ ਕਿਹਾ ਹੈ ਕਿ ਹੇ ਮੂਰਖ ਵਿਅਕਤੀ! ਗੁਰੂ ਦੀ ਮਤ ਅਨੁਸਾਰ ਚਲ ਕਿਉਂਕਿ ਭਗਤੀ ਤੋਂ ਬਿਨਾ ਕਈ ਸਿਆਣੇ ਅਖਵਾਉਣ ਵਾਲੇ ਸੰਸਾਰ ਸਾਗਰ ਵਿਚ ਡੁਬ ਗਏ ਹਨ— *ਗੁਰ ਕੀ ਮਤਿ ਤੂੰ ਲੇਹਿ ਇਆਨੇ। ਭਗਤਿ ਬਿਨਾ ਬਹੁ ਡੂਬੇ ਸਿਆਨੇ।* (ਗੁ.ਗ੍ਰੰ.288)।

ਗੁਰਮਤਿ ਦਾ ਦੂਜਾ ਅਰਥ ਹੈ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸਿੱਧਾਂਤ। ਇਸੇ ਤੋਂ ਵਿਸਤਰਿਤ ਹੋਇਆ ਅਰਥ ਗੁਰੂਆਂ ਦੁਆਰਾ ਸਥਾਪਿਤ ਸਿੱਧਾਂਤਾਂ ਨੂੰ ਆਧਾਰ ਬਣਾ ਕੇ ਚਲਣ ਵਾਲਾ ਧਰਮ। ਗੁਰੂ ਗ੍ਰੰਥ ਸਾਹਿਬ ਗੁਰਮਤਿ ਦਾ ਭੰਡਾਰ ਹੈ। ਗੁਰਮਤਿ ਤੋਂ ਭਾਵ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਹੀ ਨਹੀਂ, ਸਗੋਂ ਉਹ ਸਾਰੀ ਭਗਤ ਅਤੇ ਭੱਟ-ਬਾਣੀ ਵੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੰਗਾ ਵਿਚ ਮਿਲਣ ਵਾਲੀਆਂ ਸਾਰੀਆਂ ਨਦੀਆਂ ਗੰਗਾ ਹੀ ਅਖਵਾਉਂਦੀਆਂ ਹਨ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਰ ਪ੍ਰਕਾਰ ਦੀ ਬਾਣੀ ਗੁਰਬਾਣੀ ਹੀ ਅਖਵਾਉਣ ਦਾ ਅਧਿਕਾਰ ਰਖਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਸਾਰੀ ਬਾਣੀ ਨੂੰ ਅਸ਼ੇਸ਼ ਅਤੇ ਅਭਿੰਨ ਰੂਪ ਵਿਚ ਗੁਰਬਾਣੀ ਹੀ ਕਿਹਾ ਗਿਆ ਹੈ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਵਿਚ ਦਰਸਾਏ ਸਿੱਧਾਂਤ ਸਮੁੱਚੇ ਰੂਪ ਵਿਚ 'ਗੁਰਮਤਿ' ਅਖਵਾਉਂਦੇ ਹਨ। ਇਹ 'ਗੁਰਮਤਿ' ਹੀ ਸਿੱਖ-ਸਾਧਕ ਦੁਆਰਾ ਅਪਣਾਈ ਜਾਣ ਵਾਲੀ ਜੀਵਨ-ਜਾਚ ਹੈ। ਇਸ ਨੂੰ 'ਗੁਰਮਤਿ ਭਗਤੀ' (ਵੇਖੋ) ਕਿਹਾ ਜਾ ਸਕਦਾ ਹੈ। ਗੁਰਮਤਿ ਦੀ ਸਿੱਧਾਂਤ-ਪੱਧਤੀ ਨੂੰ ਅਪਣਾਉਣ ਵਾਲੇ ਅਨੁਯਾਈ ਸਮਾਜ ਨੂੰ ਗੁਰਮਤਿ-ਧਰਮ ਵੀ ਕਿਹਾ ਜਾਂਦਾ ਹੈ। 'ਗੁਰਮਤਿ' ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਮੰਨੇ ਜਾਂਦੇ ਹਨ। ਵੇਖੋ 'ਗੁਰਦਾਸ, ਭਾਈ'।

ਕਈ ਵਿਦਵਾਨ ਗੁਰਮਤਿ-ਸਾਹਿਤ ਦੀ ਸੀਮਾ ਦਾ 'ਗੁਰੂ ਗ੍ਰੰਥ ਸਾਹਿਬ' ਤੋਂ ਵਿਸਤਾਰ ਕਰਕੇ ਭਾਈ ਗੁਰਦਾਸ ਦੀ ਬਾਣੀ ਅਤੇ 'ਦਸਮ ਗ੍ਰੰਥ' ਨੂੰ ਵੀ ਇਸ ਦੇ ਕਲਾਵੇ

ਵਿਚ ਸਮੇਟਦੇ ਹਨ ਅਤੇ ਕਈ ਰਹਿਤਨਾਮਿਆਂ ਨੂੰ ਵੀ ਇਸ ਵਿਚ ਸ਼ਾਮਲ ਕਰ ਲੈਂਦੇ ਹਨ।

**ਗੁਰਮਤ ਗ੍ਰੰਥ ਪ੍ਰਚਾਰਕ ਸਭਾ** : ਸਿੱਖ ਧਰਮ ਦੇ ਪ੍ਰਚਾਰ ਲਈ ਕਿਤਾਬਾਂ, ਰਸਾਲੇ, ਟ੍ਰੈਕਟ ਆਦਿ ਛਾਪ ਕੇ ਉਨ੍ਹਾਂ ਨੂੰ ਵੰਡਣ ਦੇ ਉਦੇਸ਼ ਤੋਂ ਗਿਆਨੀ ਸਰਦੂਲ ਸਿੰਘ ਨੇ 8 ਅਪ੍ਰੈਲ 1885 ਈ. ਨੂੰ ਅੰਮ੍ਰਿਤਸਰ ਵਿਚ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਦੀ ਸਥਾਪਨਾ ਕੀਤੀ ਅਤੇ ਹਕੀਮ ਆਗਿਆ ਸਿੰਘ ਨੂੰ ਇਸ ਸਭਾ ਦਾ ਸਕੱਤਰ ਚੁਣਿਆ ਜਿਸ ਦੀ ਅਪ੍ਰੈਲ 1887 ਈ. ਵਿਚ ਹੋਈ ਮ੍ਰਿਤੂ ਤੋਂ ਬਾਦ ਉਸ ਦੇ ਪੁੱਤਰ ਹਕੀਮ ਮੰਨਾ ਸਿੰਘ ਨੂੰ ਸਕੱਤਰ ਬਣਾਇਆ ਗਿਆ। ਇਸ ਸਭਾ ਵਲੋਂ ਸਭ ਤੋਂ ਪਹਿਲਾ 'ਗੁਰਸਿੱਖਾਂ ਦੇ ਨਿੱਤ ਦੇ ਕਰਮ' ਨਾਂ ਦੀ ਪ੍ਰਕਾਸ਼ਨਾ ਸਾਹਮਣੇ ਆਈ। ਉਸ ਤੋਂ ਬਾਦ 'ਸਦ ਸਿੱਧਾਂਤ', 'ਥਿਤਾਂ ਵਾਰ ਬਾਹਾਮਾਹ', 'ਗੁਰ ਮਹਿਮਾ ਪ੍ਰਕਾਸ਼', 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਵਿਧੀ', 'ਗੁਰਪੁਰਬ ਪਤ੍ਰਿਕਾ', 'ਗੁਰਪ੍ਰਨਾਲੀ', 'ਯਾਤ੍ਰਾ ਹਜ਼ੂਰ ਅਬਚਲਨਗਰ ਸਾਹਿਬ ਜੀ ਦੀ' ਅਤੇ 'ਗੁਰਬਿਲਾਸ ਦਸਮ ਪਾਤਸ਼ਾਹ ਕਾ' (ਭਾਈ ਸੁਖਾ ਸਿੰਘ) ਆਦਿ ਰਚਨਾਵਾਂ ਦਾ ਪ੍ਰਕਾਸ਼ਨ ਹੋਇਆ।

ਇਸ ਸਭਾ ਦਾ ਸਭ ਤੋਂ ਮਹੱਤਵਪੂਰਣ ਕੰਮ 'ਦਸਮ ਗ੍ਰੰਥ' ਦੇ ਪ੍ਰਮਾਣਿਕ ਪਾਠ ਦਾ ਨਿਰਧਾਣ ਕਰਨਾ ਸੀ। ਸਿੰਘ ਸਭਾ, ਅੰਮ੍ਰਿਤਸਰ ਦੀ ਪ੍ਰੇਰਣਾ ਅਤੇ ਹਕੀਮ ਮੰਨਾ ਸਿੰਘ ਦੀ ਮਾਇਕ ਸਹਾਇਤਾ ਨਾਲ 'ਦਸਮ ਗ੍ਰੰਥ' ਦੀਆਂ 32 ਪੁਰਾਤਨ ਹੱਥ-ਲਿਖਿਤ ਬੀੜਾਂ ਇਕੱਠੀਆਂ ਕੀਤੀਆਂ ਗਈਆਂ ਅਤੇ 13 ਜੂਨ 1895 ਈ. ਤੋਂ 16 ਫ਼ਰਵਰੀ 1896 ਈ. ਤਕ ਅਕਾਲ ਤਖ਼ਤ ਉਤੇ ਹੋਈਆਂ ਕਈ ਮੀਟਿੰਗਾਂ ਵਿਚ ਵਿਚਾਰ -ਵਟਾਂਦਰਾ ਕਰਕੇ 'ਰਿਪੋਰਟ ਸੋਧਕ ਕਮੇਟੀ ਦਸਮ ਪਾਤਸ਼ਾਹ ਦੇ ਗ੍ਰੰਥ ਸਾਹਿਬ ਦੀ', ਤਿਆਰ ਕੀਤੀ ਗਈ ਅਤੇ ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਨੂੰ ਰਾਏ ਦੇਣ ਲਈ ਭੇਜੀ ਗਈ। ਉਨ੍ਹਾਂ ਦੀਆਂ ਟਿੱਪਣੀਆਂ ਦੇ ਪ੍ਰਕਾਸ਼ ਵਿਚ 11 ਫ਼ਰਵਰੀ 1898 ਈ. ਨੂੰ ਦੂਜੀ ਰਿਪੋਰਟ 'ਦਸਮ ਗ੍ਰੰਥ ਦੀ ਸੁਧਾਈ ਦੀ' ਤਿਆਰ ਕੀਤੀ ਗਈ। ਇਸ ਵਿਚ ਸਥਾਪਿਤ ਕੀਤਾ ਗਿਆ ਕਿ 'ਦਸਮ ਗ੍ਰੰਥ' ਦਾ ਸੰਕਲਨ ਸੰਨ 1698 ਈ. ਨੂੰ ਆਨੰਦਪੁਰ ਸਾਹਿਬ ਵਿਚ ਹੋਇਆ ਸੀ।

ਇਸ ਸਭਾ ਦੀ ਅੰਤਿਮ ਪ੍ਰਕਾਸ਼ਨਾ 'ਮਾਈ ਦੇ ਜਾਮੇ ਨੂੰ ਅੰਮ੍ਰਿਤ ਛਕਾਵਨ ਦੀ ਵਿਧੀ' ਦੋਨਾਂ ਅਧੀਨ ਸੰਨ 1900 ਈ. ਵਿਚ ਸਾਹਮਣੇ ਆਈ। ਇਸ ਮਸਲੇ ਨੂੰ ਵਿਚਾਰਨ ਅਤੇ ਅੰਤਿਮ ਦਿਸ਼ਾ ਸੁਝਾਉਣ ਲਈ ਪੰਜ ਵਿਦਵਾਨਾਂ —ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ, ਗਿਆਨੀ ਠਾਕਰ ਸਿੰਘ ਅੰਮ੍ਰਿਤਸਰ, ਗਿਆਨੀ ਭਗਵਾਨ ਸਿੰਘ ਪਟਿਆਲਾ ਅਤੇ ਬਾਬੂ ਤੇਜਾ ਸਿੰਘ ਭਸੌੜ— ਦੀ ਬਣਾਈ ਗਈ ਕਮੇਟੀ ਦੇ ਵਿਚਾਰਾਂ ਨੂੰ ਇਸ ਪ੍ਰਕਾਸ਼ਨਾ ਵਿਚ ਸਮੋਇਆ ਗਿਆ। ਇਸ ਤੋਂ ਬਾਦ ਸੰਨ 1893 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਅਤੇ ਸੰਨ 1902 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਨਾਲ ਇਸ ਸਭਾ ਦਾ ਮਹੱਤਵ ਘਟ ਗਿਆ ਅਤੇ ਕੁਝ ਸਮੇਂ ਬਾਦ ਇਸ ਦੀ ਕਾਰਵਾਈ ਬੰਦ ਹੋ ਗਈ।

**ਗੁਰਮਤ ਟ੍ਰੈਕਟ ਸੁਸਾਇਟੀ** : ਇਸ ਦੀ ਸਥਾਪਨਾ ਸਿੱਖ ਧਰਮ ਅਤੇ ਇਤਿਹਾਸ ਨੂੰ ਉਜਾਗਰ ਕਰਨ ਦੇ ਉਦੇਸ਼ ਤੋਂ ਸੰਨ 1925 ਈ. ਵਿਚ ਲਾਹੌਰ ਅੰਦਰ ਗਿਆਨੀ ਕਰਤਾਰ ਸਿੰਘ ਨੇ ਕੀਤੀ। ਇਸ ਦਾ ਪਹਿਲਾ ਤਖ਼ਲਸ 'ਪਿਊਖ' ਸੀ, ਪਰ ਸੰਨ 1929 ਈ. ਵਿਚ 'ਹਿਤਕਾਰੀ' ਨਾਲ ਬਦਲ ਲਿਆ। ਇਸ ਸੁਸਾਇਟੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਗੁਰੂ-ਧਾਮਾਂ ਦੇ ਵਿਵਰਣ ਅਤੇ ਸਿੱਖ ਸ਼ਖ਼ਸੀਅਤਾਂ ਦੇ ਪਰਿਚਯਾਤਮਕ ਲੇਖ ਸਸਤੇ ਦਰਾਂ ਵਾਲੇ ਮਾਸਿਕ ਟ੍ਰੈਕਟਾਂ ਦੇ ਰੂਪ ਵਿਚ ਛਾਪੇ। ਸਭ ਤੋਂ ਪਹਿਲਾ ਟ੍ਰੈਕਟ ਸੰਨ 1925 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਅਵਸਰ 'ਤੇ 'ਆਤਮਕ ਸ਼ਕਤੀ ਦੇ ਸਚੇ ਸ਼ਹਿਨਸ਼ਾਹ' ਨਾਂ ਅਧੀਨ ਪ੍ਰਕਾਸ਼ਿਤ ਕੀਤਾ ਗਿਆ। ਇਹ ਟ੍ਰੈਕਟ ਉਸ ਵੇਲੇ ਦੇ ਸਥਾਪਿਤ ਸਿੱਖ ਵਿਦਵਾਨਾਂ ਤੋਂ ਲਿਖਵਾਏ ਜਾਂਦੇ। ਕੁਝ ਟ੍ਰੈਕਟ ਗਿਆਨੀ ਜੀ ਦੀ ਬੇਟੀ ਅੰਮ੍ਰਿਤ ਕੌਰ (ਅੰਮ੍ਰਿਤਾ ਪ੍ਰੀਤਮ) ਦੇ ਲਿਖੇ ਹੋਏ ਵੀ ਮਿਲਦੇ ਹਨ। ਗਿਆਨੀ ਕਰਤਾਰ ਸਿੰਘ ਨੇ 12 ਸਾਲ ਅਜਿਹੇ ਟ੍ਰੈਕਟ ਛਾਪਣ ਦੀ ਸੇਵਾ ਨਿਭਾਈ।

ਮਈ 1932 ਈ. ਵਿਚ ਇਨ੍ਹਾਂ ਟ੍ਰੈਕਟਾ ਨੂੰ ਲੜੀਬੱਧ ਰੂਪ ਵਿਚ ਛਾਪਣ ਲਈ 'ਗੁਰਮਤ' ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ ਗਿਆ। ਇਨ੍ਹਾਂ ਟ੍ਰੈਕਟਾਂ ਰਾਹੀਂ ਗੁਰਮੁਖੀ ਲਿਪੀ ਵਿਚ ਪੰਜਾਬੀ ਪਾਠਕਾਂ ਤਕ ਗੁਰ-ਸੰਦੇਸ਼ ਪਹੁੰਚਾਉਣ ਦਾ ਸ਼ਲਾਘਾਯੋਗ ਉਦਮ ਹੋ ਸਕਿਆ। ਕੁਝ ਟ੍ਰੈਕਟ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿਚ ਵੀ ਛਾਪੇ ਗਏ। ਇਸ ਉੱਦਮ ਲਈ

ਸ. ਮਿਹਰ ਸਿੰਘ ਚਾਵਲਾ ਅਤੇ ਸ. ਨਿਹਾਲ ਸਿੰਘ ਵਲੋਂ ਮਾਇਕ ਸਹਾਇਤਾ ਪ੍ਰਾਪਤ ਹੁੰਦੀ ਦਸੀ ਗਈ ਹੈ।

**ਗੁਰਮੱਤਾ** : ਇਸ ਤੋਂ ਭਾਵ ਹੈ ਗੁਰੂ ਦੀ ਮਤ ਅਨੁਸਾਰ ਕੀਤਾ ਫ਼ੈਸਲਾ ਜਾਂ ਸਮੁੱਚਾ ਮਸ਼ਵਰਾ। ਭਾਈ ਕਾਨ੍ਹ ਸਿੰਘ ਦੇ ਮਤ ਅਨੁਸਾਰ ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰ-ਨਿਯਮਾਂ ਅਨੁਸਾਰ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ 'ਗੁਰਮੱਤਾ' ਕਿਹਾ ਜਾਂਦਾ। ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ— *ਕਾਮ ਪਰਤ ਥਾ ਜੋ ਕੁਛ ਕਬ ਹੀ। ਕਰਤ ਗੁਰਮਤਾ ਮਿਲ ਕਰ ਸਭ ਹੀ। ਜਥੇਦਾਰ ਜੋ ਕੁਝ ਕਹਿ ਦੇਤਾ। ਸੋਈ ਪੰਥ ਮਾਨ ਸਭ ਲੇਤਾ।*

ਆਮ ਤੌਰ 'ਤੇ ਗੁਰਮੱਤਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਜਾਂਦਾ, ਪਰ ਕਈ ਵਾਰ ਕੇਵਲ ਪੰਜ ਸਿੰਘਾਂ ਦੀ ਮੌਜੂਦਗੀ ਵਿਚ ਵੀ ਕਰ ਲਿਆ ਜਾਂਦਾ ਹੈ। ਭਾਈ ਦਯਾ ਸਿੰਘ ਨੇ ਆਪਣੇ ਰਹਿਤਨਾਮੇ ਵਿਚ ਲਿਖਿਆ ਹੈ—*ਪਾਚੇ ਸਿੰਘ ਮਿਲ ਕਰ ਰਹਤ ਬਿਧੇਕ ਕਾ ਗੁਰਮਤਾ ਕਰੇ। ਗੁਰਮੱਤਾ ਸਾਰੀ ਕੌਮ ਲਈ ਪਾਲਨਾ ਕਰਨ ਯੋਗ ਹੁੰਦਾ ਹੈ। ਇਸ ਦਾ ਵਿਰੋਧ ਕਰਨ ਵਾਲਾ 'ਤਨਖਾਹੀਆ' ਕਰਾਰ ਦਿੱਤਾ ਜਾਂਦਾ ਹੈ। ਤਨਖਾਹ ਵੀ ਗੁਰਮੱਤੇ ਰਾਹੀਂ ਹੀ ਲਗਾਈ ਜਾਂਦੀ ਹੈ।*

ਰਵਾਇਤ ਅਨੁਸਾਰ ਗੁਰਮੱਤਾ ਕਰਨ ਦੀ ਰੀਤ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਚਲ ਪਈ ਸੀ। ਆਨੰਦਪੁਰ ਦਾ ਕਿਲ੍ਹਾ ਅਤੇ ਚਮਕੌਰ ਦੀ ਗੜ੍ਹੀ ਛਡਣ ਲਈ ਗੁਰੂਜੀ ਨੇ ਪੰਜ ਸਿੰਘਾਂ ਦੇ ਗੁਰਮੱਤੇ ਦੀ ਪਾਲਣਾ ਕੀਤੀ ਸੀ। ਇਸ ਦਾ ਅਧਿਕ ਪ੍ਰਚਲਨ ਸਿੱਖ ਮਿਸਲਾਂ ਦੇ ਕਾਲ ਵਿਚ ਹੋਇਆ ਸੀ। ਉਦੋਂ ਪਰਿਸਥਿਤੀਆਂ ਨੇ ਇਸ ਰੀਤ ਨੂੰ ਵਿਕਸਿਤ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ। ਸੰਨ 1805 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਜੋ ਗੁਰਮੱਤਾ ਕਰਵਾਇਆ ਸੀ, ਉਹ ਇਤਿਹਾਸਿਕ ਪ੍ਰਸੰਗ ਦਾ ਅੰਤਿਮ ਪੜਾ ਸੀ। ਉਸ ਤੋਂ ਬਾਦ ਉਸ ਦਾ ਹੁਕਮ ਹੀ ਚਲਣ ਲਗ ਪਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਵਾਨਿਤ ਗੁਰਮੱਤਾ ਕਰਨ ਦੀ ਵਿਧੀ ਇਸ ਪ੍ਰਕਾਰ ਹੈ :

(ੳ) ਗੁਰਮੱਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ ਪੰਥ ਦੀ ਬਣਾਵਟ ਆਦਿ ਨੂੰ ਕਾਇਮ ਰਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਣ (ਧਾਰਮਿਕ, ਵਿਦਿਅਕ, ਸਮਾਜਿਕ, ਪੁਲਿਟੀਕਲ) ਸਵਾਲ ਉਤੇ ਕੇਵਲ 'ਮੱਤਾ' ਹੋ ਸਕਦਾ ਹੈ।

(ਅ) ਇਹ ਗੁਰਮੱਤਾ ਗੁਰੂ-ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜੱਥਾ ਜਾਂ ਗੁਰੂ-ਪੰਥ ਦਾ ਪ੍ਰਤਿਨਿਧ ਇਕੱਠ ਹੀ ਕਰ ਸਕਦਾ ਹੈ।

**ਗੁਰਮਤਿ-ਸੰਗੀਤ** : ਇਸ ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਵਿਚ ਅਪਨਾਏ ਗਏ ਸੰਗੀਤ-ਪ੍ਰਬੰਧ ਜਾਂ ਸੰਗੀਤ-ਪੱਧਤੀ। ਇਸ ਸੰਗੀਤ-ਪੱਧਤੀ ਦਾ ਸੰਬੰਧ ਧਾਰਮਿਕ ਸੰਗੀਤ ਨਾਲ ਹੈ। ਧਾਰਮਿਕ ਸੰਗੀਤ ਅਸਲੋਂ ਧਾਰਮਿਕ ਉਦਗਾਰਾਂ ਦੀ ਸੰਗੀਤਾਤਮਕ ਅਭਿਵਿਅਕਤੀ ਹੈ ਜਿਸ ਦੁਆਰਾ ਪਰਮ-ਇਸ਼ਟ ਦੀ ਸੇਵਾ ਜਾਂ ਭਗਤੀ ਸੰਪੰਨ ਹੁੰਦੀ ਹੈ। ਭਗਤੀ ਪ੍ਰਧਾਨ ਸੰਗੀਤ ਵਿਚ ਧਾਰਮਿਕ ਬੋਲ ਉਚਾਰੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੀਰਤਨੀਏ ਅਤੇ ਜਿਗਿਆਸੂ ਧਾਰਮਿਕ ਵਾਤਾਵਰਣ ਵਿਚ ਗਾਉਂਦੇ ਹਨ ਜਾਂ ਸੰਗੀਤ ਨਾਲ ਧਾਰਮਿਕ ਵਾਯੂ-ਮੰਡਲ ਸਿਰਜਿਆ ਜਾਂਦਾ ਹੈ। ਧਾਰਮਿਕਤਾ ਦਾ ਰੰਗ ਭਾਰਤੀ ਸੰਗੀਤ ਉਤੇ ਸ਼ੁਰੂ ਤੋਂ ਹੀ ਚੜ੍ਹਿਆ ਆ ਰਿਹਾ ਹੈ। ਕਈ ਵਾਰ ਧਾਰਮਿਕ ਪਾਠ ਦਾ ਗਿਆਨ ਨ ਹੋਣ 'ਤੇ ਵੀ ਸੰਗੀਤ ਰਾਹੀਂ ਉਸ ਦਾ ਰਸ ਸਰੋਤਿਆਂ ਦੇ ਕੰਨਾਂ ਵਿਚ ਸੰਚਾਰਿਤ ਕਰਕੇ ਉਨ੍ਹਾਂ ਨੂੰ ਵਿਸਮਾਦੀ ਅਵਸਥਾ ਵਿਚ ਪਹੁੰਚਾਇਆ ਜਾਂਦਾ ਹੈ।

ਗੁਰਮਤਿ-ਸੰਗੀਤ ਦਾ ਮੁੱਖ ਆਧਾਰ ਭਾਰਤੀ ਸ਼ਾਸਤ੍ਰੀ-ਸੰਗੀਤ ਹੈ। ਪਰ ਇਹ ਨਹੀਂ ਭੁਲ ਜਾਣਾ ਚਾਹੀਦਾ ਕਿ ਇਸ ਸੰਗੀਤ-ਪੱਧਤੀ ਉਪਰ ਉੱਤਰੀ ਭਾਰਤ ਵਿਚ 15ਵੀਂ ਅਤੇ 16ਵੀਂ ਸਦੀਆਂ ਵਿਚ ਪ੍ਰਚਲਿਤ ਸੰਗੀਤ-ਪੱਧਤੀਆਂ ਦਾ ਵੀ ਕਿਤੇ ਕਿਤੇ ਪ੍ਰਭਾਵ ਹੈ। ਦਿੱਲੀ ਵਿਚ ਸੁਲਤਾਨਾਂ ਦੀ ਬਾਦਸ਼ਾਹੀ ਦੇ ਕਾਇਮ (1206 ਈ. ਤੋਂ) ਹੋਣ ਨਾਲ ਸੂਫ਼ੀ ਸੰਗੀਤ ਦਾ ਪ੍ਰਭਾਵ ਸਾਹਮਣੇ ਆਉਣ ਲਗਾ। ਸੂਫ਼ੀਆਂ ਦੀ ਚਿਸ਼ਤੀ ਸੰਪ੍ਰਦਾਇ ਦੇ ਸੰਗੀਤ ਦਾ ਪ੍ਰਭਾਵ ਵਿਸ਼ੇਸ਼ ਰੂਪ ਵਿਚ ਉਘੜਵਾਂ ਹੈ। ਇਸ ਸੰਪ੍ਰਦਾਇ ਦੀ ਤਾਂ ਸਪੱਸ਼ਟ ਧਾਰਣਾ ਹੈ ਕਿ ਰੱਬ ਤਕ ਪਹੁੰਚਣ ਦਾ ਸਭ

ਤੋਂ ਚੰਗਾ ਅਤੇ ਸਰਲ ਤਰੀਕਾ ਹੈ ਸੂਫ਼ੀ ਕਲਾਮ ਨੂੰ ਸੰਗੀਤ-ਬੱਧ ਢੰਗ ਨਾਲ ਗਾਉਣਾ। ਸੂਫ਼ੀ ਦੇ ਸੰਗੀਤ ਨੂੰ 'ਕਵਾਲੀ ਸੰਗੀਤ' ਵੀ ਕਿਹਾ ਜਾ ਸਕਦਾ ਹੈ। ਉੱਤਰੀ ਭਾਰਤ ਵਿਚ ਇਸ ਦਾ ਸਹੀ ਪ੍ਰਵੇਸ਼ ਖ਼੍ਵਾਜਾ ਮਈਉੱਦੀਨ ਚਿਸ਼ਤੀ ਨਾਲ ਅਜਮੇਰ ਵਿਚ ਹੋਇਆ। ਉਸ ਤੋਂ ਬਾਦ ਕਵਾਲੀ ਅਤੇ ਨਾਅਤ ਸੰਗੀਤ-ਵਿਧੀਆਂ ਬਹੁਤ ਪ੍ਰਚਲਿਤ ਹੋ ਗਈਆਂ। ਅਕਬਰ ਬਾਦਸ਼ਾਹ ਦੀਆਂ ਉਦਾਰਵਾਦੀ ਰੁਚੀਆਂ ਕਾਰਣ ਉਸ ਦੇ ਰਾਜ-ਕਾਲ (1556-1605 ਈ.) ਵਿਚ ਹੋਰਨਾਂ ਕਲਾਵਾਂ ਦੇ ਨਾਲ ਸੰਗੀਤ ਨੂੰ ਵੀ ਰਾਜ-ਦਰਬਾਰ ਵਿਚ ਉਤਸਾਹ ਮਿਲਿਆ।

ਗੁਰੂ ਗ੍ਰੰਥ ਸਾਹਿਬ ਸੰਗੀਤ-ਬੱਧ ਰਚਨਾ ਹੈ। ਸੰਗੀਤ-ਬੱਧ ਹੀ ਨਹੀਂ, ਉੱਤਰੀ ਭਾਰਤ ਵਿਚ ਇਸ ਗ੍ਰੰਥ ਰਾਹੀਂ ਪਹਿਲੀ ਵਾਰ ਸੁਤੰਤਰ ਸੰਗੀਤ ਪਰੰਪਰਾ ਦੀ ਸਥਾਪਨਾ ਹੋਈ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰ-ਸ਼ਬਦ ਅਤੇ ਸੰਗੀਤ ਦਾ ਪਰਸਪਰ ਸੰਬੰਧ ਸਥਾਪਿਤ ਕਰਕੇ ਅਨੇਕ ਪ੍ਰਕਾਰ ਦੀਆਂ ਕਲਾਤਮਕ ਜੁਗਤਾਂ ਸਪੱਸ਼ਟ ਕੀਤੀਆਂ ਹਨ। ਬਾਣੀ ਨੂੰ ਰਾਗਾਂ ਅਨੁਸਾਰ ਢਾਲਣ ਅਤੇ ਉਨ੍ਹਾਂ ਦੇ ਨਿਯਮਾਂ ਨੂੰ ਸਥਿਰ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਨੇ ਇਕ ਵਖਰੀ ਪਛਾਣ ਕਾਇਮ ਕਰ ਲਈ ਹੈ। ਇਸ ਨੂੰ 'ਸਿੱਖ-ਸੰਗੀਤ' ਜਾਂ 'ਗੁਰਮਤਿ-ਸੰਗੀਤ' ਆਦਿ ਨਾਂ ਦਿੱਤੇ ਜਾਣ ਲਗੇ ਹਨ। ਇਸ ਦੇ ਵਿਵਹਾਰਿਕ ਰੂਪ ਜਾਂ ਕਾਰਜ-ਪ੍ਰਕ੍ਰਿਆ ਨੂੰ 'ਕੀਰਤਨ' (ਵੇਖੋ) ਕਿਹਾ ਜਾਂਦਾ ਹੈ। ਹਰ ਰਾਗ (ਵੇਖੋ) ਨੂੰ ਗਾਇਨ ਸ਼ੈਲੀਆਂ ਅਨੁਸਾਰ ਨਿਖੇੜਦੇ ਹੋਇਆਂ ਅੰਕ, ਰਹਾਉ, ਘਰ, ਜਤਿ, ਧੁਨੀ ਆਦਿ ਜੁਗਤਾਂ ਨਿਰਦਿਸ਼ਟ ਕੀਤੀਆਂ ਗਈਆਂ ਹਨ। ਇਨ੍ਹਾਂ ਜੁਗਤਾਂ ਦੀ ਵਰਤੋਂ ਨਾਲ ਗੁਰਬਾਣੀ ਧਾਰਮਿਕ ਭਾਵਨਾਵਾਂ ਦੇ ਸੰਚਾਰ ਦਾ ਜੀਵੰਤ ਸਾਧਨ ਬਣੀ ਹੈ।

ਗੁਰਬਾਣੀ ਦਾ ਉਸੇ ਢੰਗ ਨਾਲ ਕੀਰਤਨ ਕਰਨਾ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਕੀਤਾ ਅਤੇ ਕਰਾਇਆ ਸੀ, ਇਸ ਬਾਰੇ ਆਧੁਨਿਕ ਵਿਦਵਾਨ ਅਤੇ ਸੰਤ ਸਚੇਤ ਹੁੰਦੇ ਜਾ ਰਹੇ ਹਨ। ਸੰਨ 1947 ਈ. ਦੀ ਦੇਸ਼ ਵੰਡ ਤੋਂ ਬਾਦ ਰਬਾਬੀਆਂ ਦੀ ਅਣਉਪਲਬਧੀ ਕਾਰਣ ਪਰੰਪਰਿਕ ਗਾਇਨ ਸ਼ੈਲੀਆਂ ਬੀਤੇ ਯੁਗ ਦੀ ਗੱਲ ਬਣਦੀ ਜਾ ਰਹੀ ਹੈ। ਇਸ ਸੰਬੰਧ ਵਿਚ ਜਵੱਦੀ ਕਲਾਂ, ਲੁਧਿਆਣਾ ਦੇ ਬਾਬਾ ਸੁੱਚਾ ਸਿੰਘ ਨੇ ਸੰਨ 1991 ਈ. ਤੋਂ ਕੁਝ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਕਰਵਾਏ ਹਨ, ਪਰ ਉਨ੍ਹਾਂ ਦੇ ਦੇਹਾਂਤ ਕਰਕੇ ਇਹ ਉੱਦਮ ਮੱਠਾ ਪੈ ਗਿਆ ਹੈ। ਗੁਰਬਾਣੀ ਦਾ ਮੌਲਿਕ ਰੀਤਾਂ ਅਨੁਸਾਰ ਕੀਰਤਨ ਕਰਨ ਦੀ ਇਕ ਪ੍ਰਾਜੈਕਟ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਅੰਮ੍ਰਿਤਸਰ ਦੇ ਡੇਰਾ ਬਾਬਾ ਮਿਸ਼ਰਾ ਸਿੰਘ ਦੇ ਨਿਰਮਲੇ ਮਹੰਤ ਨੇ ਸ਼ੁਰੂ ਕੀਤੀ ਸੀ, ਪਰ ਉਸ ਨੂੰ ਉਮਰ ਨੇ ਵਫ਼ਾ ਨ ਕੀਤੀ। ਫਿਰ ਪਟਿਆਲਾ-ਪਤਿ ਮਹਾਰਾਜਾ ਭੂਪਿੰਦਰ ਸਿੰਘ ਨੇ ਅਜਿਹੀ ਪ੍ਰਾਜੈਕਟ ਤਿਆਰ ਕਰਨ ਲਈ ਮਹੰਤ ਗੱਜਾ ਸਿੰਘ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ। ਇਸ ਪ੍ਰਾਜੈਕਟ 'ਤੇ ਅਜੇ ਕੰਮ ਸ਼ੁਰੂ ਹੀ ਹੋਇਆ ਸੀ ਕਿ ਮਹੰਤ ਜੀ ਸੰਨ 1914 ਈ. ਵਿਚ ਚਲ ਵਸੇ ਅਤੇ ਕੰਮ ਅਧੂਰਾ ਹੀ ਰਹਿ ਗਿਆ। ਆਧੁਨਿਕ ਯੁਗ ਵਿਚ ਕਈ ਰਾਗੀਆਂ/ ਕੀਰਤਨੀਆਂ ਨੇ ਬਾਣੀ ਦੀਆਂ ਸੁਰਲਿਪੀਆਂ ਤਿਆਰ ਕੀਤੀਆਂ ਹਨ, ਪਰ ਉਨ੍ਹਾਂ ਵਿਚ ਨਿਪੁੰਣਤਾ ਦਾ ਅਭਾਵ ਹੈ।

**ਗੁਰਮਤਿ ਕਾਲਜ, ਪਟਿਆਲਾ** : ਇਸ ਸੰਸਥਾ ਦੀ ਸਥਾਪਨਾ ਸੰਤ ਗੁਰਮੁਖ ਸਿੰਘ ਨੇ 'ਡੇਰਾ ਬਾਬਾ ਜੱਸਾ ਸਿੰਘ ਕਮੇਟੀ' ਦੇ ਸਹਿਯੋਗ ਨਾਲ ਕੀਤੀ ਅਤੇ 20 ਅਕਤੂਬਰ 1967 ਈ. ਨੂੰ ਇਸ ਦਾ ਨੀਂਹ-ਪੱਥਰ ਰਖਿਆ। ਸੰਨ 1968 ਈ. ਤੋਂ ਇਸ ਸੰਸਥਾ ਦਾ ਪ੍ਰਬੰਧ ਗੁਰੂ ਨਾਨਕ ਫਾਊਂਡੇਸ਼ਨ ਨਵੀਂ ਦਿੱਲੀ ਨੇ ਆਪਣੇ ਹੱਥਾਂ ਵਿਚ ਲੈ ਲਿਆ। ਇਹ ਕਾਲਜ ਡੇਰਾ ਬਾਬਾ ਜੱਸਾ ਸਿੰਘ ਦੇ ਪਰਿਸਰ ਵਿਚ ਸਥਿਤ ਹੈ। ਇਸ ਦੀ ਸਥਾਪਨਾ ਦਾ ਮੁੱਖ ਉਦੇਸ਼ ਸੀ ਸਿੱਖ ਧਰਮ ਦੀ ਅਧਿਆਤਮਿਕ ਵਿਚਾਰਧਾਰਾ ਅਤੇ ਪੰਥਕ ਸਥਾਪਨਾਵਾਂ ਸਮੇਤ ਹੋਰਨਾਂ ਧਰਮਾਂ ਦਾ ਅਧਿਐਨ ਅਤੇ ਖੋਜ ਕਰਨਾ। ਇਸ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 10+2 ਦੀ ਵਿਦਿਅਕ ਨੀਤੀ ਅਧੀਨ 11ਵੀਂ ਅਤੇ 12ਵੀਂ ਦੀਆਂ ਜਮਾਤਾਂ ਵਿਚ 'ਧਰਮ' ਨੂੰ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ। ਬੀ.ਏ. ਦਾ ਪਾਠ-ਕ੍ਰਮ ਪੰਜਾਬੀ ਯੂਨੀਵਰਸਿਟੀ ਅਨੁਸਾਰ ਹੈ।

ਐਮ.ਏ. (ਧਰਮ ਅਧਿਐਨ) ਦਾ ਇਹ ਇਕੋ ਇਕ ਕਾਲਜ ਹੈ ਜਿਥੇ ਪੰਜਾਬੀ ਯੂਨੀਵਰਸਿਟੀ ਦੇ ਪਾਠ-ਕ੍ਰਮ ਅਨੁਸਾਰ ਗੁਰਮਤਿ ਦੇ ਨਾਲ ਨਾਲ ਹੋਰਨਾਂ ਧਰਮਾਂ ਦਾ ਵੀ ਅਧਿਐਨ ਕਰਵਾਇਆ ਜਾਂਦਾ ਹੈ। ਇਸ ਪਾਠ-ਕ੍ਰਮ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਚੋਣਵੀਂ ਬਾਣੀ ਦਾ ਅਧਿਐਨ ਵੀ ਸ਼ਾਮਲ ਹੈ ਅਤੇ ਗੁਰਮਤਿ ਅਨੁਸਾਰ ਕਥਾ/ ਲੈਕਚਰ ਅਤੇ ਕੀਰਤਨ ਕਰਨਾ ਵੀ ਸ਼ਾਮਲ ਹੈ।

ਵਿਦਿਆਰਥੀਆਂ ਨੂੰ ਕੰਪਿਊਟਰ ਅਤੇ ਇੰਟਰਨੈਟ ਸੰਬੰਧੀ ਮੁਢਲੀ ਸਿਖਲਾਈ ਦੇਣ ਦੀ ਵਿਵਸਥਾ ਵੀ ਕੀਤੀ ਗਈ ਹੈ। ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲ ਵੀ ਹੈ। ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਵਜ਼ੀਫ਼ੇ ਅਤੇ ਤਗ਼ਮੇ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਥੋਂ ਦੇ ਪੜ੍ਹੇ ਵਿਦਿਆਰਥੀ ਧਰਮ ਅਧਿਐਨ ਅਤੇ ਮਿਸ਼ਨਰੀ ਕਾਰਜਾਂ ਵਿਚ ਜੁਟੇ ਹੋਏ ਹਨ।

**ਗੁਰਮਤਿ ਨਿਰਣਯ ਸਾਗਰ** (ਪੁਸਤਕ): ਪੰਡਿਤ ਤਾਰਾ ਸਿੰਘ ਨਰੋਤਮ ਰਚਿਤ ਇਕ ਗ੍ਰੰਥ ਜਿਸ ਵਿਚ ਗੁਰਮਤਿ ਦੇ ਸਿੱਧਾਂਤਾਂ ਅਤੇ ਆਚਾਰਾਂ ਦਾ ਵਿਸ਼ਲੇਸ਼ਣ ਹੋਇਆ ਹੈ। ਵੇਖੋ 'ਤਾਰਾ ਸਿੰਘ ਨਰੋਤਮ, ਪੰਡਿਤ'।

**ਗੁਰਮਤਿ ਭਗਤੀ :** ਵੇਖੋ 'ਭਗਤੀ (ਗੁਰਮਤਿ) ਦਾ ਸਰੂਪ'।

**ਗੁਰਮਤਿ ਰਹਿਣੀ :** ਇਸ ਤੋਂ ਭਾਵ ਹੈ ਗੁਰੂ ਦੀ ਮਤ ਅਨੁਸਾਰ ਜੀਵਨ ਬਤੀਤ ਕਰਨਾ। ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਪੁਸਤਿਕਾ 'ਸਿੱਖ ਰਹਿਤ-ਮਰਯਾਦਾ' ਵਿਚ ਅੰਕਿਤ ਨੁਕਤੇ ਇਸ ਪ੍ਰਕਾਰ ਹਨ :

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼ਿ, ਸ਼ਰਾਧ, ਪਿਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ ਤਰਪਣ, ਸਿਖਾਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ -ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।
ਗੁਰੂ ਅਸਥਾਨ ਤੋਂ ਬਿਨਾ ਕਿਸੇ ਅਨ ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।
ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਦੇਵ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸਚਾ ਨਹੀਂ ਕਰਨਾ। ਹਾਂ, ਆਮ ਵਾਕਫੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ ਹੈ।

(ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ ਰੱਖੇ ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰਖੇ।

(ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰਖੇ।

(ਚ) ਸਿੱਖ ਮਰਦ ਅਥਵਾ ਇਸਤਰੀ ਨੂੰ ਨੱਕ ਕੰਨ ਛੇਦਨਾ ਮਨ੍ਹਾ ਹੈ।

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਰ ਨਾਲ ਨਾ ਵਰਤੇ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਝ) ਗੁਰੂ ਦਾ ਸਿੱਖ ਗ਼ਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਚੋਰੀ ਯਾਰੀ ਨਾ ਕਰੇ, ਜੂਆ ਨ ਖੇਡੇ।

(ਟ) ਪਰ ਬੇਟੀ ਕੋ ਬੇਟੀ ਜਾਨੈ।
ਪਰ ਇਸਤ੍ਰੀ ਸੋ ਮਾਤ ਬਖ਼ਾਨੈ।
ਆਪਨੀ ਇਸਤ੍ਰੀ ਕੋ ਰਤ ਹੋਈ।
ਰਹਿਤਵਾਨ ਗੁਰ ਕਾ ਸਿੱਖ ਸੋਈ।
ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ।

(ਠ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।

(ਙ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ।

(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।

**ਗੁਰਮੁਖ :** ਗੁਰਬਾਣੀ ਵਿਚ ਸਾਰਿਆਂ ਮਨੁੱਖਾਂ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿਚ ਵੰਡਿਆ ਗਿਆ ਹੈ— ਗੁਰਮੁਖ ਅਤੇ ਮਨਮੁਖ। ਦੋਵੇਂ ਵਿਪਰੀਤ ਰੁਚੀਆਂ, ਇੱਛਾਵਾਂ ਅਤੇ ਭਾਵਨਾਵਾਂ ਵਾਲੇ ਮਨੁੱਖ ਹਨ— *ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ।* (ਗੁ.ਗ੍ਰੰ.131)।

ਗੁਰਮੁਖ ਕੌਣ ਹੈ ? ਇਸ ਦਾ ਉੱਤਰ ਦੇਣਾ ਬਹੁਤ ਕਠਿਨ ਹੈ। ਫਿਰ ਵੀ ਵਿਦਵਾਨਾਂ ਨੇ ਇਸ ਸੰਬੰਧ ਵਿਚ ਯਤਨ ਕੀਤੇ ਹਨ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰੂ ਦੇ ਉਪਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਵਾਲਾ ਵਿਅਕਤੀ 'ਗੁਰਮੁਖ' ਹੈ। ਡਾ. ਜਯਰਾਮ ਮਿਸ਼ਰ ('ਸ੍ਰੀ ਗੁਰੂ ਗ੍ਰੰਥ ਦਰਸ਼ਨ') ਅਨੁਸਾਰ ਗੁਰਮੁਖ ਉਹ ਹੈ ਜਿਸ ਨੇ ਗੁਰੂ ਤੋਂ ਦੀਖਿਆ ਲਈ ਹੋਵੇ, ਜਾਂ ਉਹ ਸਾਧਕ ਜੋ ਰਾਤ-ਦਿਨ ਨਾਮ ਸਿਮਰਦਾ ਹੋਵੇ, ਜਾਂ ਉਹ ਸਿਧ ਵਿਅਕਤੀ ਜਿਸ ਨੇ ਪੂਰੀ ਨਿਸ਼ਠਾ ਨਾਲ ਧਿਆਨ ਲਗਾ ਕੇ ਮਨ ਨੂੰ ਜਿਤ ਲਿਆ ਹੋਵੇ।

ਗੁਰਮੁਖ, ਅਸਲ ਵਿਚ, ਇਕ ਅਧਿਆਤਮਿਕ ਪਦਵੀ ਹੈ ਅਤੇ ਇਸ ਪਦਵੀ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਆਪਣਾ ਜੀਵਨ ਗੁਰੂ ਦੀ ਸਿਖਿਆ ਅਨੁਸਾਰ ਬਤੀਤ ਕਰਦਾ ਹੈ। ਗੁਰੂ ਵਿਚ ਇਤਨੀ ਅਪਾਰ ਸ਼ਕਤੀ ਹੈ ਕਿ ਉਹ ਮਨੁੱਖ ਨੂੰ ਸਾਧਾਰਣ ਤੋਂ ਅਸਾਧਾਰਣ, ਮਾਣਸ ਤੋਂ ਦੇਵਤਾ ਬਣਾ ਸਕਦਾ ਹੈ— *ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।* (ਗੁ.ਗ੍ਰੰ.462-63)।

ਉਪਰੋਕਤ ਸ਼ਲੋਕ ਵਿਚ ਦਸਿਆ ਗਿਆ ਦੇਵਤ੍ਵ ਹੀ ਵਾਸਤਵ ਵਿਚ 'ਗੁਰਮੁਖਤਾ' ਹੈ ਅਤੇ ਇਸ ਨੂੰ ਧਾਰਣ ਕਰਨ ਵਾਲਾ ਵਿਅਕਤੀ 'ਗੁਰਮੁਖ' ਹੈ। ਇਹੀ ਗੁਰਮਤਿ ਵਿਚਲੇ ਆਦਰਸ਼-ਪੁਰਸ਼ ਦਾ ਸਰੂਪ ਹੈ। ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਸਭ ਤੋਂ ਵੱਡੀ ਸਮਸਿਆ 'ਕੂੜ ਦੀ ਪਾਲਿ' ਨੂੰ ਤੋੜ ਕੇ ਮਨੁੱਖ ਨੂੰ ਸਦਾਚਾਰੀ ਬਣਾਉਣਾ ਸੀ— *ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।* (ਜਪੁਜੀ)। ਇਹ ਸਦਾਚਰਣ ਹੀ ਦੇਵਤ੍ਵ ਹੈ। ਇਹੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼-ਪੁਰਸ਼ ਦਾ ਮੂਲ-ਆਧਾਰ ਹੈ।

ਸਾਧਕ ਦੁਆਰਾ ਪ੍ਰਾਪਤ ਕੀਤਾ ਦੇਵਤ੍ਵ ਜਾਂ ਗੁਰਮੁਖਤਾ ਕਿਸੇ ਪਰੀ-ਲੋਕ ਦਾ ਅਜੂਬਾ ਨਹੀਂ, ਸਗੋਂ ਇਸ ਸੰਸਾਰ ਵਿਚ ਹੀ ਉਸ ਦਾ ਵਿਕਾਸ ਹੁੰਦਾ ਹੈ। ਮਾਇਆ ਵਿਚ ਰਹਿ ਕੇ ਮਾਇਆ ਤੋਂ ਨਿਰਲੇਪ ਰਹਿਣਾ ਹੀ ਗੁਰਮੁਖ ਦੀ ਵਿਸ਼ੇਸ਼ਤਾ ਹੈ। 'ਸਿਧ ਗੋਸਟਿ' ਨਾਂ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਆਦਰਸ਼-ਜੋਗੀ ਬਣਨ ਲਈ ਜੋ ਉਪਦੇਸ਼ ਦਿੱਤਾ, ਉਹ ਅਸਲ ਵਿਚ ਉਨ੍ਹਾਂ ਦੇ ਆਪਣੇ ਆਦਰਸ਼-ਪੁਰਸ਼ ਦਾ ਹੀ ਪਰਿਚਯ ਦਿੰਦਾ ਹੈ। ਜਿਵੇਂ ਜਲ ਵਿਚ ਰਹਿੰਦੇ ਹੋਇਆਂ ਵੀ ਕਮਲ ਨਿਰਲਿਪਤ ਰਹਿੰਦਾ ਹੈ ਅਤੇ ਜਿਵੇਂ ਮੁਰਗਾਬੀ ਨਦੀ ਵਿਚ ਤਰਦੇ ਹੋਇਆਂ ਵੀ ਜਲ ਤੋਂ ਅਭਿਜ ਰਹਿੰਦੀ ਹੈ, ਉਸੇ ਤਰ੍ਹਾਂ ਆਦਰਸ਼-ਜੋਗੀ ਆਪਣੀ ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ, ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੋਇਆ, ਸਹਿਜ ਵਿਚ ਵੀ ਭਵਸਾਗਰ ਤਰ ਜਾਂਦਾ ਹੈ— *ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ। ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ।* (ਗੁ.ਗ੍ਰੰ.938)।

ਗੁਰੂ ਨਾਨਕ ਦੇਵ ਜੀ ਦੁਆਰਾ ਕਲਪੇ ਸਹੀ ਜੋਗੀ ਜਾਂ ਉਨ੍ਹਾਂ ਦੇ ਆਪਣੇ ਆਦਰਸ਼-ਪੁਰਸ਼ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਵਿਅਕਤੀਗਤ ਨਾਲੋਂ ਸਮਾਜਗਤ ਰੁਚੀਆਂ ਅਧਿਕ ਹਨ। ਇਸ ਲਈ ਉਹ ਕੇਵਲ ਆਪਣੀ ਅਧਿਆਤਮਿਕ ਉੱਨਤੀ ਨਾਲ ਸੰਤੁਸ਼ਟ ਨਹੀਂ ਹੁੰਦਾ, ਸਗੋਂ ਸਾਰੇ ਸਮਾਜ ਨੂੰ ਸੁਧਾਰਨਾ ਉਸ ਦਾ ਕਰਤੱਵ ਹੈ। ਉਹ ਆਪਣਾ ਜਨਮ ਤਦ ਹੀ ਸਫਲ ਸਮਝਦਾ ਹੈ ਜੇ ਉਸ ਦੇ ਆਪਣੇ ਵਿਕਾਸ ਦੇ ਨਾਲ ਨਾਲ ਸਮਾਜ ਦਾ ਵਿਕਾਸ ਵੀ ਸੰਭਵ ਹੋਵੇ—*ਐਸੇ ਜਨ ਵਿਰਲੇ ਸੰਸਾਰੇ। ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ। ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ।* (ਗੁ.ਗ੍ਰੰ.1039)।

ਗੁਰਬਾਣੀ ਵਿਚ ਗੁਰਮੁਖ ਵਿਅਕਤੀ ਦੇ ਸਰੂਪ ਅਤੇ ਸਮਰਥਾ ਬਾਰੇ ਵੀ ਥਾਂ ਥਾਂ ਉਤੇ ਉੱਲੇਖ ਹੋਇਆ ਹੈ। ਸਮੁੱਚੇ ਤੌਰ 'ਤੇ ਉਹ ਸਦਾ ਪਰਮਾਤਮਾ ਦੇ ਪ੍ਰੇਮ-ਰੰਗ ਵਿਚ

ਰੰਗਿਆ ਰਹਿੰਦਾ ਹੈ, ਆਪਣੇਪਨ ਦੀ ਭਾਵਨਾ ਨੂੰ ਮਾਰ ਕੇ ਅਨੰਤ ਪਰਮਾਤਮਾ ਵਿਚ ਪੂਰੀ ਨਿਸ਼ਠਾ ਰਖਦਾ ਹੈ, ਗੁਰੂ ਦੁਆਰਾ ਦਸੇ ਮਾਰਗ ਉਤੇ ਚਲ ਕੇ ਆਪਣਾ ਕਰਤੱਵ ਨਿਭਾਉਂਦਾ ਹੈ, ਸੱਚੇ ਪਰਮਾਤਮਾ ਦਾ ਭੈ ਮੰਨਦਾ ਹੋਇਆ ਉਸ ਵਿਚ ਸਮਾਹਿਤ ਹੋ ਜਾਂਦਾ ਹੈ— *ਗੁਰਮੁਖਿ ਸਾਚੇ ਕਾ ਭਉ ਪਾਵੈ। ਗੁਰਮੁਖਿ ਬਾਣੀ ਅਘੜੁ ਘੜਾਵੈ। ਗੁਰਮੁਖਿ ਨਿਰਮਲ ਹਰਿ ਗੁਣ ਗਾਵੈ। ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ। ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ। ਨਾਨਕ ਗੁਰਮੁਖਿ ਸਾਚਿ ਸਮਾਵੈ।* (ਗੁ.ਗ੍ਰੰ.941)।

ਗੁਰਮੁਖ ਵਿਅਕਤੀ ਪ੍ਰਵ੍ਰਿੱਤੀ ਅਤੇ ਨਿਵ੍ਰਿੱਤੀ ਦੇ ਮਾਰਗ ਅਤੇ ਭੇਦ ਨੂੰ ਪਛਾਣਦਾ ਹੈ। ਉਹ ਖ਼ੁਦ ਹੀ ਮੁਕਤ ਨਹੀਂ ਹੁੰਦਾ, ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਉੱਧਾਰ ਕਰਦਾ ਹੈ। ਉਹ ਵੈਰ-ਵਿਰੋਧ ਦੀਆਂ ਸਾਰੀਆਂ ਚਿੰਤਾਵਾਂ ਨੂੰ ਖ਼ਤਮ ਕਰ ਦਿੰਦਾ ਹੈ, ਹੰਕਾਰ ਨੂੰ ਸ਼ਬਦ ਰਾਹੀਂ ਮਾਰ ਦਿੰਦਾ ਹੈ। ਸੰਸਾਰ ਵਿਚ ਆਪਣੇ ਆਪ ਨੂੰ ਅਤਿਥੀ ਹੀ ਸਮਝਦਾ ਹੈ ਅਤੇ ਆਪਣੇ ਪਤੀ-ਪਰਮਾਤਮਾ ਨੂੰ ਪਛਾਣ ਲੈਂਦਾ ਹੈ—*ਗੁਰਮੁਖਿ ਵੈਰ ਵਿਰੋਧ ਗਵਾਵੈ। ਗੁਰਮੁਖਿ ਸਗਲੀ ਗਣਤ ਮਿਟਾਵੈ। ਗੁਰਮੁਖਿ ਰਾਮ ਨਾਮ ਰੰਗਿ ਰਾਤਾ। ਨਾਨਕ ਗੁਰਮੁਖਿ ਖਸਮੁ ਪਛਾਤਾ।*(ਗੁ.ਗ੍ਰੰ. 942)। ਗੁਰਮੁਖ ਨਿਰਵੈਰ ਅਤੇ ਸਮਦਰਸੀ ਹੈ; ਉਹ ਰਾਗ-ਦ੍ਵੈਸ਼ ਤੋਂ ਉੱਚਾ, ਭਗਤੀ ਵਿਚ ਲੀਨ, ਅਗਿਆਨ ਦੀ ਨਿੰਦਰਾ ਤੋਂ ਮੁਕਤ ਹੈ— *ਗੁਰਮੁਖਿ ਰਾਗ ਸੁਆਦ ਅਨ ਤਿਆਗੇ। ਗੁਰਮੁਖਿ ਇਹੁ ਮਨੁ ਭਗਤੀ ਜਾਗੇ।* (ਗੁ.ਗ੍ਰੰ.415)।

ਗੁਰਮੁਖ ਵਿਅਕਤੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਸਦਾ ਦੁਖ-ਸੁਖ ਤੋਂ ਪਰੇ ਰਹਿੰਦਾ ਹੈ। ਇਨ੍ਹਾਂ ਤੋਂ ਬਚਣ ਲਈ ਉਸ ਪਾਸ ਸਦਾ ਸ਼ੀਲ ਦਾ ਕਵਚ ਰਹਿੰਦਾ ਹੈ, ਜਿਸ ਨੂੰ ਧਾਰਣ ਕਰਕੇ ਉਹ ਦੁਖ-ਸੁਖ ਤੋਂ ਨਿਰਲਿਪਤ ਹੋ ਜਾਂਦਾ ਹੈ। ਆਪਣੇ ਵਾਸਤਵਿਕ ਘਰ ਨੂੰ ਪ੍ਰਾਪਤ ਕਰਨ ਦਾ ਇਹੀ ਉਚਿਤ ਸਾਧਨ ਹੈ— (1) *ਦੂਖ ਸੂਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ।*(ਗੁ.ਗ੍ਰੰ.1032); (2) *ਸੁਖ ਦੂਖ ਤੇ ਹੀ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ।*(ਗੁ. ਗ੍ਰੰ.1037)।

ਗੁਰਮੁਖ ਦਾ ਅੰਤਹਕਰਣ ਰੇਸ਼ਮੀ ਵਸਤੂ ਵਾਂਗ ਕੋਮਲ ਹੈ, ਉਸ ਦਾ ਮਨ ਇਕਾਗਰ ਹੈ, ਚਿੱਤ-ਬਿਰਤੀਆਂ ਉਤੇ ਉਸ ਦਾ ਪੂਰਾ ਕਾਬੂ ਹੈ, ਕਿਸੇ ਤੋਂ ਉਹ ਕੋਈ ਆਸ ਨਹੀਂ ਰਖਦਾ। ਪਰ ਅਜਿਹੇ ਵਿਅਕਤੀ ਸੰਸਾਰ ਵਿਚ ਵਿਰਲੇ ਹਨ। ਗੁਰਮੁਖ ਹਰ ਕੋਈ ਨਹੀਂ ਬਣ ਸਕਦਾ, ਉਹੀ ਬਣਦਾ ਹੈ ਜਿਸ ਉਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ। ਉਹ ਪਰਮਾਤਮਾ ਨੂੰ ਪਛਾਣ ਕੇ, ਆਖ਼ਿਰ ਉਸ ਵਿਚ ਲੀਨ ਹੋ ਜਾਂਦਾ ਹੈ, ਉਹੋ ਜਿਹਾ ਹੀ ਹੋ ਜਾਂਦਾ ਹੈ, ਫਿਰ ਉਸ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ— *ਜਿਨਿ ਜਾਤਾ ਸੋ ਤਿਸ ਹੀ ਜੇਹਾ। ਅਤਿ ਨਿਰਮਾਇਲੁ ਸੀਝਸਿ ਦੇਹਾ।* (ਗੁ.ਗ੍ਰੰ.931)।

ਗੁਰਬਾਣੀ ਵਿਚ 'ਗੁਰਮੁਖ' ਲਈ ਪੰਚ, ਸਾਧ, ਸੰਤ, ਜੀਵਨ-ਮੁਕਤ, ਬ੍ਰਹਮ-ਗਿਆਨੀ, ਸਮਦਰਸੀ ਆਦਿ ਹੋਰ ਵੀ ਕਈ ਸ਼ਬਦ ਵਰਤੇ ਗਏ ਹਨ।

ਗੁਰਬਾਣੀ ਦੇ ਵਿਆਖਿਆ-ਪਰਕ ਸਾਹਿਤ ਵਿਚ ਗੁਰਮੁਖ ਦੇ ਸਰੂਪ, ਲੱਛਣ, ਮਹੱਤਵ ਆਦਿ ਉਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਬਾਰੇ ਵਿਸ਼ੇਸ਼ ਚਰਚਾ ਹੋਈ ਹੈ। ਇਸ ਦੇ ਵਿਅਕਤਿਤਵ ਨੂੰ ਚਿਤਰਦਿਆਂ ਯਾਰ੍ਹਵੀਂ ਵਾਰ ਵਿਚ ਲਿਖਿਆ ਹੈ— *ਸਬਦ ਸੁਰਤਿ ਲਿਵ ਲੀਣੁ ਹੋਇ ਸਾਧ ਸੰਗਤਿ ਸਚਿ ਮੇਲਿ ਮਿਲਾਇਆ। ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ।... ਮਿਠਾ ਬੋਲਣ ਨਿਵਿ ਚਲਣੁ ਹਥਹੁ ਦੇ ਕੈ ਭਲਾ ਮਨਾਇਆ। ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ। ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ।8।*

ਭਾਈ ਮਨੀ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ 'ਭਗਤ-ਰਤਨਾਵਲੀ' (18ਵੀਂ ਪਉੜੀ) ਵਿਚ ਜਨਮ-ਮਰਨ ਦੇ ਦੁਖਾਂ ਨੂੰ ਕਟਣ ਲਈ ਜਿਗਿਆਸੂਆਂ ਵਲੋਂ ਕੀਤੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ— *ਤੁਸੀਂ ਗੁਰਮੁਖਾਂ ਦੇ ਕਰਮ ਕਰੋ, ਮਨਮੁਖਾਂ ਦੇ ਕਰਮ ਤਿਆਗੋ।* ਅਗੇ ਗੁਰਮੁਖਾਂ ਦੇ ਪ੍ਰਕਾਰਾਂ ਤੇ ਝਾਤੀ ਪਾਉਂਦਿਆਂ ਗੁਰੂ ਸਾਹਿਬ ਨੇ ਕਿਹਾ :

*ਤਿੰਨ ਪ੍ਰਕਾਰ ਦੇ ਗੁਰਮੁਖ ਹੈਨਿ... ਇਕ ਗੁਰਮੁਖ ਹੈਨਿ, ਇਕ ਗੁਰਮੁਖਤਰ ਹੈਨਿ, ਇਕ ਗੁਰਮੁਖਿਤਮ ਹੈਨਿ। ਗੁਰਮੁਖ ਕਉਣ ਹੈਨਿ। ਜਿਨ੍ਹਾਂ ਨੇ ਖੋਟਿਆਂ ਕਰਮਾਂ ਵਲੋਂ ਪਿਠ ਦਿੱਤੀ ਹੈ ਤੇ ਗੁਰੂ ਦੇ ਵਚਨਾਂ ਵਲ ਮੁਖ ਕੀਤਾ ਹੈ, ਤੇ ਇਕ ਭੀ ਓਨਾ ਨਾਲਿ ਚੰਗਿਆਈ ਕਰਦਾ ਹੈ ਤਾਂ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ*

*ਹੈਨਿ ਤਾਂ ਉਸ ਦੀ ਭਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿਤ ਨਹੀਂ ਕਰਦੇ।*

*ਗੁਰਮੁਖਿਤਰ ਓਹ ਹੈਨਿ ਜੋ ਬੁਰੇ ਕਰਮ ਓਨਾ ਤਿਆਗਿ ਦਿਤੇ ਹੈਨਿ, ਤੇ ਭਲਿਆਂ ਕਰਮਾਂ ਨੂੰ ਅੰਗੀਕਾਰੁ ਕੀਤਾ ਹੈ ਤੇ ਕਿਸ ਕੰਮੁ ਓਨਾ ਦੇ ਤੀਕ ਆਵਦਾ ਹੈ ਤਾਂ ਸਭਸੈ ਨਾਲ ਭਲਾ ਹੀ ਕਰਦੇ ਹੈਨਿ, ਭਾਵੇ ਕੋਈ ਭਲਾ ਕਰੇ ਭਾਵੇ ਕੋਈ ਬੁਰਾ ਕਰੇ, ਓਹ ਆਪਣੇ ਵਲੋਂ ਭਲਾ ਹੀ ਕਰਦੇ ਹੈਨਿ।*

*ਤੇ ਗੁਰਮੁਖਿਤਮ ਓਹ ਹੈਨਿ ਜੋ ਗਿਆਨ ਸੰਪੰਨਿ ਹੈਨਿ। ਭਲਾ ਸਭਸੈ ਨਾਲਿ ਕਰਦੇ ਹੈਨਿ। ਜੇ ਕੋਈ ਓਨਾ ਨੂੰ ਬੁਰਾ ਭੀ ਕਰੇ ਤਾ ਓਨਾ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ।*

'ਗੁਰਮੁਖ' ਲਈ ਭਾਈ ਸੰਤੋਖ ਸਿੰਘ ਨੇ 'ਗੁਰੂ ਨਾਨਕ ਪ੍ਰਕਾਸ਼' ਵਿਚ ਚਾਰ ਗੁਣਾਂ ਦੀ ਵਿਸ਼ੇਸ਼ ਹੋਂਦ ਦਸੀ ਹੈ– ਮੈਤ੍ਰੀ, ਕਰੁਣਾ, ਮੁਦਿਤਾ (ਦੂਜਿਆਂ ਦੀ ਵਡਿਆਈ ਨੂੰ ਵੇਖ ਕੇ ਪ੍ਰਸੰਨ ਹੋਣਾ), ਉਪੇਖਿਆ (ਅਣਡਿਠ ਕਰਨਾ)।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰਬਾਣੀ ਅਤੇ ਸਿੱਖ -ਧਰਮ-ਪਰੰਪਰਾ ਅਨੁਸਾਰ 'ਗੁਰਮੁਖ' ਆਦਰਸ਼ ਪੁਰਸ਼ ਦਾ ਸੂਚਕ ਸ਼ਬਦ ਹੈ, ਜੋ ਸੰਸਾਰਿਕਤਾ ਤੋਂ ਮੁਕਤ ਹਰ ਪ੍ਰਕਾਰ ਦੇ ਗੁਣਾਂ ਦਾ ਸਮੂਹ ਹੈ। ਅਜਿਹੇ ਗੁਰਮੁਖ ਵਿਅਕਤੀ ਹੀ ਸਚੇ ਅਰਥਾਂ ਵਿਚ ਸਮਾਜ ਦਾ ਭਲਾ ਕਰਦੇ ਹੋਏ, ਸਾਰੀ ਮਾਨਵਤਾ ਨੂੰ ਕਲਿਆਣਕਾਰੀ ਮਾਰਗ ਉਤੇ ਚਲਾਉਂਦੇ ਹਨ।

**ਗੁਰਮੁਖ ਸਿੰਘ, ਸੰਤ** (1896-1984 ਈ.): ਪੰਜਾਬ ਦੇ ਪਟਿਆਲਾ ਨਗਰ ਦੇ ਡੇਰਾ ਬਾਬਾ ਜੱਸਾ ਸਿੰਘ ਨਾਲ ਸੰਬੰਧਿਤ ਸੰਤ ਗੁਰਮੁਖ ਸਿੰਘ ਇਕ ਤਪਸਵੀ ਸਾਧਕ ਸਨ। ਆਪ ਦਾ ਜਨਮ 6 ਜਨਵਰੀ 1896 ਈ. ਵਿਚ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਲੇਲ ਸਿੰਘ ਵਾਲਾ ਵਿਚ ਦਰਜ਼ੀ ਦੇ ਕਿੱਤੇ ਵਾਲੇ ਭਾਈ ਕਾਲੂ ਦੇ ਘਰ ਹੋਇਆ। ਆਪ ਦਾ ਸ਼ੁਰੂ ਦਾ ਨਾਂ 'ਬਾਬੂ' ਸੀ, ਪਰ ਸੰਨ 1913 ਈ. ਵਿਚ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਤੋਂ ਅੰਮ੍ਰਿਤ ਪਾਨ ਕਰਨ ਤੋਂ ਬਾਦ ਗੁਰਮੁਖ ਸਿੰਘ ਨਾਂ ਰਖਿਆ ਗਿਆ। ਸੰਨ 1914 ਈ. ਵਿਚ ਆਪ ਸੈਨਾ ਵਿਚ ਭਰਤੀ ਹੋ ਗਏ ਅਤੇ ਉਥੇ ਗੁਰਦੁਆਰੇ ਦੇ ਗ੍ਰੰਥੀ ਦੀ ਡਿਊਟੀ ਵੀ ਨਿਭਾਈ। ਸੰਨ 1919 ਈ. ਵਿਚ ਇਹ ਫ਼ੌਜ ਦੀ ਨੌਕਰੀ ਛਡ ਕੇ ਸਿੱਖ ਧਰਮ ਦੇ ਪ੍ਰਚਾਰ ਵਿਚ ਰੁਝ ਗਏ। ਗੁਰਦੁਆਰਾ ਸੁਧਾਰ ਲਹਿਰ ਵਿਚ ਰੁਚੀ ਲਈ ਅਤੇ ਸਿੰਘ ਸਭਾ ਦੀਆਂ ਮਾਨਤਾਵਾਂ ਦਾ ਖੁਲ੍ਹ ਕੇ ਪ੍ਰਚਾਰ ਕੀਤਾ। ਮਾਨਸਾ ਮੰਡੀ ਵਿਚ ਅਕਾਲੀ ਦਲ ਸੰਬੰਧੀ ਲੈਕਚਰ ਕਰਦਿਆਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਡੇਢ ਸਾਲ ਕੈਦ ਕਟੀ। ਸੰਨ 1936 ਈ. ਤੋਂ ਇਹ ਡੇਰਾ ਬਾਬਾ ਜੱਸਾ ਸਿੰਘ ਵਿਚ ਟਿਕ ਗਏ ਅਤੇ ਅੰਤ ਤਕ ਇਸੇ ਨਾਲ ਸੰਬੰਧਿਤ ਰਹੇ। ਸੰਨ 1967 ਈ. ਵਿਚ ਆਪ ਨੇ ਗੁਰਮਤਿ ਕਾਲਜ ਦੀ ਸਥਾਪਨਾ ਲਈ ਮਨ ਬਣਾਇਆ ਅਤੇ ਡੇਰਾ ਬਾਬਾ ਜੱਸਾ ਸਿੰਘ ਕਮੇਟੀ ਦੇ ਸਹਿਯੋਗ ਨਾਲ 20 ਅਕਤੂਬਰ ਨੂੰ ਕਾਲਜ ਦਾ ਨੀਂਹ-ਪੱਥਰ ਰਖਿਆ ਜੋ ਅਗਲੇ ਸਾਲ ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ ਵਾਲਿਆਂ ਨੇ ਆਪਣੇ ਪ੍ਰਬੰਧ ਅਧੀਨ ਲੈ ਲਿਆ। ਸੰਨ 1973 ਈ. ਵਿਚ ਸਿੰਘ ਸਭਾ ਸ਼ਤਾਬਦੀ ਵੇਲੇ ਆਪ ਨੂੰ ਸਨਮਾਨਿਤ ਕੀਤਾ ਗਿਆ ਅਤੇ ਆਪ ਦੀ ਸਿੱਖੀ ਦੇ ਵਿਕਾਸ ਲਈ ਉਮਰ ਭਰ ਕੀਤੀ ਸੇਵਾ ਦੇ ਮਾਨ ਅਰਥ ਅਕਾਲ ਤਖ਼ਤ ਤੋਂ ਵੀ ਸੰਨ 1975 ਈ. ਵਿਚ ਸਨਮਾਨਿਤ ਕੀਤਾ ਗਿਆ। ਆਪ ਅਕਸਰ ਧਰਮ-ਪ੍ਰਚਾਰ ਲਈ ਦੇਸ਼-ਵਿਦੇਸ਼ ਯਾਤ੍ਰਾ ਉਤੇ ਰਹਿੰਦੇ ਸਨ। ਆਪ ਨੇ ਅਨੇਕ ਲੋਕਾਂ ਨੂੰ ਗੁਰਮਤਿ ਭਾਵ-ਧਾਰਾ ਨਾਲ ਜੋੜਨ ਦਾ ਸ਼ਲਾਘਾਯੋਗ ਕੰਮ ਕੀਤਾ। 19 ਜੂਨ 1984 ਈ. ਨੂੰ ਆਪ ਦਾ ਦੇਹਾਂਤ ਨਿਊਯਾਰਕ ਵਿਚ ਇਕ ਪ੍ਰਚਾਰ-ਫੇਰੀ ਦੌਰਾਨ ਹੋਇਆ।

**ਗੁਰਮੁਖ ਸਿੰਘ, ਸੰਤ ਕਾਰਸੇਵਾ ਵਾਲੇ** (1849- 1947 ਈ.): ਸੇਵਾ-ਪੁੰਜ, ਬੇਲਾਗ ਅਤੇ ਨਿਸ਼ਠਾਵਾਨ ਸੰਤ ਗੁਰਮੁਖ ਸਿੰਘ ਦਾ ਜਨਮ ਸੰਨ 1849 ਈ. ਵਿਚ ਪਟਿਆਲਾ ਰਿਆਸਤ ਦੇ ਦਿਆਲਗੜ੍ਹ ਬੂੜੀਆ ਨਾਮਕ ਪਿੰਡ ਵਿਚ ਭਾਈ ਕਰਮ ਸਿੰਘ ਅਰੋੜਾ ਦੇ ਘਰ ਮਾਈ ਗੁਰਦੇਈ ਦੀ ਕੁੱਖੋਂ ਹੋਇਆ। ਆਪ ਨੇ ਗੁਰੂ-ਧਾਮਾਂ ਦੀਆਂ ਇਮਾਰਤਾਂ ਬਣਾਉਣ ਵਿਚ ਉਚੇਚਾ ਯੋਗਦਾਨ ਪਾਇਆ। ਜਨਮ ਤੋਂ ਹੀ ਇਨ੍ਹਾਂ ਦੇ ਮਨ ਵਿਚ ਆਪਣੇ ਸਾਧੂ ਸੁਭਾ ਪਿਤਾ ਤੋਂ ਗੁਰਬਾਣੀ ਪੜ੍ਹਨ ਦੀ ਰੁਚੀ ਪੈਦਾ ਹੋ ਗਈ। ਸ਼ੁਰੂ ਵਿਚ ਆਪ ਨੇ ਪਟਿਆਲਾ ਰਿਆਸਤ ਦੇ ਫ਼ੀਲਖ਼ਾਨੇ ਦੀ ਨੌਕਰੀ ਕੀਤੀ ਅਤੇ ਬਾਦ ਵਿਚ ਹਿੰਦੁਸਤਾਨੀ ਫ਼ੌਜ ਵਿਚ ਭਰਤੀ ਹੋ ਗਏ, ਪਰ ਇਨ੍ਹਾਂ ਦਾ ਮਨ ਫ਼ੌਜ ਵਿਚ ਨ ਲਗਿਆ। ਉਥੋਂ ਅਸਤੀਫ਼ਾ ਦੇ ਕੇ ਇਨ੍ਹਾਂ ਨੇ ਪਟਿਆਲੇ ਤੋਂ ਕੁਝ ਦੂਰੀ ਤੇ ਜੰਗਲ ਵਿਚ ਤਪਸਿਆ ਸ਼ੁਰੂ ਕਰ ਦਿੱਤੀ ਅਤੇ 12 ਸਾਲ ਲਗਾਤਾਰ ਤਪਸਿਆ ਕਰਨ ਉਪਰੰਤ ਆਪਣੇ ਸ਼ਰਧਾਲੂਆਂ ਸਹਿਤ ਹਜ਼ੂਰ ਸਾਹਿਬ

ਗੁਰੂ-ਧਾਮ ਦੀ ਯਾਤ੍ਰਾ ਕੀਤੀ। ਸੰਨ 1903 ਈ. ਵਿਚ ਇਹ ਅੰਮ੍ਰਿਤਸਰ ਜਾ ਕੇ ਮਲਵਈ ਬੁੰਗੇ ਵਿਚ ਰਹਿਣ ਲਗ ਗਏ। ਉਥੇ ਸੰਤ ਸ਼ਾਮ ਸਿੰਘ ਰਾਗੀ ਦੇ ਸੰਪਰਕ ਵਿਚ ਆਏ।

ਸੰਤ ਗੁਰਮੁਖ ਸਿੰਘ ਨੇ ਨਾਮ-ਸਿਮਰਨ ਤੋਂ ਇਲਾਵਾ 'ਸੇਵਾ' ਨੂੰ ਆਪਣੇ ਜੀਵਨ ਦਾ ਲਕਸ਼ ਬਣਾ ਲਿਆ। ਸਵੇਰੇ ਉਠਦਿਆਂ ਹੀ ਇਹ ਹਰਿਮੰਦਿਰ ਸਾਹਿਬ ਦੇ ਸਰੋਵਰ ਦੀਆਂ ਪੌੜੀਆਂ ਦੀ ਸਫ਼ਾਈ ਸ਼ੁਰੂ ਕਰ ਦਿੰਦੇ। ਇਨ੍ਹਾਂ ਨੇ ਸੰਨ 1914 ਈ. ਤੋਂ ਕਾਰਸੇਵਾ ਨੂੰ ਜੀਵਨ-ਮਨੋਰਥ ਬਣਾਉਣ ਦੀ ਪ੍ਰਤਿਗਿਆ ਕਰ ਲਈ। ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਸੰਤੋਖਸਰ ਦੀ ਕਾਰ-ਸੇਵਾ ਕੀਤੀ। ਫਿਰ ਕਾਰ -ਸੇਵਾ ਦਾ ਸਿਲਸਿਲਾ ਹੀ ਚਲ ਪਿਆ। ਸੰਨ 1923-28 ਈ. ਵਿਚ ਇਨ੍ਹਾਂ ਨੇ ਤਰਨਤਾਰਨ ਗੁਰੂ-ਧਾਮ ਦੇ ਸਰੋਵਰ ਦੀ ਗਾਰ ਕਢਣ, ਪੌੜੀਆਂ ਬਣਾਉਣ ਅਤੇ ਸਰੋਵਰ ਲਈ ਜਲ ਦੀ ਨਿਰੰਤਰ ਵਿਵਸਥਾ ਕਰਨ ਲਈ ਹੰਸਲੀ ਬਣਵਾਉਣ ਦਾ ਸ਼ਲਾਘਾਯੋਗ ਉਦਮ ਕੀਤਾ। ਫਿਰ ਉਦਾਸੀ ਮਹੰਤ ਪ੍ਰੀਤਮ ਦਾਸ ਅਤੇ ਮਹੰਤ ਸੰਤੋਖ ਦਾਸ ਦੁਆਰਾ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਜਲ ਲਿਆਉਣ ਵਾਲੀ ਹੰਸਲੀ ਦਾ ਪੁਨਰ-ਨਿਰਮਾਣ ਕਰਵਾਇਆ। ਅੰਮ੍ਰਿਤਸਰ ਤੋਂ ਬਾਦ ਆਪ ਨੇ ਮੁਕਤਸਰ ਗੁਰੂ-ਧਾਮ ਨੂੰ ਨਵਾਂ ਰੂਪ ਦਿੱਤਾ, ਫਿਰ ਖਡੂਰ ਸਾਹਿਬ ਵਿਚਲੇ ਗੁਰੂ-ਧਾਮ ਤਪੀਆਣਾ ਸਾਹਿਬ ਦੀ ਨਵੀਂ ਇਮਾਰਤ ਉਸਰਵਾਈ ਅਤੇ ਸਰੋਵਰ ਬਣਵਾਇਆ। ਇਸ ਤੋਂ ਬਾਦ ਬਾਬਾ ਬਕਾਲਾ ਦੇ ਸਰੋਵਰ ਦੀਆਂ ਪੌੜੀਆਂ ਬਣਵਾਈਆਂ ਅਤੇ ਪਰਿਕ੍ਰਮਾ ਦਾ ਫ਼ਰਸ਼ ਪੱਕਾ ਕਰਾਇਆ।

ਕਾਰ-ਸੇਵਾ ਦੇ ਅੰਤਿਮ ਪੜਾ ਵਿਚ ਇਨ੍ਹਾਂ ਨੇ ਨਨਕਾਣਾ ਸਾਹਿਬ ਦੇ ਗੁਰਦੁਆਰਾ ਬਾਲ-ਲੀਲਾ ਅਤੇ ਗੁਰਦੁਆਰਾ ਕਿਆਰਾ ਸਾਹਿਬ ਦੀਆਂ ਨਵੀਆਂ ਇਮਾਰਤਾਂ ਬਣਵਾਈਆਂ। ਸੰਨ 1947 ਈ. ਵਿਚ ਜਦੋਂ ਆਪ ਗੁਰਦੁਆਰਾ ਜਨਮ-ਅਸਥਾਨ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਯੋਜਨਾ ਬਣਾ ਰਹੇ ਸਨ ਤਾਂ ਪੰਜਾਬ ਵੰਡਿਆ ਗਿਆ। ਆਪ ਅੰਮ੍ਰਿਤਸਰ ਆ ਕੇ ਸ਼ਰਣਾਰਥੀਆਂ ਲਈ ਲੰਗਰ ਦੀ ਸੇਵਾ ਕਰਨ ਲਗੇ ਅਤੇ ਨਾਲ ਹੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਨੂੰ ਖੁਲ੍ਹਾ ਕਰਨ ਦੀ ਯੋਜਨਾ ਵਿਚ ਜੁਟ ਗਏ।

30 ਨਵੰਬਰ 1947 ਈ. ਨੂੰ ਸੰਤ ਗੁਰਮੁਖ ਸਿੰਘ ਦਾ ਦੇਹਾਂਤ ਅੰਮ੍ਰਿਤਸਰ ਵਿਚ ਹੋਇਆ ਅਤੇ ਸਸਕਾਰ ਅਪਰ ਬਾਰੀ ਦੁਆਬ ਨਹਿਰ ਦੇ ਕੰਢੇ ਉਸ ਥਾਂ 'ਤੇ ਕੀਤਾ ਗਿਆ, ਜਿਥੇ ਇਕ ਕੁਟੀਆ ਵਿਚ ਇਹ ਰਹਿੰਦੇ ਸਨ। ਆਪ ਸਚਮੁਚ ਸੇਵਾ ਦੀ ਮੂਰਤੀ ਸਨ। ਆਪ ਨੇ ਗੁਰੂ-ਧਾਮਾਂ ਦੀ ਕਾਰ-ਸੇਵਾ ਦੀ ਅਜਿਹੀ ਪਿਰਤ ਪਾਈ ਕਿ ਇਹ ਇਕ ਪਰੰਪਰਾ ਬਣ ਗਈ। ਕਾਰ-ਸੇਵਾ ਲਈ ਆਪ ਨੇ ਕਦੇ ਵੀ ਚੰਦਾ ਇਕੱਠਾ ਨਹੀਂ ਸੀ ਕੀਤਾ, ਸਵੈ-ਇੱਛਾ ਨਾਲ ਹੀ ਸ਼ਰਧਾਲੂ ਦਾਨ-ਪਾਤਰ ਭਰਦੇ ਰਹਿੰਦੇ ਸਨ।

**ਗੁਰਮੁਖ ਸਿੰਘ, ਪ੍ਰੋਫੈਸਰ, ਭਾਈ** (1849-1898): ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਅੰਤਿਮ ਦਹਾਕਿਆਂ ਵਿਚ ਚਲੀ ਸਿੰਘ ਸਭਾ ਲਹਿਰ ਦੇ ਪ੍ਰਮੁਖ ਅਤੇ ਸਰਗਰਮ ਕਾਰਜ-ਕਰਤਾ ਪ੍ਰੋਫੈਸਰ ਗੁਰਮੁਖ ਸਿੰਘ ਦਾ ਜਨਮ 15 ਅਪ੍ਰੈਲ 1849 ਈ. ਨੂੰ ਕਪੂਰਥਲਾ ਨਗਰ ਵਿਚ ਭਾਈ ਬਸਾਵਾ ਸਿੰਘ ਦੇ ਘਰ ਹੋਇਆ। ਭਾਈ ਬਸਾਵਾ ਸਿੰਘ ਪੱਛਮੀ ਪੰਜਾਬ ਦੇ ਗੁਜਰਾਂਵਾਲਾ ਜ਼ਿਲ੍ਹੇ ਦੇ ਚੰਧੜ ਪਿੰਡ ਤੋਂ ਆ ਕੇ ਕਪੂਰਥਲਾ ਨਗਰ ਵਿਚ ਰਹਿਣ ਲਗ ਗਿਆ ਸੀ ਅਤੇ ਉਥੋਂ ਦੇ ਰਾਜੇ ਦੀ ਖਾਧ-ਖ਼ੁਰਾਕ ਦੀ ਨਿਗਰਾਨੀ ਕਰਦਾ ਸੀ। ਬਾਲਕ ਗੁਰਮੁਖ ਸਿੰਘ ਦੀ ਸਿਆਣਪ ਤੋਂ ਪ੍ਰਭਾਵਿਤ ਹੋ ਕੇ ਕੰਵਲ ਬਿਕ੍ਰਮਾ ਸਿੰਘ ਇਸ ਦੀ ਪੜ੍ਹਾਈ ਵਲ ਉਚੇਚਾ ਧਿਆਨ ਦਿੰਦਾ ਸੀ। ਕਪੂਰਥਲੇ ਵਿਚ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਉਪਰੰਤ ਅਗੋਂ ਪੜ੍ਹਨ ਲਈ ਇਸ ਨੂੰ ਗੌਰਮਿੰਟ ਕਾਲਜ ਲਾਹੌਰ ਭੇਜਿਆ ਗਿਆ। ਪਰ ਸਿੱਖ ਸਮਾਜ ਵਿਚ ਆਏ ਨਿਘਾਰ ਨੂੰ ਵੇਖਦਿਆਂ ਇਸ ਨੇ ਪੜ੍ਹਾਈ ਵਿਚ ਹੀ ਛਡ ਦਿੱਤੀ ਅਤੇ ਸੰਨ 1873 ਈ. ਵਿਚ ਅੰਮ੍ਰਿਤਸਰ ਵਿਚ ਸਥਾਪਿਤ ਹੋਈ ਸਿੰਘ ਸਭਾ ਦੀਆਂ ਕਾਰਵਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਓਰਿਐਂਟਲ ਕਾਲਜ ਲਾਹੌਰ ਵਿਚ ਲੈਕਚਰਾਰ ਲਗਣ ਉਪਰੰਤ ਇਸ ਨੇ ਸੰਨ 1877 ਈ. ਵਿਚ ਕਾਲਜ ਦੇ ਪਾਠ-ਕ੍ਰਮ ਵਿਚ ਪੰਜਾਬੀ ਪੜ੍ਹਾਏ ਜਾਣ ਦੀ ਵਿਵਸਥਾ ਕੀਤੀ। ਸਿੰਘ ਸਭਾ, ਅੰਮ੍ਰਿਤਸਰ ਦੇ ਸਨਾਤਨੀ ਧੜੇ ਨਾਲ ਨ ਨਿਭ ਸਕਣ ਕਾਰਣ ਇਸ ਨੇ ਸੰਨ 1879 ਈ. ਵਿਚ ਸਿੰਘ ਸਭਾ, ਲਾਹੌਰ ਦੀ ਸਥਾਪਨਾ ਕਰਨ ਦਾ ਉੱਦਮ ਕੀਤਾ ਅਤੇ ਖ਼ੁਦ ਉਸ ਦੇ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ। ਦੋਹਾਂ ਸਭਾਵਾਂ ਦੇ ਪਰਸਪਰ ਵਿਰੋਧ ਨੂੰ ਖ਼ਤਮ ਕਰਨ ਲਈ ਮੁਖੀ ਸਿੱਖਾਂ ਨੇ ਯਤਨ ਕਰਕੇ 11 ਅਪ੍ਰੈਲ 1883 ਈ. ਨੂੰ ਖ਼ਾਲਸਾ

ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਕੀਤੀ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਉਸ ਦਾ ਪ੍ਰਮੁਖ ਸਕੱਤਰ ਬਣਾਇਆ। ਅੰਮ੍ਰਿਤਸਰ ਸਿੰਘ ਸਭਾ ਦੇ ਸਰਪ੍ਰਸਤ ਬਾਬਾ ਖੇਮ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੱਦੀ ਲਗਾ ਕੇ ਬੈਠਣਾ, ਸਹਿਜਧਾਰੀਆਂ ਨੂੰ ਸਿੰਘ ਸਭਾ ਵਿਚ ਸ਼ਾਮਲ ਕਰਨ ਲਈ ਇਸ ਸਭਾ ਦਾ ਨਾਂ ਬਦਲ ਕੇ 'ਸਿੱਖ ਸਿੰਘ ਸਭਾ' ਕਰਨਾ ਅਤੇ 'ਖ਼ੁਰਸ਼ੀਦ ਖ਼ਾਲਸਾ' ਨਾਮਕ ਪੁਸਤਕ ਨਾਲੋਂ ਸੰਬੰਧ ਨ ਤੋੜਨਾ ਆਦਿ ਮੁੱਦਿਆਂ ਨੂੰ ਲੈ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੋ-ਫਾੜ ਹੋ ਗਿਆ। ਪ੍ਰੋ. ਗੁਰਮੁਖ ਸਿੰਘ ਨੇ ਦੀਵਾਨ ਨਾਲੋਂ ਨਾਤਾ ਤੋੜ ਲਿਆ ਅਤੇ ਬਹੁਤ ਸਾਰੀਆਂ ਸਿੰਘ ਸਭਾਵਾਂ ਨੇ ਵੀ ਦੀਵਾਨ ਨਾਲ ਆਪਣੀ ਸੰਬੰਧਤਾ ਖ਼ਤਮ ਕਰ ਦਿੱਤੀ।

ਪ੍ਰੋ. ਗੁਰਮੁਖ ਸਿੰਘ ਅਤੇ ਇਸ ਦੇ ਸਹਿਯੋਗੀਆਂ ਨੇ 10-11 ਅਪ੍ਰੈਲ 1886 ਈ. ਨੂੰ ਲਾਹੌਰ ਵਿਚ ਇਕ ਮੀਟਿੰਗ ਵਿਚ ਖ਼ਾਲਸਾ ਦੀਵਾਨ ਲਾਹੌਰ ਦੀ ਸਥਾਪਨਾ ਦਾ ਫ਼ੈਸਲਾ ਕੀਤਾ। ਸ. ਅਤਰ ਸਿੰਘ ਭਦੌੜ ਵਾਲੇ ਨੂੰ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਪ੍ਰਮੁਖ ਸਕੱਤਰ ਬਣਾਇਆ ਗਿਆ। ਅੰਮ੍ਰਿਤਸਰ ਧੜੇ ਵਾਲਿਆਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਵਲੋਂ ਛੇਕੇ ਜਾਣ ਦਾ ਮੱਤਾ ਪਾਸ ਕੀਤਾ, ਪਰ ਇਸ ਨੇ ਉਸ ਦੀ ਕੋਈ ਪਰਵਾਹ ਨ ਕਰਕੇ ਆਪਣਾ ਪ੍ਰਚਾਰ-ਕਰਮ ਜਾਰੀ ਰਖਿਆ ਅਤੇ ਅੰਮ੍ਰਿਤਸਰ ਧੜੇ ਉਤੇ ਹਾਵੀ ਬਣਿਆ ਰਿਹਾ ਕਿਉਂਕਿ ਇਕ ਤਾਂ ਅਧਿਕਾਂਸ਼ ਸਿੰਘ ਸਭਾਵਾਂ ਲਾਹੌਰ ਦੀਵਾਨ ਨਾਲ ਸੰਬੰਧਿਤ ਸਨ ਅਤੇ ਦੂਜੇ ਉਦੋਂ ਤਕ ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਿਰ ਸਿੰਘ ਵੀ ਆਰਯ ਸਮਾਜ ਨੂੰ ਛਡ ਕੇ ਖ਼ਾਲਸਾ ਦੀਵਾਨ ਲਾਹੌਰ ਵਿਚ ਸ਼ਾਮਲ ਹੋ ਗਏ ਸਨ। ਇਸ ਤਰ੍ਹਾਂ ਸਭ ਨੇ ਮਿਲ ਕੇ ਲਾਹੌਰ ਵਾਲੇ ਦੀਵਾਨ ਦੀ ਧਾਕ ਬਿਠਾ ਦਿੱਤੀ। ਇਸ ਦੀਵਾਨ ਦੇ ਵਿਸ਼ੇਸ਼ ਉਦਮ ਨਾਲ 5 ਮਾਰਚ 1892 ਈ. ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰਖੀ। ਧਰਮ-ਪ੍ਰਚਾਰ ਦੀ ਗਤਿ ਨੂੰ ਤੇਜ਼ ਕਰਨ ਲਈ ਪ੍ਰੋ. ਗੁਰਮੁਖ ਸਿੰਘ ਨੇ ਪੱਤਰਕਾਰੀ ਦਾ ਸਹਾਰਾ ਲਿਆ। ਸੰਨ 1880 ਈ. ਵਿਚ 'ਗੁਰਮੁਖੀ ਅਖ਼ਬਾਰ' (ਸਪਤਾਹਿਕ) ਅਤੇ 'ਵਿਦਿਆਰਕ' (ਮਾਸਿਕ) ਨਾਂ ਦੀਆਂ ਪਤ੍ਰਿਕਾਵਾਂ ਸ਼ੁਰੂ ਕੀਤੀਆਂ ਅਤੇ ਫਿਰ ਸੰਨ 1885, 1886 ਅਤੇ 1887 ਈ. ਵਿਚ ਕ੍ਰਮਵਾਰ 'ਖ਼ਾਲਸਾ', 'ਸੁਧਾਰਾਰਕ' ਅਤੇ 'ਖ਼ਾਲਸਾ ਗਜ਼ਟ' ਨਾਂ ਦੀਆਂ ਪਤ੍ਰਿਕਾਵਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਵੀ ਕੀਤੀ। ਇਨ੍ਹਾਂ ਨਾਲ ਜਿਥੇ ਪੰਜਾਬੀ ਪੱਤਰਕਾਰੀ ਦਾ ਵਿਕਾਸ ਹੋਇਆ, ਉਥੇ ਨਾਲ ਹੀ ਆਧੁਨਿਕ ਪੰਜਾਬੀ ਵਾਰਤਕ ਲਿਖਣ ਦੀ ਪਿਰਤ ਪਾਈ। ਗੁਰਮੁਖ ਸਿੰਘ ਨੇ ਪੰਜਾਬੀ ਵਿਚ 'ਭਾਰਤ ਦਾ ਇਤਿਹਾਸ' ਦੀ ਰਚਨਾ ਕੀਤੀ ਅਤੇ ਗੁਰਬਾਣੀ ਦੇ ਭਾਵਾਰਥ ਵੀ ਤਿਆਰ ਕੀਤੇ। ਇਸ ਨੇ ਅਧਿਕਤਰ ਪਾਠ-ਪੁਸਤਕਾਂ ਦੀ ਰਚਨਾ ਕੀਤੀ, ਜਿਵੇਂ ਜੋਤਿਸ਼ ਵਿਗਿਆਨ, ਤ੍ਰਿਕੋਨ ਮਿਤੀ, ਰਾਜਨੀਤਿਕ ਅਰਥ-ਵਿਗਿਆਨ, ਇੰਗਲੈਂਡ ਦਾ ਇਤਿਹਾਸ ਆਦਿ। 'ਖ਼ਾਲਸਾ ਧਰਮ ਦਾ ਉਪਦੇਸ਼' ਨਾਂ ਦੀ ਪੁਸਤਕ ਵਿਚ ਗੁਰਮਤਿ ਅਤੇ ਸਿੱਖ ਧਰਮ ਸੰਬੰਧੀ ਵਿਖਿਆਨ ਦਰਜ ਹਨ। ਭਾਈ ਕਰਮ ਸਿੰਘ ਹਿਸਟੋਰੀਅਨ ਨੇ 'ਕਤਕ ਕਿ ਵਿਸਾਖ' ਨਾਂ ਦੀ ਪੁਸਤਕ ਦੀ ਸਾਮਗ੍ਰੀ ਦਾ ਬੀਜ ਰੂਪ ਇਸੇ ਪੁਸਤਕ ਜਾ 'ਸੁਧਾਰਾਰਕ' ਪਤ੍ਰਿਕਾ ਵਿਚ ਸਮੋਇਆ ਹੋਇਆ ਹੈ। ਇਸ ਦੀ ਵਾਰਤਕ ਬੜੀ ਸਸ਼ਕਤ, ਪ੍ਰੌੜ੍ਹ ਅਤੇ ਆਮ ਬੋਲ-ਚਾਲ ਦੇ ਬਹੁਤ ਨੇੜੇ ਹੈ। ਅੰਮ੍ਰਿਤ ਦੀ ਸ਼ਕਤੀ ਦਾ ਮਹੱਤਵ ਦਰਸਾਂਦਿਆਂ ਇਸ ਨੇ ਕਿਤਨੇ ਸੁੰਦਰ ਢੰਗ ਨਾਲ ਗੱਲ ਕਹੀ ਹੈ:

> *ਉਹ ਮੁਰਦਾ ਲੋਕ ਜੋ ਦੁਸ਼ਮਨ ਦੇ ਪਰਛਾਵੇਂ ਆਏ ਡਰ ਕੇ ਭਜ ਨਿਕਲਦੇ ਸੇ, ਓਹੀ ਕੈਸੇ ਬਹਾਦਰ ਹੋ ਨਿਕਲੇ। ਉਹ ਹਿੰਦੂ ਜਾਤੀ ਜੋ ਦੁਨੀਆ ਵਿਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ, ਜਦ ਪੌਹਲ ਲੈ ਕੇ ਖ਼ਾਲਸੇ ਦੇ ਰੂਪ ਵਿਚ ਆਈ, ਦੁਨੀਆ ਦੀ ਤਾਰੀਫ਼ ਦੇ ਲੈਕ ਹੋ ਗਈ ਅਤੇ ਸਭ ਜਗ੍ਹਾ ਇਜ਼ਤ ਪਾਉਣ ਲਗ ਪਈ। ਜੋ ਮੁਰਦੇ ਸੇ ਜਿੰਦਾ ਹੋਏ, ਜੋ ਚਿਥੜੇ ਗਏ ਥੇ, ਸੋ ਮਜ਼ਬੂਤ ਹੋ ਖਲੋਤੇ, ਜੋ ਨਾਚੀਜ਼ ਥੇ, ਸੋ ਸਭ ਤੇ ਚੰਗੀ ਚੀਜ਼ ਹੋ ਗਏ ਅਤੇ ਜੋ ਫ਼ਕੀਰ ਸੇ ਸਰਦਾਰ ਅਤੇ ਕਬੀਰ ਬਨੇ।*

ਪ੍ਰੋ. ਗੁਰਮੁਖ ਸਿੰਘ ਦੀ ਪੰਜਾਬੀ ਵਾਰਤਕ ਆਕਾਰ ਅਤੇ ਸ਼ੈਲੀ ਦੇ ਪੱਖੋਂ ਭਾਵੇਂ ਕੋਈ ਵਿਸ਼ੇਸ਼ ਮਹੱਤਵ ਨਹੀਂ ਰਖਦੀ, ਪਰ ਦਾਰਸ਼ਨਿਕ ਵਿਸ਼ਿਆਂ ਅਤੇ ਗੁਰਮਤਿ ਦੀ ਵਿਆਖਿਆ ਵੇਲੇ ਅਪਣਾਈ ਦ੍ਰਿਸ਼ਟੀ ਨਿਸਚੇ ਹੀ ਇਸ ਦੀ ਵਾਰਤਕ ਨੂੰ ਇਕ ਨਵੇਕਲੀ ਪਛਾਣ ਦਿੰਦੀ ਹੈ ਅਤੇ ਸਮਸਿਆ ਦੀ ਤਹਿ ਤਕ ਪਹੁੰਚ ਕੇ ਉਸ ਦਾ ਹਲ ਲਭ ਲਿਆਉਣਾ ਇਸ ਦੀ ਵਾਰਤਕ ਸ਼ੈਲੀ ਦੀ ਵਿਸ਼ਿਸ਼ਟਤਾ

ਹੈ। ਪਰ ਇਸ ਦੀ ਉਲੇਖਯੋਗ ਦੇਣ ਪੰਜਾਬੀ ਪੱਤਰਕਾਰੀ ਨੂੰ ਵਿਕਸਿਤ ਕਰਨ ਅਤੇ ਉਸ ਦੇ ਮਾਧਿਅਮ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਅਤੇ ਪੰਜਾਬੀ ਵਾਰਤਕ ਨੂੰ ਉੱਨਤ ਕਰਨ ਵਿਚ ਹੈ। ਇਸ ਵਲੋਂ ਪੰਜਾਬੀ ਪੜ੍ਹਾਈ ਦਾ ਪ੍ਰਚਾਰ ਕਰਨਾ ਵੀ ਬੜੀ ਅਹਿਮੀਅਤ ਰਖਦਾ ਹੈ।

ਮਹਾਰਾਜਾ ਧੌਲਪੁਰ ਤੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਲਈ ਚੰਦਾ ਲੈਣ ਨੂੰ ਕੰਡਾਘਾਟ ਗਏ ਪ੍ਰੋ. ਗੁਰਮੁਖ ਸਿੰਘ ਨੂੰ 24 ਸਤੰਬਰ 1898 ਈ. ਨੂੰ ਦਿਲ ਦਾ ਦੌਰਾ ਪਿਆ ਜੋ ਘਾਤਕ ਸਾਬਤ ਹੋਇਆ। ਪ੍ਰੋ. ਗੁਰਮੁਖ ਸਿੰਘ, ਸਿੰਘ ਸਭਾ ਲਾਹੌਰ ਦੀ ਰੂਹ ਸੀ। ਇਸ ਦੇ ਗੁਜ਼ਰਨ ਨਾਲ ਇਕ ਵੱਡਾ ਖ਼ਲਾ ਪੈਦਾ ਹੋ ਗਿਆ, ਜੋ ਬਾਦ ਵਿਚ ਕਦੇ ਵੀ ਪੂਰਿਆ ਨ ਜਾ ਸਕਿਆ।

**ਗੁਰਮੁਖ ਸਿੰਘ, ਬਾਬਾ** (1888-1977 ਈ.): ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਉਦੇਸ਼ ਤੋਂ ਬਣੀ ਗ਼ਦਰ ਪਾਰਟੀ ਦੇ ਇਕ ਸਰਗਰਮ ਕਾਰਜ-ਕਰਤਾ ਵਜੋਂ ਉਭਰੇ ਬਾਬਾ ਗੁਰਮੁਖ ਸਿੰਘ ਦਾ ਜਨਮ ਸੰਨ 1888 ਈ. ਵਿਚ ਸ. ਹੁਸ਼ਨਾਕ ਸਿੰਘ ਦੇ ਘਰ ਲੁਧਿਆਣਾ ਜ਼ਿਲ੍ਹਾ ਦੇ ਲਲਤੋਂ ਖ਼ੁਰਦ ਪਿੰਡ ਵਿਚ ਹੋਇਆ। ਇਸ ਨੇ ਲੁਧਿਆਣੇ ਵਿਚ ਵਿਦਿਆ ਪ੍ਰਾਪਤ ਕੀਤੀ। ਕੈਨੇਡਾ ਜਾਣ ਦੇ ਮੋਹ ਵਿਚ ਸੰਨ 1914 ਈ. ਵਿਚ ਇਸ ਨੇ ਕਾਮਾਗਾਟਾ ਮਾਰੂ ਜਹਾਜ਼ ਵਿਚ ਸਫ਼ਰ ਕੀਤਾ, ਪਰ ਬਦਕਿਸਮਤੀ ਕਾਰਣ ਕੈਨੇਡਾ ਦਾਖ਼ਲ ਨ ਹੋ ਸਕਿਆ ਅਤੇ ਪਰਤ ਕੇ ਬਜਬਜ ਘਾਟ ਉਤੇ ਆ ਉਤਰਿਆ। ਇਸ ਨੂੰ ਪਕੜ ਕੇ ਪੰਜਾਬ ਲਈ ਤਿਆਰ ਖੜੀ ਗੱਡੀ ਵਿਚ ਬਿਠਾ ਦਿੱਤਾ ਗਿਆ ਅਤੇ ਪੰਜਾਬ ਪਹੁੰਚਣ 'ਤੇ ਇਸ ਨੂੰ ਪਿੰਡ ਵਿਚ ਹੀ ਪੁਲਿਸ ਨਿਗਰਾਨੀ ਹੇਠ ਰਖਿਆ ਗਿਆ। ਇਸ ਨੇ ਖ਼ੁਫ਼ੀਆ ਢੰਗ ਲਾਲ ਸ. ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਦੁਆਰਾ ਪੰਜਾਬ ਵਿਚ ਚਲਾਈ ਜਾ ਰਹੀ ਗ਼ਦਰ ਪਾਰਟੀ ਦੀ ਗਤਿਵਿਧੀ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਇਸ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਾਹਨੇਵਾਲ ਅਤੇ ਮਨਸੂਰਾਂ ਵਿਚ ਹੋਈਆਂ ਦੋ ਡਕੈਤੀਆਂ ਵਿਚ ਹਿੱਸਾ ਲਿਆ ਅਤੇ ਪੰਜਾਬ ਦੀਆਂ ਛਾਵਣੀਆਂ ਵਿਚ ਸੈਨਿਕਾਂ ਨਾਲ ਵੀ ਗੁਪਤ ਸੰਪਰਕ ਕਾਇਮ ਕਰਨ ਦੇ ਯਤਨ ਕੀਤੇ।

ਸੰਨ 1916 ਈ. ਦੇ ਲਾਹੌਰ ਸਾਜ਼ਿਸ਼ ਕੇਸ ਵਿਚ ਇਸ ਨੂੰ ਪਕੜਿਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਭੁਗਤਣ ਲਈ ਅੰਡੇਮਾਨ ਭੇਜਿਆ ਗਿਆ। ਕੁਝ ਵਰ੍ਹਿਆਂ ਬਾਦ ਜਦੋਂ ਇਸ ਨੂੰ ਹਿੰਦੁਸਤਾਨ ਵਿਚ ਵਾਪਸ ਲਿਆਉਣ ਲਈ ਮਦਰਾਸ ਦੀ ਕਿਸੇ ਜੇਲ੍ਹ ਵਿਚ ਬਦਲਿਆ ਜਾ ਰਿਹਾ ਸੀ ਤਾਂ ਇਹ ਗੱਡੀ ਤੋਂ ਛਾਲ ਮਾਰ ਕੇ ਭਜ ਗਿਆ ਅਤੇ ਜਿਵੇਂ ਕਿਵੇਂ ਨਾਂਦੇੜ ਦੇ ਹਜ਼ੂਰ ਸਾਹਿਬ ਗੁਰੂ-ਧਾਮ ਵਿਚ ਪਹੁੰਚਿਆ। ਉਥੋਂ ਇਹ ਭੇਸ ਬਦਲ ਕੇ ਅੰਮ੍ਰਿਤਸਰ ਆਇਆ ਅਤੇ ਕੁਝ ਸਾਲ ਉਥੇ ਬਿਤਾਉਣ ਤੋਂ ਬਾਦ ਰੂਸ ਪਹੁੰਚ ਗਿਆ। ਉਥੇ ਇਸ ਨੇ ਸਾਮ੍ਯਵਾਦ ਦੇ ਸਿੱਧਾਂਤਾਂ ਦਾ ਅਧਿਐਨ ਕੀਤਾ ਅਤੇ ਪੰਜਾਬ ਤੋਂ ਕਈ ਨੌਜਵਾਨਾਂ ਨੂੰ ਸਾਮ੍ਯਵਾਦੀ ਵਿਚਾਰ-ਧਾਰਾ ਵਿਚ ਪ੍ਰਪਕ ਹੋਣ ਲਈ ਰੂਸ ਭੇਜਣ ਦੀ ਵਿਵਸਥਾ ਕੀਤੀ। ਸੰਨ 1934 ਈ. ਵਿਚ ਇਹ ਹਿੰਦੁਸਤਾਨ ਪਹੁੰਚ ਗਿਆ ਪਰ ਜਲਦੀ ਹੀ ਪਕੜ ਲਿਆ ਗਿਆ ਅਤੇ ਦੇਸ਼ ਦੀ ਆਜ਼ਾਦੀ ਤਕ ਕੈਦ ਵਿਚ ਹੀ ਰਿਹਾ। ਮੁਕਤ ਹੋਣ 'ਤੇ ਇਸ ਨੇ ਸਾਮ੍ਯਵਾਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਦੋ ਮੈਗਜ਼ੀਨ ਪ੍ਰਕਾਸ਼ਿਤ ਕਰਨੇ ਸ਼ੁਰੂ ਕੀਤੇ। ਇਨ੍ਹਾਂ ਵਿਚੋਂ ਇਕ ਅੰਗ੍ਰੇਜ਼ੀ ਦਾ ਮਾਸਿਕ 'ਪਾਥ ਆਫ਼ ਪੀਸ' ਸੀ ਅਤੇ ਦੂਜਾ ਪੰਜਾਬੀ ਦਾ ਸਪਤਾਹਿਕ 'ਦੇਸ਼ ਭਗਤ ਯਾਦਾਂ' ਸੀ। ਪਰ ਮਾਇਕ ਔਕੜਾਂ ਕਰਕੇ ਇਹ ਬਹੁਤ ਸਮਾਂ ਨ ਚਲ ਸਕੇ। ਇਸ ਨੇ ਸਾਰਾ ਜੀਵਨ ਸਾਮ੍ਯਵਾਦੀ ਵਿਚਾਰਧਾਰਾ ਦੇ ਵਿਆਪਕ ਪ੍ਰਸਾਰਨ ਵਿਚ ਲਗਾ ਦਿੱਤਾ। ਜਲੰਧਰ ਸ਼ਹਿਰ ਵਿਚ 'ਦੇਸ਼ ਭਗਤ ਮੈਮੋਰੀਅਲ ਹਾਲ' ਸਥਾਪਿਤ ਕਰਨ ਵਿਚ ਵੀ ਇਸ ਨੇ ਵਿਸ਼ੇਸ਼ ਰੁਚੀ ਲਈ। ਇਸ ਦਾ 13 ਮਾਰਚ 1977 ਈ. ਨੂੰ ਜਲੰਧਰ ਵਿਚ ਦੇਹਾਂਤ ਹੋਇਆ।

**ਗੁਰਮੁਖ ਸਿੰਘ ਮੁਸਾਫ਼ਰ, ਗਿਆਨੀ** (1899-1976 ਈ.): ਪੰਜਾਬ ਦੇ ਪ੍ਰਸਿੱਧ ਰਾਜਨੈਤਿਕ ਆਗੂ ਅਤੇ ਪੰਜਾਬੀ ਦੇ ਸਥਾਪਿਤ ਕਵੀ ਗਿਆਨੀ ਗੁਰਮੁਖ ਸਿੰਘ ਦਾ ਜਨਮ ਪੱਛਮੀ ਪੰਜਾਬ ਦੇ ਕੈਂਬਲਪੁਰ ਜ਼ਿਲ੍ਹੇ ਦੇ 'ਅੱਧਵਾਲ' ਨਾਂ ਦੇ ਕਸਬੇ ਵਿਚ 15 ਜਨਵਰੀ 1899 ਈ. ਨੂੰ ਸ. ਸੁਜਾਨ ਸਿੰਘ ਦੇ ਘਰ ਹੋਇਆ, ਜੋ ਖੇਤੀ-ਬਾੜੀ ਅਤੇ ਥੋੜਾ ਸਾਹੂਕਾਰਾ ਕਰਦਾ ਸੀ। ਇਸ ਨੇ ਮੁੱਢਲੀ ਤਾਲੀਮ ਆਪਣੇ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਮਿਡਲ ਦਾ ਇਮਤਿਹਾਨ ਪਾਸ ਕਰਨ ਲਈ ਰਾਵਲਪਿੰਡੀ ਗਿਆ। ਫਿਰ ਹੋਰ ਪੜ੍ਹਨ ਲਈ ਇਸ ਨੂੰ ਲਾਹੌਰ ਭੇਜਿਆ ਗਿਆ। ਉਥੋਂ ਜੇ.ਵੀ.ਟੀ.

ਦੀ ਪਰੀਖਿਆ ਪਾਸ ਕਰਕੇ ਸੰਨ 1918 ਈ. ਵਿਚ ਪਹਿਲਾਂ ਡਿਸਟ੍ਰਿਕ ਬੋਰਡ ਚਕਰੀ ਦੇ ਸਕੂਲ ਵਿਚ ਅਤੇ ਫਿਰ ਰਾਵਲਪਿੰਡੀ ਜ਼ਿਲ੍ਹੇ ਦੇ ਕਹੂਟਾ ਤਹਿਸੀਲ ਦੇ ਕੱਲਰ ਕਸਬੇ ਦੇ ਖ਼ਾਲਸਾ ਹਾਈ ਸਕੂਲ ਵਿਚ ਅਧਿਆਪਕ ਜਾ ਲਗਿਆ। ਧਾਰਮਿਕ ਵਿਸ਼ਾ ਪੜ੍ਹਾਉਣ ਕਾਰਣ ਇਸ ਨੂੰ 'ਗਿਆਨੀ' ਕਿਹਾ ਜਾਣ ਲਗਿਆ ਅਤੇ ਕਵੀ ਹੋਣ ਕਾਰਣ ਇਸ ਨੇ ਆਪਣਾ ਤਖ਼ਲਸ 'ਮੁਸਾਫ਼ਰ' ਰਖ ਲਿਆ। ਇਸ ਨੇ ਐਸ.ਵੀ. ਪਾਸ ਕਰਕੇ ਬਸਾਲੀ ਵਿਚ ਹੈਡ ਵਰਨੈਕੁਲਰ ਅਧਿਆਪਕ ਦੀ ਨੌਕਰੀ ਕਰ ਲਈ।

ਜਲਿਆਂ ਵਾਲੇ ਬਾਗ਼ ਅਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕਿਆਂ ਨੇ ਗੁਰਮੁਖ ਸਿੰਘ ਨੂੰ ਧੁਰ ਅੰਦਰੋਂ ਝੰਝੋੜ ਦਿੱਤਾ। ਸੰਨ 1922 ਈ. ਵਿਚ ਅਧਿਆਪਨ ਦਾ ਕਾਰਜ ਛਡ ਕੇ ਇਹ ਗੁਰਦੁਆਰਾ ਸੁਧਾਰ ਲਹਿਰ ਵਿਚ ਕੁਦ ਪਿਆ ਅਤੇ ਧਾਰਮਿਕ ਦੀਵਾਨਾਂ ਵਿਚ ਸਿੱਖੀ ਜਜ਼ਬੇ ਅਤੇ ਦੇਸ਼-ਭਗਤੀ ਵਾਲੀਆਂ ਕਵਿਤਾਵਾਂ ਸੁਣਾ ਕੇ ਲੋਕ-ਮਨ ਨੂੰ ਪ੍ਰਭਾਵਿਤ ਕਰਨ ਲਗਾ। ਸੰਨ 1922 ਈ. ਵਿਚ 'ਗੁਰੂ ਕਾ ਬਾਗ਼' ਦੇ ਮੋਰਚੇ ਵਿਚ ਹਿੱਸਾ ਲਿਆ ਅਤੇ ਪਕੜੇ ਜਾਣ ਕਾਰਣ ਇਸ ਨੂੰ ਜੇਲ੍ਹ ਜਾਣਾ ਪਿਆ। ਉਸ ਮੌਕੇ 'ਤੇ ਲਿਖੀ ਕਵਿਤਾ ਦੀ ਵੰਨਗੀ ਇਸ ਪ੍ਰਕਾਰ ਹੈ— *ਦਿਲਾ ਚਲ ਖਾਂ ਗੁਰੂ ਦੇ ਬਾਗ਼ ਚਲੀਏ, ਜਾਏ ਵੇਖੀਏ ਯਾਰ ਨਿਸ਼ਾਨੀਆਂ। ਮੱਥਾ ਟੇਕੀਏ ਚੁਮੀਏ ਧਰਤ ਜਾ ਕੇ ਅੱਖੀਂ ਵੇਖੀਏ ਸੁਣੀਆਂ ਕਹਾਣੀਆਂ ਨੂੰ।* ਸੰਨ 1930 ਈ. ਵਿਚ ਇਕ ਸਾਲ ਲਈ ਇਹ ਅਕਾਲ ਤਖ਼ਤ ਦਾ ਜੱਥੇਦਾਰ ਰਿਹਾ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਵੀ ਰਿਹਾ। ਰਾਸ਼ਟਰੀ ਪੱਧਰ ਤੇ ਕਾਂਗ੍ਰਸ ਪਾਰਟੀ ਵਲੋਂ ਸੰਨ 1930 ਈ. ਵਿਚ ਚਲਾਏ ਸਿਵਲ-ਨਾ-ਫ਼ਰਮਾਨੀ ਅੰਦੋਲਨ ਵਿਚ ਹਿੱਸਾ ਲੈਣ 'ਤੇ ਗ੍ਰਿਫ਼ਤਾਰ ਹੋਇਆ। ਇਸ ਤੋਂ ਬਾਦ ਵੀ ਕਾਂਗ੍ਰਸ ਵਲੋਂ ਚਲਾਏ ਕਈ ਅੰਦੋਲਨਾਂ ਵਿਚ ਇਸ ਨੇ ਹਿੱਸਾ ਲਿਆ ਅਤੇ ਕੈਦ ਕਟੀ। ਜੇਲ੍ਹ ਵਿਚ ਕੈਦ ਕਟਣ ਦੌਰਾਨ ਹੀ ਇਸ ਦੇ ਪਿਤਾ ਅਤੇ ਚਾਚੇ ਦੀ ਮ੍ਰਿਤੂ ਹੋ ਗਈ। ਸੰਨ 1944 ਈ. ਵਿਚ ਲੜਕਾ ਅਤੇ ਸੰਨ 1945 ਈ. ਵਿਚ ਲੜਕੀ ਵੀ ਪਿਉ ਨੂੰ ਉਡੀਕਦੀ ਗੁਜ਼ਰ ਗਈ। ਪਰ ਇਹ ਅਡੋਲ ਸਾਰੇ ਦੁਖ ਜਰਦਾ ਰਿਹਾ।

ਦੇਸ਼ ਵੰਡ ਤੋਂ ਬਾਦ ਇਸ ਨੇ ਸ਼ਰਣਾਰਥੀਆਂ ਦੇ ਪੁਨਰ-ਵਾਸ ਵਿਚ ਬਹੁਤ ਯੋਗਦਾਨ ਪਾਇਆ ਅਤੇ ਉਨ੍ਹਾਂ ਦੀਆਂ ਥੁੜਾਂ ਵਲ ਧਿਆਨ ਦਿੱਤਾ।

ਸੰਨ 1949 ਈ. ਵਿਚ ਇਹ ਪੰਜਾਬ ਪ੍ਰਦੇਸ਼ ਕਾਂਗ੍ਰਸ ਦਾ ਪ੍ਰਧਾਨ ਬਣਾਇਆ ਗਿਆ ਅਤੇ 13 ਸਾਲ ਪ੍ਰਧਾਨਗੀ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ। ਇਸ ਨੂੰ ਆਲ ਇੰਡੀਆ ਕਾਂਗ੍ਰਸ ਕਮੇਟੀ ਦਾ ਕਈ ਵਾਰ ਮੈਂਬਰ ਨਾਮਜ਼ਦ ਕੀਤਾ ਗਿਆ। ਸੰਨ 1952 ਤੋਂ 1966 ਈ. ਤਕ ਇਹ ਤਿੰਨ ਵਾਰ ਲੋਕ ਸਭਾ ਦੇ ਮੈਂਬਰ ਵਜੋਂ ਚੋਣ ਜਿਤਿਆ ਅਤੇ ਸੰਨ 1968 ਈ. ਤੋਂ 1976 ਈ. ਤਕ ਦੋ ਵਾਰ ਰਾਜ ਸਭਾ ਦਾ ਮੈਂਬਰ ਚੁਣਿਆ ਗਿਆ। ਸੰਨ 1966 ਈ. ਵਿਚ ਪੰਜਾਬੀ ਸੂਬੇ ਦੀ ਸਥਾਪਨਾ ਕੀਤੇ ਜਾਣ 'ਤੇ ਇਸ ਨੂੰ ਪਹਿਲਾ ਮੁੱਖ ਮੰਤਰੀ ਬਣਾਇਆ ਗਿਆ। ਚਾਰ ਮਹੀਨਿਆਂ ਦੇ ਅੰਦਰ ਅੰਦਰ ਚੋਣ ਕਰਵਾ ਕੇ ਇਹ ਫਰਵਰੀ 1967 ਈ. ਨੂੰ ਦਿੱਲੀ ਪਰਤ ਗਿਆ। ਇਸ ਦੀ ਸ਼ਖ਼ਸੀਅਤ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਸੀ ਕਿ ਇਹ ਕਿਸੇ ਪਦਵੀ ਨੂੰ ਹਾਸਲ ਕਰਨ ਲਈ ਬੇਚੈਨ ਨਹੀਂ ਹੋਇਆ, ਸਗੋਂ ਪਦਵੀਆਂ ਖ਼ੁਦ ਹੀ ਇਸ ਤਕ ਪਹੁੰਚੀਆਂ। ਇਸ ਨੂੰ ਮਰਣ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਮੁਸਾਫ਼ਰ ਦੀ ਰਾਜਨੀਤੀ ਨਾਲੋਂ ਵਧ ਰੁਚੀ ਸਾਹਿਤ ਵਿਚ ਸੀ। ਇਸ ਨੇ ਇਕ ਥਾਂ ਕਿਹਾ ਹੈ ਕਿ ਸਿਆਸਤਦਾਨ ਮੈਂ ਨਹੀਂ ਸਾਂ, ਪਰ ਦੇਸ਼ ਦੇ ਹਾਲਾਤ ਨੇ ਮੈਨੂੰ ਮਜਬੂਰ ਕਰ ਦਿੱਤਾ ਕਿ ਰਾਜਨੀਤੀ ਵਿਚ ਮੈਂ ਆਪਣਾ ਫ਼ਰਜ਼ ਨਿਭਾਵਾਂ। ਸਪੱਸ਼ਟ ਹੈ ਕਿ ਬੁਨਿਆਦੀ ਤੌਰ 'ਤੇ ਇਹ ਸਾਹਿਤਕਾਰ ਸੀ। ਇਸ ਦੇ ਨੌਂ ਕਾਵਿ-ਸੰਗ੍ਰਹਿ ਛਪੇ ਮਿਲਦੇ ਹਨ, ਜਿਵੇਂ— ਸਬਰ ਦੇ ਬਾਣ, ਪ੍ਰੇਮ ਬਾਣ, ਜੀਵਨ ਪੰਧ, ਮੁਸਾਫ਼ਰੀਆਂ, ਟੁੱਟੇ ਖੰਭ, ਕਾਵਿ ਸੁਨੇਹੇ, ਸਹਿਜਸੇਤੀ, ਵਖਰਾ ਵਖਰਾ ਕਤਰਾ ਕਤਰਾ ਅਤੇ ਦੂਰ ਨੇੜੇ। ਕਵਿਤਾ ਤੋਂ ਇਲਾਵਾ ਮੁਸਾਫ਼ਰ ਨੇ ਕਹਾਣੀਆਂ ਵੀ ਲਿਖੀਆਂ ਹਨ ਅਤੇ ਇਸ ਦੇ ਅਨੇਕ ਕਹਾਣੀ ਸੰਗ੍ਰਹਿ ਉਪਲਬਧ ਹਨ, ਜਿਵੇਂ— ਵਖਰੀ ਦੁਨੀਆ, ਆਹਲਣੇ ਦੇ ਬੋਟ, ਕੰਧਾਂ ਬੋਲ ਪਈਆਂ, ਸਤਾਈ ਜਨਵਰੀ, ਅੱਲਾ ਵਾਲੇ, ਗੁਟਾਰ, ਸਭ ਅੱਛਾ, ਸਸਤਾ ਤਮਾਸ਼ਾ, ਉਰਵਾਰ ਪਾਰ ਆਦਿ। ਇਸ ਨੇ ਤਿੰਨ ਜੀਵਨੀਆਂ ਅਤੇ ਇਕ ਸੰਖੇਪ-ਜੀਵਨੀ ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤੇ ਹਨ, ਜਿਵੇਂ— ਵੇਖਿਆ ਸੁਣਿਆ ਗਾਂਧੀ, ਵੇਖਿਆ ਸੁਣਿਆ ਨਹਿਰੂ, ਬਾਗ਼ੀ ਜਰਨੈਲ ਅਤੇ ਵੀਹਵੀਂ ਸਦੀ ਦੇ ਸ਼ਹੀਦ। ਇਸ ਨੇ ਪੱਤਰਕਾਰੀ ਵਿਚ ਵੀ

ਰੁਚੀ ਵਿਖਾਈ ਅਤੇ ਭਖਦੇ ਮਸਲਿਆਂ ਬਾਰੇ ਲਿਖ ਕੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ। ਇਸ ਨੇ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਾਹਿਤਿਕ ਜਾਂ ਲੇਖਕ ਸੰਮੇਲਨਾਂ ਵਿਚ ਭਾਗ ਲਿਆ। ਅਨੇਕ ਸਾਹਿਤਿਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਸਨਮਾਨੇ ਗਏ ਮੁਸਾਫ਼ਰ ਨੂੰ ਸੰਨ 1978 ਈ. ਵਿਚ 'ਉਪਰਵਾਰ ਪਾਰ' ਕਹਾਣੀ-ਸੰਗ੍ਰਹਿ ਉਤੇ ਮਰਣ ਉਪਰੰਤ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਦਿੱਤਾ ਗਿਆ। ਪੈਪਸੂ ਦੇ ਪੰਜਾਬੀ ਮਹਿਕਮੇ ਵਲੋਂ ਵੀ ਇਸ ਨੂੰ ਵਿਸ਼ੇਸ਼ ਕਵੀ ਹੋਣ ਦਾ ਸਨਮਾਨ ਪ੍ਰਦਾਨ ਕੀਤਾ ਗਿਆ।

ਸੰਜੀਦਾ ਸਭਾ ਅਤੇ ਬੇਲਾਗ ਸ਼ਖ਼ਸੀਅਤ ਵਾਲੇ ਗਿਆਨੀ ਗੁਰਮੁਖ ਸਿੰਘ ਦਾ ਦੇਹਾਂਤ 18 ਜਨਵਰੀ 1976 ਈ. ਨੂੰ ਨਵੀਂ ਦਿੱਲੀ ਵਿਚ ਹੋਇਆ।

**ਗੁਰਮੁਖੀ-ਲਿਪੀ** : ਪੰਜਾਬੀ ਭਾਸ਼ਾ ਨੂੰ ਲਿਖਣ ਲਈ ਵਰਤੀ ਜਾਂਦੀ ਇਸ ਲਿਪੀ ਦੀ ਕਾਢ ਗੁਰੂ ਅੰਗਦ ਜੀ ਨਾਲ ਸੰਬੰਧਿਤ ਕੀਤੀ ਜਾਂਦੀ ਹੈ। ਪੰਜਾਬੀ ਭਾਸ਼ੀ ਰਚਨਾਵਾਂ ਨੂੰ ਲਿਖਣ ਲਈ ਵਰਤੀ ਜਾਂਦੀ ਲਿਪੀ 'ਗੁਰਮੁਖੀ' ਦੇ ਆਰੰਭਿਕ ਇਤਿਹਾਸ, ਇਸ ਵਿਚਲੇ ਅੱਖਰਾਂ ਅਤੇ ਇਸ ਦੇ ਨਾਂ ਬਾਰੇ ਕਈ ਗ਼ਲਤ-ਫ਼ਹਿਮੀਆਂ ਪ੍ਰਚਲਿਤ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਅਤੇ ਵਸਤੂ-ਸਥਿਤੀ ਤਕ ਪਹੁੰਚਣ ਲਈ ਗੁਰੂ ਨਾਨਕ ਦੇਵ ਜੀ ਰਚਿਤ 'ਪਟੀ' ਨਾਂ ਦੀ ਰਚਨਾ ਤੋਂ ਗੱਲ ਸ਼ੁਰੂ ਕਰਨੀ ਪਵੇਗੀ। ਇਸ 'ਪਟੀ' ਦਾ ਰਚਨਾ-ਕਾਲ ਸਪੱਸ਼ਟ ਨਹੀਂ ਹੈ। 'ਪੁਰਾਤਨ ਜਨਮਸਾਖੀ' ਅਨੁਸਾਰ ਇਸ ਦਾ ਉੱਚਾਰਣ ਉਦੋਂ ਹੋਇਆ ਸੀ ਜਦੋਂ ਸੱਤ ਵਰ੍ਹਿਆਂ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਨੂੰ ਪਾਂਧੇ ਪਾਸ ਪੜ੍ਹਨੇ ਪਾਇਆ ਗਿਆ। ਬਾਲੇ ਵਾਲੀ ਜਨਮਸਾਖੀ ਤੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ।

ਕੁਝ ਕਾਰਣਾਂ ਕਰਕੇ ਵਿਦਵਾਨ ਜਨਮਸਾਖੀਆਂ ਵਿਚ 'ਪਟੀ' ਸੰਬੰਧੀ ਸੰਕੇਤਿਤ ਰਚਨਾ-ਕਾਲ ਬਾਰੇ ਸੰਤੁਸ਼ਟ ਨਹੀਂ ਹਨ। ਇਕ ਇਸ ਲਈ ਕਿ ਵਖ ਵਖ ਜਨਮਸਾਖੀਆਂ ਵਿਚ ਬਾਣੀਆਂ ਦੀਆਂ ਰਚਨਾ ਸੰਬੰਧੀ ਲਿਖੀਆਂ ਉਥਾਨਿਕਾਵਾਂ ਵਿਚ ਸਮੇਂ ਅਤੇ ਸਥਾਨ ਦੀ ਸਮਾਨਤਾ ਨਹੀਂ ਹੈ। ਦੂਜਾ ਇਹ ਕਿ 'ਪਟੀ' ਬਾਣੀ ਦੀ ਭਾਵਨਾ ਅਤੇ ਅਨੁਭਵ ਰਚੈਤਾ ਦੀ ਪ੍ਰੌੜ੍ਹ ਅਵਸਥਾ ਦੀਆਂ ਸੂਚਕ ਹਨ। ਤੀਜਾ ਇਹ ਕਿ ਇਹ ਇਕ ਕਾਵਿ-ਰੂਪ ਹੈ ਜਿਸ ਨੂੰ ਮੱਧ-ਯੁਗ ਦੇ ਅਨੇਕ ਸੰਤਾਂ ਜਾਂ ਬਾਣੀਕਾਰਾਂ ਨੇ ਪੜ੍ਹਨ ਲਿਖਣ ਦੇ ਸਹੀ ਸਰੂਪ ਨੂੰ ਪ੍ਰਗਟ ਕਰਨ ਲਈ ਅਪਣਾਇਆ ਹੈ। ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਸੰਤ ਕਬੀਰ ਜੀ ਨੇ ਵੀ ਕ੍ਰਮਵਾਰ ਪੱਟੀ ਅਤੇ ਬਾਵਨ-ਅੱਖਰੀਆਂ ਲਿਖੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਰਚੀ 'ਓਅੰਕਾਰ' ਨਾਂ ਦੀ ਬਾਣੀ ਵੀ ਇਸੇ ਪਰੰਪਰਾ ਦੀ ਰਚਨਾ ਹੈ। ਫਲਸਰੂਪ 'ਪਟੀ' ਦੀ ਰਚਨਾ-ਪ੍ਰਕ੍ਰਿਆ ਨੂੰ ਕਿਸੇ ਵਿਸ਼ੇਸ਼ ਪ੍ਰਸੰਗ ਜਾਂ ਘਟਨਾ ਨਾਲ ਸੰਬੰਧਿਤ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ। ਚੌਥਾ ਇਹ ਕਿ ਜੇ 'ਪਟੀ' ਦੇ ਲਿਖਣ ਜਾਂ ਉੱਚਾਰਣ ਦਾ ਸਮਾਂ ਬਾਲ-ਕਾਲ ਹੈ, ਤਾਂ 70 ਵਰ੍ਹਿਆਂ ਦੀ ਉਮਰ ਵਿਚ ਗੁਰੂ-ਗੱਦੀ ਉਪਰ ਬਿਰਾਜਮਾਨ ਹੋਣ ਵਾਲੇ ਗੁਰੂ ਅਮਰਦਾਸ ਜੀ ਨੇ ਕਿਸੇ ਪਾਂਧੇ ਪ੍ਰਤਿ ਆਪਣੀ ਲਿਖੀ 'ਪਟੀ' ਨੂੰ ਉਚਾਰਿਆ ਹੋਵੇਗਾ? ਪੰਜਵਾਂ ਇਹ ਕਿ ਇਸ ਬਾਣੀ ਦੀ ਅੰਤਿਮ ਤੁਕ ਵਿਚ ਗੁਰੂ ਜੀ ਨੇ ਆਪਣੇ ਲਈ 'ਸਾਇਰ' ਸ਼ਬਦ ਦੀ ਵਰਤੋਂ ਕੀਤੀ ਹੈ। ਇਹ ਸ਼ਬਦ ਤਦੋਂ ਵਰਤਿਆ ਜਾ ਸਕਦਾ ਹੈ, ਜਦੋਂ ਗੁਰੂ ਜੀ ਆਪਣੀ ਕਾਵਿ-ਪ੍ਰਤਿਭਾ ਨੂੰ ਚੰਗੀ ਤਰ੍ਹਾਂ ਵਿਕਸਿਤ ਕਰ ਚੁੱਕੇ ਹੋਣਗੇ। ਛੇਵਾਂ ਇਹ ਕਿ ਇਸ ਰਚਨਾ ਤੋਂ ਬਾਲ-ਕਾਲ ਸੁਲੱਭ ਸਰਲਤਾ ਦਾ ਬੋਧ ਨਹੀਂ ਹੁੰਦਾ। ਫਲਸਰੂਪ, ਇਸ ਨੂੰ ਬਾਲ-ਕਾਲ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ। ਅਸਲ ਵਿਚ, ਪੰਡਿਤ ਨੂੰ ਸੰਬੋਧਿਤ ਕੀਤੇ ਜਾਣ ਕਾਰਣ ਹੀ ਇਸ ਪ੍ਰਕਾਰ ਦੀਆਂ ਅਨੁਮਾਨਿਕ ਉਥਾਨਿਕਾਵਾਂ ਘੜੀਆਂ ਗਈਆਂ ਹਨ। ਇਸ ਵਿਚ ਪੰਡਿਤ ਨੂੰ ਸੰਬੋਧਨ ਇਸ ਕਰਕੇ ਕੀਤਾ ਗਿਆ ਹੈ ਕਿਉਂਕਿ ਬਾਲਕ ਨੂੰ ਅੱਖਰ-ਬੋਧ ਪਾਂਧੇ ਪਾਸੋਂ ਹੀ ਹੁੰਦਾ ਹੈ।

ਇਸ 'ਪਟੀ' ਦੇ ਬਹੁਤੇ ਅੱਖਰ ਗੁਰਮੁਖੀ ਦੀ ਕਿਸੇ ਪੂਰਵਜ ਲਿਪੀ ਦੇ 35 ਅੱਖਰਾਂ ਉਤੇ ਆਧਾਰਿਤ ਹਨ। ਇਸ ਵਿਚ 'ੜ' ਅੱਖਰ ਵੀ ਸ਼ਾਮਲ ਹੈ। ਵਰਤਮਾਨ ਗੁਰਮੁਖੀ ਲਿਪੀ ਤੋਂ ਇਸ ਦਾ ਕ੍ਰਮ ਕੁਝ ਭਿੰਨ ਹੈ। ਇਸ 'ਪਟੀ' ਦੀ ਲਿਪੀ (ਵਰਣ-ਮਾਲਾ) ਦੇ ਚਵਰਗ, ਟਵਰਗ, ਤਵਰਗ, ਪਵਰਗ ਅਤੇ ਯ,ਰ,ਲ,ਵ,ੜ ਕ੍ਰਮ ਦੀ ਦ੍ਰਿਸ਼ਟੀ ਤੋਂ ਗੁਰਮੁਖੀ-ਲਿਪੀ ਨਾਲ ਮੇਲ ਖਾਂਦੇ ਹਨ। ਕਵਰਗ ਵਿਚ 'ਙ' ਨੂੰ ਛਡ ਕੇ ਬਾਕੀ ਚਾਰ ਵਰਣਾਂ ਦਾ ਕ੍ਰਮ ਵਰਤਮਾਨ ਗੁਰਮੁਖੀ-ਲਿਪੀ ਨਾਲ ਸਮਾਨਤਾ ਰਖਦਾ ਹੈ। ਸ,ੲ,ੳ ਅਤੇ ਙ ਆਰੰਭ ਵਿਚ ਆਏ ਹਨ ਅਤੇ 'ਹ' ਤੇ 'ਅ' ਅੰਤ ਵਿਚ ਲਿਖੇ ਹਨ। ਇਸ ਵਿਵਰਣ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਇਸ 'ਪਟੀ' ਦੀ ਰਚਨਾ

ਤਕ ਗੁਰਮੁਖੀ ਦਾ ਵਰਤਮਾਨ ਕ੍ਰਮ ਅਥਵਾ ਵਰਣਮਾਲਾ ਨਿਸਚਿਤ ਨਹੀਂ ਹੋਈ ਸੀ, ਪਰ ਇਸ ਦੇ ਅੱਖਰਾਂ ਦੇ ਉੱਚਾਰਣ ਜ਼ਰੂਰ ਨਿਸਚਿਤ ਹੋ ਚੁਕੇ ਸਨ।

ਗੁਰੂ ਅਮਰਦਾਸ ਜੀ ਦੀ ਆਸਾ ਰਾਗ ਵਿਚ ਲਿਖੀ ਪਟੀ ਵਿਚ ਕੇਵਲ 18 ਪਦੇ ਹਨ। ਇਨ੍ਹਾਂ ਵਿਚ 17 ਅੱਖਰਾਂ (ਨ,ਛ,ਥ,ਜ,ਸ,ਮ,ਕ,ਤ,ਘ,ਪ,ਭ,ਵ,ਝ,ਧ,ਗ,ਹ,ਰ) ਦਾ ਉੱਚਾਰਣ ਗੁਰਮੁਖੀ-ਲਿਪੀ ਵਾਂਗ ਹੋਇਆ ਹੈ। ਗੁਰਮੁਖੀ ਲਿਪੀ ਦੇ 18 ਅੱਖਰਾਂ (ੳ,ਅ,ੲ,ਖ,ਙ,ਚ,ਞ,ਟ,ਠ,ਡ, ਢ,ਣ,ਥ,ਦ,ਫ,ਯ,ਲ,ੜ) ਦੇ ਸਮਾਨ ਇਸ 'ਪਟੀ' ਵਿਚ ਨ ਕੋਈ ਅੱਖਰ ਹੈ ਅਤੇ ਨ ਹੀ ਉਸ ਦਾ ਉੱਚਾਰਣ। ਪਰ ਆਰੰਭ ਵਿਚ ਕੁਝ ਲਿਪੀਆਂ ਦੀਆਂ ਮੁਹਾਰਨੀਆਂ ਦਿੱਤੀਆਂ ਹਨ। ਇਸ ਬਾਰੇ 'ਸ਼ਬਦਾਰਥ' (ਟਿੱਪਣੀ ਨੰ. 17) ਵਿਚ ਲਿਖਿਆ ਹੈ– "ਇਥੇ 'ਅਯੋ ਅੰਙੈ', 'ਕਾਥੇ ਘੰਙੈ', 'ਰੀਰੀ ਲਲੀ', 'ਸਿਧੰ ਙਾਇਐ' ਆਦਿ ਦੇ ਅਰਥ ਨਹੀਂ ਕਰਨੇ। ਇਹ ਤਾਂ ਮੁਹਾਰਨੀ ਦੇ ਪ੍ਰਸਿੱਧ ਬੋਲਿਆਂ ਨੂੰ ਲੈ ਕੇ ਉਨ੍ਹਾਂ ਪ੍ਰਥਾਇ ਉਪਦੇਸ਼ ਕਰਨ ਲਈ ਚਿੰਨ੍ਹਾਂ ਦੇ ਤੌਰ 'ਤੇ ਵਰਤੇ ਹਨ।"

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰੂ ਅਮਰਦਾਸ ਜੀ ਰਚਿਤ 'ਪਟੀ' ਦਾ ਨ ਕ੍ਰਮ ਅਤੇ ਨ ਹੀ ਅੱਖਰਾਂ ਦੀ ਗਿਣਤੀ ਗੁਰਮੁਖੀ ਅਨੁਸਾਰ ਹੈ। ਸਗੋਂ ਕਈ ਨਾਗਰੀ ਅੱਖਰਾਂ ਨੂੰ ਵਰਤਿਆ ਗਿਆ ਹੈ। ਹਾਂ, ਇਸ ਵਿਚਲੇ 17 ਅੱਖਰਾਂ ਦਾ ਉੱਚਾਰਣ ਗੁਰਮੁਖੀ ਲਿਪੀ ਅਨੁਸਾਰ ਹੈ ਜੋ ਲੰਡਿਆਂ ਦੇ ਉੱਚਾਰਣ ਦੀ ਪ੍ਰਵਿਰਤੀ ਦਾ ਫਲ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਇਸ 'ਪਟੀ' ਵਿਚ ਵਰਤੀ ਲਿਪੀ ਲੰਡਿਆਂ ਆਦਿ ਪੁਰਾਤਨ ਲਿਪੀਆਂ ਦੇ ਉੱਚਾਰਣ ਨੂੰ ਅਪਣਾਉਂਦੀ ਹੈ, ਪਰ ਇਸ ਵਿਚਲਾ ਕ੍ਰਮ ਕਿਸੇ ਵੀ ਪੁਰਾਤਨ ਲਿਪੀ ਨਾਲ ਮੇਲ ਨਹੀਂ ਖਾਂਦਾ। ਇਸ ਵਾਸਤੇ ਇਸ ਵਿਚਲੀ ਲਿਪੀ ਨੂੰ ਕੋਈ ਵਿਵਸਥਿਤ ਲਿਪੀ ਨਹੀਂ ਕਿਹਾ ਜਾ ਸਕਦਾ। ਬਸ, ਗੁਰੂ ਜੀ ਨੇ ਪਾਂਧੇ ਨੂੰ ਇਹ ਸਮਝਾਉਣ ਲਈ ਕਿ —*ਮਨ ਐਸਾ ਲੇਖਾ ਤੂੰ ਕੀ ਪੜਿਆ। ਲੇਖਾ ਦੇਣਾ ਤੇਰੈ ਸਿਰਿ ਰਹਿਆ।* — ਕੁਝ ਕੁ ਅੱਖਰਾਂ ਦੇ ਪੁਰਾਤਨ ਉੱਚਾਰਣ ਸਹਿਤ 18 ਪਦਿਆਂ ਦੀ ਰਚਨਾ ਕੀਤੀ ਹੈ।

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਗੁਰਮੁਖੀ-ਲਿਪੀ ਦੀ ਵਰਣ-ਮਾਲਾ ਆਪਣੇ ਉਸ ਕ੍ਰਮ ਵਿਚ ਮੌਜੂਦ ਨਹੀਂ ਸੀ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਅੰਕਨ ਹੋਇਆ ਹੈ। ਹਾਂ, ਗੁਰਮੁਖੀ-ਲਿਪੀ ਦੇ ਅਧਿਕਾਂਸ਼ ਅੱਖਰ ਅਤੇ ਉਨ੍ਹਾਂ ਦੇ ਉੱਚਾਰਣ ਜਨ-ਸਾਧਾਰਣ ਵਿਚ ਪ੍ਰਚਲਿਤ ਹੋ ਚੁਕੇ ਸਨ। ਇਥੇ ਇਹ ਗੱਲ ਸਾਫ਼ ਕਰ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ ਕਿ ਅੱਖਰ ਭਾਸ਼ਾ ਦੀਆਂ ਧੁਨੀਆਂ ਨੂੰ ਲਿਖਿਤ ਰੂਪ ਪ੍ਰਦਾਨ ਕਰਨ ਵਾਲੇ ਚਿੰਨ੍ਹ ਹਨ, ਨ ਕਿ ਲਿਪੀ। ਲਿਪੀ ਅੱਖਰ-ਚਿੰਨ੍ਹਾਂ ਨੂੰ ਭਾਸ਼ਾ ਦੇ ਉੱਚਾਰਣ ਅਨੁਰੂਪ ਲਿਖਿਤ ਰੂਪ ਪ੍ਰਦਾਨ ਕਰਨ ਵਾਲੀ ਇਕ ਕ੍ਰਮ-ਬੱਧ ਵਿਧੀ ਅਥਵਾ ਵਰਣ-ਮਾਲਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਅਤੇ ਉੱਤਰ-ਪੱਛਮੀ ਭਾਰਤ ਵਿਚ ਕਈ ਲਿਪੀਆਂ ਮੌਜੂਦ ਸਨ, ਜਿਵੇਂ ਸਿੱਧ-ਮਾਤ੍ਰਿਕਾ, ਸਿੱਧਮ, ਭੱਟਅੱਛਰੀ, ਟਾਕਰੀ ਆਦਿ। ਪਰ ਇਨ੍ਹਾਂ ਵਿਚ ਕੋਈ ਵੀ ਲਿਪੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੀ ਬਾਣੀ ਨੂੰ ਸ਼ੁੱਧ ਅਤੇ ਸਹੀ ਰੂਪ ਵਿਚ ਅੰਕਿਤ ਕਰ ਸਕਣ ਦੇ ਯੋਗ ਨਹੀਂ ਸੀ। ਉਦੋਂ ਪ੍ਰਚਲਿਤ ਹਰ ਇਕ ਲਿਪੀ ਦੀਆਂ ਆਪਣੀਆਂ ਆਪਣੀਆਂ ਸੀਮਾਵਾਂ ਸਨ। ਇਸ ਵਾਸਤੇ ਗੁਰੂ ਅੰਗਦ ਦੇਵ ਜੀ ਨੇ ਪੁਰਾਤਨ ਲਿਪੀਆਂ ਵਿਚੋਂ ਉਹ ਅੱਖਰ ਲੈ ਲਏ ਜੋ ਗੁਰਬਾਣੀ ਨੂੰ ਅੰਕਿਤ ਕਰ ਸਕਣ ਦੇ ਅਨੁਰੂਪ ਸਨ। ਕੁਝ ਅੱਖਰਾਂ ਦੇ ਸਰੂਪ (ਸ਼ਕਲਾਂ) ਖ਼ੁਦ ਵਿਉਂਤ ਲਏ ਅਤੇ ਅੱਖਰਾਂ ਨਾਲ ਲਗਾਂ/ਮਾਤ੍ਰਾਵਾਂ ਜੋੜਨ ਦਾ ਵੀ ਇਕ ਨਿਸਚਿਤ ਵਿਧਾਨ ਕਾਇਮ ਕੀਤਾ।

ਡਾ. ਹਰਕੀਰਤ ਸਿੰਘ ਨਾਲ ਸੰਵਾਦ ਕਰਦਿਆਂ ਉਨ੍ਹਾਂ ਨੇ ਦਸਿਆ ਕਿ ਉਸ ਸਮੇਂ ਬੋਲੀ ਜਾਂਦੀ ਭਾਸ਼ਾ ਦੀ ਹਰ ਧੁਨੀ ਲਈ ਇਕ ਤੇ ਸਿਰਫ਼ ਇਕ ਅੱਖਰ ਨਿਸ਼ਚਿਤ ਕੀਤਾ ਗਿਆ ਸੀ ਅਤੇ ਇਕ ਅੱਖਰ ਸਿਰਫ਼ ਇਕ ਧੁਨੀ ਦਰਸਾਉਣ ਲਈ ਰਖਿਆ ਗਿਆ ਸੀ, ਦੋ ਦੋ ਧੁਨੀਆਂ ਨੂੰ ਦਰਸਾਉਣ ਵਾਲੇ ਅੱਖਰ ਨਹੀਂ ਅਪਣਾਏ ਗਏ ਸਨ। ਸੰਜੁਗਤ ਵਿਅੰਜਨ ਅੰਕਿਤ ਕਰਨ ਲਈ ਸਿਰਫ਼ ਪਹਿਲੇ ਅੱਖਰ ਦੇ ਪੈਰ ਵਿਚ ਦੂਜੇ ਅੱਖਰ ਦਾ ਚਿੰਨ੍ਹ ਲਾਉਣ ਵਾਲੀ ਵਿਧੀ ਅਪਣਾਈ ਗਈ ਸੀ। ਨਾਸਿਕਤਾ ਲਈ ਸਿਰਫ਼ ਟਿੱਪੀ ਤੇ ਬਿੰਦੀ ਦੀ ਵਰਤੋਂ ਪ੍ਰਚਲਿਤ ਕੀਤੀ ਗਈ ਸੀ। ਲਗਾਂ ਦਾ ਰੂਪ ਵੀ ਨਿਸਚਿਤ ਕੀਤਾ ਗਿਆ ਸੀ ਅਤੇ ਇਨ੍ਹਾਂ ਦੀ ਵਰਤੋਂ ਵੀ ਲਾਜ਼ਮੀ ਕੀਤੀ ਗਈ ਸੀ।

ਉਨ੍ਹਾਂ ਨੇ ਇਹ ਵੀ ਦਸਿਆ ਕਿ ਗੁਰੂ ਅੰਗਦ ਦੇਵ ਨੇ ਲਿਪੀ ਦੇ ਅੱਖਰਾਂ ਦੀ ਤਰਤੀਬ ਵਿਚ ਵੀ ਕੁਝ ਸੋਧ ਕੀਤੀ। 'ਅ' ਦੀ ਬਜਾਏ 'ੳ' ਨੂੰ ਪਹਿਲਾ ਸਥਾਨ ਦਿੱਤਾ।

ਫਿਰ 'ਅ' ਅਤੇ 'ੲ' ਨੂੰ ਰਖਿਆ। ਇਸ ਤਰ੍ਹਾਂ 'ੳ' ਨੂੰ ਪਹਿਲਾਂ ਰਖਣ ਨਾਲ ਸੁਰਾਂ ਨੂੰ ਵੀ ਵਿਅੰਜਨਾਂ ਦੀ ਤਰਤੀਬ ਵਿਚ ਲਿਆਉਂਦਾ ਗਿਆ। 'ਸ' ਅਤੇ 'ਹ' ਨੂੰ ਪੁਰਾਤਨ ਲਿਪੀਆਂ ਵਿਚ ਸਭ ਤੋਂ ਆਖੀਰ ਰਖਿਆ ਜਾਂਦਾ ਸੀ, ਪਰ ਗੁਰੂ ਜੀ ਇਨ੍ਹਾਂ ਨੂੰ ਸੁਰਾਂ ਤੋਂ ਬਾਦ ਲੈ ਆਏ। ਪੁਰਾਤਨ ਲਿਪੀਆਂ ਵਿਚ ਸੁਰਾਂ ਨੂੰ ਵਿਅੰਜਨਾਂ ਤੋਂ ਵਖਰਾਂ ਅੰਕਿਤ ਕੀਤਾ ਜਾਂਦਾ ਸੀ। ਪਰ ਗੁਰਮੁਖੀ ਵਿਚ ਸਿਰਫ਼ ਤਿੰਨ ਮੂਲ ਸੁਰ ਚਿੰਨ੍ਹ 'ੳ', 'ਅ', 'ੲ' ਰਖੇ ਗਏ ਹਨ। ਇਨ੍ਹਾਂ ਦੇ ਵਿਅੰਜਨਾਂ ਨਾਲ ਲਗਾਉਣ ਦੇ ਚਿੰਨ੍ਹ ਵੀ ਪਰੰਪਰਾ ਤੋਂ ਹਟਵੇਂ ਹਨ। ਗੁਰਮੁਖੀ -ਲਿਪੀ ਦੇ ਅੱਖਰਾਂ ਦੀ ਬਨਾਵਟ ਦਾ ਸਰੂਪ ਉਦੋਂ ਤੋਂ ਉਸੇ ਤਰ੍ਹਾਂ ਚਲਿਆ ਆ ਰਿਹਾ ਹੈ, ਕੇਵਲ 'ਅ', 'ਹ' ਅਤੇ 'ਲ' ਦੀਆਂ ਸ਼ਕਲਾਂ ਵਿਚ ਮਾਮੂਲੀ ਜਿਹਾ ਫ਼ਰਕ ਪੈ ਗਿਆ ਹੈ।

ਉਪਰੋਕਤ ਤੱਥਾਂ ਦੇ ਪ੍ਰਕਾਸ਼ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮੁਖੀ ਦੇ ਅਧਿਕਾਂਸ਼ ਅੱਖਰ-ਚਿੰਨ੍ਹ ਅਤੇ ਉੱਚਾਰਣ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੌਜੂਦ ਸਨ। ਪਰ ਗੁਰਬਾਣੀ ਨੂੰ ਅੰਕਨ ਕਰਨ ਦੀਆਂ ਲੋੜਾਂ ਨੂੰ ਸਾਹਮਣੇ ਰਖਦਿਆਂ ਗੁਰੂ ਅੰਗਦ ਦੇਵ ਜੀ ਨੇ 35 ਅੱਖਰਾਂ ਨੂੰ ਇਕ ਨਵੀਂ ਤਰਤੀਬ ਦਿੱਤੀ ਜਿਸ ਨਾਲ ਉਹ ਗੁਰਬਾਣੀ ਲਿਖਣ ਦਾ ਸ਼ੁੱਧ ਅਤੇ ਵਿਗਿਆਨਿਕ ਰਾਹ ਕਢ ਸਕੇ।

ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਨੂੰ ਵਿਵਸਥਿਤ ਰੂਪ ਦੇਣ ਬਾਰੇ ਬਾਬੇ ਮੋਹਨ ਵਾਲੀਆਂ ਪੋਥੀਆਂ (ਵੇਖੋ) ਵਿਚ ਅੰਕਿਤ ਇਕ ਸੰਦਰਭ ਆਮ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ— *ਗੁਰੂ ਅੰਗਦ ਗੁਰਮੁਖੀ ਅਖਰ ਬਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ।* (ਅਹੀਆਪੁਰ ਵਾਲੀ, ਪੱਤਰ 215)

ਕਵੀ ਕੰਕਨ ਨੇ ਗੁਰਮੁਖੀ ਦੀ ਕਾਢ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਕੀਤੀ ਹੈ— *ਏਹ ਕੀਆ ਉਪਕਾਰ ਬਡਾ ਗੁਰ ਅਛਰ ਬੇਦਨ ਕੇ ਪਲਟਾਏ। ਗੁਰਮੁਖਿ ਅਖ੍ਯਰ ਕੀਨੈ ਤਬੈ ਜਬ ਕੈ ਸਿਉ ਕੋ ਨਰ ਕਸਟ ਨਾ ਪਾਏ।*

ਕੇਸਰ ਸਿੰਘ ਛਿੱਬਰ ਨੇ ਗੁਰਮੁਖੀ ਦੀ ਕਾਢ ਦਾ ਸੰਬੰਧ ਬਾਬਾ ਸ੍ਰੀ ਚੰਦ ਨਾਲ ਜੋੜਦਿਆਂ ਲਿਖਿਆ ਹੈ— *ਜੈਸੇ ਸਾਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ। ਅਗੇ ਸਾਸਤ੍ਰੀ ਪਾਰਸੀ ਟਾਕਰੇ ਆਹੈ।*

ਉਕਤ ਤਿੰਨਾਂ ਮਤਾਂ ਵਿਚ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਨੂੰ ਵਿਵਸਥਿਤ ਰੂਪ ਦੇਣ ਦੀ ਗੱਲ ਵਿਚ ਜ਼ਿਆਦਾ ਵਜ਼ਨ ਲਗਦਾ ਹੈ। ਅਸਲ ਵਿਚ, ਗੁਰਮੁਖੀ ਅੱਖਰ ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੌਜੂਦ ਸਨ, ਪਰ ਉਨ੍ਹਾਂ ਦੇ ਉੱਚਾਰਣ ਅਤੇ ਕੁਝ ਹਦ ਤਕ ਆਕ੍ਰਿਤੀ ਦਾ ਸਰੂਪ ਗੁਰੂ ਅੰਗਦ ਦੇਵ ਜੀ ਦਾ ਸੋਧਿਆ ਹੋਇਆ ਹੈ।

ਇਸ ਲਿਪੀ ਦਾ ਨਾਂ 'ਗੁਰਮੁਖੀ' ਕਦ ਪਿਆ ? ਇਸ ਬਾਰੇ ਨਿਰਣੈਜਨਕ ਢੰਗ ਨਾਲ ਕਹਿਣਾ ਕਠਿਨ ਹੈ। ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚਲੀ ਟੂਕ ਤੋਂ ਸਪੱਸ਼ਟ ਹੈ ਕਿ ਇਸ ਲਿਪੀ ਦਾ 'ਗੁਰਮੁਖੀ' ਨਾ ਇਨ੍ਹਾਂ ਪੋਥੀਆਂ ਦੇ ਲਿਖੇ ਜਾਣ ਤੋਂ ਪਹਿਲਾਂ ਪ੍ਰਚਲਿਤ ਹੋ ਚੁਕਾ ਸੀ।

ਭਾਈ ਬਾਲੇ ਵਾਲੀ ਜਨਮਸਾਖੀ (1715 ਬਿ. ਦਾ ਉਤਾਰਾ) ਵਿਚ ਲਿਖਿਆ ਹੈ ਕਿ ਪੈੜਾ ਮੋਖਾ ਸ਼ਾਸਤ੍ਰੀ ਅਤੇ ਗੁਰਮੁਖੀ ਦੋਵੇਂ ਅੱਖਰ ਜਾਣਦਾ ਸੀ— *ਗੁਰੂ ਅੰਗਦ ਜੀ ਕਹਿਆ। ਪੈੜਾ ਇਹ ਅਸਾਂ ਨੂੰ ਗੁਰਮੁਖੀ ਅਖਰਾਂ ਵਿਚ ਲਿਖ ਦੇਹ। ਪੈੜੇ ਕਹਿਆ ਭਲਾ ਗੁਰੂ ਅੰਗਦ ਜੀ।* ਉਦੋਂ ਤਕ ਇਸ ਦਾ ਨਾਂ 'ਗੁਰਮੁਖੀ' ਲਿਪੀ ਪ੍ਰਚਲਿਤ ਹੋ ਚੁਕਿਆ ਸੀ। ਸਪੱਸ਼ਟ ਹੈ ਕਿ ਗੁਰੂ ਅਮਰਦਾਸ ਜੀ ਦੁਆਰਾ ਗੁਰਬਾਣੀ ਨੂੰ ਪੋਥੀਆਂ ਦੇ ਰੂਪ ਵਿਚ ਸੰਕਲਿਤ ਕਰਾਉਣ ਤੋਂ ਪਹਿਲਾਂ 'ਗੁਰਮੁਖੀ' ਲਿਪੀ ਦਾ ਪ੍ਰਚਲਨ ਹੋ ਚੁਕਿਆ ਸੀ।

ਇਕ ਮਤ ਅਨੁਸਾਰ ਇਸ ਦਾ ਨਾਂ 'ਗੁਰਮੁਖੀ' ਇਸ ਲਈ ਪਿਆ ਕਿ ਗੁਰੂ-ਮੁਖ ਤੋਂ ਉਚਰਿਤ ਬਾਣੀ ਨੂੰ ਇਸ ਲਿਪੀ ਦੁਆਰਾ ਲਿਖਿਆ ਜਾਂਦਾ ਸੀ। ਦੂਜੇ ਮਤ ਅਨੁਸਾਰ ਇਸ ਲਿਪੀ ਦੀ ਵਰਤੋਂ ਗੁਰੂ ਦੇ ਸਨਮੁਖ-ਸਿੱਖਾਂ, ਗੁਰਮੁਖਾਂ ਦੁਆਰਾ ਕੀਤੀ ਜਾਂਦੀ ਸੀ, ਇਸ ਲਈ ਇਸ ਲਿਪੀ ਨੂੰ 'ਗੁਰਮੁਖੀ' ਕਿਹਾ ਜਾਣ ਲਗਿਆ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਨੂੰ ਸਹੀ ਢੰਗ ਨਾਲ ਲਿਖਣ ਲਈ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਤੋਂ ਪੰਜਾਬ ਵਿਚ ਪ੍ਰਚਲਿਤ ਲਿਪੀਆਂ ਵਿਚੋਂ ਇਕ ਵਖਰੀ ਵਰਣਮਾਲਾ ਤਿਆਰ ਕੀਤੀ, ਜਿਸ ਦੇ ਅੱਖਰ ਭਾਵੇਂ ਪੁਰਾਤਨ ਸਨ, ਪਰ ਕ੍ਰਮ ਬਿਲਕੁਲ ਨਵਾਂ ਸੀ। ਇਸ ਨੂੰ 'ਗੁਰਮੁਖੀ' ਨਾਂ ਇਸ ਲਈ ਦਿੱਤਾ ਜਾਣ ਲਗਿਆ, ਕਿਉਂਕਿ ਇਸ ਰਾਹੀਂ ਗੁਰੂ-ਮੁਖ ਤੋਂ ਉਚਰੀ ਬਾਣੀ ਨੂੰ ਅੰਕਿਤ ਕੀਤਾ ਜਾਂਦਾ ਸੀ।

**ਗੁਰਮੰਤ੍ਰ** : ਕਿਸੇ ਧਰਮ ਦਾ ਉਹ ਸ਼ੋਭਾਸ਼ਾਲੀ ਵਾਕ, ਪਦ

ਜਾਂ ਬੋਲ 'ਗੁਰਮੰਤ੍ਰ' ਅਖਵਾਉਂਦਾ ਹੈ ਜੋ ਉਸ ਧਰਮ ਨੂੰ ਧਾਰਣ ਕਰਨ ਵਾਲੇ ਵਿਅਕਤੀ ਨੂੰ ਗੁਰੂ ਵਲੋਂ ਉਪਦੇਸ਼ ਰੂਪ ਵਿਚ ਦਿੱਤਾ ਜਾਂ ਕਿਹਾ ਜਾਂਦਾ ਹੈ। ਇਹ ਕਿਸੇ ਧਰਮ ਦੇ ਸਾਰੇ ਵਾਕਾਂ/ਪਦਾਂ ਵਿਚੋਂ ਚੁੰਕਿ ਚੁਣਿਆ ਹੋਇਆ ਹੁੰਦਾ ਹੈ, ਇਸ ਲਈ ਇਸ ਨੂੰ 'ਬੀਜ-ਮੰਤ੍ਰ' ਵੀ ਕਿਹਾ ਜਾਂਦਾ ਹੈ।

'ਮੰਤ੍ਰ' (ਵੇਖੋ) ਦਾ ਸੰਕਲਪ ਵੈਦਿਕ ਯੁਗ ਤੋਂ ਪਹਿਲਾਂ ਦਾ ਹੈ। ਇਸ ਦਾ ਪ੍ਰਚਲਨ ਜਾਦੂ-ਟੂਣਿਆਂ ਤੋਂ ਹੋਇਆ ਸੀ। ਤਾਂਤ੍ਰਿਕਾਂ ਅਨੁਸਾਰ ਮੰਤ੍ਰਾਂ ਦਾ ਦੇਵੀ ਦੇਵਤਿਆਂ ਉਤੇ ਪ੍ਰਭਾਵ ਪੈਂਦਾ ਹੈ, ਮੰਤ੍ਰ-ਪ੍ਰਯੋਗ ਕਰਨ ਵਾਲੇ ਦੀ ਇੱਛਾ ਪੂਰੀ ਹੋ ਜਾਂਦੀ ਹੈ, ਕਿਉਂਕਿ ਦੇਵਤੇ ਮੰਤ੍ਰ ਦੀ ਸ਼ਕਤੀ ਦੇ ਅਧੀਨ ਹਨ। ਹਿੰਦੂ-ਧਰਮ ਦਾ ਮੁੱਖ ਮੰਤ੍ਰ 'ਓਅੰ' ਹੈ।

ਗੁਰਬਾਣੀ ਅਤੇ ਸਿੱਖ ਧਰਮ ਵਿਚ 'ਗੁਰਮੰਤ੍ਰ' ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਦੁਖੁ ਕਲਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ।* (ਗੁ.ਗ੍ਰੰ.51)। ਗੁਰੂ ਜੀ ਨੇ ਇਹ ਵੀ ਤਾਕੀਦ ਕੀਤੀ ਹੈ ਕਿ ਸਚੇ ਨਾਮ ਦਾ ਬਾਣ ਖਿਚ ਕੇ ਪਾਪ ਰੂਪ ਵੈਰੀ ਨੂੰ ਪਛਾੜ ਦੇਣਾ ਚਾਹੀਦਾ ਹੈ—*ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ। ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ।* (ਗੁ.ਗ੍ਰੰ.521)। 'ਗੁਰਮੰਤ੍ਰ' ਤੋਂ ਵਾਂਝਿਆਂ ਵਿਅਕਤੀਆਂ ਦੇ ਜਨਮ ਨੂੰ ਧਿਕਾਰਿਆ ਗਿਆ ਹੈ— *ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ। ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।* (ਗੁ. ਗ੍ਰੰ.1356)। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਨਾਂ ਦੀ ਬਾਣੀ ਵਿਚ 'ਗੁਰਮੰਤ੍ਰ' ਨੂੰ 'ਗੁਰਦੀਖਿਆ' ਵੀ ਕਿਹਾ ਹੈ— *ਪੂਰੇ ਗੁਰ ਕੀ ਪੂਰੀ ਦੀਖਿਆ। ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ।* (ਗੁ.ਗ੍ਰੰ.293)।

ਗੁਰਮਤਿ ਵਿਚ 'ਵਾਹਿਗੁਰੂ-ਸ਼ਬਦ ਨੂੰ ਗੁਰਮੰਤ੍ਰ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਨਹੀਂ ਹੋਈ; ਹਾਂ, ਭੱਟ-ਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਅਵੱਸ਼ ਹੋਈ ਹੈ, ਪਰ ਉਥੇ ਇਸ ਦੀ ਵਰਤੋਂ 'ਗੁਰਮੰਤ੍ਰ' ਵਜੋਂ ਨਹੀਂ ਹੋਈ। ਇਸ ਨੂੰ ਗੁਰਮੰਤ੍ਰ ਵਜੋਂ ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਆਪਣੀ 13ਵੀਂ ਵਾਰ ਵਿਚ ਸਥਾਪਿਤ ਕੀਤਾ ਹੈ— *ਵਾਹਗੁਰੂ ਗੁਰੁਮੰਤ੍ਰ ਹੈ ਜਪਿ ਹਉਮੈ ਖੋਈ।* ਪਹਿਲੀ ਵਾਰ ਦੀ ਅੰਤਿਮ ਪਉੜੀ ਵਿਚ ਇਸ ਸ਼ਬਦ ਦੇ ਇਕ ਇਕ ਅੱਖਰ ਨੂੰ ਲੈ ਕੇ ਪੌਰਾਣਿਕ ਸੰਦਰਭ ਵਿਚ ਵਿਆਖਿਆ ਕੀਤੀ ਗਈ ਹੈ ਅਤੇ ਇਸ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ— *ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ। ਦੁਆਪਰਿ ਸਤਿਗੁਰ ਹਰੀਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ। ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ। ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ। ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ। ਚਾਰੇ ਅਛਰ ਇਕ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ। ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ।*

ਗੁਰੂ ਗ੍ਰੰਥ ਸਾਹਿਬ ਵਿਚ ਹਰਿ-ਨਾਮ ਨੂੰ ਹੀ 'ਗੁਰਮੰਤ੍ਰ' ਕਿਹਾ ਗਿਆ ਹੈ। ਮਾਰੂ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਗੁਰਿਮੰਤ੍ਰ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ।* (ਗੁ.ਗ੍ਰੰ.1002)। ਇਸੇ ਤਰ੍ਹਾਂ 'ਬਾਵਨ-ਅਖਰੀ' ਵਿਚ ਕਿਹਾ ਹੈ—*ਨੰਨਾਕਾਰੁ ਨ ਹੋਤਾ ਤਾ ਕਹੁ। ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ।* (ਗੁ.ਗ੍ਰੰ. 257)।

ਸਿੱਖ-ਮਤ ਦੇ ਵਿਕਾਸ ਨਾਲ ਇਸ ਵਿਚ ਕਈ ਸੰਪ੍ਰਦਾਵਾਂ ਪ੍ਰਚਲਿਤ ਹੋ ਗਈ ਅਤੇ ਕਈ ਸਾਧਕਾਂ ਨੇ ਆਪਣੀ ਸਿੱਖੀ-ਸੇਵਕੀ ਚਲਾ ਦਿੱਤੀ। ਫਲਸਰੂਪ 'ਗੁਰਮੰਤ੍ਰ' ਦੇਣ ਦੀਆਂ ਗੁਪਤ-ਪ੍ਰਗਟ ਕਈ ਵਿਧੀਆਂ ਪ੍ਰਚਲਿਤ ਹੋ ਗਈਆਂ ਹਨ। ਉਨ੍ਹਾਂ ਵਲੋਂ ਇਹ ਦਾਵਾ ਕੀਤਾ ਜਾਂਦਾ ਹੈ ਕਿ ਅਧਿਆਤਮਿਕ ਉਨਤੀ ਲਈ 'ਗੁਰਮੰਤ੍ਰ' ਬਹੁਤ ਲਾਭਦਾਇਕ ਹਨ।

**ਗੁਰੁਸ਼ਬਦ ਰਤਨਾਕਰ ਮਹਾਨਕੋਸ਼** : ਵੇਖੋ 'ਮਹਾਨ ਕੋਸ਼'।

**ਗੁਰੁ ਗਿਰਾਰਥ ਕੋਸ਼** : ਗੁਰਮਤਿ ਸੰਬੰਧੀ ਲਿਖਿਆ ਪੰਡਿਤ ਤਾਰਾ ਸਿੰਘ ਨਰੋਤਮ ਦਾ ਇਕ ਕੋਸ਼, ਜਿਸ ਦਾ ਮਹੱਤਵ ਬੁਨਿਆਦੀ ਹੈ। ਵੇਖੋ 'ਤਾਰਾ ਸਿੰਘ ਨਰੋਤਮ, ਪੰਡਿਤ'।

**ਗੁਰ ਪ੍ਰਤਾਪ ਸੂਰਜ** (ਗ੍ਰੰਥ): ਇਹ ਮਹਾਕਵੀ ਸੰਤੋਖ ਸਿੰਘ ਦੀ ਸਰਬ ਪ੍ਰਮੁਖ ਅਤੇ ਮਹੱਤਵਪੂਰਣ ਰਚਨਾ ਹੈ। ਇਸ ਨੂੰ ਕਵੀ ਨੇ ਸੰ. 1893 ਬਿ. (1836 ਈ.) ਵਿਚ ਕੈਥਲ ਨਗਰ ਅੰਦਰ ਸ਼ੁਰੂ ਕਰਕੇ 7 ਸਾਲ ਦੀ ਲਗਾਤਾਰ ਸਾਧਨਾ ਤੋਂ ਬਾਦ 1900 ਬਿ. (1843 ਈ.) ਵਿਚ ਪੂਰਾ ਕੀਤਾ। ਇਸ ਗ੍ਰੰਥ ਦੇ ਨਾਂ ਅਨੁਸਾਰ ਇਹ ਗੁਰੂ ਸਾਹਿਬਾਨ ਦੇ ਪ੍ਰਤਾਪ ਦਾ ਸੂਰਜ ਹੈ। ਇਸ ਲਈ ਸਾਰੇ ਕਥਾਨਕ ਨੂੰ ਸੂਰਜ ਦੀ ਗਤੀ

ਅਨੁਸਾਰ 12 ਰਾਸਾਂ, 6 ਰੁਤਾਂ ਅਤੇ ਦੋ ਐਨਾਂ (ਅਯਨਾਂ) ਵਿਚ ਵੰਡਿਆ ਹੋਇਆ ਹੈ। ਇਸ ਤਰ੍ਹਾਂ ਇਸ ਗ੍ਰੰਥ ਦੇ ਕੁਲ ਵੀਹ ਅਧਿਆਇ ਬਣਦੇ ਹਨ। ਇਨ੍ਹਾਂ ਅਧਿਆਵਾਂ ਨੂੰ ਅਗੋਂ 1151 ਅੰਸ਼ੂਆਂ/ਕਿਰਨਾਂ ਵਿਚ ਵੰਡਿਆ ਹੋਇਆ ਹੈ। ਇਸ ਵਿਚ ਕੁਲ ਛੰਦ ਗਿਣਤੀ 51829 ਹੈ। ਗੋਸੁਆਮੀ ਤੁਲਸੀ ਦਾਸ ਨੇ 'ਰਾਮਚਰਿਤ ਮਾਨਸ' ਦੇ ਕਥਾਨਕ ਨੂੰ ਜਿਸ ਪ੍ਰਕਾਰ ਮਾਨਸਰੋਵਰ ਦੇ ਰੂਪ ਰਾਹੀਂ ਚਿਤਰਿਆ ਹੈ, ਉਸੇ ਤਰ੍ਹਾਂ ਕਵੀ ਨੇ 'ਗੁਰ ਪ੍ਰਤਾਪ ਸੂਰਜ' ਦਾ ਕਥਾਨਕ ਸੂਰਜ ਦੇ ਰੂਪਕ ਰਾਹੀਂ ਚਿਤਰ ਕੇ ਅੰਧ-ਵਿਸ਼ਵਾਸ ਅਤੇ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਵਾਲਾ ਦਸਿਆ ਹੈ। ਗੁਰੂ ਰੂਪੀ ਸੂਰਜ ਦੇ ਉਦੈ ਹੋਣ ਨਾਲ ਸਾਤਵਿਕ ਰੁਚੀਆਂ ਵਾਲੇ ਲੋਕ ਵਿਗਸਿਤ ਹੁੰਦੇ ਹਨ ਅਤੇ ਜਿਗਿਆਸੂ ਰੂਪੀ ਭੌਰੇ ਉਨ੍ਹਾਂ ਦੇ ਇਰਦ-ਗਿਰਦ ਘੁੰਮਦੇ ਹਨ। ਭਾਈ ਗੁਰਦਾਸ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨੂੰ ਸੂਰਜ ਦੇ ਉਦੈ ਹੋਣ ਨਾਲ ਉਪਮਾਇਆ ਹੈ। ਇਸ ਗ੍ਰੰਥ ਨੂੰ ਭਾਈ ਵੀਰ ਸਿੰਘ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤਾ ਹੈ।

ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਸੰਤੋਖ ਸਿੰਘ ਨੇ ਇਸ ਕਥਾ-ਪ੍ਰਧਾਨ ਚਰਿਤ-ਕਾਵਿ ਵਿਚ ਗੁਰੂ ਨਾਨਕ ਦੇਵ ਜੀ ਨੂੰ ਛਡ ਕੇ ਬਾਕੀ ਨੌਂ ਗੁਰੂ ਸਾਹਿਬਾਨ ਅਤੇ ਬੰਦਾ ਬਹਾਦਰ ਦੇ ਚਰਿਤ ਨੂੰ ਸ਼ਾਮਲ ਕੀਤਾ ਹੈ। ਇਸ ਲਈ ਕਵੀ ਨੇ ਦਸਮ ਗ੍ਰੰਥ, ਗੁਰ ਸ਼ੋਭਾ, ਗੁਰ ਬਿਲਾਸ, ਮਹਿਮਾ ਪ੍ਰਕਾਸ਼, ਗੁਰ ਕੀਰਤ ਪ੍ਰਕਾਸ਼ ਅਤੇ ਪਰਚੀ ਸਾਹਿਤ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ ਅਤੇ ਲੋੜ ਅਨੁਸਾਰ ਕਈਆਂ ਥਾਂਵਾਂ 'ਤੇ ਖ਼ੁਦ ਜਾ ਕੇ ਸਾਮਗ੍ਰੀ ਇਕੱਠੀ ਕੀਤੀ ਹੈ। ਗੁਰੂ ਸਾਹਿਬਾਨ ਸੰਬੰਧੀ ਉਪਲਬਧ ਸਾਰੀਆਂ ਰਚਨਾਵਾਂ ਵਿਚੋਂ ਇਹ ਅਧਿਕ ਵਿਸਤ੍ਰਿਤ ਅਤੇ ਸੰਪੂਰਣ ਕ੍ਰਿਤੀ ਹੈ।

ਕਵੀ ਨੂੰ ਗੁਰੂ ਸਾਹਿਬਾਨ ਸੰਬੰਧੀ ਜੋ ਕੁਝ ਮਿਲ ਸਕਿਆ, ਉਹ ਸਾਰਾ ਇਸ ਗ੍ਰੰਥ ਵਿਚ ਸਮੋ ਦਿੱਤਾ ਹੈ ਅਤੇ ਜੋ ਇਸ ਤੋਂ ਬਾਹਰ ਰਹਿ ਗਿਆ ਹੈ, ਉਸ ਦੀ ਪ੍ਰਮਾਣਿਕਤਾ ਸ਼ਕੀ ਹੈ। ਇਸ ਤਰ੍ਹਾਂ ਇਹ ਗ੍ਰੰਥ 'ਗੁਰੂ ਨਾਨਕ ਪ੍ਰਕਾਸ਼' ਸਮੇਤ ਸਿੱਖ ਧਰਮ ਦਾ ਵਿਸ਼ਵ-ਕੋਸ਼ ਹੈ ਜਿਸ ਦੀ ਸਥਾਨ-ਪੂਰਤੀ ਕਿਸੇ ਹੋਰ ਸਾਧਨ ਰਾਹੀਂ ਸੰਭਵ ਨਹੀਂ। ਸਚ ਤਾਂ ਇਹ ਹੈ ਕਿ ਆਕਾਰ-ਪ੍ਰਕਾਰ ਵਜੋਂ ਇਸ ਦਾ ਸਥਾਨ ਮਹਾਭਾਰਤ ਤੋਂ ਬਾਦ ਆਉਂਦਾ ਹੈ। ਪ੍ਰਬੰਧ ਕਾਵਿ ਦੀ ਪਰੰਪਰਾ ਵਿਚ ਇਸ ਦੇ ਆਰੰਭ ਵਿਚ ਮੰਗਲਾਚਰਣ ਦਿੱਤਾ ਗਿਆ ਹੈ ਜਿਸ ਵਿਚ ਅਕਾਲ ਪੁਰਸ਼, ਗੁਰੂ ਸਾਹਿਬਾਨ ਆਦਿ ਤੋਂ ਇਲਾਵਾ ਕਈ ਦੇਵੀ ਦੇਵਤਿਆਂ ਅਤੇ ਪੁਰਾਣ ਪੁਰਸ਼ਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

ਇਸ ਗ੍ਰੰਥ ਵਿਚ ਗੁਰੂ ਤੇਗ ਬਹਾਦਰ ਜੀ ਦੀਆਂ ਯਾਤ੍ਰਾਵਾਂ ਦਾ ਵਿਸਤਾਰ ਸਹਿਤ ਵਰਣਨ ਹੋਇਆ ਹੈ। ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੇ ਯੁੱਧ-ਪ੍ਰਸੰਗਾਂ ਦਾ ਬੜੀ ਰੁਚੀ ਨਾਲ ਵਰਣਨ ਇਸ ਗ੍ਰੰਥ ਦੀ ਮਹੱਤਵਪੂਰਣ ਪ੍ਰਾਪਤੀ ਕਹੀ ਜਾ ਸਕਦੀ ਹੈ। ਯੁੱਧ-ਪ੍ਰਸੰਗਾਂ ਨੂੰ ਸ਼ੰਕਾ-ਪੱਖ ਤੋਂ ਲੈ ਕੇ ਸਮਾਧਾਨ-ਪੱਖ ਤਕ ਬੜੀ ਬਾਰੀਕੀ ਨਾਲ ਚਿਤ੍ਰਿਆ ਗਿਆ ਹੈ। ਸੈਨਿਕ ਦਲਾਂ ਦੀ ਤਿਆਰੀ, ਯੁੱਧ ਭੂਮੀ ਲਈ ਪ੍ਰਸਥਾਨ, ਸੈਨਾਵਾਂ ਦਾ ਆਹਮਣੇ-ਸਾਹਮਣੇ ਡਟਣਾ, ਮੁੱਖ ਸੈਨਿਕਾਂ ਦੀਆਂ ਗਰਬ-ਪੂਰਣ ਉਕਤੀਆਂ, ਤੁਮੁਲ ਯੁੱਧ, ਦੁਅੰਦ ਯੁੱਧ, ਮੁਸ਼ਟ ਯੁੱਧ, ਮੱਲ ਯੁੱਧ ਆਦਿ ਸਾਰਿਆਂ ਪੱਖਾਂ ਦੇ ਚਿਤ੍ਰਣ ਨੂੰ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਕਵੀ ਖ਼ੁਦ ਯੁੱਧ-ਵਿਦਿਆ ਵਿਚ ਨਿਪੁਣ ਸੀ। ਰਣ-ਭੂਮੀ ਦੇ ਦ੍ਰਿਸ਼ਾਂ ਨੂੰ ਵੀ ਬੜੇ ਧਿਆਨ ਨਾਲ ਚਿਤਰਿਆ ਗਿਆ ਹੈ। ਯੁੱਧ-ਵਰਣਨ ਵੇਲੇ ਯੁੱਧ ਦੀ ਗਤੀ ਅਨੁਸਾਰ ਲਘੂ ਅਤੇ ਦੀਰਘ ਛੰਦਾਂ ਦੀ ਵਰਤੋਂ ਕਰਕੇ ਕਵੀ ਨੇ ਆਪਣੀ ਕਲਾਤਮਕ ਪ੍ਰਤਿਭਾ ਦਾ ਪਰਿਚਯ ਦਿੱਤਾ ਹੈ। ਵਸਤੂ-ਵਰਣਨ ਵੀ ਸੁੰਦਰ ਢੰਗ ਨਾਲ ਹੋਇਆ। ਪ੍ਰਕ੍ਰਿਤੀ-ਚਿਤ੍ਰਣ ਬਹੁਤ ਸਜੀਵ ਹੈ। ਅਲੰਕਾਰ-ਵਿਧਾਨ ਵਿਚ ਕਵੀ ਪੂਰੀ ਤਰ੍ਹਾਂ ਸਫਲ ਹੈ। ਭਾਸ਼ਾ-ਪ੍ਰਯੋਗ ਵਿਚ ਕਵੀ ਅਦੁੱਤੀ ਹੈ। ਬ੍ਰਜ-ਭਾਸ਼ਾ ਦਾ ਜੋ ਸ਼ੁੱਧ ਅਤੇ ਮੰਜਿਆ ਹੋਇਆ ਰੂਪ ਇਸ ਗ੍ਰੰਥ ਵਿਚ ਮਿਲਦਾ ਹੈ, ਉਸ ਨੂੰ ਪੰਜਾਬ ਵਿਚ ਰਚੇ ਗਏ ਬ੍ਰਜ-ਭਾਸ਼ੀ ਕਾਵਿ ਵਿਚ ਲਭਣਾ ਸਰਲ ਨਹੀਂ।

ਕਵੀ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਨੂੰ ਦੈਵੀ ਰੂਪ ਵਿਚ ਪੇਸ਼ ਕਰਨਾ ਹੈ। ਇਸ ਆਸ਼ੇ ਦੀ ਪੂਰਤੀ ਲਈ ਕਰਾਮਾਤਾਂ, ਚਮਤਕਾਰਾਂ, ਅਲੌਕਿਕ ਘਟਨਾਵਾਂ ਦਾ ਚਿਤ੍ਰਣ ਹੋਣਾ ਸੁਭਾਵਿਕ ਹੈ। ਕਵੀ ਨੇ ਇਸ ਚਰਿਤ-ਕਾਵਿ ਨੂੰ ਭਾਰਤੀ ਸੰਸਕ੍ਰਿਤੀ ਦੇ ਵਿਆਪਕ ਸੰਦਰਭ ਵਿਚ ਰਚਿਆ ਹੈ। ਇਸ ਲਈ ਗੁਰੂ ਸਾਹਿਬਾਨ ਦੇ ਜਨਮ-ਸੰਬੰਧੀ ਅਵਤਾਰਵਾਦੀ ਭਾਵ-ਭੂਮੀ ਦੇ ਸੰਕਲਪ ਨੂੰ ਮੁੱਖ ਰਖਿਆ ਗਿਆ ਹੈ। ਫਲਸਰੂਪ ਅਨੇਕ ਅਜਿਹੇ ਤੱਤ੍ਹਾਂ ਦਾ ਸਮਾਵੇਸ਼ ਇਸ ਗ੍ਰੰਥ ਵਿਚ ਹੋ ਗਿਆ ਹੈ ਜਿਨ੍ਹਾਂ ਨੂੰ ਗੁਰਬਾਣੀ ਵਲੋਂ ਮਾਨਤਾ ਪ੍ਰਾਪਤ ਨਹੀਂ ਹੈ। ਪਰ ਕਵੀ ਗੁਰੂ ਸਾਹਿਬਾਨ ਦੇ ਬਿੰਬ ਨੂੰ ਨਿਰਾ-ਪੁਰਾ ਇਤਿਹਾਸਿਕ

ਨ ਰਖ ਕੇ ਪੌਰਾਣਿਕ ਬਣਾਉਣਾ ਚਾਹੁੰਦਾ ਹੈ। ਅਜਿਹੇ ਯਤਨ ਕਾਰਣ ਹੇਠ ਲਿਖੀਆਂ ਪ੍ਰਵਿੱਤੀਆਂ ਇਸ ਪ੍ਰਬੰਧ-ਕਾਵਿ ਵਿਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਜਿਵੇਂ :

(1) ਗੁਰੂ ਸਾਹਿਬਾਨ ਦੇ ਚਰਿਤ੍ਰਾਂ ਵਿਚ ਅਵਤਾਰਵਾਦੀ ਭਾਵਨਾ ਦਾ ਆਰੋਪ ਕਰਨਾ,

(2) ਇਤਿਹਾਸਿਕ ਘਟਨਾਵਾਂ ਦਾ ਸਰੂਪ ਆਪਣੀ ਭਾਵਨਾ ਅਨੁਸਾਰ ਬਦਲ ਕੇ ਪੌਰਾਣਿਕ ਪਿਛੋਕੜ ਸਹਿਤ ਪੇਸ਼ ਕਰਨਾ,

(3) ਗੁਰੂ ਸਾਹਿਬਾਨ ਦੇ ਚਰਿਤ੍ਰਾਂ ਵਿਚ ਅਤਿ-ਮਾਨਵੀ ਘਟਨਾਵਾਂ ਨੂੰ ਸ਼ਾਮਲ ਕਰਨਾ,

(4) ਕਿਤੇ ਕਿਤੇ ਪੌਰਾਣਿਕ ਆਖਿਆਨਾਂ ਨੂੰ ਸ਼ਾਮਲ ਕਰਨਾ,

(5) ਇਤਿਹਾਸਿਕ ਘਟਨਾਵਾਂ ਨੂੰ ਨਵੀਨ ਪੌਰਾਣਿਕ ਸੰਦਰਭ ਪ੍ਰਦਾਨ ਕਰਨਾ।

ਅਜਿਹੀਆਂ ਪ੍ਰਵਿੱਤੀਆਂ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਕਵੀ ਨੇ ਇਤਿਹਾਸ ਨੂੰ ਪੁਰਾਣ ਰੂਪ ਵਿਚ ਢਾਲਣ ਦਾ ਯਤਨ ਕੀਤਾ ਹੈ।

ਇਸ ਤਰ੍ਹਾਂ 'ਗੁਰ ਪ੍ਰਤਾਪ ਸੂਰਜ' (ਗੁਰੂ ਨਾਨਕ ਪ੍ਰਕਾਸ਼ ਸਹਿਤ) ਕੇਵਲ ਗੁਰੂ ਸਾਹਿਬਾਨ ਦੇ ਉਪਕਾਰਾਂ ਦਾ ਇਤਿਹਾਸ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਦਾ ਵੀ ਗੌਰਵ ਗ੍ਰੰਥ ਹੈ ਜਿਸ ਵਿਚ ਆਦਰਸ਼ ਮਨੁੱਖ ਦੇ ਸਰੂਪ ਦਾ ਚਿਤ੍ਰਣ ਬੜੀ ਸਹਿਜ ਬਿਰਤੀ ਨਾਲ ਹੋਇਆ ਹੈ। ਅਜਿਹਾ ਕਰਨ ਵੇਲੇ ਪ੍ਰਾਚੀਨ ਧਾਰਮਿਕ ਸਥਾਪਨਾਵਾਂ, ਲੋਕ-ਪਰੰਪਰਾਵਾਂ ਅਤੇ ਸਾਹਿਤਿਕ ਗ੍ਰੰਥਾਂ ਵਿਚੋਂ ਜੋ ਕੁਝ ਉਪਯੋਗੀ ਮਿਲਿਆ, ਉਸ ਨੂੰ ਗੁਰੂ-ਬ੍ਰਿੱਤਾਂਤ ਦੀ ਮਾਲਾ ਵਿਚ ਪਰੋ ਦਿੱਤਾ। ਇਸ ਤਰ੍ਹਾਂ ਇਸ ਗ੍ਰੰਥ ਵਿਚ ਭਾਰਤੀ ਸੰਸਕ੍ਰਿਤਿਕ ਮੁੱਲਾਂ ਦੀ ਪੁਨਰ -ਸੰਸਥਾਪਨਾ ਹੋਈ ਹੈ। ਭਾਰਤੀ ਸਾਹਿਤ ਵਿਚ ਰਾਮਾਇਣ, ਮਹਾਭਾਰਤ ਅਤੇ ਭਾਗਵਤ ਪੁਰਾਣ ਨੂੰ ਉਪਜੀਵੀ ਗ੍ਰੰਥ ਹੋਣ ਦਾ ਗੌਰਵ ਹਾਸਲ ਹੈ ਕਿਉਂਕਿ ਪਰਵਰਤੀ ਸਾਹਿਤ ਇਨ੍ਹਾਂ ਵਿਚਲੀ ਸਾਮਗ੍ਰੀ ਨੂੰ ਕਿਸੇ ਨ ਕਿਸੇ ਰੂਪ ਵਿਚ ਅਪਣਾ ਕੇ ਚਲਿਆ ਹੈ। ਭਾਈ ਸੰਤੋਖ ਸਿੰਘ ਦਾ ਇਹ ਗ੍ਰੰਥ ਵੀ ਗੁਰੂ -ਇਤਿਹਾਸ ਸੰਬੰਧੀ ਹਰ ਪ੍ਰਕਾਰ ਦੀ ਪੂਰਬ ਉਪਲਬਧ ਸਾਮਗ੍ਰੀ ਨੂੰ ਆਤਮ-ਸਾਤ ਕਰਕੇ ਅਜਿਹੇ ਵਿਸ਼ਾਲ ਕਾਵਿ ਨੂੰ ਜਨਮ ਦਿੰਦਾ ਹੈ ਜੋ ਸਿੱਖ ਇਤਿਹਾਸ ਅਤੇ ਧਰਮ ਨਾਲ ਸੰਬੰਧਿਤ ਹਰ ਪ੍ਰਕਾਰ ਦੀਆਂ ਪਰਵਰਤੀ ਰਚਨਾਵਾਂ ਲਈ ਉਪਜੀਵੀ ਹੋਣ ਦੀ ਭੂਮਿਕਾ ਨਿਭਾਉਣ ਵਿਚ ਸਫਲ ਹੋਇਆ ਹੈ। ਸਿੱਖ ਧਰਮ, ਦਰਸ਼ਨ, ਇਤਿਹਾਸ, ਜੀਵਨ-ਵਿਧੀ, ਸਾਧਨਾ-ਪੱਧਤੀ, ਰਹਿਤ-ਮਰਯਾਦਾ ਦੀ ਸਰਬਾਂਗੀ ਵਿਆਖਿਆ ਇਸ ਗ੍ਰੰਥ ਵਿਚ ਸਮੋਈ ਪਈ ਹੈ। ਸਚਮੁਚ ਇਹ ਗ੍ਰੰਥ ਸਿੱਖ ਧਰਮ ਦਾ ਹੀ ਨਹੀਂ, ਭਾਰਤੀ ਗਿਆਨ ਦਾ ਵੀ ਰਤਨਾਕਰ ਹੈ। ਅਸਲ ਵਿਚ ਇਸ ਗ੍ਰੰਥ ਅੰਦਰ ਭਾਰਤੀ ਦਰਸ਼ਨ, ਧਰਮ ਅਤੇ ਚਿੰਤਨ ਨੂੰ ਸਿੱਖ ਇਤਿਹਾਸ ਦੇ ਸੰਦਰਭ ਵਿਚ ਪੁਨਰ-ਸੁਰਜੀਤ ਕਰਨ ਦਾ ਸ਼ਲਾਘਾਯੋਗ ਉੱਦਮ ਕੀਤਾ ਗਿਆ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਨੇ ਆਪਣੇ ਤੋਂ ਪਹਿਲਾਂ ਲਿਖੀਆਂ ਇਤਿਹਾਸ-ਨੁਮਾ ਰਚਨਾਵਾਂ ਦਾ ਲਾਭ ਉਠਾਇਆ ਹੈ। ਪਰ ਉਹ ਰਚਨਾਵਾਂ ਵਿਵਸਥਿਤ ਅਤੇ ਵਿਸਤਰਿਤ ਰੂਪ ਵਿਚ ਗੁਰੂ ਸਾਹਿਬਾਨ ਦੇ ਚਰਿਤ੍ਰਾਂ ਨੂੰ ਨਹੀਂ ਉਘਾੜਦੀਆਂ, ਕਿਉਂਕਿ ਮੁੱਢਲੇ ਸਿੱਖ-ਇਤਿਹਾਸ ਉਦੋਂ ਲਿਖੇ ਗਏ ਜਦੋਂ ਅਜੇ ਸਿੱਖ ਆਪਣਾ ਇਤਿਹਾਸ ਬਣਾ ਰਹੇ ਸਨ, ਉਸ ਨੂੰ ਲਿਪੀ-ਬਧ ਕਰਨ ਦਾ ਸਮਾਂ ਬਾਦ ਵਿਚ ਹੀ ਆਉਣਾ ਸੀ ਅਤੇ ਉਸ ਲੋੜ ਨੂੰ ਭਾਈ ਸੰਤੋਖ ਸਿੰਘ ਨੇ ਪੂਰਾ ਕੀਤਾ। ਉਨ੍ਹਾਂ ਨੇ ਪੂਰਵ-ਸਿਰਜਿਤ ਪੁਸਤਕਾਂ/ਪੋਥੀਆਂ ਤੋਂ ਲਾਭ ਉਠਾਉਣ ਦੇ ਨਾਲ ਨਾਲ ਗੁਰੂ-ਧਾਮਾਂ, ਪੀੜ੍ਹੀ ਦਰ ਪੀੜ੍ਹੀ ਚਲੀਆਂ ਆਉਂਦੀਆਂ ਰਵਾਇਤਾਂ ਅਤੇ ਸਾਖੀਆਂ ਨੂੰ ਇਕੱਠਾ ਕੀਤਾ ਅਤੇ ਬਜ਼ੁਰਗ ਸਿੱਖਾਂ ਅਤੇ ਹੋਰਨਾਂ ਵਿਅਕਤੀਆਂ ਤੋਂ ਜਾਣਕਾਰੀ ਇਕੱਠੀ ਕੀਤੀ। ਇਸ ਤਰ੍ਹਾਂ 20 ਸਾਲ ਤੋਂ ਅਧਿਕ ਸਮੇਂ ਵਿਚ ਇਕੱਠੀ ਕੀਤੀ ਸਾਮਗ੍ਰੀ ਨੂੰ ਇਸ ਗ੍ਰੰਥ ਵਿਚ ਵਿਵਸਥਿਤ ਰੂਪ ਦਿੱਤਾ ਹੈ। ਇਸ ਵਿਚ ਸੰਦੇਹ ਨਹੀਂ ਕਿ ਇਸ ਵਿਚ ਵਿਗਿਆਨਿਕ ਦ੍ਰਿਸ਼ਟੀ ਤੋਂ ਕਈ ਇਤਿਹਾਸਿਕ ਤੱਥ ਕਮਜ਼ੋਰ ਹੋਣਗੇ, ਪਰ ਉਸ ਸਮੇਂ ਵਿਚ ਇਸ ਤੋਂ ਅਧਿਕ ਸਫਲ ਹੋਰ ਕੋਈ ਰਚਨਾ ਉਪਲਬਧ ਨਹੀਂ ਹੈ। ਇਸ ਗ੍ਰੰਥ ਵਿਚ ਇਤਿਹਾਸਿਕਤਾ ਅਤੇ ਅਧਿਆਤਮਿਕਤਾ ਦਾ ਸੁੰਦਰ ਸੁਮੇਲ ਹੋਇਆ ਹੈ। ਸਿੱਖ ਧਰਮ ਦੇ ਮੁੱਖ ਮੁੱਖ ਅਧਿਆਤਮਿਕ, ਧਾਰਮਿਕ ਅਤੇ ਸਮਾਜਿਕ ਮੁੱਲਾਂ ਨੂੰ ਬੜੇ ਸੁੰਦਰ ਢੰਗ ਨਾਲ ਇਤਿਹਾਸਿਕ ਕਥਾ-ਪ੍ਰਸੰਗਾਂ ਵਿਚ ਸਮੋ ਕੇ ਉਨ੍ਹਾਂ ਨੂੰ ਵਿਵਹਾਰਿਕਤਾ ਪ੍ਰਦਾਨ ਕੀਤੀ ਹੈ। ਪ੍ਰੇਮ-ਭਗਤੀ ਨੂੰ ਸਿੱਖ ਧਰਮ ਦੀ ਸਾਧਨਾ ਦਾ ਮੂਲਾਧਾਰ ਮੰਨਦੇ ਹੋਇਆਂ ਇਸ ਨੂੰ ਹੋਰਨਾਂ ਸਾਧਨਾ-ਮਾਰਗਾਂ ਤੋਂ ਸ੍ਰੇਸ਼ਠ ਦਸਿਆ ਹੈ ਅਤੇ ਵੈਧੀ ਭਗਤੀ ਦੀਆਂ ਸੀਮਾਵਾਂ ਤੋਂ ਹਟਾ ਕੇ ਇਸ ਭਗਤੀ ਨੂੰ

ਸਮਾਜਿਕ ਸੰਦਰਭ ਪ੍ਰਦਾਨ ਕਰਦੇ ਹੋਇਆਂ ਨਵੇਂ ਸਭਿਆਚਾਰ ਦਾ ਧੁਰਾ ਮੰਨਿਆ ਹੈ।

**ਗੁਰੁਮਤ ਮਾਰਤੰਡ** (ਗ੍ਰੰਥ): ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਤਿਆਰ ਕੀਤਾ ਇਕ ਸੰਕਲਨ, ਜਿਸ ਦੇ ਦੋ ਭਾਗਾਂ ਵਿਚ ਸਿੱਖ ਧਰਮ ਸੰਬੰਧੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਿਆਖਿਆ ਕੀਤੀ ਗਈ ਹੈ ਅਤੇ ਉਸ ਨੂੰ ਸੰਪੁਸ਼ਟ ਕਰਨ ਲਈ ਧਰਮ-ਗ੍ਰੰਥਾਂ ਅਤੇ ਸਿੱਖ ਇਤਿਹਾਸਾਂ ਤੋਂ ਟੂਕਾਂ ਦਿੱਤੀਆਂ ਗਈਆਂ ਹਨ। ਇਸ ਦਾ ਪ੍ਰਥਮ ਪ੍ਰਕਾਸ਼ਨ ਭਾਈ ਕਾਨ੍ਹ ਸਿੰਘ ਦੇ ਦੇਹਾਂਤ ਤੋਂ ਬਾਦ ਸੰਨ 1938 ਈ. ਦੇ ਅੰਤ ਵਿਚ ਹੋਇਆ ਅਤੇ ਇਸ ਦਾ ਪੁਨਰ ਪ੍ਰਕਾਸ਼ਨ ਅਕਤੂਬਰ 1962 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤਾ ਗਿਆ। ਇਸ ਸੰਕਲਨ ਤੋਂ ਪਹਿਲਾਂ ਭਾਈ ਕਾਨ੍ਹ ਸਿੰਘ ਨੇ 'ਗੁਰੁਮਤ ਪ੍ਰਭਾਕਰ' (1898 ਈ.) ਅਤੇ 'ਗੁਰੁਮਤ ਸੁਧਾਕਰ' (1899 ਈ.) ਨਾਂ ਦੇ ਸੰਕਲਨਾਂ ਵਿਚ ਕ੍ਰਮਵਾਰ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਤੇ ਰਹਿਤਨਾਮਿਆਂ ਵਿਚੋਂ ਤੁਕਾਂ ਜਾਂ ਸੰਦਰਭ ਲਭ ਕੇ ਉਨ੍ਹਾਂ ਨੂੰ ਵਖ ਵਖ ਵਿਸ਼ਿਆਂ ਅਧੀਨ ਪ੍ਰਸਤੁਤ ਕੀਤਾ ਸੀ ਅਤੇ ਲੋੜ ਅਨੁਸਾਰ ਸਪੱਸ਼ਟੀਕਰਣ ਲਈ ਅਰਥ ਜਾਂ ਟਿੱਪਣੀਆਂ ਵੀ ਲਿਖੀਆਂ ਸਨ। ਉਹ ਦੋਵੇਂ ਮੁੱਢਲੀਆਂ ਰਚਨਾਵਾਂ ਸਨ, ਪਰ ਪ੍ਰਸਤੁਤ ਗ੍ਰੰਥ ਵਿਚ ਵਿਵਸਥਿਤ ਢੰਗ ਨਾਲ ਲਗਭਗ ਡੇਢ ਹਜ਼ਾਰ ਪਰਿਭਾਸ਼ਿਕ ਸ਼ਬਦਾਂ ਦੀ ਵਿਆਖਿਆ ਨੂੰ ਸਮੋਇਆ ਗਿਆ ਹੈ।

ਇਸ ਸੰਕਲਨ ਦੀ ਤਿਆਰੀ ਸੰਬੰਧੀ ਆਪਣਾ ਮਤ ਪ੍ਰਗਟ ਕਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ :

*ਸਾਡੇ ਮਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਅਪਣੀ ਅਪਣੀ ਬੁਧੀ ਅਰੁ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਤੇ ਹਾਨੀ ਹੋ ਰਹੀ ਹੈ, ਅਰਥਾਤ ਗੁਰੁਮਤ ਅਨੁਸਾਰ ਵਾਕ ਲਾਭ ਅਤੇ ਗੁਰੁਮਤ ਵਿਰੁੱਧ ਵਚਨ ਹਾਨੀ ਦਾ ਕਾਰਣ ਬਣ ਰਹੇ ਹਨ। ਇਨ੍ਹਾਂ ਗ੍ਰੰਥਾਂ ਦੀ ਡੂੰਘੀ ਖੋਜ ਤੋਂ ਪ੍ਰਤੀਤ ਹੋਂਦਾ ਹੈ ਕਿ ਸਾਡੇ ਮਤ ਦੇ ਕਵੀਆਂ ਨੇ ਅਨ੍ਯਮਤੀ ਗ੍ਰੰਥਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿੱਤੀ ਹੈ। ਬਿਨਾ ਛਾਣਬੀਨ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰੁਮਤ ਤੋਂ ਦੂਰ ਲੈ ਜਾਣ ਵਾਲੇ ਹਨ।*

ਉਪਰੋਕਤ ਘਾਟ ਨੂੰ ਮੁਖ ਰਖਦਿਆਂ ਭਾਈ ਸਾਹਿਬ ਨੇ ਇਸ ਗ੍ਰੰਥ ਦਾ ਸੰਪਾਦਨ ਕੀਤਾ ਹੈ ਅਤੇ ਲੋੜ ਅਨੁਸਾਰ ਤਰਕ-ਵਿਤਰਕ ਨਾਲ ਸਹੀ ਸਥਿਤੀ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਹਵਾਲਾ ਗ੍ਰੰਥ ਵਜੋਂ ਇਹ ਉੱਤਮ ਰਚਨਾ ਹੈ।

**ਗੁਰੂ** : ਭਾਰਤੀ ਅਧਿਆਤਮਿਕ ਸਾਧਨਾ ਵਿਚ ਸ਼ੁਰੂ ਤੋਂ ਗੁਰੂ ਦਾ ਬਹੁਤ ਅਧਿਕ ਮਹੱਤਵ ਰਿਹਾ ਹੈ। ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਵਿਉਤਪੱਤੀ-ਮੂਲਕ ਅਰਥ ਹੈ 'ਜੋ ਧਰਮ ਦਾ ਉਪਦੇਸ਼ ਕਰੇ ਜਾਂ ਅਗਿਆਨ ਨੂੰ ਦੂਰ ਕਰੇ ਜਾਂ ਦੇਵ, ਗੰਧਰਵ ਆਦਿ ਦੁਆਰਾ ਪ੍ਰਸ਼ੰਸਿਤ ਹੋਏ, ਉਹ 'ਗੁਰੂ' ਹੈ। 'ਅਦ੍ਵਯਤਾਰਕ-ਉਪਨਿਸ਼ਦ' (10) ਵਿਚ 'ਗੁਰੂ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ— 'ਗੁ' ਦਾ ਅਰਥ ਹੈ ਅੰਧਕਾਰ ਅਤੇ 'ਰੁ' ਦਾ ਅਰਥ ਹੈ ਦੂਰ ਕਰਨ ਵਾਲਾ। ਇਸ ਤਰ੍ਹਾਂ 'ਗੁਰੂ' ਉਹ ਹੈ ਜੋ ਆਪਣੇ ਸੇਵਕ ਜਾਂ ਸ਼ਿਸ਼ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰੇ। ਮਹਾਨ-ਕੋਸ਼ਕਾਰ ਨੇ ਇਸ ਦਾ ਅਰਥ 'ਅਗਿਆਨ ਨੂੰ ਨਿਗਲਣ ਵਾਲਾ' ਕੀਤਾ ਹੈ।

ਇਸ ਸ਼ਬਦ ਦੀ ਵਰਤੋਂ ਭਾਰਤੀ ਸਾਹਿਤ ਵਿਚ ਪ੍ਰਾਚੀਨ ਕਾਲ ਤੋਂ ਹੁੰਦੀ ਆ ਰਹੀ ਹੈ। ਵੈਦਿਕ ਕਾਲ ਵਿਚਲਾ 'ਪੁਰੋਹਿਤ' ਹੌਲੀ ਹੌਲੀ ਉਪਨਿਸ਼ਦਾਂ ਤਕ ਪਹੁੰਚਦਿਆਂ 'ਰਿਸ਼ੀ' ਵਿਚ ਬਦਲ ਗਿਆ। ਬੌਧ-ਮਤ, ਤੰਤ੍ਰ-ਸਾਧਨਾ, ਸਿੱਧ-ਸਾਧਨਾ, ਨਾਥ-ਮਤ ਆਦਿ ਵਿਚ ਕਿਸੇ ਨ ਕਿਸੇ ਰੂਪ ਵਿਚ ਗੁਰੂ ਵਰਗੇ ਵਿਅਕਤਿਤਵ ਦੀ ਲੋੜ ਮੌਜੂਦ ਰਹੀ ਹੈ। ਸੰਤ-ਸਾਹਿਤ, ਰਾਮ-ਭਗਤੀ ਅਤੇ ਕ੍ਰਿਸ਼ਣ- ਭਗਤੀ ਵਿਚ ਵੀ ਗੁਰੂ ਦੀ ਦੇਣ ਸਵੀਕਾਰ ਕੀਤੀ ਗਈ ਹੈ। ਸੂਫ਼ੀ-ਮਤ ਵਿਚ 'ਮੁਰਸ਼ਿਦ' ਦੇ ਸਰੂਪ ਵਿਚ ਗੁਰੂ ਦੀ ਕਲਪਨਾ ਹੋਈ ਹੈ। ਬਾਬਾ ਫ਼ਰੀਦ ਨੇ ਤਾਂ 'ਮੁਰਸ਼ਿਦ' ਦੇ ਸਥਾਨ 'ਤੇ 'ਗੁਰੂ' ਸ਼ਬਦ ਦੀ ਵਰਤੋਂ ਵੀ ਕੀਤੀ ਹੈ— *ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ। ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।*(ਗੁ.ਗ੍ਰੰ.488)। ਸਪੱਸ਼ਟ ਹੈ ਕਿ ਮੱਧ-ਯੁਗ ਦੀ ਧਰਮ-ਸਾਧਨਾ ਵਿਚ, ਚਾਹੇ ਉਹ ਨਿਰਗੁਣ ਹੋਵੇ, ਚਾਹੇ ਸਗੁਣ, ਗੁਰੂ ਦਾ ਸਥਾਨ ਗੌਰਵਸ਼ਾਲੀ ਸੀ। ਇਸ ਨੂੰ 'ਸਤਿਗੁਰੂ' ਜਾਂ 'ਸਦਗੁਰੂ' ਵੀ ਕਿਹਾ ਜਾਂਦਾ ਸੀ। ਅਧਿਆਤਮਿਕ ਮਾਰਗ ਉਤੇ ਸਫਲਤਾ-

ਪੂਰਵਕ ਚਲਣ ਲਈ ਗੁਰੂ ਦੀ ਬਹੁਤ ਲੋੜ ਹੈ— *ਵਿਣ ਸਤਿਗੁਰ ਵਾਟ ਨ ਪਾਵੈ।*

ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਦੀ ਬਹੁਤ ਅਧਿਕ ਮਹੱਤਵ-ਸਥਾਪਨਾ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।* (ਗੁ.ਗ੍ਰੰ.462)। ਦੇਵਤਾ ਬਣਾਉਣ ਤੋਂ ਇਥੇ ਭਾਵ ਹੈ ਸਾਧਾਰਣ ਮਨੁੱਖ ਨੂੰ ਦੇਵਤ੍ਵ ਪ੍ਰਦਾਨ ਕਰਨਾ। 'ਸੁਖਮਨੀ' ਬਾਣੀ ਵਿਚ ਗੁਰੂ ਦੇ ਸਰੂਪ ਨੂੰ ਸਪੱਸ਼ਟ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ। ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।* (ਗੁ.ਗ੍ਰੰ.286)। ਗੁਰੂ ਰਾਮਦਾਸ ਜੀ ਨੇ ਵੀ ਮਲਾਰ ਰਾਗ ਵਿਚ ਕਿਹਾ ਹੈ— *ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ। ... ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ।* (ਗੁ.ਗ੍ਰੰ.1264)।

ਮਨੁੱਖ ਦੇ ਸਹੀ ਮਾਰਗ ਤੋਂ ਵਿਚਲਿਤ ਹੋਣ ਦਾ ਮੁੱਖ ਕਾਰਣ ਚਿੱਤ-ਵ੍ਰਿੱਤੀਆਂ ਦਾ ਇਕਾਗਰ ਨ ਹੋਣਾ ਹੈ। ਚਿੱਤ-ਵ੍ਰਿੱਤੀਆਂ ਤਦ ਹੀ ਕਾਬੂ ਹੁੰਦੀਆਂ ਹਨ ਜੇ ਬੰਦਾ ਮਨ ਨੂੰ ਸਾਧ ਲਏ, ਉਸ ਨੂੰ ਆਪਣੇ ਵਸ਼ ਵਿਚ ਕਰ ਲਏ। ਮਨ ਦੇ ਸਥਿਰ ਹੋਣ ਨਾਲ ਸਾਰੀ ਮਾਨਵੀ ਗਤਿਵਿਧੀ ਨਿਯੰਤ੍ਰਿਤ ਹੋ ਜਾਂਦੀ ਹੈ, ਵਾਸਨਾਤਮਕ ਭਟਕਣਾ ਖ਼ਤਮ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ 'ਮਨ ਜੀਤੇ ਜਗੁ ਜੀਤ' ਦੀ ਗੱਲ ਕਹਿ ਕੇ ਇਸੇ ਧਾਰਣਾ ਦੀ ਪੁਸ਼ਟੀ ਕੀਤੀ ਹੈ। ਮਨ ਨੂੰ ਬੰਨ੍ਹਣ ਜਾਂ ਨਿਯੰਤ੍ਰਿਤ ਕਰਨ ਦਾ ਸਾਧਨ 'ਗਿਆਨ' ਹੈ। ਗਿਆਨ ਤੋਂ ਭਾਵ ਇਥੇ ਬ੍ਰਹਮ-ਗਿਆਨ ਜਾਂ ਅਧਿਆਤਮਿਕ ਗਿਆਨ ਹੈ ਅਤੇ ਇਸ ਪ੍ਰਕਾਰ ਦੇ ਗਿਆਨ ਦੀ ਪ੍ਰਾਪਤੀ ਕੇਵਲ ਗੁਰੂ ਦੁਆਰਾ ਸੰਭਵ ਹੈ— *ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ। ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।* (ਗੁ.ਗ੍ਰੰ.469)।

ਸਚ ਤਾਂ ਇਹ ਹੈ ਕਿ ਗੁਰਮਤਿ ਵਿਚ ਗੁਰੂ ਦਾ ਉਹੀ ਸਥਾਨ ਹੈ ਜੋ ਸ਼ਰੀਰ ਵਿਚ ਰੀੜ੍ਹ ਦੀ ਹੱਡੀ ਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੋਈ ਪੰਨਾ ਨਹੀਂ ਜਿਸ ਵਿਚ ਗੁਰੂ ਦੇ ਮਹੱਤਵ, ਸਰੂਪ ਅਤੇ ਲੋੜ ਉਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਕਾਸ਼ ਨ ਪਾਇਆ ਗਿਆ ਹੋਵੇ। 'ਮੂਲ-ਮੰਤ੍ਰ' ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਗੁਰੂ ਦੀ ਕ੍ਰਿਪਾ ਦਸਿਆ ਗਿਆ ਹੈ। ਗੁਰੂ ਹੀ ਸਿੱਖ ਦਾ ਪਥ-ਪ੍ਰਦਰਸ਼ਨ ਕਰਕੇ ਉਸ ਦੇ ਹਿਰਦੇ ਵਿਚ ਭਗਤੀ ਦੀ ਭਾਵਨਾ ਦ੍ਰਿੜ੍ਹ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਫ਼ਰਮਾਇਆ ਹੈ— *ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ। ਆਪਿ ਦਿਖਾਵੈ ਵਾਟੜੀ ਸਚੀ ਭਗਤਿ ਦ੍ਰਿੜਾਏ।* (ਗੁ.ਗ੍ਰੰ.420)।

ਗੁਰਬਾਣੀ ਦੇ ਉਦਾਸੀ ਵਿਆਖਿਆਕਾਰ ਆਨੰਦਘਨ ਨੇ 'ਜਪੁਜੀ' ਦੇ ਟੀਕੇ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਨਾਲ 'ਗੁਰੂ' ਪਦ ਸੰਯੁਕਤ ਹੋਣ ਬਾਰੇ ਇਕ ਕਬਿੱਤ ਵਿਚ ਲਿਖਿਆ ਹੈ— *ਪਾਪ ਹੂੰ ਤੇ ਮੋੜਨ ਅਰ ਜੋੜਨ ਹਰਿਨਾਮ ਹੂੰ ਮੇ ਲੋੜਨ ਸਤਸੰਗ ਤਬੀ ਗੁਰੂ ਨਾਮ ਪਾਏ ਹੈ।* ਇਸ ਤੋਂ ਅਗੇ ਪ੍ਰਸ਼ਨੋਤਰੀ ਸ਼ੈਲੀ ਵਿਚ ਆਨੰਦਘਨ ਨੇ ਕਿਹਾ ਹੈ— *ਗੁਰੂ ਕੌਨ ਹੈ ? ਤਿਸ ਦਾ ਉਤਰ — ਜੋ ਹਿਤ ਦਾ ਉਪਦੇਸ ਕਰੇ ਸੋਈ 'ਗੁਰੂ'। ਪਾਪ ਤੇ ਮੋੜਨਾ, ਹਰਿਨਾਮ ਮੇ ਜੋੜਨਾ, ਸਤਿਸੰਗ ਕੋ ਲੋੜਨਾ, ਹਿਤ ਤੋ ਸਿਖ ਕਾ ਇਸੀ ਮੇ ਹੈ, ਐਸਾ ਉਪਦੇਸ ਕਰਣੇ ਤੇ ਗੁਰੂ ਨਾਮ ਪਾਇਆ ਹੈ।*

ਮਹਾਨ ਅਤੇ ਵਿਆਪਕ ਕਰਤੱਵ ਵਾਲੇ ਗੁਰੂ ਦੀ ਜਿਗਿਆਸੂ ਲਈ ਅਤਿ ਅਧਿਕ ਲੋੜ ਹੈ। ਗੁਰੂ ਅਸਲ ਵਿਚ, ਆਪਣੇ ਅਨੁਭਵ ਦੇ ਗਿਆਨ ਰਾਹੀਂ ਸਾਧਕ ਦੇ ਚਰਿਤ੍ਰ ਦਾ ਵਿਕਾਸ ਕਰਦਾ ਹੈ, ਉਸ ਦੀਆਂ ਸ਼ੰਕਾਵਾਂ ਨੂੰ ਖ਼ਤਮ ਕਰਦਾ ਹੈ, ਉਸ ਦੇ ਅਧਿਆਤਮਿਕ ਮਾਰਗ ਦੀਆਂ ਕਠਿਨਾਈਆਂ ਨੂੰ ਦੂਰ ਕਰਦਾ ਹੈ। ਅਜਿਹਾ ਕਲਿਆਣਕਾਰੀ ਮਹਾਤਮਾ, ਸਾਧਕ ਲਈ ਧਰਤੀ ਉਤੇ ਵਿਚਰਦਾ ਆਪ ਪਰਮਾਤਮਾ ਹੀ ਹੁੰਦਾ ਹੈ— *ਗੁਰ ਮਹਿ ਆਪੁ ਰਖਿਆ ਕਰਤਾਰੇ।* (ਗੁ.ਗ੍ਰੰ. 1024)। ਜੋ ਸਾਧਕ ਨੂੰ ਭਵਸਾਗਰ ਵਿਚੋਂ ਪਾਰ ਉਤਾਰਦਾ ਹੈ। ਸੰਸਾਰਿਕਤਾ ਵਿਚ ਲੀਨ ਜੀਵ ਨੂੰ ਪਰਮਾਤਮਾ ਨਾਲ ਇਕਮਿਕ ਹੋਣ ਵਲ ਰੁਚਿਤ ਕਰਦਾ ਹੈ। 'ਆਸਾ ਕੀ ਵਾਰ' ਵਿਚ ਲਿਖਿਆ ਹੈ— *ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ। ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ। ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ।* (ਗੁ.ਗ੍ਰੰ.466)।

ਇਤਨੇ ਮਹਾਨ ਉਪਕਾਰਕ ਗੁਰੂ ਉਪਰ ਆਪਣੇ ਆਪ ਨੂੰ ਨਿਛਾਵਰ ਕਰਨ ਦੀ ਭਾਵਨਾ ਪ੍ਰਗਟ ਕਰਦਿਆਂ

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ ਕਿਉਂਕਿ ਆਪਣੇ ਗੁਰੂ ਦੇ ਯੋਗਦਾਨ ਨਾਲ ਮੈਂ ਪਰਮਾਤਮਾ ਨੂੰ ਯਾਦ ਕਰਨ ਵਲ ਰੁਚਿਤ ਹੁੰਦਾ ਹਾਂ। ਉਸ ਦੁਆਰਾ ਦਿੱਤੇ ਗਿਆਨ ਨਾਲ ਮੈਂ ਸੰਸਾਰ ਦੀ ਵਾਸਤਵਿਕਤਾ ਦਾ ਬੋਧ ਪ੍ਰਾਪਤ ਕਰ ਸਕਦਾ ਹਾਂ। ਉਹ ਭਵਸਾਗਰ ਵਿਚੋਂ ਪਾਰ ਕਰਾਉਣ ਵਾਲਾ ਇਕ ਜਹਾਜ਼ ਹੈ ਜਿਸ ਦੀ ਕ੍ਰਿਪਾ ਨਾਲ ਸੰਸਾਰ ਸਾਗਰ ਤਰਿਆ ਜਾ ਸਕਦਾ ਹੈ— *ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ। ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ।* (ਗੁ.ਗ੍ਰੰ.470)। ਅਸਲ ਵਿਚ, ਗੁਰੂ ਨਾਨਕ ਦੇਵ ਜੀ ਅਨੁਸਾਰ 'ਗੁਰੂ' ਦਾ ਮਾਨਦੰਡ ਹੀ ਇਹੀ ਹੈ ਕਿ ਉਹ ਸਭ ਦਾ ਉੱਧਾਰ ਕਰਕੇ ਪਰਮ-ਸੱਤਾ ਨਾਲ ਸਾਖਿਆਤਕਾਰ ਕਰਵਾ ਦੇਵੇ— *ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ।*(ਗੁ.ਗ੍ਰੰ.72)।

ਸਪੱਸ਼ਟ ਹੈ ਕਿ ਗੁਰਬਾਣੀ ਵਿਚ ਗੁਰੂ ਦਾ ਸਭ ਤੋਂ ਵੱਡਾ ਕਰਤੱਵ ਜੀਵਾਤਮਾ ਦਾ ਪਰਮਾਤਮਾ ਨਾਲ ਮੇਲ ਕਰਾਉਣਾ, ਉਸ ਨੂੰ ਸਨਮਾਰਗ ਉਤੇ ਪਾਉਣਾ, ਅਤੇ ਉਸ ਦੇ ਅੰਦਰੋਂ ਵਿਸ਼ੇ-ਵਿਕਾਰਾਂ ਨੂੰ ਨਸ਼ਟ ਕਰਨਾ ਹੈ। 'ਆਸਾ ਕੀ ਵਾਰ' ਵਿਚ ਇਸ ਗੱਲ ਉਤੇ ਬਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੀ ਉਸਤਤ ਕਰਨ ਲਈ ਜਿਗਿਆਸੂ ਨੂੰ ਪ੍ਰੇਰਿਤ ਕੀਤਾ ਹੈ ਕਿਉਂਕਿ ਉਹ ਗੁਰੂ ਮਨੁੱਖ ਦੇ ਮਨ ਅੰਤਰ ਦੀਆਂ ਬੁਰਾਈਆਂ ਨੂੰ ਕਢ ਕੇ ਉਸ ਨੂੰ ਸਾਤਵਿਕ ਅਵਸਥਾ ਪ੍ਰਦਾਨ ਕਰਦਾ ਹੈ— *ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ।* (ਗੁ.ਗ੍ਰੰ.473)।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਗੁਰੂ ਦੀ ਬਹੁਤ ਅਧਿਕ ਮਹਿਮਾ ਗਾਈ ਗਈ ਹੈ। ਇਤਿਹਾਸ ਅਨੁਸਾਰ ਉਨ੍ਹਾਂ ਨੇ ਕੋਈ ਗੁਰੂ ਧਾਰਣ ਨਹੀਂ ਕੀਤਾ ਸੀ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਗੁਰੂ ਦਾ ਸਰੂਪ-ਚਿਤ੍ਰਣ ਸਿੱਧਾਂਤਗਤ ਹੈ। ਗੁਰੂ ਜੀ ਨੇ ਪਰਮਾਤਮਾ ਨੂੰ ਹੀ ਆਪਣਾ ਗੁਰੂ ਘੋਸ਼ਿਤ ਕੀਤਾ ਹੈ— *ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।*(ਗੁ.ਗ੍ਰੰ.599)। ਗੂਜਰੀ ਰਾਗ ਵਿਚ ਵੀ ਕਿਹਾ ਹੈ— *ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰਿ।*(ਗੁ.ਗ੍ਰੰ.504)। 'ਆਸਾ ਕੀ ਵਾਰ' ਵਿਚ ਵੀ ਉਨ੍ਹਾਂ ਨੇ ਗੁਰੂ ਅਤੇ ਪਰਮਾਤਮਾ ਨੂੰ ਅਭਿੰਨ ਮੰਨਿਆ ਹੈ— *ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।* ਗੁਰੂ ਰਾਮਦਾਸ ਜੀ ਅਨੁਸਾਰ *ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।* (ਗੁ.ਗ੍ਰੰ.442)। ਗੁਰੂ ਅਰਜਨ ਦੇਵ ਜੀ ਅਨੁਸਾਰ *ਗੁਰ ਪਾਰਬ੍ਰਹਮ ਪਰਮੇਸਰੁ ਸੋਇ।* ਅਸਲ ਵਿਚ, ਪਰਮਾਤਮਾ ਦਾ ਸਥੂਲ ਰੂਪ 'ਗੁਰੂ' ਹੈ ਅਤੇ 'ਗੁਰੂ' ਦਾ ਸੂਖਮ ਰੂਪ ਪਰਮਾਤਮਾ ਹੈ। ਪਰਮਾਤਮਾ ਹੀ ਧਰਤੀ ਉਤੇ ਗੁਰੂ ਦੇ ਰੂਪ ਵਿਚ ਵਿਚਰ ਕੇ ਸਿੱਖ ਦਾ ਪਾਰ-ਉਤਾਰਾ ਕਰ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਬਾਦ ਅਗਲੇ ਨੌਂ ਗੁਰੂਆਂ ਵਿਚ ਗੁਰੂ ਨਾਨਕ ਦੇਵ ਦੀ ਜੋਤਿ ਸ਼ਰੀਰਾਂਤਰਿਤ ਹੋਈ ਹੈ। ਸਤੇ ਬਲਵੰਡ ਦੀ ਵਾਰ ਵਿਚ ਸਪੱਸ਼ਟ ਕੀਤਾ ਗਿਆ ਹੈ—*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।*(ਗੁ.ਗ੍ਰੰ.966)। ਗੁਰੂ-ਪਰੰਪਰਾ ਦੇ ਵਿਕਾਸ ਨਾਲ ਗੁਰੂ ਦਾ ਸਰੂਪ ਸਿੱਧਾਂਤਗਤ ਦੇ ਨਾਲ ਨਾਲ ਸੰਸਥਾਗਤ ਵੀ ਹੋ ਗਿਆ ਹੈ। ਅਗਲੇ ਨੌਂ ਗੁਰੂ— ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ—ਉਤਰੋਤਰ ਆਪਣਾ ਕਰਤੱਵ ਨਿਭਾਉਂਦੇ ਰਹੇ ਹਨ। ਪਰ ਦਸਮ-ਗੁਰੂ ਨੇ ਆਪਣੀ ਭੌਤਿਕ ਲੀਲਾ ਸਮਾਪਤ ਕਰਨ ਵੇਲੇ ਸ਼ਰੀਰਧਾਰੀ ਗੁਰੂ ਦੀ ਸੰਸਥਾ ਨੂੰ ਖ਼ਤਮ ਕਰਕੇ ਸ਼ਬਦ (ਗੁਰਬਾਣੀ) ਨੂੰ ਸਥਾਈ 'ਗੁਰੂ-ਪਦ' ਪ੍ਰਦਾਨ ਕੀਤਾ।

ਸਮੁੱਚੇ ਰੂਪ ਵਿਚ ਗੁਰੂ ਨੂੰ ਪਰਿਭਾਸ਼ਿਤ ਕਰਦਿਆਂ ਗੁਰੂ ਰਾਮਦਾਸ ਜੀ ਨੇ 'ਗਉੜੀ ਕੀ ਵਾਰ' ਵਿਚ ਸਪੱਸ਼ਟ ਕੀਤਾ ਹੈ—*ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ। ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ। ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ।* (ਗੁ.ਗ੍ਰੰ. 312)।

ਇਤਨੇ ਅਧਿਕ ਮਹੱਤਵ ਅਤੇ ਮਾਨਤਾ ਵਾਲੇ ਗੁਰੂ ਤੋਂ ਪਾਖੰਡੀ ਗੁਰੂ ਨੂੰ ਨਿਖੇੜਿਆ ਵੀ ਗਿਆ ਹੈ ਕਿਉਂਕਿ ਜੋ ਪਰਮਾਤਮਾ ਨੂੰ ਖ਼ੁਦ ਪਛਾਣ ਨਹੀਂ ਸਕਦੇ, ਉਹ ਆਪਣੇ ਚੇਲਿਆਂ ਨੂੰ ਕਿਵੇਂ ਸਹੀ ਮਾਰਗ ਉਤੇ ਪਾ ਸਕਦੇ ਹਨ। ਜੋ ਗੁਰੂ ਆਪ ਅਗਿਆਨੀ ਹੈ, ਉਹ ਆਪਣੇ ਅਨੁਯਾਈਆਂ ਨੂੰ ਕਿਵੇਂ ਸਹੀ ਮਾਰਗ ਉਤੇ ਪਾਏਗਾ, ਉਹ ਸਾਰੇ ਸਾਥੀਆਂ ਨੂੰ ਨਿਸਚੇ ਹੀ ਡੁਬੋਏਗਾ—*ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ।* (ਗੁ.ਗ੍ਰੰ.140)। 'ਆਸਾ ਕੀ ਵਾਰ'

ਵਿਚ ਪਾਖੰਡੀ ਗੁਰੂ ਦੇ ਕਰਮ ਨੂੰ ਕੇਵਲ ਰੋਜ਼ੀ ਦਾ ਸਾਧਨ ਦਸਿਆ ਗਿਆ ਹੈ—*ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨ੍ਹਿ ਸਿਰ। ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ। ਰੋਟੀਆ ਕਾਰਣਿ ਪੂਰਹਿ ਤਾਲ। ਆਪੁ ਪਛਾੜਹਿ ਧਰਤੀ ਨਾਲਿ।* (ਗੁ.ਗ੍ਰੰ.465)।

ਗੁਰਬਾਣੀ ਵਿਚ ਜਿਥੇ ਗੁਰੂ ਦੀ ਅਤਿ-ਅਧਿਕ ਲੋੜ ਅਤੇ ਮਹਾਨਤਾ ਦਸੀ ਗਈ ਹੈ, ਉਥੇ ਨਾਲ ਨਾਲ ਗੁਰੂ ਤੋਂ ਬੇਮੁਖ ਹੋਏ ਵਿਅਕਤੀ ਜਾਂ ਨਿਗੁਰੇ ਵਿਅਕਤੀ ਦੀ ਸਥਿਤੀ ਉਤੇ ਵੀ ਚਾਨਣਾ ਪਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਨਿਗੁਰੇ ਵਿਅਕਤੀ ਦੀ ਸਥਿਤੀ ਕਲਰੀ ਭੂਮੀ ਵਾਂਗ ਦਸੀ ਹੈ ਜੋ ਕੁਝ ਉਤਪੰਨ ਕਰਨ ਦੇ ਅਸਮਰਥ ਹੈ—*ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ।* (ਗੁ.ਗ੍ਰੰ. 1275)।

ਗੁਰੂ ਨਾਨਕ ਦੇਵ ਜੀ ਨੇ ਨਿਗੁਰੇ ਵਿਅਕਤੀ ਨੂੰ ਝੂਠੇ ਤਿਲਾਂ ਦੇ ਬੂਟਿਆਂ ਵਰਗਾ ਦਸਿਆ ਹੈ ਕਿ ਕਿਵੇਂ ਉਨ੍ਹਾਂ ਨੂੰ ਖੇਤ ਵਿਚ ਅਣਗੌਲਿਆ ਛਡ ਦਿੱਤਾ ਜਾਂਦਾ ਹੈ ਅਤੇ ਫੁਲਣ ਫਲਣ ਦੇ ਬਾਵਜੂਦ ਅੰਤ ਵਿਚ ਉਹ ਸੁਆਹ ਹੀ ਬਣਦੇ ਹਨ— *ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ। ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ। ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ। ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।* (ਗੁ.ਗ੍ਰੰ.463)।

ਗੁਰਬਾਣੀ ਵਿਚ ਗੁਰੂ-ਸ਼ਬਦ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ, ਗੁਰੂ-ਸ਼ਬਦ ਤੋਂ ਭਾਵ ਹੈ ਗੁਰੂ ਦੀ ਬਾਣੀ, ਗੁਰੂ ਦੀ ਮਤ, ਜਾਂ ਗੁਰੂ ਦੀ ਸਿਖਿਆ। ਇਸ ਵਿਚ ਗੁਰੂ ਦਾ ਰੂਪ ਰਮ ਰਿਹਾ ਹੁੰਦਾ ਹੈ, ਪ੍ਰਤਿਬਿੰਬਿਤ ਹੋ ਰਿਹਾ ਹੁੰਦਾ ਹੈ। ਇਸ ਦਾ ਉਤਨਾ ਹੀ ਮਹੱਤਵ ਹੈ ਜਿਤਨਾ ਗੁਰੂ ਦਾ ਆਪਣਾ। ਦਸ ਦੇਹਧਾਰੀ ਗੁਰੂ ਸਾਹਿਬਾਂ ਤੋਂ ਬਾਦ ਗੁਰੂ ਗੋਬਿੰਦ ਸਿੰਘ ਨੇ ਸ਼ਬਦ-ਰੂਪ ਗੁਰੂ ਨੂੰ ਹੀ 'ਗੁਰੂ-ਪਦ' ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਇਸ ਲਈ ਹੀ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿਚ ਗੁਰੂ-ਸ਼ਬਦ ਸੰਕਲਿਤ ਹੈ। 'ਆਸਾ ਕੀ ਵਾਰ' ਵਿਚ ਵੀ ਕਿਹਾ ਗਿਆ ਹੈ ਕਿ ਜੇ ਪਰਮਾਤਮਾ ਆਪਣੀ ਕ੍ਰਿਪਾ ਕਰੇ ਤਾਂ ਹੀ ਗੁਰੂ ਦਾ ਸ਼ਬਦ ਕਮਾਇਆ ਜਾ ਸਕਦਾ ਹੈ— *ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।*

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸਰਬ ਪ੍ਰਮੁਖ ਸਥਾਨ ਹੈ। ਗੁਰੂ ਤੋਂ ਬਿਨਾ ਪ੍ਰੇਮ-ਭਗਤੀ ਉਚਿਤ ਢੰਗ ਨਾਲ ਵਿਕਾਸ ਨਹੀਂ ਕਰ ਸਕਦੀ। ਗੁਰੂ ਦੁਆਰਾ ਪ੍ਰੇਰਿਆ ਅਤੇ ਨਿਰਦੇਸ਼ਿਆ ਜਿਗਿਆਸੂ ਹੀ ਅਧਿਆਤਮਿਕ ਯਾਤ੍ਰਾ ਵਿਚ ਸਫਲਤਾ ਪ੍ਰਾਪਤ ਕਰ ਸਕਦਾ ਹੈ। ਗੁਰੂ ਅਤੇ ਪਰਮਾਤਮਾ ਵਿਚ ਵੀ ਕੋਈ ਅੰਤਰ ਨਹੀਂ। ਗੁਰੂ ਦੇ ਵਾਸਤਵਿਕ ਲੱਛਣਾਂ ਅਤੇ ਗੁਣਾਂ ਤੋਂ ਸੁੰਨੇ ਵਿਅਕਤੀ ਜਾਂ ਪਾਖੰਡੀ ਗੁਰੂ ਤੋਂ ਬਚਣਾ ਚਾਹੀਦਾ ਹੈ। ਗੁਰੂ ਅਤੇ ਗੁਰੂ-ਸ਼ਬਦ ਵਿਚ ਵੀ ਕੋਈ ਅੰਤਰ ਨਹੀਂ ਹੈ ਕਿਉਂਕਿ ਸ਼ਬਦ ਗੁਰੂ ਦਾ ਵਾਚਿਕ ਸਰੂਪ ਹੈ। ਸਹੀ ਗੁਰੂ ਤੋਂ ਬਿਨਾ ਭਵਸਾਗਰ ਨੂੰ ਤਰ ਸਕਣਾ ਸਰਲ ਨਹੀਂ ਹੈ ਕਿਉਂਕਿ ਮਾਇਕ ਪ੍ਰਪੰਚ ਕਰਕੇ ਹਰ ਪਾਸੇ ਅੰਧਕਾਰ ਹੀ ਅੰਧਕਾਰ ਵਿਆਪਤ ਹੈ। ਇਸ ਅੰਧਕਾਰ ਨੂੰ ਪ੍ਰਕਾਸ਼ ਦੇ ਕਿਸੇ ਸੰਸਾਰਿਕ ਸਾਧਨ ਰਾਹੀਂ ਦੂਰ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਜੇ ਸੈਂਕੜੇ ਚੰਨ ਚੜ੍ਹ ਪੈਣ ਅਤੇ ਹਜ਼ਾਰਾਂ ਸੂਰਜ ਉਦੋਂ ਹੋ ਜਾਣ, ਇਤਨਾ ਚਾਨਣ ਹੋਣ ਦੇ ਬਾਵਜੂਦ ਅਧਿਆਤਮਿਕ ਲਾਭ ਲਈ ਗੁਰੂ ਤੋਂ ਬਿਨ ਅੰਧਕਾਰ ਹੀ ਅੰਧਕਾਰ ਹੈ—*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ। ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।* (ਗੁ.ਗ੍ਰੰ.463)।

**ਗੁਰੂਆਣਾ** (ਪਿੰਡ): ਵੇਖੋ 'ਜ਼ਿੰਦਵੜੀ'।

**ਗੁਰੂ-ਸ਼ਬਦ** : ਇਸ ਤੋਂ ਭਾਵ ਹੈ ਗੁਰੂ ਦੇ ਮੁਖ ਵਿਚੋਂ ਉਚਰਿਆ ਸ਼ਬਦ, ਭਾਵ ਗੁਰਬਾਣੀ, ਗੁਰੂ-ਸਿਖਿਆ। ਇਸ ਦਾ ਮਹੱਤਵ ਇਤਨਾ ਹੀ ਹੈ ਜਿਤਨਾ ਗੁਰੂ ਦਾ ਆਪਣਾ ਕਿਉਂਕਿ ਪਰਮਾਤਮਾ ਰੂਪ ਗੁਰੂ ਆਪਣੇ ਸ਼ਬਦ ਵਿਚ ਸਮਾਇਆ ਹੋਇਆ ਹੈ—*ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ।* (ਗੁ.ਗ੍ਰੰ. 1112)। ਇਹ ਬਾਣੀ ਪ੍ਰਭੂ ਦੁਆਰਾ ਆਵੇਸ਼ਿਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ—*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।* (ਗੁ.ਗ੍ਰੰ.722)। ਗੁਰੂ ਰਾਮਦਾਸ ਜੀ ਨੇ 'ਗਉੜੀ ਕੀ ਵਾਰ' ਵਿਚ ਕਿਹਾ ਹੈ ਕਿ ਬਾਣੀ ਨੂੰ ਪਰਮਾਤਮਾ ਬਾਣੀਕਾਰ ਦੇ ਮੂੰਹ ਵਿਚੋਂ ਖ਼ੁਦ ਉਚਰਵਾ ਰਿਹਾ ਹੈ— *ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।* (ਗੁ.ਗ੍ਰੰ.308)। ਗੁਰੂ ਅਰਜਨ ਦੇਵ ਜੀ ਨੇ ਵੀ ਸੋਰਠ ਰਾਗ ਵਿਚ ਕਿਹਾ ਹੈ— *ਧੁਰ ਕੀ ਬਾਣੀ ਆਈ। ਤਿਨਿ ਸਗਲੀ*

*ਚਿੰਤ ਮਿਟਾਈ*।(ਗੁ.ਗ੍ਰੰ.628)। ਇਹ ਬਾਣੀ ਪ੍ਰਭੂ ਦੇ ਹੁਕਮ ਅਨੁਸਾਰ ਹੀ ਉਚਾਰੀ ਗਈ ਹੈ— *ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ*।(ਗੁ.ਗ੍ਰੰ.763)। ਇਸ ਨੂੰ ਸਚੀ ਬਾਣੀ (*ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ। ਜਿਨਿ ਪੀਤੀ ਤਿਸੁ ਮੋਖ ਦੁਆਰ—1275*) ਅਤੇ ਅੰਮ੍ਰਿਤ ਬਾਣੀ (*ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ*—1243) ਵੀ ਕਿਹਾ ਗਿਆ ਹੈ।

'ਓਅੰਕਾਰ' ਨਾਂ ਦੀ ਰਚਨਾ ਵਿਚ ਲਿਖਿਆ ਹੈ ਕਿ ਗੁਰਬਾਣੀ ਨੂੰ ਵਿਚਾਰਨ ਵਾਲਾ ਕੋਈ ਵਿਰਲਾ ਹੀ ਹੈ। ਮਹਾਪੁਰਖ ਦੀ ਬਾਣੀ ਹੋਣ ਨਾਤੇ ਇਹ ਜਿਗਿਆਸੂ ਨੂੰ ਪਰਮ-ਸੱਤਾ ਨਾਲ ਇਕਮਿਕ ਕਰਾਉਣ ਦੇ ਸਮਰਥ ਹੈ— *ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ। ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ।* (ਗੁ.ਗ੍ਰੰ.935)। ਗੁਰੂ ਨਾਨਕ ਦੇਵ ਜੀ ਨੇ ਤਾਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਵਿਅਕਤੀ ਬਾਣੀ ਨੂੰ ਵਿਸਾਰ ਦਿੰਦਾ ਹੈ ਉਹ ਪੱਕੇ ਰੋਗੀ ਵਾਂਗ ਸਦਾ ਵਿਰਲਾਪ ਕਰਦਾ ਰਹਿੰਦਾ ਹੈ— *ਜੈ ਤਨਿ ਬਾਣੀ ਵਿਸਰਿ ਜਾਇ। ਜਿਉ ਪਕਾ ਰੋਗੀ ਵਿਲਲਾਇ*।(ਗੁ. ਗ੍ਰੰ.661)।

ਸਪੱਸ਼ਟ ਹੈ ਕਿ ਜਿਵੇਂ ਪਰਮਾਤਮਾ ਅਤੇ ਗੁਰੂ ਅਭਿੰਨ ਹਨ, ਉਸੇ ਤਰ੍ਹਾਂ ਗੁਰੂ ਅਤੇ ਗੁਰਬਾਣੀ (ਸ਼ਬਦ) ਅਭਿੰਨ ਹਨ— *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ। ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।* (ਗੁ.ਗ੍ਰੰ.982)। ਇਸ ਤਰ੍ਹਾਂ ਪਰਮਾਤਮਾ, ਗੁਰੂ ਅਤੇ ਗੁਰਬਾਣੀ ਤਿੰਨੋ ਅਭਿੰਨ ਹਨ। ਗੁਰੂ ਅਮਰਦਾਸ ਜੀ ਨੇ ਬਾਣੀ ਅਤੇ ਨਿਰੰਕਾਰ ਨੂੰ ਅਭੇਦ ਕਿਹਾ ਹੈ— *ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ*।(ਗੁ.ਗ੍ਰੰ. 515)। ਗੁਰੂ ਅਰਜਨ ਦੇਵ ਜੀ ਨੇ ਪੋਥੀ (ਗ੍ਰੰਥੀ ਸਾਹਿਬ) ਨੂੰ ਪਰਮੇਸ਼ੁਰ ਦਾ ਨਿਵਾਸ-ਸਥਾਨ ਦਸਿਆ ਹੈ ਅਰਥਾਤ ਉਸ ਵਿਚ ਵਸਿਆ ਕਿਹਾ ਹੈ— *ਪੋਥੀ ਪਰਮੇਸਰ ਕਾ ਥਾਨੁ*।(ਗੁ. ਗ੍ਰੰ.1226)। ਗੁਰੂ ਨਾਨਕ ਦੇਵ ਜੀ ਨੇ ਸਾਰਾਂਸ਼ ਰੂਪ ਵਿਚ ਗਉੜੀ ਰਾਗ ਵਿਚ ਕਿਹਾ ਹੈ— *ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ। ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ।* (ਗੁ.ਗ੍ਰੰ.229)।

ਗੁਰੂ ਅਤੇ ਗੁਰੂ-ਸ਼ਬਦ ਦੀ ਇਸ ਏਕਾਕਾਰਤਾ ਕਰਕੇ ਹੀ ਦਸਮ-ਗੁਰੂ ਨੇ ਸੰਨ 1708 ਈ. ਵਿਚ ਆਪਣੇ ਮਹਾ-ਪ੍ਰਸਥਾਨ ਵੇਲੇ ਗ੍ਰੰਥ ਸਾਹਿਬ ਨੂੰ 'ਗੁਰੂ-ਪਦਵੀ' ਦਿੱਤੀ ਅਤੇ ਦੇਹ-ਧਾਰੀ ਗੁਰੂ-ਪਰੰਪਰਾ ਨੂੰ ਖ਼ਤਮ ਕਰਕੇ ਸ਼ਬਦ-ਗੁਰੂ ਦੀ ਅਵਧਾਰਣਾ ਨੂੰ ਸਥਾਪਿਤ ਕੀਤਾ।

**ਗੁਰੂਸਰ** (ਪਿੰਡ): ਇਸ ਨਾਂ ਦੇ ਕਈ ਪਿੰਡ ਪੰਜਾਬ ਵਿਚ ਹਨ, ਜਿਵੇਂ :

(1) ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦਾ ਇਕ ਪਿੰਡ ਜੋ ਜੈਤੋ ਨਗਰੀ ਤੋਂ 25 ਕਿ.ਮੀ. ਪੂਰਵ ਵਲ ਹੈ। ਇਕ ਵਾਰ ਦੀਨਾ ਨਾਂ ਦੇ ਪਿੰਡ ਤੋਂ ਗੁਰੂ ਗੋਬਿੰਦ ਸਿੰਘ ਜੀ ਇਸ ਪਾਸੇ ਵਲ ਸ਼ਿਕਾਰ ਖੇਡਣ ਆਏ ਸਨ ਅਤੇ 'ਗੁਰਦੁਆਰਾ ਪਾਤਿਸ਼ਾਹੀ ਦਸ ਗੁਰੂਸਰ' ਵਾਲੀ ਥਾਂ ਉਤੇ ਇਕ ਢਾਬ ਦੇ ਕੰਢੇ ਠਹਿਰੇ ਸਨ। ਉਦੋਂ ਇਹ ਸਥਾਨ ਜਲਾਲ ਪਿੰਡ ਦੇ ਘੇਰੇ ਵਿਚ ਆਉਂਦਾ ਸੀ। ਪਰ ਬਾਦ ਵਿਚ ਗੁਰੂ-ਧਾਮ ਦੇ ਇਰਦ-ਗਿਰਦ ਆਬਾਦੀ ਹੋ ਗਈ, ਜੋ ਸੰਨ 1950 ਈ. ਦੇ ਹੜਾਂ ਵਿਚ ਰੁੜ੍ਹ ਗਈ, ਪਰ ਗੁਰੂ-ਧਾਮ ਸਥਿਰ ਰਿਹਾ। ਹੁਣ ਕੁਝ ਹੋਰ ਨਵੇਂ ਕਮਰੇ ਬਣਵਾਏ ਗਏ ਹਨ ਅਤੇ ਸਰੋਵਰ ਨੂੰ ਵੀ ਪੱਕਾ ਕਰ ਦਿੱਤਾ ਗਿਆ ਹੈ। ਇਸ ਗੁਰਦੁਆਰੇ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ। ਹੁਣ ਇਸ ਗੁਰੂ-ਧਾਮ ਦੇ ਇਰਦ-ਗਿਰਦ ਨਵੀਂ ਵਸੋਂ ਹੋ ਗਈ ਹੈ।

(2) ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਗਿਦੜਬਾਹਾ ਨਗਰ ਤੋਂ 11 ਕਿ.ਮੀ. ਉੱਤਰ-ਪੱਛਮ ਵਾਲੇ ਪਾਸੇ ਸਥਿਤ ਇਕ ਪੁਰਾਤਨ ਪਿੰਡ ਜਿਥੇ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਜਾਂਦਿਆਂ ਕੁਝ ਸਮੇਂ ਲਈ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਿੰਡ ਦੀ ਢਾਬ ਦੇ ਕੰਢੇ ਇਕ ਮੰਜੀ ਸਾਹਿਬ ਨਾਂ ਦਾ ਸਮਾਰਕ ਬਣਾਇਆ ਗਿਆ, ਜਿਸ ਨਾਲ ਸਮੇਂ ਸਮੇਂ ਹੋਰ ਇਮਾਰਤ ਸ਼ਾਮਲ ਹੁੰਦੀ ਰਹੀ। ਹੁਣ ਸਰੋਵਰ ਵੀ ਬਣਾ ਦਿੱਤਾ ਗਿਆ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਮੁੱਖ ਮੁੱਖ ਪੁਰਬਾਂ 'ਤੇ ਵੱਡੇ ਦੀਵਾਨ ਸਜਦੇ ਹਨ।

(3) ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਕੋਟਕਪੂਰਾ ਨਗਰ ਤੋਂ 10 ਕਿ.ਮੀ. ਪੂਰਵ ਵਲ ਵਸਿਆ ਇਕ ਨਵਾਂ ਪਿੰਡ, ਜੋ ਸਰਾਵਾਂ ਅਤੇ ਬਹਿਬਲ ਨਾਂ ਦੇ ਪਿੰਡਾਂ ਦੇ

ਵਿਚਾਲੇ ਨਵਾਂ ਆਬਾਦ ਹੋਇਆ ਹੈ। ਅਸਲ ਵਿਚ ਦੀਨਾ ਪਿੰਡ ਤੋਂ ਕੋਟਕਪੂਰਾ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਇਥੇ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਦਸਵੀਂ' ਬਣਵਾਇਆ ਗਿਆ। ਇਸ ਗੁਰੂ-ਧਾਮ ਦੇ ਨਾਲ ਜੋ ਵਸੋਂ ਹੋਈ ਉਹ ਵੀ 'ਗੁਰੂਸਰ' ਨਾਂ ਨਾਲ ਪ੍ਰਸਿੱਧ ਹੋਈ। ਗੁਰੂ-ਧਾਮ ਦੀ ਵਿਵਸਥਾ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਹੱਥ ਵਿਚ ਹੈ। ਹਰ ਸੰਗ੍ਰਾਂਦ ਵਾਲੇ ਦਿਨ ਵਿਸ਼ੇਸ਼ ਦੀਵਾਨ ਸਜਦੇ ਹਨ। ਵਿਸਾਖੀ ਅਤੇ ਮਾਘੀ ਦੇ ਮੌਕਿਆਂ ਉਤੇ ਵੱਡੇ ਮੇਲੇ ਲਗਦੇ ਹਨ।

**ਗੁਰੂਸਰ ਸਤਲਾਣੀ** (ਪਿੰਡ): ਪੰਜਾਬ ਪ੍ਰਦੇਸ਼ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੁਸ਼ਿਆਰਨਗਰ ਨਾਮਕ ਪਿੰਡ ਦੇ ਨੇੜੇ ਬਣਿਆ ਇਕ ਗੁਰੂ-ਧਾਮ ਜੋ ਹੁਣ ਗੁਰਦੁਆਰਾ ਗੁਰੂਸਰ ਸਤਲਾਣੀ ਨਾਂ ਨਾਲ ਪ੍ਰਸਿੱਧ ਹੈ। ਇਕ ਵਾਰ ਲਾਹੌਰ ਤੋਂ ਅੰਮ੍ਰਿਤਸਰ ਨੂੰ ਯਾਤ੍ਰਾ ਕਰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਇਥੇ ਇਕ ਟੋਭੇ ਦੇ ਕੰਢੇ ਰਾਤ ਭਰ ਠਹਿਰੇ ਸਨ। ਸਿੱਖ ਰਵਾਇਤ ਅਤੇ ਇਤਿਹਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਕ ਹਜ਼ੂਰੀ ਸਿੰਘ ਭਾਈ ਬੁਲਾਕਾ ਸਿੰਘ ਨੂੰ ਇਸ ਗੁਰੂ-ਧਾਮ ਦਾ ਗ੍ਰੰਥੀ ਥਾਪਿਆ। ਉਸ ਤੋਂ ਬਾਦ ਕਈ ਸਿਦਕੀ ਸਿੱਖ ਇਸ ਧਰਮ-ਧਾਮ ਦੀ ਸੇਵਾ ਕਰਦੇ ਰਹੇ। 19ਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਰਾਜਿਆਂ ਅਤੇ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਕਾਫ਼ੀ ਜ਼ਮੀਨ ਲਗਵਾਈ। ਸੰਨ 1925 ਈ. ਵਿਚ ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੋ ਗਈ। ਸੰਨ 1974 ਈ. ਵਿਚ ਸੰਤ ਮੰਗਲ ਸਿੰਘ ਦੇ ਉੱਦਮ ਨਾਲ ਨਵੀਂ ਇਮਾਰਤ ਦੀ ਉਸਾਰੀ ਸ਼ੁਰੂ ਕੀਤੀ ਗਈ ਅਤੇ ਟੋਭੇ ਨੂੰ ਸੁੰਦਰ ਸਰੋਵਰ ਦਾ ਰੂਪ ਦੇ ਦਿੱਤਾ ਗਿਆ। ਭਾਦੋਂ ਦੀ ਪੂਰਨਮਾਸੀ ਨੂੰ ਇਥੇ ਕਾਫ਼ੀ ਸੰਗਤ ਜੁੜਦੀ ਹੈ। ਲੋਕਾਂ ਵਿਚ ਵਿਸ਼ਵਾਸ ਹੈ ਕਿ ਇਸ ਸਰੋਵਰ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਚਮੜੀ ਦੀਆਂ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ।

**ਗੁਰੂ-ਸੇਵਾ:** ਗੁਰਬਾਣੀ ਅਨੁਸਾਰ ਜਿਗਿਆਸੂ ਨੂੰ ਅਧਿਆਤਮਿਕ ਮਾਰਗ ਉਤੇ ਅਗੇ ਤੋਰਨ ਲਈ ਸਰਬ ਪ੍ਰਮੁਖ ਪ੍ਰੇਰਕ ਅਤੇ ਪਥ-ਪ੍ਰਦਰਸ਼ਕ ਤੱਤ੍ਵ ਹੈ ਗੁਰੂ-ਸੇਵਾ। ਗੁਰੂ ਦੇ ਪਥ-ਪ੍ਰਦਰਸ਼ਨ ਤੋਂ ਬਿਨਾ ਸਾਧਕ ਦੀ ਸਾਧਨਾ ਪੂਰੀ ਨਹੀਂ ਹੋ ਸਕਦੀ। ਗੁਰੂ ਦੇ ਮਹਾਨ ਵਿਅਕਤਿਤਵ ਪ੍ਰਤਿ ਸਾਧਕ ਦੀ ਆਪਣੇ ਆਪ ਅਪਾਰ ਨਿਸ਼ਠਾ ਪੈਦਾ ਹੋ ਜਾਂਦੀ ਹੈ ਜੋ ਉਸ ਨੂੰ ਸੇਵਾ ਲਈ ਪ੍ਰੇਰਿਤ ਕਰਦੀ ਹੈ।

ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੋ ਸਕਦੀ ਹੈ। ਇਕ ਉਹ ਜਿਸ ਦੁਆਰਾ ਗੁਰੂ ਨੂੰ ਸ਼ਰੀਰਿਕ ਸੁਖ ਮਿਲਦਾ ਹੈ। ਇਸ ਨੂੰ ਬਾਹਰਮੁਖੀ ਸੇਵਾ ਕਿਹਾ ਜਾ ਸਕਦਾ ਹੈ। ਦੂਜੀ ਸੇਵਾ ਅੰਤਰਮੁਖੀ ਹੈ ਜਿਸ ਰਾਹੀਂ ਇਕ-ਮਨ, ਇਕ-ਚਿੱਤ ਗੁਰੂ ਦਾ ਧਿਆਨ ਕੀਤਾ ਜਾਂਦਾ ਹੈ। ਗੁਰੂ ਦਾ ਦਰਸ਼ਨ ਕਰਨਾ, ਉਸ ਦੇ ਬਚਨ ਸੁਣਨਾ ਅਤੇ ਉਨ੍ਹਾਂ ਬਚਨਾਂ ਅਨੁਸਾਰ ਕਰਮ ਕਰਨਾ ਆਦਿ ਨੂੰ ਅੰਤਰਮੁਖੀ ਜਾਂ ਮਾਨਸਿਕ ਸੇਵਾ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਇਨ੍ਹਾਂ ਦੋਹਾਂ ਤਰ੍ਹਾਂ ਦੀ ਸੇਵਾ ਵਿਚੋਂ ਦੂਜੀ ਭਾਵ ਅੰਤਰਮੁਖੀ ਅਥਵਾ ਮਾਨਸਿਕ ਸੇਵਾ ਦਾ ਮਹੱਤਵ ਬਹੁਤ ਅਧਿਕ ਹੈ। ਪਹਿਲੀ ਸੇਵਾ ਅਸਲ ਵਿਚ ਦੂਜੀ ਸੇਵਾ ਦੀ ਭੂਮਿਕਾ ਨਿਭਾਉਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕੋਈ ਸ਼ਰੀਰੀ ਗੁਰੂ ਨਹੀਂ ਸੀ, ਇਸ ਲਈ ਉਨ੍ਹਾਂ ਦੀ ਬਾਣੀ ਵਿਚ ਗੁਰੂ ਅਥਵਾ ਸਤਿਗੁਰੂ ਬ੍ਰਹਮ ਵਾਚਿਕ ਹੈ, ਪਰ ਪਰਵਰਤੀ ਗੁਰੂ ਸਾਹਿਬਾਨ ਸਾਹਮਣੇ ਸ਼ਰੀਰੀ ਗੁਰੂ ਮੌਜੂਦ ਸਨ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਗੁਰੂ ਦੀ ਬਾਹਰਲੀ ਸੇਵਾ ਦਾ ਵਿਸਤਾਰ ਨਾਲ ਵਰਣਨ ਹੋਇਆ ਹੈ। ਗੁਰੂ ਅਮਰਦਾਸ ਜੀ ਦੀ ਅਦੁੱਤੀ ਗੁਰੂ-ਸੇਵਾ ਇਤਿਹਾਸ ਪ੍ਰਸਿੱਧ ਹੈ। ਗੁਰੂ ਅਰਜਨ ਦੇਵ ਜੀ ਨੇ ਤਾਂ ਆਪਣੇ ਗੁਰੂ ਦੀ ਸੇਵਾ ਨਿਮਿਤ ਆਪਣਾ ਪ੍ਰਾਣ-ਧਨ ਅਰਪਿਤ ਕਰਨ ਤਕ ਵੀ ਕਿਹਾ ਹੈ— *ਅਨਿਕ ਭਾਂਤਿ ਕਰਿ ਸੇਵਾ ਕਰੀਐ। ਜੀਉ ਪ੍ਰਾਨ ਧਨੁ ਆਗੈ ਧਰੀਐ। ਪਾਨੀ ਪਖਾ ਕਰਉ ਤਜਿ ਅਭਿਮਾਨੁ। ਅਨਿਕ ਬਾਰ ਜਾਈਐ ਕੁਰਬਾਨੁ।* (ਗੁ.ਗ੍ਰੰ.391)। ਗੁਰੂ ਦੀ ਸੇਵਾ ਕੀਤਿਆਂ ਸਾਧਕ ਵਿਚ ਇਕ ਸਮਾਜਿਕ ਬਿਰਤੀ ਵਿਕਸਿਤ ਹੁੰਦੀ ਹੈ। ਇਸ ਨਾਲ ਉਸ ਨੂੰ ਅਧਿਆਤਮਿਕ ਸੁਖ ਹੀ ਪ੍ਰਾਪਤ ਨਹੀਂ ਹੁੰਦਾ, ਸਗੋਂ ਉਹ ਹੋਰਨਾਂ ਨੂੰ ਵੀ ਸੰਸਾਰ-ਸਾਗਰ ਤੋਂ ਪਾਰ ਉਤਾਰਨ ਦੇ ਸਮਰਥ ਹੁੰਦਾ ਹੈ— *ਗੁਰ ਕੀ ਸੇਵਾ ਸਦਾ ਸੁਖੁ ਪਾਏ। ਸੰਤ ਸੰਗਤਿ ਮਿਲਿ ਹਰਿ ਗੁਣ ਗਾਏ। ਨਾਮੇ ਨਾਮਿ ਕਰੇ ਵੀਚਾਰੁ। ਆਪਿ ਤਰੈ ਕੁਲ ਉਧਰਣਹਾਰੁ।* (ਗੁ.ਗ੍ਰੰ.362)।

ਗੁਰੂ ਦੀ ਸੇਵਾ ਕਰ ਸਕਣਾ ਕਿਸੇ ਦੇ ਵਸ ਦੀ

ਗੱਲ ਨਹੀਂ ਹੈ। ਇਹ ਉਹੀ ਕਰ ਸਕਦਾ ਹੈ ਜਿਸ ਤੋਂ ਪਰਮਾਤਮਾ ਪ੍ਰਸੰਨਤਾ ਪੂਰਵਕ ਇਹ ਸੇਵਾ ਲੈਂਦਾ ਹੈ। ਇਸ ਲਈ ਸਿਰ ਦੀ ਭੇਂਟ ਚੜ੍ਹਾਉਣੀ ਪੈਂਦੀ ਹੈ। ਇਸੇ ਅਨੁਸਾਰ ਸਾਧਕ ਦੇ ਕਰਮਾਂ ਦਾ ਸਰੂਪ ਨਿਸਚਿਤ ਹੁੰਦਾ ਹੈ ਅਤੇ ਅਧਿਆਤਮਿਕ ਖੇਤਰ ਵਿਚ ਉਸ ਦਾ ਸਹੀ ਮੁੱਲ ਪੈਂਦਾ ਹੈ— *ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ। ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ।* (ਗੁ.ਗ੍ਰੰ.421)।

ਵਾਸਤਵ ਵਿਚ, ਗੁਰੂ ਦੀ ਸੇਵਾ ਨਾਲ ਪਰਮਾਤਮਾ ਦੇ ਦਰ ਉਤੇ ਸ਼ੋਭਾ ਮਿਲਦੀ ਹੈ। ਇਸ ਤੋਂ ਬਿਨਾ ਸੰਸਾਰਿਕ ਯਾਤ੍ਰਾ ਨਿਸਫਲ ਅਤੇ ਨਿਰਾਧਾਰ ਹੈ। ਇਹੀ ਕਾਰਣ ਹੈ ਕਿ ਬਾਣੀ ਵਿਚ ਗੁਰੂ/ਸਤਿਗੁਰੂ ਦੀ ਸੇਵਾ ਨਿਸੰਗ ਹੋ ਕੇ ਕਰਨ ਦਾ ਆਦੇਸ਼ ਦਿੱਤਾ ਗਿਆ ਹੈ— *ਸਤਿਗੁਰ ਸੇਵਹੁ ਸੰਕ ਨ ਕੀਜੈ। ਆਸਾ ਮਾਹਿ ਨਿਰਾਸੁ ਰਹੀਜੈ। ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ।* (ਗੁ.ਗ੍ਰੰ.1043)।

ਗੁਰਬਾਣੀ ਵਿਚ ਗੁਰੂ ਦੀ ਸੇਵਾ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਵਲ ਥਾਂ ਪੁਰ ਥਾਂ ਸੰਕੇਤ ਕੀਤਾ ਗਿਆ ਹੈ। ਇਹ ਸਾਰੇ ਲਾਭ ਅਧਿਆਤਮਿਕ ਖੇਤਰ ਦੇ ਹਨ, ਭੌਤਿਕਤਾ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ। ਗੁਰੂ ਦੀ ਸੇਵਾ ਨਾਲ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਜੋ ਮੋਖ-ਦੁਆਰ ਦੇ ਪ੍ਰਾਪਤ ਹੋਣ ਦਾ ਵਸੀਲਾ ਹੈ। ਇਸ ਨਾਲ ਸਾਧਕ ਨੂੰ ਵਿਵੇਕ-ਗਿਆਨ ਅਥਵਾ ਪੂਰਣ-ਚੇਤਨਾ ਪ੍ਰਾਪਤ ਹੁੰਦੀ ਹੈ, ਉਹ ਫਿਰ ਕਾਲ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ।

ਗੁਰੂ ਦੀ ਸੇਵਾ ਪ੍ਰੇਮ-ਭਗਤੀ ਅਥਵਾ ਗੁਰਮਤਿ-ਭਗਤੀ ਦਾ ਇਕ ਮਹੱਤਵਪੂਰਣ ਅੰਗ ਹੈ। ਇਸ ਤੋਂ ਬਿਨਾ ਅਨੇਕ ਯਤਨ ਕਰਨ 'ਤੇ ਵੀ ਭਗਤੀ ਵਿਚ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਸਚ ਤਾਂ ਇਹ ਹੈ ਕਿ ਪਰਮਾਤਮਾ ਰੂਪ ਮਹਾ-ਨਾਇਕ ਦਾ ਸੰਯੋਗ-ਸੁਖ ਪ੍ਰਾਪਤ ਕਰਨ ਲਈ ਗੁਰੂ ਦੀ ਸੇਵਾ ਦੀ ਬਹੁਤ ਲੋੜ ਹੈ। ਇਸ ਲਈ ਜੀਵਾਤਮਾ ਰੂਪੀ ਇਸਤਰੀ ਨੂੰ ਸਹਿਜ ਦਾ ਸ਼ਿੰਗਾਰ ਕਰਨਾ ਪੈਂਦਾ ਹੈ, ਜਿਸ ਨਾਲ ਉਸ ਦੇ ਚਰਿਤ੍ਰ ਵਿਚ ਸੁੰਦਰ ਗੁਣਾਂ ਦਾ ਵਿਕਾਸ ਹੁੰਦਾ ਹੈ—*ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ। ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ। ਗੁਰਮੁਖਿ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ।* (ਗੁ.ਗ੍ਰੰ.58)।

ਅਸਲ ਸੇਵਾ ਉਹ ਹੈ ਜਿਸ ਨਾਲ ਗੁਰੂ ਦਾ ਮਨ ਮੰਨ ਜਾਏ, ਅਰਥਾਤ ਸੇਵਾ ਨੂੰ ਸਵੀਕ੍ਰਿਤੀ ਅਥਵਾ ਪ੍ਰਵਾਨਗੀ ਪ੍ਰਾਪਤ ਹੋ ਜਾਏ। ਜੇ ਅਜਿਹਾ ਹੋ ਜਾਏ, ਭਾਵ ਸਤਿਗੁਰੂ ਸਾਧਕ ਉਤੇ ਦਿਆਲੂ ਹੋ ਜਾਏ ਤਾਂ ਸੰਸਾਰਿਕ ਸੰਕਟ, ਪਾਪਾਂ ਦੀ ਮੈਲ, ਹਰ ਪ੍ਰਕਾਰ ਦੀਆਂ ਵਾਸਨਾਵਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਜਿਗਿਆਸੂ ਸਹਿਜ ਸੁਭਾ ਆਪਣੀ ਮੰਜ਼ਿਲ ਵਲ ਵਧਦਾ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਹੈ— *ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੈ। ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ।* (ਗੁ.ਗ੍ਰੰ. 314)।

ਸਪੱਸ਼ਟ ਹੈ ਕਿ ਗੁਰਮਤਿ ਵਿਚ ਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਇਸ ਲਈ ਇਸ ਮਹੱਤਵਪੂਰਣ ਧਰਮ-ਆਗੂ ਦੀ ਬਾਹਰਲੀ ਅਤੇ ਅੰਦਰਲੀ ਹਰ ਤਰ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਅਜਿਹੇ ਸੇਵਕ ਦਾ ਵਿਅਕਤਿਤਵ ਮਹਾਨ ਨਿਖਾਰ ਨੂੰ ਪ੍ਰਾਪਤ ਹੁੰਦਾ ਹੈ। ਗੁਰੂ ਅਮਰਦਾਸ ਜੀ ਅਜਿਹੇ ਸਾਧਕ ਦੇ ਚਰਣਾਂ ਦਾ ਸਪਰਸ਼ ਪ੍ਰਾਪਤ ਕਰਨ ਲਈ ਉਤਸੁਕ ਹਨ ਕਿਉਂਕਿ ਅਜਿਹਾ ਕਰਨ ਨਾਲ ਆਪ ਹੀ ਨਹੀਂ ਸਾਰੀ ਕੁਲ, ਇਥੋਂ ਤਕ ਕਿ ਸਾਰਾ ਸਮਾਜ ਵੀ ਤਰ ਜਾਂਦਾ ਹੈ— *ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ। ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ।* (ਗੁ.ਗ੍ਰੰ.638)।

**ਗੁਰੂ ਹਰਿ ਸਹਾਇ ਵਾਲੀ ਪੋਥੀ** : ਬਾਣੀ ਸੰਕਲਨ ਦੀ ਇਹ ਪੋਥੀ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਗੁਰੂ ਹਰਿ ਸਹਾਇ ਪਿੰਡ ਦੇ ਸੋਢੀ ਪਰਿਵਾਰ ਪਾਸ ਸੁਰਖਿਅਤ ਸੀ। ਇਹ ਪਿੰਡ ਮੀਣਾ ਗੁਰੂ-ਪਰੰਪਰਾ ਦੇ ਸੋਢੀ ਜੀਵਨ ਮੱਲ ਨੇ ਆਪਣੇ ਪੁੱਤਰ (ਗੁਰੂ) ਹਰਿ ਸਹਾਇ ਦੇ ਨਾਂ 'ਤੇ ਸੰਮਤ 1899 ਬਿ. (1842 ਈ.) ਵਿਚ ਵਸਾਇਆ ਸੀ। ਇਸ ਤੋਂ ਪਹਿਲਾਂ ਉਹ ਲਾਹੌਰ ਜ਼ਿਲ੍ਹੇ ਦੇ ਚੂਨੀਆ ਕਸਬੇ ਵਿਚ ਰਹਿੰਦਾ ਸੀ। ਇਹ ਹੱਥ-ਲਿਖਿਤ ਪੋਥੀ ਅਤੇ ਇਕ ਮਾਲਾ ਜੋ ਗੁਰੂ ਨਾਨਕ ਦੇਵ ਜੀ ਤੋਂ ਬਾਦ ਗੁਰੂ-ਘਰ ਵਿਚ ਸੁਰਖਿਅਤ ਚਲੀਆਂ ਆ ਰਹੀਆਂ ਸਨ, ਗੁਰੂ ਅਰਜਨ ਦੇਵ ਜੀ ਦੇ ਗੁਰੂ-ਪਦ ਗ੍ਰਹਿਣ ਕਰਨ ਵੇਲੇ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਜਾਂ ਉਸ ਦੀ ਸੰਤਾਨ ਨੇ ਹਥਿਆ ਲਈਆਂ ਅਤੇ ਉਦੋਂ ਤੋਂ ਪ੍ਰਿਥੀ ਚੰਦ ਦੇ ਪਰਿਵਾਰ ਦੇ ਕਬਜ਼ੇ ਵਿਚ ਰਹੀਆਂ। ਪਰ ਵਿਚਾਰਾਧੀਨ ਪੋਥੀ ਸੰਨ 1970 ਈ. ਵਿਚ ਸੋਢੀ-ਗੁਰੂ ਜਸਵੰਤ ਸਿੰਘ ਤੋਂ ਰੇਲ ਦੇ ਸਫ਼ਰ ਦੌਰਾਨ ਉਦੋਂ ਚੋਰੀ ਹੋ ਗਈ ਜਦੋਂ ਉਹ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਦੇ ਅਵਸਰ ਉਤੇ ਦਿੱਲੀ

ਵਿਚ ਪ੍ਰਦਰਸ਼ਿਤ ਕਰਨ ਉਪਰੰਤ ਵਾਪਸ ਪਰਤ ਰਿਹਾ ਸੀ। ਫਲਸਰੂਪ, ਵਰਤਮਾਨ ਗੱਦੀਦਾਰ ਸੋਢੀ ਹਰੇਸ਼ ਸਿੰਘ ਹੁਣ ਇਸ ਪੋਥੀ ਬਾਰੇ ਕੁਝ ਨਹੀਂ ਦਸ ਸਕਦੇ।

ਇਸ ਪੋਥੀ ਬਾਰੇ ਸਭ ਤੋਂ ਪਹਿਲਾਂ ਸਰ. ਜੀ.ਬੀ. ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ' ਵਿਚ ਵਿਵਰਣ ਦਿੱਤਾ ਹੈ ਜੋ ਉਨ੍ਹਾਂ ਨੂੰ ਕਿਸੇ ਸੱਜਨ ਵਲੋਂ ਲਿਖੀ ਚਿੱਠੀ 'ਤੇ ਆਧਾਰਿਤ ਹੈ। ਚਿੱਠੀ ਦੇ ਤੱਥਾਂ 'ਤੇ ਆਧਾਰਿਤ ਸਰ. ਜੀ.ਬੀ. ਸਿੰਘ ਦੀ ਟਿੱਪਣੀ ਵਿਸ਼ਵਸਤ ਰੂਪ ਵਾਲੀ ਨਹੀਂ।

ਸਰ. ਜੀ.ਬੀ. ਸਿੰਘ ਤੋਂ ਬਾਦ ਸੰਨ 1960 ਈ. ਵਿਚ ਗਿਆਨੀ ਗੁਰਦਿਤ ਸਿੰਘ ਨੂੰ ਇਹ ਪੋਥੀ ਵੇਖਣ ਅਤੇ ਇਸ ਦੇ ਕੁਝ ਹਿੱਸਿਆਂ ਦੇ ਫੋਟੋ ਉਤਾਰਨ ਦਾ ਅਵਸਰ ਮਿਲਿਆ ਅਤੇ ਉਨ੍ਹਾਂ ਨੇ ਸਮੇਂ ਸਮੇਂ ਇਸ ਪੋਥੀ ਬਾਰੇ ਕੁਝ ਜਾਣਕਾਰੀ ਨਿੱਕੇ-ਵੱਡੇ ਲੇਖਾਂ/ਟਿੱਪਣੀਆਂ ਦੇ ਰੂਪ ਵਿਚ ਪੱਤਰ-ਪਤ੍ਰਿਕਾਵਾਂ ਵਿਚ ਛਾਪੀ ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾ ਲੇਖ 'ਪ੍ਰਕਾਸ਼' (22.8.1971) ਵਿਚ ਛਪਿਆ ਅਤੇ ਆਖੀਰਲਾ ਵੇਰਵਾ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਗਤਬਾਣੀ ਭਾਗ) (ਮਾਰਚ 1990) ਦੇ ਅੰਤ ਉਤੇ ਦਿੱਤਾ ਗਿਆ। ਇਸ ਤਰ੍ਹਾਂ ਦੀ ਸਾਮਗ੍ਰੀ ਨੂੰ ਹੀ ਪਰਵਰਤੀ ਲੇਖਕ ਆਪਣੀ ਜਾਣਕਾਰੀ ਦਾ ਆਧਾਰ ਬਣਾਉਂਦੇ ਆ ਰਹੇ ਹਨ।

ਉਪਰੋਕਤ ਜਾਣਕਾਰੀ ਤੋਂ ਜੋ ਕੁਝ ਤੱਥ ਉਘੜਦੇ ਹਨ, ਉਨ੍ਹਾਂ ਅਨੁਸਾਰ ਇਹ ਪੋਥੀ ਕਾਫ਼ੀ ਪੁਰਾਣੀ ਅਤੇ ਖ਼ਸਤਾ ਹਾਲਤ ਵਿਚ ਸੀ ਅਤੇ ਇਸ ਵਿਚਲੀ ਬਾਣੀ ਵਖ ਵਖ ਸਮਿਆਂ ਵਿਚ ਇਕ ਤੋਂ ਵੱਧ ਲਿਖਾਰੀਆਂ ਦੁਆਰਾ ਲਿਖੀ ਹੋਈ ਸੀ। ਇਸ ਵਿਚਲੀ ਸਭ ਤੋਂ ਆਖੀਰਲੀ ਲਿਖਿਤ (ਅਤੇ ਲਿਖਾਰੀ) ਮਿਹਰਬਾਨ (ਮੀਣਾ) ਸੰਪ੍ਰਦਾਇ ਨਾਲ ਸੰਬੰਧਿਤ ਪ੍ਰਤੀਤ ਹੁੰਦੀ ਹੈ।

ਇਸ ਵਿਚਲੀ ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਉਸੇ ਬਾਣੀ ਵਿਚ ਕਾਫ਼ੀ ਪਾਠਾਂਤਰ ਹਨ। 'ਮੂਲ-ਮੰਤ੍ਰ' ਅਤੇ ਕੁਝ ਹੋਰ ਪਾਠਾਂ ਦੀ ਸਾਂਝ ਬਾਬੇ ਮੋਹਨ ਵਾਲੀਆਂ ਪੋਥੀਆਂ ਨਾਲ ਵੀ ਬੈਠਦੀ ਹੈ। ਇਸ ਵਿਚਲੀ ਪੁਰਾਣੀ ਲਿਖਿਤ ਦੇ ਅੱਖਰਾਂ/ਮਾਤ੍ਰਾਵਾਂ ਦਾ ਸਰੂਪ ਬਾਬੇ ਮੋਹਨ ਵਾਲੀਆਂ ਪੋਥੀਆਂ ਵਾਲੇ ਅੱਖਰਾਂ/ਮਾਤ੍ਰਾਵਾਂ ਨਾਲ ਦੂਰ ਤਕ ਸਮਾਨਤਾ ਰਖਦਾ ਹੈ। ਕੁਝ ਵਿਦਵਾਨ ਇਸ ਨੂੰ ਬਾਬੇ ਮੋਹਨ ਵਾਲੀਆਂ ਪੋਥੀਆਂ ਤੋਂ ਪਹਿਲਾਂ ਦਾ ਸੰਕਲਨ ਮੰਨਦੇ ਹਨ ਅਤੇ ਕੁਝ ਬਾਦ ਦਾ।

ਕੁਲ ਮਿਲਾ ਕੇ ਇਸ ਵਿਚ ਵਖ ਵਖ ਲਿਖਾਰੀਆਂ ਦੁਆਰਾ ਭਿੰਨ ਭਿੰਨ ਸਮਿਆਂ ਵਿਚ ਬਾਣੀ ਅਨਿਯਮਿਤ ਢੰਗ ਨਾਲ ਚੜ੍ਹਾਈ ਹੋਈ ਹੈ। ਸੰਭਵ ਹੈ ਕਿ ਇਸ ਦੀ ਪੁਰਾਤਨ ਸਾਮਗ੍ਰੀ ਵਾਲੇ ਪੱਤਰੇ ਜਾਂ ਪੋਥੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਪਾਸ ਰਹੀ ਹੋਵੇ ਜੋ ਕਾਲਾਂਤਰ ਵਿਚ ਮਿਹਰਬਾਨ ਸੰਪ੍ਰਦਾਇ ਵਾਲਿਆਂ ਦੇ ਹੱਥ ਲਗ ਗਈ ਹੋਵੇ ਅਤੇ ਉਹ ਇਸ ਪੋਥੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਮਾਨ ਵੱਡੇ ਆਕਾਰ ਵਾਲੀ ਬਣਾਉਣ ਦੇ ਲੋਭ ਵਸ ਇਸ ਵਿਚ ਵਾਧੂ ਬਾਣੀ/ਸਾਮਗ੍ਰੀ ਸ਼ਾਮਲ ਕਰਦੇ ਰਹੇ ਹੋਣ।

**ਗੁਰੂ ਕਾ ਚੱਕ** : ਗੁਰੂ ਰਾਮਦਾਸ ਜੀ ਨੇ ਜਦੋਂ ਅੰਮ੍ਰਿਤ-ਸਰੋਵਰ ਦੀ ਖੁਦਾਈ ਕਰਵਾਈ, ਤਾਂ ਉਸ ਦੇ ਨਾਲ ਦੀ ਬਸਤੀ ਦਾ ਨਾਂ 'ਗੁਰੂ ਕਾ ਚੱਕ' ਰਖਿਆ। ਬਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਉਸ ਦਾ ਨਾਂ ਚੌਥੇ ਗੁਰੂ ਜੀ ਦੇ ਨਾਂ ਤੇ 'ਰਾਮਦਾਸ ਪੁਰ' ਰਖ ਦਿੱਤਾ। ਪਰ ਅੰਮ੍ਰਿਤ-ਸਰੋਵਰ ਦੀ ਅਤਿਅਧਿਕ ਮਾਨਤਾ ਕਰਕੇ ਉਹ ਬਸਤੀ ਵੀ ਅੰਮ੍ਰਿਤਸਰ ਅਖਵਾਉਣ ਲਗ ਗਈ। ਵੇਖੋ 'ਅੰਮ੍ਰਿਤਸਰ (ਨਗਰ)'।

**'ਗੁਰੂ ਕਾ ਬਾਗ਼' ਮੋਰਚਾ** : ਪੰਜਾਬ ਦੇ ਅੰਮ੍ਰਿਤਸਰ ਨਗਰ ਤੋਂ 20 ਕਿ.ਮੀ. ਦੀ ਵਿਥ ਉਤੇ ਉੱਤਰ ਦਿਸ਼ਾ ਵਿਚ ਵਸਿਆ 'ਘੁੱਕੇਵਾਲੀ' (ਵੇਖੋ) ਨਾਮਕ ਇਕ ਪਿੰਡ ਜਿਸ ਵਿਚ ਦੋ ਗੁਰੂ-ਧਾਮ ਹਨ— ਗੁਰੂ ਕਾ ਬਾਗ਼ ਅਤੇ ਬਾਉਲੀ ਸਾਹਿਬ। 'ਗੁਰੂ ਕਾ ਬਾਗ਼' ਗੁਰੂ-ਧਾਮ ਉਤੇ ਸੰਨ 1921 ਈ. ਵਿਚ ਮਹੰਤ ਸੁੰਦਰਦਾਸ ਉਦਾਸੀ ਦਾ ਕਬਜ਼ਾ ਸੀ। ਉਸ ਦੇ ਭ੍ਰਸ਼ਟਾਚਾਰੀ ਅਤੇ ਚਰਿਤ੍ਰਹੀਣ ਹੋਣ ਕਾਰਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਤੋਂ ਗੁਰਦੁਆਰਾ ਲੈਣਾ ਚਾਹੁੰਦੀ ਸੀ। ਪਰ ਉਸ ਨੇ ਅੰਮ੍ਰਿਤ ਛਕ ਕੇ 21 ਜਨਵਰੀ 1921 ਈ. ਨੂੰ ਇਕ ਸਮਝੌਤੇ ਰਾਹੀਂ ਵਿਸ਼ਵਾਸ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਦੁਆਰਾ ਬਣਾਈ ਗਈ ਯਾਰ੍ਹਾਂ ਮੈਂਬਰਾਂ ਦੀ ਕਮੇਟੀ ਦੀ ਦੇਖ-ਰੇਖ ਵਿਚ ਉਹ ਗੁਰੂ-ਧਾਮ ਦੀ ਸਾਂਭ-ਸੰਭਾਲ ਕਰੇਗਾ। ਪਰ ਸਰਕਾਰ ਦਾ ਮਹੰਤਾਂ ਪ੍ਰਤਿ ਸਹਾਇਤਾ ਵਾਲਾ ਵਤੀਰਾ ਵੇਖ ਕੇ ਉਹ ਸਮਝੌਤੇ ਤੋਂ ਹਟ ਗਿਆ ਅਤੇ 'ਗੁਰੂ ਕਾ ਬਾਗ਼' ਵਾਲੀ ਜ਼ਮੀਨ ਨੂੰ ਆਪਣੀ ਜਾਗੀਰ ਸਮਝਣ ਲਗ ਗਿਆ। ਉਸ ਨੇ ਸਿੱਖਾਂ ਦੇ ਬਾਗ਼ ਤੋਂ ਲੰਗਰ ਲਈ ਲਕੜਾਂ ਕਟਣ ਉਤੇ ਇਤਰਾਜ਼ ਕੀਤਾ ਅਤੇ 9

ਅਗਸਤ 1922 ਈ. ਨੂੰ ਲਕੜਾਂ ਕਟ ਲਿਆਉਣ ਵਾਲੇ ਪੰਜ ਸਿੰਘਾਂ ਨੂੰ ਪੁਲਿਸ ਵਿਚ ਰਿਪੋਰਟ ਕਰਕੇ ਗ੍ਰਿਫ਼ਤਾਰ ਕਰਵਾ ਦਿੱਤਾ। ਦੂਜੇ ਹੀ ਦਿਨ ਤੁਰਤ ਕਾਰਵਾਈ ਕਰਵਾ ਕੇ ਉਨ੍ਹਾਂ ਪੰਜਾਂ ਨੂੰ ਛੇ ਛੇ ਮਹੀਨੇ ਲਈ ਕੈਦ ਕਰਾ ਦਿੱਤਾ। ਇਸ ਨਾਲ ਸਿੰਘਾਂ ਵਿਚ ਜੋਸ਼ ਛਾ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਰੋਜ਼ ਪੰਜ ਸਿੰਘ ਬਾਗ਼ ਵਿਚੋਂ ਲਕੜਾਂ ਕਟਣ ਲਈ ਭੇਜਣੇ ਸ਼ੁਰੂ ਕਰ ਦਿੱਤੇ। ਪਹਿਲਾਂ ਕੁਝ ਦਿਨ ਤਾਂ ਸਿੰਘਾਂ ਨੂੰ ਕੁਝ ਨ ਕਿਹਾ ਗਿਆ ਪਰ 22 ਅਗਸਤ ਨੂੰ ਪੁਲਿਸ ਨੇ ਜੱਥਿਆਂ ਨੂੰ ਚੋਰੀ, ਦੰਗਾ ਅਤੇ ਨਾਜਾਇਜ਼ ਦਖ਼ਲ-ਅੰਦਾਜ਼ੀ ਦੇ ਜੁਰਮਾਂ ਅਧੀਨ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 25 ਅਗਸਤ ਨੂੰ ਮਸਿਆ ਵਾਲੇ ਦਿਨ ਸੰਗਤ ਦਾ ਇਕੱਠ ਇਤਨਾ ਸੀ ਕਿ ਉਸ ਨੂੰ ਖਿੰਡਾਉਣ ਲਈ ਪੁਲਿਸ ਦੇ ਏ.ਐਸ.ਪੀ. ਮਿਸਟਰ ਬੀਟੀ ਨੇ ਲਾਠੀ ਚਲਵਾ ਦਿੱਤੀ। 26 ਅਗਸਤ ਨੂੰ ਡਿਪਟੀ ਕਮਿਸ਼ਨਰ ਨੇ ਸ਼੍ਰੋਮਣੀ ਕਮੇਟੀ ਦੀ ਕਾਰਜ-ਕਾਰਣੀ ਦੇ ਅੱਠ ਮੈਂਬਰ ਗ੍ਰਿਫ਼ਤਾਰ ਕਰ ਲਏ। ਇਸ ਗ੍ਰਿਫ਼ਤਾਰੀ ਤੋਂ ਬਾਦ ਮੋਰਚੇ ਦਾ ਚਾਰਜ ਜੱਥੇਦਾਰ ਤੇਜਾ ਸਿੰਘ ਸਮੁੰਦਰੀ ਨੇ ਸੰਭਾਲਿਆ।

ਪੁਲਿਸ ਨੇ ਨਾਕਾਬੰਦੀ ਕਰਕੇ ਅੰਮ੍ਰਿਤਸਰ ਵਿਚ ਗ੍ਰਿਫ਼ਤਾਰੀ ਦੇਣ ਲਈ ਆਉਣ ਵਾਲੇ ਸਿੰਘਾਂ ਨੂੰ ਰਸਤੇ ਵਿਚ ਹੀ ਰੋਕਣਾ ਸ਼ੁਰੂ ਕਰ ਦਿੱਤਾ, ਪਰ ਜਿਵੇਂ-ਕਿਵੇਂ ਸਿੱਖ ਪਹੁੰਚ ਜਾਂਦੇ ਅਤੇ ਪੁਲਿਸ ਦੀਆਂ ਡਾਂਗਾਂ ਨੂੰ ਖਿੜੇ ਮੱਥੇ ਸਹਿ ਕੇ ਜ਼ਖ਼ਮੀ ਹੁੰਦੇ। 31 ਅਗਸਤ 1922 ਈ. ਨੂੰ ਤਰਨਤਾਰਨ ਤੋਂ ਆਏ ਜੱਥੇ ਉਤੇ ਪੁਲਿਸ ਨੇ ਇਤਨੀ ਬੇਰਹਿਮੀ ਨਾਲ ਲਾਠੀ ਚਲਾਈ ਕਿ ਦੋ ਸਿੰਘ ਸ਼ਹੀਦ ਹੋ ਗਏ। ਇਸ ਤੋਂ ਬਾਦ ਰੋਜ਼ ਸੌ ਸੌ ਸਿੰਘਾਂ ਦਾ ਜੱਥਾ ਅਕਾਲ ਤਖ਼ਤ ਤੋਂ ਅਰਦਾਸਾ ਸੋਧ ਕੇ ਗੁਰੂ ਕੇ ਬਾਗ਼ ਨੂੰ ਜਾਣ ਲਗ ਗਿਆ। ਸ਼ਾਂਤਮਈ ਸਿੱਖਾਂ ਉਤੇ ਸਰਕਾਰ ਵਲੋਂ ਹੁੰਦੇ ਜ਼ੁਲਮ ਨੂੰ ਦੇਖਣ ਲਈ ਕਾਂਗ੍ਰਸੀ ਨੇਤਾ ਪੰਡਿਤ ਮਦਨ ਮੋਹਨ ਮਾਲਵੀਆ 2 ਸਤੰਬਰ ਨੂੰ ਆਇਆ। ਹਿੰਦੂਆਂ ਦਾ ਨੇਤਾ ਸ਼ਾਰਦਾਪੀਠ ਦਾ ਸ਼ੰਕਰਾਚਾਰਯ ਆਇਆ। ਮੁਸਲਿਮ ਨੇਤਾ ਹਕੀਮ ਅਜਮਲ ਖ਼ਾਨ ਆਇਆ। ਈਸਾਈਆਂ ਦਾ ਪਾਦਰੀ ਸੀ.ਐਫ.ਐਂਡ੍ਰਿਊਜ਼ ਆਇਆ। ਸਾਰਿਆਂ ਧਰਮਾਂ ਵਾਲਿਆਂ ਨੇ ਆਪਣੇ ਧਰਮ-ਧਾਮਾਂ ਵਿਚ ਸਿੱਖਾਂ ਪ੍ਰਤਿ ਹਮਦਰਦੀ ਦੀ ਭਾਵਨਾ ਪ੍ਰਗਟ ਕੀਤੀ। 13 ਸਤੰਬਰ 1922 ਈ. ਨੂੰ ਪੰਜਾਬ ਦਾ ਲੈਫ਼. ਗਵਰਨਰ ਸਰ ਐਡਵਰਡ ਮੈਕਲੇਗਨ ਖ਼ੁਦ ਆਇਆ ਅਤੇ ਸਤਿਆਗ੍ਰਹਿਆਂ ਦੀ ਕੇਵਲ ਮਾਰ-ਕੁਟ ਬੰਦ ਕਰਵਾ ਦਿੱਤੀ। 17 ਨਵੰਬਰ ਤਕ ਕੁਲ 5605 ਅਕਾਲੀ ਕੈਦ ਹੋ ਚੁੱਕੇ ਸਨ ਅਤੇ 1650 ਅਕਾਲੀ ਡਾਂਗਾਂ ਦੀ ਮਾਰ ਨਾਲ ਬੇਹੋਸ਼ ਵੀ ਹੋਏ ਸਨ। ਇਸ ਸਭ ਦੇ ਬਾਵਜੂਦ ਅਕਾਲੀਆਂ ਨੇ ਮੋਰਚੇ ਵਿਚ ਪੂਰੇ ਸਬਰ ਅਤੇ ਅਨੁਸ਼ਾਸਨ ਦਾ ਸਬੂਤ ਦਿੱਤਾ।

ਅੰਤ ਵਿਚ ਸਰਕਾਰ ਨੇ ਇਸ ਸੰਕਟ ਨੂੰ ਖ਼ਤਮ ਕਰਨ ਲਈ ਸਰ ਗੰਗਾ ਰਾਮ ਦਾ ਸਹਿਯੋਗ ਲਿਆ ਜਿਸ ਨੇ 17 ਨਵੰਬਰ 1922 ਈ. ਨੂੰ ਮਹੰਤ ਸੁੰਦਰ ਦਾਸ ਪਾਸੋਂ ਬਾਗ਼ ਦੀ ਕੁਲ ਜ਼ਮੀਨ (524 ਕਨਾਲ, 12 ਮਰਲੇ) ਪੱਟੇ ਉਤੇ ਲੈ ਕੇ ਸਿੱਖਾਂ ਦੇ ਹਵਾਲੇ ਕਰ ਦਿੱਤੀ। ਇਸ ਨਾਲ ਮੋਰਚਾ ਖ਼ਤਮ ਹੋ ਗਿਆ ਅਤੇ 27 ਅਪ੍ਰੈਲ 1923 ਈ. ਨੂੰ ਗ੍ਰਿਫ਼ਤਾਰ ਕੀਤੇ ਸਾਰੇ ਅਕਾਲੀ ਛਡ ਦਿੱਤੇ ਗਏ।

**ਗੁਰੂ ਕਾ ਲਾਹੌਰ** (ਪਿੰਡ): ਵੇਖੋ 'ਲਾਹੌਰ ਗੁਰੂ ਕਾ'।

**ਗੁਰੂ ਕਾ ਲੰਗਰ** : ਵੇਖੋ 'ਲੰਗਰ ਗੁਰੂ ਕਾ'।

**ਗੁਰੂ ਕੀਆਂ ਸਾਖੀਆਂ** (ਰਚਨਾ): ਭਾਦਸੋਂ ਨਿਵਾਸੀ ਸਰੂਪ ਸਿੰਘ ਕੌਸ਼ਿਸ਼ ਨਾਮਕ ਭੱਟ ਦੁਆਰਾ ਭੱਟਾਛਰੀ ਵਿਚ ਲਿਖੀ ਇਸ ਰਚਨਾ ਦਾ ਗੁਰਮੁਖੀ ਲਿਪੀ ਵਿਚ ਲਿਪੀਅੰਤਰਣ ਛੱਜੂ ਸਿੰਘ ਕੌਸ਼ਿਸ਼ ਭੱਟ ਨੇ ਸੰਨ 1869 ਈ. ਵਿਚ ਕੀਤਾ ਅਤੇ ਸੰਨ 1986 ਈ. ਵਿਚ ਇਸ ਦਾ ਪ੍ਰਕਾਸ਼ਨ ਹੋਇਆ। ਇਸ ਵਿਚ ਕੁਲ 112 ਸਾਖੀਆਂ ਸੰਕਲਿਤ ਹਨ ਜਿਨ੍ਹਾਂ ਵਿਚੋਂ ਚਾਰ ਸਾਖੀਆਂ ਗੁਰੂ ਹਰਿਗੋਬਿੰਦ ਸਾਹਿਬ, ਨੌਂ ਗੁਰੂ ਹਰਿਰਾਇ ਸਾਹਿਬ, ਚਾਰ ਗੁਰੂ ਹਰਿਕ੍ਰਿਸ਼ਨ ਜੀ, ਸੋਲ੍ਹਾਂ ਗੁਰੂ ਤੇਗ ਬਹਾਦਰ ਜੀ ਅਤੇ 79 ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਇਨ੍ਹਾਂ ਸਾਖੀਆਂ ਦੇ ਤੱਥਾਂ ਦਾ ਆਧਾਰ ਅਧਿਕਤਰ ਭੱਟ-ਵਹੀਆਂ ਹਨ, ਪਰ ਇਨ੍ਹਾਂ ਦੀ ਸ਼ੈਲੀ ਬ੍ਰਿੱਤਾਂਤਿਕ ਹੈ ਅਤੇ ਭਾਸ਼ਾ ਦਾ ਰੂਪ ਪੰਜਾਬੀ ਸਧੁੱਕੜੀ ਵਾਲਾ ਹੈ। ਗਿਆਨੀ ਗਰਜਾ ਸਿੰਘ ਦੁਆਰਾ ਲਭੀ ਇਸ ਰਚਨਾ ਵਿਚ ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਬਾਰੇ ਕਈ ਨਵੇਂ ਤੱਥ ਉਪਲਬਧ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਾਬਾ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਜਾਉਣਾ ਅਤੇ ਆਪਣੇ ਅੰਤ-ਕਾਲ ਵੇਲੇ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕਰਨਾ ਆਦਿ ਤੱਥ ਵਿਸ਼ੇਸ਼ ਉੱਲੇਖਯੋਗ ਹਨ। ਪਰ ਇਸ ਵਿਚਲੇ ਤੱਥਾਂ ਨੂੰ ਸਾਵਧਾਨੀ ਨਾਲ ਵਰਤਣ ਦੀ ਲੋੜ ਹੈ ਕਿਉਂਕਿ ਕਈਆਂ

ਦਾ ਮੇਲ ਹੋਰਨਾਂ ਸਾਧਨਾਂ ਤੋਂ ਉਪਲਬਧ ਇਤਿਹਾਸਿਕ ਤੱਥਾਂ ਨਾਲ ਨਹੀਂ ਬੈਠਦਾ।

**ਗੁਰੂ ਕੀ ਕਾਸ਼ੀ** : ਇਸ ਦਾ ਸੰਬੰਧ ਦਮਦਮਾ ਸਾਹਿਬ (ਵੇਖੋ) ਨਾਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਨੂੰ ਜਾਂਦਿਆਂ ਦਮਦਮਾ ਸਾਹਿਬ ਵਾਲੇ ਸਥਾਨ ਉਤੇ ਭਾਈ ਡਲੇ ਦੇ ਪ੍ਰੇਮ ਕਾਰਣ ਸਾਢੇ ਨੌਂ ਮਹੀਨੇ ਨਿਵਾਸ ਕੀਤਾ ਸੀ। ਇਥੇ ਹੀ ਗੁਰੂ ਜੀ ਨੇ ਭਾਈ ਮਨੀ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਂਵੇਂ ਗੁਰੂ ਸਾਹਿਬ ਦੀ ਬਾਣੀ ਸ਼ਾਮਲ ਕਰਾ ਕੇ ਪੁਨਰ-ਸੰਪਾਦਨ ਕੀਤਾ ਸੀ। ਇਸ ਗੁਰੂ-ਧਾਮ ਦੇ 'ਲਿਖਣਸਰ' ਵਾਲੇ ਸਥਾਨ 'ਤੇ ਗੁਰੂ ਜੀ ਸਿੰਘਾਂ ਤੋਂ ਲਿਖਣ ਦਾ ਕੰਮ ਕਰਾਉਣ ਲਈ ਕਲਮਾਂ ਘੜ ਕੇ ਕਿਹਾ ਕਰਦੇ ਸਨ ਕਿ ਇਹ ਸਥਾਨ ਕਦੇ ਵਿਦਿਆ ਦੀ ਟਕਸਾਲ ਹੋਵੇਗੀ। 'ਗੁਰ ਬਿਲਾਸ ਪਾਤਿਸਾਹੀ ੧੦' ਵਿਚ ਅੰਕਿਤ ਹੈ— *ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹਹੈਂ ਇਹਾਂ ਢੋਰ ਮਤਿਰਾਸੀ। ਲੇਖਕ ਗੁਨੀ ਕਵਿੰਦ ਗਿਆਨੀ। ਬੁਧਿਸਿੰਧੁ ਹ੍ਵੈ ਹੈਂ ਇਤ ਆਨੀ। ਤਿਨ ਕੇ ਕਾਰਨ ਕਲਮ ਗਢ ਦੇਤ ਪ੍ਰਗਟ ਹਮ ਡਾਰ। ਸਿਖ ਸਖਾ ਇਤ ਪੜ੍ਹੈਂਗੇ ਹਮਰੇ ਕਈ ਹਜਾਰ।*

ਕਾਸ਼ੀ ਜਾਂ ਬਨਾਰਸ ਹਿੰਦੂ ਧਰਮ ਦਾ ਪਵਿੱਤਰ ਅਤੇ ਪੂਜਣਯੋਗ ਤੀਰਥ ਹੈ। ਇਸ ਤੋਂ ਇਲਾਵਾ ਧਰਮ-ਸ਼ਾਸਤ੍ਰ ਅਤੇ ਵਿਦਿਆ ਦਾ ਕੇਂਦਰੀ ਸਥਾਨ ਹੈ। ਇਸ ਲਈ ਗੁਰੂ ਜੀ ਨੇ ਫ਼ਰਮਾਇਆ ਕਿ ਇਹ ਸਥਾਨ ਸਿੱਖ-ਧਰਮ ਵਿਚ ਕਾਸ਼ੀ ਦੀ ਭੂਮਿਕਾ ਨਿਭਾਏਗਾ। ਕਾਲਾਂਤਰ ਵਿਚ ਇਸ ਨੂੰ 'ਗੁਰੂ ਕੀ ਕਾਸ਼ੀ' ਕਿਹਾ ਜਾਣ ਲਗਿਆ।

**ਗੁਰੂ ਕੀ ਗੋਲਕ** : ਫ਼ਾਰਸੀ ਭਾਸ਼ਾ ਦਾ ਪਿਛੋਕੜ ਰਖਣ ਵਾਲੇ 'ਗੋਲਕ' ਸ਼ਬਦ ਦਾ ਅਰਥ ਹੈ ਨਕਦੀ ਰਖਣ ਦਾ ਪਾਤਰ। ਇਹ ਪਾਤਰ ਸੰਦੂਕਚੀ, ਗਾਗਰ ਜਾਂ ਇਸ ਪ੍ਰਕਾਰ ਦਾ ਕੋਈ ਹੋਰ ਡੱਬਾ ਆਦਿ ਹੋ ਸਕਦਾ ਹੈ। 'ਗੁਰੂ ਕੀ ਗੋਲਕ' ਤੋਂ ਭਾਵ ਹੈ ਜਿਸ ਪਾਤਰ ਵਿਚ ਗੁਰੂ ਨਿਮਿਤ ਨਕਦੀ ਰਖੀ ਜਾਂ ਪਾਈ ਜਾਏ। ਸਿੱਖੀ ਦੇ ਪ੍ਰਚਾਰ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸਥਾਪਨਾ ਕੀਤੀ ਅਤੇ ਬਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਮਸਨਦਾਂ ਕਾਇਮ ਕੀਤੀਆਂ। ਇਨ੍ਹਾਂ ਮਸਨਦਾਂ ਨਾਲ ਸੰਬੰਧ ਰਖਣ ਵਾਲੇ ਅਤੇ ਸਿੱਖਾਂ ਤੋਂ ਦਸਵੰਧ ਇਕੱਠਾ ਕਰਨ ਵਾਲੇ ਖੇਤਰੀ ਪ੍ਰਚਾਰਕਾਂ ਨੂੰ 'ਮਸੰਦ' ਕਿਹਾ ਜਾਣ ਲਗਿਆ। ਗੁਰੂ ਗੋਬਿੰਦ ਸਿੰਘ ਜੀ ਤਕ ਮਸੰਦ ਹੀ ਸਿੱਖਾਂ ਤੋਂ ਦਸਵੰਧ ਦਾ ਧਨ ਇਕੱਠਾ ਕਰਕੇ ਗੋਲਕ ਤਕ ਪਹੁੰਚਾਉਂਦੇ ਸਨ, ਤਾਂ ਜੋ ਉਸ ਨੂੰ ਕੌਮੀ ਹਿਤ ਲਈ ਵਰਤਿਆ ਜਾ ਸਕੇ। ਪਰ ਮਸੰਦਾਂ ਦੀਆਂ ਗੁਰਮਤਿ ਵਿਰੋਧੀ ਮਾੜੀਆ ਕਰਤੂਤਾਂ ਕਰਕੇ ਦਸਮ ਗੁਰੂ ਨੇ ਮਸੰਦ-ਪ੍ਰਥਾ ਖ਼ਤਮ ਕਰ ਦਿੱਤੀ ਅਤੇ ਸਿੱਖ ਸੰਗਤਾਂ ਨੂੰ ਸਿਧਿਆਂ ਗੁਰੂ ਦਰਬਾਰ ਨਾਲ ਜੋੜ ਦਿੱਤਾ। ਸਿੱਖ ਸੰਗਤਾਂ ਦਸਵੰਧ ਦਾ ਧਨ ਸਿਧਾ ਹੀ ਗੁਰੂ ਕੀ ਗੋਲਕ ਵਿਚ ਪਾਉਣ ਲਗ ਗਈਆਂ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸ਼ਬਦ-ਗੁਰੂ ਦੇ ਦਰਬਾਰ ਵਿਚ ਗੋਲਕਾਂ ਰਖੀਆਂ ਜਾਣ ਲਗੀਆਂ। ਇਨ੍ਹਾਂ ਗੋਲਕਾਂ ਵਿਚ ਇਕੱਠੇ ਹੋਏ ਧਨ ਨੂੰ ਧਰਮ-ਅਰਥ ਕਾਰਜਾਂ ਲਈ ਵਰਤਿਆ ਜਾਣ ਲਗਿਆ। ਇਨ੍ਹਾਂ ਗੋਲਕਾਂ ਨੂੰ ਭਾਵੇਂ ਮੋਹਰਾਂ ਲਗਾ ਦਿੱਤੀਆਂ ਜਾਂਦੀਆਂ ਹਨ, ਪਰ ਕਈ ਵਾਰ ਇਨ੍ਹਾਂ ਵਿਚ ਇਕੱਠੇ ਹੋਏ ਧਨ ਦੀ ਦੁਰਵਰਤੋਂ ਦੀਆਂ ਗੱਲਾਂ ਵੀ ਸੁਣਨ ਵਿਚ ਆਉਂਦੀਆਂ ਰਹਿੰਦੀਆ ਹਨ। ਰਹਿਤਨਾਮਿਆਂ ਵਿਚ *ਗ਼ਰੀਬ ਦੀ ਰਸਨਾ ਕੋ ਗੁਰੂ ਕੀ ਗੋਲਕ ਜਾਣੈ* ਦੀ ਤਾਕੀਦ ਕੀਤੀ ਗਈ ਹੈ। ਇਸ ਤਰ੍ਹਾਂ ਗੋਲਕ-ਪ੍ਰਣਾਲੀ ਦੁਆਰਾ ਇਕੱਠਾ ਕੀਤਾ ਧਨ ਕੌਮੀ ਹਿਤਾਂ ਅਤੇ ਮਾਨਵ-ਕਲਿਆਣ ਲਈ ਵਰਤਿਆ ਜਾਣਾ ਗੁਰਮਤਿ ਅਨੁਸਾਰੀ ਹੈ।

**ਗੁਰੂ ਕੀ ਟਾਹਲੀਆਂ** (ਪਿੰਡ): ਵੇਖੋ 'ਗੋਂਦਪੁਰ (ਪਿੰਡ)'।

**ਗੁਰੂ ਕੀ ਢਾਬ** : ਪੰਜਾਬ ਦੇ ਜੈਤੋ ਨਗਰ ਦੇ ਉਤਰ ਵਲ ਸਥਿਤ ਇਕ ਗੁਰੂ-ਧਾਮ ਜੋ 'ਗੁਰਦੁਆਰਾ ਗੁਰੂ ਕੀ ਢਾਬ' ਦੇ ਨਾਂ ਨਾਲ ਪ੍ਰਸਿੱਧ ਹੈ। ਦੀਨਾ-ਕਾਂਗੜ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਇਥੇ ਢਾਬ ਦੇ ਕੰਢੇ ਰੁਕੇ ਸਨ। ਇਸ ਢਾਬ ਦਾ ਪੁਰਾਣਾ ਨਾਂ 'ਦੋਦੇ ਦਾ ਤਾਲ' ਸੀ। ਇਥੇ ਗੁਰੂ ਜੀ ਨੇ ਬਹਿਮੀ ਨਾਮਕ ਸੱਯਦ ਨੂੰ ਅੰਮ੍ਰਿਤ ਛਕਾਇਆ ਸੀ। ਸੰਨ 1970 ਈ. ਤੋਂ ਬਾਦ ਇਥੇ ਨਵੀਂ ਇਮਾਰਤ ਉਸਾਰੀ ਗਈ ਸੀ। ਢਾਬ ਦਾ ਬਹੁਤਾ ਹਿੱਸਾ ਲੋਕਾਂ ਨੇ ਹਥਿਆ ਲਿਆ ਹੈ। ਹਰ ਮਹੀਨੇ ਪੂਰਣਮਾਸੀ ਅਤੇ ਸੰਗ੍ਰਾਂਦ ਦੇ ਮੌਕਿਆਂ ਉਤੇ ਇਥੇ ਕਾਫ਼ੀ ਸੰਗਤ ਜੁੜਦੀ ਹੈ। ਪਹਿਲੀ, ਪੰਜਵੀਂ ਅਤੇ ਦਸਵੀਂ ਪਾਤਿਸ਼ਾਹੀ ਦੇ ਗੁਰਪੁਰਬ ਉਚੇਚ ਨਾਲ ਮੰਨਾਏ ਜਾਂਦੇ ਹਨ।

**ਗੁਰੂ ਕੀ ਮਸੀਤ** : ਸ੍ਰੀ ਹਰਿਗੋਬਿੰਦਪੁਰ (ਜ਼ਿਲ੍ਹਾ ਗੁਰਦਾਸਪੁਰ) ਵਿਚ ਬਣੀ ਇਕ ਮਸੀਤ। ਸੰਨ 1587 ਈ. (ਸੰ.1644 ਬਿ.) ਗੁਰੂ ਅਰਜਨ ਦੇਵ ਜੀ ਨੇ ਗੋਬਿੰਦਪੁਰ (ਹਰਿਗੋਬਿੰਦਪੁਰ) ਦੀ ਨੀਂਹ ਰਖੀ ਅਤੇ ਬਾਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਯੋਜਨਾਬੱਧ ਢੰਗ ਨਾਲ ਵਸਾਇਆ। ਜਦੋਂ ਉਥੇ ਕੁਝ ਮੁਸਲਮਾਨ ਪਰਿਵਾਰ ਵੀ ਆਣ ਵਸੇ ਤਾਂ ਗੁਰੂ ਜੀ ਨੇ ਉਨ੍ਹਾਂ ਲਈ ਪੱਕੀ ਮਸੀਤ ਬਣਵਾਈ ਜੋ ਹੁਣ ਵੀ ਮੌਜੂਦ ਹੈ। ਯੂਨੈਸਕੋ (UNESCO) ਨੇ ਇਸ ਇਮਾਰਤ ਨੂੰ ਵਿਰਾਸਤ ਸਮਾਰਕ (Heritage Monument) ਦਾ ਦਰਜਾ ਦਿੱਤਾ ਹੈ। ਦੇਸ਼ ਵੰਡ ਵੇਲੇ ਇਸ ਨੂੰ ਗੁਰੂ ਕੀ ਅਮਾਨਤ ਵਜੋਂ ਨਿਹੰਗ ਸਿੰਘਾਂ ਨੇ ਸੰਭਾਲਿਆ ਹੋਇਆ ਸੀ। ਹੁਣ ਇਹ ਮੁਸਲਮਾਨਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਛੇਵੇਂ ਗੁਰੂ ਦੁਆਰਾ ਬਣਵਾਏ ਹੋਣ ਕਾਰਣ ਇਹ 'ਗੁਰੂ ਕੀ ਮਸੀਤ' ਵਜੋਂ ਪ੍ਰਸਿੱਧ ਹੋਈ।

**ਗੁਰੂ ਕੀ ਵਡਾਲੀ** (ਕਸਬਾ): ਵੇਖੋ 'ਵਡਾਲੀ ਗੁਰੂ ਕੀ'।

**ਗੁਰੂ ਗੋਬਿੰਦ ਸਿੰਘ ਜੀ ਦੀ ਵਾਰ** : ਕਿਸੇ ਅਗਿਆਤ ਕਵੀ ਦੀ ਰਚੀ ਇਸ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਨੰਦਪੁਰ ਤਿਆਗਣ ਦੇ ਪ੍ਰਸੰਗ ਦਾ ਚਿਤ੍ਰਣ ਹੈ। ਮੁਗ਼ਲ ਹਾਕਮਾਂ ਅਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਉਤੇ ਵਿਸ਼ਵਾਸ ਕਰਕੇ ਗੁਰੂ ਜੀ ਨੇ ਕਿਲ੍ਹਾ ਛਡਿਆ ਪਰ ਵੈਰੀਆਂ ਨੇ ਉਨ੍ਹਾਂ ਨੂੰ ਘੇਰਨ ਦਾ ਯਤਨ ਕੀਤਾ। ਕਵੀ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਵਲੋਂ ਵਿਖਾਈ ਅਦੁੱਤੀ ਵੀਰਤਾ ਦਾ ਚਿਤ੍ਰਣ ਇਸ ਵਾਰ ਵਿਚ ਕੀਤਾ ਹੈ। ਇਸ ਲਈ ਇਸ ਨੂੰ 'ਦਸਮੇ ਗੁਰੂ ਦੇ ਜੰਗ ਜੁੱਧ ਦੀ ਵਾਰ' ਵੀ ਕਿਹਾ ਜਾਂਦਾ ਹੈ।

ਇਸ ਵਾਰ ਦੇ ਕਵੀ ਦਾ ਕੁਝ ਪਤਾ ਨਹੀਂ ਲਗਦਾ ਪਰ ਵਾਰ ਦੀ ਭਾਵਨਾ ਤੋਂ ਪਤਾ ਲਗਦਾ ਹੈ ਕਿ ਇਹ ਵਾਰ ਗੁਰੂ ਜੀ ਦੇ ਕਿਸੇ ਸ਼ਰਧਾਲੂ ਜਾਂ ਨਾਮਲੇਵਾ ਦੀ ਰਚਨਾ ਹੈ। ਇਸ ਦਾ ਰਚਨਾ-ਕਾਲ ਵੀ ਮਾਲੂਮ ਨਹੀਂ। ਪਰ ਚੂੰਕਿ ਇਸ ਵਿਚ ਵਰਣਿਤ ਘਟਨਾ 1705 ਈ. ਵਿਚ ਵਾਪਰੀ ਸੀ ਅਤੇ ਇਸ ਵਿਚ ਬੰਦਾ ਬਹਾਦਰ ਦੀ ਚੜ੍ਹਤਲ ਦਾ ਵਰਣਨ ਹੈ ਇਸ ਲਈ ਇਸ ਵਾਰ ਦੀ ਰਚਨਾ 1705 ਈ. ਅਤੇ ਬੰਦਾ ਬਹਾਦਰ ਦੇ ਯੁੱਧਾਂ ਤੋਂ ਬਾਦ ਹੀ ਹੋਈ ਹੋਵੇਗੀ। ਪਰ ਇਸ ਦੀ ਭਾਸ਼ਾ ਅਤੇ ਸ਼ੈਲੀ ਪੁਰਾਤਨ ਢੰਗ ਦੀ ਹੈ ਅਤੇ ਵਰਣਨ ਦੀ ਸਜੀਵਤਾ ਤੋਂ ਕਵੀ ਦਾ ਹੱਡ ਬੀਤਿਆ ਸਾਕਾ ਜਾਪਦਾ ਹੈ। ਫਲਸਰੂਪ ਇਹ ਵਾਰ 18ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਪ੍ਰਤੀਤ ਹੁੰਦੀ ਹੈ।

ਵਾਰ ਦਾ ਆਰੰਭ ਪਰੰਪਰਾ ਅਨੁਸਾਰ ਕਲ ਨਾਰਦ ਦੇ ਝਗੜੇ ਦੇ ਪਿਛੋਕੜ ਤੋਂ ਹੁੰਦਾ ਹੈ ਅਤੇ ਆਰੰਭ ਵਿਚ ਹੀ ਵਰਣਿਤ ਘਟਨਾ ਦੇ ਸਮੇਂ ਵਲ ਸੰਕੇਤ ਕਰ ਦਿੱਤਾ ਗਿਆ ਹੈ। ਇਹ ਵਾਰ ਪੂਰਬਵਰਤੀ 'ਵਾਰ ਭੇੜੇ ਕੀ ਪਾਤਿਸ਼ਾਹੀ ੧੦' (ਵੇਖੋ) ਨਾਲ ਮੇਲ ਖਾਂਦੀ ਹੈ, ਪਰ ਇਸ ਵਾਰ ਦਾ ਵਰਣਿਤ ਵਿਸ਼ਾ ਪਹਿਲੀ ਵਾਰ ਦੀ ਸੀਮਾ ਤੋਂ ਅਗੇ ਵਧ ਕੇ ਬੰਦਾ ਬਹਾਦਰ ਦੁਆਰਾ ਸਰਹਿੰਦ ਮਾਰਨ ਤਕ ਪਸਰਦਾ ਹੈ। ਨਾਲੇ ਪਹਿਲੀ ਵਾਰ ਦੀ ਬੋਲੀ ਸਰਲ ਅਤੇ ਸਾਦਾ ਹੈ, ਪਰ ਇਸ ਵਾਰ ਵਿਚ ਉਸ ਨਾਲੋਂ ਪ੍ਰੌੜ੍ਹਤਾ ਅਧਿਕ ਹੈ। ਇਸ ਵਿਚ ਹਰ ਪਉੜੀ ਤੋਂ ਪਹਿਲਾਂ ਇਕ ਇਕ ਸ਼ਲੋਕ ਵੀ ਹੈ, ਜਦ ਕਿ ਪਹਿਲੀ ਵਾਰ ਵਿਚ ਇਹ ਵਿਧੀ ਨਹੀਂ ਅਪਣਾਈ ਗਈ। ਇਸ ਦੀਆਂ ਪਉੜੀਆਂ ਠੇਠ ਪੰਜਾਬੀ ਵਿਚ ਹਨ :

*ਮਿਸਰੀ ਹਥ ਅਜੀਤ ਸਿੰਘ ਦਲ ਸਾਰੇ ਠਲ੍ਹੇ।*
*ਤਲਵਾਰੀਂ ਉਸ ਦੀ ਵਾਹੀਆਂ ਕੋਈ ਸੂਰਾ ਝਲੇ।*
*ਜਿਸ ਸਿਰ ਮਾਰੇ ਪਹੁੰਚ ਕੇ ਸਟ ਦੇਇ ਉਥਲੇ।*
*ਵੈਰੀ ਘੁੰਮੇ ਇਉਂ ਫਿਰਨ ਜਿਉਂ ਤੀਰੀਂ ਸਲੇ।*
*ਪਠਾਣ ਮਾਰਿਆ ਤਿੰਨ ਸੈ ਉਸ ਪਹਿਲੇ ਹਲੇ।17।*

ਪਰ ਸ਼ਲੋਕਾਂ ਦੀ ਬੋਲੀ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਹੈ :

*ਗੁਰੂ ਗੋਬਿੰਦ ਸਿੰਘ ਜੀ ਸੋਢਿ ਬੰਸ ਕਰ ਮਹਿ ਕਮਾਨ।*
*ਜਿਸ ਕੋ ਮਾਰੇ ਬਾਣ ਭਰ ਤਿਸੈ ਨ ਦੇਵਹਿ ਜਾਨ।*

ਸ. ਸ਼ਮਸ਼ੇਰ ਸਿੰਘ ਅਸ਼ੋਕ ਦੇ ਮਤ ਅਨੁਸਾਰ ਦੋਹਰੇ ਹੋਰਾਂ ਕਵੀਆਂ ਦੀਆਂ ਰਚਨਾਵਾਂ ਤੋਂ ਲੈ ਕੇ ਪ੍ਰਸੰਗ ਕ੍ਰਮ ਅਨੁਸਾਰ ਇਸ ਵਿਚ ਬੀੜ ਦਿੱਤੇ ਗਏ ਹਨ।

ਇਸ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਯੁੱਧਾਂ ਦਾ ਬੜਾ ਰੋਚਕ ਅਤੇ ਪ੍ਰਭਾਵਸ਼ਾਲੀ ਵਰਣਨ ਹੈ। ਅਜਿਹਾ ਵਰਣਨ ਇਸ ਪ੍ਰਕਾਰ ਦੀ ਪਹਿਲੀ ਵਾਰ ਵਿਚ ਨਹੀਂ ਹੈ। ਇਹ ਵਰਣਨ ਸ਼ੂਰਵੀਰਤਾ ਦਾ ਸੰਚਾਰ ਕਰਕੇ ਸੂਰਮਿਆਂ ਦੇ ਦਿਲਾਂ ਵਿਚ ਉਤਸਾਹ ਭਰ ਦਿੰਦਾ ਹੈ। ਸਾਹਿਬਜ਼ਾਦਾ ਜੁਝਾਰ ਸਿੰਘ ਦੇ ਯੁੱਧ ਦਾ ਵਰਣਨ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

*ਰਣ ਨੂੰ ਚਲੇ ਜੁਝਾਰ ਸਿੰਘ ਜੂਝਣ ਦੇ ਚਾਏ।*
*ਸੂਰਾ ਕੋਇ ਨਾ ਦਿਸਦਾ, ਜਿਸ ਹੱਥ ਉਠਾਏ।*

*ਪੁਛੇ ਖੁਆਜਾ ਮਰਦੂਦ ਨੂੰ, ਜਾਇ ਵਾਰ ਚਲਾਏ।*
*ਤੇਗਾ ਲਗਾ ਢਾਲ ਤੇ, ਟੁਟ ਧਰਤੀ ਆਏ।*
*ਫੇਰ ਕਟਾਰੀ ਸਮ੍ਹਾਲ ਕੇ, ਪਠਾਣ ਨੂੰ ਵਾਹੇ।18।*

ਯੁੱਧ-ਵਰਣਨ ਦੀ ਸਜੀਵਤਾ ਦੇ ਨਾਲ ਨਾਲ ਕਵੀ ਨੇ ਅਲੰਕਾਰਾਂ ਦੀ ਵੀ ਸੁੰਦਰ ਵਰਤੋਂ ਕੀਤੀ ਹੈ। ਇਨ੍ਹਾਂ ਅਲੰਕਾਰਾਂ ਦਾ ਸੰਬੰਧ ਜ਼ਿਆਦਾਤਰ ਜਨ-ਜੀਵਨ ਨਾਲ ਹੈ।

**ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ** : ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ ਮਨਾਉਣ ਲਈ ਇਹ ਫਾਊਂਡੇਸ਼ਨ ਸਥਾਪਿਤ ਕੀਤੀ ਗਈ ਸੀ। ਅਜਿਹੇ ਉੱਦਮ ਦੀ ਸੋਚ ਸੰਨ 1965 ਈ. ਵਿਚ ਸ. ਕਿਰਪਾਲ ਸਿੰਘ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਦੇ ਮਨ ਵਿਚ ਪੈਦਾ ਹੋਈ। ਪੰਜਾਬ ਸਰਕਾਰ ਅਤੇ ਅਨੇਕ ਹੋਰ ਪ੍ਰਤਿਸ਼ਠਿਤ ਅਤੇ ਪ੍ਰਤਿਨਿਧ ਵਿਅਕਤੀਆਂ ਨਾਲ ਤਾਲਮੇਲ ਕਰਕੇ 8 ਅਗਸਤ 1965 ਈ. ਨੂੰ ਪਟਿਆਲਾ ਵਿਚ ਇਕ ਕਾਨਫ੍ਰੰਸ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਕੀਤੀ। ਉਸ ਕਾਨਫ੍ਰੰਸ ਵਿਚ ਫ਼ੈਸਲਾ ਹੋਇਆ ਕਿ 'ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ' ਦੀ ਸਥਾਪਨਾ ਕੀਤੀ ਜਾਵੇ। ਉਸ ਫਾਊਂਡੇਸ਼ਨ ਦਾ ਪ੍ਰਧਾਨ ਮਹਾਰਾਜਾ ਪਟਿਆਲਾ ਨੂੰ ਬਣਾਇਆ ਗਿਆ। ਉਸ ਵਕਤ ਦੇ ਪੰਜਾਬ ਦੇ ਗਵਰਨਰ ਸ. ਉਜਲ ਸਿੰਘ ਨੂੰ ਸੀਨੀਅਰ ਮੀਤ-ਪ੍ਰਧਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਰਾਮ ਕ੍ਰਿਸ਼ਨ ਨੂੰ ਮੀਤ-ਪ੍ਰਧਾਨ ਸਥਾਪਿਤ ਕੀਤਾ ਗਿਆ। ਗਿਆਨੀ ਜ਼ੈਲ ਸਿੰਘ ਨੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ। ਤੀਜੀ ਜਨਮ-ਸ਼ਤਾਬਦੀ ਨੂੰ ਮਨਾਉਣ ਲਈ ਵਖ ਵਖ ਕਮੇਟੀਆਂ ਬਣਾਈਆਂ ਗਈਆਂ। ਚੰਡੀਗੜ੍ਹ ਵਿਚ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਦੀ ਸਥਾਪਨਾ ਕੀਤੀ ਗਈ।

ਉਸ ਅਵਸਰ 'ਤੇ ਸਮ੍ਰਿਤੀ ਗ੍ਰੰਥ ਵਜੋਂ ਚਾਰ ਭਾਸ਼ਾਵਾਂ ਵਿਚ 'ਦਾ ਟੈਨਥ ਮਾਸਟਰ' ਦਾ ਪ੍ਰਕਾਸ਼ਨ ਕੀਤਾ ਗਿਆ। ਪ੍ਰੋ. ਹਰਬੰਸ ਸਿੰਘ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਅੰਗ੍ਰੇਜ਼ੀ ਵਿਚ ਪੁਸਤਕ ਲਿਖਵਾ ਕੇ, ਅਗੋਂ ਉਸ ਦਾ 15 ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਛਪਵਾਇਆ ਗਿਆ। ਵਖ ਵਖ ਉਮਰ ਦੇ ਬੱਚਿਆਂ ਲਈ ਅੰਗ੍ਰੇਜ਼ੀ, ਹਿੰਦੀ, ਪੰਜਾਬੀ ਵਿਚ ਪੁਸਤਕਾਂ ਦੀ ਰਚਨਾ ਕਰਵਾਈ ਗਈ। 'ਦਸਮ ਗ੍ਰੰਥ' ਦੀਆਂ ਚੋਣਵੀਆਂ ਰਚਨਾਵਾਂ ਦੇ ਸੰਕਲਨ ਸ਼ਬਦਾਰਥ ਅਤੇ ਅਨੁਕ੍ਰਮਣਿਕਾ ਤੋਂ ਇਲਾਵਾ ਸ. ਇੰਦਰਜੀਤ ਤੁਲਸੀ ਅਤੇ ਪ੍ਰੋ. ਉਦਯ ਭਾਨੂ ਹੰਸ ਤੋਂ ਪੰਜਾਬੀ ਅਤੇ ਹਿੰਦੀ ਵਿਚ ਮਹਾਕਾਵਿ ਲਿਖਵਾਏ ਗਏ। ਇਨ੍ਹਾਂ ਤੋਂ ਛੁਟ ਗੁਰੂ ਜੀ ਦੇ ਜੀਵਨ, ਰਚਨਾ ਅਤੇ ਚਿੰਤਨ ਬਾਰੇ ਵੀ ਇਕ ਦਰਜਨ ਪੁਸਤਕਾਂ ਵਖ ਵਖ ਵਿਦਵਾਨਾਂ ਤੋਂ ਲਿਖਵਾ ਕੇ ਪ੍ਰਕਾਸ਼ਿਤ ਕੀਤੀਆਂ ਗਈਆਂ।

ਅਜ-ਕਲ ਇਸ ਸੰਸਥਾ ਦਾ ਦਫ਼ਤਰ ਚੰਡੀਗੜ੍ਹ ਵਿਚ ਹੈ। ਕਦੇ ਕਦੇ ਕੋਈ ਕਾਨਫ੍ਰੰਸ ਜਾਂ ਸੈਮੀਨਾਰ ਕਰਵਾ ਲਿਆ ਜਾਂਦਾ ਹੈ। ਉਂਜ ਪ੍ਰਚਾਰ ਅਤੇ ਪ੍ਰਕਾਸ਼ਨ ਦਾ ਕੰਮ ਲਗਭਗ ਬੰਦ ਜਿਹਾ ਹੋ ਗਿਆ ਹੈ।

**ਗੁਰੂ ਗੋਬਿੰਦ ਸਿੰਘ ਮਾਰਗ** : ਆਨੰਦਪੁਰ ਸਾਹਿਬ ਨੂੰ ਦਮਦਮਾ ਸਾਹਿਬ (ਤਲਵੰਡੀ ਸਾਬੋ) ਨਾਲ ਮਿਲਾਉਣ ਵਾਲਾ ਇਕ ਮਾਰਗ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਯਾਤ੍ਰਾ ਨੂੰ ਸਮਰਪਿਤ ਕੀਤਾ ਗਿਆ ਹੈ ਜੋ ਉਨ੍ਹਾਂ ਨੇ 5-6 ਦਸੰਬਰ 1705 ਈ. ਦੀ ਰਾਤ ਨੂੰ ਆਨੰਦਪੁਰ ਦਾ ਕਿਲ੍ਹਾ ਛਡ ਕੇ ਮਾਲਵਾ ਖੇਤਰ ਵਲ ਕੀਤੀ ਸੀ। ਇਸ ਮਾਰਗ ਦੀ ਕੁਲ ਦੂਰੀ 640 ਕਿ.ਮੀ. ਹੈ ਅਤੇ 91 ਸਥਾਨਾਂ ਨੂੰ ਆਪਸ ਵਿਚ ਸੰਬੰਧਿਤ ਕਰਦੀ ਹੈ। ਇਸ ਮਾਰਗ ਦਾ ਉਦਘਾਟਨ 10 ਅਪ੍ਰੈਲ 1973 ਈ. ਨੂੰ ਪੰਜਾਬ ਸਰਕਾਰ ਨੇ ਆਨੰਦਪੁਰ ਸਾਹਿਬ ਤੋਂ ਇਕ ਵਿਸ਼ਾਲ ਜਲੂਸ ਕਢ ਕੇ ਕੀਤਾ, ਜਿਸ ਦੀ ਲੰਬਾਈ 21 ਕਿ.ਮੀ. ਦਸੀ ਜਾਂਦੀ ਹੈ। ਉਸ ਜਲੂਸ ਦੀ ਸਮਾਪਤੀ ਦਮਦਮਾ ਸਾਹਿਬ ਵਿਚ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਹੋਈ। ਇਸ ਮਾਰਗ ਉਪਰ ਮੁੱਖ ਮੁੱਖ ਇਤਿਹਾਸਿਕ ਸਥਾਨਾਂ ਉਤੇ ਧੌਲਪੁਰੀ ਪੱਥਰ ਦੀਆਂ ਬਣੀਆਂ ਤਿੰਨ ਮੀਟਰ ਉੱਚੀਆਂ 20 ਦਸ਼ਮੇਸ਼-ਲਾਠਾਂ ਹਨ। ਇਨ੍ਹਾਂ ਪੰਜ-ਭੁਜੀ ਲਾਠਾਂ ਦੇ ਚਾਰ ਪਾਸਿਆਂ ਉਤੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗ੍ਰੇਜ਼ੀ ਵਿਚ ਗੁਰੂ ਜੀ ਦੀ ਬਾਣੀ ਦੀਆਂ ਚੋਣਵੀਆਂ ਤੁਕਾਂ ਅੰਕਿਤ ਹਨ ਅਤੇ ਪੰਜਵੇਂ ਪਾਸੇ ਉਸ ਸਥਾਨ ਦੀ ਇਤਿਹਾਸਿਕ ਮਹੱਤਾ ਲਿਖੀ ਹੈ, ਜਿਸ ਸਥਾਨ ਉਤੇ ਉਹ ਲਾਠ ਬਣਾਈ ਗਈ ਹੈ। ਹਰ ਲਾਠ ਦੇ ਇਰਦ-ਗਿਰਦ ਪੰਜ ਪੰਜ ਪੌੜੀਆਂ ਵਾਲਾ ਪੌਣਾ ਮੀਟਰ ਉੱਚਾ ਅਤੇ 3 ਮੀ. ਚੌੜਾ ਚੌਬੂਤਰਾ ਹੈ ਅਤੇ ਲਾਠ ਦੇ ਸਿਖਰ ਉਪਰ ਸਟੀਲ ਦਾ ਖੰਡਾ ਹੈ।

ਪਹਿਲੀ ਲਾਠ ਆਨੰਦਪੁਰ ਸਾਹਿਬ ਵਿਚ ਬਣਾਈ ਗਈ ਹੈ ਅਤੇ ਉਸ ਉਪਰ ਦਸਮ ਗੁਰੂ ਦੇ ਬੋਲ ਅੰਕਿਤ

ਹਨ— *ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ, ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।* ਦੂਜੀ ਲਾਠ ਕੀਰਤਪੁਰ ਵਿਚ ਬਣੀ ਹੋਈ ਹੈ ਅਤੇ ਉਸ ਉਤੇ ਲਿਖਿਆ ਹੈ— *ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।* ਇਸੇ ਤਰ੍ਹਾਂ ਅਗਲੀਆਂ ਲਾਠਾਂ ਦਾ ਬਿਓਰਾ ਇਸ ਪ੍ਰਕਾਰ ਹੈ— (3) ਗੁਰਦੁਆਰਾ ਪਰਿਵਾਰ ਵਿਛੋੜਾ, (4) ਕੋਟਲਾ ਨਿਹੰਗ (ਗੁਰਦੁਆਰਾ ਭੱਠਾ ਸਾਹਿਬ), (5) ਚਮਕੌਰ ਸਾਹਿਬ, (6) ਮਾਛੀਵਾੜਾ, (7) ਆਲਮਗੀਰ, (8) ਰਾਏਕੋਟ, (9) ਤਖ਼ਤੂਪੁਰਾ, (10) ਦੀਨਾ ਕਾਂਗੜ, (11) ਡੌਡ, (12) ਢਿਲਵਾਂ ਸੋਢੀਆਂ, (13) ਕੋਟਕਪੂਰਾ, (14) ਜੈਤੋ, (15) ਮੁਕਤਸਰ, (16) ਗੁਪਤਸਰ, (17) ਲਖੀਸਰ, (18) ਜੱਸੀ ਬਗਵਾਲੀ, (19) ਚੱਕ ਫ਼ਤਹ ਸਿੰਘ ਵਾਲਾ ਅਤੇ 20ਵੀਂ ਲਾਠ ਦਮਦਮਾਸਾਹਿਬ ਵਿਚ ਹੈ। ਇਸ ਲਾਠ ਉਪਰ ਗੁਰੂ ਜੀ ਦੀ ਇੱਛਾ ਨੂੰ ਲਿਖਿਆ ਗਿਆ ਹੈ— *ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲੌ ਧਨ ਹੈ ਸਭ ਹੀ ਇਨਹੀ ਕੌ।*

ਕਹਿੰਦੇ ਹਨ ਇਸ ਮਾਰਗ ਉਤੇ ਚਲਣ ਨਾਲ ਗੁਰੂ ਜੀ ਦੇ ਦੈਵੀ ਵਿਅਕਤਿਤਵ ਦਾ ਆਭਾਸ ਹੁੰਦਾ ਹੈ ਅਤੇ ਚਲਣ ਵਾਲਾ ਧਰਮ-ਕਰਮ ਵਿਚ ਦ੍ਰਿੜ੍ਹ ਹੁੰਦਾ ਹੈ।

**ਗੁਰੂ ਗ੍ਰੰਥ** (ਸ਼ਬਦਾਰਥ) **ਕੋਸ਼** : ਇਹ ਕੋਸ਼ ਅਸਲ ਵਿਚ ਡਾ. ਗੁਰਚਰਨ ਸਿੰਘ ਦੁਆਰਾ ਸੰਪਾਦਿਤ 'ਆਦਿ ਗ੍ਰੰਥ: ਸ਼ਬਦ -ਅਨੁਕ੍ਰਮਣਿਕਾ' (ਵੇਖੋ) ਦਾ ਹੀ ਵਿਸਤਰਣ ਹੈ। ਨਵੰਬਰ 2001 ਈ. ਵਿਚ ਮੁਕੰਮਲ ਹੋਏ ਇਸ ਕੋਸ਼ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ 2002 ਈ. ਵਿਚ ਪ੍ਰਕਾਸ਼ਿਤ ਕੀਤਾ। ਇਸ ਦੇ ਦੋ ਭਾਗ ਹਨ। ਪਹਿਲੇ ਵਿਚ 'ੳ' ਤੋਂ 'ਣ' ਤਕ ਅਤੇ ਦੂਜੇ ਵਿਚ 'ਤ' ਤੋਂ 'ੜ' ਤਕ ਦੇ ਅੱਖਰਾਂ ਦੇ ਅਰਥ ਦਿੱਤੇ ਗਏ ਹਨ। ਪਹਿਲੇ ਭਾਗ ਦੇ 1 ਤੋਂ 1113 ਤਕ ਅਤੇ ਦੂਜੇ ਭਾਗ ਵਿਚ 1115 ਤੋਂ 2239 ਤਕ ਪੰਨੇ ਹਨ। ਅਨੁਕ੍ਰਮਣਿਕਾ ਦੇ ਪਹਿਲੇ ਸੰਸਕਰਣ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਸ਼ਬਦਾਂ ਦੇ ਕੇਵਲ ਸੰਦਰਭ ਦਿੱਤੇ ਗਏ ਸਨ। ਦੂਜੇ ਸੰਸਕਰਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਵੀ ਦੇ ਦਿੱਤੇ ਗਏ ਹਨ।

ਪ੍ਰਸਤੁਤ ਕੋਸ਼ ਵਿਚ ਅਨੁਕ੍ਰਮਣਿਕਾ ਦੇ ਆਧਾਰ 'ਤੇ ਮੂਲ ਸ਼ਬਦਾਂ ਦੇ ਅਰਥ ਦੇ ਕੇ ਫਿਰ ਉਸ ਦੇ ਪ੍ਰਯੋਗ ਵਿਚ ਆਏ ਵਖ ਵਖ ਰੂਪਾਂ ਦਾ ਉਨ੍ਹਾਂ ਨਾਲ ਪ੍ਰਸੰਗ ਜੋੜਿਆ ਗਿਆ ਹੈ ਅਤੇ ਪੁਸ਼ਟੀ ਲਈ ਗੁਰੂ ਗ੍ਰੰਥ ਸਾਹਿਬ ਤੋਂ ਟੂਕਾਂ ਦਿੱਤੀਆਂ ਗਈਆਂ ਹਨ। ਅਰਥ ਕਰਨ ਵੇਲੇ ਸੰਪਾਦਕ ਨੇ ਪ੍ਰੋ. ਸਾਹਿਬ ਸਿੰਘ ਦੁਆਰਾ ਰਚੇ ਟੀਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨੂੰ ਆਧਾਰ ਬਣਾਇਆ ਹੈ। ਸ਼ਬਦਾਂ ਦੇ ਅਰਥ ਦੇਣ ਦੀ ਵਿਧੀ ਅਤੇ ਪਿਛੋਕੜ ਦਸਣ ਲਈ ਕਿਸੇ ਸਥਾਪਿਤ ਵਿਧੀ ਨੂੰ ਨਹੀਂ ਅਪਣਾਇਆ ਗਿਆ। ਫਲਸਰੂਪ, ਅਰਥ-ਗਤ ਵਿਸ਼ਿਸ਼ਟਤਾ, ਨਵੀਨਤਾ ਜਾਂ ਮੌਲਿਕ ਚੇਤਨਾ ਦਾ ਅਭਾਵ ਹੈ। ਗੁਰਬਾਣੀ ਦੇ ਸਾਧਾਰਣ ਅਰਥ ਸਮਝਣ ਅਤੇ ਉਨ੍ਹਾਂ ਦੇ ਪ੍ਰਯੋਗਿਕ ਸੰਦਰਭ ਲਭਣ ਵਿਚ ਇਹ ਕੋਸ਼ ਸਹਾਇਕ ਹੈ।

**ਗੁਰੂ ਗ੍ਰੰਥ ਸਾਹਿਬ** : ਸਿੱਖ ਧਰਮ ਦਾ ਪਵਿੱਤਰ ਗ੍ਰੰਥ ਜਿਸ ਵਿਚ ਪੰਜ ਛੇ ਸੌ ਸਾਲਾਂ ਦੀ ਅਵਧੀ ਵਿਚ ਵਿਚਰੇ ਧਰਮ-ਸਾਧਕਾਂ ਦੇ ਅਨੁਭਵ ਉਨ੍ਹਾਂ ਦੇ ਆਪਣੇ ਹੀ ਬੋਲਾਂ ਰਾਹੀਂ ਪ੍ਰਮਾਣਿਕ ਰੂਪ ਵਿਚ ਸੰਕਲਿਤ ਹਨ। ਇਸ ਤੋਂ ਇਲਾਵਾ ਭਾਰਤੀ ਸਭਿਆਚਾਰ, ਸਾਮੀ ਧਾਰਮਿਕ ਪਰੰਪਰਾਵਾਂ, ਸਾਂਝੀਵਾਲਤਾ, ਮਾਨਵ-ਕਲਿਆਣ ਆਦਿ ਨਾਲ ਸੰਬੰਧਿਤ ਗੰਭੀਰ ਅਤੇ ਸ੍ਵੈ-ਅਨੁਭੂਤ ਚਿੰਤਨ ਇਸ ਵਿਚਲੀ ਬਾਣੀ ਵਿਚ ਸਮੋਹਿਤ ਹੈ। ਸਾਹਿਤਿਕ ਖੇਤਰ ਵਿਚ ਵੀ ਇਸ ਦਾ ਆਪਣਾ ਮੌਲਿਕ ਮਹੱਤਵ ਹੈ ਕਿਉਂਕਿ ਇਸ ਵਿਚ ਅਨੇਕ ਪਰੰਪਰਾਗਤ ਕਾਵਿ-ਰੂਪਾਂ, ਬਿੰਬਾਂ, ਪ੍ਰਤੀਕਾਂ, ਕਾਵਿ-ਸ਼ੈਲੀਆਂ ਰਾਹੀਂ ਕਾਵਿ ਦਾ ਵਿਕਾਸ-ਕ੍ਰਮ ਨਿਸਚਿਤ ਹੁੰਦਾ ਹੈ। ਇਸ ਵਿਚ ਭਾਸ਼ਾ ਦੀ ਵੰਨ-ਸੁਵੰਨਤਾ ਭਾਸ਼ਾਈ ਤੰਗ-ਨਜ਼ਰੀ ਤੋਂ ਉੱਚੀ ਉਠ ਕੇ ਭਾਵ-ਸੰਚਾਰ ਦੇ ਸਰਵ-ਗ੍ਰਾਹੀ ਸਾਧਨ ਵਜੋਂ ਸਾਹਮਣੇ ਆਈ ਹੈ। ਭਾਰਤੀ ਅਤੇ ਦੇਸੀ ਰਾਗਾਂ ਦੀ ਵਰਤੋਂ ਦੁਆਰਾ ਸੰਗੀਤ ਜਗਤ ਲਈ ਵੀ ਇਸ ਗ੍ਰੰਥ ਦੀ ਵਿਸ਼ੇਸ਼ ਅਹਿਮੀਅਤ ਹੈ।

ਇਸ ਗ੍ਰੰਥ ਦੇ ਸੰਪਾਦਨ ਦਾ ਆਪਣਾ ਇਤਿਹਾਸ ਹੈ। ਗੁਰਬਾਣੀ ਦੀ ਰਚਨਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਗਿਆ ਸੀ। ਜਨਮਸਾਖੀ ਸਾਹਿਤ ਵਿਚ ਅਜਿਹੇ ਉੱਲੇਖ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਦੀ ਬਾਣੀ ਸਿੱਖਾਂ ਦੁਆਰਾ ਨਾਲ ਨਾਲ ਲਿਖੀ ਜਾਂਦੀ ਰਹੀ ਸੀ। ਭਾਈ ਗੁਰਦਾਸ ਦਾ 'ਕਿਤਾਬ ਕਛ' ਦਾ ਉੱਲੇਖ ਅਤੇ 'ਪੁਰਾਤਨ ਜਨਮਸਾਖੀ' ਦਾ 'ਪੋਥੀ ਜ਼ੁਬਾਨਿ ਗੁਰੂ ਅੰਗਦ ਜੋਗ ਮਿਲੀ' ਵਾਲਾ ਹਵਾਲਾ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਾਸ ਆਪਣੀ ਬਾਣੀ ਦਾ ਸੰਕਲਨ

ਮੌਜੂਦ ਸੀ ਜੋ ਉਨ੍ਹਾਂ ਤੋਂ ਬਾਦ ਗੁਰੂ ਅੰਗਦ ਦੇਵ ਜੀ ਤਕ ਪਹੁੰਚਿਆ।

ਗੁਰੂ ਅੰਗਦ ਦੇਵ ਜੀ ਦੀ ਰਚਨਾ ਸਹਿਤ ਇਹ ਬਾਣੀ ਸੰਗ੍ਰਹਿ ਗੁਰੂ ਅਮਰਦਾਸ ਜੀ ਤਕ ਪਹੁੰਚਿਆ, ਜਿਨ੍ਹਾਂ ਨੇ ਆਪਣੀ ਅਤੇ ਭਗਤਾਂ ਦੀ ਬਾਣੀ ਸਹਿਤ ਨਵਾਂ ਸੰਕਲਨ ਤਿਆਰ ਕਰਨ ਦਾ ਕੰਮ ਆਪਣੇ ਪੋਤਰੇ ਸਹੰਸਰਾਮ ਨੂੰ ਸੌਂਪਿਆ। ਇਹ ਸੰਕਲਨ ਕਾਲਾਂਤਰ ਵਿਚ 'ਬਾਬੇ ਮੋਹਨ ਵਾਲੀਆਂ ਪੋਥੀਆਂ' ਅਥਵਾ 'ਗੋਇੰਦਵਾਲ ਵਾਲੀਆਂ ਪੋਥੀਆਂ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਪਾਸ ਗੁਰੂ ਰਾਮਦਾਸ ਜੀ ਦੀ ਅਤੇ ਆਪਣੀ ਬਾਣੀ ਮੌਜੂਦ ਸੀ। ਗੁਰੂ ਅਮਰਦਾਸ ਵਾਲੀਆਂ ਪੋਥੀਆਂ ਨੂੰ ਬੜੇ ਉਚੇਚ ਨਾਲ ਬਾਬੇ ਮੋਹਨ ਪਾਸੋਂ ਗੋਇੰਦਵਾਲ ਤੋਂ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਹੋਰ ਹਰ ਪਾਸੇ ਵੀ ਸੁਨੇਹੇ ਭੇਜ ਕੇ ਰਬਾਬੀਆਂ, ਸ਼ਰਧਾਲੂਆਂ ਆਦਿ ਕੋਲ ਪਈ ਜਾਂ ਕੰਠਸਥ ਹੋਈ ਬਾਣੀ ਨੂੰ ਵੀ ਇਕੱਠਾ ਕਰਵਾਇਆ।

ਇਸ ਪ੍ਰਕਾਰ ਇਕੱਠੀ ਕੀਤੀ ਸਾਰੀ ਬਾਣੀ ਨੂੰ, ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ, ਪੰਜਵੇਂ ਗੁਰੂ ਨੇ ਚਾਰ ਸਿੱਖਾਂ (ਭਾਈ ਸੰਤ ਦਾਸ, ਹਰੀਆ, ਸੁਖਾ ਅਤੇ ਮਨਸਾ ਰਾਮ) ਤੋਂ ਨਕਲ ਕਰਵਾਇਆ। ਇਹ ਕੰਮ ਸੰਨ 1601 ਈ. ਵਿਚ ਨਿਪਟਿਆ। ਉਸ ਤੋਂ ਬਾਦ ਗੁਰੂ ਜੀ ਨੇ ਸਾਰੀ ਬਾਣੀ ਖ਼ੁਦ ਵਾਚੀ ਅਤੇ ਉਸ ਨੂੰ ਰਲਿਆਂ ਤੋਂ ਮੁਕਤ ਕਰਕੇ ਸਹੀ ਰੂਪ ਦਿੱਤਾ ਅਤੇ ਅਪ੍ਰਮਾਣਿਕ ਬਾਣੀ ਨੂੰ ਤਿਆਗ ਦਿੱਤਾ। ਸੋਧੀ ਹੋਈ ਬਾਣੀ ਦੇ ਆਧਾਰ 'ਤੇ ਭਾਈ ਗੁਰਦਾਸ ਨੇ ਸੰਨ 1604 ਈ. ਵਿਚ ਬੀੜ ਤਿਆਰ ਕੀਤੀ ਜਿਸ ਨੂੰ ਹਰਿਮੰਦਿਰ ਸਾਹਿਬ ਵਿਚ ਸਥਾਪਿਤ ਕੀਤਾ ਗਿਆ। ਬਾਬਾ ਬੁੱਢਾ ਇਸ ਬੀੜ ਦੇ ਪਹਿਲੇ ਗ੍ਰੰਥੀ ਲਗਾਏ ਗਏ।

ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਨਹੀਂ ਕੀਤੀ। ਨੌਵੇਂ ਗੁਰੂ ਸਾਹਿਬ ਦੇ ਰਚੇ 59 ਸ਼ਬਦਾਂ ਅਤੇ 57 ਸ਼ਲੋਕਾਂ ਨੂੰ ਇਸ ਗ੍ਰੰਥ ਵਿਚ ਸ਼ਾਮਲ ਕਰਨ ਦਾ ਉੱਦਮ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1706 ਈ. ਵਿਚ ਦਮਦਮਾ ਸਾਹਿਬ ਵਿਚ ਕੀਤਾ। ਇਸ ਅੰਤਿਮ ਸਰੂਪ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੀ ਸੰਸਾਰਿਕ ਲੀਲਾ ਸਮਾਪਤ ਕਰਨ ਤੋਂ ਪਹਿਲਾਂ 7 ਅਕਤੂਬਰ 1708 ਈ. ਨੂੰ ਹਜ਼ੂਰ ਸਾਹਿਬ ਵਿਚ ਗੁਰੂ-ਪਦ ਪ੍ਰਦਾਨ ਕੀਤਾ। ਉਦੋਂ ਤੋਂ ਇਹ ਗ੍ਰੰਥ ਸਿੱਖ ਧਰਮ ਦਾ ਪਵਿੱਤਰ ਅਤੇ ਪ੍ਰਤਿਸ਼ਠਿਤ 'ਗੁਰੂ' ਰੂਪ ਹੈ।

ਗੁਰੂ ਅਰਜਨ ਦੇਵ ਜੀ ਨੇ ਬੜੀ ਨੀਝ ਨਾਲ ਇਸ ਗ੍ਰੰਥ ਦਾ ਸੰਪਾਦਨ ਕੀਤਾ ਹੈ। ਉਨ੍ਹਾਂ ਨੇ ਹਰ ਸ਼ਬਦ, ਅਸ਼ਟਪਦੀ, ਜਾਂ ਪਉੜੀ-ਸ਼ਲੋਕ ਦੇ ਅੰਤ ਉਤੇ ਸੰਖਿਆ-ਅੰਕ ਦਿੱਤਾ ਹੈ ਅਤੇ ਨਾਲ ਨਾਲ ਕੁਲ-ਜੋੜ ਵੀ ਦਿੱਤਾ ਹੈ। ਇਸ ਤਰ੍ਹਾਂ ਪਦਿਆਂ ਆਦਿ ਦੀ ਗਿਣਤੀ ਨਿਸਚਿਤ ਕਰਕੇ ਰਲਿਆਂ ਦੀ ਸੰਭਾਵਨਾ ਖ਼ਤਮ ਕੀਤੀ ਹੈ। ਹਰ ਸ਼ਬਦ/ਬਾਣੀ ਦੇ ਆਰੰਭ ਵਿਚ ਰਚੈਤਾ ਦੀ ਸੂਚਨਾ ਦਿੱਤੀ ਅਤੇ ਪੂਰਾ ਜਾਂ ਸੰਖਿਪਤ ਮੂਲ-ਮੰਤ੍ਰ ਵੀ ਲਿਖਿਆ।

ਇਸ ਗ੍ਰੰਥ ਦੀ ਬਾਣੀ ਨੂੰ ਮੁੱਖ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਨਿੱਤ -ਨੇਮ ਦੀਆਂ ਬਾਣੀਆਂ ਹਨ। ਇਨ੍ਹਾਂ ਵਿਚ ਜਪੁਜੀ, ਸੋਦਰੁ -ਸੋਪੁਰਖੁ ਦੇ ਨੌਂ ਸ਼ਬਦ ਅਤੇ ਸੋਹਿਲੇ ਦੇ ਪੰਜ ਸ਼ਬਦ ਸ਼ਾਮਲ ਹਨ।

ਦੂਜਾ ਭਾਗ ਰਾਗ-ਬੱਧ ਬਾਣੀ ਦਾ ਹੈ। ਇਸ ਵਿਚ 31 ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ) ਅਧੀਨ ਸਾਰੀ ਬਾਣੀ ਨੂੰ ਇਕ ਵਿਸ਼ੇਸ਼ ਕ੍ਰਮ ਅਤੇ ਵਿਧਾਨ ਅਨੁਸਾਰ ਸਥਾਨ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ 'ਸ਼ਬਦ' (ਚਉਪਦੇ) ਹਨ ਫਿਰ ਅਸ਼ਟਪਦੀਆਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਬਾਦ ਵਿਸ਼ੇਸ਼ ਬਾਣੀਆਂ, ਛੰਤ, ਵਾਰਾਂ ਆਦਿ ਸੰਕਲਿਤ ਹਨ। ਮਾਰੂ ਰਾਗ ਵਿਚ ਅਸ਼ਟਪਦੀਆਂ ਤੋਂ ਬਾਦ 'ਸੋਲਹੇ' ਵੀ ਆਏ ਹਨ। ਵਾਰਾਂ ਤੋਂ ਪਿਛੇ ਭਗਤ-ਬਾਣੀ ਸ਼ਾਮਲ ਕੀਤੀ ਗਈ ਹੈ। ਸਾਰੀ ਗੁਰਬਾਣੀ ਗੁਰੂ-ਕ੍ਰਮ ਅਨੁਸਾਰ ਹੈ, ਪਰ 22 ਰਾਗਾਂ ਵਿਚ ਆਈ ਭਗਤ-ਬਾਣੀ ਵਿਚ ਭਗਤਾਂ ਦੇ ਇਤਿਹਾਸਿਕ ਕ੍ਰਮ ਨੂੰ ਮੁਖ ਨਹੀਂ ਰਖਿਆ ਗਿਆ।

ਤੀਜੇ ਭਾਗ ਵਿਚ ਰਾਗ-ਮੁਕਤ ਬਾਣੀ ਸੰਕਲਿਤ ਹੋਈ ਹੈ। ਇਹ ਬਾਣੀ-ਕ੍ਰਮ ਇਸ ਪ੍ਰਕਾਰ ਹੈ— ਸਹਸਕ੍ਰਿਤੀ ਸ਼ਲੋਕ, ਗਾਥਾ, ਫੁਨਹੇ, ਚਉਬੋਲੇ, ਸ਼ਲੋਕ ਭਗਤ ਕਬੀਰ ਅਤੇ ਫਰੀਦ, ਸਵੈਯੇ, ਸਲੋਕ ਵਾਰਾਂ ਤੇ ਵਧੀਕ, ਸਲੋਕ ਮ.੯, ਮੁਦਾਵਣੀ ਅਤੇ ਰਾਗਮਾਲਾ।

ਭਾਰਤੀ ਧਰਮ-ਸਾਧਨਾ, ਸਾਹਿਤ ਅਤੇ ਸੰਪਾਦਨ ਦੇ ਇਤਿਹਾਸ ਵਿਚ ਇਸ ਗ੍ਰੰਥ ਦਾ ਮਹੱਤਵਪੂਰਣ ਸਥਾਨ ਹੈ। ਇਹ ਭਾਰਤ ਦੀ ਵਿਸ਼ਵ ਸਾਹਿਤ ਨੂੰ ਸਥਾਈ ਦੇਣ ਹੈ।

**ਗੁਰੂ ਗ੍ਰੰਥ ਸਾਹਿਬ: ਆਧੁਨਿਕ ਟੀਕਾਕਾਰੀ** : ਆਧੁਨਿਕ ਯੁਗ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਦਾ ਆਰੰਭ ਭਾਵੇਂ ਸਿੰਘ ਸਭਾ ਦੇ ਚੇਤਨਾ-ਪ੍ਰਵਾਹ ਨਾਲ ਹੋਇਆ ਪਰ ਸਹੀ ਅਰਥਾਂ ਵਿਚ ਇਸ ਦਾ ਜਨਮ ਟ੍ਰੰਪ (ਵੇਖੋ) ਦੁਆਰਾ ਕੀਤੇ ਅੰਗ੍ਰੇਜ਼ੀ ਅਨੁਵਾਦ (The Adi Granth—1877) ਦੀ ਨਕਾਰਾਤਮਕ ਪਹੁੰਚ ਪ੍ਰਤਿ ਸਿੱਖ-ਜਗਤ ਦੀ ਪ੍ਰਤਿਕ੍ਰਿਆ ਵਿਚੋਂ ਹੋਇਆ। ਫ਼ਰੀਦਕੋਟ ਦੇ ਮਹਾਰਾਜੇ ਨੇ ਉਚੇਚੀ ਰੁਚੀ ਲੈ ਕੇ ਗਿਆਨੀ ਬਦਨ ਸਿੰਘ ਸੇਖਵਾਂ ਤੋਂ ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਸੰਨ 1883 ਈ. ਵਿਚ ਤਿਆਰ ਕਰਵਾਇਆ ਜਿਸ ਦੇ ਚਾਰੇ ਭਾਗ ਸੋਧਕ ਕਮੇਟੀ ਤੋਂ ਪ੍ਰਵਾਨਿਤ ਹੋ ਕੇ ਸੰਨ 1918 ਈ. ਤਕ ਛਪ ਗਏ। ਇਹ ਟੀਕਾ 'ਫ਼ਰੀਦਕੋਟੀ ਟੀਕਾ' (ਵੇਖੋ) ਦੇ ਨਾਂ ਨਾਲ ਪ੍ਰਸਿੱਧ ਹੋਇਆ। ਪਰ ਉਸ ਦੀ ਭਾਸ਼ਾ-ਸ਼ੈਲੀ ਅਤੇ ਵਿਆਖਿਆ-ਪੱਧਤੀ ਸੰਪ੍ਰਦਾਈ ਹੋਣ ਕਾਰਣ ਉਸ ਦੀ ਪੁਨਰ-ਸੋਧ ਕਰਾਉਣ ਲਈ ਕਮੇਟੀ ਬਣਾਈ ਗਈ। ਸੋਧੇ ਹੋਏ ਟੀਕੇ ਨੂੰ ਛਾਪਣ ਦੀ ਥਾਂ ਪਹਿਲਾਂ ਛਪੇ ਸੰਸਕਰਣ ਨੂੰ ਹੀ ਦੋਬਾਰਾ ਛਾਪ ਦਿੱਤਾ ਗਿਆ। ਫਲਸਰੂਪ ਆਧੁਨਿਕ ਭਾਸ਼ਾ-ਸ਼ੈਲੀ ਵਿਚ ਟੀਕਾ ਕਰਨ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਵਿਦਵਾਨ ਯਤਨਸ਼ੀਲ ਹੋ ਗਏ। ਕਈਆਂ ਨੇ ਪਹਿਲਾਂ ਕੁਝ ਚੋਣਵੀਆਂ ਬਾਣੀਆਂ ਦੇ ਟੀਕੇ ਕੀਤੇ ਅਤੇ ਆਪਣੇ ਆਪ ਨੂੰ ਟੀਕਾਕਾਰੀ ਲਈ ਅਭਿਅਸਤ ਕੀਤਾ।

ਸੰਨ 1930 ਈ. ਤੋਂ ਸੰਨ 1940 ਈ. ਵਿਚਲਾ ਦਹਾਕਾ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਵਿਚ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਸੰਬੰਧ ਵਿਚ ਪਹਿਲਾ ਉਦਮ ਪੰਡਿਤ ਨਰੈਣ ਸਿੰਘ ਮੁਜ਼ੰਗਾਂ ਵਾਲੇ ਨੇ ਕੀਤਾ। ਉਸ ਨੇ ਸੰਨ 1928 ਈ. (22 ਮਘਰ 1985 ਬਿ.) ਵਿਚ ਟੀਕਾ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ ਕੁਲ ਗਿਆਰ੍ਹਾਂ ਮਹੀਨਿਆਂ ਬਾਦ ਸੰਨ 1929 ਈ. (ਅਸੂ, 1986 ਬਿ.) ਵਿਚ ਸਮਾਪਤ ਕੀਤਾ। ਪਰ ਅਨੇਕ ਪੇਚੀਦਾ ਸ਼ਬਦਾਂ ਅਥਵਾ ਉਕਤੀਆਂ ਬਾਰੇ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਕੇ ਉਸ ਨੇ ਆਪਣੇ ਟੀਕੇ ਨੂੰ ਸੰਨ 1934 ਈ. ਵਿਚ ਅੰਤਿਮ ਰੂਪ ਦਿੱਤਾ ਜਿਸ ਦੀਆਂ ਸਾਰੀਆਂ ਸੈਂਚੀਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ' ਨਾਂ ਅਧੀਨ ਸੰਨ 1940 ਈ. ਤਕ ਛਪ ਗਈਆਂ। ਇਸ ਟੀਕੇ ਉਪਰ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਪ੍ਰਭਾਵ ਪ੍ਰਤੀਤ ਹੁੰਦਾ ਹੈ।

ਇਸ ਦਹਾਕੇ ਦੀ ਟੀਕਾਕਾਰੀ ਵਿਚ ਦੂਜਾ ਉਘੜਵਾ ਨਾਂ ਸ. ਨਿਹਾਲ ਸਿੰਘ ਸੂਰੀ, ਰਾਵਲਪਿੰਡੀ ਵਾਲੇ ਦਾ ਹੈ। ਇਹ ਵਿਦਵਾਨ ਸ਼ਖ਼ਸੀ-ਗੁਰੂ ਪੂਜਾ ਨੂੰ ਮਨਮਤ ਸਮਝ ਕੇ ਉਸ ਦੇ ਵਿਰੁੱਧ ਡਟ ਕੇ ਪ੍ਰਚਾਰ ਕਰਦਾ ਸੀ। ਇਸ ਨੇ ਸੰਨ 1930 ਈ. ਵਿਚ ਰਾਵਲਪਿੰਡੀ ਵਿਚ ਆਪਣੀ ਪ੍ਰੈਸ ਲਗਾ ਕੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ 'ਸ੍ਰੀ ਗੁਰੂਮਤਿ ਭਾਉ ਪ੍ਰਕਾਸਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਂ ਅਧੀਨ ਛਾਪਣਾ ਸ਼ੁਰੂ ਕੀਤਾ। ਸੰਨ 1936 ਈ. ਤਕ ਜਿਤਨਾ ਟੀਕਾ ਹੋ ਗਿਆ, ਉਸ ਨੂੰ ਛਾਪ ਦਿੱਤਾ ਗਿਆ। ਫਿਰ ਕੁਝ ਕਾਰਣਾਂ ਕਰਕੇ ਅਗਲੀ ਛਪਾਈ ਬੰਦ ਹੋ ਗਈ। ਇਸ ਤਰ੍ਹਾਂ ਇਹ ਟੀਕਾ ਅਪੂਰਣ ਹੀ ਰਿਹਾ ਹੈ। ਟੀਕਾਕਾਰ ਨੇ ਜ਼ਿਆਦਾ ਜ਼ੋਰ 'ਜਪੁਜੀ' ਬਾਣੀ ਦੀ ਵਿਆਖਿਆ ਉਤੇ ਲਗਾਇਆ ਹੈ। ਬਾਕੀ ਬਾਣੀ ਦੇ ਅਰਥ ਚਲੰਤ ਕਿਸਮ ਦੇ ਹਨ।

ਤੀਜਾ ਯਤਨ ਗਿਆਨੀ ਬਿਸ਼ਨ ਸਿੰਘ ਲਖੂਵਾਲ ਵਾਲੇ ਦਾ ਹੈ ਜਿਸ ਨੇ ਆਪਣੀ ਵਿਆਖਿਆ 'ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਂ ਅਧੀਨ ਪ੍ਰਕਾਸ਼ਿਤ ਕੀਤੀ। ਇਸ ਨੇ ਜ਼ਿਆਦਾ ਜ਼ੋਰ ਅੱਠਵੀਂ ਸੈਂਚੀ ਉਤੇ ਲਗਾਇਆ ਅਤੇ ਸਾਰੇ ਭਾਗ ਸੰਨ 1936 ਈ. ਤਕ ਛਾਪ ਦਿੱਤੇ। ਇਸ ਟੀਕੇ ਦਾ ਪੱਧਰ ਸਾਧਾਰਣ ਹੈ।

ਚੌਥਾ ਯਤਨ ਪ੍ਰੋ. ਤੇਜਾ ਸਿੰਘ ਅਤੇ ਉਸ ਦੇ ਸਾਥੀਆਂ ਦੁਆਰਾ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰੂਪ ਵਿਚ ਹੋਇਆ। ਇਹ ਭਾਵੇਂ ਵਿਧੀ-ਵਤ ਟੀਕਾ ਨਹੀਂ ਹੈ, ਪਰ ਇਸ ਦਾ ਮਹੱਤਵ ਟੀਕੇ ਤੋਂ ਘਟ ਵੀ ਨਹੀਂ ਹੈ। ਇਸ ਦੀ ਪਹਿਲੀ ਪੋਥੀ ਸੰਨ 1936 ਈ. ਵਿਚ ਛਪੀ ਅਤੇ ਚੌਥੀ ਸੰਨ 1941 ਈ.ਵਿਚ। ਇਸ ਸ਼ਬਦਾਰਥ ਦੀ ਵਿਸ਼ੇਸ਼ਤਾ ਬਾਣੀ ਪ੍ਰਤਿ ਅਕਾਦਮਿਕ ਪਹੁੰਚ ਵਿਚ ਵੇਖੀ ਜਾ ਸਕਦੀ ਹੈ। ਵਿਸਤਾਰ ਲਈ ਵੇਖੋ 'ਸ਼ਬਦਾਰਥ (ਪੰਜਾਬੀ)'।

ਇਸ ਦਹਾਕੇ ਦੇ ਅੰਤ ਵਿਚ ਭਾਈ ਵੀਰ ਸਿੰਘ ਨੇ 'ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਲਿਖਣ ਲਈ ਕੰਮ ਛੋਹ ਦਿੱਤਾ। ਇਹ ਕੰਮ ਬੜੀ ਧੀਮੀ ਗਤੀ ਨਾਲ ਚਲ ਰਿਹਾ ਸੀ ਕਿ ਸੰਨ 1958 ਈ. ਵਿਚ ਭਾਈ ਜੀ ਦਾ ਦੇਹਾਂਤ ਹੋ ਗਿਆ।

ਉਦੋਂ ਤਕ ਕੇਵਲ ਸੱਤ ਸੈਂਚੀਆਂ ਦਾ ਕੰਮ ਮੁਕਿਆ ਸੀ, ਜਿਸ ਵਿਚ 607 ਪੰਨਿਆਂ ਤਕ ਬਾਣੀ ਨੂੰ ਸਮੇਟਿਆ ਗਿਆ। ਇਸ ਟੀਕੇ ਨੂੰ ਭਾਈ ਵੀਰ ਸਿੰਘ ਦੇ ਛੋਟੇ ਭਰਾ ਡਾ. ਬਲਬੀਰ ਸਿੰਘ ਨੇ ਸੰਪਾਦਿਤ ਕਰਕੇ ਸੰਨ 1962 ਈ. ਵਿਚ ਪ੍ਰਕਾਸ਼ਿਤ ਕੀਤਾ। ਇਹ ਟੀਕਾ ਸਿੰਘ ਸਭਾ ਦੀ ਮਾਨਸਿਕਤਾ ਅਨੁਰੂਪ ਹੈ। ਵਿਸਤਾਰ ਲਈ ਵੇਖੋ 'ਟੀਕਾ-ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ'।

ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਵਿਚ ਅਗਲਾ ਠੋਸ ਯਤਨ ਪ੍ਰੋ. ਸਾਹਿਬ ਸਿੰਘ ਨੇ ਸੰਨ 1957 ਈ. ਵਿਚ ਸ਼ੁਰੂ ਕੀਤਾ ਅਤੇ ਸੰਨ 1961 ਈ. ਵਿਚ ਸੰਪੂਰਣ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨਾਂ ਅਧੀਨ ਦਸ ਸੈਂਚੀਆਂ ਵਿਚ ਤਿਆਰ ਹੋ ਗਿਆ ਜੋ ਸੰਨ 1962 ਈ. ਤੋਂ ਛਪਣਾ ਸ਼ੁਰੂ ਹੋ ਕੇ ਸੰਨ 1964 ਈ. ਵਿਚ ਸਮਾਪਤ ਹੋਇਆ। ਇਸ ਟੀਕੇ ਦੀ ਵਿਸ਼ੇਸ਼ਤਾ ਵਿਆਕਰਣਿਕ ਨਿਯਮਾਂ ਅਧੀਨ ਬਾਣੀ ਦੀ ਵਿਆਖਿਆ ਕਰਨਾ ਹੈ। ਵਿਸਤਾਰ ਲਈ ਵੇਖੋ 'ਟੀਕਾ-ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ'।

ਗਿਆਨੀ ਕ੍ਰਿਪਾਲ ਸਿੰਘ (ਸੇਵਾਪੰਥੀ ਟਿਕਾਣਾ, ਬਾਜ਼ਾਰ ਸਤੋਂ ਵਾਲਾ, ਅੰਮ੍ਰਿਤਸਰ) ਨੇ ਅੱਠ ਸੈਂਚੀਆਂ ਵਿਚ ਆਪਣਾ ਟੀਕਾ 'ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ' ਨਾਂ ਅਧੀਨ ਜਨਵਰੀ 1961 ਈ. ਤੋਂ ਛਪਵਾਉਣਾ ਸ਼ੁਰੂ ਕੀਤਾ, ਜਿਸ ਦੇ ਹੁਣ ਦੋ ਸੰਸਕਰਣ ਛਪ ਚੁਕੇ ਹਨ। ਇਸ ਟੀਕੇ ਦਾ ਪੱਧਰ ਸਾਧਾਰਣ ਹੈ। ਕਥਾ-ਵਾਰਤਾ ਰਾਹੀਂ ਬਹੁਤ ਲਮਕਾਇਆ ਗਿਆ ਹੈ ਅਤੇ ਪੁਰਾਤਨ ਕਥਾ ਦੇ ਲੋਰ ਵਿਚ ਅਰਥ-ਗਤ ਅਸੰਗਤੀਆਂ ਵੀ ਹੋ ਗਈਆਂ ਹਨ। ਇਸ ਟੀਕੇ ਤੋਂ ਬਾਣੀ ਪ੍ਰਤਿ ਸੇਵਾਪੰਥੀ ਪਹੁੰਚ ਦਾ ਆਭਾਸ ਹੁੰਦਾ ਹੈ। ਵਿਸਤਾਰ ਲਈ ਵੇਖੋ 'ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ'।

ਗਿਆਨੀ ਮਨੀ ਸਿੰਘ, ਸਾਬਕਾ ਹੈਡ ਗ੍ਰੰਥੀ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਕੇ ਉਸ ਨੂੰ ਸੰਨ 1980 ਈ. ਤੋਂ 'ਸਿੱਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ— ਪ੍ਰਸ਼ਨ-ਉਤਰ ਵਿਕਾਸ' ਨਾਂ ਅਧੀਨ ਛਾਪਣਾ ਸ਼ੁਰੂ ਕੀਤਾ। ਇਸ ਟੀਕੇ ਦੀ ਅੱਠਵੀਂ ਸੈਂਚੀ ਸੰਨ 1994 ਈ. ਵਿਚ ਪ੍ਰਕਾਸ਼ਿਤ ਹੋਈ ਹੈ। ਟੀਕੇ ਦਾ ਪੱਧਰ ਸਾਧਾਰਣ ਅਤੇ ਪ੍ਰਚਾਰਾਤਮਕ ਹੈ।

ਆਧੁਨਿਕ ਯੁਗ ਵਿਚ ਗਿਆਨੀ ਹਰਬੰਸ ਸਿੰਘ, ਪਟਿਆਲਾ ਨੇ ਉਦਮ ਕਰਕੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ (ਤੁਲਨਾਤਮਿਕ ਅਧਿਐਨ)' ਨਾਂ ਅਧੀਨ ਆਪਣਾ ਟੀਕਾ ਛਾਪਣਾ ਸ਼ੁਰੂ ਕੀਤਾ। ਇਸ ਦੀ ਪਹਿਲੀ ਸੈਂਚੀ 1982 ਈ. ਵਿਚ ਛਪੀ ਸੀ ਅਤੇ ਅੰਤਿਮ (ਚੌਦਵੀਂ) ਸੰਨ 1992 ਈ. ਵਿਚ। ਇਸ ਟੀਕੇ ਦੀ ਵਿਸ਼ੇਸ਼ਤਾ ਤੁਲਨਾਤਮਕ ਅਧਿਐਨ ਰਾਹੀਂ ਅਰਥ-ਨਿਰਣਾ ਕਰਨਾ ਹੈ। ਪਰ ਟੀਕਾਕਾਰ ਦਾ ਭਾਸ਼ਾਵਾਂ ਅਤੇ ਭਗਤੀ-ਪਰੰਪਰਾਵਾਂ ਬਾਰੇ ਸਥੂਲ ਗਿਆਨ ਹੋਣ ਕਾਰਣ ਇਸ ਟੀਕੇ ਵਿਚ ਕੋਈ ਚਮਕ ਨਹੀਂ ਆ ਸਕੀ।

ਭਾਈ ਲਕਸ਼ਮਣ ਚੇਲਾ ਰਾਮ ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਹਿੰਦੀ ਅਨੁਵਾਦ ਦਾ ਪੰਜਾਬੀ ਰੁਪਾਂਤਰ ਵੀ ਤਿਆਰ ਕਰਵਾਇਆ ਜਾ ਚੁਕਿਆ ਹੈ। ਕੁਝ ਹੋਰ ਯਤਨ ਵੀ ਹੋ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਪੂਰੇ ਟੀਕਿਆਂ ਤੋਂ ਇਲਾਵਾ ਆਧੁਨਿਕ ਯੁਗ ਵਿਚ ਵਖ ਵਖ ਬਾਣੀਆਂ ਦੇ ਅਨੇਕ ਟੀਕੇ ਛਪ ਕੇ ਸਾਹਮਣੇ ਆਏ ਹਨ। ਸਿਰਫ਼ 'ਜਪੁਜੀ' ਦੇ ਹੀ ਸੈਂਕੜੇ ਟੀਕੇ ਤਿਆਰ ਹੋਏ ਹਨ। ਪਰ ਇਨ੍ਹਾਂ ਦੇ ਵਿਸਤਾਰ ਵਿਚ ਪੈਣ ਦੀ ਇਥੇ ਗੁੰਜਾਇਸ਼ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦੇ ਹੁਣ ਤਕ ਹੋਏ ਟੀਕਿਆਂ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਇਨ੍ਹਾਂ ਵਿਚੋਂ ਅਧਿਕਾਂਸ਼ ਸਾਧਾਰਣ ਪੱਧਰ ਦੇ ਹਨ। ਭਾਈ ਵੀਰ ਸਿੰਘ ਦੁਆਰਾ ਕੀਤੇ ਟੀਕੇ ਵਿਚ ਗੁਰਬਾਣੀ ਦੇ ਅਰਥ ਰਹੱਸਮਈ ਵਿਸ਼ਲੇਸ਼ਣ ਅਤੇ ਕਾਵਿਕਤਾ ਵਿਚ ਗਵਾਚ ਗਏ ਹਨ। 'ਸ਼ਬਦਾਰਥ' ਦੀ ਪਹੁੰਚ ਭਾਵੇਂ ਅਕਾਦਮਿਕ ਹੈ, ਪਰ ਪੂਰੇ ਅਰਥ ਨ ਹੋਣ ਕਾਰਣ ਸਪੱਸ਼ਟਤਾ ਦੀ ਘਾਟ ਮਹਿਸੂਸ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਤੋਂ, ਵਿਆਕਰਣ ਸੰਬੰਧੀ ਆਪਣੇ ਹਠ ਨੂੰ ਪਾਲਣ ਕਾਰਣ, ਭਾਵਨਾਵਾਂ ਦੀਆਂ ਗਹਿਰਾਈਆਂ ਵਿਚ ਉਤਰਿਆ ਨਹੀਂ ਜਾ ਸਕਿਆ। ਫਲਸਰੂਪ ਗੁਰੂ ਗ੍ਰੰਥ ਸਾਹਿਬ ਦਾ ਅਕਾਦਮਿਕ ਅਤੇ ਸਭਿਆਚਾਰਿਕ ਸੰਦਰਭ ਵਿਚ ਟੀਕਾ ਹੋਣਾ ਬਾਕੀ ਹੈ, ਜਿਸ ਨਾਲ ਨਵੀਂ ਪੀੜ੍ਹੀ ਦੀਆਂ ਪੁੱਛਾਂ ਦਾ ਸੰਤੋਸ਼ਜਨਕ ਸਮਾਧਾਨ ਕੀਤਾ ਜਾ ਸਕੇ।

ਪੰਜਾਬੀ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਕਈਆਂ ਭਾਸ਼ਾਵਾਂ ਵਿਚ ਅਨੁਵਾਦ ਵੀ ਕੀਤੇ ਗਏ ਹਨ। ਇਨ੍ਹਾਂ ਵਿਚੋਂ ਪ੍ਰਮੁਖ ਸਥਾਨ ਅੰਗ੍ਰੇਜ਼ੀ ਦਾ ਹੈ ਜਿਸ ਦੇ ਵਿਸਤਾਰ ਲਈ ਵੇਖੋ 'ਗੁਰੂ ਗ੍ਰੰਥ ਸਾਹਿਬ: ਅੰਗ੍ਰੇਜ਼ੀ

ਅਨੁਵਾਦ'। ਹਿੰਦੀ ਵਿਚ ਵੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਹੋਏ ਹਨ, ਜਿਨ੍ਹਾਂ ਲਈ ਵੇਖੋ 'ਗੁਰੂ ਗ੍ਰੰਥ ਸਾਹਿਬ : ਹਿੰਦੀ ਅਨੁਵਾਦ'। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

**ਗੁਰੂ ਗ੍ਰੰਥ ਸਾਹਿਬ : ਅੰਗ੍ਰੇਜ਼ੀ ਅਨੁਵਾਦ :** ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦਾ ਸਭ ਤੋਂ ਪਹਿਲਾਂ ਯਤਨ ਈਸਾਈ ਮਿਸ਼ਨਰੀ ਅਰਨਸਟ ਟ੍ਰੰਪ ਨੇ ਕੀਤਾ, ਜੋ *The Adi Granth* ਨਾਂ ਅਧੀਨ ਸੰਨ 1877 ਈ. ਵਿਚ ਪ੍ਰਕਾਸ਼ਿਤ ਹੋਇਆ। ਅਨੁਵਾਦਕ ਨੂੰ ਵਿਸ਼ੇ ਦੀ ਸਹੀ ਪਕੜ ਨ ਹੋਣ ਕਾਰਣ ਇਹ ਅਨੁਵਾਦ ਵਾਦ-ਵਿਵਾਦ ਦਾ ਵਿਸ਼ਾ ਬਣ ਗਿਆ ਅਤੇ ਇਸ ਦੀ ਪ੍ਰਤਿਕ੍ਰਿਆ ਵਜੋਂ ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦਾ ਉਤਸਾਹ ਪੈਦਾ ਹੋਇਆ। ਹੋਰ ਵਿਸਤਾਰ ਲਈ ਵੇਖੋ 'ਟ੍ਰੰਪ'।

ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਚੋਣਵੀਆਂ ਬਾਣੀਆਂ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਕੇ ਮੈਕਾਲਿਫ਼ ਨੇ ਆਪਣੀ ਪੁਸਤਕ 'ਦਿ ਸਿੱਖ ਰਿਲੀਜਨ...' ਵਿਚ ਪ੍ਰਕਾਸ਼ਿਤ ਕੀਤਾ। ਉਸ ਤੋਂ ਪ੍ਰੇਰਿਤ ਹੋ ਕੇ ਅਨੇਕ ਪਰਵਰਤੀ ਵਿਦਵਾਨਾਂ ਨੇ ਮੁੱਖ ਮੁੱਖ ਬਾਣੀਆਂ ਦੇ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦੇ ਉਦਮ ਕੀਤੇ। ਇਨ੍ਹਾਂ ਵਿਦਵਾਨਾਂ ਵਿਚ ਸ. ਨਿਹਾਲ ਸਿੰਘ, ਸ. ਖੁਸ਼ਵੰਤ ਸਿੰਘ, ਸ. ਸੋਹਨ ਸਿੰਘ, ਭਾਈ ਜੋਧ ਸਿੰਘ, ਡਾ. ਤਰਲੋਚਨ ਸਿੰਘ ਆਦਿ ਦੇ ਨਾਂ ਵਿਸ਼ੇਸ਼ ਉੱਲੇਖਯੋਗ ਹਨ।

ਟ੍ਰੰਪ ਤੋਂ ਬਾਦ ਦੇਸ਼-ਵੰਡ ਤਕ ਸੰਪੂਰਣ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦਾ ਕਿਸੇ ਵੀ ਵਿਦਵਾਨ ਨੇ ਉੱਦਮ ਨ ਕੀਤਾ। ਦੇਸ਼ ਦੀ ਸੁਤੰਤਰਤਾ ਤੋਂ ਬਾਦ ਪ੍ਰੋ. ਤੇਜਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦਾ ਮਨ ਬਣਾਇਆ। ਸੰਨ 1952 ਈ. ਤਕ ਪਹਿਲੇ ਦੋ ਰਾਗਾਂ (ਸਿਰੀ ਅਤੇ ਮਾਝ) ਵਿਚਲੀ ਬਾਣੀ ਦਾ ਅਨੁਵਾਦ ਮੁਕ ਗਿਆ, ਪਰ ਪ੍ਰੋਫ਼ੈਸਰ ਹੋਰਾਂ ਦੀ ਸਿਹਤ ਦੀ ਖ਼ਰਾਬੀ ਕਾਰਣ ਕੰਮ ਅਗੇ ਨ ਚਲ ਸਕਿਆ। ਪ੍ਰੋ. ਤੇਜਾ ਸਿੰਘ ਦੇ ਦੇਹਾਂਤ ਤੋਂ ਬਾਦ ਪਰਿਵਾਰ ਵਾਲਿਆਂ ਨੇ ਉਸ ਅਨੁਵਾਦ ਦਾ ਖਰੜਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪ੍ਰਕਾਸ਼ਨ ਲਈ ਦੇ ਦਿੱਤਾ ਜੋ ਪ੍ਰਸਤੁਤ ਲੇਖਕ ਨੇ ਸੰਨ 1985 ਈ. ਵਿਚ 'ਦਿ ਹੋਲੀ ਗ੍ਰੰਥ' (*The Holy Granth)* ਨਾਂ ਅਧੀਨ ਸੰਪਾਦਿਤ ਕਰਕੇ ਛਾਪ ਦਿੱਤਾ।

ਗੁਰੂ ਗ੍ਰੰਥ ਸਾਹਿਬ ਦਾ ਵਿਵਸਥਿਤ ਅੰਗ੍ਰੇਜ਼ੀ ਅਨੁਵਾਦ ਡਾ. ਗੋਪਾਲ ਸਿੰਘ ਨੇ ਕੀਤਾ ਜੋ '*ਸ੍ਰੀ ਗੁਰੂ ਗ੍ਰੰਥ ਸਾਹਿਬ*' *(Sri Guru Granth Sahib)* ਨਾਂ ਅਧੀਨ ਚਾਰ ਜਿਲਦਾਂ ਵਿਚ ਗੁਰਦਾਸ ਕਪੂਰ ਐਂਡ ਸੰਨਜ਼ ਵਲੋਂ ਦਿੱਲੀ ਤੋਂ ਸੰਨ 1960 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਅਨੁਵਾਦ ਦੀ ਸ਼ੈਲੀ ਕਾਵਿਮਈ ਹੈ।

ਡਾ. ਗੋਪਾਲ ਸਿੰਘ ਦੇ ਸਮਾਨਾਂਤਰ ਸ. ਮਨਮੋਹਨ ਸਿੰਘ, ਐਡਵੋਕੇਟ ਨੇ ਵੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨਾ ਸ਼ੁਰੂ ਕੀਤਾ ਜੋ ਚਾਰ ਭਾਗਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਸੰਨ 1962 ਈ. ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' *(Sri Guru Granth Sahib)* ਨਾਂ ਅਧੀਨ ਪ੍ਰਕਾਸ਼ਿਤ ਕੀਤਾ। ਇਸ ਅਨੁਵਾਦ ਦੇ ਨਾਲ ਨਾਲ ਅਨੁਵਾਦਕ ਨੇ ਬਾਣੀ ਦਾ ਗੁਰਮੁਖੀ ਵਿਚ ਮੂਲ ਪਾਠ ਅਤੇ ਪੰਜਾਬੀ ਟੀਕਾ ਵੀ ਲਿਖਿਆ ਹੈ। ਅਨੁਵਾਦ ਦਾ ਪੱਧਰ ਸਾਧਾਰਣ ਹੈ।

ਗੁਰੂ ਗ੍ਰੰਥ ਸਾਹਿਬ ਦਾ ਸਫਲ ਅਤੇ ਵਿਦਵੱਤਾ-ਪੂਰਣ ਅੰਗ੍ਰੇਜ਼ੀ ਅਨੁਵਾਦ ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਕੀਤਾ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਚਾਰ ਜਿਲਦਾਂ ਵਿਚ 1984 ਤੋਂ 1990 ਈ. ਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' *(Sri Guru Granth Sahib)* ਨਾਂ ਅਧੀਨ ਪ੍ਰਕਾਸ਼ਿਤ ਕੀਤਾ ਗਿਆ ਹੈ। ਪ੍ਰੀਤਮ ਸਿੰਘ ਚਾਹਲ ਨੇ ਵੀ ਇਸ ਸੰਬੰਧ ਵਿਚ ਉੱਦਮ ਕੀਤਾ ਹੈ।

ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਵਾਲਿਆਂ ਵਿਚੋਂ ਆਖੀਰਲਾ ਨਾਂ ਸ. ਗੁਰਬਚਨ ਸਿੰਘ ਮਾਕਿਨ ਦਾ ਹੈ, ਜਿਸ ਨੇ 'ਦਿ ਏਸੈਂਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ' *(The Essence of Sri Guru Granth Sahib)* ਨਾਂ ਅਧੀਨ ਚੰਡੀਗੜ੍ਹ ਤੋਂ ਪੰਜ ਭਾਗਾਂ ਵਿਚ ਸੰਨ 1998 ਤੋਂ 2000 ਦੌਰਾਨ ਪ੍ਰਕਾਸ਼ਿਤ ਹੋਇਆ ਹੈ। ਮਾਕਿਨ ਅਨੁਸਾਰ ਇਹ ਭਾਵ-ਬੋਧਕ ਅਨੁਵਾਦ ਸਰਲ ਅੰਗ੍ਰੇਜ਼ੀ ਵਾਰਤਕ ਵਿਚ ਕੀਤਾ ਗਿਆ ਹੈ। ਇਸ ਵਿਚ ਨਾਲ ਨਾਲ ਬਾਣੀ ਦਾ ਮੂਲ ਪਾਠ ਵੀ ਗੁਰਮੁਖੀ ਵਿਚ ਦਿੱਤਾ ਗਿਆ ਹੈ। ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਦੇ ਕੁਝ ਹੋਰ ਉਦਮ ਵੀ ਹੋ ਰਹੇ ਹਨ।

**ਗੁਰੂ ਗ੍ਰੰਥ ਸਾਹਿਬ : ਸਾਧਨਾ ਮਾਰਗ :** ਗੁਰੂ ਗ੍ਰੰਥ ਸਾਹਿਬ ਵਿਚ ਸਾਧਨਾ ਦੀ ਦ੍ਰਿਸ਼ਟੀ ਤੋਂ ਕਿਸੇ ਇਕ ਮਾਰਗ ਉਤੇ ਕੋਈ ਵਿਸ਼ੇਸ਼ ਬਲ ਨਹੀਂ ਦਿੱਤਾ ਗਿਆ। ਹਾਂ, ਭਗਤੀ-ਮਾਰਗ ਸੰਬੰਧੀ ਜੋ ਰੁਚੀ ਵਿਖਾਈ ਗਈ ਹੈ ਉਹ ਅਸਲੋਂ ਇਕ ਨਵੀਂ ਅਤੇ ਉਦਾਰ ਕਿਸਮ ਦੀ ਭਗਤੀ ਹੈ, ਭਗਤੀ-ਮਾਰਗੀ ਸ਼ਾਸਤ੍ਰੀ ਭਗਤੀ ਨਹੀਂ। ਅਜਿਹੀ ਭਗਤੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਪਰਮਾਤਮਾ ਨੂੰ ਜਲਦੀ ਤੋਂ ਜਲਦੀ ਦ੍ਰਵਿਤ ਕਰਨ ਦੀ ਆਸ ਰਖਦੇ ਹਨ। ਨਾਲੇ, ਇਸ ਵਿਚ ਉੱਚੇ ਨੀਵੇਂ ਦਾ ਭੇਦ ਮਿਟ ਜਾਂਦਾ ਹੈ, ਸਭ ਲਈ ਸਮਾਨ ਫਲ ਦੀ ਪ੍ਰਾਪਤੀ ਹੁੰਦੀ ਹੈ। ਗ੍ਰਿਹਸਥੀਆ ਲਈ ਇਹੀ ਸਾਧਨ ਅਨੁਕੂਲ ਬੈਠਦਾ ਹੈ। ਉਸ ਵਕਤ ਦੀਆਂ ਇਤਿਹਾਸਿਕ ਪਰਿਸਥਿਤੀਆਂ ਵਿਚ ਕੇਵਲ ਇਹੀ ਭਗਤੀ ਮਾਨਵ-ਵਿਕਾਸ ਦੀ ਦਿਸ਼ਾ ਵਲ ਵਧ ਸਕਦੀ ਸੀ। ਇਸ ਨੂੰ 'ਸ਼ਾਸਤ੍ਰੀ-ਭਗਤੀ' ਦੀ ਥਾਂ ਤੇ 'ਭਾਉ-ਭਗਤੀ' ਦਾ ਨਾਂ ਦੇਣਾ ਅਧਿਕ ਉਚਿਤ ਪ੍ਰਤੀਤ ਹੁੰਦਾ ਹੈ। ਇਹੀ ਮੋਖ-ਪ੍ਰਾਪਤੀ ਦਾ ਸਰਬੋਤਮ ਸਾਧਨ ਹੈ— *ਭਾਉ ਭਗਤਿ ਕਰਿ ਨੀਚੁ ਸਦਾਏ। ਤਉ ਨਾਨਕ ਮੋਖੰਤਰੁ ਪਾਏ।* (ਗੁ.ਗ੍ਰੰ.470)।

ਇਸ ਭਗਤੀ ਦਾ ਮੂਲਾਧਾਰ ਤੱਤ੍ਵ ਪ੍ਰੇਮ ਹੈ ਜੋ ਲੌਕਿਕ ਜਾਂ ਭੌਤਿਕ ਨ ਹੋ ਕੇ ਉਦਾੱਤ ਅਤੇ ਦੈਵੀ ਹੈ। ਇਸ ਪਰਮਾਤਮ-ਪ੍ਰੇਮ ਨੂੰ ਕਈ ਪਾਰਿਵਾਰਿਕ ਸੰਬੰਧਾਂ ਦੁਆਰਾ ਅਭਿਵਿਅਕਤ ਕੀਤਾ ਗਿਆ ਹੈ। ਭਗਤੀ ਦੇ ਹੋਰਨਾਂ ਤੱਤ੍ਵਾਂ ਵਿਚ ਗੁਰੂ, ਪਰਮਾਤਮਾ ਜਾਂ ਗੁਰੂ ਦੀ ਕ੍ਰਿਪਾ ਨਾਮ-ਸਾਧਨਾ, ਕੀਰਤਨ, ਸ਼੍ਰਵਣ, ਮਨਨ, ਭੈ, ਸਤਿਸੰਗਤ, ਨਿਮਾਣਤਾ, ਭਾਣਾ ਮੰਨਣ ਵਿਚ ਯਕੀਨ ਆਦਿ ਨੂੰ ਵੀ ਗਿਣਿਆ ਜਾ ਸਕਦਾ ਹੈ। ਇਸ ਤੋਂ ਛੁਟ, ਬਾਣੀਕਾਰਾਂ ਦੀਆਂ ਰਚਨਾਵਾਂ ਵਿਚ ਜਾਤਿ ਭੇਦ-ਭਾਵ ਅਤੇ ਨਾਰੀ-ਨਿੰਦਿਆ ਦਾ ਸਪੱਸ਼ਟ ਅਭਾਵ ਹੀ ਨਹੀਂ, ਸਗੋਂ ਨੀਵੇਂ ਵਰਗ ਵਾਲੇ ਲੋਕਾਂ ਅਤੇ ਇਸਤਰੀ ਜਾਤਿ ਦੀ ਪ੍ਰਸ਼ੰਸਾ ਕੀਤੀ ਗਈ ਹੈ। ਦੁਰਵ੍ਰਿੱਤੀਆਂ ਦੇ ਤਿਆਗ ਦੇ ਨਾਲ ਨਾਲ ਚੰਗੀਆਂ ਵ੍ਰਿੱਤੀਆਂ ਦੀ ਪਾਲਣਾ ਵੀ ਦਰਸਾਈ ਗਈ ਹੈ ਅਤੇ ਸੇਵਾ ਨੂੰ ਸਭ ਤੋਂ ਉੱਤਮ ਭਗਤੀ-ਆਧਾਰ ਮੰਨਿਆ ਗਿਆ ਹੈ। ਇਸ ਤਰ੍ਹਾਂ ਇਹ ਇਕ ਪ੍ਰਕਾਰ ਦੀ ਭਾਉ ਜਾਂ ਸਹਿਜ ਭਗਤੀ ਹੈ।

ਗਿਆਨ, ਕਰਮ ਅਤੇ ਯੋਗ ਮਾਰਗਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਉਸ ਸੀਮਾ ਤਕ ਜ਼ਰੂਰ ਅਪਣਾਉਂਦੇ ਹਨ ਜਿਥੋਂ ਤਕ ਮਨੁੱਖਤਾ ਦੇ ਕਲਿਆਣ ਲਈ ਉਨ੍ਹਾਂ ਦੀ ਉਪਯੋਗਤਾ ਹੈ। ਪਰ ਇਨ੍ਹਾਂ ਦੇ ਕੂੜ੍ਹ ਜਾਂ ਦਿਖਾਵੇ ਵਾਲੇ ਪਾਖੰਡਪੂਰਣ ਰੂਪ ਦੇ ਸੰਤ ਸਾਧਕ ਵਿਰੋਧੀ ਸਨ, ਜਿਵੇਂ— (1) *ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।* (ਗੁ.ਗ੍ਰੰ.465); (2) *ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ। ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।*(ਗੁ.ਗ੍ਰੰ.903); (3) *ਭਸਮ ਚੜਾਇ ਕਰਹਿ ਪਾਖੰਡੁ। ਮਾਇਆ ਮੋਹਿ ਸਹਹਿ ਜਮ ਡੰਡੁ। ਫੂਟੈ ਖਾਪਰੁ ਭੀਖ ਨ ਭਾਇ। ਬੰਧਨਿ ਬਾਧਿਆ ਆਵੈ ਜਾਇ। ਬਿੰਦੁ ਨ ਰਾਖਹਿ ਜਤੀ ਕਹਾਵਹਿ। ਮਾਈ ਮਾਗਤ ਤ੍ਰੈ ਲੋਭਾਵਹਿ।... ਮੁੰਦ੍ਰਾ ਫਟਕ ਬਨਾਈ ਕਾਨਿ। ਮੁਕਤਿ ਨਹੀ ਬਿਦਿਆ ਬਿਗਿਆਨਿ। ਜਿਹਵਾ ਇੰਦ੍ਰੀ ਸਾਦਿ ਲੁੋਭਾਨਾ। ਪਸੂ ਭਏ ਨਹੀ ਮਿਟੈ ਨੀਸਾਨਾ।* (ਗੁ.ਗ੍ਰੰ.903)।

ਇਸ ਗ੍ਰੰਥ ਦੇ ਬਾਣੀਕਾਰਾਂ ਦੀ ਸਹਿਜ-ਭਗਤੀ ਅਸਲ ਵਿਚ ਉਨ੍ਹਾਂ ਦੀ ਰਹੱਸ-ਸਾਧਨਾ ਹੈ। ਇਸ ਨਾਲ ਲੌਕਿਕ ਸੁਖ-ਦੁਖ ਦੀ ਥਾਂ 'ਤੇ ਪਰਮ-ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੀ ਰਹੱਸ-ਅਨੁਭੂਤੀ ਦੀ ਪ੍ਰਮੁਖ ਵਿਸ਼ਸ਼ੇਤਾ ਇਹ ਹੈ ਕਿ ਇਹ ਨ ਨਿਵ੍ਰਿੱਤੀ-ਮੂਲਕ ਹੈ, ਨ ਪ੍ਰਵ੍ਰਿੱਤੀ-ਮੂਲਕ, ਸਗੋਂ ਮੱਧ-ਮਾਰਗੀ ਹੈ। ਇਸ ਵਿਚ ਸੰਸਾਰ ਨਾਲੋਂ ਨਾਤਾ ਤੋੜਨ ਦੀ ਥਾਂ ਸੰਸਾਰਿਕਤਾ ਨਾਲੋਂ ਜਾਂ ਵਿਸ਼ੇ ਭੋਗਾਂ ਨਾਲੋਂ ਨਾਤਾ ਤੋੜਨਾ ਹੁੰਦਾ ਹੈ। ਅਜਿਹੀ ਭਗਤੀ ਸਮਾਜ ਦੀ ਵਿਵਸਥਾ ਨੂੰ ਸਾਤਵਿਕ ਰੂਪ ਪ੍ਰਦਾਨ ਕਰਦੀ ਹੈ। ਇਸ ਲਈ ਇਹ ਲੋਕ-ਮੰਗਲਕਾਰੀ ਹੈ। ਇਸ ਸਾਧਨਾ ਦੇ ਵਿਵਹਾਰਿਕ ਤੱਤ੍ਵ ਤਿੰਨ ਹਨ— ਗੁਰੂ, ਪ੍ਰਸਾਦ ਜਾਂ ਕ੍ਰਿਪਾ ਅਤੇ ਨਾਮ-ਸਿਮਰਨ। ਗੁਰੂ ਦਾ ਸੰਕਲਪ ਪਰਮਾਤਮਾ ਦੇ ਇਸ ਲੋਕ ਵਿਚ ਸਾਕਾਰ ਰੂਪ ਧਾਰਣ ਦੇ ਸੰਕਲਪ ਵਿਚ ਪ੍ਰਗਟ ਹੋਣ ਵਾਲਾ ਹੈ। ਇਹ ਅਜਿਹਾ ਵਿਚੋਲਾ ਹੈ ਜੋ ਜੀਵ ਅਤੇ ਬ੍ਰਹਮ ਦਾ ਪਰਸਪਰ ਮੇਲ ਕਰਾਉਂਦਾ ਹੈ, ਜੀਵ ਨੂੰ ਸ਼ੁੱਧਤਾ ਪ੍ਰਦਾਨ ਕਰਕੇ ਪਰਮ-ਆਨੰਦ ਦੀ ਅਵਸਥਾ ਵਲ ਲੈ ਜਾਂਦਾ ਹੈ। ਪਰ ਇਹ ਸਭ ਕੁਝ ਤਾਂ ਸੰਪੰਨ ਹੋ ਸਕਦਾ ਹੈ ਜੇ ਪਰਮਾਤਮਾ ਜਾਂ ਗੁਰੂ ਦੀ ਵਿਸ਼ੇਸ਼ ਕ੍ਰਿਪਾ ਹੋਏ ਅਤੇ ਕ੍ਰਿਪਾ ਤਦ ਹੀ ਪ੍ਰਾਪਤ ਹੋ ਸਕਦੀ ਹੈ ਜੇ ਪ੍ਰਾਣੀ ਹਰਿ-ਨਾਮ ਸਿਮਰਨ ਵਿਚ ਸਦਾ ਲੀਨ ਰਹੇ। ਨਾਮ-ਵਿਹੂਣੇ ਵਿਅਕਤੀ ਲਈ ਅਧਿਆਤਮਿਕਤਾ ਦਾ ਆਨੰਦ ਪ੍ਰਾਪਤ ਕਰ ਸਕਣਾ ਇਕਦਮ ਅਸੰਭਵ ਹੈ। ਵਿਸਤਾਰ ਲਈ ਵੇਖੋ 'ਗੁਰਮਤਿ- ਭਗਤੀ'।

ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਯੁਗ-ਚਿਤ੍ਰਣ

ਦੀ ਦ੍ਰਿਸ਼ਟੀ ਤੋਂ ਵੀ ਬਹੁਤ ਅਧਿਕ ਹੈ। ਇਸ ਨਾਲ ਜਿਥੇ ਇਕ ਪਾਸੇ ਸੁੰਦਰ ਬਿੰਬ-ਵਿਧਾਨ ਹੋਇਆ ਹੈ, ਉਥੇ ਦੂਜੇ ਪਾਸੇ ਉਸ ਵਕਤ ਦੀ ਰਾਜਨੈਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਗਤਿਵਿਧੀ ਦਾ ਵੀ ਪਤਾ ਚਲਦਾ ਹੈ। 'ਸਾਹਿਤ ਸਮਾਜ ਦਾ ਬਿੰਬ ਹੈ'– ਇਸ ਉਕਤੀ ਦਾ ਸਹੀ ਅਰਥ ਗੁਰੂ ਗ੍ਰੰਥ ਸਾਹਿਬ ਵਿਚੋਂ ਸਹਿਜ ਹੀ ਵੇਖਿਆ ਜਾ ਸਕਦਾ ਹੈ। ਆਦਰਸ਼ ਰਾਜਾ ਦੇ ਗੁਣਾਂ ਤੋਂ ਲੈ ਕੇ ਉਸ ਵਕਤ ਦੇ ਰਾਜਿਆਂ ਦੇ ਅਤਿਆਚਾਰ ਅਤੇ ਕਠੋਰ ਜਾਂ ਭ੍ਰਸ਼ਟ ਵਿਵਹਾਰ ਤਕ ਦਾ ਚਿਤ੍ਰਣ ਇਸ ਗ੍ਰੰਥ ਵਿਚ ਸਰਲਤਾ ਪੂਰਵਕ ਵੇਖਿਆ ਜਾ ਸਕਦਾਹੈ। 'ਬਾਬਰ-ਵਾਣੀ' ਵਾਲਾ ਪ੍ਰਸੰਗ ਇਸ ਸੰਬੰਧ ਵਿਚ ਵਿਸ਼ੇਸ਼ ਉੱਲੇਖ-ਯੋਗ ਹੈ। ਅਗੇ ਦਰਜ ਪੰਕਤੀਆਂ ਉਕਤ ਕਥਨ ਨੂੰ ਹੋਰ ਸਪੱਸ਼ਟ ਕਰਨ ਵਿਚ ਸਹਾਇਕ ਹੋ ਸਕਦੀਆਂ ਹਨ– (1) *ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।*(ਗੁ.ਗ੍ਰੰ.145); (2) *ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨਿ੍ ਬੈਠੇ ਸੁਤੇ। ਚਾਕਰ ਨਹਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।*(ਗੁ.ਗ੍ਰੰ.1288)।

ਗੁਰੂ ਗ੍ਰੰਥ ਸਾਹਿਬ ਵਿਚ ਉਸ ਵਕਤ ਦੀਆਂ ਸਮਾਜਿਕ ਅਤੇ ਧਾਰਮਿਕ ਅਵਸਥਾਵਾਂ ਨੂੰ ਵੀ ਬੜੀ ਨੀਝ ਨਾਲ ਚਿਤਰਿਆ ਗਿਆ ਹੈ। ਇਨ੍ਹਾਂ ਪ੍ਰਸੰਗਾਂ ਵਿਚ ਖ਼ਾਸ ਕਰਕੇ ਪਾਖੰਡਾਂ ਦਾ ਖੰਡਨ ਕੀਤਾ ਗਿਆ ਹੈ। ਵਰਣਾਸ਼੍ਰਮ-ਵਿਧਾਨ ਦੇ ਥੋਥੇ ਰੂਪ ਦੇ ਮੁਕਾਬਲੇ ਗ੍ਰਿਹਸਥ-ਜੀਵਨ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ।

ਸਪੱਸ਼ਟ ਹੈ ਕਿ ਅਨੁਭੂਤੀ ਪ੍ਰਧਾਨ ਬਾਣੀ ਹੋਣ ਕਾਰਣ ਗੁਰੂ ਗ੍ਰੰਥ ਸਾਹਿਬ ਦੀ ਸਾਧਨਾ ਦਾ ਆਧਾਰ ਸ੍ਵ-ਅਨੁਭੂਤੀ ਹੈ। ਇਸ ਨੂੰ 'ਰਹੱਸ-ਅਨੁਭੂਤੀ' ਵੀ ਕਿਹਾ ਜਾ ਸਕਦਾ ਹੈ। ਇਸ ਵਾਸਤੇ ਇਹ ਸ਼ਾਸਤ੍ਰ ਸਤਿ ਨਹੀਂ, ਅਨੁਭਵ ਕੀਤਾ ਸਤਿ ਹੈ ਜੋ ਮਨੁੱਖ ਨੂੰ ਅਧਿਆਤਮਿਕ ਮਾਰਗ ਉਤੇ ਅਗੇ ਤੋਰਨ ਵਿਚ ਵਿਸ਼ੇਸ਼ ਰੂਪ ਵਿਚ ਸਹਾਇਕ ਹੈ। ਭਗਤੀ ਅਤੇ ਸੇਵਾ ਦੀਆਂ ਭਾਵਨਾਵਾਂ ਸਾਧਕ ਨੂੰ ਤਰਕ ਦੀ ਖ਼ੁਸ਼ਕ ਭੂਮੀ ਤੋਂ ਕਢ ਕੇ ਨਿਸ਼ਕਾਮ ਕਰਮ ਦੀ ਉਪਜਾਊ ਭੂਮੀ ਵਿਚ ਸਥਾਪਿਤ ਕਰਦੀਆਂ ਹਨ ਜਿਸ ਨਾਲ ਸਮਾਜ ਵਿਚ ਚੰਗੀਆਂ ਅਤੇ ਉਸਾਰੂ ਰੁਚੀਆਂ ਪੈਦਾ ਹੁੰਦੀਆਂ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਰਚੈਤਿਆਂ ਨੂੰ ਆਤਮ-ਸੁਖ ਦੇਣ ਦੇ ਨਾਲ ਨਾਲ ਸਮਾਜਿਕ ਸੁਖ ਵੀ ਪ੍ਰਦਾਨ ਕਰਦੀ ਹੈ ਅਤੇ ਇਹ ਸਭ ਕੁਝ ਇਸ ਦੀ ਉੱਤਮ ਅਤੇ ਉਦੇਸ਼-ਸਾਹਿਤ ਅੰਤਰ-ਦ੍ਰਿਸ਼ਟੀ ਕਾਰਣ ਹੈ।

**ਗੁਰੂ ਗ੍ਰੰਥ ਸਾਹਿਬ : ਸੰਪਾਦਨ ਤਕਨੀਕ :** ਗੁਰੂ ਅਰਜਨ ਦੇਵ ਜੀ ਨੇ ਬੜੀ ਸੂਝ ਅਤੇ ਬਾਰੀਕੀ ਨਾਲ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਨਿਜੀ ਯਤਨਾਂ ਦੁਆਰਾ ਵਖ ਵਖ ਸਰੋਤਾਂ ਤੋਂ ਲਿਖਿਤ ਪੋਥੀਆਂ ਅਤੇ ਗੁਟਕਿਆਂ ਤੋਂ ਪ੍ਰਾਪਤ ਹੋਈ ਬਾਣੀ ਤੋਂ ਇਲਾਵਾ ਸੀਨਾ-ਬਸੀਨਾ ਯਾਦ ਚਲੀ ਆਉਂਦੀ ਬਾਣੀ ਨੂੰ ਵੀ ਸ਼ਰਧਾਲੂਆਂ, ਸੇਵਕਾਂ, ਗਾਇਕਾਂ ਤੋਂ ਸੁਣ ਕੇ ਲਿਖਵਾਇਆ ਅਤੇ ਫਿਰ ਉਸ ਦਾ ਪਰੀਖਣ ਕੀਤਾ। ਉਨ੍ਹਾਂ ਦੀ ਪਰਖ-ਕਸਵਟੀ ਉਤੇ ਪੂਰੀ ਉਤਰਨ ਵਾਲੀ ਬਾਣੀ ਹੀ ਗ੍ਰੰਥ ਵਿਚ ਸਥਾਨ ਪ੍ਰਾਪਤ ਕਰ ਸਕੀ।

ਭਗਤ-ਬਾਣੀ ਨੂੰ ਸੰਕਲਿਤ ਕਰਦਿਆਂ ਉਨ੍ਹਾਂ ਨੇ ਇਸ ਗੱਲ ਦਾ ਧਿਆਨ ਰਖਿਆ ਕਿ ਕੇਵਲ ਉਨ੍ਹਾਂ ਭਗਤਾਂ ਜਾਂ ਸੰਤਾਂ ਦੀ ਬਾਣੀ ਨੂੰ ਹੀ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਜਾਏ ਜੋ ਨਿਰਗੁਣ ਭਗਤੀ ਭਾਵਨਾ ਦੇ ਅਨੁਰੂਪ ਹੋਏ ਅਤੇ ਗੁਰਬਾਣੀ ਨਾਲ ਕੋਈ ਸਿੱਧਾਂਤਿਕ ਮਤ-ਵਿਰੋਧ ਨ ਰਖਦੀ ਹੋਏ। ਜਿਥੇ ਕਿਥੇ ਵੀ ਸ਼ੰਕੇ ਦੀ ਕੋਈ ਸੰਭਾਵਨਾ ਹੋਈ, ਉਥੇ ਭਾਵ-ਸਪੱਸ਼ਟਤਾ ਵਜੋਂ ਗੁਰੂ ਅਰਜਨ ਦੇਵ ਜੀ ਨੇ ਆਪਣਾ ਜਾਂ ਕਿਸੇ ਹੋਰ ਗੁਰੂ-ਸਾਹਿਬ ਦਾ ਕੋਈ ਸ਼ਲੋਕ ਜਾਂ ਸ਼ਬਦ ਨਾਲ ਲਿਖ ਦਿੱਤਾ। ਇਸ ਤਰ੍ਹਾਂ ਵਖ ਵਖ ਪ੍ਰਦੇਸ਼ਾਂ ਅਤੇ ਪ੍ਰਾਂਤਾਂ ਦੇ ਸੰਤਾਂ, ਭਗਤਾਂ, ਭੱਟਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਇਕ ਥਾਂ ਸੰਕਲਿਤ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਉਦਾਰ ਅਤੇ ਸਮਨਵੈ-ਵਾਦੀ ਰੁਚੀ ਦਾ ਸਬੂਤ ਦਿੱਤਾ। ਇਸ ਗ੍ਰੰਥ ਦੇ ਸੰਕਲਨ ਰਾਹੀਂ ਸਿੱਖ ਧਰਮ ਦੀ ਸਰਬ ਸਾਂਝੀਵਾਲਤਾ ਅਤੇ ਵਿਸ਼ਵ-ਬੰਧੁਤਾ ਦੀ ਭਾਵਨਾ ਦੀ ਗੌਰਵਮਈ ਭੂਮਿਕਾ ਨਿਭਾਈ ਗਈ ਅਤੇ ਸਾਹਿਤ-ਜਗਤ ਵਿਚ ਸੰਪਾਦਨ-ਕਾਰਜ ਦਾ ਮੀਲ-ਪੱਥਰ ਸਥਾਪਿਤ ਕੀਤਾ ਗਿਆ।

ਸੰਪਾਦਕ ਗੁਰੂ ਨੇ ਹਰ ਸ਼ਬਦ, ਅਸ਼ਟਪਦੀ ਜਾਂ ਪਉੜੀ-ਸ਼ਲੋਕ ਦੇ ਅੰਤ ਉਤੇ ਸੰਖਿਆ-ਅੰਕ ਦਿੱਤਾ ਹੈ ਅਤੇ ਨਾਲ ਨਾਲ ਕੁਲ-ਜੋੜ ਅੰਕ ਵੀ ਦਿੱਤਾ ਹੈ। ਕਈਆ ਥਾਂਵਾਂ 'ਤੇ ਅੱਖਰਾਂ (ਸ਼ਬਦਾਂ) ਵਿਚ ਵੀ ਗਿਣਤੀ ਸੂਚਿਤ ਕੀਤੀ ਗਈ ਹੈ, ਜਿਵੇਂ 'ਮਹਲੇ ਪਹਲੇ ਕੇ ਸਤਾਰਹ ਅਸਟਦੀਆ', 'ਸਤ ਚਉਪਦੇ ਮਹਲੇ ਚਉਥੇ ਕੇ', 'ਸੋਲਹ ਅਸਟਦੀਆ ਗੁਆਰੇਰੀ ਗਉੜੀ ਕੀਆ', 'ਬਾਈਸ ਚਉਪਦੇ ਤਥਾ

ਪੰਚਪਦੇ' ਆਦਿ। ਇਸ ਤਰ੍ਹਾਂ ਪਦਿਆਂ ਆਦਿ ਦੀ ਗਿਣਤੀ ਨਿਸ਼ਚਿਤ ਕਰਕੇ ਰਲਿਆਂ ਦੀ ਸੰਭਾਵਨਾ ਖ਼ਤਮ ਕੀਤੀ ਹੈ। ਹਰ ਸ਼ਬਦ/ਬਾਣੀ ਦੇ ਆਰੰਭ ਵਿਚ ਰਚੈਤਾ ਗੁਰੂ ਜਾਂ ਭਗਤ ਦੀ ਸੂਚਨਾ ਦਿੱਤੀ ਹੋਈ ਹੈ ਅਤੇ ਪੂਰਾ ਜਾਂ ਸੰਖਿਪਤ ਰੂਪ ਵਿਚ ਮੂਲ-ਮੰਤ੍ਰ ਵੀ ਲਿਖਿਆ ਹੈ।

ਇਸ ਗ੍ਰੰਥ ਵਿਚਲੀ ਬਾਣੀ ਨੂੰ ਮੁੱਖ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, ਜਿਵੇਂ ਨਿੱਤਨੇਮ ਵਾਲੀ ਬਾਣੀ, ਰਾਗ-ਬੱਧ ਬਾਣੀ ਅਤੇ ਰਾਗ-ਮੁਕਤ ਬਾਣੀ। ਕਈ ਵਿਦਵਾਨਾਂ ਨੇ ਰਾਗਾਂ ਤੋਂ ਪਹਿਲਾਂ ਨਿੱਤ-ਨੇਮ ਵਾਲੀ ਬਾਣੀ ਨੂੰ ਗ੍ਰੰਥ ਸਾਹਿਬ ਦਾ 'ਉਪਕ੍ਰਮ' ਅਰਥਾਤ ਭੂਮਿਕਾ ਮੰਨਿਆ ਹੈ। ਭਾਰਤੀ ਗ੍ਰੰਥ ਲਿਖਣ ਵਿਧੀ ਅਨੁਸਾਰ ਉਪਕ੍ਰਮ ਤੋਂ ਬਾਦ ਗ੍ਰੰਥ/ਪੁਸਤਕ ਵਿਚ ਵਿਸ਼ੇ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਹੁੰਦਾ ਹੈ ਅਤੇ ਅੰਤ 'ਤੇ 'ਉਪਸੰਹਾਰ' ਲਿਖਿਆ ਜਾਂਦਾ ਹੈ। 'ਉਪਸੰਹਾਰ' ਤੋਂ ਭਾਵ ਹੈ ਸਮਾਪਤੀ। ਇਸ ਵਿਚ ਵਿਸ਼ੇ ਦਾ ਸਮੁੱਚਾ ਭਾਵ ਜਾਂ ਸਾਰਾਂਸ਼ ਲਿਖਿਆ ਜਾਂਦਾ ਹੈ। ਪਰ ਇਸ ਗ੍ਰੰਥ ਉਪਰ ਇਸ ਪ੍ਰਕਾਰ ਦੀ ਪਰੰਪਰਾਗਤ ਅਤੇ ਰੂੜ੍ਹ ਵਿਧੀ ਨੂੰ ਲਾਗੂ ਕਰ ਸਕਣਾ ਸਰਲ ਨਹੀਂ, ਕਿਉਂਕਿ ਗੁਰਬਾਣੀ ਕਿਸੇ ਸ਼ਾਸਤ੍ਰੀ ਕਾਵਿ-ਵਿਧੀ ਜਾਂ ਇਸ ਪ੍ਰਕਾਰ ਦੇ ਕਿਸੇ ਹੋਰ ਬੰਧਨ ਨੂੰ ਅਪਣਾ ਕੇ ਨਹੀਂ ਚਲੀ। ਨਾਲੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪਰੰਪਰਾ ਤੋਂ ਹਟਵੀਂ ਇਕ ਮਹੱਤਵਪੂਰਣ ਅਤੇ ਇਤਿਹਾਸਿਕ ਘਟਨਾ ਹੈ ਜੋ ਸਾਹਿਤ ਅਤੇ ਧਰਮ ਦੋਹਾਂ ਖੇਤਰਾਂ ਵਿਚ ਨਵਾਂ ਤਜਰਬਾ ਹੀ ਨਹੀਂ, ਸਗੋਂ ਭਾਰਤੀ ਸਭਿਆਚਾਰ ਅਤੇ ਭਾਵਨਾਤਮਕ ਏਕਤਾ ਦਾ ਸੁੰਦਰ ਪ੍ਰਮਾਣ ਹੈ। ਇਸ ਲਈ ਇਸ ਦੇ ਸਰੂਪ-ਨਿਰਧਾਰਣ ਵਿਚ ਕਿਸੇ ਪਰੰਪਰਾ ਨੂੰ ਸਵੀਕਾਰ ਨ ਕਰਕੇ ਮਨੁੱਖੀ ਮਾਨਸਿਕਤਾ ਨੂੰ ਨੈਤਿਕਤਾ ਅਤੇ ਸਦਾਚਾਰਿਕਤਾ ਦੀ ਸਹੀ ਦਿਸ਼ਾ ਵਿਚ ਵਿਕਸਿਤ ਕਰਨ ਦਾ ਸਫਲ ਉਦਮ ਕੀਤਾ ਗਿਆ ਹੈ।

*ਭਾਗ ਪਹਿਲਾ :* ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੱਧ ਬਾਣੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਨਿੱਤ-ਨੇਮ ਦੀਆਂ ਤਿੰਨ ਬਾਣੀਆਂ ਸੰਕਲਿਤ ਹਨ— ਜਪੁ, ਸੋਦਰ-ਸੋਪੁਰਖੁ ਅਤੇ ਸੋਹਿਲਾ। ਆਮ ਤੌਰ 'ਤੇ ਇਨ੍ਹਾਂ ਨੂੰ 'ਜਪੁਜੀ', 'ਰਹਿਰਾਸ' ਅਤੇ 'ਕੀਰਤਨ ਸੋਹਿਲਾ' ਕਿਹਾ ਜਾਂਦਾ ਹੈ। ਇਹ ਤਿੰਨੋ ਬਾਣੀਆਂ ਗੁਰੂ ਅਰਜਨ ਦੇਵ ਜੀ ਦੁਆਰਾ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਵੇਲੇ ਸ਼ੁਰੂ ਵਿਚ ਰਖੀਆਂ ਗਈਆਂ ਸਨ। ਇਨ੍ਹਾਂ ਤਿੰਨਾਂ ਵਿਚ ਚੁਣੇ ਹੋਏ ਸ਼ਬਦ ਸੰਕਲਿਤ ਹਨ। 'ਜਪੁਜੀ' ਦਾ ਸਰੂਪ ਗੁਰੂ ਨਾਨਕ ਦੇਵ ਜੀ ਨੇ ਨਿਸ਼ਚਿਤ ਕੀਤਾ ਅਤੇ ਬਾਕੀ ਦੋਹਾਂ ਪ੍ਰਕਰਣਾਂ ਦੀ ਸ਼ਬਦ-ਚੋਣ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਨ੍ਹਾਂ ਤਿੰਨਾਂ ਬਾਣੀਆਂ ਦੇ ਪੜ੍ਹਨ ਦਾ ਸਮਾਂ ਵੀ ਨਿਸ਼ਚਿਤ ਕੀਤਾ ਗਿਆ, ਜਿਵੇਂ 'ਜਪੁਜੀ' ਸਵੇਰ ਵੇਲੇ, 'ਰਹਿਰਾਸ' ਸ਼ਾਮ (ਤ੍ਰਿਕਾਲ) ਵੇਲੇ ਅਤੇ 'ਕੀਰਤਨ ਸੋਹਿਲਾ' ਸੌਣ ਵੇਲੇ। ਇਸ ਮਰਯਾਦਾ ਦਾ ਉੱਲੇਖ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਕਈਆਂ ਥਾਂਵਾਂ 'ਤੇ ਕੀਤਾ ਹੈ—(ੳ) *ਅੰਮ੍ਰਿਤ ਵੇਲੇ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ। ਰਾਤਿ ਆਰਤੀ ਸੋਹਿਲਾ ਮਾਇਆ ਵਿਚ ਉਦਾਸੁ ਰਹਾਇਆ।* (26/4)। (ਅ) *ਅੰਮ੍ਰਿਤ ਵੇਲੈ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ। ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।... ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ। ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵਡੰਦੇ।* (6/3)

ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਭਾਈ ਗੁਰਦਾਸ ਦੇ ਉਪਰੋਕਤ ਸੰਕੇਤਾਂ ਤੋਂ ਸਪੱਸ਼ਟ ਹੈ ਕਿ ਉਸ ਵਕਤ ਦੀ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਫਿਰ 'ਜਪੁਜੀ' ਦਾ ਪਾਠ ਕਰਨਾ, ਸੰਝ (ਸ਼ਾਮ) ਵੇਲੇ 'ਸੋਦਰੁ' ਦਾ ਅਤੇ ਰਾਤ ਨੂੰ ਸੌਣ ਵੇਲੇ 'ਕੀਰਤਨ ਸੋਹਿਲਾ' ਦਾ ਪਾਠ ਕਰਨਾ ਹਰ ਸਿੱਖ ਲਈ ਆਵੱਸ਼ਕ ਸੀ।

*ਭਾਗ ਦੂਜਾ :* ਇਸ ਭਾਗ ਵਿਚ ਰਾਗ-ਬੱਧ ਬਾਣੀ ਨੂੰ ਦਰਜ ਕੀਤਾ ਗਿਆ ਹੈ। ਰਾਗਬੱਧਤਾ ਨਾਲ ਬਾਣੀ ਕੀਰਤਨ ਕਰਨ ਜੋਗ ਬਣਦੀ ਹੈ। ਸੰਗੀਤ ਰਾਹੀਂ ਮਨ ਨੂੰ ਸਥਿਰ ਕੀਤਾ ਜਾ ਸਕਦਾ ਹੈ। ਇਹ ਸਾਰੀਆਂ ਕੋਮਲ ਕਲਾਵਾਂ ਨਾਲੋਂ ਅਧਿਕ ਪ੍ਰਭਾਵਸ਼ਾਲੀ ਹੈ। ਇਸ ਨਾਲ ਕਠੋਰ ਹਿਰਦਾ ਕੋਮਲ ਹੁੰਦਾ ਹੈ, ਅੰਦਰ ਦੀ ਮੈਲ ਧੁਲਦੀ ਹੈ, ਜੀਵਨ ਵਿਚਲੀ ਉਪਰਾਮਤਾ ਖ਼ਤਮ ਹੁੰਦੀ ਹੈ, ਚਿੱਤ ਪਰਮਾਤਮਾ ਵਿਚ ਟਿਕਦਾ ਹੈ। ਮਨੁੱਖਤਾ ਤਾਂ ਕੀਹ, ਪਸ਼ੂ-ਪੰਛੀ ਵੀ ਕੀਲੇ ਜਾਂਦੇ ਹਨ, ਸੁੱਧ-ਬੁੱਧ ਭੁਲ ਕੇ ਕਈ ਵਾਰ ਆਪਣੇ ਪ੍ਰਾਣ ਵੀ ਤਿਆਗ ਦਿੰਦੇ ਹਨ—*ਨਾਦ ਭ੍ਰਮੇ ਜੈਸੇ ਮਿਰਗਾਏ। ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ।* (ਗੁ.ਗ੍ਰੰ.873)। ਅਸਲ ਵਿਚ, ਮਨੁੱਖ ਦੀ ਸੰਗੀਤ ਪ੍ਰਤਿ ਵਿਸ਼ੇਸ਼ ਖਿਚ ਹੈ ਕਿਉਂਕਿ ਇਸ ਦੀ ਵਿਆਪਕਤਾ ਦਾ ਖੇਤਰ ਸਮੁੱਚਾ ਜਗਤ ਹੈ। ਸਾਰੇ ਬ੍ਰਹਮੰਡ ਦੀ ਹਰ ਇਕ ਵਸਤੂ ਵਿਚੋਂ ਇਲਾਹੀ ਸੰਗੀਤ ਦੀ ਧੁਨਿ ਨਿਕਲ ਰਹੀ ਹੈ। *ਘਟ*

*ਘਟ ਵਾਜਹਿ ਨਾਦ* ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੈ। ਗੁਰੂ ਸਾਹਿਬਾਨ ਇਸ ਭੇਦ ਨੂੰ ਜਾਣਦੇ ਸਨ ਕਿ ਮਨੁੱਖ ਦੀ ਆਤਮਾ ਦੇ ਸਾਜ਼ ਨੂੰ ਸੁਰ ਕਰਨ ਲਈ ਖ਼ੁਸ਼ਕ ਗਿਆਨ ਦੀ ਨਹੀਂ, ਭਗਤੀਮਈ ਕੀਰਤਨ ਦੀ ਲੋੜ ਹੈ। ਕਹਿੰਦੇ ਹਨ ਕਿ ਜਦੋਂ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੇ ਰਬਾਬ ਦੀ ਧੁਨਿ ਨਾਲ ਇਕ-ਸੁਰ ਕਰਕੇ *ਧੁਰ ਕੀ ਬਾਣੀ* ਨੂੰ ਗਾਇਆ ਤਾਂ ਸਾਰਾ ਵਾਤਾਵਰਣ ਭਗਤੀ-ਰਸ ਨਾਲ ਭਰਪੂਰ ਹੋ ਗਿਆ, ਪਸ਼ੂ-ਪੰਛੀ ਵੀ ਮੁਗਧ ਹੋ ਗਏ, ਜੜ੍ਹ ਵਸਤੂਆਂ ਵਿਚ ਚੇਤਨਾ ਆ ਗਈ ਅਤੇ ਚੇਤਨ ਵਸਤੂਆਂ ਮਸਤੀ ਨਾਲ ਝੂਮ ਉਠੀਆਂ।

ਸੰਗੀਤ ਦਾ ਸਮੇਂ ਨਾਲ ਨਿਕਟ ਸੰਬੰਧ ਹੈ। ਹਰ ਵਿਅਕਤੀ ਦੀ ਮਨੋ-ਦਸ਼ਾ ਸਵੇਰ, ਦੁਪਹਿਰ, ਸ਼ਾਮ, ਰਾਤ ਨੂੰ ਬਦਲਦੀ ਰਹਿੰਦੀ ਹੈ। ਇਸ ਲਈ ਸਰੋਤਾ ਦੇ ਮਨ ਉਤੇ ਸਹੀ ਢੰਗ ਦਾ ਪ੍ਰਭਾਵ ਪਾਉਣ ਲਈ ਸੰਗੀਤਕਾਰਾਂ ਨੇ ਰਾਗਾਂ ਦੇ ਗਾਉਣ ਦਾ ਸਮਾਂ ਨਿਸ਼ਚਿਤ ਕੀਤਾ ਹੈ। ਇਸ ਤੋਂ ਇਲਾਵਾ ਰੁਤ ਦੀ ਬਦਲੀ ਦੀ ਦ੍ਰਿਸ਼ਟੀ ਤੋਂ ਵੀ ਰਾਗਾਂ ਦੇ ਗਾਏ ਜਾਣ ਦੇ ਨਿਯਮ ਹਨ। ਗੁਰੂ ਗ੍ਰੰਥ ਸਾਹਿਬ ਦੇ ਰਾਗ ਸਮੇਂ ਅਤੇ ਰੁਤ ਦੋਹਾਂ ਦੀਆਂ ਸੀਮਾਵਾਂ ਵਿਚ ਬੰਨ੍ਹੇ ਹੋਏ ਹਨ। ਇਥੇ ਧਿਆਨ-ਯੋਗ ਗੱਲ ਇਹ ਹੈ ਕਿ ਕਿਸੇ ਇਕ ਰਾਗ ਦਾ ਪਦ ਕੇਵਲ ਉਸੇ ਰਾਗ ਵਿਚ ਠੀਕ ਢੰਗ ਨਾਲ ਗਾਇਆ ਜਾ ਸਕਦਾ ਹੈ, ਕਿਸੇ ਹੋਰ ਰਾਗ ਵਿਚ ਗਾਉਣ ਨਾਲ ਉਸ ਦਾ ਸਹੀ ਪ੍ਰਭਾਵ ਪੈ ਸਕਣਾ ਸੰਭਵ ਨਹੀਂ ਹੈ। ਗੁਰੂ ਸਾਹਿਬਾਨ ਨੇ ਰਾਗਾਂ ਦੇ ਵਿਧਾਨ ਵੇਲੇ ਜਿਥੇ ਇਕ ਪਾਸੇ ਸੰਗੀਤ ਦੀਆਂ ਉੱਤਰੀ ਅਤੇ ਦੱਖਣੀ ਰੀਤੀਆਂ ਦਾ ਸੰਯੋਗ ਕੀਤਾ ਹੈ, ਉਥੇ ਮਾਰਗੀ ਅਤੇ ਦੇਸੀ ਰਾਗਾਂ ਨੂੰ ਵੀ ਪਰਸਪਰ ਮਿਲਾਇਆ ਹੈ ਅਤੇ ਸਾਮੀ ਅਤੇ ਭਾਰਤੀ ਸਭਿਆਚਾਰਾਂ ਦਾ ਵੀ ਸਮਨਵੈ ਕੀਤਾ ਹੈ। ਇਸ ਤੋਂ ਇਲਾਵਾ ਕੁਝ ਰਾਗਾਂ ਦੇ ਆਪਸੀ ਮੇਲ ਨਾਲ 31 ਰਾਗਾਂ ਤੋਂ ਇਲਾਵਾ 29 ਹੋਰ ਰਾਗਾਂ ਦਾ ਵਿਧਾਨ ਵੀ ਕੀਤਾ ਹੈ। ਅਜਿਹਾ ਕਰਨਾ ਗੁਰਬਾਣੀ ਸੰਗੀਤ ਦੀ ਮੌਲਿਕਤਾ ਹੈ। ਕਈਆਂ ਪ੍ਰਕਰਣਾਂ ਵਿਚ ਗਾਇਨ-ਵਿਧੀ ਨੂੰ ਵੀ ਨਿਰਦਿਸ਼ਟ ਕੀਤਾ ਗਿਆ ਹੈ, ਜਿਵੇਂਕਿ ਨੌਂ ਵਾਰਾਂ ਨੂੰ ਲੋਕ-ਪ੍ਰਚਲਿਤ ਵਾਰਾਂ ਦੀਆਂ ਧੁਨੀਆਂ ਉਤੇ ਗਾਉਣ ਦੀਆਂ ਸੰਕੇਤ-ਟਿੱਪਣੀਆਂ ਹਨ। ਇਸ ਤੋਂ ਇਲਾਵਾ 'ਪਹਰਿਆ ਕੈ ਘਰਿ ਗਾਵਣਾ', 'ਯਾਨੜੀਐ ਕੈ ਘਰ ਗਾਵਣਾ' ਆਦਿ ਉਕਤੀਆਂ ਲਿਖ ਕੇ ਗਾਇਨ-ਵਿਧੀ ਸਪੱਸ਼ਟ ਕਰ ਦਿੱਤੀ ਗਈ ਹੈ।

ਰਾਗ-ਬੱਧ ਬਾਣੀ ਵਿਚ 'ਮਹਲਾ' ਅੰਕਾਂ ਦੇ ਨਾਲ ਘਰ-ਅੰਕ ਵੀ ਦਿੱਤੇ ਮਿਲਦੇ ਹਨ। ਇਨ੍ਹਾਂ ਦੀ ਗਿਣਤੀ 17 ਹੈ। 'ਘਰ', ਅਸਲ ਵਿਚ, ਤਾਲ ਦਾ ਸੂਚਕ ਹੈ। ਕੁਝ ਵਿਦਵਾਨ ਇਸ ਮਤ ਦੇ ਹਨ ਕਿ ਈਰਾਨੀ ਸੰਗੀਤ ਵਿਚ ਤਾਲ ਦੀ ਪਾਬੰਦੀ ਲਈ ਜੋ 'ਗਾਹ' ਸ਼ਬਦ ਵਰਤਿਆ ਜਾਂਦਾ ਹੈ, ਉਹੀ ਇਥੇ 'ਘਰ' ਦੇ ਰੂਪ ਵਿਚ ਆਇਆ ਹੈ। ਇਸ ਤਰ੍ਹਾਂ ਵਖਰੇ ਵਖਰੇ ਤਾਲਾਂ ਵਲ ਸੰਕੇਤ ਕਰਨ ਲਈ ਹੀ ਘਰ -ਅੰਕ ਦਿੱਤੇ ਗਏ ਹਨ। 'ਘਰ' ਦੇ ਨਾਲ ਕਿਤੇ ਕਿਤੇ 'ਪੜਤਾਲ' ਆਦਿ ਸ਼ਬਦ ਵੀ ਲਿਖਿਆ ਮਿਲਦਾ ਹੈ।

ਇਸ ਗ੍ਰੰਥ ਵਿਚਲੇ 31 ਰਾਗਾਂ ਅਧੀਨ ਸਾਰੀ ਬਾਣੀ ਨੂੰ ਇਕ ਵਿਸ਼ੇਸ਼ ਕ੍ਰਮ ਅਤੇ ਵਿਧਾਨ ਅਨੁਸਾਰ ਸਥਾਨ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ ਸ਼ਬਦ (ਚਉਪਦੇ) ਹਨ, ਫਿਰ ਅਸ਼ਟਪਦੀਆਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਬਾਦ ਵਿਸ਼ੇਸ਼ ਬਾਣੀਆਂ, ਛੰਤ ਅਤੇ ਵਾਰਾਂ ਸੰਕਲਿਤ ਹਨ। ਮਾਰੂ ਰਾਗ ਵਿਚ ਅਸ਼ਟਪਦੀਆਂ ਤੋਂ ਬਾਦ ਸੋਲਹੇ ਵੀ ਆਏ ਹਨ। ਵਾਰਾਂ ਤੋਂ ਪਿਛੋਂ ਭਗਤ-ਬਾਣੀ ਸ਼ਾਮਲ ਕੀਤੀ ਗਈ ਹੈ। ਸਾਰੀ ਗੁਰਬਾਣੀ ਗੁਰੂ-ਕ੍ਰਮ ਅਨੁਸਾਰ ਹੈ। ਪਰ 22 ਰਾਗਾਂ ਵਿਚ ਆਈ ਭਗਤ-ਬਾਣੀ ਵਿਚ ਭਗਤਾਂ ਦੇ ਇਤਿਹਾਸਿਕ ਕ੍ਰਮ ਨੂੰ ਮੁੱਖ ਨਹੀਂ ਰਖਿਆ ਗਿਆ। ਬਿਹਾਗੜਾ ਰਾਗ ਵਿਚ ਤਿੰਨ ਸ਼ਲੋਕ ਭਾਈ ਮਰਦਾਨੇ ਦੇ ਨਾਂ ਨਾਲ ਸੰਬੰਧਿਤ ਹਨ। ਰਾਮਕਲੀ ਰਾਗ ਵਿਚ ਬਾਬਾ ਸੁੰਦਰ ਦਾ ਲਿਖਿਆ ਇਕ 'ਸਦ' ਹੈ ਅਤੇ ਗੁਰੂ-ਉਸਤਤ ਵਿਚ ਲਿਖੀ ਸਤੇ-ਬਲਵੰਡ ਦੀ ਇਕ ਵਾਰ ਵੀ ਹੈ।

ਰਾਗਬੱਧ ਬਾਣੀ ਵਿਚ ਚਉਪਦਿਆਂ ਜਾਂ ਅਸ਼ਟਪਦੀਆਂ ਦੇ ਪਹਿਲੇ ਪਦੇ ਤੋਂ ਪਹਿਲਾਂ ਜਾ ਬਾਦ ਇਕ ਜਾਂ ਦੋ ਤੁਕਾਂ 'ਰਹਾਉ' ਦੀਆਂ ਲਿਖੀਆਂ ਹੁੰਦੀਆਂ ਹਨ। ਭਾਰਤੀ ਸੰਗੀਤ-ਸ਼ਾਸਤ੍ਰ ਵਿਚ ਇਸ ਨੂੰ 'ਟੇਕ' ਅਥਵਾ 'ਸਥਾਈ' ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਠਹਿਰਨਾ, ਰੁਕਣਾ। ਬਾਣੀਕਾਰਾਂ ਨੇ ਪਦਿਆਂ ਦੇ ਭਾਵਾਂ ਨੂੰ ਸਾਰਾਂਸ਼ ਰੂਪ ਵਿਚ 'ਰਹਾਉ' ਵਿਚ ਬੰਨ੍ਹਿਆ ਹੈ। ਇਸ ਤਰ੍ਹਾਂ 'ਰਹਾਉ' ਦੀਆਂ ਤੁਕਾਂ ਕੇਂਦਰੀ ਭਾਵ ਦੀਆਂ ਸੂਚਕ ਹਨ। ਕਈ ਵੱਡੀਆਂ ਬਾਣੀਆਂ ਵਿਚ ਵੀ 'ਰਹਾਉ' ਦੀਆਂ ਤੁਕਾਂ ਮਿਲ ਜਾਂਦੀਆਂ ਹਨ। ਉਥੇ ਵੀ ਇਹ ਉਸ ਬਾਣੀ ਦੇ ਕੇਂਦਰੀ ਭਾਵ ਦੀਆਂ ਸੂਚਕ ਹਨ, ਜਿਵੇਂ 'ਸੁਖਮਨੀ' ਜਾਂ 'ਸਿਧ ਗੋਸਟਿ' ਵਿਚ। ਕਈਆਂ ਸ਼ਬਦਾਂ ਨਾਲ ਇਕ ਤੋਂ ਅਧਿਕ 'ਰਹਾਉ'

 ਗੁਰੂ ਗ੍ਰੰਥ ਸਾਹਿਬ : ਸੰਪਾਦਨ ਤਕਨੀਕ

ਵੀ ਲਿਖੇ ਹਨ। ਇਹ ਪਹਿਲੇ 'ਰਹਾਉ' ਦੇ ਭਾਵ ਦੀ ਪੁਸ਼ਟੀ, ਸਪੱਸ਼ਟਤਾ ਜਾਂ ਪ੍ਰਤਿ-ਉੱਤਰ ਦੀ ਭੂਮਿਕਾ ਨਿਭਾਉਂਦੇ ਹਨ।

ਇਸ ਗ੍ਰੰਥ ਵਿਚ ਦਰਜ 31 ਰਾਗਾਂ ਦਾ ਕ੍ਰਮ ਇਸ ਪ੍ਰਕਾਰ ਹੈ— ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਰਾਇਨ, ਮਾਲੀ-ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰੁ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ। ਇਥੇ ਸਿਰੀ ਰਾਗ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ ਅਤੇ ਜੈਜਾਵੰਤੀ ਰਾਗ ਨੂੰ ਅੰਤ ਉਤੇ ਦਰਜ ਕੀਤਾ ਗਿਆ ਹੈ। ਗੁਰਬਾਣੀ ਅਨੁਸਾਰ ਹਰ ਇਕ ਰਾਗ ਉਤਮ ਹੈ ਜਿਹੜਾ ਜਿਗਿਆਸੂ ਨੂੰ ਪਰਮਾਤਮਾ ਵਿਚ ਲੀਨ ਕਰਨ ਦੀ ਸਮਰਥਾ ਰਖਦਾ ਹੋਵੇ। ਅਜਿਹਾ ਨ ਕਰ ਸਕਣ ਵਾਲਾ ਰਾਗ ਸਚਮੁਚ ਵਿਅਰਥ ਹੈ; ਆਪਣੇ ਉਦੇਸ਼ ਤੋਂ ਉਖੜਿਆ ਹੋਇਆ ਹੈ; ਕੇਵਲ ਅਲਾਪ ਦੀ ਭੂਮਿਕਾ ਨਿਭਾ ਰਿਹਾ ਹੈ— *ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।* (ਗੁ.ਗ੍ਰੰ.1423)।

*ਭਾਗ ਤੀਜਾ :* ਜੋ ਬਾਣੀਆਂ ਕਿਸੇ ਰਾਗ ਅਧੀਨ ਨਹੀਂ ਰਖੀਆਂ ਗਈਆਂ ਜਾਂ ਜਿਨ੍ਹਾਂ ਦਾ ਸਰੂਪ ਰਾਗ-ਬੱਧ ਬਾਣੀਆਂ ਤੋਂ ਵਖਰੀ ਕਿਸਮ ਦਾ ਹੈ, ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੱਧ ਬਾਣੀ ਤੋਂ ਬਾਦ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਬਾਣੀਆਂ ਦਾ ਬਿਉਰਾ ਇਸ ਪ੍ਰਕਾਰ ਹੈ— (1) ਸਲੋਕ ਸਹਸਕ੍ਰਿਤੀ, (2) ਗਾਥਾ ਮਹਲਾ ੫, (3) ਫੁਨਹ ਮਹਲਾ ੫, (4) ਚਉਬੋਲੇ ਮਹਲਾ ੫, (5) ਸਲੋਕ ਭਗਤ ਕਬੀਰ ਜੀਉ ਕੇ, (6) ਸਲੋਕ ਸੇਖ ਫਰੀਦ ਕੇ, (7) ਸਵਯੇ ਸ੍ਰੀਮੁਖ ਬਾਕ, ਮਹਲਾ ੫, (8) ਸਵਈਏ ਭਟਾਂ ਕੇ, (9) ਸਲੋਕ ਵਾਰਾਂ ਤੇ ਵਧੀਕ, (10) ਸਲੋਕ ਮਹਲਾ ੯, (11) ਮੁਦਾਵਣੀ ਮਹਲਾ ੫ ਅਤੇ (12) ਰਾਗਮਾਲਾ।

*ਬਾਣੀ ਬਿਉਰਾ* : ਇਸ ਗ੍ਰੰਥ ਦੇ ਬਾਣੀਕਾਰਾਂ ਦਾ ਰਚਨਾ-ਵੇਰਵਾ ਉਨ੍ਹਾਂ ਦੇ ਇੰਦਰਾਜਾਂ ਵਿਚ ਦਿੱਤਾ ਗਿਆ ਹੈ। ਇਥੇ ਕੇਵਲ ਉਨ੍ਹਾਂ ਦੀਆਂ ਬਾਣੀਆਂ ਦੀ ਸਮੁੱਚੀ ਪਦ-ਸੰਖਿਆ ਦੇਣੀ ਉਚਿਤ ਸਮਝੀ ਹੈ।

*ਗੁਰਬਾਣੀ*

| | | | |
|---|---|---|---|
| (1) | ਗੁਰੂ ਨਾਨਕ ਦੇਵ | - | 958; |
| (2) | ਗੁਰੂ ਅੰਗਦ ਦੇਵ | - | 63; |
| (3) | ਗੁਰੂ ਅਮਰਦਾਸ | - | 885; |
| (4) | ਗੁਰੂ ਰਾਮਦਾਸ | - | 640; |
| (5) | ਗੁਰੂ ਅਰਜਨ ਦੇਵ | - | 2304; |
| (6) | ਗੁਰੂ ਤੇਗ ਬਹਾਦਰ | - | 116 |
| | ਕੁਲ ਜੋੜ | = | 4966 |

*ਭਗਤ ਬਾਣੀ*

(1) ਸਧਨਾ-1; (2) ਸੁੰਦਰ-6; (3) ਸੂਰਦਾਸ-1; (4) ਸੈਣ-1; (5) ਕਬੀਰ-532; (6) ਜੈਦੇਵ-2; (7) ਤ੍ਰਿਲੋਚਨ-7; (8) ਧੰਨਾ- 3; (9) ਨਾਮਦੇਵ-61; (10) ਪਰਮਾਨੰਦ-1; (11) ਪੀਪਾ-1; (12) ਫ਼ਰੀਦ-116; (13) ਬੇਣੀ-3; (14) ਭੀਖਨ-2; (15) ਰਵਿਦਾਸ-40; (16) ਰਾਮਾਨੰਦ -1 = ਕੁਲ ਜੋੜ = 775

*ਭੱਟ ਬਾਣੀ*

(1) ਭੱਟ-123; (2) ਮਰਦਾਨਾ-3; (3) ਸੱਤਾ-ਬਲਵੰਡ-8

ਕੁਲ ਜੋੜ = 134

*ਰਾਗ ਮਾਲਾ* - 12

ਸਾਰੀ ਬਾਣੀ ਦਾ ਕੁਲ ਜੋੜ = 5887

ਬਾਣੀ ਸੰਬੰਧੀ ਪ੍ਰਾਪਤ ਹੋਈ ਸਾਰੀ ਸਾਮਗ੍ਰੀ ਨੂੰ ਸੰਕਲਿਤ ਕਰਨ ਵੇਲੇ ਗੁਰੂ ਜੀ ਨੇ ਸਿੱਧਾਂਤਿਕ ਸਮਾਨਤਾ ਨੂੰ ਧਿਆਨ ਵਿਚ ਰਖਿਆ ਹੈ। ਸੰਤੁਲਿਤ ਜੀਵਨ-ਆਦਰਸ਼ ਨੂੰ ਰੂਪਮਾਨ ਕਰਨ ਵਾਲੀ ਬਾਣੀ ਇਸ ਗ੍ਰੰਥ ਵਿਚ ਉਚੇਰੀ ਥਾਂ ਪ੍ਰਾਪਤ ਕਰ ਸਕੀ ਹੈ। ਸੰਪਾਦਨ ਵੇਲੇ ਲੋਕਾਂ ਦੀ ਨਿਘਰੀ ਹੋਈ ਭਾਵਨਾ ਨੂੰ ਫਿਰ ਤੋਂ ਸੰਤੁਲਿਤ ਢੰਗ ਨਾਲ ਵਿਕਸਿਤ ਕਰਨ ਵਾਲੇ ਤੱਤ੍ਵਾਂ ਦਾ ਧਿਆਨ ਰਖਿਆ ਗਿਆ ਹੈ ਤਾਂ ਜੋ ਇਸ ਗ੍ਰੰਥ ਵਿਚਲੀ ਬਾਣੀ/ਸਾਮਗ੍ਰੀ ਵਖਰੀ ਪਛਾਣ ਕਰਾ ਸਕੇ।

ਬਾਣੀ ਦੇ ਸੰਪਾਦਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਹਰ ਨਿੱਕੀ-ਵੱਡੀ ਬਾਣੀ ਨੂੰ ਕੋਈ ਨ ਕੋਈ ਨਾਂ ਦਿੱਤਾ ਹੈ। ਆਮ ਤੌਰ 'ਤੇ ਇਹ ਨਾਂ ਛੰਦ ਜਾਂ ਲੋਕ-ਕਾਵਿ-ਰੂਪ ਉਤੇ ਆਧਾਰਿਤ ਹਨ, ਜਿਵੇਂ ਪਹਰੇ, ਅਲਾਹਣੀਆਂ, ਕਰਹਲੇ ਆਦਿ। ਕਈਆਂ ਰਚਨਾਵਾਂ ਦੇ ਕੇਂਦਰੀ ਭਾਵ ਨੂੰ ਨਾਮਕਰਣ ਦਾ ਆਧਾਰ ਬਣਾਇਆ ਗਿਆ ਹੈ, ਜਿਵੇਂ 'ਸੁਖਮਨੀ', 'ਸਿਧ ਗੋਸਟਿ', 'ਅਨੰਦੁ'। ਇਸ ਪ੍ਰਕਾਰ ਦੇ ਲਗਭਗ ਪੰਜ ਦਰਜਨ ਸਿਰਲੇਖ/ਉਪਸਿਰਲੇਖ ਮਿਲਦੇ ਹਨ।

ਬਾਣੀ ਨੂੰ ਸੋਧਣ ਜਾਂ ਸੋਧੇ ਜਾ ਚੁਕਣ ਬਾਰੇ ਵੀ

ਸੂਚਨਾਵਾਂ ਦਿੱਤੀਆਂ ਮਿਲਦੀਆਂ ਹਨ, ਜਿਵੇਂ ਵਾਰਾਂ ਦੇ ਅੰਤ ਉਤੇ ਲਿਖਿਆ ਹੁੰਦਾ ਹੈ— 'ਸੁੱਧ', 'ਸੁੱਧ ਕੀਚੈ' ਆਦਿ। ਜਿਥੇ ਕਿਥੇ ਗੁਰੂ ਅਰਜਨ ਦੇਵ ਜੀ ਨੇ ਕਿਸੇ ਹੋਰ ਰਚੈਤਾ ਦੀ ਬਾਣੀ ਵਿਚ ਆਪਣੀ ਬਾਣੀ ਸ਼ਾਮਲ ਕੀਤੀ ਹੈ, ਉਥੇ ਉਸ ਅੰਸ਼ ਦਾ ਕਰਤ੍ਰਿਤਵ ਸਪੱਸ਼ਟ ਕਰ ਦਿੱਤਾ ਹੈ। ਜਿਥੇ ਕਿਥੇ ਕੋਈ ਨਵਾਂ ਵਾਧਾ ਕੀਤਾ ਹੈ, ਉਥੇ ਲਿਖ ਦਿੱਤਾ ਹੈ, ਜਿਵੇਂ ਮਲਾਰ ਰਾਗ ਦੀ ਮਹਲੇ ਪਹਿਲੇ ਦੀ ਵਾਰ ਦੀ 27ਵੀਂ ਪਉੜੀ ਨਾਲ ਲਿਖਿਆ ਹੈ 'ਪਉੜੀ ਨਵੀਂ ਮ.੫'।

ਗੁਰੂ ਗ੍ਰੰਥ ਸਾਹਿਬ ਵਿਚ ਦੋ ਤਰ੍ਹਾਂ ਦੇ ਤਤਕਰੇ ਦਿੱਤੇ ਗਏ ਹਨ। ਇਕ 'ਤਤਕਰਾ ਰਾਗਾਂ ਕਾ' ਹੈ। ਦੂਜੇ ਤਤਕਰੇ ਵਿਚ, ਰਾਗਾਂ ਵਿਚ ਆਏ ਸ਼ਬਦਾਂ/ਪਦਿਆਂ ਦੀਆਂ ਮੁਢਲੀਆਂ ਤੁਕਾਂ ਲਿਖੀਆਂ ਹੁੰਦੀਆਂ ਹਨ। ਇਸ ਨਾਲ ਸ਼ਬਦ/ਪਦ ਲਭਣ ਵਿਚ ਸਹੂਲਤ ਰਹਿੰਦੀ ਹੈ।

**ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਇਤਿਹਾਸ :** ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਨੂੰ ਵਿਵਸਥਿਤ ਰੂਪ ਪ੍ਰਦਾਨ ਕਰਨ ਲਈ ਜੋ ਮਹਾਨ ਕੰਮ ਕੀਤੇ, ਉਨ੍ਹਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇਕ ਇਤਿਹਾਸਿਕ ਘਟਨਾ ਹੈ। ਇਹ ਭਾਰਤ ਦੇ ਅਧਿਆਤਮਿਕ ਸਾਹਿਤ ਦੀ ਇਕ ਅਦੁੱਤੀ ਉਪਲਬਧੀ ਹੈ ਕਿਉਂਕਿ ਇਸ ਵਿਚ ਪੰਜ-ਛੇ ਸੌ ਵਰ੍ਹਿਆਂ ਵਿਚ ਵਿਚਰੇ ਧਰਮ-ਸਾਧਕਾਂ ਦੇ ਅਨੁਭਵ ਉਨ੍ਹਾਂ ਦੇ ਆਪਣੇ ਹੀ ਬੋਲਾਂ ਰਾਹੀਂ ਪ੍ਰਮਾਣਿਕ ਰੂਪ ਵਿਚ ਸੰਕਲਿਤ ਹਨ। ਇਸ ਦੇ ਬਾਣੀਕਾਰਾਂ ਨੇ ਭਾਰਤੀ ਸਭਿਆਚਾਰ, ਸਾਮੀ ਧਾਰਮਿਕ ਪਰੰਪਰਾਵਾਂ, ਨਵੀਨ ਯੁਗ-ਬੋਧ, ਸਰਬ-ਸਾਂਝੀਵਾਲਤਾ, ਮਾਨਵ-ਕਲਿਆਣ ਆਦਿ ਮਹੱਤਵਪੂਰਣ ਪੱਖਾਂ ਉਤੇ ਝਾਤ ਪਾਈ ਹੈ। ਇਸ ਤਰ੍ਹਾਂ ਇਹ ਗ੍ਰੰਥ ਭਾਵਨਾਤਮਕ ਏਕਤਾ ਦਾ ਇਕ ਨਿਰਮਲ ਮਾਨਸਰੋਵਰ ਹੈ।

ਸਾਹਿਤਿਕ ਖੇਤਰ ਵਿਚ ਇਸ ਦਾ ਵਿਸ਼ਸ਼ ਮਹੱਤਵ ਹੈ ਕਿਉਂਕਿ ਇਸ ਵਿਚ ਅਨੇਕ ਪਰੰਪਰਾਗਤ ਕਾਵਿ-ਰੂਪਾਂ, ਬਿੰਬਾਂ, ਪ੍ਰੀਤਕਾਂ, ਕਾਵਿ-ਸ਼ੈਲੀਆਂ ਰਾਹੀਂ ਪੰਜਾਬੀ ਕਾਵਿ ਦਾ ਵਿਕਾਸ-ਕ੍ਰਮ ਨਿਸਚਿਤ ਹੁੰਦਾ ਹੈ। ਇਸ ਦੀ ਭਾਸ਼ਾ, ਭਾਸ਼ਾਈ ਤੰਗਨਜ਼ਰੀ ਤੋਂ ਉੱਚੀ ਉਠ ਕੇ ਭਾਵ-ਸੰਚਾਰ ਦੇ ਸਰਬ-ਗ੍ਰਾਹੀ ਸਾਧਨ ਵਜੋਂ ਸਾਹਮਣੇ ਆਈ ਹੈ। ਸੰਗੀਤ ਦਾ ਬੰਧਨ ਇਸ ਵਿਚਲੀ ਭਾਵ-ਸਾਮਗ੍ਰੀ ਨੂੰ ਮਨੁੱਖ-ਮਨ ਨਾਲ ਇਕਸੁਰ ਕਰਦਾ ਹੈ। ਭਾਰਤੀ ਅਤੇ ਦੇਸੀ ਰਾਗਾਂ ਦੀ ਵਰਤੋਂ ਤੋਂ ਇਲਾਵਾ ਕਈ ਸੰਗੀਤ ਪਰੰਪਰਾਵਾਂ ਦਾ ਸੁਮੇਲ ਅਤੇ ਭਿੰਨ ਭਿੰਨ ਰਾਗਾਂ ਦੀਆਂ ਧੁਨੀਆਂ ਦੇ ਮਿਸ਼ਰਣਾਂ ਤੋਂ ਨਵੇਂ ਰਾਗਾਂ ਦਾ ਵਿਧਾਨ ਇਸ ਗ੍ਰੰਥ ਦੀਆਂ ਸੰਗੀਤਕ ਵਿਸ਼ੇਸ਼ਤਾਵਾਂ ਹਨ। ਸਪੱਸ਼ਟ ਹੈ ਕਿ ਇਸ ਗ੍ਰੰਥ ਦੀ ਅਹਿਮੀਅਤ ਬਹੁ-ਪੱਖੀ ਹੈ।

ਇਸ ਮਹੱਤਵਪੂਰਣ ਗ੍ਰੰਥ ਨੂੰ ਸੰਪਾਦਨ ਕਰਨ ਦਾ ਆਪਣਾ ਹੀ ਇਤਿਹਾਸ ਹੈ। ਸਭ ਤੋਂ ਪਹਿਲਾਂ ਸੰਪਾਦਨ ਦੀ ਪੂਰਬਲੀ ਅਵਸਥਾ ਨੂੰ ਵਿਚਾਰਨਾ ਉਚਿਤ ਹੋਵੇਗਾ। ਇਸ ਦਾ ਸੰਬੰਧ ਬਾਣੀ ਨੂੰ ਲਿਖਣ ਅਤੇ ਇਕੱਤਰ ਕਰਨ ਨਾਲ ਹੈ। ਬਾਣੀ ਕਦ ਤੋਂ ਲਿਖਣੀ ਸ਼ੁਰੂ ਹੋਈ ਅਤੇ ਕਿਵੇਂ ਇਕੱਠੀ ਕੀਤੀ ਗਈ? ਇਨ੍ਹਾਂ ਪ੍ਰਸ਼ਨਾਂ ਦਾ ਉਤਰ, ਇਤਿਹਾਸਿਕ ਦਸਤਾਵੇਜ਼ਾਂ ਅਤੇ ਸਪੱਸ਼ਟ ਪ੍ਰਮਾਣਾਂ ਦੇ ਅਭਾਵ ਵਿਚ ਦੇ ਸਕਣਾ ਭਾਵੇਂ ਸਰਲ ਨਹੀਂ, ਪਰ ਫਿਰ ਵੀ ਕੁਝ ਸੰਬੰਧ-ਸੂਤਰਾਂ ਤੋਂ ਸੇਧ ਗ੍ਰਹਿਣ ਕੀਤੀ ਜਾ ਸਕਦੀ ਹੈ।

ਗੁਰਬਾਣੀ-ਰਚਨਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਹੋਇਆ ਸੀ। ਆਪ ਨੇ ਉਹ ਬਾਣੀ ਕਿਵੇਂ ਲਿਖੀ ਅਤੇ ਸੰਭਾਲੀ ? ਇਹ ਇਕ ਮਹੱਤਵਪੂਰਣ ਵਿਸ਼ਾ ਹੈ। ਖੇਦ ਦੀ ਗੱਲ ਹੈ ਕਿ ਗੁਰੂ ਜੀ ਦੀ ਕੋਈ ਵੀ ਸ੍ਵ-ਹੱਥ-ਲਿਖਿਤ ਜਾਂ ਹੋਰ ਕੋਈ ਪੁਰਾਤਨ ਦਸਤਾਵੇਜ਼ ਉਪਲਬਧ ਨਹੀਂ ਹੈ। ਇਸ ਲਈ ਇਹ ਕਹਿਣਾ ਕਠਿਨ ਹੈ ਕਿ ਆਪ ਕਿਹੜੀ ਲਿਪੀ ਵਿਚ ਲਿਖਦੇ ਸਨ। ਆਪ ਪੜ੍ਹੇ ਲਿਖੇ ਸਨ, ਇਸ ਵਿਚ ਕੋਈ ਸੰਦੇਹ ਨਹੀਂ। ਆਸਾ ਰਾਗ ਵਿਚ ਦਰਜ 'ਪਟੀ' ਨਾਂ ਦੀ ਬਾਣੀ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਉਹ ਉਸ ਵਕਤ ਪੰਜਾਬ ਵਿਚ ਪ੍ਰਚਲਿਤ ਲਿਪੀ ਅਤੇ ਅੱਖਰਾਂ ਦੇ ਉਚਾਰਣ ਤੋਂ ਚੰਗੀ ਤਰ੍ਹਾਂ ਜਾਣੂ ਸਨ। 'ਪਟੀ' ਵਿਚ ਪ੍ਰਤਿਪਾਦਿਤ ਲਿਪੀ ਵਰਤਮਾਨ ਗੁਰਮੁਖੀ ਲਿਪੀ ਦਾ ਮੁੱਢਲਾ ਰੂਪ ਹੀ ਹੈ। ਵਿਚਾਰਾਧੀਨ ਬਾਣੀ ਉਪਰ ਅੰਕਿਤ 'ਪਟੀ ਲਿਖੀ' ਉਕਤੀ ਤੋਂ ਇਹ ਸਾਫ਼ ਜ਼ਾਹਿਰ ਹੈ ਕਿ ਇਹ ਬਾਣੀ ਗੁਰੂ ਜੀ ਨੇ ਲਿਖਿਤ ਰੂਪ ਵਿਚ ਰਚੀ ਸੀ।

ਅਗਲਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਗੁਰੂ ਜੀ ਨੇ ਸਾਰੀ ਬਾਣੀ ਆਪ ਹੀ ਲਿਖੀ ਸੀ ਜਾਂ ਲਿਖਾਰੀਆਂ ਨੇ ਵੀ ਇਸ ਵਿਚ ਯੋਗਦਾਨ ਪਾਇਆ ਸੀ ? ਇਸ ਪ੍ਰਸ਼ਨ ਦਾ ਉਤਰ ਇਤਿਹਾਸ ਦੀ ਕੁੱਖ ਵਿਚੋਂ ਲਭਣਾ ਪਵੇਗਾ। ਕੁਝ ਪੁਰਾਤਨ ਰਚਨਾਵਾਂ ਵਿਚ ਅਜਿਹੇ ਸੰਕੇਤ ਮਿਲਦੇ ਹਨ ਕਿ ਗੁਰੂ ਜੀ ਦੀ ਬਾਣੀ ਕੁਝ ਸਾਥੀ-ਸੇਵਕ ਨਾਲ ਨਾਲ ਲਿਖਦੇ

ਜਾਂਦੇ ਸਨ। 'ਪੁਰਾਤਨ ਜਨਮਸਾਖੀ' (ਸਾਖੀ 43) ਵਿਚ ਦੱਖਣ ਦੀ ਉਦਾਸੀ ਵੇਲੇ ਅਨੁਭਵੀ ਸਰਵੇੜੇ ਨਾਲ ਸੰਵਾਦ ਕਰਦਿਆਂ ਗੁਰੂ ਜੀ ਨੇ ਜੋ ਬਾਣੀ (ਮਾਝ ਕੀ ਵਾਰ) ਉਚਾਰੀ ਸੀ, ਉਸ ਨੂੰ ਸੈਦੋ ਘੇਹੋ ਨੇ ਲਿਖਿਆ— *ਤਦਹੂੰ ਸੈਦੋ ਘੇਹੋ ਲਿਖੀ ਸੰਪੂਰਨ ਪੜਣੀ।* ਸਾਖੀ ਅੰਕ 46 ਵਿਚ ਸਿੱਧਾਂ ਨਾਲ ਹੋਈ ਗੋਸ਼ਟਿ ਦੌਰਾਨ ਗੁਰੂ ਜੀ ਨੇ ਜੋ ਬਾਣੀ ਉਚਾਰੀ, ਉਸ ਨੂੰ ਵੀ ਸੈਦੋ ਘੇਹੋ ਨੇ ਲਿਖਿਆ—*ਬਾਣੀ ਸੈਦੋ ਜੱਟ ਜਾਤ ਘੇਹੋ ਲਿਖੀ।* ਰਾਜੇ ਸ਼ਿਵਨਾਭ ਵਾਲੀ ਸਾਖੀ (ਨੰ.47) ਵਿਚਲੀ 'ਪ੍ਰਾਣ-ਸੰਗਲੀ' ਨੂੰ 'ਸੈਦੋ ਤੋਂ ਸੰਪੂਰਣ ਥੀ' ਮੰਨਿਆ ਗਿਆ ਹੈ। ਉੱਤਰ-ਖੰਡ ਦੀ ਉਦਾਸੀ ਵੇਲੇ ਗੁਰੂ ਜੀ ਨਾਲ ਹਸੂ ਲੁਹਾਰ ਅਤੇ ਸੀਹਾਂ ਛੀਂਬਾ ਨਾਂ ਦੇ ਸੇਵਕ ਸਨ। ਉਦੋਂ ਬ੍ਰਹਮਦਾਸ ਪੰਡਿਤ ਨੂੰ ਉਪਦੇਸ਼ ਦੇਣ ਦੇ ਪ੍ਰਕਰਣ ਵਿਚ ਗੁਰੂ ਜੀ ਨੇ 'ਮਲਾਰ ਰਾਗ ਕੀ ਵਾਰ' ਉਚਾਰੀ ਅਤੇ ਉਸ ਨੂੰ ਹਸੂ ਅਤੇ ਸੀਹੇ ਨੇ ਲਿਖਿਆ— *ਤਬ ਬਾਣੀ ਹਸੂ ਲੁਹਾਰ ਅਤੇ ਸੀਹੈ ਛੀਂਬੈ ਲਿਖੀ।* ਸਾਖੀ ਨੰ.41 ਵਿਚ ਮਨਸੁਖ ਨਾਂ ਦੇ ਸੇਵਕ ਦੁਆਰਾ ਬਾਣੀ ਲਿਖਣ ਦਾ ਸੰਕੇਤ ਮਿਲਦਾ ਹੈ— *ਤੀਨ ਬਰਸ ਬਾਬੇ ਕੋਲ ਰਹਿਆ, ਫੇਰ ਬਾਬਾ ਵਿਦਿਆ ਕੀਤਾ। ਗੁਰੂ ਬਾਬੇ ਦੀ ਬਾਣੀ ਬਹੁਤ ਲਿਖੀਆਸੁ, ਪੋਥੀਆ ਲਿਖ ਲੀਤੀਓਸੁ।* ਇਸੇ ਤਰ੍ਹਾਂ 'ਸਿਧ ਗੋਸਟਿ' ਦੀ ਰਚਨਾ ਸਮੇਂ ਸਮੇਂ ਸਿੱਧਾਂ ਨਾਲ ਹੋਏ ਸੰਵਾਦਾਂ ਦੇ ਆਧਾਰ 'ਤੇ ਬਾਦ ਵਿਚ ਕੀਤੀ ਗਈ। ਇਸ ਵਿਚ ਦੋਹਾਂ ਧਿਰਾਂ ਦੇ ਦ੍ਰਿਸ਼ਟੀਕੋਣ ਨੂੰ ਟਿਕ ਕੇ ਪੇਸ਼ ਕੀਤਾ ਗਿਆ ਹੈ। ਸੰਭਵ ਹੈ ਕਿ ਇਸ ਨੂੰ ਗੁਰੂ ਜੀ ਨੇ ਆਪਣੇ ਹੱਥ ਨਾਲ ਲਿਖਿਆ ਹੋਵੇ।

ਇਥੇ ਇਹ ਤੱਥ ਵੀ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਗੁਰੂ ਜੀ ਬਾਣੀ ਦੇ ਲਿਖਣ ਉਤੇ ਬਹੁਤ ਬਲ ਦਿੰਦੇ ਸਨ ਕਿਉਂਕਿ ਉਨ੍ਹਾਂ ਦੀ ਮਾਨਤਾ ਸੀ ਕਿ ਲਿਖਣ ਤੋਂ ਬਿਨਾ ਬਾਣੀ ਵਿਚ ਸੁਰਤਿ ਦਾ ਟਿਕਣਾ ਸੰਭਵ ਨਹੀਂ ਹੋ ਸਕਦਾ— *ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ।* (ਗੁ.ਗ੍ਰੰ.566)। ਇਥੇ ਹੀ ਬਸ ਨਹੀਂ, ਗੁਰੂ ਜੀ ਨੇ 'ਮਲਾਰ ਕੀ ਵਾਰ' ਵਿਚ ਬਾਣੀ ਨੂੰ ਲਿਖਣ ਵਾਲੇ ਲਿਖਾਰੀ, ਕਾਗ਼ਜ਼, ਕਲਮ, ਸਿਆਹੀ ਅਤੇ ਦਵਾਤ ਨੂੰ ਧੰਨ ਕਿਹਾ ਹੈ— *ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ। ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।* (ਗੁ.ਗ੍ਰੰ.1291)। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਖ਼ੁਦ ਲਿਖਦੇ ਸਨ ਅਤੇ ਆਪਣੇ ਸਾਥੀ ਸਿੱਖਾਂ ਤੋਂ ਵੀ ਲਿਖਵਾਉਂਦੇ ਜਾਂਦੇ ਸਨ। ਬਾਣੀ ਨੂੰ ਲਿਖਿਤ ਰੂਪ ਦੇਣਾ ਉਨ੍ਹਾਂ ਨੂੰ ਰੁਚੀਕਰ ਸੀ। ਇਸ ਲਈ ਬਾਣੀ ਦੇ ਨਾਲ ਨਾਲ ਉਤਾਰੇ ਕਰਨ ਦੀ ਪਿਰਤ ਵੀ ਉਦੋਂ ਪੈ ਗਈ ਹੋਵੇਗੀ।

ਰਹੀ ਗੱਲ 'ਆਪ ਸੰਭਾਲਣ' ਦੀ, ਇਸ ਦੀ ਪੁਸ਼ਟੀ ਭਾਈ ਗੁਰਦਾਸ ਦੀ ਪਹਿਲੀ ਵਾਰ (ਪਉੜੀ 33) ਦੀ ਇਕ ਤੁਕ — *ਪੁਛਨਿ ਖੋਲ੍ਹ ਕਿਤਾਬ ਨੂੰ ਹਿੰਦੂ ਵਡਾ ਕੇ ਮੁਸਲਮਾਨੋਈ*— ਤੋਂ ਹੋ ਜਾਂਦੀ ਹੈ ਕਿ ਗੁਰੂ ਜੀ ਆਪਣੀ ਬਾਣੀ ਆਪਣੇ ਕੋਲ ਇਕ ਬਸਤੇ ਵਿਚ ਸੰਭਾਲ ਕੇ ਰਖਦੇ ਜਾਂਦੇ ਸਨ। ਇਸ ਤੋਂ ਇਲਾਵਾ, 'ਪੁਰਾਤਨ ਜਨਮਸਾਖੀ' (ਸਾਖੀ 47) ਵਿਚ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਪ੍ਰਦਾਨ ਕਰਨ ਵੇਲੇ ਬਾਣੀ ਦੀ ਇਕ ਪੋਥੀ ਵੀ ਦਿੱਤੀ ਸੀ— *ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ।* ਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਹੋਈ ਇਹ ਪੋਥੀ ਕੀ ਗੁਰੂ ਸਾਹਿਬ ਦੇ ਆਪਣੇ ਹੱਥ ਵਿਚ ਲਿਖੀ ਸੀ, ਜਾਂ ਲਿਖਾਰੀਆਂ ਦੁਆਰਾ ਤਿਆਰ ਕੀਤਾ ਬਾਣੀ-ਸੰਕਲਨ ਸੀ? ਇਸ ਬਾਰੇ ਇਤਿਹਾਸ ਚੁਪ ਹੈ। ਪਰ ਇਤਨਾ ਸਪੱਸ਼ਟ ਹੈ ਕਿ ਗੁਰੂ ਅੰਗਦ ਦੇਵ ਜੀ ਪਾਸ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਿਸਚੇ ਹੀ ਸੰਭਾਲੀ ਹੋਈ ਸੀ। ਉਦੋਂ ਬਾਣੀ ਨੂੰ ਲਿਖਣ ਪ੍ਰਤਿ ਲੋਕਾਂ ਦਾ ਇਤਨਾ ਰੁਝਾਨ ਹੋ ਗਿਆ ਸੀ ਕਿ ਕਈਆਂ ਨੇ ਇਸ ਨੂੰ ਕਮਾਈ ਦਾ ਸਾਧਨ ਬਣਾਉਣੋਂ ਵੀ ਸੰਕੋਚ ਨ ਕੀਤਾ। ਅਜਿਹੇ ਲਿਖਾਰੀਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਤਾੜਨਾ ਕਰਦਿਆਂ ਕਿਹਾ ਹੈ— *ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ।* (ਗੁ.ਗ੍ਰੰ. 1245)। 'ਮਿਹਰਬਾਨ ਜਨਮਸਾਖੀ' (ਪੰਨੇ 184-185) ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਜਪੁਜੀ ਲਈ ਜੋ ਸ਼ਬਦ /ਪਉੜੀਆਂ ਚੁਣੀਆਂ, ਉਹ ਲਿਖਿਤ ਬਾਣੀ ਵਿਚੋਂ ਹੀ ਚੁਣੀਆਂ ਸਨ।

ਗੁਰੂ ਅੰਗਦ ਦੇਵ ਜੀ ਨੇ ਖ਼ੁਦ ਬਹੁਤ ਥੋੜੀ ਬਾਣੀ ਰਚੀ ਕਿਉਂਕਿ ਉਹ ਆਪਣੀ ਬਾਣੀ ਰਾਹੀਂ ਉਨ੍ਹਾਂ ਸਿੱਖ ਸੇਵਕਾਂ ਨੂੰ ਉਪਦੇਸ਼ ਕਰਨਾ ਉਚਿਤ ਨਹੀਂ ਸਮਝਦੇ ਸਨ, ਜਿਨ੍ਹਾਂ ਦੇ ਗੁਰੂ, ਗੁਰੂ ਨਾਨਕ ਦੇਵ ਜੀ ਸਨ, ਉਨ੍ਹਾਂ ਦੀ ਚਰਨ-ਸ਼ਰਣ ਵਿਚ ਰਹਿਣ ਕਰਕੇ ਉਹ ਵੀ ਮਹਾਨ ਹੋ ਗਏ ਸਨ— *ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ।* (ਗੁ.ਗ੍ਰੰ. 150)। ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਉਸ ਵਕਤ ਪ੍ਰਚਲਿਤ 'ਪਟੀ'

ਵਾਲੀ ਲਿਪੀ ਵਿਚ ਸੁਧਾਰ ਕਰਕੇ ਵਰਤਮਾਨ ਰੂਪ ਦਿੱਤਾ। ਲਿਪੀ ਨੂੰ ਸੰਸ਼ੋਧਿਤ ਕਰਨ ਪਿਛੇ ਬਾਣੀ ਦੇ ਉਤਾਰੇ ਕਰਵਾ ਕੇ ਸਿੱਖ ਸੇਵਕਾਂ ਵਿਚ ਵੰਡਣ ਦੀ ਬਿਰਤੀ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ।

ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ (ਕੁਲ 63 ਸ਼ਲੋਕ) ਸਮੇਤ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਹੋਈ ਬਾਣੀ ਗੁਰੂ ਅਮਰਦਾਸ ਜੀ ਨੂੰ ਅਰਪਿਤ ਕਰ ਦਿੱਤੀ। ਇਸ ਬਾਣੀ ਦੇ ਗੁਰੂ ਨਾਨਕ ਦੇਵ ਜੀ ਪਾਸ ਸੁਰਖਿਅਤ ਹੋਣ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੋ ਜਾਂਦੀ ਹੈ ਕਿ ਗੁਰੂ ਅਮਰਦਾਸ ਜੀ ਦੀ ਬਾਣੀ ਉਤੇ ਗੁਰੂ ਨਾਨਕ ਬਾਣੀ ਦਾ ਬਹੁਤ ਅਧਿਕ ਪ੍ਰਭਾਵ ਹੈ। ਇਸੇ ਕਰਕੇ ਗੁਰਬਾਣੀ ਦਾ ਗੰਭੀਰ ਅਧਿਐਨ ਕਰਨ ਵਾਲਿਆਂ ਨੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਗੁਰੂ ਨਾਨਕ ਬਾਣੀ ਦਾ ਪੁਨਰ-ਸਿਰਜਨ ਹੋਇਆ ਮੰਨਿਆ ਹੈ। ਉਹ ਗੁਰੂ ਨਾਨਕ ਬਾਣੀ ਨੂੰ 'ਸਚੀ ਬਾਣੀ' ਮੰਨ ਕੇ ਉਸ ਦੇ ਗਾਉਣ ਉਤੇ ਬਹੁਤ ਬਲ ਦਿੰਦੇ ਸਨ— *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ। ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ।* (ਗੁ.ਗ੍ਰੰ.920)। ਉਹ ਬਾਣੀ ਨੂੰ ਨਿਰੰਕਾਰ ਦੇ ਬੋਲ (*ਧੁਰ ਕੀ ਬਾਣੀ*) ਸਮਝ ਕੇ, ਉਸ ਨੂੰ ਅਤੁਲ ਮੰਨਦੇ ਸਨ— *ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।* (ਗੁ.ਗ੍ਰੰ.515)।

ਸਾਫ਼ ਹੈ ਕਿ ਗੁਰੂ ਅਮਰਦਾਸ ਜੀ ਦੇ ਮਨ ਵਿਚ ਗੁਰਬਾਣੀ ਪ੍ਰਤਿ ਅਸੀਮ ਆਦਰ ਸੀ। ਆਪ ਨੇ ਧਰਮ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕਰਕੇ ਉਥੇ ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਾਇਆ ਅਤੇ ਗੁਰਬਾਣੀ ਦੀਆਂ ਅਨੇਕ ਪੋਥੀਆਂ, ਗੁਟਕੇ ਲਿਖਵਾ ਕੇ ਉਥੇ ਅਨੁਯਾਈਆਂ ਵਿਚ ਗੁਰਬਾਣੀ ਦਾ ਸੰਦੇਸ਼ ਪਹੁੰਚਾਇਆ। ਇਨ੍ਹਾਂ ਪ੍ਰਚਾਰ ਕੇਂਦਰਾਂ ਦੀ ਲੋੜ ਨੂੰ ਪੂਰਾ ਕਰਨ ਲਈ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਵੀ ਕਈ ਲਿਖਾਰੀ ਮੌਜੂਦ ਸਨ। ਇਹ ਗੱਲ ਇਸ ਤੱਥ ਤੋਂ ਵੀ ਸਿੱਧ ਹੋ ਜਾਂਦੀ ਹੈ 'ਬਾਬੇ ਮੋਹਨ ਵਾਲੀਆਂ ਪੋਥੀਆਂ' (ਵੇਖੋ) ਜੋ 'ਗੋਇੰਦਵਾਲ ਵਾਲੀਆਂ ਪੋਥੀਆਂ' ਦੇ ਨਾਂ ਨਾਲ ਪ੍ਰਸਿੱਧ ਹਨ ਅਤੇ ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ਆਪਣੇ ਪੋਤੇ (ਬਾਬੇ ਮੋਹਨ ਦੇ ਪੁੱਤਰ) ਸੰਸਰਾਮ (ਸਹੰਸਰਾਮ) ਤੋਂ ਲਿਖਵਾਈਆਂ ਦਸਿਆ ਜਾਂਦਾ ਹੈ, ਉਸ ਵਿਚ ਕਈ ਲਿਖਾਰੀਆਂ ਦੀਆਂ ਲਿਖਿਤਾਂ ਸ਼ਾਮਲ ਹਨ। ਹੁਣ ਉਪਲਬਧ ਇਨ੍ਹਾਂ ਦੋ ਪੋਥੀਆਂ ਵਿਚ ਪਹਿਲੇ ਤਿੰਨ ਗੁਰੂਆਂ ਅਤੇ ਭਗਤਾਂ ਦੀ ਸਾਰੀ ਬਾਣੀ ਚੂੰਕਿ ਅੰਕਿਤ ਨਹੀਂ ਹੈ, ਇਸ ਲਈ ਦੋ ਤੋਂ ਵੱਧ ਪੋਥੀਆਂ ਦੀ ਕਲਪਨਾ ਵੀ ਕੀਤੀ ਜਾਂਦੀ ਹੈ। ਸਾਫ਼ ਹੈ ਕਿ ਗੁਰੂ ਅਮਰਦਾਸ ਜੀ ਦੇ ਵੇਲੇ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਲਿਖਣ ਦਾ ਚੰਗਾ ਮਾਹੌਲ ਬਣਿਆ ਹੋਇਆ ਸੀ।

ਗੁਰੂ ਅਮਰਦਾਸ ਜੀ ਨੇ ਆਪਣੇ ਅੰਤ-ਕਾਲ ਵੇਲੇ ਗੁਰ-ਗੱਦੀ ਦਾ ਅਧਿਕਾਰੀ ਆਪਣੇ ਜਵਾਈ ਗੁਰੂ ਰਾਮਦਾਸ ਜੀ ਨੂੰ ਬਣਾਉਣ ਕਾਰਣ ਉਨ੍ਹਾਂ ਦੇ ਦੋਵੇਂ ਪੁੱਤਰ, ਬਾਬਾ ਮੋਹਨ ਅਤੇ ਬਾਬਾ ਮੋਹਰੀ, ਨਾਰਾਜ਼ ਹੋ ਗਏ। ਮੋਹਰੀ ਨੇ ਤਾਂ ਬਾਦ ਵਿਚ ਸਥਿਤੀ ਨਾਲ ਸਮਝੌਤਾ ਕਰ ਲਿਆ ਪਰ ਮੋਹਨ ਡਟਿਆ ਰਿਹਾ। ਉਸ ਨੇ ਆਪਣੀ ਮਾਨਤਾ ਬਣਾਈ ਰਖਣ ਲਈ ਇਨ੍ਹਾਂ ਪੋਥੀਆਂ ਨੂੰ ਆਪਣੇ ਕੋਲ ਹੀ ਸੰਭਾਲੀ ਰਖਿਆ।

ਬਾਣੀ ਨੂੰ ਇਕੱਠਾ ਕਰਨ ਦਾ ਇਕ ਯਤਨ 'ਗੁਰੂ ਹਰ ਸਹਾਇ ਵਾਲੀ ਪੋਥੀ' (ਵੇਖੋ) ਦੇ ਰੂਪ ਵਿਚ ਹੋਇਆ ਪ੍ਰਤੀਤ ਹੁੰਦਾ ਹੈ। ਇਹ ਪੋਥੀ ਗੁਰੂ ਹਰਸਹਾਇ ਪਿੰਡ ਵਿਚ ਸੋਢੀ ਜੀਵਨ ਮਲ ਦੀ ਸੰਤਾਨ ਪਾਸ ਸੁਰਖਿਅਤ ਸੀ, ਪਰ ਸੰਨ 1970 ਈ. ਵਿਚ ਇਹ ਪੋਥੀ ਰੇਲ ਦੇ ਸਫ਼ਰ ਦੌਰਾਨ ਤਤਕਾਲੀਨ ਗੱਦੀਦਾਰ ਸੋਢੀ ਜਸਵੰਤ ਸਿੰਘ ਤੋਂ ਚੋਰੀ ਹੋ ਗਈ ਦਸੀ ਜਾਂਦੀ ਹੈ। ਫਲਸਰੂਪ, ਹੁਣ ਇਸ ਬਾਰੇ ਕੁਝ ਕਹਿ ਸਕਣਾ ਸੰਭਵ ਨਹੀਂ।

ਗੁਰੂ ਰਾਮਦਾਸ ਜੀ ਪਾਸ ਪੋਥੀਆਂ/ਗੁਟਕਿਆਂ ਦੇ ਰੂਪ ਵਿਚ ਕੁਝ ਨ ਕੁਝ ਸੰਕਲਨ ਜ਼ਰੂਰ ਰਹੇ ਹੋਣਗੇ। ਉਨ੍ਹਾਂ ਨੇ ਗੁਰਬਾਣੀ ਦੇ ਸੰਗ੍ਰਹਿ ਜਾਂ ਪੋਥੀਆਂ ਲਿਖਵਾਉਣ ਦੀ ਪਰੰਪਰਾ ਨੂੰ ਜਾਰੀ ਹੀ ਨਹੀਂ ਰਖਿਆ, ਸਗੋਂ ਉਹ ਖ਼ੁਦ ਵੀ ਲਿਖਦੇ ਸਨ। ਪੁਰਾਤਨ ਬੀੜਾਂ ਵਿਚ ਉਨ੍ਹਾਂ ਦੇ ਦਸਖ਼ਤਾਂ ਵਾਲੇ 'ਜਪੁਜੀ' ਦਾ ਉੱਲੇਖ ਮਿਲ ਜਾਂਦਾ ਹੈ। ਗੁਰੂ ਜੀ ਉਨ੍ਹਾਂ ਹੱਥਾਂ ਨੂੰ ਪੁਨੀਤ ਅਤੇ ਪਵਿੱਤਰ ਮੰਨਦੇ ਸਨ ਜੋ 'ਹਰਿ-ਜਸ' ਲਿਖਣ ਵਿਚ ਲਗੇ ਹੋਏ ਸਨ— *ਤੇ ਹਸਤ ਪੁਨੀਤ ਪਵਿਤ੍ਰ ਹਰਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ।* (ਗੁ.ਗ੍ਰੰ.540)। ਗੁਰੂ ਰਾਮਦਾਸ ਜੀ ਗੁਰਬਾਣੀ ਪ੍ਰਤਿ ਬਹੁਤ ਸਤਿਕਾਰ ਪ੍ਰਗਟ ਕਰਦੇ ਸਨ। ਉਨ੍ਹਾਂ ਲਈ ਗੁਰੂ ਅਤੇ ਗੁਰਬਾਣੀ ਵਿਚ ਕੋਈ ਅੰਤਰ-ਰੇਖਾ ਨਹੀਂ ਸੀ। ਉਨ੍ਹਾਂ ਅਨੁਸਾਰ—*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ। ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।* (ਗੁ.ਗ੍ਰੰ.982)। ਇਕ ਹੋਰ ਥਾਂ 'ਤੇ ਗੁਰਬਾਣੀ ਨੂੰ

ਗੁਰੂ ਰਾਮਦਾਸ ਜੀ ਨੇ ਰਤਨਾਂ ਦਾ ਭੰਡਾਰ ਮੰਨਦੇ ਹੋਇਆਂ ਕਿਹਾ ਹੈ—*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ। ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ।* (ਗੁ.ਗ੍ਰੰ.442)।

ਕੱਚੀ ਬਾਣੀ ਦੀ ਹੋਂਦ ਬਾਰੇ ਗੁਰੂ ਅਮਰਦਾਸ ਜੀ ਨੇ ਵੀ 'ਅਨੰਦੁ' ਬਾਣੀ ਵਿਚ ਸੰਕੇਤ ਕੀਤਾ ਹੈ। ਗੁਰੂ ਰਾਮਦਾਸ ਜੀ ਵੇਲ ਵੀ ਅਜਿਹੇ ਲੋਗ ਪੈਦਾ ਹੋ ਗਏ ਸਨ ਜੋ ਗੁਰਬਾਣੀ ਦੀ ਰੀਸੇ ਬਾਣੀ ਉਚਾਰਦੇ ਸਨ— *ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।* (ਗੁ.ਗ੍ਰੰ.304)।

ਗੁਰੂ ਅਰਜਨ ਦੇਵ ਜੀ ਦੇ ਗੱਦੀ ਉਤੇ ਬੈਠਣ ਤੋਂ ਬਾਦ ਸਿੱਖ ਧਰਮ ਨੂੰ ਵਿਵਸਥਿਤ ਰੂਪ ਦੇਣ ਲਈ ਜਦੋਂ ਗੁਰੂ ਸਾਹਿਬ ਨੇ ਮਨ ਬਣਾਇਆ ਤਾਂ ਉਨ੍ਹਾਂ ਦੇ ਸਾਹਮਣੇ ਇਕ ਧਰਮ-ਗ੍ਰੰਥ ਤਿਆਰ ਕਰਨ ਦਾ ਸੁਆਲ ਪੈਦਾ ਹੋਇਆ। ਫਲਸਰੂਪ ਗ੍ਰੰਥ-ਸੰਪਾਦਨ ਦੀ ਯੋਜਨਾ ਬਣਾਈ ਗਈ। ਇਸ ਯੋਜਨਾ ਪਿਛੇ ਇਕ ਹੋਰ ਕਾਰਣ ਗੁਰਬਾਣੀ ਵਿਚ ਮੀਣਿਆਂ ਵਲੋਂ ਪਾਏ ਜਾ ਰਹੇ ਰਲਿਆਂ ਦਾ ਹੈ। ਇਨ੍ਹਾਂ ਦੋਹਾਂ ਕਾਰਣਾਂ ਬਾਰੇ ਪੁਰਾਤਨ ਇਤਿਹਾਸਿਕ ਗ੍ਰੰਥਾਂ ਵਿਚ ਵਿਵਰਣ ਮਿਲ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਕੁ ਪ੍ਰਮੁਖ ਹਨ— ਬੰਸਾਵਲੀ-ਨਾਮਾ ਦਸਾਂ ਪਾਤਿਸ਼ਾਹੀਆਂ ਕਾ, ਮਹਿਮਾ-ਪ੍ਰਕਾਸ਼, ਸਿੱਖਾਂ ਦੀ ਭਗਤਮਾਲਾ, ਆਦਿ।

ਸੰਨ 1769 ਈ. (1826 ਬਿ.) ਵਿਚ ਸਮਾਪਤ ਹੋਈ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' (ਵੇਖੋ) ਨਾਂ ਦੀ ਰਚਨਾ ਵਿਚ ਕੇਸਰ ਸਿੰਘ ਛਿੱਬਰ ਨੇ ਇਸ ਗ੍ਰੰਥ ਦੇ ਸੰਕਲਨ ਦੇ ਕਾਰਣ ਬਾਰੇ ਲਿਖਿਆ ਹੈ ਕਿ ਗੁਰੂ ਦਰਬਾਰ ਵਿਚੋਂ ਕਢੇ ਗਏ ਰਬਾਬੀਆਂ ਨੂੰ ਪ੍ਰਿਥੀਚੰਦ ਨੇ ਆਪਣੇ ਕੋਲ ਪਨਾਹ ਦਿੱਤੀ ਅਤੇ ਗੁਰਬਾਣੀ ਦੇ ਸਮਾਨਾਂਤਰ ਉਸ ਦੇ ਲੜਕੇ ਮਿਹਰਬਾਨ ਵਲੋਂ ਰਚੀ ਬਾਣੀ ਦਾ ਉਹ ਕੀਰਤਨ ਕਰਨ ਲਗੇ। 'ਨਾਨਕ' ਕਵੀ-ਛਾਪ ਦੀ ਵਰਤੋਂ ਕਾਰਣ ਮਿਹਰਬਾਨ ਦੀ ਰਚੀ ਬਾਣੀ ਵੀ ਭੁਲੇਖੇ ਨਾਲ ਸਿੱਖਾਂ ਵਿਚ ਪ੍ਰਚਲਿਤ ਹੋਣ ਲਗੀ। ਗੁਰੂ ਜੀ ਨੇ ਗੁਰਬਾਣੀ ਨੂੰ ਰਲਿਆਂ ਤੋਂ ਬਚਾਉਣ ਲਈ ਭਾਈ ਗੁਰਦਾਸ ਨੂੰ ਬਾਣੀ ਇਕੱਤਰ ਕਰਨ ਦਾ ਕੰਮ ਸੌਂਪਿਆ— *ਇਥੇ ਸਬਦ ਕੀਰਤਨੁ ਕਰਨ ਸਿਖ। ਤੁਮ ਰਬਾਬੀ ਅਤੇ ਕਢੇ ਹੋਏ ਉਨਾਂ ਲਏ ਰਖ। ਇਥੇ ਕਿਸੇ ਸਿਖ ਸਬਦ ਮਿਹਰਬਾਨ ਦਾ ਕੀਰਤਨ ਵਿਚਿ ਪੜਿਆ। ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ।92। ਬਚਨਾ ਕੀਤਾ ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ। ਮੀਣੇ ਪਾਂਦੇ ਨੀ ਰਲਾ ਸੋ ਵਿਚਿ ਰਲਾ ਨ ਧਰੀਏ। ਸੋ ਸਾਹਿਬ ਬਾਣੀ ਉਚਾਰੁ ਅਗੇ ਹੀ ਕਰਤ ਸੇ ਭਏ। ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ।* (ਚਰਣ 5/93)। ਇਹ ਕੰਮ ਭਾਈ ਗੁਰਦਾਸ ਨੇ ਸੰਨ 1601 ਈ. (ਸੰ. 1658 ਬਿ.) ਵਿਚ ਮੁਕਾਇਆ — (1) *ਗ੍ਰੰਥ ਸਾਹਿਬ ਜੀ ਨੇ ਸੰਮਤੁ ਸੋਲਾ ਸੈ ਅਠਵੰਝਵੇ ਜਨਮੁ ਹੈ ਧਾਰਾ। ਗੁਰੂ ਅਰਜਨ ਜੀ ਕੇ ਧਾਮ ਖਿਡਾਵਾ ਭਾਈ ਗੁਰਦਾਸ ਭਲਾ ਲਿਖਾਰਾ* (ਚਰਣ 14/135); (2) *ਸੰਮਤੁ ਸੋਲਾ ਸੈ ਅਠਵੰਜਾ ਸੇ ਗਏ। ਤਬ ਆਦਿ ਗ੍ਰੰਥ ਜੀ ਜਨੁਮ ਲਏ। ਗੁਰੂ ਅਰਜਨ ਜੀ ਕੇ ਧਾਮ ਗ੍ਰੰਥ ਸਾਹਿਬ ਜਨਮੁ ਹੈ ਧਾਰਾ। ਦਾਇਆ ਸੀ ਭਾਈ ਗੁਰਦਾਸ ਲਿਖਾਰੀ ਖਿਡਾਵਣਹਾਰਾ।* (ਚਰਣ 14/266)। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਰੂਪ ਦੇਣ ਲਈ ਗ੍ਰੰਥ ਸਾਹਿਬ ਧੀਰਮੱਲੀਆਂ ਪਾਸੋਂ ਮੰਗਵਾਇਆ ਤਾਂ ਉਨ੍ਹਾਂ ਨਾਂਹ ਕਰ ਦਿੱਤੀ (10/295-96)। ਗੁਰੂ ਸਾਹਿਬ ਨੇ ਆਪਣੀ ਰਸਨਾ ਤੋਂ ਉਚਾਰਣ ਕਰਕੇ ਇਸ ਨੂੰ ਲਿਖਵਾਇਆ। (ਚਰਣ 10/376-77)। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਨੂੰ ਆਪਣੇ ਬਾਦ ਗੁਰੂ-ਪਦਵੀ ਪ੍ਰਦਾਨ ਕੀਤੀ— (1) *ਦਸਵਾ ਪਾਤਸ਼ਾਹ ਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ। ਅਜੁ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋ ਗਇਆ।* (ਚਰਣ 14/264); (2) *ਆਜੁ ਕੇ ਸਮੈ ਹੈ ਗ੍ਰੰਥ ਸਾਹਿਬ ਗੁਰੂ ਹਮਾਰਾ। ਅਗੇ ਦਸਵਾ ਪਾਤਸ਼ਾਹ ਲਾਇ ਬੈਠਤ ਥੇ ਦਰਬਾਰਾ। ਜੋ ਸੰਕਾ ਹੋਤੀ ਸੋ ਸਾਹਿਬ ਦਸਵੇ ਤੇ ਪੁਛ ਲੇਤੇ। ਅਬ ਤਿਸਕਾ ਆਸਨ ਗ੍ਰੰਥ ਗੁਰੂ ਉਤਰਿ ਹੈ ਦੇਤੇ।* (ਚਰਣ 14/349)।

ਬੰਸਾਵਲੀਨਾਮੇ ਤੋਂ ਸੱਤ ਸਾਲ ਬਾਦ ਬਾਬਾ ਸਰੂਪ ਦਾਸ ਭੱਲਾ (ਨਾਮਾਂਤਰ 'ਸਰੂਪ ਚੰਦ') ਨੇ ਸੰਨ 1776 ਈ. (1833 ਬਿ.) ਵਿਚ 'ਮਹਿਮਾ-ਪ੍ਰਕਾਸ਼' (ਵੇਖੋ) ਦੀ ਰਚਨਾ ਕੀਤੀ। ਧਿਆਨ ਰਹੇ ਕਿ ਸੰਨ 1741 ਈ. (1798 ਬਿ.) ਵਿਚ ਬਾਵਾ ਕ੍ਰਿਪਾਲ ਸਿੰਘ ਦੁਆਰਾ ਵਾਰਤਕ ਵਿਚ ਰਚੇ ਇਕ 'ਮਹਿਮਾ-ਪ੍ਰਕਾਸ਼' ਦਾ ਉੱਲੇਖ ਜ਼ਰੂਰ ਮਿਲਦਾ ਹੈ। ਪਰ ਨ ਉਸ ਰਚਨਾ ਦੀ ਕੋਈ ਹੱਥ-ਲਿਖਿਤ ਹੁਣ ਉਪਲਬਧ ਹੈ ਅਤੇ ਨ ਹੀ ਉਸ ਦੀ ਸਾਮਗ੍ਰੀ ਸਰੂਪ ਦਾਸ ਭੱਲਾ ਵਾਲੇ 'ਮਹਿਮਾ-ਪ੍ਰਕਾਸ਼' ਤੋਂ ਭਿੰਨ ਹੈ। ਇਸ ਲਈ ਉਸ ਨੂੰ ਇਸ

ਪ੍ਰਸੰਗ ਵਿਚ ਵਿਚਾਰਨਾ ਅਨਾਵੱਸ਼ਕ ਪ੍ਰਤੀਤ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਬ੍ਰਿੱਤਾਂਤ ਦੀਆਂ ਪੰਜ ਸਾਖੀਆਂ (11ਵੀਂ ਤੋਂ 15ਵੀਂ) ਵਿਚ ਕਵੀ ਨੇ ਦਸਿਆ ਹੈ ਗੁਰੂ ਜੀ ਦੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਨਵੇਂ ਪ੍ਰਗਟ ਹੋਏ ਪੰਥ ਲਈ ਇਕ ਗ੍ਰੰਥ ਤਿਆਰ ਕਰਨਾ ਚਾਹੀਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਭਾਈ ਗੁਰਦਾਸ ਨੂੰ ਆਦੇਸ਼ ਦਿੱਤਾ ਕਿ ਉਹ ਗੁਰਬਾਣੀ ਅਤੇ ਭਗਤ-ਬਾਣੀ ਵਿਚੋਂ ਪ੍ਰਮਾਣਿਕ ਬਾਣੀ ਦਾ ਨਿਰਣਾ ਕਰਕੇ ਗ੍ਰੰਥ ਦਾ ਸੰਕਲਨ ਕਰੇ। ਭਾਈ ਗੁਰਦਾਸ ਦੇ ਬੇਨਤੀ ਕਰਨ 'ਤੇ ਗੋਇੰਦਵਾਲ ਤੋਂ ਪੋਥੀਆਂ ਮੰਗਵਾਉਣ ਲਈ ਗੁਰੂ ਜੀ ਨੇ ਆਪਣੇ ਪੁਰੋਹਿਤ ਨੂੰ ਭੇਜਿਆ, ਪਰ ਸੰਸਰਾਮ ਨੇ ਪੋਥੀਆਂ ਨ ਦਿੱਤੀਆਂ। ਫਿਰ ਗੁਰੂ ਜੀ ਸੱਤੇ ਰਬਾਬੀ ਅਤੇ ਕਈ ਸਿੱਖ-ਸੇਵਕਾਂ ਨੂੰ ਨਾਲ ਲੈ ਕੇ ਗੋਇੰਦਵਾਲ ਗਏ ਅਤੇ *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ* ਵਾਲੇ ਸ਼ਬਦ ਦੇ ਕੀਰਤਨ ਦੁਆਰਾ ਬਾਬੇ ਮੋਹਨ ਨੂੰ ਪ੍ਰਸੰਨ ਕਰਕੇ ਪੋਥੀਆਂ ਅੰਮ੍ਰਿਤਸਰ ਲਿਆਉਂਦੀਆਂ ਅਤੇ ਹੋਰ ਵੀ ਕਈ ਸਾਧਨਾਂ ਰਾਹੀਂ ਬਾਣੀ ਇਕੱਠੀ ਕਰਕੇ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਇਸ ਵਿਚ 'ਪ੍ਰਾਣਸੰਗਲੀ' ਅਤੇ ਭਗਤ-ਬਾਣੀ ਦੀ ਪ੍ਰਾਪਤੀ ਅਤੇ ਸਾਧੂ -ਜਨ, ਕਾਨ੍ਹਾ, ਛੱਜੂ, ਸ਼ਾਹ ਹੁਸੈਨ ਆਦਿ ਨਵੀਨ ਭਗਤਾਂ ਦੀ ਬਾਣੀ ਨੂੰ ਬੀੜ ਵਿਚ ਚੜ੍ਹਾਉਣ ਬਾਰੇ ਕੁਝ ਪੌਰਾਣਿਕ ਅਤੇ ਕਲਪਿਤ ਬ੍ਰਿੱਤਾਂਤ ਵੀ ਦਿੱਤਾ ਹੈ ਜਿਸ ਦੀ ਇਤਿਹਾਸਿਕ ਸਤਿਅਤਾ ਪ੍ਰਮਾਣਿਤ ਨਹੀਂ ਹੁੰਦੀ।

ਬੀੜ ਤਿਆਰ ਹੋ ਜਾਣ ਦੀ ਗੱਲ ਜਦੋਂ ਗੁਰੂ ਜੀ ਦੇ ਇਕ ਸੇਵਕ ਭਾਈ ਬੰਨੋ ਨੂੰ ਪਤਾ ਲਗੀ ਤਾਂ ਉਹ ਦਰਸ਼ਨ ਲਈ ਆਇਆ। ਉਸ ਨੇ ਗ੍ਰੰਥ ਦਾ ਉਤਾਰਾ ਕਰਨ ਲਈ ਬੀੜ ਨੂੰ ਆਪਣੇ ਪਿੰਡ ਲੈ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਇਸ ਸ਼ਰਤ ਉਤੇ ਬੀੜ ਦੇ ਦਿੱਤੀ ਕਿ ਮੰਗਵਾਏ ਜਾਣ 'ਤੇ ਤੁਰਤ ਵਾਪਸ ਲਿਆਉਂਦੀ ਜਾਏ। ਅਜੇ ਉਸ ਨੇ ਉਤਾਰੇ ਦਾ ਕੰਮ ਸ਼ੁਰੂ ਹੀ ਕਰਵਾਇਆ ਸੀ ਕਿ ਬੀੜ ਵਾਪਸ ਮੰਗਵਾ ਲਈ ਗਈ। ਭਾਈ ਬੰਨੋ ਨੇ ਕਈ ਲਿਖਾਰੀ ਲਗਾ ਕੇ ਰਸਤੇ ਵਿਚ ਇਸ ਦਾ ਉਤਾਰਾ ਮੁਕੰਮਲ ਕਰਵਾਇਆ— *ਬਹੁ ਹਾਥਨ ਕਰ ਲਿਖਨਾ ਭਾਇਆ। ਕੌਊ ਸਬਦ ਮਿਸਲ ਬੇਮਿਸਲ ਹੋ ਗਇਆ। ਇਹ ਖਾਰੇ ਕੀ ਮਿਸਲ ਕਹਾਵੈ। ਗੁਰਦਾਸ ਮਿਸਲ ਸੋ ਭੇਦ ਜਨਾਵੈ।* (ਸਾਖੀ 14/10)।

ਇਸ ਸੰਦਰਭ ਵਿਚ 'ਸਿਖਾਂ ਦੀ ਭਗਤਮਾਲਾ' (ਵੇਖੋ) (26ਵੀਂ ਪਉੜੀ ਵਿਆਖਿਆ) ਵਿਚ ਅੰਕਿਤ ਤੱਥ ਵੀ ਵਿਚਾਰਨ ਯੋਗ ਹਨ। ਇਸ ਕ੍ਰਿਤੀ ਦੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਸੰਨ 1715 ਈ. ਤੋਂ ਲੈ ਕੇ 1790 ਈ. ਤਕ ਦੇ ਅੰਤਰਾਲ ਵਿਚ ਇਸ ਨੂੰ ਕਿਤੇ ਵੀ ਸਥਿਤ ਕਰਨ ਦੇ ਯਤਨ ਕੀਤੇ ਗਏ ਮਿਲਦੇ ਹਨ। ਪਰ ਅੰਦਰਲੇ ਅਤੇ ਬਾਹਰਲੇ ਪ੍ਰਮਾਣ ਇਸ ਨੂੰ 'ਬੰਸਾਵਲੀਨਾਮਾ' ਅਤੇ 'ਮਹਿਮਾ-ਪ੍ਰਕਾਸ਼' ਦੇ ਨੇੜੇ-ਤੇੜੇ ਦੀ ਰਚਨਾ ਸਿੱਧ ਕਰਦੇ ਹਨ। ਇਸ ਵਿਚਲਾ ਬ੍ਰਿੱਤਾਂਤ 'ਮਹਿਮਾ-ਪ੍ਰਕਾਸ਼' ਨਾਲ ਕਾਫ਼ੀ ਸਾਂਝ ਰਖਦਾ ਹੈ ਜਿਸ ਕਰਕੇ ਇਨ੍ਹਾਂ ਵਿਚ ਕੋਈ ਇਕ ਲੇਖਕ ਦੂਜੇ ਦੇ ਤੱਥਾਂ ਤੋਂ ਲਾਭ ਉਠਾਉਂਦਾ ਪ੍ਰਤੀਤ ਹੁੰਦਾ ਹੈ। ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਬਾਰੇ ਇਸ ਵਿਚ ਲਿਖਿਆ ਹੈ—*ਭਾਈ ਗੋਪੀ ਮਹਿਤਾ ਤੇ ਭਾਈ ਤੀਰਥੁ ਤੇ ਭਾਈ ਨਥਾ ਤੇ ਭਾਈ ਭਾਊ ਮੋਕਲੁ ਤੇ ਭਾਈ ਢਿਲੀ ਮੰਡਲ ਗੁਰਾਂ ਦੀ ਸਰਨਿ ਆਏ। ਓਨਾ ਅਰਦਾਸ ਕੀਤੀ ਜੀ ਸਚੇ ਪਾਤਸਾਹੁ। ਗੁਰੂ ਕੀ ਬਾਣੀ ਨੂੰ ਸੁਣਿ ਕੇ ਤੇ ਮਨਿ ਭੈ ਪ੍ਰਾਪਤਿ ਹੁੰਦਾ ਹੈ ਤੇ ਪਿਰਥੀ ਮਲੁ ਤੇ ਮਹਾਦੇਉ ਤੇ ਹੋਰ ਸੋਢੀਆ ਬਾਣੀਆ ਕਹਿ ਕੇ ਤੇ ਵਿਚ ਗੁਰੂ ਨਾਨਕ ਜੀ ਦਾ ਭੋਗੁ ਪਾਇਆ ਹੈ। ਓਨਾ ਦੀਆਂ ਬਾਣੀਆ ਨੂੰ ਸੁਣਿ ਕੇ ਮਨ ਵਿਚ ਅਭਮਾਨੁ ਤੇ ਚਤੁਰਾਈ ਵਧਦੀ ਹੈ। ਤਾ ਬਚਨ ਹੋਇਆ—ਭਾਈ ਗੁਰਦਾਸ, ਹੁਣਿ ਤਾ ਸਿਖ ਬਾਣੀਆ ਨੂੰ ਜਾਣਦੇ ਹੈਨਿ ਤੇ ਅਗੇ ਜੋ ਹੋਣਨਗੇ ਸੋ ਪਛਾਣਨਗੇ ਨਹੀ, ਜੋ ਗੁਰੂ ਕੀ ਬਾਣੀ ਕੌਨੁ ਹੈ ਤੇ ਬਾਹਰਿ ਦੀ ਬਾਣੀ ਕੌਨ ਹੈ, ਤਾ ਤੇ ਸਭ ਬਾਣੀਆ ਇਕਠੀਆ ਕਰਿ ਕੇ ਗਰੰਥ ਜੀ ਦੀ ਬੀੜ ਕੀਚੈ ਤੇ ਅਖਰ ਭੀ ਗੁਰਮੁਖੀ ਸੁਗਮ ਕੀਚਨ। ਸਭ ਕਿਸੇ ਦੇ ਵਾਚਣਿ ਵਿਚ ਸੁਗਮ ਆਵਨਿ। ਤਾ ਕੋਠੇ ਵਿਚ ਸਭੇ ਬਾਣੀਆ ਇਕਠਿਆ ਕੀਤੀਆ। ਤੇ ਭਾਈ ਗੁਰਦਾਸ ਨੂੰ ਬਚਨੁ ਹੋਇਆ— ਮੋਹਣਿ ਪਾਸੋ ਪੋਥੀਆ ਲੈ ਆਉ। ਤਾ ਭਾਈ ਗੁਰਦਾਸ ਜੀ ਕਹਿਆ— ਮਹਾਰਾਜ, ਉਹ ਮੈਨੂੰ ਨਹੀ ਦੇਵਦੇ। ਤੁਸੀ ਆਪ ਜਾਹੋਗੇ ਤਾ ਓਹੁ ਦੇਵਨਿਗੇ। ਤਾ ਸਾਹਿਬ ਆਪ ਗਏ। ਜੋ ਮੋਹਣਿ ਸੁਣਿਆ ਤਾ ਚੌਬਾਰਾ ਬੰਦੁ ਕਰਿ ਕੇ ਅੰਦਰਿ ਬੈਠਿ ਰਹਿਆ। ਤਾ ਸਾਹਿਬ ਚੌਬਾਰੇ ਦੇ ਹੇਠ ਬੈਠ ਕਰਿ ਰਾਗੁ ਪਾਇ ਕਰਿ ਸਬਦੁ ਅਲਾਪਿਆ— ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ...। ਜਾ ਪਹਿਲੀ ਪਉੜੀ ਗਾਵੀ ਤਾ ਮੋਹਣ ਚੌਬਾਰਾ ਖੋਲਿਆ। ਜਾ ਦੂਜੀ ਪਉੜੀ ਗਾਵੀ ਤਾ ਤਲੇ ਦਾ ਦਰਵਾਜਾ ਪਉੜੀਆ ਦਾ ਖੋਲਿਆ। ਜਾ ਤੀਜੀ*

*ਪਉੜੀ ਗਾਵੀ ਤਾ ਉਠਿ ਕੇ ਨਮਸਕਾਰ ਕੀਤੀ। ਜਾ ਚੌਥੀ ਪਉੜੀ ਗਾਵੀ ਤਾ ਪੋਥੀਆਂ ਸਭੇ ਲੈ ਕੇ ਆਇ ਰਚਨੀ ਲਗਾ। ਤਾ ਸਾਹਿਬ ਪੋਥੀਆ ਸਭਿ ਇਕਠੀਆ ਕਰ ਕੈ ਭਾਈ ਗੁਰਦਾਸ ਦੇ ਹਵਾਲੇ ਕੀਤੀਆ। ਗਰਮੁਖੀ ਅਖਰਾ ਵਿਚ ਗ੍ਰੰਥ ਜੀ ਲਿਖਿਆ।* ਇਸ ਤੋਂ ਅਗੇ ਪੁਰਾਤਨ ਅਤੇ ਨਵੇਂ ਭਗਤਾਂ/ਫ਼ਕੀਰਾਂ ਦੀ ਬਾਣੀ ਬੀੜ ਵਿਚ ਚੜ੍ਹਾਉਣ ਦੀ ਪ੍ਰਕ੍ਰਿਆ ਨਾਲ ਸੰਬੰਧਿਤ ਕਲਪਿਤ ਵਿਵਰਣ ਦਿੱਤਾ ਹੈ।

ਇਸ ਤੋਂ ਬਾਦ ਹੇਠ ਲਿਖੇ ਗ੍ਰੰਥਾਂ ਵਿਚ ਵੀ ਬੀੜ ਤਿਆਰ ਕਰਨ ਦੇ ਪ੍ਰਸੰਗ ਵਿਸਤਾਰ ਸਹਿਤ ਦਿੱਤੇ ਗਏ ਹਨ। ਇਨ੍ਹਾਂ ਵਿਚ ਉਪਰੋਕਤ ਗ੍ਰੰਥਾਂ ਦੇ ਤੱਥਾਂ ਨੂੰ ਕੁਝ ਹੋਰ ਵਧਾ ਕੇ ਲਿਖਿਆ ਗਿਆ ਹੈ :

(1) *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਅਧਿਆਇ 4)– ਇਹ ਰਚਨਾ ਭਾਈ ਕਾਨ੍ਹ ਸਿੰਘ ('ਗੁਰਮਤ ਮਾਰਤੰਡ', ਪੰਨਾ 94 ਪੈਰ-ਟਿੱਪਣੀ) ਅਨੁਸਾਰ ਸੰਨ 1833 ਈ. (ਸੰਮਤ 1890 ਬਿ.) ਵਿਚ ਆਰੰਭ ਹੋ ਕੇ ਸੰਨ 1843 ਈ. (1900 ਬਿ.) ਵਿਚ ਸਮਾਪਤ ਹੋਈ ਸੀ। ਇਸ ਦੇ ਰਚੈਤਾ ਭਾਈ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਭਾਈ ਦਰਬਾਰਾ ਸਿੰਘ ਚੌਂਕੀਵਾਲੇ ਸਨ।

(2) *ਗੁਰ ਪ੍ਰਤਾਪ ਸੂਰਯ* (ਰਾਸ 3, ਅੰਸੁ 33 ਤੋਂ 50 ਤਕ)– ਇਹ ਭਾਈ ਸੰਤੋਖ ਸਿੰਘ ਦੀ ਰਚਨਾ ਹੈ ਅਤੇ ਸੰਨ 1843 ਈ. (ਸੰਮਤ 1900 ਬਿ.) ਵਿਚ ਮੁਕੰਮਲ ਹੋਈ ਸੀ।

(3) *'ਤਵਾਰੀਖ਼ ਗੁਰੂ ਖ਼ਾਲਸਾ' (ਪਹਿਲਾ ਭਾਗ)*– ਇਹ ਗਿਆਨੀ ਗਿਆਨ ਦੀ ਰਚਨਾ ਹੈ ਅਤੇ ਇਸ ਦਾ ਪਹਿਲਾ ਭਾਗ ਸੰਨ 1891 ਈ. (1948 ਬਿ.) ਵਿਚ ਪ੍ਰਕਾਸ਼ਿਤ ਹੋਇਆ।

ਉਪਰੋਕਤ ਤਿੰਨਾਂ ਕ੍ਰਿਤੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਦਾ ਸੰਮਤ 1661 ਬਿ. (1604 ਈ.) ਦਸਿਆ ਗਿਆ ਹੈ ਜਦ ਕਿ ਬੰਸਾਵਲੀਨਾਮੇ ਵਿਚ ਇਸ ਨੂੰ 1658 ਬਿ. (1601 ਈ.) ਵਿਚ ਸੰਪੂਰਣ ਹੋਇਆ ਮੰਨਿਆ ਗਿਆ ਹੈ। ਸਪੱਸ਼ਟ ਹੈ ਕਿ ਪੂਰਵ-ਵਰਤੀ ਰਚਨਾ ਵਿਚ ਇਸ ਗ੍ਰੰਥ ਦੇ ਸੰਪਾਦਨ ਦਾ ਕੰਮ 1601 ਈ. ਵਿਚ ਮੁਕਿਆ ਸੀ ਅਤੇ ਪਰਵਰਤੀ ਰਚਨਾਵਾਂ ਵਿਚ ਇਸ ਦੀ ਸਮਾਪਤੀ 1604 ਈ. ਵਿਚ ਮੰਨੀ ਗਈ ਹੈ। ਵਰਤਮਾਨ ਕਾਲ ਵਿਚ ਸੰਨ 1604 ਈ. ਨੂੰ ਹੀ ਬੀੜ ਦੇ ਮੁਕੰਮਲ ਹੋਣ ਦਾ ਸਾਲ ਦਸਿਆ ਜਾਂਦਾ ਹੈ, ਜੋ 'ਕਰਤਾਰਪੁਰੀ ਬੀੜ' (ਵੇਖੋ) ਅਨੁਰੂਪ ਹੈ। ਇਸ ਬੀੜ ਦੇ ਤਤਕਰੇ ਉਪਰ ਲਿਖਿਆ ਹੈ– *ਸੰਬਤੁ ੧੬੬੧ ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ।*

ਕੁਲ ਮਿਲਾ ਕੇ ਉਪਰੋਕਤ ਰਚਨਾਵਾਂ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਗੁਰਬਾਣੀ ਨੂੰ ਰਲਿਆਂ ਤੋਂ ਬਚਾਉਣ ਅਤੇ ਨਵੇਂ ਪੰਥ ਲਈ ਧਰਮ-ਗ੍ਰੰਥ ਤਿਆਰ ਕਰਨ ਦੀ ਰੀਝ ਪੈਦਾ ਹੋਈ। ਉਨ੍ਹਾਂ ਨੇ ਬਾਬਾ ਮੋਹਨ ਤੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕੀਤੀਆਂ ਅਤੇ ਹੋਰ ਸਾਧਨਾਂ ਰਾਹੀਂ ਗੁਰਬਾਣੀ ਅਤੇ ਭਗਤ-ਬਾਣੀ ਨੂੰ ਇਕੱਠਾ ਕਰਵਾ ਕੇ ਉਸ ਦਾ ਗੰਭੀਰਤਾ ਨਾਲ ਪਰੀਖਣ ਕੀਤਾ ਅਤੇ ਪ੍ਰਮਾਣਿਕ ਬਾਣੀ ਨੂੰ ਨਿਤਾਰ ਕੇ ਇਸ ਗ੍ਰੰਥ ਦਾ ਸੰਪਾਦਨ ਕੀਤਾ। ਲਿਖਾਰੀ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਨੇ ਨਿਭਾਈ।

ਸਿੱਖ-ਇਤਿਹਾਸ ਅਤੇ ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਸੰਕਲਨ ਅਤੇ ਸੰਪਾਦਨ ਦਾ ਕੰਮ ਅੰਮ੍ਰਿਤਸਰ ਵਿਚ ਆਰੰਭ ਕੀਤਾ ਅਤੇ ਬੀੜ ਲਿਖਣ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਨੂੰ ਸੌਂਪੀ। ਇਨ੍ਹਾਂ ਤੱਥਾਂ ਦੀ ਪੁਸ਼ਟੀ ਕੁਝ ਪੁਰਾਤਨ ਬੀੜਾਂ ਵਿਚ ਅੰਕਿਤ ਉਕਤੀਆਂ ਤੋਂ ਵੀ ਹੋ ਜਾਂਦੀ ਹੈ। ਇਸ ਸੰਬੰਧ ਵਿਚ ਦੋ ਬੀੜਾਂ ਤੋਂ ਕੁਝ ਉਕਤੀਆਂ ਨਮੂਨੇ ਵਜੋਂ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਇਕ ਹੈ ਸੰ. 1716 ਬਿ. ਦੀ ਲਿਖੀ ਅਤੇ ਬਾਬਾ ਰਾਮ ਰਾਇ ਦੇ ਡੇਰੇ, ਦੇਹਰਾਦੂਨ ਵਿਚ ਸੁਰਖਿਅਤ ਬੀੜ। ਸਰ. ਜੀ.ਬੀ.ਸਿੰਘ ਅਤੇ ਭਾਈ ਰਣਧੀਰ ਸਿੰਘ ਦੇ ਦਸੇ ਅਨੁਸਾਰ ਮਾਰੂ ਰਾਗ ਵਿਚ ਸੰਕਲਿਤ ਭਗਤ ਰਵਿਦਾਸ ਦੇ ਸ਼ਬਦ 'ਸੁਧ ਸਾਗਰ ਸੁਰਿਤਰ ਚਿੰਤਾਮਣੀ' ਦੇ ਹੇਠਾਂ ਲਿਖਿਆ ਹੈ–*ਇਹ ਸਬਦ ਪੰਜਵੇਂ ਮਹਲੇ ਦੇ ਗਰੰਥ ਉਪਰਹੁ ਲਿਖਿਆ।* ਇਸੇ ਤਰ੍ਹਾਂ 'ਸਲੋਕ ਵਾਰਾ ਤੇ ਵਧੀਕ' ਪ੍ਰਕਰਣ ਦੇ ਮਹਲੇ ਚੌਥੇ ਦੇ ਸ਼ਲੋਕਾਂ ਦੇ ਹੇਠਾਂ ਲਿਖਿਆ ਹੈ– *ਇਤਨੇ ਸਲੋਕ ਪੰਜਵੇਂ ਮਹਲੇ ਕੇ ਗਿਰੰਥ ਉਪਰਹੁ ਲਿਖੇ।* ਇਨ੍ਹਾਂ ਉਕਤੀਆਂ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ ਮਹਲੇ ਪੰਜਵੇਂ ਦਾ ਕੋਈ ਆਧਾਰ-ਭੂਤ ਗ੍ਰੰਥ ਉਸ ਵੇਲੇ ਹੋਂਦ ਵਿਚ ਸੀ, ਜਿਸ ਨਾਲ ਇਸ ਬੀੜ ਲਿਖਣ ਵਾਲੇ ਨੇ ਮਿਲਾਨ ਕੀਤਾ ਸੀ।

ਦੂਜੀ ਬੀੜ ਭਾਈ ਰਾਮਰਾਇ ਦੀ ਸੰ. 1749 ਬਿ. ਵਿਚ ਲਿਖੀ ਹੈ ਅਤੇ ਜਿਸ ਬਾਰੇ ਭਾਈ ਰਣਧੀਰ ਸਿੰਘ ਨੇ ਆਪਣੀ ਅਣਛਪੀ ਪੁਸਤਕ (*ਗੁਰ ਸਬਦ ਵਿਗਾਸ*) ਵਿਚ ਜ਼ਿਕਰ ਕਰਦਿਆਂ ਦਸਿਆ ਹੈ ਕਿ ਉਸ ਦੇ ਪੱਤਰਾ 1027

ਉਪਰ ਬੀੜ ਦੇ ਲਿਖੇ ਜਾਣ ਦੇ ਧੰਨਵਾਦ ਦਾ ਸੂਚਕ ਇਕ ਬਾਣੀ-ਅੰਸ਼ ਲਿਖ ਕੇ ਫਿਰ ਗ੍ਰੰਥ ਦੇ ਪੜ੍ਹਨ ਸੁਣਨ ਦੇ ਮਹਾਤਮ ਉਤੇ ਚਾਨਣਾ ਪਾਇਆ ਹੈ ਅਤੇ ਗ੍ਰੰਥ ਸਾਹਿਬ ਦੇ ਕੁਝ ਕੁ ਸ਼ੁੱਧ ਪਾਠਾਂ ਵਾਲੀਆਂ ਬੀੜਾਂ ਵਲ ਸੰਕੇਤ ਕੀਤਾ ਹੈ— *ਧਰ ਜੀਅੜੇ ਤੂੰ ਏਕ ਟੇਕ ਲਾਹ ਵਿਡਾਣੀ ਆਸ॥ ਨਾਨਕ ਨਾਮ ਧਿਆਇ ਤੂ ਕਾਰਜ ਆਵੈ ਰਾਸ॥੧॥ ਸ੍ਰੀ ਬਾਬੇ ਜੀ ਕੀ ਆਗਿਆ ਹੈ ਜੋ ਏਸ ਨੂੰ ਪਿਆਰ ਲਾਇ ਕੇ ਪੜੇਗਾ ਸੁਣੇਗਾ॥ ਤਿਸ ਕਾ ਆਵਾਗਵਣ ਰਹੇਗਾ ਸਤਿ ਕਰ ਮੰਨਣਾ॥... ਏਹੁ ਗਿਰੰਥ ਫਤੇ ਚੰਦ ਕੇ ਗਿਰੰਥ ਦਾ ਨਕਲੁ ਫਤੇ ਚੰਦ ਕਾ ਗਿਰੰਥ ਨਾਲਿ ਸੋਧਿਆ ਹੈ ਪੰਜਵੇਂ ਮਹਲ ਗੁਰਦਾਸ ਭਲੇ ਪਾਸਹੁੰ ਲਿਖਵਾਇਆ ਸੀ ਜੋ ਓਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸੁਧ ਹੋਵੈ। ਜੇ ਫੇਰ ਗਿਰੰਥ ਸੋਧਿਆ ਲੋੜੀਐ ਤਾ ਜਗਨੇ ਬ੍ਰਾਹਮਣ ਦੇ ਗਿਰੰਥ ਨਾਲਿ ਸੁਧ ਕਰਿ ਲੇਇਓ ਹੋਰਨਾਂ ਗਿਰੰਥਾਂ ਨਾਲਹੁ ਜਗਨੇ ਬ੍ਰਹਮਣ ਦਾ ਗਿਰੰਥ ਸੁਧ ਕੀਤਾ ਪੁਹਕਰ ਦਾ ਗਿਰੰਥ ਜਗਨੇ ਦੇ ਗਿਰੰਥ ਨਾਲਿ ਸੁਧਿ ਕੀਆ ਹੈ।* ਇਸ ਉਕਤੀ ਤੋਂ ਸਪੱਸ਼ਟ ਹੈ ਕਿ ਪੰਜਵੇਂ ਗੁਰੂ ਵਲੋਂ ਭਾਈ ਗੁਰਦਾਸ ਦੁਆਰਾ ਲਿਖਵਾਇਆ ਜੋ ਗ੍ਰੰਥ ਸੀ, ਉਸ ਨਾਲ ਮਿਲਾ ਕੇ ਸੋਧਿਆ ਜਾਣ ਵਾਲਾ ਗ੍ਰੰਥ ਹੀ ਸ਼ੁੱਧ ਅਖਵਾਉਣ ਦਾ ਅਧਿਕਾਰੀ ਹੈ।

ਭਾਈ ਗੁਰਦਾਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਪਾਸ ਚਾਰ ਹੋਰ ਲਿਖਾਰੀ ਵੀ ਸਨ, ਜੋ ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਸਦਾ ਗੁਰੂ ਜੀ ਨਾਲ ਰਹਿੰਦੇ ਸਨ ਅਤੇ ਨਾਲ ਨਾਲ ਬਾਣੀ ਲਿਖਦੇ ਜਾਂਦੇ ਸਨ— *ਭਾਈ ਸੰਤ ਦਾਸ ਤੇ ਹਰੀਆ ਸੁਖਾ ਮਨਸਾ ਰਾਮੁ। ਲਿਖਦੇ ਜਾਨ ਸੋ ਚਾਰੇ ਲਿਖਾਰੀ ਜੋ ਸਾਹਿਬ ਕਰਨ ਬਖ਼ਾਨੁ।31।* (ਚਰਣ ਪੰਜਵਾਂ)।

ਗੁਰੂ ਅਰਜਨ ਦੇਵ ਜੀ ਨੇ ਜਦੋਂ ਬਾਣੀ ਦਾ ਗ੍ਰੰਥ ਤਿਆਰ ਕਰਨ ਦਾ ਮਨ ਬਣਾ ਲਿਆ, ਤਾਂ ਅਗਲਾ ਕੰਮ ਸੀ ਗੁਰਬਾਣੀ ਇਕੱਤਰ ਕਰਨ ਦਾ। ਉਨ੍ਹਾਂ ਪਾਸ ਆਪਣੀ ਬਾਣੀ ਮੌਜੂਦ ਸੀ। ਪਿਤਾ ਗੁਰੂ ਰਾਮਦਾਸ ਜੀ ਦੀ ਬਾਣੀ ਵੀ ਉਨ੍ਹਾਂ ਪਾਸ ਹੀ ਹੋਣੀ ਚਾਹੀਦੀ ਹੈ। ਬਸ ਉਪਲਬਧ ਨਹੀਂ ਸੀ ਤਾਂ ਪੂਰਵ-ਵਰਤੀ ਤਿੰਨ ਗੁਰੂ ਸਾਹਿਬਾਨ ਦੀ। ਇਹ ਬਾਣੀ ਜਿਵੇਂ ਕਿ ਪਿਛੇ ਸੰਕੇਤ ਕੀਤਾ ਗਿਆ ਹੈ, ਬਾਬੇ ਮੋਹਨ ਪਾਸ ਪੋਥੀਆਂ ਦੇ ਰੂਪ ਵਿਚ ਸੁਰਖਿਅਤ ਸੀ। ਪਰ ਉਨ੍ਹਾਂ ਪੋਥੀਆਂ ਤੋਂ ਇਲਾਵਾ ਵੀ ਅਨੇਕ ਪੋਥੀਆਂ, ਗੁਟਕੇ ਸ਼ਰਧਾਲੂਆਂ ਨੇ ਆਪਣੇ ਪਠਨ-ਪਾਠਨ ਲਈ ਤਿਆਰ ਕਰ ਅਤੇ ਕਰਵਾ ਲਏ ਸਨ। ਪਰ ਚੂੰਕਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਤੋਂ ਪਹਿਲਾਂ ਕਿਸੇ ਵੀ ਸਰੋਤ-ਸਾਮਗ੍ਰੀ ਨੂੰ ਉਹ ਵੇਖੇ ਬਿਨਾ ਛਡਣਾ ਨਹੀਂ ਚਾਹੁੰਦੇ ਸਨ, ਇਸੇ ਲਈ ਆਪ ਨੇ ਬਾਬੇ ਮੋਹਨ ਵਾਲੀਆਂ ਪੋਥੀਆਂ ਨੂੰ ਪ੍ਰਾਪਤ ਕਰਨ ਦਾ ਉੱਦਮ ਕੀਤਾ।

ਸਿੱਖ-ਇਤਿਹਾਸ ਅਤੇ ਪਰੰਪਰਾ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਬਾਬੇ ਮੋਹਨ ਪਾਸੋਂ ਪੋਥੀਆਂ ਮੰਗਵਾਉਣ ਲਈ ਸਿਦਕੀ ਸਿੱਖਾਂ ਨੂੰ ਭੇਜਿਆ। ਸਫਲਤਾ ਨ ਮਿਲਣ ਤੇ ਖ਼ੁਦ ਚਲ ਕੇ ਗਏ ਅਤੇ ਮੋਹਨ ਦੇ ਚੌਬਾਰੇ ਥੇਠਾਂ ਬੈਠ ਕੇ *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ* ਵਾਲੇ ਸ਼ਬਦ ਦਾ ਗਾਇਨ ਕੀਤਾ। ਇਹ ਸੁਣ ਕੇ ਬਾਬਾ ਮੋਹਨ ਪਸੀਜ ਗਿਆ ਅਤੇ ਪੋਥੀਆਂ ਗੁਰੂ ਅਰਜਨ ਦੇਵ ਜੀ ਨੂੰ ਭੇਂਟ ਕਰ ਦਿੱਤੀਆਂ ਜੋ ਉਨ੍ਹਾਂ ਨੇ ਵਾਚਣ ਉਪਰੰਤ ਵਾਪਸ ਕਰ ਦਿੱਤੀਆਂ। ਪ੍ਰੋ. ਸਾਹਿਬ ਸਿੰਘ ਆਦਿ ਵਿਦਵਾਨ 'ਮੋਹਨ' ਸ਼ਬਦ ਪਰਮਾਤਮਾ ਨੂੰ ਸੰਬੋਧਿਤ ਮੰਨਦੇ ਹਨ। ਪਰ ਉਨ੍ਹਾਂ ਦੀ ਧਾਰਣਾ ਦਾ ਖੰਡਨ ਉਪਰੋਕਤ ਸ਼ਬਦ ਦੇ ਅੰਤਿਮ ਪਦੇ ਤੋਂ ਹੀ ਹੋ ਜਾਂਦਾ ਹੈ ਜਿਸ ਵਿਚ 'ਮੋਹਨ' ਸ਼ਬਦ ਦੀ ਵਰਤੋਂ ਵਿਅਕਤੀ-ਸੂਚਕ ਹੈ— *ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ। ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ। ਤਾਰਿਆ ਜਹਾਨੁ ਲਾਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ।...* (ਗੁ.ਗ੍ਰੰ.248)।

ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੀ ਬਾਣੀ ਅਤੇ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚਲੀ ਬਾਣੀ ਤੋਂ ਇਲਾਵਾ ਰਬਾਬੀਆਂ, ਸ਼ਰਧਾਲੂਆਂ ਵਲੋਂ ਕੰਠਸਥ ਜਾਂ ਸੁਰਖਿਅਤ ਬਾਣੀ ਨੂੰ ਵੀ ਮੰਗਵਾਇਆ ਅਤੇ ਉਸ ਨੂੰ ਸ਼ਾਮਲ ਕਰਨ ਲਈ ਪੂਰੀ ਘੋਖ ਕੀਤੀ। ਸਿੱਖ-ਇਤਿਹਾਸ ਤੋਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਭ ਪ੍ਰਕਾਰ ਦੀ ਬਾਣੀ-ਸਾਮਗ੍ਰੀ ਨੂੰ ਵੇਖ ਕੇ ਪ੍ਰਸੰਨ ਚਿੱਤ ਗੁਰੂ ਅਰਜਨ ਦੇਵ ਜੀ ਨੇ ਆਪਣੀ ਭਾਵਨਾ ਇਸ ਤਰ੍ਹਾਂ ਪ੍ਰਗਟ ਕੀਤੀ— *ਹਮ ਧਨਵੰਤ ਭਾਗਠ ਸਚ ਨਾਇ। ਹਰਿ ਗੁਣ ਗਾਵਹ ਸਹਜਿ ਸੁਭਾਇ। ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ। ਤਾ ਮੇਰੈ ਮਨਿ ਭਇਆ ਨਿਧਾਨਾ। ਰਤਨ ਲਾਲ ਜਾ ਕਾ ਕਛੂ ਨ ਮੋਲੁ। ਭਰੇ ਭੰਡਾਰ ਅਖੂਟ ਅਤੋਲ।* (ਗੁ.ਗ੍ਰੰ. 185-86)।

ਬਾਣੀ ਸੰਬੰਧੀ ਸਾਮਗ੍ਰੀ ਇਕੱਠੀ ਕਰਨ ਤੋਂ ਬਾਦ ਗੁਰੂ ਜੀ ਨੇ ਸੋਧ ਕੇ ਪ੍ਰਮਾਣਿਕ ਬਾਣੀ ਨੂੰ ਅਪ੍ਰਮਾਣਿਕ ਤੋਂ ਨਿਖੇੜਿਆ ਅਤੇ ਆਪਣੀ ਜੁਗਤ ਅਨੁਸਾਰ ਗ੍ਰੰਥ ਸਾਹਿਬ

ਦਾ ਸੰਪਾਦਨ ਕੀਤਾ। ਉਸੇ ਆਦਿ-ਬੀੜ ਤੋਂ ਅਗੇ ਉਤਾਰੇ ਹੁੰਦੇ ਰਹੇ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੰਨ 1864 ਈ. ਤਕ ਹੱਥ-ਲਿਖਿਤ ਹੀ ਰਿਹਾ ਅਤੇ ਸੈਂਕੜੇ ਉਤਾਰੇ ਵਖ ਵਖ ਗੁਰੂ-ਧਾਮਾਂ ਅਤੇ ਸਿੱਖ-ਸ਼ਰਧਾਲੂਆਂ ਪਾਸ ਆਦਰ-ਪੂਰਵਕ ਸੁਰਖਿਅਤ ਰਹੇ। ਇਨ੍ਹਾਂ ਹੱਥ-ਲਿਖਿਤ ਬੀੜਾਂ ਦੀਆਂ ਮੁੱਖ ਤੌਰ 'ਤੇ ਚਾਰ ਸ਼ਾਖਾਵਾਂ ਹਨ।

ਪਹਿਲੀ, ਗੁਰੂ ਅਰਜਨ ਦੇਵ ਦੁਆਰਾ ਸੰਨ 1604 ਈ. ਵਿਚ ਸੰਪਾਦਿਤ ਅਤੇ ਭਾਈ ਗੁਰਦਾਸ ਦੁਆਰਾ ਲਿਖੀ ਮੂਲ ਬੀੜ ਹੈ, ਜੋ ਹੁਣ ਕਰਤਾਰਪੁਰ ਦੇ ਸੋਢੀ ਪਰਿਵਾਰ ਪਾਸ ਸੁਰਖਿਅਤ ਦਸੀ ਜਾਂਦੀ ਹੈ।

ਦੂਜੀ, ਭਾਈ ਬੰਨੋਵਾਲੀ (ਖਾਰੀ) ਬੀੜ ਜੋ ਭਾਈ ਬੰਨੋ ਨੇ ਆਪਣੇ ਪਿੰਡ ਮਾਂਗਟ ਲੈ ਜਾਣ ਦੌਰਾਨ ਅਥਵਾ ਲਾਹੌਰੋਂ ਜਿਲਦ ਬੰਨਵਾਉਣ ਵੇਲੇ ਕਈ ਲਿਖਾਰੀ ਲਗਾ ਕੇ ਮੂਲ ਬੀੜ ਦੀ ਨਕਲ ਵਜੋਂ ਤਿਆਰ ਕਰਵਾਈ। ਇਹ ਬੀੜ ਮੂਲ ਬੀੜ ਤੋਂ ਤੁਰਤ ਬਾਦ ਲਿਖੀ ਗਈ ਅਤੇ ਇਸ ਵਿਚ ਕੁਝ ਵਾਧੂ ਬਾਣੀਆਂ ਵੀ ਦਰਜ ਕਰ ਦਿੱਤੀਆਂ ਗਈਆਂ।

ਤੀਜੀ, ਦਮਦਮੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਚ ਲਿਖਵਾਈ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਵੀ ਸ਼ਾਮਲ ਕੀਤੀ। 'ਦਮਦਮਾ ਸਾਹਿਬ' ਦੀ ਸਹੀ ਨਿਸ਼ਾਨਦੇਹੀ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਕੋਈ 'ਸਾਬੋ ਕੀ ਤਲਵੰਡੀ' ਵਾਲਾ ਦਮਦਮਾ ਮੰਨਦੇ ਹਨ ਅਤੇ ਕੋਈ ਆਨੰਦਪੁਰ ਵਿਚਲੇ ਦਮਦਮਾ ਨੂੰ ਇਸ ਬੀੜ ਦਾ ਲਿਖਣ-ਸਥਲ ਨਿਸਚਿਤ ਕਰਦੇ ਹਨ। ਇਹ ਵੀ ਰਵਾਇਤ ਹੈ ਕਿ ਧੀਰਮੱਲੀਆਂ ਕੋਲੋਂ ਜਦੋਂ ਮੂਲ ਬੀੜ ਦਸਮ ਗੁਰੂ ਵਲੋਂ ਮੰਗਵਾਈ ਗਈ ਤਾਂ ਉਨ੍ਹਾਂ ਨੇ ਦੇਣੋਂ ਨਾਂਹ ਕਰ ਦਿੱਤੀ। ਗੁਰੂ ਜੀ ਨੇ ਆਤਮਿਕ ਸ਼ਕਤੀ ਨਾਲ ਬਾਣੀ ਦਾ ਉੱਚਾਰਣ ਕੀਤਾ ਅਤੇ ਭਾਈ ਮਨੀ ਸਿੰਘ ਨੇ ਲਿਖਾਰੀ ਦੀ ਸੇਵਾ ਨਿਭਾਈ। ਇਸੇ ਬੀੜ ਨੂੰ ਗੁਰੂ ਜੀ ਨੇ ਗੁਰੂ-ਪਦ ਪ੍ਰਦਾਨ ਕੀਤਾ। ਧਿਆਨ ਰਹੇ ਕਿ ਇਸ ਪ੍ਰਕਾਰ ਦੀ ਰਵਾਇਤ ਵਿਚ ਵਿਸ਼ਵਾਸ ਰਖਣ ਵਾਲੇ ਭੁਲ ਜਾਂਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤਕ ਗ੍ਰੰਥ ਸਾਹਿਬ ਦੇ ਅਨੇਕ ਉਤਾਰੇ ਹੋ ਚੁਕੇ ਸਨ ਜਿਨ੍ਹਾਂ ਵਿਚੋਂ ਹੁਣ ਵੀ ਕਈ ਉਪਲਬਧ ਹਨ।

ਚੌਥੀ, ਬਾਬਾ ਦੀਪ ਸਿੰਘ ਵਾਲੀ ਬੀੜ ਜੋ ਉਨ੍ਹਾਂ ਨੇ ਭਾਈ ਬੰਨੋ ਵਾਲੀ ਸ਼ਾਖਾ ਦੇ ਇਕ ਉਤਾਰੇ ਦਾ ਮੂਲ ਬੀੜ ਨਾਲ ਮਿਲਾਨ ਕਰਕੇ ਅਤੇ ਨੌਵੇਂ ਗੁਰੂ ਦੀ ਬਾਣੀ ਨੂੰ ਯਥਾ-ਸਥਾਨ ਸ਼ਾਮਲ ਕਰਕੇ ਤਿਆਰ ਕੀਤੀ ਅਤੇ ਫਿਰ ਉਸ ਦੇ ਉਤਾਰੇ ਕਰਵਾ ਕੇ ਮੁੱਖ ਧਰਮ-ਧਾਮਾਂ ਉਤੇ ਸਥਾਪਿਤ ਕਰਵਾਏ।

ਇਨ੍ਹਾਂ ਬੀੜਾਂ ਦੇ ਕਈ ਹੱਥ-ਲਿਖਿਤ ਉਤਾਰੇ ਜਾਂ ਇਤਿਹਾਸਿਕ ਮਹੱਤਵ ਵਾਲੀਆਂ ਕੁਝ ਬੀੜਾਂ ਦਾ ਵਿਵਰਣ 'ਪੁਰਾਤਨ ਬੀੜਾਂ' (ਵੇਖੋ) ਇੰਦਰਾਜ ਵਿਚ ਦਿੱਤੇ ਹਨ। ਇਨ੍ਹਾਂ ਵਿਚੋਂ ਅਧਿਕਤਰ ਉਤਾਰੇ ਭਾਈ ਬੰਨੋ ਵਾਲੀ ਬੀੜ ਦੇ ਮਿਲਦੇ ਹਨ ਕਿਉਂਕਿ ਇਹ ਸੁਵਿਧਾ ਪੂਰਵਕ ਉਪਲਬਧ ਹੋ ਜਾਂਦੀ ਸੀ। ਮੂਲ ਬੀੜ ਨੂੰ ਉਦੋਂ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ ਇਸ ਪੋਥੀ ਨੂੰ ਪਰਮਾਤਮਾ ਦਾ ਸਥਾਨ ਘੋਸ਼ਿਤ ਕਰਦੇ ਸਨ (*ਪੋਥੀ ਪਰਮੇਸਰ ਕਾ ਥਾਨੁ*—1226)। ਸੱਤਵੇਂ ਗੁਰੂ ਸਾਹਿਬ ਵੇਲੇ ਇਸ ਨੂੰ 'ਗ੍ਰੰਥ ਸਾਹਿਬ' ਕਿਹਾ ਜਾਣ ਲਗਿਆ। ਬੰਸਾਵਲੀਨਾਮੇ ਅਨੁਸਾਰ ਦਸਮ ਗੁਰੂ ਤੋਂ ਬਾਦ 'ਦਸਮ-ਗ੍ਰੰਥ' ਨਾਲੋਂ ਨਿਖੇੜਨ ਲਈ ਇਸ ਨੂੰ 'ਆਦਿ-ਗ੍ਰੰਥ' ਕਿਹਾ ਜਾਣ ਲਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਦੀ ਬਾਣੀ ਦੇ ਸ਼ਾਮਲ ਕੀਤੇ ਰੂਪ ਨੂੰ 7 ਅਕਤੂਬਰ 1708 ਈ. ਨੂੰ ਗੁਰੂ-ਗੱਦੀ ਪ੍ਰਦਾਨ ਕਰਕੇ ਇਹ-ਲੀਲਾ ਸਮਾਪਤ ਕੀਤੀ।

**ਗੁਰੂ ਗ੍ਰੰਥ ਸਾਹਿਬ: ਹਿੰਦੀ ਅਨੁਵਾਦ** : ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਭਾਵਾਤਮਕ ਏਕਤਾ ਨੂੰ ਮੁੱਖ ਰਖਦਿਆਂ ਹਿੰਦੀ ਵਿਚ ਵੀ ਇਸ ਦੇ ਅਨੁਵਾਦ ਕਰਨ ਦੇ ਯਤਨ ਕੀਤੇ ਗਏ ਹਨ। ਅਜਿਹਾ ਕੋਈ ਮੁਢਲਾ ਅਨੁਵਾਦ ਲਖਨਊ ਜਾਂ ਮੁੰਬਈ ਤੋਂ 20ਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਛਪਿਆ ਦਸਿਆ ਜਾਂਦਾ ਹੈ, ਪਰ ਪ੍ਰਸਤੁਤ ਲੇਖਕ ਨੂੰ ਪ੍ਰਾਪਤ ਨਹੀਂ ਹੋਇਆ।

ਦੂਜਾ ਯਤਨ ਰਿਸ਼ੀਕੇਸ਼ ਦੇ ਇਕ ਨਿਰਮਲਾ ਸੰਤ ਅਰਜਨ ਮੁਨੀ ਨੇ ਕੀਤਾ, ਪਰ ਅਜੇ ਮੁੱਢਲਾ ਭਾਗ ਛਪਿਆ ਹੀ ਸੀ ਕਿ ਮੁਨੀ ਹੋਰਾਂ ਦੀ ਮ੍ਰਿਤੂ ਹੋ ਗਈ।

ਤੀਜਾ ਯਤਨ ਡਾ. ਮਨਮੋਹਨ ਸਹਿਗਲ ਨੇ ਕੀਤਾ। ਇਹ ਅਨੁਵਾਦ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' (ਹਿੰਦੀ ਅਨੁਵਾਦ ਸਹਿਤ ਨਾਗਰੀ ਲਿਪੀਅੰਤਰਣ) ਦੇ ਨਾਂ ਅਧੀਨ ਭੁਵਨ ਵਾਣੀ ਟ੍ਰਸਟ, ਲਖਨਊ ਵਲੋਂ ਚਾਰ ਭਾਗਾਂ ਵਿਚ ਸੰਨ 1978 ਤੋਂ 1982 ਈ. ਦੌਰਾਨ ਪ੍ਰਕਾਸ਼ਿਤ ਹੋਇਆ। ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਵਿਚ ਅਨੁਵਾਦ ਕਰਨ ਦਾ ਇਹ ਪਹਿਲਾ ਵਿਵਸਥਿਤ ਯਤਨ ਹੈ।

ਚੌਥਾ ਯਤਨ ਸ੍ਰੀ ਲਕਸ਼ਮਣ ਚੇਲਾ ਰਾਮ ਦੁਆਰਾ ਕੀਤਾ ਗਿਆ। ਇਹ ਅਨੁਵਾਦ 'ਸ੍ਰੀ ਗੁਰੂ ਗ੍ਰੰਥ ਸਾਹਿਬ' (ਹਿੰਦੀ ਟੀਕਾ ਸਹਿਤ) ਨਾਂ ਅਧੀਨ ਸੰਨ 1987 ਈ. ਵਿਚ ਛਪਣਾ ਸ਼ੁਰੂ ਹੋਇਆ ਅਤੇ ਛੇ ਜਿਲਦਾਂ ਵਿਚ ਮੁਕਿਆ। ਹੁਣ ਇਸ ਦਾ ਪੰਜਾਬੀ ਵਿਚ ਵੀ ਅਨੁਵਾਦ ਕਰਵਾਇਆ ਜਾ ਚੁਕਿਆ ਹੈ। ਇਸ ਅਨੁਵਾਦ ਦਾ ਪੱਧਰ ਸਾਧਾਰਣ ਅਤੇ ਬਿਰਤੀ ਪ੍ਰਚਾਰਾਤਮਕ ਹੈ। ਡਾ. ਜੋਧ ਸਿੰਘ, ਡਾ. ਜਗਜੀਤ ਕੌਰ ਸਲਵਾਨ ਆਦਿ ਵੀ ਇਧਰ ਰੁਚੀ ਲੈ ਰਹੇ ਹਨ।

ਇਨ੍ਹਾਂ ਯਤਨਾਂ ਤੋਂ ਇਲਾਵਾ ਡਾ. ਗੁਰਦੇਵ ਕੌਰ ਅਤੇ ਡਾ. ਗੁਰਚਰਨ ਸਿੰਘ ਆਨੰਦ ਨੇ 'ਸ਼ਬਦਾਰਥ' (ਪੰਜਾਬੀ) ਦੀ ਸਰਣੀ ਉਤੇ ਹਿੰਦੀ ਵਿਚ ਵੀ 'ਸ਼ਬਦਾਰਥ' ਤਿਆਰ ਕੀਤਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਸ ਦਾ ਪਹਿਲਾ ਭਾਗ 1989 ਈ. ਵਿਚ ਛਾਪਿਆ ਗਿਆ ਸੀ ਅਤੇ ਚੌਥਾ ਅਜੇ ਪ੍ਰੈਸ ਵਿਚ ਹੈ। ਵਿਸਤਾਰ ਲਈ ਵੇਖੋ 'ਸ਼ਬਦਾਰਥ' (ਹਿੰਦੀ)।

ਉਪਰੋਕਤ ਯਤਨਾਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੇ ਹਿੰਦੀ ਲਿਪੀਅੰਤਰਣ ਵੀ ਤਿਆਰ ਕੀਤੇ ਗਏ ਹਨ। ਇਸ ਸੰਬੰਧ ਵਿਚ ਮੁਢਲਾ ਯਤਨ ਲਖਨਊ ਅਤੇ ਲਾਹੌਰ ਦੀਆਂ ਪ੍ਰੈਸਾਂ ਵਲੋਂ ਲਗਭਗ ਇਕ ਸੌ ਸਾਲ ਪਹਿਲਾਂ ਹੋਇਆ ਦਸਿਆ ਜਾਂਦਾ ਹੈ। ਦੂਜਾ ਯਤਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਕੀਤਾ। ਤੀਜਾ ਯਤਨ ਬੈਲਜੀਅਮ ਦੇ ਇਕ ਵਿਦਵਾਨ ਸ੍ਰੀ ਵਿਨੰਡ ਐਮ. ਕਾਲੇਵਾਰਟ (Winand M. Calleweret) ਨੇ ਕੀਤਾ ਜੋ ਮੋਤੀ ਲਾਲ ਬਨਾਰਸੀ ਦਾਸ, ਦਿੱਲੀ ਦੁਆਰਾ ਦੋ ਜਿਲਦਾਂ ਵਿਚ ਸੰਨ 1996 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ।

**ਗੁਰੂ ਗ੍ਰੰਥ ਸਾਹਿਬ : ਹੋਰ ਅਨੁਵਾਦ** : ਗੁਰੂ ਗ੍ਰੰਥ ਸਾਹਿਬ ਦਾ ਫ੍ਰੈਂਚ ਭਾਸ਼ਾ ਵਿਚ ਸੰਪੂਰਣ ਅਤੇ ਵਿਵਸਥਿਤ ਅਨੁਵਾਦ ਕਰਨ ਦਾ ਗੌਰਵ ਡਾ. ਜਰਨੈਲ ਸਿੰਘ ਨੂੰ ਮਿਲਿਆ ਹੈ ਜਿਸ ਨੇ ਚਾਰ ਸੈਂਚੀਆਂ ਵਿਚ ਇਹ ਅਨੁਵਾਦ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਂ ਅਧੀਨ ਟ੍ਰਾਂਟੋ, ਕੈਨੇਡਾ ਤੋਂ ਸੰਨ 1995 ਈ. ਤੋਂ ਸੰਨ 1996 ਈ. ਦੌਰਾਨ ਪ੍ਰਕਾਸ਼ਿਤ ਕੀਤਾ। ਹੁਣ ਇਹ ਵਿਦਵਾਨ ਜਰਮਨ ਭਾਸ਼ਾ ਵਿਚ ਵੀ ਅਨੁਵਾਦ ਮੁਕੰਮਲ ਕਰਨ ਵਾਲਾ ਹੈ।

ਵੀਹਵੀਂ ਸਦੀ ਦੇ ਪੂਰਬ-ਅੱਧ ਵਿਚ ਗੁਰੂ ਗ੍ਰੰਥ ਸਾਹਿਬ ਦੇ ਫ਼ਾਰਸੀ ਅੱਖਰਾਂ ਵਿਚ ਦੋ ਲਿਪੀਅੰਤਰਣ ਅਤੇ ਉਰਦੂ ਭਾਸ਼ਾ ਵਿਚ ਇਕ ਅਨੁਵਾਦ ਹੋਣ ਬਾਰੇ ਸੁਣਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਸਥਾਪਨਾ ਦਿਵਸ ਅਤੇ ਤਿੰਨ ਸੌ ਸਾਲਾ ਗੁਰੂ-ਗੱਦੀ ਦਿਵਸ ਨੂੰ ਸ਼ੋਭਾਸ਼ਾਲੀ ਢੰਗ ਨਾਲ ਮਨਾਉਣ ਲਈ ਇਸ ਪਰਥਾਇ ਕਈ ਨਵੇਂ ਯਤਨ ਕੀਤੇ ਜਾ ਰਹੇ ਹਨ। ਦਾਦਾ ਚੇਲਾ ਰਾਮ ਦੇ ਸੁਪੁੱਤਰ ਸ੍ਰੀ ਲਕਸ਼ਮਣ ਨੇ ਦਾਵਾ ਕੀਤਾ ਹੈ ਕਿ ਇਨ੍ਹਾਂ ਅਵਸਰਾਂ ਉਤੇ ਅੰਗ੍ਰੇਜ਼ੀ, ਸਿੰਧੀ, ਹਿੰਦੀ, ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ ਅਤੇ ਉਰਦੂ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕੀਤੇ ਜਾਣਗੇ। ਇਨ੍ਹਾਂ ਅਨੁਵਾਦਾਂ ਦੀ ਪ੍ਰਗਤੀ ਸੰਤੋਸ਼ਜਨਕ ਦਸੀ ਜਾ ਰਹੀ ਹੈ। ਪੰਜਾਬੀ ਅਤੇ ਗੁਜਰਾਤੀ ਵਿਚ ਕੁਝ ਸੈਂਚੀਆਂ ਪ੍ਰਕਾਸ਼ਿਤ ਹੋ ਵੀ ਚੁਕੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਕਾਦਮੀ ਟੈਕਸਾਸ (ਅਮਰੀਕਾ) ਦੇ ਟਰੱਸਟੀ ਡਾ. ਹਰਬੰਸ ਲਾਲ ਨੇ ਦਸਿਆ ਹੈ ਕਿ ਗੁਜਰਾਤੀ, ਮਰਾਠੀ ਅਤੇ ਤਾਮਿਲ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਸ਼ੁਰੂ ਹੋ ਚੁਕਿਆ ਹੈ ਅਤੇ ਸੰਨ 2008 ਈ. ਤਕ ਦੇਸ਼ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਉਪਲਬਧ ਹੋ ਜਾਵੇਗਾ। ਇਸ ਦਾ ਥਾਈ ਭਾਸ਼ਾ ਵਿਚ ਅਨੁਵਾਦ ਹੋ ਚੁਕਿਆ ਹੈ ਅਤੇ ਸਪੇਨਿਸ਼ ਭਾਸ਼ਾ ਵਿਚ ਵੀ ਅਨੁਵਾਦ ਦਾ ਕੰਮ ਪੂਰਾ ਹੋਣ ਵਾਲਾ ਹੈ। ਪਾਕਿਸਤਾਨ ਅਤੇ ਮੱਧ ਪੂਰਬੀ ਦੇਸ਼ਾਂ ਲਈ ਇਸ ਗ੍ਰੰਥ ਦਾ ਉਰਦੂ ਵਿਚ ਵੀ ਤਰਜਮਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਅਨੇਕ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰਕੇ ਇਸ ਦੀ ਭਾਵ-ਸਾਮਗ੍ਰੀ ਨੂੰ ਵਿਸ਼ਵ ਦੇ ਹਰ ਦੇਸ਼ ਲਈ ਸੁਲਭ ਕੀਤਾ ਜਾ ਰਿਹਾ ਹੈ।

**ਗੁਰੂ ਗ੍ਰੰਥ ਨੂੰ ਗੁਰੂ-ਪਦਵੀ** : ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮਹਾ-ਪ੍ਰਸਥਾਨ ਤੋਂ ਪਹਿਲਾਂ ਆਪਣੇ ਪਿਛੋਂ ਸਿੱਖਾਂ ਦੀ ਅਧਿਆਤਮਿਕ ਸਰਪ੍ਰਸਤੀ ਅਥਵਾ ਗੁਰੂ-ਪਦਵੀ ਸ਼ਬਦ-ਸਰੂਪੀ ਗ੍ਰੰਥ ਸਾਹਿਬ ਨੂੰ ਪ੍ਰਦਾਨ ਕੀਤੀ। ਇਸ ਸੰਬੰਧ ਵਿਚ ਮਹੱਤਵਪੂਰਣ ਪ੍ਰਮਾਣ ਭੱਟ-ਵਹੀ ਤਲੌਂਡਾ ਪਰਗਨਾ ਦਾ ਹੈ। ਗਿਆਨੀ ਗਰਜਾ ਸਿੰਘ ਅਨੁਸਾਰ ਭੱਟ-ਵਹੀ ਤਲੌਂਡਾ ਪਰਗਨਾ ਦਾ ਲੇਖਕ ਨਰਬੁਦ ਸਿੰਘ ਭੱਟ ਸੀ ਜੋ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਪਾਸ ਨਾਂਦੇੜ ਵਿਚ ਮੌਜੂਦ ਸੀ :

*ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਦਾ ਪਰਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜਬੰਸੀ ਗੋਸਲ ਗੋਤਰਾ ਸੋਢੀ ਖਤ੍ਰੀ ਬਾਸੀ ਆਨੰਦਪੁਰ ਪਰਗਨਾ ਕਾਹਲੂਰ ਮੁਕਾਮ ਨਾਂਦੇੜ ਤਟ ਗੋਦਾਵਰੀ ਦੇਸ ਦਖਨ ਸੰਮਤ ਸੱਤਰਾਂ ਸੈ ਪੈਂਸਠ ਕਾਰਤਿਕ ਮਾਸ ਕੀ ਚੌਥ-ਸ਼ੁਕਲਾ ਪਖੇ ਬੁਧਵਾਰ (6 ਅਕਤੂਬਰ 1708 ਈ.) ਦੇ ਦਿਹੁੰ ਭਾਈ ਦਇਆ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ ਬਚਨ ਪਾਏ ਦਇਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਏ ਗੁਰੂਜੀ ਨੇ ਪੰਚ ਪੈਸੇ ਨਾਰੀਅਲ ਅਗੇ ਭੇਟਾ ਰਖਾ ਮਥਾ ਟੇਕਾ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਜੀ ਕੋ ਜਾਨਨਾ ਜੋ ਸਿਖ ਮਾਨੇਗਾ ਤਿਸ ਕੀ ਘਾਲ ਥਾਏਂ ਪਏਗੀ ਗੁਰੂ ਤਿਸ ਕੀ ਬਾਹੁੜੀ ਕਰੇਗਾ ਸਤ ਕਰ ਮਾਨਨਾ।*

ਡਾ. ਤਾਰਨ ਸਿੰਘ ਨੇ 'ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ' (ਪੰਨਾ 244, ਚੌਥੀ ਸੈਂਚੀ) ਵਿਚ ਮਾਤਾ ਸੁੰਦਰੀ ਵਲੋਂ ਜਾਰੀ ਕੀਤੇ ਜਿਸ ਹੁਕਮਨਾਮੇ ਦਾ ਨਿਰਾਧਾਰ ਤੌਰ 'ਤੇ ਜ਼ਿਕਰ ਕੀਤਾ ਹੈ ਅਤੇ ਜੋ ਹੁਣ ਭਾਈ ਚੇਤ ਸਿੰਘ, ਪਿੰਡ ਭਾਈ ਰੂਪਾ, ਜ਼ਿਲ੍ਹਾ ਬਠਿੰਡਾ ਪਾਸ ਸੁਰਖਿਅਤ ਹੈ, ਉਸ ਵਿਚ ਗ੍ਰੰਥ ਸਾਹਿਬ ਨੂੰ ਗੁਰੂ-ਪਦਵੀ ਪ੍ਰਦਾਨ ਕਰਨ ਦਾ ਕੋਈ ਸਪੱਸ਼ਟ ਸੰਕੇਤ ਨਹੀਂ ਹੈ। ਉਥੇ ਦਾ ਕੇਵਲ ਗੁਰਬਾਣੀ ਦੀ ਇਕ ਤੁਕ ਲਿਖੀ ਮਿਲਦੀ ਹੈ— *ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ।* (ਗੁ.ਗ੍ਰੰ.1279)। ਇਸ ਤੁਕ ਤੋਂ ਇਹ ਭਾਵ ਕਿਸੇ ਤਰ੍ਹਾਂ ਵੀ ਨਹੀਂ ਲਿਆ ਜਾ ਸਕਦਾ ਕਿ ਦਸਮ-ਗੁਰੂ ਨੇ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕੀਤਾ ਸੀ। ਇਸ ਪ੍ਰਕਾਰ ਦੀਆਂ ਅਨੇਕ ਤੁਕਾਂ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦੀਆਂ ਹਨ।

ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ-ਪਦ ਪ੍ਰਦਾਨ ਕਰਨ ਦਾ ਮਹੱਤਵਪੂਰਣ ਪ੍ਰਮਾਣ 'ਬੰਸਾਵਲੀਨਾਮ ਦਸਾਂ ਪਾਤਿਸ਼ਾਹੀਆਂ ਕਾ' (ਵੇਖੋ) ਹੈ। ਇਸ ਵਿਚ ਭਾਈ ਕੇਸਰ ਸਿੰਘ ਛਿੱਬਰ ਨੇ ਚੌਦਵੇਂ ਚਰਣ ਵਿਚ ਲਿਖਿਆ ਹੈ — *ਸੁਣੋ ਭਾਈ ਸਿਖੋ ਐਸਾ ਸੰਤ ਬਾਬਾ ਨਾਨਕ ਸਚੁ ਜਾਨੋ। ਦਸੇ ਮਹਲ ਇਕ ਇਕ ਬਾਬਾ ਨਾਨਕ ਜੀ ਪਛਾਨੋ। ਦਸਵਾ ਪਾਤਸਾਹ ਗਦੀ ਗੁਰਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ। ਅਜੁ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋ ਗਇਆ।264। ਜਿਤਨਾ ਹੋਇ ਆਵੈ ਕਿਤਨਾ ਗ੍ਰੰਥ ਸਾਹਿਬ ਦੇ ਬਚਨ ਕਮਾਣੇ। ਬਿਨਾ ਗ੍ਰੰਥ ਕੋਈ ਹੋਰ ਨ ਜਾਣੇ।... 265।*

ਭੱਟ-ਵਹੀ ਅਤੇ ਬੰਸਾਵਲੀਨਾਮੇ ਦੇ ਪ੍ਰਮਾਣਾਂ ਤੋਂ ਇਲਾਵਾ ਰਹਿਤਨਾਮਾ ਭਾਈ ਨੰਦ ਲਾਲ, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਕੋਇਰ ਸਿੰਘ ਕ੍ਰਿਤ ਗੁਰਬਿਲਾਸ ਪਾ.੧੦ ਆਦਿ, ਰਚਨਾਵਾਂ ਵਿਚ ਵੀ ਦਸਮ-ਗੁਰੂ ਵਲੋਂ ਗ੍ਰੰਥ ਸਾਹਿਬ ਨੂੰ ਗੁਰੂ-ਪਦਵੀ ਦਿੱਤੇ ਜਾਣ ਦਾ ਸੰਕੇਤ ਹੈ। ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕੀਤਾ ਸੀ। ਇਸ ਤੱਥ ਦੀ ਪੁਸ਼ਟੀ ਸਿੱਖ-ਪਰੰਪਰਾ ਤੋਂ ਵੀ ਹੋ ਜਾਂਦੀ ਹੈ।

**ਗੁਰੂ ਗ੍ਰੰਥ ਵਿਸ਼ਵਕੋਸ਼ :** ਗੁਰੂ ਗ੍ਰੰਥ ਸਾਹਿਬ ਸੰਬੰਧੀ ਵਿਸ਼ਵ-ਕੋਸ਼ ਵਜੋਂ ਇਹ ਨਵੀਨਤਮ ਉਪਲਬਧੀ ਹੈ। ਇਸ ਦਾ ਪ੍ਰਕਾਸ਼ਨ ਸੰਨ 2002 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਹੋਇਆ ਹੈ। ਇਸ ਵਿਚਲੇ ਲਗਭਗ 1700 ਇੰਦਰਾਜਾਂ ਨੂੰ ਲਿਖਣ ਦਾ ਕੰਮ 25 ਵਰ੍ਹਿਆਂ ਬਾਦ ਮੁਕਿਆ। ਇਹ ਸਾਰਾ ਵਿਸ਼ਵਕੋਸ਼ ਪ੍ਰਸਤੁਤ ਲੇਖਕ ਦੀ ਅਣਥਕ ਮਿਹਨਤ ਦਾ ਸਿੱਟਾ ਹੈ।

ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਕੁ ਹਵਾਲਾ ਗ੍ਰੰਥ ਪਹਿਲੇ ਛਪ ਚੁਕੇ ਹਨ। ਉਨ੍ਹਾਂ ਸਭ ਵਿਚੋਂ 'ਮਹਾਨਕੋਸ਼' ਅਧਿਕ ਉਪਯੋਗੀ ਹੈ, ਕਿਉਂਕਿ ਭਾਈ ਕਾਨ੍ਹ ਸਿੰਘ ਨੇ 14 ਵਰ੍ਹੇ ਲਗਾ ਕੇ ਅਤੇ ਅਨੇਕ ਵਿਸ਼ਿਆਂ ਦੇ ਮਾਹਿਰਾਂ ਦੀ ਸਹਾਇਤਾ ਲੈ ਕੇ ਤਿਆਰ ਕੀਤਾ ਸੀ। ਦੇਸ-ਪਰਦੇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਵਿਚ ਲੋਕਾਂ ਦੀ ਰੁਚੀ ਵਧ ਜਾਣ ਕਾਰਣ ਅਨੇਕ ਪ੍ਰਕਾਰ ਦੀਆਂ ਪੁਸਤਕਾਂ ਅਤੇ ਸ਼ੋਧ- ਪ੍ਰਬੰਧ ਲਿਖੇ ਗਏ ਅਤੇ ਕਈ ਲਿਖੇ ਜਾ ਰਹੇ ਹਨ। ਵਿਸ਼ਵ ਦਾ ਗਿਆਨ ਖੇਤਰੀ ਦੂਰੀਆਂ ਤੋਂ ਹਟ ਕੇ ਨੈਟਵਰਕ ਵਿਚ ਸਿਮਟ ਗਿਆ ਹੈ। ਕੁਝ ਕੁ ਵਿਦਵਾਨਾਂ ਨੇ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਉਪਲਬਧ ਪ੍ਰਕਾਸ਼ਿਤ ਸਾਮਗ੍ਰੀ ਨੂੰ ਨੈਟਵਰਕ ਵਿਚ ਬੰਦ ਕਰ ਲਿਆ ਹੈ ਅਤੇ ਉਸ ਨੂੰ 'ਵਿਸ਼ਵਕੋਸ਼' ਨਾਮ ਦੇਣਾ ਸ਼ੁਰੂ ਕਰ ਦਿੱਤਾ ਹੈ। ਪਰ ਇਹ ਸਭ ਕੁਝ ਉਪਲਬਧ ਸਾਮਗ੍ਰੀ ਨੂੰ ਹੀ ਵਿਧੀ-ਵਤ ਸੰਕਲਿਤ ਕਰਨਾ ਹੈ, ਨ ਕਿ ਵਿਸ਼ਵਕੋਸ਼ ਦੀ ਸਹੀ ਅਰਥਾਂ ਵਿਚ ਲੋੜ ਪੂਰੀ ਕਰਨੀ ਹੈ।

ਗੁਰੂ ਗ੍ਰੰਥ ਸਾਹਿਬ ਬਾਰੇ ਪੈਦਾ ਹੋਣ ਵਾਲੀ ਹਰ ਪੁੱਛ ਦਾ ਸੰਖੇਪ ਪਰ ਅਧਿਕ੍ਰਿਤ ਉੱਤਰ ਦੇਣ ਲਈ ਸਹੀ

ਅਰਥਾਂ ਵਿਚ ਕੋਈ ਵਿਸ਼ਵਕੋਸ਼ ਹੋਂਦ ਵਿਚ ਨਹੀਂ ਆਇਆ। ਇਸ ਘਾਟ ਨੂੰ ਪੂਰਾ ਕਰਨ ਲਈ ਪ੍ਰਸਤੁਤ ਵਿਸ਼ਵਕੋਸ਼ ਦੀ ਯੋਜਨਾ ਬਣਾਈ ਗਈ ਸੀ। ਇਸ ਵਿਸ਼ਵਕੋਸ਼ ਵਿਚ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਸਾਰਿਆਂ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜਿਵੇਂ ਰਾਗ-ਰਾਗਨੀਆਂ, ਉਨ੍ਹਾਂ ਵਿਚ ਸੰਕਲਿਤ ਹਰ ਪ੍ਰਕਾਰ ਦੀਆਂ ਬਾਣੀਆਂ, ਬਾਣੀਆਂ ਦਾ ਬਿਉਰਾ, ਬਾਣੀਕਾਰ, ਬੀੜਾਂ, ਪੋਥੀਆਂ, ਸੰਪਾਦਨ ਦਾ ਇਤਿਹਾਸ ਅਤੇ ਵਿਧੀ, ਕਾਵਿ-ਰੂਪ, ਛੰਦ-ਰੂਪ, ਅਭਿ-ਵਿਅਕਤੀ-ਸਾਧਨ, ਕਾਵਿ-ਜੁਗਤਾਂ, ਪਰਿਭਾਸ਼ਿਕ ਸ਼ਬਦਾਵਲੀ, ਅਨੁਸ਼ਠਾਨ, ਧਾਰਮਿਕ ਰੀਤਾਂ, ਉਪਾਸਨਾ-ਵਿਧੀਆਂ, ਲੋਕ-ਪਰੰਪਰਾਵਾਂ, ਹਰ ਪ੍ਰਕਾਰ ਦੇ ਹਵਾਲੇ ਅਤੇ ਸੰਦਰਭ, ਵਿਚਾਰਧਾਰੀ ਸੰਕਲਪ ਅਤੇ ਸੰਬੋਧ, ਭਗਤੀ ਅੰਦੋਲਨ, ਭਾਰਤੀ ਅਤੇ ਸਾਮੀ ਧਾਰਮਿਕ ਮਾਨਤਾਵਾਂ ਅਤੇ ਪਰੰਪਰਾਵਾਂ, ਧਾਰਮਿਕ ਸ਼ਖ਼ਸੀਅਤਾਂ, ਯੁਗ-ਚਿਤ੍ਰਣ, ਪਰਿਸਥਿਤੀਆਂ, ਗੁਰੂ-ਪਰੰਪਰਾ, ਗੁਰੂ-ਸ਼ਬਦ, ਪਾਠ- ਵਿਧੀ, ਟੀਕੇ, ਪ੍ਰਯਾਯ, ਬੁਨਿਆਦੀ ਸਰੋਤ ਸਾਮਗ੍ਰੀ, ਆਦਿ। ਪੂਰਾ ਯਤਨ ਕੀਤਾ ਗਿਆ ਹੈ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਪ੍ਰਮੁਖ ਮੁੱਦਿਆਂ, ਪੱਖਾਂ ਅਤੇ ਤੱਥਾਂ ਬਾਰੇ ਇੰਦਰਾਜ ਸ਼ਾਮਲ ਹੋ ਜਾਣ।

ਇਸ ਵਿਸ਼ਵਕੋਸ਼ ਦੇ ਹਰ ਇਕ ਇੰਦਰਾਜ ਦਾ ਆਕਾਰ ਉਸ ਦੇ ਮਹੱਤਵ ਅਤੇ ਸਰੂਪ ਅਨੁਸਾਰ ਰਖਿਆ ਗਿਆ ਹੈ ਤਾਂ ਜੋ ਕਿਸੇ ਇੰਦਰਾਜ ਬਾਰੇ ਪੈਦਾ ਹੋਣ ਵਾਲੀਆਂ ਪੁੱਛਾਂ ਦਾ ਜਵਾਬ ਸਰਲਤਾ ਪੂਰਵਕ ਮਿਲ ਸਕੇ। ਹਰ ਇਕ ਤੱਥ ਨੂੰ ਵਿਧੀ-ਵਤ ਬਾਣੀ ਦੀਆਂ ਟੂਕਾਂ ਨਾਲ ਸੰਪੁਸ਼ਟ ਕਰਕੇ ਨਿਰਭ੍ਰਾਂਤ ਕੀਤਾ ਗਿਆ ਹੈ।

ਇੰਦਰਾਜਾਂ ਨੂੰ ਸੰਕਲਿਤ ਕਰਨ ਵੇਲੇ ਕੋਸ਼-ਪਰੰਪਰਾ ਦਾ ਧਿਆਨ ਰਖਿਆ ਗਿਆ ਹੈ। ਅੱਖਰ-ਮਾਤ੍ਰਾ-ਕ੍ਰਮ ਅਨੁਸਾਰ ਸੰਯੋਜਿਤ ਕਰਕੇ ਦੁੱਤ ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਇੰਦਰਾਜਾਂ ਨੂੰ ਹਰ ਅੱਖਰ ਦੇ ਅੰਤ ਵਿਚ ਸਥਾਨ ਦਿੱਤਾ ਗਿਆ ਹੈ। ਪ੍ਰਤਿ-ਇੰਦਰਾਜਾਂ ਨੂੰ ਵੀ ਇਸੇ ਵਰਣ-ਕ੍ਰਮ ਅਨੁਸਾਰ ਦਰਜ ਕੀਤਾ ਗਿਆ ਹੈ। ਇੰਦਰਾਜਾਂ ਦੇ ਸ਼ਬਦ-ਜੋੜਾਂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਵਾਲੇ ਹੀ ਰਖੇ ਗਏ ਹਨ, ਤਾਂ ਜੋ ਲਭਣ ਵਿਚ ਸੌਖ ਰਹੇ।

**ਗੁਰੂ ਗ੍ਰੰਥ ਸਾਹਿਬ: ਵਿਚਾਰਧਾਰਾ** : ਇਸ ਗ੍ਰੰਥ ਦੀ ਅਧਿਆਤਮਿਕ ਵਿਚਾਰਧਾਰਾ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਭਲੀ-ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਇਸ ਗ੍ਰੰਥ ਦੇ ਬਾਣੀਕਾਰ ਸੰਤ ਸਨ, ਸ਼ਾਸਤ੍ਰਕਾਰ ਨਹੀਂ। ਉਨ੍ਹਾਂ ਨੇ ਜੋ ਕੁਝ ਲਿਖਿਆ, ਉਹ ਰਹੱਸ-ਅਨੁਭਵ 'ਤੇ ਆਧਾਰਿਤ ਕਾਵਿ-ਸਤਿ ਹੈ, ਸ਼ਾਸਤ੍ਰ-ਸਤਿ ਨਹੀਂ। ਉਨ੍ਹਾਂ ਦੀ ਬਾਣੀਆਂ ਵਿਚ ਦਾਰਸ਼ਨਿਕ ਤੱਥਾਂ ਦਾ ਵਿਵਸਥਿਤ ਵਿਸ਼ਲੇਸ਼ਣ ਨਹੀਂ ਹੋਇਆ, ਕੇਵਲ ਕਿਤੇ ਕਿਤੇ ਇਨ੍ਹਾਂ ਤੱਥਾਂ ਸੰਬੰਧੀ ਬਾਣੀ-ਕਾਰਾਂ ਦੇ ਦ੍ਰਿਸ਼ਟੀਕੋਣ ਦਾ ਅੰਕਣ ਹੋਇਆ ਹੈ।

ਇਸ ਗ੍ਰੰਥ ਵਿਚ ਬ੍ਰਹਮ ਦੇ ਅਵਿਅਕਤ ਜਾਂ ਨਿਰਗੁਣ ਸਰੂਪ ਦਾ ਪ੍ਰਤਿਪਾਦਨ ਹੋਇਆ ਹੈ, ਕਿਉਂਕਿ ਇਸ ਦੇ ਬਾਣੀਕਾਰਾਂ ਦਾ ਸੁਭਾ ਅਤੇ ਸੰਸਕਾਰ ਯੁਗ ਦੀਆਂ ਪਰਿ-ਸਥਿਤੀਆਂ ਅਨੁਸਾਰ ਅਵਤਾਰਵਾਦ ਜਾਂ ਸਗੁਣ-ਬ੍ਰਹਮ ਦੇ ਸਿੱਧਾਂਤ ਨਾਲ ਸਮਝੌਤਾ ਨ ਕਰ ਸਕੇ। ਉਨ੍ਹਾਂ ਦਾ ਬ੍ਰਹਮ-ਨਿਰੂਪਣ ਯੁਗ-ਚੇਤਨਾ ਦੇ ਅਨੁਰੂਪ ਨਵੀਨ ਅਤੇ ਕਲਿਆਣ-ਕਾਰੀ ਜਾਮਾ ਪਾ ਕੇ ਆਇਆ। ਇਸ ਗ੍ਰੰਥ ਦੀ ਬਾਣੀ ਵਿਚ ਯੋਗੀਆਂ, ਮੁਸਲਮਾਨਾਂ, ਸੂਫ਼ੀ-ਫ਼ਕੀਰਾਂ ਆਦਿ ਦੀਆਂ ਕਈਆਂ ਧਾਰਣਾਵਾਂ ਨੂੰ ਕੁਝ ਸੀਮਾ ਤਕ ਅਪਣਾ ਲਿਆ ਗਿਆ ਹੈ ਜਾਂ ਉਨ੍ਹਾਂ ਨੂੰ ਭਾਵੀਕ੍ਰਿਤ ਰੂਪ ਦੇ ਦਿੱਤਾ ਗਿਆ ਹੈ। ਅਸਲ ਵਿਚ, ਇਸ ਗ੍ਰੰਥ ਦੇ ਬਾਣੀਕਾਰ ਅਜਿਹੇ ਸਾਰ-ਗ੍ਰਾਹੀ ਲੋਕ-ਨਾਇਕ ਸਨ, ਜਿਨ੍ਹਾਂ ਨੇ ਹਰ ਗੱਲ ਨੂੰ ਨਿਜੀ ਅਨੁਭਵ ਦੀ ਕਸੌਟੀ ਉਤੇ ਪਰਖਿਆ, ਕਿਉਂਕਿ ਉਹ ਪ੍ਰਚਲਿਤ ਪਾਖੰਡ ਪੂਰਣ ਧਾਰਮਿਕ ਪਰੰਪਰਾਵਾਂ ਦੀ ਉਪਚਾਰਿਕ ਵਿਧੀ ਦੇ ਵਿਰੋਧੀ ਸਨ।

ਗੁਰੂ ਗ੍ਰੰਥ ਸਾਹਿਬ ਦਾ ਬ੍ਰਹਮ ਅਰੂਪ ਅਤੇ ਨਿਰਗੁਣ ਹੁੰਦੇ ਹੋਇਆਂ ਵੀ ਕ੍ਰਿਆਹੀਨ ਨਹੀਂ, ਕਰਤਾ-ਪੁਰਖ ਅਤੇ ਆਪਣੇ ਆਪ ਹੋਂਦ ਵਿਚ ਆਉਣ ਵਾਲਾ ਹੈ। ਸਾਰੀ ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਕਾਰਣ-ਰੂਪ ਹੈ। ਉਹ ਓਅੰਕਾਰ, ਸ਼ਬਦ ਰੂਪ, ਨਿਰਭੈ, ਨਿਰਵੈਰ, ਅਜੂਨੀ ਅਤੇ ਲਾ-ਸ਼ਰੀਕ ਹੈ। ਉਹ ਕਾਲ ਦੇ ਸ਼ਾਸਨ ਤੋਂ ਮੁਕਤ ਅਤੇ ਸਤਿਨਾਮ ਵਾਲਾ ਹੈ। ਉਹ ਜੋਤਿ-ਸਰੂਪ, ਨਿਰੰਜਨ, ਸੁੰਨ ਅਤੇ ਅਗੰਮ-ਅਗੋਚਰ ਹੈ। ਉਹ 'ਇਕ' ਪਰਮਾਤਮਾ ਵਰਣਨ ਤੋਂ ਪਰੇ ਅਤੇ ਸਰਬ-ਵਿਆਪਕ ਹੈ। ਉਹ ਜੋ ਕੁਝ ਹੈ, ਉਹੀ ਕੁਝ ਹੈ, ਵਿਅਰਥ ਦੇ ਤਰਕ-ਵਿਤਰਕ ਵਿਚ ਸਮਾਂ ਨਸ਼ਟ ਕਰਨਾ ਉਚਿਤ ਨਹੀਂ; ਉਸ ਵਿਚ ਵਿਸ਼ਵਾਸ ਰਖਣਾ ਹੀ ਲਾਭਦਾਇਕ ਹੈ।

ਪਰਮਾਤਮਾ ਦੀ ਪਰਮਾਰਥਿਕ ਸੱਤਾ ਦੇ ਨਾਲ ਨਾਲ ਉਸ ਦੀ ਵਿਵਹਾਰਿਕ ਸੱਤਾ ਦਾ ਵੀ ਪ੍ਰਤਿਪਾਦਨ ਹੋਇਆ ਹੈ। ਇਥੇ ਉਸ ਦੇ ਵਿਅਕਤ ਜਾਂ ਸਗੁਣ ਰੂਪ ਦੇ ਵੀ ਦਰਸ਼ਨ ਹੋ ਜਾਂਦੇ ਹਨ। ਪਰ ਇਹ ਸਗੁਣ ਰੂਪ ਸਗੁਣੀ ਭਗਤਾਂ ਦੇ ਅਵਤਾਰੀ ਰੂਪ ਵਰਗਾ ਨਹੀਂ, ਸਗੋਂ ਇਹ ਸਗੁਣ ਨਿਰਗੁਣ ਦਾ ਹੀ ਆਭਾਸ ਹੈ, ਇਹ ਨਿਰਗੁਣ ਤੋਂ ਭਿੰਨ ਨਹੀਂ, ਸਗੋਂ ਦੋਵੇਂ ਇਕ ਰੂਪ ਹਨ— (1) *ਨਿਰਗੁਨੁ ਆਪਿ ਸਰਗੁਨੁ ਭੀ ਓਹੀ। ਕਲਾ ਧਾਰਿ ਜਿਨਿ ਸਗਲੀ ਮੋਹੀ।* (ਗੁ.ਗ੍ਰੰ.287); (2) *ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।* (ਗੁ.ਗ੍ਰੰ.250)।

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦਾ ਸਰੂਪ ਨਿਰਗੁਣ ਹੈ ਅਤੇ ਬਾਦ ਦਾ ਸਗੁਣ। ਇਹ ਸਗੁਣ ਨਿਰਗੁਣ ਤੋਂ ਉਤਪੰਨ ਹੋ ਕੇ ਫਿਰ ਉਸੇ ਵਿਚ ਸਮਾ ਜਾਂਦਾ ਹੈ। ਗੁਣਾਂ ਦਾ ਆਰੋਪਣ ਮੁੱਖ ਰੂਪ ਵਿਚ ਪਰਮਾਤਮਾ ਦੇ ਭਾਵਨਾਮਈ ਵਿਰਾਟ ਰੂਪ ਵਿਚ ਹੋਇਆ ਹੈ, ਜੋ ਅਵਤਾਰਵਾਦ ਦੀਆਂ ਸੀਮਾਵਾਂ ਤੋਂ ਬਹੁਤ ਦੂਰ ਅਤੇ ਇੰਦ੍ਰੀਆਂ ਤੋਂ ਪਰੇ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਅਵਤਾਰਵਾਦ ਅਤੇ ਮੂਰਤੀ-ਪੂਜਾ ਦੇ ਸਿੱਧਾਂਤਿਕ ਤੌਰ 'ਤੇ ਕਠੋਰ ਵਿਰੋਧੀ ਸਨ। ਉਨ੍ਹਾਂ ਨੇ ਪ੍ਰੇਮ ਦੀ ਭਾਵਨਾ ਅਧੀਨ ਬ੍ਰਹਮ ਨਾਲ ਕਈ ਪ੍ਰਕਾਰ ਦੇ ਸੰਬੰਧਾਂ ਦੀ ਸਥਾਪਨਾ ਵੀ ਕੀਤੀ ਹੈ। ਸਗੁਣ ਭਾਵਨਾ ਦਾ ਸਥੂਲ ਅਤੇ ਇੰਦ੍ਰੀਆਂ ਦੁਆਰਾ ਗ੍ਰਹਿਣ ਕੀਤਾ ਜਾ ਸਕਣ ਵਾਲਾ ਅਤੇ ਚਿਤ੍ਰਣ ਉਨ੍ਹਾਂ ਨੇ ਕਿਤੇ ਵੀ ਨਹੀਂ ਕੀਤਾ।

ਇਥੇ ਇਕ ਗੱਲ ਵਿਸ਼ੇਸ਼ ਤੌਰ 'ਤੇ ਧਿਆਨ ਰਖਣ ਵਾਲੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਕਿਤੇ ਵੀ ਬੌਧਿਕ ਦ੍ਰਿਸ਼ਟੀ ਤੋਂ ਪਰਮ-ਸੱਤਾ ਦਾ ਵਿਸ਼ਲੇਸ਼ਣ ਨਹੀਂ ਕੀਤਾ। ਭਗਤ ਹੋਣ ਨਾਤੇ ਉਨ੍ਹਾਂ ਵਿਚ ਵਿਸ਼ਵਾਸ ਅਤੇ ਸ਼ਰਧਾ ਦੀ ਭਾਵਨਾ ਪ੍ਰਬਲ ਸੀ। ਉਨ੍ਹਾਂ ਨੇ ਪਰਮ-ਸੱਤਾ ਪ੍ਰਤਿ ਆਪਣੇ ਵਿਸ਼ਵਾਸ ਅਤੇ ਨਿਸ਼ਠਾ ਨੂੰ ਪੂਰੀ ਸ਼ਿਦਤ ਨਾਲ ਦ੍ਰਿੜ੍ਹ ਕਰਕੇ, ਉਸ ਨਾਲ ਆਪਣੇ ਕਈ ਪ੍ਰਕਾਰ ਦੇ ਭਾਵਨਾਤਮਕ ਸੰਬੰਧ ਸਥਾਪਿਤ ਕਰ ਲਏ ਸਨ। ਇਸ ਲਈ ਉਨ੍ਹਾਂ ਨੇ ਪਰਮਾਤਮਾ ਨੂੰ ਨਿਰਾਕਾਰ ਤੋਂ ਸਾਕਾਰ ਬਣਾ ਲਿਆ। ਪਰ ਯਾਦ ਰਹੇ ਕਿ ਜਿਥੇ ਵੀ ਉਨ੍ਹਾਂ ਨੂੰ ਬ੍ਰਹਮ ਦੇ ਤਾਤਵਿਕ ਵਿਵੇਚਨ ਦਾ ਅਵਸਰ ਮਿਲਿਆ, ਉਥੇ ਉਸ ਨੂੰ ਨਿਰਗੁਣ, ਨਿਰਾਕਾਰ, ਨਿਰਲਿਪਤ, ਨਿਰੰਜਨ ਹੀ ਕਿਹਾ ਹੈ। ਅਸਲੋਂ ਉਨ੍ਹਾਂ ਨੇ ਬ੍ਰਹਮ ਸੰਬੰਧੀ ਸਾਰੀਆਂ ਪਰਮਾਰਥਿਕ ਵਿਚਾਰਧਾਰਾਵਾਂ ਅਤੇ ਅਧਿਆਤਮਿਕ ਤੱਥਾਂ ਨੂੰ ਆਪਣੀ ਅਨੁਭੂਤੀ ਦੀ ਕਸੌਟੀ ਉਤੇ ਪਰਖਿਆ ਅਤੇ ਉਨ੍ਹਾਂ ਵਿਚਲੇ ਦੋਸ਼ਾਂ ਨੂੰ ਦੂਰ ਕਰਕੇ ਖਰਾ ਬਣਾਇਆ। ਉਨ੍ਹਾਂ ਦਾ ਬ੍ਰਹਮ -ਨਿਰੂਪਣ ਕਿਸੇ ਪ੍ਰਕਾਰ ਦੀ ਦਾਰਸ਼ਨਿਕ ਜਾਂ ਸ਼ਾਸਤ੍ਰੀ ਸ਼ੈਲੀ ਨੂੰ ਨਹੀਂ ਅਪਣਾਉਂਦਾ। ਉਸ ਦੀ ਅਭਿਵਿਅਕਤੀ ਅਧਿਕਤਰ ਉਪਨਿਸ਼ਦਿਕ, ਰਹੱਸਾਤਮਕ ਅਤੇ ਭਾਵਨਾਤਮਕ ਸ਼ੈਲੀ ਵਿਚ ਹੋਈ ਹੈ।

ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਬ੍ਰਹਮ ਸੰਬੰਧੀ ਦਰਸ਼ਨ ਦੀ ਕੋਈ ਪ੍ਰਾਚੀਨ ਪ੍ਰਣਾਲੀ ਆਪਣੇ ਪੂਰੇ ਰੂਪ ਵਿਚ ਨਹੀਂ ਅਪਣਾਈ, ਕੁਲ ਮਿਲਾ ਕੇ ਉਹ ਅਦ੍ਵੈਤਵਾਦ ਦੇ ਨਿਕਟ ਮੰਨੇ ਜਾ ਸਕਦੇ ਹਨ। ਅਸਲ ਵਿਚ, ਸੰਤ ਸਾਧਕ ਤੱਤ੍ਵ-ਵਿਵੇਚਕ ਨਹੀਂ ਸਨ। ਦਾਰਸ਼ਨਿਕ ਵਾਦ-ਵਿਵਾਦ ਤੋਂ ਦੂਰ ਰਹਿਣ ਵਾਲੇ ਭਗਤ ਵਿਅਕਤੀਆਂ ਲਈ ਸ਼ਾਸਤ੍ਰ ਗਿਆਨ ਮਹੱਤਵਹੀਨ ਹੀ ਨਹੀਂ, ਸਗੋਂ ਜੀਵਨ ਦੀ ਸਮਸਿਆ ਨੂੰ ਸੁਲਝਾਉਣ ਵਿਚ ਅਨੁਪਯੋਗੀ ਸੀ। ਬਿਖਮ ਜੀਵਨ ਦੀਆਂ ਗੁੰਝਲਾਂ ਨੂੰ ਅਨੁਭਵ ਰਾਹੀਂ ਸਮਝਣਾ ਹੀ ਉਨ੍ਹਾਂ ਦੇ ਇਕੇਸ਼ਵਰਵਾਦੀ ਸੰਦੇਸ਼ ਦੀ ਆਧਾਰ-ਸ਼ਿਲਾ ਸੀ ਜਿਸ ਉਤੇ ਨਿਰਮਿਤ ਅਧਿਆਤਮਿਕ ਭਵਨ ਵਿਚ ਬ੍ਰਹਮ ਸੰਬੰਧੀ ਵਖ ਵਖ ਦਰਸ਼ਨਾਂ ਦੇ ਅਨੇਕ ਤੱਤ੍ਵ ਆਤਮ-ਅਨੁਭੂਤੀ ਦੇ ਮਾਧਿਅਮ ਦੁਆਰਾ ਆਪਣਾ ਸਥਾਨ ਗ੍ਰਹਿਣ ਕਰਦੇ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਦਾ ਸਰੂਪ ਕਿਸੇ ਵਿਸ਼ੇਸ਼ ਸੰਪ੍ਰਦਾਇ ਤਕ ਸੀਮਿਤ ਨ ਹੋ ਕੇ ਸਰਬ-ਗ੍ਰਾਹੀ ਅਤੇ ਸਰਬ-ਪ੍ਰਿਯ ਬਣ ਸਕਿਆ ਹੈ।

ਜੀਵਾਤਮਾ ਬਾਰੇ ਵੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ-ਕਾਰਾਂ ਦਾ ਮੂਲ ਆਧਾਰ ਸ਼ਾਸਤ੍ਰ ਨਹੀਂ, ਆਤਮ- ਅਨੁਭੂਤੀ ਹੈ। ਉਹ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਮੰਨਦੇ। ਦੋਹਾਂ ਦੀ ਅਦ੍ਵੈਤਤਾ ਅਤੇ ਏਕਤਾ ਵਿਚ ਉਨ੍ਹਾਂ ਨੂੰ ਪੂਰਣ ਵਿਸ਼ਵਾਸ ਹੈ। ਇਹ ਸੰਬੰਧ ਉਪ-ਨਿਸ਼ਦਿਕ ਵਿਚਾਰ-ਧਾਰਾ ਨਾਲ ਬਹੁਤ ਸਮਾਨਤਾ ਰਖਦਾ ਹੈ। ਅਵਿਦਿਆ ਕਾਰਣ ਜੀਵਾਤਮਾ ਭਰਮ-ਵਸ ਆਪਣੇ ਆਪ ਨੂੰ ਸੁਤੰਤਰ ਸਮਝ ਲੈਂਦੀ ਹੈ, ਇਹੀ ਬੰਧਨ ਹੈ। ਅਜਿਹੀ ਅਵਸਥਾ ਵਿਚ ਉਹ ਆਪਣੇ ਯਥਾਰਥ ਰੂਪ ਨੂੰ ਭੁਲ ਕੇ ਤੁਛ ਸੰਸਾਰਿਕ ਵਿਸ਼ਿਆਂ ਵਿਚ ਮਗਨ ਹੋ ਜਾਂਦੀ ਹੈ। ਸਾਰੇ ਜੀਵਾਂ ਵਿਚ ਆਤਮਾ ਭਾਵੇਂ ਇਕ ਹੈ, ਪਰ ਹਰ ਇਕ ਜੀਵ ਦਾ ਅੰਤਹ-ਕਰਣ, ਪ੍ਰਵ੍ਰਿੱਤੀਆਂ, ਅਨੁਭਵ, ਸੰਸਕਾਰ, ਕਰਮ ਅਤੇ ਕਰਮ- ਫਲ ਚੂੰਕਿ ਅਲਗ ਅਲਗ ਹੁੰਦੇ ਹਨ, ਇਸ ਲਈ ਜੀਵ ਵੀ ਅਨੰਤ ਹਨ ਅਤੇ

ਭਿੰਨ ਭਿੰਨ ਪ੍ਰਤੀਤ ਹੁੰਦੇ ਹਨ। ਮਾਇਆ ਦੇ ਭਰਮ ਨੂੰ ਕਟੇ ਬਿਨਾ ਅਨੇਕਤਾ ਦੀ ਪ੍ਰਤੀਤੀ ਦਾ ਨਾਸ਼ ਨਹੀਂ ਹੁੰਦਾ ਅਤੇ ਜਦ ਤਕ ਅਨੇਕਤਾ ਨਸ਼ਟ ਨਹੀਂ ਹੁੰਦੀ ਤਦ ਤਕ ਏਕਤਾ ਅਤੇ ਸਤਿਅਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਨ ਹੀ ਜੀਵਨ ਦਾ ਮੂਲ ਉਦੇਸ਼ ਸਿੱਧ ਹੋ ਸਕਦਾ ਹੈ। ਪਰਮਾਤਮਾ ਸਾਰੇ ਜੀਵਾਂ ਦੀ ਦੇਖ-ਭਾਲ ਅਤੇ ਰਖਿਆ ਕਰਦਾ ਹੈ, ਕਿਉਂਕਿ ਜੀਵ ਅਲਪੱਗ ਅਤੇ ਪਰਵਸ ਹੈ ਪਰ ਜਦ ਮਾਇਆ ਦਾ ਪਰਦਾ ਹਟ ਜਾਂਦਾ ਹੈ, ਤਦ ਜੀਵ ਨਿੱਤ, ਸ਼ੁੱਧ-ਬੁੱਧ ਪਰਮਾਤਮਾ ਵਿਚ ਇਕਮਿਕ ਹੋ ਜਾਂਦਾ ਹੈ। ਇਸ ਸੰਬੰਧ ਕਰਕੇ ਜੀਵ ਵਖ ਵਖ ਹੋਣ ਦੇ ਬਾਵਜੂਦ ਇਕ ਹਨ, ਉਨ੍ਹਾਂ ਦੀ ਅਨੇਕਤਾ ਵਿਚ ਹੀ ਏਕਤਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਹ ਵੀ ਮੰਨਿਆ ਹੈ ਕਿ ਕਰਮਾਂ ਅਨੁਸਾਰ ਫਲ ਭੋਗਣ ਲਈ ਜੀਵ ਨੂੰ ਕੋਈ ਨ ਕੋਈ ਸ਼ਰੀਰ ਅਵੱਸ਼ ਧਾਰਣ ਕਰਨਾ ਪੈਂਦਾ ਹੈ। ਇਸ ਤਰ੍ਹਾਂ 84 ਲੱਖ ਯੋਨੀਆਂ ਦੀ ਕਲਪਨਾ ਕੀਤੀ ਗਈ ਹੈ। ਇਨ੍ਹਾਂ ਸਾਰੀਆਂ ਯੋਨੀਆਂ ਵਿਚ ਮਨੁੱਖ ਦੀ ਜੂਨ ਨੂੰ ਸਰਬ-ਪ੍ਰਮੁਖ ਅਤੇ ਸਰਬ-ਸ੍ਰੇਸ਼ਠ ਮੰਨਿਆ ਗਿਆ ਹੈ। ਭਾਵੇਂ ਮਨੁੱਖ ਜਨਮ ਦੁਰਲਭ ਹੈ, ਪਰ ਪਰਮਾਤਮਾ ਤੋਂ ਵਿਛੜੇ ਮਨੁੱਖ ਦੀ ਸਥਿਤੀ ਬਹੁਤ ਦੁਖਦਾਇਕ ਹੈ। ਅਜਿਹੇ ਮਨੁੱਖ ਨੂੰ ਗੁਰੂਆਂ ਨੇ 'ਮਨਮੁਖ' ਕਿਹਾ ਹੈ। ਪਰ ਜੋ ਪੁਰਸ਼ ਗੁਰੂ ਦੀ ਸਿਖਿਆ ਅਨੁਸਾਰ ਚਲਦਾ ਹੈ, ਉਹ 'ਗੁਰਮੁਖ' ਹੈ। ਇਸ ਵਿਅਕਤੀ ਦੇ ਚਰਿਤ੍ਰ ਰਾਹੀਂ ਉਦਾਤ ਮਾਨਵ ਵਿਅਕਤਿਤਵ ਦੀ ਸਥਾਪਨਾ ਕੀਤੀ ਗਈ ਹੈ। ਅਜਿਹਾ ਵਿਅਕਤੀ ਹਰ ਇਕ ਦੇਸ਼ ਅਤੇ ਕਾਲ ਵਿਚ ਆਪਣਾ ਵਿਸ਼ਿਸ਼ਟ ਸਮਾਜਿਕ ਅਤੇ ਧਾਰਮਿਕ ਮਹੱਤਵ ਰਖਦਾ ਹੈ। ਸਚ ਤਾਂ ਇਹ ਹੈ ਕਿ ਅਜਿਹੇ ਵਿਅਕਤਿਤਵ ਦਾ ਅਨੁਸਰਣ ਹੀ ਮਾਨਵਤਾ ਦੇ ਉੱਧਾਰ ਅਤੇ ਵਿਕਾਸ ਦਾ ਇਕ-ਮਾਤ੍ਰ ਉਪਾ ਹੈ।

ਇਸ ਗ੍ਰੰਥ ਵਿਚ ਸ੍ਰਿਸ਼ਟੀ ਦਾ ਰਚੈਤਾ ਅਤੇ ਸੰਚਾਲਕ ਪਰਮਾਤਮਾ ਨੂੰ ਮੰਨਿਆ ਗਿਆ ਹੈ। ਉਹ ਇਸ ਦਾ ਉਪਾਦਾਨ ਕਾਰਣ ਹੀ ਨਹੀਂ, ਨਿਮਿਤ ਕਾਰਣ ਵੀ ਹੈ। ਸਾਰੀ ਸ੍ਰਿਸ਼ਟੀ ਉਸ ਦੇ ਵਿਸ਼ੇਸ਼ ਨਿਯਮ ਅਧੀਨ ਕ੍ਰਿਆਸ਼ੀਲ ਹੈ। ਸ੍ਰਿਸ਼ਟੀ ਦਾ ਰਚਨਾ-ਕਾਲ ਅਗਿਆਤ ਹੈ। ਇਸ ਕਾਲ ਨੂੰ ਜਾਣਨ ਦੇ ਸਮਰਥ ਕੇਵਲ ਪਰਮਾਤਮਾ ਆਪ ਹੈ। ਸ੍ਰਿਸ਼ਟੀ ਤੋਂ ਪਹਿਲਾਂ ਸੁੰਨ ਜਾਂ ਅਫੁਰ ਅਵਸਥਾ ਵਿਚੋਂ ਪਰਮਾਤਮਾ ਨੇ ਆਪਣੀ ਲੀਲਾ ਵੇਖਣ ਲਈ ਇਸ ਨੂੰ ਰਚਿਆ ਹੈ ਅਤੇ ਇਸ ਦੀ ਉਤਪੱਤੀ ਹੁਕਮ, ਓਅੰਕਾਰ ਅਤੇ ਹਉਮੈ ਤੋਂ ਹੋਈ ਹੈ। ਸ੍ਰਿਸ਼ਟੀ ਦਾ ਸਰੂਪ ਅਨੰਤ ਹੈ। ਇਸ ਦੀ ਅਨੰਤਤਾ ਨੂੰ ਇਸ ਦੇ ਰਚੈਤਾ ਤੋਂ ਇਲਾਵਾ ਹੋਰ ਕੋਈ ਨਹੀਂ ਜਾਣ ਸਕਦਾ। ਉਹ ਆਪਣੀ ਇੱਛਾ ਅਨੁਸਾਰ ਇਸ ਨੂੰ ਰਚਦਾ ਅਤੇ ਫਿਰ ਆਪਣੇ ਆਪ ਵਿਚ ਸਮੋ ਲੈਂਦਾ ਹੈ। ਪਰ ਇਸ ਦੀ ਵਿਲੀਨਤਾ ਦੇ ਸਹੀ ਸਮੇਂ ਨੂੰ ਵੀ ਉਹ ਪਰਮਾਤਮਾ ਆਪ ਹੀ ਜਾਣਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਗਤ ਨੂੰ ਸਤਿ ਵੀ ਮੰਨਿਆ ਹੈ ਅਤੇ ਅਸਤਿ ਵੀ। ਇਸ ਜਗਤ ਦਾ ਮੂਲਾਧਾਰ ਤੱਤ੍ਵ ਪਰਮਾਤਮਾ ਚੂੰਕਿ ਸਚਾ ਹੈ। ਇਸ ਲਈ ਜਗਤ ਸਚਾ ਹੈ— (1) *ਆਪਿ ਸਤਿ ਕੀਆ ਸਭੁ ਸਤਿ।* (ਗੁ.ਗ੍ਰੰ. 284); (2) *ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।* (ਗੁ.ਗ੍ਰੰ.463)। ਪਰ ਇਹ ਸਤਿਅਤਾ ਪਰਮਾਰਥਿਕ ਸਤਿਅਤਾ ਨਹੀਂ, ਵਿਵਹਾਰਿਕ ਸਤਿਅਤਾ ਹੈ। ਪਰਮਾਰਥਿਕ ਸਤਿ ਤਾਂ ਕੇਵਲ ਪਰਮਾਤਮਾ ਹੈ। ਇਸ ਦ੍ਰਿਸ਼ਟੀ ਤੋਂ ਜਗਤ 'ਅਸਤਿ' ਹੈ। ਅਸਲੋਂ ਇਹ ਜਗਤ ਨਸ਼ਵਰ, ਮਿਥਿਆ, ਛਿਣ-ਮਾਤ੍ਰ ਅਤੇ ਬਾਜ਼ੀਗਰ ਦੀ ਬਾਜ਼ੀ ਵਾਂਗ ਅਸਥਾਈ ਹੈ— (1) *ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ। ਕਹੁ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।* (ਗੁ.ਗ੍ਰੰ. 1428); (2) *ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।* (ਗੁ.ਗ੍ਰੰ.721)।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮਾਇਆ ਸਿੱਧਾਂਤ ਅਦ੍ਵੈਤਵਾਦ ਤੋਂ ਬਹੁਤ ਹਟਿਆ ਹੋਇਆ ਨਹੀਂ ਹੈ। ਉਨ੍ਹਾਂ ਨੇ ਅਤੱਤ੍ਵ ਵਿਚ ਤੱਤ੍ਵ ਬੁੱਧੀ ਨੂੰ ਮਾਇਆ ਦਾ ਨਾਂ ਦਿੱਤਾ ਹੈ। ਜਗਤ ਅਤੇ ਜਗਤ ਦੇ ਸੰਪੂਰਣ ਸੰਬੰਧ ਮਾਇਆ ਦਾ ਪ੍ਰਸਾਰ ਹਨ। ਮਾਇਆ ਅਸੀਮ, ਵਿਭਚਾਰੀ, ਦ੍ਵੈਸ਼ੀ ਅਤੇ ਵਿਘਨਕਾਰਿਣੀ ਸ਼ਕਤੀ ਹੈ। ਸੂਫ਼ੀਆਂ ਦੇ ਸ਼ੈਤਾਨ ਵਾਂਗ ਇਹ ਅਧਿਆਤਮ ਸਾਧਨਾ ਵਿਚ ਵਾਧਕ ਵੀ ਹੈ। ਇਸ ਦੀ ਕੋਈ ਸੁਤੰਤਰ ਸੱਤਾ ਨਹੀਂ ਹੈ, ਇਹ ਪ੍ਰਭੂ ਦੇ ਅਧੀਨ ਹੈ। ਸੰਸਾਰ ਮਾਇਆ ਦਾ ਸਾਕਾਰ ਰੂਪ ਹੈ। ਕੁਦਰਤ ਇਸ ਦਾ ਸਮਸ਼ਟੀ ਰੂਪ ਹੈ ਅਤੇ ਪ੍ਰਾਣੀ ਵਿਅਸ਼ਟੀ ਰੂਪ। ਇਸ ਦਾ ਮਨ ਨਾਲ ਬੜਾ ਨਿਘਾ ਸੰਬੰਧ ਹੈ। ਮਨੋਵਿਕਾਰ ਇਸ ਦੀ ਸੰਤਾਨ ਹਨ। ਇਸ ਨੂੰ ਕੇਵਲ ਇਸ ਦਾ ਰਚੈਤਾ ਬ੍ਰਹਮ ਹੀ ਜਾਣ ਸਕਦਾ ਹੈ। ਮਾਇਆ ਦੇ ਨਾਲ ਨਾਲ ਕੁਦਰਤ ਦਾ ਵਰਣਨ ਵੀ ਖ਼ਾਸ ਕਰਕੇ ਸਿੱਖ-ਗੁਰੂਆਂ ਦੀ ਬਾਣੀ ਵਿਚ ਹੋਇਆ ਹੈ। ਕੁਦਰਤ ਆਪਣੇ ਕਾਦਰ ਰਾਹੀਂ ਨਿਰਮਿਤ, ਵਿਵਹਾਰਿਕ

ਰੂਪ ਵਿਚ ਸਚੀ, ਪਰ ਪ੍ਰਭੂ ਆਸ਼੍ਰਿਤ ਅਜਿਹੀ ਵਿਸਮਾਦਪੂਰਣ ਸੱਤਾ ਹੈ ਜੋ ਪਰਮਾਤਮਾ ਦੀ ਵਿਆਪਤੀ ਦਾ ਖੇਤਰ, ਬੈਠਣ ਲਈ ਤਖ਼ਤ, ਪੂਜਾ ਲਈ ਆਰਤੀ ਦੀ ਸਾਮਗ੍ਰੀ ਅਤੇ ਮਨੋਰੰਜਨ ਲਈ ਰਾਸ ਹੈ। ਇਸ ਦੇ ਰਹੱਸ ਨੂੰ ਕੇਵਲ ਪਰਮਾਤਮਾ ਹੀ ਜਾਣਦਾ ਹੈ। ਇਸ ਦੀ ਸਾਂਖ੍ਯ-ਮਤ ਦੀ ਪ੍ਰਕ੍ਰਿਤੀ ਨਾਲੋਂ ਸਰਬ-ਪ੍ਰਮੁਖ ਭਿੰਨਤਾ ਇਹ ਹੈ ਕਿ ਇਹ ਪ੍ਰਭੂ-ਆਸ਼੍ਰਿਤ ਹੈ ਅਤੇ ਸਾਂਖ੍ਯਵਾਦੀ ਪ੍ਰਕ੍ਰਿਤੀ ਦੇ ਵਿਪਰੀਤ ਇਸ ਦੀ ਕੋਈ ਸੁਤੰਤਰ ਸੱਤਾ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਮੁਕਤੀ ਨੂੰ ਪਰਮਾਤਮਾ ਵਿਚ ਇਕਮਿਕਤਾ ਜਾਂ ਪੂਰਣ-ਲੀਨਤਾ ਦੀ ਭਾਵਨਾ ਮੰਨਿਆ ਗਿਆ ਹੈ। ਜਦ ਅਗਿਆਨ ਦਾ ਪਰਦਾ ਹਟ ਜਾਂਦਾ ਹੈ ਤਾਂ ਪਹਿਲਾਂ ਤੋਂ ਪ੍ਰਾਪਤ ਵਸਤੂ ਪ੍ਰਾਪਤ ਹੋ ਜਾਂਦੀ ਹੈ। ਇਸ ਗ੍ਰੰਥ ਦੇ ਬਾਣੀਕਾਰ ਬੈਕੁੰਠ-ਗਵਨ ਵਾਲੀ ਮੁਕਤੀ ਵਿਚ ਵਿਸ਼ਵਾਸ ਨਹੀਂ ਰਖਦੇ ਕਿਉਂਕਿ ਉਨ੍ਹਾਂ ਦੀ ਪ੍ਰਮੁਖ ਅਭਿਲਾਸ਼ਾ ਜਾਂ ਮੰਗ ਬੈਕੁੰਠ ਵਾਲੀ ਮੁਕਤੀ ਨਹੀਂ, ਸਗੋਂ ਪ੍ਰਭੂ ਦਾ ਦਰਸ਼ਨ ਜਾਂ ਸਾਖਿਆਤਕਾਰ ਅਤੇ ਉਸ ਉਪਰੰਤ ਆਤਮ-ਸਮਰਪਣ ਹੈ। ਇਸ ਦੇ ਸਾਹਮਣੇ ਬਾਕੀ ਸਭ ਕੁਝ ਤੁਛ ਜਾਂ ਵਿਅਰਥ ਹੈ। ਅਸਲੋਂ ਅਦ੍ਵੈਤ ਅਵਸਥਾ ਹੀ ਗੁਰੂ ਗ੍ਰੰਥ ਸਾਹਿਬ ਅਨੁਸਾਰ 'ਮੁਕਤੀ' ਹੈ। ਇਹ ਮੁਕਤੀ ਬਾਹਰਲੇ ਕਰਮ-ਕਾਂਡਾਂ ਰਾਹੀਂ ਪ੍ਰਾਪਤ ਨਹੀਂ ਹੁੰਦੀ। ਇਸ ਲਈ ਪਰਮਾਤਮਾ ਦਾ ਹੁਕਮ ਜਾਂ ਭਾਣਾ ਮੰਨਣਾ ਪਰਮ-ਆਵੱਸ਼ਕ ਹੈ ਅਤੇ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਹੀ ਉਹ ਪ੍ਰਾਪਤ ਹੁੰਦੀ ਹੈ। ਗੁਰੂ, ਗੁਰੂ-ਸ਼ਬਦ, ਗੁਰੂ-ਸੇਵਾ ਅਤੇ ਭਾਉ-ਭਗਤੀ ਦਾ ਮੁਕਤੀ- ਪ੍ਰਾਪਤੀ ਵਿਚ ਮਹੱਤਵਪੂਰਣ ਸਥਾਨ ਹੈ। ਹਉਮੈ ਦਾ ਤਿਆਗ ਅਤੇ ਸਾਧ-ਸੰਗਤਿ ਦੀ ਸ਼ਰਣ ਮੁਕਤੀ ਲਈ ਆਧਾਰਭੂਤ ਆਵੱਸ਼ਕਤਾਵਾਂ ਹਨ।

ਮੁਕਤੀ ਮਰਣ ਉਪਰੰਤ ਪ੍ਰਾਪਤ ਹੋਣ ਵਾਲੀ ਕੋਈ ਵਸਤੂ ਨਹੀਂ, ਜੀਵਿਤ ਅਵਸਥਾ ਵਿਚ ਹੀ ਇਸ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ ਅਤੇ ਅਜਿਹੇ ਸਾਧਕ ਨੂੰ 'ਜੀਵਨ-ਮੁਕਤ' ਕਿਹਾ ਗਿਆ ਹੈ। ਜੀਵਨ-ਮੁਕਤ ਵਿਅਕਤੀ ਮਾਨਤਾ ਦੇ ਕਲਿਆਣ ਲਈ ਬਹੁਤ ਉਪਯੋਗੀ ਹੈ। ਅਜਿਹੀ ਧਾਰਣਾ ਮੁਕਤੀ-ਪਰੰਪਰਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਮੌਲਿਕ ਦੇਣ ਹੈ। ਆਧੁਨਿਕ ਯੁਗ ਵਿਚ ਵੀ ਤ੍ਰਸਤ ਅਤੇ ਪੀੜਿਤ ਮਾਨਵਤਾ ਨੂੰ ਸੁਖੀ ਬਣਾਉਣ ਲਈ ਜੀਵਨ-ਮੁਕਤ ਵਿਅਕਤੀ ਬਹੁਤ ਮਹੱਤਵਪੂਰਣ ਯੋਗਦਾਨ ਦੇ ਸਕਦਾ ਹੈ। ਗੁਰੂਆਂ ਦਾ ਆਦਰਸ਼ ਪੁਰਸ਼ 'ਗੁਰਮੁਖ' ਅਸਲ ਵਿਚ ਜੀਵਨ-ਮੁਕਤ ਵਿਅਕਤੀ ਦਾ ਉਜਲਾ ਨਮੂਨਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤਿਪਾਦਿਤ ਬ੍ਰਹਮ, ਜੀਵਾਤਮਾ, ਸ੍ਰਿਸ਼ਟੀ ਅਤੇ ਮੁਕਤੀ ਦੇ ਸਰੂਪ ਨੂੰ ਵੇਖਦਿਆਂ ਇਹ ਪ੍ਰਸ਼ਨ ਸੁਭਾਵਿਕ ਉਠਦਾ ਹੈ ਕਿ ਕੀ ਇਸ ਗ੍ਰੰਥ ਦੇ ਬਾਣੀਕਾਰਾਂ ਨੇ ਕਿਸੇ ਨਵੀਨ ਦਰਸ਼ਨ-ਪੱਧਤੀ ਦੀ ਸਥਾਪਨਾ ਕੀਤੀ ਹੈ ? ਉੱਤਰ ਸਪੱਸ਼ਟ ਹੈ ਕਿ ਉਹ ਬਾਣੀਕਾਰ ਦਰਸ਼ਨ ਆਚਾਰਯ ਨਹੀਂ ਸਨ ਅਤੇ ਨ ਹੀ ਉਨ੍ਹਾਂ ਨੇ ਦਾਰਸ਼ਨਿਕ ਬਣਨ ਦਾ ਯਤਨ ਵੀ ਕੀਤਾ ਸੀ। ਕੁਲ ਮਿਲਾ ਕੇ ਉਹ ਅਧਿਆਤਮਿਕ ਸਾਧਕ ਸਨ। ਪਰ ਕਈ ਵਾਰ ਉਨ੍ਹਾਂ ਦੀ ਅਧਿਆਤਮ-ਪ੍ਰਿਯਤਾ ਅਤੇ ਇਸ ਸੰਬੰਧੀ ਭਾਵਨਾਵਾਂ ਦੀ ਵਿਸਤ੍ਰਿਤ ਅਤੇ ਵਿਵਸਥਿਤ ਅਭਿਵਿਅਕਤੀ ਨੇ ਉਨ੍ਹਾਂ ਨੂੰ ਦਾਰਸ਼ਨਿਕਾਂ ਦੀ ਪੰਕਤੀ ਵਿਚ ਲਿਆ ਖੜਾ ਕੀਤਾ ਸੀ। ਗੁਰੂ ਅਤੇ ਸੰਤ ਲੋਕ ਅਜਿਹੇ ਸਾਰਗ੍ਰਾਹੀ ਮਹਾਤਮਾ ਸਨ ਜਿਨ੍ਹਾਂ ਨੇ ਉਹ ਸਭ ਕੁਝ ਅਪਣਾ ਲਿਆ ਜਿਸ ਨਾਲ ਭਵਸਾਗਰ ਵਿਚ ਡੁਬਦੀ ਹੋਈ ਮਾਨਵਤਾ ਦਾ ਉੱਧਾਰ ਹੋ ਸਕੇ।

ਗੁਰੂ ਸਾਹਿਬਾਨ ਅਤੇ ਸੰਤਾਂ ਨੇ ਪੂਰਬਵਰਤੀ ਵਖ ਵਖ ਜਟਿਲ ਸਿੱਧਾਂਤਾਂ ਨੂੰ ਆਪਣੀ ਅਲੌਕਿਕ ਪ੍ਰਤਿਭਾ ਦੇ ਸਾਂਚੇ ਵਿਚ ਢਾਲ ਕੇ ਅਤੇ ਆਪਣੇ ਦ੍ਰਿਸ਼ਟੀਕੋਣ ਦੀ ਪਾਣ ਚੜ੍ਹਾ ਕੇ ਸਹਿਜ ਅਤੇ ਮੌਲਿਕ ਰੂਪ ਦੇ ਦਿੱਤਾ। ਇਹੀ ਕਾਰਣ ਹੈ ਕਿ ਉਹ ਪੂਰਬਵਰਤੀ ਅਨੇਕ ਦਰਸ਼ਨ ਪੱਧਤੀਆਂ ਤੋਂ ਪ੍ਰਭਾਵਿਤ ਹੋ ਕੇ ਸਹਿਜ, ਸਰਲ ਅਤੇ ਮੌਲਿਕ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਉਹ ਭਾਰਤੀ ਅਤੇ ਅਭਾਰਤੀ ਸਾਰੀਆਂ ਚਿੰਤਨ-ਪ੍ਰਣਾਲੀਆਂ ਤੋਂ ਕੁਝ ਨ ਕੁਝ ਲੈ ਕੇ ਉਸ ਨੂੰ ਨਵੀਨ ਵਿਚਾਰਧਾਰਾ ਦੀ ਮਾਲਾ ਵਿਚ ਪਰੋਣ ਦਾ ਯਤਨ ਕਰਦੇ ਹਨ। ਪਰ ਉਨ੍ਹਾਂ ਦੀ ਦਾਰਸ਼ਨਿਕ ਪੱਧਤੀ ਕਿਸ ਮਤ ਦੇ ਅਧਿਕ ਨੇੜੇ ਹੈ ਅਤੇ ਉਸ ਨੂੰ ਕਿਹੜਾ ਨਾਂ ਦਿੱਤਾ ਜਾ ਸਕਦਾ ਹੈ ? ਇਨ੍ਹਾਂ ਦੋਹਾਂ ਪ੍ਰਸ਼ਨਾਂ ਦਾ ਉੱਤਰ ਦੇਣਾ ਸਰਲ ਨਹੀਂ ਹੈ। ਪਰ ਫਿਰ ਵੀ ਗੰਭੀਰ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਬਾਣੀਕਾਰ ਵੇਦਾਂਤ ਦੇ ਜ਼ਿਆਦਾ ਨੇੜੇ ਹਨ। ਮੱਧ -ਯੁਗ ਤਕ ਪਹੁੰਚ ਕੇ ਵੇਦਾਂਤ ਦੇ ਵੀ ਅਗੋਂ ਕਿਤਨੇ ਸੰਪ੍ਰਦਾਇ ਪ੍ਰਚਲਿਤ ਹੋ ਗਏ ਜਿਵੇਂ ਅਦ੍ਵੈਤਵਾਦ, ਵਿਸ਼ਿਸ਼ਟ- ਅਦ੍ਵੈਤ-ਵਾਦ, ਭੇਦਾਭੇਦਵਾਦ, ਦ੍ਵੈਤਵਾਦ, ਸ਼ੁੱਧ-ਅਦ੍ਵੈਤਵਾਦ ਆਦਿ। ਇਨ੍ਹਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਵੇਦਾਂਤ ਦੇ ਅਦ੍ਵੈਤਵਾਦੀ ਦ੍ਰਿਸ਼ਟੀਕੋਣ ਦੇ ਕੇਵਲ ਕੁਝ ਨੇੜੇ ਕਹੇ ਜਾ

ਸਕਦੇ ਹਨ, ਕਿਉਂਕਿ ਇਹ ਅਦ੍ਵੈਤਵਾਦ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦੇ; ਨ ਇਹ ਵੇਦ ਨੂੰ ਪ੍ਰਮਾਣ ਮੰਨਦੇ ਹਨ; ਨ ਇਨ੍ਹਾਂ ਪਾਸ ਸਗੁਣ ਬ੍ਰਹਮ ਦੇ ਅਵਤਾਰਵਾਦੀ ਰੂਪ ਦਾ ਕੁਝ ਮਹੱਤਵ ਹੈ; ਨ ਇਹ ਗਿਆਨ ਅਤੇ ਤਰਕ ਨੂੰ ਸਿੱਧਾਂਤ-ਵਿਸ਼ਲੇਸ਼ਣ ਲਈ ਆਧਾਰ ਬਣਾਉਂਦੇ ਹਨ ਅਤੇ ਨ ਹੀ ਇਸ ਗ੍ਰੰਥ ਵਿਚ ਕਿਤੇ ਵਰਣਾਸ਼੍ਰਮ ਵਿਧਾਨ ਨੂੰ ਸਵੀਕਾਰ ਕੀਤਾ ਗਿਆ ਹੈ।

**ਗੁਰੂ ਨਾਨਕ ਪ੍ਰਕਾਸ਼** (ਕਾਵਿ) : ਇਹ ਮਹਾਕਵੀ ਸੰਤੋਖ ਸਿੰਘ ਦੀ ਪਹਿਲੀ ਮੌਲਿਕ ਰਚਨਾ ਹੈ ਜਿਸ ਨੂੰ 1880 ਬਿ. (1823 ਈ.) ਵਿਚ 'ਬੂੜੀਆ' ਕਸਬੇ ਵਿਚ ਮੁਕੰਮਲ ਕੀਤਾ ਗਿਆ ਸੀ। ਇਸ ਗ੍ਰੰਥ ਦੇ ਦੋ ਭਾਗ ਹਨ ਪੂਰਬਾਰਧ ਅਤੇ ਉਤਰਾਰਧ। ਪਹਿਲੇ ਭਾਗ ਵਿਚ 73 ਅਤੇ ਦੂਜੇ ਭਾਗ ਵਿਚ 57 ਅਧਿਆਇ ਹਨ। ਛੰਦਾਂ ਦੀ ਕੁਲ ਗਿਣਤੀ 9700 ਹੈ। ਇਸ ਦੀ ਰਚਨਾ-ਪ੍ਰਕ੍ਰਿਆ ਦੋ ਸਾਲ ਤੋਂ ਕੁਝ ਵਧ ਸਮੇਂ ਤਕ ਚਲਦੀ ਰਹੀ। ਇਸ ਦੇ ਆਰੰਭ ਵਿਚ 88 ਛੰਦਾਂ ਦਾ ਮੰਗਲਾ- ਚਰਣ ਹੈ ਜਿਸ ਵਿਚ ਅਕਾਲ ਪੁਰਖ ਤੋਂ ਇਲਾਵਾ ਗੁਰੂ ਸਾਹਿਬਾਨ ਪ੍ਰਤਿ ਇਸ਼ਟ-ਭਾਵਨਾ ਦੀ ਅਭਿਵਿਅਕਤੀ ਹੋਈ ਹੈ। ਆਪਣੇ ਵਿਦਿਆ-ਗੁਰੂ ਦੀ ਮਹਿਮਾ ਕਰਨ ਤੋਂ ਬਾਦ ਕਵੀ ਨੇ ਨਾਮ-ਸਿਮਰਨ ਦੇ ਮਹੱਤਵ ਨੂੰ ਦਰਸਾਉਂਦੇ ਹੋਇਆਂ ਉਨ੍ਹਾਂ ਸਾਧਕਾਂ ਦਾ ਉਲੇਖ ਵੀ ਕੀਤਾ ਹੈ ਜਿਨ੍ਹਾਂ ਨੇ ਨਾਮ-ਸਿਮਰਨ ਦੇ ਬਲ 'ਤੇ ਭਵਸਾਗਰ ਨੂੰ ਸੁਖੈਨ ਹੀ ਤਰ ਲਿਆ ਸੀ।

ਗੁਰੂ ਨਾਨਕ ਦੇਵ ਜੀ ਆਪਣੇ ਯੁਗ ਦੇ ਇਕ ਮਹਾਨ ਲੋਕ-ਨਾਇਕ ਅਤੇ ਨਿਸ਼ਠਾਵਾਨ ਧਰਮ-ਸਾਧਕ ਸਨ ਜਿਨ੍ਹਾਂ ਨੇ ਆਪਣੀ ਨਵੀਨ ਅਤੇ ਯੁਗ ਦੀ ਲੋੜ ਅਨੁਸਾਰ ਉਸਾਰੂ ਵਿਚਾਰਧਾਰਾ ਨਾਲ ਸਾਰੇ ਦੇਸ਼ ਦਾ ਕਲਿਆਣ ਕੀਤਾ ਅਤੇ ਅਨੇਕਾਂ ਸ਼ਰਧਾਲੂਆਂ ਦਾ ਅਧਿਆਤਮਿਕ ਭਵਿਸ਼ ਉਜਲਾ ਕੀਤਾ। ਅਜਿਹੇ ਪਰਮ ਪੁਰਸ਼ ਦੇ ਜੀਵਨ ਬਾਰੇ ਭਾਵੇਂ ਇਸ ਰਚਨਾ ਤੋਂ ਪਹਿਲਾਂ ਕਈ ਕਵੀਆਂ/ਲੇਖਕਾਂ ਨੇ ਜਨਮ-ਸਾਖੀਆਂ, ਮਹਿਮਾ ਪ੍ਰਕਾਸ਼, ਆਦਿ ਵਿਚ ਚਾਨਣਾ ਪਾਇਆ ਹੈ, ਪਰ ਪ੍ਰਬੰਧ-ਕਾਵਿ ਦੀ ਪਰੰਪਰਾ ਵਿਚ ਭਾਈ ਸੰਤੋਖ ਸਿੰਘ ਦਾ ਇਹ ਸ਼ਲਾਘਾਯੋਗ ਯਤਨ ਹੈ। ਇਹ ਇਕ ਬ੍ਰਿੱਤਾਂਤਿਕ ਪ੍ਰਬੰਧ-ਕਾਵਿ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਵਿਵਰਣ ਦੇ ਨਾਲ ਨਾਲ ਉਨ੍ਹਾਂ ਦੀ ਧਰਮ-ਭਾਵਨਾ ਦਾ ਪਸਾਰ ਹੋਇਆ ਹੈ। ਇਸ ਦੇ ਆਧਾਰ ਗ੍ਰੰਥ ਜਨਮਸਾਖੀਆਂ, ਖ਼ਾਸ ਕਰਕੇ 'ਬਾਲਾ ਜਨਮਸਾਖੀ' ਅਤੇ 'ਮਹਿਮਾ ਪ੍ਰਕਾਸ਼' ਹਨ। ਗੁਰੂ ਸਾਹਿਬ ਦੀਆਂ ਯਾਤ੍ਰਾਵਾਂ/ਉਦਾਸੀਆਂ ਅਤੇ ਉਨ੍ਹਾਂ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਗੁਰੂ ਜੀ ਦੁਆਰਾ ਸਥਾਪਿਤ ਆਦਰਸ਼ਾਂ ਦਾ ਰੁਚੀ-ਪੂਰਣ ਚਿਤ੍ਰਣ ਹੋਇਆ ਹੈ। ਗੁਰੂ ਸਾਹਿਬ ਨੇ ਜਿਸ ਤਰ੍ਹਾਂ ਆਪਣੀ ਵਿਚਾਰਧਾਰਾ ਨੂੰ ਲੋਕ-ਮਨ ਉਤੇ ਸਥਾਪਿਤ ਕੀਤਾ, ਉਸ ਤੋਂ ਉਨ੍ਹਾਂ ਦੀ ਸ਼ਖ਼ਸੀਅਤ ਦੈਵੀ ਰੂਪ ਵਿਚ ਉਘੜੀ ਹੈ। ਘਟਨਾ-ਵਰਣਨ ਵੇਲੇ ਕਰਾਮਾਤਾਂ, ਅਲੌਕਿਕ ਘਟਨਾਵਾਂ, ਚਮਤਕਾਰਾਂ ਦਾ ਵੀ ਮਿਸ਼ਰਣ ਹੋਇਆ ਹੈ। ਫਲਸਰੂਪ ਯਥਾਰਥ ਭੂਮੀ ਤੋਂ ਹਟ ਕੇ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਰਾਣ-ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਹੈ। ਅਜਿਹਾ ਕਰਨ ਵੇਲੇ ਕਈਆਂ ਥਾਂਵਾਂ 'ਤੇ ਜਿਥੇ ਇਤਿਹਾਸਿਕ ਆਧਾਰ ਖੁਰਿਆ ਹੈ, ਉਥੇ ਗੁਰੂ ਸਾਹਿਬ ਦੇ ਜੀਵਨ ਵਿਚ ਕਈ ਅਜਿਹੇ ਤੱਤ੍ਵ ਵੀ ਸ਼ਾਮਲ ਹੋ ਗਏ ਹਨ, ਜਿਨ੍ਹਾਂ ਦਾ ਸੰਬੰਧ ਗੁਰੂ ਜੀ ਨਾਲ ਨਹੀਂ ਹੈ। ਕਵੀ ਨੇ ਗੁਰੂ ਜੀ ਦੇ ਵਾਸਤਵਿਕ ਸਰੂਪ ਦੀ ਥਾਂ, ਆਪਣੇ ਮਨ ਵਿਚ ਬਣੇ ਗੁਰੂ ਸਾਹਿਬ ਦੇ ਸਰੂਪ ਨੂੰ ਚਿਤਰਿਆ ਹੈ ਜੋ ਉਸ ਦੀ ਭਾਵਨਾ ਦੇ ਅਨੁਰੂਪ ਹੈ। ਇਸ ਵਾਸਤੇ 'ਗੁਰੂ ਨਾਨਕ ਪ੍ਰਕਾਸ਼' ਵਿਚਲਾ ਨਾਨਕ -ਬਿੰਬ ਕਵੀ ਦੀ ਭਾਵਨਾ ਅਨੁਸਾਰ ਦੈਵੀ ਨੁਹਾਰ ਵਾਲਾ ਹੈ।

ਗੁਰੂ ਨਾਨਕ ਦੇਵ ਜੀ ਦੀ ਭਾਵਨਾ ਨੂੰ ਸੰਪੁਸ਼ਟ ਕਰਨ ਲਈ ਕਵੀ ਨੇ ਅਨੇਕ ਪੌਰਾਣਿਕ ਪ੍ਰਸੰਗਾਂ ਦਾ ਚਿਤ੍ਰਣ 'ਪ੍ਰਕਰੀ' ਰੂਪ ਵਿਚ ਕੀਤਾ ਹੈ। ਕਵੀ ਦਾ ਧਿਆਨ ਭਾਵੇਂ ਮੁੱਖ ਕਥਾ ਉਤੇ ਹੀ ਕੇਂਦ੍ਰਿਤ ਰਿਹਾ ਹੈ, ਪਰ ਇਨ੍ਹਾਂ ਪ੍ਰਕਰੀਆਂ ਨਾਲ, ਨਾਮ-ਸਾਧਨਾ ਦੇ ਮਹੱਤਵ, ਦੁਰਾਚਾਰ ਦੇ ਮਾੜੇ ਫਲ, ਭਗਤੀ ਦੀ ਵਡਿਆਈ ਆਦਿ ਪੱਖਾਂ ਦਾ ਵਰਣਨ ਅਜਿਹੀ ਵਿਵਸਥਿਤ ਵਿਧੀ ਨਾਲ ਹੋਇਆ ਹੈ ਕਿ ਇਕ ਖ਼ਾਸ ਕਿਸਮ ਦੀ ਸੰਸਕ੍ਰਿਤਿਕ ਚੇਤਨਾ ਪੈਦਾ ਹੋ ਗਈ ਹੈ। ਇਸ ਚੇਤਨਾ ਦਾ ਆਧਾਰ ਕਵੀ ਦੀ ਸਮਨਵੈਵਾਦੀ ਰੁਚੀ ਹੈ। ਉਨ੍ਹਾਂ ਨੇ ਬੜੀ ਸਾਵਧਾਨੀ ਨਾਲ ਮਾਨਵੀ ਅਤੇ ਸਮਾਜਿਕ ਜੀਵਨ ਦਾ ਉਦੱਤੀਕਰਣ ਕਰਕੇ ਸਚੇ ਮਨੁੱਖ ਦਾ ਆਦਰਸ਼-ਰੂਪ ਨਿਰਮਿਤ ਕੀਤਾ ਹੈ। ਇਹੀ ਕਾਰਣ ਹੈ ਕਿ ਲੋਕਾਂ ਨੂੰ ਗੁਰੂ-ਚਰਿਤ੍ਰ ਵਿਚ ਇਕ ਮਹਾਨ ਉੱਧਾਰਕ ਦੇ ਦਰਸ਼ਨ ਹੋਣ ਲਗੇ ਸਨ। ਸਚ ਤਾਂ ਇਹ ਹੈ ਕਿ ਕਵੀ ਨੇ ਅਵਤਾਰਵਾਦ ਦੀ ਭਾਵ-ਭੂਮੀ ਅਨੁਸਾਰ ਭਾਰ-ਪੀੜਿਤ ਧਰਤੀ ਦੇ ਪਰਿਤ੍ਰਾਣ ਲਈ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਇਕ ਦੈਵੀ

ਸ਼ਖ਼ਸੀਅਤ ਦਾ ਅਵਤਰਣ ਦਰਸਾਇਆ ਹੈ।

ਪਹਿਲੀ ਰਚਨਾ ਹੋਣ ਦੇ ਬਾਵਜੂਦ ਸਾਹਿਤਿਕ ਦ੍ਰਿਸ਼ਟੀ ਤੋਂ ਇਹ ਇਕ ਸਫਲ ਕਾਵਿ ਹੈ ਜਿਸ ਵਿਚ ਪ੍ਰਬੰਧ -ਕਾਵਿ ਦੇ ਅਧਿਕਾਂਸ਼ ਗੁਣ ਸਮੋਏ ਹੋਏ ਹਨ ਅਤੇ ਨੈਤਿਕ ਆਚਾਰ ਦੀ ਗੰਭੀਰਤਾ ਆਦਿ ਤੋਂ ਅੰਤ ਤਕ ਕਾਇਮ ਹੈ। ਵਸਤੂ-ਵਰਣਨ, ਅਲੰਕਾਰ-ਯੋਜਨਾ, ਛੰਦ-ਵਿਧਾਨ, ਭਾਸ਼ਾ-ਸੋਹਜ ਆਦਿ ਸਾਰੇ ਪੱਖਾਂ ਤੋਂ ਇਹ ਇਕ ਸੁੰਦਰ ਰਚਨਾ ਹੈ। ਕਵੀ ਦੀ ਸੰਸਕ੍ਰਿਤਿਕ ਭਾਵਨਾ ਅਤੇ ਕਾਵਿ-ਪ੍ਰਤਿਭਾ ਦਾ ਜੋ ਪਰਿਚਯ ਇਸ ਗ੍ਰੰਥ ਵਿਚ ਮਿਲਦਾ ਹੈ, ਉਸੇ ਦਾ ਵਿਕਾਸ 'ਗੁਰ ਪ੍ਰਤਾਪ ਸੂਰਜ' ਵਿਚ ਵੇਖਿਆ ਜਾ ਸਕਦਾ ਹੈ।

**ਗੁਰੂ ਨਾਨਕ ਫਾਊਂਡੇਸ਼ਨ** : ਇਸ ਫਾਊਂਡੇਸ਼ਨ ਦੀ ਸਥਾਪਨਾ ਸੰਨ 1965 ਈ. ਵਿਚ ਹੋਈ ਅਤੇ ਇੰਡੀਅਨ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ ਅਧੀਨ ਰਜਿਸਟਰ ਕਰਵਾਈ ਗਈ। ਇਸ ਦੀ ਸਥਾਪਨਾ ਦਾ ਮੂਲ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਪੰਚਮ ਜਨਮ-ਸ਼ਤਾਬਦੀ ਨੂੰ ਮੰਨਾਉਣਾ ਸੀ। ਇਸ ਦਾ ਸਰੂਪ ਸਥਾਈ ਤੌਰ 'ਤੇ ਗ਼ੈਰ-ਸਿਆਸੀ ਅਤੇ ਸੰਪ੍ਰਦਾਇਕ ਸੀਮਾਵਾਂ ਤੋਂ ਉੱਚਾ ਸੀ। ਕਿਸੇ ਵੀ ਧਰਮ, ਦੇਸ਼, ਜਾਤਿ ਆਦਿ ਦਾ ਵਿਅਕਤੀ ਇਸ ਦਾ ਮੈਂਬਰ ਬਣ ਸਕਣ ਦਾ ਅਧਿਕਾਰੀ ਸੀ। ਇਸ ਦੀ ਪ੍ਰਚਾਰ-ਸੀਮਾ ਗੁਰੂ ਨਾਨਕ ਦੇਵ ਜੀ ਦੇ ਧਾਰਮਿਕ ਸਿੱਧਾਂਤਾਂ ਤਕ ਬੰਦ ਨਹੀਂ ਸੀ, ਸਗੋਂ ਵਖ ਵਖ ਧਰਮਾਂ ਦੇ ਸੰਸਥਾਪਕਾਂ ਦੇ ਜੀਵਨ ਅਤੇ ਸਿੱਧਾਂਤਾਂ ਨੂੰ ਵੀ ਇਸ ਦੇ ਪ੍ਰਚਾਰ-ਖੇਤਰ ਵਿਚ ਸਮੋਇਆ ਗਿਆ, ਜਿਨ੍ਹਾਂ ਨੇ ਮਨੁੱਖਤਾ ਦੇ ਅਧਿਆਤਮਿਕ ਅਤੇ ਸਦਾਚਾਰਿਕ ਉੱਨਤੀ ਵਿਚ ਆਪਣਾ ਯੋਗਦਾਨ ਪਾਇਆ। ਇਸ ਤਰ੍ਹਾਂ ਇਹ ਵਿਸ਼ਵ ਵਿਆਪੀ ਸੰਸਥਾ ਹੈ ਅਤੇ ਇਸ ਦੀਆਂ ਸ਼ਾਖਾਵਾਂ ਹਿੰਦੁਸਤਾਨ ਤੋਂ ਇਲਾਵਾ ਬਾਹਰਲੇ ਮੁਲਕਾਂ ਵਿਚ ਵੀ ਕਾਇਮ ਕੀਤੀਆਂ ਗਈਆਂ ਹਨ।

ਇਸ ਸੰਸਥਾ ਦੇ ਮੁੱਖ ਉਦੇਸ਼ਾਂ ਵਿਚ ਹੇਠ ਲਿਖੇ ਉਦੇਸ਼ ਵੀ ਸ਼ਾਮਲ ਸਨ :

(1) ਗੁਰੂ ਸਾਹਿਬਾਂ, ਸ਼ਹੀਦਾਂ ਅਤੇ ਸੰਤਾਂ ਦੀਆਂ ਜੀਵਨੀਆਂ ਤਿਆਰ ਕਰਵਾਉਣਾ,

(2) ਗੁਰਬਾਣੀ ਅਤੇ ਹੋਰ ਧਾਰਮਿਕ ਰਚਨਾਵਾਂ ਨੂੰ ਅੰਗ੍ਰੇਜ਼ੀ ਤੋਂ ਇਲਾਵਾ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਰੂਪਾਂਤਰਿਤ ਕਰਵਾਉਣਾ ਅਤੇ

(3) ਸਿੱਖ ਧਰਮ-ਗ੍ਰੰਥਾਂ ਅਤੇ ਧਾਰਮਿਕ ਪੁਸਤਕਾਂ ਦੇ ਅਧਿਐਨ ਲਈ ਖੋਜ-ਕੇਂਦਰ ਸਥਾਪਿਤ ਕਰਨਾ ਅਤੇ ਸਿੱਖ ਸੰਗੀਤ ਤੇ ਕਲਾ ਤੋਂ ਇਲਾਵਾ ਤੁਲਨਾਤਮਕ ਅਧਿਐਨ ਦੀ ਵਿਵਸਥਾ ਕਰਨਾ।

ਸ਼ਤਾਬਦੀ ਦੇ ਮੌਕੇ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਸਮ੍ਰਿਤੀ ਗ੍ਰੰਥ ਛਾਪਣ ਤੋਂ ਇਲਾਵਾ ਹੋਰ ਵੀ ਕਈ ਰਚਨਾਵਾਂ ਦਾ ਪ੍ਰਕਾਸ਼ਨ ਹੋਇਆ। ਸਰਕਾਰ ਵਲੋਂ ਇਸ ਫਾਊਂਡੇਸ਼ਨ ਦਾ ਕੇਂਦਰ-ਸਥਾਨ ਸਥਾਪਿਤ ਕਰਨ ਲਈ 15-16 ਇੰਸਟੀਚਿਊਸ਼ਨਲ ਏਰੀਆ ਵਿਚ ਪਲਾਟ ਦਿੱਤਾ ਗਿਆ, ਜਿਸ ਉਤੇ ਬਾਦ ਵਿਚ ਇਕ ਵੱਡੀ ਇਮਾਰਤ ਕਾਇਮ ਕੀਤੀ ਗਈ, ਜਿਸ ਵਿਚ ਵੱਡੇ ਹਾਲ ਤੋਂ ਇਲਾਵਾ, ਦਫ਼ਤਰ ਅਤੇ ਲਾਇਬ੍ਰੇਰੀ ਦੀ ਵੀ ਸੁੰਦਰ ਵਿਵਸਥਾ ਹੈ। ਜਿਸ ਉਦੇਸ਼ ਨਾਲ ਇਸ ਦੀ ਸਥਾਪਨਾ ਹੋਈ ਸੀ, ਉਸ ਦੀ ਪੂਰਤੀ ਲਈ ਹੁਣ ਇਸ ਵਿਚ ਸਰਗਰਮੀ ਘਟ ਗਈ ਹੈ, ਬਸ ਇਕ ਰਵਾਇਤੀ ਜਿਹੇ ਢੰਗ ਨਾਲ ਕਾਰਵਾਈ ਚਲਾਈ ਜਾ ਰਹੀ ਹੈ। ਇਸ ਦਾ ਇਕ ਕਾਰਣ ਇਹ ਹੈ ਕਿ ਸਥਾਪਨਾ ਕਰਨ ਵਾਲੇ ਮੁਖੀਏ ਗੁਜ਼ਰ ਗਏ ਹਨ ਅਤੇ ਅਗਲੀ ਪੀੜ੍ਹੀ ਵਿਚ ਕਈ ਪ੍ਰਕਾਰ ਦੇ ਤਫ਼ਰਕੇ ਅਤੇ ਨਿਜੀ ਹਿਤਵਾਦ ਆਪਣੇ ਪ੍ਰਭਾਵ ਵਿਖਾ ਰਹੇ ਹਨ।

**ਗੁਰੂ ਨਾਨਕ ਬੰਸ ਪ੍ਰਕਾਸ਼** (ਕਾਵਿ): ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੰਸ-ਪਰੰਪਰਾ ਦੀ ਵਿਸਤ੍ਰਿਤ ਜਾਣਕਾਰੀ ਉਪਲਬਧ ਕਰਨ ਵਾਲੀ ਇਹ ਕਾਵਿ-ਕ੍ਰਿਤੀ ਬਾਬਾ ਸੁਖਬਾਸੀ ਰਾਮ ਦੀ ਰਚਨਾ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਵੰਸ਼-ਕ੍ਰਮ ਵਿਚ ਦਸਵੀਂ ਥਾਂ 'ਤੇ ਸੀ ਅਤੇ ਬਾਬਾ ਕਾਬਲੀ ਮੱਲ ਦੇ ਘਰ ਸੰਨ 1758 ਈ. ਦੇ ਨੇੜੇ-ਤੇੜੇ ਡੇਰਾ ਬਾਬਾ ਨਾਨਕ ਵਿਚ ਪੈਦਾ ਹੋਇਆ ਸੀ। ਇਹ ਸੁਆਮੀ ਆਨੰਦਘਨ ਉਦਾਸੀ ਦਾ ਚੇਲਾ ਬਣ ਕੇ ਬਹੁਤ ਸਮਾਂ ਕਾਸ਼ੀ ਵਿਚ ਰਿਹਾ ਅਤੇ ਭਾਰਤੀ ਕਾਵਿ -ਸ਼ਾਸਤ੍ਰ, ਧਰਮ-ਸ਼ਾਸਤ੍ਰ ਅਤੇ ਪੁਰਾਣ ਸਾਹਿਤ ਦਾ ਅਧਿਐਨ ਕੀਤਾ। ਪੰਜਾਬ ਪਰਤ ਕੇ ਇਸ ਨੇ ਗੁਰਬਾਣੀ ਦੀ ਬਹੁਤ ਵਿਆਖਿਆ ਕੀਤੀ ਅਤੇ ਗੁਰੂ ਨਾਨਕ ਮਤ ਦਾ ਪ੍ਰਚਾਰ ਕੀਤਾ। ਫਲਸਰੂਪ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਿਆਲਕੋਟ ਦੇ ਇਲਾਕੇ ਵਿਚ ਜਾਗੀਰ ਵੀ ਦਿੱਤੀ। ਇਹ ਲਗਭਗ 90 ਵਰ੍ਹਿਆਂ ਦੀ ਉਮਰ ਬਤੀਤ ਕਰਕੇ ਗੁਜ਼ਰਿਆ ਅਤੇ ਧਰਮ-ਪ੍ਰਚਾਰ ਕਰਕੇ ਹਜ਼ਾਰਾਂ ਜਿਗਿਆਸੂਆਂ ਨੂੰ ਗੁਰੂ

ਨਾਨਕ ਨਾਮ-ਲੇਵਾ ਬਣਾਇਆ।

ਪ੍ਰਸਤੁਤ ਰਚਨਾ ਦਾ ਆਰੰਭ ਦੇਵੀ-ਦੇਵਤਿਆਂ ਦੀ ਬੰਦਨਾ ਤੋਂ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਦ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿਤ ਨੂੰ ਬੜੇ ਵਿਸਤਾਰ ਨਾਲ ਕਹਿ ਕੇ ਫਿਰ ਉਨ੍ਹਾਂ ਦੀ ਬੰਸ ਵਿਚ ਹੋਏ ਬੇਦੀ ਬਾਬਿਆਂ /ਸਾਹਿਬਜ਼ਾਦਿਆਂ ਦਾ ਬ੍ਰਿੱਤਾਂਤ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦਾ ਜੀਵਨ ਵਿਵਰਣ ਮੁੱਖ ਤੌਰ 'ਤੇ ਜਨਮਸਾਖੀ ਸਾਹਿਤ 'ਤੇ ਆਧਾਰਿਤ ਹੈ ਅਤੇ ਗੁਰੂ ਜੀ ਦਾ ਜਨਮ ਵਿਸਾਖ ਮਹੀਨੇ ਵਿਚ ਦਸ ਕੇ 'ਪੁਰਾਤਨ ਜਨਮਸਾਖੀ' ਦੀ ਮਾਨਤਾ ਨੂੰ ਅਗੇ ਤੋਰਿਆ ਗਿਆ ਹੈ। ਪਰ ਇਸ ਦੇ ਵਿਵਰਣ ਉਤੇ ਬਾਲੇ ਵਾਲੀ ਜਨਮਸਾਖੀ ਦਾ ਪ੍ਰਭਾਵ ਅਧਿਕ ਹੈ। ਗੁਰੂ-ਚਰਿਤ ਉਤੇ ਅਵਤਾਰਵਾਦ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਮਾਨਤਾਵਾਂ ਨੂੰ ਆਰੋਪਿਤ ਕੀਤਾ ਗਿਆ ਹੈ ਅਤੇ ਗੁਰੂ ਜੀ ਨੂੰ ਪੁਰਾਣ-ਪੁਰਸ਼ਾਂ ਦੀ ਸਨਾਤਨੀ ਪੰਕਤੀ ਵਿਚ ਖੜਾ ਕੀਤਾ ਗਿਆ ਹੈ, ਯੁਗ-ਚਿਤ੍ਰਣ ਵੀ ਬੜੇ ਯਥਾਰਥ ਢੰਗ ਨਾਲ ਹੋਇਆ ਹੈ।

ਸਾਧ ਭਾਖਾ ਦੇ 4500 ਪਦਿਆਂ ਦੀ ਇਹ ਰਚਨਾ ਦੋਹਾ-ਚੌਪਈ ਪੱਧਤੀ ਵਿਚ ਲਿਖੀ ਗਈ ਹੈ। ਇਸ ਨੂੰ ਕੜਵਕ ਸ਼ੈਲੀ ਕਹਿੰਦੇ ਹਨ ਜੋ ਪੁਰਾਤਨ ਕਾਲ ਵਿਚ ਬ੍ਰਿੱਤਾਂਤਿਕ ਰਚਨਾ ਵਿਚ ਵਰਤੀ ਜਾਂਦੀ ਸੀ। ਕਿਤੇ ਕਿਤੇ ਸੋਰਠਾ, ਸਵੈਯਾ, ਅੜਿਲ ਆਦਿ ਛੰਦ ਵੀ ਵਰਤੇ ਗਏ ਹਨ। ਪੰਜਾਬ ਵਿਚ ਲਿਖੇ ਗਏ ਚਰਿਤ੍ਰ-ਕਾਵਿ ਦਾ ਇਹ ਇਕ ਉਜਲਾ ਨਮੂਨਾ ਹੈ।

**ਗੁਰੂ ਨਾਨਕ ਵਿਦਿਅਕ ਸੁਸਾਇਟੀ** : ਇਸ ਸੁਸਾਇਟੀ ਦੀ ਸਥਾਪਨਾ 'ਦੱਕਨ ਖ਼ਾਲਸਾ ਦੀਵਾਨ' ਦੁਆਰਾ ਜੁਲਾਈ 1947 ਈ. ਵਿਚ ਬੰਬਈ ਵਿਚ ਹੋਈ ਸੀ। ਇਸ ਦਾ ਮੂਲ ਉਦੇਸ਼ ਉੱਤਰ ਤੋਂ ਬੰਬਈ ਵਿਚ ਆ ਵਸੇ ਸ਼ਰਣਾਰਥੀਆਂ ਦੇ ਬੱਚਿਆਂ ਦੀ ਪੜ੍ਹਾਈ ਦੀ ਵਿਵਸਥਾ ਕਰਨਾ ਸੀ। ਲੋਕਾਂ ਤੋਂ ਚੰਦੇ ਇਕੱਠੇ ਕਰਕੇ ਅਤੇ ਬਾਦ ਵਿਚ ਪ੍ਰਾਪਤ ਹੋਈ ਸਰਕਾਰੀ ਮਦਦ ਨਾਲ ਸਭ ਤੋਂ ਪਹਿਲਾਂ ਗੁਰੂ ਨਾਨਕ ਹਾਈ ਸਕੂਲ ਦੀ ਸਥਾਪਨਾ ਕੀਤੀ ਗਈ। ਹੁਣ ਇਸ ਸੁਸਾਇਟੀ ਵਲੋਂ ਇਕ ਦਰਜਨ ਤੋਂ ਵਧ ਸਕੂਲ ਚਲਾਏ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿਚ ਆਮ ਪਾਠ-ਕ੍ਰਮ ਤੋਂ ਇਲਾਵਾ ਸਿੱਖ ਧਰਮ ਦੇ ਸਿੱਧਾਂਤਾਂ ਅਤੇ ਇਤਿਹਾਸ ਬਾਰੇ ਵੀ ਪੜ੍ਹਾਈ ਕਰਵਾਈ ਜਾਂਦੀ ਹੈ। ਇਸ ਸੁਸਾਇਟੀ ਦੇ ਉੱਦਮ ਨਾਲ ਹੀ ਬੰਬਈ ਦੇ ਸਕੂਲਾਂ ਵਿਚ ਪੰਜਾਬੀ ਨੂੰ ਇਛਿਕ ਵਿਸ਼ੇ ਵਜੋਂ ਪ੍ਰਵਾਨਗੀ ਮਿਲੀ ਹੋਈ ਹੈ। ਇਸ ਪ੍ਰਵਾਨਗੀ ਦਾ ਵਿਸਤਾਰ ਡਿਗਰੀ ਪੱਧਰ ਤਕ ਹੈ। ਇਸ ਸੁਸਾਇਟੀ ਵਲੋਂ ਇਕ ਚੰਗੀ ਲਾਇਬ੍ਰੇਰੀ ਵੀ ਬਣਾਈ ਹੋਈ ਹੈ ਜਿਸ ਵਿਚ ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਿਤ ਹਰ ਪ੍ਰਕਾਰ ਦੀਆਂ ਪੁਸਤਕਾਂ ਵਿਸ਼ੇਸ਼ ਰੂਪ ਵਿਚ ਉਪਲਬਧ ਹਨ।

**ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ** : ਸਿੱਖ ਧਰਮ ਵਿਚ ਵਿਦਿਆ ਦਾ ਪ੍ਰਚਾਰ ਕਰਨ ਲਈ ਦਿੱਲੀ ਨਿਵਾਸੀ ਠੇਕੇਦਾਰ ਸ. ਬਹਾਦਰ ਧਰਮ ਸਿੰਘ (ਵੇਖੋ) ਦੁਆਰਾ ਸੰਨ 1924 ਈ. ਵਿਚ ਸਥਾਪਿਤ ਕੀਤਾ ਗਿਆ ਟ੍ਰਸਟ 10 ਮਈ 1932 ਈ. ਨੂੰ ਵਿਧੀ-ਵਤ ਰਜਿਸਟਰ ਹੋਇਆ। ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਪ੍ਰਭਾਵ ਅਧੀਨ ਇਹ ਟ੍ਰਸਟ ਬਣਾਇਆ ਗਿਆ। ਸ. ਧਰਮ ਸਿੰਘ ਨੇ ਆਪਣੀ ਸੰਪਤੀ ਵਿਚੋਂ ਅਧਿਕਾਂਸ਼ ਇਸ ਟ੍ਰਸਟ ਦੇ ਹਵਾਲੇ ਕਰ ਦਿੱਤਾ। ਉਸ ਵਕਤ ਦੇ 18 ਪ੍ਰਤਿਸ਼ਠਿਤ ਵਿਦਵਾਨਾਂ ਅਤੇ ਸਿੱਖਿਆ ਸ਼ਾਸਤ੍ਰੀਆਂ ਨੂੰ ਇਸ ਟ੍ਰਸਟ ਦਾ ਫਾਊਂਡਰ ਮੈਂਬਰ ਬਣਾ ਕੇ ਪੱਕੇ ਪੈਰਾਂ ਉਤੇ ਖੜਾ ਕੀਤਾ। ਇਸ ਟ੍ਰਸਟ ਵਲੋਂ ਪੰਜਾਬ ਵਿਚ 54 ਪ੍ਰਾਇਮਰੀ ਸਕੂਲ ਖੋਲ੍ਹੇ ਗਏ ਜਿਨ੍ਹਾਂ ਵਿਚ ਸਿੱਖੀ ਸੰਬੰਧੀ ਉਚੇਚ ਨਾਲ ਮੁਫ਼ਤ ਤਾਲੀਮ ਦਿੱਤੀ ਜਾਂਦੀ ਸੀ। ਦਿੱਲੀ ਦੇ ਗੁਰਦੁਆਰਾ ਰਕਾਬਗੰਜ ਵਿਚ 'ਗੁਰਮਤਿ ਵਿਦਿਆਲਾ' ਦੀ ਸਥਾਪਨਾ ਕਰਕੇ ਕੀਰਤਨ ਅਤੇ ਧਰਮ ਪ੍ਰਚਾਰ ਲਈ ਨੌਜਵਾਨਾਂ ਨੂੰ ਸਿਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ।

ਸ. ਧਰਮ ਸਿੰਘ ਤੋਂ ਬਾਦ ਉਨ੍ਹਾਂ ਦੇ ਵੱਡੇ ਜਵਾਈ ਸ. ਅਰਜਨ ਸਿੰਘ ਨੇ ਇਸ ਟ੍ਰਸਟ ਦੇ ਉਦੇਸ਼ਾਂ ਦੀ ਪੂਰਤੀ ਲਈ ਬਹੁਤ ਯੋਗਦਾਨ ਪਾਇਆ ਹੈ। ਇਸ ਟ੍ਰਸਟ ਵਲੋਂ ਲੋੜਵੰਦ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ। ਕਈ ਤਕਨੀਕੀ ਵਿਦਿਆਲਿਆਂ, ਲਾਇਬ੍ਰੇਰੀਆਂ, ਦਵਾਖ਼ਾਨਿਆਂ ਅਤੇ ਧਰਮਸ਼ਾਲਾਵਾਂ ਨੂੰ ਇਸ ਟ੍ਰਸਟ ਵਲੋਂ ਮਾਇਕ ਸਹਾਇਤਾ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

**ਗੁਰੂ-ਪੰਥ** : ਵੇਖੋ 'ਪੰਥ'।

**ਗੁਰੂ ਮਾਂਗਟ (ਪਿੰਡ)**: ਪੱਛਮੀ ਪੰਜਾਬ ਵਿਚ ਲਾਹੌਰ

ਛਾਵਨੀ ਦੇ ਨੇੜੇ ਵਸਿਆ ਇਕ ਪਿੰਡ, ਜਿਥੇ ਛੇਵੇਂ ਗੁਰੂ ਜੀ ਨੇ ਮੁਜ਼ੰਗ ਵਿਚ ਆਪਣੀ ਠਹਿਰ ਦੌਰਾਨ ਚਰਣ ਪਾਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਜੋ ਸਮਾਰਕ ਬਣਵਾਇਆ ਗਿਆ, ਉਸ ਦਾ ਨਾਂ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਪ੍ਰਸਿੱਧ ਹੋਇਆ। ਸੰਨ 1927 ਈ. ਵਿਚ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੋ ਗਿਆ। ਨਵੀਂ ਇਮਾਰਤ ਅਤੇ ਸਰੋਵਰ ਬਣਾਉਣ ਵੇਲੇ ਮਿੱਟੀ ਹੇਠਾਂ ਦਬੀ ਇਕ ਬਾਉਲੀ ਨਿਕਲੀ ਜਿਸ ਨੂੰ ਸੁਧਾਰ ਲਿਆ ਗਿਆ। ਦੇਸ਼ ਵੰਡ ਤੋਂ ਬਾਦ ਇਹ ਗੁਰਦੁਆਰਾ ਸ਼ਰਧਾਲੂਆਂ ਤੋਂ ਖੁਸ ਗਿਆ ਹੈ।

**ਗੁਲਜ਼ਾਰ ਸਿੰਘ, ਭਾਈ** (ਮ. 1737 ਈ.): ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਨ ਵਾਲਾ ਇਕ ਸਿਦਕਵਾਨ ਸਿੰਘ, ਜਿਸ ਨੂੰ ਗੁਰੂ ਜੀ ਨੇ ਸੰਨ 1700 ਈ. ਵਿਚ ਭਾਈ ਮਨੀ ਸਿੰਘ ਦੇ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਵਿਵਸਥਾ ਕਰਨ ਲਈ ਭੇਜਿਆ। ਇਹ ਲਗਭਗ 37 ਵਰ੍ਹੇ ਉਥੇ ਰਿਹਾ। ਜਦੋਂ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟ ਕੇ ਸ਼ਹੀਦ ਕੀਤਾ ਗਿਆ ਤਾਂ ਇਸ ਦੀ ਵੀ ਚਮੜੀ ਉਧੇੜ ਕੇ ਸ਼ਹੀਦ ਕੀਤਾ ਗਿਆ। ਇਸ ਦੀ ਸਮਾਧ ਵੀ ਭਾਈ ਮਨੀ ਸਿੰਘ ਦੀ ਸ਼ਹੀਦਗੰਜ ਨਾਲ ਲਾਹੌਰ ਵਿਚ ਬਣੀ ਹੋਈ ਹੈ।

**ਗੁਲਾਬ ਸਿੰਘ ਸੋਢੀ** (ਜ. 1660 ਈ.): ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਪੁੱਤਰ ਸੂਰਜ ਮੱਲ ਦਾ ਪੋਤਰਾ ਅਤੇ ਦੀਪ ਚੰਦ ਦਾ ਬੇਟਾ ਸੀ ਜੋ ਆਪਣੇ ਛੋਟੇ ਭਰਾ ਸ਼ਿਆਮ ਚੰਦ (ਸ਼ਿਆਮ ਸਿੰਘ) ਸਹਿਤ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਵਿਚ ਰਹਿੰਦਾ ਸੀ। ਇਸ ਦਾ ਪਹਿਲਾ ਨਾਂ ਗੁਲਾਬ ਰਾਇ ਸੀ। ਇਨ੍ਹਾਂ ਦੋਹਾਂ ਭਰਾਵਾਂ ਨੇ ਗੁਰੂ ਜੀ ਤੋਂ ਅੰਮ੍ਰਿਤ ਪਾਨ ਕੀਤਾ। ਜਦੋਂ ਗੁਰੂ ਜੀ ਨੇ ਆਨੰਦਪੁਰ ਛਡਿਆ ਤਾਂ ਇਨ੍ਹਾਂ ਦੋਹਾਂ ਭਰਾਵਾਂ ਨੂੰ ਪਿਛੇ ਰਹਿਣ ਲਈ ਕਿਹਾ ਅਤੇ ਨਾਹਨ ਦੇ ਰਾਜੇ ਪ੍ਰਤਿ ਇਕ ਪੱਤਰ ਵੀ ਦਿੱਤਾ ਤਾਂ ਜੋ ਸੰਕਟ ਦੀ ਘੜੀ ਵਿਚ ਇਹ ਉਸ ਪਾਸ ਸ਼ਰਣ ਲੈ ਸਕਣ। ਇਹ ਆਪਣੇ ਛੋਟੇ ਭਰਾ ਸਹਿਤ ਨਾਹਨ ਚਲਾ ਗਿਆ ਅਤੇ ਸਥਿਤੀ ਦੇ ਸੁਧਰਨ ਤੋਂ ਬਾਦ ਬਿਲਾਸਪੁਰ ਦੇ ਰਾਜੇ ਪਾਸੋਂ ਆਨੰਦਪੁਰ ਨਗਰ ਖ਼ਰੀਦ ਕੇ ਭਰਾ ਸਮੇਤ ਉਥੇ ਰਹਿਣ ਲਗਾ।

ਇਸ ਨੇ ਆਨੰਦਪੁਰ ਨੂੰ ਪਹਿਲਾਂ ਵਾਂਗ ਵਸਾਉਣ ਦਾ ਯਤਨ ਕੀਤਾ, ਪਰ ਨਾਲ ਹੀ ਆਪਣੇ ਆਪ ਨੂੰ ਗੁਰੂ ਘੋਸ਼ਿਤ ਕਰਕੇ ਸੰਗਤ ਤੋਂ ਪੂਜਾ ਕਰਵਾਉਣ ਲਗ ਗਿਆ। ਕਹਿੰਦੇ ਹਨ ਕਿ ਇਸ ਦੇ ਕਰਮਾਚਾਰ ਨੂੰ ਵੇਖ ਕੇ ਗੁਰਬਖ਼ਸ਼ ਨਾਂ ਦੇ ਉਦਾਸੀ ਨੇ ਇਸ ਨੂੰ 'ਨਿਰਬੰਸ' ਹੋਣ ਦਾ ਸਰਾਪ ਦਿੱਤਾ। ਇਸ ਦੇ ਚਾਰੇ ਪੁੱਤਰ ਇਸ ਦੇ ਜੀਉਂਦੇ ਜੀ ਮਰ ਗਏ ਅਤੇ ਆਪ ਵੀ ਬਹੁਤ ਦੁਖ ਪਾ ਕੇ ਇਸ ਦੁਨੀਆ ਤੋਂ ਵਿਦਾ ਹੋਇਆ।

**ਗੁਲਾਬ ਸਿੰਘ ਘੋਲੀਆ, ਸੰਤ** (1853-1936 ਈ.): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਨਗਰ ਤੋਂ 6 ਕਿ.ਮੀ. ਦੱਖਣ ਵਲ ਵਸੇ ਇਕ ਪੁਰਾਤਨ ਪਿੰਡ ਭੱਟੀਵਾਲਾ ਵਿਚ ਭਾਈ ਦਲ ਸਿੰਘ ਦੇ ਘਰ ਮਾਈ ਧਰਮ ਕੌਰ ਦੀ ਕੁੱਖੋਂ ਸੰਨ 1853 ਈ. ਵਿਚ ਪੈਦਾ ਹੋਏ ਸੰਤ ਗੁਲਾਬ ਸਿੰਘ ਇਕ ਵਿਦਵਾਨ ਮਹਾਤਮਾ ਪੁਰਸ਼ ਸਨ। ਇਨ੍ਹਾਂ ਨੇ ਮੁੱਢਲੀ ਪੜ੍ਹਾਈ ਪਿੰਡ ਦੀ ਧਰਮਸ਼ਾਲਾ ਵਿਚ ਪ੍ਰਾਪਤ ਕੀਤੀ ਅਤੇ ਫਿਰ ਫ਼ਰੀਦਕੋਟ ਜ਼ਿਲ੍ਹੇ ਦੇ ਮਾਣੂਕੇ ਪਿੰਡ ਵਿਚ ਭਾਈ ਰਾਮ ਸਿੰਘ ਦੇ ਡੇਰੇ ਵਿਚ ਪੰਜ ਵਰ੍ਹੇ ਰਹਿ ਕੇ ਕੀਰਤਨ ਕਰਨਾ ਸਿਖਿਆ ਅਤੇ ਸਿੱਖ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ। ਸੰਸਕ੍ਰਿਤ ਦੇ ਅਧਿਐਨ ਲਈ ਆਪ ਸੰਗਰੂਰ ਜ਼ਿਲ੍ਹੇ ਦੇ ਢਪਾਲੀ ਪਿੰਡ ਵਿਚ ਆ ਕੇ ਗਿਆਨੀ ਅਣੋਖ ਸਿੰਘ ਦੇ ਚੇਲੇ ਬਣੇ ਅਤੇ ਉਨ੍ਹਾਂ ਪਾਸ ਦਸ ਸਾਲ ਰਹਿ ਕੇ ਸੰਸਕ੍ਰਿਤ ਵੈਦਿਕ ਗ੍ਰੰਥਾਂ ਦਾ ਅਧਿਐਨ ਕੀਤਾ। ਫਿਰ ਰਿਸ਼ੀਕੇਸ਼ ਜਾ ਕੇ ਪੰਡਿਤ ਨਿਹਾਲ ਸਿੰਘ ਅਤੇ ਪੰਡਿਤ ਅਦ੍ਵੈਤਾਨੰਦ ਤੋਂ ਭਾਰਤੀ ਧਰਮ ਗ੍ਰੰਥਾਂ ਦਾ ਗਿਆਨ ਹਾਸਲ ਕੀਤਾ।

ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਬਾਦ ਆਪ ਨੇ ਗੁਰਮਤਿ ਦੇ ਪ੍ਰਚਾਰ ਦਾ ਬੀੜਾ ਚੁਕਿਆ। ਇਸ ਉਦੇਸ਼ ਦੀ ਪੂਰਤੀ ਲਈ ਇਨ੍ਹਾਂ ਨੇ ਬਹੁਤ ਯਾਤ੍ਰਾ ਕੀਤੀ ਅਤੇ ਅਨੇਕ ਥਾਂਵਾਂ 'ਤੇ ਗੁਰੂ-ਸ਼ਬਦ ਦੇ ਗਿਆਨ ਦਾ ਪ੍ਰਸਾਰਣ ਕੀਤਾ। ਸੰਨ 1890 ਈ. ਵਿਚ ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਦੀ ਆਪ ਨਾਲ ਅਲਾਹਾਬਾਦ ਵਿਚ ਭੇਂਟ ਹੋਈ। ਮਹਾਰਾਜਾ ਨੇ ਚਾਹਿਆ ਕਿ ਸੰਤ ਜੀ ਉਸ ਦੀ ਰਾਜਧਾਨੀ ਨਾਭਾ ਵਿਚ ਰਹਿ ਕੇ ਧਰਮ-ਪ੍ਰਚਾਰ ਕਰਨ, ਪਰ ਆਪ ਨੇ ਇਨਕਾਰ ਕਰ ਦਿੱਤਾ। ਇਨ੍ਹਾਂ ਨੇ ਭਾਈ ਰਾਮ ਸਿੰਘ ਦੇ ਦੇਹਾਵਸਾਨ ਤੋਂ ਬਾਦ ਮਾਣੂਕੇ ਦੇ ਡੇਰੇ ਨੂੰ ਸੰਭਾਲਣ ਤੋਂ ਵੀ ਨਾਂਹ ਕਰ ਦਿੱਤੀ।

ਸੰਨ 1907 ਈ. ਵਿਚ ਆਪ ਨੇ ਮਾਣੂਕੇ ਪਿੰਡ

ਦੇ ਨੇੜੇ ਘੋਲੀਆ ਖ਼ੁਰਦ ਨਾਂ ਦੇ ਪਿੰਡ ਵਿਚ ਗੁਰਦੁਆਰਾ ਬਣਵਾਇਆ ਅਤੇ ਉਸੇ ਸਥਾਨ ਨੂੰ ਆਪਣੇ ਧਰਮ-ਪ੍ਰਚਾਰ ਦਾ ਕੇਂਦਰ ਥਾਪਿਆ। ਉਸ ਪਿੰਡ ਦਾ ਨਾਂ ਆਪ ਦੇ ਨਾਂ ਨਾਲ ਸਥਾਈ ਤੌਰ 'ਤੇ ਜੁੜ ਗਿਆ। ਆਪ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਆਪਣੇ ਢੰਗ ਨਾਲ ਲੋਕਾਂ ਨੂੰ ਗੁਰਦੁਆਰੇ ਆਜ਼ਾਦ ਕਰਾਉਣ ਲਈ ਪ੍ਰੇਰਿਆ। ਬਾਦ ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ 17 ਜੂਨ 1923 ਈ. ਨੂੰ ਸ਼ੁਰੂ ਹੋਈ ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਦਾ ਆਰੰਭ ਕਰਨ ਵਾਲੇ ਪੰਜ ਪਿਆਰਿਆਂ ਵਿਚ ਸ਼ਾਮਲ ਹੋਏ। ਆਪਣੇ ਜੀਵਨ ਦੇ ਅੰਤਿਮ ਪੜਾ ਵਿਚ ਇਨ੍ਹਾਂ ਨੇ 'ਆਨੰਦ ਭਵਨ' ਨਾਂ ਦਾ ਇਕ ਗੁਰਦੁਆਰਾ ਮੋਗਾ ਨਗਰ ਵਿਚ ਬਣਾਇਆ, ਜਿਥੇ ਆਪਣੇ ਅੰਤ ਸਮੇਂ 3 ਜੁਲਾਈ, 1936 ਈ. ਤਕ ਰਹੇ।

**ਗੁਲਾਬ ਸਿੰਘ ਡਲੇਵਾਲੀਆ** (ਮ. 1759 ਈ.): ਡਲੇਵਾਲੀਆ ਮਿਸਲ ਦੇ ਸੰਸਥਾਪਕ ਸ. ਗੁਲਾਬ ਸਿੰਘ ਦਾ ਜਨਮ ਡੇਰਾ ਬਾਬਾ ਨਾਨਕ ਦੇ ਨੇੜੇ ਪਿੰਡ ਡਲੇਵਾਲ ਵਿਚ ਸ਼ਰਧਾ ਰਾਮ ਦੇ ਘਰ ਹੋਇਆ। ਪਹਿਲਾਂ ਇਹ ਪਿੰਡ ਵਿਚ ਦੁਕਾਨਦਾਰੀ ਕਰਦਾ ਸੀ, ਪਰ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਸੁਣ ਕੇ ਅੰਮ੍ਰਿਤਸਰ ਆਇਆ ਅਤੇ ਨਵਾਬ ਕਪੂਰ ਸਿੰਘ ਅਗੇ ਸਿੱਖ ਬਣਾਉਣ ਲਈ ਬੇਨਤੀ ਕੀਤੀ। ਸ. ਕਪੂਰ ਸਿੰਘ ਨੇ ਇਸ ਨੂੰ ਕੇਸ ਵਧਾ ਕੇ ਅਤੇ ਸ਼ਸਤ੍ਰ ਵਿਦਿਆ ਅਤੇ ਘੋੜਸਵਾਰੀ ਵਿਚ ਪ੍ਰਬੀਨਤਾ ਹਾਸਲ ਕਰਕੇ ਇਕ ਸਾਲ ਬਾਦ ਆਉਣ ਲਈ ਕਿਹਾ। ਪਿੰਡ ਪਰਤ ਕੇ ਇਸ ਨੇ ਨੌਜਵਾਨਾਂ ਦੀ ਇਕ ਟੋਲੀ ਬਣਾਈ ਅਤੇ ਦੀਵਾਲੀ ਦੇ ਮੌਕੇ ਆਪਣੀ ਟੋਲੀ ਸਹਿਤ, ਘੋੜਿਆਂ 'ਤੇ ਸਵਾਰ, ਨਵਾਬ ਕਪੂਰ ਸਿੰਘ ਦੀ ਸੇਵਾ ਵਿਚ ਉਪਸਥਿਤ ਹੋਇਆ। ਨਵਾਬ ਸਾਹਿਬ ਨੇ ਪ੍ਰਸੰਨ ਹੋ ਕੇ ਉਸ ਨੂੰ ਅੰਮ੍ਰਿਤ ਛਕਾਇਆ ਅਤੇ ਗੁਲਾਬ ਸਿੰਘ ਨਾਂ ਰਖਿਆ। ਇਸ ਨੇ ਸੰਨ 1739 ਈ. ਵਿਚ ਨਾਦਰਸ਼ਾਹ ਦੀ ਸੈਨਾ ਨਾਲ ਹੋਈ ਲੜਾਈ ਵਿਚ ਹਿੱਸਾ ਲਿਆ ਅਤੇ ਛੋਟੇ ਘੱਲੂਘਾਰੇ ਵੇਲੇ ਵੀ ਆਪਣੀ ਵੀਰਤਾ ਦਾ ਪਰਿਚਯ ਦਿੱਤਾ। ਸੰਨ 1748 ਈ. ਵਿਚ ਦਲ ਖ਼ਾਲਸਾ ਦੀ ਸਥਾਪਨਾ ਵੇਲੇ ਇਸ ਨੂੰ ਡਲੇਵਾਲੀਆ ਮਿਸਲ ਦਾ ਸਰਦਾਰ ਥਾਪਿਆ ਗਿਆ।

ਇਸ ਦੀ ਮਿਸਲ ਅਧਿਕਤਰ ਅੰਮ੍ਰਿਤਸਰ ਦੀ ਰਖਿਆ ਲਈ ਨਗਰ ਵਿਚ ਹੀ ਰਹਿੰਦੀ ਰਹੀ। ਸੰਨ 1757 ਈ. ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਲੁਟ ਦੇ ਸਾਮਾਨ ਸਹਿਤ ਕਾਬੁਲ ਨੂੰ ਪਰਤ ਰਿਹਾ ਸੀ, ਤਾਂ ਇਸ ਨੇ ਹੋਰ ਸਿੱਖ ਸਰਦਾਰਾਂ ਨਾਲ ਮਿਲ ਕੇ ਉਸ ਤੋਂ ਬਹੁਤ ਸਾਰਾ ਲੁਟ ਦਾ ਸਾਮਾਨ ਖੋਹ ਲਿਆ ਅਤੇ ਉਸ ਦੇ ਅਨੇਕਾਂ ਘੋੜੇ ਆਪਣੇ ਕਬਜ਼ੇ ਵਿਚ ਕਰ ਲਏ। ਇਸ ਨੇ ਪਾਨੀਪਤ ਅਤੇ ਰੋਹਤਕ ਤੋਂ ਇਲਾਵਾ ਬਾਂਗਰ ਖੇਤਰ ਵਿਚ ਹਾਂਸੀ ਅਤੇ ਹਿਸਾਰ ਨੂੰ ਵੀ ਰੌਂਦਿਆ। ਸੰਨ 1759 ਈ. ਵਿਚ ਇਹ ਕਲਾਨੌਰ ਦੀ ਲੜਾਈ ਵਿਚ ਮਾਰਿਆ ਗਿਆ।

**ਗੁਲਾਬ ਸਿੰਘ ਡੋਗਰਾ** (1792-1857 ਈ.): ਮੀਆਂ ਕਿਸ਼ੋਰਾ ਸਿੰਘ ਡੋਗਰਾ ਦੇ ਘਰ 17 ਅਕਤੂਬਰ 1792 ਈ. (ਇਕ ਹੋਰ ਸਰੋਤ ਅਨੁਸਾਰ 1788 ਈ.) ਨੂੰ ਜੰਮੂ ਤੋਂ 15 ਕਿ.ਮੀ. ਦੂਰ ਇਸਮਾਈਲਪੁਰ ਡਿਉਲੀ ਨਾਂ ਦੇ ਪਿੰਡ ਵਿਚ ਪੈਦਾ ਹੋਇਆ ਗੁਲਾਬ ਸਿੰਘ, ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਦਾ ਵੱਡਾ ਭਰਾ ਸੀ। ਸੰਨ 1809 ਈ. ਵਿਚ ਇਹ ਲਾਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਇਆ ਅਤੇ ਜਲਦੀ ਹੀ ਮਹਾਰਾਜੇ ਦਾ ਮਨਜ਼ੂਰੇ ਨਜ਼ਰ ਹੋ ਗਿਆ। ਸੰਨ 1820 ਈ. ਵਿਚ ਇਸ ਦੇ ਪਿਤਾ ਕਿਸ਼ੋਰਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜੰਮੂ ਦਾ ਪ੍ਰਬੰਧਕ ਥਾਪਿਆ। ਕਿਸ਼ੋਰਾ ਸਿੰਘ ਦੀ ਮ੍ਰਿਤੂ ਤੋਂ ਬਾਦ 16 ਜੂਨ 1822 ਈ. ਨੂੰ ਮਹਾਰਾਜਾ ਨੇ ਗੁਲਾਬ ਸਿੰਘ ਨੂੰ ਜੰਮੂ ਦਾ ਪ੍ਰਸ਼ਾਸਕ ਬਣਾਇਆ। ਇਸ ਨੇ ਬਹੁਤ ਸਾਰੀਆਂ ਪਹਾੜੀ ਰਿਆਸਤਾਂ ਨੂੰ ਅਧੀਨ ਕੀਤਾ ਅਤੇ ਕਸ਼ਮੀਰ ਵਲ ਲਾਹੌਰ ਦਰਬਾਰ ਦੁਆਰਾ ਸਾਰੀਆਂ ਮੁਹਿੰਮਾਂ ਵਿਚ ਖ਼ੂਬ ਹਿੱਸਾ ਲਿਆ ਅਤੇ ਮਹਾਰਾਜੇ ਪਾਸੋਂ ਵਧ ਤੋਂ ਵਧ ਜਾਗੀਰਾਂ ਅਤੇ ਇਨਾਮ-ਸਨਮਾਨ ਪ੍ਰਾਪਤ ਕੀਤੇ। ਇਸ ਨੇ ਜੇਹਲਮ ਅਤੇ ਚਨਾਬ ਦਰਿਆਵਾਂ ਵਿਚਾਲੇ ਵੀ ਆਪਣੀ ਜਾਗੀਰ ਬਣਾਈ ਅਤੇ ਲੂਣ ਦੀਆਂ ਖਾਣਾਂ ਪੱਟੇ 'ਤੇ ਲਈਆਂ। ਇਹ ਆਪਣੇ ਸਮੇਂ ਦਾ ਸਭ ਤੋਂ ਅਧਿਕ ਮਾਲਦਾਰ ਸਮਝਿਆ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਬਾਦ ਇਹ ਸਰਕਸ਼ ਹੁੰਦਾ ਗਿਆ। ਮਹਾਰਾਜਾ ਖੜਕ ਸਿੰਘ ਦੇ ਦੇਹਾਂਤ ਤੋਂ ਬਾਦ ਇਹ ਮਹਾਰਾਣੀ ਚੰਦ ਕੌਰ ਦੀਆਂ ਜਾਗੀਰਾਂ ਦਾ ਨਿਗਰਾਨ ਨਿਯੁਕਤ ਹੋਇਆ ਅਤੇ ਉਸ ਦੇ ਸਾਰੇ

ਗਹਿਣੇ ਅਤੇ ਕੀਮਤੀ ਚੀਜ਼ਾਂ ਨੂੰ ਧੋਖੇ ਨਾਲ ਜੰਮੂ ਲੈ ਗਿਆ। ਲਾਹੌਰ ਦਰਬਾਰ ਪ੍ਰਤਿ ਕੀਤੀਆਂ ਸਾਜ਼ਿਸ਼ਾਂ ਕਾਰਣ ਸਿੱਖ ਫ਼ੌਜ ਨਾਰਾਜ਼ ਹੋ ਗਈ ਅਤੇ ਸੰਨ 1845 ਈ. ਵਿਚ ਇਸ ਨੂੰ ਜੰਮੂ ਤੋਂ ਪਕੜ ਕੇ ਲਾਹੌਰ ਲੈ ਆਈ। 68 ਲੱਖ ਰੁਪਏ ਦਾ ਤਾਵਾਨ ਦੇਣ ਦੀ ਸੂਰਤ ਵਿਚ ਇਸ ਨੂੰ ਮੁਕਤ ਕੀਤਾ ਗਿਆ। ਪਰ ਇਸ ਨੇ ਅੰਗ੍ਰੇਜ਼ਾਂ ਨਾਲ ਗੁਪਤ ਸੰਬੰਧ ਬਣਾਈ ਰਖੇ ਅਤੇ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਵੇਲੇ ਬਹੁਤ ਮਹੱਤਵਪੂਰਣ ਗੁਪਤ ਸੂਚਨਾਵਾਂ ਉਨ੍ਹਾਂ ਨੂੰ ਪਹੁੰਚਾਉਂਦਾ ਰਿਹਾ। ਇਸ ਮਦਦ ਦੇ ਇਵਜ਼ਾਨੇ ਬਦਲੇ 16 ਮਾਰਚ 1846 ਈ. ਨੂੰ ਹੋਏ ਅਹਿਦਨਾਮੇ ਅਧੀਨ ਇਸ ਨੂੰ 75 ਲੱਖ ਰੁਪਏ ਬਦਲੇ ਜੰਮੂ-ਕਸ਼ਮੀਰ ਦਾ ਇਲਾਕਾ ਬਖ਼ਸ਼ ਦਿੱਤਾ ਗਿਆ। ਇਸ ਉਪਰੰਤ ਗੁਲਾਬ ਸਿੰਘ ਕਸ਼ਮੀਰ ਦਾ ਅਧਿਕਾਰ ਸੰਭਾਲਣ ਗਿਆ। ਪਰ ਰਾਜਾ ਲਾਲ ਸਿੰਘ ਨੇ ਕਸ਼ਮੀਰ ਦੇ ਸੂਬੇਦਾਰ ਸ਼ੇਖ ਨਿਜ਼ਾਮੁੱਦੀਨ ਨੂੰ ਚਿੱਠੀ ਲਿਖੀ ਕਿ ਕਸ਼ਮੀਰ ਦਾ ਕਬਜ਼ਾ ਰਾਜਾ ਗੁਲਾਬ ਸਿੰਘ ਨੂੰ ਨ ਦਿੱਤਾ ਜਾਵੇ। ਫਲਸਰੂਪ ਕਬਜ਼ਾ ਨ ਦਿੱਤਾ ਗਿਆ। ਮੇਜਰ ਲਾਰੰਸ ਅਫਟੈਟ ਐਡਵਰਡ ਸਰਦਾਰ ਤੇਜ ਸਿੰਘ ਦੀ ਫ਼ੌਜ ਲੈ ਕੇ ਕਸ਼ਮੀਰ ਪਹੁੰਚਿਆ। ਸ਼ੇਖ ਨਿਜ਼ਾਮੁੱਦੀਨ ਨੇ ਲਾਲ ਸਿੰਘ ਦੀ ਗੁਲਾਬ ਸਿੰਘ ਦੇ ਵਿਰੁੱਧ ਲਿਖੀ ਚਿੱਠੀ ਵਿਖਾ ਦਿੱਤੀ। 7 ਅਕਤੂਬਰ 1846 ਈ. ਨੂੰ ਜੰਮੂ ਅਤੇ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਘ ਦੇ ਅਧੀਨ ਹੋ ਗਿਆ। 30 ਜੂਨ 1857 ਈ. ਨੂੰ ਇਸ ਦਾ ਜੰਮੂ ਵਿਚ ਦੇਹਾਂਤ ਹੋਇਆ।

**ਗੁਲਾਬ ਚੰਦ** : ਗੁਰੂ ਹਰਿਗੋਬਿੰਦ ਜੀ ਦੀ ਸੁਪੁੱਤਰੀ ਬੀਬੀ ਵੀਰੋ ਦਾ ਪੁੱਤਰ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਰਿਸ਼ਤੇ ਵਜੋਂ ਭੂਆ ਦਾ ਪੁੱਤਰ, ਭਰਾ ਲਗਦਾ ਸੀ। ਇਹ ਭੰਗਾਣੀ ਦੇ ਯੁੱਧ ਵਿਚ ਖ਼ੂਬ ਲੜਿਆ। ਵੇਖੋ 'ਸੰਗੋ ਸ਼ਾਹ'।

**ਗੁਲਾਬ ਸਿੰਘ, ਪੰਡਿਤ** (ਜ. 1732 ਈ.): ਨਿਰਮਲਾ ਵਿਦਵਾਨ ਪੰਡਿਤ ਗੁਲਾਬ ਸਿੰਘ ਦਾ ਜਨਮ ਸੰਨ 1732 ਈ. ਵਿਚ ਭਾਈ ਰਾਇਆ ਦੇ ਘਰ ਮਾਈ ਗੌਰੀ ਦੀ ਕੁੱਖੋਂ ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਸੇਖਵ (ਸੇਖਮ) ਪਿੰਡ ਵਿਚ ਹੋਇਆ। ਇਸ ਦਾ ਪਿਤਾ ਪੁਰਖੀ ਕੰਮ ਖੇਤੀ ਕਰਨਾ ਸੀ, ਪਰ ਗੁਲਾਬ ਸਿੰਘ ਦੀ ਰੁਚੀ ਖੇਤੀ ਵਿਚ ਨਹੀਂ ਰਮਦੀ ਸੀ। ਇਸ ਨੇ ਆਪਣੇ ਪਿੰਡ ਦੇ ਹੀ ਇਕ ਸਾਧੂ ਪਾਸੋਂ ਗੁਰਮੁਖੀ ਪੜ੍ਹੀ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ। ਉਸ ਤੋਂ ਬਾਦ ਪੰਡਿਤ ਮਾਨ ਸਿੰਘ ਨਿਰਮਲਾ ਤੋਂ ਸਿੱਖ ਧਰਮ ਵਿਚ ਦੀਖਿਆ ਲਈ ਅਤੇ ਸੰਸਕ੍ਰਿਤ ਦਾ ਅਧਿਐਨ ਕੀਤਾ। ਆਪਣੇ ਸਿਖਿਆ ਗੁਰੂ ਤੋਂ ਨਿਰਮਲ ਭੇਖ ਧਾਰਣ ਕਰਕੇ ਸੰਸਕ੍ਰਿਤ ਦਾ ਗੰਭੀਰ ਅਧਿਐਨ ਕਰਨ ਲਈ ਕਾਸ਼ੀ (ਬਨਾਰਸ) ਚਲਾ ਗਿਆ। ਉਥੇ ਇਸ ਨੇ ਬੜੀ ਨਿਸ਼ਠਾ ਅਤੇ ਲਗਨ ਨਾਲ ਅਧਿਐਨ ਕੀਤਾ ਅਤੇ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦਾ ਪ੍ਰਤਿਸ਼ਠਿਤ ਵਿਦਵਾਨ ਬਣ ਗਿਆ।

ਇਸ ਦੀਆਂ ਸਾਰੀਆਂ ਰਚਨਾਵਾਂ ਭਾਵੇਂ ਬ੍ਰਜ ਭਾਸ਼ਾ ਵਿਚ ਹਨ, ਪਰ ਇਸ ਨੇ ਲਿਖੀਆਂ ਗੁਰਮੁਖੀ ਲਿਪੀ ਵਿਚ ਹਨ। ਇਸ ਦੀਆਂ ਦੋ ਰਚਨਾਵਾਂ 'ਭਾਵਰਸਾਮ੍ਰਿਤ' ਅਤੇ 'ਮੋਖਪੰਥ' ਮੌਲਿਕ ਹਨ। ਸੰਮਤ 1834 ਬਿ. (1777 ਈ.) ਵਿਚ ਲਿਖੀ 'ਭਾਵਰਸਾਮ੍ਰਿਤ' ਨਾਮਕ ਰਚਨਾ ਦਾ ਪ੍ਰਕਾਸ਼ਨ ਸੰਨ 1902 ਈ. ਵਿਚ ਹੋਇਆ। ਇਸ ਵਿਚ ਕਵੀ ਨੇ ਨਾਮ-ਸਿਮਰਨ, ਈਸ਼ਵਰੀ ਪ੍ਰੇਮ, ਸਦਾਚਾਰ, ਸੰਸਾਰਿਕਤਾ ਤੋਂ ਨਿਰਲੇਪਤਾ, ਸਤਿਸੰਗਤ, ਸਾਤਵਿਕ ਧਰਮ-ਕਰਮ ਆਦਿ ਵਿਸ਼ਿਆਂ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕੀਤਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਕਵੀ ਦੇ ਵਿਸ਼ਲੇਸ਼ਣ ਦਾ ਪਿਛੋਕੜ ਵੇਦਾਂਤ ਸ਼ਾਸਤ੍ਰ ਹੈ ਪਰ ਇਸ ਦੀ ਸਮਾਈ ਗੁਰੂ ਗ੍ਰੰਥ ਸਾਹਿਬ ਵਿਚ ਹੋਈ ਹੈ।

ਸੰਮਤ 1835 ਬਿ. (1778 ਈ.) ਵਿਚ ਲਿਖੀ ਅਤੇ ਸੰਨ 1912 ਈ. ਵਿਚ ਛਪੀ ਕਵੀ ਨੇ ਆਪਣੀ ਦੂਜੀ ਮੌਲਿਕ ਰਚਨਾ 'ਮੋਖ ਪੰਥ' (ਨਾਮਾਂਤਰ 'ਮੋਖ ਪੰਥ ਪ੍ਰਕਾਸ਼') ਵਿਚ ਭਾਰਤੀ ਦਰਸ਼ਨ ਦੇ ਮੂਲਾਧਾਰ ਛੇ ਸ਼ਾਸਤ੍ਰਾਂ (ਨਿਆਇ-ਵੈਸ਼ੇਸ਼ਿਕ, ਸਾਂਖ੍ਯ-ਯੋਗ, ਪੂਰਵ ਮੀਮਾਂਸਾ-ਵੇਦਾਂਤ) ਦਾ ਬੜੀ ਗੰਭੀਰਤਾ ਨਾਲ ਵਿਵੇਚਨ ਕੀਤਾ ਹੈ, ਪਰ ਸੰਸਕ੍ਰਿਤ ਦੀ ਤਤਸਮ ਸ਼ਬਦਾਵਲੀ ਨਾਲ ਲੱਦੀ ਹੋਈ ਬ੍ਰਜ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਬਹੁਤ ਉਪਰ ਹੈ। ਪੰਜ ਖੰਡਾਂ ਵਿਚ ਵੰਡੀ ਇਸ ਰਚਨਾ ਵਿਚ ਕੁਲ 1984 ਛੰਦ ਹਨ।

ਕਵੀ ਨੇ ਅਧਿਆਤਮ ਰਾਮਾਇਣ ਦਾ ਸੰ. 1839 ਬਿ. (1782 ਈ.) ਵਿਚ ਸੰਸਕ੍ਰਿਤ ਦੀ ਇਸੇ ਨਾਂ ਦੀ ਰਚਨਾ ਦਾ ਖੁਲ੍ਹਾ ਉਲਥਾ ਕੀਤਾ। ਇਸ ਰਚਨਾ ਦਾ ਪ੍ਰਕਾਸ਼ਨ 1880 ਈ. ਵਿਚ ਹੋਇਆ। ਕਵੀ ਦੀ ਉਲਥਾਈ ਹੋਈ ਦੂਜੀ ਰਚਨਾ 'ਪ੍ਰਬੋਧਚੰਦ੍ਰ ਨਾਟਕ' ਅਥਵਾ 'ਪ੍ਰਬੋਧਚੰਦ੍ਰੋਦਯ' ਸੰਮਤ 1849 ਬਿ. (1792 ਈ.) ਵਿਚ ਮੁਕੰਮਲ ਹੋਈ। ਇਹ ਪੰਡਿਤ

ਕ੍ਰਿਸ਼ਨ ਮਿਸ਼ਰ ਦੁਆਰਾ ਲਿਖੀ ਇਸੇ ਨਾਂ ਦੀ ਯਾਰ੍ਹਵੀਂ ਸਦੀ ਦੀ ਰਚਨਾ ਉਤੇ ਆਧਾਰਿਤ ਹੈ ਅਤੇ ਇਸ ਵਿਚ ਸਦਗੁਣਾਂ ਅਤੇ ਦੁਰਗੁਣਾਂ ਜਾਂ ਨੇਕੀ ਅਤੇ ਬਦੀ ਦੀਆਂ ਭਾਵਨਾਵਾਂ ਦਾ ਮਾਨਵੀਕਰਣ ਕੀਤਾ ਗਿਆ ਹੈ। ਕਵੀ ਦੀਆਂ ਕੁਝ ਕੁ ਹੋਰ ਰਚਨਾਵਾਂ ਨੂੰ ਦ੍ਵੈਸ਼ੀ ਪੰਡਿਤਾਂ ਨੇ ਨਸ਼ਟ ਕਰ ਦਿੱਤਾ। ਉਨ੍ਹਾਂ ਵਿਚੋਂ ਇਕ ਸੁਪਨ ਬ੍ਰਿੱਤਾਂਤ (ਸੁਪਨ ਅਧਿਆਇ) ਦੀ ਇਕ ਪੁਰਾਣੀ ਅਪੂਰਣ ਪੋਥੀ ਮਿਲਦੀ ਹੈ। ਇਸ ਤਰ੍ਹਾਂ ਪੰਡਿਤ ਗੁਲਾਬ ਸਿੰਘ ਨੇ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਗੰਭੀਰ ਅਧਿਐਨ ਕਰਕੇ ਗੁਰਮੁਖੀ ਲਿਪੀ ਰਾਹੀਂ ਭਾਰਤੀ ਦਰਸ਼ਨ ਅਤੇ ਅਧਿਆਤਮਵਾਦ ਨੂੰ ਪੰਜਾਬੀ ਪਾਠਕਾਂ ਲਈ ਉਪਲਬਧ ਕੀਤਾ।

**ਗੁਲਾਬ ਸਿੰਘ ਬਖ਼ਸ਼ੀ** (ਮ. 1716 ਈ.): ਬਾਬਾ ਬੰਦਾ ਬਹਾਦਰ ਦਾ ਇਕ ਨਿਸ਼ਠਾਵਾਨ ਸੇਵਕ ਜੋ ਪਹਿਲਾਂ ਗੁਲਾਬੂ ਕਰਕੇ ਜਾਣਿਆ ਜਾਂਦਾ ਸੀ ਅਤੇ ਤੰਬਾਕੂ ਦਾ ਵਪਾਰ ਕਰਦਾ ਸੀ। ਬਾਬਾ ਬੰਦਾ ਬਹਾਦਰ ਦੀਆਂ ਸੈਨਿਕ ਜਿਤਾਂ ਤੋਂ ਪ੍ਰਭਾਵਿਤ ਹੋ ਕੇ ਇਹ ਸਿੰਘ ਸਜਿਆ ਅਤੇ ਬਾਬਾ ਜੀ ਦੀ ਸੈਨਾ ਦੇ ਤਨਖ਼ਾਹਦਾਰ ਦੇ ਔਹਦੇ ਤਕ ਪਹੁੰਚਿਆ। ਇਸ ਦਾ ਰੂਪਾਕਾਰ ਬਾਬਾ ਜੀ ਨਾਲ ਬਹੁਤ ਮਿਲਦਾ ਸੀ। ਜਦੋਂ ਦਸੰਬਰ 1710 ਈ. ਵਿਚ ਲੋਹਗੜ੍ਹ ਵਿਚ ਬਾਬਾ ਜੀ ਘਿਰ ਗਏ ਤਾਂ ਇਸ ਨੇ ਉਨ੍ਹਾਂ ਦੀ ਪੁਸ਼ਾਕ ਧਾਰਣ ਕਰਕੇ ਖ਼ੁਦ ਨੂੰ ਬਾਬਾ ਬੰਦਾ ਬਹਾਦਰ ਘੋਸ਼ਿਤ ਕੀਤਾ ਅਤੇ ਬਾਬਾ ਜੀ ਨੂੰ ਕਿਲ੍ਹੇ ਤੋਂ ਭੇਸ ਬਦਲ ਕੇ ਨਾਹਨ ਰਿਆਸਤ ਵਲ ਨਿਕਲਣ ਵਿਚ ਸਹਾਇਤਾ ਕੀਤੀ। 11 ਦਸੰਬਰ 1710 ਈ. ਨੂੰ ਮੁਗ਼ਲ ਸੈਨਾ ਕਿਲ੍ਹੇ ਅੰਦਰ ਦਾਖ਼ਲ ਹੋਈ। ਪਹਿਲਾਂ ਤਾਂ ਸਭ ਬਹੁਤ ਖ਼ੁਸ਼ ਹੋਏ ਕਿ ਬੰਦਾ ਬਹਾਦਰ ਪਕੜਿਆ ਗਿਆ, ਪਰ ਬਾਦ ਵਿਚ ਸਭ ਦੇ ਭਰਮ ਦਾ ਨਿਵਾਰਣ ਹੋ ਗਿਆ। ਗੁਲਾਬ ਸਿੰਘ ਨੂੰ ਪਕੜ ਲਿਆ ਗਿਆ ਅਤੇ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਭੇਜ ਦਿੱਤਾ ਗਿਆ। ਕਈ ਵਰ੍ਹੇ ਕੈਦ ਰਖਣ ਉਪਰੰਤ 9 ਜੂਨ 1716 ਈ. ਨੂੰ ਇਸ ਨੂੰ ਬਾਬਾ ਬੰਦਾ ਬਹਾਦਰ ਨਾਲ ਕਤਲ ਕਰ ਦਿੱਤਾ ਗਿਆ।

**ਗੁਲਾਬਦਾਸੀ ਸੰਪ੍ਰਦਾਇ** : ਇਸ ਸੰਪ੍ਰਦਾਇ ਨੂੰ ਸ਼ੁਰੂ ਕਰਨ ਵਾਲਾ ਸਾਧੂ ਗੁਲਾਬ ਦਾਸ ਰਟੌਲ ਜੱਟ ਸੀ। ਇਸ ਦਾ ਜਨਮ ਪਿੰਡ ਰਟੌਲ, ਤਹਿਸੀਲ ਤਰਨਤਾਰਨ ਵਿਚ ਹਮੀਰ ਸਿੰਘ ਦੇ ਘਰ, ਮਾਤਾ ਦੇਸੋ ਦੀ ਕੁੱਖੋਂ ਸੰਨ 1809 ਈ. (ਸੰ.1866 ਬਿ.) ਵਿਚ ਹੋਇਆ ਸੀ। ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' ਅਨੁਸਾਰ :

*ਗਾਮ ਰਟੌਲ ਤਰਨਤਾਰਨ, ਢਿਗ ਅਠਾਰਾਂ ਸੈ ਛਯਾਹਟ।*
*ਪਿਤਾ ਹਮੀਰਾ ਮਾਤਾ ਦੇਸੋ, ਜਯੋ ਗੁਲਾਬਾ ਜਾਹਟ।*
*ਬੜੇ ਹੋਇ ਕੁਛ ਕਰੀ ਨੌਕਰੀ, ਲੀਨੀ ਫੇਰ ਫਕੀਰੀ।*
*ਬ੍ਰਹਮ ਦਾਸ ਦਾ ਚੇਲਾ ਥੀਯੋ, ਗੁਲਾਬਦਾਸ ਥੇ ਮੀਰੀ।*

ਗੁਲਾਬ ਦਾਸ (ਗੁਲਾਬ ਸਿੰਘ) ਨੇ ਪਹਿਲਾਂ ਪੋਹੂ ਪਿੰਡ ਦੇ ਸਰਦਾਰ ਪਾਸ ਸੈਨਿਕ ਵਜੋਂ ਨੌਕਰੀ ਕੀਤੀ, ਫਿਰ ਬ੍ਰਹਮਦਾਸ ਉਦਾਸੀ ਦਾ ਚੇਲਾ ਬਣ ਕੇ 'ਗਲਾਬ ਸਿੰਘ' ਤੋਂ 'ਗੁਲਾਬ ਦਾਸ' ਅਖਵਾਇਆ। ਇਸ ਨੇ ਕਈ ਸੰਪ੍ਰਦਾਵਾਂ ਦੇ ਫ਼ਕੀਰਾਂ/ਸਾਧਾਂ ਦੀ ਸੰਗਤ ਮਾਣੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਲਾਹੌਰ ਆਇਆ ਅਤੇ ਉਥੋਂ ਦੀ ਪੀਰੋ ਨਾਂ ਦੀ ਵੇਸਵਾ ਨੂੰ ਆਪਣੀ ਸੇਵਕਾ ਬਣਾਇਆ। ਅੰਤ ਵਿਚ ਚਠਿਆਂ ਵਾਲੇ ਪਿੰਡ ਵਿਚ ਸਥਾਈ ਡੇਰਾ ਸਥਾਪਿਤ ਕੀਤਾ ਅਤੇ ਰਾਜਸੀ ਠਾਠ-ਬਾਠ ਨਾਲ ਰਹਿ ਕੇ ਆਪਣੇ ਮਤ (ਗੁਲਾਬਦਾਸੀ ਮਤ) ਦੀ ਸਥਾਪਨਾ ਕਰਕੇ ਉਸ ਦੇ ਪ੍ਰਚਾਰ ਵਿਚ ਰੁਝ ਗਿਆ। ਇਸ ਦਾ ਦੇਹਾਂਤ ਸੰਨ 1873 ਈ. ਵਿਚ ਪਿੰਡ ਚਠਿਆਂ ਵਾਲੇ ਵਿਚ ਹੋਇਆ। ਪੰਜਾਬੀ ਦੇ ਕਈ ਸਥਾਪਿਤ ਕਵੀ ਇਸ ਦੇ ਅਨੁਯਾਈ ਹੋਏ ਹਨ, ਜਿਵੇਂ ਭਾਈ ਦਿੱਤ ਸਿੰਘ (ਦਿੱਤਾ ਰਾਮ), ਕਾਲੀ ਦਾਸ ਗੁਜਰਾਂਵਾਲੀਆ, ਬੁਲਾਕੀ, ਜਵਾਹਰ ਸਿੰਘ, ਮੱਯਾ ਸਿੰਘ, ਕਿਸ਼ਨ ਸਿੰਘ ਆਰਿਫ਼ ਆਦਿ।

ਗੁਲਾਬਦਾਸ ਦੇ ਨਾਂ ਨਾਲ ਲਗਭਗ ਵੀਹ ਰਚਨਾਵਾਂ ਪ੍ਰਸਿੱਧ ਹਨ, ਜਿਵੇਂ— ਸੀਹਰਫ਼ੀ ਗੁਲਾਬ ਦਾਸ, ਸੀਹਰਫ਼ੀ (ਪੀਰੋ ਨਾਲ ਸਾਂਝੀ), ਬਿਗ੍ਯਾਨ ਸਮੁੰਦਰ, ਬਚਨ, ਥਿਤੀ ਪੱਟੀ, ਕਾਫ਼ੀਆਂ, ਉਪਦੇਸ਼ ਗ੍ਰੰਥ, ਮਾਤ੍ਰਾ ਬਾਬੇ ਗੁਲਾਬ ਦਾਸ ਕਾ, ਗੁਲਾਬ ਗੀਤਾ, ਨਸੀਹਤਨਾਮਾ, ਬਚਨਮਾਲਾ, ਗੁਲਾਬ ਬਾਗ਼, ਗੁਲਾਬ ਛਟੀ, ਅਵਧੂਤ ਵਾਕ, ਫਕਰਨਾਮਾ, ਸ੍ਰੀ ਮਾਤ੍ਰਾ, ਸੁਧਾ ਸਮੁੰਦ੍ਰ, ਮੌਜ ਵਿਲਾਸ, ਅਨੁਭਵ ਖੰਡਾ ਅਤੇ ਪੈਂਤੀਸ ਅਖਰੀ।

ਇਸ ਦੀ ਲਿਖੀ ਸੀਹਰਫ਼ੀ ਕੁਲ 30 ਚੌਤੁਕੇ ਬੈਂਤਾਂ ਵਿਚ ਲਿਖੀ ਹੋਈ ਹੈ ਅਤੇ ਇਸ ਦਾ ਖਰੜਾ ਡਾ. ਕਰਤਾਰ ਸਿੰਘ ਸੂਰੀ ਪਾਸ ਸੁਰਖਿਅਤ ਹੈ। ਇਸ ਵਿਚ ਗੁਲਾਬ ਦਾਸ ਨੇ ਸੰਸਾਰਿਕ ਨਾਸ਼ਮਾਨਤਾ ਨੂੰ ਪ੍ਰਗਟਾਉਂਦੇ ਹੋਇਆਂ 'ਸੋਹੰ'

ਦੇ ਗਿਆਨ ਦੀ ਪ੍ਰਾਪਤੀ ਲਈ ਜਿਗਿਆਸੂ ਨੂੰ ਪ੍ਰੇਰਣਾ ਦਿੱਤੀ ਹੈ ਅਤੇ ਹਿੰਦੂਆਂ ਮੁਸਲਮਾਨਾਂ ਦੇ ਪਰਸਪਰ ਧਾਰਮਿਕ ਵਿਰੋਧ ਨੂੰ ਨਕਾਰਦੇ ਹੋਇਆਂ ਪਰਮ ਤੱਤੂ ਨਾਲ ਸਚੀ ਪ੍ਰੀਤ ਲਗਾਉਣ ਲਈ ਕਿਹਾ ਹੈ :

*ਐਨ ਅੰਨਿਆਂ ਹਿੰਦੂਆਂ ਸੂਝ ਨਾਹੀਂ,*
*ਤੁਰਕਾਂ ਕਾਣਿਆਂ ਨਾ ਕੁਝ ਜਾਣਿਆ ਈ।*
*ਆਪੋ ਆਪਣੀ ਤਰਫ਼ ਨੂੰ ਖਿਚਦੇ ਨੇ,*
*ਜਾਲ ਬੇਦ ਕਤੇਬ ਦਾ ਤਾਣਿਆ ਈ।*

ਕਵੀ ਦੀ ਆਪਣੀ ਪ੍ਰੇਮਿਕਾ ਪੀਰੋ ਨਾਲ ਇਕ ਸਾਂਝੀ ਸੀਹਰਫ਼ੀ ਵੀ ਲਿਖੀ ਮਿਲਦੀ ਹੈ। ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ (ਨੰ.2727) ਵਿਚ ਪਈ ਇਸ ਸੀਹਰਫ਼ੀ ਵਿਚ ਚਾਰ ਚਰਣਾਂ ਦੇ ਕੁਲ 30 ਬੰਦ ਹਨ। ਇਸ ਵਿਚ ਇਕ ਬੰਦ ਗੁਲਾਬਦਾਸ ਦਾ ਅਤੇ ਦੂਜਾ ਪੀਰੋ ਦਾ ਹੈ। ਇਸ ਵਿਚ ਕਵੀ ਨੇ ਮ੍ਰਿਤੂ ਦਾ ਭੈ ਦੇ ਕੇ ਪਰਮ ਤੱਤ੍ਵ ਵਿਚ ਲੀਨ ਹੋ ਜਾਣ ਦਾ ਉਪਦੇਸ਼ ਦਿੱਤਾ ਹੈ। ਪੀਰੋ ਨੇ ਗੁਰੂ ਨਾਲ ਅਭੇਦਤਾ ਦੀ ਗੱਲ ਦ੍ਰਿੜ੍ਹ ਕੀਤੀ ਹੈ। ਇਸ ਪ੍ਰਕਾਰ ਦੇ ਦੋਹਰੇ ਕਰਤ੍ਰਿਤਵ ਵਾਲੀ ਪੰਜਾਬੀ ਦੀ ਇਹ ਪਹਿਲੀ ਸੀਹਰਫ਼ੀ ਹੈ। ਪੀਰੋ ਦੀ ਆਪਣੀ ਲਿਖੀ ਇਕ ਸੁਤੰਤਰ ਸੀਹਰਫ਼ੀ ਵੀ ਮਿਲਦੀ ਹੈ। ਉਸ ਵਿਚ ਅਧਿਆਤਮਿਕਤਾ ਦਾ ਰੰਗ ਜਮਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸਾਧੂ ਗੁਲਾਬ ਦਾਸ ਨੇ ਇਕ 'ਪੈਂਤੀਸ ਅੱਖਰੀ' ਅਥਵਾ 'ਪੈਂਤੀਸੀ' ਵੀ ਲਿਖੀ ਹੈ ਅਤੇ ਉਸ ਵਿਚ ਗੁਰੂ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ (ਨੰ. 195) ਵਿਚ ਸੁਰਖਿਅਤ ਖਰੜੇ ਵਿਚ 65 ਦੋਹੜਿਆਂ ਨੂੰ 'ਸ਼ਬਦ' ਅਥਵਾ 'ਸ਼ਬਦ ਮਾਲਾ' ਕਿਹਾ ਜਾਂਦਾ ਹੈ। ਜਿਗਿਆਸੂਆਂ ਲਈ ਇਹ ਇਕ ਉਪਦੇਸ਼-ਸੰਗ੍ਰਹਿ ਹੈ। ਕੁਲ 129 ਬੰਦਾਂ ਦੀ ਰਚਨਾ 'ਗੁਲਾਬ ਬਾਗ਼' ਵਿਚ ਕਵੀ ਨੇ ਅਜਿਹੇ ਬਾਗ਼ ਦੀ ਕਲਪਨਾ ਕੀਤੀ ਹੈ ਜਿਥੇ ਹਿੰਦੂ-ਮੁਸਲਮਾਨ ਮਿਲ ਕੇ ਰਹਿ ਸਕਣ ਅਤੇ ਧਾਰਮਿਕ ਤੰਗ-ਨਜ਼ਰੀ ਖ਼ਤਮ ਹੋ ਸਕੇ। ਇਹ ਰਚਨਾ ਵੀ ਭਾਸ਼ਾ ਵਿਭਾਗ ਵਿਚ ਪਈ ਪੋਥੀ ਵਿਚ ਸੰਕਲਿਤ ਹੈ।

'ਗੁਲਾਬ ਛਟੀ' ਵਿਚ ਕਵੀ ਨੇ ਕੁਲ 109 ਬੰਦ ਸਮੇਟੇ ਹਨ, ਜਿਨ੍ਹਾਂ ਵਿਚ ਦਵੈਯਾ, ਕੋਰੜਾ, ਕਬਿੱਤ ਅਤੇ ਡਿਉਡ ਨਾਂ ਦੇ ਛੰਦ ਵਰਤੇ ਗਏ ਹਨ। ਇਸ ਵਿਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਨਿੰਦਿਆ ਕਰਦੇ ਹੋਇਆਂ, ਉਸ ਦੀ ਬੀਮਾਰੀ ਅਤੇ ਸਿੱਖ ਰਾਜ ਦੀ ਬਰਬਾਦੀ ਦਾ ਕਾਰਣ ਸੰਤਾਂ ਦਾ ਸਰਾਪ ਦਸ ਕੇ ਸੰਤ-ਸੇਵਾ ਲਈ ਬਲ ਦਿੱਤਾ ਹੈ। 'ਅਨੁਭਵ ਖੰਡਾ' ਨਾਂ ਦੀ ਰਚਨਾ ਵਿਚ ਗੁਲਾਬ ਦਾਸ ਨੇ ਹਿੰਦੂਆਂ ਮੁਸਲਮਾਨਾਂ ਦੇ ਧਰਮ ਆਗੂਆਂ ਅਤੇ ਪਾਖੰਡੀ ਵਿਅਕਤੀ ਦੀ ਖ਼ੂਬ ਭੰਡੀ ਕੀਤੀ ਹੈ ਅਤੇ ਸੰਸਾਰਿਕ ਪ੍ਰਪੰਚ ਤੋਂ ਉੱਚਾ ਉਠ ਕੇ ਅਧਿਆਤਮਿਕ ਭਵਿਸ਼ ਸੁਧਾਰਨ ਲਈ ਬਲ ਦਿੱਤਾ ਹੈ। ਇਸੇ ਤਰ੍ਹਾਂ ਇਸ ਨੇ ਉਪਦੇਸ਼ ਗ੍ਰੰਥ, ਮਾਤ੍ਰਾ ਅਤੇ ਨਸੀਹਤਨਾਮਾ ਰਾਹੀਂ ਉਪਦੇਸ਼ ਦੇਣ ਦਾ ਯਤਨ ਕੀਤਾ ਹੈ। 'ਵਿਗਿਆਨ ਸਮੁੰਦਰ' ਵਿਚ ਕਵੀ ਨੇ ਲਘੂ ਕਥਾਵਾਂ ਰਾਹੀਂ ਪਾਖੰਡੀ ਸਾਧਾਂ ਦੇ ਕ੍ਰਿਤਾਂ ਉਤੇ ਆਲੋਚਨਾਤਮਕ ਝਾਤ ਪਾਈ ਹੈ।

ਕੁਲ ਮਿਲਾ ਕੇ ਸਾਧੂ ਗੁਲਾਬ ਸਿੰਘ ਦੀਆਂ ਰਚਨਾਵਾਂ ਦੀ ਭਾਸ਼ਾ ਸਾਧਾਰਣ ਪੱਧਰ ਦੀ ਹੈ। ਕਵੀ ਨੇ ਸਾਧਾਰਣ ਸੂਝ-ਬੂਝ ਵਾਲਿਆਂ ਲਈ ਅਤਿ ਸਾਧਾਰਣ ਭਾਸ਼ਾ ਵਰਤੀ ਹੈ। ਕਿਤੇ ਕਿਤੇ ਭਾਸ਼ਾ ਉਤੇ ਸਾਧ ਭਾਖਾ ਦਾ ਅਸਰ ਹੈ। ਕਵੀ ਨੇ ਇਨ੍ਹਾਂ ਰਚਨਾਵਾਂ ਵਿਚ ਕਈ ਤਰ੍ਹਾਂ ਦੇ ਕਾਵਿ-ਰੂਪ ਅਤੇ ਛੰਦ-ਰੂਪ ਵਰਤੇ ਹਨ। ਇਨ੍ਹਾਂ ਰਚਨਾਵਾਂ ਵਿਚ ਅਭਿਵਿਅਕਤ ਗੁਲਾਬਦਾਸ ਦੀ ਵਿਚਾਰਧਾਰਾ ਦਾ ਪ੍ਰਭਾਵ ਇਸ ਦੇ ਕੁਝ ਕੁ ਅਨੁਯਾਈਆਂ ਜਾਂ ਸੰਪਰਕ ਵਿਚ ਆਉਣ ਵਾਲੇ ਕਵੀਆਂ ਦੀਆਂ ਰਚਨਾਵਾਂ ਵਿਚ ਵੇਖਿਆ ਜਾ ਸਕਦਾ ਹੈ ਜਿਵੇਂ ਕਿਸ਼ਨ ਸਿੰਘ ਆਰਿਫ਼, ਦਿੱਤਾ ਰਾਮ ਆਦਿ।

**ਗੁਲਾਬਾ** : ਲੁਧਿਆਣਾ ਜ਼ਿਲ੍ਹੇ ਦੇ ਮਾਛੀਵਾੜਾ ਨਗਰ ਦਾ ਇਕ ਮਸੰਦ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮਸੰਦ-ਪ੍ਰਥਾ ਖ਼ਤਮ ਕਰਨ ਤੋਂ ਬਾਦ, ਆਪਣੇ ਪਿੰਡ ਵਿਚ ਰਹਿਣ ਲਗ ਗਿਆ। ਚਮਕੌਰ ਦੀ ਗੜ੍ਹੀ ਛਡਣ ਤੋਂ ਬਾਦ ਗੁਰੂ ਜੀ ਆਪਣੇ ਤਿੰਨ ਸਿੱਖਾਂ ਸਹਿਤ ਮਾਛੀਵਾੜੇ ਵਲ ਆ ਗਏ। ਗੁਲਾਬੇ ਨੇ ਉਨ੍ਹਾਂ ਨੂੰ ਨਗਰ ਤੋਂ ਬਾਹਰ ਜੰਗਲ ਵਿਚ ਬੈਠਿਆਂ ਵੇਖਿਆ ਅਤੇ ਬੜੀ ਸ਼ਰਧਾ ਨਾਲ ਘਰ ਲਿਆ ਕੇ ਚੌਬਾਰੇ ਵਿਚ ਠਹਿਰਾਇਆ। ਇਸ ਨੇ ਦੋ ਪਠਾਣਾਂ—ਗ਼ਨੀ ਖ਼ਾਨ ਅਤੇ ਨਬੀ ਖ਼ਾਨ—ਦੀ ਸਹਾਇਤਾ ਨਾਲ ਗੁਰੂ ਜੀ ਨੂੰ 'ਉਚ ਕਾ ਪੀਰ' ਬਣਾ ਕੇ ਮੁਗ਼ਲ ਫ਼ੌਜ ਦੇ ਘੇਰੇ ਵਿਚੋਂ ਕਢਿਆ। ਇਸ ਦਾ ਘਰ ਹੁਣ 'ਗੁਰਦੁਆਰਾ ਚੌਬਾਰਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ।

**ਗੂਜਰੀ ਕੀ ਵਾਰ ਮਹਲਾ ੩ :** ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਸ ਵਾਰ ਦੇ ਸ਼ੁਰੂ ਵਿਚ ਨਿਰਦੇਸ਼-ਸੂਚਕ ਉਕਤੀ ਲਿਖੀ ਹੋਈ ਹੈ—*ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ।* ਇਸ ਬਾਰੇ ਲੋਕ-ਕਥਾ ਹੈ ਕਿ ਇਕੋ ਭਾਈਚਾਰੇ ਦੇ ਦੋ ਜਾਗੀਰਦਾਰਾਂ ਵਿਚੋਂ ਸਿਕੰਦਰ ਨੇਕ ਰੁਚੀਆਂ ਵਾਲਾ ਵਿਅਕਤੀ ਸੀ ਅਤੇ ਇਬ੍ਰਾਹੀਮ ਦੁਰਾਚਾਰੀ ਸੀ। ਇਕ ਵਾਰ ਉਸ ਨੇ ਇਕ ਬ੍ਰਾਹਮਣ ਦੀ ਸਜ-ਵਿਆਹੀ ਇਸਤਰੀ ਨੂੰ ਆਪਣੇ ਭੋਗ-ਵਿਲਾਸ ਦਾ ਸਾਧਨ ਬਣਾਉਣ ਦਾ ਯਤਨ ਕੀਤਾ। ਬ੍ਰਾਹਮਣ ਨੇ ਆਪਣੀ ਪਤਨੀ ਦੀ ਖ਼ਲਾਸੀ ਲਈ ਸਿਕੰਦਰ ਦੀ ਸ਼ਰਣ ਲਈ। ਉਸ ਨੇ ਇਬ੍ਰਾਹੀਮ ਉਤੇ ਹਮਲਾ ਕਰਕੇ ਉਸ ਨੂੰ ਹਰਾ ਦਿੱਤਾ ਅਤੇ ਬ੍ਰਾਹਮਣ ਦੀ ਪਤਨੀ ਨੂੰ ਛੁੜਵਾ ਕੇ ਉਸ ਦੇ ਹਵਾਲੇ ਕੀਤਾ ਅਤੇ ਭੁਲ ਬਖ਼ਸ਼ਵਾਈ। ਸਿਕੰਦਰ ਦੀ ਕੀਰਤੀ ਨੂੰ ਗਾਉਣ ਲਈ ਢਾਢੀਆਂ ਨੇ ਇਕ ਵਾਰ ਦੀ ਰਚਨਾ ਕੀਤੀ ਜਿਸ ਦੀ ਹਰਮਨ-ਪ੍ਰਿਯਤਾ ਕਰਕੇ ਗੁਰੂ ਜੀ ਨੇ ਉਸ ਦੀ ਧੁਨਿ ਉਤੇ ਇਸ ਵਾਰ ਨੂੰ ਗਾਉਣ ਦਾ ਆਦੇਸ਼ ਦਿੱਤਾ ਹੈ।

ਇਸ ਵਾਰ ਵਿਚ ਕੁਲ 22 ਪਉੜੀਆਂ ਹਨ। ਇਹ ਸਾਰੀਆਂ ਗੁਰੂ ਅਮਰਦਾਸ ਜੀ ਦੀਆਂ ਰਚੀਆਂ ਹਨ। ਹਰ ਇਕ ਪਉੜੀ ਵਿਚ ਪੰਜ ਪੰਜ ਤੁਕਾਂ ਹਨ। ਹਰ ਇਕ ਪਉੜੀ ਨਾਲ ਦੋ ਦੋ ਸ਼ਲੋਕ ਹਨ। ਇਨ੍ਹਾਂ ਵਿਚੋਂ ਕੇਵਲ ਚੌਥੀ ਪਉੜੀ ਨਾਲ ਆਇਆ ਪਹਿਲਾ ਸ਼ਲੋਕ ਸੰਤ ਕਬੀਰ ਦਾ ਹੈ ਅਤੇ ਬਾਕੀ ਗੁਰੂ ਅਮਰਦਾਸ ਜੀ ਦੇ ਹਨ। ਇਨ੍ਹਾਂ ਸ਼ਲੋਕਾਂ ਦੀਆਂ ਤੁਕਾਂ ਵਿਚ ਸਮਾਨਤਾ ਨਹੀਂ ਹੈ, ਦੋ ਤੋਂ ਲੈ ਕੇ 11 ਤਕ ਤੁਕਾਂ ਮਿਲਦੀਆਂ ਹਨ। ਇਸ ਵਾਰ ਦੀ ਭਾਸ਼ਾ ਸਾਧ-ਭਾਖਾ ਤੋਂ ਪ੍ਰਭਾਵਿਤ ਪੂਰਬੀ ਪੰਜਾਬੀ ਹੈ। ਪਉੜੀਆਂ ਅਤੇ ਸ਼ਲੋਕਾਂ ਵਿਚ ਭਾਵ-ਗਤ ਸਮਾਨਤਾ ਹੈ।

ਇਸ ਵਾਰ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਪਰਮਾਤਮਾ ਜਗਤ ਦਾ ਸਿਰਜਨਹਾਰ ਅਤੇ ਇਸ ਵਿਚ ਸਮਾਇਆ ਹੋਇਆ ਹੈ। ਤ੍ਰਿਗੁਣਾਤਮਕ ਮਾਇਆ ਦੀ ਰਚਨਾ ਕਰਕੇ ਹਰ ਇਕ ਨੂੰ ਆਪਣੇ ਆਪਣੇ ਕਾਰਜ ਵਿਚ ਲਗਾਇਆ ਹੋਇਆ ਹੈ। ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੇ ਫਲਸਰੂਪ ਤ੍ਰਿਸ਼ਨਾ ਦੀ ਅੱਗ ਬੁਝਦੀ ਹੈ, ਹਉਮੈ ਨਸ਼ਟ ਹੁੰਦੀ ਹੈ, ਵਿਕਾਰਾਂ ਤੋਂ ਹਟ ਕੇ ਸਾਧਕ ਈਸ਼ਵਰੀ ਇੱਛਾ ਅਨੁਰੂਪ ਜੀਵਨ ਬਤੀਤ ਕਰਨ ਲਗਦਾ ਹੈ। ਪਰਮਾਤਮਾ ਦਾ ਨਿਵਾਸ ਇਸ ਸ਼ਰੀਰ ਵਿਚ ਹੈ, ਪਰ ਵਾਸਨਾਵਾਂ ਦੇ ਕਾਰਣ ਅੰਦਰ ਵਸਦੀ ਸ਼ਕਤੀ ਦਾ ਬੋਧ ਨਹੀਂ ਹੁੰਦਾ। ਜਿਨ੍ਹਾਂ ਉਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ ਉਹ ਅੰਦਰ ਵਸਦੇ ਪਰਮਾਤਮਾ ਨੂੰ ਵੇਖ ਸਕਦੇ ਹਨ। ਉਸ ਸਚੇ ਪਰਮਾਤਮਾ ਅਗੇ ਗੁਰੂ ਜੀ ਨੇ ਸਚੇ ਦਿਲੋਂ ਬੇਨਤੀ ਕੀਤੀ ਹੈ— *ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ। ਤੂ ਰਖਵਾਲਾ ਸਦਾ ਸਦਾ ਹਉ ਧਿਆਈ। ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ। ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ। ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ।* (ਗੁ.ਗ੍ਰੰ.517)।

**ਗੂਜਰੀ ਕੀ ਵਾਰ ਮਹਲਾ ੫ :** ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਅਰਜਨ ਦੇਵ ਜੀ ਦੀ ਲਿਖੀ ਇਸ ਵਾਰ ਵਿਚ ਕੁਲ 21 ਪਉੜੀਆਂ ਹਨ। ਹਰ ਪਉੜੀ ਵਿਚ ਅੱਠ ਅੱਠ ਤੁਕਾਂ ਹਨ ਪਰ 20ਵੀਂ ਪਉੜੀ ਦੀਆਂ ਕੇਵਲ ਪੰਜ ਤੁਕਾਂ ਹਨ। ਹਰ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਦੇ ਲਿਖੇ ਦੋ ਦੋ ਸ਼ਲੋਕ ਹਨ। ਇਨ੍ਹਾਂ ਸ਼ਲੋਕਾਂ ਵਿਚੋਂ 37 ਸ਼ਲੋਕ ਦੋ-ਤੁਕੇ ਹਨ ਅਤੇ ਦੋਹਿਰੇ ਦੇ ਆਕਾਰ ਵਾਲੇ ਹਨ। ਪੰਜ ਸ਼ਲੋਕਾਂ ਦੀਆਂ ਤੁਕਾਂ ਦੋ ਤੋਂ ਵੱਧ ਸੱਤ ਤਕ ਹਨ। ਸ਼ਲੋਕਾਂ ਦੀ ਭਾਸ਼ਾ ਲਹਿੰਦੀ ਰੰਗ ਵਾਲੀ ਹੈ ਪਰ ਪਉੜੀਆਂ ਦੀ ਸਾਧ-ਭਾਖਾ ਤੋਂ ਪ੍ਰਭਾਵਿਤ ਪੂਰਬੀ ਪੰਜਾਬੀ ਹੈ। ਇਸ ਦੀਆਂ ਅਨੇਕ ਤੁਕਾਂ ਸਤਿ ਕਥਨਾਂ ਦਾ ਰੂਪ ਧਾਰਣ ਕਰ ਗਈਆਂ ਹਨ।

ਗੁਰੂ ਜੀ ਨੇ ਪਉੜੀਆਂ ਵਿਚ ਮੁੱਖ ਤੌਰ 'ਤੇ ਪਰਮਾਤਮਾ ਅਤੇ ਗੁਰੂ ਦੀ ਮਹਿਮਾ ਦਾ ਵਿਖਿਆਨ ਕੀਤਾ ਹੈ। ਪਰ ਸ਼ਲੋਕਾਂ ਵਿਚ ਜੀਵ ਦੇ ਅਧਿਆਤਮਿਕ ਮਾਰਗ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਵਰਣਨ ਕਰਕੇ ਉਨ੍ਹਾਂ ਤੋਂ ਨਿਵਰਿਤ ਹੋਣ ਲਈ ਨਾਮ-ਸਿਮਰਨ, ਸਾਧ-ਸੰਗਤਿ ਅਤੇ ਸ਼ੁਭ ਕਰਮ ਕਰਨ ਵਲ ਰੁਚਿਤ ਕੀਤਾ ਹੈ, ਜਿਵੇਂ—*ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ। ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ।* (ਗੁ.ਗ੍ਰੰ. 521)। ਅੰਤ ਵਿਚ ਜੀਵ ਆਪਣੀ ਸਾਧਨਾ ਰਾਹੀਂ ਉੱਚਾ ਉਠ ਕੇ ਸਚੀ ਦਰਗਾਹ ਵਿਚ ਪ੍ਰਵਾਨ ਚੜ੍ਹਦਾ ਹੈ। ਇਨ੍ਹਾਂ ਤੋਂ ਇਲਾਵਾ ਗੁਰਮਤਿ ਦੇ ਹੋਰ ਕਈ ਸਿੱਧਾਂਤਾਂ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ, ਜਿਵੇਂ— *ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ। ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।* (ਗੁ.ਗ੍ਰੰ.522)।

**ਗੂਜਰੀ ਰਾਗ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 48 ਚਉਪਦੇ, ਨੌਂ ਅਸ਼ਟਪਦੀਆਂ ਅਤੇ ਦੋ ਵਾਰਾਂ (ਇਕ ਮਹਲੇ ੩ ਦੀ, ਇਕ ਮਹਲੇ ੫ ਦੀ) ਹਨ। ਇਨ੍ਹਾਂ ਤੋਂ ਇਲਾਵਾ 8 ਸ਼ਬਦ ਭਗਤ-ਬਾਣੀ ਦੇ ਹਨ।

*ਚਉਪਦੇ* ਪ੍ਰਕਰਣ ਦੇ ਕੁਲ 48 ਚਉਪਦਿਆਂ ਵਿਚੋਂ ਦੋ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ। ਗੁਰੂ ਜੀ ਨੇ ਦਸਿਆ ਹੈ ਕਿ ਪਰਮਾਤਮਾ ਦੀ ਆਰਾਧਨਾ ਮੂਰਤੀ-ਪੂਜਾ ਰਾਹੀਂ ਨਹੀਂ, ਨਾਮ-ਸਿਮਰਨ ਰਾਹੀਂ ਹੁੰਦੀ ਹੈ। ਗੁਰੂ ਅਮਰਦਾਸ ਜੀ ਦੇ ਸੱਤ ਚਉਪਦਿਆਂ ਵਿਚੋਂ ਪੰਜਾਂ ਵਿਚ ਚਾਰ ਚਾਰ ਪਦਿਆਂ ਦੇ ਜੁੱਟ ਹਨ ਅਤੇ ਦੋ ਵਿਚ ਪੰਜ ਪੰਜ ਦੇ। ਗੁਰੂ ਜੀ ਅਨੁਸਾਰ ਸਭ ਤੋਂ ਉੱਤਮ ਪ੍ਰੇਮ ਪਰਮਾਤਮਾ ਦੀ ਪ੍ਰੀਤ ਹੈ। ਗੁਰੂ ਰਾਮਦਾਸ ਜੀ ਦੇ ਰਚੇ ਸੱਤ ਚਉਪਦਿਆਂ ਵਿਚੋਂ ਛੇ ਚਾਰ ਚਾਰ ਪਦਿਆਂ ਦੇ ਜੁੱਟ ਹਨ ਅਤੇ ਇਕ ਵਿਚ ਪੰਜ ਪਦੇ ਹਨ। ਪਹਿਲਾ ਚਉਪਦਾ 'ਸੋਦਰ' ਦੇ ਪ੍ਰਕਰਣ ਵਿਚ ਵੀ ਆਇਆ ਹੈ। ਇਹ ਗੁਰੂ ਜੀ ਵਲੋਂ ਗੁਰੂ ਅਮਰਦਾਸ ਜੀ ਨੂੰ ਸੰਬੋਧਿਤ ਦਸਿਆ ਜਾਂਦਾ ਹੈ। ਕਿਤਨੀ ਨਿਮਰਤਾ ਹੈ **ਇਸ ਸ਼ਬਦ** ਵਿਚ *ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ*। ਇਸ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ 32 ਚਉਪਦਿਆਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚ ਦੁਪਦੇ, ਤ੍ਰਿਪਦੇ, ਚਉਪਦੇ ਅਤੇ ਪੰਚਪਦੇ ਸ਼ਾਮਲ ਹਨ ਜਿਨ੍ਹਾਂ ਵਿਚ ਗੁਰਮਤਿ ਦੇ ਅਨੇਕ ਸਿੱਧਾਂਤਾਂ ਦੀ ਵਿਆਖਿਆ ਹੋਈ ਹੈ।

ਕੁਲ ਨੌਂ *ਅਸ਼ਟਪਦੀਆਂ* ਵਿਚੋਂ ਪੰਜ ਗੁਰੂ ਨਾਨਕ ਦੇਵ ਜੀ ਦੀਆਂ ਹਨ। ਇਨ੍ਹਾਂ ਵਿਚ ਸਗੁਣ, ਸਾਕਾਰ ਬ੍ਰਹਮ ਦੇ ਮੁਕਾਬਲੇ ਨਿਰਗੁਣ, ਨਿਰਾਕਾਰ, ਨਿਰੰਜਨ ਦੇ ਸਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ। ਇਕ ਅਸ਼ਟਪਦੀ ਗੁਰੂ ਅਮਰਦਾਸ ਜੀ ਦੀ ਲਿਖੀ ਹੈ ਜਿਸ ਵਿਚ ਦਸ ਪਦੀਆ ਦਾ ਸਮੁੱਚ ਹੈ। ਗੁਰੂ ਰਾਮਦਾਸ ਜੀ ਨੇ ਵੀ ਇਸ ਰਾਗ ਵਿਚ ਕੇਵਲ ਇਕ ਅਸ਼ਟਪਦੀ ਲਿਖੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਦੋਹਾਂ ਅਸ਼ਟਪਦੀਆਂ ਵਿਚ ਪਰਮਾਤਮਾ ਦੇ ਬਾਹਰਲੇ ਅਤੇ ਅੰਦਰਲੇ ਗੁਣਾਂ ਉਤੇ ਝਾਤ ਪਾਈ ਹੈ।

ਇਸ ਤੋਂ ਅਗੇ 'ਗੂਜਰੀ ਕੀ ਵਾਰ ਮ. ੩' ਅਤੇ 'ਗੂਜਰੀ ਕੀ ਵਾਰ ਮ.੫' ਦਰਜ ਹਨ ਜਿਨ੍ਹਾਂ ਬਾਰੇ ਸੁਤੰਤਰ ਇੰਦਰਾਜ ਹਨ।

*ਭਗਤ-ਬਾਣੀ* ਪ੍ਰਕਰਣ ਦੇ ਕੁਲ ਅੱਠ ਸ਼ਬਦਾਂ ਵਿਚੋਂ ਕਬੀਰ ਜੀ ਨੇ ਆਪਣੇ ਦੋ ਸ਼ਬਦਾਂ ਵਿਚ ਦੋ ਨੁਕਤੇ ਸਪੱਸ਼ਟ ਕੀਤੇ ਹਨ। ਇਕ ਇਹ ਕਿ ਹਰਿ-ਨਾਮ ਸਿਮਰਨ ਦਾ ਕੇਵਲ ਇਕੋ-ਇਕ ਮੌਕਾ ਹੈ ਮਨੁੱਖ-ਜਨਮ। ਦੂਜਾ ਇਹ ਕਿ ਸਭ ਦਾ ਰਖਵਾਲਾ ਪਰਮਾਤਮਾ ਖ਼ੁਦ ਹੈ। ਭਗਤ ਨਾਮਦੇਵ ਨੇ ਆਪਣੇ ਦੋ ਸ਼ਬਦਾਂ ਵਿਚ ਦਸਿਆ ਹੈ ਕਿ ਪਰਮਾਤਮਾ ਨਿਰਾਕਾਰ ਹੈ, ਉਸ ਦੀ ਪੂਜਾ ਮੂਰਤੀ ਵਜੋਂ ਕਰਨਾ ਅਨੁਚਿਤ ਹੈ। ਰਵਿਦਾਸ ਜੀ ਨੇ ਆਪਣੇ ਇਕ ਸ਼ਬਦ ਵਿਚ ਕਿਹਾ ਹੈ ਕ ਹਰਿ ਦੀ ਪੂਜਾ ਲਈ ਤਨ-ਮਨ ਅਰਪਿਤ ਕਰਨਾ ਚਾਹੀਦਾ ਹੈ, ਫੁਲ-ਪਤੀਆਂ ਜਾਂ ਦੁੱਧ ਨਾਲ ਕੀਤੀ ਪੂਜਾ ਵਿਅਰਥ ਹੈ।

ਭਗਤ ਤ੍ਰਿਲੋਚਨ ਨੇ ਆਪਣੇ ਦੋ ਸ਼ਬਦਾਂ ਵਿਚ ਸਥਾਪਿਤ ਕੀਤਾ ਹੈ ਕਿ ਉਸ ਨਿਰਲੇਪ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਬਾਹਰਲੇ ਭੇਖਾਂ ਦੀ ਲੋੜ ਨਹੀ। ਭਗਤ ਜੈਦੇਵ ਨੇ ਆਪਣੇ ਇਕ ਸ਼ਬਦ ਵਿਚ ਉਪਦੇਸ਼ ਦਿੱਤਾ ਹੈ ਕਿ ਹਰਿ-ਨਾਮ ਦੇ ਸਿਮਰਨ ਨਾਲ ਸੰਸਾਰ ਦੀਆਂ ਸਾਰੀਆਂ ਔਕੜਾਂ ਦੂਰ ਹੋ ਜਾਂਦੀਆਂ ਹਨ ਅਤੇ ਮਨੁੱਖ ਦਾ ਉੱਧਾਰ ਹੋ ਜਾਂਦਾ ਹੈ।

**ਗੋਇੰਦ, ਉਦਾਸੀ ਸਾਧ** (1569-1649 ਈ.): ਇਕ ਪ੍ਰਸਿੱਧ ਉਦਾਸੀ ਸੰਤ ਜਿਸ ਨੂੰ ਬਾਬਾ ਗੁਰਦਿੱਤਾ ਨੇ ਇਕ ਧੂਏਂ (ਧੂਣੇ) ਦਾ ਮੁਖੀ ਬਣਾਇਆ ਸੀ। ਇਸ ਦਾ ਜਨਮ ਸ੍ਰੀਨਗਰ (ਕਸ਼ਮੀਰ) ਦੇ ਇਕ ਖਤ੍ਰੀ ਪਰਿਵਾਰ ਵਿਚ 27 ਜੁਲਾਈ 1569 ਈ. ਨੂੰ ਭਾਈ ਜੈਦੇਵ ਦੇ ਘਰ ਮਾਈ ਸੁਭਦਰਾ ਦੀ ਕੁੱਖੋਂ ਹੋਇਆ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਭਗਤੀ ਭਾਵਨਾ ਤੋਂ ਪ੍ਰੇਰਿਆ ਹੋਇਆ ਇਹ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਇਆ ਅਤੇ ਉਨ੍ਹਾਂ ਦਾ ਸਿੱਖ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰੂ ਜੀ ਦੀ ਸ਼ਹਾਦਤ ਤੋਂ ਬਾਦ, ਇਹ ਕੁਝ ਸਮੇਂ ਲਈ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿਚ ਰਿਹਾ। ਫਿਰ ਇਹ ਬਾਬਾ ਗੁਰਦਿੱਤਾ ਦੇ ਉਦਾਸੀ ਭੇਖ ਵਿਚ ਸ਼ਾਮਲ ਹੋ ਗਿਆ।

11 ਸਤੰਬਰ 1637 ਈ. ਨੂੰ ਬਾਬਾ ਗੁਰਦਿੱਤਾ ਨੇ ਇਸ ਨੂੰ ਇਕ ਧੂਏਂ (ਧੂਣੇ) ਦਾ ਮੁਖੀ ਥਾਪ ਕੇ ਪਹਿਲਾਂ ਕੀਰਤਪੁਰ ਵਿਚ ਰਖਿਆ ਅਤੇ ਬਾਦ ਵਿਚ ਫਿਲੌਰ ਭੇਜ ਦਿੱਤਾ। ਇਸ ਨੇ ਅਧਿਕਤਰ ਦੁਆਬੇ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਸ ਦਾ ਦੇਹਾਂਤ 15 ਸਤੰਬਰ 1649 ਈ. ਨੂੰ ਫਿਲੌਰ ਵਿਚ ਹੋਇਆ। ਉਥੇ ਇਸ ਦੀ ਸਮਾਧ ਮੌਜੂਦ

ਹੈ। ਕਮਲ ਨੈਨ, ਗੁਰਮੁਖੀਆ, ਸੂਰਤ ਰਾਮ, ਰਾਮ ਸਰੂਪ, ਨੰਦ ਲਾਲ ਸੋਹਣਾ, ਸੰਤ ਰਾਮ ਆਦਿ ਇਸ ਦੇ ਚੇਲੇ ਹੋਏ ਹਨ। ਪਰ ਇਸ ਦੀ ਮ੍ਰਿਤੂ ਤੋਂ ਬਾਦ ਧੂਣੇ ਦਾ ਪ੍ਰਭਾਵ ਘਟਦਾ ਗਿਆ, ਕਿਉਂਕਿ ਇਸ ਦੇ ਸੇਵਕਾਂ ਵਿਚ ਕੋਈ ਚੰਗਾ ਪ੍ਰਚਾਰਕ ਪੈਦਾ ਨ ਹੋ ਸਕਿਆ। ਇਸ ਨੂੰ ਗੌਂਦ, ਗੌਂਦਾ, ਗੋਇੰਦਾ ਨਾਂਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਦੇ ਪ੍ਰਭਾਵ ਕਰਕੇ ਇਸ ਦਾ ਛੋਟਾ ਭਰਾ ਬਾਬਾ ਫੂਲ ਸ਼ਾਹ ਵੀ ਉਦਾਸੀ ਭੇਖ ਵਿਚ ਆਇਆ।

**ਗੋਇੰਦਵਾਲ** (ਕਸਬਾ): ਇਹ ਨਗਰ ਸਿੱਖ ਧਰਮ ਦਾ ਇਕ ਪ੍ਰਸਿੱਧ ਤੀਰਥ-ਸਥਾਨ ਹੈ। ਇਹ ਤਰਨਤਾਰਨ ਤੋਂ ਪੂਰਬ ਵਲ ਲਗਭਗ 24 ਕਿ.ਮੀ. ਦੀ ਵਿਥ ਉਤੇ ਬਿਆਸ ਨਦੀ ਦੇ ਕੰਢੇ ਉਤੇ ਸਥਿਤ ਹੈ।

ਰਵਾਇਤ ਹੈ ਕਿ ਇਹ ਧਰਮ-ਧਾਮ ਵਾਲੀ ਥਾਂ 'ਤੇ ਪਹਿਲਾਂ ਵਣਜ-ਵਪਾਰ ਦਾ ਇਕ ਵੱਡਾ ਕੇਂਦਰ ਅਤੇ ਕਸਬਾ ਰਹਿ ਚੁਕਿਆ ਹੈ। ਕਦੇ ਲਾਹੌਰ ਤੋਂ ਦਿੱਲੀ ਜਾਣ ਵਾਲੀ ਸੜਕ ਇਸ ਨਗਰ ਪਾਸੋਂ ਲੰਘਦੀ ਸੀ ਪਰ ਸ਼ੇਰ ਸ਼ਾਹ ਸੂਰੀ ਨੇ ਜਦ ਦੀ ਜਰਨੈਲੀ ਸੜਕ ਇਸ ਨਗਰ ਤੋਂ ਦੂਰ ਬਣਾ ਦਿੱਤੀ ਤਦ ਤੋਂ ਇਸ ਦਾ ਗੌਰਵ ਘਟ ਗਿਆ ਅਤੇ ਹੌਲੀ ਹੌਲੀ ਇਹ ਕਸਬਾ ਗ਼ੈਰਾਬਾਦ ਹੋ ਗਿਆ।

ਗੋਂਦਾ (ਗੋਇੰਦਾ) ਨਾਂ ਦੇ ਇਕ ਮਰਵਾਹੇ ਖਤ੍ਰੀ ਸਿੱਖ ਨੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਸ ਪੁਰਾਤਨ ਨਗਰ ਦੇ ਨੇੜੇ ਉਸ ਦੀ ਜ਼ਮੀਨ ਵਿਚ ਫਿਰ ਤੋਂ ਇਕ ਨਗਰ ਵਸਾਇਆ ਜਾਏ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਇਆਂ ਗੁਰੂ ਅਮਰਦਾਸ ਜੀ ਨੇ ਇਥੇ ਨਵਾਂ ਨਗਰ ਵਸਾਇਆ ਅਤੇ ਇਥੇ ਹੀ ਆਪਣਾ ਨਿਵਾਸ ਬਣਾਇਆ। ਇਸ ਨਵੇਂ ਨਗਰ ਦਾ ਨਾਂ 'ਗੋਇੰਦਾ' ਸਿੱਖ ਦੇ ਨਾਂ 'ਤੇ 'ਗੋਇੰਦਵਾਲ' ਪ੍ਰਚਲਿਤ ਹੋਇਆ। ਆਪਣੇ ਗੁਰਿਆਈ-ਕਾਲ ਦਾ ਅਧਿਕ ਸਮਾਂ ਗੁਰੂ ਅਮਰਦਾਸ ਜੀ ਨੇ ਇਥੇ ਹੀ ਬਿਤਾਇਆ।

ਕਰਤਾਰਪੁਰ ਤੋਂ ਬਾਦ ਅਤੇ ਅੰਮ੍ਰਿਤਸਰ ਦੀ ਸਥਾਪਨਾ ਤੋਂ ਪਹਿਲਾਂ ਤਕ ਇਹ ਨਗਰ ਸਿੱਖ-ਧਰਮ ਅਤੇ ਸਭਿਆਚਾਰ ਦਾ ਮੁੱਖ ਕੇਂਦਰ ਬਣਿਆ ਰਿਹਾ। ਇਸ ਵਿਚ ਗੁਰੂ ਅਮਰਦਾਸ ਜੀ ਨੇ ਸੰਨ 1559 ਈ. (1616 ਬਿ.) ਵਿਚ ਚੌਰਾਸੀ ਪੌੜੀਆਂ ਵਾਲੀ ਇਕ ਬਾਉਲੀ ਬਣਵਾਈ।

ਇਸ ਨਗਰ ਵਿਚ ਗੁਰੂ ਰਾਮਦਾਸ ਜੀ ਦਾ ਵਿਆਹ ਬੀਬੀ ਭਾਨੀ ਨਾਲ ਹੋਇਆ। ਇਥੇ ਹੀ ਉਨ੍ਹਾਂ ਦੇ ਤਿੰਨ ਪੁੱਤਰਾਂ (ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਦੇਵ) ਦਾ ਜਨਮ ਹੋਇਆ। ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਇਥੇ ਹੀ ਗੁਰੂ-ਗੱਦੀ ਉਤੇ ਬੈਠੇ। ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਤੋਂ ਇਲਾਵਾ ਬੀਬੀ ਭਾਨੀ ਦਾ ਵੀ ਇਸੇ ਨਗਰ ਵਿਚ ਦੇਹਾਂਤ ਹੋਇਆ। ਇਥੇ ਹੀ ਭੱਟ-ਕਵੀ ਗੁਰੂ ਦਰਬਾਰ ਵਿਚ ਹਾਜ਼ਰ ਹੋਏ। ਨਲ੍ਹ ਭੱਟ ਨੇ ਇਸ ਮਹਾਨ ਗੁਰੂ-ਧਾਮ ਦੀ ਮਹਾਨਤਾ ਬਾਰੇ ਲਿਖਿਆ ਹੈ— *ਗੋਇੰਦਵਾਲ ਗੋਬਿੰਦਪੁਰੀ ਸਮ ਜਲ੍ਯਨ ਤੀਰਿ ਬਿਪਾਸ ਬਨਾਯਉ।*(ਗੁ.ਗ੍ਰੰ. 1400)। ਇਥੇ ਹੀ ਬਾਬਾ ਮੋਹਨ ਤੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਲਈ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰੋਂ ਚਲ ਕੇ ਆਏ ਸਨ।

ਇਸ ਨਗਰ ਦੇ ਧਰਮ-ਧਾਮ ਮੁੱਖ ਤੌਰ 'ਤੇ ਦੋ ਪਰਿਸਰਾਂ ਵਿਚ ਸਿਮਟੇ ਹੋਏ ਹਨ। ਇਨ੍ਹਾਂ ਵਿਚੋਂ ਪਹਿਲਾ ਪਰਿਸਰ 'ਬਾਉਲੀ ਸਾਹਿਬ' ਹੈ। 84 ਪੌੜੀਆਂ ਦੀ ਗੁਰੂ ਅਮਰਦਾਸ ਜੀ ਦੁਆਰਾ ਸੰਨ 1559 ਈ. (1616 ਬਿ.) ਵਿਚ ਬਣਵਾਈ ਗਈ ਇਸ ਬਾਉਲੀ ਦਾ ਸਰੂਪ ਸਮੇਂ ਸਮੇਂ ਸੁਧਾਰਿਆ ਜਾਂਦਾ ਰਿਹਾ ਹੈ। ਹੁਣ ਇਨ੍ਹਾਂ ਪੌੜੀਆਂ ਉਪਰ ਸੁੰਦਰ ਢੰਗ ਨਾਲ ਸੰਗਮਰਮਰ ਲਗਾਇਆ ਗਿਆ ਹੈ। ਅਨੇਕ ਜਿਗਿਆਸੂ ਹਰ ਇਕ ਪੌੜੀ 'ਤੇ ਇਸ਼ਨਾਨ ਕਰਕੇ ਜਪੁਜੀ ਦਾ ਪਾਠ ਕਰਦੇ ਹਨ ਅਤੇ ਇਸ ਤਰ੍ਹਾਂ 84 ਲੱਖ ਜੂਨਾਂ ਦੇ ਗੇੜ ਵਿਚੋਂ ਆਪਣੇ ਆਪ ਨੂੰ ਖ਼ਲਾਸ ਹੋ ਜਾਣ ਦਾ ਸੰਤੋਸ਼ ਪ੍ਰਾਪਤ ਕਰਦੇ ਹਨ। ਬਾਉਲੀ ਸਾਹਿਬ ਦੇ ਪ੍ਰਵੇਸ਼-ਦੁਆਰ ਕੋਲ 'ਥੜਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ' ਬਣਿਆ ਹੋਇਆ ਹੈ, ਜਿਥੇ ਗੁਰੂ ਸਾਹਿਬ ਬੈਠ ਕੇ ਬਾਉਲੀ ਦੀ ਉਸਾਰੀ ਦੀ ਨਿਗਰਾਨੀ ਕਰਦੇ ਸਨ। ਬਾਉਲੀ ਸਾਹਿਬ ਦੇ ਨਾਲ ਹੀ 'ਸ੍ਰੀ ਦਰਬਾਰ ਸਾਹਿਬ' ਬਣਿਆ ਹੋਇਆ ਹੈ ਜਿਸ ਵਿਚ ਸੰਗਤ ਬੈਠਦੀ ਹੈ ਅਤੇ ਹਰਿ-ਜਸ ਸੁਣਦੀ ਹੈ। ਇਸ ਦੇ ਨਾਲ ਹੀ 'ਲੰਗਰ ਸ੍ਰੀ ਗੁਰੂ ਅਮਰਦਾਸ ਜੀ' ਦੀ ਇਮਾਰਤ ਹੈ। ਇਸੇ ਪਰਿਸਰ ਵਿਚ ਪੁਰਾਤਨ ਬਿਰਧ ਬੀੜਾਂ ਦੀ ਸਾਂਭ-ਸੰਭਾਲ ਹੁੰਦੀ ਹੈ ਅਤੇ ਅਤਿ ਬਿਰਧ ਬੀੜਾਂ ਦੇ ਸਸਕਾਰ ਦੀ ਵਿਵਸਥਾ ਹੈ।

ਦੂਜਾ ਪਰਿਸਰ 'ਹਵੇਲੀ ਸਾਹਿਬ' ਦਾ ਹੈ। ਇਹ ਅਸਲੋਂ ਗੁਰੂ ਸਾਹਿਬ ਦੀ ਰਿਹਾਇਸ਼ ਵਾਲੀ ਥਾਂ ਹੈ। ਇਸ

ਵਿਚ 'ਗੁਰਦੁਆਰਾ ਸ੍ਰੀ ਚੌਬਾਰਾ ਸਾਹਿਬ' ਉਹ ਕਮਰਾ ਹੈ ਜਿਸ ਵਿਚ ਗੁਰੂ ਅਮਰਦਾਸ ਜੀ ਆਪਣੇ ਪਰਿਵਾਰ ਸਹਿਤ ਰਹਿੰਦੇ ਸਨ। ਇਸ ਕਮਰੇ ਦੇ ਦੁਆਰ ਤੋਂ ਬਾਹਰ ਦੀਵਾਰ ਵਿਚ 'ਕਿੱਲੀ ਸਾਹਿਬ' ਸੁਸ਼ੋਭਿਤ ਹੈ, ਜਿਸ ਨੂੰ ਪਕੜ ਕੇ ਗੁਰੂ ਜੀ ਖੜੋਤੀ ਹੋਈ ਸਥਿਤੀ ਵਿਚ ਭਗਤੀ ਕਰਦੇ ਸਨ। ਇਸ ਦੇ ਨਾਲ ਹੀ 'ਗੁਰਿਆਈ ਅਸਥਾਨ ਗੁਰੂ ਰਾਮਦਾਸ' ਹੈ ਜਿਥੇ ਗੁਰੂ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰੂ-ਪਦ ਪ੍ਰਦਾਨ ਕੀਤਾ ਸੀ। ਇਥੇ ਹੀ 'ਜੋਤੀ ਜੋਤਿ ਅਸਥਾਨ ਪਾਤਿਸ਼ਾਹੀ ੩' ਵੀ ਹੈ ਜਿਥੇ ਗੁਰੂ ਅਮਰਦਾਸ ਜੀ ਨੇ ਮਹਾਪ੍ਰਸਥਾਨ ਕੀਤਾ ਸੀ ਅਤੇ ਸੱਤ ਸਾਲ ਬਾਦ ਗੁਰੂ ਰਾਮਦਾਸ ਜੀ ਵੀ ਸਮਾਏ ਸਨ। ਇਸੇ ਖੇਤਰ ਵਿਚ ਗੁਰੂ ਰਾਮਦਾਸ ਜੀ ਦੇ ਤਿੰਨਾਂ ਸੁਪੁੱਤਰਾਂ ਦੇ ਜਨਮ-ਸਥਾਨ ਹਨ। 'ਚੌਬਾਰਾ ਬਾਬਾ ਮੋਹਨ ਜੀ' ਵੀ ਇਸੇ ਪਰਿਸਰ ਵਿਚ ਬਣਿਆ ਹੋਇਆ ਹੈ ਜਿਸ ਵਿਚ ਬਾਬਾ ਜੀ ਬੈਠ ਕੇ ਤਪਸਿਆ ਕਰਦੇ ਸਨ। ਇਸ ਚੌਬਾਰੇ ਹੇਠ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ ਪੋਥੀਆਂ ਦੀ ਪ੍ਰਾਪਤੀ ਲਈ *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ* ਵਾਲਾ ਸ਼ਬਦ ਗਾਇਆ ਸੀ। ਇਥੇ ਨੇੜੇ ਹੀ ਗੁਰੂ ਰਾਮਦਾਸ ਜੀ ਦਾ ਖੁਦਵਾਇਆ 'ਖੂਹ ਗੁਰੂ ਰਾਮਦਾਸ ਜੀ' ਵੀ ਹੈ।

ਉਪਰੋਕਤ ਦੋਹਾਂ ਪਰਿਸਰਾਂ ਦੇ ਧਰਮ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਵਸਥਾ ਅਧੀਨ ਹਨ। ਉਂਜ ਭਾਵੇਂ ਸਾਰੇ ਪੁਰਬ ਇਥੇ ਮਨਾਏ ਜਾਂਦੇ ਹਨ, ਪਰ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਵਾਲੇ ਪੁਰਬ 'ਤੇ ਤਿੰਨ ਦਿਨ ਬਹੁਤ ਰੌਣਕ ਰਹਿੰਦੀ ਹੈ। ਇਨ੍ਹਾਂ ਤੋਂ ਇਲਾਵਾ, ਗੋਇੰਦਵਾਲ ਤੋਂ 3 ਕਿ.ਮੀ. ਦੀ ਦੂਰੀ 'ਤੇ 'ਗੁਰਦੁਆਰਾ ਦਮਦਮਾ ਸਾਹਿਬ' ਬਣਿਆ ਹੋਇਆ ਹੈ। ਇਹ ਉਹ ਸਥਾਨ ਹੈ ਜਿਥੇ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਬਿਆਸ ਨਦੀ ਤੋਂ ਗਾਗਰ ਵਿਚ ਨਿੱਤ ਜਲ ਲੈ ਜਾਂਦੇ ਹੋਏ ਗੁਰੂ ਅਮਰਦਾਸ ਜੀ ਕੁਝ ਸਮੇਂ ਲਈ ਠਹਿਰਦੇ ਸਨ।

ਇਸ ਨਗਰ ਦੀ ਇਤਿਹਾਸਿਕ ਮਹਾਨਤਾ ਨੂੰ ਮੁਖ ਰਖਦਿਆਂ ਇਸ ਨੂੰ ਇਕ ਵੱਡਾ ਉਦਯੋਗਿਕ ਕੇਂਦਰ ਬਣਾਇਆ ਜਾ ਰਿਹਾ ਹੈ। ਇਸ ਦੇ ਨੇੜੇ ਬਿਆਸ ਨਦੀ ਉਤੇ ਪੁਲ ਬਣ ਜਾਣ ਕਾਰਣ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਹੈ।

**ਗੋਸਟਾਂ ਗੁਰੂ ਅਮਰਦਾਸ ਜੀ ਕੀਆਂ** : ਇਸ ਰਚਨਾ ਦਾ ਕਰਤ੍ਰਿਤਵ ਸੋਢੀ ਮਨੋਹਰ ਦਾਸ ਮਿਹਰਬਾਨ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦੇਵ ਜੀ ਅਤੇ ਸੰਤ ਕਬੀਰ ਜੀ ਤੋਂ ਇਲਾਵਾ ਮਿਹਰਬਾਨ ਨੇ ਗੁਰੂ ਅਮਰਦਾਸ ਜੀ ਸੰਬੰਧੀ ਵੀ ਗੋਸ਼ਟਾਂ ਦੀ ਰਚਨਾ ਕੀਤੀ ਸੀ। ਇਨ੍ਹਾਂ ਗੋਸ਼ਟਾਂ ਦੀ ਕੋਈ ਵਿਵਸਥਿਤ ਪੋਥੀ ਨਹੀਂ ਮਿਲਦੀ, ਪਰ ਕਿਤੇ ਕਿਤੇ ਪੁਰਾਤਨ ਪੋਥੀਆਂ ਵਿਚ ਸੰਕਲਿਤ ਹੋਈਆਂ ਮਿਲ ਜਾਂਦੀਆਂ ਹਨ। ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਦੀ ਇਕ ਹੱਥ-ਲਿਖਿਤ (ਨੰ.678) ਵਿਚ ਮਿਹਰਬਾਨ ਦੀਆਂ ਰਚੀਆਂ ਕਈ ਗੋਸ਼ਟਾਂ ਵਿਚ ਤਿੰਨ ਗੋਸ਼ਟਾਂ ਗੁਰੂ ਅਮਰਦਾਸ ਜੀ ਦੀਆਂ ਵੀ ਹਨ। ਇਹ ਪੋਥੀ ਸੰ. 1740 ਬਿ. (1683 ਈ.) ਦੀ ਨਕਲ ਕੀਤੀ ਹੋਈ ਹੈ। ਇਨ੍ਹਾਂ ਗੋਸ਼ਟਾਂ ਵਿਚੋਂ ਪਹਿਲੀ ਦਾ ਸੰਬੰਧ ਗੁਰੂ ਜੀ ਦੀ ਵਡਾਲੀ ਵਿਚ ਠਹਿਰ ਨਾਲ ਹੈ ਅਤੇ ਦੂਜੀ ਤੇ ਤੀਜੀ ਦਾ ਗੋਇੰਦਵਾਲ ਦੇ ਨਿਵਾਸ ਵੇਲੇ ਨਾਲ ਹੈ। ਇਨ੍ਹਾਂ ਵਿਚ ਸਾਰੰਗ, ਮਲਾਰ ਅਤੇ ਪ੍ਰਭਾਤੀ ਰਾਗਾਂ ਵਿਚਲੇ ਬਾਣੀ-ਸੰਦਰਭਾਂ ਦੇ ਪਰਮਾਰਥ ਦਸੇ ਗਏ ਹਨ। ਇਨ੍ਹਾਂ ਤਿੰਨਾਂ ਤੋਂ ਇਲਾਵਾ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ ਪਾਸ ਸੁਰਖਿਅਤ ਇਕ ਪੋਥੀ ਵਿਚ 25 ਗੋਸ਼ਟਾਂ ਸੰਕਲਿਤ ਹਨ। ਇਨ੍ਹਾਂ ਵਿਚ ਸੂਹੀ, ਬਿਲਾਵਲ ਅਤੇ ਰਾਮਕਲੀ ਰਾਗਾਂ ਦੇ ਬਾਣੀ ਸੰਦਰਭਾਂ ਦੇ ਪਰਮਾਰਥ ਸਮੋਏ ਹੋਏ ਹਨ। ਇਸ ਤਰ੍ਹਾਂ ਹੁਣ ਤਕ 28 ਗੋਸ਼ਟਾਂ ਉਪਲਬਧ ਹੋਈਆਂ ਹਨ ਜੋ ਡਾ. ਰਾਇ ਜਸਬੀਰ ਸਿਘ ਨੇ 'ਗੁਰੂ ਅਮਰਦਾਸ : ਸ੍ਰੋਤ ਪੁਸਤਕ' ਵਿਚ ਦਰਜ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਸੰ. 1986 ਈ. ਵਿਚ ਪ੍ਰਕਾਸ਼ਿਤ ਕਰਵਾਈਆਂ ਹਨ। ਡਾ. ਗੁਰਮੋਹਨ ਸਿੰਘ ਵਾਲੀਆ ਨੇ ਆਪਣੇ ਸ਼ੋਧ-ਪ੍ਰਬੰਧ ('ਸੋਢੀ ਮਿਹਰਵਾਨ ਦੀ ਗੱਦ ਰਚਨਾ'-ਪੰਨਾ 43) ਵਿਚ 39 ਗੋਸ਼ਟਾਂ ਦੀ ਉਪਲਬਧੀ ਵਲ ਸੰਕੇਤ ਕੀਤਾ ਹੈ।

ਪ੍ਰੋ. ਪ੍ਰੀਤਮ ਸਿੰਘ ਪਾਸ ਸੁਰਖਿਅਤ ਪੋਥੀ ਦੀਆਂ 25 ਗੋਸ਼ਟਾਂ ਵਿਚੋਂ ਪਹਿਲੀ ਦਾ ਸੰਬੰਧ ਕਿਸੇ ਸਥਾਨ ਨਾਲ ਨਹੀਂ ਹੈ, 21 ਗੋਸ਼ਟਾਂ (2-5,7-10, 12-14, 16-25) ਦਾ ਸੰਬੰਧ ਗੋਇੰਦਵਾਲ ਦੀ ਠਹਿਰ ਨਾਲ ਅਤੇ ਦੋ (6,15) ਦਾ ਸੰਬੰਧ ਵਡਾਲੀ ਦੀ ਠਹਿਰ ਨਾਲ ਹੈ। ਇਕ ਗੋਸਟਿ (11) ਨਿਰੰਕਾਰ ਦੇ ਦਰਬਾਰ ਨਾਲ ਸੰਬੰਧਿਤ ਹੈ। ਇਨ੍ਹਾਂ ਵਿਚੋਂ 24ਵੀਂ ਗੋਸਟਿ ਬਹੁਤ ਲੰਬੀ ਹੈ ਕਿਉਂਕਿ ਉਸ ਵਿਚ ਅਨੰਦੁ ਸਾਹਿਬ ਦਾ ਪਰਮਾਰਥ ਵਰਣਿਤ ਕੀਤਾ ਗਿਆ ਹੈ। ਇਸ ਦੇ ਆਰੰਭ ਵਿਚ 'ਅਨੰਦੁ' ਬਾਣੀ ਨੂੰ ਰਚਣ ਦਾ ਅਵਸਰ ਅਤੇ ਪ੍ਰਯੋਜਨ

ਵੀ ਸਪੱਸ਼ਟ ਕੀਤਾ ਗਿਆ ਹੈ, ਜਿਵੇਂ :

*ਏਕ ਦਿਨ ਗੁਰੂ ਅਮਰਦਾਸੁ ਪੰਜ-ਆਬ ਦੀ ਧਰਤੀ ਨਗਰਿ ਗੋਇੰਦਵਾਲ ਬੈਠਾ ਥਾ। ਅਰ ਮੋਹਰੀ ਕੇ ਘਰਿ ਬੇਟਾ ਹੋਆ। ਗੁਰੂ ਅਮਰਦਾਸ ਦੇ ਪੋਤਾ ਹੋਆ। ਨਾਮੁ ਅਨੰਦੁ ਰਖਿਆ। ਤਬ ਇਸਤਰੀਆ ਲਗੀਆ ਗਾਵਣਿ। ਰਣਿ ਝੁਝਟੜਾ ਮੇਰੀ ਮਾਏ। ਹਸਨੁ ਖੇਲਣੁ ਕਰ ਆਏ। ਤਬ ਗੁਰੂ ਅਮਰਦਾਸਿ ਸੁਣੀਆ ਕਿ ਬਚਾ ਏਹਿ ਇਸਤਰੀਆ ਕਿ ਗਾਵਦੀਆ ਹੈਨਿ। ਕਹੇ ਜਿ ਮੋਹਰੀ ਕੈ ਬੇਟਾ ਜਮਿਆ ਹੈ। ਰਣ ਝੁਝਟੜਾ ਮੇਰੀ ਮਾਏ ਗਾਵਦੀਆ ਹੈਨਿ। ਤਬ ਗੁਰੂ ਅਮਰਦਾਸਿ ਕਹਿਆ ਜਿ ਬਚਾ ਰਣ ਝੁਝਟੜਾ ਕਵਣੁ ਹੈ। ਕਏ ਜਿ ਇਵ ਵੀ ਜਾਣਦੇ ਪਰ ਜਿਥੇ ਸਾਦੀ ਆਨੰਦ ਹੋਦਾ ਤਿਥੈ ਏਹੋ ਰਣ ਝੁਝਟੜਾ ਹੀ ਗਾਵਦੀਆ ਹੈਨਿ। ਬਾਲਕਿ ਜਮਿਐ ਹੋਇਐ। ਤਬ ਗੁਰੂ ਕਹਿਆ ਜਿ ਬਚਾ ਜਿਨਿ ਏਹੁ ਭੇਜਿਆ ਹੈ ਉਸੈ ਦਾ ਆਨੰਦੁ ਗਾਵੀਐ ਜਿਸ ਦਾ ਆਨੰਦੋ ਹੀ ਆਨੰਦੁ ਹੋਇ ਰਹੈ। ਗੁਰੂ ਅਮਰਦਾਸ ਕਹਿਆ ਜਿ ਸਦਿਹੋ ਰਬਾਬੀਆ ਨੂੰ ਜਿ ਕਿਉ ਬਚਾ ਰਣ ਝੁਝਟੜਾ ਜਿਹ ਜੋਗ ਗਾਵਦੀਆ ਹੈਨਿ ਸਿ ਏਹੁ ਕਿਤੁ ਰਾਗਿ ਹੈ। ਕਹੈ ਜੀ ਪਾਤਸਾਹੁ ਤੂੰ ਸਭੁ ਕਿਛੁ ਜਾਣਦਾ ਹੈ। ਪਰ ਰਾਮਕਲੀ ਰਾਗੁ ਵਿਚਿ ਹੈ। ਤਬ ਗੁਰੂ ਅਮਰਦਾਸ ਕਹਿਆ ਕਿ ਬਚਾ ਪਿਛਹੁ ਕਰਿਹੁ ਰਾਮਕਾਲੀ ਅਨੰਦੁ ਗੁਰੂ ਭੇਜਿਆ ਹੈ। ਸੋਈ ਆਨੰਦੁ ਗਾਵਹੁ। ਕਹੈ ਜੀ ਭਲਾ ਹੋਵੇ ਰਬਾਬੀ ਕਾਲੈ ਮਿਠਦੇ ਤੂ ਰਬਾਬੁ ਵਜਾਏ। ਆਲਾਪਿ ਕਰਿ ਕਰਿ ਗੁਰੂ ਬਾਬੇ ਦਾ ਸਲੋਕ ਦਿਤਾ। ਤਬ ਝੈਸਿ ਕਰਿ ਪਗੁ ਗੁਰੂ ਅਮਰਦਾਸ ਰਾਮਕਲੀ ਰਾਗ ਮਹਿ ਆਨੰਦੁ ਲੈ ਲੈ ਉਠਿਆ...।*

ਇਨ੍ਹਾਂ ਗੋਸ਼ਟਾਂ ਵਿਚ ਗੁਰੂ ਅਮਰਦਾਸ ਜੀ ਦਾ ਸਰੂਪ ਚਿਤ੍ਰਣ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਨਾਲੋਂ ਅਧਿਕਤਰ ਉਨ੍ਹਾਂ ਦੀ ਬਾਣੀ ਵਿਚ ਮਿਲਦੇ ਸੰਕੇਤਾਂ ਅਤੇ ਕਲਪਿਤ ਉਥਾਨਿਕਾਵਾਂ ਦੁਆਰਾ ਕੀਤਾ ਗਿਆ ਹੈ। ਉਨ੍ਹਾਂ ਦੀ ਬਾਣੀ ਦੇ ਆਧਾਰ 'ਤੇ ਗੁਰੂ ਜੀ ਦਾ ਸਮਾਜਿਕ ਦ੍ਰਿਸ਼ਟੀਕੋਣ, ਅਧਿਆਤਮਿਕ ਅਨੁਭਵ ਅਤੇ ਜੀਵਨ ਵਿਧੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਕੁਲ ਮਿਲਾ ਕੇ ਇਨ੍ਹਾਂ ਗੋਸ਼ਟਾਂ ਵਿਚ ਗੁਰੂ ਸਾਹਿਬ ਦਾ ਯਥਾਰਥ ਜੀਵਨ ਪੇਸ਼ ਨਹੀਂ ਹੋਇਆ, ਸਗੋਂ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਦੀਆਂ ਲੀਹਾਂ 'ਤੇ ਆਦਰਸ਼ ਪ੍ਰਧਾਨ, ਅਵਤਾਰੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਲੇਖਕ ਦੀ ਸਭ ਥਾਂ ਸ਼ਰਧਾ ਬਣੀ ਹੋਈ ਹੈ। ਅਨੰਦੁ ਸਾਹਿਬ ਦੀ ਬਾਣੀ ਦੀ ਰਚਨਾ-ਪ੍ਰੇਰਣਾ ਅਤੇ ਉਸ ਵੇਲੇ ਦੇ ਵਾਤਾਵਰਣ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ ਜਿਸ ਤੋਂ ਉਸ ਵੇਲੇ ਦੇ ਗੁਰੂ-ਦਰਬਾਰ ਅਤੇ ਸੰਗਤ ਦੀ ਸਥਿਤੀ ਸਪੱਸ਼ਟ ਹੁੰਦੀ ਹੈ :

*ਤਬ ਗੁਰੂ ਅਮਰਦਾਸਿ ਕੈ ਪਾਸਿ ਸੰਗਤਿ ਬੈਠੀ ਕੁਲਿ ਪਰਵਾਰੁ ਬੈਠਾ। ਗੁਰੂ ਅਮਰਦਾਸਿ ਜੀ ਸੁਪੇਦ ਦਾੜੀ ਮਥੇ ਉਪਰਿ ਧਮਰਾਈ। ਝੈਸਿ ਕਰਿ ਪਰਮੇਸੁਰ ਕੀ ਉਸਤਤਿ ਕਰਤਾ ਹੈ। ਗੁਰੂ ਅਮਰਦਾਸੁ ਪਾਸਿ ਗੁਰੂ ਅਰਜਨ, ਗੁਰੂ ਸਾਹਿਬ, ਮਹਾਦੇਉ, ਮੋਹਰੀ। ਰਬਾਬੀ ਪਿਛੇ ਗਾਵਦੇ ਹੈਨਿ। ਗੁਰੂ ਰਾਮਦਾਸੁ ਆਗੇ ਗਾਵੈ। ਨਾਲੇ ਗੁਰੂ ਰਾਮਦਾਸੁ ਲਿਖਦਾ ਜਾਇ। ਜਿਉ ਜਿਉ ਗੁਰੂ ਅਮਰਦਾਸੁ ਬਾਨੀ ਬੋਲੀ ਤਿਉ ਤਿਉ ਗੁਰੂ ਰਾਮਦਾਸੁ ਲਿਖਦਾ ਜਾਇ।...*

ਇਸ ਗੋਸ਼ਟਿ ਤੋਂ ਅਨੰਦੁ ਸਾਹਿਬ ਦੇ ਰਚਣ ਦਾ ਪਿਛੋਕੜ ਸਪੱਸ਼ਟ ਹੁੰਦਾ ਹੈ। ਇਸ ਬਾਣੀ ਦਾ ਪਰਮਾਰਥ (ਗੁਰੂ) ਰਾਮਦਾਸ ਨੂੰ ਸੰਬੋਧਿਤ ਹੈ। ਉਸ ਸੰਬੋਧਨ ਵੇਲੇ ਹੋਰ ਸੰਗਤ ਤੋਂ ਇਲਾਵਾ (ਗੁਰੂ) ਅਰਜਨ ਦੇਵ, ਪ੍ਰਿਥੀਚੰਦ (ਗੁਰੂ ਸਾਹਿਬ), ਮਹਾਦੇਉ, ਮੋਹਰੀ ਆਦਿ ਮੌਜੂਦ ਸਨ ਅਤੇ ਬਾਣੀ ਦਾ ਗਾਇਨ ਰਬਾਬੀ ਕਰ ਰਹੇ ਸਨ। 25ਵੀਂ ਗੋਸ਼ਟਿ ਵਿਚ ਰਾਮਕਲੀ ਰਾਗ ਵਿਚਲੀ ਵਾਰ ਦਾ ਪਰਮਾਰਥ ਬਖ਼ਾਨ ਕੀਤਾ ਗਿਆ ਹੈ। ਇਹ ਗੋਸ਼ਟਿ ਅਧੂਰੀ ਹੈ ਕਿਉਂਕਿ ਅੱਠਵੀਂ ਪਉੜੀ ਤੋਂ ਬਾਦ ਦਾ ਪਾਠ ਅਤੇ ਪਰਮਾਰਥ ਉਪਲਬਧ ਨਹੀਂ ਹੈ।

ਇਸ ਰਚਨਾ ਦੀ ਭਾਸ਼ਾ ਮਿਹਰਬਾਨ ਰਚਿਤ ਜਨਮ-ਸਾਖੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਖਾਂਦੀ ਹੈ। ਕੋਈ ਵਿਸ਼ੇਸ਼ ਨਿਖੇੜ ਨ ਹੋਣ ਕਾਰਣ ਲਗਭਗ ਉਸੇ ਭਾਸ਼ਾ ਸ਼ੈਲੀ ਦਾ ਪੁਨਰ-ਪ੍ਰਦਰਸ਼ਨ ਹੋਇਆ ਹੈ। ਇਸ ਤਰ੍ਹਾਂ ਸਾਹਿਤਿਕ ਦ੍ਰਿਸ਼ਟੀ ਤੋਂ ਇਹ ਕਿਸੇ ਵਿਸ਼ੇਸ਼ ਪ੍ਰਵਿੱਤੀ ਨੂੰ ਜਨਮ ਨਹੀਂ ਦਿੰਦੀ।

ਇਨ੍ਹਾਂ ਗੋਸ਼ਟਾਂ ਦਾ ਆਰੰਭ, ਵਿਸਤਾਰ ਅਤੇ ਸਮਾਪਨ ਇਕ-ਸਮਾਨ ਹੈ ਅਤੇ ਮਿਹਰਬਾਨ ਦੀਆਂ ਰਚੀਆਂ ਹੋਰ ਗੋਸ਼ਟਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।

ਗੁਰੂ ਅਮਰਦਾਸ ਜੀ ਕੋਲ ਜਿਗਿਆਸਾ ਪ੍ਰਗਟ ਕਰਨ ਲਈ ਗੋਬਿੰਦ ਲੋਕਾਂ ਤੋਂ ਛੁਟ ਸਿੱਧ, ਜੋਗੀ ਅਤੇ ਮੁਸਲਮਾਨ ਫ਼ਕੀਰ ਵੀ ਆਉਂਦੇ ਸਨ। ਉਹ ਆਪਣੀ ਧਾਰਮਿਕ ਪਿਛੋਕੜ ਅਨੁਸਾਰ ਬੰਦਨਾ ਕਰਦੇ ਸਨ ਅਤੇ ਗੁਰੂ ਜੀ ਉਸੇ ਤਰ੍ਹਾਂ ਦੇ ਸ਼ਬਦਾਂ ਨਾਲ ਬੰਦਨਾ ਦਾ ਉੱਤਰ ਦਿੰਦੇ ਸਨ।

ਸਾਫ਼ ਹੈ ਕਿ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਗੋਸ਼ਟਾਂ ਭਾਵ, ਭਾਸ਼ਾ ਅਤੇ ਸ਼ੈਲੀ ਵਜੋਂ 'ਜਨਮਸਾਖੀ ਗੁਰੂ ਨਾਨਕ ਦੇਵ ਜੀ' ਦੀਆਂ ਵਿਸ਼ਿਸ਼ਟਤਾਵਾਂ ਦਾ ਕੇਵਲ ਵਿਸਤ੍ਰਣ ਹੀ ਹਨ।

**ਗੋਸ਼ਟਾਂ ਗੁਰੂ ਨਾਨਕ ਦੇਵ ਸੰਬੰਧੀ**: ਸਿੱਧਾਂਤਿਕ ਵਿਚਾਰ ਚਰਚਾ ਜਾਂ ਸੰਵਾਦ ਨੂੰ ਪੁਰਾਤਨ ਕਾਲ ਵਿਚ 'ਗੋਸਟਿ' (ਵੇਖੋ) ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਕੀਤੇ ਆਪਣੇ ਸੰਵਾਦ ਨੂੰ 'ਸਿਧ ਗੋਸਟਿ' (ਵੇਖੋ) ਵਿਚ ਲਿਪੀਬੱਧ ਕੀਤਾ। ਇਹੀ ਪੰਜਾਬੀ ਦੀ ਪਹਿਲੀ ਪਦਾਤਮਕ ਗੋਸ਼ਟਿ ਹੈ। ਇਸ ਤੋਂ ਬਾਦ ਜਨਮਸਾਖੀ ਸਾਹਿਤ ਰਾਹੀਂ ਗੋਸ਼ਟਿ ਸਾਹਿਤ-ਵਿਧਾ ਦਾ ਵਿਕਾਸ ਹੁੰਦਾ ਹੈ। ਸਭ ਨਾਲੋਂ ਪ੍ਰਾਚੀਨ 'ਪੁਰਾਤਨ ਜਨਮਸਾਖੀ' ਵਿਚ 14 ਗੋਸ਼ਟਾਂ ਹਨ— ਚਾਰ ਸਿੱਧਾਂ ਨਾਲ, ਸੱਤ ਮੁਸਲਮਾਨ ਦਰਵੇਸ਼ਾਂ ਨਾਲ ਅਤੇ ਤਿੰਨ ਪੰਡਿਤਾਂ ਨਾਲ। ਇਨ੍ਹਾਂ ਵਿਚ ਅਧਿਕਾਂਸ਼ ਦੇ ਪ੍ਰਸ਼ਨ-ਉਤਰ ਪਦਾਤਮਕ ਹਨ ਅਤੇ ਗੋਸ਼ਟਿ ਕਰਨ ਵਾਲੇ ਕਈ ਮਹਾ-ਪੁਰਸ਼ ਗੁਰੂ ਨਾਨਕ ਦੇਵ ਜੀ ਦੇ ਪੂਰਬ-ਵਰਤੀ ਹਨ। ਇਨ੍ਹਾਂ ਗੱਲਾਂ ਤੋਂ ਇਹ ਵੀ ਸਪੱਸ਼ਟ ਹੈ ਕਿ ਇਹ ਗੋਸ਼ਟਾਂ ਸਚਮੁਚ ਇੰਨ-ਬਿੰਨ ਘਟਿਤ ਨਹੀਂ ਹੋਈਆਂ ਸਨ। ਸਾਖੀਕਾਰ ਨੇ ਆਪਣੀ ਮਨਮਰਜ਼ੀ ਅਨੁਸਾਰ ਹੀ ਇਨ੍ਹਾਂ ਦਾ ਵਿਧਾਨ ਕਰਕੇ ਦੋਹਾਂ ਧਿਰਾਂ ਦੇ ਵਿਚਾਰ ਪ੍ਰਸਤੁਤ ਕੀਤੇ ਹਨ।

ਇਹ ਗੱਲ ਵੀ ਧਿਆਨ ਰਖਣ ਦੀ ਹੈ ਕਿ ਇਨ੍ਹਾਂ ਗੋਸ਼ਟਾਂ ਦੇ ਅੰਤ ਤੇ ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਜ਼ਿਆਦਾ ਗੰਭੀਰ ਅਤੇ ਯੁਗ ਦੀਆਂ ਪਰਿ-ਸਥਿਤੀਆਂ ਦੇ ਅਨੁਰੂਪ ਅਧਿਕ ਲੋਕ-ਮੰਗਲਕਾਰੀ ਸਿੱਧ ਕੀਤਾ ਹੈ ਅਤੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਗੁਰੂ ਨਾਨਕ ਦੇਵ ਜੀ ਅਗੇ ਨਤਮਸਤਕ ਕੀਤਾ ਹੈ। ਇਸ ਤਰ੍ਹਾਂ ਅਭਿ-ਵਿਅਕਤੀ ਦੀ ਇਸ ਵਿਧੀ ਰਾਹੀਂ ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੀ ਪ੍ਰਭੁਤਾ ਨੂੰ ਬੜੀ ਕਲਾਤਮਕਤਾ ਨਾਲ ਉਜਾਗਰ ਕੀਤਾ ਹੈ। ਇਨ੍ਹਾਂ ਗੋਸ਼ਟਾਂ ਵਿਚ ਵਾਰਤਕ ਦੇ ਸੁੰਦਰ ਅਤੇ ਸਵੱਛ ਨਮੂਨੇ ਵੇਖੇ ਜਾ ਸਕਦੇ ਹਨ ਅਤੇ ਭਾਵ-ਪ੍ਰਕਾਸ਼ਨ ਦੀ ਨਿਪੁਣਤਾ ਦੇ ਦਰਸ਼ਨ ਵੀ ਹੁੰਦੇ ਹਨ। ਭਾਸ਼ਾ ਵੀ ਅਧਿਕਤਰ ਪੰਜਾਬੀ ਹੈ।

'ਮਿਹਰਬਾਨ ਜਨਮਸਾਖੀ' ਮੂਲੋਂ ਹੀ ਗੋਸ਼ਟਾਂ ਵਿਚ ਲਿਖੀ ਹੈ। ਪਰ ਧਿਆਨ ਰਹੇ ਕਿ ਇਹ ਗੋਸ਼ਟਿ ਸੰਗ੍ਰਹਿ ਅਸਲੋਂ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਹੈ ਅਤੇ ਗੋਸ਼ਟਾਂ ਨੂੰ ਗੁਰੂ ਜੀ ਦੇ ਜੀਵਨ-ਕ੍ਰਮ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਸਾਖੀ-ਗੋਸ਼ਟਿ-ਪਰਮਾਰਥ ਦੀ ਇਕ ਮਿਲੀ-ਜੁਲੀ ਵਿਧਾ ਨੂੰ ਵਰਤਿਆ ਗਿਆ ਹੈ ਜੋ ਸ਼ੁੱਧ ਰੂਪ ਵਿਚ ਨ ਸਾਖੀ ਹੈ, ਨ ਗੋਸ਼ਟਿ ਅਤੇ ਨ ਹੀ ਪਰਮਾਰਥ ਪਰ ਚੂੰਕਿ ਇਹ ਜਨਮਸਾਖੀ ਪਰੰਪਰਾ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਉਤੇ ਪ੍ਰਕਾਸ਼ ਪਾਉਂਦੀ ਹੈ, ਇਸ ਲਈ ਇਸ ਦੀਆਂ ਗੋਸ਼ਟਾਂ ਨੂੰ 'ਮਿਹਰਬਾਨ ਜਨਮਸਾਖੀ' ਕਿਹਾ ਜਾਂਦਾ ਹੈ।

ਬਾਲਾ ਜਨਮਸਾਖੀ ਵਿਚ ਵੀ 10 ਗੋਸ਼ਟਾਂ ਮਿਲਦੀਆਂ ਹਨ ਅਤੇ ਰਲ-ਗਡ ਜਨਮਸਾਖੀਆਂ ਵਿਚ ਵੀ ਅਨੇਕ ਗੋਸ਼ਟਾਂ ਸੰਯੁਕਤ ਹਨ। ਇਹ ਸਾਰੀਆਂ ਗੋਸ਼ਟਾਂ ਸਾਖੀ-ਕ੍ਰਮ ਵਿਚ ਪਰੁਚੇ ਹੋਣ ਕਰਕੇ ਸੁਤੰਤਰ ਮਹੱਤਵ ਨਹੀਂ ਰਖਦੀਆਂ, ਪਰ ਇਨ੍ਹਾਂ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਬਾਦ ਵਿਚ ਬਹੁਤ ਸਾਰੀਆਂ ਨਿੱਕੀਆਂ ਵੱਡੀਆਂ ਗੋਸ਼ਟਾਂ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਸੁਤੰਤਰ ਰੂਪ ਵਿਚ ਸਿਰਜੀਆਂ ਗਈਆਂ, ਇਨ੍ਹਾਂ ਵਿਚ 'ਮਕੇ ਮਦੀਨੇ ਕੀ ਗੋਸਟਿ' (ਵੇਖੋ 'ਗੋਸਟਿ ਮਕੇ ਮਦੀਨੇ ਕੀ') ਵਿਸ਼ੇਸ਼ ਉਲੇਖਯੋਗ ਹੈ। ਇਸ ਤੋਂ ਇਲਾਵਾ 'ਕਾਰੂੰ ਨਾਲ ਗੋਸਟਿ', 'ਨਿਰੰਕਾਰ ਨਾਲਿ ਗੋਸਟਿ', 'ਅਜਿਤੇ ਰੰਧਾਵੇ ਦੀ ਗੋਸਟਿ', 'ਸੇਖ ਬ੍ਰਹਮ ਨਾਲ ਗੋਸਟਿ' ਆਦਿ ਵੀ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਗੋਸ਼ਟਾਂ ਦੀ ਸਮੁੱਚੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਿੱਧਾਂਤਾਂ ਨੂੰ ਸਪੱਸ਼ਟ ਕਰਨ ਅਤੇ ਉਨ੍ਹਾਂ ਦਾ ਉਚਿਤ ਅਤੇ ਆਸ਼ਾ ਅਨੁਰੂਪ ਪ੍ਰਭਾਵ ਪਾਉਣ ਦਾ ਚੰਗਾ ਉਦਮ ਕੀਤਾ ਗਿਆ ਹੈ। ਇਨ੍ਹਾਂ ਦੀ ਬੋਲੀ ਸਰਲ ਅਤੇ ਸਵੱਛ ਪੰਜਾਬੀ ਹੈ। ਵਾਕ ਨਿੱਕੇ ਨਿੱਕੇ ਅਤੇ ਅਸਰ ਭਰਪੂਰ ਹਨ। ਸ਼ਬਦਾਵਲੀ ਵਿਚ ਲਹਿੰਦੀ ਦੀ ਪੁਠ ਮੌਜੂਦ ਹੈ। ਮੁਸਲਮਾਨਾਂ ਨਾਲ ਹੋਈਆਂ ਗੋਸ਼ਟਾਂ ਦੀ ਸ਼ਬਦਾਵਲੀ ਵਿਚ ਅਰਬੀ- ਫ਼ਾਰਸੀ ਦੀ ਪ੍ਰਧਾਨਤਾ ਹੈ।

**ਗੋਸਟਿ** (ਸਾਹਿਤ-ਵਿਧਾ): ਇਹ ਇਕ ਪਰੰਪਰਾਗਤ ਅਤੇ ਸੰਵਾਦਤਮਕ ਸਾਹਿਤ-ਵਿਧਾ ਹੈ। 'ਗੋਸਟਿ' ਸ਼ਬਦ ਸੰਸਕ੍ਰਿਤ ਦੀ 'ਗੋਸ਼੍ਠ੍' ਧਾਤੂ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਹੈ ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ, ਪਰ ਕਾਲਾਂਤਰ ਵਿਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਹੋਏ ਲੋਕਾਂ ਵਿਚਲੀ

ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਲਈ ਹੋਣ ਲਗੀ ਅਤੇ ਇਸ ਵਿਚਾਰ-ਚਰਚਾ ਦਾ ਲਿਖਿਤ ਰੂਪ 'ਗੋਸਟਿ' ਕਿਹਾ ਜਾਣ ਲਗਿਆ। ਅਜ-ਕਲ ਸਾਹਿਤਿਕ ਸੈਮੀਨਾਰਾਂ ਨੂੰ ਵੀ 'ਗੋਸਟਿ' ਕਿਹਾ ਜਾਂਦਾ ਹੈ।

ਵਿਚਾਰ-ਵਟਾਂਦਰੇ ਜਾਂ ਸੰਵਾਦ ਦੀ ਇਹ ਸਾਹਿਤ -ਵਿਧਾ ਪ੍ਰਾਚੀਨ ਕਾਲ ਤੋਂ ਚਲਦੀ ਆ ਰਹੀ ਹੈ। ਲਗਭਗ ਸਾਰੀਆਂ ਭਾਸ਼ਾਵਾਂ ਦੇ ਸਾਹਿਤਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆਂ ਵਾਲੀਆਂ ਪੁਸਤਕਾਂ ਨਾਲ ਹੋਇਆ ਹੈ। ਵਖ ਵਖ ਤਰ੍ਹਾਂ ਦੇ ਗੰਭੀਰ ਵਿਸ਼ਿਆਂ ਦੇ ਤਰਕ-ਵਿਤਰਕ ਨੂੰ ਲਿਪੀ-ਬੱਧ ਰੂਪ ਦੇਣ ਲਈ ਜਾਂ ਜਨ-ਸਾਧਾਰਣ ਦੇ ਸ਼ੰਕਿਆਂ ਨੂੰ ਮੁਖ ਰਖਦੇ ਹੋਇਆਂ ਪਰਸਪਰ ਵਿਰੋਧੀ ਵਿਚਾਰ-ਪਰੰਪਰਾਵਾਂ ਦੇ ਕਿਸੇ ਖ਼ਾਸ ਨੁਕਤੇ ਤੋਂ ਜਾਣੂ ਕਰਾਉਣ ਲਈ 'ਗੋਸਟਿ' ਦਾ ਸਾਹਿਤਿਕ ਮਾਧਿਅਮ ਵਿਸ਼ੇਸ਼ ਰੂਪ ਵਿਚ ਚੁਣਿਆ ਜਾਂਦਾ ਰਿਹਾ ਹੈ।

ਪ੍ਰਾਚੀਨ ਭਾਰਤੀ ਦਾਰਸ਼ਨਿਕ ਸਾਹਿਤ ਵਿਚ ਗੋਸਟਿ ਦੀ ਪਰੰਪਰਾ ਮੌਜੂਦ ਹੈ। ਯੂਨਾਨ ਦੇ ਪ੍ਰਸਿੱਧ ਦਰਸ਼ਨ-ਵੇਤਾ ਸੁਕਰਾਤ ਦੇ ਸਿੱਧਾਂਤਾਂ ਦਾ ਅਫ਼ਲਾਤੂਨ ਦੁਆਰਾ ਇਸੇ ਸ਼ੈਲੀ ਵਿਚ ਅੰਕਨ ਹੋਇਆ ਹੈ। ਕੁਝ ਚੇਲੇ ਸੁਆਲ ਕਰਦੇ ਹਨ ਅਤੇ ਸੁਕਰਤਾ ਆਪਣੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਦਾ ਉੱਤਰ ਦਿੰਦਾ ਹੈ। ਇਸ ਵਿਧਾ ਦੁਆਰਾ ਕਿਸੇ ਵਿਸ਼ੇਸ਼ ਸਿੱਧਾਂਤ ਜਾਂ ਮਤ ਬਾਰੇ ਬੌਧਿਕ ਦ੍ਰਿਸ਼ਟੀ ਤੋਂ ਸੂਖਮ ਵਿਸ਼ਲੇਸ਼ਣ ਹੋ ਸਕਦਾ ਹੈ ਅਤੇ ਸ਼ੰਕਾਲੂ ਨੂੰ ਭਲੀ-ਭਾਂਤ ਸੰਤੁਸ਼ਟ ਕੀਤਾ ਜਾ ਸਕਦਾ ਹੈ। ਹਰ ਨਵੇਂ ਧਾਰਮਿਕ ਜਾਂ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਸਥਾਪਨਾ ਪ੍ਰਾਚੀਨ ਪ੍ਰਚਲਿਤ ਪਰੰਪਰਾਵਾਂ ਦੇ ਵਿਰੋਧ ਵਿਚ ਜਾਂ ਉਸ ਦੇ ਨਵੀਨੀਕਰਣ ਵਜੋਂ ਹੁੰਦੀ ਹੈ। ਅਜਿਹੀ ਅਵਸਥਾ ਵਿਚ ਪ੍ਰਾਚੀਨ ਧਰਮ ਜਾਂ ਦਰਸ਼ਨ ਆਪਣੇ ਪਰੰਪਰਾਗਤ ਸਰੂਪ ਦੀ ਰਖਿਆ ਲਈ ਯਤਨ ਕਰਦਾ ਹੈ ਅਤੇ ਨਵਾਂ ਮਤ ਪੁਰਾਤਨ ਮਤ ਦੀਆਂ ਘਾਟਾਂ ਨੂੰ ਉਘਾੜ ਕੇ ਉਨ੍ਹਾਂ ਉਪਰ ਆਪਣੀ ਵਿਸ਼ੇਸ਼ਤਾ ਅਤੇ ਪ੍ਰਭੁਤਾ ਸਥਾਪਿਤ ਕਰਦਾ ਹੈ। ਉਪਨਿਸ਼ਦ, ਪੁਰਾਣ ਆਦਿ ਪ੍ਰਾਚੀਨ ਰਚਨਾਵਾਂ ਇਕ ਪ੍ਰਕਾਰ ਦੀਆਂ ਦਾਰਸ਼ਨਿਕ ਅਤੇ ਧਾਰਮਿਕ ਗੋਸ਼ਟਾਂ ਦਾਂ ਲਿਖਿਤ ਵਿਵਰਣ ਹਨ। ਇਸੇ ਤਰ੍ਹਾਂ ਮਹਾਤਮਾ ਬੁੱਧ ਦੀਆਂ ਆਪਣੇ ਚੇਲਿਆਂ ਨਾਲ ਹੋਈਆਂ ਸਿੱਧਾਂਤ-ਵਿਸ਼ਲੇਸ਼ਣ ਸੰਬੰਧੀ ਗੋਸ਼ਟਾਂ ਵੀ ਮਿਲਦੀਆਂ ਹਨ। ਨਾਥ-ਯੋਗੀਆਂ, ਸਿੱਧਾਂ, ਭਗਤਾਂ, ਸੰਤਾਂ ਬਾਰੇ ਬਹੁਤ ਸਾਰੀਆਂ ਗੋਸ਼ਟਾਂ ਉਪਲਬਧ ਹਨ।

ਪੰਜਾਬੀ ਵਿਚ 'ਗੋਸਟਿ' ਲਿਖਣ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ 'ਸਿਧ-ਗੋਸਟਿ' (ਵੇਖੋ) ਨੂੰ ਲਿਖ ਕੇ ਕੀਤਾ ਜਿਸ ਵਿਚ ਉਨ੍ਹਾਂ ਨੇ ਆਪਣੇ ਸਿੱਧਾਂਤਾਂ ਨੂੰ ਯੋਗ-ਮਤ ਦੇ ਸੰਦਰਭ ਵਿਚ ਤੁਲਨਾਤਮਕ ਵਿਧੀ ਨਾਲ ਪੇਸ਼ ਕੀਤਾ। ਇਹ ਗੋਸਟਿ ਕਾਵਿ-ਬੱਧ ਹੈ। ਵਾਰਤਕ ਵਿਚ ਗੋਸ਼ਟਾਂ ਲਿਖਣ ਦਾ ਆਰੰਭ ਜਨਮਸਾਖੀ ਸਾਹਿਤ ਤੋਂ ਹੋਇਆ ਹੈ।

'ਗੋਸਟਿ' ਸਾਹਿਤ-ਵਿਧਾ ਦਾ ਉੱਲੇਖ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਵਿਚ ਕਿਹਾ ਹੈ ਕਿ ਨਾਮ ਦੇ ਸ਼੍ਰਵਣ ਅਤੇ ਗਿਆਨ ਦੇ ਸੰਵਾਦ ਨਾਲ ਜਿਗਿਆਸੂ ਦਾ ਉੱਧਾਰ ਹੋ ਜਾਂਦਾ ਹੈ— *ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ।* (ਗੁ.ਗ੍ਰੰ.615)। ਧਨਾਸਰੀ ਰਾਗ ਵਿਚ ਵੀ ਕਿਹਾ ਹੈ ਕਿ ਸਾਧਾਂ ਨਾਲ ਗੋਸਟਿ ਹੋਣ ਨਾਲ ਕਾਮ, ਕ੍ਰੋਧ, ਲੋਭ ਆਦਿ ਵਿਕਾਰ ਨਸ਼ਟ ਹੋ ਗਏ ਹਨ— *ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ।* (ਗੁ.ਗ੍ਰੰ.674-75)।

**ਗੋਸਟਿ ਮਕੇ ਮਦੀਨੇ ਕੀ :** ਸੁਤੰਤਰ ਰੂਪ ਵਿਚ ਉਪਲਬਧ ਗੁਰੂ ਨਾਨਕ ਦੇਵ ਜੀ ਸੰਬੰਧੀ ਗੋਸ਼ਟਾਂ ਵਿਚੋਂ ਇਹ ਸਰਵ -ਪ੍ਰਮੁਖ ਅਤੇ ਪ੍ਰਤਿਨਿਧ ਗੋਸ਼ਟਿ ਹੈ। ਇਹ ਰਚਨਾ ਅਪ੍ਰਕਾਸ਼ਿਤ ਅਤੇ ਪ੍ਰਕਾਸ਼ਿਤ ਦੋਹਾਂ ਰੂਪਾਂ ਵਿਚ ਉਪਲਬਧ ਹੈ। ਇਸ ਦੇ ਨਾਂ ਤੋਂ ਸਪੱਸ਼ਟ ਹੈ ਕਿ ਇਸ ਵਿਚ ਮੱਕਾ ਅਤੇ ਮਦੀਨਾ ਦੋ ਸਥਾਨਾਂ ਵਿਚ ਹੋਈਆਂ ਗੋਸ਼ਟਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਸ ਦੇ ਪਹਿਲੇ ਭਾਗ ਨੂੰ ਮੱਕੇ ਨਾਲ ਅਤੇ ਦੂਜੇ ਭਾਗ ਨੂੰ ਮਦੀਨੇ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਵਿਚ ਘਟਨਾ-ਕ੍ਰਮ ਦੀ ਇਕ ਵਿਵਸਥਿਤ ਸੰਗਲੀ ਚਲਦੀ ਹੈ। ਇਸ ਤਰ੍ਹਾਂ ਇਹ ਦੋਵੇਂ ਗੋਸ਼ਟਾਂ ਇਕ ਦੂਜੇ ਦੀਆਂ ਪੂਰਕ ਹਨ। ਗੋਸ਼ਟਿ ਵਿਚਲੀ ਆਧਾਰ-ਭੂਤ ਸਾਖੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਮੱਕੇ ਜਾਣ ਅਤੇ ਕਾਅਬੇ ਵਲ ਟੰਗਾਂ ਪਸਾਰ ਕੇ ਸੌਣ ਦੀ ਘਟਨਾ ਨਾਲ ਹੁੰਦਾ ਹੈ ਅਤੇ ਇਸ ਉਪਰੰਤ ਜੀਵਨ ਨਾਂ ਦਾ ਕਾਜ਼ੀ ਗੁਰੂ ਜੀ ਨਾਲ ਗੋਸ਼ਟਿ ਕਰਦਾ ਹੈ, ਜਿਸ ਵਿਚ ਉਸ ਤੋਂ ਇਲਾਵਾ ਸ਼ਾਹ ਸਰਫ਼, ਇਮਾਮ ਕਰੀਮੁੱਦੀਨ, ਪੀਰ ਬਹਾਉੱਦੀਨ ਗਉਸ, ਪੀਰ ਜਲਾਲੁੱਦੀਨ ਬਗਦਾਦੀ ਆਦਿ ਭਾਗ ਲੈਂਦੇ ਹਨ। ਮੱਕੇ ਵਿਚ ਗੁਰੂ ਸਾਹਿਬ ਲਗਭਗ ਇਕ ਵਰ੍ਹਾ ਠਹਿਰ ਕੇ ਫਿਰ ਮਦੀਨੇ ਜਾਂਦੇ ਹਨ ਅਤੇ ਉਥੇ

ਉਨ੍ਹਾਂ ਦੀ ਚਾਰ ਇਮਾਮਾਂ ਨਾਲ ਗੋਸ਼ਟਿ ਹੁੰਦੀ ਹੈ, ਜਿਸ ਵਿਚ ਮੱਕੇ ਤੋਂ ਗਏ ਦੋ ਹੋਰ ਕਾਜ਼ੀ ਵੀ ਭਾਗ ਲੈਂਦੇ ਹਨ।

ਇਸ ਦਾ ਰਚਨਾ-ਕਾਲ ਅਤੇ ਕਰਤ੍ਰਿਤਵ ਦੋਵੇਂ ਸੰਦਿਗਧ ਹਨ। ਆਮ ਤੌਰ 'ਤੇ ਪੰਜਾਬੀ ਸਾਹਿਤ ਦੇ ਵਿਦਵਾਨ ਇਸ ਨੂੰ ਸਤਾਰ੍ਹਵੀਂ ਸਦੀ ਦੀ ਰਚਨਾ ਮੰਨਦੇ ਹਨ, ਪਰ ਇਸ ਸੰਬੰਧੀ ਨ ਤਾਂ ਕੋਈ ਅੰਦਰਲੀ ਗਵਾਹੀ ਮਿਲਦੀ ਹੈ ਅਤੇ ਨ ਹੀ ਕੋਈ ਪੁਰਾਤਨ ਜਾਂ ਲੇਖਕ ਦੀ ਆਪਣੀ ਲਿਖੀ ਪੋਥੀ ਪ੍ਰਾਪਤ ਹੈ ਜੋ ਇਸ ਦੇ ਰਚਨਾ-ਕਾਲ ਦਾ ਨਿਰਣਾ ਕਰਨ ਵਿਚ ਸਹਾਇਕ ਹੋ ਸਕੇ। ਇਸ ਦੀਆਂ ਪੁਰਾਤਨ ਹੱਥ-ਲਿਖਿਤਾਂ 1787 ਬਿ. ਜਾਂ 1788 ਬਿ. (1730 ਈ. ਜਾਂ 1731 ਈ.) ਤੋਂ ਪਿਛੇ ਨਹੀਂ ਜਾਂਦੀਆਂ। ਗੁਰੂ ਨਾਨਕ ਦੇਵ ਜੀ ਦੀ ਮੱਕੇ ਜਾਣ ਦੀ ਘਟਨਾ ਦਾ ਸਭ ਤੋਂ ਪੁਰਾਤਨ ਵਿਵਰਣ 'ਪੁਰਾਤਨ ਜਨਮਸਾਖੀ' ਵਿਚ ਮਿਲਦਾ ਹੈ ਅਤੇ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਵੀ ਸਭ ਤੋਂ ਪਹਿਲੀ ਵਾਰ ਉਸੇ ਜਨਮਸਾਖੀ ਵਿਚ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਨਾਲ ਤੁਲਨਾ ਕੀਤਿਆਂ ਇਹ ਗੋਸ਼ਟਿ ਉਸ ਜਨਮਸਾਖੀ ਦੀ ਕੇਵਲ ਪਰਵਰਤੀ ਹੀ ਸਿੱਧ ਨਹੀਂ ਹੁੰਦੀ, ਸਗੋਂ 'ਪੁਰਾਤਨ ਜਨਮਸਾਖੀ' ਦੀਆਂ ਇਸ ਪਰਥਾਇ ਲਿਖੀਆਂ ਗੋਸ਼ਟਾਂ ਹੀ ਵਿਕਸਿਤ ਹੋ ਕੇ ਵਿਚਾਰਾਧੀਨ ਗੋਸ਼ਟਿ ਦੇ ਰੂਪ ਵਿਚ ਪੇਸ਼ ਹੋਈਆਂ ਹਨ।

ਇਸ ਤੋਂ ਇਲਾਵਾ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 32 ਤੋਂ 34 ਪਉੜੀਆਂ ਦਾ ਵਰਣਿਤ ਵਿਸ਼ਾ ਗੁਰੂ ਜੀ ਦੀ ਮੱਕੇ ਦੀ ਯਾਤ੍ਰਾ ਨਾਲ ਸੰਬੰਧਿਤ ਹੈ ਅਤੇ ਇਸ ਗੋਸ਼ਟਿ ਦਾ ਸਾਰਾ ਘਟਨਾ-ਕ੍ਰਮ ਉਸ ਤੋਂ ਅਨੁਪ੍ਰਾਣਿਤ ਹੈ। ਸਪੱਸ਼ਟ ਹੈ ਕਿ ਇਹ ਗੋਸ਼ਟਿ ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਲਿਖੇ ਅਤੇ ਪ੍ਰਚਲਿਤ ਹੋ ਜਾਣ ਤੋਂ ਬਾਦ ਲਿਖੀ ਗਈ ਸੀ। ਭਾਈ ਗੁਰਦਾਸ ਦੀ ਇਹ ਵਾਰ ਗੁਰੂ ਹਰਿਗੋਬਿੰਦ ਦੇ ਗੁਰੂ-ਗੱਦੀ ਉਤੇ ਬੈਠਣ (1606 ਈ.) ਤੋਂ ਕਾਫ਼ੀ ਬਾਦ ਦੀ ਰਚਨਾ ਸਿੱਧ ਹੁੰਦੀ ਹੈ। ਇਹ ਗੋਸ਼ਟਿ 17ਵੀਂ ਸਦੀ ਦੇ ਮੱਧ ਜਾਂ ਉੱਤਰਾਰਧ ਦੀ ਪ੍ਰਤੀਤ ਨਹੀਂ ਹੁੰਦੀ ਹੈ, ਪਰ ਚੂੰਕਿ 'ਮਨੀ ਸਿੰਘ ਜਨਮਸਾਖੀ' ('ਗਿਆਨ ਰਤਨਾਵਲੀ') ਵਿਚ ਇਸ ਦਾ ਉਲੇਖ ਹੋਇਆ ਹੈ, ਇਸ ਲਈ ਇਹ 'ਮਨੀ ਸਿੰਘ ਜਨਮਸਾਖੀ' ਦੀ ਪੂਰਵ-ਵਰਤੀ ਰਚਨਾ ਹੈ। ਫਲਸਰੂਪ ਇਹ ਅਠਾਰ੍ਹਵੀਂ ਸਦੀ ਦੇ ਪੂਰਵਾਰਧ ਵਿਚ ਲਿਖੀ ਗਈ ਪ੍ਰਤੀਤ ਹੁੰਦੀ ਹੈ।

ਇਸ ਦੇ ਰਚੈਤਾ ਬਾਰੇ ਬਾਹਰਲੇ ਅਤੇ ਅੰਦਰਲੇ ਪ੍ਰਮਾਣ ਉਪਲਬਧ ਨਹੀਂ ਹਨ। ਹਾਂ, ਇਸ ਦਾ ਨਿਰਣਾ ਕਰਨ ਦਾ ਇਕ ਸਾਧਨ ਹੈ ਭਾਸ਼ਾ। ਭਾਸ਼ਾ ਸ਼ੈਲੀ ਦੀ ਦ੍ਰਿਸ਼ਟੀ ਅਤੇ ਵਸਤੂ-ਵਿਧਾਨ ਦੀ ਤਕਨੀਕ ਤੋਂ ਇਹ ਮਿਹਰਬਾਨ ਸੰਪ੍ਰਦਾਇ ਦੀ ਟਕਸਾਲ ਦੀ ਸਿਰਜੀ ਮੁਦ੍ਰਾ ਹੈ। ਗੁਰੂ ਨਾਨਕ ਦੇਵ ਜੀ ਦੇ ਨਾਂ ਅਧੀਨ ਕਵੀ-ਛਾਪ ਸਹਿਤ ਜੋ ਬਾਣੀ ਇਸ ਗੋਸ਼ਟਿ ਵਿਚ ਸ਼ਾਮਲ ਕੀਤੀ ਗਈ ਹੈ, ਉਹ 'ਮਿਹਰਬਾਨ ਜਨਮਸਾਖੀ' ਅਤੇ ਮਿਹਰਬਾਨ ਸੰਪ੍ਰਦਾਇ ਦੀਆਂ ਰਚਨਾਵਾਂ ਵਿਚ ਮਿਲਦੇ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਪ੍ਰਸਿੱਧ ਕੀਤੇ ਅਪ੍ਰਮਾਣਿਕ ਬਾਣੀ ਅਵਤਰਣਾਂ ਨਾਲ ਦੂਰ ਤਕ ਸਮਾਨਤਾ ਰਖਦੀ ਹੈ। ਇਸ ਤੱਥ ਤੋਂ ਵੀ ਇਸ ਜਨਮਸਾਖੀ ਦੇ ਕਰਤ੍ਰਿਤਵ ਨੂੰ ਮਿਹਰਬਾਨ ਸੰਪ੍ਰਦਾਇ ਦੇ ਕਿਸੇ ਪਰਵਰਤੀ ਵਿਦਵਾਨ ਨਾਲ ਜੋੜਿਆ ਜਾ ਸਕਦਾ ਹੈ।

ਇਸ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਦਾ ਖੁਲ੍ਹ ਕੇ ਪ੍ਰਤਿਪਾਦਨ ਕੀਤਾ ਹੈ ਕਿ ਸਭ ਧਰਮ ਅਸਲੋਂ ਇਕ ਇਕਾਈ ਦੇ ਦੁਆਲੇ ਘੁੰਮਦੇ ਹਨ ਪਰ ਉਨ੍ਹਾਂ ਦੇ ਰੀਤੀ-ਰਿਵਾਜ, ਬਾਹਰਲੇ ਚਿੰਨ੍ਹ ਉਨ੍ਹਾਂ ਨੂੰ ਆਪਸ ਵਿਚ ਮਿਲਣ ਨਹੀਂ ਦਿੰਦੇ। ਇਸ ਤਰ੍ਹਾਂ ਏਕਤਾ ਵਿਚ ਹੀ ਅਨੇਕਤਾ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ। ਮੂਲ ਰੂਪ ਵਿਚ ਸਾਰੇ ਧਰਮ ਇਕੋ ਨੂਰ ਤੋਂ ਪ੍ਰਕਾਸ਼ਮਾਨ ਹਨ। ਇਸ ਤੋਂ ਇਲਾਵਾ ਇਸਲਾਮ ਧਰਮ ਦੇ ਅਨੇਕ ਪੱਖਾਂ, ਹਿੰਦੂ ਧਰਮ ਦੀਆਂ ਰੀਤਾਂ, ਦੋਜ਼ਕ ਅਤੇ ਬਹਿਸ਼ਤ ਦੇ ਲੱਛਣਾਂ ਦਾ ਵੀ ਵਿਸ਼ਲੇਸ਼ਣ ਹੋਇਆ ਹੈ। ਫਲਸਰੂਪ ਇਸ ਗੋਸ਼ਟਿ ਦਾ ਵਰਣਿਤ ਵਿਸ਼ਾ ਉਸ ਵਕਤ ਦੇ ਦੋ ਪ੍ਰਮੁਖ ਧਰਮਾਂ—ਹਿੰਦੂ ਅਤੇ ਇਸਲਾਮ—ਦੇ ਰੂੜ੍ਹ ਰੂਪਾਂ ਅਤੇ ਪਰੰਪਰਾਵਾਂ ਨੂੰ ਨਕਾਰ ਕੇ ਸਚੇ ਅਤੇ ਸੁੱਚੇ ਧਰਮ ਦੀ ਸਥਾਪਨਾ ਉਤੇ ਬਲ ਦੇਣਾ ਹੈ।

ਇਸ ਵਿਚ ਗੱਦ ਅਤੇ ਪੱਦ ਦੋਹਾਂ ਰੂਪਾਂ ਵਿਚ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਗੱਦ ਭਾਗ ਨਾਲੋਂ ਪੱਦ ਭਾਗ ਵਧ ਅਤੇ ਲਗਭਗ ਚਾਰ-ਗੁਣਾ ਹੈ। ਪਰ ਇਸ ਵਿਚ ਜਿਤਨੀ ਵੀ ਵਾਰਤਕ ਲਿਖੀ ਮਿਲਦੀ ਹੈ, ਉਹ ਪੁਰਾਤਨ ਵਾਰਤਕ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ। ਸ਼ੈਲੀ ਦੀ ਸਮੁੱਚੀ ਨੁਹਾਰ ਉਪਦੇਸ਼ਾਤਮਕ ਹੈ ਅਤੇ ਗੋਸ਼ਟਿ ਦਾ ਵਾਤਾਵਰਣ ਅਧਿਆਤਮੀ ਹੈ। ਇਸ ਦੇ ਵਾਕ ਨਿੱਕੇ ਨਿੱਕੇ ਅਤੇ ਚੁਸਤ ਹਨ। ਮਿਥ ਨੂੰ ਬੜੇ ਸੋਹਣੇ ਢੰਗ ਨਾਲ ਚਿਤਰ ਕੇ ਗੁਰੂ ਨਾਨਕ ਦੇਵ ਜੀ ਦੀ ਪ੍ਰਭੁਤਾ ਨੂੰ ਵਧਾਇਆ ਗਿਆ ਹੈ। ਲਿਖਾਵਟ ਦਾ ਰੂਪ ਪੁਰਾਤਨ ਹੈ, ਵਾਧੂ ਲਗਾਂ ਮਾਤ੍ਰਾਵਾਂ ਅਤੇ ਵਿਭਕਤੀਆਂ ਦੀ ਆਮ ਵਰਤੋਂ ਹੋਈ ਹੈ।

ਭਾਸ਼ਾ ਦਾ ਸਰੂਪ ਜਾਂ ਪਿੰਡਾ ਪੰਜਾਬੀ ਹੈ, ਪਰ ਦੋ ਗੱਲਾਂ ਵਿਸ਼ੇਸ਼ ਵੇਖਣਯੋਗ ਹਨ, ਇਕ ਇਹ ਕਿ ਇਸ ਰਚਨਾ ਦਾ ਸੰਬੰਧ ਚੂੰਕਿ ਸਾਮੀ ਸੰਸਕ੍ਰਿਤੀ ਨਾਲ ਹੈ, ਇਸ ਲਈ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਤਦਭਵ ਅਤੇ ਤਤਸਮ ਦੋਹਾਂ ਰੂਪਾਂ ਵਿਚ ਹੋਈ ਹੈ। ਕਿਤੇ ਕਿਤੇ ਪੂਰੇ ਪੂਰੇ ਵਾਕ ਫ਼ਾਰਸੀ ਦੇ ਵੀ ਲਿਖ ਦਿੱਤੇ ਗਏ ਹਨ। ਮੁਸਲਮਾਨ ਪਾਤਰਾਂ ਵਲੋਂ ਕਈ ਪ੍ਰਸੰਗਾਂ ਵਿਚ ਸੁਆਲ ਫ਼ਾਰਸੀ ਵਿਚ ਕਰਵਾਏ ਗਏ ਹਨ। ਕਿਤੇ ਕਿਤੇ ਤਾਂ ਵਿਆਕਰਣ ਵੀ ਫ਼ਾਰਸੀ ਦਾ ਵਰਤਿਆ ਗਿਆ ਪ੍ਰਤੀਤ ਹੁੰਦਾ ਹੈ। ਦੂਜੀ ਗੱਲ ਇਹ ਕਿ ਇਸ ਵਿਚ ਪੰਜਾਬੀ ਦਾ ਲਹਿੰਦੀ ਉਪਭਾਖਾਈ ਰੂਪ ਅਧਿਕ ਉਭਰਿਆ ਹੈ ਅਤੇ ਇਸ ਦੇ ਨਾਲ ਨਾਲ ਹਿੰਦਵੀ ਦਾ ਰੰਗ ਵੀ ਚੜ੍ਹਿਆ ਹੈ ਜੋ ਉਸ ਕਾਲ ਦੀ ਸਾਹਿਤਿਕ ਵਿਵਸ਼ਤਾ ਸੀ। ਭਾਸ਼ਾ ਵਿਚ ਅਨੇਕ-ਰੂਪਤਾ ਵੀ ਹੈ। ਕਿਤੇ ਲਹਿੰਦੀ ਪ੍ਰਧਾਨ ਹੈ, ਕਿਤੇ ਅਰਬੀ-ਫ਼ਾਰਸੀ, ਕਿਤੇ ਹਿੰਦਵੀ ਅਤੇ ਕਿਤੇ ਨਿਖਰੀ ਹੋਈ ਕੇਂਦਰੀ ਪੰਜਾਬੀ ਅਤੇ ਕਈ ਵਾਰ ਇਸ ਦੇ ਵਿਪਰੀਤ ਖੜੀ ਬੋਲੀ ਦ੍ਰਿਸ਼ਟੀਗੋਚਰ ਹੁੰਦੀ ਹੈ। ਵਿਆਕਰਣ ਦੇ ਪੱਖ ਤੋਂ ਵੀ ਕੋਈ ਸਾਵਾਂਪਨ ਨਹੀਂ ਹੈ, ਭਾਂਤ ਭਾਂਤ ਦੇ ਪ੍ਰਯੋਗ ਹਨ, ਕੁਝ ਗ਼ਲਤ ਕੁਝ ਠੀਕ। ਉਚਿਤ ਸੰਪਾਦਨ ਦੀ ਘਾਟ ਨੇ ਵੀ ਕਈ ਭਾਸ਼ਾਈ ਦੋਸ਼ ਪੈਦਾ ਕਰ ਦਿੱਤੇ ਹਨ।

**ਗੋਂਦੜੀਆ, ਭਾਈ** : ਭਾਈ ਭਗਤੂ ਦੇ ਪੁੱਤਰ ਭਾਈ ਗੌਰਾ ਦਾ ਇਕ ਸਿਦਕੀ ਸੇਵਕ, ਜੋ ਹਰ ਵਕਤ ਗੋਦੜੀ ਪਾਈ ਫਿਰਦਾ ਸੀ। ਇਸ ਕਰਕੇ ਇਸ ਦਾ ਨਾਂ ਭਾਈ ਗੋਦੜੀਆ ਪ੍ਰਚਲਿਤ ਹੋ ਗਿਆ। ਇਸ ਨੂੰ ਬ੍ਰਿਛ ਲਗਾਉਣ ਦਾ ਬੜਾ ਸ਼ੌਕ ਸੀ। ਜਿਥੇ ਜਾਂਦਾ ਟੋਆ ਪੁਟ ਕੇ ਬ੍ਰਿਛ ਲਗਾ ਦਿੰਦਾ। ਇਸ ਨੇ ਆਪਣੇ ਨੇੜੇ-ਤੇੜੇ ਦੇ ਇਲਾਕੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬ੍ਰਿਛ ਲਗਾਏ ਸਨ। ਸੰਨ 1706 ਈ. ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਲਵਾ ਖੇਤਰ ਤੋਂ ਗੁਜ਼ਰ ਕੇ ਦੱਖਣ ਵਲ ਜਾ ਰਹੇ ਸਨ, ਤਾਂ ਇਸ ਨੇ ਕਈ ਥਾਂਵਾਂ 'ਤੇ ਗੁਰੂ ਜੀ ਦੀ ਬੜੀ ਨਿਸ਼ਠਾ ਨਾਲ ਸੇਵਾ ਕੀਤੀ।

**ਗੋਂਦਪੁਰ** (ਪਿੰਡ): ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ, ਹੁਸ਼ਿਆਰਪੁਰ ਨਗਰ ਤੋਂ 22 ਕਿ.ਮੀ. ਦੱਖਣ ਵਲ ਸਥਿਤ ਇਕ ਪੁਰਾਣਾ ਪਿੰਡ, ਜਿਸ ਦੇ ਨੇੜੇ 'ਗੁਰਦੁਆਰਾ ਟਾਹਲੀ ਸਾਹਿਬ' ਬਣਿਆ ਹੋਇਆ ਹੈ। ਸਿੱਖ ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਪੁਰਹੀਰਾਂ ਤੋਂ ਕੀਰਤਪੁਰ ਨੂੰ ਜਾਂਦੇ ਹੋਇਆਂ ਇਥੇ ਟਾਹਲੀਆਂ ਦੀ ਇਕ ਝੰਗੀ ਵਿਚ ਕੁਝ ਸਮੇਂ ਲਈ ਠਹਿਰੇ ਸਨ। ਇਸ ਲਈ ਇਸ ਦਾ ਇਕ ਨਾਮਾਂਤਰ 'ਗੁਰੂ ਕੀਆਂ ਟਾਹਲੀਆਂ' ਵੀ ਪ੍ਰਚਲਿਤ ਹੈ। ਇਥੇ ਹਰ ਸੰਗ੍ਰਾਂਦ ਅਤੇ ਮਹੀਨੇ ਦੀ 13ਵੀਂ ਤਿਥੀ ਨੂੰ ਕਾਫ਼ੀ ਸੰਗਤ ਜੁੜਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਗੁਰੂ ਸਾਹਿਬ ਇਸ ਥਾਂ 'ਤੇ 13 ਫਗਣ ਨੂੰ ਆਏ ਸਨ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਇਥੋਂ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਗੋਂਦਾ, ਚੌਧਰੀ** : ਸੰਗਰੂਰ ਜ਼ਿਲ੍ਹੇ ਦੇ ਮੂਲੋਵਾਲ ਪਿੰਡ ਦਾ ਚੌਧਰੀ ਜੋ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਬਣਿਆ ਅਤੇ ਵਰਦਾਨ ਪ੍ਰਾਪਤ ਕੀਤਾ। ਵਿਸਤਾਰ ਲਈ ਵੇਖੋ 'ਮੂਲੋਵਾਲ (ਪਿੰਡ)'।

**ਗੋਂਦਾ, ਭਾਈ** : ਗੁਰੂ ਹਰਿ ਰਾਇ ਜੀ ਦਾ ਇਕ ਸਿਦਕੀ ਸਿੱਖ ਜਿਸ ਨੂੰ ਗੁਰੂ ਜੀ ਨੇ ਕਾਬੁਲ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਭੇਜਿਆ। ਇਸ ਨੇ ਉਥੇ ਇਕ ਧਰਮਸ਼ਾਲਾ ਸਥਾਪਿਤ ਕੀਤੀ। ਸਿੱਖ ਇਤਿਹਾਸ ਅਨੁਸਾਰ ਇਕ ਵਾਰ ਕਾਬੁਲ ਵਿਚ ਬੈਠਿਆਂ ਗੁਰੂ ਜੀ ਦੇ ਚਰਣਾਂ ਵਿਚ ਚਿਤ ਜੋੜਦੇ ਹੋਇਆਂ ਇਹ ਸਮਾਧੀ ਦੀ ਅਵਸਥਾ ਵਿਚ ਹੋ ਗਿਆ। ਇਧਰ ਕੀਰਤਪੁਰ ਵਿਚ ਗੁਰੂ ਜੀ ਆਪਣੇ ਸਿੱਖ ਦੀ ਸਮਾਧੀ ਦਾ ਧਿਆਨ ਕਰਦੇ ਹੋਏ ਸੰਗਤ ਵਿਚ ਸਥਿਰ ਬੈਠੇ ਰਹੇ, ਭਾਵੇਂ ਲੰਗਰ ਲਈ ਵੀ ਆਵਾਜ਼ ਪੈ ਗਈ ਸੀ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸਿੱਖ ਦੀ ਸਮਾਧੀ ਨੂੰ ਖੰਡਿਤ ਨ ਹੋਣ ਦਿੱਤਾ। ਗੁਰੂ-ਭਗਤੀ ਵਿਚ ਪੂਰੀ ਤਰ੍ਹਾਂ ਮਗਨ ਰਹਿਣ ਕਾਰਣ ਸਿੱਖ-ਜਗਤ ਵਿਚ ਇਹ 'ਭਾਈ ਗੁਰੀਆ' ਕਰਕੇ ਪ੍ਰਸਿੱਧ ਸੀ।

**ਗੋਦਾਵਰੀ** (ਨਦੀ): ਬਹੁਤ ਸਾਰੇ ਪੌਰਾਣਿਕ ਆਖਿਆਨਾਂ ਨਾਲ ਸੰਬੰਧ ਰਖਣ ਵਾਲੀ ਇਕ ਪ੍ਰਸਿੱਧ ਨਦੀ। ਇਸ ਦਾ ਸ਼ਾਬਦਿਕ ਅਰਥ ਹੈ ਸਵਰਗ ਦੇਣ ਵਾਲੀ (ਗੋ-ਦਾਵਰੀ)। ਇਹ, ਅਸਲ ਵਿਚ, ਦੱਖਣ ਭਾਰਤ ਵਿਚ ਵਗਣ ਵਾਲੀ ਇਕ ਨਦੀ ਦਾ ਨਾਂ ਹੈ ਜੋ ਪੂਰਵੀ ਘਾਟ ਦੇ ਤ੍ਰਿਅੰਬਕ ਮੁਕਾਮ ਤੋਂ ਨਿਕਲਦੀ ਹੋਈ ਪੂਰਵੀ ਅਤੇ ਪੱਛਮੀ ਗੋਦਾਵਰੀ ਨਾਂ ਦੇ ਜ਼ਿਲ੍ਹਿਆਂ ਵਿਚੋਂ ਲੰਘ ਕੇ ਬੰਗਾਲ ਦੀ ਖਾੜੀ ਵਿਚ ਡਿਗਦੀ

ਹੈ। ਇਸ ਨੂੰ 'ਦੱਖਣ ਭਾਰਤ ਦੀ ਗੰਗਾ' ਵੀ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਦੀਆਂ ਪਵਿੱਤਰ ਨਦੀਆਂ ਵਿਚ ਇਸ ਦਾ ਤੀਜਾ ਸਥਾਨ ਹੈ।

'ਬਾਲਮੀਕਿ ਰਾਮਾਇਣ' (ਅਰਣ੍ਯ ਕਾਂਡ) ਵਿਚ ਦਸਿਆ ਗਿਆ ਹੈ ਕਿ ਪੰਚਵਟੀ ਪ੍ਰਦੇਸ਼ ਗੋਦਾਵਰੀ ਨਦੀ ਦੇ ਨੇੜੇ ਅਤੇ ਅਗਸ੍ਤ੍ਯ ਰਿਸ਼ੀ ਦੇ ਆਸ਼੍ਰਮ ਤੋਂ ਦੋ ਯੋਜਨਾਂ ਦੀ ਵਿਥ ਉਤੇ ਹੈ। 'ਮਹਾਭਾਰਤ' ਦੇ ਵਨ-ਪਰਵ ਵਿਚ ਵੀ ਇਸ ਦਾ ਉੱਲੇਖ ਹੋਇਆ ਹੈ।

ਪੁਰਾਣ-ਸਾਹਿਤ ਵਿਚ ਗੋਦਾਵਰੀ ਬਾਰੇ ਵਿਸਤਾਰ ਸਹਿਤ ਚਰਚਾ ਹੋਈ ਹੈ। 'ਬ੍ਰਹਮ-ਪੁਰਾਣ' (70/175) ਵਿਚ ਇਸ ਦੇ ਕੰਢੇ ਉਤੇ ਤੀਰਥ-ਸਥਾਨਾਂ ਦਾ ਵਿਸਤਾਰ ਪੂਰਵਕ ਵਰਣਨ ਹੋਇਆ ਹੈ। ਪ੍ਰਾਚੀਨ ਕਾਲ ਵਿਚ ਇਨ੍ਹਾਂ ਤੀਰਥਾਂ ਉਤੇ ਬਹੁਤ ਅਧਿਕ ਗਿਣਤੀ ਵਿਚ ਮੰਦਿਰ ਬਣੇ ਹੋਏ ਸਨ। ਉਨ੍ਹਾਂ ਵਿਚੋਂ ਹੁਣ ਬਹੁਤੇ ਡਿਗ ਗਏ ਹਨ। ਇਸ ਦੇ ਕੰਢੇ ਪ੍ਰਸਿੱਧ ਤੀਰਥ ਇਹ ਹਨ— ਨਾਸਿਕ, ਗੋਵਰਧਨ, ਪੰਚਵਟੀ ਆਦਿ। ਇਸ ਨਦੀ ਦੁਆਰਾ ਸਿੰਜਿਆ ਖੇਤਰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸ ਵਿਚ ਕੀਤੇ ਇਸ਼ਨਾਨ ਦਾ ਵੀ ਬਹੁਤ ਮਹਾਤਮ ਹੈ।

ਇਸ ਦੀ ਉਤਪੱਤੀ ਬਾਰੇ ਕਈ ਪੁਰਾਣਾਂ ਵਿਚ ਪ੍ਰਸੰਗ ਮਿਲਦੇ ਹਨ ਜਿਨ੍ਹਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਗੌਤਮ ਰਿਸ਼ੀ ਇਕ ਮੋਈ ਹੋਈ ਗਊ ਨੂੰ ਜਿਵਾਉਣ ਲਈ ਸ਼ਿਵ ਦੀਆਂ ਜਟਾਵਾਂ ਵਿਚੋਂ ਗੰਗਾ ਦੀ ਜੋ ਧਾਰਾ ਬ੍ਰਹਮ -ਗਿਰੀ ਵਿਚ ਸਥਿਤ ਆਪਣੇ ਆਸ਼੍ਰਮ ਕੋਲ ਲਿਆਇਆ, ਉਹੀ 'ਗੋਦਾਵਰੀ' ਨਦੀ ਦੇ ਨਾਂ ਨਾਲ ਪ੍ਰਸਿੱਧ ਹੋਈ। ਇਸੇ ਲਈ ਇਸ ਨੂੰ 'ਦੱਖਣ ਦੀ ਗੰਗਾ' ਵੀ ਕਿਹਾ ਜਾਂਦਾ ਹੈ। ਚੂੰਕਿ ਇਸ ਨੂੰ ਗੌਤਮ ਰਿਸ਼ੀ ਨੇ ਲਿਆਉਂਦੀ ਸੀ, ਇਸ ਲਈ ਦਾ ਇਕ ਨਾਂ 'ਗੌਤਮੀ' ਵੀ ਪ੍ਰਚਲਿਤ ਹੈ।

ਭਗਤ ਨਾਮਦੇਵ ਨੇ ਇਸ ਅਤੇ ਹੋਰ ਤੀਰਥਾਂ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਦੀ ਯਾਤ੍ਰਾ ਨਾਲ ਰਾਮ-ਨਾਮ ਦੇ ਸਿਮਰਨ ਦੀ ਬਰਾਬਰੀ ਨਹੀਂ ਹੋ ਸਕਦੀ, ਭਾਵੇਂ *ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ।* (ਗੁ.ਗ੍ਰੰ.973)।

ਸਿੱਖ ਸਾਹਿਤ ਵਿਚ ਇਸ ਦਾ ਉਚੇਚਾ ਉੱਲੇਖ ਇਸ ਕਰਕੇ ਹੋਇਆ ਹੈ ਕਿਉਂਕਿ ਇਸ ਦੇ ਕੰਢੇ ਨਾਂਦੇੜ ਸ਼ਹਿਰ ਕੋਲ ਸਿੱਖ ਧਰਮ ਦਾ ਚੌਥਾ ਤਖ਼ਤ ਹਜ਼ੂਰ ਸਾਹਿਬ (ਵੇਖੋ) ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਥਾਨ ਉਤੇ ਸੰਨ 1708 ਈ. ਵਿਚ ਮਹਾ-ਪ੍ਰਸਥਾਨ ਕੀਤਾ ਸੀ। ਇਥੇ ਗੁਰੂ ਜੀ ਦੀ ਯਾਦ ਨਾਲ ਸੰਬੰਧਿਤ ਹੋਰ ਵੀ ਕਈ ਧਰਮ-ਧਾਮ ਹਨ, ਜਿਵੇਂ ਸ਼ਿਕਾਰ ਘਾਟ, ਹੀਰਾ ਘਾਟ, ਨਗੀਨਾ ਘਾਟ, ਗੋਬਿੰਦ ਬਾਗ਼, ਮਾਲਟੇਕਰੀ, ਸਥਾਨ ਮਾਤਾ ਸਾਹਿਬ ਕੌਰ, ਸਥਾਨ ਬੰਦਾ ਬਹਾਦਰ ਆਦਿ। ਗੁਰੂ ਗ੍ਰੰਥ ਸਾਹਿਬ ਨੂੰ ਹਜ਼ੂਰ ਸਾਹਿਬ ਵਿਚ ਹੀ ਗੁਰੂ-ਪਦ ਪ੍ਰਦਾਨ ਕੀਤਾ ਗਿਆ ਸੀ।

**ਗੋਪਾਲ** : ਗੁਰਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਪਰਮਾਤਮਾ ਲਈ ਹੋਈ ਹੈ। ਇਸ ਦੇ ਦੋ ਤਰ੍ਹਾਂ ਨਾਲ ਅਰਥ ਕੀਤੇ ਜਾਂਦੇ ਹਨ। ਇਕ ਗੋ (ਪ੍ਰਿਥਵੀ) ਦੀ ਪਾਲਨਾ ਕਰਨ ਵਾਲਾ ਪਰਮਾਤਮਾ। ਦੂਜਾ ਅਰਥ ਹੈ ਗੋ (ਗਊਆਂ) ਦੀ ਪਾਲਨਾ ਕਰਨ ਵਾਲਾ, ਗਵਾਲਾ। ਸ੍ਰੀ ਕ੍ਰਿਸ਼ਣ ਨੇ ਚੂੰਕਿ ਬਚਪਨ ਵਿਚ ਗਊਆਂ ਚਰਾਈਆਂ ਸਨ, ਇਸ ਲਈ ਇਹ ਸ਼ਬਦ ਉਨ੍ਹਾਂ ਲਈ ਰੂੜ੍ਹ ਹੁੰਦਾ ਗਿਆ ਅਤੇ ਕ੍ਰਿਸ਼ਣ ਵਾਚਕ ਹੋ ਗਿਆ। ਜਦੋਂ ਸ੍ਰੀ ਕ੍ਰਿਸ਼ਣ ਵਿਚ ਵਿਸ਼ਣੂ ਦੇ ਅਵਤਾਰ ਦੀ ਕਲਪਨਾ ਹੋਣ ਲਗ ਗਈ, ਤਾਂ ਇਹ ਸ਼ਬਦ ਵੀ ਵਿਸ਼ਣੂ ਅਥਵਾ ਪਰਮ-ਸੱਤਾ ਦਾ ਵਾਚਕ ਹੋ ਗਿਆ। ਇਸ ਤਰ੍ਹਾਂ ਇਹ ਦੋਵੇਂ ਸ਼ਬਦ ਪਰਮਾਤਮਾ ਦੇ ਵਾਚਕ ਬਣ ਗਏ।

ਨਿਰਗੁਣ ਭਗਤਾਂ/ਸੰਤਾਂ/ਗੁਰੂਆਂ ਨੇ ਆਪਣੀਆਂ ਬਾਣੀਆਂ ਵਿਚ ਇਸ ਦੀ ਵਰਤੋਂ ਬ੍ਰਹਮਵਾਚਕ ਅਰਥਾਂ ਵਿਚ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਗੋਪਾਲ (ਪਰਮਾਤਮਾ) ਦੀ ਭਾਉ-ਭਗਤੀ ਨਾਲ ਜਨਮ-ਮਰਨ ਦਾ ਭੈ ਖ਼ਤਮ ਹੋ ਗਿਆ ਹੈ— *ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ।* (ਗੁ.ਗ੍ਰੰ.45)। ਇਕ ਹੋਰ ਥਾਂ 'ਤੇ ਕਿਹਾ ਹੈ— *ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧ ਸੰਗਤਿ ਨਿਧਿ ਮਾਨਿਆ।* (ਗੁ.ਗ੍ਰੰ.81)।

**ਗੋਪਾਲ ਸਿੰਘ** (1883-1941 ਈ.) : ਇਕ ਸਰਗਰਮ ਅਕਾਲੀ ਨੇਤਾ, ਜਿਸ ਦਾ ਜਨਮ ਪੱਛਮੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਦੇ ਸਾਗਰੀ ਪਿੰਡ ਵਿਚ ਸ. ਸੁੰਦਰ ਸਿੰਘ ਦੁਕਾਨਦਾਰ ਦੇ ਘਰ ਸੰਨ 1883 ਈ. ਵਿਚ ਹੋਇਆ। ਇਹ ਅਜੇ 12 ਵਰ੍ਹਿਆਂ ਦਾ ਸੀ, ਤਾਂ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਉਸ ਤੋਂ ਬਾਦ ਤਿੰਨ ਸਾਲਾਂ ਦੇ ਵਿਚ ਵਿਚ ਦੋ ਵੱਡੇ ਭਰਾ ਵੀ ਚਲਾਣਾ ਕਰ ਗਏ। ਘਰ-ਬਾਹਰ ਦੀ ਸਾਰੀ

ਜ਼ਿੰਮੇਵਾਰੀ ਇਸ ਦੇ ਸਿਰ ਉਤੇ ਆ ਪਈ। ਇਸ ਨੇ ਇਕ ਪਾਸੇ ਆਪਣੇ ਕਾਰ-ਵਪਾਰ ਨੂੰ ਚੰਗੀ ਤਰ੍ਹਾਂ ਚਲਾਇਆ ਅਤੇ ਦੂਜੇ ਪਾਸੇ ਸਿੰਘ ਸਭਾ ਦੇ ਪ੍ਰਭਾਵ ਅਧੀਨ ਸਿੱਖੀ ਦੇ ਪ੍ਰਚਾਰ ਵਿਚ ਰੁਚੀ ਲਈ। ਗੁਰਦੁਆਰਾ ਸੁਧਾਰ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਕਾਰਣ ਸੰਨ 1920 ਈ. ਵਿਚ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਪੰਜਾ ਸਾਹਿਬ ਗੁਰੂ-ਧਾਮ ਆਜ਼ਾਦ ਕਰਾਉਣ ਵਾਲੇ ਜੱਥੇ ਵਿਚ ਭਾਗ ਲੈਣ ਤੋਂ ਬਾਦ ਇਸ ਨੇ 'ਗੁਰੂ ਕਾ ਬਾਗ਼' ਮੋਰਚੇ ਲਈ ਪ੍ਰਚਾਰ ਸ਼ੁਰੂ ਕੀਤਾ ਅਤੇ ਪਕੜਿਆ ਗਿਆ। ਸੰਨ 1923 ਈ. ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕੀਤੇ ਜਾਣ ਕਾਰਣ ਇਸ ਨੂੰ ਪਕੜ ਲਿਆ ਗਿਆ। ਸੰਨ 1925 ਈ. ਵਿਚ ਗੁਰਦੁਆਰਾ ਐਕਟ ਅਨੁਸਾਰ ਚਲਣ ਅਥਵਾ ਨ ਚਲਣ 'ਤੇ ਅਕਾਲੀ ਦਲ ਵਿਚੋਂ ਹੋਈ ਦੋ-ਫਾੜ ਵੇਲੇ ਇਹ ਬਾਬਾ ਖੜਕ ਸਿੰਘ ਦੇ ਧੜੇ ਵਿਚ ਸ਼ਾਮਲ ਹੋ ਗਿਆ। ਇਸ ਨੇ ਵਖ ਵਖ ਮੋਰਚਿਆਂ ਵਿਚ ਭਾਗ ਲੈਣ ਕਰਕੇ ਲਗਭਗ 13 ਵਰ੍ਹੇ ਕੈਦ ਕਟੀ ਜਿਸ ਦੇ ਫਲਸਰੂਪ ਸਿਹਤ ਖ਼ਰਾਬ ਹੋ ਗਈ ਅਤੇ ਅਕਤੂਬਰ 1941 ਈ. ਵਿਚ ਸੰਸਾਰ ਤਿਆਗ ਦਿੱਤਾ।

**ਗੋਪਾਲ ਸਿੰਘ ਦਰਦੀ, ਡਾਕਟਰ** (1917-1990 ਈ.): ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਲੇਖਕ ਅਤੇ ਚਿੰਤਕ ਡਾ. ਗੋਪਾਲ ਸਿੰਘ ਦਾ ਜਨਮ 29 ਨਵੰਬਰ 1917 ਈ. ਨੂੰ ਹਿੰਦੁਸਤਾਨ ਦੇ ਪਛਮੋਤਰੀ ਸਰਹੱਦੀ ਸੂਬੇ ਦੇ ਜ਼ਿਲ੍ਹਾ ਹਜ਼ਾਰਾ ਦੇ ਪਿੰਡ ਸਰਾਏ ਨਿਆਮਤ ਖ਼ਾਨ ਵਿਚ ਸ. ਆਤਮਾ ਸਿੰਘ ਦੇ ਘਰ ਮਾਤਾ ਨਾਨਕੀ ਦੇਈ ਦੀ ਕੁੱਖੋਂ ਹੋਇਆ। ਅੰਗ੍ਰੇਜ਼ੀ ਵਿਚ ਐਮ.ਏ. ਕਰਨ ਤੋਂ ਬਾਦ ਇਸ ਨੇ ਪੀ-ਐਚ.ਡੀ. ਦੀ ਉਪਾਧੀ ਪ੍ਰਾਪਤ ਕੀਤੀ। ਇਸ ਨੇ ਦੇਸ਼ ਵੰਡ ਤੋਂ ਪਹਿਲਾਂ ਗਾਰਡਨ ਕਾਲਜ ਰਾਵਲਪਿੰਡੀ ਵਿਚ ਪੜ੍ਹਾਉਣਾ ਸ਼ੁਰੂ ਕੀਤਾ।

ਸੰਨ 1962 ਈ. ਵਿਚ ਇਸ ਨੂੰ ਛੇ ਸਾਲਾਂ ਲਈ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਫਿਰ ਸੰਨ 1970 ਈ. ਤੋਂ 1976 ਈ. ਤਕ ਬੁਲਗਾਰੀਆ ਅਤੇ ਕੈਰਿਬੀਅਨ ਦੇਸ਼ਾਂ ਵਿਚ ਭਾਰਤੀ ਦੂਤ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ। ਸੰਨ 1980 ਤੋਂ 1984 ਈ. ਤਕ ਇਹ ਘਟ ਗਿਣਤੀਆਂ, ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਕਮਿਸ਼ਨ ਦਾ ਚੇਅਰਮੈਨ ਰਿਹਾ। ਗੋਆ ਰਾਜ ਵਿਚ ਇਸ ਨੇ ਲੈਫ਼. ਗਵਰਨਰ ਦੀ ਹੈਸੀਅਤ ਵਿਚ ਸੇਵਾ ਕੀਤੀ। ਪੰਜਾਬ ਸਕੂਲ ਸਿਖਿਆ ਬੋਰਡ ਦਾ ਇਹ ਚੇਅਰਮੈਨ ਵੀ ਰਿਹਾ। ਇਸ ਨੂੰ ਵਖ ਵਖ ਧਰਮਾਂ ਦਾ ਡੂੰਘਾ ਗਿਆਨ ਸੀ ਅਤੇ ਇਨ੍ਹਾਂ ਦੇ ਤੁਲਨਾਤਮਕ ਅਧਿਐਨ ਵਿਚ ਬਹੁਤ ਰੁਚੀ ਲੈਂਦਾ ਸੀ। ਇਸ ਨੂੰ ਪੋਪ ਨਾਲ ਵਿਚਾਰ-ਵਟਾਂਦਰਾ ਕਰਨ ਦਾ ਵੀ ਮੌਕਾ ਮਿਲਿਆ। ਅਨੇਕ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਅਤੇ ਕਾਨਫ੍ਰੰਸਾਂ ਵਿਚ ਜਾ ਕੇ ਇਸ ਨੇ ਬੜੇ ਪ੍ਰਭਾਵਸ਼ਾਲੀ ਲੈਕਚਰ ਦਿੱਤੇ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਣਕਾਰ ਕੀਤਾ।

ਡਾ. ਗੋਪਾਲ ਸਿੰਘ ਦੀ ਸਭ ਤੋਂ ਉਤਮ ਰਚਨਾ ਉਸ ਦੁਆਰਾ ਕੀਤਾ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਅਨੁਵਾਦ ਹੈ ਜਿਸ ਬਾਰੇ ਹੋਰਾਂ ਤੋਂ ਇਲਾਵਾ ਡਾ. ਰਾਧਾ ਕ੍ਰਿਸ਼ਨਨ ਅਤੇ ਆਰਨਲਡ ਟਾਇਨਬੀ ਨੇ ਬੜੀ ਪ੍ਰਸ਼ੰਸਾ ਕੀਤੀ। ਇਸ ਤੋਂ ਇਲਾਵਾ ਸਿੱਖ ਧਰਮ ਬਾਰੇ ਇਸ ਦੀਆਂ ਹੋਰ ਰਚਨਾਵਾਂ ਹਨ— *ਏ ਹਿਸਟਰੀ ਆਫ਼ ਦੀ ਸਿੱਖ ਪੀਪਲ, ਦੀ ਰਿਲਿਜਨ ਆਫ਼ ਦੀ ਸਿੱਖਸ* ਆਦਿ। ਇਸ ਨੇ ਅੰਗ੍ਰੇਜ਼ੀ ਵਿਚ ਕਵਿਤਾ ਵੀ ਲਿਖੀ। ਇਸ ਸੰਬੰਧ ਵਿਚ ਦੋ ਪੁਸਤਕਾਂ ਉਲੇਖਯੋਗ ਹਨ— 'ਦੀ ਅਨਸਟਰੱਕ ਮੈਲੋਡੀ' ਅਤੇ 'ਦੀ ਮੈਨ ਹੂ ਨੈਵਰ ਡਾਈਡ'।

ਡਾ. ਗੋਪਾਲ ਸਿੰਘ ਨੇ ਪੰਜਾਬੀ ਵਿਚ ਵੀ ਕਵਿਤਾ ਰਚੀ। ਇਸ ਨੇ ਝਨਾ (1943 ਈ.), ਹਨੇਰੇ ਸਵੇਰੇ (1950 ਈ.), ਅਨਹਦ ਨਾਦ (1964 ਈ.), ਚਾਨਣ ਦਾ ਪਹਾੜ (1976 ਈ.) ਆਦਿ ਪੰਜ ਕਾਵਿ-ਸੰਗ੍ਰਹਿ ਉਪਲਬਧ ਹਨ। ਇਸ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ' (1944 ਈ.) ਅਤੇ 'ਰੋਮਾਂਚਿਕ ਪੰਜਾਬੀ ਕਵੀ' (1938 ਈ.) ਨਾਂ ਦੀਆਂ ਪੁਸਤਕਾਂ ਲਿਖ ਕੇ ਵਿਦਿਆਰਥੀਆਂ ਲਈ ਬੜੀ ਪ੍ਰਮਾਣਿਕ ਜਾਣਕਾਰੀ ਲਿਪੀਬਧ ਕੀਤੀ। ਇਸ ਨੇ 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ' (1958 ਈ.) ਬਾਰੇ ਪੁਸਤਕ ਤੋਂ ਇਲਾਵਾ 'ਸਾਹਿਤ ਦੀ ਪਰਖ' (1953 ਈ.) ਨਾਂ ਦੀ ਕਿਤਾਬ ਵੀ ਲਿਖੀ ਜਿਸ ਵਿਚ ਸਾਹਿਤਿਕ ਆਲੋਚਨਾ ਲਈ ਪੱਛਮੀ ਮਾਨਦੰਡਾਂ ਦਾ ਪਰਿਚਯ ਦਿੱਤਾ। ਇਕ ਅੰਗ੍ਰੇਜ਼ੀ ਪੰਜਾਬੀ ਕੋਸ਼ ਵੀ ਤਿਆਰ ਕੀਤਾ। ਇਸ ਬਹੁ-ਪੱਖੀ ਪ੍ਰਤਿਭਾ ਵਾਲੇ ਵਿਦਵਾਨ ਨੂੰ ਵਿਸ਼ਵ ਭਰ ਵਿਚ ਬਹੁਤ ਮਾਨਤਾ ਮਿਲੀ। ਕਿਤਨੇ ਤਮਗ਼ੇ ਅਤੇ ਮਾਨ-ਪੱਤਰ ਪ੍ਰਾਪਤ ਹੋਏ।

ਡਾ. ਦਰਦੀ ਦਾ ਦੇਹਾਂਤ 8 ਅਗਸਤ 1990 ਈ. ਨੂੰ ਦਿੱਲੀ ਵਿਚ ਹੋਇਆ।

**ਗੋਬਿੰਦ/ਗੋਵਿੰਦ** : ਸੰਸਕ੍ਰਿਤ ਮੂਲ ਦੇ 'ਗੋਵਿੰਦ' ਸ਼ਬਦ ਦਾ ਅਰਥ ਪ੍ਰਾਚੀਨਾਂ ਨੇ ਆਪਣੇ ਆਪਣੇ ਢੰਗ ਨਾਲ ਕੀਤਾ ਹੈ। ਵਿਉਤਪੱਤੀ ਪੱਖੋਂ ਇਸ ਦਾ ਅਰਥ ਬਣਦਾ ਹੈ ਜੋ ਗਊ ਜਾਂ ਪ੍ਰਿਥਵੀ ਨੂੰ ਪ੍ਰਾਪਤ ਕਰਦਾ ਹੈ। 'ਭਗਵਦ-ਗੀਤਾ' (1/32) ਵਿਚ ਅਰਜਨ ਨੇ ਸ਼੍ਰੀ ਕ੍ਰਿਸ਼ਣ ਨੂੰ 'ਗੋਵਿੰਦ' ਸ਼ਬਦ ਨਾਲ ਸੰਬੋਧਿਤ ਕੀਤਾ ਹੈ।

'ਵਿਸ਼ਣੁ ਤਿਲਕ' ਨਾਂ ਦੀ ਰਚਨਾ ਵਿਚ ਇਸ ਸ਼ਬਦ ਦੀ ਵਿਉਤਪੱਤੀ ਦਸਦਿਆਂ ਕਿਹਾ ਗਿਆ ਹੈ ਕਿ ਗੋ (ਅਰਥਾਤ ਵੇਦ-ਬਾਣੀ) ਦੁਆਰਾ ਜੋ ਜਾਣਿਆ ਜਾਂਦਾ ਹੈ, ਉਹ 'ਗੋਵਿੰਦ' ਅਖਵਾਉਂਦਾ ਹੈ। 'ਬ੍ਰਹਮਵੈਵਰਤ-ਪੁਰਾਣ' (ਪ੍ਰਕ੍ਰਿਤੀ ਖੰਡ/24) ਵਿਚ ਵੀ ਕੁਝ ਇਹੋ ਜਿਹੀ ਵਿਉਤਪੱਤੀ ਦਸੀ ਗਈ ਹੈ।

ਮੱਧ-ਯੁਗ ਵਿਚ ਪਹੁੰਚਣ ਤਕ ਇਸ ਦੇ ਦੋ ਅਰਥ ਹੀ ਪ੍ਰਚਲਿਤ ਸਨ— ਇਕ ਸ਼੍ਰੀ ਕ੍ਰਿਸ਼ਣ ਅਤੇ ਦੂਜਾ ਬ੍ਰਹਮ। ਨਿਰਗੁਣਵਾਦੀ ਸੰਤਾਂ ਨੇ ਗੋਵਿੰਦ ਦੇ ਦੂਜੇ ਅਰਥ ਭਾਵ ਬ੍ਰਹਮ ਵਾਚਕ ਵਜੋਂ ਗ੍ਰਹਿਣ ਕੀਤਾ ਹੈ। 'ਗੀਤ-ਗੋਬਿੰਦ' ਦੇ ਰਚੈਤਾ ਭਗਤ ਜੈਦੇਵ ਨੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਆਪਣੇ ਸ਼ਬਦ ਵਿਚ ਇਸ ਨੂੰ 'ਬ੍ਰਹਮ' ਲਈ ਵਰਤਿਆ ਹੈ— *ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ।* (ਗੁ.ਗ੍ਰੰ. 526)।

ਗੁਰਬਾਣੀ ਵਿਚ 'ਗੋਬਿੰਦ' ਸ਼ਬਦ ਦੀ ਵਰਤੋਂ ਨਿਰਾਕਾਰ ਬ੍ਰਹਮ ਜਾਂ ਸ੍ਰਿਸ਼ਟੀ-ਕਰਤਾ ਵਜੋਂ ਹੋਈ ਹੈ। ਗੁਰੂ ਅਰਜਨ ਦੇਵ ਜੀ ਨੇ 'ਥਿਤੀ' ਬਾਣੀ ਵਿਚ ਕਿਹਾ ਹੈ— *ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ। ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ।* (ਗੁ.ਗ੍ਰੰ.299)। ਇਸੇ ਬਾਣੀ ਵਿਚ ਇਕ ਹੋਰ ਥਾਂ 'ਤੇ ਕਿਹਾ ਹੈ— *ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ। ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ।* (ਗੁ.ਗ੍ਰੰ.296)।

**ਗੋਬਿੰਦ ਸਿੰਘ, ਗੁਰੂ** (1666-1708 ਈ.): ਸਿੱਖ ਧਰਮ ਦੇ ਅੰਤਿਮ ਦੇਹਧਾਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈ. (ਪੋਹ ਸੁਦੀ ਸੱਤਵੀਂ, 1723 ਬਿ.) ਨੂੰ ਬਿਹਾਰ ਪ੍ਰਾਂਤ ਦੇ ਪਟਨਾ ਨਗਰ ਵਿਚ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ ਹੋਇਆ। ਖ਼ਾਲਸੇ ਦੇ ਜਨਮ-ਦਿਵਸ ਅਥਵਾ ਅੰਮ੍ਰਿਤ-ਸੰਚਾਰ ਸਮਾਗਮ ਤਕ ਆਪ ਦਾ ਨਾਂ 'ਗੋਬਿੰਦ ਰਾਇ' ਰਿਹਾ। ਆਪ ਦਾ ਵਿਅਕਤਿਤਵ ਜਨਮ ਤੋਂ ਹੀ ਬੜਾ ਪ੍ਰਭਾਵਸ਼ਾਲੀ ਅਤੇ ਤੇਜਸਵੀ ਸੀ। ਆਪ ਛੇ ਵਰ੍ਹਿਆਂ ਦੀ ਉਮਰ ਤਕ ਪਟਨੇ ਵਿਚ ਰਹੇ ਅਤੇ ਸਾਥੀਆਂ ਨਾਲ ਮਿਲ ਕੇ ਗੰਗਾ ਦੇ ਕੰਢੇ ਖ਼ੂਬ ਖੇਡਦੇ ਰਹੇ ਅਤੇ ਕਦੇ ਕਦੇ ਬਣਾਵਟੀ ਯੁੱਧ ਵੀ ਕਰਦੇ ਰਹੇ। ਪਟਨਾ ਦੇ ਤਤਕਾਲੀਨ ਰਾਜਾ ਫ਼ਤਹਿ ਚੰਦ ਮੈਨੀ ਅਤੇ ਉਸ ਦੀ ਰਾਣੀ ਆਪ ਪ੍ਰਤਿ ਇਸ਼ਟ-ਭਾਵਨਾ ਰਖਦੇ ਸਨ ਅਤੇ ਆਪ ਤੋਂ ਭਾਰਤ ਦੇ ਉਜਲੇ ਭਵਿਖ ਦੀ ਆਸ ਬੰਨ੍ਹਦੇ ਸਨ।

ਆਪ ਦੇ ਜਨਮ ਤੋਂ ਕੁਝ ਸਮੇਂ ਬਾਦ ਗੁਰੂ ਤੇਗ ਬਹਾਦਰ ਜੀ ਪਟਨੇ ਤੋਂ ਆਨੰਦਪੁਰ ਪਰਤ ਆਏ ਅਤੇ ਉਥੋਂ ਦੀ ਵਿਵਸਥਾ ਠੀਕ ਕਰਕੇ ਆਪ ਨੂੰ ਆਨੰਦਪੁਰ ਬੁਲਾ ਲਿਆ। ਆਨੰਦਪੁਰ ਪਹੁੰਚਣ 'ਤੇ ਆਪ ਨੂੰ ਫ਼ਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਵਿਚ ਸਿਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ। ਤਾਲੀਮ ਤੋਂ ਇਲਾਵਾ ਆਪ ਨੂੰ ਘੋੜਸਵਾਰੀ, ਤੀਰ ਅੰਦਾਜ਼ੀ, ਸ਼ਸਤ੍ਰ-ਪ੍ਰਯੋਗ ਅਤੇ ਸੈਨਿਕ-ਸਿਖਿਆ ਵਿਚ ਵੀ ਸਿੱਧਹਸਤ ਕੀਤਾ ਗਿਆ।

ਜਦੋਂ ਆਪ ਨੌਂ ਵਰ੍ਹਿਆਂ ਦੇ ਹੋਏ ਤਾਂ ਧਰਮ-ਰਖਿਆ ਲਈ ਕਸ਼ਮੀਰ ਦੇ ਪੰਡਿਤ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿਚ ਆਏ। ਉਨ੍ਹਾਂ ਦੀ ਸਹਾਇਤਾ ਲਈ ਆਪ ਨੇ ਪਿਤਾ-ਗੁਰੂ ਨੂੰ ਮਹਾ-ਬਲਿਦਾਨ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਤੋਂ ਪਹਿਲਾਂ ਆਪ ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਇਸ ਤਰ੍ਹਾਂ ਆਪ 11 ਨਵੰਬਰ 1675 ਈ. (12 ਮੱਘਰ, 1732 ਬਿ.) ਨੂੰ ਗੁਰ-ਗੱਦੀ ਉਤੇ ਬੈਠੇ।

ਗੱਦੀ ਉਤੇ ਬੈਠਦਿਆਂ ਹੀ ਆਪ ਨੇ ਸੈਨਿਕ ਗਤਿਵਿਧੀ ਤੇਜ਼ ਕਰ ਦਿੱਤੀ ਅਤੇ ਸ਼ਾਹਾਨਾ ਠਾਠ ਨਾਲ ਰਹਿਣ ਲਗੇ। ਸ਼ਰਧਾਲੂਆਂ ਤੋਂ ਸਾਧਾਰਣ ਭੇਟਾ ਸਵੀਕਾਰ ਕਰਨ ਦੀ ਥਾਂ ਸ਼ਸਤ੍ਰਾਂ, ਜੰਗੀ ਵਸਤੂਆਂ, ਘੋੜਿਆਂ ਆਦਿ ਨੂੰ ਤੋਹਫ਼ਿਆਂ ਵਜੋਂ ਪ੍ਰਾਪਤ ਕਰਨਾ ਉਚਿਤ ਸਮਝਿਆ।

ਨਾਹਨ ਰਿਆਸਤ ਦੇ ਰਾਜੇ ਦੇ ਸੱਦੇ ਉਤੇ ਆਪ ਆਨੰਦਪੁਰ ਤੋਂ ਕੁਝ ਸਮੇਂ ਲਈ ਉਸ ਦੀ ਰਿਆਸਤ ਵਿਚ ਚਲੇ ਗਏ ਅਤੇ ਜਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਾਲੇ ਸਥਾਨ 'ਤੇ ਰਹੇ। ਉਥੇ ਸੈਨਿਕ ਸਿਖਲਾਈ ਦੇ ਨਾਲ ਨਾਲ ਸਾਹਿਤ-ਸਿਰਜਨਾ ਵਲ ਵੀ ਰੁਚਿਤ ਹੋਏ। ਸਿੱਖ- ਇਤਿਹਾਸ ਅਨੁਸਾਰ ਪਾਉਂਟਾ ਸਾਹਿਬ ਵਿਚ ਆਪ ਪਾਸ 52 ਕਵੀ ਰਹਿੰਦੇ

ਸਨ। ਇਸੇ ਸਥਾਨ ਤੋਂ ਥੋੜੀ ਵਿਥ ਉਤੇ ਭੰਗਾਣੀ ਵਾਲੇ ਸਥਾਨ 'ਤੇ ਆਪ ਦਾ ਪਹਾੜੀ ਰਾਜਿਆਂ ਨਾਲ ਪਹਿਲਾ ਯੁੱਧ ਹੋਇਆ ਅਤੇ ਜਿਤ ਪ੍ਰਾਪਤ ਕੀਤੀ। ਇਸ ਨਾਲ ਆਪ ਦੀ ਸੂਰਬੀਰਤਾ ਦੀ ਸਾਖ ਹਰ ਪਾਸੇ ਪਸਰ ਗਈ।

ਕੁਝ ਵਰ੍ਹੇ ਪਾਉਂਟਾ ਸਾਹਿਬ ਠਹਿਰ ਕੇ ਉਥੋਂ ਆਪ ਆਨੰਦਪੁਰ ਨੂੰ ਪਰਤੇ ਅਤੇ ਆਨੰਦਪੁਰ ਦੀ ਰਖਿਆ ਲਈ ਪੰਜ ਕਿਲ੍ਹਿਆਂ—ਆਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਹਿਗੜ੍ਹ ਅਤੇ ਹੋਲਗੜ੍ਹ—ਦਾ ਨਿਰਮਾਣ ਕਰਵਾਇਆ। ਇਸੇ ਦੌਰਾਨ ਪਹਾੜੀ ਰਾਜਿਆਂ ਤੋਂ ਕਰ ਵਸੂਲਣ ਲਈ ਆਲਿਫ਼ ਖ਼ਾਨ ਮੁਗ਼ਲ-ਸੈਨਾ ਲੈ ਕੇ ਚੜ੍ਹ ਆਇਆ। ਪਹਾੜੀ ਰਾਜਿਆਂ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਆਪ ਨੇ ਕਾਂਗੜੇ ਤੋਂ 32 ਕਿ.ਮੀ. ਦੂਰ ਬਿਆਸ ਨਦੀ ਦੇ ਕੰਢੇ ਨਦੌਣ ਦੇ ਸਥਾਨ ਉਤੇ ਮੁਗ਼ਲ ਸੈਨਾ ਨਾਲ ਯੁੱਧ ਕੀਤਾ ਅਤੇ ਉਨ੍ਹਾਂ ਨੂੰ ਪਰਾਜਿਤ ਕਰਕੇ ਪਹਾੜੀ ਰਾਜਿਆਂ ਦਾ ਗੌਰਵ ਕਾਇਮ ਰਖਿਆ। ਇਸ ਘਟਨਾ ਤੋਂ ਖਿਝ ਕੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਲਈ ਔਰੰਗਜ਼ੇਬ ਬਾਦਸ਼ਾਹ ਨੇ ਆਪਣੇ ਪੁੱਤਰ ਮੁਅੱਜ਼ਮ ਨੂੰ ਇਕ ਵੱਡੇ ਸੈਨਾ-ਦਲ ਸਹਿਤ ਪੰਜਾਬ ਵਲ ਭੇਜਿਆ, ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਤੋਂ ਕਾਇਲ ਹੋ ਗਿਆ।

ਆਨੰਦਪੁਰ ਪਰਤ ਕੇ ਗੁਰੂ ਜੀ ਨੇ ਸਿੱਖ-ਅਨੁਯਾਈਆਂ ਦੇ ਮਾਨਸਿਕ ਧਰਾਤਲ ਨੂੰ ਦ੍ਰਿੜ੍ਹ ਕਰਨ ਲਈ ਸਾਹਿਤ-ਰਚਨਾ ਦੀ ਪ੍ਰਕ੍ਰਿਆ ਫਿਰ ਤੋਂ ਆਰੰਭ ਕਰ ਦਿੱਤੀ। ਇਸ ਸਾਰੇ ਸਾਹਿਤ ਦੀ ਪ੍ਰਮੁਖ ਪ੍ਰਵ੍ਰਿੱਤੀ ਰਾਸ਼ਟਰੀ-ਚੇਤਨਾ ਸੀ। ਸਾਹਿਤ-ਸਿਰਜਨਾ ਦੇ ਨਾਲ ਨਾਲ ਗੁਰੂ ਸਾਹਿਬ ਨੇ ਦੇਸ਼ ਦੀ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਸੰਨ 1699 ਈ. ਵਿਚ ਖ਼ਾਲਸੇ ਦੀ ਸਿਰਜਨਾ ਕੀਤੀ। ਇਸ ਦੇ ਨਾਲ ਹੀ ਸੈਨਿਕ ਪ੍ਰਬੰਧ ਨੂੰ ਹੋਰ ਦ੍ਰਿੜ੍ਹ ਕੀਤਾ।

ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦਾ ਸੈਨਿਕ ਸੰਗਠਨ ਭੈ-ਭੀਤ ਕਰਨ ਲਗਾ। ਉਨ੍ਹਾਂ ਨੇ ਰਲ ਕੇ ਮੁਗ਼ਲ ਸਰਕਾਰ ਅਗੇ ਪ੍ਰਾਰਥਨਾ ਕੀਤੀ। ਸੰਨ 1700 ਈ. ਵਿਚ ਪੈਂਦੇ ਖ਼ਾਨ ਅਤੇ ਦੀਨਾ ਬੇਗ ਨਾਂ ਦੇ ਸੈਨਾ-ਨਾਇਕਾਂ ਅਧੀਨ ਮੁਗ਼ਲ-ਸੈਨਾ ਨੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਆਨੰਦਪੁਰ ਕਿਲ੍ਹੇ ਨੂੰ ਘੇਰਨ ਦਾ ਯਤਨ ਕੀਤਾ ਪਰ ਸਫਲ ਨ ਹੋ ਸਕੇ। ਗੁਰੂ ਸਾਹਿਬ ਕੁਝ ਸਮੇਂ ਲਈ ਨਿਰਮੋਹ ਅਤੇ ਬਸਾਲੀ ਵਲ ਚਲੇ ਗਏ ਅਤੇ ਕੁਝ ਸਮਾਂ ਉਥੇ ਟਿਕ ਕੇ ਪਰਤ ਆਏ। ਤਿੰਨ ਸਾਲ ਬਾਦ ਖਿਝੇ ਹੋਏ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਨੂੰ ਪ੍ਰੇਰਿਤ ਕਰਕੇ ਆਨੰਦਪੁਰ ਉਤੇ ਹਮਲਾ ਕਰਵਾ ਦਿੱਤਾ। ਮੁਗ਼ਲ ਸੈਨਾ ਨੇ ਕਈ ਮਹੀਨੇ ਆਨੰਦਪੁਰ ਨੂੰ ਘੇਰੀ ਰਖਿਆ, ਪਰ ਕਬਜ਼ਾ ਕਰਨ ਵਿਚ ਸਫਲ ਨ ਹੋ ਸਕੇ। ਆਖ਼ਿਰ ਕਸਮਾਂ ਚੁਕ ਕੇ ਗੁਰੂ ਸਾਹਿਬ ਤੋਂ ਕਿਲ੍ਹਾ ਖ਼ਾਲੀ ਕਰਵਾਇਆ, ਪਰ ਕਸਮਾਂ ਤੋੜ ਕੇ ਰਾਤ ਵੇਲੇ ਗੁਰੂ ਸਾਹਿਬ ਦੀ ਕਿਲ੍ਹੇ ਵਿਚੋਂ ਨਿਕਲੀ ਸੈਨਾ ਅਤੇ ਸਾਜ਼ੋ-ਸਾਮਾਨ ਉਤੇ ਹਮਲਾ ਕਰ ਦਿੱਤਾ। ਸਾਰਾ ਕੀਮਤੀ ਸਾਮਾਨ, ਸਾਹਿਤਿਕ ਰਚਨਾਵਾਂ ਆਦਿ ਸਰਸਾ ਨਦੀ ਵਿਚ ਰੁੜ੍ਹ ਗਈਆਂ। ਅਨੇਕ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਦਾ ਪਰਿਵਾਰ ਨਿਖੜ ਗਿਆ। ਚਾਲੀ ਸਿੱਖਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਹਿਤ ਗੁਰੂ ਜੀ ਚਮਕੌਰ ਪਹੁੰਚੇ ਜਿਥੇ ਮੁਗ਼ਲ ਸੈਨਾ ਨਾਲ ਲੜਦੇ ਦੋਵੇਂ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਉਥੋਂ ਗੁਰੂ ਸਾਹਿਬ ਮਾਛੀਵਾੜੇ ਪਹੁੰਚੇ ਅਤੇ 'ਉਚ ਕਾ ਪੀਰ' ਬਣ ਕੇ ਮੁਗ਼ਲ ਸੈਨਾ ਦੇ ਘੇਰੇ ਵਿਚੋਂ ਨਿਕਲੇ ਅਤੇ ਮਾਲਵੇ ਵਿਚ ਪਹੁੰਚੇ। ਦੀਨਾ-ਕਾਂਗੜ ਪਹੁੰਚ ਕੇ ਉਥੋਂ ਔਰੰਗਜ਼ੇਬ ਦੇ ਘਟੀਆ ਕਾਰਨਾਮਿਆਂ ਦਾ ਚਿੱਠਾ 'ਜ਼ਫ਼ਰਨਾਮਾ' ਦੇ ਰੂਪ ਵਿਚ ਲਿਖ ਕੇ ਭੇਜਿਆ। ਫਿਰ ਖਿਦਰਾਣੇ ਦੀ ਢਾਬ ਉਤੇ ਮੁਗ਼ਲ-ਸੈਨਾ ਨਾਲ ਯੁੱਧ ਕੀਤਾ ਅਤੇ ਬੇਦਾਵਾ ਲਿਖ ਕੇ ਦੇ ਆਏ ਸਿੱਖਾਂ ਦੀ ਭੁਲ ਬਖ਼ਸ਼ੀ। ਉਧਰ ਸਰਸਾ ਨਦੀ ਤੋਂ ਪਾਰ ਹੋਣ ਵੇਲੇ ਦੋ ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਨਾਲ ਗੰਗੂ ਬ੍ਰਾਹਮਣ ਦੇ ਪਿੰਡ ਖੇੜੀ (ਨਾਮਾਂਤਰ ਸਹੇੜੀ) ਪਹੁੰਚੇ। ਗੰਗੂ ਨੇ ਧਨ ਲੁਟਣ ਦੀ ਦੁਰਭਾਵਨਾ ਨਾਲ ਉਨ੍ਹਾਂ ਨੂੰ ਪਕੜਵਾ ਦਿੱਤਾ। ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਨੇ ਦੋਹਾਂ ਬੱਚਿਆਂ ਨੂੰ 25 ਦਸੰਬਰ 1705 ਈ. ਵਾਲੇ ਦਿਲ ਕੰਧ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ।

ਚਾਲੀ ਮੁਕਤਿਆਂ ਦੀ ਸ਼ਹੀਦੀ ਤੋਂ ਬਾਦ ਗੁਰੂ ਜੀ ਕੁਝ ਸਮਾਂ ਦਮਦਮਾ ਸਾਹਿਬ ਠਹਿਰੇ। ਇਸ ਠਹਿਰ ਦੌਰਾਨ ਗੁਰੂ ਜੀ ਨੇ ਗ੍ਰੰਥ ਸਾਹਿਬ ਵਿਚ ਨੌਂਵੇਂ ਗੁਰੂ ਦੀ ਬਾਣੀ ਸ਼ਾਮਲ ਕਰਕੇ ਭਾਈ ਮਨੀ ਸਿੰਘ ਤੋਂ ਬੀੜ ਤਿਆਰ ਕਰਵਾਈ ਜੋ ਦਮਦਮੀ ਬੀੜ ਦੇ ਨਾਂ ਨਾਲ ਪ੍ਰਸਿੱਧ ਹੋਈ ਅਤੇ ਜਿਸ ਨੂੰ ਗੁਰੂ ਜੀ ਨੇ ਸੰਨ 1708 ਈ. ਵਿਚ ਗੁਰੂ-ਪਦ ਪ੍ਰਦਾਨ ਕੀਤਾ।

ਫਿਰ ਰਾਜਸਥਾਨ ਵਿਚੋਂ ਹੁੰਦੇ ਹੋਏ ਨਾਂਦੇੜ ਪਹੁੰਚੇ। ਉਥੇ ਰਹਿ ਕੇ ਆਪ ਨੇ ਧਰਮ-ਪ੍ਰਚਾਰ ਸ਼ੁਰੂ ਕੀਤਾ। ਪੰਜਾਬ ਵਿਚ ਧਰਮ-ਯੁੱਧ ਨੂੰ ਜਾਰੀ ਰਖਣ ਅਤੇ ਅਤਿਆਚਾਰੀਆਂ ਨੂੰ ਸੋਧਣ ਲਈ ਬਾਬਾ ਬੰਦਾ ਬਹਾਦਰ ਨੂੰ ਭੇਜਿਆ। ਨਾਂਦੇੜ

ਵਿਚ ਨਿਵਾਸ ਸਮੇਂ ਆਪ ਇਕ ਪਠਾਣ ਹੱਥੋਂ ਧੋਖੇ ਨਾਲ ਘਾਇਲ ਹੋ ਗਏ। ਠੀਕ ਹੋਣ 'ਤੇ ਜਦੋਂ ਫਿਰ ਕਮਾਨ ਦਾ ਚਿਲਾ ਚੜ੍ਹਾਇਆ ਤਾਂ ਪਹਿਲੇ ਜ਼ਖ਼ਮ ਖੁਲ੍ਹ ਗਏ ਅਤੇ ਆਪ ਨੇ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਨੂੰ ਗੁਰਿਆਈ ਦੇ ਕੇ 42 ਵਰ੍ਹਿਆਂ ਦੀ ਉਮਰ ਵਿਚ 7 ਅਕਤੂਬਰ 1708 ਈ. (ਕਤਕ ਸੁਦੀ 5, ਸੰਮਤ 1765 ਬਿ.) ਨੂੰ ਮਹਾਪ੍ਰਸਥਾਨ ਕੀਤਾ। ਆਪ ਦੇ ਸਸਕਾਰ ਵਾਲੀ ਥਾਂ ਉਤੇ ਹੁਣ ਗੁਰਦੁਆਰਾ ਅਬਚਲ ਨਗਰ—ਹਜ਼ੂਰ ਸਾਹਿਬ—ਉਸਰਿਆ ਹੋਇਆ ਹੈ। ਇਹ ਸਥਾਨ ਸਿੱਖਾਂ ਦੇ ਤਖ਼ਤਾਂ ਵਿਚ ਗਿਣਿਆ ਜਾਂਦਾ ਹੈ।

ਗੁਰੂ ਜੀ ਨੇ ਮੁਰਦਾ ਕੌਮ ਵਿਚ ਨਵੀਂ ਚੇਤਨਾ ਪੈਦਾ ਕਰਨ ਲਈ ਤਿੰਨ ਜੁਗਤਾਂ ਦੀ ਵਰਤੋਂ ਕੀਤੀ—ਸੈਨਿਕ ਸਿਖਲਾਈ, ਵੀਰ-ਰਸੀ ਸਾਹਿਤ ਦੀ ਰਚਨਾ ਅਤੇ ਅੰਮ੍ਰਿਤ-ਸੰਚਾਰ। ਗੁਰੂ ਜੀ ਇਕ ਮਹਾਨ ਵਿਅਕਤਿਤਵ ਦੇ ਸੁਆਮੀ ਸਨ। ਉਹ ਸੰਤ ਸਨ, ਪਰ ਪਰਿਸਥਿਤੀਆਂ ਨੇ ਆਤਮ-ਗੌਰਵ ਦੀ ਰਖਿਆ ਲਈ ਉਨ੍ਹਾਂ ਨੂੰ ਸਿਪਾਹੀ ਵੀ ਬਣਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਨੇ ਸ਼ਸਤ੍ਰਾਂ ਨੂੰ ਨ ਵੈਰ ਭਾਵਨਾ ਨਾਲ ਵਰਤਿਆ ਅਤੇ ਨ ਹੀ ਅਧਿਕਾਰ ਪ੍ਰਾਪਤੀ ਲਈ, ਸਗੋਂ ਧਰਮ ਦੀ ਸਥਾਪਨਾ ਲਈ ਉਨ੍ਹਾਂ ਨੇ ਤਲਵਾਰ ਨੂੰ ਹਰਕਤ ਵਿਚ ਲਿਆਉਂਦਾ। ਯੁੱਧ-ਭੂਮੀ ਵਿਚ ਉਹ ਤਦ ਤਕ ਵੈਰੀਆਂ ਉਤੇ ਸ਼ਸਤ੍ਰ-ਪ੍ਰਹਾਰ ਕਰਦੇ, ਜਦ ਤਕ ਵੈਰੀ ਸਚੇਤ ਅਤੇ ਸ਼ਕਤੀ-ਵਾਨ ਹੁੰਦੇ। ਭੱਜੇ ਜਾਂਦੇ, ਹਾਰੇ ਹੋਏ, ਸ਼ਰਣ ਵਿਚ ਆਏ ਜਾਂ ਘਾਇਲ ਵੈਰੀਆਂ ਉਤੇ ਉਹ ਕਦੇ ਵੀ ਹਥਿਆਰ ਨ ਉਠਾਉਂਦੇ ਅਤੇ ਨ ਹੀ ਅਜਿਹਾ ਕਰਨ ਲਈ ਆਪਣੇ ਅਨੁਯਾਈਆਂ ਨੂੰ ਪ੍ਰੇਰਿਤ ਕਰਦੇ। ਉਹ ਗੰਭੀਰ ਵਿਦਵਾਨ ਅਤੇ ਮਹਾਕਵੀ ਸਨ। ਉਨ੍ਹਾਂ ਨੇ ਸਿੱਖਾਂ ਨੂੰ ਮਾਨਸਿਕ ਦ੍ਰਿੜ੍ਹਤਾ ਪ੍ਰਦਾਨ ਕਰਨ ਲਈ ਖ਼ੁਦ ਸਾਹਿਤ ਰਚਿਆ ਅਤੇ 52 ਕਵੀਆਂ ਨੂੰ ਆਸਰਾ ਦੇ ਕੇ ਵੀਰ-ਰਸੀ ਸਾਹਿਤ ਦੀ ਰਚਨਾ ਕਰਵਾਈ। ਆਪ ਦੀ ਰਚੀ ਬਾਣੀ 'ਦਸਮ ਗ੍ਰੰਥ' (ਵੇਖੋ) ਵਿਚ ਸੰਕਲਿਤ ਦਸੀ ਜਾਂਦੀ ਹੈ, ਪਰ ਇਸ ਗ੍ਰੰਥ ਦਾ ਕਰਤ੍ਰਿਤਵ ਵਿਵਾਦਾਸਪਦ ਹੈ।

*ਵਿਅਕਤਿਤਵ :* ਆਪ ਰਣ-ਵਿਕ੍ਰਮ ਯੋਧੇ ਸਨ। ਸ਼ਸਤ੍ਰ ਚਲਾਉਣ ਵਿਚ ਨਿਪੁਣ ਸਨ। ਤਲਵਾਰ ਨਾਲ ਸ਼ੇਰ ਦਾ ਸ਼ਿਕਾਰ ਕਰਨਾ ਉਨ੍ਹਾਂ ਨੂੰ ਚੰਗਾ ਲਗਦਾ ਸੀ। ਤੀਰ-ਅੰਦਾਜ਼ੀ ਵਿਚ ਉਨ੍ਹਾਂ ਦੀ ਕਮਾਲ ਦੀ ਮਹਾਰਤ ਸੀ। ਭਾਰਤ ਦੇ ਇਤਿਹਾਸ ਵਿਚ ਸ੍ਰੀ ਰਾਮ ਚੰਦਰ ਅਤੇ ਮਹਾਵੀਰ ਅਰਜਨ ਤੋਂ ਬਾਦ ਇਸ ਕਰਤਬ ਵਿਚ ਆਪ ਹੀ ਬੇਜੋੜ ਸਨ। ਰਣ-ਭੂਮੀ ਦੀ ਗਤਿਵਿਧੀ ਅਤੇ ਸੰਚਾਲਨ ਵਿਚ ਵੀ ਆਪ ਬਹੁਤ ਸੂਝਵਾਨ ਸਨ। ਕਿਲ੍ਹਿਆਂ ਦੇ ਮਹੱਤਵ ਨੂੰ ਭਲੀ-ਭਾਂਤ ਸਮਝਦੇ ਸਨ। ਫ਼ੌਜ ਨੂੰ ਸਦਾ ਅਭਿਆਸੀ ਅਤੇ ਵਿਸ਼ਵਾਸੀ ਜੱਥੇਦਾਰਾਂ ਦੇ ਅਧੀਨ ਰਖਦੇ ਸਨ। ਆਪ ਦੀ ਸੈਨਾ ਬੜੀ ਅਨੁਸ਼ਾਸਿਤ ਅਤੇ ਆਤਮ-ਉਤਸਰਗੀ ਸੀ। ਆਪ ਹਾਰੇ ਹੋਏ ਦਲ ਦੀਆਂ ਇਸਤਰੀਆਂ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਤਾਕੀਦ ਕਰਦੇ ਸਨ। ਯੁੱਧ ਜਿਤਣ ਲਈ ਆਪ ਨੇ ਸਿੱਖਾਂ ਦੇ ਮਨ ਵਿਚ ਆਤਮ-ਵਿਸ਼ਵਾਸ ਦੀ ਜੋਤਿ ਜਗਾਈ ਅਤੇ ਸਵਾ ਲੱਖ ਨਾਲ ਇਕ ਇਕਲੇ ਨੂੰ ਜੂਝਣ ਲਈ ਤਿਆਰ ਕੀਤਾ। ਆਪ ਸਦਾ ਸਿੱਖਾਂ ਦੇ ਨਾਲ ਹੋ ਕੇ ਲੜਦੇ ਅਤੇ ਧਰਮ -ਰਖਿਆ ਦੇ ਅੰਦੋਲਨ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਰਹਿੰਦੇ। ਆਪ ਸਮਾਜ ਸੁਧਾਰਕ ਅਤੇ ਸਮਦਰਸ਼ੀ ਰੁਚੀਆਂ ਵਾਲੇ ਯੁਗ-ਪੁਰਸ਼ ਸਨ। ਆਪ ਸ੍ਰੇਸ਼ਠ ਅਤੇ ਦ੍ਰਿੜ੍ਹ ਇਰਾਦੇ ਵਾਲੇ ਇਕ ਸੱਚੇ ਮਨੁੱਖ ਸਨ। ਸੁੰਦਰ ਸਡੌਲ ਸ਼ਰੀਰ ਅਤੇ ਪ੍ਰਭਾਵਸ਼ਾਲੀ ਮੁਖਾਕਾਰ ਵਾਲੇ ਗੁਰੂ ਗੋਬਿੰਦ ਸਿੰਘ ਸਾਰੇ ਜੀਵਨ ਵਿਚ ਅਝੁਕ, ਨਿਡਰ ਅਤੇ ਅਡੋਲ ਰਹੇ।

ਇਤਿਹਾਸਕਾਰਾਂ ਨੇ ਆਪ ਨੂੰ ਰਾਸ਼ਟਰ- ਨਿਰਮਾਤਾ ਵਜੋਂ ਸਤਿਕਾਰਿਆ ਹੈ। ਪੰਜਾਬ ਵਿਚ ਮਰ ਚੁਕੀ ਕੌਮ ਨੂੰ ਫਿਰ ਤੋਂ ਪ੍ਰਾਣਵਾਨ ਬਣਾਉਣਾ ਆਪ ਦੀ ਕਰਾਮਾਤ ਹੈ। ਆਪ ਪਦ-ਦਲਿਤ ਲੋਕਾਂ ਦੀਆਂ ਸੁਤੀਆਂ ਹੋਈਆਂ ਅਤੇ ਅਲਸਾਈਆਂ ਸ਼ਕਤੀਆਂ ਨੂੰ ਸਫਲ ਢੰਗ ਨਾਲ ਉਭਾਰ ਸਕੇ। ਆਪ ਗੱਦੀ ਉਤੇ ਬੈਠਿਆਂ ਧਾਰਮਿਕ ਮਹਾਪੁਰਸ਼, ਯੁੱਧ -ਖੇਤਰ ਵਿਚ ਵੈਰੀਆਂ ਲਈ ਆਫ਼ਤ ਅਤੇ ਸਿੱਖ ਭਾਈਚਾਰੇ ਵਿਚ ਫ਼ਕੀਰ ਸਨ। ਆਪ ਤੋਂ ਪਹਿਲਾਂ ਕਿਸੇ ਲੋਕ-ਨਾਇਕ ਨੂੰ ਪਦ -ਦਲਿਤਾਂ ਤੋਂ ਯੋਧਿਆਂ ਦਾ ਕਰਮ ਕਰਾਉਣ ਦੀ ਗੱਲ ਨਹੀਂ ਸੁਝੀ ਸੀ, ਪਰ ਆਪ ਨੇ ਖ਼ਾਲਸਾ-ਰੂਪ ਵਿਚ ਪ੍ਰਗਟ ਕੀਤੇ ਨਵੇਂ ਮਨੁੱਖ ਨੂੰ ਧਰਮ-ਅਤੀਤ ਸਹਿਜ-ਧਰਮੀ ਬਣਾ ਦਿੱਤਾ। ਆਪ ਦਾ ਜੀਵਨ-ਫਲਸਫਾ 'ਕਰਨ ਜਾਂ ਮਰਨ' ਉਤੇ ਟਿਕਿਆ ਹੋਇਆ ਸੀ। ਅੰਮ੍ਰਿਤ ਦੀ ਦਾਤ ਨਾਲ ਆਪ ਨੇ ਮਿੱਟੀ ਦੇ ਮਾਧੋਆਂ ਨੂੰ ਸੂਰ-ਵੀਰ ਬਣਾ ਦਿੱਤਾ। ਇਸ ਤਰ੍ਹਾਂ ਆਪ ਦਾ ਵਿਅਕਤਿਤਵ ਅਸਾਧਾਰਣ ਅਤੇ ਅਨੂਪਮ ਵਿਸ਼ੇਸ਼ਤਾਵਾਂ ਦਾ ਮੁਜਸਮਾ ਸਿਧ ਹੁੰਦਾ ਹੈ।

*ਵਿਚਾਰਧਾਰਾ :* ਗੁਰੂ ਗੋਬਿੰਦ ਸਿੰਘ ਜੀ ਦੀ ਅਧਿਆਤਮਿਕ ਵਿਚਾਰਧਾਰਾ 'ਦਸਮ-ਗ੍ਰੰਥ' ਵਿਚ ਸੰਕਲਿਤ ਭਗਤੀ-ਪ੍ਰਧਾਨ ਰਚਨਾਵਾਂ ਦੇ ਆਧਾਰ 'ਤੇ ਨਿਸ਼ਚਿਤ

ਕੀਤੀ ਜਾ ਸਕਦੀ ਹੈ। ਇਸ ਦੇ ਆਰੰਭ ਵਿਚ 'ਜਾਪੁ ਸਾਹਿਬ' ਨਾਂ ਦੀ ਰਚਨਾ ਦੀ ਭਾਵ-ਸਾਮਗ੍ਰੀ ਦੀ 'ਜਪੁਜੀ' ਦੀ ਭਾਵ -ਸਾਮਗ੍ਰੀ ਨਾਲ ਦੂਰ ਤਕ ਸਮਾਨਤਾ ਹੈ। ਇਸੇ ਤਰ੍ਹਾਂ ਹੋਰ ਭਗਤੀਮਈ ਰਚਨਾਵਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਇਸ ਗ੍ਰੰਥ ਵਿਚ ਪਰਮ-ਸੱਤਾ ਨੂੰ 'ਇਕ' ਮੰਨਿਆ ਗਿਆ ਹੈ— *ਨਮਸਤੰ ਸੁ ਏਕੈ।* ਉਹ ਓਅੰਕਾਰ ਸਰੂਪ ਹੈ। 'ਅਕਾਲ ਉਸਤਤਿ' ਦੇ ਆਰੰਭ ਵਿਚ ਲਿਖਿਆ ਹੈ— *ਪ੍ਰਣਵੋ ਆਦਿ ਏਕੰਕਾਰ।* ਇਥੇ ੧ ਅਤੇ ਓਅੰਕਾਰ ਨੂੰ ਸਮਨਵਿਤ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 'ਜਾਪੁ' ਨਾਂ ਦੀ ਬਾਣੀ ਵਚ *ਓਅੰ ਆਦਿ ਰੂਪੇ* ਵੀ ਲਿਖਿਆ ਮਿਲਦਾ ਹੈ ਅਤੇ ਤ੍ਰਿਦੇਵਾਂ ਦੁਆਰਾ ਉਸ ਦੀ ਪ੍ਰਭੁਤਾ ਨੂੰ ਸਵੀਕਾਰਿਆ ਗਿਆ ਹੈ। ਉਹ ਅਕਾਲ-ਪੁਰਖ 'ਕਰਤਾ-ਪੁਰਖ' ਵੀ ਹੈ। 'ਜਾਪੁ ਸਾਹਿਬ' ਵਿਚ ਲਿਖਿਆ ਹੈ—*ਅਕਾਲ ਪੁਰਖ ਆਦੇਸ, ਕਾਰਨ ਕੁਨਿੰਦ ਹੈ, ਸਰਬੰ ਕਰਤਾ, ਜਗ ਕੇ ਕਰਨ ਹੈ।* ਉਹ 'ਅਨਭਉ' ਅਤੇ 'ਅਭੈ' ਹੈ। 'ਅਕਾਲ ਉਸਤਤਿ' ਵਿਚ ਵੀ ਗੁਰੂ ਸਾਹਿਬ ਨੇ ਉਸੇ ਦੀ ਰਖਿਆ ਉਤੇ ਭਰੋਸਾ ਕੀਤਾ ਹੈ— *ਅਕਾਲ ਪੁਰਖ ਕੀ ਰਛਾ ਹਮਨੈ।* ਉਹ ਸੱਤਾ ਕਾਲ-ਰਹਿਤ, ਸਭ ਦਾ ਕਾਲ ਅਤੇ ਸਭ ਦੀ ਕਰਤਾ ਹੈ—*ਕਾਲ ਰਹਤ ਅਨਕਾਲ ਸਰੂਪਾ। ਅਲਖ ਪੁਰਖ ਅਬਗਤ ਅਵਧੂਤਾ। ... ਸਭ ਕੋ ਕਾਲ ਸਭਨ ਕੋ ਕਰਤਾ। ਰੋਗ ਸੋਗ ਦੋਖਨ ਕੋ ਹਰਤਾ।*(ਅਕਾਲ-ਉਸਤਤਿ, 9-10)। ਉਹ ਪਰਮ-ਸੱਤਾ 'ਅਜੋਨੀ' ਹੈ ਅਤੇ ਆਪਣੇ ਆਪ ਹੋਂਦ ਵਿਚ ਆਉਣ ਕਾਰਣ 'ਸੈਭੰ' (ਸ੍ਵਯੰਭਵ) ਹੈ— *ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ।* ਉਹ ਨਿਰਾਕਾਰ ਬ੍ਰਹਮ ਕਿਸੇ ਪ੍ਰਕਾਰ ਦੇ ਚਿੰਨ੍ਹ, ਵਰਣ, ਜਾਤਿ- ਪਾਤਿ ਤੋਂ ਪਰ੍ਹੇ ਹੈ; ਉਸ ਦਾ ਕੋਈ ਰੂਪ-ਰੰਗ ਨਹੀਂ, ਉਹ ਅਚਲ ਸਰੂਪ ਵਾਲਾ, ਸੁਤੇ-ਸਿਧ ਪ੍ਰਕਾਸ਼ਿਤ ਹੋਣ ਵਾਲਾ ਅਤੇ ਅਪਾਰ ਸ਼ਕਤੀ ਵਾਲਾ ਹੈ; ਉਹ ਕਰੋੜਾਂ ਇੰਦ੍ਰਾਂ ਦਾ ਇੰਦ੍ਰ ਅਤੇ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਉਸ ਦਾ ਭੇਦ ਤਿੰਨ ਲੋਕਾਂ ਦੇ ਰਾਜੇ, ਦੇਵਤੇ, ਮਨੁੱਖ, ਅਸੁਰ ਨਹੀਂ ਪਾ ਸਕੇ ਹਨ ਅਤੇ ਨੇਤਿ ਨੇਤਿ ਕਹਿ ਕੇ ਆਪਣੀ ਅਸਮਰਥਾ ਪ੍ਰਗਟ ਕਰਦੇ ਹਨ— *ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ। ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ। ਅਚਲ ਮੂਰਤਿ ਅਨਭਵ ਪ੍ਰਕਾਸ ਅਮਿਤੋਜ ਕਹਿਜੈ। ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿਜੈ। ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ। ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ।੧।* (ਜਾਪੁ)।

ਗੁਰੂ ਗ੍ਰੰਥ ਸਾਹਿਬ ਵਿਚ ਪਰਮ-ਸੱਤਾ ਨੂੰ ਦਿਆਲੂ, ਕ੍ਰਿਪਾਲੂ, ਭਗਤ-ਵੱਛਲ, ਪ੍ਰਤਿਪਾਲਕ ਅਤੇ ਪਰਉਪਕਾਰੀ ਕਿਹਾ ਗਿਆ ਹੈ। ਇਹ ਉਸ ਦਾ ਸੌਮ੍ਯ ਅਥਵਾ ਕੋਮਲ ਰੂਪ ਹੈ। ਇਕ ਦੋ ਥਾਂਵਾਂ 'ਤੇ ਉਸ ਨੂੰ 'ਅਸੁਰ-ਸੰਘਾਰੀ' ਵੀ ਕਿਹਾ ਗਿਆ ਹੈ। ਗੁਰੂ ਅਮਰਦਾਸ ਜੀ ਅਨੁਸਾਰ—*ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ। ਗੁਰ ਕੈ ਸਬਦਿ ਭਗਤਿ ਨਿਸਤਾਰਣੁ।* (ਗੁ.ਗ੍ਰੰ.1056)। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਦੀ ਸੋਚ ਵਿਚ ਤਬਦੀਲੀ ਲਿਆਉਣੀ ਸ਼ੁਰੂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਤਿਹਾਸਿਕ ਪਰਿਸਥਿਤੀਆਂ ਕਾਫ਼ੀ ਬਦਲ ਚੁਕੀਆਂ ਸਨ। ਆਤਮ-ਰਖਿਆ ਦਾ ਪ੍ਰਸ਼ਨ ਸਾਹਮਣੇ ਸੀ। ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੇ ਮਹਾ-ਬਲਿਦਾਨਾਂ ਨੇ ਸਮਾਜ ਨੂੰ ਝੰਝੋੜ ਦਿੱਤਾ ਸੀ। ਭੈ-ਭੀਤ ਸਮਾਜ ਵਿਚ ਵੀਰਤਾ ਦੀ ਭਾਵਨਾ ਭਰਨ ਅਤੇ ਧਰਮ-ਯੁੱਧ ਲਈ ਪ੍ਰੇਰਣਾ ਦੇਣ ਲਈ ਸਾਹਿਤ-ਸਿਰਜਨਾ ਬਹੁਤ ਜ਼ਰੂਰੀ ਸਮਝੀ ਗਈ। ਇਸ ਦੇ ਨਾਲ ਹੀ ਪਰਮ-ਸੱਤਾ ਤੋਂ ਸੰਕਟ-ਹਰਨ ਦੀ ਆਸ ਕੀਤੀ ਜਾਣ ਲਗੀ। ਫਲਸਰੂਪ ਸੌਮ੍ਯ ਕਲਪਨਾ ਦੇ ਨਾਲ ਜੁਝਾਰੂ ਕਲਪਨਾ ਵੀ ਜੁੜਨ ਲਗੀ ਅਤੇ ਭਗਤੀ ਤੇ ਸ਼ਕਤੀ, ਸੰਤ ਅਤੇ ਸਿਪਾਹੀ ਦਾ ਪਰਸਪਰ ਸਾਮੰਜਸ ਹੋਣ ਲਗਾ। ਦਸਮ-ਗੁਰੂ ਖ਼ੁਦ ਇਕ ਪਰਾਕ੍ਰਮੀ ਯੋਧਾ ਸਨ, ਇਸ ਲਈ ਉਨ੍ਹਾਂ ਨੂੰ ਆਪਣਾ ਇਸ਼ਟ ਵੀ ਯੁੱਧ-ਵੀਰ ਨਜ਼ਰ ਆਉਣ ਲਗਿਆ। ਉਹ ਸੌਮ੍ਯ ਹੁੰਦਾ ਹੋਇਆ ਵੀ ਕਠੋਰ ਅਤੇ ਜੁਝਾਰੂ ਹੈ— (1) *ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ।੫੨।*; (2) *ਨਮੋ ਨਿਤ ਨਾਰਾਇਣੈ ਕ੍ਰੂਰ ਕਰਮੇ।੫੫।*; (3) *ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ।... ਨਮੋ ਕਲਹ ਕਰਤਾ ਨਮੋ ਸਾਂਤ ਰੂਪੇ।੧੮੭।* (ਜਾਪੁ)।

ਬਹੁਤ ਸਾਰੇ ਪ੍ਰਸੰਗਾਂ ਵਿਚ ਵਰਤੇ ਗਏ ਪਰਮ-ਸੱਤਾ ਦੇ ਨਾਂ ਜਾਂ ਵਿਸ਼ੇਸ਼ਣ ਵੀ ਵੀਰ-ਭਾਵਨਾ ਵਾਲੇ ਹਨ। ਇਸ ਤੋਂ ਇਲਾਵਾ ਅਨੇਕ ਅਜਿਹੀਆਂ ਉਕਤੀਆਂ ਵੀ ਮਿਲ ਜਾਂਦੀਆਂ ਹਨ, ਜਿਨ੍ਹਾਂ ਤੋਂ ਪ੍ਰਭੂ ਦਾ ਵੀਰ ਅਤੇ ਸੰਘਾਰਕ ਰੂਪ ਉਘੜਦਾ ਹੈ, ਜਿਵੇਂ *ਗਨੀਮੁਲ ਸਿਕਸਤੇ, ਖਲ ਘਾਇਕ ਹੈ, ਰਿਪੁ ਤਾਪਨ ਹੈ, ਸਤ੍ਰੰ ਪ੍ਰਣਾਸੀ, ਅਰਿ ਘਾਲਯ ਹੈ,* ਆਦਿ। ਇਨ੍ਹਾਂ ਅਤੇ ਇਸ ਪ੍ਰਕਾਰ ਦੀਆਂ ਹੋਰ ਉਕਤੀਆਂ ਤੋਂ ਪਰਮ-ਸੱਤਾ ਦਾ ਦੁਸ਼ਟ-ਦਮਨ-ਕਾਰੀ ਰੂਪ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਅਜਿਹੇ ਚਿਤ੍ਰਣ ਨਾਲ ਭੈ-ਭੀਤ ਸਮਾਜ ਵਿਚ

ਵੈਰੀ ਦੇ ਨਸ਼ਟ ਹੋਣ ਦੀ ਆਸ ਬੱਝੀ ਅਤੇ ਸਿੱਖ ਸੈਨਾਨੀ ਆਸਵੰਤ ਹੋ ਕੇ ਉਤਸਾਹ-ਪੂਰਵਕ ਆਤਮ-ਬਲ ਨਾਲ ਯੁੱਧ-ਭੂਮੀ ਵਿਚ ਆਪਣੇ ਜੌਹਰ ਵਿਖਾਉਣ ਵਿਚ ਸਮਰਥ ਹੋਏ। ਇਸ ਪ੍ਰਕਾਰ ਦੀ ਜੁਝਾਰੂ ਕਲਪਨਾ ਨਾਲ ਪਰਮ-ਸੱਤਾ ਦੇ ਸੌਮ੍ਯ ਅਤੇ ਰੌਦ੍ਰ ਦੋਵੇਂ ਰੂਪ ਸਾਹਮਣੇ ਆ ਜਾਂਦੇ ਹਨ। 'ਜਾਪੁ' ਨਾਂ ਦੀ ਬਾਣੀ ਦੇ ਅੰਤ ਵਿਚ ਇਸੇ ਸਾਮੰਜਸ ਨੂੰ ਪ੍ਰਗਟਾਇਆ ਗਿਆ ਹੈ— *ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ। ਸਦਾ ਅੰਗ ਸੰਗੇ ਅਭੰਗੰ ਬਿਭੂਤੇ।*

ਸੰਸਾਰ ਦੀ ਰਚਨਾ-ਪ੍ਰਕ੍ਰਿਆ ਅਤੇ ਇਸ ਦੇ ਸਰੂਪ ਬਾਰੇ 'ਦਸਮ ਗ੍ਰੰਥ' ਵਿਚ ਬਹੁਤ ਚਰਚਾ ਨਹੀਂ ਹੋਈ, ਪਰ ਉਂਜ ਜੋ ਕੁਝ ਵੀ ਕਿਹਾ ਗਿਆ ਹੈ, ਉਹ ਗੁਰੂ ਗ੍ਰੰਥ ਸਾਹਿਬ ਦੀ ਭਾਵਨਾ ਨੂੰ ਹੀ ਅਗੇ ਤੋਰਦਾ ਹੈ। ਦਸਮ-ਗੁਰੂ ਅਨੁਸਾਰ ਸਾਰਾ ਸੰਸਾਰ ਇਕ ਖੇਲ-ਤਮਾਸ਼ਾ ਹੈ। ਪਰਮ-ਸੱਤਾ ਇਕ ਹੈ, ਪਰ ਉਸ ਨੇ ਅਨੇਕ ਰੂਪ ਧਾਰਣ ਕੀਤੇ ਹੋਏ ਹਨ। ਉਹ ਬਾਜੀਗਰ ਵਾਂਗ ਸੰਸਾਰਿਕ ਪ੍ਰਪੰਚ ਨੂੰ ਰਚਦੀ ਹੈ ਅਤੇ ਉਸੇ ਵਾਂਗ ਸਮੇਟ ਵੀ ਲੈਂਦੀ ਹੈ—*ਏਕੁ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕੁ। ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕੁ।੮੧।* (ਜਾਪੁ)।

'ਅਕਾਲ-ਉਸਤਤਿ' ਵਿਚ ਵੀ ਇਸੇ ਤੱਥ ਦੀ ਉਪਮਾਨ-ਵਿਧਾਨ ਦੁਆਰਾ ਵਿਆਖਿਆ ਕੀਤੀ ਗਈ ਹੈ ਕਿ ਜਿਵੇਂ ਅੱਗ ਤੋਂ ਕਈ ਚਿੰਗਾਰੀਆਂ ਨਿਕਲ ਕੇ ਅਤੇ ਆਪਣੀ ਹੋਂਦ ਦਸ ਕੇ ਫਿਰ ਅੱਗ ਵਿਚ ਹੀ ਸਮਾ ਜਾਂਦੀਆਂ ਹਨ; ਜਿਵੇਂ ਇਕ ਮਿੱਟੀ ਤੋਂ ਅਨੇਕ ਜ਼ੱਰੇ ਪੈਦਾ ਹੋ ਕੇ ਅਤੇ ਆਪਣੀ ਹੋਂਦ ਦਾ ਬੋਧ ਕਰਾ ਕੇ ਫਿਰ ਮਿੱਟੀ ਵਿਚ ਮਿਲ ਜਾਂਦੇ ਹਨ; ਜਿਵੇਂ ਕਿਸੇ ਨਦੀ ਜਾਂ ਜਲ-ਆਸ਼ਯ ਵਿਚ ਅਨੇਕ ਲਹਿਰਾਂ ਉਠ ਕੇ ਅਤੇ ਆਪਣੇ ਅਸਤਿਤ੍ਵ ਦਾ ਅਹਿਸਾਸ ਕਰਾ ਕੇ ਫਿਰ ਜਲ ਵਿਚ ਮਿਲ ਜਾਂਦੀਆਂ ਹਨ; ਉਸੇ ਤਰ੍ਹਾਂ ਪਰਮ-ਸੱਤਾ ਤੋਂ ਅਨੇਕ ਸੰਸਾਰਿਕ ਵਸਤੂਆਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੀਆਂ ਹਨ— *ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੇ, ਨਯਾਰੇ ਨਯਾਰੇ ਹ੍ਵੈ ਕੇ ਫਿਰ ਆਗ ਮੈ ਮਿਲਾਹਿੰਗੇ। ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤਿ ਹੈ, ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ। ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ, ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ। ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ, ਤਾਹਿ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ।੮੭।*

ਜੀਵਾਤਮਾ ਅਥਵਾ ਮਨੁੱਖ ਸੰਬੰਧੀ ਵੀ 'ਦਸਮ ਗ੍ਰੰਥ' ਵਿਚ ਬਹੁਤੀ ਗੱਲ ਨਹੀਂ ਕਹੀ ਗਈ। ਪਰ ਜੋ ਕੁਝ ਕਿਹਾ ਗਿਆ ਹੈ, ਉਹ ਗੁਰੂ ਗ੍ਰੰਥ ਸਾਹਿਬ ਦੀ ਇਸ ਸੰਬੰਧੀ ਵਿਚਾਰਧਾਰਾ ਦਾ ਅਨੁਕਰਣ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦਸਿਆ ਹੈ ਕਿ ਕੋਈ ਬੈਰਾਗੀ ਹੈ ਅਤੇ ਕੋਈ ਸੰਨਿਆਸੀ, ਕੋਈ ਹਿੰਦੂ ਹੈ ਅਤੇ ਕੋਈ ਤੁਰਕ, ਪਰ ਮੂਲ ਰੂਪ ਵਿਚ ਇਹ ਸਾਰੇ ਮਨੁੱਖ ਹਨ ਅਤੇ ਇਨ੍ਹਾਂ ਸਭ ਦਾ ਕਰਤਾ ਇਕ ਪਰਮਾਤਮਾ ਹੀ ਹੈ। ਉਹ ਕ੍ਰਿਪਾਲੂ ਅਤੇ ਰੋਜ਼ੀ ਦੇਣ ਵਾਲਾ ਹੈ। ਉਸ ਤੋਂ ਭਿੰਨ ਹੋਰ ਕਿਸੇ ਦੀ ਸੱਤਾ ਨਹੀਂ— *ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ। ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ। ਕਰਤਾ ਕਰੀਮ ਸੋਈ ਰਾਜਕ ਰਹੀਮ ਓਈ, ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ। ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।੮੫।* ਇਸ ਵਿਚਾਰ ਨੂੰ ਅਗੇ ਤੋਰਦਿਆਂ ਗੁਰੂ ਜੀ ਨੇ ਵਖਵਾਦ ਅਤੇ ਰਾਸ਼ਟਰੀ ਅਭਿਮਾਨ ਨੂੰ ਤੁਛ ਮੰਨ ਕੇ ਸਥਾਪਿਤ ਕੀਤਾ ਹੈ ਕਿ ਮੰਦਿਰ ਅਤੇ ਮਸਜਿਦ, ਪੂਜਾ ਅਤੇ ਨਮਾਜ਼, ਸਭ ਇਕ-ਸਮਾਨ ਹਨ। ਮਨੁੱਖ ਸਾਰੇ ਇਕ ਹਨ, ਉਨ੍ਹਾਂ ਦੇ ਵਖ ਵਖ ਹੋਣ ਦਾ ਕੇਵਲ ਭਰਮ ਹੀ ਹੈ। ਦੇਵਤਾ, ਦੈਂਤ, ਯਕ੍ਸ਼, ਗੰਧਰਬ, ਮੁਸਲਮਾਨ, ਹਿੰਦੂ ਆਦਿ ਵਿਚ ਇਸ ਦੀ ਉਪਰਲੀ ਵਖਰਤਾ, ਅਸਲ ਵਿਚ, ਭਿੰਨ ਭਿੰਨ ਦੇਸ਼ਾਂ ਦੀ ਰਹਿਤਲ ਦਾ ਪ੍ਰਭਾਵ ਹੈ। ਸਾਰੇ ਮਨੁੱਖ ਅੱਖਾਂ, ਕੰਨਾਂ, ਸ਼ਰੀਰ ਦੀ ਬਨਾਵਟ ਵਜੋਂ ਇਕ-ਸਮਾਨ ਹਨ, ਕਿਉਂਕਿ ਇਨ੍ਹਾਂ ਦੀ ਰਚਨਾ ਭੌਤਿਕ ਤੱਤ੍ਵਾਂ ਦੇ ਸੰਯੋਗ ਨਾਲ ਹੋਈ ਹੈ। ਰਾਮ ਅਤੇ ਰਹੀਮ, ਕੁਰਾਨ ਅਤੇ ਪੁਰਾਨ ਵਿਚ ਕੋਈ ਅੰਤਰ ਨਹੀਂ, ਕਿਉਂਕਿ ਇਨ੍ਹਾਂ ਦਾ ਸਰੂਪ ਅਤੇ ਬਨਾਵਟ ਇਕੋ ਜਿਹੀ ਹੈ—*ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ। ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ। ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ ਔਰ ਆਬ ਕੋ ਰਲਾਉ ਹੈ। ਅਲਹ ਅਭੇਦ ਸੋਈ ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।੮੬।* ਇਨ੍ਹਾਂ ਸੰਦਰਭਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਧਾਰਮਿਕ ਅਤੇ ਸਮਾਜਿਕ ਵਿਚਾਰਧਾਰਾ ਦੀ ਨੁਹਾਰ ਵੀ ਸਪੱਸ਼ਟ ਹੋ ਜਾਂਦੀ ਹੈ।

ਦਸਮ-ਗੁਰੂ ਦੀ ਬਾਣੀ ਵਿਚ ਪਰਮਾਤਮਾ ਨਾਲ ਅਦ੍ਵੈਤ ਸੰਬੰਧ ਸਥਾਪਿਤ ਕਰਨ ਲਈ ਪ੍ਰੇਮ ਨੂੰ ਹੀ ਇਕ-ਮਾਤ੍ਰ ਸਾਧਨ ਦਸਿਆ ਗਿਆ ਹੈ। 'ਜਾਪ' ਨਾਂ ਦੀ ਬਾਣੀ ਵਿਚ ਗੁਰੂ ਜੀ ਨੇ ਸਥਾਪਨਾ ਕੀਤੀ ਹੈ ਕਿ ਪਰਮ-ਸੱਤਾ ਪ੍ਰੇਮ ਰੂਪ ਵਿਚ ਸਰਬਤ੍ਰ ਵਿਚਰ ਰਹੀ ਹੈ। ਪਰਮਾਤਮਾ ਅਤੇ ਪ੍ਰੇਮ ਵਿਚ ਕੋਈ ਅੰਤਰ ਨਹੀਂ, ਦੋਵੇਂ ਅਭਿੰਨ ਹਨ। ਹਰ ਪਾਸੇ ਪ੍ਰੇਮ ਦਾ ਹੀ ਪਸਾਰਾ ਹੈ—*ਜਤ੍ਰ ਤਤ੍ਰ ਦਿਸ਼ਾ ਵਿਸਾ ਹੁਇ ਫੈਲਿਓ ਅਨੁਰਾਗੁ* (੮੦)। 'ਅਕਾਲ-ਉਸਤਤਿ' ਵਿਚ ਗੁਰੂ ਜੀ ਨੇ ਦਸਿਆ ਹੈ ਕਿ ਕਿਸੇ ਨੇ ਸਿਰ ਉਤੇ ਠਾਕੁਰ ਧਾਰਣ ਕੀਤਾ ਹੋਇਆ ਹੈ ਅਤੇ ਕਿਸੇ ਨੇ ਸ਼ਿਵਲਿੰਗ ਨੂੰ ਗਲੇ ਵਿਚ ਲਟਕਾਇਆ ਹੋਇਆ ਹੈ। ਕੋਈ ਪਰਮਾਤਮਾ ਨੂੰ ਪੂਰਬ ਦਿਸ਼ਾ ਵਲ ਅਤੇ ਕੋਈ ਪੱਛਮ ਦਿਸ਼ਾ ਵਲ ਮੰਨਦਾ ਹੈ। ਕੋਈ ਬੁੱਤਾਂ ਦੀ ਪੂਜਾ ਕਰਦਾ ਹੈ ਅਤੇ ਕੋਈ ਮੜ੍ਹੀਆਂ ਨੂੰ ਪੂਜਦਾ ਹੈ। ਪਰ ਇਹ ਸਾਰੇ ਵਿਖਾਵੇ ਦੀ ਕੂੜੀ ਕ੍ਰਿਆ ਵਿਚ ਉਲਝੇ ਹੋਏ ਹਨ, ਇਸ ਲਈ ਪਰਮਾਤਮਾ ਦੇ ਭੇਦ ਨੂੰ ਸਮਝਣੋ ਅਸਮਰਥ ਹਨ— *ਕਾਹੂ ਲੈ ਪਾਹਨ ਪੂਜ ਧਰਿਯੋ ਸਿਰ, ਕਾਹੂ ਲੈ ਲਿੰਗੁ ਗਰੈ ਲਟਕਾਇਉ। ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਉ। ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੌ ਪੂਜਨ ਧਾਇਉ। ਕੂਰ ਕ੍ਰਿਆ ਉਰਝਿਓ ਸਭਹੀ ਜਗੁ, ਸ੍ਰੀ ਭਗਵਾਨ ਕੋ ਭੇਦ ਨ ਪਾਇਉ।੩੦।*

ਸਚ ਤਾਂ ਇਹ ਹੈ ਕਿ ਪਰਮਾਤਮਾ ਦਾ ਭੇਦ ਬਾਹਰਲੇ ਵਿਖਾਵਿਆਂ ਜਾਂ ਕਰਮ-ਕਾਂਡਾਂ ਦੁਆਰਾ ਪ੍ਰਾਪਤ ਨਹੀਂ ਹੋ ਸਕਦਾ। ਬਗਲੇ ਵਾਂਗ ਅੱਖਾਂ ਮੀਟਣ ਅਤੇ ਧਿਆਨ ਲਗਾਉਣ ਨਾਲ ਕੁਝ ਨਹੀਂ ਬਣਦਾ, ਸੱਤਾਂ ਸਮੁੰਦਰਾਂ ਦਾ ਇਸ਼ਨਾਨ ਕਰ ਲੈਣ 'ਤੇ ਵੀ ਲੋਕ-ਪਰਲੋਕ ਨਸ਼ਟ ਹੋ ਜਾਂਦੇ ਹਨ। ਵਿਸ਼ੇ-ਵਾਸਨਾਵਾਂ ਵਿਚ ਲੀਨ ਰਹਿਣ ਨਾਲ ਕੇਵਲ ਉਮਰ ਬਿਤਾਉਣੀ ਹੈ। ਵਾਸਤਵ ਵਿਚ ਪ੍ਰੇਮ ਹੀ ਇਕ-ਮਾਤ੍ਰ ਸਾਧਨ ਹੈ ਜਿਸ ਦੁਆਰਾ ਪਰਮਾਤਮਾ ਪ੍ਰਾਪਤ ਹੋ ਸਕਦਾ ਹੈ— *ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠ ਰਹਿਓ ਬਕ ਧਿਆਨ ਲਗਾਇਉ। ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ, ਲੋਕ ਗਇਓ ਪਰਲੋਕ ਗਵਾਇਉ। ਬਾਸ ਕੀਓ ਬਿਖਿਆਨ ਸੋ ਬੈਠ ਕੇ, ਐਸੇ ਹੀ ਐਸੇ ਸੁ ਬੈਸ ਬਿਤਾਇਉ। ਸਾਚ ਕਹੋ ਸੁਨ ਲੇਹੁ ਸਭੇ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਉ।੨੯।*

ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਲਈ ਸਰਬ-ਸ੍ਰੇਸ਼ਠ ਸਾਧਨ 'ਪ੍ਰੇਮ' ਹੈ। ਇਹ ਭਾਵਨਾ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਮ-ਭਗਤੀ ਦੀ ਹੀ ਵਿਸਤ੍ਰਿਤੀ ਹੈ।

**ਗੋਬਿੰਦਗੜ੍ਹ** (ਕਿਲ੍ਹਾ): ਅੰਮ੍ਰਿਤਸਰ ਨਗਰ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਉਸਰਵਾਇਆ ਇਕ ਕਿਲ੍ਹਾ ਜੋ ਭੰਗੀ ਮਿਸਲ ਦੇ ਸ. ਗੁਜਰ ਸਿੰਘ ਵਲੋਂ ਬਣਵਾਈ ਇਕ ਗੜ੍ਹੀ ਦੇ ਥੇਹ ਉਤੇ ਕਾਇਮ ਕੀਤਾ ਗਿਆ ਅਤੇ ਇਸ ਦਾ ਨਾਂ ਦਸਮ ਗੁਰੂ ਜੀ ਦੇ ਨਾਂ ਨਾਲ ਸੰਬੰਧਿਤ ਕੀਤਾ ਗਿਆ। ਸੰਨ 1805 ਈ. ਤੋਂ 1809 ਈ. ਤਕ ਚਾਰ ਸਾਲ ਇਸ ਦੀ ਉਸਾਰੀ ਚਲਦੀ ਰਹੀ। ਸ. ਸ਼ਮੀਰ ਸਿੰਘ ਨੂੰ ਇਸ ਦਾ ਪਹਿਲਾ ਕਿਲ੍ਹੇਦਾਰ ਨਿਯੁਕਤ ਕੀਤਾ ਗਿਆ। ਇਸ ਕਿਲ੍ਹੇ ਅੰਦਰ ਸਿੱਕਿਆਂ ਦੀ ਟਕਸਾਲ ਤੋਂ ਇਲਾਵਾ ਖ਼ਜ਼ਾਨਾ, ਅਸਲਾ-ਖ਼ਾਨਾ, ਸ਼ਾਹੀ ਅਸਤਬਲ ਅਤੇ ਘੋੜਸਵਾਰ ਸੈਨਿਕ ਰਹਿੰਦੇ ਸਨ। ਫ਼ਕੀਰ ਇਮਾਮਉੱਦੀਨ ਵੀ ਕਾਫ਼ੀ ਸਮੇਂ ਤਕ ਇਸ ਦਾ ਵਿਵਸਥਾਪਕ ਰਿਹਾ ਸੀ। ਇਸ ਵਿਚ ਜੰਗੀ ਕੈਦੀਆਂ ਨੂੰ ਵੀ ਬੰਦ ਕੀਤਾ ਜਾਂਦਾ ਸੀ।

**ਗੋਬਿੰਦਗੜ੍ਹ ਮੰਡੀ** : ਸਰਹਿੰਦ ਤੋਂ 9 ਕਿ.ਮੀ. ਪੱਛਮ ਵਾਲੇ ਪਾਸੇ ਸਥਿਤ ਇਸ ਨਗਰ ਨੂੰ 'ਮੰਡੀ ਗੋਬਿੰਦਗੜ੍ਹ' ਵੀ ਕਹਿੰਦੇ ਹਨ। ਇਥੇ ਲੋਹੇ ਦੀ ਬਹੁਤ ਵੱਡੀ ਮੰਡੀ ਹੈ। ਸਿੱਖ ਰਵਾਇਤ ਅਨੁਸਾਰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਮੇਹਰਾਜ ਦੀ ਲੜਾਈ ਤੋਂ ਬਾਦ ਜਦੋਂ ਕਰਤਾਰਪੁਰ ਵਲ ਪਰਤ ਰਹੇ ਸਨ, ਤਾਂ ਕੁਝ ਸਮੇਂ ਲਈ ਇਥੇ ਇਕ ਵੱਡੀ ਢਾਬ ਦੇ ਕੰਢੇ ਆਪਣੇ 2200 ਸੈਨਿਕਾਂ ਸਮੇਤ ਠਹਿਰੇ ਸਨ। ਯੁੱਧ ਵਿਚ ਨਾਕਾਰਾ ਹੋਏ ਸ਼ਸਤ੍ਰਾਂ ਦੀ ਮੁਰੰਮਤ ਲਈ ਸਿੱਖਾਂ ਨੇ ਉਦਮ ਕੀਤਾ, ਪਰ ਇਥੇ ਲੋਹੇ ਦੀ ਬੜੀ ਘਾਟ ਸੀ। ਸਿੱਖਾਂ ਵਲੋਂ ਲੋਹੇ ਦੀ ਅਣ-ਉਪਲਬਧੀ ਬਾਰੇ ਸ਼ਿਕਾਇਤ ਕਰਨ 'ਤੇ ਗੁਰੂ ਜੀ ਨੇ ਫ਼ਰਮਾਇਆ ਕਿ ਸਮਾਂ ਆਉਣ 'ਤੇ ਇਥੇ ਲੋਹੇ ਦਾ ਬਹੁਤ ਵੱਡਾ ਭੰਡਾਰ ਹੋਵੇਗਾ। ਸਮਾਂ ਬੀਤ ਗਿਆ। ਸੰਨ 1883 ਈ. ਵਿਚ ਇਥੇ ਰੇਲਵੇ-ਸਟੇਸ਼ਨ ਬਣਾਇਆ ਗਿਆ ਅਤੇ ਉਸ ਦਾ ਨਾਂ 'ਨਾਭਾ' ਰਖਿਆ ਗਿਆ, ਕਿਉਂਕਿ ਨਾਭਾ ਨਗਰ ਨੂੰ ਜਾਣ ਲਈ ਸਵਾਰੀਆਂ ਇਥੇ ਹੀ ਉਤਰ ਕੇ ਜਾਂਦੀਆਂ ਸਨ। ਇਸ ਨਾਂ ਨਾਲ ਕਾਫ਼ੀ ਭੁਲੇਖਾ ਪੈਂਦਾ ਸੀ। ਇਸ ਲਈ ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਨੇ ਇਸ ਦਾ ਨਾਂ ਗੁਰੂ ਹਰਿਗੋਬਿੰਦ ਜੀ ਦੀ ਆਮਦ ਦੀ ਯਾਦ ਵਜੋਂ 'ਗੋਬਿੰਦਗੜ੍ਹ' ਰਖ ਦਿੱਤਾ।

ਫਿਰ ਸੰਨ 1902 ਈ. ਵਿਚ ਇਥੇ ਇਕ ਮੰਡੀ ਦੀ ਸਥਾਪਨਾ ਕਰਵਾਈ। ਕਾਲਾਂਤਰ ਵਿਚ ਇਹ ਨਗਰ 'ਗੋਬਿੰਦਗੜ੍ਹ ਮੰਡੀ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇਥੇ 'ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ' ਬਣਿਆ ਹੋਇਆ ਹੈ। ਇਹ ਗੁਰਦੁਆਰਾ ਪਹਿਲਾਂ ਛੋਟਾ ਜਿਹਾ ਸੀ, ਪਰ ਜੂਨ 1955 ਈ. ਤੋਂ ਇਸ ਦੀ ਬੜੀ ਸੁੰਦਰ ਚਾਰ-ਮੰਜ਼ਲੀ ਇਮਾਰਤ ਬਣੀ ਹੋਈ ਹੈ। ਸੰਨ 1983 ਈ. ਤੋਂ ਇਥੇ ਢਾਬ ਵਾਲੀ ਥਾਂ ਉਤੇ ਸਰੋਵਰ ਵੀ ਬਣਾਇਆ ਗਿਆ ਹੈ। ਹਰ ਮਹੀਨੇ ਦੀ ਪੂਰਣਮਾਸੀ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ-ਦਿਨ ਬਹੁਤ ਉਤਸਾਹ ਨਾਲ ਮੰਨਾਏ ਜਾਂਦੇ ਹਨ। ਇਥੇ ਹੋਲੇ ਦੇ ਮੌਕੇ ਕਾਫ਼ੀ ਰੌਣਕ ਹੁੰਦੀ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ।

**ਗੋਬਿੰਦ ਗੀਤਾ** (ਕਾਵਿ): ਇਸ ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਪਰ ਇਹ ਅਸਲੋਂ ਗੁਰੂ ਜੀ ਦੇ ਇਕ ਦਰਬਾਰੀ ਕਵੀ ਕ੍ਰਿਸ਼ਨ ਲਾਲ ਦੀ ਰਚਨਾ ਹੈ। ਵੇਖੋ 'ਕ੍ਰਿਸ਼ਨ ਲਾਲ, ਕਵੀ'।

**ਗੋਬਿੰਦਪੁਰਾ** (ਪਿੰਡ): ਪੰਜਾਬ ਦੇ ਮਾਨਸਾ ਜ਼ਿਲ੍ਹੇ ਦਾ ਇਕ ਪਿੰਡ, ਜੋ ਬਰੇਟਾ ਤੋਂ 7 ਕਿ.ਮੀ. ਪੱਛਮ ਵਲ ਸਥਿਤ ਹੈ। ਇਥੇ ਦੋ ਗੁਰੂ ਸਾਹਿਬ ਬਿਰਾਜੇ ਸਨ। ਗੁਰੂ ਤੇਗ ਬਹਾਦਰ ਜੀ ਗਾਗਾ ਪਿੰਡ ਨੂੰ ਜਾਂਦਿਆਂ ਅਤੇ ਦਸਮ ਗੁਰੂ ਖੁਡਾਲ ਪਿੰਡ ਤੋਂ ਸਿਰਸਾ ਨਗਰ ਵਲ ਜਾਂਦਿਆਂ ਇਥੇ ਠਹਿਰੇ ਸਨ। ਦੋਹਾਂ ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਪਹਿਲਾਂ ਦੋ ਮੰਜੀ ਸਾਹਿਬ ਬਣੇ ਹੋਏ ਸਨ, ਹੁਣ ਨਵੀਂ ਇਮਾਰਤ ਉਸਾਰੀ ਜਾ ਚੁਕੀ ਹੈ। ਇਥੇ ਮਸਿਆ ਨੂੰ ਕਾਫ਼ੀ ਸੰਗਤ ਜੁੜਦੀ ਹੈ।

**ਗੋਰਖਨਾਥ** : ਇਹ ਉੱਤਰੀ ਭਾਰਤ ਦਾ ਉਹ ਸਸ਼ਕਤ ਧਰਮ-ਸਾਧਕ ਸੀ ਜਿਸ ਨੇ ਆਪਣੇ ਪ੍ਰਤਾਪ ਨਾਲ ਕਾਬੁਲ ਤੋਂ ਬੰਗਾਲ ਤਕ ਯੋਗ-ਮਤ ਦਾ ਦ੍ਰਿੜ੍ਹਤਾ ਪੂਰਵਕ ਪ੍ਰਚਾਰ ਕੀਤਾ। ਇਸ ਵਿਚ ਸ਼ਕ ਨਹੀਂ ਕਿ ਮਛੰਦ੍ਰਨਾਥ ਨੂੰ ਯੋਗਮਤ ਦਾ ਮੋਢੀ ਮੰਨਿਆ ਜਾਂਦਾ ਹੈ, ਪਰ ਇਸ ਮਤ ਨੂੰ ਵਿਕਸਿਤ ਹੋਣ ਵਿਚ ਮੁੱਖ ਯੋਗਦਾਨ ਗੋਰਖਨਾਥ ਦਾ ਹੈ। ਇਸ ਲਈ ਕਈ ਵਾਰ ਨਾਥ-ਮਤ ਨੂੰ ਗੋਰਖ-ਮਤ ਵੀ ਕਹਿ ਦਿੱਤਾ ਜਾਂਦਾ ਹੈ। ਖੇਦ ਦੀ ਗੱਲ ਹੈ ਕਿ ਇਸ ਸਾਧਕ ਦੇ ਜੀਵਨ ਬਾਰੇ ਕੋਈ ਪ੍ਰਮਾਣਿਕ ਸਾਮਗ੍ਰੀ ਉਪਲਬਧ ਨਹੀਂ ਹੈ। ਜੋ ਕੁਝ ਮਿਲਦਾ ਹੈ ਉਸ ਨੂੰ ਰਵਾਇਤਾਂ ਤੋਂ ਬਿਨਾ ਕੁਝ ਨਹੀਂ ਕਿਹਾ ਜਾ ਸਕਦਾ। ਪਰ ਉਸ ਦੀ ਸਥਾਨ-ਪੂਰਤੀ ਕਿਸੇ ਹੋਰ ਸਾਧਨ ਰਾਹੀਂ ਨ ਹੋ ਸਕਣ ਕਾਰਣ ਉਸੇ ਨੂੰ ਆਧਾਰ ਬਣਾਉਣਾ ਪੈਂਦਾ ਹੈ।

ਗੋਰਖਨਾਥ ਦੇ ਜਨਮ-ਸਥਾਨ ਬਾਰੇ ਇਕ ਇਹ ਧਾਰਣਾ ਪ੍ਰਚਲਿਤ ਹੈ ਕਿ ਇਨ੍ਹਾਂ ਦਾ ਜਨਮ ਰਾਵਲਪਿੰਡੀ ਦੀ ਤਹਿਸੀਲ ਗੁਜਰਖ਼ਾਨ ਦੇ ਕਿਸੇ ਪਿੰਡ ਵਿਚ ਹੋਇਆ ਸੀ ਅਤੇ ਇਹ ਅਧਿਕਤਰ ਪੰਜਾਬ ਦੀ ਧਰਤੀ ਉਤੇ ਵਿਚਰਿਆ ਸੀ। ਪਰ ਕੁਝ ਵਿਦਵਾਨ ਇਸ ਨੂੰ ਪੰਜਾਬ ਵਿਚ ਬਾਹਰੋਂ ਆਇਆ ਮੰਨਦੇ ਹਨ। ਇਸ ਦੀ ਜਾਤਿ ਨੂੰ ਕੋਈ ਨੀਵੀਂ ਦਸਦਾ ਹੈ, ਕੋਈ ਸੁਨਿਆਰਾ ਕਹਿੰਦਾ ਹੈ ਅਤੇ ਕੋਈ ਬ੍ਰਾਹਮਣ। ਅਸਲ ਵਿਚ, ਇਹ ਇਕ ਘੁਮੱਕੜ ਸਾਧ ਸੀ। ਕਿਸੇ ਇਕ ਥਾਂ ਟਿਕਣਾ ਉਸ ਲਈ ਸੰਭਵ ਨਹੀਂ ਸੀ। ਇਸ ਲਈ ਜਿਥੇ ਜਿਥੇ ਇਹ ਗਿਆ, ਇਸ ਦੇ ਨਾਂ ਨਾਲ ਸੰਬੰਧਿਤ ਸਥਾਨ ਅਥਵਾ ਧਾਮ ਕਾਇਮ ਹੋ ਗਏ ਅਤੇ ਸਮੇਂ ਦੇ ਬੀਤਣ ਨਾਲ ਕਈਆਂ ਸਥਾਨਾਂ ਨੂੰ ਇਨ੍ਹਾਂ ਦੇ ਜਨਮ-ਸਥਾਨ ਨਾਲ ਜੋੜ ਦਿੱਤਾ ਗਿਆ।

ਗੋਰਖਨਾਥ ਦੇ ਸਮੇਂ ਬਾਰੇ ਵੀ ਵਿਦਵਾਨਾਂ ਵਿਚ ਮਤ-ਭੇਦ ਹੈ। ਅਨੇਕ ਪ੍ਰਕਾਰ ਦੇ ਅਨੁਮਾਨਾਂ, ਅਸਪੱਸ਼ਟ ਬਾਹਰਲੇ ਪ੍ਰਮਾਣਾਂ ਅਤੇ ਲੋਕ-ਰਵਾਇਤਾਂ ਦੇ ਆਧਾਰ 'ਤੇ ਵਿਦਵਾਨਾਂ ਨੇ ਆਪਣੇ ਅੰਦਾਜ਼ੇ ਲਗਾਏ ਹਨ। ਇਨ੍ਹਾਂ ਸਾਰਿਆਂ ਮਤਾਂ ਦੇ ਆਧਾਰ 'ਤੇ ਜੋ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਕਿ ਗੋਰਖਨਾਥ ਦਸਵੀਂ-ਯਾਰ੍ਹਵੀਂ ਸਦੀ ਵਿਚ ਹੋਇਆ ਸੀ। ਇਹ ਮਛੰਦ੍ਰਨਾਥ ਦਾ ਚੇਲਾ ਸੀ ਜਾਂ ਛੋਟਾ ਗੁਰਭਾਈ, ਇਸ ਬਾਰੇ ਵੀ ਵਿਵਾਦ ਪ੍ਰਚਲਿਤ ਹੈ। ਜੋ ਵੀ ਹੋਏ, ਗੋਰਖਨਾਥ ਮਛੰਦ੍ਰਨਾਥ ਦੇ ਨਿਕਟ ਸੰਪਰਕ ਵਿਚ ਰਿਹਾ ਸੀ ਅਤੇ ਉਸ ਦਾ ਸਮਕਾਲੀ ਸੀ; ਉਮਰ ਵਿਚ ਉਸ ਤੋਂ ਛੋਟਾ ਸੀ। ਇਸ ਬਾਰੇ ਆਪਣੇ ਗੁਰੂ ਅਥਵਾ ਗੁਰਭਾਈ ਮਛੰਦ੍ਰਨਾਥ ਨੂੰ ਤ੍ਰਿਆ-ਜਾਲ ਤੋਂ ਮੁਕਤ ਕਰਾਉਣ ਦੀ ਸਾਖੀ ਵੀ ਪ੍ਰਚਲਿਤ ਹੈ।

ਗੋਰਖਨਾਥ ਆਪਣੇ ਸਮੇਂ ਦਾ ਬੜਾ ਪ੍ਰਤਾਪੀ ਅਤੇ

ਤੇਜਸਵੀ ਸਾਧਕ ਸੀ। ਇਸ ਨੇ ਸਾਰੇ ਭਾਰਤ, ਤਿੱਬਤ ਅਤੇ ਨੇਪਾਲ ਤਕ ਭ੍ਰਮਣ ਕੀਤਾ ਅਤੇ ਦ੍ਰਿੜ੍ਹ ਪ੍ਰਚਾਰ ਰਾਹੀਂ ਯੋਗ ਮਤ ਦਾ ਝੰਡਾ ਗਡਿਆ। ਕਈ ਰਾਜੇ ਵੀ ਇਸ ਤੋਂ ਪ੍ਰਭਾਵਿਤ ਹੋਏ ਅਤੇ ਆਪਣਾ ਰਾਜ-ਭਾਗ ਛਡ ਕੇ ਇਸ ਦੇ ਪਿਛੇ ਲਗ ਤੁਰੇ। ਉਂਜ ਤਾਂ ਸਾਰੇ ਭਾਰਤ ਦੇਸ਼ ਅਤੇ ਨਿਕਟ-ਵਰਤੀ ਦੇਸ਼ਾਂ ਵਿਚ ਇਸ ਦੇ ਨਾਂ ਨਾਲ ਸੰਬੰਧਿਤ ਸਥਾਨ ਅਥਵਾ ਧਾਮ ਮਿਲ ਜਾਂਦੇ ਹਨ, ਪਰ ਇਸ ਦਾ ਪ੍ਰਮੁਖ ਧਾਮ ਉੱਤਰ ਪ੍ਰਦੇਸ਼ ਦਾ ਗੋਰਖਪੁਰ ਨਗਰ ਹੈ। ਕਹਿੰਦੇ ਹਨ ਇਥੇ ਗੋਰਖਨਾਥ ਨੇ ਬਹੁਤ ਤਪਸਿਆ ਕੀਤੀ ਸੀ ਅਤੇ ਇਥੇ ਹੀ ਇਸ ਨੂੰ ਸਮਾਧੀ ਦਿੱਤੀ ਗਈ ਸੀ। ਇਥੇ ਹੁਣ ਕੰਨਪਾਟੇ ਸਾਧੂ ਰਹਿੰਦੇ ਹਨ।

ਗੋਰਖਨਾਥ ਨੂੰ ਨੇਪਾਲ ਵਿਚ ਪਸ਼ੂਪਤਿ ਦਾ ਅਵਤਾਰ ਮੰਨਿਆ ਜਾਂਦਾ ਹੈ। ਅਨੇਕ ਥਾਂਵਾਂ ਉਤੇ ਇਸ ਦੇ ਨਾਂ ਨਾਲ ਸੰਬੰਧਿਤ ਆਸ਼੍ਰਮ ਬਣੇ ਹੋਏ ਹਨ। ਇਸ ਦੇ ਨਾਂ 'ਤੇ ਸਿੱਕੇ ਵੀ ਪ੍ਰਚਲਿਤ ਰਹੇ ਹਨ। ਇਸ ਦੇ ਨਾਂ 'ਤੇ ਹੀ ਨੇਪਾਲ ਵਾਸੀ ਗੋਰਖੇ ਅਖਵਾਉਣ ਲਗੇ ਹਨ।

ਗੋਰਖਨਾਥ ਦਾ ਵਿਅਕਤਿਤਵ ਯੁਗ-ਪੁਰਸ਼ ਵਾਲਾ ਸੀ। ਇਸ ਨੇ ਜਿਥੇ ਚਰਣ ਟੇਕ ਦਿੱਤੇ, ਜਨਤਾ ਨੇ ਉਸ ਮਿੱਟੀ ਨੂੰ ਵੀ ਮੱਥੇ ਉਤੇ ਲਾਇਆ। ਅਜਿਹਾ ਕਿਉਂ ਹੋਇਆ ? ਇਸ ਲਈ ਕਿ ਸਾਧਨਾ ਦੇ ਬਲ 'ਤੇ ਗੋਰਖਨਾਥ ਇਤਨਾ ਉੱਚਾ ਉਠ ਗਿਆ ਸੀ ਕਿ ਇਸ ਦੇ ਕਥਨ ਵਿਚ ਇਕ ਅਲੌਕਿਕ ਸ਼ਕਤੀ ਪੈਦਾ ਹੋ ਗਈ। ਇਸ ਨੇ ਜੋ ਕਹਿ ਦਿੱਤਾ, ਪੂਰਾ ਹੋ ਗਿਆ। ਇਸ ਲਈ ਇਸ ਦੇ ਨਾਂ ਨਾਲ ਅਨੇਕ ਚਮਤਕਾਰਪੂਰਣ ਘਟਨਾਵਾਂ ਜੁੜ ਗਈਆਂ। ਇਹ ਨਰ ਤੋਂ ਨਾਰਾਇਣ ਬਣਦਾ ਗਿਆ। ਆਪਣੀ ਮੰਤ੍ਰ-ਸ਼ਕਤੀ ਰਾਹੀਂ ਇਹ ਮਨੁੱਖਾਂ ਨੂੰ ਤਾਂ ਕੀ ਪਸ਼ੂਆਂ ਨੂੰ ਵੀ ਵਸ ਵਿਚ ਕਰ ਸਕਦਾ ਸੀ। ਗੋਰਖਨਾਥ ਲੋਕਾਂ ਦੇ ਸ਼ਰੀਰਿਕ ਕਸ਼ਟਾਂ ਦਾ ਵੀ ਨਿਵਾਰਣ ਕਰਦਾ ਰਹਿੰਦਾ ਸੀ। ਇਸ ਲਈ ਕਿਸੇ ਔਸ਼ੁਧੀ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ, ਸਗੋਂ ਸੁਆਹ ਦੀ ਚੁਟਕੀ ਹੀ ਸੰਜੀਵਨੀ ਦਾ ਰੂਪ ਧਾਰਣ ਕਰ ਲੈਂਦੀ ਸੀ।

ਗੋਰਖਨਾਥ ਹਰ ਪ੍ਰਕਾਰ ਦੇ ਵਿਸ਼ਵਾਸਾਂ ਅਥਵਾ ਧਰਮਾਂ ਵਾਲਿਆਂ ਪ੍ਰਤਿ ਕਿਸੇ ਪ੍ਰਕਾਰ ਦਾ ਕੋਈ ਭੇਦ-ਭਾਵ ਨਹੀਂ ਸੀ ਰਖਦਾ। ਇਸ ਲਈ ਸਭ ਸਮਾਨ ਸਨ। ਇਹੀ ਕਾਰਣ ਹੈ ਕਿ ਇਸ ਦੇ ਅਨੁਯਾਈਆਂ ਵਿਚ ਹਰ ਵਿਸ਼ਵਾਸ ਵਾਲੇ ਲੋਕ ਸ਼ਾਮਲ ਸਨ। ਇਹ ਵਾਸਨਾਵਾਂ ਤੋਂ ਮੁਕਤ, ਚਿੱਤ-ਵ੍ਰਿੱਤੀਆਂ ਨੂੰ ਠਿਕਾਣੇ ਰਖਣ ਵਾਲਾ ਇਕ ਅਜਿਹਾ ਯੋਗੀ ਸੀ ਜਿਸ ਬਾਰੇ ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ('ਨਾਥ-ਸੰਪ੍ਰਦਾਇ', ਪੰਨਾ 106) ਦੀ ਸਥਾਪਨਾ ਹੈ ਕਿ ਬਿਕਰਮੀ ਸੰਮਤ ਦੀ ਦਸਵੀਂ ਸਦੀ ਵਿਚ ਭਾਰਤ-ਵਰਸ਼ ਦੇ ਮਹਾਨ ਗੁਰੂ ਗੋਰਖਨਾਥ ਦਾ ਜਨਮ ਹੋਇਆ। ਸ਼ੰਕਰਾਚਾਰਯ ਤੋਂ ਬਾਦ ਇਤਨਾ ਪ੍ਰਭਾਵਸ਼ਾਲੀ ਅਤੇ ਇਤਨਾ ਮਹਿਮਾਮਈ ਮਹਾਪੁਰਸ਼ ਭਾਰਤ-ਵਰਸ਼ ਵਿਚ ਦੂਜਾ ਨਹੀਂ ਹੋਇਆ। ਭਾਰਤ ਦੇ ਕੋਨੇ ਕੋਨੇ ਵਿਚ ਉਸ ਦੇ ਅਨੁਯਾਈ ਅਜ ਵੀ ਮਿਲ ਜਾਂਦੇ ਹਨ। ਭਗਤੀ ਅੰਦੋਲਨ ਤੋਂ ਪਹਿਲਾਂ ਸਭ ਨਾਲੋਂ ਸ਼ਕਤੀਸ਼ਾਲੀ ਧਾਰਮਿਕ ਅੰਦੋਲਨ ਗੋਰਖਨਾਥ ਦਾ ਯੋਗ-ਮਾਰਗ ਹੀ ਸੀ। ਭਾਰਤ-ਵਰਸ਼ ਦੀ ਕੋਈ ਵੀ ਅਜਿਹੀ ਭਾਸ਼ਾ ਨਹੀਂ ਹੈ ਜਿਸ ਵਿਚ ਗੋਰਖਨਾਥ ਬਾਰੇ ਕਹਾਣੀਆਂ ਨ ਮਿਲਦੀਆਂ ਹੋਣ। ਇਨ੍ਹਾਂ ਕਹਾਣੀਆਂ ਵਿਚ ਪਰਸਪਰ ਇਤਿਹਾਸਿਕ ਵਿਰੋਧ ਬਹੁਤ ਅਧਿਕ ਹਨ, ਪਰ ਫਿਰ ਵੀ ਇਨ੍ਹਾਂ ਤੋਂ ਇਕ ਗੱਲ ਅਤਿਅੰਤ ਸਪੱਸ਼ਟ ਹੋ ਜਾਂਦੀ ਹੈ— ਗੋਰਖਨਾਥ ਆਪਣੇ ਯੁਗ ਦਾ ਸਭ ਤੋਂ ਵੱਡਾ ਨੇਤਾ ਸੀ। ਉਸ ਨੇ ਜਿਸ ਧਾਤ ਨੂੰ ਛੋਹਿਆ, ਉਹੀ ਸੋਨਾ ਬਣ ਗਈ।

ਗੋਰਖਨਾਥ ਧੁੰਨ ਦਾ ਪੱਕਾ ਅਤੇ ਆਪਣੀਆਂ ਮਾਨਤਾਵਾਂ ਉਤੇ ਪਹਿਰਾ ਦੇਣ ਵਾਲਾ ਸੀ। ਇਸ ਨੇ ਦ੍ਰਿੜ੍ਹਤਾ ਪੂਰਵਕ ਬ੍ਰਹਮਚਰਯ ਦਾ ਪਾਲਨ ਕੀਤਾ। ਅਜਿਹੇ ਸੰਜਮ ਵੇਲੇ ਕਈ ਵਾਰ ਇਹ 'ਅਤੀਆ' ਨੂੰ ਵੀ ਪਾਰ ਕਰ ਜਾਂਦਾ ਸੀ। ਇਸ ਦਾ ਸੁਭਾ ਘੁੰਮਣ-ਫਿਰਨ ਵਾਲਾ ਸੀ ਅਤੇ ਸਾਧਨਾ ਦੇ ਬਲ ਕਾਰਣ ਕੁਝ ਅੱਖੜ ਵੀ ਸੀ। ਯੋਗ-ਸਾਧਨਾ ਦੀ ਪਾਲਨਾ ਲਈ ਇਹ ਬਹੁਤ ਕਠੋਰ ਸੀ। ਇਸ ਬਾਰੇ ਇਹ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ।

ਗੋਰਖਨਾਥ ਨੇ ਆਪਣੇ ਵਿਚਾਰਾਂ ਨੂੰ ਕਾਵਿ-ਬੱਧ ਕੀਤਾ ਹੈ। ਇਸ ਦੇ ਨਾਂ 'ਤੇ ਸੰਸਕ੍ਰਿਤ ਅਤੇ ਪੁਰਾਤਨ ਹਿੰਦੀ ਵਿਚ ਅਨੇਕ ਰਚਨਾਵਾਂ ਮਿਲਦੀਆਂ ਹਨ। ਕਾਵਿ-ਸਾਧਨਾ ਇਸ ਦਾ ਪੇਸ਼ਾ ਨਹੀਂ ਸੀ, ਬਸ ਮਨੋਭਾਵਾਂ ਨੂੰ ਪ੍ਰਗਟਾਉਣ ਦਾ ਸਾਧਨ ਸੀ। ਇਸ ਲਈ ਇਸ ਦੀਆਂ ਰਚਨਾਵਾਂ ਵਿਚ ਸੂਖਮ ਕਾਵਿ ਡੂੰਘਾਈਆਂ ਅਤੇ ਕਲਪਨਾਵਾਂ ਨ ਹੋਣ ਪਰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਇਸ ਕੋਲ ਸਸ਼ਕਤ ਸ਼ੈਲੀ ਸੀ। ਕਈ ਵਾਰ ਉਹ ਸੰਕੇਤਿਕ ਅਥਵਾ ਪ੍ਰਤੀਕਾਤਮਕ ਸ਼ਬਦਾਵਲੀ ਦੀ ਵਰਤੋਂ ਕਰਕੇ ਲੋਕਾਂ ਨੂੰ ਹੈਰਾਨੀ ਵਿਚ ਪਾ

ਦਿੰਦਾ ਸੀ, ਪਰ ਇਹ ਇਸ ਦੀ ਗੁੱਝੀ ਸਾਧਨਾ ਦਾ ਇਕ ਪੱਖ ਸੀ। ਇਸ ਦੀ ਉਪਲਬਧ ਬਾਣੀ ਨੂੰ ਡਾ. ਪੀਤਾਂਬਰ ਦੱਤ ਬੜਥਵਾਲ ਨੇ 'ਗੋਰਖ ਬਾਨੀ' ਦੇ ਨਾਂ ਨਾਲ ਸੰਪਾਦਿਤ ਕੀਤਾ ਜੋ ਹਿੰਦੀ ਸਾਹਿਤ੍ਯ ਸੰਮੇਲਨ, ਪ੍ਰਯਾਗ ਨੇ ਸੰਨ 1942 ਈ. ਵਿਚ ਛਾਪ ਦਿੱਤੀ।

ਗੋਰਖਨਾਥ ਨੇ ਨਾਥ-ਮਤ ਨੂੰ ਵਿਵਸਥਿਤ ਰੂਪ ਦੇਣ ਲਈ ਆਪਣੇ ਸਾਰੇ ਅਨੁਯਾਈਆਂ ਨੂੰ ਬਾਰ੍ਹਾਂ ਪੰਥਾਂ ਵਿਚ ਵੰਡਿਆ ਹੋਇਆ ਸੀ। ਉਸ ਦੇ ਪੰਥਾਂ ਦੇ ਨਾਂ ਇਸ ਪ੍ਰਕਾਰ ਹਨ—ਸਤ੍ਯਨਾਥੀ, ਧਰਮਨਾਥੀ, ਰਾਮ-ਪੰਥ, ਨਟੇਸ਼੍ਵਰੀ, ਕਨ੍ਹੜ, ਕਪਿਲਾਨੀ, ਵੈਰਾਗੀ, ਮਾਨ-ਨਾਥੀ, ਆਈ-ਪੰਥ, ਪਾਗਲ-ਪੰਥ, ਧਜ-ਪੰਥ ਅਤੇ ਗੰਗਾ-ਨਾਥੀ। ਗੋਰਖ-ਪੰਥੀਆਂ ਵਿਚ ਇਕ ਧਾਰਣਾ ਪ੍ਰਚਲਿਤ ਹੈ ਕਿ ਇਹ ਸ਼ਿਵ ਦਾ ਅਵਤਾਰ ਸੀ। ਸ਼ਿਵ ਨੂੰ ਆਦਿ-ਨਾਥ ਵੀ ਕਿਹਾ ਜਾਂਦਾ ਹੈ। ਆਦਿ-ਨਾਥ ਦਾ ਸ਼ਿਸ਼ ਮਛੰਦ੍ਰ-ਨਾਥ (ਮਤ੍ਸ੍ਯੇਂਦ੍ਰ ਨਾਥ) ਸੀ ਅਤੇ ਮਛੰਦ੍ਰ-ਨਾਥ ਦਾ ਸ਼ਿਸ਼ ਗੋਰਖਨਾਥ ਸੀ। ਪਰ ਸਮੇਂ ਦੇ ਬੀਤਣ ਨਾਲ ਗੋਰਖਨਾਥ ਦਾ ਵਿਅਕਤਿਤਵ ਇਤਨਾ ਗੌਰਵਮਈ ਹੋ ਗਿਆ ਕਿ ਸ਼ਿਵ ਜਾਂ ਮਛੰਦ੍ਰ-ਨਾਥ ਦਾ ਨਾਂ ਭੁਲਾ ਕੇ ਜੋਗੀ ਲੋਗ ਗੋਰਖਨਾਥ ਦਾ ਨਾਮ ਹੀ ਜਪਣ ਲਗ ਗਏ। ਇਸ ਤੱਥ ਵਲ ਸੰਕੇਤ ਕਰਦਿਆਂ ਗੁਰੂ ਰਾਮਦਾਸ ਜੀ ਨੇ ਕਿਹਾ ਹੈ—*ਪੰਡਿਤੁ ਸਾਸਤ ਸਿਮ੍ਰਿਤਿ ਪੜਿਆ। ਜੋਗੀ ਗੋਰਖੁ ਗੋਰਖੁ ਕਰਿਆ। ਮੈ ਮੂਰਖ ਹਰਿ ਹਰਿ ਜਪੁ ਪੜਿਆ।* (ਗੁ.ਗ੍ਰੰ.163)।

ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਦੀ ਭੇਂਟ ਅਨੇਕ ਸਿੱਧਾਂ-ਯੋਗੀਆਂ ਨਾਲ ਹੋਈ ਸੀ। ਜਨਮ-ਸਾਖੀ ਸਾਹਿਤ ਵਿਚ ਅਨੇਕ ਗੋਸ਼ਟਾਂ ਅਤੇ ਸਿੱਧਾਂਤਿਕ ਸੰਵਾਦਾਂ ਦਾ ਵਰਣਨ ਹੋਇਆ ਮਿਲ ਜਾਂਦਾ ਹੈ। ਗੁਰਬਾਣੀ ਵਿਚ ਯੋਗ-ਮਤ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਖੁਲ੍ਹ ਕੇ ਵਰਤੋਂ ਹੋਈ ਹੈ। ਅਸਲ ਵਿਚ, ਸਿੱਖ ਧਰਮ ਸਹਿਜ ਸਾਧਨਾ ਦਾ ਪ੍ਰਚਾਰ ਕਰਦਾ ਹੋਇਆ ਹਠ-ਸਾਧਨਾ ਦਾ ਨਿਖੇਧ ਕਰਦਾ ਹੈ। ਬਾਬਾ ਸ੍ਰੀਚੰਦ ਦੁਆਰਾ ਚਲਾਏ ਉਦਾਸੀ ਮਤ ਵਿਚ ਸ੍ਰੀਚੰਦ ਨੂੰ ਗੋਰਖਨਾਥ ਦਾ ਅਵਤਾਰ ਮੰਨਿਆ ਜਾਂਦਾ ਹੈ। ਇਥੋਂ ਹੀ ਸਿੱਖ-ਮਤ ਅਤੇ ਗੋਰਖਮਤ ਵਿਚ ਇਕ ਅੰਤਰ-ਰੇਖਾ ਖਿਚੀ ਜਾਂਦੀ ਹੈ।

**ਗੋਂਡ ਰਾਗ** (ਬਾਣੀ): ਗੁਰੂ ਗ੍ਰੰਥ ਸਾਹਿਬ ਦੇ ਇਸ ਰਾਗ ਵਿਚ ਕੁਲ 28 ਚਉਪਦੇ ਅਤੇ ਇਕ ਅਸ਼ਟਪਦੀ ਹੈ। ਭਗਤ-ਬਾਣੀ ਪ੍ਰਕਰਣ ਵਿਚਲੇ 20 ਸ਼ਬਦਾਂ ਵਿਚੋਂ 11 ਭਗਤ ਕਬੀਰ ਦੇ, 7 ਨਾਮਦੇਵ ਦੇ ਅਤੇ ਦੋ ਰਵਿਦਾਸ ਦੇ ਹਨ।

*ਚਉਪਦੇ* ਪ੍ਰਕਰਣ ਦੇ ਕੁਲ 28 ਚਉਪਦਿਆਂ ਵਿਚੋਂ ਛੇ ਗੁਰੂ ਰਾਮਦਾਸ ਜੀ ਦੇ ਹਨ ਜਿਨ੍ਹਾਂ ਦੇ ਅੰਤ ਉਤੇ 'ਛਕਾ ੧' ਲਿਖਿਆ ਹੈ। ਗੁਰੂ ਜੀ ਨੇ ਦਸਿਆ ਹੈ ਕਿ ਸੰਸਾਰ ਦੇ ਲੋਕਾਂ ਤੋਂ ਸਹਾਇਤਾ ਦੀ ਕੋਈ ਆਸ ਰਖਣੀ ਵਿਅਰਥ ਹੈ ਕਿਉਂਕਿ ਉਨ੍ਹਾਂ ਵਲੋਂ ਕੀਤੀ ਸਹਾਇਤਾ ਕਿਸੇ ਗ਼ਰਜ਼ ਉਤੇ ਟਿਕੀ ਹੈ। ਗੁਰੂ ਅਰਜਨ ਦੇਵ ਜੀ ਦੇ 22 ਚਉਪਦਿਆਂ ਵਿਚੋਂ 21 ਵਿਚ ਚਾਰ ਚਾਰ ਪਦੇ ਅਤੇ ਇਕ ਵਿਚ ਦੋ ਪਦੇ ਹਨ। ਇਨ੍ਹਾਂ ਵਿਚ ਕਈ ਗੁਰਮਤਿ-ਸਿੱਧਾਂਤਾਂ ਅਤੇ ਨੈਤਿਕ ਆਚਾਰਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਗੁਣਾਂ ਦਾ ਖ਼ਜ਼ਾਨਾ ਹੈ। ਉਸ ਦਾ ਨਾਮ ਗੁਰੂ-ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਸਾਧ-ਸੰਗਤਿ ਵਿਚ ਉਸ ਦਾ ਅਭਿਆਸ ਹੁੰਦਾ ਹੈ।

ਇਸ ਰਾਗ ਵਿਚ ਕੇਵਲ ਇਕ *ਅਸ਼ਟਪਦੀ* ਪੰਜਵੇਂ ਗੁਰੂ ਜੀ ਦੀ ਹੈ ਜਿਸ ਵਿਚ ਗੁਰੂ ਜੀ ਨੇ ਮਨੁੱਖ ਨੂੰ ਗੁਰਮੁਖ ਬਣਨ ਦੀ ਪ੍ਰੇਰਣਾ ਦਿੱਤੀ ਹੈ।

*ਭਗਤ-ਬਾਣੀ* ਪ੍ਰਕਰਣ ਦੇ 20 ਸ਼ਬਦਾਂ ਵਿਚੋਂ ਸੰਤ ਕਬੀਰ ਜੀ ਨੇ ਆਪਣੇ 11 ਸ਼ਬਦਾਂ ਵਿਚ ਦਸਿਆ ਹੈ ਕਿ ਚੰਗੇ ਪੁਰਸ਼ਾਂ, ਸਚੇ ਸਾਧਕਾਂ ਦੀ ਸੰਗਤ ਤੋਂ ਮਨ ਵਿਚ ਚੰਗੇ ਵਿਚਾਰ ਪੈਦਾ ਹੁੰਦੇ ਹਨ ਅਤੇ ਮਾੜੇ ਪੁਰਸ਼ਾਂ ਦੀ ਸੰਗਤ ਨਾਲ ਬੁਰਿਆਈਆਂ ਵਿਚ ਵਾਧਾ ਹੁੰਦਾ ਹੈ। ਨਾਮਦੇਵ ਜੀ ਨੇ ਆਪਣੇ ਸੱਤ ਸ਼ਬਦਾਂ ਵਿਚ ਪਰਮਾਤਮਾ ਲਈ ਆਪਣੀ ਖਿਚ ਨੂੰ ਦਰਸਾਇਆ ਹੈ ਅਤੇ ਉਸ ਦਾ ਸਰੂਪ ਨਿਸ਼ਚਿਤ ਕਰਨ ਲਈ ਕਈ ਨਮੂਨੇ ਪੇਸ਼ ਕੀਤੇ ਹਨ ਅਤੇ ਕੁਝ ਪੌਰਾਣਿਕ ਕਥਾ-ਪ੍ਰਸੰਗਾਂ ਵਲ ਸੰਕੇਤ ਵੀ ਕੀਤਾ ਹੈ। ਰਵਿਦਾਸ ਜੀ ਨੇ ਆਪਣੇ ਦੋ ਸ਼ਬਦਾਂ ਵਿਚ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਆਪਣੀ ਮਿਹਰ ਨਾਲ ਨੀਵਿਆਂ ਨੂੰ ਵੀ ਸ੍ਰੇਸ਼ਠ ਬਣਾ ਦਿੰਦਾ ਹੈ।

**ਗੌਰਾ, ਭਾਈ** : ਇਹ ਸੁਪ੍ਰਸਿੱਧ ਸਿੱਖ ਧਰਮ-ਸਾਧਕ ਭਾਈ ਭਗਤੂ ਦਾ ਵੱਡਾ ਪੁੱਤਰ ਸੀ। ਇਸ ਨੇ ਆਪਣੇ ਬਾਹੂ-ਬਲ ਨਾਲ ਮਾਲਵੇ ਵਿਚ ਆਪਣੀ ਚੰਗੀ ਧਾਕ ਜਮਾਈ ਹੋਈ ਸੀ। ਸਿੱਖ ਇਤਿਹਾਸ ਅਨੁਸਾਰ ਸੰਨ 1651 ਈ. ਵਿਚ ਜਦੋਂ ਭਾਈ ਭਗਤੂ ਗੁਰੂ ਹਰਿਰਾਇ ਜੀ ਦੇ ਦਰਸ਼ਨ ਕਰਨ

ਲਈ ਕਰਤਾਰਪੁਰ ਆਇਆ ਹੋਇਆ ਸੀ ਤਾਂ ਗੁਰੂ ਜੀ ਨੇ ਭਾਈ ਭਗਤੂ ਨੂੰ ਰੂਪਾਤਮਕ ਸ਼ਬਦਾਵਲੀ ਵਿਚ ਕਿਹਾ ਕਿ ਤੂੰ ਬਹੁਤ ਬਜ਼ੁਰਗ ਹੋ ਗਿਆ ਹੈ, ਇਸ ਲਈ ਹੁਣ ਵਿਆਹ ਰਚਾ ਲੈ। ਗੁਰੂ ਜੀ ਦੀ ਆਸ਼ਾ ਸੀ ਕਿ ਮੌਤ ਰਾਣੀ ਨੂੰ ਪਰਨਾ ਲੈ। ਪਰ ਭਾਈ ਭਗਤੂ ਸਮਝ ਨ ਸਕਿਆ। ਸੋਚਣ ਲਗਾ ਕਿ ਇਸ ਉਮਰ ਵਿਚ ਮੈਂ ਕੀ ਵਿਆਹ ਕਰਾਂਗਾ। ਪਰ ਗੁਰੂ ਜੀ ਦਾ ਹੁਕਮ ਵੀ ਮੰਨਣਾ ਸੀ, ਇਸ ਲਈ ਉਸ ਨੇ ਇਕ ਪੇਂਡੂ ਮੁਟਿਆਰ ਨੂੰ ਵਿਆਹ ਕਰਨ ਲਈ ਕਹਿ ਦਿੱਤਾ। ਭਾਈ ਭਗਤੂ ਜਦੋਂ ਗੁਰੂ ਜੀ ਪਾਸ ਗਿਆ ਤਾਂ ਗੁਰੂ ਜੀ ਨੇ ਉਸ ਦੇ ਸੋਚਾਂ ਵਿਚ ਡੁਬੇ ਹੋਣ ਦਾ ਕਾਰਣ ਪੁਛਿਆ। ਭਾਈ ਭਗਤੂ ਨੇ ਵਿਆਹ ਕਰਨ ਵਾਲੀ ਗੱਲ ਦਸੀ। ਗੁਰੂ ਜੀ ਨੇ ਹਸ ਕੇ ਕਿਹਾ ਕਿ ਤੂੰ ਮ੍ਰਿਤੂ ਨੂੰ ਪਰਨਾਉਣਾ ਹੈ। ਕੁਝ ਦਿਨਾਂ ਬਾਦ ਉਸ ਦਾ ਦੇਹਾਂਤ ਹੋ ਗਿਆ।

ਉਧਰ ਜਿਸ ਮੁਟਿਆਰ ਨੂੰ ਉਸ ਨੇ ਵਿਆਹ ਕਰਨ ਲਈ ਕਿਹਾ ਸੀ, ਉਹ ਆਪਣੇ ਆਪ ਨੂੰ ਉਸ ਦੀ ਪਤਨੀ/ਵਿਧਵਾ ਸਮਝਣ ਲਗ ਗਈ। ਜਦੋਂ ਭਾਈ ਭਗਤੂ ਦੇ ਪੁੱਤਰ ਗੌਰਾ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਉਸ ਮੁਟਿਆਰ ਨੂੰ ਘਰ ਲੈ ਆਇਆ ਅਤੇ ਉਸ ਨੂੰ ਮਾਤਾ ਤੁਲ ਰਖਿਆ। ਅਗਲੇ ਸਾਲ ਗੁਰੂ ਹਰਿਰਾਇ ਜੀ ਧਰਮ ਪ੍ਰਚਾਰ ਯਾਤ੍ਰਾ ’ਤੇ ਇਸ ਦੇ ਪਿੰਡ ਆਏ ਤਾਂ ਇਹ ਗੁਰੂ ਜੀ ਦੇ ਨਾਲ ਉਨ੍ਹਾਂ ਦੀ ਸੇਵਾ ਵਿਚ ਹੀ ਰਿਹਾ। ਇਸੇ ਦੌਰਾਨ ਜੱਸਾ ਨਾਂ ਦੇ ਗੁਰੂ ਜੀ ਦੇ ਇਕ ਸੇਵਕ ਨੇ ਗੌਰਾ ਨਾਲ ਮਤਰੇਈ ਮਾਂ ਬਾਰੇ ਕੋਈ ਵਿਅੰਗ ਕਸਿਆ। ਗੌਰਾ ਨੇ ਉਸ ਨੂੰ ਕਤਲ ਕਰ ਦਿੱਤਾ। ਗੁਰੂ ਜੀ ਨੇ ਗੌਰਾ ਨੂੰ ਸੰਗਤ ਵਿਚੋਂ ਕਢ ਦਿੱਤਾ। ਗੌਰੇ ਨੇ ਖਿਮਾ-ਯਾਚਨਾ ਦੇ ਕਈ ਯਤਨ ਕੀਤੇ, ਪਰ ਗੁਰੂ ਜੀ ਨੇ ਇਸ ਨੂੰ ਮਾਫ਼ ਨ ਕੀਤਾ। ਇਸ ਨੇ ਆਪਣੇ ਬਹੁਤ ਸਾਰੇ ਬੰਦਿਆਂ ਸਹਿਤ ਗੁਰੂ ਜੀ ਦਾ ਥੋੜੀ ਵਿਥ ਉਤੇ ਰਹਿ ਕੇ ਅਨੁਸਰਣ ਕੀਤਾ। ਕੁਝ ਸਮੇਂ ਬਾਦ ਗੁਰੂ ਜੀ ਕਰਤਾਰਪੁਰ ਜਾਣ ਲਈ ਸਤਲੁਜ ਦਰਿਆ ਪਾਰ ਕਰ ਰਹੇ ਸਨ ਕਿ ਉਨ੍ਹਾਂ ਦੇ ਪਰਿਵਾਰ ਉਤੇ ਪਿਛੋਂ ਮੁਗ਼ਲ ਸੈਨਾ ਦੀ ਇਕ ਟੁਕੜੀ ਨੇ ਹਮਲਾ ਕਰ ਦਿੱਤਾ। ਗੌਰਾ ਆਪਣੇ ਬੰਦਿਆਂ ਸਮੇਤ ਉਸ ਸੈਨਿਕ ਟੁਕੜੀ ਉਤੇ ਟੁਟ ਕੇ ਪੈ ਗਿਆ ਅਤੇ ਮਿੰਟਾਂ ਵਿਚ ਹੀ ਖਦੇੜ ਦਿੱਤਾ। ਇਹ ਸਮਾਚਾਰ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਗੌਰਾ ਨੂੰ ਬੁਲਾ ਕੇ ਮਾਫ਼ ਕਰ ਦਿੱਤਾ। ਪ੍ਰਸੰਨ ਚਿੱਤ ਗੌਰਾ ਵਾਪਸ ਪਰਤਿਆ ਅਤੇ ਗੁਰੂ ਜੀ ਦੀ ਕ੍ਰਿਪਾ ਨਾਲ ਇਸ ਦਾ ਯਸ਼ ਬਹੁਤ ਵਧਿਆ ਅਤੇ ਇਸ ਦੀ ਸੰਤਾਨ ਨੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ।

**ਗੰਗਸਰ, ਗੁਰਦੁਆਰਾ :** ਵੇਖੋ ‘ਜੈਤੋ’ ਅਤੇ ‘ਜੈਤੋ ਦਾ ਮੋਰਚਾ’।

**ਗੰਗਾ** (ਨਦੀ) : ਭਾਰਤ ਦੀ ਇਕ ਪ੍ਰਮੁਖ ਅਤੇ ਪ੍ਰਸਿੱਧ ਨਦੀ ਜਿਸ ਨੂੰ ਹਿੰਦੂ ਮਤ ਵਿਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸੇ ਲਈ ਇਸ ਨੂੰ ਹਿੰਦੂ ਲੋਕ ‘ਗੰਗਾ-ਮਈਆ’ ਕਹਿ ਕੇ ਸਤਿਕਾਰ ਦੀ ਭਾਵਨਾ ਅਰਪਿਤ ਕਰਦੇ ਹਨ। ਇਸ ਦੇ ਕੰਢੇ ਉਤੇ ਹਰਿਦੁਆਰ, ਪ੍ਰਯਾਗ, ਬਨਾਰਸ, ਪਟਨਾ ਆਦਿ ਮਹੱਤਵਪੂਰਣ ਨਗਰ ਵਸੇ ਹੋਏ ਹਨ ਅਤੇ ਸਾਰੇ ਹੀ ਤੀਰਥਾਂ ਵਜੋਂ ਪੂਜਣਯੋਗ ਹਨ। ਇਨ੍ਹਾਂ ਨਗਰਾਂ ਅਤੇ ਹੋਰ ਅਨੇਕ ਘਾਟਾਂ ਜਾਂ ਕੰਢੇ ਉਤੇ ਬਣੇ ਮੰਦਿਰਾਂ ਦੀ ਯਾਤ੍ਰਾ ਕਰਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ। ਇਨ੍ਹਾਂ ਤੀਰਥਾਂ ਵਿਚ ਸਿੱਖ ਗੁਰੂ-ਧਾਮ ਵੀ ਸਥਿਤ ਹਨ।

ਹਿੰਦੂ-ਮਤ ਵਿਚ ਇਹ ਪੱਕਾ ਵਿਸ਼ਵਾਸ ਹੈ ਕਿ ਗੰਗਾ ਵਿਚ ਇਸ਼ਨਾਨ ਕਰਨ ਨਾਲ ਹਰ ਪ੍ਰਕਾਰ ਦੇ ਪਾਪ ਅਤੇ ਰੋਗ ਖ਼ਤਮ ਹੋ ਜਾਂਦੇ ਹਨ। ਇਹ ਵੀ ਵਿਸ਼ਵਾਸ ਹੈ ਕਿ ਜਿਨ੍ਹਾਂ ਲੋਕਾਂ ਦਾ ਦਾਹ-ਸੰਸਕਾਰ ਇਸ ਨਦੀ ਦੇ ਕੰਢੇ ਹੁੰਦਾ ਹੈ, ਉਹ ਸਵਰਗ ਜਾਂ ਮੁਕਤੀ ਪ੍ਰਾਪਤ ਕਰਦੇ ਹਨ। ਉੱਤਰੀ ਭਾਰਤ ਦੇ ਲੋਕ ਮ੍ਰਿਤਕਾਂ ਦੀਆਂ ਅਸਥੀਆਂ ਨੂੰ ਹਰਿਦੁਆਰ ਵਿਚ ਜਲ ਪ੍ਰਵਾਹ ਇਸੇ ਦ੍ਰਿਸ਼ਟੀ ਤੋਂ ਕਰਦੇ ਹਨ ਕਿ ਗੰਗਾ ਦੇ ਜਲ ਦੀ ਛੁਹ ਨਾਲ ਉਹ ਮੁਕਤੀ ਪ੍ਰਾਪਤ ਕਰਨ ਦੇ ਅਧਿਕਾਰੀ ਬਣ ਸਕਣ।

ਇਹ ਨਦੀ ਹਿਮਾਲੇ ਵਿਚ 13800 ਫੁਟ ਦੀ ਉੱਚਾਈ ’ਤੇ ਸਥਿਤ ਗੰਗੋਤ੍ਰੀ ਦੇ ਨੇੜੇ ਹਿਮਗੁਫਾ ਵਿਚੋਂ ਨਿਕਲਦੀ ਹੈ। ਉਥੇ ਇਸ ਨੂੰ ‘ਭਾਗੀਰਥੀ’ ਕਹਿੰਦੇ ਹਨ। ਫਿਰ ‘ਜਾਹ੍ਨਵੀ’ ਅਤੇ ‘ਅਲਕਨੰਦਾ’ ਨਾਂ ਦੀਆਂ ਨਦੀਆਂ ਇਸ ਵਿਚ ਮਿਲਦੀਆਂ ਹਨ। ਉਦੋਂ ਇਸ ਦਾ ਨਾਂ ‘ਗੰਗਾ’ ਹੋ ਜਾਂਦਾ ਹੈ। ਇਹ ਹਰਿਦੁਆਰ ਦੇ ਨੇੜੇ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦੀ ਹੈ। ਇਸ ਵਿਚ ਅਨੇਕ ਹੋਰ ਨਦੀਆਂ—ਰਾਮਗੰਗਾ, ਯਮੁਨਾ, ਗੋਮਤੀ, ਘਾਘਾਰਾ, ਸੋਨ, ਗੰਡਕ, ਕੋਸੀ, ਬ੍ਰਹਮ-ਪੁੱਤਰ ਆਦਿ ਵੀ ਮਿਲਦੀਆਂ ਜਾਂਦੀਆਂ ਹਨ। ਲਗਭਗ 2500 ਕਿ.ਮੀ. ਮਾਰਗ ਚਲ ਕੇ ਗੰਗਾ ਅੰਤ ਵਿਚ ਬੰਗਾਲ ਦੀ ਖਾੜੀ ਵਿਚ ਜਾ ਡਿਗਦੀ ਹੈ।

ਗੰਗਾ ਦੀ ਉਤਪੱਤੀ ਅਤੇ ਮਹਾਤਮ ਸੰਬੰਧੀ ਪੁਰਾਣ-ਸਾਹਿਤ ਵਿਚ ਅਨੇਕ ਪ੍ਰਕਾਰ ਦੀਆਂ ਕਥਾਵਾਂ ਲਿਖੀਆਂ ਹਨ। 'ਮਾਰਕੰਡੇਯ-ਪੁਰਾਣ' ਅਨੁਸਾਰ ਗੰਗਾ ਦੀ ਉਤਪੱਤੀ ਨਾਰਾਇਣ ਦੇ ਧ੍ਰੁਧਾਰ ਨਾਮਕ ਪਦ ਤੋਂ ਹੋਈ। ਉਥੋਂ ਚਲ ਕੇ ਉਹ ਜਲ ਦੇ ਆਧਾਰ-ਭੂਤ ਚੰਦ੍-ਮੰਡਲ ਵਿਚ ਦਾਖ਼ਲ ਹੋਈ। ਅਤਿਅੰਤ ਪਵਿੱਤਰ ਰੂਪ ਵਿਚ ਇਹ ਮੇਰੂ ਪਰਬਤ ਉਤੇ ਡਿਗੀ। ਫਿਰ ਚਾਰ ਧਾਰਾਵਾਂ ਵਿਚ ਵੰਡੀ ਗਈ ਅਤੇ ਮੇਰੂ, ਮੰਦਰ, ਹਿਮਾਲਾ, ਗੰਧਮਾਦਨ ਨਾਂ ਦੇ ਵਡੇ ਵਡੇ ਪਰਬਤਾਂ ਨੂੰ ਚੀਰਦੀ ਹੋਈ ਅਗੇ ਵਧੀ। ਮਾਨਸਰੋਵਰ ਨੂੰ ਜਲ ਨਾਲ ਭਰ ਕੇ ਫਿਰ ਸ਼ੈਲਰਾਜ ਹਿਮਾਲਾ ਦੇ ਰਮਣੀਕ ਸਿਖਰ ਉਤੇ ਪਹੁੰਚੀ। ਗੰਗਾ ਦੇ ਹਿਮਾਲਾ ਉਤੇ ਪਹੁੰਚਣ 'ਤੇ ਸ਼ਿਵ ਨੇ ਇਸ ਨੂੰ ਆਪਣੇ ਸਿਰ ਉਤੇ ਧਾਰਣ ਕੀਤਾ। ਰਾਜਾ ਭਗੀਰਥ ਨੇ ਤਪਸਿਆ ਕੀਤੀ। ਸ਼ਿਵ ਨੇ ਗੰਗਾ ਨੂੰ ਛਡ ਦਿੱਤਾ। ਇਹ ਸੱਤ ਧਾਰਵਾਂ ਵਿਚ ਵੰਡੀਜ ਕੇ ਚਲਣ ਲਗੀ। ਗੰਗਾ ਦੀਆਂ ਤਿੰਨ ਧਾਰਾਵਾਂ ਪੂਰਬ ਵਲ ਅਤੇ ਤਿੰਨ ਪੱਛਮ ਵਲ ਵਧੀਆਂ ਅਤੇ ਇਕ ਧਾਰਾ ਭਗੀਰਥ ਦੇ ਪਿਛੇ ਪਿਛੇ ਚਲੀ। ਸਥਾਨਾਂ ਦੇ ਅੰਤਰ ਨਾਲ ਇਸ ਦੇ ਨਾਂ ਬਦਲਦੇ ਗਏ। ਭਗੀਰਥ ਦੁਆਰਾ ਗੰਗਾ ਨੂੰ ਧਰਤੀ ਉਤੇ ਲਿਆਏ ਜਾਣ ਕਾਰਣ ਇਸ ਦਾ ਇਕ ਨਾਂ 'ਭਾਗੀਰਥੀ' ਪਿਆ।

ਜਦੋਂ ਗੰਗਾ ਸਵਰਗ ਤੋਂ ਉਤਰੀ ਤਾਂ ਜਹ੍ਨੂ ਰਿਸ਼ੀ ਯੱਗ ਕਰ ਰਿਹਾ ਸੀ। ਯੱਗ ਵਿਚ ਵਿਘਨ ਪੈਣ ਕਰਕੇ ਉਸ ਨੇ ਗੰਗਾ ਨੂੰ ਪੀ ਲਿਆ ਪਰ ਬਾਦ ਵਿਚ ਉਸ ਨੂੰ ਕੰਨਾਂ ਰਾਹੀਂ ਵਗਣ ਦੀ ਆਗਿਆ ਦਿੱਤੀ। ਇਸ ਕਰਕੇ ਇਸ ਨੂੰ 'ਜਾਹ੍ਨਵੀ' ਵੀ ਕਿਹਾ ਜਾਂਦਾ ਹੈ।

'ਬਾਲਮੀਕਿ ਰਾਮਾਇਣ' ਵਿਚ ਲਿਖਿਆ ਹੈ ਕਿ ਹਿਮਾਲਾ ਪਰਬਤ ਦੇ ਘਰ ਸੁਮੇਰੁ ਦੀ ਪੁੱਤਰੀ ਮੇਨਕਾ ਦੀ ਕੁੱਖੋਂ ਗੰਗਾ ਅਤੇ ਉਮਾ ਦੋ ਭੈਣਾਂ ਪੈਦਾ ਹੋਈਆਂ। ਇਕ ਵਾਰ ਸ਼ਿਵ ਨੇ ਆਪਣਾ ਵੀਰਜ ਗੰਗਾ ਵਿਚ ਪਾਇਆ, ਪਰ ਗੰਗਾ ਉਸ ਨੂੰ ਧਾਰਣ ਨ ਕਰ ਸਕੀ ਅਤੇ ਬ੍ਰਹਮਾ ਦੇ ਕਮੰਡਲ ਵਿਚ ਜਾ ਲੁਕੀ ਅਤੇ ਫਿਰ ਭਗੀਰਥ ਦੀ ਪ੍ਰਾਰਥਨਾ ਨਾਲ ਉਹ ਕਮੰਡਲ ਤੋਂ ਨਿਕਲ ਕੇ ਧਰਤੀ ਉਤੇ ਆਈ।

'ਮਹਾਭਾਰਤ' ਵਿਚ ਗੰਗਾ ਦੀ ਕੁੱਖ ਤੋਂ ਰਾਜਾ ਸ਼ਾਂਤਨੂੰ ਦੇ ਘਰ ਭੀਸ਼ਮ (ਪਿਤਾਮਾ) ਦਾ ਜਨਮ ਹੋਇਆ ਲਿਖਿਆ ਹੈ ਜਿਸ ਕਰਕੇ ਭੀਸ਼ਮ ਨੂੰ 'ਗੰਗੇਵ' (ਗਾਂਗੇਯ) ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਥਾਵਾਂ ਲਿਖੀਆਂ ਮਿਲਦੀਆਂ ਹਨ ਜਿਨ੍ਹਾਂ ਦਾ ਸਰੂਪ ਪ੍ਰਤੀਕਾਤ੍ਮਕ ਹੈ। ਯੋਗ-ਮਤ ਵਾਲਿਆਂ ਨੇ ਇੜਾ ਨਾੜੀ ਦਾ ਨਾਂ ਗੰਗਾ ਅਤੇ ਪਿੰਗਲਾ ਨਾੜੀ ਦਾ ਨਾਂ ਯਮੁਨਾ ਰਖਿਆ ਹੈ। ਜਿਵੇਂ ਕਬੀਰ ਜੀ ਨੇ ਗਉੜੀ ਰਾਗ ਵਿਚ ਕਿਹਾ ਹੈ— *ਉਲਟੀ ਗੰਗਾ ਜਮੁਨ ਮਿਲਵਾਉ। ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ।* (ਗੁ.ਗ੍ਰੰ.327)। ਮੱਧ-ਯੁਗ ਦੇ ਸੰਤਾਂ ਨੇ ਗੰਗਾ ਨਾਲੋਂ ਆਪਣੇ ਗੁਰੂ ਦੇ ਚਰਣਾਂ ਨੂੰ ਜ਼ਿਆਦਾ ਪਵਿੱਤਰ ਮੰਨਿਆ ਹੈ। ਗੁਰੂ ਅਰਜਨ ਦੇਵ ਜੀ ਨੇ ਹਰਿ ਵਿਚ ਲੀਨ ਸਾਧਕ ਦੇ ਚਰਣਾਂ ਨੂੰ ਗੰਗਾ ਦੇ ਕੰਢੇ ਸਥਿਤ ਕਰੋੜਾਂ ਤੀਰਥਾਂ ਤੋਂ ਸ੍ਰੇਸ਼ਠ ਮੰਨਿਆ ਹੈ— *ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ।* (ਗੁ.ਗ੍ਰੰ.828)। ਇਸ ਤਰ੍ਹਾਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਗੰਗਾ ਨੂੰ ਕੋਈ ਧਾਰਮਿਕ ਮਹੱਤਵ ਪ੍ਰਾਪਤ ਨਹੀਂ ਹੈ।

'ਗੰਗਾ' ਨੂੰ ਕਈ ਵਾਰ 'ਗੰਗ' ਵੀ ਲਿਖਿਆ ਜਾਂਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਲਿਖਿਆ ਹੈ— *ਗੰਗਾ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ।* (ਗੁ.ਗ੍ਰੰ.358)।

**ਗੰਗਾ, ਮਾਤਾ** (ਮ. 1628 ਈ.) : ਗੁਰੂ ਅਰਜਨ ਦੇਵ ਜੀ ਦੀ ਦੂਜੀ ਪਤਨੀ ਅਤੇ ਗੁਰੂ ਹਰਿਗੋਬਿੰਦ ਜੀ ਦੀ ਮਾਤਾ ਗੰਗਾ ਜੀ ਦਾ ਜਨਮ ਫਿਲੌਰ ਦੇ ਨੇੜੇ 'ਮਉ' (ਮੌ) ਨਾਂ ਦੇ ਪਿੰਡ ਵਿਚ ਭਾਈ ਕਿਸ਼ਨ ਚੰਦ ਖਤ੍ਰੀ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਂ ਧਨਵੰਤੀ ਸੀ। ਗੁਰੂ ਅਰਜਨ ਦੇਵ ਜੀ ਦੀ ਪਹਿਲੀ ਸ਼ਾਦੀ ਬੀਬੀ ਰਾਮਦੇਈ ਨਾਲ ਸੰਨ 1575 ਈ. (ਸੰਮਤ 1632 ਬਿ.) ਵਿਚ ਹੋਈ ਅਤੇ ਦੂਜੀ ਸ਼ਾਦੀ ਮਾਤਾ ਗੰਗਾ ਜੀ ਨਾਲ ਸੰਨ 1589 ਈ. (1646 ਬਿ.) ਵਿਚ ਹੋਈ। ਦੂਜੀ ਸ਼ਾਦੀ ਦੇ ਕਾਰਣ ਵਲ ਸੰਕੇਤ ਕਰਦਿਆਂ ਕੁਝ ਇਤਿਹਾਸਕਾਰਾਂ ਨੇ ਬੀਬੀ ਰਾਮਦੇਈ ਦਾ ਦੇਹਾਂਤ ਦਸਿਆ ਹੈ ਅਤੇ ਕੁਝ ਇਤਿਹਾਸਕਾਰਾਂ ਨੇ ਪਹਿਲੀ ਪਤਨੀ ਤੋਂ ਸੰਤਾਨ ਦਾ ਨ ਹੋਣਾ ਮੰਨਿਆ ਹੈ। ਅਨੁਮਾਨ ਹੈ ਕਿ ਮਾਤਾ ਜੀ ਦਾ ਜਨਮ ਸੰਨ 1568 ਈ. (ਸੰਮਤ 1625 ਬਿ.) ਦੇ ਨੇੜੇ-ਤੇੜੇ ਹੋਇਆ ਹੋਵੇਗਾ।

ਮਾਤਾ ਜੀ ਅਧਿਕਤਰ ਲੰਗਰ ਦੀ ਸੇਵਾ ਸੰਭਾਲ ਅਤੇ ਸਾਧ-ਸੰਗਤ ਦੀਆਂ ਸੁਵਿਧਾਵਾਂ ਦਾ ਖ਼ਿਆਲ ਰਖਦੇ। ਆਪ ਨੇ ਉਚੇਚੇ ਤੌਰ 'ਤੇ ਕਰਤਾਰਪੁਰ ਵਿਚ ਲੋਕ-ਹਿਤ

ਲਈ ਸੰਨ 1600 ਈ. (ਸੰਮਤ 1657 ਬਿ.) ਵਿਚ ਖੂਹ ਲਗਵਾਇਆ ਜੋ ਕਾਲਾਂਤਰ ਵਿਚ ਗੰਗਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਮਾਤਾ ਗੰਗਾ ਜੀ ਦੀ ਵੀ ਜਦੋਂ ਔਲਾਦ ਨ ਹੋਈ ਤਾਂ ਗੁਰੂ ਅਰਜਨ ਦੇਵ ਜੀ ਦੀ ਸਲਾਹ ਨਾਲ ਬਾਬਾ ਬੁੱਢਾ ਜੀ ਪਾਸ ਗਏ। ਪਰ ਜਾਣ ਵੇਲੇ ਗੁਰੂ-ਮਹਿਲ ਵਜੋਂ ਪੂਰੀ ਸਜ-ਧਜ ਅਤੇ ਠਾਠ ਕਾਇਮ ਰਖਿਆ। ਬਾਬਾ ਬੁੱਢਾ ਜੀ ਹੈਰਾਨ ਹੋਏ ਅਤੇ ਕਹਿਣ ਲਗੇ ਕਿ ਗੁਰੂ ਮਹਿਲ ਨੂੰ ਕੀ ਭਾਜੜ ਪੈ ਗਈ ਹੈ। ਫਲਸਰੂਪ ਬਿਨਾ ਵਰਦਾਨ ਪ੍ਰਾਪਤ ਕੀਤੇ ਮਾਤਾ ਜੀ ਪਰਤ ਆਏ। ਆ ਕੇ ਸਾਰੀ ਗੱਲ ਗੁਰੂ ਅਰਜਨ ਦੇਵ ਜੀ ਨੂੰ ਦਸੀ। ਗੁਰੂ ਜੀ ਨੇ ਆਜਿਜ਼ੀ ਦੇ ਮਾਰਗ ਉਤੇ ਚਲਣ ਲਈ ਸੁਝਾਉ ਦਿੱਤਾ। ਦੂਜੀ ਵਾਰ ਬੜੀ ਨਿਮਰਤਾ ਅਤੇ ਸੇਵਾ-ਭਾਵ ਨਾਲ ਮਾਤਾ ਜੀ ਬਾਬਾ ਬੁੱਢਾ ਪਾਸ ਗਏ ਅਤੇ ਪੁੱਤਰ-ਰਤਨ ਦਾ ਵਰਦਾਨ ਪ੍ਰਾਪਤ ਕੀਤਾ। 14 ਜੂਨ 1595 ਈ. (21 ਹਾੜ੍ਹ, ਸੰ. 1652 ਬਿ.) ਵਿਚ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ। ਪਰਿਵਾਰਿਕ ਕਲੇਸ਼ ਕਾਰਣ ਮਾਤਾ ਜੀ ਨੇ ਬਾਲਕ ਦੀ ਸੁਰਖਿਆ ਦਾ ਉਚੇਚਾ ਧਿਆਨ ਰਖਿਆ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਬੜੇ ਦ੍ਰਿੜ੍ਹ ਹਿਰਦੇ ਨਾਲ ਜਰਿਆ ਅਤੇ ਗਿਆਰ੍ਹਾਂ ਸਾਲ ਦੇ ਬਾਲ ਹਰਿਗੋਬਿੰਦ ਅੰਦਰ ਆਤਮਿਕ ਬਲ ਪੈਦਾ ਕੀਤਾ। ਉਨ੍ਹਾਂ ਵਲੋਂ ਜੋ ਕਾਰਜ ਵੀ ਕੀਤਾ ਗਿਆ, ਜਿਵੇਂ ਅਕਾਲ ਤਖ਼ਤ ਦੀ ਉਸਾਰੀ, ਸਿੱਖਾਂ ਨੂੰ ਸੈਨਿਕ ਸਿਖਲਾਈ ਕਰਾਉਣੀ, ਸ਼ਿਕਾਰ ਆਦਿ ਵਿਚ ਰੁਚੀ ਲੈਣਾ, ਆਦਿ ਉਸ ਵਿਚ ਪੂਰਾ ਸਹਿਯੋਗ ਅਤੇ ਉਤਸਾਹ ਦਿੱਤਾ। ਸੰਨ 1628 ਈ. (ਸੰਮਤ 1685 ਬਿ.) ਵਿਚ ਬਕਾਲੇ ਦੇ ਇਕ ਸੇਵਕ ਭਾਈ ਮੇਹਰਾ ਦੇ ਬੇਨਤੀ ਕਰਨ 'ਤੇ ਆਪ ਉਥੇ ਗਏ। ਧਰਮ-ਪ੍ਰਚਾਰ ਦਾ ਖ਼ੂਬ ਰੰਗ ਚੜ੍ਹਿਆ, ਪਰ ਇਸੇ ਦੌਰਾਨ ਸੰਨ 1628 ਈ. (15 ਹਾੜ ਸੰ. 1685 ਬਿ.) ਨੂੰ ਆਪ ਨੇ ਪ੍ਰਾਣ ਤਿਆਗ ਦਿੱਤੇ। ਇਸ ਤਰ੍ਹਾਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ 22 ਸਾਲ ਬਾਦ ਆਪ ਦਾ ਦੇਹਾਂਤ ਹੋਇਆ। ਇਨ੍ਹਾਂ 22 ਸਾਲਾਂ ਦੌਰਾਨ ਸਿੱਖ ਸਮਾਜ ਵਿਚ ਜੋ ਆਤਮ-ਰਖਿਆ ਲਈ ਬਲ ਦਾ ਸੰਚਾਰ ਹੋ ਰਿਹਾ ਸੀ, ਉਸ ਨੂੰ ਵਿਕਸਿਤ ਕਰਨ ਵਿਚ ਆਪ ਨੇ ਬਹੁਤ ਯੋਗਦਾਨ ਪਾਇਆ। ਉਨ੍ਹਾਂ ਦੇ ਆਪਣੇ ਸੁਪੁੱਤਰ ਦੇ ਮੀਰੀ-ਪੀਰੀ ਸਿੱਧਾਂਤ ਨੂੰ ਸਹਿਜ ਹੀ ਸਵੀਕਾਰ ਕੀਤਾ ਅਤੇ ਆਪਣੇ ਅਨੁਯਾਈਆਂ ਦੀ ਭਗਤੀ ਨਾਲ ਸ਼ਕਤੀ ਨੂੰ ਜੋੜਨ ਦਾ ਮੁਢਲਾ ਉਦਮ ਕੀਤਾ।

**ਗੰਗਾ ਰਾਮ** : ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਦਾ ਪੁੱਤਰ ਜੋ ਭੰਗਾਣੀ ਦੇ ਯੁੱਧ ਵਿਚ ਡਟ ਕੇ ਲੜਿਆ। ਵੇਖੋ 'ਸੰਗੋ ਸ਼ਾਹ'।

**ਗੰਗਾ ਰਾਮ, ਭਾਈ** : ਪੰਜਾਬ ਦੇ ਬਠਿੰਡਾ ਨਗਰ ਦਾ ਇਕ ਅਮੀਰ ਬ੍ਰਾਹਮਣ ਸੌਦਾਗਰ, ਜਿਸ ਨੇ ਗੁਰੂ ਅਰਜਨ ਦੇਵ ਜੀ ਪਾਸੋਂ ਸਿੱਖੀ ਧਾਰਣ ਕੀਤੀ ਸੀ। ਸਿੱਖ ਇਤਿਹਾਸ ਅਨੁਸਾਰ ਇਕ ਵਾਰ ਇਸ ਨੇ ਬਾਜਰੇ ਦੀ ਬਹੁਤ ਵੱਡੀ ਜਿਨਸ ਸਹਿਤ ਸਤਲੁਜ ਦਰਿਆ ਪਾਰ ਕੀਤਾ ਅਤੇ ਉਸ ਅੰਨ ਨੂੰ ਚੰਗੇ ਦਰਾਂ 'ਤੇ ਵੇਚਣ ਲਈ ਅੰਮ੍ਰਿਤਸਰ ਵਾਲੇ ਪਾਸੇ ਨੂੰ ਤੁਰ ਗਿਆ, ਇਸ ਆਸ ਵਿਚ ਕਿ ਉਥੇ ਬਹੁਤ ਲੋਕ ਕੰਮ ਕਰ ਰਹੇ ਹਨ, ਇਸ ਲਈ ਮੁਨਾਫ਼ਾ ਅਧਿਕ ਹੋਵੇਗਾ। ਉਥੇ ਉਸ ਨੇ ਬੜੀ ਸਿਦਕ-ਦਿਲੀ ਨਾਲ ਸਿੱਖਾਂ ਨੂੰ ਸਰੋਵਰ ਦੀ ਖ਼ੁਦਾਈ ਵਿਚ ਮਗਨ ਵੇਖਿਆ। ਪਰ ਲੰਗਰ ਵਿਚ ਅੰਨ ਖ਼ਤਮ ਹੋ ਚੁਕਿਆ ਸੀ ਅਤੇ ਉਹ ਭੁਖੇ ਭਾਣੇ ਸੇਵਾ ਕਰੀ ਜਾ ਰਹੇ ਸਨ। ਉਸ ਨੇ ਸਾਰਾ ਬਾਜਰਾ ਬਿਨਾ ਕੋਈ ਰਕਮ ਲਿਆਂ ਲੰਗਰ ਵਿਚ ਪਾ ਦਿੱਤਾ। ਉਹ ਖ਼ੁਦ ਵੀ ਕਾਰ-ਸੇਵਾ ਵਿਚ ਜੁਟ ਗਿਆ ਅਤੇ ਸਰੋਵਰ ਦੇ ਮੁਕੰਮਲ ਹੋਣ ਤਕ ਅੰਮ੍ਰਿਤਸਰ ਹੀ ਰਿਹਾ। ਬਠਿੰਡੇ ਪਰਤ ਕੇ ਇਸ ਨੇ ਆਪਣਾ ਜੀਵਨ ਸਿੱਖੀ ਦੇ ਪ੍ਰਚਾਰ ਨੂੰ ਅਰਪਿਤ ਕਰ ਦਿੱਤਾ। ਉਸ ਦੇ ਬਹੁਤ ਸਾਰੇ ਸ਼ਰਧਾਲੂ ਬਣ ਗਏ। ਭਾਈ ਮੂਲ ਚੰਦ ਉਸ ਦਾ ਇਕ ਕਰਣੀ ਵਾਲਾ ਚੇਲਾ ਸੀ, ਜਿਸ ਦਾ ਸਮਾਰਕ ਸੁਨਾਮ ਵਿਚ ਸ਼ਹੀਦ ਊਧਮ ਸਿੰਘ ਗੌਰਮਿੰਟ ਕਾਲਜ ਦੇ ਨੇੜੇ ਮੌਜੂਦ ਹੈ ਅਤੇ ਜਿਥੇ ਵਖ ਵਖ ਧਰਮਾਂ ਦੇ ਲੋਕ ਸ਼ਰਧਾ ਅਰਪਿਤ ਕਰਨ ਆਉਂਦੇ ਹਨ।

**ਗੰਗੂਸ਼ਾਹੀ** (ਉਪ-ਸੰਪ੍ਰਦਾਇ) : ਸਿੱਖ ਧਰਮ ਦੀ ਇਕ ਉਪ-ਸੰਪ੍ਰਦਾਇ ਜਿਸ ਦਾ ਪ੍ਰਚਲਨ ਬਸੀ ਖਤ੍ਰੀ ਜਾਤਿ ਦੇ ਭਾਈ ਗੰਗੂ ਸ਼ਾਹ ਨੇ ਕੀਤਾ। ਭਾਈ ਗੰਗੂ ਸ਼ਾਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਨਗਰ ਦਾ ਵਸਨੀਕ ਸੀ ਅਤੇ ਇਹ ਗੁਰੂ ਅਮਰਦਾਸ ਜੀ ਦਾ ਸੇਵਕ ਸੀ। ਇਸ ਨੂੰ ਗੁਰੂ ਜੀ ਨੇ 'ਮੰਜੀ' ਬਖ਼ਸ਼ ਕੇ ਸਰਮੌਰ ਰਿਆਸਤ ਦੇ ਪਹਾੜੀ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਲਈ ਭੇਜਿਆ। ਇਸ ਨੇ ਆਪਣੇ

ਜੀਵਨ-ਕਾਲ ਵਿਚ ਬਹੁਤ ਸਾਰਿਆਂ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਾਇਆ। ਪਰ ਇਸ ਦੀ ਧਾਰਮਿਕ ਮਾਨਤਾ ਦੇ ਅਧਿਕ ਵਧ ਜਾਣ ਕਾਰਣ ਇਸ ਦੇ ਉਤਰਾਧਿਕਾਰੀਆਂ ਨੇ ਆਪਣਾ ਵਖਰਾ ਮਤ ਚਲਾ ਲਿਆ। ਗੰਗੂ ਸ਼ਾਹ ਨੇ ਰੋਪੜ ਜ਼ਿਲ੍ਹੇ ਦੇ ਖਰੜ ਨਗਰ ਦੇ ਨੇੜੇ 'ਦਾਊਂ' ਪਿੰਡ ਵਿਚ ਆਪਣਾ ਡੇਰਾ ਬਣਾਇਆ ਅਤੇ ਇਸ ਦੇ ਪੜਪੋਤਰੇ ਬਾਬਾ ਜਵਾਹਰ ਸਿੰਘ ਦਾ ਦੇਹਰਾ ਖਟਕੜ ਕਲਾਂ, ਜ਼ਿਲ੍ਹਾ ਜਲੰਧਰ ਵਿਚ ਬਣਿਆ ਹੋਇਆ ਹੈ। ਸਰਮੌਰ ਰਿਆਸਤ ਦੇ ਪਹਾੜੀ ਇਲਾਕੇ ਵਿਚ ਜਵਾਹਰ ਸਿੰਘ ਦਾ ਝੰਡਾ ਅਨੇਕ ਥਾਂਵਾਂ 'ਤੇ ਝੂਲਦਾ ਹੈ, ਜਿਵੇਂ ਪਿੰਜੌਰ, ਡਗਸ਼ਈ, ਨਾਹਨ ਆਦਿ। ਇਨ੍ਹਾਂ ਡੇਰਿਆਂ ਪ੍ਰਤਿ ਸ਼ਰਧਾ ਰਖਣ ਵਾਲੇ ਸਿੱਖ ਧਰਮ ਦੀ ਮਰਯਾਦਾ ਦੀ ਪੂਰੀ ਤਰ੍ਹਾਂ ਪਾਲਨਾ ਨਹੀਂ ਕਰਦੇ। ਬਾਲਾਚੌਰ ਤੋਂ ਭੱਦੀ ਰੋਡ ਉਤੇ 7 ਕਿ.ਮੀ. ਦੀ ਦੂਰੀ ਉਤੇ ਸਥਿਤ 'ਆਕਲਿਆਣਾ' ਪਿੰਡ ਵਿਚ ਵੀ ਬਾਬਾ ਜਵਾਹਰ ਸਿੰਘ ਦਾ ਯਾਦਗਾਰੀ ਸਥਾਨ ਬਣਿਆ ਹੋਇਆ ਹੈ।

ਗੁਰੂ ਗੋਬਿੰਦ ਸਿਘ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਇਸ ਉਪ-ਸੰਪ੍ਰਦਾਇ ਦੇ ਤਦ-ਵਕਤੇ ਗੱਦੀਦਾਰ ਖੜਕ ਸਿੰਘ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਉਤਰਾਧਿਕਾਰੀ ਘੋਸ਼ਿਤ ਕੀਤਾ ਅਤੇ ਖੰਡੇ ਦੀ ਪਾਹੁਲ ਦੀ ਥਾਂ ਫਿਰ ਚਰਣ-ਪਾਹੁਲ ਦੀ ਰੀਤ ਤੋਰਨ ਦਾ ਯਤਨ ਕੀਤਾ, ਪਰ ਖ਼ਾਲਸਾ ਪੰਥ ਵਲੋਂ ਇਸ ਨੂੰ ਛੇਕ ਦਿੱਤਾ ਗਿਆ।

**ਗੰਗੂ ਬ੍ਰਾਹਮਣ** (ਮ. 1710 ਈ.) : ਰੋਪੜ ਜ਼ਿਲ੍ਹੇ ਦੇ ਮੋਰਿੰਡਾ ਕਸਬੇ ਦੇ ਨੇੜੇ ਸਥਿਤ ਇਕ ਪਿੰਡ, ਜਿਸ ਦਾ ਨਿਵਾਸੀ ਗੰਗੂ ਬ੍ਰਾਹਮਣ ਆਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਰਸੋਈਆ ਸੀ। ਸੰਨ 1705 ਈ. ਵਿਚ ਜਦੋਂ ਹੜ੍ਹੀ ਹੋਈ ਸਰਸਾ ਨਦੀ ਨੂੰ ਪਾਰ ਕਰਨ ਵੇਲੇ ਸਾਰਾ ਗੁਰੂ-ਪਰਿਵਾਰ ਵਿਛੜ ਗਿਆ, ਤਾਂ ਗੰਗੂ ਬ੍ਰਾਹਮਣ ਮਾਤਾ ਗੁਜਰੀ ਜੀ ਨੂੰ ਦੋ ਛੋਟੇ ਸਾਹਿਬਜ਼ਾਦਿਆਂ ਸਹਿਤ ਆਪਣੇ ਪਿੰਡ 'ਖੇੜੀ' ਲੈ ਆਇਆ। ਮਾਤਾ ਜੀ ਨੇ ਰਾਤ ਵੇਲੇ ਕੀਮਤੀ ਸਾਮਾਨ ਉਸ ਨੂੰ ਸੌਂਪ ਦਿੱਤਾ। ਉਸ ਸਾਮਾਨ ਨੂੰ ਵੇਖ ਕੇ ਗੰਗੂ ਦਾ ਮਨ ਡੋਲ ਗਿਆ ਅਤੇ ਉਸ ਨੂੰ ਹਥਿਆਉਣ ਲਈ ਸੋਚਣ ਲਗ ਪਿਆ। ਦੂਜੇ ਦਿਨ ਉਸ ਨੇ ਮੋਰਿੰਡਾ ਦੇ ਰੰਘੜ ਮੁਖੀਆਂ—ਜਾਨੀ ਖ਼ਾਨ ਅਤੇ ਮਾਨੀ ਖ਼ਾਨ—ਨੂੰ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਉਸ ਪਾਸ ਹੋਣ ਦੀ ਸੂਚਨਾ ਦਿੱਤੀ। ਉਹ ਦੋਵੇਂ ਰੰਘੜ ਇਨ੍ਹਾਂ ਨੂੰ ਪਕੜ ਕੇ ਪਹਿਲਾਂ ਮੋਰਿੰਡੇ ਲਿਆਏ ਅਤੇ ਦੂਜੇ ਦਿਨ ਸਰਹਿੰਦ ਲੈ ਗਏ। ਇਸ ਤਰ੍ਹਾਂ ਚੰਦੂ ਨੇ ਵਿਸ਼ਵਾਸ-ਘਾਤ ਕਰਕੇ ਤਿੰਨਾਂ ਨੂੰ ਸ਼ਹੀਦ ਕਰਾਇਆ।

ਬਾਬਾ ਬੰਦਾ ਬਹਾਦਰ ਨੇ ਸੰਨ 1710 ਈ. ਵਿਚ ਖੇੜੀ ਉਤੇ ਹਮਲਾ ਕਰਕੇ ਚੰਦੂ ਨੂੰ ਪਰਿਵਾਰ ਸਹਿਤ ਦੰਡ ਦਿੱਤਾ ਅਤੇ ਸਾਰਾ ਪਿੰਡ ਤਬਾਹ ਕੀਤਾ। ਹੁਣ ਉਸੇ ਥੇਹ ਉਤੇ ਜੋ ਪਿੰਡ ਵਸਿਆ ਹੋਇਆ ਹੈ ਉਸ ਦਾ ਨਾਂ 'ਸਹੇੜੀ' ਹੈ।

**ਗੰਜਨਾਮਹ** (ਰਚਨਾ) : ਭਾਈ ਨੰਦ ਲਾਲ ਗੋਯਾ ਦੁਆਰਾ ਫ਼ਾਰਸੀ ਕਵਿਤਾ ਅਤੇ ਵਾਰਤਕ ਵਿਚ ਲਿਖੀ ਇਕ ਪੁਸਤਕ ਜਿਸ ਵਿਚ ਦਸ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਗਈ ਹੈ। ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਅਗੰਮੀ ਦਰਵੇਸ਼ ਦਸਦਿਆਂ ਬਾਕੀ ਨੌਂ ਗੁਰੂਆਂ ਵਿਚ ਉਨ੍ਹਾਂ ਦੀ ਜੋਤਿ ਹੀ ਵਿਦਮਾਨ ਮੰਨੀ ਹੈ। ਵੇਖੋ 'ਨੰਦ ਲਾਲ ਗੋਯਾ, ਭਾਈ'।

**ਗੰਡਾ ਸਿੰਘ, ਡਾਕਟਰ** (1900-1987 ਈ.) : ਪੰਜਾਬ ਦੇ ਸਿਰਮੌਰ ਇਤਿਹਾਸਕਾਰ ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਈ. ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰਿਆਣਾ ਕਸਬੇ ਵਿਚ ਸ. ਜਵਾਲਾ ਸਿੰਘ ਦੇ ਘਰ ਮਾਤਾ ਹੁਕਮ ਦੇਈ ਦੀ ਕੁੱਖੋਂ ਹੋਇਆ। ਇਸ ਨੇ ਮੁੱਢਲੀ ਤਾਲੀਮ ਆਪਣੇ ਕਸਬੇ ਦੀ ਮਸੀਤ ਅਤੇ ਪ੍ਰਾਇਮਰੀ ਸਕੂਲ ਵਿਚ ਹਾਸਲ ਕੀਤੀ ਅਤੇ ਮਿਡਲ ਦਾ ਇਮਤਿਹਾਨ ਹੁਸ਼ਿਆਰਪੁਰ ਦੇ ਡੀ.ਏ.ਵੀ. ਮਿਡਲ ਸਕੂਲ ਅਤੇ ਦਸਵੀਂ ਗੌਰਮਿੰਟ ਹਾਈ ਸਕੂਲ ਤੋਂ ਸੰਨ 1919 ਈ. ਵਿਚ ਪਾਸ ਕੀਤੀ। ਇਸ ਨੇ ਅਗੋਂ ਪੜ੍ਹਨ ਲਈ ਲਾਹੌਰ ਵਿਚ ਫਾਰਮਨ ਕ੍ਰਿਸਚੀਅਨ ਕਾਲਜ ਵਿਚ ਦਾਖ਼ਲਾ ਲਿਆ, ਪਰ ਪੜ੍ਹਾਈ ਵਿਚੇ ਛਡ ਕੇ ਸੰਨ 1919 ਈ. ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਕੁਝ ਸਮਾਂ ਰਾਵਲਪਿੰਡੀ ਅਤੇ ਪਿਸ਼ਾਵਰ ਨੌਕਰੀ ਕਰਨ ਉਪਰੰਤ ਸੰਨ 1920 ਈ. ਵਿਚ ਬਸਰੇ ਬਦਲ ਦਿੱਤਾ ਗਿਆ। ਸੰਨ 1921 ਈ. ਵਿਚ ਇਹ ਜ਼ਖ਼ਮੀ ਹੋ ਗਿਆ ਅਤੇ ਭਾਰਤ ਵਾਪਸ ਭੇਜ ਦਿੱਤਾ ਗਿਆ। ਪਰ ਥੋੜੇ ਸਮੇਂ ਬਾਦ ਹੀ ਇਹ ਈਰਾਨ ਚਲਾ ਗਿਆ ਅਤੇ ਉਥੇ ਅਬਾਦਾਨ ਵਿਚ ਐਂਗਲੋ-ਪਰਸ਼ੀਅਨ ਆਇਲ ਕੰਪਨੀ ਵਿਚ ਅਕਾਊਂਟਸ ਅਫ਼ਸਰ ਜਾ ਲਗਿਆ। ਉਥੇ ਇਹ ਅੰਗ੍ਰੇਜ਼ ਵਿਦਵਾਨ ਸਰ ਆਰਨਾਲਡ ਵਿਲਸਨ ਦੇ ਸੰਪਰਕ ਵਿਚ ਆਇਆ ਅਤੇ ਉਸ ਦੇ ਪ੍ਰਭਾਵ

ਕਾਰਣ ਪੰਜਾਬ ਬਾਰੇ ਬਿਬਲਿਓਗ੍ਰਾਫ਼ੀ (ਪੁਸਤਕ ਸੂਚੀ) ਤਿਆਰ ਕਰਨ ਵਿਚ ਜੁਟ ਗਿਆ। ਇਥੇ ਹੀ ਇਸ ਨੇ ਆਪਣੀ ਪਹਿਲੀ ਪੁਸਤਕ 'ਮਾਈ ਫਸਟ ਥਰਟੀ ਡੇਜ਼ ਇਨ ਮੇਸੋਪੋਟਾਮੀਆ' ਲਿਖੀ। ਇਸ ਨੇ ਐਮ.ਏ.(ਇਤਿਹਾਸ) ਤਕ ਆਪਣੀ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਕੀਤੀ।

ਸੰਨ 1930 ਈ. ਵਿਚ ਪੰਜਾਬ ਪਰਤਣ 'ਤੇ ਇਸ ਨੇ ਪਹਿਲਾਂ 'ਫੁਲਵਾੜੀ' ਨਾਂ ਦੀ ਮਾਸਿਕ ਪਤ੍ਰਿਕਾ ਦੇ ਸੰਪਾਦਕੀ ਮੰਡਲ ਵਿਚ ਕੰਮ ਸ਼ੁਰੂ ਕੀਤਾ ਅਤੇ ਭਗਤ ਲਛਮਣ ਸਿੰਘ ਦੇ ਸੰਪਰਕ ਵਿਚ ਆਇਆ। ਅਕਤੂਬਰ 1931 ਈ. ਤੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਨਵੇਂ ਸਥਾਪਿਤ ਹੋਏ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਦਾ ਮੁਖੀ ਲਗਾ ਦਿੱਤਾ ਗਿਆ, ਜਿਸ ਦੀ ਜ਼ਿੰਮੇਵਾਰੀ ਇਸ ਨੇ ਸੰਨ 1949 ਈ. ਤਕ ਨਿਭਾਈ। ਇਸ ਦੌਰਾਨ ਇਸ ਨੇ ਹਿੰਦੁਸਤਾਨ ਵਿਚ ਥਾਂ ਥਾਂ ਜਾ ਕੇ ਲਾਇਬ੍ਰੇਰੀਆਂ, ਨਿਜੀ ਸੰਕਲਨਾਂ ਅਤੇ ਪੁਰਾਤਤ੍ਵ ਵਿਭਾਗਾਂ ਤੋਂ ਸਿੱਖ ਇਤਿਹਾਸ ਨਾਲ ਸੰਬੰਧਿਤ ਬੜੀ ਮੁੱਲਵਾਨ ਸਾਮਗ੍ਰੀ ਇਕੱਠੀ ਕੀਤੀ ਅਤੇ ਕਈ ਪੁਸਤਕਾਂ ਅਤੇ ਟ੍ਰੈਕਟਾਂ ਦਾ ਪ੍ਰਕਾਸ਼ਨ ਕੀਤਾ। ਸੰਨ 1949 ਈ. ਵਿਚ ਇਸ ਪੈਪਸੂ ਸਰਕਾਰ ਵਲੋਂ ਪਟਿਆਲੇ ਵਿਚ ਪੁਰਾਤਤ੍ਵ ਵਿਭਾਗ ਦਾ ਡਾਇਰੈਕਟਰ ਅਤੇ ਅਜਾਇਬ ਘਰ ਦਾ ਨਿਗਰਾਨ ਨਿਯੁਕਤ ਕੀਤਾ ਗਿਆ। ਇਕ ਸਾਲ ਬਾਦ ਪੰਜਾਬੀ ਮਹਿਕਮੇ ਦੇ ਡਾਇਰਕੈਟਰ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ। ਇਸ ਦੌਰਾਨ ਇਸ ਨੇ ਪਟਿਆਲੇ ਵਿਚ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਸਥਾਪਿਤ ਕੀਤੀ। ਸੰਨ 1954 ਈ. ਵਿਚ ਇਸ ਨੇ ਅਹਿਮਦ ਸ਼ਾਹ ਦੁਰਾਨੀ ਬਾਰੇ ਆਪਣਾ ਸ਼ੋਧ-ਪ੍ਰਬੰਧ ਲਿਖ ਕੇ ਪੰਜਾਬ ਯੂਨੀਵਰਸਿਟੀ ਤੋਂ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਸੇਵਾ-ਮੁਕਤ ਹੋਣ 'ਤੇ ਇਹ ਖ਼ਾਲਸਾ ਕਾਲਜ ਦਾ ਪ੍ਰਿੰਸੀਪਲ ਲਗਿਆ ਅਤੇ ਫਿਰ ਸੰਨ 1963 ਈ. ਵਿਚ ਪੰਜਾਬੀ ਯੂਨੀ-ਵਰਸਿਟੀ ਪਟਿਆਲਾ ਵਿਚ ਪੰਜਾਬ ਇਤਿਹਾਸ ਅਧਿਐਨ ਵਿਭਾਗ ਨੂੰ ਸਥਾਪਿਤ ਕਰਨ ਲਈ ਨਿਮੰਤਰਿਤ ਕੀਤਾ ਗਿਆ। ਇਸ ਨੇ ਸੰਨ 1965 ਈ. ਵਿਚ ਪੰਜਾਬ ਹਿਸਟਰੀ ਕਾਨਫ੍ਰੈਂਸ ਦਾ ਸੰਚਾਲਨ ਕੀਤਾ ਅਤੇ ਸੰਨ 1967 ਈ. ਵਿਚ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਨਾਂ ਦਾ ਛੇਮਾਹੀ ਮੈਗਜ਼ੀਨ ਸ਼ੁਰੂ ਕੀਤਾ। ਇਹ ਦੋਵੇਂ ਉੱਦਮ ਪੰਜਾਬ ਦੇ ਇਤਿਹਾਸ ਵਿਚ ਆਪਣੀ ਨਿਖੜਵੀਂ ਛਾਪ ਰਖਦੇ ਹਨ।

ਡਾ. ਗੰਡਾ ਸਿੰਘ ਦੀ ਇਤਿਹਾਸ ਸੰਬੰਧੀ ਖੋਜ ਨੂੰ ਮੁਖ ਰਖਦਿਆਂ ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਵਲੋਂ ਆਪਣਾ ਮੈਂਬਰ ਨਾਮਜ਼ਦ ਕੀਤਾ ਗਿਆ ਅਤੇ ਕਈ ਸੁਪ੍ਰਤਿਸ਼ਠਿਤ ਕਾਨਫ੍ਰੈਂਸਾਂ ਦੀ ਪ੍ਰਧਾਨਗੀ ਕਰਨ ਦਾ ਗੌਰਵ ਵੀ ਹਾਸਲ ਹੋਇਆ। ਸੰਨ 1963 ਈ. ਵਿਚ ਪੰਜਾਬ ਦੇ ਭਾਸ਼ਾ ਵਿਭਾਗ ਵਲੋਂ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਆ ਗਿਆ। ਸੰਨ 1964 ਈ. ਵਿਚ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਕੀਤਾ ਅਤੇ ਫਿਰ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ ਨੇ ਮਾਨ-ਅਰਥ ਡੀ.ਲਿਟ. ਦੀ ਡਿਗਰੀ ਨਾਲ ਵਰਸਾਇਆ। ਅਕਤੂਬਰ 1974 ਈ. ਵਿਚ ਸਿੱਖ ਐਜੂਕੇਸ਼ਨਲ ਕਾਨਫ੍ਰੈਂਸ ਵਲੋਂ ਕਾਨਪੁਰ ਵਿਚ ਅਤੇ ਨਵੰਬਰ 1976 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਫਿਰ ਫਰਵਰੀ 1978 ਈ. ਵਿਚ ਮਾਨ-ਅਰਥ ਡੀ.ਲਿਟ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਸੰਨ 1983 ਈ. ਵਿਚ ਹਿੰਦ ਸਰਕਾਰ ਵਲੋਂ ਪਦਮ-ਭੂਸ਼ਣ ਦਾ ਸਨਮਾਨ ਦਿੱਤਾ ਗਿਆ। ਨਵੰਬਰ 1987 ਈ. ਵਿਚ ਇੰਡੀਅਨ ਹਿਸਟਰੀ ਕਾਂਗ੍ਰਸ ਨੇ ਗੋਆ ਵਿਚ ਪੰਜ ਪ੍ਰਤਿਸ਼ਠਿਤ ਇਤਿਹਾਸਕਾਰਾਂ ਵਿਚ ਸਥਾਨ ਦੇ ਕੇ ਸਨਮਾਨਿਆ। ਇਸ ਤਰ੍ਹਾਂ ਡਾ. ਗੰਡਾ ਸਿੰਘ ਪ੍ਰਤਿ ਆਪਣੀ ਜ਼ਿੰਦਗੀ ਵਿਚ ਹੀ ਇਸ ਵਲੋਂ ਕੀਤੀ ਖੋਜ ਵਜੋਂ ਸ਼ੁਕਰਾਨੇ ਦੀ ਭਾਵਨਾ ਦਾ ਪ੍ਰਦਰਸ਼ਨ ਹੋਇਆ। 27 ਦਸੰਬਰ 1987 ਈ. ਨੂੰ ਡਾ. ਗੰਡਾ ਸਿੰਘ ਦਾ ਪਟਿਆਲੇ ਵਿਚ ਦੇਹਾਂਤ ਹੋਇਆ।

ਡਾ. ਗੰਡਾ ਸਿੰਘ ਨੇ ਆਪਣੇ ਦੁਆਰਾ ਇਕੱਠੇ ਕੀਤੇ ਤੱਥਾਂ ਅਤੇ ਮਾਨਤਾਵਾਂ ਨੂੰ ਲਿਖਿਤ ਰੂਪ ਵੀ ਪ੍ਰਦਾਨ ਕੀਤਾ। ਇਸ ਨੇ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਵਿਚ ਆਪਣੀਆਂ ਪੁਸਤਕਾਂ ਦੀ ਰਚਨਾ ਕੀਤੀ। ਅੰਗ੍ਰੇਜ਼ੀ ਵਿਚ Life of Banda Singh Bahadur (1935), History of Gurudwara Shahidganj Lahore (1935), Maharaja Ranjit Singh (1939), Maharaja Ranjit Singh—First Death Centenary Memorial Volume (1939), A Short History of The Sikhs (1950), The Panjab in 1939-40 (1952), Ahmad Shah Durrani (1959), Bibliography of the Panjab (1966), Deportation of Lala Lajpat Rai and Sardar Ajit Singh

(1978), Seditious Literature of the Panjab (1987), ਇਸ ਦੀਆਂ ਪ੍ਰਮੁਖ ਰਚਨਾਵਾਂ ਹਨ। ਪੰਜਾਬੀ ਵਿਚ ਇਸ ਨੇ *ਮਹਾਰਾਜਾ ਕੌੜਾ ਮੱਲ ਬਹਾਦੁਰ* (1942), *ਸਰਦਾਰ ਸ਼ਾਮ ਸਿੰਘ ਅਟਾਰੀਵਾਲਾ* (1942), *ਕੂਕਿਆਂ ਦੀ ਵਿਥਿਆ* (1944), *ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ* (1957), *ਬਾਬਾ ਬੰਦਾ ਸਿੰਘ ਬਹਾਦਰ* (1965), *ਸ੍ਰੀ ਗੁਰਸੋਭਾ* (1967), *ਹੁਕਮਨਾਮੇ* (1967), *ਸਰਦਾਰ ਜੱਸਾ ਸਿੰਘ ਆਹਲੂਵਾਲੀਆ* (1969) ਆਦਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ। ਇਨ੍ਹਾਂ ਤੋਂ ਇਲਾਵਾ *ਬੈਂਤਾਂ ਸ਼ੇਰ ਸਿੰਘ ਕੀਆਂ, ਸੀਹਰਫ਼ੀਆਂ ਹਰੀ ਸਿੰਘ ਨਲਵਾ, ਹੁਕਮਨਾਮੇ, ਭਾਈ ਨੰਦ ਲਾਲ ਗ੍ਰੰਥਾਵਲੀ* ਆਦਿ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਹਿੰਦੀ, ਉਰਦੂ ਅਤੇ ਫ਼ਾਰਸੀ ਵਿਚ ਵੀ ਇਸ ਨੇ ਅੱਧਾ ਦਰਜਨ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ। ਇਨ੍ਹਾਂ ਵਿਚ ਕੁਝ ਅਨੁਵਾਦਿਤ ਅਤੇ ਕੁਝ ਸੰਪਾਦਿਤ ਹਨ। ਇਸ ਦੀ ਇਤਿਹਾਸਿਕ ਖੋਜ ਦੀ ਸਰਵ ਪ੍ਰਮੁਖ ਵਿਸ਼ੇਸ਼ਤਾ ਤੱਥਾਂ ਦੇ ਆਧਾਰ 'ਤੇ ਸਚਾਈ ਤਕ ਪਹੁੰਚਣ ਅਤੇ ਕਿਸੇ ਪ੍ਰਕਾਰ ਦੇ ਪਹਿਲਾਂ ਨਿਰਧਾਰਿਤ ਭਾਵਾਂ ਤੋਂ ਮੁਕਤ ਰਹਿਣ ਵਿਚ ਵੇਖੀ ਜਾ ਸਕਦੀ ਹੈ।

**ਗ੍ਰਹ** : ਭਾਰਤੀ ਜੋਤਿਸ਼-ਸ਼ਾਸਤ੍ਰ ਅਤੇ ਖਗੋਲ-ਸ਼ਾਸਤ੍ਰ ਵਿਚ ਗ੍ਰਹਿਆਂ ਦਾ ਬਹੁਤ ਮਹੱਤਵ ਹੈ। 'ਗ੍ਰਹ' ਦਾ ਸ਼ਾਬਦਿਕ ਅਰਥ ਹੈ ਪਕੜਨਾ, ਰੋਕਣਾ। ਪਰ ਇਸ ਦੀ ਰੂੜ੍ਹ ਰੂਪ ਵਿਚ ਵਰਤੋਂ ਪ੍ਰਸਿੱਧ ਨੌਂ ਗ੍ਰਹਿਆਂ ਲਈ ਹੁੰਦੀ ਹੈ। ਨੌਂ ਗ੍ਰਹ ਇਹ ਹਨ— ਸੂਰਜ, ਚੰਦ੍ਰਮਾ, ਮੰਗਲ, ਬੁੱਧ, ਬ੍ਰਿਹਸਪਤੀ, ਸ਼ੁਕਰ, ਸ਼ਨੀ, ਰਾਹੂ ਅਤੇ ਕੇਤੂ। ਇਨ੍ਹਾਂ ਵਿਚੋਂ ਕੁਝ ਗ੍ਰਹ ਸ਼ੁਭ ਹਨ ਅਤੇ ਕੁਝ ਅਸ਼ੁਭ। ਅਸ਼ੁਭ ਗ੍ਰਹਿਆਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਕਈ ਉਪਾ ਵੀ ਕੀਤੇ ਜਾਂਦੇ ਹਨ। ਇਹ ਗ੍ਰਹ, ਅਸਲ ਵਿਚ, ਵਿਸ਼ੇਸ਼ ਪ੍ਰਕਾਰ ਦੇ ਚਮਕਦੇ ਸਿਤਾਰੇ ਹਨ। ਇਨ੍ਹਾਂ ਗ੍ਰਹਿਆਂ ਜਾਂ ਨਛਤ੍ਰਾਂ ਦਾ ਹਿੰਦੂਆਂ ਦੇ ਧਾਰਮਿਕ ਕ੍ਰਿਤਾਂ ਨਾਲ ਡੂੰਘਾ ਸੰਬੰਧ ਹੈ। ਹਰ ਇਕ ਧਾਰਮਿਕ ਕਾਰਜ ਲਈ ਸ਼ੁਭ ਮਹੂਰਤ ਦੀ ਲੋੜ ਹੈ। ਵਿਆਹ ਜਾਂ ਯੱਗ ਆਦਿ ਸ਼ੁਭ ਕਾਰਜਾਂ ਤੋਂ ਪਹਿਲਾਂ ਨੌਂ ਗ੍ਰਹਿਆਂ ਦੀ ਪੂਜਾ ਕਰਨ ਦਾ ਵਿਧਾਨ ਹੈ। ਜੋਤਿਸ਼-ਸ਼ਾਸਤ੍ਰ ਅਨੁਸਾਰ ਬੱਚੇ ਦੇ ਜਨਮ ਵੇਲੇ ਇਨ੍ਹਾਂ ਸਿਤਾਰਿਆਂ ਦੀ ਗਤਿ-ਵਿਧੀ ਅਨੁਸਾਰ ਬੱਚੇ ਦੀ ਕਿਸਮਤ ਬਣਦੀ ਹੈ। ਇਸ ਪ੍ਰਕਾਰ ਦੀਆਂ ਕਈ ਮਾਨਤਾਵਾਂ ਗ੍ਰਹਿਆਂ ਨਾਲ ਜੁੜੀਆਂ ਹੋਈਆਂ ਹਨ। ਮੱਧ-ਯੁਗ ਦੇ ਧਰਮ ਸਾਧਕਾਂ ਨੇ ਇਨ੍ਹਾਂ ਨੂੰ ਕੋਈ ਵਿਸ਼ੇਸ਼ ਮਹੱਤਵ ਨਹੀਂ ਦਿੱਤਾ।

ਗੁਰਮਤਿ ਵਿਚ ਗ੍ਰਹਿਆਂ ਨੂੰ ਸਵੀਕ੍ਰਿਤੀ ਨਹੀਂ ਮਿਲੀ। ਪੰਜਵੇਂ ਗੁਰੂ ਜੀ ਅਨੁਸਾਰ ਹਰਿ-ਕੀਰਤਨ ਕਰਨ ਅਤੇ ਨਾਮ ਦੀ ਆਰਾਧਨਾ ਨਾਲ ਗ੍ਰਹਿਆਂ ਦੇ ਪ੍ਰਭਾਵ ਦਾ ਆਪਣੇ ਆਪ ਨਿਵਾਰਣ ਹੋ ਜਾਂਦਾ ਹੈ— *ਸੁਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ। ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ।* (ਗੁ.ਗ੍ਰੰ.400)।

**ਗ੍ਰਿਹਸਥ** (ਆਸ਼੍ਰਮ): ਹਿੰਦੂ ਧਰਮ ਦੀ ਆਸ਼੍ਰਮ-ਵਿਵਸਥਾ ਵਿਚ ਗ੍ਰਿਹਸਥ ਦੀ ਅਵਸਥਾ ਦੂਜੇ ਨੰਬਰ ਉਤੇ ਆਉਂਦੀ ਹੈ। ਪਰ ਗੁਰਮਤਿ ਵਿਚ ਕੇਵਲ ਗ੍ਰਿਹਸਥ-ਆਸ਼੍ਰਮ ਨੂੰ ਹੀ ਮਹੱਤਵ ਦਿੱਤਾ ਗਿਆ ਹੈ। ਗ੍ਰਿਹਸਥ ਤੋਂ ਭਾਵ ਹੈ ਪਰਿਵਾਰ ਵਿਚ ਰਹਿੰਦੇ ਹੋਇਆਂ, ਆਪਣੀ ਰੋਜ਼ੀ-ਰੋਟੀ ਕਮਾ ਕੇ ਸੰਸਾਰ ਦੀਆਂ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਂਦੇ ਹੋਇਆਂ ਅਤੇ ਪਰਮਾਤਮਾ ਦੀ ਭਗਤੀ ਵਿਚ ਮਗਨ ਹੋ ਕੇ ਦੂਜਿਆਂ ਦਾ ਉਪਕਾਰ ਕਰਦੇ ਹੋਇਆਂ ਜੀਵਨ ਨੂੰ ਬਤੀਤ ਕੀਤਾ ਜਾਏ। ਗੁਰਮਤਿ ਦੀ ਜੀਵਨ-ਜੁਗਤ ਨੂੰ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ— *ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ। ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।* (ਗੁ.ਗ੍ਰੰ.522)। ਗੁਰੂ ਅਮਰਦਾਸ ਜੀ ਨੇ ਸੰਨਿਆਸੀਆਂ ਜਾਂ ਹੋਰ ਭੇਖਧਾਰੀਆਂ ਨਾਲੋਂ ਗ੍ਰਿਹਸਥ-ਧਰਮ ਨੂੰ ਇਸ ਲਈ ਸ੍ਰੇਸ਼ਠ ਮੰਨਿਆ ਹੈ, ਕਿਉਂਕਿ ਬਾਕੀ ਸਾਰੇ ਆਸ਼੍ਰਮ ਇਸੇ ਦੁਆਰਾ ਵਰਸਾਏ ਜਾਂਦੇ ਹਨ— *ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।* (ਗੁ.ਗ੍ਰੰ.587)

ਇਕ ਹੋਰ ਪ੍ਰਕਰਣ ਵਿਚ ਵੀ ਗੁਰੂ ਅਮਰਦਾਸ ਜੀ ਨੇ ਮਨ ਨੂੰ ਸੰਬੋਧਿਤ ਕਰਦਿਆਂ ਕਿਹਾ ਹੈ ਕਿ ਘਰ ਵਿਚ ਰਹਿ ਕੇ ਸੰਸਾਰਿਕ ਵਾਸਨਾਵਾਂ ਅਤੇ ਪ੍ਰਪੰਚਕ ਉਪਲਬਧੀਆਂ ਤੋਂ ਆਪਣੇ ਆਪ ਨੂੰ ਨਿਰਲੇਪ ਰਖਣਾ ਹੀ ਉਚਿਤ ਧਰਮ-ਮਾਰਗ ਹੈ— *ਮਨ ਰੇ ਗ੍ਰਿਹ ਹੀ ਮਾਹਿ ਉਦਾਸੁ। ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ। ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ।* (ਗੁ.ਗ੍ਰੰ. 26)। ਗੁਰੂ ਨਾਨਕ ਦੇਵ ਜੀ ਨੇ ਬਾਕੀ ਆਸ਼੍ਰਮਾਂ ਨੂੰ ਭ੍ਰਮ-ਪੂਰਣ ਦਸਦੇ ਹੋਇਆਂ ਗ੍ਰਿਹਸਥ ਦੀ ਮਹਿਮਾ ਗਾਈ ਹੈ— *ਬਿਨੁ ਗੁਰ ਸਬਦੁ ਨ ਛੂਟਹੀ ਭ੍ਰਮਿ ਆਵਹਿ ਜਾਵਹਿ। ਇਕਿ*

*ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ। ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ।*(ਗੁ.ਗ੍ਰੰ. 419)। ਰਾਮਕਲੀ ਰਾਗ ਵਿਚ ਗ੍ਰਿਹਸਥੀ ਦੀ ਜੀਵਨ-ਜੁਗਤ ਉਤੇ ਪ੍ਰਕਾਸ਼ ਪਾਉਂਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮ ਭੀਖਿਆ ਕਰੈ। ਪੁੰਨ ਦਾਨ ਕਾ ਕਰੇ ਸਰੀਰੁ। ਸੋ ਗਿਰਹੀ ਗੰਗਾ ਕਾ ਨੀਰੁ।*(ਗੁ.ਗ੍ਰੰ.952)। ਸਚਮੁਚ ਗੰਗਾ ਜਲ ਵਾਂਗ ਪਵਿੱਤਰ ਹੈ ਗ੍ਰਿਹਸਥ-ਆਸ਼੍ਰਮ ਜੇ ਉਸ ਨੂੰ ਗੁਰਮਤਿ ਅਨੁਸਾਰੀ ਰਖਿਆ ਜਾਏ।

**ਗ੍ਰਿਹਸਥੀ** : ਗ੍ਰਿਹਸਥ ਧਾਰਣ ਕਰਨ ਵਾਲਾ ਵਿਅਕਤੀ। ਵੇਖੋ 'ਗ੍ਰਿਹਸਥ (ਆਸ਼੍ਰਮ)'।

**ਗ੍ਰੰਥੀ** : ਇਹ ਸ਼ਬਦ ਸੰਸਕ੍ਰਿਤ ਦੇ 'ਗ੍ਰੰਥਿਨ੍' ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਗ੍ਰੰਥ ਪੜ੍ਹਨ ਵਾਲਾ ਜਾਂ ਗ੍ਰੰਥ ਸਿਰਜਣ ਵਾਲਾ। ਸਿੱਖ ਧਰਮ ਵਿਚ ਇਹ ਸ਼ਬਦ ਉਸ ਵਿਅਕਤੀ ਲਈ ਰੂੜ੍ਹ ਹੋ ਗਿਆ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਅਤੇ ਪਠਨ-ਪਾਠਨ ਕਰਦਾ ਹੈ। ਹੁਣ ਸਿੱਖ ਧਰਮ ਦੀ ਮਰਯਾਦਾ ਦਾ ਪਾਲਨਾ ਕਰਨਾ-ਕਰਾਉਣਾ, ਧਰਮ ਦਾ ਉਪਦੇਸ਼ ਦੇਣਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਆਦਿ ਕੰਮ ਵੀ ਉਸੇ ਦੇ ਜ਼ਿੰਮੇ ਹੋ ਗਏ ਹਨ।

ਗ੍ਰੰਥ ਸਾਹਿਬ ਦੀ ਮੂਲ ਬੀੜ ਤਿਆਰ ਹੋ ਜਾਣ 'ਤੇ ਗੁਰੂ ਅਰਜਨ ਦੇਵ ਜੀ ਨੇ ਉਸ ਦਾ ਪ੍ਰਕਾਸ਼ ਹਰਿਮੰਦਿਰ ਸਾਹਿਬ ਵਿਚ ਕੀਤਾ ਅਤੇ ਬਾਬਾ ਬੁੱਢਾ ਨੂੰ ਉਸ ਦੀ ਸੇਵਾ- ਸੰਭਾਲ ਸੌਂਪੀ। ਗ੍ਰੰਥ ਦੀ ਜ਼ਿੰਮੇਵਾਰੀ ਸੰਭਾਲਣ ਕਰਕੇ ਉਸ ਵਿਅਕਤੀ ਨੂੰ 'ਗ੍ਰੰਥੀ' ਕਿਹਾ ਜਾਣ ਲਗਾ। ਇਸ ਤਰ੍ਹਾਂ ਪੰਜਵੇਂ ਗੁਰੂ ਜੀ ਨੇ ਬਾਬੇ ਬੁੱਢੇ ਨੂੰ ਪਹਿਲਾਂ ਗ੍ਰੰਥੀ ਥਾਪਿਆ। ਉਸ ਸਮੇਂ ਇਹ ਬੜੀ ਆਦਰਯੋਗ ਪਦਵੀ ਸੀ। ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਾਪਤ ਹੋ ਜਾਣ ਤੋਂ ਬਾਦ 'ਗ੍ਰੰਥੀ' ਦਾ ਮਹੱਤਵ ਹੋਰ ਵੀ ਵਧ ਗਿਆ। ਸਿੱਖ ਧਰਮ ਦੇ ਵਿਸਤਾਰ ਨਾਲ ਅਨੇਕ ਗ੍ਰੰਥੀ ਬਣਾਏ ਜਾਣੇ ਸ਼ੁਰੂ ਹੋਏ, ਪਰ ਮੁੱਖ ਰੂਪ ਵਿਚ ਬਾਬਾ ਬੁੱਢਾ ਅਤੇ ਭਾਈ ਮਨੀ ਸਿੰਘ ਹੀ ਪ੍ਰਵਾਨਿਤ ਗ੍ਰੰਥੀ ਹਨ। ਸਿੱਖ-ਸਮਾਜ ਵਿਚ ਗ੍ਰੰਥੀਆਂ ਦਾ ਬਹੁਤ ਆਦਰ ਕੀਤਾ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦਾ ਨਿਰਮਾਣ ਕਰਾ ਕੇ ਬਹੁਤ ਸਾਰੇ ਗ੍ਰੰਥੀਆਂ ਦੀ ਨਿਯੁਕਤੀ ਕੀਤੀ ਅਤੇ ਖ਼ਰਚੇ ਦਾ ਕੰਮ ਚਲਾਉਣ ਲਈ ਉਨ੍ਹਾਂ ਨੂੰ ਜਾਗੀਰਾਂ ਤਕ ਦਿੱਤੀਆਂ। ਗ੍ਰੰਥੀ ਨੂੰ ਆਮ ਤੌਰ 'ਤੇ ਬਾਬਾ ਜੀ, ਭਾਈ ਜੀ, ਗਿਆਨੀ ਜੀ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ।

# ਘ

**ਘਨਈਆ, ਭਾਈ** (1647-1718 ਈ.) : ਸਿੱਖ ਧਰਮ ਵਿਚ ਸੇਵਾ-ਸਾਧਨਾ ਨੂੰ ਪ੍ਰਫੁਲਿਤ ਕਰਨ ਲਈ ਭਾਈ ਘਨਈਆ ਦਾ ਚਰਿਤ੍ਰ ਇਕ ਚਾਨਣ ਮੁਨਾਰੇ ਵਾਂਗ ਸਾਹਮਣੇ ਆਉਂਦਾ ਹੈ। ਆਪ ਨੇ ਮਾਨਵਤਾ ਦੀ ਸੇਵਾ ਜਿਸ ਸਮ-ਦ੍ਰਿਸ਼ਟੀ ਨਾਲ ਕੀਤੀ, ਉਸ ਦੀ ਮਿਸਾਲ ਵਿਸ਼ਵ ਇਤਿਹਾਸ ਵਿਚੋਂ ਮਿਲਣੀ ਮੁਸ਼ਕਿਲ ਹੈ। ਭਾਈ ਸਾਹਿਬ ਦਾ ਜਨਮ ਸੰਨ 1647 ਈ. ਵਿਚ ਪੱਛਮੀ ਪੰਜਾਬ (ਵਜ਼ੀਰਾਬਾਦ ਦੇ ਨੇੜੇ) ਦੇ ਸੋਦਰਾ (ਸੋਧਰਾ) ਨਾਂ ਦੇ ਕਸਬੇ ਵਿਚ ਇਕ ਰਜੇ-ਪੁਜੇ ਖਤ੍ਰੀ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਮੁਨਸ਼ੀ ਨਥੂ ਰਾਮ ਜਰਨੈਲ ਅਮੀਰ ਸਿੰਘ ਮੁਸਾਹਿਬ ਦੇ ਕਾਰਦਾਰ ਸਨ। ਸ਼ੁਰੂ ਤੋਂ ਆਪ ਦਾ ਝੁਕਾ ਅਧਿਆਤਮਿਕਤਾ ਵਲ ਸੀ। ਗੁਰਬਾਣੀ ਦੇ ਪਾਠ ਅਤੇ ਨਾਮ-ਸਿਮਰਨ ਵਿਚ ਮਗਨ ਰਹਿੰਦੇ ਹੋਏ ਲੋਕਾਂ ਦੀ ਸੇਵਾ ਵਿਚ ਬਚਪਨ ਤੋਂ ਹੀ ਜੁਟ ਗਏ ਸਨ। ਆਪ ਦਾ ਹਿਰਦਾ ਬੇਗਾਰ ਵਿਚ ਫੜੇ ਲੋਕਾਂ ਦੀਆਂ ਔਕੜਾਂ ਨੂੰ ਵੇਖ ਕੇ ਪਸੀਜਦਾ ਸੀ। ਉਨ੍ਹਾਂ ਦੇ ਕਸ਼ਟ ਨੂੰ ਘਟਾਉਣ ਲਈ ਆਪ ਉਨ੍ਹਾਂ ਨਾਲ ਮਿਲ ਕੇ ਬੇਗਾਰ ਦਾ ਭਾਰ ਉਠਾਉਂਦੇ। ਇਕ ਸੌਖੇ ਘਰ ਦੇ ਬੱਚੇ ਨੂੰ ਅਜਿਹਾ ਕੰਮ ਕਰਦੇ ਵੇਖ ਕੇ ਲੋਕੀਂ ਗੱਲਾਂ ਕਰਦੇ। ਪਰਿਵਾਰ ਵਾਲੇ ਇਸ ਅਪਜਸ ਨੂੰ ਸਹਿ ਨ ਸਕਦੇ। ਭਾਈ ਸਾਹਿਬ ਨੂੰ ਬਹੁਤ ਸਮਝਾਉਂਦੇ, ਪਰ ਆਪ ਜੀ ਦੀਆਂ ਦਲੀਲਾਂ ਸਾਹਮਣੇ ਉਨ੍ਹਾਂ ਦੀ ਕੋਈ ਵਾਹ ਨ ਚਲਦੀ। ਆਖ਼ਿਰ ਉਨ੍ਹਾਂ ਨੇ ਭਾਈ ਸਾਹਿਬ ਨੂੰ ਅਜਿਹੇ ਕੰਮ ਕਰਨ ਤੋਂ ਨ ਰੋਕਿਆ, ਸਗੋਂ ਘਰੋਂ ਧਨ ਆਦਿ ਲੈ ਜਾਣ ਲਈ ਵੀ ਕਿਹਾ ਤਾਂ ਜੋ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ।

ਆਪਣੇ ਪਿਤਾ ਦੀ ਮ੍ਰਿਤੂ ਤੋਂ ਬਾਦ ਆਪ ਜੀ ਨੂੰ ਕਾਰਦਾਰੀ ਦਾ ਕਾਰਜ-ਭਾਰ ਸੰਭਾਲਣ ਲਈ ਕਿਹਾ ਗਿਆ। ਆਪ ਸੰਸਾਰਿਕ ਜ਼ਿੰਮੇਵਾਰੀਆਂ ਵਿਚ ਨਹੀਂ ਪੈਣਾ ਚਾਹੁੰਦੇ ਸਨ। ਪਰ ਵੱਡਿਆਂ ਦੇ ਸਮਝਾਉਣ 'ਤੇ ਆਪ ਨੇ ਜ਼ਿੰਮੇਵਾਰੀ ਸੰਭਾਲੀ ਅਤੇ ਮੁਸਾਹਿਬ ਦੇ ਨਾਲ ਤੁਰ ਗਏ। ਇਕ ਥਾਂ

ਰਸਤੇ ਵਿਚ ਕੀਤੇ ਪੜਾ ਦੌਰਾਨ ਆਪਣੇ ਤੰਬੂ ਵਿਚੋਂ ਨਿਕਲ ਕੇ ਜੰਗਲ ਵਿਚ ਚਲੇ ਗਏ ਅਤੇ ਨਾਮ-ਸਿਮਰਨ ਵਿਚ ਲੀਨ ਰਹਿਣ ਲਗੇ। ਕਹਿੰਦੇ ਹਨ, ਉਥੇ ਸਮਾਧੀ ਦੀ ਅਵਸਥਾ ਵਿਚ ਆਪ ਨੂੰ ਤਿੰਨ ਵਾਰ ਆਕਾਸ਼ਬਾਣੀ ਹੋਈ ਕਿ ਡਰੌਲੀ ਪੁਜੋ ਅਤੇ ਆਪ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਡਰੌਲੀ ਪਹੁੰਚ ਗਏ, ਜਿਥੇ ਗੁਰੂ ਜੀ ਧਰਮ ਪ੍ਰਚਾਰ ਕਰ ਰਹੇ ਸਨ। ਉਥੇ ਆਪ ਨੇ ਗੁਰੂ ਜੀ ਦੇ ਤਬੇਲੇ ਵਿਚ ਘੋੜਿਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ।

ਭਾਈ ਘਨਈਆ ਜੀ ਦੀ ਸੇਵਾ ਨੂੰ ਵੇਖ ਕੇ ਗੁਰੂ ਜੀ ਨੇ ਆਪ ਨੂੰ ਧਰਮ ਪ੍ਰਚਾਰ ਲਈ ਵਿਦਾ ਕੀਤਾ। ਆਪ ਨੇ ਕੈਂਬਲਪੁਰ (ਅੱਟਕ) ਜ਼ਿਲ੍ਹੇ ਵਿਚ ਇਕ ਪਹਾੜੀ ਉਤੇ ਵਸਦੇ ਕਵ੍ਹਾ (ਕਵਹਾ) ਨਾਂ ਦੇ ਪਿੰਡ ਵਿਚ ਆਪਣਾ ਪ੍ਰਚਾਰ-ਕੇਂਦਰ ਸਥਾਪਿਤ ਕੀਤਾ ਜਿਥੇ ਬਿਨਾ ਕਿਸੇ ਧਾਰਮਿਕ ਜਾਂ ਸਮਾਜਿਕ ਵਿਥ ਵਿਤਕਰੇ ਦੇ ਹਰ ਵਿਅਕਤੀ ਲਈ ਦੁਆਰ ਖੋਲ੍ਹੇ ਗਏ। ਉਥੇ ਇਕ ਪ੍ਰਸਿੱਧ ਪਠਾਣ ਵੀ ਆਪ ਦੇ ਅਦੁੱਤੀ ਚਰਿਤ੍ਰ ਤੋਂ ਬਹੁਤ ਪ੍ਰਭਾਵਿਤ ਹੋਇਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਭਾਈ ਘਨਈਆ ਜੀ ਉਤੇ ਬਹੁਤ ਅਸਰ ਹੋਇਆ। ਉਦਾਸ ਰਹਿਣ ਲਗੇ। ਕੁਝ ਸਮੇਂ ਪਿਛੋਂ ਦਸਵੇਂ ਗੁਰੂ ਸਾਹਿਬ ਦੇ ਦਰਸ਼ਨ ਲਈ ਸੰਗਤ ਸਹਿਤ ਆਨੰਦਪੁਰ ਲਈ ਤੁਰ ਪਏ। ਗੁਰੂ ਜੀ ਦੇ ਦਰਸ਼ਨ ਕਰਕੇ ਬਾਕੀ ਸੰਗਤ ਤਾਂ ਪਰਤ ਗਈ, ਪਰ ਆਪ ਨੇ ਗੁਰੂ ਦਰਬਾਰ ਵਿਚ ਪਾਣੀ ਭਰਨ ਦੀ ਸੇਵਾ ਸ਼ੁਰੂ ਕਰ ਦਿੱਤੀ। ਜਦੋਂ ਗੁਰੂ ਜੀ ਨੇ ਸਿੰਘਾਂ ਨੂੰ ਸ਼ਸਤ੍ਰ ਧਾਰਨ ਕਰਨ ਲਈ ਆਦੇਸ਼ ਦਿੱਤਾ ਤਾਂ ਆਪ ਨੂੰ ਵੀ ਇਕ ਤੇਗ਼ (ਕ੍ਰਿਪਾਨ) ਪਵਾ ਦਿੱਤੀ ਗਈ। ਸਿੰਘਾਂ ਦੇ ਪੁਛਣ 'ਤੇ ਕਿ ਯੁੱਧ ਵੇਲੇ ਇਸ ਦੀ ਕਿਵੇਂ ਵਰਤੋਂ ਕਰੋਗੇ, ਤਾਂ ਆਪ ਜੀ ਨੇ ਕਿਹਾ ਕਿ ਮੈਂ ਵੈਰੀ ਨੂੰ ਖ਼ੁਦ ਹੀ ਕ੍ਰਿਪਾਨ ਭੇਂਟ ਕਰ ਦਿਆਂਗਾ ਕਿ ਉਹ ਮੈਨੂੰ ਮਾਰ ਸਕੇ। ਇਸ ਜਵਾਬ ਤੋਂ ਹੈਰਾਨ ਹੋ ਕੇ ਸਿੱਖਾਂ ਨੇ ਗੁਰੂ ਜੀ ਅਗੇ ਆਪ ਵਿਰੁੱਧ ਸ਼ਿਕਾਇਤ ਕੀਤੀ। ਆਪ ਜੀ ਵਲੋਂ ਸਹੀ ਗੱਲ ਦਸਣ 'ਤੇ ਵਾਸਤਵਿਕਤਾ ਸਾਹਮਣੇ ਆਈ। ਭਾਈ ਸਾਹਿਬ ਦੀ ਨਿਰਲਿਪਤ ਅਵਸਥਾ ਕਾਰਣ ਜਲ ਆਦਿ ਦੀ ਸੇਵਾ ਦਾ ਕੰਮ ਹੀ ਜਾਰੀ ਰਖਣ ਲਈ ਗੁਰੂ ਜੀ ਨੇ ਸਭ ਨੂੰ ਸਮਝਾਇਆ।

ਪਹਾੜੀ ਰਾਜਿਆਂ ਅਤੇ ਮੁਗ਼ਲ ਸੈਨਾ ਨਾਲ ਛਿੜੇ ਗੁਰੂ ਜੀ ਦੇ ਯੁੱਧ ਵੇਲੇ ਆਪ ਯੁੱਧ-ਭੂਮੀ ਵਿਚ ਜ਼ਖ਼ਮੀਆਂ ਨੂੰ ਸਮਦ੍ਰਿਸ਼ਟੀ ਨਾਲ ਜਲ ਪਿਲਾਉਂਦੇ ਸਨ। ਸਿੱਖਾਂ ਦੇ ਸ਼ਿਕਾਇਤ ਕਰਨ 'ਤੇ ਆਪ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹਰ ਇਕ ਜ਼ਖ਼ਮੀ ਵਿਅਕਤੀ ਵਿਚ ਮੈਨੂੰ ਆਪ ਜੀ ਦੀ ਸੂਰਤ ਦਿਸਦੀ ਸੀ। ਆਪਣਿਆਂ ਅਤੇ ਵੈਰੀਆਂ ਵਿਚ ਕਿਸੇ ਪ੍ਰਕਾਰ ਦੀ ਕੋਈ ਵਿਥ ਨ ਸਮਝਣ ਵਾਲੇ ਭਾਈ ਘਨਈਆ ਜੀ ਉਤੇ ਗੁਰੂ ਜੀ ਇਤਨੇ ਪ੍ਰਸੰਨ ਹੋਏ ਕਿ ਆਪ ਨੂੰ ਜ਼ਖ਼ਮੀਆਂ ਦੀ ਮਰਹਮ-ਪੱਟੀ ਕਰਨ ਲਈ ਵੀ ਆਗਿਆ ਦੇ ਦਿੱਤੀ। ਇਸ ਤਰ੍ਹਾਂ ਭਾਈ ਘਨਈਆ ਜੀ ਬਿਨਾ ਕਿਸੇ ਭੇਦ-ਭਾਵ ਦੇ ਲੋਕਾਂ ਦੀ ਸੇਵਾ ਕਰਦੇ ਰਹੇ।

ਜਦੋਂ ਸੰਨ 1705 ਈ. ਵਿਚ ਗੁਰੂ ਜੀ ਨੇ ਆਨੰਦਪੁਰ ਛਡਿਆ, ਤਾਂ ਆਪ ਜੀ ਆਪਣੇ ਆਸ਼੍ਰਮ 'ਕਵ੍ਹਾ' ਚਲੇ ਗਏ। ਗੁਰੂ ਜੀ ਨੇ ਆਪ ਨੂੰ ਨਾਮ-ਸਿਮਰਨ ਅਤੇ ਸੇਵਾ ਵਿਚ ਸਦਾ ਮਗਨ ਰਹਿਣ ਦਾ ਵਰਦਾਨ ਦਿੱਤਾ। ਕਵ੍ਹਾ ਪਹੁੰਚ ਕੇ ਆਪ ਨੇ ਲੋਕਾਂ ਦੀ ਬਹੁਤ ਸੇਵਾ ਕੀਤੀ। 71 ਵਰ੍ਹਿਆਂ ਦੀ ਉਮਰ ਭੋਗਣ ਤੋਂ ਬਾਦ ਸੰਨ 1718 ਈ. ਵਿਚ ਆਪ ਦਾ ਉਥੇ ਹੀ ਦੇਹਾਂਤ ਹੋਇਆ।

ਆਪ ਸਦਾ ਜਿਗਿਆਸੂਆਂ ਨੂੰ ਗੁਰਮਤਿ ਅਨੁਸਾਰੀ ਜੀਵਨ ਜੀਣ ਦਾ ਉਪਦੇਸ਼ ਦਿੰਦੇ। ਕਵ੍ਹਾ ਵਿਚ ਕਈ ਮੁਸਲਮਾਨ ਵੀ ਆਪ ਦੇ ਅਨੁਯਾਈ ਬਣ ਗਏ। ਉਸੇ ਦੌਰਾਨ ਭਾਈ ਸੇਵਾ ਰਾਮ ਜੀ ਆਪ ਦੁਆਰਾ ਚਲਾਈ ਜਨ-ਸੇਵਾ ਤੋਂ ਪ੍ਰਭਾਵਿਤ ਹੋ ਕੇ ਅਦੁੱਤੀ ਸ਼ਰਧਾਲੂ ਬਣ ਗਏ। ਆਪ ਜੀ ਦੇ ਮਹਾਪ੍ਰਸਥਾਨ ਤੋਂ ਬਾਦ ਸੇਵਾ ਰਾਮ ਜੀ ਨੇ ਬੜੀ ਸ਼ਿਦਤ ਨਾਲ ਧਰਮ ਪ੍ਰਚਾਰ ਕੀਤਾ ਅਤੇ ਸੰਸਾਰਿਕਤਾ ਦੇ ਪ੍ਰਭਾਵ ਤੋਂ ਮੁਕਤ ਰਹਿਣ ਲਈ ਅਨੁਯਾਈਆਂ ਨੂੰ ਤਾਕੀਦ ਕੀਤੀ। ਭਾਈ ਸੇਵਾ ਰਾਮ ਦੀ ਅਦੁੱਤੀ ਸੇਵਾ-ਸਾਧਨਾ ਕਾਰਣ ਆਪ ਦੇ ਨਾਂ 'ਤੇ 'ਸੇਵਾ-ਪੰਥ' ਨਾਮ ਪ੍ਰਚਲਿਤ ਹੋਇਆ ਅਤੇ ਫਿਰ ਉਨ੍ਹਾਂ ਦੇ ਮਹਾਨ ਸੇਵਕ ਭਾਈ ਅੱਡਣ ਸ਼ਾਹ ਕਰਕੇ ਲੋਕੀਂ ਉਨ੍ਹਾਂ ਦੇ ਅਨੁਯਾਈਆਂ ਨੂੰ 'ਅੱਡਣ ਸ਼ਾਹੀ' ਕਹਿਣ ਲਗ ਗਏ। ਇਸ ਤਰ੍ਹਾਂ ਭਾਈ ਘਨਈਆ ਨੇ ਆਪਣੇ ਸੇਵਕਾਂ ਦੁਆਰਾ ਇਕ ਸੰਸਥਾ ਦਾ ਸੰਚਾਲਨ ਕੀਤਾ ਜੋ ਸਿੱਖ ਇਤਿਹਾਸ ਨੂੰ ਹੀ ਨਹੀਂ, ਭਾਰਤੀ ਸੰਸਕ੍ਰਿਤੀ ਨੂੰ ਵਿਲੱਖਣ ਦੇਣ ਹੈ।

ਸੇਵਾ-ਪੰਥੀ ਸੰਤ ਅਨੂਪ ਸਿੰਘ ਉਨਾ ਸਾਹਿਬ ਵਾਲੇ ਨੇ ਭਾਈ ਘਨਈਆ ਜੀ ਦੀ ਯਾਦ ਵਿਚ 'ਭਾਈ ਘਨਈਆ ਜੀ ਸੇਵਾ ਸਿਮਰਨ ਕੇਂਦਰ' ਨਾਂ ਦੀ ਇਕ ਸੰਸਥਾ

ਬਣਾਈ ਹੈ। ਇਸ ਲਈ ਇਮਾਰਤ ਦੀ ਉਸਾਰੀ ਚਾਹਲ ਨਗਰ (ਫਗਵਾੜਾ) ਵਿਚ ਵਿਸ਼ੇਸ਼ ਸਮਾਗਮ ਕਰਕੇ ਸ਼ੁਰੂ ਕਰ ਦਿੱਤੀ ਹੈ। ਇਸ ਕੇਂਦਰ ਵਿਚ ਸਿੱਖ ਪ੍ਰਚਾਰਕ ਤਿਆਰ ਕੀਤੇ ਜਾਣਗੇ ਅਤੇ ਵਧ ਰਹੇ ਪਤਿਤਪੁਣੇ ਅਤੇ ਨਸ਼ਾਖ਼ੋਰੀ ਨੂੰ ਠਲ੍ਹ ਪਾਉਣ ਦਾ ਉਦਮ ਕੀਤਾ ਜਾਵੇਗਾ। ਇਕ ਚੈਰੀਟੇਬਲ ਹਸਪਤਾਲ ਬਣਾਉਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ।

**ਘਨੌਰ ਜੱਟਾਂ** (ਪਿੰਡ): ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਇਕ ਪੁਰਾਣਾ ਪਿੰਡ ਜੋ ਸੰਗਰੂਰ ਨਗਰ ਤੋਂ 30 ਕਿ.ਮੀ. ਦੱਖਣ-ਪੂਰਬ ਵਾਲੇ ਪਾਸੇ ਨਹਿਰ ਦੇ ਕੰਢੇ ਦੇ ਨੇੜੇ ਸਥਿਤ ਹੈ। ਇਸ ਪਿੰਡ ਵਿਚ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਤੇਗ ਬਹਾਦਰ ਜੀ ਆਪਣੀਆਂ ਧਰਮ-ਪ੍ਰਚਾਰਕ ਫੇਰੀਆਂ ਵੇਲੇ ਠਹਿਰੇ ਸਨ। ਗੁਰੂ ਸਾਹਿਬਾਨ ਦੀ ਯਾਦ ਵਿਚ ਇਥੇ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ ਜਿਸ ਦੀ ਵਿਵਸਥਾ ਪਿੰਡ ਦੀ ਕਮੇਟੀ ਕਰਦੀ ਹੈ। ਗੁਰਦੁਆਰੇ ਦੇ ਪਰਿਸਰ ਵਿਚ ਕਰੀਰ ਦੇ ਦੋ ਬ੍ਰਿਛ ਮੌਜੂਦ ਹਨ। ਸਥਾਨਕ ਰਵਾਇਤ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਜਿਨ੍ਹਾਂ ਕਿੱਲਿਆਂ ਨਾਲ ਘੋੜੇ ਬੰਨ੍ਹੇ ਸਨ, ਉਹੀ ਬਾਦ ਵਿਚ ਫੁਟ ਕੇ ਬ੍ਰਿਛ ਬਣ ਗਏ।

**ਘਨੌਲਾ** (ਪਿੰਡ): ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਰੋਪੜ ਨਗਰ ਤੋਂ 10 ਕਿ.ਮੀ. ਉੱਤਰ ਵਲ ਵਸਿਆ ਇਕ ਪੁਰਾਣਾ ਪਿੰਡ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੋ ਵਾਰ ਆਏ ਸਨ। ਇਕ ਵਾਰ ਉਦੋਂ, ਜਦੋਂ ਉਹ ਪਾਉਂਟਾ ਸਾਹਿਬ ਤੋਂ ਆਨੰਦਪੁਰ ਪਰਤ ਰਹੇ ਸਨ ਅਤੇ ਦੂਜੀ ਵਾਰ ਉਦੋਂ, ਜਦੋਂ ਉਹ ਆਨੰਦਪੁਰ ਦਾ ਕਿਲ੍ਹਾ ਛਡ ਕੇ ਚਮਕੌਰ ਸਾਹਿਬ ਨੂੰ ਜਾ ਰਹੇ ਸਨ। ਗੁਰੂ ਜੀ ਦੀ ਯਾਦ ਵਿਚ ਇਥੇ ਇਕ ਗੁਰੂ-ਧਾਮ ਪੁਰਾਣੇ ਥੇਹ ਉਤੇ ਬਣਿਆ ਹੋਇਆ ਹੈ। ਇਸ ਦੀ ਵਿਵਸਥਾ ਪਿੰਡ ਦੀ ਕਮੇਟੀ ਕਰਦੀ ਹੈ।

**ਘਰ** (ਰਾਗ ਸੰਬੰਧੀ): ਇਸ ਦਾ ਸੰਬੰਧ ਰਾਗ ਦੀ ਤਕਨੀਕ ਨਾਲ ਹੈ। ਵਿਦਵਾਨਾਂ ਨੇ ਇਸ ਬਾਰੇ ਵਖ ਵਖ ਵਿਚਾਰ ਪ੍ਰਗਟ ਕੀਤੇ ਹਨ।

ਇਕ ਮਤ ਅਨੁਸਾਰ 'ਘਰ' ਤਾਲ ਦਾ ਸੂਚਕ ਸ਼ਬਦ ਹੈ। ਇਸ ਦੀ ਪੁਸ਼ਟੀ ਇਕ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਏਕ ਸੁਆਨ ਕੈ ਘਰਿ ਗਾਵਣਾ' ਉਕਤੀ ਤੋਂ ਹੋ ਜਾਂਦੀ ਹੈ। ਦੂਜੇ, ਇਸ ਦੀ ਵਰਤੋਂ ਰਾਗ-ਬੱਧ ਬਾਣੀਆਂ ਦੇ ਪ੍ਰਕਰਣ ਵਿਚ ਹੀ ਹੋਈ ਹੈ, ਇਸ ਲਈ ਇਸ ਦਾ ਸੰਬੰਧ ਤਾਲ ਨਾਲ ਹੈ। ਤੀਜੇ, 'ਘਰ' ਅੰਕਣ ਦੀ ਪ੍ਰਥਾ ਈਰਾਨੀ ਤਾਲ-ਪੱਧਤੀ ਦੇ ਅਨੁਰੂਪ ਹੋਈ ਹੈ। ਈਰਾਨ ਦੀ ਤਾਲ ਤਕਨੀਕ ਵਿਚ ਤਾਲ ਦੇ ਵਖ ਵਖ ਸਰੂਪਾਂ ਨੂੰ ਇਕ ਗਾਹ, ਦੋ ਗਾਹ, ਆਦਿ ਆਖਿਆ ਗਿਆ ਹੈ। 'ਗਾਹ' ਦਾ ਅਰਥ ਹੈ ਸਥਾਨ, ਘਰ। ਇਸ ਲਈ 'ਗਾਹ' ਸ਼ਬਦ ਦੀ 'ਘਰ' ਸ਼ਬਦ ਨਾਲ ਬਹੁਤ ਅਨੁਰੂਪਤਾ ਹੈ। ਇਸ ਕਰਕੇ ਇਹ ਸ਼ਬਦ ਤਾਲ ਸੂਚਕ ਹੈ। ਅਮੀਰ ਖ਼ੁਸਰੋ ਨੇ ਵੀ ਜਿਨ੍ਹਾਂ 17 ਤਾਲਾਂ ਦੇ ਸਰੂਪ ਨਿਰਧਾਰਿਤ ਕੀਤੇ ਸਨ, ਉਹ ਭਾਰਤੀ ਤਾਲਾਂ ਨਾਲ ਦੂਰ ਤਕ ਸਮਾਨਤਾ ਰਖਦੇ ਸਨ। ਇਸ ਤਰ੍ਹਾਂ 'ਘਰ' ਨੂੰ ਤਾਲ -ਸੂਚਕ ਮੰਨਿਆ ਜਾਂਦਾ ਹੈ।

ਦੂਜੇ ਮਤ ਅਨੁਸਾਰ ਇਹ 'ਗ੍ਰਾਮ' ਸੂਚਕ ਹੈ। ਭਾਈ ਵੀਰ ਸਿੰਘ (*ਗੁਰੂ ਗ੍ਰੰਥ ਕੋਸ਼*) ਅਨੁਸਾਰ ਸਾਜਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ ਘਰੁ ਤੋਂ ਬਣਦਾ ਹੈ, ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ 'ਘਰੁ' ਹਨ। ਘਰੁ ੧ ਤੋਂ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖ੍ਯਾ ਦਾ ਸੰਕੇਤ ਹੈ। ਭਾਈ ਵੀਰ ਸਿੰਘ ਦੇ ਮਤ ਨਾਲ ਸਹਿਮਤ ਹੋਣਾ ਸਰਲ ਨਹੀਂ, ਕਿਉਂਕਿ ਗ੍ਰਾਮ ਕੇਵਲ ਤਿੰਨ ਹਨ ਜਦਕਿ ਘਰਾਂ ਦੀ ਗਿਣਤੀ 17 ਹੈ। ਇਸ ਲਈ 'ਗ੍ਰਾਮ' ਘਰ ਦਾ ਸੂਚਕ ਨਹੀਂ ਹੋ ਸਕਦਾ।

ਤੀਜੇ ਮਤ ਦਾ ਸੰਬੰਧ ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ ਨਾਲ ਹੈ। ਉਨ੍ਹਾਂ ਅਨੁਸਾਰ 'ਘਰ' ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸ੍ਤਾਰ ਅਨੁਸਾਰ ਗਾਉਣ ਦੇ ਪ੍ਰਕਾਰ ਹਨ। ਪਰ ਇਕ ਰਾਗ ਵਿਚ ਇਕ ਹੀ ਮੂਰਛਨਾ ਹੁੰਦੀ ਹੈ, ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੀ ਰਾਗ ਵਿਚ ਕਈ 'ਘਰ-ਸੰਕੇਤ' ਮਿਲਦੇ ਹਨ। ਇਸ ਲਈ ਇਹ ਮਤ ਵੀ ਸਹੀ ਪ੍ਰਤੀਤ ਨਹੀਂ ਹੁੰਦਾ।

ਉਪਰੋਕਤ ਮਤਾਂ ਵਿਚ ਅਧਿਕ ਸਵੀਕ੍ਰਿਤ ਮਤ 'ਘਰ' ਨੂੰ ਤਾਲ ਲਈ ਵਰਤਿਆ ਗਿਆ ਦਸਣ ਵਾਲਾ ਹੈ। ਅਜ-ਕਲ ਰਾਗ ਵਿਚ 'ਘਰ' ਦਾ ਪ੍ਰਚਲਨ ਬਹੁਤ ਘਟ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ 1 ਤੋਂ ਲੈ ਕੇ 17 ਤਕ ਘਰਾਂ ਦੀ ਗਿਣਤੀ ਦਿੱਤੀ ਗਈ ਹੈ।

**ਘੱਲ ਕਲਾਂ** (ਪਿੰਡ) : ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ

ਮੋਗਾ ਨਗਰ ਤੋਂ 9 ਕਿ.ਮੀ. ਪੱਛਮ ਵਾਲੇ ਪਾਸੇ ਵਸਿਆ ਹੋਇਆ ਇਕ ਪਿੰਡ, ਜਿਥੇ ਗੁਰੂ ਹਰਿਗੋਬਿੰਦ ਜੀ ਨੇ ਡਰੌਲੀ ਜਾਂਦੇ ਹੋਇਆਂ ਚਰਣ ਪਾਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਬਣਾਇਆ ਗਿਆ ਸਮਾਰਕ ਹੁਣ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਪਿੰਡ ਦੀ ਕਮੇਟੀ ਕਰਦੀ ਹੈ।

**ਘੱਲੂਘਾਰਾ ਛੋਟਾ :** ਸਿੱਖਾਂ ਦੀ ਤਬਾਹੀ ਨੂੰ ਸੂਚਿਤ ਕਰਨ ਵਾਲੀਆਂ ਦੋ ਘਟਨਾਵਾਂ ਨੂੰ ਘੱਲੂਘਾਰਿਆਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਇਕ ਸੰਨ 1746 ਈ. ਵਿਚ ਵਾਪਰਿਆ ਅਤੇ ਦੂਜਾ ਸੰਨ 1762 ਈ. ਵਿਚ ਹੋਇਆ। ਜਾਨੀ ਨੁਕਸਾਨ ਦੇ ਮੱਦੇਨਜ਼ਰ ਪਹਿਲੇ ਨੂੰ ਛੋਟਾ ਅਤੇ ਦੂਜੇ ਨੂੰ ਵੱਡਾ ਘੱਲੂਘਾਰਾ ਕਿਹਾ ਜਾਣ ਲਗਿਆ। ਵੱਡਾ ਘੱਲੂਘਾਰਾ ਕੇਵਲ ਇਕ ਦਿਨ ਵਿਚ ਵਾਪਰਿਆ, ਜਦ ਕਿ ਛੋਟਾ ਘੱਲੂਘਾਰਾ ਸੰਨ 1746 ਈ. ਦੇ ਮਾਰਚ ਤੋਂ ਮਈ ਦੇ ਮਹੀਨਿਆਂ ਵਿਚ ਪਸਰਿਆ ਰਿਹਾ।

ਇਸ ਘੱਲੂਘਾਰੇ ਦਾ ਪਿਛੋਕੜ ਏਮਨਾਬਾਦ ਦੇ ਫ਼ੌਜਦਾਰ ਜਸਪਤ ਰਾਇ ਦੇ ਕਤਲ ਨਾਲ ਜੁੜਦਾ ਹੈ। ਸੰਨ 1746 ਈ. ਦੇ ਸ਼ੁਰੂ ਵਿਚ ਲਾਹੌਰ ਦੀ ਮੁਗ਼ਲ ਸੈਨਾ ਵਲੋਂ ਖਦੇੜੇ ਇਕ ਸਿੱਖ ਜੱਥੇ ਨਾਲ ਜਸਪਤ ਰਾਇ ਦਾ ਟਾਕਰਾ ਏਮਨਾਬਾਦ ਤੋਂ ਉਤਰ ਵਲ 25 ਕਿ.ਮੀ. ਦੀ ਦੂਰੀ 'ਤੇ ਸਥਿਤ ਬਦੋਕੀ ਗੁਸਾਈਆਂ ਪਿੰਡ ਦੇ ਨੇੜੇ ਹੋ ਗਿਆ। ਭਾਈ ਨਿਬਾਹੂ ਸਿੰਘ ਰੰਘਰੇਟਾ ਨੇ ਹਾਥੀ ਦੀ ਪੂਛ ਫੜ ਕੇ ਹੋਦੇ ਵਿਚ ਬੈਠੇ ਜਸਪਤ ਰਾਇ ਦਾ ਸਿਰ ਕਟ ਲਿਆ। ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ ਲਾਹੌਰ ਪ੍ਰਸ਼ਾਸਨ ਵਿਚ ਦੀਵਾਨ ਦੀ ਪਦਵੀ ਉਤੇ ਨਿਯੁਕਤ ਲਖਪਤ ਰਾਇ ਨੇ ਪ੍ਰਤਿਗਿਆ ਕੀਤੀ ਕਿ ਉਹ ਸਿੱਖਾਂ ਦਾ ਬੀਜ ਨਾਸ ਕਰ ਦੇਵੇਗਾ। ਉਸ ਨੇ ਲਾਹੌਰ ਦੇ ਸੂਬੇ ਯਹੀਆ ਖ਼ਾਨ ਦੀ ਸੰਮਤੀ ਨਾਲ ਲਾਹੌਰ ਦੀਆਂ ਫ਼ੌਜਾਂ ਨੂੰ ਲਾਮਬੰਦ ਕੀਤਾ ਅਤੇ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਤੋਂ ਵੀ ਫ਼ੌਜੀ ਮਦਦ ਮੰਗ ਲਈ। ਇਸ ਤੋਂ ਇਲਾਵਾ ਪਹਾੜੀ ਰਾਜਿਆਂ ਨੂੰ ਵੀ ਸਚੇਤ ਕਰ ਦਿੱਤਾ ਕਿ ਸਿੱਖ ਪਹਾੜਾਂ ਵਲ ਨ ਨਿਕਲ ਜਾਣ। ਉਸ ਨੇ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਪਕੜ ਕੇ ਕਤਲ ਕਰਨ ਦਾ ਆਦੇਸ਼ ਦੇ ਦਿੱਤਾ। ਫਿਰ ਮਾਰਚ ਮਹੀਨੇ ਦੇ ਸ਼ੁਰੂ ਵਿਚ ਉਸ ਨੇ ਇਕ ਤਕੜਾ ਸੈਨਾ ਦਲ ਲੈ ਕੇ ਕਾਹਨੂਵਨ ਵਿਚ ਲੁਕੇ ਲਗਭਗ 15 ਹਜ਼ਾਰ ਸਿੱਖਾਂ ਨੂੰ ਲਭਣਾ ਸ਼ੁਰੂ ਕੀਤਾ। ਪਹਿਲਾਂ ਤਾਂ ਸਿੱਖ ਮੁਗ਼ਲ ਸੈਨਾ ਦਾ ਟਾਕਰਾ ਕਰਦੇ ਰਹੇ, ਪਰ ਗਿਣਤੀ ਵਿਚ ਥੋੜੇ ਹੋਣ ਕਾਰਣ ਉਨ੍ਹਾਂ ਰਾਵੀ ਦਰਿਆ ਪਾਰ ਕਰਕੇ ਬਸੋਲੀ (ਜ਼ਿਲ੍ਹਾ ਕਠੂਆ) ਵਲ ਮੂੰਹ ਕੀਤਾ। ਅਗੋਂ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਗੋਲੀਆਂ ਦਾਗ਼ਣੀਆਂ ਸ਼ੁਰੂ ਕਰ ਦਿੱਤੀਆਂ। ਅਗੋਂ-ਪਿਛੋਂ ਘਿਰੇ ਹੋਣ ਕਾਰਣ ਅਤੇ ਖਾਧ-ਖ਼ੁਰਾਕ ਦੇ ਮੁਕਣ ਕਾਰਣ ਬਹੁਤ ਸਾਰੇ ਸਿੱਖ ਮਾਰੇ ਗਏ।

ਆਖ਼ਿਰ ਹਿੰਮਤ ਕਰਕੇ ਸਿੱਖਾਂ ਨੇ ਲਖਪਤ ਰਾਇ ਦੀ ਫ਼ੌਜ ਦੇ ਘੇਰੇ ਨੂੰ ਤੋੜ ਕੇ ਅਤੇ ਬਿਆਸ ਤੇ ਸਤਲੁਜ ਨੂੰ ਪਾਰ ਕਰਕੇ ਲਖੀ ਜੰਗਲ ਵਲ ਨਿਕਲਣ ਦਾ ਯਤਨ ਕੀਤਾ। ਪਰ 1 ਅਤੇ 2 ਮਈ 1746 ਈ. ਨੂੰ ਹੋਈ ਭਿੜੰਤ ਵਿਚ ਲਗਭਗ ਸੱਤ ਹਜ਼ਾਰ ਸਿੱਖ ਮਾਰਿਆ ਗਿਆ ਅਤੇ ਤਿੰਨ ਹਜ਼ਾਰ ਨੂੰ ਪਕੜ ਦੇ ਲਾਹੌਰ ਦੇ ਦਿੱਲੀ ਗੇਟ ਵਲ ਨਖ਼ਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਕੁਝ ਹਜ਼ਾਰ ਸਿੱਖ ਪਰਬਤ ਅਤੇ ਮਾਲਵੇ ਵਲ ਬਚ ਕੇ ਨਿਕਲ ਗਏ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ। ਇਸ ਨੂੰ ਪਹਿਲਾਂ ਕੇਵਲ 'ਘੱਲੂਘਾਰਾ' ਕਿਹਾ ਜਾਂਦਾ ਸੀ, ਪਰ 16 ਸਾਲ ਪਿਛੋਂ ਕੁੱਪ-ਰਹੀੜਾ ਦੇ ਸਥਾਨ ਉਤੇ ਹੋਏ ਵੱਡੇ ਜਾਨੀ ਨੁਕਸਾਨ ਕਾਰਣ ਉਸ ਨੂੰ ਵੱਡਾ ਅਤੇ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲਗਿਆ। ਲਖਪਤ ਰਾਇ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਸੜਵਾਇਆ ਅਤੇ ਸਿੱਖ ਧਰਮ-ਧਾਮਾਂ ਨੂੰ ਵੀ ਬਰਬਾਦ ਕੀਤਾ। ਪਰ ਇਸ ਜ਼ੁਲਮ ਨਾਲ ਵੀ ਉਹ ਸਿੱਖਾਂ ਦੀ ਚੜ੍ਹਦੀ ਕਲਾ ਨੂੰ ਦਬਾ ਨ ਸਕਿਆ। ਸੰਨ 1747 ਈ. ਦੀ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਇਕੱਠਾ ਹੋਇਆ ਅਤੇ ਮਤਾ ਪਾਸ ਕੀਤਾ ਗਿਆ ਕਿ ਅੰਮ੍ਰਿਤਸਰ ਵਿਚ ਆਪਣੇ ਆਪ ਨੂੰ ਸੁਰਖਿਅਤ ਰਖਣ ਲਈ ਕਿਲ੍ਹਾ ਉਸਾਰਿਆ ਜਾਏ, ਜੋ ਬਾਦ ਵਿਚ 'ਰਾਮ ਰੌਣੀ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਤਰ੍ਹਾਂ ਲਖਪਤ ਰਾਇ ਦਾ ਸਾਰਾ ਹੰਕਾਰ ਸਿੱਖਾਂ ਨੇ ਖ਼ਤਮ ਕਰ ਦਿੱਤਾ।

**ਘੱਲੂਘਾਰਾ, ਨੀਲਾ ਤਾਰਾ :** ਵੇਖੋ 'ਨੀਲਾ ਤਾਰਾ ਸੈਨਿਕ ਕਾਰਵਾਈ'।

**ਘੱਲੂਘਾਰਾ ਵੱਡਾ :** 'ਘੱਲੂਘਾਰਾ' ਦਾ ਅਰਥ ਹੈ ਤਬਾਹੀ,

ਬਰਬਾਦੀ, ਸਰਵਨਾਸ਼। 18ਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਦੋ ਘਲੂਘਾਰੇ, ਜਿਨ੍ਹਾਂ ਵਿਚ ਇਕ ਛੋਟਾ ਘੱਲੂਘਾਰਾ (ਸੰਨ 1746 ਈ.) ਅਤੇ ਦੂਜਾ ਵੱਡਾ ਘੱਲੂਘਾਰਾ (ਸੰਨ 1762 ਈ.) ਨਾਂ ਨਾਲ ਪ੍ਰਸਿੱਧ ਹਨ।

ਵੱਡਾ ਘੱਲੂਘਾਰਾ ਮਲੇਰਕੋਟਲਾ ਤੋਂ 12 ਕਿ.ਮੀ. ਉਤਰ ਵਲ ਕੁੱਪ-ਰਹੀੜਾ ਨਾਂ ਦੇ ਦੋ ਪਿੰਡਾਂ ਵਿਚਾਲੇ ਵਾਲੇ ਸਥਾਨ ਉਤੇ 5 ਫਰਵਰੀ 1762 ਈ. ਨੂੰ ਵਾਪਰਿਆ। ਇਸ ਪਿਛੇ ਅਹਿਮਦ ਸ਼ਾਹ ਦੁਰਾਨੀ ਦੀ ਬਦਲਾ ਲੈਣ ਦੀ ਥੋਰੀ ਰੁਚੀ ਕੰਮ ਕਰ ਰਹੀ ਸੀ। ਜਦੋਂ ਸੰਨ 1761 ਈ. ਵਿਚ ਮਰਹਟਿਆਂ ਨੂੰ ਪਾਨੀਪਤ ਦੀ ਤੀਜੀ ਲੜਾਈ ਵਿਚ ਬੁਰੀ ਤਰ੍ਹਾਂ ਹਰਾ ਕੇ ਲੁਟ ਦੇ ਸਾਮਾਨ ਅਤੇ ਔਰਤਾਂ ਸਮੇਤ ਆਪਣੇ ਦੇਸ਼ ਪਰਤ ਰਿਹਾ ਸੀ, ਤਾਂ ਸਿੱਖਾਂ ਨੇ ਸਤਲੁਜ ਦਰਿਆ ਤੋਂ ਜੇਹਲਮ ਦਰਿਆ ਤਕ ਉਸ ਦਾ ਪਿਛਾ ਕੀਤਾ ਅਤੇ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਸਾਮਾਨ ਨੂੰ ਲੁਟਿਆ ਅਤੇ ਔਰਤਾਂ ਨੂੰ ਮੁਕਤ ਕਰਾ ਕੇ ਘਰੋਂ-ਘਰੀਂ ਪਹੁੰਚਾਇਆ। ਫਿਰ ਜੂਨ ਤੋਂ ਸਤੰਬਰ 1761 ਈ. ਤਕ ਸਿੱਖ ਸੈਨਾਨੀਆਂ ਨੇ ਜਲੰਧਰ ਦੇ ਫ਼ੌਜਦਾਰ ਨੂੰ ਭਜਾਇਆ, ਸਰਹਿੰਦ ਅਤੇ ਮਲੇਰਕੋਟਲਾ ਨੂੰ ਲੁਟਿਆ, ਅਫ਼ਗਾਨੀ ਫ਼ੌਜ ਦੇ ਦਸਤਿਆਂ ਨੂੰ ਖਦੇੜਿਆ ਅਤੇ ਲਾਹੌਰ ਦੇ ਅਫ਼ਗਾਨ ਹਾਕਮ ਨੂੰ ਹਰਾ ਕੇ ਲਾਹੌਰ ਉਤੇ ਕਬਜ਼ਾ ਕੀਤਾ। 27 ਅਕਤੂਬਰ 1761 ਈ. ਨੂੰ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਵਿਚ 'ਸਰਬੱਤ ਖ਼ਾਲਸਾ' ਨੇ ਮੱਤਾ ਪਾਸ ਕੀਤਾ ਕਿ ਸਭ ਤੋਂ ਪਹਿਲਾਂ ਅਫ਼ਗਾਨਾਂ ਦੇ ਗੁਪਤਚਰਾਂ, ਸੂਹਿਆਂ, ਮੁਖ਼ਬਰਾਂ ਨੂੰ ਕਠੋਰ ਦੰਡ ਦਿੱਤਾ ਜਾਏ। ਉਨ੍ਹਾਂ ਨੇ ਪਹਿਲਾਂ ਨਿਰੰਜਨੀਆ ਸੰਪ੍ਰਦਾਇ ਦੇ ਆਕਿਲ ਦਾਸ ਨੂੰ ਸਜ਼ਾ ਦੇਣ ਲਈ ਜੰਡਿਆਲਾ ਨੂੰ ਘੇਰਿਆ। ਆਕਿਲ ਦਾਸ ਨੇ ਤੁਰਤ ਅਹਿਮਦ ਸ਼ਾਹ ਦੁਰਾਨੀ ਨੂੰ ਸੂਚਨਾ ਦੇਣ ਲਈ ਆਪਣੇ ਬੰਦੇ ਭੇਜੇ। ਸਿੱਖਾਂ ਨੂੰ ਨਸ਼ਟ ਕਰਨ ਦੇ ਇਰਾਦੇ ਨਾਲ ਅਹਿਮਦ ਸ਼ਾਹ ਦੁਰਾਨੀ ਉਦੋਂ ਤਕ ਇਕ ਵੱਡੀ ਫ਼ੌਜ ਸਹਿਤ ਰੋਹਤਾਸ ਪਹੁੰਚ ਚੁਕਿਆ ਸੀ। ਸੁਨੇਹਾ ਮਿਲਦਿਆਂ ਹੀ ਉਸ ਨੇ ਬੜੀ ਤੀਬਰ ਗਤੀ ਨਾਲ ਆਪਣੀ ਘੋੜਸਵਾਰ ਫ਼ੌਜ ਜੰਡਿਆਲੇ ਵਲ ਤੋਰ ਦਿੱਤੀ। ਸਿੱਖ ਸੈਨਿਕਾਂ ਨੇ ਜੰਡਿਆਲੇ ਦਾ ਘੇਰਾ ਉਠਾ ਕੇ ਆਪਣੇ ਪਰਿਵਾਰਾਂ ਨੂੰ ਮਾਲਵੇ ਦੇ ਜੰਗਲਾਂ ਵਿਚ ਸੁਰਖਿਅਤ ਥਾਂਵਾਂ 'ਤੇ ਪਹੁੰਚਣ ਲਈ ਕੂਚ ਕਰ ਦਿੱਤਾ। ਪਰ ਅਜੇ ਸਿੰਘਾਂ ਦਾ ਵਹੀਰ ਕੁੱਪ-ਰਹੀੜਾ ਵਾਲੇ ਸਥਾਨ ਉਤੇ ਪਹੁੰਚ ਕੇ ਅਗੇ ਨੂੰ ਚਲਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ ਦੁਰਾਨੀ ਫ਼ੌਜ ਨੇ 5 ਫਰਵਰੀ 1762 ਈ. ਨੂੰ ਅਚਾਨਕ ਹਮਲਾ ਬੋਲ ਦਿੱਤਾ। ਸਰਹਿੰਦ ਦਾ ਫ਼ੌਜਦਾਰ ਜ਼ੈਨ ਖ਼ਾਨ ਅਤੇ ਮਲੇਰਕੋਟਲਾ ਦਾ ਨਵਾਬ ਭੀਖਨ ਖ਼ਾਨ ਵੀ ਆਪਣੀਆਂ ਫ਼ੌਜਾਂ ਸਹਿਤ ਦੁਰਾਨੀਆਂ ਦੀ ਮਦਦ ਕਰ ਰਹੇ ਸਨ। ਸਿੱਖ ਸਰਦਾਰ ਦੁਰਾਨੀ ਫ਼ੌਜਾਂ ਦੇ ਇਤਨਾ ਜਲਦੀ ਪਹੁੰਚਣ ਦਾ ਕਿਆਸ ਨਹੀਂ ਕਰ ਸਕੇ ਸਨ।

ਸਿੱਖ ਮਿਸਲਦਾਰਾਂ ਨੇ ਆਪਣੇ ਵਹੀਰ ਨੂੰ ਸਾਰਿਆਂ ਪਾਸਿਆਂ ਤੋਂ ਘੇਰਾ ਪਾ ਕੇ ਸੁਰਖਿਅਤ ਢੰਗ ਨਾਲ ਬਰਨਾਲੇ ਵਾਲੇ ਪਾਸੇ ਵਧਣਾ ਸ਼ੁਰੂ ਕਰ ਦਿੱਤਾ। ਉਹ ਦੁਰਾਨੀਆਂ ਨਾਲ ਲੜਦੇ ਵੀ ਜਾਂਦੇ ਸਨ ਅਤੇ ਅਗੇ ਨੂੰ ਵਧਦੇ ਵੀ ਜਾਂਦੇ ਸਨ। ਉਨ੍ਹਾਂ ਦੇ ਸੁਰਖਿਆ-ਘੇਰੇ ਨੂੰ ਕਈ ਵਾਰ ਦੁਰਾਨੀਆਂ ਨੇ ਤੋੜਿਆ ਅਤੇ ਨਿਹੱਥਿਆਂ ਨੂੰ ਮਾਰਿਆ, ਪਰ ਸਿੱਖ ਸੈਨਿਕ ਫਿਰ ਉਨ੍ਹਾਂ 'ਤੇ ਹਾਵੀ ਹੋ ਜਾਂਦੇ। ਇਸ ਤਰ੍ਹਾਂ ਲੜਦੇ, ਮਰਦੇ, ਮਾਰਦੇ ਦੁਪਹਿਰ ਤੋਂ ਬਾਦ ਉਹ ਹਠੂਰ ਦੀ ਢਾਬ ਪਾਸ ਪਹੁੰਚੇ। ਦੋਹਾਂ ਪਾਸਿਆਂ ਦੀਆਂ ਫ਼ੌਜਾਂ ਆਪਣੀ ਪਿਆਸ ਬੁਝਾਉਣ ਲਈ ਢਾਬ ਦੇ ਦੁਆਲੇ ਇਕੱਠੀਆਂ ਹੋ ਗਈਆਂ। ਦੁਰਾਨੀਆਂ ਨੇ ਭਾਵੇਂ ਬਹੁਤ ਸਾਰੇ ਬੱਚੇ, ਇਸਤਰੀਆਂ, ਬਿਰਧ ਸਿੰਘ ਮਾਰ ਦਿੱਤੇ ਸਨ, ਪਰ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੱਖਾਂ ਨੂੰ ਖ਼ਤਮ ਕਰ ਸਕਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ, ਉਨ੍ਹਾਂ ਨੇ ਸਿੱਖਾਂ ਦਾ ਹੋਰ ਪਿੱਛਾ ਕਰਨਾ ਛਡ ਦਿੱਤਾ। ਇਸ ਤਰ੍ਹਾਂ ਇਕ ਭਿਆਨਕ ਹਤਿਆ-ਕਾਂਡ ਦਾ ਅੰਤ ਹੋਇਆ।

ਸਿੱਖਾਂ ਨੇ ਤਿੰਨ ਮਹੀਨਿਆਂ ਵਿਚ ਦੋਬਾਰਾ ਸੰਗਠਿਤ ਹੋ ਕੇ ਸਰਹਿੰਦ ਉਤੇ ਹਮਲਾ ਕੀਤਾ ਅਤੇ ਫਿਰ ਲਾਹੌਰ ਦੇ ਇਰਦ-ਗਿਰਦ ਦਾ ਇਲਾਕਾ ਉਜਾੜਿਆ। ਅਹਿਮਦ ਸ਼ਾਹ ਦੁਰਾਨੀ ਅਜੇ ਭਾਵੇਂ ਪੰਜਾਬ ਵਿਚ ਹੀ ਸੀ, ਪਰ ਉਸ ਦਾ ਕੁਝ ਵਸ ਨ ਚਲਿਆ। ਇਸ ਘਟਨਾ ਤੋਂ ਬਾਦ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ ਕੇਵਲ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ ਸਨ। ਇਸ ਘੱਲੂਘਾਰੇ ਨਾਲ ਸਿੱਖ ਸੈਨਾਵਾਂ ਵਿਚ ਇਕ ਨਵੀਂ ਅਤੇ ਅਦੱਬ ਸ਼ਕਤੀ ਦਾ ਸੰਚਾਰ ਹੋਇਆ। ਉਨ੍ਹਾਂ ਨੇ ਅਗਲੇ ਸਾਲ ਸੰਨ 1763 ਈ. ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਰਹਿੰਦ ਨੂੰ ਜਿਤਿਆ ਅਤੇ ਪ੍ਰਕਾਰਾਂਤਰ ਨਾਲ ਸਿੱਖ ਰਾਜ ਦੀ ਸਥਾਪਨਾ ਦਾ ਰਾਹ ਮੋਕਲਾ ਕੀਤਾ ਅਤੇ ਇਹ ਵੀ ਸਾਬਤ ਕਰ ਦਿੱਤਾ ਕਿ ਸਿੱਖਾਂ ਦੀ ਚੜ੍ਹਦੀ ਕਲਾ ਨੂੰ ਦਬਾਇਆ ਨਹੀਂ ਜਾ ਸਕਦਾ।

ਇਸ ਘੱਲੂਘਾਰੇ ਵਿਚ ਕਿਤਨੇ ਸਿੰਘ-ਸਿੰਘਣੀਆਂ ਅਤੇ ਬੱਚੇ ਮਾਰੇ ਗਏ ? ਇਸ ਬਾਰੇ ਇਤਿਹਾਸਕਾਰ ਇਕ-ਮਤ ਨਹੀਂ ਹਨ। 12 ਹਜ਼ਾਰ ਤੋਂ ਪੰਜਾਹ ਹਜ਼ਾਰ ਤਕ ਗਿਣਤੀ ਦਸੀ ਜਾਂਦੀ ਹੈ। ਪਰ ਅਨੁਮਾਨ ਹੈ ਕਿ ਸਿੱਖ-ਦਲ ਦਾ ਵੀਹ ਹਜ਼ਾਰ ਦੇ ਨੇੜੇ-ਤੇੜੇ ਜਾਨੀ ਨੁਕਸਾਨ ਹੋਇਆ ਅਤੇ ਬੇਹਿਸਾਬ ਸੈਨਿਕ ਜ਼ਖ਼ਮੀ ਹੋਏ। ਸ. ਜੱਸਾ ਸਿੰਘ ਆਹਲੂਵਾਲੀਆ ਨੂੰ 22 ਅਤੇ ਸ. ਚੜ੍ਹਤ ਸਿੰਘ ਨੂੰ 16 ਜ਼ਖ਼ਮ ਲਗੇ ਸਨ। ਇਤਿਹਾਸਕਾਰਾਂ ਨੇ ਦੁਰਾਨੀ ਸੈਨਾ ਦਾ ਵੀ ਇਤਨਾ ਹੀ ਨੁਕਸਾਨ ਹੋਇਆ ਮੰਨਿਆ ਹੈ।

**ਘਵਿੰਡੀ** (ਪਿੰਡ): ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦਾ ਇਕ ਪੁਰਾਤਨ ਪਿੰਡ, ਜਿਸ ਦੇ ਬਾਹਰਵਾਰ ਇਕ ਲਸੂੜੇ (ਲਹੂੜੇ) ਦੇ ਬ੍ਰਿਛ ਹੇਠਾਂ ਗੁਰੂ ਨਾਨਕ ਦੇਵ ਜੀ ਆ ਕੇ ਠਹਿਰੇ ਸਨ। ਇਸ ਪਿੰਡ ਵਿਚ ਵਣਜਾਰਿਆਂ ਦੇ ਘਰ ਲੜਕਾ ਪੈਦਾ ਹੋਣ ਕਾਰਨ, ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਗੁਰੂ ਜੀ ਦੀ ਆਗਿਆ ਲੈ ਕੇ ਭਾਈ ਮਰਦਾਨਾ ਪਿੰਡ ਗਿਆ, ਪਰ ਉਸ ਵਲ ਕਿਸੇ ਧਿਆਨ ਨ ਦਿੱਤਾ। ਮਰਦਾਨਾ ਪਰਤ ਆਇਆ। ਪਰ ਉਹ ਲੜਕਾ ਮਰ ਗਿਆ। ਗੁਰੂ ਜੀ ਨੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਅਤੇ ਜਨਮ-ਸਾਖੀ ਸਹਿਤ ਅਨੁਸਾਰ ਸਿਰੀ ਰਾਗ ਵਿਚ 'ਪਹਰੇ' ਨਾਂ ਦਾ ਸ਼ਬਦ ਉਚਾਰਿਆ। ਉਸ ਥਾਂ 'ਤੇ ਬਾਦ ਵਿਚ ਸ਼ਰਧਾਲੂਆਂ ਨੇ 'ਗੁਰਦੁਆਰਾ ਲਹੂੜਾ ਸਾਹਿਬ' ਉਸਾਰਿਆ ਜਿਥੇ ਦਸਵੇਂ ਸਰਾਧ ਵਾਲੇ ਦਿਨ ਮੇਲਾ ਲਗਦਾ ਸੀ। ਹੁਣ ਇਹ ਗੁਰੂ-ਧਾਮ ਪਾਕਿਸਤਾਨ ਵਿਚ ਰਹਿ ਗਿਆ ਹੈ।

**ਘੜੂਆਂ** (ਪਿੰਡ): ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਮੋਰਿੰਡਾ ਨਗਰ ਤੋਂ ਅੱਠ ਕਿ.ਮੀ. ਪੂਰਬ ਵਲ ਸਥਿਤ ਇਕ ਪੁਰਾਣਾ ਪਿੰਡ, ਜਿਥੇ ਗੁਰੂ ਹਰਿ ਰਾਇ ਜੀ ਨੇ ਕੁਝ ਦਿਨ ਠਹਿਰ ਕੇ ਜਿਗਿਆਸੂਆਂ ਨੂੰ ਧਰਮ-ਉਪਦੇਸ਼ ਕੀਤਾ ਸੀ। ਗੁਰੂ ਜੀ ਦੀ ਠਹਿਰ ਦੀ ਯਾਦ ਵਿਚ ਬਣੇ ਗੁਰੂ-ਧਾਮ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ। ਗੁਰੂ ਜੀ ਦੇ ਜਨਮ-ਪੁਰਬ 'ਤੇ ਉਥੇ ਵੱਡਾ ਜੋੜ-ਮੇਲਾ ਹੁੰਦਾ ਹੈ।

ਇਸ ਪਿੰਡ ਵਿਚ ਦਿੱਲੀ ਨੂੰ ਜਾਂਦਿਆਂ ਗੁਰੂ ਤੇਗ ਬਹਾਦਰ ਜੀ ਵੀ ਆਏ ਸਨ। ਜਦੋਂ ਗੁਰੂ ਹਰਿ ਰਾਇ ਸਾਹਿਬ ਦੀ ਠਹਿਰ ਵਾਲੀ ਥਾਂ ਉਤੇ ਬਣੇ ਸਮਾਰਕ ਵਿਚ ਗਏ, ਤਾਂ ਸਥਾਨਕ ਰਵਾਇਤ ਅਨੁਸਾਰ ਪੁਜਾਰੀਆਂ ਨੇ ਨ ਪਛਾਣਿਆ। ਗੁਰੂ ਜੀ ਉਥੋਂ ਪਿੰਡ ਦੇ ਬਾਹਰ ਇਕ ਝੰਗੀ ਵਿਚ ਆ ਟਿਕੇ। ਜਦੋਂ ਪਿੰਡ ਵਾਸੀਆਂ ਨੂੰ ਪਤਾ ਲਗਿਆ ਤਾਂ ਬਹੁਤ ਸ਼ਰਮ-ਸਾਰ ਹੋਏ ਅਤੇ ਗੁਰੂ ਜੀ ਤੋਂ ਖਿਮਾ ਯਾਚਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਬਖ਼ਸ਼ਦੇ ਹੋਇਆਂ, ਰਾਤ ਉਸੇ ਝੰਗੀ ਵਿਚ ਕਟੀ ਅਤੇ ਸਵੇਰੇ ਅਗੇ ਨੂੰ ਚਲੇ ਗਏ। ਇਹ ਵੀ ਰਵਾਇਤ ਹੈ ਕਿ ਇਕ ਤਰਖਾਣ ਸਿੱਖ ਬਲਪ ਰਾਮ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਪਿੰਡ ਦੇ ਕਈ ਰੋਗੀਆਂ ਨੂੰ ਠੀਕ ਕੀਤਾ। ਹੁਣ ਉਸ ਝੰਗੀ ਵਾਲੀ ਥਾਂ 'ਤੇ 'ਗੁਰਦੁਆਰਾ ਅਕਾਲਗੜ੍ਹ ਪਾਤਿਸ਼ਾਹੀ ਨੌਮੀ' ਬਣਿਆ ਹੋਇਆ ਹੈ ਜਿਸ ਦੀ ਸੇਵਾ ਸੰਭਾਲ ਇਕ ਨਿਹੰਗ ਸਿੰਘ ਕਰਦਾ ਹੈ। ਪਰ ਮੁੱਖ ਮਾਨਤਾ ਗੁਰੂ ਹਰਿ ਰਾਇ ਸਾਹਿਬ ਜੀ ਵਾਲੇ ਧਰਮ-ਧਾਮ ਦੀ ਹੈ ਜੋ ਪਿੰਡ ਦੇ ਵਿਚ ਹੈ।

**ਘਾਲ** (ਕਰਮ ਅਤੇ ਕਿਰਤ): ਸਿੱਖ ਧਾਰਮਿਕ ਸਾਹਿਤ ਵਿਚ ਇਸ ਸ਼ਬਦ ਦਾ ਪ੍ਰਯੋਗ ਦੋ ਵਿਸ਼ੇਸ਼ ਸੰਕਲਪ-ਸੂਚਕਾਂ ਵਜੋਂ ਹੋਇਆ ਹੈ। ਇਨ੍ਹਾਂ ਵਿਚੋਂ ਇਕ ਹੈ ਕਰਮ ਸੂਚਕ, ਜਿਵੇਂ— *ਘਾਲ ਬੁਰੀ ਕਿਉ ਘਾਲੀਐ।* ਦੂਜਾ ਹੈ ਕਿਰਤ-ਕਮਾਈ ਸੂਚਕ।

ਪਹਿਲਾਂ ਕਰਮ-ਸੂਚਕ ਸੰਕਲਪ ਨੂੰ ਵਿਚਾਰਨਾ ਉਚਿਤ ਹੋਵੇਗਾ। ਮਨੁੱਖ ਜੋ ਕਰਮ ਕਰਦਾ ਹੈ, ਉਸ ਨੂੰ ਉਸ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ। ਚੰਗਾ ਕਰਮ ਕਰਨ ਨਾਲ ਚੰਗਾ ਫਲ ਮਿਲਦਾ ਹੈ, ਮਾੜਾ ਕਰਮ ਕਰਨ ਨਾਲ ਮਾੜਾ ਫਲ ਪ੍ਰਾਪਤ ਹੁੰਦਾ ਹੈ। ਕਰਮਾਂ ਉਤੇ ਨਿਬੇੜਾ ਹੋਣਾ ਭਾਰਤੀ ਸੰਸਕ੍ਰਿਤੀ ਦਾ ਇਕ ਪਰੰਪਰਾਗਤ ਸਿੱਧਾਂਤ ਹੈ। ਇਸ ਨੂੰ 'ਕਰਮਵਾਦ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਸ ਸਿੱਧਾਂਤ ਦਾ ਸਭ ਤੋਂ ਉਤਮ ਪੱਖ ਇਹ ਹੈ ਕਿ ਵਿਅਕਤੀ ਮਾੜੇ ਕਰਮਾਂ ਦੇ ਮਾੜੇ ਫਲ ਭੋਗਣ ਤੋਂ ਡਰਦਾ ਹੋਇਆ ਮਾੜੇ ਕਰਮਾਂ ਤੋਂ ਆਪਣੇ ਆਪ ਨੂੰ ਵਰਜਦਾ ਹੈ ਅਤੇ ਸ਼ੁਭ ਕਰਮਾਂ ਵਿਚ ਰੁਚੀ ਲੈਂਦਾ ਹੈ।

ਹਰ ਇਕ ਧਰਮ ਵਿਚ ਕਰਮ ਦੇ ਸਿੱਧਾਂਤ ਨੂੰ ਕਿਸੇ ਨ ਕਿਸੇ ਰੂਪ ਵਿਚ ਮਹੱਤਵ ਦਿੱਤਾ ਗਿਆ ਹੈ। ਮਨੁੱਖ ਦੁਆਰਾ ਕੀਤਾ ਹੋਇਆ ਕੰਮ, ਚੇਸ਼ਟਾ ਜਾਂ ਕ੍ਰਿਆ ਉਸ ਦਾ ਕਰਮ ਅਖਵਾਉਂਦਾ ਹੈ ਅਤੇ ਜਿਹੋ ਜਿਹਾ ਉਹ ਕਰਮ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਭੋਗਣਾ ਪੈਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਚੰਗੇ ਕਰਮ ਕਰਨ ਉਤੇ

ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਿਹਾ ਹੈ ਕਿ ਆਪਣੀ ਇੱਛਾ ਨਾਲ ਕਿਸੇ ਨੂੰ ਕੋਈ ਵਸਤੂ ਪ੍ਰਾਪਤ ਨਹੀਂ ਹੋ ਸਕਦੀ, ਭਾਵੇਂ ਕੋਈ ਕਿੰਨੀਆਂ ਹੀ ਕਾਮਨਾਵਾਂ ਮਨ ਵਿਚ ਕਿਉਂ ਨ ਧਾਰ ਲਏ, ਨਿਪਟਾਰਾ ਕਰਮਾਂ ਉਪਰ ਹੀ ਹੁੰਦਾ ਹੈ—*ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ। ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ।* (ਗੁ.ਗ੍ਰੰ.157)।

ਇਸ ਸੰਸਾਰ ਵਿਚ ਕੇਵਲ ਕਹਿਣ ਕਹਾਉਣ ਨਾਲ ਕੋਈ ਵਿਅਕਤੀ ਪਾਪੀ ਜਾਂ ਪੁੰਨੀ ਨਹੀਂ ਬਣ ਸਕਦਾ, ਸਗੋਂ ਉਸ ਦਾ ਇਹ ਸਰੂਪ ਉਸ ਦੇ ਕਰਮਾਂ ਉਤੇ ਨਿਰਭਰ ਕਰਦਾ ਹੈ। 'ਜਪੁਜੀ' ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ— *ਪੁੰਨੀ ਪਾਪੀ ਆਖਣੁ ਨਾਹਿ। ਕਰਿ ਕਰਿ ਕਰਣਾ ਲਿਖਿ ਲੈ ਜਾਹੁ। ਆਪੇ ਬੀਜਿ ਆਪੇ ਹੀ ਖਾਹੁ।* (ਗੁ.ਗ੍ਰੰ.4)।

ਜੋ ਕਰਮ ਕੀਤਾ ਜਾ ਚੁਕਿਆ ਹੈ, ਉਸ ਨੂੰ ਗੁਰਬਾਣੀ ਵਿਚ 'ਕਿਰਤ-ਕਰਮ' ਦਾ ਨਾਂ ਦਿੱਤਾ ਗਿਆ ਹੈ। 'ਕਿਰਤ' ਸੰਸਕ੍ਰਿਤ ਦੇ 'ਕ੍ਰਿਤ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ 'ਕੀਤਾ ਹੋਇਆ'। ਸੰਸਾਰੀ ਜੀਵ ਨੂੰ ਆਪਣੇ ਕਰਮਾਂ ਦਾ ਫਲ ਭੋਗਣ ਲਈ ਕਿਸੇ ਨ ਕਿਸੇ ਜੂਨ (ਜਨਮ) ਦਾ ਆਸਰਾ ਲੈਣਾ ਪੈਂਦਾ ਹੈ। ਜੀਵ ਦੇ ਤਿੰਨ ਸ਼ਰੀਰ ਹਨ— ਕਾਰਣ ਸ਼ਰੀਰ, ਲਿੰਗ ਸ਼ਰੀਰ (ਸੂਖਮ ਸ਼ਰੀਰ) ਅਤੇ ਸਥੂਲ ਸ਼ਰੀਰ।

ਜੀਵ ਦੇ ਆਤਮ-ਸਰੂਪ ਗਿਆਨ ਨੂੰ ਢਕਣ ਵਾਲੀ ਮਾਇਆ ਹੀ ਜੀਵ ਦੇ ਅਗਲੇ ਜਨਮ ਦਾ ਕਾਰਣ ਹੋਣ ਕਰਕੇ ਉਸ ਦਾ 'ਕਾਰਣ-ਸ਼ਰੀਰ' ਹੈ। ਜੀਵ ਦੇ 'ਕਾਰਣ-ਸ਼ਰੀਰ' ਤੋਂ ਉਸ ਦੇ 'ਸੂਖਮ-ਸ਼ਰੀਰ' ਦੀ ਉਤਪੱਤੀ ਹੁੰਦੀ ਹੈ। ਇਹ ਸ਼ਰੀਰ ਅਗਿਆਨੀ ਜੀਵ ਨੂੰ ਉਸ ਦੇ ਵਾਸਨਾ ਰੂਪੀ ਕਰਮ-ਫਲਾਂ ਦਾ ਅਨੁਭਵ ਕਰਾਉਂਦਾ ਹੈ। ਇਸ ਸ਼ਰੀਰ ਦੇ ਤਿੰਨ ਅੰਗ ਹਨ—ਅੰਤਹਕਰਣ, ਇੰਦ੍ਰੀਆਂ ਅਤੇ ਪ੍ਰਾਣ। 'ਸਥੂਲ-ਸ਼ਰੀਰ' ਦੀ ਉਤਪੱਤੀ ਪ੍ਰਿਥਵੀ, ਅਕਾਸ਼, ਜਲ, ਵਾਯੂ, ਅਗਨੀ ਨਾਂ ਦੇ ਪੰਜ ਮਹਾ-ਭੂਤਾਂ (ਤੱਤ੍ਵਾਂ) ਦੇ ਸੰਜੋਗ ਨਾਲ ਹੁੰਦੀ ਹੈ। ਸਾਧਾਰਣ ਤੌਰ 'ਤੇ ਇਸੇ ਨੂੰ ਸ਼ਰੀਰ ਕਿਹਾ ਜਾਂਦਾ ਹੈ।

'ਸੂਖਮ-ਸ਼ਰੀਰ' ਦਾ ਸੰਬੰਧ ਕਰਮ-ਫਲਾਂ ਨਾਲ ਹੈ। ਬ੍ਰਹਮ-ਗਿਆਨ ਦੀ ਪ੍ਰਾਪਤੀ ਤਕ ਸੂਖਮ ਸ਼ਰੀਰ ਦੇ ਰੂਪ ਵਿਚ ਪਹਿਲੇ ਜਨਮਾਂ ਦੇ ਸੰਸਕਾਰ ਬਣੇ ਰਹਿਣ ਕਰਕੇ ਜੀਵ ਉਨ੍ਹਾਂ ਅਨੁਸਾਰ ਜਨਮ ਗ੍ਰਹਿਣ ਕਰਦਾ ਹੈ। ਫਲ ਭੋਗਣ ਦੀ ਦ੍ਰਿਸ਼ਟੀ ਤੋਂ ਕਰਮ ਤਿੰਨ ਪ੍ਰਕਾਰ ਦੇ ਹਨ— ਸੰਚਿਤ ਕਰਮ, ਪ੍ਰਾਲਬਧ ਕਰਮ ਅਤੇ ਵਰਤਮਾਨ ਕਰਮ। ਪਹਿਲੇ ਜਨਮਾਂ ਦੇ ਜਿਨ੍ਹਾਂ ਕਰਮਾਂ ਦਾ ਫਲ ਭੋਗਿਆ ਜਾ ਰਿਹਾ ਹੈ, ਉਹ 'ਪ੍ਰਾਲਬਧ ਕਰਮ' ਹਨ। ਜੋ ਕਰਮ ਇਸ ਜਨਮ ਵਿਚ ਕੀਤੇ ਜਾ ਰਹੇ ਹਨ, ਉਹ 'ਵਰਤਮਾਨ ਕਰਮ' ਹਨ। ਵਰਤਮਾਨ ਕਰਮ ਅਗਲੇ ਜਨਮ ਵਿਚ 'ਸੰਚਿਤ ਕਰਮ' ਬਣਦੇ ਜਾਂਦੇ ਹਨ ਅਤੇ ਫਲ ਨੂੰ ਭੋਗਣ ਵੇਲੇ ਉਹ 'ਪ੍ਰਾਲਬਧ ਕਰਮ' ਕਹੇ ਜਾਂਦੇ ਹਨ। ਇਸ ਤਰ੍ਹਾਂ ਇਹ ਕਰਮ ਇਕ ਚੱਕਰ ਵਿਚ ਘੁੰਮਦੇ ਹੋਏ ਫਲ ਦਾ ਭੋਗ ਕਰਾਉਂਦੇ ਹਨ। ਇਹੀ ਆਵਾਗਵਣ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਕਿਰਤ-ਕਰਮ ਕਿਸੇ ਤਰ੍ਹਾਂ ਵੀ ਮਿਟਾਏ ਨਹੀਂ ਜਾ ਸਕਦੇ—*ਕਿਰਤ ਨ ਮੇਟਿਆ ਜਾਇ।* ਅਸਲ ਵਿਚ, ਕਿਰਤ-ਕਰਮ ਜਿਸ ਪ੍ਰਕਾਰ ਜੀਵ ਨੂੰ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ, ਉਸੇ ਤਰ੍ਹਾਂ ਉਹ ਕਰਮ ਕਰਦਾ ਜਾਂਦਾ ਹੈ— *ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।* (ਗੁ.ਗ੍ਰੰ.990)। ਤੁਖਾਰੀ ਰਾਗ ਦੇ 'ਬਾਰਹਮਾਹ' ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਕਿਰਤ-ਕਰਮਾਂ ਦੇ ਅਨੁਸਾਰ ਹਰ ਇਕ ਜੀਵ ਦੁਖ-ਸੁਖ ਸਹਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਮਾਝ ਰਾਗ ਦੇ 'ਬਾਰਹਮਾਹ' ਵਿਚ ਪਰਮਾਤਮਾ ਅਗੇ ਪ੍ਰਾਰਥਨਾ ਕੀਤੀ ਹੈ ਕਿ ਕਿਰਤ-ਕਰਮਾਂ ਦੇ ਫਲਸਰੂਪ ਹੀ ਜੀਵ ਆਵਾਗਵਣ ਦੇ ਚੱਕਰ ਵਿਚ ਪਿਆ ਪਰਮਾਤਮਾ ਤੋਂ ਵਿਛੜਿਆ ਰਿਹਾ ਹੈ। ਹੁਣ ਇਸ ਜਨਮ ਵਿਚ ਕਿਰਪਾ-ਪੂਰਵਕ ਉਸ ਨੂੰ ਸੰਯੋਗ ਸੁਖ ਦਾ ਆਨੰਦ ਬਖ਼ਸ਼ਿਆ ਜਾਏ— *ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।* (ਗੁ.ਗ੍ਰੰ.133)।

'ਪਟੀ' ਨਾਂ ਦੀ ਬਾਣੀ ਵਿਚ ਕਿਹਾ ਗਿਆ ਹੈ ਕਿ ਦੋਸ਼ ਕਿਸੇ ਹੋਰ ਨੂੰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਹ ਤਾਂ ਕੇਵਲ ਕਰਮਾਂ ਦੇ ਹੀ ਸਿਰ ਹੈ। ਵਿਅਕਤੀ ਜੋ ਕਰਦਾ ਹੈ, ਉਹੀ ਉਸ ਨੂੰ ਪ੍ਰਾਪਤ ਹੁੰਦਾ ਹੈ, ਭਲਾ ਹੋਰ ਕਿਸੇ ਨੂੰ ਕਿਉਂ ਦੋਸ਼ ਦਿੱਤਾ ਜਾਏ— *ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ। ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।* (ਗੁ.ਗ੍ਰੰ.433)।

ਸਪੱਸ਼ਟ ਹੈ ਕਿ ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ। ਜਦ ਕਰਮਾਂ ਦਾ ਫਲ ਹਰ ਸੂਰਤ ਵਿਚ ਭੋਗਣਾ ਹੀ ਹੈ ਤਾਂ ਫਿਰ ਮਾੜੇ ਕਰਮ ਕਿਉਂ

ਕੀਤੇ ਜਾਣ—*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ। ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ। ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ। ਕਿਛੁ ਲਾਹੇ ਉਪਰਿ ਘਾਲੀਐ।* (ਗੁ.ਗ੍ਰੰ.474)।

ਇਸ ਸ਼ਬਦ ਦਾ ਦੂਜਾ ਪ੍ਰਯੋਗ 'ਕਿਰਤ-ਕਮਾਈ' ਨਾਲ ਸੰਬੰਧਿਤ ਹੈ। ਮੂਲ ਰੂਪ ਵਿਚ ਇਹ ਵੀ ਕਰਮ ਜਾਂ ਕਰਨੀ ਤੋਂ ਹੀ ਵਿਕਸਿਤ ਹੋਇਆ ਹੈ, ਪਰ ਇਸ ਦਾ ਮੁਹਾਂਦਰਾ ਬਦਲ ਗਿਆ ਹੈ। ਇਸ ਨੂੰ ਦਸਾਂ ਨਹੁੰਆਂ ਨਾਲ ਕੀਤੀ ਹੋਈ ਕਮਾਈ ਜਾਂ ਰੋਜ਼ੀ ਦੇ ਸਾਧਨ ਨਾਲ ਜੋੜਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਸ ਜੀਵਨ-ਜਾਚ ਦੀ ਸਥਾਪਨਾ ਹੋਈ ਹੈ, ਉਸ ਦਾ ਮੂਲ ਆਧਾਰ ਗ੍ਰਿਹਸਥ ਹੈ ਅਤੇ ਗ੍ਰਿਹਸਥੀ ਨੂੰ ਚਲਾਉਣ ਲਈ ਧਰਮ ਅਨੁਪ੍ਰਾਣਿਤ ਸੁੱਚੀ ਅਤੇ ਸਚੀ ਕਿਰਤ ਉਤੇ ਬਲ ਦਿੱਤਾ ਗਿਆ ਹੈ। ਇਸੇ ਪ੍ਰਕਾਰ ਦੀ ਕਿਰਤ ਕਮਾਈ ਨੂੰ 'ਘਾਲ' ਸ਼ਬਦ ਰਾਹੀਂ ਪਰਿਭਾਸ਼ਿਤ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ ਦਾ ਪ੍ਰਚਾਰ ਕੀਤਾ ਸੀ, ਉਹ ਕਿਸੇ ਪ੍ਰਕਾਰ ਦੇ ਸੰਨਿਆਸੀ ਸਾਧੂਆਂ ਦਾ ਦਲ ਖੜਾ ਕਰਨਾ ਨਹੀਂ ਸੀ। ਸਗੋਂ ਉਨ੍ਹਾਂ ਨੇ ਕਿਹਾ ਸੀ ਕਿ ਮਾਮੂਲੀ ਜਿਹੀ ਭਾਵ-ਤਰੰਗ ਦੇ ਉਠਣ ਨਾਲ ਘਰ-ਬਾਰ ਛਡ ਕੇ ਪਹਿਲਾਂ ਸੰਨਿਆਸੀ ਬਣ ਜਾਣਾ ਅਤੇ ਫਿਰ ਉਦਰ-ਪੂਰਤੀ ਲਈ ਗ੍ਰਿਹਸਥੀਆਂ ਦੇ ਘਰਾਂ ਵਲ ਝਾਕਣਾ ਉਚਿਤ ਨਹੀਂ ਹੈ— *ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ। ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ।*(ਗੁ.ਗ੍ਰੰ.1012)। ਉਸ ਵਕਤ ਦੇ ਸਾਧੂ-ਸਮਾਜ ਦੀ ਤਸਵੀਰ ਖਿਚਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਗਿਆਨ ਵਿਹੂਣਾ ਗਾਵੈ ਗੀਤ। ਭੁਖੇ ਮੁਲਾ ਘਰੇ ਮਸੀਤਿ। ਮਖਟੂ ਹੋਇ ਕੈ ਕੰਨ ਪੜਾਏ। ਫਕਰੁ ਕਰੇ ਹੋਰੁ ਜਾਤਿ ਗਵਾਏ। ਗੁਰੁ ਪੀਰੁ ਸਦਾਏ ਮੰਗਣ ਜਾਇ। ਤਾ ਕੈ ਮੂਲਿ ਨ ਲਗੀਐ ਪਾਇ।* (ਗੁ.ਗ੍ਰੰ.1245)।

ਗੁਰਬਾਣੀ ਕਿਰਤ-ਕਮਾਈ ਉਤੇ ਬਲ ਹੀ ਨਹੀਂ ਦਿੰਦੀ, ਸਗੋਂ ਆਪਣੀ ਲੋੜ ਤੋਂ ਵਧ ਕਮਾਈ ਵਿਚੋਂ ਕੁਝ ਨ ਕੁਝ ਲੋੜਵੰਦਾਂ ਨੂੰ ਵੀ ਦੇਣਾ ਉਚਿਤ ਸਮਝਦੀ ਹੈ, ਕਿਉਂਕਿ ਅਜਿਹੇ ਵਿਅਕਤੀ ਹੀ ਸਚੇ ਅਤੇ ਸਹੀ ਮਾਰਗ ਉਤੇ ਚਲਣ ਵਾਲੇ ਸਿੱਧ ਹੁੰਦੇ ਹਨ— *ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।* (ਗੁ.ਗ੍ਰੰ.1245)।

ਅਸਲ ਵਿਚ, ਅਗਲੇ ਜਨਮਾਂ ਵਿਚ ਉਹੀ ਕੁਝ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਇਸ ਜਨਮ ਵਿਚ ਕਰਦਾ ਹੈ— *ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।*(ਗੁ.ਗ੍ਰੰ.472)। ਖੋਟੇ ਢੰਗ ਨਾਲ ਕੀਤੇ ਵਪਾਰ ਰਾਹੀਂ ਤਨ ਅਤੇ ਮਨ ਦੋਵੇਂ ਖੋਟੇ ਹੁੰਦੇ ਹਨ ਅਤੇ ਮਨੁੱਖ ਦੁੱਖਾਂ ਨਾਲ ਘਿਰ ਜਾਂਦਾ ਹੈ— *ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ। ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।* (ਗੁ.ਗ੍ਰੰ.23)।

ਗੁਰਮਤਿ ਦੇ ਸੁਪ੍ਰਸਿੱਧ ਵਿਆਖਿਆਕਾਰ ਭਾਈ ਗੁਰਦਾਸ ਨੇ ਵੀ ਧਰਮ ਦੀ ਕਿਰਤ ਉਤੇ ਬਲ ਦਿੱਤਾ ਹੈ ਅਤੇ ਪਰਾਏ ਧਨ ਨੂੰ ਹੱਥ ਲਾਉਣਾ ਦੁਰਾਚਾਰ ਦਸਿਆ ਹੈ— *ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ। ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।* (6/12)।

ਸਪੱਸ਼ਟ ਹੈ ਕਿ ਗੁਰਮਤਿ ਪ੍ਰਤਿਪਾਦਿਤ ਕਿਰਤ-ਕਮਾਈ ਜਾਂ ਘਾਲ ਸਹੀ ਅਰਥਾਂ ਵਿਚ ਸਚੀ-ਸੁੱਚੀ ਹੋਣੀ ਚਾਹੀਦੀ ਹੈ ਅਤੇ ਇਸ ਵਿਚੋਂ ਵੀ ਲੋੜ ਤੋਂ ਅਧਿਕ ਕਮਾਈ ਨੂੰ ਲੋੜਵੰਦਾਂ ਵਿਚ ਵੰਡ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਜੀਵਨ-ਜਾਚ ਨਾਲ ਸਮਾਜ ਦਾ ਸਰੂਪ ਸੁਧਰ ਸਕਦਾ ਹੈ।

**ਘੁੱਕੇਵਾਲੀ** (ਪਿੰਡ): ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ, ਜੋ ਅੰਮ੍ਰਿਤਸਰ ਨਗਰ ਤੋਂ ਉੱਤਰ ਵਾਲੇ ਪਾਸੇ ਲਗਭਗ 20 ਕਿ.ਮੀ. ਦੀ ਵਿਥ ਉਤੇ ਵਸਿਆ ਹੋਇਆ ਹੈ। ਇਹ ਪਿੰਡ ਗੁਰੂ ਅਰਜਨ ਦੇਵ ਜੀ ਦੇ ਇਕ ਸਿੱਖ ਨੇ ਸਹਿੰਸਰਾ ਨਾਮਕ ਪਿੰਡ ਦੇ ਨੇੜੇ ਵਸਾਇਆ ਸੀ। ਇਸ ਪਿੰਡ ਵਿਚ ਦੋ ਗੁਰੂ-ਧਾਮ ਹਨ—'ਗੁਰਦੁਆਰਾ ਗੁਰੂ ਕਾ ਬਾਗ਼' ਅਤੇ 'ਗੁਰਦੁਆਰਾ ਬਾਉਲੀ ਸਾਹਿਬ'।

'ਗੁਰਦੁਆਰਾ ਗੁਰੂ ਕਾ ਬਾਗ਼' ਦਾ ਸੰਬੰਧ ਗੁਰੂ ਅਰਜਨ ਦੇਵ ਜੀ ਨਾਲ ਹੈ ਜੋ ਮਾਝੇ ਦੀ ਧਰਮ-ਪ੍ਰਚਾਰ ਫੇਰੀ ਵੇਲੇ ਇਥੇ ਕਈ ਦਿਨ ਰੁਕੇ ਸਨ। ਇਸ ਥਾਂ ਨੂੰ ਪਹਿਲਾਂ 'ਗੁਰੂ ਦੀ ਰੋੜ' ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਜਦੋਂ ਸੰਨ 1664 ਈ. ਵਿਚ ਗੁਰੂ ਤੇਗ ਬਹਾਦਰ ਜੀ ਇਥੇ ਆਏ, ਤਾਂ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਪ੍ਰੇਰ ਕੇ ਇਸ ਸਥਾਨ 'ਤੇ ਇਕ ਖੂਹ ਲਗਵਾਇਆ ਅਤੇ ਰੋੜ ਨੂੰ ਬਾਗ਼ ਵਿਚ ਬਦਲਣ ਲਈ ਆਦੇਸ਼ ਦਿੱਤਾ। ਉਸ ਦਿਨ ਤੋਂ ਇਸ ਧਾਮ ਦਾ ਨਾਂ 'ਗੁਰੂ ਕਾ

ਬਾਗ਼' ਪ੍ਰਚਲਿਤ ਹੋ ਗਿਆ। ਇਸ ਥਾਂ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਦੋਹਾਂ ਗੁਰੂ ਸਾਹਿਬਾਂ ਦੀ ਯਾਦ ਵਿਚ ਗੁਰਦੁਆਰਾ ਬਣਵਾਇਆ ਅਤੇ ਕਾਫ਼ੀ ਜ਼ਮੀਨ ਵੀ ਗੁਰਦੁਆਰੇ ਦੇ ਨਾਂ ਉਤੇ ਲਗਵਾਈ। ਇਸ ਗੁਰਦੁਆਰੇ ਦੀ ਦੇਖ-ਭਾਲ ਉਦਾਸੀ ਸਾਧ ਕਰ ਰਹੇ ਸਨ। ਪਰ ਗੁਰਦੁਆਰੇ ਦੇ ਪ੍ਰਬੰਧ ਨੂੰ ਸੁਧਾਰਨ ਲਈ 12 ਅਗਸਤ 1922 ਈ. ਨੂੰ ਅਕਾਲੀ ਦਲ ਨੇ ਮੋਰਚਾ ਲਗਾਇਆ ਅਤੇ 17 ਨਵੰਬਰ 1922 ਈ. ਨੂੰ ਗੁਰਦੁਆਰੇ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਸਲ ਕਰ ਲਿਆ। ਇਸ ਮੋਰਚੇ ਵਿਚ ਸ਼ਹੀਦ ਹੋਏ ਸਿੰਘਾਂ ਦਾ ਸਮਾਰਕ ਸਰੋਵਰ ਦੇ ਕੰਢੇ ਉਤੇ ਬਣਾਇਆ ਗਿਆ ਹੈ। (ਵੇਖੋ 'ਗੁਰੂ ਕਾ ਬਾਗ਼ ਮੋਰਚਾ')। ਗੁਰਦੁਆਰੇ ਦੀ ਨਵੀਂ ਇਮਾਰਤ ਸੰਨ 1980 ਈ. ਤੋਂ ਬਾਦ ਬਣਵਾਈ ਗਈ ਹੈ।

'ਗੁਰਦੁਆਰਾ ਬਾਉਲੀ ਸਾਹਿਬ' ਗੁਰੂ ਤੇਗ ਬਹਾਦਰ ਜੀ ਦੀ ਆਮਦ ਦੀ ਯਾਦ ਵਿਚ ਪਿੰਡ ਦੀ ਦੱਖਣ ਦਿਸ਼ਾ ਵਿਚ ਉਸਾਰਿਆ ਗਿਆ ਸੀ। ਇਸ ਗੁਰਦੁਆਰੇ ਵਾਲੀ ਥਾਂ ਉਤੇ ਗੁਰੂ ਤੇਗ ਬਹਾਦਰ ਜੀ ਨੇ ਇਕ ਬਾਉਲੀ ਵੀ ਖੁਦਵਾਈ ਸੀ, ਜੋ ਹੁਣ ਵੀ ਮੌਜੂਦ ਹੈ।

ਉਪਰੋਕਤ ਦੋਵੇਂ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਸੰਬੰਧਿਤ ਹਨ, ਇਨ੍ਹਾਂ ਦੀ ਵਿਵਸਥਾ ਸਥਾਨਕ ਕਮੇਟੀ ਤੋਂ ਕਰਵਾਈ ਜਾਂਦੀ ਹੈ।

**ਘੁਮਾਣ** (ਪਿੰਡ): ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਸ੍ਰੀ ਹਰਗੋਬਿੰਦਪੁਰ ਤੋਂ ਪੱਛਮ ਦਿਸ਼ਾ ਵਿਚ 10 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਬਹੁਤ ਪੁਰਾਣਾ ਪਿੰਡ ਜਿਥੇ ਸੰਤ ਨਾਮਦੇਵ ਜੀ (ਵੇਖੋ) ਆ ਕੇ ਰਹੇ ਸਨ। ਸ਼ਰਧਾਲੂਆਂ ਨੇ ਉਨ੍ਹਾਂ ਦੀ ਯਾਦ ਵਿਚ ਇਕ ਸਮਾਰਕ ਬਣਵਾਇਆ, ਜੋ ਹੁਣ 'ਦਰਬਾਰ ਸਾਹਿਬ ਬਾਬਾ ਨਾਮਦੇਵ ਜੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਸਮਾਰਕ ਦਾ ਸਰੂਪ ਸ. ਜੱਸਾ ਸਿੰਘ ਰਾਮਗੜ੍ਹੀਆਂ ਨੇ ਸੰਵਾਰਿਆ ਸੀ ਅਤੇ ਸਰੋਵਰ ਦੀ ਨਵੀਂ ਚੁਣਾਈ ਕਨ੍ਹੀਆ ਮਿਸਲ ਦੀ ਸਰਦਾਰਨੀ ਸਦਾ ਕੌਰ ਨੇ ਕਰਵਾਈ ਸੀ।

ਇਸ ਡੇਰੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਵੀ ਆਏ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਥੇ ਗੁਰੂ -ਧਾਮ ਬਣਿਆ ਹੋਇਆ ਹੈ ਜਿਸ ਦਾ ਪ੍ਰਬੰਧ ਸ੍ਰੀ ਨਾਮਦੇਵ ਦਰਬਾਰ ਕਮੇਟੀ ਹੀ ਕਰਦੀ ਹੈ।

**ਘੁਲਾਲ** (ਪਿੰਡ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਨਗਰ ਤੋਂ ਅੱਠ ਕਿ.ਮੀ. ਦੀ ਦੂਰੀ ਉਤੇ ਪੱਛਮ ਵਿਚ ਸਥਿਤ ਇਕ ਪੁਰਾਣਾ ਪਿੰਡ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ ਇਕ ਗੁਰੂ-ਧਾਮ ਹੈ। ਕਹਿੰਦੇ ਹਨ ਕਿ ਮਾਛੀਵਾੜੇ ਤੋਂ ਲੱਲ ਪਿੰਡ ਜਾਂਦੇ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਇਥੇ ਰੁਕੇ ਸਨ। ਪਿੰਡ ਦੇ ਅੰਦਰ ਕਿਸੇ ਪੁਰਾਣੇ ਥੇਹ ਉਤੇ ਇਕ ਗੁਰਦੁਆਰਾ ਉਸਰਿਆ ਹੋਇਆ ਹੈ। ਇਸ ਗੁਰਦੁਆਰੇ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਸਥਾਨਕ ਕਮੇਟੀ ਕਰਦੀ ਹੈ।

**ਘੁੜਾਣ ਕਲਾਂ** (ਪਿੰਡ): ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਦਾ ਇਕ ਪੁਰਾਤਨ ਪਿੰਡ, ਜੋ ਦੋਰਾਹਾ ਨਗਰ ਤੋਂ 11 ਕਿ.ਮੀ. ਪੱਛਮ ਦਿਸ਼ਾ ਵਲ ਹੈ। ਇਥੇ ਗੁਰੂ ਹਰਗੋਬਿੰਦ ਸਾਹਿਬ ਨੇ ਜਿਗਿਆਸੂਆਂ ਨੂੰ ਉਪਦੇਸ਼ ਦੇਣ ਲਈ ਚਰਣ ਪਾਏ ਸਨ ਅਤੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਦੋ ਸਮਾਰਕ ਬਣੇ ਹੋਏ ਹਨ। 'ਗੁਰਦੁਆਰਾ ਚੋਲਾ ਸਾਹਿਬ ਪਾਤਿਸ਼ਾਹੀ ਛੇਵੀਂ' ਉਸ ਥਾਂ ਉਤੇ ਉਸਰਿਆ ਹੋਇਆ ਹੈ, ਜਿਥੇ ਸੂਰਤੀਆ ਨਾਂ ਦੇ ਮਸੰਦ ਦਾ ਘਰ ਸੀ। ਕਹਿੰਦੇ ਹਨ ਕਿ ਗੁਰੂ ਜੀ ਉਸ ਦੇ ਘਰ ਡੇਢ ਮਹੀਨਾ ਰਹੇ ਸਨ। ਗੁਰੂ ਜੀ ਨੇ ਉਸ ਦੀ ਸੇਵਾ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਉਸ ਨੂੰ ਅਸੀਸ ਦਿੱਤੀ ਅਤੇ ਕੁਝ ਯਾਦਗਾਰੀ ਵਸਤੂਆਂ ਵੀ ਪ੍ਰਦਾਨ ਕੀਤੀਆਂ, ਜਿਵੇਂ— (1) 52 ਤਣੀਆਂ ਵਾਲਾ ਚੋਲਾ, ਜਿਸ ਦਾ ਸੰਬੰਧ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਕੈਦੋਂ ਮੁਕਤ ਕਰਾਉਣ ਦੀ ਘਟਨਾ ਨਾਲ ਹੈ; (2) ਇਕ ਹਥ-ਲਿਖਿਤ ਪੋਥੀ, ਜਿਸ ਵਿਚ 'ਸੁਖਮਨੀ' ਬਾਣੀ ਅੰਕਿਤ ਹੈ; (3) ਮਖ਼ਮਲ ਦੀ ਕਢਾਈ ਵਾਲੀ ਜੁੱਤੀ ਦਾ ਇਕ ਪੈਰ।

ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਪ੍ਰਸਥਾਨ ਕਰਨ ਤੋਂ ਬਾਦ ਇਸ ਗੁਰਦੁਆਰੇ ਨੂੰ ਰਾਮਰਾਈਏ ਮਸੰਦਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਗੁਰੂ ਸਾਹਿਬਾਨ ਪ੍ਰਤਿ ਅਮਰਯਾਦਿਤ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਇਕ ਰਾਗੀ ਭਾਈ ਬੁਲਾਕੀ ਸਿੰਘ ਦਾ ਦੋ-ਤਾਰਾ ਤੋੜ ਦਿੱਤਾ। ਜਦੋਂ ਬਾਬਾ ਬੰਦਾ ਬਹਾਦਰ ਨੂੰ ਸੰਨ 1710 ਈ. ਵਿਚ ਰਾਮਰਾਈਏ ਮਸੰਦਾਂ ਦੇ ਦੁਰਵਿਵਹਾਰ ਦਾ ਪਤਾ ਲਗਾ, ਤਾਂ ਉਨ੍ਹਾਂ ਨੂੰ ਦੰਡ ਦੇ ਕੇ ਇਲਾਕੇ ਵਿਚੋਂ ਕਢ ਦਿੱਤਾ ਅਤੇ ਭਾਈ

ਬੁਲਾਕੀ ਸਿੰਘ ਨੂੰ ਉਥੋਂ ਦਾ ਥਾਨੇਦਾਰ ਨਿਯੁਕਤ ਕੀਤਾ। ਇਸ ਗੁਰਦੁਆਰੇ ਦੀ ਪੁਰਾਣੀ ਇਮਾਰਤ ਵਿਚ ਹੁਣ ਕਾਫ਼ੀ ਵਾਧਾ ਕੀਤਾ ਜਾ ਚੁਕਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਇਸ ਗੁਰੂ-ਧਾਮ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਗੁਰੂ ਹਰਿਗੋਬਿੰਦ ਜੀ ਦਾ ਜਨਮ -ਪੁਰਬ ਅਤੇ ਹੋਲਾ ਮਹੱਲਾ ਦੋਵੇਂ ਬੜੀ ਸ਼ਾਨ ਨਾਲ ਮੰਨਾਏ ਜਾਂਦੇ ਹਨ; ਬਹੁਤ ਸੰਗਤ ਜੁੜਦੀ ਹੈ।

ਦੂਜਾ ਗੁਰੂ-ਧਾਮ 'ਗੁਰਦੁਆਰਾ ਨਿਮਸਰ' ਨਾਂ ਨਾਲ ਪ੍ਰਸਿੱਧ ਹੈ। ਇਸ ਸਥਾਨ ਉਤੇ ਇਕ ਟੋਭੇ ਦੇ ਕੰਢੇ ਗੁਰੂ ਜੀ ਇਸ਼ਨਾਨ ਕਰਕੇ ਬੈਠਦੇ ਸਨ ਅਤੇ ਹਰਿ-ਭਗਤੀ ਕਰਨ ਤੋਂ ਬਾਦ ਜਿਗਿਆਸੂਆਂ ਨੂੰ ਉਪਦੇਸ਼ ਦਿੰਦੇ ਸਨ। ਗੁਰੂ ਜੀ ਨੇ ਇਕ ਵਾਰ ਇਕ ਦਾਤਣ ਉਥੇ ਗਡ ਦਿੱਤੀ ਜਿਸ ਨੂੰ ਫੁਟਾਰਾ ਪੈ ਗਿਆ। ਹੁਣ ਉਹ ਇਕ ਵੱਡੇ ਨਿੰਮ ਬ੍ਰਿਛ ਦੇ ਰੂਪ ਵਿਚ ਵਿਦਮਾਨ ਹੈ। ਸਨ 1971 ਈ. ਵਿਚ ਟੋਭੇ ਨੂੰ ਪੱਕੇ ਸਰੋਵਰ ਵਿਚ ਬਦਲ ਦਿੱਤਾ ਗਿਆ ਹੈ ਅਤੇ ਗੁਰਦੁਆਰੇ ਦੀ ਸੁੰਦਰ ਇਮਾਰਤ ਬਣਾ ਦਿੱਤੀ ਗਈ ਹੈ। ਇਸ ਗੁਰੂ-ਧਾਮ ਵਿਚ ਗੁਰੂ ਜੀ ਦੁਆਰਾ ਉਦੋਂ ਵਰਤੀ ਮੰਜੀ ਦੇ ਵਾਣ ਦਾ ਕੁਝ ਅੰਸ਼ ਸੰਭਾਲਿਆ ਹੋਇਆ ਹੈ। ਇਸ ਗੁਰਦੁਆਰੇ ਦੀ ਵਿਵਸਥਾ ਵੀ ਗੁਰਦੁਆਰਾ ਚੋਲਾ ਸਾਹਿਬ ਵਾਲੀ ਕਮੇਟੀ ਹੀ ਕਰਦੀ ਹੈ।

**ਘੋੜੀਆਂ** (ਬਾਣੀ): ਇਸ ਬਾਣੀ ਦੀ ਰਚਨਾ ਗੁਰੂ ਰਾਮਦਾਸ ਜੀ ਨੇ ਵਡਹੰਸ ਰਾਗ ਵਿਚ ਕੀਤੀ ਹੈ। 'ਘੋੜੀ' ਮੂਲ ਰੂਪ ਵਿਚ ਇਕ ਲੋਕ-ਗੀਤ ਹੈ, ਜੋ ਇਸਤਰੀਆਂ ਦੁਆਰਾ ਵਿਆਹ ਤੋਂ ਕੁਝ ਦਿਨ ਪਹਿਲਾਂ ਲੜਕੇ ਵਾਲਿਆਂ ਦੇ ਘਰ ਗਾਇਆ ਜਾਣਾ ਸ਼ੁਰੂ ਹੋ ਜਾਂਦਾ ਹੈ। ਪਰ ਇਸ ਦੇ ਗਾਏ ਜਾਣ ਦਾ ਅੰਤਿਮ ਮੌਕਾ ਜਾਂ ਸਿਖਰ ਲੜਕੀ ਵਾਲਿਆਂ ਦੇ ਘਰ ਵਲ ਨੂੰ ਬਰਾਤ ਦੇ ਤੁਰਨ ਵੇਲੇ ਹੁੰਦਾ ਹੈ। ਘੋੜੀ ਨੂੰ ਸਜਾ-ਸੰਵਾਰ ਕੇ ਲਾੜੇ ਕੋਲ ਲਿਆਇਆ ਜਾਂਦਾ ਹੈ। ਲਾੜੇ ਦੀਆਂ ਭੈਣਾਂ ਥਾਲੀ ਵਿਚ ਚਣਿਆਂ ਦਾ ਦਾਣਾ ਪਾ ਕੇ ਘੋੜੀ ਨੂੰ ਖਵਾਉਂਦੀਆਂ ਹਨ ਅਤੇ ਵਾਗ ਗੁੰਦਦੀਆਂ ਹਨ। ਭਰਜਾਈ/ਭਰਜਾਈਆਂ ਸੁਰਮਾ ਪਾਉਂਦੀਆਂ ਹਨ। ਜਦੋਂ ਲਾੜਾ ਘੋੜੀ ਉਤੇ ਚੜ੍ਹਦਾ ਹੈ ਤਾਂ ਭੈਣਾਂ ਅਤੇ ਹੋਰ ਇਕੱਠੀਆਂ ਹੋਈਆਂ ਕੁੜੀਆਂ ਸਮੂਹਿਕ ਤੌਰ 'ਤੇ ਇਹ ਲੋਕ-ਗੀਤ ਗਾਉਂਦੀਆਂ ਹਨ।

ਲਾੜੇ ਦੀ ਉਸ ਵੇਲੇ ਦੀ ਸਜ-ਧਜ ਇਹ ਅਹਿਸਾਸ ਕਰਾਉਂਦੀ ਹੈ ਕਿ ਉਹ ਕਿਸੇ ਮੁਹਿੰਮ 'ਤੇ ਚੜ੍ਹਨ ਜਾ ਰਿਹਾ ਹੋਵੇ। ਉਂਜ ਵਿਆਹ ਕਾਰਜ ਵੀ ਕਿਸੇ ਮੁਹਿੰਮ ਤੋਂ ਘਟ ਨਹੀਂ ਹੁੰਦਾ। ਇਸ ਪ੍ਰਕਾਰ ਦੇ ਗੀਤਾਂ ਵਿਚ ਲਾੜੇ ਦੇ ਗੁਣਗਾਨ ਤੋਂ ਇਲਾਵਾ, ਭਾਗਾਂ ਭਰੀ ਸੁਭਾਗੀ ਸ਼ਾਦੀ ਲਈ ਸ਼ੁਭ ਕਾਮਨਾਵਾਂ ਵੀ ਕੀਤੀਆ ਜਾਂਦੀਆਂ ਹਨ। ਅਜਿਹੇ ਗੀਤਾਂ ਵਿਚ ਲਾੜੇ ਦੇ ਪੱਖ ਦੇ ਸਾਰੇ ਰਿਸ਼ਤੇਦਾਰਾਂ ਦੀਆਂ ਖ਼ੁਸ਼ੀਆਂ ਪਰੁਚੀਆਂ ਹੁੰਦੀਆਂ ਹਨ, ਜਿਵੇਂ— *ਘੋੜੀ ਤੇਰੀ ਵੇ ਮੱਲਾ ਸੋਹਣੀ, ਘੋੜੀ ਮੱਲਾ ਵੇ ਤੇਰੀ ਸੋਹਣੀ। ਸੋਂਹਦੀ ਕਾਠੀਆਂ ਦੇ ਨਾਲ, ਕਾਠੀ ਡੇਢ ਤੇ ਹਜ਼ਾਰ। ਉਮਰਾਵਾਂ ਦੀ ਤੇਰੀ ਚਾਲ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ। ਵਿਚ ਵਿਚ ਬਾਗ਼ਾਂ ਦੇ ਤੁਸੀਂ ਜਾਉ, ਚੋਟ ਨਗਾਰਿਆਂ 'ਤੇ ਲਾਉ। ਖਾਣਾ ਰਾਜਿਆਂ ਦਾ ਖਾਉ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ।...*

ਗੁਰੂ ਰਾਮਦਾਸ ਜੀ ਦੇ ਰਚੇ ਅਤੇ ਵਡਹੰਸ ਰਾਗ ਵਿਚ ਦਰਜ ਛੇ ਛੰਤਾਂ ਵਿਚ ਪੰਜਵੇਂ ਅਤੇ ਛੇਵੇਂ ਨੂੰ 'ਘੋੜੀਆ' ਉਪ-ਸਿਰਲੇਖ ਬਹੁ-ਵਚਨਿਕ ਰੂਪ ਵਿਚ ਦਿੱਤਾ ਗਿਆ ਹੈ। ਲੋਕ-ਜੀਵਨ ਵਿਚ ਪ੍ਰਚਲਿਤ ਉਪਰੋਕਤ ਗੀਤਾਂ ਦੀ ਧਾਰਣਾ ਉਤੇ ਇਨ੍ਹਾਂ ਦੋ ਛੰਤਾਂ ਨੂੰ ਗਾਉਣ ਦਾ ਆਦੇਸ਼ ਹੈ। ਇਥੇ ਗੁਰੂ-ਕਵੀ ਨੇ ਲੋਕ-ਗੀਤ ਘੋੜੀ ਦੀ ਨਿਰੀ ਧਾਰਣਾ ਨੂੰ ਹੀ ਨਹੀਂ ਅਪਣਾਇਆ, ਸਗੋਂ ਲਾੜੇ ਦੇ ਘੋੜੀ ਉਤੇ ਚੜ੍ਹਨ ਦੇ ਪ੍ਰਕਾਰਜ ਵਾਲੇ ਰੂਪਕ ਰਾਹੀਂ ਦੇਹ ਰੂਪੀ ਘੋੜੀ ਉਤੇ ਸਵਾਰ ਸਾਧਕ ਨੂੰ ਮਿਲਾਪ ਦੇ ਮਾਰਗ ਉਪਰ ਅਗੇ ਤੋਰਿਆ ਹੈ ਅਤੇ ਸਾਧ-ਸੰਗਤਿ ਨੇ ਜੰਞ ਦੀ ਭੂਮਿਕਾ ਨਿਭਾਈ ਹੈ। ਮਨ ਨੂੰ ਕਾਬੂ ਕਰਨ ਲਈ 'ਗੁਰੂ' ਨੇ ਘੋੜੀ ਦੇ ਮੂੰਹ ਵਿਚ ਲਗ਼ਾਮ ਪਾਈ ਹੋਈ ਹੈ। ਘੋੜੀ ਨੂੰ ਅਨੁਸ਼ਾਸਿਤ ਕਰਨ ਲਈ ਪ੍ਰੇਮ ਦੀ ਚਾਬਕ ਵਰਤੀ ਜਾ ਰਹੀ ਹੈ। ਇਸ ਤਰ੍ਹਾਂ ਬਰਾਤ-ਸਹਿਤ ਲਾੜੇ (ਸਾਧਕ) ਦਾ ਸੰਸਾਰ ਦੇ ਬਿਖੜੇ ਮਾਰਗ ਉਤੇ ਚਲਦਿਆਂ, ਪਰਮ-ਸੱਤਾ ਨਾਲ ਮਿਲਾਪ ਹੋ ਜਾਂਦਾ ਹੈ।

ਇਹ ਇਕ ਪ੍ਰਤੀਕਾਤਮਕ ਰਚਨਾ ਹੈ। ਗੁਰੂ ਜੀ ਨੇ ਅੰਤਿਮ ਪਦੇ ਵਿਚ ਕਿਹਾ ਹੈ— *ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ। ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ। ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ। ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ। ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤਿ ਮਨਿ ਧਿਆਇਆ। ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ।* (ਗੁ.ਗ੍ਰੰ.576)।

# ਚ

**ਚਉਪਦੇ** : ਗੁਰੂ ਗ੍ਰੰਥ ਸਾਹਿਬ ਵਿਚ ਹਰ ਰਾਗ ਦੇ ਆਰੰਭ ਵਿਚ ਬਾਣੀ ਪ੍ਰਕਰਣ ਦੇ ਸਿਰਲੇਖ ਵਜੋਂ ਇਸ ਸ਼ਬਦ ਨੂੰ ਵਰਤਿਆ ਗਿਆ ਹੈ। 'ਚਉਪਦਾ' ਕਿਸੇ ਪ੍ਰਕਾਰ ਦਾ ਕੋਈ ਵਿਸ਼ੇਸ਼ ਛੰਦ ਨਹੀਂ, ਸਗੋਂ ਇਹ ਅਜਿਹਾ ਛੰਦ ਵਿਧਾਨ ਹੈ ਜਿਸ ਵਿਚ ਲਗਭਗ ਚਾਰ ਪਦੇ ਸ਼ਾਮਲ ਹੋਣ। ਇਸ ਤਰ੍ਹਾਂ ਇਹ ਇਕ ਪਦ-ਸਮੁੱਚ ਹੈ। 'ਪਦ' ਜਾਂ 'ਪਦਾ' ਤੋਂ ਭਾਵ ਹੈ ਤੁਕ ਜਾਂ ਤੁਕਾਂ ਦਾ ਸਮੂਹ। ਗੁਰੂ ਗ੍ਰੰਥ ਸਾਹਿਬ ਵਿਚ ਆਏ ਚਉਪਦਿਆਂ ਦੀਆਂ ਤੁਕਾਂ ਦੀ ਗਿਣਤੀ ਇਕ ਤੋਂ ਚਾਰ ਤਕ ਹੈ। ਇਸ ਆਧਾਰ 'ਤੇ ਇਨ੍ਹਾਂ ਨੂੰ ਇਕਤੁਕਾ, ਦੁਤੁਕਾ, ਤ੍ਰਿਤੁਕਾ ਅਤੇ ਚਉਤੁਕਾ ਨਾਂ ਦਿੱਤੇ ਗਏ ਹਨ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਨਾਥਾਂ-ਸਿੱਧਾਂ ਦੁਆਰਾ ਅਪਭ੍ਰੰਸ਼ ਭਾਸ਼ਾ ਵਿਚ ਮਿਲਦੇ ਪਦਿਆਂ ਵਿਚ ਆਮ ਤੌਰ 'ਤੇ ਦੋ ਸਮ-ਤੁਕਾਂਤ ਵਾਲੀਆਂ ਤੁਕਾਂ ਹੁੰਦੀਆਂ ਸਨ। ਪਰ ਗੁਰਬਾਣੀ ਵਿਚਲੇ ਪਦਿਆਂ ਦੀਆਂ ਤੁਕਾਂ ਦੀ ਗਿਣਤੀ ਬਾਣੀਕਾਰਾਂ ਦੀ ਰੁਚੀ ਉਤੇ ਨਿਰਭਰ ਕਰਦੀ ਹੈ। ਇਹ ਚਉਪਦੇ ਕਿਸੇ ਪ੍ਰਕਾਰ ਦੀ ਮਾਤ੍ਰਾ-ਗਿਣਤੀ ਜਾਂ ਕਿਸੇ ਹੋਰ ਛੰਦ-ਬੰਧਨ ਤੋਂ ਮੁਕਤ ਹਨ।

ਇਕ ਚਉਪਦੇ ਵਿਚ ਆਮ ਤੌਰ 'ਤੇ ਚਾਰ ਪਦੇ ਹੋਣ ਕਾਰਣ ਇਸ ਦਾ ਨਾਂ 'ਚਉਪਦਾ' ਪਿਆ ਹੈ। ਚਾਰ ਤੋਂ ਘਟ-ਵਧ ਪਦਿਆਂ ਵਾਲੇ ਪਦ-ਸਮੁੱਚ ਨੂੰ ਦੁਪਦਾ, ਤ੍ਰਿਪਦਾ, ਚਉਪਦਾ, ਪੰਚਪਦਾ, ਛਿਪਦਾ ਆਦਿ ਵੀ ਲਿਖਿਆ ਮਿਲਦਾ ਹੈ। ਪਰ ਚੂੰਕਿ ਪ੍ਰਧਾਨਤਾ ਚਾਰ ਪਦਿਆਂ ਵਾਲੇ ਸਮੁੱਚਾਂ ਦੀ ਹੈ, ਇਸ ਲਈ ਸਭ ਨੂੰ 'ਚਉਪਦਾ' ਸਿਰਲੇਖ ਅਧੀਨ ਰਖਿਆ ਗਿਆ ਹੈ। ਇਨ੍ਹਾਂ ਨੂੰ 'ਸ਼ਬਦ' ਵੀ ਕਿਹਾ ਜਾਂਦਾ ਹੈ। ਕੁਝ ਪ੍ਰਸੰਗਾਂ ਵਿਚ ਪਦ-ਸਮੁੱਚ ਦੇ ਸਰੂਪ ਵਿਚ ਫ਼ਰਕ ਵੀ ਹੈ, ਜਿਵੇਂ ਵਡਹੰਸ ਰਾਗ ਦਾ ਤੀਜਾ ਪਦ-ਸਮੁੱਚ ਅਤੇ ਸੂਹੀ ਰਾਗ ਦਾ ਛੇਵਾਂ ਪਦ-ਸਮੁੱਚ, ਅਸਲ ਵਿਚ, ਇਕ ਇਕਾਈ ਵਜੋਂ ਕ੍ਰਮਵਾਰ 20 ਅਤੇ 11 ਤੁਕਾਂ ਦੇ ਹਨ। ਇਸ ਤਰ੍ਹਾਂ ਆਕਾਰ ਦੀ ਦ੍ਰਿਸ਼ਟੀ ਤੋਂ ਕਈ ਚਉਪਦਿਆਂ ਵਿਚ ਖੁਲ੍ਹ ਲਈ ਗਈ ਹੈ।

ਆਮ ਤੌਰ 'ਤੇ ਹਰ ਇਕ ਪਦ-ਸਮੁੱਚ ਵਿਚ ਪਹਿਲੇ ਪਦੇ ਤੋਂ ਪਹਿਲਾਂ ਜਾਂ ਬਾਦ ਵਿਚ ਇਕ ਜਾਂ ਦੋ ਤੁਕਾਂ ਦਾ 'ਰਹਾਉ' (ਵੇਖੋ) ਹੁੰਦਾ ਹੈ। ਹਰ ਇਕ ਸਮੁੱਚ ਆਪਣੇ ਆਪ ਵਿਚ ਪੂਰਣ ਹੈ ਅਤੇ ਉਸ ਦਾ ਕਿਸੇ ਨਾਲ ਪੂਰਵ-ਪਰ ਸੰਬੰਧ ਨਹੀਂ ਹੈ। ਇਨ੍ਹਾਂ ਪਦਿਆਂ ਵਿਚ ਕਿਸੇ ਦਾਰਸ਼ਨਿਕ, ਸਦਾਚਾਰਿਕ ਜਾਂ ਧਾਰਮਿਕ ਤੱਥ ਜਾਂ ਕੀਮਤ ਨੂੰ ਪ੍ਰਗਟਾਇਆ ਹੁੰਦਾ ਹੈ। ਗੁਰੂ ਸਾਹਿਬਾਨ ਦੀ ਰਹੱਸਾਤਮਕ ਅਨੁਭੂਤੀ ਵੀ ਇਨ੍ਹਾਂ ਪਦ-ਸਮੁੱਚਾਂ ਵਿਚ ਸਹੀ ਢੰਗ ਨਾਲ ਨਿਖਰੀ ਹੈ।

**ਚਉਬੋਲੇ ਮਹਲਾ ੫** (ਬਾਣੀ) : ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਤੋਂ ਬਾਦ ਜੋ ਰਾਗ-ਮੁਕਤ ਬਾਣੀਆਂ (ਵੇਖੋ) ਸੰਕਲਿਤ ਹੋਈਆਂ ਹਨ, ਉਨ੍ਹਾਂ ਵਿਚ ਚੌਥੇ ਕ੍ਰਮ ਉਤੇ 'ਚਉਬੋਲੇ' ਦਰਜ ਹਨ। ਇਹ ਚਉਬੋਲੇ ਗਿਣਤੀ ਵਿਚ 11 ਹਨ ਅਤੇ ਸਾਰੇ ਪੰਜਵੇਂ ਗੁਰੂ ਸਾਹਿਬ ਦੇ ਲਿਖੇ ਹਨ।

ਪਿੰਗਲ-ਸ਼ਾਸਤ੍ਰ ਦੀ ਸੂਝ ਰਖਣ ਵਾਲੇ ਵਿਦਵਾਨਾਂ ਨੇ 'ਚਉਬੋਲਾ' ਨੂੰ ਇਕ ਵਿਸ਼ੇਸ਼ ਛੰਦ ਮੰਨਦੇ ਹੋਇਆਂ ਇਸ ਨੂੰ ਚੌਪਈ ਦਾ ਇਕ ਭੇਦ ਦਸਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਚਾਰ ਭਿੰਨ ਭਿੰਨ ਤੁਕਾਂਤਾਂ ਵਾਲਾ ਸਵੈਯਾ ਹੀ ਚਉਬੋਲਾ ਹੈ। ਕੁਝ ਨੇ ਇਸ ਨੂੰ ਅੜਿਲ ਛੰਦ ਦਾ ਇਕ ਭੇਦ ਸਿੱਧ ਕਰਨ ਦਾ ਯਤਨ ਕੀਤਾ ਹੈ। ਕੁਝ ਵਿਦਵਾਨਾਂ ਦੀ ਸਥਾਪਨਾ ਹੈ ਕਿ ਜਿਸ ਛੰਦ ਦੇ ਚੌਹਾਂ ਚਰਣਾਂ ਵਿਚ ਵਖ ਵਖ ਭਾਸ਼ਾ ਵਰਤੀ ਗਈ ਹੋਵੇ, ਉਹ 'ਚਉਬੋਲਾ' ਹੈ। ਸੰਗੀਤ ਦੇ ਮਾਹਿਰਾਂ ਨੇ 'ਚਤੁਰੰਗ' ਨੂੰ ਚਉਬੋਲਾ ਕਿਹਾ ਹੈ।

ਚਉਬੋਲੇ ਸੰਬੰਧੀ ਉਪਰਲੇ ਸਾਰੇ ਲੱਛਣ ਗੁਰਬਾਣੀ ਦੇ 'ਚਉਬੋਲੇ ਮ. ੫' ਪ੍ਰਸੰਗ ਉਤੇ ਲਾਗੂ ਨਹੀਂ ਹੁੰਦੇ, ਕਿਉਂਕਿ ਇਹ ਸਾਰੇ ਚਉਬੋਲੇ ਦੋਹਿਰੇ ਦੇ ਤੋਲ ਵਿਚ ਰਚੇ ਹੋਏ ਹਨ। ਇਸ ਲਈ ਇਨ੍ਹਾਂ ਦੇ ਸਰੂਪ ਬਾਰੇ ਕੁਝ ਅਧਿਕ ਖੋਜ ਕਰਨ ਦੀ ਲੋੜ ਹੈ। ਇਨ੍ਹਾਂ ਨੂੰ ਚਉਬੋਲਾ ਕਿਉਂ ਕਿਹਾ ਗਿਆ ਹੈ ? ਇਸ ਬਾਰੇ 'ਸ਼ਬਦਾਰਥ' ਦੇ ਵਿਦਵਾਨਾਂ ਦੀ ਧਾਰਣਾ ਹੈ ਕਿ ਇਹ ਬਾਣੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਚਾਰ ਸਿਦਕੀ ਸਿੱਖਾਂ ਨੂੰ ਸੰਬੋਧਿਤ ਕੀਤੀ ਸੀ। ਉਨ੍ਹਾਂ ਚਾਰ ਸਿੱਖਾਂ ਵਿਚੋਂ ਪਹਿਲੇ ਦਾ ਨਾਂ ਸੰਮਨ ਹੈ ਜੋ ਸ਼ਾਹਬਾਜ਼ਪੁਰ ਦੇ ਰਹਿਣ ਵਾਲਾ ਸੀ। ਦੂਜੇ ਸਿੱਖ ਦਾ ਨਾਂ ਮੂਸਨ ਹੈ ਜੋ ਸੰਮਨ ਦਾ ਹੀ ਪੁੱਤਰ ਸੀ। ਬਾਕੀ ਦੇ ਦੋ ਸਿੱਖਾਂ ਦੇ ਨਾਂ ਹਨ— ਜਮਾਲ ਅਤੇ ਪਤੰਗ। ਇਥੇ ਜਮਾਲ ਅਤੇ ਪਤੰਗ ਦੋ-ਅਰਥੇ ਸ਼ਬਦ ਹਨ ਕਿਉਂਕਿ ਸਿੱਖਾਂ ਦੇ ਨਾਂਵਾਂ ਤੋਂ ਇਲਾਵਾ ਇਨ੍ਹਾਂ ਦੇ ਕ੍ਰਮਵਾਰ ਅਰਥ, ਖ਼ੂਬੀ ਜਾਂ ਗੁਣ ਅਤੇ ਪਤੰਗਾ ਜਾਂ ਧਮੱਕੜ ਵੀ ਕੀਤੇ ਜਾ

ਸਕਦੇ ਹਨ। ਬ੍ਰਜ-ਭਾਸ਼ਾ ਵਿਚ ਲਿਖੇ ਇਨ੍ਹਾਂ ਚਉਬੋਲਿਆਂ ਵਿਚ ਸ਼ਾਬਦਿਕ ਸਾਰਥਕਤਾ ਬੜੀ ਸਪੱਸ਼ਟ ਹੈ।

ਇਸ ਅਰਥਗਤ ਵਿਆਖਿਆ ਤੋਂ ਇਲਾਵਾ ਇਹ ਵੀ ਵੇਖਣ ਵਿਚ ਆਇਆ ਹੈ ਕਿ ਆਵਾਣਕਾਰੀ ਉਪਭਾਸ਼ਾ ਵਿਚ ਕਈ ਵਾਰ ਮੇਹਣੇ-ਚਬੋਲੇ ਸ਼ਬਦਾਂ ਦੀ ਵਰਤੋਂ ਇਕੱਠੀ ਕਰਕੇ ਵਿਅੰਗ ਅਤੇ ਪ੍ਰੇਮਮਈ ਭਾਵਨਾ ਨੂੰ ਪ੍ਰਗਟਾਇਆ ਜਾਂਦਾ ਹੈ। ਇਸ ਤਰ੍ਹਾਂ ਲੋਕ-ਪਰੰਪਰਾ ਵਿਚ 'ਚਉਬੋਲਾ' ਕਿਸੇ ਪ੍ਰੇਮਮਈ ਉਦਗਾਰ ਦੀ ਅਭਿਵਿਅਕਤੀ ਦਾ ਵਾਚਕ ਹੈ ਜਿਸ ਦਾ ਆਧਾਰ ਵਿਅੰਗ ਜਾਂ ਨਹੋਰਾ ਹੋਵੇ।

ਇਸ ਨੂੰ 'ਚਾਰੁ-ਬੋਲ' ਅਰਥਾਤ ਮਨੋਹਰ-ਬੋਲ ਦਾ ਅਪਭ੍ਰੰਸ਼ ਰੂਪ ਵਿਚ ਦਸਿਆ ਜਾਂਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਹ 11 ਦੋਹਿਰੇ ਪ੍ਰੇਮ-ਭਾਵਨਾ ਨੂੰ ਮਨੋਹਰ ਢੰਗ ਨਾਲ ਪ੍ਰਗਟਾਉਣ ਵਾਲੇ ਬੋਲ ਹਨ।

ਪ੍ਰੇਮ-ਭਾਵਨਾ ਦਾ ਸਰੂਪ ਸਪੱਸ਼ਟ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਹੈ ਕਿ ਅਧਿਆਤਮਿਕ ਸਾਧਕ ਦਾ ਸ਼ਰੀਰ ਅਥਵਾ ਮਨ ਪ੍ਰੀਤਮ ਦੇ ਪ੍ਰੇਮ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ ਅਤੇ ਉਨ੍ਹਾਂ ਵਿਚ ਰਤਾ ਜਿੰਨੀ ਵੀ ਵਿਥ ਨਹੀਂ ਰਹਿੰਦੀ। ਜਦੋਂ ਜਿਗਿਆਸੂ ਦਾ ਮਨ ਪ੍ਰੀਤਮ ਦੇ ਚਰਣ-ਕਮਲਾਂ ਵਿਚ ਜੁੜ ਜਾਂਦਾ ਹੈ ਤਾਂ ਵਿਅਕਤੀਗਤ ਸੂਝ ਸੁਰਤਿ ਦਾ ਸਰੂਪ ਧਾਰ ਕੇ ਮਹਾ-ਮਿਲਨ ਦੀ ਆਨੰਦੀ ਅਵਸਥਾ ਨੂੰ ਮਾਣਨ ਲਗ ਜਾਂਦੀ ਹੈ— *ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ। ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ।*(ਗੁ.ਗ੍ਰੰ.1363-64)। ਇਥੇ ਸੁਰਤਿ ਤੋਂ ਭਾਵ ਹੈ 'ਸੁ-ਰਤਿ', ਅਰਥਾਤ ਸ੍ਰੇਸ਼ਠ ਜਾਂ ਸਵੱਛ ਪ੍ਰੇਮ।

ਪ੍ਰੇਮ ਦੇ ਦੋ ਰੂਪ ਹਨ। ਇਕ ਦਾ ਸੰਬੰਧ ਸ਼ਰੀਰਿਕ ਤ੍ਰਿਪਤੀ ਨਾਲ ਹੈ। ਇਸ ਵਿਚ ਸੁਆਰਥ ਦੀ ਭਾਵਨਾ ਪ੍ਰਧਾਨ ਹੁੰਦੀ ਹੈ। ਇਸ ਲਈ ਇਹ ਪ੍ਰੇਮ ਦਾ ਨੀਵਾਂ ਰੂਪ ਹੈ। ਇਸ ਨੂੰ ਵਾਸਨਾ ਵੀ ਕਿਹਾ ਜਾ ਸਕਦਾ ਹੈ। ਪ੍ਰੇਮ ਦੇ ਦੂਜੇ ਸਰੂਪ ਦਾ ਸੰਬੰਧ ਪਰਮਾਰਥ ਨਾਲ ਹੈ। ਇਹ ਪ੍ਰੇਮ ਦੀ ਕਾਮਨਾ-ਰਹਿਤ ਅਵਸਥਾ ਹੈ। ਇਸ ਨਾਲ ਮਨੁੱਖ ਉੱਚਾ ਸੋਚਦਾ ਹੈ। ਪ੍ਰੋਫੈਸਰ ਪੂਰਨ ਸਿੰਘ ਨੇ ਸੁਆਰਥ ਦੀ ਭਾਵਨਾ ਨੂੰ 'ਅੰਦਰ ਵਸਦਾ ਹੈਵਾਨ' ਦਸਦੇ ਹੋਇਆਂ ਕਿਹਾ ਹੈ ਕਿ ਪਿਆਰ ਜਿਸਮ ਵਿਚ ਵਸਦੇ ਹੈਵਾਨ ਦੀ ਮੌਤ ਹੈ, ਫਿਰ ਜਿਸਮ ਇਕ ਹਰਿਮੰਦਿਰ ਹੋ ਜਾਂਦਾ ਹੈ ਜਿਸ ਵਿਚ ਨਿਰੋਲ ਪਿਆਰ ਵਸਦਾ ਹੈ।

ਪ੍ਰੇਮ ਅਸਲ ਵਿਚ ਕੋਈ ਲੈਣ ਦੇਣ ਦਾ ਸੌਦਾ ਨਹੀਂ। ਗੁਰੂ ਜੀ ਨੇ ਸੰਮਨ ਨਾਂ ਦੇ ਸਿੱਖ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਜੇ ਪ੍ਰੇਮ ਧਨ ਦੌਲਤ ਨਾਲ ਖ਼ਰੀਦਿਆ ਜਾ ਸਕਦਾ ਹੁੰਦਾ ਤਾਂ ਫਿਰ ਰਾਵਣ ਕੋਈ ਗ਼ਰੀਬ ਨਹੀਂ ਸੀ ਕਿ ਉਸ ਨੂੰ ਆਪਣੇ ਸਿਰ ਕਟ ਕਟ ਕੇ ਸ਼ਿਵ ਜੀ ਨੂੰ ਪ੍ਰਸੰਨ ਕਰਨ ਲਈ ਭੇਟਾ ਕਰਨੇ ਪਏ— *ਸੰਮਨ ਜਉ ਇਸੁ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ। ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ।*

ਪ੍ਰੇਮ ਜਿਗਿਆਸੂ ਲਈ ਅਜਿਹਾ ਸਰੋਬਤਮ ਅਤੇ ਸਦੀਵੀ ਸਾਧਨ ਹੈ ਜੋ ਦ੍ਵੈਤ-ਭਾਵ ਨੂੰ ਖ਼ਤਮ ਕਰਕੇ ਅਦ੍ਵੈਤ ਅਵਸਥਾ ਪੈਦਾ ਕਰ ਦਿੰਦਾ ਹੈ। ਪ੍ਰੀਤਮ ਅਤੇ ਪ੍ਰੀਤਮਾ ਪ੍ਰੇਮ ਦੇ ਭਾਵ-ਬੰਧਨ ਵਿਚ ਬੰਨ੍ਹੇ ਜਾ ਕੇ ਨੀਰ-ਖੀਰ ਅਰਥਾਤ ਦੁੱਧ ਪਾਣੀ ਵਾਂਗ ਆਪਣੀਆਂ ਵਖ ਵਖ ਹੋਂਦਾਂ ਨੂੰ ਇਕ ਹੋਂਦ ਵਿਚ ਬਦਲ ਦਿੰਦੇ ਹਨ। ਇਹੀ ਪ੍ਰੇਮ ਵਿਕਾਸ ਕਰਦਾ ਕਰਦਾ ਪਰਮਾਤਮਾ ਦੇ ਪ੍ਰੇਮ ਵਿਚ ਬਦਲ ਜਾਂਦਾ ਹੈ। ਇਹੀ ਪ੍ਰੇਮ ਪ੍ਰੇਮ-ਭਗਤੀ ਦਾ ਨੀਂਹ-ਪੱਥਰ ਹੈ। ਇਸ ਸਥਿਤੀ ਵਿਚ ਮਨੁੱਖ ਦੀ ਆਤਮਾ ਕਿਸੇ ਲੌਕਿਕ ਵਸਤੂ ਵਿਚ ਸੁਖ ਦੀ ਖੋਜ ਨਹੀਂ ਕਰਦੀ, ਸਗੋਂ ਜਿਸ ਚੇਤਨ ਤੱਤ੍ਵ ਤੋਂ ਉਸ ਦਾ ਜਨਮ ਤੇ ਵਿਕਾਸ ਹੋਇਆ ਹੈ, ਉਸ ਨਾਲ ਇਕਮਿਕ ਹੋ ਜਾਣ ਲਈ ਤੀਬਰ ਵਿਆਕੁਲਤਾ ਨੂੰ ਪ੍ਰਾਪਤ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਦਸਿਆ ਹੈ ਕਿ ਜਿਨ੍ਹਾਂ ਜਿਗਿਆਸੂਆਂ ਦਾ ਜੀਵਨ-ਮਨੋਰਥ ਪਰਮਾਤਮਾ ਨਾਲ ਸਚਾ ਪ੍ਰੇਮ ਸਥਾਪਿਤ ਕਰਕੇ ਉਸ ਦੇ ਚਰਣਾਂ ਵਿਚ ਆਪਣੇ ਮਨ ਨੂੰ ਮਗਨ ਕਰਨਾ ਹੈ, ਉਹ ਸਚੇ ਪ੍ਰੇਮੀ ਫਿਰ ਹੋਰ ਕਿਸੇ ਪਾਸੇ ਦੀ ਝਾਕ ਨਹੀਂ ਰਖਦੇ। ਹਰ ਪਾਸਿਓਂ ਨਾਤਾ ਤੋੜ ਕੇ ਪ੍ਰਭੂ-ਚਰਣਾਂ ਨਾਲ ਸਥਾਈ ਸੰਬੰਧ ਸਥਾਪਿਤ ਕਰ ਲੈਂਦੇ ਹਨ। ਆਤਮ-ਸਮਰਪਣ ਦੀ ਇਹੀ ਭਾਵਨਾ ਅਦ੍ਵੈਤ-ਅਵਸਥਾ ਪ੍ਰਾਪਤ ਕਰਨ ਦਾ ਮਾਰਗ ਮੋਕਲਾ ਕਰਦੀ ਹੈ। ਗੁਰੂ ਜੀ ਅਨੁਸਾਰ—*ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ। ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ।*

ਅਸਲ ਵਿਚ, ਸਚੇ ਅਰਥਾਂ ਵਿਚ ਉਹੀ ਸਹੀ ਪ੍ਰੇਮੀ ਹੈ ਜਿਸ ਨੇ ਆਪਣੇ ਸੁਆਮੀ ਨੂੰ ਪਛਾਣ ਲਿਆ ਹੈ। ਇਕ ਹੋਰ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ।*

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ।* (ਗੁ.ਗ੍ਰੰ.1424)।

ਪ੍ਰੇਮ ਦਾ ਮੁੱਖ ਲੱਛਣ ਹੈ ਆਤਮਾ ਨੂੰ ਤ੍ਰਿਪਤ ਕਰਨਾ। ਇਹ ਤਦ ਹੀ ਸੰਭਵ ਹੈ ਜੇ ਪ੍ਰੇਮ ਸਵੱਛ ਹੋਵੇ, ਸ੍ਰੇਸ਼ਠ ਗੁਣਾਂ ਨਾਲ ਭਰਪੂਰ ਹੋਵੇ। ਆਤਮਾ ਨਿਰਮਲ ਪ੍ਰੇਮ ਰਾਹੀਂ ਹੀ ਸਰਸ, ਨਿਰੋਗ ਅਤੇ ਪ੍ਰਫੁਲਿਤ ਹੁੰਦੀ ਹੈ। ਪ੍ਰੇਮ ਦੇ ਅਭਾਵ ਵਿਚ ਜੀਵਨ ਨੀਰਸ ਹੈ। ਇਹ ਪ੍ਰੇਮ ਇਕ-ਰਸ ਅਤੇ ਅਖੰਡ ਹੋਣਾ ਚਾਹੀਦਾ ਹੈ। ਸਚ ਤਾਂ ਇਹ ਹੈ ਕਿ ਪ੍ਰੇਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਹੀ ਉਸ ਦੀ ਅਖੰਡ-ਭਾਵਨਾ। ਉਹ ਆਦਿ -ਅੰਤ ਤੋਂ ਰਹਿਤ, ਹਰ ਇਕ ਛਿਣ ਵਿਚ ਇਕ-ਰਸ ਰਹਿਣ ਵਾਲਾ ਹੁੰਦਾ ਹੈ। ਪ੍ਰੇਮ ਸ਼ੁੱਧ, ਨਿੱਤ ਅਤੇ ਸਰਸ ਹੈ। ਇਹ ਸਮੇਂ, ਸਿਥਾਨ ਅਤੇ ਕਾਲ ਦੀਆਂ ਹੱਦਬੰਦੀਆਂ ਤੋਂ ਉੱਚਾ ਹੈ।

ਪ੍ਰੇਮ ਪੂਰਵਕ ਕੀਤੀ ਭਗਤੀ ਸਰਬ-ਸ੍ਰੇਸ਼ਠ ਹੈ। ਇਹ ਪੂਰੀ ਮਗਨਤਾ ਦੀ ਅਵਸਥਾ ਹੈ। ਇਸ ਨੂੰ ਸਪੱਸ਼ਟ ਕਰਨ ਲਈ ਗੁਰੂ ਜੀ ਨੇ ਪਤੰਗੇ ਦੀ ਮਿਸਾਲ ਦਿੱਤੀ ਹੈ ਕਿ ਉਹ ਆਪਣੇ ਪ੍ਰੀਤਮ, ਅਰਥਾਤ ਜੋਤਿ-ਸਰੂਪ, ਵਿਚ ਇਤਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਸ਼ਰੀਰ ਦੀ ਸੁੱਧ-ਬੁੱਧ ਨਹੀਂ ਰਹਿੰਦੀ ਅਤੇ ਬਲਦੇ ਦੀਪਕ ਉਤੇ ਸੜ ਮਰਦਾ ਹੈ। ਇਸ ਅਦੁੱਤੀ ਮਗਨਤਾ ਕਰਕੇ ਹੀ ਉਸ ਮਾਮੂਲੀ ਜਾਂ ਤੁਛ ਪਤੰਗੇ ਨੂੰ ਵੀ ਜਗਤ ਵਿਚ ਵਿਸ਼ੇਸ਼ ਮਾਣ ਅਤੇ ਪ੍ਰਸਿੱਧੀ ਪ੍ਰਾਪਤ ਹੁੰਦੀ ਹੈ— *ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ। ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ।* ਪ੍ਰੇਮ-ਭਗਤੀ ਦਾ ਸਰੂਪ ਅੰਮ੍ਰਿਤ-ਮਈ ਹੈ। ਇਸ ਨੂੰ ਪ੍ਰਾਪਤ ਕਰਕੇ ਮਨੁੱਖ ਆਪਣੇ ਮਨੋਰਥ ਵਿਚ ਸਫਲ ਹੋ ਜਾਂਦਾ ਹੈ, ਅਮਰ ਹੋ ਜਾਂਦਾ ਹੈ, ਤ੍ਰਿਪਤ ਹੋ ਜਾਂਦਾ ਹੈ, ਉਹ ਨਿਸ਼ਕਾਮ, ਸੋਗ-ਰਹਿਤ ਅਤੇ ਦ੍ਵੈਸ਼-ਰਹਿਤ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਉਹ ਭਗਤੀ ਦਾ ਆਨੰਦ ਪ੍ਰਾਪਤ ਕਰਕੇ ਮਸਤ ਹੋ ਜਾਂਦਾ ਹੈ, ਉਹ ਕੇਵਲ ਆਤਮਾ ਵਿਚ ਹੀ ਮਗਨ ਰਹਿੰਦਾ ਹੈ। ਸੰਸਾਰਿਕ ਪਦਾਰਥਾਂ ਵਿਚ ਉਸ ਦਾ ਮਨ ਰੰਮਣੋ ਹਟ ਜਾਂਦਾ ਹੈ, ਕਿਸੇ ਵਸਤੂ ਪ੍ਰਤਿ ਉਸ ਦੀ ਕੋਈ ਖਿਚ ਨਹੀਂ ਰਹਿੰਦੀ। ਇਸ ਦੇ ਉਲਟ ਜੋ ਸਚਾ ਪ੍ਰੇਮੀ ਨਹੀਂ ਹੈ, ਜੋ ਸੰਸਾਰਿਕ ਵਸਤੂਆਂ ਵਿਚ ਹੀ ਮੋਹ ਪਾਈ ਬੈਠਾ ਹੈ ਅਤੇ ਸਚੇ ਪ੍ਰੇਮ ਦੇ ਭੇਦ ਨੂੰ ਨਹੀਂ ਸਮਝਦਾ, ਉਸ ਦਾ ਸਾਰਾ ਕਾਰ-ਵਿਹਾਰ ਮਿਥਿਆ ਹੈ— *ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ। ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ।*

ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਵਿਚਾਰ ਅਧੀਨ ਚਉਬੋਲਿਆਂ ਵਿਚ ਅਧਿਆਤਮਿਕ ਪ੍ਰੇਮ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ। ਇਹ ਪ੍ਰੇਮ ਅਸਲ ਵਿਚ ਵਰਣਨ ਤੋਂ ਪਰੇ ਹੈ ਅਤੇ ਤ੍ਰੈਗੁਣ ਤੋਂ ਅਤੀਤ ਹੈ, ਇਹ ਕਾਮਨਾ ਰਹਿਤ ਅਤੇ ਸਦਾ ਵਿਗਸਦੇ ਰਹਿਣ ਵਾਲਾ ਹੈ। ਇਸ ਦਾ ਪ੍ਰਵਾਹ ਨਿਰੰਤਰ ਹੈ, ਕਦੀ ਟੁੱਟਦਾ ਨਹੀਂ। ਇਹ ਅਤਿਅੰਤ ਸੂਖਮ ਹੈ, ਪਰ ਅਨੁਭਵ ਰਾਹੀਂ ਇਸ ਦਾ ਆਨੰਦ ਮਾਣਿਆ ਜਾ ਸਕਦਾ ਹੈ। ਇਹ ਪਰਮ-ਆਨੰਦ ਦੀ ਅਵਸਥਾ ਹੈ।

**ਚੱਕ ਨਾਨਕੀ** : 'ਆਨੰਦਪੁਰ' ਦਾ ਪਹਿਲਾ ਨਾਂ, ਜੋ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਪਿੰਡ ਦੀ ਧਰਤੀ ਖ਼ਰੀਦ ਕੇ ਆਪਣੇ ਮਾਤਾ ਜੀ ਦੇ ਨਾਂ 'ਤੇ ਵਸਾਇਆ ਸੀ। ਵੇਖੋ 'ਆਨੰਦਪੁਰ'।

**ਚੱਕ-ਪ੍ਰੇਮਾ** (ਪਿੰਡ): ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਨਗਰ ਤੋਂ 6 ਕਿ.ਮੀ. ਉਤਰ-ਪੂਰਬ ਦਿਸ਼ਾ ਵਿਚ ਸਥਿਤ ਇਕ ਪਿੰਡ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ 'ਗੁਰਦੁਆਰਾ ਝੰਡਾ ਸਾਹਿਬ ਛੇਵੀਂ ਪਾਤਿਸ਼ਾਹੀ' ਬਣਿਆ ਹੋਇਆ ਹੈ। ਮਹਾਨ ਕੋਸ਼ਕਾਰ ਨੇ ਇਸ ਦਾ ਸੰਬੰਧ ਗੁਰੂ ਹਰਿਰਾਇ ਜੀ ਨਾਲ ਜੋੜਦਿਆਂ ਦਸਿਆ ਹੈ ਕਿ ਕਰਤਾਰਪੁਰ ਤੋਂ ਕੀਰਤਪੁਰ ਨੂੰ ਜਾਂਦਿਆਂ ਗੁਰੂ ਜੀ ਇਥੇ ਰੁਕੇ ਸਨ। ਇਸ ਗੁਰੂ-ਧਾਮ ਦੀ ਨਵੀਂ ਬਣੀ ਇਮਾਰਤ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਚੱਕ ਫਤਹਿ ਸਿੰਘ ਵਾਲਾ** (ਪਿੰਡ) : ਪੰਜਾਬ ਦੇ ਬਠਿੰਡੇ ਜ਼ਿਲ੍ਹੇ ਦਾ ਇਕ ਪਿੰਡ ਜੋ ਭੁਚੋ ਮੰਡੀ ਤੋਂ 3 ਕਿ.ਮੀ. ਦੱਖਣ ਵਲ ਸਥਿਤ ਹੈ। ਤਲਵੰਡੀ ਸਾਬੋ ਤੋਂ ਬਠਿੰਡੇ ਨੂੰ ਆਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਇਥੇ ਇਕ ਹਫ਼ਤਾ ਰਹੇ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ' (ਨਾਮਾਂਤਰ 'ਗੁਰਦੁਆਰਾ ਪਾਤਿਸ਼ਾਹੀ ਦਸਵੀਂ') ਬਣਿਆ ਹੋਇਆ ਹੈ। ਉਸ ਦੇ ਨਾਲ ਇਕ ਸਰੋਵਰ ਵੀ ਹੈ। ਹਰ ਸਾਲ 18 ਪੋਹ ਨੂੰ ਇਥੇ ਵੱਡਾ ਮੇਲਾ ਲਗਦਾ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਵਿਵਸਥਾ ਸਥਾਨਕ

ਕਮੇਟੀ ਕਰਦੀ ਹੈ। ਇਥੋਂ ਹੀ ਫੂਲਵੰਸ਼ੀ ਭਾਈ ਰਾਮ ਸਿੰਘ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਸੀ।

ਸਥਾਨਕ ਰਵਾਇਤ ਅਨੁਸਾਰ ਜਿਥੇ ਗੁਰੂ ਜੀ ਬੈਠੇ ਸਨ, ਉਥੇ ਹੁਣ ਗੁਰਦੁਆਰਾ ਬੁਰਜ ਸਾਹਿਬ ਹੈ ਜਿਸ ਦਾ ਪ੍ਰਬੰਧ ਨਿਜੀ ਹੱਥਾਂ ਵਿਚ ਹੈ। ਕਹਿੰਦੇ ਹਨ ਕਿ ਗੁਰੂ ਜੀ ਇਥੇ ਹੀ ਮਾਤਾ ਦੇਸਾਂ ਦੇ ਘਰ ਸੰਨ 1706 ਈ. ਵਿਚ ਇਕ ਹਫ਼ਤੇ ਲਈ ਠਹਿਰੇ ਸਨ। ਇਸ ਪਰਿਵਾਰ ਪਾਸ ਕਈ ਇਤਿਹਾਸਿਕ ਮਹੱਤਵ ਵਾਲੀਆਂ ਵਸਤੂਆਂ ਸੁਰਖਿਅਤ ਹਨ, ਜਿਵੇਂ (1) ਪਲੰਘ ਸਾਹਿਬ ਜਿਸ ਉਤੇ ਗੁਰੂ ਜੀ ਬਿਰਾਜੇ ਸਨ, (2) ਗੁਰੂ ਜੀ ਦੀ ਇਕ ਦਸਤਾਰ, (3) ਬਾਬਾ ਸੰਗੂ ਸਿੰਘ ਖ਼ਾਲਸਾ ਦੇ ਹੱਥਾਂ ਦੀ ਸੰਨ 1733 ਈ. (ਸੰਮਤ 1790 ਬਿ.) ਵਿਚ ਲਿਖੀ ਇਕ ਪੁਰਾਤਨ ਬੀੜ, (4) ਮਾਤਾ ਸਾਹਿਬ ਦੇਵਾਂ ਅਤੇ ਮਾਤਾ ਸੁੰਦਰੀ ਦੇ ਬੈਠਣ ਲਈ ਵਰਤਿਆ ਗਿਆ ਪੀੜ੍ਹਾ, ਆਦਿ। ਇਨ੍ਹਾਂ ਵਸਤੂਆਂ ਦੀ ਪ੍ਰਮਾਣਿਕਤਾ ਸੰਦਿਗਧ ਹੈ।

**ਚੱਕਰ** (ਪਿੰਡ): ਪੰਜਾਬ ਪ੍ਰਾਂਤ ਦੇ ਲੁਧਿਆਣਾ ਜ਼ਿਲ੍ਹਾ ਦੇ ਜਗਰਾਉਂ ਨਗਰ ਤੋਂ 16 ਕਿ.ਮੀ. ਦੱਖਣ ਵਲ ਸਥਿਤ ਇਕ ਪਿੰਡ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਲਵੇ ਦੀ ਧਰਮ-ਪ੍ਰਚਾਰ-ਯਾਤ੍ਰਾ ਵੇਲੇ ਲੋਪੋਕੇ ਪਿੰਡ ਤੋਂ ਪਧਾਰੇ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਲੰਮੇ ਪਿੰਡ ਤੋਂ ਆਏ ਸਨ। ਦੋਹਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਇਥੇ 'ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ' ਬਣਿਆ ਹੋਇਆ ਹੈ। ਇਸ ਗੁਰਦੁਆਰੇ ਦੀ ਨਵੀਂ ਇਮਾਰਤ ਚਾਲ੍ਹੀ ਕੁ ਵਰ੍ਹੇ ਪਹਿਲਾਂ ਉਸਾਰੀ ਗਈ ਸੀ। ਇਸ ਗੁਰੂ-ਧਾਮ ਦੇ ਨਾਲ ਇਕ ਸਰੋਵਰ ਵੀ ਬਣਿਆ ਹੋਇਆ ਹੈ। ਇਹ ਗੁਰਦੁਆਰਾ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਚੱਚਾ ਫੱਗੋ/ਫਾਗੋ** : ਵੇਖੋ 'ਫੱਗੋ ਚੱਚਾ'।

**ਚਠਿਆਂ ਦੀ ਵਾਰ** : ਇਸ ਵਾਰ ਵਿਚ ਪੀਰ ਮੁਹੰਮਦ ਖਾਂ ਚਠੇ ਸਰਦਾਰ ਦੀ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਨਾਲ ਰਸੂਲ ਨਗਰ ਅਤੇ ਮਨਚਰ ਵਿਖੇ ਹੋਈਆਂ ਲੜਾਈਆਂ ਦਾ ਚਿਤ੍ਰਣ ਹੈ। ਇਸ ਵਾਰ ਦਾ ਲੇਖਕ ਕਵੀ ਪੀਰ ਮੁਹੰਮਦ ਨੂਨਾਵਾਲੀ (ਜ਼ਿਲ੍ਹਾ ਗੁਜਰਾਤ) ਦਾ ਵਸਨੀਕ ਅਤੇ ਚੱਠੇ ਸਰਦਾਰਾਂ ਪਾਸ ਨੌਕਰ ਸੀ। ਇਸ ਵਾਰ ਦੇ ਲੇਖਕ ਬਾਰੇ ਦੋ ਅੰਦਰਲੀਆਂ ਗਵਾਹੀਆਂ ਮਿਲਦੀਆਂ ਹਨ। ਇਕ ਇਸ ਦੀ ਕਵੀ ਛਾਪ, ਜਿਵੇਂ :

(1) *ਕਹਿ ਤੂੰ ਪੀਰ ਮੁਹੰਮਦਾ ਇਕ ਗੱਲ ਗਿਆਨ।*

(2) *ਕਹਿ ਤੂੰ ਪੀਰ ਮੁਹੰਮਦਾ ਕੀ ਹਾਲ ਸਵਾਰਾ।*

ਦੂਜੇ, ਕਿੱਸਾਕਾਰ ਮੁਹੰਮਦ ਬਖ਼ਸ਼ ਨੇ ਆਪਣੀ ਰਚਨਾ 'ਸੈਫੁੱਲਮਲੂਕ' ਵਿਚ ਪੀਰ ਮੁਹੰਮਦ ਨੂੰ 'ਚੱਠਿਆਂ ਦੀ ਵਾਰ' ਦਾ ਕਰਤਾ ਮੰਨਿਆ ਹੈ :

*ਦੂਜਾ ਪੀਰ ਮੁਹੰਮਦ ਚੱਠਾ ਮੌਜ਼ਅ ਨੂਨਾਵਾਲੀ।*
*ਚੱਠੇ ਦੀ ਇਸ ਵਾਰ ਬਣਾਈ, ਮੁਹਰੀਂ ਭਰੀਓਸ ਥਾਲੀ।*

ਇਸ ਵਾਰ ਤੋਂ ਬਿਨਾ ਪੀਰ ਮੁਹੰਮਦ ਦੀ ਕੋਈ ਹੋਰ ਰਚਨਾ ਨਹੀਂ ਮਿਲਦੀ। ਇਹ ਰਚਨਾ ਕੇਵਲ ਮੁਸਲਮਾਨਾਂ ਵਿਚ ਕਾਫ਼ੀ ਹਰਮਨ ਪਿਆਰੀ ਰਹੀ ਹੈ। ਕਵੀ ਚੰਗਾ ਪੜ੍ਹਿਆ ਲਿਖਿਆ ਅਤੇ ਇਸਲਾਮੀ ਸਾਹਿਤ, ਮਿਥਿਹਾਸ ਅਤੇ ਇਤਿਹਾਸ ਤੋਂ ਜਾਣੂ ਸੀ।

ਇਹ ਰਚਨਾ ਕਦ ਲਿਖੀ ਗਈ ? ਇਸ ਬਾਰੇ ਕੋਈ ਸਹੀ ਜਾਣਕਾਰੀ ਨਹੀਂ ਮਿਲਦੀ। ਇਸ ਵਾਰ ਵਿਚ ਜਿਸ ਇਤਿਹਾਸਿਕ ਘਟਨਾ ਦਾ ਉਲੇਖ ਹੈ, ਉਹ 1780-90 ਈ. ਦੇ ਵਿਚਕਾਰ ਵਾਪਰੀ ਸੀ। ਇਸ ਵਾਸਤੇ ਇਸ ਦੀ ਰਚਨਾ ਘਟਨਾ ਤੋਂ ਤੁਰੰਤ ਬਾਦ ਹੋਈ ਜਾਪਦੀ ਹੈ ਕਿਉਂਕਿ 'ਸੈਫੁੱਲਮਲੂਕ' ਵਿਚ ਲਿਖਿਆ ਹੈ ਕਿ ਇਸ ਰਚਨਾ ਉਤੇ ਪ੍ਰਸੰਨ ਹੋ ਕੇ ਚੱਠੇ ਸਰਦਾਰ ਨੇ ਕਵੀ ਨੂੰ ਮੁਹਰਾਂ ਦੀ ਥਾਲੀ ਪ੍ਰਦਾਨ ਕੀਤੀ। ਇਸ ਲਈ ਇਹ ਗੱਲ ਮੂਲ ਘਟਨਾ ਤੋਂ ਤੁਰੰਤ ਬਾਦ ਹੋਈ ਸੰਭਵ ਹੋ ਸਕਦੀ ਹੈ। ਇਸ ਰਚਨਾ ਦੀ ਵਰਣਨ-ਸਜੀਵਤਾ ਵੀ ਦਸਦੀ ਹੈ ਕਿ ਕਵੀ ਯੁੱਧ-ਘਟਨਾ ਸੰਬੰਧੀ ਪੂਰਾ ਅਨੁਭਵ ਰਖਦਾ ਸੀ।

ਸਰਦਾਰ ਮਹਾਂ ਸਿੰਘ ਨਾਲ ਹੋਈਆਂ ਦੋਹਾਂ ਲੜਾਈਆਂ ਵਿਚ ਪੀਰ ਮੁਹੰਮਦ ਖ਼ਾਂ ਦੇ ਦੋਵੇਂ ਪੁੱਤਰ ਗ਼ੁਲਾਮ ਮੁਹੰਮਦ ਅਤੇ ਕੁਤਬਦੀਨ ਖ਼ੂਬ ਸੂਰਵੀਰਤਾ ਨਾਲ ਲੜੇ ਜਿਸ ਨੂੰ ਕਵੀ ਨੇ ਬੜੀ ਭਾਵਨਾ ਸਹਿਤ ਚਿਤਰਿਆ ਹੈ। ਪਰ ਅਧਿਕ ਵਰਣਨ ਗ਼ੁਲਾਮ ਮੁਹੰਮਦ ਦੀ ਵੀਰਤਾ ਦਾ ਹੈ। ਇਸ ਨੂੰ ਕਈ 'ਮਹਾਂ ਸਿੰਘ ਦੀ ਵਾਰ' ਵੀ ਕਹਿੰਦੇ ਹਨ। ਪਰ ਅਸਲੋਂ ਇਹ ਚੱਠੇ ਸਰਦਾਰ ਗ਼ੁਲਾਮ ਮੁਹੰਮਦ ਨੂੰ ਨਾਇਕ ਬਣਾਉਂਦੀ ਹੈ ਅਤੇ ਮਹਾਂ ਸਿੰਘ ਇਸ ਵਿਚ ਪ੍ਰਤਿਨਾਇਕ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਸ ਵਾਸਤੇ ਇਹ ਨਾਂ ਠੀਕ ਨਹੀਂ।

ਇਸ ਦਾ ਯੁੱਧ ਵਰਣਨ ਬੜਾ ਸਜੀਵ ਹੈ।

ਕਵੀ ਨੇ ਇਹ ਵਾਰ ਭਾਵੇਂ ਚੱਠੇ ਜੱਟਾਂ ਦੀ ਉਸਤਤ ਵਿਚ ਲਿਖੀ, ਪਰ ਫਿਰ ਵੀ ਕਾਵਿ-ਨਿਆਂ ਨੂੰ ਸਾਹਮਣੇ ਰਖਦੇ ਹੋਇਆਂ ਪ੍ਰਤਿਪੱਖ ਜਾਂ ਪ੍ਰਤਿਨਾਇਕ ਦੇ ਧੜੇ ਦਾ ਵੀ ਸੁੰਦਰ ਅਤੇ ਯਥਾਰਥ ਚਿਤ੍ਰਣ ਕੀਤਾ ਹੈ। ਸ. ਮਹਾਂ ਸਿੰਘ ਦੇ ਲਸ਼ਕਰ ਦੀ ਚੜ੍ਹਤਲ ਨੂੰ ਚਿਤਰਦਿਆਂ ਕਵੀ ਲਿਖਦਾ ਹੈ :

*ਲਸ਼ਕਰ ਮਹਾਂ ਸਿੰਘ ਦਾ ਦਰਿਆਈ ਕਾਂਗਾਂ।*
*ਸੈਦ ਨਗਰ ਨੂੰ ਵਗਿਆ, ਕਰ ਕੂਕਾਂ ਚਾਂਗਾਂ।*
*ਕਾਨੇ ਜਿਉਂ ਕਰ ਬੇਲਿਆਂ, ਤਿਉਂ ਗਤਕੇ ਸਾਂਗਾਂ।*
*ਕਹੀਆਂ ਹੋਰ ਕੁਹਾੜੀਆਂ, ਹੱਥ ਸੋਟੇ ਡਾਂਗਾਂ।*
*ਲੱਥੇ ਤੰਬੂ ਤਾਣ ਕੇ, ਸਭ ਟਾਂਗ ਬਟਾਂਗਾਂ।*
*ਬਾਹਰ ਗੁਰੂ ਚਿਤਰਾਰਦੇ, ਤੇ ਅੰਦਰ ਬਾਂਗਾਂ।22।*

ਇਸ ਵਾਰ ਵਿਚ ਕੁਲ 98 ਪਉੜੀਆਂ ਹਨ, ਪਰ ਕੁਝ ਕੁ ਸੰਸਕਰਣਾਂ ਵਿਚ 84 ਅਤੇ 92 ਪਉੜੀਆਂ ਮਿਲਦੀਆਂ ਹਨ। ਇਸ ਦੀਆਂ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ 2 ਤੋਂ 21 ਤਕ ਹੈ। ਅਖੀਰ ਉਤੇ ਇੰਜ ਪ੍ਰਤੀਤ ਹੁੰਦਾ ਹੈ ਕਿ ਵਾਰ ਅਚਾਨਕ ਖ਼ਤਮ ਕਰ ਦਿੱਤੀ ਗਈ ਹੈ। ਸ਼ੁਰੂ ਵਿਚ ਯੁੱਧ ਦੇ ਕਾਰਣ ਅਤੇ ਇਤਿਹਾਸਿਕ ਪਿਛੋਕੜ ਨੂੰ ਬੜੀ ਸਫਲਤਾ ਨਾਲ ਚਿਤਰਿਆ ਗਿਆ ਹੈ। ਅੰਤ 'ਤੇ ਸ. ਮਹਾਂ ਸਿੰਘ ਦੀ ਜਿਤ ਵਿਖਾ ਕੇ ਗ਼ੁਲਾਮ ਮੁਹੰਮਦ ਨੂੰ ਮੱਕੇ ਹਜ ਕਰਨ ਲਈ ਤਿਆਰ ਹੁੰਦਾ ਦਿਖਾਇਆ ਗਿਆ ਹੈ, ਪਰ ਮਨਚਰ ਦੀ ਜਿਤ ਤੋਂ ਬਾਦ ਗ਼ੁਲਾਮ ਮੁਹੰਮਦ ਮਾਰਿਆ ਜਾਂਦਾ ਹੈ।

ਇਸ ਵਾਰ ਵਿਚ ਪ੍ਰਵਾਹ ਬਹੁਤ ਅਧਿਕ ਹੈ ਅਤੇ ਯੁੱਧ-ਚਿਤ੍ਰਣ ਦੀ ਸ਼ੈਲੀ ਨਜ਼ਾਬਤ ਦੀ ਵਾਰ ਨਾਲ ਕਾਫ਼ੀ ਮੇਲ ਖਾਂਦੀ ਹੈ। ਇਸ ਵਿਚ ਕਿਤੇ ਕਿਤੇ ਬੜਾ ਸੁੰਦਰ ਪ੍ਰਕ੍ਰਿਤੀ -ਚਿਤ੍ਰਣ ਵੀ ਹੋਇਆ ਹੈ। ਕਵੀ ਨੇ ਇਤਿਹਾਸਿਕ ਘਟਨਾਵਾਂ ਨੂੰ ਬੜੀ ਛਾਣ-ਬੀਣ ਨਾਲ ਚਿਤਰਿਆ ਹੈ। ਨਜ਼ਾਬਤ ਵਾਂਗ ਕਵੀ ਭਾਰਤੀ ਇਤਿਹਾਸ, ਮਿਥਿਹਾਸ ਤੋਂ ਵੀ ਜਾਣੂ ਹੈ। ਇਸ ਵਾਰ ਦੀ ਬੋਲੀ ਬੜੀ ਸਰਲ ਪਰ ਭਾਵ ਅਤੇ ਪ੍ਰਸੰਗ ਅਨੁਕੂਲ ਹੈ। ਯੁੱਧ ਦਾ ਵਾਤਾਵਰਣ ਚਿਤ੍ਰਣ ਵਿਚ ਕਵੀ ਨੇ ਸ਼ਬਦ ਅਤੇ ਵਰਣ ਯੋਜਨਾ ਦੇ ਸੁੰਦਰ ਨਮੂਨੇ ਪੇਸ਼ ਕੀਤੇ ਹਨ।

**ਚਤਰ ਸਿੰਘ ਅਟਾਰੀਵਾਲਾ** (ਮ. 1855 ਈ.) : ਸ. ਜੋਧ ਸਿੰਘ ਅਟਾਰੀਵਾਲੇ ਦੇ ਘਰ ਪੈਦਾ ਹੋਇਆ ਸ. ਚਤਰ ਸਿੰਘ ਪੋਠੋਹਾਰ ਦਾ ਇਕ ਵੱਡਾ ਜਾਗੀਰਦਾਰ ਸੀ। ਉਹ ਜਾਗੀਰ ਇਸ ਦੇ ਪਿਤਾ ਨੂੰ ਮਹਾਰਾਜਾ ਰਣਜੀਤ ਸਿੰਘ ਵਲੋਂ ਪ੍ਰਦਾਨ ਕੀਤੀ ਗਈ ਅਤੇ ਜੋ ਉਸ ਦੀ ਮ੍ਰਿਤੂ ਤੋਂ ਬਾਦ ਚਤਰ ਸਿੰਘ ਨੂੰ ਪ੍ਰਾਪਤ ਹੋਈ। ਇਹ ਅਧਿਕਤਰ ਆਪਣੀ ਜਾਗੀਰ ਦੀ ਹੀ ਦੇਖ-ਭਾਲ ਕਰਦਾ ਸੀ ਅਤੇ ਲਾਹੌਰ ਦਰਬਾਰ ਦੀਆਂ ਕਾਰਵਾਈਆਂ ਅਤੇ ਸਾਜ਼ਿਸ਼ਾਂ ਤੋਂ ਆਪਣੇ ਆਪ ਨੂੰ ਬੇਲਾਗ ਰਖਦਾ ਸੀ।

ਸੰਨ 1843 ਈ. ਵਿਚ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਤੋਂ ਬਾਦ ਲਾਹੌਰ ਦੇ ਬਦਲਵੇਂ ਹਾਲਾਤ ਵਿਚ ਇਸ ਦੀ ਪੁਛ-ਗਿਛ ਵਧੀ। ਇਸ ਦੀ ਪੁੱਤਰੀ, ਤੇਜ ਕੌਰ, ਦਾ ਮੰਗਣਾ ਮਹਾਰਾਜਾ ਦਲੀਪ ਸਿੰਘ ਨਾਲ ਹੋ ਗਿਆ। ਅਗਸਤ 1846 ਈ. ਵਿਚ ਇਸ ਨੂੰ ਪਿਸ਼ਾਵਰ ਦਾ ਗਵਰਨਰ ਬਣਾਇਆ ਗਿਆ। ਉਥੋਂ ਇਸ ਨੂੰ ਹਜ਼ਾਰਾ ਦੇ ਗਵਰਨਰ ਵਜੋਂ ਬਦਲ ਦਿੱਤਾ ਗਿਆ। ਰਾਜਾ ਗੁਲਾਬ ਸਿੰਘ ਨਾਲ ਕਸ਼ਮੀਰ ਦੀ ਹਦਬੰਦੀ ਵੇਲੇ ਪੰਜਾਬ ਦੇ ਹਿਤ ਨੂੰ ਸਾਹਮਣੇ ਰਖਦੇ ਹੋਇਆਂ ਬ੍ਰਿਟਿਸ਼ ਸਹਾਇਕ ਰੈਜ਼ੀਡੈਂਟ ਕਪਤਾਨ ਜੇਮਜ਼ ਐਬਟ ਨਾਲ ਇਖ਼ਤਲਾਫ਼ ਹੋ ਗਿਆ। ਇਸ ਤੋਂ ਛੁਟ, ਬ੍ਰਿਟਿਸ਼ ਰੈਜ਼ੀਡੈਂਟ ਨੇ ਇਸ ਨੂੰ ਆਪਣੀ ਪੁੱਤਰੀ ਦਾ ਮਹਾਰਾਜਾ ਦਲੀਪ ਸਿੰਘ ਨਾਲ ਵਿਆਹ ਸੰਪੰਨ ਕਰਨ ਦੀ ਇਜਾਜ਼ਤ ਨ ਦਿੱਤੀ। ਇਸ ਕਰਕੇ ਵੀ ਵਿੱਥ ਵਧ ਗਈ। ਉਧਰ ਅਪ੍ਰੈਲ 1848 ਈ. ਵਿਚ ਮੁਲਤਾਨ ਵਿਚ ਗੜਬੜ ਸ਼ੁਰੂ ਹੋ ਜਾਣ ਦਾ ਲਾਭ ਉਠਾ ਕੇ ਜੇਮਜ਼ ਐਬਟ ਨੇ ਲਾਹੌਰ ਦੇ ਬ੍ਰਿਟਿਸ਼ ਰੈਜ਼ੀਡੈਂਟ ਨੂੰ ਚਤਰ ਸਿੰਘ ਵਿਰੁੱਧ ਗੁਪਤ ਰਿਪੋਰਟਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮੁਲਤਾਨ ਦੀ ਗੜਬੜ ਪਿਛੇ ਚਤਰ ਸਿੰਘ ਦਾ ਵੀ ਹੱਥ ਦਸਿਆ। ਇਸ ਤੋਂ ਇਲਾਵਾ ਜੇਮਜ਼ ਐਬਟ ਨੇ ਸਥਾਨਕ ਮੁਸਲਮਾਨ ਮੁਖੀਆਂ ਨੂੰ ਉਕਸਾ ਕੇ ਹਜ਼ਾਰੇ ਦੇ ਸਦਰ ਮੁਕਾਮ ਹਰੀਪੁਰ ਉਪਰ ਚੜ੍ਹਾ ਦਿੱਤਾ। ਉਨ੍ਹਾਂ ਦੀ ਰੋਕ-ਥਾਮ ਲਈ ਤੋਪਖ਼ਾਨੇ ਦੇ ਅੰਗ੍ਰੇਜ਼ ਅਧਿਕਾਰੀ ਕਰਨਲ ਕੈਨੋਰਾ ਨੇ ਚਤਰ ਸਿੰਘ ਦੇ ਆਦੇਸ਼ ਮੰਨਣੋਂ ਇਨਕਾਰ ਕਰ ਦਿੱਤਾ। ਇਸ ਪਹੁੰਚ ਵਿਧੀ ਦਾ ਵਿਰੋਧ ਕਰਨ ਵਾਲੇ ਦੋ ਸਿੱਖ ਅਫ਼ਸਰਾਂ ਨੂੰ ਕਰਨਲ ਕੈਨੋਰਾ ਨੇ ਗੋਲੀ ਮਾਰ ਦਿੱਤੀ। ਇਸ ਘਟਨਾ ਦੇ ਪ੍ਰਤਿਰੋਧ ਵਜੋਂ ਕੈਨੋਰਾ ਨੂੰ ਵੀ ਗੋਲੀ ਮਾਰ ਦਿੱਤੀ ਗਈ। ਲਾਹੌਰ ਸਥਿਤ ਬ੍ਰਿਟਿਸ਼ ਰੈਜ਼ੀਡੈਂਟ ਨੇ ਕਪਤਾਨ ਨਿਕੁਲਸਨ ਰਾਹੀਂ ਤਫ਼ਤੀਸ਼ ਕਰਵਾਈ ਜਿਸ ਦੀ ਰਿਪੋਰਟ ਵਿਚ ਚਤਰ ਸਿੰਘ ਨੂੰ ਬੇਕਸੂਰ ਦਸਿਆ ਗਿਆ। ਪਰ ਬ੍ਰਿਟਿਸ਼ ਰੈਜ਼ੀਡੈਂਟ ਨੇ ਆਦੇਸ਼ ਦੇ ਕੇ ਚਤਰ ਸਿੰਘ ਤੋਂ

ਗਵਰਨਰੀ ਦੇ ਅਧਿਕਾਰ ਖੋਹ ਲਏ ਅਤੇ ਉਸ ਦੀ ਜਾਗੀਰ ਜ਼ਬਤ ਕਰ ਲਈ। ਫਲਸਰੂਪ ਬ੍ਰਿਟਿਸ਼ ਰੈਜ਼ੀਡੈਂਟ ਨਾਲ ਚਤਰ ਸਿੰਘ ਦਾ ਖੁਲ੍ਹੰਖੁਲ੍ਹਾ ਵਿਰੋਧ ਸ਼ੁਰੂ ਹੋ ਗਿਆ। ਇਥੋਂ ਹੀ ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚ ਦੂਜੀ ਲੜਾਈ ਹੋਣ ਦੇ ਹਾਲਾਤ ਪੈਦਾ ਹੋ ਗਏ। ਇਸ ਨੇ ਅਟਕ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਅਤੇ ਸੈਨਾ-ਦਲ ਸਹਿਤ ਆਪਣੇ ਪੁੱਤਰ ਸ਼ੇਰ ਸਿੰਘ ਅਟਾਰੀਵਾਲੇ ਨੂੰ ਆ ਮਿਲਿਆ ਅਤੇ ਗੁਜਰਾਤ ਦੀ ਲੜਾਈ ਦੋਹਾਂ ਪਿਉ-ਪੁੱਤਰਾਂ ਨੇ ਰਲ ਕੇ ਲੜੀ। 21 ਫਰਵਰੀ 1849 ਈ. ਨੂੰ ਹਾਰ ਜਾਣ 'ਤੇ ਇਹ ਪੁੱਤਰ ਸਮੇਤ ਰਾਵਲਪਿੰਡੀ ਨੂੰ ਨਿਕਲ ਗਿਆ। ਉਥੇ ਇਸ ਨੇ ਆਪਣੀ ਫ਼ੌਜ ਸਹਿਤ ਹਥਿਆਰ ਸੁਟ ਦਿੱਤੇ। ਇਸ ਨੂੰ ਪਹਿਲਾਂ ਅਟਾਰੀ ਪਿੰਡ ਵਿਚ ਨਜ਼ਰਬੰਦ ਰਖਿਆ ਗਿਆ, ਫਿਰ ਅਲਾਹਾਬਾਦ ਭੇਜਿਆ ਗਿਆ ਅਤੇ ਅੰਤ 'ਤੇ ਕਲਕੱਤੇ ਦੇ ਫੋਰਟ ਵਿਲੀਅਮ ਵਿਚ ਕੈਦ ਰਖਿਆ ਗਿਆ। ਉਥੋਂ ਇਸ ਨੂੰ ਆਪਣੇ ਪੁੱਤਰ ਸ਼ੇਰ ਸਿੰਘ ਅਤੇ ਅਵਤਾਰ ਸਿੰਘ ਸਹਿਤ ਜਨਵਰੀ 1854 ਈ. ਵਿਚ ਮੁਕਤ ਕੀਤਾ ਗਿਆ। 27 ਦਸੰਬਰ 1855 ਈ. ਵਿਚ ਇਸ ਦੀ ਕਲਕੱਤੇ ਵਿਚ ਮ੍ਰਿਤੂ ਹੋ ਗਈ।

**ਚਤੁਰਭੁਜ** : ਗੁਰਬਾਣੀ ਵਿਚ ਵਰਤਿਆ ਜਾਣ ਵਾਲਾ ਇਕ ਪਰਮਾਤਮਾ ਵਾਚਕ ਸ਼ਬਦ। ਸੰਤ ਕਬੀਰ ਨੇ ਗਉੜੀ ਰਾਗ ਵਿਚ ਇਸ ਸ਼ਬਦ ਦੀ ਅਜਿਹੀ ਵਰਤੋਂ ਕਰਦਿਆਂ ਲਿਖਿਆ ਹੈ— *ਰੇ ਜਨ ਮਨੁ ਮਾਧਉ ਸਿਉ ਲਾਈਐ। ਚਤੁਰਾਈ ਨ ਚਤੁਰਭੁਜ ਪਾਈਐ।* (ਗੁ.ਗ੍ਰੰ.324)।

ਇਸ ਸ਼ਬਦ ਦਾ ਸ਼ਾਬਦਿਕ ਅਰਥ ਹੈ ਚਾਰ ਭੁਜਾਵਾਂ ਵਾਲਾ। ਹਿੰਦੂ-ਧਰਮ ਦੇ ਸੁਪ੍ਰਸਿੱਧ ਦੇਵਤਾ ਵਿਸ਼ਨੂ ਦੀਆਂ ਚੂੰਕਿ ਚਾਰ ਭੁਜਾਵਾਂ ਸਨ, ਇਸ ਲਈ ਉਨ੍ਹਾਂ ਦਾ ਇਕ ਨਾਂ 'ਚਤੁਰਭੁਜ' ਪ੍ਰਚਲਿਤ ਹੋ ਗਿਆ। ਸਮਾਂ ਬੀਤਣ ਨਾਲ ਵਿਦਵਾਨਾਂ ਨੇ 'ਭੁਜ' ਦੀ ਵਿਆਖਿਆ 'ਪਾਲਨਾ ਕਰਨਾ' ਕਰਕੇ ਵਿਸ਼ਨੂ ਨੂੰ ਸੰਸਾਰ ਦੀਆਂ ਚੌਹਾਂ ਦਿਸ਼ਾਵਾਂ ਦਾ ਪਾਲਣ -ਪੋਸ਼ਣ ਕਰਨ ਵਾਲਾ ਪ੍ਰਤਿਸ਼ਠਿਤ ਕਰ ਦਿੱਤਾ।

ਭਗਤੀ-ਲਹਿਰ ਦੇ ਚਲਣ ਤਕ ਇਹ ਸ਼ਬਦ ਵੈਸ਼ਣਵਾਂ ਵਿਚ ਪਰਮ-ਸੱਤਾ ਲਈ ਪੂਰੀ ਤਰ੍ਹਾਂ ਪ੍ਰਚਲਿਤ ਸੀ। ਵੈਸ਼ਣਵ-ਭਗਤੀ ਵਿਚ ਪਰਮਾਤਮਾ ਲਈ ਵਰਤੇ ਗਏ ਬਹੁਤ ਸਾਰੇ ਨਾਂਵਾਂ ਨੂੰ ਸੰਤਾਂ/ਭਗਤਾਂ ਨੇ ਵੀ ਉਸੇ ਤਰ੍ਹਾਂ ਆਪਣੇ ਇਸ਼ਟ-ਦੇਵ ਨਿਰਗੁਣ ਬ੍ਰਹਮ ਲਈ ਵਰਤ ਲਿਆ। ਇਸੇ ਪਰੰਪਰਾ ਵਿਚ 'ਚਤੁਰਭੁਜ' ਸ਼ਬਦ ਦੀ ਵਰਤੋਂ ਪਾਰਬ੍ਰਹਮ ਲਈ ਸੰਤ ਕਬੀਰ ਨੇ ਕੀਤੀ ਪ੍ਰਤੀਤ ਹੁੰਦੀ ਹੈ।

**ਚਤੁਰਭੁਜ ਪੋਥੀ** : ਇਹ ਪੋਥੀ ਮਿਹਰਬਾਨ ਜਨਮਸਾਖੀ ਦੇ ਦੂਜੇ ਭਾਗ ਵਿਚ ਸ਼ਾਮਲ ਹੈ। ਇਸ ਵਿਚ ਕੁਲ 74 ਗੋਸ਼ਟਾਂ ਹਨ। ਇਸ ਜਨਮਸਾਖੀ ਦੇ ਦੂਜੇ ਭਾਗ ਦੀਆ ਦੋਵੇਂ ਪੋਥੀਆਂ (ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ) ਮਿਹਰਬਾਨ ਦੇ ਪ੍ਰਵਚਨਾਂ ਦਾ ਲਿਪੀਬਧ ਅਤੇ ਸੋਧਿਆ ਹੋਇਆ ਰੂਪ ਹੈ। ਇਨ੍ਹਾਂ ਦਾ ਕਰਤ੍ਰਿਤਵ ਸੋਢੀ ਮਿਹਰਬਾਨ ਨਾਲ ਜੁੜਦਾ ਹੈ। ਵੇਖੋ 'ਮਿਹਰਬਾਨ ਵਾਲੀ ਜਨਮਸਾਖੀ'।

**ਚਪੜ-ਚਿੜੀ** (ਪਿੰਡ) : ਇਸ ਨਾਂ ਦੇ ਦੋ ਜੁੜਵੇਂ ਪਿੰਡ ਹਨ— ਇਕ ਦਾ ਨਾਂ ਚਪੜ ਚਿੜੀ ਬੜੀ ਅਤੇ ਦੂਜੇ ਦਾ ਨਾਂ ਹੈ ਚਪੜ ਚਿੜੀ ਛੋਟੀ। ਇਹ ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਸਥਿਤ ਹਨ। ਜਦੋਂ ਬਾਬਾ ਬੰਦਾ ਬਹਾਦਰ ਦੀਆਂ ਫ਼ੌਜਾਂ ਬਨੂੜ ਤੋਂ ਸਰਹਿੰਦ ਵਲ ਵਧੀਆਂ ਤਾਂ ਸੂਬੇਦਾਰ ਵਜ਼ੀਰ ਖ਼ਾਨ ਨੇ ਆਪਣੀ ਫ਼ੌਜ ਸਹਿਤ ਇਨ੍ਹਾਂ ਪਿੰਡਾਂ ਕੋਲ ਆ ਕੇ ਬਾਬਾ ਬੰਦਾ ਬਹਾਦਰ ਦਾ ਟਾਕਰਾ ਕੀਤਾ। 12 ਮਈ 1710 ਈ. ਨੂੰ ਹੋਈ ਲੜਾਈ ਵਿਚ ਵਜ਼ੀਰ ਖ਼ਾਨ ਮਾਰਿਆ ਗਿਆ ਅਤੇ ਮੁਗ਼ਲ ਸੈਨਾ ਬੁਰੀ ਤਰ੍ਹਾਂ ਹਾਰ ਗਈ। ਸਿੱਖ ਫ਼ੌਜ ਨੇ 14 ਮਈ 1710 ਈ. ਨੂੰ ਸਰਹਿੰਦ ਉਤੇ ਕਬਜ਼ਾ ਕੀਤਾ। ਸੰਨ 1950 ਈ. ਤਕ ਇਸ ਘਟਨਾ ਨਾਲ ਸੰਬੰਧਿਤ ਕੋਈ ਸਮਾਰਕ ਨ ਬਣਾਇਆ ਗਿਆ। ਉਸ ਤੋਂ ਬਾਦ ਦੋਹਾਂ ਪਿੰਡਾਂ ਵਾਲਿਆਂ ਨੇ ਮਿਲ ਕੇ 'ਗੁਰਦੁਆਰਾ ਬਾਬਾ ਬੰਦਾ ਬਹਾਦਰ' ਦਾ ਨਿਰਮਾਣ ਕੀਤਾ ਅਤੇ ਸੰਨ 1970 ਈ. ਵਿਚ ਹੋਰ ਇਮਾਰਤ ਵੀ ਬਣਵਾਈ ਗਈ। ਇਸ ਗੁਰਦੁਆਰੇ ਦੀ ਵਿਵਸਥਾ ਦੋਹਾਂ ਪਿੰਡਾਂ ਦੀਆਂ ਸੰਗਤਾਂ ਰਲ ਕੇ ਕਰਦੀਆਂ ਹਨ।

**ਚੱਬਾ** (ਪਿੰਡ): ਇਕ ਪਿੰਡ ਜੋ ਅੰਮ੍ਰਿਤਸਰ ਤੋਂ ਤਰਨਤਾਰਨ ਵਲ ਲਗਭਗ 8 ਕਿ.ਮੀ. ਦੀ ਵਿਥ ਉਤੇ ਸਥਿਤ ਹੈ। ਇਸ ਪਿੰਡ ਦਾ ਮਹੱਤਵ ਸਿੱਖ ਇਤਿਹਾਸ ਵਿਚ ਦੋ ਕਾਰਣਾਂ ਕਰਕੇ ਹੈ। ਸਥਾਨਕ ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1628 ਈ. ਵਿਚ ਪਹਿਲਾ ਯੁੱਧ ਇਸ ਪਿੰਡ ਦੇ ਨੇੜੇ ਲੜਿਆ ਸੀ। ਇਸ ਕਰਕੇ ਇਥੋਂ ਦੇ ਧਰਮ-ਧਾਮ ਦਾ ਨਾਂ 'ਗੁਰਦੁਆਰਾ ਸੰਗਰਾਣਾ ਸਾਹਿਬ' ਪ੍ਰਸਿੱਧ ਹੋਇਆ।

'ਸੰਗਰਾਣਾ' ਸ਼ਬਦ 'ਸੰਗ੍ਰਾਮ' (ਯੁੱਧ) ਤੋਂ ਵਿਕਸਿਤ ਹੋਇਆ ਪ੍ਰਤੀਤ ਹੁੰਦਾ ਹੈ।

ਪਿੰਡ ਵਿਚ ਪ੍ਰਚਲਿਤ ਦੂਜੀ ਰਵਾਇਤ ਅਨੁਸਾਰ ਗੁਰੂ-ਧਾਮ ਵਾਲੇ ਸਥਾਨ ਉਤੇ ਹੀ ਗੁਰੂ ਹਰਿਗੋਬਿੰਦ ਜੀ ਨੇ ਸੁਲੱਖਣੀ ਨਾਂ ਦੇ ਨਿਰਸੰਤਾਨ ਇਸਤਰੀ ਉਤੇ ਮਿਹਰ ਕਰਕੇ ਸੱਤ ਪੁੱਤਰਾਂ ਦੀ ਦਾਤ ਬਖ਼ਸ਼ੀ ਸੀ। ਕਹਿੰਦੇ ਹਨ ਕਿ ਇਸ ਪਿੰਡ ਦੇ ਅਧਿਕਾਂਸ਼ ਨਿਵਾਸੀ ਉਸੇ ਇਸਤਰੀ ਦੀ ਸੰਤਾਨ ਵਿਚੋਂ ਹਨ। ਇਹ ਵੀ ਪ੍ਰਚਲਿਤ ਹੈ ਗੋਇੰਦਵਾਲ ਤੋਂ ਬਾਬੇ ਮੋਹਨ ਪਾਸੋਂ ਬਾਣੀ ਦੀਆਂ ਪੋਥੀਆਂ ਲਿਆ ਰਹੇ ਗੁਰੂ ਅਰਜਨ ਦੇਵ ਜੀ ਰਾਤ ਭਰ ਇਥੇ ਠਹਿਰੇ ਸਨ।

ਇਹ ਗੁਰੂ-ਧਾਮ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਚਮਕੌਰ ਸਾਹਿਬ** : ਸਿੱਖ-ਇਤਿਹਾਸ ਨਾਲ ਸੰਬੰਧਿਤ ਇਕ ਮਹੱਤਵਪੂਰਣ ਸਥਾਨ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1705 ਈ. ਵਿਚ ਆਨੰਦਪੁਰ ਕਿਲ੍ਹਾ ਛਡਣ ਤੋਂ ਬਾਦ ਠਿਕਾਣਾ ਕੀਤਾ। ਮੁਗ਼ਲ ਫ਼ੌਜਾਂ ਦੁਆਰਾ ਘਿਰ ਜਾਣ ਕਾਰਣ ਗੁਰੂ ਜੀ ਨੇ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ—ਅਜੀਤ ਸਿੰਘ ਅਤੇ ਜੁਝਾਰ ਸਿੰਘ— ਅਤੇ 40 ਸਿੱਖਾਂ ਸਹਿਤ ਇਥੇ ਇਕ ਹਵੇਲੀ ਅਥਵਾ ਕੱਚੀ ਗੜ੍ਹੀ ਵਿਚ ਪ੍ਰਵੇਸ਼ ਕੀਤਾ। ਦਿਨ ਭਰ ਵੈਰੀਆਂ ਨੂੰ ਹਵੇਲੀ ਤੋਂ ਦੂਰ ਰਖਣ ਲਈ ਯੁੱਧ ਚਲਦਾ ਰਿਹਾ; ਪੰਜ ਪੰਜ ਸਿੰਘਾਂ ਦੇ ਜੱਥਿਆਂ ਨੇ ਵੈਰੀ ਫ਼ੌਜ ਵਲੋਂ ਗੁਰੂ ਸਾਹਿਬ ਨੂੰ ਪਕੜਨ ਲਈ ਬਣਾਏ ਸਾਰੇ ਮਨਸੂਬਿਆਂ ਨੂੰ ਕਾਮਯਾਬ ਨ ਹੋਣ ਦਿੱਤਾ। ਇਸ ਲੜਾਈ ਵਿਚ ਦੋਹਾਂ ਸਾਹਿਬਜ਼ਾਦਿਆਂ ਨੇ ਯੁੱਧ-ਭੂਮੀ ਵਿਚ ਨਿਤਰ ਕੇ ਅਤੇ ਅਦੁੱਤੀ ਵੀਰਤਾ ਦੇ ਚਮਤਕਾਰ ਵਿਖਾ ਕੇ ਵੀਰ-ਗਤੀ ਪ੍ਰਾਪਤ ਕੀਤੀ।

ਰਾਤ ਪੈਣ ਤਕ ਗੁਰ ਸਾਹਿਬ ਪਾਸ ਕੇਵਲ ਪੰਜ ਸਿੰਘ ਰਹਿ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਹਵੇਲੀ ਛਡ ਜਾਣ ਲਈ ਬੇਨਤੀ ਕੀਤੀ। ਪੰਚ-ਪ੍ਰਧਾਨੀ ਖ਼ਾਲਸੇ ਦੀ ਆਗਿਆ ਮੰਨ ਕੇ ਰਾਤ ਨੂੰ ਗੁਰੂ ਜੀ ਆਪਣੇ ਤਿੰਨ ਸਿੰਘਾਂ—ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ— ਸਹਿਤ ਹਵੇਲੀ ਤੋਂ ਨਿਕਲ ਗਏ। ਪਰ ਵੈਰੀ ਫ਼ੌਜ ਦੇ ਪਿਛਾ ਕਰਨ 'ਤੇ ਸਾਥੀ ਸਿੰਘਾਂ ਨਾਲੋਂ ਨਿਖੜ ਕੇ ਗੁਰੂ ਜੀ ਮਾਛੀਵਾੜੇ ਜਾ ਪਹੁੰਚੇ। ਹਵੇਲੀ ਵਿਚ ਪਿਛੇ ਰਹੇ ਦੋ ਸਿੰਘਾਂ ਵਿਚੋਂ ਭਾਈ ਸੰਗਤ ਸਿੰਘ ਦੀ ਸ਼ਕਲ ਗੁਰੂ ਸਾਹਿਬ ਨਾਲ ਮਿਲਦੀ ਸੀ। ਉਸ ਨੇ ਕਲਗ਼ੀ ਲਗਾ ਕੇ ਵੈਰੀਆਂ ਨੂੰ ਗੁਰੂ ਸਾਹਿਬ ਦੇ ਹਵੇਲੀ ਅੰਦਰ ਹੋਣ ਦਾ ਭੁਲੇਖਾ ਪਾਈ ਰਖਿਆ, ਪਰ ਉਸ ਦੀ ਸ਼ਹਾਦਤ 'ਤੇ ਅਸਲੀ ਗੱਲ ਸਪੱਸ਼ਟ ਹੋ ਗਈ। ਖਿਝੇ ਹੋਏ ਵੈਰੀ ਦਲ ਨੇ ਗੁਰੂ ਸਾਹਿਬ ਨੂੰ ਪਕੜਨ ਲਈ ਮਾਛੀਵਾੜੇ ਦੇ ਜੰਗਲ ਵਲ ਮੂੰਹ ਕੀਤਾ।

ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਿਤ ਹੋਣ ਕਾਰਣ ਇਸ ਧਰਮ-ਧਾਮ ਦੀ ਸਿੱਖ ਜਗਤ ਵਿਚ ਬਹੁਤ ਮਹਾਨਤਾ ਹੈ। ਹਰ ਸਾਲ ਦਸੰਬਰ ਮਹੀਨੇ ਦੇ ਅੰਤ ਵਿਚ 6,7 ਅਤੇ 8 ਪੋਹ ਨੂੰ ਇਥੇ ਬਹੁਤ ਵੱਡਾ ਮੇਲਾ ਲਗਦਾ ਹੈ। ਚਮਕੌਰ ਸਾਹਿਬ ਵਿਚ ਛੇ ਇਤਿਹਾਸਿਕ ਗੁਰਦੁਆਰੇ ਹਨ, ਜਿਵੇਂ ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਗੜ੍ਹੀ ਸਾਹਿਬ, ਗੁਰਦੁਆਰਾ ਬਾਬਾ ਜੀਵਨ ਸਿੰਘ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ ਅਤੇ ਗੁਰਦੁਆਰਾ ਰਣਜੀਤਗੜ੍ਹ। ਗੁਰਦੁਆਰਾ ਕਤਲਗੜ੍ਹ ਸਾਹਿਬ ਵਾਲੀ ਥਾਂ ਤੇ ਸ਼ਹੀਦ ਹੋਏ ਸਿੱਖਾਂ ਦਾ ਸਸਕਾਰ ਕੀਤਾ ਗਿਆ ਸੀ। ਗੁਰਦੁਆਰਾ ਗੜ੍ਹੀ ਸਾਹਿਬ ਵਾਲੀ ਥਾਂ 'ਤੇ ਗੁਰੂ ਸਾਹਿਬ ਨੇ ਮੋਰਚੇ ਸੰਭਾਲੇ ਸਨ। ਗੁਰਦੁਆਰਾ ਬਾਬਾ ਜੀਵਨ ਸਿੰਘ 'ਰੰਘਰੇਟੇ ਗੁਰੂ ਕੇ ਬੇਟੇ' ਦੀ ਯਾਦ ਨੂੰ ਤਾਜ਼ਾ ਕਰਦਾ ਹੈ। ਚਮਕੌਰ ਕਸਬੇ ਵਿਚ ਪ੍ਰਵੇਸ਼ ਕਰਨ ਵੇਲੇ ਗੁਰਦੁਆਰਾ ਦਮਦਮਾ ਸਾਹਿਬ ਵਾਲੇ ਸਥਾਨ 'ਤੇ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਠਿਕਾਣਾ ਕੀਤਾ ਸੀ। ਗੁਰਦੁਆਰਾ ਤਾੜੀ ਸਾਹਿਬ ਦਾ ਸੰਬੰਧ ਉਸ ਘਟਨਾ ਨਾਲ ਹੈ ਜਦੋਂ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਵੇਲੇ ਮੁਗ਼ਲ ਸੈਨਾ ਨੂੰ ਆਗਾਹ ਕਰਨ ਲਈ ਤਾੜੀ ਵਜਾਈ ਸੀ। ਗੁਰਦੁਆਰਾ ਰਣਜੀਤਗੜ੍ਹ ਉਸ ਥਾਂ ਉਤੇ ਬਣਾਇਆ ਗਿਆ ਹੈ ਜਿਥੇ ਸੰਨ 1703 ਈ. ਵਿਚ ਅਲਿਫ਼ਖ਼ਾਨ ਅਤੇ ਸੱਯਦ ਬੇਗ ਨੇ ਗੁਰੂ ਜੀ ਉਤੇ ਅਚਾਨਕ ਹਮਲਾ ਕਰਕੇ ਹਾਰ ਖਾਈ ਸੀ। ਕਾਰ-ਸੇਵਾ ਵਾਲੇ ਬਾਬਿਆਂ ਨੇ ਇਨ੍ਹਾਂ ਗੁਰਦੁਆਰਿਆਂ ਨੂੰ ਨਵੇਂ ਸਿਰਿਓਂ ਸੁੰਦਰ ਢੰਗ ਨਾਲ ਉਸਾਰਿਆ ਹੈ।

**ਚਰਣਧੂੜ** : ਧਰਮ-ਕਰਮ ਕਰਨ ਵਿਚ ਚਰਣਧੂੜ ਦੀ ਆਪਣੀ ਨਿਵੇਕਲੀ ਭੂਮਿਕਾ ਰਹੀ ਹੈ। ਇਸ ਤੋਂ ਭਾਵ ਹੈ

ਕਿਸੇ ਮਹਾਂਪੁਰਸ਼ ਦੇ ਚਰਣਾਂ ਨਾਲ ਸਪਰਸ਼ਿਤ ਧੂੜ, ਧੂਲਿ-ਕਣ ਜਾਂ ਖ਼ਾਕ। ਇਸ ਧੂੜ ਨੂੰ ਬਹੁਤ ਪਵਿੱਤਰ ਸਮਝ ਕੇ ਮਸਤਕ ਉਤੇ ਲਗਾਇਆ ਜਾਂਦਾ ਹੈ ਜਾਂ ਮਹਾਂਪੁਰਸ਼ ਦੇ ਚਰਣਾਂ ਉਤੇ ਮੱਥਾ ਟੇਕ ਕੇ ਇਸ ਨੂੰ ਪ੍ਰਾਪਤ ਕੀਤਾ ਜਾਂਦਾ ਹੈ। ਵਿਸ਼ਵਾਸ ਹੈ ਕਿ ਅਜਿਹਾ ਕਰਨ ਨਾਲ ਮਨੋ-ਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿਚ ਚਰਣਧੂੜ (ਚਰਨਰਜ) ਦੇ ਮਹੱਤਵ ਉਤੇ ਪ੍ਰਕਾਸ਼ ਪਾਉਂਦਿਆਂ ਕਿਹਾ ਹੈ— *ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ। ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ। ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ।*(ਗੁ.ਗ੍ਰੰ. 828)। ਗੁਰੂ ਰਾਮਦਾਸ ਜੀ ਨੇ ਤਾਂ ਗੰਗਾ, ਜਮੁਨਾ, ਗੋਦਾਵਰੀ, ਸਰਸੁਤੀ ਆਦਿ ਪਵਿੱਤਰ ਨਦੀਆਂ ਅਤੇ ਤੀਰਥਾਂ ਦੁਆਰਾ ਸਾਧੂ ਦੇ ਚਰਣਾਂ ਦੀ ਧੂੜ ਦੀ ਲੋਚਾ ਪ੍ਰਗਟਾਉਂਦਿਆਂ ਕਿਹਾ ਹੈ— *ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ। ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।... ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ।* (ਗੁ.ਗ੍ਰੰ.1263)।

ਚਰਣਧੂੜ ਨੂੰ ਪਵਿੱਤਰ ਕਿਉਂ ਸਮਝਿਆ ਜਾਂਦਾ ਹੈ ? ਇਸ ਦਾ ਉੱਤਰ 'ਲਾਗਵਾਂ-ਟੂਣਾ' (ਸਪਰਸ਼-ਟੂਣਾ) ਦੇ ਸੰਦਰਭ ਵਿਚੋਂ ਲਭਿਆ ਜਾ ਸਕਦਾ ਹੈ। 'ਲਾਗਵਾਂ-ਟੂਣਾ' ਦਾ ਆਧਾਰ 'ਅੰਸ਼-ਅੰਸ਼ੀ' ਸੰਬੰਧ ਹੈ। 'ਅੰਸ਼ੀ' (ਮੂਲ-ਤੱਤ੍ਵ) ਦਾ ਕੁਝ ਨ ਕੁਝ ਅੰਸ਼ ਉਸ ਨਾਲ ਸਪਰਸ਼ਿਤ ਵਸਤੂ ਵਿਚ ਦਾਖ਼ਲ ਹੋ ਜਾਂਦਾ ਹੈ। ਸਾਧੂ ਦੇ ਚਰਣ ਨਾਲ ਛੋਹੀ ਗਈ ਧੂੜ ਵਿਚ ਅੰਸ਼ੀ ਦਾ ਅੰਸ਼ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਚਰਣ-ਧੂੜ ਵਿਚ ਕਿਸੇ ਮਹਾਪੁਰਸ਼ ਦੀ ਮਹਾਨਤਾ ਦਾ ਅੰਸ਼ ਸਮਾਇਆ ਹੋਇਆ ਹੁੰਦਾ ਹੈ। ਇਸੇ ਲਈ ਉਹ ਧੂੜ ਪਵਿੱਤਰ ਹੈ।

ਦੂਜਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਚਰਣਾਂ ਨਾਲ ਸਪਰਸ਼ਿਤ ਧੂੜ ਨੂੰ ਹੀ ਕਿਉਂ ਮਹੱਤਵ ਦਿੱਤਾ ਜਾਂਦਾ ਹੈ ਅਤੇ ਉਸ ਧੂੜ ਨੂੰ ਮਸਤਕ ਉਤੇ ਹੀ ਕਿਉਂ ਲਗਾਇਆ ਜਾਂਦਾ ਹੈ ਜਾਂ ਮਹਾਪੁਰਸ਼ ਦੇ ਚਰਣਾਂ ਉਤੇ ਮੱਥਾ ਕਿਉਂ ਟੇਕਿਆ ਜਾਂਦਾ ਹੈ ? ਕਿਉਂਕਿ ਜੰਤ੍ਰ-ਮੰਤ੍ਰ-ਤੰਤ੍ਰ ਸ਼ਾਸਤ੍ਰ ਦੇ ਆਧਾਰ 'ਤੇ ਕਿਸੇ ਮਹਾਪੁਰਸ਼ ਦੀ ਦੈਵੀ ਕਣੀ ਉਸ ਦੇ ਚਰਣਾਂ ਰਾਹੀਂ ਖ਼ਾਰਜ ਹੁੰਦੀ ਹੈ। ਇਸ ਲਈ ਚਰਣ-ਧੂੜ ਹੀ ਉਸ ਦੈਵੀ ਕਣੀ ਨੂੰ ਪ੍ਰਾਪਤ ਕਰਨ ਲਈ ਉਪਯੁਕਤ ਸਾਧਨ ਹੈ।

ਉਸ ਧੂੜ ਨੂੰ ਮਸਤਕ ਉਤੇ ਲਗਾਉਣ ਪਿਛੇ ਵੀ ਉਪਰੋਕਤ ਸ਼ਾਸਤ੍ਰ ਆਪਣੀ ਭੂਮਿਕਾ ਨਿਭਾ ਰਿਹਾ ਹੈ। ਜਦੋਂ ਕੋਈ ਵਿਅਕਤੀ ਦੈਵੀ ਕਣੀ ਨੂੰ ਮਸਤਕ ਉਤੇ ਲਗਾਉਂਦਾ ਹੈ ਤਾਂ ਉਹ ਕਣੀ ਮਸਤਕ ਰਾਹੀਂ ਉਸ ਦੇ ਅੰਦਰ ਪ੍ਰਵੇਸ਼ ਕਰਦੀ ਹੈ। ਇਸ ਨਾਲ ਉਸ ਮਹਾਪੁਰਸ਼ ਦੇ ਦੈਵੀ ਗੁਣਾਂ ਨੂੰ ਸੁਤੇ-ਸਿਧ ਹਾਸਲ ਕਰ ਲਿਆ ਜਾਂਦਾ ਹੈ। ਉਸ ਨਾਲ ਅਗਿਆਨ ਨਸ਼ਟ ਹੋ ਜਾਂਦਾ ਹੈ ਅਤੇ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਫਲਸਰੂਪ ਆਪਣੇ ਆਪ ਦੀ, ਆਪਣੇ ਮੂਲ ਤੱਤ੍ਵ ਦੀ ਪਛਾਣ ਹੋ ਜਾਂਦੀ ਹੈ। ਇਸੇ ਲਈ ਭਗਤੀ-ਕਾਵਿ ਵਿਚ ਚਰਣਧੂੜ ਦੇ ਮਹੱਤਵ ਨੂੰ ਕਈਆਂ ਢੰਗਾਂ ਨਾਲ ਦਰਸਾਇਆ ਗਿਆ ਹੈ।

**ਚਰਨ ਸਿੰਘ, ਡਾਕਟਰ** (1853-1908 ਈ.) : ਸਿੰਘ ਸਭਾ ਲਹਿਰ ਚਲਾਉਣ ਵਾਲੀ ਪ੍ਰਮੁਖ ਸ਼ਖ਼ਸੀਅਤ ਭਾਈ ਵੀਰ ਸਿੰਘ ਦੇ ਪਿਤਾ ਡਾਕਟਰ ਚਰਨ ਸਿੰਘ ਦਾ ਜਨਮ 7 ਮਾਰਚ 1853 ਈ. ਵਿਚ ਬਾਬਾ ਕਾਹਨ ਸਿੰਘ ਦੇ ਘਰ ਮਾਈ ਰੂਪ ਕੌਰ ਦੀ ਕੁੱਖੋਂ ਅੰਮ੍ਰਿਤਸਰ ਨਗਰ ਦੇ ਕਟੜਾ ਗਰਭਾ ਸਿੰਘ ਵਿਚ ਹੋਇਆ। ਇਸ ਨੇ ਮੁੱਢਲੀ ਵਿਦਿਆ ਸੰਤ ਸਿੰਘ ਘੜਿਆਲੀਏ ਪਾਸੋਂ ਪ੍ਰਾਪਤ ਕੀਤੀ। ਆਯੁਰਵੈਦਿਕ ਸਿਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ ਅਤੇ ਨਾਲ ਨਾਲ ਐਲੋਪੈਥਿਕ ਡਾਕਟਰੀ ਦੀ ਵਿਦਿਆ ਵੀ ਹਾਸਲ ਕੀਤੀ। ਸੰਨ 1869 ਈ. ਵਿਚ ਇਸ ਦੀ ਸ਼ਾਦੀ ਗਿਆਨੀ ਹਜ਼ਾਰਾ ਸਿੰਘ ਦੀ ਪੁੱਤਰੀ ਬੀਬੀ ਉਤਮ ਕੌਰ ਨਾਲ ਹੋਈ, ਜਿਸ ਨੇ ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ ਵਰਗੇ ਵਿਦਵਾਨ ਪੁੱਤਰਾਂ ਨੂੰ ਜਨਮ ਦਿੱਤਾ। ਇਸ ਨੇ ਸੰਨ 1872 ਈ. ਤੋਂ 1881 ਈ. ਤਕ ਜੇਲ੍ਹ ਵਿਚ ਨੌਕਰੀ ਕੀਤੀ। ਇਸ ਨੌਕਰੀ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੋਇਆ ਕਿ ਉਥੋਂ ਇਸ ਨੂੰ ਚੋਰਾਂ, ਡਾਕੂਆਂ, ਧਾੜਵੀਆਂ ਅਤੇ ਲੁੱਚਿਆਂ ਦੇ ਮਨਾਂ ਅੰਦਰ ਝਾਤੀ ਪਾਉਣ ਦਾ ਅਵਸਰ ਮਿਲਿਆ ਅਤੇ ਉਹ ਇਹ ਗੱਲ ਗੰਭੀਰਤਾ ਨਾਲ ਸੋਚਣ ਲਗਿਆ ਕਿ ਇਨ੍ਹਾਂ ਬੀਮਾਰਾਂ ਨੂੰ ਸਜ਼ਾ ਦਿੱਤੇ ਬਿਨਾ ਇਨ੍ਹਾਂ ਨੂੰ ਸੁਧਾਰਨ ਦਾ ਕੋਈ ਹੋਰ ਯਤਨ ਕੀਤਾ ਜਾਏ।

ਡਾ. ਚਰਨ ਸਿੰਘ ਨੂੰ ਗੁਰਮਤਿ ਵਿਚ ਪ੍ਰਪਕ ਕਰਨ ਲਈ ਬਾਬਾ ਕਾਹਨ ਸਿੰਘ ਨੇ ਇਸ ਦੇ ਪਾਠ ਕਰਨ ਲਈ ਭਾਈ ਸੁਹੇਲ ਸਿੰਘ ਜੋ ਚਰਨ ਸਿੰਘ ਦਾ ਮਾਮਾ ਸੀ, ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਬੀੜ ਲਿਖਣ ਵਾਸਤੇ ਸਿਆਹੀ ਰਗੜਨ ਅਤੇ ਕਾਗ਼ਜ਼ ਘੋਟਣ ਦਾ ਕੰਮ ਚਰਨ ਸਿੰਘ ਨੂੰ ਆਪ ਕਰਨਾ ਪੈਂਦਾ ਸੀ। ਭਾਈ ਸੁਹੇਲ ਸਿੰਘ ਲਿਖਦੇ ਜਾਂਦੇ ਅਤੇ ਚਰਨ ਸਿੰਘ ਨੀਝ ਲਾ ਕੇ ਵੇਖਦਾ ਰਹਿੰਦਾ। ਚਰਨ ਸਿੰਘ ਦੀ ਆਪਣੀ ਲਿਖਾਈ ਉਤੇ ਇਸ ਨੀਝ ਦਾ ਅਜਿਹਾ ਪ੍ਰਭਾਵ ਪਿਆ ਕਿ ਮਾਮੇ ਅਤੇ ਭਾਣਜੇ ਦੀ ਲਿਖਾਈ ਵਿਚ ਨਿਖੇੜਾ ਕਰ ਸਕਣਾ ਸਰਲ ਨ ਰਿਹਾ। ਇਹ ਲਿਖਤੀ ਬੀੜ 1861 ਈ. ਵਿਚ ਤਿਆਰ ਹੋ ਗਈ ਸੀ।

ਅੰਮ੍ਰਿਤਸਰ ਦੇ ਗੁਰਦੁਆਰਾ ਬਾਬਾ ਅਟੱਲ ਦਾ ਡਾ. ਚਰਨ ਸਿੰਘ ਦੇ ਜੀਵਨ ਉਤੇ ਵਿਸ਼ੇਸ਼ ਪ੍ਰਭਾਵ ਪਿਆ ਹੈ। ਘਰ ਦੇ ਨੇੜੇ ਹੋਣ ਕਰਕੇ ਇਹ ਰੋਜ਼ਾਨਾ ਖੇਡਦਾ ਖੇਡਦਾ ਇਕ ਅੱਧ ਗੇੜਾ ਉਧਰ ਮਾਰ ਆਇਆ ਕਰਦਾ ਸੀ। ਬਾਬੇ ਅਟੱਲ ਨੂੰ ਵੇਖ ਕੇ ਕਈ ਪ੍ਰਕਾਰ ਦੇ ਦਾਰਸ਼ਨਿਕ ਪ੍ਰਸ਼ਨ ਉਸ ਦੇ ਬਾਲ-ਮਨ ਵਿਚ ਜਿਗਿਆਸਾ ਪੈਦਾ ਕਰਦੇ ਸਨ। ਬਾਬਾ ਅਟੱਲ ਦੇ ਜਿਉਂਦੇ ਜਾਗਦੇ ਵੈਰਾਟ ਰੂਪ ਦਾ ਉਸ ਨੇ ਕਾਵਿ-ਰੂਪ 'ਸ੍ਰੀ ਅਟੱਲ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ।

ਡਾ. ਚਰਨ ਸਿੰਘ ਨੇ ਸੰਸਕ੍ਰਿਤ, ਬ੍ਰਜ ਅਤੇ ਫ਼ਾਰਸੀ ਭਾਸ਼ਾਵਾਂ ਦਾ ਵੀ ਨਿਠ ਕੇ ਅਧਿਐਨ ਕੀਤਾ। ਇਸ ਤੋਂ ਇਲਾਵਾ ਇਸ ਨੇ ਛੰਦ-ਸ਼ਾਸਤ੍ਰ ਉਤੇ ਵੀ ਪੂਰਾ ਅਬੂਰ ਹਾਸਲ ਕਰ ਲਿਆ। ਫਲਸਰੂਪ ਇਹ ਸਾਧਾਰਣ ਗੱਲ ਨੂੰ ਵੀ ਕਵਿਤਾ ਦਾ ਜਾਮਾ ਪਵਾ ਦਿੰਦਾ। ਇਸ ਨੇ 'ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ' (1902) ਨਾਂ ਦੀ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕਾਵਿ-ਰੂਪਾਂ, ਛੰਦਾਂ ਅਤੇ ਰਾਗਾਂ ਉਤੇ ਗੰਭੀਰਤਾ ਨਾਲ ਝਾਤ ਪਾਈ। ਇਸ ਨੇ ਕਾਲੀਦਾਸ ਦੀ ਸੁਪ੍ਰਸਿੱਧ ਰਚਨਾ 'ਅਭਿਗਿਆਨ ਸ਼ਕੁੰਤਲਮ' ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਤੋਂ ਇਲਾਵਾ ਇਸ ਨੇ 'ਜੰਗ ਮੰਡੋਲੀ', 'ਸ੍ਰੀ ਮਹਾਰਾਣੀ ਸ਼ਰਾਬ ਕੌਰ' (1893), 'ਹੀਰ ਭਾਈ ਗੁਰਦਾਸ' (1900 ਈ.), 'ਗੜਗੱਜ ਬੋਲੇ' (1904 ਈ.) ਆਦਿ ਪੁਸਤਕਾਂ ਦੀ ਰਚਨਾ ਪੰਜਾਬੀ ਵਿਚ ਕੀਤੀ। ਇਸ ਦੀਆਂ ਸਾਰੀਆਂ ਰਚਨਾਵਾਂ ਨੂੰ ਇਸ ਦੇ ਸੁਪੁੱਤਰ ਡਾ. ਬਲਬੀਰ ਸਿੰਘ ਨੇ 'ਸ੍ਰੀ ਚਰਣ ਹਰਿ ਵਿਸਥਾਰ' ਦੇ ਦੂਜੇ ਭਾਗ ਵਿਚ ਪ੍ਰਕਾਸ਼ਿਤ ਕਰ ਦਿੱਤਾ ਹੈ। ਇਸ ਨੇ ਕੀਰਤਨ ਅਤੇ ਕਵਿਤਾ ਕਰਨ ਵਿਚ ਵਿਸ਼ੇਸ਼ ਰੁਚੀ ਦਿਖਾਉਣ ਤੋਂ ਇਲਾਵਾ ਸਿੰਘ ਸਭਾ ਲਹਿਰ ਵਿਚ ਵੀ ਬਹੁਤ ਯੋਗਦਾਨ ਪਾਇਆ ਹੈ। 13 ਨਵੰਬਰ 1908 ਈ. ਨੂੰ ਇਸ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋਇਆ ਸੀ।

**ਚਰਨ ਦਾਸ (ਸਿੰਘ), ਬਾਵਾ** : ਆਨੰਦਪੁਰ ਸਾਹਿਬ ਵਿਚ ਗੁਰੂ-ਦਰਬਾਰ ਵਿਚ ਪਲਿਆ ਇਕ ਧਰਮ-ਸਾਧਕ ਜਿਸ ਦਾ ਜਨਮ ਸ਼ਹੀਦ ਭਾਈ ਮਤੀ ਦਾਸ ਦੇ ਪੁੱਤਰ ਭਾਈ ਸਾਹਿਬ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਉਹ ਗੁਰੂ-ਘਰ ਦੇ ਨੇੜੇ-ਤੇੜੇ ਵਿਚਰਿਆ ਅਤੇ ਗੁਰੂ ਸਾਹਿਬ ਦੇ ਸਾਹਿਬ-ਜ਼ਾਦਿਆਂ ਦੇ ਸੰਪਰਕ ਵਿਚ ਰਿਹਾ। ਇਸੇ ਨੇੜ ਕਾਰਣ ਕੁਝ ਇਤਿਹਾਸਕਾਰਾਂ ਨੇ ਇਸ ਨੂੰ ਦਸਮ ਗੁਰੂ ਦਾ ਪਾਲਿਤ ਪੁੱਤਰ ਲਿਖਿਆ ਹੈ। ਸੰਨ 1705 ਈ. ਵਿਚ ਜਦੋਂ ਗੁਰੂ ਜੀ ਨੇ ਆਨੰਦਪੁਰ ਛਡਿਆ, ਤਾਂ ਇਹ ਗੁਰੂ-ਪਰਿਵਾਰ ਦੇ ਨਾਲ ਸੀ। ਸਰਸਾ ਨਦੀ ਪਾਰ ਕਰਨ ਵੇਲੇ ਇਹ ਗੁਰੂ-ਪਰਿਵਾਰ ਨਾਲੋਂ ਵਿਛੜ ਗਿਆ ਅਤੇ ਮਾਲਵੇ ਵਲ ਨਿਕਲ ਗਿਆ। ਉਥੇ ਭਦੌੜ ਪਿੰਡ (ਵੇਖੋ) ਪਾਸ ਇਸ ਨੇ ਆਪਣਾ ਡੇਰਾ ਬਣਾ ਲਿਆ। ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਜਦੋਂ ਕੁਝ ਹਾਲਾਤ ਸੁਧਰੇ ਤਾਂ ਇਹ ਦਿੱਲੀ ਗੁਰੂ-ਮਹਿਲਾਂ ਪਾਸ ਚਲਾ ਗਿਆ। ਪਰ ਅਜੀਤ ਸਿੰਘ ਪਾਲਿਤ ਪੁੱਤਰ ਦੇ ਦਿੱਲੀ ਵਿਚ ਮਾਰ ਦਿੱਤੇ ਜਾਣ ਤੋਂ ਬਾਦ ਚਰਨ ਸਿੰਘ ਭਦੌੜ ਪਰਤ ਆਇਆ।

ਇਸ ਦੀ ਮਾਲਵੇ ਵਿਚ ਹੌਲੀ ਹੌਲੀ ਮਾਨਤਾ ਵਧਣ ਲਗੀ। ਸ਼ਰਧਾਲੂ ਇਸ ਦਾ ਇਕ ਪਹੁੰਚੇ ਹੋਏ ਸਾਧ ਵਰਗਾ ਆਦਰ ਕਰਨ ਲਗ ਗਏ। ਸੁਨਾਮ ਦਾ ਭਾਈ ਮੂਲ ਚੰਦ ਵੀ ਅਕਸਰ ਇਸ ਪਾਸ ਆਉਂਦਾ ਹੁੰਦਾ ਸੀ। ਇਕ ਵਾਰ ਇਨ੍ਹਾਂ ਦੋਹਾਂ ਮਹਾਤਮਾਵਾਂ ਕੋਲ ਬਾਬਾ ਆਲਾ ਸਿੰਘ ਆਪਣੇ ਭਰਾਵਾਂ (ਦੁਨਾ ਸਿੰਘ, ਸਭਾ ਸਿੰਘ ਅਤੇ ਬਖਤਾ ਸਿੰਘ) ਸਹਿਤ ਦਰਸ਼ਨ ਕਰਨ ਲਈ ਆਇਆ। ਉਦੋਂ ਸੁਭਾਵਿਕ ਹੀ ਬਾਵਾ ਚਰਨ ਦਾਸ ਦੇ ਮੂੰਹੋਂ ਨਿਕਲਿਆ ਕਿ 'ਭਾਈ ਰਾਮੇ ਦੇ ਪੁੱਤਰਾਂ ਵਿਚੋਂ ਇਕ ਰਾਜਾ ਬਣੇਗਾ'। ਬਾਬਾ ਆਲਾ ਸਿੰਘ ਵਲੋਂ ਬਾਰ ਬਾਰ ਬੇਨਤੀ ਕਰਨ 'ਤੇ ਕਿ ਚੌਹਾਂ ਵਿਚ ਕਿਹੜਾ ਰਾਜਾ ਬਣੇਗਾ ? ਬਾਵਾ ਚਰਨ ਦਾਸ ਨੇ ਕਿਹਾ ਕਿ ਉਹੀ ਬਣੇਗਾ ਜੋ ਬਾਰ ਬਾਰ ਪੁਛਦਾ ਹੈ। ਇਸ ਨੂੰ ਬਾਬਾ ਆਲਾ ਸਿੰਘ ਨੇ ਵਰਦਾਨ ਸਮਝਿਆ ਅਤੇ ਕਾਲਾਂਤਰ ਵਿਚ ਉਹ ਰਾਜਾ ਬਣਿਆ। ਇਸ ਕਾਰਣ ਬਾਬਾ ਆਲਾ ਦੇ ਖ਼ਾਨਦਾਨ ਵਾਲੇ ਬਾਵਾ ਜੀ ਦਾ

ਬਹੁਤ ਆਦਰ ਕਰਦੇ ਰਹੇ ਹਨ।

ਬਾਵਾ ਚਰਨ ਦਾਸ ਦਾ ਦੇਹਾਂਤ ਕਦ ਹੋਇਆ ? ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦੀ ਸਮਾਧ ਡੇਰੇ ਵਿਚ ਹੀ ਬਣਾਈ ਗਈ ਜੋ ਭਦੌੜ ਕਸਬੇ ਤੋਂ ਬਾਹਰ ਸਥਿਤ ਹੈ। ਸੰਨ 1970 ਈ. ਤਕ 'ਸਮਾਧ ਭਾਈ ਚਰਨ ਦਾਸ' ਵਜੋਂ ਜਾਣੇ ਜਾਂਦੇ ਇਸ ਸਮਾਰਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੈ ਲਿਆ ਅਤੇ ਉਥੇ 'ਗੁਰਦੁਆਰਾ ਸਾਹਿਬ ਬੇਰੂਨੀ ਪਾਤਿਸ਼ਾਹੀ ਛੇ' ਬਣਾ ਦਿੱਤਾ। ਕਿਉਂਕਿ ਛੇਵੇਂ ਗੁਰੂ ਸਾਹਿਬ ਮਾਲਵਾ ਖੇਤਰ ਦੀ ਪ੍ਰਚਾਰ ਯਾਤ੍ਰਾ ਵੇਲੇ ਉਥੋਂ ਲੰਘੇ ਸਨ। ਉਥੇ ਵਿਸਾਖੀ ਵਾਲੇ ਦਿਨ ਵੱਡਾ ਮੇਲਾ ਲਗਦਾ ਹੈ।

**ਚਰਨੌਲੀ** (ਪਿੰਡ) : ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਕੀਰਤਪੁਰ ਨਗਰ ਤੋਂ 10 ਕਿ.ਮੀ. ਪੱਛਮ ਵਾਲੇ ਪਾਸੇ ਵਸਿਆ ਇਕ ਪਿੰਡ ਜਿਥੇ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿ ਰਾਇ ਜੀ ਕੀਰਤਪੁਰ ਤੋਂ ਦੁਆਬੇ ਨੂੰ ਆਉਂਦੇ ਜਾਉਂਦੇ ਠਹਿਰਦੇ ਹੁੰਦੇ ਸਨ। ਹੁਣ ਇਥੇ 'ਗੁਰਦੁਆਰਾ ਗੁਰੂ ਹਰਿ ਸਹਾਇ ਸਾਹਿਬ ਪਾਤਿਸ਼ਾਹੀ ਸਤਵੀਂ' ਵਿਦਮਾਨ ਹੈ। ਇਸ ਗੁਰੂ-ਧਾਮ ਦੀ ਨਵੀਂ ਇਮਾਰਤ ਸੰਨ 1977 ਈ. ਵਿਚ ਬਣਾਈ ਗਈ ਅਤੇ ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਚਰਪਟ ਨਾਥ** : ਨਾਥ-ਪਰੰਪਰਾ ਦਾ ਇਕ ਪ੍ਰਮੁਖ ਨਾਥ -ਯੋਗੀ ਜਿਸ ਨੂੰ ਕਈ ਥਾਂਵਾਂ ਉਤੇ 'ਚਰਪਟੀਨਾਥ' ਵੀ ਲਿਖਿਆ ਮਿਲਦਾ ਹੈ। ਇਹ ਇਕ ਪ੍ਰਸਿੱਧ ਨਾਥ-ਯੋਗੀ ਸੀ ਜਿਸ ਨੂੰ 'ਗੋਪੀਚੰਦ' ਨੇ ਆਪਣਾ ਗੁਰ-ਭਾਈ ਦਸਿਆ ਹੈ। ਪੰ. ਰਾਹੁਲ ਸਾਂਕ੍ਰਿਤ੍ਯਾਯਨ ਨੇ ਇਸ ਨੂੰ ਸਿੱਧਾਂ ਦੀ ਸੂਚੀ ਵਿਚ ਗਿਣਿਆ ਹੈ। ਪਰ ਉਂਜ ਇਹ ਉਸ ਯੁਗ ਵਿਚ ਪੈਦਾ ਹੋਇਆ ਸੀ ਜਦੋਂ ਸਿੱਧਾਂ ਦਾ ਪ੍ਰਭਾਵ ਖ਼ਤਮ ਹੋ ਰਿਹਾ ਸੀ ਅਤੇ ਉਨ੍ਹਾਂ ਵਿਚੋਂ ਹੀ ਸਾਤਵਿਕ ਰੁਚੀਆਂ ਵਾਲੇ ਨਾਥ-ਮਤ ਦਾ ਵਿਕਾਸ ਹੋ ਰਿਹਾ ਸੀ।

ਚਰਪਟ ਨੂੰ ਗੋਰਖਨਾਥ (ਵੇਖੋ) ਦਾ ਸ਼ਿਸ਼ ਮੰਨਿਆ ਜਾਂਦਾ ਹੈ ਅਤੇ ਇਸ ਦਾ ਜੀਵਨ-ਕਾਲ ਗਿਆਰ੍ਹਵੀਂ ਸਦੀ ਦੇ ਨੇੜੇ-ਤੇੜੇ ਦਸਿਆ ਜਾਂਦਾ ਹੈ। ਕੁਝ ਪ੍ਰਸੰਗਾਂ ਵਿਚ ਇਸ ਨੂੰ ਮਛੰਦ੍ਰ ਨਾਥ (ਵੇਖੋ) ਦਾ ਚੇਲਾ ਅਤੇ ਗੋਰਖਨਾਥ ਦਾ ਗੁਰਭਾਈ ਵੀ ਲਿਖਿਆ ਹੈ। ਕੁਝ ਨੇ ਇਸ ਨੂੰ ਜਾਲੰਧਰਨਾਥ ਦਾ ਮੁੱਖ ਚੇਲਾ ਮੰਨਿਆ ਹੈ। ਸਪੱਸ਼ਟ ਹੈ ਕਿ ਚਰਪਟਨਾਥ ਸੰਬੰਧੀ ਸਹੀ ਤੱਥਾਂ ਦਾ ਅਭਾਵ ਹੈ। ਫਿਰ ਵੀ ਯਾਰ੍ਹਵੀਂ ਸਦੀ ਦੇ ਨੇੜੇ-ਤੇੜੇ ਦਾ ਇਹ ਇਕ ਬਹੁ-ਚਰਚਿਤ ਯੋਗੀ ਸੀ।

ਇਸ ਦੇ ਨਾਂ ਨਾਲ ਸੰਬੰਧਿਤ ਕੁਝ ਸਬਦੀਆਂ ਅਤੇ ਸ਼ਲੋਕ ਮਿਲਦੇ ਹਨ। ਇਨ੍ਹਾਂ ਸਬਦੀਆਂ ਵਿਚੋਂ ਇਸ ਦੇ ਜੀਵਨ ਬਾਰੇ ਤਿੰਨ ਤੱਥ ਸਾਹਮਣੇ ਆਉਂਦੇ ਹਨ। ਇਕ ਇਹ ਕਿ ਇਹ ਅਵਧੂਤ ਸੀ। ਦੂਜਾ ਇਹ ਕਿ ਇਹ ਨਾਗਾਰਜੁਨ ਦਾ ਸਮਕਾਲੀ ਸੀ। ਤੀਜਾ ਇਹ ਕਿ ਇਹ ਪਹਿਲਾਂ ਕੋਈ ਰਾਜਾ ਰਿਹਾ ਸੀ— *ਸਤ ਸਤ ਭਾਸ਼ੰਤ ਸ੍ਰੀ ਚਰਪਟ ਰਾਵ।* ਇਸ ਆਧਾਰ 'ਤੇ ਡਾ. ਪੀਤਾਂਬਰ ਦੱਤ ਬੜਥਵਾਲ ਨੇ ਚਰਪਟ ਨੂੰ ਚੰਬਾ ਰਿਆਸਤ ਦੇ ਰਾਜਵੰਸ਼ ਨਾਲ ਜੋੜਿਆ ਹੈ। ਰਜਬਦਾਸ ਦੀ 'ਸਰਬਾਂਗੀ' ਵਿਚ ਇਸ ਨੂੰ ਕਿਸੇ ਚਾਰਣੀ ਦੀ ਕੁੱਖੋਂ ਜੰਮਿਆ ਮੰਨਿਆ ਗਿਆ ਹੈ। ਇਸ ਦੇ ਨਾਂ ਨਾਲ ਅਨੇਕਾਂ ਕਰਾਮਾਤਾਂ ਪ੍ਰਚਲਿਤ ਹਨ।

'ਸਿਧ-ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਵਲੋਂ ਕੀਤਾ ਪ੍ਰਸ਼ਨ ਇਸ ਪ੍ਰਕਾਰ ਲਿਖਿਆ ਹੈ— *ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ। ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।* (ਗੁ. ਗ੍ਰੰ.938)। ਇਸ ਗੋਸਟਿ ਵਿਚ ਚਰਪਟ ਦੇ ਨਾਂ ਦੇ ਉੱਲੇਖ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਚਰਪਟ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ ਕਿਉਂਕਿ ਇਸ ਗੋਸਟਿ ਵਿਚ ਗੁਰੂ ਜੀ ਨੇ ਯੋਗੀਆਂ ਦੇ ਮੁੱਖ ਮੁੱਖ ਸਿੱਧਾਂਤਾਂ ਨੂੰ ਉਸ ਮਤ ਦੇ ਕੁਝ ਮੁਖੀਆਂ ਰਾਹੀਂ ਪ੍ਰਸ਼ਨ ਰੂਪ ਵਿਚ ਅਖਵਾ ਕੇ ਉਨ੍ਹਾਂ ਦੇ ਉੱਤਰ ਖ਼ੁਦ ਦਿੱਤੇ ਹਨ। ਇਕ ਹੋਰ ਪ੍ਰਸੰਗ ਵਿਚ ਪਾਖੰਡੀ ਦੇ ਸਰੂਪ-ਚਿਤ੍ਰਣ ਵਿਚ ਇਸ ਦੇ ਨਾਂ ਦਾ ਉੱਲੇਖ ਹੋਇਆ ਹੈ— *ਸੋ ਪਾਖੰਡੀ ਜਿ ਕਾਇਆ ਪਖਾਲੇ। ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ। ਸੁਪਨੈ ਬਿੰਦੁ ਨ ਦੇਈ ਝਰਣਾ। ਤਿਸੁ ਪਾਖੰਡੀ ਜਰਾ ਨ ਮਰਣਾ। ਬੋਲੈ ਚਰਪਟੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।* (ਗੁ.ਗ੍ਰੰ.952)।

**ਚਰਿਤ੍ਰੋਪਾਖਿਆਨ** (ਕਾਵਿ) : 'ਦਸਮ-ਗ੍ਰੰਥ' ਦੇ 580 ਪੰਨਿਆਂ ਵਿਚ ਪਸਰੀ ਇਸ ਰਚਨਾ ਵਿਚ ਚਰਿਤ੍ਰ ਕਥਾਵਾਂ ਦਾ ਸੰਕਲਨ ਹੋਇਆ ਹੈ। ਇਸ ਦੇ ਆਰੰਭ ਵਿਚ 'ਪਾਖ੍ਯਾਨ ਚਰਿਤ੍ਰ' ਨਾਂ ਦਿੱਤਾ ਗਿਆ ਹੈ, ਪਰ ਪੁਸ਼ਪਿਕਾਵਾਂ ਵਿਚ 'ਚਰਿਤ੍ਰ ਪਾਖ੍ਯਾਨ' ਨਾਂ ਲਿਖਿਆ ਮਿਲਦਾ ਹੈ। ਇਸ ਵਿਚਲੇ ਵਰਣਿਤ ਵਿਸ਼ੇ ਦੇ ਆਧਾਰ 'ਤੇ ਇਸ ਨੂੰ 'ਤ੍ਰੀਆ ਚਰਿਤ੍ਰ'

ਵੀ ਕਿਹਾ ਜਾਂਦਾ ਹੈ। 'ਦਸਮ ਗ੍ਰੰਥ' ਦੀ ਇਹ ਇਕ ਵੱਡੇ ਆਕਾਰ ਦੀ ਕ੍ਰਿਤੀ ਹੈ। ਇਸ ਦੀ ਰਚਨਾ ਅੰਦਰਲੀ ਗਵਾਹੀ ਅਨੁਸਾਰ ਸੰਮਤ 1753 ਬਿ. ਵਿਚ ਸਤਲੁਜ ਦਰਿਆ ਦੇ ਕੰਢੇ ਹੋਈ ਸੀ।

ਭਾਵੇਂ ਮੋਟੇ ਤੌਰ 'ਤੇ ਇਸ ਵਿਚ 405 ਚਰਿਤ੍ਰ-ਕਥਾਵਾਂ ਦੀ ਹੋਂਦ ਮੰਨੀ ਜਾਂਦੀ ਹੈ, ਪਰ ਇਹ ਸਹੀ ਨਹੀਂ ਹੈ, ਕਿਉਂਕਿ 48 ਛੰਦਾਂ ਦਾ ਪਹਿਲਾ ਚਰਿਤ੍ਰ ਅਸਲ ਵਿਚ 'ਸ੍ਰੀ ਭਗਉਤੀ ਜੂ ਕਾ ਛੰਦ' ਹੈ। ਇਹ ਤੱਥ ਪੁਰਾਤਨ ਬੀੜਾਂ ਦੇ ਸ਼ੁਰੂ ਵਿਚ ਦਿੱਤੀਆਂ ਉਕਤੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ। ਇਸ ਵਿਚ ਦੇਵੀ ਭਗਵਤੀ ਨੂੰ ਨਮਸਕਾਰ ਕਰਦੇ ਹੋਇਆਂ ਉਸ ਦੇ ਸਰੂਪ, ਸਮਰਥਾ ਅਤੇ ਕਰਤੱਵਾਂ ਉਤੇ ਝਾਤ ਪਾਈ ਗਈ ਹੈ ਅਤੇ ਉਸ ਤੋਂ ਹੀ ਸਾਰੀ ਸ੍ਰਿਸ਼ਟੀ, ਸਾਰੇ ਦੇਵੀ-ਦੇਵਤਿਆਂ ਦੇ ਕੌਤਕਾਂ ਦੀ ਹੋਂਦ ਦਸੀ ਗਈ ਹੈ।

ਇਸਤਰੀ ਦੇ ਚਰਿਤ੍ਰਾਂ ਨੂੰ ਵਰਣਿਤ ਕਰਨ ਵੇਲੇ ਕਵੀ ਨੇ ਸਪੱਸ਼ਟ ਕਿਹਾ ਹੈ ਕਿ ਮੋਤੀ, ਗਰਭ ਵਿਚ ਸਥਿਤ ਬੱਚੇ, ਰਾਜੇ ਅਤੇ ਇਸਤਰੀ ਦੇ ਭੇਦ ਨੂੰ ਸਮਝਣਾ ਅਤਿ ਕਠਿਨ ਹੈ, ਪਰ ਭਗਵਤੀ ਦੀ ਕ੍ਰਿਪਾ ਨਾਲ ਹੀ ਕੁਝ ਕੁਝ ਬਣਾ ਕੇ ਲਿਖਿਆ ਹੈ (44)। ਅਤੇ ਅੰਤ 'ਤੇ ਵੀ ਰਚੈਤਾ ਜਗਮਾਤ ਭਗਵਤੀ ਦੀ ਕ੍ਰਿਪਾ ਦਾ ਉਲੇਖ ਕਰਦਾ ਹੈ। ਇਹ ਇਤਨੀਆਂ ਭੇਦ ਭਰੀਆਂ ਕਥਾਵਾਂ ਹਨ ਅਤੇ ਇਨ੍ਹਾਂ ਵਿਚ ਇਤਨੀਆਂ ਚਾਲਾਕੀ ਭਰੀਆਂ ਰਮਜ਼ਾਂ ਹਨ ਕਿ ਜਿਨ੍ਹਾਂ ਨੂੰ ਜੇ ਗੁੰਗਾ ਸੁਣ ਲਵੇ ਤਾਂ ਉਸ ਨੂੰ ਜੀਭ ਲਗ ਜਾਂਦੀ ਹੈ ਅਤੇ ਜੇ ਮੂਰਖ ਚਿੱਤ ਲਾ ਕੇ ਸਮਝ ਲਏ ਤਾਂ ਉਸ ਨੂੰ ਚਾਲਾਕੀ ਦੇ ਦਾਉ-ਪੇਚ ਸਮਝ ਆ ਜਾਂਦੇ ਹਨ (404)।

ਪਹਿਲੇ ਚਰਿਤ੍ਰ ਅੰਕ ਦੇ 'ਦੇਵੀ ਉਸਤਤਿ' ਹੋਣ ਤੋਂ ਇਲਾਵਾ 325ਵਾਂ ਚਰਿਤ੍ਰ ਲਿਖਿਆ ਹੋਇਆ ਨਹੀਂ ਮਿਲਦਾ। ਕੁਝ ਚਰਿਤ੍ਰ-ਕਥਾਵਾਂ ਇਕ ਤੋਂ ਅਧਿਕ ਅਧਿਆਵਾਂ ਵਿਚ ਪਸਰੀਆਂ ਹੋਈਆਂ ਹਨ, ਜਿਵੇਂ ਅਨੂਪ ਕੌਰ ਦੇ ਚਰਿਤ੍ਰ ਦਾ ਵਰਣਨ ਤਿੰਨ ਅਧਿਆਵਾਂ (21, 22 ਅਤੇ 23) ਵਿਚ ਹੋਇਆ ਹੈ। ਇਸੇ ਤਰ੍ਹਾਂ ਅਹਿਲਿਆ ਗੌਤਮ ਦੀ ਕਥਾ ਵੀ ਤਿੰਨ ਅਧਿਆਵਾਂ (115, 116 ਅਤੇ 117) ਵਿਚ ਵਰਣਿਤ ਹੈ। ਇਸ ਪ੍ਰਕਾਰ ਦੇ ਕੁਝ ਹੋਰ ਚਰਿਤ੍ਰ-ਪ੍ਰਸੰਗ ਵੀ ਹਨ। ਸਪੱਸ਼ਟ ਹੈ ਕਿ ਚਰਿਤ੍ਰ-ਸੰਖਿਆ 404 ਤੋਂ ਘਟ ਹੈ। ਅਨੁਮਾਨ ਹੈ ਕਿ ਇਹ ਗਿਣਤੀ 395 ਦੇ ਨੇੜੇ-ਤੇੜੇ ਬੈਠੇਗੀ।

ਇਨ੍ਹਾਂ ਚਰਿਤ੍ਰਾਂ ਵਿਚ ਅਧਿਕਤਰ ਇਸਤਰੀ ਚਰਿਤ੍ਰ ਹਨ। ਇਹੀ ਕਾਰਣ ਹੈ ਕਿ ਇਸ ਦਾ ਨਾਂ 'ਤ੍ਰੀਆ ਚਰਿਤ੍ਰ' ਵੀ ਪੈ ਗਿਆ ਹੈ। ਇਸ ਸੰਗ੍ਰਹਿ ਵਿਚ ਕੁਝ ਪੁਰਸ਼ ਚਰਿਤ੍ਰ ਵੀ ਹਨ ਜਿਨ੍ਹਾਂ ਰਾਹੀਂ ਪੁਰਸ਼ ਦੀ ਬਹਾਦਰੀ ਅਤੇ ਚਤੁਰਾਈ ਨੂੰ ਪ੍ਰਗਟਾਇਆ ਗਿਆ ਹੈ, ਜਿਵੇਂ ਚਰਿਤ੍ਰ ਅੰਕ 15,16,21,22,23 ਆਦਿ।

ਇਸ ਰਚਨਾ ਦੇ ਅੰਤਿਮ ਚਰਿਤ੍ਰ ਵਿਚ ਮਹਾਕਾਲ -ਦੀਰਘਦਾੜ੍ਹ (ਰਾਖਸ਼) ਦਾ ਯੁੱਧ ਦਰਸਾ ਕੇ ਮਹਾਕਾਲ ਦੀ ਜਿਤ ਵਿਖਾਈ ਗਈ ਹੈ। ਇਸ ਚਰਿਤ੍ਰ ਦੀ ਸਮਾਪਤੀ 'ਤੇ ਛੰਦਾਂਕ 377 ਤੋਂ 401 ਤਕ ਦੇ 25 ਛੰਦ 'ਕਬਿਓਬਾਚ ਬੇਨਤੀ ਚੌਪਈ' ਦੇ ਸਿਰਲੇਖ ਨਾਲ ਸ਼ੁਰੂ ਹੁੰਦੇ ਹਨ ਜਿਨ੍ਹਾਂ ਵਿਚ ਮਹਾਕਵੀ ਨੇ ਇਸ਼ਟਦੇਵ ਪ੍ਰਤਿ ਆਪਣੀ ਆਜਿਜ਼ੀ ਦੀ ਭਾਵਨਾ ਪ੍ਰਗਟ ਕਰਦੇ ਹੋਇਆਂ ਨਿਜੀ ਸੁਰਖਿਆ ਲਈ ਵਰ-ਯਾਚਨਾ ਕੀਤੀ ਹੈ। ਇਹ 'ਬੇਨਤੀ' ਅੰਮ੍ਰਿਤ-ਬਾਣੀਆਂ ਵਿਚ ਸ਼ਾਮੀਲ ਹੈ। ਕਈ ਜਿਗਿਆਸੂ ਇਸ ਨੂੰ ਨਿੱਤ-ਨੇਮ ਵਾਲੀਆਂ ਬਾਣੀਆਂ ਨਾਲ ਵੀ ਪੜ੍ਹਦੇ ਹਨ। ਸ਼ਾਮ ਨੂੰ ਪੜ੍ਹੀ ਜਾਣ ਵਾਲੀ 'ਰਹਿਰਾਸ' ਦਾ ਵੀ ਇਹ ਅੰਗ ਹੈ।

ਇਹ ਚਰਿਤ੍ਰ ਕਥਾਵਾਂ ਕਿਸੇ ਖ਼ਾਸ ਖੇਤਰ, ਧਰਮ ਜਾਂ ਸਮਾਜ ਨਾਲ ਸੰਬੰਧਿਤ ਨਹੀਂ, ਸਗੋਂ ਵਸ ਲਗਦੇ ਹਰ ਖੇਤਰ ਅਤੇ ਸਮਾਜ ਤੋਂ ਚਰਿਤ੍ਰ ਕਥਾਵਾਂ ਲੈ ਕੇ ਇਕ ਅਜਿਹਾ ਸੰਕਲਨ ਤਿਆਰ ਕੀਤਾ ਗਿਆ ਹੈ ਜੋ ਇਕ ਪ੍ਰਕਾਰ ਦੇ 'ਚਰਿਤ੍ਰ ਵਿਸ਼ਵਕੋਸ਼' ਦੀ ਭੂਮਿਕਾ ਨਿਭਾਉਂਦਾ ਹੈ। ਇਸ ਸੰਗ੍ਰਹਿ ਦੀਆਂ ਕਥਾਵਾਂ ਦੇ ਮੁੱਖ ਸਰੋਤ ਹਨ— ਮਹਾਭਾਰਤ, ਬੈਤਾਲ ਪਚੀਸੀ, ਸਿੰਘਾਸਨ ਬਤੀਸੀ, ਪੰਚ-ਤੰਤ੍ਰ, ਕਥਾ ਸਰਿਤ ਸਾਗਰ, ਅਲਫ਼ ਲੈਲਾ, ਅੱਯਾਰ ਦਾਨਿਸ਼, ਤਦ-ਵਕਤੀ ਜਾਂ ਪੂਰਬ-ਵਰਤੀ ਇਤਿਹਾਸਿਕ ਸਮਾਜਿਕ ਘਟਨਾਵਾਂ, ਫਰੰਗੀਆਂ, ਪੁਰਤਗਾਲੀਆਂ ਅਤੇ ਡਚਾਂ ਨਾਲ ਸੰਬੰਧਿਤ ਸੁਣੀਆਂ ਸੁਣਾਈਆਂ ਕਥਾਵਾਂ। ਇਨ੍ਹਾਂ ਕਥਾਵਾਂ ਦੇ ਮੁੱਖ ਪਾਤਰ ਵਿਲਾਸੀ ਰਾਜੇ-ਰਾਣੀਆਂ, ਰਾਜਕੁਮਾਰ-ਰਾਜਕੁਮਾਰੀਆਂ, ਜਾਗੀਰਦਾਰ, ਸਾਧ, ਵੇਸਵਾਵਾਂ, ਵੇਹਲੜ ਅਤੇ ਆਲਸੀ ਯੁਵਕ ਹਨ। ਇਸ ਤਰ੍ਹਾਂ ਇਨ੍ਹਾਂ ਚਰਿਤ੍ਰਾਂ ਦਾ ਖੇਤਰ ਬੜਾ ਵਿਆਪਕ ਹੈ।

ਇਨ੍ਹਾਂ ਦਾ ਰਚਨਾ ਮਨੋਰਥ ਗਿਆਨ ਜਾਂ ਚਤੁਰਾਈ ਵਿਚ ਵਾਧਾ ਕਰਨਾ ਹੈ। ਇਨ੍ਹਾਂ ਤੋਂ ਜਿਥੇ ਕਥਾ-ਪ੍ਰਸੰਗਾਂ ਦਾ ਗਿਆਨ ਮਿਲਦਾ ਹੈ, ਉਥੇ ਨਾਲ ਹੀ ਉਨ੍ਹਾਂ ਵਿਚ ਵਰਣਿਤ ਇਲਾਕਿਆਂ, ਖੇਤਰਾਂ, ਧਰਮਾਂ, ਸਮਾਜਾਂ ਦੀ ਸਭਿਅਤਾ ਅਤੇ

ਸੰਸਕ੍ਰਿਤੀ ਦੀ ਜਾਣਕਾਰੀ ਵੀ ਮਿਲਦੀ ਹੈ ਅਤੇ ਇਸ ਤੋਂ ਵਧ ਚਤੁਰਾਈ ਦੀ ਪ੍ਰਾਪਤੀ ਹੁੰਦੀ ਹੈ। ਵਿਅਕਤੀ ਦੇ ਚਤੁਰ ਬਣਨ ਨਾਲ ਉਹ ਤ੍ਰੀਆ-ਜਾਲ ਵਿਚ ਫਸਣੋਂ ਬਚ ਸਕਦਾ ਹੈ ਅਤੇ ਆਪਣੇ ਜੀਵਨ-ਕਰਤੱਵ ਨੂੰ ਨਿਭਾਉਣ ਵਲ ਅਗੇ ਵਧ ਸਕਦਾ ਹੈ। 'ਦਸਮ-ਗ੍ਰੰਥ' ਦੀਆਂ ਪੁਰਾਣ-ਕਥਾਵਾਂ ਵਾਂਗ ਇਨ੍ਹਾਂ ਚਰਿਤ੍ਰ-ਕਥਾਵਾਂ ਦੇ ਲਿਖਣ ਦਾ ਮਨੋਰਥ ਨਵੇਂ ਸਿਰਜੇ ਜਾ ਰਹੇ ਸਿੱਖ ਸਮਾਜ ਨੂੰ ਅਜਿਹੀ ਪਾਠ-ਸਾਮਗ੍ਰੀ ਦੇਣਾ ਸੀ ਜਿਸ ਦਾ ਅਧਿਐਨ ਕਰਕੇ ਉਹ ਸੰਸਾਰਿਕ ਵਿਵਹਾਰ ਵਿਚ ਸਤਰਕ ਅਤੇ ਸਚੇਤ ਹੋ ਸਕਣ। ਇਸ ਵਿਚ ਬਹੁਤ ਸਾਰੇ ਚਰਿਤ੍ਰਾਂ ਵਿਚ ਕਾਮ-ਕ੍ਰੀੜਾਵਾਂ ਦਾ ਸਪੱਸ਼ਟ ਅਤੇ ਨਿਸੰਗ ਵਰਣਨ ਹੈ, ਪਰ ਅਜਿਹਾ ਕੁਝ ਪ੍ਰਸੰਗ ਦੀ ਮਜਬੂਰੀ ਕਰਕੇ ਹੋਇਆ ਹੈ। ਇਸ ਵਿਚ ਅਨੇਕ ਥਾਂਵਾਂ 'ਤੇ ਰਹਿਤ-ਨੁਮਾ ਕਥਨ ਅਤੇ ਸਦੀਵੀ ਸਚਾਈਆਂ ਅੰਕਿਤ ਹੋਈਆਂ ਵੀ ਮਿਲਦੀਆਂ ਹਨ।

ਰਾਣੀ ਚਿਤ੍ਰਮਤੀ ਦੁਆਰਾ ਕਾਮੁਕ ਆਰੋਪ ਲਗਾਉਣ 'ਤੇ ਰਾਜਾ ਚਿਤ੍ਰ ਸਿੰਘ ਨੇ ਕ੍ਰੋਧ ਵਿਚ ਆ ਕੇ ਆਪਣੇ ਪੁੱਤਰ ਹਨਵੰਤ ਸਿੰਘ ਨੂੰ ਮਾਰਨ ਦੇ ਆਦੇਸ਼ ਦਿੱਤੇ। ਰਾਜੇ ਦੇ ਮੰਤ੍ਰੀਆਂ ਨੇ ਵਿਚਲੀ ਗੱਲ ਬੁਝ ਲਈ। ਰਾਜੇ ਨੂੰ ਉਨ੍ਹਾਂ ਨੇ ਤ੍ਰੀਆ ਚਰਿਤ੍ਰ ਦੀ ਗੰਭੀਰਤਾ ਬਾਰੇ ਜਾਣਕਾਰ ਕੀਤਾ। ਰਾਜੇ ਨੇ ਪੁੱਤਰ ਨੂੰ ਬੰਦੀਖ਼ਾਨੇ ਵਿਚ ਭੇਜ ਦਿੱਤਾ ਅਤੇ ਹਰ ਰੋਜ਼ ਚਰਿਤ੍ਰ-ਕਥਾ ਸੁਣਨ ਸੁਣਾਉਣ ਲਈ ਰਾਜ-ਕੁਮਾਰ ਨੂੰ ਕੈਦਖ਼ਾਨੇ ਵਿਚੋਂ ਬੁਲਾ ਲਿਆ ਜਾਂਦਾ। ਇਸ ਤਰ੍ਹਾਂ ਇਹ ਕੰਮ ਨਿਰੰਤਰ ਸ਼ੁਰੂ ਕਰ ਦਿੱਤਾ ਗਿਆ। ਰਾਜਕੁਮਾਰ ਨੂੰ ਬੁਲਾਇਆ ਜਾਂਦਾ ਅਤੇ ਚਰਿਤ੍ਰ ਸੁਣਨ ਤੋਂ ਬਾਦ ਫਿਰ ਵਾਪਸ ਬੰਦੀਖ਼ਾਨੇ ਵਿਚ ਭੇਜ ਦਿੱਤਾ ਜਾਂਦਾ। ਜਿਵੇਂ ਕਿ ਚਰਿਤ੍ਰ-ਅੰਕ 4 ਤੋਂ 6 ਦੇ ਸ਼ੁਰੂ ਵਿਚ ਮਿਲਦੇ ਸੰਕੇਤ ਤੋਂ ਸਪੱਸ਼ਟ ਹੈ। ਕਥਾਵਾਂ ਸੁਣਾਉਣ ਦਾ ਕੰਮ ਇਕ ਨਹੀਂ, ਇਕ ਤੋਂ ਅਧਿਕ ਮੰਤ੍ਰੀਆਂ ਦੇ ਹਵਾਲੇ ਕੀਤਾ ਗਿਆ ਸੀ। 29ਵੀਂ ਕਥਾ ਦੀਆਂ ਆਰੰਭਿਕ ਪੰਕਤੀਆਂ ਤੋਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ।

ਸਾਰਿਆਂ ਚਰਿਤ੍ਰ ਪ੍ਰਸੰਗਾਂ ਦੀ ਪੁਸ਼ਪਿਕਾ ਤੋਂ 'ਮੰਤ੍ਰੀ ਭੂਪ ਸੰਵਾਦ' ਦੀ ਨਿਰੰਤਰਤਾ ਦਾ ਬੋਧ ਹੁੰਦਾ ਹੈ। ਅੰਤਿਮ ਚਰਿਤ੍ਰ ਦੇ ਅਖ਼ੀਰ 'ਤੇ ਵੀ ਦਿੱਤੀ ਪੁਸ਼ਪਿਕਾ ਤੋਂ ਇਹੀ ਅਹਿਸਾਸ ਹੁੰਦਾ ਹੈ। ਕੁਝ ਚਰਿਤ੍ਰ-ਪ੍ਰਸੰਗਾਂ ਨੂੰ ਛਡ ਕੇ ਬਾਕੀ ਸਭ ਦਾ ਕੇਂਦਰੀ ਵਿਸ਼ਾ ਇਸਤਰੀ ਦਾ ਚਰਿਤ੍ਰ ਹੈ। ਇਨ੍ਹਾਂ ਕਥਾਵਾਂ ਦੀਆਂ ਨਾਇਕਾਵਾਂ ਛਲ ਕਪਟ ਵਿਚ ਨਿਪੁਣ, ਕਾਮ ਕਲਾ ਦੇ ਅਭਿਆਸ ਵਿਚ ਕੁਸ਼ਲ ਅਤੇ ਸ੍ਵ-ਨਿਰਭਰ ਸਨ। ਯੁਗ ਦੀਆਂ ਪਰਿਸਥਿਤੀਆਂ ਵਿਚ ਤੰਤ੍ਰ ਸਾਧਨਾ ਦੇ ਪੰਚ ਮਕਾਰਾਂ ਨੇ ਉਸ ਵਕਤ ਦੇ ਸਮਾਜ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੋਇਆ ਸੀ। ਜਗਨ-ਨਾਥ, ਕੋਨਾਰਕ ਅਤੇ ਖਜੋਰਾਹੋ ਦੇ ਮੰਦਿਰਾਂ ਅਤੇ ਦੇਵਦਾਸੀ ਪਰੰਪਰਾ ਨੇ ਕਾਮ-ਭੋਗ ਅਤੇ ਇਸਤਰੀ ਮਰਦ ਦੇ ਸੰਬੰਧਾਂ ਨੂੰ ਪੂਰੀ ਖੁਲ੍ਹ ਦੇ ਰਖੀ ਸੀ। ਅਜਿਹੀਆਂ ਪਰੰਪਰਾਵਾਂ ਨਾਲ ਸੰਬੰਧਿਤ ਇਸਤਰੀਆਂ ਸੰਕੋਚ ਨੂੰ ਛਡ ਕੇ ਕਾਮ-ਕਲਾ ਵਿਚ ਪਹਿਲ ਕਰਨ ਨੂੰ ਤਤਪਰ ਹੋ ਚੁਕੀਆਂ ਸਨ। ਮੁਸਲਮਾਨਾਂ ਦੀ ਆਮਦ ਅਤੇ ਉਨ੍ਹਾਂ ਦੀ ਵਿਲਾਸੀ ਰੁਚੀ ਨੇ ਵੀ ਇਸ ਬਿਰਤੀ ਨੂੰ ਵਧਾਇਆ। ਰਾਜਪੂਤ ਰਾਜਿਆਂ ਦੀ ਕਾਮ ਲੋਲੁਪਤਾ ਨੇ ਰਾਜਕੁਮਾਰੀਆਂ ਤਕ ਨੂੰ ਇਸ ਹੋੜ ਵਿਚ ਪਿਛੇ ਨਹੀਂ ਰਹਿਣ ਦਿੱਤਾ। ਰੀਤੀ ਕਾਲ ਦਾ ਸਾਰਾ ਹਿੰਦੀ ਕਾਵਿ ਨਾਇਕ-ਨਾਇਕਾ ਭੇਦ ਅਤੇ ਸ਼ਿੰਗਾਰ ਰਸ ਦੇ ਵਰਣਨ ਵਿਚ ਸਮਾ ਗਿਆ ਸੀ। ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਦੀ ਮਧੁਰ ਉਪਾਸਨਾ ਨੇ ਭਗਤੀ ਕਾਵਿ ਨੂੰ ਵੀ ਇਸ ਬਿਰਤੀ ਤੋਂ ਬਚਣ ਨ ਦਿੱਤਾ।

ਇਸ ਤਰ੍ਹਾਂ ਉਸ ਵਕਤ ਦੇ ਇਸਤਰੀ ਸਮਾਜ ਵਿਚ ਕਾਮ ਭੋਗ ਦੀ ਭਾਵਨਾ ਵਿਚ ਸੁਤੰਤਰਤਾ ਦੀ ਪ੍ਰਵ੍ਰਿੱਤੀ ਆਪਣੀ ਕੁਝ ਨ ਕੁਝ ਥਾਂ ਬਣਾ ਚੁਕੀ ਸੀ। ਪਰ ਸਮਾਜ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ। ਉਹ ਬੇਬਸ ਸੀ। ਇਸ ਬੇਬਸੀ ਨੇ ਉਸ ਨੂੰ ਛਲ ਕਪਟ ਦੇ ਮਾਰਗ 'ਤੇ ਅਗੇ ਵਧਾਇਆ। ਫਿਰ ਉਹ ਪਹਿਲ ਕਰਨ ਲਈ ਤੁਲ ਗਈ। ਉਹ ਆਪਣੇ ਸ਼ਿਕਾਰ ਨੂੰ ਕਿਸੇ ਕੀਮਤ 'ਤੇ ਹੱਥੋਂ ਨ ਨਿਕਲਣ ਦਿੰਦੀ। ਸਹੇਲੀਆਂ, ਸਖੀਆਂ, ਨੌਕਰਾਣੀਆਂ ਸ਼ਿਕਾਰ ਫਸਾਉਣ ਵਿਚ ਸਹਾਇਕ ਹੁੰਦੀਆਂ, ਨਸ਼ਿਆਂ ਦੇ ਸੇਵਨ ਨਾਲ ਸ਼ਰੀਰਿਕ ਆਨੰਦ ਨੂੰ ਲੰਮਕਾਇਆ ਜਾਂਦਾ। ਚੰਗਾ ਸੰਭੋਗ-ਸੁਖ ਨ ਦੇ ਸਕਣ ਵਾਲੇ ਮਰਦ ਨੂੰ ਅਪਮਾਨਿਤ ਕਰਕੇ ਤਿਆਗ ਦਿੱਤਾ ਜਾਂਦਾ ਅਤੇ ਕਾਮ ਭੋਗ ਨੂੰ ਨ ਸਵੀਕਾਰ ਕਰਨ ਵਾਲਿਆਂ ਨੂੰ ਜੁਤੀਆਂ ਮਾਰ ਕੇ 'ਹਾਂ' ਲਈ ਮਜਬੂਰ ਕੀਤਾ ਜਾਂਦਾ। ਇਸ ਰਚਨਾ ਦੀਆਂ ਇਸਤਰੀਆਂ ਮਨਚਾਹੇ ਮਰਦ ਅਗੇ ਸਭ ਕੁਝ ਨਿਛਾਵਰ ਕਰਦੀਆਂ ਹਨ, ਪਰ ਹੈਂਕੜ-ਬਾਜ਼ ਮਰਦ ਜਾਂ ਉਨ੍ਹਾਂ ਦੀ ਇੱਛਾ ਅਨੁਸਾਰ ਨ ਉਤਰਨ ਵਾਲੇ ਮਰਦਾਂ ਦੀ ਚੰਗੀ ਗਤ ਬਣਾਉਂਦੀਆਂ ਹਨ। ਇਥੇ ਮਰਦਾਂ ਨੂੰ ਕਾਮ ਵਿਚ ਮੂਰਖ ਬਣਾ ਕੇ ਉਨ੍ਹਾਂ ਨੂੰ ਵਰਤਿਆ

ਗਿਆ ਹੈ ਅਤੇ ਇਸਤਰੀਆਂ ਬਹੁਤ ਹੀ ਚਤੁਰ, ਸੂਰਬੀਰ, ਅਸੰਭਵ ਨੂੰ ਸੰਭਵ ਕਰ ਵਿਖਾਉਣ ਵਾਲੀਆਂ ਚੁਸਤ ਚਾਲਾਕ ਹਨ। ਇਸ ਤਰ੍ਹਾਂ ਇਹ ਚਰਿਤ੍ਰ-ਕਥਾਵਾਂ ਲਕੀਰ ਤੋਂ ਹਟ ਕੇ ਲਿਖੀਆਂ ਗਈਆਂ ਹਨ ਅਤੇ ਪਾਠਕਾਂ ਨੂੰ ਇਸਤਰੀ ਦੇ ਇਸ ਵਿਕਟ ਅਤੇ ਕਪਟੀ ਪੱਖ ਤੋਂ ਆਗਾਹ ਕਰਕੇ ਸਦਾਚਾਰੀ ਬਣਨ ਲਈ ਪ੍ਰੇਰਣਾ ਦਿੱਤੀ ਗਈ ਹੈ।

ਇਨ੍ਹਾਂ ਚਰਿਤ੍ਰਾਂ ਦੇ ਆਕਾਰ-ਪ੍ਰਕਾਰ ਵਿਚ ਕੋਈ ਅਨੁਪਾਤ ਨਹੀਂ ਹੈ। ਕੁਝ ਕੁ ਛੰਦਾਂ ਤੋਂ ਲੈ ਕੇ 405 ਛੰਦਾਂ ਤਕ ਦੇ ਚਰਿਤ੍ਰ ਮਿਲਦੇ ਹਨ। ਲਗਭਗ ਹਰ ਚਰਿਤ੍ਰ ਵਿਚ ਮੁੱਖ ਪਾਤਰ ਦਾ ਸੰਖੇਪ ਪਰਿਚਯ ਅਤੇ ਅੰਤ ਉਤੇ ਉਸ ਦਾ ਪਰਿਣਾਮ ਅੰਕਿਤ ਹੈ। ਇਸ ਸਮੁੱਚੀ ਰਚਨਾ ਲਈ 7555 ਛੰਦ ਲਿਖੇ ਗਏ ਹਨ। ਇਨ੍ਹਾਂ ਲਈ ੧੬ ਤਰ੍ਹਾਂ ਦੇ ਛੰਦ ਵਰਤੇ ਗਏ ਹਨ। ਚੌਪਈ ਛੰਦ ਦੀ ਵਰਤੋਂ ਲਗਭਗ ਸਾਡੇ ਚਾਰ ਹਜ਼ਾਰ ਵਾਰ ਹੋਈ ਹੈ। ਉਸ ਤੋਂ ਬਾਦ ਦੋਹਰੇ ਅਤੇ ਅੜਿਲ ਦੀ ਵਰਤੋਂ ਹੋਈ ਹੈ। ਛੰਦ ਪਰਿਵਰਤਨ ਬਹੁਤ ਘਟ ਜਾਂ ਨਾਂ -ਮਾਤ੍ਰ ਹੈ। ਵੱਡੇ ਤੋਂ ਵੱਡੇ ਚਰਿਤ੍ਰ ਪ੍ਰਸੰਗ ਵਿਚ ਵੀ ਅੱਠ ਤੋਂ ਜ਼ਿਆਦਾ ਕਿਸਮਾਂ ਦੇ ਛੰਦ ਨਹੀਂ ਵਰਤੇ ਗਏ। ਕਿਤੇ ਕਿਤੇ ਸੁੰਦਰ ਯੁੱਧ ਵਰਨਨ ਹੋਇਆ ਮਿਲਦਾ ਹੈ ਜਿਥੇ ਵੀਰ ਰਸ ਦੀ ਸਥਿਤੀ ਬਣੀ ਰਹਿੰਦੀ ਹੈ। ਉਂਜ ਮੁੱਖ ਤੌਰ 'ਤੇ ਸ਼ਿੰਗਾਰ ਰਸ ਦਾ ਚਿਤ੍ਰਣ ਹੈ। ਕਿਤੇ ਕਿਤੇ ਅਦਭੁਤ ਘਟਨਾਵਾਂ ਕਾਰਣ ਵਿਸਮੈ ਸਥਾਈ ਭਾਵ ਦੀ ਹੋਂਦ ਵੀ ਮਿਲਦੀ ਹੈ। ਇਸ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ। ਉਸੇ ਦੇ ਵਿਆਕਰਣ ਦੀ ਪਾਲਨਾ ਹੋਈ ਹੈ। ਕਿਤੇ ਕਿਤੇ ਪੰਜਾਬੀ, ਰਾਜਸਥਾਨੀ, ਅਵਧੀ ਦੀ ਸ਼ਬਦਾਵਲੀ ਮਿਲਦੀ ਹੈ। ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਵੀ ਖੁਲ੍ਹ ਕੇ ਹੋਈ ਹੈ, ਕੁਝ ਚਰਿਤ੍ਰਾਂ ਦੇ ਵਾਤਾਵਰਣ ਕਰਕੇ ਅਤੇ ਕੁਝ ਯੁਗ ਦੀ ਰੁਚੀ ਕਰਕੇ।

**ਚਲਿਤ੍ ਜੋਤੀ ਜੋਤਿ ਸਮਾਵਣੇ ਕੇ** : ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ-ਲਿਖਿਤ ਬੀੜਾਂ ਦੇ ਆਦਿ ਜਾਂ ਅੰਤ ਉਤੇ ਇਹ ਉਕਤੀ (ਉਪ-ਸਿਰਲੇਖ) ਲਿਖ ਕੇ ਗੁਰੂ ਸਾਹਿਬਾਨ ਦੇ ਮਹਾ-ਪ੍ਰਸਥਾਨ ਦੀਆਂ ਤਿਥੀਆਂ ਅੰਕਿਤ ਕੀਤੀਆਂ ਹੁੰਦੀਆਂ ਹਨ। ਅਨੁਮਾਨ ਹੈ ਕਿ ਇਹ ਪ੍ਰਥਾ ਆਦਿ-ਬੀੜ (ਮੂਲ ਬੀੜ) ਤੋਂ ਸ਼ੁਰੂ ਹੋ ਗਈ ਹੋਵੇਗੀ ਅਤੇ ਪਹਿਲੇ ਚਾਰ ਗੁਰੂਆਂ ਦੇ ਬ੍ਰਹਮਲੀਨ ਹੋਣ ਦੀਆਂ ਤਿਥੀਆਂ ਉਸ ਵਿਚ ਲਿਖਵਾਈਆਂ ਗਈਆਂ ਹੋਣਗੀਆਂ। ਇਹ ਇਕ ਪ੍ਰਕਾਰ ਦੀ ਯਾਦਾਇਸ਼ੀ ਸੂਚਨਾ ਹੈ।

ਪੁਰਾਤਨ ਭਾਰਤੀ ਅਤੇ ਸਾਮੀ ਪਰੰਪਰਾਵਾਂ ਅਨੁਸਾਰ ਪਹਿਲਾਂ ਮਹਾਪੁਰਸ਼ਾਂ ਦੇ ਸਮਾਉਣ ਦੇ ਦਿਨ ਹੀ ਮੰਨਾਏ ਜਾਂਦੇ ਸਨ। ਜਨਮ-ਦਿਨ ਮਨਾਉਣ ਦੀ ਪ੍ਰਵਿੱਤੀ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਵਿਕਸਿਤ ਹੋਈ ਲਗਦੀ ਹੈ। ਇਨ੍ਹਾਂ ਅੰਕਾਂ ਤੋਂ ਬੀੜ ਦੇ ਸਮੇਂ ਦਾ ਅੰਦਾਜ਼ਾ ਵੀ ਲਗਾਇਆ ਜਾਂਦਾ ਰਿਹਾ ਹੈ।

ਕਰਤਾਰਪੁਰੀ ਬੀੜ (25/2) ਵਿਚ ਇਸ ਉਕਤੀ ਦਾ ਸਰੂਪ ਇਸ ਪ੍ਰਕਾਰ ਹੈ :

"ਚਲਿਤ੍ਰ ਜੋਤੀ ਜੋਤਿ ਸਮਾਵਨ ਕਾ ੴ ਸਤਿਗੁਰ ਪ੍ਰਸਾਦਿ
ਸੰਮਤੁ 1596 ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ।
ਸੰਮਤੁ 1609 ਚੇਤ ਸੁਦੀ ੪ ਸ੍ਰੀ ਸਤਿਗੁਰੂ ਗੁਰੂ ਅੰਗਦ.ਜੀ ਸਮਾਣੇ।
ਸੰਮਤੁ 1631 ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ।
ਸੰਮਤੁ 1638 ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ।
(ਨੋਟ :ਇਹ ਚਾਰੇ ਸਤਰਾਂ ਇਕੋ ਕਲਮ ਦੀਆਂ ਲਿਖੀਆਂ ਹਨ। ਅਗਲੀ ਸਤਰ ਬ੍ਰੀਕ ਕਲਮ ਵਿਚ ਹੈ ਪਰ ਲਿਖਾਵਟ ਉਹੀ ਹੈ।)
ਸੰਮਤ 1663 ਜੇਠ ਸੁਦੀ ੪ ਸੁਕਰਵਾਰਿ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਸਮਾਣੇ।"

('ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ 45)

**ਚੜ੍ਹਤ ਸਿੰਘ ਸੁਕਰਚਕੀਆ** (1722-1770 ਈ.): ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸ. ਚੜ੍ਹਤ ਸਿੰਘ ਦਾ ਜਨਮ ਸ. ਨੌਧ ਸਿੰਘ ਦੇ ਘਰ ਪਿੰਡ ਸੁਕਰਚਕ ਵਿਚ ਸੰਨ 1722 ਈ. ਵਿਚ ਹੋਇਆ। ਇਸ ਨੇ ਛੋਟੇ ਹੁੰਦਿਆਂ ਤੋਂ ਹੀ ਆਪਣੇ ਪਿਤਾ ਨਾਲ ਜੰਗੀ ਮੁਹਿੰਮਾਂ ਉਤੇ ਜਾਣਾ ਸ਼ੁਰੂ ਕਰ ਦਿੱਤਾ। ਆਪਣੇ ਪਿਤਾ ਦੀ ਮ੍ਰਿਤੂ ਤੋਂ ਬਾਦ ਇਸ ਨੇ ਫ਼ੈਜ਼ੁਲਾਪੁਰੀਆ (ਸਿੰਘਪੁਰੀਆ) ਮਿਸਲ ਨਾਲੋਂ ਸੰਬੰਧ ਤੋੜ ਕੇ ਅਤੇ ਆਪਣੇ ਜੱਦੀ ਪਿੰਡ ਸੁਕਰਚਕ ਨੂੰ ਛਡ ਕੇ ਗੁਜਰਾਂਵਾਲੇ ਵਿਚ ਸਦਰ ਮੁਕਾਮ ਬਣਾ ਲਿਆ। ਸੰਨ 1756 ਈ. ਵਿਚ ਚੜ੍ਹਤ ਸਿੰਘ ਨੇ ਸ. ਅਮੀਰ ਸਿੰਘ ਦੀ

ਪੁੱਤਰੀ ਮਾਈ ਦੇਸਾਂ ਨਾਲ ਵਿਆਹ ਕਰਕੇ ਆਪਣੀ ਸ਼ਕਤੀ ਕਾਫ਼ੀ ਵਧਾ ਲਈ। ਇਸ ਨੇ ਏਮਨਾਬਾਦ ਅਤੇ ਵਜ਼ੀਰਾਬਾਦ ਉਤੇ ਹਮਲਾ ਕਰਕੇ ਆਪਣੇ ਅਧੀਨ ਕੀਤਾ। ਇਸ ਤੋਂ ਬਾਦ ਇਸ ਨੇ ਸਿਆਲਕੋਟ ਦੇ ਜਰਨੈਲ ਨੂਰੁੱਦੀਨ ਬਾਮੇਜ਼ਈ ਨੂੰ ਖਦੇੜਿਆ। ਲਾਹੌਰ ਦੇ ਸੂਬੇਦਾਰ ਖ਼੍ਵਾਜਾ ਉਬੇਦ ਖ਼ਾਨ ਨੇ ਜਦੋਂ ਗੁਜਰਾਂਵਾਲੇ ਉਤੇ ਹਮਲਾ ਕੀਤਾ ਤਾਂ ਇਸ ਨੇ ਬੜੀ ਦਲੇਰੀ ਨਾਲ ਉਸ ਦਾ ਸਾਹਮਣਾ ਕੀਤਾ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਮਦਦ ਨਾਲ ਉਸ ਨੂੰ ਭਜਾ ਦਿੱਤਾ। ਵੱਡੇ ਘਲੂਘਾਰੇ ਵਿਚ ਵੀ ਇਸ ਨੇ ਆਪਣੀ ਬੀਰਤਾ ਦੀ ਧਾਕ ਜਮਾਈ। ਅਹਿਮਦ ਸ਼ਾਹ ਦੁਰਾਨੀ ਦੇ ਦੇਸ਼ ਪਰਤਦਿਆਂ ਹੀ ਇਸ ਨੇ ਭੰਗੀ ਸਰਦਾਰਾਂ ਨਾਲ ਮਿਲ ਕੇ ਪਹਿਲਾਂ ਅਪ੍ਰੈਲ 1763 ਈ. ਵਿਚ ਕਸੂਰ ਨੂੰ ਜਿਤਿਆ ਅਤੇ ਨਵੰਬਰ 1763 ਈ. ਵਿਚ ਦੁਰਾਨੀ ਦੇ ਸੈਨਾ-ਨਾਇਕ ਜਹਾਨ ਖ਼ਾਨ ਨੂੰ ਤਕੜੀ ਹਾਰ ਦਿੱਤੀ।

ਚੜ੍ਹਤ ਸਿੰਘ ਨੇ ਧੰਨੀ ਪੂਠੋਹਾਰ ਤਕ ਆਪਣੀ ਸ਼ਕਤੀ ਵਧਾਈ ਅਤੇ ਪਿੰਡ ਦਾਦਨ ਖ਼ਾਨ ਅਤੇ ਖੀਉੜੇ ਦੀਆਂ ਲੂਣ ਦੀਆਂ ਖਾਣਾਂ ਨੂੰ ਆਪਣੇ ਅਧੀਨ ਕੀਤਾ। ਇਸ ਕਰਕੇ ਭੰਗੀ ਸਰਦਾਰਾਂ ਨਾਲ ਵਿਰੋਧ ਪੈਦਾ ਹੋ ਗਿਆ। ਇਸ ਵਿਰੋਧ ਦਾ ਸਿਖਰ ਜੰਮੂ ਰਾਜ-ਪਰਿਵਾਰ ਦੀ ਆਪਸੀ ਲੜਾਈ ਵਿਚ ਵੇਖਣ ਨੂੰ ਮਿਲਿਆ ਜਦੋਂ ਇਨ੍ਹਾਂ ਦੋਹਾਂ ਮਿਸਲਾਂ ਵਾਲਿਆਂ ਨੇ ਜੰਮੂ ਦੇ ਇਕ ਇਕ ਧੜੇ ਨੂੰ ਅਪਣਾ ਲਿਆ। ਦੋਹਾਂ ਦੀਆਂ ਫ਼ੌਜਾਂ ਜੰਮੂ ਵਲ ਵਧੀਆਂ, ਪਰ ਇਸੇ ਦੌਰਾਨ ਕਿਸੇ ਭਿੜੰਤ ਵੇਲੇ ਚੜ੍ਹਤ ਸਿੰਘ ਦੀ ਬੰਦੂਕ ਫਟ ਗਈ ਅਤੇ ਇਸ ਦਾ ਸੰਨ 1770 ਈ. ਵਿਚ ਦੇਹਾਂਤ ਹੋ ਗਿਆ। ਇਸ ਤੋਂ ਬਾਦ ਇਸ ਦੇ ਲੜਕੇ ਮਹਾਂ ਸਿੰਘ ਨੇ ਮਿਸਲਦਾਰੀ ਸੰਭਾਲੀ।

**ਚੜ੍ਹਦੀ ਕਲਾ** : ਇਹ ਸ਼ਬਦ ਅਸਲ ਵਿਚ ਸਿੱਖ-ਸਮਾਜ ਵਲੋਂ ਕੀਤੀ ਜਾਂਦੀ ਅਰਦਾਸ ਦੀ ਅੰਤਲੀ ਅਰਜ਼ੋਈ ਵਿਚ ਸ਼ਾਮਲ ਹਨ— *ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।* ਇਹ ਉਕਤੀ ਕਿਸ ਨੇ ਬਣਾਈ ? ਅਤੇ ਅਰਦਾਸ ਵਿਚ ਇਸ ਨੂੰ ਕਦੋਂ ਤੋਂ ਸ਼ਾਮਲ ਕੀਤਾ ਜਾਣ ਲਗਿਆ ? ਇਸ ਬਾਰੇ ਹੁਣ ਕੋਈ ਤੱਥ ਉਪਲਬਧ ਨਹੀਂ ਹੈ। ਹਾਂ, ਜਿਸ ਨੇ ਵੀ ਇਸ ਉਕਤੀ ਦੀ ਸਿਰਜਨਾ ਕੀਤੀ ਉਹ ਨਿਸਚੇ ਹੀ ਬਹੁਤ ਪ੍ਰਬੁਧ ਵਿਅਕਤੀ ਸੀ। ਅਨੁਮਾਨ ਹੈ ਕਿ ਇਸ ਉਕਤੀ ਦੀ ਵਰਤੋਂ ਸਿੱਖ ਮਿਸਲਾਂ ਦੇ ਯੁਗ ਵਿਚ ਹੋਈ ਹੋਵੇਗੀ। ਵੇਖੋ 'ਸਰਬੱਤ ਦਾ ਭਲਾ'।

ਇਸ ਸ਼ਬਦ-ਜੁੱਟ ਵਿਚ 'ਕਲਾ' ਦਾ ਅਰਥ ਹੈ— ਸ਼ਕਤੀ, ਤੇਜ, ਓਜ। ਗੁਰਬਾਣੀ ਦਾ ਪ੍ਰਮਾਣ ਹੈ— *ਧਰਣਿ ਅਕਾਸੁ ਜਾ ਕੀ ਕਲਾ ਮਾਹਿ।* (ਗੁ.ਗ੍ਰੰ.1183)। 'ਚੜ੍ਹਦੀ' ਸ਼ਬਦ ਉਥਾਨ-ਬੋਧਕ ਹੈ। ਪ੍ਰਸਤੁਤ ਪ੍ਰਸੰਗ ਵਿਚ ਇਸ ਦਾ ਅਰਥ ਬੈਠਦਾ ਹੈ— 'ਹੇ ਨਾਨਕ! ਨਾਮ ਸਿਮਰਨ ਨਾਲ ਮਾਨਸਿਕ ਸ਼ਕਤੀ ਉੱਨਤ ਹੁੰਦੀ ਹੈ, ਅਰਥਾਤ ਵਿਜਯਸ਼ਾਲਤਾ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਭਾਵਨਾ ਦੁਖ ਸੁਖ, ਔਖ ਸੌਖ, ਗ਼ਮੀ ਖ਼ੁਸ਼ੀ, ਹਰ ਸਥਿਤੀ ਵਿਚ ਬਣੀ ਰਹਿਣੀ ਚਾਹੀਦੀ ਹੈ। ਸਿੱਖ ਨੂੰ ਚੜ੍ਹਦੀ ਕਲਾ ਵਿਚ ਵਿਚਰਨ ਲਈ ਜ਼ਰੂਰੀ ਹੈ ਕਿ ਉਹ ਆਪਣੇ ਮਨ ਨੂੰ ਜੀਵਨ ਦੀ ਚੰਗੀ ਪਗਡੰਡੀ ਉਤੇ ਪਾਏ, ਚੰਗੀਆਂ ਕਦਰਾਂ-ਕੀਮਤਾਂ ਦਾ ਅਨੁਸਰਣ ਕਰੇ, ਮਨ ਨੂੰ ਸਦਾ ਉਚੇਰੀ ਅਵਸਥਾ ਵਿਚ ਰਖੇ, ਸਵਾਰਥ ਤੋਂ ਉੱਚਾ ਉਠ ਕੇ ਮਾਨਵ-ਕਲਿਆਣ ਲਈ ਪ੍ਰਤਿਬੱਧ ਹੋਵੇ। ਵਰਤਮਾਨ ਕਾਲ ਵਿਚ 'ਚੜ੍ਹਦੀ ਕਲਾ' ਸਿੱਖਾਂ ਦਾ ਇਕ ਬੋਲਾ ਬਣ ਗਿਆ ਹੈ। ਆਸ਼ਾ-ਵਾਦ ਉਤੇ ਆਧਾਰਿਤ 'ਚੜ੍ਹਦੀ ਕਲਾ' ਇਕ ਅਜਿਹੀ ਅਵਸਥਾ ਦਾ ਬੋਧਕ ਹੈ ਜੋ ਸਥਿਰ, ਦ੍ਰਿੜ੍ਹਤਾ ਭਰਪੂਰ, ਭੈ-ਰਹਿਤ, ਚਿੰਤਾ-ਮੁਕਤ ਅਤੇ ਹਰ ਪ੍ਰਕਾਰ ਦੀ ਸਥਿਤੀ ਦਾ ਸਾਹਮਣਾ ਕਰਨ ਲਈ ਸਮਰਥ ਹੋਵੇ।

ਇਸ ਉਕਤੀ ਦੀ ਸਿਰਜਨਾ ਪਿਛੇ ਬਾਬਾ ਬੰਦਾ ਬਹਾਦਰ ਦੇ ਯੁੱਧ ਪਰਾਕ੍ਰਮ ਤੋਂ ਬਾਦ ਸੰਕਟ ਅਤੇ ਜ਼ੁਲਮ ਵਿਚ ਗ੍ਰਸੇ ਸਿੱਖ ਸਮਾਜ ਦੀ ਮਾਨਸਿਕਤਾ ਨੂੰ ਓਜਸਵਤਾ ਪ੍ਰਦਾਨ ਕਰਨ ਦੀ ਭਾਵਨਾ ਰਹੀ ਪ੍ਰਤੀਤ ਹੁੰਦੀ ਹੈ। ਇਸ ਓਜਸਵਤਾ ਦਾ ਇਕ ਰੂਪ ਖ਼ਾਲਸੇ ਦੇ ਬੋਲਿਆਂ ਵਿਚ ਵੇਖਿਆ ਜਾ ਸਕਦਾ ਹੈ। ਛੋਲਿਆਂ ਨੂੰ ਵਦਾਮ, ਛਪੜ ਦੇ ਪਾਣੀ ਨੂੰ ਸਰਦਾਈ, ਹਰੇ ਛੋਲੀਏ ਨੂੰ ਸੌਗੀ, ਟੁਟੀ ਹੋਈ ਝੌਂਪੜੀ ਨੂੰ ਸ਼ੀਸ਼ ਮਹਲ, ਬਿਪਤਾ ਨੂੰ ਸਵਰਗ, ਮੱਖੀ ਨੂੰ ਹਰਨੀ, ਬੇਰ ਨੂੰ ਖੁਰਮਾ ਆਦਿ ਸ਼ਬਦ-ਪ੍ਰਯੋਗਾਂ ਪਿਛੇ ਸੰਕਟ ਨੂੰ ਖਿੜੇ ਮੱਥੇ ਸਹਾਰ ਕੇ ਅਦੱਬ ਉਤਸਾਹ ਦੀ ਭਾਵਨਾ ਨੂੰ ਵਿਕਸਿਤ ਕਰਨ ਦੀ ਬਿਰਤੀ ਹੀ ਕੰਮ ਕਰ ਰਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸੰਸਕਾਰ ਰਾਹੀਂ ਸਿੱਖ ਨੂੰ ਮ੍ਰਿਤੂ ਦੇ ਭੈ ਦੀਆਂ ਸੀਮਾਵਾਂ ਤੋਂ ਉੱਚਾ ਚੁਕ ਦਿੱਤਾ ਸੀ। ਮੁਸੀਬਤਾਂ ਤੋਂ ਟਲਣ ਨਾਲੋਂ ਉਨ੍ਹਾਂ ਦਾ ਸਾਹਮਣਾ ਕਰਨਾ ਹੀ ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਨੇ ਸਿੱਖਾਂ ਨੂੰ ਹਰ ਸੰਕਟ ਦਾ ਸਾਹਮਣਾ ਕਰਨ ਲਈ ਸਦਾ ਤਿਆਰ ਬਰ ਤਿਆਰ ਰਖਿਆ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਹਨ, ਉਨ੍ਹਾਂ ਦੇ ਸਿਰਾਂ ਦੇ ਗਡੇ ਭਰੇ ਹੋਏ ਜਾ ਰਹੇ ਹਨ, ਆਰਿਆਂ ਨਾਲ ਚੀਰੇ ਜਾ ਰਹੇ ਹਨ, ਇਸ ਪ੍ਰਕਾਰ ਦੇ ਹੋਰ ਅਨੇਕਾਂ ਦਿਲ ਕੰਬਾ ਦੇਣ ਵਾਲਿਆਂ ਸਾਕਿਆਂ ਨੇ ਵੀ ਸਿੱਖਾਂ ਦੇ ਮਨ ਵਿਚ ਜੁਰਤ ਨੂੰ ਕਿਸੇ ਤਰ੍ਹਾਂ ਘਟਣ ਨ ਦਿੱਤਾ। ਵੱਡੇ ਘਲੂਘਾਰੇ ਦੀ ਘਟਨਾ ਉਤੇ ਨਜ਼ਰ ਮਾਰਿਆਂ ਪ੍ਰਤੀਤ ਹੁੰਦਾ ਹੈ ਕਿ 5 ਫਰਵਰੀ 1762 ਈ. ਨੂੰ ਵੀਹ ਹਜ਼ਾਰ ਤੋਂ ਅਧਿਕ ਸਿੱਖਾਂ ਨੂੰ ਮਾਰ ਕੇ ਅਹਿਮਦ ਸ਼ਾਹ ਦੁਰਾਨੀ ਆਪਣੇ ਆਪ ਨੂੰ ਵਿਜਈ ਸਮਝ ਬੈਠਾ ਅਤੇ ਸਿੱਖਾਂ ਨੂੰ ਸਮੂਲ ਖ਼ਤਮ ਕਰਨ ਦੇ ਉਦਮ ਸਫਲ ਸਮਝਣ ਲਗਾ, ਪਰ ਚੜ੍ਹਦੀ ਕਲਾ ਦੀ ਭਾਵਨਾ ਨੇ ਹੀ ਸਿੱਖਾਂ ਨੂੰ ਹੁਲਾਰਾ ਦਿੱਤਾ ਅਤੇ 14 ਜਨਵਰੀ 1764 ਈ. ਨੂੰ ਉਨ੍ਹਾਂ ਨੇ ਸਰਹਿੰਦ ਜਿਤ ਕੇ ਦੁਰਾਨੀ ਦੀ ਸੋਚ ਨੂੰ ਵੰਗਾਰ ਦਿੱਤਾ। ਸਪੱਸ਼ਟ ਹੈ ਕਿ ਗੁਰੂ ਜੀ ਨੇ ਸਿੱਖਾਂ ਅੰਦਰ ਉਹ ਰੂਹ ਭਰੀ ਜਿਸ ਕਾਰਣ ਇਹ ਸਦਾ ਅਗੇ ਹੀ ਅਗੇ ਵਧਦੇ ਰਹੇ ਅਤੇ ਇਨ੍ਹਾਂ ਦੇ ਮੱਥੇ ਉਤੇ ਸ਼ਿਕਨ ਤਕ ਨ ਆਇਆ। ਇਹ ਭਾਵਨਾ ਸਿੱਖ ਦੇ ਵਿਅਕਤਿਤਵ ਦੇ ਸਿਪਾਹੀ ਪੱਖ ਦੀ ਲਖਾਇਕ ਹੈ। ਸਚ ਪੁਛੋ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਯਾਤ੍ਰਾ ਚੜ੍ਹਦੀ ਕਲਾ ਦੀ ਭਾਵਨਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਹੈ।

**ਚੜ੍ਹਾਵਾ** : ਸ਼ਰਧਾਲੂਆਂ ਵਲੋਂ ਇਸ਼ਟ-ਦੇਵ, ਦੇਵਤੇ, ਗੁਰੂ, ਸਾਧ-ਸੰਤ ਜਾਂ ਧਰਮ-ਧਾਮ ਉਤੇ ਅਰਪਿਆ ਧਨ ਜਾਂ ਵਸਤੂ ਨੂੰ 'ਚੜ੍ਹਾਵਾ' ਕਿਹਾ ਜਾਂਦਾ ਹੈ। ਸਿੱਖ ਧਰਮ ਅੰਦਰ ਸ਼ੁਰੂ ਵਿਚ ਇਹ ਰੀਤ ਪ੍ਰਚਲਿਤ ਨਹੀਂ ਸੀ। ਮੰਜੀਦਾਰਾਂ ਜਾਂ ਮਸੰਦਾਂ ਪਾਸ ਸਿੱਖ ਜਿਗਿਆਸੂ ਆਪਣੀ ਕਿਰਤ-ਕਮਾਈ ਵਿਚੋਂ ਦਸਵੰਧ ਜਾਂ ਬਣਦਾ-ਸਰਦਾ ਅੰਸ਼ ਪਹੁੰਚਾ ਆਇਆ ਕਰਦੇ ਸਨ ਅਤੇ ਉਹ ਅਗੋਂ ਵਿਸਾਖੀ, ਦੀਵਾਲੀ ਜਾਂ ਕਿਸੇ ਹੋਰ ਅਵਸਰ 'ਤੇ ਗੁਰੂ-ਦਰਬਾਰ ਵਿਚ ਲੈ ਜਾਇਆ ਕਰਦੇ ਸਨ। ਇਸ ਧਨ ਨਾਲ ਗੁਰੂ-ਘਰ ਦੀ ਵਿਵਸਥਾ ਚਲਦੀ ਸੀ।

ਮਸੰਦਾਂ ਦੇ ਕੁਕਰਮਾਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ-ਪ੍ਰਥਾ ਖ਼ਤਮ ਕਰ ਦਿੱਤੀ ਅਤੇ ਸੰਗਤਾਂ ਸਿਧੇ ਤੌਰ 'ਤੇ ਗੁਰੂ-ਦਰਬਾਰ ਵਿਚ ਹਾਜ਼ਰੀ ਭਰ ਕੇ ਆਪਣਾ ਤਿਲ-ਫੁਲ ਭੇਂਟ ਕਰਨ ਲਗ ਗਈਆਂ। ਕਾਲਾਂਤਰ ਵਿਚ ਇਸ ਪ੍ਰਕਾਰ ਦੀ ਭੇਂਟ ਗੁਰੂ ਗ੍ਰੰਥ ਸਾਹਿਬ ਅਗੇ ਕੀਤੀ ਜਾਣ ਲਗੀ। ਸਾਧਾਰਣ ਤੌਰ 'ਤੇ ਵੀ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਣ ਵੇਲੇ ਧਨ ਜਾਂ ਵਸਤੂ ਭੇਂਟ ਕਰਨ ਦੀ ਪ੍ਰਥਾ ਚਲ ਪਈ। ਧਨ ਦੀ ਸੰਭਾਲ ਲਈ ਗੋਲਕਾਂ ਰਖ ਦਿੱਤੀਆਂ ਗਈਆਂ। ਇਸ ਭੇਂਟ ਨੂੰ 'ਚੜ੍ਹਾਵਾ' ਕਿਹਾ ਜਾਣ ਲਗਾ। ਸੰਤਾਂ, ਮਹੰਤਾਂ, ਡੇਰੇਦਾਰਾਂ ਅਗੇ ਵੀ ਚੜ੍ਹਾਵੇ ਦੀ ਰੀਤ ਦਾ ਪ੍ਰਚਲਨ ਹੋ ਗਿਆ।

**ਚਾਹਲ** (ਪਿੰਡ): ਪੱਛਮੀ ਪੰਜਾਬ ਦੇ ਲਾਹੌਰ ਨਗਰ ਤੋਂ 15 ਕਿ.ਮੀ. ਦੀ ਵਿਥ ਉਤੇ ਦੱਖਣ-ਪੂਰਬ ਦਿਸ਼ਾ ਵਿਚ ਵਸਿਆ ਇਕ ਪੁਰਾਤਨ ਪਿੰਡ ਜਿਥੇ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਸਨ ਅਤੇ ਜਿਥੇ ਗੁਰੂ ਜੀ ਕਈ ਵਾਰ ਆਏ ਸਨ। ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਜਨਮ ਇਸੇ ਪਿੰਡ ਵਿਚ ਹੋਇਆ ਸੀ। ਬਾਦ ਵਿਚ ਗੁਰੂ ਜੀ ਦੇ ਨਾਨਕੇ ਘਰ ਵਾਲੀ ਥਾਂ ਉਤੇ 'ਗੁਰਦੁਆਰਾ ਡੇਰਾ ਚਾਹਲ' ਬਣਵਾਇਆ ਗਿਆ। ਇਹ ਗੁਰਦੁਆਰਾ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਸੀ, ਪਰ ਦੇਸ਼ ਦੀ ਆਜ਼ਾਦੀ ਤੋਂ ਬਾਦ ਪਾਕਿਸਤਾਨ ਵਿਚ ਰਹਿ ਗਿਆ ਹੈ।

**ਚਾਂਦਨੀ ਚੌਕ** : ਸਿੱਖ ਇਤਿਹਾਸ ਵਿਚ ਚਾਂਦਨੀ ਚੌਕ ਦਾ ਵਿਸ਼ੇਸ਼ ਉਲੇਖ ਹੈ। ਉਂਜ ਤਾਂ ਲਾਲ ਕਿਲ੍ਹੇ ਦੇ ਲਾਹੌਰ ਗੇਟ ਤੋਂ ਲੈ ਕੇ ਫਤਹਪੁਰੀ ਮਸਜਿਦ ਤਕ ਸਾਰੇ ਬਾਜ਼ਾਰ ਨੂੰ ਹੀ 'ਚਾਂਦਨੀ ਚੌਕ' ਕਹਿ ਦਿੱਤਾ ਜਾਂਦਾ ਹੈ, ਪਰ ਸਿੱਖ ਇਤਿਹਾਸ ਵਿਚ ਉਸ ਚੌਕ ਨੂੰ ਵਿਸ਼ੇਸ਼ ਤੌਰ ਉਤੇ 'ਚਾਂਦਨੀ ਚੌਕ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਥੇ ਗੁਰੂ ਤੇਗ ਬਹਾਦੁਰ ਜੀ ਨੂੰ ਮੁਗਲ ਸਰਕਾਰ ਨੇ ਸ਼ਹੀਦ ਕੀਤਾ ਸੀ। ਇਥੇ ਉਦੋਂ ਦਿੱਲੀ ਨਗਰ ਦੀ ਕੋਤਵਾਲੀ ਸੀ। ਇਸ ਦੇ ਨੇੜੇ ਹੀ ਰੌਸ਼ਨੁੱਦੌਲਾ ਮਸਜਿਦ ਹੈ। ਗੁਰੂ ਸਾਹਿਬ ਦੀ ਸ਼ਹਾਦਤ (11 ਨਵੰਬਰ 1675 ਈ.) ਤੋਂ ਬਾਦ ਲਗਭਗ ਇਕ ਸੌ ਸਾਲ ਤਕ ਇਥੇ ਕੋਈ ਸਮਾਰਕ ਨਹੀਂ ਬਣਾਇਆ ਗਿਆ ਸੀ। ਸੰਨ 1783 ਈ. ਵਿਚ ਜਦੋਂ ਸਿੱਖਾਂ ਨੇ ਦਿੱਲੀ ਫਤਹਿ ਕੀਤੀ ਤਾਂ ਸ. ਬਘੇਲ ਸਿੰਘ ਨੇ ਉਦਮ ਕਰਕੇ ਗੁਰੂ-ਧਾਮਾਂ ਦੀ ਨਿਸ਼ਾਨਦੇਹੀ ਕਰਵਾਈ। ਜਿਸ ਮਾਸ਼ਕੀ ਨੇ ਸ਼ਹਾਦਤ ਵਾਲੀ ਥਾਂ ਉਤੇ ਡੁਲ੍ਹੇ ਗੁਰੂ ਜੀ ਦੇ ਖ਼ੂਨ ਨੂੰ ਆਪਣੀ ਮਸ਼ਕ ਦੇ ਪਾਣੀ ਨਾਲ ਸਾਫ਼ ਕੀਤਾ ਸੀ, ਉਸ ਦੀ ਬੁਢੀ ਵਿਧਵਾ ਨੇ

ਸ. ਬਘੇਲ ਸਿੰਘ ਨੂੰ ਪਿਪਲ ਦੇ ਬ੍ਰਿਛ ਹੇਠਲੀ ਉਹ ਥਾਂ ਵਿਖਾਈ। ਸ. ਬਘੇਲ ਸਿੰਘ ਨੇ ਉਸ ਥਾਂ ਉਤੇ ਗੁਰੂ-ਧਾਮ ਬਣਵਾਇਆ। ਬਾਦ ਵਿਚ ਮੁਸਲਮਾਨਾਂ ਨੇ ਉਹ ਗੁਰਦੁਆਰਾ ਢਾਹ ਕੇ ਮਸੀਤ ਉਸਾਰ ਲਈ। ਫਿਰ ਸੰਨ 1857 ਈ. ਦੇ ਗ਼ਦਰ ਵੇਲੇ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਗੁਰਦੁਆਰੇ ਦੀ ਇਮਾਰਤ ਬਣਵਾਈ। ਵਿਸਤਾਰ ਲਈ ਵੇਖੋ 'ਦਿੱਲੀ ਦੇ ਗੁਰੂ-ਧਾਮ'।

**ਚਾਂਦਪੁਰ ਰੁੜਕੀ** (ਪਿੰਡ): ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗੜ੍ਹਸ਼ੰਕਰ ਤੋਂ ਆਨੰਦਪੁਰ ਜਾਣ ਵਾਲੀ ਸੜਕ ਉਤੇ 9 ਕਿ.ਮੀ. ਦੀ ਵਿਥ ਉਤੇ ਚਾਂਦਪੁਰ ਰੁੜਕੀ ਨਾਂ ਦਾ ਇਕ ਇਤਿਹਾਸਿਕ ਪਿੰਡ ਵਸਿਆ ਹੋਇਆ ਹੈ। ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀ ਬਹਾਦਰੀ ਕਰਕੇ ਇਸ ਦਾ ਇਤਿਹਾਸਿਕ ਮਹੱਤਵ ਹੋਰ ਵੀ ਵਧਿਆ ਹੈ। ਇਸ ਪਿੰਡ ਵਿਚ ਬਾਬਾ ਗੁਰਦਿੱਤਾ ਦੀ ਯਾਦ ਵਿਚ 'ਗੁਰਦੁਆਰਾ ਬਾਬਾ ਗੁਰਦਿਤਾ ਜੀ' ਬਣਿਆ ਹੋਇਆ ਹੈ। ਸਥਾਨਕ ਰਵਾਇਤ ਅਨੁਸਾਰ ਇਸ ਧਰਮ-ਧਾਮ ਵਾਲੇ ਸਥਾਨ ਉਤੇ ਇਕ ਕਿਲ੍ਹਾ ਬਣਿਆ ਹੋਇਆ ਸੀ ਜਿਸ ਦਾ ਮੁਸਲਮਾਨ ਸ਼ਾਸਕ ਹਿੰਦੂ ਪ੍ਰਜਾ ਨੂੰ ਕਾਫ਼ੀ ਤੰਗ ਕਰਦਾ ਸੀ। ਆਖ਼ਿਰ ਇਲਾਕੇ ਦੀ ਸੰਗਤ ਮਿਲ ਕੇ ਕੀਰਤਪੁਰ ਗਈ ਅਤੇ ਬਾਬਾ ਗੁਰਦਿੱਤਾ ਜੀ ਨੂੰ ਆਪਣੇ ਕਸ਼ਟ-ਨਿਵਾਰਣ ਲਈ ਬੇਨਤੀ ਕੀਤੀ। ਬਾਬਾ ਜੀ ਨੇ ਸੰਗਤ ਨੂੰ ਪੰਜ ਇੱਟਾਂ ਬਖ਼ਸ਼ ਕੇ ਉਥੇ ਗੁਰਦੁਆਰੇ ਦੀ ਉਸਾਰੀ ਕਰਨ ਦਾ ਆਦੇਸ਼ ਦਿੱਤਾ ਅਤੇ ਆਪਣੇ ਦੋ ਸੇਵਕਾਂ ਬਾਬਾ ਕੇਸਰਾ ਅਤੇ ਬਾਬਾ ਜੋਧਾ ਵੀ ਨਾਲ ਭੇਜੇ। ਇਸ ਤਰ੍ਹਾਂ ਉਥੇ ਗੁਰਦੁਆਰੇ ਦੀ ਉਸਾਰੀ ਹੋਈ। ਲੋਕਾਂ ਦੇ ਸਹਿਯੋਗ ਅਤੇ ਕੈਨੇਡਾ ਸਥਿਤ ਸ. ਗੁਰਦਿਆਲ ਸਿੰਘ ਮੀਲੂ ਦੀ ਸਹਾਇਤਾ ਨਾਲ ਗੁਰਦੁਆਰੇ ਦੀ ਸੁੰਦਰ ਇਮਾਰਤ ਬਣ ਗਈ ਹੈ। ਇਸ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ। ਬਾਕੀ ਪੁਰਬਾਂ ਤੋਂ ਇਲਾਵਾ, ਬਾਬਾ ਗੁਰਦਿੱਤਾ ਜੀ ਦਾ ਜਨਮ ਦਿਨ ਬੜੀ ਰੁਚੀ ਨਾਲ ਮੰਨਾਇਆ ਜਾਂਦਾ ਹੈ।

**ਚਾਬੀਆਂ ਦਾ ਮੋਰਚਾ** : ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ਾਖ਼ਾਨਾ ਦੀਆਂ ਚਾਬੀਆਂ ਨਾਲ ਸੰਬੰਧਿਤ ਇਸ ਮੋਰਚੇ ਦਾ ਕਾਰਣ ਇਹ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੀ ਪ੍ਰਬੰਧਕੀ ਵਿਵਸਥਾ ਚਲਾਉਣ ਲਈ ਪਹਿਲਾਂ ਕੰਮ ਕਰ ਰਹੇ ਸਰਬਰਾਹ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਹੀ ਆਪਣੀ ਜ਼ਿੰਮੇਵਾਰੀ ਜਾਰੀ ਰਖਣ ਦੀ ਪ੍ਰਵਾਨਗੀ ਦਿੱਤੀ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੋਚਿਆ ਕਿ ਤੋਸ਼ਾਖ਼ਾਨੇ ਦੀਆਂ ਚਾਬੀਆਂ ਕਮੇਟੀ ਦੇ ਪ੍ਰਧਾਨ ਪਾਸ ਰਹਿਣੀਆਂ ਚਾਹੀਦੀਆਂ ਹਨ, ਤਾਂ ਉਨ੍ਹਾਂ ਨੇ ਸ. ਸੁੰਦਰ ਸਿੰਘ ਤੋਂ ਚਾਬੀਆਂ ਲੈਣ ਦਾ ਫ਼ੈਸਲਾ ਕੀਤਾ। ਇਸ ਗੱਲ ਦਾ ਜਦੋਂ ਡਿਪਟੀ ਕਮਿਸ਼ਨਰ ਨੂੰ ਪਤਾ ਲਗਾ ਤਾਂ ਉਸ ਨੇ 7 ਨਵੰਬਰ 1921 ਈ. ਨੂੰ ਲਾ. ਅਮਰਨਾਥ ਈ.ਏ.ਸੀ. ਨੂੰ ਭੇਜ ਕੇ ਸੁੰਦਰ ਸਿੰਘ ਤੋਂ ਚਾਬੀਆਂ ਲੈ ਲਈਆਂ। 11 ਨਵੰਬਰ ਨੂੰ ਸਰਕਾਰ ਨੇ ਕਪਤਾਨ ਬਹਾਦਰ ਸਿੰਘ ਨੂੰ ਨਵਾਂ ਸਰਬਰਾਹ ਬਣਾ ਕੇ ਉਸ ਹੱਥ ਚਾਬੀਆਂ ਭੇਜੀਆਂ ਪਰ ਉਸ ਨੂੰ ਸ਼੍ਰੋਮਣੀ ਕਮੇਟੀ ਨੇ ਸਰਬਰਾਹ ਮੰਨਣੋਂ ਇਨਕਾਰ ਕਰ ਦਿੱਤਾ। 12 ਨਵੰਬਰ 1921 ਈ. ਨੂੰ ਬਾਗ਼-ਅਕਾਲੀ, ਅੰਮ੍ਰਿਤਸਰ ਵਿਚ ਰੋਸ ਸਭਾ ਬੁਲਾਈ ਗਈ ਜਿਸ ਨੂੰ ਬਾਬਾ ਖੜਕ ਸਿੰਘ ਅਤੇ ਹੋਰ ਅਕਾਲੀਆਂ ਲੀਡਰਾਂ ਨੇ ਸੰਬੋਧਨ ਕੀਤਾ। ਹੋਰ ਵੀ ਕਈ ਨਗਰਾਂ ਵਿਚ ਰੋਸ-ਸਭਾਵਾਂ ਹੋਈਆਂ। ਕਪਤਾਨ ਬਹਾਦਰ ਸਿੰਘ ਨੇ 'ਸਰਬਰਾਹ' ਪਦ ਤੋਂ ਅਸਤੀਫ਼ਾ ਦੇ ਦਿੱਤਾ।

26 ਨਵੰਬਰ 1921 ਈ. ਨੂੰ ਡਿਪਟੀ ਕਮਿਸ਼ਨਰ ਨੇ ਅਜਨਾਲੇ ਵਿਚ ਆਯੋਜਿਤ ਇਕ ਦੀਵਾਨ ਵਿਚੋਂ ਪਹਿਲਾਂ ਸ. ਦਾਨ ਸਿੰਘ ਵਛੋਆ ਅਤੇ ਸ. ਜਸਵੰਤ ਸਿੰਘ ਝਬਾਲ ਨੂੰ ਫੜ ਲਿਆ ਅਤੇ ਫਿਰ ਉਸ ਦੀਵਾਨ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰਕੇ ਬਾਬਾ ਖੜਕ ਸਿੰਘ ਅਤੇ ਮ. ਤਾਰਾ ਸਿੰਘ ਸਮੇਤ ਬਹੁਤ ਸਾਰੇ ਅਕਾਲੀ ਲੀਡਰਾਂ ਨੂੰ ਪਕੜ ਲਿਆ। 27 ਨਵੰਬਰ 1921 ਈ. ਨੂੰ ਸ਼੍ਰੋਮਣੀ ਕਮੇਟੀ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਤਿਰਸਕਾਰਿਆ ਅਤੇ ਸਿੱਖ ਸਮਾਜ ਨੂੰ ਅਪੀਲ ਕੀਤੀ ਕਿ 4 ਦਸੰਬਰ ਨੂੰ ਸਭ ਪਾਸੇ ਰੋਸ-ਦਿਵਸ ਮੰਨਾਇਆ ਜਾਏ ਅਤੇ ਪ੍ਰਿੰਸ ਆਫ਼ ਵੇਲਜ਼ ਦੇ ਸਵਾਗਤੀ ਸਮਾਗਮਾਂ ਵਿਚ ਬਿਲਕੁਲ ਸ਼ਾਮਲ ਨ ਹੋਇਆ ਜਾਏ। ਸਥਿਤੀ ਨੂੰ ਵਿਗੜਨ ਤੋਂ ਬਚਾਉਣ ਲਈ 11 ਜਨਵਰੀ 1922 ਈ. ਨੂੰ ਸਰ ਜੌਹਨ ਮੇਨਾਰਡ, ਹੋਮ ਮੈਂਬਰ ਨੇ ਚਾਬੀਆਂ ਵਾਪਸ ਕਰਨ ਅਤੇ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ ਮੁਕਤ ਕਰਨ ਦੀ ਘੋਸ਼ਣਾ ਕਰ ਦਿੱਤੀ। 17 ਜਨਵਰੀ ਨੂੰ ਕੈਦ ਕੀਤੇ ਸਿੱਖਾਂ ਨੂੰ ਰਿਹਾ ਕੀਤਾ ਗਿਆ। 19 ਜਨਵਰੀ 1922 ਈ. ਨੂੰ ਅਕਾਲ ਤਖ਼ਤ ਦੇ ਸਾਹਮਣੇ ਦੀਵਾਨ ਸਜਾਇਆ ਗਿਆ

ਜਿਸ ਵਿਚ ਇਕ ਸਰਕਾਰੀ ਅਧਿਕਾਰੀ ਚਾਬੀਆਂ ਲੈ ਕੇ ਆਇਆ ਅਤੇ ਬਾਬਾ ਖੜਕ ਸਿੰਘ ਨੇ ਸੰਗਤ ਤੋਂ ਆਗਿਆ ਲੈ ਕੇ ਚਾਬੀਆਂ ਨੂੰ ਗ੍ਰਹਿਣ ਕੀਤਾ। ਅਕਾਲੀਆਂ ਦੀ ਇਸ ਜਿਤ ਦਾ ਦੇਸ਼ ਭਰ ਵਿਚ ਜੈਜੈਕਾਰ ਹੋਇਆ। ਮਹਾਤਮਾ ਗਾਂਧੀ ਨੇ ਇਕ ਤਾਰ ਭੇਜ ਕੇ ਇਸ ਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਫ਼ੈਸਲਾਕੁੰਨ ਜਿਤ ਮੰਨਿਆ।

**ਚਾਰ ਅਗਨੀਆਂ** : ਭਾਰਤੀ ਸੰਸਕ੍ਰਿਤੀ ਵਿਚ ਪ੍ਰਕ੍ਰਿਤੀ ਦੇ ਤੱਤ੍ਵਾਂ ਦਾ ਦੈਵੀਕਰਣ ਕਰਦਿਆਂ ਅੱਗ ਨੂੰ 'ਅਗਨੀ ਦੇਵਤਾ' ਮੰਨਿਆ ਗਿਆ ਹੈ। ਪ੍ਰਾਕ੍ਰਿਤਿਕ ਤੱਤ੍ਵ ਵਜੋਂ ਇਸ ਦੇ ਚਾਰ ਭੇਦ ਦਸੇ ਜਾਂਦੇ ਹਨ— (1) ਦਾਵਾ ਅਗਨਿ, ਜੋ ਧਰਤੀ ਉਤੇ ਬਲਦੀ ਹੈ, ਜੰਗਲਾਂ ਵਿਚ ਲਗਦੀ ਹੈ ਅਤੇ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਦੀ ਹੈ। (2) ਅਬਿੰਧਨਾਗਨਿ, ਜੋ ਜਲ ਵਿਚ ਲਗਦੀ ਹੈ। ਸਮੁੰਦਰ ਦੀ ਅੱਗ (ਬੜਵਾਨਲ) ਅਤੇ ਬਿਜਲੀ ਇਸੇ ਭੇਦ ਵਿਚ ਸ਼ਾਮਲ ਹਨ।(3) ਆਕਰਜਾਗਨਿ, ਜੋ ਖ਼ਾਨਾਂ ਵਿਚੋਂ ਨਿਕਲਦੀ ਹੈ। (4) ਜਠਰਾਗਨਿ, ਜੋ ਪੇਟ ਵਿਚਲੇ ਖਾਧ ਪਦਾਰਥਾਂ ਨੂੰ ਪਚਾਉਂਦੀ ਹੈ।

ਗੁਰਬਾਣੀ ਵਿਚ ਇਨ੍ਹਾਂ ਚਾਰ ਅਗਨੀਆਂ ਤੋਂ ਭਿੰਨ ਚਾਰ ਹੋਰ ਅਗਨੀਆਂ ਦੀ ਕਲਪਨਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਹਿੰਸਾ, ਮੋਹ, ਲੋਭ ਅਤੇ ਗੁੱਸੇ ਨੂੰ ਚਾਰ ਅਗਨੀਆਂ ਦਾ ਨਾਂ ਦਿੱਤਾ ਹੈ— *ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ। ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।* (ਗੁ.ਗ੍ਰੰ.147)। ਇਨ੍ਹਾਂ ਅਗਨੀਆਂ ਨੂੰ ਗੁਰਮੁਖ ਵਿਅਕਤੀ ਹਰਿ-ਨਾਮ ਦੇ ਜਲ ਰਾਹੀਂ ਸ਼ਾਂਤ ਕਰਕੇ ਜੀਵਨ-ਮੁਕਤ ਹੋ ਜਾਂਦਾ ਹੈ— *ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ।*(ਗੁ.ਗ੍ਰੰ.21)। ਮਹਾਨ ਕੋਸ਼ਕਾਰ ਨੇ ਇਸ ਤੁਕ ਵਿਚਲੀਆਂ ਅਗਨੀਆਂ ਦੀ ਵਖਰੇ ਢੰਗ ਨਾਲ ਕਲਪਨਾ ਕੀਤੀ ਹੈ— *ਈਰਖਾ ਅਗਨਿ, ਹਉਮੈ ਅਗਨਿ, ਕ੍ਰੋਧ ਅਗਨਿ ਅਤੇ ਤ੍ਰਿਸ਼ਣਾ ਅਗਨਿ।* ਅਸਲ ਵਿਚ, ਮਾਨਸਿਕ ਵਿਕਾਰਾਂ ਨੂੰ ਭਗਤੀ-ਕਾਵਿ ਵਿਚ ਅਗਨਿ-ਤੁਲ ਦਸ ਕੇ ਇਨ੍ਹਾਂ ਤੋਂ ਬਚਣ ਦੀ ਪ੍ਰੇਰਣਾ ਦਿੱਤੀ ਗਈ ਹੈ।

**ਚਾਰ ਸਾਹਿਬਜ਼ਾਦੇ** : ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸੁਪੁੱਤਰਾਂ (ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ) ਲਈ ਵਰਤੇ ਜਾਂਦੇ ਹਨ, ਜਿਨ੍ਹਾਂ ਨੇ ਸਿੱਖ ਧਰਮ ਵਾਸਤੇ ਆਪਣੀਆਂ ਸ਼ਹਾਦਤਾਂ ਦਿੱਤੀਆਂ ਸਨ। ਵੇਖੋ 'ਸਾਹਿਬਜ਼ਾਦੇ'।

**ਚਾਰ ਕਿਲਵਿਖ** : ਭਾਰਤ ਦੇ ਅਧਿਆਤਮਿਕ ਇਤਿਹਾਸ ਵਿਚ 'ਕਿਲਵਿਖ' ਨਿਵਾਰਣ ਦੀ ਬਹੁਤ ਚਰਚਾ ਹੋਈ ਹੈ। ਸੰਸਕ੍ਰਿਤ ਦੇ 'ਕਿਲਵਿਖ' (ਕਿਲ੍ਵਿਸ਼) ਦਾ ਸ਼ਾਬਦਿਕ ਅਰਥ ਹੈ ਪਾਪ। ਸਮ੍ਰਿਤੀਆਂ ਅਨੁਸਾਰ ਬ੍ਰਹਮ-ਹਤਿਆ, ਸੁਰਾ-ਪਾਨ, ਚੋਰੀ ਅਤੇ ਗੁਰੂ-ਇਸਤਰੀ-ਗਮਨ, ਇਹ ਚਾਰ ਮੁੱਖ ਪਾਪ ਹਨ। ਪਰ ਇਨ੍ਹਾਂ ਵਿਚ ਕਿਤੇ ਕਿਤੇ ਅੰਤਰ ਵੀ ਹੈ।

ਗੁਰਬਾਣੀ ਦਾ ਮੁੱਖ ਉੱਦੇਸ਼ ਮਨੁੱਖ ਨੂੰ ਸਹੀ ਮਨੁੱਖ ਬਣਨ ਦੀ ਪ੍ਰੇਰਣਾ ਦੇਣਾ ਹੈ। ਜੋ ਕੰਮ ਸਹੀ ਨਹੀਂ ਹਨ ਜਾਂ ਮਨੁੱਖਤਾ ਦੇ ਕਲਿਆਣ ਲਈ ਸਹਾਇਕ ਨਹੀਂ ਹਨ ਅਤੇ ਜੋ ਮਨੁੱਖ ਦੇ ਵਰਤਮਾਨ ਅਤੇ ਅਧਿਆਤਮਿਕ ਭਵਿਖ ਨੂੰ ਉਜਲਾ ਨਹੀਂ ਕਰਦੇ, ਉਹ ਸਭ ਪਾਪ ਹਨ। ਇਸ ਤਰ੍ਹਾਂ ਪਾਪਾਂ ਦੀ ਗਿਣਤੀ ਅਨੰਤ ਹੈ। ਪਰ ਚਾਰ ਪਾਪਾਂ ਨੂੰ ਪ੍ਰਮੁਖ ਮੰਨਿਆ ਗਿਆ ਹੈ। ਹਰ ਇਕ ਸਾਧਕ ਨੇ ਆਪਣੇ ਆਪਣੇ ਢੰਗ ਨਾਲ ਇਨ੍ਹਾਂ ਚਾਰ ਪਾਪਾਂ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ। ਗੁਰੂ ਅਮਰਦਾਸ ਜੀ ਨੇ ਬ੍ਰਹਮ-ਹਤਿਆ, ਗਊ-ਹਤਿਆ, ਕੰਨਿਆ-ਹਤਿਆ ਅਤੇ ਚਰਿਤ੍ਰ-ਹੀਨ ਦਾ ਅੰਨ, ਨੂੰ ਚਾਰ ਮੁੱਖ ਪਾਪਾਂ ਵਿਚ ਗਿਣਿਆ ਹੈ— *ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ। ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ।*(ਗੁ.ਗ੍ਰੰ.1413)। ਗੁਰੂ ਅਰਜਨ ਦੇਵ ਜੀ ਨੇ ਚਾਰ ਪਾਪਾਂ ਦਾ ਉਲੇਖ ਕਰਦਿਆਂ ਕਿਹਾ ਹੈ ਕਿ ਮਾਨਸਿਕ ਵਿਕਾਰਾਂ, ਚੌਹਾਂ ਪਾਪਾਂ ਅਤੇ ਹਰ ਪ੍ਰਕਾਰ ਦੇ ਗਿਆਨ ਤੋਂ ਵਾਂਝਿਆਂ ਵਿਅਕਤੀ ਵੀ ਹਰਿ-ਨਾਮ ਨੂੰ ਚੇਤੇ ਕਰਨ ਨਾਲ ਭਵ-ਸਾਗਰ ਤਰ ਜਾਂਦਾ ਹੈ— *ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।... ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ।* (ਗੁ.ਗ੍ਰੰ.70)।

**ਚਾਰ ਖਾਣੀਆਂ** : ਇਨ੍ਹਾਂ ਦਾ ਸੰਬੰਧ ਵਿਭਿੰਨ ਪ੍ਰਕਾਰ ਦੇ ਜੀਵਾਂ ਦੀ ਉਤਪੱਤੀ-ਪ੍ਰਕ੍ਰਿਆ ਨਾਲ ਹੈ। 'ਖਾਣੀ' ਤੋਂ ਭਾਵ ਹੈ ਭੇਦ, ਪ੍ਰਕਾਰ। ਭਾਰਤੀ ਚਿੰਤਕਾਂ ਨੇ ਸ੍ਰਿਸ਼ਟੀ ਦੇ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੀ ਉਤਪੱਤੀ ਦੀ ਪ੍ਰਕ੍ਰਿਆ ਦੇ ਸਰੂਪ ਤੋਂ ਚਾਰ ਮੁੱਖ ਭੇਦਾਂ ਵਿਚ ਵੰਡਿਆ ਹੈ— ਅੰਡਜ, ਜੇਰਜ, ਸਵੇਦਜ (ਸੇਤਜ) ਅਤੇ ਉਤਭਿਜ (ਉਤਭੁਜ)। ਅੰਡੇ ਤੋਂ

ਪੈਦਾ ਹੋਣ ਵਾਲੇ ਜੀਵ 'ਅੰਡਜ' ਅਖਵਾਉਂਦੇ ਹਨ। ਜੇਰ ਤੋਂ ਪੈਦਾ ਹੋਣ ਵਾਲੇ ਪ੍ਰਾਣੀ 'ਜੇਰਜ' ਕਹੇ ਜਾਂਦੇ ਹਨ। ਪਸੀਨੇ ਤੋਂ ਪੈਦਾ ਹੋਣ ਵਾਲੇ ਜੰਤੂ 'ਸਵੇਦਜ' ਮੰਨੇ ਜਾਂਦੇ ਹਨ ਅਤੇ ਧਰਤੀ ਵਿਚੋਂ ਜੰਮਣ ਵਾਲੇ ਬ੍ਰਿਛ, ਬੇਲਾਂ ਆਦਿ 'ਉਤਭਿਜ' ਦੇ ਭੇਦ ਵਿਚ ਰਖੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਚਾਰ ਖਾਣੀਆਂ ਦਾ ਹਵਾਲਾ ਦਿੰਦਿਆਂ ਕਿਹਾ ਹੈ— *ਖਾਣੀ ਚਾਰੇ ਬਾਣੀ ਭੇਦਾ।* (ਗੁ.ਗ੍ਰੰ.839)। ਇਹ ਸਭ ਪਰਮਾਤਮਾ ਦੀਆਂ ਪੈਦਾ ਕੀਤੀਆਂ ਹੋਈਆਂ ਹਨ—*ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।* (ਗੁ.ਗ੍ਰੰ.596)।

ਗੁਰਮਤਿ-ਕਾਵਿ ਵਿਚ ਸ੍ਰਿਸ਼ਟੀ ਨੂੰ ਅਨੰਤ ਮੰਨਦੇ ਹੋਇਆਂ, ਹਰ ਵਸਤੂ ਨੂੰ ਕਿਸੇ ਗਿਣਤੀ ਸੀਮਾ ਵਿਚ ਰਖਣੋਂ ਸੰਕੋਚ ਕੀਤਾ ਗਿਆ ਹੈ। ਖਾਣੀਆਂ ਦੀ ਗਿਣਤੀ ਵੀ ਕਰੋੜਾਂ ਵਿਚ ਦਸੀ ਗਈ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਬਾਣੀ ਵਿਚ ਕਿਹਾ ਹੈ— *ਕਈ ਕੋਟਿ ਖਾਣੀ ਅਰੁ ਖੰਡ। ਕਈ ਕੋਟਿ ਅਕਾਸ ਬ੍ਰਹਮੰਡ।* (ਗੁ.ਗ੍ਰੰ.276)।

**ਚਾਰ ਚੌਕੀਆਂ** : ਵੇਖੋ 'ਚੌਕੀ ਕੀਰਤਨ ਦੀ'।

**ਚਾਰ ਤਖ਼ਤ** : ਵੇਖੋ 'ਤਖ਼ਤ'।

**ਚਾਰ ਪਦਾਰਥ** : ਭਾਰਤੀ ਅਧਿਆਤਮਵਾਦ ਦੇ ਬਹੁ-ਚਰਚਿਤ ਚਾਰ ਪਦਾਰਥਾਂ ਦਾ ਸੰਬੰਧ 'ਪੁਰੁਸ਼ਾਰਥ' ਨਾਲ ਹੈ। ਪੁਰੁਸ਼ਾਰਥ ਤੋਂ ਭਾਵ ਹੈ—ਪੁਰਸ਼ ਦੁਆਰਾ ਪ੍ਰਾਪਤ ਕਰਨ ਯੋਗ। ਹਿੰਦੂ ਧਰਮ ਦੇ ਚਿੰਤਕਾਂ ਨੇ ਚਾਰ ਪੁਰੁਸ਼ਾਰਥ ਮੰਨੇ ਹਨ— ਧਰਮ, ਅਰਥ, ਕਾਮ ਅਤੇ ਮੋਕਸ਼। ਇਨ੍ਹਾਂ ਨੂੰ ਹੀ 'ਚਾਰ ਪਦਾਰਥ' ਕਿਹਾ ਜਾਂਦਾ ਹੈ। 'ਧਰਮ' ਦਾ ਅਰਥ ਹੈ ਜੀਵਨ ਦੇ ਕਰਤੱਵ ਨੂੰ ਪਾਲਣ ਵਾਲੇ ਤੱਤ੍ਵ। 'ਅਰਥ' ਤੋਂ ਭਾਵ ਹੈ ਜੀਵ ਦੇ ਭੌਤਿਕ ਸਾਧਨ। 'ਕਾਮ' ਦਾ ਅਰਥ ਹੈ ਜੀਵਨ ਦੀਆਂ ਜਾਇਜ਼ ਜਾਂ ਉਚਿਤ ਕਾਮਨਾਵਾਂ। 'ਮੋਕ੍ਸ਼' ਦਾ ਅਰਥ ਹੈ ਸੰਸਾਰਿਕ ਬੰਧਨਾਂ ਤੋਂ ਖ਼ਲਾਸੀ। ਇਨ੍ਹਾਂ ਵਿਚੋਂ ਪਹਿਲੇ ਤਿੰਨ ਦਾ ਸੰਬੰਧ ਸੰਸਾਰਿਕਤਾ ਨਾਲ ਹੈ ਅਤੇ ਚੌਥੇ ਦਾ ਸੰਬੰਧ ਪਰਮ-ਪਦ ਦੀ ਪ੍ਰਾਪਤੀ ਨਾਲ। ਇਨ੍ਹਾਂ ਚੌਹਾਂ ਪਦਾਰਥਾਂ ਵਿਚ ਵਿਕਾਸ-ਕ੍ਰਮ ਦੀ ਇਕ ਸੰਗਲੀ ਚਲਦੀ ਹੈ। ਇਕ ਦੇ ਪੂਰਾ ਹੋਣ ਤੋਂ ਬਾਦ ਦੂਜੇ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਨੂੰ ਚਾਰ ਆਸ਼੍ਰਮਾਂ ਨਾਲ ਵੀ ਸੰਬੰਧਿਤ ਕੀਤਾ ਗਿਆ ਹੈ।

ਸਿੱਖ ਧਰਮ ਵਿਚ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ ਕੋਈ ਵਿਸ਼ੇਸ਼ ਬਲ ਨਹੀਂ ਦਿੱਤਾ ਗਿਆ। ਸਗੋਂ ਗੁਰੂ ਸਾਹਿਬਾਨ ਨੇ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਨਾਲੋਂ ਸਾਧ-ਸੰਗਤਿ ਵਿਚ ਜਾਣਾ ਅਧਿਕ ਲਾਭਦਾਇਕ ਮੰਨਿਆ ਹੈ। ਕਿਉਂਕਿ ਗੁਰੂ ਅਰਜਨ ਦੇਵ ਜੀ ਅਨੁਸਾਰ ਅਜਿਹੇ ਪਦਾਰਥ ਸਾਧ-ਸੰਗਤਿ ਦੁਆਰਾ ਸਹਿਜ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ— *ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ। ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ।* (ਗੁ.ਗ੍ਰੰ.816)। 'ਸੁਖਮਨੀ' ਨਾਮਕ ਬਾਣੀ ਵਿਚ ਵੀ ਅੰਕਿਤ ਹੋਇਆ ਹੈ ਕਿ ਇਨ੍ਹਾਂ ਪਦਾਰਥਾਂ ਦੀ ਇੱਛਾ ਕਰਨ ਵਾਲੇ ਨੂੰ ਸਾਧ-ਜਨਾਂ ਦੀ ਸੇਵਾ ਕਰਨੀ ਚਾਹੀਦੀ ਹੈ— *ਚਾਰਿ ਪਦਾਰਥ ਜੇ ਕੋ ਮਾਗੈ। ਸਾਧੁ ਜਨਾ ਕੀ ਸੇਵਾ ਲਾਗੈ।* (ਗੁ.ਗ੍ਰੰ.266)।

**ਚਾਰ ਬਾਣੀਆਂ** : ਭਾਰਤੀ ਸੰਸਕ੍ਰਿਤੀ ਵਿਚ ਬਾਣੀ ਅਥਵਾ ਸ਼ਬਦ ਦੇ ਚਾਰ ਭੇਦ ਮੰਨੇ ਗਏ ਹਨ, ਜਿਵੇਂ ਪਰਾ, ਪਸ਼੍ਯੰਤੀ, ਮਧ੍ਯਮਾ ਅਤੇ ਵੈਖਰੀ। ਮੂਲਾਧਾਰ ਵਿਚ ਸਥਿਤ ਰਹਿਣ ਵਾਲਾ ਨਾਦ-ਰੂਪ ਸ਼ਬਦ 'ਪਰਾ' ਹੈ। ਇਸ ਨੂੰ ਸ਼ਬਦ ਦਾ ਸੂਖਮ ਰੂਪ ਕਿਹਾ ਜਾਂਦਾ ਹੈ। ਮੂਲਾਧਾਰ ਤੋਂ ਉਠ ਕੇ ਵਾਯੂ ਦੇ ਸੰਯੋਗ ਨਾਲ ਨਾਭੀ ਵਿਚ ਆਇਆ ਸ਼ਬਦ 'ਪਸ਼੍ਯੰਤੀ' ਹੈ। ਪਰਾ ਅਤੇ ਪਸ਼੍ਯੰਤੀ ਸ਼ਬਦ ਭੇਦ ਕੇਵਲ ਯੋਗੀਆਂ ਲਈ ਹੀ ਗੋਚਰ ਹੁੰਦੇ ਹਨ। ਨਾਭੀ ਤੋਂ ਉਠ ਕੇ ਹਿਰਦੇ ਤਕ ਪਹੁੰਚਿਆ ਸ਼ਬਦ 'ਮਧ੍ਯਮਾ' ਅਖਵਾਉਂਦਾ ਹੈ। ਹਿਰਦੇ ਤੋਂ ਕੰਠ ਤਕ ਪਹੁੰਚ ਕੇ ਉਚਾਰਿਆ ਜਾਣਾ ਵਾਲਾ ਸ਼ਬਦ 'ਵੈਖਰੀ' ਹੈ। ਅਸਲ ਵਿਚ, ਇਕ ਹੀ ਸ਼ਬਦ ਮੂਲਾਧਾਰ, ਨਾਭੀ, ਹਿਰਦੇ ਅਤੇ ਕੰਠ ਦੇ ਸੰਪਰਕ ਨਾਲ ਪਰਾ, ਪਸ਼੍ਯੰਤੀ, ਮਧ੍ਯਮਾ ਅਤੇ ਵੈਖਰੀ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਚਾਰ ਬਾਣੀ-ਭੇਦਾਂ ਦਾ ਹਵਾਲਾ ਦਿੱਤਾ ਹੈ— *ਚਉਥਿ ਉਪਾਏ ਚਾਰੇ ਬੇਦਾ। ਖਾਣੀ ਚਾਰੇ ਬਾਣੀ ਭੇਦਾ।* (ਗੁ.ਗ੍ਰੰ.839)।

ਗੁਰਮਤਿ ਕਾਵਿ ਵਿਚ ਸ੍ਰਿਸ਼ਟੀ ਨੂੰ ਅਨੰਤ ਮੰਨਦੇ ਹੋਇਆਂ, ਹਰ ਇਕ ਵਸਤੂ ਨੂੰ ਕਿਸੇ ਗਿਣਤੀ-ਸੀਮਾ ਵਿਚ ਨਹੀਂ ਰਖਿਆ ਗਿਆ। 'ਜਪੁਜੀ' ਦੇ 'ਗਿਆਨ-ਖੰਡ' ਪ੍ਰਸੰਗ ਵਿਚ ਕਿਤਨੀਆਂ ਹੀ ਬਾਣੀਆਂ ਦੇ ਹੋਣ ਦੀ ਸਥਾਪਨਾ ਹੋਈ ਹੈ— *ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।* (ਗੁ.ਗ੍ਰੰ.7)।

**ਚਾਲੀ ਮੁਕਤੇ** : ਮੁਕਤੀ-ਪ੍ਰਾਪਤ ਵਿਅਕਤੀ ਨੂੰ 'ਮੁਕਤ' ਜਾਂ 'ਮੁਕਤਾ' ਕਿਹਾ ਜਾਂਦਾ ਹੈ। ਸਿੱਖ-ਇਤਿਹਾਸ ਵਿਚ ਚਾਲੀ ਮੁਕਤਿਆਂ ਦਾ ਪ੍ਰਸੰਗ ਬਹੁਤ ਪ੍ਰਸਿੱਧ ਹੈ, ਜਿਨ੍ਹਾਂ ਦੀ ਯਾਦ ਵਿਚ ਮੁਕਤਸਰ (ਵੇਖੋ) ਦੀ ਸਥਾਪਨਾ ਹੋਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਧਰਮ-ਯੁੱਧ ਕਰਦੇ ਹੋਏ ਮੁਗ਼ਲ ਸੈਨਾ ਦੁਆਰਾ ਆਨੰਦਪੁਰ ਦੇ ਕਿਲ੍ਹੇ ਵਿਚ ਘਿਰ ਗਏ ਤਾਂ ਕੁਝ ਸਿੰਘ ਭੁਖੇ ਤਿਹਾਏ ਹੋਣ ਕਾਰਣ ਦਿਲ ਛਡ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਕਿਲ੍ਹਾ ਛਡ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਅਜੇ ਹੋਰ ਉਡੀਕਣ ਲਈ ਆਦੇਸ਼ ਦਿੱਤਾ। ਪਰ ਉਹ ਕਿਲ੍ਹੇ ਤੋਂ ਬਾਹਰ ਜਾਣ ਲਈ ਬਜ਼ਿਦ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਬੇਦਾਵਾ (ਸੰਬੰਧ-ਤਿਆਗ) ਲਿਖ ਕੇ ਦੇ ਜਾਣ ਲਈ ਕਿਹਾ। ਸ. ਮਹਾਂ ਸਿੰਘ ਦੀ ਜੱਥੇਬੰਦੀ ਅਧੀਨ 40 ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਅਤੇ ਕਿਲ੍ਹਾ ਛਡ ਕੇ ਮਾਝੇ ਦੇ ਇਲਾਕੇ ਵਿਚ ਆਪਣੇ ਘਰਾਂ ਨੂੰ ਚਲੇ ਗਏ। ਕੁਝ ਸਮੇਂ ਬਾਦ ਪ੍ਰਤਿਕੂਲ ਸਥਿਤੀ ਨੂੰ ਵੇਖਦੇ ਹੋਇਆਂ ਗੁਰੂ ਜੀ ਨੇ ਵੀ ਕਿਲ੍ਹਾ ਛਡ ਦਿੱਤਾ। ਮੁਗ਼ਲ ਸੈਨਾ ਨਾਲ ਜੂਝਦਿਆਂ ਅਤੇ ਬਿਖੜੇ ਮਾਰਗ ਚਲਦਿਆਂ ਗੁਰੂ ਜੀ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਕੋਲ ਪਹੁੰਚੇ।

ਉਧਰ ਉਹ 40 ਸਿੰਘ ਜਦੋਂ ਘਰਾਂ ਵਿਚ ਪਹੁੰਚੇ ਤਾਂ ਘਰ ਵਾਲਿਆਂ ਨੇ ਬੁਰਾ ਮੰਨਾਇਆ, ਤਾਹਨੇ ਮਾਰੇ, ਵਿਅੰਗ ਕਸੇ। ਸ਼ਰਮਸਾਰ ਹੋ ਕੇ ਉਹ ਮਾਈ ਭਾਗੋ ਦੀ ਅਗਵਾਈ ਵਿਚ ਗੁਰੂ ਸਾਹਿਬ ਤੋਂ ਖਿਮਾ ਮੰਗਣ ਅਤੇ ਟੁੱਟ ਸੰਬੰਧਾਂ ਨੂੰ ਫਿਰ ਤੋਂ ਜੋੜਨ ਲਈ ਤੁਰ ਪਏ। ਕਿਲ੍ਹਾ ਛਡ ਚੁੱਕੇ ਗੁਰੂ ਜੀ ਨੂੰ ਲਭਦੇ ਲਭਦੇ ਉਹ ਖਿਦਰਾਣੇ ਦੀ ਢਾਬ ਕੋਲ ਪਹੁੰਚੇ ਅਤੇ ਗੁਰੂ ਸਾਹਿਬ ਦਾ ਪਿਛਾ ਕਰ ਰਹੀ ਮੁਗ਼ਲ ਸੈਨਾ ਨਾਲ ਜਨਵਰੀ 1706 ਈ. ਵਿਚ ਅਦੁੱਤੀ ਯੁੱਧ ਕਰਕੇ ਵੀਰਗਤੀ ਪ੍ਰਾਪਤ ਕੀਤੀ। ਗੁਰੂ ਜੀ ਨੇੜੇ ਹੀ ਇਕ ਟਿੱਬੇ ਉਤੇ ਬੈਠਿਆਂ ਸਿੰਘਾਂ ਦਾ ਯੁੱਧ-ਕਰਮ ਵੇਖ ਰਹੇ ਸਨ। ਯੁੱਧ ਉਪਰੰਤ ਅੰਤਿਮ ਸੁਆਸਾਂ 'ਤੇ ਪਹੁੰਚੇ ਜੱਥੇਦਾਰ ਮਹਾਂ ਸਿੰਘ ਨੂੰ ਗੁਰੂ ਜੀ ਨੇ ਜਲ ਛਿੜਕ ਕੇ ਸਚੇਤ ਕੀਤਾ। ਉਸ ਦੀ ਅੰਤਿਮ ਇੱਛਾ ਪੁੱਛੀ ਜਿਸ ਅਨੁਸਾਰ ਗੁਰੂ ਜੀ ਨੇ ਬੇਦਾਵਾ ਫਾੜ ਕੇ ਉਨ੍ਹਾਂ ਸਿੰਘਾਂ ਨੂੰ ਮੁਕਤੀ ਪ੍ਰਦਾਨ ਕਰਦੇ ਹੋਇਆਂ ਆਪਣੇ ਹੱਥ ਨਾਲ ਉਨ੍ਹਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ ਅਤੇ ਉਨ੍ਹਾਂ ਦੀ ਯਾਦ ਵਿਚ ਉਸ ਢਾਬ ਦਾ ਨਾਂ 'ਮੁਕਤਸਰ' ਰਖਿਆ। ਉਥੇ ਹਰ ਸਾਲ ਮਾਘੀ ਦੇ ਅਵਸਰ 'ਤੇ ਬਹੁਤ ਵੱਡਾ ਮੇਲਾ ਲਗਦਾ ਹੈ।

ਮੁਕਤਸਰ ਦੇ ਯੁੱਧ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ 'ਮਹਾਨ ਕੋਸ਼' ਅਨੁਸਾਰ ਇਸ ਪ੍ਰਕਾਰ ਹਨ— ਸਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲ੍ਹਾ ਸਿੰਘ, ਕੀਰਤਿ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਯਾਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ ਅਤੇ ਲਛਮਣ ਸਿੰਘ। ਕਈ ਇਤਿਹਾਸਕਾਰਾਂ ਨੇ ਨਾਂਵਾਂ ਵਿਚ ਕੁਝ ਫ਼ਰਕ ਵੀ ਪਾਇਆ ਹੈ।

**ਚਿਟਗਾਂਗ/ਚਿੱਟਾਗਾਂਗ** (ਨਗਰ) : ਬੰਗਲਾਦੇਸ਼ ਦਾ ਇਕ ਪ੍ਰਮੁਖ ਨਗਰ, ਜਿਥੇ ਗੁਰੂ ਨਾਨਕ ਦੇਵ ਜੀ ਦੇ ਉਦਾਸੀ ਦੌਰਾਨ ਜਾਣ ਦਾ ਉੱਲੇਖ 'ਭਾਈ ਬਾਲੇ ਵਾਲੀ ਜਨਮਸਾਖੀ' ਵਿਚ ਹੋਇਆ ਹੈ। ਉਥੇ ਹੀ ਗੁਰੂ ਜੀ ਦੀ ਭੇਂਟ ਝੰਡੇ ਬਾਢੀ ਅਤੇ ਰਾਜਾ ਸੁਧਰ ਸੇਨ ਨਾਲ ਹੋਈ ਸੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਜੋ ਸਮਾਰਕ ਬਣਾਇਆ ਗਿਆ, ਉਸ ਨਾਲ ਭਾਈ ਮੋਹਨ ਸਿੰਘ ਨੇ 18ਵੀਂ ਸਦੀ ਦੇ ਅੱਧ ਵਿਚ ਕੁਝ ਜਾਇਦਾਦ ਲਗਵਾਈ ਸੀ, ਤਾਂ ਜੋ ਉਸ ਦੀ ਆਮਦਨ ਨਾਲ ਗੁਰਦੁਆਰੇ ਦਾ ਖ਼ਰਚਾ ਚਲਦਾ ਰਹੇ। ਸ਼ੁਰੂ ਤੋਂ ਇਸ ਗੁਰੂ-ਧਾਮ ਦੀ ਵਿਵਸਥਾ ਉਦਾਸੀ ਸੰਤ ਕਰਦੇ ਆਏ ਸਨ, ਪਰ ਸੰਨ 1917 ਈ. ਤੋਂ ਬਾਦ ਇਸ ਦਾ ਪ੍ਰਬੰਧ ਸਥਾਨਕ ਕਮੇਟੀ ਨੂੰ ਸੌਂਪਿਆ ਗਿਆ। ਇਸ ਦੀ ਨਵੀਂ ਇਮਾਰਤ ਸੰਨ 1939 ਈ. ਵਿਚ ਤਿਆਰ ਹੋਈ ਸੀ। ਇਸ ਦਾ ਹੁਣ ਪ੍ਰਚਲਿਤ ਨਾਂ ਹੈ—'ਗੁਰਦਆਰਾ ਸਿੱਖ ਟੈਂਪਲ ਚੌਕ ਬਾਜ਼ਾਰ'। ਵੇਖੋ 'ਬੰਗਲਾਦੇਸ਼ ਦੇ ਗੁਰੂ-ਧਾਮ'।

**ਚਿੰਤਾ** : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਫ਼ਿਕਰ, ਅੰਦੇਸ਼ਾ, ਸੰਸਾਰ ਦੇ ਤਨਾਓ ਭਰੇ ਵਾਤਾਵਰਣ ਵਿਚ ਹਰ ਇਕ ਮਨੁੱਖ ਕਿਸੇ ਨ ਕਿਸੇ ਚਿੰਤਾ ਵਿਚ ਗ੍ਰਸਤ ਹੈ, ਡੁਬਿਆ ਹੋਇਆ ਹੈ। ਇਹ ਇਕ ਪ੍ਰਕਾਰ ਦਾ ਮਾਨਸਿਕ ਵਿਕਾਰ ਜਾਂ

ਰੋਗ ਹੈ ਜਿਸ ਨਾਲ ਸਹਿਜ-ਸੰਤੋਖ ਖ਼ਤਮ ਹੋ ਜਾਂਦਾ ਹੈ ਅਤੇ ਮਨੁੱਖ ਆਪਣਾ ਮਾਨਸਿਕ ਸੰਤੁਲਨ ਗੰਵਾ ਬੈਠਦਾ ਹੈ। ਚਿੰਤਾ ਦੇ ਕਾਰਣ ਕਈ ਹੋ ਸਕਦੇ ਹਨ। ਕੋਈ ਕਰਜ਼ੇ ਕਰਕੇ ਚਿੰਤਤ ਹੈ, ਕੋਈ ਬੱਚਿਆਂ ਦੇ ਵਿਆਹ-ਸ਼ਾਦੀ ਲਈ ਚਿੰਤਤ ਹੈ, ਕੋਈ ਵੈਰੀ ਦੇ ਡਰ ਤੋਂ ਫ਼ਿਕਰਮੰਦ ਹੈ। ਇਸੇ ਤਰ੍ਹਾਂ ਕਿਸੇ ਨੂੰ ਆਪਣੀ ਗ਼ਰੀਬੀ ਤੋਂ ਉਬਰਨ ਦੀ ਚਿੰਤਾ ਹੈ, ਕਿਸੇ ਨੂੰ ਬਹੁਤੀ ਸੰਪੱਤੀ ਬਚਾਏ ਜਾਂ ਬਣਾਏ ਰਖਣ ਦੀ ਚਿੰਤਾ ਹੈ, ਕਿਸੇ ਨੂੰ ਪਰਿਵਾਰ ਦੀ ਚਿੰਤਾ ਹੈ, ਆਦਿ। ਇਸ ਲਈ ਚਿੰਤਾਵਾਂ ਦਾ ਕੋਈ ਅੰਤ ਨਹੀਂ, ਚਿੰਤਾਵਾਂ ਨੂੰ ਸੀਮਿਤ ਕਰ ਸਕਣਾ ਸਰਲ ਨਹੀਂ ਹੈ। ਇਨ੍ਹਾਂ ਤੋਂ ਮੁਕਤ ਹੋਣ 'ਤੇ ਹੀ ਵਾਸਤਵਿਕ ਸੁਖ ਮਾਣਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ— *ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ। ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ। ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ।* (ਗੁ.ਗ੍ਰੰ.1019)।

ਚਿੰਤਾ ਘੁਣ ਦੇ ਸਮਾਨ ਹੈ ਜੋ ਮਨੁੱਖ ਨੂੰ ਅੰਦਰੋਂ ਅੰਦਰ ਖਾਈ ਜਾਂਦੀ ਹੈ। ਕਈ ਵਾਰ ਵਿਅਕਤੀ ਨੂੰ ਨੀਂਦਰ ਨਹੀਂ ਆਉਂਦੀ, ਕੰਮ-ਕਾਰ ਵਿਚ ਰੁਚੀ ਘਟ ਜਾਂਦੀ ਹੈ, ਮਨ ਉਤੇ ਉਦਾਸੀ ਸਦਾ ਛਾਈ ਰਹਿੰਦੀ ਹੈ, ਮਾਤਾ, ਪਿਤਾ ਅਤੇ ਕੁਟੰਬ ਦੀਆਂ ਸਮਸਿਆਵਾਂ ਨੂੰ ਹਲ ਕਰਨ ਲਈ ਬੰਦਾ ਉਲਝਿਆ ਰਹਿੰਦਾ ਹੈ। ਲੋਕ-ਜੀਵਨ ਵਿਚ ਚਿੰਤਾ ਨੂੰ ਚਿਖਾ ਦੇ ਬਰਾਬਰ ਸਮਝਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਮਨੁੱਖਾਂ ਨੂੰ ਇਸ ਪ੍ਰਕਾਰ ਦੀਆਂ ਚਿੰਤਾਵਾਂ ਤੋਂ ਮੁਕਤ ਹੋਣ ਦੀ ਤਾਕੀਦ ਕੀਤੀ ਹੈ ਕਿਉਂਕਿ ਸਾਰਿਆਂ ਦੀ ਚਿੰਤਾ ਕਰਨ ਵਾਲਾ ਤਾਂ ਪਰਮਾਤਮਾ ਆਪ ਹੈ, ਫਿਰ ਬੇਫ਼ਿਕਰ ਕਿਉਂ ਨ ਰਿਹਾ ਜਾਏ—*ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ। ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ। ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ।* (ਗੁ.ਗ੍ਰੰ.1355)। ਗੁਰੂ ਤੇਗ ਬਹਾਦਰ ਜੀ ਨੇ ਵੀ ਚਿੰਤਾ-ਮੁਕਤ ਹੋਣ ਲਈ ਤਾਕੀਦ ਕੀਤੀ ਹੈ ਕਿਉਂਕਿ ਚਿੰਤਾ ਕਰਨਾ ਇਕ ਵਿਅਰਥ ਚੇਸ਼ਟਾ ਹੈ—*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ। ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।* (ਗੁ.ਗ੍ਰੰ.1428)।

ਗੁਰੂ ਅੰਗਦ ਦੇਵ ਜੀ ਨੇ ਜਿਗਿਆਸੂ ਨੂੰ ਚਿੰਤਾ ਨ ਕਰਨ ਲਈ ਪ੍ਰੇਰਦਿਆਂ ਹੋਇਆਂ ਕਿਹਾ ਹੈ ਕਿ ਪਰਮਾਤਮਾ ਜਦ ਸਭ ਦੀ ਚਿੰਤਾ ਕਰ ਰਿਹਾ ਹੈ, ਤਾਂ ਫਿਰ ਹਰ ਇਕ ਪ੍ਰਾਣੀ ਨੂੰ ਆਪਣੇ ਬਾਰੇ ਖ਼ੁਦ ਚਿੰਤਾ ਕਰਨ ਦੀ ਭਲਾ ਕੀ ਲੋੜ ਹੈ?— *ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ। ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।* (ਗੁ.ਗ੍ਰੰ. 955)। ਤਿਲੰਗ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਾਣੀ ਨੂੰ ਨਿਸਚਿੰਤ ਹੋ ਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੰਦਿਆਂ ਕਿਹਾ ਹੈ—*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ। ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ।* (ਗੁ.ਗ੍ਰੰ.724)।

ਮੁਕਦੀ ਗੱਲ ਇਹ ਹੈ ਕਿ ਸਤਿਗੁਰੂ ਦੀ ਸੇਵਾ ਕਰਨ ਨਾਲ ਅਤੇ ਅਚਿੰਤ ਪਰਮਾਤਮਾ ਨੂੰ ਮਨ ਵਿਚ ਵਸਾਉਣ ਨਾਲ ਮਨੁੱਖ ਦੇ ਜਨਮ-ਮਰਨ ਆਦਿ ਦੇ ਸਾਰੇ ਦੁਖ ਨਸ਼ਟ ਹੋ ਜਾਂਦੇ ਹਨ ਅਤੇ ਉਹ ਨਿਸਚਿੰਤ ਅਵਸਥਾ ਨੂੰ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ— *ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ। ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ।* (ਗੁ.ਗ੍ਰੰ.587)। ਇਸ ਤਰ੍ਹਾਂ ਸਿੱਖ ਧਰਮ-ਸਾਧਨਾ ਵਿਚ ਚਿੰਤਾ ਵਿਚ ਗ੍ਰਸਿਤ ਹੋਣਾ ਵਰਜਿਤ ਹੈ।

**ਚਿਤ੍ਰ-ਗੁਪਤ** : ਕਰਮਾਂ ਦੇ ਫਲ ਨਾਲ ਸੰਬੰਧਿਤ ਭਾਰਤੀ ਮਿਥਿਹਾਸ ਦੀ ਇਕ ਕਲਪਿਤ ਮਾਨਤਾ ਦੇ ਇਹ ਦੋ ਪ੍ਰਮੁਖ ਪਾਤਰ ਹਨ। ਉਂਜ ਇਸ ਸੰਯੁਕਤ ਸ਼ਬਦ ਬਾਰੇ ਦੋ ਵਿਚਾਰ ਪ੍ਰਚਲਿਤ ਹਨ। ਇਕ ਇਹ ਕਿ ਇਹ ਦੋਵੇਂ ਸ਼ਬਦ ਧਰਮ-ਰਾਜ ਦੇ ਦੋ ਲੇਖਾ-ਕਾਰਾਂ ਦੇ ਨਾਂਵਾਂ ਦੇ ਲਖਾਇਕ ਹਨ ਜੋ ਮਨੁੱਖ ਦੇ ਸੱਜੇ ਅਤੇ ਖੱਬੇ ਮੋਢਿਆਂ ਉਤੇ ਬੈਠ ਕੇ ਉਸ ਦੇ ਕਰਮਾਂ ਦਾ ਲੇਖਾ-ਜੋਖਾ ਤਿਆਰ ਕਰਦੇ ਰਹਿੰਦੇ ਹਨ। ਦੂਜੇ ਵਿਚਾਰ ਅਨੁਸਾਰ ਲੇਖਾਕਾਰ ਦਾ ਨਾਂ ਕੇਵਲ 'ਚਿਤ੍ਰ' ਹੈ ਜੋ ਗੁਪਤ ਢੰਗ ਨਾਲ ਸਾਰਾ ਲੇਖਾ ਲਿਖਦਾ ਰਹਿੰਦਾ ਹੈ।

ਇਸ ਸੰਬੰਧ ਵਿਚ 'ਸਕੰਦ-ਪੁਰਾਣ' ਵਿਚ ਲਿਖਿਆ ਹੈ ਕਿ 'ਚਿਤ੍ਰ' ਨਾਂ ਦਾ ਇਕ ਰਾਜਾ ਸੀ ਜੋ ਹਿਸਾਬ-ਕਿਤਾਬ ਦੇ ਮਾਮਲੇ ਵਿਚ ਬੇਜੋੜ ਸੀ। ਉਸ ਦੀ ਇਸ ਵਿਸ਼ੇਸ਼ਗਤਾ ਨੂੰ ਸਾਹਮਣੇ ਰਖਦੇ ਹੋਇਆਂ ਧਰਮ-ਰਾਜ ਨੇ ਉਸ ਨੂੰ ਉਦੋਂ ਚੁਕਵਾ ਲਿਆ ਜਦੋਂ ਉਹ ਨਦੀ ਵਿਚ ਇਸ਼ਨਾਨ ਕਰਨ ਲਈ ਵੜਿਆ ਸੀ।

'ਭਵਿਸ਼-ਪੁਰਾਣ' ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਥੋੜਾ ਟਿਕਿਆ ਤਾਂ ਉਸ ਦੇ ਸ਼ਰੀਰ ਵਿਚੋਂ ਸਹਿਜ ਸੁਭਾ ਇਕ ਚਿਤਕਬਰੇ ਬੰਦੇ

ਦਾ ਜਨਮ ਹੋਇਆ ਜਿਸ ਦੇ ਹੱਥ ਵਿਚ ਕਲਮ-ਦਵਾਤ ਸੀ। ਬ੍ਰਹਮਾ ਦੀ ਅੱਖ ਖੁਲ੍ਹਣ 'ਤੇ ਉਸ ਨੇ ਬ੍ਰਹਮਾ ਤੋਂ ਆਪਣਾ ਨਾਂ ਅਤੇ ਕੰਮ-ਕਾਰ ਪੁਛਿਆ। ਬ੍ਰਹਮਾ ਨੇ ਉੱਤਰ ਦਿੱਤਾ ਕਿ ਮੇਰੀ ਕਾਇਆ ਤੋਂ ਪੈਦਾ ਹੋਣ ਕਾਰਣ ਤੇਰਾ ਨਾਂ 'ਕਾਇਸਥ' ਹੋਇਆ। ਦੂਜਾ ਤੇਰੇ ਪਾਸ ਕਲਮ-ਦਵਾਤ ਹੈ ਇਸ ਲਈ ਜੀਵਾਂ ਦੇ ਕਰਮਾਂ ਦਾ ਹਿਸਾਬ-ਕਿਤਾਬ ਲਿਖਣਾ ਤੇਰਾ ਕੰਮ ਹੋਵੇਗਾ। ਇਹੀ ਕਾਰਣ ਹੈ ਕਿ 'ਕਾਇਸਥ' ਲੋਕ ਇਸ ਨੂੰ ਆਪਣਾ ਸਮਾਦ੍ਰਿਤ ਬਜ਼ੁਰਗ ਮੰਨਦੇ ਹਨ।

ਪੁਰਾਣਾਂ ਵਿਚ ਇਹ ਵੀ ਲਿਖਿਆ ਹੈ ਕਿ ਚਿਤ੍ਰ-ਗੁਪਤ ਦੀ ਪੁਰੀ ਧਰਮਰਾਜ ਦੀ ਪੁਰੀ ਦੇ ਨੇੜੇ ਅਤੇ ਵਖਰੀ ਹੈ। ਗੁਰਬਾਣੀ ਵਿਚ ਦਸਿਆ ਗਿਆ ਹੈ ਕਿ ਹਰਿ-ਭਗਤੀ ਦੇ ਫਲਸਰੂਪ ਚਿਤ੍ਰ-ਗੁਪਤ ਦੇ ਲੇਖੇ ਦਾ ਅਸਰ ਖ਼ਤਮ ਹੋ ਜਾਂਦਾ ਹੈ—*ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।*(ਗੁ.ਗ੍ਰੰ.79)। ਇਸ ਤਰ੍ਹਾਂ ਸਿੱਖ ਸਾਧਨਾ ਵਿਚ ਚਿਤ੍ਰ-ਗੁਪਤ ਦੀ ਕਲਪਨਾ ਅਤੇ ਕਰਤੱਵ ਪ੍ਰਤਿ ਵਿਸ਼ਵਾਸ ਨਹੀਂ ਹੈ।

ਚਿਤ੍ਰ-ਗੁਪਤ ਦੀ ਕਲਪਨਾ ਦੇ ਸਮਾਨਾਂਤਰ ਮੁਸਲਮਾਨਾਂ ਵਿਚ ਰਵਾਇਤ ਹੈ ਕਿ ਮਨੁੱਖ ਦੇ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਰਖਣ ਲਈ ਦੋ ਫ਼ਰਿਸ਼ਤੇ ਸਦਾ ਉਸ ਦੇ ਮੋਢਿਆਂ ਉਤੇ ਆਪਣਾ ਨਿਵਾਸ ਰਖਦੇ ਹਨ। ਇਨ੍ਹਾਂ ਦੋਹਾਂ ਵਿਚ ਮੁਨਕਰ ਸੱਜੇ ਮੋਢੇ ਉਤੇ ਹੁੰਦਾ ਹੈ ਅਤੇ ਚੰਗੇ ਕਰਮਾਂ ਦਾ ਵੇਰਵਾ ਲਿਖਦਾ ਹੈ। ਨਕੀਰ ਖੱਬੇ ਮੋਢੇ ਉਤੇ ਟਿਕਿਆ ਰਹਿੰਦਾ ਹੈ ਅਤੇ ਮਾੜੇ ਕੰਮਾਂ ਦਾ ਹਿਸਾਬ ਰਖਦਾ ਹੈ। ਸੂਫ਼ੀ ਫ਼ਕੀਰ ਸ਼ਾਹ ਹੁਸੈਨ ਨੇ ਇਨ੍ਹਾਂ ਦੋਹਾਂ ਦੇ ਕਰਤੱਵ ਬਾਰੇ ਸੰਕੇਤ ਕੀਤਾ ਹੈ— *ਮੋਢੇ ਤੇਰੇ ਦੋਇ ਜਣੇ ਲਿਖਦੇ ਨੀ ਐਬ ਸਵਾਬ।*

ਜਦੋਂ ਮਨੁੱਖ ਕਬਰ ਵਿਚ ਦਫ਼ਨਾ ਦਿੱਤਾ ਜਾਂਦਾ ਹੈ ਤਾਂ ਦੋਵੇਂ ਫ਼ਰਿਸ਼ਤੇ ਉਸ ਕੋਲੋਂ ਕਰਮਾਂ ਦਾ ਹਿਸਾਬ ਪੁਛਣ ਆਉਂਦੇ ਹਨ। ਉਹ ਇਹ ਵੀ ਪੁਛਦੇ ਹਨ ਕਿ ਉਹ ਬੰਦਾ ਹਜ਼ਰਤ ਮੁਹੰਮਦ ਵਿਚ ਵਿਸ਼ਵਾਸ ਰਖਦਾ ਹੈ ਜਾਂ ਨਹੀਂ। ਜੇ ਉਹ ਉੱਤਰ 'ਹਾਂ' ਵਿਚ ਦੇਵੇ ਤਾਂ ਕਬਰ ਆਕਾਰ ਵਿਚ ਖੁਲ੍ਹੀ ਹੋ ਜਾਂਦੀ ਹੈ ਅਤੇ ਕਿਆਮਤ ਤਕ ਬੰਦਾ ਉਥੇ ਸੁਖ- ਪੂਰਵਕ ਰਹਿੰਦਾ ਹੈ ਅਤੇ ਜੇ ਉਹ ਵਿਅਕਤੀ ਹਜ਼ਰਤ ਮੁਹੰਮਦ ਵਿਚ ਵਿਸ਼ਵਾਸ ਨ ਰਖਦਾ ਹੋਵੇ ਤਾਂ ਕਬਰ ਬਹੁਤ ਤੰਗ ਹੋ ਜਾਂਦੀ ਹੈ ਅਤੇ ਕਿਆਮਤ ਤਕ ਉਸ ਮਨੁੱਖ ਦਾ ਸ਼ਰੀਰ ਸ਼ਿਕੰਜੇ ਵਾਂਗ ਉਸ ਕਬਰ ਵਿਚ ਕਸਿਆ ਰਹਿੰਦਾ ਹੈ।

**ਚਿਤ੍ਰਾਲ** (ਕਸਬਾ) : ਸਿੱਖ ਸੈਨਿਕਾਂ ਦੀ ਅਦੁੱਤੀ ਬਹਾਦਰੀ ਨਾਲ ਸੰਬੰਧਿਤ ਪਾਕਿਸਤਾਨ ਦੀ ਉੱਤਰ-ਪੱਛਮੀ ਸੀਮਾ ਉਤੇ ਸਥਿਤ ਇਕ ਕਸਬਾ ਜਿਥੇ ਅੰਗ੍ਰੇਜ਼ੀ ਰਾਜ ਵੇਲੇ ਅਫ਼ਰੀਦੀਆਂ ਜਾਂ ਪਠਾਣਾਂ ਉਤੇ ਨਜ਼ਰ ਰਖਣ ਲਈ ਚੌਕੀ ਕਾਇਮ ਕੀਤੀ ਗਈ ਸੀ। ਇਸ ਦੇ ਉੱਤਰ ਵਲ ਅਫ਼ਗਾਨਿਸਤਾਨ ਅਤੇ ਉੱਤਰ-ਪੂਰਵ ਵਲ ਕਸ਼ਮੀਰ ਦਾ ਇਲਾਕਾ ਹੈ। ਇਥੇ 20 ਹਜ਼ਾਰ ਫੁਟ ਦੀਆਂ ਉੱਚੀਆਂ ਬਰਫ਼ੀਲੀਆਂ ਪਹਾੜੀਆਂ ਹਨ। ਇਥੇ ਇਰਦ-ਗਿਰਦ ਦੇ ਇਲਾਕੇ ਲਈ ਫਲ, ਅਨਾਜ ਅਤੇ ਕਪੜੇ ਦਾ ਕਾਰ-ਵਪਾਰ ਹੁੰਦਾ ਹੈ।

ਇਸ ਚੌਕੀ ਉਪਰ ਕੀਤੇ ਗਏ ਪਠਾਣਾਂ ਦੇ ਹਮਲੇ ਨੂੰ ਜਿਸ ਬਹਾਦਰੀ ਨਾਲ ਉਥੇ ਨਿਯੁਕਤ ਸਿੱਖ ਸੈਨਿਕਾਂ ਨੇ ਪਛਾੜਿਆ, ਉਹ ਸੂਰਵੀਰਤਾ ਦੇ ਇਤਿਹਾਸ ਦਾ ਇਕ ਪ੍ਰਸਿੱਧ ਸਾਕਾ ਬਣ ਗਿਆ। ਇਸ ਸਾਕੇ ਨਾਲ ਸੰਬੰਧਿਤ ਕੁਝ ਕੁ ਫ਼ੌਜੀ ਜਵਾਨਾਂ ਅਤੇ ਕਵੀਸ਼ਰਾਂ ਨੇ ਸੰਨ 1900 ਈ. ਦੇ ਨੇੜੇ-ਤੇੜੇ ਕਈ ਪ੍ਰਸੰਗ ਲਿਖੇ ਹਨ।

**ਚੀਕਾ** (ਪਿੰਡ) : ਹਰਿਆਣਾ ਪ੍ਰਦੇਸ਼ ਦਾ ਇਕ ਪੁਰਾਤਨ ਪਿੰਡ (ਹੁਣ ਮੰਡੀ) ਜੋ ਪਹੋਆ ਤੋਂ 26 ਕਿ.ਮੀ. ਦੀ ਵਿਥ ਤੇ ਪੱਛਮ ਵਲ ਮੁੱਖ ਸੜਕ ਉਤੇ ਸਥਿਤ ਹੈ। ਸਿੱਖ ਇਤਿਹਾਸ ਅਨੁਸਾਰ ਸੰਨ 1638 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ ਕੁਰੁਕ੍ਸ਼ੇਤ੍ਰ ਨੂੰ ਜਾਂਦਿਆਂ ਇਥੋਂ ਗੁਜ਼ਰੇ ਸਨ। ਉਸ ਤੋਂ ਬਾਦ ਸੰਨ 1675 ਈ. ਵਿਚ ਸਮਾਣੇ ਤੋਂ ਦਿੱਲੀ ਨੂੰ ਜਾਂਦਿਆਂ ਗੁਰੂ ਤੇਗ ਬਹਾਦਰ ਜੀ ਇਥੋਂ ਦੇ ਇਕ ਸੇਵਕ ਭਾਈ ਗਲੌਰਾ ਨਾਂ ਦੇ ਮਸੰਦ ਦੇ ਘਰ ਦੋ ਦਿਨ ਰੁਕੇ ਸਨ ਅਤੇ ਉਸ ਦੀ ਸੇਵਾ-ਭਾਵਨਾ ਨੂੰ ਦੇਖ ਕੇ ਬਾਂਗਰ ਦੇਸ਼ (ਹਾਂਸੀ-ਹਿਸਾਰ) ਵਲ ਸਿੱਖੀ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਕਹਿੰਦੇ ਹਨ ਕਿ ਗੁਰੂ ਜੀ ਨੇ ਉਸ ਨੂੰ ਤੀਰਾਂ ਦਾ ਭਰਿਆ ਹੋਇਆ ਇਕ ਤਰਕਸ਼ ਵੀ ਬਖ਼ਸ਼ਿਆ। ਭਾਈ ਗਲੌਰਾ ਦੇ ਨਿਵਾਸ ਵਾਲੇ ਸਥਾਨ 'ਤੇ ਪਹਿਲਾਂ ਕੇਵਲ ਥੜ੍ਹਾ ਸਾਹਿਬ ਕਾਇਮ ਸੀ ਪਰ ਸੰਤ ਗੁਰਮੁਖ ਸਿੰਘ ਦੇ ਸੇਵਕਾਂ ਨੇ ਉਥੇ 'ਗੁਰਦੁਆਰਾ ਛੇਵੀਂ ਅਤੇ ਨੌਵੀਂ ਪਾਤਿਸ਼ਾਹੀ' ਦੀ ਸੁੰਦਰ ਇਮਾਰਤ ਬਣਵਾ ਦਿੱਤੀ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ।

**ਚੀਫ਼ ਖ਼ਾਲਸਾ ਦੀਵਾਨ :** ਸਿੰਘ ਸਭਾ ਲਹਿਰ ਦਾ ਅੰਤਿਮ ਰੂਪ ਅਥਵਾ ਸਿਖਰ ਚੀਫ਼ ਖ਼ਾਲਸਾ ਦੀਵਾਨ ਹੈ। ਅੰਮ੍ਰਿਤਸਰ ਵਿਚ ਸੰਨ 1873 ਈ. ਵਿਚ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ ਅਤੇ ਕਈ ਸ਼ਹਿਰਾਂ ਵਿਚ ਉਸ ਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ। ਉਸ ਸਿੰਘ ਸਭਾ ਦੇ ਸਮਾਨਾਂਤਰ ਸੰਨ 1879 ਈ. ਵਿਚ ਗਰਮ ਦਲੀਏ ਸਿੰਘਾਂ ਨੇ ਲਾਹੌਰ ਵਿਚ ਆਪਣੀ ਵਖਰੀ ਸਿੰਘ ਸਭਾ ਦੀ ਸਥਾਪਨਾ ਕੀਤੀ। ਉਸ ਦੀਆਂ ਵੀ ਅਨੇਕ ਸ਼ਾਖਾਵਾਂ ਸਥਾਪਿਤ ਹੋ ਗਈਆਂ। ਬਾਦ ਵਿਚ ਉਨ੍ਹਾਂ ਸਿੰਘ ਸਭਾਵਾਂ ਨੂੰ ਦੀਵਾਨਾਂ ਦੇ ਰੂਪ ਵਿਚ ਬਦਲ ਦਿੱਤਾ ਗਿਆ ਅਤੇ ਉਨ੍ਹਾਂ ਨਾਲ ਸੰਬੰਧਿਤ ਸ਼ਾਖਾਵਾਂ ਨੂੰ ਸਿੰਘ ਸਭਾਵਾਂ ਕਿਹਾ ਜਾਣ ਲਗਿਆ। ਲਾਹੌਰ ਸਿੰਘ ਸਭਾ ਵਾਲੇ ਜ਼ਿਆਦਾ ਉਦਾਰ ਅਤੇ ਨਵੇਂ ਵਿਚਾਰਾਂ ਵਾਲੇ ਸਨ ਜਦ ਕਿ ਅੰਮ੍ਰਿਤਸਰ ਸਿੰਘ ਸਭਾ ਦੇ ਲੀਡਰ ਸਨਾਤਨੀ ਵਿਚਾਰਾਂ ਵਾਲੇ ਸਨ। ਲਾਹੌਰ ਸਿੰਘ ਸਭਾ ਦੀਆਂ ਸ਼ਾਖਾਵਾਂ ਜ਼ਿਆਦਾ ਪ੍ਰਤਿਸ਼ਠਿਤ ਹੋਈਆਂ ਅਤੇ ਉਸ ਦੀਆਂ ਲਗਭਗ ਸਾਰੇ ਪੰਜਾਬ ਵਿਚ ਸ਼ਾਖਾਵਾਂ ਸਥਾਪਿਤ ਹੋ ਗਈਆਂ। ਉਨ੍ਹਾਂ ਦੋਹਾਂ ਦੀਵਾਨਾਂ ਨੂੰ ਪਰਸਪਰ ਮਿਲਾਉਣ ਦੇ ਵੀ ਬਹੁਤ ਯਤਨ ਕੀਤੇ ਗਏ, ਪਰ ਸਿਰੇ ਨ ਚੜ੍ਹ ਸਕੇ।

ਸੰਨ 1901 ਈ. ਤਕ ਖ਼ਾਲਸਾ ਦੀਵਾਨ ਲਾਹੌਰ ਦੇ ਸਾਰੇ ਮੁੱਖ ਕਰਤੇ-ਧਰਤੇ ਚਲ ਵਸੇ। ਉਸ ਵਕਤ ਦੀ ਸਥਿਤੀ ਨੂੰ ਵੇਖਦੇ ਹੋਇਆਂ ਸੂਝਵਾਨ ਸਿੱਖਾਂ ਨੇ ਦੋਹਾਂ ਦੀਵਾਨਾਂ ਨੂੰ ਮਿਲਾ ਕੇ ਇਕ ਸਮੁੱਚੀ ਸੰਸਥਾ ਬਣਾਉਣ ਦੀ ਸੋਚੀ। ਇਸ ਸੰਬੰਧ ਵਿਚ ਸੰਨ 1901 ਈ. ਦੀ ਵਿਸਾਖੀ ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਰਿਸਰ ਵਿਚ ਸਥਿਤ ਮਲਵਈ ਬੁੰਗੇ ਵਿਚ ਬਹੁਤ ਭਾਰਾ ਇਕੱਠ ਹੋਇਆ ਅਤੇ ਇਕ ਸਰਬ ਸਾਂਝੀ ਸੰਸਥਾ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਉਸ ਅਵਸਰ ਉਤੇ ਨਵੀਂ ਸੰਸਥਾ ਦਾ ਸੰਵਿਧਾਨ ਤਿਆਰ ਕਰਨ ਲਈ ਇਕ ਕਮੇਟੀ ਬਣਾਈ ਗਈ ਜਿਸ ਦੇ ਤਿਆਰ ਕੀਤੇ ਸੰਵਿਧਾਨ ਦਾ ਮੁਸਵਦਾ 21 ਸਤੰਬਰ 1902 ਈ. ਨੂੰ ਪ੍ਰਵਾਨ ਕੀਤਾ ਗਿਆ ਅਤੇ ਨਵੀਂ ਸਾਂਝੀ ਸੰਸਥਾ ਦਾ ਨਾਂ 'ਚੀਫ਼ ਖ਼ਾਲਸਾ ਦੀਵਾਨ' ਰਖਿਆ ਗਿਆ। ਇਸ ਦੀ ਉਦਘਾਟਨੀ ਬੈਠਕ 30 ਅਕਤੂਬਰ 1902 ਈ. ਨੂੰ ਮਲਵਈ ਬੁੰਗਾ ਵਿਚ ਹੋਈ। ਭਾਈ ਅਰਜਨ ਸਿੰਘ ਬਾਗੜੀਆ ਨੂੰ ਇਸ ਦਾ ਪ੍ਰਧਾਨ ਅਤੇ ਸ. ਸੁੰਦਰ ਸਿੰਘ ਮਜੀਠੀਆ ਨੂੰ ਸਕੱਤਰ ਚੁਣਿਆ ਗਿਆ। ਉਦੋਂ 29 ਸਿੰਘ ਸਭਾਵਾਂ ਇਸ ਨਵੇਂ ਬਣੇ ਦੀਵਾਨ ਨਾਲ ਸੰਬੰਧਿਤ ਹੋਈਆਂ, ਪਰ ਇਕ ਸਾਲ ਵਿਚ ਹੀ ਇਨ੍ਹਾਂ ਦੀ ਗਿਣਤੀ 53 ਤਕ ਪਹੁੰਚ ਗਈ। ਹਰ ਅੰਮ੍ਰਿਤਧਾਰੀ ਸਿੰਘ ਇਸ ਦਾ ਮੈਂਬਰ ਬਣ ਸਕਦਾ ਸੀ ਅਤੇ ਉਸ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਦੀਵਾਨ ਦੇ ਕਾਰਜਾਂ ਲਈ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਾਏ। ਇਸ ਦੀਵਾਨ ਦੇ ਆਸ਼ਿਆਂ ਦਾ ਪ੍ਰਚਾਰ ਕਰਨ ਲਈ ਸੰਨ 1903 ਈ. ਵਿਚ 'ਖ਼ਾਲਸਾ ਐਡਵੋਕੇਟ' ਨਾਂ ਦੀ ਸਪਤਾਹਿਕ ਪਤ੍ਰਿਕਾ ਦਾ ਪ੍ਰਕਾਸ਼ਨ ਸ਼ੁਰੂ ਕੀਤਾ ਗਿਆ।

ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਉਦੇਸ਼ ਸਿੰਘ ਸਭਾ ਵਾਲੇ ਹੀ ਸਨ। ਸਿੱਖਾਂ ਦੇ ਸਭਿਆਚਾਰਿਕ, ਵਿਦਿਅਕ ਅਤੇ ਅਧਿਆਤਮਿਕ ਵਿਕਾਸ ਵਲ ਰੁਚਿਤ ਹੋ ਕੇ ਇਸ ਦੀਵਾਨ ਨੇ ਬੜੀ ਗਰਮਜੋਸ਼ੀ ਨਾਲ ਕੰਮ ਕੀਤਾ। ਪਰ ਰਾਜਨੈਤਿਕ ਮਾਮਲਿਆਂ ਤੋਂ ਇਸ ਨੇ ਕਿਨਾਰਾਕਸ਼ੀ ਹੀ ਕੀਤੀ ਕਿਉਂਕਿ ਇਹ ਸਿੱਖ ਧਰਮ ਦੇ ਵਿਕਾਸ ਵਿਚ ਸਰਕਾਰ ਪੱਖੀ ਹੋ ਕੇ ਚਲਦੇ ਸਨ; ਰਾਜਨੈਤਿਕ ਮਾਮਲਿਆਂ ਵਿਚ ਸਰਕਾਰ ਨਾਲ ਵਿਰੋਧ ਹੋ ਜਾਣਾ ਕੁਦਰਤੀ ਸੀ। ਸ. ਸੁੰਦਰ ਸਿੰਘ ਮਜੀਠੀਆ ਜੋ ਇਸ ਦੀਵਾਨ ਦੀ ਰੂਹ ਸੀ, ਸਰਕਾਰੇ ਦਰਬਾਰੇ ਬਹੁਤ ਪ੍ਰਤਿਸ਼ਠਿਤ ਸੀ। ਉਸ ਨੇ ਸਰਕਾਰ ਨਾਲ ਸੰਵਾਦ ਰਚਾ ਕੇ ਕਈ ਅਹਿਮ ਕੰਮ ਕਰਵਾਏ। ਆਨੰਦ ਮੈਰਿਜ ਐਕਟ ਪਾਸ ਕਰਾਉਣ ਵਿਚ ਉਸ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਦੀਵਾਨ ਨੂੰ ਵਿਵਸਥਿਤ ਰੂਪ ਦੇਣ ਲਈ ਪੰਜ ਕਮੇਟੀਆਂ ਬਣਾਈਆਂ ਗਈਆਂ। ਸੰਨ 1904 ਈ. ਵਿਚ ਸੈਂਟ੍ਰਲ ਖ਼ਾਲਸਾ ਯਤੀਮ-ਖ਼ਾਨਾ ਅੰਮ੍ਰਿਤਸਰ ਵਿਚ ਖੋਲ੍ਹਿਆ ਗਿਆ। ਇਸ ਤੋਂ ਬਾਦ ਸ਼ਿਕਾਰਪੁਰ (ਸਿੰਧ) ਅਤੇ ਘਰਜਾਖ (ਗੁਜਰਾਂਵਾਲਾ) ਵਿਚ ਵੀ ਯਤੀਮਖ਼ਾਨੇ ਸਥਾਪਿਤ ਕੀਤੇ ਗਏ। ਇਸ ਤੋਂ ਬਾਦ ਸੰਨ 1908 ਈ. ਵਿਚ ਖ਼ਾਲਸਾ ਵਿਦਿਆਲਾ, ਤਰਨਤਾਰਨ ਸਥਾਪਿਤ ਕੀਤਾ ਗਿਆ। ਫਿਰ ਵਿਧਵਾ ਆਸ਼੍ਰਮ ਅੰਮ੍ਰਿਤਸਰ (ਸੰਨ 1912), ਸੈਂਟ੍ਰਲ ਖ਼ਾਲਸਾ ਹਸਪਤਾਲ, ਤਰਨਤਾਰਨ (1915), ਸੂਰਮਾ ਸਿੰਘ ਆਸ਼੍ਰਮ, ਬਿਰਧ ਘਰ, ਹੋਮਿਓਪੈਥਿਕ ਹਸਪਤਾਲ ਆਦਿ ਸਥਾਪਿਤ ਕੀਤੇ ਗਏ।

ਚੀਫ਼ ਖ਼ਾਲਸਾ ਦੀਵਾਨ ਦੀ ਸਭ ਤੋਂ ਵੱਡੀ ਪ੍ਰਾਪਤੀ ਸੰਨ 1908 ਈ. ਵਿਚ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਸਥਾਪਨਾ ਹੈ ਜੋ ਹੁਣ ਤਕ ਅਰਥ-ਪੂਰਣ ਕੰਮ ਕਰਦੀ ਹੋਈ ਵਿਦਿਅਕ ਖੇਤਰ ਵਿਚ ਆਪਣਾ ਉਚੇਚਾ ਯੋਗਦਾਨ ਪਾ ਰਹੀ ਹੈ। ਭਾਈ ਵੀਰ ਸਿੰਘ ਨੇ ਇਸ ਦੀਵਾਨ ਦੀ ਪ੍ਰਗਤੀ

ਵਿਚ ਵਿਸ਼ੇਸ਼ ਹਿੱਸਾ ਪਾਉਣ ਦਾ ਸਾਰੀ ਉਮਰ ਉਦਮ ਕੀਤਾ। ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਹੋਰ ਸਮਭਾਵੀ ਵਿਚਾਰਕਾਂ ਦੀਆਂ ਰਚਨਾਵਾਂ ਦੁਆਰਾ ਸਿੱਖਾਂ ਅੰਦਰ ਆਪਣੇ ਧਰਮ ਸੰਬੰਧੀ ਜਾਗਰੂਕਤਾ ਪੈਦਾ ਕੀਤੀ ਅਤੇ ਇਸ ਨੂੰ ਸੁਤੰਤਰ ਧਰਮ ਮੰਨਣ ਲਈ ਲੋਕਾਂ ਨੂੰ ਤਿਆਰ ਕੀਤਾ। ਸਿੱਖਾਂ ਦੀ ਨਵੇਕਲੀ ਪਛਾਣ ਲਈ 'ਗੁਰਮਤ ਪ੍ਰਕਾਸ਼ : ਭਾਗ ਸੰਸਕਾਰ' ਨਾਂ ਦਾ ਆਚਾਰ ਸੰਘਤਾ ਨੂੰ ਤਿਆਰ ਕਰਵਾਇਆ ਗਿਆ। ਪਰ ਗੁਰਦੁਆਰਾ ਸੁਧਾਰ ਲਹਿਰ ਦੇ ਚਲ ਪੈਣ ਕਾਰਣ ਧਰਮ-ਪ੍ਰਚਾਰ ਦਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ ਅਤੇ ਸਿੱਖਾਂ ਦੀਆਂ ਰਾਜਨੈਤਿਕ ਅਕਾਂਖਿਆਵਾਂ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਮੈਦਾਨ ਵਿਚ ਆ ਗਿਆ। ਇਸ ਤਰ੍ਹਾਂ ਸੰਨ 1920 ਈ. ਤੋਂ ਚੀਫ਼ ਖ਼ਾਲਸਾ ਦੀਵਾਨ ਦਾ ਮੁੱਖ ਕਾਰਜ ਵਿਦਿਅਕ ਪ੍ਰਚਾਰ ਤਕ ਸੀਮਿਤ ਹੋ ਗਿਆ। ਹੁਣ ਭਾਵੇਂ ਇਹ ਦੀਵਾਨ ਸਮੇਂ ਦਾ ਹਾਣੀ ਨਹੀਂ ਰਿਹਾ, ਪਰ ਇਹ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਇਸ ਦੀ ਦੇਣ ਬੜੀ ਗੌਰਵਸ਼ਾਲੀ ਹੈ।

**ਚੁੱਲੀ :** ਇਸ ਦਾ ਅਰਥ ਹੈ ਹੱਥ ਵਿਚ ਸਮੇਟਿਆ ਜਾ ਸਕਣ ਵਾਲਾ ਜਲ। ਇਸ ਦਾ ਸੰਬੰਧ ਹਿੰਦੂ-ਧਰਮ ਦੀ ਇਕ ਅਨੁਸ਼ਠਾਨਿਕ ਵਿਧੀ ਨਾਲ ਹੈ। ਹਿੰਦੂ-ਮਤ ਅਨੁਯਾਈ, ਸਮ੍ਰਿਤੀ-ਪ੍ਰਤਿਪਾਦਿਤ ਸਮਾਰਤ ਧਰਮ ਦੀ ਮਰਯਾਦਾ ਅਨੁਸਾਰ, ਪਾਣੀ ਦੀ ਚੁੱਲੀ ਭਰ ਕੇ ਕਿਸੇ ਵਸਤੂ ਨੂੰ ਗ੍ਰਹਿਣ ਕਰਨ, ਤਿਆਗਣ ਜਾਂ ਦਾਨ ਦੇਣ ਦੀ ਪ੍ਰਤਿਗਿਆ/ਸੰਕਲਪ ਕਰਦੇ ਹਨ। ਇਸ ਪ੍ਰਕਾਰਜ ਨੂੰ ਚੁੱਲੀ ਭਰਨਾ ਜਾਂ ਚੁੱਲੀ ਦੇਣਾ ਕਹਿੰਦੇ ਹਨ।

ਗੁਰਬਾਣੀ ਵਿਚ ਇਸ ਪ੍ਰਕਾਰ ਦੀ ਵਿਖਾਵੇ ਵਾਲੀ ਪ੍ਰਤਿਗਿਆ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ, ਸਗੋਂ ਇਸ ਦੇ ਸਮਾਨਾਂਤਰ ਸਚੀ ਅਤੇ ਸਹੀ ਚੁੱਲੀ ਭਰਨ ਵਲ ਸੰਕੇਤ ਕੀਤਾ ਗਿਆ ਹੈ— *ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ। ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ। ਬ੍ਰਾਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ। ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ। ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ।* (ਗੁ.ਗ੍ਰੰ.1240)।

**ਚੁੱਲੇ ਦਾ ਪਾਠ :** 'ਚੁੱਲੀ' (ਵੇਖੋ) ਸ਼ਬਦ ਦੇ ਅਨੁਕਰਣ ਉਤੇ ਬਣੇ 'ਚੁੱਲਾ' ਸ਼ਬਦ ਦਾ ਸਾਧਾਰਣ ਅਰਥ ਹੈ ਮੂੰਹ ਨੂੰ ਸਾਫ਼ ਕਰਨ ਲਈ ਮੂੰਹ ਵਿਚ ਲਿਆ ਜਲ ਜਾਂ ਕੁਰਲੀ। 'ਗੁਰ ਪ੍ਰਤਾਪ ਸੂਰਜ' ਵਿਚ ਮਹਾਕਵੀ ਸੰਤੋਖ ਸਿੰਘ ਨੇ ਭੋਜਨ ਕਰਨ ਸੰਬੰਧੀ ਸਿੱਖ ਮਰਯਾਦਾ ਵਲ ਸੰਕੇਤ ਕਰਦਿਆਂ ਦਸਿਆ ਹੈ ਕਿ ਭੋਜਨ ਤੋਂ ਬਾਦ ਕੁਰਲੀ ਕਰਕੇ ਪਰਮਾਤਮਾ ਦਾ ਧੰਨਵਾਦ ਕਰਨਾ ਚਾਹੀਦਾ ਹੈ— *ਤ੍ਰਿਪਤ ਹੋਇ ਮੁਖ ਹਾਥ ਪਖਾਰਹੁ। ਤਿਸ ਪਸਚਾਤੀ ਚੁਲਾ ਉਚਾਰਹੁ।*

ਮਹਾਕਵੀ ਨੇ ਹੋਰ ਦਸਿਆ ਹੈ ਕਿ ਕੁਰਲੀ ਕਰਨ ਉਪਰੰਤ 'ਰਾਮਕਲੀ ਕੀ ਵਾਰ ਮ. ੫' ਦੀ ਪਉੜੀ ਦਾ ਪਾਠ ਕਰਨਾ ਚਾਹੀਦਾ ਹੈ— *ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ। ਜਿਸੁ ਰਖੈ ਕਿਰਪਾ ਧਾਰਿ ਰਿਜਕੁ ਸਮਾਹੀਐ। ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ। ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ। ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ। ਸਰਬਧਾਰ ਸਮਰਥ ਹਉ ਤਿਸੁ ਕੁਰਬਾਣੀਐ। ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ। ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿ ਰਸੁ ਭੋਗਿਆ।* (ਗੁ.ਗ੍ਰੰ.957)।

ਪ੍ਰਚਾਰਕਾਂ ਦੁਆਰਾ ਸਿੱਖ ਸਮਾਜ ਵਿਚ ਇਸ ਮਰਯਾਦਾ ਦਾ ਪ੍ਰਚਲਨ ਕਰਨ ਉਪਰੰਤ ਇਹ ਪਉੜੀ 'ਚੁੱਲੇ ਦਾ ਪਾਠ' ਵਜੋਂ ਪ੍ਰਸਿੱਧ ਹੋ ਗਈ ਹੈ। ਉਂਜ ਇਹ ਗੁਰ-ਮਰਯਾਦਾ ਅਨੁਸਾਰੀ ਨਹੀਂ ਹੈ।

**ਚੂਹੜਵਾਲ** (ਪਿੰਡ) : ਪ੍ਰਸਿੱਧ ਗੁਰੂ-ਧਾਮ ਚਮਕੌਰ ਸਾਹਿਬ ਤੋਂ 11 ਕਿ.ਮੀ. ਪੱਛਮ ਵਲ ਸਥਿਤ ਇਕ ਪਿੰਡ, ਜਿਸ ਦੇ ਨੇੜੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਮਾਛੀਵਾੜੇ ਨੂੰ ਜਾਂਦਿਆਂ ਕੁਝ ਸਮੇਂ ਲਈ ਇਕ ਝਾੜ ਵਿਚ ਰੁਕੇ ਸਨ। ਕਾਲਾਂਤਰ ਵਿਚ ਗੁਰੂ ਜੀ ਦੇ ਸਮਾਰਕ ਵਜੋਂ ਉਥੇ ਇਕ 'ਗੁਰਦੁਆਰਾ ਝਾੜ ਸਾਹਿਬ' ਉਸਾਰਿਆ ਗਿਆ। ਨਵੀਂ ਇਮਾਰਤ ਦੀ ਉਸਾਰੀ ਸੰਤ ਪਿਆਰਾ ਸਿੰਘ ਨੇ ਸੰਨ 1950 ਈ. ਤੋਂ ਬਾਦ ਕਰਵਾਈ ਹੈ। ਇਸ ਦੇ ਨਾਲ ਹੀ ਹੁਣ ਲੜਕੀਆਂ ਦਾ ਇਕ ਕਾਲਜ ਵੀ ਉਸਰ ਗਿਆ ਹੈ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਇਸ ਦੀ ਪ੍ਰਬੰਧਕੀ ਵਿਵਸਥਾ ਮਾਛੀਵਾੜੇ ਦੇ ਗੁਰਦੁਆਰਾ ਚਰਨ ਕਮਲ ਸਾਹਿਬ ਦੀ ਮੈਨੇਜਿੰਗ ਕਮੇਟੀ ਹੀ ਕਰਦੀ ਹੈ।

**ਚੇਤ ਸਿੰਘ, ਗਿਆਨੀ** (1902-2000 ਈ.) : ਦਰਬਾਰ

ਸਾਹਿਬ ਅੰਮ੍ਰਿਤਸਰ ਵਿਚ ਰਹਿ ਚੁਕੇ ਮੁੱਖ ਗ੍ਰੰਥੀ ਗਿਆਨੀ ਚੇਤ ਸਿੰਘ ਦਾ ਜਨਮ 15 ਮਾਰਚ 1902 ਈ. ਨੂੰ ਭਾਈ ਗਣੇਸ਼ਾ ਸਿੰਘ ਦੇ ਘਰ ਮਾਈ ਜੀਵਨ ਕੌਰ ਦੀ ਕੁੱਖੋਂ, ਪਿੰਡ ਭਖੜੇਆਲੀ, ਜ਼ਿਲ੍ਹਾ ਗੁਜਰਾਤ, ਪੱਛਮੀ ਪੰਜਾਬ ਵਿਚ ਹੋਇਆ। ਆਪਣੇ ਪਿੰਡ ਵਿਚ ਹੀ ਧਾਰਮਿਕ ਸਿਖਿਆ ਪ੍ਰਾਪਤ ਕਰਕੇ ਸੰਨ 1919 ਈ. ਵਿਚ ਅੰਮ੍ਰਿਤਸਰ ਵਿਚਲੇ ਨਿਰਮਲਿਆਂ ਦੇ ਬੁੰਗੇ ਵਿਚ ਮਹੰਤ ਮੂਲ ਸਿੰਘ ਪਾਸ ਆ ਗਏ ਅਤੇ ਸਤੋਵਾਲੀ ਗਲੀ ਦੇ ਸੇਵਾ ਪੰਥੀ ਗਿਆਨੀ ਅਮੀਰ ਸਿੰਘ ਤੋਂ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣੀ ਅਤੇ ਵਿਚਾਰੀ। ਫਿਰ ਸੰਨ 1921 ਈ. ਤਕ ਸੰਤ ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ ਤੋਂ ਗੁਰੂ ਗ੍ਰੰਥ ਸਾਹਿਬ ਦਾ ਗੰਭੀਰਤਾ ਨਾਲ ਅਧਿਐਨ ਕੀਤਾ। ਗੁਰਦੁਆਰਾ ਸੁਧਾਰ ਅੰਦੋਲਨ ਵੇਲੇ ਆਪ 25 ਸਿੰਘਾਂ ਦਾ ਜੱਥਾ ਲੈ ਕੇ ਅੰਮ੍ਰਿਤਸਰ ਆਏ ਅਤੇ ਗੁਰਦੁਆਰਾ ਭਾਈ ਫੇਰੂ ਜੀ ਵਿਚ 6 ਅਪ੍ਰੈਲ 1924 ਈ. ਨੂੰ ਗ੍ਰਿਫ਼ਤਾਰੀ ਦਿੱਤੀ। ਇਸ ਤੋਂ ਬਾਦ ਕਈ ਸਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਜਰਾਂਵਾਲੇ ਦੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਈ ਅਤੇ ਗੁਰ-ਇਤਿਹਾਸ ਦੀ ਕਥਾ ਕੀਤੀ।

ਸੰਨ 1944 ਈ. ਹਰਿਮੰਦਿਰ ਸਾਹਿਬ ਵਿਚ ਗ੍ਰੰਥੀ ਨਿਯੁਕਤ ਹੋਏ। ਗਿਆਨੀ ਭੁਪਿੰਦਰ ਸਿੰਘ ਤੋਂ ਬਾਦ ਮੁੱਖ ਗ੍ਰੰਥੀ ਬਣੇ ਅਤੇ ਨਵੰਬਰ 1962 ਈ. ਤੋਂ ਮਈ 1963 ਈ. ਤਕ ਜੱਥੇਦਾਰ ਅਕਾਲ ਤਖ਼ਤ ਵੀ ਰਹੇ। 31 ਮਈ 1974 ਈ. ਨੂੰ ਆਪ ਮੁੱਖ ਗ੍ਰੰਥੀ ਵਜੋਂ ਸੇਵਾ ਮੁਕਤ ਹੋਏ। ਆਪ ਨੇ ਅਨੇਕ ਵਾਰ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਧਾਰਮਿਕ ਫ਼ਰਜ਼ ਨਿਭਾਏ ਅਤੇ ਅੰਮ੍ਰਿਤ-ਸੰਚਾਰ ਕੀਤਾ। ਸੰਨ 1992 ਈ. ਵਿਚ ਆਪ ਨੇ ਸੰਤ ਪ੍ਰੇਮ ਸਿੰਘ ਮੁਰਾਲਾ ਵਾਲੇ ਦੇ ਜੀਵਨ ਬਾਰੇ ਇਕ ਪੁਸਤਕ ਪ੍ਰਕਾਸ਼ਿਤ ਕੀਤੀ। ਗੁਰੂ ਗ੍ਰੰਥ ਸਾਹਿਬ ਦੇ ਸ਼ੁੱਧ ਪਾਠ ਅਤੇ ਅਰਥ ਕਰਨ ਵਿਚ ਆਪ ਅਦੁੱਤੀ ਸਨ। ਆਪ ਦੇ ਇਸ ਗੁਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ 16 ਸਤੰਬਰ 1993 ਈ. ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 15 ਅਗਸਤ 1972 ਈ. ਨੂੰ ਭਾਰਤ ਦੀ ਆਜ਼ਾਦੀ ਦੇ ਘੁਲਾਟੀਏ ਵਜੋਂ ਤਾਮਰ ਪੱਤਰ ਨਾਲ ਵਰਸਾਇਆ ਗਿਆ। 31 ਮਾਰਚ 2000 ਈ. ਨੂੰ ਲੰਬੀ ਬੀਮਾਰੀ ਤੋਂ ਬਾਦ ਆਪ ਦਾ ਦੇਹਾਂਤ ਹੋਇਆ।

**ਚੇਤ ਸਿੰਘ ਬਾਜਵਾ** (ਮ. 1839 ਈ.) : ਮਹਾਰਾਜਾ ਖੜਕ ਸਿੰਘ ਦਾ ਇਕ ਰਿਸ਼ਤੇਦਰ, ਜੋ ਬਚਪਨ ਵਿਚ ਇਸ ਦਾ ਉਸਤਾਦ ਵੀ ਰਿਹਾ ਸੀ। ਖੜਕ ਸਿੰਘ ਨਾਲ ਡੂੰਘੀ ਮਿਤਰਤਾ ਹੋਣ ਕਾਰਣ ਰਾਜ-ਦਰਬਾਰ ਵਿਚ ਵੀ ਇਸ ਦਾ ਕਾਫ਼ੀ ਪ੍ਰਭਾਵ ਸੀ। ਇਹ ਅਕਸਰ ਮਹਾਰਾਜਾ ਖੜਕ ਸਿੰਘ ਦੇ ਅੰਗ-ਸੰਗ ਹੀ ਰਹਿੰਦਾ ਸੀ। ਡੋਗਰਾ ਵਜ਼ੀਰ ਧਿਆਨ ਸਿੰਘ ਨੂੰ ਸਦਾ ਡਰ ਬਣਿਆ ਰਹਿੰਦਾ ਸੀ ਕਿ ਇਹ ਕਿਤੇ ਉਸ ਦੇ ਔਹਦੇ ਨੂੰ ਹੱਥ ਨ ਪਾ ਲਏ। ਚੇਤ ਸਿੰਘ ਨੇ ਬਹੁਤ ਸਾਰੇ ਦਰਬਾਰੀਆਂ ਅਤੇ ਵਿਦੇਸ਼ੀ ਕਾਰਿੰਦੇ ਨੂੰ ਆਪਣੇ ਨਾਲ ਜੋੜ ਲਿਆ। ਪਰ ਧਿਆਨ ਸਿੰਘ ਨੇ ਕੰਵਰ ਨੌਂ ਨਿਹਾਲ ਸਿੰਘ ਨੂੰ ਆਪਣੇ ਵਸ ਕਰ ਲਿਆ ਅਤੇ ਇਹ ਅਫ਼ਵਾਹ ਫੈਲਾ ਦਿੱਤੀ ਕਿ ਚੇਤ ਸਿੰਘ ਮਹਾਰਾਜਾ ਖੜਕ ਸਿੰਘ ਤੋਂ ਖ਼ਾਲਸਾ ਫ਼ੌਜ ਨੂੰ ਬਰਖ਼ਾਸਤ ਕਰਾ ਕੇ ਲਾਹੌਰ ਦਰਬਾਰ ਨੂੰ ਅੰਗ੍ਰੇਜ਼ਾਂ ਦੇ ਅਧੀਨ ਕਰਨਾ ਚਾਹੁੰਦਾ ਹੈ। ਇਸ ਸੰਬੰਧ ਵਿਚ ਖੜਕ ਸਿੰਘ ਵਲੋਂ ਅੰਗ੍ਰੇਜ਼ਾਂ ਨੂੰ ਲਿਖੇ ਕਈ ਜਾਅਲੀ ਪੱਤਰ ਵੀ ਤਿਆਰ ਕਰਵਾ ਕੇ ਨਸ਼ਰ ਕੀਤੇ ਗਏ।

ਕੰਵਰ ਨੇ ਆਪਣੇ ਪਿਤਾ ਖੜਕ ਸਿੰਘ ਨੂੰ ਰਾਜ-ਅਧਿਕਾਰ ਛਡਣ ਲਈ ਕਿਹਾ ਅਤੇ ਨਾਲ ਹੀ ਚੇਤ ਸਿੰਘ ਨੂੰ ਆਪਣੇ ਤੋਂ ਵਖ ਕਰ ਦੇਣ ਲਈ ਜ਼ੋਰ ਦਿੱਤਾ। ਖੜਕ ਸਿੰਘ ਦੇ ਨ ਮੰਨਣ 'ਤੇ 9 ਅਕਤੂਬਰ 1839 ਈ. ਨੂੰ ਸਵੇਰ ਵੇਲੇ ਧਿਆਨ ਸਿੰਘ ਕੰਵਰ ਨੌਂ ਨਿਹਾਲ ਸਿੰਘ ਅਤੇ 15 ਹੋਰ ਸਰਦਾਰਾਂ ਨੂੰ ਲੈ ਕੇ ਮਹੱਲ ਦੇ ਉਸ ਕਮਰੇ ਵਿਚ ਗਿਆ ਜਿਥੇ ਖੜਕ ਸਿੰਘ ਅਤੇ ਚੇਤ ਸਿੰਘ ਇਕੱਠੇ ਸੌਂਦੇ ਸਨ। ਉਨ੍ਹਾਂ ਨੂੰ ਵੇਖ ਕੇ ਚੇਤ ਸਿੰਘ ਨੇ ਲੁਕਣ ਦਾ ਯਤਨ ਕੀਤਾ, ਪਰ ਇਸ ਨੂੰ ਲੁਕੀ ਹੋਈ ਥਾਂ ਤੋਂ ਬਲਵਈਆਂ ਨੇ ਬਾਹਰ ਖਿਚ ਲਿਆਉਂਦਾ ਅਤੇ ਧਿਆਨ ਸਿੰਘ ਨੇ ਉਸ ਦੀ ਛਾਤੀ ਵਿਚ ਕਟਾਰ ਮਾਰ ਕੇ ਕਤਲ ਕਰ ਦਿੱਤਾ। ਬਸ ਇਥੋਂ ਹੀ ਲਾਹੌਰ ਦਰਬਾਰ ਦੀ ਖ਼ਾਨਾਜੰਗੀ ਦਾ ਆਰੰਭ ਹੁੰਦਾ ਹੈ। ਇਸ ਸੰਬੰਧੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ—*ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ, ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ। ਪਿਛੇ ਸਾਡੇ ਵੀ ਕੌਰ ਨਾ ਰਾਜ ਕਰਸੀ, ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ। ਨਾਹਕ ਦਾ ਇਨ੍ਹਾਂ ਨੇ ਖ਼ੂਨ ਕੀਤਾ, ਇਹ ਤਾਂ ਮਰਨਗੇ ਸਭ ਸਰਦਾਰ ਮੀਆਂ। ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵਗੀ, ਸਭ ਕਤਲ ਹੋਣੇ ਵਾਰੋ ਵਾਰ ਮੀਆਂ।7।*

**ਚੇਲਾ ਰਾਮ, ਭਾਈ, ਦਾਦਾ** (1904-1964 ਈ.): ਇਕ ਸਹਿਜਧਾਰੀ ਸਿੰਧੀ ਸਿੱਖ, ਜਿਸ ਦਾ ਜਨਮ ਹੈਦਰਾਬਾਦ (ਸਿੰਧ) ਵਿਚ ਡਾ. ਟੇਕਚੰਦ ਰਾਚੂਮਲ ਮਨਸੁਖ਼ਾਨੀ ਦੇ ਘਰ ਮਾਈ ਚੇਤੀ ਬਾਈ ਦੀ ਕੁੱਖੋਂ 3 ਮਈ 1904 ਈ. ਵਿਚ ਹੋਇਆ। ਛੋਟੀ ਉਮਰ ਵਿਚ ਹੀ ਇਸ ਦੇ ਮਾਤਾ, ਪਿਤਾ ਅਤੇ ਭੈਣ ਦਾ ਦੇਹਾਂਤ ਹੋ ਗਿਆ। ਫਲਸਰੂਪ, ਇਸ ਦਾ ਮਨ ਉਦਾਸ ਹੋ ਗਿਆ ਅਤੇ ਵੈਰਾਗ ਦੀ ਭਾਵਨਾ ਨਾਲ ਧਰਮ ਗ੍ਰੰਥਾਂ ਦੇ ਅਧਿਐਨ ਵਲ ਝੁਕਿਆ। ਪੜ੍ਹਾਈ ਵਿਚ ਇਹ ਬਹੁਤ ਹੁਸ਼ਿਆਰ ਸੀ। ਇਸ ਨੇ ਲਾਅ ਦਾ ਇਮਤਿਹਾਨ ਪਾਸ ਕਰਕੇ ਪਹਿਲਾਂ ਵਕਾਲਤ ਸ਼ੁਰੂ ਕੀਤੀ, ਪਰ ਇਸ ਦਾ ਮਨ ਇਸ ਕੰਮ ਵਿਚ ਨ ਰਮਿਆ। ਫਿਰ ਇਸ ਨੇ ਸਿਵਲ ਸਰਵਿਸ ਵਿਚ ਪ੍ਰਵੇਸ਼ ਕੀਤਾ। ਆਪਣੀ ਨੌਕਰੀ ਦੌਰਾਨ ਧਰਮ ਗ੍ਰੰਥਾਂ ਦੇ ਅਧਿਐਨ ਲਈ ਇਸ ਨੂੰ ਕਾਫ਼ੀ ਸਮਾਂ ਮਿਲਿਆ। ਗੁਰਬਾਣੀ ਤੋਂ ਬਹੁਤ ਪ੍ਰਭਾਵਿਤ ਹੋ ਕੇ ਇਸ ਨੇ ਕਰਾਚੀ ਦੇ ਗੁਰਦੁਆਰੇ ਵਿਚ ਕੀਰਤਨ ਕਰਨਾ ਸ਼ੁਰੂ ਕੀਤਾ ਅਤੇ ਬੱਚਿਆਂ ਨੂੰ ਵੀ ਕੀਰਤਨ ਨਾਲ ਜੋੜਿਆ। ਹੌਲੀ ਹੌਲੀ ਇਸ ਦੇ ਸਤਿਸੰਗੀਆਂ ਦੀ ਇਕ ਟੋਲੀ ਬਣ ਗਈ ਜੋ ਕੀਰਤਨ ਅਤੇ ਨਾਮ-ਸਿਮਰਨ ਵਿਚ ਵਿਸ਼ੇਸ਼ ਰੁਚੀ ਰਖਦੀ ਸੀ। ਉਸ ਟੋਲੀ ਵਿਚ ਇਸ ਨੂੰ ਆਦਰ ਨਾਲ 'ਦਾਦਾ' ਸ਼ਬਦ ਨਾਲ ਵਿਸ਼ਿਸ਼ਟ ਕੀਤਾ ਜਾਂਦਾ ਸੀ।

ਹੌਲੀ ਹੌਲੀ ਇਸ ਨੂੰ ਪੰਜਾਬ ਦੇ ਗੁਰੂ-ਧਾਮਾਂ ਵਿਚ ਕੀਰਤਨ ਕਰਨ ਲਈ ਨਿਮੰਤ੍ਰਿਤ ਕੀਤਾ ਜਾਣ ਲਗਿਆ ਅਤੇ ਇਸ ਦੀ ਪ੍ਰਸਿੱਧੀ ਸਾਰੇ ਸਿੱਖ ਜਗਤ ਵਿਚ ਹੋ ਗਈ। ਇਸ ਦੇ ਨਾਂ ਉਤੇ ਸੰਨ 1938 ਈ. ਵਿਚ ਕਰਾਚੀ ਵਿਚ ਇਕ ਆਸ਼੍ਰਮ ਵੀ ਸਥਾਪਿਤ ਕੀਤਾ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਦ ਇਹ ਦਿੱਲੀ ਆ ਕੇ ਰਖਿਆ ਮੰਤ੍ਰਾਲੇ ਵਿਚ ਨੌਕਰੀ ਕਰਨ ਲਗ ਗਿਆ। ਇਸ ਨੇ ਸੰਨ 1958 ਈ. ਵਿਚ ਪੂਸਾ ਰੋਡ, ਨਵੀਂ ਦਿੱਲੀ ਉਤੇ 'ਨਿਜ ਥਾਓਂ' ਨਾਮਕ ਇਕ ਧਾਰਮਿਕ ਕੇਂਦਰ ਸਥਾਪਿਤ ਕੀਤਾ ਜੋ ਬਾਈਬਲ, ਗੀਤਾ, ਕੁਰਾਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਧਾਰਮਿਕ ਵਿਚਾਰਧਾਰਾ ਨੂੰ ਪ੍ਰਸਾਰਨ ਵਾਲੀ ਸਰਬਗ੍ਰਾਹੀ ਸੰਸਥਾ ਹੈ। ਇਸ ਦੇ ਉੱਦਮ ਨਾਲ ਸੰਬੰਧਿਤ ਇਕ ਹੋਰ ਸੰਸਥਾ 'ਨਿਰਗੁਣ ਬਾਲਿਕ ਸਤਸੰਗ ਮੰਡਲ' ਵੀ ਦਿੱਲੀ ਵਿਚ ਕਾਇਮ ਕੀਤੀ ਗਈ ਜਿਸ ਦੀਆਂ ਬੰਬਈ, ਪੂਨੇ ਅਤੇ ਸਪਰੂਨ (ਹਿਮਾਚਲ ਪ੍ਰਦੇਸ਼) ਵਿਚ ਸ਼ਾਖਾਵਾਂ ਹਨ।

7 ਮਾਰਚ 1964 ਈ. ਨੂੰ ਦਾਦਾ ਚੇਲਾ ਰਾਮ ਦੇ ਦੇਹਾਂਤ ਤੋਂ ਬਾਦ ਇਸ ਦੇ ਪੁੱਤਰ ਲਕਸ਼ਮਣ ਚੇਲਾ ਰਾਮ ਨੇ ਧਰਮ-ਪ੍ਰਚਾਰ ਦੀ ਗਤਿਵਿਧੀ ਨੂੰ ਸੰਭਾਲਿਆ ਹੈ। ਉਸ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' (ਹਿੰਦੀ ਟੀਕਾ ਸਹਿਤ) ਦਾ ਸੰਨ 1987 ਈ. ਤੋਂ ਪ੍ਰਕਾਸ਼ਨ ਸ਼ੁਰੂ ਕੀਤਾ ਜੋ ਹੁਣ ਛੇ ਜਿਲਦਾਂ ਵਿਚ ਛਪ ਚੁਕਿਆ ਹੈ। ਇਸ ਨੂੰ ਪੰਜਾਬੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦਣ ਦਾ ਵੀ ਯਤਨ ਕੀਤਾ ਜਾ ਰਿਹਾ ਹੈ।

**ਚੇਲਿਆਂ ਵਾਲਾ** (ਪਿੰਡ) : ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦਾ ਦਰਿਆਏ ਚਨਾਬ ਦੇ ਨੇੜੇ ਵਸਿਆ ਇਕ ਪਿੰਡ ਜਿਥੇ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ ਵੇਲੇ ਅੰਗ੍ਰੇਜ਼ ਕਮਾਂਡਰ ਲਾਰਡ ਹਿਊ ਗਫ਼ ਦੀਆਂ ਫ਼ੌਜਾਂ ਸ. ਸ਼ੇਰ ਸਿੰਘ ਅਟਾਰੀਵਾਲੇ ਦੀਆਂ ਫ਼ੌਜਾਂ ਨਾਲ ਲੜੀਆਂ ਸਨ ਅਤੇ ਬੁਰੀ ਤਰ੍ਹਾਂ ਪਛਾੜ ਦਿੱਤੀਆਂ ਗਈਆਂ ਸਨ। ਵਿਸਤਾਰ ਲਈ ਵੇਖੋ 'ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ'।

**ਚੋਲਾ ਸਾਹਿਬ, ਗੁਰਦੁਆਰਾ** : ਡੇਰਾ ਬਾਬਾ ਨਾਨਕ ਵਿਚ ਸਥਿਤ ਇਕ ਪ੍ਰਸਿੱਧ ਗੁਰੂ-ਧਾਮ। ਵੇਖੋ 'ਡੇਰਾ ਬਾਬਾ ਨਾਨਕ'।

**ਚੋਲਾ ਗੁਰੂ ਕਾ** : 'ਚੋਲਾ' ਤੋਂ ਭਾਵ ਹੈ ਜਾਮਾ ਜਾਂ ਕੁੜਤਾ। ਸਿੱਖ ਇਤਿਹਾਸ ਵਿਚ ਵਿਸ਼ੇਸ਼ ਤੌਰ 'ਤੇ ਤਿੰਨ ਅਜਿਹੇ ਚੋਲਿਆਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨੇ ਕਿਸੇ ਗੁਰੂ ਸਾਹਿਬ ਦੇ ਸ਼ਰੀਰ ਦੀ ਛੋਹ ਪ੍ਰਾਪਤ ਕੀਤੀ ਸੀ। ਇਨ੍ਹਾਂ ਤਿੰਨਾਂ ਵਿਚ ਸਭ ਤੋਂ ਪੁਰਾਤਨ ਚੋਲਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਹੁਣ ਡੇਰਾ ਬਾਬਾ ਨਾਨਕ ਵਿਚ ਗੁਰੂ ਨਾਨਕ ਦੇਵ ਜੀ ਦੇ ਵੰਸ਼ਜਾਂ ਨੇ ਸੰਭਾਲਿਆ ਹੋਇਆ ਹੈ ਅਤੇ ਸੰਭਾਲ ਵਾਲੀ ਥਾਂ 'ਤੇ 'ਗੁਰਦੁਆਰਾ ਚੋਲਾ ਸਾਹਿਬ' ਬਣਿਆ ਹੋਇਆ ਹੈ। ਸਿੱਖ ਇਤਿਹਾਸ ਅਨੁਸਾਰ ਇਹ ਚੋਲਾ ਗੁਰੂ ਨਾਨਕ ਦੇਵ ਜੀ ਨੂੰ ਬਗਦਾਦ ਫੇਰੀ ਦੌਰਾਨ ਉਥੋਂ ਦੇ ਹਾਕਿਮ ਨੇ ਅਰਪਿਤ ਕੀਤਾ ਸੀ। ਇਸ ਉਤੇ ਕੁਰਾਨ ਸ਼ਰੀਫ਼ ਦੇ 30 ਸੁਪਾਰੇ ਅਤੇ ਆਇਤਾਂ ਆਦਿ ਦੀ ਕਢਾਈ ਕੀਤੀ ਹੋਈ ਹੈ। ਇਸ ਚੋਲੇ ਦੇ ਦਰਸ਼ਨ ਹਰ ਸਾਲ 21, 22 ਅਤੇ 23 ਫਗਣ ਨੂੰ ਕਰਵਾਏ ਜਾਂਦੇ ਹਨ। ਉਦੋਂ ਬਹੁਤ ਸੰਗਤ ਜੁੜਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚੋਲਾ ਜੋ ਆਨੰਦਪੁਰ ਵਿਚ ਆਏ ਭਾਈ ਹਰਾ ਦੇ ਪੁੱਤਰ ਭਾਈ ਨੱਥੂ ਨੂੰ ਗੁਰੂ ਜੀ ਨੇ ਬਖ਼ਸ਼ਿਆ ਸੀ ਅਤੇ ਜੋ ਹੁਣ ਉਸ ਦੀ ਸੰਤਾਨ ਪਾਸ ਅੰਮ੍ਰਿਤਸਰ ਦੇ ਕਿਲ੍ਹਾ ਭੰਗੀਆਂ ਦੀ ਠਾਕੁਰ ਦੁਆਰੇ ਵਾਲੀ ਗਲੀ ਵਿਚ ਸੰਭਾਲਿਆ ਹੋਇਆ ਦਸਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੋਰ ਚੋਲਾ ਜੋ ਗੁਰੂ ਜੀ ਨੇ ਨਾਭਾ ਰਿਆਸਤ ਦੇ ਸੰਸਥਾਪਕ ਭਾਈ ਤਿਲੋਕਾ ਨੂੰ ਹੁਕਮਨਾਮੇ ਦੇ ਨਾਲ ਬਖ਼ਸ਼ਿਆ ਸੀ। ਹੁਣ ਇਹ ਚੋਲਾ ਨਾਭੇ ਦੇ ਕਿਲ੍ਹੇ ਅੰਦਰ 'ਗੁਰਦੁਆਰਾ ਸਿਰਪਾਉ ਸਾਹਿਬ' ਵਿਚ ਸੰਭਾਲਿਆ ਹੋਇਆ ਹੈ।

ਉਪਰੋਕਤ ਤਿੰਨ ਚੋਲਿਆਂ ਤੋਂ ਇਲਾਵਾ ਵੀ ਕੁਝ ਹੋਰ ਚੋਲਿਆਂ ਦੇ ਉਲੇਖ ਸਿੱਖ ਇਤਿਹਾਸ ਵਿਚ ਮਿਲਦੇ ਹਨ।

**ਚੋਲ੍ਹਾ** (ਪਿੰਡ) : ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਹਾਲੀ ਕਸਬੇ ਦੇ ਨੇੜੇ ਇਕ ਪਿੰਡ ਜਿਸ ਦਾ ਪਹਿਲਾ ਨਾਂ 'ਭੈਣੀ' ਸੀ। ਜਦੋਂ ਗੁਰੂ ਅਰਜਨ ਦੇਵ ਜੀ ਇਸ ਪਿੰਡ ਵਿਚ ਬਿਰਾਜੇ ਤਾਂ ਇਕ ਮਾਈ ਬਹੁਤ ਰਸਦਾਇਕ ਭੋਜਨ (ਚੋਲ੍ਹਾ) ਬਣਾ ਕੇ ਗੁਰੂ ਜੀ ਲਈ ਲਿਆਈ। ਉਹ ਭੋਜਨ ਕਰਕੇ ਗੁਰੂ ਜੀ ਨੇ ਪ੍ਰਸੰਨ ਚਿੱਤ ਉਸ ਮਾਈ ਨੂੰ ਅਸੀਸ ਦਿੱਤੀ ਅਤੇ ਉਸ ਭੋਜਨ ਪਰਥਾਇ ਸ਼ਬਦ ਉਚਾਰਿਆ— *ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ* (ਗੁ.ਗ੍ਰੰ.673)। ਕਾਲਾਂਤਰ ਵਿਚ ਇਸ ਪਿੰਡ ਦਾ ਨਾਂ 'ਭੈਣੀ' ਦੀ ਥਾਂ 'ਚੋਲ੍ਹਾ' ਪ੍ਰਚਲਿਤ ਹੋ ਗਿਆ। ਇਸ ਪਿੰਡ ਵਿਚ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਤਿੰਨ ਸਮਾਰਕ ਹਨ।

ਇਕ ਸਮਾਰਕ ਦਾ ਨਾਂ ਹੈ 'ਗੁਰਦੁਆਰਾ ਚੋਲ੍ਹਾ ਸਾਹਿਬ' ਜੋ ਪਿੰਡ ਦੇ ਪੱਛਮ ਵਲ ਸਥਿਤ ਹੈ। ਇਸ ਥਾਂ ਉਤੇ ਬੈਠ ਕੇ ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਕੀਤਾ ਸੀ। ਇਸ ਗੁਰੂ-ਧਾਮ ਨਾਲ ਇਕ ਸਰੋਵਰ ਵੀ ਬਣਿਆ ਹੋਇਆ ਹੈ। ਇਸ ਦੇ ਨੇੜੇ ਇਕ ਖੂਹ ਵੀ ਹੈ ਜਿਸ ਬਾਰੇ ਮਾਨਤਾ ਹੈ ਕਿ ਉਹ ਗੁਰੂ ਜੀ ਦੇ ਵੇਲੇ ਦਾ ਹੈ। ਦੂਜੇ ਧਾਮ ਦਾ ਨਾਂ ਹੈ 'ਗੁਰਦੁਆਰਾ ਗੁਰੂ ਕੀ ਕੋਠੜੀ', ਜੋ ਪਿੰਡ ਦੇ ਅੰਦਰ ਸਥਿਤ ਹੈ। ਇਸ ਥਾਂ 'ਤੇ ਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਸਹਿਤ ਬਹੁਤ ਸਮਾਂ ਰਹੇ ਸਨ। ਇਸ ਗੁਰਦੁਆਰੇ ਦੀ ਨਵੀਂ ਇਮਾਰਤ ਤਿਆਰ ਹੋ ਚੁਕੀ ਹੈ। ਇਸ ਦੇ ਇਹਾਤੇ ਵਿਚ ਵੀ ਗੁਰੂ ਜੀ ਦੇ ਸਮੇਂ ਦਾ ਇਕ ਪੁਰਾਤਨ ਖੂਹ ਮੌਜੂਦ ਹੈ। ਤੀਜਾ ਸਥਾਨ ਹੈ 'ਗੁਰਦੁਆਰਾ ਬਾਬਾ ਅਦਲੀ', ਜੋ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਇਕ ਸਮਕਾਲੀ ਗੁਰਸਿੱਖ ਦੀ ਯਾਦ ਵਿਚ ਬਣਾਇਆ ਗਿਆ ਹੈ। ਇਸੇ ਧਰਮ-ਸਾਧਕ ਦੁਆਰਾ ਭਾਈ ਬਿਧੀ ਚੰਦ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਸਿੱਖ ਬਣਿਆ ਸੀ। ਇਹ ਤਿੰਨੋਂ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹਨ, ਪਰ ਇਨ੍ਹਾਂ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਚੌਕਾ** : ਭਾਰਤੀ ਸੰਸਕ੍ਰਿਤੀ ਵਿਚ ਰਸੋਈ ਜਾਂ ਪਾਕਸ਼ਾਲਾ ਦੀ ਪਵਿਤਰਤਾ ਉਤੇ ਬਹੁਤ ਬਲ ਦਿੱਤਾ ਗਿਆ ਹੈ। ਖੁਲ੍ਹੀ ਰਸੋਈ ਜਾਂ ਬਿਨਾ ਛਤ ਦੇ ਰਸੋਈ ਨੂੰ ਆਮ ਤੌਰ 'ਤੇ 'ਚੌਕਾ' ਕਿਹਾ ਜਾਂਦਾ ਹੈ। 'ਚੌਕਾ' ਸ਼ਬਦ ਸ਼ਾਇਦ 'ਚੌ-ਕਾਰ' (ਚਾਰ ਲਕੀਰਾਂ) ਦਾ ਸੰਖਿਪਤ ਰੂਪ ਹੋਵੇ। ਆਮ ਘਰਾਂ ਵਿਚ ਰਸੋਈ (ਪਾਕਸ਼ਾਲਾ) ਤੋਂ ਛੁਟ, ਚਾਰ ਗੁਠਾਂ ਵਾਲਾ ਇਕ ਚੌਕਾ ਵੀ ਹੁੰਦਾ ਹੈ। ਇਹ ਘਰ ਦੇ ਖੁਲ੍ਹੇ ਵੇਹੜੇ ਜਾਂ ਦਾਲਾਨ ਵਿਚ ਚਾਰ ਕਾਰਾਂ/ਲਕੀਰਾਂ ਵਾਹ ਕੇ ਅਤੇ ਕਈ ਵਾਰ ਆਮ ਧਰਤੀ ਤੋਂ ਕੁਝ ਉੱਚਾ ਬਣਾ ਲਿਆ ਜਾਂਦਾ ਹੈ ਅਤੇ ਗਊ ਦੇ ਗੋਹੇ ਨਾਲ ਲਿੰਬ-ਪੋਚ ਕੇ ਪਵਿੱਤਰ ਕਰ ਲਿਆ ਜਾਂਦਾ ਹੈ। ਲੋਕ-ਵਿਸ਼ਵਾਸ ਅਨੁਸਾਰ ਚੌਕੇ ਅੰਦਰ ਤਿੰਨ ਦੇਵਤਿਆਂ (ਅੰਨ ਦੇਵਤਾ, ਜਲ ਦੇਵਤਾ ਅਤੇ ਅਗਨੀ ਦੇਵਤਾ) ਦਾ ਨਿਵਾਸ ਹੋਣ ਕਾਰਣ ਇਸ ਨੂੰ ਪਵਿੱਤਰ ਸਮਝਿਆ ਜਾਂਦਾ ਹੈ। ਇਸ ਵਿਚ ਚਮੜੇ ਦੀ ਜੁਤੀ, ਸੂਤਕ ਜਾਂ ਮਾਸਿਕ ਧਰਮ ਵਾਲੀ ਇਸਤਰੀ ਦਾ ਜਾਣਾ ਵਰਜਿਤ ਹੈ। ਜੇ ਕਦੇ ਕੋਈ ਅਵਗਿਆ ਹੋ ਜਾਏ ਤਾਂ ਫਿਰ ਗੋਹੇ ਦਾ ਲੇਪਣ ਦੇ ਲਿਆ ਜਾਂਦਾ ਹੈ।

ਸਿੱਖ ਧਰਮ ਵਿਚ ਚੌਕੇ ਨੂੰ ਕੋਈ ਉਚੇਚੀ ਮਾਨਤਾ ਪ੍ਰਾਪਤ ਨਹੀਂ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿਚ ਕਿਹਾ ਹੈ ਕਿ ਚੌਕਾ ਲਿੰਬ ਪੋਚ ਕੇ ਪਵਿੱਤਰ ਕੀਤਾ ਜਾਂਦਾ ਹੈ, ਪਰ ਉਸ ਵਿਚ ਬੈਠਣ ਵਾਲਾ ਝੂਠਾ ਹੈ। ਫਿਰ ਪਵਿੱਤਰਤਾ ਭਲਾ ਕਿਵੇਂ ਸੰਭਵ ਹੋ ਸਕਦੀ ਹੈ? ਵਿਖਾਵੇ ਦੀ ਪਵਿੱਤਰਤਾ ਦੀ ਥਾਂ ਮਨ ਦੀ ਪਵਿੱਤਰਤਾ ਅਧਿਕ ਮਹੱਤਵ ਰਖਦੀ ਹੈ— *ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਕੇ ਉਪਰਿ ਕਿਸੈ ਨ ਜਾਣਾ। ਦੇ ਕੈ ਚਉਕਾ ਕਢੀ ਕਾਰ। ਉਪਰਿ ਆਇ ਬੈਠੇ ਕੂੜਿਆਰ।* (ਗੁ.ਗ੍ਰੰ.472)।

ਸੰਤ ਕਬੀਰ ਜੀ ਨੇ ਚੌਕੇ ਦੀ ਪਵਿੱਤਰਤਾ ਨੂੰ ਸਵੀਕਾਰ ਨ ਕਰਦਿਆਂ ਸਾਫ਼ ਕਿਹਾ ਹੈ— *ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ। ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ।* (ਗੁ.ਗ੍ਰੰ.1195)।

**ਚੌਕੀ ਕੀਰਤਨ ਦੀ :** ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇਕ ਅਨੁਸ਼ਠਾਨਿਕ ਪ੍ਰਥਾ ਜੋ ਕੇਵਲ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸੰਪੰਨ ਹੁੰਦੀ ਹੈ। 'ਚੌਕੀ' ਦਾ ਸ਼ਾਬਦਿਕ ਅਰਥ ਹੈ ਚਾਰ ਪਾਵਿਆਂ ਵਾਲਾ ਬੈਠਣ ਦਾ ਲਕੜ ਦਾ ਆਸਣ। ਪਰ ਸਿੱਖ-ਧਰਮ ਵਿਚ ਇਸ ਦਾ ਸੰਬੰਧ ਚਾਰ ਰਾਗੀਆਂ ਦੀ ਕੀਰਤਨ-ਮੰਡਲੀ ਦੇ ਪ੍ਰਕਾਰਜ ਨਾਲ ਹੈ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਵਿਚ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਤੋਂ ਹੀ ਚਾਰ ਚੌਕੀਆਂ ਦਾ ਵਿਧਾਨ ਕੀਤਾ ਸੀ, ਜਿਵੇਂ (1) ਅੰਮ੍ਰਿਤ ਵੇਲੇ ਦੀ ਆਸਾ ਕੀ ਵਾਰ ਦੀ ਚੌਕੀ, (2) ਸਵਾ ਪਹਿਰ ਦਿਨ ਚੜ੍ਹਨ 'ਤੇ ਕੀਤੀ ਜਾਣ ਵਾਲੀ ਚਰਨਕਵਲ ਕੀ ਚੌਕੀ, (3) ਸ਼ਾਮ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਕੀ, (4) ਚਾਰ ਘੜੀ ਰਾਤ ਦੇ ਬੀਤਣ ਉਪਰੰਤ ਕਲਿਆਣ ਦੀ ਚੌਕੀ। ਇਹ ਚੌਕੀਆਂ ਗੁਰੂ ਗ੍ਰੰਥ ਸਾਹਿਬ ਦੇ ਹਰਿਮੰਦਿਰ ਵਿਚ ਪ੍ਰਭਾਤ ਵੇਲੇ ਪ੍ਰਕਾਸ਼ ਹੋ ਚੁਕਣ ਤੋਂ ਸ਼ੁਰੂ ਹੋ ਕੇ ਰਾਤ ਨੂੰ ਨੌਂ ਜਾਂ ਦਸ ਵਜੇ ਤਕ ਹੁੰਦੀਆਂ ਸਨ ਅਤੇ ਹੁਣ ਵੀ ਇਹ ਕੁਝ ਵਾਧ-ਘਾਟ ਨਾਲ ਪ੍ਰਚਲਿਤ ਚਲੀਆਂ ਆ ਰਹੀਆਂ ਹਨ। ਇਨ੍ਹਾਂ ਨੂੰ 'ਨਿਤਨੇਮ ਦੀਆਂ ਚੌਕੀਆਂ' ਵੀ ਕਿਹਾ ਜਾਂਦਾ ਹੈ।

ਚੌਕੀ-ਪ੍ਰਥਾ ਦੇ ਵਰਤਮਾਨ ਸਰੂਪ ਬਾਰੇ 'ਅਜੀਤ' (23 ਅਕਤੂਬਰ 2000) ਅਖ਼ਬਾਰ ਵਿਚ ਛਪੀ ਰਿਪੋਰਟ ਵਿਚ ਦਸਿਆ ਗਿਆ ਹੈ ਕਿ ਰਾਤ ਨੂੰ ਹਰਿਮੰਦਿਰ ਸਾਹਿਬ ਦੇ ਇਸ਼ਨਾਨ ਤੋਂ ਬਾਦ ਵਿਛਾਈਆਂ ਕੀਤੀਆਂ ਜਾਂਦੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਕਾਸ਼ਿਤ ਕਰਨ ਲਈ ਸਿੰਘਾਸਨ ਤਿਆਰ ਕੀਤਾ ਜਾਂਦਾ ਹੈ। ਦੂਜੇ ਪਾਸੇ ਹਰਿਮੰਦਿਰ ਸਾਹਿਬ ਦੇ ਕਿਵਾੜ (ਦਰਵਾਜ਼ੇ) ਖੁਲ੍ਹਣ ਤੋਂ ਪਹਿਲਾਂ ਦਰਸ਼ਨੀ ਡਿਓਡੀ ਦੇ ਬਾਹਰ ਪ੍ਰੇਮੀ ਸਿੰਘ ਸ਼ਬਦ ਪੜ੍ਹਦੇ ਹਨ— *ਦਰਮਾਦੇ ਠਾਢੇ ਦਰਬਾਰਿ। ਤੁਝ ਬਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ।* (ਗੁ.ਗ੍ਰੰ.856)। ਇਸ ਸ਼ਬਦ ਦੇ ਗਾਇਨ ਤੋਂ ਬਾਦ ਗਰਮੀਆਂ ਵਿਚ ਦੋ ਵਜੇ ਅਤੇ ਸਰਦੀਆਂ ਵਿਚ 3 ਵਜੇ ਕਿਵਾੜ ਖੁਲ੍ਹ ਜਾਂਦੇ ਹਨ। ਹਰਿਮੰਦਿਰ ਸਾਹਿਬ ਵਿਚ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਨੂੰ ਤਿੰਨ ਪਹਿਰ ਵਾਲੀ ਚੌਕੀ ਵਜੋਂ ਜਾਣਿਆ ਜਾਂਦਾ ਹੈ। ਇਕ ਘੰਟੇ ਦੀ ਇਹ ਚੌਕੀ ਸਰਦੀਆਂ ਵਿਚ ਚਾਰ ਵਜੇ ਅਤੇ ਗਰਮੀਆਂ ਵਿਚ ਤਿੰਨ ਵਜੇ ਸਮਾਪਤ ਹੁੰਦੀ ਹੈ।

ਤਿੰਨ ਪਹਿਰ ਵਾਲੀ ਚੌਕੀ ਤੋਂ ਬਾਦ ਦੂਜਾ ਰਾਗੀ ਜਥਾ 'ਆਸਾ ਕੀ ਵਾਰ' ਦਾ ਕੀਰਤਨ ਸ਼ੁਰੂ ਕਰ ਦਿੰਦਾ ਹੈ। ਇਕ ਘੰਟੇ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਗ੍ਰੰਥੀ ਸਿੰਘ, ਸੰਗਤ ਸਹਿਤ, ਸ਼ਬਦ-ਗਾਇਨ ਕਰਦੇ ਹੋਏ ਅਕਾਲ ਤਖ਼ਤ ਤੋਂ ਹਰਿਮੰਦਿਰ ਸਾਹਿਬ ਵਲ ਲੈ ਕੇ ਆਉਂਦੇ ਸਨ। ਮੁੱਖ ਦੁਆਰ ਉਤੇ ਪਹੁੰਚਣ 'ਤੇ ਪਾਲਕੀ ਵਿਚੋਂ ਗ੍ਰੰਥ ਸਾਹਿਬ ਨੂੰ ਗ੍ਰੰਥੀ ਸਿੰਘ ਸਿੰਘਾਸਨ ਉਤੇ ਬਿਰਾਜਮਾਨ ਕਰਦੇ ਹਨ ਅਤੇ ਵਾਕ ਲੈਂਦੇ ਹਨ। 'ਆਸਾ ਕੀ ਵਾਰ' ਦਾ ਬੰਦ ਕੀਤਾ ਕੀਰਤਨ ਫਿਰ ਆਰੰਭ ਕਰ ਦਿੱਤਾ ਜਾਂਦਾ ਹੈ। ਕੀਰਤਨ ਦੀ ਸਮਾਪਤੀ ਤੋਂ ਬਾਦ ਸਰਦੀਆਂ ਵਿਚ ਸੱਤ ਵਜੇ ਅਤੇ ਗਰਮੀਆਂ ਵਿਚ ਛੇ ਵਜੇ ਅਰਦਾਸ ਹੁੰਦੀ ਹੈ।

'ਆਸਾ ਕੀ ਵਾਰ' ਤੋਂ ਬਾਦ ਦਿਨ ਦੇ 12 ਵਜੇ ਤਕ ਕੀਰਤਨ ਹੁੰਦਾ ਹੈ ਅਤੇ ਸ਼ਬਦ ਚੌਕੀ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਤਿੰਨ ਵਜੇ ਤੋਂ ਬਾਦ ਸ਼ਬਦ-ਚੌਕੀ ਚਰਨ ਕਮਲ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ।

ਸੂਰਜ ਛਿਪਣ 'ਤੇ ਰਹਿਰਾਸ ਦੀ ਅਰਦਾਸ ਹੁੰਦੀ ਹੈ ਅਤੇ ਆਰਤੀ ਕਰ ਚੁਕਣ ਤੋਂ ਬਾਦ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਚੌਕੀ ਨੂੰ ਆਰਤੀ ਅਤੇ ਕਲਿਆਣ ਦੀ ਚੌਕੀ ਕਹਿੰਦੇ ਹਨ। ਇਸ ਚੌਕੀ ਤੋਂ ਲਗਭਗ ਇਕ ਘੰਟੇ ਬਾਦ ਪ੍ਰੇਮੀ ਸਿੰਘਾਂ ਦੀ ਚੌਕੀ ਸ਼ਬਦ ਪੜ੍ਹਦੀ ਹੈ। ਅਰਦਾਸ ਤੋਂ ਬਾਦ ਫਿਰ ਕੀਰਤਨ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਨੂੰ ਕੀਰਤਨ ਸੋਹਿਲੇ ਦੀ ਚੌਕੀ ਕਰਕੇ ਜਾਣਿਆ ਜਾਂਦਾ ਹੈ। ਇਹ ਚੌਕੀ ਗਰਮੀਆਂ ਵਿਚ 10.30 ਵਜੇ ਅਤੇ ਸਰਦੀਆਂ ਵਿਚ 9.30 ਵਜੇ ਸਮਾਪਤ ਹੁੰਦੀ ਹੈ। ਕੀਰਤਨ ਸੋਹਿਲੇ ਦਾ ਪਾਠ ਕਰਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੁਖਾਸਣ ਕਰਕੇ, ਅਰਦਾਸ ਕਰਨ ਉਪਰੰਤ ਗ੍ਰੰਥੀ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਆਦਰ ਸਹਿਤ ਸੰਗਤਾਂ ਵਲੋਂ ਲਿਆਉਂਦੀ ਹੋਈ ਪਾਲਕੀ ਵਿਚ ਰਖਿਆ ਜਾਂਦਾ ਹੈ। ਹਰਿਮੰਦਿਰ ਦੇ ਦੁਆਰ ਬੰਦ ਕਰ ਦਿੱਤੇ ਜਾਂਦੇ ਹਨ। ਸੰਗਤਾਂ ਸ਼ਬਦ ਗਾਇਨ ਕਰਦੀਆਂ ਪਾਲਕੀ ਸਹਿਤ ਅਕਾਲ-ਤਖ਼ਤ ਵਲ ਚਲ ਪੈਂਦੀਆਂ ਹਨ।

ਉਥੇ ਪਹੁੰਚਣ 'ਤੇ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਸਹਿਤ ਸੁਖਾਸਣ ਵਾਲੇ ਕਮਰੇ (ਕੋਠਾ ਸਾਹਿਬ) ਵਿਚ ਪਲੰਘ ਉਤੇ ਬਿਰਾਜਮਾਨ ਕਰਦੇ ਹਨ।

ਇਸ ਤਰ੍ਹਾਂ ਹਰ ਰੋਜ਼ 18 ਤੋਂ 20 ਘੰਟੇ ਤਕ ਹਰਿਮੰਦਿਰ ਸਾਹਿਬ ਵਿਚ ਵਖ ਵਖ ਚੌਕੀਆਂ ਰਾਹੀਂ ਕੀਰਤਨ ਦਾ ਪ੍ਰਵਾਹ ਚਲਦਾ ਹੈ। ਮੁੱਖ ਤੌਰ 'ਤੇ ਇਹ ਸਾਰੀ ਕੀਰਤਨ -ਪ੍ਰਕ੍ਰਿਆ ਗੁਰੂ ਅਰਜਨ ਦੇਵ ਦੁਆਰਾ ਸਥਾਪਿਤ ਚਾਰ ਚੌਕੀਆਂ ਦੇ ਅੰਤਰਗਤ ਹੈ।

ਨਿਤਨੇਮ ਦੀਆਂ ਚੌਕੀਆਂ ਤੋਂ ਇਲਾਵਾ ਦੋ ਹੋਰ ਚੌਕੀਆ ਦਾ ਉਲੇਖ ਅਤੇ ਪ੍ਰਚਲਨ ਦਾ ਪਤਾ ਚਲਦਾ ਹੈ। ਇਨ੍ਹਾਂ ਵਿਚੋਂ ਇਕ ਹੈ ਇਤਿਹਾਸਿਕ ਚੌਕੀ ਜਿਸ ਦਾ ਉਦਘਾਟਨ ਬਾਬਾ ਬੁੱਢਾ ਜੀ ਨੇ ਕੀਤਾ। ਬਾਬਾ ਜੀ ਨੇ ਹਰਿ-ਮੰਦਿਰ ਸਾਹਿਬ ਅੰਮ੍ਰਿਤਸਰ ਅਤੇ ਸਰੋਵਰ ਦੀ ਪਰਿਕ੍ਰਮਾ ਕਰਕੇ ਅਤੇ ਸੰਗਤਾਂ ਦੇ ਜੱਥੇ ਨੂੰ ਨਾਲ ਲੈ ਕੇ ਕੀਰਤਨ ਕਰਦੇ ਹੋਏ ਗਵਾਲੀਅਰ ਪੁਜੇ ਸਨ ਅਤੇ ਉਥੇ ਕਿਲ੍ਹੇ ਦੇ ਬਾਹਰ ਕਈ ਦਿਨ ਕੀਰਤਨ ਕਰਨ ਉਪਰੰਤ ਜਦ ਗੁਰੂ ਜੀ ਕਿਲ੍ਹਿਓਂ ਬਾਹਰ ਆਏ ਤਾਂ ਉਨ੍ਹਾਂ ਨੂੰ ਨਾਲ ਲੈ ਕੇ ਕੀਰਤਨ ਕਰਦੇ ਹੋਏ ਅੰਮ੍ਰਿਤਸਰ ਪਹੁੰਚੇ। ਇਸ ਚੌਕੀ ਵੇਲੇ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਸੰਗਤਾਂ ਕੀਰਤਨ ਕਰਦੀਆਂ ਹਨ। ਇਸ ਚੌਕੀ ਦਾ ਰੂਪ ਹੁਣ ਸਵੇਰੇ ਸ਼ਾਮ ਅੰਮ੍ਰਿਤਸਰ ਪਰਿਸਰ ਵਿਚ ਉਦੋਂ ਵੇਖਿਆ ਜਾ ਸਕਦਾ ਹੈ, ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਸਵੇਰੇ ਹਰਿਮੰਦਿਰ ਸਾਹਿਬ ਵਿਚ ਪ੍ਰਕਾਸ਼ ਕਰਨ ਲਈ ਅਕਾਲ ਤਖ਼ਤ ਤੋਂ ਲੈ ਜਾਇਆ ਜਾਂਦਾ ਹੈ ਅਤੇ ਫਿਰ ਰਾਤ ਨੂੰ ਸੁਖਾਸਣ ਲਈ ਅਕਾਲ ਤਖ਼ਤ ਲੈ ਜਾਇਆ ਜਾਂਦਾ ਹੈ।

ਤੀਜੀ ਕਿਸਮ ਦੀ ਚੌਕੀ ਯਾਤਰੂ ਚੌਕੀ ਅਖਵਾਉਂਦੀ ਹੈ, ਜੋ ਖ਼ਾਸ ਦਿਨਾਂ 'ਤੇ ਹੀ ਕਢੀ ਜਾਂਦੀ ਹੈ। ਇਸ ਚੌਕੀ ਦੇ ਨਿਕਲਣ ਵੇਲੇ ਨਿਸ਼ਾਨ ਸਾਹਿਬ ਇਕ ਸਿੰਘ ਲੈ ਕੇ ਅਗੇ ਅਗੇ ਚਲਦਾ ਜਾਂਦਾ ਹੈ। ਪਿਛੇ ਸੰਗਤਾਂ ਕੀਰਤਨ ਕਰਦੀਆਂ ਹੋਈਆਂ ਇਕ ਗੁਰੂ-ਧਾਮ ਤੋਂ ਦੂਜੇ ਗੁਰੂ-ਧਾਮ ਵਲ ਯਾਤ੍ਰਾ ਕਰਦੀਆਂ ਹਨ, ਜਿਵੇਂ ਹਰ ਇਕ ਮਸਿਆ ਵਾਲੇ ਦਿਨ ਅੰਮ੍ਰਿਤਸਰ ਤੋਂ ਤਰਨਤਾਰਨ ਵਲ, ਪੰਚਮੀ ਨੂੰ ਤਰਨਤਾਰਨ ਤੋਂ ਗੋਇੰਦਵਾਲ ਸਾਹਿਬ ਵਲ, ਬਸੰਤ ਪੰਚਮੀ ਨੂੰ ਨਾਭਾ ਤੋਂ ਗੁਰਦੁਆਰਾ ਦੂਖਨਿਵਾਰਨ ਪਟਿਆਲਾ ਵਲ ਆਦਿ। ਮੂਲ ਰੂਪ ਵਿਚ ਇਨ੍ਹਾਂ ਸਾਰੀਆਂ ਚੌਕੀਆਂ ਦਾ ਸੰਬੰਧ ਗੁਰਮਤਿ ਸੰਗੀਤ ਨਾਲ ਹੈ।

**ਚੌਥਾ ਪਦ** : ਭਾਰਤੀ ਦਰਸ਼ਨ ਅਨੁਸਾਰ ਮਨੁੱਖ ਦੀ ਮਾਨਸਿਕ ਚੇਤਨਾ ਦੀਆਂ ਚਾਰ ਅਵਸਥਾਵਾਂ ਹਨ— ਜਾਗ੍ਰਿਤ, ਸੁਪਨ, ਸੁਖੁਪਤਿ ਅਤੇ ਤੁਰੀਯ। 'ਤੁਰੀਆਾਵਸਥਾ' (ਵੇਖੋ) ਦਾ ਨਾਮਾਂਤਰ ਹੈ 'ਚੌਥਾ-ਪਦ'। ਇਸ ਨੂੰ 'ਗਿਆਨ-ਅਵਸਥਾ' ਵੀ ਕਿਹਾ ਜਾਂਦਾ ਹੈ। ਇਹ ਤ੍ਰੈਗੁਣ (ਰਜੋ, ਸਤੋ ਅਤੇ ਤਮੋ) ਤੋਂ ਅਤੀਤ ਅਥਵਾ ਪਰੇ ਹੈ। ਇਸ ਨੂੰ 'ਬ੍ਰਹਮੀ ਅਵਸਥਾ' ਵੀ ਕਿਹਾ ਜਾਂਦਾ ਹੈ।

ਸੰਤ ਕਬੀਰ ਨੇ ਕੇਦਾਰਾ ਰਾਗ ਵਿਚ ਕਿਹਾ ਹੈ ਕਿ ਚੌਥੇ ਪਦ ਨੂੰ ਸਮਝਣ ਨਾਲ ਹੀ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ— *ਰਜਗੁਣ ਤਮਗੁਣ ਸਤਗੁਣ ਕਹੀਐ ਇਹ ਤੇਰੀ ਸਭ ਮਾਇਆ। ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ ਹੀ ਪਰਮ ਪਦੁ ਪਾਇਆ।*(ਗੁ.ਗ੍ਰੰ.1123)। ਗੁਰੂ ਅਮਰਦਾਸ ਨੇ ਵੀ ਕਿਹਾ ਹੈ ਤਿੰਨ ਗੁਣਾਂ ਦੇ ਮੋਹ ਨੂੰ ਛਡ ਕੇ ਕੋਈ ਗੁਰਮੁਖ ਵਿਅਕਤੀ ਹੀ ਚੌਥੇ ਪਦ ਨੂੰ ਪ੍ਰਾਪਤ ਕਰਨ ਦੇ ਸਮਰਥ ਹੁੰਦਾ ਹੈ— *ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇਆ।*(ਗੁ.ਗ੍ਰੰ.30)। ਚੌਥੇ ਪਦ ਨੂੰ ਕੇਵਲ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ— *ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ।* (ਗੁ.ਗ੍ਰੰ.129)।

**ਚੌਦਾਂ ਰਤਨ** : ਸਿੱਖ ਅਧਿਆਤਮਿਕਤਾ ਵਿਚ ਇਨ੍ਹਾਂ ਰਤਨਾਂ ਨੂੰ ਕੋਈ ਮਾਨਤਾ ਪ੍ਰਾਪਤ ਨਹੀਂ, ਪਰ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਅਵੱਸ਼ ਹਨ। ਇਨ੍ਹਾਂ ਚੌਦਾਂ ਰਤਨਾਂ ਦਾ ਸੰਬੰਧ ਸਮੁੰਦਰ ਰਿੜਕਣ ਦੇ ਆਖਿਆਨ ਨਾਲ ਹੈ। 'ਬਾਲਮੀਕਿ ਰਾਮਾਇਣ' (ਬਾਲ-ਕਾਂਡ), 'ਭਾਗਵਤ-ਪੁਰਾਣ' (ਅੱਠਵਾਂ ਸਕੰਧ) ਅਤੇ 'ਮਹਾਭਾਰਤ' (ਆਦਿ-ਪਰਵ) ਅਨੁਸਾਰ ਸੱਤਯੁਗ ਵਿਚ ਅਜਰ ਅਤੇ ਅਮਰ ਹੋਣ ਲਈ ਦੈਂਤਾਂ ਅਤੇ ਦੇਵਤਿਆਂ ਨੇ 'ਛੀਰ ਸਮੁੰਦਰ' ਨੂੰ ਰਿੜਕਣ ਦੀ ਯੋਜਨਾ ਬਣਾਈ। ਵਾਸੁਕੀ ਨਾਗ ਨੂੰ ਰਿੜਕਣ ਲਈ ਨੇਤਰਾ, ਮੰਦਰਾਚਲ (ਪਰਬਤ) ਨੂੰ ਮਧਾਣੀ ਅਤੇ ਕੱਛਪ ਨੂੰ ਆਧਾਰ ਬਣਾ ਕੇ ਰਿੜਕਣ ਦਾ ਕੰਮ ਸ਼ੁਰੂ ਕੀਤਾ। ਵਾਸੁਕੀ ਨਾਗ ਦੇ ਮੂੰਹ ਨੂੰ ਦੈਂਤਾਂ ਨੇ ਅਤੇ ਪੂਛਲ ਨੂੰ ਦੇਵਤਿਆਂ ਨੇ ਪਕੜਿਆ। ਰਿੜਕਣ ਦੌਰਾਨ ਵਾਸੁਕੀ ਦੇ ਮੂੰਹ ਵਿਚੋਂ ਵਿਸ਼ ਅਥਵਾ ਅੱਗ

ਨਿਕਲੀ ਜਿਸ ਦਾ ਵਾਤਾਵਰਣ ਉਤੇ ਭਿਆਨਕ ਪ੍ਰਭਾਵ ਪੈਣ ਲਗਾ।

ਰਿੜਕਣ ਦੌਰਾਨ ਕ੍ਰਮਵਾਰ ਚੰਦ੍ਰਮਾ, ਲੱਛਮੀ, ਕੌਸਤੁਭ ਮਣੀ, ਪਾਰਿਜਾਤ ਬ੍ਰਿਛ, ਕਾਮਧੇਨੁ ਗਊ, ਉੱਚੈਸ਼੍ਰਵਾ ਘੋੜਾ, ਅੰਮ੍ਰਿਤ ਦਾ ਕਲਸ਼, ਧਨਵੰਤਰਿ ਅਤੇ ਐਰਾਵਤ ਹਾਥੀ ਦੀ ਪ੍ਰਾਪਤੀ ਹੋਈ। ਆਖ਼ੀਰ ਵਿਚ ਕਾਲਕੂਟ ਵਿਸ਼ ਨਿਕਲਿਆ। ਜਗਤ ਦੇ ਕਲਿਆਣ ਲਈ ਉਸ ਨੂੰ ਸ਼ਿਵ ਨੇ ਆਪਣੇ ਗਲੇ ਵਿਚ ਧਾਰਣ ਕੀਤਾ ਜਿਸ ਦੇ ਪ੍ਰਭਾਵ ਕਰਕੇ ਸ਼ਿਵ ਦਾ ਗਲਾ ਨੀਲਾ ਹੋ ਗਿਆ। ਫਲਸਰੂਪ ਸ਼ਿਵ ਦਾ ਇਕ ਨਾਮਾਂਤਰ 'ਨੀਲ-ਕੰਠ' ਹੋਇਆ। ਇਨ੍ਹਾਂ ਦਸਾਂ ਤੋਂ ਇਲਾਵਾ ਅੱਪਛਰਾਵਾਂ, ਵਾਰੁਣੀ (ਮੱਦ), ਸ਼ੰਖ ਅਤੇ ਸਾਰੰਗ ਧਨੁਸ਼ ਪੈਦਾ ਹੋਏ। ਵਖ ਵਖ ਆਖਿਆਨਾਂ ਵਿਚ ਰਤਨਾਂ ਦੇ ਵਿਵਰਣ-ਕ੍ਰਮ ਵਿਚ ਅੰਤਰ ਹੈ।

ਅੰਮ੍ਰਿਤ ਦੀ ਪ੍ਰਾਪਤੀ ਲਈ ਦੇਵ-ਅਸੁਰ ਸੰਗ੍ਰਾਮ ਹੋਇਆ। ਵਿਸ਼ਣੂ ਨੇ ਮੋਹਿਨੀ ਦਾ ਰੂਪ ਧਾਰਣ ਕਰਕੇ ਅਤੇ ਦੈਂਤਾਂ ਨੂੰ ਫੁਸਲਾ ਕੇ ਅੰਮ੍ਰਿਤ ਦੇਵਤਿਆਂ ਵਿਚ ਵੰਡਣਾ ਸ਼ੁਰੂ ਕੀਤਾ। ਤਦ ਰਾਹੂ ਨਾਂ ਦੇ ਦੈਂਤ ਨੇ ਭੇਸ ਬਦਲ ਕੇ ਦੇਵਤਿਆਂ ਦੀ ਪੰਗਤ ਵਿਚ ਬੈਠ ਕੇ ਅੰਮ੍ਰਿਤ ਪ੍ਰਾਪਤ ਕਰ ਲਿਆ। ਇਸ ਗੱਲ ਦੀ ਸੂਚਨਾ ਚੰਦ੍ਰਮਾ ਅਤੇ ਸੂਰਜ ਨੇ ਵਿਸ਼ਣੂ ਨੂੰ ਦਿੱਤੀ। ਵਿਸ਼ਣੂ ਨੇ ਰਾਹੂ ਦਾ ਸਿਰ ਕਟ ਦਿੱਤਾ। ਕੁਝ ਅੰਮ੍ਰਿਤ ਅੰਦਰ ਚਲੇ ਜਾਣ ਕਾਰਣ ਰਾਹੂ ਪੂਰੀ ਤਰ੍ਹਾਂ ਖ਼ਤਮ ਨ ਕੀਤਾ ਜਾ ਸਕਿਆ ਅਤੇ ਉਹ ਸਿਰ ਅਤੇ ਧੜ ਦੇ ਦੋ ਹਿੱਸਿਆਂ ਵਿਚ ਰਾਹੂ ਅਤੇ ਕੇਤੂ ਦੋ ਵਜੂਦਾਂ ਵਾਲਾ ਬਣ ਗਿਆ। ਉਸ ਦਿਨ ਤੋਂ ਰਾਹੂ ਦਾ ਸੂਰਜ ਅਤੇ ਚੰਦ੍ਰਮਾ ਨਾਲ ਵੈਰ ਚਲਿਆ ਆ ਰਿਹਾ ਹੈ। ਭਾਈ ਗੁਰਦਾਸ ਨੇ ਇਨ੍ਹਾਂ ਰਤਨਾਂ ਦੀ ਵੰਡ ਦਾ ਵਿਵਰਣ ਦਿੰਦਿਆਂ ਲਿਖਿਆ ਹੈ—*ਖੀਰ ਸਮੁੰਦੁ ਵਿਰੋਲਿ ਕੈ ਕਢਿ ਰਤਨ ਚਉਦਹ ਵੰਡਿ ਲੀਤੇ। ਮਣਿ ਲਖਮੀ ਪਾਰਜਾਤ ਸੰਖੁ ਸਾਰੰਗ ਧਣਖੁ ਬਿਸਨੁ ਵਸਿ ਕੀਤੇ। ਕਾਮਧੇਣੁ ਤੇ ਅਪਛਰਾ ਐਰਾਪਤਿ ਇੰਦ੍ਰਾਸਣਿ ਸੀਤੇ। ਕਾਲਕੂਟ ਤੇ ਅਰਧ ਚੰਦ੍ਰ ਮਹਾਦੇਵ ਮਸਤਕਿ ਧਰਿ ਪੀਤੇ। ਘੋੜਾ ਮਿਲਿਆ ਸੂਰਜੈ ਮਦੁ ਅੰਮ੍ਰਿਤੁ ਦੇਵ ਦਾਨਵ ਗੀਤੇ। ਕਰੇ ਧਨੰਤਰੁ ਵੈਦਗੀ ਡਸਿਆ ਤਛਕਿ ਮਤਿ ਬਿਪਰੀਤੇ।* (26/23)

ਰਾਮਕਲੀ ਰਾਗ ਵਿਚ ਰਾਇ ਬਲਵੰਡਿ ਅਤੇ ਸਤੈ ਡੂਮਿ ਦੀ ਉਚਾਰੀ ਵਾਰ ਵਿਚ ਇਨ੍ਹਾਂ ਰਤਨਾਂ ਦੇ ਭਾਵੀਕ੍ਰਿਤ ਅਰਥ ਕਰਕੇ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਬਦ-ਸਾਗਰ ਨੂੰ ਰਿੜਕਣ ਦਾ ਸੰਕੇਤ ਹੈ— *ਮਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ। ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣ ਚਿਲਕਿਓਨੁ।* (ਗੁ.ਗ੍ਰੰ.967)।

**ਚੌਪਈ, ਕਬਿਓਬਾਚ** (ਬਾਣੀ) : 'ਦਸਮ ਗ੍ਰੰਥ' ਦੇ ਅੰਤ ਉਤੇ 'ਚਰਿਤ੍ਰੋਪਾਖਿਆਨ' ਨਾਂ ਦੀ ਵਡਾਕਾਰੀ ਰਚਨਾ ਸੰਕਲਿਤ ਹੈ। ਉਸ ਦੇ ਅੰਤਿਮ ਚਰਿਤ੍ਰ ਵਿਚ ਮਹਾਕਾਲ ਦੀਰਘਦਾੜ (ਰਾਖਸ਼) ਦਾ ਯੁੱਧ ਬੜੇ ਵਿਸਤਾਰ ਨਾਲ ਚਿਤਰਿਆ ਗਿਆ ਹੈ। ਛੰਦਾਂਕ 376 ਉਤੇ ਯੁੱਧ ਦਾ ਸਾਰਾ ਪ੍ਰਸੰਗ ਮੁਕ ਜਾਂਦਾ ਹੈ। ਉਦੋਂ ਮਹਾਕਵੀ ਇਸ਼ਟ ਪ੍ਰਤਿ ਆਪਣੀ ਬੇਨਤੀ ਕਰਦਾ ਹੈ। ਇਸ ਬੇਨਤੀ ਦੇ ਕੁਲ 25 ਛੰਦ ਹਨ ਅਤੇ *ਹਮਰੀ ਕਰੋ ਹਾਥ ਦੈ ਰਛਾ* (ਛੰਦਾਂਕ 377) ਤੋਂ ਸ਼ੁਰੂ ਹੋ ਕੇ *ਦਸਟ ਦੋਖ ਤੇ ਲੇਹੁ ਬਚਾਈ* (ਛੰਦਾਂਕ 401) ਤਕ ਇਸ ਦਾ ਵਿਸਤਾਰ ਹੈ। ਇਸ ਵਿਚ ਇਸ਼ਟ ਪ੍ਰਤਿ ਆਜਿਜ਼ੀ ਦੀ ਭਾਵਨਾ ਪ੍ਰਗਟ ਕਰਨ ਦੇ ਸੰਦਰਭ ਵਿਚ ਨਿਜੀ ਸੁਰਖਿਆ ਲਈ ਵਰ ਪ੍ਰਾਪਤ ਕਰਨ ਦੀ ਅਭਿਲਾਸ਼ਾ ਨਿਹਿਤ ਹੈ। ਇਸ਼ਟ ਦੇਵ ਦੀ ਪ੍ਰਬਲ ਸ਼ਕਤੀ ਅਤੇ ਵਿਆਪਕਤਾ ਉਤੇ ਵੀ ਝਾਤ ਪਾਈ ਗਈ ਹੈ।

ਸਿੱਖ ਧਰਮ ਵਿਚ ਇਸ ਬਾਣੀ ਨੂੰ ਅੰਮ੍ਰਿਤ ਸੰਸਕਾਰ ਵੇਲੇ ਪੜ੍ਹੀਆਂ ਜਾਣ ਵਾਲੀਆਂ ਪੰਜ ਬਾਣੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਸ਼ਾਮ ਨੂੰ ਪੜ੍ਹੀ ਜਾਣ ਵਾਲੀ 'ਰਹਿਰਾਸ' ਵਿਚ ਵੀ ਇਸ ਨੂੰ ਪੜ੍ਹਿਆ ਜਾਂਦਾ ਹੈ। ਕਈ ਜਿਗਿਆਸੂ ਨਿੱਤ-ਨੇਮ ਦੀ ਬਾਣੀਆਂ ਨਾਲ ਵੀ ਇਸ ਦਾ ਪਾਠ ਕਰਦੇ ਹਨ।

**ਚੌਪਾ ਸਿੰਘ, ਭਾਈ** (ਮ. 1724 ਈ.): ਇਹ ਪੱਛਮੀ ਪੰਜਾਬ ਦੇ ਜੇਹਲਮ ਜ਼ਿਲ੍ਹੇ ਦੇ ਕੜਿਆਲਾ ਨਾਂ ਦੇ ਪਿੰਡ ਦਾ ਨਿਵਾਸੀ ਸੀ ਅਤੇ ਭਾਈ ਪਿਆਰਾ ਨਾਂ ਦੇ ਛਿੱਬਰ ਬ੍ਰਾਹਮਣ ਦੇ ਘਰ ਪੈਦਾ ਹੋਇਆ ਸੀ। ਇਸ ਦਾ ਪਹਿਲਾ ਨਾਂ ਚੌਪਤਿ (ਚਉਪਤਿ) ਰਾਇ ਸੀ। ਭਾਈ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' ਦੇ ਆਧਾਰ 'ਤੇ ਇਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਪੂਰਬ ਦੀ ਯਾਤ੍ਰਾ ਉਤੇ ਗਿਆ ਸੀ। ਗੁਰੂ ਜੀ ਦੇ ਅਸਾਮ ਵਲ ਜਾਣ ਵੇਲੇ ਇਹ ਪਟਨਾ ਨਗਰ ਵਿਚ ਹੀ ਰਿਹਾ ਅਤੇ ਇਸ ਨੇ ਬਾਲਕ ਗੋਬਿੰਦ ਰਾਇ ਦੀ

ਦੇਖ-ਭਾਲ ਕੀਤੀ। ਇਸੇ ਲਈ ਇਸ ਨੂੰ ਚੌਪਾ ਸਿੰਘ 'ਖਿਡਾਵਾ' ਵੀ ਕਿਹਾ ਜਾਂਦਾ ਹੈ।

ਜਦੋਂ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਸਿਰਜਨਾ ਕੀਤੀ, ਤਾਂ ਪੰਜ ਪਿਆਰਿਆਂ ਤੋਂ ਬਾਦ ਇਸ ਨੇ ਵੀ ਅੰਮ੍ਰਿਤ ਛਕਿਆ ਅਤੇ ਚੌਪਤਿ ਰਾਇ ਤੋਂ ਚੌਪਾ ਸਿੰਘ ਬਣਿਆ। ਆਨੰਦਪੁਰ ਛਡਣ ਤਕ ਇਹ ਗੁਰੂ ਦਰਬਾਰ ਵਿਚ ਹੀ ਰਿਹਾ। ਉਸ ਤੋਂ ਬਾਦ ਮਾਤਾ ਸੁੰਦਰੀ ਨਾਲ ਦਿੱਲੀ ਚਲਾ ਗਿਆ ਅਤੇ ਮਾਤਾ ਜੀ ਦੀ ਸੇਵਾ ਵਿਚ ਹੀ ਰਿਹਾ। ਜਦੋਂ ਮਾਤਾ ਜੀ ਦੇ ਪਾਲਿਤ ਪੁੱਤਰ ਅਜੀਤ ਸਿੰਘ ਨੂੰ ਮੁਗ਼ਲ ਸਰਕਾਰ ਦੁਆਰਾ ਪਕੜ ਕੇ ਸੰਨ 1724 ਈ. ਵਿਚ ਕਤਲ ਕੀਤਾ ਗਿਆ, ਤਾਂ ਉਸ ਨਾਲ ਕਈ ਹੋਰ ਸਿੱਖ ਵੀ ਕਤਲ ਕੀਤੇ ਗਏ। ਉਨ੍ਹਾਂ ਵਿਚ ਚੌਪਾ ਸਿੰਘ ਵੀ ਸ਼ਾਮਲ ਸੀ।

ਭਾਈ ਕੇਸਰ ਸਿੰਘ ਛਿੱਬਰ ਨੇ ਦਸਿਆ ਹੈ ਕਿ ਅੰਮ੍ਰਿਤਪਾਨ ਕਰਨ ਤੋਂ ਬਾਦ ਇਸ ਨੇ ਸਭ ਤੋਂ ਪਹਿਲਾ 'ਰਹਿਤਨਾਮਾ ਬੁਧਿ ਬਿਬੇਕ' ਤਿਆਰ ਕੀਤਾ, ਜਿਸ ਲਈ ਇਸ ਨੂੰ ਕਈ ਮੁਕਤੇ ਸਿੱਖਾਂ (ਭਾਈ ਰਾਮ ਸਿੰਘ, ਫਤਹਿ ਸਿੰਘ, ਦੇਵਾ ਸਿੰਘ, ਈਸ਼ਰ ਸਿੰਘ, ਟਹਿਲ ਸਿੰਘ ਆਦਿ) ਦਾ ਸਹਿਯੋਗ ਪ੍ਰਾਪਤ ਰਿਹਾ। ਇਸ ਵਿਚਲੀ ਹਰ ਰਹਿਤ ਨੂੰ ਗੁਰਬਾਣੀ ਤੋਂ ਪ੍ਰਮਾਣ ਪੁਸ਼ਟ ਕੀਤਾ ਗਿਆ। ਇਸ ਵਿਚ ਕੁਲ 1800 ਰਹਿਤਾਂ ਦਰਜ ਹਨ। ਰਹਿਤਨਾਮੇ ਦੇ ਤਿਆਰ ਹੋ ਜਾਣ ਤੋਂ ਬਾਦ ਉਸ ਦੀ ਇਕ ਨਕਲ ਭਾਈ ਸੀਤਲ ਸਿੰਘ ਬਹੁਰੂਪੀਆ ਨੇ ਤਿਆਰ ਕੀਤੀ ਅਤੇ ਉਸ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ ਪਵਾਏ। ਪਰ ਸਾਰਾ ਕੁਝ ਇਸ ਰਹਿਤਨਾਮੇ ਨੂੰ ਪ੍ਰਮਾਣਿਕ ਬਣਾਉਣ ਦੇ ਉਦੇਸ਼ ਤੋਂ ਕੀਤਾ ਗਿਆ ਪ੍ਰਤੀਤ ਹੁੰਦਾ ਹੈ ਕਿਉਂਕਿ ਇਸ ਦੀ ਹੁਣ ਉਪਲਬਧ ਪਾਠ ਵਿਚ ਕਈ ਗੁਰਮਤਿ ਵਿਰੋਧੀ ਅਤੇ ਪੌਰਾਣਿਕ ਭਾਵਨਾ ਤੋਂ ਅਨੁਪ੍ਰਾਣਿਤ ਤੱਥ ਵੀ ਸ਼ਾਮਲ ਹੋ ਗਏ ਹਨ। ਨਾਲੇ ਇਸ ਦੀ ਭਾਸ਼ਾ ਬਹੁਤ ਨਵੀਂ ਹੈ। ਇਸ ਦਾ ਇਕ ਨਾਮਾਂਤਰ 'ਰਹਿਤਨਾਮਾ ਹਜ਼ੂਰੀ' ਵੀ ਹੈ।

**ਚੌਬੀਸਾਵਤਾਰ** (ਕਾਵਿ) : ਇਹ 'ਦਸਮ-ਗ੍ਰੰਥ' ਵਿਚ ਸੰਕਲਿਤ ਇਕ ਮਹੱਤਵਪੂਰਣ ਰਚਨਾ ਹੈ। ਇਸ ਵਿਚ ਵਿਸ਼ਣੂ ਦੇ 24 ਅਵਤਾਰਾਂ ਦੀਆਂ ਚਰਿਤ੍ਰ-ਕਥਾਵਾਂ ਦਾ ਵਰਣਨ ਕੀਤਾ ਗਿਆ ਹੈ। ਅਵਤਾਰਾਂ ਦੀ ਇਹ ਸੂਚੀ ਇਸ ਪ੍ਰਕਾਰ ਹੈ— ਮੱਛ, ਕੱਛ, ਨਰ, ਨਾਰਾਇਣ, ਮੋਹਿਨੀ, ਬਰਾਹ, ਨਰਸਿੰਘ, ਬਾਮਨ, ਪਰਸਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਬਿਸਨ, ਸ਼ੇਸ਼ਸਈ, ਅਰਹੰਤ ਦੇਵ, ਮਨੁ ਰਾਜਾ, ਧਨੰਤਰ, ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਨਰ (ਅਰਜਨ), ਬੁੱਧ, ਨਿਹਕਲੰਕੀ। ਇਨ੍ਹਾਂ ਵਿਚੋਂ ਕ੍ਰਿਸ਼ਨਾਵਤਾਰ ਦੀ ਕਥਾ ਸਭ ਤੋਂ ਵੱਡੀ ਹੈ, ਉਸ ਉਪਰੰਤ ਰਾਮਾਵਤਾਰ ਅਤੇ ਨਿਹਕਲੰਕੀ ਦੀਆਂ ਕਥਾਵਾਂ ਦਾ ਸਥਾਨ ਹੈ।

ਭਾਰਤੀ ਧਰਮ ਸਾਧਨਾ ਵਿਚ ਅਵਤਾਰਵਾਦ ਦਾ ਵਿਸ਼ੇਸ਼ ਸਥਾਨ ਹੈ। ਪੁਰਾਣ ਸਾਹਿਤ ਦਾ ਇਹ ਪ੍ਰਧਾਨ ਅੰਗ ਹੈ। ਵੈਸ਼ਣਵ ਪੁਰਾਣਾਂ ਵਿਚ ਵਿਸ਼ਣੂ ਦੇ, ਸ਼ੈਵ ਪੁਰਾਣਾਂ ਵਿਚ ਸ਼ਿਵ ਦੇ ਅਤੇ ਹੋਰਨਾਂ ਪੁਰਾਣਾਂ ਵਿਚ ਹੋਰ ਅਨੇਕ ਦੇਵੀ ਦੇਵਤਿਆਂ ਦੇ ਅਵਤਾਰ ਪ੍ਰਸੰਗ ਦਰਜ ਹਨ। ਵਿਸ਼ਣੂ ਦੇ ਅਵਤਾਰਾਂ ਦਾ ਸਭ ਤੋਂ ਅਧਿਕ ਵਰਣਨ ਹੋਇਆ ਹੈ। ਉਸ ਦੇ ਦਸ ਅਵਤਾਰ ਸਰਬ ਪ੍ਰਸਿੱਧ ਹਨ— ਮੱਛ, ਕਛਪ, ਵਾਰਾਹ, ਨਰ ਸਿੰਘ, ਵਾਮਨ, ਪਰਸ਼ੁਰਾਮ, ਰਾਮ, ਕ੍ਰਿਸ਼ਣ, ਬੁੱਧ ਅਤੇ ਕਲਕੀ। ਬੁੱਧ ਦੇ ਸੰਬੰਧ ਵਿਚ ਕਿਤੇ ਕਿਤੇ ਮਤ -ਭੇਦ ਵੀ ਰਿਹਾ ਹੈ। ਇਨ੍ਹਾਂ ਵਿਚੋਂ ਪਹਿਲੇ ਪੰਜ ਕਾਲਪਨਿਕ ਹਨ, ਅਗਲੇ ਚੌਹਾਂ ਦਾ ਆਧਾਰ ਇਤਿਹਾਸਿਕ ਹੈ ਅਤੇ ਕਲਕੀ ਕਲਿਯੁਗ ਦੇ ਅੰਤ ਵਿਚ ਅਵਤਾਰ ਧਾਰ ਕੇ ਹਿੰਦੂ ਧਰਮ ਦੀ ਪੁਨਰ-ਸੰਸਥਾਪਨਾ ਕਰੇਗਾ ਅਤੇ ਵਿਰੋਧੀਆਂ ਦਾ ਨਾਸ਼ ਕਰੇਗਾ। ਇਨ੍ਹਾਂ ਦਸਾਂ ਅਵਤਾਰਾਂ ਵਿਚੋਂ ਕ੍ਰਿਸ਼ਣ ਦਾ ਅਧਿਕ ਵਰਣਨ ਹੋਇਆ ਹੈ।

ਭਾਗਵਤ ਪੁਰਾਣ (ਸਕੰਧ ੧/੩) ਵਿਚ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ 22 ਮੰਨੀ ਗਈ ਹੈ, ਜਿਵੇਂ — ਬ੍ਰਾਹਮਣਾਂ ਦੇ ਰੂਪ ਵਿਚ, ਸੂਕਰ, ਨਾਰਦ, ਨਰ-ਨਾਰਾਇਣ, ਕਪਿਲ, ਦੱਤਾਤ੍ਰੇਯ, ਯੱਗ ਦੇ ਰੂਪ ਵਿਚ, ਰਿਸ਼ਭ ਦੇਵ, ਪ੍ਰਿਥੂ, ਮਤ੍ਸ੍ਯ, ਕਛਪ, ਧਨਵੰਤਰੀ, ਮੋਹਿਨੀ, ਨਰਸਿੰਘ, ਵਾਮਨ, ਪਰਸੁਰਾਮ, ਵਿਆਸ, ਰਾਮ, ਬਲਰਾਮ, ਕ੍ਰਿਸ਼ਣ, ਬੁੱਧ, ਕਲਕੀ। ਪਰ ਇਸੇ ਪੁਰਾਣ ਵਿਚ ਇਕ ਹੋਰ ਥਾਂ (ਸਕੰਧ ੨/੭) 'ਤੇ ਇਹ ਗਿਣਤੀ ਵਧਾ ਕੇ 24 ਕਰ ਦਿੱਤੀ ਗਈ ਹੈ। ਉਥੇ ਨਾਰਦ ਅਤੇ ਮੋਹਿਨੀ ਦਾ ਜ਼ਿਕਰ ਨਹੀਂ ਹੋਇਆ ਅਤੇ ਬਲਰਾਮ ਅਤੇ ਕ੍ਰਿਸ਼ਣ ਨੂੰ ਇਕ ਹੀ ਮੰਨਿਆ ਗਿਆ ਹੈ। ਬਾਕੀ ਦੇ ਪੰਜ ਅਵਤਾਰ ਇਸ ਪ੍ਰਕਾਰ ਹਨ—ਮਨੁ, ਹੰਸ, ਹਯਗ੍ਰੀਵ, ਗਜ-ਤ੍ਰਾਸ-ਨਿਵਾਰਕ ਅਤੇ ਧ੍ਰੂਹ ਦੇ ਸਹਾਇਕ ਰੂਪ ਵਿਚ। ਇਸ ਵਿਵਰਣ ਤੋਂ ਸਪੱਸ਼ਟ ਹੈ ਕਿ ਇਕ ਹੀ

ਪੁਰਾਣ ਵਿਚ ਵਿਸ਼ਣੂ ਦੇ ਅਵਤਾਰਾਂ ਦੀ ਕਲਪਨਾ ਸਮਾਨ ਰੂਪ ਵਿਚ ਨਹੀਂ ਹੋਈ। ਤਾਂ ਵੀ 24 ਗਿਣਤੀ ਕਾਫ਼ੀ ਪ੍ਰਸਿੱਧ ਹੈ। ਸਚ ਤਾਂ ਇਹ ਹੈ ਕਿ ਵਿਸ਼ਣੂ ਦੇ ਅਵਤਾਰਾਂ ਦਾ ਅੰਤ ਨਹੀਂ ਹੈ। ਭਾਗਵਤ ਪੁਰਾਣ (ਸਕੰਧ ੧/੩/੨੬) ਅਨੁਸਾਰ ਜਿਸ ਤਰ੍ਹਾਂ ਅਥਾਹ ਸਰੋਵਰ ਵਿਚੋਂ ਹਜ਼ਾਰਾਂ ਨਿੱਕੇ ਨਿੱਕੇ ਨਾਲੇ ਨਿਕਲਦੇ ਹਨ, ਉਸੇ ਤਰ੍ਹਾਂ ਹੀ ਉਸ ਪਰਮ ਸੱਤਾ ਤੋਂ ਅਣਗਿਣਤ ਅਵਤਾਰ ਜਨਮ ਲੈਂਦੇ ਹਨ। ਇਸ ਕਥਨ ਦੇ ਪ੍ਰਕਾਸ਼ ਵਿਚ ਅਵਤਾਰਾਂ ਦੀ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਤਾਂ ਵੀ ਵਿਸ਼ਣੂ ਦੇ ਪ੍ਰਸਿੱਧ ਅਵਤਾਰੀ ਰੂਪ ਉਹੀ ਮੰਨੇ ਜਾਣਗੇ ਜਿਨ੍ਹਾਂ ਦਾ ਜ਼ਿਕਰ ਉਪਰ ਹੋ ਚੁਕਿਆ ਹੈ। ਵਿਸ਼ਣੂ ਦੇ ਅਵਤਾਰਾਂ ਦਾ ਕਰਤੱਵ ਅਧਿਕਤਰ ਰਖਿਅਕ ਵਾਲਾ ਰਿਹਾ ਹੈ। ਆਮ ਤੌਰ 'ਤੇ ਵਿਸ਼ਣੂ ਉਸ ਵਕਤ ਅਵਤਾਰ ਲੈਂਦਾ ਹੈ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਪ੍ਰਬਲਤਾ ਹੋ ਜਾਵੇ। ਭਗਤਾਂ ਦੀ ਸਹਾਇਤਾ ਕਰਨਾ ਉਸ ਦੇ ਅਵਤਾਰੀ ਰੂਪਾਂ ਦਾ ਮੁੱਖ ਮੰਤਵ ਹੈ।

'ਚੌਬੀਸਾਵਤਾਰ' ਨਾਂ ਦੀ ਰਚਨਾ ਵਿਚ ਅਵਤਾਰਾਂ ਦੇ ਕਥਾ-ਪ੍ਰਸੰਗ ਦੇਣ ਤੋਂ ਪਹਿਲਾਂ 38 ਛੰਦਾਂ ਵਿਚ ਅਵਤਾਰਾਂ ਸੰਬੰਧੀ ਰਚੈਤਾ ਨੇ ਆਪਣੀ ਧਾਰਣਾ ਸਪੱਸ਼ਟ ਕੀਤੀ ਹੈ। ਵਿਚਾਰਾਧੀਨ ਅਵਤਾਰ-ਰਚਨਾ ਵਿਚ ਵਿਸ਼ਣੂ ਨੂੰ ਇਸ਼ਟ-ਦੇਵ ਨ ਮੰਨ ਕੇ ਕਾਲ-ਪੁਰਖ ਨੂੰ ਅਵਤਾਰਾਂ ਦਾ ਸਿਰਜਕ ਮੰਨਿਆ ਗਿਆ ਹੈ। ਇਥੇ ਰਚੈਤਾ ਨੇ ਅਵਤਾਰਾਂ ਦੇ ਜੀਵਨ ਅਤੇ ਕੰਮਾਂ ਦਾ ਚਿਤ੍ਰਣ ਕੀਤਾ ਹੈ। ਅਸਲ ਵਿਚ, ਉਸ ਵਕਤ ਧਰਮ-ਯੁੱਧ ਲਈ ਤਿਆਰ ਕੀਤੇ ਜਾ ਰਹੇ ਨਵੇਂ ਸਮਾਜ ਨੂੰ ਪੂਰਬ-ਵਰਤੀ ਕਥਾ-ਕਹਾਣੀਆਂ, ਧਾਰਮਿਕ ਪਰੰਪਰਾਵਾਂ ਤੋਂ ਜਾਣੂ ਕਰਾਉਣ ਲਈ ਸੰਸਕ੍ਰਿਤ ਤੋਂ ਹਟ ਕੇ ਭਾਖਾ ਵਿਚ ਇਹ ਰਚਨਾ ਇਕ ਪਾਠ-ਪੁਸਤਕ ਵਜੋਂ ਤਿਆਰ ਕੀਤੀ ਗਈ ਹੈ (ਕ੍ਰਿਸਨਾਵਤਾਰ—2491)। ਇਹ ਵੀ ਦਸਿਆ ਗਿਆ ਹੈ ਕਿ ਚੌਬੀਸ ਅਵਤਾਰਾਂ ਨੇ ਵੀ ਪਰਮਾਤਮਾ ਦੇ ਭੇਦ ਨੂੰ ਨਹੀਂ ਪਾਇਆ—*ਜੋ ਚਉਬੀਸ ਅਵਤਾਰ ਕਹਾਏ। ਤਿਨ ਭੀ ਤੁਮ ਪ੍ਰਭ ਤਨਕ ਨ ਪਾਏ।7।* ਇਥੇ ਪਰਮ ਸੱਤਾ ਦੇ ਵਖ ਵਖ ਗੁਣਾਂ ਦਾ ਉਲੇਖ ਵੀ ਕੀਤਾ ਗਿਆ ਹੈ ਜਿਨ੍ਹਾਂ ਦੇ ਆਧਾਰ 'ਤੇ ਉਸ ਦੇ ਨਾਂਵਾਂ ਦੀ ਕਲਪਨਾ ਹੋਈ ਹੈ। ਇਸ ਤੋਂ ਇਲਾਵਾ ਧਰਮ ਦੇ ਸੰਸਥਾਪਕਾਂ ਵਲੋਂ ਕੀਤੇ ਭੇਖਾਂ, ਬਾਹਰਲੇ ਆਡੰਬਰਾਂ ਦਾ ਵੀ ਖੰਡਨ ਕੀਤਾ ਗਿਆ ਹੈ। ਇਸ ਤੋਂ ਬਾਦ ਅਵਤਾਰਾਂ ਦੇ ਪ੍ਰਸੰਗ ਚਿਤਰੇ ਗਏ ਹਨ ਜਿਨ੍ਹਾਂ ਬਾਰੇ ਲੋੜੀਂਦੀ ਜਾਣਕਾਰੀ ਅਗੇ ਦਿੱਤੀ ਜਾ ਰਹੀ ਹੈ।

(1) *ਮੱਛ ਅਵਤਾਰ :* ਕੁਲ 16 ਛੰਦਾਂ ਦੀ ਇਸ ਰਚਨਾ ਵਿਚ ਮੱਛ ਅਵਤਾਰ ਅਤੇ ਉਸ ਨਾਲ ਸੰਖਾਸੁਰ ਦੇ ਯੁੱਧ ਦਾ ਵਰਣਨ ਹੋਇਆ ਹੈ। ਸਾਰਾਂਸ਼ ਰੂਪ ਵਿਚ ਇਹ ਅਵਤਾਰ-ਕਥਾ ਇਸ ਪ੍ਰਕਾਰ ਹੈ—ਸੰਖਾਸੁਰ ਨਾਂ ਦੇ ਦੈਂਤ ਦੇ ਬਹੁਤ ਸ਼ਕਤੀਸ਼ਾਲੀ ਹੋ ਜਾਣ ਕਾਰਣ ਵਿਸ਼ਣੂ ਨੇ ਉਸ ਨੂੰ ਨਸ਼ਟ ਕਰਨ ਲਈ ਮੱਛ ਦਾ ਅਵਤਾਰ ਧਾਰਿਆ। ਮੱਛ, ਪਹਿਲਾਂ ਨਿੱਕਾ ਜਿਹਾ ਰੂਪ ਧਾਰ ਕੇ, ਸਮੁੰਦਰ ਦੇ ਹੇਠਾਂ ਬੈਠਾ ਅਤੇ ਪਾਣੀ ਨੂੰ ਜ਼ੋਰ ਨਾਲ ਹਿਲਾਇਆ। ਫਿਰ ਉਸ ਦੁਆਰਾ ਆਪਣਾ ਰੂਪ ਵਿਸਥਾਰਨ 'ਤੇ ਸੰਖਾਸੁਰ ਕ੍ਰੋਧਵਾਨ ਹੋਇਆ ਅਤੇ ਚੌਹਾਂ ਵੇਦਾਂ ਨੂੰ ਚੁਕ ਕੇ ਸਮੁੰਦਰ ਵਿਚ ਸੁਟ ਦਿੱਤਾ। ਵੇਦਾਂ ਦੀ ਰਖਿਆ ਲਈ ਮੱਛ ਨੇ ਸੰਖਾਸੁਰ ਨਾਲ ਘੋਰ ਯੁੱਧ ਕੀਤਾ ਅਤੇ ਉਸ ਨੂੰ ਮਾਰ ਕੇ ਵੇਦਾਂ ਦਾ ਉੱਧਾਰ ਕੀਤਾ। ਯੁੱਧ-ਵਰਣਨ ਬੜਾ ਸਜੀਵ ਹੈ ਅਤੇ 11 ਛੰਦਾਂ ਵਿਚ ਚਿਤਰਿਆ ਗਿਆ ਹੈ। ਭੁਜੰਗ ਪ੍ਰਯਾਤ ਛੰਦ ਦੀ ਵਰਤੋਂ ਹੋਈ ਹੈ।

(2) *ਕੱਛ ਅਵਤਾਰ :* ਚਾਰ ਭੁਜੰਗ ਅਤੇ ਭੁਜੰਗ ਪ੍ਰਯਾਤ ਛੰਦਾਂ ਵਿਚ ਲਿਖੀ ਇਸ ਅਵਤਾਰ-ਕਥਾ ਵਿਚ ਲਿਖਿਆ ਹੈ ਕਿ ਸਮੁੰਦਰ ਨੂੰ ਰਿੜਕਣ ਲਈ ਦੈਂਤ ਅਤੇ ਦੇਵਤੇ ਇਕੱਠੇ ਹੋਏ। ਮੰਦਰਾਚਲ ਨੂੰ ਉਨ੍ਹਾਂ ਨੇ ਮਧਾਣੀ ਅਤੇ ਵਾਸੁਕੀ ਨਾਗ ਨੂੰ ਨੇਤਰਾ ਬਣਾਇਆ। ਮਧਾਣੀ (ਮੰਦਰਾਚਲ) ਦੇ ਭਾਰ ਨੂੰ ਨ ਸੰਭਾਲੇ ਜਾਣ ਕਾਰਣ ਵਿਸ਼ਣੂ ਕਛਪ ਰੂਪ ਵਿਚ ਉਥੇ ਉਪਸਥਿਤ ਹੋਇਆ ਅਤੇ ਮਧਾਣੀ ਨੂੰ ਆਪਣੀ ਪਿਠ ਉਤੇ ਧਾਰਣ ਕੀਤਾ।

(3,4,5) *ਨਰ-ਨਾਰਾਇਣ ਅਵਤਾਰ ਅਤੇ ਮਹਾਮੋਹਨੀ ਅਵਤਾਰ :* ਇਨ੍ਹਾਂ ਤਿੰਨਾਂ ਅਵਤਾਰ ਪ੍ਰਸੰਗਾਂ ਦੇ ਆਰੰਭ ਵਿਚ ਛੀਰ ਸਮੁੰਦਰ ਤੋਂ ਪ੍ਰਗਟ ਹੋਏ ਚੌਦਾਂ ਰਤਨਾਂ ਦਾ ਵਿਵਰਣ ਹੈ। ਇਨ੍ਹਾਂ 14 ਛੰਦਾਂ ਤੋਂ ਬਾਦ ਨਰ-ਨਾਰਾਇਣ ਨਾਂ ਦੇ ਦੋਹਾਂ ਅਵਤਾਰਾਂ ਦੀ ਕਥਾ ਇਕੱਠੀ ਦਿੱਤੀ ਹੈ। ਚੌਦਾਂ ਰਤਨਾਂ ਦੀ ਵੰਡ ਵੇਲੇ ਦੈਂਤਾਂ ਅਤੇ ਦੇਵਤਿਆਂ ਦਾ ਝਗੜਾ ਸ਼ੁਰੂ ਹੁੰਦਾ ਹੈ। ਵਿਸ਼ਣੂ ਨਰ-ਨਾਰਾਇਣ ਰੂਪ ਵਿਚ ਅਵਤਾਰ ਲੈ ਕੇ ਦੈਂਤਾਂ ਨਾਲ ਯੁੱਧ ਕਰਦਾ ਹੈ। ਇਸ ਯੁੱਧ ਵਿਚ

ਦੇਵਤਿਆਂ ਦਾ ਪਾਸਾ ਕਮਜ਼ੋਰ ਹੋ ਗਿਆ। ਅੰਮ੍ਰਿਤ ਦੀ ਪ੍ਰਾਪਤੀ ਲਈ ਵਿਸ਼ਣੂ ਨੂੰ ਮਹਾਮੋਹਿਨੀ ਦਾ ਅਵਤਾਰ ਧਾਰਨਾ ਪਿਆ। ਇਸ ਤੋਂ ਬਾਦ 8 ਛੰਦਾਂ ਵਿਚ ਪੰਜਵੇਂ ਅਵਤਾਰ ਮਹਾਮੋਹਿਨੀ ਦਾ ਵਰਣਨ ਹੈ। ਇਸ ਵਿਚ ਸੁੰਦਰ ਇਸਤਰੀ ਦਾ ਰੂਪ ਧਾਰ ਕੇ ਵਿਸ਼ਣੂ ਨੇ ਦੈਂਤਾਂ ਨੂੰ ਮੋਹਿਤ ਕੀਤਾ ਅਤੇ ਯੁੱਧ ਵਲੋਂ ਉਨ੍ਹਾਂ ਦੀ ਰੁਚੀ ਨੂੰ ਮੋੜਿਆ। ਦੈਂਤਾਂ ਅਤੇ ਦੇਵਤਿਆਂ ਵਿਚ ਰਤਨਾਂ ਦਾ ਵੰਡ-ਵੰਡਾਰਾ ਠੀਕ ਢੰਗ ਨਾਲ ਸਿਰੇ ਚੜ੍ਹ ਗਿਆ ਅਤੇ ਝਗੜਾ ਸਮਾਪਤ ਹੋ ਗਿਆ।

(6) *ਬੈਰਾਹ (ਵਾਰਾਹ) ਅਵਤਾਰ :* ਚੌਦਾਂ ਛੰਦਾਂ ਦੀ ਇਸ ਅਵਤਾਰ-ਕਥਾ ਵਿਚ ਦਸਿਆ ਗਿਆ ਹੈ ਕਿ ਸਾਰੇ ਰਤਨਾਂ ਦੇ ਵੰਡੇ ਜਾਣ ਤੋਂ ਬਾਦ ਸਾਰੇ ਦੈਂਤ ਅਤੇ ਦੇਵਤੇ ਆਪਣੇ ਆਪਣੇ ਸਥਾਨਾਂ 'ਤੇ ਚਲੇ ਗਏ। ਕੁਝ ਸਮਾਂ ਬੀਤਣ 'ਤੇ ਫਿਰ ਦੋਹਾਂ ਵਿਚ ਵਿਰੋਧ ਵਧਿਆ। ਦੈਂਤਾਂ ਨੇ ਦੇਵਤਿਆਂ ਨੂੰ ਭਜਾ ਦਿੱਤਾ। ਹਿਰਿਨ੍ਯੋ (ਹਿਰਣ੍ਯਾਕ੍ਸ਼) ਅਤੇ ਹਿਰੰਨਾਛਸ (ਹਿਰਣ੍ਯਕਸ਼ਿਪ) ਨਾਂ ਦੇ ਦੋ ਦੈਂਤਾਂ ਨੇ ਸਾਰੇ ਲੋਕਾਂ ਨੂੰ ਜਿਤ ਕੇ ਆਪਣਾ ਦਾਸ ਬਣਾ ਲਿਆ। ਹਿਰਣ੍ਯਾਕ੍ਸ਼ ਨੇ ਸਭ ਨੂੰ ਲਲਕਾਰਿਆ। ਉਸ ਦੇ ਡਰ ਦੇ ਮਾਰਿਆਂ ਧਰਤੀ ਅਤੇ ਵੇਦ ਰਸਾਤਲ ਵਿਚ ਚਲੇ ਗਏ। ਵਿਸ਼ਣੂ ਨੇ ਬੈਰਾਹ ਦਾ ਰੂਪ ਧਾਰ ਕੇ ਦੈਂਤਾਂ ਨੂੰ ਹਰਾਇਆ ਅਤੇ ਵੇਦਾਂ ਤੇ ਧਰਤੀ ਦਾ ਉੱਧਾਰ ਕੀਤਾ।

(7) *ਨਰਸਿੰਘ ਅਵਤਾਰ :* ਇਸ ਅਵਤਾਰ-ਕਥਾ ਵਿਚ ਕੁਲ 42 ਛੰਦ ਹਨ। ਯੁੱਧ ਦਾ ਵਰਣਨ ਬੜਾ ਸਜੀਵ ਹੋਇਆ ਹੈ। ਰਚੈਤਾ ਅਨੁਸਾਰ ਜਦੋਂ ਦੇਵਤਿਆਂ ਦਾ ਅਭਿਮਾਨ ਵਧ ਗਿਆ ਤਾਂ ਦੈਂਤਾਂ ਨੇ ਉਨ੍ਹਾਂ ਨੂੰ ਹਰਾ ਕੇ ਆਪਣਾ ਰਾਜ ਸਥਾਪਿਤ ਕੀਤਾ। ਦੈਂਤਾਂ ਦੇ ਰਾਜੇ ਹਿਰਣ੍ਯਕ੍ਸ਼ਿਪ ਦੀ ਪਤਨੀ ਦੇ ਗਰਭ ਤੋਂ ਪ੍ਰਹਿਲਾਦ ਭਗਤ ਦਾ ਜਨਮ ਹੋਇਆ। ਉਸ ਦੇ ਪਾਠਸ਼ਾਲਾ ਵਿਚ ਗੋਪਾਲ ਨਾਮ ਦਾ ਪਾਠ ਕਰਨ ਤੇ ਦੈਂਤ ਰਾਜਾ ਕ੍ਰੋਧ-ਵਾਨ ਹੋਇਆ ਅਤੇ ਖੰਭੇ ਨਾਲ ਬੰਨ੍ਹ ਕੇ ਉਸ ਨੂੰ ਮਾਰਨਾ ਚਾਹਿਆ। ਕਿਵਾੜ ਵਿਚੋਂ ਨਰਸਿੰਘ ਅਵਤਾਰ ਪ੍ਰਗਟ ਹੋਇਆ ਜਿਸ ਨੇ ਦੈਂਤ ਰਾਜੇ ਨੂੰ ਮਾਰ ਕੇ ਪ੍ਰਹਿਲਾਦ ਨੂੰ ਦੈਂਤਾਂ ਦਾ ਰਾਜਾ ਬਣਾਇਆ।

(8) *ਬਾਵਨ (ਵਾਮਨ) ਅਵਤਾਰ :* ਇਸ ਅਵਤਾਰ-ਕਥਾ ਨੂੰ 27 ਛੰਦਾਂ ਵਿਚ ਵਰਣਿਤ ਕੀਤਾ ਗਿਆ ਹੈ। ਇਸ ਵਿਚ ਕਿਸੇ ਪ੍ਰਕਾਰ ਦੇ ਯੁੱਧ ਦਾ ਵਰਣਨ ਨਹੀਂ ਹੋਇਆ। ਇਸ ਪ੍ਰਸੰਗ ਵਿਚ ਦਸਿਆ ਗਿਆ ਹੈ ਕਿ ਨਰਸਿੰਘ ਅਵਤਾਰ ਨੂੰ ਹੋਇਆਂ ਜਦੋਂ ਕੁਝ ਸਮਾਂ ਬੀਤ ਗਿਆ, ਤਾਂ ਫਿਰ ਪਾਪ ਵਧਿਆ ਅਤੇ ਦੈਂਤ ਲੋਕ ਯੱਗ ਆਦਿ ਕਰਨ ਲਗੇ। ਦੈਂਤਾਂ ਦੇ ਰਾਜਾ ਬਲੀ ਨੇ ਇੰਦ੍ਰ ਦੀ ਰਾਜਧਾਨੀ ਨਸ਼ਟ ਕਰ ਦਿੱਤੀ। ਭੈ-ਭੀਤ ਦੇਵਤਿਆਂ ਨੇ ਕਾਲ ਪੁਰਖ ਪਾਸ ਆਪਣਾ ਦੁਖੜਾ ਰੋਇਆ। ਉਨ੍ਹਾਂ ਦੀ ਸਹਾਇਤਾ ਲਈ ਕਾਲ-ਪੁਰਖ ਨੇ ਵਿਸ਼ਣੂ ਨੂੰ ਅੱਠਵਾਂ ਅਵਤਾਰ ਧਾਰਣ ਲਈ ਆਦੇਸ਼ ਦਿੱਤਾ। ਵਿਸ਼ਣੂ ਨੇ ਇਕ ਨਿਰਧਨ ਬ੍ਰਾਹਮਣ ਦਾ ਰੂਪ ਧਾਰ ਕੇ ਬਲੀ ਰਾਜੇ ਦੇ ਦੁਆਰ ਤੇ ਵੇਦ ਪਾਠ ਦਾ ਉਚਾਰਣ ਕੀਤਾ। ਉਸ ਨੇ ਦੱਛਣਾ ਵਜੋਂ ਢਾਈ ਕਦਮ ਭੂਮੀ ਮੰਗੀ। ਦੈਂਤਾਂ ਦਾ ਗੁਰੂ ਸ਼ੁਕ੍ਰਾਚਾਰਯ ਸਾਰਾ ਭੇਦ ਸਮਝ ਗਿਆ। ਉਸ ਨੇ ਰਾਜੇ ਨੂੰ ਸਮਝਾਇਆ ਕਿ ਇਹ ਬ੍ਰਾਹਮਣ ਖ਼ੁਦ ਵਿਸ਼ਣੂ ਹੈ, ਇਸ ਲਈ ਇਸ ਦੀ ਮੰਗ ਨਹੀਂ ਮੰਨਣੀ। ਬਲੀ ਅਜਿਹਾ ਭਿਖਾਰੀ ਪ੍ਰਾਪਤ ਕਰਕੇ ਆਪਣੇ ਆਪ ਨੂੰ ਧੰਨ ਸਮਝਣ ਲਗਿਆ। ਉਸ ਨੇ ਸੰਕਲਪ ਕਰਨ ਲਈ ਜਲ ਭਰਿਆ ਕਮੰਡਲ ਚੁਕ ਲਿਆ। ਸ਼ੁਕ੍ਰਾਚਾਰਯ, ਰਾਜੇ ਨੂੰ ਸੰਕਲਪ ਕਰਨੋਂ ਰੋਕਣ ਲਈ, ਲਘੂ ਰੂਪ ਬਣਾ ਕੇ ਕਮੰਡਲ ਦੀ ਟੋਟਨੀ ਵਿਚ ਬੈਠ ਗਿਆ। ਟੋਟਨੀ ਤੋਂ ਪਾਣੀ ਨ ਨਿਕਲਦਿਆਂ ਵੇਖ ਕੇ ਬ੍ਰਾਹਮਣ ਦੇ ਸੁਝਾ 'ਤੇ ਉਸ ਨੇ ਵਿਚ ਤੀਲਾ ਮਾਰਿਆ। ਸ਼ੁਕ੍ਰਾਚਾਰਯ ਦੀ ਅੱਖ ਵਿਚ ਤੀਲਾ ਲਗਣ ਕਾਰਣ ਨਿਕਲੇ ਜਲ ਨਾਲ ਰਾਜੇ ਨੇ ਸੰਕਲਪ ਕੀਤਾ। ਬ੍ਰਾਹਮਣ ਨੇ ਆਪਣਾ ਰੂਪ ਵਿਸਥਾਰਿਆ। ਇਕ ਕਦਮ ਨਾਲ ਧਰਤੀ ਅਤੇ ਇਕ ਕਦਮ ਨਾਲ ਆਕਾਸ਼ ਮਾਪ ਕੇ ਬਾਕੀ ਦੇ ਅੱਧੇ ਕਦਮ ਲਈ ਬਲੀ ਦਾ ਸ਼ਰੀਰ ਮਾਪਿਆ। ਬਲੀ ਦੇ ਇਸ ਦਾਨ ਤੋਂ ਪ੍ਰਸੰਨ ਹੋ ਕੇ ਵਾਮਨ ਨੇ ਉਸ ਨੂੰ ਆਸ਼ੀਰਵਾਦ ਦਿੱਤਾ।

(9) *ਪਰਸਰਾਮ ਅਵਤਾਰ :* ਇਸ ਵਿਚ ਕੁਲ 35 ਛੰਦ ਵਰਤੇ ਗਏ ਹਨ। ਵੀਹ ਤੋਂ ਵਧ ਛੰਦਾਂ ਵਿਚ ਯੁੱਧ-ਵਰਣਨ ਹੋਇਆ ਹੈ। ਰਚੈਤਾ ਅਨੁਸਾਰ ਬਹੁਤ ਸਮਾਂ ਬੀਤਣ ਉਪਰੰਤ ਛਤ੍ਰੀਆਂ ਨੇ ਸਾਰੀ ਧਰਤੀ ਉਤੇ ਆਪਣਾ

ਅਧਿਕਾਰ ਜਮਾ ਲਿਆ। ਉਨ੍ਹਾਂ ਦੇ ਅਤਿਆਚਾਰਾਂ ਤੋਂ ਤੰਗ ਹੋ ਕੇ ਦੇਵਤੇ ਇੰਦ੍ਰ ਪਾਸ ਗਏ। ਉਥੋਂ ਉਹ ਛੀਰ ਸਾਗਰ ਵਲ ਕਾਲ-ਪੁਰਖ ਕੋਲ ਗਏ। ਉਨ੍ਹਾਂ ਦੀ ਉਸਤਤਿ ਤੋਂ ਪ੍ਰਸੰਨ ਹੋ ਕੇ ਕਾਲ-ਪੁਰਖ ਨੇ ਵਿਸ਼ਣੂ ਨੂੰ ਜਮਦਗਨੀ ਦੇ ਘਰ ਜਾ ਕੇ ਅਵਤਾਰ ਧਾਰਣ ਦੀ ਆਗਿਆ ਦਿੱਤੀ। ਜਮਦਗਨੀ ਦੀ ਪਤਨੀ ਰੇਣੁਕਾ ਦੀ ਕੁਖ ਤੋਂ ਪਰਸਰਾਮ ਦਾ ਜਨਮ ਹੋਇਆ। ਰਾਜਾ ਸਹਸ੍ਰਬਾਹੂ ਨੇ ਜਮਦਗਨੀ ਨੂੰ ਮਾਰ ਕੇ ਉਸ ਕੋਲੋਂ ਕਾਮਧੇਨੁ ਦੀ ਪੁੱਤਰੀ ਨੰਦਨੀ ਨਾਂ ਦੀ ਗਊ ਖੋਹ ਲਈ। ਪਤਾ ਲਗਣ 'ਤੇ ਪਰਸਰਾਮ ਸਹਸ੍ਰਬਾਹੂ ਨੂੰ ਮਾਰਨ ਗਿਆ। ਘੋਰ ਯੁੱਧ ਉਪਰੰਤ ਸਹਸ੍ਰਬਾਹੂ ਆਪਣੀ ਸੈਨਾ ਸਹਿਤ ਮਾਰਿਆ ਗਿਆ। ਪਰਸਰਾਮ ਨੇ ਛਤ੍ਰੀਆਂ ਤੋਂ ਰਾਜ ਖੋਹ ਕੇ ਬ੍ਰਾਹਮਣਾਂ ਨੂੰ ਦੇ ਦਿੱਤਾ। ਜਿਥੇ ਜਿਥੇ ਵੀ ਛਤ੍ਰੀਆਂ ਦੇ ਅਤਿਆਚਾਰਾਂ ਦੀ ਦਸ ਪਈ, ਉਥੇ ਉਥੇ ਜਾ ਕੇ ਪਰਸਰਾਮ ਨੇ ਛਤ੍ਰੀਆਂ ਦਾ ਬਧ ਕੀਤਾ। ਇਸ ਤਰ੍ਹਾਂ ਉਸ ਨੇ 21 ਵਾਰ ਧਰਤੀ ਨੂੰ ਛਤ੍ਰੀਆਂ ਤੋਂ ਰਹਿਤ ਕੀਤਾ।

(10) *ਬ੍ਰਹਮਾਵਤਾਰ :* ਵਿਸ਼ਣੂ ਦੇ ਦਸਵੇਂ ਅਵਤਾਰ ਪ੍ਰਸੰਗ ਦਾ ਚਿਤ੍ਰਣ ਕੇਵਲ ਸੱਤ ਛੰਦਾਂ ਵਿਚ ਹੋਇਆ ਹੈ ਜਿਨ੍ਹਾਂ ਵਿਚੋਂ ਛੇ ਚੌਪਈ ਹਨ ਅਤੇ ਇਕ ਦੋਹਰਾ। ਬ੍ਰਹਮਾ ਦੇ ਇਸ ਅਵਤਾਰ-ਪ੍ਰਸੰਗ ਵਿਚ ਦਸਿਆ ਗਿਆ ਹੈ ਕਿ ਜਦੋਂ ਜਦੋਂ ਵੇਦ ਨਾਸ ਹੋ ਜਾਂਦੇ ਹਨ, ਅਰਥਾਤ ਵੇਦਾਂ ਪ੍ਰਤਿ ਲੋਕਾਂ ਵਿਚ ਅਰੁਚੀ ਪੈਦਾ ਹੋ ਜਾਂਦੀ ਹੈ, ਤਦੋਂ ਤਦੋਂ ਗਿਆਨ ਧਿਆਨ ਤੋਂ ਵਾਂਝੇ ਅਤੇ ਪਾਪ-ਕਰਮਾਂ ਵਿਚ ਮਗਨ ਲੋਕਾਂ ਨੂੰ ਵੇਦਾਂ ਦਾ ਗਿਆਨ ਦੇਣ ਲਈ ਬ੍ਰਹਮਾ ਪ੍ਰਗਟ ਹੁੰਦਾ ਹੈ। ਬ੍ਰਹਮਾ ਅਤੇ ਵਿਸ਼ਣੂ ਵਿਚ ਕਿਸੇ ਪ੍ਰਕਾਰ ਦਾ ਕੋਈ ਭੇਦ ਨਹੀਂ ਹੈ।

(11) *ਰੁਦ੍ਰਾਵਤਾਰ :* ਕੁਲ 89 ਛੰਦਾਂ ਦੀ ਇਸ ਅਵਤਾਰ-ਕਥਾ ਦੇ ਆਰੰਭਿਕ ਅੱਠ ਛੰਦਾਂ ਵਿਚ ਰੁਦ੍ਰਾਵਤਾਰ ਦੇ ਪ੍ਰਗਟ ਹੋਣ ਦੀ ਲੋੜ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਦੀਆਂ ਮੁੱਖ ਘਟਨਾਵਾਂ ਇਸ ਪ੍ਰਕਾਰ ਹਨ—ਧਰਤੀ ਦਾ ਭਾਰ ਪੀੜਿਤ ਹੋ ਕੇ ਗਊ ਦੇ ਰੂਪ ਵਿਚ ਕਾਲ-ਪੁਰਖ ਪਾਸ ਜਾਣਾ ਅਤੇ ਕਾਲ-ਪੁਰਖ ਦਾ ਵਿਸ਼ਣੂ ਨੂੰ ਰੁਦ੍ਰ ਰੂਪ ਵਿਚ ਅਵਤਾਰ ਧਾਰਣ ਲਈ ਕਹਿਣਾ, ਸ਼ਿਵ ਦੁਆਰਾ ਬਾਣ ਚਲਾ ਕੇ ਤ੍ਰਿਪੁਰ ਦਾ ਨਾਸ ਕਰਨਾ, ਅੰਧਕ ਨਾਲ ਸ਼ਿਵ ਦਾ ਯੁੱਧ ਅਤੇ ਉਸ ਦੀ ਮ੍ਰਿਤੂ, ਜਲੰਧਰ ਦੀ ਉਤਪੱਤੀ ਅਤੇ ਸ਼ਿਵ ਦੇ ਵਰਦਾਨ ਕਾਰਣ 14 ਰਤਨਾਂ ਦੀ ਪ੍ਰਾਪਤੀ, ਜਲੰਧਰ ਦਾ ਦੇਵਤਿਆਂ ਨੂੰ ਭੈਭੀਤ ਕਰਨਾ, ਦਕ੍ਸ਼ ਦੀ ਪੁੱਤਰ ਗੌਰੀ ਦਾ ਸ਼ਿਵ ਨਾਲ ਵਿਆਹ, ਦਕ੍ਸ਼ ਦੇ ਯੱਗ ਵਿਚ ਅਪਮਾਨਿਤ ਗੌਰੀ ਦਾ ਆਪਣੇ ਆਪ ਨੂੰ ਸਾੜਨਾ ਅਤੇ ਸ਼ਿਵ ਅਤੇ ਵੀਰਭਦ੍ਰ ਦਾ ਦਕ੍ਸ਼ ਦੇ ਯੱਗ ਨੂੰ ਨਸ਼ਟ ਕਰਨਾ, ਸ਼ਿਵ ਦਾ ਦਕ੍ਸ਼ ਦੇ ਧੜ ਨੂੰ ਬਕਰੇ ਦਾ ਸਿਰ ਲਾ ਕੇ ਦੁਬਾਰਾ ਜੀਵਿਤ ਕਰਨਾ ਅਤੇ ਸ਼ਿਵ ਦਾ ਕਾਮਦੇਵ ਨੂੰ ਸਾੜਨਾ।

(12) *ਜਲੰਧਰ ਅਵਤਾਰ :* ਕੁਲ 28 ਛੰਦਾਂ ਦੀ ਇਸ ਅਵਤਾਰ-ਕਥਾ ਦਾ ਵਰਣਨ ਚੌਪਈ, ਦੋਹਰਾ, ਤੋਟਕ, ਭੁਜੰਗ ਪ੍ਰਯਾਦ ਨਾਂ ਦੇ ਛੰਦਾਂ ਵਿਚ ਹੋਇਆ ਹੈ। ਇਸ ਕਥਾ ਦਾ ਸੰਬੰਧ 11ਵੀਂ ਅਵਤਾਰ-ਕਥਾ ਨਾਲ ਵੀ ਹੈ। ਰਚੈਤਾ ਅਨੁਸਾਰ ਸਤੀ (ਗੌਰੀ) ਦਾ ਪਰਬਤ ਦੇ ਰਾਜਾ ਦੇ ਘਰ ਪੁਨਰ ਜਨਮ ਹੋਇਆ ਅਤੇ ਉਸ ਦੇ ਜੁਆਨ ਹੋਣ 'ਤੇ ਸ਼ਿਵ ਨਾਲ ਵਿਆਹ ਹੋਇਆ। ਉਸ ਦੀ ਰੂਪ-ਸੁੰਦਰਤਾ ਨੂੰ ਵੇਖ ਕੇ ਜਲੰਧਰ ਦਾ ਮਨ ਲੋਭਾਇਮਾਨ ਹੋ ਗਿਆ। ਉਸ ਨੇ ਆਪਣੇ ਦੂਤ ਰਾਹੀਂ ਸ਼ਿਵ ਤੋਂ ਪਾਰਬਤੀ ਦੇਣ ਜਾਂ ਯੁੱਧ ਕਰਨ ਲਈ ਤਿਆਰ ਹੋਣ ਦੀ ਚੁਨੌਤੀ ਦਿੱਤੀ। ਉਧਰ ਇਕ ਦਿਨ ਲੱਛਮੀ ਨੇ ਵਿਸ਼ਣੂ ਲਈ ਸੁਆਦੀ ਭੋਜਨ ਬਣਾਇਆ। ਪਰ ਵਿਸ਼ਣੂ ਦੇ ਖਾਣ ਤੋਂ ਪਹਿਲਾਂ ਹੀ ਨਾਰਦ ਭੋਜਨ ਕਰਨ ਲਈ ਪਹੁੰਚ ਗਿਆ। ਪਤੀ ਦੇ ਖਾਣ ਤੋਂ ਪਹਿਲਾਂ ਕਿਸੇ ਹੋਰ ਨੂੰ ਭੋਜਨ ਨ ਕਰਾ ਸਕਣ ਵਿਚ ਦ੍ਰਿੜ੍ਹ ਲੱਛਮੀ ਨੂੰ ਨਾਰਦ ਨੇ ਸਰਾਪ ਦਿੱਤਾ ਕਿ ਉਸ ਨੂੰ ਬ੍ਰਿੰਦਾ ਨਾਂ ਦੀ ਰਾਖਸ਼ੀ ਦੇ ਰੂਪ ਵਿਚ ਜਲੰਧਰ ਦੀ ਪਤਨੀ ਬਣਨਾ ਹੋਵੇਗਾ। ਵਿਸ਼ਣੂ ਦੇ ਆਉਣ 'ਤੇ ਲੱਛਮੀ ਨੇ ਸਾਰੀ ਗੱਲ ਦਸੀ। ਵਿਸ਼ਣੂ ਨੇ ਲੱਛਮੀ ਦੀ ਛਾਇਆ ਲੈ ਕੇ ਬ੍ਰਿੰਦਾ ਦੀ ਰਚਨਾ ਕੀਤੀ ਅਤੇ ਧੂਮ੍ਰਕੇਸ਼ ਨਾਂ ਦੇ ਰਾਖਸ਼ ਦੇ ਘਰ ਉਸ ਨੂੰ ਜਨਮ ਦਿੱਤਾ। ਬ੍ਰਿੰਦਾ ਦਾ ਉੱਧਾਰ ਕਰਨ ਲਈ ਵਿਸ਼ਣੂ ਨੇ ਜਲੰਧਰ ਰੂਪ ਵਿਚ ਅਵਤਾਰ ਧਾਰਣ ਕੀਤਾ। ਇਧਰ ਜਲੰਧਰ ਸ਼ਿਵ ਨੂੰ ਔਖਾ ਕਰ ਰਿਹਾ ਸੀ। ਦੋਹਾਂ ਵਿਚ ਘੋਰ ਯੁੱਧ ਹੋਇਆ।

ਵਿਆਕੁਲ ਸ਼ਿਵ ਨੇ ਕਾਲ-ਪੁਰਖ ਦਾ ਧਿਆਨ ਕੀਤਾ ਜਿਸ ਕਰਕੇ ਵਿਸ਼ਣੂ ਨੇ ਜਲੰਧਰ ਦਾ ਰੂਪ ਧਾਰਿਆ। ਇਸ ਜਲੰਧਰ ਨੇ ਬ੍ਰਿੰਦਾ ਦਾ ਸਤਿ ਭੰਗ ਕੀਤਾ। ਫਲਸਰੂਪ ਰਾਖਸ਼ ਜਲੰਧਰ ਦਾ ਬਲ ਛੀਣ ਹੋ ਗਿਆ ਅਤੇ ਉਧਰ ਸ਼ਿਵ ਦੀ ਸਹਾਇਤਾ ਲਈ ਦੁਰਗਾ ਜਲੰਧਰੀ ਬਣ ਕੇ ਆਈ। ਯੁੱਧ ਵਿਚ ਜਲੰਧਰ ਨਸ਼ਟ ਹੋ ਗਿਆ।

(13) *ਅਦਿੱਤੀ ਪੁੱਤਰ ਵਿਸ਼ਣੂ :* ਇਸ ਅਵਤਾਰ-ਪ੍ਰਸੰਗ ਵਿਚ ਦਸਿਆ ਗਿਆ ਹੈ ਕਿ ਭਾਰ ਪੀੜਿਤ ਧਰਤੀ ਆਪਣੀ ਸਹਾਇਤਾ ਲਈ ਕਾਲ-ਪੁਰਖ ਪਾਸ ਗਈ। ਕਾਲ-ਪੁਰਖ ਨੇ ਸਾਰਿਆਂ ਦੇਵਤਿਆਂ ਦਾ ਤੱਤ੍ਵ ਲੈ ਕੇ ਅਤੇ ਉਸ ਵਿਚ ਆਪਣਾ ਤੱਤ੍ਵ ਠਹਿਰਾ ਕੇ, ਵਿਸ਼ਣੂ ਰੂਪ ਵਿਚ ਅਦਿੱਤੀ ਦੇ ਘਰ ਜਨਮ ਲਿਆ। ਅਦਿੱਤੀ ਪੁੱਤਰ ਵਿਸ਼ਣੂ ਨੇ ਧਰਤੀ ਦਾ ਭਾਰ ਹਰਿਆ, ਰਾਖਸ਼ਾਂ ਦਾ ਨਾਸ ਕੀਤਾ ਅਤੇ ਫਿਰ ਕਾਲ-ਪੁਰਖ ਵਿਚ ਸਮਾ ਗਿਆ। ਚੌਪਈ-ਦੋਹਰਾ ਸ਼ੈਲੀ ਵਿਚ ਲਿਖੀ ਇਸ ਪੰਜ ਛੰਦਾਂ ਦੀ ਕਥਾ ਦਾ ਸਰੋਤ ਪੁਰਾਣ ਸਾਹਿਤ ਵਿਚ ਉਪਲਬਧ ਨਹੀਂ।

(14) *ਮਧੂ ਕੈਟਭ ਦੇ ਸੰਘਾਰਕ ਰੂਪ ਦਾ ਅਵਤਾਰ :* ਸੱਤ ਛੰਦਾਂ ਦੀ ਇਸ ਰਚਨਾ ਵਿਚ ਦੋਹਰਾ-ਚੌਪਈ ਛੰਦਾਂ ਦੀ ਵਰਤੋਂ ਹੋਈ ਹੈ। ਇਸ ਅਵਤਾਰ ਦਾ ਰਚੈਤਾ ਨੇ ਕੋਈ ਵਿਸ਼ੇਸ਼ ਨਾਂ ਨਹੀਂ ਦਿੱਤਾ। ਇਤਨਾ ਲਿਖਿਆ ਹੈ ਕਿ ਕੰਨਾਂ ਦੀ ਮੈਲ ਤੋਂ ਪੈਦਾ ਹੋਏ ਦੋਹਾਂ ਦੈਂਤਾਂ ਨੂੰ ਸੰਘਾਰਨ ਲਈ ਵਿਸ਼ਣੂ ਨੇ ਜੋ ਅਵਤਾਰ ਧਾਰਿਆ, ਉਹੀ ਚੌਦਵਾਂ ਅਵਤਾਰ ਹੈ। ਮਧੂ ਕੈਟਭ ਨੇ ਵਿਸ਼ਣੂ ਨਾਲ ਪੰਜ ਹਜ਼ਾਰ ਸਾਲ ਯੁੱਧ ਕੀਤਾ, ਅੰਤ ਵਿਚ ਕਾਲ-ਪੁਰਖ ਦੀ ਸਹਾਇਤਾ ਨਾਲ ਵਿਸ਼ਣੂ ਨੇ ਦੋਵੇਂ ਦੈਂਤ ਮਾਰ ਦਿੱਤੇ।

(15) *ਅਰਹੰਤ ਦੇਵ ਅਵਤਾਰ :* ਵੀਹ ਛੰਦਾਂ ਦੀ ਇਸ ਅਵਤਾਰ-ਕਥਾ ਵਿਚ ਦੋਹਰਾ-ਚੌਪਈ ਛੰਦ-ਸ਼ੈਲੀ ਦੀ ਵਰਤੋਂ ਹੋਈ ਹੈ। ਇਸ ਅਵਤਾਰ ਪ੍ਰਸੰਗ ਦਾ ਸੰਬੰਧ ਜੈਨ ਮਤ ਦੇ ਮੋਢੀ ਆਦਿ-ਤੀਰਥਾਂਕਰ ਨਾਲ ਹੈ। ਸਾਰੇ ਦੈਂਤਾਂ ਨੇ ਮਿਲ ਕੇ ਇਸ ਗੱਲ ਬਾਰੇ ਵਿਚਾਰ ਕੀਤਾ ਕਿ ਦੇਵਤੇ ਸਦਾ ਜਿਤਦੇ ਕਿਉਂ ਹਨ ਅਤੇ ਦੈਂਤ ਹਾਰਦੇ ਕਿਉਂ ਹਨ ? ਦੈਂਤਾਂ ਦੇ ਗੁਰੂ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਯੱਗ ਕਰਦੇ ਹਨ ਅਤੇ ਯਸ਼ ਘਟਣ ਕਾਰਣ ਜਿਤਦੇ ਹਨ। ਇਸ ਵਾਸਤੇ ਤੁਸੀਂ ਵੀ ਯੱਗ ਕਰੋ। ਦੈਂਤਾਂ ਨੇ ਯੱਗ ਕਰਨੇ ਸ਼ੁਰੂ ਕੀਤੇ। ਦੇਵਤਿਆਂ ਨੇ ਡਰ ਕੇ ਵਿਸ਼ਣੂ ਨੂੰ ਦਸਿਆ। ਵਿਸ਼ਣੂ ਨੇ ਕਾਲ-ਪੁਰਖ ਦੀ ਆਗਿਆ ਨਾਲ ਅਰਹੰਤ ਦੇਵ ਦੇ ਰੂਪ ਵਿਚ ਅਵਤਾਰ ਧਾਰਿਆ ਅਤੇ ਨਵਾਂ ਪੰਥ ਚਲਾ ਕੇ ਦੈਂਤਾਂ ਨੂੰ ਯੱਗ ਕਰਨ ਤੋਂ ਵਰਜਿਆ। ਯੱਗ ਨ ਕਰਨ ਕਰਕੇ ਦੈਂਤਾਂ ਦਾ ਬਲ ਘਟ ਗਿਆ ਅਤੇ ਉਹ ਗ਼ਲਤ ਮਾਰਗ ਉਤੇ ਪੈ ਗਏ।

(16) *ਮਨੁ ਰਾਜਾ ਅਵਤਾਰ :* ਅੱਠ ਛੰਦਾਂ ਦੇ ਇਸ ਸੰਖਿਪਤ ਪ੍ਰਸੰਗ ਵਿਚ ਦੋਹਰਾ ਅਤੇ ਚੌਪਈ ਛੰਦਾਂ ਦੀ ਵਰਤੋਂ ਹੋਈ ਹੈ। ਰਚੈਤਾ ਨੇ ਦਸਿਆ ਹੈ ਕਿ ਅਰਹੰਤ ਰੂਪ ਵਿਚ ਹੋਏ ਅਵਤਾਰ ਨੇ ਜੈਨ ਮਾਰਗ ਦੀ ਜੋ ਸਥਾਪਨਾ ਕੀਤੀ ਸੀ, ਉਸ ਦੇ ਪ੍ਰਭਾਵ ਕਾਰਣ ਲੋਕ ਧਰਮ ਕਾਰਜ ਤੋਂ ਹਟ ਗਏ। ਇਸ ਸਥਿਤੀ ਤੋਂ ਬਚਣ ਲਈ ਕਾਲ-ਪੁਰਖ ਦੀ ਆਗਿਆ ਨਾਲ ਵਿਸ਼ਣੂ ਨੇ ਮਨੁ ਰਾਜਾ ਦੇ ਰੂਪ ਵਿਚ ਅਵਤਾਰ ਧਾਰਿਆ। ਉਸ ਨੇ 'ਮਨੁ ਸਮ੍ਰਿਤੀ' ਦੀ ਰਚਨਾ ਕਰਕੇ ਸਾਰੇ ਕੁਪੰਥੀਆਂ ਨੂੰ ਸਹੀ ਪੰਥ ਦਾ ਅਨੁਸਾਰੀ ਕੀਤਾ। ਇਸ ਤਰ੍ਹਾਂ ਜੈਨ ਮਤ ਤੋਂ ਲੋਕੀ ਦੂਰ ਹਟਣ ਲਗੇ।

(17) *ਧਨਵੰਤਰ ਅਵਤਾਰ :* ਦੋਹਰਾ-ਚੌਪਈ ਸ਼ੈਲੀ ਦੇ ਕੁਲ ਛੇ ਛੰਦਾਂ ਵਿਚ ਲਿਖੀ ਇਸ ਨਿੱਕੀ ਜਿਹੀ ਕਥਾ ਵਿਚ ਧਨਵੰਤਰ ਅਵਤਾਰ ਦੀ ਗੱਲ ਕਹੀ ਗਈ ਹੈ। ਇਸ ਵਿਚ ਇਹ ਦਸਿਆ ਗਿਆ ਹੈ ਕਿ ਜਦੋਂ ਹਰ ਪਾਸੇ ਲੋਕੀਂ ਧਨ-ਦੌਲਤ ਅਤੇ ਅਨਾਜ ਨਾਲ ਸੁਖੀ ਹੋ ਗਏ ਅਤੇ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਉਪਲਬਧ ਹੋ ਗਈਆਂ, ਤਾਂ ਉਦੋਂ ਕਈ ਪ੍ਰਕਾਰ ਦੇ ਰੋਗ ਪਸਰ ਗਏ। ਸਾਰੀ ਪ੍ਰਜਾ ਰੋਗ ਪੀੜਿਤ ਹੋ ਗਈ। ਸਾਰੇ ਦੁਖੀਆਂ ਵਲੋਂ ਪ੍ਰਾਰਥਨਾ ਕਰਨ 'ਤੇ ਕਾਲ-ਪੁਰਖ ਨੇ ਵਿਸ਼ਣੂ ਨੂੰ ਧਨਵੰਤਰ ਰੂਪ ਵਿਚ ਅਵਤਾਰ ਧਾਰਣ ਦਾ ਆਦੇਸ਼ ਦਿੱਤਾ। ਦੇਵਤਿਆਂ ਅਤੇ ਦੈਂਤਾਂ ਨੇ ਮਿਲ ਕੇ ਸਮੁੰਦਰ ਨੂੰ ਰਿੜਕਿਆ। ਉਸ ਵਿਚੋਂ ਰੋਗਾਂ ਦਾ ਨਾਸ਼ ਕਰਨ ਵਾਲੇ ਧਨਵੰਤਰੀ ਨੇ ਜਨਮ ਲਿਆ ਜਿਸ ਨੇ ਆਯੁਰ-ਵੇਦ ਦੀ ਰਚਨਾ ਕਰਕੇ ਹਰ ਪ੍ਰਕਾਰ ਦੇ ਰੋਗਾਂ ਦਾ ਨਾਸ਼ ਕੀਤਾ। ਪਰ ਸਮਾਂ ਆਉਣ 'ਤੇ ਸੱਪਾਂ ਦੇ ਸੁਆਮੀ

ਤੱਛਕ ਨਾਗ ਨੇ ਉਸ ਨੂੰ ਡਸ ਲਿਆ।

(18) *ਸੂਰਜ ਅਵਤਾਰ :* ਪ੍ਰਸਤੁਤ ਕਥਾ-ਪ੍ਰਸੰਗ ਅਨੁਸਾਰ ਦੈਂਤਾਂ ਦਾ ਜਦੋਂ ਅਧਿਕ ਬਲ ਵਧ ਗਿਆ ਤਾਂ ਕਾਲ -ਪੁਰਖ ਨੇ ਸੂਰਜ ਰੂਪ ਅਵਤਾਰ ਧਾਰਣ ਲਈ ਵਿਸ਼ਣੂ ਨੂੰ ਕਿਹਾ। ਸੂਰਜ ਨੇ ਅਸੁਰਾਂ ਦਾ ਨਾਸ ਕਰਕੇ ਧਰਤੀ ਦਾ ਹਨੇਰਾ ਦੂਰ ਕੀਤਾ। ਸੂਰਜ ਦੇ ਨਿਕਲਣ ਨਾਲ ਸਾਰੇ ਲੋਕ ਆਲਸ ਨੂੰ ਤਿਆਗ ਕੇ ਉਠਦੇ ਹਨ ਅਤੇ ਪੂਜਾ-ਪਾਠ ਆਦਿ ਕਰਮ ਕਰਦੇ ਹਨ। ਇਸ ਤਰ੍ਹਾਂ ਕਰਦਿਆਂ ਜਦੋਂ ਬਹੁਤ ਸਮਾਂ ਬੀਤ ਗਿਆ ਤਾਂ ਦੀਰਘ -ਕਾਯ ਨਾਂ ਦਾ ਇਕ ਰਾਖਸ਼ ਪੈਦਾ ਹੋਇਆ ਜਿਸ ਨੇ ਸੂਰਜ ਦਾ ਰਥ ਰੋਕ ਦਿੱਤਾ। ਉਸ ਨਾਲ ਸੂਰਜ ਦਾ ਭਿਆਨਕ ਯੁੱਧ ਹੋਇਆ ਅਤੇ ਰਾਖਸ਼ ਮਾਰਿਆ ਗਿਆ। ਇਸ ਵਿਚ ਕੁਲ 27 ਛੰਦ ਹਨ ਅਤੇ ਚੌਪਈ, ਅਰਧ ਨਰਾਜ, ਅਨੁਭਵ, ਤੋਟਕ, ਦੋਹਰਾ ਨਾਂ ਦੇ ਛੰਦਾਂ ਦੀ ਵਰਤੋਂ ਹੋਈ ਹੈ, ਜਿਨ੍ਹਾਂ ਵਿਚੋਂ 19 ਛੰਦਾਂ ਵਿਚ ਸੂਰਜ ਨਾਲ ਦੀਰਘ-ਕਾਯ ਰਾਖਸ਼ ਦਾ ਯੁੱਧ-ਵਰਣਨ ਹੋਇਆ ਹੈ। ਇਸ ਯੁੱਧ ਵਰਣਨ ਬਹੁਤ ਸਜੀਵ ਅਤੇ ਯੁਗ ਅਨੁਰੂਪ ਹੈ।

(19) *ਚੰਦ੍ਰ ਅਵਤਾਰ :* ਇਸ ਅਵਤਾਰ-ਕਥਾ ਦਾ ਵਰਣਨ ਕੁਲ 15 ਛੰਦਾਂ ਵਿਚ ਹੋਇਆ ਹੈ ਅਤੇ ਦੋਧਕ, ਤੋਮਰ, ਚੌਪਈ ਨਾਂ ਦੇ ਛੰਦਾਂ ਦੀ ਵਰਤੋਂ ਹੋਈ ਹੈ। ਇਸ ਵਿਚ ਦਸਿਆ ਗਿਆ ਹੈ ਕਿ ਸੂਰਜ ਦੇ ਪ੍ਰਕਾਸ਼ ਨਾਲ ਧਰਤੀ ਸੜਨ ਲਗੀ, ਹਨੇਰੀਆਂ ਬਹੁਤ ਚਲਣ ਲਗੀਆਂ, ਅੰਨ ਪੈਦਾ ਹੋਣੋ ਬੰਦ ਹੋ ਗਿਆ, ਲੋਕ ਭੁਖੇ ਮਰਨ ਲਗੇ, ਇਸਤਰੀਆਂ ਕਾਮ ਤੋਂ ਪ੍ਰੇਰਿਤ ਨ ਹੋਣ ਕਾਰਣ ਪਤੀਆਂ ਦੀ ਸੇਵਾ ਕਰਨੋ ਹਟ ਗਈਆਂ। ਅਜਿਹੀ ਅਵਸਥਾ ਵਿਚ ਕਾਲ-ਪੁਰਖ ਨੇ ਵਿਸ਼ਣੂ ਨੂੰ ਚੰਦ੍ਰ ਅਵਤਾਰ ਧਾਰਣ ਲਈ ਆਗਿਆ ਦਿੱਤੀ। ਚੰਦ੍ਰ ਅਵਤਾਰ ਦੇ ਪ੍ਰਗਟ ਹੋਣ ਨਾਲ ਇਸਤਰੀਆਂ ਵਿਚ ਕਾਮ-ਭਾਵਨਾ ਜਾਗਣ ਲਈ, ਉਹ ਪਤੀ-ਸੇਵਾ ਵਲ ਰੁਚਿਤ ਹੋਈਆਂ, ਖੇਤੀ ਵੀ ਜੰਮਣ ਲਗੀ, ਕੁਝ ਕਾਲ ਬੀਤਣ 'ਤੇ ਚੰਦ੍ਰਮਾ ਨੂੰ ਆਪਣੀ ਸੁੰਦਰਤਾ ਦਾ ਅਭਿਮਾਨ ਹੋਣ ਲਗਾ ਅਤੇ ਉਸ ਨੇ ਬ੍ਰਹਸਪਤੀ ਦੀ ਇਸਤਰੀ ਦਾ ਸਤਿ ਭੰਗ ਕੀਤਾ। ਮੁਨੀ ਨੇ ਉਸ ਨੂੰ ਸਰਾਪ ਦਿੱਤਾ ਅਤੇ ਚੰਦ੍ਰਮਾ ਕਲੰਕਿਤ ਹੋ ਗਿਆ। ਉਸ ਦਾ ਸਰੂਪ ਅਸਥਿਰ ਹੋ ਕੇ ਘਟਣ ਵਧਣ ਲਗਾ। ਚੰਦ੍ਰਮਾ ਬਹੁਤ ਲਜਿਤ ਹੋਇਆ ਅਤੇ ਉਸ ਦਾ ਅਭਿਮਾਨ ਖ਼ਤਮ ਹੋ ਗਿਆ।

(20) *ਰਾਮਾਵਤਾਰ :* 'ਚੌਬੀਸ ਅਵਤਾਰ' ਰਚਨਾ ਵਿਚ 'ਰਾਮਾਵਤਾਰ' ਦਾ ਵਿਸ਼ੇਸ਼ ਸਥਾਨ ਹੈ ਕਿਉਂਕਿ ਇਹ 864 ਛੰਦਾਂ ਦੀ ਵੱਡੇ ਆਕਾਰ ਦੀ ਰਚਨਾ ਹੈ। 'ਚੌਬੀਸ ਅਵਤਾਰ' ਵਿਚ ਆਕਾਰ ਦੇ ਪੱਖ ਤੋਂ ਇਸ ਦਾ ਦੂਜਾ ਸਥਾਨ ਹੈ। ਅੰਦਰਲੀ ਗਵਾਹੀ ਅਨੁਸਾਰ ਇਸ ਦੀ ਰਚਨਾ ਹਾੜ ਦੀ ਪ੍ਰਥਮ ਵਦੀ, ਸੰਮਤ 1755 ਬਿ. (1698 ਈ.) ਨੂੰ ਨੈਣਾ ਦੇਵੀ ਪਰਬਤ ਤੋਂ ਹੇਠਾਂ ਵਲ ਸਤਲੁਜ ਨਦੀ ਦੇ ਕੰਢੇ ਉਤੇ ਹੋਈ ਸੀ।

ਇਸ ਅਵਤਾਰ-ਕਥਾ ਨੂੰ ਨਿੱਕੇ ਨਿੱਕੇ ਉਪ-ਖੰਡਾਂ ਵਿਚ ਵੰਡਿਆ ਗਿਆ ਹੈ। ਖੰਡਾਂ ਵਿਚ ਛੰਦਾਂ ਦੀ ਗਿਣਤੀ ਪੱਖੋਂ ਵੰਡ ਨਹੀਂ ਹੋਈ, ਸਗੋਂ ਜਿਥੇ ਕੋਈ ਨਿੱਕਾ ਵੱਡਾ ਪ੍ਰਸੰਗ ਮੁਕਿਆ, ਉੱਥੇ ਹੀ ਪੁਸ਼ਪਿਕਾ ਲਿਖ ਦਿੱਤੀ। ਇਸ ਵਿਚ ਛੰਦਾਂ ਦੀ ਵਿਵਿਧਤਾ ਵਿਸ਼ੇਸ਼ ਵੇਖਣ ਯੋਗ ਹੈ। ਛੰਦ-ਪਰਿਵਰਤਨ ਬਹੁਤ ਜਲਦੀ ਜਲਦੀ ਹੋਇਆ ਹੈ, ਖ਼ਾਸ ਕਰਕੇ ਯੁੱਧ ਵਰਣਨ ਵੇਲੇ। ਯੁੱਧ ਦੀ ਗਤਿ ਨਿੱਕੇ ਵੱਡੇ ਛੰਦਾਂ ਦੀ ਬਦਲੀ ਨਾਲ ਸਾਫ਼ ਮਹਿਸੂਸ ਹੋਣ ਲਗ ਜਾਂਦੀ ਹੈ। ਇਸ ਕਥਾ ਦਾ ਮੁੱਖ ਸਰੋਤ ਬਾਲਮੀਕੀ ਰਾਮਾਇਣ ਹੈ। ਇਹ ਗੱਲ ਇਸ ਦੀ ਅੰਤਿਮ ਪੁਸ਼ਪਿਕਾ (*ਇਤਿ ਸ੍ਰੀ ਰਾਮਾਯਣ ਸਮਾਪਤਮ ਸਤੁ*) ਤੋਂ ਹੀ ਸਪੱਸ਼ਟ ਹੈ।

ਸਮੁੱਚੇ ਤੌਰ 'ਤੇ ਇਸ ਅਵਤਾਰ-ਕਥਾ ਦਾ ਮੇਲ ਬਾਲਮੀਕੀ ਰਾਮਾਇਣ (ਅਤੇ ਕੁਝ ਹਦ ਤਕ ਅਧਿਆਤਮ ਰਾਮਾਇਣ) ਨਾਲ ਬੈਠਦਾ ਹੈ। ਇਹੀ ਇਸ ਦੇ ਮੁੱਖ ਸਰੋਤ ਹਨ। ਕੁਝ ਕਥਾ-ਪ੍ਰਸੰਗਾਂ ਵਿਚ ਲੋਕ-ਪਰੰਪਰਾ ਕਰਕੇ ਵਾਧ ਘਾਟ ਵੀ ਹੋਈ ਹੈ। ਇਸ ਅਵਤਾਰ-ਪ੍ਰਸੰਗ ਵਿਚ ਰਚੈਤਾ ਨੇ ਕਥਾ ਦੀ ਸੰਖੇਪਤਾ ਵਲ ਬਹੁਤ ਧਿਆਨ ਦਿੱਤਾ ਹੈ। ਰਾਮਾਇਣ ਦੇ 'ਕਿਸ਼ਕਿੰਧਾ' ਅਤੇ 'ਸੁੰਦਰ' ਨਾਂ ਵਾਲੇ ਕਾਂਡਾਂ ਦਾ ਪ੍ਰਸੰਗ ਨਾਂ-ਮਾਤ੍ਰ ਵਰਣਿਤ ਕੀਤਾ ਗਿਆ ਹੈ ਅਤੇ ਰਾਮਾਇਣ ਦੇ ਅਪ੍ਰਸੰਗਿਕ ਉਪਾਖਿਆਨਾਂ ਨੂੰ ਵੀ ਕੋਈ ਸਥਾਨ ਨਹੀਂ ਦਿੱਤਾ ਗਿਆ। ਕਈ ਹੋਰ ਮਾਰਮਿਕ ਪ੍ਰਸੰਗ ਵੀ ਛਡ ਦਿੱਤੇ ਗਏ ਹਨ, ਜਿਵੇਂ ਚਿਤ੍ਰਕੂਟ, ਮਾਤਾ-

ਮਿਲਨ, ਮਾਰਗ ਦੀਆਂ ਯਾਤ੍ਰਾਵਾਂ ਦਾ ਵਰਣਨ ਇਸ ਕਥਾ ਵਿਚ ਨਹੀਂ ਮਿਲਦਾ। ਉਂਜ ਦੋਹਾਂ ਪ੍ਰਸੰਗਾਂ ਵਿਚ ਲੰਕਾਂ ਉਪਰ ਰਾਮ ਦੇ ਹਮਲੇ ਤੋਂ ਪਹਿਲਾਂ ਦੀਆਂ ਘਟਨਾਵਾਂ ਵਿਚ ਸਮਾਨਤਾ ਅਧਿਕ ਹੈ ਪਰ ਅਭਿਵਿਅਕਤੀ ਸੰਬੰਧੀ ਅੰਤਰ ਸਰਬੱਤ੍ਰ ਹੈ। 'ਰਾਮਾਵਤਾਰ' ਵਿਚ ਲਵ ਕੁਸ਼ ਦੇ ਯੁੱਧ ਦਾ ਵਰਣਨ ਬੜੀ ਤਲੀਨਤਾ ਨਾਲ ਕੀਤਾ ਗਿਆ ਹੈ, ਪਰ ਰਾਮਾਇਣ ਵਿਚ ਇਸ ਦਾ ਚਿਤ੍ਰਣ ਨਹੀਂ ਹੋਇਆ। ਸਪੱਸ਼ਟ ਹੈ ਕਿ 'ਰਾਮਾਵਤਾਰ' ਦੇ ਅਜਿਹੇ ਅੰਸ਼ ਲੋਕ ਪ੍ਰਸਿੱਧ ਪਰੰਪਰਾਵਾਂ ਤੋਂ ਆਏ ਹਨ।

'ਰਾਮਾਵਤਾਰ' ਦਾ ਮੁੱਖ ਆਸ਼ਾ ਰਾਮ ਚੰਦਰ ਦੇ ਵੀਰ ਰੂਪ ਅਤੇ ਵੈਰੀ ਨਾਸ਼ਕ ਰੂਪ ਨੂੰ ਅਧਿਕ ਚਿਤਰਨਾ ਹੈ ਕਿਉਂਕਿ ਇਥੇ ਰਚੈਤਾ ਦਾ ਉਦੇਸ਼ ਨਿਰੀ ਅਵਤਾਰ-ਕਥਾ ਦਸਣੀ ਨਹੀਂ, ਸਗੋਂ ਯੁਗ ਅਨੁਸਾਰ ਉਸ ਦੇ ਉਪਯੋਗੀ ਤੱਥਾਂ ਅਤੇ ਪੱਖਾਂ ਨੂੰ ਅਧਿਕ ਉਘਾੜਨਾ ਸੀ। ਧਰਮ-ਯੁੱਧ ਲਈ ਤਿਆਰ ਕੀਤੇ ਜਾ ਰਹੇ ਸਿੱਖ ਭਾਈਚਾਰੇ ਵਾਸਤੇ ਯੁੱਧ ਦੀ ਪ੍ਰੇਰਨਾ ਦੇਣ ਵਾਲੇ ਪ੍ਰਸੰਗਾਂ ਨੂੰ ਚਿਤਰਨਾ ਅਤਿ ਆਵੱਸ਼ਕ ਸੀ ਅਤੇ ਇਸ ਆਵੱਸ਼ਕਤਾ ਦੀ ਪੂਰਤੀ ਯੁੱਧ-ਵਰਣਨ ਤੋਂ ਹੀ ਹੋ ਸਕਦੀ ਸੀ। ਯੁੱਧ-ਵਰਣਨ ਵਿਚ ਯੁਗ ਅਨੁਰੂਪਤਾ ਦਾ ਧਿਆਨ ਰਖਿਆ ਗਿਆ ਹੈ। ਵਰਣਨ ਅਤੇ ਅਭਿਵਿਅਕਤੀ ਦੇ ਪੱਖ ਤੋਂ 'ਰਾਮਾਵਤਾਰ' ਇਕ ਉੱਤਮ ਰਚਨਾ ਹੈ ਕਿਉਂਕਿ ਇਸ ਵਿਚ ਯੁੱਧ ਦੇ ਸ਼ੰਕਾ ਪੱਖ ਤੋਂ ਲੈ ਕੇ ਸਮਾਧਾਨ ਪੱਖ ਦਾ ਬੜਾ ਸਜੀਵ ਚਿਤ੍ਰਣ ਹੋਇਆ ਹੈ। ਯੁੱਧ ਦਾ ਸਮੁੱਚਾ ਵਾਤਾਵਰਣ ਬਹੁਤ ਉਤਸਾਹ ਵਰਧਕ ਹੈ। ਛੰਦਾਂ ਦੀ ਚਾਲ ਯੁੱਧ ਦੇ ਪੈਂਤੜੇ 'ਤੇ ਨਿਸ਼ਚਿਤ ਹੋਈ ਹੈ। ਅਲੰਕਾਰਾਂ ਦੀ ਯੋਜਨਾ ਨੇ ਪ੍ਰਭਾਵ ਨੂੰ ਤੀਬਰ ਕੀਤਾ ਹੈ। ਭਾਸ਼ਾ ਨੇ ਯੁੱਧ ਧੁਨੀਆਂ ਨੂੰ ਸਿਰਜਿਆ ਹੈ। ਮੁੱਖ ਤੌਰ 'ਤੇ ਇਸ ਚਰਿਤ੍ਰ-ਕਥਾ ਦੀ ਭਾਸ਼ਾ ਬ੍ਰਜ ਹੈ, ਅਵਧੀ ਜਾਂ ਰਾਜਸਥਾਨੀ ਵੀ ਵਰਤੀ ਗਈ ਹੈ। ਕਿਤੇ ਕਿਤੇ ਪੰਜਾਬੀ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਰਚਨਾ ਪ੍ਰਬੰਧ-ਕਾਵਿ ਦਾ ਰੂਪ ਧਾਰਦੀ ਪ੍ਰਤੀਤ ਹੁੰਦੀ ਹੈ। ਯੋਧਿਆਂ ਦੀਆਂ ਆਪਸ ਵਿਚ ਹੋਈਆਂ ਗੱਲਾਂ, ਉਕਤੀਆਂ-ਪ੍ਰਤਿਉਕਤੀਆਂ, ਵਿਅੰਗ ਆਦਿ ਦਾ ਵੀ ਪ੍ਰਭਾਵਸ਼ਾਲੀ ਚਿਤ੍ਰਣ ਹੋਇਆ ਹੈ।

(21) *ਕ੍ਰਿਸ਼ਨਾਵਤਾਰ :* 'ਚੌਬੀਸ ਅਵਤਾਰ' ਪ੍ਰਸੰਗ ਦੀ ਇਹ ਅਵਤਾਰ-ਕਥਾ ਵਿਸ਼ੇਸ਼ ਉਲੇਖ-ਯੋਗ ਹੈ ਕਿਉਂਕਿ ਇਕ ਤਾਂ ਇਸ ਦਾ ਆਕਾਰ ਬਹੁਤ ਵੱਡਾ ਹੈ, ਦੂਜਾ ਇਸ ਵਿਚ ਰਚੈਤਾ ਨੇ ਯੁੱਧ-ਵਰਣਨ ਵਿਚ ਵਿਸ਼ੇਸ਼ ਰੁਚੀ ਵਿਖਾਈ ਹੈ ਅਤੇ ਤੀਜਾ ਪੰਜਾਬ ਵਿਚ ਹੀ ਨਹੀਂ, ਸਮੁੱਚੇ ਹਿੰਦੀ ਸਾਹਿਤ ਵਿਚ ਸ੍ਰੀ ਕ੍ਰਿਸ਼ਣ ਸੰਬੰਧੀ ਲਿਖੇ ਗਏ ਕਾਵਿ ਵਿਚ ਇਸ ਦਾ ਮਹੱਤਵਪੂਰਣ ਸਥਾਨ ਹੈ।

ਅੰਦਰਲੀ ਗਵਾਹੀ ਅਨੁਸਾਰ ਇਸ ਦੀ ਰਚਨਾ 1745 ਬਿ.-ਸਾਵਣ ਸੁਦੀ 7 (ਸੰਨ 1688 ਈ.) ਨੂੰ ਜਮਨਾ ਨਦੀ ਦੇ ਕੰਢੇ 'ਤੇ ਵਸੇ ਪਾਂਵਟਾ ਨਗਰ ਵਿਚ ਹੋਈ ਸੀ (2490)। ਇਸ ਰਚਨਾ ਦਾ ਮੂਲਾਧਾਰ 'ਭਾਗਵਤ ਪੁਰਾਣ' ਹੈ। ਇਹ ਗੱਲ ਨ ਕੇਵਲ ਇਕ ਦੋਹਰੇ (2491) ਤੋਂ ਸਪੱਸ਼ਟ ਹੋ ਜਾਂਦੀ ਹੈ, ਸਗੋਂ ਹੋਰ ਵੀ ਕੁਝ ਉਕਤੀਆਂ ਜਾਂ ਅਧਿਆਇ-ਅੰਤ 'ਤੇ ਲਿਖੀਆਂ ਪੁਸ਼ਪਿਕਾਵਾਂ ਤੋਂ ਵੀ ਪੁਸ਼ਟ ਹੁੰਦੀ ਹੈ। ਪ੍ਰਕਾਸ਼ਿਤ ਬੀੜ ਅਨੁਸਾਰ ਇਸ ਵਿਚ ਕੁਲ 2492 ਛੰਦ ਹਨ। ਭਾਈ ਮਨੀ ਸਿੰਘ ਵਾਲੀ ਬੀੜ ਵਿਚ ਪ੍ਰਕਾਸ਼ਿਤ ਬੀੜ ਨਾਲੋਂ ਇਸ ਅਵਤਾਰ-ਕਥਾ ਦੇ 43 ਛੰਦ ਘਟ ਹਨ। ਸੰਗਰੂਰ ਵਾਲੀ ਬੀੜ ਵਿਚ ਕੁਲ ਛੰਦ 2559 ਹਨ, ਜਦ ਕਿ ਪਟਨੇ ਵਾਲੀ ਬੀੜ ਵਿਚ 2580 ਹਨ। ਇਸ ਤਰ੍ਹਾਂ ਸਪੱਸ਼ਟ ਹੈ ਕਿ ਇਸ ਰਚਨਾ ਦੀ ਛੰਦ-ਗਿਣਤੀ ਵਿਚ ਫ਼ਰਕ ਹੈ। ਇਸ ਤੋਂ ਇਲਾਵਾ ਸੰਗਰੂਰ ਵਾਲੀ ਅਤੇ ਪਟਨੇ ਵਾਲੀ ਬੀੜਾਂ ਵਿਚ ਇਸ ਦੇ ਆਰੰਭ ਵਿਚ 'ਉਸਤਤਿ ਸ੍ਰੀ ਭਵਾਨੀ ਜੀ ਕੀ' ਦੇ 34 ਛੰਦ ਲਿਖੇ ਹਨ। ਇਹ ਛੰਦ ਪ੍ਰਕਾਸ਼ਿਤ ਬੀੜ ਵਿਚ ਨਹੀਂ ਹਨ। ਅਸਲ ਵਿਚ ਚੰਡੀ ਚਰਿਤ੍ਰ-2 ਦੇ ਸੱਤਵੇਂ ਅਧਿਆਇ ਵਿਚ 223 ਤੋਂ ਲੈ 256 ਤਕ ਜੋ 'ਦੇਵੀ ਜੂ ਕੀ ਉਸਤਤਿ' ਦੇ 34 ਛੰਦ ਲਿਖੇ ਹਨ, ਉਹ ਇਥੋਂ ਦੇ ਹਨ ਅਤੇ ਉਥੇ ਅਪ੍ਰਸੰਗਿਕ ਲਿਖੇ ਹਨ। ਇਨ੍ਹਾਂ ਨਾਲ ਛੰਦਾਂ ਦੀ ਗਿਣਤੀ ਦਾ ਵਧ ਜਾਣਾ ਸੁਭਾਵਿਕ ਹੈ।

ਪ੍ਰਕਾਸ਼ਿਤ ਬੀੜ ਅਤੇ ਭਾਈ ਮਨੀ ਸਿੰਘ ਅਤੇ ਮੋਤੀ ਬਾਗ਼ ਵਾਲੀਆਂ ਬੀੜਾਂ ਵਿਚ ਇਹ ਅਵਤਾਰ-ਕਥਾ ਇਕ ਇਕਾਈ ਦੇ ਰੂਪ ਵਿਚ ਚਿਤਰੀ ਗਈ ਹੈ

ਅਤੇ ਅਧਿਆਇ ਅੰਤ ਤੇ ਪੁਸ਼ਪਿਕਾਵਾਂ ਵਿਚ ਅਧਿਆਵਾਂ ਦੀ ਗਿਣਤੀ ਵੀ ਦਿੱਤੀ ਹੈ। ਇਹ ਗਿਣਤੀ ਕੇਵਲ ਅੱਠਵੇਂ ਅਧਿਆਇ ਦੀ ਪੁਸ਼ਪਿਕਾ ਤਕ ਚਲਦੀ ਹੈ, ਉਸ ਤੋਂ ਬਾਦ ਅਧਿਆਇ ਅੰਕ ਨਹੀਂ ਦਿੱਤੇ ਗਏ, ਕੇਵਲ ਪ੍ਰਸੰਗਾਂ ਦੀ ਸੂਚਨਾ ਦਿੱਤੀ ਗਈ ਹੈ।

ਸੰਗਰੂਰ ਅਤੇ ਪਟਨਾ ਵਾਲੀਆਂ ਬੀੜਾਂ ਵਿਚ 'ਉਸਤਤਿ ਸ੍ਰੀ ਭਵਾਨੀ ਜੀ ਕੀ' ਤੋਂ ਬਾਦ ਇਸ ਰਚਨਾ ਦੇ ਚਾਰ ਖੰਡ ਲਿਖੇ ਹਨ, ਜਿਵੇਂ— (1) ਦਸਮ ਕਥਾ (ਬਾਲਪਨ), (2) ਰਾਸ ਮੰਡਲ, (3) ਬਿਰਹ ਨਾਟਕ ਅਤੇ (4) ਜੁਧ ਪ੍ਰਬੰਧ। ਇਸ ਤੋਂ ਸਪੱਸ਼ਟ ਹੈ ਕਿ ਮੂਲ ਰੂਪ ਵਿਚ ਇਹ ਰਚਨਾ ਖੰਡਾਂ ਵਿਚ ਲਿਖੀ ਗਈ ਸੀ, ਪਰ ਬਾਦ ਵਿਚ ਇਸ ਨੂੰ ਇਕ ਇਕਾਈ ਵਿਚ ਨਿਰੰਤਰ ਰੂਪ ਦੇ ਦਿੱਤਾ ਗਿਆ ਹੈ। ਹੁਣ ਵੀ ਇਸ ਰਚਨਾ ਵਿਚੋਂ ਇਹ ਸੰਕੇਤ ਮਿਲਦੇ ਹਨ ਕਿ ਇਸ ਦੀ ਰਚਨਾ ਖੰਡਾਂ ਵਿਚ ਹੀ ਹੋਈ ਸੀ। 'ਜੁਧ ਪ੍ਰਬੰਧ' ਦਾ ਸਿਰਲੇਖ ਹੀ ਇਸ ਦਾ ਪ੍ਰਮਾਣ ਹੈ। ਇਸ ਤੋਂ ਇਲਾਵਾ ਇਸ ਦੇ ਸ਼ੁਰੂ ਵਿਚ ਲਿਖਿਆ ਹੈ ਕਿ 1192 ਛੰਦਾਂ ਵਾਲਾ ਖੰਡ ਆਨੰਦਪੁਰ ਸਾਹਿਬ ਵਿਚ ਲਿਖਿਆ ਗਿਆ। ਇਸ ਦੇ ਅੰਤ ਵਿਚ ਦਿੱਤੀ ਸੂਚਨਾ ਅਨੁਸਾਰ ਇਸ ਦੀ ਪਾਂਵਟਾ ਸਾਹਿਬ ਵਿਚ ਰਚਨਾ ਹੋਈ ਸੀ। ਅਸਲ ਵਿਚ ਅਖੀਰਲਾ ਹਿੱਸਾ ਪਾਂਵਟਾ ਸਾਹਿਬ ਵਿਚ ਰਚਿਆ ਗਿਆ ਅਤੇ ਪਹਿਲਾ ਖੰਡ ਆਨੰਦਪੁਰ ਸਾਹਿਬ ਵਿਚ ਮੁਕੰਮਲ ਹੋਇਆ।

ਇਸ ਦੇ ਆਰੰਭ ਦੇ ਚਾਰ ਛੰਦਾਂ ਵਿਚ 'ਚੌਬੀਸ ਅਵਤਾਰ' ਪ੍ਰਸੰਗ ਵਿਚ ਇਸ ਅਵਤਾਰ-ਕਥਾ ਦਾ ਕ੍ਰਮ ਨਿਸ਼ਚਿਤ ਕੀਤਾ ਗਿਆ ਹੈ। ਫਿਰ ਅਗਲੇ ਚਾਰ ਛੰਦਾਂ ਵਿਚ ਦੇਵੀ ਦੀ ਉਸਤਤਿ ਅਤੇ ਵਰ ਯਾਚਨਾ ਕੀਤੀ ਗਈ ਹੈ। ਇਸ ਤੋਂ ਬਾਦ ਬਾਲ-ਲੀਲ੍ਹਾ ਖੰਡ, ਰਾਸ-ਮੰਡਲ ਖੰਡ, ਬਿਰਹ-ਨਾਟਕ ਖੰਡ ਅਤੇ ਯੁੱਧ-ਪ੍ਰਬੰਧ ਖੰਡ ਦਾ ਵਿਵਰਣ ਹੈ।

ਇਸ ਅਵਤਾਰ-ਕਥਾ ਦਾ ਸਰੋਤ ਭਾਵੇਂ 'ਭਾਗਵਤ ਪੁਰਾਣ' ਹੈ, ਪਰ ਇਸ ਚਰਿਤ੍ਰ-ਕਥਾ ਦੇ ਰਚੈਤਾ ਨੇ ਆਧਾਰ ਗ੍ਰੰਥ ਦੀਆਂ ਕੇਵਲ ਪ੍ਰਧਾਨ ਘਟਨਾਵਾਂ ਨੂੰ ਗ੍ਰਹਿਣ ਕੀਤਾ ਹੈ, ਕਿਤੇ ਕਿਤੇ ਤਾਂ ਕੇਵਲ ਕਥਾ-ਸੂਤਰ ਲਏ ਹਨ। ਹਾਂ, ਜਰਾਸੰਧ ਦੀ ਹਾਰ ਤੋਂ ਬਾਦ ਕ੍ਰਿਸ਼ਨਾਵਤਾਰ ਦਾ ਰਚੈਤਾ ਆਧਾਰ-ਕਥਾ ਤੋਂ ਬਹੁਤ ਨਹੀਂ ਹੋਟਿਆ। 'ਭਾਗਵਤ ਪੁਰਾਣ' ਦੇ ਦਾਰਸ਼ਨਿਕ ਪ੍ਰਸੰਗਾਂ ਨੂੰ ਲਗਭਗ ਛਡ ਦਿੱਤਾ ਹੈ। ਇਨ੍ਹਾਂ ਦੋਹਾਂ ਰਚਨਾਵਾਂ ਵਿਚ ਅਭਿਵਿਅਕਤੀ ਸੰਬੰਧੀ ਪਰਸਪਰ ਅੰਤਰ ਇਕ-ਦਮ ਬਹੁਤ ਅਧਿਕ ਹੈ। ਇਸ ਤੋਂ ਛੁਟ 'ਕ੍ਰਿਸ਼ਨਾਵਤਾਰ' ਦੇ ਚੀਰ-ਚਰਨ, ਬਿਰਹ-ਨਾਟਕ, ਰਾਸ-ਮੰਡਲ ਆਦਿ ਪ੍ਰਸੰਗਾਂ ਦੇ ਕਥਾ-ਸੂਤਰ ਭਾਵੇਂ 'ਭਾਗਵਤ ਪੁਰਾਣ' ਵਿਚੋਂ ਹੀ ਲਏ ਗਏ ਹਨ, ਪਰ ਇਹ ਆਪਣੇ ਆਪ ਵਿਚ ਸੁਤੰਤਰ ਅਤੇ ਕਵਿਤਾ ਦੇ ਗੁਣਾਂ ਨਾਲ ਭਰਪੂਰ ਹਨ। ਆਧਾਰ-ਕਥਾ ਅਤੇ ਕ੍ਰਿਸ਼ਨਾਵਤਾਰ ਦੀ ਵੱਡੀ ਭਿੰਨਤਾ ਯੁੱਧ-ਪ੍ਰਬੰਧ ਨੂੰ ਕ੍ਰਿਸ਼ਣ-ਚਰਿਤ੍ਰ ਵਿਚ ਸ਼ਾਮਲ ਕਰਨਾ ਹੈ। ਇਹ ਜਿਥੇ ਇਕ ਨਵੀਨ ਕਲਪਨਾ ਹੈ ਉਥੇ ਕ੍ਰਿਸ਼ਣ ਨੂੰ ਆਪਣੇ ਪਰੰਪਰਾਗਤ ਰੂਪ ਤੋਂ ਭਿੰਨ ਇਕ ਬਲਬੀਰ ਯੋਧਾ ਦੇ ਰੂਪ ਵਿਚ ਚਿਤਰਦੀ ਹੈ।

ਇਸ ਰਚਨਾ ਲਈ ਮੁੱਖ ਤੌਰ 'ਤੇ ਟਕਸਾਲੀ ਬ੍ਰਜ ਭਾਸ਼ਾ ਵਰਤੀ ਗਈ ਹੈ, ਪਰ ਕਿਤੇ ਕਿਤੇ ਅਰਬੀ, ਫ਼ਾਰਸੀ, ਪੰਜਾਬੀ, ਅਵਧੀ ਅਤੇ ਰਾਜਸਥਾਨੀ ਦੀ ਸ਼ਬਦਾਵਲੀ ਦੀ ਵਰਤੋਂ ਵੀ ਹੋਈ ਹੈ। ਇਸ ਦੀ ਭਾਸ਼ਾ ਵਿਚ ਪ੍ਰਸਾਦ ਨਾਲੋਂ ਮਾਧੁਰਯ ਅਤੇ ਓਜ ਗੁਣਾਂ ਦੀ ਅਧਿਕ ਵਰਤੋਂ ਹੋਈ ਹੈ। ਇਸ ਵਿਚ ਅਧਿਕਤਰ ਦੀਰਘ ਛੰਦ ਵਰਤੇ ਗਏ ਹਨ। ਸਵੈਯਾ ਛੰਦ ਦੀ ਪ੍ਰਧਾਨਤਾ ਹੈ। ਇਸ ਵਿਚ ਲਘੂ ਛੰਦਾਂ ਦੀ ਵਰਤੋਂ ਨ ਹੋਣ ਕਾਰਣ ਯੁੱਧ ਦੀ ਗਤਿ ਬਹੁਤ ਧੀਮੀ ਜਾਂ ਮੰਦ ਹੈ। ਪਰ ਇਸ ਵਿਚ ਅਲੰਕਾਰਾਂ ਦੀ ਵਰਤੋਂ ਜਮ ਕੇ ਹੋਈ ਹੈ, ਅਧਿਕਤਰ ਉਪਮਾ ਅਤੇ ਉਤਪ੍ਰੇਕਸ਼ਾ ਵਰਗੇ ਸਮਾਨਤਾ ਪ੍ਰਗਟ ਕਰਨ ਵਾਲੇ ਅਲੰਕਾਰ ਵਰਤੇ ਗਏ ਹਨ। ਉਪਮਾਵਾਂ ਨਵੀਆਂ ਅਤੇ ਜਨ-ਸਾਧਾਰਣ ਦੀ ਬੁੱਧੀ ਦੇ ਨੇੜੇ ਹਨ।

(22) *ਨਰ ਅਵਤਾਰ* : ਸੱਤ ਚੌਪਈ ਛੰਦਾਂ ਵਿਚ ਵਰਣਿਤ ਇਸ ਅਵਤਾਰ-ਕਥਾ ਦਾ ਸੰਬੰਧ ਅਰਜਨ ਨਾਲ ਜੋੜਿਆ ਗਿਆ ਹੈ। ਰਚੈਤਾ ਅਨੁਸਾਰ ਅਰਜਨ ਨੇ ਇੰਦ੍ਰ ਦੇ ਸੰਕਟ ਨੂੰ ਹਰਿਆ, ਸ਼ਿਵ ਨਾਲ ਯੁੱਧ ਕੀਤਾ ਅਤੇ ਦੁਰਯੋਧਨ ਨੂੰ ਜਿਤਿਆ।

(23) *ਬਉਧ ਅਵਤਾਰ :* ਤਿੰਨ ਛੰਦਾਂ— ਦੋ ਚੌਪਈ ਅਤੇ ਇਕ ਦੋਹਰਾ— ਦੀ ਇਹ ਅਤਿ ਲਘੂ ਅਵਤਾਰ-ਕਥਾ ਬੜੀ ਅਸਪੱਸ਼ਟ ਅਤੇ ਕਥਾਨਕ ਰਹਿਤ ਹੈ। *ਸਿਲਾ ਰੂਪ ਬਰਤਤ ਜਗਤ ਮੈ ਬਉਧ ਅਵਤਾਰ* ਤੋਂ ਸੰਕੇਤ ਮਿਲਦਾ ਹੈ ਕਿ 'ਸਿਲਾ' ਸ਼ਬਦ ਬੁੱਧ ਦੀ ਮੂਰਤੀ ਦਾ ਸੂਚਕ ਹੈ। ਭਾਗਵਤ ਆਦਿ ਪੁਰਾਣਾਂ ਵਿਚ ਬੁੱਧ ਨੂੰ ਵਿਸ਼ਣੂ ਦਾ ਅਵਤਾਰ ਮੰਨਿਆ ਗਿਆ ਹੈ। ਦਸ ਅਵਤਾਰਾਂ ਵਾਲੀ ਸੂਚੀ ਵਿਚ ਇਸ ਦਾ ਸਥਾਨ ਨੌਵਾਂ ਹੈ ਅਤੇ 24 ਅਵਤਾਰਾਂ ਵਿਚ ਇਹ ਕ੍ਰਮਾਂਕ 23 'ਤੇ ਹੈ। ਪ੍ਰਸਤੁਤ ਪ੍ਰਸੰਗ ਵਿਚ ਕਥਾ ਅੰਸ਼ ਦਾ ਅਭਾਵ ਹੈ।

(24) *ਨਿਹਕਲੰਕੀ ਅਵਤਾਰ :* ਕੁਲ 588 ਛੰਦਾਂ ਦੀ ਇਹ ਰਚਨਾ 'ਚੌਬੀਸ ਅਵਤਾਰ' ਪ੍ਰਸੰਗ ਵਿਚ ਆਕਾਰ ਵਜੋਂ ਤੀਜੇ ਨੰਬਰ 'ਤੇ ਹੈ। ਇਸ ਰਚਨਾ ਦੇ ਕੁਲ ਚਾਰ ਅਧਿਆਇ ਹਨ। ਪਹਿਲਾ ਅਧਿਆਇ 454 ਛੰਦਾਂ ਦਾ, ਦੂਜਾ 52 ਛੰਦਾਂ ਦਾ, ਤੀਜਾ ਚਾਰ ਛੰਦਾਂ ਦਾ ਅਤੇ ਚੌਥਾ 78 ਛੰਦਾਂ ਦਾ ਹੈ। ਇਸ ਦੇ ਪਹਿਲੇ 136 ਛੰਦਾਂ ਵਿਚ ਕਲਿਯੁਗ ਦੀ ਦਸ਼ਾ ਦਾ ਚਿਤ੍ਰਣ ਕੀਤਾ ਗਿਆ ਹੈ ਅਤੇ ਉਸ ਦਸ਼ਾ ਤੋਂ ਪੈਦਾ ਹੋਈ ਸਥਿਤੀ ਵਿਚ ਸੁਧਾਰ ਲਿਆਉਣ ਲਈ ਵਿਸ਼ਣੂ ਅਵਤਾਰ ਧਾਰਦਾ ਹੈ। ਇਸ ਅਵਤਾਰ ਦਾ ਮੁੱਖ ਕਰਤੱਵ ਇਸ ਪ੍ਰਕਾਰ ਹੈ— *ਪਾਪ ਸੰਬੂਹ ਬਿਨਾਸਨ ਕਉ ਕਲਿਕੀ ਅਵਤਾਰ ਕਹਾਵਹਗੇ।*

ਇਹ ਅਵਤਾਰ-ਕਥਾ 'ਕਲਕੀ ਪੁਰਾਣ' ਤੋਂ ਇਕ -ਦਮ ਸੁਤੰਤਰ ਅਤੇ ਕਵੀ ਕਲਪਿਤ ਹੈ। ਜੇ ਦੋਹਾਂ ਕਥਾਵਾਂ ਵਿਚ ਕੋਈ ਸਾਂਝ ਹੈ ਤਾਂ ਕੇਵਲ ਇਹ ਕਿ ਕਲਕੀ ਦੇ ਅਵਤਾਰ ਹੋਣ ਦੀ ਕਲਪਨਾ, ਉਸ ਦਾ ਸਾਰੇ ਸੰਸਾਰ ਨੂੰ ਜਿਤਣਾ ਅਤੇ ਧਰਮ ਪ੍ਰਚਾਰ ਕਰਨਾ। ਪ੍ਰਸਤੁਤ ਕਥਾ ਵਿਚ ਕਲਕੀ ਨੂੰ ਮੀਰ ਮਹਿਦੀ ਹੱਥੋਂ ਮਰ੍ਵਾ ਕੇ ਸਾਰੀ ਅਵਤਾਰ ਪਰੰਪਰਾ ਨੂੰ ਮਹੱਤਵਹੀਨ ਕਰ ਦਿੱਤਾ ਗਿਆ ਹੈ।

ਇਸ ਅਵਤਾਰ-ਕਥਾ ਲਈ 60 ਕਿਸਮ ਦੇ ਛੰਦ ਵਰਤੇ ਗਏ ਹਨ। ਕਈ ਛੰਦਾਂ ਦੇ ਨਾਮਾਂਤਰ ਵੀ ਹਨ। ਯੁੱਧ-ਚਿਤ੍ਰਣ ਬੜਾ ਸਜੀਵ ਅਤੇ ਤਦ-ਵਕਤੀ ਸਥਿਤੀਆਂ ਅਨੁਸਾਰ ਹੈ। ਯੁੱਧ-ਚਿਤ੍ਰਣ ਲਈ ਲਘੂ ਛੰਦਾਂ ਦੀ ਵਰਤੋਂ ਕਰਕੇ ਗਤਿ ਨੂੰ ਤੀਬਰ ਅਤੇ ਤੀਖਣ ਕੀਤਾ ਗਿਆ ਹੈ। ਭਾਸ਼ਾ ਦੇ ਵਰਣ-ਪ੍ਰਯੋਗ ਰਾਹੀਂ ਸ਼ਬਦਾਂ ਵਿਚ ਯੁੱਧ ਦੀਆਂ ਧੁਨੀਆਂ ਪੈਦਾ ਕੀਤੀਆਂ ਗਈਆਂ ਹਨ। ਮੁੱਖ ਭਾਸ਼ਾ ਬ੍ਰਜ ਹੈ। ਕਿਤੇ ਕਿਤੇ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਮਿਲਦੀ ਹੈ। ਪੰਜਾਬੀ ਭਾਸ਼ਾ ਦਾ ਪ੍ਰਭਾਵ ਵੀ ਸਪੱਸ਼ਟ ਹੈ। ਯੁੱਧ-ਚਿਤ੍ਰਣ ਵਿਚ ਅਵਧੀ ਅਤੇ ਰਾਜਸਥਾਨੀ ਭਾਸ਼ਾਵਾਂ ਦਾ ਰੂਪ ਵੀ ਭਾ ਮਾਰਦਾ ਹੈ।

*ਮੀਰ ਮਹਿਦੀ :* ਨਿਹਕਲੰਕੀ ਅਵਤਾਰ ਪ੍ਰਸੰਗ ਤੋਂ ਬਾਦ ਮੀਰ ਮਹਿਦੀ ਦਾ ਚਰਿਤ੍ਰ ਵਰਣਿਤ ਹੈ। ਯਾਰ੍ਹਾਂ ਤੋਮਰ ਛੰਦਾਂ ਵਿਚ ਲਿਖੀ ਇਸ ਕਥਾ ਵਿਚ ਦਸਿਆ ਗਿਆ ਹੈ ਕਿ ਕਲਕੀ ਅਵਤਾਰ ਦੇ ਅਭਿਮਾਨੀ ਅਤੇ ਅਤਿਆਚਾਰੀ ਹੋਣ ਕਰਕੇ 'ਕਾਲ-ਪੁਰਖ' ਮੀਰ ਮਹਿਦੀ ਨਾਂ ਦੇ ਵਿਅਕਤੀ ਨੂੰ ਪੈਦਾ ਕਰੇਗਾ। ਉਹ ਕਲਕੀ ਨੂੰ ਖ਼ਤਮ ਕਰ ਦੇਵੇਗਾ, ਸਤਿਯੁਗ ਦਾ ਪੁਨਰ ਆਰੰਭ ਹੋਵੇਗਾ। ਮੀਰ ਮਹਿਦੀ ਵੀ ਬਹੁਤ ਹੰਕਾਰੀ ਹੋ ਜਾਵੇਗਾ। ਉਸ ਨੂੰ ਖ਼ਤਮ ਕਰਨ ਲਈ 'ਕਾਲ-ਪੁਰਖ' ਇਕ ਕੀੜਾ ਉਸ ਦੇ ਕੰਨ ਵਿਚ ਦਾਖ਼ਲ ਕਰਾ ਕੇ ਉਸ ਨੂੰ ਮਾਰ ਦੇਵੇਗਾ।

ਕੁਲ ਮਿਲਾ ਕੇ 'ਚੌਬੀਸ ਅਵਤਾਰ' ਨਾਂ ਦੀ ਰਚਨਾ ਵਿਚ ਦਸਿਆ ਗਿਆ ਹੈ ਕਿ ਭਾਰ ਨਾਲ ਦਬੀ ਧਰਤੀ ਆਪਣੇ ਉੱਧਾਰ ਲਈ ਕਾਲ-ਪੁਰਖ ਪਾਸ ਜਾਂਦੀ ਹੈ ਜੋ ਉਸ ਦੀ ਸਹਾਇਤਾ ਲਈ ਵਿਸ਼ਣੂ ਨੂੰ ਅਵਤਾਰ ਧਾਰਣ ਕਰਨ ਦਾ ਆਦੇਸ਼ ਦਿੰਦੇ ਹਨ। ਵਿਸ਼ਣੂ ਕੋਈ ਨ ਕੋਈ ਅਵਤਾਰ ਧਾਰ ਕੇ ਧਰਤੀ ਦਾ ਭਾਰ ਹਰਦਾ ਹੈ, ਪਰ ਬਾਦ ਵਿਚ ਜਦੋਂ ਉਹ ਅਵਿਵੇਕੀ ਅਤੇ ਅਤਿਆਚਾਰੀ ਹੋ ਜਾਂਦਾ ਹੈ ਤਾਂ ਉਸ ਦੇ ਹੰਕਾਰ ਨੂੰ ਨ ਸਹਿ ਕੇ ਕਾਲ ਪੁਰਖ ਉਸ ਨੂੰ ਖ਼ਤਮ ਕਰਕੇ ਉਸ ਦੀ ਥਾਂ ਕਿਸੇ ਹੋਰ ਅਵਤਾਰ ਨੂੰ ਪ੍ਰਗਟ ਕਰ ਦਿੰਦਾ ਹੈ। ਇਨ੍ਹਾਂ ਅਵਤਾਰਾਂ ਦੀ ਵਿਲੱਖਣਤਾ ਹੈ ਹੰਕਾਰੀ ਹੋਣਾ ਅਤੇ ਅੰਤ ਵਿਚ ਆਪਣੇ ਕਰਮਾਂ ਦੇ ਫਲਸਰੂਪ ਨਸ਼ਟ ਹੋ ਜਾਣਾ। ਇਹ ਅਵਤਾਰ ਯੁੱਧ-ਕਲਾ ਵਿਚ ਪ੍ਰਬੀਨ ਹਨ ਅਤੇ ਯੁੱਧ ਕਰਕੇ ਆਪਣੀ ਸਾਖ ਬਣਾਉਂਦੇ ਹਨ।

**ਚੌਰਾਸੀ-ਲਖ-ਜੂਨਾਂ** : 'ਜੂਨ' ਸੰਸਕ੍ਰਿਤ ਦੇ 'ਯੋਨਿ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ। ਇਸ ਪ੍ਰਸੰਗ ਵਿਚ ਇਸ ਦਾ ਅਰਥ ਹੈ ਜੀਵਾਂ ਦੀਆਂ ਵਖ ਵਖ ਜਾਤੀਆਂ। ਪੁਰਾਤਨ ਭਾਰਤੀ ਗ੍ਰੰਥਾਂ ਅਤੇ ਪੁਰਾਣਾਂ ਵਿਚ ਇਨ੍ਹਾਂ ਦੀ ਗਿਣਤੀ 84 ਲੱਖ ਦਸੀ

ਗਈ ਹੈ। ਇਨ੍ਹਾਂ ਵਿਚ ਜਲ, ਥਲ, ਵਾਯੂ ਅਤੇ ਆਕਾਸ਼ ਵਿਚ ਉੱਡਣ ਵਾਲੇ ਸਾਰੇ ਪ੍ਰਾਣੀ ਸ਼ਾਮਲ ਹਨ। ਇਨ੍ਹਾਂ ਵਿਚੋਂ ਨੌਂ ਲੱਖ ਜਲ-ਵਾਸੀ, ਦਸ ਲੱਖ ਵਾਯੂ ਵਿਚ ਉੱਡਣ ਵਾਲੇ, ਵੀਹ ਲੱਖ ਸਥਿਰ ਰਹਿਣ ਵਾਲੇ ਬ੍ਰਿਛ ਆਦਿ, ਤੀਹ ਲੱਖ ਪਸ਼ੂ, ਯਾਰ੍ਹਾਂ ਲੱਖ ਰੀਂਗਣ ਵਾਲੇ ਅਤੇ ਚਾਰ ਲੱਖ ਮਨੁੱਖ ਜਾਤਿ ਵਰਗੇ ਸਾਰੇ ਜੀਵ ਜਿਵੇਂ ਬੰਦਰ, ਲੰਗੂਰ, ਬਨਮਾਨਸ ਆਦਿ ਸ਼ਾਮਲ ਹਨ।

ਕੁਝ ਗ੍ਰੰਥਾਂ ਵਿਚ ਇਸ ਵਰਗ-ਗਿਣਤੀ ਵਿਚ ਫ਼ਰਕ ਵੀ ਹੈ। ਜੈਨ-ਮਤ ਵਾਲਿਆਂ ਨੇ ਇਹ ਵਰਗ-ਗਿਣਤੀ ਆਪਣੇ ਢੰਗ ਨਾਲ ਕੁਝ ਵਿਲੱਖਣ ਜਿਹੀ ਕੀਤੀ ਹੈ। ਪਰ ਆਮ ਤੌਰ 'ਤੇ ਉਪਰੋਕਤ ਵੰਡ ਹੀ ਪ੍ਰਵਾਨ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਜੂਨਾਂ ਦੀ ਅਨੰਤਤਾ ਬਾਰੇ ਸੰਕੇਤ ਕੀਤਾ ਹੈ— *ਕਈ ਜਨਮ ਭਏ ਕੀਟ ਪਤੰਗਾ। ਕਈ ਜਨਮ ਗਜ ਮੀਨ ਕੁਰੰਗਾ। ਕਈ ਜਨਮ ਪੰਖੀ ਸਰਪ ਹੋਇਓ। ਕਈ ਜਨਮ ਵਿਚ ਬ੍ਰਿਖ ਜੋਇਓ।* (ਗੁ.ਗ੍ਰੰ.176)।

ਇਨ੍ਹਾਂ ਪ੍ਰਾਣੀਆਂ (ਜੂਨਾਂ) ਦੀ ਉਤਪੱਤੀ-ਵਿਧੀ ਨੂੰ ਪ੍ਰਮੁਖ ਤੌਰ 'ਤੇ ਚਾਰ ਖਾਣੀਆਂ ਵਿਚ ਵੰਡਿਆ ਗਿਆ ਹੈ— ਅੰਡਜ (ਅੰਡੇ ਤੋਂ ਪੈਦਾ ਹੋਣ ਵਾਲੇ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ), ਉਦਭਿਜ (ਧਰਤੀ ਵਿਚੋਂ ਉੱਗਣ ਵਾਲੇ) ਅਤੇ ਸਵੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ)। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦਾ ਉੱਲੇਖ ਕਰਦਿਆਂ ਇਨ੍ਹਾਂ ਨੂੰ ਪਰਮਾਤਮਾ ਦੀ ਸਿਰਜਨਾ ਮੰਨਿਆ ਹੈ— *ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।* (ਗੁ.ਗ੍ਰੰ.596)।

ਮੱਧ-ਯੁਗ ਦੇ ਸੰਤਾਂ, ਭਗਤਾਂ ਨੇ 84 ਲੱਖ ਜੂਨਾਂ ਦੀ ਗਿਣਤੀ ਨੂੰ ਧਾਰਮਿਕ ਮੁਹਾਵਰੇ ਵਜੋਂ ਸਵੀਕਾਰ ਕੀਤਾ ਹੈ। ਗੁਰੂ ਅਮਰਦਾਸ ਜੀ ਅਨੁਸਾਰ ਪਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਜੂਨਾਂ ਦੇ ਚੱਕਰ ਤੋਂ ਬਚਿਆ ਜਾ ਸਕਦਾ ਹੈ— *ਲਖ ਚਉਰਾਸੀਹ ਜੀਅ ਉਪਾਏ। ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ।* (ਗੁ.ਗ੍ਰੰ.111)। ਇਨ੍ਹਾਂ ਸਾਰੀਆਂ ਜੂਨਾਂ ਵਿਚ ਮਨੁੱਖ ਦੀ ਜੂਨ ਸਭ ਤੋਂ ਉੱਤਮ ਮੰਨੀ ਗਈ ਹੈ— *ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿਕਦਾਰੀ।* (ਗੁ.ਗ੍ਰੰ.374)।

**ਚੰਡੀ ਚਰਿਤ੍ਰ-੧** (ਕਾਵਿ) : 'ਦਸਮ ਗ੍ਰੰਥ' ਦੀ ਵੱਡਾਕਾਰੀ ਰਚਨਾ 'ਬਚਿਤ੍ਰ ਨਾਟਕ' ਵਿਚ 'ਅਪਨੀ ਕਥਾ' ਤੋਂ ਬਾਦ ਕ੍ਰਮ ਵਿਚ 'ਚੰਡੀ ਚਰਿਤ੍ਰ-੧' ਦਾ ਸਥਾਨ ਹੈ। 'ਅਪਨੀ ਕਥਾ' ਦੇ ਚੌਦਵੇਂ ਅਧਿਆਇ ਦੇ ਅੰਤ 'ਤੇ ਇਸ ਪ੍ਰਸੰਗ-ਕ੍ਰਮ ਵਲ ਸਪੱਸ਼ਟ ਸੰਕੇਤ ਮਿਲਦਾ ਹੈ।

ਇਸ ਰਚਨਾ ਦਾ ਨਾਂ ਆਰੰਭ ਵਿਚ ਕਵੀ ਦੁਆਰਾ ਇਸ ਤਰ੍ਹਾਂ ਦਿੱਤਾ ਗਿਆ ਹੈ — *ਅਥ ਚੰਡੀ ਚਰਿਤ੍ਰ ਉਕਤਿ ਬਿਲਾਸ।* ਇਸ ਕਥਾ ਦਾ ਮੂਲ ਆਧਾਰ 'ਮਾਰਕੰਡੇ ਪੁਰਾਣ' ਵਿਚਲਾ 'ਦੁਰਗਾ ਸਪਤਸ਼ਤੀ' ਪ੍ਰਸੰਗ ਹੈ। ਇਸ ਸੰਬੰਧ ਵਿਚ ਰਚੈਤਾ ਨੇ ਅਧਿਆਇ ਅੰਤ ਉਤੇ ਦਿੱਤੀਆਂ ਪੁਸ਼ਪਿਕਾਵਾਂ ਅਤੇ ਅੰਤਿਮ ਛੰਦਾਂ ਵਿਚ ਉਲੇਖ ਕੀਤਾ ਹੈ।

ਇਸ ਰਚਨਾ ਦੇ ਕੁਲ 233 ਛੰਦ ਅਤੇ ਸੱਤ ਅਧਿਆਇ ਹਨ। ਸੱਤਵਾਂ ਅਧਿਆਇ ਛੰਦ ਅੰਕ 224 ਉਤੇ ਮੁਕਦਾ ਹੈ ਅਤੇ ਉਸ ਪਿਛੋਂ ਨੌਂ ਛੰਦ ਸਮਾਪਨ ਦੇ ਹਨ ਜਿਨ੍ਹਾਂ ਵਿਚ ਦੇਵਤਿਆਂ ਦੀ ਜਿਤ ਉਪਰੰਤ ਉਨ੍ਹਾਂ ਦੁਆਰਾ ਦੇਵੀ ਦਾ ਯਸ਼ਗਾਨ ਹੋਇਆ ਹੈ ਅਤੇ ਅੰਤ ਉਤੇ ਰਚੈਤਾ ਦੀ ਵਰ-ਯਾਚਨਾ ਹੈ। ਇਸ ਨੂੰ ਕੁਝ ਬੀੜਾਂ ਵਿਚ ਅੱਠਵਾਂ ਅਧਿਆਇ ਵੀ ਮੰਨ ਲਿਆ ਗਿਆ ਹੈ।

ਪਹਿਲੇ ਅਧਿਆਇ ਵਿਚ ਕੁਲ 12 ਛੰਦ ਹਨ। ਇਨ੍ਹਾਂ ਵਿਚ ਰਚੈਤਾ ਨੇ ਪਰਮਾਤਮਾ ਦੀ ਉਸਤਤਿ ਕਰਨ ਤੋਂ ਬਾਦ ਦੇਵੀ ਦੇ ਮਹੱਤਵ ਅਤੇ ਵੀਰਤਾ ਦੇ ਪ੍ਰਕਾਸ਼ ਪਾਇਆ ਹੈ। ਇਸ ਪਿਛੋਂ ਗ੍ਰੰਥ-ਰਚਨਾ ਲਈ ਆਗਿਆ ਪ੍ਰਾਪਤ ਕਰਨਾ, ਸੁਰਥ ਰਾਜੇ ਦਾ ਰਾਜ ਤਿਆਗ ਕੇ ਮੇਧਾ ਰਿਸ਼ੀ ਦੇ ਆਸ਼੍ਰਮ ਵਿਚ ਜਾਣਾ ਅਤੇ ਚੰਡੀ ਦੀ ਕਥਾ ਸੁਣਨਾ, ਸ਼ੇਸ਼ਸ਼ੱਯਾ ਉਤੇ ਲੇਟੇ ਵਿਸ਼ਣੂ ਦੇ ਕੰਨਾਂ ਦੀ ਮੈਲ ਤੋਂ ਮਧੁ ਅਤੇ ਕੈਟਭ ਨਾਂ ਦੇ ਦੈਂਤਾਂ ਦਾ ਜਨਮ ਅਤੇ ਵਿਸ਼ਣੂ ਦੁਆਰਾ ਉਨ੍ਹਾਂ ਦੇ ਬਧ ਦਾ ਵਰਣਨ ਹੈ। ਇਸ ਕਥਾ-ਪ੍ਰਸੰਗ ਦਾ ਆਧਾਰ 'ਮਾਰਕੰਡੇ ਪੁਰਾਣ' ਦਾ 81ਵਾਂ ਅਧਿਆਇ ਹੈ। ਉਥੇ 77 ਸਲੋਕਾਂ ਵਿਚ ਵਰਣਿਤ ਕਥਾ-ਪ੍ਰਸੰਗ ਨੂੰ ਇਥੇ ਕੇਵਲ ਛੇ ਛੰਦਾਂ ਵਿਚ ਸਮੋਇਆ ਗਿਆ ਹੈ। ਦੋਹਾਂ ਰਚਨਾਵਾਂ ਦੀਆਂ ਕੁਝ ਘਟਨਾਵਾਂ ਸਮਾਨ ਹਨ ਪਰ 'ਮਾਰਕੰਡੇ ਪੁਰਾਣ' ਵਾਲੇ ਪ੍ਰਸੰਗ ਵਿਚ ਵਿਸਥਾਰ ਬਹੁਤ ਅਧਿਕ ਹੈ।

ਦੂਜੇ ਅਧਿਆਇ ਵਿਚ ਕੁਲ 40 ਛੰਦ ਹਨ। ਇਸ ਵਿਚ ਮਹਿਖਾਸੁਰ ਨਾਲ ਹੋਏ ਚੰਡੀ ਦੇ ਯੁੱਧ ਅਤੇ ਅੰਤ ਵਿਚ ਦੈਂਤ ਦੇ ਬਧ ਦਾ ਵਰਣਨ ਹੋਇਆ ਹੈ। ਰਚੈਤਾ ਨੇ ਦਸਿਆ ਹੈ ਕਿ ਮਹਿਖਾਸੁਰ ਨੇ ਸ਼ਕਤੀ ਇਕੱਠੀ ਕਰਕੇ ਦੇਵਤਿਆਂ

ਨੂੰ ਹਰਾ ਦਿੱਤਾ। ਬਚੇ ਹੋਏ ਦੇਵਤੇ ਕੈਲਾਸ਼ ਪਰਬਤ ਉਤੇ ਦੇਵੀ ਦੁਰਗਾ ਦੀ ਸ਼ਰਣ ਵਿਚ ਗਏ। ਇਸ਼ਨਾਨ ਲਈ ਨਿਕਲੀ ਦੁਰਗਾ ਨੂੰ ਆਪਣਾ ਦੁਖੜਾ ਸੁਣਾਇਆ। ਦੁਰਗਾ ਨੇ ਉਨ੍ਹਾਂ ਨੂੰ ਸਹਾਇਤਾ ਦਾ ਵਿਸ਼ਵਾਸ ਦਿਵਾਇਆ ਅਤੇ ਦੈਂਤਾਂ ਦੀ 45 ਪਦਮ ਸੈਨਾ ਨਾਲ ਘੋਰ ਯੁੱਧ ਕਰਕੇ ਮਹਿਖਾਸੁਰ ਨੂੰ ਮਾਰਿਆ ਅਤੇ ਇੰਦ੍ਰ ਨੂੰ ਰਾਜ ਸਿੰਘਾਸਨ ਉਤੇ ਬਿਠਾਇਆ। ਇਹ ਸਾਰਾ ਪ੍ਰਸੰਗ ਮੋਟੇ ਤੌਰ 'ਤੇ 'ਮਾਰਕੰਡੇ ਪੁਰਾਣ' ਦੇ 82ਵੇਂ ਅਤੇ 83ਵੇਂ ਅਧਿਆਵਾਂ ਨਾਲ ਮੇਲ ਖਾਂਦਾ ਹੈ।

ਤੀਜੇ ਅਧਿਆਇ ਦੇ 48 ਛੰਦਾਂ ਵਿਚ ਸ਼ੁੰਭ ਅਤੇ ਨਿਸ਼ੁੰਭ ਨਾਂ ਦੇ ਦੋ ਦੈਂਤ ਭਰਾਵਾਂ ਦਾ ਤੇਜਸਵੀ ਹੋਣਾ ਅਤੇ ਉਨ੍ਹਾਂ ਦੇ ਨਾਸ਼ ਵਾਸਤੇ ਚੰਡੀ ਦਾ ਯੁੱਧ ਲਈ ਤਿਆਰ ਹੋਣਾ ਆਦਿ ਦਾ ਬਿਆਨ ਹੈ। ਦੁਰਗਾ ਦਾ ਅਤਿਅੰਤ ਸੁੰਦਰ ਰੂਪ ਧਾਰ ਕੇ ਹਿਮਾਲਾ ਪਰਬਤ ਉਤੇ ਬੈਠਣਾ, ਉਸ ਨੂੰ ਵੇਖ ਕੇ ਆਏ ਇਕ ਦੈਂਤ ਦਾ ਆਪਣੇ ਨਾਇਕ ਸ਼ੁੰਭ ਨੂੰ ਉਸ ਦੀ ਸੁੰਦਰਤਾ ਬਾਰੇ ਦਸਣਾ, ਸ਼ੁੰਭ ਦਾ ਆਪਣੇ ਨਾਇਕ ਧੂਮ੍ਰ ਲੋਚਨ ਨੂੰ ਦੁਰਗਾ ਦੇ ਪਕੜਨ ਲਈ ਭੇਜਣਾ, ਧੂਮ੍ਰ ਲੋਚਨ ਨਾਲ ਦੇਵੀ ਦਾ ਘੋਰ ਯੁੱਧ ਅਤੇ ਧੂਮ੍ਰ ਲੋਚਨ ਦਾ ਬਧ। ਦੇਵੀ ਦਾ ਮੱਥਾ ਫੋੜ ਕੇ ਕਾਲੀ ਵੀ ਪ੍ਰਗਟ ਹੋਈ ਦਸੀ ਗਈ ਹੈ ਜਿਸ ਨੇ ਯੁੱਧ ਨੂੰ ਹੋਰ ਵੀ ਭਿਆਨਕ ਰੂਪ ਦੇ ਦਿੱਤਾ। ਮੂਲ ਕਥਾ-ਪ੍ਰਸੰਗ (ਅਧਿਆਇ 84, 85, 86) ਨਾਲੋਂ ਇਥੇ ਅੰਤਰ ਇਹ ਹੈ ਕਿ ਦੇਵੀ ਨੂੰ ਵੇਖਣ ਵਾਲੇ ਪਹਿਲੇ ਦੋ ਦੈਂਤ ਚੰਡ ਅਤੇ ਮੁੰਡ ਹਨ। ਮੂਲ ਕਥਾ ਵਿਚ ਕਾਲੀ ਦੇ ਪ੍ਰਗਟ ਹੋਣ ਦਾ ਵੀ ਕੋਈ ਉਲੇਖ ਨਹੀਂ ਹੈ। ਚੰਡੀ ਚਰਿਤ੍ਰ ਵਿਚ ਯੁੱਧ ਦਾ ਵਰਣਨ ਅਤੇ ਯੁੱਧ ਦਾ ਚਿਤ੍ਰਣ ਬੜੇ ਸੁਭਾਵਿਕ ਤਰੀਕੇ ਨਾਲ ਹੋਇਆ ਹੈ।

ਚੌਥੇ ਅਧਿਆਇ ਵਿਚ ਕੁਲ 16 ਛੰਦ ਹਨ। ਇਸ ਵਿਚ ਧੂਮ੍ਰ ਲੋਚਨ ਦੇ ਮਰਨ ਉਪਰੰਤ ਜੀਵਿਤ ਬਚ ਰਹੇ ਇਕ ਦੈਂਤ ਰਾਹੀਂ ਸ਼ੁੰਭ ਨੂੰ ਯੁੱਧ ਦੀ ਸਥਿਤੀ ਦੀ ਸੂਚਨਾ ਮਿਲੀ ਦਸੀ ਗਈ ਹੈ। ਫਿਰ ਸ਼ੁੰਭ ਆਪਣੇ ਸੈਨਾ ਨਾਇਕਾਂ ਚੰਡ ਅਤੇ ਮੁੰਡ ਨੂੰ ਚਤੁਰੰਗਣੀ ਸੈਨਾ ਸਹਿਤ ਯੁੱਧ-ਭੂਮੀ ਨੂੰ ਭੇਜਦਾ ਹੈ। ਭਿਆਨਕ ਯੁੱਧ ਕਰਨ ਉਪਰੰਤ ਦੋਵੇਂ ਦੈਂਤ-ਨਾਇਕ ਮਾਰੇ ਜਾਂਦੇ ਹਨ। ਮੂਲ ਕਥਾ ਦੇ 86ਵੇਂ ਅਤੇ 87ਵੇਂ ਅਧਿਆਵਾਂ ਵਿਚ ਚੰਡ ਅਤੇ ਮੁੰਡ ਨਾਲ ਦੁਰਗਾ ਦਾ ਯੁੱਧ ਨਹੀਂ ਹੁੰਦਾ, ਸਗੋਂ ਉਸ ਦੇ ਮੱਥੇ ਵਿਚੋਂ ਪ੍ਰਗਟ ਹੋਈ ਭਿਆਨਕ ਮੁਖ ਵਾਲੀ ਕਾਲੀ ਨਾਲ ਹੁੰਦਾ ਹੈ। ਕਾਲੀ ਉਨ੍ਹਾਂ ਦੋਹਾਂ ਨੂੰ ਮਾਰ ਕੇ ਉਨ੍ਹਾਂ ਦਾ ਸਿਰ ਦੁਰਗਾ ਅਗੇ ਸੁਟਦੀ ਹੈ।

ਪੰਜਵੇਂ ਅਧਿਆਇ ਦੇ 52 ਛੰਦਾਂ ਵਿਚ ਦਸਿਆ ਗਿਆ ਹੈ ਕਿ ਚੰਡ ਅਤੇ ਮੁੰਡ ਦੇ ਮਾਰੇ ਜਾਣ ਤੋਂ ਬਾਦ ਸ਼ੁੰਭ-ਨਿਸ਼ੁੰਭ ਨੇ ਰਕਤਬੀਜ ਨਾਂ ਦੇ ਦੈਂਤ ਨੂੰ ਭਾਰੀ ਸੈਨਾ ਦੇ ਕੇ ਯੁੱਧ ਕਰਨ ਲਈ ਭੇਜਿਆ। ਦੁਰਗਾ ਅਤੇ ਰਕਤਬੀਜ ਦਾ ਘੋਰ ਯੁੱਧ ਹੋਇਆ। ਰਕਤਬੀਜ ਦੀਆਂ ਧਰਤੀ ਉਤੇ ਡਿਗੀਆਂ ਲਹੂ ਦੀਆਂ ਬੂੰਦਾਂ ਤੋਂ ਜਦੋਂ ਹੋਰ ਰਕਤਬੀਜ ਪੈਦਾ ਹੋਣ ਲਗੇ ਤਾਂ ਦੁਰਗਾ ਨੇ ਆਪਣੇ ਮਸਤਕ ਤੋਂ ਕਾਲੀ ਨੂੰ ਪ੍ਰਗਟ ਕਰਕੇ ਆਦੇਸ਼ ਦਿੱਤਾ ਕਿ ਉਹ ਰਕਤਬੀਜ ਦਾ ਲਹੂ ਪੀ ਕੇ ਬਧ ਕਰ ਦੇਵੇ। ਇਸ ਤਰ੍ਹਾਂ ਦੁਰਗਾ ਅਤੇ ਕਾਲੀ ਨੇ ਮਿਲ ਕੇ ਰਕਤਬੀਜ ਦਾ ਅੰਤ ਕਰ ਦਿੱਤਾ। ਮੂਲ ਕਥਾ (ਅਧਿਆਇ 88) ਵਿਚ ਚੰਡ ਅਤੇ ਮੁੰਡ ਦੇ ਮਾਰੇ ਜਾਣ ਤੋਂ ਬਾਦ ਰਕਤਬੀਜ ਨੂੰ ਤੁਰੰਤ ਯੁੱਧ-ਭੂਮੀ ਨੂੰ ਨਹੀਂ ਭੇਜਿਆ ਜਾਂਦਾ, ਸਗੋਂ ਦੈਂਤਾਂ ਦੀ ਹਾਲਤ ਨੂੰ ਪਤਲਾ ਵੇਖ ਕੇ ਰਕਤਬੀਜ ਯੁੱਧ-ਭੂਮੀ ਵਿਚ ਕੁਦ ਪਿਆ ਅਤੇ ਅੰਤ ਵਿਚ ਮਾਰਿਆ ਗਿਆ। ਇਸ ਚੰਡੀ ਚਰਿਤ੍ਰ ਵਿਚ ਅਧਿਕ ਬਲ ਯੁੱਧ-ਵਰਣਨ ਦੇ ਸੁਭਾਵਿਕ ਅਤੇ ਯੁਗ ਅਨੁਸਾਰੀ ਰੂਪ ਉਤੇ ਦਿੱਤਾ ਗਿਆ ਹੈ ਅਤੇ ਅਮਾਨਵੀ ਸ਼ਕਤੀਆਂ ਦੀ ਅਣਹੋਂਦ ਕਾਰਣ ਅਧਿਕ ਪ੍ਰੇਰਣਾ-ਦਾਇਕ ਸਿੱਧ ਹੋਇਆ ਹੈ।

30 ਛੰਦਾਂ ਦੇ ਛੇਵੇਂ ਅਧਿਆਇ ਵਿਚ ਰਚੈਤਾ ਨੇ ਦਸਿਆ ਹੈ ਕਿ ਰਕਤਬੀਜ ਦੇ ਮਾਰੇ ਜਾਣ ਅਤੇ ਦੈਂਤ ਦਲ ਦੀ ਹੋਈ ਹਾਰ ਤੋਂ ਕ੍ਰੋਧਿਤ ਹੋਏ ਦੋਵੇਂ ਦੈਂਤ ਨਾਇਕ ਸ਼ੁੰਭ ਅਤੇ ਨਿਸ਼ੁੰਭ ਵਿਸ਼ਾਲ ਸੈਨਾ ਲੈ ਕੇ ਯੁੱਧ-ਭੂਮੀ ਨੂੰ ਜਾਂਦੇ ਹਨ। ਦੁਰਗਾ ਅਤੇ ਕਾਲੀ ਦੈਂਤ ਸੈਨਾ ਨਾਲ ਖ਼ੂਬ ਯੁੱਧ ਕਰਦੀਆਂ ਹਨ। ਇਸ ਭਿਆਨਕ ਯੁੱਧ ਨੂੰ ਵੇਖ ਕੇ ਵਿਸ਼ਣੂ ਆਦਿ ਦੇਵਤੇ ਵੀ ਡਰ ਜਾਂਦੇ ਹਨ ਅਤੇ ਦੇਵੀ ਦੀ ਸਹਾਇਤਾ ਲਈ ਹੋਰ ਦੇਵ-ਸ਼ਕਤੀਆਂ ਭੇਜਦੇ ਹਨ ਜੋ ਦੁਰਗਾ ਵਿਚ ਲੀਨ ਹੋ ਜਾਂਦੀਆਂ ਹਨ। ਦੁਰਗਾ ਅਤੇ ਦੈਂਤ ਰਾਜੇ ਨਿਸ਼ੁੰਭ ਦਾ ਘੋਰ ਯੁੱਧ ਹੁੰਦਾ ਹੈ ਅਤੇ ਅੰਤ ਵਿਚ ਨਿਸ਼ੁੰਭ ਦੇਵੀ ਹੱਥੋਂ ਮਾਰਿਆ ਜਾਂਦਾ ਹੈ। ਮੂਲ ਕਥਾ (ਅਧਿਆਇ 89) ਵਿਚ ਦੋਵੇਂ ਦੈਂਤ ਨਾਇਕ, ਸ਼ੁੰਭ ਅਤੇ ਨਿਸ਼ੁੰਭ, ਇਕਠਿਆਂ ਯੁੱਧ ਕਰਦੇ ਹਨ। 'ਚੰਡੀ ਚਰਿਤ੍ਰ' ਦਾ ਯੁੱਧ ਵਰਣਨ ਅਧਿਕ ਪ੍ਰਭਾਵਸ਼ਾਲੀ ਅਤੇ ਸਜੀਵ ਹੈ।

ਸੱਤਵਾਂ ਅਧਿਆਇ 22 ਛੰਦਾਂ ਦਾ ਹੈ। ਇਸ ਵਿਚ ਰਚੈਤਾ ਨੇ ਦਸਿਆ ਹੈ ਕਿ ਸ਼ੁੰਭ ਨੂੰ ਜਦੋਂ ਆਪਣੀ ਸੈਨਾ ਦੀ

ਹਾਰ ਅਤੇ ਭਰਾ ਦੇ ਬਧ ਦਾ ਸਮਾਚਾਰ ਮਿਲਦਾ ਹੈ ਤਾਂ ਉਹ ਕ੍ਰੋਧਿਤ ਹੋ ਕੇ ਆਪਣੀ ਸਾਰੀ ਸੈਨਿਕ ਸ਼ਕਤੀ ਨਾਲ ਯੁੱਧ ਵਿਚ ਕੁਦ ਪੈਂਦਾ ਹੈ ਅਤੇ ਆਪਣੇ ਭਰਾ ਦੀ ਲਾਸ਼ ਨੂੰ ਵੇਖ ਕੇ ਬਿਹਬਲ ਹੋ ਜਾਂਦਾ ਹੈ। ਅੰਤ ਵਿਚ ਭਿਆਨਕ ਯੁੱਧ ਉਪਰੰਤ ਦੁਰਗਾ ਸ਼ੁੰਭ ਦੇ ਦੋ ਟੁਕੜੇ ਕਰਕੇ ਧਰਤੀ ਉਤੇ ਸੁਟ ਦਿੰਦੀ ਹੈ। ਮੂਲ ਕਥਾ (ਅਧਿਆਇ 90) ਨਾਲ ਸ਼ੁੰਭ ਦੇ ਯੁੱਧ-ਪ੍ਰਸੰਗ ਦੀ ਘਟਨਾ-ਗਤ ਕਾਫ਼ੀ ਸਮਾਨਤਾ ਹੈ ? ਪਰ ਵਰਣਨ ਵਿਚ ਬਹੁਤ ਅੰਤਰ ਹੈ। 'ਚੰਡੀ ਚਰਿਤ੍' ਦਾ ਯੁੱਧ ਸੁਭਾਵਿਕ ਹੀ ਨਹੀਂ, ਮਾਨਵੀ ਗੁਣਾਂ ਨਾਲ ਭਰਪੂਰ ਹੈ ਅਤੇ ਉਸ ਵਕਤ ਦੀਆਂ ਹਾਲਤਾਂ ਨੂੰ ਮੁਖ ਰਖ ਕੇ ਲਿਖਿਆ ਗਿਆ ਹੈ।

ਅੰਤਿਮ ਅਧਿਆਇ ਵਿਚ ਕੇਵਲ ਨੌਂ ਛੰਦ ਹਨ। ਦੇਵਤੇ ਮਿਲ ਕੇ ਦੇਵੀ ਦੀ ਉਸਤਤਿ ਕਰਦੇ ਹਨ। ਅੰਤ 'ਤੇ ਰਚੈਤਾ ਵਰ-ਯਾਚਨਾ ਕਰਦਾ ਹੈ (231)। ਇਹ ਰਚਨਾ 'ਕੌਤਕ ਹੇਤ' ਕੀਤੀ ਗਈ ਹੈ। ਕੌਤਕ ਤੋਂ ਭਾਵ ਹੈ ਸਾਧਾਰਣ ਜਨਤਾ ਨੂੰ ਵਕਤ ਦੀ ਬਲਸ਼ਾਲੀ ਸਰਕਾਰ ਵਿਰੁੱਧ ਬਗ਼ਾਵਤ ਲਈ ਤਿਆਰ ਕਰਨਾ ਅਤੇ ਆਪਣੀ ਸੁਤੰਤਰਤਾ ਨੂੰ ਹਾਸਲ ਕਰਨ ਲਈ ਸਿਰ ਨੂੰ ਤਲੀ ਉਪਰ ਧਰ ਲੈਣਾ। ਇਸ ਅਧਿਆਇ ਵਿਚ ਕੋਈ ਖ਼ਾਸ ਕਥਾ-ਸੂਤਰ ਨਹੀਂ, ਇਸ ਲਈ ਮੂਲ ਕਥਾ ਤੋਂ ਇਹ ਵਰਣਨ ਲਗਭਗ ਸੁਤੰਤਰ ਹੈ।

ਰਚੈਤਾ ਦੇ ਕਥਨ ਅਨੁਸਾਰ ਇਹ ਰਚਨਾ ਕਬਿੱਤਾਂ ਵਿਚ ਲਿਖੀ ਅਤੇ ਰਦ੍ਰਮਈ ਰਸ ਵਾਲੀ ਹੈ—*ਚੰਡੀ ਚਰਿਤ੍ਰ ਕਵਿਤਨ ਮੈ ਬਰਨਿਓ ਸਭ ਹੀ ਰਸ ਰੁਦ੍ਰਮਈ ਹੈ।* ਪਰ ਇਸ ਵਿਚਲੇ ਸਾਰੇ ਦੇ ਸਾਰੇ 233 ਛੰਦ ਕਬਿੱਤ ਨਹੀਂ ਹਨ, ਸਗੋਂ ਸਵੈਯਾ, ਦੋਹਰਾ, ਸੋਰਠਾ, ਤੋਟਕ, ਰੇਖ਼ਤਾ, ਪੁਨਹੇ ਆਦਿ ਛੰਦਾਂ ਦੀ ਵੀ ਵਰਤੋਂ ਹੋਈ ਹੈ। ਸਵੈਯਾ ਛੰਦ ਦੀ ਪ੍ਰਧਾਨਤਾ ਹੈ। ਯੁੱਧ-ਵਰਣਨ ਵਿਚ ਉਕਤੀ ਦੇ ਚਮਤਕਾਰ ਅਤੇ ਅਲੰਕਾਰਾਂ ਦੀ ਸਜਾਵਟ ਦਾ ਖ਼ਾਸ ਧਿਆਨ ਰਖਿਆ ਗਿਆ ਹੈ। ਕਾਵਿ-ਕੌਸ਼ਲ ਦੀ ਦ੍ਰਿਸ਼ਟੀ ਤੋਂ ਇਹ ਉਤਮ ਰਚਨਾ ਹੈ। ਰਚੈਤਾ ਦੀ ਆਪਣੀ ਸਥਾਪਨਾ ਹੈ ਕਿ *ਰਤਨ ਪ੍ਰਮੁਦ ਕਰ ਬਚਨ ਚੀਨ ਤਾ ਮੈ ਗਚੇਂ*। ਇਸ ਦੀ ਭਾਸ਼ਾ ਮੰਜੀ ਹੋਈ ਬ੍ਰਜ ਹੈ, ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਵਰਤੀ ਮਿਲਦੀ ਹੈ। ਵੀਰ ਅਤੇ ਰੌਦ੍ਰ ਰਸਾਂ ਦੀ ਪ੍ਰਧਾਨਤਾ ਹੈ।

**ਚੰਡੀ ਚਰਿਤ੍ਰ-੨** (ਕਾਵਿ) : 'ਦਸਮ ਗ੍ਰੰਥ' ਵਿਚ ਸੰਕਲਿਤ ਇਸ ਚੰਡੀ ਚਰਿਤ੍ਰ ਵਿਚ ਕੁਲ 262 ਛੰਦ ਅਤੇ ਅੱਠ ਅਧਿਆਇ ਹਨ। ਪਹਿਲੇ ਚੰਡੀ ਚਰਿਤ੍ਰ ਵਿਚ ਮੂਲ ਸਰੋਤ ਵਲ ਸਪੱਸ਼ਟ ਸੰਕੇਤ ਹੈ ਪਰ ਇਸ ਚਰਿਤ੍ਰ ਦੇ ਮੂਲ ਸਰੋਤ ਸੰਬੰਧੀ ਕੋਈ ਸੰਕੇਤ ਨਹੀਂ ਮਿਲਦਾ। ਅਨੁਮਾਨ ਦੇ ਆਧਾਰ 'ਤੇ ਵਖ ਵਖ ਵਿਦਵਾਨਾਂ ਨੇ ਇਸ ਨੂੰ 'ਦੇਵੀ ਭਾਗਵਤ ਪੁਰਾਣ', 'ਮਾਰਕੰਡੇ ਪੁਰਾਣ' (ਦੁਰਗਾ ਸਪਤਸ਼ਤੀ) 'ਤੇ ਆਧਾਰਿਤ ਮੰਨਿਆ ਹੈ। ਪਰ ਗੰਭੀਰਤਾ ਨਾਲ ਵੇਖਣ 'ਤੇ ਇਹ 'ਮਾਰਕੰਡੇ ਪੁਰਾਣ' ਦੇ ਅਧਿਕ ਨੇੜੇ ਪ੍ਰਤੀਤ ਹੁੰਦਾ ਹੈ। ਪਹਿਲੇ ਚੰਡੀ ਚਰਿਤ੍ਰ ਵਿਚ ਉਕਤੀ ਯੁਕਤੀ ਨਾਲ ਚੰਡੀ ਦਾ ਚਰਿਤ੍ਰ ਉਲੀਕਿਆ ਗਿਆ ਹੈ ਪਰ ਇਸ ਵਿਚ ਯੁੱਧ-ਵਰਣਨ ਅਧਿਕ ਹੋਇਆ ਹੈ ਅਤੇ ਉਹ ਵੀ ਸਿੱਧਾ, ਸਪੱਸ਼ਟ। ਯੁੱਧ ਦੀ ਗਤਿ ਅਨੁਸਾਰ ਇਸ ਵਿਚ ਨਿੱਕੇ ਨਿੱਕੇ ਅਤੇ ਤੀਬਰ ਗਤਿ ਵਾਲੇ ਛੰਦਾਂ ਦੀ ਵਰਤੋਂ ਹੋਈ ਹੈ।

ਪਹਿਲੇ ਅਧਿਆਇ ਵਿਚ ਕੁਲ 38 ਛੰਦ ਹਨ। ਬਿਨਾ ਕਿਸੇ ਪ੍ਰਕਾਰ ਦੀ ਭੂਮਿਕਾ, ਪ੍ਰਸਤਾਵਨਾ ਜਾਂ ਮੰਗਲਾ-ਚਰਣ ਦੇ ਇਸ ਦਾ ਆਰੰਭ ਕੀਤਾ ਗਿਆ ਹੈ। ਪਹਿਲੀ ਘਟਨਾ ਮਹਿਖਾਸੁਰ ਦੇ ਸ਼ਕਤੀਵਾਨ ਹੋਣ ਦਾ ਉਲੇਖ ਕਰਦੀ ਹੈ। ਸਿੱਟੇ ਵਜੋਂ ਸਾਰੇ ਦੇਵਤੇ ਭੈਭੀਤ ਹੋ ਕੇ ਅਤੇ ਯੋਗੀਆਂ ਦਾ ਭੇਸ ਧਾਰ ਕੇ ਕੈਲਾਸ਼ ਪਰਬਤ 'ਤੇ ਜਾਂਦੇ ਹਨ। ਉਥੇ ਉਹ ਦੁਰਗਾ ਦੇਵੀ ਦੀ ਉਸਤਤਿ ਕਰਦੇ ਹਨ ਅਤੇ ਦੇਵੀ ਪ੍ਰਸੰਨ ਹੋ ਕੇ ਉਨ੍ਹਾਂ ਦੀ ਹਡ-ਬੀਤੀ ਸੁਣਦੀ ਹੈ। ਫਿਰ ਸ਼ਸਤ੍ਰ ਧਾਰ ਕੇ ਸਿੰਘ ਦੀ ਸਵਾਰੀ ਕਰਦੀ ਹੋਈ ਦੇਵਤਿਆਂ ਦੀ ਮਦਦ ਲਈ ਯੁੱਧ-ਭੂਮੀ ਨੂੰ ਚਾਲੇ ਪਾਂਦੀ ਹੈ। ਮਹਿਖਾਸੁਰ ਅਤੇ ਦੇਵੀ ਦਾ ਯੁੱਧ ਸ਼ੁਰੂ ਹੁੰਦਾ ਹੈ। ਦੇਵੀ ਕ੍ਰੋਧ ਵਿਚ ਆ ਕੇ ਮਹਿਖਾਸੁਰ ਦਾ ਬਧ ਕਰ ਦਿੰਦੀ ਹੈ ਅਤੇ ਦੈਂਤ ਸੈਨਾ ਹਾਰ ਜਾਂਦੀ ਹੈ। 'ਮਾਰਕੰਡੇ ਪੁਰਾਣ' (82 ਅਤੇ 83 ਅਧਿ.) ਦੀ ਮੂਲ ਕਥਾ ਦਾ ਵਿਵਰਣ ਇਸ ਚਰਿਤ੍ਰ ਵਿਚ ਨਹੀਂ ਦਿੱਤਾ ਹੋਇਆ। ਦੇਵੀ ਦੇ ਸੁਆਸਾਂ ਤੋਂ ਗਣਾਂ ਦਾ ਪੈਦਾ ਹੋਣਾ, ਮਹਿਖਾਸੁਰ ਦਾ ਯੁੱਧ ਦੌਰਾਨ ਕਈ ਰੂਪ ਧਾਰਨਾ ਅਤੇ ਦੇਵੀ ਦਾ ਮਦਿਰਾ ਸੇਵਨ ਕਰਨਾ ਆਦਿ ਘਟਨਾਵਾਂ ਦਾ ਇਸ ਚੰਡੀ ਚਰਿਤ੍ਰ ਵਿਚ ਵਰਣਨ ਨਹੀਂ ਹੋਇਆ।

26 ਛੰਦਾਂ ਦੇ ਦੂਜੇ ਅਧਿਆਇ ਵਿਚ ਪਹਿਲਾਂ ਦਸਿਆ ਗਿਆ ਹੈ ਕਿ ਮਹਿਖ਼ਾਸੁਰ ਦੀ ਮ੍ਰਿਤੂ ਤੋਂ ਬਾਦ ਸ਼ੁੰਭ -ਨਿਸ਼ੁੰਭ ਨਾਂ ਦੇ ਦੈਂਤ ਪੈਦਾ ਹੋਏ। ਉਨ੍ਹਾਂ ਨੇ ਦੇਵਤਿਆਂ ਤੋਂ ਰਾਜ ਖੋਹ ਲਿਆ। ਹਾਰੇ ਹੋਏ ਦੁਖੀ ਦੇਵਤੇ ਚੰਡੀ ਦੀ ਸ਼ਰਣ ਵਿਚ ਆਏ। ਦੇਵਤਿਆਂ ਦੀ ਪ੍ਰਾਰਥਨਾ ਸੁਣ ਕੇ ਦੇਵੀ ਯੁੱਧ

ਲਈ ਮੈਦਾਨ ਵਿਚ ਆਈ। ਦੈਂਤਾਂ ਵਲੋਂ ਧੂਮ੍ਰ ਲੋਚਨ ਯੁੱਧ -ਭੂਮੀ ਵਿਚ ਨਿਤਰਿਆ। ਦੋਹਾਂ ਦਲਾਂ ਦਾ ਭਿਆਨਕ ਯੁੱਧ ਹੋਇਆ। ਦੇਵੀ ਅਤੇ ਉਸ ਦੇ ਵਾਹਨ ਸਿੰਘ ਨੇ ਵੈਰੀ ਦਲ ਦਾ ਬਹੁਤ ਨਾਸ਼ ਕੀਤਾ। ਅੰਤ ਵਿਚ ਕਾਲੀ ਨੇ ਧੂਮ੍ਰ ਲੋਚਨ ਨੂੰ ਮਾਰ ਦਿੱਤਾ। ਹਾਰੀ ਹੋਈ ਦੈਂਤ ਸੈਨਾ ਨੇ ਸ਼ੁੰਭ ਨੂੰ ਧੂਮ੍ਰ ਲੋਚਨ ਦੇ ਮਾਰੇ ਜਾਣ ਦੀ ਸੂਚਨਾ ਦਿੱਤੀ। ਮੂਲ ਕਥਾ (ਅਧਿਆਇ 84,85 ਅਤੇ 86) ਵਿਚ ਜਿਨ੍ਹਾਂ ਘਟਨਾਵਾਂ ਦਾ ਉਲੇਖ ਹੋਇਆ ਹੈ ਉਹ ਇਸ ਚੰਡੀ ਚਰਿਤ੍ਰ ਵਿਚ ਵੀ ਨਹੀਂ ਮਿਲਦੀਆਂ। ਧੂਮ੍ਰ ਲੋਚਨ ਵੀ ਉਥੇ ਦੇਵੀ ਨਾਲ ਯੁੱਧ ਕਰਦਿਆਂ ਨਹੀਂ ਮਰਦਾ ਸਗੋਂ ਉਸ ਦੀ ਹੁੰਕਾਰ ਨਾਲ ਹੀ ਨਸ਼ਟ ਹੋ ਜਾਂਦਾ ਹੈ। ਫਿਰ ਦੇਵੀ ਦਾ ਵਾਹਨ ਸ਼ੇਰ ਹੀ ਸਾਰੀ ਦੈਂਤ ਸੈਨਾ ਦਾ ਵਿਨਾਸ਼ ਕਰਦਾ ਹੈ।

ਤੀਜੇ ਅਧਿਆਇ ਦੇ 13 ਛੰਦਾਂ ਵਿਚ ਚੰਡ ਅਤੇ ਮੁੰਡ ਨਾਂ ਦੇ ਦੈਂਤਾਂ ਦੇ ਯੁੱਧ ਅਤੇ ਬਧ ਦਾ ਵਰਣਨ ਹੋਇਆ ਹੈ। ਧੂਮ੍ਰ ਲੋਚਨ ਦੀ ਮ੍ਰਿਤੂ ਤੋਂ ਬਾਦ ਸ਼ੁੰਭ ਚੰਡ ਅਤੇ ਮੁੰਡ ਨਾਂ ਦੇ ਨਾਇਕਾਂ ਨੂੰ ਯੁੱਧ ਲਈ ਭੇਜਦਾ ਹੈ। ਧੂਮ੍ਰ ਲੋਚਨ ਨੂੰ ਮਾਰਨ ਤੋਂ ਬਾਦ ਚੰਡੀ ਕੈਲਾਸ਼ ਪਰਬਤ ਵਲ ਜਾਂਦੀ ਹੈ। ਦੈਂਤ ਨਾਇਕ ਧੂਮ੍ਰ ਲੋਚਨ ਦੀ ਸੈਨਾ ਦੇ ਉਨ੍ਹਾਂ ਸੈਨਿਕਾਂ ਨੂੰ, ਜਿਨ੍ਹਾਂ ਨੇ ਪਹਿਲਾਂ ਦੇਵੀ ਨੂੰ ਦੇਖਿਆ ਹੋਇਆ ਸੀ, ਗੁਪਤਚਰ ਬਣਾ ਕੇ ਉਸ ਦਾ ਥੇਹ-ਠਿਕਾਣਾ ਜਾਣਨ ਲਈ ਕੈਲਾਸ਼ ਪਰਬਤ ਉਤੇ ਭੇਜਦੇ ਹਨ। ਚੰਡੀ ਨਵੀਂ ਦੈਂਤ ਸੈਨਾ ਨੂੰ ਆਇਆ ਵੇਖ ਕੇ ਯੁੱਧ-ਭੂਮੀ ਵਿਚ ਪਹੁੰਚ ਜਾਂਦੀ ਹੈ। ਘੋਰ ਯੁੱਧ ਹੁੰਦਾ ਹੈ। ਅੰਤ ਵਿਚ ਕਾਲੀ ਦੋਹਾਂ ਸੈਨਾ-ਨਾਇਕਾਂ ਨੂੰ ਮਾਰ ਦਿੰਦੀ ਹੈ ਅਤੇ ਦੈਂਤ ਦਲ ਦਾ ਸੰਘਾਰ ਕਰਦੀ ਹੈ। ਮੂਲ ਕਥਾ (ਅਧਿਆਇ 86 ਅਤੇ 87) ਵਿਚ ਕਾਲੀ ਰਾਹੀਂ ਦੈਂਤ ਪੱਖ ਦੇ ਸੈਨਿਕਾਂ ਦੇ ਖਾਏ ਜਾਣ ਦਾ ਵਰਣਨ ਵਿਸਤਾਰ ਨਾਲ ਹੋਇਆ ਹੈ।

45 ਛੰਦਾਂ ਦੇ ਚੌਥੇ ਅਧਿਆਇ ਵਿਚ ਰਕਤਬੀਜ ਦੇ ਯੁੱਧ ਦਾ ਵਰਣਨ ਹੋਇਆ ਹੈ। ਚੰਡ ਅਤੇ ਮੁੰਡ ਦੇ ਮਾਰੇ ਜਾਣ ਤੋਂ ਬਾਦ ਦੈਂਤ ਰਾਜਾ ਸ਼ੁੰਭ ਨੇ ਆਪਣੇ ਭਰਾ ਨਿਸ਼ੁੰਭ ਨਾਲ ਸਲਾਹ ਕਰਕੇ ਰਕਤਬੀਜ ਨਾਂ ਦੇ ਸੈਨਾ-ਨਾਇਕ ਨੂੰ ਬਹੁਤ ਵੱਡੀ ਸੈਨਾ ਦੇ ਕੇ ਯੁੱਧ ਕਰਨ ਲਈ ਭੇਜਿਆ। ਚੰਡੀ ਵੀ ਦੈਂਤਾਂ ਦੀ ਫ਼ੌਜ ਦਾ ਰੌਲਾ ਸੁਣ ਕੇ ਪਰਬਤ ਤੋਂ ਹੇਠਾਂ ਉਤਰ ਆਈ ਅਤੇ ਰਕਤਬੀਜ ਨਾਲ ਘੋਰ ਯੁੱਧ ਸ਼ੁਰੂ ਕਰ ਦਿੱਤਾ। ਰਕਤਬੀਜ ਨੇ ਕਈ ਰੂਪ ਧਾਰੇ, ਪਰ ਦੇਵੀ ਨੇ ਸਭ ਨੂੰ ਮਾਰ ਦਿੱਤਾ। ਕਾਲੀ ਰਕਤਬੀਜ ਦੀਆਂ ਧਰਤੀ ਉਤੇ ਡਿਗੀਆਂ ਸਾਰੀਆਂ ਬੂੰਦਾਂ ਨੂੰ ਪੀ ਗਈ। ਲਹੂ ਦੇ ਵਗਣ ਨਾਲ ਰਕਤਬੀਜ ਸਿਥਲ ਹੋ ਕੇ ਧਰਤੀ ਉਤੇ ਡਿਗ ਪਿਆ ਅਤੇ ਮਰ ਗਿਆ। ਮੂਲ ਕਥਾ (ਅਧਿਆਇ 88) ਵਿਚ ਚੰਡ ਅਤੇ ਮੁੰਡ ਦੇ ਮਾਰੇ ਜਾਣ ਤੋਂ ਬਾਦ ਘੋਰ ਯੁੱਧ ਵਿਚ ਦੈਂਤਾਂ ਦੀ ਹੋ ਰਹੀ ਹਾਰ ਨੂੰ ਵੇਖ ਕੇ ਰਕਤਬੀਜ ਯੁੱਧ ਆਰੰਭ ਕਰਦਾ ਹੈ। ਮੂਲ ਕਥਾ ਨਾਲੋਂ ਇਸ ਚਰਿਤ੍ਰ ਵਿਚ ਯੁੱਧ ਵਰਣਨ ਅਧਿਕ ਅਤੇ ਸਜੀਵ ਹੋਇਆ ਹੈ।

ਪੰਜਵੇਂ ਅਧਿਆਇ ਵਿਚ ਕੁਲ 34 ਛੰਦ ਹਨ। ਇਸ ਵਿਚ ਨਿਸ਼ੁੰਭ ਦਾ ਯੁੱਧ-ਵਰਣਨ ਹੈ। ਰਕਤਬੀਜ ਦੇ ਮਾਰੇ ਜਾਣ ਦੀ ਗੱਲ ਸੁਣ ਕੇ ਸ਼ੁੰਭ ਅਤੇ ਨਿਸ਼ੁੰਭ ਆਪਣੀ ਸੈਨਾ ਲੈ ਕੇ ਯੁੱਧ ਖੇਤਰ ਵਿਚ ਆ ਜਾਂਦੇ ਹਨ। ਆਪਣੀ ਹਾਰ ਵੇਖ ਕੇ ਸ਼ੁੰਭ ਬਹੁਤ ਕ੍ਰੋਧਿਤ ਹੋਇਆ ਅਤੇ ਦੁਰਗਾ ਨੂੰ ਬੰਨ੍ਹ ਲਿਆਉਣ ਲਈ ਆਪਣੇ ਭਰਾ ਨਿਸ਼ੁੰਭ ਨੂੰ ਆਦੇਸ਼ ਦਿੱਤਾ। ਨਿਸ਼ੁੰਭ ਆਪਣੀ ਵਿਸ਼ਾਲ ਸੈਨਾ ਸਹਿਤ ਯੁੱਧ-ਭੂਮੀ ਵਲ ਤੁਰ ਪਿਆ, ਸ਼ਿਵ ਨੇ ਇੰਦ੍ਰ ਨੂੰ ਸਲਾਹ ਕਰਨ ਲਈ ਬੁਲਾ ਲਿਆ ਅਤੇ ਦੁਰਗਾ ਦੀ ਜਿਤ ਦੇ ਉਪਾ ਸੋਚਣ ਲਗੇ। ਫ਼ੈਸਲਾ ਹੋਇਆ ਕਿ ਸਾਰੇ ਦੇਵਤੇ ਆਪਣੀਆਂ ਸ਼ਕਤੀਆਂ ਦੁਰਗਾ ਦੀ ਸਹਾਇਤਾ ਲਈ ਭੇਜਣ। ਉਨ੍ਹਾਂ ਦੀਆਂ ਸ਼ਕਤੀਆਂ ਪ੍ਰਾਪਤ ਕਰਕੇ ਦੁਰਗਾ ਅਤੇ ਸਿੰਘ ਨੇ ਖ਼ੂਬ ਯੁੱਧ ਕੀਤਾ। ਸਿੱਟੇ ਵਜੋਂ ਨਿਸ਼ੁੰਭ ਮਾਰਿਆ ਗਿਆ ਅਤੇ ਦੈਂਤ ਫ਼ੌਜ ਭੱਜ ਗਈ। ਮੂਲ ਕਥਾ (ਅਧਿਆਇ 89) ਵਿਚ ਸ਼ੁੰਭ ਅਤੇ ਨਿਸ਼ੁੰਭ ਦੋਵੇਂ ਦੇਵੀ ਨਾਲ ਯੁੱਧ ਕਰਦੇ ਹਨ।

63 ਛੰਦਾਂ ਦੇ ਛੇਵੇਂ ਅਧਿਆਇ ਵਿਚ ਸ਼ੁੰਭ ਦੇ ਬਧ ਦੀ ਕਥਾ ਦਰਜ ਹੈ। ਆਪਣੇ ਭਰਾ ਦੇ ਮਾਰੇ ਜਾਣ 'ਤੇ ਸ਼ੁੰਭ ਖ਼ੁਦ ਆਪਣੀ ਵਿਸ਼ਾਲ ਸੈਨਾ ਸਹਿਤ ਯੁੱਧ-ਭੂਮੀ ਵਿਚ ਆ ਪਹੁੰਚਦਾ ਹੈ। ਵਾਤਾਵਰਣ ਉਤੇ ਗੰਭੀਰ ਪ੍ਰਭਾਵ ਪੈਂਦਾ ਹੈ। ਘੋਰ ਯੁੱਧ ਵਿਚ ਮਾਰੀ ਗਈ ਆਪਣੀ ਵਿਸ਼ਾਲ ਸੈਨਾ ਦੇ ਮਾੜੇ ਹਾਲ ਨੂੰ ਵੇਖ ਕੇ ਸ਼ੁੰਭ ਸ਼ਿਵ ਦਾ ਧਿਆਨ ਧਰਦਾ ਹੈ। ਉਧਰ ਦੁਰਗਾ ਨੇ ਦੂਤੀ ਨੂੰ ਸ਼ਿਵ ਪਾਸ ਭੇਜਿਆ ਕਿ ਉਹ ਦੈਂਤ ਰਾਜੇ ਨੂੰ ਯੁੱਧ ਛਡਣ ਲਈ ਆਦੇਸ਼ ਦੇਵੇ। ਦੈਂਤ ਰਾਜਾ ਨੇ ਯੁੱਧ ਛਡਣੋ ਨਾਂਹ ਕਰ ਦਿੱਤੀ ਅਤੇ ਉਥੇ ਜਾ ਡਟਿਆ ਜਿਥੇ ਦੁਰਗਾ ਖੜੋਤੀ ਸੀ। ਘੋਰ ਯੁੱਧ ਉਪਰੰਤ ਸ਼ੁੰਭ ਮਾਰਿਆ ਗਿਆ। ਮੂਲ ਕਥਾ (88 ਅਧਿਆਇ) ਨਾਲੋਂ ਇਹ ਪ੍ਰਸੰਗ ਸੁਤੰਤਰ ਜਿਹਾ ਹੋ ਕੇ ਚਲਿਆ ਹੈ। ਸ਼ਿਵ ਨੂੰ ਦੂਤ ਬਣਾ ਕੇ ਭੇਜਣ ਦੀ ਗੱਲ ਮੂਲ ਕਥਾ ਵਿਚ ਰਕਤਬੀਜ

ਦੇ ਪ੍ਰਸੰਗ ਵਿਚ ਆਈ ਹੈ।

ਸੱਤਵੇਂ ਅਧਿਆਇ ਦੇ 37 ਛੰਦਾਂ ਵਿਚ ਦੇਵੀ ਦੀ ਉਸਤਤਿ ਕੀਤੀ ਗਈ ਹੈ। ਦੇਵੀ ਨੂੰ ਜਿਤ ਦਾ ਤਿਲਕ ਵੀ ਦਿੱਤਾ ਗਿਆ ਹੈ। ਮੂਲ-ਕਥਾ (91 ਅਧਿਆਇ) ਵਿਚ ਵੀ ਦੇਵੀ ਦੀ ਉਸਤਤਿ ਹੋਈ ਹੈ। ਅੰਤਰ ਇਹ ਹੈ ਕਿ ਮੂਲ-ਕਥਾ ਵਿਚ ਦੇਵੀ ਦੇ ਸਾਰੇ ਰੂਪਾਂ ਅਤੇ ਕਲਪਨਾਵਾਂ ਵਿਚ ਉਸਤਤਿ ਕੀਤੀ ਗਈ ਹੈ ਜਦ ਕਿ ਇਸ ਚਰਿਤ੍ਰ ਵਿਚ ਅਧਿਕਤਰ ਉਸ ਦੇ ਦੈਂਤ-ਸੰਘਾਰੀ ਅਤੇ ਸਾਧੂ-ਉਬਾਰੀ ਰੂਪ ਨੂੰ ਉਘਾੜਿਆ ਗਿਆ ਹੈ।

ਛੇ ਛੰਦਾਂ ਦੇ ਅੱਠਵੇਂ ਅਧਿਆਇ ਵਿਚ ਚੰਡੀ ਦੀ ਉਸਤਤਿ ਦੇ ਨਾਲ ਇਸ ਚਰਿਤ੍ਰ-ਕਥਾ ਦਾ ਮਹਾਤਮ ਵੀ ਦਸਿਆ ਗਿਆ ਹੈ। ਇਸ ਮਹਾਤਮ ਦਾ ਮੂਲ ਆਧਾਰ ਮਾਰਕੰਡੇ ਪੁਰਾਣ ਦਾ 92ਵਾਂ ਅਧਿਆਇ ਹੈ ਜਿਸ ਵਿਚ ਦੇਵੀ ਦੇਵਤਿਆਂ ਨੂੰ ਆਪਣਾ ਮਹਾਤਮ ਖ਼ੁਦ ਦਸਦੀ ਹੈ।

ਸਪੱਸ਼ਟ ਹੈ ਕਿ ਇਸ ਚਰਿਤ੍ਰ-ਕਥਾ ਦੇ ਮੁੱਖ ਕਥਾ-ਸੂਤਰ 'ਮਾਰਕੰਡੇ ਪੁਰਾਣ' ਤੋਂ ਲਏ ਗਏ ਹਨ। ਇਸ ਚਰਿਤ੍ਰ ਵਿਚ ਰਚੈਤਾ ਦੀ ਰੁਚੀ ਅਧਿਕਤਰ ਯੁੱਧ-ਵਰਣਨ ਵਲ ਰਹੀ ਹੈ ਅਤੇ ਯੁੱਧ-ਵਰਣਨ ਵੀ ਬੜਾ ਸੁਭਾਵਿਕ, ਸਜੀਵ ਅਤੇ ਯੁਗ ਅਨੁਸਾਰੀ ਹੈ। ਇਸ ਰਚਨਾ ਨੂੰ ਖੰਡ-ਕਾਵਿ ਕਿਹਾ ਜਾ ਸਕਦਾ ਹੈ। ਇਸ ਵਿਚ ਵੀਰ ਰਸ ਦੀ ਪ੍ਰਧਾਨਤਾ ਹੈ, ਰੌਦ੍ਰ, ਭਿਆਨਕ ਅਤੇ ਵੀਭਤਸ ਰਸਾਂ ਦੀ ਹੋਂਦ ਵੀ ਮਿਲ ਜਾਂਦੀ ਹੈ। ਨਿਰਰਥਕ ਸ਼ਬਦ ਸਿਰਜਨਾ ਯੁੱਧ ਦਾ ਵਰਣਨ ਪੈਦਾ ਕਰਨ ਵਿਚ ਸਹਾਇਕ ਹੋਈ ਹੈ। ਇਸ ਵਿਚ ਡੇਢ ਦਰਜਨ ਦੇ ਕਰੀਬ ਛੰਦਾਂ ਦੀ ਵਰਤੋਂ ਹੋਈ ਹੈ। ਪ੍ਰਧਾਨਤਾ ਭੁਜੰਗ ਪ੍ਰਯਾਤ ਛੰਦ ਦੀ ਹੈ। ਯੁੱਧ ਦੀ ਗਤਿ ਅਨੁਸਾਰ ਰਚਨਾ ਕਰਨ ਲਈ ਛੰਦਾਂ ਦੀ ਵਿਵਿਧਤਾ ਅਤੇ ਜਲਦੀ ਜਲਦੀ ਛੰਦਾਂ ਵਿਚ ਪਰਿਵਰਤਨ ਲਿਆਉਂਦਾ ਗਿਆ ਹੈ। ਇਸ ਕਰਕੇ 57 ਵਾਰ ਛੰਦ ਪਰਿਵਰਤਨ ਹੋਇਆ ਹੈ ਅਤੇ ਯੁੱਧ-ਭੂਮੀ ਦੇ ਯਥਾਰਥ ਦ੍ਰਿਸ਼ ਪੇਸ਼ ਹੋ ਸਕੇ ਹਨ। ਇਸ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ, ਕਿਤੇ ਕਿਤੇ ਅਵਧੀ ਅਤੇ ਰਾਜਸਥਾਨੀ ਦੀ ਵਰਤੋਂ ਹੋਈ ਹੈ। ਅਰਬੀ ਫ਼ਾਰਸੀ ਦੀ ਕੁਝ ਸ਼ਬਦਾਵਲੀ ਵੀ ਮਿਲ ਜਾਂਦੀ ਹੈ। ਭਾਸ਼ਾ ਦਾ ਸਮੁੱਚਾ ਸਰੂਪ ਓਜਮਈ ਹੈ।

**ਚੰਡੀ ਦੀ ਵਾਰ** : ਵੇਖੋ 'ਵਾਰ ਦੁਰਗਾ ਕੀ'।

**ਚੰਦ ਕੌਰ, ਮਹਾਰਾਨੀ** (1802-1842 ਈ.): ਪੰਜਾਬ ਦੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਅਤੇ ਕਨ੍ਹੀਆ ਮਿਸਲ ਦੇ ਸਰਦਾਰ ਜੈਮਲ ਸਿੰਘ ਦੇ ਘਰ ਸੰਨ 1802 ਈ. ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਫ਼ਤਹਿਗੜ੍ਹ ਕਸਬੇ ਵਿਚ ਪੈਦਾ ਹੋਈ ਚੰਦ ਕੌਰ ਦਾ ਵਿਆਹ ਸ਼ਹਿਜ਼ਾਦਾ ਖੜਕ ਸਿੰਘ ਨਾਲ ਫ਼ਰਵਰੀ 1812 ਈ. ਵਿਚ ਹੋਇਆ। ਨਵੰਬਰ 1840 ਈ. ਵਿਚ ਆਪਣੇ ਪਤੀ ਦੀ ਮ੍ਰਿਤੂ ਅਤੇ ਕੰਵਰ ਨੌਨਿਹਾਲ ਸਿੰਘ ਦੇ ਭਿਆਨਕ ਅੰਤ ਤੋਂ ਬਾਦ ਇਸ ਨੇ ਸੰਧਾਵਾਲੀਏ ਸਰਦਾਰਾਂ ਅਤੇ ਕਈ ਮਹੱਤਵਪੂਰਣ ਦਰਬਾਰੀਆਂ ਦੀ ਸਹਾਇਤਾ ਨਾਲ ਰਾਜ-ਅਧਿਕਾਰ ਉਤੇ ਆਪਣਾ ਹੱਕ ਜਤਾਇਆ ਕਿਉਂਕਿ ਕੰਵਲ ਨੌਨਿਹਾਲ ਸਿੰਘ ਦੀ ਵਿਧਵਾ ਸਾਹਿਬ ਕੌਰ ਗਰਭਵਤੀ ਸੀ। ਪਰ ਸ਼ੇਰ ਸਿੰਘ ਨੇ ਆਪਣਾ ਹੱਕ ਸਿਧ ਕਰਨ ਲਈ ਲਾਹੌਰ ਵਲ ਕੂਚ ਕੀਤਾ। ਦੋਹਾਂ ਵਿਚ ਸਮਝੌਤਾ ਹੋ ਜਾਣ ਕਾਰਣ ਸ਼ੇਰ ਸਿੰਘ ਪਰਤ ਗਿਆ। ਕੰਵਲ ਦੇ ਬੱਚਾ ਪੈਦਾ ਹੋਣ ਤਕ ਇਸ ਨੇ ਰਾਜ ਦਾ ਅਧਿਕਾਰ ਸੰਭਾਲ ਕੇ ਮਰਦਾਵੇਂ ਭੇਸ ਵਿਚ ਮਹਾਰਾਜੇ ਵਾਂਗ ਫ਼ੌਜੀ ਪਲਟਣਾਂ ਦੀ ਸਲਾਮੀ ਲੈਣੀ ਸ਼ੁਰੂ ਕਰ ਦਿੱਤੀ। ਪਰ ਜਲਦੀ ਹੀ ਮਹਾਰਾਣੀ ਦੇ ਸੰਬੰਧ ਧਿਆਨ ਸਿੰਘ ਵਜ਼ੀਰ ਨਾਲ ਅਸੁਖਾਵੇਂ ਹੋ ਗਏ। ਜਨਵਰੀ 1841 ਈ. ਵਿਚ ਇਸ ਨੂੰ ਨੌਂ ਲੱਖ ਦੀ ਸਾਲਾਨਾ ਜਾਗੀਰ ਦੇ ਕੇ ਰਾਜ ਅਧਿਕਾਰ ਤੋਂ ਵਖ ਕਰ ਦਿੱਤਾ ਗਿਆ ਅਤੇ ਮਹਾਰਾਜਾ ਸ਼ੇਰ ਸਿੰਘ ਨੇ ਰਾਜ ਪ੍ਰਾਪਤ ਕਰ ਲਿਆ। ਮਹਾਰਾਣੀ ਦੇ ਮਦਦਗਾਰ ਸੰਧਾਵਾਲੀਏ ਸਰਦਾਰ ਅੰਗ੍ਰੇਜ਼ੀ ਇਲਾਕੇ ਵਲ ਜਾਨ ਬਚਾ ਕੇ ਨਿਕਲ ਗਏ। ਧਿਆਨ ਸਿੰਘ ਦੇ ਵੱਡੇ ਭਰਾ ਰਾਜਾ ਗੁਲਾਬ ਸਿੰਘ ਡੋਗਰਾ ਨੂੰ ਇਸ ਦੀ ਜਾਗੀਰ ਦਾ ਪ੍ਰਬੰਧਕ ਬਣਾ ਦਿੱਤਾ ਗਿਆ। ਉਹ ਬੜੀ ਚਾਲਾਕੀ ਨਾਲ ਮਹਾਰਾਣੀ ਦੀ ਸਾਰੀ ਦੌਲਤ ਜੰਮੂ ਵਲ ਖਿਸਕਾ ਕੇ ਲੈ ਗਿਆ। ਕੰਵਰ ਨੌਨਿਹਾਲ ਸਿੰਘ ਦੀ ਵਿਧਵਾ ਦੁਆਰਾ ਜੁਲਾਈ 1841 ਈ. ਵਿਚ ਮੋਏ ਹੋਏ ਬੱਚੇ ਨੂੰ ਜਨਮ ਦੇਣ ਕਾਰਣ ਮਹਾਰਾਣੀ ਚੰਦ ਕੌਰ ਦੀਆਂ ਸਾਰੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ। ਧਿਆਨ ਸਿੰਘ ਵਜ਼ੀਰ ਨੇ ਸ਼ੇਰ ਸਿੰਘ ਨਾਲ ਮਿਲ ਕੇ 11 ਜੂਨ 1842 ਈ. ਨੂੰ ਨੌਕਰਾਣੀਆਂ ਤੋਂ ਚੰਦ ਕੌਰ ਨੂੰ ਮਰਵਾ ਦਿੱਤਾ ਅਤੇ ਇਸ ਤਰ੍ਹਾਂ ਸ਼ੇਰ ਸਿੰਘ ਦਾ ਮਾਰਗ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ। ਇਸ ਸੰਬੰਧੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ—

*ਸ਼ੇਰ ਸਿੰਘ ਗੱਦੀ ਉਤੇ ਆਣ ਬੈਠਾ, ਰਾਣੀ ਕੈਦ ਕਰ ਕੇ*

*ਕਿਲ੍ਹੇ ਵਿਚ ਪਾਈ।... ਬਰਸ ਹੋਇਆ ਜਾਂ ਉਸ ਨੂੰ ਕੈਦ ਅੰਦਰ ਰਾਣੀ ਦਿਲ ਦੇ ਵਿਚ ਜੋ ਜਿਚ ਆਹੀ। ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ, ਸ਼ੇਰ ਸਿੰਘ ਨ ਗਲੋਂ ਬਲਾਇ ਲਾਹੀ।19।*

**ਚੰਦਨ** : ਮਨ ਅਤੇ ਸ਼ਰੀਰ ਨੂੰ ਸ਼ਾਂਤੀ ਅਤੇ ਸਹਿਜ ਪ੍ਰਦਾਨ ਕਰਨ ਵਾਲੇ ਸੁਗੰਧ-ਯੁਕਤ ਇਕ ਬ੍ਰਿਛ ਅਤੇ ਉਸ ਦੇ ਕਾਠ ਜਾਂ ਲਕੜ ਨੂੰ 'ਚੰਦਨ' ਨਾਂ ਦਿੱਤਾ ਜਾਂਦਾ ਹੈ। ਇਹ ਬ੍ਰਿਛ ਮੁੱਖ ਰੂਪ ਵਿਚ ਮੈਸੂਰ ਪ੍ਰਦੇਸ਼ ਵਿਚ ਮਿਲਦਾ ਹੈ। ਇਸ ਦੀ ਲਕੜੀ ਵਿਚੋਂ ਸੁਗੰਧਿਕ ਤੇਲ ਨਿਕਲਦਾ ਹੈ ਜੋ ਕਈ ਪ੍ਰਕਾਰ ਦੇ ਇਤਰ ਬਣਾਉਣ ਦੇ ਕੰਮ ਆਉਂਦਾ ਹੈ। ਇਹ ਬ੍ਰਿਛ 60/70 ਸਾਲ ਦੀ ਆਯੂ ਵਿਚ ਜਾ ਕੇ ਪੂਰੀ ਤਰ੍ਹਾਂ ਤਿਆਰ ਹੁੰਦਾ ਹੈ ਅਤੇ ਇਸ ਵਿਚ ਸੁਗੰਧਿਕ ਤੇਲ ਦੀ ਪੂਰੀ ਮਾਤ੍ਰਾ ਤਿਆਰ ਹੋ ਜਾਂਦੀ ਹੈ। ਇਸ ਤੇਲ ਨੂੰ 'ਚੋਆ' ਵੀ ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਕਿਹਾ ਹੈ—*ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ।* (ਗੁ.ਗ੍ਰੰ.63)।

ਇਸ ਦੀ ਲਕੜੀ, ਛਿਲਕਾ, ਬੁਰਾਦਾ ਆਦਿ ਵੇਚਿਆ ਜਾਂਦਾ ਹੈ। ਇਸ ਦੀ ਲਕੜੀ ਮੂਰਤੀਆਂ, ਸਜਾਵਟ ਦਾ ਸਾਮਾਨ, ਅਗਰਬਤੀ, ਹਵਨ-ਸਾਮਗ੍ਰੀ ਦੇ ਕੰਮ ਆਉਂਦੀ ਹੈ। ਇਸ ਨੂੰ ਘਿਸਾ ਕੇ ਤਿਆਰ ਹੋਇਆ ਲੇਪ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ, ਮੱਥੇ ਉਤੇ ਟਿੱਕੇ ਲਗਾਏ ਜਾਂਦੇ ਹਨ ਅਤੇ ਗਰਮੀ ਵਿਚ ਸ਼ਰੀਰ ਉਪਰ ਲਗਾਇਆ ਜਾਂਦਾ ਹੈ। ਇਸ ਦਾ ਸ਼ਰਬਤ ਵੀ ਪੀਤਾ ਜਾਂਦਾ ਹੈ। ਇਸ ਦੀ ਹਰ ਚੀਜ਼ ਗੁਣਕਾਰੀ ਹੁੰਦੀ ਹੈ। ਇਸ ਲਈ ਇਸ ਬ੍ਰਿਛ ਦਾ ਪੁਰਾਤਨ ਗ੍ਰੰਥਾਂ ਵਿਚ ਬਹੁਤ ਉਲੇਖ ਹੈ। ਸ਼ਰੀਰ ਉਤੇ ਇਸ ਦਾ ਲੇਪ ਕਰਨ ਨਾਲ ਜਿਥੇ ਤਪਸ਼ ਜਾਂ ਗਰਮੀ ਦੂਰ ਹੁੰਦੀ ਹੈ, ਉਥੇ ਸ਼ਰੀਰ ਸੁਗੰਧਿਤ ਵੀ ਹੁੰਦਾ ਹੈ। ਹਿੰਦੂ ਸਭਿਆਚਾਰ ਅਨੁਸਾਰ ਮ੍ਰਿਤ ਦੇਹ ਦੇ ਮੂੰਹ ਉਤੇ ਸਸਕਾਰ ਵੇਲੇ ਚੰਦਨ ਦਾ ਬੁਰਾਦਾ ਧੂੜਿਆ ਜਾਂਦਾ ਹੈ ਤਾਂ ਜੋ ਦੇਵ-ਲੋਕ ਵਿਚ ਉਸ ਦੇ ਮੂੰਹ ਵਿਚੋਂ ਸੁਗੰਧ ਆਉਂਦੀ ਰਹੇ, ਜਿਸ ਨਾਲ ਦੇਵਤਿਆਂ ਦੇ ਪ੍ਰਸੰਨ ਹੋਣ ਦੀ ਧਾਰਣਾ ਹੈ।

ਗੁਰੂ ਅਰਜਨ ਦੇਵ ਜੀ ਨੇ ਮਾਨਸਿਕ ਸ਼ਾਂਤੀ ਲਈ ਚੰਦਨ ਆਦਿ ਵਸਤੂਆਂ ਨੂੰ ਵਿਅਰਥ ਦਸ ਕੇ ਹਰਿ-ਨਾਮ ਨੂੰ ਜਪਣ ਦੀ ਤਾਕੀਦ ਕੀਤੀ ਹੈ— *ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ। ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।* (ਗੁ.ਗ੍ਰੰ.709)। ਇਸ ਲਈ ਸਿੱਖ ਮਤ ਵਿਚ ਚੰਦਨ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ।

**ਚੰਦਪੁਰ** (ਪਿੰਡ) : ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਇਕ ਪਿੰਡ, ਜਿਸ ਵਿਚ ਗੁਰੂ ਹਰਿਰਾਇ ਸਾਹਿਬ ਦਾ ਸਮਾਰਕ ਹੈ। ਗੁਰੂ ਜੀ ਕੀਰਤਪੁਰ ਤੋਂ ਇਥੇ ਕਈ ਵਾਰ ਪਧਾਰੇ ਸਨ। ਹੁਣ ਇਹ ਸਮਾਰਕ 'ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਧਾਮ ਦਾ ਇਕ ਨਾਮਾਂਤਰ 'ਗੁਰਦੁਆਰਾ ਨੀਰਾ ਸਾਹਿਬ' ਵੀ ਪ੍ਰਚਲਿਤ ਹੈ ਕਿਉਂਕਿ ਗੁਰੂ ਜੀ ਦੇ ਘੋੜਿਆਂ ਲਈ ਤੂੜੀ, ਘਾਹ ਆਦਿ ਨੀਰਾ ਇਸ ਪਿੰਡ ਤੋਂ ਹੀ ਜਾਂਦਾ ਸੀ। ਇਸ ਗੁਰੂ-ਧਾਮ ਦੀ ਵਰਤਮਾਨ ਇਮਾਰਤ ਸੰਨ 1950 ਈ. ਵਿਚ ਬਣਾਈ ਗਈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਚੰਦਾ ਸਿੰਘ, ਵਕੀਲ** (ਮ. 1930 ਈ.): ਹਰਿਆਣਾ ਰਾਜ ਦੇ ਜ਼ਿਲ੍ਹਾ ਸਿਰਸਾ ਦੇ ਕਲਿਆਂ ਵਾਲੀ ਨਗਰੀ ਵਿਚ ਸ. ਦਿਆਲ ਸਿੰਘ ਦੇ ਘਰ ਪੈਦਾ ਹੋਏ ਚੰਦਾ ਸਿੰਘ ਨੇ ਵਕੀਲ ਬਣ ਕੇ ਬੜਾ ਨਾਂ ਖਟਿਆ। ਬਚਪਨ ਵਿਚ ਹੀ ਚੀਚਕ ਕਾਰਣ ਇਸ ਦੀ ਅੱਖਾਂ ਦੀ ਜੋਤਿ ਖ਼ਤਮ ਹੋਈ। ਕਿਸਾਨੀ ਪਿਛੋਕੜ ਵਾਲੇ ਚੰਦਾ ਸਿੰਘ ਨੇ ਅੰਮ੍ਰਿਤਸਰ ਤੋਂ ਮਿਡਲ ਦਾ ਇਮਤਿਹਾਨ ਪਾਸ ਕੀਤਾ ਅਤੇ ਫਿਰ ਗੌਰਮਿੰਟ ਹਾਈ ਸਕੂਲ, ਦਿੱਲੀ ਤੋਂ ਦਸਵੀਂ ਪਾਸ ਕੀਤੀ। ਕੁਸ਼ਾਗ੍ਰ ਬੁੱਧੀ ਹੋਣ ਕਾਰਣ ਇਮਤਿਹਾਨਾਂ ਵਿਚ ਵਜ਼ੀਫੇ ਹਾਸਲ ਕਰਦੇ ਹੋਇਆਂ ਲਾਹੌਰ ਤੋਂ ਲਾਅ ਦੀ ਡਿਗਰੀ ਲਈ ਅਤੇ ਸਿਰਸੇ ਵਿਚ ਵਕਾਲਤ ਸ਼ੁਰੂ ਕਰ ਦਿੱਤੀ। ਜਲਦੀ ਹੀ ਇਸ ਦਾ ਨਾਂ ਥਾਂ ਚੰਗੇ ਵਕੀਲਾਂ ਵਿਚ ਬਣ ਗਿਆ। ਇਸ ਦਾ ਵਿਆਹ ਸੰਨ 1889 ਈ. ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਬੂੜਾ ਡੱਲਾ ਨਾਂ ਦੇ ਪਿੰਡ ਦੇ ਭਾਈ ਉੱਤਮ ਸਿੰਘ ਦੀ ਪੁੱਤਰੀ ਬੀਬੀ ਵੇਦ ਕੌਰ ਨਾਲ ਆਨੰਦ ਕਾਰਜ ਦੀ ਰੀਤ ਨਾਲ ਹੋਇਆ ਕਿਉਂਕਿ ਲੜਕੀ ਦੇ ਪਿਤਾ ਦਾ ਸੰਬੰਧ ਸਿੰਘ ਸਭਾ ਲਹਿਰ ਨਾਲ ਸੀ।

ਇਸ ਦੇ ਸੁਧਾਰਵਾਦੀ ਵਿਚਾਰਾਂ ਕਾਰਣ ਸਿੱਖ ਜਗਤ ਵਿਚ ਜਲਦੀ ਹੀ ਇਸ ਦਾ ਬਹੁਤ ਆਦਰ ਹੋ ਗਿਆ। ਇਸ ਨੇ ਸਿਰਸਾ ਛਡ ਕੇ ਫਿਰੋਜ਼ਪੁਰ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਸਿੰਘ ਸਭਾ ਲਹਿਰ ਦੀ ਗਤਿਵਿਧੀ ਵਿਚ ਉਚੇਚੀ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਇਸ ਨੂੰ ਖ਼ਾਲਸਾ ਦੀਵਾਨ, ਲਾਹੌਰ

ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਦਸੰਬਰ 1893 ਈ. ਵਿਚ ਇਸ ਨੇ ਖ਼ਾਲਸਾ ਦੀਵਾਨ, ਲਾਹੌਰ ਦੀ ਪਾਲਸੀ ਨੂੰ ਨ ਸਵੀਕਾਰਦੇ ਹੋਇਆਂ ਇੰਡੀਅਨ ਨੈਸ਼ਨਲ ਕਾਂਗ੍ਰਸ ਦੇ ਸਾਲਾਨਾ ਇਜਲਾਸ ਵਿਚ ਹਿੱਸਾ ਲਿਆ। ਚੀਫ਼ ਖ਼ਾਲਸਾ ਦੀਵਾਨ ਅਤੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵਿਚ ਵੀ ਇਸ ਨੂੰ ਵਿਸ਼ੇਸ਼ ਅਹਿਮੀਅਤ ਮਿਲਦੀ ਰਹੀ। ਇਸ ਨੇ ਜੈਤੋ ਦੇ ਮੋਰਚੇ ਵਿਚ ਆਪਣੇ ਜੱਥੇ ਸਹਿਤ ਗ੍ਰਿਫ਼ਤਾਰੀ ਦਿੱਤੀ। 4 ਮਈ 1930 ਈ. ਵਿਚ ਇਸ ਦੀ ਮ੍ਰਿਤੂ ਹੋ ਗਈ। ਚੂੰਕਿ ਇਸ ਦੀ ਕੋਈ ਔਲਾਦ ਨਹੀਂ ਸੀ, ਇਸ ਲਈ ਇਸ ਨੇ ਆਪਣੀ ਸਾਰੀ ਜਾਇਦਾਦ ਸਿੰਘ ਸਭਾ ਨੂੰ ਦਾਨ ਕਰ ਦਿੱਤੀ। ਜਿਸ ਮਕਾਨ ਵਿਚ ਇਹ ਰਹਿੰਦਾ ਸੀ, ਉਥੇ ਬਾਦ ਵਿਚ ਸਿੰਘ ਸਭਾ ਵਾਲਿਆਂ ਨੇ ਸਥਾਨਕ ਸ਼ਰਧਾਲੂਆਂ ਨਾਲ ਮਿਲ ਕੇ ਗੁਰਦੁਆਰਾ ਬਣਾ ਦਿੱਤਾ ਜੋ ਹੁਣ ਗੁਰਦੁਆਰਾ ਅਕਾਲਗੜ੍ਹ ਦੇ ਨਾਂ ਨਾਲ ਪ੍ਰਸਿੱਧ ਹੈ।

**ਚੰਦੂ ਸ਼ਾਹ** (ਮ. 1613 ਈ.) : ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਰਾਜ-ਕਾਲ ਵੇਲੇ ਲਾਹੌਰ ਦਰਬਾਰ ਦਾ ਇਕ ਧਨਾਢ ਮਾਲ ਅਧਿਕਾਰੀ, ਜਿਸ ਦੀ ਪੁੱਤਰੀ ਦਾ ਰਿਸ਼ਤਾ ਬਾਲਕ ਹਰਿਗੋਬਿੰਦ ਸਾਹਿਬ ਨਾਲ ਨਿਸਚਿਤ ਹੋਣ ਵਾਲਾ ਹੀ ਸੀ, ਪਰ ਇਸ ਹੰਕਾਰੀ ਨੇ ਰਿਸ਼ਤਾ ਕਰਾਉਣ ਵਾਲੇ ਪਰੋਹਿਤ ਨੂੰ ਕਿਹਾ ਕਿ 'ਚੌਬਾਰੇ ਦੀ ਇਟ ਤੁਸੀਂ ਮੋਰੀ ਵਿਚ ਲਗਾ ਦਿੱਤੀ ਹੈ।' ਜਦੋਂ ਇਸ ਗੱਲ ਦਾ ਪਤਾ ਸਿੱਖ ਸੰਗਤ ਨੂੰ ਲਗਾ ਤਾਂ ਸੰਗਤ ਨੇ ਗੁਰੂ ਅਰਜਨ ਦੇਵ ਜੀ ਅਗੇ ਪ੍ਰਾਰਥਨਾ ਕੀਤੀ ਕਿ ਇਸ ਹੰਕਾਰੀ ਦੀ ਪੁੱਤਰੀ ਦਾ ਰਿਸ਼ਤਾ ਪ੍ਰਵਾਨ ਨ ਕੀਤਾ ਜਾਏ। ਗੁਰੂ ਜੀ ਨੇ ਸੰਗਤ ਦੀ ਭਾਵਨਾ ਦੀ ਕਦਰ ਕੀਤੀ। ਫਲਸਰੂਪ ਚੰਦੂ ਸ਼ਾਹ ਨੇ ਗੁਰੂ ਅਰਜਨ ਦੇਵ ਜੀ ਪ੍ਰਤਿ ਬਹੁਤ ਅਧਿਕ ਵੈਰ ਪਾਲ ਲਿਆ। ਜਦੋਂ ਅਪ੍ਰੈਲ 1606 ਈ. ਵਿਚ ਜਹਾਂਗੀਰ ਬਾਦਸ਼ਾਹ ਆਪਣੇ ਪੁੱਤਰ ਖ਼ੁਸਰੋ ਦਾ ਪਿਛਾ ਕਰਦਾ ਲਾਹੌਰ ਆਇਆ, ਤਾਂ ਚੰਦੂਸ਼ਾਹ ਨੇ ਮੌਕਾ ਤਾੜ ਕੇ ਬਾਦਸ਼ਾਹ ਦੇ ਕੰਨ ਭਰੇ ਕਿ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਪਨਾਹ ਵਿਚ ਲਿਆ ਅਤੇ ਅਸੀਸ ਵੀ ਦਿੱਤੀ। ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਅਤੇ ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਨ ਨੂੰ ਗੁਰੂ ਜੀ ਨੂੰ ਕਠੋਰ ਦੰਡ ਦੇਣ ਦੀ ਜ਼ਿੰਮੇਵਾਰੀ ਸੌਂਪੀ। ਮੁਰਤਜ਼ਾ ਖ਼ਾਨ ਨੇ ਚੰਦੂਸ਼ਾਹ ਦੀ ਸਲਾਹ ਨਾਲ ਗੁਰੂ ਜੀ ਨੂੰ ਅਤਿਅਧਿਕ ਤਸੀਹੇ ਦੇ ਕੇ ਸ਼ਹੀਦ ਕੀਤਾ।

ਜਦੋਂ ਜਹਾਂਗੀਰ ਬਾਦਸ਼ਾਹ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਬੰਧ ਸੁਖਾਵੇਂ ਹੋ ਗਏ ਤਾਂ ਬਾਦਸ਼ਾਹ ਨੂੰ ਸਹੀ ਸਥਿਤੀ ਦੀ ਜਾਣਕਾਰੀ ਦਿੱਤੀ ਗਈ। ਬਾਦਸ਼ਾਹ ਨੇ ਚੰਦੂਸ਼ਾਹ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁੱਸੇ ਵਿਚ ਆਏ ਸਿੱਖਾਂ ਨੇ ਇਸ ਨੂੰ ਲਾਹੌਰ ਦੀਆਂ ਗਲੀਆ ਵਿਚ ਖ਼ੂਬ ਘਸੀਟਿਆ ਅਤੇ ਮਾਰ-ਕੁਟਾਈ ਕੀਤੀ। ਜਦੋਂ ਸਿੱਖ ਉਸ ਨੂੰ ਗੁਰਦਿੱਤਾ ਨਾਂ ਦੇ ਭਠਿਆਰੇ ਦੀ ਭੱਠੀ ਕੋਲੋਂ ਲੈ ਜਾ ਰਹੇ ਸਨ ਤਾਂ ਉਸ ਗਰਮ ਗਰਮ ਕੜਛਾ ਚੰਦੂ ਦੇ ਸਿਰ ਵਿਚ ਦੇ ਮਾਰਿਆ ਜਿਸ ਤੋਂ ਉਹ ਰੇਤ ਗਰਮ ਕਰਵਾ ਕੇ ਗੁਰੂ ਜੀ ਦੇ ਸ਼ਰੀਰ ਉਤੇ ਪਵਾਉਂਦਾ ਸੀ। ਇਸ ਨਾਲ ਚੰਦੂ ਦਾ ਸੰਨ 1613 ਈ. (1670 ਬਿ.) ਵਿਚ ਅੰਤ ਹੋ ਗਿਆ।

**ਚੰਦ੍ਰਮਾ** : ਸਿੱਖ ਧਰਮ ਵਿਚ ਚੰਦ੍ਰਮਾ ਨਾਲ ਸੰਬੰਧਿਤ ਵਿਗਿਆਨਿਕ ਨਜ਼ਰੀਆ ਹੈ, ਪਰ ਉਂਜ ਭਾਰਤੀ ਮਿਥਿਹਾਸ ਦਾ ਇਕ ਪ੍ਰਮੁਖ ਦੇਵਤਾ ਹੈ, ਜਿਸ ਨੂੰ 'ਚੰਦ੍' ਅਤੇ 'ਸੋਮ' ਵੀ ਕਹਿੰਦੇ ਹਨ। 'ਚੰਦ੍' ਰੂਪ ਵਿਚ ਇਹ ਨਛੱਤ੍ਰ ਦਾ ਦੈਵੀਕਰਣ ਹੈ ਅਤੇ 'ਸੋਮ' ਰੂਪ ਵਿਚ ਇਹ ਸੋਮ-ਰਸ ਪਾਨ ਕਰਨ ਵਾਲੇ ਦੇਵਤਾ ਦੀ ਪ੍ਰਤਿਨਿਧਤਾ ਕਰਦਾ ਹੈ।

ਪੁਰਾਣ-ਸਾਹਿਤ ਵਿਚ ਇਸ ਦਾ ਮਾਨਵੀਕਰਣ ਕਰਦਿਆਂ ਇਸ ਨੂੰ 'ਰਿਸ਼ੀ-ਪੁੱਤਰ' ਮੰਨਿਆ ਗਿਆ ਹੈ। 'ਭਾਗਵਤ-ਪੁਰਾਣ' (ਸਕੰਧ 9) ਅਤੇ 'ਵਿਸ਼ਣੂ-ਪੁਰਾਣ' (ਅੰਸ਼ 4) ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਪੁੱਤਰ ਅਤ੍ਰਿ ਰਿਸ਼ੀ ਦੀਆਂ ਅੱਖਾਂ ਵਿਚੋਂ ਚੰਦ੍ਰਮਾ ਪੈਦਾ ਹੋਇਆ। ਬ੍ਰਹਮਾ ਨੇ ਚੰਦ੍ਰਮਾ ਨੂੰ ਬ੍ਰਾਹਮਣ, ਔਸ਼ਧ ਅਤੇ ਨੱਛਤ੍ਰਾਂ ਦਾ ਸੁਆਮੀ ਬਣਾ ਦਿੱਤਾ। ਇਸ ਨੇ ਤਿੰਨਾਂ ਲੋਕਾਂ ਉਤੇ ਜਿਤ ਪ੍ਰਾਪਤ ਕਰਕੇ ਰਾਜਸੂਯ ਯੱਗ ਕੀਤਾ ਅਤੇ ਆਪਣੀ ਸ਼ਕਤੀ ਕਰਕੇ ਬਹੁਤ ਅਭਿਮਾਨੀ ਹੋ ਗਿਆ। ਇਸ ਨੇ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਉਧਾਲ ਲਿਆ। ਦੇਵਤਿਆਂ ਨੇ ਬ੍ਰਿਹਸਪਤੀ ਦਾ ਸਾਥ ਦਿੱਤਾ ਅਤੇ ਚੰਦ੍ਰਮਾ ਨਾਲ ਘੋਰ ਯੁੱਧ ਕੀਤਾ। ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰਯ ਦਾ ਬ੍ਰਿਹਸਪਤੀ ਨਾਲ ਵੈਰ ਸੀ। ਫਲਸਰੂਪ ਉਸ ਨੇ ਆਪਣੇ ਦਲ-ਬਲ ਸਹਿਤ ਚੰਦ੍ਰਮਾ ਦੀ ਮਦਦ ਕੀਤੀ। ਜਦੋਂ ਯੁੱਧ ਦਾ ਅੰਤ ਹੁੰਦਾ ਨਜ਼ਰ ਨ ਆਇਆ ਤਾਂ ਬ੍ਰਹਮਾ ਨੇ ਵਿਚ ਪੈ ਕੇ ਯੁੱਧ ਰੁਕਵਾਇਆ ਅਤੇ ਚੰਦ੍ਰਮਾ ਤੋਂ ਤਾਰਾ ਨੂੰ ਮੁੜਵਾਇਆ। ਚੰਦ੍ਰਮਾ ਦੇ ਸੰਪਰਕ

ਵਿਚ ਰਹਿਣ ਕਾਰਣ ਗਰਭਵਤੀ ਹੋਈ ਤਾਰਾ ਨੇ ਕਾਲਾਂਤਰ ਵਿਚ ਇਕ ਬਾਲਕ ਨੂੰ ਜਨਮ ਦਿੱਤਾ ਜੋ ਚੰਦ੍ਰਮਾ ਦਾ ਪੁੱਤਰ 'ਬੁੱਧ' ਅਖਵਾਇਆ।

'ਸ਼ਿਵ-ਪੁਰਾਣ' (ਸੰਹਿਤਾ 8) ਅਨੁਸਾਰ ਦਕ੍ਸ਼ ਪ੍ਰਜਾਪਤੀ ਨੇ ਆਪਣੀਆਂ ਕੰਨਿਆਵਾਂ ਵਿਚੋਂ 27 ਦਾ ਵਿਆਹ ਚੰਦ੍ਰਮਾ ਨਾਲ ਕਰ ਦਿੱਤਾ। ਚੰਦ੍ਰਮਾ ਉਨ੍ਹਾਂ ਵਿਚੋਂ ਰੋਹਿਣੀ ਨੂੰ ਅਧਿਕ ਪ੍ਰੇਮ ਕਰਦਾ ਸੀ। ਬਾਕੀਆਂ ਨੇ ਖਿਝ ਕੇ ਆਪਣੇ ਪਿਤਾ ਅੱਗੇ ਸ਼ਿਕਾਇਤ ਕੀਤੀ। ਦਕ੍ਸ਼ ਨੇ ਨਾਰਾਜ਼ ਹੋ ਕੇ ਚੰਦ੍ਰਮਾ ਨੂੰ ਪਤਿਤ ਅਥਵਾ ਨਸ਼ਟ ਹੋਣ ਦਾ ਸਰਾਪ ਦਿੱਤਾ। ਚੰਦ੍ਰਮਾ ਨੇ ਸਰਾਪ ਤੋਂ ਮੁਕਤੀ ਲਈ ਬ੍ਰਹਮਾ ਅਗੇ ਬੇਨਤੀ ਕੀਤੀ। ਬ੍ਰਹਮਾ ਦੇ ਕਹੇ 'ਤੇ ਚੰਦ੍ਰਮਾ ਨੇ ਪ੍ਰਭਾਸ ਖੇਤਰ ਵਿਚ ਸ਼ਿਵਲਿੰਗ ਦੀ ਸਥਾਪਨਾ ਕਰਕੇ ਛੇ ਮਹੀਨੇ ਤਪਸਿਆ ਕੀਤੀ। ਸ਼ਿਵ ਨੇ ਪ੍ਰਸੰਨ ਹੋ ਕੇ ਉਸ ਨੂੰ ਹਰ ਮਹੀਨੇ ਘਟਣ-ਵਧਣ ਦੀ ਸਮਰਥਤਾ ਪ੍ਰਦਾਨ ਕੀਤੀ ਕਿਉਂਕਿ ਦਕ੍ਸ਼ ਦੇ ਸਰਾਪ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਸੰਭਵ ਨਹੀਂ ਸੀ। ਇਹੀ ਕਾਰਣ ਹੈ ਕਿ ਚੰਦ੍ਰਮਾ ਹਰ ਮਹੀਨੇ ਵਧਣ-ਘਟਣ ਦੇ ਪ੍ਰਕਾਰਜ ਵਿਚ ਰੁਝਿਆ ਰਹਿੰਦਾ ਹੈ।

ਪੁਰਾਣ-ਸਾਹਿਤ ਵਿਚ ਚੰਦ੍ਰਮਾ ਅਥਵਾ ਸੋਮ ਬਾਰੇ ਅਨੇਕ ਪ੍ਰਸੰਗ ਮਿਲ ਜਾਂਦੇ ਹਨ। ਅਹਲਿਆ ਨੂੰ ਪਤਿਤ ਕਰਨ ਲਈ ਉਤਾਰੂ ਇੰਦ੍ਰ ਦੀ ਚੰਦ੍ਰਮਾ ਵਲੋਂ ਕੀਤੀ ਗਈ ਮਦਦ ਦਾ ਬ੍ਰਿੱਤਾਂਤ ਵੀ ਮਿਲਦਾ ਹੈ। ਚੰਦ੍ਰਮਾ ਦੇ ਰਥ ਬਾਰੇ ਪੁਰਾਣਾਂ ਵਿਚ ਉਲੇਖ ਹੈ ਕਿ ਉਸ ਦੇ ਤਿੰਨ ਪਹੀਏ ਹਨ ਅਤੇ ਚਿੱਟੇ ਰੰਗ ਦੇ ਦਸ ਘੋੜੇ ਉਸ ਨੂੰ ਖਿਚਦੇ ਹਨ। ਇਸ ਦੇ 'ਨਿਸ਼ਾਕਰ', 'ਸਸਿ', 'ਨੱਛਤ੍ਰਨਾਥ' ਆਦਿ ਕੁਝ ਹੋਰ ਨਾਮਾਂਤਰ ਵੀ ਪ੍ਰਚਲਿਤ ਹਨ।

ਸਮੁੰਦਰ ਰਿੜਕਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚ ਵੀ ਚੰਦ੍ਰਮਾ ਨੂੰ ਸ਼ਾਮਲ ਕੀਤਾ ਗਿਆ ਹੈ। ਭਾਈ ਗੁਰਦਾਸ ਅਨੁਸਾਰ ਇਸ ਦੇ ਅਰਧ-ਸਰੂਪ ਨੂੰ ਸ਼ਿਵ ਨੇ ਆਪਣੇ ਮਸਤਕ ਉਤੇ ਧਾਰਣ ਕੀਤਾ ਸੀ— *ਕਾਲਕੂਟ ਤੇ ਅਰਧ ਚੰਦ੍ਰ ਮਹਾਦੇਵ ਮਸਤਕਿ ਧਰਿ ਪੀਤੇ।* (26/23)। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਪਰਮਾਤਮਾ ਦੇ ਹੁਕਮ ਵਿਚ ਆਪਣੇ ਕਾਰਜ ਵਿਚ ਲੀਨ ਮੰਨਿਆ ਹੈ— *ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।* (ਗੁ.ਗ੍ਰੰ.464)।

ਯੋਗ-ਸਾਧਨਾ ਦੇ ਪ੍ਰਸੰਗ ਵਿਚ ਚੰਦ੍ਰਮਾ ਨੂੰ ਇੜਾ ਦਾ ਅਤੇ ਸੂਰਜ ਨੂੰ ਪਿੰਗਲਾ ਦਾ ਪ੍ਰਤੀਕ ਮੰਨਿਆ ਗਿਆ ਹੈ— *ਚੰਦ ਸੂਰਜ ਕੀ ਪਾਏ ਗੰਢਿ। ਤਿਸੁ ਉਦਾਸੀ ਕਾ ਪੜੈ ਨ ਕੰਧੁ।* (ਗੁ.ਗ੍ਰੰ.952)।

**ਚੰਨਣ ਸਿੰਘ, ਸੰਤ** (1907-1972 ਈ.): ਪੰਜਾਬ ਦਾ ਇਕ ਅਕਾਲੀ ਨੇਤਾ, ਜਿਸ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਮੁੱਲਾਂਪੁਰ ਨਾਂ ਦੇ ਪਿੰਡ ਵਿਚ ਭਾਈ ਤਰਲੋਕ ਸਿੰਘ ਧਨੋਆ ਦੇ ਘਰ ਮਾਈ ਪ੍ਰੇਮ ਕੌਰ ਦੀ ਕੁੱਖੋਂ ਸੰਨ 1907 ਈ. ਵਿਚ ਹੋਇਆ। ਇਸ ਨੇ ਸਿੱਖ ਧਰਮ-ਗ੍ਰੰਥਾਂ ਦਾ ਅਧਿਐਨ ਆਪਣੇ ਪਿੰਡ ਦੇ ਨਿਰਮਲੇ ਸੰਤਾਂ ਦੇ ਡੇਰੇ ਵਿਚ ਕੀਤਾ। ਸੰਨ 1923 ਈ. ਵਿਚ ਇਸ ਨੇ ਆਪਣੇ ਡੇਰੇ ਦੇ ਹੋਰ ਚੇਲੇ-ਚਾਟੜਿਆਂ ਨਾਲ ਮਿਲ ਕੇ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਲਈ ਜਾ ਰਹੇ ਇਕ ਜੱਥੇ ਨੂੰ ਆਪਣੇ ਪਿੰਡ ਵਿਚ ਲਿਆਉਂਦਾ ਅਤੇ ਪ੍ਰਸ਼ਾਦ-ਪਾਣੀ ਦੀ ਉਤਮ ਸੇਵਾ ਕੀਤੀ। ਸੰਨ 1928 ਈ. ਵਿਚ ਇਸ ਦੇ ਵੱਡੇ ਬਹਿਨੋਈ ਦਾ ਦੇਹਾਂਤ ਹੋ ਗਿਆ, ਇਸ ਲਈ ਇਹ ਆਪਣੀ ਭੈਣ ਦੇ ਪਰਿਵਾਰ ਦੀ ਦੇਖ-ਭਾਲ ਲਈ ਉਸ ਦੇ ਪਿੰਡ ਚਕ ਨੰ. 18 ਜ਼ੈਡ, ਜ਼ਿਲ੍ਹਾ ਗੰਗਾਨਗਰ, ਰਾਜਸਥਾਨ ਵਿਚ ਚਲਾ ਗਿਆ। ਉਥੋਂ ਚਾਰ ਸਾਲਾਂ ਬਾਦ ਇਹ ਫ਼ੌਜ ਵਿਚ ਸਿਪਾਹੀ ਭਰਤੀ ਹੋ ਕੇ ਆਪਣੀ ਸੈਨਿਕ ਟੁਕੜੀ ਨਾਲ ਕਲਕਤੇ ਪਹੁੰਚ ਗਿਆ। ਉਥੇ ਗੰਭੀਰ ਰੂਪ ਵਿਚ ਬੀਮਾਰ ਹੋਣ ਤੋਂ ਬਾਦ ਇਸ ਨੇ ਫ਼ੌਜ ਦੀ ਨੌਕਰੀ ਛਡ ਦਿੱਤੀ ਅਤੇ ਭੈਣ ਦੇ ਪਿੰਡ ਪਹੁੰਚ ਗਿਆ। ਉਦੋਂ ਹੀ ਇਹ ਸੰਤ ਫਤਹਿ ਸਿੰਘ ਦੇ ਸੰਪਰਕ ਵਿਚ ਆਇਆ, ਜੋ ਉਦੋਂ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ ਖ਼ਾਲਸਾ ਸਕੂਲ ਖੋਲ੍ਹਣ ਅਤੇ ਧਰਮ-ਪ੍ਰਚਾਰ ਕਰਨ ਵਿਚ ਰੁਝੇ ਹੋਏ ਸਨ। ਸੰਨ 1940 ਈ. ਤੋਂ ਲੈ ਕੇ ਜੀਵਨ ਦੇ ਅੰਤ ਤਕ ਇਹ ਸੰਤ ਜੀ ਦੇ ਅੰਗ-ਸੰਗ ਹੀ ਰਿਹਾ। ਸੰਨ 1949 ਈ. ਵਿਚ ਇਸ ਨੇ ਪੈਪਸੂ ਸਰਕਾਰ ਦੇ ਵਿਰੋਧ ਵਿਚ ਚਲ ਰਹੇ ਅਕਾਲੀ ਅੰਦੋਲਨ ਵਿਚ 20 ਸਿੱਖਾਂ ਦੇ ਜੱਥੇ ਸਹਿਤ ਭਾਗ ਲਿਆ ਅਤੇ ਅੱਠ ਮਹੀਨਿਆਂ ਦੀ ਕੈਦ ਕਟੀ। ਇਸ ਤੋਂ ਬਾਦ ਇਸ ਨੇ ਗੰਗਾਨਗਰ ਦੇ ਕਿਸਾਨ ਅੰਦੋਲਨ ਵਿਚ ਹਿੱਸਾ ਲਿਆ। ਸੰਨ 1950 ਈ. ਵਿਚ ਇਹ ਗੰਗਾਨਗਰ ਅਕਾਲੀ ਦਲ ਦਾ ਪ੍ਰਧਾਨ ਬਣਿਆ ਅਤੇ ਫਿਰ 1958-60 ਈ. ਵਿਚ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਚੁਣਿਆ ਗਿਆ। ਸੰਨ 1960 ਈ. ਤੋਂ ਇਸ ਨੇ ਪੰਜਾਬੀ ਸੂਬੇ ਦੇ

ਅੰਦੋਲਨ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਅਕਤੂਬਰ 1962 ਈ. ਵਿਚ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਅਤੇ ਆਪਣੀ ਮ੍ਰਿਤੂ ਤਕ (29 ਨਵੰਬਰ 1972 ਈ.) ਪ੍ਰਧਾਨ ਹੀ ਚਲਿਆ ਆਇਆ। ਇਹ ਸਦਾ ਸੰਤ ਫਤਹਿ ਸਿੰਘ ਦਾ ਨਿਸ਼ਠਾਵਾਨ ਅਤੇ ਵਿਸ਼ਵਸਤ ਸੇਵਕ ਬਣਿਆ ਰਿਹਾ। ਇਸ ਨੇ ਰਾਜਸਥਾਨ ਵਿਚ 'ਗੁਰਦੁਆਰਾ ਬੁੱਢਾ ਜੌਹੜ' ਦੀ ਬੜੀ ਰੁਚੀ ਨਾਲ ਕਾਰ-ਸੇਵਾ ਕਰਵਾਈ ਅਤੇ ਭਾਈ ਸੁਖਾ ਸਿੰਘ ਮਹਿਤਾਬ ਸਿੰਘ ਦੇ ਸਮਾਰਕ ਬਣਵਾਏ। ਇਸ ਨੇ ਕਈ ਹੋਰ ਗੁਰੂ-ਧਾਮਾਂ ਦੀ ਉਸਾਰੀ ਵਿਚ ਯੋਗਦਾਨ ਪਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦਸ-ਸਾਲਾ ਪ੍ਰਧਾਨਗੀ ਦੌਰਾਨ ਇਸ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰਦੁਆਰਿਆਂ ਦੀ ਨੁਹਾਰ ਬਦਲਣ ਦਾ ਉੱਦਮ ਕੀਤਾ ਅਤੇ ਸਿੱਖੀ ਦਾ ਪ੍ਰਚਾਰ ਕੀਤਾ।

# ਛ

**ਛਕਾ** : ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਛੇ ਛੰਦਾਂ (ਛੰਤਾਂ) ਦੇ ਸਮੁੱਚ ਨੂੰ 'ਛਕਾ' ਕਿਹਾ ਗਿਆ ਹੈ। ਆਸਾ ਰਾਗ ਵਿਚ ਗੁਰੂ ਰਾਮਦਾਸ ਜੀ ਦੇ ਲਿਖੇ 'ਛਕੇ ਛੰਤ' (ਵੇਖੋ) ਬਹੁਤ ਪ੍ਰਸਿੱਧ ਹਨ।

ਅਧਿਆਤਮਿਕ ਸ਼ਬਦਾਵਲੀ ਵਿਚ 'ਛਕਾ' ਪੰਜ ਗਿਆਨ ਇੰਦ੍ਰੀਆਂ ਅਤੇ ਇਕ ਅੰਤਹਕਰਣ ਦਾ ਸੂਚਕ ਵੀ ਮੰਨਿਆ ਜਾਂਦਾ ਹੈ।

**ਛਕਾ ਭਗਉਤੀ ਜੂ ਕਾ** : ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ ਇਕ ਸੰਖਿਪਤ ਅਪ੍ਰਮਾਣਿਕ ਰਚਨਾ ਜਿਸ ਦਾ ਸੰਕਲਨ 'ਦਸਮ ਗ੍ਰੰਥ' ਦੀ ਪਟਨਾ ਸਾਹਿਬ ਅਤੇ ਸੰਗਰੂਰ ਵਾਲੀਆਂ ਪੁਰਾਤਨ ਬੀੜਾਂ ਵਿਚ ਹੋਇਆ ਹੈ। ਇਸ ਦਾ ਆਰੰਭ ਇਸ ਪ੍ਰਕਾਰ ਹੈ— *੧ੴ ਸ੍ਰੀ ਵਾਹਗੁਰੂ ਜੀ ਕੀ ਫਤੇਹ। ਛੰਦ ਛਕਾ ਸ੍ਰੀ ਭਗਉਤੀ ਜੂ ਕਾ ਸ੍ਰੀ ਮੁਖਵਾਕ ਪਾਤਿਸ਼ਾਹੀ।੧੦।*
*ਸ੍ਰੀ ਭਗਉਤੀ ਜੀ ਸਹਾਇ।*
*ਨਮੋ ਉਗ੍ਰਦੰਤੀ ਅਨੰਤੀ ਸ੍ਵੈਯਾ।*
*ਨਮੋ ਜੋਗੇਸੁਰੀ ਜੋਗ ਮੈਯਾ।*
*ਨਮੋ ਕੇਹਰੀ ਬਾਹਨੀ ਸਤ੍ਰੁ ਹੰਤੀ।*
*ਨਮੋ ਸਾਰਦਾ ਬ੍ਰਹਮ ਵਿਦਿਆ ਪੜੰਤੀ।...*

ਨਾਮਧਾਰੀ ਸੰਪ੍ਰਦਾਇ ਵਾਲੇ ਇਸ ਨੂੰ 'ਉਗ੍ਰਦੰਤੀ' ਕਹਿੰਦੇ ਹਨ ਅਤੇ ਬੜੀ ਰੁਚੀ ਨਾਲ ਇਸ ਦਾ ਪਾਠ ਕਰਦੇ ਹਨ। ਇਸ ਦੀ ਪਹਿਲੀ ਪੰਕਤੀ ਵਿਚ ਦੇਵੀ ਲਈ ਵਰਤਿਆ 'ਉਗ੍ਰਦੰਤੀ' ਵਿਸ਼ੇਸ਼ਣ ਹੀ ਇਸ ਰਚਨਾ ਦਾ ਨਾਂ ਪ੍ਰਚਲਿਤ ਕਰ ਦਿੱਤਾ ਗਿਆ ਹੈ।

**ਛਕੇ-ਛੰਤ** (ਬਾਣੀ) : ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਤੇ ਆਸਾ ਰਾਗ ਵਿਚ ਰਚੇ 'ਛਕੇ ਛੰਤ' ਚਾਰ ਚਾਰ ਜੁੱਟਾਂ ਵਾਲੇ ਗੁਰੂ ਰਾਮਦਾਸ ਜੀ ਦੇ ਉਹ ਛੇ ਛੰਤ ਹਨ ਜੋ ਆਮ ਤੌਰ 'ਤੇ 'ਆਸਾ ਕੀ ਵਾਰ' ਦੀਆਂ 24 ਪਉੜੀਆਂ ਦੇ ਨਾਲ ਨਾਲ ਇਕ ਇਕ ਕਰਕੇ ਪੜ੍ਹੇ ਜਾਂਦੇ ਹਨ। ਇਨ੍ਹਾਂ ਵਿਚ ਇਸਤਰੀ ਰੂਪੀ ਸਾਧਕ ਦੇ ਪਤੀ ਰੂਪੀ ਪਰਮਾਤਮਾ ਨਾਲ ਹੋਏ ਸਵੱਛ ਪ੍ਰੇਮ ਦੀ ਨਿਰਛਲ ਅਭਿਵਿਅਕਤੀ ਹੋਈ ਹੈ। ਹਰਿ-ਨਾਮ ਦੀ ਪ੍ਰਾਪਤੀ ਨਾਲ ਹਰ ਪ੍ਰਕਾਰ ਦੀ ਤ੍ਰਿਸ਼ਨਾ ਅਤੇ ਭੁਖ ਸਮਾਪਤ ਹੋ ਜਾਂਦੀਆਂ ਹਨ। ਭਗਤਾਂ ਦੀ ਮਰਯਾਦਾ ਦਾ ਪਾਲਨ ਪਰਮਾਤਮਾ ਖ਼ੁਦ ਹੀ ਕਰਦਾ ਹੈ।

ਇਨ੍ਹਾਂ ਛੰਤਾਂ ਦੀ ਰਚਨਾ ਪਿਛੇ ਗੁਰੂ ਅਮਰਦਾਸ ਜੀ ਪ੍ਰਤਿ ਗੁਰੂ ਰਾਮਦਾਸ ਜੀ ਦੀ ਮਾਨਸਿਕਤਾ ਵਿਚ ਸਮਾਈ ਸ਼ੁਕਰਾਨੇ ਦੀ ਉਹ ਭਾਵਨਾ ਹੈ ਜੋ ਘੁੰਙਣੀਆਂ ਵੇਚਣ ਦੀ ਸਥਿਤੀ ਤੋਂ ਚੁਕ ਕੇ ਅਧਿਆਤਮਿਕ ਖੇਤਰ ਦੀ ਉੱਚ ਅਵਸਥਾ ਤਕ ਪਹੁੰਚਾਉਣ ਦੀ ਪ੍ਰਕ੍ਰਿਆ ਤੋਂ ਪੈਦਾ ਹੋਈ ਸੀ। ਇਸ ਵਿਚ ਇਕ ਪਾਸੇ ਆਪਣੀ ਨਿਰਬਲਤਾ ਅਤੇ ਦੂਜੇ ਪਾਸੇ ਗੁਰੂ ਦੇ ਬਿਰਦ ਦੀ ਵਡਿਆਈ ਨੂੰ ਬੜੀ ਰੁਚੀ ਨਾਲ ਚਿਤਰਿਆ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਛੰਤਾਂ ਦਾ ਜਨਮ ਆਪਣੀ ਤੁੱਛਤਾ ਅਤੇ ਗੁਰੂ ਦੀ ਮਹਾਨਤਾ ਦੇ ਅਹਿਸਾਸ ਤੋਂ ਹੋਇਆ ਹੈ।

ਇਹ ਰਚਨਾ ਕਾਵਿ-ਕਲਾ ਦਾ ਉਤਮ ਨਮੂਨਾ ਹੈ ਕਿਉਂਕਿ ਇਸ ਵਿਚ ਗੁਰੂ-ਸਿੱਖ ਦੇ ਪ੍ਰੇਮ-ਸੰਬੰਧ ਅਤੇ ਉਸ ਸੰਬੰਧ ਤੋਂ ਪ੍ਰਾਪਤ ਹੋਣ ਵਾਲੇ ਫਲਾਂ ਦਾ ਹਿਰਦੇ-ਬੇਧੀ ਚਿਤ੍ਰਣ ਹੋਇਆ ਹੈ। ਇਹ ਪ੍ਰੇਮ-ਭਾਵ ਕਿਤੇ ਸਹਿਜ, ਕਿਤੇ ਸ਼ੋਖ ਅਤੇ ਕਿਤੇ ਗੰਭੀਰ ਢੰਗ ਨਾਲ ਪ੍ਰਗਟਾਇਆ ਗਿਆ ਹੈ। ਇਸ ਵਿਚ ਪ੍ਰੇਮ ਦੀਆਂ ਲਹਿਰਾਂ ਗੁਰੂ-ਕਵੀ ਦੀ ਹਿਰਦੇ ਦੀ ਸਵੱਛ ਅਤੇ ਨਿਰਛਲ ਅਨੁਭੂਤੀ ਤੋਂ ਪੈਦਾ ਹੋ ਕੇ ਪਾਠਕ/ਸਰੋਤਾ ਦੇ ਹਿਰਦੇ ਉਤੇ ਆਪਣਾ ਅਮਿਟ ਪ੍ਰਭਾਵ ਛਡਦੀਆਂ

ਹਨ। ਇਸ ਨਾਲ ਇਸ ਰਚਨਾ ਦਾ ਸੌਂਦਰਯਾਤਮਕ ਪੱਖ ਵੀ ਬਹੁਤ ਬਲਵਾਨ ਹੋ ਗਿਆ ਹੈ।

**ਛਛਰੌਲੀ** (ਕਸਬਾ): ਸ. ਗੁਰਬਖ਼ਸ਼ ਸਿੰਘ ਸੰਧੂ ਸੰਨ 1725 ਈ. ਵਿਚ ਅੰਮ੍ਰਿਤ ਪਾਨ ਕਰਕੇ ਕਰੋੜੀਆ ਮਿਸਲ ਵਿਚ ਸ਼ਾਮਲ ਹੋ ਗਿਆ ਅਤੇ ਅੰਬਾਲਾ ਅਤੇ ਜਗਾਧਰੀ ਦੇ ਵਿਚਾਲੇ ਬਹੁਤ ਸਾਰਾ ਇਲਾਕਾ ਜਿਤ ਕੇ ਉਥੇ ਆਪਣੇ ਜੱਦੀ ਪਿੰਡ ਦੇ ਨਾਂ ਉਤੇ 'ਕਲਸੀਆ' ਰਿਆਸਤ ਕਾਇਮ ਕੀਤੀ। ਛਛਰੌਲੀ ਨੂੰ ਉਸ ਨੇ ਆਪਣੀ ਰਾਜਧਾਨੀ ਬਣਾਇਆ।

ਇਕ ਵਿਸ਼ਵਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਸੰਨ 1688 ਈ. ਵਿਚ ਕਪਾਲ ਮੋਚਨ ਦੀ ਠਹਿਰ ਦੌਰਾਨ ਇਥੇ ਆਏ ਸਨ। ਸੰਨ 1920 ਈ. ਵਿਚ ਮਸਤੂਆਣਾ ਵਾਲੇ ਸੰਤ ਹਰਨਾਮ ਸਿੰਘ ਨੇ ਉਸ ਸਥਾਨ ਦੀ ਨਿਸ਼ਾਨਦੇਹੀ ਕੀਤੀ ਅਤੇ ਸੰਨ 1924 ਈ. ਵਿਚ ਰਾਣੀ ਰਣਬੀਰ ਕੌਰ ਨੇ ਗੁਰਦੁਆਰੇ ਦੀ ਉਸਾਰੀ ਕਰਵਾਈ। ਇਹ ਸਥਾਨ ਛਛਰੌਲੀ ਕਸਬੇ ਤੋਂ ਪੂਰਬ ਵਲ ਅੱਧਾ ਕਿ.ਮੀ. ਦੀ ਵਿਥ 'ਤੇ ਸੋਮ ਨਦੀ ਦੇ ਪਰਲੇ ਪਾਸੇ ਬਣਾਇਆ ਗਿਆ ਸੀ। ਇਸ ਗੁਰਦੁਆਰੇ ਦਾ ਨਾਂ 'ਸੰਤੋਖਪੁਰਾ' ਹੈ ਅਤੇ ਇਸ ਦੀ ਵਿਵਸਥਾ ਸਥਾਨਕ ਸਿੰਘ ਸਭਾ ਕਰਦੀ ਹੈ।

**ਛੱਤੇਆਣਾ** (ਪਿੰਡ) : ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਗਿਦੜਬਾਹਾ ਨਗਰ ਤੋਂ 14 ਕਿ.ਮੀ. ਉੱਤਰ ਵਲ ਸਥਿਤ ਇਕ ਪਿੰਡ, ਜਿਥੇ 'ਗੁਰਦੁਆਰਾ ਗੁਪਤਸਰ' ਨਾਂ ਦਾ ਗੁਰੂ-ਧਾਮ ਹੈ। ਸਿੱਖ ਇਤਿਹਾਸ ਅਨੁਸਾਰ ਮੁਕਤਸਰ ਦੀ ਜੰਗ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਇਥੇ ਪਧਾਰੇ ਸਨ। ਇਥੇ ਹੀ ਬਰਾੜ ਜਾਤਿ ਦੇ ਸੈਨਿਕਾਂ ਨੇ ਯੁੱਧ ਵਿਚ ਪਾਏ ਯੋਗਦਾਨ ਦੀ ਤਨਖ਼ਾਹ ਅਥਵਾ ਮੁਆਵਜ਼ਾ ਚਾਹਿਆ ਸੀ, ਸਿਵਾਏ ਉਨ੍ਹਾਂ ਦੇ ਜੱਥੇਦਾਰ ਭਾਈ ਦਾਨ ਸਿੰਘ ਦੇ, ਜਿਸ ਨੇ ਗੁਰੂ ਜੀ ਤੋਂ ਸਿੱਖੀ ਦੀ ਯਾਚਨਾ ਕੀਤੀ ਸੀ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਪਾਨ ਕਰਾ ਕੇ ਸਿੰਘ ਸਜਾਇਆ। ਬਰਾੜ ਸੈਨਿਕਾਂ ਨੂੰ ਤਨਖ਼ਾਹ ਵੰਡਣ ਤੋਂ ਬਾਦ ਜੋ ਰਕਮ ਬਚੀ, ਉਸ ਨੂੰ ਗੁਰੂ ਜੀ ਨੇ ਉਥੇ ਹੀ ਦਬ ਦਿੱਤਾ। ਗੁਰੂ ਜੀ ਦੇ ਪ੍ਰਸਥਾਨ ਤੋਂ ਬਾਦ ਬਰਾੜਾਂ ਨੇ ਉਸ ਨੂੰ ਲੱਭਣ ਦਾ ਯਤਨ ਕੀਤਾ ਪਰ ਨਿਰਾਸ਼ ਹੀ ਰਹੇ। ਉਸ ਰਕਮ ਦੇ ਗੁਪਤ ਰਹਿਣ ਕਾਰਣ ਇਸ ਗੁਰੂ-ਧਾਮ ਦਾ ਨਾਂ 'ਗੁਪਤਸਰ' ਪ੍ਰਚਲਿਤ ਹੋਇਆ।

ਰਵਾਇਤ ਅਨੁਸਾਰ ਉਥੇ ਇਕ ਟਿੱਬੇ ਉਤੇ ਰਹਿਣ ਵਾਲੇ ਇਬਰਾਹੀਮ ਨਾਂ ਦੇ ਫ਼ਕੀਰ ਨੇ ਵੀ ਗੁਰੂ ਜੀ ਤੋਂ ਅੰਮ੍ਰਿਤ ਛਕਿਆ। ਉਸ ਦਾ ਨਾਂ ਅਜਮੇਰ ਸਿੰਘ ਰਖਿਆ ਗਿਆ। ਇਸ ਗੁਰੂ-ਧਾਮ ਦੀ ਪ੍ਰਭਾਵਸ਼ਾਲੀ ਇਮਾਰਤ ਦੀ ਉਸਾਰੀ ਦਾ ਕੰਮ ਸੰਨ 1970 ਈ. ਵਿਚ ਸ਼ੁਰੂ ਕੀਤਾ ਗਿਆ। ਇਸ ਧਾਮ ਨਾਲ ਸਰੋਵਰ ਵੀ ਬਣਿਆ ਹੋਇਆ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਛਨਿਚਰ/ਛਨਿਛਰ** : ਨੌਂ ਗ੍ਰਹਿਆਂ ਅਥਵਾ ਨਛੱਤ੍ਰਾਂ ਵਿਚੋਂ ਸੱਤਵਾਂ ਬਹੁਚਰਚਿਤ ਗ੍ਰਹ ਜਿਸ ਨੂੰ 'ਸ਼ਨੀ', 'ਛਨਿਚਰ', 'ਛਨਿਛਰ' (ਸ਼ਨੈਸ਼੍ਚਰ—ਭਾਵ ਹੌਲੀ ਹੌਲੀ ਚਲਣ ਵਾਲਾ) ਕਿਹਾ ਜਾਂਦਾ ਹੈ। ਇਸ ਬਾਰੇ ਧਾਰਣਾ ਹੈ ਕਿ ਇਸ ਦਾ ਰੰਗ ਕਾਲਾ ਹੈ ਅਤੇ ਇਸ ਦੇ ਬਸਤ੍ਰ ਵੀ ਕਾਲੇ ਰੰਗ ਦੇ ਹਨ। ਇਹ ਬਹੁਤ ਚਮਕੀਲਾ ਹੈ। ਇਕ ਰਵਾਇਤ ਅਨੁਸਾਰ ਇਹ ਸੂਰਜ ਦਾ ਪੁੱਤਰ ਹੈ ਜੋ ਛਾਯਾ ਦੀ ਕੁੱਖੋਂ ਪੈਦਾ ਹੋਇਆ ਸੀ। ਇਸ ਲਈ ਇਸ ਦਾ ਇਕ ਨਾਮਾਂਤਰ 'ਸ਼ੌਰ' ਪ੍ਰਚਲਿਤ ਹੋਇਆ। ਦੂਜੀ ਰਵਾਇਤ ਅਨੁਸਾਰ ਇਸ ਨੂੰ ਬਲਰਾਮ ਅਤੇ ਰੇਵਤੀ ਦਾ ਪੁੱਤਰ ਮੰਨਿਆ ਜਾਂਦਾ ਹੈ। ਇਸ ਨੂੰ ਦੇਵਤਿਆਂ ਵਿਚ ਵੀ ਗਿਣਿਆ ਜਾਂਦਾ ਹੈ।

ਇਸ ਨੂੰ ਅਸ਼ੁਭ ਗ੍ਰਹ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਪ੍ਰਭਾਵ ਬਹੁਤ ਭੈੜਾ ਹੈ। ਇਹੀ ਕਾਰਣ ਹੈ ਕਿ ਇਸ ਨੂੰ ਕ੍ਰੂਰਲੋਚਨ ਜਾਂ ਕ੍ਰੂਰਦ੍ਰਿਸ਼ (ਭੈੜੀ ਦ੍ਰਿਸ਼ਟੀ ਵਾਲਾ) ਵੀ ਕਿਹਾ ਜਾਂਦਾ ਹੈ। 'ਸ਼ਿਵ-ਪੁਰਾਣ' (ਪੂਰਵਾਰਧ/4) ਵਿਚ ਲਿਖਿਆ ਹੈ ਗਿਰਜਾ (ਪਾਰਬਤੀ) ਦੇ ਬਾਲਕ (ਗਣੇਸ਼) ਨੂੰ ਵੇਖਣ ਲਈ ਸਾਰੇ ਦੇਵਤੇ ਪਹੁੰਚੇ। ਉਨ੍ਹਾਂ ਵਿਚ ਸ਼ਾਮਲ ਛਨਿਚਰ (ਸ਼ਨੀ) ਬਾਲਕ ਨੂੰ ਪੂਰੀਆਂ ਅੱਖਾਂ ਖੋਲ੍ਹ ਕੇ ਨਹੀਂ ਵੇਖ ਰਿਹਾ ਸੀ। ਜਦੋਂ ਗਿਰਜਾ ਨੇ ਇਸ ਦਾ ਕਾਰਣ ਪੁਛਿਆ ਤਾਂ ਇਸ ਨੇ ਦਸਿਆ — "ਪੂਰਵਕਾਲ ਵਿਚ ਮੈਂ ਸ਼ਿਵ ਦੀ ਆਰਾਧਨਾ ਵਿਚ ਮਗਨ ਸਾਂ। ਕਾਮ-ਪੀੜਿਤ ਮੇਰੀ ਪਤਨੀ ਨੇ ਮੈਨੂੰ ਵਾਰ ਵਾਰ ਬੁਲਾਇਆ, ਪਰ ਮੈਂ ਆਰਾਧਨਾ ਵਿਚ ਜੁੜਿਆ ਰਿਹਾ। ਖਿਝ ਕੇ ਮੇਰੀ ਪਤਨੀ ਨੇ ਮੈਨੂੰ ਸਰਾਪ ਦਿੱਤਾ ਕਿ 'ਮੈਂ ਜਿਸ ਨੂੰ ਵੀ ਅੱਖ ਖੋਲ੍ਹ ਕੇ ਵੇਖਾਂਗਾ ਉਹ ਨਸ਼ਟ ਹੋ ਜਾਏਗਾ।" ਗਿਰਜਾ ਨੇ ਕਿਹਾ— "ਕੁਝ ਨਹੀਂ ਹੁੰਦਾ, ਤੂੰ ਬਾਲਕ ਵਲ ਵੇਖ।" ਸ਼ਨੀ ਨੇ ਅੱਖਾਂ ਖੋਲ੍ਹ ਕੇ ਬਾਲਕ ਵਲ ਤਕਿਆ ਤਾਂ ਉਸ ਦਾ ਸਿਰ ਗਾਇਬ ਹੋ ਗਿਆ। ਗਿਰਜਾ

ਬੇਹੋਸ਼ ਹੋ ਗਈ। ਦੇਵਤਿਆਂ ਦੀ ਪ੍ਰੇਰਣਾ 'ਤੇ ਵਿਸ਼ਣੂ ਨੇ ਇਕ ਹਾਥੀ ਦਾ ਸਿਰ ਕਟ ਕੇ ਬਾਲਕ ਦੀ ਗਰਦਨ ਉਤੇ ਲਗਾ ਦਿੱਤਾ ਅਤੇ ਸ਼ਿਵ ਨੇ ਉਸ ਵਿਚ ਪ੍ਰਾਣ ਫੂਕ ਦਿੱਤੇ।

ਇਸ ਗ੍ਰਹ ਤੋਂ ਪ੍ਰਭਾਵਿਤ ਹੋ ਕੇ ਹੀ ਸ਼ਨੀਵਾਰ, ਛਨਿਛਰਵਾਰਿ ਦੀ ਕਲਪਨਾ ਹੋਈ ਹੈ। ਇਸ ਵਾਰ ਅਥਵਾ ਦਿਨ ਨੂੰ ਭਾਰਾ ਜਾਂ ਅਸ਼ੁਭ ਸਮਝੇ ਜਾਣ ਕਾਰਣ ਅਕਸਰ ਪੰਡਿਤਾਂ ਤੋਂ ਸ਼ਗਨ-ਸ਼ਾਸਤ੍ਰ ਸੰਬੰਧੀ ਪੁਛਿਆ ਜਾਂਦਾ ਹੈ। ਪਰ ਗੁਰੂ ਅਮਰਦਾਸ ਜੀ ਨੇ 'ਵਾਰ 7' ਵਿਚ ਅਜਿਹੀਆਂ ਪੁਛਾਂ ਕਰਵਾਉਣਾ ਕੇਵਲ ਭਰਮਾਂ ਵਿਚ ਉਲਝਣਾ ਦਸਿਆ ਹੈ। ਗੁਰੂ ਦੀ ਕ੍ਰਿਪਾ ਹੋਣ ਨਾਲ ਸਥਾਈ ਸੁਖ ਦੀ ਅਵਸਥਾ ਬਣੀ ਰਹਿੰਦੀ ਹੈ। ਇਸ ਲਈ ਸਚੀ ਕਰਣੀ ਅਤੇ ਸਤਿਸਰੂਪ ਪਰਮਾਤਮਾ ਦੇ ਨਾਮ ਵਿਚ ਪੂਰੀ ਤਰ੍ਹਾਂ ਲਿਵ ਲਗਾਉਣੀ ਹੀ ਲੋੜੀਂਦੀ ਹੈ— *ਛਨਿਛਰਵਾਰਿ ਸਉਣ ਸਾਸਤ ਬੀਚਾਰੁ। ਹਉਮੈ ਮੇਰਾ ਭਰਮੈ ਸੰਸਾਰੁ।... ਗੁਰ ਪਰਸਾਦੀ ਸਦਾ ਸੁਖੁ ਪਾਏ। ਸਚੁ ਕਰਣੀ ਸਾਚਿ ਲਿਵ ਲਾਏ।* (ਗੁ.ਗ੍ਰੰ.841)। ਸਪੱਸ਼ਟ ਹੈ ਕਿ ਸਿੱਖ ਮਤ ਵਿਚ ਛਨਿਚਰ (ਸ਼ਨੀ ਗ੍ਰਹ) ਦੇ ਕੁਪ੍ਰਭਾਵ ਦਾ ਭਰਮ ਪਾਲਣ ਦੀ ਕੋਈ ਮਾਨਤਾ ਨਹੀਂ ਹੈ।

**ਛਾਪਰੀ** (ਪਿੰਡ) : ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਗੋਇੰਦਵਾਲ ਨਗਰ ਤੋਂ 8 ਕਿ.ਮੀ. ਪੱਛਮ ਵਲ ਸਥਿਤ ਇਕ ਪਿੰਡ, ਜਿਥੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਬਿਰਾਜੇ ਸਨ। ਮੂਲ ਰੂਪ ਵਿਚ ਇਸ ਪਿੰਡ ਦਾ ਨਾਂ 'ਖ਼ਾਨਪੁਰ' ਸੀ ਜਿਸ ਦਾ ਥੇਹ ਹੁਣ ਵੀ ਮੌਜੂਦ ਹੈ। ਕਹਿੰਦੇ ਹਨ ਕਿ ਇਕ ਵਾਰ ਪਿੰਡ ਵਿਚ ਸੋਕੇ ਕਾਰਣ ਕਾਲ ਪੈ ਗਿਆ। ਉਥੋਂ ਦੇ ਇਕ ਜੋਗੀ ਨੇ ਦਸਿਆ ਕਿ ਲੋਕਾਂ ਵਲੋਂ ਗੁਰੂ ਅੰਗਦ ਜੀ ਨਾਂ ਦੇ ਖਤ੍ਰੀ ਪ੍ਰਤਿ ਦਰਸਾਈ ਸ਼ਰਧਾ ਹੀ ਕਾਲ ਪੈਣ ਦਾ ਕਾਰਣ ਹੈ। ਜੋਗੀ ਦੇ ਕਹਿਣ 'ਤੇ ਲੋਕਾਂ ਵਲੋਂ ਗੁਰੂ ਅੰਗਦ ਦੇਵ ਜੀ ਪ੍ਰਤਿ ਅਸ਼ਰਧਾ ਦਿਖਾਉਣ ਦੇ ਬਾਵਜੂਦ ਜਦ ਬਾਰਸ਼ ਨ ਹੋਈ ਤਾਂ ਉਨ੍ਹਾਂ ਨੇ ਜੋਗੀ ਨੂੰ ਪਿੰਡੋਂ ਭਜਾ ਦਿੱਤਾ ਅਤੇ ਗੁਰੂ ਸਾਹਿਬ ਦੇ ਅਦੁੱਤੀ ਸੇਵਕ (ਗੁਰੂ) ਅਮਰਦਾਸ ਜੀ ਦੇ ਕਹੇ ਤੇ ਗੁਰੂ ਜੀ ਪਾਸੋਂ ਖਿਮਾ ਯਾਚਨਾ ਕਰਕੇ ਆਪਣੇ ਪਿੰਡ ਵਿਚ ਚਰਣ ਪਵਾਏ, ਤਾਂ ਬਾਰਸ਼ ਹੋਣ ਲਗ ਗਈ।

ਉਕਤ ਘਟਨਾ ਤੋਂ ਇਲਾਵਾ ਇਕ ਵਾਰ ਗੁਰੂ ਅਰਜਨ ਦੇਵ ਜੀ ਆਪਣੇ ਕੁਝ ਸੇਵਕਾਂ ਸਹਿਤ ਇਸ ਖੇਤਰ ਵਿਚ ਵਿਚਰ ਰਹੇ ਸਨ ਤਾਂ ਜ਼ੋਰ ਦੀ ਹਨੇਰੀ ਆ ਗਈ ਅਤੇ ਬਾਰਸ਼ ਵੀ ਹੋਣ ਲਗ ਗਈ। ਉਸ ਵੇਲੇ ਭਾਈ ਹੇਮਾ ਨੇ ਖ਼ਾਨਪੁਰ ਤੋਂ ਬਾਹਰ ਬਣੀ ਆਪਣੀ ਛੱਪਰੀ ਵਿਚ ਗੁਰੂ ਸਾਹਿਬ ਨੂੰ ਓਟ ਦਿੱਤੀ। ਗੁਰੂ ਜੀ ਨੇ ਉਸ ਵੇਲੇ ਸੂਹੀ ਰਾਗ ਵਿਚ ਸ਼ਬਦ ਗਾਇਆ—*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।*(ਗੁ.ਗ੍ਰੰ.745)। ਉਸ ਦਿਨ ਤੋਂ ਉਹ ਛਾਪਰੀ (ਛਪਰੀ) ਗੁਰੂ ਜੀ ਦੀ ਠਹਿਰ ਦਾ ਸਮਾਰਕ ਬਣ ਗਈ ਅਤੇ ਲੋਕਾਂ ਦੀ ਅਧਿਕ ਸ਼ਰਧਾ ਕਾਰਣ ਪਿੰਡ ਦਾ ਨਾਂ ਪਹਿਲਾਂ ਖ਼ਾਨਪੁਰ-ਛਾਪਰੀ ਪ੍ਰਚਲਿਤ ਹੋਇਆ, ਫਿਰ ਖ਼ਾਨ-ਛਾਪਰੀ ਅਤੇ ਫਿਰ ਸਰਲੀਕਰਣ ਦੀ ਲੋਕ ਰੁਚੀ ਅਧੀਨ ਕੇਵਲ 'ਛਾਪਰੀ' ਪ੍ਰਸਿੱਧ ਹੋ ਗਿਆ। ਮਾਲਵਾ ਖੇਤਰ ਵਿਚ ਧਰਮ- ਪ੍ਰਚਾਰ ਲਈ ਜਾਂਦਿਆਂ ਗੁਰੂ ਹਰਿਗੋਬਿੰਦ ਜੀ ਵੀ ਇਥੇ ਠਹਿਰੇ ਸਨ। ਹੁਣ ਇਥੇ ਸੁੰਦਰ ਇਮਾਰਤ ਬਣੀ ਹੋਈ ਹੈ ਅਤੇ ਇਹ ਸਮਾਰਕ 'ਗੁਰਦੁਆਰਾ ਛਾਪਰੀ ਸਾਹਿਬ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਇਕ ਸਥਾਨਕ ਕਮੇਟੀ ਕਰਦੀ ਹੈ।

**ਛੇਹਰਟਾ ਸਾਹਿਬ** : ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਧਰਮ-ਧਾਮ ਜਿਸ ਦਾ ਸੰਬੰਧ ਗੁਰੂ ਅਰਜਨ ਦੇਵ ਜੀ ਨਾਲ ਹੈ। ਗੁਰੂ ਅਰਜਨ ਦੇਵ ਜੀ ਨੇ ਵਡਾਲੀ ਪਿੰਡ ਨੇੜੇ ਇਕ ਵੱਡਾ ਖੂਹ ਪੁਟਵਾਇਆ ਤਾਂ ਜੋ ਲੋਕਾਂ ਨੂੰ ਪੀਣ ਦੇ ਪਾਣੀ ਦੀ ਸਹੂਲਤ ਹੋ ਸਕੇ। ਇਸ ਖੂਹ ਉਤੇ ਛੇ ਹਰਟ ਚਲਦੇ ਸਨ। ਛੇ ਹਰਟਾਂ ਦੇ ਚਲਣ ਕਾਰਣ ਇਸ ਖੂਹ ਨੂੰ 'ਛੇਹਰਟਾ' ਕਿਹਾ ਜਾਣ ਲਗਾ। ਕਾਲਾਂਤਰ ਵਿਚ ਇਥੇ ਗੁਰੂ ਸਾਹਿਬ ਦੀ ਯਾਦ ਵਿਚ ਬਣੇ ਗੁਰੂ-ਧਾਮ ਅਤੇ ਵਸੋਂ ਨੂੰ ਵੀ 'ਛੇਹਰਟਾ' ਨਾਂ ਦਿੱਤਾ ਜਾਣ ਲਗਾ। ਇਥੇ ਹਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ ਨੂੰ ਬਹੁਤ ਸੰਗਤ ਜੁੜਦੀ ਹੈ, ਪਰ ਮਾਘ ਸੁਦੀ ਪੰਚਮੀ ਦੀ ਬਹੁਤ ਮਾਨਤਾ ਕਾਰਣ ਉਸ ਦਿਨ ਇਥੇ ਬਹੁਤ ਭਾਰੀ ਮੇਲਾ ਲਗਦਾ ਹੈ ਜਿਸ ਵਿਚ ਸ਼ਾਮਲ ਹੋਣ ਲਈ ਦੂਰ ਦੂਰ ਤੋਂ ਲੋਕੀਂ ਅਤੇ ਸ਼ਰਧਾਲੂ ਆਉਂਦੇ ਹਨ। ਇਕ ਮਾਨਤਾ ਅਨੁਸਾਰ ਛੇ ਹਰਟਾਂ ਵਾਲਾ ਖੂਹ ਪੁਟਵਾਉਣ ਪਿਛੇ (ਗੁਰੂ) ਹਰਿਗੋਬਿੰਦ ਦੇ ਜਨਮ ਦਾ ਪਿਛੋਕੜ ਵੀ ਕੰਮ ਕਰ ਰਿਹਾ ਹੈ ਕਿਉਂਕਿ ਇਸੇ ਬਾਲਕ ਨੇ ਛੇਵੇਂ ਗੁਰੂ ਵਜੋਂ ਸੁਸ਼ੋਭਿਤ ਹੋਣਾ ਸੀ।

ਇਸ ਗੁਰਦੁਆਰੇ ਦੀ ਇਮਾਰਤ ਵਿਚ ਸਮੇਂ ਸਮੇਂ ਵਾਧਾ ਹੁੰਦਾ ਰਿਹਾ ਹੈ। ਸੁੰਦਰ ਸਰੋਵਰ ਵੀ ਬਣਿਆ ਹੋਇਆ

ਹੈ। ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ 'ਵਡਾਲੀ ਗੁਰੂ ਕੀ' (ਵੇਖੋ) ਵਾਲੀ ਕਮੇਟੀ ਹੀ ਕਰਦੀ ਹੈ।

**ਛੇਕਣਾ** (ਪੰਥ ਤੋਂ) : ਇਸ ਤੋਂ ਭਾਵ ਹੈ ਪੰਥ ਤੋਂ ਬਾਹਿਰ ਕਢਣਾ ਜਾਂ ਹਰ ਪ੍ਰਕਾਰ ਦੇ ਮੇਲ-ਜੋਲ ਤੋਂ ਵੰਚਿਤ ਕਰਨਾ। ਸਿੱਖ ਜਗਤ ਵਿਚ ਇਹ ਸਭ ਤੋਂ ਵਧ ਮਾੜੀ ਸਜ਼ਾ ਹੈ। ਕਿਸੇ ਗੰਭੀਰ ਗ਼ਲਤੀ ਕਾਰਣ ਹੀ ਇਹ ਦਿੱਤੀ ਜਾਂਦੀ ਹੈ, ਜਿਵੇਂ ਧਾਰਮਿਕ ਸਿੱਧਾਂਤਾਂ ਦੀ ਅਵਗਿਆ, ਪੰਥਕ ਹਿਤਾਂ ਨੂੰ ਹਾਨੀ ਪਹੁੰਚਾਉਣ ਵਾਲੇ ਕੰਮ, ਧਰਮ-ਗ੍ਰੰਥਾਂ ਦੀ ਬੇਅਦਬੀ ਆਦਿ। ਇਸ ਪ੍ਰਕਾਰ ਦੀ ਕੁਰਹਿਤ ਕਰਨ ਵਾਲੇ ਨੂੰ ਉਸੇ ਤਰ੍ਹਾਂ ਸਿੱਖ ਸਮਾਜ ਵਿਚੋਂ ਕਢ ਦਿੱਤਾ ਜਾਂਦਾ ਹੈ ਜਿਵੇਂ ਕਿਸੇ ਰਾਜਨੈਤਿਕ ਦਲ ਤੋਂ ਉਸ ਪਾਰਟੀ ਦੇ ਹਿਤਾਂ ਦੇ ਵਿਰੁੱਧ ਕੰਮ ਕਰਨ ਵਾਲੇ ਕਿਸੇ ਕਾਰਜ-ਕਰਤਾ ਨੂੰ। ਛੇਕੇ ਹੋਏ ਵਿਅਕਤੀ ਨਾਲ ਕਿਸੇ ਪ੍ਰਕਾਰ ਦਾ ਸੰਬੰਧ ਜਾਂ ਸੰਪਰਕ ਰਖਣ ਦੀ ਪੰਥਕ ਆਗਿਆ ਨਹੀਂ ਹੁੰਦੀ। ਇਸ ਪ੍ਰਕਾਰ ਦੇ ਛੇਕੇ ਹੋਏ ਨੂੰ ਸੰਗਤ-ਪੰਗਤ ਵਿਚ ਪੰਥਕ ਸੱਤਾ ਵਲੋਂ ਲਗੀ ਸਜ਼ਾ ਭੁਗਤਣ ਤੋਂ ਬਾਦ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਫਿਰ ਵੀ ਇਸ ਨੂੰ ਦੂਜੇ ਸਿੱਖਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਇਸ ਲਈ ਇਸ ਨੂੰ 'ਗੰਢਲਾ ਸਿੱਖ' ਸ਼ਬਦ ਨਾਲ ਵਿਸ਼ਿਸ਼ਟ ਕੀਤਾ ਜਾਂਦਾ ਹੈ।

**ਛੋਟਾ ਘੱਲੂਘਾਰਾ** : ਵੇਖੋ 'ਘੱਲੂਘਾਰਾ ਛੋਟਾ'।

**ਛੋਟਾ ਨਨਕਾਣਾ** (ਗੁਰੂ-ਧਾਮ) : ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਕ ਗੁਰੂ-ਧਾਮ ਜੋ 'ਸੀਓਕੇ' ਨਾਮਕ ਪਿੰਡ ਵਿਚ ਹੈ। ਵੇਖੋ 'ਸੀਓਕੇ'।

**ਛੋਟਾ ਮਾਰਵਾ** (ਪਿੰਡ) : ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਦਾ ਇਕ ਪਿੰਡ ਜੋ ਬਿਲਾਸਪੁਰ ਕਸਬੇ ਦੇ ਨੇੜੇ ਹੈ। ਜਦੋਂ ਸੰਨ 1688 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਕਪਾਲ ਮੋਚਨ ਠਹਿਰੇ ਹੋਏ ਸਨ, ਤਾਂ ਇਕ ਦਿਨ ਸ਼ਿਕਾਰ ਖੇਡਦੇ ਇਸ ਪਿੰਡ ਕੋਲੋਂ ਲੰਘੇ, ਉਦੋਂ ਗੁਰੂ ਜੀ ਦਾ 'ਗੋਲਾ' ਨਾਂ ਦਾ ਬਾਜ਼ ਉਡ ਕੇ ਇਕ ਨੇੜਲੇ ਬ੍ਰਿਛ ਉਤੇ ਜਾ ਬੈਠਾ। ਕੁਝ ਸਿੰਘਾਂ ਨੇ ਉਸ ਨੂੰ ਹੇਠਾਂ ਆਉਣ ਲਈ ਆਪਣੀ ਵਿਧੀ ਨਾਲ ਬਹੁਤ ਪ੍ਰੇਰਿਆ ਪਰ ਉਹ ਹੇਠਾਂ ਨ ਉਤਰਿਆ। ਅੰਤ ਵਿਚ ਗੁਰੂ ਜੀ ਨੇ ਉਸ ਨੂੰ 'ਗੋਲਾ ਭੋਲਾ' ਕਹਿ ਕੇ ਪ੍ਰੇਰਿਤ ਕੀਤਾ ਅਤੇ ਉਹ ਤੁਰਤ ਗੁਰੂ ਜੀ ਦੇ ਹੱਥ ਉਤੇ ਆ ਬੈਠਾ। ਇਸ ਘਟਨਾ ਦੀ ਯਾਦ ਵਿਚ ਉਥੇ 'ਮੰਜੀ ਸਾਹਿਬ' ਸਮਾਰਕ ਬਣਾਇਆ ਗਿਆ। ਸੰਨ 1970 ਈ. ਤੋਂ ਬਾਦ ਦੀਵਾਨ ਹਾਲ ਵੀ ਬਣਵਾਇਆ ਗਿਆ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਦਿਵਸ ਉਤੇ ਬਹੁਤ ਸੰਗਤ ਜੁੜਦੀ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਉਥੋਂ ਦੀ ਸੰਗਤ ਕਰਦੀ ਹੈ। ਇਸ ਨੂੰ 'ਗੁਰਦੁਆਰਾ ਗੋਲਪੁਰ ਸਾਹਿਬ' ਨਾਂ ਨਾਲ ਵੀ ਜਾਣਿਆ ਜਾਂਦਾ ਹੈ।

**ਛੋਟਾ ਮਿਰਜ਼ਾਪੁਰ** (ਪਿੰਡ) : ਉਤਰ ਪ੍ਰਦੇਸ਼ ਦੇ ਮਿਰਜ਼ਾਪੁਰ ਜ਼ਿਲ੍ਹੇ ਦਾ ਇਕ ਪੁਰਾਤਨ ਪਿੰਡ ਜੋ ਬਨਾਰਸ ਤੋਂ ਦੱਖਣ ਦਿਸ਼ਾ ਵਲ 18 ਕਿ.ਮੀ. ਦੀ ਵਿਥ ਉਤੇ ਸਥਿਤ ਹੈ। ਬਾਲਕ ਗੋਬਿੰਦ ਰਾਇ ਜੀ ਨੂੰ ਪਟਨੇ ਤੋਂ ਪੰਜਾਬ ਲਿਆਉਣ ਵਾਲੀ ਸੰਗਤ ਕੁਝ ਸਮੇਂ ਲਈ ਇਸ ਪਿੰਡ ਵਿਚ ਰੁਕੀ ਸੀ। ਸੰਗਤ ਦੇ ਰੁਕਣ ਵਾਲੀ ਥਾਂ 'ਤੇ ਬਾਦ ਵਿਚ ਕਿਸੇ ਉਦਾਸੀ ਸਾਧ ਨੇ ਸਮਾਰਕ ਬਣਾਇਆ, ਜਿਸ ਦਾ ਨਾਂ ਮਹਾਨਕੋਸ਼ਕਾਰ ਅਨੁਸਾਰ 'ਗੁਰੂ ਕਾ ਬਾਗ਼' ਪ੍ਰਚਲਿਤ ਹੋਇਆ। ਪਰ ਗੁਰੂ-ਧਾਮ ਦੀ ਨਵੀਂ ਬਣੀ ਇਮਾਰਤ ਦਾ ਨਾਂ 'ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨੌਵੀਂ ਪਾਤਿਸ਼ਾਹੀ' ਹੈ, ਕਿਉਂਕਿ ਉਦੋਂ ਉਥੇ ਆਈ ਸੰਗਤ ਦਾ ਸੰਬੰਧ ਨੌਵੇਂ ਗੁਰੂ ਸਾਹਿਬ ਨਾਲ ਸੀ। ਇਸ ਗੁਰੂ-ਧਾਮ ਦੀ ਵਿਵਸਥਾ ਇਕ ਸਥਾਨਕ ਸਿੱਖ ਪਰਿਵਾਰ ਹੀ ਕਰਦਾ ਹੈ।

**ਛੰਤ** : ਇਹ ਸੰਸਕ੍ਰਿਤ ਦੇ 'ਛੰਦਸ੍' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਤਤਪਰਜ ਹੈ ਮਾਤ੍ਰਾ, ਵਰਣ, ਯਤੀ ਆਦਿ ਦੇ ਨਿਯਮਾਂ ਨਾਲ ਯੁਕਤ ਵਾਕ। ਲੋਕ-ਜੀਵਨ ਵਿਚ ਇਸ ਦੀ ਵਰਤੋਂ ਉਨ੍ਹਾਂ ਲੋਕ-ਗੀਤਾਂ ਲਈ ਹੁੰਦੀ ਹੈ ਜੋ ਵਿਆਹ ਦੇ ਮੌਕੇ ਉਤੇ ਲਾੜ੍ਹਾ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ। ਇਸ ਤੱਥ ਦੇ ਪ੍ਰਕਾਸ਼ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੀ 'ਛੰਤ' ਬਾਣੀ ਦੇ ਗੰਭੀਰ ਅਧਿਐਨ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ 'ਛੰਤ' ਸਿਰਲੇਖ ਆਮ ਤੌਰ 'ਤੇ ਉਨ੍ਹਾਂ ਮਾਂਗਲਿਕ ਪਦਿਆਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕਾ ਦੇ ਬਿਰਹੋਂ ਦੇ ਅਨੁਭਵ, ਸੰਜੋਗ ਦੀ ਅਭਿਲਾਸ਼ਾ, ਪ੍ਰੀਤਮ ਦੀ ਉਡੀਕ ਅਤੇ

ਕਦੇ ਕਦੇ ਪ੍ਰਾਪਤ ਹੋਏ ਸੰਯੋਗ-ਸੁਖ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਛੰਤਾਂ ਵਿਚੋਂ ਅਧਿਕਾਂਸ਼ ਚਾਰ ਪਦਿਆਂ ਦੇ ਸਮੁੱਚ ਹਨ, ਕਿਤੇ ਕਿਤੇ ਚਾਰ ਤੋਂ ਅਧਿਕ ਪਦੇ ਵੀ ਇਕ ਛੰਤ-ਸਮੁੱਚ ਵਿਚ ਸ਼ਾਮਲ ਕੀਤੇ ਮਿਲਦੇ ਹਨ। ਇਸ ਲਈ ਛੰਤ ਵਾਸਤੇ ਪਦਿਆਂ ਦੀ ਕੋਈ ਖ਼ਾਸ ਗਿਣਤੀ ਨਿਸਚਿਤ ਨਹੀਂ, ਨ ਹੀ ਇਸ ਦੇ ਨਾਂ ਵਿਚ ਕੋਈ ਗਿਣਤੀ ਸੂਚਕ ਸੰਕੇਤ ਹੈ। ਆਮ ਤੌਰ 'ਤੇ ਛੰਦ ਦੇ ਹਰ ਇਕ ਪਦੇ ਵਿਚ ਛੇ ਤੁਕਾਂ ਰਹਿੰਦੀਆਂ ਹਨ। ਪਰ ਤੁਕਾਂ ਦੀ ਗਿਣਤੀ ਵਧ-ਘਟ ਵੀ ਮਿਲਦੀ ਹੈ। ਤੁਖਾਰੀ ਰਾਗ ਵਿਚ ਦਰਜ 'ਬਾਰਹਮਾਹ' ਨੂੰ 'ਛੰਤ' ਸਿਰਲੇਖ ਦਿੱਤਾ ਗਿਆ ਹੈ। ਉਸ ਵਿਚ ਛੇ ਛੇ ਤੁਕਾਂ ਦੇ 17 ਪਦੇ ਹਨ। ਇਨ੍ਹਾਂ ਛੰਤਾਂ ਵਿਚ ਲੋਕ-ਗੀਤਾਂ ਦੀ ਪਰੰਪਰਾ ਵਿਚ ਕੁਝ ਸ਼ਬਦਾਂ ਜਾਂ ਤੁਕਾਂਸ਼ਾਂ ਦੀ ਪੁਨਰਾਵ੍ਰਿਤੀ ਵੀ ਹੋਈ ਹੈ। ਆਸਾ ਰਾਗ ਵਿਚ ਦਰਜ ਗੁਰੂ ਰਾਮਦਾਸ ਜੀ ਦੇ ਲਿਖੇ 'ਛਕੇ ਛੰਤ' (ਵੇਖੋ) ਬਹੁਤ ਪ੍ਰਸਿੱਧ ਹਨ। ਉਨ੍ਹਾਂ ਨੂੰ 'ਆਸਾ ਕੀ ਵਾਰ' ਨਾਲ ਗਾਇਆ ਜਾਂਦਾ ਹੈ।

# ਜ

**ਜਸਪਤ ਰਾਏ, ਦੀਵਾਨ** (ਮ. 1746 ਈ.) : ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਨਾਂ ਦੇ ਕਸਬੇ ਦਾ ਰਹਿਣ ਵਾਲਾ ਇਕ ਜਾਗੀਰਦਾਰ ਜੋ ਦੀਵਾਨ ਲਖਪਤ ਰਾਏ ਦਾ ਭਰਾ ਅਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦਾ ਇਕ ਮੁੱਖ ਅਹਿਲਕਾਰ ਸੀ। ਇਸ ਨੂੰ ਪਹਿਲਾਂ ਜਲੰਧਰ ਵਿਚ ਅਤੇ ਫਿਰ ਏਮਨਾਬਾਦ ਦਾ ਫ਼ੌਜਦਾਰ ਸਥਾਪਿਤ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਖ਼ਤਮ ਕਰਨ ਦਾ ਕੰਮ ਇਸ ਨੂੰ ਸੌਂਪਿਆ। ਇਸ ਨੇ ਸਿੱਖਾਂ ਦਾ ਪਿੰਡ ਪਿੰਡ ਪਿਛਾ ਕਰਕੇ ਉਨ੍ਹਾਂ ਨੂੰ ਵਡੀ ਗਿਣਤੀ ਵਿਚ ਮਾਰਿਆ ਅਤੇ ਜ਼ਕਰੀਆ ਖ਼ਾਨ ਤੋਂ ਇਨਾਮ ਹਾਸਲ ਕੀਤੇ। ਇਕ ਵਾਰ ਸੰਨ 1746 ਈ. ਵਿਚ ਇਸ ਦੀ ਸਿੱਖਾਂ ਦੇ ਇਕ ਜੱਥੇ ਨਾਲ ਬਦੋਕੀ ਗੁਸਾਈਆਂ ਪਿੰਡ ਕੋਲ ਮੁੱਠ-ਭੇੜ ਹੋ ਗਈ। ਸਿੰਘਾਂ ਨੇ ਬੜੀ ਸੂਰਵੀਰਤਾ ਨਾਲ ਯੁੱਧ ਕੀਤਾ। ਉਸ ਭਿੜੰਤ ਵਿਚ ਨਿਬਾਹੂ ਸਿੰਘ ਨਾਂ ਦੇ ਇਕ ਰੰਘਰੇਟੇ ਸਿੱਖ ਨੇ ਇਸ ਦੇ ਹਾਥੀ ਉਪਰ ਚੜ੍ਹ ਕੇ ਸਿਰ ਵਢ ਲਿਆ ਅਤੇ ਸਿਰ ਨੂੰ ਹੱਥ ਵਿਚ ਪਕੜੇ ਹੋਇਆਂ ਛਾਲ ਮਾਰ ਕੇ ਆਪਣੇ ਦਸਤੇ ਵਿਚ ਜਾ ਮਿਲਿਆ। ਜਸਪਤ ਰਾਏ ਦੇ ਕੁਲ-ਗੁਰੂ ਬਾਬਾ ਕਿਰਪਾ ਰਾਮ ਗੁਸਾਂਈ ਨੇ ਸਿੱਖਾਂ ਨੂੰ ਪੰਜ ਸੌ ਰੁਪਏ ਦੇ ਕੇ ਸਿਰ ਵਾਪਸ ਲਿਆ ਅਤੇ ਸਸਕਾਰ ਕੀਤਾ। ਉਸ ਨੇ ਬਦੋਕੀ ਗੁਸਾਈਆਂ ਪਿੰਡ ਵਿਚ ਹੀ ਇਸ ਦੀ ਸਮਾਧ ਬਣਾਈ।

ਇਸ ਦੇ ਭਰਾ ਲਖਪਤ ਰਾਏ ਨੇ ਸਿੱਖਾਂ ਤੋਂ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਦੀ ਪ੍ਰਤਿਗਿਆ ਕੀਤੀ ਅਤੇ ਬੜੀ ਬੇਦਰਦੀ ਨਾਲ ਸਿੱਖਾਂ ਦਾ ਕਤਲ ਕਰਵਾਇਆ।

**ਜਸਵੰਤ ਸਿੰਘ** (1896-1964 ਈ.): ਇਹ ਸ. ਅਮਰ ਸਿੰਘ ਝਬਾਲ ਵਾਲੇ ਦਾ ਸਭ ਤੋਂ ਛੋਟਾ ਭਰਾ ਸੀ ਅਤੇ ਆਪਣੇ ਦੋਹਾਂ ਭਰਾਵਾਂ ਨਾਲ ਰਲ ਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਸੀ। ਇਸ ਦਾ ਜਨਮ ਸ. ਗੁਲਾਬ ਸਿੰਘ ਦੇ ਘਰ 17 ਜੂਨ 1896 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਝਬਾਲ ਪਿੰਡ ਵਿਚ ਹੋਇਆ। ਖ਼ਾਲਸਾ ਹਾਈ ਸਕੂਲ, ਲਾਹੌਰ ਤੋਂ ਸੰਨ 1916 ਈ. ਵਿਚ ਦਸਵੀਂ ਪਾਸ ਕਰਕੇ ਅਗੋਂ ਪੜ੍ਹਨ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲ ਹੋਇਆ, ਪਰ ਸੰਨ 1918 ਈ. ਵਿਚ ਪਿਤਾ ਦੀ ਮ੍ਰਿਤੂ ਤੋਂ ਬਾਦ ਇਹ ਪੜ੍ਹਾਈ ਵਿਚੇ ਛਡ ਕੇ ਪਿੰਡ ਆ ਗਿਆ। ਆਪਣੇ ਦੋ ਵਡਿਆਂ ਭਰਾਵਾਂ ਅਮਰ ਸਿੰਘ ਅਤੇ ਸਰਮੁਖ ਸਿੰਘ ਵਾਂਗ ਧਾਰਮਿਕ ਅਤੇ ਸਮਾਜਿਕ ਕੰਮਾਂ ਵਿਚ ਭਾਗ ਲੈਣ ਲਗ ਗਿਆ ਅਤੇ 23 ਵਰ੍ਹਿਆਂ ਦੀ ਉਮਰ ਵਿਚ ਪਿੰਡ ਦੀ ਸ੍ਰੀ ਗੁਰੂ ਸਿੰਘ ਸਭਾ ਦਾ ਪ੍ਰਧਾਨ ਬਣਿਆ। ਇਸ ਨੇ ਆਪਣੇ ਭਰਾਵਾਂ ਨਾਲ ਰਲ ਕੇ ਗੁਰਦੁਆਰਾ ਰਕਾਬਗੰਜ ਨਵੀਂ ਦਿੱਲੀ ਦੀ ਦੀਵਾਰ ਦੀ ਪੁਨਰ-ਉਸਾਰੀ, ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਦੇ ਪ੍ਰਬੰਧਕੀ ਸੁਧਾਰ ਅਤੇ ਦਰਬਾਰ ਸਾਹਿਬ ਦੇ ਸਰਕਾਰ ਦੁਆਰਾ ਨਿਯੁਕਤ ਸਰਬਰਾਹ ਨੂੰ ਹਟਾਉਣ ਦੀਆਂ ਕਾਰਵਾਈਆਂ ਵਿਚ ਯੋਗਦਾਨ ਪਾਇਆ।

ਸੰਨ 1920 ਈ. ਵਿਚ ਬਣੀ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਇਹ ਮੈਂਬਰ ਨਾਮਜ਼ਦ ਹੋਇਆ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਬਣਿਆ। 11 ਮਈ 1921 ਈ. ਨੂੰ ਨਨਕਾਣਾ ਸਾਹਿਬ ਦੇ ਦੁਖਾਂਤ ਸੰਬੰਧੀ ਤਰਨਤਾਰਨ ਵਿਚ

ਭਾਸ਼ਣ ਦੇਣ 'ਤੇ ਛੇ ਹਫ਼ਤਿਆਂ ਲਈ ਜੇਲ੍ਹ ਵਿਚ ਬੰਦ ਰਿਹਾ। 26 ਨਵੰਬਰ 1921 ਈ. ਨੂੰ ਦਰਬਾਰ ਸਾਹਿਬ ਦੇ ਤੋਸ਼ਾਖ਼ਾਨੇ ਦੀਆਂ ਚਾਬੀਆਂ ਲੈਣ ਲਈ ਲਗਾਏ ਗਏ ਮੋਰਚੇ ਸੰਬੰਧੀ ਅਜਨਾਲਾ ਨਗਰ ਵਿਚ ਇਕ ਦੀਵਾਨ ਆਯੋਜਿਤ ਕਰਨ ਲਈ ਪਕੜ ਲਿਆ ਗਿਆ। ਫਰਵਰੀ 1922 ਈ.ਵਿਚ ਇਸ ਨੂੰ ਇਕ ਵਿਦਰੋਹੀ ਸੁਰ ਵਾਲਾ ਭਾਸ਼ਣ ਦੇਣ ਕਾਰਣ ਪਕੜ ਲਿਆ ਗਿਆ ਅਤੇ ਸਜ਼ਾ ਭੁਗਤਣ ਲਈ ਡੇਰਾ ਗ਼ਾਜ਼ੀਖ਼ਾਨ ਦੀ ਜੇਲ੍ਹ ਵਿਚ ਭੇਜਿਆ ਗਿਆ। ਉਥੇ ਕਾਲੀ ਪਗੜੀ ਬੰਨ੍ਹਣ ਕਰਕੇ ਇਸ ਦੀ ਸਜ਼ਾ ਵਿਚ ਵਾਧਾ ਹੋਇਆ। ਫ਼ਰਵਰੀ 1925 ਈ. ਵਿਚ ਇਹ ਰਿਹਾ ਹੋਇਆ ਅਤੇ 4 ਨਵੰਬਰ 1925 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਬਣਾਇਆ ਗਿਆ। ਸੰਨ 1926 ਈ. ਦੀ ਚੋਣ ਵੇਲੇ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਮੈਂਬਰ ਚੁਣਿਆ ਗਿਆ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ, ਦਰਬਾਰ ਸਾਹਿਬ ਦਾ ਪ੍ਰਧਾਨ ਬਣਿਆ। ਸੰਨ 1933 ਈ. ਵਿਚ ਇਹ ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਾ ਫਿਰ ਪ੍ਰਧਾਨ ਬਣਿਆ। ਬਾਬਾ ਖੜਕ ਸਿੰਘ ਵਲੋਂ ਬਣਾਏ ਗਏ ਸੈਂਟ੍ਰਲ ਅਕਾਲੀ ਦਲ ਵਿਚ ਸ਼ਾਮਲ ਹੋ ਜਾਣ ਕਾਰਣ ਅਤੇ ਕਾਂਗ੍ਰਸ ਪਾਰਟੀ ਵਲ ਝੁਕਾਓ ਰਖਣ ਕਰਕੇ ਇਸ ਦਾ ਸਿੱਖ ਰਾਜਨੀਤੀ ਵਿਚ ਮਹੱਤਵ ਘਟਦਾ ਗਿਆ ਅਤੇ ਨਵੀਂ ਲੀਡਰਸ਼ਿਪ ਦੇ ਸਾਹਮਣੇ ਟਿਕ ਨ ਸਕਿਆ। 14 ਜੁਲਾਈ 1964 ਈ. ਨੂੰ ਇਸ ਦਾ ਦੇਹਾਂਤ ਚੰਡੀਗੜ੍ਹ ਵਿਚ ਹੋਇਆ।

**ਜੱਸਾ ਸਿੰਘ ਆਹਲੂਵਾਲੀਆ** (1718-1783 ਈ.); ਆਹਲੂਵਾਲੀਆ ਮਿਸਲ ਦੇ ਸੰਸਥਾਪਕ ਸ. ਜੱਸਾ ਸਿੰਘ ਦਾ ਜਨਮ ਲਾਹੌਰ ਨਗਰ ਦੇ ਨੇੜੇ ਸਥਿਤ ਪਿੰਡ 'ਆਹਲੂ' ਵਿਚ ਸ. ਬਦਰ ਸਿੰਘ ਦੇ ਘਰ 3 ਮਈ 1718 ਈ. ਨੂੰ ਹੋਇਆ। ਜਦੋਂ ਅਜੇ ਇਹ ਪੰਜ ਸਾਲਾਂ ਦਾ ਸੀ, ਤਾਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਇਸ ਦੀ ਧਰਮਾਤਮਾ ਮਾਂ ਨੇ ਆਪਣੇ ਭਰਾ ਸ. ਭਾਗ ਸਿੰਘ ਦੀ ਮਦਦ ਨਾਲ ਬਾਲਕ ਜੱਸਾ ਸਿੰਘ ਨੂੰ ਦਿੱਲੀ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਪਹੁੰਚਾਇਆ। ਮਾਤਾ ਸੁੰਦਰੀ ਜੀ ਨੇ ਇਸ ਦਾ ਪਾਲਣ-ਪੋਸ਼ਣ ਆਪਣੇ ਪੁੱਤਰ ਵਾਂਗ ਕੀਤਾ। ਇਸ ਨੇ ਸ਼ਸਤ੍ਰ ਚਲਾਉਣ ਵਿਚ ਜਲਦੀ ਹੀ ਮਹਾਰਤ ਹਾਸਲ ਕਰ ਲਈ ਅਤੇ ਅਰਬੀ ਫ਼ਾਰਸੀ ਵੀ ਪੜ੍ਹ ਲਈ। ਸੱਤ ਸਾਲ ਦਿੱਲੀ ਰਹਿਣ ਦੌਰਾਨ ਇਹ ਮੁੱਖੀ ਸਿੱਖਾਂ ਦੇ ਸੰਪਰਕ ਵਿਚ ਆਇਆ। ਮਾਤਾ ਸੁੰਦਰੀ ਜੀ ਨੇ ਵਿਦਾਇਗੀ ਵੇਲੇ ਇਸ ਨੂੰ ਇਕ ਕ੍ਰਿਪਾਣ, ਇਕ ਗੁਰਜ, ਇਕ ਢਾਲ, ਇਕ ਕਮਾਨ ਅਤੇ ਤੀਰਾਂ ਦਾ ਭਰਿਆ ਹੋਇਆ ਭੱਥਾ, ਇਕ ਖ਼ਿਲਤ ਅਤੇ ਇਕ ਚਾਂਦੀ ਦੀ ਚੋਬ ਪ੍ਰਦਾਨ ਕੀਤੀ, ਇਹ ਸੋਚ ਕੇ ਕਿ ਇਸ ਨੇ ਭਵਿਸ਼ ਵਿਚ ਸੱਤਾਧਾਰੀ ਹੋਣਾ ਹੈ।

ਪੰਜਾਬ ਵਿਚ ਪਹੁੰਚ ਕੇ ਇਹ ਨਵਾਬ ਕਪੂਰ ਸਿੰਘ ਦੇ ਜੱਥੇ ਵਿਚ ਸ਼ਾਮਲ ਹੋ ਗਿਆ। ਤੀਬਰ ਬੁੱਧੀ ਅਤੇ ਅਦਭੁਤ ਦਲੇਰੀ ਕਾਰਣ ਇਹ ਸ. ਕਪੂਰ ਸਿੰਘ ਦੇ ਬਹੁਤ ਨੇੜੇ ਹੋ ਗਿਆ। ਉਸ ਨੇ ਇਸ ਨੂੰ ਆਪਣੇ ਪੁੱਤਰ ਵਾਂਗ ਪਾਲਿਆ। ਸੰਨ 1748 ਈ. ਵਿਚ ਸ. ਕਪੂਰ ਸਿੰਘ ਨਾਲ ਰਲ ਕੇ ਇਨ੍ਹਾਂ ਦੀ ਸੈਨਾ ਨੇ ਅਹਿਮਦਸ਼ਾਹ ਦੁਰਾਨੀ ਦੇ ਲਸ਼ਕਰ ਉਤੇ 'ਨੂਰ ਦੀ ਸਰਾਂ' ਅਤੇ 'ਵੈਰੋਵਾਲ' ਦੇ ਨੇੜੇ ਗੁਰੀਲਾ ਹਮਲੇ ਕਰਕੇ ਬਹੁਤ ਤੰਗ ਕੀਤਾ ਅਤੇ ਅੰਮ੍ਰਿਤਸਰ ਦੇ ਮੁਗ਼ਲ ਹਾਕਮ ਸਲਾਬਤ ਖ਼ਾਨ ਨੂੰ ਹਰਾਇਆ। ਇਸੇ ਸਾਲ ਵਿਸਾਖੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਚ ਜੁੜੇ ਸਰਬੱਤ ਖ਼ਾਲਸਾ ਨੇ 65 ਜੱਥਿਆਂ ਨੂੰ 'ਦਲ ਖ਼ਾਲਸਾ' ਵਿਚ ਸਮੋ ਕੇ ਅਗੋਂ ਉਸ ਨੂੰ ਯਾਰ੍ਹਾਂ ਮਿਸਲਾਂ (ਫੂਲਕੀਆਂ ਤੋਂ ਬਿਨਾ) ਵਿਚ ਵੰਡਿਆ ਅਤੇ ਸ. ਜੱਸਾ ਸਿੰਘ ਨੂੰ ਉਸ ਦਾ ਸੈਨਾ-ਨਾਇਕ ਥਾਪਿਆ। 7 ਅਕਤੂਬਰ 1753 ਈ. ਨੂੰ ਨਵਾਬ ਕਪੂਰ ਸਿੰਘ ਦੇ ਦੇਹਾਂਤ ਤੋਂ ਬਾਦ ਇਹ ਸਿੱਖ ਕੌਮ ਦਾ ਸ਼ਿਰੋਮਣੀ ਸਰਦਾਰ (ਬਾਦਸ਼ਾਹ) ਬਣਿਆ ਅਤੇ ਲਗਭਗ ਇਕ ਮਹੀਨੇ ਬਾਦ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਦੇ ਮਰਨ ਉਪਰੰਤ ਇਸ ਨੇ ਮੱਧ ਪੰਜਾਬ ਵਿਚ ਆਪਣਾ ਦਬਦਬਾ ਵਧਾਇਆ ਅਤੇ ਪ੍ਰਜਾ ਤੋਂ 'ਰਾਖੀ ਪ੍ਰਣਾਲੀ' ਅਨੁਸਾਰ ਲਗਾਨ ਅਤੇ ਨਜ਼ਰਾਨਾ ਵਸੂਲ ਕਰਨਾ ਸ਼ੁਰੂ ਕੀਤਾ। ਸੰਨ 1757 ਈ. ਵਿਚ ਇਸ ਨੇ ਅਹਿਮਦ ਸ਼ਾਹ ਦੁਰਾਨੀ ਦੁਆਰਾ ਲਾਹੌਰ ਦੇ ਸੂਬੇਦਾਰ ਵਜੋਂ ਸਥਾਪਿਤ ਆਪਣੇ ਪੁੱਤਰ ਤੈਮੂਰ ਸ਼ਾਹ ਦੀ ਫ਼ੌਜ ਉਤੇ ਪਿਛਲੇ ਪਾਸਿਓਂ ਹਮਲਾ ਕੀਤਾ ਅਤੇ ਕਰਤਾਰਪੁਰ ਤੋਂ ਲੁਟ ਕੇ ਲਿਆ ਰਹੇ ਸਾਰੇ ਸਾਮਾਨ ਨੂੰ ਖੋਹ ਲਿਆ।

ਦੁਰਾਨੀ ਵਲੋਂ ਕੀਤੇ ਹਿੰਦੁਸਤਾਨ ਉਤੇ ਪੰਜਵੇਂ ਹਮਲੇ ਵੇਲੇ ਜਦੋਂ ਉਹ ਮਰਹਟਿਆਂ ਨੂੰ ਪਰਾਜਿਤ ਕਰਕੇ ਅੰਮ੍ਰਿਤਸਰ ਕੋਲੋਂ ਲੰਘ ਰਿਹਾ ਸੀ, ਤਾਂ ਮਾਰਚ 1761 ਈ. ਵਿਚ ਇਸ ਨੇ ਉਸ ਦੀ ਫ਼ੌਜ ਉਤੇ ਅਚਾਨਕ ਹਮਲਾ ਕਰਕੇ

ਪਕੜ ਕੇ ਲੈ ਜਾਈਆਂ ਜਾ ਰਹੀਆਂ 2200 ਇਸਤਰੀਆਂ ਨੂੰ ਮੁਕਤ ਕਰਾ ਕੇ ਘਰੋਂ ਘਰ ਪਹੁੰਚਾਇਆ। ਸਤੰਬਰ 1761 ਈ. ਵਿਚ ਇਸ ਨੇ ਸੁਕਰਚਕੀਆ, ਕਨ੍ਹੀਆ ਅਤੇ ਭੰਗੀ ਮਿਸਲਾਂ ਦੀਆਂ ਫ਼ੌਜਾਂ ਨੂੰ ਲੈ ਕੇ ਲਾਹੌਰ ਦੇ ਅਫ਼ਗਾਨ ਸੂਬੇਦਾਰ ਖ਼੍ਵਾਜਾ ਉਬੇਦ ਖ਼ਾਨ ਨੂੰ ਗੁਜਰਾਂਵਾਲੇ ਦੇ ਨੇੜੇ ਲਕ ਤੋੜਵੀਂ ਹਾਰ ਦਿੱਤੀ ਅਤੇ ਲਾਹੌਰ ਤਕ ਉਸ ਦਾ ਪਿੱਛਾ ਕਰਕੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ। ਇਸ ਤੋਂ ਬਾਦ ਇਸ ਨੂੰ 'ਸੁਲਤਾਨੁਲ ਕੌਮ' ਘੋਸ਼ਿਤ ਕਰਕੇ ਖ਼ਾਲਸੇ ਦਾ ਸਿੱਕਾ ਚਲਾਇਆ ਗਿਆ। ਜਦੋਂ ਦੁਰਾਨੀ ਨੂੰ ਇਸ ਦਾ ਸਮਾਚਾਰ ਮਿਲਿਆ ਤਾਂ ਉਸ ਨੇ ਸੰਨ 1762 ਈ. ਵਿਚ ਇਕ ਵੱਡੇ ਲਸ਼ਕਰ ਨਾਲ ਹਿੰਦੁਸਤਾਨ ਉਪਰ ਹਮਲਾ ਕੀਤਾ। ਉਦੋਂ ਦਲ ਖ਼ਾਲਸਾ ਦੇ ਸਰਦਾਰ ਆਪਣੀ ਸੈਨਾ ਅਤੇ ਪਰਿਵਾਰਾਂ ਸਹਿਤ ਮਲੇਰਕੋਟਲੇ ਦੇ ਨੇੜੇ 'ਕੁਪ-ਰਹੀੜਾ' ਪਾਸ ਠਹਿਰੇ ਹੋਏ ਸਨ। ਦੁਰਾਨੀ ਨੇ ਇਕ ਵੱਡੀ ਫ਼ੌਜ ਸਹਿਤ ਲਾਹੌਰ ਤੋਂ 36 ਘੰਟਿਆਂ ਵਿਚ 250 ਕਿ.ਮੀ. ਸਫ਼ਰ ਕੀਤਾ ਅਤੇ ਸਿੱਖਾਂ ਦੀ ਵਹੀਰ ਉਤੇ ਟੁੱਟ ਪਿਆ। ਸ. ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖ ਲੜਦੇ ਵੀ ਜਾ ਰਹੇ ਸਨ ਅਤੇ ਆਪਣੀ ਵਹੀਰ ਨੂੰ ਬਰਨਾਲੇ ਵਾਲੇ ਪਾਸੇ ਤੋਰੀ ਵੀ ਜਾ ਰਹੇ ਸਨ। ਦੁਰਾਨੀ ਦੇ ਇਸ ਹਮਲੇ ਵਿਚ 20,000 ਤੋਂ ਅਧਿਕ ਸਿੱਖ ਸੈਨਿਕ, ਇਸਤਰੀਆਂ, ਬਜ਼ੁਰਗ ਅਤੇ ਬੱਚੇ ਮਾਰੇ ਗਏ ਸਨ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ। ਇਸ ਲੜਾਈ ਵਿਚ ਸ. ਜੱਸਾ ਸਿੰਘ ਨੇ ਆਪਣੇ ਸਰੀਰ ਉਪਰ 22 ਜ਼ਖ਼ਮ ਖਾਧੇ ਸਨ। ਦੁਰਾਨੀ ਨੇ ਪਰਤ ਕੇ ਅੰਮ੍ਰਿਤਸਰ ਉਤੇ ਹਮਲਾ ਕੀਤਾ ਅਤੇ ਹਰਿਮੰਦਿਰ ਸਾਹਿਬ ਦੀ ਇਮਾਰਤ ਨੂੰ ਬਾਰੂਦ ਨਾਲ ਉਡਾਇਆ। ਸ. ਜੱਸਾ ਸਿੰਘ ਨੇ ਬੜੀ ਸਿਆਣਪ ਨਾਲ ਦਲ ਖ਼ਾਲਸਾ ਨੂੰ ਪੁਨਰ-ਗਠਿਤ ਕੀਤਾ ਅਤੇ ਦੋ ਸਾਲ ਬਾਦ 14 ਜਨਵਰੀ 1764 ਈ. ਨੂੰ ਸਰਹਿੰਦ ਉਤੇ ਹਮਲਾ ਕਰਕੇ ਅਫ਼ਗਾਨ ਫ਼ੌਜਦਾਰ ਜ਼ੈਨ ਖ਼ਾਨ ਨੂੰ ਮਾਰ ਦਿੱਤਾ ਅਤੇ ਨਗਰ ਨੂੰ ਨਸ਼ਟ ਕਰ ਦਿੱਤਾ।

[illegible] ਇਸ ਤੋਂ ਬਾਦ ਦਲ ਖ਼ਾਲਸਾ ਨੇ ਜਮਨਾ ਪਾਰ ਦੇ ਇਲਾਕਿਆਂ ਉਤੇ ਹਮਲੇ ਕੀਤੇ ਅਤੇ ਦਿੱਲੀ ਤਕ ਪਹੁੰਚੇ। 17 ਅਪ੍ਰੈਲ 1765 ਈ. ਵਿਚ ਜਦੋਂ ਦੁਰਾਨੀ ਫਿਰ ਹਿੰਦੁਸਤਾਨ ਉਤੇ ਚੜ੍ਹ ਆਇਆ, ਤਾਂ ਉਸ ਦਾ ਦਮਖ਼ਮ ਖ਼ੀਣ ਹੋ ਚੁਕਿਆ ਸੀ। ਉਸ ਨੇ ਸਿੱਖਾਂ ਨਾਲ ਸ਼ਾਂਤੀ ਕਾਇਮ ਕਰਨ ਦਾ ਯਤਨ ਕੀਤਾ ਪਰ ਸ. ਜੱਸਾ ਸਿੰਘ ਨੇ ਠੁਕਰਾ ਦਿੱਤਾ। ਇਸ ਨੇ ਦੁਆਬੇ ਵਿਚ ਬਹੁਤ ਸਾਰਾ ਇਲਾਕਾ ਜਿੱਤ ਕੇ ਸੰਨ 1774 ਈ. ਵਿਚ ਕਪੂਰਥਲੇ ਵਿਚ ਆਪਣੀ ਰਿਆਸਤ ਦੀ ਰਾਜਧਾਨੀ ਕਾਇਮ ਕੀਤੀ। ਜਦੋਂ ਸੰਨ 1779 ਈ. ਵਿਚ ਦਿੱਲੀ ਦੇ ਵਜ਼ੀਰ ਅਬਦੁਲ ਅਹਿਦ ਖ਼ਾਨ ਨੇ ਪਟਿਆਲਾ ਪਤਿ ਰਾਜਾ ਅਮਰ ਸਿੰਘ ਉਤੇ ਹਮਲਾ ਕੀਤਾ ਤਾਂ ਜੱਸਾ ਸਿੰਘ ਆਪਣੇ ਦਲਬਲ ਸਹਿਤ ਰਾਜੇ ਦੀ ਮਦਦ ਨੂੰ ਪਹੁੰਚਿਆ ਅਤੇ ਮੁਗ਼ਲ ਫ਼ੌਜਾਂ ਨੂੰ ਭਜਾ ਕੇ ਉਨ੍ਹਾਂ ਤੋਂ 2 ਲੱਖ ਰੁਪਏ ਹਰਜਾਨੇ ਵਜੋਂ ਲਏ। ਇਸ ਨੇ ਪੰਜਾਬ ਵਿਚ ਅਫ਼ਗਾਨ ਅਤੇ ਮੁਗ਼ਲ ਸ਼ਕਤੀ ਨੂੰ ਵੰਗਾਰ ਕੇ ਸਿੱਖਾਂ ਦੀ ਸੁਤੰਤਰ ਹੋਂਦ ਕਾਇਮ ਕੀਤੀ। ਇਸ ਤਰ੍ਹਾਂ 18ਵੀਂ ਸਦੀ ਵਿਚ ਬੰਦਾ ਬਹਾਦਰ ਤੋਂ ਬਾਦ ਇਸ ਨੇ ਸਿੱਖ ਸ਼ਕਤੀ ਦਾ ਸੁੰਦਰ ਪ੍ਰਦਰਸ਼ਨ ਕੀਤਾ। [illegible] ਯੁੱਧ-ਵੀਰ ਤੋਂ ਇਲਾਵਾ ਇਹ ਧਰਮ-ਵੀਰ ਵੀ ਸੀ। ਇਸ ਹੱਥੋਂ ਅੰਮ੍ਰਿਤ ਪਾਨ ਕਰਨਾ ਗੌਰਵਮਈ ਸਮਝਿਆ ਜਾਂਦਾ ਸੀ। ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਸ. ਜੱਸਾ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਇਸ ਦਾ ਦੇਹਾਂਤ 20 ਅਕਤੂਬਰ 1783 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਕੌਮ ਦੀ ਉੱਨਤੀ ਲਈ ਇਸ ਵਲੋਂ ਕੀਤੀਆਂ ਖ਼ਿਦਮਤਾਂ ਨੂੰ ਸਾਹਮਣੇ ਰਖਦੇ ਹੋਇਆਂ ਉਸ ਸਮੇਂ ਦੇ ਪੰਥਕ ਆਗੂਆਂ ਨੇ ਇਸ ਦੀ ਸਮਾਧ 'ਗੁਰਦੁਆਰਾ ਬਾਬਾ ਅਟਲ' ਦੇ ਇਹਾਤੇ ਵਿਚ ਬਣਵਾਈ। [illegible]

**ਜੱਸਾ ਸਿੰਘ ਰਾਮਗੜ੍ਹੀਆ** (1723-1803 ਈ.): ਰਾਮਗੜ੍ਹੀਆ ਮਿਸਲ ਦੇ ਬਾਨੀ ਅਤੇ 18ਵੀਂ ਸਦੀ ਵਿਚ ਹੋਏ ਬਹਾਦਰ ਸਿੱਖ ਯੋਧਾ ਸ. ਜੱਸਾ ਸਿੰਘ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲ੍ਹੇ ਦੇ ਇਛੋਗਿਲ (ਈਚੋਗਿਲ) ਪਿੰਡ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬੰਦਾ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਸੰਨ 1739 ਈ. ਵਿਚ ਹੋਏ ਨਾਦਰ ਸ਼ਾਹ ਦੇ ਹਮਲੇ ਵੇਲੇ ਇਸ ਦਾ ਪਿਤਾ ਲੜਾਈ ਵਿਚ ਮਾਰਿਆ ਗਿਆ। ਉਸ ਤੋਂ ਬਾਦ ਇਹ ਨੰਦ ਸਿੰਘ ਸੰਘਣੀਆ ਦੇ ਜੱਥੇ ਵਿਚ ਸ਼ਾਮਲ ਹੋ ਗਿਆ ਅਤੇ ਯੁੱਧ ਕਰਮ ਵਿਚ ਪ੍ਰਬੀਨਤਾ ਹਾਸਲ ਕੀਤੀ। ਭਾਈ ਕਾਨ੍ਹ ਸਿੰਘ ਅਨੁਸਾਰ ਆਪਣੀ ਕੁੜੀ ਨੂੰ ਮਾਰਨ ਦੇ ਦੋਸ਼ ਵਿਚ ਇਸ ਨੂੰ ਪੰਥ ਤੋਂ ਛੇਕਿਆ ਗਿਆ। ਸੰਨ 1745 ਈ. ਵਿਚ ਇਸ ਦੇ ਜਲੰਧਰ ਦੁਆਬ ਦੇ ਫ਼ੌਜਦਾਰ

ਅਦੀਨਾ ਬੇਗ ਪਾਸ ਨੌਕਰੀ ਕਰ ਲੈਣ 'ਤੇ ਪੰਥ ਵਿਚ ਇਸ ਪ੍ਰਤਿ ਅਨਾਦਰ ਦੀ ਭਾਵਨਾ ਪਸਰ ਗਈ। ਅਕਤੂਬਰ 1748 ਈ. ਵਿਚ ਜਦੋਂ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਜੁੜਿਆ, ਤਾਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ ਨੂੰ ਖਦੇੜਨ ਲਈ ਅੰਮ੍ਰਿਤਸਰ ਉਤੇ ਹਮਲਾ ਕਰ ਦਿੱਤਾ। ਬਹੁਤੇ ਸਿੱਖ ਨੇੜਲੇ ਜੰਗਲ ਵਲ ਖਿਸਕ ਗਏ, ਪਰ ਲਗਭਗ 500 ਸਿੱਖਾਂ ਨੇ ਨਵੀਂ ਬਣੀ ਰਾਮ ਰੌਣੀ ਨਾਂ ਦੀ ਕੱਚੀ ਗੜ੍ਹੀ ਵਿਚ ਸ਼ਰਣ ਲੈ ਲਈ। ਮੁਗ਼ਲ ਸੈਨਾ ਨੇ ਚਾਰ ਮਹੀਨੇ ਘੇਰਾ ਪਾਈ ਰਖਿਆ ਜਿਸ ਵਿਚ ਲਗਭਗ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਅੰਦਰਲਿਆਂ ਸਿੰਘਾਂ ਨੇ ਸ. ਜੱਸਾ ਸਿੰਘ ਨੂੰ ਮਦਦ ਲਈ ਕਿਹਾ। ਜੱਸਾ ਸਿੰਘ ਨੇ ਅਦੀਨਾ ਬੇਗ ਦੀ ਨੌਕਰੀ ਛਡ ਕੇ ਦੀਵਾਨ ਕੌੜਾ ਮੱਲ ਰਾਹੀਂ ਗੜ੍ਹੀ ਦਾ ਘੇਰਾ ਹਟਵਾਇਆ ਅਤੇ ਪੰਥ ਤੋਂ ਮਾਫ਼ੀ ਮੰਗੀ। ਨਵੰਬਰ, 1753 ਈ. ਵਿਚ ਮੀਰ ਮੰਨੂ ਦੀ ਮ੍ਰਿਤੂ ਤੋਂ ਬਾਦ ਪੰਜਾਬ ਵਿਚ ਅਰਾਜਕਤਾ ਪਸਰ ਗਈ। ਸਿੱਖਾਂ ਨੇ ਆਪਣੀ ਸ਼ਕਤੀ ਸੰਗਠਿਤ ਕਰਨੀ ਸ਼ੁਰੂ ਕਰ ਦਿੱਤੀ। 'ਰਾਮ ਰੌਣੀ' ਗੜ੍ਹੀ ਨੂੰ ਫਿਰ ਤੋਂ ਉਸਾਰਨ ਦਾ ਕੰਮ ਜੱਸਾ ਸਿੰਘ ਨੂੰ ਸੌਂਪਿਆ ਗਿਆ। ਇਸ ਨੇ ਗੜ੍ਹੀ ਦਾ ਨਿਰਮਾਣ ਕਰਾ ਕੇ ਉਸ ਦਾ ਨਾਂ 'ਰਾਮਗੜ੍ਹ' ਰਖਿਆ। ਉਸ ਦਿਨ ਤੋਂ ਇਸ ਨੂੰ 'ਰਾਮਗੜ੍ਹੀਆ' ਕਿਹਾ ਜਾਣ ਲਗਾ।

ਅਪ੍ਰੈਲ 1758 ਈ. ਵਿਚ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਬਹੁਤ ਸਾਰੀ ਫ਼ੌਜ ਦੇ ਕੇ ਲਾਹੌਰ ਦੇ ਨੇੜੇ-ਤੇੜੇ ਦੇ ਜੰਗਲਾਂ ਨੂੰ ਸਾਫ਼ ਕਰਾਉਣਾ ਸ਼ੁਰੂ ਕੀਤਾ। ਜੱਸਾ ਸਿੰਘ ਨੇ ਜੈ ਸਿੰਘ ਕਨ੍ਹੀਆ ਅਤੇ ਕਈ ਹੋਰ ਸਰਦਾਰਾਂ ਸਮੇਤ ਰਾਮਗੜ੍ਹ ਵਿਚ ਸ਼ਰਣ ਲਈ, ਪਰ ਉਥੋਂ ਵੀ ਖਿਸਕਣਾ ਪਿਆ। ਸਤੰਬਰ 1758 ਈ. ਵਿਚ ਅਦੀਨਾ ਬੇਗ ਦੀ ਮ੍ਰਿਤੂ ਤੋਂ ਬਾਦ ਇਸ ਨੇ ਜੈ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਵਿਚਾਲੇ ਵਾਲੇ ਖੇਤਰ ਉਤੇ ਅਧਿਕਾਰ ਜਮਾ ਲਿਆ। ਹੋਰਾਂ ਮਿਸਲਦਾਰਾਂ ਨਾਲ ਮਿਲ ਕੇ ਇਸ ਨੇ ਅਹਿਮਦਸ਼ਾਹ ਦੁਰਾਨੀ ਨਾਲ ਹੋਈਆਂ ਕਈ ਲੜਾਈਆਂ ਵਿਚ ਹਿੱਸਾ ਲਿਆ। ਸੰਨ 1770 ਈ. ਵਿਚ ਇਸ ਨੇ ਕਾਂਗੜੇ ਦੀਆ ਪਹਾੜੀ ਰਿਆਸਤਾਂ ਤੋਂ ਖ਼ਿਰਾਜ ਵਸੂਲ ਕਰਨਾ ਸ਼ੁਰੂ ਕੀਤਾ ਅਤੇ ਹੁਸ਼ਿਆਰਪੁਰ ਵਲ ਦੇ ਕਈ ਇਲਾਕਿਆਂ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ। ਨਵੇਂ ਨਵੇਂ ਇਲਾਕੇ ਜਿਤਣ ਦੀ ਹੋੜ ਵਿਚ ਇਸ ਦਾ ਜੱਸਾ ਸਿੰਘ ਆਹਲੂਵਾਲੀਆ ਨਾਲ ਵੈਰ ਪੈ ਗਿਆ। ਫਲਸਰੂਪ ਇਸ ਨੂੰ ਹਿਸਾਰ ਵਲ ਭਜਣਾ ਪਿਆ। ਉਥੇ ਇਸ ਨੇ ਹਿਸਾਰ ਦੇ ਮੁਸਲਮਾਨ ਹਾਕਮ ਤੋਂ ਬ੍ਰਾਹਮਣ ਲੜਕੀਆਂ ਨੂੰ ਮੁਕਤ ਕਰਾ ਕੇ ਬਹੁਤ ਜਸ ਖਟਿਆ। ਹੌਲੀ ਹੌਲੀ ਇਸ ਨੇ ਕਾਫ਼ੀ ਸੈਨਿਕ ਇਕੱਠੇ ਕਰ ਲਏ ਅਤੇ ਹੋਰ ਮਿਸਲਾਂ ਦੇ ਸਰਦਾਰਾਂ ਨਾਲ ਮਿਲ ਕੇ ਦਿੱਲੀ ਅਤੇ ਜਮਨਾ ਪਾਰ ਦੇ ਇਲਾਕਿਆਂ ਉਤੇ ਜਿਤਾਂ ਪ੍ਰਾਪਤ ਕੀਤੀਆਂ।

ਅਕਤੂਬਰ 1783 ਈ. ਵਿਚ ਜੱਸਾ ਸਿੰਘ ਆਹਲੂਵਾਲੀਆ ਦੇ ਦੇਹਾਂਤ ਤੋਂ ਬਾਦ ਦਲ ਖ਼ਾਲਸਾ ਵਿਚ ਤ੍ਰੇੜਾਂ ਪੈ ਗਈਆਂ। ਜੈ ਸਿੰਘ ਕਨ੍ਹੀਆ ਅਤੇ ਮਹਾਂ ਸਿੰਘ ਸੁਕਰਚਕੀਆ ਆਪਸ ਵਿਚ ਲੜ ਪਏ। ਮਹਾਂ ਸਿੰਘ ਨੇ ਜੱਸਾ ਸਿੰਘ ਨੂੰ ਪੰਜਾਬ ਵਾਪਸ ਬੁਲਾ ਲਿਆ। ਦੋਹਾਂ ਨੇ ਮਿਲ ਕੇ ਸੰਨ 1787 ਈ. ਵਿਚ ਜੈ ਸਿੰਘ ਕਨ੍ਹੀਆ ਦੇ ਬਟਾਲਾ ਵਿਚਲੇ ਕਿਲ੍ਹੇ ਉਤੇ ਹਮਲਾ ਕੀਤਾ। ਜੈ ਸਿੰਘ ਹਾਰ ਗਿਆ ਅਤੇ ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ ਮਾਰਿਆ ਗਿਆ। ਇਸ ਤਰ੍ਹਾਂ ਜੱਸਾ ਸਿੰਘ ਨੇ ਖੋਹੇ ਹੋਏ ਆਪਣੇ ਸਾਰਿਆਂ ਇਲਾਕਿਆਂ ਉਤੇ ਫਿਰ ਤੋਂ ਅਧਿਕਾਰ ਕਰ ਲਿਆ। ਬਾਰੀ ਅਤੇ ਜਲੰਧਰ ਦੁਆਬਾਂ ਦੇ ਬਹੁਤੇ ਇਲਾਕੇ ਇਸ ਦੇ ਅਧੀਨ ਹੋ ਗਏ। ਇਸ ਨੇ ਕਾਂਗੜਾ, ਨੂਰਪੁਰ, ਮੰਡੀ ਅਤੇ ਚੰਬੇ ਦੀਆਂ ਰਿਆਸਤਾਂ ਤੋਂ ਵੀ ਖ਼ਿਰਾਜ ਵਸੂਲ ਕਰਨਾ ਸ਼ੁਰੂ ਕੀਤਾ। ਸਮੁੱਚੇ ਤੌਰ 'ਤੇ ਇਹ ਇਕ ਨਿਰਭੈ ਯੋਧਾ ਹੀ ਨਹੀਂ ਸੀ, ਸਗੋਂ ਬਹੁਤ ਧਰਮਾਤਮਾ ਅਤੇ ਨੇਕ-ਦਿਲ ਇਨਸਾਨ ਸੀ। ਗ਼ਰੀਬਾਂ ਦੀ ਬਹੁਤ ਮਦਦ ਕਰਦਾ ਸੀ। ਗੁਰਬਾਣੀ ਦੇ ਪਾਠ ਵਿਚ ਇਸ ਦੀ ਬਹੁਤ ਰੁਚੀ ਸੀ। ਇਸ ਦਾ ਦੇਹਾਂਤ 80 ਵਰ੍ਹਿਆਂ ਦੀ ਉਮਰ ਵਿਚ 20 ਅਪ੍ਰੈਲ 1803 ਈ. ਨੂੰ ਸ੍ਰੀ ਹਰਿਗੋਬਿੰਦਪੁਰ ਵਿਚ ਹੋਇਆ। ਸੰਨ 1965 ਈ. ਵਿਚ ਇਸ ਦੇ ਸਿੰਘਪੁਰਾ (ਜ਼ਿਲ੍ਹਾ ਹੁਸ਼ਿਆਰਪੁਰ) ਸਥਿਤ ਕਿਲ੍ਹੇ ਦੀ ਨਿਸ਼ਾਨਦੇਹੀ ਕਰਕੇ ਸਮਾਰਕ ਤਿਆਰ ਕੀਤਾ ਗਿਆ ਹੈ।

**ਜੱਸੀ** (ਪਿੰਡ) : ਪੰਜਾਬ ਦੇ ਬਠਿੰਡਾ ਨਗਰ ਤੋਂ ਲਗਭਗ 23 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਸ ਵਿਚ 'ਗੁਰਦੁਆਰਾ ਸ੍ਰੀ ਬਗਸਰ ਪਾਤਿਸ਼ਾਹੀ ਦਸਵੀਂ' ਮੌਜੂਦ ਹੈ। ਸਥਾਨਕ ਰਵਾਇਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਜਾ ਰਹੇ ਸਨ, ਤਾਂ ਇਸ ਪਿੰਡ ਦੇ ਟੋਬੇ ਵਿਚੋਂ ਘੋੜੇ ਉਤੇ ਚੜ੍ਹੇ ਹੋਏ ਲੰਘੇ। ਉਨ੍ਹਾਂ ਦੇ

ਨੀਲੇ ਬਸਤ੍ਰ ਬੱਗੇ (ਸਫ਼ੈਦ) ਰੰਗ ਦੇ ਹੋ ਗਏ। ਫਲਸਰੂਪ ਉਸ ਟੋਭੇ ਦਾ ਨਾਂ 'ਬਗਸਰ' ਪ੍ਰਚਲਿਤ ਹੋ ਗਿਆ। ਹੁਣ ਇਸ ਟੋਭੇ ਨੂੰ ਪੱਕਾ ਕਰਕੇ ਬੜਾ ਸੁੰਦਰ ਰੂਪ ਦੇ ਦਿੱਤਾ ਗਿਆ ਹੈ। ਇਹ ਗੁਰੂ-ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਵਿਵਸਥਾ ਬੁੱਢਾ ਦਲ ਦੇ ਨਿਹੰਗ ਸਿੰਘ ਕਰਦੇ ਹਨ।

**ਜਹਾਂਗੀਰ, ਬਾਦਸ਼ਾਹ** (1569-1627 ਈ.) : ਭਾਰਤ ਦਾ ਚੌਥਾ ਮੁਗ਼ਲ ਬਾਦਸ਼ਾਹ ਜੋ ਅਕਬਰ ਬਾਦਸ਼ਾਹ ਦੇ ਘਰ ਬਿਹਾਰੀ ਮੱਲ ਕਛਵਾਹੇ ਰਾਜਪੂਤ ਦੀ ਪੁੱਤਰੀ ਜੋਧਬਾਈ (ਮਰੀਅਮ ਜ਼ਮਾਨੀ) ਦੀ ਕੁੱਖੋਂ 31 ਅਗਸਤ, 1569 ਈ. ਨੂੰ ਫ਼ਤਹਿਪੁਰ ਸੀਕਰੀ ਵਿਚ ਪੈਦਾ ਹੋਇਆ। ਇਸ ਦਾ ਜਨਮ ਚੂੰਕਿ ਸੀਕਰੀ ਦੇ ਪ੍ਰਸਿੱਧ ਫ਼ਕੀਰ ਸ਼ੇਖ ਸਲੀਮ ਚਿਸ਼ਤੀ ਦੀ ਦੁਆ ਨਾਲ ਹੋਇਆ ਸੀ, ਇਸ ਲਈ ਸ਼ਹਿਜ਼ਾਦੇ ਦਾ ਨਾਂ ਸਲੀਮ ਰਖਿਆ ਗਿਆ।

30 ਵਰ੍ਹਿਆਂ ਦੀ ਉਮਰ ਵਿਚ ਇਸ ਨੇ ਕੁਝ ਦਰਬਾਰੀਆਂ ਦੇ ਬਹਿਕਾਵੇ 'ਤੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੀ ਯੋਜਨਾ ਬਣਾਈ ਅਤੇ ਸੰਨ 1599 ਈ. ਵਿਚ ਅਲਾਹਾਬਾਦ ਵਿਚ ਬਗ਼ਾਵਤ ਕਰ ਦਿੱਤੀ। ਆਪਣੇ ਪਿਤਾ ਤੋਂ ਰਾਜ ਅਧਿਕਾਰ ਖੋਹਣ ਲਈ ਆਗਰੇ ਉਤੇ ਹਮਲਾ ਕਰਨ ਦੀ ਮਨਸ਼ਾ ਨਾਲ ਅਗੇ ਵਧਿਆ, ਪਰ ਸਫਲ ਨ ਹੋ ਸਕਿਆ। ਕੁਝ ਸਮੇਂ ਬਾਦ ਬੈਰਮ ਖ਼ਾਂ ਦੀ ਵਿਧਵਾ ਬੇਗਮ ਸੁਲੀਮਾ ਸੁਲਤਾਨ ਦੀ ਵਿਚੋਲਗੀ ਸਦਕਾ ਪਿਉ-ਪੁੱਤਰ ਵਿਚ ਸੁਲਹ ਹੋ ਗਈ। ਪਰ ਇਸੇ ਦੌਰਾਨ ਜਹਾਂਗੀਰ ਨੇ ਅਕਬਰ ਦੇ ਵਿਸ਼ਵਸਤ ਮੰਤਰੀ ਅਬੁਲਫ਼ਜ਼ਲ ਨੂੰ ਸ਼ਕ ਦੀ ਬਿਨਾ 'ਤੇ ਕਤਲ ਕਰਵਾ ਦਿੱਤਾ।

ਸੰਨ 1605 ਈ. ਵਿਚ ਅਕਬਰ ਦੀ ਮ੍ਰਿਤੂ ਹੋ ਗਈ ਅਤੇ ਜਹਾਂਗੀਰ 'ਅਬੁਲ ਮੁਜ਼ੱਫ਼ਰ ਨੁਰੁੱਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ-ਏ-ਗ਼ਾਜ਼ੀ' ਦੇ ਨਾਂ ਨਾਲ ਰਾਜ-ਗੱਦੀ ਉਤੇ ਬੈਠਾ। ਇਕ ਵਰ੍ਹੇ ਬਾਦ ਹੀ ਜਹਾਂਗੀਰ ਦਾ ਪੁੱਤਰ ਖ਼ੁਸਰੋ ਬਾਗ਼ੀ ਹੋ ਗਿਆ, ਪਰ ਸੱਤਾ ਹਥਿਆਉਣ ਵਿਚ ਕਾਮਯਾਬ ਨ ਹੋ ਸਕਿਆ। ਅੰਤ ਵਿਚ ਉਸ ਨੂੰ ਚਨਾਬ ਦਰਿਆ ਦੇ ਕੰਢੇ ਤੋਂ ਪਕੜ ਲਿਆ ਗਿਆ। ਉਸ ਦੇ ਸਾਥੀਆਂ ਨੂੰ ਕਤਲ ਕਰਵਾ ਦਿੱਤਾ ਗਿਆ ਅਤੇ ਉਸ ਦੀਆਂ ਅੱਖਾਂ ਸਿਲਵਾ ਦਿੱਤੀਆਂ ਗਈਆਂ। ਅਨੇਕਾਂ ਪ੍ਰਕਾਰ ਦੇ ਦੁਖ ਸਹਿੰਦੇ ਹੋਇਆਂ ਉਸ ਦਾ ਦੇਹਾਂਤ ਸੰਨ 1623 ਈ. ਵਿਚ ਹੋਇਆ।

ਕਹਿੰਦੇ ਹਨ ਕਿ ਖ਼ੁਸਰੋ ਬਾਗ਼ੀ ਹੋਣ ਉਪਰੰਤ ਗੁਰੂ ਅਰਜਨ ਦੇਵ ਜੀ ਕੋਲ ਅਸੀਸ ਲੈਣ ਲਈ ਆਇਆ। ਗੁਰੂ ਜੀ ਦੇ ਵਿਰੋਧੀਆਂ, ਖ਼ਾਸ ਕਰਕੇ ਚੰਦੂ ਸ਼ਾਹ ਨੇ ਇਸ ਮੌਕੇ ਦਾ ਲਾਭ ਉਠਾ ਕੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਜੀ ਨੇ ਖ਼ੁਸਰੋ ਨੂੰ ਅਸੀਸ ਹੀ ਨਹੀਂ ਦਿੱਤੀ, ਮਾਇਕ ਸਹਾਇਤਾ ਵੀ ਕੀਤੀ ਹੈ। ਜਹਾਂਗੀਰ ਅਗੇ ਹੀ ਗੁਰੂ ਜੀ ਦੀ ਸ਼ੋਹਰਤ ਤੋਂ ਪਰੇਸ਼ਾਨ ਸੀ। ਇਸ ਲਈ ਬਾਗ਼ੀ ਨੂੰ ਪਨਾਹ ਦੇਣ ਦਾ ਬਹਾਨਾ ਬਣਾ ਕੇ ਗੁਰੂ ਜੀ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ ਸ਼ਹੀਦ ਕਰਾ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਪ੍ਰਤਿ ਵੀ ਇਹ ਪਹਿਲਾਂ ਵੈਰ-ਭਾਵ ਰਖਦਾ ਸੀ ਅਤੇ ਉਨ੍ਹਾਂ ਨੂੰ ਪਕੜਵਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਪਰ ਬਾਦ ਵਿਚ ਸਹੀ ਸਥਿਤੀ ਦਾ ਬੋਧ ਹੋ ਜਾਣ ਨਾਲ ਉਨ੍ਹਾਂ ਨੂੰ ਮੁਕਤ ਕਰ ਦਿੱਤਾ ਅਤੇ ਸੁਖਾਵੇਂ ਸੰਬੰਧ ਬਣਾਈ ਰਖੇ। ਸਿੱਖ ਇਤਿਹਾਸ ਅਨੁਸਾਰ ਜਹਾਂਗੀਰ ਅਤੇ ਗੁਰੂ ਜੀ ਇਕੱਠਿਆਂ ਕਸ਼ਮੀਰ ਦੀ ਸੈਰ ਨੂੰ ਗਏ ਸਨ।

ਰਾਜ-ਗੱਦੀ ਉਤੇ ਬੈਠਣ ਤੋਂ ਲਗਭਗ ਛੇ ਵਰ੍ਹੇ ਬਾਦ ਜਹਾਂਗੀਰ ਨੇ ਈਰਾਨ ਦੇ ਵਪਾਰੀ ਮਿਰਜ਼ਾ ਗ਼ਯਾਸ ਬੇਗ ਦੀ ਪੁੱਤਰੀ ਨੂਰਜਹਾਂ ਨਾਲ, ਉਸ ਦੇ ਪਤੀ ਸ਼ੇਰ ਅਫ਼ਗ਼ਨ ਖ਼ਾਂ ਦਾ ਕਤਲ ਕਰਵਾ ਕੇ, ਵਿਆਹ ਕਰ ਲਿਆ। ਵਿਆਹ ਤੋਂ ਬਾਦ ਰਾਜ ਦਾ ਬਹੁਤਾ ਕੰਮ-ਕਾਰ ਨੂਰਜਹਾਂ ਹੀ ਚਲਾਉਂਦੀ ਰਹੀ। ਇਸ ਪੱਖੋਂ ਉਹ ਬਹੁਤ ਕਾਮਯਾਬ ਸਾਬਤ ਹੋਈ। ਸੰਨ 1623 ਈ. ਵਿਚ ਸ਼ਹਿਜ਼ਾਦਾ ਖ਼ੁੱਰਮ ਨੇ ਬਗ਼ਾਵਤ ਕੀਤੀ, ਪਰ ਸੈਨਾ-ਨਾਇਕ ਮਹਾਬਤ ਖ਼ਾਂ ਨੇ ਉਸ ਨੂੰ ਦਬਾ ਦਿੱਤਾ। ਸੰਨ 1626 ਈ. ਵਿਚ ਖ਼ੁੱਰਮ ਅਤੇ ਮਹਾਬਤ ਖ਼ਾਂ ਨੇ ਮਿਲ ਕੇ ਬਗ਼ਾਵਤ ਕਰਨ ਦੀ ਯੋਜਨਾ ਬਣਾਈ, ਪਰ ਉਸ ਦੇ ਸਿਰੇ ਚੜ੍ਹਨ ਤੋਂ ਪਹਿਲਾਂ ਜਹਾਂਗੀਰ ਦੀ 28 ਅਕਤੂਬਰ 1627 ਈ. ਨੂੰ ਮ੍ਰਿਤੂ ਹੋ ਗਈ ਅਤੇ ਇਸ ਤਰ੍ਹਾਂ ਮੁਗ਼ਲ ਦਰਬਾਰ ਵਿਚ ਨੂਰਜਹਾਂ ਦਾ ਦਬਦਬਾ ਖ਼ਤਮ ਹੋ ਗਿਆ।

ਜਹਾਂਗੀਰ ਸ਼ੁਰੂ ਵਿਚ ਧਾਰਮਿਕ ਕੱਟੜਪੁਣੇ ਤੋਂ ਪ੍ਰਭਾਵਿਤ ਰਿਹਾ, ਪਰ ਬਾਦ ਵਿਚ ਉਹ ਜਬਰ ਅਤੇ ਜ਼ੁਲਮ ਦੀ ਥਾਂ ਨਿਆਇਸ਼ੀਲਤਾ ਵਲ ਝੁਕਿਆ ਅਤੇ ਨਿਆਂ ਹਾਸਲ ਕਰਨ ਦੇ ਚਾਹਵਾਨ ਲੋਕਾਂ ਜਾਂ ਫ਼ਰਿਆਦੀਆਂ ਦੀ ਸਹੂਲਤ ਲਈ ਆਪਣੇ ਮਹੱਲ ਦੇ ਮੁੱਖ ਦੁਆਰ 'ਤੇ ਇਕ ਘੰਟੀ ਦੀ ਵਿਵਸਥਾ ਕਰ ਦਿੱਤੀ ਜਿਸ ਦੇ ਵਜਣ 'ਤੇ ਉਹ ਖ਼ੁਦ

ਫ਼ਰਿਆਦੀਆਂ ਦੀ ਗੱਲ ਸੁਣਨ ਲਈ ਬਾਹਰ ਆਉਂਦਾ ਸੀ। ਇਹ ਸ਼ਿਕਾਰ ਅਤੇ ਸੈਰ ਸਪਾਟੇ ਵਿਚ ਬਹੁਤ ਰੁਚੀ ਰਖਦਾ ਸੀ ਅਤੇ ਕਲਾ ਤੇ ਸਾਹਿਤ ਨੂੰ ਵੀ ਉੱਨਤ ਕਰਨ ਦੀ ਇੱਛਾ ਰੱਖਦਾ ਸੀ। ਸ਼ਰਾਬ ਪੀਣਾ ਇਸ ਦੀ ਸਭ ਤੋਂ ਵੱਡੀ ਕਮਜ਼ੋਰੀ ਸੀ ਜਿਸ ਕਰਕੇ ਇਹ ਰਾਜਸੀ ਜ਼ਿੰਮੇਵਾਰੀਆਂ ਤੋਂ ਵੀ ਕਈ ਵਾਰ ਬੇਮੁਖ ਹੋ ਜਾਂਦਾ ਰਿਹਾ ਹੈ।

**ਜ਼ਕਰੀਆ ਖ਼ਾਨ** (ਮ. 1745 ਈ.) : ਇਸ ਦਾ ਇਕ ਨਾਮਾਂਤਰ 'ਖ਼ਾਨ ਬਹਾਦੁਰ' ਵੀ ਹੈ, ਪਰ ਸਿੱਖ ਸਮਾਜ ਵਿਚ ਇਸ ਨੂੰ 'ਖ਼ਾਨੂ' ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਸੰਨ 1726 ਈ. ਵਿਚ ਇਸ ਦੇ ਬਾਪ ਅਬਦੁਲ ਸਮਦ ਖ਼ਾਨ ਨੂੰ ਲਾਹੌਰ ਤੋਂ ਹਟਾ ਕੇ ਮੁਲਤਾਨ ਦਾ ਗਵਰਨਰ ਬਣਾ ਦਿੱਤਾ ਗਿਆ ਅਤੇ ਉਸ ਦੀ ਥਾਂ ਇਸ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਸਿੱਖਾਂ ਉਤੇ ਜ਼ੁਲਮ ਕਰਨ ਦੇ ਮਾਮਲੇ ਵਿਚ ਇਹ ਆਪਣੇ ਬਾਪ ਤੋਂ ਵੀ ਅਗੇ ਸੀ। ਇਸ ਨੇ ਬੰਦਾ ਬਹਾਦਰ ਨੂੰ ਪਕੜਨ ਵਿਚ ਮੁਗ਼ਲ ਸਰਕਾਰ ਦੀ ਬਹੁਤ ਮਦਦ ਕੀਤੀ ਅਤੇ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਪਕੜੇ ਸਿੱਖਾਂ ਅਤੇ ਮਾਰੇ ਗਏ ਸਿੱਖਾਂ ਦੇ ਸਿਰਾਂ ਨਾਲ ਭਰੇ ਹੋਏ ਸੱਤ ਸੌ ਗੱਡਿਆਂ ਅਤੇ ਬਰਛਿਆਂ ਵਿਚ ਪਰੁਚੇ ਹੋਏ ਸਿੱਖਾਂ ਦੇ ਸਿਰਾਂ ਵਾਲੇ ਜਲੂਸ ਦੀ ਦਿੱਲੀ ਤਕ ਅਗਵਾਈ ਕੀਤੀ। ਲਾਹੌਰ ਦਾ ਸੂਬਾ ਬਣਨ ਉਪਰੰਤ ਇਸ ਨੇ ਸਿੱਖਾਂ ਉਪਰ ਜ਼ੁਲਮਾਂ ਦੀ ਝੜੀ ਲਗਾ ਦਿੱਤੀ। ਪਰ ਜਦੋਂ ਇਸ ਨੇ ਵੇਖਿਆ ਕਿ ਸਿੱਖਾਂ ਨੂੰ ਮਿਧਣਾ ਸਰਲ ਨਹੀਂ, ਤਾਂ ਲਾਹੌਰ ਦੇ ਕੋਤਵਾਲ ਭਾਈ ਸਬੇਗ ਸਿੰਘ ਰਾਹੀਂ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਚ ਇਕੱਠੇ ਹੋਏ ਸਰਬੱਤ ਖ਼ਾਲਸਾ ਪਾਸ ਨਵਾਬੀ ਦਾ ਖ਼ਿਲਤ ਅਤੇ ਇਕ ਲੱਖ ਦੀ ਜਾਗੀਰ ਦਾ ਪੱਟਾ ਭੇਜਿਆ, ਤਾਂ ਜੋ ਸੁਲਹ-ਸਫ਼ਾਈ ਨਾਲ ਰਿਹਾ ਜਾਏ। ਪਰ ਇਹ ਸਮਝੌਤਾ ਇਕ ਸਾਲ ਵਿਚ ਹੀ ਜ਼ਕਰੀਆ ਖ਼ਾਨ ਵਲੋਂ ਤੋੜ ਦਿੱਤਾ ਗਿਆ ਅਤੇ ਦੀਵਾਨ ਲਖਪਤ ਰਾਇ ਨੇ ਸਿੱਖਾਂ ਨੂੰ ਮਾਲਵੇ ਦੇ ਜੰਗਲਾਂ ਵਲ ਖਦੇੜ ਦਿੱਤਾ। ਸਿੱਖਾਂ ਨਾਲ ਹੋਈਆਂ ਭਿੜੰਤਾਂ ਵਿਚ ਮੁਗ਼ਲ ਸੈਨਾ ਦੇ ਕਈ ਅਧਿਕਾਰੀ ਮਾਰੇ ਗਏ। ਹਾਲਾਤ ਨੂੰ ਵੇਖਦੇ ਹੋਇਆ ਜ਼ਕਰੀਆ ਖ਼ਾਨ ਖ਼ੁਦ ਮੁਹਿੰਮ ਉਤੇ ਚੜ੍ਹਿਆ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਜਨਤਾ ਨੂੰ ਉਕਸਾਇਆ। ਸਿੱਖਾਂ ਨੂੰ ਪਨਾਹ ਦੇਣ ਵਾਲਿਆਂ ਵਿਰੁੱਧ ਵੀ ਸਖ਼ਤ ਕਾਰਵਾਈਆਂ ਕੀਤੀਆਂ। ਆਪਣੇ ਉਦੇਸ਼ ਦੀ ਪੂਰਤੀ ਲਈ ਵੀਹ ਹਜ਼ਾਰ ਸਿਪਾਹੀਆਂ ਦਾ ਉਚੇਚਾ ਦਲ ਤਿਆਰ ਕੀਤਾ। ਹਜ਼ਾਰਾਂ ਸਿੱਖ ਪਕੜ ਦੇ ਲਾਹੌਰ ਦੇ ਨਖ਼ਾਸ ਚੌਕ ਵਿਚ ਸ਼ਹੀਦ ਕੀਤੇ। ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਵਰਗੀਆਂ ਮਹਾਨ ਸਿੱਖ ਸ਼ਖ਼ਸੀਅਤਾਂ ਨੂੰ ਇਸ ਦੌਰਾਨ ਸ਼ਹੀਦ ਕੀਤਾ ਗਿਆ। ਇਸ ਸਭ ਦੇ ਬਾਵਜੂਦ ਇਹ ਕਾਮਯਾਬ ਨ ਹੋ ਸਕਿਆ ਅਤੇ ਨਾਕਾਮਯਾਬੀ ਦੇ ਇਸੇ ਝੋਰੇ ਵਿਚ 1 ਜੁਲਾਈ 1745 ਈ. ਨੂੰ ਇਹ ਲਾਹੌਰ ਵਿਚ ਮਰ ਗਿਆ। ਸਿੱਖਾਂ ਦੇ ਕਾਤਲਾਂ ਦੀ ਸੂਚੀ ਵਿਚ ਇਸ ਦਾ ਨਾਂ ਬਹੁਤ ਉਘੜਿਆ ਹੋਇਆ ਹੈ।

**ਜਗਤ** : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਸ੍ਰਿਸ਼ਟੀ, ਸੰਸਾਰ, ਜਗ, ਦੁਨੀਆ, ਵਿਸ਼ਵ ਆਦਿ। ਮਨੁੱਖ ਇਸ ਸੰਸਾਰ ਵਿਚ ਜਨਮ ਲੈਂਦਾ ਹੈ, ਇਸ ਦੇ ਦ੍ਰਿਸ਼ਾਂ ਨੂੰ ਵੇਖ ਵੇਖ ਕੇ ਅਸਚਰਜ ਦੀ ਅਵਸਥਾ ਵਿਚ ਹੋ ਜਾਂਦਾ ਹੈ। ਇਸ ਦੇ ਪ੍ਰਪੰਚਕ ਬੰਧਨ ਤੋਂ ਮੁਕਤ ਹੋ ਕੇ ਪਰਮ-ਤੱਤ੍ਵ ਵਿਚ ਮਿਲਣ ਦੇ ਯਤਨ ਜਾਂ ਉਪਾ ਕਰਦਾ ਹੈ। ਉਸ ਦੇ ਸਾਹਮਣੇ ਕਈ ਸੁਭਾਵਿਕ ਪ੍ਰਸ਼ਨ ਪੈਦਾ ਹੁੰਦੇ ਹਨ ਕਿ ਇਹ ਜਗਤ ਕਿਸ ਨੇ ਬਣਾਇਆ ਹੈ ? ਕਿਸ ਤਰ੍ਹਾਂ ਬਣਾਇਆ ਗਿਆ ਹੈ ? ਇਸ ਦਾ ਕਿਤਨਾ ਕੁ ਵਿਸਤਾਰ ਹੈ ? ਇਸ ਦਾ ਸਰੂਪ ਕਿਹੋ ਜਿਹਾ ਹੈ ? ਇਸ ਦਾ ਅੰਤ ਕਿਵੇਂ ਹੋਵੇਗਾ ? ਇਸ ਤੋਂ ਮਨੁੱਖ ਖ਼ਲਾਸ ਕਿਵੇਂ ਹੋਵੇਗਾ? ਇਨ੍ਹਾਂ ਮੌਲਿਕ ਪ੍ਰਸ਼ਨਾਂ ਦਾ ਉੱਤਰ ਸਮੇਂ ਸਮੇਂ ਵਿਦਵਾਨ ਦਿੰਦੇ ਆਏ ਹਨ, ਪਰ ਸਮਸਿਆ ਦਾ ਕੋਈ ਸਮਾਧਾਨ ਪੇਸ਼ ਨਹੀਂ ਹੋ ਸਕਿਆ ਹੈ, ਭਾਵੇਂ ਇਸ ਜਿਗਿਆਸਾ ਦਾ ਆਪਣਾ ਹੀ ਇਕ ਇਤਿਹਾਸ ਸਿਰਜਿਆ ਜਾ ਚੁਕਿਆ ਹੈ।

ਭਾਰਤੀ ਸਾਹਿਤ ਵਿਚ ਸ੍ਰਿਸ਼ਟੀ ਦੀ ਉਤਪੱਤੀ ਸੰਬੰਧੀ ਸਭ ਤੋਂ ਪਹਿਲਾਂ ਉੱਲੇਖ ਵੈਦਿਕ ਸੂਕ੍ਤਾਂ ਵਿਚ ਮਿਲਦਾ ਹੈ। ਪਰ ਉਨ੍ਹਾਂ ਉੱਲੇਖਾਂ ਵਿਚ ਮਤ-ਏਕਤਾ ਨਹੀਂ ਹੈ। ਕਿਤੇ ਅਗਨੀ ਤੋਂ, ਕਿਤੇ ਸੋਮ ਤੋਂ, ਕਿਤੇ ਇੰਦ੍ਰ ਤੋਂ, ਕਿਤੇ ਵਿਸ਼ਵਕਰਮਾ ਤੋਂ, ਕਿਤੇ ਵਰੁਣ ਤੋਂ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਗਈ ਹੈ। ਰਿਗਵੇਦ ਦੇ 'ਨਾਸਦੀਯ ਸੂਕ੍ਤ' ਵਿਚ ਸ੍ਰਿਸ਼ਟੀ ਤੋਂ ਪੂਰਬਲੀ ਅਵਸਥਾ ਦਾ ਵੀ ਕੁਝ ਧੁੰਧਲਾ ਜਿਹਾ ਚਿਤ੍ਰਣ ਹੋਇਆ ਹੈ।

ਵੇਦਾਂ ਵਾਂਗ ਉਪਨਿਸ਼ਦਾਂ ਵਿਚ ਵੀ ਸ੍ਰਿਸ਼ਟੀ ਦੀ ਉਤਪੱਤੀ ਸੰਬੰਧੀ ਵਿਚਾਰਗਤ ਸਮਾਨਤਾ ਨਹੀਂ ਹੈ। ਉਂਜ ਇਸ ਨੂੰ ਅਵਿਨਾਸ਼ੀ ਬ੍ਰਹਮ ਤੋਂ ਪੈਦਾ ਹੋਇਆ ਦਰਸਾਇਆ

ਗਿਆ ਹੈ। ਉਸ ਅਵਿਅਕਤ (ਬ੍ਰਹਮ) ਤੋਂ ਵਿਅਕਤ (ਸੰਸਾਰ) ਦੀ ਰਚਨਾ ਹੋਈ ਹੈ। ਉਹ ਅਵਿਅਕਤ ਹੀ ਜਗਤ ਦਾ ਨਿਮਿਤ ਅਤੇ ਉਪਾਦਾਨ ਦੋਵੇਂ ਕਾਰਣ ਹੈ।

ਜੈਨ-ਮਤ ਵਾਲੇ ਵਿਭਿੰਨ ਪ੍ਰਕਾਰ ਦੇ ਦ੍ਰਵਿਆਂ ਦੇ ਸੰਯੋਗ ਨਾਲ ਸੰਸਾਰ ਦੀ ਉਤਪੱਤੀ ਮੰਨਦੇ ਹਨ। ਚੂੰਕਿ ਦ੍ਰਵਿਆਂ ਦੇ ਗੁਣ ਪਰਿਵਰਤਨਸ਼ੀਲ ਨਹੀਂ ਹੁੰਦੇ, ਇਸ ਲਈ ਸੰਸਾਰ ਨਿੱਤ ਹੈ। ਪਰ ਉਨ੍ਹਾਂ ਦੇ ਪਰਯਾਯ ਬਦਲਦੇ ਰਹਿੰਦੇ ਹਨ, ਇਸ ਲਈ ਸੰਸਾਰ ਪਰਿਵਰਤਨਸ਼ੀਲ ਹੈ। ਸਾਫ਼ ਹੈ ਕਿ ਜੈਨ-ਮਤ ਵਾਲੇ ਇਕ ਦ੍ਰਿਸ਼ਟੀ ਤੋਂ ਸੰਸਾਰ ਨੂੰ ਨਿੱਤ ਮੰਨਦੇ ਹਨ ਅਤੇ ਦੂਜੀ ਦ੍ਰਿਸ਼ਟੀ ਤੋਂ ਅਨਿੱਤ।

ਬੌਧ-ਮਤ ਵਾਲੇ ਜਗਤ ਨੂੰ ਸੁਤੰਤਰ ਸੱਤਾ ਮੰਨਦੇ ਹੋਇਆਂ ਵੀ ਇਸ ਨੂੰ ਪਰਿਵਰਤਨਸ਼ੀਲ ਦਸਦੇ ਹਨ। ਸੰਸਾਰ ਵਿਚ ਭੌਤਿਕ ਜਾਂ ਅਧਿਆਤਮਿਕ ਜੋ ਵਸਤੂ ਹੈ, ਉਹ ਕਿਸੇ ਕਾਰਣ ਤੋਂ ਹੀ ਪੈਦਾ ਹੋਈ ਹੈ। ਬਿਨਾ ਕਾਰਣ ਕੋਈ ਵੀ ਵਸਤੂ ਪੈਦਾ ਨਹੀਂ ਹੁੰਦੀ। ਇਸ ਲਈ ਸੰਸਾਰ ਵਿਚ ਕੋਈ ਵਸਤੂ ਵੀ ਨਿੱਤ ਨਹੀਂ ਹੈ। ਸਭ ਕੁਝ ਪਰਿਵਰਤਨਸ਼ੀਲ ਹੈ। ਸ਼ਰੀਰ ਦਾ ਨਿਰਮਾਣ ਜੜ-ਭੂਤਾਂ ਨਾਲ ਹੁੰਦਾ ਹੈ।

ਚਾਰਵਾਕ ਦਰਸ਼ਨ ਅਨੁਸਾਰ ਸੰਸਾਰ ਦਾ ਨਿਰਮਾਣ ਚਾਰ ਭੌਤਿਕ ਤੱਤ੍ਵਾਂ—ਜਲ, ਪ੍ਰਿਥਵੀ, ਤੇਜ ਅਤੇ ਵਾਯੂ— ਦੇ ਸੰਯੋਗ ਨਾਲ ਆਪਣੇ ਆਪ ਹੁੰਦਾ ਹੈ। ਇਹ ਚਾਰੇ ਤੱਤ੍ਵ (ਪਦਾਰਥ) ਜਗਤ ਦਾ ਮੂਲ ਕਾਰਣ ਹਨ। ਬਾਹਰਲਾ ਜਗਤ, ਇੰਦ੍ਰੀਆਂ ਅਤੇ ਭੌਤਿਕ ਸ਼ਰੀਰ ਇਨ੍ਹਾਂ ਚਾਰ ਮੂਲ ਭੂਤਾਂ ਤੋਂ ਹੀ ਪੈਦਾ ਹੁੰਦੇ ਹਨ।

ਉਪਰੋਕਤ ਤਿੰਨੋਂ ਦਰਸ਼ਨ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰਖਦੇ। ਇਸ ਲਈ ਸੰਸਾਰ ਦੀ ਪਰਮਾਤਮਾ ਦੁਆਰਾ ਸਿਰਜਨਾ ਦਾ ਸੁਆਲ ਹੀ ਨਹੀਂ ਉਠਦਾ।

ਜਿਥੋਂ ਤਕ ਛੇ ਦਰਸ਼ਨਾਂ ਦਾ ਸੰਬੰਧ ਹੈ, ਨਿਆਇ ਅਤੇ ਵੈਸ਼ੇਸ਼ਿਕ ਸ਼ਾਸਤ੍ਰ ਵਾਲੇ ਈਸ਼ਵਰ ਦੀ ਹੋਂਦ ਨੂੰ ਸਿੱਧ ਕਰਦੇ ਹੋਏ ਇਹ ਮੰਨਦੇ ਹਨ ਕਿ ਪਰਮਾਣੂ ਵਿਚੋਂ ਈਸ਼ਵਰ ਦੀ ਇੱਛਾ ਅਨੁਸਾਰ ਕ੍ਰਿਆ ਪੈਦਾ ਹੁੰਦੀ ਹੈ ਅਤੇ ਉਨ੍ਹਾਂ ਦੇ ਸੰਯੋਗ ਨਾਲ ਕ੍ਰਮਵਾਰ ਸ੍ਰਿਸ਼ਟੀ ਦੀ ਉਤਪੱਤੀ ਹੁੰਦੀ ਹੈ ਅਤੇ ਪ੍ਰਲਯ ਵੀ ਈਸ਼ਵਰ ਦੀ ਇੱਛਾ ਦੇ ਹੀ ਅਧੀਨ ਹੈ।

ਸਾਂਖ੍ਯ-ਦਰਸ਼ਨ ਅਨੁਸਾਰ ਸੰਸਾਰ ਦਾ ਆਦਿ ਕਾਰਣ ਪ੍ਰਕ੍ਰਿਤੀ ਹੈ ਜੋ ਜੜ ਅਤੇ ਪਰਿਵਰਤਨਸ਼ੀਲ ਦੋਵੇਂ ਹੈ। ਇਸ ਦਾ ਨਿਸ਼ਾਨਾ ਪੁਰਸ਼ ਦੀ ਉੱਦੇਸ਼-ਪੂਰਤੀ ਕਰਨ ਤੋਂ ਸਿਵਾ ਹੋਰ ਕੁਝ ਵੀ ਨਹੀਂ। ਪ੍ਰਕ੍ਰਿਤੀ ਦੇ ਤਿੰਨ ਗੁਣ ਹਨ— ਰਜੋ, ਸਤੋ ਅਤੇ ਤਮੋ। ਪੁਰਸ਼ ਅਤੇ ਪ੍ਰਕ੍ਰਿਤੀ ਦੇ ਸੰਯੋਗ ਨਾਲ ਸ੍ਰਿਸ਼ਟੀ ਦਾ ਆਰੰਭ ਹੁੰਦਾ ਹੈ। ਯੋਗ-ਸ਼ਾਸਤ੍ਰ ਵੀ ਸਾਂਖ੍ਯ-ਮਤ ਦਾ ਅਨੁਸਰਣ ਕਰਦਾ ਹੈ। ਮੀਮਾਂਸਾ-ਦਰਸ਼ਨ ਵਾਲੇ ਭੌਤਿਕ ਜਗਤ ਨੂੰ ਮੰਨਦੇ ਹਨ, ਪਰ ਉਸ ਦੇ ਕਿਸੇ ਸਿਰਜਨਹਾਰ ਦੀ ਕਲਪਨਾ ਨਹੀਂ ਕਰਦੇ। ਜਗਤ ਅਨਾਦਿ ਅਤੇ ਅਨੰਤ ਹੈ। ਸੰਸਾਰਿਕ ਵਸਤੂਆਂ ਦੀ ਸਿਰਜਨਾ ਆਤਮਾਵਾਂ ਦੇ ਪੂਰਬ-ਜਨਮ ਦੇ ਕਰਮਾਂ ਅਨੁਸਾਰ ਭੌਤਿਕ ਤੱਤ੍ਵਾਂ ਤੋਂ ਹੁੰਦੀ ਹੈ।

ਅਦ੍ਵੈਤ-ਵੇਦਾਂਤ ਅਨੁਸਾਰ ਬ੍ਰਹਮ ਚੇਤਨ੍ਯ, ਸਤਿ, ਨਿਰਗੁਣ, ਨਿਰਾਕਾਰ, ਸਚਿਦਾਨੰਦ ਹੈ। ਮਾਇਆ ਨਾਲ ਸੰਬੱਧ ਬ੍ਰਹਮ ਈਸ਼ਵਰ ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ। ਈਸ਼ਵਰ ਕੇਵਲ ਲੀਲ੍ਹਾ ਲਈ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਇਸ ਲਈ ਉਹ ਸ੍ਰਿਸ਼ਟੀ ਦਾ ਉਪਾਦਾਨ ਕਾਰਣ ਹੈ। ਗੁਣਾਂ ਦੀ ਅਸਮਾਨ ਵਿਵਸਥਾ ਕਰਕੇ ਮਾਇਆ ਵਿਚ ਕੁਝ ਕ੍ਰਿਆ ਹੁੰਦੀ ਹੈ। ਤਮੋ ਗੁਣ ਦੀ ਪ੍ਰਧਾਨਤਾ ਕਾਰਣ ਪੰਜ ਸੂਖਮ ਭੂਤਾਂ ਦੀ ਉਤਪੱਤੀ ਹੁੰਦੀ ਹੈ, ਜਿਵੇਂ ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ। ਇਨ੍ਹਾਂ ਭੂਤਾਂ ਦਾ ਅਗੋਂ ਫਿਰ ਪੰਜ ਪ੍ਰਕਾਰ ਦਾ ਸੰਯੋਗ ਹੁੰਦਾ ਹੈ ਜਿਸ ਤੋਂ ਪੰਜ ਸਥੂਲ ਭੂਤਾਂ ਦੀ ਉਤਪੱਤੀ ਹੁੰਦੀ ਹੈ। ਮਨੁੱਖ ਦਾ ਸੂਖਮ ਸ਼ਰੀਰ ਸੂਖਮ ਭੂਤਾਂ ਤੋਂ ਬਣਦਾ ਹੈ ਅਤੇ ਸਥੂਲ ਸ਼ਰੀਰ ਅਤੇ ਹੋਰ ਸੰਸਾਰਿਕ ਵਿਸ਼ੇ ਸਥੂਲ ਭੂਤਾਂ ਤੋਂ ਬਣਦੇ ਹਨ। ਇਸੇ ਨੂੰ 'ਵਿਵਰਤ' ਜਾਂ 'ਅਧਿਆਸ' ਕਿਹਾ ਗਿਆ ਹੈ। 'ਵੇਦਾਂਤਸਾਰ' ਵਿਚ ਲਿਖਿਆ ਹੈ ਕਿ ਕਿਸੇ ਵਸਤੂ ਦਾ ਆਪਣੀ ਪੂਰਬਲੀ ਅਵਸਥਾ ਨੂੰ ਛਡ ਕੇ ਦੂਜੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਉਸ ਵਸਤੂ ਦਾ ਪਰਿਣਾਮ ਹੈ। ਜਿਵੇਂ ਦੁੱਧ ਦਾ ਦਹੀ ਬਣ ਜਾਂਦਾ ਹੈ, ਮਿੱਟੀ ਦਾ ਘੜਾ ਬਣ ਜਾਂਦਾ ਹੈ ਅਤੇ ਸੋਨੇ ਦਾ ਕੜਾ ਬਣ ਜਾਂਦਾ ਹੈ। ਪਰੰਤੂ ਪੂਰਬ ਅਵਸਥਾ ਦਾ ਤਿਆਗ ਕੀਤੇ ਬਿਨਾ ਹੀ ਦੂਜੀ ਅਵਸਥਾ ਦਾ ਭਾਸਿਤ ਹੋਣਾ ਉਸ ਵਸਤੂ ਦਾ 'ਵਿਵਰਤ' ਹੈ, ਜਿਵੇਂ ਰੱਸੀ ਦਾ, ਰੱਸੀ ਰਹਿੰਦੇ ਹੋਇਆਂ ਵੀ ਸੱਪ ਦੇ ਰੂਪ ਵਿਚ ਭਾਸਿਤ ਹੋਣਾ। ਜਿਥੇ ਜੋ ਵਸਤੂ ਨਹੀਂ ਹੈ, ਉਸ ਨੂੰ ਉਥੇ ਕਲਪਿਤ ਕਰਨਾ 'ਅਧਿਆਸ' ਅਖਵਾਉਂਦਾ ਹੈ। ਸ਼ੰਕਰਾਚਾਰਯ ਦੇ ਸ਼ਬਦਾਂ ਵਿਚ ਤੱਤ੍ਵ ਪਦਾਰਥ ਵਿਚ

ਅਤੱਤ੍ਵ ਪਦਾਰਥ ਦੇ ਸਰੂਪ ਦਾ ਆਰੋਪ ਕਰਨਾ 'ਅਧਿਆਸ' ਕਿਹਾ ਜਾਂਦਾ ਹੈ। ਰਾਮਾਨੁਜਾਚਾਰਯ ਅਨੁਸਾਰ ਸ੍ਰਿਸ਼ਟੀ ਵਾਸਤਵਿਕ ਹੈ ਅਤੇ ਇਹ ਜਗਤ ਇਤਨਾ ਹੀ ਸਤਿ ਹੈ ਜਿਤਨਾ ਬ੍ਰਹਮ। ਖਟ-ਦਰਸ਼ਨ ਦੇ ਹੋਰ ਮਤ ਵੀ ਸਾਂਖ੍ਯ ਅਤੇ ਵੇਦਾਂਤ ਦੇ ਆਧਾਰ 'ਤੇ ਹੀ ਸ੍ਰਿਸ਼ਟੀ ਬਾਰੇ ਆਪਣੇ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ।

ਇਸਲਾਮ ਅਨੁਸਾਰ ਅੱਲ੍ਹਾ ਨੇ 'ਕੁਨ' ਕਹਿ ਕੇ ਅਭਾਵ ਵਿਚੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਸੀ। ਇਸ ਲਈ ਸੰਸਾਰ ਅਨਾਦਿ ਨਹੀਂ ਹੈ। ਪਰ ਮੁੱਖ ਮੁੱਖ ਸੂਫ਼ੀਆਂ ਨੇ ਆਪਣੇ ਆਪਣੇ ਢੰਗ ਨਾਲ ਸ੍ਰਿਸ਼ਟੀ-ਸਿਰਜਨਾ ਦੀ ਵਿਆਖਿਆ ਕੀਤੀ ਹੈ। ਸਥੂਲ ਰੂਪ ਵਿਚ ਵੁਜੂਦੀਆ-ਵਰਗ ਦੇ ਸੂਫ਼ੀ ਦ੍ਰਿਸ਼ਟਮਾਨ ਜਗਤ ਨੂੰ ਉਸ ਪਰਮ-ਸੱਤਾ ਦਾ ਪ੍ਰਗਟਾਵਾ ਮੰਨਦੇ ਹਨ। ਸ਼ੁਹੂਦੀਆ-ਵਰਗ ਜਗਤ-ਪ੍ਰਪੰਚ ਨੂੰ ਪਰਮਾਤਮਾ ਦੀ ਗੁਣਾਵਲੀ ਦਾ ਸਮਾਹਾਰ (ਸੰਗ੍ਰਹਿ) ਮੰਨਦਾ ਹੈ। ਅੱਲ੍ਹਾ ਆਪਣੀ ਸੱਤਾ ਨੂੰ ਆਪਣੇ ਗੁਣਾਂ ਵਿਚ ਪ੍ਰਗਟ ਕਰਦਾ ਹੈ। ਗੁਣਾਂ ਦੇ ਪ੍ਰਗਟ ਹੋਣ 'ਤੇ ਉਨ੍ਹਾਂ ਨੂੰ ਨਾਂ ਦਿੱਤੇ ਜਾਂਦੇ ਹਨ। ਇਸ ਲਈ ਇਹ ਨਾਂ ਦਰਪਣ ਵਾਂਗ ਹਨ ਜੋ ਪਰਮ-ਸੱਤਾ ਦੇ ਸਾਰੇ ਰਹੱਸਾਂ ਨੂੰ ਪ੍ਰਗਟ ਕਰਦੇ ਹਨ। ਇਹ ਦ੍ਰਿਸ਼ਟਮਾਨ ਜਗਤ ਪਰਮਾਤਮਾ ਦੀ ਸੱਤਾ ਉਤੇ ਨਿਰਭਰ ਕਰਦਾ ਹੈ, ਇਸ ਦੀ ਆਪਣੀ ਕੋਈ ਸੱਤਾ ਨਹੀਂ ਹੈ। ਪਰਮਾਤਮਾ ਤੋਂ ਬਿਨਾ ਜੋ ਕੁਝ ਹੈ, ਉਹ ਨਾਸ਼ਵਾਨ ਹੈ, ਭ੍ਰਮ ਹੈ, ਅਸਤਿ ਹੈ।

ਸ੍ਰਿਸ਼ਟੀ ਸੰਬੰਧੀ ਭਾਰਤੀ ਅਤੇ ਇਸਲਾਮਿਕ ਵਿਚਾਰਧਾਰਾ ਦੇ ਸੰਦਰਭ ਵਿਚ ਗੁਰਬਾਣੀ ਦੀ ਵਿਚਾਰਧਾਰਾ ਨੂੰ ਵੇਖਣਾ ਉਚਿਤ ਹੋਵੇਗਾ। ਗੁਰਬਾਣੀ ਵਿਚ ਸ੍ਰਿਸ਼ਟੀ ਜਿਗਿਆਸਾ ਸੰਬੰਧੀ ਕਈ ਥਾਂਵਾਂ ਉਤੇ ਸੰਕੇਤ ਮਿਲ ਜਾਂਦੇ ਹਨ। ਜੀਵਾਂ ਦੀ ਅਸਮਰਥਤਾ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿਚ ਪਰਮਾਤਮਾ ਨੂੰ ਮੁਖ਼ਾਤਬ ਹੁੰਦੇ ਹੋਇਆਂ ਕਹਿੰਦੇ ਹਨ ਕਿ ਤੂੰ ਇਹ ਕੀਹ ਸੰਸਾਰ ਪੈਦਾ ਕੀਤਾ ਹੈ ਜਿਸ ਵਿਚ ਜੀਵਾਂ ਦੇ ਵਸ ਵਿਚ ਕੁਝ ਵੀ ਨਹੀਂ ਹੈ ? ਇਨ੍ਹਾਂ ਜੀਵਾਂ ਵਿਚੋਂ ਕੁਝ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਕੁਝ ਨੂੰ ਵਿਯੋਗ ਦੀ ਸਥਿਤੀ ਵਿਚ ਹੀ ਬਣਾਈ ਰਖਦਾ ਹੈਂ — *ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ। ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ।* (ਗੁ.ਗ੍ਰੰ.469)। ਇਹ ਸੰਸਾਰ ਕਿਹੋ ਜਿਹਾ ਹੈ ਜਿਸ ਵਿਚ ਨ ਕੋਈ ਮਾਰਗ-ਦਰਸ਼ਕ ਰਿਹਾ ਹੈ ਅਤੇ ਨ ਹੀ ਮਿਤਰ ? — *ਨਾਨਕ ਦੁਨੀਆ ਕੈਸੀ ਹੋਈ। ਸਾਲਕੁ ਮਿਤੁ ਨ ਰਹਿਓ ਕੋਈ।* (ਗੁ.ਗ੍ਰੰ.1410)।

ਗੁਰਬਾਣੀ ਦੇ ਆਦਿ-ਰਚੈਤਾ ਗੁਰੂ ਨਾਨਕ ਦੇਵ ਜੀ ਦੀ ਧਾਰਣਾ ਹੈ ਕਿ ਜਦ ਤਕ ਦੁਨੀਆ ਵਿਚ ਰਹਿਣਾ ਮਿਲਿਆ ਹੈ, ਤਦ ਤਕ ਅਧਿਆਤਮ-ਤੱਤ੍ਵ ਬਾਰੇ ਕੁਝ ਨ ਕੁਝ ਸੰਵਾਦ ਚਲਦਾ ਰਹਿਣਾ ਚਾਹੀਦਾ ਹੈ— *ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਏ ਕਿਛੁ ਕਹੀਐ।* (ਗੁ.ਗ੍ਰੰ.661)। ਇਸ ਜਿਗਿਆਸੂ ਬਿਰਤੀ ਕਰਕੇ ਉਨ੍ਹਾਂ ਦੀ ਬਾਣੀ ਵਿਚ ਨਵੀਂ ਅਨੁਭੂਤੀ ਅਤੇ ਵਿਚਾਰਧਾਰਾ ਦੇ ਤੱਥ ਉਘੜੇ ਹਨ। ਧਿਆਨ ਰਹੇ ਕਿ ਗੁਰੂ ਸਾਹਿਬਾਨ ਦਰਸ਼ਨ ਜਾਂ ਸ਼ਾਸਤ੍ਰ ਦੇ ਬਖੇੜੇ ਵਿਚ ਨਹੀਂ ਪਏ। ਰਹੱਸਵਾਦੀ ਸਾਧਕ ਹੋਣ ਨਾਤੇ ਉਹ ਵਾਸਤਵਿਕਤਾ ਨੂੰ ਬਹੁਤ ਨੇੜਿਓਂ ਹੋ ਕੇ ਵੇਖ ਚੁਕੇ ਸਨ। ਇਸ ਲਈ ਉਨ੍ਹਾਂ ਨੇ ਪਰਮਾਤਮਾ ਦੀ ਲੀਲਾਮਈ ਸ੍ਰਿਸ਼ਟੀ ਦੇ ਸੰਬੰਧ ਵਿਚ ਕਿਹਾ ਹੈ ਕਿ ਪਰਮਾਤਮਾ ਦਾ ਇਹ ਸੰਸਾਰਿਕ ਖੇਲ ਜਾਂ ਉਸ ਦੀ ਰਹੱਸਮਈ ਅਨੰਤ ਕ੍ਰੀੜਾ ਨੂੰ ਅਗਮ, ਅਪਾਰ ਪਰਮਾਤਮਾ ਤੋਂ ਬਿਨਾ ਕੋਈ ਹੋਰ ਦਸ ਸਕਣ ਦੇ ਸਮਰਥ ਨਹੀਂ ਹੈ— *ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ।* (ਗੁ.ਗ੍ਰੰ.764)। ਸਚ ਤਾਂ ਇਹ ਹੈ ਕਿ ਗੁਰੂ ਸਾਹਿਬਾਨ ਨੇ ਸ੍ਰਿਸ਼ਟੀ ਸੰਬੰਧੀ ਕਿਤੇ ਵੀ ਕੋਈ ਦਾਰਸ਼ਨਿਕ ਵਿਵੇਚਨ ਨਹੀਂ ਕੀਤਾ। ਕਿਤੇ ਕਿਤੇ ਜੋ ਉੱਲੇਖ ਮਿਲਦੇ ਹਨ, ਉਨ੍ਹਾਂ ਖਿੰਡੇ ਪੁੰਡੇ ਵਿਚਾਰ-ਬਿੰਦੂਆਂ ਨੂੰ ਇਕ ਲੜੀ ਵਿਚ ਪਰੋਣ ਨਾਲ ਗੁਰਬਾਣੀ ਦੇ ਸ੍ਰਿਸ਼ਟੀ ਸੰਬੰਧੀ ਦ੍ਰਿਸ਼ਟੀਕੋਣ ਦਾ ਕੁਝ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਸੰਬੰਧ ਵਿਚ ਕੁਝ ਕੁ ਜ਼ਰੂਰੀ ਨੁਕਤੇ ਇਸ ਪ੍ਰਕਾਰ ਹਨ— ਜਗਤ ਦਾ ਰਚੈਤਾ, ਜਗਤ-ਰਚਨਾ ਦਾ ਸਮਾਂ, ਜਗਤ ਤੋਂ ਪੂਰਬਾਵਸਥਾ, ਜਗਤ ਦੀ ਉਤਪੱਤੀ, ਜਗਤ- ਰਚਨਾ-ਪ੍ਰਕ੍ਰਿਆ, ਜਗਤ ਦੀ ਅਨੰਤਤਾ, ਜਗਤ ਦਾ ਅੰਤ, ਜਗਤ ਦਾ ਸਰੂਪ ਆਦਿ। ਇਨ੍ਹਾਂ ਬਾਰੇ ਵਖਰੇ ਵਖਰੇ ਇੰਦਰਾਜ ਵੇਖੋ।

**ਜਗਤ ਸਿੰਘ, ਗ਼ਦਰੀ ਬਾਬਾ** (1883-1915 ਈ.) : ਗ਼ਦਰ ਪਾਰਟੀ ਦੀ ਗਤਿਵਿਧੀ ਵਿਚ ਸਰਗਰਮੀ ਨਾਲ ਸ਼ਾਮਲ ਹੋਣ ਵਾਲੇ ਜਗਤ ਸਿੰਘ ਦਾ ਇਕ ਨਾਮਾਂਤਰ 'ਜੈ ਸਿੰਘ' ਵੀ ਸੀ। ਇਸ ਦਾ ਜਨਮ ਸੰਨ 1883 ਈ. ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਰਸਿੰਘ ਪਿੰਡ ਵਿਚ ਸ. ਅਰੂੜ ਸਿੰਘ ਦੇ ਘਰ ਹੋਇਆ। ਹਡ-ਕਾਠ ਦਾ ਤਕੜਾ ਹੋਣ ਕਾਰਣ ਇਸ

ਨੇ ਫ਼ੌਜ ਵਿਚ ਭਰਤੀ ਹੋਣਾ ਉਚਿਤ ਸਮਝਿਆ। ਪਰ ਕਿਸਮਤ ਆਜ਼ਮਾਈ ਲਈ ਇਸ ਨੇ ਫ਼ੌਜ ਦੀ ਨੌਕਰੀ ਛਡ ਦਿੱਤੀ ਅਤੇ ਪਹਿਲਾਂ ਸ਼ਿੰਘਾਈ ਗਿਆ, ਫਿਰ ਉਥੋਂ ਕੈਨੇਡਾ ਪਹੁੰਚ ਗਿਆ। ਵੈਨਕੂਵਰ ਵਿਚ ਇਸ ਨੂੰ ਇਕ ਆਰੇ ਵਿਚ ਨੌਕਰੀ ਮਿਲ ਗਈ। ਉਥੇ ਇਹ ਗ਼ਦਰ ਪਾਰਟੀ ਦੀ ਗਤਿਵਿਧੀ ਵਿਚ ਸ਼ਾਮਲ ਹੋਣ ਲਗ ਗਿਆ। ਸੰਨ 1914 ਈ. ਵਿਚ ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋ ਜਾਣ ਨਾਲ ਇਹ ਇਕ ਜਾਪਾਨੀ ਜਹਾਜ਼ ਰਾਹੀਂ ਭਾਰਤ ਪਹੁੰਚਿਆ ਅਤੇ ਪੰਜਾਬ ਵਿਚ ਆ ਕੇ ਕਰਤਾਰ ਸਿੰਘ ਸਰਾਭਾ ਨੂੰ ਮਿਲਿਆ ਅਤੇ ਕ੍ਰਾਂਤੀਕਾਰੀ ਕਾਰਵਾਈਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਨੇ ਸਾਹਨੇਵਾਲ ਅਤੇ ਮਨਸੂਰਾ ਨਾਂ ਦੇ ਪਿੰਡਾਂ ਦੇ ਡਾਕਿਆਂ ਵਿਚ ਕਾਫ਼ੀ ਧਨ ਲੁਟਿਆ ਜੋ ਸਭ ਪਾਰਟੀ ਦੇ ਫੰਡ ਵਿਚ ਪਾ ਦਿੱਤਾ, ਸਗੋਂ ਆਪਣੀ ਭੂਮੀ ਵੀ ਇਸ ਮਨੋਰਥ ਲਈ ਵੇਚ ਦਿੱਤੀ। ਇਸ ਨੇ ਬੰਬ ਬਣਾਉਣ ਵਿਚ ਵੀ ਪੂਰੀ ਗਰਮਜੋਸ਼ੀ ਨਾਲ ਹਿੱਸਾ ਲਿਆ। ਕੈਨੇਡਾ ਦੀ ਸਰਕਾਰ ਨੇ ਭਾਰਤ ਸਰਕਾਰ ਨੂੰ ਇਸ ਉਤੇ ਤੀਬਰ ਨਜ਼ਰ ਰਖਣ ਲਈ ਸੂਚਿਤ ਕੀਤਾ ਕਿਉਂਕਿ ਇਹ ਵੈਨਕੂਵਰ ਵਿਚ ਇਕ ਸਰਕਾਰਪੱਖੀ ਵਿਅਕਤੀ ਹਰਨਾਮ ਸਿੰਘ ਦਾ ਕਤਲ ਕਰ ਆਇਆ ਸੀ। ਇਸ ਨੂੰ ਪਕੜਨ ਦਾ ਯਤਨ ਕੀਤਾ ਗਿਆ, ਪਰ ਕਰਤਾਰ ਸਿੰਘ ਸਰਾਭਾ ਅਤੇ ਹਰਨਾਮ ਸਿੰਘ ਟੁੰਡੀਲਾਟ ਨਾਲ ਇਹ ਕਾਬੁਲ ਨੂੰ ਖਿਸਕ ਗਿਆ। ਕੁਝ ਸਮੇਂ ਬਾਦ ਇਹ ਸਾਰੇ ਪੰਜਾਬ ਪਰਤੇ ਅਤੇ ਆਪਣੀਆਂ ਕ੍ਰਾਂਤੀਕਾਰੀ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਪਰ ਇਹ ਸਾਰੇ ਸਰਗੋਧੇ ਵਿਚ ਉਦੋਂ ਪਕੜੇ ਗਏ ਜਦੋਂ ਸਿਪਾਹੀਆਂ ਨੂੰ ਸਰਕਾਰ ਵਿਰੁੱਧ ਉਕਸਾ ਰਹੇ ਸਨ। ਇਸ ਉਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਮੁਕੱਦਮਾ ਚਲਾ ਕੇ ਫਾਂਸੀ ਦੀ ਸਜ਼ਾ ਦਿੱਤੀ ਗਈ। 16 ਨਵੰਬਰ 1915 ਈ. ਨੂੰ ਸ. ਕਰਤਾਰ ਸਿੰਘ ਸਰਾਭਾ ਸਹਿਤ ਇਸ ਨੂੰ ਫ਼ਾਂਸੀ ਲਗਾਇਆ ਗਿਆ।

**ਜਗਤਜੀਤ ਸਿੰਘ, ਮਹਾਰਾਜਾ** (1872-1949 ਈ.) : ਕਪੂਰਥਲਾ ਰਿਆਸਤ ਦਾ ਅੰਤਿਮ ਮਹਾਰਾਜਾ, ਜੋ ਬੜਾ ਉੱਦਮੀ ਅਤੇ ਉਦਾਰ ਵਿਚਾਰਾਂ ਵਾਲਾ ਸੀ। ਇਸ ਨੇ ਕਪੂਰਥਲਾ ਨਗਰ ਨੂੰ ਕਾਫ਼ੀ ਸੁਧਾਰਿਆ ਅਤੇ ਇਮਾਰਤਾਂ ਦੀ ਉਸਾਰੀ ਕਰਵਾਈ। ਸੰਨ 1948 ਈ. ਵਿਚ ਪੈਪਸੂ ਬਣਨ 'ਤੇ ਇਸ ਨੂੰ ਉਪ-ਰਾਜ ਪ੍ਰਮੁਖ ਨਿਯੁਕਤ ਕੀਤਾ ਗਿਆ। ਇਸ ਦੀ ਮ੍ਰਿਤੂ 19 ਜੂਨ 1949 ਈ. ਵਿਚ ਹੋਈ। ਵੇਖੋ 'ਕਪੂਰਥਲਾ ਰਿਆਸਤ'।

**ਜਗਤ ਦਾ ਅੰਤ** : ਗੁਰਬਾਣੀ ਵਿਚ ਜਗਤ ਦੀ ਉਤਪੱਤੀ ਹੀ ਨਹੀਂ, ਇਸ ਦਾ ਅੰਤ ਵੀ ਪਰਮਾਤਮਾ ਦੁਆਰਾ ਮੰਨਿਆ ਗਿਆ ਹੈ— *ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।* (ਗੁ.ਗ੍ਰੰ.20); *ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ। ਤਿਸੁ ਬਿਨੁ ਦੂਜਾ ਅਵਰੁ ਨ ਕੋਈ।* (ਗੁ.ਗ੍ਰੰ. 355)। ਅਸਲ ਵਿਚ, ਪਰਮਾਤਮਾ ਖ਼ੁਦ ਇਸ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ ਅਤੇ ਆਪ ਹੀ ਇਸ ਦਾ ਅੰਤ ਕਰਦਾ ਹੈ। ਉਸ ਨੂੰ ਜਿਵੇਂ ਚੰਗਾ ਲਗਦਾ ਹੈ ਜਾਂ ਜਿਵੇਂ ਉਸ ਦੀ ਇੱਛਾ ਹੁੰਦੀ ਹੈ, ਉਸੇ ਤਰ੍ਹਾਂ ਕਰਦਾ ਹੈ— *ਢਾਹੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ।* (ਗੁ.ਗ੍ਰੰ.433)। ਬਾਜੀਗਰ ਵਾਂਗ ਆਪ ਖੇਲ ਦਾ ਪਸਾਰਾ ਕਰਦਾ ਹੈ ਅਤੇ ਆਪ ਹੀ ਸਮੇਟ ਲੈਂਦਾ ਹੈ। ਆਸਾ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ। ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।* (ਗੁ.ਗ੍ਰੰ.422)।

ਸਪੱਸ਼ਟ ਹੈ ਕਿ ਪਰਮਾਤਮਾ ਆਪਣੀ ਇੱਛਾ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਫਿਰ ਆਪ ਹੀ ਆਪਣੇ ਵਿਚ ਵਿਲੀਨ ਕਰ ਲੈਂਦਾ ਹੈ। ਪਰ ਇਸ ਦਾ ਅੰਤ ਕਦ ਹੋਵੇਗਾ ? ਇਸ ਬਾਰੇ ਕੇਵਲ ਪਰਮਾਤਮਾ ਹੀ ਜਾਣਦਾ ਹੈ, ਉਸ ਤੋਂ ਭਿੰਨ ਹੋਰ ਕੋਈ ਨਹੀਂ ਜਾਣਦਾ।

**ਜਗਤ ਦਾ ਸਰੂਪ** : ਜਗਤ ਦੇ ਸਰੂਪ ਸੰਬੰਧੀ ਗੁਰਬਾਣੀ ਵਿਚ ਦੋ ਪ੍ਰਕਾਰ ਦੇ ਕਥਨ ਮਿਲਦੇ ਹਨ— ਇਕ, ਜਗਤ ਸਤਿ (ਸਚਾ) ਹੈ; ਦੂਜਾ, ਜਗਤ ਅਸਤਿ (ਝੂਠਾ) ਹੈ। ਇਨ੍ਹਾਂ ਦੋਹਾਂ ਵਿਚੋਂ ਵੀ ਦੂਜੇ ਪ੍ਰਕਾਰ ਦੇ ਕਥਨਾਂ ਦੀ ਭਰਮਾਰ ਹੈ। ਜਗਤ ਸਚਾ ਹੈ, ਇਸ ਬਾਰੇ ਬਹੁਤ ਘਟ ਉੱਲੇਖ ਹਨ। ਦੋਹਾਂ ਤਰ੍ਹਾਂ ਦੇ ਇਹ ਕਥਨ ਇਕ ਵਾਰ ਤਾਂ ਪਰਸਪਰ ਵਿਰੋਧੀ ਲਗਦੇ ਹਨ ਅਤੇ ਭਰਮ ਪੈਦਾ ਕਰਦੇ ਹਨ, ਪਰ ਉਂਜ ਅਜਿਹੀ ਗੱਲ ਨਹੀਂ ਹੈ।

ਪਹਿਲਾਂ ਜਗਤ ਦੀ ਅਸਤਿਤਾ ਨੂੰ ਵੇਖਣਾ ਉਚਿਤ ਹੋਵੇਗਾ। ਇਸ ਅਸਤਿਤਾ ਦਾ ਪ੍ਰਗਟਾਵਾ ਦੋ ਢੰਗਾਂ ਨਾਲ ਕੀਤਾ ਗਿਆ ਹੈ। ਇਕ ਸਾਧਾਰਣ ਵਿਧੀ ਰਾਹੀਂ ਅਤੇ ਦੂਜਾ

ਉਪਮਾਨ-ਦ੍ਰਿਸ਼ਟਾਂਤ ਵਿਧੀ ਦੁਆਰਾ। ਗੁਰੂ ਨਾਨਕ ਦੇਵ ਜੀ ਨੇ *ਦੁਨੀਆ ਮੁਕਾਮੇ ਫਾਨੀ* ਅਤੇ *ਨਾਨਕ ਦੁਨੀਆ ਚਾਰਿ ਦਿਹਾੜੇ* ਕਹਿ ਕੇ ਸਾਰੀ ਗੱਲ ਨਿਬੇੜ ਦਿੱਤੀ ਹੈ।

ਸਿਰੀ ਰਾਗ ਵਿਚ ਸੰਸਾਰ ਨੂੰ ਸਥਾਈ ਨਿਵਾਸ ਬਣਾਉਣ ਵਾਲੇ ਯੋਗੀ ਜਾਂ ਫ਼ਕੀਰ ਨੂੰ ਸੰਬੋਧਨ ਕਰਦਿਆਂ ਦਸਿਆ ਗਿਆ ਹੈ ਕਿ ਜਿਸ ਸੰਸਾਰ ਨੂੰ ਉਹ ਸਥਾਈ ਸਮਝਦਾ ਹੈ, ਉਹ ਸਥਾਈ ਮੁਕਾਮ ਨਹੀਂ ਹੈ। ਇਹ ਸੰਸਾਰ ਆਣ-ਜਾਣ ਵਾਲਾ ਪਰਿਵਰਤਨਸ਼ੀਲ ਹੈ। ਆਕਾਸ਼ ਅਤੇ ਧਰਤੀ, ਦਿਨ ਅਤੇ ਸੂਰਜ, ਰਾਤ ਅਤੇ ਚੰਦ੍ਰਮਾ, ਤਾਰਿਆਂ ਦਾ ਸਮੂਹ ਸਭ ਨਸ਼ਟ ਹੋ ਜਾਣ ਵਾਲੇ ਹਨ। ਸਦਾ ਸਦੀਵੀ ਤਾਂ ਕੇਵਲ ਇਕ ਪਰਮਾਤਮਾ ਹੀ ਹੈ—*ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ। ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ। ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ। ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ।* (ਗੁ.ਗ੍ਰੰ.64)। ਅਸਲ ਵਿਚ, ਇਹ ਜਗਤ *ਧੂਏ ਕਾ ਧਵਲਹਰੁ*, *ਸਭੁ ਜਗੁ ਚਲਣਹਾਰੁ* ਹੈ, ਅਸਥਾਈ ਹੈ। 'ਮਾਝ ਕੀ ਵਾਰ' ਦੀ 8ਵੀਂ ਪਉੜੀ ਵਿਚ ਤਾਂ ਸਭ ਕੁਝ ਨਸ਼ਟ ਹੋਣ ਵਾਲਾ ਕਹਿ ਦਿੱਤਾ ਗਿਆ ਹੈ— *ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ। ਹਟ ਪਟਣ ਬਾਜਾਰ ਹੁਕਮੀ ਢਹਸੀਓ।...* (ਗੁ.ਗ੍ਰੰ.141)।

ਸੰਸਾਰ ਦੇ ਰਾਜ, ਮਾਲ, ਜੋਬਨ ਆਦਿ ਸਭ ਛਾਇਆ ਦੇ ਸਮਾਨ ਹਨ (*ਰਾਜੁ ਮਾਲੁ ਜੋਬਨੁ ਸਭੁ ਛਾਂਵ*— ਗੁ.ਗ੍ਰੰ.1257)। ਇਹ ਜੁਆਰੀਏ ਦੇ ਧਨ ਵਾਂਗ ਛਿਣ-ਮਾਤ੍ਰ ਹਨ ਅਤੇ ਫੁਲਾਂ ਵਾਂਗ ਥੁੜਚਿਰੇ ਹਨ। ਚਾਰ ਦਿਨ ਮੌਜ-ਮੇਲਾ ਕੀਤਾ ਜਾ ਸਕਦਾ ਹੈ, ਫਿਰ ਸ਼ਰੀਰ ਬਿਰਧ ਹੋ ਕੇ ਨਸ਼ਟ ਹੋ ਜਾਂਦਾ ਹੈ। ਇਸ ਸੰਸਾਰ ਵਿਚ ਜੋ ਆਇਆ ਹੈ, ਉਸ ਨੇ ਆਪਣੀ ਵਾਰੀ ਉੱਤੇ ਤੁਰ ਜਾਣਾ ਹੈ (*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ*— ਗੁ.ਗ੍ਰੰ.474)।

ਅਸਤਿ ਤੋਂ ਇਲਾਵਾ ਜਗਤ ਨੂੰ ਮਿਥਿਆ ਜਾਂ ਝੂਠਾ ਵੀ ਕਿਹਾ ਗਿਆ ਹੈ। 'ਆਸਾ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਰਾਜਾ, ਪ੍ਰਜਾ, ਸੰਸਾਰ, ਮੰਡਪ, ਚੌਬਾਰੇ, ਚੌਬਾਰਿਆਂ ਵਿਚ ਬੈਠਣ ਵਾਲੇ, ਸੋਨਾ, ਚਾਂਦੀ ਅਤੇ ਇਨ੍ਹਾਂ ਧਾਤਾਂ ਤੋਂ ਤਿਆਰ ਕੀਤੇ ਜਾਣ ਵਾਲੇ ਗਹਿਣੇ ਅਤੇ ਉਨ੍ਹਾਂ ਨੂੰ ਪਹਿਨਣ ਵਾਲੇ, ਕਾਇਆ, ਕਪੜੇ, ਰੂਪ, ਮੀਆਂ, ਬੀਵੀ ਆਦਿ ਸਭ ਝੂਠੇ ਹਨ, ਮਿਥਿਆ ਹਨ, ਖਪ ਖਪ ਕੇ ਨਸ਼ਟ ਹੋ ਰਹੇ ਹਨ। ਮਿਥਿਆ ਵਿਚ ਫਸੇ ਹੋਏ ਜੀਵ ਮਿਥਿਆ ਨਾਲ ਹੀ ਪ੍ਰੇਮ ਕਰ ਰਹੇ ਹਨ ਅਤੇ ਪਰਮਾਤਮਾ ਨੂੰ ਹੀ ਭੁਲਾ ਬੈਠੇ ਹਨ। ਅਸਲ ਵਿਚ, ਸੰਸਾਰ ਚਲਾਇਮਾਨ ਹੈ। ਅਜਿਹੀ ਅਵਸਥਾ ਵਿਚ ਕਿਸ ਨਾਲ ਮਿਤਰਤਾ ਕਾਇਮ ਕੀਤੀ ਜਾਏ। ਸਭ ਕੁਝ ਮਿਥਿਆ ਹੀ ਮਿਥਿਆ ਹੈ, ਸਿਵਾਏ ਪਰਮਾਤਮਾ ਦੇ, ਸਭ ਝੂਠ ਦਾ ਪਸਾਰਾ ਹੈ— *ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ। ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ। ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ। ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ। ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ। ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ। ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।* (ਗੁ.ਗ੍ਰੰ.468)। ਇਸ ਪ੍ਰਕਾਰ ਦੀ ਅਭਿਵਿਅਕਤੀ ਅਨੇਕ ਪ੍ਰਸੰਗਾਂ ਵਿਚ ਹੋਈ ਮਿਲ ਜਾਂਦੀ ਹੈ।

ਸੰਸਾਰ ਦੀ ਨਸ਼ਵਰਤਾ ਦੀ ਗੱਲ ਨੂੰ ਦ੍ਰਿੜ੍ਹ ਕਰਵਾਉਣ ਲਈ ਉਪਮਾਨ-ਦ੍ਰਿਸ਼ਟਾਂਤ ਦੀ ਜੁਗਤ ਵਰਤੀ ਗਈ ਹੈ। ਇਸ ਕਥਨ-ਸ਼ੈਲੀ ਵਿਚ ਸੰਸਾਰ ਨੂੰ ਬਾਜੀਗਰ ਦੀ ਬਾਜ਼ੀ, ਚੌਪੜ ਦੀ ਖੇਡ, ਸੂਤਰ ਦੇ ਧਾਗੇ ਵਾਂਗ ਕੱਚਾ ਮੰਨਿਆ ਗਿਆ ਹੈ। ਮਲਾਰ ਰਾਗ ਵਿਚ ਇਸ ਨੂੰ ਕਾਗ਼ਜ਼ ਦੇ ਕਿਲ੍ਹੇ ਵਰਗਾ ਕਿਹਾ ਗਿਆ ਹੈ ਜੋ ਪਾਣੀ ਬੂੰਦ ਜਾਂ ਹਵਾ ਦੇ ਝੌਂਕੇ ਨਾਲ ਆਪਣੀ ਸਥਿਤੀ ਖ਼ਤਮ ਕਰ ਲੈਂਦਾ ਹੈ— *ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ। ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ।* (ਗੁ.ਗ੍ਰੰ. 1274)। ਇਸ ਜਗਤ ਨੂੰ ਵਿਅਰਥ, ਵਿਸ਼-ਵਤ, ਖੋਟੀ ਰਾਸ, ਕਾਜਲ ਦੀ ਕੋਠਰੀ, ਭਸਮ ਦੇ ਰੰਗ ਵਾਲਾ ਕਿਹਾ ਗਿਆ ਹੈ। ਸਪੱਸ਼ਟ ਹੈ ਕਿ ਜਗਤ ਸੰਬੰਧੀ ਗੁਰਬਾਣੀ ਦੀ ਸਾਰੀ ਉਪਮਾਨ ਅਤੇ ਪ੍ਰਤੀਕ ਯੋਜਨਾ ਨਾਸ਼ਮਾਨਤਾ, ਹੀਨਤਾ ਅਤੇ ਥੁੜ-ਚਿਰਤਾ ਦੀ ਸੂਚਕ ਹੈ। ਜਿਵੇਂ ਗਵਾਲੇ ਦੀ ਚਰਾਂਦ ਬੜੇ ਥੋੜੇ ਸਮੇਂ ਲਈ ਹੁੰਦੀ ਹੈ, ਉਸੇ ਤਰ੍ਹਾਂ ਸੰਸਾਰ ਦੀ ਸਥਿਤੀ ਹੈ।

ਗੁਰਬਾਣੀ ਵਿਚ ਜਗਤ ਨੂੰ ਸਚ ਵੀ ਮੰਨਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਪਰਮਾਤਮਾ ਦੇ ਬਣਾਏ ਹੋਏ ਖੰਡ, ਬ੍ਰਹਿਮੰਡ ਸਭ ਸਚੇ ਹਨ, ਲੋਕ ਅਤੇ ਆਕਾਰ, ਕਾਮ ਅਤੇ ਵਿਚਾਰ, ਹਕੂਮਤ ਅਤੇ ਦਰਬਾਰ, ਹੁਕਮ ਅਤੇ ਫ਼ਰਮਾਨ, ਕ੍ਰਿਪਾ ਅਤੇ ਕ੍ਰਿਪਾ-ਪ੍ਰਾਪਤੀ ਦੇ ਪ੍ਰਮਾਣ ਸਭ ਸਚੇ ਹਨ। ਸਚੇ ਪਾਤਿਸ਼ਾਹ ਦੀ ਕੁਦਰਤ ਵੀ ਸਚੀ ਹੈ— *ਸਚੇ ਤੇਰੇ ਖੰਡ ਸਚੇ ਬ੍ਰਹਮੰਡ। ਸਚੇ ਤੇਰੇ ਲੋਅ ਸਚੇ ਆਕਾਰ। ਸਚੇ ਤੇਰੇ ਕਰਣੇ ਸਰਬ ਬੀਚਾਰ। ਸਚਾ ਤੇਰਾ ਅਮਰੁ ਸਚਾ ਦੀਬਾਣੁ।*

*ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ।ਸਚਾ ਤੇਰਾ ਕਰਮੁ ਸਚਾ ਨੀਸਾਣੁ ।ਸਚੇ ਤੁਧੁ ਆਖਹਿ ਲਖ ਕਰੋੜਿ ।ਸਚੈ ਸਭਿ ਤਾਣਿ ਸਚੈ ਸਭਿ ਜੋਰਿ ।ਸਚੀ ਤੇਰੀ ਸਿਫਤਿ ਸਚੀ ਸਾਲਾਹ ।ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ।* (ਗੁ.ਗ੍ਰੰ.463)। ਸਾਰਾ ਸੰਸਾਰ ਆਤਮ-ਸਰੂਪੀ ਹੈ। ਇਸ ਦਾ ਸਾਰਾ ਖੇਲ ਸਚਾ ਹੈ— *ਆਤਮ ਰਾਮੁ ਸੰਸਾਰਾ ।ਸਾਚਾ ਖੇਲੁ ਤੁਮ੍ਹਾਰਾ ।*(ਗੁ.ਗ੍ਰੰ.764)। ਇਸ ਪ੍ਰਕਾਰ ਦੇ ਹੋਰ ਵੀ ਕਈ ਕਥਨ ਮਿਲ ਜਾਂਦੇ ਹਨ। ਜਗਤ ਨੂੰ ਗੁਰੂ ਅਮਰਦਾਸ ਨੇ 'ਅਨੰਦੁ' ਬਾਣੀ ਵਿਚ 'ਹਰਿ ਕਾ ਰੂਪ' ਕਿਹਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਜਗਤ ਸਤਿ ਅਤੇ ਅਸਤਿ ਦੋਵੇਂ ਹੈ। ਇਥੇ ਅੰਤਰ-ਵਿਰੋਧ ਪੈਦਾ ਹੋਇਆ ਦਿਸਦਾ ਹੈ, ਪਰ ਅੰਤਰ-ਵਿਰੋਧ ਦੀ ਕੋਈ ਗੱਲ ਨਹੀਂ ਹੈ। ਅਸਲ ਵਿਚ, ਗੁਰਬਾਣੀ ਵਿਚਲੀਆਂ ਕੁਝ ਕੁ ਟੂਕਾਂ ਨੂੰ ਆਧਾਰ ਬਣਾ ਕੇ ਇਸ ਨਿਸ਼ਕਰਸ਼ ਉਪਰ ਪਹੁੰਚਣਾ ਕਿ ਗੁਰਬਾਣੀ ਵਿਚ ਜਗਤ ਨੂੰ ਸਚ ਮੰਨਿਆ ਗਿਆ ਹੈ, ਠੀਕ ਨਹੀਂ ਹੈ। ਕਿਸੇ ਸਿੱਧਾਂਤ ਦੇ ਵਿਸ਼ਲੇਸ਼ਣ ਵੇਲੇ ਸਦਾ ਕਿਸੇ ਰਚਨਾ ਦੇ ਸਮੁੱਚੇ ਸਰੂਪ ਜਾਂ ਪ੍ਰਭਾਵ ਨੂੰ ਗ੍ਰਹਿਣ ਕਰਨਾ ਹੁੰਦਾ ਹੈ, ਨ ਕਿ ਕੁਝ ਕੁ ਕਥਨਾਂ ਨੂੰ। ਜੇ ਜਗਤ ਸਚਮੁਚ ਸਚਾ ਹੁੰਦਾ ਤਾਂ ਉਸ ਦੇ ਅਸਤਿ ਰੂਪ ਦਾ ਗੁਰੂ ਗ੍ਰੰਥ ਸਾਹਿਬ ਵਿਚ ਇਤਨੇ ਵਿਸਤਾਰ ਨਾਲ ਉਕਤੀ-ਜੁਗਤੀ, ਅਤੇ ਉਪਮਾਨ-ਦ੍ਰਿਸ਼ਟਾਂਤ ਨਾਲ ਵਰਣਨ ਨ ਕੀਤਾ ਜਾਂਦਾ। ਗੁਰਬਾਣੀ ਵਿਚ ਅਦ੍ਵੈਤਵਾਦ ਅਤੇ ਵਿਸ਼ਿਸ਼ਟਾਦ੍ਵੈਤਵਾਦ ਦੋਹਾਂ ਸਿੱਧਾਂਤਾਂ ਦੀ ਨਾਲੋਂ ਨਾਲ ਸਵੀਕ੍ਰਿਤੀ ਸੰਭਵ ਨਹੀਂ ਹੋ ਸਕਦੀ।

ਗੁਰਬਾਣੀ ਅਦ੍ਵੈਤਵਾਦੀ ਹੈ। ਗੁਰਬਾਣੀ ਦਾ ਅਦ੍ਵੈਤਵਾਦ ਸ਼ੰਕਰਾਚਾਰਯ ਦਾ ਸ਼ਾਸਤ੍ਰੀ ਅਦ੍ਵੈਤਵਾਦ ਭਾਵੇਂ ਨ ਸਹੀ, ਪਰ ਬਾਣੀਕਾਰ ਅਦ੍ਵੈਤਵਾਦ ਵਾਂਗ ਜਗਤ ਨੂੰ ਅਸਤਿ ਮੰਨਦੇ ਹਨ। ਅਸਲ ਵਿਚ, ਅਧਿਅਸਤ ਵਸਤੂ (ਰੱਸੀ) ਸਤਿ (ਸੱਪ) ਨਹੀਂ ਹੋ ਸਕਦੀ। ਜੇ ਜਗਤ ਨੂੰ ਵਿਸ਼ਿਸ਼ਟਾਦ੍ਵੈਤਵਾਦੀਆ ਵਾਂਗ ਸਤਿ ਮੰਨ ਲਿਆ ਜਾਏ, ਤਾਂ ਗੁਰਬਾਣੀ ਵਿਚ ਵਿਰੋਧੀ ਤੱਤ੍ਵਾਂ ਦੀ ਹੋਂਦ ਮੰਨਣੀ ਪਵੇਗੀ। ਪਰ ਅਜਿਹੀ ਗੱਲ ਮੂਲੋਂ ਨਹੀਂ ਹੈ। ਗੁਰਬਾਣੀ ਦੀ ਵਿਚਾਰਧਾਰਾ ਬਿਲਕੁਲ ਸਪੱਸ਼ਟ ਹੈ ਅਤੇ ਹਰ ਪ੍ਰਕਾਰ ਦੇ ਵਿਰੋਧੀ ਤੱਤ੍ਵਾਂ ਤੋਂ ਮੁਕਤ ਹੈ। ਇਸ ਲਈ ਜਗਤ ਦੇ ਸਰੂਪ ਸੰਬੰਧੀ ਗੁਰਬਾਣੀ ਦਾ ਦ੍ਰਿਸ਼ਟੀਕੋਣ ਭਾਰਤੀ ਦਾਰਸ਼ਨਿਕ ਸਰੋਤਾਂ ਦੇ ਸੰਦਰਭ ਵਿਚ ਹੀ ਸਮਝਣਾ ਉਚਿਤ ਹੋਵੇਗਾ।

ਗੁਰਬਾਣੀ ਵਿਚ ਜਗਤ ਨੂੰ ਮਾਇਆ ਦਾ ਸਾਕਾਰ ਰੂਪ ਮੰਨਿਆ ਗਿਆ ਹੈ। ਨਾਮਰੂਪਾਤਮਕ ਜਗਤ ਜਾਂ ਸ੍ਰਿਸ਼ਟੀ ਪਰਿਵਰਤਨਸ਼ੀਲ ਹੈ, ਇਸ ਲਈ ਇਸ ਨੂੰ ਸਤਿ ਨਹੀਂ ਕਿਹਾ ਜਾ ਸਕਦਾ। ਸਤਿ ਦਾ ਵਾਸਤਵਿਕ ਸਰੂਪ ਬਦਲਦਾ ਨਹੀਂ ਹੈ, ਅਪਰਿਵਰਤਨਸ਼ੀਲ ਹੁੰਦਾ ਹੈ। ਫਿਰ ਗੁਰਬਾਣੀ ਵਿਚ ਜਗਤ ਨੂੰ ਸਤਿ ਕਿਉਂ ਕਿਹਾ ਗਿਆ ਹੈ ? ਉੱਤਰ ਹੈ ਕਿ ਜੇ ਜਗਤ ਦੇ ਉਪਾਦਾਨ ਕਾਰਣ (ਪ੍ਰਭੂ) ਨੂੰ ਸਤਿ ਮੰਨ ਲਿਆ ਜਾਏ, ਤਾਂ ਉਸ ਦੇ ਕਾਰਜ (ਜਗਤ) ਨੂੰ ਵੀ ਸਤਿ ਮੰਨਣਾ ਪਵੇਗਾ। (*ਨਾਨਕ ਸਚੇ ਕੀ ਸਾਚੀ ਕਾਰ*)। ਸੰਸਾਰ ਦਾ ਉਪਾਦਾਨ ਕਾਰਣ ਅਸਤਿ ਨਹੀਂ ਹੋ ਸਕਦਾ। ਤਾਂ ਫਿਰ ਉਸ ਦੁਆਰਾ ਉਤਪੰਨ ਕੀਤੀ ਹੋਈ ਵਸਤੂ (ਸ੍ਰਿਸ਼ਟੀ) ਅਵੱਸ਼ ਸਤਿ ਹੈ (*ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਹੋਈ— ਗੁ.ਗ੍ਰੰ.145*), ਕਿਉਂਕਿ ਸ੍ਰਿਸ਼ਟੀ ਦੀ ਹਰ ਇਕ ਵਸਤੂ ਦੀ ਸੱਤਾ ਸਪੱਸ਼ਟ ਦ੍ਰਿਸ਼ਟੀਗੋਚਰ ਹੋ ਰਹੀ ਹੈ। ਪਰਮਾਤਮਾ ਨੇ ਜੋ ਰਚਿਆ ਹੈ ਉਹ ਵੀ ਸਤਿ ਹੈ।

ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਾਰਜ ਜਗਤ ਅਜਿਹਾ ਸਤਿ ਨਹੀਂ, ਜਿਹੋ ਜਿਹਾ ਉਪਾਦਾਨ ਕਾਰਣ ਪਰਮਾਤਮਾ ਸਤਿ ਹੈ। ਅਸਲ ਵਿਚ, ਸੋਚਿਆ ਜਾਏ ਤਾਂ ਸਿੱਧ ਹੁੰਦਾ ਹੈ ਕਿ ਪਰਮਾਤਮਾ ਪਰਮਾਰਥਿਕ ਸਤਿ ਹੈ ਅਤੇ ਜਗਤ ਵਿਵਹਾਰਿਕ ਸਤਿ ਹੈ। ਗੁਰਬਾਣੀ ਪ੍ਰਤਿਪਾਦਿਤ ਜੀਵਨ-ਜੁਗਤ ਨਿਵ੍ਰਿੱਤੀ ਮਾਰਗੀ ਨਹੀਂ ਹੈ। ਵਿਵਹਾਰ ਵਿਚ ਗੁਰਬਾਣੀ ਨਿਸ਼ਕਾਮ ਕਰਮ ਕਰਨ ਵਿਚ ਵਿਸ਼ਵਾਸ ਰਖਦੀ ਹੈ। ਨ ਕਿ ਬੋੱਧੀਆਂ ਅਤੇ ਸ਼ੰਕਰਾਚਾਰਯ ਵਾਂਗ ਗ੍ਰਿਹਸਥ ਧਰਮ ਦੇ ਤਿਆਗ ਵਿਚ ਯਕੀਨ ਰਖਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਾਗਤਿਕ ਜੀਵਨ ਬਤੀਤ ਕਰਦੇ ਹੋਇਆਂ ਮੋਹ-ਮਾਇਆ ਤੋਂ ਅਤੀਤ ਜਾਂ ਨਿਰਲਿਪਤ ਰਹਿਣ ਦੀ ਗੱਲ ਬਾਰ ਬਾਰ ਕਹੀ ਹੈ (*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ—* ਗੁ.ਗ੍ਰੰ.730)। ਸਿੱਧ ਹੈ ਕਿ ਗੁਰਬਾਣੀ ਨ ਨਿਵ੍ਰਿੱਤੀ ਮਾਰਗ ਵਿਚ ਵਿਸ਼ਵਾਸ ਰਖਦੀ ਹੈ ਅਤੇ ਨ ਹੀ ਪ੍ਰਵ੍ਰਿੱਤੀ ਮਾਰਗ ਵਿਚ। ਇਹ ਅਸਲੋਂ ਦੋਹਾਂ ਦੀ ਮੱਧਵਰਤੀ ਹੈ।

ਨਿਸ਼ਕਾਮ ਕਰਮ ਬਾਣੀਕਾਰਾਂ ਲਈ ਸ਼ੁਭ ਅਤੇ ਸ੍ਰੇਸ਼ਠ ਕਰਮ ਹਨ। ਜਗਤ ਉਨ੍ਹਾਂ ਲਈ ਕਰਮ-ਭੂਮੀ ਹੈ। ਇਸ ਲਈ ਕਰਮ-ਖੇਤਰ ਦੇ ਨਾਤੇ ਹੀ ਉਨ੍ਹਾਂ ਨੇ ਜਗਤ ਨੂੰ ਸਤਿ, ਅਰਥਾਤ 'ਵਿਵਹਾਰਿਕ ਸਤਿ' ਕਿਹਾ ਹੈ। ਜੇ ਉਨ੍ਹਾਂ ਦਾ ਜਗਤ

ਸਚਮੁਚ ਸਚਾ ਹੁੰਦਾ, ਤਾਂ ਉਨ੍ਹਾਂ ਦੁਆਰਾ ਮਾਇਆ ਦੀ ਮਾਨਤਾ ਦੀ ਗੱਲ ਹੀ ਨ ਕੀਤੀ ਹੁੰਦੀ। ਬਾਣੀਕਾਰਾਂ ਨੇ ਬਾਰ ਬਾਰ ਮਾਇਆ ਤੋਂ ਮੁਕਤੀ ਪ੍ਰਾਪਤੀ ਦੀ ਗੱਲ ਕਹੀ ਹੈ। ਉਨ੍ਹਾਂ ਦਾ ਜਗਤ ਨੂੰ ਵਿਵਹਾਰਿਕ ਸਤਿ ਮੰਨਣ ਦਾ ਕਾਰਣ ਸ਼ੁੱਧ ਅਤੇ ਸਾਤਵਿਕ ਜੀਵਨ ਬਤੀਤ ਕਰਨਾ ਸੀ। ਉਨ੍ਹਾਂ ਦਾ ਸਾਤਵਿਕ ਜੀਵਨ ਸੰਬੰਧੀ ਆਦਰਸ਼ ਇਹ ਸੀ ਕਿ ਬਿਰਤੀਆ ਨੂੰ ਮਾਇਆ ਤੋਂ ਉਲਟਾ ਕੇ ਮਨ ਨੂੰ ਆਤਮ-ਸਰੂਪ ਨਿਜ-ਘਰ (ਪ੍ਰਕਾਸ਼ਮਈ ਮਨ) ਵਿਚ ਲੈ ਆਇਆ ਜਾਏ । ਇਸ ਤਰ੍ਹਾਂ ਬਾਣੀ ਵਿਚ ਜਗਤ ਨੂੰ ਅਸਤਿ ਜਾਂ ਅਵਾਸਤਵਿਕ ਮੰਨ ਕੇ ਕੇਵਲ ਵਿਵਹਾਰ ਦੇ ਖੇਤਰ ਵਿਚ ਉਸ ਨੂੰ ਤਿਆਗਣ ਯੋਗ ਨਹੀਂ ਮੰਨਿਆ।

ਪਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਮਿਥਿਆ, ਝੂਠਾ ਅਤੇ ਭ੍ਰਾਮਕ ਹੈ। ਅਜਿਹੀ ਭਾਵਨਾ ਨੂੰ ਪਾਲਣ ਜਾਂ ਵਿਕਸਿਤ ਕਰਨ ਨਾਲ ਹੀ ਜੀਵ ਅਧਿਆਤਮਿਕਤਾ ਦੇ ਮਾਰਗ ਉਤੇ ਅਗੇ ਵਧਦਾ ਹੈ। ਗੁਰਬਾਣੀ ਦਾ ਕੋਰੀ ਦਾਰਸ਼ਨਿਕਤਾ ਵਿਚ ਵਿਸ਼ਵਾਸ ਨਹੀਂ ਹੈ। ਬਾਣੀਕਾਰਾਂ ਦਾ ਉਦੇਸ਼ ਮਨੁੱਖਾਂ ਨੂੰ ਸਨਮਾਰਗ ਉਤੇ ਪਾਣਾ ਸੀ। ਉਨ੍ਹਾਂ ਨੇ ਸੰਸਾਰਿਕ ਸੰਬੰਧਾਂ ਅਤੇ ਪਦਾਰਥਾਂ ਪ੍ਰਤਿ ਮੋਹ ਦੇ ਭੈੜੇ ਸਿੱਟਿਆਂ ਨੂੰ ਮਾਨਵੀ ਗੁਣਾਂ ਦੇ ਵਿਨਾਵਸ਼ ਦਾ ਕਾਰਣ ਮੰਨਿਆ ਹੈ। ਕੇਵਲ ਇਸੇ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਸੰਸਾਰ ਅਤੇ ਸੰਸਾਰਿਕ ਸੰਬੰਧਾਂ ਅਤੇ ਪਦਾਰਥਾਂ ਵਿਚ ਮੋਹ ਜਾਂ ਵਿਸ਼ਵਾਸ ਨਹੀਂ ਹੈ। ਪਰੰਤੂ ਉਨ੍ਹਾਂ ਨੂੰ ਤਿਆਗਣਾ ਅਤੇ ਸੰਨਿਆਸੀ ਬਣਨਾ ਬਾਣੀਕਾਰਾਂ ਨੂੰ ਪਸੰਦ ਨਹੀਂ ਸੀ। ਇਸ ਲਈ ਉਨ੍ਹਾਂ ਦਾ ਜਗਤ ਵਿਵਹਾਰਿਕ ਦ੍ਰਿਸ਼ਟੀ ਤੋਂ ਸਤਿ ਹੈ।

ਵਾਸਤਵ ਵਿਚ ਨਾਮਰੂਪਾਤਮਕ ਜਗਤ ਦਾ ਮੂਲਾਧਾਰ ਤੱਤ੍ਵ ਬ੍ਰਹਮ ਹੈ। ਬ੍ਰਹਮ ਹੀ ਪਰਮਾਰਥਿਕ ਸੱਤਾ ਹੈ ਅਤੇ ਉਹ ਵੀ ਸਰਵ-ਵਿਆਪਕ ਹੈ। ਨਾਮ-ਰੂਪਾਤਮਕ ਜਗਤ ਦੀ ਉਤਪੱਤੀ ਅਤੇ ਸਥਿਤੀ ਸਤਿ ਸਰੂਪੀ ਹੈ। ਸਤਿ ਸਰੂਪ ਪਰਮਾਤਮਾ ਤੋਂ ਬਿਨਾ ਉਸ ਦੀ ਕੋਈ ਹੋਂਦ ਜਾਂ ਵਜੂਦ ਹੀ ਨਹੀਂ ਹੈ। ਇਸ ਲਈ ਪਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਮਿਥਿਆ ਹੈ, ਅਸਤਿ ਹੈ। ਹਾਂ, ਵਿਵਹਾਰਿਕ ਦ੍ਰਿਸ਼ਟੀ ਤੋਂ ਜਗਤ ਨੂੰ ਅਵੱਸ਼ ਹੀ ਸਤਿ ਮੰਨਣਾ ਵਾਜਬ ਹੈ।

**ਜਗਤ ਦਾ ਰਚੈਤਾ** : ਗੁਰਬਾਣੀ ਵਿਚ ਨਿਰਦੁਅੰਦ ਰੂਪ ਵਿਚ ਪਰਮਾਤਮਾ ਨੂੰ ਜਗਤ ਦਾ ਕਰਤਾ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਕਿਹਾ ਹੈ ਕਿ ਪਰਮਾਤਮਾ ਖ਼ੁਦ ਹੀ ਸ੍ਰਿਸ਼ਟੀ ਦਾ ਰਚੈਤਾ ਹੈ। ਉਹ ਬਿਨਾ ਕਿਸੇ ਨੂੰ ਪੁਛੇ ਇਸ ਦੀ ਰਚਨਾ ਕਰਦਾ ਹੈ ਅਤੇ ਬਿਨਾ ਕਿਸੇ ਦੀ ਸਲਾਹ ਲਏ ਇਸ ਦਾ ਵਿਨਾਸ਼ ਵੀ ਕਰਦਾ ਹੈ। ਆਪਣੀ ਕੁਦਰਤ (ਪ੍ਰਕ੍ਰਿਤੀ) ਨੂੰ ਆਪ ਹੀ ਜਾਣਦਾ ਹੈ ਅਤੇ ਖ਼ੁਦ ਹੀ ਉਸ ਦਾ ਕਾਰਣ-ਰੂਪ ਅਤੇ ਕਰਤਾ ਹੈ। ਉਹ ਸਾਰਿਆਂ ਉਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਰਖਦਾ ਹੈ ਅਤੇ ਜਿਸ ਨੂੰ ਚਾਹੁੰਦਾ ਹੈ, ਉਸੇ ਨੂੰ ਦਿੰਦਾ ਹੈ— *ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ। ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ। ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ।* (ਗੁ.ਗ੍ਰੰ.53)।

ਪਰਮਾਤਮਾ ਨੇ ਖ਼ੁਦ ਹੀ ਜਗਤ ਦੀ ਉਤਪੱਤੀ ਕਰਕੇ, ਫਿਰ ਖ਼ੁਦ ਹੀ ਸਭ ਨੂੰ ਧੰਧਿਆਂ ਵਿਚ ਲਗਾਇਆ ਹੋਇਆ ਹੈ— *ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ।*(ਗੁ.ਗ੍ਰੰ.138)। ਆਪ ਹੀ ਸਾਰੇ ਦੇਵਤੇ ਪੈਦਾ ਕੀਤੇ ਹਨ। ਬ੍ਰਹਮਾ ਨੂੰ ਵੇਦ ਪ੍ਰਦਾਨ ਕਰਕੇ ਉਸ ਨੂੰ ਪੂਜਾ-ਵ੍ਰਿਤੀ ਵਿਚ ਲਗਾਇਆ ਹੈ। ਵਿਸ਼ਣੂ ਤੋਂ ਦਸ ਅਵਤਾਰ ਧਾਰਣ ਕਰਵਾਏ ਹਨ। ਮਹੇਸ਼ ਨੇ ਬਹੁਤ ਸੇਵਾ ਕੀਤੀ ਪਰ ਉਹ ਵੀ ਪਰਮਸੱਤਾ ਦੇ ਅੰਤ ਨੂੰ ਨਹੀਂ ਪਾ ਸਕਿਆ ਹੈ। ਇਸ ਤਰ੍ਹਾਂ ਪਰਮਾਤਮਾ ਨੇ ਸਾਰੇ ਸੰਸਾਰ ਨੂੰ ਆਪਣੇ ਆਪਣੇ ਕੰਮਾਂ ਵਿਚ ਲਗਾ ਕੇ ਆਪਣੇ ਆਪ ਨੂੰ ਲੁਪਤ ਰਖਿਆ ਹੈ— *ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ। ਬ੍ਰਹਮੇ ਦਿਤੇ ਬੇਦ ਪੂਜਾ ਲਾਇਆ। ਦਸ ਅਵਤਾਰੀ ਰਾਮੁ ਰਾਜਾ ਆਇਆ। ਦੈਤਾ ਮਾਰੇ ਧਾਇ ਹੁਕਮਿ ਸਬਾਇਆ। ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ। ਸਚੀ ਕੀਮਤਿ ਪਾਇ ਤਖਤੁ ਰਚਾਇਆ। ਦੁਨੀਆ ਧੰਧੈ ਲਾਇ ਆਪੁ ਛਪਾਇਆ।* (ਗੁ.ਗ੍ਰੰ.1279-80)।

ਪਰਮਾਤਮਾ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਰੂਪ ਵਿਚ ਨਿਰਮਿਤ ਕਰਦਾ ਹੈ ਅਤੇ ਖ਼ੁਦ ਹੀ ਉਸ ਨੂੰ ਪਛਾਣਦਾ ਹੈ। 'ਆਸਾ ਕੀ ਵਾਰ' ਵਿਚ ਦਸਿਆ ਗਿਆ ਹੈ ਕਿ ਪਰਮਾਤਮਾ ਖ਼ੁਦ ਹੀ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਕਰ ਰਿਹਾ ਹੈ। ਮਨੁੱਖਾਂ, ਬ੍ਰਿਛਾਂ, ਤੀਰਥਾਂ, ਤਟਾਂ, ਮੇਘਾਂ, ਖੇਤਾਂ, ਦੀਪਾਂ, ਲੋਕਾਂ, ਮੰਡਲਾਂ, ਖੰਡਾਂ, ਬ੍ਰਹਮੰਡਾਂ, ਖਾਣੀਆਂ, ਸਮੁੰਦਰਾਂ, ਪਰਬਤਾਂ, ਜੀਵ-ਜੰਤੂਆਂ ਦਾ ਅਨੁਮਾਨ ਵੀ ਉਹ ਪਰਮਾਤਮਾ ਹੀ ਲਗਾ ਸਕਦਾ ਹੈ। ਸਾਰਿਆਂ ਜੀਵਾਂ ਨੂੰ ਪੈਦਾ ਕਰਕੇ ਫਿਰ

ਖ਼ੁਦ ਹੀ ਉਨ੍ਹਾਂ ਦੀ ਦੇਖ-ਭਾਲ ਕਰਦਾ ਹੈ। ਇਸ ਜਗਤ ਦਾ ਕਾਰਣ ਰੂਪ ਪਰਮਾਤਮਾ ਹੀ ਇਸ ਦੇ ਵਿਧਾਨ ਦੀ ਵੀ ਚਿੰਤਾ ਕਰਦਾ ਹੈ— *ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ। ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ। ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ। ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ। ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ। ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ। ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ।* (ਗੁ.ਗ੍ਰੰ. 467)। ਸਪੱਸ਼ਟ ਹੈ ਕਿ ਗੁਰਬਾਣੀ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਨਿਮਿਤ ਅਤੇ ਉਪਾਦਾਨ ਦੋਵੇਂ ਕਾਰਣ ਮੰਨਦੀ ਹੈ।

ਉਕਤ ਤੱਥਾਂ ਤੋਂ ਸਿੱਧ ਹੈ ਕਿ ਗੁਰਬਾਣੀ ਸ੍ਰਿਸ਼ਟੀ ਦੀ ਰਚਨਾ ਸੰਬੰਧੀ ਸਾਂਖ੍ਯਵਾਦੀਆਂ ਨਾਲ ਸਹਿਮਤ ਨਹੀਂ ਹੈ। ਸਾਂਖ੍ਯ-ਮਤ ਵਾਲੇ ਸ੍ਰਿਸ਼ਟੀ ਰਚਨਾ ਦਾ ਮੂਲ ਕਾਰਣ ਪੁਰਸ਼ ਅਤੇ ਪ੍ਰਕ੍ਰਿਤੀ ਦੋਹਾਂ ਨੂੰ ਮੰਨਦੇ ਹਨ, ਪਰ ਗੁਰੂ ਨਾਨਕ ਦੇਵ ਜੀ ਨੇ ਕੇਵਲ ਪੁਰਸ਼ (ਪਰਮਾਤਮਾ) ਨੂੰ ਹੀ ਸ੍ਰਿਸ਼ਟੀ-ਰਚਨਾ ਦਾ ਮੂਲ ਰਚੈਤਾ ਜਾਂ ਕਰਤਾ-ਪੁਰਖ ਮੰਨਿਆ ਹੈ, ਪ੍ਰਕ੍ਰਿਤੀ ਅਥਵਾ ਮਾਇਆ ਪਰਮਾਤਮਾ ਦੇ ਅਧੀਨ ਹੈ। ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਦੇ ਮੂਲ ਕਾਰਣ ਉਤੇ ਪ੍ਰਕਾਸ਼ ਪਾਉਂਦੇ ਹੋਇਆਂ 'ਪਟੀ' ਬਾਣੀ ਵਿਚ ਲਿਖਿਆ ਹੈ ਕਿ ਪਰਮਾਤਮਾ ਨੇ ਆਪਣੀ ਲੀਲਾ ਨੂੰ ਵੇਖਣ ਲਈ ਪੰਜ-ਤੱਤ੍ਵਾਂ ਨਾਲ ਜਗਤ ਦੀ ਸਿਰਜਨਾ ਕੀਤੀ ਹੈ ਜਾਂ ਪ੍ਰਕਾਰਾਂਤਰ ਨਾਲ ਆਪਣਾ ਨਵਾਂ ਰੂਪ ਧਾਰਣ ਕੀਤਾ ਹੈ। ਉਹ ਪਰਮਾਤਮਾ ਹੀ ਸਭ ਕੁਝ ਵੇਖਦਾ ਹੈ, ਜਾਣਦਾ ਹੈ ਅਤੇ ਜੜ-ਚੇਤਨ ਦੇ ਅੰਤਰ ਬਾਹਰ ਰਮਣ ਕਰ ਰਿਹਾ ਹੈ— *ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ। ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।* (ਗੁ.ਗ੍ਰੰ.433)। ਸਪੱਸ਼ਟ ਹੈ ਕਿ ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਈਸ਼ਵਰੀ ਇੱਛਾ ਦਾ ਪਰਿਣਾਮ ਹੈ।

**ਜਗਤ ਦੀ ਉਤਪੱਤੀ** : ਸ੍ਰਿਸ਼ਟੀ ਦੀ ਉਤਪੱਤੀ ਕਿਵੇਂ ਹੋਈ? ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਤਿੰਨ ਮਾਨਤਾਵਾਂ ਸਾਡੇ ਸਾਹਮਣੇ ਪੇਸ਼ ਕੀਤੀਆਂ ਹਨ। ਪਹਿਲੀ ਮਾਨਤਾ ਅਨੁਸਾਰ ਸ੍ਰਿਸ਼ਟੀ ਦੀ ਉਤਪੱਤੀ 'ਓਅੰਕਾਰ' (ਵੇਖੋ) ਰਾਹੀਂ ਹੋਈ ਹੈ। 'ਓਅੰਕਾਰ' ਨਾਂ ਦੀ ਬਾਣੀ ਦੇ ਸ਼ੁਰੂ ਵਿਚ ਹੀ ਉਨ੍ਹਾਂ ਨੇ ਕਿਹਾ ਹੈ ਕਿ ਉਸੇ ਤੋਂ ਹੀ ਬ੍ਰਹਮਾ ਦੀ ਪੈਦਾਇਸ਼ ਹੋਈ ਹੈ; ਪਰਬਤਾਂ, ਵੇਦਾਂ ਆਦਿ ਦਾ ਨਿਰਮਾਣ ਹੋਇਆ ਹੈ; ਉਸੇ ਦੁਆਰਾ ਹੀ ਲੋਕਾਂ ਦਾ ਉੱਧਾਰ ਹੋਇਆ ਹੈ। ਅਸਲ ਵਿਚ 'ਓਨਮ' ਅੱਖਰ ਤਿੰਨਾ ਲੋਕਾਂ ਦਾ ਸਾਰ ਹੈ— *ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ। ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ। ਓਅੰਕਾਰਿ ਸਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ।* (ਗੁ.ਗ੍ਰੰ.929)। ਇਥੇ 'ਓਅੰਕਾਰ' ਪਰਮ-ਸੱਤਾ ਦੇ ਨਾਮ ਦਾ ਵਾਚਕ ਹੈ।

ਦੂਜੀ ਮਾਨਤਾ ਅਨੁਸਾਰ ਸ੍ਰਿਸ਼ਟੀ ਦੀ ਉਤਪੱਤੀ 'ਹੁਕਮ' (ਵੇਖੋ) ਰਾਹੀਂ ਹੋਈ ਹੈ। ਇਸਲਾਮ ਵਿਚ ਵੀ 'ਹੁਕਮ' ਦੁਆਰਾ ਸ੍ਰਿਸ਼ਟੀ ਦੀ ਰਚਨਾ ਹੋਣ ਵਲ ਵਿਦਵਾਨਾਂ ਨੇ ਸੰਕੇਤ ਕੀਤਾ ਹੈ। ਜਦ ਪਰਮਾਤਮਾ ਨੂੰ ਸ੍ਰਿਸ਼ਟੀ ਰਚਨਾ ਦੀ ਇੱਛਾ ਹੋਈ ਤਾਂ ਪਰਮਾਤਮਾ ਦਾ ਹੁਕਮ ਹੋਇਆ— 'ਕੁਨ' (ਹੋ ਜਾ) ਅਤੇ ਉਸੇ ਵੇਲੇ ਸ੍ਰਿਸ਼ਟੀ 'ਫ਼ੀਕੁਨ' (ਹੋ ਗਈ)। ਹੋਰ ਵੀ ਪੱਛਮੀ ਅਤੇ ਸਾਮੀ ਸੰਸਕ੍ਰਿਤੀਆਂ ਨੇ ਹੁਕਮ ਦੁਆਰਾ ਸ੍ਰਿਸ਼ਟੀ ਦੀ ਰਚਨਾ ਮੰਨਣ ਦੀ ਗੱਲ ਕੀਤੀ ਹੈ। ਇਸ ਸਿੱਧਾਂਤ ਦੇ ਸਮਾਨਾਂਤਰ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ ਕਿਹਾ ਹੈ—*ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰਿਆਉ।* (ਗੁ.ਗ੍ਰੰ.3)।

ਪਰ ਧਿਆਨ ਰਹੇ ਕਿ ਇਸਲਾਮਿਕ 'ਕੁਨ' ਅਤੇ ਗੁਰੂ ਨਾਨਕ ਦੇਵ ਜੀ ਦੇ 'ਕਵਾਉ' ਸਿੱਧਾਂਤਾਂ ਅਥਵਾ ਮਾਨਤਾਵਾਂ ਵਿਚ ਅੰਤਰ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਸਿਲਸਿਲੇਵਾਰ ਸਿਰਜਿਤ ਹੋਈ ਹੈ, ਇਸ ਦੀ ਰਚਨਾ ਅਚਾਨਕ ਨਹੀਂ ਹੋਈ। ਇਸ ਤੱਥ ਦੀ ਪੁਸ਼ਟੀ ਗੁਰਬਾਣੀ ਦੇ ਕਈ ਹੋਰ ਸੰਦਰਭਾਂ ਤੋਂ ਵੀ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਤੀਜੀ ਮਾਨਤਾ ਅਨੁਸਾਰ 'ਹਉਮੈ' (ਵੇਖੋ) ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ। 'ਸਿਧ-ਗੋਸਟਿ' ਨਾਂ ਦੀ ਬਾਣੀ ਵਿਚ ਯੋਗੀਆਂ ਨੇ ਗੁਰੂ ਨਾਨਕ ਦੇਵ ਜੀ ਉਤੇ ਪ੍ਰਸ਼ਨ ਕੀਤਾ ਕਿ ਜਗਤ ਦੀ ਉਤਪੱਤੀ ਕਿਸ ਕਿਸ ਢੰਗ ਨਾਲ ਹੁੰਦੀ ਹੈ ਅਤੇ ਕਿਸ ਕਿਸ ਦੁਖ ਨਾਲ ਇਹ ਨਸ਼ਟ ਹੋ ਜਾਂਦੀ ਹੈ?— *ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ।* (ਗੁ.ਗ੍ਰੰ.946)। ਇਸ ਬੁਨਿਆਦੀ ਪ੍ਰਸ਼ਨ ਦਾ ਉੱਤਰ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਹਉਮੈ ਨਾਲ ਜਗਤ ਉਤਪੰਨ ਹੁੰਦਾ ਹੈ ਅਤੇ ਨਾਮ ਨੂੰ ਭੁਲਾਉਣ ਨਾਲ ਦੁਖ ਸਹਿਨ ਕਰਨਾ ਪੈਂਦਾ ਹੈ— *ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਾਰਿਐ ਦੁਖੁ*

*ਪਾਈ।*(ਗੁ.ਗ੍ਰੰ.946)। ਹਉਮੈ ਦੁਆਰਾ ਜਗਤ ਦੀ ਉਤਪੱਤੀ ਦੀ ਗੱਲ ਮਾਰੂ ਰਾਗ ਵਿਚ ਵੀ ਹੋਈ ਹੈ— *ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ। ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ।* (ਗੁ.ਗ੍ਰੰ.1009-10)।

'ਹਉਮੈ' ਦਾ ਅਰਥ ਹੈ ਅਹੰਕਾਰ। ਅਹੰਕਾਰ ਦੁਆਰਾ ਸ੍ਰਿਸ਼ਟੀ ਦੀ ਉਤਪੱਤੀ ਦਾ ਸਿੱਧਾਂਤ ਬਹੁਤ ਪ੍ਰਾਚੀਨ ਹੈ। ਸਾਂਖ੍ਯ-ਸ਼ਾਸਤ੍ਰ ਵਾਲੇ ਪ੍ਰਕ੍ਰਿਤੀ ਤੋਂ ਮਹਤ, ਮਹਤ ਤੋਂ ਅਹੰਕਾਰ, ਅਹੰਕਾਰ ਤੋਂ ਪੰਜ ਗਿਆਨ-ਇੰਦ੍ਰੀਆਂ, ਪੰਜ ਕਰਮ-ਇੰਦ੍ਰੀਆਂ ਅਤੇ ਮਨ ਦੀ ਉਤਪੱਤੀ ਮੰਨਦੇ ਹਨ। ਫਿਰ ਤਾਮਸ ਅਹੰਕਾਰ ਤੋਂ ਪੰਜ ਤਨਮਾਤ੍ਰਾਵਾਂ ਦੀ ਰਚਨਾ ਹੋਣ ਦੀ ਸਥਾਪਨਾ ਕਰਦੇ ਹਨ। ਅਦ੍ਵੈਤ-ਵੇਦਾਂਤ ਦੀ ਸਥਾਪਨਾ ਵੀ ਕੁਝ ਇਸੇ ਪ੍ਰਕਾਰ ਦੀ ਹੈ। ਪਰ ਗੁਰੂ ਨਾਨਕ ਦੇਵ ਜੀ ਦੀ ਮਾਨਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਨ ਤਾਂ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਤੱਤ੍ਵ ਮੰਨਦੇ ਹਨ ਨ ਹੋਰ ਕਿਸੇ ਨੂੰ। ਇਸ ਲਈ ਪ੍ਰਾਣੀ ਦੁਆਰਾ ਕੀਤੀ ਹਉਮੈ ਹੀ ਉਸ ਦੇ ਉਤਪੱਤੀ-ਚਕ੍ਰ ਦਾ ਕਾਰਣ ਬਣਦੀ ਹੈ। ਜੇ ਹਉਮੈ ਖ਼ਤਮ ਹੋ ਜਾਏ ਤਾਂ ਸ੍ਰਿਸ਼ਟੀ-ਕ੍ਰਮ ਜਾਂ ਵਿਕਾਸ ਰੁਕ ਜਾਂਦਾ ਹੈ।

ਇਨ੍ਹਾਂ ਤਿੰਨਾਂ ਸਿੱਧਾਂਤਾਂ ਵਿਚ ਈਸ਼ਵਰੀ ਇੱਛਾ-ਸ਼ਕਤੀ ਵਿਸ਼ੇਸ਼ ਸਥਾਨ ਅਤੇ ਮਨੋਰਥ ਰਖਦੀ ਹੈ।

**ਜਗਤ ਦੀ ਅਨੰਤਤਾ** : ਸ੍ਰਿਸ਼ਟੀ ਕਿਤਨੀ ਵੱਡੀ ਹੈ ? ਇਹ ਇਕ ਮਹੱਤਵਪੂਰਣ ਪ੍ਰਸ਼ਨ ਹੈ। ਗੁਰੂ ਨਾਨਕ ਬਾਣੀ ਵਿਚ ਇਸ ਪ੍ਰਸ਼ਨ ਵਿਚਲੀ ਜਿਗਿਆਸਾ ਨੂੰ ਸਪੱਸ਼ਟ ਕੀਤਾ ਮਿਲਦਾ ਹੈ। ਉਨ੍ਹਾਂ ਦੀ ਸਥਾਪਨਾ ਹੈ ਕਿ ਕੁਦਰਤ ਦੇ ਕਿਤਨੇ ਹੀ ਰੂਪ ਹਨ, ਕਿਤਨੀਆਂ ਹੀ ਉਸ ਦੀਆਂ ਦਿੱਤੀਆਂ ਵਸਤੂਆਂ ਹਨ। ਕਿਤਨੇ ਹੀ ਜੀਵ ਹਨ ਅਤੇ ਕਿਤਨੇ ਹੀ ਉਨ੍ਹਾਂ ਦੇ ਰੂਪ-ਰੰਗ ਹਨ, ਜਾਤੀਆਂ ਅਤੇ ਅਜਾਤੀਆਂ ਹਨ— *ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ। ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ। ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ।* (ਗੁ.ਗ੍ਰੰ.18)।

ਪਰਮਾਤਮਾ ਦੇ ਪੈਦਾ ਕੀਤੇ ਜੀਵਾਂ ਦਾ ਕੋਈ ਅੰਤ ਵੀ ਨਹੀਂ ਹੈ, ਕਈ ਮਾਸਾਹਾਰੀ ਹਨ ਅਤੇ ਕਈ ਘਾਸ ਖਾਣ ਵਾਲੇ ਹਨ। ਕੁਝ ਛੱਤੀ ਪ੍ਰਕਾਰ ਦੇ ਭੋਜਨ ਕਰਦੇ ਹਨ ਅਤੇ ਕਈ ਮਿੱਟੀ ਵਿਚ ਰਹਿ ਕੇ ਮਿੱਟੀ ਨੂੰ ਹੀ ਖਾਉਂਦੇ ਹਨ। ਕੁਝ ਪ੍ਰਾਣਾਯਾਮ ਦੁਆਰਾ ਉਪਾਸਨਾ ਕਰਦੇ ਹਨ ਅਤੇ ਕੁਝ ਨਾਮ-ਸਿਮਰਨ ਰਾਹੀਂ ਈਸ਼ਵਰੀ ਭਗਤੀ ਕਰਦੇ ਹਨ— *ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ। ਇਕਨਾ ਛਤੀਹ ਅੰਮ੍ਰਿਤ ਪਾਹਿ। ਇਕਿ ਮਿਟੀਆ ਮਹਿ ਮਿਟੀਆ ਖਾਹਿ। ਇਕਿ ਪਉਣ ਸੁਮਾਰੀ ਪਉਣ ਸੁਮਾਰਿ। ਇਕਿ ਨਿਰੰਕਾਰੀ ਨਾਮ ਆਧਾਰਿ।* (ਗੁ.ਗ੍ਰੰ.144)।

'ਜਪੁਜੀ' ਵਿਚਲੀਆਂ ਤਿੰਨ ਪਉੜੀਆਂ (17,18 ਅਤੇ 19) ਵਿਚ ਅਨੰਤਤਾ ਦੀ ਗੱਲ ਵਿਸਤਾਰ ਨਾਲ ਕਹੀ ਗਈ ਹੈ ਅਤੇ ਨਿਬੇੜਾ ਇਸ ਗੱਲ ਉਤੇ ਹੋਇਆ ਹੈ ਕਿ ਸ੍ਰਿਸ਼ਟੀ ਨੂੰ ਅਨੰਤ ਕਹਿਣਾ ਵੀ ਸਹੀ ਨਹੀਂ ਹੈ— *ਅਸੰਖ ਕਹਹਿ ਸਿਰਿ ਭਾਰੁ ਹੋਇ।* ਸ੍ਰਿਸ਼ਟੀ ਦੀ ਅਨੰਤਤਾ ਦਾ ਹੋਰ ਵਿਵਰਣ 'ਜਪੁਜੀ' ਦੀ 35ਵੀਂ ਪਉੜੀ ਵਿਚ ਹੋਇਆ ਹੈ। 'ਆਸਾ ਕੀ ਵਾਰ' ਵਿਚ ਇਸ ਅਨੰਤਤਾ ਨੂੰ 'ਵਿਸਮਾਦੀ' ਕਿਹਾ ਗਿਆ ਹੈ ਜੋ ਵਰਣਨ-ਅਤੀਤ ਹੈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਦੀ ਸ੍ਰਿਸ਼ਟੀ ਗਣਨਾ ਦੇ ਭੌਤਿਕ ਸਾਧਨਾਂ ਤੋਂ ਸੰਭਵ ਹੀ ਨਹੀਂ ਹੈ।

**ਜਗਤ ਦੀ ਪੂਰਬਾਵਸਥਾ** : ਜਗਤ ਦੀ ਸਿਰਜਨਾ ਤੋਂ ਪਹਿਲਾਂ ਦੀ ਕਿਹੋ ਜਿਹੀ ਅਵਸਥਾ ਸੀ ? ਇਸ ਬਾਰੇ ਕੁਝ ਕਹਿ ਸਕਣਾ ਸਰਲ ਨਹੀਂ ਹੈ। ਇਹ ਬੜੀ ਗੁਝੀ ਬੁਝਾਰਤ ਹੈ ਜਿਸ ਨੂੰ ਤੱਤ੍ਵ-ਵੇਤਿਆਂ ਨੇ ਸਮੇਂ ਸਮੇਂ ਆਪਣੀ ਬੁੱਧੀ ਅਨੁਸਾਰ ਸੁਲਝਾਉਣ ਦਾ ਯਤਨ ਕੀਤਾ ਹੈ, ਪਰ ਕੋਈ ਸਪੱਸ਼ਟ ਸਮਾਧਾਨ ਸਾਹਮਣੇ ਨਹੀਂ ਆਇਆ। ਰਿਗਵੇਦ (10/129) ਤੋਂ ਲੈ ਕੇ ਮੱਧ-ਯੁਗ ਦੇ ਸੰਤਾਂ/ਭਗਤਾਂ ਤਕ ਇਸ ਦੀ ਪਰਖ-ਪੜਚੋਲ ਹੁੰਦੀ ਆਈ ਹੈ। ਦਾਰਸ਼ਨਿਕਾਂ ਨੇ ਤਰਕ ਦੇ ਆਧਾਰ 'ਤੇ ਆਪਣੇ ਮੰਤਵ ਸਪੱਸ਼ਟ ਕੀਤੇ ਹਨ ਅਤੇ ਧਰਮ-ਸਾਧਕਾਂ ਜਾਂ ਰਹੱਸਵਾਦੀਆਂ ਨੇ ਆਪਣੇ ਅਨੁਭਵ ਦੇ ਆਧਾਰ 'ਤੇ ਆਪਣੇ ਭਾਵ ਪ੍ਰਗਟਾਏ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਢੰਗ ਨਾਲ ਸ੍ਰਿਸ਼ਟੀ ਦੀ ਪੂਰਬਾਵਸਥਾ ਉਪਰ ਪ੍ਰਕਾਸ਼ ਪਾਇਆ ਹੈ। ਉਨ੍ਹਾਂ ਨੇ ਅਜਿਹੇ ਸਮੇਂ ਦੀ ਕਲਪਨਾ ਕੀਤੀ ਹੈ ਜਦੋਂ ਸ੍ਰਿਸ਼ਟੀ ਦਾ ਨਾਮੋ-ਨਿਸ਼ਾਨ ਨਹੀਂ ਸੀ। 'ਸਿਧ-ਗੋਸਟਿ' ਬਾਣੀ ਵਿਚ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਉਪਰ ਸੁਆਲ ਕੀਤਾ ਕਿ ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਦੇ ਆਦਿ-ਕਾਲ ਦੀ ਕਿਹ ਅਵਸਥਾ ਸੀ ਅਤੇ ਸ਼ੂਨ੍ਯ (ਸੁੰਨ) ਕਿਥੇ ਵਸਦਾ ਸੀ: *ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।*

(ਗੁ.ਗ੍ਰੰ.940)। ਉੱਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਦਸਿਆ ਕਿ ਸ੍ਰਿਸ਼ਟੀ ਦੇ ਪੂਰਬ-ਕਾਲ ਬਾਰੇ ਕੁਝ ਕਹਿਣਾ ਬੜੀ ਵਿਸਮਾਦੀ ਗੱਲ ਹੈ। ਉਦੋਂ ਸ਼ੂਨ੍ਯ ਆਪਣੇ-ਆਪ ਵਿਚ ਨਿਵਾਸ਼ ਕਰਦਾ ਸੀ, ਅਰਥਾਤ ਪਰਮਾਤਮਾ ਆਪਣੀ ਮਹਿਮਾ ਵਿਚ ਹੀ ਪ੍ਰਤਿਸ਼ਠਿਤ ਸੀ— *ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।* (ਗੁ.ਗ੍ਰੰ.940)। ਇਸ ਰੂਪ ਵਿਚ ਉਹ ਸਰਵ-ਵਿਆਪਤ ਸੀ।

ਮਾਰੂ ਰਾਗ ਦੇ ਤੀਜੇ ਸੋਲਹੇ ਵਿਚ ਗੁਰੂ ਨਾਨਕ ਦੇਵ ਜੀ ਨੇ ਪੂਰਬ-ਅਵਸਥਾ ਨੂੰ ਚਿਤ੍ਰਣ ਵਿਚ ਕੁਝ ਵਿਸ਼ੇਸ਼ ਰੁਚੀ ਵਿਖਾਈ ਹੈ। ਗੁਰੂ ਜੀ ਅਨੁਸਾਰ ਉਦੋਂ ਅਣਗਿਣਤ ਯੁਗਾਂ ਤਕ ਬਿਲਕੁਲ ਅੰਧਕਾਰ ਪਸਰਿਆ ਹੋਇਆ ਸੀ। ਉਦੋਂ ਨ ਧਰਤੀ ਸੀ, ਨ ਆਕਾਸ਼, ਬਸ ਕੇਵਲ ਹੁਕਮ ਹੀ ਪਸਰਿਆ ਹੋਇਆ ਸੀ। ਉਦੋਂ ਨ ਦਿਨ ਸੀ, ਨ ਰਾਤ; ਨ ਚੰਦ੍ਰਮਾ ਸੀ, ਨ ਸੂਰਜ, ਬਸ ਪਰਮਸੱਤਾ ਸਮਾਧੀ ਦੀ ਅਵਸਥਾ ਵਿਚ ਸੀ। ਉਦੋਂ ਨ ਖਾਣੀਆਂ ਸਨ, ਨ ਬਾਣੀਆਂ, ਨ ਪੌਣ ਸੀ, ਨ ਪਾਣੀ; ਨ ਉਤਪੱਤੀ ਸੀ ਅਤੇ ਨ ਹੀ ਉਸ ਦੀ ਖਪਤ; ਨ ਆਵਾਗਵਣ ਸੀ, ਆਦਿ। ਇਸ ਪ੍ਰਕਾਰ ਅਨੇਕ ਤੱਤ੍ਵਾਂ ਦੀ ਅਭਾਵ-ਗ੍ਰਸਤ ਅਵਸਥਾ ਦਾ ਵਰਣਨ ਕਰਦੇ ਹੋਇਆਂ, ਗੁਰੂ ਜੀ ਨੇ ਦਸਿਆ ਕਿ ਜਦੋਂ ਉਸ ਪਰਮਾਤਮਾ ਨੂੰ ਭਾਇਆ ਤਾਂ ਜਗਤ ਦੀ ਰਚਨਾ ਕੀਤੀ ਅਤੇ ਬਿਨਾ ਕਿਸੇ ਸ਼ਕਤੀ ਜਾਂ ਸਹਾਰੇ ਦੇ ਆਕਾਸ਼ ਮੰਡਲ ਦੀ ਸਿਰਜਨਾ ਕੀਤੀ— *ਜਾ ਤਿਸੁ ਭਾਣਾ ਤਾ ਜਗਤੁ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ। ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ।... ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।* (ਗੁ.ਗ੍ਰੰ.1036)। ਸ੍ਰਿਸ਼ਟੀ ਦੀ ਸਾਜਨਾ ਲਈ ਪਰਮਾਤਮਾ ਨੂੰ ਕਿਸੇ ਹੋਰ ਸਾਧਨ ਦੀ ਲੋੜ ਨਹੀਂ ਸੀ। ਸ੍ਰਿਸ਼ਟੀ ਦੀ ਪੂਰਵ-ਅਵਸਥਾ ਵਿਚ ਕੇਵਲ 'ਸ਼ੂੰਨ੍ਯ' (ਸੁੰਨ) ਸੀ। ਉਸੇ ਸੁੰਨ ਤੋਂ ਹੀ ਪੌਣ, ਪਾਣੀ, ਅਗਨੀ, ਤ੍ਰਿੰ-ਦੇਵਤੇ ਆਦਿ, ਭਾਵ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ—*ਸੁੰਨ ਕਲਾ ਅਪਰੰਪਰਿ ਧਾਰੀ। ਆਪਿ ਨਿਰਾਲਮੁ ਅਪਰ ਅਪਾਰੀ। ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ। ਪਉਣੁ ਪਾਣੀ ਸੁੰਨੈ ਤੇ ਸਾਜੇ। ਸ੍ਰਿਸਟਿ ਉਪਾਇ ਕਾਇਆ ਗੜ ਰਾਜੇ। ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।* (ਗੁ.ਗ੍ਰੰ.1037)।

ਧਿਆਨ ਰਹੇ ਕਿ ਉਪਰੋਕਤ ਕਥਨਾਂ ਵਿਚ 'ਸੁੰਨ' (ਵੇਖੋ) ਤੋਂ ਭਾਵ ਉਸ ਸਥਿਤੀ ਤੋਂ ਹੈ, ਜਦ ਸੰਸਾਰ ਦੀ ਸਿਰਜਨਾ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਇਕ-ਮਾਤ੍ਰ ਪਰਮਾਤਮਾ ਵਿਚ ਸਮੋਈਆਂ ਹੋਈਆਂ ਸਨ। ਉਦੋਂ ਕਿਸੇ ਪ੍ਰਕਾਰ ਦਾ ਰੂਪ, ਰੰਗ, ਰੇਖਾ, ਆਕਾਰ, ਪ੍ਰਕਾਰ ਕੁਝ ਵੀ ਨਹੀਂ ਸੀ। ਉਦੋਂ ਕੇਵਲ ਪਰਮਾਤਮਾ ਹੀ ਸੀ। ਸਭ ਕੁਝ ਪਰਮਾਤਮਾ ਵਿਚ ਸਮਾਇਆ ਹੋਇਆ ਸੀ। ਉਸ ਦੀ ਇੱਛਾ ਅਨੁਸਾਰ ਸਹਿਜੇ ਸਹਿਜੇ ਸਿਰਜਨ ਪ੍ਰਕ੍ਰਿਆ ਆਰੰਭ ਹੋਈ।

**ਜਗਤ-ਰਚਨਾ ਦਾ ਸਮਾਂ** : ਜਗਤ ਦੀ ਰਚਨਾ ਕਦ ਹੋਈ? ਇਹ ਇਕ ਸੁਭਾਵਿਕ ਅਤੇ ਮੌਲਿਕ ਪ੍ਰਸ਼ਨ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਇਸ ਜਿਗਿਆਸਾ ਦਾ ਸਮਾਧਾਨ ਕਰਦਿਆਂ ਕਿਹਾ ਹੈ ਕਿ ਇਹ ਕਿਸੇ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਰਚਨਾ ਵੇਲੇ ਕਿਹੜੀ ਘੜੀ ਜਾਂ ਮੁਹੂਰਤ ਸੀ। ਜੇ ਪੰਡਿਤਾਂ ਨੂੰ ਸਚਮੁਚ ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਦਾ ਗਿਆਨ ਹੁੰਦਾ ਤਾਂ ਉਹ ਪੁਰਾਣਾਂ ਵਿਚ ਇਹ ਤੱਥ ਜ਼ਰੂਰ ਲਿਖ ਦਿੰਦੇ। ਕਾਜ਼ੀਆਂ ਨੂੰ ਵੀ ਇਸ ਦਾ ਗਿਆਨ ਨਹੀਂ ਸੀ। ਜੇ ਹੁੰਦਾ ਤਾਂ ਇਸ ਦਾ ਉੱਲੇਖ 'ਕੁਰਾਨ' ਵਿਚ ਅਵੱਸ਼ ਹੁੰਦਾ। ਸ੍ਰਿਸ਼ਟੀ ਰਚਨਾ ਦੇ ਸਮੇਂ ਦਾ ਗਿਆਨ ਯੋਗੀਆਂ ਨੂੰ ਵੀ ਨਹੀਂ ਸੀ। ਵਾਸਤਵਿਕਤਾ ਇਹ ਹੈ ਕਿ ਸ੍ਰਿਸ਼ਟੀ-ਰਚਨਾ ਦੇ ਸਮੇਂ ਦਾ ਗਿਆਨ ਕਿਸੇ ਨੂੰ ਵੀ ਨਹੀਂ ਹੈ। ਜੇ ਇਸ ਦਾ ਗਿਆਨ ਸਚਮੁਚ ਕਿਸੇ ਨੂੰ ਸੀ ਤਾਂ ਕੇਵਲ ਇਸ ਦੇ ਰਚੈਤਾ, ਪਰਮਾਤਮਾ ਨੂੰ ਜਿਸ ਨੇ ਇਸ ਦੀ ਸ੍ਰਿਸ਼ਟੀ ਕੀਤੀ ਹੈ— *ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ। ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ। ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ। ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ। ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ। ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।* (ਗੁ.ਗ੍ਰੰ.4)।

**ਜਗਤ-ਰਚਨਾ ਦੀ ਪ੍ਰਕ੍ਰਿਆ** : ਗੁਰਬਾਣੀ ਵਿਚ ਇਸ ਤੱਥ ਦਾ ਕਿਸੇ ਕ੍ਰਮ-ਬੱਧ ਜਾਂ ਸ਼ਾਸਤ੍ਰੀ ਢੰਗ ਨਾਲ ਕਥਨ ਨਹੀਂ ਹੋਇਆ ਅਤੇ ਨ ਹੀ ਬਾਣੀਕਾਰਾਂ ਦੀ ਅਜਿਹੀ ਕੋਈ ਚਾਹਨਾ ਸੀ। ਕਿਉਂਕਿ ਗੁਰਬਾਣੀ ਅਧਿਆਤਮਿਕ ਚਿੰਤਨ ਅਤੇ ਅਨੁਭੂਤੀ ਦੀ ਕਾਵਿਮਈ ਅਭਿਵਿਅਕਤੀ ਹੈ। ਫਿਰ ਵੀ ਇਸ ਵਿਸ਼ੇ ਸੰਬੰਧੀ ਜੋ ਫੁਟਕਲ ਕਥਨ ਮਿਲਦੇ ਹਨ, ਉਨ੍ਹਾਂ ਨੂੰ

ਆਧਾਰ ਬਣਾ ਕੇ ਕੁਝ ਰੂਪ-ਰੇਖਾ ਖਿਚੀ ਜਾ ਸਕਦੀ ਹੈ।

ਸਥੂਲ ਤੌਰ 'ਤੇ ਪਰਮ ਸਤਿ-ਸਰੂਪ ਪਰਮਾਤਮਾ ਦੀ ਪਹਿਲਾਂ ਅਵਿਅਕਤ ਨਿਰਲਿਪਤ ਨਿਰਗੁਣ ਅਵਸਥਾ ਸੀ। ਇਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਸੁੰਨ ਅਵਸਥਾ' ਕਿਹਾ ਹੈ। ਇਸ ਨਿਰਗੁਣ ਅਵਸਥਾ ਤੋਂ ਹੀ ਸਗੁਣ ਰੂਪ ਸ੍ਰਿਸ਼ਟੀ ਦੀ ਉਤਪੱਤੀ ਹੋਈ— *ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ।* (ਗੁ.ਗ੍ਰੰ.940)।

ਸ੍ਰਿਸ਼ਟੀ ਕਿਸ ਕ੍ਰਮ ਨਾਲ ਹੋਂਦ ਵਿਚ ਆਈ ? ਇਸ ਸੰਬੰਧੀ ਵੀ ਕੁਝ ਕਥਨ ਕਿਤੇ ਕਿਤੇ ਮਿਲ ਜਾਂਦੇ ਹਨ। ਸਿਰੀ ਰਾਗ ਵਿਚ ਅੰਕਿਤ ਹੈ ਕਿ ਪਹਿਲਾਂ ਸਤਿਸਰੂਪ ਪਰਮਾਤਮਾ ਤੋਂ ਪਵਨ ਪੈਦਾ ਹੋਇਆ, ਪਵਨ ਤੋਂ ਜਲ ਦੀ ਉਤਪੱਤੀ ਹੋਈ। ਜਲ ਤੋਂ ਤਿੰਨ ਲੋਕਾਂ—ਆਕਾਸ਼, ਪਾਤਾਲ ਅਤੇ ਮ੍ਰਿਤ ਲੋਕ— ਦਾ ਨਿਰਮਾਣ ਹੋਇਆ— *ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ। ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।* (ਗੁ.ਗ੍ਰੰ.19)।

ਪ੍ਰਭਾਤੀ ਰਾਗ ਵਿਚ ਇਹ ਵੀ ਦਸਿਆ ਗਿਆ ਹੈ ਕਿ ਪਰਮਾਤਮਾ ਨੇ ਤਰੰਗ-ਯੁਕਤ ਜਲ, ਅਗਨੀ ਅਤੇ ਪਵਨ ਨਾਂ ਦੇ ਤਿੰਨ ਤੱਤ੍ਵ ਉਤਪੰਨ ਕਰਕੇ, ਫਿਰ ਇਨ੍ਹਾਂ ਦੇ ਸੰਯੋਗ ਨਾਲ ਪੰਜ-ਭੌਤਿਕ ਜਗਤ ਦੀ ਰਚਨਾ ਕੀਤੀ । ਇਨ੍ਹਾਂ ਤੱਤ੍ਵਾਂ ਨੂੰ ਸੰਸਾਰ-ਨਿਰਮਾਣ ਦੀ ਸ਼ਕਤੀ ਦੇ ਕੇ ਫਿਰ ਪਰਮਾਤਮਾ ਨੇ ਇਨ੍ਹਾਂ ਦਾ ਸੀਮਾ-ਨਿਰਧਾਰਣ ਕੀਤਾ— *ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ। ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ।* (ਗੁ.ਗ੍ਰੰ.1345)। ਬਿਲਾਵਲ ਰਾਗ ਦੀ 'ਥਿਤੀ' ਬਾਣੀ ਵਿਚ ਲਿਖਿਆ ਹੈ ਕਿ ਪਰਮਾਤਮਾ ਨੇ ਜਗਤ ਰੂਪ ਅੰਡੇ ਨੂੰ ਤੋੜ ਕੇ ਵਖ ਵਖ ਕਰ ਦਿੱਤਾ। ਇਸ ਤਰ੍ਹਾਂ ਧਰਤੀ ਅਤੇ ਆਕਾਸ਼ ਹੋਂਦ ਵਿਚ ਆਏ। ਇਨ੍ਹਾਂ ਨੂੰ ਪਰਮਸੱਤਾ ਨੇ ਆਪਣੇ ਨਿਵਾਸ ਦਾ ਸਥਾਨ ਬਣਾਇਆ। ਫਿਰ ਉਸ ਨੇ ਰਾਤ ਅਤੇ ਦਿਨ, ਭੈ ਅਤੇ ਪ੍ਰੇਮ, ਤ੍ਰਿਦੇਵ ਅਤੇ ਹੋਰ ਦੇਵੀ ਦੇਵਤੇ ਪੈਦਾ ਕੀਤੇ ਅਤੇ ਅਨੇਕ ਜਾਤੀਆਂ ਦੀ ਰਚਨਾ ਕੀਤੀ। ਇਸ ਤੋਂ ਬਾਦ ਚਾਰ ਵੇਦਾਂ, ਚਾਰ ਬਾਣੀਆਂ, ਅਨੇਕ ਬੋਲੀਆਂ, ਅਠਾਰ੍ਹਾਂ ਪੁਰਾਣਾਂ, ਛੇ ਸ਼ਾਸਤ੍ਰਾਂ ਅਤੇ ਤਿੰਨ ਗੁਣਾਂ ਦੀ ਰਚਨਾ ਕੀਤੀ— *ਆਪੇ ਸਚੁ ਕੀਆ ਕਰ ਜੋੜਿ। ਅੰਡਜ ਫੋੜਿ ਜੋੜਿ ਵਿਛੋੜਿ। ਧਰਤਿ ਅਕਾਸੁ ਕੀਏ ਬੈਸਣ ਕਉ ਥਾਉ। ਰਾਤਿ ਦਿਨੰਤੁ ਕੀਏ ਭਉ ਭਾਉ।...* (ਗੁ.ਗ੍ਰੰ.839)।

ਸਪੱਸ਼ਟ ਹੈ ਕਿ ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਅਚਾਨਕ ਨਹੀਂ ਹੋਈ। ਇਸ ਪਿਛੇ ਵਿਕਾਸ-ਕ੍ਰਮ ਦਾ ਇਕ ਆਪਣਾ ਲੰਬਾ ਇਤਿਹਾਸ ਹੈ।

**ਜਗਾਧਰੀ** (ਨਗਰ) : ਹਰਿਆਣਾ ਪ੍ਰਾਂਤ ਦੇ ਯਮੁਨਾਨਗਰ ਜ਼ਿਲ੍ਹੇ ਦਾ ਇਕ ਪ੍ਰਸਿੱਧ ਸੰਨਤੀ ਨਗਰ ਜਿਸ ਉਤੇ ਦਲ ਖ਼ਾਲਸਾ ਦੇ ਅਮਲ ਦੌਰਾਨ ਰਾਜਾ ਰਾਇ ਸਿੰਘ ਨੇ ਅਧਿਕਾਰ ਕੀਤਾ ਅਤੇ ਇਸ ਦੇ ਵਿਕਾਸ ਲਈ ਵਪਾਰੀਆਂ ਅਤੇ ਸੰਨਤਕਾਰਾਂ ਨੂੰ ਨਿਮੰਤਰਿਤ ਕੀਤਾ।

ਇਸ ਨਗਰ ਦੇ ਹਨੂੰਮਾਨ ਦਰਵਾਜ਼ੇ ਦੇ ਅੰਦਰ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਨੇ ਕਪਾਲ ਮੋਚਨ ਤੋਂ ਆਨੰਦਪੁਰ ਨੂੰ ਪਰਤਦਿਆਂ ਕੁਝ ਸਮੇਂ ਲਈ ਇਸ ਗੁਰਦੁਆਰੇ ਵਾਲੀ ਥਾਂ ਤੇ ਪੜਾ ਕੀਤਾ ਸੀ। ਇਸ ਥਾਂ ਤੇ ਪਹਿਲਾਂ ਇਕ ਛੋਟਾ ਜਿਹਾ ਗੁਰਦੁਆਰਾ ਸੀ। ਇਸ ਦੀ ਵਰਤਮਾਨ ਇਮਾਰਤ ਸੰਨ 1945 ਈ. ਵਿਚ ਬਣਵਾਈ ਗਈ। ਇਹ ਗੁਰੂ-ਧਾਮ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ। ਕਈ ਲੋਗ ਭੁਲ ਨਾਲ ਇਸ ਧਾਮ ਨੂੰ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਕਰ ਦਿੰਦੇ ਹਨ।

**ਜਗਿਆਸੂ** (ਉਪ-ਸੰਪ੍ਰਦਾਇ) : ਸੰਸਕ੍ਰਿਤ ਦੇ 'ਜਿਗ੍ਯਾਸਾ' ਸ਼ਬਦ ਤੋਂ ਵਿਕਸਿਤ ਹੋਏ ਇਸ ਸ਼ਬਦ ਦਾ ਅਰਥ ਹੈ ਗਿਆਨ। ਵਿਸ਼ੇਸ਼ ਤੌਰ 'ਤੇ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਦੀ ਇੱਛਾ ਕਰਨ ਵਾਲਾ ਸਾਧਕ। ਅਜਿਹੇ ਗਿਆਨ ਦੇ ਯਾਚਕਾਂ ਦੀ ਇਕ ਉਪ-ਸੰਪ੍ਰਦਾਇ ਸਿੰਧ ਪ੍ਰਾਂਤ ਵਿਚ ਹੋਂਦ ਵਿਚ ਆਈ। ਇਹ ਭਾਵੇਂ ਉਦਾਸੀ ਸੰਪ੍ਰਦਾਇ ਨਾਲ ਕਾਫ਼ੀ ਨੇੜੇ ਰਖਦੇ ਹਨ, ਪਰ ਕਈਆਂ ਪੱਖਾਂ ਤੋਂ ਉਨ੍ਹਾਂ ਤੋਂ ਵਖਰੇ ਵੀ ਹਨ। ਕਿਉਂਕਿ ਉਦਾਸੀ ਅਵਿਵਾਹਿਕ ਜੀਵਨ ਬਤੀਤ ਕਰਨ ਵਿਚ ਵਿਸ਼ਵਾਸ ਰਖਦੇ ਹਨ, ਜਦ ਕਿ ਇਹ ਪਰਿਵਾਰਿਕ ਜੀਵਨ ਮਾਣਦੇ ਹਨ। ਇਸ ਉਪ-ਸੰਪ੍ਰਦਾਇ ਨੂੰ ਅਧਿਕ ਵਿਕਸਿਤ ਕਰਨ ਵਾਲਾ ਗੁਰੂ ਨਾਨਕ ਵੰਸ਼ਜ ਬਾਬਾ ਗੁਰੂਪਤ ਸੀ, ਜੋ ਮਹਾਰਾਜਾ ਰਣਜੀਤ ਸਿੰਘ-ਕਾਲ ਵਿਚ ਸਿੰਧ ਗਿਆ ਸੀ ਅਤੇ ਅਨੇਕ ਥਾਂਵਾਂ 'ਤੇ ਇਸ ਉਪ- ਸੰਪ੍ਰਦਾਇ ਦੇ ਠਿਕਾਣੇ ਕਾਇਮ ਕੀਤੇ ਸਨ, ਖ਼ਾਸ ਕਰਕੇ ਖ਼ੈਰਪੁਰ, ਹੈਦਰਾਬਾਦ,

ਹਾਲਾਣੀ ਆਦਿ। ਜਗਿਆਸੀ ਅਧਿਕਤਰ ਸਹਿਜਧਾਰੀ ਸਿੱਖ ਹਨ, ਪਰ ਕਈਆਂ ਨੇ ਅੰਮ੍ਰਿਤ ਪਾਨ ਵੀ ਕੀਤਾ ਹੋਇਆ ਹੈ। ਭਾਵੇਂ ਇਹ ਗੁਰਬਾਣੀ ਵਿਚ ਪੂਰਾ ਵਿਸ਼ਵਾਸ ਰਖਦੇ ਹਨ ਪਰ ਕਈ ਹਿੰਦੂ-ਰੀਤਾਂ ਨੂੰ ਵੀ ਅਪਣਾਉਂਦੇ ਹਨ। ਇਨ੍ਹਾਂ ਨੂੰ ਆਮ ਤੌਰ 'ਤੇ 'ਗੁਰੂ ਨਾਨਕ ਨਾਮ ਲੇਵਾ ਸਿੰਧੀ' ਕਿਹਾ ਜਾਂਦਾ ਹੈ। ਵੇਖੋ 'ਸਿੰਧੀ ਸਿੱਖ'।

**ਜਗੇੜਾ** (ਪਿੰਡ) : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਪਿੰਡ ਜੋ ਅਹਿਮਦਗੜ੍ਹ ਤੋਂ ਦੱਖਣ ਦਿਸ਼ਾ ਵਲ 4 ਕਿ.ਮੀ. ਦੀ ਦੂਰੀ ਉਤੇ ਸਥਿਤ ਹੈ। ਸਿੱਖ ਇਤਿਹਾਸ ਅਨੁਸਾਰ ਮਾਲਵੇ ਦੀ ਕਿਸੇ ਧਰਮ-ਪ੍ਰਚਾਰ ਯਾਤ੍ਰਾ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਇਥੇ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਪਹਿਲਾਂ ਇਕ ਛੋਟਾ ਜਿਹਾ 'ਮੰਜੀ ਸਾਹਿਬ' ਗੁਰੂ-ਧਾਮ ਕਾਇਮ ਸੀ, ਪਰ ਹੁਣ ਨਵੀਂ ਬਣੀ ਇਮਾਰਤ ਦਾ ਨਾਂ 'ਗੁਰਦੁਆਰਾ ਸਾਹਿਬ ਪਾਤਿਸ਼ਾਹੀ ਛੇਵੀਂ' ਪ੍ਰਚਲਿਤ ਹੈ।

ਸਥਾਨਕ ਰਵਾਇਤ ਅਨੁਸਾਰ ਇਕ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਵੀ ਇਥੇ ਪਧਾਰੇ ਸਨ। ਇਸ ਕਰਕੇ ਇਸ ਪਿੰਡ ਦਾ ਇਕ ਨਾਮਾਂਤਰ 'ਨਾਨਕਪੁਰ ਜਗੇੜਾ' ਵੀ ਪ੍ਰਚਲਿਤ ਹੈ। ਇਸ ਵਿਚਲੇ ਪੁਰਾਣੇ ਟੋਭੇ ਨੂੰ ਵੀ 'ਨਾਨਕਸਰ' ਕਿਹਾ ਜਾਂਦਾ ਸੀ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ, ਪਰ ਇਸ ਦੀ ਵਿਵਸਥਾ ਸਥਾਨਕ ਕਮੇਟੀ ਕਰਦੀ ਹੈ।

**ਜਗੰਨਾਥ ਪੁਰੀ** : ਭਾਰਤ ਦੇ ਉੜੀਸਾ ਪ੍ਰਾਂਤ ਦੇ ਸਮੁੰਦਰੀ ਕੰਢੇ ਉਤੇ ਵਸੇ ਪੁਰੀ ਨਗਰ ਦਾ ਮਹੱਤਵ ਉਸ ਵਿਚ ਬਣੇ ਜਗੰਨਾਥ (ਜਗਤ-ਨਾਥ) ਦੇ ਵਿਸ਼ਾਲ ਮੰਦਿਰ ਕਰਕੇ ਹੈ। ਇਸ ਨੂੰ ਪੁਰਸ਼ੋਤਮ-ਤੀਰਥ ਅਤੇ ਸ਼ੰਖ-ਖੇਤਰ ਵੀ ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਇਸ ਖੇਤਰ ਨੂੰ ਪਾਪ-ਨਾਸ਼ਕ ਅਤੇ ਮੁਕਤੀ-ਦਾਇਕ ਮੰਨਿਆ ਗਿਆ ਹੈ।

ਜਗੰਨਾਥ ਦਾ ਮੰਦਿਰ ਇਕ ਨਿੱਕੀ ਜਿਹੀ ਪਹਾੜੀ ਉਤੇ ਬਣਿਆ ਹੋਇਆ ਹੈ, ਜੋ ਸਮੁੰਦਰ ਤੋਂ 20 ਫੁਟ ਉੱਚੀ ਹੈ। ਸਮੁੰਦਰ ਉਥੋਂ ਲਗਭਗ 4600 ਫੁਟ ਦੂਰ ਹੈ। ਮੰਦਿਰ ਦੀ ਉੱਚਾਈ 192 ਫੁਟ ਹੈ। ਇਸ ਖੇਤਰ ਵਿਚ ਹਿੰਦੂ ਧਰਮ ਦੀਆਂ ਮਾਨਤਾਵਾਂ ਨਾਲ ਸੰਬੰਧਿਤ ਨਿੱਕੇ ਵੱਡੇ 120 ਮੰਦਿਰ ਹਨ ਜਿਨ੍ਹਾਂ ਵਿਚ 13 ਮੰਦਿਰ ਸ਼ਿਵ ਦੇ, ਕੁਝ ਕੁ ਪਾਰਬਤੀ ਦੇ ਅਤੇ ਇਕ ਮੰਦਿਰ ਸੂਰਜ ਦਾ ਹੈ। ਬਾਕੀ ਮੰਦਿਰਾਂ ਦਾ ਸੰਬੰਧ ਵੈਸ਼ਣਵ ਭਾਵਨਾ ਨਾਲ ਹੈ।

ਇਨ੍ਹਾਂ ਸਾਰਿਆਂ ਮੰਦਿਰਾਂ ਵਿਚੋਂ ਪ੍ਰਮੁਖ ਜਗੰਨਾਥ ਦਾ ਮੰਦਿਰ ਹੈ। ਇਸ ਮੰਦਿਰ ਦੇ ਚਾਰ ਹਿੱਸੇ ਹਨ। ਪਹਿਲਾ ਹਿੱਸਾ 'ਭੋਗ-ਮੰਦਿਰ' ਅਖਵਾਉਂਦਾ ਹੈ ਜਿਥੇ ਭਗਵਾਨ ਨੂੰ ਭੋਗ ਲਗਾਇਆ ਜਾਂਦਾ ਹੈ। ਦੂਜਾ ਹਿੱਸਾ 'ਰੰਗ-ਮੰਦਿਰ' ਹੈ, ਜਿਸ ਵਿਚ ਨਾਚ, ਗੀਤ ਆਦਿ ਹੁੰਦੇ ਹਨ। ਤੀਜੇ ਹਿੱਸੇ ਨੂੰ 'ਸਭਾ-ਮੰਡਪ' ਕਿਹਾ ਜਾਂਦਾ ਹੈ ਜਿਸ ਵਿਚ ਦਰਸ਼ਨ ਅਭਿਲਾਸ਼ੀ ਬਹਿੰਦੇ ਹਨ। ਚੌਥਾ ਹਿੱਸਾ 'ਅੰਤਰਾਲ' ਅਖਵਾਉਂਦਾ ਹੈ ਜਿਥੇ ਸ੍ਰੀ ਕ੍ਰਿਸ਼ਣ (ਜਗੰਨਾਥ) ਦੀ ਮੂਰਤੀ ਸਥਿਤ ਹੈ। ਉਸ ਦੇ ਨਾਲ ਬਲਰਾਮ ਅਤੇ ਸੁਭਦ੍ਰਾ ਦੀਆਂ ਮੂਰਤੀਆਂ ਵੀ ਸਥਾਪਿਤ ਹਨ। ਅੰਤਰਾਲ ਦੇ ਹਰ ਪਾਸੇ ਇਕ ਇਕ ਵੱਡਾ ਦੁਆਰ ਹੈ ਜਿਨ੍ਹਾਂ ਵਿਚੋਂ ਪੂਰਵ ਦਿਸ਼ਾ ਵਾਲਾ ਸਭ ਨਾਲੋਂ ਵੱਡਾ ਹੈ। ਪ੍ਰਵੇਸ਼ ਦੁਆਰ ਉਤੇ ਸ਼ੇਰ ਦੀ ਇਕ ਵੱਡੀ ਮੂਰਤੀ ਬਣੀ ਹੋਣ ਕਾਰਣ ਉਸ ਨੂੰ ਸਿੰਘ-ਦੁਆਰ ਦਾ ਨਾਂ ਦਿੱਤਾ ਜਾਂਦਾ ਹੈ।

ਪੁਰੀ ਵਿਚ ਮੰਨਾਏ ਜਾਣ ਵਾਲੇ 24 ਪੁਰਬਾਂ (ਪਰਵਾਂ) ਵਿਚੋਂ ਸਭ ਤੋਂ ਮਹੱਤਵਪੂਰਣ ਪਰਵ 'ਰਥ ਯਾਤ੍ਰਾ' ਹੈ ਜੋ ਹਾੜ ਦੇ ਮਹੀਨੇ ਦੀ ਸੁਦੀ ਦੋ ਨੂੰ ਸ਼ੁਰੂ ਹੁੰਦੀ ਹੈ। ਇਸ ਯਾਤ੍ਰਾ ਵਿਚ ਤਿੰਨ ਰਥ ਸ਼ਾਮਲ ਹੁੰਦੇ ਹਨ। ਭਗਵਾਨ ਜਗੰਨਾਥ ਦੇ ਰਥ ਦਾ ਵਰਗਾਕਾਰ 35 ਫੁਟ ਹੁੰਦਾ ਹੈ। 45 ਫੁੱਟ ਉੱਚੇ ਇਸ ਰਥ ਹੇਠ 7 ਫੁਟ ਵਿਆਸ ਦੇ 16 ਪਹੀਏ ਹੁੰਦੇ ਹਨ। ਇਸ ਵਿਚ ਭਗਵਾਨ ਜਗੰਨਾਥ ਦੀ ਮੂਰਤੀ ਰਖੀ ਜਾਂਦੀ ਹੈ। ਦੂਜਾ ਰਥ ਸੁਭਦ੍ਰਾ ਦਾ ਹੁੰਦਾ ਹੈ ਜਿਸ ਹੇਠ 12 ਪਹੀਏ ਹੁੰਦੇ ਹਨ। ਚੌਦਾਂ ਪਹੀਇਆਂ ਵਾਲਾ ਤੀਜਾ ਰਥ ਬਲਰਾਮ ਦਾ ਹੁੰਦਾ ਹੈ। ਇਨ੍ਹਾਂ ਦੋਹਾਂ ਵਿਚ ਸੁਭਦ੍ਰਾ ਅਤੇ ਬਲਰਾਮ ਦੀਆਂ ਮੂਰਤੀਆਂ ਰਖੀਆਂ ਹੁੰਦੀਆਂ ਹਨ। ਇਹ ਦੋਵੇਂ ਰਥ ਭਗਵਾਨ ਦੇ ਰਥ ਨਾਲੋਂ ਆਕਾਰ ਵਿਚ ਛੋਟੇ ਅਤੇ ਉੱਚਾਈ ਵਿਚ ਘਟ ਹੁੰਦੇ ਹਨ। ਇਨ੍ਹਾਂ ਰਥਾਂ ਨੂੰ ਆਮ ਤੌਰ 'ਤੇ ਸ਼ਰਧਾਲੂ ਖਿਚਦੇ ਹਨ, ਪਰ ਲੋੜ-ਪੈਣ 'ਤੇ ਮਜ਼ਦੂਰ ਵੀ ਲਗਾਏ ਜਾਂਦੇ ਹਨ। ਪ੍ਰਾਚੀਨ ਕਾਲ ਵਿਚ ਇਨ੍ਹਾਂ ਰਥਾਂ ਦੇ ਪਹੀਇਆਂ ਹੇਠਾਂ ਆ ਕੇ ਪ੍ਰਾਣ ਤਿਆਗਣ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਸੀ।

ਜਗੰਨਾਥ ਦੀ ਮੂਰਤੀ, ਅਸਲ ਵਿਚ, ਸ੍ਰੀ ਕ੍ਰਿਸ਼ਣ ਦੀ ਮੂਰਤੀ ਹੈ ਜਿਸ ਦੀ ਸਥਾਪਨਾ ਦਾ ਸੰਬੰਧ, 'ਬ੍ਰਹਮ ਪੁਰਾਣ' (ਅ. 43-44) ਅਨੁਸਾਰ, ਉਜੈਨ ਦੇ ਵਿਦਵਾਨ ਰਾਜਾ

ਇੰਦ੍ਰਦਿਉਮਨ ਨਾਲ ਜੋੜਿਆ ਜਾਂਦਾ ਹੈ। ਉਸ ਨੇ ਵੇਦ-ਸ਼ਾਸਤ੍ਰ ਦੇ ਅਧਿਐਨ ਨਾਲ ਨਿਸਚਿਤ ਕੀਤਾ ਕਿ ਵਾਸੁਦੇਵ (ਕ੍ਰਿਸ਼ਣ) ਹੀ ਸਰਵ-ਸ੍ਰੇਸ਼ਠ ਦੇਵਤਾ ਹੈ। ਉਹ ਆਪਣੀ ਸੈਨਾ ਸਹਿਤ ਸਮੁੰਦਰ ਕੰਢੇ ਵਾਸੁਦੇਵ ਖੇਤਰ ਵਿਚ ਪਹੁੰਚਿਆ। ਉਥੇ ਅਸ਼੍ਵਮੇਧ ਯੱਗ ਕਰਕੇ ਇਕ ਬਹੁਤ ਵੱਡਾ ਮੰਦਿਰ ਬਣਵਾਇਆ।

'ਸਕੰਦ ਪੁਰਾਣ' (ਉਤਕਲ-ਖੰਡ) ਅਨੁਸਾਰ ਸੁਪਨੇ ਵਿਚ ਰਾਜੇ ਨੂੰ ਭਗਵਾਨ ਕ੍ਰਿਸ਼ਣ ਦੇ ਦਰਸ਼ਨ ਹੋਏ ਅਤੇ ਮੰਦਿਰ ਵਿਚ ਮੂਰਤੀ ਸਥਾਪਿਤ ਕਰਨ ਦਾ ਆਦੇਸ਼ ਹੋਇਆ। ਉਸ ਮੂਰਤੀ ਦੇ ਨਿਰਮਾਣ ਲਈ ਰਾਜੇ ਨੇ ਵਿਸ਼ਵਕਰਮਾ ਨੂੰ ਬੇਨਤੀ ਕੀਤੀ। ਵਿਸ਼ਵਕਰਮਾ ਇਸ ਸ਼ਰਤ 'ਤੇ ਮੰਨਿਆ ਕਿ ਮੂਰਤੀ ਨੂੰ ਨਿਰਮਾਣ-ਕਾਲ ਵੇਲੇ ਰਾਜਾ ਨਹੀਂ ਵੇਖੇਗਾ। ਰਾਜਾ ਮੰਨ ਗਿਆ, ਪਰ 15 ਦਿਨਾਂ ਬਾਦ ਹੀ ਉਤਾਵਲਾ ਹੋ ਕੇ ਮੂਰਤੀ ਵੇਖਣ ਲਈ ਜਾ ਪਹੁੰਚਿਆ। ਉਦੋਂ ਨੀਲ ਮਣੀ ਵਰਣ ਵਾਲੀ ਮੂਰਤੀ ਦੇ ਹੱਥ ਪੈਰ ਨਹੀਂ ਲਗੇ ਸਨ। ਵਿਸ਼ਵਕਰਮਾ ਨੇ ਨਾਰਾਜ਼ ਹੋ ਕੇ ਮੂਰਤੀ ਵਿਚੇ ਛਡ ਦਿੱਤੀ। ਬਾਦ ਵਿਚ ਰਾਜੇ ਵਲੋਂ ਬ੍ਰਹਮਾ ਅਗੇ ਪ੍ਰਾਰਥਨਾ ਕਰਨ 'ਤੇ, ਉਸ ਨੇ ਮੂਰਤੀ ਨੂੰ ਅੱਖਾਂ ਲਗਾਈਆਂ ਅਤੇ ਉਸ ਨੂੰ ਸਾਰੇ ਜਗਤ ਦਾ ਨਾਥ (ਜਗਨ੍ਨਾਥ) ਕਹਿ ਕੇ ਸਥਾਪਿਤ ਕੀਤਾ। ਉਸ ਦੇ ਨਾਲ ਸੁਭਦ੍ਰਾ ਅਤੇ ਬਲਰਾਮ ਦੀਆਂ ਮੂਰਤੀਆਂ ਵੀ ਰਾਜੇ ਨੇ ਸਥਾਪਿਤ ਕੀਤੀਆਂ ਪਰ ਇਤਿਹਾਸਿਕ ਹਵਾਲਿਆਂ ਅਨੁਸਾਰ ਇਹ ਮੰਦਿਰ ਰਾਜਾ ਅਨੰਤ-ਵਰਮਾ ਨੇ ਬਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਬਣਵਾਇਆ ਸੀ। ਤਾਂਤ੍ਰਿਕ ਭਾਵਨਾ ਅਧੀਨ ਇਸ ਮੰਦਿਰ ਦੀਆਂ ਕੰਧਾਂ ਉਤੇ ਅਨੇਕ ਮੂਰਤੀਆਂ ਕਾਮ-ਕ੍ਰੀੜਾ ਦੀ ਅਵਸਥਾ ਵਿਚ ਬਣੀਆਂ ਹੋਈਆਂ ਹਨ।

ਜਨਮਸਾਖੀ ਸਾਹਿਤ ਅਨੁਸਾਰ ਗੁਰੂ ਨਾਨਕ ਦੇਵ ਜੀ ਉਦਾਸੀ ਦੌਰਾਨ ਇਸ ਨਗਰ ਵਿਚ ਗਏ ਸਨ ਅਤੇ ਮੰਦਿਰ ਦੇ ਪੁਜਾਰੀਆਂ ਨੂੰ ਉਪਦੇਸ਼ ਦੇਣ ਲਈ *ਗਗਨ ਮੈ ਥਾਲ* ਵਾਲਾ ਸ਼ਬਦ ਉਚਾਰਿਆ ਸੀ। ਜਿਸ ਸਥਾਨ ਉਤੇ ਗੁਰੂ ਸਾਹਿਬ ਠਹਿਰੇ ਸਨ, ਉਥੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਨੂੰ 'ਮੰਗੂਮਟ' ਕਿਹਾ ਜਾਂਦਾ ਹੈ। ਇਸ ਦਾ ਇਕ ਨਾਮਾਂਤਰ 'ਬਾਵਲੀ ਮਠ' ਵੀ ਪ੍ਰਚਲਿਤ ਹੈ ਕਿਉਂਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਬਣੀ ਹੋਈ ਇਕ ਬਾਵਲੀ ਮੌਜੂਦ ਹੈ ਜਿਸ ਦਾ ਜਲ ਮਿਠਾ ਹੈ। ਸ਼ੁਰੂ ਤੋਂ ਹੀ ਇਸ ਗੁਰੂ-ਧਾਮ ਦੀ ਸੇਵਾ-ਸੰਭਾਲ਼ ਬਾਬਾ ਅਲਮਸਤ ਦੀ ਪਰੰਪਰਾ ਦੇ ਉਦਾਸੀ ਸਾਧ ਕਰਦੇ ਆਏ ਹਨ। ਇਨ੍ਹਾਂ ਸਾਧਾਂ ਦੀ ਇਸ਼ਟ ਭਾਵਨਾ ਅਨੁਰੂਪ ਇਸ ਗੁਰੂ-ਧਾਮ ਵਿਚ ਕਈ ਪ੍ਰਕਾਰ ਦੀ ਸਨਾਤਨੀ ਮਰਯਾਦਾ ਦਾ ਪ੍ਰਚਲਨ ਹੋ ਚੁਕਿਆ ਹੈ। ਇਸ ਕਰਕੇ ਗੁਰਦੁਆਰਾ ਮੰਦਿਰ-ਨੁਮਾ ਪ੍ਰਤੀਤ ਹੁੰਦਾ ਹੈ। ਇਥੋਂ ਦੇ ਪੁਜਾਰੀ ਸਾਧ ਪੰਜਾਬ ਨਾਲੋਂ ਟੁਟ ਜਾਣ ਕਾਰਣ ਪੰਜਾਬੀ ਭਾਸ਼ਾ ਸਮਝਣੋ ਅਸਮਰਥ ਹਨ। ਮੁੱਖ ਤੌਰ 'ਤੇ ਉੜੀਆ ਭਾਸ਼ਾ ਵਿਚ ਹੀ ਵਾਰਤਾਲਾਪ ਕਰਦੇ ਹਨ।

ਇਸ ਨਗਰ ਵਿਚ ਜਗੰਨਾਥ ਮੰਦਿਰ ਤੋਂ ਹੇਠਲੇ ਪਾਸੇ ਦਮੋਦਰ ਪਾਂਡੇ ਦੇ ਪਰਿਵਾਰ ਪਾਸ ਕੁਝ ਤਾਂਬ੍ਰ ਪੱਤਰ ਸੰਭਾਲੇ ਹੋਏ ਹਨ ਜਿਨ੍ਹਾਂ ਉਤੇ ਗੁਰੂ ਨਾਨਕ ਦੇਵ ਜੀ ਦੇ ਕੁਝ ਸ਼ਬਦ ਉਕਰੇ ਹੋਏ ਹਨ।

**ਜੱਟ ਸਿੱਖ** : ਸਿੱਖ ਧਰਮ ਵਿਚ ਪ੍ਰਧਾਨਤਾ ਜੱਟ ਸਿੱਖਾਂ ਦੀ ਹੈ। ਇਨ੍ਹਾਂ ਦੀ ਅਧਿਕ ਵਸੋਂ ਪਿੰਡਾਂ ਵਿਚ ਹੈ। ਜੱਟ ਸਿਰਫ਼ ਸਿੱਖ ਹੀ ਨਹੀਂ ਹੁੰਦੇ, ਸਗੋਂ ਇਹ ਸਾਰੇ ਭਾਰਤ ਦੀ ਇਕ ਮਹੱਤਵਪੂਰਣ ਜਾਤਿ ਹੈ। ਇਹ ਹਿੰਦੂ ਵੀ ਹਨ ਅਤੇ ਮੁਸਲਮਾਨ ਵੀ। ਇਹ ਭਾਰਤ ਤੋਂ ਇਲਾਵਾ ਪਾਕਿਸਤਾਨ ਵਿਚ ਵੀ ਹਨ।

ਜੱਟਾਂ ਦੇ ਮੂਲ ਬਾਰੇ ਵਿਦਵਾਨ ਅਤੇ ਇਤਿਹਾਸ-ਕਾਰ ਇਕ ਮਤ ਨਹੀਂ ਹਨ। ਮੇਜਰ ਟੋਡ ਅਤੇ ਜਨਰਲ ਕੰਨਿਘਮ ਵਰਗੇ ਖੋਜੀ ਇਨ੍ਹਾਂ ਨੂੰ ਇੰਡੋਸਿਥੀਅਨ ਵਰਗ ਦੇ ਲੋਕਾਂ ਵਿਚੋਂ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਲੋਕ ਈਸਾ ਤੋਂ ਲਗਭਗ ਇਕ ਸੌ ਸਾਲ ਪਹਿਲਾਂ ਮੰਡ ਕਬੀਲੇ ਨਾਲ ਸਿੰਧ ਰਾਹੀਂ ਪੰਜਾਬ ਵਿਚ ਦਾਖ਼ਲ ਹੋਏ ਅਤੇ ਉਸ ਤੋਂ ਬਾਦ ਸਾਰੇ ਭਾਰਤ ਵਿਚ ਪਸਰਦੇ ਗਏ। ਇਨ੍ਹਾਂ ਦਾ ਪਿਛੋਕੜ ਰਾਜਪੂਤਾਂ ਨਾਲ ਜਾ ਜੁੜਦਾ ਹੈ। ਕਈ ਇਨ੍ਹਾਂ ਨੂੰ ਰਾਜਪੂਤਾਂ ਵਿਚੋਂ ਨਿਕਲਿਆ ਮੰਨਦੇ ਹਨ। ਜੈਸਲਮੇਰ, ਮਾਰਵਾੜ ਨਾਲ ਕਈ ਜੱਟ ਜਾਤੀਆਂ ਦਾ ਸੰਬੰਧ ਹੈ। ਉਥੋਂ ਹੀ ਇਹ ਉਠ ਕੇ ਪੰਜਾਬ ਵਿਚ ਆਏ ਅਤੇ ਖੇਤੀ ਬਾੜੀ ਦੇ ਕੰਮ ਵਿਚ ਰੁਝ ਗਏ। ਇਨ੍ਹਾਂ ਦੀ ਬਹਾਦਰੀ ਅਤੇ ਦਲੇਰੀ ਦਬ ਜਿਹੀ ਗਈ ਕਿਉਂਕਿ ਇਨ੍ਹਾਂ ਨੂੰ ਸ਼ਕਤੀ-ਪ੍ਰਦਰਸ਼ਨ ਦਾ ਅਵਸਰ ਹੀ ਨ ਮਿਲਿਆ। ਖ਼ਾਲਸੇ ਦੀ ਸਿਰਜਨਾ ਨਾਲ ਇਨ੍ਹਾਂ ਦੇ ਦਬੇ ਹੋਏ ਗੁਣਾਂ ਨੂੰ ਉਭਰਨ ਦਾ ਮੌਕਾ ਮਿਲਿਆ। ਬੰਦਾ ਬਹਾਦਰ ਤੋਂ ਬਾਦ ਦਲ ਖ਼ਾਲਸਾ ਅਤੇ ਸਿੱਖ ਮਿਸਲਾਂ ਦੇ ਦੌਰ ਵਿਚ ਇਨ੍ਹਾਂ ਨੇ ਵਡੀ ਗਿਣਤੀ ਵਿਚ ਅੰਮ੍ਰਿਤ ਪਾਨ ਕਰ ਕੇ ਜੋ ਸੂਰਬੀਰਤਾ

ਦਾ ਪਰਿਚਯ ਦਿੱਤਾ, ਉਹ ਇਤਿਹਾਸ ਪ੍ਰਸਿੱਧ ਹੈ। ਜੱਟ ਜਮਾਂਦਰੂ ਸਿਪਾਹੀ ਹੈ, ਪਰ ਖੇਤੀ ਦੇ ਕਿੱਤੇ ਵਿਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ।

ਪੰਜਾਬ ਦੇ ਜੱਟ ਜੁਝਾਰੂ, ਦਲੇਰ, ਆਕੜਖਾਂਹ, ਇਜ਼ਤ ਲਈ ਮਰ ਮਿਟਣ ਵਾਲੇ, ਮੂੰਹ-ਫਟ ਅਤੇ ਸ਼ੋਖ ਸੁਭਾ ਵਾਲੇ ਹਨ। ਕਹੀ ਹੋਈ ਗੱਲ ਉਤੇ ਮਰ ਮਿਟਣਾ ਜੱਟ ਦਾ ਧਰਮ ਹੈ। 'ਜੱਟ' ਅਸਲ ਅਰਥਾਂ ਵਿਚ 'ਮਰਦ' ਹੈ ਅਤੇ ਉਸ ਦੀ ਮਰਦਾਨਗੀ ਉਸ ਨੂੰ ਹੋਰਨਾਂ ਫ਼ਿਰਕਿਆਂ ਤੇ ਧਰਮਾਂ ਵਾਲਿਆਂ ਤੋਂ ਨਿਖੇੜਦੀ ਹੈ। ਔਰਤ, ਜ਼ਮੀਨ ਅਤੇ ਪਾਣੀ ਨੂੰ ਹਥਿਆਉਣ ਜਾਂ ਰਾਖੀ ਕਰਨ ਲਈ ਕੀਤੀ ਗਈ ਹਿੰਸਾ ਨੂੰ ਉਹ ਜਾਇਜ਼ ਸਮਝਦੇ ਹਨ। ਜੱਟ ਫ਼ੌਜ ਅਤੇ ਪੁਲਿਸ ਵਿਚ ਸੇਵਾ ਕਰਨਾ ਚੰਗਾ ਸਮਝਦੇ ਹਨ। ਇਸੇ ਕਰਕੇ ਜੱਟ ਨੂੰ ਦੇਸ਼ ਦਾ ਰਾਖਾ, ਅੰਨਦਾਤਾ ਅਤੇ ਅਣਖੀਲਾ ਸ਼ਬਦਾਂ ਨਾਲ ਵਿਸ਼ਿਸ਼ਟ ਕੀਤਾ ਜਾਂਦਾ ਹੈ। ਚੰਗੀ ਖ਼ੁਰਾਕ ਕਰਕੇ ਇਹ ਆਕਾਰ ਪ੍ਰਕਾਰ ਦੇ ਤਕੜੇ ਹੁੰਦੇ ਹਨ। ਸ਼ਰਾਬ ਦੀ ਵਰਤੋਂ ਕਰਨੋ ਸੰਕੋਚ ਨਹੀਂ ਕਰਦੇ, ਸਗੋਂ ਨਿਸੰਗ ਪੀਂਦੇ ਹਨ। ਅੱਯਾਸ਼ੀ ਵਲ ਇਕਦਮ ਝੁਕ ਜਾਂਦੇ ਹਨ। ਦਲ ਖ਼ਾਲਸਾ ਦੇ ਯੁਗ ਵਿਚ ਇਹ ਬਹੁਤ ਅਧਿਕ ਧਰਮੀ ਸਨ, ਪਰ ਜਿਉਂ ਹੀ ਸਰਦਾਰੀਆਂ ਮਿਲੀਆਂ, ਅੱਯਾਸ਼ੀ ਵਲ ਵਧਦੇ ਗਏ ਅਤੇ ਆਪਣੇ ਆਚਰਣ ਤੋਂ ਇਤਨੇ ਉਖੜੇ ਕਿ ਰਾਜ ਹੀ ਗੰਵਾ ਬੈਠੇ। ਪਰ ਜਦੋਂ ਕੌਮ ਉਤੇ ਸੰਕਟ ਬਣਦਾ ਹੈ, ਤਾਂ ਕਿਸੇ ਪ੍ਰਕਾਰ ਦੀ ਕੁਰਬਾਨੀ ਦੇਣੋਂ ਸੰਕੋਚ ਨਹੀਂ ਕਰਦੇ। ਅਕਾਲੀਆਂ ਦੇ ਮੋਰਚੇ ਇਨ੍ਹਾਂ ਦੇ ਸਿਰ 'ਤੇ ਹੀ ਜਿਤੇ ਜਾਂਦੇ ਹਨ। ਅਜ-ਕਲ ਪੰਜਾਬ ਰਾਜ-ਪ੍ਰਬੰਧ ਵਿਚ ਇਨ੍ਹਾਂ ਦੀ ਸਰਦਾਰੀ ਹੈ। ਦੇਸ਼-ਵੰਡ ਤੋਂ ਪਹਿਲਾਂ ਮਾਝੇ ਦੇ ਜੱਟ ਸਿੱਖਾਂ ਦੀ ਚੜ੍ਹਤ ਹੁੰਦੀ ਸੀ, ਪਰ ਹੁਣ ਮਾਲਵੇ ਦੇ ਜੱਟ ਅਧਿਕ ਪ੍ਰਬਲ ਹਨ।

**ਜੱਟਪੁਰਾ** (ਪਿੰਡ) : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਨਗਰ ਤੋਂ 14 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪਿੰਡ, ਜਿਥੇ ਸੰਨ 1631 ਈ. ਵਿਚ ਮਾਲਵਾ ਖੇਤਰ ਦੀ ਧਰਮ-ਪ੍ਰਚਾਰ ਯਾਤ੍ਰਾ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਰੁਕੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੰਦੀਛੋੜ' ਬਣਿਆ ਹੋਇਆ ਹੈ। ਇਸ ਗੁਰੂ-ਧਾਮ ਦੀ ਵਿਵਸਥਾ ਸੰਤ ਅਜਾਇਬ ਸਿੰਘ ਬੋਪਾਰਾਇ ਵਾਲਿਆਂ ਦੇ ਸੇਵਕ ਕਰਦੇ ਹਨ।

ਇਸ ਪਿੰਡ ਦੇ ਨੇੜੇ ਲੰਮੇ ਨਾਂ ਦਾ ਇਕ ਪਿੰਡ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਚਰਣ ਪਾਏ ਸਨ। ਸਮੀਪਤਾ ਕਾਰਣ ਇਸ ਪਿੰਡ ਨੂੰ ਕਈ ਵਾਰ 'ਲੰਮੇ-ਜਟਪੁਰਾ' ਵੀ ਕਹਿ ਦਿੱਤਾ ਜਾਂਦਾ ਹੈ।

**ਜਟੌਲੀ** (ਪਿੰਡ) : ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਇਕ ਪੁਰਾਣਾ ਪਿੰਡ ਜੋ ਨੂਰਪੁਰ ਬੇਦੀ ਤੋਂ 5 ਕਿ.ਮੀ. ਦੀ ਵਿਥ ਉਤੇ ਦੱਖਣ ਦਿਸ਼ਾ ਵਲ ਸਥਿਤ ਹੈ। ਕਹਿੰਦੇ ਹਨ ਕਿ ਸੰਨ 1700 ਈ. ਵਿਚ ਨਿਰਮੋਹਗੜ੍ਹ ਦਾ ਯੁੱਧ ਜਿਤਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਬਸਾਲੀ ਤੋਂ ਇਥੇ ਆਏ ਸਨ ਅਤੇ ਕੁਝ ਦੇਰ ਲਈ ਰੁਕੇ ਸਨ। ਬਾਦ ਵਿਚ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ 'ਗੁਰਦੁਆਰਾ ਦਮਦਮਾ ਸਾਹਿਬ ਪਾਤਿਸ਼ਾਹੀ ਦਸਵੀਂ' ਉਸਾਰਿਆ ਗਿਆ ਜਿਸ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।

**ਜੱਥਾ** : ਸੰਸਕ੍ਰਿਤ ਦੇ 'ਯੂਥ' ਸ਼ਬਦ ਤੋਂ ਵਿਉਤਪੰਨ ਇਸ ਸ਼ਬਦ ਦਾ ਅਰਥ ਹੈ ਟੋਲਾ, ਗਰੋਹ, ਸਮੂਹ ਆਦਿ। ਸਿੱਖ ਸਮਾਜ ਵਿਚ ਹੁਣ ਇਹ ਸ਼ਬਦ ਸਿੱਖਾਂ ਦੇ ਟੋਲੇ ਲਈ ਰੂੜ੍ਹ ਹੋ ਚੁਕਿਆ ਹੈ। ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਜਦੋਂ ਸਿੱਖਾਂ ਉਤੇ ਜ਼ੁਲਮਾਂ ਦੀ ਹਨੇਰੀ ਚੜ੍ਹ ਆਈ, ਤਾਂ ਉਨ੍ਹਾਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਛੋਟੇ ਛੋਟੇ ਟੋਲਿਆਂ ਵਿਚ ਇਧਰ ਉਧਰ ਲੁਕ ਛਿਪ ਕੇ ਸੰਕਟ ਦਾ ਸਮਾਂ ਬਤੀਤ ਕਰਨਾ ਸ਼ੁਰੂ ਕੀਤਾ। ਇਹ ਟੋਲੇ ਹੀ ਜੱਥਿਆਂ ਦੇ ਨਾਂ ਨਾਲ ਪ੍ਰਸਿੱਧ ਹੋਏ ਹਰ ਟੋਲੇ ਦਾ ਮੁਖੀ 'ਜੱਥੇਦਾਰ' ਅਖਵਾਉਂਦਾ ਸੀ। ਹਰ ਜੱਥੇ ਦੇ ਸਿੰਘਾਂ ਲਈ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਸੀ। ਚੂੰਕਿ ਉਨ੍ਹਾਂ ਨੇ ਜ਼ਾਲਮਾਂ ਵਿਰੁੱਧ ਗੁਰੀਲਾ ਯੁੱਧ ਕਰਨਾ ਹੁੰਦਾ ਸੀ, ਇਸ ਲਈ ਸ਼ਸਤ੍ਰ ਅਤੇ ਅਸਤ੍ਰ ਨੂੰ ਚਲਾਉਣ ਵਿਚ ਉਨ੍ਹਾਂ ਦਾ ਨਿਪੁਣ ਹੋਣਾ ਜ਼ਰੂਰੀ ਸੀ। ਹਰ ਇਕ ਨੂੰ ਚੰਗਾ ਘੋੜਸਵਾਰ ਵੀ ਹੋਣਾ ਚਾਹੀਦਾ ਸੀ। ਪਰ ਹਰ ਇਕ ਜੱਥੇ ਵਿਚ ਕਿਤਨੇ ਸਿੰਘ ਹੋਣ ? ਇਸ ਬਾਰੇ ਕੋਈ ਗਿਣਤੀ ਨਿਸਚਿਤ ਨਹੀਂ ਸੀ।

ਸੰਨ 1734 ਈ. ਵਿਚ ਨਵਾਬ ਕਪੂਰ ਸਿੰਘ ਨੇ ਇਨ੍ਹਾਂ ਜੱਥਿਆਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡ ਦਿੱਤਾ। ਇਨ੍ਹਾਂ ਜੱਥਿਆਂ ਲਈ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ 'ਤੇ ਅੰਮ੍ਰਿਤਸਰ ਵਿਚ ਜੁੜਨ ਵਾਲੇ ਸਰਬੱਤ

ਖ਼ਾਲਸਾ ਵਿਚ ਸ਼ਾਮਲ ਹੋਣਾ ਜ਼ਰੂਰੀ ਸੀ। ਸਿੱਖਾਂ ਦੀਆਂ ਸਾਂਝੀਆਂ ਸਮਸਿਆਵਾਂ ਜਾਂ ਕਾਰਜਾਂ ਲਈ 'ਗੁਰਮਤਾ' ਕੀਤਾ ਜਾਂਦਾ ਸੀ। ਸੰਨ 1745 ਈ. ਵਿਚ ਇਨ੍ਹਾਂ ਜੱਥਿਆਂ ਨੂੰ ਸੌ, ਸੌ ਸਿੰਘਾਂ ਦੇ 25 ਜੱਥਿਆਂ ਵਿਚ ਵਿਵਸਥਿਤ ਕੀਤਾ ਗਿਆ। ਪੰਜਾਬ ਵਿਚ ਜਿਉਂ ਜਿਉਂ ਮੁਗ਼ਲ ਹਕੂਮਤ ਕਮਜ਼ੋਰ ਹੁੰਦੀ ਗਈ, ਸਿੱਖਾਂ ਦੇ ਜੱਥਿਆਂ ਦੀ ਗਿਣਤੀ ਵਧਦੀ ਗਈ। ਸੰਨ 1748 ਈ. ਤਕ ਹੋਂਦ ਵਿਚ ਆ ਚੁਕੇ 65 ਜੱਥਿਆਂ ਨੂੰ 'ਦਲ ਖ਼ਾਲਸਾ' ਅਧੀਨ 11 ਮਿਸਲਾਂ (ਫੂਲਕੀਆਂ ਤੋਂ ਬਿਨਾ) ਵਿਚ ਵੰਡ ਦਿੱਤਾ ਗਿਆ। ਇਸ ਤੋਂ ਬਾਦ ਜੱਥੇ ਦੀ ਥਾਂ 'ਮਿਸਲ' ਅਤੇ ਜੱਥੇਦਾਰ ਦੀ ਥਾਂ 'ਸਰਦਾਰ' ਸ਼ਬਦਾਂ ਦੀ ਵਰਤੋਂ ਸ਼ੁਰੂ ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੇ ਇਹ ਸਾਰੀ ਮਰਯਾਦਾ ਖ਼ਤਮ ਕਰ ਦਿੱਤੀ।

ਸਿੰਘ ਸਭਾ ਲਹਿਰ ਦੇ ਪ੍ਰਚਾਰ ਪ੍ਰਸਾਰ ਲਈ ਕੀਰਤਨ ਕਰਨ ਵਾਲੇ ਸਿੰਘਾਂ ਦੇ ਜੁਟ ਲਈ 'ਜੱਥਾ' ਸ਼ਬਦ ਦੀ ਵਰਤੋਂ ਨਾਲ ਇਸ ਦਾ ਪੁਨਰ ਪ੍ਰਚਲਨ ਸ਼ੁਰੂ ਹੋਇਆ। ਢਾਡੀਆਂ ਦੇ ਜੁਟ ਲਈ ਵੀ 'ਜੱਥਾ' ਸ਼ਬਦ ਵਰਤਿਆ ਜਾਣ ਲਗਾ। ਇਸ ਤੋਂ ਬਾਦ ਗੁਰਦੁਆਰਾ ਸੁਧਾਰ ਲਹਿਰ ਦੇ ਚਲਣ ਨਾਲ ਮੋਰਚਿਆਂ ਲਈ ਭੇਜੇ ਜਾਂਦੇ ਸਿੰਘਾਂ ਦੇ ਟੋਲਿਆਂ ਨੂੰ ਵੀ ਜੱਥੇ ਕਿਹਾ ਜਾਣ ਲਗਿਆ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਨਾਲ 'ਦਲ' ਸ਼ਬਦ ਦਾ ਵੀ ਪੁਨਰ-ਪ੍ਰਯੋਗ ਆਰੰਭ ਹੋ ਗਿਆ। ਅਕਾਲੀ ਦਲ ਦੀਆਂ ਸ਼ਾਖਾਵਾਂ ਨੂੰ ਜੱਥੇ ਕਿਹਾ ਜਾਣ ਲਗਾ ਅਤੇ ਉਨ੍ਹਾਂ ਦੇ ਮੁਖੀ ਸਿੰਘਾਂ ਲਈ ਜੱਥੇਦਾਰ ਸ਼ਬਦ ਦੀ ਵਰਤੋਂ ਚਲ ਪਈ। ਉਸ ਤੋਂ ਬਾਦ ਅਨੇਕ ਪ੍ਰਕਾਰ ਦੇ ਅੰਦੋਲਨਾਂ ਨੂੰ ਚਲਾਉਣ ਲਈ ਜੱਥੇ ਭੇਜੇ ਜਾਂਦੇ ਰਹੇ। ਅਕਾਲੀਆਂ ਦੇ ਅਨੇਕ ਪ੍ਰਸਿੱਧ ਆਗੂਆਂ ਨੂੰ 'ਜੱਥੇਦਾਰ' ਸ਼ਬਦ ਨਾਲ ਵਿਸ਼ਿਸ਼ਟ ਕੀਤਾ ਜਾਣ ਲਗਿਆ। ਹੁਣ ਵੀ 'ਜੱਥਾ' ਅਤੇ 'ਜੱਥੇਦਾਰ' ਸ਼ਬਦ ਸਿੱਖ ਸਮਾਜ ਵਿਚ ਖ਼ੂਬ ਪ੍ਰਚਲਿਤ ਹਨ।

**ਜੱਥੇਦਾਰ** : ਸਿੱਖ-ਸਮਾਜ ਵਿਚ ਕਿਸੇ ਜੱਥੇ ਦੇ ਮੁਖੀ ਨੂੰ 'ਜੱਥੇਦਾਰ' ਕਿਹਾ ਜਾਂਦਾ ਹੈ। ਵੇਖੋ 'ਜੱਥਾ'।

**ਜਨਮਸਾਖੀਆਂ** (ਰਲਗਡ) : ਸੰਨ 1969 ਈ. ਤੋਂ ਕੁਝ ਅਜਿਹੀਆਂ ਜਨਮਸਾਖੀਆਂ ਦਾ ਸੰਪਾਦਨ ਹੋਣ ਲਗਿਆ ਹੈ ਜੋ ਆਪਣੀ ਕੋਈ ਵਿਸ਼ੇਸ਼ ਮੌਲਿਕਤਾ ਨਹੀਂ ਰਖਦੀਆਂ, ਸਗੋਂ ਆਪਣੀਆਂ ਪੂਰਬ-ਵਰਤੀ ਜਨਮਸਾਖੀਆਂ (ਵਿਸ਼ੇਸ਼ ਕਰਕੇ 'ਪੁਰਾਤਨ ਜਨਮਸਾਖੀ' ਅਤੇ 'ਮਿਹਰਬਾਨ ਜਨਮਸਾਖੀ') ਤੋਂ ਸਾਖੀਆਂ ਲੈ ਕੇ ਉਨ੍ਹਾਂ ਵਿਚ ਪਾਠ-ਗਤ, ਕ੍ਰਮ-ਗਤ ਅਤੇ ਭਾਵਨਾ-ਗਤ ਕੁਝ ਅੰਤਰ ਲਿਆ ਕੇ ਨਵੇਂ ਸਿਰਿਓਂ ਸੰਕਲਿਤ ਕੀਤਾ ਗਿਆ ਹੈ। ਇਸ ਪ੍ਰਕਾਰ ਦੀਆਂ ਹੇਠ ਲਿਖੀਆਂ ਚਾਰ ਸਾਖੀਆਂ ਮਹੱਤਵਪੂਰਣ ਹਨ :

(ੳ) ਆਦਿ ਸਾਖੀਆਂ (ਸ਼ੰਭੂ ਨਾਥ ਵਾਲੀ ਜਨਮਪਤ੍ਰੀ ਬਾਬੇ ਨਾਨਕ ਜੀ ਕੀ)
(ਅ) ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ,
(ੲ) ਪ੍ਰਾਚੀਨ ਜਨਮਸਾਖੀ, ਅਤੇ
(ਸ) ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਬੀ-40)।

ਇਨ੍ਹਾਂ ਸੰਬੰਧੀ ਅਧਿਕ ਜਾਣਕਾਰੀ ਇਨ੍ਹਾਂ ਦੇ ਇੰਦਰਾਜਾਂ ਅਧੀਨ ਵੇਖੋ।

**ਜਨਮਸਾਖੀ ਸਾਹਿਤ** : 'ਜਨਮਸਾਖੀ' ਜਨਮ ਅਤੇ ਸਾਖੀ ਦਾ ਸੰਯੁਕਤ ਸ਼ਬਦ ਹੈ। 'ਸਾਖੀ' ਸ਼ਬਦ ਸੰਸਕ੍ਰਿਤ ਦੇ 'ਸਾਕ੍ਸ਼ੀ' ਦਾ ਰੂਪਾਂਤਰ ਹੈ ਅਤੇ ਆਚਾਰਯ ਪਰਸ਼ੁਰਾਮ ਚਤੁਰਵੇਦੀ (*ਉਤਰੀ ਭਾਰਤ ਕੀ ਸੰਤ ਪਰੰਪਰਾ*, ਪੰਨਾ 178) ਅਨੁਸਾਰ ਇਸ ਦਾ ਮੂਲ ਅਰਥ ਹੈ ਉਹ ਪੁਰਸ਼ ਜਿਸ ਨੇ ਕਿਸੇ ਵਸਤੂ ਜਾਂ ਘਟਨਾ ਨੂੰ ਆਪਣੀ ਅੱਖੀਂ ਵੇਖਿਆ ਹੋਵੇ। ਅਜਿਹੇ ਸਾਖਿਆਤ ਅਨੁਭਵ ਰਾਹੀਂ ਹੀ ਕਿਸੇ ਗੱਲ ਦਾ ਯਥਾਰਥ ਗਿਆਨ ਹੋਣਾ ਸੰਭਵ ਹੈ। 'ਕਬੀਰ-ਬੀਜਕ' ਦੀ ਮਹਾਤਮਾ ਪੂਰਨ ਸਾਹਿਬ ਕ੍ਰਿਤ 'ਗੁਰਮੁਖ ਟੀਕਾ' ਦੇ ਆਧਾਰ 'ਤੇ 'ਸਾਖੀ' ਦਾ ਅਰਥ 'ਪ੍ਰਤੱਖ ਗਿਆਨ' ਸਿੱਧ ਹੁੰਦਾ ਹੈ। ਇਹ ਪ੍ਰਤੱਖ ਗਿਆਨ ਗੁਰੂ ਸਿੱਖ ਨੂੰ ਦਿੰਦਾ ਹੈ (*ਹਿੰਦੀ ਸਾਹਿਤ੍ਯ ਕੋਸ਼* 2, ਪੰਨਾ 588)। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਨੇ ਇਸ ਸ਼ਬਦ ਦੀ ਵਰਤੋਂ ਬੌਧ ਸਿੱਧਾਂ ਅਤੇ ਨਾਥਾਂ ਦੇ ਸਾਹਿਤ ਵਿਚੋਂ ਲਭਣ ਦਾ ਯਤਨ ਕਰਦੇ ਹੋਇਆਂ ਇਸ ਨੂੰ ਗੁਰੂ ਦੇ ਬਚਨਾਂ ਲਈ ਪ੍ਰਯੁਕਤ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ। (*ਹਿੰਦੀ ਸਾਹਿਤ੍ਯ ਕਾ ਆਦਿ-ਕਾਲ*, ਪੰਨਾ 112)।

ਭਾਈ ਕਾਨ੍ਹ ਸਿੰਘ (ਮਹਾਨਕੋਸ਼, ਪੰਨਾ 135) ਨੇ ਗੁਰਬਾਣੀ ਦੀ ਇਕ ਤੁਕ (*ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ*) ਦੇ ਆਧਾਰ 'ਤੇ ਇਸ ਦਾ ਅਰਥ 'ਇਤਿਹਾਸ ਅਥਵਾ ਕਥਾ, ਜੋ ਅੱਖੀਂ ਡਿੱਠੀ ਕਹੀ ਗਈ ਹੋਵੇ' ਕੀਤਾ ਹੈ। ਪਰ ਜੇ 'ਸਾਖੀ' ਸ਼ਬਦ ਦਾ ਅਰਥ ਇਸ ਦੇ ਪਰੰਪਰਾਗਤ

ਪ੍ਰਯੋਗ ਦੇ ਸੰਦਰਭ ਵਿਚ ਕਰੀਏ ਤਾਂ ਉਕਤ ਤੁਕ ਵਿਚ ਇਹ ਗੁਰੂ ਦੇ ਬਚਨ (ਬੋਲ) ਲਈ ਹੀ ਵਰਤਿਆ ਗਿਆ ਸਿਧ ਹੁੰਦਾ ਹੈ।

'ਜਨਮਸਾਖੀ' ਦੇ ਪ੍ਰਕਰਣ ਵਿਚ ਕਥਾ ਜਾਂ ਵਾਰਤਾ ਲਈ ਇਸ ਸ਼ਬਦ ਦਾ ਪ੍ਰਯੋਗ ਇਸ ਦੀ ਲਾਕਸ਼ਣਿਕ ਵਿਸ਼ਿਸ਼ਟਤਾ ਦੇ ਫਲਸਰੂਪ ਹੋਇਆ ਪ੍ਰਤੀਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਅਨੇਕ ਅਵਸਰਾਂ 'ਤੇ ਜਿਗਿਆਸੂਆਂ ਨੂੰ ਜੋ ਉਪਦੇਸ਼ ਰੂਪ ਵਿਚ ਬਚਨ ਜਾਂ ਸ਼ਬਦ ਕਹੇ ਸਨ, ਉਹੀ ਆਪਣੀਆਂ ਘਟਨਾ-ਪ੍ਰਧਾਨ ਵਾਰਤਕ ਉਥਾਨਿਕਾਵਾਂ ਸਹਿਤ ਸਾਖੀਆਂ ਦੇ ਰੂਪ ਵਿਚ ਪ੍ਰਚਲਿਤ ਹੋਏ ਹਨ। ਇਸ ਤਰ੍ਹਾਂ 'ਸਾਖੀ' ਸ਼ਬਦ ਘਟਨਾ ਪ੍ਰਧਾਨ ਉਥਾਨਿਕਾ ਜੁੜੇ 'ਗੁਰੂ-ਬਚਨ' ਦਾ ਪ੍ਰਯਾਯ ਬਣ ਗਿਆ ਅਤੇ ਸਹਿਜੇ ਸਹਿਜੇ ਇਹ ਕਥਾ ਜਾਂ ਵਾਰਤਾ ਲਈ ਵਰਤਿਆ ਜਾਣ ਲਗਿਆ। ਇਸ ਦਾ ਇਕ ਨਾਮਾਂਤਰ 'ਗੋਸਟਿ' ਵੀ ਹੈ ਪਰ ਗੋਸਟਿ ਸ਼ਬਦ ਅਧਿਕਤਰ ਉਨ੍ਹਾਂ ਸਾਖੀਆਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚ ਸੰਵਾਦਾਤਮਕ ਸ਼ੈਲੀ ਅਪਣਾਈ ਗਈ ਹੋਵੇ। ਸੰਸਕ੍ਰਿਤ ਭਾਸ਼ਾ ਦੇ 'ਪਰਿਚਯ' ਸ਼ਬਦ ਤੋਂ ਵਿਉੱਤਪੰਨ 'ਪਰਚੀ' ਜਾਂ 'ਪਰਿਚਈ' ਸ਼ਬਦ ਵੀ 'ਸਾਖੀ' ਸ਼ਬਦ ਦਾ ਨਾਮਾਂਤਰ ਹੈ ਪਰ ਇਸ ਦਾ ਪ੍ਰਚਲਨ ਬਾਦ ਵਿਚ ਹੋਇਆ ਹੈ।

'ਜਨਮ' ਤੋਂ ਇਥੇ ਭਾਵ ਕੇਵਲ ਪੈਦਾਇਸ਼ ਨਹੀਂ, ਸਗੋਂ ਸਾਰਾ ਜੀਵਨ ਹੈ। ਇਸ ਤਰ੍ਹਾਂ ਸਥੂਲ ਰੂਪ ਵਿਚ 'ਜਨਮਸਾਖੀ' ਤੋਂ ਭਾਵ ਕਿਸੇ ਮਹਾਪੁਰਸ਼ ਦਾ ਅਧਿਆਤਮਿਕ ਜੀਵਨ-ਬ੍ਰਿੱਤਾਂਤ ਹੈ ਜਿਸ ਵਿਚ ਉਸ ਦੇ ਬਚਨ ਇਸ ਢੰਗ ਨਾਲ ਪਰੁਚੇ ਗਏ ਹੋਣ ਕਿ ਜਿਗਿਆਸੂਆਂ ਦੇ ਨਿੱਤ ਦੇ ਜੀਵਨ ਵਿਚ ਕਦੇ ਕਦੇ ਨੈਤਿਕ, ਅਧਿਆਤਮਿਕ ਅਤੇ ਵਿਵਹਾਰਿਕ ਸਮਸਿਆਵਾਂ ਦੇ ਪ੍ਰਸਤੁਤ ਹੋਣ 'ਤੇ ਉਨ੍ਹਾਂ ਦੇ ਸਮਾਧਾਨ ਲਈ ਸੰਕੇਤਿਕ ਉਪਾ ਪ੍ਰਾਪਤ ਕੀਤੇ ਜਾ ਸਕਣ। ਪਰ ਚੂੰਕਿ ਇਸ ਸਾਹਿਤ-ਰੂਪ ਦਾ ਨਾਮਕਰਣ, ਆਰੰਭ ਅਤੇ ਵ੍ਰਿਕਾਸ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿੱਤਾਂਤ ਨਾਲ ਹੋਇਆ ਹੈ, ਇਸ ਲਈ ਆਮ ਕਰਕੇ 'ਜਨਮਸਾਖੀ' ਸ਼ਬਦ ਤੋਂ ਭਾਵ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਜੀਵਨ -ਬ੍ਰਿੱਤਾਂਤ ਹੈ, ਜਿਸ ਵਿਚ ਅਨੇਕ ਸਾਖੀਆਂ ਜਾਂ ਗੋਸ਼ਟਾਂ ਜੀਵਨ ਦੇ ਵਿਕਾਸ-ਕ੍ਰਮ ਵਿਚ ਸੰਕਲਿਤ ਹੋਣ। ਉਂਜ ਬਾਦ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਦੇ ਅਨੁਕਰਣ ਉਤੇ ਭਗਤ ਕਬੀਰ, ਭਗਤ ਰੈਦਾਸ, ਆਦਿ ਦੀਆਂ ਜਨਮਸਾਖੀਆਂ ਵੀ ਲਿਖੀਆਂ ਗਈਆਂ ਹਨ।

*ਲਿਖਣ-ਪ੍ਰੇਰਣਾ :* ਗੁਰੂ ਨਾਨਕ ਦੇਵ ਜੀ 15ਵੀਂ ਸਦੀ ਦੇ ਬੜੇ ਪ੍ਰਭਾਵਸ਼ਾਲੀ ਲੋਕ-ਨਾਇਕ ਸਨ। ਉਨ੍ਹਾਂ ਦੇ ਜਨਮ ਲੈਣ ਸਮੇਂ ਭਾਰਤੀ ਜਨਤਾ ਨਿਰਾਸ਼ਾ, ਭੈ, ਦਰਿਦ੍ਰਤਾ ਅਤੇ ਗੌਰਵ-ਹੀਨਤਾ ਦੇ ਹਨੇਰੇ ਵਿਚ ਆਪਣੇ ਰਾਹੋਂ ਖੁੰਝ ਚੁਕੀ ਸੀ। ਇਸਲਾਮੀ ਸੰਸਕ੍ਰਿਤੀ ਦੇ ਦ੍ਰਿੜ੍ਹ ਪ੍ਰਚਾਰ, ਕਠੋਰ ਰਾਜ-ਪ੍ਰਬੰਧ ਅਤੇ ਬਲ-ਪੂਰਵਕ ਧਰਮ ਪਰਿਵਰਤਨ ਦੀ ਰੁਚੀ ਨੇ ਭਾਰਤੀ ਸੰਸਕ੍ਰਿਤੀ ਨੂੰ ਝੰਝੋੜ ਦਿੱਤਾ। ਗੁਰੂ ਜੀ ਨੇ ਭਾਰਤੀ ਸੰਸਕ੍ਰਿਤੀ ਦੀ ਇਸ ਨਿਘਰਦੀ ਹੋਈ ਅਵਸਥਾ ਨੂੰ ਵੇਖਿਆ ਅਤੇ ਇਸ ਵਿਚਲੇ ਗਲੇ ਸੜੇ ਅਤੇ ਯੁਗ ਤੋਂ ਪਛੜ ਚੁਕੇ ਅੰਸ਼ਾਂ ਨੂੰ ਤਿਆਗ ਕੇ ਉਨ੍ਹਾਂ ਦੀ ਸਥਾਨ-ਪੂਰਤੀ ਦੂਜੀਆਂ ਸੰਸਕ੍ਰਿਤੀਆਂ ਦੇ ਨਿਰਮਾਣਕਾਰੀਆਂ ਤੱਤ੍ਹਾਂ ਅਤੇ ਆਪਣੇ ਮੌਲਿਕ ਵਿਚਾਰਾਂ ਨਾਲ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਲੋੜ ਅਨੁਸਾਰ ਮਨੁੱਖਤਾ ਦੇ ਕਲਿਆਣ ਲਈ ਇਕ ਨਵਾਂ ਸੰਦੇਸ਼ ਦਿੱਤਾ ਜੋ ਸਾਧਾਰਣ ਜਨਤਾ ਦੀ ਮਾਨਸਿਕ ਪੱਧਰ ਦੇ ਅਨੁਕੂਲ ਸੀ।

ਅਸਲੋਂ, ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਬੜੀ ਅਨੋਖੀ, ਅਦੁੱਤੀ ਅਤੇ ਆਕਰਸ਼ਕ ਸੀ। ਉਨ੍ਹਾਂ ਦੀ ਸਾਧਨਾ ਵਿਚ ਅਪਾਰ ਸ਼ਕਤੀ ਸੀ। ਸੰਸਕ੍ਰਿਤਿਕ ਸੰਕਟ ਦੇ ਉਮਡੇ ਹੋਏ ਭਿਆਨਕ ਹੜ੍ਹ ਨੂੰ ਉਨ੍ਹਾਂ ਨੇ ਆਪਣੀ ਬਾਂਹ ਉਲਾਰ ਕੇ ਰੋਕ ਦਿੱਤਾ। ਸਾਰੇ ਦੇਸ਼ ਵਾਸੀਆਂ ਦੇ ਸੋਚਣ ਦਾ ਢੰਗ ਬਦਲ ਦਿੱਤਾ। ਉਨ੍ਹਾਂ ਦੇ ਤੇਜਸਵੀ ਵਿਅਕਤਿਤਵ ਦਾ ਪ੍ਰਭਾਵ ਉਸ ਯੁਗ ਦੇ ਸਾਹਿਤ, ਸਮਾਜ ਅਤੇ ਇਤਿਹਾਸ ਉਤੇ ਅਮਿਟ ਪਿਆ। ਸ਼ੁਰੂ ਵਿਚ ਉਨ੍ਹਾਂ ਨੂੰ ਭਾਵੇਂ ਸਾਧਾਰਣ ਵਿਅਕਤੀ ਸਮਝਿਆ ਜਾਂਦਾ ਰਿਹਾ ਹੋਵੇ, ਪਰ ਸਮਾਂ ਆਇਆ ਜਦੋਂ ਉਹ ਪੁਰਸ਼ ਤੋਂ ਪੁਰਸ਼ੋਤਮ ਦਿਸਣ ਲਗੇ। ਉਨ੍ਹਾਂ ਦੀ ਨਾਮ-ਖ਼ੁਮਾਰੀ ਨੇ ਮੁਗ਼ਲ ਬਾਦਸ਼ਾਹ ਬਾਬਰ ਵਰਗਿਆਂ ਨੂੰ ਹਲੂਣ ਦਿੱਤਾ। ਉਸ ਸਮੇਂ ਦੀ ਜਨਤਾ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਆਪਣੇ ਦੁੱਖਾਂ ਦਾ ਅੰਤ ਵੇਖਣ ਲਗੀ। ਅਜਿਹੀਆਂ ਭਾਵਨਾਵਾਂ ਉਸ ਵੇਲੇ ਦੇ ਸਮਾਜ ਵਿਚ ਸਮਾ ਗਈਆਂ। ਗੁਰੂਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਸ਼ਰਧਾਲੂਆਂ ਦੇ ਮਨਾ ਵਿਚ ਗੁਰੂ-ਉਪਕਾਰਾਂ ਦੀਆਂ ਯਾਦਾਂ ਨੂੰ ਸੰਭਾਲਣ ਦੀ ਰੀਝ ਪੈਦਾ ਹੋਈ ਅਤੇ ਉਹੀ ਰੀਝ ਜਨਮਸਾਖੀਆਂ ਦਾ ਜਾਮਾ ਪਾ ਕੇ ਸਾਡੇ ਸਾਹਮਣੇ ਆਈ।

ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਇਕ ਨਹੀਂ, ਅਨੇਕ ਹਨ ਅਤੇ ਇਨ੍ਹਾਂ ਵਿਚੋਂ ਪ੍ਰਮੁਖਤਾ ਚਾਰ ਦੀ ਹੈ— (1) ਪੁਰਾਤਨ ਜਨਮਸਾਖੀ, (2) ਮਿਹਰਬਾਨ ਵਾਲੀ ਜਨਮਸਾਖੀ, (3) ਬਾਲੇ ਵਾਲੀ ਜਨਮਸਾਖੀ ਅਤੇ (4) ਮਨੀ ਸਿੰਘ ਵਾਲੀ ਜਨਮਸਾਖੀ। (ਇਨ੍ਹਾਂ ਬਾਰੇ ਵੇਖੋ ਸੁਤੰਤਰ ਇੰਦਰਾਜ)। ਇਨ੍ਹਾਂ ਸਾਰਿਆਂ ਦਾ ਵਿਵਰਣ ਪਰਸਪਰ ਭਿੰਨ ਹੈ। ਇਨ੍ਹਾਂ ਵਿਚ ਅਧਿਆਤਮਿਕਤਾ ਤੋਂ ਛੁਟ ਜੀਵਨ ਦੇ ਹੋਰਨਾਂ ਪੱਖਾਂ ਦੇ ਚਿਤ੍ਰਣ ਦੀ ਲਗਭਗ ਅਣਹੋਂਦ ਹੈ। ਪੰਜਾਬੀ ਸਧੁੱਕੜੀ ਵਾਰਤਕ ਪ੍ਰਧਾਨ ਇਨ੍ਹਾਂ ਜਨਮਸਾਖੀਆਂ ਦੇ ਲਿਖਣ ਲਈ ਕੇਵਲ ਗੁਰਮੁਖੀ ਲਿਪੀ ਦੀ ਹੀ ਵਰਤੋਂ ਕੀਤੀ ਗਈ।

ਅਨੁਮਾਨ ਹੈ ਕਿ ਜਨਮਸਾਖੀ ਆਪਣੇ ਮੂਲ ਰੂਪ ਵਿਚ ਬੜੀ ਸੰਖਿਪਤ ਰਹੀ ਹੋਵੇਗੀ ਅਤੇ ਸਭ ਤੋਂ ਪਹਿਲਾਂ ਇਸ ਵਿਚ 20 ਜਾਂ 30 ਸਾਖੀਆਂ ਹੋਣਗੀਆਂ, ਪਰ ਬਾਦ ਵਿਚ ਇਸ ਦਾ ਆਕਾਰ ਵਧਦਾ ਗਿਆ, ਜਿਸ ਦੇ ਮੁੱਖ ਤੌਰ 'ਤੇ ਤਿੰਨ ਕਾਰਣ ਹੋ ਸਕਦੇ ਹਨ— ਇਕ ਇਹ ਕਿ ਗੁਰੂ ਜੀ ਸੰਬੰਧੀ ਲੋਕਾਂ ਤੋਂ ਭੁਲੀਆਂ ਵਿਸਰੀਆਂ ਯਾਦਾਂ ਪ੍ਰਾਪਤ ਹੁੰਦੀਆਂ ਗਈਆਂ। ਦੂਜੇ ਕੁਝ ਸਾਖੀਆਂ ਅਨੁਮਾਨ ਦੇ ਆਧਾਰ 'ਤੇ ਘੜੀਆਂ ਜਾਣ ਲਗ ਪਈਆਂ ਅਤੇ, ਤੀਜੇ ਕੁਝ ਸਾਖੀਆਂ ਹੋਰਨਾਂ ਮਤ-ਮਤਾਂਤਰਾਂ ਦੇ ਪ੍ਰਵਰਤਕਾਂ ਦੇ ਨਾਂ ਨਾਲ ਪ੍ਰਸਿੱਧ ਕਥਾਵਾਂ ਦੇ ਅਨੁਰੂਪ ਘੜ ਲਈਆ ਗਈਆਂ। ਇੰਜ ਇਨ੍ਹਾਂ ਦੀ ਗਿਣਤੀ ਵਧਦੀ ਵਧਦੀ 575 ਤਕ ਪਹੁੰਚ ਗਈ।

*ਇਤਿਹਾਸਿਕਤਾ :* ਇਨ੍ਹਾਂ ਜਨਮਸਾਖੀਆਂ ਵਿਚ ਜੀਵਨ ਦੀ ਲਿਖਣ-ਵਿਧੀ ਵਿਗਿਆਨਿਕ ਨਹੀਂ, ਪੌਰਾਣਿਕ ਜਾਂ ਮਿਥਿਕ ਹੈ। ਫਲਸਰੂਪ ਬਹੁਤ ਸਾਰੀਆਂ ਕਰਾਮਾਤਾਂ ਅਤੇ ਚਮਤਕਾਰ ਪ੍ਰਧਾਨ ਘਟਨਾਵਾਂ ਦਾ ਸਮਾਵੇਸ਼ ਗੁਰੂ ਨਾਨਕ ਦੇਵ ਜੀ ਦੇ ਜੀਵਨ-ਵ੍ਰਿੱਤ ਵਿਚ ਕਰ ਦਿੱਤਾ ਗਿਆ ਹੈ। ਜਨਮਸਾਖੀਆਂ ਦੀ ਵਿਸਤਾਰਪੂਰਣ ਸਾਮਗ੍ਰੀ ਨੂੰ ਵੇਖ ਕੇ ਇਕ ਸੁਭਾਵਿਕ ਪ੍ਰਸ਼ਨ ਉਠਦਾ ਹੈ ਕਿ ਜਨਮਸਾਖੀਆਂ ਨੂੰ ਲਿਖਣ ਵੇਲੇ ਸਾਖੀਕਾਰ ਕਿਨ੍ਹਾਂ ਕਿਨ੍ਹਾਂ ਸਰੋਤਾਂ ਤੋਂ ਸਾਮਗ੍ਰੀ ਲੈਂਦੇ ਹਨ ? ਗੁਰੂ ਨਾਨਕ ਦੇਵ ਜੀ ਦੇ ਆਗਮਨ ਕਾਲ ਤਕ ਬੁੱਧ ਦੇਵ ਦੀਆਂ ਜਾਤਕ ਕਥਾਵਾਂ ਅਤੇ ਅਵਦਾਨ ਆਖਿਆਨ ਜਨ-ਜੀਵਨ ਵਿਚ ਪ੍ਰਵੇਸ਼ ਪ੍ਰਾਪਤ ਕਰ ਚੁਕੇ ਸਨ, ਦੇਵੀ ਦੇਵਤਿਆਂ ਸੰਬੰਧੀ ਪੌਰਾਣਿਕ ਕਥਾ-ਪ੍ਰਸੰਗ ਅਨੁਯਾਈਆਂ ਦੀ ਸ਼ਰਧਾ ਦੇ ਅੰਗ ਬਣ ਚੁਕੇ ਸਨ, ਸਿੱਧਾਂ ਅਤੇ ਯੋਗੀਆਂ ਦੀਆਂ ਅਨੇਕ ਪ੍ਰਕਾਰ ਦੀਆਂ ਰਿੱਧੀਆਂ-ਸਿੱਧੀਆਂ ਦੀ ਚਕਾਚੌਂਧ ਤੋਂ ਜਨਤਾ ਪ੍ਰਭਾਵਿਤ ਹੋ ਚੁਕੀ ਸੀ ਅਤੇ ਪੁਰਾਣਾਂ ਦੀਆਂ ਕਲਪਨਾ-ਪ੍ਰਸੂਤ ਵਿਚਿਤ੍ਰ ਕਥਾਵਾਂ ਜਨ-ਮਨ ਵਿਚ ਆਪਣਾ ਸਥਾਨ ਬਣਾ ਚੁਕੀਆਂ ਸਨ।

ਇਹ ਇਕ ਸਚ ਹੈ ਕਿ ਮਨੁੱਖਤਾ ਦੇ ਕਲਿਆਣ ਲਈ ਕੀਤੇ ਕੰਮਾਂ ਨਾਲ, ਲੋਕਾਂ ਦੇ ਮਨ ਵਿਚ ਲੋਕ-ਨਾਇਕਾਂ ਦੇ ਰੂਪ ਵਿਚ ਪ੍ਰਗਟ ਹੋਏ ਸੰਤਾਂ, ਪੀਰਾਂ, ਫ਼ਕੀਰਾਂ, ਮਹਾਪੁਰਖਾਂ ਜਾਂ ਨੇਕ ਚਲਨ ਵਾਲੇ ਰਾਜਿਆਂ ਮਹਾਰਾਜਿਆਂ ਪ੍ਰਤਿ ਇਕ ਖ਼ਾਸ ਸ਼ਰਧਾਲੂ ਬਿਰਤੀ ਵਿਕਸਿਤ ਹੋ ਜਾਂਦੀ ਹੈ। ਇਹੀ ਬਿਰਤੀ ਸਾਹਿਤਿਕ ਰੁਚੀਆਂ ਵਾਲਿਆਂ ਵਿਅਕਤੀਆਂ ਦੁਆਰਾ ਲਿਖਿਤਾਂ ਦਾ ਰੂਪ ਧਾਰਣ ਕਰਦੀ ਹੈ। ਇਹ ਮਨੁੱਖ ਮਨ ਦੀ ਸਾਮਾਨਯ ਪ੍ਰਵ੍ਰਿੱਤੀ ਹੈ, ਇਸ ਲਈ ਇਹ ਹਰ ਦੇਸ਼ ਦੇ ਪਰੋਪਕਾਰੀ ਸਾਧਕਾਂ ਪ੍ਰਤਿ ਉਪਲਬਧ ਹੈ। ਇਸ ਪ੍ਰਕਾਰ ਦੀਆਂ ਰਚਨਾਵਾਂ ਵਿਚ ਚੂੰਕਿ ਮਿਥ ਅਥਵਾ ਸ਼ਰਧਾ ਦੀ ਪ੍ਰਧਾਨਤਾ ਹੁੰਦੀ ਹੈ, ਇਸ ਲਈ ਨ ਤਾਂ ਇਨ੍ਹਾਂ ਨੂੰ ਸ਼ੁੱਧ ਇਤਿਹਾਸ ਦੀ ਸੀਮਾ ਵਿਚ ਰਖਿਆ ਜਾ ਸਕਦਾ ਹੈ ਅਤੇ ਨ ਹੀ ਇਹ ਜੀਵਨੀ ਸਾਹਿਤ-ਰੂਪ ਦੇ ਤੱਤ੍ਵਾਂ ਉਤੇ ਪੂਰੀਆਂ ਉਤਰਦੀਆਂ ਹਨ। ਪੱਛਮੀ ਵਿਦਵਾਨਾਂ ਨੇ ਇਸ ਨੂੰ ਜੀਵਨੀ ਨਾਲੋਂ ਨਿਖੇੜਨ ਲਈ ਹੈਗਿਓਗ੍ਰੈਫਿਕ ਲਿਟਰੇਚਰ (Hagiographic Literature) ਨਾਂ ਦਿੱਤਾ ਹੈ। ਪੰਜਾਬੀ ਵਿਚ ਇਸ ਨੂੰ ਰੁਪਾਂਤਰਿਤ ਕਰਨ ਲਈ ਭਾਵੇਂ ਕੋਈ ਢੁਕਵਾਂ ਸ਼ਬਦ ਵਰਤਿਆ ਨਹੀਂ ਜਾਂਦਾ, ਪਰ ਜਨਮਸਾਖੀ, ਸਾਖੀ, ਪਰਚੀ, ਮਸਲਾ, ਆਦਿ ਸ਼ਬਦ ਭਾਵ-ਪ੍ਰਕਾਸ਼ਨ ਲਈ ਪ੍ਰਯੁਕਤ ਹੁੰਦੇ ਰਹੇ ਹਨ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਕੁਝ ਸਦੀਆਂ ਪਹਿਲਾਂ ਭਾਰਤ ਵਿਚ ਇਸਲਾਮ ਦਾ ਪ੍ਰਵੇਸ਼ ਹੋਇਆ ਸੀ। ਇਸਲਾਮ ਵਿਚ ਕਰਾਮਾਤਾਂ ਪ੍ਰਤਿ ਵਿਸ਼ੇਸ਼ ਆਸਥਾ ਪ੍ਰਗਟ ਕੀਤੀ ਜਾਂਦੀ ਹੈ। ਕੁਰਾਨ (ਸੂਰਾ ਮਰੀਅਮ) ਵਿਚ ਹਜ਼ਰਤ ਈਸਾ ਦੇ ਚਮਤਕਾਰਾਂ ਦਾ ਵਿਵਰਣ ਉਪਲਬਧ ਹੈ। ਵਾਸਤਵ ਵਿਚ, ਮੁਸਲਮਾਨਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕਿਸੇ ਵਿਅਕਤੀ ਦਾ ਨੱਬੀ ਜਾਂ ਔਲੀਆ ਹੋਣ ਦਾ ਇਕ ਪ੍ਰਮਾਣ ਚਮਤਕਾਰ ਪ੍ਰਦਰਸ਼ਨ ਹੈ। ਮੁਸਲਮਾਨ ਸਾਧਕਾਂ ਅਤੇ ਸੂਫ਼ੀ ਫ਼ਕੀਰਾਂ ਦੇ ਤਜ਼ਕਰੇ (ਜਿਨ੍ਹਾਂ ਰਚਨਾਵਾਂ ਵਿਚ ਕਿਸੇ ਸੂਫ਼ੀ ਬਾਰੇ ਜ਼ਿਕਰ ਕੀਤਾ ਗਿਆ ਹੋਵੇ), 'ਮਲਫ਼ੂਜ਼ਾਤ' (ਇਹ ਮਲਫ਼ੂਜ਼ ਦਾ ਬਹੁਵਚਨ ਹੈ ਅਤੇ ਅਰਥ ਹੈ ਸ਼ਬਦਾਂ ਦੁਆਰਾ ਅਭਿਵਿਅਕਤ, ਮੁੱਖ ਤੋਂ ਬੋਲਿਆ ਹੋਇਆ। ਆਮ ਤੌਰ 'ਤੇ

ਇਹ ਸ਼ਬਦ ਸੂਫ਼ੀ ਸਾਧਕਾਂ ਦੇ ਬਚਨਾਂ ਦੇ ਸੰਕਲਨਾਂ ਲਈ ਵਰਤਿਆ ਜਾਂਦਾ ਹੈ) ਜਾਂ 'ਅਕਵਾਲ' ਚਮਤਕਾਰਪੂਰਣ ਘਟਨਾਵਾਂ ਨਾਲ ਭਰੇ ਪਏ ਹਨ। ਦਾਤਾਗੰਜ ਬਖ਼ਸ਼ ਹੁਜਵੀਰੀ (1009-1072 ਈ.) ਕ੍ਰਿਤ 'ਕਸ਼ਫ਼ੁਲ-ਮਹਿਜੂਬ' ਵਿਚ ਸੁੱਤੇ ਹੋਏ ਅਬਦੁੱਲਾ ਨਾਂ ਦੇ ਵਲੀ ਨੂੰ ਇਕ ਸੱਪ ਦੁਆਰਾ ਝਾੜ ਲੈ ਕੇ ਪੱਖਾ ਝਲਣ ਦਾ ਪ੍ਰਸੰਗ ਦਰਜ ਹੈ। ਫ਼ਰੀਦ-ਉਦ-ਦੀਨ ਅੱਤਾਰ (1119-1230 ਈ.) ਰਚਿਤ 'ਤਜ਼ਕਰਾ-ਤੁਲ-ਔਲੀਆ' ਵਿਚ ਰਾਬੀਆ ਨਾਂ ਦੀ ਸਾਧਿਕਾ ਕੋਲ ਜੰਗਲ ਵਿਚ ਖ਼ੁਦ ਮੱਕੇ ਦੇ ਚਲ ਕੇ ਆਉਣ ਦਾ ਉੱਲੇਖ ਹੈ। ਮੁਸਲਮਾਨ ਦਰਵੇਸ਼ਾਂ ਨਾਲ ਸੰਬੰਧਿਤ ਇਸ ਪ੍ਰਕਾਰ ਦੀਆਂ ਅਨੇਕਾਂ ਕਥਾਵਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਲੋਕ-ਪ੍ਰਿਯ ਹੋ ਚੁਕੀਆਂ ਸਨ। ਸਿੱਟੇ ਵਜੋਂ ਜਨਮਸਾਖੀ-ਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਹੋਰਨਾਂ ਧਰਮ-ਆਗੂਆਂ ਦੀ ਤੁਲਨਾ ਵਿਚ ਮਹਾਨ ਅਤੇ ਸ੍ਰੇਸ਼ਠ ਸਿੱਧ ਕਰਨ ਲਈ ਉਪਰੋਕਤ ਸਾਰੀਆਂ ਲੋਕ-ਕਥਾਵਾਂ, ਦੰਦ-ਕਥਾਵਾਂ ਅਤੇ ਆਖਿਆਨਾਂ ਤੋਂ ਲਾਭ ਉਠਾਇਆ ਹੋਵੇ, ਤਾਂ ਅਸਚਰਜ ਦੀ ਕੋਈ ਗੱਲ ਨਹੀਂ।

ਅਸਲੋਂ, ਜਨਮਸਾਖੀ ਸਾਹਿਤ ਪ੍ਰਚਾਰਾਤਮਕ ਸਾਹਿਤ ਹੈ ਅਤੇ ਇਸ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਅਤੇ ਸ੍ਰੇਸ਼ਠਤਾ ਸਿਧ ਕਰਨ ਲਈ ਉਹ ਸਭ ਕੁਝ ਉਨ੍ਹਾਂ ਦੇ ਨਾਂ ਨਾਲ ਜੋੜ ਦੇਣਾ ਹੈ, ਜੋ ਹੋਰਨਾਂ ਮਹਾਪੁਰਸ਼ਾਂ ਦੀ ਵਡਿਆਈ ਦਾ ਆਧਾਰ ਰਿਹਾ ਹੋਵੇ।

ਧਾਰਮਿਕ ਸਾਧਕਾਂ ਸੰਬੰਧੀ ਲੋਕਾਂ ਵਿਚ ਪ੍ਰਚਲਿਤ ਕਥਾਨਕ ਰੂੜ੍ਹੀਆਂ ਅਤੇ ਅੰਧ ਵਿਸ਼ਵਾਸਾਂ ਨੂੰ ਵੀ ਇਨ੍ਹਾਂ ਸਾਖੀਆਂ ਵਿਚ ਸਮੋਇਆ ਗਿਆ ਹੈ ਅਤੇ ਨਵੀਆਂ ਨਵੀਆਂ ਸਾਖੀਆਂ ਘੜੀਆਂ ਵੀ ਗਈਆਂ ਹਨ। ਜਿਵੇਂ 'ਵੇਈ ਪ੍ਰਵੇਸ਼' ਵਾਲੀ ਸਾਖੀ ਵਿਚੋਂ ਹਜ਼ਰਤ ਮੁਹੰਮਦ ਦੀ ਸ਼ਬ- ਮਿਅਰਾਜ ਵਾਲੀ ਘਟਨਾ ਦਾ ਪ੍ਰਭਾਵ ਪੈਂਦਾ ਹੈ। ਕੀੜ ਨਗਰ ਵਾਲੀ ਸਾਖੀ ਵਿਚੋਂ ਹਜ਼ਰਤ ਸੁਲੇਮਾਨ ਦੀ ਦਾਅਵਤ ਦਾ ਆਭਾਸ ਹੁੰਦਾ ਹੈ। ਇਸੇ ਤਰ੍ਹਾਂ ਰਾਜੇ ਸ਼ਿਵਨਾਭ ਦੇ ਪੁੱਤਰ ਦੀ ਕੁਰਬਾਨੀ ਹਜ਼ਰਤ ਇਸਮਾਈਲ ਦੇ ਪੁੱਤਰ ਦੀ ਕੁਰਬਾਨੀ ਨਾਲ ਕੁਝ ਕੁ ਸਮਾਨਤਾ ਰਖਦੀ ਹੈ। ਬਾਬੇ ਨਾਨਕ ਦਾ ਰੁਹੇਲਿਆਂ ਦੇ ਦੇਸ਼ ਵਿਚ ਜਾ ਕੇ ਵਿਕਣਾ ਹਜ਼ਰਤ ਯੂਸਫ਼ ਦੇ ਵਿਕਣ ਦੀ ਰੂੜ੍ਹੀ ਨਾਲ ਆਪਣਾ ਪੱਲਾ ਮੇਚਦਾ ਹੈ। ਇਸ ਲਈ ਜਨਮਸਾਖੀਆਂ ਦੇ ਵਿਵਰਣ ਦਾ ਭਰਮ-ਪੂਰਣ ਜਾਂ ਮਿਥਿਕ ਹੋਣਾ ਸੁਭਾਵਿਕ ਹੈ। ਮਨੁੱਖ ਜਾਤੀ ਦੇ ਇਤਿਹਾਸ ਦਾ ਵਿਕਾਸ ਮਿਥਿਕ ਜਾਂ ਦੰਦ ਕਥਾਵਾਂ ਤੋਂ ਆਪਣਾ ਰੂਪ ਅਤੇ ਆਕਾਰ ਗ੍ਰਹਿਣ ਕਰਦਾ ਆਇਆ ਹੈ। ਸ਼ੁੱਧ ਇਤਿਹਾਸਿਕ ਦ੍ਰਿਸ਼ਟੀਕੋਣ ਤਾਂ ਮਨੁੱਖ ਮਸਤਕ ਦੀ ਬੜੀ ਬਾਦ ਦੀ ਉਦਭਾਵਨਾ ਹੈ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਸੰਬੰਧੀ ਵਿਵਰਣ ਦੀ ਜਨਮਸਾਖੀਆਂ ਵਿਚ ਘਾਟ ਨਹੀਂ ਹੈ, ਪਰ ਚੂੰਕਿ ਇਨ੍ਹਾਂ ਵਿਚ ਉਪਾਖਿਆਨਿਕ ਜਾਂ ਮਿਥਿਕ ਸਾਮਗ੍ਰੀ ਦੀ ਬਹੁਲਤਾ ਹੈ, ਇਸ ਲਈ ਇਨ੍ਹਾਂ ਵਿਚੋਂ ਇਤਿਹਾਸਿਕ ਤੱਥ ਬੜੀ ਸਾਵਧਾਨੀ ਨਾਲ ਲੱਭਣੇ ਹੋਣਗੇ।

ਉਪਾਖਿਆਨਿਕ ਜਾਂ ਮਿਥਿਕ ਸਾਮਗ੍ਰੀ ਤੋਂ ਬਿਨਾ ਵੀ ਅਣ-ਇਤਿਹਾਸਿਕਤਾ ਦੇ ਕੁਝ ਕਾਰਣ ਹਨ। ਇਕ ਇਹ ਕਿ ਜਨਮਸਾਖੀ-ਕਾਰ ਗੁਰੂ ਨਾਨਕ ਦੇਵ ਦੇ ਜੀਵਨ ਬ੍ਰਿੱਤਾਂਤ ਪੇਸ਼ ਕਰਨ ਵੇਲੇ ਉਨ੍ਹਾਂ ਦੀ ਬਾਣੀ ਵਿਚੋਂ ਜੋ ਟੂਕਾਂ ਜਾਂ ਪੱਦਾਂਸ਼ ਲਿਖਦੇ ਹਨ, ਉਨ੍ਹਾਂ ਵਿਚੋਂ ਕੁਝ ਟੂਕਾਂ ਗੁਰੂ ਨਾਨਕ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਪ੍ਰਮਾਣਿਕ ਬਾਣੀ ਵਿਚੋਂ ਨਹੀਂ ਹਨ, ਕੁਝ ਹੋਰਨਾਂ ਗੁਰੂ ਸਾਹਿਬਾਨ ਦੀਆਂ ਹਨ ਅਤੇ ਕੁਝ ਦਾ ਸੰਬੰਧ ਕਬੀਰ ਆਦਿ ਸੰਤਾਂ ਦੀਆਂ ਬਾਣੀਆਂ ਨਾਲ ਹੈ। ਇਸ ਪ੍ਰਕਾਰ ਦੀਆਂ ਟੂਕਾਂ ਨਾਲ ਸੰਬੰਧਿਤ ਘਟਨਾਵਾਂ ਨਿਸਚੇ ਹੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਕੋਈ ਯਥਾਰਥ ਵਿਵਰਣ ਪ੍ਰਸਤੁਤ ਨਹੀਂ ਕਰਦੀਆਂ। ਇਸ ਲਈ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਨਰ ਤੋਂ ਨਾਰਾਇਣ ਸਿੱਧ ਕਰਨ ਲਈ ਸਾਖੀਕਾਰਾਂ ਨੇ ਗੁਰਬਾਣੀ ਦੀਆਂ ਕੰਠਸਥ ਟੂਕਾਂ ਜਾਂ ਪਦਿਆਂ ਦੇ ਅਨੁਰੂਪ ਸਾਖੀਆਂ ਘੜ ਲਈਆਂ ਅਤੇ ਜਿਥੇ ਗੁਰੂਆਂ ਦੀ ਬਾਣੀ ਤੋਂ ਉਦਿਸ਼ਟ ਫਲ ਦੀ ਪ੍ਰਾਪਤੀ ਸੰਭਵ ਨ ਦਿਸੀ, ਉਥੇ ਅਪ੍ਰਮਾਣਿਕ ਬਾਣੀ ਨੂੰ ਤੋੜ-ਮੋੜ ਕੇ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜ ਦਿੱਤਾ ਅਤੇ ਇਸ ਤਰ੍ਹਾਂ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਦੀ ਇਤਿਹਾਸਿਕਤਾ ਨੂੰ ਸੰਦੇਹਜਨਕ ਬਣਾ ਦਿੱਤਾ।

ਦੂਜੇ, ਬਹੁਤ ਸਾਰੀਆਂ ਘਟਨਾਵਾਂ ਦਾ ਉਦੇਸ਼ ਕਰਾਮਾਤਾਂ ਵਿਖਾਉਣਾ ਵੀ ਹੈ। ਅਜਿਹੀਆਂ ਘਟਨਾਵਾਂ ਦੇ ਕਥਾ-ਸੂਤਰ ਹੋਰਨਾਂ ਧਰਮ ਆਗੂਆਂ ਨਾਲ ਸੰਬੰਧਿਤ ਕਰਾਮਾਤਾਂ ਵਾਲੇ ਬ੍ਰਿੱਤਾਂਤਾਂ ਤੋਂ ਲਏ ਗਏ ਹਨ। ਤੀਜੇ, ਇਨ੍ਹਾਂ ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਭੇਂਟ ਅਨੇਕ ਅਜਿਹੇ ਧਾਰਮਿਕ ਪ੍ਰਵਰਤਕਾਂ ਜਾਂ ਆਗੂਆਂ, ਨਾਥਾਂ,

ਸਾਧਕਾਂ, ਪੀਰਾਂ, ਫ਼ਕੀਰਾਂ ਆਦਿ ਨਾਲ ਕਰਾਈ ਗਈ ਹੈ ਜੋ ਉਨ੍ਹਾਂ ਦੇ ਸਮਕਾਲੀ ਨਹੀਂ ਸਨ, ਜਿਵੇਂ ਮਛੰਦਰ, ਗੋਰਖ, ਗੋਪੀਚੰਦ, ਚਰਪਟ, ਭਰਥਰੀ, ਬਹਾਉੱਦੀਨ, ਸੱਯਦ ਮਿਠਾ, ਸ਼ੇਖ਼ ਫ਼ਰੀਦ, ਸ਼ਰਫਉੱਦੀਨ ਆਦਿ। ਉਦਾਸੀਆਂ ਵੇਲੇ ਕਈਆਂ ਸਾਖੀਆਂ ਦਾ ਕ੍ਰਮ ਭੂਗੋਲਿਕ ਦ੍ਰਿਸ਼ਟੀ ਤੋਂ ਵੀ ਸਹੀ ਸਿੱਧ ਨਹੀਂ ਹੁੰਦਾ। ਇਸ ਤਰ੍ਹਾਂ ਇਨ੍ਹਾਂ ਜਨਮਸਾਖੀਆਂ ਵਿਚ ਜੁਟਾਈ ਗਈ ਸਾਮਗ੍ਰੀ ਕਾਫ਼ੀ ਮਾਤ੍ਰਾ ਵਿਚ ਭਰਮਪੂਰਣ ਹੈ। ਅਸਲ ਵਿਚ, ਇਹ ਜਨਮਸਾਖੀਆਂ ਇਤਿਹਾਸ ਪ੍ਰਧਾਨ ਜੀਵਨੀਆਂ ਨਹੀਂ, ਗੁਰੂ ਨਾਨਕ ਦੇਵ ਜੀ ਦੇ ਚਰਿਤ੍ਰ ਸੰਬੰਧੀ ਮਿਥਿਕ ਪ੍ਰਸੰਗ ਹਨ।

*ਸਾਹਿਤਿਕ ਮਹੱਤਵ :* ਸਾਹਿਤਿਕ ਖੇਤਰ ਵਿਚ ਵੀ ਜਨਮਸਾਖੀਆਂ ਦਾ ਬਹੁਤ ਅਧਿਕ ਮਹੱਤਵ ਹੈ। ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਇਨ੍ਹਾਂ ਤੋਂ ਹੀ ਹੁੰਦਾ ਹੈ। ਇਹ ਕਵਿਤਾ ਅਤੇ ਵਾਰਤਕ ਵਿਚਲੇ ਨਿਖੇੜ ਦੀ ਉਸ ਅਵਸਥਾ ਨੂੰ ਪ੍ਰਸਤੁਤ ਕਰਦੀਆਂ ਹਨ ਜਦੋਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਭਾਵਾਂ ਦੇ ਸਪੱਸ਼ਟ ਪ੍ਰਗਟਾਵੇ ਲਈ ਕਵਿਤਾ ਦੇ ਨਾਲ ਨਾਲ ਵਾਰਤਕ ਵੀ ਆਪਣੀ ਥਾਂ ਬਣਾਉਣ ਲਗ ਗਈ ਸੀ। ਇਸ ਲਈ ਇਨ੍ਹਾਂ ਦੀ ਵਾਰਤਕ ਕਾਵਿਮਈ ਹੈ, ਕਿਉਂਕਿ ਇਹ ਕਵਿਤਾ ਵਾਲਾ ਵਾਯੂਮੰਡਲ ਸਿਰਜ ਦਿੰਦੀ ਹੈ।

ਇਨ੍ਹਾਂ ਦੀ ਭਾਸ਼ਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਭਾਸ਼ਾ ਨੂੰ ਸਮਝ ਸਕਣ ਵਾਲਾ ਪਾਠਕ ਪੰਜਾਬ ਤਕ ਸੀਮਿਤ ਨਹੀਂ, ਸਮੁੱਚੇ ਭਾਰਤ ਦੇ ਵਿਸਤਾਰ ਤਕ ਇਸ ਦੇ ਪਾਠਕਾਂ ਦੀ ਵਿਆਪਤੀ ਹੈ। ਇਸ ਲਈ ਇਨ੍ਹਾਂ ਦੀ ਭਾਸ਼ਾ ਵੀ ਪੰਜਾਬ ਦੀਆਂ ਹੱਦਬੰਦੀਆਂ ਦੀ ਉਲੰਘਣਾ ਕਰਕੇ ਉਸ ਵੇਲੇ ਦੀ ਅਧਿਆਤਮਿਕ ਭਾਸ਼ਾ ਦੀਆਂ ਸਾਰੀਆਂ ਪ੍ਰਵਿੱਤੀਆਂ ਨੂੰ ਗ੍ਰਹਿਣ ਕਰਦੀ ਹੈ। ਇਸ ਨੂੰ ਪੰਜਾਬੀ ਸਾਧ ਭਾਖਾ ਜਾਂ ਪੰਜਾਬੀ ਸਧੁੱਕੜੀ ਕਿਹਾ ਜਾ ਸਕਦਾ ਹੈ।

ਜਨਮਸਾਖੀਆਂ ਆਪਣੇ ਆਪ ਵਿਚ ਪੂਰਣ ਸਾਹਿਤ ਹਨ, ਕਿਉਂਕਿ ਇਨ੍ਹਾਂ ਤੋਂ ਅਨੇਕ ਸਾਹਿਤ ਰੂਪਾਂ ਜਾਂ ਵਿਧਾਵਾਂ ਦਾ ਮੁੱਢ ਬਝਦਾ ਹੈ। ਇਕ ਤਾਂ ਇਨ੍ਹਾਂ ਤੋਂ ਜੀਵਨੀ ਸਾਹਿਤ-ਰੂਪ ਦਾ ਜਨਮ ਹੁੰਦਾ ਹੈ। ਇਹ ਭਾਵੇਂ ਸ਼ੁੱਧ ਅਤੇ ਵਿਗਿਆਨਿਕ ਜੀਵਨੀ ਦੀ ਕਸੌਟੀ ਉਤੇ ਪੂਰੀਆਂ ਨ ਉਤਰ ਸਕਣ, ਪਰ ਕਿਸੇ ਸਾਹਿਤ-ਰੂਪ ਦੀਆਂ ਮੁੱਢਲੀਆਂ ਸੀਮਾਵਾਂ ਦੇ ਅਨੁਰੂਪ ਇਨ੍ਹਾਂ ਵਿਚ ਵੀ ਜੀਵਨੀ ਦੀ ਦ੍ਰਿਸ਼ਟੀ ਤੋਂ ਕੁਝ ਕੁ ਊਣਤਾਈਆਂ ਹਨ।

ਜਨਮਸਾਖੀਆਂ ਤੋਂ ਪੰਜਾਬੀ ਦੇ ਗੁਰਮਤ ਸਾਹਿਤ ਦੀ ਵਿਆਖਿਆ ਜਾਂ ਟੀਕਾਕਾਰੀ, ਗੋਸ਼ਟਾਂ ਵਾਂਗ ਜਿਗਿਆਸੂ ਨੂੰ ਗੁਰਬਾਣੀ ਦੀ ਗੌਰਵਮਈ ਭਾਵਧਾਰਾ ਤੋਂ ਜਾਣੂੰ ਕਰਾਉਣ ਦਾ ਇਕ ਸਰਲ ਮਾਧਿਅਮ ਰਹੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਜਨਮ-ਸਾਖੀਆਂ ਆਪਣੇ ਆਪ ਵਿਚ ਪੂਰਣ ਸਾਹਿਤ ਹਨ ਅਤੇ ਇਨ੍ਹਾਂ ਦੁਆਰਾ ਅਨੇਕ ਸਾਹਿਤ-ਰੂਪਾਂ ਅਤੇ ਵਿਧਾਵਾਂ ਦਾ ਸਫਲ ਵਿਕਾਸ ਹੋਇਆ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ- ਘਟਨਾਵਾਂ ਦਾ ਸੰਕਲਨ, ਅਧਿਆਤਮਿਕ ਪੱਖ ਤੋਂ ਗੁਰਮਤਿ, ਵੇਦਾਂਤ ਅਤੇ ਸੂਫ਼ੀ ਸਾਧਨਾ ਦੇ ਸਿੱਧਾਂਤਾਂ ਦਾ ਸੰਗ੍ਰਹਿ, ਧਾਰਮਿਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਦੇ ਪਰਮਾਰਥ ਅਤੇ ਸਾਧਨਾ ਮਾਰਗ ਦਾ ਵਿਸ਼ਲੇਸ਼ਣ ਅਤੇ ਸਾਹਿਤਿਕ ਪੱਖ ਤੋਂ ਗੱਦ, ਪੱਦ, ਗੋਸਟਿ, ਜੀਵਨੀ, ਟੀਕਾਕਾਰੀ ਆਦਿ ਕਈ ਸਾਹਿਤ-ਰੂਪਾਂ ਦਾ ਸੁੰਦਰ ਵਿਕਾਸ ਹੋਇਆ ਹੈ।

**ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ :** ਭਾਈ ਸੰਤਦਾਸ ਛਿੱਬਰ ਦੁਆਰਾ ਸੰਨ 1777 ਈ. ਵਿਚ ਲਿਖੀ ਇਹ ਜਨਮਸਾਖੀ ਵਾਰਤਕ ਦੀ ਥਾਂ ਕਵਿਤਾ ਵਿਚ ਲਿਖੀ ਗਈ ਹੈ। ਇਸ ਦਾ ਲੇਖਕ ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੀਵਾਨ ਦਰਗਹ ਮੱਲ ਦਾ ਵੰਸ਼ਜ ਸੀ। ਉਸ ਨੇ ਇਸ ਜਨਮਸਾਖੀ ਦੀ ਰਚਨਾ ਆਪਣੇ ਕਸ਼ਮੀਰ-ਨਿਵਾਸ ਵੇਲੇ ਕੀਤੀ। ਇਹ ਉਸ ਦੀ ਇਕ-ਮਾਤ੍ਰ ਰਚਨਾ ਹੈ।

ਇਹ ਜਨਮਸਾਖੀ ਭਾਈ ਬਾਲੇ ਵਾਲੀ ਜਨਮਸਾਖੀ ਦਾ ਇਕ ਪ੍ਰਕਾਰ ਨਾਲ ਕਾਵਿ-ਸੰਸਕਰਣ ਹੈ ਕਿਉਂਕਿ ਇਸ ਦਾ ਸਾਰਾ ਬ੍ਰਿੱਤਾਂਤ ਉਸੇ ਜਨਮਸਾਖੀ ਉਤੇ ਆਧਾਰਿਤ ਹੈ। ਦੋਹਰਾ-ਚੌਪਈ-ਬੰਧ ਵਿਚ ਲਿਖੀ। ਇਸ ਜਨਮਸਾਖੀ ਵਿਚ ਛਿੱਬਰ ਨੇ ਕਿਤੇ ਕਿਤੇ ਕਾਵਿ-ਸੋਹਜ ਦਾ ਪਰਿਚਯ ਦਿੱਤਾ ਹੈ। ਪਹਿਲਾਂ ਇਹ ਜਨਮਸਾਖੀ ਹੱਥ-ਲਿਖਿਤ ਪੋਥੀਆਂ ਦੇ ਰੂਪ ਵਿਚ ਉਪਲਬਧ ਸੀ, ਪਰ ਸੰਨ 1985 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਪੁਰਾਣੀਆਂ ਹੱਥ-ਲਿਖਿਤਾਂ ਦੇ ਆਧਾਰ 'ਤੇ ਇਸ ਦਾ ਡਾ. ਗੁਰਦੇਵ ਸਿੰਘ ਤੋਂ ਸੰਪਾਦਨ ਕਰਵਾ ਕੇ ਪ੍ਰਕਾਸ਼ਨ ਕੀਤਾ ਗਿਆ ਹੈ। ਇਸ ਜਨਮਸਾਖੀ ਦੇ ਬ੍ਰਿੱਤਾਂਤ ਨੂੰ 71 ਸਾਖੀਆਂ ਵਿਚ ਸਮੋਇਆ ਗਿਆ ਹੈ। ਇਨ੍ਹਾਂ ਸਾਖੀਆਂ ਵਿਚ ਪਰਸਪਰ ਕਾਰਜ-ਕਾਰਣ ਸੰਬੰਧ

ਨਹੀਂ ਹੈ। ਹਰ ਸਾਖੀ ਆਪਣੇ ਆਪ ਵਿਚ ਸੁਤੰਤਰ ਹੈ। ਇਨ੍ਹਾਂ ਦੇ ਕ੍ਰਮ ਵਿਚ ਆਧਾਰ ਜਨਮਸਾਖੀ ਤੋਂ ਕੁਝ ਫ਼ਰਕ ਵੀ ਪਾਇਆ ਗਿਆ ਹੈ। ਲੇਖਕ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਨੂੰ ਅਵਤਾਰ ਅਥਵਾ ਪੁਰਾਣ ਪੁਰਸ਼ ਸਿਧ ਕਰਨਾ ਹੈ। ਇਸ ਲਈ ਇਸ ਦਾ ਪਿਛੋਕੜ ਅਵਤਾਰਵਾਦ ਦੇ ਸੰਕਲਪ ਨਾਲ ਜੋੜਿਆ ਗਿਆ ਹੈ ਅਤੇ ਹਿੰਦੂ ਧਰਮ ਨੂੰ ਸ੍ਰੇਸ਼ਠ ਮੰਨਿਆ ਗਿਆ ਹੈ। ਇਸ ਜਨਮਸਾਖੀ ਦਾ ਮਹੱਤਵ ਤੱਥਕ ਜਾਂ ਬ੍ਰਿੱਤਾਂਤਿਕ ਨਹੀਂ, ਕਾਵਿਕ ਹੈ, ਕਿਉਂਕਿ ਕਵੀ ਨੇ ਕਿਸੇ ਪ੍ਰਕਾਰ ਦਾ ਕੋਈ ਨਵਾਂ ਤੱਥ ਪੇਸ਼ ਨਹੀਂ ਕੀਤਾ, ਹਾਂ ਕਾਵਿ ਸੋਹਜ ਦੇ ਕਿਤੇ ਕਿਤੇ ਦਰਸ਼ਨ ਹੋ ਜਾਂਦੇ ਹਨ। ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ ਹੈ।

**ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ** (ਬੀ-40) : ਇਸ ਜਨਮਸਾਖੀ ਦਾ ਪ੍ਰਕਾਸ਼ਨ ਨਵੰਬਰ, 1974 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕੀਤਾ ਗਿਆ ਹੈ। ਇਸ ਦੇ ਸੰਪਾਦਕ ਡਾ. ਪਿਆਰ ਸਿੰਘ ਅਨੁਸਾਰ ਇਸ ਦਾ ਖਰੜਾ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਵਾਲੇ ਸਾਲ (1969 ਈ.) ਵਿਚ ਤਿਆਰ ਕੀਤਾ ਜਾ ਚੁਕਾ ਸੀ, ਪਰ ਯੋਗ "ਪ੍ਰਕਾਸ਼ਕ ਦੀ ਘਾਟ ਕਾਰਣ ਇਸ ਨੂੰ ਪ੍ਰਕਾਸ਼ਿਤ ਹੋਣ ਵਿਚ ਦੇਰ ਹੋ ਗਈ।" (ਭੂਮਿਕਾ, ਪੰਨਾ 4)। ਇਹ ਜਨਮਸਾਖੀ ਇੰਡਿਆ ਆਫਿਸ ਲਾਇਬ੍ਰੇਰੀ ਦੀ ਹੱਥ-ਲਿਖਿਤ 'Panj B 40' ਦਾ ਛਪਿਆ ਰੂਪ ਹੈ ਜੋ ਡਾ. ਪਿਆਰਾ ਸਿੰਘ ਨੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿਚ ਇਸ ਦੀ ਸੰਭਾਲੀ ਹੋਈ ਇਕ ਫੋਟੋ ਪ੍ਰਤਿ ਤੋਂ ਤਿਆਰ ਕੀਤਾ ਹੈ। ਅੰਦਰਲੀ ਗਵਾਹੀ ਅਨੁਸਾਰ ਇਹ ਜਨਮਸਾਖੀ ਦਿਸਵੰਦੀ ਦੇ ਪੁੱਤਰ ਭਾਈ ਸੰਗੂ ਨੇ ਦਇਆ ਰਾਮ ਅਬਰੋਲ ਤੋਂ ਸੰਮਤ 1790 ਬਿ. ਵਿਚ ਲਿਖਵਾਈ ਸੀ। (ਪੰਨਾ 148)। ਫਲਸਰੂਪ ਇਹ ਜਨਮਸਾਖੀ ਸੰਨ 1700 ਈ. ਤੋਂ 33 ਸਾਲ ਬਾਦ ਰਚੀ ਗਈ ਸੀ।

ਇਸ ਜਨਮਸਾਖੀ ਵਿਚ ਕੁਲ 57 ਸਾਖੀਆਂ ਹਨ ਪਰ ਕਈਆਂ ਸਾਖੀਆਂ ਵਿਚ ਦੋ ਦੋ ਪ੍ਰਸੰਗ ਸ਼ਾਮਲ ਹੋਣ ਕਾਰਣ ਇਨ੍ਹਾਂ ਦੀ ਗਿਣਤੀ 80 ਦੇ ਨੇੜੇ ਜਾ ਪਹੁੰਚਦੀ ਹੈ। ਇਸ ਜਨਮਸਾਖੀ ਦੀਆਂ 27 ਸਾਖੀਆਂ (1-8, 10-12, 14-22, 28, 31, 33, 43, 47, 57) ਦਾ ਆਧਾਰ 'ਪੁਰਾਤਨ ਜਨਮਸਾਖੀ' ਹੈ, ਅੱਠ ਸਾਖੀਆਂ (23-26, 28-30, 54) 'ਆਦਿ ਸਾਖੀਆਂ' ਵਿਚੋਂ ਹਨ ਅਤੇ ਬਾਕੀ ਦੀਆਂ ਸਾਖੀਆਂ ਦੇ ਸੂਤਰ ਮਿਹਰਬਾਨ, ਬਾਲਾ, ਮਨੀ ਸਿੰਘ ਜਨਮ-ਸਾਖੀਆਂ ਤੋਂ ਲਏ ਗਏ ਹਨ ਜਾਂ ਨਵੀਆ ਸਿਰਜੀਆਂ ਗਈਆਂ ਹਨ।

ਇਸ ਦੇ ਸੰਪਾਦਕ ਦੇ ਕਥਨ ਅਨੁਸਾਰ 'Panj B 40' ਵਿਚ ਆਈਆਂ ਸਾਖੀਆਂ ਘਟਨਾ ਦੇ ਵਿਕਾਸ ਦੇ ਪੱਖੋਂ 'ਪੁਰਾਤਨ ਜਨਮਸਾਖੀ' ਅਤੇ 'ਆਦਿ ਸਾਖੀਆਂ' ਵਾਲੀਆਂ ਪਰੰਪਰਾਵਾਂ ਦੇ ਪੁਰਾਣੇ ਰੂਪ ਸੰਭਾਲੀ ਬੈਠੀਆਂ ਹਨ, ਭਾਵੇਂ ਇਹ ਸੰਗ੍ਰਹਿ ਬਹੁਤ ਪਿਛੋਂ 1790 ਬਿ./1733 ਈ. ਵਿਚ ਤਿਆਰ ਹੋਇਆ। (ਪੰਨਾ 18)। ਇਸ ਤਰ੍ਹਾਂ ਸਪੱਸ਼ਟ ਹੈ ਕਿ ਪ੍ਰਸਤੁਤ ਜਨਮਸਾਖੀ 'ਪੁਰਾਤਨ ਜਨਮਸਾਖੀ' ਅਤੇ 'ਆਦਿ ਸਾਖੀਆਂ' ਦੀ ਪਰਵਰਤੀ ਰਚਨਾ ਹੈ ਅਤੇ ਇਤਿਹਾਸਿਕ ਅਤੇ ਸਾਹਿਤਿਕ ਦ੍ਰਿਸ਼ਟੀ ਤੋਂ ਇਸ ਦਾ ਮਹੱਤਵ ਉਪਰੋਕਤ ਦੋਹਾਂ ਜਨਮਸਾਖੀਆਂ ਤੋਂ ਨਿਸਚੇ ਹੀ ਘਟ ਹੈ। ਫਲਸਰੂਪ, ਭੂਮਿਕਾ ਵਿਚ ਡਾ. ਪਿਆਰ ਸਿੰਘ ਵਲੋਂ ਇਸ ਦੀ ਮਹੱਤਵ ਸੂਚਕ ਵਿਥਿਆ (ਪੰਨਾ 3,4) ਵਿਚ ਦਿੱਤੇ ਵੇਰਵੇ ਦਾ ਤਾਲ -ਮੇਲ ਇਸ ਦੇ ਉਪਰੋਕਤ ਮਹੱਤਵ ਨਾਲ ਨਹੀਂ ਬੈਠਦਾ। ਉਂਜ ਸੰਪਾਦਕ ਨੇ ਇਸ ਦੇ ਆਰੰਭ ਵਿਚ 28 ਪੰਨਿਆਂ ਦੀ ਭੂਮਿਕਾ ਲਿਖ ਕੇ ਇਸ ਜਨਮਸਾਖੀ ਦੇ ਅਨੇਕ ਪੱਖਾਂ ਉਤੇ ਚਾਨਣਾ ਪਾਇਆ ਹੈ। ਸਾਹਿਤਿਕਤਾ ਅਤੇ ਭਾਵਨਾ ਦੇ ਪੱਖ ਤੋਂ ਇਹ ਪੂਰਵਵਰਤੀ ਜਨਮਸਾਖੀਆਂ ਦੀਆਂ ਪ੍ਰਵਿੱਤੀਆਂ ਨੂੰ ਹੀ ਪੁਨਰ ਸਥਾਪਿਤ ਕਰਦੀ ਹੈ।

**ਜਨਮ ਤੇ ਨਾਮ ਸੰਸਕਾਰ :** ਬੱਚੇ ਦੇ ਜਨਮ ਅਤੇ ਨਾਮਕਰਣ ਬਾਰੇ ਹਰ ਧਰਮ ਵਿਚ ਵਖ ਵਖ ਤਰ੍ਹਾਂ ਦੀਆਂ ਰੀਤਾਂ-ਰਸਮਾਂ ਪ੍ਰਚਲਿਤ ਹਨ। ਇਸੇ ਵਿਸ਼ਵਵਿਆਪੀ ਬਿਰਤੀ ਅਧੀਨ ਸਿੱਖ ਧਰਮ ਅਤੇ ਸਮਾਜ ਵਿਚ ਵੀ ਕਈ ਪ੍ਰਕਾਰ ਦੀਆਂ ਕੁਝ ਕੁਝ ਪਰਸਪਰ ਭਿੰਨ ਰਸਮਾਂ ਹੁੰਦੀਆਂ ਵੇਖੀਆਂ ਗਈਆਂ ਹਨ। 'ਪ੍ਰੇਮ ਸੁਮਾਰਗ ਗ੍ਰੰਥ' ਦੇ ਕਰਤਾ ਨੇ ਆਪਣਾ ਵਖਰਾ ਹੀ ਮਤ ਪ੍ਰਗਟ ਕੀਤਾ ਹੈ, ਪਰ ਸਭ ਤੋਂ ਅਧਿਕ ਮਾਨ੍ਯ ਅਤੇ ਸਵੀ-ਕ੍ਰਿਤ ਮਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਿੱਖ ਰਹਿਤ ਮਰਯਾਦਾ' ਪੁਸਤਿਕਾ ਵਿਚ ਪ੍ਰਕਾਸ਼ਿਤ ਹੈ ਅਤੇ ਜਿਸ ਦਾ ਪਾਠ ਹੇਠਾਂ ਲਿਖਿਆ ਹੈ :

(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ

ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ *ਪ੍ਰਮੇਸਰਿ ਦਿਤਾ ਬੰਨਾ* (ਸੋਰਠਿ ਮ.੫), *ਸਤਿਗੁਰ ਸਾਚੈ ਦੀਆ ਭੇਜਿ* (ਆਸਾ ਮ.੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਂ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦੁ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ-ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ ਕਿਉਂਕਿ — *ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।* (ਗੁ.ਗ੍ਰੰ.472)

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ।

**ਜਨੇਊ** : ਇਸ ਦਾ ਮੂਲ ਨਾਂ 'ਯੱਗੋਪਵੀਤ' ਹੈ। ਇਸ ਤੋਂ ਭਾਵ ਹੈ 'ਯੱਗ ਦੇ ਅਵਸਰ 'ਤੇ ਉਪਰੋਂ ਲਪੇਟਿਆ ਹੋਇਆ ਬਸਤ੍ਰ' (ਮ੍ਰਿਗਚਰਮ)। ਇਸ ਨੂੰ ਧਾਰਣ ਕਰਨ ਨਾਲ ਯੱਗ ਕਰਨ ਦੀ ਪਾਤਰਤਾ ਦਾ ਅਧਿਕਾਰ ਪ੍ਰਾਪਤ ਹੁੰਦਾ ਸੀ। ਸਮੇਂ ਦੇ ਬੀਤਣ ਨਾਲ ਇਸ ਦਾ ਅਰਥ 'ਪਵਿੱਤਰ ਸੂਤਰ' ਹੋ ਗਿਆ ਜੋ ਯੱਗੋਪਵੀਤ ਦੇ ਚਿੰਨ੍ਹ ਵਜੋਂ ਧਾਰਣ ਕੀਤਾ ਜਾਣ ਲਗਿਆ।

ਇਹ ਹਿੰਦੂਆਂ ਦਾ ਇਕ ਸਮਾਰਤ (ਸਮ੍ਰਿਤੀ ਅਨੁਸਾਰੀ) ਸੰਸਕਾਰ ਹੈ। ਇਸ ਨੂੰ ਮੂਲ ਰੂਪ ਵਿਚ 'ਉਪਨਯਨ' ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ (ਵਿਦਿਆ ਅਭਿਆਸ ਅਤੇ ਨੈਤਿਕ ਸ਼ਿਸ਼ਟਤਾ ਲਈ ਪਿਤਾ ਜਾਂ ਉਸ ਦੀ ਗ਼ੈਰ-ਮੌਜੂਦਗੀ ਵਿਚ ਕਿਸੇ ਸਰਪ੍ਰਸਤ ਦੁਆਰਾ ਬਾਲਕ ਨੂੰ) ਆਚਾਰਯ ਦੇ ਨੇੜੇ ਲੈ ਕੇ ਜਾਣਾ। ਇਸ ਲਈ ਮੁੱਖ ਰੂਪ ਵਿਚ ਇਹ ਸਿਖਿਆ (ਵਿਦਿਆ) ਪ੍ਰਾਪਤ ਕਰਨ ਸੰਬੰਧੀ ਸੰਸਕਾਰ ਹੈ। ਇਸ ਦੁਆਰਾ ਬਾਲਕ ਜਾਤੀਗਤ ਗਿਆਨ ਅਤੇ ਆਚਾਰ-ਵਿਚਾਰ ਵਿਚ ਦੀਕ੍ਸ਼ਿਤ ਹੋ ਕੇ ਸਮਾਜਿਕ ਕਰਤੱਵਾਂ ਦੀ ਪਾਲਣਾ ਕਰਨ ਦੇ ਯੋਗ ਬਣਦਾ ਹੈ। ਇਹ ਇਕ ਤਰ੍ਹਾਂ ਨਾਲ ਬਾਲਕ ਦਾ ਦੂਜਾ ਜਨਮ ਹੁੰਦਾ ਹੈ ਕਿਉਂਕਿ ਮਾਤਾ ਪਿਤਾ ਉਸ ਨੂੰ ਭੌਤਿਕ ਜਨਮ ਦਿੰਦੇ ਹਨ ਅਤੇ ਆਚਾਰਯ ਉਸ ਨੂੰ ਬੌਧਿਕ ਅਤੇ ਨੈਤਿਕ ਜਨਮ ਦਿੰਦਾ ਹੈ। ਇਹੀ ਕਾਰਣ ਹੈ ਕਿ ਉਪਨਯਨ ਸੰਸਕਾਰ ਕਰ ਚੁਕਣ ਵਾਲੇ ਬਾਲਕ ਨੂੰ ਦ੍ਵਿਜ (ਦੋ ਜਨਮਾ) ਕਿਹਾ ਜਾਂਦਾ ਹੈ।

ਵਖ ਵਖ ਵਰਣਾਂ ਵਾਲਿਆਂ ਬਾਲਕਾਂ ਦਾ ਵਖਰੀ ਵਖਰੀ ਉਮਰ ਵਿਚ ਉਪਨਯਨ ਸੰਸਕਾਰ ਹੁੰਦਾ ਹੈ ਜਿਵੇਂ ਬ੍ਰਾਹਮਣ ਬਾਲਕ ਦਾ ਅੱਠਵੇਂ ਵਰ੍ਹੇ ਵਿਚ, ਛਤ੍ਰੀ ਬਾਲਕ ਦਾ ਯਾਰ੍ਹਵੇਂ ਵਰ੍ਹੇ ਵਿਚ ਅਤੇ ਵੈਸ਼ ਬਾਲਕ ਦਾ ਬਾਰ੍ਹਵੇਂ ਵਰ੍ਹੇ ਵਿਚ ਹੋਣਾ ਚਾਹੀਦਾ ਹੈ। ਲੋੜ ਅਤੇ ਸਥਿਤੀ ਅਨੁਸਾਰ ਉਮਰ ਦੀਆਂ ਸੀਮਾਵਾਂ ਨੂੰ ਘਟਾਇਆ ਵਧਾਇਆ ਵੀ ਜਾ ਸਕਦਾ ਹੈ। ਸ਼ੂਦਰ ਬਾਲਕ ਅਤੇ ਸਾਰਿਆਂ ਵਰਣਾਂ ਦੀਆਂ ਬਾਲਿਕਾਵਾਂ ਨੂੰ ਯੱਗੋਪਵੀਤ ਧਾਰਣ ਕਰਨ ਦਾ ਅਧਿਕਾਰ ਨਹੀਂ ਹੈ।

ਉਪਨਯਨ ਲਈ ਵਰਣਾਂ ਅਨੁਸਾਰ ਸਮ੍ਰਿਤੀਕਾਰਾਂ ਨੇ ਰੁਤਾਂ ਵੀ ਨਿਸ਼ਚਿਤ ਕੀਤੀਆਂ ਹਨ। ਇਸ ਸੰਸਕਾਰ ਦਾ ਆਰੰਭ ਮੁੰਡਨ ਅਤੇ ਫਿਰ ਇਸ਼ਨਾਨ ਤੋਂ ਹੁੰਦਾ ਹੈ। ਬਾਲਕ ਬ੍ਰਹਮਚਾਰੀ ਨੂੰ ਆਚਾਰਯ ਵਲੋਂ ਅਨੁਕੂਲ ਬਸਤ੍ਰ ਦਿੱਤੇ ਜਾਂਦੇ ਹਨ। ਸਭ ਤੋਂ ਪਹਿਲਾਂ ਲੰਗੋਟ ਬੰਨ੍ਹਵਾਇਆ ਜਾਂਦਾ ਹੈ। ਸ਼ਰੀਰ ਸੰਬੰਧੀ ਸਮਾਜਿਕ ਚੇਤਨਾ ਦਾ ਇਹ ਪਹਿਲਾ ਕਦਮ ਹੈ। ਫਿਰ ਬ੍ਰਹਮਚਾਰੀ ਨੂੰ ਮੇਖਲਾ ਪਵਾਈ ਜਾਂਦੀ ਹੈ। ਇਸ ਨਾਲ ਸ਼ਰੀਰ ਵਿਚ ਚੁਸਤੀ ਅਤੇ ਕਮਰ ਨੂੰ ਪੁਸ਼ਟੀ ਮਿਲਦੀ ਹੈ। ਮੇਖਲਾ ਤੋਂ ਬਾਦ ਯੱਗੋਪਵੀਤ ਧਾਰਣ ਕਰਵਾਇਆ ਜਾਂਦਾ ਹੈ। ਇਹ ਇਤਨਾ ਮਹੱਤਵਪੂਰਣ ਹੈ ਕਿ ਅਜ ਉਪਨਯਨ ਸੰਸਕਾਰ ਦਾ ਨਾਂ ਹੀ 'ਯੱਗੋਪਵੀਤ-ਸੰਸਕਾਰ' ਪ੍ਰਚਲਿਤ ਹੋ ਗਿਆ ਹੈ।

ਆਮ ਤੌਰ 'ਤੇ ਯੱਗੋਪਵੀਤ ਤਿੰਨ-ਲੜਾ ਹੁੰਦਾ ਹੈ ਅਤੇ ਕਪਾਹ ਦਾ ਸਭ ਲਈ ਚਲਦਾ ਹੈ, ਪਰ ਸ਼ਾਸਤ੍ਰਾਂ ਵਿਚ ਬ੍ਰਾਹਮਣ ਲਈ ਕਪਾਹ ਦਾ, ਛਤ੍ਰੀ ਲਈ ਸਣ ਜਾਂ ਅਲਸੀ ਦਾ ਅਤੇ ਵੈਸ਼ ਲਈ ਉਨ ਦਾ ਯੱਗੋਪਵੀਤ ਦਸਿਆ ਗਿਆ ਹੈ। ਇਹ ਖੱਬੇ ਮੋਢੇ ਤੋਂ ਸੱਜੀ ਵੱਖੀ ਵਲ ਲਟਕਾਇਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਨੇ ਤਿਲਕ ਦੇ ਨਾਲ ਜੰਞੂ ਨੂੰ ਹਿੰਦੂ ਧਰਮ ਦਾ ਪ੍ਰਤੀਕ ਮੰਨ ਕੇ ਇਸ ਦੀ ਰਖਿਆ ਲਈ ਆਤਮ-ਉਤਸਰਗ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ— *ਤਿਲਕ ਜੰਞੂ ਰਾਖਾ ਪ੍ਰਭੂ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।*

ਮੱਧ-ਯੁਗ ਤਕ ਪਹੁੰਚਦੇ ਪਹੁੰਚਦੇ ਯੱਗੋਪਵੀਤ ਨਾਲ ਸੰਬੰਧਿਤ ਪਵਿੱਤਰ ਭਾਵਨਾ ਖ਼ਤਮ ਹੋ ਗਈ ਅਤੇ ਇਹ ਸੰਸਕਾਰ ਇਕ ਰਸਮ ਜਾਂ ਰੂੜ੍ਹੀ ਬਣ ਕੇ ਰਹਿ ਗਿਆ। ਇਸ ਲਈ ਨਵੀਂ ਚੇਤਨਾ ਦੇ ਯੁਗ-ਪੁਰਸ਼ ਗੁਰੂ ਨਾਨਕ ਦੇਵ ਜੀ ਨੇ ਯੱਗੋਪਵੀਤ ਦੇ ਰੂੜ੍ਹ ਰੂਪ ਨੂੰ ਤਿਆਗ ਕੇ ਇਸ ਦੀ ਵਾਸਤਵਿਕ ਭਾਵਨਾ ਨੂੰ ਸਮਝਣ ਲਈ ਜਿਗਿਆਸੂ ਨੂੰ ਉਪਦੇਸ਼ ਦਿੱਤਾ ਹੈ ਅਤੇ 'ਆਸਾ ਕੀ ਵਾਰ' ਵਿਚ ਇਸ ਦੇ ਭਾਵੀਕ੍ਰਿਤ ਰੂਪ ਨੂੰ ਇਸ ਤਰ੍ਹਾਂ ਬਿਆਨਿਆ ਹੈ— *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ। ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।* (ਗੁ.ਗ੍ਰੰ.471)। ਸਿੱਖ-ਮਤ ਵਿਚ ਇਸ ਨੂੰ ਧਾਰਣ ਕਰਨਾ ਵਰਜਿਤ ਹੈ।

**ਜਪ/ਜਾਪ** : ਨਾਮ ਸਿਮਰਨ ਦੀ ਵਿਧੀ ਦਾ ਨਾਮਾਂਤਰ ਹੈ ਜਪ/ਜਾਪ। 'ਜਪ' ਕਰਨ ਦੀ ਭਾਰਤੀ ਸੰਸਕ੍ਰਿਤੀ ਵਿਚ ਬੜੀ ਦੀਰਘ ਪਰੰਪਰਾ ਹੈ। ਵੈਦਿਕ ਸਾਹਿਤ ਤੋਂ ਲੈ ਕੇ ਪੌਰਾਣਿਕ ਸਾਹਿਤ ਤਕ ਇਸ ਦੇ ਮਹੱਤਵ ਦਾ ਪ੍ਰਤਿਪਾਦਨ ਹੋਇਆ ਹੈ। ਬੌਧ-ਮਤ ਦੀ ਮੰਤ੍ਰਯਾਨ-ਸ਼ਾਖਾ ਵਿਚ ਮੰਤ੍ਰ-ਜਪ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। 'ਨਾਰਦ ਭਕ੍ਤਿ-ਸੂਤ੍ਰ' (82) ਵਿਚ ਇਸ ਨੂੰ 'ਸ੍ਮਰਣ-ਆਸਕ੍ਤਿ' ਵਜੋਂ ਮਾਨਤਾ ਦਿੱਤੀ ਗਈ ਹੈ। 'ਮਨੁ-ਸਮ੍ਰਿਤੀ' (2/85) ਵਿਚ ਤਿੰਨ ਤਰ੍ਹਾਂ ਦੇ ਜਪਾਂ ਦੀ ਕਲਪਨਾ ਕੀਤੀ ਗਈ ਹੈ, ਜਿਵੇਂ ਵਾਚਿਕ, ਉਪਾਂਸ਼ੂ ਅਤੇ ਮਾਨਸ। ਇਨ੍ਹਾਂ ਤਿੰਨਾਂ ਦੀ ਉਤਰੋਤਰ ਸ੍ਰੇਸ਼ਠਤਾ ਦਸੀ ਗਈ ਹੈ।

'ਵਾਚਿਕ-ਜਪ' ਉਹ ਜਪ ਹੈ, ਜਿਸ ਵਿਚ ਮੰਤ੍ਰਾਂ ਦਾ ਸਪੱਸ਼ਟ ਉੱਚਾਰਣ ਕੀਤਾ ਜਾਵੇ। 'ਉਪਾਂਸ਼ੂ' ਉਹ ਜਪ ਹੈ ਜੋ ਬੜੀ ਧੀਮੀ ਸੁਰ ਵਿਚ ਕੀਤਾ ਜਾਏ ਤਾਂ ਜੋ ਨੇੜੇ ਬੈਠਾ ਮਨੁੱਖ ਵੀ ਨ ਸੁਣ ਸਕੇ, ਬਸ ਬੁਲ੍ਹ ਹਿਲਦੇ ਨਜ਼ਰ ਆਉਣ। 'ਮਾਨਸ-ਜਪ' ਦਾ ਸੰਬੰਧ ਮਨ ਦੇ ਚਿੰਤਨ ਨਾਲ ਹੈ। ਵਰਣਾਂ ਅਤੇ ਪਦਾਂ ਦੇ ਭੇਦ ਨਾਲ ਬੁੱਧੀ ਰਾਹੀਂ ਮੰਤ੍ਰ ਦਾ ਅਰਥ ਸਮਝਿਆ ਜਾਏ। ਮਾਨਸ-ਜਪ ਵਿਚ ਜੀਭ ਅਚਲ ਰਹਿੰਦੀ ਹੈ। ਇਨ੍ਹਾਂ ਤਿੰਨਾਂ ਜਪਾਂ ਵਿਚੋਂ 'ਮਾਨਸ-ਜਪ' ਸ੍ਰੇਸ਼ਠ ਹੈ ਕਿਉਂਕਿ ਵਾਚਿਕ-ਜਪ ਵਿਚ ਸਾਧਕ ਆਪਣੀ ਸ਼ਕਤੀ ਭਾਵਨਾ ਦੀ ਥਾਂ 'ਤੇ ਬਾਹਰਲੇ ਉੱਚਾਰਣ ਦੀ ਕ੍ਰਿਆ ਉਤੇ ਅਧਿਕ ਕੇਂਦ੍ਰਿਤ ਕਰਦਾ ਹੈ ਅਤੇ ਉਪਾਂਸ਼ੂ ਵਿਚ ਬਾਹਰਲੀ ਕ੍ਰਿਆ ਦੇ ਮੁਕਾਬਲੇ 'ਤੇ ਭਾਵਨਾ ਨੂੰ ਅਧਿਕ ਸਥਾਨ ਦਿੰਦਾ ਹੈ। ਪਰ ਮਾਨਸ-ਜਪ ਵਿਚ ਬਾਹਰਲੀ ਕ੍ਰਿਆ ਬਿਲਕੁਲ ਖ਼ਤਮ ਹੋ ਜਾਂਦੀ ਹੈ ਅਤੇ ਭਾਵਨਾ ਪੂਰੀ ਤਰ੍ਹਾਂ ਸਥਿਤ ਹੋ ਜਾਂਦੀ ਹੈ। ਇਸੇ ਨੂੰ ਵਿਦਵਾਨ ਸਮਾਧੀ ਦੀ ਅਵਸਥਾ ਵੀ ਕਹਿੰਦੇ ਹਨ।

ਉਪਰੋਕਤ ਤਿੰਨ ਜਪਾਂ ਤੋਂ ਇਲਾਵਾ ਹੋਰ ਵੀ ਕਈ ਜਪ-ਵਿਧੀਆਂ ਪ੍ਰਚਲਿਤ ਹਨ, ਜਿਵੇਂ ਨਿੱਤ-ਜਪ, ਨੈਮਿਤਿਕ-ਜਪ (ਜੋ ਵਿਸ਼ੇਸ਼ ਪਰਵਾਂ 'ਤੇ ਕੀਤਾ ਜਾਂਦਾ ਹੋਵੇ), ਕਾਮਨਾ-ਜਪ (ਜੋ ਕਿਸੇ ਇੱਛਾ ਦੀ ਪੂਰਤੀ ਲਈ ਕੀਤਾ ਜਾਏ), ਨਿਸ਼ਿੱਧ-ਜਪ (ਜੋ ਨਿਯਮ ਦੇ ਵਿਪਰੀਤ ਜਾਂ ਅਸ਼ੁੱਧ ਢੰਗ ਨਾਲ ਕੀਤਾ ਜਾਏ), ਪ੍ਰਾਸਚਿਤ-ਜਪ (ਜੋ ਕਿਸੇ ਮਾੜੇ ਕਰਮ ਦੇ ਪਛਤਾਵੇ ਲਈ ਕੀਤਾ ਜਾਏ)। ਇਨ੍ਹਾਂ ਤੋਂ ਇਲਾਵਾ ਅਕਾਲ-ਜਪ, ਚਲ-ਜਪ, ਭ੍ਰਮਰ-ਜਪ, ਅਖੰਡ-ਜਪ, ਪ੍ਰਦਖਣਾ-ਜਪ ਆਦਿ ਨਾਂ ਦੇ ਜਪਾਂ ਦਾ ਵੀ ਉੱਲੇਖ ਹੋਇਆ ਮਿਲਦਾ ਹੈ।

'ਭਗਵਦ-ਗੀਤਾ' (10/25) ਵਿਚ ਜਪ-ਯੱਗ ਨੂੰ ਸ੍ਰੇਸ਼ਠ ਮੰਨਿਆ ਗਿਆ ਹੈ। ਪਤੰਜਲੀ ਨੇ 'ਯੋਗਸੂਤ੍ਰ' (1/27-28) ਵਿਚ ਜਪ ਨੂੰ ਸਿੱਧਾਂਤਿਕਤਾ ਪ੍ਰਦਾਨ ਕਰਦੇ ਹੋਇਆਂ ਦਸਿਆ ਹੈ ਕਿ ਜਪ ਦਾ ਅਭਿਆਸ ਭਗਵਾਨ ਦੀ ਪ੍ਰਾਪਤੀ ਦਾ ਬਹੁਤ ਉਪਯੋਗੀ ਸਾਧਨ ਹੈ। ਤੰਤ੍ਰ-ਸਾਹਿਤ ਵਿਚ ਚਾਹੇ ਉਹ ਵੈਸ਼ਣਵ ਹੋਵੇ, ਚਾਹੇ ਸ਼ਾਕਤ, ਜਪ ਦੀ ਅਮੋਘਤਾ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਜਪ ਸੰਬੰਧੀ ਇਕ ਲੰਬੀ ਪਰੰਪਰਾ ਭਾਰਤੀ ਸੰਸਕ੍ਰਿਤੀ ਵਿਚ ਮੌਜੂਦ ਹੈ ਜਿਸ ਦਾ ਆਰੰਭ ਵੈਦਿਕ ਕਾਲ ਤੋਂ ਮੰਤ੍ਰਾਂ ਦੇ ਜਪ ਜਾਂ ਉਨ੍ਹਾਂ ਦੇ ਅਰਥ ਅਤੇ ਭਾਵਨਾ ਸਹਿਤ ਹੁੰਦਾ ਸੀ, ਪਰ ਪਤੰਜਲਿ ਨੇ ਭਾਵਨਾ ਉਤੇ ਅਧਿਕ ਬਲ ਦਿੱਤਾ ਅਤੇ ਤੰਤ੍ਰ-ਯੁਗ ਵਿਚ ਅਰਥ ਤੋਂ ਸਾਰਾ ਮਹੱਤਵ ਹਟ ਕੇ ਕੇਵਲ ਭਾਵਨਾ ਅਤੇ ਸ਼ਰਧਾਪੂਰਵਕ ਜਪ ਉਤੇ ਆ ਗਿਆ। ਪੁਰਾਣਾਂ ਅਤੇ ਉਪ-ਪੁਰਾਣਾਂ ਵਿਚ ਨਾਮ-ਜਪ ਦੇ ਮਹੱਤਵ ਨੂੰ ਸੁਤੰਤਰ ਰੂਪ ਵਿਚ ਜਾਂ ਉਪਮਾਨ-ਵਿਧਾਨ ਅਤੇ ਕਥਾ-ਪ੍ਰਸੰਗਾਂ ਰਾਹੀਂ ਵਿਸਤਾਰ ਸਹਿਤ ਸਪੱਸ਼ਟ ਕੀਤਾ ਗਿਆ ਹੈ।

ਸਪੱਸ਼ਟ ਹੈ ਕਿ ਮੱਧ-ਕਾਲ ਦੇ ਸੰਤ ਅਤੇ ਭਗਤ

ਸਾਧਕਾਂ ਨੂੰ ਜਪ ਦੀ ਇਕ ਦੀਰਘ ਪਰੰਪਰਾ ਮਿਲੀ ਸੀ, ਜਿਸ ਦੀਆਂ ਤਿੰਨ ਵਿਧੀਆਂ ਹਨ— ਵਾਚਿਕ (ਜਿਸ ਵਿਚ ਸੁਰ ਉਚਰਿਤ ਹੋਵੇ), ਕਾਇਕ (ਜਿਸ ਵਿਚ ਕੇਵਲ ਹੋਂਠ ਹਿਲਣ) ਅਤੇ ਮਾਨਸਿਕ (ਜੋ ਕੇਵਲ ਮਨ ਵਿਚ ਹੋਵੇ)। ਡਾ. ਪੀਤਾਂਬਰ ਦੱਤ ਬੜਥਵਾਲ (*ਹਿੰਦੀ ਕਾਵ੍ਯ ਮੇਂ ਨਿਰਗੁਣ ਸੰਪ੍ਰਦਾਇ*) ਨੇ ਇਨ੍ਹਾਂ ਤਿੰਨਾਂ ਨੂੰ ਕ੍ਰਮਵਾਰ ਜਾਪ, ਅਜਪਾ-ਜਾਪ ਅਤੇ ਅਨਾਹਤ ਜਾਪ ਨਾਂ ਦਿੱਤੇ ਹਨ।

ਗੁਰਬਾਣੀ ਵਿਚ ਨਾਮ-ਜਪ ਉਤੇ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਅਮਰਦਾਸ ਜੀ ਨੇ ਮੁਕਤੀ ਦੀ ਪ੍ਰਾਪਤੀ ਲਈ ਦਿਲੋਂ ਕੀਤੇ ਨਾਮ-ਜਪ ਨੂੰ ਹੀ ਸਭ ਤੋਂ ਸ੍ਰੇਸ਼ਠ ਸਾਧਨ ਮੰਨਿਆ ਹੈ— *ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ। ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ।* (ਗੁ.ਗ੍ਰੰ.565)। ਗੁਰਬਾਣੀ ਵਿਚ ਜਪ ਦੀਆ ਤਿੰਨ ਵਿਧੀਆਂ ਦੀ ਸਥਾਪਨਾ ਹੋਈ ਹੈ—ਜਪ (ਸਾਧਾਰਣ), ਅਜਪਾ-ਜਪ ਅਤੇ ਲਿਵ-ਜਪ।

'ਸਾਧਾਰਣ ਜਪ' ਉਹ ਜਪ ਹੈ ਜਿਸ ਦੇ ਕਰਨ ਵੇਲੇ ਜੀਭ ਹਿਲਦੀ ਹੈ ਅਤੇ ਮੂੰਹ ਤੋਂ ਸੁਰ ਨਿਕਲਦਾ ਹੈ। ਅਜਿਹਾ ਜਪ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਜਿਗਿਆਸੂ ਨੂੰ ਬਹੁਤ ਪ੍ਰੇਰਣਾ ਦਿੱਤੀ ਹੈ— *ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ।* (ਗੁ.ਗ੍ਰੰ. 728)। ਕਿਉਂਕਿ ਕੋਈ ਵੀ ਧਰਮ-ਸਾਧਨਾ ਹੋਵੇ, ਆਰੰਭ ਵਿਚ ਉਹ ਬਾਹਰਲੇ ਸਾਧਨਾਂ 'ਤੇ ਹੀ ਨਿਰਭਰ ਹੁੰਦੀ ਹੈ। ਹੌਲੀ ਹੌਲੀ ਬਾਹਰਲੇ ਸਾਧਨ ਪੂਰੇ ਹੁੰਦੇ ਜਾਂਦੇ ਹਨ ਅਤੇ ਜਪ-ਬਿਰਤੀ ਦੇ ਸਿਖਰ ਉਤੇ ਪਹੁੰਚਣ 'ਤੇ ਹੋਂਠ ਹਿਲਣੇ ਬੰਦ ਹੋ ਜਾਂਦੇ ਹਨ। ਅਜਪਾ-ਜਪ ਅਤੇ ਲਿਵ-ਜਪ ਦਾ ਇਹੀ ਮੂਲ ਆਧਾਰ ਹੈ। ਇਸ ਵਿਚ ਲੀਨ ਸਾਧਕ ਉਚਿਤ ਅਵਸਥਾ ਵਿਚ ਪਹੁੰਚਣ ਉਤੇ ਅਗਲੇ ਜਪਾਂ ਵਲ ਕੇਂਦ੍ਰਿਤ ਹੁੰਦਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਜਿਗਿਆਸੂ ਲਈ ਅਜਿਹੇ ਮੁੱਢਲੇ ਜਾਂ ਬੁਨਿਆਦੀ ਜਪ ਦੀ ਬਹੁਤ ਅਧਿਕ ਲੋੜ ਮਹਿਸੂਸ ਕਰਦੇ ਸਨ। ਇਸੇ ਲਈ ਉਨ੍ਹਾਂ ਨੇ ਆਪਣੀ ਇਕ ਪ੍ਰਮੁਖ ਬਾਣੀ ਦਾ ਨਾਂ ਹੀ 'ਜਪੁ' ਰਖਿਆ ਹੈ।

'ਅਜਪਾ-ਜਪ' ਉਹ ਜਪ ਹੈ ਜਿਸ ਵਿਚ ਕਿਸੇ ਪ੍ਰਕਾਰ ਦਾ ਕੋਈ ਯਤਨ ਨਹੀਂ ਕਰਨਾ ਪੈਂਦਾ। ਬਾਹਰਲੇ ਸਾਧਨ (ਜੀਭ, ਮਾਲਾ, ਉਂਗਲੀਆਂ ਆਦਿ) ਦੀ ਲੋੜ ਖ਼ਤਮ ਹੋ ਜਾਂਦੀ ਹੈ। ਇਸ ਵਿਚ ਮਨ ਦੀ ਇਕਾਗ੍ਰਤਾ ਦਾ ਬਹੁਤ ਮਹੱਤਵ ਹੈ। ਇਸ ਸਥਿਤੀ ਵਿਚ ਆਤਮਾ ਅੰਦਰੋਂ ਅੰਦਰ ਈਸ਼ਵਰੀ ਭਾਵਨਾ ਦੇ ਸਨਮੁਖ ਆਪਣੇ ਆਪ ਨੂੰ ਅਰਪਿਤ ਕਰ ਦਿੰਦੀ ਹੈ, ਫਿਰ ਸ਼ਬਦ ਨੂੰ ਉਚਰਨ ਦੀ ਲੋੜ ਹੀ ਨਹੀਂ ਰਹਿੰਦੀ। ਇਸ ਪ੍ਰਕਾਰ ਦੇ ਜਪ ਦੀ ਬੋਧਾਂ ਅਤੇ ਸਿੱਧਾਂ ਵਿਚ ਬਹੁਤ ਮਾਨਤਾ ਰਹੀ ਹੈ। ਇਸ ਨੂੰ 'ਸਹਿਜ-ਜਪ' ਵੀ ਕਿਹਾ ਜਾਂਦਾ ਹੈ। ਨਾਥ-ਪੰਥ ਅਤੇ ਸੰਤ-ਸਾਧਕਾਂ ਨੇ ਇਸ ਪ੍ਰਕਾਰ ਦੇ ਜਪ ਨੂੰ ਬਹੁਤ ਮਾਨਤਾ ਦਿੱਤੀ ਹੈ ਕਿਉਂਕਿ ਇਸ ਰਾਹੀਂ ਮਨ, ਬੁੱਧੀ, ਚਿੱਤ ਅਤੇ ਹਉਮੈ ਪੂਰੀ ਤਰ੍ਹਾਂ ਸ਼ਾਂਤ ਹੋ ਜਾਂਦੀਆਂ ਹਨ ਅਤੇ ਜਪ ਦੀ ਅਖੰਡ ਧਾਰਾ ਪ੍ਰਵਾਹਿਤ ਹੋਣ ਲਗਦੀ ਹੈ। ਗੁਰਬਾਣੀ ਵਿਚ ਅਜਪਾ-ਜਪ ਉਤੇ ਬਹੁਤ ਬਲ ਦਿੱਤਾ ਗਿਆ ਹੈ—*ਅਜਪਾ ਜਾਪੁ ਜਪੈ ਮੁਖਿ ਨਾਮ।* (ਗੁ.ਗ੍ਰੰ.840); *ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ।* (ਗੁ.ਗ੍ਰੰ. 1291)।

'ਲਿਵ-ਜਪ' ਤੋਂ ਭਾਵ ਹੈ ਪੂਰਣ ਲੀਨਤਾ। 'ਲਿਵ' ਸੰਸਕ੍ਰਿਤ ਦੇ 'ਲਯ' ਸ਼ਬਦ ਤੋਂ ਬਣਿਆ ਹੈ। ਇਹ ਜਪ ਤਿੰਨ ਪ੍ਰਕਾਰ ਦੇ ਜਪਾਂ ਵਿਚੋਂ ਉਤਮ ਅਤੇ ਅੰਤਿਮ ਹੈ। ਇਸ ਵਿਚ ਸੁਰਤਿ ਰਾਹੀਂ ਜਪ ਹੋਣ ਲਗਦਾ ਹੈ। ਹਰ ਇਕ ਰੋਮ ਤੋਂ ਈਸ਼ਵਰੀ ਗੁਣ-ਗਾਨ ਜਾਂ ਉਸਤਤਿ ਦੀ ਨ ਸੁਣੀ ਜਾ ਸਕਣ ਵਾਲੀ ਧੁਨੀ ਨਿਕਲਦੀ ਹੈ। ਜਦ ਇਹ ਹਾਲਤ ਸਥਿਰ ਹੋ ਜਾਂਦੀ ਹੈ ਤਦ 'ਅਨਾਹਤ' ਸ਼ਬਦ ਸੁਣੀਂਦਾ ਹੈ। ਇਸ ਨੂੰ ਧਿਆਨ ਦੀ ਅਵਸਥਾ ਕਹਿੰਦੇ ਹਨ। ਇਸ ਵਿਚ ਮਾਨਸਿਕ ਇਕਾਗ੍ਰਤਾ ਹੁੰਦੀ ਹੈ ਅਤੇ ਸਾਧਕ ਪਰਮਾਤਮਾ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਇਸ ਅਵਸਥਾ ਦੀ ਪ੍ਰਾਪਤੀ ਗੁਰੂ ਦੀ ਸਿਖਿਆ ਅਤੇ ਕ੍ਰਿਪਾ ਦੁਆਰਾ ਹੁੰਦੀ ਹੈ। ਜਿਵੇਂ— *ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ।* (ਗੁ.ਗ੍ਰੰ.1025); *ਗੁਰਮੁਖਿ ਜਾਗਿ ਰਹੇ ਦਿਨ ਰਾਤੀ। ਸਾਚੇ ਕੀ ਲਿਵ ਗੁਰਮਤਿ ਜਾਤੀ।* (ਗੁ.ਗ੍ਰੰ. 1024)।

ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਜਪ ਅਥਵਾ ਨਾਮ-ਜਪ ਨੂੰ ਪ੍ਰਮੁਖ ਸਥਾਨ ਪ੍ਰਾਪਤ ਰਿਹਾ ਹੈ। ਨਾਮ-ਜਪ ਦੀ ਵਡਿਆਈ ਉਤਰੋਤਰ ਵਧਦੀ ਹੈ। ਅਧਿਆਤਮਿਕ ਮਾਰਗ ਦੀ ਮੰਜ਼ਿਲ ਭਾਵੇਂ ਦੂਰ ਹੈ ਪਰ ਨਾਮ-ਜਪ ਰਾਹੀਂ ਉਸ ਤਕ ਸਹਿਜ ਪਹੁੰਚਿਆ ਜਾ ਸਕਦਾ ਹੈ। ਸਿੱਖ-ਸਮਾਜ ਵਿਚ ਜਪ ਕਰਨਾ ਜਾਂ ਨਾਮ ਸਿਮਰਨਾ ਧਰਮ-ਸਾਧਨਾ ਦਾ ਮੂਲ ਸਰੋਕਾਰ ਹੈ।

**ਜਪੁਜੀ** (ਬਾਣੀ) : ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਇਹ ਸਾਰੀਆਂ ਬਾਣੀਆਂ ਨਾਲੋਂ ਅਧਿਕ ਪ੍ਰਸਿੱਧ ਅਤੇ ਮਹੱਤਵਪੂਰਣ ਹੈ ਕਿਉਂਕਿ ਇਸ ਵਿਚ ਗੁਰਮਤਿ ਜਾਂ ਸਿੱਖ ਧਰਮ ਦੇ ਦਾਰਸ਼ਨਿਕ ਅਤੇ ਧਾਰਮਿਕ ਸਿੱਧਾਂਤ ਸਮੋਏ ਹੋਏ ਹਨ। ਇਸ ਬਾਣੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਾਰ-ਤੱਤ੍ਵ ਸਮਾਇਆ ਹੋਇਆ ਹੈ, ਜਾਂ ਇੰਜ ਕਹੋ ਸਾਰਾ ਗ੍ਰੰਥ ਸਾਹਿਬ ਇਸ ਦੀ ਵਿਆਖਿਆ-ਮਾਤ੍ਰ ਹੈ। ਇਸ ਬਾਣੀ ਦੀ ਵਿਆਖਿਆ ਨਾਲ ਸਿੱਖਾਂ ਦਾ ਵਿਵਹਾਰਿਕ ਧਰਮ ਸਪੱਸ਼ਟ ਹੁੰਦਾ ਹੈ ਅਤੇ ਇਸ ਦੇ ਨਿੱਤ ਪਾਠ ਨਾਲ ਆਤਮਿਕ ਸ਼ਾਂਤੀ ਮਿਲਦੀ ਹੈ। ਇਸ ਲਈ ਇਸ ਨੂੰ ਨਿੱਤ-ਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਅੰਮ੍ਰਿਤ-ਬਾਣੀਆਂ ਵਿਚ ਵੀ ਇਹ ਸ਼ਾਮਲ ਹੈ।

ਇਸ ਬਾਣੀ ਦੀ ਰਚਨਾ ਕਦ ਹੋਈ ? ਇਸ ਸੰਬੰਧ ਵਿਚ ਕੋਈ ਨਿਸ਼ਚਿਤ ਤੱਥ ਸਾਹਮਣੇ ਨਹੀਂ ਆਉਂਦਾ। 'ਪੁਰਾਤਨ ਜਨਮਸਾਖੀ' (ਸਾਖੀ ਨੰ.10) ਅਨੁਸਾਰ ਵੇਈਂ-ਪ੍ਰਵੇਸ਼ ਉਪਰੰਤ ਗੁਰੂ ਜੀ ਦੇ ਪਰਮਾਤਮਾ ਨਾਲ ਹੋਏ ਸਾਖਿਆਤ-ਕਾਰ ਤੋਂ ਬਾਦ ਇਸ ਬਾਣੀ ਦਾ ਉੱਚਾਰਣ ਹੋਇਆ। ਇਸੇ ਜਨਮਸਾਖੀ ਦੀ 53ਵੀਂ ਸਾਖੀ ਦੇ ਆਧਾਰ 'ਤੇ 'ਜਪੁਜੀ' ਦੀ ਰਚਨਾ ਗੁਰੂ ਨਾਨਕ ਦੇਵ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਪਹਿਲੀ ਭੇਂਟ ਤੋਂ ਪਹਿਲਾਂ ਹੋ ਚੁਕੀ ਸੀ ਕਿਉਂਕਿ ਖਡੂਰ ਨਿਵਾਸੀ ਭੱਲਾ ਜਾਤਿ ਦੇ ਇਕ ਸਿੱਖ ਤੋਂ ਇਸ ਬਾਣੀ ਨੂੰ ਸੁਣ ਕੇ ਹੀ ਗੁਰੂ ਅੰਗਦ ਦੇਵ ਜੀ ਦੇ ਮਨ ਵਿਚ ਇਸ ਦੇ ਰਚੈਤਾ ਪ੍ਰਤਿ ਆਪਣਾ ਆਦਰ ਅਤੇ ਸ਼ਰਧਾ ਪ੍ਰਗਟ ਕਰਨ ਲਈ ਕਰਤਾਰਪੁਰ ਜਾਣਾ ਪਿਆ।

'ਮਿਹਰਬਾਨ ਜਨਮਸਾਖੀ' ਦੀ ਹਰਿਜੀ-ਪੋਥੀ (ਗੋਸਟਿ 41) ਵਿਚ ਲਿਖਿਆ ਹੈ ਕਿ ਇਕ ਵਾਰ ਕਰਤਾਰਪੁਰ ਬੈਠਿਆਂ ਗੁਰੂ ਨਾਨਕ ਦੇਵ ਜੀ ਨੂੰ ਪਰਮੇਸਰ ਦੀ ਦਰਗਾਹ ਤੋਂ ਸੱਦਾ ਆਇਆ। ਉਥੋਂ ਪਰਤਣ 'ਤੇ ਗੁਰੂ ਜੀ ਨੇ ਆਪਣੇ ਇਕ ਸਿੱਖ, ਅੰਗਦ, ਨੂੰ ਬੁਲਾ ਕੇ ਕਿਹਾ ਕਿ ਪਰਮਾਤਮਾ ਦੇ ਹੁਕਮ ਅਨੁਸਾਰ ਉਸ ਦੀ ਸਿਫ਼ਤ ਦਾ ਇਕ ਜੋੜ ਬੰਨ੍ਹਣਾ ਹੈ। ਗੁਰੂ ਜੀ ਨੇ ਆਪਣਾ ਸਾਰਾ ਖ਼ਜ਼ਾਨਾ ਅੰਗਦ ਸਿੱਖ ਦੇ ਹਵਾਲੇ ਕੀਤਾ ਅਤੇ ਜਪੁ ਰਚਣ ਲਈ ਕਿਹਾ— *ਤਾਂ ਗੁਰੂ ਬਾਬੇ ਨਾਨਕ ਦੇ ਹਜੂਰਿ, ਗੁਰੂ ਅੰਗਦੁ, ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜੁ ਬੰਧਿਆ। ਜਪੁ ਕਾ ਜੋੜ ।੩੮। ਅਠਤ੍ਰੀਹ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਢਿਆ ਜਿਉਂ ਦਹੀਂ ਵਿਚਹੁ ਮਖਣ ਮਥਿ ਕਢੀਦਾ ਹੈ।* ਇਸ ਟੂਕ ਤੋਂ ਸਪੱਸ਼ਟ ਹੈ ਕਿ ਵਖ ਵਖ ਸਮੇਂ ਰਚੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਚੋਣਵੇਂ ਸ਼ਬਦਾਂ/ਪਉੜੀਆਂ ਦਾ ਸਮੁੱਚ 'ਜਪੁ' ਰੂਪ ਵਿਚ ਗੁਰੂ ਅੰਗਦ ਦੇਵ ਜੀ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਤਿਆਰ ਕੀਤਾ ਗਿਆ।

ਬਾਲੇ ਵਾਲੀ ਜਨਮਸਾਖੀ ਵਿਚ ਇਸ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਤਲੇ ਦਿਨਾਂ ਵਿਚ ਗੁਰੂ ਅੰਗਦ ਦੇਵ ਜੀ ਨੂੰ ਦੀਕ੍ਸ਼ਿਤ ਕਰਨ ਲਈ ਕੀਤੀ ਦਸੀ ਗਈ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਸ ਦੀ ਰਚਨਾ ਸੁਮੇਰ ਪਰਬਤ ਉਤੇ ਸਿੱਧਾਂ ਨਾਲ ਹੋਈ ਗੋਸ਼ਟਿ ਦੇ ਰੂਪ ਵਿਚ ਮੰਨੀ ਗਈ ਹੈ। ਇਸ ਤਰ੍ਹਾਂ ਦੇ ਕੁਝ ਹੋਰ ਕਥਨ ਪਰਵਰਤੀ ਸਾਹਿਤ ਵਿਚ ਵੀ ਮਿਲ ਜਾਂਦੇ ਹਨ।

ਇਸ ਬਾਣੀ ਦੀ ਵਿਚਾਰ-ਗੰਭੀਰਤਾ ਅਤੇ ਸਿੱਧਾਂਤਿਕ ਪ੍ਰਪੱਕਤਾ ਨੂੰ ਵੇਖਦੇ ਹੋਇਆਂ ਇਹ ਗੱਲ ਸਰਲਤਾ-ਪੂਰਵਕ ਕਹੀ ਜਾ ਸਕਦੀ ਹੈ ਕਿ ਇਸ ਦੀ ਰਚਨਾ ਗੁਰੂ ਜੀ ਨੇ ਆਪਣੀ ਪ੍ਰੌੜ੍ਹ ਅਵਸਥਾ ਵਿਚ ਕੀਤੀ ਹੋਵੇਗੀ, ਜਦੋਂ ਉਨ੍ਹਾਂ ਨੇ ਜੀਵਨ ਦੇ ਸਮੁੱਚੇ ਅਨੁਭਵ ਦੇ ਆਧਾਰ 'ਤੇ ਨਿਸ਼ਕਰਸ਼ ਰੂਪ ਵਿਚ ਕੁਝ ਕਹਿਣਾ ਉਚਿਤ ਸਮਝਿਆ ਹੋਵੇਗਾ। ਗੁਰੂ ਨਾਨਕ ਦੇਵ ਜੀ 1539 ਈ. ਵਿਚ ਜੋਤੀ-ਜੋਤਿ ਸਮਾਏ ਸਨ, ਇਸ ਲਈ ਇਹ ਬਾਣੀ ਉਸ ਤੋਂ ਕੁਝ ਵਰ੍ਹੇ ਪਹਿਲਾਂ, ਅਨੁਮਾਨਿਕ ਤੌਰ 'ਤੇ 1530 ਈ. ਦੇ ਨੇੜੇ-ਤੇੜੇ ਕਰਤਾਰਪੁਰ ਵਿਚ ਰਚੀ ਗਈ ਪ੍ਰਤੀਤ ਹੁੰਦੀ ਹੈ।

ਇਸ ਬਾਣੀ ਨੂੰ ਜਪੁ, ਜਪੁਜੀ, ਜਪੁ-ਨੀਸਾਣ ਆਦਿ ਨਾਂ ਦਿੱਤੇ ਜਾਂਦੇ ਹਨ। 'ਜਪੁ' ਇਸ ਦਾ ਮੂਲ ਨਾਂ ਹੈ। 'ਜੀ' ਸ਼ਬਦ ਸਤਿਕਾਰ ਸੂਚਕ ਹੈ। 'ਨੀਸਾਣ' ਸ਼ਬਦ ਦਾ ਅਰਥ ਵਿਦਵਾਨਾਂ ਨੇ ਸ਼ਿਰੋਮਣੀ ਜਾਂ ਧ੍ਵਜ (ਝੰਡਾ) ਕਰਕੇ ਇਸ ਨੂੰ ਸਰਵ-ਪ੍ਰਮੁਖ ਬਾਣੀ ਮੰਨਿਆ ਹੈ। ਪਰ ਸਹੀ ਵਸਤੂ-ਸਥਿਤੀ ਇਹ ਹੈ ਕਿ ਬੀੜ ਤਿਆਰ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਨੇ 'ਜਪੁ' ਬਾਣੀ ਨੂੰ ਜਿਸ ਪੋਥੀ ਤੋਂ ਨਕਲ ਕਰਵਾਇਆ, ਉਸ ਦੇ ਆਰੰਭ ਵਿਚ ਗੁਰੂ ਰਾਮਦਾਸ ਜੀ ਦੇ ਦਸਤਖ਼ਤ (ਨੀਸਾਣ) ਅੰਕਿਤ ਸਨ ਜਾਂ ਗੁਰੂ ਅਰਜਨ ਦੇਵ ਦੇ ਨੀਸਾਣ ਪਏ ਹੋਏ ਸਨ ਅਤੇ ਨਕਲ ਕਰਨ ਵੇਲੇ ਇਸ ਤੱਥ ਵਲ ਸੰਕੇਤ ਕਰ ਦਿੱਤਾ ਗਿਆ :

*ਨੀਸਾਣੁ ਗੁਰੂ ਜੀਉ ਕੇ ਦਸਖਤ ਮ.੫*

*ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ*
('ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ 4)

ਭਾਈ ਰਾਮ ਕ੍ਰਿਸ਼ਨ ਦੇ ਟਿਕਾਣੇ (ਸ਼ੇਰਾਂ ਵਾਲਾ ਗੇਟ, ਪਟਿਆਲਾ) ਵਿਚ 1710 ਬਿ. ਦੀ ਲਿਖੀ ਬੀੜ ਦੇ ਤਤਕਰੇ ਵਾਲੇ ਪੰਨੇ ਉਤੇ ਇਸ ਪ੍ਰਕਾਰ ਲਿਖਿਆ ਹੈ :

*ਨੀਸਾਣੁ ਗੁਰੂ ਜੀ ਕੇ ਦਸਤਖਤ ਮਹਲਾ*
*ਸਿਰੀ ਗੁਰੂ ਜੀ ਰਾਮਦਾਸ ਕੇ ਦਸਖਤਾ ਕਾ ਨਕਲੁ*
*ਤਿਸੁ ਕਾ ਨਕਲੁ ਸਾ ਤਿਸ ਕੇ ਨਕਲ ਕਾ ਨਕਲੁ*
*ਜਪੁ ਮਹਲਾ ੧*

ਆਮ ਤੌਰ 'ਤੇ ਇਹੋ ਜਿਹੀ ਸੂਚਨਾ ਪੁਰਾਤਨ ਬੀੜਾਂ ਵਿਚ ਲਿਖੀ ਮਿਲ ਜਾਂਦੀ ਹੈ। ਪ੍ਰਕਾਸ਼ਿਤ ਬੀੜਾਂ ਵਿਚ ਭਾਵੇਂ ਇਹ ਸੂਚਨਾ-ਉਕਤੀ ਪੂਰੀ ਨਹੀਂ ਦਿੱਤੀ ਹੁੰਦੀ, ਪਰ ਤਤਕਰੇ ਵਿਚ ਕੇਵਲ 'ਜਪੁ ਨੀਸਾਣ' ਜ਼ਰੂਰ ਲਿਖਿਆ ਮਿਲਦਾ ਹੈ। 'ਨੀਸਾਣੁ' ਪਦ ਉਪਰੋਕਤ ਪਰੰਪਰਾ ਅਨੁਸਾਰ ਕੇਵਲ ਤਤਕਰੇ ਵਿਚ ਅੰਕਿਤ ਹੁੰਦਾ ਹੈ, ਹੋਰ ਕਿਤੇ ਨਹੀਂ; ਨ ਹੀ 'ਜਪੁ' ਬਾਣੀ ਦੇ ਸ਼ੁਰੂ ਵਿਚ ਲਿਖਿਆ ਮਿਲਦਾ ਹੈ। ਸਾਰਾਂਸ਼ ਇਹ ਕਿ ਮੂਲ ਰੂਪ ਵਿਚ ਇਸ ਬਾਣੀ ਦਾ ਨਾਂ 'ਜਪੁ' ਹੈ, 'ਨੀਸਾਣੁ' ਦਾ ਇਸ ਬਾਣੀ ਦੇ ਮੂਲ ਨਾਂ ਨਾਲ ਕੋਈ ਸੰਬੰਧ ਨਹੀਂ ਹੈ।

'ਜਪੁਜੀ' ਵਿਚ ਦੋ ਸ਼ਲੋਕ ਅਤੇ 38 ਪਉੜੀਆਂ ਹਨ। ਇਕ ਇਕ ਸ਼ਲੋਕ ਆਦਿ ਅੰਤ ਉਤੇ ਆਇਆ ਹੈ ਅਤੇ ਇਨ੍ਹਾਂ ਦੋਹਾਂ ਵਿਚਾਲੇ 38 ਪਉੜੀਆਂ ਲਿਖੀਆਂ ਹਨ। ਇਹ ਦੋਵੇਂ ਸ਼ਲੋਕ ਇਕ ਪ੍ਰਕਾਰ ਦੇ ਕੜੇ ਹਨ ਜੋ ਬਾਣੀ ਦੇ ਆਦਿ ਅੰਤ ਵਿਚ ਰਖੇ ਗਏ ਹਨ। ਇਸ ਲਈ ਇਸ ਬਾਣੀ ਦਾ ਰਚਨਾ-ਪ੍ਰਬੰਧ ਕੜਵਕ-ਸ਼ੈਲੀ ਵਾਲਾ ਹੈ। ਇਨ੍ਹਾਂ ਵਿਚੋਂ ਆਦਿ ਵਿਚ ਲਿਖਿਆ ਸ਼ਲੋਕ 'ਸੁਖਮਨੀ' ਨਾਂ ਦੀ ਬਾਣੀ ਦੀ 17ਵੀਂ ਅਸ਼ਟਪਦੀ ਤੋਂ ਪਹਿਲਾਂ ਵੀ ਦਰਜ ਹੈ ਅਤੇ ਆਖ਼ੀਰਲਾ ਸ਼ਲੋਕ ਕੁਝ ਪਾਠਾਂਤਰ ਸਹਿਤ ਗੁਰੂ ਅੰਗਦ ਦੇਵ ਦੇ ਨਾਂ ਨਾਲ 'ਮਾਝ ਕੀ ਵਾਰ' ਵਿਚ ਵੀ ਸੰਕਲਿਤ ਹੈ।

ਇਨ੍ਹਾਂ ਦੋ ਸ਼ਲੋਕਾਂ ਅਤੇ 38 ਪਉੜੀਆਂ ਦੇ ਚਾਰ ਚਾਰ ਦੇ ਦਸ ਭਾਵ-ਜੁਟ ਬਣਦੇ ਹਨ ਜਿਨ੍ਹਾਂ ਉਤੇ ਇਸ ਬਾਣੀ ਦਾ ਵਿਚਾਰ-ਭਵਨ ਉਸਰਿਆ ਹੈ। ਪਹਿਲਾ ਜੁਟ ਇਕ ਸ਼ਲੋਕ ਅਤੇ ਪਹਿਲੀਆਂ ਤਿੰਨ ਪਉੜੀਆਂ ਦਾ ਹੈ। ਇਸ ਵਿਚ ਸਚੇ ਪਰਮਾਤਮਾ ਦੇ ਹਰ ਇਕ ਸਰੂਪ ਨੂੰ ਅਜਰ ਅਤੇ ਅਮਰ ਦਸ ਕੇ ਸਾਧਕ ਦੇ ਮਨ ਵਿਚ ਉਸ ਦੀ ਪ੍ਰਾਪਤੀ ਲਈ ਉਤਸੁਕਤਾ ਪੈਦਾ ਕੀਤੀ ਗਈ ਹੈ। ਅਜਿਹੇ ਉਤਸੁਕ ਸਾਧਕ ਲਈ 'ਕੂੜ ਦੀ ਪਾਲਿ' ਨੂੰ ਤੋੜਨਾ ਹੀ ਜੀਵਨ-ਉਦੇਸ਼ ਹੈ। ਇਸ ਨਾਲ ਇਸ ਬਾਣੀ ਦੇ ਵਿਸ਼ੇ ਦਾ ਯਥਾਰਥ ਬੋਧ ਹੁੰਦਾ ਹੈ ਅਤੇ ਨਾਲ ਹੀ ਸੰਕੇਤ ਰੂਪ ਵਿਚ ਉੱਤਰ ਵੀ ਦਿੱਤਾ ਗਿਆ ਹੈ ਕਿ ਪਰਮਾਤਮਾ ਦੇ ਹੁਕਮ ਅਤੇ ਰਜ਼ਾ ਅਨੁਸਾਰ ਹੀ ਜੀਵਨ ਬਤੀਤ ਕਰਨਾ ਚਾਹੀਦਾ ਹੈ। ਤੀਜੀ ਪਉੜੀ ਵਿਚ ਗੁਣ-ਕੀਰਤਨ ਦਾ ਮਹੱਤਵ ਸਥਾਪਿਤ ਹੋਇਆ ਹੈ। ਇਸ ਤਰ੍ਹਾਂ ਪਹਿਲੇ ਸ਼ਲੋਕ ਅਤੇ ਨਾਲ ਲਗਦੀਆਂ ਤਿੰਨ ਪਉੜੀਆਂ ਵਿਚ ਵਿਸ਼ੇ ਦੀ ਭੂਮਿਕਾ ਤਿਆਰ ਕੀਤੀ ਗਈ ਹੈ।

ਦੂਜੇ ਜੁਟ (4-7) ਵਿਚ ਪਰਮਾਤਮਾ ਦੀ ਪ੍ਰਾਪਤੀ ਬਾਰੇ ਗੁਰਮਤਿ ਦਾ ਸਿੱਧਾਂਤ-ਸੂਤ੍ਰ ਦਸਿਆ ਗਿਆ ਹੈ— *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।* ਇਸ ਤੋਂ ਇਲਾਵਾ ਮੂਰਤੀ-ਪੂਜਾ, ਤੀਰਥ-ਇਸ਼ਨਾਨ, ਕਰਮ-ਕਾਂਡ ਅਤੇ ਹਠ- ਸਾਧਨਾ ਰਾਹੀਂ ਉਮਰ ਨੂੰ ਲੰਬਾ ਕਰਨ ਦੀ ਨਿਰਸਾਰਤਾ ਦਸਦੇ ਹੋਇਆਂ 'ਗੁਣੀ-ਨਿਧਾਨ' ਦਾ ਯਸ਼ ਗਾਉਣ ਦਾ ਉਪਦੇਸ਼ ਦਿੱਤਾ ਗਿਆ ਹੈ।

ਤੀਜੇ ਜੁਟ (8-11) ਵਿਚ ਸ਼੍ਰਵਣ-ਭਗਤੀ ਨੂੰ ਅਪਣਾਉਣ ਉਤੇ ਬਲ ਹੈ ਅਤੇ ਚੌਥੇ ਜੁਟ (12-15) ਵਿਚ ਮਨਨ-ਭਗਤੀ ਦੀ ਮਹੱਤਵ-ਸਥਾਪਨਾ ਹੋਈ ਹੈ। ਇਨ੍ਹਾਂ ਦੋਹਾਂ ਭਗਤੀ-ਵਿਧੀਆਂ ਰਾਹੀਂ ਬ੍ਰਹਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸ਼੍ਰਵਣ ਅਤੇ ਮਨਨ ਉਪਰੰਤ ਜਿਗਿਆਸੂ 'ਪੰਚ' ਨਾਂ ਦੀ ਅਧਿਆਤਮਿਕ ਅਵਸਥਾ ਵਿਚ ਪਹੁੰਚਿਆ 'ਪੰਚ' ਦੀ ਵਾਸਤਵਿਕਤਾ ਦਾ ਭੇਦ ਪਾ ਕੇ ਆਤਮ-ਸਮਰਪਣ ਕਰ ਦਿੰਦਾ ਹੈ—*ਜੋ ਤੁਧੁ ਭਾਵੈ ਸਾਈ ਭਲੀ ਕਾਰ।* ਪਰਮਾਤਮਾ ਦੀ ਰਚੀ ਸ੍ਰਿਸ਼ਟੀ ਦਾ ਵਿਸਤਾਰ ਅਸਲੋਂ ਨਾਮ ਦਾ ਹੀ ਪਸਾਰ ਹੈ ਕਿਉਂਕਿ *ਵਿਣੁ ਨਾਵੈ ਨਾਹੀ ਕੋ ਥਾਉ।* ਸਦੀਵੀ ਸਤਿ ਸਰੂਪ ਨਿਰਾਕਾਰ ਪਰਮਾਤਮਾ ਨੂੰ ਪ੍ਰਣਾਮ ਕਰਦੇ ਹੋਇਆਂ ਗੁਰੂ ਨਾਨਕ ਦੇਵ ਜੀ ਇਥੇ ਪੰਜਵੇਂ ਜੁਟ (16-19) ਦੀ ਸਮਾਪਤੀ ਕਰਦੇ ਹਨ। ਇਥੇ 'ਜਪੁਜੀ' ਦਾ ਪੂਰਵਾਰਧ ਖ਼ਤਮ ਹੁੰਦਾ ਹੈ।

ਛੇਵੇਂ ਜੁਟ (20-23) ਵਿਚ ਨਾਮ ਨੂੰ ਸਰਵ-ਪਾਪ-ਨਾਸ਼ਕ ਮੰਨਿਆ ਗਿਆ ਹੈ—*ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।* ਇਸ ਤੋਂ ਇਲਾਵਾ ਸ੍ਰਿਸ਼ਟੀ ਦੀ ਉਤਪੱਤੀ ਅਤੇ ਵਿਕਾਸ ਬਾਰੇ ਪ੍ਰਚਲਿਤ ਮੱਤਾਂ ਦਾ ਖੰਡਨ ਕਰਦੇ ਹੋਇਆਂ ਗੁਰੂ ਜੀ ਨੇ ਦਸਿਆ ਹੈ ਕਿ ਇਸ ਸਭ ਦਾ

ਭੇਦ ਕੇਵਲ ਪਰਮਾਤਮਾ ਨੂੰ ਹੀ ਪਤਾ ਹੈ ਜੋ ਵਿਅਕਤੀ ਪਰਮ-ਸੱਤਾ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ, ਉਸ ਤੁਲ ਇਸ ਸੰਸਾਰ ਵਿਚ ਕੋਈ ਵੀ ਨਹੀਂ ਹੈ। ਸੱਤਵੇਂ ਜੁਟ (24-27) ਵਿਚ ਫਿਰ ਪਰਮਾਤਮਾ ਦੀ ਮਹਾਨਤਾ ਅਤੇ ਅਨੰਤਤਾ ਤੋਂ ਇਲਾਵਾ ਉਸ ਦੇ ਹੁਕਮ ਅਤੇ ਰਜ਼ਾ ਉਤੇ ਪ੍ਰਕਾਸ਼ ਪਾਉਂਦੇ ਹੋਇਆਂ ਉਸ ਨੂੰ ਸਰਵ-ਸ਼ਕਤੀਮਾਨ ਮੰਨਿਆ ਗਿਆ ਹੈ— *ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ। ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।*

ਅੱਠਵੇਂ ਜੁਟ (28-31) ਵਿਚ ਸੰਸਾਰ ਦੇ ਸਾਰੇ ਪ੍ਰਚਲਿਤ ਧਰਮਾਂ ਦੇ ਬਾਹਰਲੇ ਪਾਖੰਡਾਂ ਅਤੇ ਕਰਮ-ਕਾਂਡਾਂ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰਦੇ ਹੋਇਆਂ ਉਨ੍ਹਾਂ ਨੂੰ ਨਿਖੇਧਣ ਦੀ ਪ੍ਰੇਰਣਾ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਸਤਿ-ਸਰੂਪ ਪਰਮਾਤਮਾ ਦੀ ਪ੍ਰਾਪਤੀ ਲਈ ਸੰਤੋਖ, ਧਿਆਨ ਆਦਿ ਟਿਕਾਉ ਦੀਆਂ ਕ੍ਰਿਆਵਾਂ ਰਾਹੀਂ ਮਨ ਨੂੰ ਵਸ ਵਿਚ ਕਰਨ ਦੀ ਤਾਕੀਦ ਕੀਤੀ ਗਈ ਹੈ।

ਨੌਵੇਂ ਜੁਟ (32-35) ਵਿਚ ਜਿਗਿਆਸੂ ਦੀ ਬਿਰਤੀ ਨੂੰ ਅੰਤਰਮੁਖੀ ਬਣਾ ਕੇ ਉਸ ਨੂੰ ਸਾਧਨਾ ਦੀਆਂ ਵਾਸਤਵਿਕ ਪਉੜੀਆਂ ਉਤੇ ਚੜ੍ਹਨ ਅਤੇ ਪਰਮਾਤਮਾ ਨਾਲ ਇਕ-ਰੂਪ ਹੋਣ ਲਈ ਅਗੇ ਤੋਰਿਆ ਗਿਆ ਹੈ। ਇਥੋਂ ਆਤਮਿਕ ਵਿਕਾਸ ਦੀਆਂ ਪੰਜ ਅਵਸਥਾਵਾਂ ਜਾਂ ਭੂਮਿਕਾਵਾਂ ਦਾ ਆਰੰਭ ਹੁੰਦਾ ਹੈ ਅਤੇ ਧਰਮ-ਖੰਡ ਅਤੇ ਗਿਆਨ-ਖੰਡ ਦੇ ਸਰੂਪ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਪਿਛੋਂ ਦਸਵੇਂ ਜੁਟ (36-38,1 ਸ਼ਲੋਕ) ਵਿਚ ਧਰਮ, ਕਰਮ ਅਤੇ ਸਚ ਨਾਂ ਦੇ ਖੰਡਾਂ ਦਾ ਵਿਵਰਣ ਪੇਸ਼ ਕਰਦੇ ਹੋਇਆਂ ਗੁਰੂ ਜੀ ਨੇ ਸੁਨਿਆਰੇ ਦੀ ਦੁਕਾਨ ਜਾਂ ਭੱਠੀ ਦੇ ਰੂਪਕ ਰਾਹੀਂ 'ਸ਼ਬਦ' ਦੀ ਟਕਸਾਲ ਦਾ ਚਿਤ੍ਰਣ ਕੀਤਾ ਹੈ ਅਤੇ ਅੰਤਿਮ ਸ਼ਲੋਕ ਵਿਚ ਸਮੁੱਚੇ ਸੰਸਾਰਿਕ ਪ੍ਰਪੰਚ ਦੇ ਪ੍ਰਸੰਗ ਵਿਚ ਜਿਗਿਆਸੂ ਦਾ ਵਿਜੈ-ਸ਼ਾਲੀ ਅੰਤ ਸਪੱਸ਼ਟ ਕੀਤਾ ਹੈ।

ਇਸ ਤਰ੍ਹਾਂ 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਮਹੱਤਵਪੂਰਣ ਅਧਿਆਤਮਿਕ ਵਿਸ਼ੇ ਨੂੰ ਲੈ ਕੇ ਉਸ ਦਾ ਵਿਸ਼ਲੇਸ਼ਣ ਪਦਿਆਂ ਦੇ ਦਸ ਜੁਟਾਂ ਰਾਹੀਂ ਪੇਸ਼ ਕੀਤਾ ਹੈ ਅਤੇ ਬੜੇ ਢੁੱਕਵੇਂ ਢੰਗ ਨਾਲ ਮੂਲ ਬੌਧਿਕ ਪ੍ਰਸ਼ਨ—*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ*— ਦਾ ਉੱਤਰ *ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ* ਅਤੇ *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ* ਰਾਹੀਂ ਦੇ ਕੇ ਆਪਣੇ ਭਗਤੀ-ਮਾਰਗ ਦਾ ਸਰੂਪ ਸਪੱਸ਼ਟ ਕੀਤਾ ਹੈ। ਅੰਤ ਉਤੇ ਹਰਿ-ਭਗਤੀ ਦੁਆਰਾ ਹੋਈ ਪ੍ਰਾਪਤੀ ਦਾ ਵਰਣਨ ਵੀ ਕੀਤਾ ਹੈ— *ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।*

ਇਸ ਬਾਣੀ ਵਿਚ ਚਿੰਤਨ ਅਤੇ ਭਾਵਨਾ ਦਾ ਮਣੀ-ਕੰਚਨ ਸੰਯੋਗ ਹੋਇਆ ਹੈ। ਇਸ ਵਿਚ ਭਗਤੀ ਤੋਂ ਬਿਨਾ ਬੌਧਿਕ ਚਿੰਤਨ ਦੀ ਸਾਰੀ ਪ੍ਰਕ੍ਰਿਆ ਨੂੰ ਨਿਸ਼ਫਲ ਸਿੱਧ ਕੀਤਾ ਗਿਆ ਹੈ। ਇਸ ਲਈ ਇਹ ਰਚਨਾ ਇਕ ਨਿਸਚਿਤ ਵਿਚਾਰ-ਲੜੀ ਰਾਹੀਂ ਭਗਤ ਦੇ ਸਾਧਨਾ-ਮਾਰਗ ਦੀਆਂ ਭਿੰਨ ਭਿੰਨ ਅਵਸਥਾਵਾਂ ਦਾ ਚਿਤ੍ਰਣ ਕਰਕੇ ਉਸ ਦੇ ਜੀਵਨ-ਉਦੇਸ਼ ਨੂੰ ਸਪੱਸ਼ਟ ਕਰਦੀ ਹੈ।

ਕਲਾਤਮਕ ਪੱਖ ਤੋਂ ਜਪੁਜੀ ਸੂਤ੍ਰਿਕ ਸ਼ੈਲੀ ਵਿਚ ਲਿਖੀ ਗਈ ਗੁਟ ਰਚਨਾ ਹੈ। ਇਸ ਦਾ ਸਰੂਪ ਗਾਗਰ ਵਿਚ ਸਾਗਰ ਭਰਨ ਵਾਂਗ ਹੈ। ਇਸ ਵਿਚ ਜਿਗਿਆਸੂ ਨੂੰ ਅਧਿਆਤਮਿਕ ਯਾਤ੍ਰਾ ਵੇਲੇ ਕਿਨ੍ਹਾਂ ਕਿਨ੍ਹਾਂ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਦਾ ਬੜੀ ਨਿਪੁਣ ਵਿਧੀ ਨਾਲ ਚਿਤ੍ਰਣ ਹੋਇਆ ਹੈ। ਹਰ ਇਕ ਪਉੜੀ ਅਗਲ-ਪਿਛਲ ਸੰਬੰਧ ਕਾਇਮ ਰਖਦੀ ਹੋਈ ਮੂਲ-ਭਾਵ ਦਾ ਸਹੀ ਢੰਗ ਨਾਲ ਵਿਕਾਸ ਕਰਦੀ ਹੈ। ਛੰਦ-ਬੱਧ ਹੋਣ ਦੇ ਬਾਵਜੂਦ ਇਹ ਕਿਸੇ ਪ੍ਰਕਾਰ ਦੇ ਛੰਦ ਦੇ ਬੰਧਨ ਨੂੰ ਸਵੀਕਾਰ ਨਹੀਂ ਕਰਦੀ, ਪਰ ਫਿਰ ਵੀ ਸੁੰਦਰ ਕਾਵਿ-ਰਚਨਾ ਹੈ। ਕਈਆਂ ਪਉੜੀਆਂ ਵਿਚ ਤੁਕਾਂ ਦੇ ਦੋਹਰਾਓ ਨਾਲ ਲੈਅ ਪੈਦਾ ਕੀਤੀ ਗਈ ਹੈ।

ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਸਧੁੱਕੜੀ ਕਹੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਅਨੇਕ ਭਾਸ਼ਾਵਾਂ ਦੇ ਤੱਤ੍ਵ ਮਿਲ ਜਾਂਦੇ ਹਨ। ਗੁਰੂ ਜੀ ਨੇ ਕਿਸੇ ਵਿਸ਼ੇਸ਼ ਭਾਸ਼ਾ ਦੇ ਮੋਹ ਵਿਚ ਨ ਪੈ ਕੇ ਭਾਸ਼ਾ ਦੇ ਅਰਥ-ਗਤ ਗੌਰਵ ਦਾ ਧਿਆਨ ਰਖਿਆ ਹੈ। ਇਸ ਤੋਂ ਗੁਰੂ ਨਾਨਕ ਦੇਵ ਜੀ ਦੇ ਵਿਸ਼ਾਲ ਗਿਆਨ ਅਤੇ ਸ਼ਬਦ-ਪ੍ਰਯੋਗ ਦੀ ਸੂਖਮ ਸੂਝ ਦਾ ਪਰਿਚਯ ਮਿਲਦਾ ਹੈ, ਜਿਵੇਂ ਸ੍ਰਿਸ਼ਟੀ ਰਚਨਾ ਦੇ ਆਰੰਭ ਬਾਰੇ ਗੱਲ ਕਰਨ ਵੇਲੇ ਸਾਮੀ ਅਤੇ ਭਾਰਤੀ ਦ੍ਰਿਸ਼ਟੀਆਂ ਨੂੰ ਉਸੇ ਭਾਸ਼ਿਕ ਸੰਦਰਭ ਵਿਚ ਪੇਸ਼ ਕੀਤਾ ਹੈ— *ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ। ਵਖਤੁ ਨ ਪਾਇਓ*

*ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।*

ਸਚਮੁਚ ਇਹ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਸ਼ਾਹਕਾਰ ਹੈ। ਇਸ ਵਿਚਲੇ 'ਮੂਲ-ਮੰਤ੍ਰ' ਦਾ ਸਿੱਖ ਧਰਮ ਵਿਚ ਉਹੀ ਮਹੱਤਵ ਅਤੇ ਸਤਿਕਾਰ ਹੈ ਜੋ 'ਗਾਇਤ੍ਰੀ ਮੰਤ੍ਰ' ਦਾ ਹਿੰਦੂ ਧਰਮ ਵਿਚ ਅਤੇ 'ਕਲਮਾ' ਦਾ ਇਸਲਾਮ ਵਿਚ ਹੈ।

**ਜਪੁ ਪਰਮਾਰਥ** (ਰਚਨਾ) : ਇਹ ਸੇਵਾਪੰਥੀ ਸੰਪ੍ਰਦਾਇ ਦੀ ਕਥਾ-ਵਾਰਤਾ ਅਤੇ ਵਿਆਖਿਆ ਦੀ ਟਕਸਾਲ ਦਾ ਢਲਿਆ ਸਿੱਕਾ ਹੈ। ਇਸ ਸੰਪ੍ਰਦਾਇ ਵਿਚ ਗੁਰਬਾਣੀ ਦੇ ਅਰਥ ਕਰਨ ਦੀ ਮੌਖਿਕ ਪਰੰਪਰਾ ਤਾਂ ਬਹੁਤ ਪਹਿਲਾਂ ਹੀ ਚਲ ਰਹੀ ਹੈ, ਪਰ ਲਿਖਿਤ ਰੂਪ ਵਿਚ ਜੁਪਜੀ ਦਾ ਇਹ ਇਕੋ ਇਕ ਪੁਰਾਤਨ ਟੀਕਾ ਉਪਲਬਧ ਹੋਇਆ ਹੈ। ਨੌਂ ਪੰਕਤੀਆਂ ਵਾਲੇ 131 ਪੰਨਿਆਂ ਦੇ 'ਜਪੁ ਪਰਮਾਰਥ' ਦੀ ਇਕ ਹੱਥ-ਲਿਖਿਤ ਪੋਥੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ (ਅੰਕ 3399) ਵਿਚ ਸੁਰਖਿਅਤ ਸੀ। ਪਰ ਬਲੂ ਸਟਾਰ ਓਪਰੇਸ਼ਨ ਤੋਂ ਬਾਦ ਉਸ ਦਾ ਕੁਝ ਵੀ ਪਤਾ ਨਹੀਂ। ਇਕ ਪੋਥੀ ਦਸ਼ਮੇਸ਼ ਲਾਇਬ੍ਰੇਰੀ, ਆਨੰਦਪੁਰ (ਨੰ.612) ਵਿਚ ਵੀ ਉਪਲਬਧ ਹੈ। ਅੰਦਰਲੀ ਗਵਾਹੀ ਅਨੁਸਾਰ ਇਹ ਸੇਵਾਪੰਥੀ ਸੰਪ੍ਰਦਾਇ ਦੇ ਸਾਧਕ ਭਾਈ ਰਾਮ ਕ੍ਰਿਸ਼ਨ ਦੀ ਰਚਨਾ ਹੈ, ਜੋ ਭਾਈ ਸੇਵਾ ਦਾਸ ਦੇ ਸਿੱਖ-ਸੇਵਕ ਸਨ। ਇਸ ਤੋਂ ਭਿੰਨ ਇਸ ਦੇ ਕਰਤ੍ਰਿਤਵ ਸੰਬੰਧੀ ਕੋਈ ਹੋਰ ਗਵਾਹੀ ਨਹੀਂ ਮਿਲਦੀ। ਇਸ ਦੀ ਰਚਨਾ 1796 ਈ. (ਸੰ.1853 ਬਿ., ਮਘਰ ਸੁਦੀ ਦੋ, ਵੀਰਵਾਰ) ਵਿਚ ਹੋਈ ਦਸੀ ਗਈ ਹੈ।

ਲੇਖਕ ਦਾ ਟੀਕਾ ਕਰਨ ਦੀ ਤਕਨੀਕ ਇਸ ਪ੍ਰਕਾਰ ਹੈ— ਪਹਿਲਾਂ ਜਪੁ ਬਾਣੀ ਦੀ ਤੁਕ ਦਿੱਤੀ ਹੈ ਅਤੇ ਫਿਰ ਉਸ ਦਾ ਟੀਕਾ ਲਿਖਿਆ ਹੈ। ਉਦਾਹਰਣ ਵਜੋਂ:

*ਸਤਨਾਮੁ ਕਰਤਾ ਪੁਰਖ*

*ਯਹ ਨਾਮ ਪ੍ਰਮਾਤਮਾ ਕਾ ਹੈ। ਸਤ ਕਹੀਯੇ ਜਾਗ੍ਰਤ ਸੁਪਨ ਸੁਖੋਪਤਿ ਯਹ ਤੀਨ ਅਵਸਥਾ ਕੇ ਪ੍ਰਮਾਣ ਬਿਖੇ ਜੋ ਸਤ ਮਾਤ੍ਰ ਜਿਉ ਕਾ ਤਿਉ ਤੀਨੋ ਕਾਲ ਬਿਖੇ ਸਾਖੀ ਸਰੂਪ ਅਬਿਨਾਸੀ ਹੈ। ਅਰ ਕਰਤਾ ਕਹੀਯੈ। ਮਾਯਾ ਕਾ ਆਸ੍ਰੈ ਸਥਾਪਨਾ। ਅਰੁ ਜੋ ਅਪਨੀ ਚੇਤੰਨ ਸਤਾ ਕਰਿ ਕੈ ਮਾਯਾ ਦਵਾਰੇ ਵਾਰੰਵਾਰ ਜਗਤ ਰਚੇ ਹੈ।* (ਪੱਤਰਾ 2)

ਗੰਭੀਰ ਦਾਰਸ਼ਨਿਕ ਤੱਥਾਂ ਨੂੰ ਸਪੱਸ਼ਟ ਕਰਨ ਲਈ ਲੇਖਕ ਸੰਸਕ੍ਰਿਤ ਦੀ ਨਨੁ-ਉੱਤਰ ਪੱਧਤੀ ਅਨੁਸਾਰ ਪਹਿਲਾਂ ਆਪ ਸ਼ੰਕਾ ਪੈਦਾ ਕਰਦਾ ਹੈ ਅਤੇ ਆਪ ਹੀ ਉਸ ਦਾ ਸਮਾਧਾਨ ਕਰਦਾ ਹੈ। ਕਈਆਂ ਥਾਂਵਾਂ ਤੇ ਪ੍ਰਸ਼ਨ ਜਾਂ ਸ਼ੰਕਾ ਕਿਸੇ ਸਿੱਖ ਵਲੋਂ ਕਰਵਾ ਕੇ ਫਿਰ ਉਸ ਦਾ ਵਿਸ਼ਲੇਸ਼ਣ ਕੀਤਾ ਹੈ। ਅਜਿਹਾ ਕਰਨ ਨਾਲ ਇਹ ਟੀਕਾ ਜਾਂ ਪਰਮਾਰਥ ਗੋਸਟਿ-ਨੁਮਾ ਬਣ ਗਿਆ ਹੈ। ਇਸ ਨਾਲ ਭਾਵ-ਬੋਧ ਵਿਚ ਸੁਗਮਤਾ ਹੋਈ ਹੈ ਅਤੇ ਅਧਿਆਤਮਿਕ ਚਰਚਾ ਦੀ ਨੀਰਸਤਾ ਘਟੀ ਹੈ। ਆਪਣੇ ਮਤ ਦੇ ਪ੍ਰਤਿਪਾਦਨ ਲਈ ਗੁਰਬਾਣੀ ਵਿਚੋਂ ਸਮਾਨ ਭਾਵ-ਬੋਧਕ ਤੁਕਾਂ ਵੀ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਭਾਰਤੀ ਧਰਮ-ਗ੍ਰੰਥਾਂ ਵਿਚੋਂ ਤੁਕਾਂ ਜਾਂ ਪ੍ਰਸੰਗ ਦੇ ਕੇ ਇਸ ਵਿਆਖਿਆ ਨੂੰ ਭਾਰਤੀ ਸੰਦਰਭ ਵੀ ਪ੍ਰਦਾਨ ਕੀਤਾ ਗਿਆ ਹੈ।

ਲੇਖਕ ਨੇ ਜਪੁ ਰਚਨਾ ਦੇ ਮੂਲ ਉਦੇਸ਼ ਤੋਂ ਇਲਾਵਾ ਕੁਝ ਪਉੜੀਆਂ ਦੀ ਉਥਾਨਿਕਾ ਵੀ ਦਿੱਤੀ ਹੈ। ਭਗਤੀ ਮਾਰਗ ਨੂੰ ਯੋਗ ਮਾਰਗ ਤੋਂ ਸਰਲ ਅਤੇ ਸਹਿਜ ਦਸਦੇ ਹੋਇਆਂ ਜਪੁਜੀ ਨੂੰ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਦਸਿਆ ਹੈ— *ਜਪੁ ਪਰਮਾਰਥ ਯਹ ਕਹਯੋ ਸਰਬ ਗ੍ਰਿੰਥ ਜੋ ਸਾਰ। ਸੁਨੇ ਸੁਨਾਵੈ ਚਿਤ ਦੇ ਸੋ ਭਵਸਾਗਰ ਪਾਰ।* ਇਸ ਦੀ ਭਾਸ਼ਾ ਸਾਧ ਭਾਸ਼ਾ ਤੋਂ ਪ੍ਰਭਾਵਿਤ ਪੁਰਾਣੀ ਪੰਜਾਬੀ ਹੈ। ਅਧਿਕਤਰ ਭਾਰਤੀ ਵਿਰਸੇ ਵਾਲੇ ਸ਼ਬਦ ਵਰਤੇ ਗਏ ਹਨ। ਦਾਰਸ਼ਨਿਕ ਅਤੇ ਸਿੱਧਾਂਤਿਕ ਵਿਸ਼ਾ ਹੋਣ ਕਰਕੇ ਕਿਤੇ ਕਿਤੇ ਭਾਸ਼ਾ ਔਖੀ ਹੋ ਗਈ ਹੈ ਅਤੇ ਸ਼ੈਲੀ ਵੀ ਗੰਭੀਰ ਅਤੇ ਕੁਝ ਹਦ ਤਕ ਸਾਧਾਰਣ ਜਿਗਿਆਸੂ ਦੀ ਬੌਧਿਕ ਪੱਧਰ ਤੋਂ ਉੱਚੀ ਹੋ ਗਈ ਹੈ। ਜਪੁਜੀ ਦੀ ਵਿਆਖਿਆ-ਪਰੰਪਰਾ ਵਿਚ ਸੇਵਾ ਪੰਥੀ ਸੰਪ੍ਰਦਾਇ ਦੀ ਇਹ ਮਹੱਤਵਪੂਰਣ ਦੇਣ ਮੰਨੀ ਗਈ ਹੈ।

**ਜ਼ਫ਼ਰਨਾਮਾ** (ਪੱਤਰ) : ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ ਇਕ ਇਤਿਹਾਸਿਕ ਪੱਤਰ ਜੋ 'ਦਸਮ ਗ੍ਰੰਥ' ਦੇ ਆਖ਼ੀਰ 'ਤੇ ਸੰਕਲਿਤ ਹੋਇਆ ਹੈ। ਕਈ ਪੁਰਾਤਨ ਬੀੜਾਂ ਵਿਚ ਇਸ ਦਾ ਨਾਂ 'ਜੰਗਨਾਮਾ' ਵੀ ਲਿਖਿਆ ਹੈ। ਇਹ ਪੱਤਰ ਸੰ. 1763 ਬਿ. (1706 ਈ.) ਵਿਚ ਮਾਲਵੇ ਦੇ ਕਾਂਗੜ ਪਿੰਡ ਤੋਂ ਲਿਖਿਆ ਗਿਆ ਸੀ ਅਤੇ ਇਸ ਨੂੰ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਹੱਥੀਂ ਬਾਦਸ਼ਾਹ ਨੂੰ ਭੇਜਿਆ ਗਿਆ ਸੀ। ਇਸ ਵਿਚ ਮੁੱਖ ਤੌਰ 'ਤੇ ਬਾਦਸ਼ਾਹ ਦੇ ਅਯੋਗ ਕੰਮਾਂ ਅਤੇ ਅਨਿਆਇ

ਦਾ ਜ਼ਿਕਰ ਕਰਕੇ ਫਿਰ ਹਿਤ-ਭਰੀ ਸਿਖਿਆ ਦਿੱਤੀ ਗਈ ਹੈ। ਇਸ ਜ਼ਫ਼ਰਨਾਮੇ ਦੇ ਨਾਲ 'ਦਸਮ-ਗ੍ਰੰਥ' ਵਿਚ 11 ਹਿਕਾਇਤਾਂ ਵੀ ਦਰਜ ਹਨ। ਕੁਝ ਵਿਦਵਾਨ ਇਨ੍ਹਾਂ ਹਿਕਾਇਤਾਂ ਨੂੰ ਜ਼ਫ਼ਰਨਾਮੇ ਦੀ ਅੰਤਿਕਾ ਜਾਂ ਪਰਿਸ਼ਿਸ਼ਟ ਮੰਨਦੇ ਹਨ ਅਤੇ ਕੁਝ ਦੀ ਧਾਰਣਾ ਹੈ ਕਿ ਇਹ ਸੁਤੰਤਰ ਰਚਨਾ ਹੈ।

ਜ਼ਫ਼ਰਨਾਮੇ ਤੋਂ ਭਾਵ ਹੈ ਵਿਜੈ-ਪੱਤਰ ਜਾਂ ਜਿਤ ਦੀ ਚਿੱਠੀ। ਇਸ ਦੇ ਹੁਣ ਕੇਵਲ 111 ਛੰਦ ਉਪਲਬਧ ਹਨ। ਪਰ ਅੰਤ ਉਤੇ ਕਿਸੇ ਪ੍ਰਕਾਰ ਦੀ ਸਮਾਪਤੀ ਸੂਚਕ ਉਕਤੀ ਦੇ ਨ ਲਿਖੇ ਹੋਣ ਕਾਰਣ ਇੰਜ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਅੰਤ ਵਿਚ ਕੁਝ ਛੰਦ ਰਹਿ ਗਏ ਹੋਣ। ਇਸ ਲਈ ਇਸ ਦੇ ਆਕਾਰ ਬਾਰੇ ਸਹੀ ਸਥਿਤੀ ਦਸ ਸਕਣਾ ਹੁਣ ਸੰਭਵ ਨਹੀਂ, ਕੇਵਲ ਉਪਲਬਧ 111 ਛੰਦਾਂ ਨੂੰ ਹੀ ਵਿਚਾਰਨ ਦਾ ਆਧਾਰ ਬਣਾਇਆ ਜਾ ਸਕਦਾ ਹੈ। ਇਸ ਦੇ ਦੋ ਭਾਗ ਹਨ। ਪਹਿਲਾ ਹਿੱਸਾ ਮੰਗਲਾਚਰਣ ਦਾ ਹੈ ਜਿਸ ਵਿਚ ਪਰਮਾਤਮਾ ਦਾ ਗੁਣਗਾਨ ਕੀਤਾ ਗਿਆ ਹੈ। ਉਸ ਦੀ ਸਰਬ-ਵਿਆਪਕਤਾ ਉਤੇ ਅਧਿਕ ਬਲ ਦਿੱਤਾ ਗਿਆ ਹੈ।

ਇਸ ਦੇ ਦੂਜੇ ਭਾਗ ਵਿਚ 99 ਛੰਦ ਹਨ। ਇਸ ਨੂੰ 'ਦਾਸਤਾਨ' ਸਿਰਲੇਖ ਦਿੱਤਾ ਗਿਆ ਹੈ। ਇਸ ਵਿਚ ਬਾਦਸ਼ਾਹ ਦੇ ਸੈਨਾ-ਨਾਇਕਾਂ ਅਤੇ ਹਾਕਮਾਂ ਵਲੋਂ ਵਿਸ਼ਵਾਸਘਾਤ ਕਰਕੇ ਗੁਰੂ ਸਾਹਿਬ ਦੀ ਆਨੰਦਪੁਰ ਤੋਂ ਨਿਕਲਦੀ ਸੈਨਾ ਉਤੇ ਕੀਤੇ ਅਚਾਨਕ ਹਮਲੇ ਅਤੇ ਗੁਰੂ ਸਾਹਿਬ ਦੇ ਹੋਏ ਬੇਹਿਸਾਬੇ ਨੁਕਸਾਨ ਦਾ ਉੱਲੇਖ ਕੀਤਾ ਗਿਆ ਹੈ। ਇਸ ਵਿਚ ਔਰੰਗਜ਼ੇਬ ਦੀ ਵੀਰਤਾ ਅਤੇ ਨਾਲ ਨਾਲ ਧਾਰਮਿਕ ਕਟੜਤਾ ਦਾ ਜ਼ਿਕਰ ਕਰਕੇ ਗੁਰੂ ਜੀ ਨੇ ਬਾਦਸ਼ਾਹ ਨੂੰ ਲਾਅਨਤ ਪਾਈ ਕਿ ਉਸ ਦੇ ਅਧਿਕਾਰੀਆਂ ਨੇ ਕਸਮਾਂ ਤੋੜ ਕੇ ਅਧਰਮ ਦਾ ਕਾਰਜ ਕੀਤਾ ਜਿਸ ਦਾ ਅਸਲ ਜ਼ਿੰਮੇਵਾਰ ਬਾਦਸ਼ਾਹ ਖ਼ੁਦ ਹੈ। ਚਿੱਠੀ ਵਿਚ ਬਾਦਸ਼ਾਹ ਨੂੰ ਦਸਿਆ ਗਿਆ ਹੈ ਕਿ ਉਸ ਦਾ ਨ ਤਾਂ ਖ਼ੁਦਾ ਵਿਚ ਯਕੀਨ ਹੈ ਅਤੇ ਨ ਹੀ ਹਜ਼ਰਤ ਮੁਹੰਮਦ ਪ੍ਰਤਿ ਵਿਸ਼ਵਾਸ ਹੈ। ਉਸ ਨੇ ਆਪਣੇ ਪਿਤਾ ਅਤੇ ਭਰਾਵਾਂ ਦੀ ਹਤਿਆ ਕੀਤੀ ਸੀ ਅਤੇ ਹਿੰਦੂਆਂ ਨੂੰ ਵਧ ਚੜ੍ਹ ਕੇ ਮੁਸਲਮਾਨ ਬਣਾਇਆ ਸੀ। ਗੁਰੂ ਜੀ ਨੇ ਉਸ ਨੂੰ ਅਗੇ ਲਿਖਿਆ ਕਿ ਤੂੰ ਆਪਣੀ ਪ੍ਰਜਾ ਨਾਲ ਅਨਿਆਂ ਕੀਤਾ ਹੈ। ਪਰ ਹੁਣ ਤੈਨੂੰ ਨਿਆਂ ਪੂਰਵਕ ਵਿਹਾਰ ਕਰਨਾ ਚਾਹੀਦਾ ਹੈ। ਤੂੰ ਮੇਰੇ ਚਾਰ ਪੁੱਤਰ ਮਾਰ ਦਿੱਤੇ ਪਰ ਕੋਈ ਗੱਲ ਨਹੀਂ ਅਜੇ ਤਾਂ ਮੈਂ ਤੇਰੇ ਮਾਰਨ ਲਈ ਜੀਉਂਦਾ ਹਾਂ। ਤੈਨੂੰ ਚਾਹੀਦਾ ਹੈ ਕਿ ਹੰਕਾਰ ਅਤੇ ਅਭਿਮਾਨ ਨੂੰ ਛਡ ਕੇ ਪ੍ਰਜਾ ਦੀ ਸੇਵਾ ਕਰ ਅਤੇ ਪਰਮਾਤਮਾ ਨੂੰ ਸਭ ਤੋਂ ਸ੍ਰੇਸ਼ਠ ਮੰਨ ਕਿਉਂਕਿ ਉਹੀ ਤੇਰੀ ਰਖਿਆ ਕਰਨ ਵਾਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਦਾ ਹੋਣ ਬੋਧ ਇਸ ਚਿੱਠੀ ਤੋਂ ਬੜੇ ਸੁੰਦਰ ਢੰਗ ਨਾਲ ਹੋ ਜਾਂਦਾ ਹੈ। ਉਨ੍ਹਾਂ ਦੇ ਮਨ ਵਿਚ ਅਪਾਰ ਅਤੇ ਕਦੇ ਨ ਦਬਾਇਆ ਜਾ ਸਕਣ ਵਾਲਾ ਉਤਸਾਹ ਹੈ। ਉਹ ਜੋ ਗੱਲ ਕਹਿਣਾ ਚਾਹੁੰਦੇ ਹਨ, ਨਿਝਕ ਹੋ ਕੇ ਕਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਕੋਈ ਡਰ ਨਹੀਂ ਹੈ। ਉਹ ਨੇਕੀ ਅਤੇ ਨਿਆਇਸ਼ੀਲਤਾ ਵਿਚ ਵਿਸ਼ਵਾਸ ਰਖਣ ਵਾਲੇ ਸਚੇ ਲੋਕ-ਨਾਇਕ ਹਨ ਜੋ ਲੜਾਈ ਉਦੋਂ ਤਕ ਹੀ ਚਾਹੁੰਦੇ ਹਨ ਜਦੋਂ ਤਕ ਉਸ ਤੋਂ ਬਿਨਾ ਸਮਸਿਆ ਦਾ ਹਲ ਨ ਹੋ ਸਕੇ।

ਇਹ ਪੱਤਰ ਇਤਨੀ ਈਮਾਨਦਾਰੀ ਅਤੇ ਅਦੁੱਤੀ ਸਾਹਸ ਨਾਲ ਲਿਖਿਆ ਗਿਆ ਸੀ ਕਿ ਇਸ ਦੇ ਸੁਣਨ ਨਾਲ ਬਿਰਧ ਔਰੰਗਜ਼ੇਬ ਦਾ ਕਠੋਰ ਮਨ ਪਸੀਜ ਗਿਆ। ਇਤਿਹਾਸਕਾਰਾਂ ਦਾ ਮਤ ਹੈ ਕਿ ਉਸ ਨੇ ਸੂਬਾ ਲਾਹੌਰ ਅਤੇ ਸੂਬਾ ਸਰਹਿੰਦ ਨੂੰ ਹਦਾਇਤਾਂ ਭੇਜੀਆਂ ਕਿ ਗੁਰੂ ਸਾਹਿਬ ਨਾਲ ਚੰਗਾ ਅਤੇ ਆਦਰ ਭਰਿਆ ਵਿਵਹਾਰ ਕੀਤਾ ਜਾਏ। ਕੁਝ ਇਤਿਹਾਸਕਾਰ ਤਾਂ ਇਥੋਂ ਤਕ ਮੰਨਦੇ ਹਨ ਕਿ ਔਰੰਗਜ਼ੇਬ ਨੂੰ ਆਪਣੀਆਂ ਕਮਜ਼ੋਰੀਆਂ ਅਤੇ ਅਨਿਆਂਕਾਰੀਆਂ ਦਾ ਇਤਨਾ ਡੂੰਘਾ ਅਹਿਸਾਸ ਹੋਇਆ ਕਿ ਇਸ ਨਮੋਸ਼ੀ ਕਾਰਣ ਹੀ ਉਹ ਦਿਲ ਛਡ ਬੈਠਾ ਅਤੇ ਮਰ ਗਿਆ।

ਇਸ ਜ਼ਫ਼ਰਨਾਮੇ ਦੀ ਭਾਸ਼ਾ ਫ਼ਾਰਸੀ ਹੈ, ਪਰ ਲੋੜ ਅਨੁਸਾਰ ਕਿਤੇ ਕਿਤੇ ਦੇਸੀ ਭਾਸ਼ਾਵਾਂ ਦੇ ਸ਼ਬਦ ਵੀ ਵਰਤ ਲਏ ਗਏ ਹਨ। ਇਸ ਵਿਚ ਫ਼ਾਰਸੀ ਮੁਹਾਵਰੇ ਨੂੰ ਇਤਨੀ ਖ਼ੂਬਸੂਰਤੀ ਨਾਲ ਸੰਜੋਇਆ ਗਿਆ ਹੈ ਕਿ ਇਹ ਕਵੀ ਦੇ ਫ਼ਾਰਸੀ ਗਿਆਨ ਅਤੇ ਉਸ ਵਿਚਲੇ ਸਾਹਿਤਿਕ ਸੋਹਜ ਦਾ ਨਮੂਨਾ ਬਣ ਕੇ ਰਹਿ ਗਿਆ ਹੈ। ਇਸ ਵਿਚ ਵਰਤੇ ਛੰਦ ਦਾ ਤੋਲ ਫ਼ਾਰਸੀ ਮਸਨਵੀਆਂ ਵਿਚ ਵਰਤੇ ਬਹਿਰ ਨਾਲ ਮੇਲ ਖਾਂਦਾ ਹੈ। ਇਸ ਵਿਚ ਕਥਨ-ਸ਼ਕਤੀ ਅਤੇ ਗੱਲ ਨੂੰ ਤੋਰਨ ਦੀ ਪ੍ਰਭਾਵਸ਼ਾਲਤਾ ਇਤਨੀ ਅਧਿਕ ਹੈ ਕਿ ਇਸ ਦੇ ਬਹੁਤੇ ਛੰਦ ਸੁਭਾਸ਼ਿਤ ਬਣ ਗਏ ਹਨ ਅਤੇ ਪੜ੍ਹਨ ਸੁਣਨ ਵਾਲੇ ਉਤੇ ਅਸਰ ਪਾਉਂਦੇ ਹਨ। ਇਹੀ ਕਾਰਣ ਹੈ ਕਿ

ਔਰੰਗਜ਼ੇਬ ਵਰਗੇ ਕਠੋਰ ਸ਼ਾਸਕ ਵੀ ਇਸ ਵਿਚਲੇ ਵਿਅੰਗ ਅਤੇ ਡਾਂਟ ਦੀ ਤਾਬ ਨ ਲਾ ਸਕੇ ਅਤੇ ਇਕ ਦਰਵੇਸ਼ ਗੁਰੂ ਨੂੰ ਸਤਾਉਣ ਦੀ ਗੱਲ ਤੋਂ ਪੈਦਾ ਹੋਣ ਵਾਲੀ ਬੇਇਜ਼ਤੀ ਨੂੰ ਸਹਿਣ ਦੀ ਥਾਂ ਤੇ ਸੰਸਾਰ ਨੂੰ ਤਿਆਗਣਾ ਉਚਿਤ ਸਮਝਿਆ।

**ਜਮਜਮਾ** (ਤੋਪ) : ਇਹ ਤੋਪ ਅਹਿਮਦ ਸ਼ਾਹ ਦੁਰਾਨੀ ਦੇ ਆਦੇਸ਼ ਅਨੁਸਾਰ ਉਸ ਦੇ ਵਜ਼ੀਰ ਸ਼ਾਹਵਲੀ ਖ਼ਾਨ ਨੇ ਸੰਨ 1760 ਈ. ਵਿਚ ਬਣਵਾਈ ਸੀ। ਇਸ ਨੂੰ ਚੂੰਕਿ ਅਫ਼ਗ਼ਾਨਾਂ ਤੋਂ ਖੋਹ ਕੇ ਭੰਗੀ ਸਰਦਾਰ ਅੰਮ੍ਰਿਤਸਰ ਲੈ ਆਏ, ਇਸ ਕਰਕੇ ਇਸ ਦਾ ਇਕ ਨਾਮਾਂਤਰ 'ਭੰਗੀਆਂ ਦੀ ਤੋਪ' (ਵੇਖੋ) ਪ੍ਰਚਲਿਤ ਹੋ ਗਿਆ।

**ਜਮਰੌਧ** (ਕਿਲ੍ਹਾ) : ਮਹਾਰਾਜਾ ਰਣਜੀਤ ਸਿੰਘ ਦੇ ਸੁਪ੍ਰਸਿੱਧ ਜਰਨੈਲ ਸ. ਹਰੀ ਸਿੰਘ ਨਲਵਾ ਨੇ ਅਫ਼ਗ਼ਾਨ ਆਕ੍ਰਮਣਕਾਰੀਆਂ ਤੋਂ ਪਿਸ਼ਵਾਰ ਨੂੰ ਸੁਰਖਿਅਤ ਕਰਨ ਦੀ ਦ੍ਰਿਸ਼ਟੀ ਤੋਂ ਦੱਰਾ ਖ਼ੈਬਰ ਦੇ ਪ੍ਰਵੇਸ਼ ਨੇੜੇ ਜੋ ਕਿਲ੍ਹਾ ਉਸਰਵਾਇਆ, ਉਸ ਦਾ ਨਾਂ ਸਮੀਪਵਰਤੀ ਪਿੰਡ ਦੇ ਨਾਂ 'ਤੇ 'ਜਮਰੌਧ' ਪ੍ਰਚਲਿਤ ਹੋਇਆ। ਇਸ ਤੋਂ ਪਹਿਲਾਂ ਇਸ ਦੇ ਥੇਹ ਉਤੇ ਇਕ ਕੱਚੀ ਗੜ੍ਹੀ ਹੁੰਦੀ ਸੀ। ਸ. ਹਰੀ ਸਿੰਘ ਨੇ ਹਿਫ਼ਾਜ਼ਤੀ ਦ੍ਰਿਸ਼ਟੀ ਤੋਂ ਇਥੇ ਕਿਲ੍ਹਾ ਬਣਾਉਣ ਦਾ ਫ਼ੈਸਲਾ ਕੀਤਾ। ਇਸ ਕਿਲ੍ਹੇ ਦੀ ਉਸਾਰੀ 17 ਅਕਤੂਬਰ 1836 ਈ. (1 ਕਤਕ, 1893 ਬਿ.) ਦੀ ਸਵੇਰ ਨੂੰ ਸ਼ੁਰੂ ਕਰਵਾਈ ਗਈ। ਇਸ ਕੰਮ ਲਈ ਹਜ਼ਾਰਾਂ ਮਜ਼ਦੂਰ, ਰਾਜ, ਕਾਰੀਗਰ ਆਦਿ ਲਗਾਏ ਗਏ ਅਤੇ ਬੇਲਦਾਰਾਂ ਦੀਆਂ ਦੋ ਰਜਮੈਂਟਾਂ ਵੀ ਨਿਯੁਕਤ ਕੀਤੀਆਂ ਗਈਆਂ। ਰਾਤ ਦਿਨ ਕੰਮ ਚਾਲੂ ਰਖ ਕੇ ਇਕ ਮਹੀਨਾ ਅਤੇ 25 ਦਿਨਾਂ ਵਿਚ ਕਿਲ੍ਹਾ ਉਸਾਰਿਆ ਗਿਆ। ਇਸ ਕਿਲ੍ਹੇ ਦਾ ਨਾਂ 'ਫ਼ਤਹਿਗੜ੍ਹ' ਰਖਿਆ ਗਿਆ। ਇਸ ਵਿਚ 800 ਪੈਦਲ, 200 ਘੋੜਸਵਾਰ, 80 ਤੋਪਚੀ, 10 ਵੱਡੀਆਂ ਤੋਪਾਂ ਅਤੇ 12 ਛੋਟੀਆਂ ਤੋਪਾਂ ਰਖਣ ਦਾ ਹੁਕਮ ਦੇ ਕੇ ਸ. ਹਰੀ ਸਿੰਘ ਨਲਵਾ ਨੇ ਆਪਣੇ ਵਿਸ਼ਵਸਤ ਨਾਇਬ ਸ. ਮਹਾਂ ਸਿੰਘ ਮੀਰਪੁਰੀਏ ਨੂੰ ਹਜ਼ਾਰੇ ਤੋਂ ਬੁਲਾ ਕੇ ਕਿਲ੍ਹੇਦਾਰ ਨਿਯੁਕਤ ਕੀਤਾ। ਇਸ ਦੇ ਅੰਦਰ ਜਲ ਲਈ ਇਕ ਵੱਡਾ ਖੂਹ ਪੁਟਵਾਇਆ ਅਤੇ ਗੋਲਾ-ਬਾਰੂਦ ਖਾਧ- ਸਾਮਗ੍ਰੀ ਦੇ ਵਿਸ਼ਾਲ ਜ਼ਖ਼ੀਰੇ ਦੀ ਵਿਵਸਥਾ ਕੀਤੀ। ਇਸ ਤਰ੍ਹਾਂ ਸੈਨਿਕ ਦ੍ਰਿਸ਼ਟੀ ਤੋਂ ਇਕ ਮਜ਼ਬੂਤ ਕਿਲ੍ਹਾ ਤਿਆਰ ਹੋਇਆ।

ਸ. ਹਰੀ ਸਿੰਘ ਨੇ ਅਫ਼ਗ਼ਾਨਾਂ ਨੂੰ ਭਾਂਜ ਦੇ ਕੇ ਇਸੇ ਕਿਲ੍ਹੇ ਵਿਚ 30 ਅਪ੍ਰੈਲ 1837 ਈ. ਨੂੰ ਵੀਰਗਤੀ ਪ੍ਰਾਪਤ ਕੀਤੀ। ਅਫ਼ਗ਼ਾਨਾਂ ਉਤੇ ਅਨੁਸ਼ਾਸਨ ਰਖਣ ਲਈ ਸਿੱਖ-ਸ਼ਕਤੀ ਦੇ ਪ੍ਰਤੀਕ ਵਜੋਂ ਇਹ ਕਿਲ੍ਹਾ ਪ੍ਰਸਿੱਧ ਹੋਇਆ।

**ਜਮਾਲ, ਮੀਆਂ** (ਮ. 1650 ਈ.) : ਗੁਰੂ ਅਰਜਨ ਦੇਵ ਜੀ ਦਾ ਇਕ ਸ਼ਰਧਾਲੂ ਜੋ ਪਹਿਲਾਂ ਇਸਲਾਮ ਧਰਮ ਦਾ ਅਨੁਯਾਈ ਸੀ, ਪਰ ਗੁਰੂ ਜੀ ਦੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਛੇਵੇਂ ਗੁਰੂ ਦੇ ਵੇਲੇ ਸਿੱਖ ਬਣਿਆ। 'ਚਉਬੋਲੇ' ਨਾਂ ਦੀ ਰਚਨਾ ਵਿਚ ਪੰਜਵੇਂ ਗੁਰੂ ਜੀ ਨੇ ਇਸ ਨੂੰ ਸੰਬੋਧਿਤ ਕੀਤਾ ਹੈ। ਕਹਿੰਦੇ ਹਨ ਕਿ ਇਹ ਕਸ਼ਮੀਰ ਦੇ ਨਿਵਾਸੀ ਇਕ ਮੁਸਲਮਾਨ ਫ਼ਕੀਰ ਕਮਾਲ ਦਾ ਭਰਾ ਸੀ ਅਤੇ ਲਾਹੌਰ ਵਿਚ ਰਹਿੰਦਾ ਸੀ। ਇਸ ਨੇ ਆਪਣਾ ਆਖ਼ਰੀ ਸਮਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਕੀਰਤਪੁਰ ਬਿਤਾਇਆ। ਉਥੇ ਹੀ ਸੰਨ 1650 ਈ. ਵਿਚ ਇਸ ਦਾ ਦੇਹਾਂਤ ਹੋਇਆ।

**ਜਰਗ** (ਪਿੰਡ) : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਖੰਨਾ ਨਗਰ ਤੋਂ ਦੱਖਣ-ਪੱਛਮ ਵਾਲੇ ਪਾਸੇ ਲਗਭਗ 19 ਕਿ.ਮੀ. ਦੀ ਵਿਥ ਉਤੇ ਵਸਿਆ ਇਕ ਪੁਰਾਤਨ ਪਿੰਡ, ਜਿਥੋਂ ਲੰਘਦਿਆਂ ਗੁਰੂ ਹਰਿਗੋਬਿੰਦ ਸਾਹਿਬ ਕੁਝ ਦੇਰ ਲਈ ਪਿੰਡੋਂ ਬਾਹਰ ਰੁਖਾਂ ਦੀ ਇਕ ਝੰਗੀ ਵਿਚ ਰੁਕੇ ਸਨ। ਪਹਿਲਾਂ ਉਸ ਸਥਾਨ ਉਤੇ ਇਕ ਥੜਾ ਬਣਾਇਆ ਗਿਆ ਸੀ, ਬਾਦ ਵਿਚ ਇਕ ਛੱਪਰ ਜਿਹਾ ਉਸਾਰਿਆ ਗਿਆ। ਬੁੱਢਾ ਦਲ ਦੇ ਨਿਹੰਗ ਸਿੰਘਾਂ ਨੇ ਹੁਣ ਗੁਰਦੁਆਰੇ ਦੀ ਇਮਾਰਤ ਬਣਾ ਲਈ ਹੈ। ਪਿੰਡ ਵਾਲਿਆਂ ਨੇ ਪਿੰਡ ਦੇ ਅੰਦਰ ਵੀ ਇਕ ਸੁੰਦਰ ਗੁਰੂ-ਧਾਮ ਨਿਰਮਿਤ ਕਰ ਲਿਆ ਹੈ। ਇਨ੍ਹਾਂ ਦੋਹਾਂ ਗੁਰੂ-ਧਾਮਾਂ ਦਾ ਨਾਂ ਇਕੋ ਹੈ— 'ਗੁਰਦੁਆਰਾ ਹਰਿਗੋਬਿੰਦਪੁਰਾ ਸਾਹਿਬ'।

ਇਸ ਪਿੰਡ ਵਿਚ ਬਾਬਾ ਮਹਿੰਦਰ ਸਿੰਘ ਨੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਯਾਦਗਾਰ ਵਜੋਂ ਇਕ ਧਰਮ-ਧਾਮ ਬਣਾਇਆ ਹੋਇਆ ਹੈ। (ਵੇਖੋ 'ਮਹਿੰਦਰ ਸਿੰਘ, ਬਾਬਾ, ਜੱਥੇਦਾਰ')

ਇਸ ਪਿੰਡ ਵਿਚ ਸੀਤਲਾ ਦੇਵੀ ਦੀ ਪੂਜਾ ਹੁੰਦੀ ਹੈ। ਹਿੰਦੂ ਮਤ ਅਨੁਸਾਰ ਇਹ ਚੇਚਕ ਦੀ ਦੇਵੀ ਹੈ। ਜਦੋਂ ਬਾਲਕਾਂ ਨੂੰ ਚੇਚਕ ਨਿਕਲਦੀ ਹੈ ਤਾਂ ਉਸ ਦੇ ਮਾੜੇ ਅਸਰ

ਤੋਂ ਬਚਾਉਣ ਲਈ ਸੀਤਲਾ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਇਥੇ ਹਰ ਸਾਲ ਸੀਤਲਾ ਦੀ ਪੂਜਾ ਨਾਲ ਸੰਬੰਧਿਤ ਬਹੁਤ ਵੱਡਾ ਮੇਲਾ ਲਗਦਾ ਹੈ।

**ਜਰਨੈਲ ਸਿੰਘ** (ਫੁਟਬਾਲਰ) (1936-2000 ਈ.) : ਭਾਰਤ ਦੇ ਸਰਬੋਚ ਖੇਡ ਪੁਰਸਕਾਰ 'ਅਰਜਨ ਐਵਾਰਡ' ਨਾਲ ਸਨਮਾਨਿਤ ਸ. ਜਰਨੈਲ ਸਿੰਘ ਦਾ ਜਨਮ 20 ਫਰਵਰੀ 1636 ਈ. ਨੂੰ ਚੱਕ ਨੰ. 272, ਤਹਿਸੀਲ ਅਤੇ ਜ਼ਿਲ੍ਹਾ ਲਾਇਲਪੁਰ ਵਿਚ ਸ. ਉਜਾਗਰ ਸਿੰਘ ਦੇ ਘਰ ਬੀਬੀ ਗੁਰਬਚਨ ਕੌਰ ਦੀ ਕੁੱਖੋਂ ਹੋਇਆ। ਪ੍ਰਾਇਮਰੀ ਦੀ ਸਿਖਿਆ ਚੱਕ ਨੰ.48 ਤੋਂ ਪ੍ਰਾਪਤ ਕੀਤੀ। ਸੰਨ 1947 ਈ. ਵਿਚ ਦੇਸ਼ ਵੰਡ ਤੋਂ ਬਾਦ ਇਸ ਦਾ ਪਰਿਵਾਰ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਪਨਾਮ ਵਿਚ ਆ ਵਸਿਆ। ਇਸ ਨੇ ਸੰਨ 1952 ਈ. ਵਿਚ ਸਰਹਾਲ ਮੁੰਡੀ ਦੇ ਸਕੂਲ ਤੋਂ ਦਸਵੀਂ ਪਾਸ ਕਰਕੇ ਮਾਹਿਲਪੁਰ ਦੇ ਖ਼ਾਲਸਾ ਕਾਲਜ ਵਿਚ ਦਾਖ਼ਲ ਹੋਇਆ। ਕਾਲਜ ਪੜ੍ਹਦਿਆਂ ਇਸ ਨੇ ਤਿੰਨ ਵਾਰ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿਚ ਪੰਜਾਬ ਯੂਨੀਵਰਸਿਟੀ ਦੀ ਪ੍ਰਤਿਨਿਧਤਾ ਕੀਤੀ। ਕਾਲਜ ਦੀ ਪੜ੍ਹਾਈ ਤੋਂ ਬਾਦ ਇਸ ਨੇ ਨੈਸ਼ਨਲ ਇਨਸਟੀਚਿਊਟ ਆਫ਼ ਸਪੋਰਟਸ, ਪਟਿਆਲਾ ਵਿਚ ਫੁਟਬਾਲ ਕੋਚ ਦੀ ਸਿਖਲਾਈ ਹਾਸਲ ਕੀਤੀ।

ਜਰਨੈਲ ਸਿੰਘ ਨੇ ਸੰਨ 1958 ਈ. ਵਿਚ ਰਾਜਸਥਾਨ ਕਲੱਬ ਵਲੋਂ ਆਪਣੇ ਖੇਡ ਜੀਵਨ ਦੀ ਪਾਰੀ ਸ਼ੁਰੂ ਕੀਤੀ ਅਤੇ ਅਗਲੇ ਸਾਲ ਉਹ ਕਲਕੱਤੇ ਦੀ ਪ੍ਰਸਿੱਧ ਫੁਟਬਾਲ ਟੀਮ 'ਮੋਹਨ ਬਗਾਨ' ਦਾ ਮੈਂਬਰ ਬਣ ਗਿਆ ਅਤੇ ਉਸ ਟੀਮ ਨੂੰ ਕਾਮਯਾਬੀ ਦੇ ਸਿਖਰਾਂ ਤਕ ਪਹੁੰਚਾਇਆ। ਅੰਤਰ-ਰਾਸ਼ਟਰੀ ਪੱਧਰ ਉਤੇ ਇਸ ਨੇ ਸੰਨ 1958 ਈ. ਤੋਂ 1967 ਈ. ਤਕ ਭਾਰਤੀ ਟੀਮ ਦੀ ਪ੍ਰਤਿਨਿਧਤਾ ਕੀਤੀ। ਸੰਨ 1960 ਈ. ਦੀਆਂ ਰੋਮ ਵਿਚ ਖੇਡੀਆਂ ਗਈਆਂ ਓਲੰਪਿਕ ਖੇਡਾਂ ਵਿਚ ਇਸ ਨੇ ਆਪਣੀ ਖੇਡ ਕਲਾ ਦਾ ਚਮਤਕਾਰ ਵਿਖਾਇਆ ਅਤੇ 'ਬੈਸਟ ਡਿਫੈਂਡਰ' ਹੋਣ ਦਾ ਮਾਣ ਪ੍ਰਾਪਤ ਕੀਤਾ। ਸੰਨ 1962 ਈ. ਵਿਚ ਹੋਈਆਂ ਏਸ਼ਿਆਈ ਖੇਡਾਂ ਵਿਚ ਸੋਨ-ਤਗਮਾ ਜਿਤਣ ਵਿਚ ਇਸ ਨੇ ਅਹਿਮ ਭੂਮਿਕਾ ਨਿਭਾਈ। ਸੰਨ 1960 ਈ. ਵਿਚ ਪ੍ਰੀ-ਓਲੰਪਿਕ ਮੁਕਾਬਲੇ ਵਿਚ ਹਿੱਸਾ ਲੈਣ ਵਾਲੀ ਟੀਮ ਦਾ ਵੀ ਇਹ ਮੈਂਬਰ ਰਿਹਾ। ਸੰਨ 1966 ਈ. ਵਿਚ ਬੈਂਕਾਕ ਵਿਚ ਹੋਈਆਂ ਏਸ਼ਿਆਈ ਖੇਡਾਂ ਵਿਚ ਜਰਨੈਲ ਸਿੰਘ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ। ਉਸ ਤੋਂ ਬਾਦ ਇਸ ਨੂੰ ਸੰਨ 1965, 1966 ਅਤੇ 1967 ਈ. ਤਕ ਭਾਰਤੀ ਟੀਮ ਦਾ ਕਪਤਾਨ ਬਣਿਆ ਰਿਹਾ। ਇਸ ਤੋਂ ਇਲਾਵਾ ਸੰਨ 1966 ਈ. ਵਿਚ ਇਸ ਨੂੰ ਏਸ਼ੀਅਨ ਆਲ ਸਟਾਰ ਟੀਮ ਦਾ ਵੀ ਕਪਤਾਨ ਬਣਾਇਆ ਗਿਆ। ਸੰਨ 1967 ਈ. ਵਿਚ ਇਸ ਦੀ ਲਤ ਦਾ ਮਸਲ ਖਿਚਿਆ ਗਿਆ, ਜਿਸ ਕਰਕੇ ਇਸ ਦੀ ਖੇਡ-ਕੁਸ਼ਲਤਾ ਉਤੇ ਅਸਰ ਹੋਇਆ।

ਸੰਨ 1970 ਈ. ਤੋਂ ਇਹ ਬੰਗਾਲ ਤੋਂ ਪੰਜਾਬ ਵਲ ਪਰਤਿਆ ਅਤੇ ਖੇਡ ਵਿਭਾਗ ਵਿਚ ਨੌਕਰੀ ਸ਼ੁਰੂ ਕਰ ਲਈ। ਇਸ ਨੇ ਬੜੇ ਹਿਤ ਨਾਲ ਪੰਜਾਬੀਆਂ ਨੂੰ ਫੁਟਬਾਲ ਦੀ ਕੋਚਿੰਗ ਦਿੱਤੀ। ਪੰਜਾਬ ਨੂੰ ਫੁਟਬਾਲ ਦੀ ਖੇਡ ਵਿਚ ਚਮਕਾਇਆ।

ਰਾਸ਼ਟਰੀ ਚੈਂਪੀਅਨਸ਼ਿਪ ਦੇ ਫਾਈਨਲ ਮੈਚ ਵਿਚ ਬੰਗਾਲ ਦੀ ਟੀਮ ਨੂੰ 6-0 ਦੇ ਫ਼ਰਕ ਨਾਲ ਹਰਾ ਕੇ ਪੰਜਾਬ ਦਾ ਸਿਰ ਉੱਚਾ ਕੀਤਾ। ਉਸ ਤੋਂ ਬਾਦ ਪੰਜਾਬ ਦਾ ਨਾਂ ਫੁਟਬਾਲ ਦੀ ਖੇਡ ਵਿਚ ਉਭਰ ਕੇ ਸਾਹਮਣੇ ਆ ਗਿਆ। ਇਸ ਨੇ ਖੇਡ ਵਿਭਾਗ ਅਤੇ ਪੰਜਾਬ ਯੂਨੀਵਰਸਿਟੀ ਵਿਚ ਨੌਕਰੀ ਦੌਰਾਨ ਵੀ ਪੰਜਾਬ ਦੀ ਫੁਟਬਾਲ ਟੀਮ ਦੀ ਅਗਵਾਈ ਕੀਤੀ। ਸੇਵਾ-ਮੁਕਤੀ ਤੋਂ ਬਾਦ ਵੀ ਇਸ ਨੇ ਫੁਟਬਾਲ ਦੀ ਖੇਡ ਦੇ ਵਿਕਾਸ ਵਿਚ ਪੂਰੀ ਸ਼ਿਦਤ ਨਾਲ ਰੁਚੀ ਲਈ।

ਸੰਨ 2000 ਈ. ਵਿਚ ਇਹ ਆਪਣੇ ਪੁੱਤਰ ਨੂੰ ਮਿਲਣ ਲਈ ਕੈਨੇਡਾ ਚਲਾ ਗਿਆ। 13 ਅਕਤੂਬਰ 2000 ਈ. ਦੀ ਸ਼ਾਮ ਨੂੰ ਉਥੇ ਹੀ ਇਸ ਦਾ ਦੇਹਾਂਤ ਹੋ ਗਿਆ। ਇਸ ਦੀ ਅੰਤਿਮ ਇੱਛਾ ਅਨੁਸਾਰ ਇਸ ਦੀ ਦੇਹ ਨੂੰ ਪਨਾਮ ਪਿੰਡ ਲਿਆ ਕੇ ਸਰਕਾਰੀ ਸਨਮਾਨਾਂ ਨਾਲ ਅਗਨ-ਭੇਟ ਕੀਤਾ ਗਿਆ।

**ਜਰਨੈਲ ਸਿੰਘ ਭਿੰਡਰਾਂਵਾਲਾ, ਸੰਤ** (1947-1984 ਈ.) : ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਖ਼ਾਲਸਾ ਦੁਆਰਾ ਥਾਪੇ ਆਪਣੇ ਉਤਰਾਧਿਕਾਰੀ ਸੰਤ ਜਰਨੈਲ ਸਿੰਘ ਦਾ ਜਨਮ ਸੰਨ 1947 ਈ. ਵਿਚ ਬਾਬਾ ਜੋਗਿੰਦਰ ਸਿੰਘ ਦੇ ਘਰ ਮਾਈ ਨਿਹਾਲ ਕੌਰ ਦੀ ਕੁੱਖੋਂ ਫ਼ਰੀਦਕੋਟ ਜ਼ਿਲ੍ਹੇ ਦੇ ਰੋਡੇ ਪਿੰਡ ਵਿਚ ਹੋਇਆ। ਇਨ੍ਹਾਂ ਨੇ

ਮੁੱਢਲੀ ਤਾਲੀਮ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪ੍ਰਾਪਤ ਕੀਤੀ। ਉਸ ਤੋਂ ਬਾਦ ਇਹ ਪਿਤਾ ਪੁਰਖੀ ਕੰਮ ਖੇਤੀ ਵਿਚ ਰੁਝ ਗਏ। ਸੰਨ 1965 ਈ. ਵਿਚ ਇਨ੍ਹਾਂ ਨੇ ਸਿੱਖ ਧਰਮ-ਗ੍ਰੰਥਾਂ ਦੇ ਅਧਿਐਨ ਲਈ ਭਿੰਡਰਕਲਾਂ ਪਿੰਡ ਦੇ 'ਗੁਰਦੁਆਰਾ ਅਖੰਡ ਪ੍ਰਕਾਸ਼' ਵਿਚ ਸਥਾਪਿਤ ਦਮਦਮੀ ਟਕਸਾਲ ਵਿਚ ਪ੍ਰਵੇਸ਼ ਕੀਤਾ ਜੋ ਮੋਗਾ ਤੋਂ 15 ਕਿ.ਮੀ. ਉੱਤਰ ਵਲ ਹੈ। ਉਦੋਂ ਸੰਤ ਗੁਰਬਚਨ ਸਿੰਘ ਖ਼ਾਲਸਾ ਇਸ ਟਕਸਾਲ ਦੇ ਮੁਖੀ ਸਨ। ਸੰਤ ਜੀ ਭਿੰਡਰਕਲਾਂ ਵਿਚ ਘਟ ਹੀ ਰਹਿੰਦੇ ਸਨ। ਉਹ ਆਪਣੀ ਜ਼ਿਆਦਾ ਠਹਿਰ 'ਗੁਰਦੁਆਰਾ ਸੀਸ ਅਸਥਾਨ ਪਾਤਿਸ਼ਾਹੀ ਨੌਵੀਂ' ਵਿਚ ਰਖਦੇ ਸਨ। ਇਹ ਗੁਰਦੁਆਰਾ ਚੰਡੀਗੜ੍ਹ-ਰਾਜਪੁਰਾ ਸੜਕ ਉਤੇ ਪੈਂਦੇ ਪਿੰਡ ਨਾਭਾ ਸਾਹਿਬ ਦੇ ਨੇੜੇ ਹੈ। ਸੰਤ ਜਰਨੈਲ ਸਿੰਘ ਆਪਣੇ ਉਸਤਾਦ ਖ਼ਾਲਸਾ ਜੀ ਪਾਸ ਇਕ ਸਾਲ ਰਹੇ ਅਤੇ ਸਿੱਖ ਧਰਮ-ਗ੍ਰੰਥਾਂ, ਅਧਿਆਤਮਿਕ ਵਿਚਾਰਾਂ ਅਤੇ ਇਤਿਹਾਸ-ਗ੍ਰੰਥਾਂ ਦਾ ਚੰਗੀ ਤਰ੍ਹਾਂ ਨਾਲ ਅਧਿਐਨ ਕੀਤਾ। ਸੰਨ 1966 ਈ. ਵਿਚ ਇਹ ਪਿੰਡ ਪਰਤ ਆਏ ਅਤੇ ਭਾਈ ਸੁੱਚਾ ਸਿੰਘ ਦੀ ਪੁੱਤਰੀ ਬੀਬੀ ਪ੍ਰੀਤਮ ਕੌਰ ਨਾਲ ਵਿਆਹ ਕਰਕੇ ਗ੍ਰਿਹਸਥ ਜੀਵਨ ਵਿਚ ਪ੍ਰਵੇਸ਼ ਕੀਤਾ। ਪਰ ਇਨ੍ਹਾਂ ਨੇ ਦਮਦਮੀ ਟਕਸਾਲ ਨਾਲ ਆਪਣਾ ਸੰਬੰਧ ਜੋੜੀ ਰਖਿਆ।

ਜੂਨ 1969 ਈ. ਵਿਚ ਸੰਤ ਗੁਰਬਚਨ ਸਿੰਘ ਖ਼ਾਲਸਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਤੋਂ ਬਾਦ ਸੰਤ ਕਰਤਾਰ ਸਿੰਘ ਖ਼ਾਲਸਾ ਟਕਸਾਲ ਦੇ ਮੁਖੀ ਬਣੇ। ਉਨ੍ਹਾਂ ਨੇ ਟਕਸਾਲ ਦਾ ਕੇਂਦਰ 'ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼', ਚੌਂਕ ਮਹਿਤਾ ਵਿਚ ਬਦਲ ਲਿਆ। 16 ਅਗਸਤ 1977 ਈ. ਨੂੰ ਉਨ੍ਹਾਂ ਦੀ ਇਕ ਸੜਕ-ਹਾਦਸੇ ਵਿਚ ਮ੍ਰਿਤੂ ਹੋ ਗਈ, ਪਰ ਉਨ੍ਹਾਂ ਨੇ ਆਪਣੀ ਮ੍ਰਿਤੂ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਨੂੰ ਟਕਸਾਲ ਦਾ ਮੁਖੀ ਨਾਮਜ਼ਦ ਕਰ ਦਿੱਤਾ। 25 ਅਗਸਤ 1977 ਈ. ਨੂੰ ਭੋਗ ਉਪਰੰਤ ਸੰਗਤ ਨੇ ਆਪ ਨੂੰ ਦਮਦਮੀ ਟਕਸਾਲ ਦਾ ਮੁਖੀ ਸਥਾਪਿਤ ਕਰ ਦਿੱਤਾ। ਇਨ੍ਹਾਂ ਨੇ ਟਕਸਾਲ ਦਾ ਕਾਰਜ-ਭਾਰ ਸੰਭਾਲਣ ਤੋਂ ਬਾਦ ਸਿੱਖਾਂ ਵਿਚੋਂ ਪਤਿਤਪਣੇ ਨੂੰ ਖ਼ਤਮ ਕਰਕੇ ਅੰਮ੍ਰਿਤ ਛਕਣ ਲਈ ਇਕ ਪ੍ਰਕਾਰ ਦੀ ਮੁਹਿਮ ਸ਼ੁਰੂ ਕਰ ਦਿੱਤੀ ਅਤੇ ਨਿਰੰਕਾਰੀਆਂ ਵਲੋਂ ਸਿੱਖ ਧਰਮ ਦੇ ਸਿੱਧਾਂਤਾਂ ਦੇ ਵਿਰੁੱਧ ਪ੍ਰਸਾਰੀਆਂ ਜਾਣ ਵਾਲੀਆਂ ਮਾਨਤਾਵਾਂ ਦਾ ਤੀਬਰ ਵਿਰੋਧ ਕੀਤਾ। ਸੰਨ 1978 ਈ. ਵਿਚ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਚ ਸੰਮੇਲਨ ਕਰਨ ਦੀ ਪੰਜਾਬ ਸਰਕਾਰ ਨੇ ਆਗਿਆ ਦੇ ਦਿੱਤੀ। ਸੰਤ ਜਰਨੈਲ ਸਿੰਘ ਅਤੇ ਅਖੰਡ ਕੀਰਤਨੀ ਜੱਥੇ ਵਾਲਿਆਂ ਨੇ ਇਸ ਦਾ ਵਿਰੋਧ ਕੀਤਾ। ਕੁਝ ਸਿੰਘ ਆਪਣਾ ਰੋਸ ਪ੍ਰਗਟ ਕਰਨ ਲਈ ਸੰਮੇਲਨ ਵਾਲੇ ਸਥਾਨ ਵਲ ਚਲੇ ਗਏ ਜਿਥੇ ਨਿਰੰਕਾਰੀਆਂ ਦੇ ਬੰਦੂਕਧਾਰੀਆਂ ਨੇ ਉਨ੍ਹਾਂ ਉਤੇ ਗੋਲੀਆਂ ਚਲਾਈਆਂ। ਫਲਸਰੂਪ, 13 ਸਿੰਘ ਸ਼ਹੀਦ ਹੋ ਗਏ ਅਤੇ 78 ਜ਼ਖ਼ਮੀ ਹੋ ਗਏ। ਸੰਤਮ ਜਰਨੈਲ ਸਿੰਘ ਨੇ ਪੰਜਾਬ ਸਰਕਾਰ ਪ੍ਰਤਿ ਬਹੁਤ ਰੋਸ ਪ੍ਰਗਟ ਕੀਤਾ। ਨਿਰੰਕਾਰੀਆਂ ਦੇ 64 ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਕਰਨਾਲ ਦੇ ਸੈਸ਼ਨ ਜੱਜ ਦੀ ਕਚਹਿਰੀ ਵਿਚ ਚਲਿਆ। 4 ਜਨਵਰੀ 1980 ਈ. ਨੂੰ ਸਭ ਨੂੰ ਬਰੀ ਕਰ ਦਿੱਤਾ ਗਿਆ। ਇਸ ਨਾਲ ਸਿੱਖਾਂ ਦੇ ਮਨ ਵਿਚ ਤਨਾਓ ਵਧ ਗਿਆ। ਕੇਂਦਰ ਵਿਚ ਨਵੀਂ ਬਣੀ ਕਾਂਗ੍ਰਸ ਸਰਕਾਰ ਨੇ ਪੰਜਾਬ ਵਿਚ ਅਕਾਲੀ ਸਰਕਾਰ ਤੋੜ ਦਿੱਤੀ। ਪੰਜਾਬ ਦੀ ਨਵੀਂ ਚੋਣ ਵਿਚ ਸੱਤਾ ਕਾਂਗ੍ਰਸ ਦੇ ਹੱਥ ਆ ਗਈ।

9 ਸਤੰਬਰ 1981 ਈ. ਵਿਚ ਲਾਲਾ ਜਗਤ ਨਾਰਾਇਨ ਦਾ ਕਤਲ ਹੋ ਗਿਆ। ਪੰਜਾਬ ਸਰਕਾਰ ਨੇ ਇਸ ਕਤਲ ਵਿਚ ਸੰਤ ਜਰਨੈਲ ਸਿੰਘ ਦਾ ਹੱਥ ਸਮਝ ਕੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਵਰੰਟ ਜਾਰੀ ਕਰ ਦਿੱਤੇ। ਸੰਤ ਹੋਰੀ ਉਸ ਵੇਲੇ ਧਰਮ-ਪ੍ਰਚਾਰ ਲਈ ਹਿਸਾਰ ਜ਼ਿਲ੍ਹੇ ਦੇ ਚੰਦੋ ਕਲਾਂ ਪਿੰਡ ਵਿਚ ਠਹਿਰੇ ਹੋਏ ਸਨ। ਇਨ੍ਹਾਂ ਨੂੰ ਪੰਜਾਬ ਅਤੇ ਹਰਿਆਣੇ ਦੀ ਪੁਲਿਸ ਨੇ ਪਕੜਨ ਦਾ ਯਤਨ ਕੀਤਾ, ਪਰ ਇਹ ਗੁਪਤ ਢੰਗ ਨਾਲ ਚੌਂਕ ਮਹਿਤਾ ਪਹੁੰਚ ਗਏ। ਪੁਲਿਸ ਨੇ ਇਨ੍ਹਾਂ ਦੇ ਜੱਥੇ ਉਤੇ ਗੋਲੀ ਚਲਾਈ ਅਤੇ ਸਾਮਾਨ ਨੂੰ ਲੁਟਿਆ ਅਤੇ ਸਾੜਿਆ। 20 ਸਤੰਬਰ 1981 ਈ. ਨੂੰ ਸੰਤ ਭਿੰਡਰਾਵਾਲੇ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਇਸ ਦੇ ਪ੍ਰਤਿਕਰਮ ਵਜੋਂ ਕਈ ਹਿੰਸਕ ਘਟਨਾਵਾਂ ਹੋਈਆਂ। ਗ੍ਰਿਹ ਮੰਤਰੀ ਗਿਆਨੀ ਜ਼ੈਲ ਸਿੰਘ ਨੇ 14 ਅਕਤੂਬਰ 1981 ਈ. ਨੂੰ ਲੋਕ ਸਭਾ ਵਿਚ ਸੰਤ ਭਿੰਡਰਾਵਲੇ ਨੂੰ ਨਿਰਦੋਸ਼ ਠਹਿਰਾ ਕੇ ਇਨ੍ਹਾਂ ਦੀ ਰਿਹਾਈ ਦੀ ਘੋਸ਼ਣਾ ਕਰ ਦਿੱਤੀ। ਇਸ ਰਿਹਾਈ ਨਾਲ ਸੰਤ ਭਿੰਡਰਾਂਵਾਲਿਆਂ ਦੀ ਮਾਨਤਾ ਵਧ ਗਈ। ਨੌਜਵਾਨ ਸਿੱਖ ਵਰਗ ਇਨ੍ਹਾਂ ਦੀ ਅਗਵਾਈ ਵਿਚ ਕੌਮ ਦਾ ਉਜਲਾ ਭਵਿਸ਼ ਵੇਖਣ ਲਗ ਗਿਆ। ਸੰਤ ਹੋਰਾਂ ਨੇ ਸਰਕਾਰ ਦੇ ਵਿਰੁੱਧ ਖੁਲ੍ਹ ਕੇ ਬੋਲਣਾ ਸ਼ੁਰੂ ਕਰ ਦਿੱਤਾ। 20 ਅਪ੍ਰੈਲ 1982 ਈ. ਵਿਚ ਜਦੋਂ ਧਰਮ

ਪ੍ਰਚਾਰ ਲਈ ਸੰਤ ਭਿੰਡਰਾਂਵਾਲੇ ਬੰਬਈ ਵਿਚ ਦਾਦਰ ਦੇ ਸਿੰਘ ਸਭਾ ਗੁਰਦੁਆਰੇ ਵਿਚ ਠਹਿਰੇ ਹੋਏ ਸਨ, ਤਾਂ ਉਦੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਥੋਂ ਵੀ ਇਹ ਚੁਪ-ਚੁਪਾਤੇ ਚੌਕ ਮਹਿਤਾ ਪਹੁੰਚ ਗਏ। 19 ਜੁਲਾਈ 1982 ਈ. ਨੂੰ ਸਰਬ ਹਿੰਦ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਪਕੜ ਲਿਆ ਗਿਆ ਅਤੇ ਅਗਲੇ ਦਿਨ ਦਮਦਮੀ ਟਕਸਾਲ ਦੇ ਪ੍ਰਮੁਖ ਸੰਯੋਜਕ ਭਾਈ ਠਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਤ ਹੋਰਾਂ ਨੇ ਚੌਕ ਮਹਿਤਾ ਨੂੰ ਅਸੁਰਖਿਅਤ ਸਮਝ ਕੇ 20 ਜੁਲਾਈ ਨੂੰ ਦਰਬਾਰ ਸਾਹਿਬ ਦੇ ਪਰਿਸਰ ਵਿਚ ਗੁਰੂ ਨਾਨਕ ਨਿਵਾਸ ਅੰਦਰ ਵਾਸ ਕਰ ਲਿਆ ਅਤੇ 25 ਜੁਲਾਈ ਨੂੰ ਆਪਣੇ ਬੰਦਿਆਂ ਦੀ ਰਿਹਾਈ ਲਈ ਮੋਰਚੇ ਦੀ ਘੋਸ਼ਣਾ ਕਰ ਦਿੱਤੀ।

ਸਤਲੁਜ ਯਮਨਾ ਲਿੰਕ ਨਹਿਰ ਸੰਬੰਧੀ ਅਕਾਲੀਆਂ ਵਲੋਂ ਲਗਾਏ ਧਰਮ-ਯੁੱਧ ਮੋਰਚੇ ਵਿਚ ਸਫਲਤਾ ਨਜ਼ਰ ਆਉਂਦੀ ਨ ਵੇਖ ਕੇ ਉਨ੍ਹਾਂ ਨੇ ਸੰਤ ਭਿੰਡਰਾਂਵਾਲੇ ਮੋਰਚੇ ਨਾਲ ਸਾਂਝ ਪਾ ਲਈ। ਇਸ ਤਰ੍ਹਾਂ ਸੰਤ ਹੋਰੀ ਸਮੁੱਚੇ ਪੰਥ ਦੇ ਨੇਤਾ ਬਣ ਗਏ। ਨਵੰਬਰ 1982 ਈ. ਵਿਚ ਦਿੱਲੀ ਵਿਚ ਹੋਈਆਂ ਏਸ਼ੀਆਈ ਖੇਡਾਂ ਦੌਰਾਨ ਹਰਿਆਣਾ ਪੁਲਿਸ ਵਲੋਂ ਜਰਨੈਲੀ ਸੜਕ ਉਤੇ ਕੀਤੇ ਸਿੱਖ ਯਾਤ੍ਰੀਆਂ ਨਾਲ ਦੁਰ-ਵਿਵਹਾਰ ਨੇ ਪੰਜਾਬ ਦਾ ਮਾਹੌਲ ਹੋਰ ਖ਼ਰਾਬ ਕਰ ਦਿੱਤਾ। ਸਰਕਾਰ ਵਲੋਂ ਫ਼ੌਜੀ ਕਾਰਵਾਈ ਕਰਨ ਦੀ ਭਿਣਕ ਜਦੋਂ ਸੰਤ ਹੋਰਾਂ ਨੂੰ ਪਈ, ਤਾਂ 15 ਦਸੰਬਰ 1983 ਈ. ਨੂੰ ਇਹ ਆਪਣੇ ਬੰਦਿਆਂ ਸਹਿਤ ਅਕਾਲ ਤਖ਼ਤ ਵਿਚ ਦਾਖ਼ਲ ਹੋ ਗਏ। ਮੇਜਰ ਜਨਰਲ ਸ਼ਾਹਬੇਗ ਸਿੰਘ ਦੀ ਜੁਗਤ ਨਾਲ ਬਚਾਓ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ ਹਥਿਆਰਾਂ ਨੂੰ ਇਕੱਠਾ ਕੀਤਾ ਜਾਣ ਲਗਾ। 6 ਅਕਤੂਬਰ 1983 ਈ. ਨੂੰ ਪੰਜਾਬ ਵਿਚ ਰਾਸ਼ਟਰਪਤੀ ਸਾਸ਼ਨ ਘੋਸ਼ਿਤ ਕੀਤਾ ਗਿਆ। ਮਈ 1984 ਈ. ਦੇ ਅੰਤ ਤਕ ਪੰਜਾਬ ਵਿਚ 6 ਡਵਿਯਨ ਫ਼ੌਜ ਵਿਸ਼ੇਸ਼ ਰੂਪ ਵਿਚ ਤਾਇਨਾਤ ਕਰ ਦਿੱਤੀ ਗਈ ਅਤੇ ਕਮਾਂਡੋ ਦਸਤੇ ਅੰਮ੍ਰਿਤਸਰ ਪਹੁੰਚ ਗਏ। 3 ਜੂਨ 1984 ਈ. ਨੂੰ ਸੰਗਤਾਂ ਦਰਬਾਰ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮੰਨਾਉਣ ਲਈ ਇਕੱਠੀਆਂ ਹੋ ਰਹੀਆਂ ਸਨ। ਉਦੋਂ ਸਰਕਾਰ ਨੇ ਅੰਮ੍ਰਿਤਸਰ ਅਤੇ ਨੇੜੇ ਲਗਦੇ ਜ਼ਿਲ੍ਹਿਆਂ ਵਿਚ ਕਰਫਿਊ ਲਗਾ ਦਿੱਤਾ। 5-6 ਜੂਨ 1984 ਈ. ਦੀ ਰਾਤ ਨੂੰ ਬਲੂ ਸਟਾਰ ਓਪਰੇਸ਼ਨ ਹੋਇਆ ਜਿਸ ਵਿਚ ਫ਼ੌਜ ਵਲੋਂ ਟੈਂਕਾਂ ਅਤੇ ਤੋਪਾਂ ਦੀ ਵਰਤੋਂ ਕੀਤੀ ਗਈ। ਬੇਸ਼ੁਮਾਰ ਸਿੱਖ ਮਾਰੇ ਗਏ। ਤੋਪਾਂ ਨਾਲ ਬਰਬਾਦ ਹੋਏ ਅਕਾਲ ਤਖ਼ਤ ਵਿਚੋਂ 7 ਜੂਨ 1984 ਈ. ਨੂੰ ਸੰਤ ਭਿੰਡਰਾਂਵਾਲੇ ਦੀ ਲਾਸ਼ ਬਰਾਮਦ ਹੋਈ। ਇਸ ਤਰ੍ਹਾਂ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰਖਣ ਦੇ ਚਾਹਵਾਨ ਸੰਤ ਹੋਰਾਂ ਦਾ ਅੰਤ ਹੋ ਗਿਆ।

**ਜੱਲਾ, ਪੰਡਿਤ** (ਮ. 1844 ਈ.): ਜੰਮੂ ਦਾ ਇਕ ਅਭਿਮਾਨੀ ਅਤੇ ਚਾਲਬਾਜ਼ ਬ੍ਰਾਹਮਣ ਜੋ ਪਹਿਲਾਂ ਹੀਰਾ ਸਿੰਘ ਡੋਗਰਾ ਦਾ ਉਸਤਾਦ ਸੀ, ਪਰ ਬਾਦ ਵਿਚ ਉਸ ਦਾ ਜੀਵਨ-ਭਰ ਦਾ ਸਾਥੀ ਬਣ ਗਿਆ। ਸਤੰਬਰ 1843 ਈ. ਵਿਚ ਜਦੋਂ ਹੀਰਾ ਸਿੰਘ ਨੇ ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਵਜੋਂ ਅਧਿਕਾਰ ਸੰਭਾਲਿਆ ਤਾਂ ਇਹ ਉਸ ਦਾ ਮੁੱਖ ਸਲਾਹਕਾਰ ਬਣ ਗਿਆ। ਇਹ ਇਸ ਹਦ ਤਕ ਹੰਕਾਰਿਆ ਗਿਆ ਕਿ ਸਿੱਖ ਸਰਦਾਰਾਂ ਅਤੇ ਦਰਬਾਰੀਆਂ ਦਾ ਵੀ ਅਪਮਾਨ ਕਰਨ ਲਗ ਗਿਆ। ਇਥੋਂ ਤਕ ਕਿ ਇਸ ਨੇ ਸਿੱਖ ਸਰਦਾਰਾਂ ਦੀਆਂ ਜਾਗੀਰਾਂ ਵੀ ਜ਼ਬਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਹਾਰਾਣੀ ਜਿੰਦਾਂ ਨੂੰ ਵੀ ਮਾੜਾ ਚੰਗਾ ਕਹਿਣ ਲਗ ਗਿਆ। ਉਸ ਨੂੰ ਜ਼ਹਿਰ ਦੇ ਕੇ ਮਰਵਾਉਣਾ ਵੀ ਚਾਹਿਆ ਪਰ ਸਫਲ ਨ ਹੋ ਸਕਿਆ। ਸਿੱਖ ਫ਼ੌਜ ਨੂੰ ਇਸ ਭੇਦ ਦਾ ਪਤਾ ਲਗ ਗਿਆ ਅਤੇ ਉਹ ਕਾਰਵਾਈ ਕਰਨੀ ਸੋਚ ਹੀ ਰਹੀ ਸੀ ਕਿ ਇਹ ਬਹੁਤ ਸਾਰਾ ਕੀਮਤੀ ਸਾਮਾਨ ਅਤੇ ਕਾਫ਼ੀ ਦੌਲਤ ਲੈ ਕੇ ਹੀਰਾ ਸਿੰਘ ਡੋਗਰਾ ਸਹਿਤ ਜੰਮੂ ਨੂੰ ਖਿਸਕ ਚਲਿਆ, ਪਰ ਮਹਾਰਾਣੀ ਜਿੰਦਾਂ ਦੇ ਭਰਾ ਸ. ਜਵਾਹਰ ਸਿੰਘ ਨੇ ਫ਼ੌਜ ਸਹਿਤ ਇਨ੍ਹਾਂ ਦੋਹਾਂ ਦਾ ਪਿਛਾ ਕਰਕੇ 21 ਦਸੰਬਰ 1844 ਈ. ਨੂੰ ਮਾਰ ਦਿੱਤਾ ਅਤੇ ਇਨ੍ਹਾਂ ਦੇ ਸਿਰਾਂ ਨੂੰ ਨੇਜ਼ਿਆਂ ਉਤੇ ਟੰਗ ਕੇ ਲਾਹੌਰ ਦੇ ਬਾਜ਼ਾਰਾਂ ਅਤੇ ਗਲੀਆਂ ਵਿਚ ਫੇਰਿਆ।

**ਜਲਾਲਾਬਾਦ** (ਨਗਰ): ਪੂਰਬੀ ਅਫ਼ਗਾਨਿਸਤਾਨ ਦਾ ਇਕ ਮਹੱਤਵਪੂਰਣ ਨਗਰ, ਜਿਥੇ ਗੁਰੂ ਨਾਨਕ ਦੇਵ ਜੀ ਕਿਸੇ ਉਦਾਸੀ ਦੌਰਾਨ ਪਧਾਰੇ ਸਨ। ਸਥਾਨਕ ਰਵਾਇਤ ਅਨੁਸਾਰ ਜਿਸ ਸਥਾਨ ਉਤੇ ਗੁਰੂ ਜੀ ਬੈਠੇ ਸਨ, ਉਸ ਕੋਲੋਂ ਜਲ ਦਾ ਇਕ ਝਰਨਾ ਫੁਟ ਪਿਆ ਸੀ। ਬਾਦ ਵਿਚ ਸ਼ਰਧਾਲੂਆਂ ਨੇ ਜੋ ਸਮਾਰਕ ਬਣਾਇਆ, ਉਸ ਦਾ ਨਾਂ 'ਗੁਰਦੁਆਰਾ ਚੋਹਾ ਸਾਹਿਬ ਪਾਤਿਸ਼ਾਹੀ ਪਹਿਲੀ' ਪ੍ਰਚਲਿਤ ਹੋਇਆ।

**ਜਲਿਆਂ ਵਾਲਾ ਬਾਗ਼ : ਖ਼ੂਨੀ ਸਾਕਾ :** ਅੰਮ੍ਰਿਤਸਰ ਨਗਰ ਵਿਚ ਦਰਬਾਰ ਸਾਹਿਬ ਦੇ ਨੇੜੇ ਸਥਿਤ ਜਲਿਆਂ ਵਾਲੇ ਬਾਗ਼ ਦਾ ਇਤਿਹਾਸਿਕ ਮਹੱਤਵ ਹੈ। 13 ਅਪ੍ਰੈਲ 1919 ਈ. ਨੂੰ ਵਿਸਾਖੀ ਵਾਲੇ ਦਿਨ ਇਸ ਬਾਗ਼ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ ਇਕੱਠੇ ਹੋਏ। ਲੋਕਾਂ ਦੇ ਇਕੱਠੇ ਹੋਣ ਦਾ ਪ੍ਰਯੋਜਨ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨਾ ਸੀ ਕਿਉਂਕਿ ਰੋਲਟ ਐਕਟ ਦੇ ਵਿਰੋਧ ਵਿਚ ਰਾਸ਼ਟਰ-ਵਿਆਪੀ ਅੰਦੋਲਨ ਨੂੰ ਦਬਾਉਣ ਲਈ ਅੰਗ੍ਰੇਜ਼ ਸਰਕਾਰ ਨੇ ਕਈ ਸਖ਼ਤ ਕਦਮ ਉਠਾਏ ਅਤੇ ਉੱਘੇ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ। ਪੰਜਾਬ ਵਿਚ ਡਾ. ਸਤ੍ਯਪਾਲ ਅਤੇ ਡਾ. ਸੈਫ਼ੁੱਦੀਨ ਕਿਚਲੂ ਨੂੰ ਵੀ ਪਕੜ ਲਿਆ। ਇਸ ਅੰਦੋਲਨ ਵਿਚ ਪੰਜਾਬ ਵਾਸੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

9 ਅਪ੍ਰੈਲ 1919 ਈ. ਨੂੰ ਰਾਮਨੌਮੀ ਵਾਲੇ ਦਿਨ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਇਕ ਸਾਂਝਾ ਜਲੂਸ ਕਢਿਆ ਅਤੇ ਆਪਣੇ ਹਰਮਨ ਪਿਆਰੇ ਉਕਤ ਦੋਹਾਂ ਨੇਤਾਵਾਂ ਦੀ ਰਿਹਾਈ ਦੀ ਮੰਗ ਕੀਤੀ। ਇਸ ਸ਼ਾਂਤਮਈ ਜਲੂਸ ਉਤੇ ਸਰਕਾਰ ਵਲੋਂ ਗੋਲੀ ਚਲਾਈ ਗਈ। ਸਿੱਟੇ ਵਜੋਂ ਘਟੋ ਘਟ ਇਕ ਦਰਜਨ ਬੰਦੇ ਮਾਰੇ ਗਏ ਅਤੇ ਦੋ ਦਰਜਨ ਤੋਂ ਵਧ ਜ਼ਖ਼ਮੀ ਹੋ ਗਏ। ਪ੍ਰਤਿਕ੍ਰਿਆ ਵਜੋਂ ਖ਼ੂਬ ਤੋੜ ਭੰਨ ਹੋਈ। ਪੰਜ ਅੰਗ੍ਰੇਜ਼ ਮਾਰੇ ਗਏ। ਅੰਮ੍ਰਿਤਸਰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। 12 ਅਪ੍ਰੈਲ ਨੂੰ ਦਫ਼ਾ 144 ਲਗਾ ਦਿੱਤਾ ਗਿਆ। ਜਨਤਾ ਬਹੁਤ ਭੜਕ ਗਈ ਅਤੇ ਆਪਣਾ ਰੋਸ ਪ੍ਰਗਟ ਕਰਨ ਲਈ ਵਿਸਾਖੀ ਵਾਲੇ ਦਿਨ ਸ਼ਾਮ ਨੂੰ ਜਲਿਆਂ ਵਾਲੇ ਬਾਗ਼ ਵਿਚ ਇਕ ਭਾਰੀ ਜਲਸਾ ਆਯੋਜਿਤ ਕੀਤਾ ਗਿਆ। ਸਰਕਾਰ ਨੇ ਜਨਤਾ ਦੀ ਆਵਾਜ਼ ਨੂੰ ਬੰਦ ਕਰਨ ਲਈ ਇਕ ਗਿਣੀ ਮਿਥੀ ਸਾਜ਼ਿਸ਼ ਅਧੀਨ, ਹਰ ਪਾਸਿਓਂ ਉੱਚੀਆਂ ਦੀਵਾਰਾਂ ਨਾਲ ਘਿਰੇ ਹੋਏ ਜਲਿਆਂ ਵਾਲੇ ਬਾਗ਼ ਵਿਚ ਇਕੱਠੇ ਹੋਏ ਲੋਕਾਂ ਉਤੇ ਇਕ ਭੀੜੇ ਰਸਤੇ ਤੋਂ ਸਵਾ ਪੰਜ ਵਜੇ ਦਾਖ਼ਲ ਹੋ ਕੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ। ਇਸ ਗੋਲੀ ਕਾਂਡ ਦਾ ਇਨਚਾਰਜ ਮਾਰਸ਼ਲ-ਲਾ ਪ੍ਰਸ਼ਾਸਕ ਬ੍ਰਿਗੇਡੀਅਰ ਜਨਰਲ ਹੈਰੀ ਡਾਇਰ ਉਦੋਂ ਤਕ ਗੋਰੇ ਸੈਨਿਕਾਂ ਤੋਂ ਗੋਲੀ ਚਲਵਾਉਂਦਾ ਰਿਹਾ, ਜਦ ਤਕ ਗੋਲੀ-ਸਿੱਕਾ ਖ਼ਤਮ ਨ ਹੋ ਗਿਆ। ਗੋਲੀ ਚਲਣ ਨਾਲ ਲੋਕਾਂ ਵਿਚ ਭਗਦੜ ਮਚ ਗਈ। ਕਈਆਂ ਨੇ ਬਚਣ ਲਈ ਬਾਗ਼ ਵਿਚ ਸਥਿਤ ਖ਼ੂਹ ਵਿਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਗੰਵਾਈਆਂ। ਉਸ ਦਿਨ ਸਰਕਾਰੀ ਕਥਨ ਅਨੁਸਾਰ 379 ਬੰਦੇ ਮਰੇ ਅਤੇ 1200 ਜ਼ਖ਼ਮੀ ਹੋਏ। ਪਰ ਗ਼ੈਰ-ਸਰਕਾਰੀ ਸੂਤਰਾਂ ਅਨੁਸਾਰ ਉਨ ਦਿਨ ਮਰਨ ਅਤੇ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਉਪਰੋਕਤ ਨਾਲੋਂ ਕਈ ਗੁਣਾਂ ਅਧਿਕ ਸੀ। ਉਸ ਦਿਨ ਸ਼ਹਿਰ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਕੋਈ ਵੀ ਕਿਸੇ ਦੀ ਸਹਾਇਤਾ ਲਈ ਨ ਪਹੁੰਚ ਸਕਿਆ। ਮਰਨ ਵਾਲਿਆਂ ਵਿਚ ਸਿੱਖਾਂ ਦੀ ਗਿਣਤੀ ਅਧਿਕ ਸੀ ਅਤੇ ਇਸ ਸਾਕੇ ਦਾ ਬਦਲਾ ਚੁਕਾਉਣ ਲਈ ਵੀ ਇਕ ਸਿੱਖ ਨੌਜਵਾਨ ਨੇ ਸ਼ਹਾਦਤ ਦਾ ਜਾਮ ਪੀਤਾ ਸੀ। ਪ੍ਰਤਿਕਾਰ ਵਜੋਂ ਕਈ ਨਗਰਾਂ ਵਿਚ ਬਲਵੇ ਸ਼ੁਰੂ ਹੋ ਗਏ। ਪੰਜ ਜ਼ਿਲ੍ਹਿਆਂ ਵਿਚ ਮਾਰਸ਼ਲ ਲਾਅ ਲਗਾ ਦਿੱਤਾ ਗਿਆ।

ਇਸ ਸਾਕੇ ਨੇ ਸਾਰੇ ਹਿੰਦੁਸਤਾਨ ਨੂੰ ਝੰਝੋੜ ਦਿੱਤਾ। ਇਸ ਨਾਲ ਪਹਿਲੀ ਵਾਰ ਹਿੰਦੁਸਤਾਨੀਆਂ ਅੰਦਰ ਰਾਸ਼ਟਰੀ ਭਾਵਨਾ ਨੇ ਪ੍ਰਪੱਕ ਰੂਪ ਧਾਰਣ ਕੀਤਾ। ਇਹ ਸਾਕਾ ਆਜ਼ਾਦੀ ਦੀ ਪ੍ਰਾਪਤੀ ਲਈ ਕੀਤੀ ਜਾ ਰਹੀ ਕੁਰਬਾਨੀ ਦਾ ਪ੍ਰਤੀਕ ਬਣ ਗਿਆ। ਉਦੋਂ ਜ਼ਖ਼ਮੀਆਂ ਦੀ ਦੇਖ-ਭਾਲ ਕਰ ਰਹੇ ਸੁਨਾਮ ਦੇ ਜੰਮ-ਪਲ ਸ. ਊਧਮ ਸਿੰਘ (ਵੇਖੋ) ਨੇ ਇਹ ਦਰਦਨਾਕ ਸਾਕਾ ਵੇਖਿਆ। ਲਾਸ਼ਾਂ ਦੇ ਢੇਰ ਵਿਚ ਖੜੇ ਹੋ ਕੇ ਉਸ ਨੇ ਪ੍ਰਤਿਗਿਆ ਕੀਤੀ ਕਿ ਮੈਂ ਇਸ ਹਤਿਆ-ਕਾਂਡ ਦਾ ਬਦਲਾ ਲਵਾਂਗਾ। ਬਸ ਫਿਰ ਉਹ ਕ੍ਰਾਂਤੀਕਾਰੀਆਂ ਵਿਚ ਜਾ ਰਲਿਆ। ਵੀਹ ਸਾਲ ਤਕ ਉਹ ਬਦਲਾ ਲੈਣ ਲਈ ਮੌਕਾ ਲਭਦਾ ਰਿਹਾ। ਆਖ਼ਿਰ 13 ਮਾਰਚ 1940 ਈ. ਨੂੰ ਇੰਡੀਆ ਹਾਊਸ ਵਿਚ ਲੈਕਚਰ ਕਰਦਿਆਂ ਸਰ ਮਾਈਕਲ ਓ'ਡਵਾਇਰ ਨੂੰ ਗੋਲੀ ਮਾਰ ਕੇ ਆਪਣਾ ਪ੍ਰਣ ਪੂਰਾ ਕੀਤਾ। ਓ'ਡਵਾਇਰ ਜਲਿਆਂ ਵਾਲੇ ਬਾਗ਼ ਦੇ ਸਾਕੇ ਵੇਲੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ ਅਤੇ ਇਸ ਦੀ ਆਗਿਆ ਨਾਲ ਬ੍ਰਿਗੇਡੀਅਰ ਜਨਰਲ ਡਾਇਰ ਨੇ ਗੋਲੀ ਚਲਾਈ ਸੀ।

31 ਜੁਲਾਈ 1940 ਈ. ਨੂੰ ਸ. ਊਧਮ ਸਿੰਘ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ। ਉਸ ਦਿਨ ਤੋਂ ਸ. ਊਧਮ ਸਿੰਘ ਨੂੰ ਸ਼ਹੀਦ ਊਧਮ ਸਿੰਘ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸੰਨ 1975 ਈ. ਵਿਚ ਸ਼ਹੀਦ ਦੀਆਂ ਅਸਥੀਆਂ ਨੂੰ ਪੰਜਾਬ ਮੰਗਵਾਇਆ ਗਿਆ।

ਜਲਿਆਂ ਵਾਲੇ ਬਾਗ਼ ਵਿਚ ਸ਼ਹੀਦਾਂ ਦੀ ਯਾਦ ਵਿਚ ਸਮਾਰਕ ਬਣਾਉਣ ਲਈ, ਇਸ ਨੂੰ ਸ. ਹਿੰਮਤ ਸਿੰਘ

ਜਲੇਵਾਲਾ ਦੇ ਵੰਸ਼ਜਾਂ ਤੋਂ ਸੰਨ 1920 ਈ. ਵਿਚ ਪੰਜ ਲੱਖ, ਸਠ ਹਜ਼ਾਰ ਰੁਪਏ ਦਾ ਖ਼ਰੀਦ ਲਿਆ ਗਿਆ, ਪਰ ਸਮਾਰਕ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਦ ਸਵਾ ਨੌਂ ਲੱਖ ਰੁਪਏ ਦੀ ਲਾਗਤ ਨਾਲ ਸੰਨ 1960 ਈ. ਵਿਚ ਬਣਿਆ। 13 ਅਪ੍ਰੈਲ 1961 ਈ. ਨੂੰ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਇਸ ਦਾ ਉਦਘਾਟਨ ਕੀਤਾ।

**ਜਵਾਹਰ ਸਿੰਘ** (ਵਜ਼ੀਰ) (1814-45 ਈ.): ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਜਿੰਦਾਂ ਦਾ ਵੱਡਾ ਭਰਾ, ਜੋ ਸ. ਮੰਨਾ ਸਿੰਘ ਔਲਖ ਜੱਟ ਦੇ ਘਰ ਸੰਨ 1814 ਈ. ਵਿਚ ਪੈਦਾ ਹੋਇਆ। ਮਹਾਰਾਜਾ ਸ਼ੇਰ ਸਿੰਘ ਅਤੇ ਕੰਵਲ ਪ੍ਰਤਾਪ ਸਿੰਘ ਦੇ ਮਾਰੇ ਜਾਣ ਤੋਂ ਬਾਦ ਦਲੀਪ ਸਿੰਘ ਮਹਾਰਾਜਾ ਬਣਿਆ ਅਤੇ ਉਸ ਦੀ ਮਾਤਾ ਮਹਾਰਾਣੀ ਜਿੰਦਾਂ ਨੇ ਸਰਪ੍ਰਸਤੀ ਦਾ ਅਧਿਕਾਰ ਸੰਭਾਲਿਆ। ਹੀਰਾ ਸਿੰਘ ਡੋਗਰਾ ਨੂੰ ਵਜ਼ੀਰ ਬਣਾਇਆ ਗਿਆ ਜਿਸ ਦਾ ਸਲਾਹਕਾਰ ਪੰਡਿਤ ਜੱਲਾ ਸੀ। ਅਪਹੁਦਰੀਆਂ ਕਰਕੇ ਜਦੋਂ ਇਹ ਦੋਵੇਂ ਲਾਹੌਰੋਂ ਜੰਮੂ ਨੂੰ ਭਜਦੇ ਹੋਏ ਫ਼ੌਜ ਹਥੋਂ ਰਸਤੇ ਵਿਚ ਮਾਰੇ ਗਏ, ਤਾਂ ਮਹਾਰਾਣੀ ਜਿੰਦਾਂ ਨੇ ਆਪਣੇ ਵੱਡੇ ਭਰਾ ਜਵਾਹਰ ਸਿੰਘ ਨੂੰ 14 ਮਈ 1845 ਈ. ਨੂੰ ਵਜ਼ੀਰ ਨੂੰ ਵਜ਼ੀਰ ਬਣਾਇਆ। ਪਰ ਕੰਵਰ ਪਿਸ਼ੌਰਾ ਸਿੰਘ ਦੇ ਕਤਲ ਵਿਚ ਇਸ ਦਾ ਹੱਥ ਹੋਣ ਕਾਰਣ ਸਿੱਖ ਫ਼ੌਜ ਇਸ 'ਤੇ ਬਹੁਤ ਨਾਰਾਜ਼ ਹੋ ਗਈ। ਫ਼ੌਜ ਦੇ ਪੰਚਾਂ ਨੇ ਇਸ ਨੂੰ ਆਪਣੇ ਪਾਸ ਤਲਬ ਕੀਤਾ। 21 ਸਤੰਬਰ 1845 ਈ. ਨੂੰ ਇਹ ਆਪਣੀ ਭੈਣ ਸਹਿਤ ਭਣੇਵੇਂ ਨੂੰ ਗੋਦ ਵਿਚ ਬਿਠਾ ਕੇ ਪੰਚਾਂ ਦੇ ਸਾਹਮਣੇ ਗਿਆ। ਪਰ ਸਿਪਾਹੀਆਂ ਨੇ ਇਸ ਦੇ ਕਹੇ ਦੀ ਪਰਵਾਹ ਨ ਕਰਕੇ ਇਸ ਦੀ ਗੋਦ ਵਿਚੋਂ ਦਲੀਪ ਸਿੰਘ ਨੂੰ ਚੁਕ ਲਿਆ ਅਤੇ ਇਸ ਨੂੰ ਬਰਛੇ ਨਾਲ ਪਰੋ ਕੇ ਹਾਥੀ ਦੇ ਹੌਦੇ ਤੋਂ ਹੇਠਾਂ ਸੁਟ ਦਿੱਤਾ। ਫਿਰ ਇਸ ਦਾ ਸਿਰ ਤਲਵਾਰ ਨਾਲ ਧੜ ਨਾਲੋਂ ਵਖ ਕਰ ਦਿੱਤਾ। ਸ਼ਾਹ ਮੁਹੰਮਦ ਨੇ ਇਸ ਦ੍ਰਿਸ਼ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ—

*ਜਵਾਹਰ ਸਿੰਘ ਦੇ ਉਤੇ ਨੀ ਚੜ੍ਹ ਸਾਰੇ, ਮੱਥਾ ਖ਼ੂਨੀਆਂ ਦੇ ਵਾਂਗ ਵਟਿਓ ਨੇ। ਡਰਦਾ ਭਾਣਜੇ ਨੂੰ ਲੈ ਕੇ ਮਿਲਣ ਆਇਆ, ਅਗੋਂ ਨਾਲ ਸਗੀਨ ਦੇ ਫਟਿਓ ਨੇ। ਸੀਖਾਂ ਨਾਲ ਅੜੁੰਬ ਕੇ ਫ਼ੀਲ ਉਤੋਂ, ਕਢ ਹੌਦਿਓਂ ਜ਼ਿਮੀਂ ਤੇ ਸਟਿਓ ਨੇ। ਸ਼ਾਹ ਮੁਹੰਮਦਾ ਵਾਸਤੇ ਪਾਇ ਰਹਿਆ, ਸਿਰ ਨਾਲ ਤਲਵਾਰ ਦੇ ਕਟਿਓ ਨੇ।42।*

**ਜਵਾਹਰ ਸਿੰਘ, ਭਾਈ** (1859-1910 ਈ.) : ਸਿੱਖਾਂ ਵਿਚ ਵਿਦਿਆ ਦੇ ਪ੍ਰਸਾਰ ਵਿਚ ਬਹੁਤ ਰੁਚੀ ਰਖਣ ਵਾਲੇ ਭਾਈ ਜਵਾਹਰ ਸਿੰਘ ਦਾ ਜਨਮ ਭਾਈ ਆਤਮਾ ਸਿੰਘ ਕਪੂਰ ਦੇ ਘਰ ਸੰਨ 1859 ਈ. ਵਿਚ ਅੰਮ੍ਰਿਤਸਰ ਵਿਚ ਹੋਇਆ। ਇਸ ਦਾ ਪਰਿਵਾਰਿਕ ਪਿਛੋਕੜ ਪੱਛਮੀ ਪੰਜਾਬ ਦੇ ਗੁਜਰਾਂਵਾਲਾ ਨਗਰ ਨਾਲ ਜਾ ਜੁੜਦਾ ਹੈ। ਦਸਵੀਂ ਪਾਸ ਕਰਨ ਉਪਰੰਤ ਸੰਨ 1876 ਈ. ਵਿਚ ਇਹ ਉਤਰ-ਪੱਛਮੀ ਰੇਲਵੇ ਦੇ ਲੇਖਾ ਵਿਭਾਗ ਵਿਚ ਨੌਕਰ ਹੋ ਗਿਆ ਅਤੇ ਆਪਣੀ ਮਿਹਨਤ ਦੇ ਬਲ ਉਤੇ ਤਰੱਕੀ ਕਰਦਾ ਹੋਇਆ ਸੰਨ 1903 ਈ. ਵਿਚ ਮੈਨੇਜਰ ਦੇ ਦਫ਼ਤਰ ਦਾ ਸੁਪਰਿਟੈਂਡੈਂਟ ਬਣਿਆ। ਸ਼ੁਰੂ ਵਿਚ ਇਹ ਗੁਲਾਬਦਾਸੀਆ ਸੀ। ਬਾਦ ਵਿਚ ਆਰਯ ਸਮਾਜ ਨਾਲ ਰਲ ਗਿਆ ਅਤੇ ਆਰਯ ਸਮਾਜ ਲਾਹੌਰ ਦਾ ਸਕੱਤਰ ਬਣਿਆ। ਇਸ ਨੇ ਆਰਯ ਸਮਾਜ ਦੀਆਂ ਹੋਰ ਕਾਰਵਾਈਆਂ ਵਿਚ ਵੀ ਹਿੱਸਾ ਲਿਆ। ਸੰਨ 1885 ਈ. ਵਿਚ ਡੀ.ਏ.ਵੀ. ਕਾਲਜ ਲਾਹੌਰ ਸਥਾਪਿਤ ਕਰਨ ਵਾਲਿਆਂ ਵਿਚ ਇਹ ਮੋਹਰੀ ਸੀ ਅਤੇ ਚੰਦਾ ਇਕੱਠਾ ਕਰਨ ਵਾਲੀ ਕਮੇਟੀ ਦਾ ਸਕੱਤਰ ਰਿਹਾ ਸੀ।

ਭਾਈ (ਪ੍ਰੋਫੈਸਰ) ਗੁਰਮੁਖ ਸਿੰਘ, ਕੰਵਰ ਬਿਕ੍ਰਮਾ ਸਿੰਘ ਅਤੇ ਸ. ਅਤਰ ਸਿੰਘ ਭਦੌੜ ਦੀ ਪ੍ਰੇਰਣਾ ਸਦਕਾ ਇਹ ਆਪਣੇ ਸਾਥੀ ਗਿਆਨੀ ਦਿੱਤ ਸਿੰਘ ਸਹਿਤ ਸੰਨ 1885 ਈ. ਵਿਚ ਪੰਥ ਦੀ ਸੇਵਾ ਵਲ ਮੁੜਿਆ। ਇਸ ਨੂੰ ਸਿੰਘ ਸਭਾ ਲਾਹੌਰ ਦਾ ਮੀਤ ਪ੍ਰਧਾਨ ਬਣਾਇਆ ਗਿਆ। ਇਸ ਨੇ ਸਿੱਖਾਂ ਵਿਚ ਵਿਦਿਆ ਦੇ ਪ੍ਰਸਾਰ ਲਈ ਥਾਂ ਥਾਂ ਜਾ ਕੇ ਭਾਸ਼ਣ ਦਿੱਤੇ ਅਤੇ ਸਿੱਖ ਸਮਾਜ ਨੂੰ ਵਿਦਿਅਕ ਅਰਜਿਤ ਕਰਨ ਲਈ ਸਚੇਤ ਕੀਤਾ। ਸੰਨ 1899 ਈ. ਵਿਚ ਇਸ ਨੂੰ ਪੰਜਾਬ ਟੈਕਸਟ ਬੁਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਅਤੇ 1904 ਈ. ਵਿਚ ਪੰਜਾਬ ਯੂਨੀਵਰਸਿਟੀ ਦਾ ਫੈਲੋ ਬਣਾਇਆ ਗਿਆ। ਇਸ ਨੂੰ ਸੰਨ 1890 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਕਮੇਟੀ ਦਾ ਮੈਂਬਰ ਬਣਾਇਆ ਗਿਆ। ਸੰਨ 1892 ਈ. ਤੋਂ ਇਸ ਨੂੰ ਕਾਲਜ ਕੌਂਸਲ ਦਾ ਆਨਰੇਰੀ ਸਕੱਤਰ ਨਿਯੁਕਤ ਕੀਤਾ ਗਿਆ ਜਿਸ ਜ਼ਿੰਮੇਵਾਰੀ ਨੂੰ ਇਸ ਨੇ ਬੜੀ ਕਾਮਯਾਬੀ ਨਾਲ 14 ਸਾਲ ਤਕ ਨਿਭਾਇਆ। ਇਸ ਤੋਂ ਇਲਾਵਾ ਹੋਰ ਵੀ ਕਈ ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਨਾਲ ਸੰਬੰਧਿਤ ਰਿਹਾ। ਇਸ ਨੇ ਪਿੰਡਾਂ ਵਿਚ ਵਿਦਿਆ ਦਾ ਪ੍ਰਸਾਰ ਕਰਨ

ਅਤੇ ਪੰਜਾਬੀ ਦੀ ਪੜ੍ਹਾਈ ਨੂੰ ਪ੍ਰਚਾਰਨ ਲਈ ਵਿਸ਼ੇਸ਼ ਜਦੋ-ਜਹਿਦ ਕੀਤੀ। ਮਿਹਨਤ ਅਤੇ ਦਿਆਨਤਦਾਰੀ ਇਸ ਦੇ ਚਰਿਤ੍ਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ। ਸਿੱਖ ਸਮਾਜ ਤੋਂ ਇਲਾਵਾ ਅੰਗ੍ਰੇਜ਼ ਅਫ਼ਸਰਾਂ ਦੇ ਮਨ ਵਿਚ ਵੀ ਇਸ ਪ੍ਰਤਿ ਬਹੁਤ ਆਦਰ ਦਾ ਭਾਵ ਰਿਹਾ ਸੀ। ਇਸ ਨੂੰ ਸਿੱਖ ਰਿਆਸਤਾਂ ਵਿਚ ਵੀ ਮਾਣ ਪ੍ਰਾਪਤ ਸੀ। ਅਕਸਰ ਉਨ੍ਹਾਂ ਦੀ ਖ਼ੁਸ਼ੀ ਗ਼ਮੀ ਦੇ ਅਵਸਰਾਂ ਵਿਚ ਸ਼ਾਮਲ ਹੁੰਦਾ ਸੀ।

ਭਾਈ ਜਵਾਹਰ ਸਿੰਘ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਉਰਦੂ ਦੇ ਮਾਧਿਅਮ ਰਾਹੀਂ ਕੀਤੀ ਸੀ। ਖ਼ਾਲਸਾ ਧਰਮ, ਇਫ਼ਲਾਸ-ਏ-ਹਿੰਦ, ਦਯਾਨੰਦ ਇਤਿਹਾਸ, ਧਰਮ ਵਿਚਾਰ, ਐਮਾਲ-ਏ-ਆਰਯ ਆਦਿ ਇਸ ਦੀਆਂ ਪ੍ਰਮੁਖ ਰਚਨਾਵਾਂ ਹਨ। ਇਨ੍ਹਾਂ ਵਿਚੋਂ ਕੁਝ ਵਿਚ ਆਰਯ ਸਮਾਜ ਦੀਆਂ ਨਕਾਰਾਤਮਕ ਕਾਰਵਾਈਆਂ ਉਤੇ ਵੀ ਝਾਤ ਪਾਈ ਹੈ। ਇਸ ਨੇ ਪੰਜਾਬੀ ਸਿਖਣ ਲਈ ਇਕ ਮੁਢਲੀ ਪੁਸਤਕ ਵੀ ਤਿਆਰ ਕੀਤੀ। ਇਸ ਦਾ ਸੁਭਾ ਬਹੁਤ ਸਾਊ ਸੀ। ਦਿਖਾਵੇ ਦੀ ਥਾਂ ਇਹ ਕੰਮ ਵਿਚ ਵਿਸ਼ਵਾਸ ਰਖਦਾ ਸੀ। ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਦੇ ਪਰਸਪਰ ਦ੍ਵੰਦ ਅਤੇ ਦੂਸ਼ਣਬਾਜ਼ੀ ਤੋਂ ਵੀ ਦੂਰ ਰਹਿੰਦਾ ਸੀ। ਇਸ ਦਾ ਦੇਹਾਂਤ 14 ਮਈ 1910 ਈ. ਵਿਚ ਹੋਇਆ।

**ਜਵਾਲਾ ਸਿੰਘ, ਸੰਤ** (1689-1957 ਈ.): ਪੰਜਾਬ ਦੇ ਦੁਆਬਾ ਖੇਤਰ ਦੇ ਸਮਾਦ੍ਰਿਤ ਸੰਤ ਜਵਾਲਾ ਸਿੰਘ ਦਾ ਜਨਮ 1 ਮਈ 1889 ਈ. ਵਿਚ ਹੁਸ਼ਿਆਰਪੁਰ ਦੇ ਲੰਗੇਰੀ ਪਿੰਡ ਵਿਚ ਸ. ਨਾਰਾਇਨ ਸਿੰਘ ਦੇ ਘਰ ਬੀਬੀ ਰਾਜ ਕੌਰ ਦੀ ਕੁੱਖੋਂ ਹੋਇਆ। ਚੰਗੇ ਹਡ-ਕਾਠ ਵਾਲਾ ਹੋਣ ਕਰਕੇ ਇਹ 5 ਜਨਵਰੀ 1907 ਈ. ਨੂੰ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਿਆ। ਜਦੋਂ ਇਸ ਦੀ ਪਲਟਨ ਰਾਵਲਪਿੰਡੀ ਛਾਵਣੀ ਵਿਚ ਤਾਇਨਾਤ ਸੀ ਤਾਂ ਇਹ ਸੰਤ ਕਰਮ ਸਿੰਘ ਹੋਤੀ ਵਾਲੇ ਦੇ ਉਤਰਾਧਿਕਾਰੀ ਸੰਤ ਆਇਆ ਸਿੰਘ ਦੇ ਸੰਪਰਕ ਵਿਚ ਆਇਆ ਅਤੇ ਉਸ ਦਾ ਚੇਲਾ ਬਣ ਗਿਆ। 1 ਜਨਵਰੀ 1917 ਈ. ਨੂੰ ਫ਼ੌਜ ਦੀ ਨੌਕਰੀ ਛਡ ਕੇ ਹੋਤੀ ਪਹੁੰਚ ਗਿਆ ਅਤੇ ਡੇਰੇ ਵਿਚ ਰਹਿ ਕੇ ਹਰਿ-ਭਗਤੀ ਅਤੇ ਲੋਕ-ਸੇਵਾ ਵਿਚ ਮਗਨ ਹੋ ਗਿਆ। ਦੁਆਬੇ ਦੇ ਪ੍ਰਸਿੱਧ ਸੰਤ ਹਰਨਾਮ ਸਿੰਘ ਦੀ ਪ੍ਰੇਰਣਾ ਦੇ ਫਲਸਰੂਪ ਸੰਤ ਆਇਆ ਸਿੰਘ ਤੋਂ ਆਗਿਆ ਲੈ ਕੇ ਦਸੰਬਰ 1918 ਈ. ਵਿਚ ਇਹ ਆਪਣੇ ਘਰ ਪਰਤ ਆਇਆ ਅਤੇ ਹੁਸ਼ਿਆਰਪੁਰ ਤੋਂ 11 ਕਿ.ਮੀ. ਦੱਖਣ-ਪੱਛਮ ਵਲ ਹਰਖੋਵਾਲ ਪਿੰਡ ਦੇ ਨੇੜੇ ਇਕਾਂਤ ਥਾਂ ਉਤੇ ਆਪਣਾ ਡੇਰਾ ਬਣਾ ਲਿਆ, ਜੋ ਬਾਦ ਵਿਚ 'ਸੰਤਗੜ੍ਹ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਦੂਰੋਂ ਦੂਰੋਂ ਸ਼ਰਧਾਲੂ ਇਸ ਦੇ ਪ੍ਰਵਚਨ ਸੁਣਨ ਆਉਂਦੇ ਸਨ। ਇਸ ਨੇ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਬਣਾਇਆ ਅਤੇ ਬਬਰ ਅਕਾਲੀ ਅੰਦੋਲਨ ਨੂੰ ਭਰਵੀਂ ਮਦਦ ਦਿੱਤੀ, ਪਰ ਇਹ ਪੰਚ ਖ਼ਾਲਸਾ ਦੀਵਾਨ ਭਸੌੜ ਵਾਲਿਆਂ ਦੀਆਂ ਮਾਨਤਾਵਾਂ ਨੂੰ ਪਸੰਦ ਨਹੀਂ ਕਰਦਾ ਸੀ। ਇਸ ਨੇ ਪਟਨਾ, ਆਨੰਦਪੁਰ ਅਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਆਦਿ ਨਗਰਾਂ ਵਿਚ ਗੁਰੂ-ਧਾਮਾਂ ਦੀ ਉਸਾਰੀ ਵਿਚ ਯੋਗਦਾਨ ਪਾਇਆ। 13 ਨਵੰਬਰ 1957 ਈ. ਨੂੰ ਇਸ ਦਾ ਦੇਹਾਂਤ ਕਪੂਰਥਲਾ ਜ਼ਿਲ੍ਹੇ ਦੇ ਡੁਮੇਲੀ ਕਸਬੇ ਵਿਚ ਹੋਇਆ।

**ਜਵਾਲਾ ਸਿੰਘ, ਗ਼ਦਰੀ ਬਾਬਾ** (1866-1938 ਈ.): ਗ਼ਦਰ ਲਹਿਰ ਦਾ ਇਕ ਮੁੱਖ ਸੰਚਾਲਕ ਜਿਸ ਦਾ ਜਨਮ ਸੰਨ 1866 ਈ. ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਨਿੱਕੇ ਜਿਹੇ ਪਿੰਡ ਵਿਚ ਸ. ਕਨ੍ਹੀਆ ਸਿੰਘ ਦੇ ਘਰ ਹੋਇਆ। ਆਪਣੀ ਕਿਸਮਤ ਆਜ਼ਮਾਈ ਲਈ ਲਗਭਗ ਚਾਲ੍ਹੀ ਸਾਲ ਦੀ ਉਮਰ ਵਿਚ ਇਹ ਵਿਦੇਸ਼ ਚਲਾ ਗਿਆ। ਚੀਨ, ਪਨਾਮਾ ਅਤੇ ਮੈਕਸੀਕੋ ਹੁੰਦਾ ਹੋਇਆ ਸੰਨ 1908 ਈ. ਵਿਚ ਕੈਲੀਫੋਰਨੀਆ (ਅਮਰੀਕਾ) ਪਹੁੰਚਿਆ। ਉਥੇ ਇਹ ਬਾਬਾ ਵਸਾਖਾ ਸਿੰਘ ਦੇ ਸੰਪਰਕ ਵਿਚ ਆਇਆ। ਦੋਹਾਂ ਨੇ ਰਲ ਕੇ ਕੈਲੀਫੋਰਨੀਆ ਰਾਜ ਦੀ ਰਾਜਧਾਨੀ ਦੇ ਨੇੜੇ 500 ਏਕੜ ਦਾ ਫਾਰਮ ਪੱਟੇ ਉਤੇ ਲੈ ਕੇ ਆਲੂ ਉਗਾਉਣ ਦਾ ਕੰਮ ਸ਼ੁਰੂ ਕੀਤਾ ਜਿਸ ਵਿਚ ਇਨ੍ਹਾਂ ਨੂੰ ਕਾਫ਼ੀ ਲਾਭ ਹੋਇਆ। ਇਨ੍ਹਾਂ ਦਾ ਫ਼ਾਰਮ ਹੌਲੀ ਹੌਲੀ ਭਾਰਤੀ ਆਵਾਸੀਆਂ ਦਾ ਮਿਲਨ-ਸਥਲ ਬਣ ਗਿਆ। ਨਵੇਂ ਆਏ ਆਵਾਸੀਆਂ ਦਾ ਸੁਆਗਤ ਵੀ ਹੋਣ ਲਗਾ। ਜਵਾਲਾ ਸਿੰਘ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਸਿੱਖਾਂ ਦੀਆਂ ਧਾਰਮਿਕ, ਸਦਾਚਾਰਿਕ ਅਤੇ ਸਮਾਜਿਕ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਸਟਾਕਟੋਨ ਵਿਚ ਗੁਰਦੁਆਰੇ ਦੇ ਰੂਪ ਵਿਚ ਇਕ ਕੇਂਦਰ ਸਥਾਪਿਤ ਕੀਤਾ। ਕਾਲਾਂਤਰ ਵਿਚ ਇਹ ਕ੍ਰਾਂਤੀਕਾਰੀ ਗਤਿਵਿਧੀ ਦਾ ਵੀ ਕੇਂਦਰ ਬਣ ਗਿਆ। ਜਵਾਲਾ ਸਿੰਘ ਨੇ

ਵਸਾਖਾ ਸਿੰਘ ਨਾਲ ਰਲ ਕੇ ਆਪਣੇ ਦੇਸ਼ ਵਾਸੀਆਂ ਨੂੰ ਉਚੇਰੀ ਤਾਲੀਮ ਦੇਣ ਲਈ ਗੁਰੂ ਨਾਨਕ ਐਜੂਕੇਸ਼ਨਲ ਸੋਸਾਇਟੀ ਦੀ ਸਥਾਪਨਾ ਕੀਤੀ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਦੇਸ਼ ਤੋਂ ਚਾਰ ਵਿਦਿਆਰਥੀਆਂ ਨੂੰ ਨਿਮੰਤਰਿਤ ਕੀਤਾ। ਸੰਨ 1913 ਈ. ਵਿਚ ਇਸ ਨੂੰ ਇੰਡੀਅਨ ਐਸੋਸੀਏਸ਼ਨ ਦੀ ਕੈਲੀਫੋਰਨੀਆ ਸ਼ਾਖਾ ਦਾ ਮੀਤ ਪ੍ਰਧਾਨ ਬਣਾਇਆ ਗਿਆ।

ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੁੰਦਿਆਂ ਹੀ ਜਵਾਲਾ ਸਿੰਘ ਨੇ ਆਪਣੇ ਸਾਥੀਆਂ ਬਾਬਾ ਵਸਾਖਾ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ ਨਾਲ ਮਿਲ ਕੇ ਪੈਸੀਫਿਕ ਤਟ ਦਾ ਦੌਰਾ ਕੀਤਾ, ਆਪਣੇ ਦੇਸ਼ ਦੇ ਆਵਾਸੀਆਂ ਨੂੰ ਅੰਗ੍ਰੇਜ਼ਾਂ ਤੋਂ ਆਪਣਾ ਮੁਲਕ ਆਜ਼ਾਦ ਕਰਾਉਣ ਲਈ ਹਲਾਸ਼ੇਰੀ ਦਿੱਤੀ ਅਤੇ ਸਸ਼ਸਤ੍ਰ ਕ੍ਰਾਂਤੀ ਲਈ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ। 'ਗ਼ਦਰ' ਨਾਂ ਦਾ ਰਸਾਲਾ ਅੰਗ੍ਰੇਜ਼ੀ ਅਤੇ ਪੰਜਾਬੀ ਤੋਂ ਇਲਾਵਾ ਕਈ ਹੋਰ ਦੇਸੀ ਭਾਸ਼ਾਵਾਂ ਵਿਚ ਛਾਪਣਾ ਸ਼ੁਰੂ ਕੀਤਾ ਜਿਸ ਰਾਹੀਂ ਗ਼ਦਰ ਪਾਰਟੀ ਦਾ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ। ਜਵਾਲਾ ਸਿੰਘ ਕੁਝ ਹੋਰ ਮੋਹਰੀਆਂ ਸਹਿਤ ਗ਼ਦਰੀਆਂ ਦੇ ਪਹਿਲੇ ਟੋਲੇ ਨਾਲ 29 ਅਗਸਤ 1914 ਈ. ਨੂੰ ਸਾਂਫ੍ਰਾਂਸਿਸਕੋ ਤੋਂ ਹਿੰਦੁਸਤਾਨ ਲਈ ਰਵਾਨਾ ਹੋਇਆ। ਯੋਕੋਹਾਮਾ ਪਹੁੰਚ ਕੇ ਜਾਪਾਨੀਆਂ ਤੋਂ ਕੁਝ ਪਿਸਤੌਲ ਖ਼ਰੀਦੇ ਅਤੇ ਹਾਂਗਕਾਂਗ ਦੇ ਗੁਰਦੁਆਰੇ ਵਿਚ ਕੀਤੀ ਇਕ ਬੈਠਕ ਵਿਚ ਸ਼ਾਮਲ ਹੋਇਆ। ਉਥੇ ਇਸ ਨੂੰ ਕ੍ਰਾਂਤੀ ਦਾ ਪ੍ਰੋਗਰਾਮ ਉਲੀਕਣ ਵਾਲੀ ਕਮੇਟੀ ਦਾ ਮੈਂਬਰ ਬਣਾਇਆ ਗਿਆ। ਸਿੰਗਾਪੁਰ ਵਿਚ ਇਸ ਨੇ ਹਿੰਦੁਸਤਾਨੀ ਫ਼ੌਜੀਆਂ ਨੂੰ ਅੰਗ੍ਰੇਜ਼ਾਂ ਵਿਰੁੱਧ ਕੌਮੀ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ।

29 ਅਕਤੂਬਰ 1914 ਈ. ਨੂੰ ਜਿਉਂ ਹੀ ਜਵਾਲਾ ਸਿੰਘ ਕਲਕਤੇ ਉਤਰਿਆ, ਇਸ ਨੂੰ ਕਈ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਵਿਰੁੱਧ ਪਹਿਲੇ ਲਾਹੌਰ ਸਾਜ਼ਿਸ਼ ਕੇਸ ਅਧੀਨ ਮੁਕਦਮਾ ਚਲਾਇਆ ਗਿਆ ਅਤੇ 13 ਸਤੰਬਰ 1915 ਈ. ਨੂੰ ਜੀਵਨ ਭਰ ਲਈ ਦੇਸ਼-ਨਿਕਾਲਾ ਦੀ ਸਜ਼ਾ ਸੁਣਾਈ ਗਈ ਅਤੇ ਜਾਇਦਾਦ ਜ਼ਬਤ ਕਰ ਲਈ ਗਈ। ਇਹ 18 ਵਰ੍ਹੇ ਜੇਲ੍ਹ ਵਿਚ ਰਿਹਾ। ਸੰਨ 1933 ਈ. ਵਿਚ ਮੁਕਤ ਹੋਣ ਤੇ ਇਸ ਨੇ ਕਿਸਾਨਾਂ ਦੇ ਹਿਤ ਲਈ ਪੰਜਾਬੀ ਦੀ 'ਕਿਰਤੀ' ਪਤ੍ਰਿਕਾ ਲਈ ਕੰਮ ਕਰਨਾ ਸ਼ੁਰੂ ਕੀਤਾ। ਇਸ ਨੂੰ 'ਪੰਜਾਬ ਕਿਸਾਨ ਸਭਾ' ਦਾ ਪਹਿਲਾ ਪ੍ਰਧਾਨ ਬਣਾਇਆ ਗਿਆ। ਸੰਨ 1935 ਈ. ਵਿਚ ਕਿਸਾਨ ਅੰਦੋਲਨ ਦੀ ਕਿਸੇ ਕਾਰਵਾਈ ਕਾਰਣ ਇਸ ਨੂੰ ਗ੍ਰਿਫ਼ਤਾਰ ਕਰਕੇ ਇਕ ਸਾਲ ਕੈਦ ਦੀ ਸਜ਼ਾ ਦਿੱਤੀ ਗਈ। 9 ਮਈ 1938 ਈ. ਨੂੰ ਜਦੋਂ ਇਹ 'ਸਰਬ ਹਿੰਦ ਕਿਸਾਨ ਕਾਨਫ੍ਰੰਸ' ਵਿਚ ਸ਼ਾਮਲ ਹੋਣ ਲਈ ਬੰਗਾਲ ਜਾ ਰਿਹਾ ਸੀ, ਤਾਂ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਨੂੰ ਗ਼ਦਰ ਪਾਰਟੀ ਦਾ ਦਿਮਾਗ ਸਮਝਿਆ ਜਾਂਦਾ ਸੀ।

**ਜਵਾਲਾ ਸਿੰਘ, ਭਾਈ** (1872-1952 ਈ.) : ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਮੰਨੇ ਪ੍ਰਮੰਨੇ ਰਾਗੀ ਭਾਈ ਜਵਾਲਾ ਸਿੰਘ ਦਾ ਜਨਮ ਸੰਨ 1872 ਈ. ਵਿਚ ਕਪੂਰਥਲਾ ਜ਼ਿਲ੍ਹੇ ਦੇ ਸੈਦਪੁਰ ਪਿੰਡ ਵਿਚ ਰਾਗੀ ਭਾਈ ਦੇਵਾ ਸਿੰਘ ਦੇ ਘਰ ਹੋਇਆ। ਇਸ ਦਾ ਦਾਦਾ ਭਾਈ ਪੰਜਾਬ ਸਿੰਘ ਵੀ ਆਪਣੇ ਸਮੇਂ ਦਾ ਉੱਤਮ ਰਾਗੀ ਮੰਨਿਆ ਜਾਂਦਾ ਸੀ। ਕੀਰਤਨ ਕਰਨ ਦੀ ਬਿਰਤੀ ਇਸ ਨੂੰ ਘਰੋਂ ਹੀ ਪ੍ਰਾਪਤ ਹੋਈ। ਇਸ ਨੂੰ ਤਾਊਸ ਵਜਾਉਣ ਵਿਚ ਅਦੁੱਤੀ ਮੁਹਾਰਤ ਹਾਸਲ ਸੀ। ਕਹਿੰਦੇ ਹਨ ਕਿ ਇਸ ਨੂੰ ਪੁਰਾਤਨ ਧੁਨਾਂ, ਰੀਤਾਂ ਅਤੇ ਪੜਤਾਲਾਂ ਦਾ ਗੰਭੀਰ ਗਿਆਨ ਸੀ। ਇਸ ਨੇ ਆਪਣੇ ਪਿੰਡ ਦੇ ਹੀ ਗ੍ਰੰਥੀ ਤੋਂ ਗੁਰਮੁਖੀ ਸਿਖ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ। ਫਿਰ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਨਿਰਮਲ ਡੇਰੇ ਵਿਚ ਰਹਿ ਕੇ ਕੀਰਤਨ ਕਰਨ ਦੀ ਸਿਖਿਆ ਲਈ। ਉਥੋਂ ਅੰਮ੍ਰਿਤਸਰ ਆ ਕੇ ਬਾਬਾ ਵਸਾਵਾ ਸਿੰਘ ਦੀ ਸ਼ਾਗਿਰਦੀ ਕੀਤੀ। ਜਦੋਂ ਕੀਰਤਨ ਕਰਨ ਵਿਚ ਪੂਰੀ ਮਹਾਰਤ ਹੋ ਗਈ, ਤਾਂ ਆਪਣੇ ਪਿੰਡ ਸੈਦਪੁਰ ਪਰਤ ਆਇਆ। ਕੁਝ ਸਾਲਾਂ ਵਿਚ ਹੀ ਇਸ ਦੇ ਕੀਰਤਨ ਦੀ ਸ਼ੋਹਰਤ ਦੂਰ ਦੂਰ ਤਕ ਪਸਰ ਗਈ ਅਤੇ ਇਹ ਆਪਣੇ ਕੀਰਤਨੀ ਜੱਥੇ ਨਾਲ ਅਨੇਕ ਗੁਰੂ-ਧਾਮਾਂ ਉਤੇ ਕੀਰਤਨ ਕਰਨ ਲਈ ਜਾਣ ਲਗ ਗਿਆ।

ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਤੋਂ ਇਹ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਦਾ ਪ੍ਰਚਾਰ ਵੀ ਕਰਦਾ ਰਿਹਾ। ਅਕਾਲੀ ਦਲ ਵਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਇਸ ਨੇ ਬੜੇ ਉਤਸਾਹ ਨਾਲ ਹਿੱਸਾ ਲਿਆ। ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਵੇਲੇ ਇਸ ਨੇ ਬੜਾ ਵੈਰਾਗਮਈ ਕੀਰਤਨ ਕੀਤਾ। ਚਾਬੀਆਂ ਦੇ ਮੋਰਚੇ ਅਤੇ ਜੈਤੋ ਦੇ ਮੋਰਚੇ ਵਿਚ ਇਸ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਤਰ੍ਹਾਂ ਕੀਰਤਨ ਕਰਨ ਦੇ

ਨਾਲ ਨਾਲ ਇਸ ਨੇ ਸਿੱਖ ਅੰਦੋਲਨਾਂ ਵਿਚ ਆਪਣਾ ਯੋਗਦਾਨ ਪਾਇਆ ਅਤੇ ਸੰਨ 1942 ਈ. ਵਿਚ ਅੰਮ੍ਰਿਤਸਰ ਵਿਚ ਹੋਈ ਸਰਬ ਹਿੰਦ ਰਾਗੀ ਕਾਨਫ੍ਰੰਸ ਦੀ ਪ੍ਰਧਾਨਗੀ ਕੀਤੀ। ਇਸ ਦਾ ਦੇਹਾਂਤ ਆਪਣੇ ਪਿੰਡ ਸੈਦਪੁਰ ਵਿਚ 29 ਮਈ 1952 ਈ. ਨੂੰ ਹੋਇਆ।

**ਜਵੇਹਰ ਮੱਲ, ਭਾਈ** : ਬਨਾਰਸ ਦਾ ਇਕ ਸਿੱਖ ਮਸੰਦ ਜਿਸ ਨੇ ਬਿਹਾਰ ਅਤੇ ਬੰਗਾਲ ਵਲ ਜਾਂਦਿਆਂ ਆਉਂਦਿਆਂ ਗੁਰੂ ਤੇਗ ਬਹਾਦਰ ਜੀ ਦੀ ਬਹੁਤ ਸੇਵਾ ਕੀਤੀ। ਬਨਾਰਸ ਦੀ ਸੰਗਤ ਨੂੰ ਲਿਖੇ ਨੌਵੇਂ ਗੁਰੂ ਜੀ ਦੇ ਹੁਕਮਨਾਮਿਆਂ ਵਿਚ ਇਸ ਦੇ ਨਾਂ ਦਾ ਉਲੇਖ ਮਿਲਦਾ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਪਟਨਾ ਜਾ ਰਹੇ ਸਨ, ਤਾਂ ਉਨ੍ਹਾਂ ਦਾ ਇਕ ਘੋੜਾ 'ਸ੍ਰੀਧਰ' ਬੀਮਾਰ ਹੋ ਗਿਆ। ਗੁਰੂ ਜੀ ਉਸ ਦੇ ਇਲਾਜ ਦੀ ਸੌਂਪਣੀ ਇਸ ਨੂੰ ਕਰ ਗਏ ਅਤੇ ਇਕ ਹੁਕਮਨਾਮੇ ਰਾਹੀਂ ਇਸ ਨੂੰ ਆਦੇਸ਼ ਭੇਜਿਆ ਕਿ ਠੀਕ ਹੋਣ ਤੇ ਘੋੜਾ ਪਟਨੇ ਭੇਜ ਦਿੱਤਾ ਜਾਵੇ।

**ਜਾਹਮਣ** (ਪਿੰਡ) : ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦਾ ਇਕ ਪਿੰਡ ਜੋ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਪਿੰਡ 'ਚਾਹਲ' ਦੇ ਨੇੜੇ ਹੈ ਅਤੇ ਹਿੰਦ-ਪਾਕਿਸਤਾਨ ਦੀ ਸੀਮਾ ਤੋਂ ਲਗਭਗ ਇਕ ਕਿ.ਮੀ. ਦੀ ਵਿਥ ਉਤੇ ਵਸਿਆ ਹੋਇਆ ਹੈ। ਆਪਣੇ ਨਾਨਕੇ ਪਿੰਡ ਜਾਂਦਿਆਂ ਗੁਰੂ ਜੀ ਕਈ ਵਾਰ ਇਸ ਪਿੰਡ ਦੇ ਬਾਹਰ ਇਕ ਟੋਭੇ ਦੇ ਕੰਢੇ ਠਹਿਰਿਆ ਕਰਦੇ ਸਨ। ਉਸ ਥਾਂ 'ਤੇ ਬਾਦ ਵਿਚ 'ਗੁਰਦੁਆਰਾ ਰੋੜੀ ਸਾਹਿਬ ਪਾਤਿਸ਼ਾਹੀ ਪਹਿਲੀ' ਉਸਾਰਿਆ ਗਿਆ ਅਤੇ ਟੋਭੇ ਦੀ ਥਾਂ ਉਤੇ ਸੁੰਦਰ ਸਰੋਵਰ ਬਣਾਇਆ ਗਿਆ। ਇਹ ਗੁਰੂ- ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਸੀ, ਪਰ ਆਜ਼ਾਦੀ ਤੋਂ ਬਾਦ ਪਾਕਿਸਤਾਨ ਵਿਚ ਰਹਿ ਗਿਆ ਹੈ।

**ਜ਼ਾਹਿਰਾ ਜ਼ਹੂਰ, ਗੁਰਦੁਆਰਾ** : ਵੇਖੋ 'ਪੁਰਹੀਰਾ (ਪਿੰਡ)'।

**ਜਾਤਿ ਭੇਦ-ਭਾਵ** : ਸਿੱਖ ਧਰਮ ਵਿਚ ਸਿੱਧਾਂਤਿਕ ਤੌਰ 'ਤੇ ਜਾਤਿ ਭੇਦ-ਭਾਵ ਦਾ ਕੋਈ ਸਥਾਨ ਅਤੇ ਮਹੱਤਵ ਨਹੀਂ ਹੈ। ਸ਼ਾਬਦਿਕ ਅਰਥ ਦੀ ਦ੍ਰਿਸ਼ਟੀ ਤੋਂ 'ਜਾਤਿ' ਦਾ ਅਰਥ ਉਹ ਸਮਾਜਿਕ ਇਕਾਈ ਹੈ ਜੋ ਸਮਾਨ ਭਾਈਚਾਰੇ ਵਾਲੇ ਲੋਕਾਂ ਨੂੰ ਮਿਲਾ ਕੇ ਬਣਦੀ ਹੈ। ਭਾਰਤ ਵਿਚ ਪੁਰਾਤਨ ਕਾਲ ਤੋਂ ਹੀ ਵਖ ਵਖ ਜਾਤੀਆਂ ਵਿਚ ਉੱਚੇ ਨੀਵੇਂ ਦਾ ਭੇਦ-ਭਾਵ ਚਲਦਾ ਆਇਆ ਹੈ। ਇਸ ਜਾਤਿ ਭੇਦ-ਭਾਵ ਨੇ ਮਨੁੱਖ ਮਨੁੱਖ ਵਿਚ ਜੋ ਵਿਥ ਪੈਦਾ ਕੀਤੀ ਹੈ, ਉਸ ਨਾਲ ਭਾਰਤੀ ਸਮਾਜ ਅਤੇ ਧਰਮ ਵਿਚ ਨਕਾਰਾਤਮਕ ਰੁਚੀਆਂ ਦਾ ਵਿਕਾਸ ਹੋਇਆ ਹੈ। ਇਸ ਲਈ ਮੱਧ-ਯੁਗ ਦੇ ਧਰਮ -ਸਾਧਕਾਂ ਨੇ ਇਸ ਪ੍ਰਕਾਰ ਦੀ ਭੇਦ-ਭਾਵਨਾ ਦਾ ਬਹੁਤ ਵਿਰੋਧ ਕੀਤਾ ਹੈ, ਖ਼ਾਸ ਤੌਰ 'ਤੇ ਗੁਰਬਾਣੀ ਵਿਚ ਥਾਂ-ਪਰ-ਥਾਂ ਇਸ ਦਾ ਨਿਖੇਧ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਉਸ ਵਿਅਕਤੀ ਨੂੰ ਨੀਵੀਂ ਜਾਤਿ ਦਾ ਮੰਨਿਆ ਹੈ ਜੋ ਆਪਣੇ ਵਾਸਤਵਿਕ ਜੀਵਨ-ਉਦੇਸ਼ ਤੋਂ ਖੁੰਝ ਕੇ ਆਪਣੇ ਮਾਲਿਕ/ਇਸ਼ਟ ਪਰਮਾਤਮਾ ਨੂੰ ਭੁਲ ਜਾਂਦਾ ਹੋਵੇ—*ਖਸਮੁ ਵਿਸਾਰਹਿ ਤੇ ਕਮਜਾਤਿ।* (ਗੁ.ਗ੍ਰੰ.10)।

ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਬ੍ਰਾਹਮਣ, ਖਤ੍ਰੀ, ਵੈਸ਼ ਅਤੇ ਸ਼ੂਦ੍ਰ ਇਨ੍ਹਾਂ ਚਾਰ ਵਰਣਾਂ ਵਿਚ ਉਹੀ ਵਰਣ ਪ੍ਰਧਾਨ ਹੈ ਜਿਸ ਵਿਚ ਹਰਿ ਦੀ ਆਰਾਧਨਾ ਹੁੰਦੀ ਹੈ। ਉਹ ਵਿਅਕਤੀ ਸਭ ਤੋਂ ਉੱਚਾ ਅਤੇ ਸੁੱਚਾ ਹੈ ਜਿਸ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ। ਇਸ ਪ੍ਰਕਾਰ ਦਾ ਸੇਵਕ ਜੇ ਨੀਚ ਜਾਤਿ ਵਿਚੋਂ ਹੋਵੇ ਤਾਂ ਵੀ ਉਸ ਦੇ ਚਰਣ ਧੋਣੇ ਚਾਹੀਦੇ ਹਨ— *ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ। ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ। ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨ। ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ।* (ਗੁ.ਗ੍ਰੰ.861)।

ਗੁਰੂ ਅਮਰਦਾਸ ਜੀ ਨੇ ਵੀ ਕਿਹਾ ਹੈ ਕਿ ਉਹੀ ਉਤਮ ਵਿਅਕਤੀ ਹਨ ਜੋ ਭਗਤੀ ਵਿਚ ਰੰਗੇ ਹੋਏ ਹਨ, ਨਾਮ ਸਿਮਰਨ ਤੋਂ ਵਾਂਝਿਆ ਵਿਅਕਤੀ ਨੀਚ ਜਾਤਿ ਦਾ ਹੈ— *ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ। ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ।* (ਗੁ.ਗ੍ਰੰ.426)।

ਜਾਤਿ ਭੇਦ-ਭਾਵ ਦੇ ਜੇ ਇਤਿਹਾਸ ਨੂੰ ਵਾਚੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਆਧਾਰ ਭਾਰਤੀ ਵਰਣ-ਵਿਵਸਥਾ ਹੈ। ਵਰਣ-ਵਿਵਸਥਾ ਦੀ ਹੋਂਦ ਵੈਦਿਕ ਸਾਹਿਤ ਵਿਚ ਮਿਲ ਜਾਂਦੀ ਹੈ। ਰਿਗਵੇਦ ਦੇ 10ਵੇਂ ਮੰਡਲ ਦੇ ਪੁਰਸ਼-

ਸੂਕ੍ਤ ਅਨੁਸਾਰ ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਭੁਜਾਵਾਂ ਤੋਂ ਛਤ੍ਰੀ, ਜੰਘਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦ੍ਰ ਪੈਦਾ ਹੋਏ ਹਨ। ਪਰ ਉਦੋਂ ਇਸ ਵਰਗ-ਵੰਡ ਦਾ ਸਰੂਪ ਉਦਾਰ ਸੀ, ਅਜ ਵਰਗੀਆਂ ਤੰਗ ਹਦਬੰਦੀਆਂ ਨਹੀਂ ਸਨ। ਸਮਾਜ ਦੀ ਵਿਵਸਥਾ ਕਰਮ ਅਨੁਸਾਰ ਸੀ, ਜਨਮ ਅਨੁਸਾਰ ਨਹੀਂ। ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ, ਇਸ ਵਿਵਸਥਾ ਦਾ ਆਧਾਰ ਬਦਲਦਾ ਗਿਆ। 'ਮਨੁ-ਸਮ੍ਰਿਤੀ' ਵਿਚ ਹਰ ਵਰਣ ਦੇ ਵਿਅਕਤੀ ਦੇ ਸਮਾਜਿਕ ਅਤੇ ਵਿਅਕਤੀਗਤ ਕਾਰਜ, ਜੀਵਿਕਾ, ਸਿਖਿਆ-ਦੀਖਿਆ, ਸੰਸਕਾਰ, ਕਰਤੱਵ ਅਤੇ ਅਧਿਕਾਰ ਸੰਬੰਧੀ ਨਿਯਮਾਂ ਦਾ ਵਿਧਾਨ ਕੀਤਾ ਗਿਆ। ਪਰਵਰਤੀ ਸਮ੍ਰਿਤੀ-ਕਾਲ ਵਿਚ ਕਰਮ ਦਾ ਸਥਾਨ ਜਨਮ ਨੇ ਲੈ ਲਿਆ। ਸਮਾਜ ਦਾ ਸਰੂਪ ਬਦਲ ਗਿਆ। ਮਨੁੱਖ ਮਨੁੱਖ ਨ ਰਿਹਾ, ਉਸ ਦੀ ਵੰਡ ਵਰਣਾਂ ਅਨੁਸਾਰ ਹੋ ਗਈ, ਉਹ ਬ੍ਰਾਹਮਣ, ਛਤ੍ਰੀ, ਵੈਸ਼ ਅਤੇ ਸ਼ੂਦ੍ਰ ਬਣ ਗਿਆ। ਇਸ ਦਾ ਵਿਰੋਧ ਵੀ ਨਾਲ ਨਾਲ ਹੋਣ ਲਗਾ। ਮਹਾਤਮਾ ਬੁੱਧ ਨੇ ਇਸ ਵਿਵਸਥਾ ਦਾ ਵਿਰੋਧ ਕਰਨ ਵਿਚ ਪਹਿਲ ਕੀਤੀ, ਪਰ ਮੱਧ-ਯੁਗ ਤਕ ਇਹ ਵਿਵਸਥਾ ਕਿਸੇ ਨ ਕਿਸੇ ਤਰ੍ਹਾਂ ਆਪਣਾ ਵਿਸਥਾਰ ਕਰਦੀ ਰਹੀ। ਇਸ ਵਿਵਸਥਾ ਦੀ ਨਿਰਸਾਰਤਾ ਆਪਣੇ ਉਘੜੇ ਹੋਏ ਰੂਪ ਵਿਚ ਬਾਹਰੋਂ ਹੋਏ ਮੁਸਲਮਾਨਾਂ ਦੇ ਹਮਲਿਆਂ ਵੇਲੇ ਪ੍ਰਗਟ ਹੋਈ।

ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ (*ਮੱਧਕਾਲੀਨ ਧਰਮ -ਸਾਧਨਾ*) ਨੇ ਦਸਿਆ ਹੈ ਕਿ ਮੱਧ-ਯੁਗ ਵਿਚ ਪਹਿਲੀ ਵਾਰ ਭਾਰਤੀ ਸਮਾਜ ਨੂੰ ਇਕ ਅਜਿਹੀ ਪਰਿਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ, ਜੋ ਉਸ ਨੇ ਕਦੇ ਕਿਆਸ ਨਹੀਂ ਸੀ ਕੀਤੀ। ਹੁਣ ਤਕ ਵਰਣ-ਵਿਵਸਥਾ ਦਾ ਕੋਈ ਗੰਭੀਰ ਵਿਰੋਧ ਨਹੀਂ ਸੀ ਪੈਦਾ ਹੋਇਆ, ਪਰ ਹੁਣ ਇਸਲਾਮ ਵਰਗਾ ਸੰਗਠਿਤ ਸਮਾਜ ਸਾਹਮਣੇ ਸੀ, ਜੋ ਹਰ ਇਕ ਵਿਅਕਤੀ ਅਤੇ ਹਰ ਇਕ ਜਾਤਿ ਨੂੰ ਆਪਣੇ ਅੰਦਰ ਸਮਾਨ ਆਸਣ ਦੇਣ ਦੀ ਪ੍ਰਤਿਗਿਆ ਕਰ ਚੁਕਾ ਸੀ। ਇਸ ਨਾਲ ਭਾਰਤੀ ਵਰਣ-ਵਿਵਸਥਾ ਨੇ ਸਾਰੇ ਸਮਾਜ ਨੂੰ ਡਾਵਾਂਡੋਲ ਕਰ ਦਿੱਤਾ।

ਉਪਰੋਕਤ ਸਥਿਤੀ ਦਾ ਸਿੱਟਾ ਇਹ ਨਿਕਲਿਆ ਕਿ ਖ਼ਾਸ ਤੌਰ 'ਤੇ ਨੀਵੀਆਂ ਜਾਤਾਂ ਨਾਲ ਸੰਬੰਧ ਰਖਣ ਵਾਲੇ ਇਸ ਵਿਵਸਥਾ ਕਾਰਣ ਦੁਖਾਂ ਅਤੇ ਵਿਤਕਰਿਆਂ ਤੋਂ ਤੰਗ ਹੋ ਕੇ ਮੁਸਲਮਾਨ ਬਣਨ ਲਗੇ। ਇਸ ਦੀ ਪ੍ਰਤਿਕ੍ਰਿਆ ਹੋਣੀ ਵੀ ਸੁਭਾਵਿਕ ਸੀ। ਨਤੀਜੇ ਵਜੋਂ ਭਾਰਤੀ ਸਾਧਕਾਂ ਨੇ ਜਾਤਿ ਭੇਦ-ਭਾਵ ਦੇ ਭਿਆਨਕ ਸਿੱਟਿਆਂ ਅਤੇ ਹਾਨੀਕਾਰਕ ਰੂਪਾਂ ਨੂੰ ਵੇਖ ਕੇ ਇਸ ਦਾ ਵਿਰੋਧ ਕੀਤਾ। ਸਚ ਤਾਂ ਇਹ ਹੈ ਕਿ ਮੱਧ-ਯੁਗ ਤਕ ਆਉਂਦੇ ਆਉਂਦੇ ਵਰਣ-ਵਿਵਸਥਾ ਅਤਿ ਅਧਿਕ ਦੂਸ਼ਿਤ ਹੋ ਗਈ ਅਤੇ ਹੇਠਲੇ ਤਿੰਨੇ ਵਰਣ ਬ੍ਰਾਹਮਣ ਵਰਗ ਦੇ ਅਤਿਆਚਾਰਾਂ ਨੂੰ ਸਹਿੰਦਿਆਂ ਸਹਿੰਦਿਆਂ ਤੰਗ ਪੈਕੇ ਵਿਗੜ ਖੜੋਤੇ ਅਤੇ ਅਜਿਹੇ ਨਵੇਂ ਸਮਾਜਿਕ ਵਿਧਾਨ ਦੀ ਲੋੜ ਦਾ ਅਨੁਭਵ ਕਰਨ ਲਗੇ, ਜਿਸ ਵਿਚ ਬ੍ਰਾਹਮਣਾਂ ਦੇ ਦੈਵੀ ਅਧਿਕਾਰਾਂ ਨੂੰ ਵੰਗਾਰਿਆ ਜਾ ਸਕੇ ਅਤੇ ਸਮਾਨਤਾ ਨੂੰ ਜੀਵਨ ਵਿਚ ਵਿਵਹਾਰਿਕ ਰੂਪ ਦਿੱਤਾ ਜਾ ਸਕੇ। ਸੰਤਾਂ ਦੀਆਂ ਬਾਣੀਆਂ ਵਿਚ ਅਜਿਹੇ ਨਵੇਂ ਸਮਾਜਿਕ ਵਿਧਾਨ ਦੀ ਲਲਕਾਰ ਹੈ।

ਮੱਧ-ਯੁਗ ਵਿਚ ਜਾਤਿ ਭੇਦ-ਭਾਵ ਦੇ ਵਿਰੁੱਧ ਸਭ ਤੋਂ ਨਿਖੜ ਕੇ ਸੁਆਮੀ ਰਾਮਾਨੰਦ ਨੇ ਨਾਹਰਾ ਮਾਰਿਆ ਕਿ ਭਗਤੀ ਦੇ ਖੇਤਰ ਵਿਚ ਇਸ ਅਣਮਨੁੱਖੀ ਵੰਡ ਦਾ ਕੋਈ ਅਰਥ ਨਹੀਂ ਹੈ—*ਜਾਤਿ ਪਾਤਿ ਪੂਛੇ ਨਹਿ ਕੋਈ। ਹਰਿ ਕੋ ਭਜੇ ਸੋ ਹਰਿ ਕਾ ਹੋਈ।* ਫਿਰ ਲਗਪਗ ਸਾਰਿਆਂ ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਇਸ ਨੂੰ ਗ਼ੈਰ-ਜ਼ਰੂਰੀ ਮੰਨਿਆ ਅਤੇ ਇਸ ਦਾ ਵਿਰੋਧ ਕੀਤਾ। ਉੱਚੇ ਵਰਗ ਨਾਲ ਸੰਬੰਧਿਤ ਸਾਧਕਾਂ ਦੇ ਮੁਕਾਬਲੇ ਹੇਠਲੀਆਂ ਸ਼੍ਰੇਣੀਆਂ ਤੋਂ ਆਏ ਸੰਤਾਂ ਸਾਧਕਾਂ ਦੀਆਂ ਬਾਣੀਆਂ ਵਿਚ ਇਸ ਵਿਧਾਨ ਦਾ ਅਧਿਕ ਅਤੇ ਕਿਤੇ ਕਿਤੇ ਚੁਭਵੀਂ ਸ਼ੈਲੀ ਵਿਚ ਖੰਡਨ ਹੋਇਆ। ਇਸ ਪ੍ਰਕਾਰ ਦੇ ਖੰਡਨ ਵਿਚ ਸੰਤ ਕਬੀਰ ਸਭ ਤੋਂ ਅਗੇ ਸਨ। ਸਿੱਖ-ਗੁਰੂਆਂ ਨੇ ਵੀ ਇਸ ਵਿਵਸਥਾ ਦਾ ਡਟ ਕੇ ਖੰਡਨ ਕੀਤਾ, ਪਰ ਉਨ੍ਹਾਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਹ ਕੁਲੀਨ (ਸ੍ਰੇਸ਼ਠ ਕੁਲਾਂ ਦੇ) ਹੁੰਦੇ ਹੋਏ ਵੀ ਹਰਿ-ਪ੍ਰਾਪਤੀ ਦੇ ਮਾਰਗ 'ਤੇ ਅੱਗੇ ਵਧਣ ਲਈ ਜਾਤਿ ਭੇਦ-ਭਾਵ ਨੂੰ ਰੁਕਾਵਟ ਮੰਨਦੇ ਸਨ। ਗੁਰੂ ਨਾਨਕ ਦੇਵ ਜੀ ਨੇ ਜਾਤੀਆਂ ਅਤੇ ਵਰਣਾਂ ਨੂੰ ਵਿਅਰਥ ਅਤੇ ਧੂੜ ਵਰਗਾ ਮੰਨਿਆ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ— *ਨਾਨਕ ਉਤਮੁ ਨੀਚੁ ਨ ਕੋਇ।* (ਗੁ.ਗ੍ਰੰ.7)।

ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਪ੍ਰਸੰਗ ਵਿਚ ਕਿਹਾ ਹੈ ਜਾਤੀਆਂ ਅਤੇ ਉਨ੍ਹਾਂ ਦੇ ਨਾਂ ਵਿਅਰਥ ਹਨ। ਸਾਰੇ ਮਨੁੱਖ ਇਕੋ ਦੀ ਸਰਪ੍ਰਸਤੀ ਅਧੀਨ ਹਨ। ਜੇ ਕੋਈ ਉੱਚੀ ਕੁਲ ਵਿਚੋਂ ਹੋਣ ਕਾਰਣ ਆਪਣੇ ਆਪ ਨੂੰ ਮਹਾਨ

ਕਹਿੰਦਾ ਹੋਵੇ, ਤਾਂ ਉਹ ਤਦ ਹੀ ਮਹਾਨ ਹੋਵੇਗਾ ਜੇ ਉਹ ਸਚੀ ਦਰਗਾਹ ਵਿਚ ਪ੍ਰਤਿਸ਼ਠਾ ਪ੍ਰਾਪਤ ਕਰੇਗਾ— *ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ। ਆਪਹੁ ਜੇ ਕੋ ਭਲਾ ਕਹਾਏ। ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ।* (ਗੁ.ਗ੍ਰੰ.83)।

ਗੁਰੂ ਅਮਰਦਾਸ ਜੀ ਨੇ ਜਾਤਿ ਦਾ ਗਰਬ ਕਰਨ ਵਾਲੇ ਵਿਅਕਤੀ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਇਸ ਪ੍ਰਕਾਰ ਦੇ ਗਰਬ ਤੋਂ ਕਈ ਪ੍ਰਕਾਰ ਦੇ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਸਭ ਕੋਈ ਚਾਰ ਵਰਣ ਕਹਿੰਦਾ ਹੈ, ਪਰ ਸਾਰੇ ਮਨੁੱਖ ਇਕੋ ਹੀ ਮਿੱਟੀ ਤੋਂ ਬਣੇ ਭਾਂਡਿਆਂ ਵਾਂਗ ਪਰਮਾਤਮਾ ਦੁਆਰਾ ਸੰਵਾਰੇ ਹੋਏ ਹਨ। ਇਨ੍ਹਾਂ ਵਿਚ ਕਿਸੇ ਦੇ ਵਧ-ਘਟ ਹੋਣ ਦੀ ਕੋਈ ਗੁੰਜਾਇਸ਼ ਨਹੀਂ— *ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ। ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ। ਚਾਰੇ ਵਰਨ ਆਖੈ ਸਭੁ ਕੋਈ। ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ। ਮਾਟੀ ਏਕ ਸਗਲ ਸੰਸਾਰਾ। ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ। ਪੰਚ ਤਤੁ ਮਿਲਿ ਦੇਹੀ ਕਾ ਆਕਾਰਾ। ਘਟਿ ਵਧਿ ਕੋ ਕਰੈ ਬੀਚਾਰਾ।* (ਗੁ.ਗ੍ਰੰ.1128)।

ਨੀਵੀਆਂ ਜਾਤਾਂ ਤੋਂ ਆਏ ਸਾਧਕਾਂ ਦੀਆਂ ਬਾਣੀਆਂ ਵਿਚ ਜਾਤਿ ਭੇਦ-ਭਾਵ ਦੇ ਵਿਰੁੱਧ ਜੋ ਅਵਾਜ਼ ਉਠੀ ਸੀ, ਉਹ ਸੁਭਾਵਿਕ ਹੀ ਸੀ ਕਿਉਂਕਿ ਯੁਗਾਂ ਯੁਗਾਂ ਤੋਂ ਇਹ ਲੋਕ ਇਸ ਭੇਦ-ਭਾਵ ਤੋਂ ਦੁਖੀ ਹੁੰਦੇ ਚਲੇ ਆ ਰਹੇ ਸਨ। ਉਨ੍ਹਾਂ ਦਾ ਨਿਜੀ ਅਨੁਭਵ ਬਹੁਤ ਦੁਖ ਪੂਰਣ ਅਤੇ ਕੌੜਾ ਸੀ, ਇਸ ਲਈ ਅਜਿਹੇ ਵਰਗਾਂ ਨਾਲ ਸੰਬੰਧਿਤ ਸਾਧਕਾਂ ਦੀਆਂ ਬਾਣੀਆਂ ਵਿਚ ਉਨ੍ਹਾਂ ਨਾਲ ਸੰਬੰਧਿਤ ਸਮਾਜ ਪ੍ਰਤਿ ਕੀਤੇ ਗਏ ਅਮਾਨਵੀ ਵਿਵਹਾਰ ਦਾ ਪ੍ਰਤਿਕਰਮ ਸੀ। ਪਰ ਗੁਰੂ ਨਾਨਕ ਦੇਵ ਜੀ ਜਾਂ ਉੱਤਰਵਰਤੀ ਗੁਰੂ ਸਾਹਿਬਾਨ ਦਾ ਇਸ ਪ੍ਰਕਾਰ ਦਾ ਕੋਈ ਅਨੁਭਵ ਨਹੀਂ ਸੀ। ਇਸ ਲਈ ਉਨ੍ਹਾਂ ਦੀਆਂ ਬਾਣੀਆਂ ਵਿਚ ਜਾਤਿ ਭੇਦ-ਭਾਵ ਦੇ ਵਿਰੋਧ ਦਾ ਚਿਤ੍ਰਣ ਕੇਵਲ ਲੋਕ-ਮੰਗਲਕਾਰੀ ਅਤੇ ਜਨ-ਕਲਿਆਣਕਾਰੀ ਭਾਵਨਾ ਉਤੇ ਆਧਾਰਿਤ ਹੈ। ਉਹ ਜਾਤਿ ਭੇਦ-ਭਾਵ ਦੇ ਫਲਸਰੂਪ ਮਿਧੇ ਹੋਏ ਲੋਕਾਂ ਨੂੰ ਉਠਾ ਕੇ ਸਮਾਜ ਵਿਚ ਸਮ-ਅਧਿਕਾਰ ਦਿਵਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਆਪਣੀ ਪਰੰਪਰਿਕ ਕੁਲੀਨਤਾ ਨੂੰ ਛਡ ਕੇ ਖ਼ੁਦ ਨੂੰ ਨੀਵੀਆਂ ਜਾਤੀਆਂ ਦੇ ਸੰਪਰਕ ਵਿਚ ਲਿਆਉਂਦਾ ਅਤੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਉਨ੍ਹਾਂ ਦਾ ਵੱਡੀਆਂ ਜਾਤੀਆਂ ਵਾਲਿਆਂ ਨਾਲ ਕੋਈ ਸਰੋਕਾਰ ਨਹੀਂ, ਉਹ ਤਾਂ ਨੀਚਾਂ, ਮਿਧਿਆਂ ਹੋਇਆਂ ਦੇ ਸੰਗੀ-ਸਾਥੀ ਹਨ— *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।* (ਗੁ.ਗ੍ਰੰ.15)।

ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਉੱਚੇ ਕੁਲ ਵਾਲੇ ਸਾਧਕਾਂ ਪ੍ਰਤਿ ਜ਼ਰੂਰ ਸ਼ਰਧਾ ਹੈ, ਪਰ ਨੀਵੀਂ ਕੁਲ ਵਾਲੇ ਸਾਧਕਾਂ ਲਈ ਤਾਂ ਉਹ ਆਪਣੀ ਚਮੜੀ ਦੀਆਂ ਜੁੱਤੀਆਂ ਬਣਵਾ ਕੇ ਪਵਾਉਣ ਲਈ ਤਿਆਰ ਹਨ— *ਜਾਤਿ ਕੁਲੀਨੁ ਸੇਵਕੁ ਜੇ ਹੋਇ। ਤਾ ਕਾ ਕਹਣਾ ਕਹਹੁ ਨ ਕੋਇ। ਵਿਚਿ ਸਨਾਂਤੀ ਸੇਵਕੁ ਹੋਇ। ਨਾਨਕ ਪਣ੍ਹੀਆ ਪਹਿਰੈ ਸੋਇ।* (ਗੁ.ਗ੍ਰੰ.1256)।

ਗੁਰੂ ਸਾਹਿਬਾਨ ਨੇ ਉਨ੍ਹਾਂ ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਮਾਨਵਤਾ-ਵਿਰੋਧੀ ਦਸਿਆ ਹੈ ਜੋ ਇਸ ਪ੍ਰਕਾਰ ਦੇ ਭੇਦ-ਭਾਵ ਦੀ ਭਾਵਨਾ ਨੂੰ ਜਨਮ ਦਿੰਦੇ ਹਨ। ਗੁਰੂ ਸਾਹਿਬ ਤਾਂ ਕੇਵਲ ਉਸ ਵਿਅਕਤੀ ਨੂੰ ਹੀ ਨੀਵੀਂ ਜਾਤਿ ਵਾਲਾ ਮੰਨਦੇ ਹਨ ਜੋ ਪਰਮਾਤਮਾ ਨੂੰ ਭੁਲਾ ਕੇ ਸੰਸਾਰਿਕ ਪ੍ਰਪੰਚ ਵਿਚ ਗ੍ਰਸਤ ਰਹਿੰਦਾ ਹੈ। ਧਰਮ ਅਤੇ ਸਮਾਜ ਦੇ ਖੇਤਰ ਵਿਚ ਗੁਰੂ ਸਾਹਿਬਾਨ ਨੇ ਇਕਰੂਪਤਾ ਵਾਲਾ ਦ੍ਰਿਸ਼ਟੀਕੋਣ ਅਪਣਾ ਕੇ ਇਕ ਨਵੇਂ ਨਰੋਏ ਧਰਮ-ਆਧਾਰਿਤ-ਸਮਾਜ ਨੂੰ ਜਨਮ ਦਿੱਤਾ, ਜੋ ਸਚੇ ਅਰਥਾਂ ਵਿਚ 'ਮਨੁੱਖ-ਸਮਾਜ' ਅਖਵਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਬਾਣੀ ਵਿਚ ਜਿਸ ਆਦਰਸ਼-ਪੁਰਸ਼ ਬ੍ਰਹਮ-ਗਿਆਨੀ ਦੀ ਕਲਪਨਾ ਕੀਤੀ, ਉਸ ਦਾ ਸਰਬ-ਸ੍ਰੇਸ਼ਠ ਗੁਣ ਸਮਦਰਸੀ ਹੋਣਾ ਹੈ। ਉਹ ਪਰੋਪਕਾਰ ਦੇ ਨਾਲ ਸਦਾ ਉਤਸਾਹਿਤ ਰਹਿਣ ਵਾਲਾ ਹੈ, ਉਹ ਸਭ ਦਾ ਸਮਾਨ ਰੂਪ ਵਿਚ ਕਲਿਆਣਾ ਚਾਹੁੰਦਾ ਹੋਇਆ ਮਨੁੱਖ ਮਨੁੱਖ ਨੂੰ ਨੇੜੇ ਲਿਆਉਣ ਵਾਲਾ ਮਸੀਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ-ਧਰਮ ਵਿਚ ਇਸ ਭੇਦ-ਭਾਵ ਨੂੰ ਖ਼ਤਮ ਕਰਨ ਲਈ ਵਿਭਿੰਨ ਜਾਤੀਆਂ ਦੇ ਵਿਅਕਤੀਆਂ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਕੀਤਾ, ਨਾਂਵਾਂ ਦੀ ਸਮਤਾ ਤੋਂ ਲੈ ਕੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿਚ ਅੰਤਰ ਖ਼ਤਮ ਕੀਤਾ। ਗੁਰੂਆਂ ਦੁਆਰਾ ਸੰਵਾਰੇ 'ਗੁਰਮੁਖ' ਸਿੱਖ ਦਾ ਸਰੂਪ ਸਹੀ ਅਰਥਾਂ ਵਿਚ ਸਚੇ ਮਨੁੱਖ ਦਾ ਸਰੂਪ ਹੈ। ਇਸ ਸਮਦਰਸੀ ਸਰੂਪ ਨੂੰ ਬਾਣਈ ਰਖਣ ਵਿਚ ਹੀ ਮਾਨਵਤਾ ਦਾ ਕਲਿਆਣ ਹੈ। ਇਸ ਨਵ-ਸਿਰਜਿਤ

ਭਾਈਚਾਰੇ ਬਾਰੇ ਸ਼ੰਕਾ-ਗ੍ਰਸਤ ਬ੍ਰਾਹਮਣ ਨੂੰ ਉਤਰ ਦਿੰਦਿਆਂ ਦਸਮ-ਗੁਰੂ ਜੀ ਨੇ ਸਪੱਸ਼ਟ ਕੀਤਾ ਸੀ ਕਿ —*ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ। ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ।* ('ਖ਼ਾਲਸਾ ਮਹਿਮਾ')।

ਉਪਰੋਕਤ ਤੱਥਾਂ ਦੇ ਬਾਵਜੂਦ ਵਰਤਮਾਨ ਕਾਲ ਵਿਚ ਜਾਤਿ-ਪਾਤਿ ਪ੍ਰਤਿ ਆਕਰਸ਼ਣ ਦੀ ਭਾਵਨਾ ਆਪਣਾ ਰੂਪ ਕੁਝ ਬਦਲ ਕੇ ਸਿੱਖ ਪੰਥ ਵਿਚ ਘੁਸਦੀ ਜਾ ਰਹੀ ਹੈ। ਰਾਮਗੜ੍ਹੀਆਂ ਬਰਾਦਰੀ ਨੇ ਆਪਣੇ ਗੁਰਦੁਆਰੇ ਉਸਾਰ ਲਏ ਹਨ। ਰਵਿਦਾਸੀਆਂ ਨੇ ਆਪਣੇ ਗੁਰਦੁਆਰਾ- ਨੁਮਾ ਮੰਦਿਰ ਹਨ। ਬਾਲਮੀਕੀਆਂ ਨੇ ਵੀ ਆਪਣੀ ਵਖਰੀ ਪਛਾਣ ਸ਼ੁਰੂ ਕਰਾ ਦਿੱਤੀ ਹੈ। ਖਤ੍ਰੀ ਸਿੱਖ ਐਸੋਸੀਏਸ਼ਨ, ਜੱਟ-ਸਿਖ ਐਸੋਸੀਏਸ਼ਨ, ਅਰੋੜਬੰਸ ਬਰਾਦਰੀ, ਸੈਣੀ ਬਰਾਦਰੀ, ਲੁਬਾਣਾ ਬਰਾਦਰੀ ਵਰਗੀਆਂ ਬੇਅੰਤ ਸੰਸਥਾਵਾਂ, ਸਭਾਵਾਂ ਅਤੇ ਕਮੇਟੀਆਂ ਸਾਹਮਣੇ ਆ ਰਹੀਆਂ ਹਨ। ਇਸ ਪਿਛੇ ਆਧੁਨਿਕ ਯੁਗ-ਚੇਤਨਾ ਤੋਂ ਇਲਾਵਾ ਵੋਟ ਬੈਂਕ ਬਣਨ ਦੀ ਅਹਿਮੀਅਤ ਅਤੇ ਪਛੜੀਆਂ ਹੋਈਆਂ ਜਾਤੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਵੀ ਪ੍ਰੇਰਿਤ ਕਰ ਰਹੀਆਂ ਹਨ। ਇਸ ਨਾਲ ਸਿੱਖ ਧਰਮ ਵਿਚ ਪ੍ਰਕਾਰਾਂਤਰ ਨਾਲ ਜਾਤਿਵਾਦ ਪ੍ਰਵੇਸ਼ ਕਰ ਰਿਹਾ ਹੈ। ਇਸ ਬਾਰੇ ਸਿੱਖਾਂ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਚੇਤ ਹੁੰਦੇ ਹੋਇਆਂ ਵੀ ਕੋਈ ਉਸਾਰੂ ਭੂਮਿਕਾ ਨਿਭਾਉਣ ਦੇ ਅਸਮਰਥ ਹੈ ਕਿਉਂਕਿ ਉਸ ਵਿਚ ਵੀ ਧਰਮ ਦੀ ਥਾਂ ਰਾਜਨੈਤਿਕ ਹਿਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ।

**ਜਾਤੀ ਮਲਿਕ** (ਮ. 1642 ਈ.) : ਇਹ ਸੋਢੀਆਂ ਦੇ ਪੁਰੋਹਿਤ ਭਾਈ ਸਿੰਘਾ ਦਾ ਪੁੱਤਰ ਸੀ। ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖੀ ਧਾਰਣ ਕੀਤੀ ਅਤੇ ਸੈਨਿਕ ਸਿਖਲਾਈ ਪ੍ਰਾਪਤ ਕਰਕੇ ਗੁਰੂ ਸਾਹਿਬ ਦੁਆਰਾ ਲੜੇ ਯੁੱਧਾਂ ਵਿਚ ਹਿੱਸਾ ਲਿਆ। ਇਸ ਦਾ ਸ਼ੁਮਾਰ ਮੁਖੀ ਸੈਨਿਕਾਂ ਵਿਚ ਹੁੰਦਾ ਸੀ। ਮੋਹਰਾਜ ਦੀ ਲੜਾਈ ਵਿਚ ਇਹ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਿਆ, ਪਰ ਗੁਰੂ ਜੀ ਦੀ ਮਿਹਰ ਨਾਲ ਬਿਲਕੁਲ ਠੀਕ ਹੋ ਗਿਆ। ਇਸ ਦਾ ਦੇਹਾਂਤ ਸੰਨ 1642 ਈ. ਵਿਚ ਕੀਰਤਪੁਰ ਵਿਚ ਹੋਇਆ। ਇਸ ਦਾ ਪੁੱਤਰ ਦਯਾ ਰਾਮ (ਵੇਖੋ) ਵੀ ਪਰਵਰਤੀ ਗੁਰੂ ਸਾਹਿਬਾਨ ਦੀ ਸੇਵਾ ਵਿਚ ਰਿਹਾ।

**ਜਾਪੁ ਸਾਹਿਬ** (ਬਾਣੀ) : 'ਦਸਮ ਗ੍ਰੰਥ' ਵਿਚ ਸੰਕਲਿਤ ਇਕ ਮਹੱਤਵਪੂਰਣ ਬਾਣੀ ਜਿਸ ਦੇ ਕਰਤ੍ਰਿਤਵ ਸੰਬੰਧੀ ਕੋਈ ਵਿਵਾਦ ਨਹੀਂ ਹੈ। ਦਸਮ ਗ੍ਰੰਥ ਦੀਆਂ ਪੁਰਾਣੀਆਂ ਜਾਂ ਨਵੀਆਂ ਹਰ ਤਰ੍ਹਾਂ ਦੀਆਂ ਬੀੜਾਂ ਵਿਚ ਇਸ ਬਾਣੀ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਸਪੱਸ਼ਟ ਹੈ, ਇਸ ਦੀ ਰਚਨਾ ਜਪ ਕਰਨ ਲਈ ਕੀਤੀ ਗਈ ਸੀ। ਸਿੱਖ ਧਰਮ ਦੀ ਮਰਯਾਦਾ ਅਨੁਸਾਰ ਇਸ ਦਾ ਪਾਠ ਸਵੇਰੇ (ਅੰਮ੍ਰਿਤ ਵੇਲੇ) ਕੀਤਾ ਜਾਂਦਾ ਹੈ। ਇਹ ਬਾਣੀ ਅੰਮ੍ਰਿਤ -ਸੰਚਾਰ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵਿਚ ਵੀ ਸ਼ਾਮਲ ਹੈ। ਇਸ ਨਾਲ 'ਜੀ' ਅਤੇ 'ਸਾਹਿਬ' ਪਦ ਸਤਿਕਾਰ ਵਜੋਂ ਜੋੜੇ ਜਾਂਦੇ ਹਨ।

ਇਸ ਦੀ ਰਚਨਾ ਕਦ ਹੋਈ ? ਇਸ ਬਾਰੇ ਕੋਈ ਗੱਲ ਪੱਕੇ ਤੌਰ 'ਤੇ ਭਾਵੇਂ ਨਹੀਂ ਕਹੀ ਜਾ ਸਕਦੀ, ਪਰ ਇਤਨਾ ਸਪੱਸ਼ਟ ਹੈ ਕਿ ਅੰਮ੍ਰਿਤ ਦੀਆਂ ਪੰਜ ਬਾਣੀਆਂ ਵਿਚ ਇਸ ਦੇ ਸ਼ਾਮਲ ਹੋਣ ਕਾਰਣ ਇਸ ਦੀ ਰਚਨਾ ਅੰਮ੍ਰਿਤ ਸੰਚਾਰ ਦੀ ਇਤਿਹਾਸਿਕ ਘਟਨਾ (1756 ਬਿ.—1699 ਈ.) ਤੋਂ ਕਾਫ਼ੀ ਪਹਿਲਾਂ ਜ਼ਰੂਰ ਹੋ ਚੁਕੀ ਹੋਵੇਗੀ ਅਤੇ ਸਿੱਖਾਂ ਵਿਚ ਇਸ ਦਾ ਪਾਠ ਕਰਨ ਅਤੇ ਸੁਣਨ ਦੀ ਪਰੰਪਰਾ ਚਲ ਪਈ ਹੋਵੇਗੀ। ਇਸ ਬਾਣੀ ਦੇ ਸਰੂਪ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਗੁਰੂ ਸਾਹਿਬ ਨੂੰ ਸਹਿਜ ਸੁਭਾਵਿਕ ਆਪਣੇ ਆਪ ਉਤਰੀ ਹੋਵੇਗੀ। ਇਸ ਦੀ ਸ਼ਬਦਾਵਲੀ ਅਤੇ ਗਤਿ-ਮਾਨਤਾ ਇਤਨੀ ਨਿਰੰਤਰ ਅਤੇ ਅਰੁਕ ਹੈ ਕਿ ਪਰਮਾਤਮਾ ਦੇ ਗੁਣ-ਵਾਚਕ ਸ਼ਬਦ ਸੰਗਲੀ ਦੀਆਂ ਕੜੀਆਂ ਵਾਂਗ ਇਕ ਦੂਜੇ ਵਿਚ ਪਰੁਚੇ ਹੋਏ ਪ੍ਰਤੀਤ ਹੁੰਦੇ ਹਨ। ਸਚਮੁਚ ਇਹ ਪਰਮਾਤਮਾ ਦੇ ਕਰਮ ਪ੍ਰਧਾਨ ਗੁਣਾਂ ਦੀ ਲੰਮੀ ਮਾਲਾ ਹੈ ਜਿਸ ਦੇ ਪਾਠ ਵਿਚ ਜਿਗਿਆਸੂ ਦੀ ਸੁਰਤਿ ਟਿਕਦੀ ਹੈ।

ਇਸ ਬਾਣੀ ਵਿਚ ਪਰਮਾਤਮਾ ਦੇ ਨਿਰਗੁਣੀ ਸਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ। ਉਹ ਨਿਰਵਿਕਾਰ, ਨਿਰਾਕਾਰ, ਸਰਬਸ਼ਕਤੀਵਾਨ, ਸੰਸਾਰਿਕ ਪ੍ਰਪੰਚ ਦੀਆਂ ਸੀਮਾਵਾਂ ਤੋਂ ਉੱਚਾ ਹੈ। ਉਹ ਸਿਰਜਕ ਦੇ ਨਾਲ ਨਾਲ ਵਿਨਾਸ਼ਕ ਵੀ ਹੈ। ਉਹ ਸੁੰਦਰ ਅਤੇ ਭਿਆਨਕ ਰੂਪਾਂ ਦਾ ਧਾਰਨੀ ਹੈ। ਉਹ ਦਿਆਲੂ ਅਤੇ ਕਠੋਰ ਦੋਹਾਂ ਤਰ੍ਹਾਂ ਦੀਆਂ ਸਿਫ਼ਤਾਂ ਦਾ ਮਾਲਕ ਹੈ। ਇਸ ਵਿਚ ਵਰਣਿਤ ਪਰਮਾਤਮਾ ਦੀਆਂ ਸਿਫ਼ਤਾਂ ਜਾਂ ਗੁਣਾਂ ਤੋਂ ਇਹ ਸ਼ੰਕਾ ਉਠ ਸਕਦੀ ਹੈ ਕਿ ਨਿਰਗੁਣ ਪਰਮਾਤਮਾ ਵਿਚ ਗੁਣਾਂ ਦੀ ਕਲਪਨਾ ਕਿਵੇਂ

ਕੀਤੀ ਜਾ ਸਕਦੀ ਹੈ ? ਪਰ ਧਿਆਨ ਰਹੇ ਕਿ ਇਥੇ ਨਿਰਗੁਣ ਤੋਂ ਭਾਵ ਹੈ ਤ੍ਰੈਗੁਣ (ਸਤੋ, ਰਜੋ ਅਤੇ ਤਮੋ) ਅਤੀਤ, ਇਨ੍ਹਾਂ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਪਰੇ। ਇਸ ਲਈ ਨਿਰਗੁਣ ਅਤੇ ਸਗੁਣ (ਸਰਗੁਣ) ਦੇ ਸਿੱਧਾਂਤਿਕ ਘੇਰੇ ਨਾਲ ਇਨ੍ਹਾਂ ਗੁਣਾਂ ਦਾ ਸੰਬੰਧ ਨਹੀਂ ਹੈ। ਇਹ ਤਾਂ ਉਸ ਪਰਮਾਤਮਾ ਦੁਆਰਾ ਕੀਤੇ ਜਾ ਰਹੇ ਕਰਮਾਂ ਦੇ ਆਧਾਰ 'ਤੇ ਕਲਪਿਤ ਗੁਣ-ਵਾਚਕ ਨਾਂ ਜਾਂ ਵਿਸ਼ੇਸ਼ਣ ਹਨ।

ਪਰਮਾਤਮਾ ਦੇ ਸਰੂਪ ਸੰਬੰਧੀ ਅਧਿਆਤਮਿਕ ਜਗਤ ਵਿਚ ਪ੍ਰਚਲਿਤ ਦੋ ਧਾਰਣਾਵਾਂ—ਨਿਰਗੁਣ ਅਤੇ ਸਗੁਣ—ਵਿਚੋਂ ਸਿੱਖ ਧਰਮ ਦੇ ਮੋਢੀ ਗੁਰੂ, ਗੁਰੂ ਨਾਨਕ ਦੇਵ ਜੀ, ਨੇ ਨਿਰਗੁਣ ਬ੍ਰਹਮ ਦੀ ਉਪਾਸਨਾ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਹੀ ਭਾਵਨਾ ਬਾਦ ਵਿਚ ਹੋਏ ਗੁਰੂ ਸਾਹਿਬਾਨ ਨੇ ਅਪਣਾਈ। ਇਸੇ ਭਾਵਨਾ ਦੀ ਸਥਾਪਨਾ ਦਸਮ ਗੁਰੂ ਨੇ 'ਜਾਪੁ' ਵਿਚ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਲਿਖੇ ਮੂਲ-ਮੰਤ੍ਰ ਦੀ ਵਿਆਖਿਆ 'ਜਪੁ' ਬਾਣੀ ਅਤੇ ਸਮੁੱਚੀ ਗੁਰਬਾਣੀ ਵਿਚ ਹੋਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮੂਲ-ਮੰਤ੍ਰ ਦੀ ਵਿਆਖਿਆ ਆਪਣੀ ਰੁਚੀ ਅਨੁਸਾਰ ਵਖਰੀ ਰਚਨਾ-ਸ਼ੈਲੀ ਵਿਚ ਸਮੁੱਚੇ 'ਜਾਪੁ' ਵਿਚ ਕੀਤੀ ਹੈ। *ਨਮਸਤੰ ਸੁ ਏਕੈ* ਵਿਚ ਪਰਮਾਤਮਾ ਦੇ 'ਇਕ' ਹੋਣ ਦੀ ਗੱਲ ਸਪੱਸ਼ਟ ਹੁੰਦੀ ਹੈ। 'ਓਅੰਕਾਰ' ਦੀ ਪੁਸ਼ਟੀ *ਓਅੰਕਾਰ ਆਦਿ* ਕਥਨ ਤੋਂ ਹੋ ਜਾਂਦੀ ਹੈ। 'ਸਤਿਨਾਮ' ਦੀ ਗੱਲ *ਸਦੈਵੰ ਸਰੂਪ ਹੈ* ਤੋਂ ਸਪੱਸ਼ਟ ਹੁੰਦੀ ਹੈ। ਉਹ ਪਰਮਾਤਮਾ ਕਰਤਾ-ਪੁਰਖ ਵੀ ਹੈ— *ਸਰਬੰ ਕਰਤਾ, ਜਗ ਕੇ ਕਰਨ ਹੈ, ਅਜੋਨ ਪੁਰਖ ਅਪਾਰ* ਆਦਿ ਉਕਤੀਆਂ ਤੋਂ ਇਸ ਦਾ ਸਮਰਥਨ ਹੋ ਜਾਂਦਾ ਹੈ। 'ਨਿਰਭਉ' ਗੁਣ ਦੀ ਪੁਸ਼ਟੀ ਵਜੋਂ 'ਜਾਪੁ' ਵਿਚ *ਅਨਭਉ* ਅਤੇ *ਅਭੈ* ਸ਼ਬਦ ਵਰਤੇ ਗਏ ਹਨ। *ਨ ਸਤ੍ਰੈ ਨ ਮਿਤ੍ਰੈ* ਕਥਨ ਰਾਹੀਂ ਪਰਮਾਤਮਾ ਦਾ ਨਿਰਵੈਰ ਰੂਪ ਉਘੜਦਾ ਹੈ। ਪਰਮਾਤਮਾ ਲਈ 'ਅਕਾਲ' ਸ਼ਬਦ ਦੀ ਵਰਤੋਂ 'ਜਾਪੁ' ਵਿਚ ਅਨੇਕ ਥਾਂਵਾਂ ਉਤੇ ਹੋਈ ਹੈ। ਉਸ ਨੂੰ *ਆਦਿ ਰੂਪ ਅਨਾਦ ਮੂਰਤਿ ਅਜੋਨ ਪੁਰਖ ਅਪਾਰ* ਕਹਿ ਕੇ 'ਮੂਰਤਿ' ਸੰਕਲਪ ਵੀ ਸਪੱਸ਼ਟ ਕਰ ਦਿੱਤਾ ਗਿਆ ਹੈ। 'ਅਜੂਨੀ' ਸੰਕਲਪ ਦਾ ਸਮਰਥਨ 'ਅਜੋਨ' ਸ਼ਬਦ ਰਾਹੀਂ ਹੋਇਆ ਹੈ। ਪਰਮਾਤਮਾ ਦੇ 'ਸੈਭੰ' ਦੀ ਗੱਲ ਵੀ 'ਜਾਪੁ' ਵਿਚ ਹੋਈ ਹੈ— *ਸਯੰਭਵ ਸੁਭੰ ਸਰਬਦਾ ਸਰਬ ਜੁਗਤੇ।* ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮੂਲ-ਮੰਤ੍ਰ ਦੇ ਸਿੱਧਾਂਤਾਂ ਦੀ ਪੁਨਰ-ਸਥਾਪਨਾ ਕੀਤੀ ਹੈ।

ਪਰਮਾਤਮਾ ਨੂੰ ਨਿਰਗੁਣ ਮੰਨਦੇ ਹੋਇਆਂ ਗੁਰੂ ਜੀ ਨੇ 'ਜਾਪੁ' ਦੇ ਆਰੰਭਿਕ ਛਪੈ ਛੰਦ ਵਿਚ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਦਾ ਸਰੂਪ ਸੰਸਾਰਿਕ ਵਸਤੂਆਂ ਦੀ ਤੁਲਨਾ ਦੀ ਪਕੜ ਤੋਂ ਬਾਹਰ ਹੈ। ਉਸ ਦਾ ਕੋਈ ਚਕ੍ਰ, ਚਿੰਨ੍ਹ, ਵਰਣ, ਜਾਤਿ-ਪਾਤਿ, ਰੂਪ, ਰੰਗ, ਰੇਖ-ਭੇਖ ਆਦਿ ਨਹੀਂ ਹੈ। ਇਸ ਲਈ ਉਹ ਵਰਣਨ ਤੋਂ ਪਰੇ ਹੈ। ਉਹ ਅਚਲ ਸਰੂਪ, ਸੁਤੈ-ਸਿਧ ਪ੍ਰਕਾਸ਼ਮਾਨ ਅਤੇ ਅਸੀਮ ਓਜ ਵਾਲਾ ਹੈ। ਉਹ ਕਰੋੜਾਂ ਇੰਦ੍ਰਾਂ ਦਾ ਇੰਦ੍ਰ, ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਉਸ ਨੂੰ 'ਨੇਤਿ ਨੇਤਿ' ਕਹਿ ਕੇ ਬਸ ਕਰ ਜਾਂਦੀਆਂ ਹਨ। ਉਹ ਪਰਮ ਸੱਤਾ ਸਭ ਨੂੰ ਜਾਣਦੀ ਹੈ, ਸਭ ਭੇਖਾਂ ਤੋਂ ਉੱਚੀ ਹੈ। ਉਸ ਦੇ ਸਰੂਪ ਦਾ ਚਿਤ੍ਰਣ ਸ਼ਾਸਤ੍ਰ, ਵੇਦ, ਪੁਰਾਣ ਆਦਿ ਨਹੀਂ ਕਰ ਸਕਦੇ। ਸੰਸਾਰ ਰਚਨਾ ਦਾ ਮੂਲ ਮੁੱਦਾ ਇਕ ਤੋਂ ਅਨੇਕ ਹੋਣ ਦਾ ਹੈ। ਇਸ ਦ੍ਰਿਸ਼ਮਾਨ ਏਕਤਾ ਵਿਚ ਮੂਲ ਜਾਂ ਬੁਨਿਆਦੀ ਤੱਤ੍ਵ ਇਕ ਹੀ ਹੈ। ਸੋਨੇ ਤੋਂ ਗਹਿਣੇ ਬਣਨ ਵਾਂਗ, ਮਿੱਟੀ ਤੋਂ ਬਰਤਨ ਘੜਨ ਵਾਂਗ, ਜਲ ਤੋਂ ਜਲ-ਤਰੰਗ ਪੈਦਾ ਹੋਣ ਵਾਂਗ ਸਾਰੀਆਂ ਵਸਤੂਆਂ ਆਪਣਾ ਵਖਰਾ ਵਖਰਾ ਰੂਪ ਧਾਰ ਕੇ ਅੰਤ ਵਿਚ ਆਪਣੇ ਮੂਲ ਤੱਤ੍ਵ ਵਿਚ ਹੀ ਸਮਾ ਜਾਂਦੀਆਂ ਹਨ। ਅਨੇਕਤਾ ਦਾ ਕੇਵਲ ਅਹਿਸਾਸ ਹੈ, ਪਰ ਇਹ ਯਥਾਰਥ ਨਹੀਂ, ਵਾਸਤਵਿਕ ਸੱਤਾ ਤਾਂ ਇਕ ਹੀ ਹੈ— *ਅਨੇਕ ਹੈਂ ਫਿਰ ਏਕ ਹੈਂ।* ਗੁਰੂ ਜੀ ਦੀ ਧਾਰਣਾ ਹੈ ਕਿ ਉਸ ਇਕ ਪਰਮਾਤਮਾ ਨੇ, ਜੋ ਅਨੇਕ ਰੂਪ ਧਾਰਣ ਕੀਤੇ ਹੋਏ ਹਨ, ਉਹ ਅਸਲੋਂ ਇਕੋ ਮੂਰਤ ਦੇ ਅਨੇਕ ਦਰਸ਼ਨ ਹਨ। ਪਰਮਾਤਮਾ ਬਾਜੀਗਰ ਵਾਂਗ ਸੰਸਾਰਿਕ ਪ੍ਰਪੰਚ ਦੀ ਖੇਡ ਰਚਦਾ ਹੈ, ਖੇਡ ਖੇਡਣ ਉਪਰੰਤ ਬਾਜੀਗਰ ਵਾਂਗ ਸਾਰੇ ਵਿਖਾਵੇ ਨੂੰ ਸਮੇਟ ਲੈਂਦਾ ਹੈ, ਅਰਥਾਤ ਆਪਣੇ ਵਿਚ ਲੀਨ ਕਰ ਲੈਂਦਾ ਹੈ :

*ਏਕੁ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕੁ।੮੧।*

ਅਸਲ ਵਿਚ, ਹਰ ਪ੍ਰਕਾਰ ਦੇ ਪਰਸਪਰ ਵਿਰੋਧੀ ਦਿਸਣ ਵਾਲੇ ਸਰੂਪ ਪਰਮਾਤਮਾ ਦਾ ਵਖ ਵਖ ਢੰਗਾਂ ਨਾਲ ਹੋਇਆ ਪਸਾਰਾ ਹੀ ਹੈ। ਇਹ ਪਰਮਾਤਮਾ ਦੀ ਸਰਬ ਵਿਆਪਕਤਾ ਹੈ। ਉਹ ਸੰਸਾਰ ਦੇ ਜ਼ੱਰੇ ਜ਼ੱਰੇ ਵਿਚ ਰਮਿਆ ਹੋਇਆ ਹੈ। ਇਹ ਸਰਬ-ਵਿਆਪਕ ਸਰੂਪ ਹੀ ਨਿਰਗੁਣ

ਸਰੂਪ ਦੀ ਆਧਾਰ-ਭੂਮੀ ਹੈ। ਇਸੇ ਕਰਕੇ ਗੁਰੂ ਜੀ ਨੇ ਪਰਮਾਤਮਾ ਦੇ ਲਗਭਗ ਸਾਰੇ ਵਾਚਕ ਨਾਂਵਾਂ ਨਾਲ ਉਸਤਤਿ ਕੀਤੀ ਹੈ।

ਮੱਧ-ਯੁਗ ਦੇ ਸੰਤ ਸਾਹਿਤ ਅਤੇ ਗੁਰਬਾਣੀ ਵਿਚ ਪਰਮਾਤਮਾ ਦਾ ਸਰੂਪ ਅਧਿਕਤਰ ਸੌਮ੍ਯ ਜਾਂ ਕੋਮਲ ਰਿਹਾ ਹੈ। ਉਹ ਕ੍ਰਿਪਾਲੂ, ਦਿਆਲੂ, ਭਗਤ-ਵੱਛਲ, ਪ੍ਰਤਿਪਾਲਕ ਅਤੇ ਪਰ-ਉਪਕਾਰੀ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਤਿਹਾਸਿਕ ਪਰਿਸਥਿਤੀਆਂ ਕਾਫ਼ੀ ਬਦਲ ਚੁਕੀਆਂ ਸਨ। ਆਤਮ ਰਖਿਆ ਦਾ ਪ੍ਰਸ਼ਨ ਸਾਹਮਣੇ ਸੀ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਮਹਾ-ਬਲਿਦਾਨਾਂ ਨੇ ਸਿੱਖ ਸਮਾਜ ਨੂੰ ਝੰਜੋੜ ਦਿੱਤਾ ਸੀ। ਭੈ-ਭੀਤ ਅਤੇ ਘਬਰਾਏ ਹੋਏ ਲੋਕਾਂ ਦੇ ਮਨ ਵਿਚ ਵੀਰਤਾ ਦੀ ਭਾਵਨਾ ਦਾ ਸੰਚਾਰ ਕਰਨਾ ਅਤੇ ਧਰਮ-ਯੁੱਧ ਲਈ ਪ੍ਰੇਰਣਾ ਦੇਣਾ ਉਸ ਵਕਤ ਦੇ ਲੋਕ-ਨਾਇਕ ਗੁਰੂ ਗੋਬਿੰਦ ਸਿੰਘ ਜੀ ਤੋਂ ਜਨ-ਮਾਨਸ ਦੀ ਜ਼ੋਰਦਾਰ ਮੰਗ ਸੀ। ਲੋਕਾਂ ਦੀ ਨਬਜ਼ ਨੂੰ ਪਛਾਣਦੇ ਹੋਇਆਂ ਗੁਰੂ ਜੀ ਨੇ ਪਰਮਾਤਮਾ ਤੋਂ ਜਨਤਾ ਦੇ ਸੰਕਟ ਹਰਨ ਦੀ ਆਸ ਕੀਤੀ। ਪਰਮਾਤਮਾ ਦੇ ਕੋਮਲ ਰੂਪ ਦੇ ਨਾਲ ਜੁਝਾਰੂ ਰੂਪ ਦੀ ਕਲਪਨਾ ਜੁੜਨ ਲਗੀ ਅਤੇ ਭਗਤੀ ਦੇ ਨਾਲ ਸ਼ਕਤੀ ਦਾ ਮੇਲ ਹੋਣ ਲਗਾ।

ਭਾਰਤੀ ਧਾਰਮਿਕ ਸਾਹਿਤ ਵਿਚ ਪਰਮਾਤਮਾ ਦਾ ਸੰਘਾਰਕ ਪਖ ਰੁਦ੍ਰ ਰੂਪ ਰਾਹੀਂ ਪ੍ਰਗਟਾਇਆ ਗਿਆ ਹੈ। ਸੰਸਾਰ ਵਿਚ ਸੰਤੁਲਨ ਦੀ ਸਥਿਤੀ ਬਣਾਈ ਰਖਣ ਲਈ ਵਿਰੋਧੀ ਜਾਂ ਵਿਘਨਕਾਰੀ ਸ਼ਕਤੀਆਂ ਨੂੰ ਦਬਾਉਣਾ ਅਤਿ ਜ਼ਰੂਰੀ ਹੈ। ਇਨ੍ਹਾਂ ਸ਼ਕਤੀਆਂ ਨੂੰ ਅਸੁਰੀ ਜਾਂ ਰਾਖਸ਼ੀ ਸ਼ਕਤੀਆਂ ਕਿਹਾ ਜਾਂਦਾ ਹੈ। 'ਭਗਵਦ ਗੀਤਾ' ਦਾ ਸਿੱਧਾਂਤ ਹੈ ਕਿ ਧਰਮ ਦੀ ਹਾਨੀ ਅਤੇ ਅਧਰਮ ਦੇ ਵਾਧੇ ਨੂੰ ਰੋਕਣ ਲਈ ਕਿਸੇ ਈਸ਼ਵਰੀ ਸ਼ਕਤੀ ਦੀ ਦਖ਼ਲ-ਅੰਦਾਜ਼ੀ ਦੀ ਲੋੜ ਹੁੰਦੀ ਹੈ। ਇਸੇ ਭਾਵਨਾ ਨੇ ਅਵਤਾਰਵਾਦ ਨੂੰ ਜਨਮ ਦਿੱਤਾ। ਪਰਮਾਤਮਾ ਤੋਂ ਸੰਸਾਰਿਕ ਸੰਤੁਲਨ ਕਾਇਮ ਰਖਣ ਦੀ ਆਸ ਕੀਤੀ ਗਈ ਹੈ। ਇਸ ਲਈ ਕੋਮਲ ਰੂਪ ਦੇ ਨਾਲ ਨਾਲ ਸੰਘਾਰਕ ਰੂਪ ਦੀ ਕਲਪਨਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੇ ਅਸ਼ਾਂਤ ਜਾਂ ਭਿਆਨਕ ਰੂਪ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਨੇ ਉਸ ਪਰਮਾਤਮਾ ਨੂੰ ਪ੍ਰਣਾਮ ਕੀਤਾ ਹੈ ਜੋ ਯੁੱਧਾਂ ਦਾ ਯੁੱਧ, ਯੁੱਧ ਦਾ ਕਰਤਾ ਅਤੇ ਸ਼ਾਂਤ ਰੂਪ ਵਾਲਾ ਹੈ। ਇਸ ਤਰ੍ਹਾਂ ਪਰਮਾਤਮਾ ਇਕੋ ਸਮੇਂ ਵਿਰੋਧੀ ਸ਼ਕਤੀਆਂ ਦਾ ਇਕ-ਸਮਾਨ ਸੁਆਮੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਆਦਿ ਰਚਨਾਵਾਂ ਵਿਚ ਪਰਮਾਤਮਾ ਦੇ ਨਾਂ ਵੀ ਵੀਰ-ਨਾਇਕਾਂ ਦੀ ਪਰੰਪਰਾ ਵਾਲੇ ਰਖੇ ਹਨ, ਜਿਵੇਂ ਅਸਿਪਾਣ, ਸਸਤ੍ਰਪਾਣ, ਅਸਿਧੁਜ, ਅਸਿਕੇਤੁ ਆਦਿ। ਉਸ ਪਰਮਾਤਮਾ ਨੂੰ ਕਲਿਆਣ-ਕਾਰੀ ਅਤੇ ਕਠੋਰ ਕਰਮ ਕਰਨ ਵਾਲਾ ਵੀ ਦਸਿਆ ਹੈ—*ਨਮੋ ਨਿਤ ਨਰਾਇਣੇ ਕਰੂਰ ਕਰਮੈ।* ਉਹ ਸਭ ਨੂੰ ਜਿਤਣ ਵਾਲਾ ਅਤੇ ਸਭ ਨੂੰ ਭੈ ਦੇਣ ਵਾਲਾ ਹੈ—*ਨਮੋ ਸਰਬ ਜੀਤੇ। ਨਮੋ ਸਰਬ ਭੀਤੇ।* ਉਹ ਸੁੰਦਰ ਸਰੂਪ ਵਾਲਾ ਪੂਰਣ ਪੁਰਖ ਹੈ ਜੋ ਸਭ ਨੂੰ ਬਣਾਉਂਦਾ ਅਤੇ ਢਾਹੁੰਦਾ ਹੈ :

*ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ।*
*ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ।੯੩।*

ਇਸ ਰਚਨਾ ਵਿਚ ਪਰਮਾਤਮਾ ਨੂੰ ਨਾਸ਼ਕ ਇਸ ਲਈ ਮੰਨਿਆ ਗਿਆ ਹੈ ਕਿਉਂਕਿ ਉਸ ਵੇਲੇ ਵੈਰੀਆਂ ਨੂੰ ਨਾਸ਼ ਕਰਨਾ ਜਾਂ ਉਨ੍ਹਾਂ ਤੋਂ ਸੁਰਖਿਅਤ ਹੋਣਾ ਬੜਾ ਜ਼ਰੂਰੀ ਸੀ। ਇਸ ਲੋੜ ਦੀ ਪੂਰਤੀ ਲਈ ਹੀ ਪਰਮਾਤਮਾ ਦੇ ਸਰੂਪ-ਚਿਤ੍ਰਣ ਵਿਚ ਨਵਾਂ ਰੰਗ ਲਿਆਉਂਦਾ ਗਿਆ ਹੈ। ਸਮਾਜ ਵਿਚ ਪਸਰੇ ਅਨਾਚਾਰਾਂ ਕਰਕੇ ਪੈਦਾ ਹੋਈ ਮੰਦੀ ਹਾਲਤ ਨੂੰ ਸਾਂਵਿਆਂ ਕਰਨ ਲਈ ਗੋਸਵਾਮੀ ਤੁਲਸੀਦਾਸ ਨੂੰ ਜਿਵੇਂ 'ਰਾਮ ਚਰਿਤ ਮਾਨਸ' ਵਿਚ ਸ੍ਰੀ ਰਾਮ ਚੰਦਰ ਦੇ ਸਰੂਪ ਵਿਚ ਮਰਯਾਦਾ ਪੁਰਸ਼ੋਤਮ ਦੀ ਕਲਪਨਾ ਕਰਨੀ ਪਈ, ਮਹਾਤਮਾ ਸੂਰਦਾਸ ਨੂੰ ਸੰਸਾਰ ਵਿਚ ਪਸਰੀ ਵੈਰਾਗ ਦੀ ਅਤਿਵਾਦਿਤਾ ਖ਼ਤਮ ਕਰਨ ਲਈ 'ਸੂਰਸਾਗਰ' ਵਿਚ ਸ੍ਰੀ ਕ੍ਰਿਸ਼ਣ ਦੇ ਲੋਕ-ਰੰਜਨਕਾਰੀ ਸਰੂਪ ਦਾ ਚਿਤ੍ਰਣ ਕਰਨਾ ਪਿਆ, ਉਸੇ ਤਰ੍ਹਾਂ ਯੁਗ ਦੀਆਂ ਪਰਿਸਥਿਤੀਆਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਮਾਤਮਾ ਵਿਚ ਵੈਰੀ ਸੰਘਾਰਕ ਦੇ ਗੁਣਾਂ ਦੀ ਕਲਪਨਾ ਕਰਨੀ ਪਈ (*ਰਿਪੁ ਤਾਪਨ ਹੈ, ਸਤ੍ਰੰ ਪ੍ਰਣਾਸੀ, ਅਰਿ ਘਾਲਯ ਹੈ, ਖਲ ਘਾਇਕ ਹੈ*)।

ਪਰਮਾਤਮਾ ਦੇ ਸਰੂਪ ਦੀ ਇਸ ਪ੍ਰਕਾਰ ਦੀ ਕਲਪਨਾ ਕਰਨ ਨਾਲ ਭੈ-ਭੀਤ ਸਮਾਜ ਵਿਚ ਵੈਰੀ ਦੇ ਨਸ਼ਟ ਹੋਣ ਦੀ ਉਦੋਂ ਆਸ ਬੱਝੀ ਸੀ ਅਤੇ ਸਿੱਖ ਸ਼ੂਰਵੀਰ ਆਸਵੰਤ ਹੋ ਕੇ ਅਤੇ ਪਰਮਾਤਮਾ ਨੂੰ ਆਪਣੇ ਪੱਖ ਵਿਚ ਪਾ ਕੇ ਉਤਸਾਹ-ਪੂਰਵਕ ਆਤਮ ਬਲ ਨਾਲ ਯੁੱਧ-ਭੂਮੀ ਵਿਚ ਆਪਣੇ ਜੌਹਰ ਵਿਖਾਉਣ ਦੇ ਸਮਰਥ ਹੋਏ ਸਨ। ਇਸ ਪ੍ਰਕਾਰ ਦੀ ਜੁਝਾਰੂ ਜਾਂ ਰੌਦ੍ਰ ਕਲਪਨਾ ਨਾਲ ਪਰਮਾਤਮਾ ਦੇ

ਸੌਮ੍ਯ ਜਾਂ ਕੋਮਲ ਸਰੂਪ ਦਾ ਵਿਰੋਧ ਨਹੀਂ ਹੁੰਦਾ, ਸਗੋਂ ਉਸ ਦੇ ਦੋਵੇਂ ਪੱਖ ਸਾਹਮਣੇ ਆਉਂਦੇ ਹਨ। ਜਿਥੇ ਕਿਥੇ ਵੀ ਪਰਮਾਤਮਾ ਦਾ ਜੁਝਾਰੂ ਰੂਪ ਚਿਤਰਿਆ ਗਿਆ ਹੈ, ਉਥੇ ਨਾਲ ਹੀ ਸੌਮ੍ਯ ਰੂਪ ਵਿਚ ਸਪੱਸ਼ਟ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਯੁਗ ਦੀਆਂ ਪਰਿਸਥਿਤੀਆਂ ਅਨੁਸਾਰ ਪਰਮਾਤਮਾ ਦੇ ਸਰਬ-ਪੱਖੀ ਸਰੂਪ ਦਾ ਚਿਤ੍ਰਣ ਹੋ ਸਕਿਆ ਹੈ। ਆਰੰਭਿਕ ਛਪੈ ਛੰਦ ਵਿਚ ਚਿਤਰੀ ਨਿਰਾਕਾਰ ਪਰਮ-ਸੱਤਾ 'ਜਾਪੁ' ਦੇ ਅੰਤ ਤਕ ਸੰਕਟ ਨੂੰ ਦੂਰ ਕਰਨ ਵਾਲੀ ਅਤੇ ਰਖਿਅਕ ਵੀ ਬਣ ਗਈ ਹੈ :

*ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ।*
*ਸਦਾ ਅੰਗ ਸੰਗੇ ਅਭੰਗੰ ਬਿਭੂਤੇ।੧੯੯।*

ਇਸ ਰਚਨਾ ਵਿਚ ਗੁਰੂ ਜੀ ਨੇ ਪਰਮਾਤਮਾ ਦੇ ਸਰੂਪ-ਚਿਤ੍ਰਣ ਲਈ ਸਤੋਤ੍ਰ ਕਾਵਿ-ਰੂਪ ਦੀ ਵਰਤੋਂ ਕੀਤੀ ਹੈ। ਸਤੋਤ੍ਰ ਉਹ ਰਚਨਾ ਹੁੰਦੀ ਹੈ ਜਿਸ ਵਿਚ ਇਸ਼ਟ ਦੇਵ ਦਾ ਸਰੂਪ-ਚਿਤ੍ਰਣ, ਗੁਣ-ਕੀਰਤਨ ਜਾਂ ਉਸਤਤ ਕੀਤੀ ਜਾਏ। ਭਾਰਤੀ ਸਾਹਿਤ ਵਿਚ ਉਸਤਤਮਈ ਮੰਤ੍ਰਾਂ ਦੀ ਹੋਂਦ 'ਰਿਗ ਵੇਦ' ਵਿਚ ਵੇਖੀ ਜਾ ਸਕਦੀ ਹੈ ਜਿਸ ਦਾ ਵਿਕਾਸ ਬਾਦ ਦੇ ਧਾਰਮਿਕ ਅਤੇ ਪੌਰਾਣਿਕ ਸਾਹਿਤ ਵਿਚ ਹੋਇਆ ਅਤੇ ਫਿਰ ਸੁਤੰਤਰ ਜਾਂ ਮੌਲਿਕ ਰੂਪ ਵਿਚ ਸਤੋਤ੍ਰ ਲਿਖੇ ਜਾਣ ਦੀ ਪਰੰਪਰਾ ਹੀ ਚਲ ਪਈ। ਇਸ ਕਾਵਿ-ਰੂਪ ਵਿਚ ਚੂੰਕਿ ਪਰਮਾਤਮਾ ਦੇ ਨਾਂਵਾਂ, ਗੁਣਾਂ ਜਾਂ ਵਿਸ਼ੇਸ਼ਣਾਂ ਦੀ ਇਕ ਤਰ੍ਹਾਂ ਨਾਲ ਗਣਨਾ-ਸੂਚੀ ਹੁੰਦੀ ਹੈ, ਇਸ ਲਈ ਇਸ ਦਾ ਨਾਂ ਸੰਖਿਆ-ਪਰਕ ਜਾਂ ਗਿਣਤੀ-ਆਧਾਰਿਤ ਵੀ ਰਖਿਆ ਜਾਂਦਾ ਰਿਹਾ ਹੈ, ਜਿਵੇਂ 'ਵਿਸ਼ਣੂ ਸਹੰਸ੍ਰਨਾਮਾ'। ਕਈ ਵਿਦਵਾਨਾਂ ਨੇ 'ਜਾਪੁ' ਨੂੰ 'ਵਿਸ਼ਣੂ ਸਹੰਸ੍ਰਨਾਮਾ' ਦੇ ਤੁਲ ਮੰਨ ਕੇ ਇਸ ਨੂੰ 'ਅਕਾਲ ਸਹੰਸ੍ਰਨਾਮਾ' ਦਾ ਨਾਂ ਦਿੱਤਾ ਹੈ। ਪਰ ਦੋਹਾਂ ਵਿਚ ਬੁਨਿਆਦੀ ਅੰਤਰ ਹੈ। 'ਵਿਸ਼ਣੂ ਸਹੰਸ੍ਰਨਾਮਾ' ਵਿਚ ਵਿਸ਼ਣੂ ਦੀ ਸ਼ਕਤੀ, ਸੌਂਦਰਯ, ਸ਼ੀਲ ਆਦਿ ਦਾ ਵਰਣਨ ਹੈ। ਇਸ ਲਈ ਉਸ ਦੀ ਬਿਰਤੀ ਸਗੁਣਾਤਮਕ ਹੈ, ਪਰ 'ਜਾਪੁ' ਵਿਚ ਯੁਗ ਦੀਆਂ ਪਰਿਸਥਿਤੀਆਂ ਅਨੁਸਾਰ ਨਿਰਗੁਣ ਪਰਮਾਤਮਾ ਦਾ ਸਰੂਪ ਚਿਤਰਿਆ ਗਿਆ ਹੈ। ਇਸਲਾਮ ਧਰਮ ਵਿਚ ਵੀ ਫ਼ਾਰਸੀ ਵਿਚ ਲਿਖੇ ਕੁਝ ਅਜਿਹੇ ਸਤੋਤ੍ਰ ਮਿਲਦੇ ਹਨ ਜਿਨ੍ਹਾਂ ਨੂੰ 'ਹਮਦੋਸਨਾ' ਨਾਂ ਦਿੱਤਾ ਗਿਆ ਹੈ। ਹਮਦੋਸਨਾ ਨਾਲੋਂ 'ਜਾਪੁ' ਵਿਚ ਫ਼ਰਕ ਇਹ ਹੈ ਕਿ ਇਸ ਵਿਚ ਹਰ ਧਰਮ ਦੀਆਂ ਭਾਵਨਾਵਾਂ ਦੀ ਸਮਾਈ ਹੋਈ ਹੈ। ਇਸ ਦੀ ਬਿਰਤੀ ਸਮਨਵੈਕਾਰੀ ਹੈ।

ਗੁਰੂ ਜੀ ਨੇ ਵਿਸ਼ੇਸ਼ ਸ਼ੈਲੀ-ਪ੍ਰਯੋਗਾਂ ਰਾਹੀਂ ਵੀ ਪਰਮਾਤਮਾ ਦੇ ਸਰੂਪ-ਚਿਤ੍ਰਣ ਵਿਚ ਰੁਚੀ ਵਿਖਾਈ ਹੈ। ਇਸ ਪ੍ਰਕਾਰ ਦੀ ਪਹਿਲੀ ਸ਼ੈਲੀ ਵਿਰੋਧਾਤਮਕ ਜਾਂ ਵਿਰੋਧਾ-ਭਾਸਿਕ ਕਥਨਾਂ, ਨਾਂਵਾਂ ਜਾਂ ਅਲੰਕਾਰਾਂ ਦੀ ਯੋਜਨਾ ਵਿਚ ਵੇਖੀ ਜਾ ਸਕਦੀ ਹੈ। ਇਕ ਪਾਸੇ ਪਰਮਾਤਮਾ ਕਲਹ-ਕਰਤਾ ਹੈ ਤਾਂ ਦੂਜੇ ਪਾਸੇ ਸ਼ਾਂਤ ਰੂਪ, ਜੇ ਇਕ ਪਾਸੇ ਉਹ ਸਮੁੱਚ ਹੈ ਤਾਂ ਦੂਜੇ ਪਾਸੇ ਅਣੂ, ਜੇ ਇਕ ਪਾਸੇ ਅੰਧਕਾਰ ਹੈ ਤਾਂ ਦੂਜੇ ਪਾਸੇ ਤੇਜ—*ਨਮੋ ਅੰਧਕਾਰੇ ਨਮੋ ਤੇਜ ਤੇਜੇ।* ਇਸੇ ਤਰ੍ਹਾਂ ਉਹ ਇਕ ਪਾਸੇ ਸੰਘਾਰਕ ਹੈ ਤਾਂ ਦੂਜੇ ਪਾਸੇ ਪ੍ਰਤਿਪਾਲਕ, ਜੇ ਇਕ ਪਾਸੇ ਸੁਕਾਉਣ ਵਾਲਾ ਹੈ ਤਾਂ ਦੂਜੇ ਪਾਸੇ ਭਰਨ ਵਾਲਾ, ਜੇ ਇਕ ਪਾਸੇ ਉਹ ਕਾਲ ਰੂਪ ਹੈ ਤਾਂ ਦੂਜੇ ਪਾਸੇ ਪਾਲਣਹਾਰਾ ਹੈ— *ਕਿ ਸਰਬੱਤ੍ਰ ਕਾਲੈ। ਕਿ ਸਰਬੱਤ੍ਰ ਪਾਲੈ।*

ਵਿਸ਼ੇਸ਼ ਸ਼ੈਲੀ ਦਾ ਦੂਜਾ ਰੂਪ ਨਕਾਰਾਤਮਕ ਸ਼ਬਦਾਂ ਦੀ ਵਰਤੋਂ ਵਿਚ ਵੇਖਿਆ ਜਾ ਸਕਦਾ ਹੈ। ਇਸ ਸ਼ੈਲੀ ਪ੍ਰਯੋਗ ਰਾਹੀਂ ਪਰਮਾਤਮਾ ਵਿਚ ਕਿਸੇ ਗੁਣ ਦੀ ਕਲਪਨਾ ਨ ਕਰਕੇ ਉਸ ਨੂੰ ਗੁਣਾਂ ਜਾਂ ਵਿਸ਼ੇਸ਼ਣਾਂ ਦੀ ਪ੍ਰਭਾਵ ਸੀਮਾ ਤੋਂ ਪਰੇ ਦਸਿਆ ਗਿਆ ਹੈ—*ਨਾ ਰਾਗੇ। ਨ ਰੰਗੇ। ਨ ਰੂਪੇ। ਨ ਰੇਖੇ।* ਇਸ ਰਚਨਾ ਦੇ ਮੁੱਢਲੇ ਛਪੈ ਛੰਦ ਵਿਚ ਵੀ ਇਹ ਸ਼ੈਲੀ ਵਰਤੀ ਗਈ ਹੈ। ਇਸ ਸ਼ੈਲੀ ਨਾਲ ਮੇਲ ਖਾਂਦੀ ਇਕ ਹੋਰ ਸ਼ੈਲੀ ਹੈ ਨਿਸ਼ੇਧਾਤਮਕ। ਇਸ ਪ੍ਰਸੰਗ ਵੇਲੇ ਗੁਰੂ ਜੀ ਨੇ ਪਰਮਾਤਮਾ ਦੇ ਨਾਂਵਾਂ ਜਾਂ ਵਿਸ਼ੇਸ਼ਣਾਂ ਨਾਲ 'ਅ' ਉਪਸਰਗ ਦੀ ਵਰਤੋਂ ਕੀਤੀ ਹੈ—*ਅਰੂਪ ਹੈਂ। ਅਨੂਪ ਹੈਂ। ਅਜੂ ਹੈਂ। ਅਭੂ ਹੈਂ।* ਇਹ ਸ਼ੈਲੀ ਚਾਚਰੀ ਛੰਦ ਰਾਹੀਂ ਵਿਸ਼ੇਸ਼ ਉਘੜੀ ਹੈ।

ਉਪਰੋਕਤ ਵਰਣਨ-ਸ਼ੈਲੀਆਂ ਤੋਂ ਇਲਾਵਾ ਗੁਰੂ-ਕਵੀ ਨੇ 'ਨਮਸਤੰ' ਜਾਂ 'ਨਮੋ' ਵਰਗੇ ਨਮਸਕਾਰਾਤਮਕ ਸ਼ਬਦਾਂ ਦੀ ਵਰਤੋਂ ਕਰਕੇ ਇਕ ਵਿਸ਼ੇਸ਼ ਕਥਨ-ਢੰਗ ਰਾਹੀਂ ਸੰਗੀਤਾਤਮਕਤਾ ਪੈਦਾ ਕੀਤੀ ਹੈ। ਇਸ ਨਾਲ ਜਿਗਿਆਸੂ ਦੇ ਮਨ ਵਿਚ ਇਕ ਪ੍ਰਕਾਰ ਦੀ ਕਰਮਸ਼ੀਲਤਾ ਜਾਂ ਉਦਮ ਕਰਨ ਦੀ ਬਿਰਤੀ ਦਾ ਵਿਕਾਸ ਹੁੰਦਾ ਹੈ ਅਤੇ ਉਹ ਹਰਿ-ਭਗਤੀ ਦੇ ਮਾਰਗ ਉਤੇ ਅਗੇ ਵਧਦਾ ਹੈ। ਕੁਝ ਇਕ ਛੰਦਾਂ ਵਿਚ ਗੁਰੂ ਜੀ ਨੇ ਹਰ ਇਕ ਤੁਕ ਦੇ ਸ਼ੁਰੂ ਵਿਚ 'ਕਿ' ਅਵ੍ਯਯ ਦੀ ਵਰਤੋਂ ਕਰਕੇ ਪਰਮਾਤਮਾ ਦੇ ਸਰੂਪ-ਚਿਤ੍ਰਣ ਵਿਚ ਨਵਾਂ ਪ੍ਰਯੋਗ ਕੀਤਾ ਹੈ। ਇਸ 'ਕਿ' ਪਦ ਦਾ ਅਰਥ ਕੁਝ ਟੀਕਾਕਾਰਾਂ ਨੇ 'ਜੋ' ਅਤੇ ਕੁਝ ਨੇ 'ਜਾਂ' ਕੀਤਾ ਹੈ।

ਪਹਿਲਾ ਅਰਥ ਸਰਵਨਾਮ ਸੂਚਕ ਹੈ ਅਤੇ ਦੂਜਾ ਅਵ੍ਯਯ ਬੋਧਕ। ਇਸ ਕਿਸਮ ਦਾ ਪ੍ਰਯੋਗ ਭਗਵਤੀ ਛੰਦ ਰਾਹੀਂ ਹੋਇਆ ਹੈ— *ਕਿ ਸਾਹਿਬ ਦਿਮਾਗ ਹੈਂ। ਕਿ ਹੁਸਨਲ ਚਰਾਗ ਹੈਂ। ਕਿ ਕਾਮਲ ਕਰੀਮ ਹੈਂ। ਕਿ ਰਾਜਕ ਰਹੀਮ ਹੈਂ।*

ਪਰਮਾਤਮਾ ਦੇ ਸਰੂਪ-ਵਰਣਨ ਵਿਚ ਇਕ ਵਿਸ਼ੇਸ਼ਤਾ ਇਹ ਵੀ ਵੇਖੀ ਗਈ ਹੈ ਕਿ ਗੁਰੂ-ਕਵੀ ਨੇ ਪਹਿਲਾਂ ਕਿਸੇ ਪ੍ਰਤਿਸ਼ਠਿਤ ਸੱਤਾ ਜਾਂ ਸ਼ਕਤੀ ਦਾ ਉਲੇਖ ਕਰਕੇ ਫਿਰ ਪਰਮਾਤਮਾ ਨੂੰ ਉਸ ਤੋਂ ਉਪਰ ਜਾਂ ਸ੍ਰੇਸ਼ਠ ਦਸਿਆ ਹੈ। ਇਸ ਨਾਲ ਤੁਲਨਾਤਮਕ ਵਿਧੀ ਰਾਹੀਂ ਪਰਮਾਤਮਾ ਦੀ ਮਹਾਨਤਾ ਅਤੇ ਸਮਰਥਤਾ ਉਤੇ ਪ੍ਰਕਾਸ਼ ਪੈਂਦਾ ਹੈ, ਜਿਵੇਂ :

*ਨਮੋ ਚੰਦ੍ਰ ਚੰਦ੍ਰੇ ਨਮੋ ਭਾਨ ਭਾਨੇ।੪੭।*
*ਨਮੋ ਜੋਗ ਜੋਗੇਸ੍ਵਰੰ ਪਰਮ ਸਿਧੇ।*
*ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ।੫੧।*
*ਨਮੋ ਸਾਹ ਸਾਹੰ ਨਮੋ ਭੂਮ ਭੂਪੇ।੫੫।*

ਪਰਮਾਤਮਾ ਦੇ ਗੁਣਾਂ ਦੇ ਵਰਣਨ ਵਿਚ ਸਤੋਤ੍ਰ ਤੋਂ ਪੈਦਾ ਹੋਣ ਵਾਲੀ ਨੀਰਸਤਾ ਨੂੰ ਖ਼ਤਮ ਕਰਨ ਲਈ ਅਤੇ ਰੋਚਕਤਾ ਦਾ ਸੰਚਾਰ ਕਰਨ ਲਈ ਗੁਰੂ ਜੀ ਨੇ ਜਲਦੀ ਜਲਦੀ ਛੰਦ ਬਦਲੇ ਹਨ। ਇਤਨਾ ਹੀ ਨਹੀਂ, ਨਿੱਕੇ ਨਿੱਕੇ ਅਤੇ ਇਕਹਿਰੇ ਛੰਦਾਂ ਦੀ ਵਰਤੋਂ ਨਾਲ ਉਪਾਸਕ ਦੇ ਮਨ ਵਿਚ ਹਰਿ-ਭਗਤੀ ਲਈ ਤੀਬਰ ਇੱਛਾ ਪੈਦਾ ਕੀਤੀ ਹੈ।

ਇਸ ਰਚਨਾ ਦੀ ਕੁਲ ਛੰਦ-ਗਿਣਤੀ 199 ਹੈ। ਪਰ ਕੁਝ ਵਿਦਵਾਨਾਂ ਨੇ ਇਸ ਨੂੰ 200 ਛੰਦਾਂ ਦੀ ਰਚਨਾ ਮੰਨਿਆ ਹੈ ਕਿਉਂਕਿ ਉਨ੍ਹਾਂ ਅਨੁਸਾਰ ਅੰਕ 185 ਵਾਲਾ ਭੁਜੰਗ ਪ੍ਰਯਾਤ ਛੰਦ ਅਸਲੋਂ ਦੋ ਅਰਧ ਭੁਜੰਗ ਪ੍ਰਯਾਤ ਛੰਦ ਹਨ। ਪਰ ਸਾਰੀਆਂ ਪੁਰਾਣੀਆਂ ਬੀੜਾਂ ਵਿਚ ਇਸ ਰਚਨਾ ਦੀ ਛੰਦ-ਗਿਣਤੀ 199 ਸਹੀ ਹੈ। ਇਸ ਵਿਚ ਕੁਲ 10 ਕਿਸਮਾਂ ਦੇ ਛੰਦ ਵਰਤੇ ਗਏ ਹਨ। ਇਨ੍ਹਾਂ ਛੰਦਾਂ ਦਾ 22 ਵਾਰ ਪਰਿਵਰਤਨ ਹੋਇਆ ਹੈ। ਇਸ ਵਿਚਲੇ ਛੰਦਾਂ ਦਾ ਸਰੂਪ ਅਧਿਕਤਰ ਛੋਟਾ ਅਤੇ ਤੀਬਰ ਗਤੀ ਵਾਲਾ ਹੈ। ਪੁਰਾਤਨ ਕਾਲ ਵਿਚ ਸਿੱਖ ਯੁੱਧ-ਵੀਰ ਇਨ੍ਹਾਂ ਛੰਦਾਂ ਦੀ ਚਾਲ ਤੇ ਗਤਕੇ ਦੇ ਪੈਂਤੜੇ ਨਿਸਚਿਤ ਕਰਨ ਦੀ ਰੀਤ ਨੂੰ ਅਪਣਾਉਂਦੇ ਸਨ। ਇਸ ਤਰ੍ਹਾਂ ਇਸ ਰਚਨਾ ਦੇ ਛੰਦਾਂ ਦੀ ਯੋਜਨਾ ਸ਼ਸਤ੍ਰ-ਅਭਿਆਸ ਅਤੇ ਯੁੱਧ-ਸੰਘਰਸ਼ ਦੀ ਭੂਮਿਕਾ ਨਿਭਾਉਂਦੀ ਹੈ।

ਇਸ ਰਚਨਾ ਵਿਚ ਗੁਰੂ ਜੀ ਨੇ ਅਨੇਕ ਭਾਸ਼ੀ ਸ਼ਬਦਾਂ ਦੀ ਵਰਤੋਂ ਕਰਕੇ ਇਕ ਪਾਸੇ ਇਸ ਦੀ ਭਾਸ਼ਾ ਦਾ ਸੰਬੰਧ ਸੰਸਕ੍ਰਿਤ ਅਤੇ ਹੋਰ ਭਾਰਤੀ ਭਾਸ਼ਾਵਾਂ ਨਾਲ ਜੋੜਿਆ ਹੈ ਅਤੇ ਦੂਜੇ ਪਾਸੇ ਉਸ ਵਿਚ ਅਰਬੀ, ਫ਼ਾਰਸੀ ਆਦਿ ਸਾਮੀ ਭਾਸ਼ਾਵਾਂ ਤੋਂ ਵੀ ਖੁਲ੍ਹ ਕੇ ਸ਼ਬਦਾਵਲੀ ਵਰਤੀ ਹੈ। ਇਹ ਸ਼ਬਦ ਆਪਣੀਆਂ ਭਾਸ਼ਾਵਾਂ ਨਾਲ ਸੰਬੰਧਿਤ ਧਰਮਾਂ ਵਿਚਲੇ ਬ੍ਰਹਮ ਚਿੰਤਨ ਦੇ ਭਾਸ਼ਾਈ ਪ੍ਰਯੋਗਾਂ ਨੂੰ ਨਾਲ ਲੈ ਕੇ ਆਏ ਹਨ। ਇਸ ਤਰ੍ਹਾਂ ਇਸ ਰਚਨਾ ਵਿਚ ਅਨੇਕ ਪਰੰਪਰਾਵਾਂ, ਭਾਵਨਾਵਾਂ, ਧਰਮਾਂ, ਵਿਸ਼ਵਾਸਾਂ ਤੋਂ ਪਰਮਾਤਮਾ ਦੇ ਗੁਣ-ਵਾਚਕ ਸ਼ਬਦਾਂ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਹੈ। ਇਸ ਸ਼ਬਦ-ਸੰਯੋਗ ਨਾਲ ਇਹ ਰਚਨਾ ਸਾਰੇ ਧਰਮਾਂ ਦੀ ਪ੍ਰਤਿਨਿਧਤਾ ਕਰਦੀ ਹੋਈ ਸਰਬ-ਧਰਮ-ਗ੍ਰਾਹੀ ਬਣ ਗਈ ਹੈ। ਅਜਿਹੇ ਸ਼ਬਦ-ਸੁਮੇਲ ਨਾਲ ਭਾਵਾਤਮਕ ਏਕਤਾ ਨੂੰ ਸਰਲਤਾ ਪੂਰਵਕ ਕਾਇਮ ਰਖਿਆ ਜਾ ਸਕਿਆ ਹੈ। ਇਹੀ ਕਾਰਣ ਹੈ ਕਿ ਹਰ ਧਰਮ ਵਾਲੇ ਇਸ ਰਚਨਾ ਵਿਚ ਆਪਣੇ ਧਰਮ ਬਾਰੇ ਗੱਲ ਕਹੀ ਹੋਣ ਦਾ ਅਹਿਸਾਸ ਕਰਦੇ ਹਨ।

ਕੁਲ ਮਿਲਾ ਕੇ 'ਜਾਪੁ' ਭਗਤੀ ਕਾਵਿ ਦੀ ਇਕ ਉਤਮ ਰਚਨਾ ਹੈ ਜੋ ਨ ਕੇਵਲ ਆਪਣੇ ਰਚਨਾ-ਮਨੋਰਥ ਵਿਚ ਸਫਲ ਹੈ, ਸਗੋਂ ਪਰਮਾਤਮਾ ਦੇ ਸਰੂਪ ਦੀਆਂ ਸੀਮਾਵਾਂ ਦਾ ਵਿਸਤਾਰ ਕਰਦੀ ਹੋਈ ਸਰਬ-ਸਾਂਝੇ ਇਸ਼ਟ ਨੂੰ ਪੇਸ਼ ਕਰਦੀ ਹੈ। ਇਸ ਵਿਚ ਵਰਣਿਤ ਪਰਮਾਤਮਾ ਨਿਰਗੁਣ, ਨਿਰਵਿਕਾਰ, ਨਿਰਾਕਾਰ ਹੋਣ ਤੋਂ ਇਲਾਵਾ ਸੌਮ੍ਯ ਅਤੇ ਕਠੋਰ, ਸੁੰਦਰ ਅਤੇ ਭਿਆਨਕ, ਸ਼ਾਂਤ ਅਤੇ ਕਰੂਰ ਸਾਰੇ ਗੁਣਾਂ ਦਾ ਸੁਆਮੀ ਹੈ। ਅਜਿਹਾ ਚਿਤ੍ਰਣ ਯੁਗ ਦੀਆਂ ਪਰਿਸਥਿਤੀਆਂ ਕਰਕੇ ਹੋਇਆ ਹੈ। ਇਸ ਵਿਚ ਭਗਤੀ ਅਤੇ ਸ਼ਕਤੀ ਦੋਹਾਂ ਤਰ੍ਹਾਂ ਦੀਆਂ ਬਿਰਤੀਆਂ ਦਾ ਸੁੰਦਰ ਸੁਮੇਲ ਹੈ।

**ਜ਼ਾਬਤਾ ਖ਼ਾਨ ਰੋਹੇਲਾ** (ਮ. 1785 ਈ.) : ਅਠਾਰ੍ਹਵੀਂ ਸਦੀ ਦੇ ਉਤਰਾਰਧ ਵਿਚ ਹੋਇਆ ਰੋਹੇਲਖੰਡ ਦਾ ਇਕ ਹੁਕਮਰਾਨ ਜਿਸ ਉਤੇ ਮਾਲਵਾ ਖੇਤਰ ਦੀਆਂ ਮਿਸਲਾਂ ਨੇ ਸੰਨ 1773 ਈ. ਵਿਚ ਹਮਲਾ ਕੀਤਾ। ਸਿੱਖ ਫ਼ੌਜਾਂ ਦੀ ਮਾਰ ਤੋਂ ਬਚਣ ਲਈ ਉਸ ਨੇ ਕਈ ਉਪਾ ਕੀਤੇ ਅਤੇ ਸਿੱਖ ਧਰਮ ਦੇ ਮੂਲ ਮੁੱਦਿਆਂ ਨੂੰ ਵੀ ਸਮਝਣ ਦਾ ਯਤਨ ਕੀਤਾ। ਸੰਨ 1775 ਈ. ਵਿਚ ਉਸ ਦਾ ਸਿੱਖਾਂ ਨਾਲ ਪੱਕਾ ਸਮਝੌਤਾ ਹੋ ਗਿਆ। ਸਿੱਖਾਂ ਵਲੋਂ ਰਾਏ ਸਿੰਘ ਭੰਗੀ, ਤਾਰਾ ਸਿੰਘ

ਗ਼ਾਇਬਾ ਅਤੇ ਬਘੇਲ ਸਿੰਘ ਕਰੋੜਸਿੰਘੀਆਂ ਨੇ ਪ੍ਰਤਿਨਿਧਤਾ ਕੀਤੀ। ਜ਼ਾਬਤਾ ਖ਼ਾਨ ਚਾਹੁੰਦਾ ਸੀ ਕਿ ਸਿੱਖਾਂ ਦੀ ਸਹਾਇਤਾ ਨਾਲ ਉਹ ਉਤਰੀ ਭਾਰਤ ਵਿਚ ਇਕ ਦ੍ਰਿੜ੍ਹ ਸਲਤਨਤ ਕਾਇਮ ਕਰੇ। ਇਸ ਉਦੇਸ਼ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਦਿੱਲੀ ਨੂੰ ਆਪਣੇ ਅਧਿਕਾਰ ਵਿਚ ਲੈਣਾ ਚਾਹੁੰਦਾ ਸੀ। ਆਪਣੇ ਇਸ ਸੁਫਨੇ ਨੂੰ ਸਾਕਾਰ ਕਰਨ ਲਈ ਉਹ ਜਮਨਾ ਦੇ ਉਰਾਰ ਖ਼ਾਲਸੇ ਦੇ ਦਲ ਵਿਚ ਆਪਣੇ ਪੁੱਤਰ ਗ਼ੁਲਾਮ ਕਾਦਰ ਰੋਹੇਲੇ ਸਹਿਤ ਹਾਜ਼ਰ ਹੋਇਆ।

ਸ. ਕਪੂਰ ਸਿੰਘ ਨੇ 'ਬਹੁ ਵਿਸਤਾਰ' ਵਿਚ ਲਿਖਿਆ ਹੈ ਕਿ "ਸਵੇਰੇ ਦੇ ਦੀਵਾਨ ਵਿਚ ਜ਼ਾਬਤਾ ਖ਼ਾਨ ਆਪਣੇ ਪੁੱਤਰ ਗ਼ੁਲਾਮ ਕਾਦਰ ਸਮੇਤ ਹਥ ਬੰਨ੍ਹ ਕੇ ਖੜਾ ਹੋ ਗਿਆ ਅਤੇ ਅੰਮ੍ਰਿਤ ਛਕਣ ਦੀ ਯਾਚਨਾ ਕੀਤੀ। ਕਰਮ ਸਿੰਘ ਨਿਰਮਲਾ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ। ਸੰਗਤਾਂ ਦੀ ਆਗਿਆ ਲੈ ਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਜ਼ਾਬਤਾ ਖ਼ਾਨ ਤੇ ਉਸ ਦੇ ਪੁੱਤਰ ਨੂੰ ਮਰਯਾਦਾ ਅਨੁਸਾਰ ਛਕਾਇਆ ਗਿਆ। ਜ਼ਾਬਤਾ ਖ਼ਾਨ ਦਾ ਨਵਾਂ ਨਾਂ ਧਰਮ ਸਿੰਘ ਅਤੇ ਉਸ ਦੇ ਪੁੱਤਰ ਦਾ ਕਰਮ ਸਿੰਘ ਰਖਿਆ ਗਿਆ।"

ਜ਼ਾਬਤਾ ਖ਼ਾਨ ਦਾ ਇਲਾਕਾ ਸਹਾਰਨਪੁਰ ਤੋਂ ਲੈ ਕੇ ਜਮਨਾ ਦੇ ਨਾਲ ਨਾਲ ਦਿੱਲੀ ਤਕ ਪਸਰਿਆ ਹੋਇਆ ਸੀ। ਉਸ ਦੇ ਸਿੱਖ ਬਣ ਜਾਣ ਕਾਰਣ ਹੋਰ ਰੋਹੇਲੇ ਉਸ ਦੀ ਅਧੀਨਗੀ ਮੰਨਣ ਤੋਂ ਆਕੀ ਹੋ ਗਏ। ਪਰ ਖ਼ਾਲਸੇ ਦੇ ਡਰ ਕਾਰਣ ਉਸ ਦੇ ਇਲਾਕੇ ਉਤੇ ਕਿਸੇ ਪ੍ਰਕਾਰ ਦਾ ਹਮਲਾ ਕਰਨ ਦੀ ਹਿੰਮਤ ਨਹੀਂ ਕਰ ਸਕਦੇ ਸਨ। ਜਦੋਂ ਜ਼ਾਬਤਾ ਖ਼ਾਨ ਬੁੱਢਾ ਹੋ ਗਿਆ ਅਤੇ ਉਸ ਦਾ ਲੜਕਾ ਗ਼ੁਲਾਮ ਕਾਦਰ ਅਵਧ ਦੇ ਨਵਾਬ ਦੇ ਹੱਥਾਂ 'ਤੇ ਚੜ੍ਹ ਗਿਆ, ਤਾਂ ਉਸ ਨੇ ਆਪਣੀ ਰਿਆਸਤ ਨੂੰ ਖਤਰੇ ਵਿਚ ਸਮਝ ਕੇ ਜਮਨਾ ਪਾਰ ਖ਼ਾਲਸੇ ਦੀ ਸਹਾਇਤਾ ਲਈ ਸੰਨ 1784 ਈ. ਦੀਆਂ ਗਰਮੀਆਂ ਵਿਚ ਬੇਨਤੀ ਕੀਤੀ ਅਤੇ ਕਰਮ ਸਿੰਘ ਨਿਰਮਲੇ ਨੂੰ ਵੀ ਪੱਤਰ ਲਿਖਿਆ। ਪਰ ਸਮੇਂ ਸਿਰ ਮਦਦ ਨ ਪਹੁੰਚਣ ਕਾਰਣ ਅਤੇ ਆਪਣੇ ਰਾਜ ਨੂੰ ਖੁਸਣ ਤੋਂ ਬਚਾਉਣ ਲਈ ਉਹ ਜੁਮੇ ਵਾਲੇ ਦਿਨ ਜਾਮਾ ਮਸਜਿਦ ਵਿਚ ਜਾ ਕੇ ਨਮਾਜ਼ ਵਿਚ ਸ਼ਾਮਲ ਹੋ ਗਿਆ। ਪਰ ਇਸ ਗੱਲ ਦਾ ਉਸ ਦੇ ਮਨ ਉਤੇ ਇਤਨਾ ਭਾਰ ਸੀ ਅਤੇ ਆਪਣੇ ਸ਼ਰੀਕਾਂ ਦੁਆਰਾ ਉਹ ਇਤਨਾ ਸਤਾਇਆ ਜਾ ਰਿਹਾ ਸੀ ਕਿ 21 ਜਨਵਰੀ 1785 ਈ. ਨੂੰ ਉਸ ਨੇ ਪ੍ਰਾਣ ਤਿਆਗ ਦਿੱਤੇ। ਉਸ ਨੂੰ ਆਮ ਤੌਰ 'ਤੇ 'ਆਧਾ ਸਿੱਖ ਆਧਾ ਰੋਹੇਲਾ' ਕਿਹਾ ਜਾਂਦਾ ਸੀ।

**ਜਾਲਪ** (ਭੱਟ) : ਇਕ ਭੱਟ ਕਵੀ ਜਿਸ ਦੇ ਪੰਜ ਪਦ (ਸਵੈਏ) ਗੁਰੂ ਅਮਰਦਾਸ ਜੀ ਦੀ ਵਡਿਆਈ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਵੀ ਆਪਣੇ ਪਿਤਾ ਭਿਖੇ ਨਾਲ ਗੋਇੰਦਵਾਲ, ਤੀਜੇ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ। ਇਕ ਪਦ ਵਿਚ 'ਜਲ' ਵੀ ਵਰਤਿਆ ਗਿਆ ਹੈ, ਜੋ ਜਾਲਪ ਦਾ ਸੰਖਿਪਤ ਰੂਪ ਹੈ।